ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

# ਨਿਹਕਲੰਕ ਹਰਿਸ਼ਬਦ ਭੰਡਾਰ

## ਵੀਹਵਾਂ ਭਾਗ

## ✪ ਤਤਕਰਾ ✪


| ਮਿਤੀ-ਸੰਮਤ | ਨਾਮ | ਸਥਾਨ | ਪੰਨਾ ਨੰ: |
|---|---|---|---|
| ੦੩ ਅੱਸੂ ਸ਼ਹਿਨਸ਼ਾਹੀ ਸੰਮਤ ੨ | ਹਰਿ ਭਗਤ ਦਵਾਰ ਜੇਠੂਵਾਲ | ਭਗਤਾਂ ਨਵਿਤ ਅੰਮ੍ਰਿਤਸਰ | ੦੧ |
| ੨੩ ਅੱਸੂ ਸ਼ਹਿਨਸ਼ਾਹੀ ਸੰਮਤ ੨ | ਕਰਮ ਸਿੰਘ ਦੇ ਗ੍ਰਹਿ | ਮੀਆਂ ਪੁਰ ਅੰਮ੍ਰਿਤਸਰ | ੦੩ |
| ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ | ਬੀਬੀ ਗੁਰਮੇਜ ਕੌਰ ਦੇ ਗ੍ਰਹਿ | ਮੀਆਂ ਪੁਰ ਅੰਮ੍ਰਿਤਸਰ | ੦੫ |
| ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ | ਬੀਬੀ ਵੀਰੋ ਦੇ ਗ੍ਰਹਿ | ਬਘਿਆੜੀ ਅੰਮ੍ਰਿਤਸਰ | ੦੮ |
| ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ | ਬੀਬੀ ਸੇਵੀ ਦੇ ਗ੍ਰਹਿ | ਠੱਟਾ ਅੰਮ੍ਰਿਤਸਰ | ੦੯ |
| ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ | ਇੰਦਰ ਕੌਰ ਦੇ ਗ੍ਰਹਿ | ਬੋੜੂ ਅੰਮ੍ਰਿਤਸਰ | ੧੦ |
| ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ | ਮਹਿੰਦਰ ਸਿੰਘ ਦੇ ਗ੍ਰਹਿ | ਮਾਂਗਾ ਸਰਾਏ ਅੰਮ੍ਰਿਤਸਰ | ੧੨ |
| ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ | ਬਚਨ ਸਿੰਘ ਦੇ ਗ੍ਰਹਿ | ਮਾਂਗਾ ਸਰਾਏ ਅੰਮ੍ਰਿਤਸਰ | ੧੩ |
| ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ | ਕਰਤਾਰ ਸਿੰਘ ਦੇ ਗ੍ਰਹਿ | ਮਾਂਗਾ ਸਰਾਏ ਅੰਮ੍ਰਿਤਸਰ | ੧੪ |
| ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ | ਸੁਰਜਨ ਸਿੰਘ ਦੇ ਗ੍ਰਹਿ | ਮਾਂਗਾ ਸਰਾਏ ਅੰਮ੍ਰਿਤਸਰ | ੧੫ |
| ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ | ਪ੍ਰੀਤਮ ਸਿੰਘ | ਮਾਂਗਾ ਸਰਾਏ ਅੰਮ੍ਰਿਤਸਰ | ੧੬ |
| ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ | ਅਜੀਤ ਸਿੰਘ ਦੇ ਗ੍ਰਹਿ | ਮਾਂਗਾ ਸਰਾਏ ਅੰਮ੍ਰਿਤਸਰ | ੧੬ |
| ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ | ਦਰਸ਼ਨ ਸਿੰਘ ਦੇ ਗ੍ਰਹਿ | ਮਾਂਗਾ ਸਰਾਏ ਅੰਮ੍ਰਿਤਸਰ | ੧੮ |
| ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ | ਜਾਗੀਰ ਸਿੰਘ ਦੇ ਗ੍ਰਹਿ | ਮੈਣੀਆਂ ਅੰਮ੍ਰਿਤਸਰ | ੧੯ |
| ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ | ਬੀਬੀ ਜੀਤੋ ਦੇ ਗ੍ਰਹਿ | ਬਾਬੋਵਾਲ ਅੰਮ੍ਰਿਤਸਰ | ੨੦ |
| ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ | ਗਿਰਧਾਰਾ ਸਿੰਘ ਦੇ ਗ੍ਰਹਿ | ਬਲੋਵਾਲ ਅੰਮ੍ਰਿਤਸਰ | ੨੨ |
| ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ | ਦਲੀਪ ਸਿੰਘ ਦੇ ਗ੍ਰਹਿ | ਬਲੋਵਾਲ ਅੰਮ੍ਰਿਤਸਰ | ੨੩ |
| ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ | ਬੀਬੀ ਸਵਰਨ ਕੌਰ ਦੇ ਗ੍ਰਹਿ | ਸੈਦਪੁਰ ਅੰਮ੍ਰਿਤਸਰ | ੨੩ |
| ੨੬ ਅੱਸੂ ਸ਼ਹਿਨਸ਼ਾਹੀ ਸੰਮਤ ੨ | ਪਿਆਰਾ ਸਿੰਘ ਦੇ ਗ੍ਰਹਿ | ਸੈਦਪੁਰ ਅੰਮ੍ਰਿਤਸਰ | ੨੫ |
| ੨੬ ਅੱਸੂ ਸ਼ਹਿਨਸ਼ਾਹੀ ਸੰਮਤ ੨ | ਕੇਸਰ ਸਿੰਘ ਦੇ ਗ੍ਰਹਿ | ਮੈਸਮ ਪੁਰਾ ਅੰਮ੍ਰਿਤਸਰ | ੨੭ |




1 ੨●

2

੨•

| | | | | | | |
|---|---|---|---|---|---|---|
| ੨੬ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਗੁਰਦਿਆਲ ਸਿੰਘ ਦੇ ਗ੍ਰਹਿ | ਨੂਰ ਪੁਰ | | ੨੯ |
| ੨੬ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਸਾਧੂ ਸਿੰਘ ਦੇ ਗ੍ਰਹਿ | ਨੂਰ ਪੁਰ | | ੩੨ |
| ੨੬ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਵਿਰਸਾ ਸਿੰਘ ਦੇ ਗ੍ਰਹਿ | ਹਰਿ ਗੋਬਿੰਦ ਪੁਰਾ | ਗੁਰਦਾਸਪੁਰ | ੩੪ |
| ੨੬ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਅਵਤਾਰ ਸਿੰਘ ਦੇ ਗ੍ਰਹਿ | ਗੁਰਮੁਖ ਪੁਰਾ | ਗੁਰਦਾਸਪੁਰ | ੩੬ |
| ੨੬ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਸਵਿੰਦਰ ਸਿੰਘ ਦੇ ਗ੍ਰਹਿ | ਦਇਆ | ਗੁਰਦਾਸਪੁਰ | ੩੬ |
| ੨੭ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਮਹਿੰਦਰ ਸਿੰਘ ਦੇ ਗ੍ਰਹਿ | ਦਇਆ | ਗੁਰਦਾਸਪੁਰ | ੩੮ |
| ੨੭ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਮੋਹਣ ਸਿੰਘ ਦੇ ਗ੍ਰਹਿ | ਤਾਰਾ ਚੱਕ | ਗੁਰਦਾਸਪੁਰ | ੩੮ |
| ੨੭ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਬੰਤਾ ਸਿੰਘ ਦੇ ਗ੍ਰਹਿ | ਪੰਜ ਗਰਾਈਆਂ | ਗੁਰਦਾਸਪੁਰ | ੪੦ |
| ੨੭ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਕਰਤਾਰ ਕੌਰ ਦੇ ਗ੍ਰਹਿ | ਪੰਜ ਗਰਾਂਈ | ਗੁਰਦਾਸਪੁਰ | ੪੨ |
| ੨੭ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਕਾਂਸ਼ੀ ਰਾਮ ਦੇ ਗ੍ਰਹਿ | ਸਨਈਆ | ਗੁਰਦਾਸਪੁਰ | ੪੪ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਚਰਨ ਸਿੰਘ ਦੇ ਗ੍ਰਹਿ | ਸਨਈਆ | ਗੁਰਦਾਸਪੁਰ | ੪੫ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਅਜੀਤ ਸਿੰਘ ਦੇ ਗ੍ਰਹਿ | ਸਨਈਆ | ਗੁਰਦਾਸਪੁਰ | ੪੬ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਤਾਰਾ ਸਿੰਘ ਦੇ ਗ੍ਰਹਿ | ਸਨਈਆ | ਗੁਰਦਾਸਪੁਰ | ੪੬ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਮੱਖਣ ਸਿੰਘ ਦੇ ਗ੍ਰਹਿ | ਸਨਈਆ | ਗੁਰਦਾਸਪੁਰ | ੪੭ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਸੰਤ ਸਿੰਘ ਦੇ ਗ੍ਰਹਿ | ਸਨਈਆ | ਗੁਰਦਾਸਪੁਰ | ੪੭ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਹਰਭਜਨ ਕੌਰ ਦੇ ਗ੍ਰਹਿ | ਸਨਈਆ | ਗੁਰਦਾਸਪੁਰ | ੪੮ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਸੁਰਜੀਤ ਸਿੰਘ ਦੇ ਗ੍ਰਹਿ | ਫੈਜ਼ਪੁਰਾ | ਗੁਰਦਾਸਪੁਰ | ੪੮ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਹੁਕਮ ਸਿੰਘ ਦੇ ਗ੍ਰਹਿ | ਫੈਜਪੁਰਾ | ਗੁਰਦਾਸਪੁਰ | ੪੯ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਜਸਵੰਤ ਸਿੰਘ ਦੇ ਗ੍ਰਹਿ | ਫ਼ੈਜਪੁਰਾ | ਗੁਰਦਾਸਪੁਰ | ੫੧ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਦਲੀਪ ਸਿੰਘ ਦੇ ਗ੍ਰਹਿ | ਫੈਜ਼ਪੁਰਾ | ਗੁਰਦਾਸਪੁਰ | ੫੧ |
| ੨੮ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਸਮਾ ਦੇ ਗ੍ਰਹਿ | ਡੇਰ੍ਹ | ਗੁਰਦਾਸਪੁਰ | ੫੨ |
| ੩੦ | ਅੱਸੂ | ਸ਼ਹਿਨਸ਼ਾਹੀ ਸੰਮਤ ੨ | ਪ੍ਰੀਤਮ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੫੫ |

2

੨•

| | | | |
|---|---|---|---|
| ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੫੭ |
| ੨ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੨ |
| ੨ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਹਰਬੰਸ ਕੌਰ ਦੇ ਗ੍ਰਹਿ | ਮਰੜ | ਅੰਮ੍ਰਿਤਸਰ | ੬੩ |
| ੨ ਕੱਤਕ ਸ਼ਹਿਨਸ਼ਾਹੀ ਸੰਮਤ ੨ ਗੁਰਦਿਆਲ ਸਿੰਘ ਦੇ ਗ੍ਰਹਿ | ਮੂਧਲ | ਅੰਮ੍ਰਿਤਸਰ | ੬੫ |
| ੨ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਕੌਰ ਦੇ ਗ੍ਰਹਿ | ਮੂਧਲ | ਅੰਮ੍ਰਿਤਸਰ | ੬੬ |
| ੨ ਕੱਤਕ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੬੬ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੬੯ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੨ ਨਿਰੰਜਣ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੭੦ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਨਾਮ ਕੌਰ ਦੇ ਗ੍ਰਹਿ | ਵੇਰਕਾ | ਅੰਮਿਤਸਰ | ੭੧ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੨ ਪਿਸ਼ੋਰਾ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੭੨ |
| ੩ ਕਤਕ ਸ਼ਹਿਨਸ਼ਾਹੀ ਸੰਮਤ ੨ ਸੀਤਲ ਸਿੰਘ ਦੇ ਗ੍ਰਹਿ | ਹਰਦੋ ਝੰਡੇ | ਗੁਰਦਾਸਪੁਰ | ੭੪ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਹਿ | ਸੋਹਲ | ਗੁਰਦਾਸਪੁਰ | ੭੬ |
| ੪ ਕੱਤਕ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਹਿ | ਡਡਵਾਂ | ਗੁਰਦਾਸਪੁਰ | ੭੭ |
| ੪ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਨਾਮ ਕੌਰ ਦੇ ਗ੍ਰਹਿ | ਲੇਲ | ਗੁਰਦਾਸਪੁਰ | ੮੧ |
| ੪ ਕੱਤਕ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਹਿ | ਭੁੰਬਲੀ | ਗੁਰਦਾਸਪੁਰ | ੮੨ |
| ੪ ਕੱਤਕ ਸ਼ਹਿਨਸ਼ਾਹੀ ਸੰਮਤ ੨ ਜਰਨੈਲ ਸਿੰਘ ਮੈਂਹਗਾ ਸਿੰਘ ਦੇ ਗ੍ਰਹਿ | ਸੱਦਾ | ਗੁਰਦਾਸਪੁਰ | ੮੩ |
| ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਬਾਵੀ ਦੇ ਗ੍ਰਹਿ | ਦੋਸਤ ਪੁਰਾ | ਗੁਰਦਾਸਪੁਰ | ੮੪ |
| ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਦੀਪੋ ਦੇ ਗ੍ਰਹਿ | ਉਚਾ | ਗੁਰਦਾਸਪੁਰ | ੮੫ |
| ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਹਿ | ਸੱਦਾ | ਗੁਰਦਾਸਪੁਰ | ੮੫ |
| ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਗੁਰੋ ਦੇ ਗ੍ਰਹਿ | ਸੱਦਾ | ਗੁਰਦਾਸਪੁਰ | ੮੬ |
| ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਸਧਰੋ ਦੇ ਗ੍ਰਹਿ | ਸੱਦਾ | ਗੁਰਦਾਸਪੁਰ | ੮੬ |
| ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਗੁਰਮੇਜ ਕੌਰ ਦੇ ਗ੍ਰਹਿ | ਕਠਿਆਲੀ | ਗੁਰਦਾਸਪੁਰ | ੮੭ |


3
੨●

| | | | | | | | |
|---|---|---|---|---|---|---|---|
| ੫ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਅਜੀਤ ਸਿੰਘ ਦੇ ਗ੍ਰਹਿ | ਹੇਮਰਾਜ ਪੁਰ | ਗੁਰਦਾਸਪੁਰ | ੮੮ |
| ੫ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਦਰਸ਼ਨ ਸਿੰਘ ਗ੍ਰਹਿ | ਹੇਮਰਾਜ ਪੁਰ | ਗੁਰਦਾਸਪੁਰ | ੮੯ |
| ੫ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਸਵਰਨ ਸਿੰਘ ਦੇ ਗ੍ਰਹਿ | ਹਯਾਤ ਨਗਰ | ਗੁਰਦਾਸਪੁਰ | ੯੦ |
| ੫ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਬੀਬੀ ਹਰਬੰਸ ਕੌਰ ਦੇ ਗ੍ਰਹਿ | ਗ਼ਜ਼ਨੀਪੁਰ | ਗੁਰਦਾਸਪੁਰ | ੯੨ |
| ੫ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਬੀਬੀ ਸੁਲਖਣੀ ਦੇ ਗ੍ਰਹਿ | ਗ਼ਜ਼ਨੀਪੁਰ | ਗੁਰਦਾਸਪੁਰ | ੯੩ |
| ੫ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਬਲਦੇਵ ਸਿੰਘ ਦੇ ਗ੍ਰਹਿ | ਸ਼ੋਨ | ਗੁਰਦਾਸਪੁਰ | ੯੫ |
| ੬ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਗੁਰਮੁਖ ਸਿੰਘ ਦੇ ਗ੍ਰਹਿ | ਸ਼ੋਨ | ਗੁਰਦਾਸਪੁਰ | ੯੬ |
| ੬ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਭਜਨ ਸਿੰਘ ਦੇ ਗ੍ਰਹਿ | ਦੋਸਤਪੁਰਾ | ਗੁਰਦਾਸਪੁਰ | ੯੭ |
| ੬ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਧਿਰਤਾ ਸਿੰਘ ਦੇ ਗ੍ਰਹਿ | ਕਲਾਨੌਰ | ਗੁਰਦਾਸਪੁਰ | ੯੯ |
| ੬ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਸਰਦਾਰ ਸਿੰਘ ਦੇ ਗ੍ਰਹਿ | ਕਲਾਨੌਰ | ਗੁਰਦਾਸਪੁਰ | ੧੦੧ |
| ੬ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਰਤਨ ਸਿੰਘ ਦੇ ਗ੍ਰਹਿ | ਕਲਾਨੌਰ | ਗੁਰਦਾਸਪੁਰ | ੧੦੨ |
| ੬ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਬਲਕਾਰ ਸਿੰਘ ਦੇ ਗ੍ਰਹਿ | ਰਸੂਲ ਪੁਰ | ਗੁਰਦਾਸਪੁਰ | ੧੦੨ |
| ੬ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਮੰਗਲ ਸਿੰਘ ਦੇ ਗ੍ਰਹਿ | ਡੇੜ੍ਹ | ਗੁਰਦਾਸਪੁਰ | ੧੦੪ |
| ੬ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਜੋਗਿੰਦਰ ਸਿੰਘ ਦੇ ਗ੍ਰਹਿ | ਡੇੜ੍ਹ | ਗੁਰਦਾਸਪੁਰ | ੧੦੭ |
| ੭ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਦਿਆਲ ਸਿੰਘ ਦੇ ਗ੍ਰਹਿ | ਗਵਾੜ | ਗੁਰਦਾਸਪੁਰ | ੧੦੭ |
| ੭ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਸਵਿੰਦਰ ਸਿੰਘ | ਗਵਾੜ | ਗੁਰਦਾਸਪੁਰ | ੧੦੮ |
| ੭ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਸੁਰਜੀਤ ਕੌਰ ਦੇ ਗ੍ਰਹਿ | ਸ਼ਿਕਾਰ ਮਾਛੀਆਂ | ਗੁਰਦਾਸਪੁਰ | ੧੧੦ |
| ੭ | ਕੱਤਕ | ਸ਼ਹਿਨਸ਼ਾਹ ਸੰਮਤ | ੨ | ਦਲੀਪ ਸਿੰਘ ਦੇ ਗ੍ਰਹਿ | ਪੱਬਾ ਰਾਲੀ | ਗੁਰਦਾਸਪੁਰ | ੧੧੧ |
| ੭ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਲਾਭ ਕੌਰ ਦੇ ਗ੍ਰਹਿ | ਪੱਬਾ ਰਾਲੀ | ਗੁਰਦਾਸਪੁਰ | ੧੧੧ |
| ੭ | ਕੱਤਕ | ਸ਼ਹਿਨਸ਼ਾਹੀ ਸੰਮਤ | ੨ | ਜਸਬੀਰ ਸਿਘ ਦੇ ਗ੍ਰਹਿ | ਭੋਲੇ ਕੇ | ਗੁਰਦਾਸਪੁਰ | ੧੧੨ |
| ੭ | ਕਤਕ | ਸ਼ਹਿਨਸ਼ਾਹੀ ਸੰਮਤ | ੨ | ਜਾਗੀਰ ਸਿੰਘ ਦੇ ਗ੍ਰਹਿ | ਭੋਲੇ ਕੇ | ਗੁਰਦਾਸਪੁਰ | ੧੧੩ |
| ੭ | ਕਤਕ | ਸ਼ਹਿਨਸ਼ਾਹੀ ਸੰਮਤ | ੨ | ਕਰਤਾਰ ਸਿੰਘ ਦੇ ਗ੍ਰਹਿ | ਵਹੀਲਾ | ਗੁਰਦਾਸਪੁਰ | ੧੧੪ |


4
੨●

| | | | |
|---|---|---|---|
| ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਜਿੰਦਰ ਕੌਰ ਦੇ ਗ੍ਰਹਿ ਪਖੋ ਕੇ ਰਾਜੇ ਦੇ | | ਗੁਰਦਾਸਪੁਰ | ੧੧੫ |
| ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਹਿ | ਮੰਜਿਆਂ ਵਾਲੀ | ਗੁਰਦਾਸਪੁਰ | ੧੧੮ |
| ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਰਵੇਲ ਕੌਰ ਦੇ ਗ੍ਰਹਿ | ਖੋਖਰ | ਗੁਰਦਾਸਪੁਰ | ੧੨੦ |
| ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਪੂਰੋ ਦੇ ਗ੍ਰਹਿ | ਨਵਾਂ ਪਿੰਡ | ਗੁਰਦਾਸਪੁਰ | ੧੨੨ |
| ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਕਿਸ਼ਨ ਕੌਰ ਦੇ ਗ੍ਰਹਿ | ਨਵਾਂ ਪਿੰਡ | ਗੁਰਦਾਸਪੁਰ | ੧੨੪ |
| ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਗੁਰੋ ਦੇ ਗ੍ਰਹਿ | ਚੁਮਿਆਰੀ | ਅੰਮ੍ਰਿਤਸਰ | ੧੨੬ |
| ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਹਿ | ਜੱਟਾ | ਅੰਮ੍ਰਿਤਸਰ | ੧੨੭ |
| ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਕੌਰ ਦੇ ਗ੍ਰਹਿ | ਜੱਟਾ | ਅੰਮ੍ਰਿਤਸਰ | ੧੨੮ |
| ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਹਿ | ਜੱਟਾ | ਅੰਮ੍ਰਿਤਸਰ | ੧੨੯ |
| ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਜੀਤੋ ਦੇ ਗ੍ਰਹਿ | ਰਮਦਾਸ | ਅੰਮ੍ਰਿਤਸਰ | ੧੨੯ |
| ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ | ਮੁੱਦੀ ਪੁਰ | ਅੰਮ੍ਰਿਤਸਰ | ੧੩੧ |
| ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਮਹਿੰਦਰ ਕੌਰ ਦੇ ਗ੍ਰਹਿ | ਮੁੱਦੀ ਪੁਰ | ਅੰਮ੍ਰਿਤਸਰ | ੧੩੨ |
| ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਸ਼ਿੰਗਾਰਾ ਸਿੰਘ ਦੇ ਗ੍ਰਹਿ | ਖਹਿਰੇ | ਅੰਮ੍ਰਿਤਸਰ | ੧੩੩ |
| ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਹਿ | ਖਹਿਰੇ | ਅੰਮ੍ਰਿਤਸਰ | ੧੩੫ |
| ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਮਿਲਖਾ ਸਿੰਘ ਦੇ ਗ੍ਰਹਿ | ਖਹਿਰੇ | ਅੰਮ੍ਰਿਤਸਰ | ੧੩੬ |
| ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਗੁਰਮੀਤ ਕੌਰ ਦੇ ਗ੍ਰਹਿ | ਮਾਨ | ਅੰਮ੍ਰਿਤਸਰ | ੧੩੬ |
| ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੩੭ |
| ੨ ਮੱਘਰ ਸ਼ਹਿਨਸ਼ਾਹ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੫੦ |
| ੨ ਮੱਘਰ ਸ਼ਹਿਨਸ਼ਾਹ ਸੰਮਤ ੨ ਅਜੈਬ ਸਿੰਘ ਦੇ ਗ੍ਰਹਿ | ਹਰਿਰਾਏ ਪੁਰ | ਬਠਿੰਡਾ | ੧੫੦ |
| ੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਟਹਿਲ ਸਿੰਘ ਦੇ ਗ੍ਰਹਿ | ਰੂਪੋਵਾਲੀ | ਅੰਮ੍ਰਿਤਸਰ | ੧੫੧ |
| ੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਹਿ | ਰੂਪੋਵਾਲੀ | ਅੰਮ੍ਰਿਤਸਰ | ੧੫੩ |
| ੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਕੌਰ ਦੇ ਗ੍ਰਹਿ | ਰੂਪੋਵਾਲੀ | ਅੰਮ੍ਰਿਤਸਰ | ੧੫੩ |


5
੨●

| | | | | | |
|---|---|---|---|---|---|
| ੯ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਹਜਾਰਾ ਸਿੰਘ ਦੇ ਗ੍ਰਿਹਿ | ਫਤੂਪੁਰ | ਕਪੂਰਥਲਾ | ੧੫੪ |
| ੯ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਪਿਆਰਾ ਸਿੰਘ ਦੇ ਗ੍ਰਿਹਿ | ਫਤੂਪੁਰਾ | ਕਪੂਰਥਲਾ | ੧੫੬ |
| ੯ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਪ੍ਰੀਤਮ ਸਿੰਘ ਦੇ ਗ੍ਰਿਹਿ | ਢਿਲਵਾਂ | ਅੰਮ੍ਰਿਤਸਰ | ੧੫੭ |
| ੯ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਛਿੰਦੋ ਦੇ ਗ੍ਰਿਹਿ | ਲਿਟਾਂ | | ੧੫੯ |
| ੯ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਗੁਰਚਰਨ ਸਿੰਘ ਦੇ ਗ੍ਰਿਹਿ | ਪੰਡੋਰੀ | ਕਪੂਰਥਲਾ | ੧੬੧ |
| ੯ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਗਿਆਨ ਸਿੰਘ ਦੇ ਗ੍ਰਿਹਿ | ਸੁਰਖ਼ਪੁਰ | ਕਪੂਰਥਲਾ | ੧੬੩ |
| ੧੦ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਬੰਤ ਕੌਰ ਦੇ ਗ੍ਰਿਹਿ | ਦਰੀਏਵਾਲ | ਕਪੂਰਥਲਾ | ੧੬੪ |
| ੧੦ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਜਾਗੀਰ ਸਿੰਘ ਦੇ ਗ੍ਰਿਹਿ | ਬਸਤੀ ਸ਼ਿਕਾਰ ਪੁਰ | ਕਪੂਰਥਲਾ | ੧੬੫ |
| ੧੦ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਪਿਆਰਾ ਸਿੰਘ ਦੇ ਗ੍ਰਿਹਿ | ਜਾਂਗਲਾ | ਕਪੂਰਥਲਾ | ੧੬੭ |
| ੧੦ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਫ਼ਕੀਰ ਸਿੰਘ ਦੇ ਗ੍ਰਿਹਿ | ਮਜੀਦ ਪੁਰਾ | ਕਪੂਰਥਲਾ | ੧੬੮ |
| ੧੦ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਦਰਸ਼ਨ ਸਿੰਘ ਦੇ ਗ੍ਰਿਹਿ | ਨੂਰਪੁਰ | ਕਪੂਰਥਲਾ | ੧੬੯ |
| ੧੦ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਮਹਿੰਦਰ ਸਿੰਘ ਦੇ ਗ੍ਰਿਹਿ | ਹਰਨਾਮ ਪੁਰ | ਕਪੂਰਥਲਾ | ੧੭੦ |
| ੧੧ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਪਿਆਰ ਕੌਰ ਦੇ ਗ੍ਰਿਹਿ | ਢੁੱਡੀਆਂ | ਕਪੂਰਥਲਾ | ੧੭੨ |
| ੧੧ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਪਿਆਰੋ ਦੇ ਗ੍ਰਿਹਿ | ਢੁੱਡੀਆਂ | ਕਪੂਰਥਲਾ | ੧੭੪ |
| ੧੧ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਗਿਆਨ ਸਿੰਘ ਦੇ ਗ੍ਰਿਹਿ | ਢੁੱਡੀਆਂ | ਕਪੂਰਥਲਾ | ੧੭੫ |
| ੧੧ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਸੁਰਜੀਤ ਕੌਰ ਦੇ ਗ੍ਰਿਹਿ | ਗੋਸਲ | ਕਪੂਰਥਲਾ | ੧੭੬ |
| ੧੧ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਦੌਲਤ ਸਿੰਘ ਦੇ ਗ੍ਰਿਹਿ | ਸ਼ੇਖ਼ਪੁਰਾ | ਕਪੂਰਥਲਾ | ੧੭੭ |
| ੧੧ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਗੁਰਦਿਆਲ ਸਿੰਘ ਦੇ ਗ੍ਰਿਹਿ | ਕਪੂਰਥਲਾ | | ੧੭੮ |
| ੧੧ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਕਰਤਾਰ ਸਿੰਘ ਦੇ ਗ੍ਰਿਹਿ | ਕਪੂਰਥਲਾ | | ੧੭੯ |
| ੧੧ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਸੁਖਦੇਵ ਸਿੰਘ ਦੇ ਗ੍ਰਿਹਿ | ਕਪੂਰਥਲਾ | | ੧੮੦ |
| ੧੧ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਅੰਮ੍ਰਿਤ ਕੌਰ ਦੇ ਗ੍ਰਿਹਿ | ਜੇਲ ਗਾਰਡਨ | ਕਪੂਰਥਲਾ | ੧੮੧ |
| ੧੧ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਜਸਵੰਤ ਸਿੰਘ ਦੇ ਗ੍ਰਿਹਿ | ਚਰਖੜੀ ਮਹੱਲਾ | ਕਰਤਾਰਪੁਰ | ੧੮੨ |


6
੨●

7
२●

੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਕੌਰ ਦੇ ਗ੍ਰਹਿ ਕਰਤਾਰ ਪੁਰ ਜਲੰਧਰ ੧੮੩
੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਹਿ ਕਰਤਾਰ ਪੁਰ ਜਲੰਧਰ ੧੮੪
੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਨਗੀਨਾ ਸਿੰਘ ਦੇ ਗ੍ਰਹਿ ਮਾਡਲ ਹਾਊਸ ਜਲੰਧਰ ੧੮੫
੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਹਿ ਮਾਡਲ ਹਾਊਸ ਜਲੰਧਰ ੧੮੮
੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਦਿਆਲ ਸਿੰਘ ਦੇ ਗ੍ਰਹਿ ਜਲੰਧਰ ਜਲੰਧਰ ੧੯੦
੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਕੌਰ ਲੌਂਢੇ ਪਤੜ ਜਲੰਧਰ ੧੯੧
੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਕੌਰ ਦੇ ਗ੍ਰਹਿ ਰੁੜਕਾ ਜਲੰਧਰ ੧੯੧
੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਬਿਸ਼ਨ ਦਾਸ ਦੇ ਗ੍ਰਹਿ ਜਲੰਧਰ ਜਲੰਧਰ ੧੯੩
੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ ਕੋਟਲੀ ਕਪੂਰਥਲਾ ੧੯੪
੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਕੌਰ ਦੇ ਗ੍ਰਹਿ ਕੋਟਲੀ ਕਪੂਰਥਲਾ ੧੯੬
੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ, ਗੁਰਚਰਨ ਸਿੰਘ ਦੇ ਗ੍ਰਹਿ ਝੰਗੀ ਜਲੰਧਰ ੧੯੭
੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਾਲ ਸਿੰਘ ਦੇ ਗ੍ਰਹਿ ਲੱਲੀਆਂ ਕਲਾਂ ਜਲੰਧਰ ੧੯੮
੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਮਲ ਸਿੰਘ ਦੇ ਗ੍ਰਹਿ ਲੱਲੀਆਂ ਕਲਾਂ ਜਲੰਧਰ ੨੦੦
੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਨਸੀਬ ਸਿੰਘ ਦੇ ਗ੍ਰਹਿ ਬੋਪਾ ਰਾਏ ਜਲੰਧਰ ੨੦੧
੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਹਿ ਹੇਰ ਜਲੰਧਰ ੨੦੨
੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਹਿ ਹੇਰ ਜਲੰਧਰ ੨੦੫
੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਬਲਵਿੰਦਰ ਸਿੰਘ ਦੇ ਗ੍ਰਹਿ ਹੇਰ ਜਲੰਧਰ ੨੦੭
੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਸਰਵਣ ਸਿੰਘ ਦੇ ਗ੍ਰਹਿ ਹੇਰ ਜਲੰਧਰ ੨੦੯
੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਹਿ ਹੇਰ ਜਲੰਧਰ ੨੧੦
੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਹਿ ਗਾਂਧਰਾਂ ਜਲੰਧਰ ੨੧੧
੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਰਾਮ ਸਿੰਘ ਦੇ ਗ੍ਰਹਿ ਸਰੀਂਹ ਜਲੰਧਰ ੨੧੩
੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਗੁਰਦਿਆਲ ਸਿੰਘ ਦੇ ਗ੍ਰਹਿ ਚੀਮਾਂ ਕਲਾਂ ਜਲੰਧਰ ੨੧੪

| | | | | | | |
|---|---|---|---|---|---|---|
| ੧੪ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਪ੍ਰੀਤਮ ਸਿੰਘ ਦੇ ਗ੍ਰਹਿ | ਜੰਡਿਆਲਾ | ਜਲੰਧਰ | ੨੧੭ |
| ੧੫ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਪ੍ਰੇਮ ਸਿੰਘ ਦੇ ਗ੍ਰਹਿ | ਜਮਸ਼ੇਰ ਖੇੜਾ | ਜਲੰਧਰ | ੨੨੩ |
| ੧੫ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਕਰਤਾਰ ਕੌਰ ਦੇ ਗ੍ਰਹਿ | ਜਮਸ਼ੇਰ ਖੇੜਾ | ਜਲੰਧਰ | ੨੨੫ |
| ੧੫ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਅਜੀਤ ਸਿੰਘ ਦੇ ਗ੍ਰਹਿ | ਖੇੜਾ | ਜਲੰਧਰ | ੨੨੭ |
| ੧੫ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਗੁਰਮੀਤ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੨੨੮ |
| ੧੫ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਮਨਸਾ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੨੨੯ |
| ੧੫ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਚਰਨ ਕੌਰ ਦੇ ਗ੍ਰਹਿ | ਮਾਹਲ ਗੈਹਲਾ | ਜਲੰਧਰ | ੨੩੧ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਗੁਰਮੀਤ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੨੩੩ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਚਰਨ ਕੌਰ ਦੇ ਗ੍ਰਹਿ | ਫਰਾਲਾ | ਜਲੰਧਰ | ੨੩੪ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਸਾਧੂ ਸਿੰਘ ਦੇ ਗ੍ਰਹਿ | ਸਾਲਾਰ ਪੁਰ | ਜਲੰਧਰ | ੨੩੬ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਮਹਿੰਦਰ ਸਿੰਘ ਦੇ ਗ੍ਰਹਿ | ਦੈਂਤ ਪੁਰਾ | ਜਲੰਧਰ | ੨੩੬ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਮਾਈ ਭਾਗੋ ਦੇ ਗ੍ਰਹਿ | ਬਿਲਗਾ | ਜਲੰਧਰ | ੨੩੭ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਕੇਹਰ ਸਿੰਘ ਦੇ ਗ੍ਰਹਿ | ਰੁੜਕਾ | ਜਲੰਧਰ | ੨੩੮ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਲਛਮਣ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੩੯ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਗੁਰਮੇਜ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੪੮ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਜੋਗਿੰਦਰ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੪੮ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਆਤਮਾ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੪੮ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਪੂਰੋ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੪੯ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਪ੍ਰੀਤਮ ਕੌਰ ਦੇ ਗ੍ਰਹਿ | ਮਾਹਲ ਗੈਹਲੇ | ਜਲੰਧਰ | ੨੪੯ |
| ੧੬ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਊਧੀ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੪੯ |
| ੧੭ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਗਿਰਦਾਵਰ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੫੦ |
| ੧੭ ਮੱਘਰ | ਸ਼ਹਿਨਸ਼ਾਹੀ ਸੰਮਤ ੨ | ਕਰਨੈਲ ਸਿੰਘ ਦੇ ਗ੍ਰਹਿ | ਬਿਲਗਾ | ਜਲੰਧਰ | ੨੫੦ |

8

੨●

8

੨●

| | | | |
|---|---|---|---|
| ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੨੫੧ |
| ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹਿ | ਰੁੜਕਾ ਕਲਾਂ | ਜਲੰਧਰ | ੨੫੧ |
| ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਨਛੱਤਰ ਕੌਰ ਦੇ ਗ੍ਰਿਹਿ | ਗੋਰਾਇਆ | ਜਲੰਧਰ | ੨੫੨ |
| ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਸਿੰਘ ਦੇ ਗ੍ਰਿਹਿ | ਚੀਮੇ ਕਲਾਂ | ਜਲੰਧਰ | ੨੫੩ |
| ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਸੰਤੋਖ ਸਿੰਘ ਦੇ ਗ੍ਰਿਹਿ | ਸੋਢੀਆਂ | ਜਲੰਧਰ | ੨੫੪ |
| ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਜੁਗਿੰਦਰ ਸਿੰਘ ਦੇ ਗ੍ਰਿਹਿ | ਕੰਗ | ਜਲੰਧਰ | ੨੫੫ |
| ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਿਹਿ | ਦੁਸਾਂਝ ਖੁਰਦ | ਜਲੰਧਰ | ੨੫੬ |
| ੧੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਰਜਿੰਦਰ ਸਿੰਘ ਪਿਆਰੇ ਲਾਲ ਦੇ ਗ੍ਰਿਹਿ | ਦੁਸਾਂਝ ਖੁਰਦ | ਜਲੰਧਰ | ੨੫੮ |
| ੧੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਿਹਿ | ਡਾਡੀਆਂ | ਹੁਸ਼ਿਆਰਪੁਰ | ੨੬੧ |
| ੧੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਸੰਸਾਰ ਸਿੰਘ ਦੇ ਗ੍ਰਿਹਿ | ਡਵਿੱਡਾ | ਹੁਸ਼ਿਆਰਪੁਰ | ੨੬੨ |
| ੧੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ | ਰਿਹਾਣਾ ਕਲਾਂ | ਹੁਸ਼ਿਆਰਪੁਰ | ੨੬੩ |
| ੧੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਿਹਿ | ਪੁਰਾਣੀ ਡਰੋਲੀ | ਹੁਸ਼ਿਆਰਪੁਰ | ੨੬੪ |
| ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਿਹਿ | ਆਦਮਪੁਰ | ਜਲੰਧਰ | ੨੬੬ |
| ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਤਾਰੂ ਸਿੰਘ ਦੇ ਗ੍ਰਿਹਿ | ਜੰਡੀਰੇ | ਹੁਸ਼ਿਆਰਪੁਰ | ੨੬੮ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੨ ਮਿਰਜ਼ਈਆਂ ਨਾਲ | ਕਾਦੀਆਂ | ਗੁਰਦਾਸਪੁਰ | ੨੭੦ |
| ਮਿਰਜ਼ੇ ਦੇ ਮਜ਼ਾਰ ਉਤੇ | | | ੨੭੨ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਕੌਰ ਦੇ ਗ੍ਰਿਹਿ | ਠੀਕਰੀ ਵਾਲਾ | ਗੁਰਦਾਸਪੁਰ | ੨੭੩ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਾਲ ਸਿੰਘ ਦੇ ਗ੍ਰਿਹਿ | ਮੁੰਡਾ | ਅੰਮ੍ਰਿਤਸਰ | ੨੭੮ |
| ੨੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਿਹਿ ਬਸਤੀ | ਤੇਗਾ ਸਿੰਘ | ਫਿਰੋਜ਼ਪੁਰ | ੨੮੧ |
| ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੮੩ |
| ੨ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੯੪ |

9 ੨●

| | | | | | | | |
|---|---|---|---|---|---|---|---|
| ੨ ਪੋਹ | ਸ਼ਹਿਨਸ਼ਾਹੀ | ਸੰਮਤ ੨ | ਅਰਜਨ ਸਿੰਘ ਜਗਜੀਤ ਸਿੰਘ | | ਸਲੀਮਪੁਰਾ | ਹੁਸ਼ਿਆਰਪੁਰ | ੨੯੬ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਅਮਰੀਕ ਸਿੰਘ | ਦੇ ਗ੍ਰਿਹਿ | ਸਰਾਈਂ | ਹੁਸ਼ਿਆਰਪੁਰ | ੨੯੯ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਅਮਰੀਕ ਸਿੰਘ | ਦੇ ਗ੍ਰਿਹਿ | ਸਰਾਈਂ | ਹੁਸ਼ਿਆਰਪੁਰ | ੩੦੦ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਪਿਆਰਾ ਸਿੰਘ | ਦੇ ਗ੍ਰਿਹਿ | ਸਰਾਈਂ | ਹੁਸ਼ਿਆਰਪੁਰ | ੩੦੦ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਬਲਦੇਵ ਕੌਰ | ਦੇ ਗ੍ਰਿਹਿ | ਕੰਧਾਲਾ ਸ਼ੇਖ | ਹੁਸ਼ਿਆਰਪੁਰ | ੩੦੦ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਭਜਨ ਕੌਰ | ਦੇ ਗ੍ਰਿਹਿ | ਬੈਰਮ ਪੁਰ | ਹੁਸ਼ਿਆਰਪੁਰ | ੩੦੧ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਤਰਸੇਮ ਸਿੰਘ | ਦੇ ਗ੍ਰਿਹਿ | ਖ਼ੁਰਦਾ | ਹੁਸ਼ਿਆਰਪੁਰ | ੩੦੧ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਗਿਆਨ ਚੰਦ | ਦੇ ਗ੍ਰਿਹਿ | ਮਿਰਜ਼ਾਪੁਰ ਧਾਰੀਵਾਲ | ਹੁਸ਼ਿਆਰਪੁਰ | ੩੦੨ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਪੂਰਨ ਸਿੰਘ | ਦੇ ਗ੍ਰਿਹਿ | ਰੂਪੋਵਾਲੀ | ਹੁਸ਼ਿਆਰਪੁਰ | ੩੦੨ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਸੁਰਿੰਦਰ ਸਿੰਘ ਖਿਆਲ ਸਿੰਘ | ਦੇ ਗ੍ਰਿਹਿ | ਰੂਪੋਵਾਲੀ | ਹੁਸ਼ਿਆਰਪੁਰ | ੩੦੩ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਧੰਨਾ ਸਿੰਘ | ਦੇ ਗ੍ਰਿਹਿ | ਕੁੱਲੀਆਂ | ਹੁਸ਼ਿਆਰਪੁਰ | ੩੦੩ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਵਤਨ ਸਿੰਘ | ਦੇ ਗ੍ਰਿਹਿ | ਸਰੀਂਹ ਪੁਰ | ਹੁਸ਼ਿਆਰਪੁਰ | ੩੦੪ |
| ੩ ਪੋਹ | ਸ਼ਹਿਨਸ਼ਾਹੀ | ਸੰਮਤ ੨ | ਹੇਮ ਸਿੰਘ | ਦੇ ਗ੍ਰਿਹਿ | ਡਮਾਣਾ | ਹੁਸ਼ਿਆਰਪੁਰ | ੩੦੫ |
| ੪ ਪੋਹ | ਸ਼ਹਿਨਸ਼ਾਹੀ | ਸੰਮਤ ੨ | ਦਿਆਲ ਸਿੰਘ | ਦੇ ਗ੍ਰਿਹਿ | ਡੱਡਾਂ | ਹੁਸ਼ਿਆਰਪੁਰ | ੩੦੬ |
| ੪ ਪੋਹ | ਸ਼ਹਿਨਸ਼ਾਹੀ | ਸੰਮਤ ੨ | ਦਿਆਲ ਸਿੰਘ | ਦੇ ਗ੍ਰਿਹਿ | ਡੱਡਾਂ | ਹੁਸ਼ਿਆਰਪੁਰ | ੩੦੯ |
| ੪ ਪੋਹ | ਸ਼ਹਿਨਸ਼ਾਹੀ | ਸੰਮਤ ੨ | ਕਰਤਾਰ ਸਿੰਘ | ਦੇ ਗ੍ਰਿਹਿ | ਪੰਜ ਢੇਰਾ | ਹੁਸ਼ਿਆਰਪੁਰ | ੩੧੦ |
| ੪ ਪੋਹ | ਸ਼ਹਿਨਸ਼ਾਹੀ | ਸੰਮਤ ੨ | ਲਾਲ ਸਿੰਘ | ਦੇ ਗ੍ਰਿਹਿ | ਪੰਜ ਢੇਰਾ | ਹੁਸ਼ਿਆਰਪੁਰ | ੩੧੨ |
| ੫ ਪੋਹ | ਸ਼ਹਿਨਸ਼ਾਹੀ | ਸੰਮਤ ੨ | ਰਾਮ ਸਿੰਘ | ਦੇ ਗ੍ਰਿਹਿ | ਗਾਲ੍ਹੜੀਆਂ | ਹੁਸ਼ਿਆਰਪੁਰ | ੩੧੩ |
| ੫ ਪੋਹ | ਸ਼ਹਿਨਸ਼ਾਹੀ | ਸੰਮਤ ੨ | ਸੁਰਜੀਤ ਸਿੰਘ | ਦੇ ਗ੍ਰਿਹਿ | ਕਾਲੂ ਚਾਂਗ | ਹੁਸ਼ਿਆਰਪੁਰ | ੩੧੪ |
| ੫ ਪੋਹ | ਸ਼ਹਿਨਸ਼ਾਹੀ | ਸੰਮਤ ੨ | ਦਲਜੀਤ ਸਿੰਘ | ਦੇ ਗ੍ਰਿਹਿ | ਤਲਵਾੜਾ | ਹੁਸ਼ਿਆਰਪੁਰ | ੩੧੫ |
| ੫ ਪੋਹ | ਸ਼ਹਿਨਸ਼ਾਹੀ | ਸੰਮਤ ੨ | ਬੂਆ ਦਿੱਤਾ ਮਲ | ਦੇ ਗ੍ਰਿਹਿ | ਤਲਵਾੜਾ | ਹੁਸ਼ਿਆਰਪੁਰ | ੩੧੭ |
| ੫ ਪੋਹ | ਸ਼ਹਿਨਸ਼ਾਹੀ | ਸੰਮਤ ੨ | ਜੀਆ ਲਾਲ | ਦੇ ਗ੍ਰਿਹਿ | ਤਲਵਾੜਾ | ਹੁਸ਼ਿਆਰਪੁਰ | ੩੧੮ |


10
੨●

| | | | |
|---|---|---|---|
| ੫ ਪੋਹ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਦੇ ਗ੍ਰਿਹ | ਤਲਵਾੜਾ | ਹੁਸ਼ਿਆਰਪੁਰ | ੩੨੧ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੨੩ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਸੰਤੋਖ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੨੪ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬੀਬੀ ਪਿਆਰੋ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੨੬ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੨੯ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਮਿਲਖਾ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੦ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਰੂਪ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੧ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੨ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੨ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਸੁਭਾਗਵੰਤੀ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੩ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਵਰਿਆਮ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੪ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਗੁਰਮੀਤ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੫ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬੀਬੀ ਚਰਨੀ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੫ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਪਾਲ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੬ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬੀਬੀ ਮਾਇਓ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੭ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਜੀਤ ਸਿੰਘ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੮ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬਾਲ ਕੌਰ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੩੯ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬੀਬੀ ਨੰਤੀ ਦੇ ਗ੍ਰਿਹ | ਜੇਠੂਵਾਲ | ਅੰਮ੍ਰਿਤਸਰ | ੩੪੧ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੩੪੩ |
| ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਫ਼ੌਜਾ ਸਿੰਘ ਦੇ ਗ੍ਰਿਹ | ਮਲੂਵਾਲ | ਅੰਮ੍ਰਿਤਸਰ | ੩੪੭ |
| ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਆਤਮਾ ਸਿੰਘ ਦੇ ਗ੍ਰਿਹ | ਮਲੂਵਾਲ | ਅੰਮ੍ਰਿਤਸਰ | ੩੪੮ |
| ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਿਹ | ਮਲੂਵਾਲ | ਅੰਮ੍ਰਿਤਸਰ | ੩੪੯ |


11 ੨●

| | | | |
|---|---|---|---|
| ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਦਰਬਾਰਾ ਸਿੰਘ ਦੇ ਗ੍ਰਹਿ | ਮਲੂਵਾਲ | ਅੰਮ੍ਰਿਤਸਰ | ੩੫੦ |
| ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਜੀਵਣ ਸਿੰਘ, ਦਰਸ਼ਨ ਸਿੰਘ ਦੇ ਗ੍ਰਹਿ | ਮਲੂਵਾਲ | ਅੰਮ੍ਰਿਤਸਰ | ੩੫੨ |
| ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਗੁਰੇ ਸ਼ਾਹ ਦੇ ਗ੍ਰਹਿ | ਮਲੂਵਾਲ | ਅੰਮ੍ਰਿਤਸਰ | ੩੫੨ |
| ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਕਿਸ਼ਨ ਸਿੰਘ ਦੇ ਗ੍ਰਹਿ | ਮਲੂਵਾਲ | ਅੰਮ੍ਰਿਤਸਰ | ੩੫੪ |
| ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਗੁਰਬਖ਼ਸ਼ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੩੫੫ |
| ੨੬ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੩੫੮ |
| ੨੭ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੭੭ |
| ੨੮ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੯੩ |
| ੨੮ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਕੌਰ | ਚਕ ਮੁਆਫ਼ੀ | ਲੁਧਿਆਣਾ | ੩੯੮ |
| ੨੮ ਪੋਹ ਸ਼ਹਿਨਸ਼ਾਹੀ ਸੰਮਤ ੨ ਚਤਰ ਕੌਰ | ਸੱਦਾ | ਗੁਰਦਾਸਪੁਰ | ੩੯੯ |
| ੨੮ ਪੋਹ ਸ਼ਹਿਨਸ਼ਾਹੀ ਸੰਮਤ ੨ ਅਦਾਲਤ ਸਿੰਘ | ਆਂਡਲੂ | ਲੁਧਿਆਣਾ | ੪੦੦ |
| ੨੯ ਪੋਹ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਹਿ | ਸਭਰਾ | ਅੰਮ੍ਰਿਤਸਰ | ੪੦੧ |
| ੨੯ ਪੋਹ ਸ਼ਹਿਨਸ਼ਾਾਹੀ ਸੰਮਤ ੨ ਸਵਰਨ ਸਿੰਘ | ਦਬੁਰਜੀ | ਅੰਮ੍ਰਿਤਸਰ | ੪੦੧ |
| ੨੯ ਪੋਹ ਸ਼ਹਿਨਸ਼ਾਹੀ ਸੰਮਤ ੨ ਸੁੰਦਰ ਸਿੰਘ | ਰੋਸੇ | ਗੁਰਦਾਸਪੁਰ | ੪੦੨ |
| ੩੦ ਪੋਹ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਹਿ | ਮੈਸਮ ਪੁਰਾ | | ੪੦੩ |
| ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੦੬ |
| ੨ ਮਾਘ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੧੭ |
| ੨ ਮਾਘ ਸ਼ਹਿਨਸ਼ਾਹੀ ਸੰਮਤ ੨ ਭਜਨ ਸਿੰਘ ਦੇ ਗ੍ਰਹਿ | ਜੀਉ ਜੁਲਾਈ | ਗੁਰਦਾਸਪੁਰ | ੪੧੯ |
| ੧੮ ਮਾਘ ਸ਼ਹਿਨਸ਼ਾਹੀ ਸੰਮਤ ੨ ਜਰਨੈਲ ਸਿੰਘ ਦੇ ਗ੍ਰਹਿ | ਸ਼ਾਹ ਵਾਲਾ | ਫਿਰੋਜ਼ਪੁਰ | ੪੨੦ |
| ੧੮ ਮਾਘ ਸ਼ਹਿਨਸ਼ਾਹੀ ਸੰਮਤ ੨ ਕਰਨੈਲ ਸਿੰਘ ਦੇ ਗ੍ਰਹਿ | ਸ਼ਾਹ ਵਾਲਾ | ਫਿਰੋਜ਼ਪੁਰ | ੪੨੨ |
| ੧੮ ਮਾਘ ਸ਼ਹਨਸ਼ਾਹੀ ਸੰਮਤ ੨ ਬੀਬੀ ਮਹਿੰਦਰ ਕੌਰ ਦੇ ਗ੍ਰਹਿ | ਸ਼ਾਹ ਵਾਲਾ | ਫਿਰੋਜਪੁਰ | ੪੨੩ |
| ੧੮ ਮਾਘ ਸ਼ਹਿਨਸ਼ਾਹੀ ਸੰਮਤ ੨ ਮੱਖਣ ਸਿੰਘ ਦੇ ਗ੍ਰਹਿ | ਸ਼ਾਹ ਵਾਲਾ | ਫਿਰੋਜਪੁਰ | ੪੨੫ |

੧੮ ਮਾਘ ਸ਼ਹਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਹਿ ਸ਼ਾਹ ਵਾਲਾ ਫਿਰੋਜਪੁਰ ੪੨੫
੧੮ ਮਾਘ ਸ਼ਹਿਨਸ਼ਾਹੀ ਸੰਮਤ ੨ ਗੁਰਦਾਸ ਸਿੰਘ ਦੇ ਗ੍ਰਹਿ ਸ਼ਾਹ ਵਾਲਾ ਫਿਰੋਜ਼ਪੁਰ ੪੨੬
੧੮ ਮਾਘ, ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਹਿ ਸ਼ਾਹ ਵਾਲਾ ਫਿਰੋਜਪੁਰ ੪੨੭
੧੮ ਮਾਘ ਸ਼ਨਿਸ਼ਾਹੀ ਸੰਮਤ ੨ ਬਚਨ ਕੌਰ ਦੇ ਗ੍ਰਹਿ ਪਦਰੀ ਫਿਰੋਜਪੁਰ ੪੨੯
੧੮ ਮਾਘ ਸ਼ਹਿਨਸ਼ਾਹੀ ਸੰਮਤ ੨ ਗੁਰਚਰਨ ਕੌਰ ਦੇ ਗ੍ਰਹਿ ਫਿਰੋਜ਼ਪੁਰ ੪੨੯
੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਕੌਰ ਦੇ ਗ੍ਰਹਿ, ਰਟੌਲ ਰੋਹੀ ਵਾਲੇ, ਫਿਰੋਜ਼ਪੁਰ ੪੨੯
੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਖੇਮ ਸਿੰਘ ਦੇ ਗ੍ਰਹਿ ਕੋਟ ਕਪੂਰਾ ੪੩੦
੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਦੌਲਤ ਸਿੰਘ ਦੇ ਗ੍ਰਹਿ ਪੰਜ ਗਰਾਈਂ ਫਿਰੋਜ਼ਪੁਰ ੪੩੨
੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਦਲੀਪ ਕੌਰ ਦੇ ਗ੍ਰਹਿ ਸਮਾਲਸਰ ਫਿਰੋਜ਼ਪੁਰ ੪੩੩
੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਰਾਜ ਸਿੰਘ ਦੇ ਗ੍ਰਹਿ ਮੁਕਤਸਰ ਫਿਰੋਜ਼ਪੁਰ ੪੩੪
੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਪ੍ਰੀਤਮ ਕੌਰ ਦੇ ਗ੍ਰਹਿ ਮਦਰਸਾ ੪੩੫
੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਮਲ ਸਿੰਘ ਦੇ ਗ੍ਰਹਿ ਅਕਾਲ ਗੜ੍ਹ ੪੩੬
੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਅੱਛਰ ਸਿੰਘ ਦੇ ਗ੍ਰਹਿ ਸੇਖਾ ੪੩੯
੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਹਰਜਿੰਦਰ ਕੌਰ ਦੇ ਗ੍ਰਹਿ ਸੇਖਾ ੪੪੦
੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਹਰਵਿੰਦਰ ਕੌਰ ਦੇ ਗ੍ਰਹਿ ਰਖਾਲਾ ੪੪੦
੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਟਹਿਲ ਸਿੰਘ ਦੇ ਗ੍ਰਹਿ ਹਸਪਤਾਲ ਰੋਡ ਅਬੋਹਰ ੪੪੧
੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਹਿ ਰਤੇਵਾਲ ਗੰਗਾਨਗਰ ਰਾਜਸਥਾਨ ੪੪੩
੨੧ ਮਾਘ ਸ਼ਹਿਨਸ਼ਾਹੀ ਸੰਮਤ ੨ ਅਰਜਨ ਸਿੰਘ ਦੇ ਗ੍ਰਹਿ ਰਤੇਵਾਲ ਗੰਗਾਨਗਰ ਰਾਜਸਥਾਨ ੪੪੪
੨੧ ਮਾਘ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਹਿ ੧ ਸੀ੦ ਸੀ੦ ਗੰਗਾਨਗਰ ੪੪੫
੨੧ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਲੱਛੋ ਦੇ ਗ੍ਰਹਿ ੩ ਸੀ੦ ਸੀ੦ ਗੰਗਾਨਗਰ ੪੪੭
੨੧ ਮਾਘ ਸ਼ਹਿਨਸ਼ਾਹੀ ਸੰਮਤ ੨ ਕਾਬਲ ਸਿੰਘ ਦੇ ਗ੍ਰਹਿ ੧੮ ਬੀ੦ ਬੀ੦ ਗੰਗਾਨਗਰ ੪੪੯
੨੧ ਮਾਘ ਸ਼ਹਿਨਸ਼ਾਹੀ ਸੰਮਤ ੨ ਰਤਨ ਸਿੰਘ ਦੇ ਗ੍ਰਹਿ ੨੫ ਬੀ੦ ਬੀ੦ ਗੰਗਾਨਗਰ ੪੫੧

| | | | |
|---|---|---|---|
| ੨੨ ਮਾਘ ਸ਼ਹਿਨਸ਼ਾਹੀ ਸੰਮਤ ੨ ਮਹਾਂ ਸਿੰਘ ਦੇ ਗ੍ਰਿਹਿ | ੨੫ ਬੀ੦ ਬੀ੦ | ਗੰਗਾਨਗਰ | ੪੫੪ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੨ ਤਰਲੋਕ ਸਿੰਘ ਦੇ ਗ੍ਰਿਹਿ | ੨੦ ਜ਼ੈਡ | ਗੰਗਾਨਗਰ | ੪੫੬ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੨ ਸੁਰਜੀਤ ਸਿੰਘ ਦੇ ਗ੍ਰਿਹਿ | ਬਨਵਾਲੀ | | ੪੫੮ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੨ ਮਲਕੀਅਤ ਸਿੰਘ ਦੇ ਗ੍ਰਿਹਿ | ਬਨਵਾਲੀ | | ੪੬੨ |
| ੨੪ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਦਾਨੋ ਦੇ ਗ੍ਰਿਹਿ | ਬਨਵਾਲੀ | | ੪੬੩ |
| ੨੪ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਤੇਜ ਕੌਰ ਦੇ ਗ੍ਰਿਹਿ | ਬਨਵਾਲੀ | | ੪੬੪ |
| ੨੪ ਮਾਘ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਿਹਿ | ਪਿਪਲੀ | ਫਿਰੋਜਪੁਰ | ੪੬੭ |
| ੨੪ ਮਾਘ ਸ਼ਹਿਨਸ਼ਾਹੀ ਸੰਮਤ ੨ ਜਰਨੈਲ ਸਿੰਘ ਦੇ ਗ੍ਰਿਹਿ | ਡੂਮਵਾਲੀ | | ੪੬੯ |
| ੨੪ ਮਾਘ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਕੌਰ ਦੇ ਗ੍ਰਿਹਿ | ਖੋਪਰ | | ੪੭੧ |
| ੨੫ ਮਾਘ ਸ਼ਹਿਨਸ਼ਾਹੀ ਸੰਮਤ ੨ ਬਲਬੀਰ ਸਿੰਘ | ਸਰੇਸ ਵਾਲਾ | ਫਿਰੋਜ਼ ਪੁਰ | ੪੭੨ |
| ੨੫ ਮਾਘ ਸ਼ਹਿਨਸ਼ਾਹੀ ਸੰਮਤ ੨ ਚਰਨਜੀਤ ਕੌਰ ਦੇ ਗ੍ਰਿਹਿ | ਬਹਾਉਦੀ | ਹਿਸਾਰ | ੪੭੩ |
| ੨੫ ਮਾਘ ਸ਼ਹਿਨਸ਼ਾਹੀ ਸੰਮਤ ੨ ਫੁਲਜੀਤ ਸਿੰਘ ਦੇ ਗ੍ਰਿਹਿ | ਚੰਧੜ ਕਲਾਂ | | ੪੭੫ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੨ ਰਘਬੀਰ ਸਿੰਘ ਦੇ ਗ੍ਰਿਹਿ | ਚੰਧੜ ਕਲਾਂ | | ੪੭੬ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਸਿੰਘ ਦੇ ਗ੍ਰਿਹਿ | ਚੰਧੜ ਕਲਾਂ | | ੪੭੮ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੨ ਆਸਾ ਸਿੰਘ ਦੇ ਗ੍ਰਿਹਿ | ਖਾਂਗ | | ੪੮੦ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਨਿਹਾਲ ਕੌਰ ਦੇ ਗ੍ਰਿਹਿ | ਕਮਾਲ ਪੁਰ | ਲੁਧਿਆਣਾ | ੪੮੨ |
| ੨੭ ਮਾਘ ਸ਼ਹਿਨਸ਼ਾਹੀ ਸੰਮਤ ੨ ਹਰਚਰਨ ਕੌਰ ਦੇ ਗ੍ਰਿਹਿ | ਰੌਲੀ | | ੪੮੪ |
| ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੮੬ |
| ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੯੮ |
| ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਵਿੰਦਰ ਕੌਰ | ਸਰੇਸ ਵਾਲਾ | | ੫੦੨ |
| ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹਿ | ਜੇਠੂ ਨੰਗਲ | | ੫੦੨ |
| ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੋਹਣ ਸਿੰਘ ਦੇ ਗ੍ਰਿਹਿ | ਭੋਲੇ ਕੇ | | ੫੦੩ |


14
੨●

| | | | |
|---|---|---|---|
| ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਕੁੰਦਨ ਸਿੰਘ ਦੇ ਗ੍ਰਿਹਿ | ਸ਼ਾਹਪੁਰ ਥੇੜੀ | | ੫੦੩ |
| ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹਿ | ਮਨਿਹਾਲਾ | | ੫੦੪ |
| ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਮਿੰਦਰ ਕੌਰ ਦੇ ਗ੍ਰਿਹਿ | ਚੀਮਾ | | ੫੦੫ |
| ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਕੌਰ | ਦਿੱਲੀ | | ੫੦੬ |
| ੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹਿ | ਨੂਰ ਪੁਰ | | ੫੦੮ |
| ੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੰਤੋਖ ਸਿੰਘ ਦੇ ਗ੍ਰਿਹਿ | ਨੂਰ ਪੁਰ | | ੫੦੮ |
| ੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਉਤਮ ਸਿੰਘ ਦੇ ਗ੍ਰਿਹਿ | ਨਾਭਾ | | ੫੦੯ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਸਿੰਘ ਦੇ ਗ੍ਰਿਹਿ | ਪਟਿਆਲਾ | | ੫੧੧ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਦੇਵ ਕਿਸ਼ਨ ਦੇ ਗ੍ਰਿਹਿ | ਪਟਿਆਲਾ | | ੫੧੩ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਤਵੰਤ ਕੌਰ ਦੇ ਗ੍ਰਿਹਿ | ਪਟਿਆਲਾ | | ੫੧੪ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਕਾਕੋ ਦੇ ਗ੍ਰਿਹਿ | ਚੁਪਕੀ | ਪਟਿਆਲਾ | ੫੧੬ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਦੇਵ ਸਿੰਘ, ਅਜੈਬ ਸਿੰਘ ਦੇ ਗ੍ਰਿਹਿ | ਬੂਟਾ ਸਿੰਘ ਵਾਲਾ | ਪਟਿਆਲਾ | ੫੧੭ |
| ੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਮੋਹਰ ਸਿੰਘ ਦੇ ਗ੍ਰਿਹਿ | ਬੂਟਾ ਸਿੰਘ ਵਾਲਾ | ਪਟਿਆਲਾ | ੫੧੯ |
| ੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਚਾਨਣ ਸਿੰਘ ਦੇ ਗ੍ਰਿਹਿ | ਹੰਡੋਲਾ | ਕਰਨਾਲ | ੫੨੧ |
| ੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਰਨੈਲ ਸਿੰਘ, ਜਰਨੈਲ ਸਿੰਘ ਦੇ ਗ੍ਰਿਹਿ | ਖਰਕਾ | ਕਰਨਾਲ | ੫੨੩ |
| ੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹਿ | ਕੌਮੀ ਫ਼ਾਰਮ | ਕਰਨਾਲ | ੫੨੫ |
| ੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਣ ਸਿੰਘ ਦੇ ਗ੍ਰਿਹਿ | ਅਜੀਤ ਨਗਰ | ਕਰਨਾਲ | ੫੨੬ |
| ੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੁਰਜੀਤ ਕੌਰ ਦੇ ਗ੍ਰਿਹਿ | ਅਜੀਤ ਨਗਰ | ਕਰਨਾਲ | ੫੨੭ |
| ੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਿਹਿ | ਗੜ੍ਹੀ ਲਾਂਗਰੀ | ਕੁਰਕਸ਼ੇਤਰ | ੫੨੯ |
| ੧੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਮੋਹਣ ਸਿੰਘ ਦੇ ਗ੍ਰਿਹਿ | ਗੜ੍ਹੀ ਲਾਂਗਰੀ | ਕੁਰਕਸ਼ੇਤਰ | ੫੩੧ |
| ੧੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਜਰਨੈਲ ਸਿੰਘ ਦੇ ਗ੍ਰਿਹਿ | ਸਤੌਰਾ | ਕਰਨਾਲ | ੫੩੩ |


15
੨●

| | | | |
|---|---|---|---|
| ੧੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੌਦਾਗਰ ਸਿੰਘ ਦੇ ਗ੍ਰਿਹਿ | ਭੱਠ ਮਾਜਰਾ | ਕਰਨਾਲ | ੫੩੪ |
| ੧੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਿਹਿ | ਠੀਕਰੀ | ਕਰਨਾਲ | ੫੩੬ |
| ੧੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਵਰਿਆਮ ਸਿੰਘ ਦੇ ਗ੍ਰਿਹਿ | ਠੀਕਰੀ | ਕਰਨਾਲ | ੫੩੭ |
| ੧੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਣਧੀਰ ਸਿੰਘ ਦੇ ਗ੍ਰਿਹਿ | ਅਰਨਾਏ | ਕਰਨਾਲ | ੫੩੯ |
| ੧੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਨਿਰੰਜਣ ਸਿੰਘ ਦੇ ਗ੍ਰਿਹਿ | ਫ਼ਾਰਮ | ਕਰਨਾਲ | ੫੪੦ |
| ੧੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਮੇਜ ਸਿੰਘ ਦੇ ਗ੍ਰਿਹਿ | ਥਾਨੇਸਰ | ਕਰਨਾਲ | ੫੪੨ |
| ੧੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਭਾਨ ਸਿੰਘ ਦੇ ਗ੍ਰਿਹਿ | ਨਾਨਕ ਪੁਰਾ | ਕਰਨਾਲ | ੫੪੩ |
| ੧੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੋਹਣ ਸਿੰਘ ਦੇ ਗ੍ਰਿਹਿ | ਨਾਨਕ ਪੁਰਾ | ਕਰਨਾਲ | ੫੪੪ |
| ੧੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੰਤਾ ਸਿੰਘ | ਤਰਨ ਤਾਰਨ | | ੫੪੫ |
| ੧੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਅਵਤਾਰ ਸਿੰਘ | ਚਬੇਵਾਲ | ਹੁਸ਼ਿਆਰਪੁਰ | ੫੪੬ |
| ੧੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਦੀਦਾਰ ਸਿੰਘ ਦੇ ਗ੍ਰਿਹਿ | ਭਾਮ | ਗੁਰਦਾਸਪੁਰ | ੫੪੭ |
| ੧੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਰੂਪ ਸਿੰਘ ਦੇ ਗ੍ਰਿਹਿ | ਢੁੱਡੀ | ਫਰੀਦਕੋਟ | ੫੪੭ |
| ੧੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਿਹਿ | ਰੂਪੋ ਵਾਲ | ਹੁਸ਼ਿਆਰਪੁਰ | ੫੪੮ |
| ੧੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਿਸ਼ਨ ਸਿੰਘ, ਸੇਵਾ ਸਿੰਘ ਦੇ ਗ੍ਰਿਹਿ | | ਗੁੜਗਾਉਂ | ੫੪੯ |
| ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਿਹਿ | ਔਜਲਾ | ਕਪੂਰਥਲਾ | ੫੫੧ |
| ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਤਨ ਸਿੰਘ ਹਰਨਾਮ ਸਿੰਘ ਦੇ ਗ੍ਰਿਹਿ ਨੂਰ ਪੁਰ | | | ੫੫੧ |
| ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਭਗਵਾਨ ਸਿੰਘ | ਉੜਮੁੜ ਟਾਂਡਾ | | ੫੫੨ |
| ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਰੇਸ਼ਮ ਸਿੰਘ ਦੇ ਗ੍ਰਿਹਿ | ਖਹਿਰਾ ਮਜਾ | ਜਲੰਧਰ | ੫੫੨ |
| ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ | ਮੰਡਿਆਣੀ | ਲੁਧਿਆਣਾ | ੫੫੩ |
| ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਾਜ ਕੌਰ ਦੇ ਗ੍ਰਿਹਿ | ਜਲੌਦ | ਲੁਧਿਆਣਾ | ੫੫੪ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਹੰਸ ਰਾਜ ਦੇ ਗ੍ਰਿਹਿ | ਮਕੇਰੀਆਂ | ਹੁਸ਼ਿਆਰਪੁਰ | ੫੫੫ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਮੁਲਖ ਰਾਜ ਦੇ ਗ੍ਰਿਹਿ | ਮਕੇਰੀਆਂ | ਹੁਸ਼ਿਆਰਪੁਰ | ੫੫੬ |


16
੨੦

| | | | |
|---|---|---|---|
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਪ੍ਰੇਮ ਦਿਆਲ ਦੇ ਗ੍ਰਹਿ | ਮੇਰਠ | | ੫੫੭ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਨਿਰੰਜਣ ਸਿੰਘ ਦੇ ਗ੍ਰਹਿ | ਅਜਿਤਵਾਲ | ਫਿਰੋਜ਼ਪੁਰ | ੫੫੭ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਪ੍ਰੇਮੀ ਦੇਵੀ ਦੇ ਗ੍ਰਹਿ | ਝੰਡੇ ਕੈਂਪ | ਜੰਮੂ | ੫੫੯ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਅਮਰਜੀਤ ਕੌਰ ਜਗਜੀਤ ਸਿੰਘ ਸਰਮੈਲ ਸਿੰਘ | ਸਲੀਮਪੁਰ | ਹੁਸ਼ਿਆਰਪੁਰ | ੫੬੧ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਿਕਰਮ ਸਿੰਘ ਦੇ ਗ੍ਰਹਿ | ਤਖਾਣ ਵਧ | ਫਿਰੋਜ਼ਪੁਰ | ੫੬੩ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਨਿਰਵੈਰ ਸਿੰਘ ਨਿਰੰਜਣ ਸਿੰਘ ਦੇ ਗ੍ਰਹਿ ਕੂਚਾ ਨੰਬਰ ੯ | ਲੁਧਿਆਣਾ | | ੫੬੩ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਹਿ | ਅਜਨੌਦ | ਲੁਧਿਆਣਾ | ੫੬੪ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਦੀਪ ਸਿੰਘ ਦੇ ਗ੍ਰਹਿ | ਦਬੁਰਜੀ | ਅੰਮ੍ਰਿਤਸਰ | ੫੬੪ |
| ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੂੜ ਸਿੰਘ ਦੇ ਗ੍ਰਹਿ | ਪੁਰੀਆਂ | ਗੁਰਦਾਸਪੁਰ | ੫੬੫ |
| ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਾਵਾ ਸਿੰਘ ਦੇ ਗ੍ਰਹਿ | ਪੁਰੀਆਂ | ਗੁਰਦਾਸਪੁਰ | ੫੬੫ |
| ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਵਿੰਦਰ ਸਿੰਘ ਦੇ ਗ੍ਰਹਿ | ਚੰਦ ਪੁਰਾਣਾ | ਫਿਰੋਜ਼ਪੁਰ | ੫੬੬ |
| ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਚੰਦਾ ਸਿੰਘ ਦੇ ਗ੍ਰਹਿ | ਲਲਤੋਂ ਕਲਾਂ | ਲੁਧਿਆਣਾ | ੫੬੭ |
| ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਹਿ | ਵਾਹਗੇ | ਹੁਸ਼ਿਆਰ ਪੁਰ | ੫੬੭ |
| ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਾਜਾ ਰਾਮ ਦੇ ਗ੍ਰਹਿ | ਲਾਜਪਤ ਨਗਰ | ਦਿੱਲੀ | ੫੬੭ |
| ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਜਗਤ ਸਿੰਘ ਦੇ ਗ੍ਰਹਿ | ਚਮਨਾਉਂ, ਪੌੜੀ | ਗੜ੍ਹਵਾਲ | ੫੬੮ |
| ੧੭ ਫੱਗਣ ਸ਼ਹਿਨਸ਼ਾਹੀ ਸੰਮਤ ੨ ਅਵਤਾਰ ਸਿੰਘ ਦੇ ਗ੍ਰਹਿ | ਸ਼ਾਸਤਰੀ ਨਗਰ | ਕਾਨਪੁਰ ਨਗਰ | ੫੬੮ |
| ੧੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਿਰਪਾ ਸਿੰਘ ਦੇ ਗ੍ਰਹਿ | ਕਾਨਪੁਰ | | ੫੭੦ |
| ੧੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਦਿਤ ਸਿੰਘ ਦੇ ਗ੍ਰਹਿ | ਕਾਨਪੁਰ | | ੫੭੨ |
| ੧੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਸਿੰਘ ਦੇ ਗ੍ਰਹਿ | ਲਾਲ ਬੰਗਲਾ | ਕਾਨਪੁਰ | ੫੭੪ |
| ੧੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਮਾਇਓ | ਅਮੀਂ ਸ਼ਾਹ ਖਾਲੜਾ | | ੫੭੬ |


17
੨੦

| | | | |
|---|---|---|---|
| ੧੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਤਵੰਤ ਕੌਰ ਦੇ ਗ੍ਰਿਹਿ | ਕਾਨ੍ਹਪੁਰ | | ੫੭੮ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਬਖ਼ਸ਼ ਸਿੰਘ ਦੇ ਗ੍ਰਿਹਿ | ਮਹੂ | ਲਖਨਊ | ੫੭੯ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਮਹਿਲ ਸਿੰਘ ਦੇ ਗ੍ਰਿਹਿ | ਸ਼ਾਸਤਰੀ ਨਗਰ | ਕਾਨ੍ਹਪੁਰ | ੫੮੮ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਓਮ ਪਰਕਾਸ਼ ਕਾਲੜੇ ਦੇ ਗ੍ਰਿਹਿ | ਜੰਗ ਪੁਰਾ | ਨਵੀਂ ਦਿੱਲੀ | ੫੯੬ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਘਰ | ਸ਼ਕੂਰ ਬਸਤੀ | ਨਵੀਂ ਦਿੱਲੀ | ੫੯੬ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਵਰਣ ਸਿੰਘ ਦੇ ਗ੍ਰਿਹਿ | ਖੇੜੀ | ਪਟਿਆਲਾ | ੫੯੬ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਦੇ ਗ੍ਰਿਹਿ | ਅਰਜਨ ਨਗਰ | ਜਲੰਧਰ | ੫੯੭ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਚਰਨ ਸਿੰਘ ਦੇ ਗ੍ਰਿਹਿ | ਜਟੂਆ | ਸੰਗਰੂਰ | ੫੯੭ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਿਹਿ | ਭਗਵਾਨ ਪੁਰਾ | ਜਲੰਧਰ | ੫੯੮ |
| ੨੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹਿ | ਸ਼ਰੀਫ ਗੜ੍ਹ | ਕਰਨਾਲ | ੫੯੮ |
| ੨੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੰਤਾ ਸਿੰਘ ਦੇ ਗ੍ਰਿਹਿ | ਸ਼ਰੀਫ ਗੜ੍ਹ | ਕਰਨਾਲ | ੫੯੯ |
| ੨੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੰਤਾ ਸਿੰਘ ਦੇ ਗ੍ਰਿਹਿ | ਮੁਗਲ ਮਾਜਰਾ | ਕਰਨਾਲ | ੬੦੧ |
| ੨੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਆਸਾ ਸਿੰਘ ਦੇ ਗ੍ਰਿਹਿ | ਕਲਸਾਣੀ | ਕਰਨਾਲ | ੬੦੩ |
| ੨੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਰੈਣ ਸਿੰਘ ਦੇ ਘਰ | ਕਲਸਾਣੀ | ਕਰਨਾਲ | ੬੦੪ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਦੇ ਗ੍ਰਿਹਿ | ਚਿਬਾਹ | ਕਰਨਾਲ | ੬੦੪ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਦੇ ਗ੍ਰਿਹਿ | ਕਲੋਨੀ ਨੰਬਰ ੧ | ਹਜ਼ਾਰੀ ਬਾਗ | ੬੦੫ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਰਦਾਰਾ ਸਿੰਘ ਦੇ ਗ੍ਰਿਹਿ | ਰੌਣੀ | ਲੁਧਿਆਣਾ | ੬੦੫ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਾਕਾ ਸਿੰਘ ਦੇ ਗ੍ਰਿਹਿ | ਲਿਭੜਾ | ਲੁਧਿਆਣਾ | ੬੦੬ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਇੰਦਰ ਸਿੰਘ ਦੇ ਗ੍ਰਿਹਿ | ਹਰਬੰਸ ਪੁਰਾ | ਪਟਿਆਲਾ | ੬੦੬ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਮੇਜ ਸਿੰਘ ਦੇ ਗ੍ਰਿਹਿ | ਹਰਬੰਸ ਪੁਰਾ | ਪਟਿਆਲਾ | ੬੦੬ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਿਹਿ | ਹਰਬੰਸ ਪੁਰਾ | ਪਟਿਆਲਾ | ੬੦੭ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਨਸੀਬ ਕੌਰ ਦੇ ਗ੍ਰਿਹਿ | ਹਰਬੰਸ ਪੁਰਾ | ਪਟਿਆਲਾ | ੬੦੭ |


18
੨●

| | | | |
|---|---|---|---|
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਅਮਰੋ ਦੇ ਗ੍ਰਹਿ | ਹਰਬੰਸ ਪੁਰਾ | ਪਟਿਆਲਾ | ੬੦੭ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਹਿ | ਰੋੜਾ | ਪਟਿਆਲਾ | ੬੦੭ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਦੇ ਗ੍ਰਹਿ | ਬਰਕਤ ਪੁਰਾ | ਪਟਿਆਲਾ | ੬੦੮ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਮੇਵਾ ਸਿੰਘ ਦੇ ਗ੍ਰਹਿ | ਕਲੌਂਦੀ | ਅੰਬਾਲਾ | ੬੦੯ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਪੰਜਾਬ ਕੌਰ ਦੇ ਗ੍ਰਹਿ | ਕਲੌਂਦੀ | ਅੰਬਾਲਾ | ੬੧੦ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਚੈਂਚਲ ਸਿੰਘ ਦੇ ਗ੍ਰਹਿ | ਮਹੌਣ | ਲੁਧਿਆਣਾ | ੬੧੧ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਭਾਗ ਸਿੰਘ, ਪਾਖਰ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੬੧੪ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਕੌਰ ਦੇ ਗ੍ਰਹਿ | ਖੇੜਾ | ਜਲੰਧਰ | ੬੧੫ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੁਰਿੰਦਰ ਸਿੰਘ ਦੇ ਗ੍ਰਹਿ | ਜੰਡਿਆਲਾ | ਜਲੰਧਰ | ੬੧੫ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਬੀਰ ਕੌਰ ਦੇ ਗ੍ਰਹਿ | ਜੰਡਿਆਲਾ | ਜਲੰਧਰ | ੬੧੫ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਗਣੇਸ਼ਾ ਸਿੰਘ ਦੇ ਗ੍ਰਹਿ | ਕੋਟ ਕਲਾਂ | ਜਲੰਧਰ | ੬੧੬ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਧਰਮਜੀਤ ਸਿੰਘ ਦੇ ਗ੍ਰਹਿ | ਠੱਕਰਵਾਲ | ਜਲੰਧਰ | ੬੧੬ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਠਾਕਰੀ ਦੇ ਗ੍ਰਹਿ | ਫ਼ਰਾਲਾ | ਜਲੰਧਰ | ੬੧੭ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਣਜੀਤ ਸਿੰਘ ਦੇ ਗ੍ਰਹਿ | ਵਡਾਲਾ | ਜਲੰਧਰ | ੬੧੭ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਤਲਵਿੰਦਰ ਸਿੰਘ ਦੇ ਗ੍ਰਹਿ, | ਵਡਾਲਾ | ਜੰਲਧਰ | ੬੧੮ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਦੀਪ ਕੌਰ ਦੇ ਗ੍ਰਹਿ | ਪਬਮਾ | ਜਲੰਧਰ | ੬੧੮ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਹਿ | ਢੱਡੇ | ਜਲੰਧਰ | ੬੧੮ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਕੌਰ ਦੇ ਗ੍ਰਹਿ | ਜੰਡਿਆਲਾ | ਜਲੰਧਰ | ੬੨੦ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਮੱਖਣ ਸਿੰਘ, ਤੇਜਇੰਦਰ ਸਿੰਘ ਦੇ ਗ੍ਰਹਿ | ਵਡਾਲਾ | ਜਲੰਧਰ | ੬੨੧ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਸਮਾ ਕੌਰ ਦੇ ਗ੍ਰਹਿ | ਸੁਨੜ | ਜਲੰਧਰ | ੬੨੨ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਬਚਨ ਕੌਰ ਦੇ ਗ੍ਰਹਿ | ਬੋਪਾਰਾਏ | ਜਲੰਧਰ | ੬੨੨ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਭਜਨ ਕੌਰ ਦੇ ਗ੍ਰਹਿ | ਜਮਸ਼ੇਰ | ਜਲੰਧਰ | ੬੨੩ |

| | | | | |
|---|---|---|---|---|
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ | ਹਰਬੰਸ ਕੌਰ ਦੇ ਘਰ | ਕਾਲਾ ਸੰਘਾ | ਜਲੰਧਰ | ੬੨੩ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ (੨੦੨੪ ਬਿਕ੍ਰਮੀ) | ਹਰਿ ਭਗਤ ਦਵਾਰ | | ਜੇਠੂਵਾਲ | ੬੨੪ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਮਹਿੰਦਰ ਸਿੰਘ | ਝੰਮਟ | | ੬੪੯ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਬਚਨ ਕੌਰ | ਝੰਮਟ | | ੬੪੯ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਕੁਲਵੰਤ ਸਿੰਘ | ਬਸਤੀ ਪਠਾਣਾ | | ੬੫੦ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਗੁਰਬੰਸ ਕੌਰ | ਚੱਬਾ | ਅੰਮ੍ਰਿਤਸਰ | ੬੫੦ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਜੁਗਿੰਦਰ ਕੌਰ | ਲੋਟੇ ਕਲੋਨੀ | ਅੰਬਾਲਾ | ੬੫੦ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਬਾਲ ਸਿੰਘ | ਭਗਵਾਂ | ਅੰਮ੍ਰਿਤਸਰ | ੬੫੦ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਉਤਮ ਚੰਦ | ਤਲਵਾੜਾ | ਹੁਸ਼ਿਆਰਪੁਰ | ੬੫੧ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਮੁਣਸ਼ੀ ਰਾਮ | ਮਿਆਨੀ | ਹੁਸ਼ਿਆਰਪੁਰ | ੬੫੧ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਬੀਬੀ ਪਰਕਾਸ਼ੋ | ਸਾਲੋਵਾਲ | ਗੁਰਦਾਸਪੁਰ | ੬੫੧ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਬੀਬੀ ਪੁੰਨੀ | ਸਾਲੋਵਾਲ | ਗੁਰਦਾਸਪੁਰ | ੬੫੧ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਮਨਜੀਤ ਸਿੰਘ | ਦੀਦਾਰੇ ਵਾਲਾ | ਫਿਰੋਜ਼ਪੁਰ | ੬੫੨ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਜਰਨੈਲ ਸਿੰਘ | ਸਲਾਂ ਵਾਲੀ ਤਲਵੰਡੀ | ਹੁਸ਼ਿਆਰਪੁਰ | ੬੫੨ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਗੁਰਚਰਨ ਸਿੰਘ | ਜੰਮੂ | | ੬੫੨ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਅਜੀਤ ਸਿੰਘ | ਜੰਮੂ | | ੬੫੨ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਸੰਤ ਰਾਮ | ਗੋਕਲੇ ਚਕ | ਜੰਮੂ | ੬੫੨ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਹਰਦੀਪ ਕੌਰ | ਫਤਹਿ ਨੰਗਲ | ਗੁਰਦਾਸਪੁਰ | ੬੫੩ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਗੁਰਦਿਤ ਸਿੰਘ | ਰਾਮ ਦੁਵਾਲੀ | ਅੰਮ੍ਰਿਤਸਰ | ੬੫੩ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ | ਬੀਬੀ ਮਹਿੰਦਰ ਕੌਰ | ਮੁਸਾਣਾ | ਹੁਸ਼ਿਆਰਪੁਰ | ੬੫੩ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ | ਬੀਬੀ ਗੁਰਨਾਮ ਕੌਰ | ਮੁਸਾਣਾ | ਹੁਸ਼ਿਆਰਪੁਰ | ੬੫੩ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ | ਜਸਵੰਤ ਸਿੰਘ | ਭਾਮ | ਹੁਸ਼ਿਆਰ ਪੁਰ | ੬੫੪ |


20
੨੦

| | | | |
|---|---|---|---|
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਪ੍ਰੀਤਮ ਕੌਰ | ਬੁਢੇ ਕੋਟ | ਗੁਰਦਾਸਪੁਰ | ੬੫੪ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਪਰਤਾਪ ਸਿੰਘ | ਸਣੀਆਂ ਵਾਲਾ | | ੬੫੫ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਸਰਦਾਰਾ ਸਿੰਘ | ਰੋਡੇ | ਫਿਰੋਜ਼ਪੁਰ | ੬੫੫ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਸ਼ਾਮ ਸਿੰਘ | ਨੰਗਲ | ਫਿਰੋਜ਼ਪੁਰ | ੬੫੫ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਤੇਜ ਕੌਰ | ਵਲੂਰ | ਫਿਰੋਜ਼ਪੁਰ | ੬੫੬ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਗੁਰਮੇਜ਼ ਕੌਰ | ਮੱਖਣ ਵਿੰਡੀ | ਅੰਮ੍ਰਿਤਸਰ | ੬੫੬ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਸੁਰਿੰਦਰ ਕੌਰ ਐਚ ਐਮ ਟੀ ਪੰਚੂਆ ਡਿਸਪੈਂਸਰੀ ਛੀਨਾ ਵਾਲੀ | | ਅੰਮ੍ਰਿਤਸਰ | ੬੫੬ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਮਿਲਖਾ ਸਿੰਘ ੩੬ ਜੇ੦ ਬੀ੦ ਗੰਗਾ ਨਗਰ | | | ੬੫੭ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਵਚਿੰਤ ਕੌਰ | ਰੁੜਕਾ | ਜਲੰਧਰ | ੬੫੭ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਅਜੀਤ ਕੌਰ | ਕੜਾਲਾ | ਕਪੂਰਥਲਾ | ੬੫੮ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਹਜ਼ਾਰਾ ਸਿੰਘ | ਪੰਡੋਰੀ | ਅੰਮ੍ਰਿਤਸਰ | ੬੫੮ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਚਰਨੋ | ਭੁਸੇ | ਅੰਮ੍ਰਿਤਸਰ | ੬੫੮ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਬੰਸ ਸਿੰਘ ਚੌਕ ਮੋਨੀ ਕਰੋੜੀ ਗਲੀ ਬੂਟਾ ਸਿੰਘ ਵਾਲੀ | | ਅੰਮ੍ਰਿਤਸਰ | ੬੫੮ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਮਹਿੰਦਰ ਸਿੰਘ | ਬੁਘੇ | ਅੰਮ੍ਰਿਤਸਰ | ੬੫੯ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਭਜਨ ਸਿੰਘ | ਧੀਂਗਾ ਵਾਲੀ | ਜੰਮੂ | ੬੫੯ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਸਵਰਨੋ ਕਿਰਤੋ ਵਾਲ ਢਾਏ ਵਾਲ | | ਅੰਮਿਸ੍ਰਤਰ | ੬੫੯ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਤਾਰਾ ਸਿੰਘ | ਗੁੰਮਟੀ | ਬਠਿੰਡਾ | ੬੬੦ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਕਿਸ਼ਨ ਜੀਤ ਸਿੰਘ | ਲੁਹਾਰਾ | ਜਲੰਧਰ | ੬੬੦ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਮੋਹਣ ਸਿੰਘ | ਕਾਦੀਆਂ | ਗੁਰਦਾਸਪੁਰ | ੬੬੧ |
| ੨ ਚੇਤ ਸ਼ਹਿਨਸ਼ਾਹੀ ਸੰਮਤ ੩ ਗਿਆਨ ਚੰਦ | ਪੂਨਾ ਸ਼ਹਿਰ | | ੬੬੧ |


21 ੨●

| | | | | | | | |
|---|---|---|---|---|---|---|---|
| ੨ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਨਰਿੰਦਰਜੀਤ ਕੌਰ ਖਤਿਆਰ ਪੁਰ | ਸ਼ਾਹਜਹਾਨ ਪੁਰ | ਯੂ੦ ਪੀ੦ | ੯੬੧ |
| ੨ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਸਰਜੀਤ ਕੌਰ | ਵੇਗੇ ਪੁਰ | ਅੰਮ੍ਰਿਤਸਰ | ੯੬੧ |
| ੨ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਗੁਰਦਾਸ ਮਲ | ਕਲਾ | ਅੰਮ੍ਰਿਤਸਰ | ੯੬੨ |
| ੨ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਰੋਸ਼ਨ ਲਾਲ | ਕਲਾ | ਅੰਮ੍ਰਿਤਸਰ | ੯੬੨ |
| ੨ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਮਾਇਆ ਰਾਮ | ਕਲਾ | ਅੰਮ੍ਰਿਤਸਰ | ੯੬੨ |
| ੨ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਸੁਰਿੰਦਰ ਪਾਲ | ਕਲਾ | ਅੰਮ੍ਰਿਤਸਰ | ੯੬੩ |
| ੨ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਜੁਗਿੰਦਰ ਕੌਰ | ਭੋਲੇ | ਜਲੰਧਰ | ੯੬੩ |
| ੨ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਗੁਰਤਖ਼ਤ ਸਿੰਘ | ਲੌਡੂਵਾਲ | ਲੁਧਿਆਣਾ | ੯੬੪ |
| ੩ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਸਾਧੂ ਸਿੰਘ | ਝਾਮਕੇ | ਅੰਮ੍ਰਿਤਸਰ | ੯੬੪ |
| ੩ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਹਰਭਜਨ ਕੌਰ ਦੇ ਗ੍ਰਿਹਿ | ਭਗਵਾਨ ਪੁਰਾ | ਅੰਮ੍ਰਿਤਸਰ | ੯੬੬ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਬੀਬੀ ਪ੍ਰੀਤੋ ਦੇ ਗ੍ਰਿਹਿ | ਸਠਿਆਲਾ | ਅੰਮ੍ਰਿਤਸਰ | ੯੬੮ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਤੇਜਾ ਸਿੰਘ ਦੇ ਗ੍ਰਿਹਿ | ਸਠਿਆਲਾ | ਅੰਮ੍ਰਿਤਸਰ | ੯੭੦ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਹਜਾਰਾ ਸਿੰਘ ਦੇ ਗ੍ਰਿਹਿ | ਖੱਬੇ | ਅੰਮ੍ਰਿਤਸਰ | ੯੭੩ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਜੋਤ ਸ਼ਬਦ ਅਧਾਰ ਮਹਾਰਾਜ ਪੂਰਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੯੭੬ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਅਮਰਜੀਤ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੯੭੬ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਸੁਰਜੀਤ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੯੭੬ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਬਿਸ਼ਨ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੯੭੭ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਰਣਜੀਤ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੯੭੭ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਜਾਗੀਰ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੯੭੭ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਸੁਰਜੀਤ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੯੭੭ |
| ੪ | ਚੇਤ | ਸ਼ਹਿਨਸ਼ਾਹੀ | ਸੰਮਤ ੩ | ਦਲੀਪ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੯੭੮ |

| | | | | |
|---|---|---|---|---|
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਹਰਜੀਤ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੭੮ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਸੁਲੱਖਣ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੭੮ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਭਾਨ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੭੮ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਪ੍ਰੀਤਮ ਸਿੰਘ ਤੇ ਵਰਿਆਮ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੭੯ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਪ੍ਰੇਮ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੭੯ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਈਸ਼ਰ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੭੯ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਬੰਤਾ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੦ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਇੰਦਰ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੦ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਤਾਰਾ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੦ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਹਰਚਰਨ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੦ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਜਰਨੈਲ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੧ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਪਰਕਾਸ਼ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੧ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਬਿਸ਼ਨ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੧ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਪ੍ਰੀਤਮ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੧ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਡਾ੦ ਮਾਣਕ ਸਿੰਘ | ਅੰਮ੍ਰਿਤਸਰ | | ੬੮੨ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਹਰਬੰਸ ਸਿੰਘ | ਬਸਤੀ ਅੱਡਾ | ਜਲੰਧਰ | ੬੮੨ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਬੰਤਾ ਸਿੰਘ | ਯੂ੦ ਪੀ੦ | | ੬੮੨ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਗੁਰਦਿਤ ਸਿੰਘ ਦੇ ਗ੍ਰਹਿ | ਰਾਮ ਦਵਾਲੀ | ਅੰਮ੍ਰਿਤਸਰ | ੬੮੩ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਕੁੰਦਨ ਸਿੰਘ | ਪੰਡੋਰੀ ਵੜੈਚ | ਅੰਮ੍ਰਿਤਸਰ | ੬੮੩ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਬਲਜਿੰਦਰ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੩ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਦਵਿੰਦਰ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੩ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ | ਸਰਜੀਤ ਸਿੰਘ ਗੁਰਸ਼ਰਨ ਸਿੰਘ | ਸੁਲਤਾਨ ਵਿੰਡ ਗੇਟ | ਅੰਮ੍ਰਿਤਸਰ | ੬੮੪ |

23
੨●

| | | | |
|---|---|---|---|
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਰਾਜ ਕੌਰ | ਨਾਥੇਵਾਲ | ਫਿਰੋਜ਼ਪੁਰ | ੬੮੪ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਨਾਜ਼ਰ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੪ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਜਗਜੀਤ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੪ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਗੁਰਮੀਤ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੫ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬਲਵਿੰਦਰ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੫ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਭਜਨ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੫ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਕਰਮ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੮੫ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਜਗੀਰ ਕੌਰ | ਕਾਠਗੜ੍ਹ | ਪਟਿਆਲਾ | ੬੮੬ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਸਤਪਾਲ | ਫਰੀਦਾਬਾਦ | | ੬੮੬ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਝਿੰਦਰ ਕੌਰ | ਕੜਿਆਲਾ | ਅੰਮ੍ਰਿਤਸਰ | ੬੮੬ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਜੁਗਿੰਦਰ ਕੌਰ | ਗਵਾਲ ਟੋਲੀ ਫਿਰੋਜ਼ਪੁਰ ਛਾਉਣੀ | | ੬੮੭ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਤਰਿਪਤ ਕੌਰ | ਗਵਾਲ ਟੋਲੀ ਫਿਰੋਜ਼ਪੁਰ ਛਾਉਣੀ | | ੬੮੭ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਕਸ਼ਮੀਰ ਸਿੰਘ | ਸੱਦਾ | ਗੁਰਦਾਸਪੁਰ | ੬੮੭ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਜਾਗੀਰ ਸਿੰਘ | ਸੱਦਾ | ਗੁਰਦਾਸਪੁਰ | ੬੮੮ |
| ੪ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੬੮੮ |
| ਪਹਿਲੀ ਵਿਸਾਖ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੬੯੦ |
| ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੯੯ |
| ੨ ਜੇਠ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੭੧੭ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੩ ਚੇਲਾ ਸਿੰਘ ਦੇ ਗ੍ਰਹਿ | ਰੇਜ਼ੀਡੈਂਸੀ ਰੋਡ ਜੰਮੂ | | ੭੧੯ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਬੀਬੀ ਰਾਮ ਕੌਰ ਦੇ ਗ੍ਰਹਿ | ਛੰਬ | ਜੰਮੂ | ੭੨੦ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਲਾਲ ਚੰਦ ਦੇ ਗ੍ਰਹਿ | ਜੰਮੂ | | ੭੨੨ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਅਮਰੋ ਦੇਵੀ ਦੇ ਗ੍ਰਹਿ | ਜੰਮੂ | | ੭੨੪ |


24 ੨●

| | | |
|---|---|---|
| ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਅਜੀਤ ਸਿੰਘ ਦੇ ਗ੍ਰਿਹਿ | ਜੰਮੂ | ੭੨੪ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਗਿਆਨ ਚੰਦ ਖ਼ੈਰੋਵਾਲ | ਜੰਮੂ | ੭੨੫ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਫੁੱਮਣ ਸਿੰਘ ਦੇ ਗ੍ਰਿਹਿ | ਜੰਮੂ | ੭੨੬ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਗੁਰਚਰਨ ਸਿੰਘ ਦੇ ਗ੍ਰਿਹਿ | ਜੰਮੂ | ੭੨੮ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਪਰਕਾਸ਼ ਚੰਦ ਦੇ ਗ੍ਰਿਹਿ | ਜੰਮੂ | ੭੩੦ |
| ੧੩ ਜੇਠ ਸ਼ਹਿਨਸ਼ਾਹੀ ਸੰਮਤ ੩ ਸ਼ੰਕਰ ਆਚਾਰੀਆ ਮੰਦਰ | ਸ੍ਰੀਨਗਰ | ੭੩੧ |
| ੧੪ ਜੇਠ ਸ਼ਹਿਨਸ਼ਾਹੀ ਸੰਮਤ ੩ ਸ਼ਾਹੀ ਚਸ਼ਮਾ | ਸ੍ਰੀਨਗਰ | ੭੩੩ |
| ੧੪ ਜੇਠ ਸ਼ਹਿਨਸ਼ਾਹੀ ਸੰਮਤ ੩ ਪਵਿਤਰ ਅਸਥਾਨ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ | ਸ੍ਰੀਨਗਰ | ੭੩੩ |
| ੧੪ ਜੇਠ ਸ਼ਹਿਨਸ਼ਾਹੀ ਸੰਮਤ ੩ ਧਰਮ ਅਰਥ ਰੋਡ | ਸ੍ਰੀਨਗਰ | ੭੩੬ |
| ੧੫ ਜੇਠ ਸ਼ਹਿਨਸ਼ਾਹੀ ਸੰਮਤ ੩ ਦਰਗਾਹ ਹਜ਼ਰਤ ਬਲ, ਆਸਾਰ ਸ਼ਰੀਫ, | | |
| ਮੌਲਵੀ ਅਬਦੁਲ ਕਬੀਰ ਦੇ ਸਾਥ | ਸ੍ਰੀ ਨਗਰ | ੭੩੯ |
| ਮੌਲਵੀ ਅਬਦੁਲ ਕਬੀਰ ਨੇ ਉਤਰ ਦਿੱਤਾ | | ੭੪੦ |
| ਮਹਾਰਾਜ ਜੀ ਵਲੋਂ ਸਵਾਲ | | ੭੪੧ |
| ਦਰਗਾਹ ਸ਼ਰੀਫ਼ ਵਿਚ ਇਕ ਮੁਸਲਮਾਨ ਨੇ ਦੁੱਧ ਦਿੱਤਾ ਉਸ ਪਰਥਾਏ | | ੭੪੨ |
| ੧੫ ਜੇਠ ਸ਼ਹਿਨਸ਼ਾਹੀ ਸੰਮਤ ੩ ਮੁਸਲਮਾਨ ਦਰਵੇਸ਼ ਨਾਲ ਮੰਦਰ ਖੀਰ ਭਵਾਨੀ | ਸ੍ਰੀਨਗਰ | ੭੪੨ |
| ੧੬ ਜੇਠ ਸ਼ਹਿਨਸ਼ਾਹੀ ਸੰਮਤ ੩ ਤੇਜ ਭਾਨ ਦੇ ਗ੍ਰਿਹਿ ਸ਼ੇਖ਼ਸਰ ਬਖ਼ਸ਼ੀ ਨਗਰ ਮਾਰਕੀਟ | ਜੰਮੂ | ੭੪੩ |
| ੧੬ ਜੇਠ ਸ਼ਹਿਨਸ਼ਾਹੀ ਸੰਮਤ ੩ ਰਾਮ ਪਿਆਰੀ ਦੇ ਗ੍ਰਿਹਿ ਬਦੀ ਪੁਰ | ਜੰਮੂ | ੭੪੪ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਸ਼ਿਵ ਸਿੰਘ ਬਖ਼ਸ਼ੀ ਨਗਰ ਮਾਰਕੀਟ ਸ਼ੇਖ਼ ਸਰ ਵਾਲਾ | ਜੰਮੂ | ੭੪੫ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਰਾਮ ਚੰਦ ਦੇ ਗ੍ਰਿਹਿ ਬਖ਼ਸ਼ੀ ਨਗਰ ਮਾਰਕੀਟ | ਜੰਮੂ | ੭੪੫ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਗੁਰਦਿਤ ਸਿੰਘ ਦੇ ਘਰ ਛੰਬ ਵਾਲਾ | ਜੰਮੂ | ੭੪੫ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਖਜ਼ਾਨ ਸਿੰਘ ਦੇ ਗ੍ਰਿਹਿ ਰਣਬੀਰ ਸਿੰਘ ਪੁਰਾ | ਜੰਮੂ | ੭੪੬ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਰਣੀਆਂ ਰਾਮ ਦੇ ਘਰ ਕਲੋਏ | ਜੰਮੂ | ੭੪੮ |




25
੨●

| | | | | | | |
|---|---|---|---|---|---|---|
| ੧੭ ਜੇਠ | ਸ਼ਹਿਨਸ਼ਾਹੀ ਸੰਮਤ ੩ | ਸੇਵਾ ਰਾਮ ਦੇ ਗ੍ਰਿਹ | ਕਲੋਏ | ਜੰਮੂ | ੭੪੯ |
| ੧੭ ਜੇਠ | ਸ਼ਹਿਨਸ਼ਾਹੀ ਸੰਮਤ ੩ | ਪ੍ਰੀਤਮ ਸਿੰਘ ਦੇ ਗ੍ਰਿਹ | ਕਲੌਏ | ਜੰਮ | ੭੪੯ |
| ੧੭ ਜੇਠ | ਸ਼ਹਿਨਸ਼ਾਹੀ ਸੰਮਤ ੩ | ਵਕੀਲ ਸਿੰਘ ਦੇ ਗ੍ਰਿਹ | ਹੰਸਾ | ਜੰਮੂ | ੭੫੦ |
| ੧੭ ਜੇਠ | ਸ਼ਹਿਨਸ਼ਾਹੀ ਸੰਮਤ ੩ | ਲਛਮਣ ਸਿੰਘ ਦੇ ਗ੍ਰਿਹ | ਸਈ ਕਲਾਂ | ਜੰਮੂ | ੭੫੨ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਕੁਲਵੰਤ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੨ |
| ੧੮ | ਸ਼ਹਿਨਸ਼ਾਹੀ ਸੰਮਤ ੩ | ਬਚਨ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੩ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਖੇਮੋ ਦੇਵੀ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੩ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਪ੍ਰੇਮੀ ਦੇਵੀ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੪ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਬੇਲਾ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੪ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਬੰਤੀ ਦੇਵੀ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੫ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਪਰਤਾਪ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੫ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਦੇਵਾ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੫ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਪੂਰਨ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੬ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਹੰਸ ਰਾਜ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੬ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਇੰਦਰ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੬ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਧੀਰੋ ਦੇਵੀ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੭ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਰਾਜੋ ਦੇਵੀ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੭ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਧਰਮੋ ਦੇਵੀ | ਸਈ ਕੈਂਪ | ਜੰਮੂ | ੭੫੮ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਚੂੜ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੮ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਵਕੀਲ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੮ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਅੰਗਰੇਜ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੯ |
| ੧੮ ਜੇਠ | ਸ਼ਹਿਨਸ਼ਾਹੀ ਸੰਮਤ ੩ | ਸੋਭਾ ਸਿੰਘ ਦੇ ਗ੍ਰਿਹ | ਸਈ ਕੈਂਪ | ਜੰਮੂ | ੭੫੯ |


26
੨●

| | | | | | | | | | | |
|---|---|---|---|---|---|---|---|---|---|---|
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਹਰਨਾਮੋ ਦੇਵੀ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੦ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਪ੍ਰੇਮ ਚੰਦ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੦ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਸਰਦਾਰਾ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੦ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਰਾਮ ਲਾਲ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੧ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਨਾਨਕ ਚੰਦ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੧ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਰਵੇਲਾ ਰਾਮ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੨ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਝੰਡੂ ਰਾਮ ਦੇ ਗ੍ਰਿਹਿ | ਜੌੜੀਆਂ | ਜੰਮੂ | ੭੬੨ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਸ਼ਾਂਤੀ ਦੇਵੇ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੨ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਬੇਲੂ ਰਾਮ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੩ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਗੁਰਾ ਰਾਮ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੩ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਕਿਸ਼ਨ ਲਾਲ ਦੇ ਗ੍ਰਿਹਿ | ਸਈ ਕੈਂਪ | ਜੰਮ | ੭੬੩ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਨੰਦੂ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੪ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਦੇਵਾ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੫ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਬੀਬੀ ਬਚਨੋ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੫ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਗੂੜ੍ਹਾ ਰਾਮ | ਸਈ ਕੈਂਪ | ਜੰਮੂ | ੭੬੫ |
| ੧੮ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਕਿਰਪਾਲ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੭੬੬ |
| ੧੯ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਦੌਲਤ ਰਾਮ ਦੇ ਗ੍ਰਿਹਿ | ਕੋਟਲੀ ਰਾਈਆਂ | ਜੰਮੂ | ੭੬੬ |
| ੧੯ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਪਰਕਾਸ਼ ਚੰਦ ਦੇ ਗ੍ਰਿਹਿ | ਮਘੋਵਾਲੀ | ਜੰਮੂ | ੭੬੭ |
| ੧੯ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਮਾਇਆ ਦੇਵੀ ਦੇ ਗ੍ਰਿਹਿ | ਮਘੋਵਾਲੀ | ਜੰਮੂ | ੭੬੭ |
| ੧੯ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਦੇਵੀ ਸਿੰਘ ਦੇ ਗ੍ਰਿਹਿ | ਮਘੋਵਾਲੀ | ਜੰਮੂ | ੭੬੮ |
| ੧੯ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਲਛਮੀ ਦੇਵੀ ਦੇ ਗ੍ਰਿਹਿ | ਸੀੜ | ਜੰਮੂ | ੭੬੯ |
| ੧੯ | ਜੇਠ | ਸ਼ਹਿਨਸ਼ਾਹੀ | ਸੰਮਤ | ੩ | ਮਾਇਆ ਕੌਰ ਦੇ ਗ੍ਰਿਹਿ | ਸੀੜ | ਜੰਮੂ | ੭੬੯ |


27
੨੭

| | | | |
|---|---|---|---|
| ੧੯ ਜੇਠ ਸ਼ਹਿਨਸ਼ਾਹੀ ਸੰਮਤ ੩ ਗੁਰਨਾਮ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੭੭੦ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੩ ਭਗਤ ਸਿੰਘ ਦੇ ਗ੍ਰਿਹਿ | ਕੀਰ | ਜੰਮੂ | ੭੭੦ |
| ਪਹਿਲੀ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੭੭੧ |
| ੧੬ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੭੭੫ |
| ੧੬ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੭੭੬ |
| ੧੭ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਜਲੂਸ ਚੱਲਣ ਦੇ ਸਮੇਂ ਲਿਖਤ | ਜੇਠੂਵਾਲ | ਅੰਮ੍ਰਿਤਸਰ | ੭੮੪ |
| ੧੭ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ਜਲੂਸ ਦੀ ਸਮਾਪਤੀ ਸਮੇਂ ਦਾ ਸ਼ਬਦ | | | ੭੮੬ |
| ੧੮ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੯੯ |
| ੧੮ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਰਾਤ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੮੦੧ |
| ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੮੧੩ |
| ੬ ਸਾਵਣ ਸ਼ਹਿਨਸ਼ਾਹੀ ਸੰਮਤ ੩ ਕਪੂਰ ਸਿੰਘ ਦੇ ਗ੍ਰਿਹਿ | ਮੋਗਾ | ਫਿਰੋਜ਼ਪੁਰ | ੮੨੩ |
| ੭ ਸਾਵਣ ਸ਼ਹਿਨਸ਼ਾਹੀ ਸੰਮਤ ੩ ਸੁਰੈਣ ਸਿੰਘ ਦੇ ਗ੍ਰਿਹਿ | ਨਿਧਾਂ ਵਾਲੀ | | ੮੨੫ |
| ੭ ਸਾਵਣ ਸ਼ਹਿਨਸ਼ਾਹੀ ਸੰਮਤ ੩ ਸੁਲੱਖਣ ਸਿੰਘ ਦੇ ਗ੍ਰਿਹਿ | ਰੁਕਨਾਮੁੰਗਲਾ | ਫਿਰੋਜ਼ਪੁਰ | ੮੨੭ |
| ੭ ਸਾਵਣ ਸ਼ਹਿਨਸ਼ਾਹੀ ਸੰਮਤ ੩ ਰਾਮ ਸਿੰਘ ਦੇ ਗ੍ਰਿਹਿ | ਫਿਰੋਜ਼ ਪੁਰ ਛਾਉਣੀ | | ੮੨੮ |
| ੮ ਸਾਵਣ ਸ਼ਹਿਨਸ਼ਾਹੀ ਸੰਮਤ ੩ ਗੁਰਦੇਵ ਸਿੰਘ ਦੇ ਗ੍ਰਿਹਿ | ਫਿਰੋਜ਼ ਪੁਰ ਛਾਉਣੀ | | ੮੩੦ |
| ੨੯ ਸਾਵਣ ਸ਼ਹਿਨਸ਼ਾਹੀ ਸੰਮਤ ੩ ਦਿੱਲੀ ਦਰਬਾਰ ਵਿਖੇ | ਦਿੱਲੀ | | ੮੩੧ |
| ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੩੨ |
| ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੮੪੨ |
| ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੪੪ |
| ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸੋਹਣ ਸਿੰਘ ਦੇ ਘਰ | ਸ਼ਾਹ ਬੁੱਕਰ | ਫਿਰੋਜ਼ਪੁਰ | ੮੪੫ |
| ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਕਰਨੈਲ ਸਿੰਘ ਦੇ ਗ੍ਰਿਹਿ | ਸ਼ਾਹ ਵਾਲਾ | ਫਿਰੋਜ਼ਪੁਰ | ੮੪੭ |

| | | | |
|---|---|---|---|
| ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਜਰਨੈਲ ਸਿੰਘ ਦੇ ਗ੍ਰਿਹ | ਸ਼ਾਹ ਵਾਲਾ | ਫਿਰੋਜ਼ਪੁਰ | ੮੪੮ |
| ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਬਲਵੰਤ ਸਿੰਘ ਦੇ ਗ੍ਰਿਹ | ਤਲਵੰਡੀ ਜਲੇ ਖਾਂ | ਫਿਰੋਜ਼ਪੁਰ | ੮੪੯ |
| ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸੁਰੈਣ ਸਿੰਘ ਦੇ ਗ੍ਰਿਹ | ਨਿਧਾਂ ਵਾਲਾ | | ੮੫੧ |
| ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਹਰੀ ਸਿੰਘ ਦੇ ਗ੍ਰਿਹ | ਬਸਤੀ ਖ਼ਲੀਲ | ਫਿਰੋਜ਼ਪੁਰ | ੮੫੨ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸੁਲੱਖਣ ਸਿੰਘ ਦੇ ਗ੍ਰਿਹ | ਰੁਕਨਾ ਮੂੰਗਲਾ | ਫਿਰੋਜ਼ਪੁਰ | ੮੫੩ |
| ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਗੁਰਦੇਵ ਕੌਰ ਦੇ ਗ੍ਰਿਹ | ਗੋਲੇ ਵਾਲਾ | ਫਿਰੋਜ਼ਪੁਰ | ੮੫੭ |
| ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਕਿਰਪਾਲ ਸਿੰਘ ਦੇ ਗ੍ਰਿਹ | ਗੋਲੇ ਵਾਲਾ | ਫਿਰੋਜ਼ਪੁਰ | ੮੫੮ |
| ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਖੇਮ ਸਿੰਘ ਦੇ ਗ੍ਰਿਹ | ਕੋਟ ਕਪੂਰਾ | | ੮੫੯ |
| ੨੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਹਰਚੰਦ ਸਿੰਘ ਦੇ ਗ੍ਰਿਹ | ਹਰਰਾਏ ਪੁਰ | ਬਠਿੰਡਾ | ੮੬੧ |
| ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਜਸਵੰਤ ਸਿੰਘ ਦੇ ਗ੍ਰਿਹ | ਰਾਜੇਆਣਾ | ਫਿਰੋਜ਼ਪੁਰ | ੮੬੨ |
| ੩੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਮੰਗਲ ਸਿੰਘ ਦੇ ਗ੍ਰਿਹ | ਪਖੋਵਾਲ | ਲੁਧਿਆਣਾ | ੮੬੩ |
| ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਕਰਮ ਸਿੰਘ ਦੇ ਗ੍ਰਿਹ | ਪਖੋਵਾਲ | ਲੁਧਿਆਣਾ | ੮੬੫ |
| ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸਰਦਾਰਾ ਸਿੰਘ ਗ੍ਰਿਹ | ਪਖੋਵਾਲ | ਲੁਧਿਆਣਾ | ੮੬੬ |
| ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸਾਧੂ ਸਿੰਘ ਦੇ ਗ੍ਰਿਹ | ਪਖੋਵਾਲ | ਲੁਧਿਆਣਾ | ੮੬੭ |
| ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸਰਵਨ ਸਿੰਘ ਦੇ ਗ੍ਰਿਹ | ਪਖੋਵਾਲ | ਲੁਧਿਆਣਾ | ੮੬੮ |
| ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਭਗਵਾਨ ਕੌਰ ਦੇ ਗ੍ਰਿਹ | ਪਖੋਵਾਲ | ਲੁਧਿਆਣਾ | ੮੬੮ |
| ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਨਾਜ਼ਰ ਸਿੰਘ ਦੇ ਗ੍ਰਿਹ | ਪਖੋਵਾਲ | ਲੁਧਿਆਣਾ | ੮੬੯ |
| ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ | ਮੁੰਡੀਆਂ | | ੮੭੦ |
| ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਗੁਰਦੇਵ ਸਿੰਘ ਦੇ ਗ੍ਰਿਹ | ਘੜੂਆਂ | | ੮੭੧ |
| ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੩ ਸੁਰਜੀਤ ਸਿੰਘ ਦੇ ਗ੍ਰਿਹ | ਘੜੂਆਂ | | ੮੭੨ |
| ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੮੭੪ |
| ੨ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੭੭ |

੩ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੮੭੯

੫ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਧੀਰਪੁਰ ਦਿੱਲੀ ੮੯੧

੯ ਅੱਸੂ ਸ਼ਹਿਨਸ਼ਾਹੀ ਸੰਮਤ ੩ ਸੁਵਾਮੀ ਅਨੰਦ ਜੀ ਮਹਾਰਾਜ ਆਲ ਇੰਡੀਆ ਭਾਰਤ ਸਾਧੂ ਸਮਾਜ
੨੨ ਪਟੇਲ ਨਗਰ ਦਿੱਲੀ ੮੯੨

੯ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਧੀਰ ਪੁਰ ਦਿੱਲੀ ੮੯੪

੧੦ ਅੱਸੂ ਸ਼ਹਿਨਸ਼ਾਹੀ ਸੰਮਤ ੩ ਸੁਵਾਮੀ ਗੁਰਚਰਨ ਦਾਸ ਦੇ ਨਾਲ ਹੇਮਰਾਜ ਮਿਸ਼ਨ
ਪਟੇਲ ਨਗਰ ਨਵੀਂ ਦਿੱਲੀ ੮੯੫

੧੨ ਅੱਸੂ ਸ਼ਹਿਨਸ਼ਾਹੀ ਸੰਮਤ ੩ ਮੁਲਤਾਨ ਸੇਵਾ ਸੰਮਤੀ ਆਸ਼ਰਮ ਦਿੱਲੀ ੮੯੭

ਮੁਲਤਾਨ ਸੇਵਾ ਸੰਮਤੀ, ਸੁਵਾਮੀ ਕ੍ਰਿਸ਼ਨਾ ਨੰਦ ਸੁਵਾਮੀ ਗੋਬਿੰਦਾ ਨੰਦ ਹਰਦਵਾਰ ਵਾਲਿਆਂ ਨਾਲ ੮੯੯

੨੩ ਅੱਸੂ ਸ਼ਹਿਨਸ਼ਾਹੀ ਸੰਮਤ ੩ ਪ੍ਰੀਤਮ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੯੦੧

੨੪ ਅੱਸੂ ਸ਼ਹਿਨਸ਼ਾਹੀ ਸੰਮਤ ੩ ਸੁਖਦੇਵ ਰਾਮ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੯੦੭

੨੪ ਅੱਸੂ ਸ਼ਹਿਨਸ਼ਾਹੀ ਸੰਮਤ ੩ ਜਾਗੀਰ ਕੌਰ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੯੦੮

੨੪ ਅੱਸੂ ਸ਼ਹਿਨਸ਼ਾਹੀ ਸੰਮਤ ੩ ਗੁਰਮੁਖ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੯੦੯

੨੪ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰੀ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੯੧੦

੨੪ ਅੱਸੂ ਸ਼ਹਿਨਸ਼ਾਹੀ ਸੰਮਤ ੩ ਮੱਸਾ ਸਿੰਘ ਦੇ ਗ੍ਰਹਿ ਨੌਰੰਗਾਬਾਦ ਅੰਮ੍ਰਿਤਸਰ ੯੧੧

੨੫ ਅੱਸੂ ਸ਼ਹਿਨਸ਼ਾਹੀ ਸੰਮਤ ੩ ਦਾਰਾ ਸਿੰਘ ਦੇ ਗ੍ਰਹਿ ਨੌਰੰਗਾਬਾਦ ਅੰਮ੍ਰਿਤਸਰ ੯੧੨

੨੫ ਅੱਸੂ ਸ਼ਹਿਨਸ਼ਾਹੀ ਸੰਮਤ ੩ ਕਰਨੈਲ ਸਿੰਘ ਦੇ ਗ੍ਰਹਿ ਨੌਰੰਗਾਬਾਦ ਅੰਮ੍ਰਿਤਸਰ ੯੧੪

੨੫ ਅੱਸੂ ਸ਼ਹਿਨਸ਼ਾਹੀ ਸੰਮਤ ੩ ਮੱਖਣ ਸਿੰਘ ਦੇ ਗ੍ਰਹਿ ਨੌਰੰਗਾਬਾਦ ਅੰਮ੍ਰਿਤਸਰ ੯੧੫

੨੫ ਅੱਸੂ ਸ਼ਹਿਨਸ਼ਾਹੀ ਸੰਮਤ ੩ ਰਾਧਾ ਸੁਵਾਮੀ ਡੇਰਾ ਬਾਬਾ
ਬੱਗਾ ਸਿੰਘ ਪਰਤਾਪ ਸਿੰਘ ਦੇ ਨਾਲ ਤਰਨ ਤਾਰਨ ਅੰਮ੍ਰਿਤਸਰ ੯੧੭

ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੯੧੮

੨ ਕੱਤਕ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੯੨੭


30 ੨●

| | | | | |
|---|---|---|---|---|
| ੩ ਕੱਤਕ ਸ਼ਹਿਨਸ਼ਾਹੀ ਸੰਮਤ ੩ ਡੇਰਾ ਬਾਬਾ ਜੈਮਲ ਸਿੰਘ ਬਿਆਸ ਗੁਰਚਰਨ ਸਿੰਘ ਨਾਲ | | | | ੬੨੯ |
| ੧੩ ਕੱਤਕ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | | ਜੇਠੂਵਾਲ | ਅੰਮ੍ਰਿਤਸਰ | ੬੩੧ |
| ੧੫ ਕੱਤਕ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | | ਜੇਠੂਵਾਲ | ਅੰਮ੍ਰਿਤਸਰ | ੬੩੩ |
| ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | | ਜੇਠੂਵਾਲ | ਅੰਮ੍ਰਿਤਸਰ | ੬੩੪ |
| ੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦੁਵਾਰ | | ਜੇਠੂਵਾਲ | ਅੰਮ੍ਰਿਤਸਰ | ੬੪੧ |
| ੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਰਸੀਲਾ ਰਾਮ ਸੈਦਪੁਰ ਵਾਲੇ ਨਾਲ | | | | |
| | ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੬੪੧ |
| ੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਗੁਰਮੀਤ ਸਿੰਘ ਦੇ ਗ੍ਰਹਿ | | ਹਰਦੋ ਫਰਾਲਾ | ਜਲੰਧਰ | ੬੪੫ |
| ੪ ਮੱਘਰ ਸ਼ਹਿਨਸ਼ਾਹੀ ਸੰਮਤ ੩ ਸ਼ਾਕਾਹਾਰੀ ਕਾਨਫ਼ਰੰਸ | | ਦਿੱਲੀ | | ੬੪੭ |
| ੫ ਮੱਘਰ ਸ਼ਹਿਨਸ਼ਾਹੀ ਸੰਮਤ ੩ ਡਾਕਟਰ ਓਬੰਸਨ ਇਸਰਾਈਲੀ ਨਾਲ | | | | |
| | ਸ਼ਾਕਾਹਾਰੀ ਕਾਨਫ਼ਰੰਸ ਵਿਚ ਲਾਲ ਕਿਲਾ ਦਿੱਲੀ | | | ੬੪੭ |
| ੬ ਮੱਘਰ ਸ਼ਹਿਨਸ਼ਾਹੀ ਸੰਮਤ ੩ ਇਸਰਾਈਲੀ ਡੈਲੀਗੇਟਜ਼ ਦੇ ਸਾਥ ਦਿੱਲੀ | | | | ੬੪੮ |
| ੭ ਮੱਘਰ ਸ਼ਹਿਨਸ਼ਾਹੀ ਸੰਮਤ ੩ ਠਾਕਰ ਸਿੰਘ ਦੇ ਗ੍ਰਹਿ | | ਬੀੜ ਅਮੀਨ | | ੬੪੯ |
| ੧੯ ਮੱਘਰ ਸ਼ਹਿਨਸ਼ਾਹੀ ਸੰਮਤ ੩ ਲਛਮਣ ਸਿੰਘ ਧੰਗਾਲੀ ਵਾਲੇ ਦੇ ਗ੍ਰਹਿ ਸਈ ਕੈਂਪ ਜੰਮੂ | | | | ੬੫੨ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੩ ਕੁਲਵੰਤ ਸਿੰਘ ਦੇ ਗ੍ਰਹਿ | | ਧੰਗਾਲੀ ਸਈ ਕੈਂਪ ਜੰਮੂ | | ੬੫੩ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੩ ਦੇਵਾ ਸਿੰਘ | | ਧੰਗਾਲੀ ਸਈ ਕੈਂਪ ਜੰਮੂ | | ੬੫੫ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੩ ਗੁੜ੍ਹਾ ਰਾਮ | | ਸੇਖ਼ ਸਰ ਸਈ ਖ਼ੁਰਦ ਕੈਂਪ ਜੰਮੂ | | ੬੫੬ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੩ ਬੇਲਾ ਸਿੰਘ ਦੇ ਗ੍ਰਹਿ | | ਸਈ ਕੈਂਪ | ਜੰਮੂ | ੬੫੭ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੩ ਅੰਗਰੇਜ਼ ਸਿੰਘ ਦੇ ਗ੍ਰਹਿ | | ਸਈ ਕੈਂਪ | ਜੰਮੂ | ੬੫੮ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਵਕੀਲ ਸਿੰਘ ਧੰਗਾਲੀ | | ਸਈ ਕੈਂਪ | ਜੰਮੂ | ੬੬੦ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਪੂਰਨ ਸਿੰਘ ਧੰਗਾਲੀ | | ਸਈ ਕੈਂਪ | ਜੰਮੂ | ੬੬੨ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਬੀਬੀ ਮਿਠੀ ਦੇਵੀ ਦੇ ਗ੍ਰਹਿ ਮਘੋਵਾਲੀ | | | ਜੰਮੂ | ੬੬੩ |

| | | | |
|---|---|---|---|
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਮਾਇਆ ਦੇਵੀ ਦੇ ਗ੍ਰਿਹਿ ਮਘੋਵਾਲੀ | | ਜੰਮੂ | ੯੬੫ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਸਰਦਾਰ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੯੬੬ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਲਛਮੀ ਦੇਵੀ ਦੇ ਗ੍ਰਿਹਿ | ਸੀੜ | ਜੰਮੂ | ੯੬੮ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਸੂਬੇਦਾਰ ਤੇਜਭਾਨ ਦੇ ਗ੍ਰਿਹਿ | ਬਖ਼ਸ਼ੀ ਨਗਰ | ਜੰਮੂ | ੯੭੦ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਰਾਮ ਚੰਦ ਦੇ ਗ੍ਰਿਹਿ | ਬਖ਼ਸ਼ੀ ਨਗਰ ਜੰਮੂ | | ੯੭੧ |
| ੨੨ ਮੱਘਰ ਸ਼ਹਿਨਸ਼ਾਹੀ ੩ ਸ਼ਿਵ ਸਿੰਘ ਦੇ ਗ੍ਰਿਹਿ | ਬਖ਼ਸ਼ੀ ਨਗਰ ਜੰਮੂ | | ੯੭੧ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਚੀਫ ਇੰਜੀਨਿਅਰ ਆਰ੦ ਐਲ੦ ਸ਼ਰਮਾ ਜੰਮੂ ਸ਼ਹਿਰ | | | ੯੭੩ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਰਾਮ ਕੌਰ ਦੇ ਗ੍ਰਿਹਿ | ਛੰਬ | ਜੰਮੂ | ੯੭੭ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਪਰਕਾਸ਼ ਚੰਦ ਦੇ ਗ੍ਰਿਹਿ | ਜੰਮੂ | | ੯੭੮ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਹਰੀ ਸਿੰਘ ਦੇ ਗ੍ਰਿਹਿ | ਵਜਾਰਤ ਰੋਡ ਜੰਮੂ | | ੯੮੦ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਚੇਲਾ ਸਿੰਘ ਦੇ ਗ੍ਰਿਹਿ | ਵਜ਼ਾਰਤ ਰੋਡ ਜੰਮੂ | | ੯੮੧ |
| ੨੩ ਮੱਘਰ ਸ਼ਹਿਨਸ਼ਾਹੀ ਸੰਮਤ ੩ ਲਾਲ ਚੰਦ ਦੇ ਗ੍ਰਿਹਿ | ਜੰਮੂ | | ੯੮੩ |
| ੨੩ ਮੱਘਰ ਸ਼ਹਿਨਸ਼ਾਹੀ ਸੰਮਤ ੩ ਕੇਸਰੀ ਦੇਵੀ ਦੇ ਗ੍ਰਿਹਿ | ਜੰਮੂ | | ੯੮੪ |
| ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੮੬ |
| ੨ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੦੦ |
| ੨ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੦੧ |
| ੩ ਪੋਹ ਸ਼ਹਿਨਸ਼ਾਹੀ ਸੰਮਤ ੩ ਮੁਨੀ ਸੁਸ਼ੀਲ ਕੁਮਾਰ ਨਾਲ ਮੰਡੀ | ਅਹਿਮਦ ਗੜ੍ਹ | ਲੁਧਿਆਣਾ | ੧੦੦੩ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੦੪ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ਅਖ਼ਬਾਰ ਰਪੋਰਟਰਾਂ ਨਾਲ | | | ੧੦੧੩ |
| ੨੧ ਪੋਹ ਸ਼ਹਿਨਸ਼ਾਹੀ ਸੰਮਤ ੩ ਆਤਮਾ ਸਿੰਘ ਦੇ ਗ੍ਰਿਹਿ | ਮਲੂਵਾਲ | ਅੰਮ੍ਰਿਤਸਰ | ੧੦੧੬ |
| ੨੩ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੨੫ |
| ੨੪ ਪੋਹ ਸ਼ਹਿਨਸ਼ਾਹੀ ਸੰਮਤ ੩ ਮੁਨੀ ਸੁਸ਼ੀਲ ਕੁਮਾਰ ਨਾਲ | ਅੰਮ੍ਰਿਤਸਰ | | ੧੦੨੫ |


32
੨●

33
੨●

| | | | |
|---|---|---|---|
| ੨੪ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੨੭ |
| ੨੫ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੩੮ |
| ੨੬ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੪੫ |
| ੨੭ ਪੋਹ ਸ਼ਹਿਨਸ਼ਾਹੀ ਸੰਮਤ ੩ ਸਰਵ ਧਰਮ ਸਮੇਲਨ ਹਰਿ ਭਗਤ ਦਵਾਰ ਜੇਠੂਵਾਲ | | | ੧੦੬੨ |
| ੨੮ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੭੬ |
| ੨੯ ਪੋਹ ਸ਼ਹਿਨਸ਼ਾਹੀ ਸੰਮਤ ੩ ਸਰਬ ਧਰਮ ਸਮੇਲਨ ਹਰਿ ਭਗਤ ਦਵਾਰ ਜੇਠੂਵਾਲ | | | ੧੦੯੧ |
| ੩੦ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੦੯ |
| ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੩ ਜੈਨ ਮੰਦਰ | ਬਟਾਲਾ | ਅੰਮ੍ਰਿਤਸਰ | ੧੧੦੯ |
| ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੩ ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਅੰਮ੍ਰਿਤਸਰ | ੧੧੧੫ |
| ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੧੭ |
| ੨ ਮਾਘ ਸ਼ਹਿਨਸ਼ਾਹੀ ਸੰਮਤ ੩ ਮੁਨੀ ਸੁਸ਼ੀਲ ਕੁਮਾਰ ਜੈਨ ਸੰਤ ਮੰਡਲੀ ਦੀਨਾ ਨਗਰ | | | ੧੧੨੪ |
| ੩ ਮਾਘ ਸ਼ਹਿਨਸ਼ਾਹੀ ਸੰਮਤ ੩ ਕਿਸ਼ਨ ਸਿੰਘ ਦੇ ਗ੍ਰਿਹਿ ਅਲੱੜ ਪਿੰਡੀ | | ਗੁਰਦਾਸਪੁਰ | ੧੧੨੬ |
| ੩ ਮਾਘ ਸ਼ਹਿਨਸ਼ਾਹੀ ਸੰਮਤ ੩ ਬਾਊਪੁਰ ਬਾਹਰ | | ਗੁਰਦਾਸਪੁਰ | ੧੧੩੮ |
| ੩ ਮਾਘ ਸ਼ਹਿਨਸ਼ਾਹੀ ਸੰਮਤ ੩ ਬਲਾਕਾ ਸਿੰਘ ਦੇ ਗ੍ਰਿਹਿ | ਬਾਊਪੁਰ | ਗੁਰਦਾਸਪੁਰ | ੧੧੪੫ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ ਦਲੀਪ ਸਿੰਘ ਦੇ ਗ੍ਰਿਹਿ | ਬਾਊਪੁਰ | ਗੁਰਦਾਸਪੁਰ | ੧੧੫੫ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ ਮੱਖਣ ਸਿੰਘ ਦੇ ਗ੍ਰਿਹਿ | ਬਾਊਪੁਰਾ | ਗੁਰਦਾਸਪੁਰ | ੧੧੫੭ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ ਮੱਖਣ ਸਿੰਘ ਦੇ ਗ੍ਰਿਹਿ | ਬਾਊਪੁਰ | ਗੁਰਦਾਸਪੁਰ | ੧੧੫੮ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ ਕਰਤਾਰ ਕੌਰ ਦੇ ਗ੍ਰਿਹਿ | ਬਾਊਪੁਰ | ਗੁਰਦਾਸਪੁਰ | ੧੧੫੯ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ ਸੰਤ ਸਿੰਘ ਦੇ ਗ੍ਰਿਹਿ | ਬਾਊਪੁਰ | ਗੁਰਦਾਸਪੁਰ | ੧੧੫੯ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ ਭਾਗ ਸਿੰਘ ਦੇ ਗ੍ਰਿਹਿ | ਬਾਊਪੁਰ | ਗੁਰਦਾਸਪੁਰ | ੧੧੬੦ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ ਦੀਦਾਰ ਸਿੰਘ ਦੇ ਗ੍ਰਿਹਿ | ਬਾਊਪੁਰ | ਗੁਰਦਾਸਪੁਰ | ੧੧੬੧ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ ਵਿਰਸਾ ਸਿੰਘ ਦੇ ਗ੍ਰਿਹਿ | ਬਾਊਪੁਰ | ਗੁਰਦਾਸਪੁਰ | ੧੧੬੨ |

| | | | | |
|---|---|---|---|---|
| ੪ ਮਾਘ ਸ਼ਹਿਨਸ਼ਾਹੀ ਸੰਮਤ ੩ | ਬੀਬੀ ਹਰਨਾਮੋ ਦੇ ਗ੍ਰਿਹਿ | ਬਾਊਪੁਰ | ਗੁਰਦਾਸਪੁਰ | ੧੧੬੩ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ | ਮੇਲਾ ਸਿੰਘ ਬੀਬੀ ਨੰਤੋ ਦੇ ਗ੍ਰਿਹਿ | ਬਾਊਪੁਰ | ਗੁਰਦਾਸਪੁਰ | ੧੧੬੪ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ | ਰਾਵੀ ਕੰਢੇ | | | ੧੧੬੫ |
| ੪ ਮਾਘ ਸ਼ਹਿਨਸ਼ਾਹੀ ਸੰਮਤ ੩ | ਓਗਰਾ ਹਰਿ ਸੰਗਤ | | ਗੁਰਦਾਸਪੁਰ | ੧੧੭੬ |
| ੫ ਮਾਘ ਸ਼ਹਿਨਸ਼ਾਹੀ ਸੰਮਤ ੩ | ਓਗਰਾ ਹਰਿ ਸੰਗਤ | | ਗੁਰਦਾਸਪੁਰ | ੧੧੭੭ |
| ੫ ਮਾਘ ਸ਼ਹਿਨਸ਼ਾਹੀ ਸੰਮਤ ੩ | ਰਾਵੀ ਕਿਨਾਰੇ | | ਗੁਰਦਾਸਪੁਰ | ੧੧੭੮ |
| ੫ ਮਾਘ ਸ਼ਹਿਨਸ਼ਾਹੀ ਸੰਮਤ ੩ | ਉਜਾਗਰ ਸਿੰਘ ਦੇ ਗ੍ਰਿਹਿ | ਰਾਜ ਪੁਰ ਚੇਬੇ | ਗੁਰਦਾਸਪੁਰ | ੧੧੮੦ |
| ੫ ਮਾਘ ਸ਼ਹਿਨਸ਼ਾਹੀ ਸੰਮਤ ੩ | ਉਜਾਗਰ ਸਿੰਘ ਦੇ ਗ੍ਰਿਹਿ | ਮਮੀਆਂ | ਗੁਰਦਾਸਪੁਰ | ੧੧੮੨ |
| ੫ ਮਾਘ ਸ਼ਹਿਨਸ਼ਾਹੀ ਸੰਮਤ ੩ | ਸਰਦੂਲ ਸਿੰਘ ਵਜ਼ੀਰ ਪੁਰ ਜਟਾਂ ਮਲਾਹ ਦੇ ਨਾਲ ਰਾਵੀ ਕਿਨਾਰੇ | | ਗੁਰਦਾਸਪੁਰ | ੧੧੮੪ |
| ੫ ਮਾਘ ਸ਼ਹਿਨਸ਼ਾਹੀ ਸੰਮਤ ੩ | ਓਗਰਾ ਹਰਿ ਸੰਗਤ | | ਗੁਰਦਾਸਪੁਰ | ੧੧੮੮ |
| ੯ ਮਾਘ ਸ਼ਹਿਨਸ਼ਾਹੀ ਸੰਮਤ ੩ | ਓਗਰਾ ਹਰਿ ਸੰਗਤ | | ਗੁਰਦਾਸਪੁਰ | ੧੧੯੩ |
| ੯ ਮਾਘ ਸ਼ਹਿਨਸ਼ਾਹੀ ਸੰਮਤ ੩ | ਮਹਿੰਦਰ ਸਿੰਘ ਗੜ੍ਹੀ ਲਾਂਗਰੀ ਵਾਲਾ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੯੫ |
| ੯ ਮਾਘ ਸ਼ਹਿਨਸ਼ਾਹੀ ਸੰਮਤ ੩ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੯੫ |
| ੧੫ ਮਾਘ ਸ਼ਹਿਨਸ਼ਾਹੀ ਸੰਮਤ ੩ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੯੬ |
| ੨੧ ਮਾਘ ਸ਼ਹਿਨਸ਼ਾਹੀ ਸੰਮਤ ੩ | ਭਲਾਈ ਪੁਰ ਡੋਗਰਾਂ ਹਰਿ ਸੰਗਤ | | ਅੰਮ੍ਰਿਤਸਰ | ੧੧੯੯ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੩ | ਪਾਲ ਸਿੰਘ ਦੇ ਗ੍ਰਿਹਿ | ਭਲਾਈ ਪੁਰ ਡੋਗਰਾ | ਅੰਮ੍ਰਿਤਸਰ | ੧੨੨੨ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੩ | ਗਿਆਨੀ ਗੁਰਮੁਖ ਸਿੰਘ ਦੇ ਟੀਉਬੈਲ ਲਈ ਨੀਂਹ | ਭਲਾਈ ਪੁਰ ਡੋਗਰਾ | ਅੰਮ੍ਰਿਤਸਰ | ੧੨੨੫ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੩ | ਊਧਮ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੧੨੨੫ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੩ | ਗੁਲਜ਼ਾਰ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੧੨੩੦ |


34
੨●

| | | | |
|---|---|---|---|
| ੨੩ ਮਾਘ ਸ਼ਹਿਨਸ਼ਾਹੀ ਸੰਮਤ ੩ ਸੁਖਵਿੰਦਰ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੧੨੩੨ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੩ ਬਲਵੰਤ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੧੨੩੩ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੩ ਸੁਰੈਣ ਸਿੰਘ ਦੇ ਗ੍ਰਿਹਿ | ਜੰਡਿਆਲਾਗੁਰੂ | ਅੰਮ੍ਰਿਤਸਰ | ੧੨੩੫ |
| ੨੪ ਮਾਘ ਸ਼ਹਿਨਸ਼ਾਹੀ ਸੰਮਤ ੩ ਤੇਜਾ ਸਿੰਘ ਦੇ ਗ੍ਰਿਹਿ | ਜੰਡਿਆਲਾਗੁਰੂ | ਅੰਮ੍ਰਿਤਸਰ | ੧੨੩੮ |
| ੨੪ ਮਾਘ ਸ਼ਹਿਨਸ਼ਾਹੀ ਸੰਮਤ ੩ ਸੰਤੋਖ ਸਿੰਘ ਦੇ ਗ੍ਰਿਹਿ | ਜੰਡਿਆਲਾਗੁਰੂ | ਅੰਮ੍ਰਿਤਸਰ | ੧੨੩੯ |
| ੨੪ ਮਾਘ ਸ਼ਹਿਨਸ਼ਾਹੀ ਸੰਮਤ ੩ ਦਲੀਪ ਸਿੰਘ ਦੇ ਗ੍ਰਿਹਿ | ਜੰਡਿਆਲਾਗੁਰੂ | ਅੰਮ੍ਰਿਤਸਰ | ੧੨੪੦ |
| ੨੯ ਮਾਘ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੪੧ |
| ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੪੩ |
| ੨ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੪੯ |
| ੪ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੫੬ |
| ੧੧ ਫੱਗਣ ਸ਼ਹਿਨਸ਼ਾਹੀ ਸੰਮਤ ੩ ਸੁਰਜੀਤ ਸਿੰਘ ਦੇ ਜਨਮ ਦਿਨ ਤੇ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੬੦ |
| ੧੪ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਰਬੰਸ ਸਿੰਘ ਦੇ ਨਵਿਤ | ਮਾਹਲ | ਅੰਮ੍ਰਿਤਸਰ | ੧੨੬੩ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਰਬੰਸ ਸਿੰਘ ਦੇ ਨਵਿਤ | ਮਾਹਲ | ਅੰਮ੍ਰਿਤਸਰ | ੧੨੬੬ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੩ ਭਾਗ ਸਿੰਘ ਦੇ ਗ੍ਰਿਹਿ | ਮਾਹਲ | ਅੰਮ੍ਰਿਤਸਰ | ੧੨੬੭ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਜ਼ਾਰਾ ਸਿੰਘ ਦੇ ਗ੍ਰਿਹਿ | ਅੰਮ੍ਰਿਤਸਰ | | ੧੨੬੯ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੩ ਦਲੀਪ ਸਿੰਘ ਦੇ ਗ੍ਰਿਹਿ | ਗੱਗੋ ਬੂਆ | ਅੰਮ੍ਰਿਤਸਰ | ੧੨੭੦ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੩ ਲਾਭ ਸਿੰਘ ਦੇ ਗ੍ਰਿਹਿ | ਚੱਕ ਫਤਹਿ ਸਿੰਘ ਵਾਲਾ | | ੧੨੭੨ |
| ੨੧ ਫੱਗਣ ਸ਼ਹਿਨਸ਼ਾਹੀ ਸੰਮਤ ੩ ਜਾਗੀਰ ਸਿੰਘ ਦੇ ਗ੍ਰਿਹਿ | ਰੱਤੇ ਵਾਲ | | ੧੨੭੪ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੩ ਸਾਧੂ ਸਿੰਘ ਦੇ ਗ੍ਰਿਹਿ ੧ ਸੀ੦ ਸੀ੦ ਰਾਜਸਥਾਨ | | | ੧੨੭੬ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੩ ਮਹਾਂ ਸਿੰਘ ਦੇ ਗ੍ਰਿਹਿ ੨੫ ਬੀ੦ ਬੀ੦ ਰਾਜਸਥਾਨ | | | ੧੨੭੮ |
| ੨੩ ਫੱਗਣ ਸ਼ਹਿਨਸ਼ਾਹੀ ਸੰਮਤ ੩, ੨੫ ਬੀ੦ ਬੀ੦ | ਰਾਜਸਥਾਨ | | ੧੨੮੦ |

੨੩ ਫੱਗਣ ਸ਼ਹਿਨਸ਼ਾਹੀ ਸੰਮਤ ੩ ਗੁਰਦਿਆਲ ਸਿੰਘ ਦੇ ਗ੍ਰਹਿ ੨੫ ਬੀ੦ ਬੀ੦ ਰਾਜਸਥਾਨ ੧੨੮੩

੨੩ ਫੱਗਣ ਸ਼ਹਿਨਸ਼ਾਹੀ ਸੰਮਤ ੩ ਰਤਨ ਸਿੰਘ ਦੇ ਗ੍ਰਹਿ ੨੫ ਬੀ੦ ਬੀ੦ ਰਾਜਸਥਾਨ ੧੨੮੭

੨੪ ਫੱਗਣ ਸ਼ਹਿਨਸ਼ਾਹੀ ਸੰਮਤ ੩ ਨੰਤਾ ਸਿੰਘ ਦੇ ਗ੍ਰਹਿ ਪਦਮ ਪੁਰ ਰਾਜਸਥਾਨ ੧੨੯੦

੨੪ ਫੱਗਣ ਸ਼ਹਿਨਸ਼ਾਹੀ ਸੰਮਤ ੩ ਬੀਬੀ ਤੇਜ ਕੌਰ ਦੇ ਗ੍ਰਹਿ ਬਨਵਾਲੀ ੧੨੯੩

੨੪ ਫੱਗਣ ਸ਼ਹਿਨਸ਼ਾਹੀ ਸੰਮਤ ੩ ਸੁਰਜੀਤ ਸਿੰਘ ਦੇ ਗ੍ਰਹਿ ਬਨਵਾਲੀ ੧੨੯੫

੨੫ ਫੱਗਣ ਸ਼ਹਿਨਸ਼ਾਹੀ ਸੰਮਤ ੩ ਮਲਕੀਅਤ ਸਿੰਘ ਗ੍ਰਹਿ ਬਨਵਾਲੀ ੧੨੯੬



36 ੨●



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ★ ੩ ਅੱਸੂ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ਭਗਤਾਂ ਨਵਿਤ ★

ਤਿੰਨ ਅੱਸੂ ਕਹੇ ਜਨ ਭਗਤਾਂ ਮਿਲੇ ਸ੍ਰੀ ਭਗਵਾਨਾ, ਮੂਰਖ ਮੂੜ੍ਹ ਕਲਜੁਗ ਜੀਵ ਦੇਣ ਦੁਹਾਈਆ । ਦਇਆ ਕਰੇ ਮਿਹਰਵਾਨ ਸ਼ਾਹ ਸੁਲਤਾਨਾ, ਦੀਨ ਦੁਨੀ ਰਿਹਾ ਤੜਫਾਈਆ । ਸਾਚੇ ਸੰਤਾਂ ਦੇ ਕੇ ਨਾਮ ਤਰਾਨਾ, ਕਲਜੁਗ ਕੂੜੀ ਕਿਰਿਆ ਅਗਨੀ ਤਤ ਲਗਾਈਆ । ਗੁਰਮੁਖਾਂ ਬਖ਼ਸ਼ ਕੇ ਚਰਨ ਧਿਆਨਾ, ਮਨਮੁਖਾਂ ਕੂੜੇ ਧੰਦੇ ਰਿਹਾ ਲਗਾਈਆ । ਗੁਰਮੁਖਾਂ ਚਰਨ ਧੂੜ ਕਰਾ ਇਸ਼ਨਾਨਾ, ਕਲਜੁਗ ਜੀਵਾਂ ਦੁਰਮਤ ਮੈਲ ਰਿਹਾ ਲਗਾਈਆ । ਲੇਖਾ ਜਾਣ ਜੀਵ ਜਗਤ ਜਹਾਨਾ, ਲੱਖ ਚੁਰਾਸੀ ਖੋਜੇ ਥਾਉਂ ਥਾਈਂਆ । ਨਿਰਗੁਣ ਨਿਰਵੈਰ ਨਿਰਾਕਾਰ ਪਹਿਰਿਆ ਬਾਣਾ, ਬਾਣ ਨਿਰਾਲਾ ਅਣਿਆਲਾ ਸ਼ਬਦੀ ਤੀਰ ਚਲਾਈਆ । ਸਤਿ ਸਰੂਪੀ ਪ੍ਰਗਟ ਹੋ ਕੇ ਧੁਰ ਦਾ ਕਾਹਨਾ, ਨਾਮ ਬੰਸਰੀ ਇਕ ਸੁਣਾਈਆ । ਜੋਧਾ ਸੂਰਬੀਰ ਬਣ ਮਰਦ ਮਰਦਾਨਾ, ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਈਆ । ਕਲਜੁਗ ਅੰਤ ਜਗਤ ਵਾਸਨਾ ਜਗਤ ਦਿਸੇ ਬੇਗਾਨਾ, ਧੁਰ ਦਾ ਸੰਗੀ ਸੰਗ ਨਾ ਕੋਇ ਨਿਭਾਈਆ । ਕੂੜੀ ਕਿਰਿਆ ਅੰਦਰ ਹੋਇਆ ਦੀਵਾਨਾ, ਨਾਮ ਖ਼ੁਮਾਰੀ ਸਤਿ ਨਾ ਕੋਇ ਰਖਾਈਆ । ਸਾਚਾ ਘਰ ਨਾ ਕਿਸੇ ਪਹਿਚਾਨਾ, ਗ੍ਰਿਹ ਮੰਦਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਕਹੇ ਮੈਂ ਵਰਤਾਂ ਮਾਤ, ਨੌਂ ਸੱਤ ਖੋਜ ਖੁਜਾਈਆ । ਭਗਤਾਂ ਮਿਲੇ ਅਗੰਮੀ ਦਾਤ, ਦੌਲਤਮੰਦ ਰਿਹਾ ਵਰਤਾਈਆ । ਝਗੜਾ ਰਹੇ ਨਾ ਜਾਤ ਪਾਤ, ਜ਼ੱਰੇ ਜ਼ੱਰੇ ਕਰੇ ਰੁਸ਼ਨਾਈਆ । ਆਤਮ ਪਰਮਾਤਮ ਦੱਸ ਸਾਕ, ਸੱਜਣ ਇਕੋ ਰਿਹਾ ਜਣਾਈਆ । ਘਰ ਸਵਾਮੀ ਖੋਲ੍ਹ ਕੇ ਤਾਕ, ਪੜਦਾ ਠਾਕਰ ਰਿਹਾ ਹਟਾਈਆ । ਸੰਤ ਸੁਹੇਲਾ ਕਰ ਕੇ ਪਾਕ, ਪਵਿਤ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਅੱਸੂ ਤਿੰਨ ਕਹੇ ਮੈਂ ਦੱਸਾਂ ਹਾਲ, ਹਾਲਤ ਸਭ ਦੀ ਵੇਖ ਵਖਾਈਆ । ਪੁਰਖ ਅਬਿਨਾਸ਼ੀ ਵਜਾਵਣਹਾਰਾ ਤਾਲ, ਦੋ ਜਹਾਨ ਕਰੇ ਸ਼ਨਵਾਈਆ । ਸ਼ਾਹ ਸੁਲਤਾਨ ਹੋਣ ਬੇਹਾਲ, ਰਾਜ ਮੰਤਰੀ ਨਾ ਕੋਇ ਵਡਿਆਈਆ । ਸਭ ਦੇ ਸਿਰ ਤੇ ਕੂਕੇ ਕਾਲ, ਡੌਰੂ ਆਪਣਾ ਡੰਕ ਵਜਾਈਆ । ਜਿਸ ਦੀ ਦੇਵੇ ਨਾ ਕੋਇ ਮਿਸਾਲ, ਮਿਸਲ ਆਪਣੀ ਨਵੀਂ ਲਏ ਬਣਾਈਆ । ਸਾਚੇ ਭਗਤਾਂ ਪੁਛੇ ਆ ਕੇ ਹਾਲ, ਮੁਰੀਦ ਮੁਰਸ਼ਦ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਅੱਸੂ ਕਹੇ ਮੈਂ ਆਸਾ ਰੱਖੀ, ਨੌਂ ਸੌ ਚੁਰਾਨਵੇ ਚੌਕੜੀ

ਜੁਗ ਧਿਆਨ ਲਗਾਈਆ । ਕਿਸ ਵੇਲੇ ਪਰਮ ਪੁਰਖ ਦੀ ਵੇਖਾਂ ਗੁਰਮੁਖ ਸਖ਼ੀ, ਸਾਜਣ ਮਿਲ ਕੇ ਵੱਜੇ ਵਧਾਈਆ । ਕੰਤ ਕੰਤੂਹਲ ਪਤਿਪਰਮੇਸ਼ਵਰ ਇਕੋ ਨਜ਼ਰੀਂ ਆਏ ਪਤੀ, ਪੱਤੀਆਂ ਵਾਲਾ ਹਿੱਸਾ ਨਾ ਕੋਇ ਰਖਾਈਆ । ਨਿਰਮਲ ਜੋਤ ਹੋਵੇ ਪ੍ਰਕਾਸ਼ ਲੋੜ ਰਹੇ ਨਾ ਮੋਮਬੱਤੀ, ਬੁਤਖ਼ਾਨਿਆਂ ਅੰਦਰ ਕਰੇ ਸਫ਼ਾਈਆ । ਨਾਮ ਨਿਧਾਨਾ ਅਗੰਮੀ ਧਾਰ ਦੇ ਕੇ ਰਤੀ, ਰਤਨ ਅਮੋਲਕ ਗੁਰਮੁਖ ਲਏ ਬਣਾਈਆ । ਜਗਤ ਸਮਾਜ ਮਨ ਵਾਸਨਾ ਸਾਧੂ ਇਕੱਠੇ ਖੱਟੇ ਕੋਇ ਨਾ ਖੱਟੀ, ਖਟਕੇ ਅੰਦਰ ਦੇਣ ਦੁਹਾਈਆ । ਚਾਰ ਜੁਗ ਦੀ ਪਿਛਲੀ ਪੜ੍ਹ ਕੇ ਪੱਟੀ, ਸੁਨੇਹੜੇ ਸੁਣ ਸੁਣ ਖ਼ੁਸ਼ੀ ਮਨਾਈਆ । ਮੰਜ਼ਲ ਚੜ੍ਹ ਕੇ ਰਮਜ਼ ਹਕ਼ੀਕੀ ਕਿਸੇ ਨਾ ਤੱਕੀ, ਲਾਸ਼ਰੀਕ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਅੱਸੂ ਕਹੇ ਭਗਤਾਂ ਹੋਣਾ ਸਚ ਮਿਲਾਪ, ਮਿਲਣੀ ਹਰਿ ਜਗਦੀਸ ਕਰਾਈਆ । ਕਲਜੁਗ ਸ਼ਾਹ ਸੁਲਤਾਨਾਂ ਚੜ੍ਹਨਾ ਤਾਪ, ਤ੍ਰੈਗੁਣ ਮਾਇਆ ਅਗਨੀ ਅੱਗ ਤਪਾਈਆ । ਮਨੂਆ ਮਨ ਹੋਣਾ ਗੁਸਤਾਖ਼, ਗ੍ਰਿਹ ਗ੍ਰਿਹ ਘਰ ਘਰ ਕਰੇ ਲੜਾਈਆ । ਸਾਚੇ ਨਾਮ ਦਾ ਦਿਸੇ ਕੋਈ ਨਾ ਚਾਕ, ਚਾਕਰ ਚਾਕਰੀ ਹਕ ਨਾ ਕੋਇ ਕਮਾਈਆ । ਗੋਬਿੰਦ ਕਰੇ ਪੂਰਾ ਭਵਿਖਤ ਵਾਕ, ਵਾਕਫ਼ਕਾਰ ਬਣ ਕੇ ਦੀਨ ਲੋਕਾਈਆ । ਸੰਤ ਸੁਹੇਲੇ ਕਰ ਇਤਫ਼ਾਕ, ਮੇਲਾ ਮੇਲੇ ਸਹਿਜ ਸੁਭਾਈਆ । ਸਾਚੇ ਮੰਡਲ ਪਾ ਕੇ ਰਾਸ, ਸੁਰਤੀ ਸ਼ਬਦ ਕਾਹਨ ਮਿਲਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਨੂਰ ਨੁਰਾਨਾ ਕਰੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਉਡਣੀ ਖ਼ਾਕ, ਜਗਤ ਸਹਾਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਦਾ, ਕੁਦਰਤ ਦਾ ਮਾਲਕ ਨਜ਼ਰੀ ਆਈਆ । ਲੇਖਾ ਜਾਣੇ ਗ੍ਰਿਹ ਗ੍ਰਿਹ ਘਰ ਘਰ ਦਾ, ਲੱਖ ਚੁਰਾਸੀ ਕਾਇਆ ਮਾਟੀ ਹਾਟੀ ਖੋਜ ਖੁਜਾਈਆ । ਸ਼ਬਦ ਅਗੰਮੀ ਨਿਰਗੁਣ ਧਾਰ ਅਗੰਮੀ ਹੋ ਕੇ ਪੜ੍ਹਦਾ, ਆਤਮ ਪਰਮਾਤਮ ਰਾਗ ਅਲਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਫੜਦਾ, ਲੱਖ ਚੁਰਾਸੀ ਖੋਜ ਖੁਜਾਈਆ । ਕਰੇ ਖੇਲ ਨਰਾਇਣ ਨਰ ਦਾ, ਨਰ ਹਰਿ ਪੜਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪ੍ਰਵਾਹੀਆ । ਤਿੰਨ ਅੱਸੂ ਕਹੇ ਲੇਖਾ ਨਾਲ ਤਿਨ੍ਹਾਂ ਦੇ, ਜੋ ਤ੍ਰੈਗੁਣ ਲੇਖਾ ਗਏ ਮੁਕਾਈਆ । ਪੁਰਖ ਅਕਾਲ ਮੇਲ ਮਿਲਾਏ ਜਿਨ੍ਹਾਂ ਦੇ, ਜਨਮ ਜਨਮ ਦਾ ਰੋਗ ਗਵਾਈਆ । ਪ੍ਰਭਾਵਿਤ ਕਰਕੇ ਇਕ ਦੂਜੇ ਦੇ ਦਿਲਾਂ ਦੇ, ਦਲਿੱਦ੍ਰ ਅੰਦਰੋਂ ਦਏ ਕਢਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਜਿਨ੍ਹਾਂ ਨਾਲ ਕੌਲ ਕੀਤੇ ਅੰਤਮ ਮਿਲਾਂਗੇ, ਵਿਛੜੇ ਧੁਰ ਦੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਅੱਸੂ ਕਹੇ ਮੈਂ ਖੁਲ੍ਹਦਾ ਵੇਖਿਆ ਤਾਕ, ਤਾਕਤਵਰ ਆਪ ਖੁਲ੍ਹਾਈਆ । ਗੁਰਮੁਖਾਂ ਲਹਿਣਾ ਦੇਣਾ ਸ਼ਬਦੀ ਕਰੇ ਬੇਬਾਕ, ਪਿਛਲਾ ਪੂਰਬ ਝੋਲੀ ਪਾਈਆ । ਸ੍ਰਿਸ਼ਟੀ ਸਬਾਈ ਹੁੰਦੀ ਦਿਸੇ ਖ਼ਾਕ, ਖ਼ਾਲਸ ਰੂਪ ਨਾ ਕੋਇ ਵਟਾਈਆ । ਮਨ ਵਾਸਨਾ ਸਾਰੇ ਬਣ ਕੇ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਆਪਣੀ ਸਮਝੇ ਕੋਇ ਨਾ ਜਾਤ, ਨੂਰ ਨੂਰ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਬਣਾਈ ਨਾਰ ਕਮਜਾਤ, ਕੰਤ ਸੁਹਾਗੀ ਮਿਲ ਨਾ ਵੱਜੇ ਵਧਾਈਆ । ਸਾਚਾ ਖੇੜਾ ਕਰੇ ਨਾ ਕੋਇ ਆਬਾਦ, ਉਜੜੀ ਦਿਸੇ ਜਗਤ ਲੋਕਾਈਆ । ਤਨ ਮਾਟੀ ਹੁੰਦਾ ਦਿਸੇ ਬਰਬਾਦ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਸ਼ੌਹ ਦਰਿਆਏ ਡੁੱਬਦਾ ਜਾਏ ਜਹਾਜ਼, ਬੇੜਾ ਪਾਰ ਨਾ ਕੋਇ ਕਰਾਈਆ । ਸਾਚਾ ਖੋਲ੍ਹੇ ਕੋਈ ਨਾ ਰਾਜ਼, ਰਮਜ਼ ਵਿਚ ਸਮਝ ਨਾ

ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਰਗਾਹੀਆ । ਧੁਰਦਰਗਾਹ ਦਾ ਇਕੋ ਵਾਸੀ, ਵਾਸਤਾ ਭਗਤਾਂ ਨਾਲ ਰਖਾਈਆ । ਕਲਜੁਗ ਜੀਵਾਂ ਅੰਤਮ ਰਾਏ ਧਰਮ ਦਵਾਰੇ ਦੇਵੇ ਫਾਸੀ, ਫ਼ੈਸਲਾ ਇਕੋ ਇਕ ਸੁਣਾਈਆ । ਬਚਿਆ ਰਹੇ ਨਾ ਕੋਇ ਪੰਡਤ ਕਾਸ਼ੀ, ਕਛਹਿਰੇ ਵਾਲਿਆਂ ਹੋਏ ਨਾ ਕੋਇ ਸਹਾਈਆ । ਬਿਨ ਗੋਬਿੰਦ ਸ਼ਬਦੀ ਸਾਚੇ ਮੰਡਲ ਪਾਵੇ ਕੋਇ ਨਾ ਰਾਸੀ, ਬਿਨ ਪੁਰਖ ਅਕਾਲ ਦੇਵੇ ਨਾ ਕੋਇ ਵਡਿਆਈਆ । ਮਨੂਆ ਛੱਡੇ ਨਾ ਅੰਦਰੋਂ ਬਦਮਾਸ਼ੀ, ਬਦਲਾ ਬਦਲੇ ਵਿਚੋਂ ਚੁਕਾਈਆ । ਜਗਤ ਖ਼ਾਹਿਸ਼ ਹੋਈ ਅਯਾਸ਼ੀ, ਹਰਸ ਹਵਸ ਨਾ ਕੋਇ ਮਿਟਾਈਆ । ਬਿਨਾ ਭਗਤਾਂ ਸਾਚੀ ਦਿਸੇ ਕੋਇ ਨਾ ਦਾਸੀ, ਦਰਸ ਪਾ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਣਾ ਕੇ ਇਕ ਜਮਾਤੀ, ਇਕੋ ਸਿਖਿਆ ਦਏ ਸਮਝਾਈਆ । ਅੱਸੂ ਤਿੰਨ ਕਹੇ ਮੈਂ ਆਸਾਵੰਦ, ਆਹਿਸਤਾ ਆਹਿਸਤਾ ਧਿਆਨ ਲਗਾਈਆ । ਹੁਕਮੇ ਅੰਦਰ ਹੋ ਪਾਬੰਦ, ਬੈਠਾ ਸੀਸ ਝੁਕਾਈਆ । ਸਭ ਦਾ ਮਾਲਕ ਨਜ਼ਰੀ ਆਏ ਹਰਿ ਖ਼ਾਵੰਦ, ਖ਼ਾਤੂਨ ਜਗਤ ਰਿਹਾ ਹੰਢਾਈਆ । ਗੁਰਮੁਖ ਚਾੜ੍ਹ ਕੇ ਨੂਰੀ ਚੰਦ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਾਹ ਸੁਲਤਾਨਾਂ ਦੇਵੇ ਦੰਡ, ਸ਼ਬਦੀ ਡੰਡਾ ਹੱਥ ਉਠਾਈਆ । ਸਭ ਦੀ ਨੰਗੀ ਕਰ ਕੇ ਕੰਡ, ਜਗਤ ਕੰਡਿਆਂ ਵਿਚ ਫਸਾਈਆ । ਜਨ ਭਗਤਾਂ ਦੇ ਕੇ ਪਰਮਾਨੰਦ, ਨਿਜਾਨੰਦ ਕਰੇ ਰਸਾਈਆ । ਜਿਨ੍ਹਾਂ ਗਾਇਆ ਸੋਹੰ ਛੰਦ, ਸ਼ਮਅ ਬੁਝੀ ਦਏ ਜਗਾਈਆ । ਜਗਤ ਜਨਮ ਦੀ ਪੂਰੀ ਕਰ ਕੇ ਮੰਗ, ਆਸਾ ਆਪਣੇ ਵਿਚ ਰਲਾਈਆ । ਮਿਹਰਵਾਨ ਹੋ ਸੂਰਾ ਸਰਬੰਗ, ਸੁਰਤੀ ਸ਼ਬਦ ਨਾਲ ਜੁੜਾਈਆ । ਰਵਦਾਸ ਚਮਾਰੇ ਪਾਈ ਗੰਢ, ਲੇਖਾ ਲਿਖੇ ਕਲਮ ਸ਼ਾਹੀਆ । ਪਹਿਲੀ ਸਾਵਣ ਭਗਤਾਂ ਠੰਡ, ਅੰਮ੍ਰਿਤ ਮੇਘ ਨਾਮ ਬਰਸਾਈਆ । ਅੱਸੂ ਤਿੰਨ ਭੰਡਾਰਾ ਦੇਵੇ ਵੰਡ, ਰਾਤੀਂ ਸੁਤਿਆਂ ਅੰਦਰ ਦਏ ਟਿਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਖ਼ੁਆਰ ਹੋਵੇ ਮਨੂਆ ਜੰਗ, ਜੰਗਲ ਪ੍ਰਭਾਸ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੂਰਾ ਸਰਬੰਗ, ਸਰਬ ਸੁਲਤਾਨ ਮਿਹਰਵਾਨ ਇਕੋ ਨਜ਼ਰੀ ਆਈਆ ।

### ★ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਿਹਿ ਪਿੰਡ ਮੀਆਂ ਪੁਰ ਜ਼ਿਲਾ ਅੰਮ੍ਰਿਤਸਰ ★

ਦਰਗਾਹ ਸਾਚੀ ਨਾ ਇਸ਼ਕ ਮਿਜਾਜ਼ੀ ਨਾ ਹਕ਼ੀਕ਼ੀ, ਹਿਕਮਤ ਆਲਮ ਇਲਮ ਨਜ਼ਰ ਕੋਇ ਨਾ ਆਈਆ । ਨਾ ਕੋਈ ਸ਼ਰਅ ਨਾ ਸ਼ਰਾਇਤੀ, ਤਨ ਵਜੂਦ ਪਿਆਰ ਮੁਹੱਬਤ ਨਾ ਕੋਇ ਵਖਾਈਆ । ਨਾ ਕੋਈ ਬਖ਼ਸ਼ੰਦ ਨਾ ਅਜ਼ੀਜ਼ੀ, ਨਿਰਗੁਣ ਸਰਗੁਣ ਨਾ ਕੋਇ ਚਤੁਰਾਈਆ । ਜਲਵਾਗਰ ਇਕ ਤੌਫ਼ੀਕ਼ੀ, ਨੂਰੋ ਨੂਰ ਬੇਪਰਵਹੀਆ । ਨਾ ਕੋਈ ਆਸਾ ਨਾ ਕੋਈ ਮਨਸਾ ਨਾ ਉਮੀਦੀ, ਵਾਸਨਾ ਰੂਪ ਨਾ ਕੋਇ ਵਟਾਈਆ । ਨਾ ਕੋਈ ਢੋਲਾ ਕਲਮਾ ਗੀਤ ਰਾਗ ਨੀਤੀ, ਗਹਿਰ ਗੰਭੀਰ ਨਾ ਕੋਇ ਸੁਣਾਈਆ । ਨਾ ਕੋਈ ਪਵਣ ਠੰਡੀ ਸੀਤੀ, ਅਗਨੀ ਤਤ ਨਾ ਕੋਇ ਜਲਾਈਆ । ਨੇਤਰ ਲੋਚਨ ਨੈਣ ਵੇਖਣ ਵਾਲੀ ਰੀਤੀ, ਨਾਤਾ ਨਾਤਾ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜਲਵਾਗਰ ਨੂਰ ਖ਼ੁਦਾਈਆ । ਨਾ ਹਕ਼ੀਕ਼ੀ ਨਾ ਮਿਜਾਜ਼ੀ, ਮਿਸਲ ਮਿਸਾਲ ਨਾ ਕੋਇ ਬਣਾਈਆ । ਨਾ ਸ਼ਰਅ ਨਾ ਨਿਮਾਜ਼ੀ,

ਸਜਦਾ ਸੀਸ ਨਾ ਕੋਇ ਝੁਕਾਈਆ । ਨਾ ਕੋਈ ਧੁਨ ਨਾ ਕੋਈ ਨਾਦੀ, ਕਲਮਾ ਹਕ ਨਾ ਕੋਇ ਪੜ੍ਹਾਈਆ । ਨਾ ਕੋਈ ਲੇਖਾ ਫੋਲੇ ਹਾਲ ਮਾਜ਼ੀ, ਮੁਸਤਕਬਿਲ ਮਜਲਸ ਮਹਿਬੂਬ ਬੇਪਰਵਾਹੀਆ । ਨਾ ਕੋਈ ਸਵਾਲ ਨਾ ਕੋਈ ਜਵਾਬੀ, ਤਾਲਬ ਤਲਬਗਾਰ ਨਜ਼ਰ ਕੋਇ ਨਾ ਆਈਆ । ਨਾ ਕੋਈ ਮਿਤਰ ਨਾ ਕੋਈ ਅਹਿਬਾਬੀ, ਮਹਿਰਾਬ ਵੰਡ ਨਾ ਕੋਇ ਵੰਡਾਈਆ । ਨਾ ਕੋਈ ਮੇਲ ਮਿਲਾਪ ਨਾ ਹੋਵੇ ਸ਼ਾਦੀ, ਸ਼ਾਦਿਆਨਾ ਹਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕੰਕਾਰਾ ਇਕ ਇਕੱਲਾ ਆਪਣੀ ਕਾਰ ਕਮਾਈਆ । ਨਾ ਮਿਜਾਜ਼ੀ ਨਾ ਹਕ਼ੀਕ਼ੀ, ਪ੍ਰੇਮ ਪਿਆਰ ਇਸ਼ਕ ਮੁਹੱਬਤ ਵਾਲਾ ਮਹਿਬੂਬ ਨਜ਼ਰ ਕੋਇ ਨਾ ਆਈਆ । ਨਾ ਕੋਈ ਲੋਕ ਪ੍ਰਲੋਕ ਸਲੋਕ ਚੌਦਾਂ ਦਿਸੇ ਤਬਕੀ, ਜ਼ਿਮੀਂ ਅਸਮਾਨਾਂ ਵੰਡ ਨਾ ਕੋਇ ਵੰਡਾਈਆ । ਨਾ ਕੋਈ ਅੱਖਰਾਂ ਵਾਲੀ ਦੇਵੇ ਸਿਖਿਆ ਸੀਖ, ਸੰਥਾ ਹੁਕਮ ਨਾਲ ਹੁਕਮ ਨਾ ਕੋਇ ਜਣਾਈਆ । ਨਾ ਕੋਈ ਪਿਆਰ ਕਰਨ ਵਾਲਾ ਵੇਖਣ ਵਾਲਾ ਮੀਤ, ਮਹਿਬੂਬ ਇਕੋ ਏਕੰਕਾਰ ਇਕ ਦਵਾਰੇ ਸੋਭਾ ਪਾਈਆ । ਨਾ ਕੋਈ ਦਰਵੇਸ਼ ਮੰਗਣਹਾਰਾ ਭੀਖ, ਨਾ ਕੋਈ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਏਕੰਕਾਰਾ ਖੇਲ ਅਪਾਰਾ ਦਰਗਾਹ ਸਾਚੀ ਧਾਮ ਨਿਆਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਵਡ ਮਿਹਰਵਾਨਾ ਮਹਿਵ ਆਪਣੀ ਕਾਰ ਕਮਾਈਆ । ਮਿਜਾਜ਼ੀ ਹਕ਼ੀਕ਼ੀ ਸਮਝੇ ਕੌਣ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਜਿਸ ਦਾ ਢੋਲਾ ਗਾਉਣ, ਅੰਤਮ ਓਸੇ ਵਿਚ ਆਪਣਾ ਆਪ ਜਾਣ ਸਮਾਈਆ । ਜਿਸ ਦਾ ਲੇਖਾ ਜਾਣੇ ਨਾ ਕੋਈ ਪੌਣ, ਪਵਣ ਸੁਨੇਹੜਾ ਸਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਮੰਜ਼ਲ ਆਪਣੀ ਧਾਰ ਆਪਣੇ ਵਿਚ ਮਿਲਾਈਆ । ਨਾ ਕੋਈ ਮੁਹੱਬਤ ਨਾ ਕੋਈ ਪਿਆਰ, ਨਾ ਕੋਇ ਨਾਤਾ ਜੋੜ ਜੁੜਾਈਆ । ਇਕੋ ਨੂਰ ਨੂਰ ਉਜਿਆਰ, ਜਿਸ ਦਾ ਲੱਖ ਚੁਰਾਸੀ ਪਸਾਰ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਓਸ ਰਮਜ਼ ਨੂੰ ਸਮਝੇ ਕੋਈ ਨਾ ਵਿਚ ਸੰਸਾਰ, ਪਾਰਬ੍ਰਹਮ ਬ੍ਰਹਮ ਆਪਣਾ ਰੂਪ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਇਸ਼ਕ ਹਕ਼ੀਕ਼ੀ ਮਿਜਾਜੀ ਤੋਂ ਬਾਹਰ (ਅਥਾਹ), ਬੇਪਰਵਾਹ ਨਜ਼ਰੀ ਆਈਆ । ਜੋ ਆਦਿ ਜੁਗਾਦੀ ਸਰਬ ਮਲਾਹ, ਬੇੜਾ ਸਭ ਦਾ ਪਾਰ ਲੰਘਾਈਆ । ਜਿਸ ਦਰਗਾਹ ਵਿਚ ਵਸੇ ਜਲਵਾਗਰ ਖ਼ੁਦਾ, ਨੂਰ ਨੁਰਾਨਾ ਡਗਮਗਾਈਆ । ਓਥੇ ਇਸ਼ਕ ਸਕੇ ਨਾ ਕੋਇ ਕਮਾ, ਕਾਮਲ ਮੁਰਸ਼ਦ ਇਕੋ ਦਏ ਵਖਾਈਆ । ਜਿਸ ਦੇ ਵਿਚੋਂ ਨਿਕਲੇ ਓਸੇ ਵਿਚ ਗਏ ਸਮਾ, ਏਕਾ ਦੂਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਵਿਚ ਟਿਕਾਈਆ । ਸਾਚੇ ਨਾਮ ਦੀ ਸਾਚੀ ਧਾਰ, ਹਰਿ ਸਤਿਗੁਰ ਆਪਣੇ ਵਿਚ ਸਮਾਈਆ । ਜਿਸ ਨਾਮ ਨੂੰ ਗਾਉਂਦੇ ਗਏ ਗੁਰੂ ਅਵਤਾਰ, ਪੈਗ਼ੰਬਰ ਸ਼ੁਕਰ ਮਨਾਈਆ । ਕਾਇਆ ਮੰਦਰ ਅੰਦਰ ਸੁਣਦੇ ਰਹੇ ਧੁਨਕਾਰ, ਬਿਨ ਰਸਨਾ ਜਿਹਵਾ ਵੱਜਦੀ ਰਹੇ ਵਧਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਓਸੇ ਦਾ ਕਰਨ ਵਿਸਥਾਰ, ਸਿਫਤਾਂ ਨਾਲ ਜਗਤ ਵਡਿਆਈਆ । ਜਿਸ ਦੀ ਮਹਿੰਮਾ ਅਪਰ ਅਪਾਰ, ਅਪਰੰਪਰ ਸਵਾਮੀ ਆਪਣੇ ਵਿਚ ਰਖਾਈਆ । ਤਿਸ ਦੀ ਖ਼ਾਹਿਸ਼ ਬੁੱਧੀ ਵਿਚ ਸਮਝੇ ਨਾ ਕੋਇ ਜੀਵ ਮਨ ਦੀ ਵਿਚਾਰ, ਬਿਨ ਅਨੁਭਵ ਸਮਝ ਕੋਇ ਨਾ ਪਾਈਆ । ਮੰਜ਼ਲ ਚੜ੍ਹ ਕੇ ਵੇਖੋ ਮੰਜ਼ਲ ਦੁਸ਼ਵਾਰ, ਨੌਂ ਦਵਾਰਿਆਂ ਤੋਂ ਪਰੇ ਜਿਸ ਦੀ ਵੱਜੇ ਵਧਾਈਆ ।

ਸੋ ਨਾਮ ਆਪ ਨਿਰੰਕਾਰ, ਨਿਰਗੁਣ ਨਿਰਵੈਰ ਇਕ ਅਖਵਾਈਆ । ਜਿਸ ਨੂੰ ਕਾਗਤ ਕਲਮ ਸ਼ਾਹੀ ਨਾ ਲਿਖਣਹਾਰ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਸੋ ਨਾਮ ਆਪਣੇ ਹੱਥ ਰੱਖਿਆ ਕਰਤਾਰ, ਕਰਨੀ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਮ ਆਪਣਾ ਆਪ ਦ੍ਰਿੜਾਈਆ । ਸਾਚੇ ਨਾਮ ਦਾ ਨਾ ਕੋਈ ਤਨ ਨਾ ਵਜੂਦ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਉਸ ਦਾ ਨਾਤਾ ਇਕੋ ਨਾਲ ਹਕ ਮਹਿਬੂਬ, ਮੁਹੱਬਤ ਪੁਰਖ ਅਕਾਲ ਨਾਲ ਪਾਇੰਦਾ । ਜਿਸ ਦਾ ਜਗਤ ਵਿਦਿਆ ਵਿਚ ਮਿਲੇ ਨਾ ਕੋਇ ਸਬੂਤ, ਸਤਿਗੁਰ ਇਸ਼ਾਰਾ ਸ਼ਬਦ ਇਕ ਸਮਝਾਇੰਦਾ । ਜਿਸ ਦਾ ਡੰਕਾ ਆਦਿ ਜੁਗਾਦਿ ਜੁਗ ਚੌਕੜੀ ਵੱਜੇ ਚਾਰੇ ਕੂਟ, ਦਹਿ ਦਿਸ਼ਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਤਾਲ ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਸੋ ਨਾਮ ਦੱਸੇ ਆਪਣੀ ਮੰਜ਼ਲ ਹਕ ਹਦੂਦ, ਜਿਸ ਦੀ ਵੰਡ ਨਾ ਕੋਇ ਵੰਡਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਕਦੀ ਨਾ ਹੋਵੇ ਨੇਸਤੋ ਨਾਬੂਦ, ਫ਼ਿਕਰਿਆਂ ਵਿਚ ਫ਼ਿਕਰਾ ਨਾ ਕੋਇ ਸਮਝਾਇੰਦਾ । ਜਿਧਰ ਵੇਖੋ ਹਰ ਹਿਰਦੇ ਓਸ ਨਾਮ ਦਾ ਨਾਮ ਵਜੂਦ, ਜੋ ਸਿਫ਼ਤਾਂ ਅੰਦਰ ਸਿਫ਼ਤਾਂ ਵਿਚ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਮ ਆਪਣੇ ਵਿਚ ਛੁਪਾਇੰਦਾ । ਸਾਚੇ ਨਾਮ ਦੀ ਡੈਫ਼ੀਨੇਸ਼ਨ ਜੇ ਕੋਈ ਜਾਣੇ ਡਾਇਰੈਕਟ, ਡਿਫੀਕਲਟ ਨਜ਼ਰ ਕੋਇ ਨਾ ਆਈਆ । ਮਨੂਆ ਮਨ ਪਾਏ ਅਫੈਕਟ, ਮੰਜ਼ਲ ਹਕ ਨਾ ਕੋਇ ਪੁਚਾਈਆ । ਜੋ ਗੁਰ ਅਵਤਾਰ ਪੈਗ਼ੰਬਰ ਪੁਰਖ ਅਕਾਲ ਦੀਨ ਦਿਆਲ ਕਰੇ ਸਲੈਕਟ, ਜੁਗ ਚੌਕੜੀ ਉਹਨਾਂ ਦਏ ਸਮਝਾਈਆ । ਕਨੈਕਸ਼ਨ ਕਰੇ ਬਿਨਾ ਅਲੈਕਟ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਡੰਕਾ ਵਜਾਏ ਈਸਟ ਵੈਸਟ, ਗੈਸਟ ਆਪਣੇ ਲਏ ਬਣਾਈਆ । ਜਗਤ ਵਿਚ ਸਾਚੇ ਨਾਮ ਦੇ ਕੋਈ ਬਣੇ ਨਹੀਂ ਪਰੋਜੈਕਟ, ਜਗ ਨੇਤਰ ਧਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਮ ਆਦਿ ਜੁਗਾਦਿ ਇਕੋ ਇਕ ਰਖਾਈਆ ।



### ★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ ਬੀਬੀ ਗੁਰਮੇਜ ਕੌਰ ਦੇ ਗ੍ਰਿਹਿ ਪਿੰਡ ਮੀਆਂ ਪੁਰ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਪਾਰਬ੍ਰਹਮ ਅਬਿਨਾਸ਼ੀ ਅਚੁਤ, ਬੇਪਰਵਾਹ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਰੁੱਤ, ਚਾਰ ਕੁੰਟ ਦਹਿ ਦਿਸ਼ਾ ਇਕੋ ਤੇਰਾ ਨਾਮ ਵੱਜੇ ਵਧਾਈਆ । ਜਨ ਭਗਤਾਂ ਉਜਲ ਕਰ ਮੁਖ, ਦੁਰਮਤ ਮੈਲ ਮਾਇਆ ਮਮਤਾ ਮੋਹ ਮਿਟਾਈਆ । ਘਰ ਸਵਾਮੀ ਆਤਮ ਪਰਮਾਤਮ ਦੇ ਸੁਖ, ਗ੍ਰਿਹਿ ਗ੍ਰਿਹਿ ਅੰਦਰ ਤੇਰਾ ਨੂਰ ਇਕੋ ਨਜ਼ਰੀ ਆਈਆ । ਸੰਤ ਸੁਹੇਲੇ ਆਪਣੀ ਗੋਦੀ ਚੁੱਕ, ਚਾਰ ਵਰਨ ਅਠਾਰਾਂ ਬਰਨ ਝਗੜਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਕਹੇ ਮੇਰੇ ਪਰਮ ਪੁਰਖ ਅਬਿਨਾਸ਼ੀ, ਹਰਿ ਕਰਤੇ ਤੇਰੀ ਵਡ ਵਡਿਆਈਆ । ਕਲਜੁਗ ਅੰਤ ਮੇਟ ਅੰਧੇਰੀ ਰਾਤੀ, ਕੂੜੀ ਕਿਰਿਆ ਰਹਿਣ ਨਾ ਪਾਈਆ । ਨਾਮ ਭੰਡਾਰਾ ਬਖ਼ਸ਼ ਅਮੋਲਕ ਦਾਤੀ, ਚਾਰ ਵਰਨ ਅਠਾਰਾਂ ਬਰਨ ਆਪ ਵਰਤਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬਣ ਸਾਥੀ, ਪਾਰਬ੍ਰਹਮ ਬ੍ਰਹਮ ਮੇਲਾ ਲੈ ਮਿਲਾਈਆ । ਸਾਚਾ ਨਾਮ ਵਖਾ ਇਕੋ ਹਾਟੀ, ਜਗਤ ਦਵਾਰਾ ਲੋੜ ਰਹੇ ਨਾ ਰਾਈਆ । ਅੰਮ੍ਰਿਤ ਜਾਮ ਪਿਲਾ ਬਣ ਕੇ ਸਾਕੀ,

ਸਾਖੀ ਆਪਣੀ ਦੇ ਸਮਝਾਈਆ । ਮਨੂਆ ਤਨ ਰਹੇ ਨਾ ਆਕੀ, ਬੁੱਧੀ ਬਿਬੇਕ ਰੂਪ ਬਦਲਾਈਆ । ਤੇਰੇ ਨਾਮ ਦੀ ਬਿਨ ਅੱਖਰਾਂ ਵਾਲੀ ਸੁਣਦੇ ਰਹੇ ਪਾਤੀ, ਪਤਿਪਰਮੇਸ਼ਵਰ ਸ਼ਬਦ ਸੁਨੇਹੜਾ ਦੇਣਾ ਘਲਾਈਆ । ਗੁਰ ਅਵਤਾਰ ਪੈਗ਼ੰਬਰਾਂ ਭਵਿਖਤਾਂ ਵਾਲੀ ਪੂਰੀ ਕਰ ਆਖੀ, ਆਖ਼ਰ ਆਪਣਾ ਹੁਕਮ ਵਰਤਾਈਆ । ਸੰਤ ਸੁਹੇਲੇ ਗੁਰ ਚੇਲੇ ਬਣਾ ਦਾਸ ਦਾਸੀ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਰਖਾਈਆ । ਜਨ ਭਗਤਾਂ ਲਹਿਣਾ ਦੇਣਾ ਪੂਰਬ ਜਨਮ ਚੁਕਾ ਬਾਕੀ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਤੇਰੀ ਮੰਜ਼ਲ ਅਗੰਮੀ ਚੜ੍ਹਨ ਘਾਟੀ, ਅੱਧਵਿਚਕਾਰ ਨਾ ਕੋਇ ਅਟਕਾਈਆ । ਸਾਚੀ ਮੰਜ਼ਲ ਵੇਖਣ ਤੇਰੀ ਰਹਿਰਾਸੀ, ਸੂਰਜ ਚੰਦ ਦੀ ਲੋੜ ਰਹੇ ਨਾ ਰਾਈਆ । ਨਿਰਮਲ ਨੂਰ ਜੋਤ ਤੇਰੀ ਪਰਕਾਸ਼ੀ, ਪਰਕਾਸ਼ਤ ਦਿਸੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚੀ ਮੰਗ ਗਿਆ ਮੰਗਾਈਆ । ਸਤਿ ਕਹੇ ਪ੍ਰਭ ਮੇਰੇ ਗਹਿਰ ਗੰਭੀਰ, ਬੇਅੰਤ ਤੇਰੀ ਸਰਨਾਈਆ । ਤੇਰਾ ਖੇਲ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਕੂੜੀ ਕਿਰਿਆ ਕਰਮ ਅੰਦਰੋਂ ਬਦਲ ਦੇ ਤਕਦੀਰ, ਹੁਕਮ ਸੰਦੇਸ਼ਾ ਇਕ ਸੁਣਾਈਆ । ਨੇਤਰ ਰੋ ਰੋ ਕਹੇ ਕਬੀਰ, ਮੰਜ਼ਲ ਚੋਟੀ ਚੜ੍ਹ ਅਖ਼ੀਰ, ਸਚ ਦਵਾਰੇ ਦਏ ਦੁਹਾਈਆ । ਸਾਬਤ ਰਿਹਾ ਨਾ ਕੋਇ ਸ਼ਾਹ ਅਮੀਰ, ਸਭ ਦੇ ਨੇਤਰ ਵਗੇ ਨੀਰ, ਧੀਰਜ ਧੀਰ ਨਾ ਕੋਇ ਧਰਾਈਆ । ਸਦੀ ਚੌਧਵੀਂ ਮਹਿਬੂਬ ਮੰਜ਼ਲ ਮਿਲੇ ਨਾ ਕੋਇ ਪੀਰ, ਪੈਗ਼ੰਬਰ ਘੱਤ ਕੇ ਗਏ ਵਹੀਰ, ਦਸਤਗੀਰ ਦਸਤ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਹੇ ਮੋਹੇ ਦੇ ਮਾਣ ਵਡਿਆਈਆ । ਸਤਿ ਕਹੇ ਪ੍ਰਭ ਤੇਰਾ ਹੁਕਮ ਲੋੜਾਂ ਸੱਚਾ, ਸਤਿ ਸਤਿਵਾਦੀ ਤੇਰਾ ਰਾਹ ਤਕਾਈਆ । ਲੱਖ ਚੁਰਾਸੀ ਦੀਨ ਦੁਨੀ ਭਾਂਡਾ ਜਾਣਾਂ ਕੱਚਾ, ਮਾਟੀ ਖ਼ਾਕੀ ਤਨ ਵਜੂਦ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਨਿਰਗੁਣ ਨਿਰਗੁਣ ਜੋੜ ਸੱਕਾ, ਸਾਜਣ ਹੋ ਕੇ ਵੇਖ ਵਖਾਈਆ । ਗੁਰ ਗੋਬਿੰਦ ਨਾਲ ਤੇਰਾ ਕੌਲ ਇਕਰਾਰ ਪੱਕਾ, ਕੱਚੀ ਗੰਢ ਨਾ ਕੋਇ ਪਵਾਈਆ । ਅਬਿਨਾਸ਼ੀ ਕਰਤੇ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਕਲਜੁਗ ਕੂੜੀ ਕਿਰਿਆ ਦੇ ਧੱਕਾ, ਧਰਮ ਦਵਾਰ ਏਕੰਕਾਰ ਇਕੋ ਦੇਣਾ ਪਰਗਟਾਈਆ । ਸਾਖਿਆਤ ਨਿਰਵੈਰ ਨਿਰਗੁਣ ਧਾਰ ਨਜ਼ਰੀ ਆਵੇਂ ਬਿਨ ਅੱਖਾਂ, ਜੋਤੀ ਜਾਤੇ ਪੁਰਖ ਬਿਧਾਤੇ ਨੂਰੋ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਝੋਲੀ ਡਾਹੀਆ । ਸਤਿ ਕਹੇ ਮੇਰੇ ਧੁਰ ਦੇ ਸਾਹਿਬ ਸਵਾਮੀ, ਅੰਤਰ ਅੰਤਰ ਧਿਆਨ ਲਗਾਈਆ । ਬੋਧ ਅਗਾਧਾ ਸ਼ਬਦ ਅਨਾਦਾ ਦੇ ਅਗੰਮੀ ਬਾਣੀ, ਬਿਨ ਅੱਖਰਾਂ ਨਿਰਅੱਖਰ ਕਰ ਪੜ੍ਹਾਈਆ । ਤੀਰ ਨਿਰਾਲਾ ਅਨਿਆਲਾ ਮਾਰ ਆਪਣੀ ਕਾਨੀ, ਕਾਇਨਾਤ ਸੋਈ ਸੁਰਤੀ ਦੇ ਉਠਾਈਆ । ਜਗਤ ਵਾਸਨਾ ਕੂੜੀ ਕਿਰਿਆ ਮਸਤ ਨਾ ਰਹੇ ਮਸਤਾਨੀ, ਮਤਲਬ ਧੁਰ ਦਾ ਦੇ ਸਮਝਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਜੀਵ ਜੰਤ ਸਾਧ ਸੰਤ ਦਾ ਬਾਨੀ, ਨਿਤ ਨਵਿਤ ਵੇਖਣਹਾਰਾ ਥਾਉਂ ਥਾਈਂਆ । ਸਾਚੀ ਮੰਜ਼ਲ ਆਤਮ ਪਰਮਾਤਮ ਦੱਸ ਰੁਹਾਨੀ, ਪੜਦਾ ਆਪ ਉਠਾਈਆ । ਭੇਵ ਅਭੇਦਾ ਖੋਲ੍ਹ ਪੰਜ ਤਤ ਜਿਸਮਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਤਿ ਸਤਿਵਾਦ ਦੇਣਾ ਦ੍ਰਿੜਾਈਆ । ਸਤਿ ਕਹੇ ਮੇਰੇ ਧੁਰ ਦੇ ਖ਼ਾਲਕ, ਖੈਰ ਮੁਹੱਬਤ ਦੇ ਵਰਤਾਈਆ । ਸਚਖੰਡ ਨਿਵਾਸੀ ਧਰਨੀ ਮਾਲਕ, ਮਿਹਰ ਨਜ਼ਰ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸ ਇਕ ਇਬਾਦਤ, ਤੇਰਾ ਨਾਮ ਢੋਲਾ ਸਾਰੇ ਸਿਫ਼ਤ ਸਾਲਾਹੀਆ । ਝਗੜਾ

ਰਹੇ ਨਾ ਨਿੰਦਕ ਦੁਸ਼ਟ ਸਾਕਤ, ਸੱਜਣ ਸਾਰੇ ਲੈਣੇ ਬਣਾਈਆ । ਮਨ ਬੁੱਧੀ ਤੋਂ ਪਰੇ ਦੱਸ ਲਿਆਕਤ, ਬੋਧ ਅਗਾਧ ਦੇ ਜਣਾਈਆ । ਆਤਮ ਪਰਮਾਤਮ ਹੋਵੇ ਵਾਕਿਫ਼, ਭੇਵ ਅਭੇਦਾ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸਚ ਸਾਚੀ ਮੰਗ ਮੰਗਾਈਆ । ਸਤਿ ਕਹੇ ਮੇਰੇ ਪਰਮ ਪੁਰਖ ਅਬਿਨਾਸ਼ੀ, ਕਰਨੀ ਕਰਤੇ ਤੇਰੇ ਹੱਥ ਵਡਿਆਈਆ । ਹਉਂ ਬਾਲਕ ਸੇਵਕ ਤੇਰਾ ਦਾਸਨ ਦਾਸੀ, ਮਾਣ ਅਭਿਮਾਨ ਨਾ ਕੋਇ ਰਖਾਈਆ । ਸਾਚੀ ਮੰਜ਼ਲ ਆਪਣੀ ਦੱਸ ਅਗੰਮੀ ਘਾਟੀ, ਬਿਨ ਪੌੜੀ ਡੰਡੇ ਦੇਣਾ ਚੜ੍ਹਾਈਆ । ਜਨ ਭਗਤਾਂ ਪੁਛ ਆਪਣੀ ਵਾਤੀ, ਨਿਰਗੁਣ ਹੋ ਕੇ ਵੇਖ ਵਖਾਈਆ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਈਆ । ਇਕੋ ਤੇਰਾ ਨਾਮ ਸਾਚਾ ਹੋਵੇ ਸਿਮਰਨ ਪਾਠੀ, ਪੂਜਾ ਇਕੋ ਦੇਣੀ ਵਖਾਈਆ । ਤੇਰਾ ਖੇਲ ਵੇਖੀਏ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਵੱਜੇ ਵਧਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਲਹਿਣਾ ਦੇਣਾ ਚੁਕਾ ਬਾਕੀ, ਝਗੜਾ ਅਵਰ ਰਹੇ ਨਾ ਰਾਈਆ । ਸਤਿ ਦਵਾਰ ਪੜਦਾ ਖੋਲ੍ਹ ਤਾਕੀ, ਸਾਥੀ ਹੋ ਕੇ ਸੰਗ ਨਿਭਾਈਆ । ਆਤਮ ਬ੍ਰਹਮ ਪਾਰਬ੍ਰਹਮ ਸਭ ਨੂੰ ਨਿਰਗੁਣ ਧਾਰ ਦੱਸ ਜਾਤੀ, ਚਾਰ ਵਰਨ ਅਠਾਰਾਂ ਬਰਨ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਦੇਣਾ ਸਮਝਾਈਆ । ਸਤਿ ਕਹੇ ਪ੍ਰਭ ਮੈਂ ਮੰਗਾਂ ਦਰ ਹਜ਼ੂਰ, ਘਰ ਠਾਂਡੇ ਸੀਸ ਝੁਕਾਈਆ । ਜੋਤੀ ਜਲਵਾ ਦੇ ਨੂਰ, ਅੰਧ ਅਗਿਆਨ ਰਹੇ ਨਾ ਰਾਈਆ । ਜਨਮ ਮਰਨ ਦਾ ਬਖ਼ਸ਼ ਕਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਮੰਜ਼ਲ ਰਹੇ ਨਾ ਤੇਰੀ ਦੂਰ, ਘਰ ਸਵਾਮੀ ਦੇਣਾ ਸੁਹਾਈਆ । ਤੂੰ ਸਮਰਥ ਸਰਬ ਕਲਾ ਭਰਪੂਰ, ਬੇਅੰਤ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਤਪੇ ਜਗਤ ਤੰਦੂਰ, ਅਗਨੀ ਅੱਗ ਨਾ ਕੋਇ ਬੁਝਾਈਆ । ਮਨ ਵਾਸਨਾ ਹੰਕਾਰ ਹੋਇਆ ਗ਼ਰੂਰ, ਗ਼ੁਰਬਤ ਅੰਦਰੋਂ ਨਾ ਕੋਇ ਕਢਾਈਆ । ਕਰ ਕਿਰਪਾ ਸਭ ਦੇ ਅੰਤਰ ਬਖ਼ਸ਼ ਨੂਰ, ਨਿਰੰਤਰ ਬ੍ਰਹਮ ਦੇ ਜਣਾਈਆ । ਆਸਾ ਮਨਸਾ ਸਚ ਦਵਾਰੇ ਪੂਰ, ਨਿਰਾਸਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਵਾਰਾ ਇਕ ਵਖਾਈਆ । ਸਤਿ ਦਵਾਰ ਬਖ਼ਸ਼ ਸ੍ਰੀ ਭਗਵੰਤ, ਰਹਿਮਤ ਤੇਰੀ ਨਜ਼ਰੀ ਆਈਆ । ਤੂੰ ਧੁਰ ਦਾ ਸਵਾਮੀ ਕੰਤ, ਕਰਨਹਾਰ ਵੱਡੀ ਵਡਿਆਈਆ । ਤੂੰ ਸ਼ਬਦ ਅਗੰਮੀ ਦੇ ਮੰਤ, ਮੰਤਵ ਅਗਲਾ ਦੇ ਜਣਾਈਆ । ਗੜ੍ਹ ਤੁਟੇ ਹਉਮੇ ਹੰਗਤ, ਹੰ ਬ੍ਰਹਮ ਇਕੋ ਨਜ਼ਰੀ ਆਈਆ । ਬਿਨ ਤੇਰੇ ਬੋਧ ਅਗਾਧਾ ਦਿਸੇ ਕੋਈ ਨਾ ਪੰਡਤ, ਜੋ ਆਦਿ ਜੁਗਾਦਿ ਜੁਗ ਚੌਕੜੀ ਕਰੇ ਪੜ੍ਹਾਈਆ । ਸਤਿ ਕਹੇ ਤੇਰੇ ਦਵਾਰੇ ਇਕੋ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਸਚ ਪ੍ਰੇਮ ਦੀ ਦੇ ਹਿੰਮਤ, ਹਰ ਹਿਰਦੇ ਡੇਰਾ ਲਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੀ ਨਜ਼ਰੀ ਆਏ ਇਕੋ ਸਿੰਮਤ, ਦੂਜਾ ਦਵਾਰ ਨਾ ਕੋਇ ਵਖਾਈਆ । ਆਤਮ ਪਰਮਾਤਮ ਨਿਰਗੁਣ ਨਿਰਗੁਣ ਹੋਵੇ ਮਿਲਤ, ਮੇਲ ਮਿਲਾਵਾ ਧੁਰ ਦਰਗਾਹੀਆ । ਸਚ ਪ੍ਰੀਤੀ ਦੇ ਖਿੱਲਤ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਕੂੜ ਖੁਆਰੀ ਮੇਟ ਜ਼ਿੱਲਤ, ਨਾਮ ਨਿਧਾਨ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰ ਉਤਾਰ ਦੁਸ਼ਟ ਦੁਰਾਚਾਰ ਅਪਰਾਧੀ ਨਿੰਦਕ, ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਆਪਣੇ ਰੰਗ ਰੰਗਾਈਆ ।

★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ ਬੀਬੀ ਵੀਰੋ ਦੇ ਗ੍ਰਿਹ ਪਿੰਡ ਬਘਿਆੜੀ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਪ੍ਰਭ ਬਖ਼ਸ਼ ਚਰਨ ਸਹਾਰਾ, ਸਹਾਇਕ ਇਕੋ ਨਜ਼ਰੀ ਆਈਆ । ਧੁਰ ਧਾਮ ਦਿਸੇ ਤੇਰਾ ਸਚ ਦਵਾਰਾ, ਸਚਖੰਡ ਸਾਚਾ ਸੋਭਾ ਪਾਈਆ । ਦੀਵਾ ਬਾਤੀ ਕਮਲਾਪਾਤੀ ਜਗੇ ਅਗੰਮ ਅਪਾਰਾ, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਤੇਰੇ ਪ੍ਰੇਮ ਪਿਆਰ ਦਾ ਆਵੇ ਸਚ ਹੁਲਾਰਾ, ਮੁਹੱਬਤ ਵਿਚ ਮਹਿਬੂਬ ਲੈਣਾ ਮਨਾਈਆ । ਕਲਜੁਗ ਕੂੜੀ ਕਿਰਿਆ ਕਰਨਾ ਪਾਰ ਕਿਨਾਰਾ, ਜੂਠ ਝੂਠ ਨਈਆ ਨੌਕਾ ਸ਼ੌਹ ਦਰਿਆ ਰੁੜ੍ਹਾਈਆ । ਤੇਰੇ ਨਾਮ ਦਾ ਨੌ ਖੰਡ ਪ੍ਰਿਥਮੀ ਹੋਵੇ ਇਕ ਜੈਕਾਰਾ, ਲੱਖ ਚੁਰਾਸੀ ਤੇਰਾ ਢੋਲਾ ਗਾਈਆ । ਆਤਮ ਪਰਮਾਤਮ ਕਰੇ ਸਚ ਪਿਆਰਾ, ਪਾਰਬ੍ਰਹਮ ਬ੍ਰਹਮ ਮੇਲਾ ਲੈਣਾ ਮਿਲਾਈਆ । ਕੂੜੀ ਕਿਰਿਆ ਗੜ੍ਹ ਤੋੜ ਹੰਕਾਰਾ, ਹਉਮੇ ਹੰਗਤਾ ਦੇਣੀ ਮਿਟਾਈਆ । ਸਤਿ ਸਚ ਕਰ ਉਜਿਆਰਾ, ਉਜਲ ਆਪਣਾ ਆਪ ਸਮਝਾਈਆ । ਸਾਚੇ ਨਾਮ ਦਾ ਲੱਗਾ ਦਿਸੇ ਇਕ ਅਖਾੜਾ, ਗੋਪੀ ਕਾਹਨ ਇਕੋ ਰੂਪ ਬਦਲਾਈਆ । ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਤੇਰਾ ਤੱਕਦੇ ਰਹੇ ਸਹਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਕਿਰਪਾ ਕਰ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਨਿਰਾਕਾਰਾ, ਤੇਰੀ ਓਟ ਤਕਾਈਆ । ਆਦਿ ਜੁਗਾਦੀ ਪਰਵਰਦਿਗਾਰਾ, ਬੇਅੰਤ ਤੇਰੇ ਹੱਥ ਵਡਿਆਈਆ । ਸਤਿਜੁਗ ਸਾਚਾ ਮਾਰਗ ਦੇ ਦ੍ਰਿਸ਼ਟੀ ਸ੍ਰਿਸ਼ਟੀ ਵਿਚ ਸੰਸਾਰਾ, ਪੜਦਾ ਓਹਲਾ ਦੇ ਉਠਾਈਆ । ਤੇਰਾ ਸਿਫ਼ਤੀ ਭਰਿਆ ਰਹੇ ਭੰਡਾਰਾ, ਸ੍ਰੀ ਭਗਵਾਨ ਤੇਰਾ ਨਾਮ ਜਿਸ ਰਸਨਾ ਜਿਹਵਾ ਗਾ ਗਾ ਖ਼ੁਸ਼ੀ ਮਨਾਈਆ । ਤਖ਼ਤ ਨਿਵਾਸੀ ਸ਼ਾਹੋ ਭੂਪ ਸ਼ਾਹ ਮਹਿਬੂਬ ਵਡ ਸਿਕਦਾਰਾ, ਦੋ ਜਹਾਨਾਂ ਵਾਲੀ ਤੇਰਾ ਜਲਵਾ ਆਲੀਸ਼ਾਨ ਦਿਸੇ ਧੁਰ ਦਰਗਾਹੀਆ । ਕਰਨੀ ਦੇ ਕਰਤੇ ਬਣ ਮੀਤ ਮੁਰਾਰਾ, ਕੁਦਰਤ ਦੇ ਕਾਦਰ ਦੇ ਵਡਿਆਈਆ । ਲੋਕਮਾਤ ਮਾਰ ਝਾਤ ਮੇਟ ਅੰਧ ਅੰਧਿਆਰਾ, ਕਲਜੁਗ ਕੁਕਰਮ ਦੇਣਾ ਗਵਾਈਆ । ਦਹਿ ਦਿਸ਼ਾ ਦਿਸੇ ਧੁੰਦੂਕਾਰਾ, ਚਾਰ ਕੁੰਟ ਸਾਚਾ ਚੰਦ ਨਾ ਕੋਇ ਚਮਕਾਈਆ । ਜੁਗ ਚੌਕੜੀ ਬੀਤੇ ਵਾਰੋ ਵਾਰਾ, ਆਪਣਾ ਪੰਧ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰੇ ਪੁਕਾਰਾ, ਉਚੀ ਕੂਕ ਕੂਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਅੰਤਰਜਾਮੀ ਖੇਲ ਦੱਸ ਅਗੰਮ ਅਪਾਰਾ, ਅਲਖ ਅਗੋਚਰ ਅਗੰਮ ਅਥਾਹ ਪੜਦਾ ਓਹਲਾ ਦੇ ਉਠਾਈਆ । ਜਾਗਰਤ ਜੋਤ ਬਿਨ ਵਰਨ ਗੋਤ ਨਾਮ ਨਿਧਾਨ ਦੇ ਨਜ਼ਾਰਾ, ਅਜ਼ਮ ਅੰਦਰੋਂ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿ ਕਹੇ ਪ੍ਰਭ ਮੇਰੀ ਸੁਣ ਅਗੰਮੀ ਕੂਕ, ਕੁਰ੍ਹਿਆਂ ਤੋਂ ਪਰੇ ਰਿਹਾ ਜਣਾਈਆ । ਜਗਤ ਮਾਇਆ ਦੀਨ ਦੁਨੀ ਰਹੀ ਫੂਕ, ਫ਼ਾਕੇ ਵਿਚ ਦਿਸੇ ਲੋਕਾਈਆ । ਝਗੜਾ ਦਿਸੇ ਚਾਰੋਂ ਕੂਟ, ਸਾਂਤਕ ਸਤਿ ਨਾ ਕੋਇ ਕਰਾਈਆ । ਵਿਕਾਰ ਵਧਿਆ ਜੂਠ ਝੂਠ, ਮਮਤਾ ਮੋਹ ਕਰੇ ਲੜਾਈਆ । ਤੇਰਾ ਦਿਸੇ ਨਾ ਕੋਈ ਧੁਰ ਦਾ ਪੂਤ, ਸਪੂਤ ਨਜ਼ਰ ਕੋਇ ਨਾ ਆਈਆ । ਖ਼ਾਲੀ ਦਿਸਦੇ ਭਾਂਡੇ ਪੰਜ ਭੂਤ, ਨਾਮ ਨਿਧਾਨ ਸ੍ਰੀ ਭਗਵਾਨ ਤੇਰਾ ਵਿਚ ਨਾ ਕੋਇ ਟਿਕਾਈਆ । ਸ਼ਬਦ ਅਗੰਮੀ ਧੁਰ ਦਾ ਭੇਜ ਦੂਤ, ਦੂਤੀ ਦੁਸ਼ਟਾਂ ਦਏ ਮਿਟਾਈਆ । ਪਿਛਲੀ ਚਾਰ ਜੁਗ ਦੀ ਕਰਨੀ ਕਰੇ ਮਨਸੂਖ, ਅਗਲਾ ਹੁਕਮ ਆਪ ਵਰਤਾਈਆ । ਜਨ ਭਗਤਾਂ ਦਰਸ ਪਿਆਸ ਦੀ ਦੂਰ ਕਰੇ ਭੁਖ, ਤ੍ਰਿਸ਼ਨਾ ਦਏ ਮਿਟਾਈਆ । ਘਰ ਸਾਚਾ ਦਏ ਸੁਖ, ਸੁਖਸਾਗਰ ਵਿਚ ਸਮਾਈਆ । ਜੋ ਚਰਨ ਪ੍ਰੀਤੀ ਤੇਰੀ ਧੁਰ ਦੀ ਨੀਤੀ ਅੰਦਰ


੮ ੨੦

ਗਏ ਭੂਜ, ਆਪ ਆਪਣਾ ਭੇਟ ਚੜ੍ਹਾਈਆ । ਤਿਨ੍ਹਾਂ ਅੰਤਰ ਰਹੇ ਕੋਈ ਨਾ ਦੂਜ, ਨਾਮ ਮੰਤਰ ਇਕੋ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿ ਕਹੇ ਪ੍ਰਭ ਆਦਿ ਜੁਗਾਦੀ ਦੇਵਣ ਯੋਗ, ਯੁਗਤੀ ਆਪਣੀ ਦੇ ਸਮਝਾਈਆ । ਤੇਰੇ ਨਾਮ ਪਿਆਰ ਦਾ ਮਿਲੇ ਸੱਚਾ ਰਸ ਭੋਗ, ਦੂਜੀ ਵਸਤ ਕੋਇ ਨਾ ਭਾਈਆ । ਸ਼ਬਦ ਅਗੰਮੀ ਦੇ ਚੋਗ, ਚੁਗਲੀ ਨਿੰਦਿਆ ਤੋਂ ਜਗਤ ਲੈਣਾ ਬਚਾਈਆ । ਹਉਮੇ ਹੰਗਤਾ ਰਹੇ ਨਾ ਰੋਗ, ਹੰ ਬ੍ਰਹਮ ਦੇਣਾ ਸਮਝਾਈਆ । ਤੇਰਾ ਦਰਸ ਮਿਲੇ ਅਮੋਘ, ਅੰਧ ਅੰਧੇਰ ਦੇਣਾ ਮਿਟਾਈਆ । ਕਰ ਪ੍ਰਕਾਸ਼ ਨਿਰਮਲ ਜੋਤ, ਜੋਤੀ ਜੋਤ ਡਗਮਗਾਈਆ । ਪੈਂਡਾ ਰਹੇ ਨਾ ਚੌਦਾਂ ਲੋਕ, ਚੌਦਾਂ ਤਬਕ ਚਰਨਾਂ ਹੇਠ ਦਬਾਈਆ । ਆਤਮ ਪਰਮਾਤਮ ਦਾ ਇਕੋ ਹੋਵੇ ਸਲੋਕ, ਸੋਹਲਾ ਸਾਚਾ ਦੇਣਾ ਸਮਝਾਈਆ । ਸਚ ਦਵਾਰਿਉਂ ਸਕੇ ਕੋਈ ਨਾ ਰੋਕ, ਰੁਕਾਵਟ ਕਰੇ ਨਾ ਕੋਇ ਲੋਕਾਈਆ । ਜਿਸ ਦਵਾਰੇ ਵਿਸ਼ਨ ਬ੍ਰਹਮਾ ਸ਼ਿਵ ਮੰਗਦੇ ਕੋਟੀ ਕੋਟ, ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਰੱਖ ਕੇ ਬੈਠੇ ਓਟ, ਸਿਰ ਸਕੇ ਨਾ ਕੋਇ ਉਠਾਈਆ । ਤਿਸ ਦਵਾਰੇ ਦੀ ਅਬਿਨਾਸ਼ੀ ਕਰਤੇ ਦੇ ਮੌਜ, ਮਜਲਸ ਆਪਣੇ ਨਾਲ ਜਣਾਈਆ । ਜਿਥੇ ਬੁੱਧੀ ਦੀ ਰਹੇ ਕੋਈ ਨਾ ਸੋਚ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਵੇਦਾਂ ਦੀ ਸ਼ਾਸਤਰਾਂ ਦੀ ਕਰਨੀ ਪਏ ਨਾ ਖੋਜ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਨਿਰਗੁਣ ਨੂਰ ਹਾਜ਼ਰ ਹਜ਼ੂਰ ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਦਰਸ਼ਨ ਹੋਵੇ ਰੋਜ਼, ਰੋਜ਼ੇ ਨਿਮਾਜ਼ ਤੋਂ ਲੈਣਾ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦਾ ਸਾਚਾ ਬਖ਼ਸ਼ ਜੋਗ, ਜਾਗਰਤ ਜੋਤ ਕਰ ਰੁਸ਼ਨਾਈਆ । ਸਤਿ ਕਹੇ ਪ੍ਰਭ ਸਾਚਾ ਸਭ ਨੂੰ ਦੱਸ ਜੀਵਣ, ਜਨਮ ਜਨਮ ਦਾ ਲੇਖਾ ਦੇ ਮੁਕਾਈਆ । ਤੇਰੀ ਚਰਨ ਪ੍ਰੀਤੀ ਅੰਦਰ ਕਲਜੁਗ ਜੀਵ ਥੀਵਣ, ਨਮੋਂ ਨਮੋਂ ਕਹਿ ਕੇ ਸੀਸ ਝੁਕਾਈਆ । ਤੇਰਾ ਨਾਮ ਸੁਨੇਹੜਾ ਅੰਮ੍ਰਿਤ ਪੀਵਣ, ਅਗਨੀ ਅੱਗ ਦੇਣੀ ਬੁਝਾਈਆ । ਬਿਨ ਤੇਰੇ ਕਦਮਾਂ ਕਿਸੇ ਨਾ ਨੀਵਣ, ਪੁਰਖ ਅਕਾਲ ਤੇਰਾ ਇਕੋ ਇਸ਼ਟ ਮਨਾਈਆ । ਸਾਢੇ ਤਿੰਨ ਹੱਥ ਸਭ ਦੀ ਲੇਖੇ ਲਾ ਸੀਵਣ, ਰਸ ਅਗੰਮਾ ਦੇਣ ਚੁਆਈਆ । ਤੇਰਾ ਨਾਮ ਅਗੰਮਾ ਰਸ ਪੀਵਣ, ਤ੍ਰਿਸ਼ਨਾ ਦੇਣੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਸਚ ਦਵਾਰ ਸਤਿਜੁਗ ਸਾਚਾ ਦੇਣਾ ਵਖਾਈਆ ।

### ★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ ਬੀਬੀ ਸੇਵੀ ਦੇ ਗ੍ਰਿਹ ਪਿੰਡ ਠੱਟਾ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਸ੍ਰੀ ਭਗਵਾਨ ਧੁਰ ਦੇ ਸੂਰੇ, ਸਰਬ ਸ਼ਕਤੀਮਾਨ ਤੇਰੀ ਵਡਿਆਈਆ । ਚਰਨ ਪ੍ਰੀਤੀ ਬਖ਼ਸ਼ ਆਪਣੀ ਧੂੜੇ, ਧਰਮ ਦਵਾਰਾ ਇਕੋ ਦੇ ਵਖਾਈਆ । ਕਲਜੁਗ ਨਾਤਾ ਤੋੜ ਕਿਰਿਆ ਕੂੜੇ, ਜੂਠ ਝੂਠ ਡੇਰਾ ਢਾਹੀਆ । ਸੁਘੜ ਸੁਜਾਨ ਬਣਾ ਮੂਰਖ ਮੂੜ੍ਹੇ, ਮਨਮੁਖਾਂ ਗੁਰਮਤ ਦੇ ਸਮਝਾਈਆ । ਇਕੋ ਦਰਸ ਕਰਨਾ ਤੇਰਾ ਹਜ਼ੂਰੇ, ਹਾਜ਼ਰ ਹੋ ਕੇ ਲੈਣਾ ਜਗਾਈਆ । ਪੰਧ ਮੁਕਾ ਨੇਰਨ ਦੂਰੇ, ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਈਆ । ਰੰਗ ਚੜ੍ਹਾ ਆਪਣੇ ਗੂੜ੍ਹੇ, ਤਨ ਵਜੂਦ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ

ਦੇਣੀ ਸਰਨਾਈਆ । ਸਤਿ ਕਹੇ ਪ੍ਰਭ ਦੀਨ ਦਿਆਲ ਸਦਾ ਬਖਸ਼ਿੰਦੇ, ਰਹਿਮਤ ਆਪਣੀ ਦੇ ਕਮਾਈਆ । ਕਲਜੁਗ ਜੀਵ ਅਪਰਾਧੀ ਗੰਦੇ, ਦੁਰਾਚਾਰਾਂ ਕਰ ਸਫ਼ਾਈਆ । ਨੇਤਰਹੀਣ ਸੰਸਾਰੀ ਅੰਧੇ, ਨਿਜ ਨੈਣ ਤੇਰਾ ਦਰਸ ਕੋਇ ਨਾ ਪਾਈਆ । ਮਾਇਆ ਮਮਤਾ ਮੋਹ ਵਿਕਾਰ ਤੋੜ ਫੰਦੇ, ਫਾਸੀ ਜਮ ਦੀ ਦੇ ਕਟਾਈਆ । ਵਿਛੋੜੇ ਵਿਚ ਹੋਏ ਮੰਦੇ, ਚੰਗਿਆਈ ਹੱਥ ਕਿਸੇ ਨਾ ਆਈਆ । ਬਿਨ ਓਢਣ ਸੀਸ ਫਿਰਨ ਨੰਗੇ, ਸਿਰ ਹੱਥ ਨਾ ਕੋਇ ਟਿਕਾਈਆ । ਜਗਤ ਇਸ਼ਨਾਨ ਕਰਨ ਤੀਰਥ ਤਟ ਗੰਗੇ, ਅੰਮ੍ਰਿਤ ਸਰੋਵਰ ਨਾ ਕੋਇ ਨੁਹਾਈਆ । ਸਾਚੀ ਵਸਤ ਮਿਲੇ ਨਾ ਨਾਮ ਮੰਗੇ, ਕਿਰਪਾ ਕਰ ਕੇ ਝੋਲੀ ਦੇਣੀ ਭਰਾਈਆ । ਆਤਮ ਪਰਮਾਤਮ ਬਣ ਸੰਗੇ, ਅਬਿਨਾਸ਼ੀ ਕਰਤੇ ਸਗਲਾ ਸੰਗ ਬਣਾਈਆ । ਗੜ੍ਹ ਤੋੜ ਹਉਮੇ ਹੰਕਾਰੀ ਹੰਗੇ, ਹੰਗਤਾ ਅੰਦਰੋਂ ਦੇਣੀ ਕਢਾਈਆ । ਪਰਮਾਨੰਦ ਸੁਖ ਸਾਗਰ ਦੇ ਅਨੰਦੇ, ਨਿਜਾਨੰਦ ਕਰ ਰਸਾਈਆ । ਮਨ ਵਾਸਨਾ ਝਗੜੇ ਰਹਿਣ ਨਾ ਦੰਗੇ, ਦਗ਼ੇ ਫਰੇਬ ਤੋਂ ਲੈਣਾ ਬਚਾਈਆ । ਬਿਨ ਤੇਰੀ ਕਿਰਪਾ ਅਬਿਨਾਸ਼ੀ ਕਰਤੇ ਟੁੱਟੀ ਕੋਈ ਨਾ ਗੰਢੇ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਦੋ ਜਹਾਨਾਂ ਪਾਰ ਕੋਈ ਨਾ ਲੰਘੇ, ਮੰਜ਼ਲ ਹਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਵਾਰਾ ਦੇਣਾ ਵਖਾਈਆ । ਸਤਿ ਕਹੇ ਪ੍ਰਭ ਸੁਣ ਦੁਨੀ ਫ਼ਰਿਆਦ, ਦੀਨ ਦੇਣ ਦੁਹਾਈਆ । ਤੇਰਾ ਖੇਲ ਸਦਾ ਜੁਗਾਦਿ, ਆਦਿ ਅੰਤ ਤੇਰੇ ਹੱਥ ਵਡਿਆਈਆ । ਫਿਰੀ ਦਰੋਹੀ ਵਿਚ ਬ੍ਰਹਿਮਾਦ, ਬ੍ਰਹਿਮੰਡ ਵਰਭੰਡ ਰਿਹਾ ਕੁਰਲਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਸਾਧ, ਸਵਾਦ ਨਾਮ ਰਸ ਨਾ ਕੋਇ ਚਖਾਈਆ । ਕਾਇਆ ਖੇੜਾ ਸਭ ਦਾ ਹੁੰਦਾ ਦਿਸੇ ਬਰਬਾਦ, ਨਾਮ ਫੁਲਵਾੜੀ ਸਚ ਨਾ ਕੋਇ ਮਹਿਕਾਈਆ । ਸੁਰਤੀ ਸੁਰਤ ਨਾ ਖੁਲ੍ਹੀ ਜਾਗ, ਸਵਾਣੀ ਅੱਖ ਨਾ ਕੋਇ ਬਦਲਾਈਆ । ਕਲਜੁਗ ਜੀਵ ਹੰਸ ਹੋਏ ਕਾਗ, ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਤੇਰਾ ਅਨੁਭਵ ਖੇਲ ਸਮਝੇ ਨਾ ਕੋਇ ਦਿਮਾਗ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਬਿਨ ਤੇਰੀ ਕਿਰਪਾ ਸਭ ਦਾ ਬੁਝਦਾ ਜਾਏ ਚਿਰਾਗ਼, ਪਰਕਾਸ਼ ਸਚ ਨਾ ਕੋਇ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕੂੜੀ ਕਿਰਿਆ ਬਦਲ ਦੇ ਰਿਵਾਜ, ਸਤਿਜੁਗ ਸਾਚਾ ਮਾਤ ਟਿਕਾਈਆ । ਦੋ ਜਹਾਨਾਂ ਜਗਦੀਸ ਇਕੋ ਤੇਰੇ ਸੀਸ ਸੋਹੇ ਤਾਜ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਇਕੋ ਨਜ਼ਰੀ ਆਈਆ । ਹਰਿ ਸੰਤ ਸੁਹੇਲੇ ਗੁਰਮੁਖ ਗੁਰਸਿਖ ਤੇਰੀ ਚਰਨੀ ਜਾਵਣ ਲਾਗ, ਮਨ ਮਮਤਾ ਮੋਹ ਮਿਟਾਈਆ । ਸਾਚੇ ਪ੍ਰੇਮ ਦਾ ਬਖ਼ਸ਼ ਵੈਰਾਗ, ਵੈਰੀ ਅੰਦਰੋਂ ਦੇ ਕਢਾਈਆ । ਗੁਰਮੁਖਾਂ ਹੋਵਣ ਵਡ ਵਡਭਾਗ, ਭਾਗ ਆਪਣਾ ਝੋਲੀ ਦੇ ਭਰਾਈਆ । ਤੇਰੇ ਨਾਮ ਦਾ ਸੁਣਨ ਅਗੰਮੀ ਨਾਦ, ਧੁਨ ਆਤਮਕ ਖ਼ੁਸ਼ੀ ਮਨਾਈਆ । ਲੇਖਾ ਰਹੇ ਨਾ ਸਵਾਲ ਜਵਾਬ, ਝਗੜਾ ਮੁਕੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਖੇੜਾ ਕਰ ਆਬਾਦ, ਬਰਬਾਦ ਦਿਸੇ ਜਗਤ ਲੋਕਾਈਆ ।



★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ ਇੰਦਰ ਕੌਰ ਦੇ ਗ੍ਰਹਿ ਪਿੰਡ ਬੋੜੂ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਪ੍ਰਭ ਦੇ ਵਸਤ ਅਪਾਰ, ਅਪਰੰਪਰ ਸਵਾਮੀ ਆਪਣੀ ਦਇਆ ਕਮਾਈਆ । ਸਤਿਜੁਗ ਵਰਤੇ ਵਿਚ ਸੰਸਾਰ, ਸੰਸਾਰੀ ਭੰਡਾਰੀ

ਖ਼ੁਸ਼ੀਆਂ ਨਾਲ ਸੇਵ ਕਮਾਈਆ । ਕੂੜੀ ਕਿਰਿਆ ਰਹੇ ਨਾ ਕੋਇ ਵਿਭਚਾਰ, ਦੁਰਾਚਾਰ ਦੇਣਾ ਖਪਾਈਆ । ਹਰ ਹਿਰਦੇ ਅੰਦਰ ਤੇਰੇ ਨਾਮ ਦਾ ਹੋਵੇ ਜੈਕਾਰ, ਧੁਰ ਦਾ ਢੋਲਾ ਸ਼ਬਦ ਗਾਈਆ । ਚਾਰ ਵਰਨ ਅਠਾਰਾਂ ਬਰਨ ਬਖ਼ਸ਼ ਇਕ ਅਧਾਰ, ਟੇਕ ਇਕ ਜਣਾਈਆ । ਮਨ ਵਾਸਨਾ ਜਗਤ ਕਰੇ ਨਾ ਕੋਇ ਖੁਆਰ, ਦੁਸ਼ਵਾਰ ਮੰਜ਼ਲ ਦੇ ਕਟਾਈਆ । ਗ੍ਰਿਹਿ ਗ੍ਰਿਹਿ ਨਜ਼ਰੀ ਆਏ ਨਿਰੰਕਾਰ, ਨਿਰਗੁਣ ਕਰ ਰੁਸ਼ਨਾਈਆ । ਖ਼ਾਲੀ ਭਰ ਭੰਡਾਰ, ਅਤੋਟ ਅਤੁਟ ਵਰਤਾਈਆ । ਗੁਰਮੁਖ ਵਿਛੋੜੇ ਅੰਦਰ ਰੋਵੇ ਨਾ ਕੋਇ ਜ਼ਾਰੋ ਜ਼ਾਰ, ਨੇਤਰ ਨੀਰ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿ ਕਹੇ ਪ੍ਰਭ ਸਤਿ ਧਰਮ ਦੀ ਦੇ ਦੇ ਦਾਤ, ਦਾਤਾ ਇਕੋ ਨਜ਼ਰੀ ਆਈਆ । ਜਨ ਭਗਤਾਂ ਪੂਰੀ ਕਰ ਖਾਹਿਸ਼, ਖਾਲਸ ਆਪਣਾ ਰੰਗ ਚੜ੍ਹਾਈਆ । ਜੁਗ ਚੌਕੜੀ ਜਿਸ ਦੀ ਕਰਦੇ ਰਹੇ ਤਲਾਸ਼, ਉਚੇ ਟਿੱਲੇ ਪਰਬਤ ਖੋਜ ਖੁਜਾਈਆ । ਮੰਜ਼ਲ ਮੰਡਲ ਮੰਡਪ ਪਾਉਂਦੇ ਰਹੇ ਰਾਸ, ਗੋਪੀ ਕਾਹਨ ਵੇਸ ਵਟਾਈਆ । ਸਚ ਜੋਤ ਦਾ ਦੇ ਪ੍ਰਕਾਸ਼, ਨਿਰਗੁਣ ਨੂਰ ਕਰ ਰੁਸ਼ਨਾਈਆ । ਆਸਾ ਮਨਸਾ ਪੂਰੀ ਕਰ ਆਸ, ਤ੍ਰਿਸ਼ਨਾ ਜਗਤ ਵਾਲੀ ਬੁਝਾਈਆ । ਸਚ ਦਵਾਰੇ ਕਰ ਨਿਵਾਸ, ਅਸਥਾਨ ਭੂਮਿਕਾ ਇਕ ਵਡਿਆਈਆ । ਜੁਗ ਚੌਕੜੀ ਤੇਰਾ ਤਮਾਸ਼, ਬੇਅੰਤ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ ਮਾਣ ਵਡਿਆਈਆ । ਸਤਿ ਕਹੇ ਪ੍ਰਭ ਕਿਰਪਾ ਕਰ ਦੀਨ ਦਿਆਲ, ਦਇਆ ਨਿਧ ਤੇਰੇ ਹੱਥ ਵਡਿਆਈਆ । ਜਨ ਭਗਤ ਸੁਹੇਲੇ ਵੇਖ ਆਪਣੇ ਲਾਲ, ਗੁਰਮੁਖ ਆਪਣੀ ਗੋਦ ਉਠਾਈਆ । ਫਲ ਲਗਾ ਸੁੱਕੇ ਕਾਸ਼ਟ ਡਾਲ, ਰਸ ਆਪਣਾ ਨਾਮ ਚੁਆਈਆ । ਤੇਰੇ ਪ੍ਰੇਮ ਦੀ ਜੋ ਘਾਲਣ ਰਹੇ ਘਾਲ, ਕੀਤੀ ਘਾਲ ਲੇਖੇ ਲਾਈਆ । ਜੀਵਣ ਦਾ ਮਾਰਗ ਦੱਸ ਸੁਖਾਲ, ਸਾਚੀ ਮੰਜ਼ਲ ਦੇਣਾ ਚੜ੍ਹਾਈਆ । ਜਿਥੇ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਤ੍ਰੈਗੁਣ ਰਹੇ ਨਾ ਕੋਇ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਦਵਾਰ ਵਖਾ ਇਕੋ ਧਰਮਸਾਲ, ਪੜਦਾ ਓਹਲਾ ਆਪ ਉਠਾਈਆ । ਝਗੜਾ ਰਹੇ ਨਾ ਸ਼ਾਹ ਕੰਗਾਲ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਦਰ ਇਕੋ ਸੋਭਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰਾ ਦੇਂਦੇ ਗਏ ਅਹਿਵਾਲ, ਰਾਗਾਂ ਨਾਦਾਂ ਸੋਹਲਿਆ ਢੋਲਿਆਂ ਵਿਚ ਤੇਰਾ ਨਾਮ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿ ਸਤਿਵਾਦੀ ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਸਤ ਅਮੋਲਕ ਧੁਰ ਦੀ ਦੇਣੀ ਵਰਤਾਈਆ । ਸਤਿ ਕਹੇ ਪ੍ਰਭ ਵਸਤ ਅਮੋਲਕ ਦੇ ਭੰਡਾਰ, ਵਰਭੰਡ ਮਿਲੇ ਵਡਿਆਈਆ । ਤੂੰ ਆਦਿ ਜੁਗਾਦਿ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਅਖਵਾਈਆ । ਤੇਰੇ ਦਰ ਤੇ ਮੰਗਦੇ ਗਏ ਬਣ ਭਿਖਾਰ, ਗੁਰੂ ਅਵਤਾਰ ਝੋਲੀਆਂ ਡਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਚਰਨ ਧੂੜੀ ਮਸਤਕ ਟਿੱਕਾ ਖ਼ਾਕ ਰਮਾਈਆ । ਤੂੰ ਅੰਤਰਜਾਮੀ ਪੁਰਖ ਬਿਧਾਤਾ ਵੇਖਣਹਾਰ, ਵੇਖੇਂ ਵਿਗਸੇਂ ਥਾਉਂ ਥਾਈਆ । ਕਲਜੁਗ ਅੰਤ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਲੋਕਮਾਤ ਲਾ ਨਿਸ਼ਾਨ, ਨਿਸ਼ਾਨੇ ਪਿਛਲੇ ਦੇ ਬਦਲਾਈਆ । ਤੂੰ ਦੇਵਣਹਾਰਾ ਦਾਤਾ ਇਕ ਸ੍ਰੀ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਕਾਗਤ ਕਲਮ ਸ਼ਾਹੀ ਤੇਰਾ ਦੇ ਨਾ ਸਕੇ ਬਿਆਨ, ਬੇਅੰਤ ਕਹਿ ਕੇ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ

ਦਵਾਰੇ ਦੇਣਾ ਵਰ, ਦਰ ਖ਼ਾਲੀ ਦੇਣਾ ਭਰਾਈਆ । ਸਤਿ ਕਹੇ ਪ੍ਰਭ ਬਖ਼ਸ਼ ਦੇ ਆਪਣੀ ਦਾਤ, ਦਾਨੀ ਹੋ ਕੇ ਝੋਲੀ ਪਾਈਆ । ਦੁੱਖਾਂ ਵਾਲੀ ਮੇਟ ਅੰਧੇਰੀ ਰਾਤ, ਸੁਖਾਂ ਵਾਲਾ ਸਾਚਾ ਚੰਦ ਚਮਕਾਈਆ । ਜਨ ਭਗਤਾਂ ਸਦਾ ਰਹੇ ਪ੍ਰਭਾਤ, ਇਕੋ ਰੰਗ ਦੇਣਾ ਕਰਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਨਾਤਾ ਇਕੋ ਦੇਣਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਸਾਚਾ ਢੋਲਾ ਦੇਣਾ ਦ੍ਰਿੜਾਈਆ । ਮਿਹਰਵਾਨ ਪੁਰਖ ਸਮਰਾਥ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਅਗੰਮੀ ਵਰ, ਵਾਰਸ ਹੋ ਕੇ ਵੇਖ ਵਖਾਈਆ । ਸਤਿ ਕਹੇ ਪ੍ਰਭ ਤੂੰ ਕਰਨੀ ਦਾ ਕਰਤਾ, ਕੁਦਰਤ ਦਾ ਮਾਲਕ ਨਜ਼ਰੀ ਆਈਆ । ਦੁੱਖ ਰੋਗ ਜਨਮ ਕਰਮਾਂ ਹਰਤਾ, ਹਰਸ ਹਵਸ ਦੇ ਮਿਟਾਈਆ । ਗ਼ਰੀਬ ਨਿਮਾਣਿਆਂ ਵੰਡ ਦਰਦਾ, ਦੁਖੀਆਂ ਦੁੱਖ ਦੇ ਚੁਕਾਈਆ । ਜੁਗ ਜਨਮ ਦੀਆਂ ਫੋਲ ਫਰਦਾਂ, ਕਰਮ ਕਰਮ ਦਾ ਡੇਰਾ ਢਾਈਆ । ਪੁੱਠੀਆਂ ਸਿੱਧੀਆਂ ਕਰ ਨਰਦਾਂ, ਨਰ ਨਰਾਇਣ ਬੇਪਰਵਾਹੀਆ । ਜਨ ਭਗਤ ਸੁਹੇਲੇ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਦਰ ਠਾਂਡੇ ਕਰਦੇ ਅਰਜ਼ਾਂ, ਆਜਿਜ਼ ਹੋ ਕੇ ਸੀਸ ਝੁਕਾਈਆ । ਮਕਰੂਜ਼ ਹੋ ਕੇ ਚੁਕਾ ਉਨ੍ਹਾਂ ਦਾ ਕਰਜ਼ਾ, ਲਹਿਣਾ ਦੇਣਾ ਪਿਛਲਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਸਤਿ ਕਹੇ ਪ੍ਰਭ ਤੁਧ ਬਿਨ ਕਰੇ ਨਾ ਕੋਈ ਕਿਰਪਾ, ਕਿਰਪਨ ਦੇਵੇ ਨਾ ਕੋਇ ਵਡਿਆਈਆ । ਲੋਕਮਾਤ ਕਟ ਬਿਪਤਾ, (ਬੇਪਰੀਤੀ) ਲੇਖਾ ਦੇਣਾ ਚੁਕਾਈਆ । ਭਾਗ ਬਣਾ ਗੁਰਸਿਖ ਸਾਚੇ ਸਿੱਖ ਦਾ, ਸਿਖਿਆ ਇਕੋ ਦੇਣੀ ਦ੍ਰਿੜਾਈਆ । ਜਿਸ ਦਾ ਲੇਖਾ ਕੋਈ ਨਾ ਲਿਖਦਾ, ਉਹ ਲੇਖ ਦੇਣਾ ਪ੍ਰਗਟਾਈਆ । ਪ੍ਰੇਮ ਪਿਆਰ ਬਖ਼ਸ਼ ਸਦਾ ਨਿਤ ਦਾ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਝਗੜਾ ਰਹੇ ਨਾ ਮਨੂਏ ਚਿਤ ਦਾ, ਠਗੋਰੀ ਠੱਗ ਨਾ ਕੋਇ ਕਰਾਈਆ । ਨਾਤਾ ਜੋੜ ਆਪਣੇ ਹਿਤ ਦਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਜਨ ਭਗਤ ਤੇਰੀ ਕਿਰਪਾ ਨਾਲ ਜਗਤ ਜਹਾਨ ਯਿਤਦਾ, ਸਤਿ ਸੰਤੋਖ ਧੀਰਜ ਧਰਮ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਦੇਵੇ ਜਿਸ ਜਿਸ ਦਾ, ਗ੍ਰਿਹਿ ਮੰਦਰ ਅੰਦਰ ਕਾਇਆ ਝੋਲੀ ਦਏ ਭਰਾਈਆ ।

★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਿਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਪ੍ਰਭ ਜਨ ਭਗਤਾਂ ਦੇ ਗਿਆਨ, ਅਗਿਆਨ ਅੰਤਰ ਰਹਿਣ ਨਾ ਪਾਈਆ । ਦਿਵਸ ਰੈਣ ਇਕੋ ਬਖ਼ਸ਼ ਧਿਆਨ, ਪ੍ਰੇਮ ਪ੍ਰੀਤੀ ਚਰਨ ਕਵਲ ਸਰਨਾਈਆ । ਨਿਰਗੁਣ ਤੇਰਾ ਢੋਲਾ ਗਾਣ, ਆਤਮ ਪਰਮਾਤਮ ਰਾਗ ਅਲਾਈਆ । ਸਾਚੀ ਧੂੜ ਕਰਨ ਇਸ਼ਨਾਨ, ਦੁਰਮਤ ਮੈਲ ਧਵਾਈਆ । ਪੁਰਖ ਅਬਿਨਾਸ਼ੀ ਤੱਕਣ ਇਕੋ ਕਾਹਨ, ਦੋ ਜਹਾਨਾਂ ਵਾਲੀ ਨਜ਼ਰੀ ਆਈਆ । ਸਚਖੰਡ ਦਵਾਰਾ ਬਖ਼ਸ਼ ਹਕ ਅਸਥਾਨ, ਭੂਮਿਕਾ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਕਹੇ ਪ੍ਰਭ ਜਨ ਭਗਤਾਂ ਦੱਸ ਭੇਤ, ਭਾਵਨਾ ਸਭ ਦੀ ਪੂਰ ਕਰਾਈਆ । ਕੂੜੀ ਕਿਰਿਆ ਕਰ ਖੇਤ, ਖੰਡਾ ਖੜਗ ਨਾਮ ਚਮਕਾਈਆ । ਚਰਨ ਪ੍ਰੀਤੀ ਬਖ਼ਸ਼ ਹੇਤ, ਧੂੜੀ

ਟਿੱਕੇ ਖ਼ਾਕ ਰਮਾਈਆ । ਦਰਸ਼ਨ ਦੇ ਨੇਤਨ ਨੇਤ, ਨਿਜ ਲੋਚਨ ਕਰ ਰੁਸ਼ਨਾਈਆ । ਸਚ ਦਵਾਰਾ ਲੈਣ ਪੇਖ, ਪੇਖਤ ਪੇਖਤ ਵੱਜੇ ਵਧਾਈਆ । ਸਚਖੰਡ ਦਵਾਰੇ ਵਸਣ ਅਗੰਮੇ ਦੇਸ, ਨਿਰਗੁਣ ਨਿਰਗੁਣ ਵਿਚ ਸਮਾਈਆ । ਸਾਚਾ ਮੰਤਰ ਨਿਰੰਤਰ ਦੱਸ ਸੰਦੇਸ਼, ਅੰਤਰ ਕਰ ਪੜ੍ਹਾਈਆ । ਦ੍ਰਿਸ਼ਟੀ ਨਾਲ ਬਦਲ ਦੇ ਲੇਖ, ਸ੍ਰਿਸ਼ਟੀ ਵਿਚੋਂ ਬਾਹਰ ਕਢਾਈਆ । ਤੂੰ ਆਦਿ ਜੁਗਾਦੀ ਏਕੰਕਾਰਾ ਏਕ, ਇਕ ਇਕੱਲਾ ਸੋਭਾ ਪਾਈਆ । ਜਨ ਭਗਤਾਂ ਰੱਖੀ ਤੇਰੀ ਟੇਕ, ਸਹਾਰਾ ਅਵਰ ਨਾ ਕੋਇ ਬਣਾਈਆ । ਸੂਰਬੀਰ ਸੁਲਤਾਨ ਹੋ ਕੇ ਵੇਖ, ਪੜਦਾ ਓਹਲਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਈਆ । ਸਤਿ ਕਹੇ ਬਖ਼ਸ਼ ਦੇ ਸਾਚਾ ਨੂਰ, ਅੰਧ ਅੰਧੇਰ ਮਿਟਾਈਆ । ਜਨ ਭਗਤ ਸੁਹੇਲੇ ਤੇਰੇ ਮਜ਼ਦੂਰ, ਨਾਮ ਚਾਕਰੀ ਸੇਵ ਕਮਾਈਆ । ਮਨ ਵਾਸਨਾ ਕੂੜੀ ਕਿਰਿਆ ਕਰ ਦੂਰ, ਦਰਦੀ ਹੋ ਕੇ ਦਰਦ ਵੰਡਾਈਆ । ਦਰਸ ਦੇ ਹਾਜ਼ਰ ਹਜ਼ੂਰ, ਹਰ ਘਟ ਬੈਠਾ ਨਜ਼ਰੀ ਆਈਆ । ਤੇਰਾ ਮੇਲਾ ਹੋਵੇ ਜ਼ਰੂਰ, ਜਾਹਰ ਹੋ ਕੇ ਪੜਦਾ ਦੇਣਾ ਉਠਾਈਆ । ਤਨ ਰਹੇ ਨਾ ਕੋਇ ਗ਼ਰੂਰ, ਗ਼ੁਰਬਤ ਦੇਣੀ ਗਵਾਈਆ । ਹੰਗਤਾ ਗੜ੍ਹ ਕਰ ਕੇ ਚੂਰੋ ਚੂਰ, ਚਰਨ ਕਵਲ ਬਖ਼ਸ਼ ਸਰਨਾਈਆ । ਆਸਾ ਮਨਸਾ ਸਭ ਦੀ ਪੂਰ, ਤ੍ਰਿਸ਼ਨਾ ਵਿਚ ਨਾ ਕੋਇ ਭਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਹਾਜ਼ਰ ਹਾਜ਼ੂਰ, ਹਰਿ ਮੰਦਰ ਜਨ ਭਗਤਾਂ ਦੇਣਾ ਸੁਹਾਈਆ ।



★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਦੇ ਗ੍ਰਿਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਪ੍ਰਭ ਅੰਮ੍ਰਿਤ ਬਰਖ ਮੇਘ, ਮੇਘਲਾ ਧਾਰ ਵਹਾਈਆ । ਜਨ ਭਗਤਾਂ ਬਦਲ ਰੇਖ, ਰਿਖੀ ਮੁਨੀ ਵੇਖਣ ਚਾਈਂ ਚਾਈਂਆ । ਸਚਖੰਡ ਦਵਾਰਾ ਵਖਾ ਆਪਣਾ ਦੇਸ, ਸਾਂਝ ਜਗਤ ਨਾਲੋਂ ਤੁੜਾਈਆ । ਜਿਸ ਗ੍ਰਿਹਿ ਇਕੋ ਰੰਗ ਰਹੇ ਸਦਾ ਏਕ, ਦੂਜਾ ਰੂਪ ਨਾ ਕੋਇ ਬਦਲਾਈਆ । ਠਾਕਰ ਹੋ ਕੇ ਦੱਸ ਭੇਤ, ਪੜਦਾ ਓਹਲਾ ਦੇ ਚੁਕਾਈਆ । ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗ੍ਰਿਹਿ ਇਕ ਜਣਾਈਆ । ਸਾਚਾ ਘਰ ਦੱਸ ਪ੍ਰਭ ਆਪ, ਸਚਖੰਡ ਦਵਾਰਾ ਦੇ ਜਣਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਇਕੋ ਹੋਵੇ ਧੁਰ ਦਾ ਜਾਪ, ਦੂਜੀ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਤੇਰਾ ਦੇਵੇ ਸਾਥ, ਸਗਲਾ ਸੰਗ ਬਣਾਈਆ । ਧੁਰ ਦਾ ਲੇਖਾ ਲੇਖੇ ਕਰ ਰਾਸ, ਰਸਤਾ ਆਪਣਾ ਇਕ ਜਣਾਈਆ । ਜਗਤ ਵਾਸਨਾ ਰਹੇ ਨਾ ਕੋਇ ਉਦਾਸ, ਗੁਰਮੁਖ ਗੁਰ ਗੁਰ ਬੂਝ ਬੁਝਾਈਆ । ਪਵਣ ਸਵਾਸੀ ਪਵਿਤ੍ਰ ਕਰੇ ਸਾਸ, ਸਾਹ ਸਾਹ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਵਖਾਈਆ । ਸਤਿ ਕਹੇ ਪ੍ਰਭ ਤੇਰਾ ਮਾਰਗ ਦਿਸੇ ਇਕ, ਏਕੰਕਾਰ ਨਜ਼ਰੀ ਆਈਆ । ਮਨੂਆ ਦਹਿ ਦਿਸ਼ ਜਾਣੋ ਜਾਏ ਟਿਕ, ਉਠ ਉਠ ਭੱਜੇ ਨਾ ਵਾਹੋ ਦਾਹੀਆ । ਬਿਨ ਕਲਮ ਸ਼ਾਹੀ ਲੇਖਾ ਦੇ ਲਿਖ, ਭਵਿਸ਼ ਆਪਣੇ ਨਾਲ ਮਿਲਾਈਆ । ਜਨਮ ਜਨਮ ਦੇ ਵਿਛੜੇ ਮੇਲ ਸਿੱਖ, ਸਿਖਿਆ ਸਾਚੀ ਇਕ ਸੁਣਾਈਆ । ਕਲਜੁਗ ਕੂੜੀ ਕਿਰਿਆ ਲਹਿਣਾ ਦੇਣਾ ਦੇ ਨਜਿੱਠ, ਨਿਰਗੁਣ ਹੋ ਕੇ ਵੇਖ ਵਖਾਈਆ । ਕਰਵਟ ਲੈ ਬਦਲ ਦੇ ਪਿਠ,

ਸਨਮੁਖ ਹੋ ਕੇ ਸੋਭਾ ਪਾਈਆ । ਭਗਤਾਂ ਮੀਤ ਮੁਰਾਰਾ ਬਣ ਮਿਤ, ਸੱਜਣ ਇਕੋ ਨਜ਼ਰੀ ਆਈਆ । ਤੇਰਾ ਦਰਸ਼ਨ ਕਰਨ ਨਿਤ, ਨਿਜ ਨੇਤਰ ਕਰ ਰੁਸ਼ਨਾਈਆ । ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਵੜ ਵਿਚ, ਵਿਚਲਾ ਪੜਦਾ ਦੇ ਚੁਕਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਧੁਰ ਦੇ ਮਾਲਕ ਸਾਂਝੇ ਪਿਤ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਚ ਕਹੇ ਪ੍ਰਭ ਜਨ ਭਗਤਾਂ ਦੇ ਸਤਿ, ਸਤਿ ਸਤਿਵਾਦੀ ਹੋ ਕੇ ਵੇਖ ਵਖਾਈਆ । ਘਰ ਘਰ ਉਪਜੇ ਬ੍ਰਹਮ ਮਤ, ਮਨ ਮਤ ਨਾ ਕੋਇ ਲੜਾਈਆ । ਤੇਰਾ ਨਾਉਂ ਨਿਰੰਕਾਰਾ ਲੈਣ ਜਪ, ਦੂਜਾ ਰਸ ਨਾ ਕੋਇ ਵਖਾਈਆ । ਤੇਰੇ ਮਿਲਣ ਦੀ ਖੋਲ੍ਹ ਕੇ ਅੱਖ, ਆਖ਼ਰ ਤੇਰਾ ਦਰਸ਼ਨ ਪਾਈਆ । ਦਰ ਠਾਂਡੇ ਹੋਵੇ ਜਸ, ਸਿਫਤ ਸਾਲਾਹੀ ਢੋਲੇ ਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਹੋਵੇ ਵਸ, ਵਸਲ ਯਾਰ ਇਕੋ ਨੂਰ ਖ਼ੁਦਾਈਆ । ਭਗਤ ਭਗਵਾਨ ਦਾ ਸਾਂਝਾ ਹੋਵੇ ਹਕ, ਹਕੀਕਤ ਵਿਚੋਂ ਲਾਸ਼ਰੀਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਵਸਤ ਅਮੋਲਕ ਦੇ ਦੇ ਵਥ, ਨਾਮ ਭੰਡਾਰਾ ਆਪ ਵਰਤਾਈਆ ।

★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ★



ਸਤਿ ਕਹੇ ਪ੍ਰਭ ਭਾਗ ਲਗਾ ਕਾਇਆ ਖੇੜਾ, ਗੁਰਮੁਖ ਕਾਇਆ ਮੰਦਰ ਅੰਦਰ ਵੱਜੇ ਵਧਾਈਆ । ਜਗਤ ਵਾਸਨਾ ਕੂੜੀ ਕਿਰਿਆ ਰਹੇ ਨਾ ਝੇੜਾ, ਸਤਿ ਸਤਿ ਰਾਗ ਅਲਾਈਆ । ਆਵਣ ਜਾਵਣ ਕਟ ਲੱਖ ਚੁਰਾਸੀ ਗੇੜਾ, ਜਨਮ ਜਨਮ ਨਾ ਕੋਇ ਭਵਾਈਆ । ਨਾਤਾ ਜੋੜ ਤੂੰ ਮੇਰਾ ਮੈਂ ਤੇਰਾ, ਆਤਮ ਪਰਮਾਤਮ ਸੰਗ ਬਣਾਈਆ । ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨ ਖੁਲ੍ਹਾ ਰੱਖ ਵਿਹੜਾ, ਸਾਚੀ ਮੰਜ਼ਲ ਆਪਣਾ ਘਰ ਵਖਾਈਆ । ਮਾਇਆ ਮਮਤਾ ਮੋਹ ਰਹੇ ਨਾ ਕੋਇ ਅੰਧੇਰਾ, ਸਚ ਗਿਆਨ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਝੋਲੀ ਡਾਹੀਆ । ਸਤਿ ਕਹੇ ਪ੍ਰਭ ਭਗਤਾਂ ਕਰ ਬਿਬੇਕ ਬੁੱਧੀ, ਮਨ ਮਤ ਰਹੇ ਨਾ ਰਾਈਆ । ਅੰਤਰ ਅੰਤਸ਼ਕਰਨ ਹੋਵੇ ਸ਼ੁੱਧੀ, ਕੂੜ ਵਿਕਾਰ ਦੇਣਾ ਚੁਕਾਈਆ । ਸ਼ਬਦੀ ਰਮਜ਼ ਲਗਾ ਗੁੱਝੀ, ਅਨੁਭਵ ਆਪਣਾ ਭੇਵ ਖੁਲ੍ਹਾਈਆ । ਕੂੜੀ ਕਿਰਿਆ ਔਧ ਜਾਏ ਮੁਕੀ, ਮਿਹਰਵਾਨ ਹੋ ਸਹਾਈਆ । ਗੁਰਮੁਖ ਰਹੇ ਕੋਇ ਨਾ ਦੁੱਖੀ, ਵਿਛੋੜਾ ਜਨਮ ਕਰਮ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਜਲ ਕਰ ਕੇ ਮਾਤ ਮੁਖੀ, ਮੁਫ਼ਤ ਆਪਣੇ ਨਾਮ ਰੰਗਣ ਦੇਣਾ ਰੰਗਾਈਆ । ਸਤਿ ਕਹੇ ਪ੍ਰਭੂ ਸਾਚੀ ਦੇ ਦੇ ਸਿਖਿਆ, ਹੁਕਮ ਇਕੋ ਇਕ ਜਣਾਈਆ । ਤੇਰੇ ਨਾਮ ਦੀ ਪਵੇ ਭਿਛਿਆ, ਖ਼ਾਲੀ ਝੋਲੀ ਦੇ ਭਰਾਈਆ । ਭਗਤਾਂ ਪੂਰੀ ਕਰ ਇਛਿਆ, ਨਿਜ ਤੇਰਾ ਦਰਸ਼ਨ ਪਾਈਆ । ਮਾਣ ਦਵਾ ਵੱਡਿਆਂ ਨਿੱਕਿਆਂ, ਬਿਰਧ ਬਾਲਾਂ ਰੰਗ ਚੜ੍ਹਾਈਆ । ਜੋ ਤੇਰੇ ਦਰ ਦਵਾਰੇ ਵਿਕਿਆ, ਕਰਤੇ ਕੀਮਤ ਲੈਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦੱਸ ਮਿਥਿਆ, ਸਚਖੰਡ ਦਵਾਰਾ ਇਕੋ ਇਕ ਦੇਣਾ ਸਮਝਾਈਆ ।

★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ ਸੁਰਜਨ ਸਿੰਘ ਦੇ ਗ੍ਰਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਪ੍ਰਭ ਸਾਚੇ ਪ੍ਰੇਮ ਦੀ ਦੇ ਦਾਦ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਪ ਟਿਕਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਤੇਰਾ ਨਾਮ ਲਏ ਅਰਾਧ, ਦੂਸਰ ਵੰਡ ਨਾ ਕੋਇ ਵੰਡਾਈਆ । ਸਾਚੀ ਮੰਜ਼ਲ ਵੇਖ ਆਪਣੇ ਗੁਰਮੁਖ ਸੱਚੇ ਸਾਧ, ਸੰਤ ਸੁਹੇਲੇ ਮੇਲ ਮਿਲਾਈਆ । ਧੁਨ ਆਤਮਕ ਸੁਣਾ ਅਗੰਮਾ ਰਾਗ, ਸ਼ਬਦੀ ਸ਼ਬਦੀ ਤਾਲ ਵਜਾਈਆ । ਬਿਨ ਰਸਨਾ ਜਿਹਵਾ ਬਖ਼ਸ਼ ਆਪ ਸਵਾਦ, ਅੰਮ੍ਰਿਤ ਧੁਰ ਦਾ ਜਾਮ ਆਪ ਪਿਆਈਆ । ਕੂੜੀ ਕਿਰਿਆ ਰਹੇ ਨਾ ਵਾਦ ਵਿਵਾਦ, ਵਿਖ ਅੰਦਰੋਂ ਦੇਣੀ ਕਢਾਈਆ । ਸੋਈ ਸੁਰਤੀ ਦੀਨ ਦੁਨੀ ਜਾਏ ਜਾਗ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਹਰ ਹਿਰਦੇ ਆਵੇ ਆਵਾਜ਼, ਚਾਰ ਵਰਨ ਅਠਾਰਾਂ ਬਰਨ ਇਕੋ ਢੋਲਾ ਗਾਈਆ । ਮਨ ਵਾਸਨਾ ਰਹੇ ਕੋਈ ਨਾ ਕਾਗ, ਹੰਸ ਗੁਰਮੁਖ ਦੇਣੇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਦਵਾਰਾ ਦੇਣਾ ਪਰਗਟਾਈਆ । ਸਤਿ ਕਹੇ ਪ੍ਰਭ ਸਾਚੇ ਨਾਮ ਦਾ ਵੱਜੇ ਡੰਕਾ, ਬ੍ਰਹਿਮੰਡ ਖੰਡ ਸੋਇਆ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਇਕ ਸੁਹਾਏ ਤੇਰਾ ਬੰਕਾ, ਪਰਵਰਦਿਗਾਰ ਸਾਂਝਾ ਯਾਰ ਨਜ਼ਰੀ ਸਭ ਨੂੰ ਆਈਆ । ਇਕੋ ਮਾਣ ਤਾਣ ਦਰ ਦਵਾਰ ਦੇ ਰਾਓ ਰੰਕਾ, ਸ਼ਾਹ ਹਕੀਰ ਵੰਡ ਨਾ ਕੋਇ ਵੰਡਾਈਆ । ਭੇਵ ਅਭੇਦਾ ਖੋਲ੍ਹ ਆਪਣੇ ਸੰਤਾਂ, ਭਗਵਨ ਹੋ ਕੇ ਭਗਤਾਂ ਜੋੜ ਜੁੜਾਈਆ । ਬੋਧ ਅਗਾਧ ਬਣ ਪੰਡਤਾ, ਨਾਮ ਨਿਰਅੱਖਰ ਦੇ ਜਣਾਈਆ । ਕਲਜੁਗ ਕੂੜੀ ਕਿਰਿਆ ਗੜ੍ਹ ਤੋੜ ਹਉਮੇ ਹੰਗਤਾ, ਹੰ ਬ੍ਰਹਮ ਪੜਦਾ ਦੇ ਉਠਾਈਆ । ਸਤਿ ਧਰਮ ਕਹੇ ਤੇਰੇ ਦਵਾਰੇ ਕਰਦਾ ਮਿੰਨਤਾ, ਪੁਰਖ ਅਬਿਨਾਸ਼ੀ ਘਟ ਨਿਵਾਸੀ ਦਰ ਠਾਂਡੇ ਸੀਸ ਨਿਵਾਈਆ । ਸਾਂਤਕ ਸਤਿ ਕਰਦੇ ਦ੍ਰਿਸ਼ਟੀ ਵਾਲੀਆਂ ਸਿਸਕਾਂ, ਸ੍ਰਿਸ਼ਟੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰਾ ਦੇਣਾ ਜਣਾਈਆ । ਸਤਿ ਕਹੇ ਸਾਚੀ ਦੱਸ ਅਗੰਮ ਹਦੂਦ, ਮੰਜ਼ਲ ਹਕ ਬਹਕ ਸਮਝਾਈਆ । ਜਿਥੇ ਜਾਵੇ ਨਾ ਕੋਈ ਤਨ ਵਜੂਦ, ਤਨ ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਇਕੋ ਮਾਲਕ ਮਿਲੇ ਨਰ ਹਰਿ ਮਹਿਬੂਬ, ਨੂਰ ਨੁਰਾਨਾ ਨਜ਼ਰੀ ਆਈਆ । ਝਗੜਾ ਰਹੇ ਨਾ ਏਕਾ ਦੂਜ, ਏਕੰਕਾਰਾ ਇਕੋ ਹੁਕਮ ਦੇਣਾ ਸਮਝਾਈਆ । ਤੇਰਾ ਭੇਵ ਬਿਨ ਤੇਰੀ ਕਿਰਪਾ ਕੋਈ ਨਾ ਸਕੇ ਬੂਝ, ਬੁੱਧੀਵਾਨ ਚਲੇ ਨਾ ਕੋਈ ਚਤੁਰਾਈਆ । ਕਲਜੁਗ ਕੂੜੀ ਕਿਰਿਆ ਕਲਜੁਗ ਅੰਤ ਸ੍ਰੀ ਭਗਵੰਤ ਕਰ ਨੇਸਤੋ ਨਾਬੂਦ, ਸਚ ਸੁੱਚ ਘਰ ਘਰ ਦੇ ਟਿਕਾਈਆ । ਜਿਧਰ ਤੱਕਾਂ ਨਜ਼ਰੀ ਆਵੇਂ ਮੌਜੂਦ, ਲੱਖ ਚੁਰਾਸੀ ਕਾਇਆ ਮੰਦਰ ਅੰਦਰ ਸੋਭਾ ਪਾਈਆ । ਜਨ ਭਗਤ ਸੁਹੇਲੇ ਕਰ ਮਹਿਫੂਜ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟਲ ਦੱਸ ਅਰਸ਼ ਅਰੂਜ, ਤੇਰੀ ਸਰਨ ਇਕ ਤਕਾਈਆ । ਸਤਿ ਧਰਮ ਕਹੇ ਸਾਚੀ ਦੇ ਦੇ ਵਸਤ ਆਪ, ਧੁਰ ਮਾਲਕ ਆਪ ਵਰਤਾਈਆ । ਕਲਜੁਗ ਕੂੜੀ ਕਿਰਿਆ ਰਹੇ ਨਾ ਪਾਪ, ਪਤਤ ਪੁਨੀਤ ਦੇਣਾ ਬਣਾਈਆ । ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਖੁਲ੍ਹਾ ਤਾਕ, ਧਰਮ ਦਵਾਰਾ ਦੇ ਪਰਗਟਾਈਆ । ਜਿਥੇ ਝਗੜਾ ਰਹੇ ਨਾ ਕੋਈ ਜਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਮਾਨਵ ਮਾਨਵ ਹੋਵੇ ਇਤਫ਼ਾਕ, ਆਤਮ ਆਤਮ ਰੰਗ ਰੰਗਾਈਆ । ਪੰਜਾਂ ਤੱਤਾਂ ਸਾਧਨਾ ਸਾਧ, ਸਿਦਕ ਸਬੂਰੀ ਜੋੜ ਜੁੜਾਈਆ । ਸਭ ਦੇ ਅੰਤਰ ਆਪਣੀ ਦੱਸ ਯਾਦ, ਭਰਮ ਭੁਲੇਖਾ ਬਾਹਰ ਕਢਾਈਆ । ਸਾਢੇ ਤਿੰਨ ਹੱਥ ਕਲਜੁਗ ਜੀਵਾਂ ਖੇੜਾ

ਉਜੜਿਆ ਕਰ ਆਬਾਦ, ਨਾਮ ਨਿਧਾਨ ਸ੍ਰੀ ਭਗਵਾਨ ਬੂਟਾ ਇਕ ਲਗਾਈਆ । ਤੂੰਹੀ ਤੂੰਹੀ ਸਭ ਦੇ ਅੰਦਰੋਂ ਨਿਕਲੇ ਇਕ ਆਵਾਜ਼, ਚਾਰ ਕੁੰਟ ਦਹਿ ਦਿਸ਼ਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸ਼ਬਦੀ ਧਾਰ ਜੀਵ ਜੰਤ ਸਾਧ ਸੰਤ ਨਜ਼ਰੀ ਆਈਆ ।

★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ★

ਸਤਿ ਧਰਮ ਤੇਰਾ ਵੇਲਾ ਰਿਹਾ ਆ, ਸਮਾਂ ਸਮੇਂ ਵਿਚੋਂ ਬਦਲਾਈਆ । ਸਤਿਗੁਰ ਸ਼ਬਦ ਬਣੇ ਮਲਾਹ, ਖੇਵਟ ਖੇਟਾ ਧੁਰ ਦਰਗਾਹੀਆ । ਸਾਚਾ ਮਾਰਗ ਦਏ ਵਖਾ, ਰਸਤਾ ਇਕੋ ਨਜ਼ਰੀ ਆਈਆ । ਆਪਣਾ ਨੂਰ ਕਰ ਰੁਸ਼ਨਾ, ਅੰਧ ਅੰਧੇਰਾ ਦਏ ਮਿਟਾਈਆ । ਸਾਚੀ ਸਿਖਿਆ ਦਏ ਸਮਝਾ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਖ਼ੁਦੀ ਨੂੰ ਮੇਟੇ ਆਪ ਖ਼ੁਦਾ, ਖ਼ਾਲਕ ਖ਼ਲਕ ਵੇਖ ਵਖਾਈਆ । ਕਿਸੇ ਨੂੰ ਰਹਿਣ ਨਾ ਦੇਵੇ ਜੁਦਾ, ਜੋ ਹਰਿ ਹਰਿ ਰਹੇ ਧਿਆਈਆ । ਸਾਚੀ ਬਣਤ ਲਏ ਬਣਾ, ਘੜਨ ਭੰਨਣਹਾਰ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਦਏ ਰੁੜ੍ਹਾ, ਅੱਗੇ ਹੋ ਨਾ ਕੋਇ ਅਟਕਾਈਆ । ਸਤਿਜੁਗ ਸਾਚੀ ਧਾਰਾ ਦਏ ਚਲਾ, ਚਲਤ ਵੇਖੇ ਜਗਤ ਲੋਕਾਈਆ । ਨਾਮ ਨਿਧਾਨਾ ਦਏ ਸੁਣਾ, ਸੋਹਲਾ ਧੁਰ ਦਾ ਰਾਗ ਅਲਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਲੈਣਾ ਗਾ, ਗਾਵਤ ਗਾਵਤ ਗਾਵਤ ਖ਼ੁਸ਼ੀ ਮਨਾਈਆ । ਪੁਰਖ ਅਕਾਲ ਹੋਵੇ ਮਿਹਰਵਾਨ, ਮਿਹਰਬਾਨ ਮਿਹਰ ਨਜ਼ਰ ਉਠਾਈਆ । ਸਾਚਾ ਦੱਸ ਕੇ ਇਕ ਈਮਾਨ, ਧਰਮ ਇਕੋ ਇਕ ਪਰਗਟਾਈਆ । ਨਿਰਗੁਣ ਸਰਗੁਣ ਦੇ ਕਲਾਮ, ਕਲਮਾ ਕਾਇਨਾਤ ਪੜ੍ਹਾਈਆ । ਜੋਤੀ ਜਾਤਾ ਬਣ ਅਮਾਮ, ਅਮਲ ਵੇਖੇ ਕੂੜ ਲੋਕਾਈਆ । ਕਲਜੁਗ ਬਦਲ ਦੇਵੇ ਨਿਜ਼ਾਮ, ਨੌਬਤ ਸਤਿਜੁਗ ਸਚ ਵਜਾਈਆ । ਦੂਜਾ ਰਹੇ ਨਾ ਕੋਇ ਹੁਕਾਮ, ਹੁਕਮ ਆਪਣਾ ਇਕ ਸਮਝਾਈਆ । ਲੇਖਾ ਜਾਣੇ ਜਗਤ ਜੀਵ ਅਵਾਮ, ਫੋਲਣਹਾਰਾ ਥਾਉਂ ਥਾਈਂਆ । ਜਨ ਭਗਤਾਂ ਦੇਵੇ ਸਚ ਅਸਥਾਨ, ਦਵਾਰਾ ਧੁਰ ਦਾ ਆਪ ਦ੍ਰਿੜਾਈਆ । ਜਿਸ ਗ੍ਰਿਹਿ ਵਸੇ ਸ੍ਰੀ ਭਗਵਾਨ, ਭਗਤ ਸੁਹੇਲੇ ਲਏ ਟਿਕਾਈਆ । ਸਦਾ ਝੁੱਲੇ ਇਕ ਨਿਸ਼ਾਨ, ਨਿਸ਼ਾਨਾ ਅਵਰ ਨਾ ਕੋਇ ਬਣਾਈਆ । ਗੁਰਮੁਖ ਹੋਣ ਨਾ ਦੇਵੇ ਕਿਸੇ ਗ਼ੁਲਾਮ, ਜਗਤ ਸ਼ਰਅ ਜ਼ੰਜੀਰ ਤੁੜਾਈਆ । ਸਾਚਾ ਬਖ਼ਸ਼ੇ ਇਕ ਪੈਗ਼ਾਮ, ਨਾਉਂ ਨਿਰੰਕਾਰਾ ਆਪ ਜਣਾਈਆ । ਧੁਰ ਸੰਦੇਸ਼ਾ ਦੇ ਪੈਗ਼ਾਮ, ਜਗਤ ਸੁਤਿਆਂ ਲਏ ਉਠਾਈਆ । ਚਰਨ ਪ੍ਰੀਤੀ ਦੇ ਆਰਾਮ, ਸੁਖ ਸਾਗਰ ਵਿਚ ਸਮਾਈਆ । ਆਵਣ ਜਾਵਣ ਲੱਖ ਚੁਰਾਸੀ ਗੇੜਾ ਕਰ ਆਸਾਨ, ਹੁਕਮੇਂ ਅੰਦਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਭਗਵਨ ਹੋ ਕੇ ਲਏ ਮਿਲਾਈਆ ।

★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ★

ਸਤਿ ਧਰਮ ਕਹੇ ਮੇਰੇ ਸ਼ਹਿਨਸ਼ਾਹ ਸਾਚੇ ਭੂਪ, ਭੂਪਤ ਭੂਪ ਤੇਰੀ ਸਰਨਾਈਆ । ਕਰ ਪਰਕਾਸ਼ ਸਤਿ ਸਰੂਪ, ਜੋਤੀ ਜਾਤੇ ਨਿਰਗੁਣ ਜੋਤ ਕਰ ਰੁਸ਼ਨਾਈਆ । ਕਲਜੁਗ ਅੰਧ ਅੰਧੇਰਾ ਮਿਟੇ ਚਾਰੇ ਕੂਟ, ਦਹਿ ਦਿਸ਼ਾ ਵੱਜੇ ਵਧਾਈਆ । ਝਗੜਾ ਰਹੇ ਨਾ ਜੂਠ ਝੂਠ, ਸਾਚੇ ਨਾਮ ਦਾ

ਢੋਲਾ ਸ੍ਰਿਸ਼ਟੀ ਗਾਈਆ । ਸਤਿਗੁਰ ਸ਼ਬਦ ਅਗੰਮੀ ਭੇਜ ਦੂਤ, ਦੁਤੀਆ ਭਾਉ ਦੇ ਮਿਟਾਈਆ । ਮਨ ਵਾਸਨਾ ਕੂੜੀ ਕਿਰਿਆ ਲੋਕਮਾਤ ਵਿਚੋਂ ਕਰੇ ਕੂਚ, ਤਨ ਮਾਟੀ ਕੂਚਾ ਗਲੀ ਕਰ ਸਫ਼ਾਈਆ । ਸਚ ਸੁਹੰਜਣੀ ਹੋਵੇ ਰੁੱਤ, ਰੁਤੜੀ ਆਪਣਾ ਨਾਮ ਮਹਿਕਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਬੇਪਰਵਾਹ ਵੇਖ ਵਖਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਬੁੱਤ, ਕਾਇਆ ਕਾਅਬੇ ਮਹਿਬੂਬ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਉਜਲ ਕਰ ਮੁਖ, ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖ ਵਖਾਈਆ । ਸੰਤ ਸੁਹੇਲਾ ਵਿਛੋੜੇ ਵਿਚ ਝੱਲੇ ਕੋਈ ਨਾ ਦੁੱਖ, ਦਰਦੀਆਂ ਦਰਦ ਲੈਣਾ ਵੰਡਾਈਆ । ਨਿਰਗੁਣ ਹੋ ਕੇ ਆਪਣੀ ਗੋਦੀ ਚੁੱਕ, ਸਰਗੁਣ ਮੇਲਾ ਸਹਿਜ ਸੁਭਾਈਆ । ਪੁਰਖ ਅਕਾਲ ਦੀਨ ਦਿਆਲ ਹੋ ਕੇ ਪੁਛ, ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਈਆ । ਤੂੰ ਮੇਰਾ ਮੈਂ ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਦੱਸ ਆਪਣੀ ਤੁਕ, ਤੁਖ਼ਮ ਤਾਸੀਰ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਝੁਕ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਸਤਿ ਧਰਮ ਕਹੇ ਪ੍ਰਭ ਮੇਰੇ ਗਹਿਰ ਗੰਭੀਰ, ਗਵਰ ਤੇਰੀ ਸਰਨਾਈਆ । ਲੱਖ ਚੁਰਾਸੀ ਬਦਲ ਦੇ ਜ਼ਮੀਰ, ਜ਼ਾਮਨ ਬਣ ਕੇ ਬੇਪਰਵਾਹੀਆ । ਜਗਤ ਸ਼ਰਅ ਤੋੜ ਜ਼ੰਜੀਰ, ਮਾਰਗ ਇਕੋ ਇਕ ਸਮਝਾਈਆ । ਜਿਸ ਮੰਜ਼ਲ ਤੇ ਚੜ੍ਹਿਆ ਕਬੀਰ, ਭਗਤ ਸੁਹੇਲੇ ਦੇ ਪੁਚਾਈਆ । ਲੇਖਾ ਰਹੇ ਨਾ ਗ਼ਰੀਬ ਅਮੀਰ, ਅਮਰਾਪਦ ਦੇਣਾ ਜਣਾਈਆ । ਝਗੜਾ ਰਹੇ ਨਾ ਕੋਇ ਤਕਦੀਰ, ਤਦਬੀਰ ਆਪਣੀ ਦੇਣੀ ਸਮਝਾਈਆ । ਤੇਰੇ ਹੱਥ ਨਾਮ ਸ਼ਮਸ਼ੀਰ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦੀਨ ਦਿਆਲ ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਦੇਣਾ ਖੁਲ੍ਹਾਈਆ । ਸਤਿ ਧਰਮ ਕਹੇ ਮੇਰੇ ਧੁਰ ਦੇ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਬਿਨ ਨੇਤਰ ਅੱਖਾਂ ਲੋਚਨ ਬਖ਼ਸ਼ ਆਪਣਾ ਦੀਦਾਰ, ਜਲਵਾਗਰ ਕਰ ਨੂਰ ਰੁਸ਼ਨਾਈਆ । ਮੈਂ ਆਦਿ ਜੁਗਾਦੀ ਤੇਰਾ ਤਲਬਗਾਰ, ਦੂਜੀ ਓਟ ਨਾ ਕੋਇ ਰਖਾਈਆ । ਦਸਤਗੀਰ ਬਣ ਮਦਦਗਾਰ, ਸਾਹਿਬ ਸਵਾਮੀ ਅੰਤਰਜਾਮੀ ਹੋ ਕੇ ਵੇਖ ਵਖਾਈਆ । ਆਵਣ ਜਾਵਣ ਲੇਖਾ ਰਹੇ ਨਾ ਕੋਇ ਵਿਚ ਸੰਸਾਰ, ਪੂਰਬ ਲਹਿਣਾ ਦੇਣਾ ਮੁਕਾਈਆ । ਭਗਤ ਸੁਹੇਲੇ ਖਿਦਮਤਗਾਰ, ਖ਼ਾਦਮ ਹੋ ਕੇ ਫੇਰਾ ਪਾਈਆ । ਦੀਨ ਦੁਨੀ ਦਾ ਬਦਲ ਨਿਜ਼ਾਮ, ਨਾਜ਼ਮ ਆਜ਼ਮ ਦੇਣੇ ਮਿਟਾਈਆ । ਇਕੋ ਢੋਲਾ ਦੱਸ ਜੈਕਾਰ, ਸੋਹਲਾ ਧੁਰ ਦਾ ਰਾਗ ਸੁਣਾਈਆ । ਨਵ ਨੌ ਚਾਰ ਤੇਰਾ ਹੋਏ ਪਿਆਰ, ਪਾਰਬ੍ਰਹਮ ਬ੍ਰਹਮ ਪੜਦਾ ਦੇਣਾ ਉਠਾਈਆ । ਤ੍ਰੈ ਪੰਜ ਰਹੇ ਨਾ ਕੋਇ ਆਧਾਰ, ਨੌ ਦਰ ਪੈਂਡਾ ਪੰਧ ਮੁਕਾਈਆ । ਦਰ ਠਾਂਡੇ ਖੋਲ੍ਹ ਕਿਵਾੜ, ਜਨ ਭਗਤਾਂ ਪੜਦਾ ਬਜਰ ਕਪਾਟ ਤੁੜਾਈਆ । ਤੇਰਾ ਸ਼ਬਦ ਉਪਜੇ ਨਾਦ ਸੱਚੀ ਧੁਨਕਾਰ, ਆਤਮ ਰਾਗ ਇਕ ਜਣਾਈਆ । ਅੰਮ੍ਰਿਤ ਬਖ਼ਸ਼ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਮਹੱਲ ਅਟਲ ਖੇਲ ਹੋਵੇ ਅਪਾਰ, ਅਪਰੰਪਰ ਸਵਾਮੀ ਦੇਣਾ ਸਮਝਾਈਆ । ਆਤਮ ਪਰਮਾਤਮ ਤੇਰੇ ਅਧਾਰ, ਓਟ ਇਕੋ ਇਕ ਰਖਾਈਆ । ਕਲਜੁਗ ਅੰਤਮ ਕਰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਵਾਹਿਦ ਕਲਮਾ ਤੇਰਾ ਯਾਰ, ਹਕ ਮਹਿਬੂਬ ਤੇਰੀ ਪੜ੍ਹਾਈਆ । ਅਲਿਫ਼ ਯੇ ਦੀ ਰਹੇ ਨਾ ਕੋਇ ਗੁਫ਼ਤਾਰ, ਗੁਫ਼ਤ ਸ਼ਨੀਦ ਦੇਣਾ ਸਮਝਾਈਆ । ਦਰ ਦਰਵਾਜ਼ਾ ਖੋਲ੍ਹ ਦਵਾਰ, ਦਰਗਾਹ ਸਾਚੀ ਪੰਧ ਮੁਕਾਈਆ । ਜਨ ਭਗਤਾਂ ਦੇ

ਦੀਦਾਰ, ਮੁਰੀਦ ਮੁਰਸ਼ਦ ਮਿਲ ਕੇ ਵੱਜੇ ਵਧਾਈਆ । ਸਦੀ ਚੌਧਵੀਂ ਖੇਲ ਤੇਰਾ ਅਪਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਦੇਣਾ ਪਰਗਟਾਈਆ । ਸਤਿ ਕਹੇ ਮੈਂ ਵੇਖਾਂ ਧਰਮ ਦਵਾਰ, ਦਰ ਠਾਂਡਾ ਨਜ਼ਰੀ ਆਈਆ । ਨਿਰਗੁਣ ਨੂਰ ਹੋਵੇ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਤਖ਼ਤ ਨਿਵਾਸੀ ਏਕੰਕਾਰ, ਪਰਵਰਦਿਗਾਰ ਸੋਭਾ ਪਾਈਆ । ਸਜਦੇ ਕਰਨ ਪੈਗ਼ੰਬਰ ਗੁਰੂ ਅਵਤਾਰ, ਸੀਸ ਜਗਦੀਸ ਇਕ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਭਿਖਾਰ, ਖ਼ਾਲੀ ਝੋਲੀ ਰਹੇ ਵਖਾਈਆ । ਦੇਵਣਹਾਰ ਇਕ ਦਾਤਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਹੁਕਮ ਚੱਲੇ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸਕੇ ਨਾ ਕੋਇ ਬਦਲਾਈਆ । ਸੋ ਖ਼ਾਲਕ ਖ਼ਲਕ ਖੇਲੇ ਖੇਲ ਅਪਰ ਅਪਾਰ, ਭੇਵ ਅਭੇਦਾ ਆਪ ਜਣਾਈਆ । ਜਨ ਭਗਤਾਂ ਦਏ ਦੀਦਾਰ, ਦੀਦਾ ਦਾਨਿਸਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪਾਵੇ ਸਾਰ, ਮਹਾਂਸਾਰਥੀ ਇਕੋ ਨਜ਼ਰੀ ਆਈਆ ।

### ★ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਿਹ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ★



ਸਦਾ ਸਹਾਈ ਹੋਵੇ ਮਿਹਰਵਾਨ, ਸਹਾਇਕ ਇਕੋ ਇਕ ਅਖਵਾਇੰਦਾ । ਧਰਮ ਪ੍ਰੀਤੀ ਦੇ ਕੇ ਦਾਨ, ਚਰਨ ਕਵਲ ਓਟ ਸਮਝਾਇੰਦਾ । ਧੁਰ ਦਾ ਨਾਮ ਦੱਸ ਨਿਸ਼ਾਨ, ਮੰਜ਼ਲ ਹਕ ਹਕੀਕ਼ ਪੁਚਾਇੰਦਾ । ਬੋਧ ਅਗਾਧ ਮਹਿੰਮਾ ਅਕਥ ਦੱਸ ਮਹਾਨ, ਸਿਫ਼ਤ ਸਾਲਾਹੀ ਰਾਗ ਸਮਝਾਇੰਦਾ । ਜੋਤੀ ਜਾਤਾ ਵਡ ਅਮਾਮ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਪੁਰਖ ਅਕਾਲਾ ਦੀਨ ਦਿਆਲਾ ਨੌਜਵਾਨ, ਮਰਦ ਮਰਦਾਨਾ ਹੁਕਮ ਵਰਤਾਇੰਦਾ । ਜੁਗ ਚੌਕੜੀ ਖੇਲੇ ਖੇਲ ਵਿਚ ਜਹਾਨ, ਬ੍ਰਹਿਮੰਡਾਂ ਖੰਡਾਂ ਆਪਣਾ ਰੰਗ ਰੰਗਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਹੋ ਪ੍ਰਧਾਨ, ਪਰਮ ਪੁਰਖ ਆਤਮ ਪਰਮਾਤਮ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਦੂਜਾ ਨਜ਼ਰ ਕੋਇ ਨਾ ਆਈਆ । ਦੋ ਜਹਾਨਾਂ ਪਾਵੇ ਸਾਰ, ਦੀਨ ਦੁਨੀ ਵੇਖ ਵਖਾਈਆ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਇਕ ਸੁਣਾਈਆ । ਕੂੜੀ ਕਿਰਿਆ ਕਰ ਖੁਆਰ, ਸਤਿ ਧਰਮ ਦਏ ਪਰਗਟਾਈਆ । ਮਾਨਵ ਮਾਨਸ ਦਏ ਆਧਾਰ, ਮਾਨੁਖ ਆਪਣੇ ਰੰਗ ਰੰਗਾਈਆ । ਸ੍ਰਿਸ਼ਟ ਸਬਾਈ ਕਰਕੇ ਖ਼ਬਰਦਾਰ, ਸੁਰਤੀ ਸ਼ਬਦ ਨਾਮ ਲਗਾਈਆ । ਮੰਜ਼ਲ ਦੱਸ ਅਗੰਮ ਅਪਾਰ, ਸਾਚੇ ਪੌੜੇ ਦਏ ਚੜ੍ਹਾਈਆ । ਦੁਖੀਆਂ ਦਰਦ ਦਏ ਨਿਵਾਰ, ਹਰਖ ਸੋਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰ ਦਏ ਜਣਾਈਆ । ਦਰ ਦਵਾਰ ਵਸੇ ਆਪ, ਏਕੰਕਾਰਾ ਦਇਆ ਕਮਾਈਆ । ਆਤਮ ਪਰਮਾਤਮ ਧੁਰ ਦਾ ਜਾਪ, ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਰੂਹ ਬੁਤ ਹੋਵੇ ਪਾਕ, ਪਤਤ ਪੁਨੀਤ ਮਿਲੇ ਵਡਿਆਈਆ । ਬਿਨਾਂ ਤੰਦ ਸਿਤਾਰ ਦੇ ਉਪਜੇ ਰਾਗ, ਧੁਨ ਨਾਦ ਅਨਾਦ ਸ਼ਨਵਾਈਆ । ਸੋਈ ਸੁਰਤੀ ਜਾਏ ਜਾਗ, ਆਲਸ ਨਿੰਦਰਾ ਦਏ ਚੁਕਾਈਆ । ਗੁਰਮੁਖ ਰਹੇ ਕੋਇ ਨਾ ਕਾਗ, ਸੋਹੰ ਹੰਸਾ ਜਾਪ

ਜਪਾਈਆ । ਅੰਤਰ ਅੰਤਰ ਉਪਜੇ ਵੈਰਾਗ, ਨਿਰੰਤਰ ਮੰਤਰ ਇਕ ਦ੍ਰਿੜਾਈਆ । ਘਰ ਸਵਾਮੀ ਮਿਲੇ ਕੰਤ ਸੁਹਾਗ, ਪੁਰਖ ਅਬਿਨਾਸ਼ੀ ਘਟ ਨਿਵਾਸੀ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਮੁਕਾਈਆ । ਧੁਰ ਦਾ ਲੇਖਾ ਏਕੰਕਾਰ, ਇਕ ਇਕੱਲਾ ਆਪ ਜਣਾਇੰਦਾ । ਜੁਗ ਚੌਕੜੀ ਪਾਵੇ ਸਾਰ, ਧਰਨੀ ਧਰਤ ਧਵਲ ਵੇਖ ਵਖਾਇੰਦਾ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲਏ ਉਬਾਰ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਨਾਮ ਭਬੂਤੀ ਦੇ ਕੇ ਧੁਰ ਦੀ ਛਾਰ, ਸ਼ਰਅ ਵਿਚੋਂ ਬਾਹਰ ਕਢਾਇੰਦਾ । ਆਤਮ ਪਰਮਾਤਮ ਕਰ ਪਿਆਰ, ਨਿਰਗੁਣ ਦੀਆ ਬਾਤੀ ਜੋਤ ਜਗਾਇੰਦਾ । ਅੰਮ੍ਰਿਤ ਬਖ਼ਸ਼ ਕੇ ਠੰਡਾ ਠਾਰ, ਅਗਨੀ ਤਤ ਕੂੜ ਬੁਝਾਇੰਦਾ । ਸ਼ਬਦ ਨਾਦ ਦੇ ਧੁਨਕਾਰ, ਸੁੰਨ ਸਮਾਧੀ ਪੜਦਾ ਲਹਿੰਦਾ । ਕਾਇਆ ਮਾਟੀ ਰਹਿਣ ਨਾ ਦੇਵੇ ਅੰਧਿਆਰ, ਨਿਰਗੁਣ ਨੂਰੀ ਚੰਦ ਚਮਕਾਇੰਦਾ । ਭਗਤ ਸੁਹੇਲੇ ਸਾਚੀ ਮੰਜ਼ਲ ਦੇਵੇ ਚਾੜ੍ਹ, ਨੌ ਦਵਾਰੇ ਸੁਖਮਨ ਟੇਢੀ ਬੰਕ ਪਾਰ ਕਰਾਇੰਦਾ । ਮਨ ਵਾਸਨਾ ਕਰੇ ਨਾ ਕੋਇ ਖ਼ੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਹਰਿਜਨ ਸਾਚੇ ਆਪਣੇ ਰੰਗ ਰੰਗਾਇੰਦਾ । ਹਰਿਜਨ ਆਪਣੇ ਰੰਗੇ ਰੰਗ ਅਵੱਲਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਚਖੰਡ ਦਵਾਰ ਵਖਾਏ ਆਪਣਾ ਮਹੱਲਾ, ਘਰ ਇਕੋ ਇਕ ਸੁਹਾਈਆ । ਝਗੜਾ ਚੁਕੇ ਜਲਾ ਥਲਾ, ਮਹੀਅਲ ਡੇਰਾ ਨਾ ਕੋਇ ਲਗਾਈਆ । ਸ਼ਬਦੀ ਧਾਰ ਫੜ ਕੇ ਪੱਲਾ, ਗੁਰਮੁਖ ਆਪਣੀ ਗੰਢ ਪਵਾਈਆ । ਕਰੇ ਖੇਲ ਆਦਿ ਪੁਰਖ ਅਬਿਨਾਸ਼ੀ ਕਰਤਾ ਇਕ ਇਕੱਲਾ, ਦੂਜਾ ਨਜ਼ਰ ਕੋਇ ਨਾ ਆਈਆ । ਦਰਗਾਹ ਸਾਚੀ ਸਾਚਾ ਧਾਮ ਵਖਾਏ ਨਿਹਚਲ ਧਾਮ ਅਟਲਾ, ਛੱਪਰ ਛੰਨ ਚਾਰ ਦਿਵਾਰ
੧੯ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੧੯
੨੦ ਆਦਿ ਅੰਤ ਜੁਗਾ ਜੁਗੰਤ ਨਿਤ ਨਵਿਤ ਜਨ ਭਗਤਾਂ ਫੜਾਏ ਆਪਣਾ ਸ਼ਬਦੀ ਡੋਰੀ ਪੱਲਾ, ਆਰ ਪਾਰ ਲੇਖਾ ਦਏ ਮੁਕਾਈਆ । ੨੦

### ★ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹ ਪਿੰਡ ਮੈਣੀਆਂ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਮੈਂ ਤੇਰਾ ਆਸਾਵੰਦ, ਆਸ ਆਦਿ ਆਦਿ ਰਖਾਈਆ । ਤੇਰੇ ਹੁਕਮ ਦਾ ਹੋ ਪਾਬੰਦ, ਜੁਗ ਚੌਕੜੀ ਸੇਵ ਕਮਾਈਆ । ਧੁਰ ਦੇ ਮਾਲਕ ਮਿਲ ਖ਼ਾਵੰਦ, ਖ਼ਾਹਿਸ਼ ਮੇਰੀ ਪੂਰ ਕਰਾਈਆ । ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਇਕੋ ਦੇਣੀ ਜਣਾਈਆ । ਤੇਰੇ ਨੂਰ ਦਾ ਚਮਕੇ ਚੰਦ, ਅੰਧ ਅੰਧੇਰਾ ਦੇਣਾ ਗਵਾਈਆ । ਆਤਮਾ ਪਰਮਾਤਮਾ ਗਾਵੇ ਛੰਦ, ਸਾਚਾ ਢੋਲਾ ਬੇਪਰਵਾਹੀਆ । ਘਰ ਠਾਕਰ ਆਵੇ ਅਨੰਦ, ਸਚ ਦਵਾਰੇ ਵੱਜੇ ਵਧਾਈਆ । ਮਨ ਵਿਕਾਰਾ ਕਰਨਾ ਖੰਡ ਖੰਡ, ਕੂੜੀ ਕਿਰਿਆ ਬਾਹਰ ਕਢਾਈਆ । ਸੁਰਤ ਸਵਾਣੀ ਰਹੇ ਨਾ ਰੰਡ, ਕੰਤ ਸੁਹਾਗ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸਤਿ ਕਹੇ ਪ੍ਰਭ ਤੇਰੇ ਨਾਮ ਦੀ ਚੜ੍ਹੇ ਰੰਗਤ, ਰੰਗਣ ਇਕੋ ਦੇ ਵਖਾਈਆ । ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟ ਸਬਾਈ ਤੇਰੀ ਹੋਵੇ ਸੰਗਤ, ਸਗਲਾ ਸੰਗ ਇਕ ਜਣਾਈਆ । ਦੂਜੇ ਦਰ ਕੋਈ ਨਾ ਜਾਵੇ ਮੰਗਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਭਿਛਿਆ ਦੇਣੀ ਪਾਈਆ । ਸਭ ਦਾ ਲਹਿਣਾ ਦੇਣਾ ਚੁਕਾਉਣਾ ਕਲਜੁਗ ਅੰਤ,

ਅੰਤਸ਼ਕਰਨ ਵੇਖ ਵਖਾਈਆ । ਸਤਿਜੁਗ ਸਾਚੀ ਰੁੱਤ ਮੌਲੇ ਬਸੰਤ, ਬਹਾਰ ਗੁਲਸ਼ਨ ਵਿਚ ਮਹਿਕਾਈਆ । ਹਰਖ਼ ਸੋਗ ਗ਼ਮ ਨਾ ਰਹੇ ਚਿੰਤ, ਸੁਖ ਸਹਿਜ ਦੇਣਾ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਸਤਿ ਕਹੇ ਪ੍ਰਭ ਹੱਥ ਰੱਖ ਮੇਰੇ ਸਿਰ, ਪੁਸ਼ਤ ਪਨਾਹ ਹੋ ਸਹਾਈਆ । ਤੇਰਾ ਧਾਮ ਵੇਖਾਂ ਥਿਰ, ਸਚਖੰਡ ਸਾਚਾ ਸੋਭਾ ਪਾਈਆ । ਜਿਸ ਗ੍ਰਿਹਿ ਵਸੇਂ ਨਿਰਵੈਰ ਨਿਰ, ਨਿਰੰਕਾਰ ਡੇਰਾ ਲਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਧਾਰੋਂ ਕਿਰਨਾਂ ਬਣ ਕੇ ਜਾਂਦੇ ਕਿਰ, ਕਰਮ ਕਾਂਡ ਦਾ ਡੇਰਾ ਢਾਹਿਆ । ਓਨ੍ਹਾਂ ਕਾਰਨ ਕਲਜੁਗ ਅੰਤਮ ਆਇਉਂ ਫਿਰ, ਫ਼ਾਰਗ ਸਾਰੇ ਦਿਤੇ ਕਰਾਈਆ । ਜਨ ਭਗਤਾਂ ਵਾਸਤੇ ਲਾਈਂ ਨਾ ਚਿਰ, ਚਿਰੀ ਵਿਛੁੰਨੇ ਜੋੜ ਜੁੜਾਈਆ । ਚਾਰ ਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੁਰ ਅਵਤਾਰ ਪੈਗ਼ੰਬਰ ਤੇਰਾ ਸ਼ਬਦੀ ਦੱਸਦੇ ਗਏ ਚਿੰਨ੍ਹ, ਰੂਪ ਰੰਗ ਸਮਝ ਕੋਇ ਨਾ ਪਾਈਆ । ਸੰਮਤ ਸੰਮਤੀ ਲੇਖਾ ਰਹੇ ਗਿਣ, ਥਿਤ ਵਾਰ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦੇਣਾ ਮੁਕਾਈਆ । ਸਤਿ ਕਹੇ ਪ੍ਰਭ ਤੇਰੀ ਧਾਰ ਅਵੱਲੀ, ਦੋ ਜਹਾਨਾਂ ਸਮਝ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜੋਤ ਅਕਾਲਣ ਇਕ ਇਕੱਲੀ, ਦੋ ਜਹਾਨਾਂ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਜੋਧੇ ਸੂਰਬੀਰ ਭੇਜ ਕੇ ਬਲੀ, ਬਲ ਆਪਣਾ ਆਪ ਪਰਗਟਾਈਆ । ਭਗਤ ਸੁਹੇਲਾ ਬਣਦਾ ਰਿਹੋਂ ਵਲੀ ਛਲੀ, ਅਛਲ ਅਛੱਲ ਆਪਣੀ ਕਾਰ ਕਮਾਈਆ । ਹੋਕਾ ਦੇਂਦਾ ਰਿਹੋਂ ਕਾਇਆ ਨਗਰ ਧੁਰ ਦੇ ਖੇੜੇ ਅਗੰਮੀ ਗਲੀ, ਉਚੀ ਕੂਕ ਕੂਕ ਸੁਣਾਈਆ । ਬਿਨ ਭਗਤਾਂ ਆਤਮ ਪਰਮਾਤਮ ਤੇਰੇ ਨਾਲ ਕਿਸੇ ਨਾ ਰਲੀ, ਮੇਲ ਮਿਲਾ ਕੇ ਖ਼ੁਸ਼ੀ ਨਾ ਕੋਇ ਮਨਾਈਆ । ਤੇਰਾ ਖੇਲ ਵੇਖਿਆ ਜਲੀਂ ਥਲੀਂ, ਟਿੱਲੇ ਪਰਬਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਕਿਰਿਆ ਜਗਤ ਵਿਕਾਰ ਚਰਨ ਕਵਲ ਹੇਠਾਂ ਮਲੀਂ, ਮਲੀਨ ਮੁਲੰਮਾ ਕੰਚਨ ਦੇਣਾ ਬਣਾਈਆ ।

### ★ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ ਬੀਬੀ ਜੀਤੋ ਦੇ ਗ੍ਰਿਹਿ ਪਿੰਡ ਬਾਬੋਵਾਲ ਜ਼ਿਲਾ ਅੰਮ੍ਰਿਤਸਰ ★

ਜੀਵ ਜੰਤ ਸਮਝੇ ਕੋਈ ਨਾ ਬਾਕੀ, ਲੇਖਾ ਅਗਲਾ ਨਜ਼ਰ ਕਿਸੇ ਨਾ ਆਈਆ । ਬਿਨ ਸਤਿਗੁਰ ਪੂਰੇ ਧੁਰ ਦਾ ਸ਼ਬਦ ਦਿਸੇ ਕੋਇ ਨਾ ਸਾਕੀ, ਸਾਖਿਆਤ ਪੜਦਾ ਨਾ ਕੋਇ ਉਠਾਈਆ । ਬੰਦ ਕਿਵਾੜਾ ਖੁਲ੍ਹੇ ਕਿਸੇ ਨਾ ਤਾਕੀ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਮਨੂਆ ਮਿਟੇ ਨਾ ਹੰਕਾਰੀ ਆਕੀ, ਕੂੜ ਵਿਕਾਰ ਨਾ ਕੋਇ ਕਢਾਈਆ । ਪੁਰਖ ਅਕਾਲ ਦੀਨ ਦਿਆਲ ਦੀ ਆਦਿ ਜੁਗਾਦਿ ਬਾਣੀ ਸਾਚੀ, ਧੁਰ ਦਾ ਸ਼ਬਦ ਵੱਜੇ ਸਚ ਨਾਮ ਵਧਾਈਆ । ਨਿਤ ਨਵਿਤ ਕਰੇ ਖੇਲ ਸ੍ਰੀ ਭਗਵਾਨ ਪੰਜ ਤਤ ਬੁਤ ਵਿਚ ਖ਼ਾਕੀ, ਖਾਲਸ ਸਾਲਸ ਆਪਣਾ ਰੰਗ ਰੰਗਾਈਆ । ਨਾਮ ਅਮੋਲਕ ਕਾਇਆ ਗੋਲਕ ਵਿਕਾਏ ਧੁਰ ਦੀ ਹਾਟੀ, ਜਗਤ ਵਣਜਾਰਾ ਸਮਝ ਕੋਇ ਨਾ ਪਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਕਰੇ ਖੇਲ ਕਮਲਾਪਾਤੀ, ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣਿਆ

ਰਹੇ ਧੁਰ ਦਾ ਸਾਥੀ, ਸਗਲਾ ਸੰਗੀ ਬਹੁਰੰਗੀ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਭੀਤਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਈਆ । ਸਾਧ ਸੰਤ ਪ੍ਰਭ ਚਾੜ੍ਹੇ ਰੰਗ, ਰੰਗਣ ਇਕੋ ਇਕ ਜਣਾਇੰਦਾ । ਨਿਜ ਆਤਮ ਦੇ ਕੇ ਪਰਮਾਨੰਦ, ਪਰਮ ਪੁਰਖ ਆਪਣਾ ਭੇਵ ਖੁਲ੍ਹਾਇੰਦਾ । ਸ਼ਬਦ ਅਗੰਮੀ ਵਜਾ ਮਰਦੰਗ, ਤੁਰੀਆ ਤੋਂ ਪਰੇ ਹਰੇ ਆਪਣਾ ਰੂਪ ਦਰਸਾਇੰਦਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰਾ ਸਰਬੰਗ, ਭੇਵ ਚੁਕਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਜਨ ਭਗਤਾਂ ਚਰਨਾਂ ਹੇਠ ਰਖਾਇੰਦਾ । ਧਾਮ ਨਿਆਰਾ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ ਵਸੇ ਸਚਖੰਡ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਦਰਗਾਹ ਸਾਚੀ ਇਕੋ ਨੂਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦ ਧੁਰ ਦਾ ਰਾਗ ਅਲਾਇੰਦਾ । ਧੁਰ ਦਾ ਰਾਗ ਸ਼ਬਦ ਅਗੰਮੀ ਧੁਨ, ਜਗਤ ਸਰਵਣ ਸੁਣਨ ਕੋਇ ਨਾ ਪਾਈਆ । ਜਿਸ ਨੂੰ ਖੋਜਣ ਕੋਟਨ ਕੋਟ ਰਿਖ ਮੁਨ, ਮੁਨੀਸ਼ਰ ਬੈਠੇ ਧਿਆਨ ਲਗਾਈਆ । ਧੁਰ ਦੀ ਧਾਰ ਏਕੰਕਾਰ ਜਨ ਭਗਤਾਂ ਦੱਸੇ ਆਪਣਾ ਗੁਣ, ਅਵਗੁਣ ਅੰਦਰੋਂ ਬਾਹਰ ਕਢਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਸੱਜਣ ਚੁਣ, ਚਾਰ ਵਰਨ ਅਠਾਰਾਂ ਬਰਨ ਵਿਚੋਂ ਆਪਣੇ ਰੰਗ ਰੰਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਭੇਵ ਪਾਵੇ ਕਵਣ, ਪੜਦਾ ਓਹਲਾ ਕਾਇਆ ਚੋਲਾ ਬਿਨ ਸ਼ਬਦ ਵਿਚੋਲਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਧਰਮ ਦਾ ਸਤਿ ਦਵਾਰਾ, ਸਤਿ ਸਤਿਵਾਦੀ ਆਪਣਾ ਰਾਹ ਜਣਾਈਆ । ਸਤਿ ਧਰਮ ਕਹੇ ਪ੍ਰਭ ਪੜਦਾ ਖੋਲ੍ਹ, ਬਿਨ ਅੱਖਾਂ ਨਜ਼ਰੀ ਆਈਆ । ਤੇਰੇ ਨਾਮ ਦਾ ਵੱਜੇ ਅਗੰਮੀ ਢੋਲ, ਢੋਲਕ ਛੈਣਾ ਨਾ ਕੋਇ ਖੜਕਾਈਆ । ਸਚਖੰਡ ਦਵਾਰੇ ਤੋਲ ਇਕੋ ਤੋਲ, ਤੋਲਣਹਾਰਾ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਵਿਚੋਂ ਸਾਧ ਸੰਤ ਗੁਰਮੁਖ ਵਰੋਲ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਇਕ ਉਠਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਵਸ ਸਦਾ ਕੋਲ, ਜਗਤ ਵਿਛੋੜਾ ਕੂੜ ਕੁੜਿਆਰਾ ਦੇਣਾ ਮਿਟਾਈਆ । ਗੋਬਿੰਦ ਧਾਰ ਕਰ ਪਿਆਰ ਅੰਮ੍ਰਿਤ ਬਖ਼ਸ਼ ਅਗੰਮੀ ਪਾਹੁਲ, ਰਸਨਾ ਜਿਹਵਾ ਰਸ ਸਮਝ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਨਾਲ ਜੋ ਦੀਨ ਦੁਨੀ ਦੇ ਮਾਲਕ ਕੀਤਾ ਕੌਲ, ਇਕਰਾਰ ਆਪਣਾ ਪੂਰਾ ਦੇ ਕਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਭੁੱਲੀ ਉਪਰ ਧੌਲ, ਇਸ਼ਟੀ ਏਕਾ ਨੂਰ ਨਜ਼ਰੇ ਨਾ ਕੋਇ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇ ਸਾਚਾ ਵਰ, ਧਰਨੀ ਧਰਤ ਧਵਲ ਤੇਰਾ ਬੈਠੀ ਰਾਹ ਤਕਾਈਆ । ਸਤਿ ਕਹੇ ਪ੍ਰਭ ਮੇਰੇ ਧੁਰ ਦੇ ਪ੍ਰੀਤਮ ਚੋਜੀ, ਮਿਹਰਵਾਨ ਤੇਰੀ ਇਕ ਸਰਨਾਈਆ । ਸ਼ਬਦੀ ਧਾਰ ਦੋ ਜਹਾਨਾਂ ਬਣ ਖੋਜੀ, ਲੱਖ ਚੁਰਾਸੀ ਵੇਖ ਵਖਾਈਆ । ਤੇਰਾ ਭਗਤ ਨਾਮ ਵਿਹੂਣਾ ਰਹੇ ਕੋਇ ਨਾ ਰੋਗੀ, ਦੁਖੀਆਂ ਦੁੱਖ ਦੇਣਾ ਮਿਟਾਈਆ । ਸਚ ਪ੍ਰੇਮ ਦੀ ਬਖ਼ਸ਼ਣੀ ਸੋਝੀ, ਚਤੁਰ ਸੁਜਾਨ ਸੁਘੜ ਸੁਚੱਜੇ ਦੇਣੇ ਉਠਾਈਆ । ਨਿਰਗੁਣ ਨਿਰਵੈਰ ਨਿਰਾਕਾਰ ਚੁੱਕਣੇ ਆਪਣੀ ਗੋਦੀ, ਮਿਹਰ ਨਜ਼ਰ ਸਿਰ ਆਪਣਾ ਹੱਥ ਟਿਕਾਈਆ । ਝਗੜਾ ਚੁਕਾਉਣਾ ਚੌਦਾਂ ਤਬਕ ਚੌਦਾਂ ਲੋਕੀ, ਸਚ ਸਲੋਕੀ ਇਕ ਸੁਣਾਈਆ । ਤੇਰੀ ਮੰਜ਼ਲ ਗੁਰਮੁਖਾਂ ਚੜ੍ਹਨੀ ਹੋਏ ਨਾ ਔਖੀ, ਸਹਿਜ ਸੁਭਾਉ ਨੌਂ ਦਵਾਰੇ ਪਾਰ ਦੇਣੇ ਕਰਾਈਆ । ਨਿਰਅੱਖਰ ਨਾਮ ਧਾਰ ਬਖ਼ਸ਼ ਪੜ੍ਹਨੀ ਪਏ ਕੋਈ ਨਾ ਪੋਥੀ, ਅੱਖਰਾਂ ਤੋਂ ਪਰੇ ਨਿਰਗੁਣ

ਹਰੇ ਤੇਰਾ ਜਲਵਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਸਤਿਗੁਰ ਸਾਚੇ ਜੀਉ ਪਿੰਡ ਕਾਚੇ ਤਨ ਵਜੂਦ ਦੇਣੀ ਵਡਿਆਈਆ । ਸਤਿ ਕਹੇ ਮੇਰੇ ਹਰ ਘਟ ਮਾਲਕ, ਬੇਪਰਵਾਹ ਬੇਨਜ਼ੀਰ ਨਜ਼ਰੀ ਆਈਆ । ਕਰਨੀ ਦੇ ਕਰਤੇ ਖ਼ਲਕ ਦੇ ਖ਼ਾਲਕ, ਮਖ਼ਲੂਕ ਤੇਰੀ ਓਟ ਤਕਾਈਆ । ਨਿਰਗੁਣ ਸਰਗੁਣ ਬਣ ਸਾਲਸ, ਸਾਹਿਬ ਸਵਾਮੀ ਵੇਸ ਵਟਾਈਆ । ਚਾਰ ਵਰਨ ਅਠਾਰਾਂ ਬਰਨ ਬਣਾ ਖ਼ਾਲਸ, ਖ਼ਾਲਸ ਰੂਪ ਤੇਰਾ ਨੂਰ ਕਰੇ ਰੁਸ਼ਨਾਈਆ । ਜਨ ਭਗਤ ਅੰਦਰ ਰਹੇ ਨਾ ਕੋਈ ਨਿੰਦਰਾ ਆਲਸ, ਗਿਆਨ ਨੇਤਰ ਦੇਣਾ ਖੁਲ੍ਹਾਈਆ । ਕੂੜੀ ਕਿਰਿਆ ਮੇਟ ਟਿੱਕਾ ਰਹੇ ਕੋਈ ਨਾ ਕਾਲਖ, ਦੁਰਮਤ ਮੈਲ ਦੇਣੀ ਧਵਾਈਆ । ਪੁਰਖ ਅਕਾਲ ਦੀਨ ਦਿਆਲ ਸਚਖੰਡ ਦਵਾਰ ਤੇਰੀ ਸੱਚੀ ਅਦਾਲਤ, ਅਦਲ ਇਨਸਾਫ਼ ਇਕੋ ਦੇਣਾ ਵਖਾਈਆ । ਜਿਥੇ ਵੁਕਲਾ ਕਰੇ ਨਾ ਕੋਇ ਵਕਾਲਤ, ਹੁਕਮੇ ਅੰਦਰ ਸਾਰੇ ਬੈਠੇ ਸੀਸ ਨਿਵਾਈਆ । ਇਕੋ ਗੋਬਿੰਦ ਸਤਿਗੁਰ ਸ਼ਬਦ ਦੇਵੇ ਸ਼ਹਾਦਤ, ਬਰੀਖ਼ਾਨਾ ਸਭ ਨੂੰ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਨੂਰੀ ਜੋਤ ਸਦਾ ਸਹੀ ਸਲਾਮਤ, ਜਨਮ ਮਰਨ ਕਰਮ ਵਿਚ ਕਦੇ ਨਾ ਆਈਆ ।



੨੨

★ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ ਗਿਰਧਾਰਾ ਸਿੰਘ ਦੇ ਗ੍ਰਹਿ ਪਿੰਡ ਬਲੋਵਾਲ ਜ਼ਿਲਾ ਅੰਮ੍ਰਿਤਸਰ ★



੨੦

ਸਤਿ ਧਰਮ ਗੁਰਮੁਖਾਂ ਦਾਤ, ਜਗਤ ਜੁਗਤ ਹੱਥ ਕਿਸੇ ਨਾ ਆਈਆ । ਦੇਵਣਹਾਰਾ ਆਦਿ ਜੁਗਾਦਿ, ਜੁਗ ਚੌਕੜੀ ਸਦਾ ਵਰਤਾਈਆ । ਰੱਖਣਹਾਰਾ ਏਥੇ ਓਥੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਉੱਤਮ ਸ੍ਰੇਸ਼ਟ ਕਰ ਕੇ ਭਾਗ, ਭਗਵਨ ਆਪਣੇ ਰੰਗ ਰੰਗਾਈਆ । ਦੀਨ ਦੁਨੀ ਦਾ ਜਗਾ ਕੇ ਚਿਰਾਗ਼, ਗੁਰਮੁਖ ਸਚ ਕਰੇ ਰੁਸ਼ਨਾਈਆ । ਜਗਤ ਤ੍ਰਿਸ਼ਨਾ ਬੁਝਾ ਆਗ, ਅਗਲਾ ਪੜਦਾ ਦਏ ਉਠਾਈਆ । ਮਾਇਆ ਡੱਸੇ ਨਾ ਡੱਸਣੀ ਨਾਗ, ਸਤਿ ਸੰਤੋਖ ਇਕ ਜਣਾਈਆ । ਸਾਚੇ ਬੇੜੇ ਚੜ੍ਹਾਏ ਜਹਾਜ਼, ਨਾਮ ਨਿਧਾਨਾ ਇਕ ਵਖਾਈਆ । ਸਾਚੀ ਮੰਜ਼ਲ ਪੁਚਾਏ ਆਪ, ਦਰ ਠਾਂਡੇ ਦਏ ਬਹਾਈਆ । ਜਿਥੇ ਪੋਹ ਨਾ ਸਕੇ ਤੀਨੋਂ ਤਾਪ, ਤ੍ਰੈਗੁਣ ਝਗੜਾ ਦਏ ਚੁਕਾਈਆ । ਆਤਮ ਪਰਮਾਤਮ ਹੋਵੇ ਜਾਪ, ਬਿਨ ਰਸਨਾ ਢੋਲਾ ਗਾਈਆ । ਚਿੰਤਾ ਰਹੇ ਨਾ ਕੋਇ ਸੰਤਾਪ, ਸਤਿ ਸਤਿਵਾਦੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਜੋੜ ਕੇ ਨਾਤ, ਨਰ ਨਰਾਇਣ ਆਪਣੇ ਰੰਗ ਰੰਗਾਈਆ । ਜਨ ਭਗਤਾਂ ਸਤਿ ਦਾ ਜੋੜ ਰਿਸ਼ਤਾ, ਸਤਿਗੁਰ ਆਪਣੇ ਨਾਲ ਬੰਧਾਈਆ । ਦੇਵੇ ਦੁੱਖ ਨਾ ਕੋਇ ਫ਼ਰਿਸ਼ਤਾ, ਰਾਏ ਧਰਮ ਨਾ ਡੰਨ ਲਗਾਈਆ । ਰੂਪ ਬਣਾ ਕੇ ਸਾਚੇ ਸਿੱਖ ਦਾ, ਸਾਚੀ ਮੰਜ਼ਲ ਦਏ ਪੁਚਾਈਆ । ਜਿਥੇ ਚਿਤਰ ਗੁਪਤ ਲੇਖ ਨਹੀਂ ਲਿਖਦਾ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਰਸ ਮਿਲੇ ਪਰਮ ਪੁਰਖ ਦੇ ਹਿਤ ਦਾ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਝਗੜਾ ਰਹੇ ਨਾ ਮਨੂਏ ਚਿੱਤ ਦਾ, ਚਾਤ੍ਰਿਕ ਅੰਮ੍ਰਿਤ ਬੂੰਦ ਦਏ ਪਿਆਈਆ । ਸਾਚਾ ਖੇਲ ਪੁਰਖ ਅਬਿਨਾਸ਼ੀ ਇਕ ਦਾ, ਗੁਰਮੁਖ ਇਕ ਇਕ ਰਿਹਾ ਤਰਾਈਆ । ਜਗ ਨੇਤਰ ਕਿਸੇ ਨਾ ਦਿਸਦਾ, ਜੋਤੀ ਜਾਮਾ ਵੇਸ ਵਟਾਈਆ । ਲਹਿਣਾ ਦੇਣਾ ਮੁਕਾ ਕੇ ਪੱਥਰ ਇੱਟ ਦਾ, ਇਸ਼ਟ ਨਿਰਗੁਣ

ਜੋਤ ਰਿਹਾ ਸਮਝਾਈਆ । ਹਿੱਸਾ ਦੇਵੇ ਗੋਬਿੰਦ ਵਾਲੀ ਚਿੱਟ ਦਾ, ਬਿਨ ਅੱਖਰਾਂ ਲੇਖੇ ਪਾਈਆ । ਵੇਸ ਵਟਾ ਕੇ ਧੁਰ ਦੇ ਪਿਤ ਦਾ, ਪਤਿਪਰਮੇਸ਼ਵਰ ਗੁਰਮੁਖ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਨਿਤ ਨਵਿਤ ਦਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਸਤਿ ਸਦਾ ਦਵਾਰ, ਦਰਬਾਨ ਹੋ ਕੇ ਖ਼ੁਸ਼ੀ ਮਨਾਈਆ । ਲੋਕਮਾਤ ਸੇਵਾਦਾਰ, ਸੇਵਕ ਹੋ ਕੇ ਸੇਵ ਕਮਾਈਆ । ਚਰਨ ਕਵਲ ਬਣ ਪਨਿਹਾਰ, ਪਨਘਟ ਇਕੋ ਵੇਖ ਵਖਾਈਆ । ਖ਼ੁਸ਼ੀਆਂ ਨਾਲ ਪ੍ਰਭ ਦਾ ਕਰੇ ਇਜ਼ਹਾਰ, ਸਿਫ਼ਤਾਂ ਵਾਲੇ ਢੋਲੇ ਗਾਈਆ । ਉਚੀ ਕੂਕ ਕਰੇ ਪੁਕਾਰ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਸਾਚਾ ਕਰ ਦਰਸ ਦੀਦਾਰ, ਦੀਦ ਈਦ ਚੰਦ ਚਮਕਾਈਆ । ਉਚੀ ਕੂਕ ਬੋਲ ਜੈਕਾਰ, ਨਾਅਰਾ ਇਕੋ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲਾ ਗੁਰਮੁਖ ਸਤਿਗੁਰ ਹੋ ਕੇ ਰਿਹਾ ਤਾਰ, ਤਾਰਨਹਾਰ ਸਮਰਥ ਆਪਣੇ ਹੱਥ ਰੱਖੇ ਵਡਿਆਈਆ ।

★ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਿਹ ਪਿੰਡ ਬਲੋਵਾਲ ★

ਜਨ ਭਗਤਾਂ ਲਹਿਣਾ ਦੇਣਾ ਸਦਾ ਸਤਿ ਦਾ, ਸਤਿ ਸਤਿਗੁਰ ਦਏ ਵਡਿਆਈਆ । ਝਗੜਾ ਰਹੇ ਨਾ ਕੂੜੀ ਰਤ ਦਾ, ਰਤਨ ਅਮੋਲਕ ਦਏ ਵਖਾਈਆ । ਢੋਲਾ ਦੱਸ ਕੇ ਆਪਣੇ ਜਸ ਦਾ, ਸੋਹੰ ਕਰੇ ਹਕ ਪੜ੍ਹਾਈਆ । ਦੀਦਾਰ ਬਖ਼ਸ਼ ਪ੍ਰੇਮ ਅੱਖ ਦਾ, ਆਖ਼ਰ ਆਪਣਾ ਰੰਗ ਚੜ੍ਹਾਈਆ । ਹਰਿਜਨ ਅੰਦਰ ਹੋਵੇ ਵਸਦਾ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ ਦਾ, ਦੇਵਣਹਾਰ ਸੱਚੀ ਸਰਨਾਈਆ । ਸਚ ਸਰਨਾਈ ਏਕੰਕਾਰ, ਇਕ ਇਕੱਲਾ ਆਪ ਰਖਾਈਆ । ਦਰ ਠਾਂਡਾ ਖੋਲ੍ਹ ਕਿਵਾੜ, ਅਗਨੀ ਤਤ ਦਏ ਬੁਝਾਈਆ । ਮਮਤਾ ਮੋਹ ਨਾ ਸਕੇ ਸਾੜ, ਹੰਕਾਰ ਵਿਕਾਰ ਨਾ ਕੋਇ ਵਧਾਈਆ । ਨਾਮ ਨਿਧਾਨਾ ਬਖ਼ਸ਼ ਕੇ ਧਾਰ, ਧਰਮ ਦਵਾਰਾ ਇਕ ਸਮਝਾਈਆ । ਪੁਰਖ ਅਬਿਨਾਸ਼ੀ ਧੁਰ ਦਾ ਯਾਰ, ਮੁਹੱਬਤ ਇਕੋ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਿਕਦਾਰ, ਸਿਖ਼ਰ ਚੋਟੀ ਚੜ੍ਹ ਕੇ ਵੇਖ ਵਖਾਈਆ ।

★ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੨ ਬੀਬੀ ਸਵਰਨ ਕੌਰ ਦੇ ਗ੍ਰਿਹ ਪਿੰਡ ਸੈਦਪੁਰ ਜ਼ਿਲਾ ਅੰਮ੍ਰਿਤਸਰ ★

ਸਤਿ ਧਰਮ ਕਹੇ ਪ੍ਰਭ ਕਲਜੁਗ ਕੂੜੀ ਕਿਰਿਆ ਮੇਟ ਗੁਸਤਾਖ਼, ਲੋਕਮਾਤ ਧਰਨੀ ਧਰਤ ਧਵਲ ਰਹਿਣ ਮੂਲ ਨਾ ਪਾਈਆ । ਕਲਜੁਗ ਜੀਵਾਂ ਜਨਮ ਕਰਮ ਮਨ ਵਿਕਾਰ ਕਰ ਮੁਆਫ਼, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਉਠਾਈਆ । ਜਨਮ ਕਰਮ ਦਾ ਲੇਖਾ ਕਰ ਦੇ ਸਾਫ਼, ਦੁਰਮਤ ਮੈਲ ਧਵਾਈਆ । ਰੂਹ ਬੁਤ ਅੰਦਰ ਬਾਹਰ ਗੁਪਤ ਜਾਹਰ ਕਰ ਦੇ ਪਾਕ, ਪਾਕੀਜ਼ਾ ਹੋ ਕੇ ਨੂਰ ਖ਼ੁਦਾਈਆ । ਸਾਚਾ ਕਲਮਾ ਧੁਰ ਦਾ ਨਗ਼ਮਾ ਕਾਇਨਾਤ ਦੀਨ ਦੁਨੀ ਦੱਸ ਇਕ ਆਦਾਬ, ਸਜਦਾ ਇਕੋ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਵਾਹਦ ਲਾਸ਼ਰੀਕ ਨਿਕਲੇ ਇਕ ਆਵਾਜ਼, ਦੂਜਾ

ਰਾਗ ਨਾ ਕੋਇ ਅਲਾਈਆ । ਤੇਰੇ ਚਰਨ ਕਵਲਾਂ ਪੜ੍ਹਨੀ ਪਏ ਇਕ ਨਿਮਾਜ਼, ਪ੍ਰੇਮ ਪ੍ਰੀਤੀ ਵੁਜ਼ੂ ਦੇ ਸਮਝਾਈਆ । ਕਾਇਆ ਖੇੜਾ ਉਜੜਿਆ ਸਭ ਦਾ ਕਰ ਆਬਾਦ, ਅੰਮ੍ਰਿਤ ਮੇਘ ਆਪ ਬਰਸਾਈਆ । ਧੁਨ ਆਤਮਕ ਹਰ ਹਿਰਦੇ ਉਪਜੇ ਵੈਰਾਗ, ਵੈਰੀ ਕੂੜੇ ਦੇ ਮਿਟਾਈਆ । ਤੇਰੇ ਨਾਮ ਦੀ ਵਿਦਿਆ ਨੂੰ ਸਮਝੇ ਨਾ ਕੋਇ ਦਿਮਾਗ਼, ਬੁੱਧੀ ਤੋਂ ਪਰੇ ਬੋਧ ਅਗਾਧ ਦੇ ਜਣਾਈਆ । ਸੋਈ ਸੁਰਤੀ ਸਭ ਦੀ ਜਾਏ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਗੁਰਮੁਖ ਹੰਸ ਬਣਾ ਕਾਗ, ਮਨ ਵਾਸਨਾ ਨਾ ਕੋਇ ਕੁਰਲਾਈਆ । ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟੀ ਦ੍ਰਿਸ਼ਟੀ ਬਦਲ ਦੇ ਸਮਾਜ, ਰਸਤਾ ਵਾਬਸਤਾ ਹੋ ਕੇ ਇਕੋ ਇਕ ਜਣਾਈਆ । ਤੇਰਾ ਖੇਲ ਸਦਾ ਆਦਿ ਜੁਗਾਦਿ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਤੇਰੇ ਨਾਮ ਦਾ ਵੱਜੇ ਇਕੋ ਡੰਕਾ ਨਾਦ, ਨਾਉਂ ਨਿਰੰਕਾਰਾ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਕਹੇ ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਝੁਕਾਈਆ । ਸਤਿ ਧਰਮ ਕਹੇ ਪ੍ਰਭ ਦੱਸ ਦੇ ਏਕੋ ਪੂਜਾ ਪਾਠ, ਸਿਮਰਨ ਤੇਰਾ ਨਾਮ ਨਜ਼ਰੀ ਆਈਆ । ਜਨਮ ਜਨਮ ਦੀ ਕਰਮ ਕਰਮ ਦੀ ਮੁਕੇ ਸਭ ਦੀ ਵਾਟ, ਪਾਂਧੀ ਹੋ ਕੇ ਕੋਇ ਨਾ ਭੱਜੇ ਵਾਹੋ ਦਾਹੀਆ । ਕੂੜੀ ਕਿਰਿਆ ਕਾਇਆ ਮੰਦਰ ਅੰਦਰ ਮੇਟ ਅੰਧੇਰੀ ਰਾਤ, ਨਿਰਗੁਣ ਹੋ ਕੇ ਸਾਚਾ ਨੂਰ ਚੰਦ ਕਰ ਰੁਸ਼ਨਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸ ਆਪਣੀ ਗਾਥ, ਗਹਿਰ ਗੰਭੀਰ ਬੇਨਜ਼ੀਰ ਹੋ ਕੇ ਕਰ ਪੜ੍ਹਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਸਮਰਾਥ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਵਿਖਤਾਂ ਵਿਚ ਜੋ ਗਏ ਆਖ, ਆਖ਼ਰ ਲਹਿਣਾ ਦੇਣਾ ਸਭ ਦਾ ਝੋਲੀ ਪਾਈਆ । ਜਨ ਭਗਤਾਂ ਅੰਦਰ ਸਾਚੇ ਮੰਦਰ ਖੋਲ੍ਹ ਆਪਣਾ ਤਾਕ, ਪੜਦਾ ਓਹਲਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਜੋਤ ਕਰ ਪਰਕਾਸ਼, ਪਰਕਾਸ਼ਤ ਵੇਖੇ ਸਰਬ ਲੋਕਾਈਆ । ਸਤਿ ਧਰਮ ਕਹੇ ਪ੍ਰਭ ਲੋਕਮਾਤ ਨਿਰਗੁਣ ਧਾਰ ਆ, ਆਲਮਾਂ ਇਲਮ ਦੇ ਜਣਾਈਆ । ਸ੍ਰਿਸ਼ਟ ਸਬਾਈ ਵੇਖ ਭਰੀ ਗੁਨਾਹ, ਦੁਰਮਤ ਮੈਲ ਨਾ ਕੋਇ ਧਵਾਈਆ । ਤੁਧ ਬਿਨ ਦਿਸੇ ਨਾ ਕੋਇ ਮਲਾਹ, ਬੇੜਾ ਕੰਧ ਨਾ ਕੋਇ ਉਠਾਈਆ । ਚਾਰ ਵਰਨ ਨਾ ਦਏ ਕੋਈ ਸਮਝਾ, ਝਗੜਾ ਮਜ਼੍ਹਬ ਨਾ ਕੋਇ ਚੁਕਾਈਆ । ਹਰ ਹਿਰਦੇ ਅੰਦਰ ਡੇਰਾ ਲਾ, ਨਿਰਗੁਣ ਹੋ ਕੇ ਸੋਭਾ ਪਾਈਆ । ਤੂੰ ਹੀ ਜਲਵਾਗਰ ਖ਼ੁਦਾ, ਨੂਰ ਨੁਰਾਨਾ ਨੂਰ ਇਲਾਹੀਆ । ਦੀਨ ਦੁਨੀ ਹੋਈ ਬੇਵਫ਼ਾ, ਵਫ਼ਾਦਾਰੀ ਸਭ ਨੂੰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਮੇਟ ਸਫਾ, ਮਲੇਛ ਬੁੱਧੀ ਨਜ਼ਰ ਕੋਇ ਨਾ ਆਈਆ । ਸਤਿ ਧਰਮ ਕਹੇ ਮੇਰੇ ਸਤਿ ਪੁਰਖ ਸਾਹਿਬ ਸਵਾਮੀ ਨਿਰੰਜਣ, ਨਿਰਾਕਾਰ ਤੇਰੀ ਸਰਨਾਈਆ । ਦਾਤਾ ਦਾਨੀ ਬਣ ਦਰਦ ਦੁਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨਾਮ ਨਿਧਾਨਾ ਧੁਰ ਦਾ ਦੇ ਅੰਜਨ, ਨੇਤਰ ਲੋਚਣ ਨੈਣ ਹੋਵੇ ਰੁਸ਼ਨਾਈਆ । ਤੇਰੇ ਚਰਨ ਧੂੜ ਦਾ ਹੋਵੇ ਮਜਨ, ਦੂਜਾ ਸਰੋਵਰ ਨਾ ਕੋਇ ਵਖਾਈਆ । ਦਰ ਦਰਵੇਸ਼ ਹੋ ਕੇ ਸਾਰੇ ਮੰਗਣ, ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਰਖ ਅਕਾਲ ਆਪਣੇ ਨਾਮ ਦੀ ਚਾੜ੍ਹ ਰੰਗਣ, ਰੰਗਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਝੋਲੀ ਡਾਹੀਆ । ਸਤਿ ਧਰਮ ਕਹੇ ਮੈਂ ਬਣਿਆ ਦਰਵੇਸ਼, ਘਰ ਤੇਰੇ ਅਲਖ ਜਗਾਈਆ ।

ਤੂੰ ਆਦਿ ਜੁਗਾਦੀ ਦੇਵਣਹਾਰ ਹਮੇਸ਼, ਨਿਰਗੁਣ ਸਰਗੁਣ ਝੋਲੀ ਸਰਬ ਭਰਾਈਆ । ਲੱਖ ਚੁਰਾਸੀ ਜੀਵ ਜੰਤ ਲੈਣਾ ਵੇਖ, ਬਿਨ ਅੱਖਾਂ ਅੱਖ ਉਠਾਈਆ । ਲੋਕਮਾਤ ਮਾਰ ਝਾਤ ਵੇਖ ਆਪਣਾ ਪਰਦੇਸ, ਜਿਥੇ ਪਰਦੇਸੀ ਗੁਰਮੁਖ ਬੈਠੇ ਧਿਆਨ ਲਗਾਈਆ । ਨਜ਼ਰੀ ਆ ਨੇਤਨ ਨੇਤ, ਦੂਰ ਦੁਰਾਡਾ ਪੰਧ ਚੁਕਾਈਆ । ਪਰਮਾਤਮ ਹੋ ਕੇ ਆਤਮ ਕਰ ਹੇਤ, ਪਾਰਬ੍ਰਹਮ ਬ੍ਰਹਮ ਮੇਲਾ ਲੈ ਮਿਲਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਨਿਰਗੁਣ ਨਿਰਗੁਣ ਦੱਸ ਭੇਤ, ਭੇਵ ਆਪਣਾ ਦੇ ਖੁਲ੍ਹਾਈਆ । ਜੋ ਦਿਵਸ ਰੈਣ ਏਕਾ ਏਕ ਰਹੇ ਚੇਤ, ਚੇਤਨ ਸਭ ਨੂੰ ਦੇ ਕਰਾਈਆ । ਕੂੜੀ ਕਿਰਿਆ ਕਰ ਕੇ ਖੇਤ, ਖ਼ਾਦਮ ਆਪਣੇ ਲੈ ਬਣਾਈਆ । ਪੁਰਖ ਅਕਾਲ ਹੋ ਕੇ ਲੈ ਵੇਖ, ਅਕਲ ਕਲਧਾਰੀ ਆਪਣੀ ਕਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਤਿ ਸਾਚੀ ਮੰਗ ਮੰਗਾਈਆ । ਸਤਿ ਕਹੇ ਮੇਰੇ ਸਰਬ ਗੁਣਾਂ ਭਰਪੂਰ, ਭਰਮ ਦੇਣਾ ਗਵਾਈਆ । ਕੂੜੀ ਕਿਰਿਆ ਕੱਢ ਜ਼ਰੂਰ, ਜਾਹਰ ਜਹੂਰ ਕਰ ਰੁਸ਼ਨਾਈਆ । ਮਨ ਵਾਸਨਾ ਰਹੇ ਨਾ ਕੋਇ ਮਫ਼ਰੂਰ, ਸ਼ਬਦ ਡੋਰੀ ਬੰਧ ਬੰਧਾਈਆ । ਝਗੜਾ ਦੂਈ ਨਾ ਰਹੇ ਕੂੜ, ਝੂਠ ਅਪਰਾਧ ਦੇਣਾ ਮਿਟਾਈਆ । ਚਤਰ ਸੁਘੜ ਬਣਾ ਮੂਰਖ ਮੂੜ੍ਹ, ਪੜਦਾ ਓਹਲਾ ਆਪ ਚੁਕਾਈਆ । ਜਨ ਭਗਤਾਂ ਬਖ਼ਸ਼ ਅਗੰਮੀ ਧੂੜ, ਮਸਤਕ ਟਿੱਕੇ ਨਾਮ ਵਖਾਈਆ । ਤੂੰ ਮਾਲਕ ਆਦਿ ਜੁਗਾਦੀ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਬਦਲਣਾ ਤੇਰਾ ਦਸਤੂਰ, ਦਸਤ ਬਦਸਤ ਸਭ ਦਾ ਲਹਿਣਾ ਦੇਣਾ ਦੇ ਮੁਕਾਈਆ ।





### ★ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਹਿ ਪਿੰਡ ਸੈਦਪੁਰ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਪ੍ਰਭ ਮੇਲ ਆਪਣੇ ਸੰਤ ਸੁਹੇਲੇ ਗੁਰਮੁਖ, ਭਗਤ ਭਗਵਾਨ ਨਿਰਗੁਣ ਸਰਗੁਣ ਨਾਤਾ ਲੈ ਜੁੜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਉਜਲ ਕਰ ਮੁਖ, ਪ੍ਰੇਮ ਪਿਆਰ ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਜਨਮ ਮਰਨ ਆਵਣ ਜਾਵਣ ਲੱਖ ਚੁਰਾਸੀ ਰਹੇ ਕਿਸੇ ਨਾ ਦੁੱਖ, ਪਤਤ ਪੁਨੀਤ ਠਾਂਡੇ ਸੀਤ ਦੇ ਕਰਾਈਆ । ਮਾਤ ਗਰਭ ਉਲਟਾ ਹੋਣਾ ਪਵੇ ਨਾ ਰੁਖ਼, ਅਗਨੀ ਤਤ ਨਾ ਕੋਇ ਜਲਾਈਆ । ਮਿਹਰਵਾਨ ਮਹਿਬੂਬ ਪਰਵਰਦਿਗਾਰ ਸਾਂਝੇ ਯਾਰ ਆਪਣੀ ਗੋਦੀ ਚੁੱਕ, ਮੁਰਸ਼ਦ ਹੋ ਕੇ ਮੁਰੀਦਾਂ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਆਪਣੀ ਅਗੰਮੀ ਤੁਕ, ਸ਼ਬਦ ਅਨਾਦੀ ਨਾਦ ਧੁਨ ਕਰ ਸ਼ਨਵਾਈਆ । ਗ੍ਰਹਿ ਮੰਦਰ ਕਾਇਆ ਅੰਦਰ ਇਕ ਅਗੰਮਾ ਦੇ ਸੁਖ, ਸੁਖਸਾਗਰ ਕਾਇਆ ਗਾਗਰ ਅੰਦਰ ਨਜ਼ਰੀ ਆਈਆ । ਪੜਦਾ ਓਹਲਾ ਭੇਵ ਅਭੇਦਾ ਰਹੇ ਕੋਈ ਨਾ ਲੁਕ, ਠਾਕਰ ਹੋ ਕੇ ਠੋਕਰ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾ ਧੁਰ ਦਾ ਘਰ, ਜਿਸ ਗ੍ਰਹਿ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸਤਿ ਧਰਮ ਕਹੇ ਪ੍ਰਭ ਸੰਤ ਸੁਹੇਲੇ ਵੇਖ ਆਪਣੇ ਮੀਤ, ਮਿਤਰ ਪਿਆਰਾ ਹੋ ਕੇ ਮੇਲ ਮਿਲਾਈਆ । ਜਿਨ੍ਹਾਂ ਨਾਲ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਬਦਲਦਾ ਆਇਓਂ ਰੀਤ, ਮੰਦਰ ਮਸੀਤ ਲੇਖਾ ਦਏਂ ਚੁਕਾਈਆ । ਧਾਮ ਵਖਾਏਂ ਸਦਾ ਅਨਡੀਠ, ਮਹੱਲ ਅਟਲ ਦਏਂ ਦ੍ਰਿੜਾਈਆ । ਜਿਸ ਗ੍ਰਹਿ ਮੰਦਰ

ਅੰਦਰ ਵਸੇਂ ਆਪ ਜਗਦੀਸ, ਜਗਦੀਸ਼ਰ ਹੋ ਕੇ ਖੋਜ ਖੁਜਾਈਆ । ਤੇਰਾ ਲਹਿਣਾ ਦੇਣਾ ਹਸਤ ਕੀਟ, ਲੱਖ ਚੁਰਾਸੀ ਭੇਵ ਅਭੇਦਾ ਪੜਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਇਕੋ ਵਰ, ਆਤਮ ਪਰਮਾਤਮ ਤੇਰੀ ਸਾਚੀ ਕਰਨ ਪ੍ਰੀਤ, ਪ੍ਰੀਤਮ ਇਕੋ ਲੈਣ ਮਨਾਈਆ । ਸਤਿ ਕਹੇ ਪ੍ਰਭ ਜਨ ਭਗਤ ਸੁਹੇਲੇ ਵੇਖ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਤ੍ਰੈਗੁਣ ਪੋਹ ਨਾ ਸਕੇ ਅਗਨੀ ਅੱਗ, ਅੰਮ੍ਰਿਤ ਮੇਘ ਦੇ ਬਰਸਾਈਆ । ਜਗਤ ਦਵਾਰੇ ਪਾਰ ਕਰ ਹੱਦ, ਦਰ ਠਾਂਡਾ ਇਕ ਜਣਾਈਆ । ਦੇ ਦਰਸ ਉਪਰ ਸ਼ਾਹ ਰਗ, ਸ਼ਹਿਨਸ਼ਾਹ ਹੋ ਕੇ ਮੇਲਾ ਲੈ ਮਿਲਾਈਆ । ਤੇਰੇ ਨਾਮ ਦੀ ਧੁਨ ਸੁਣਨ ਸੱਚੀ ਅਨਹੱਦ, ਅਨਰਾਗੀ ਹੋ ਕੇ ਆਪਣਾ ਰਾਗ ਦੇ ਦ੍ਰਿੜਾਈਆ । ਨਾਮ ਖ਼ੁਮਾਰੀ ਜਾਮ ਹਕੀਕੀ ਦੇ ਮਦਿ, ਮਧੁਰ ਧੁਨ ਵੱਜੇ ਸਚ ਵਧਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਿਰਗੁਣ ਨੂਰੀ ਚੰਦ ਕਰ ਰੁਸ਼ਨਾਈਆ । ਏਥੇ ਓਥੇ ਦੋ ਜਹਾਨਾਂ ਅੰਦਰ ਬਾਹਰ ਗੁਪਤ ਜਾਹਰ ਸਤਿਗੁਰ ਸ਼ਬਦ ਹੋ ਕੇ ਦੇ ਸਾਥ, ਸਗਲਾ ਸੰਗ ਆਪ ਨਿਭਾਈਆ । ਆਤਮ ਪਰਮਾਤਮ ਧੁਰ ਦਾ ਢੋਲਾ ਹੋਵੇ ਤੇਰੀ ਗਾਥ, ਨਿਰਅੱਖਰ ਨਿਰਵੈਰ ਨਿਰਾਕਾਰ ਨਿਰੰਕਾਰ ਦੇ ਸਮਝਾਈਆ । ਸਾਚੇ ਸੰਤਾਂ ਧੁਰ ਦੇ ਭਗਤਾਂ ਖੋਲ੍ਹ ਅੱਖ, ਦਰਸ਼ਨ ਦੇ ਸਦਾ ਪ੍ਰਤੱਖ, ਦੂਰ ਨੇੜਾ ਪੰਧ ਨਾ ਕੋਇ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੀਨ ਦੁਨੀ ਨਾਲੋਂ ਕਰ ਵੱਖ, ਨਾਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤਨ ਮੀਤਾ ਠਾਂਡਾ ਸੀਤਾ, ਸਤਿ ਦਵਾਰਾ ਏਕੰਕਾਰਾ ਗ੍ਰਿਹਿ ਮੰਦਰ ਦੇਣਾ ਵਖਾਈਆ । ਸਤਿ ਧਰਮ ਕਹੇ ਪ੍ਰਭ ਭਗਤਾਂ ਦੇ ਅਗੰਮੀ ਦਾਨ, ਗੁਰਮੁਖ ਸੰਤ ਸੁਹੇਲੇ ਸੱਜਣ ਝੋਲੀ ਦੇ ਭਰਾਈਆ । ਚਰਨ ਧੂੜੀ ਬਖ਼ਸ਼ ਅਗੰਮੀ ਇਸ਼ਨਾਨ, ਅੰਦਰ ਬਾਹਰ ਦੁਰਮਤ ਮੈਲ ਰਹੇ ਨਾ ਰਾਈਆ । ਸੁਰਤ ਸਵਾਣੀ ਆਪਣੀ ਸਖ਼ੀ ਅੰਦਰ ਵੜ ਕੇ ਮੰਦਰ ਚੜ੍ਹ ਕੇ ਵੇਖ ਸਾਚੇ ਕਾਹਨ, ਨਿਰਗੁਣ ਹੋ ਕੇ ਨਿਰਗੁਣ ਮੇਲ ਮਿਲਾਈਆ । ਸ਼ਬਦ ਨਿਰਾਲਾ ਮਾਰ ਆਪਣਾ ਬਾਣ, ਅਣਿਆਲਾ ਤੀਰ ਚਲਾਈਆ । ਝਗੜਾ ਮੁਕੇ ਜੀਵ ਜਹਾਨ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਘਰ ਠਾਕਰ ਸਵਾਮੀ ਮਿਲ ਆਣ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਸੰਤ ਸੁਹੇਲੇ ਦਰ ਠਾਂਡੇ ਤੇਰਾ ਦਰਸ਼ਨ ਪਾਣ, ਬਿਨ ਕਾਅਬਿਉਂ ਸਾਚਾ ਹੱਜ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਹੁਕਮੀ ਹੁਕਮ ਇਕ ਦ੍ਰਿੜਾਈਆ । ਸਤਿ ਧਰਮ ਕਹੇ ਪ੍ਰਭ ਆ ਜਾ ਭਗਤਾਂ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਕਰ ਗੁਫ਼ਤਾਰ, ਗੁਫ਼ਤ ਸ਼ਨੀਦ ਦੇ ਸਮਝਾਈਆ । ਤੇਰੀ ਮਹਿੰਮਾ ਮਜਲਸ ਵਿਚ ਹੋਵੇ ਅਪਰ ਅਪਾਰ, ਜਿਸ ਨੂੰ ਅਲਿਫ਼ ਯੇ ਸਮਝ ਸਕੇ ਨਾ ਰਾਈਆ । ਕਾਗਦ ਕਲਮ ਨਾ ਲਿਖਣਹਾਰ, ਸ਼ਾਹੀ ਮਿਲੇ ਨਾ ਕੋਇ ਵਡਿਆਈਆ । ਸਾਚੇ ਸੰਤਾਂ ਦੇ ਦੀਦਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਧੁਰ ਦੇ ਮਾਲਕ ਪਰਵਰਦਿਗਾਰ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਕਲਜੁਗ ਰੈਣ ਅੰਧੇਰੀ ਚਾਰ ਕੁੰਟ ਸ੍ਰਿਸ਼ਟੀ ਦਿਸੇ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਬਿਨ ਸਤਿਗੁਰ ਸ਼ਬਦ ਪਾਰ ਨਾ ਕੋਇ ਕਰਾਈਆ । ਨਿਰਗੁਣ ਨਿਰਵੈਰ ਸਤਿ ਸਰੂਪੀ ਸ਼ਾਹੋ ਭੂਪੀ ਬਣ ਦਲਾਲ, ਲੋਕਮਾਤ ਮਾਰ ਝਾਤ ਗੁਰਮੁਖ ਸੱਜਣ ਆਪਣੇ ਰੰਗ ਰੰਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰਾ ਦੇਂਦੀ ਗਈ ਅਹਿਵਾਲ, ਸਿਫ਼ਤਾਂ ਵਿਚ

ਤੇਰਾ ਢੋਲਾ ਗਾਈਆ । ਤੂੰ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਦੀਨ ਦਿਆਲ, ਦਇਆਨਿਧ ਇਕੋ ਇਕ ਨਜ਼ਰੀ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਰਖ ਅਬਿਨਾਸ਼ੀ ਘਟ ਨਿਵਾਸੀ ਸਤਿ ਧਰਮ ਕਹੇ ਮੇਰਾ ਮੰਨ ਸਵਾਲ, ਸਵਾਲੀ ਹੋ ਕੇ ਬੇਨੰਤੀ ਦਿਤੀ ਸੁਣਾਈਆ । ਸਾਚੇ ਸੰਤਾਂ ਸਦਾ ਸਦਾ ਸਦ ਵਸੇਂ ਨਾਲ, ਨਾਮ ਨਿਧਾਨਾ ਵਜਾਉਂਦਾ ਰਿਹੋਂ ਤਾਲ, ਮਾਰਗ ਜਗ ਜੀਵਣ ਦਾਤੇ ਦੱਸਦਾ ਰਹੀਂ ਸੁਖਾਲ, ਸ਼ਬਦੀ ਸੁਤ ਬਣਾ ਕੇ ਆਪਣਾ ਲਾਲ, ਸਦਾ ਵਸਾਈਂ ਸਚਖੰਡ ਦਵਾਰ ਸੱਚੀ ਧਰਮਸਾਲ, ਦੂਜਾ ਦਰ ਨਾ ਕਦੇ ਵਖਾਈਆ ।

★ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੨ ਕੇਸਰ ਸਿੰਘ ਦੇ ਗ੍ਰਿਹ ਪਿੰਡ ਮੈਸਮ ਪੁਰਾ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਪ੍ਰਭ ਕਲਜੁਗ ਕੂੜੀ ਕਿਰਿਆ ਮੇਟ ਪਖੰਡ, ਚਾਰ ਕੁੰਟ ਦਹਿ ਦਿਸ਼ਾ ਧਰਨੀ ਧਰਤ ਧਵਲ ਉਪਰ ਰਹਿਣ ਕੋਇ ਨਾ ਪਾਈਆ । ਕੂੜ ਵਿਕਾਰ ਹੰਕਾਰ ਦੁਰਾਚਾਰ ਦੇ ਦੰਡ, ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਦੇ ਸਮਝਾਈਆ । ਜਨ ਭਗਤਾਂ ਅੰਤਰ ਨਾਮ ਦੀ ਪਾ ਠੰਡ, ਅੰਮ੍ਰਿਤ ਮੇਘ ਬੂੰਦ ਸਵਾਂਤੀ ਆਪ ਚੁਆਈਆ । ਜਨਮ ਕਰਮ ਦੀ ਵਿਛੜੀ ਆਤਮ ਪਰਮਾਤਮ ਟੁੱਟੀ ਗੰਢ, ਦੋ ਜਹਾਨਾਂ ਵਾਲੀ ਆਪਣਾ ਰੰਗ ਰੰਗਾਈਆ । ਦੂਈ ਦਵੈਤ ਅੰਧ ਅੰਧੇਰ ਅੰਦਰੋਂ ਢਾਹ ਕੰਧ, ਭਾਂਡਾ ਭਰਮ ਭਉ ਭੰਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਧੁਰ ਦਾ ਛੰਦ, ਸੋਹੰ ਢੋਲਾ ਸ਼ਬਦ ਵਿਚੋਲਾ ਆਪਣਾ ਦੇ ਜਣਾਈਆ । ਰਸਨਾ ਜਿਹਵਾ ਕੋਈ ਨਾ ਗਾਵੇ ਮਨ ਵਿਕਾਰੀ ਗੰਦ, ਬੱਤੀ ਦੰਦ ਤੇਰਾ ਨਾਮ ਧਿਆਈਆ । ਕਰ ਪਰਕਾਸ਼ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਵ ਖੰਡ, ਸੱਤ ਦੀਪ ਤੇਰਾ ਨੂਰ ਹੋਏ ਰੁਸ਼ਨਾਈਆ । ਗੁਰਮੁਖਾਂ ਨਿਜ ਆਤਮ ਦੇ ਸਚ ਅਨੰਦ, ਪਰਮਾਨੰਦ ਵਿਚ ਸਮਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਹੋ ਸਹਾਈਆ । ਕਲਜੁਗ ਕੂੜ ਕੁਟੰਬ ਮੇਟ ਕਾਚੀ ਵੰਗ, ਕੰਚਨ ਗੜ੍ਹ ਸਤਿਜੁਗ ਸਾਚਾ ਦੇ ਸੁਹਾਈਆ । ਅਗੰਮੇ ਨਾਮ ਦਾ ਵਜਾ ਮਰਦੰਗ, ਮਰਦ ਮਰਦਾਨੇ ਸ੍ਰੀ ਭਗਵਾਨੇ ਆਪਣਾ ਡੰਕਾ ਇਕ ਵਜਾਈਆ । ਭੇਵ ਅਭੇਦਾ ਰਹੇ ਨਾ ਹੰ ਬ੍ਰਹਮ, ਪਾਰਬ੍ਰਹਮ ਪੜਦਾ ਦੇ ਚੁਕਾਈਆ । ਸੰਤ ਸੁਹੇਲੇ ਵੇਖ ਆਪਣੇ ਜਨ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਤਿ ਸਤਿਵਾਦੀ ਝੋਲੀ ਡਾਹੀਆ । ਸਤਿ ਧਰਮ ਕਹੇ ਪ੍ਰਭ ਕਲਜੁਗ ਵੇਖ ਅੰਧੇਰੀ ਅੰਧ, ਸਚ ਪਰਕਾਸ਼ ਨਜ਼ਰ ਕੋਇ ਨਾ ਆਈਆ । ਮਨ ਵਾਸਨਾ ਜਗਤ ਮੰਜ਼ਲ ਮੁਕੇ ਕਿਸੇ ਨਾ ਪੰਧ, ਸਚ ਦਵਾਰੇ ਚੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਬਿਨ ਸਤਿਗੁਰ ਸ਼ਬਦ ਸੁਰਤ ਸਵਾਣੀ ਸਭ ਦੀ ਹੋਈ ਰੰਡ, ਕੰਤ ਸੁਹਾਗੀ ਸੰਤ ਨਾ ਕੋਇ ਹੰਢਾਈਆ । ਖ਼ੁਸ਼ੀ ਹੋਵੇ ਨਾ ਬੰਦ ਬੰਦ, ਤੇਰੀ ਬੰਦਗੀ ਬੰਦੀਖਾਨੇ ਵਿਚੋਂ ਜਗਤ ਬਾਹਰ ਨਾ ਕੋਇ ਕਢਾਈਆ । ਅੰਤਰ ਨਿਰੰਤਰ ਏਕਾ ਮੰਤਰ ਦੇ ਧੁਰ ਦਾ ਅਨੰਦ, ਪਾਰਬ੍ਰਹਮ ਪਤਿਪਰਮੇਸ਼ਵਰ ਮਿਹਰ ਨਜ਼ਰ ਉਠਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੇ ਸੰਗ, ਊਚ ਨੀਚ ਰਾਓ ਰੰਕ ਜਾਤ ਪਾਤ ਝਗੜਾ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਧਰਨੀ ਧਰਤ ਧਵਲ ਉਪਰ ਮੇਟ ਭੇਖ ਪਖੰਡ, ਸਤਿ ਧਰਮ ਦਾ ਸੱਚਾ ਰਾਹ ਬਣ ਮਲਾਹ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਝੋਲੀ ਦੇ ਭਰਾਈਆ ।

ਸਤਿ ਧਰਮ ਕਹੇ ਮੇਰੀ ਅੰਤ ਅਖ਼ੀਰ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਕਿਰਪਾ ਕਰ ਸਿਰਜਣਹਾਰ, ਸਾਹਿਬ ਸਵਾਮੀ ਤੇਰੇ ਹੱਥ ਵੱਡੀ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਹੋਇਆ ਅੰਧਿਆਰ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਦੀਨ ਦੁਨੀ ਹੋਈ ਖ਼ੁਆਰ, ਦੀਨ ਮਜ਼੍ਹਬ ਜਾਤ ਪਾਤ ਕਰੇ ਲੜਾਈਆ । ਤੇਰਾ ਕਲਮਾ ਹਕ਼ੀਕ਼ਤ ਵਾਲਾ ਲਾਸ਼ਰੀਕ ਸਕੇ ਨਾ ਕੋਇ ਵਿਚਾਰ, ਮੁਹੱਬਤ ਵਿਚ ਮਿਲ ਕੇ ਤੇਰਾ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਅੰਤਰ ਆਤਮ ਮੰਜ਼ਲ ਚੜ੍ਹ ਕੇ ਸਚਖੰਡ ਦਵਾਰਾ ਏਕੰਕਾਰਾ ਨਜ਼ਰ ਕਿਸੇ ਨਾ ਆਈਆ । ਕਲਜੁਗ ਕੂੜੀ ਕਿਰਿਆ ਸਾਕਤ ਨਿੰਦਕ ਮੇਟ ਦੁਸ਼ਟ ਦੁਰਾਚਾਰ, ਭਗਤ ਸੁਹੇਲੇ ਗੁਰਮੁਖ ਗੁਰਸਿਖ ਹਰਿਜਨ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਜਗਤ ਜਗਦੀਸ਼ਰ ਪਾ ਸਾਰ, ਈਸਾ ਮੂਸਾ ਮੁਹੰਮਦ ਨਿਉਂ ਨਿਉਂ ਸਜਦਿਆਂ ਵਿਚ ਸੀਸ ਝੁਕਾਈਆ । ਲਹਿਣਾ ਦੇਣਾ ਚੌਦਾਂ ਤਬਕਾਂ ਦੇ ਨਿਵਾਰ, ਸਬਕ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਧਰਮ ਦਰ ਠਾਂਡੇ ਅਲਖ ਜਗਾਈਆ । ਸਤਿ ਕਹੇ ਪ੍ਰਭ ਸਾਚੇ ਭਗਤਾਂ ਦੇ ਆਪਣਾ ਮਾਣ, ਨਾਮ ਨਿਧਾਨਾ ਝੋਲੀ ਪਾਈਆ । ਅੰਮ੍ਰਿਤ ਰਸ ਦਾ ਦੇ ਜਾਮ, ਖ਼ੁਮਾਰੀ ਇਕੋ ਵਾਰ ਚੜ੍ਹਾਈਆ । ਧੁਰ ਸੰਦੇਸ਼ਾ ਦੇ ਪੈਗ਼ਾਮ, ਜਗਤ ਵਿਦਿਆ ਦੀ ਲੋੜ ਰਹੇ ਨਾ ਰਾਈਆ । ਆਪਣੀ ਮੰਜ਼ਲ ਦੱਸ ਹਕ ਮੁਕਾਮ, ਦਰਗਾਹ ਸਾਚੀ ਪੜਦਾ ਦੇ ਉਠਾਈਆ । ਸਚਖੰਡ ਦਵਾਰ ਤੇਰਾ ਝੁਲਦਾ ਵੇਖਣ ਨਿਸ਼ਾਨ, ਜਿਥੇ ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਮੰਗਣ ਦਾਨ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਇਕੋ ਜੋਧਾ ਸੂਰਬੀਰ ਸ਼ਬਦ ਗੁਰੂ ਬਲਵਾਨ, ਹੁਕਮੇਂ ਅੰਦਰ ਹੁਕਮ ਰਿਹਾ ਸੁਣਾਈਆ । ਜਿਸ ਦਾ ਕਾਗਤ ਕਲਮ ਲਿਖ ਨਾ ਸਕੇ ਬਿਆਨ, ਬੇਅੰਤ ਬੇਅੰਤ ਬੇਅੰਤ ਕਹਿ ਕੇ ਸਾਰੇ ਸ਼ੁਕਰ ਮਨਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਨਿਰਗੁਣ ਹੋ ਪਰਧਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਆਪਣਾ ਹੁਕਮ ਵਰਤਾਈਆ । ਸੰਤ ਸੱਜਣ ਗੁਰਮੁਖ ਲੱਖ ਚੁਰਾਸੀ ਵਿਚੋਂ ਭਾਲ, ਸੁਰਤੀ ਸ਼ਬਦ ਮੇਲਾ ਆਪ ਮਿਲਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਆਤਮ ਪਰਮਾਤਮ ਬੰਧਨ ਲਏ ਜੁੜਾਈਆ । ਇਕੋ ਸੋਹੇ ਤੇਰਾ ਸਚਖੰਡ ਦਵਾਰਾ ਸੱਚੀ ਧਰਮਸਾਲ, ਜਿਥੇ ਮੰਦਰ ਮਸਜਿਦ ਸ਼ਿਵਦਵਾਲਾ ਮਠ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰਮੁਖ ਗੁਰ ਗੁਰ ਸਤਿਗੁਰ ਆਪਣੇ ਰੰਗ ਰੰਗਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਖੋਲ੍ਹ ਅੰਤਰ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਉਹ ਦੇਵਣਹਾਰ ਪੁਰਖ ਸਮਰਥ, ਦਾਤਾ ਦਾਤਾਰ ਵੱਡੀ ਵਡਿਆਈਆ । ਹਕ਼ੀਕ਼ਤ ਵਿਚੋਂ ਝੋਲੀ ਪਾ ਹਕ, ਹੁਕਮ ਧੁਰ ਦਾ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਢੋਲਾ ਗਾਵਣ ਜਸ, ਜਿਸ ਦੀ ਸਿਫ਼ਤ ਵੇਦ ਪੁਰਾਨ ਸ਼ਾਸਤਰ ਸਿਮਰਤ ਰਹੇ ਗਾਈਆ । ਤੇਰੇ ਨਾਮ ਦਾ ਢੋਲਾ ਗਾਵਣ ਅਲੱਖ, ਅਲਖ ਅਗੋਚਰ ਅਗੰਮ ਅਥਾਹ ਸਚ ਦਵਾਰੇ ਵੱਜੇ ਇਕ ਵਧਾਈਆ । ਨਿਰਗੁਣ ਧਾਰ ਹੋ ਪ੍ਰਤੱਖ, ਸਤਿਗੁਰ ਮੇਲਾ ਲੈ ਮਿਲਾਈਆ । ਧੁਰ ਫ਼ਰਮਾਨਾ ਏਕੰਕਾਰਾ ਵਿਚ ਜਹਾਨਾਂ ਨਿਰਵੈਰ ਹੋ ਕੇ ਆਪਣਾ ਨਾਮ ਦੱਸ, ਦਹਿ ਦਿਸ਼ਾ ਚਾਰ ਕੁੰਟ ਇਕੋ ਢੋਲਾ ਦੇ ਸਮਝਾਈਆ । ਪਾਰਬ੍ਰਹਮ ਹੋ ਕੇ ਬ੍ਰਹਮ ਕਰ ਆਪਣੇ ਵਸ, ਵਸਲ ਆਪਣਾ ਦੇ ਵਖਾਈਆ । ਸੰਤ ਸੱਜਣ ਗੁਰਮੁਖ ਲੋਕਮਾਤ ਕਲਜੁਗ ਅੰਤ ਸਦੀ ਚੌਧਵੀਂ ਰੱਖ, ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ

ਡੇਰਾ ਦੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰਗ ਦੱਸ ਸਚ, ਸਤਿ ਸਤਿਵਾਦੀ ਹੋ ਕੇ ਸਤਿ ਸਤਿ ਵਖਾਈਆ ।

### ★ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੨ ਗੁਰਦਿਆਲ ਸਿੰਘ ਦੇ ਗ੍ਰਹਿ ਪਿੰਡ ਨੂਰ ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਸਤਿਜੁਗ ਸਾਚਾ ਕਰ ਪਰਕਾਸ਼, ਕਲਜੁਗ ਕੂੜੀ ਕਿਰਿਆ ਅੰਧ ਅੰਧੇਰ ਦੇ ਮਿਟਾਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਸਾਡਾ ਰਿਹਾ ਕੋਈ ਨਾ ਦਾਸ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਅੰਧੇਰੀ ਰਾਤ, ਸਾਚਾ ਤੇਰਾ ਨੂਰ ਚੰਦ ਨਾ ਕੋਇ ਚਮਕਾਈਆ । ਆਤਮ ਬ੍ਰਹਮ ਪਾਰਬ੍ਰਹਮ ਪੜ੍ਹੇ ਕੋਈ ਨਾ ਗਾਥ, ਸਿਫ਼ਤੀ ਢੋਲੇ ਗਾ ਗਾ ਸਾਰੇ ਸ਼ੁਕਰ ਰਹੇ ਮਨਾਈਆ । ਨਿਰਗੁਣ ਨਿਰਵੈਰ ਨਿਰੰਕਾਰ ਤੇਰੀ ਕਰੇ ਕੋਈ ਨਾ ਯਾਦ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਘਾਟ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ੍ਰੀ ਭਗਵਾਨ, ਵਾਹਵਾ ਤੇਰੀ ਬੇਪਰਵਾਹੀਆ । ਕਿਰਪਾ ਕਰ ਵਾਲੀ ਦੋ ਜਹਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵੱਡੀ ਵਡਿਆਈਆ । ਕਲਜੁਗ ਕੂੜੀ ਕਿਰਿਆ ਧਰਨੀ ਧਰਤ ਧਵਲ ਹੋਈ (ਪਰਧਾਨ), ਮਨ ਵਾਸਨਾ ਆਪਣੇ ਨਾਲ ਰਲਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਅੱਖਰਾਂ ਵਾਲਾ ਕੱਢ ਗਿਆਨ, ਮਾਇਆ ਮਮਤਾ ਮੋਹ ਕੀਤਾ ਹਲਕਾਈਆ । ਸਾਹਿਬ ਸਵਾਮੀ ਅੰਤਰਜਾਮੀ ਨਿਰੰਤਰ ਤੇਰਾ ਜਾਣੇ ਕੋਈ ਨਾ ਅਗੰਮਾ ਨਾਮ, ਨਿਰਅੱਖਰ ਧਾਰ ਨਾ ਕੋਇ ਦ੍ਰਿੜਾਈਆ । ਅੱਠ ਸੱਠ ਤੀਰਥ ਕਰ ਕਰ ਥੱਕੇ ਇਸ਼ਨਾਨ, ਦੁਰਮਤ ਮੈਲ ਅੰਦਰ ਬਾਹਰ ਗੁਪਤ ਜਾਹਰ ਨਾ ਕੋਇ ਧਵਾਈਆ । ਸਾਚੀ ਮੰਜ਼ਲ ਚੜ੍ਹ ਕੇ ਨਿਰਗੁਣ ਮਿਲੇ ਕੋਈ ਨਾ ਆਣ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਪੱਲੂ ਫੜੇ ਨਾ ਸੁਰਤੀ ਸ਼ਬਦੀ ਕੋਈ ਕਾਹਨ, ਸੀਤਾ ਰਾਮ ਚਾਰੋਂ ਕੁੰਟ ਪਈ ਦੁਹਾਈਆ । ਪੀਰ ਪੈਗ਼ੰਬਰ ਨੇਤਰ ਨੈਣਾਂ ਨੀਰ ਵਹਾਣ, ਹੁਜਰਾ ਹਕ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜ ਕੁੜਿਆਰਾ ਦੇ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਕਲਜੁਗ ਵੇਖ ਦੀਨ ਦੁਨੀ, ਦਹਿ ਦਿਸ਼ਾ ਧਿਆਨ ਲਗਾਈਆ । ਸਾਚਾ ਦਿਸਿਆ ਨਾ ਕੋਇ ਰਿਖੀ ਮੁਨੀ, ਮੁਨੀਸ਼ਰ ਰੂਪ ਨਾ ਕੋਇ ਬਦਲਾਈਆ । ਤੇਰੇ ਨਾਮ ਦੀ ਅਗੰਮੀ ਸੁਣੇ ਨਾ ਕੋਇ ਧੁਨੀ, ਧੁਨ ਆਤਮਕ ਰਾਗ ਨਾ ਕੋਇ ਜਣਾਈਆ । ਲੱਖ ਚੁਰਾਸੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਿਰਗੁਣ ਧਾਰ ਹੋ ਕੇ ਪੁਣੀ, ਗੁਣ ਅਵਗੁਣ ਵੇਖੀਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਦਰ ਦਰਵੇਸ਼ ਖ਼ਾਦਮ ਹੋ ਕੇ ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਦੀ ਚੌਧਵੀਂ ਤੱਕ, ਬੀਸ ਬੀਸਾ ਨਾਲ ਰਲਾਈਆ । ਹਕੀਕਤ ਵਿਚੋਂ ਲੱਭੇ ਕਿਸੇ ਨਾ ਹਕ, ਸ਼ਰੀਕਤ ਵਿਚ ਦਿਸੇ ਲੋਕਾਈਆ । ਜੋ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਮਾਰਗ ਰਹੀ ਦੱਸ, ਮੰਜ਼ਲ ਚੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਮਨ ਵਾਸਨਾ ਨੌ ਦਵਾਰੇ ਜਗਤ ਵਿਕਾਰਾਂ

ਵਿਚ ਰਹੇ ਨੱਸ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਨਿਜ ਨੇਤਰ ਲੋਚਨ ਨੈਣ ਖੁਲ੍ਹੀ ਕਿਸੇ ਨਾ ਅੱਖ, ਪ੍ਰਤੱਖ ਮਿਲਿਆ ਨਾ ਰੂਪ ਗੁਸਾਂਈਆ । ਸਾਚਾ ਨਾਮ ਮਿਲੇ ਕਿਸੇ ਨਾ ਹੱਟ, ਚੌਦਾਂ ਲੋਕ ਚੌਦਾਂ ਤਬਕ ਰਹੇ ਕੁਰਲਾਈਆ । ਕਿਰਪਾ ਕਰ ਮਿਹਰਵਾਨ ਮਹਿਬੂਬ ਪੁਰਖ ਸਮਰਥ, ਸਚ ਸਵਾਮੀ ਤੇਰੀ ਇਕੋ ਓਟ ਤਕਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਭਵਿਖਤਾਂ ਵਿਚ ਤੇਰਾ ਆਉਣਾ ਆਏ ਦੱਸ, ਸਿਖਿਆ ਲੋਕਮਾਤ ਜੀਵ ਜੰਤ ਜਗਤ ਸਮਝਾਈਆ । ਨਿਰਗੁਣ ਧਾਰ ਨਿਰਵੈਰ ਪੁਰਖ ਸ਼ਬਦ ਸਰੂਪੀ ਹੋ ਪਰਗਟ, ਜੋਤੀ ਜਾਤੇ ਨਿਰਗੁਣ ਨੂਰ ਕਰ ਰੁਸ਼ਨਾਈਆ । ਹਰ ਘਟ ਅੰਦਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਾਮ ਨਿਧਾਨ ਮਾਰ ਸੱਟ, ਸੋਈ ਸੁਰਤੀ ਲਏ ਉਠਾਈਆ । ਅੰਮ੍ਰਿਤ ਧਾਰ ਨਿਝਰ ਨਿਰਾਕਾਰ ਦੇ ਰਸ, ਬੂੰਦ ਸਵਾਂਤੀ ਆਪਣੀ ਆਪ ਚੁਆਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸ ਆਪਣਾ ਜੱਸ, ਵੇਦ ਪੁਰਾਨਾਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦੀਨ ਦਿਆਲ ਹੋ ਕਿਰਪਾਲ ਸਤਿਜੁਗ ਸਾਚਾ ਮਾਰਗ ਦੇ ਲਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਸਤਿ ਸਤਿਵੰਤ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ । ਮਾਤਲੋਕ ਬਣਾ ਆਪਣੀ ਬਣਤ, ਕਲਜੁਗ ਕੂੜੀ ਕਿਰਿਆ ਦੇ ਮੁਕਾਈਆ । ਗੁਰਮੁਖ ਸੱਜਣ ਉਠਾ ਧੁਰ ਦੇ ਸੰਤ, ਭਗਤ ਸੁਹੇਲੇ ਜੋੜ ਜੁੜਾਈਆ । ਬੋਧ ਅਗਾਧ ਮਹਿੰਮਾ ਅਨਾਦ ਸ਼ਬਦ ਸੁਣਾ ਆਪਣਾ ਮੰਤ, ਮੰਤਰ ਇਕੋ ਦੇ ਦ੍ਰਿੜਾਈਆ । ਲੱਖ ਚੁਰਾਸੀ ਨਜ਼ਰੀ ਆ ਧੁਰ ਦਾ ਕੰਤ, ਆਤਮ ਸੇਜਾ ਸਚ ਹੰਢਾਈਆ । ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਨਿਰਗੁਣ ਨਿਰਵੈਰ ਤੇਰਾ ਰੂਪ ਉਤਰ ਕਦੇ ਨਾ ਜਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਤੇਰੇ ਸਚਖੰਡ ਦਵਾਰੇ ਕਰਦੇ ਮਿੰਨਤ, ਨਿਉਂ ਨਿਉਂ ਕਦਮਾਂ ਉਪਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਚਾ ਰਾਹ ਏਕੰਕਾਰ ਬਣ ਮਲਾਹ ਚਾਰ ਵਰਨਾਂ ਦੇਣਾ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਸਮਰਥ, ਇਕੋ ਤੇਰੀ ਓਟ ਤਕਾਈਆ । ਕਲਜੁਗ ਲਹਿਣਾ ਦੇਣਾ ਪੂਰਬ ਝੋਲੀ ਪਾ ਹਕ, ਹਕੀਕਤ ਅਪਣੀ ਦੇ ਸਮਝਾਈਆ । ਸਤਿਜੁਗ ਸਾਚੇ ਸਾਚਾ ਮਾਰਗ ਦੱਸ, ਧਰਨੀ ਧਰਤ ਧਵਲ ਉਪਰ ਟਿਕਾਈਆ । ਹਰ ਹਿਰਦੇ ਆਪ ਜਾ ਵਸ, ਵਾਸਤਾ ਆਪਣੇ ਨਾਲ ਰਖਾਈਆ । ਇਕੋ ਮੰਤਰ ਨਿਰੰਤਰ ਤੇਰਾ ਹੋਵੇ ਜਸ, ਸਿਫ਼ਤਾਂ ਵਾਲਾ ਸਿਫ਼ਤੀ ਢੋਲਾ ਆਪੇ ਗਾਈਆ । ਗੁਰਮੁਖ ਸੰਤ ਸੁਹੇਲਾ ਜਨ ਭਗਤ ਰਹੇ ਨਾ ਵੱਖ, ਸੂਫ਼ੀ ਫ਼ਕੀਰ ਲੈਣਾ ਮਿਲਾਈਆ । ਜੋ ਤੇਰੇ ਮਿਲਣ ਦਾ ਕਰ ਕੇ ਬੈਠੇ ਹਠ, ਧੀਰਜ ਉਨ੍ਹਾਂ ਦੇਣਾ ਧਰਾਈਆ । ਗ੍ਰਿਹ ਮੰਦਰ ਕਾਇਆ ਮਾਟੀ ਸਾਚੀ ਹਾਟੀ ਨਿਰਗੁਣ ਜੋਤ ਕਰ ਪ੍ਰਕਾਸ਼, ਅੰਧ ਅੰਧਰਾ ਦੇਣਾ ਮੁਕਾਈਆ । ਸਾਚੇ ਮੰਡਲ ਦੱਸ ਕੇ ਆਪਣੀ ਰਾਸ, ਗੋਪੀ ਕਾਹਨ ਸੁਰਤੀ ਸ਼ਬਦ ਰਾਸ ਰਚਾਈਆ । ਕਲਜੁਗ ਕੂੜੀ ਕਿਰਿਆ ਮਨ ਵਾਸਨਾ ਕਰ ਕੇ ਪਾਸ਼ ਪਾਸ਼, ਫ਼ਰਮਾਂਬਰਦਾਰ ਗੁਰਸਿਖ ਲੈਣੇ ਬਣਾਈਆ । ਜਿਨ੍ਹਾਂ ਨਿਰਗੁਣ ਨਿਰਵੈਰ ਤੇਰੇ ਮਿਲਣ ਦੀ ਰੱਖੀ ਆਸ, ਬਣ ਵਿਚੋਲਾ ਸਾਚਾ ਢੋਲਾ ਦੇਣਾ ਸੁਣਾਈਆ । ਉਨ੍ਹਾਂ ਅੰਤਰ ਰਹੇ ਨਾ ਅੰਧੇਰੀ ਰਾਤ, ਲੇਖਾ ਲਿਖ ਦੇ ਬਿਨ ਕਲਮ ਦਵਾਤ, ਨਿਰਅੱਖਰ ਨਾਲ ਅੱਖਰ ਦੇ ਸਮਝਾਈਆ । ਸਤਿਜੁਗ ਸਾਚੀ ਬਖ਼ਸ਼ ਦੇ ਦਾਤ, ਤੇਰਾ ਨਾਮ ਭੰਡਾਰਾ ਵਡ ਸੌਗ਼ਾਤ, ਇਕੋ ਨਜ਼ਰੀ ਆਏ ਪਿਤਾ ਮਾਤ, ਦੂਜਾ

ਅਵਰ ਨਾ ਕੋਇ ਦਿਸਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਗੁਰ ਅਵਤਾਰ ਪੈਗ਼ੰਬਰ ਸਚ ਦਵਾਰੇ ਰਹੇ ਆਖ, ਤੇਰਾ ਖੇਲ ਪੁਰਖ ਅਬਿਨਾਸ਼, ਸਤਿਜੁਗ ਤਰੇਤਾ ਦਵਾਪਰ (ਕਲਜੁਗ) ਤੇਰਾ ਦਾਸ, ਜੁਗ ਚੌਕੜੀ ਹੁਕਮ ਚਲੇ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਨਿਉਂ ਨਿਉਂ ਚਰਨੀ ਰਹੇ ਲਾਗ, ਸਚਖੰਡ ਦਵਾਰ ਖ਼ੁਸ਼ੀ ਮਨਾਈਆ । ਅਬਿਨਾਸ਼ੀ ਕਰਤੇ ਕਲਜੁਗ ਕੂੜੀ ਕਿਰਿਆ ਬੁਝਾ ਆਗ, ਤ੍ਰੈਗੁਣ ਪੰਜ ਤਤ ਨਾ ਕੋਇ ਤਪਾਈਆ । ਇਕੋ ਸਿਮਰਨ ਪੂਜਾ ਇਕੋ ਦੱਸਦੇ ਪਾਠ, ਇਕੋ ਕਲਮਾ ਦੇ ਦ੍ਰਿੜਾਈਆ । ਇਕੋ ਸਰੋਵਰ ਹੋਵੇ ਤੇਰਾ ਤੀਰਥ ਤਾਟ, ਦੁਰਮਤ ਮੈਲ ਦੇ ਧਵਾਈਆ । ਇਕੋ ਮੰਦਰ ਮਸਜਿਦ ਸ਼ਿਵਦਵਾਲਾ ਨਜ਼ਰੀ ਆਏ ਮਾਠ, ਗੁਰੂਦਵਾਰਾ ਇਕੋ ਦੇ ਸਮਝਾਈਆ । ਨਿਰਗੁਣ ਹੋ ਕੇ ਦਰਸ਼ਨ ਦੇ ਉਪਰ ਸ਼ਾਹਰਗ, ਨੌਂ ਦਵਾਰੇ ਪੰਧ ਮੁਕਾਈਆ । ਬਿਨ ਮੱਕੇ ਕਾਅਬਿਉਂ ਕਾਇਆ ਮੰਦਰ ਅੰਦਰ ਕਰਾ ਆਪਣਾ ਹੱਜ, ਸਾਚੇ ਹੁਜਰੇ ਮਹਿਬੂਬ ਆਪਣਾ ਜਲਵਾ ਕਰ ਰੁਸ਼ਨਾਈਆ । ਕਰ ਬੇਨੰਤੀ ਸਤਿ ਪੁਰਖ ਨਿਰੰਜਣ ਲੋਕਮਾਤ ਤੈਨੂੰ ਰਹੇ ਸੱਦ, ਸੰਦੇਸ਼ਾ ਧੁਰ ਸ਼ਬਦ ਵਿਚ ਸੁਣਾਈਆ । ਕਲਜੁਗ ਕੂੜੀ ਕਿਰਿਆ ਪਾਰ ਕਿਨਾਰਾ ਕਰਕੇ ਹੱਦ, ਮਾਰਗ ਸੱਚਾ ਦੇ ਵਖਾਈਆ । ਮਾਨਵ ਜਾਤੀ ਆਪਣੀ ਬਣਾ ਯਦ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਜਨ ਭਗਤ ਸੁਹੇਲੇ ਤੇਰੇ ਨਾਮ ਦੀ ਗਾਵਣ ਸਦ, ਛੰਦ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਠਾਂਡੇ ਝੋਲੀ ਰਹੇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਉਚੀ ਕੂਕ ਕਰਨ ਪੁਕਾਰ, ਢੋਲਾ ਤੇਰਾ ਨਾਮ ਲਗਾਈਆ । ਜੋ ਸਿਖਿਆ ਦੇ ਕੇ ਆਏ ਵਿਚ ਸੰਸਾਰ, ਮਹਾਂਸਾਰਥੀ ਹੋ ਕੇ ਤੇਰਾ ਰਥ ਚਲਾਈਆ । ਮਨ ਵਾਸਨਾ ਕੂੜੀ ਕਿਰਿਆ ਸਭ ਨੂੰ ਕੀਤਾ ਖ਼ੁਆਰ, ਖ਼ਾਲਸ ਰੂਪ ਨਜ਼ਰ ਕੋਇ ਨਾ ਆਈਆ । ਤੇਰੀ ਮੰਜਲ ਚੜ੍ਹੇ ਨਾ ਕੋਇ ਨਿਰੰਕਾਰ, ਨਿਰਗੁਣ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਚਾਰ ਵਰਨ ਅਠਾਰਾਂ ਬਰਨ ਸਦੀ ਚੌਧਵੀਂ ਵੇਖੀ ਹਾਹਾਕਾਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਪੈਗ਼ੰਬਰ ਬਣਿਆ ਨਾ ਕੋਇ ਮਦਦਗਾਰ, ਦਸਤ ਬਦਸਤ ਹੱਥ ਨਾ ਕੋਇ ਮਿਲਾਈਆ । ਸੋਈ ਸੁਰਤੀ ਸਕਿਆ ਨਾ ਕੋਇ ਉਠਾਲ, ਸ਼ਬਦੀ ਨਾਦ ਨਾ ਕੋਇ ਸ਼ਨਵਾਈਆ । ਬਿਨ ਤੇਰੇ ਨਾਮੇ ਹੋਏ ਸਰਬ ਕੰਗਾਲ, ਖ਼ਾਲੀ ਦਵਾਰੇ ਦਿਸਣ ਥਾਉਂ ਥਾਈਂਆ । ਪੁਰਖ ਅਕਾਲ ਸਤਿਗੁਰ ਸ਼ਬਦ ਬਣਾ ਦਲਾਲ, ਹਕੀਕ਼ਤ ਵੇਖ ਹਕ ਹਲਾਲ, ਹਾਜ਼ਰ ਹੋ ਕੇ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਪਰਮਾਤਮ ਆਪਣੀ ਆਤਮ ਵੇਖ ਵਿਚ ਜਹਾਨ, ਲੋਕਮਾਤ ਨਿਰਗੁਣ ਧਾਰ ਆਪਣਾ ਵੇਸ ਵਟਾਈਆ । ਸਤਿ ਧਰਮ ਦਾ ਦਿਸੇ ਨਾ ਕੋਇ ਨਿਸ਼ਾਨ, ਜਗਤ ਵਿਦਿਆ ਸਭ ਨੂੰ ਕੀਤਾ ਬੇਈਮਾਨ, ਧਰਮ ਈਮਾਨ ਰਹਿਣ ਕੋਇ ਨਾ ਪਾਈਆ । ਮਨ ਸ਼ਰਅ ਵਿਚ ਬਣੇ ਸ਼ੈਤਾਨ, ਤੇਰਾ ਗਾਏ ਕੋਈ ਨਾ ਗਾਨ, ਸਚ ਪ੍ਰੀਤੀ ਤੇਰਾ ਨਾਤਾ ਨਾ ਕੋਇ ਜੁੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬੇਨੰਤੀ ਅਰਦਾਸ ਕਰ ਪਰਵਾਨ, ਜੁਗ ਚੌਕੜੀ (ਤੂੰ) ਦੇਵਣਹਾਰਾ ਦਾਨ, ਸਤਿਜੁਗ ਤਰੇਤਾ ਦਵਾਪਰ ਕਲਜੁਗ ਆਦਿ ਜੁਗਾਦਿ ਵੇਖੇਂ ਆਣ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਦੋ ਜਹਾਨਾਂ ਹੁਕਮਰਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਰਵ ਸਸ ਸੂਰੀਆ ਚੰਦ ਮੰਡਲ ਮੰਡਪ ਤੇਰੇ ਹੁਕਮ ਅੰਦਰ ਭੱਜਣ ਵਾਹੋ ਦਾਹੀਆ ।

★ ੨੬ ਅੱਸੂ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਿਹਿ ਪਿੰਡ ਨੂਰ ਪੁਰ ★

ਪੀਰ ਪੈਗ਼ੰਬਰ ਕਰਨ ਸਜਦਾ, ਮੁਕਾਮੇ ਹਕ ਸੀਸ ਨਿਵਾਈਆ । ਪਰਵਰਦਿਗਾਰ ਤੇਰਾ ਦਿਸੇ ਕੋਈ ਨਾ ਬਰਦਾ, ਖ਼ਾਦਮ ਨਜ਼ਰ ਕੋਇ ਨਾ ਆਈਆ । ਖੇਲ ਵੇਖ ਘਰ ਘਰ ਦਾ, ਉਮਤ ਉਮਤੀ ਖੋਜ ਖੁਜਾਈਆ । ਤੇਰਾ ਕਲਮਾ ਕੋਇ ਨਾ ਮੰਨਦਾ, ਆਲਮ ਉਲਮਾ ਸਮਝ ਕੋਇ ਨਾ ਪਾਈਆ । ਖੇਲ ਵੇਖਿਆ ਨਾ ਕਿਸੇ ਤਨ ਵਜੂਦ ਦਾ, ਪੜਦਾ ਓਹਲਾ ਨਾ ਕੋਇ ਉਠਾਈਆ । ਨੂਰ ਨਜ਼ਰ ਆਇਆ ਨਾ ਹਕ ਮਹਿਬੂਬ ਦਾ, ਮੁਹੱਬਤ ਵਿਚ ਨਾ ਕੋਇ ਸਮਾਈਆ । ਝਗੜਾ ਪਿਆ ਕਾਇਆ ਕਲਬੂਤ ਦਾ, ਸ਼ਰਅ ਪਏ ਲੜਾਈਆ । ਦਰਜਾ ਮਿਲੇ ਨਾ ਸੱਚੇ ਮਨਸੂਰ ਦਾ, ਮੰਜ਼ਲ ਹਕ ਨਾ ਕੋਇ ਪੁਚਾਈਆ । ਖੇਲ ਕਰ ਦੇ ਆਪਣੇ ਦਸਤੂਰ ਦਾ, ਦਸਤਗੀਰ ਤੇਰੇ ਹੱਥ ਵਡਿਆਈਆ । ਵੇਲਾ ਵਕਤ ਆਇਆ ਅੰਤ ਹਜ਼ੂਰ ਦਾ, ਅਮਾਮਾਂ ਦੇ ਅਮਾਮ ਵੇਖ ਵਖਾਈਆ । ਕਰ ਪ੍ਰਕਾਸ਼ ਅਗੰਮੀ ਨੂਰ ਦਾ, ਜੋਤੀ ਜੋਤ ਡਗਮਗਾਈਆ । ਕਲਜੁਗ ਨਾਤਾ ਤੋੜ ਕੂੜ ਦਾ, ਗੜ੍ਹ ਹੰਕਾਰ ਦੇ ਮਿਟਾਈਆ । ਝਗੜਾ ਰਹੇ ਨਾ ਮੂਰਖ ਮੂੜ੍ਹ ਦਾ, ਸੁਘੜ ਸੁੱਚਜੇ ਦੇ ਬਣਾਈਆ । ਟਿੱਕਾ ਲਾ ਆਪਣੀ ਚਰਨ ਧੂੜ ਦਾ, ਟਕਿਆਂ ਦਾ ਲੇਖਾ ਦੇ ਮੁਕਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਅਰਜ਼ ਬੇਨੰਤੀ ਸਭ ਦੀ ਕਬੂਲਦਾ, ਕਾਅਬੇ ਦੇ ਮਾਲਕ ਖ਼ਾਲਕ ਤੇਰੇ ਅੱਗੇ ਇਕ ਅਰਜ਼ੋਈਆ । ਤੇਰਾ ਮਾਰਗ ਇਕ ਅਸੂਲ ਦਾ, ਅਸਲ ਵਸਲ ਦੇ ਵਖਾਈਆ । ਤੇਰੀ ਕਰਨੀ ਨਹੀਂ ਕੋਈ ਅਦੂਲਦਾ, ਗੁਰ ਅਵਤਾਰ ਦੇਣ ਗਵਾਹੀਆ । ਤੇਰਾ ਹੁਕਮ ਸਦਾ ਮਨਜ਼ੂਰ ਦਾ, ਧੁਰ ਫ਼ਰਮਾਨਾ ਇਕ ਸਮਝਾਈਆ । ਪੈਂਡਾ ਰਹੇ ਨਾ ਮਨਮੁਖ ਮਗ਼ਰੂਰ ਦਾ, ਸ਼ਬਦੀ ਡੋਰੀ ਤੰਦ ਬੰਧਾਈਆ । ਗੜ੍ਹ ਰਹੇ ਨਾ ਕੋਇ ਗ਼ਰੂਰ ਦਾ, ਗ਼ੁਰਬਤ ਸਭ ਦੇ ਅੰਦਰੋਂ ਦੇ ਕਢਾਈਆ । ਖੇਲ ਵੇਖ ਹਾਜ਼ਰ ਹਜ਼ੂਰ ਮੌਜੂਦ ਦਾ, ਮਾਜ਼ੀ ਵੇਖਣ ਦਾ ਲੇਖਾ ਦੇ ਮੁਕਾਈਆ । ਨਜ਼ਾਰਾ ਦੱਸ ਆਪਣੀ ਮੰਜ਼ਲੇ ਮਕਸੂਦ ਦਾ, ਹਕ ਬਹਕ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੈਗ਼ੰਬਰ ਬੈਠੇ ਸੀਸ ਨਿਵਾਈਆ । ਪੈਗ਼ੰਬਰ ਕਹਿਣ ਵੇਖ ਅਖੀਰ, ਆਖਰ ਰਹੇ ਜਣਾਈਆ । ਸਾਬਤ ਰਿਹਾ ਨਾ ਕਿਸੇ ਯਕੀਨ, ਯਕੇ ਬਾਦ ਦੀਗਰੇ ਸਾਰੇ ਦੇਣ ਦੁਹਾਈਆ । ਤੇਰਾ ਮਸਲਾ ਸਮਝੇ ਨਾ ਕੋਇ ਆਮੀਨ, ਆਲਮ ਚਲੇ ਨਾ ਕੋਇ ਚਤੁਰਾਈਆ । ਝਗੜਾ ਪਿਆ ਫ਼ਰਸ਼ੇ ਖ਼ਾਕੀ ਜ਼ਮੀਨ, ਜ਼ੱਰੇ ਜ਼ੱਰੇ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਅਲਿਫ਼ ਯੇ ਦੇਵੇ ਦਲੀਲ, ਕਾਇਨਾਤ ਰਹੀ ਸਮਝਾਈਆ । ਮਨ ਹੰਕਾਰੀ ਤੋੜੇ ਨਾ ਕੋਇ ਫ਼ਸੀਲ, ਫ਼ੈਸਲਾ ਹਕ ਨਾ ਕੋਇ ਕਰਾਈਆ । ਕਲਜੁਗ ਕਿਰਿਆ ਸਦੀ ਚੌਧਵੀਂ ਕਰ ਤਬਦੀਲ, ਤਬਾਦਲਾ ਅੰਤ ਤੇਰੇ ਹੱਥ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਜਦਿਆਂ ਵਿਚ ਬੈਠੇ ਸੀਸ ਨਿਵਾਈਆ । ਪੈਗ਼ੰਬਰ ਕਹਿਣ ਮੇਰੇ ਅਮਾਮਾਂ ਦੇ ਅਮਾਮ, ਅਮਲ ਵੇਖ ਜਗਤ ਲੋਕਾਈਆ । ਤੇਰਾ ਸਾਚਾ ਸਮਝੇ ਨਾ ਕੋਇ ਇਸਲਾਮ, ਇਸਮ ਆਜ਼ਮ ਨਜ਼ਰ ਕੋਇ ਨਾ ਆਈਆ । ਤੇਰਾ ਨਾਉਂ ਖ਼ਾਲਕ ਖ਼ਲਕ ਕਰੇ ਬਦਨਾਮ, ਬਦੀਆਂ ਵਿਚ ਵੇਖੀ ਲੋਕਾਈਆ । ਹਕ ਸੰਦੇਸ਼ਾ ਸਚ ਮਹਿਬੂਬ ਧੁਰ ਦੇ ਹੁਜਰੇ ਦੇ ਪੈਗ਼ਾਮ, ਨਗ਼ਮਾ ਆਪਣਾ ਨਾਮ ਸੁਣਾਈਆ । ਸਚ ਦਵਾਰੇ ਬਖ਼ਸ਼ ਇਕ ਹਮਾਮ, ਆਬੇ ਹਯਾਤ ਹਯਾਤੀ ਵਾਲਾ ਜਾਮ ਪਿਆਈਆ । ਝਗੜਾ ਮੁਕਾ ਤਨ ਖ਼ਾਕੀ ਵਜੂਦ ਤਮਾਮ, ਇਖ਼ਲਾਕ ਆਪਣਾ ਦੇ ਦ੍ਰਿੜਾਈਆ । ਤੇਰੇ ਕਦਮਾਂ ਉਤੇ ਕਦੀਮ ਤੋਂ ਸਾਰੇ ਕਰਦੇ ਆਏ

੩੨
੨੦

ਸਲਾਮ, ਸਮੇਂ ਵਿਚੋਂ ਸਮਾਂ ਦੇ ਬਦਲਾਈਆ । ਗੁਰ ਅਵਤਾਰ ਤੇਰਾ ਦੱਸਦੇ ਆਏ ਨਾਮ, ਨਾਉਂ ਨਿਰੰਕਾਰਾ ਜਗਤ ਜਣਾਈਆ । ਕਲਜੁਗ ਅੰਤ ਜੀਵ ਜੰਤ ਸਮਝੇ ਨਾ ਕੋਇ ਜਹਾਨ, ਜਹਾਲਤ ਘਰ ਘਰ ਬੈਠੀ ਡੇਰਾ ਲਾਈਆ । ਮਨ ਮਤ ਹੋਈ ਸ਼ੈਤਾਨ, ਸ਼ਰਅ ਸ਼ਰੀਰ ਅੰਦਰ ਕਰੇ ਲੜਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਦਿਸੇ ਨਾ ਕੋਇ ਇਨਸਾਨ, ਇਨਸਾਨੀਅਤ ਵਿਚ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਜਗਤ ਵਾਸਨਾ ਦੀਨ ਦੁਨੀ ਹੋਈ ਗ਼ੁਲਾਮ, ਮਾਇਆ ਜ਼ੰਜੀਰ ਨਾ ਕੋਇ ਤੁੜਾਈਆ । ਤੇਰਾ ਮਹੱਲ ਅਟਲ ਵੇਖੇ ਕੋਈ ਨਾ ਆਲੀਸ਼ਾਨ, ਸਚਖੰਡ ਦਵਾਰੇ ਚੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਜਗਤ ਹੁਜਰਿਆਂ ਵਿਚ ਹੁੰਦਾ ਹਰਾਮ, ਮੱਕਾ ਕਾਅਬਾ ਰਿਹਾ ਕੁਰਲਾਈਆ । ਕਿਰਪਾ ਕਰ ਮਿਹਰਵਾਨ ਮਿਹਬਾਨ, ਮਿਹਬਾਨ ਬੀਦੋ ਤੇਰੀ ਓਟ ਤਕਾਈਆ । ਸਭ ਤੋਂ ਵੱਖਰਾ ਤੇਰਾ ਕਲਾਮ, ਕਲਮਿਆਂ ਨੂੰ ਕਾਇਮ ਕਰਨੇ ਵਾਲਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਦਰ ਠਾਂਡੇ ਅਲਖ ਜਗਾਈਆ । ਪੈਗ਼ੰਬਰ ਕਹਿਣ ਪਰਵਰਦਿਗਾਰ ਸੱਚੇ ਸ਼ਹਿਨਸ਼ਾਹ, ਤੇਰੇ ਹੱਥ ਵੱਡੀ ਵਡਿਆਈਆ । ਨਿਰਗੁਣ ਧਾਰ ਬਣ ਜਗਤ ਮਲਾਹ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਾਚੇ ਮਾਰਗ ਦੀ ਦੱਸ ਹਕ ਸਲਾਹ, ਸਫ਼ਰ ਪਿਛਲਾ ਪੰਧ ਮੁਕਾਈਆ । ਦੀਨ ਦੁਨੀ ਦਾ ਬਖ਼ਸ਼ ਗੁਨਾਹ, ਮਿਹਰ ਨਜ਼ਰ ਇਕ ਉਠਾਈਆ । ਸਤਿ ਸਚ ਕਰ ਰਵਾਂ, ਜੂਠ ਝੂਠ ਡੇਰਾ ਢਾਹੀਆ । ਸਤਿਜੁਗ ਸਾਚਾ ਮਾਰਗ ਚਲੇ ਨਵਾਂ, ਨੌ ਖੰਡ ਪ੍ਰਿਥਮੀ ਸੱਤ ਦੀਪ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਦਵਾਰੇ ਦਰ ਤੇਰੇ ਆਸ ਰਖਾਈਆ । ਪੈਗ਼ੰਬਰ ਕਹਿਣ ਮੇਰੇ ਮਹਿਬੂਬ, ਮਹਿਵ ਤੇਰੀ ਓਟ ਇਕੋ ਨਜ਼ਰੀ ਆਈਆ । ਤੇਰਾ ਮਹੱਲ ਅਟਲ ਅਰਸ਼ ਅਰੂਜ, ਆਜ਼ਮ ਆਲੀਸ਼ਾਨ ਸੋਭਾ ਪਾਈਆ । ਕਲਜੁਗ ਅੰਤਮ ਜਗਤ ਵਾਸਨਾ ਦੂਰ ਕਰ ਦੂਜ, ਦਵੈਤ ਸਭ ਦੇ ਅੰਦਰੋਂ ਦੇ ਕਢਾਈਆ । ਦੀਨ ਮਜ਼੍ਹਬ ਦੀ ਰਹਿਣ ਨਾ ਦੇ ਹਦੂਦ, ਸ਼ਰਅ ਵਿਚ ਕਰੇ ਨਾ ਕੋਇ ਲੜਾਈਆ । ਹਰ ਘਟ ਨਜ਼ਰੀ ਆ ਮੌਜੂਦ, ਮਜਲਸ ਘਰ ਘਰ ਦੇ ਵਖਾਈਆ । ਕੂੜੀ ਕਿਰਿਆ ਕਰ ਨੇਸਤੋ ਨਾਬੂਦ, ਕਲਮਾ ਇਕੋ ਦੇ ਪੜ੍ਹਾਈਆ । ਤੇਰੀ ਖ਼ੁਸ਼ੀ ਦੇ ਵਜਦ ਅੰਦਰ ਆਪਣਾ ਭੁੱਲ ਜਾਣ ਵਜੂਦ, ਵਾਹਿਦ ਤੇਰਾ ਢੋਲਾ ਗਾਈਆ । ਚਾਰ ਕੁੰਟ ਬਖ਼ਸ਼ ਸਲੂਕ, ਸੁਲਹਕੁਲ ਤੇਰੇ ਹੱਥ ਵੱਡੀ ਵਡਿਆਈਆ । ਝਗੜਿਆਂ ਵਿਚ ਨਾ ਰਹੇ ਮਖ਼ਲੂਕ, ਖ਼ਾਲਕ ਹੋ ਕੇ ਹੋ ਸਹਾਈਆ । ਕਰ ਪ੍ਰਕਾਸ਼ ਸਾਚੇ ਕਲਬੂਤ, ਕਾਇਆ ਕਾਅਬਾ ਦੇ ਵਖਾਈਆ । ਧੁਰ ਦਾ ਨਾਮ ਹੁਕਮਰਾਨ ਕਰ ਮਜ਼ਬੂਤ, ਜਿਸ ਅੱਗੇ ਸਿਰ ਸਕੇ ਨਾ ਕੋਇ ਉਠਾਈਆ । ਜੁਗ ਚੌਕੜੀ ਤੇਰਾ ਦੇਂਦੇ ਗਏ ਸਬੂਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀਆ । ਅੰਤਮ ਅੰਤ ਸ੍ਰੀ ਭਗਵੰਤ ਸਭ ਦੀ ਝੋਲੀ ਪਾ ਹਕ ਹਕੂਕ, ਖ਼ਾਲੀ ਰਹਿਣ ਕੋਇ ਨਾ ਪਾਈਆ । ਮੁਰਸ਼ਦ ਹੋ ਕੇ ਮੁਰੀਦਾਂ ਕਰ ਮਹਿਫ਼ੂਜ਼, ਚਾਰ ਕੁੰਟ ਦਹਿ ਦਿਸ਼ਾ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਏਕਾ ਹੁਕਮ ਹੋਵੇ ਮਹਿਬੂਬ, ਹਦੂਦ ਰਹਿਣ ਕੋਇ ਨਾ ਪਾਈਆ ।

★ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੨ ਵਿਰਸਾ ਸਿੰਘ ਦੇ ਗ੍ਰਿਹ ਪਿੰਡ ਹਰਿ ਗੋਬਿੰਦ ਪੁਰਾ ਜ਼ਿਲਾ ਗੁਰਦਾਸਪੁਰ ★

ਖ਼ੂਨ ਨਾਲੋਂ ਖ਼ੂਨ ਹੋਇਆ ਪਰਾਇਆ, ਸਾਚਾ ਸੰਗ ਨਾ ਕੋਇ ਬਣਾਈਆ । ਜਿਨ੍ਹਾਂ ਪਰਮ ਪੁਰਖ ਸਮਰਥ ਸਵਾਮੀ ਅੰਦਰੋਂ ਭੁਲਾਇਆ, ਤਿਨ੍ਹਾਂ ਅੰਦਰ ਦੂਈ ਦਿਤੀ ਬਿਠਾਈਆ । ਕਲਜੁਗ ਕੂੜੀ ਕਿਰਿਆ ਪਈ ਮਾਇਆ, ਭਰਮਾਂ ਵਿਚ ਭੁੱਲੀ ਲੋਕਾਈਆ । ਸਾਚਾ ਪ੍ਰੇਮ ਭਾਈ ਭਾਈਆਂ ਵਿਚ ਨਜ਼ਰ ਨਾ ਆਇਆ, ਕਰਨੀ ਦੇ ਕਰਤੇ ਖੇਲ ਰਚਾਈਆ । ਧੁਰ ਦਾ ਹੁਕਮ ਸਾਚਾ ਭਾਣਾ ਨਾ ਕਿਸੇ ਮੇਟ ਮਿਟਾਇਆ, ਜੁਗ ਜੁਗ ਮਿਟਦੀ ਵੇਖੀ ਲੋਕਾਈਆ । ਗੋਬਿੰਦ ਸੂਰੇ ਲੇਖ ਲਿਖਾਇਆ, ਸਦੀ ਬੀਸਵੀਂ ਰਹੀ ਕੁਰਲਾਈਆ । ਬੁੱਧ ਬਿਬੇਕੀ ਨਾ ਕੋਇ ਜਣਾਇਆ, ਗੁਰਮੁਖ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਸਮੇਂ ਨਾਲ ਸੁਹਾਈਆ । ਘਰ ਦਾ ਖ਼ੂਨ ਹੋਇਆ ਬੇਗਾਨਾ, ਦਰਦੀ ਦਰਦ ਨਾ ਕੋਇ ਵੰਡਾਇੰਦਾ । ਮਨ ਨੇ ਦੂਸਰਿਆਂ ਨਾਲ ਲਾਇਆ ਯਰਾਨਾ, ਘਰ ਵਿਚ ਸਵਾਮੀ ਨਜ਼ਰ ਕਿਸੇ ਨਾ ਆਇੰਦਾ । ਸੱਜਣਾਂ ਨੂੰ ਸੱਜਣ ਮਾਰਨ ਤਾਅਨਾ, ਮੁਹੱਬਤ ਵਿਚ ਮੁਹੱਬਤ ਨਾ ਕੋਇ ਸਮਾਇੰਦਾ । ਇਹ ਖੇਲ ਕਰੇ ਸ੍ਰੀ ਭਗਵਾਨਾ, ਗੁਰ ਸ਼ਬਦੀ ਤਾਲ ਵਜਾਇੰਦਾ । ਕਲਜੁਗ ਝੋਲੀ ਪਾਇਆ ਮੰਗਿਆ ਦਾਨਾ, ਦਾਤ ਕੂੜ ਕੁੜਿਆਰੀ ਸੰਗ ਰਖਾਇੰਦਾ । ਚਾਰ ਕੁੰਟ ਦਹਿ ਦਿਸ਼ਾ ਮਾਇਆ ਮਮਤਾ ਲੱਗੇ ਤਰਾਨਾ, ਤੁਰੀਆ ਪਦ ਨਾ ਕੋਇ ਸਮਾਇੰਦਾ । ਆਪਣੇ ਅੰਦਰ ਮਾਰ ਕੇ ਵੇਖੋ ਧਿਆਨਾ, ਕਾਮ ਕਰੋਧ ਹੰਕਾਰ ਘਰ ਘਰ ਡੇਰਾ ਲਾਇੰਦਾ । ਜੇ ਇਕੋ ਸਿਮਰੋ ਸ੍ਰੀ ਭਗਵਾਨਾ, ਦੂਜਾ ਰਹਿਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣਾ ਹੁਕਮ ਵਰਤਾਇੰਦਾ । ਬੇਗਾਨਿਆਂ ਨਾਲ ਲੱਗੀ ਪ੍ਰੀਤ, ਘਰ ਦਾ ਨਜ਼ਰ ਕੋਇ ਨਾ ਆਈਆ । ਇਹ ਕਲਜੁਗ ਦੀ ਦੱਸੀ ਰੀਤ, ਰੀਤੀਵਾਨ ਸਮਝ ਕੋਇ ਨਾ ਪਾਈਆ । ਝਗੜਾ ਪਵਾ ਕੇ ਹਸਤ ਕੀਟ, ਉਚਾਂ ਨੀਚਾਂ ਦਿਤਾ ਲੜਾਈਆ । ਪੁਰਖ ਅਬਿਨਾਸ਼ੀ ਕਰਵਟ ਬਦਲ ਕੇ ਸਭ ਵੱਲ ਕਰ ਲਈ ਪੀਠ, ਸਨਮੁਖ ਹੋ ਕੇ ਨਾ ਕਿਸੇ ਸਮਝਾਈਆ । ਸਭ ਦੀ ਮਨ ਦੇ ਅਧੀਨ ਹੋ ਗਈ ਨੀਤ, ਬੁੱਧੀ ਬਿਬੇਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਹੁਕਮੇ ਅੰਦਰ ਹੁਕਮ ਰਿਹਾ ਭਵਾਈਆ । ਗੁਰਮੁਖੋ ਤੁਸੀਂ ਨਾ ਬਣਿਓ ਕਿਸੇ ਦੇ ਬੇਗਾਨੇ, ਸਾਰੇ ਆਪਣੇ ਲਓ ਬਣਾਈਆ । ਤੁਹਾਡੇ ਟੁੱਟਣ ਨਾ ਕਦੇ ਯਰਾਨੇ, ਸਾਜਣ ਧੁਰ ਦੇ ਲਵੇ ਹੰਢਾਈਆ । ਉਹ ਗੁਰਮੁਖ ਸੁਘੜ ਸੁਚੱਜੇ ਸਿਆਣੇ, ਜੋ ਚਾਰ ਵਰਨਾਂ ਗੰਢ ਪਵਾਈਆ । ਉਨ੍ਹਾਂ ਦੇ ਅੰਦਰ ਇਕ ਧਿਆਨੇ, ਪਰਮ ਪੁਰਖ ਰਹੇ ਮਨਾਈਆ । ਤਿਨ੍ਹਾਂ ਨੂੰ ਸਤਿਗੁਰ ਸ਼ਬਦ ਮਾਰੇ ਆਪਣੇ ਤੀਰ ਕਾਨੇ, ਅਣਿਆਲੇ ਆਪ ਚਲਾਈਆ । ਸੋ ਗੁਰਮੁਖ ਜੋ ਆਪਣਾ ਘਰ ਸੰਭਾਲੇ, ਬਾਹਰ ਲੜਨ ਦੀ ਲੋੜ ਰਹੇ ਨਾ ਰਾਈਆ । ਆਪਣੇ ਮੀਤ ਮਿਤਰ ਭੈਣ ਭਾਈ ਸਾਕ ਸੱਜਣ ਕਾਇਆ ਮੰਦਰ ਅੰਦਰ ਭਾਲੇ, ਸੁਰਤੀ ਸੁਰਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲੇ ਖੇਲ ਨਿਰਾਲੇ, ਕਲਜੁਗ ਖੇਲ ਦੀਨ ਦੁਨੀ ਆਪ ਵਖਾਈਆ । ਜਗਤ ਨਾਤਾ ਤੁੱਟਾ ਪਿਆਰ, ਪ੍ਰੇਮੀ ਨਜ਼ਰ ਕੋਇ ਨਾ ਆਈਆ । ਬੇਗਾਨੇ ਹੋ ਕੇ ਘਰ ਦੇ ਕਰਨ ਖ਼ੁਆਰ, ਘਰ ਦੇ ਵਿਚੋਂ ਘਰ ਸਮਝ ਕਿਸੇ ਨਾ ਆਈਆ । ਏਸੇ ਕਾਰਨ ਤੁਹਾਡੇ ਅੰਦਰ ਪੰਜ ਚੋਰ ਹੋ ਗਏ ਖ਼ਬਰਦਾਰ, ਸ਼ਬਦ ਦੀ ਧੁਨ ਸੁਣਨ ਕੋਇ ਨਾ ਪਾਈਆ । ਇਹ ਵੀ ਤੁਹਾਡੇ ਘਰ ਦੇ ਬਾਹਰਲੀਆਂ

ਵਸਤੂਆਂ ਦੇ ਬਣ ਗਏ ਯਾਰ, ਯਾਰਾਨੇ ਤੁਹਾਡੇ ਨਾਲੋਂ ਤੁੜਾਈਆ । ਜੇ ਇਨ੍ਹਾਂ ਨੂੰ ਬੰਧਨ ਪਾ ਲਓ ਫੇਰ ਤੁਹਾਡੇ ਵਸ ਹੋ ਜਾਏ ਸਾਰਾ ਸੰਸਾਰ, ਦੋ ਚਾਰ ਯਾਰ ਰੱਖਣ ਦੀ ਲੋੜ ਰਹੇ ਨਾ ਰਾਈਆ । ਇਸ ਤੋਂ ਅਗਲੀ ਹੋਰ ਕੁਛ ਸਮਝੋ ਗੁਫ਼ਤਾਰ, ਗੁਫ਼ਤ ਸ਼ਨੀਦ ਦਿਆਂ ਜਣਾਈਆ । ਤੁਹਾਡਾ ਸੀ ਜਗਤ ਵਿਹਾਰ, ਅੰਦਰ ਚੜ੍ਹ ਕੇ ਵੇਖੋ ਮੰਜ਼ਲ ਉਹ ਹਕ ਮੁਨਾਰ, ਜਿਥੇ ਮਹਿਬੂਬ ਮਿਲ ਕੇ ਬੇਗਾਨਾ ਨਜ਼ਰ ਕੋਇ ਨਾ ਆਈਆ ।

ਖ਼ੂਨ ਨਾਲ ਖ਼ੂਨ ਪਾਇਆ ਝਗੜਾ, ਝਗੜੇ ਝਗੜੇ ਵਿਚ ਲੋਕਾਈਆ । ਜੇ ਇਸ ਤੋਂ ਮਾਰਗ ਵੇਖੋ ਅਗਲਾ, ਅਗਲਾ ਪਿਛਲਾ ਨਜ਼ਰ ਕੋਇ ਨਾ ਆਈਆ । ਫੇਰ ਸੰਸਾਰ ਦਿਸੇ ਆਪਣਾ ਸਗਲਾ, ਸਾਥੀ ਸਾਰੇ ਸੋਭਾ ਪਾਈਆ । ਪ੍ਰੇਮ ਪ੍ਰੀਤੀ ਪਿਆਰ ਅੰਦਰ ਹੋਵੇ ਚਾਰ ਮੰਗਲਾ, ਗੀਤ ਗੋਬਿੰਦ ਇਕੋ ਕਰੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਸਚ ਸਚ ਦ੍ਰਿੜਾਈਆ । ਖ਼ੂਨ ਨਾਲ ਕਰੇ ਖ਼ੂਨ ਵੈਰ, ਵੈਰੀ ਪਿਤਾ ਪੂਤ ਨਜ਼ਰੀ ਆਈਆ । ਇਹੋ ਕਲਜੁਗ ਕਰਨੀ ਦਾ ਕਹਿਰ, ਜੋ ਸਤਿਗੁਰ ਅਰਜਨ ਗਿਆ ਸਮਝਾਈਆ । ਜਿਨ੍ਹਾਂ ਦੇ ਅੰਦਰ ਸਾਹਿਬ ਸਤਿਗੁਰ ਦੀ ਹੋ ਗਈ ਮਿਹਰ, ਮਿਹਰ ਨਜ਼ਰ ਇਕ ਉਠਾਈਆ । ਉਹ ਸਾਰਿਆਂ ਦੇ ਮਿਤਰ ਬਣ ਗਏ ਇਕੋ ਵੇਰ, ਘਰ ਦੇ ਬਾਹਰ ਦੇ ਬੇਗਾਨੇ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਸਚ ਦਵਾਰ ਦਾ ਵੇਖਿਆ ਅਗੰਮੀ ਸ਼ਹਿਰ, ਸ਼ਹਿਨਸ਼ਾਹ ਮਿਲ ਕੇ ਖ਼ੁਸ਼ੀ ਮਨਾਈਆ । ਆਪਣੇ ਖ਼ੂਨ ਦੇ ਖ਼ੂਨ ਦੀ ਜ਼ਰਾ ਹੋਰ ਕਰੋ ਸੈਰ, ਸਹੀ ਆਪਣਾ ਆਪ ਨਜ਼ਰੀ ਆਈਆ । ਸਤਿਗੁਰ ਸ਼ਬਦ ਸਦਾ ਮਿਹਰਵਾਨ, ਆਦਿ ਜੁਗਾਦਿ ਜੁਗ ਚੌਕੜੀ ਦਇਆ ਕਮਾਇੰਦਾ । ਜਨ ਭਗਤਾਂ ਨਾਮ ਭਗਤੀ ਦੇ ਕੇ ਦਾਨ, ਦੀਨਨ ਆਪਣੇ ਰੰਗ ਰੰਗਾਇੰਦਾ । ਕਾਇਆ ਮੰਦਰ ਸੁਹਾ ਮਕਾਨ, ਸਾਢੇ ਤਿੰਨ ਹੱਥ ਵੱਡ ਵਡਿਆਇੰਦਾ । ਵਸਤ ਅਮੋਲਕ ਦੇ ਕੇ ਦਾਨ, ਖ਼ਾਲੀ ਭੰਡਾਰ ਆਪ ਭਰਾਇੰਦਾ । ਅੰਮ੍ਰਿਤ ਸਰ ਕਰਾ ਇਸ਼ਨਾਨ, ਦੁਰਮਤ ਮੈਲ ਧਵਾਇੰਦਾ । ਦੀਵਾ ਬਾਤੀ ਕਮਲਾਪਾਤੀ ਜਗਾ ਮਹਾਨ, ਅੰਧ ਅੰਧੇਰ ਗਵਾਇੰਦਾ । ਸਾਚੀ ਸਖ਼ੀ ਮੇਲ ਕੇ ਧੁਰ ਦਾ ਕਾਹਨ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਗੇੜਾ ਕਟ ਕੇ ਲੱਖ ਚੁਰਾਸੀ ਆਵਣ ਜਾਣ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦਾ ਸੁਹੇਲਾ ਇਕ ਅਕੇਲਾ ਮਿਹਰ ਨਜ਼ਰ ਨਾਲ ਤਰਾਇੰਦਾ । ਸਤਿਗੁਰ ਸ਼ਬਦ ਮਿਹਰ ਨਜ਼ਰ ਰਿਹਾ ਕਰ, ਕਰੀਮ ਕਰਤਾ ਵੱਡ ਵਡਿਆਈਆ । ਹਰਿ ਸੰਤ ਸੁਹੇਲੇ ਸੱਜਣ ਲਏ ਫੜ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਕਾਇਆ ਮੰਦਰ ਅੰਦਰ ਸਾਚੇ ਪੌੜੇ ਜਾਏ ਚੜ੍ਹ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਸਾਚਾ ਢੋਲਾ ਲਵੇ ਪੜ੍ਹ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਸਚਖੰਡ ਦਵਾਰਾ ਵਖਾ ਕੇ ਇਕੋ ਨਰਾਇਣ ਨਰ, ਦਰਗਾਹ ਸਾਚੀ ਧਾਮ ਦਏ ਜਣਾਈਆ । ਭਗਤ ਸੁਹੇਲੇ ਸੱਜਣ ਲੈ ਕੇ ਜਾਵੇ ਆਪਣੇ ਘਰ, ਅਧ ਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਜਨ ਭਗਤਾਂ ਦੇਵੇ ਸਾਚਾ ਵਰ, ਮਿਹਰ ਨਜ਼ਰ ਨਾਲ ਨਜ਼ਰੀਆ ਅੰਦਰੋਂ ਦਏ ਬਦਲਾਈਆ । ਸਤਿਗੁਰ ਨਾਮ ਸ਼ਬਦ ਅਗੰਮਾ, ਅਗੰਮ ਅਗੰਮੜਾ ਆਪਣੇ ਵਿਚ ਰਖਾਇੰਦਾ । ਨਾ ਮਰਿਆ ਨਾ ਕਦੇ ਜੰਮਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਜੁਗ ਚੌਕੜੀ ਪੁਰਖ ਅਕਾਲ

ਦੀਨ ਦਿਆਲ ਪਰਗਟ ਕਰੇ ਜੋ ਹੋਵੇ ਓਸ ਦਾ ਸਮਾਂ, ਸਮਾਂ ਸਮੇਂ ਵਿਚ ਬਦਲਾਇੰਦਾ । ਓਸ ਨਾਮ ਨੂੰ ਨਾ ਕੋਈ ਲਾਲਚ ਨਾ ਕੋਈ ਤਮਅ, ਤਮਾਸ਼ਾ ਦੀਨ ਦੁਨੀ ਵੇਖ ਵਖਾਇੰਦਾ । ਨਾ ਕੋਈ ਹਰਖ਼ ਸੋਗ ਨਾ ਗ਼ਮਾ, ਚਿੰਤਾ ਰੋਗ ਨਾ ਕੋਇ ਸਤਾਇੰਦਾ । ਨਾ ਬੰਦ ਹੋਇਆ ਕਿਸੇ ਹੱਡ ਮਾਸ ਨਾੜੀ ਚੰਮਾ, ਬ੍ਰਹਿਮੰਡ ਖੰਡ ਪੁਰੀ ਲੋਅ ਹਰ ਘਟ ਵਿਚ ਸਮਾਇੰਦਾ । ਜਨਨੀ ਕੁੱਖ ਕਿਸੇ ਨਾ ਜੰਮਾ, ਅਗਨੀ ਕੁੰਡ ਨਾ ਕੋਇ ਤਪਾਇੰਦਾ । ਸੋ ਨਾਮ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਭ ਨੇ ਮੰਨਾ, ਜਿਸ ਨੂੰ ਮੰਨ ਕੇ ਮਾਣਸ ਰੂਪ ਪੰਜ ਤਤ ਪਰਮ ਪੁਰਖ ਆਪ ਵਟਾਇੰਦਾ ।

★ ੨੬ ਅੱਸੂ ਸ਼ਹਿਨਸ਼ਾਹੀ ਸੰਮਤ ੨ ਅਵਤਾਰ ਸਿੰਘ ਦੇ ਗ੍ਰਹਿ ਪਿੰਡ ਗੁਰਮੁਖ ਪੁਰਾ ਜ਼ਿਲਾ ਗੁਰਦਾਸਪੁਰ ★

ਸਤਿਗੁਰ ਕਿਰਪਾ ਵਸੇ ਖੇੜਾ, ਜਨ ਭਗਤ ਮਿਲੇ ਮਾਣ ਵਡਿਆਈਆ । ਮਾਨਸ ਜਨਮ ਬੰਨ੍ਹੇ ਬੇੜਾ, ਜਗਤ ਜਹਾਨ ਨਾ ਕੋਇ ਰੁੜ੍ਹਾਈਆ । ਭੇਵ ਚੁਕਾ ਕੇ ਤੇਰਾ ਮੇਰਾ, ਪੜਦਾ ਓਹਲਾ ਦਏ ਉਠਾਈਆ । ਪ੍ਰੇਮ ਪ੍ਰੀਤੀ ਅੰਦਰ ਦੱਸੇ ਚਾਓ ਘਨੇਰਾ, ਖ਼ੁਸ਼ੀਆਂ ਅੰਦਰ ਨਾਮ ਵਡਿਆਈਆ । ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰਾ, ਅਗਲਾ ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੱਖ ਚੁਰਾਸੀ ਕਟੇ ਜੇੜਾ, ਜਨਮ ਮਰਨ ਦਾ ਲੇਖ ਦਏ ਮੁਕਾਈਆ । ਸਤਿਗੁਰ ਕਿਰਪਾ ਹੋਵੇ ਉਜਲ ਮੁਖ, ਮਿਲੇ ਮਾਣ ਵਡਿਆਈਆ । ਜਗਤ ਚਿੰਤਾ ਰਹੇ ਨਾ ਦੁੱਖ, ਦਰਦੀਆਂ ਦਰਦ ਵੰਡਾਈਆ । ਘਰ ਉਪਜਾਏ ਸਾਚਾ ਸੁਖ, ਸੱਜਣ ਸਾਹਿਬ ਸਵਾਮੀ ਬੇਪਰਵਾਹੀਆ । ਭੰਡਾਰਾ ਦਏ ਅਤੁਟ, ਨਖੁਟ ਕਦੇ ਨਾ ਜਾਈਆ । ਹਰਿ ਸੰਤ ਬਣਾ ਕੇ ਆਪਣੇ ਸੁਤ, ਅਬਿਨਾਸ਼ੀ ਕਰਤਾ ਗੋਦ ਉਠਾਈਆ । ਪੜਦਾ ਓਹਲਾ ਰਹਿਣ ਨਾ ਦੇਵੇ ਲੁਕ, ਸਨਮੁਖ ਹੋ ਕੇ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਜਨਮ ਕਰਮ ਦਾ ਮੇਟ ਕੇ ਦੁੱਖ, ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਦਏ ਕਟਾਈਆ ।

★ ੨੬ ਅੱਸੂ ਸ਼ਹਿਨਸ਼ਾਹੀ ਸੰਮਤ ੨ ਸਵਿੰਦਰ ਸਿੰਘ ਦੇ ਗ੍ਰਹਿ ਪਿੰਡ ਦਇਆ ਜ਼ਿਲਾ ਗੁਰਦਾਸਪੁਰ ★

ਸਤਿ ਕਹੇ ਪ੍ਰਭ ਕਿਰਪਾ ਕਰ ਛੇਤੀ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਤੇਰੀ ਸਾਚੀ ਮੰਜ਼ਲ ਦਾ ਰਿਹਾ ਕੋਇ ਨਾ ਭੇਤੀ, ਵਿਦਿਆ ਵਾਲੇ ਕਰਨ ਲੜਾਈਆ । ਤੇਰੇ ਪਿਆਰ ਪ੍ਰੇਮ ਦੀ ਸਮਝੇ ਕੋਇ ਨਾ ਨੇਕੀ, ਮਾਨੁਖ ਹੋ ਕੇ ਆਪਣਾ ਆਪ ਭੁਲਾਈਆ । ਦੀਨ ਦੁਨੀ ਚਾਰ ਕੁੰਟ ਦੇਖੀ, ਭਰਮੇ ਭੁੱਲੀ ਲੋਕਾਈਆ । ਤੇਰਾ ਰਾਹ ਤੱਕਣ ਭਗਤ ਜਨ ਪਰਦੇਸੀ, ਦੇਸ ਛੱਡ ਕੇ ਲੋਕਮਾਤ ਅੱਖ ਉਠਾਈਆ । ਚਰਨ ਪ੍ਰੀਤੀ ਬਖ਼ਸ਼ ਸਾਚੀ ਟੇਕੀ, ਸਹਾਰਾ ਇਕੋ ਇਕ ਜਣਾਈਆ । ਕਲਜੁਗ ਕੂੜੀ ਕਿਰਿਆ ਮਾਤ ਮੇਟੀਂ, ਮਿੱਟੀ ਵਾਲੀ ਖ਼ਾਕ ਨਾ ਕੋਇ ਉਡਾਈਆ । ਕੂੜ ਕੁੜਿਆਰੇ ਦਰ ਤੋਂ ਛੇਕੀਂ, ਨੇਰਨ ਨੇਰਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ ਧਰਮ ਕਹੇ ਪ੍ਰਭ ਆਪਣਾ ਦੱਸ ਦੇ ਅਗੰਮੀ ਨੁਕਤਾ, ਗੁਨਾਹ ਦਾ ਲਹਿਣਾ ਦੇ ਮੁਕਾਈਆ । ਜਿਸ ਮੰਜ਼ਲ ਤੇ ਤੇਰਾ ਪੈਂਡਾ ਮੁਕਦਾ, ਮਹਿਬੂਬ ਸਹਿਜੇ ਦੇ ਟਿਕਾਈਆ । ਪੜਦਾ ਰਹੇ ਨਾ ਉਹਲੇ ਲੁਕ ਦਾ, ਨਕਾਬ ਪੜਦਾ ਦੇਣਾ ਚੁਕਾਈਆ । ਪ੍ਰੇਮ ਮਿਲੇ ਤੇਰੇ ਸਾਚੇ ਸੁਖ ਦਾ, ਦੂਜੀ ਆਸ

ਨਾ ਕੋਇ ਰਖਾਈਆ । ਬਿਨ ਤੇਰੇ ਦੋ ਜਹਾਨ ਕੋਇ ਨਾ ਪੁਛਦਾ, ਪਿਛਲਿਆਂ ਦਾ ਸੰਗ ਅੱਗੇ ਨਜ਼ਰ ਕੋਇ ਨਾ ਆਈਆ । ਭਗਤ ਉਧਾਰਨਾ ਤੇਰਾ ਖੇਲ ਤੁਛ ਦਾ, ਦਇਆਵਾਨ ਦੇਣੀ ਮਾਣ ਵਡਿਆਈਆ । ਜੋ ਤੇਰੇ ਦਵਾਰੇ ਦੀਵਾਨਾ ਹੋ ਕੇ ਝੁਕਦਾ, ਚਰਨ ਕਵਲ ਧੂੜ ਰਮਾਈਆ । ਅੰਤ ਲੇਖਾ ਮੁਕਾ ਦੇ ਉਸ ਦਾ, ਜੋ ਉਸਤਤ ਵਿਚ ਤੇਰਾ ਨਾਮ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਦੱਸ ਦੇ ਆਪਣੀ ਤੁਕ ਦਾ, ਨਾਮ ਨਿਧਾਨਾ ਇਕ ਸਮਝਾਈਆ । ਸਤਿ ਕਹੇ ਪ੍ਰਭ ਹਰਿਜਨ ਰਹੇ ਕੋਈ ਨਾ ਸੁੱਤਾ, ਸੁੱਤੀ ਵੇਖਾਂ ਜਗਤ ਲੋਕਾਈਆ । ਮਿਹਰਵਾਨ ਮਹਿਬੂਬ ਤੈਨੂੰ ਵੇਖਾਂ ਤੁੱਠਾ, ਨਜ਼ਰੇ ਕਰਮ ਨਾਲ ਜਗਾਈਆ । ਸੰਤ ਸੁਹੇਲਾ ਲਟਕੇ ਫੇਰ ਕਦੇ ਨਾ ਪੁੱਠਾ, ਅਗਨੀ ਅੱਗ ਨਾ ਕੋਇ ਤਪਾਈਆ । ਰਸਨਾ ਖਾਏ ਕੋਇ ਨਾ ਕੁੱਠਾ, ਕੂੜੀ ਕਿਰਿਆ ਦੇਣੀ ਮਿਟਾਈਆ । ਸਚ ਦਵਾਰੇ ਬਿਨ ਤੇਰੇ ਕਹੇ ਕੋਇ ਨਾ ਆ ਭਗਤ ਦਵਾਰੇ ਪੁੱਤਾ, ਪਿਤਾ ਹੋ ਕੇ ਗੋਦ ਨਾ ਕੋਇ ਉਠਾਈਆ । ਸਾਚੇ ਜੀਵਣ ਦਾ ਸਮਝੇ ਕੋਇ ਨਾ ਮੁੱਦਾ, ਮੁੱਦਤਾਂ ਦੇ ਵਿਛੜੇ ਸਕੇ ਨਾ ਕੋਇ ਮਿਲਾਈਆ । ਆਪਣਾ ਭੇਵ ਖੋਲ੍ਹ ਦੇ ਗੁੱਝਾ, ਗਹਿਰ ਗੰਭੀਰ ਰਮਜ਼ ਲਗਾਈਆ । ਭਗਤਾਂ ਭਾਉ ਰਹੇ ਨਾ ਦੂਜਾ, ਦੁਤੀਆ ਰੂਪ ਨਾ ਕੋਇ ਵਟਾਈਆ । ਨਾਮ ਭੰਡਾਰਾ ਦੇ ਸੁੱਧਾ, ਸੁਖ ਸਾਗਰ ਵਿਚ ਸਮਾਈਆ । ਤੇਰਾ ਲਹਿਣਾ ਦੇਣਾ ਆਦਿ ਜਗਾਦਿ ਚੌਕੜੀ ਜੁਗਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਦੇਵਣਹਾਰ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਮਲ ਕਰ ਸਰਬ ਦੀ ਬੁੱਧਾ, ਬੁੱਧੀ ਬਿਬੇਕ ਦੇ ਬਣਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਕਰ ਬੁੱਧ ਬਿਬੇਕ, ਵਿਵੇਕੀ ਆਪਣੀ ਦਇਆ ਕਮਾਈਆ । ਸਚ ਦਵਾਰੇ ਤੇਰਾ ਦਰਸ਼ਨ ਲੈਣ ਪੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਨਮ ਜਨਮ ਦੀ ਬਦਲ ਦੇ ਰੇਖ, ਕਰਮ ਕਰਮ ਦਾ ਗੇੜਾ ਦੇ ਮਿਟਾਈਆ । ਸਚ ਵਖਾ ਅਗੰਮਾ ਦੇਸ, ਜਿਸ ਘਰ ਬੈਠਾ ਸੋਭਾ ਪਾਈਆ । ਦੋ ਜਹਾਨਾਂ ਬਣ ਕੇ ਨਰ ਨਰੇਸ਼, ਧੁਰ ਫ਼ਰਮਾਨਾ ਇਕ ਸੁਣਾਈਆ । ਜੁਗ ਚੌਕੜੀ ਕਰ ਕਰ ਵੇਸ, ਗੁਰ ਅਵਤਾਰ ਪੈਗ਼ੰਬਰ ਨਾਉਂ ਧਰਾਈਆ । ਅੰਤਮ ਆਪਣਾ ਆਪ ਕਰ ਦੇ ਭੇਟ, ਨਾਤਾ ਤਤ ਵਜੂਦ ਤੁੜਾਈਆ । ਸਾਚੀ ਸੇਜਾ ਆਪਣੀ ਮੰਜ਼ਲ ਆਪੇ ਲੇਟ, ਸੋਭਾਮਾਨ ਦਏ ਸੁਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਸੰਗ ਖੇਲੇ ਖੇਡ, ਖਿਲਾੜੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਲੋਕਮਾਤ ਦਿਤਾ ਭੇਜ, ਭੱਜ ਭੱਜ ਉਨ੍ਹਾਂ ਆਪਣਾ ਮੇਲ ਮਿਲਾਈਆ । ਸਤਿ ਕਹੇ ਪ੍ਰਭ ਜਿਨ੍ਹਾਂ ਲੋਕਮਾਤ ਘਲਦਾ, ਪੰਜ ਤਤ ਦੇ ਵਡਿਆਈਆ । ਤਿਨ੍ਹਾਂ ਅੰਦਰ ਜੋਤੀ ਸ਼ਬਦੀ ਧਾਰ ਹੋ ਕੇ ਰਲਦਾ, ਘਰ ਘਰ ਅੰਦਰ ਸੋਭਾ ਪਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਤਮ ਸੇਜਾ ਇਕੋ ਮਲਦਾ, ਜਿਥੇ ਮਲਕੁਲਮੌਤ ਦਏ ਨਾ ਕੋਇ ਸਜ਼ਾਈਆ । ਜਨ ਭਗਤਾਂ ਲੇਖਾ ਜਣਾਏ ਹਿਸਾਬ ਹੱਲ ਦਾ, ਹਾਲਤ ਸਭ ਦੀ ਦਏ ਬਦਲਾਈਆ । ਬਿਨਾਂ ਗੁਰਮੁਖਾਂ ਕਿਸੇ ਨੂੰ ਪਤਾ ਨਹੀਂ ਕਲ੍ਹ ਦਾ, ਕਲਮੇ ਵਾਲੇ ਦੇਣ ਦੁਹਾਈਆ । ਝਗੜਾ ਸ਼ੁਰੂ ਹੋਣ ਵਾਲਾ ਜਲ ਥਲ ਦਾ, ਪਲ ਪਲ ਸਮਝ ਕਿਸੇ ਨਾ ਆਈਆ । ਹੁਕਮ ਫ਼ਰਮਾਨ ਮਿਲਣ ਵਾਲਾ ਪੁਰਖ ਅਟਲ ਦਾ, ਧੁਰ ਦਰਗਾਹੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਲ ਛਲ ਦਾ, ਅਛਲ ਛਲ ਆਪਣੀ ਖੇਲ ਖਿਲਾਈਆ ।

★ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਦਇਆ ਜ਼ਿਲਾ ਗੁਰਦਾਸਪੁਰ ★

ਸਤਿ ਕਹੇ ਪ੍ਰਭ ਭਗਤਾਂ ਖੁਲ੍ਹੀ ਰੱਖ ਦ੍ਰਿਸ਼ਟ, ਦ੍ਰਿਸ਼ਟਾਂਤਾਂ ਦੀ ਲੋੜ ਰਹੇ ਨਾ ਰਾਈਆ । ਚੌਥੇ ਜੁਗ ਦੀ ਪੂਰੀ ਹੋ ਗਈ ਕਿਸ਼ਤ, ਲੇਖਾ ਅਗਲਾ ਆਪਣਾ ਲੈ ਬਣਾਈਆ । ਲਾਰਾ ਦੇਵੀਂ ਨਾ ਕੋਇ ਸਵਰਗ ਬਹਿਸ਼ਤ, ਸਚਖੰਡ ਦਵਾਰਾ ਇਕੋ ਇਕ ਵਖਾਈਆ । ਨੌਂ ਸੌ ਚੁਰਾਨਵੇ ਦੀ ਫੋਲ ਕੇ ਵੇਖ ਫ਼ਰਿਸਤ, ਜੁਗ ਚੌਕੜੀ ਪੰਧ ਮੁਕਾਈਆ । ਜੋ ਮੰਗਾਂ ਮੰਗ ਕੇ ਗਿਆ ਵਸ਼ਿਸ਼ਟ, ਰਾਮ ਰਾਮ ਰਾਮ ਨਾਲ ਸਮਝਾਈਆ । ਸਤਿਗੁਰ ਸ਼ਬਦ ਜਗਤ ਵਾਸਨਾ ਭੋਗੇ ਕੋਇ ਨਾ ਗ੍ਰਿਹਸਤ, ਗ੍ਰਹਿ ਗ੍ਰਹਿ ਘਰ ਘਰ ਆਪਣੀ ਸੇਜ ਹੰਢਾਈਆ । ਜਿਸ ਨੂੰ ਬੁੱਧੀ ਵਾਲਾ ਸਮਝ ਨਾ ਸਕੇ ਇਸ਼ਕ, ਹਕ਼ੀਕਤ ਵਿਚੋਂ ਆਪਣਾ ਹਕ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਸਤਿ ਕਹੇ ਪ੍ਰਭ ਰੰਗ ਦੇ ਚੋਲੀ, ਚੋਲਾ ਰਹਿਣ ਕੋਇ ਨਾ ਪਾਈਆ । ਭਗਤ ਸੱਜਣ ਸਹੇਲੀ ਬਣਾ ਗੋਲੀ, ਗੋਲਕ ਖ਼ਾਲੀ ਦੇ ਭਰਾਈਆ । ਗੁਰਮੁਖ ਰਹੇ ਨਾ ਕੋਇ ਮਖ਼ੌਲੀ, ਮੁਖ ਉਜਲ ਜਗਤ ਕਰਾਈਆ । ਹਾਸੀ ਕਰੇ ਨਾ ਕੋਇ ਧੌਲੀ, ਧਵਲ ਉਪਰ ਮਿਲੇ ਵਡਿਆਈਆ । ਸਾਰ ਸਮਝੇ ਨਾ ਕੋਇ ਰੌਲੀ, ਪੰਡਤ ਵਿਦਿਆ ਨਾ ਕੋਇ ਦ੍ਰਿੜਾਈਆ । ਤੇਰੇ ਪਿਆਰ ਦੀ ਰੁੱਤ ਰਹੇ ਸਦਾ ਮੌਲੀ, ਮੌਲਾ ਹੋ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਮਝਾ ਆਪਣੀ ਆਉਣੀ, ਆਵਣ ਜਾਵਣ ਅਗਲਾ ਦੇ ਮੁਕਾਈਆ । ਸਤਿ ਕਹੇ ਪ੍ਰਭ ਜਨ ਭਗਤਾਂ ਦੱਸ ਆਪਣਾ ਆਉਣਾ, ਅਵਾਗਵਣ ਵਿਚੋਂ ਬਾਹਰ ਕਢਾਈਆ । ਸਾਚੀ ਸੇਜਾ ਦੱਸ ਸੌਣਾ, ਜਿਥੇ ਸੁਤਿਆਂ ਨਾ ਕੋਇ ਉਠਾਈਆ । ਸਾਚਾ ਨਾਮ ਦੱਸ ਗਾਉਣਾ, ਜਿਸ ਨੂੰ ਗਾ ਕੇ ਮਿਲੇ ਬੇਪਰਵਾਹੀਆ । ਸਾਚਾ ਮੰਦਰ ਦੱਸ ਸੁਹਾਉਣਾ, ਜਿਥੇ ਨਿਰਮਲ ਜੋਤ ਹੋਵੇ ਰੁਸ਼ਨਾਈਆ । ਸਾਚਾ ਨਾਦ ਦੱਸ ਵਜਾਉਣਾ, ਬਿਨ ਤੰਦ ਸਤਾਰ ਹਿਲਾਈਆ । ਸਾਚਾ ਰੰਗ ਦੱਸ ਚੜ੍ਹਾਉਣਾ, ਬਿਨ ਲਲਾਰੀ ਸੋਭਾ ਪਾਈਆ । ਸਾਚਾ ਵਣਜ ਦੱਸ ਕਰਾਉਣਾ, ਵਸਤ ਅਮੋਲਕ ਆਪ ਵਰਤਾਈਆ । ਸਾਚਾ ਧਾਮ ਦੱਸ ਸੁਹਾਉਣਾ, ਸੋਭਾਵੰਤ ਤੇਰੇ ਹੱਥ ਵਡਿਆਈਆ । ਕਰ ਕਿਰਪਾ ਅਬਿਨਾਸ਼ੀ ਕਰਤੇ ਆਪਣਾ ਮੇਲ ਮਿਲਾਉਣਾ, ਮਿਲਾਵਟ ਵਿਚ ਮਿਲੀ ਰਹੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਆਪਣੇ ਘਰ ਵਸਾਉਣਾ, ਜਿਥੇ ਵਸ ਕੇ ਉਜੜ ਕੋਇ ਨਾ ਜਾਈਆ ।

★ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੨ ਮੋਹਣ ਸਿੰਘ ਦੇ ਗ੍ਰਹਿ ਪਿੰਡ ਤਾਰਾ ਚੱਕ ਜ਼ਿਲਾ ਗੁਰਦਾਸਪੁਰ ★

ਸਤਿ ਕਹੇ ਪ੍ਰਭ ਭਗਤਾਂ ਸੰਗ ਜੋੜ, ਜੋੜਾ ਧਰਮ ਦਵਾਰ ਬਣਾਈਆ । ਸ਼ਬਦ ਅਗੰਮੀ ਬੰਨ੍ਹ ਡੋਰ, ਬੰਧਨ ਧੁਰ ਦਾ ਏਕਾ ਪਾਈਆ । ਵਾਸਨਾ ਰਹੇ ਨਾ ਮਨ ਦੀ ਕੌੜ, ਅੰਮ੍ਰਿਤ ਵਿਖ ਦੇ ਬਣਾਈਆ । ਚਾਰ ਕੁੰਟ ਦੀ ਮੁਕੇ ਦੌੜ, ਸਾਂਤਕ ਸਤਿ ਸਤਿ ਕਰਾਈਆ । ਮੰਜ਼ਲ ਮਿਲੇ ਹਕ਼ੀਕੀ ਪੌੜ, ਅੱਗੇ ਹੋ ਨਾ ਕੋਇ ਅਟਕਾਈਆ । ਤੇਰਾ ਦਰਸ਼ਨ ਤੱਕੀਏ ਨਾਲ ਗ਼ੌਰ, ਗਹਿਰ ਗੰਭੀਰ ਨਜ਼ਰੀ ਆਈਆ । ਤੁਧ ਬਿਨ ਨਜ਼ਰ ਨਾ ਆਵੇ

ਕੋਈ ਔਰ, ਅਵਰਾ ਰਾਹ ਨਾ ਕੋਇ ਜਣਾਈਆ । ਮਾਨਸ ਜਨਮ ਜਾਏ ਸੌਰ, ਸਵਾਰਥ ਪਰਮਾਰਥ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਦੇਣਾ ਮਿਲਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤ ਬਣਾ ਧੁਰ ਦੇ ਸੰਗੀ, ਲੋਕਮਾਤ ਨਾਲ ਰਲਾਈਆ । ਪ੍ਰੇਮ ਪ੍ਰੀਤੀ ਅੰਤਰ ਆਤਮ ਜਾਏ ਰੰਗੀ, ਰੰਗ ਇਕੋ ਦੇ ਵਖਾਈਆ । ਪੀਠ ਪੁਸ਼ਤ ਨਾ ਹੋਵੇ ਨੰਗੀ, ਸੀਸ ਜਗਦੀਸ ਹੱਥ ਟਿਕਾਈਆ । ਵਸਤ ਨਾਮ ਸ਼ਬਦ ਸਦਾ ਦੇ ਅਨਮੰਗੀ, ਅਨਡਿੱਠੀ ਦੌਲਤ ਝੋਲੀ ਪਾਈਆ । ਮਨ ਵਾਸਨਾ ਰਹੇ ਨਾ ਅੰਦਰ ਮੰਦੀ, ਕੂੜੀ ਕਿਰਿਆ ਬਾਹਰ ਕਢਾਈਆ । ਤੇਰੀ ਪ੍ਰੀਤੀ ਸ੍ਰੇਸ਼ਟ ਸਭ ਤੋਂ ਲੱਗੇ ਚੰਗੀ, ਕੂੜ ਕੁੜਿਆਰਾਂ ਡੇਰਾ ਢਾਹੀਆ । ਨਿਝਰ ਧਾਰ ਬਖ਼ਸ਼ ਅਨੰਦੀ, ਅੰਮ੍ਰਿਤ ਰਸ ਮੁਖ ਚੁਆਈਆ । ਸਾਚਾ ਮਾਰਗ ਦੱਸ ਡੰਡੀ, ਔਝੜ ਰਾਹ ਨਾ ਕੋਇ ਭਵਾਈਆ । ਜਨ ਭਗਤਾਂ ਆਤਮ ਰਹੇ ਨਾ ਰੰਡੀ, ਕੰਤ ਸੁਹਾਗੀ ਮੇਲਾ ਲੈਣਾ ਮਿਲਾਈਆ । ਝਗੜਾ ਮੁਕਾ ਕੇ ਆਵਣ ਜਾਵਣ ਲੱਖ ਚੁਰਾਸੀ ਖਾਨਾ ਬੰਦੀ, ਬੰਦਗੀ ਆਪਣੀ ਦੇਣੀ ਸਮਝਾਈਆ । ਨੇਤਰ ਅੱਖ ਰਹੇ ਨਾ ਅੰਧੀ, ਗਿਆਨ ਲੋਚਨ ਇਕ ਖੁਲ੍ਹਾਈਆ । ਮਨੂਆ ਪੰਜਾਂ ਨਾਲ ਮਿਲ ਕੇ ਕਰੇ ਨਾ ਜੰਗੀ, ਸ਼ਬਦ ਖੰਡਾ ਦੇਣਾ ਚਮਕਾਈਆ । ਸਾਥੀ ਰਹੇ ਨਾ ਕੋਇ ਪਾਖੰਡੀ, ਗੁਰਮੁਖ ਮੇਲਣਾ ਸਹਿਜ ਸੁਭਾਈਆ । ਆਪਣੇ ਨਾਮ ਦੀ ਲਾ ਕੇ ਪਾਬੰਦੀ, ਸਭ ਦਾ ਮੇਲਾ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਦੇਣਾ ਬਣਾਈਆ । ਸਤਿ ਧਰਮ ਕਹੇ ਪ੍ਰਭ ਭਗਤਾਂ ਨਾਲ ਮੇਲ ਕੇ ਰੱਖ, ਰੱਖਕ ਹੋ ਕੇ ਵੇਖ ਵਖਾਈਆ । ਆਪਣੇ ਮਿਲਣ ਦੀ ਖੁਲ੍ਹੀ ਰੱਖ ਅੱਖ, ਜਗਤ ਨੇਤਰ ਝਗੜਾ ਦੇ ਚੁਕਾਈਆ । ਆਤਮ ਪਰਮਾਤਮ ਕਰ ਜਸ, ਸਿਫ਼ਤਾਂ ਵਿਚ ਤੇਰਾ ਢੋਲਾ ਗਾਈਆ । ਹਿਰਦੇ ਅੰਦਰ ਹਰਿ ਜੂ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਬਿਨ ਤੇਰੀ ਕਿਰਪਾ ਮਾਨਸ ਜਨਮ ਕੀਮਤ ਪਏ ਨਾ ਕੌਡੀ ਕੱਖ, ਟਕਿਆਂ ਵਿਚ ਨਾ ਕੋਇ ਵਿਕਾਈਆ । ਪੁਰਖ ਅਕਾਲ ਦੀਨ ਦਿਆਲ ਸਾਂਝਾ ਮਾਰਗ ਦੇ ਦੱਸ, ਦਾਸਨ ਦਾਸੀ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਸਤਿ ਕਹੇ ਪ੍ਰਭ ਭਗਤਾ ਸੰਗ ਹੋਵੇ ਸਾਥ, ਧੁਰ ਦਾ ਸੰਗ ਬਣਾਈਆ । ਮਿਲ ਕੇ ਗਾਈਏ ਤੇਰੀ ਗਾਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਲਹਿਣਾ ਦੇਣਾ ਚੁਕਾ ਮਸਤਕ ਮਾਥ, ਜਨਮ ਕਰਮ ਅਗਲਾ ਦੇ ਬਦਲਾਈਆ । ਸਭ ਕੁਛ ਸਵਾਮੀ ਤੇਰੇ ਹਾਥ, ਕਰਨਹਾਰ ਵੱਡੀ ਵਡਿਆਈਆ । ਕਲਜੁਗ ਸਮੁੰਦ ਸਾਗਰ ਨਈਆ ਕਰ ਪਾਰ ਘਾਟ, ਕਿਨਾਰਾ ਨਿਰੰਕਾਰਾ ਆਪਣਾ ਦੇ ਵਖਾਈਆ । ਜਿਥੇ ਦਿਸੇ ਨਾ ਕੋਇ ਅੰਧੇਰੀ ਰਾਤ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਝਗੜਾ ਚੁੱਕੇ ਦੀਨ ਮਜ਼ਬ ਜਾਤ ਪਾਤ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਸਚ ਪ੍ਰੀਤੀ ਜੋੜ ਚਰਨ ਕਵਲ ਨਾਤ, ਰਿਸ਼ਤੇ ਕੂੜੇ ਦੇ ਛੁਡਾਈਆ । ਇਕੋ ਨਜ਼ਰੀ ਆਵੇ ਕਮਲਾਪਾਤ, ਪਤਿਪਰਮੇਸ਼ਵਰ ਤੇਰਾ ਦਰਸ਼ਨ ਪਾਈਆ । ਸਾਂਝੀ ਬਣੀ ਰਹੇ ਜਮਾਤ, ਵਿਛੋੜਾ ਰੂਪ ਨਾ ਕੋਇ ਬਦਲਾਈਆ । ਇਕੋ ਵਿਕੀਏ ਤੇਰੇ ਹਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਸਾਚੇ ਜੋੜ ਜੁੜਾਈਆ । ਸਤਿ ਧਰਮ ਕਹੇ ਪ੍ਰਭ ਭਗਤਾਂ ਨਾਲ ਪਾ ਗੰਢ, ਟੁੱਟੀ ਗੰਢਣਹਾਰ ਤੇਰੀ ਵਡਿਆਈਆ । ਅੰਮ੍ਰਿਤ ਮੇਘ ਬਰਸਾ ਪਾ ਠੰਡ, ਅਗਨੀ ਤਤ ਨਾ ਕੋਇ ਤਪਾਈਆ । ਸੀਤਲ ਧਾਰ ਜੋਤੀ ਨੂਰ ਚਾੜ੍ਹ ਚੰਦ, ਰਵ ਸਸ ਦਾ ਲੇਖਾ ਦੇ ਮੁਕਾਈਆ । ਲੱਖ ਚੁਰਾਸੀ ਆਵਣ ਜਾਵਣ ਕੱਟ ਫੰਦ, ਬੰਧਨ ਅਗਲਾ ਦੇ ਤੁੜਾਈਆ । ਪਾਰਬ੍ਰਹਮ ਬ੍ਰਹਮ ਆਪਣਾ ਢੋਲਾ

ਦੱਸ ਛੰਦ, ਸ਼ਹਿਨਸ਼ਾਹ ਇਕੋ ਤੇਰਾ ਨਾਮ ਧਿਆਈਆ । ਬਿਨਾਂ ਰਸਨਾ ਰਸ ਤੋਂ ਦੇ ਅਨੰਦ, ਨਿਜ ਆਤਮ ਰਸ ਚਖਾਈਆ । ਜਗਤ ਦਵਾਰਾ ਕੂੜੀ ਕਿਰਿਆ ਤੇਰੀ ਮੁਹੱਬਤ ਵਿਚ ਜਾਈਏ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਕੂੜੀ ਕਿਰਿਆ ਦੂਈ ਦਵੈਤ ਸ਼ਰਅ ਰਹੇ ਨਾ ਕੋਇ ਅੰਦਰ ਕੰਧ, ਭਾਂਡਾ ਭਰਮ ਭਉ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸੂਰੇ ਸਰਬੰਗ, ਦਰ ਤੇਰੇ ਓਟ ਤਕਾਈਆ । ਸਤਿ ਧਰਮ ਕਹੇ ਪ੍ਰਭ ਭਗਤਾਂ ਨਾਲ ਜਾਵਾਂ ਰਲ, ਦੀਨ ਦੁਨੀ ਜਗਤ ਤਜਾਈਆ । ਸ੍ਰਿਸ਼ਟੀ ਵੇਖੀ ਕਪਟ ਛਲ, ਵਿਕਾਰ ਹੰਕਾਰ ਵਿਚ ਲੜਾਈਆ । ਬਿਨ ਤੇਰੀ ਕਿਰਪਾ ਗ੍ਰਹਿ ਮਿਲੇ ਨਾ ਨਿਹਚਲ ਧਾਮ ਅਟੱਲ, ਸਚ ਦਵਾਰਾ ਨਾ ਕੋਇ ਵਖਾਈਆ । ਝਗੜਾ ਮੁਕਾ ਦੇ ਜਲ ਥਲ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਇਕੋ ਤੇਰਾ ਨੂਰ ਨਜ਼ਰੀ ਆਈਆ । ਅੰਦਰ ਰਹੇ ਨਾ ਕੋਇ ਸੱਲ, ਕਲਜੁਗ ਕੂੜੀ ਕਲ ਦੇ ਗਵਾਈਆ । ਜਿਸ ਕਾਰਨ ਜਨ ਭਗਤਾਂ ਲੋਕਮਾਤ ਦਿਤਾ ਘੱਲ, ਘਾਇਲ ਕਰ ਕੇ ਆਪਣੇ ਨਾਲ ਲੈ ਮਿਲਾਈਆ । ਤੇਰੇ ਦਵਾਰ ਤੇਰਾ ਪਰਕਾਸ਼ ਦੀਪਕ ਜੋਤ ਹੋ ਕੇ ਰਿਹਾ ਬਲ, ਘਰ ਘਰ ਕਰੇ ਰੁਸ਼ਨਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਦਰ ਠਾਂਡਾ ਤੇਰਾ ਲਈਏ ਮੱਲ, ਜਗਤ ਦਵਾਰੇ ਡੇਰਾ ਢਾਹੀਆ । ਮਾਨਸ ਜਨਮ ਲੱਖ ਚੁਰਾਸੀ ਦਾ ਇਕੋ ਵਾਰ ਮਿਲੇ ਫਲ, ਵਸਤ ਅਮੋਲਕ ਝੋਲੀ ਦੇਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਕਾਲ ਦੀਨ ਦਿਆਲ ਤੇਰਾ ਵਿਛੋੜਾ ਹੋਵੇ ਨਾ ਕਿਸੇ (ਪਲ), ਪਲਕ ਦੇ ਅੰਦਰ ਆਪਣਾ ਨੂਰ ਦੇਣਾ ਚਮਕਾਈਆ ।





★ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੨ ਬੰਤਾ ਸਿੰਘ ਦੇ ਗ੍ਰਹਿ ਪਿੰਡ ਪੰਜ ਗਰਾਈਆਂ ਜ਼ਿਲਾ ਗੁਰਦਾਸਪੁਰ ★

ਅੱਸੂ ਕਹੇ ਪ੍ਰਭ ਨੌ ਸੌ ਚੁਰਾਨਵੇ ਚੌਕੜੀ ਜੁਗ ਗਏ ਲੰਘ, ਜੁਗ ਜੁਗ ਤੇਰਾ ਧਿਆਨ ਲਗਾਈਆ । ਸਚਖੰਡ ਦਵਾਰ ਏਕੰਕਾਰ ਬੈਠਾ ਰਿਹੋਂ ਆਪਣੀ ਸੇਜ ਪਲੰਘ, ਸਤਿ ਸਤਿਵਾਦੀ ਹੋ ਕੇ ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਨਾਮ ਦਾ ਵਜਾਉਂਦੇ ਰਹੇ ਮਰਦੰਗ, ਨਿਰਗੁਣ ਸਰਗੁਣ ਹੋ ਕੇ ਤੇਰਾ ਢੋਲਾ ਗਾਈਆ । ਸਚ ਪ੍ਰੇਮ ਦਾ ਬਖ਼ਸ਼ ਅਗੰਮਾ ਅਨੰਦ, ਕਾਇਆ ਮਾਟੀ ਚੰਮਾਂ ਭਾਗ ਲਗਾਈਆ । ਖ਼ੁਸ਼ੀ ਵਖਾਉਂਦਾ ਰਿਹੋਂ ਬੰਦ ਬੰਦ, ਬੰਦਗੀ ਅੰਦਰ ਮਛੰਦਗੀ ਇਕ ਜਣਾਈਆ । ਅੰਤ ਅਖ਼ੀਰ ਮੰਗੀਏ ਇਹੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖ ਸੂਰੇ ਸਰਬੰਗ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਧਿਆਨ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਹੋਈ ਨੰਗ, ਸਾਚਾ ਤੇਰਾ ਨਾਮ ਓਢਣ ਸੀਸ ਨਾ ਕੋਇ ਟਿਕਾਈਆ । ਫਿਰੀ ਦਰੋਹੀ ਵਿਚ ਵਰਭੰਡ, ਨੌ ਖੰਡ ਰਹੀ ਕੁਰਲਾਈਆ । ਕਲਜੁਗ ਕੂੜੀ ਕਿਰਿਆ ਜੂਠ ਝੂਠ ਵਧਿਆ ਗੰਦ, ਸਚ ਸੁਗੰਧ ਨਜ਼ਰ ਕੋਇ ਨਾ ਆਈਆ । ਮਨ ਹੰਕਾਰਾ ਘਰ ਘਰ ਕਰੇ ਜੰਗ, ਸਾਂਤਕ ਸਤਿ ਨਾ ਕੋਇ ਕਰਾਈਆ । ਸਤਿ ਧਰਮ ਕਹੇ ਮੈਂ ਵੇਖ ਹੋਇਆ ਦੰਗ, ਹੈਰਾਨੀ ਮੇਰੇ ਅੰਦਰ ਆਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਏਕਾ ਨਾਮ ਵਜਾ ਦੇ ਜਹਾਨ ਮਰਦੰਗ, ਅਗੰਮੀ ਨਾਦ ਕਰ ਸ਼ਨਵਾਈਆ । ਮਾਨਵ ਜਾਤੀ ਭੇਵ ਖੁਲ੍ਹਾ ਦੇ ਬ੍ਰਹਮ ਹੰ, ਆਤਮ

ਪਰਮਾਤਮ ਦੇ ਦਿੜ੍ਹਾਈਆ । ਤ੍ਰਿਸ਼ਨਾ ਕੂੜੀ ਰਹੇ ਨਾ ਕੋਇ ਤਮ, ਤਾਮਸ ਤ੍ਰਿਖਾ ਨਾ ਕੋਇ ਸਤਾਈਆ । ਚਿੰਤਾ ਸੋਗ ਮਿਟਾ ਦੇ ਗ਼ਮ, ਗਹਿਰ ਗੰਭੀਰ ਆਪਣਾ ਰੰਗ ਰੰਗਾਈਆ । ਪਵਣ ਸਵਾਸੀ ਲੇਖੇ ਲਾ ਦੇ ਦਮ, ਜੋ ਜਨ ਤੇਰਾ ਨਾਮ ਧਿਆਈਆ । ਭਗਤ ਉਧਾਰਨਾ ਤੇਰਾ ਕੰਮ, ਸਤਿਜੁਗ ਤਰੇਤਾ ਦੁਆਪਰ ਕਲਜੁਗ ਰੀਤੀ ਚਲੀ ਆਈਆ । ਪੁਰਖ ਅਕਾਲ ਦੀਨ ਦਿਆਲ ਹੋ ਕੇ ਬੇੜਾ ਬੰਨ੍ਹ, ਖੇਵਟ ਖੇਟਾ ਹੋ ਕੇ ਬੇੜਾ ਬੰਨੇ ਦੇ ਲਾਈਆ । ਭਾਗ ਲਗਾ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਨਾਮ ਭੰਡਾਰਾ ਵਸਤ ਅਮੋਲਕ ਦੇ ਧਨ, ਜਗਤ ਖ਼ਜ਼ਾਨੇ ਦੀ ਲੋੜ ਰਹੇ ਨਾ ਰਾਈਆ । ਅੰਧ ਅੰਧੇਰ ਮਿਟਾ ਅਗਿਆਨ ਅੰਨ੍ਹ, ਜਲਵਾ ਨੂਰ ਕਰ ਰੁਸ਼ਨਾਈਆ । ਦਹਿ ਦਿਸ਼ਾ ਨਾ ਉਠ ਉਠ ਧਾਵੇ ਮਨ, ਮਨ ਦੀ ਮਨਸਾ ਦੇ ਖਪਾਈਆ । ਭਗਤ ਸੁਹੇਲੇ ਸੱਜਣ ਤਾਰ (ਜਨ), ਤਨ ਮਾਟੀ ਖ਼ੁਸ਼ੀ ਵਖਾਈਆ । ਹਰ ਘਟ ਨਿਵਾਸੀ ਏਕੋ ਰਮ, ਰਾਮ ਰਹੀਮ ਤੂਹੀ ਨਜ਼ਰੀ ਆਈਆ । ਤੇਰੇ ਗ੍ਰਿਹਿ ਸ਼ਬਦੀ ਧਾਰ ਭਗਤ ਸੁਹੇਲੇ ਜਾਣ ਜੰਮ, ਜਮਾਂ ਦਾ ਝਗੜਾ ਦੇ ਮੁਕਾਈਆ । ਕੂੜੀ ਕਿਰਿਆ ਦੇ ਡੰਨ, ਸਾਚੀ ਵਿਦਿਆ ਇਕ ਸਮਝਾਈਆ । ਸਚ ਦਵਾਰਾ ਵੇਖ ਲੰਘ, ਭਗਤਾਂ ਮੰਦਰ ਅੰਦਰ ਪੜਦਾ ਲਾਹੀਆ । ਤੇਰਾ ਸਦਾ ਰਹੇ ਸੰਗ, ਵਿਛੋੜੇ ਵਿਚੋਂ ਵਿਛੋੜਾ ਦੇ ਕਟਾਈਆ । ਜਿਸ ਦਾ ਲੇਖਾ ਪੁਰੀ ਅਨੰਦ, ਅਨੰਦ ਓਸੇ ਦੀ ਝੋਲੀ ਪਾਈਆ । ਦੂਜਾ ਦਿਸੇ ਕੋਈ ਨਾ ਸੰਗ, ਪੁਰਖ ਅਕਾਲ ਤੇਰੀ ਮਿਲ ਕੇ ਵੱਜੇ ਵਧਾਈਆ । ਨਿਰਗੁਣ ਧਾਰ ਪਰਗਟ ਹੋ ਨਿਸੰਗ, ਨਿਰਅੱਖਰ ਆਪਣਾ ਹੁਕਮ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਤਿ ਧਰਮ ਤੇਰੇ ਦਵਾਰੇ ਮੰਗ ਰਿਹਾ ਮੰਗਾਈਆ । ਸਤਿ ਧਰਮ ਕਹੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਰਿਹੋਂ ਉਹਲੇ, ਸਚਖੰਡ ਦਵਾਰੇ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਸੁਣਾਉਂਦਾ ਰਿਹੋਂ ਢੋਲੇ, ਸ਼ਬਦ ਅਨਾਦੀ ਨਾਦ ਵਜਾਈਆ । ਸਚ ਦਵਾਰੇ ਦੇ ਬਣਾ ਕੇ ਰੱਖੇ ਗੋਲੇ, ਹੁਕਮ ਅੰਦਰ ਹੁਕਮ ਚਲਾਈਆ । ਭਾਗ ਲਗਾ ਕੇ ਕਾਇਆ ਮਾਟੀ ਪੰਜ ਤਤ ਚੋਲੇ, ਚੋਜ ਆਪਣੇ ਦਏਂ ਸਮਝਾਈਆ । ਤੇਰਾ ਨਾਮ ਫ਼ਰਮਾਨ ਧੁਰ ਦਾ ਰਸਨਾ ਜਿਹਵਾ ਬੋਲੇ, ਅਨਰਾਗੀ ਰਾਗ ਸੁਣਾਈਆ । ਅੰਤਮ ਗਏ ਤੇਰੇ ਕੋਲੇ, ਲੋਕਮਾਤ ਹੋਈ ਜੁਦਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਭਾਗ ਲਾ ਉਪਰ ਧਰਨੀ ਧਰਤ ਧੌਲੇ, ਧਰਮ ਦਵਾਰਾ ਇਕ ਵਖਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਰਹਿਣ ਨਾ ਰੌਲੇ, ਝਗੜਾ ਸਭ ਦਾ ਦੇ ਗਵਾਈਆ । ਹਰ ਘਟ ਅੰਦਰ ਤੇਰਾ ਨੂਰ ਮੌਲੇ, ਜੋਤੀ ਜੋਤ ਡਗਮਗਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਕੌਲੇ, ਇਕਰਾਰਨਾਮਾ ਸਾਰੇ ਰਹੇ ਵਖਾਈਆ । ਕਲ ਤੇਰਾ ਭਗਤ ਕੋਈ ਨਾ ਡੋਲੇ, ਅਡੋਲ ਅਡੁਲ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਨਾਮ ਸਾਚੀ ਆਸ ਰਖਾਈਆ । ਸਤਿ ਧਰਮ ਕਹੇ ਪ੍ਰਭ ਨਵ ਨੌਂ ਚਾਰ ਗਏ ਬੀਤ, ਬੀਤੀ ਕਹਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਣਾਈਆ । ਤੇਰੀ ਕਲਜੁਗ ਤੋਂ ਅੱਗੇ ਦੱਸੇ ਕੋਇ ਨਾ ਰੀਤ, ਅੰਜੀਲ ਕੁਰਾਨ ਪੜਦਾ ਨਾ ਕੋਇ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਰੇ ਨਾ ਕੋਇ ਨਸੀਹਤ, ਹੁਕਮੇਂ ਅੰਦਰ ਹੁਕਮ ਨਾ ਕੋਇ ਦ੍ਰਿੜਾਈਆ । ਤੇਰੇ ਹੁਕਮ ਦੀ ਸਾਰੇ ਕਰਕੇ ਗਏ ਵਸੀਅਤ, ਅਸਲੀਅਤ ਵਿਚ ਤੇਰਾ ਰਾਹ ਤਕਾਈਆ । ਦੀਨ ਦੁਨੀ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਤੇਰੀ ਮਲਕੀਅਤ, ਮਾਲਕ ਇਕੋ ਨਜ਼ਰੀ ਆਈਆ । ਦੋ ਜਹਾਨ ਸ੍ਰੀ ਭਗਵਾਨ ਬਿਨ ਸਾਚੇ ਭਗਤਾਂ ਆਪਣੀ ਸਮਝ ਸਕਿਆ ਨਾ ਕੋਇ ਵਲਦੀਅਤ, ਪਿਤਾ

ਪੁਰਖ ਅਕਾਲ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਤਿ ਸਚ ਤੇਰੇ ਅੱਗੇ ਝੋਲੀ ਡਾਹੀਆ । ਸਤਿ ਧਰਮ ਕਹੇ ਜੁਗ ਚੌਕੜੀ ਗਏ ਨੱਠ, ਬਣ ਕੇ ਪਾਂਧੀ ਪੰਧ ਮੁਕਾਈਆ । ਮੈਂ ਬੈਠਾ ਰਿਹਾ ਕਰ ਕੇ ਹਠ, ਧੀਰਜ ਧਾਰ ਨਾਲ ਰਖਾਈਆ । ਗੁਰ ਅਵਤਾਰ ਪੈਗ਼ੰਬਰ ਜੁਗ ਜੁਗ ਮਾਰਗ ਗਏ ਦੱਸ, ਸਤਿਜੁਗ ਤਰੇਤਾ ਦਵਾਪਰ ਕਲਜੁਗ ਤੇਰਾ ਹੁਕਮ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਅੱਖਰਾਂ ਵਾਲਾ ਦੇ ਕੇ ਹਕ, ਸਿਫ਼ਤਾਂ ਵਾਲੀ ਕਰ ਵਡਿਆਈਆ । ਰਾਗਾਂ ਨਾਦਾਂ ਵਿਚ ਗਾਇਆ ਜਸ, ਢੋਲਾ ਬੇਪਰਵਾਹੀਆ । ਅੰਤਮ ਕਰ ਕੇ ਸਾਰੇ ਬਸ, ਬੈਠੇ ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਅੰਤ ਚੱਲੇ ਕਿਸੇ ਨਾ ਵੱਸ, ਵਾਸਤਾ ਸਾਰੇ ਰਹੇ ਪਾਈਆ । ਪਰਗਟ ਹੋ ਪੁਰਖ ਸਮਰਥ, ਸਾਹਿਬ ਸਵਾਮੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਭਵਿਖਤਾਂ ਦਾ ਪੂਰਾ ਕਰ ਹਕ, ਲਹਿਣਾ ਦੇਣਾ ਦੇ ਚੁਕਾਈਆ । ਨੌ ਸੌ ਚੁਰਾਨਵੇ ਜੁਗ ਤੇਰੇ ਉਤੇ ਸਭ ਨੂੰ ਰਿਹਾ ਸ਼ੱਕ, ਕਲਜੁਗ ਅੰਤਮ ਸਹਿਸਾ ਰੋਗ ਦੇ ਗਵਾਈਆ । ਕੂੜੀ ਕਿਰਿਆ ਮਾਤਲੋਕ ਵਿਚੋਂ ਬਾਹਰ ਦੇ ਧੱਕ, ਧੱਕਾ ਹੁਕਮ ਵਾਲਾ ਲਗਾਈਆ । ਸਤਿ ਧਰਮ ਲੋਕਮਾਤ ਦੇ ਰੱਖ, ਧਰਮ ਦਵਾਰਾ ਇਕ ਖੁਲ੍ਹਾਈਆ । ਸੰਤ ਸੁਹੇਲਾ ਰਹੇ ਕੋਈ ਨਾ ਵੱਖ, ਗੁਰਮੁਖ ਗੁਰ ਗੁਰ ਗੁਰ ਜੋੜ ਜੁੜਾਈਆ । ਗੁਰਸਿੱਖਾਂ ਕਰਨਾ ਪੱਖ, ਜੋ ਤੇਰੀ ਓਟ ਤਕਾਈਆ । ਤੇਰਾ ਨਾਅਰਾ ਜੈਕਾਰਾ ਇਕ ਹੋਵੇ ਅਲੱਖ, ਅੱਖਰਾਂ ਤੋਂ ਬਾਹਰ ਦੇਣਾ ਸਮਝਾਈਆ । ਮਿਹਰਵਾਨ ਮਹਿਬੂਬ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਸੰਤ ਸੁਹੇਲੇ ਗੁਰਮੁਖ ਹਰਿਜਨ ਭਗਤ ਨਿਰਗੁਣ ਤੇਰਾ ਰਾਹ ਰਹੇ ਤੱਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰੀ ਮਹਿੰਮਾ ਸਦਾ ਅਕਥ, ਕਥਨੀ ਕੱਥ ਨਾ ਸਕੇ ਰਾਈਆ ।



੪੨ ੨੦

★ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਕੌਰ ਦੇ ਗ੍ਰਿਹ ਪਿੰਡ ਪੰਜ ਗਰਾਂਈ ਜ਼ਿਲਾ ਗੁਰਦਾਸਪੁਰ ★

ਸਤਿ ਧਰਮ ਕਹੇ ਪ੍ਰਭ ਕਲਜੁਗ ਜੀਵ ਰਹੇ ਕੋਈ ਨਾ ਵਿਚ ਨਿੰਦਰਾ, ਆਲਸ ਅਲਖ ਅਗੋਚਰ ਦੇਣੀ ਗਵਾਈਆ । ਮਨ ਵਿਕਾਰੀ ਹੰਕਾਰੀ ਤੋੜ ਕੇ ਜੂਠ ਝੂਠ ਦਾ ਜਿੰਦਰਾ, ਕੁੰਜੀ ਨਾਮ ਧੁਰ ਦੇ ਰਾਮ ਦੇਣੀ ਲਗਾਈਆ । ਸਾਚੀ ਰਾਸ ਵਖਾਉਣੀ ਕਾਇਆ ਮਾਟੀ ਸਾਢੇ ਤਿੰਨ ਹੱਥ ਬਨ ਬਿੰਦਰਾ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਨੇਤਰ ਨੀਰ ਵਹਾਇਣ ਤੇਰਾ ਖੇਲ ਵੇਖ ਕੇ ਸੁਰਪਤ ਇੰਦਰਾ, ਸਿੰਘਾਸਣ ਆਸਣ ਸਾਰੇ ਦੇਣ ਤਜਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਨਰਿੰਦਰਾ, ਨਰ ਨਰੇਸ਼ ਨਜ਼ਰੀ ਆਈਆ । ਸਾਚੇ ਨਾਮ ਦਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਮਰਦੰਗ ਵਜਾ ਕਿੰਗਰਾ ਕਿੰਗਰਾ, ਲੱਖ ਚੁਰਾਸੀ ਅੰਦਰ ਤੇਰਾ ਧੁਨ ਆਤਮਕ ਰਾਗ ਵੱਜੇ ਥਾਉਂ ਥਾਈਂਆ । ਮਾਣ ਵਡਿਆਈ ਬਖ਼ਸ਼ ਜਗਤ ਜੀਵ ਜਹਾਨ ਪਿੰਗਲਾ, ਕਾਇਆ ਮੰਜ਼ਲ ਸਾਚੇ ਪਰਬਤ ਦੇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਧਰਮ ਸਤਿ ਦਵਾਰੇ ਆਸ ਰਖਾਈਆ । ਸਤਿ ਧਰਮ ਕਹੇ ਪਰਮ ਪੁਰਖ ਪਰਮਾਤਮ ਤੇਰੀ ਇਕੋ ਆਸ, ਆਸਾ ਤ੍ਰਿਸਨਾ ਕੂੜੀ

ਕਿਰਿਆ ਦੀਨ ਦੁਨੀ ਦੇ ਗਵਾਈਆ । ਚਾਰ ਵਰਨ ਅਠਾਰਾਂ ਬਰਨ ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਸੰਝ ਸਵੇਰ ਇਕੋ ਰੰਗ ਦੇਣਾ ਰੰਗਾਈਆ । ਆਤਮ ਪਰਮਾਤਮ ਪਰਮਾਤਮ ਆਤਮ ਆਪਣੇ ਕਰ ਦਾਸ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਸਚ ਵਧਾਈਆ । ਕਲਜੁਗ ਅੰਤ ਸ੍ਰੀ ਭਗਵੰਤ ਅੰਦਰ ਵੜ ਕੇ ਮੰਦਰ ਚੜ੍ਹ ਕੇ ਮੇਟ ਅੰਧੇਰੀ ਰਾਤ, ਸਤਿ ਸਰੂਪ ਸ਼ਾਹੋ ਭੂਪ ਆਪਣਾ ਨੂਰੀ ਚੰਦ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਦੱਸ ਜਾਪ, ਗੁਰ ਅਵਤਾਰ ਪੈਗ਼ੰਬਰ ਮਿਲ ਕੇ ਤੇਰਾ ਢੋਲਾ ਧੁਰ ਦਾ ਗਾਈਆ । ਮਨ ਵਾਸਨਾ ਕੂੜੀ ਕਿਰਿਆ ਮਨ ਵਿਕਾਰ ਹੰਕਾਰ ਕਰ ਵਿਨਾਸ, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਝਗੜਾ ਰਹੇ ਨਾ ਦੀਨ ਦੁਨੀ ਜਾਤ ਪਾਤ, ਕਮਲਾਪਾਤੀ ਪਤਿਪਰਮੇਸ਼ਵਰ ਭੇਵ ਅਭੇਦਾ ਦੇਣਾ ਖੁਲ੍ਹਾਈਆ । ਨਿਰਗੁਣ ਹੋ ਕੇ ਸਰਗੁਣ ਦੇਣਾ ਚਾਰ ਕੁੰਟ ਸਾਥ, ਦਹਿ ਦਿਸ਼ਾ ਸਗਲਾ ਸੰਗ ਬਣਾਈਆ । ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਸਚ ਦਵਾਰੇ ਵੱਜੇ ਇਕੋ ਨਾਦ, ਨਾਦੀ ਸੁਤ ਗੁਰਮੁਖ ਲੈਣੇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਖੇੜਾ ਕਰ ਆਬਾਦ, ਲੋਕਮਾਤ ਜੜ੍ਹ ਦੇ ਲਗਾਈਆ । ਸਤਿ ਧਰਮ ਕਹੇ ਪ੍ਰਭ ਕਿਰਪਾ ਕਰ ਗੁਣ ਨਿਧਾਨ, ਬੇਅੰਤ ਤੇਰੀ ਓਟ ਰਖਾਈਆ । ਸਾਚਾ ਝੁੱਲੇ ਧਰਮ ਇਕ ਨਿਸ਼ਾਨ, ਨਿਸ਼ਾਨੇ ਕੂੜੇ ਦੇ ਗਵਾਈਆ । ਸੰਤ ਸੁਹੇਲੇ ਗੁਰ ਚੇਲੇ ਮਿਲ ਕੇ ਤੇਰਾ ਦਰਸ਼ਨ ਪਾਣ, ਦੀਦ ਈਦ ਚੰਦ ਕਰ ਰੁਸ਼ਨਾਈਆ । ਸਦੀ ਚੌਧਵੀਂ ਸ਼ਰਅ ਰਹੇ ਨਾ ਕੋਇ ਸ਼ੈਤਾਨ, ਸ਼ਰੀਅਤ ਵਿਚੋਂ ਅਸਲੀਅਤ ਦੇ ਪਰਗਟਾਈਆ । ਮਨ ਵਾਸਨਾ ਕਰੇ ਨਾ ਕੋਇ ਹਰਾਮ, ਦੁਸ਼ਟ ਦੁਰਾਚਾਰ ਨਜ਼ਰ ਕੋਇ ਨਾ ਆਈਆ । ਮਮਤਾ ਰਹੇ ਨਾ ਕੋਇ ਗ਼ੁਲਾਮ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਇਕੋ ਸਜਦਾ ਤੇਰੇ ਚਰਨ ਕਵਲ ਹੋਵੇ ਸਲਾਮ, ਨਮਸਤੇ ਕਹਿ ਕੇ ਸਾਰੇ ਸ਼ੁਕਰ ਮਨਾਈਆ । ਸਤਿ ਧਰਮ ਦਾ ਸਤਿ ਸਤਿਵਾਦੀ ਸਭ ਨੂੰ ਦੇ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਸਚ ਦਵਾਰਾ ਦੇਣਾ ਜਣਾਈਆ । ਸਤਿ ਧਰਮ ਕਹੇ ਪ੍ਰਭ ਆਸਾ ਮਨਸਾ ਕਰ ਦੇ ਪੂਰੀ, ਪਾਰਬ੍ਰਹਮ ਪ੍ਰਭ ਤੇਰੇ ਹੱਥ ਵੱਡੀ ਵਡਿਆਈਆ । ਏਕਾ ਜਲਵਾ ਦੱਸ ਨੂਰੀ, ਨੂਰ ਨੁਰਾਨਾ ਨੂਰ ਇਕੋ ਨਜ਼ਰੀ ਆਈਆ । ਜਗਤ ਵਾਸਨਾ ਰਹੇ ਕੋਇ ਨਾ ਕੂੜੀ, ਕੂੜ ਕੁਟੰਬ ਦੇਣਾ ਮੁਕਾਈਆ । ਸਭ ਦੇ ਮਸਤਕ ਟਿੱਕਾ ਲਾਉਣਾ ਧੁਰ ਦੀ ਧੂੜੀ, ਦੁਰਮਤ ਮੈਲ ਦੇਣੀ ਧਵਾਈਆ । ਤਨ ਵਜੂਦ ਰਹੇ ਨਾ ਕੋਇ ਗ਼ਰੂਰੀ, ਨਿਵਣ ਸੁ ਅੱਖਰ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਤੂੰ ਆਦਿ ਜੁਗਾਦਿ ਸਦਾ ਦਸਤੂਰੀ, ਹੁਕਮੇ ਅੰਦਰ ਹੁਕਮ ਲੈਣਾ ਮਨਾਈਆ । ਸਤਿ ਧਰਮ ਕਹੇ ਮੈਂ ਮੰਗਣਹਾਰਾ ਏਕ, ਏਕੰਕਾਰ ਤੇਰਾ ਧਿਆਨ ਲਗਾਈਆ । ਸਚ ਦਵਾਰੇ ਬਖ਼ਸ਼ ਆਪਣੀ ਟੇਕ, ਦੂਜੇ ਦਰ ਨਾ ਕੋਇ ਭਵਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਲੇਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਤੇਰੇ ਚਰਨ ਕਵਲ ਇਕ ਆਦੇਸ, ਨਿਉਂ ਨਿਉਂ ਲਾਗਾਂ ਪਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨਾਂ ਇਕ ਨਰੇਸ਼, ਨਰ ਨਰਾਇਣ ਇਕੋ ਨਜ਼ਰੀ ਆਈਆ । ਤੇਰੀ ਧਾਰ ਆਦਿ ਜੁਗਾਦਿ ਸਦਾ ਸ਼ਬਦ ਗੁਰੂ ਦਸ ਦਸਮੇਸ਼, ਦਹਿ ਦਿਸ਼ਾ ਵੱਜੇ ਤੇਰੀ ਵਧਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਮਾ ਧੁਰ ਦੇ ਰਾਮਾ ਤੇਰਾ ਨਜ਼ਰੀ ਆਏ ਭੇਸ, ਭੇਖ ਅਵੱਲਾ ਨੂਰੀ ਅੱਲਾ ਸਮਝ ਕੋਇ ਨਾ ਪਾਈਆ । ਸੰਤ ਸੁਹੇਲੇ ਜਨ ਭਗਤ ਸੂਫ਼ੀ ਸੰਤ ਫ਼ਕੀਰ ਲੈ ਵੇਖ, ਵੱਖਰਾ ਹੋ ਕੇ ਆਪਣਾ ਪੜਦਾ ਲਾਹੀਆ ।


੪੩
੨੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦਵਾਰਾ ਤੇਰਾ ਧੁਰ ਦਾ ਦੇਸ, ਦਰਗਾਹ ਸਾਚੀ ਮੁਕਾਮੇ ਹਕ ਹਕ ਹਕੀਕਤ ਵਾਲੀ ਆਦਿ ਜੁਗਾਦਿ ਇਕੋ ਇਕ ਪੜ੍ਹਾਈਆ ।

★ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੨ ਕਾਂਸ਼ੀ ਰਾਮ ਦੇ ਗ੍ਰਹਿ ਪਿੰਡ ਸਨਈਆ ਜ਼ਿਲਾ ਗੁਰਦਾਸਪੁਰ ★

ਸਤਿ ਧਰਮ ਕਹੇ ਪ੍ਰਭ ਸ੍ਰਿਸ਼ਟ ਸਬਾਈ ਰਹੀ ਰੋ, ਨੇਤਰ ਨੈਣ ਨੀਰ ਵਹਾਈਆ । ਤੇਰਾ ਭੇਵ ਨਾ ਦੱਸੇ ਕੋ, ਪੜਦਾ ਓਹਲਾ ਨਾ ਕੋਇ ਚੁਕਾਈਆ । ਮਾਇਆ ਮਮਤਾ ਤੇਰੇ ਨਾਲੋਂ ਕੀਤਾ ਨਿਰਮੋਹ, ਮੁਹੱਬਤ ਹਕ ਨਾ ਕੋਇ ਕਮਾਈਆ । ਮਨ ਵਾਸਨਾ ਕੂੜੀ ਕਿਰਿਆ ਕਰੇ ਧਰੋਹ, ਦਗੇ ਫ਼ਰੇਬ ਨਾਲ ਲੜਾਈਆ । ਤੇਰੇ ਦਵਾਰੇ ਦੀ ਦੇਵੇ ਕੋਈ ਨਾ ਸਾਚੀ ਸੋ, ਸੰਦੇਸ਼ਾ ਧੁਰ ਨਾ ਕੋਇ ਸੁਣਾਈਆ । ਕਾਇਆ ਮੰਦਰ ਅੰਦਰ ਹੋਵੇ ਕੋਈ ਨਾ ਲੋ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਪੰਚ ਵਿਕਾਰ ਬਣਾ ਕੇ ਗਰੋਹ, ਧੱਕਾ ਸਭ ਨੂੰ ਰਹੇ ਲਗਾਈਆ । ਆਤਮ ਪਰਮਾਤਮ ਨਿਰਗੁਣ ਧਾਰ ਤੇਰੇ ਨਾਲ ਸਕੇ ਕੋਈ ਨਾ ਛੋਹ, ਪਾਰਬ੍ਰਹਮ ਮੇਲਾ ਮੇਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਧਰਮ ਢਹਿ ਪਿਆ ਸਰਨਾਈਆ । ਸਤਿ ਧਰਮ ਕਹੇ ਪ੍ਰਭ ਦੀਨ ਦੁਨੀ ਰਹੀ ਕੁਰਲਾ, ਕਰਮ ਕੁਕਰਮ ਨਾ ਕੋਇ ਬਦਲਾਈਆ । ਸਾਚਾ ਮਿਲੇ ਨਾ ਕੋਇ ਮਲਾਹ, ਖੇਵਟ ਖੇਟਾ ਰੂਪ ਨਾ ਕੋਇ ਬਦਲਾਈਆ । ਇਕੋ ਤੇਰੀ ਓਟ ਰਹੇ ਤਕਾ, ਦੋ ਜਹਾਨ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਦੇਣ ਸਲਾਹ, ਧੁਰ ਸੰਦੇਸ਼ਾ ਇਕ ਅਲਾਈਆ । ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਨਿਰਵੈਰ ਪੁਰਖ ਜਾਵੇ ਆ, ਵੇਸ ਅਵਲੜਾ ਰੂਪ ਧਰਾਈਆ । ਜਿਸ ਦਾ ਲੇਖਾ ਲਿਖੇ ਕੋਈ ਨਾ ਕਲਮ ਸ਼ਾਹ, ਪੜਦਾ ਓਹਲਾ ਨਾ ਕੋਇ ਚੁਕਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਪਕੜੇ ਬਾਂਹ, ਭਗਤ ਸੁਹੇਲੇ ਆਪਣੇ ਰੰਗ ਰੰਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਚ ਕਰੇ ਨਿਆਂ, ਅਦਲ ਇਨਸਾਫ਼ ਆਪਣਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਧਰਮ ਤੇਰਾ ਲੇਖਾ ਵੇਖ ਵਖਾਈਆ । ਸਤਿ ਧਰਮ ਕਹੇ ਪ੍ਰਭ ਸ੍ਰਿਸ਼ਟੀ ਮਾਰੇ ਤੇਰੇ ਨਾਮ ਦਾ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਸਾਚਾ ਦਿਸੇ ਨਾ ਕੋਇ ਮਨਾਰਾ, ਮਹੱਲ ਅਟਲ ਨਾ ਕੋਇ ਰੁਸ਼ਨਾਈਆ । ਕਿਰਪਾ ਕਰ ਨਰ ਨਿਰੰਕਾਰਾ, ਸ਼ਾਹ ਸਿਕਦਾਰਾ ਇਕੋ ਤੂੰਹੀ ਨਜ਼ਰੀ ਆਈਆ । ਕਲਜੁਗ ਮੇਟ ਧੂੰਆਂਧਾਰਾ, ਸਾਚਾ ਚੰਦ ਦੇ ਚਮਕਾਈਆ । ਤੇਰੇ ਚਰਨ ਕਵਲ ਨਮਸਤੇ ਨਿਮਸਕਾਰਾ, ਨਿਉਂ ਨਿਉਂ ਲਾਗਾਂ ਪਾਈਆ । ਤੇਰਾ ਨਾਮ ਖੰਡਾ ਆਦਿ ਜੁਗਾਦਿ ਸਦਾ ਦੋ ਧਾਰਾ, ਗੁਰਮੁਖ ਮਨਮੁਖ ਦੋਵੇਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਖ਼ਸ਼ ਹਕ ਪਿਆਰਾ, ਪ੍ਰੇਮ ਪਿਆਰ ਵਿਚੋਂ ਆਪਣੀ ਮੁਹੱਬਤ ਦੇ ਜਣਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਕੂੜੀ ਕਿਰਿਆ ਦੇ ਦੇ ਤਲਾਕ, ਸਾਥ ਰਹਿਣ ਕੋਇ ਨਾ ਪਾਈਆ । ਧੁਰ ਦੀ ਧਾਰ ਬਖ਼ਸ਼ ਇਖ਼ਲਾਕ, ਰੀਤੀ ਨੀਤੀ ਨਾਲ ਕੁੜਮਾਈਆ । ਨਿਰਗੁਣ ਸਰਗੁਣ ਬਣ ਸੱਜਣ ਸਾਕ, ਧੁਰ ਦਾ ਸੰਗ ਨਿਭਾਈਆ । ਜਨ ਭਗਤਾਂ ਅੰਤਰ ਪ੍ਰੀਤਮ ਹੋ ਕੇ ਖੋਲ੍ਹ ਤਾਕ, ਪੜਦਿਆਂ ਵਿਚੋਂ ਪੜਦਾ ਦੇ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬਖ਼ਸ਼ ਇਤਫ਼ਾਕ, ਨਿਫ਼ਾਕ ਨਜ਼ਰ ਕੋਇ ਨਾ

ਆਈਆ । ਕਲਜੁਗ ਰੈਣ ਮਿਟੇ ਅੰਧੇਰੀ ਰਾਤ, ਰੁਤੜੀ ਰੁੱਤ ਤੇਰੇ ਨਾਲ ਮਹਿਕਾਈਆ । ਅਬਿਨਾਸ਼ੀ ਕਰਤੇ ਧੁਰ ਦੇ ਮਾਲਕ ਆਣ ਕੇ ਪੁਛ ਵਾਤ, ਵਾਕਫਕਾਰ ਹੋ ਕੇ ਵੇਖ ਵਖਾਈਆ । ਚਾਰ ਵਰਨ ਅਠਾਰਾਂ ਬਰਨ ਧਰਮ ਬਣਾ ਇਕ ਜਮਾਤ, ਰੰਗ ਇਕੋ ਦੇ ਰੰਗਾਈਆ । ਸਤਿ ਧਰਮ ਕਹੇ ਪ੍ਰਭ ਸ੍ਰੀ ਭਗਵਾਨ ਬਿਨ ਤੇਰੀ ਕਿਰਪਾ ਝਗੜਾ ਚੁੱਕੇ ਨਾ ਜਾਤ ਪਾਤ, ਜਗਤ ਹਾਲਾਤ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਉਤੇ ਆਦਿ ਜੁਗਾਦਿ ਜੁਗ ਚੌਕੜੀ ਸਭ ਨੂੰ ਪੂਰਾ ਵਿਸ਼ਵਾਸ, ਵਿਸ਼ਿਆਂ ਵਿਚੋਂ ਆਪਣਾ ਵਿਸ਼ਾ ਦੇ ਬਦਲਾਈਆ ।

## ★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਹਿ ਪਿੰਡ ਸਨਈਆ ਜ਼ਿਲਾ ਗੁਰਦਾਸਪੁਰ ★

ਸਤਿ ਕਹੇ ਪ੍ਰਭ ਭਗਤਾਂ ਦੱਸ ਆਪਣਾ ਧਰਮ, ਅਧਰਮੀ ਰਹਿਣ ਕੋਇ ਨਾ ਪਾਈਆ । ਉਤਮ ਸ੍ਰੇਸ਼ਟ ਕਰ ਕਰਮ, ਨਿਹਕਰਮੀ ਹੋ ਕੇ ਵੇਖ ਵਖਾਈਆ । ਸੁਫਲ ਕਰ ਮਾਣਸ ਜਨਮ, ਚੁਰਾਸੀ ਗੇੜ ਨਾ ਕੋਇ ਭਵਾਈਆ । ਅੰਤਰ ਸੰਸਾ ਰਹੇ ਕੋਈ ਨਾ ਭਰਮ, ਦਵੈਤ ਦੇਣਾ ਡੇਰਾ ਢਾਹੀਆ । ਨਜ਼ਰੀ ਆਏਂ ਇਕੋ ਪੁਰਖ ਪਰਮ, ਪਰਮਾਤਮ ਆਤਮ ਜੋੜ ਜੁੜਾਈਆ । ਝਗੜਾ ਰਹੇ ਨਾ ਜਾਤ ਪਾਤ ਵਰਨ, ਬਰਨ ਵੰਡ ਨਾ ਕੋਇ ਵੰਡਾਈਆ । ਸਭ ਨੂੰ ਇਕੋ ਦੇ ਸਰਨ, ਸ਼ਰਨਗਤ ਦੇ ਸਮਝਾਈਆ । ਨਿਜ ਨੇਤਰ ਦਰਸ਼ਨ ਤੇਰਾ ਕਰਨ, ਦੋਏ ਲੋਚਣ ਪੇਖ ਵੱਜੇ ਵਧਾਈਆ । ਤੇਰੇ ਨਾਮ ਦੀ ਮੰਜ਼ਲ ਚੜ੍ਹਨ, ਕੂੜੀ ਕਿਰਿਆ ਪੰਧ ਮੁਕਾਈਆ । ਚਰਨ ਕਵਲ ਪੱਲੂ ਧੁਰ ਦਾ ਫੜਨ, ਸਹਾਰਾ ਇਕੋ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿ ਕਹੇ ਪ੍ਰਭ ਜਨ ਭਗਤਾਂ ਆਪਣਾ ਨਾਮ ਦੱਸ ਸਚ, ਜੂਠ ਝੂਠ ਰਹਿਣ ਕੋਇ ਨਾ ਪਾਈਆ । ਭਾਗ ਲਗਾ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦੇ ਬਣਾਈਆ । ਇਕ ਉਪਜਾ ਬ੍ਰਹਮ ਮਤ, ਵਿਦਿਆ ਧੁਰ ਦੀ ਦੇ ਸਮਝਾਈਆ । ਅੰਤਰ ਖੋਲ੍ਹ ਅੱਖ, ਪ੍ਰਤਖ ਨਜ਼ਰੀ ਆਈਆ । ਲੱਖ ਚੁਰਾਸੀ ਵਿਚੋਂ ਰਖ, ਰੱਖਿਆ ਕਰ ਥਾਉਂ ਥਾਈਆ । ਸਿਰ ਸਮਰਥ ਰੱਖ ਹੱਥ, ਮਿਹਰ ਨਜ਼ਰ ਇਕ ਉਠਾਈਆ । ਤੇਰੇ ਚਰਨ ਕਵਲ ਜਾਵਣ ਢੱਠ, ਧੂੜੀ ਟਿੱਕਾ ਮਸਤਕ ਲਾਈਆ । ਘਰ ਸਰੋਵਰ ਵਖਾ ਅੱਠ ਸੱਠ, ਅੰਮ੍ਰਿਤ ਆਪਣਾ ਨਾਮ ਜਣਾਈਆ । ਦੁਰਮਤ ਮੈਲ ਦੇ ਕਟ, ਪਤਤ ਪੁਨੀਤ ਕਰ ਸਫ਼ਾਈਆ । ਸਾਚੇ ਨਾਮ ਦਾ ਖੋਲ੍ਹ ਕੇ ਹੱਟ, ਗ੍ਰਹਿ ਵਣਜਾਰੇ ਲੈ ਬਣਾਈਆ । ਜਨ ਭਗਤਾਂ ਉਬਲੇ ਕਦੇ ਨਾ ਰੱਤ, ਸਾਂਤਕ ਸਾਂਤ ਸਤਿ ਕਰ ਵਖਾਈਆ । ਬਿਨ ਤੇਰੇ ਕੋਈ ਨਾ ਜਾਣੇ ਮਿਤਗਤ, ਪੜਦਾ ਓਹਲਾ ਨਾ ਕੋਇ ਚੁਕਾਈਆ । ਪੁਰਖ ਅਕਾਲ ਦੀਨ ਦਿਆਲ ਕਰ ਹਿਤ, ਭਗਤ ਸੁਹੇਲੇ ਅੰਗ ਲਗਾਈਆ । ਦਿਵਸ ਰੈਣ ਵਸ ਚਿਤ, ਮਨ ਦੀ ਠੱਗੀ ਦੇ ਗਵਾਈਆ । ਸੁਹੰਜਣੀ ਘੜੀ ਕਰ ਵਾਰ ਥਿਤ, ਘੜੀ ਪਲ ਆਪਣੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਘਟ ਮੰਦਰ ਕਰ ਰੁਸ਼ਨਾਈਆ ।

★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਹਿ ਪਿੰਡ ਸਨਈਆ ਜ਼ਿਲਾ ਗੁਰਦਾਸਪੁਰ ★

ਸਤਿ ਕਹੇ ਪ੍ਰਭ ਜਨ ਭਗਤਾਂ ਦੇ ਆਪਣੇ ਨਾਮ ਦੀ ਰਤੀ, ਰਤਨ ਅਮੋਲਕ ਹੀਰੇ ਦੇ ਬਣਾਈਆ । ਧੀਰਜ ਸੰਤੋਖ ਦੇ ਸਤਿ ਸਤੀ, ਸਤਿਵਾਦੀ ਆਪਣੀ ਗੰਢ ਪਵਾਈਆ । ਨਾਮ ਭੰਡਾਰਾ ਦੇ ਸਾਚਾ ਲਾਹਾ ਲੈਣ ਖੱਟੀ, ਖਟਕਾ ਲੱਖ ਚੁਰਾਸੀ ਦੇ ਗਵਾਈਆ । ਨਿਰਗੁਣ ਧਾਰ ਪੜ੍ਹਾ ਆਪਣੀ ਪੱਟੀ, ਜਗਤ ਮਕਤਬ ਦੀ ਲੋੜ ਰਹੇ ਨਾ ਰਾਈਆ । ਨਿਰਗੁਣ ਧਾਰ ਨਿਰਗੁਣ ਜੋਤ ਜਗਾ ਅਗੰਮੀ ਬੱਤੀ, ਸਤਿ ਸਰੂਪ ਕਰ ਰੁਸ਼ਨਾਈਆ । ਮਾਲਕ ਬਣ ਧੁਰ ਦਾ ਪਤੀ, ਪਤਿਪਰਮੇਸ਼ਵਰ ਮਿਹਰ ਨਜ਼ਰ ਉਠਾਈਆ । ਮਨ ਵਾਸਨਾ ਫਿਰੇ ਨਾ ਨੱਸੀ, ਚਾਰ ਕੁੰਟ ਦਹਿ ਦਿਸ਼ਾ ਨਾ ਉਠ ਉਠ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਪਤ ਰੱਖੀਂ, ਜਨ ਭਗਤਾਂ ਹੋ ਸਹਾਈਆ । ਸਤਿ ਕਹੇ ਪ੍ਰਭ ਜਨ ਭਗਤਾਂ ਥੋੜੀ ਜਿਹੀ ਮਿਕਦਾਰ, ਚੁਰਾਸੀ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਦਾ ਹਕੀਕਤ ਵਿਚ ਹਕ ਵਸਲ ਦਾ ਇਕੋ ਯਾਰ, ਅਸਲ ਤੇਰਾ ਨੂਰ ਨੂਰ ਕਰ ਰੁਸ਼ਨਾਈਆ । ਮੁਹੱਬਤ ਵਿਚ ਮਹਿਬੂਬ ਦੇ ਦੀਦਾਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਸ਼ਰਅ ਕਲਮਿਆਂ ਤੋਂ ਰੱਖ ਬਾਹਰ, ਇਬਾਦਤ ਆਪਣੀ ਦੇ ਸਮਝਾਈਆ । ਵਾਹਦ ਮੇਲਾ ਹੋਵੇ ਪਰਵਰਦਿਗਾਰ, ਸ਼ਾਹ ਮਹਿਬੂਬ ਤੇਰੀ ਸਰਨਾਈਆ । ਦਰ ਠਾਂਡੇ ਖੋਲ੍ਹ ਕਿਵਾੜ, ਪੜਦਾ ਓਹਲਾ ਦੇਣਾ ਚੁਕਾਈਆ । ਬਿਨ ਤੇਰੇ ਸਾਚਾ ਕਰੇ ਨਾ ਕੋਇ ਪਿਆਰ, ਧੁਰ ਦਾ ਸੰਗ ਨਾ ਕੋਇ ਬਣਾਈਆ । ਭਗਤ ਸੁਹੇਲੇ ਤੇਰੇ ਖ਼ਿਦਮਤਗਾਰ, ਜੁਗ ਜੁਗ ਸੇਵ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰ ਕਿਰਪਾ ਆਪ ਨਿਰੰਕਾਰ, ਨਿਰਗੁਣ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਧੁਰ ਦੇ ਸਿਕਦਾਰ ਸਿਖਿਆ ਆਪਣੀ ਦੇਣੀ ਦ੍ਰਿੜਾਈਆ ।

★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਤਾਰਾ ਸਿੰਘ ਦੇ ਗ੍ਰਹਿ ਪਿੰਡ ਸਨਈਆ ਜ਼ਿਲਾ ਗੁਰਦਾਸਪੁਰ ★

ਸਤਿ ਕਹੇ ਪ੍ਰਭ ਜਨ ਭਗਤਾਂ ਬਣ ਆਕਾ, ਅਕਲ ਦਾ ਮਾਲਕ ਬੇਪਰਵਾਹੀਆ । ਆਪਣੇ ਮੰਦਰ ਦਾ ਖੋਲ੍ਹ ਤਾਕਾ, ਕੁਫ਼ਲ ਰਹਿਣ ਕੋਇ ਨਾ ਪਾਈਆ । ਆਪਣੇ ਨਾਮ ਦਾ ਦੱਸ ਸਾਕਾ, ਸ਼ਬਦ ਕਹਾਣੀ ਇਕ ਦ੍ਰਿੜਾਈਆ । ਸਚ ਧਾਮ ਦਾ ਦੱਸ ਪਾਠਾ, ਪੂਜਾ ਇਕੋ ਦੇ ਸਮਝਾਈਆ । ਝਗੜਾ ਰਹੇ ਨਾ ਅੱਠ ਸਾਠਾ, ਸਰੋਵਰ ਧੁਰ ਦੇ ਦੇਣਾ ਨੁਹਾਈਆ । ਮੰਜ਼ਲ ਬਮੰਜ਼ਲ ਚੁੱਕੇ ਵਾਟਾ, ਪਾਂਧੀ ਪੰਧ ਨਾ ਕੋਇ ਭਵਾਈਆ । ਤੇਰਾ ਦਰਸ ਹੋਵੇ ਸਾਖਿਆਤਾ, ਸ਼ਿਖ਼ਰ ਚੋਟੀ ਚੜ੍ਹ ਕੇ ਮੰਜ਼ਲ ਪੜਦਾ ਦੇਣਾ ਉਠਾਈਆ । ਕਲਜੁਗ ਮੇਟ ਅੰਧੇਰੀ ਰਾਤਾ, ਨੈਣ ਆਪਣੇ ਕਰ ਰੁਸ਼ਨਾਈਆ । ਤੂੰ ਸਾਹਿਬ ਸਵਾਮੀ ਸਾਚਾ, ਸਤਿਗੁਰ ਇਕੋ ਇਕ ਅਖਵਾਈਆ । ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਬਦਲਦੀ ਰਹੀ ਗਾਥਾ, ਅਦਲੀ ਹੋ ਕੇ ਆਪਣਾ ਅਦਲ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣ ਰਾਖਾ, ਰੱਖਕ ਹੋ ਕੇ ਵੇਖਣਾ ਥਾਉਂ ਥਾਈਂਆ ।

★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਮੱਖਣ ਸਿੰਘ ਦੇ ਗ੍ਰਿਹ ਪਿੰਡ ਸਨਈਆ ਜ਼ਿਲਾ ਗੁਰਦਾਸਪੁਰ ★

ਸਤਿ ਕਹੇ ਪ੍ਰਭ ਜਨ ਭਗਤਾਂ ਦੇ ਨਾਮ ਸਹਾਰਾ, ਸਹਾਇਕ ਇਕੋ ਨਜ਼ਰੀ ਆਈਆ । ਜਗਤ ਜਹਾਨ ਕਰ ਪਾਰ ਕਿਨਾਰਾ, ਨਈਆ ਨੌਕਾ ਆਪਣਾ ਨਾਮ ਚਲਾਈਆ । ਸਾਚਾ ਮੰਦਰ ਦੱਸ ਦਵਾਰਾ, ਸਚਖੰਡ ਬਹਿ ਕੇ ਖ਼ੁਸ਼ੀ ਮਨਾਈਆ । ਦੀਆ ਬਾਤੀ ਨਿਰਗੁਣ ਜੋਤ ਕਰ ਉਜਿਆਰਾ, ਦਰ ਠਾਂਡੇ ਡਗਮਗਾਈਆ । ਅੰਮ੍ਰਿਤ ਜਾਮ ਦੇ ਠਾਂਡਾ ਠਾਰਾ, ਰਸ ਨਿਝਰ ਇਕ ਝਿਰਾਈਆ । ਸ਼ਬਦ ਨਾਦ ਦੇ ਸੱਚੀ ਧੁਨਕਾਰਾ, ਅਨਰਾਗੀ ਰਾਗ ਸੁਣਾਈਆ । ਕੂੜੀ ਕਿਰਿਆ ਮੇਟ ਅੰਧਿਆਰਾ, ਅਗਿਆਨ ਅੰਧ ਰਹਿਣ ਨਾ ਪਾਈਆ । ਤੇਰਾ ਦਿਸੇ ਹਕ ਦਵਾਰਾ, ਹਕ਼ੀਕ਼ਤ ਵਿਚ ਤੇਰਾ ਨੂਰ ਨਜ਼ਰੀ ਆਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੇ ਸਿਕਦਾਰਾ, ਧੁਰ ਫ਼ਰਮਾਨਾ ਦੇਣਾ ਸੁਣਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਇਕੋ ਤੂੰਹੀ ਨਜ਼ਰੀ ਆਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਨਾਮ ਕਰ ਉਜਿਆਰਾ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਤੇਰਾ ਘਰ ਸੱਚਾ ਦਰਬਾਰਾ, ਦਵਾਰਾ ਇਕੋ ਇਕ ਦੇਣਾ ਵਖਾਈਆ ।

★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਸੰਤ ਸਿੰਘ ਦੇ ਗ੍ਰਿਹ ਪਿੰਡ ਸਨਈਆ ਜ਼ਿਲਾ ਗੁਰਦਾਸਪੁਰ ★

ਸਤਿ ਕਹੇ ਪ੍ਰਭ ਜਨ ਭਗਤਾਂ ਆਪਣੇ ਨਾਮ ਦੀ ਦੇ ਮਸਤੀ, ਖ਼ੁਮਾਰੀ ਧੁਰ ਦੀ ਦੇ ਚੜ੍ਹਾਈਆ । ਆਪਣੀ ਦੱਸ ਅਗੰਮੀ ਹਸਤੀ, ਹਸਤ ਕੀਟ ਵਿਚੋਂ ਨਜ਼ਰੀ ਆਈਆ । ਕੂੜੀ ਕਿਰਿਆ ਜਨ ਭਗਤਾਂ ਅੰਦਰੋਂ ਨੱਸਦੀ, ਭੱਜੇ ਵਾਹੋ ਦਾਹੀਆ । ਆਵਾਜ਼ ਨਿਕਲੇ ਤੂੰਹੀ ਤੂੰ ਤੇਰੇ ਜਸ ਦੀ, ਤੇਰਾ ਨਾਮ ਢੋਲਾ ਗਾਈਆ । ਨੀਂਦ ਖੁਲ੍ਹੇ ਅੰਦਰਲੀ ਅੱਖ ਦੀ, ਪੜਦਾ ਓਹਲਾ ਦੇ ਚੁਕਾਈਆ । ਤੇਰੀ ਕਥਾ ਕਹਾਣੀ ਲੱਗੇ ਸਚ ਦੀ, ਸਚ ਸਚ ਦੇ ਸਮਝਾਈਆ । ਸੋਭਾਵੰਤੀ ਦੇਹ ਹੋਵੇ ਕਾਇਆ ਮਾਟੀ ਕੱਚ ਦੀ, ਕੰਚਨ ਗੜ੍ਹ ਦੇ ਬਣਾਈਆ । ਮਨ ਵਾਸਨਾ ਨਾ ਫਿਰੇ ਨੱਚਦੀ, ਸ਼ਬਦ ਡੋਰੀ ਤੰਦ ਬੰਧਾਈਆ । ਧਾਰ ਦੱਸ ਪ੍ਰਭੂ ਪ੍ਰਤੱਖ ਦੀ, ਸਵੱਛ ਸਰੂਪੀ ਆਪਣਾ ਦਰਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਕਹੇ ਪ੍ਰਭ ਭਗਤਾਂ ਅੰਦਰੋਂ ਖੋਲ੍ਹ ਪੜਦਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਤੈਨੂੰ ਆਪਣੇ ਮੰਦਰ ਵੇਖਣ ਚੜ੍ਹਦਾ, ਘਰ ਸਵਾਮੀ ਹੋ ਕੇ ਵੇਖ ਵਖਾਈਆ । ਸਚ ਦਵਾਰ ਦਾ ਬਣ ਬਰਦਾ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਮਾਲਕ ਘਰ ਘਰ ਦਾ, ਬਿਨ ਤੇਰੇ ਗ੍ਰਿਹ ਸੋਭਾ ਕੋਇ ਨਾ ਪਾਈਆ । ਤੇਰਾ ਖੇਲ ਜੁਗ ਚੌਕੜੀ ਨਰੈਣ ਨਰ ਦਾ, ਨਰ ਹਰਿ ਤੇਰੀ ਇਕ ਸਰਨਾਈਆ । ਸਤਿ ਕਹੇ ਮੈਂ ਨਿਉਂ ਨਿਉਂ ਚਰਨ ਕਵਲ ਸੀਸ ਧਰਦਾ, ਜਗਦੀਸ ਸੰਗ ਬਣਾਈਆ । ਬਿਨ ਭਗਤਾਂ ਤੇਰਾ ਨਾਮ ਕੋਈ ਨਾ ਜਪਦਾ, ਲੋਕਮਾਤ ਢੋਲਾ ਨਾ ਕੋਇ ਗਾਈਆ । ਕਲਜੁਗ ਕੂੜੀ ਕਿਰਿਆ ਝਗੜਾ ਮੇਟ ਦੇ ਪਪ ਦਾ, ਪਤਤ ਪੁਨੀਤ ਦੇ ਬਣਾਈਆ । ਬਿਨ ਤੇਰੇ ਪੈਜ ਕੋਈ ਨਾ ਰੱਖਦਾ, ਜੁਗ ਚੌਕੜੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਤੇਰੇ ਭਗਤਾਂ ਕਾਇਆ ਖੇੜਾ ਕਦੇ ਨਾ ਵਸਦਾ, ਰੁੱਤ ਬਸੰਤ ਨਾ ਕੋਇ ਸੁਹਾਈਆ ।

## ★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਕੌਰ ਦੇ ਗ੍ਰਿਹ ਪਿੰਡ ਸਨਈਆ ਜ਼ਿਲਾ ਗੁਰਦਾਸਪੁਰ ★

ਸਤਿ ਧਰਮ ਕਹੇ ਪ੍ਰਭ ਸਾਚੇ ਭਗਤ (ਲੈਣ) ਤੇਰਾ ਨਾਮ, ਬਿਨ ਭਗਤਾਂ ਨਿਰੰਕਾਰ ਨਾ ਕੋਇ ਵਡਿਆਈਆ । ਤੇਰੇ ਪਿਆਰ ਦਾ ਪੀਵਣ ਜਾਮ, ਹਕ਼ੀਕਤ ਵੇਖ ਖ਼ੁਸ਼ੀ ਮਨਾਈਆ । ਤੇਰਾ ਸੰਦੇਸ਼ਾ ਦੇਵਣ ਤਮਾਮ, ਤਮਅ ਵਿਚੋਂ ਸ੍ਰਿਸ਼ਟੀ ਬਾਹਰ ਕਢਾਈਆ । ਬਿਨ ਪੈਸੇ ਟਕਿਉਂ ਬਣ ਗ਼ੁਲਾਮ, ਤੇਰੀ ਚਾਕਰੀ ਸੇਵ ਕਮਾਈਆ । ਚਰਨ ਕਵਲ ਰੱਖਣ ਧਿਆਨ, ਸਿਰ ਸਜਦਿਆਂ ਵਿਚ ਨਿਵਾਈਆ । ਸਾਬਤ ਧਰਮ ਰੱਖ ਈਮਾਨ, ਜਗਤ ਦੁੱਖ ਸੁੱਖ ਤੇਰੀ ਝੋਲੀ ਪਾਈਆ । ਜੋਧੇ ਸੂਰਬੀਰ ਬਣ ਬਲਵਾਨ, ਜਗਤ ਸਮਾਜ ਨਾਲ (ਕਰਨ) ਲੜਾਈਆ । ਇਕੋ ਢੋਲਾ ਤੇਰਾ ਗਾਣ, ਗਾ ਗਾ ਖ਼ੁਸ਼ੀ ਮਨਾਈਆ । ਨਾਤਾ ਤੋੜ ਜਗਤ ਜਹਾਨ, ਮਿਹਰਵਾਨ ਤੇਰੀ ਓਟ ਰਖਾਈਆ । ਚਰਨ ਕਵਲ ਕਰ ਇਸ਼ਨਾਨ, ਅੱਠ ਸੱਠ ਪੰਧ ਮੁਕਾਈਆ । ਤੈਨੂੰ ਮੰਨਣ ਇਕੋ ਕਾਹਨ, ਦੂਜਾ ਕੰਤ ਨਾ ਕੋਇ ਹੰਢਾਈਆ । ਤੇਰੇ ਦਵਾਰੇ ਕਰਨ ਬਿਸਰਾਮ, ਸਚ ਸਿੰਘਾਸਣ ਸੋਭਾ ਪਾਈਆ । ਬਿਨ ਤੇਰੀ ਮਹਿੰਮਾ ਹੋਰ ਕਰਨ ਨਾ ਕੋਇ ਕਲਾਮ, ਕਲਮਾ ਧੁਰ ਦਾ ਢੋਲਾ ਗਾਈਆ । ਕਦਮਬੋਸੀ ਵਿਚ ਸਲਾਮ, ਸਹੀ ਸਲਾਮਤ ਤੇਰੀ ਸੇਵ ਕਮਾਈਆ । ਤੇਰੇ ਸਿਰ ਨਾ ਕੋਇ ਅਹਿਸਾਨ, ਉਜਰਤ ਮੰਗ ਨਾ ਕੋਇ ਮੰਗਾਈਆ । ਕਿਰਪਾ ਕਰ ਵਡ ਮਿਹਰਵਾਨ, ਸਤਿ ਧਰਮ ਤੇਰੀ ਝੋਲੀ ਡਾਹੀਆ । ਸਾਚੇ ਭਗਤਾਂ ਦੇ ਦਾਨ, ਅਨਮੁੱਲ ਆਪ ਵਰਤਾਈਆ । ਨਿਰਗੁਣ ਨੂਰ ਕਰ ਮਹਾਨ, ਜੋਤ ਜੋਤ ਨਾਲ ਮਿਲਾਈਆ । ਆਪਣੀ ਦੱਸ ਪਹਿਚਾਨ, ਪੜਦਾ ਦੇ ਉਠਾਈਆ । ਜਨਮ ਜਨਮ ਦੇ ਵਿਛੜੇ ਕਰ ਪਰਵਾਨ, ਪਰਵਾਨੇ ਧੁਰ ਦੇ ਲੈ ਬਣਾਈਆ । ਜਿਸਮ ਦਾ ਇਸਮ ਬਣ ਜਜਮਾਨ, ਮਾਲਕ ਹੋ ਕੇ ਹੋ ਸਹਾਈਆ । ਬਿਨ ਤੇਰੀ ਕਿਰਪਾ ਕਾਇਆ ਬਸਤੀ ਦਿਸੇ ਵੈਰਾਨ, ਵੈਰੀ ਘਰ ਵਿਚ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਮੰਜ਼ਲ ਦੱਸ ਆਸਾਨ, ਘਰ ਸਵਾਮੀ ਠਾਕਰ ਮਿਲੇ ਸ੍ਰੀ ਭਗਵਾਨ, ਅੱਗੇ ਹੋ ਅਧਵਿਚਕਾਰ ਨਾ ਕੋਇ ਅਟਕਾਈਆ ।

## ★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਸੁਰਜੀਤ ਸਿੰਘ ਦੇ ਗ੍ਰਿਹ ਪਿੰਡ ਫ਼ੈਜ਼ ਪੁਰਾ ਜ਼ਿਲਾ ਗੁਰਦਾਸਪੁਰ ★

ਜਨ ਭਗਤੋ ਸਤਿਜੁਗ ਦੀ ਰੱਖੋ ਆਸ, ਅਸਲ ਰੂਪ ਸਭ ਨੂੰ ਨਜ਼ਰੀ ਆਈਆ । ਕਿਰਪਾ ਕਰੇ ਪੁਰਖ ਅਬਿਨਾਸ਼, ਸ੍ਰੀ ਭਗਵਾਨ ਦਇਆ ਕਮਾਈਆ । ਨਿਰਗੁਣ ਨੂਰ ਜੋਤ ਕਰੇ ਪਰਕਾਸ਼, ਦੋ ਜਹਾਨਾਂ ਡਗਮਗਾਈਆ । ਕੂੜੀ ਕਿਰਿਆ ਕਰੇ ਘਾਤ, ਜੂਠ ਝੂਠ ਦਏ ਗਵਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਚਮਕਾਈਆ । ਆਤਮ ਪਰਮਾਤਮ ਦੱਸੇ ਸਾਚੀ ਗਾਥ, ਸੋਹੰ ਢੋਲਾ ਹਕ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਜੋੜ ਕੇ ਆਪਣਾ ਨਾਤ, ਰੰਗ ਇਕੋ ਦਏ ਰੰਗਾਈਆ । ਝਗੜਾ ਰਹੇ ਨਾ ਦੀਨ ਮਜ਼੍ਹਬ ਜਾਤ ਪਾਤ, ਊਚ ਨੀਚ ਨਾ ਵੰਡ ਵੰਡਾਈਆ । ਨਾਮ ਭੰਡਾਰਾ ਦੇਵੇ ਧੁਰ ਦੀ ਗਾਥ, ਅਨਮੁੱਲੜੀ ਦੌਲਤ ਆਪ ਵਰਤਾਈਆ । ਸਾਹਿਬ ਸਵਾਮੀ ਅੰਤਰਜਾਮੀ ਰੱਖਣਾ ਯਾਦ, ਯਾਦਾਸ਼ਤ ਸਾਚੀ ਲੈਣੀ ਬਣਾਈਆ । ਸੋ ਸੁਣੇ ਆਪ ਫ਼ਰਿਆਦ, ਮਾਤਲੋਕ ਵੇਖ ਵਖਾਈਆ । ਵਸਤ ਅਮੋਲਕ ਦੇਵੇ ਦਾਦ, ਖ਼ਾਲੀ ਝੋਲੀ ਸਰਬ ਭਰਾਈਆ । ਸੋਈ

ਸੁਰਤੀ ਜਾਏ ਜਾਗ, ਆਲਸ ਨਿੰਦਰਾ ਨਾ ਕੋਇ ਰਖਾਈਆ । ਗੁਰਮੁਖ ਹੰਸ ਬੁੱਧੀ ਰਹਿਣ ਨਾ ਦੇਵੇ ਕੋਈ ਕਾਗ, ਕਾਗੋਂ ਹੰਸ ਦਏ ਬਣਾਈਆ । ਧੁਰ ਦੇ ਨਾਮ ਦੀ ਮਾਰੇ ਅਗੰਮੀ ਆਵਾਜ਼, ਸ਼ਬਦੀ ਰਾਜ਼ ਆਪ ਖੁਲ੍ਹਾਈਆ । ਕਾਇਆ ਖੇੜਾ ਹੋਣ ਨਾ ਦੇਵੇ ਬਰਬਾਦ, ਆਬਾਦ ਆਪਣੇ ਨਾਲ ਕਰਾਈਆ । ਬਿਨ ਰਸਨਾ ਜਿਹਵਾ ਅੰਮ੍ਰਿਤ ਦੇਵੇ ਸਵਾਦ, ਬੂੰਦ ਸਵਾਂਤੀ ਆਪ ਚੁਆਈਆ । ਤਨ ਮਾਟੀ ਖ਼ਾਕੀ ਰਹਿਣ ਨਾ ਦੇਵੇ ਕੋਈ ਵਿਵਾਦ, ਕੂੜੀ ਕਿਰਿਆ ਬਾਹਰ ਕਢਾਈਆ । ਹਯਾਤੀ ਨੂੰ ਬਦਲਣ ਵਾਲਾ ਦੇਵੇ ਆਬ, ਜਾਮ ਧੁਰ ਦਾ ਇਕ ਪਿਆਈਆ । ਝਗੜਾ ਮੁਕਾ ਕੇ ਪੁੰਨ ਸਵਾਬ, ਸਾਚੇ ਦਰ ਦਏ ਵਡਿਆਈਆ । ਧੁਰ ਦੇ ਹੁਜਰੇ ਦੱਸੇ ਕਰਨਾ ਆਦਾਬ, ਡੰਡਾਵਤ ਬੰਦਨਾ ਆਪਣੀ ਦਏ ਸਮਝਾਈਆ । ਇਕੋ ਨਾਉਂ ਨਿਰੰਕਾਰਾ ਦੱਸੇ ਵਾਹਦ, ਵਾਹਵਾ ਆਪਣਾ ਹੁਕਮ ਵਰਤਾਈਆ । ਸਤਿ ਧਰਮ ਕਰੇ ਆਇਦ, ਕਾਇਦਾ ਕਾਨੂੰਨ ਨਾ ਕੋਇ ਬਦਲਾਈਆ । ਜਨ ਭਗਤਾਂ ਸਮਝਾਵੇ ਸਚ ਮੁਫ਼ਾਇਦ, ਮੁਫ਼ਤ ਮੁਫ਼ਲਿਸਾਂ ਆਪ ਵਰਤਾਈਆ । ਧੁਰ ਦਾ ਹੁਕਮ ਕਰ ਰਾਇਜ, ਰਾਜਨ ਰਾਜ ਆਪਣਾ ਹੁਕਮ ਵਰਤਾਈਆ । ਕਲਜੁਗ ਕਰਮ ਕਾਂਡ ਦਾ ਕੱਢ ਕੇ ਅੰਤ ਨਤਾਇਜ, ਨਤੀਜਾ ਗੁਰ ਅਵਤਾਰ ਪੈਗ਼ੰਬਰਾਂ ਦਏ ਸੁਣਾਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਥੋੜ੍ਹੇ ਵੇਖ ਕੇ ਲਾਇਕ, ਬਰਖ਼ੁਰਦਾਰ ਆਪਣੀ ਗੋਦ ਬਿਠਾਈਆ । ਸ਼ਬਦੀ ਸਤਿਗੁਰ ਹੋ ਕੇ ਕਰੇ ਹਮਾਇਤ, ਹਮਸਾਜਣ ਹੋ ਕੇ ਮੇਲ ਮਿਲਾਈਆ । ਸਚ ਦਵਾਰਾ ਬਖ਼ਸ਼ੇ ਅਨਾਇਤ, ਰਹਿਮਤ ਆਪਣੀ ਝੋਲੀ ਪਾਈਆ । ਕਲਜੁਗ ਕੂੜੀ ਕਿਰਿਆ ਸੁਣੇ ਨਾ ਕੋਇ ਸ਼ਕਾਇਤ, ਸ਼ੱਕ ਵਿਚ ਵੇਖੇ ਸਰਬ ਲੋਕਾਈਆ । ਚਾਰ ਜੁਗ ਦੇ ਨਾਮਾਂ ਦੀ ਗੁਰ ਅਵਤਾਰ ਪੈਗ਼ੰਬਰਾਂ ਵੇਖੇ ਨੁਮਾਇਸ਼, ਹਿਸਿਆਂ ਵਿਚ ਹਿੱਸੇ ਦਏ ਦ੍ਰਿੜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕਰ ਪੈਮਾਇਸ਼, ਪੈਦਾਇਸ਼ ਵਾਲਿਆਂ ਦਾ ਲੇਖਾ ਦਏ ਮੁਕਾਈਆ । ਸਾਚੀ ਮੰਜ਼ਲ ਦੱਸੇ ਹਕ ਰਹਾਇਸ਼, ਰਹਿਣਾ ਸਹਿਣਾ ਇਕੋ ਦਏ ਸਮਝਾਈਆ । ਜਿਥੇ ਮਨ ਵਾਸਨਾ ਕਦੇ ਨਾ ਆਵੇ ਤੈਸ਼, ਗ਼ੁੱਸਾ ਗ਼ਮ ਨਾ ਕੋਇ ਸਤਾਈਆ । ਜਨ ਭਗਤਾਂ ਹੋਣ ਨਾ ਦੇਵੇ ਨਾਲਾਇਕ, ਨਾਲਸ਼ ਅੰਦਰੋਂ ਬਾਹਰ ਦੇਵੇ ਕਢਾਈਆ । ਚਾਰ ਕੁੰਟ ਦਹਿ ਦਿਸ਼ਾ ਸਭ ਦੀ ਕਰ ਕੇ ਅਜ਼ਮਾਇਸ਼, ਇਸ਼ਟ ਦੇ ਮਾਲਕ ਵੇਖੇ ਥਾਉਂ ਥਾਈਂਆ । ਗੁਰਮੁਖਾਂ ਆਪਣੇ ਘਰ ਦੀ ਕਰ ਪੈਦਾਇਸ਼, ਦਰ ਦਵਾਰੇ ਦੇਵੇ ਮਾਣ ਵਡਿਆਈਆ । ਸਾਚੀ ਪੱਟੀ ਪੜ੍ਹਾ ਕੇ ਦੱਸੇ ਇਕ ਜਮਾਇਤ, ਅੱਵਲ ਦੋਮ ਸੋਮ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਏਕਾ ਹੁਕਮ ਕਰੇ ਹਦਾਇਤ, ਹੁਜਰਿਆਂ ਅੰਦਰ ਮੁਜਰਾ ਨਾ ਕੋਇ ਲਗਾਈਆ ।



### ★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਹੁਕਮ ਸਿੰਘ ਦੇ ਗ੍ਰਿਹਿ ਪਿੰਡ ਫ਼ੈਜ਼ਪੁਰ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਪ੍ਰਭ ਅੰਮ੍ਰਿਤ ਦੇ ਆਬੇਹਯਾਤ, ਹਯਾਤੀ ਜਗਤ ਦੇ ਬਦਲਾਈਆ । ਸਚ ਦਵਾਰਿਉਂ ਬਖ਼ਸ਼ ਨਜਾਤ, ਨਿਛਾਵਰ ਆਪਣਾ ਆਪ ਕਰਾਈਆ । ਸਦਾ ਸੁਹੇਲਾ ਹੋ ਕੇ ਦੇ ਸਾਥ, ਸੰਗੀ ਧੁਰ ਦਾ ਬਣ ਕੇ ਬੇਪਰਵਾਹੀਆ । ਲਹਿਣਾ ਦੇਣਾ ਵੇਖ ਮਸਤਕ ਮਾਥ, ਪੂਰਬ ਲੇਖਾ ਦੇ ਚੁਕਾਈਆ । ਸਰਬ ਗੁਣਾਂ ਸਮਰਾਥ, ਸਰਬ ਸਵਾਮੀ ਤੇਰੀ ਵਡ ਵਡਿਆਈਆ । ਸਾਚੀ ਮੰਜ਼ਲ ਪੂਰੀ ਕਰ ਦੇ ਘਾਟ, ਲੇਖਾ ਅਵਰ ਨਾ ਕੋਇ

ਜਣਾਈਆ । ਪਾਰਬ੍ਰਹਮ ਬ੍ਰਹਮ ਤੇਰੀ ਜਾਤ, ਤੇਰਾ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾ ਸ੍ਰੀ ਭਗਵਾਨ, ਭਾਗ ਸਭ ਦਾ ਦੇ ਬਣਾਈਆ । ਗੁਰਮੁਖ ਤੇਰੇ ਬੱਚੇ ਬਾਲ ਅੰਵਾਣ, ਬੁੱਧੀ ਵਾਲੀ ਨਾ ਕੋਇ ਚਤੁਰਾਈਆ । ਚਰਨ ਪ੍ਰੀਤੀ ਦੇ ਧੁਰ ਦਾ ਦਾਨ, ਦਾਨਸ਼ਮੰਦਾਂ ਵਿਚੋਂ ਦਾਨਾ ਆਪਣੇ ਲੈ ਪਰਗਟਾਈਆ । ਸਚ ਦਵਾਰ ਬਖ਼ਸ਼ ਮਾਣ, ਅਭਿਮਾਨ ਅੰਦਰੋਂ ਦੇ ਕਢਾਈਆ । ਤੇਰਾ ਨਾਮ ਅਗੰਮੀ ਸੁਣਨ ਬਿਨਾਂ ਕਾਨ, ਰਾਗ ਆਪਣਾ ਦੇ ਜਣਾਈਆ । ਸਚ ਦਵਾਰਾ ਵਖਾ ਅਗੰਮੀ ਮਕਾਨ, ਜਿਸ ਮੁਕਾਮ ਵਿਚ ਨਿਰਗੁਣ ਜੋਤ ਕਰੇਂ ਰੁਸ਼ਨਾਈਆ । ਤੇਰਾ ਸਚ ਸਿੰਘਾਸਣ ਸ਼ਬਦੀ ਧਾਰ ਵੇਖਣ ਆਣ, ਤੱਤਾਂ ਦੀ ਲੋੜ ਰਹੇ ਨਾ ਰਾਈਆ । ਮੰਜ਼ਲ ਚੜ੍ਹ ਕੇ ਹੋਣ ਪਰਵਾਨ, ਪਰਮ ਪੁਰਖ ਆਪਣੇ ਵਿਚ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਚ ਦਵਾਰ ਏਕੰਕਾਰ ਭਗਤ ਸੁਹੇਲੇ ਧੁਰ ਦੀ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਦੇ ਦੇ ਨਾਮ ਵੱਖਰਾ ਅਨਡਿਠ, ਜਗਤ ਵਿਦਿਆ ਹੱਥ ਕਿਸੇ ਨਾ ਆਈਆ । ਬਿਨ ਅੱਖਰਾਂ ਅੱਖਰ ਦੇ ਲਿਖ, ਲੇਖਿਆਂ ਤੋਂ ਪਰੇ ਆਪਣਾ ਲੇਖਾ ਦੇ ਸਮਝਾਈਆ । ਜਿਧਰ ਤੱਕੀਏ ਨਿਰਗੁਣ ਧਾਰ ਆਵੇਂ ਦਿਸ, ਦਹਿ ਦਿਸ਼ਾ ਤੇਰਾ ਨੂਰ ਹੋਵੇ ਰੁਸ਼ਨਾਈਆ । ਤੂੰ ਮਾਲਕ ਬਣ ਧੁਰ ਦਾ ਪਿਤ, ਪਿਤਾ ਪੂਤ ਗੋਦ ਲੈਣੇ ਉਠਾਈਆ । ਜਨ ਭਗਤਾਂ ਕਰ ਆਪਣਾ ਹਿਤ, ਹਰਦਮ ਤੇਰਾ ਨਾਮ ਧਿਆਈਆ । ਸਿਖਿਆ ਅੰਦਰ ਬਣਾ ਲੈ ਧੁਰ ਦੇ ਸਿੱਖ, ਸਖ਼ਤੀ ਨਾਲ ਆਪਣਾ ਹੁਕਮ ਮਨਾਈਆ । ਕਰਵਟ ਲੈ ਬਦਲ ਲਾ ਪਿੱਠ, ਸਨਮੁਖ ਹੋ ਕੇ ਦਰਸ਼ਨ ਦੇ ਵਖਾਈਆ । ਤੇਰਾ ਨਾਉਂ ਅਬਿਨਾਸ਼ੀ ਕਰਤਾ ਕਹਿੰਦੇ ਨਿਤ, ਨਵਿਤ ਆਪਣੀ ਕਾਰ ਕਮਾਈਆ । ਸਰਬ ਸਵਾਮੀ ਵਸ ਚਿਤ, ਚੇਤਨ ਸੁਰਤੀ ਦੇ ਕਰਾਈਆ । ਤੂੰ ਪਾਰ ਉਤਾਰੇਂ ਜਿਸ, ਵੇਦ ਪੁਰਾਨ ਓਸੇ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹਿਣ ਪ੍ਰਭ ਆ ਜਾ ਕਾਇਆ ਮੰਦਰ ਗ੍ਰਹਿ, ਘਰ ਠਾਂਡੇ ਵੱਜੇ ਵਧਾਈਆ । ਤੇਰੇ ਨਾਮ ਦੀ ਲੱਗੀ ਲਯ, ਲਾਇਕ ਨਾਲਾਇਕ ਲੈ ਬਣਾਈਆ । ਸਾਡੇ ਕੋਲ ਨਹੀਂ ਕੋਈ ਸ਼ੈ, ਸ਼ਹਿਨਸ਼ਾਹ ਖ਼ਾਲੀ ਹੱਥ ਦੇਣ ਦੁਹਾਈਆ । ਇਕੋ ਤੇਰਾ ਰੱਖਦੇ ਭੈ, ਭੌ ਵਿਚ ਬੈਠੇ ਸੀਸ ਝੁਕਾਈਆ । ਪੰਚ ਵਿਕਾਰਾ ਗੜ੍ਹ ਹੰਕਾਰਾ ਨਰ ਨਿਰੰਕਾਰਾ ਅੰਦਰੋਂ ਕਰ ਦੇ ਖੈ, ਖ਼ੈਰਖਾਹ ਹੋ ਕੇ ਆਪਣਾ ਸੰਗ ਨਿਭਾਈਆ । ਤੇਰਾ ਨਾਮ ਨਿਧਾਨਾ ਇਕੋ ਅੰਦਰ ਰਹੇ, ਰਹਿਬਰ ਹੋ ਕੇ ਰਸਤਾ ਦੇ ਵਖਾਈਆ । ਸਚ ਸੰਦੇਸ਼ਾ ਧੁਰ ਦਾ ਕਹੈ, ਹੁਕਮ ਹਾਕਮ ਆਪ ਜਣਾਈਆ । ਝਗੜਾ ਮੁਕਾ ਦੇ ਤ੍ਰੈਗੁਣ ਤ੍ਰੈ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਆਪਣੀ ਸ਼ਕਤੀ ਦੱਸ ਦੇ ਸ਼ਵੈ, ਸ਼ੰਕਰ ਬ੍ਰਹਮਾ ਸ਼ਿਵ ਬੈਠਣ ਸੀਸ ਨਿਵਾਈਆ । ਕੂੜੀ ਕਿਰਿਆ ਕਰਦੇ ਲੈ, ਭਗਤਾਂ ਸੰਗ ਰਹਿਣ ਨਾ ਪਾਈਆ । ਇਕੋ ਯਾਦ ਤੇਰੀ ਰਹੈ, ਯਾਦਦਾਸ਼ਤ ਦੇਣੀ ਬਣਾਈਆ । ਜਨ ਭਗਤ ਸੁਹੇਲੇ ਰਹੇ ਕਹਿ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਜੁਗ ਚੌਕੜੀ ਸਭ ਨੂੰ ਨਾਮ ਭੰਡਾਰਾ ਵਸਤ ਦਏਂ, ਦੇ ਦੇ ਆਪਣੀ ਖ਼ੁਸ਼ੀ ਮਨਾਈਆ ।

★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਜਸਵੰਤ ਸਿੰਘ ਦੇ ਗ੍ਰਿਹ ਪਿੰਡ ਫ਼ੈਜ਼ਪੁਰਾ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਨਾ ਤਰਸਾ, ਤੜਪ ਵਿਚ ਨਾ ਰਖ ਜੁਦਾਈਆ । ਦਿਆਲ ਹੋ ਕੇ ਦਇਆ ਕਮਾ, ਦੀਨ ਆਪਣੇ ਨਾਲ ਮਿਲਾਈਆ । ਪਿਛਲੀ ਆਦਤ ਦੇ ਬਦਲਾ, ਬਦਲਾ ਸਭ ਦਾ ਦੇ ਚੁਕਾਈਆ । ਗੁਰਮੁਖ ਸਾਚੇ ਲੈ ਉਠਾ, ਘਰ ਘਰ ਅੰਦਰ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਬਣਾ ਗਵਾਹ, ਪੂਰਬ ਦੀ ਸ਼ਹਾਦਤ ਦੇ ਭੁਗਤਾਈਆ । ਅੱਗੇ ਆਪਣੇ ਲੇਖੇ ਲਗਾ, ਸਮਾਂ ਸਮਾਪਤ ਪਿਛਲੀ ਖੇਲ ਵਖਾਈਆ । ਤੇਰਾ ਨਿਸ਼ਾਨਾ ਵੇਖੀਏ ਨਵਾਂ, ਨੌਂਵਾਂ ਸੱਤਾਂ ਵੱਜੇ ਵਧਾਈਆ । ਕੂੜਾ ਲਾਲਚ ਰਹੇ ਨਾ ਰਾਅ, ਤਮਾ ਹਰਸ ਹਵਸ ਨਾ ਕੋਇ ਤੜਫਾਈਆ । ਭਾਗ ਲਗਾ ਕਾਇਆ ਮਾਟੀ ਚੰਮਾਂ, ਚਮਨ ਗੁਲਸ਼ਨ ਆਪਣਾ ਦੇ ਮਹਿਕਾਈਆ । ਤੇਰੀ ਸੇਜ ਸੁਹੰਜਣੀ ਸਵਾਂ, ਹਰਿਜਨ ਸਾਚਾ ਖ਼ੁਸ਼ੀ ਮਨਾਈਆ । ਸਚਖੰਡ ਦਵਾਰ ਸਦਾ ਰਹਿਵਾਂ, ਬਿਨ ਤੇਰੇ ਦੂਜਾ ਨਜ਼ਰ ਕੋਇ ਨਾ ਆਈਆ । ਚਰਨ ਕਵਲ ਸਰਨਾਈ ਸਾਚੀ ਬਹਿਵਾਂ, ਭੂਮਿਕਾ ਇਕੋ ਸੋਭਾ ਪਾਈਆ । ਨਿਤ ਤੇਰਾ ਢੋਲਾ ਕਹਿਵਾਂ, ਗਾ ਗਾ ਸ਼ੁਕਰ ਮਨਾਈਆ । ਤੇਰੇ ਪਰਕਾਸ਼ ਨਾਲ ਜਗਾ ਆਪਣੀ ਸ਼ਮਅ, ਦੀਪਕ ਦੀਪ ਡਗਮਗਾਈਆ । ਵਸਤ ਅਮੋਲਕ ਤੇਰੇ ਦਰ ਤੋਂ ਲਵਾਂ, ਖ਼ਾਲੀ ਝੋਲੀ ਦੇਣੀ ਭਰਾਈਆ । ਮਿਹਰਵਾਨ ਵੇਖੀਂ ਕਿਤੇ ਕਰ ਨਾ ਦੇਵੀਂ ਪਰ੍ਹਾਂ, ਨਾਤਾ ਆਪਣੇ ਨਾਲੋਂ ਤੁੜਾਈਆ । ਤੇਰੇ ਚਰਨ ਕਵਲਾਂ ਬਲਿਹਾਰੀ ਬਲਿਹਾਰ ਜਾਵਾਂ, ਜਮਾਂ ਤੋਂ ਲੈਣਾ ਛੁਡਾਈਆ । ਤੇਰਾ ਨਾਮ ਨਿਧਾਨਾ ਗਾਵਾਂ ਨਾਲ ਚਾਵਾਂ, ਚਾਉ ਘਨੇਰਾ ਦੇਣਾ ਵਖਾਈਆ । ਗਲਵਕੜੀ ਪਾਵਾਂ ਬਿਨ ਹੱਥਾਂ ਬਾਹਵਾਂ, ਅੰਗੀਕਾਰ ਕਰ ਕੇ ਆਪਣੇ ਅੰਗ ਲਗਾਈਆ । ਵਿਛੋੜੇ ਵਿਚ ਨਿਕਲਣ ਨਾ ਦੇਵੀਂ ਹਾਵਾਂ, ਹਮਰਾਹ ਹੋ ਕੇ ਆਪਣਾ ਸੰਗ ਬਣਾਈਆ । ਜਨ ਭਗਤਾਂ ਸਦਾ ਤੇਰੇ ਮਿਲਣ ਦਾ ਦਾਅਵਾ, ਦਾਅਵੇਦਾਰ ਦੇਣਾ ਬਣਾਈਆ । ਆਪਣੇ ਨਾਲ ਤੋਲ ਤੋਲ ਕੇ ਸਾਵਾਂ, ਸਾਂਝੇ ਘਰ ਦੇਣਾ ਵਸਾਈਆ । ਜਿਥੇ ਜਨਮ ਕਰਮ ਦਾ ਪੁਛੇ ਕੋਈ ਨਾ ਨਾਵਾਂ, ਲੇਖਾ ਮੰਗਣ ਵਾਲਾ ਨਜ਼ਰ ਕੋਇ ਨਾ ਆਈਆ । ਸਦਾ ਮੰਗਣ ਤੇਰੀਆਂ ਛਾਵਾਂ, ਸਿਰ ਆਪਣਾ ਹੱਥ ਟਿਕਾਈਆ । ਪੁਰਖ ਅਕਾਲ ਜਨ ਭਗਤ ਉਠਾਉਣੇ ਜਿਉਂ ਪੁੱਤਰ ਗੋਦ ਮਾਵਾਂ, ਮੁਕਾਬਲਾ ਅਵਰ ਨਾ ਕੋਇ ਜਣਾਈਆ । ਮਾਲਕ ਇਕੋ ਤੇਰੀ ਸੇਜ ਰਾਵਾਂ, ਦੂਜਾ ਅਵਰ ਨਾ ਕੋਇ ਹੰਢਾਈਆ । ਸੰਗ ਧੁਰ ਦਾ ਤੇਰੇ ਸੰਗ ਨਿਭਾਵਾਂ, ਸੰਗੀ ਸਾਥੀ ਸਰਬ ਤਜਾਈਆ । ਪ੍ਰੇਮ ਪ੍ਰੀਤੀ ਅੰਦਰ ਲੈ ਕੇ ਅਗੰਮੀ ਲਾਵਾਂ, ਆਤਮ ਪਰਮਾਤਮ ਜੋੜ ਜੁੜਾਈਆ । ਸਚਖੰਡ ਦਵਾਰੇ ਜਾਵਾਂ ਚਾਵਾਂ ਚਾਵਾਂ, ਗ਼ਮੀ ਨੇੜ ਕੋਇ ਨਾ ਆਈਆ । ਤੇਰਾ ਪ੍ਰੇਮ ਪਿਆਰ ਰਹਿਮਤ ਵਾਲਾ ਸਰੂਪ ਇਕ ਵਖਾਵਾਂ, ਤੇਰੇ ਅੱਗੇ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਰਹਿਣ ਨਾ ਦੇਵੀਂ ਦੋ ਜਹਾਨ ਨਿਥਾਵਾਂ, ਅਸਥਾਨ ਚਰਨ ਕਵਲ ਦੇਣਾ ਵਖਾਈਆ ।

★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਿਹ ਪਿੰਡ ਫ਼ੈਜ਼ਪੁਰਾ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਪ੍ਰਭ ਸਾਡੀ ਦੂਰ ਕਰ ਥਕਾਵਟ, ਥੱਕੇ ਮਾਂਦੇ ਮੰਗ ਮੰਗਾਈਆ । ਸਾਚੇ ਨਾਮ ਦੀ ਕਰ ਸਖ਼ਾਵਤ, ਰਹਿਮਤ ਮਿਹਰ

ਝੋਲੀ ਪਾਈਆ । ਮਨ ਦੀ ਅੰਦਰੋਂ ਮੇਟ ਬਗ਼ਾਵਤ, ਝਗੜਾ ਕਰੇ ਨਾ ਕੂੜ ਲੜਾਈਆ । ਆਪਣਾ ਨੂਰ ਕਰ ਸਹੀ ਸਲਾਮਤ, ਸਮੇਂ ਦੇ ਵਿਛੜੇ ਮੰਗ ਮੰਗਾਈਆ । ਪਿਆਰ ਮੁਹੱਬਤ ਦੇ ਅਗੰਮੀ ਨਿਆਮਤ, ਤੋਹਫ਼ਾ ਯਕਤਰਫ਼ ਵਰਤਾਈਆ । ਕਲਜੁਗ ਕੂੜੀ ਕਿਰਿਆ ਕਰ ਕਿਆਮਤ, ਕਾਮਲ ਮੁਰਸ਼ਦ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤ ਕਹਿਣ ਪ੍ਰਭ ਸਾਰੇ ਗਏ ਥੱਕ, ਅੱਗੇ ਬਲ ਰਿਹਾ ਨਾ ਰਾਈਆ । ਵਿਕਾਰੀ ਨੱਕੋਂ ਨਾ ਲੱਥੀ ਨੱਥ, ਕੁਟੰਬ ਕੂੜ ਨਾ ਕੋਇ ਮੁਕਾਈਆ । ਕਰ ਕਰ ਥੱਕੇ ਬਹੁਤਾ ਹਠ, ਹਠੀ ਹੋ ਕੇ ਜੋਗ ਕਮਾਈਆ । ਪਾਂਧੀ ਬਣ ਕੇ ਰਹੇ ਨੱਠ, ਭੱਜੇ ਵਾਹੋ ਦਾਹੀਆ । ਸਾਡੇ ਰਿਹਾ ਕੋਈ ਨਾ ਵਸ, ਚਲੀ ਨਾ ਕੋਈ ਚਤੁਰਾਈਆ । ਬੁੱਧੀ ਵਾਲੀ ਕਰ ਕੇ ਬੱਸ, ਤੇਰੀ ਓਟ ਤਕਾਈਆ । ਹਿਰਦੇ ਅੰਦਰ ਵਸ, ਹਰਿ ਮਾਲਕ ਬੇਪਰਵਾਹੀਆ । ਤੇਰੇ ਚਰਨ ਕਵਲ ਰਹੇ ਢੱਠ, ਨਾਤਾ ਛੱਡਿਆ ਖ਼ਲਕ ਪਰਾਈਆ । ਆਪਣੇ ਖਾਤੇ ਘੱਤ, ਆਪ ਆਪਣੇ ਨਾਲ ਮਿਲਾਈਆ । ਜੁਗ ਜੁਗ ਤੇਰੇ ਨਾਲ ਆਈਏ ਵਤ, ਵਤਨ ਬੇਵਤਨ ਤੇਰੀ ਓਟ ਰਖਾਈਆ । ਤੂੰ ਸਾਹਿਬ ਸਵਾਮੀ ਕਮਲਾਪਤਿ, ਪਤਿਪਰਮੇਸ਼ਵਰ ਸ਼ਹਿਨਸ਼ਾਹੀਆ । ਲੇਖੇ ਲਾ ਸਾਡੀ ਰੱਤ, ਰਤਨ ਅਮੋਲਕ ਹੀਰੇ ਲੈ ਬਣਾਈਆ । ਸਚ ਦਵਾਰੇ ਦੀ ਦੇ ਮਤ, ਮਤਿਆਂ ਵਿਚ ਨਾ ਕੋਇ ਰਖਾਈਆ । ਇਕੋ ਤੇਰਾ ਨਾਮ ਲਈਏ ਰਟ, ਬਿਨਾਂ ਰਿਟਨ ਤੋਂ ਰਾਈਟ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਖੇਲ ਪੁਰਖ ਸਮਰਥ, ਆਸਾ ਸਭ ਦੀ ਪੂਰ ਕਰਾਈਆ । ਜਨ ਭਗਤ ਕਹਿਣ ਪ੍ਰਭ ਤੇਰੇ ਦੇਣ ਦਾ ਆਇਆ ਮੌਕਾ, ਮੁੱਕੇ ਕੂੜੀ ਵਸਤ ਪਰਾਈਆ । ਜਨ ਭਗਤਾਂ ਅੰਦਰੋਂ ਸਾਫ਼ ਕੀਤਾ ਚੌਕਾ, ਪਵਿਤ੍ਰ ਆਪਣਾ ਆਪ ਤੇਰੇ ਨਾਲ ਬਣਾਈਆ । ਅੰਮ੍ਰਿਤ ਤੇਰਾ ਨਾਮ ਤਰੌਂਕਾ, ਪਵਿਤ੍ਰ ਜਲ ਧਾਰ ਵਹਾਈਆ । ਤੂੰ ਆਉਣਾ ਨਾਲ ਸ਼ੌਂਕਾ, ਸੂਰਬੀਰ ਹੋ ਕੇ ਫੇਰਾ ਪਾਈਆ । ਗੋਬਿੰਦ ਦਾ ਪੂਰਾ ਕਰ ਦੇ ਢਈਏ ਵਾਲਾ ਢੌਂਕਾ, ਲੇਖਾ ਅਗਲਾ ਆਪਣੇ ਨਾਲ ਬਣਾਈਆ । ਸਾਢੇ ਤਿੰਨ ਹੱਥ ਸੁਹਾ ਦੇ ਆਪਣੇ ਪਿਆਰ ਵਾਲਾ ਪਟਨਾ ਪੌਂਟਾ, ਜਿਥੇ ਛੱਪਰ ਛੰਨ ਦੂਜੀ ਅਵਰ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਤੇਰੀ ਕਿਰਪਾ ਜਨ ਭਗਤ ਸਚ ਦਵਾਰ ਕੋਇ ਨਾ ਪਹੁੰਚਾ, ਸਚਖੰਡ ਤੇਰਾ ਦਰਸ ਕੋਇ ਨਾ ਪਾਈਆ ।

★ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੨ ਸਮਾ ਦੇ ਗ੍ਰਿਹ ਪਿੰਡ ਡੇੜ ਜ਼ਿਲਾ ਗੁਰਦਾਸਪੁਰ ★

ਆਤਮਾ ਨਿਰਗੁਣ ਅਗੰਮੀ ਨੂਰ, ਮੈਟੀਰੀਅਲ ਨਜ਼ਰ ਕੋਇ ਨਾ ਆਈਆ । ਤੱਤਾਂ ਨਾਲ ਖੇਲਣਾ ਜਿਸ ਦਾ ਦਸਤੂਰ, ਕੁਦਰਤ ਦੇ ਕਾਦਰ ਦਿਤਾ ਬਣਾਈਆ । ਉਹ ਚਤੁਰ ਸੁਘੜ ਨਾ ਮੂੜ੍ਹ, ਇਕੋ ਰੂਪ ਰਹੀ ਸਮਾਈਆ । ਨਾ ਕਰਨੀ ਦੇ ਫਲ ਅੰਦਰ ਹੋਵੇ ਮਜਬੂਰ, ਸਜ਼ਾ ਕਰਮ ਨਾ ਕੋਇ ਭੁਗਤਾਈਆ । ਜਿਸਦਾ ਮਾਲਕ ਹਜ਼ਰਤ ਹਜ਼ੂਰ, ਸ਼ਹਿਨਸ਼ਾਹ ਬੇਪਰਵਾਹੀਆ । ਓਸ ਦਾ ਮੇਲਾ ਆਪਣੇ ਨਾਲ ਰੱਖੇ ਜ਼ਰੂਰ, ਤਨ ਵਜੂਦ ਜਗਤ ਲੋਕਮਾਤ ਕਾਇਨਾਤ ਕੁੜਮਾਈਆ । ਆਪਣੀ ਮੁਹੱਬਤ ਦਾ ਦੇ ਸਰੂਰ, ਸਦ ਖ਼ੁਸ਼ੀਆਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਆਤਮਾ ਵੇਸ ਨਾ ਕੋਇ ਬਦਲਾਈਆ । ਆਤਮਾ ਨਿਰਗੁਣ ਰੂਪ ਨਿਰਾਕਾਰ, ਪਰਕਾਸ਼ ਪਰਕਾਸ਼ ਵਿਚੋਂ ਨਜ਼ਰੀ ਆਈਆ । ਜਿਸ ਦਾ ਮਾਲਕ ਇਕ ਸਰਦਾਰ, ਸਤਿ ਸਤਿਵਾਦੀ ਬੇਪਰਵਾਹੀਆ । ਜੋ ਵੇਖੇ ਵਿਗਸੇ ਵੇਖਣਹਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਨਮ ਕਰਮ ਤੋਂ ਕਰ ਕੇ ਬਾਹਰ, ਨਾਤਾ ਆਪਣੇ ਨਾਲ ਜੁੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਕਰਨ ਪੁਕਾਰ, ਸਿਫ਼ਤਾਂ ਵਾਲੇ ਢੋਲੇ ਗਾਈਆ । ਆਤਮਾ ਦਾ ਕਥਨੀ ਵਾਲਾ ਨਹੀਂ ਇਜ਼ਹਾਰ, ਵਿਦਿਆ ਵਿਚ ਨਾ ਕੋਇ ਬਣਾਈਆ । ਖ਼ਲਕ ਦਾ ਖ਼ਾਲਕ ਮਖ਼ਲੂਕ ਦਾ ਮਾਲਕ ਜਾਣੇ ਭੇਵ ਨਿਆਰ, ਅਰਸ਼ੇ ਅਜ਼ੀਮ ਤਾਲੀਮ ਆਪਣੀ ਇਕ ਜਣਾਈਆ । ਫ਼ਰਸ਼ੇ ਖ਼ਾਕੀ ਨਾ ਕੋਇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਆਪਣਾ ਰੰਗ ਵਖਾਈਆ । ਆਤਮ ਕਦੇ ਨਾ ਹੋਵੇ ਵਿਨਾਸ, ਮੜ੍ਹੀ ਗੋਰ ਨਾ ਕੋਇ ਦਬਾਈਆ । ਨੂਰ ਨੂਰ ਦਾ ਸਚ ਪਰਕਾਸ਼, ਰੂਹੇ ਰਵਾਂ ਨਜ਼ਰੀ ਆਈਆ । ਖੇਲ ਵੇਖ ਪ੍ਰਿਥਮੀ ਆਕਾਸ਼, ਜ਼ਿਮੀਂ ਅਸਮਾਨ ਭੇਵ ਚੁਕਾਈਆ । ਪਰਵਰਦਿਗਾਰ ਸਦਾ ਸਾਥ, ਸਗਲਾ ਸੰਗ ਬਣਾਈਆ । ਸਦਾ ਇਕੋ (ਨੂੰ ਕਰੇ) ਆਦਾਬ, ਨਮਸਤਿਆਂ ਵਿਚ ਸੀਸ ਝੁਕਾਈਆ । ਤਨ ਮਾਟੀ ਪਹਿਨ ਕੇ ਖ਼ਾਕ, ਵਜੂਦ ਵਿਚ ਵਸਲ ਕਰੇ ਯਾਰ ਖ਼ੁਦਾਈਆ । ਮੁਹੱਬਤ ਵਿਚ ਸਦਾ ਵਜਾਏ ਰਬਾਬ, ਅਹਿਬਾਬ ਮਿਲੇ ਚਾਈਂ ਚਾਈਆ । ਜਿਥੇ ਨਹੀਂ ਕੋਈ ਸਵਾਲ, ਨਹੀਂ ਕੋਈ ਜਵਾਬ, ਰਸਨਾ ਰਸ ਨਹੀਂ ਕੋਈ ਸਵਾਦ, ਅਲਿਫ਼ ਯੇ ਵਾਲਾ ਨਹੀਂ ਅਲਫਾਜ਼, ਵਿਦਿਆ ਵਾਲੀ ਨਹੀਂ ਕਿਤਾਬ, ਹਿੰਦਸਿਆਂ ਵਾਲਾ ਨਹੀਂ ਹਿਸਾਬ, ਆਤਮਾ ਦਾ ਉਹ ਖ਼ਤਾਬ, ਜਿਥੇ ਰਸਨਾ ਜਿਹਵਾ ਬੱਤੀ ਦੰਦ ਹੋ ਜਾਏ ਲਾਜਵਾਬ, ਮਹਿਰਾਬ ਮਹਿਬੂਬ ਮਿਲ ਕੇ ਆਪਣਾ ਝਟ ਲੰਘਾਈਆ । ਜਗਤ ਵਿਦਿਆ ਦਾ (ਨਹੀਂ) ਫ਼ਸਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਤਮ ਅੰਤਰ ਨਿਰੰਤਰ ਨਿਰਗੁਣ ਨੂਰ ਦਏ ਸਮਝਾਈਆ । ਆਤਮਾ ਨਾ ਜੰਮਦੀ ਨਾ ਮਰਦੀ, ਜੀਵਣ ਮਰਨ ਰੂਪ ਨਾ ਕੋਇ ਵਟਾਈਆ । ਸਦਾ ਭਿਖਾਰਨ ਪਰਵਰਦਿਗਾਰ ਦੇ ਦਰ ਦੀ, ਦਰਗਾਹ ਸਾਚੀ ਸੀਸ ਨਿਵਾਈਆ । ਬਿਨ ਅੱਖਰਾਂ ਤੋਂ ਭੇਜੇ ਆਪਣੀ ਅਰਜ਼ੀ, ਆਰਜ਼ੂ ਆਪਣੀ ਦਏ ਸਮਝਾਈਆ । ਹੁਕਮੇਂ ਅੰਦਰ ਪੰਜ ਤਤ ਪਹਿਨ ਕੇ (ਵਰਦੀ), ਫਰਜ਼ ਧੁਰ ਦਾ ਪੂਰ ਕਰਾਈਆ । ਦਰਵੇਸ਼ ਬਣੇ ਓਸ ਘਰ ਦੀ, ਜਿਥੇ ਹਮੇਸ਼ ਜਲਵਾਗਰ ਨੂਰ ਖ਼ੁਦਾਈਆ । ਵਾਕਫ਼ਕਾਰ ਨਹੀਂ ਲਿਖਣ ਪੜ੍ਹਨ ਦੀ, ਇਲਮ ਤੋਂ ਪਰ੍ਹੇ ਆਪਣਾ ਰਾਗ ਸੁਣਾਈਆ । ਜਿਸ ਦੇ ਕੋਲ ਮੰਜ਼ਲ ਹਕ ਹਕੀਕ਼ਤ ਚੜ੍ਹਨ ਦੀ, ਮੁਕਾਮੇ ਹਕ ਸਜਦਾ ਕਰ ਕਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਨਾਲ ਖਿਲਾਈਆ । ਤਨ ਮਾਟੀ ਖ਼ਾਕੀ ਰਹਿ ਜਾਵੇ ਜਗਤ, ਦਫ਼ਨ ਕਫ਼ਨ ਨਾਲ ਕਰਾਈਆ । ਨਾਤਾ ਜਗਤ ਵਾਲਾ ਜਾਏ ਤੁੱਟ, ਖ਼ਲਕ ਨਾਲੋਂ ਹੋਏ ਜੁਦਾਈਆ । ਆਪਣੀ ਓਸ ਨਾਲ ਮੌਲੇ ਰੁੱਤ, ਜੋ ਰੁਤੜੀ ਦਾ ਮਾਲਕ ਬੇਪਰਵਾਹੀਆ । ਜਿਸ ਤੋਂ ਵਿਛੜੀ ਓਸੇ ਨਾਲ ਮਿਲ ਕੇ ਹੋਵੇ ਖ਼ੁਸ਼, ਖ਼ੁਸ਼ੀਆਂ ਵਾਲਾ ਢੋਲਾ ਗਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਆਪਣੀ ਧਾਰਾ ਲਏ ਚੁੱਕ, ਨਿਰਗੁਣ ਨੂਰ ਆਪਣੇ ਨੂਰ ਵਿਚ ਮਿਲਾਈਆ । ਸਭ ਦਾ ਮਾਲਕ ਸਹੀ ਸਲਾਮਤ ਵੇਖੇ ਝੁਕ, ਦੋ ਜਹਾਨਾਂ ਪੜਦਾ ਦਏ ਉਠਾਈਆ । ਜਨਮ ਤੋਂ ਪਹਿਲਾਂ ਮਰਨ ਤੋਂ ਬਾਦ ਆਤਮਾ ਨਰਕ ਸਵਰਗ ਦਾ ਜਾਣੇ ਕੋਇ ਨਾ ਸੁਖ ਦੁੱਖ, ਭੁੱਖ ਪਿਆਸ ਦਰ ਦੇ ਮਾਲਕ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਪਰਮ ਪੁਰਖ ਪਰਮਾਤਮ ਆਤਮ ਆਪਣੇ ਰੰਗ ਰੰਗਾਈਆ ।

ਸਦੀ ਚੌਧਵੀਂ ਦੇ ਕੇ ਗਏ ਫ਼ਰਮਾਨ, ਹਜ਼ਰਤ ਹੋ ਕੇ ਸਰਬ ਜਣਾਈਆ । ਨਜ਼ਰੀਆ ਵੇਖ ਜ਼ਿਮੀਂ ਅਸਮਾਨ, ਪੜਦਾ ਓਹਲਾ ਭੇਵ ਚੁਕਾਈਆ । ਕਰੇ ਖੇਲ ਧੁਰ ਅਮਾਮ, ਪਰਵਰਦਿਗਾਰ ਧੁਰਦਰਗਾਹੀਆ । ਦੀਨ ਦੁਨੀ ਵਿਗੜੇ ਨਿਜ਼ਾਮ, ਨੌਬਤ ਹਕ ਨਾ ਕੋਇ ਵਜਾਈਆ । ਸਾਚੀ ਮੰਜ਼ਲ ਚਲੇ ਨਾ ਹਕ ਇਸਲਾਮ, ਇਸਮ ਆਜ਼ਮ ਨੂਰੇ ਨਜ਼ਰ ਨਾ ਕੋਇ ਟਿਕਾਈਆ । ਖ਼ੁਦੀ ਹੰਕਾਰ ਤਕੱਬਰ ਕਰ ਕੇ ਕਤਲੇਆਮ, ਕਾਤਲ ਮਕਤੂਲ ਦੋਵੇਂ ਹੋਣ ਸ਼ੁਦਾਈਆ । ਜਲਵਾ ਦਿਸੇ ਨਾ ਕਿਸੇ ਮਿਹਰਵਾਨ, ਮੁਹੱਬਤ ਵਿਚ ਮਹਿਬੂਬ ਮਿਲਣ ਕੋਇ ਨਾ ਜਾਈਆ । ਮੁੱਲਾਂ ਸ਼ੇਖ਼ ਰਸਨਾ ਜਿਹਵਾ ਬੱਤੀ ਦੰਦ ਪੜ੍ਹਨ ਕੁਰਾਨ, ਕਾਇਆ ਕੁਰ੍ਹੇ ਦਾ ਭੇਵ ਕੋਇ ਨਾ ਪਾਈਆ । ਅੱਖਰਾਂ ਦੀ ਲਾ ਕੇ ਬੈਠੇ ਮੀਜਾਨ, ਰੂਹੇ ਰਵਾਂ ਨਾ ਕੋਇ ਸ਼ਨਵਾਈਆ । ਧੁਰ ਦਾ ਸੁਣੇ ਨਾ ਕੋਇ ਪੈਗ਼ਾਮ, ਅਗੰਮੀ ਆਵਾਜ਼ ਜਾਣੇ ਨਾ ਕੋਇ ਅਲਾਹੀਆ । ਸਿਫ਼ਤਾਂ ਵਾਲੀ ਕਰਨ ਕਲਾਮ, ਕਲਮੇ ਹਕੀਕੀ ਦਾ ਭੇਵ ਨਾ ਕੋਇ ਸਮਝਾਈਆ । ਤਨ ਵਜੂਦ ਦਾ ਗ਼ੁਸਲਖਾਨਿਆਂ ਵਿਚ ਕਰਨ ਹਮਾਮ, ਅੰਤਰ ਰੂਹ ਪਾਕ ਨਾ ਕੋਇ ਵਖਾਈਆ । ਜਗਤ ਵਾਸਨਾ ਕਰਨ ਬਿਸਰਾਮ, ਸੁਹੰਜਣੀ ਸੇਜ ਨਾ ਕੋਇ ਵਡਿਆਈਆ । ਸਾਚੀ ਦਰਗਾਹ ਕਰੇ ਨਾ ਕੋਇ ਕਿਆਮ, ਆਪਣੀ ਕੀਮਤ ਨਾ ਕੋਇ ਪਵਾਈਆ । ਦੀਨਾਂ ਮਜ਼੍ਹਬਾਂ ਵਿਚ ਹੋ ਬਦਨਾਮ, ਬਦੀ ਖ਼ੁਦੀ ਆਪਣੇ ਨਾਲ ਰਲਾਈਆ । ਕਾਇਨਾਤ ਦਾ ਵਿਗੜ ਜਾਏ ਨਿਜ਼ਾਮ, ਸਾਚਾ ਸਬਕ ਨਾ ਕੋਇ ਸਮਝਾਈਆ । ਧੁਰ ਦਾ ਹੁਕਮ ਨਾ ਸਮਝੇ ਅਵਾਮ, ਸ਼ਰਅ ਸ਼ਰਅ ਕਰੇ ਲੜਾਈਆ । ਓਸ ਵੇਲੇ ਖ਼ੁਦ ਖ਼ੁਦਾ ਹੋਵੇ ਨਿਗਾਹਬਾਨ, ਕਰੀਮ ਅਜ਼ੀਮ ਆਪਣਾ ਹੁਕਮ ਵਰਤਾਈਆ । ਨੂਰੇ ਰੱਬੀ ਨੌਜਵਾਨ, ਅਲਾਹੀ ਹੁਕਮ ਆਪ ਵਰਤਾਈਆ । ਤਬੀ ਬਣ ਕੇ ਤਬੀਅਤ ਵੇਖੇ ਵਿਚ ਜਹਾਨ, ਇਨਸਾਨਾਂ ਵਿਚੋਂ ਇਨਸਾਨ ਲਏ ਉਠਾਈਆ । ਹਕ ਮਹਿਬੂਬ ਦਾ ਦੇ ਗਿਆਨ, ਗ਼ੁਰਬਤ ਵਿਚੋਂ ਉਲਫ਼ਤ ਲਏ ਪਰਗਟਾਈਆ । ਹੁਕਮੇਂ ਅੰਦਰ ਹੋ ਕੇ ਹੁਕਮਰਾਨ, ਅਮਰ ਆਪਣਾ ਹੁਕਮ ਜਣਾਈਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਸਾਰੇ ਹੋਣ ਹੈਰਾਨ, ਹੈਰਾਨੀ ਵਿਚ ਦਿਸੇ ਲੋਕਾਈਆ । ਇਕੋ ਸੂਰਬੀਰ ਆਵੇ ਮਰਦ ਮਰਦਾਨ, ਮਦਦਗਾਰ ਇਕੋ ਨਾਲ ਰਖਾਈਆ । ਕਾਇਨਾਤ ਚਾਰ ਕੁੰਟ ਕਰੇ ਐਲਾਨ, ਧੁਰ ਦਾ ਹੁਕਮ ਹਕ ਸੁਣਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਸੁਣਾਏ ਇਕ ਪੈਗ਼ਾਮ, ਪੈਗ਼ੰਬਰਾਂ ਦਾ ਪੈਗ਼ੰਬਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦੀ ਚੌਧਵੀਂ ਚੌਦਸ ਚੰਦ ਰੁਸ਼ਨਾਈਆ । ਸਦੀ ਚੌਧਵੀਂ ਦੇਵੇ ਹੋਕਾ, ਕੂਕ ਕੂਕ ਸਰਬ ਸੁਣਾਈਆ । ਦੀਨ ਦੁਨੀ ਸਮਝੋ ਆਪਣਾ ਮੌਕਾ, ਵੇਲਾ ਵਕਤ ਦਏ ਗਵਾਹੀਆ । ਸਾਚਾ ਕਲਮਾ ਸੁਣੋ ਧੁਰ ਸਲੋਕਾ, ਸੁਲਹਕੁਲ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਹਜ਼ਰਤ ਮਿਰਜ਼ਾ ਸਾਹਿਬ ਦੇ ਮੁਤੱਲਕ ਇਹ ਵਿਚਾਰ, ਜੋ ਬੁੱਧੀ ਤੋਂ ਪਰੇ ਕਰਨ ਪੜ੍ਹਾਈਆ । ਜੋ ਖ਼ੁਦ ਖ਼ੁਦਾ ਦਾ ਕਰੇ ਇਜ਼ਹਾਰ, ਜਾਹਰ ਜਹੂਰ ਸਿਫ਼ਤੋਂ ਵਾਲੀ ਪੜ੍ਹਾਈਆ । ਉਸ ਦੇ ਨਾਲ ਉਸ ਦੀ ਸਾਂਝੀ ਗੁਫ਼ਤਾਰ, ਜੋ ਗੁਫ਼ਤ ਸ਼ਨੀਦ ਹੁਕਮ ਸੁਣਾਈਆ । ਮੰਜ਼ਲ ਬਮੰਜ਼ਲ ਕਰਦਾ ਰਹੇ ਖ਼ਬਰਦਾਰ, ਗ਼ਫ਼ਲਤ ਨਿੰਦਰਾ ਵਿਚੋਂ ਬਾਹਰ ਕਢਾਈਆ । ਨੂਰ ਦਾ ਨੂਰ ਬਣਿਆ ਰਹੇ ਮਦਦਗਾਰ, ਵਲੀ ਅਲਾਹ ਆਲਮੀਨ ਆਲਮ ਦਾ ਵਾਹਦ ਇਕ ਸਮਝਾਈਆ । ਮੁਹੱਬਤ ਰਖਦਾ ਰਹੇ ਅਗੰਮੇ ਯਾਰ, ਯਾਰਾਨਾ ਇਕੋ ਨਾਲ ਨਿਭਾਈਆ । ਜੋ ਜ਼ਮਾਨਾ ਹਾਲ ਮਾਜ਼ੀ ਰਿਹਾ ਵਿਚਾਰ, ਮੁਸਤਕਬਿਲ ਹੁਕਮ ਰਿਹਾ ਸਮਝਾਈਆ । ਬਿਨਾਂ ਅੱਖਰਾਂ ਤੋਂ ਖਤੋ ਕਿਤਾਬਿਤ ਕਰਦਾ ਰਿਹੋਂ ਵਾਰੋ ਵਾਰ, ਦਿਵਸ

ਰੈਣ ਘੜੀ ਪਲ ਵੰਡ ਨਾ ਕੋਇ ਵੰਡਾਈਆ । ਪੈਗ਼ੰਬਰਾਂ ਰਾਹੀਂ ਖ਼ੁਦਾ ਖ਼ੁਦ ਕਰਦਾ ਰਿਹਾ ਸਦਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪੁਚਾਈਆ । ਜੋ ਸਦੀਆਂ ਦਾ ਸਦਮਾ ਰਿਹਾ ਨਿਵਾਰ, ਵਿਛੜਿਆਂ ਜੋੜ ਜੁੜਾਈਆ । ਓਸੇ ਮੁਰਸ਼ਦ ਦੇ ਚਰਨਾਂ ਜਾਓ ਬਲਿਹਾਰ, ਜਿਸ ਮੁਰਸ਼ਦ ਨੇ ਮੁੱਦਾ ਦਿਤਾ ਸਮਝਾਈਆ । ਜੋ ਖ਼ੁਦ ਖ਼ੁਦਾ ਦਾ ਤਲਬਗਾਰ, ਤਾਲਬ ਇਲਮਾਂ ਕਰੇ ਪੜ੍ਹਾਈਆ । ਓਸ ਦਾ ਦੀਦਾ ਦਾਨਿਸਤਾ ਕਰੋ ਦੀਦਾਰ, ਕਦਮਬੋਸੀ ਕਰ ਕੇ ਆਪਣੀ ਖ਼ੁਸ਼ੀ ਮਨਾਈਆ । ਓਸ ਦਾ ਵਾਸਤਾ ਓਸ ਨਾਲ ਨਿਰੰਕਾਰ, ਜੋ ਨਿਰਾਕਾਰ ਅਖਵਾਈਆ । ਮਹੱਲ ਅਟਲ ਉਚ ਅਗੰਮ ਅਥਾਹ ਦਰਗਾਹ ਸਾਚੀ ਮੁਕਾਮੇ ਹਕ ਵਸੇ ਸਚਖੰਡ ਦਵਾਰ, ਸੋਭਾਵੰਤ ਆਪਣੀ ਸੋਭਾ ਪਾਈਆ । ਸਹਿਜੇ ਨਾਲ ਹਜ਼ਰਤ ਮਿਰਜ਼ਾ ਮਿਲਿਆ ਆਣ, ਜਿਸ ਦੀ ਜਗਤ ਅੱਖਾਂ ਨਾ ਕਰਨ ਪਹਿਚਾਣ, ਜਲਵਾ ਸਮਝ ਨਾ ਸਕੇ ਜ਼ਿਮੀਂ ਅਸਮਾਨ, ਜਿਸ ਦੇ ਅੰਦਰ ਨੂਹ ਨਦੀ ਤੂਫ਼ਾਨ, ਖੇਲ ਅੰਦਰ ਜਗਤ ਜਹਾਨ ਮੇਲ ਅੰਦਰ ਬਖ਼ਸ਼ੇ ਹੋਏ ਇਨਸਾਨ, ਰਹਿਮਤ ਵਿਚ ਮੁਹੱਬਤ ਦੇਵੇ ਦਾਨ, ਕਿਆਮਤ ਵਿਚ ਆ ਕੇ ਕਰੇ ਪਹਿਚਾਨ, ਸਹੀ ਸਲਾਮਤ ਆਪਣੇ ਵਿਚ ਮਿਲਾਈਆ ।

ਓਹ ਮਿਰਜ਼ਾ ਮਹਿਬੂਬ, ਹਕ ਹਕ਼ੀਕ਼ਤ ਰਿਹਾ ਦ੍ਰਿੜਾਈਆ । ਵਸੇ ਅਰਸ਼ ਉਚ ਅਰੂਜ, ਆਲੀਸ਼ਾਨ ਮੰਦਰ ਰਿਹਾ ਸੁਹਾਈਆ । ਜਿਥੇ ਸਦਾ ਰਹਿਣਾ ਮਹਿਫ਼ੂਜ਼, ਕਦਮਾਂ ਵਿਚ ਬਹਿ ਕੇ ਖ਼ੁਸ਼ੀ ਮਨਾਈਆ । ਸਭ ਨੇ ਛੱਡ ਜਾਣਾ ਕਲਬੂਤ, ਖ਼ਾਕੀ ਤਨ ਸੰਗ ਨਾ ਕੋਇ ਨਿਭਾਈਆ । ਜਿਧਰ ਵੇਖੋ ਓਥੇ ਮਾਲਕ ਮੌਜੂਦ, ਮੌਜੂਦਾ ਹੋ ਕੇ ਸਭ ਨੂੰ ਰਿਹਾ ਸਮਝਾਈਆ । ਜਿਸ ਦਾ ਵਜੂਦ ਤੋਂ ਪਰੇ ਵਜੂਦ, ਵਜੂਦ ਦੀ ਵਜ਼ਹ ਜਗਤ ਨਾ ਕੋਇ ਜਣਾਈਆ । ਓਸ ਦਾ ਤੁਹਾਡੇ ਹਿਰਦੇ ਅੰਦਰ ਸਬੂਤ, ਸਾਬਤ ਈਮਾਨ ਇਕੋ ਨਜ਼ਰੀ ਆਈਆ । ਓਸ ਦੀ ਦੀਨ ਮਜ਼੍ਹਬ ਵਾਲੀ ਨਹੀਂ ਕੋਈ ਹਦੂਦ, ਸ਼ਰਅ ਤੋਂ ਪਰੇ ਸ਼ਾਇਦ ਓਹੋ ਨਜ਼ਰੀ ਆਈਆ । ਜਿਸ ਦਾ ਖੇਲ ਸ਼ਰਕਨ ਗਰਬਨ ਸ਼ਮਾਲ ਜਨੂਬ, ਚਾਰ ਕੁੰਟ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਕ ਮੰਜ਼ਲ ਮਕਸੂਦ, ਮਕਾਸਦ ਸਭ ਦਾ ਵੇਖ ਵਖਾਈਆ । ਮਿਰਜ਼ੇ ਦਾ ਸਦਾ ਤੱਕਦੇ ਰਹੋ ਮਿਜ਼ਾਰ, ਬਿਨ ਅੱਖਾਂ ਅੱਖ ਉਠਾਈਆ । ਸੁਤਿਆਂ ਜਾਗਦਿਆਂ ਦਿੰਦਾ ਰਹੇ ਦੀਦਾਰ, ਦਰਸ ਵਿਚ ਦੀਦ ਕਰੇ ਸ਼ਨਵਾਈਆ । ਵਾਹਿਦ ਦਾ ਵਾਹਿਦ ਯਾਰ, ਯਾਰ ਦਾ ਯਾਰਾਨਾ ਸੂਫ਼ੀਆਂ ਵਿਚੋਂ ਨਜ਼ਰੀ ਆਈਆ । ਮੁਹੱਬਤ ਦਾ ਪਿਆਰ ਪਿਆਰ ਦਾ ਸਰਦਾਰ, ਸਰਦਾਰ ਦਾ ਸਿਕਦਾਰ ਸਤਿ ਦਾ ਮਾਲਕ ਸੋਭਨੀਕ ਸੋਭਾ ਪਾਈਆ ।

★ ੩੦ ਅੱਸੂ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਸਤਿ ਧਰਮ ਕਹੇ ਮੈਂ ਭਗਤਾਂ ਤੱਕਾਂ ਦਰ, ਘਰ ਠਾਂਡਾ ਵੇਖ ਵਖਾਈਆ । ਜਿਥੇ ਮਿਲੇ ਪੁਰਖ ਅਕਾਲ ਨਰਾਇਣ ਨਰ, ਦੋ ਜਹਾਨਾਂ ਵਾਲੀ ਬੇਪਰਵਾਹੀਆ । ਨਾਮ ਨਿਧਾਨਾ ਸ੍ਰੀ ਭਗਵਾਨਾ ਦੇਂਦਾ ਰਹੇ ਵਰ, ਧਰਨੀ ਮਾਤਾ ਸ੍ਰੀ ਭਗਵਾਨ ਆਪਣਾ ਆਪ ਜਣਾਈਆ । ਕਾਇਆ ਮਾਟੀ ਸਾਚੇ ਮੰਦਰ ਵੇਖੇ ਚੜ੍ਹ, ਮਹੱਲ ਅਟਲ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸੁਹਾਈਆ । ਪ੍ਰੇਮ ਪਿਆਰ ਮੁਹੱਬਤ ਪ੍ਰੀਤੀ ਅੰਦਰ ਲਏ ਫੜ, ਆਤਮ ਪਰਮਾਤਮ ਆਪਣਾ ਜੋੜ ਜੁੜਾਈਆ । ਸੋ ਸਵਾਮੀ ਅੰਤਰਜਾਮੀ ਨਿਰਗੁਣ ਧਾਰ ਆਪਣੀ ਖੇਲ ਰਿਹਾ ਕਰ, ਕਰਨੀ ਦਾ ਕਰਤਾ ਆਪਣੇ ਹੱਥ ਰੱਖੇ

ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਦਵਾਰਾ ਇਕ ਸੁਹਾਈਆ । ਸਤਿ ਧਰਮ ਕਹੇ ਮੈਂ ਜਨ ਭਗਤਾਂ ਵੇਖਾਂ ਘਰਾਨਾ, ਗਹਿਰ ਗੰਭੀਰ ਦਿਤਾ ਬਣਾਈਆ । ਜਿਥੇ ਦੀਪਕ ਇਕ ਨੁਰਾਨਾ, ਨੂਰੋ ਨੂਰ ਨੂਰ ਰੁਸ਼ਨਾਈਆ । ਪ੍ਰੇਮ ਪ੍ਰੀਤ ਇਕ ਤਰਾਨਾ, ਸ਼ਬਦੀ ਸ਼ਬਦ ਨਾਦ ਸੁਣਾਈਆ । ਆਤਮ ਪਰਮਾਤਮ ਸਾਚਾ ਗਾਣਾ, ਗਾ ਗਾ ਖ਼ੁਸ਼ੀ ਮਨਾਈਆ । ਦੀਪਕ ਜੋਤ ਜਗੇ ਮਹਾਨਾ, ਨਿਰਗੁਣ ਨੂਰ ਡਗਮਗਾਈਆ । ਸਾਚਾ ਮੰਦਰ ਸੋਹੇ ਮਕਾਨਾ, ਮਹਿਬੂਬ ਧੁਰ ਦਾ ਨਜ਼ਰੀ ਆਈਆ । ਜਿਸ ਦਾ ਹੁਕਮ ਹੋਏ ਮਰਦਾਨਾ, ਚਾਰ ਕੁੰਟ ਦਹਿ ਦਿਸ਼ਾ ਆਪ ਜਣਾਈਆ । ਸੋ ਖੇਲ ਕਰੇ ਸ੍ਰੀ ਭਗਵਾਨਾ, ਭਗਵਨ ਹੋ ਕੇ ਵੇਸ ਵਟਾਈਆ । ਜਨ ਭਗਤਾਂ ਦੇਵੇ ਸਾਚਾ ਦਾਨਾ, ਦੌਲਤ ਧੁਰ ਦਾ ਨਾਮ ਵਰਤਾਈਆ । ਸਚ ਦਵਾਰਾ ਦੱਸ ਕੇ ਇਕ ਟਿਕਾਣਾ, ਮੰਜ਼ਲ ਪਿਛਲੀ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਦਵਾਰਾ ਇਕ ਸੁਹਾਈਆ । ਸਤਿ ਧਰਮ ਕਹੇ ਜਨ ਭਗਤਾਂ ਹੋਏ ਦਵਾਰ ਸੁਹਾਵਣਾ, ਕਿਰਪਾ ਕਰੇ ਆਪ ਨਿਰੰਕਾਰ । ਜਿਨ੍ਹਾਂ ਆਤਮ ਪਰਮਾਤਮ ਇਕੋ ਢੋਲਾ ਗਾਵਣਾ, ਦੂਜਾ ਰਸਨ ਨਾ ਕੋਇ ਜੈਕਾਰ । ਸਾਚਾ ਇਸ਼ਟ ਇਕ ਮਨਾਵਣਾ, ਨਾਤਾ ਤੋੜ ਦੁਨੀ ਸੰਸਾਰ । ਪੁਰਖ ਅਕਾਲਾ ਇਕ ਧਿਆਵਣਾ, ਚਰਨ ਕਵਲ ਸਚ ਨਿਮਸਕਾਰ । ਸਾਚਾ ਮੰਦਰ ਇਕ ਸੁਹਾਵਣਾ, ਨਿਰਗੁਣ ਗ੍ਰਿਹ ਵੇਖ ਅਪਰ ਅਪਾਰ । ਦੀਆ ਬਾਤੀ ਇਕ ਜਗਾਵਣਾ, ਕਮਲਾਪਾਤੀ ਦੇਵਣਹਾਰ । ਸਾਚੀ ਗਾਥਾ ਇਕੋ ਗਾਵਣਾ, ਸਮਰਥ ਪੁਰਖ ਤੂੰ ਹੀ ਨਿਰੰਕਾਰ । ਦੂਜੇ ਦਰ ਨਾ ਸੀਸ ਝੁਕਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਸਤਿ ਧਰਮ ਕਹੇ ਜਨ ਭਗਤਾਂ ਗ੍ਰਿਹ ਸੁਹੰਜਣਾ, ਹਰਿ ਕਰਤਾ ਆਪ ਸੁਹਾਈਆ । ਜਿਸ ਦਵਾਰੇ ਹਰਿ ਜੂ ਲੰਘਣਾ, ਘਰ ਠਾਂਡੇ ਡੇਰਾ ਲਾਈਆ । ਪ੍ਰੇਮ ਪ੍ਰੀਤੀ ਦੇਵੇ ਸਚ ਅਨੰਦਨਾ, ਪਰਮਾਨੰਦ ਇਕ ਜਣਾਈਆ । ਨਿਰਗੁਣ ਸਰਗੁਣ ਬਣੇ ਸੱਜਣਾ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿ ਧਰਮ ਕਹੇ ਮੈਂ ਹੋ ਕੇ ਵੇਖਾਂ ਨੀਵਾਂ, ਨਿਉਂ ਨਿਉਂ ਧਿਆਨ ਲਗਾਈਆ । ਜਨ ਭਗਤਾਂ ਮਾਣ ਮਿਲੇ ਵਿਚੋਂ ਜੀਵਾਂ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਲੇਖਾ ਚੁੱਕੇ ਸਾਢੇ ਤਿੰਨ ਹੱਥ ਸੀਵਾਂ, ਰਵਿਦਾਸ ਚਮਾਰਾ ਦਏ ਗਵਾਹੀਆ । ਨਾਮ ਨਿਧਾਨਾ ਸਚ ਦਵਾਰੇ ਓਨ੍ਹਾਂ ਮਿਲ ਕੇ ਪੀਵਾਂ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਚਰਨ ਕਵਲ ਸਰਨਾਈ ਥੀਵਾਂ, ਮਾਣ ਮੋਹ ਅਭਿਮਾਨ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਮੇਲਣਹਾਰ ਵੱਡੀ ਵਡਿਆਈਆ । ਸਤਿ ਧਰਮ ਕਹੇ ਮੈਂ ਭਗਤਾਂ ਵੇਖ ਹੋਇਆ ਖ਼ੁਸ਼ਹਾਲ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਜਿਨ੍ਹਾਂ ਮਿਲਿਆ ਦੀਨ ਦਿਆਲ, ਬੰਧਨ ਦੀਨ ਰਿਹਾ ਕਟਾਈਆ । ਕੂੜੀ ਕਿਰਿਆ ਤੋੜ ਜੰਜ਼ਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਆ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਸਾਚਾ ਗ੍ਰਿਹ ਸੱਚੀ ਧਰਮਸਾਲ, ਧਰਮ ਦਵਾਰਾ ਇਕ ਪਰਗਟਾਈਆ । ਦੀਵਾ ਬਾਤੀ ਕਮਲਾਪਾਤੀ ਬਾਲ ਕੇ ਬੇਮਿਸਾਲ, ਜਗਤ ਮਿਸਲ ਨਾ ਕੋਇ ਜਣਾਈਆ । ਸਾਚਾ ਮਾਰਗ ਦੇ ਸੁਖਾਲ, ਸਿਖਿਆ ਇਕੋ ਕਰੇ ਪੜ੍ਹਾਈਆ । ਜਿਨ੍ਹਾਂ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਤਿ ਧਰਮ ਕਹੇ ਮੈਂ ਓਨ੍ਹਾਂ ਵੇਖਾਂ ਹਾਲ, ਜੋ ਆਪਣੀ ਹਾਲਤ ਗਏ ਬਦਲਾਈਆ । ਪਰਮ ਪੁਰਖ ਦੇ ਬਣ ਕੇ ਲਾਲ, ਗੋਬਿੰਦ ਸ਼ਬਦੀ ਗੋਦ ਸੁਹਾਈਆ । ਜਨਮ ਜਨਮ ਦੀ

ਲੇਖੇ ਪਾਏ ਘਾਲ, ਪੂਰਬ ਲਹਿਣਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਈਆ । ਸਤਿ ਧਰਮ ਕਹੇ ਮੈਂ ਵੇਖਿਆ ਭਗਤਾਂ ਮੰਦਰ, ਗੁਰਮੁਖ ਸੋਹਣਾ ਡੇਰਾ ਲਾਈਆ । ਕੂੜਾ ਦਿਸੇ ਕੋਈ ਨਾ ਜੰਦਰ, ਖਿੜਕੀ ਬੰਦ ਨਾ ਕੋਇ ਕਰਾਈਆ । ਮਨੂਆ ਉਠੇ ਨਾ ਦਹਿ ਦਿਸ਼ ਬੰਦਰ, ਵਾਸਨਾ ਜਗਤ ਨਾ ਕੋਇ ਸਤਾਈਆ । ਪਰਕਾਸ਼ ਲੱਭੇ ਨਾ ਸੂਰੀਆ ਚੰਦਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅੰਧੇਰਾ ਦਿਸੇ ਨਾ ਡੂੰਘਾ ਖੰਡਰ, ਨੂਰ ਨੁਰਾਨਾ ਡਗਮਗਾਈਆ । ਸਚ ਦਵਾਰਾ ਇਕੋ ਮੰਗਣ, ਸਚਖੰਡ ਸਾਚੇ ਸੀਸ ਨਿਵਾਈਆ । ਪੁਰਖ ਅਕਾਲ ਚਾੜ੍ਹ ਰੰਗਣ, ਤਨ ਵਜੂਦ ਤੇਰੀ ਝੋਲੀ ਪਾਈਆ । ਸਾਚਾ ਢੋਲਾ ਦੱਸ ਛੰਦਨ, ਰਾਗ ਨਾਦ ਵੱਜੇ ਬੇਪਰਵਾਹੀਆ । ਲੱਖ ਚੁਰਾਸੀ ਆਵਣ ਜਾਵਣ ਰਹੇ ਕੋਈ ਨਾ ਬੰਧਨ, ਬੰਦਗੀ ਇਕੋ ਦੇ ਸਮਝਾਈਆ । ਤੂੰ ਮੇਰਾ ਮੈਂ ਤੇਰਾ ਧੁਰ ਦਾ ਸੱਜਣ, ਸਾਜਣ ਹੋ ਕੇ ਹੋ ਸਹਾਈਆ । ਕਾਇਆ ਮਾਟੀ ਭਾਂਡਾ ਬਿਨ ਤੇਰੀ ਕਿਰਪਾ ਲੋਕਮਾਤ ਕਦੇ ਨਾ ਭੱਜਣ, ਭਜਨ ਬੰਦਗੀ ਇਕੋ ਇਕ ਜਣਾਈਆ । ਆਪਣੇ ਨਾਮ ਕੰਡੇ ਤੋਲ ਕੇ ਵਜ਼ਨ, ਕੀਮਤ ਕਰਤੇ ਲੈ ਪਾਈਆ । ਧੁਰ ਫ਼ਰਮਾਣੇ ਅੰਦਰ ਫ਼ਰਮਾਨਾ ਦੇ ਬਦਲ, ਬਦਲੀ ਆਪਣੇ ਹੱਥ ਰਖਾਈਆ । ਤੂੰ ਭਗਤ ਸੁਹੇਲਾ ਇਕ ਇਕੇਲਾ ਆਦਿ ਜੁਗਾਦੀ ਕਰੇਂ ਅਦਲ, ਅਦਾਲਤ ਤੇਰੀ ਨਜ਼ਰੀ ਆਈਆ । ਸਭ ਦੀ ਪੂਰੀ ਕਰ ਸਧਰ, ਸਧਨੇ ਤੋਂ ਪਰ੍ਹੇ ਦੇ ਵਡਿਆਈਆ । ਸਤਿ ਧਰਮ ਕਹੇ ਮੈਂ ਜਨ ਭਗਤਾਂ ਲਾਵਾਂ ਚੰਦਨ, ਨਾਮ ਟਿੱਕੇ ਨਾਲ ਵਡਿਆਈਆ । ਜਿਨ੍ਹਾਂ ਦਾ ਲਹਿਣਾ ਦੇਣਾ ਹੱਥ ਸੂਰੇ ਸਰਬੰਗਣ, ਸਾਹਿਬ ਸਵਾਮੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਸਦਾ ਆਦਿ ਨਿਰੰਜਣ, ਜੋਤ ਨਿਰੰਜਣ ਤੇਰਾ ਨੂਰ ਰੁਸ਼ਨਾਈਆ ।


੫੭ ੨੦

★ ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★

ਕੱਤਕ ਕਹੇ ਪ੍ਰਭ ਭਗਤਾਂ ਲੇਖੇ ਲਾ ਕਰਮ, ਕੁਕਰਮੀ ਰਹਿਣ ਕੋਇ ਨਾ ਪਾਈਆ । ਸਚ ਪ੍ਰੇਮ ਦਾ ਦੱਸ ਇਕੋ ਧਰਮ, ਅਧਰਮੀ ਰੂਪ ਨਾ ਕੋਇ ਵਟਾਈਆ । ਲੇਖੇ ਲਾ ਮਾਨਸ ਦੇਹੀ ਜਨਮ, ਚੁਰਾਸੀ ਗੇੜ ਦੇ ਕਟਾਈਆ । ਭੁਲੇਖਾ ਕੂੜ ਰਹੇ ਨਾ ਭਰਮ, ਭਾਂਡਾ ਭੌ ਦੇ ਭੰਨਾਈਆ । ਭਾਗ ਲਗਾ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਝਗੜਾ ਰਹੇ ਨਾ ਕਿਸੇ ਵਰਨ, ਜਾਤ ਪਾਤ ਨਾ ਕੋਇ ਲੜਾਈਆ । ਸਾਚੀ ਬਖ਼ਸ਼ ਆਪਣੀ ਸਰਨ, ਸਰਨਗਤ ਇਕ ਸਮਝਾਈਆ । ਮਾਰਗ ਦੇ ਤਰਨੀ ਤਰਨ, ਤਾਰਨਹਾਰ ਤੇਰੀ ਵਡਿਆਈਆ । ਤੇਰਾ ਢੋਲਾ ਸਾਚਾ ਪੜ੍ਹਨ, ਧੁਰ ਦਾ ਨਾਮ ਦੇ ਸਮਝਾਈਆ । ਸ਼ਬਦ ਅਗੰਮੀ ਮੰਜ਼ਲ ਚੜ੍ਹਨ, ਪੂਰਬ ਪਿਛਲਾ ਪੰਧ ਮੁਕਾਈਆ । ਸਚ ਦਵਾਰ ਏਕੰਕਾਰ ਨਿਰਗੁਣ ਧਾਰ ਤੇਰਾ ਦਰਸ਼ਨ ਕਰਨ, ਨੂਰ ਵੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੱਤਕ ਕਹੇ ਪ੍ਰਭ ਪੂਰਬ ਜਨਮ ਦੇ ਵੇਖ ਰਿਖੀ, ਮਿਹਰ ਨਜ਼ਰ ਇਕ ਉਠਾਈਆ । ਚੌਥੇ ਜੁਗ ਬਣਾ ਅਗੰਮੀ ਸਿੱਖੀ, ਸਿਖਿਆ ਨਾਮ ਇਕ ਸਮਝਾਈਆ । ਜਿਸ ਦੀ ਧਾਰ ਖੰਡਿਉਂ ਤਿੱਖੀ, ਵਾਲੋਂ ਨਿੱਕੀ ਸਮਝ ਕੋਇ ਨਾ ਪਾਈਆ । ਸਚਖੰਡ ਨਿਵਾਸੀ ਦੇ ਕੇ ਆਪਣੀ ਚਿੱਠੀ, ਹੁਕਮ ਸੰਦੇਸ਼ਾ ਇਕ ਦ੍ਰਿੜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੱਤਕ ਕਹੇ ਸ੍ਰੀ ਭਗਵਾਨ, ਜਨ ਭਗਤਾਂ ਦੇ ਵਡਿਆਈ । ਸਤਿ ਧਰਮ ਦਾ ਦੱਸ ਨਿਸ਼ਾਨ, ਨਿਸ਼ਾਨੇ ਪਿਛਲੇ ਦੇ ਬਦਲਾਈ । ਪੂਰਬ ਲੇਖਾ ਵੇਖ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈ । ਯਾਦ ਕਰ ਜੰਗਲ ਜੂਹ ਬੀਆਬਾਨ, ਬਾਵਨ ਪੜਦਾ ਰਿਹਾ ਉਠਾਈ । ਤੇਰਾ ਖੇਲ ਦੋ ਜਹਾਨ, ਜੁਗ ਚੌਕੜੀ ਹੁਕਮ ਵਰਤਾਈ । ਕਲਜੁਗ ਅੰਤ ਮਾਰ ਧਿਆਨ, ਵੇਲਾ ਵਕਤ ਦਏ ਗਵਾਹੀ । ਮਿਹਰ ਨਜ਼ਰ ਕਰ ਨਿਗਾਹਬਾਨ, ਮਹਿਬੂਬ ਹੋ ਕੇ ਹੋ ਸਹਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਬਖ਼ਸ਼ ਮਾਣ ਵਡਿਆਈ । ਸਤਿ ਦਵਾਰੇ ਬਖ਼ਸ਼ ਦੇ ਦਾਤ, ਹਰਿ ਕਰਤੇ ਤੇਰੀ ਓਟ ਤਕਾਈਆ । ਨਿਰਗੁਣ ਹੋ ਕੇ ਦੇ ਸਾਥ, ਸਗਲਾ ਸੰਗ ਬਣਾਈਆ । ਮਿਹਰਵਾਨ ਪੁਰਖ ਸਮਰਾਥ, ਤੇਰੇ ਹੱਥ ਵਡਿਆਈਆ । ਸਾਚਾ ਢੋਲਾ ਦੱਸ ਗਾਥ, ਆਤਮ ਪਰਮਾਤਮ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖਾ ਵੇਖ ਜਗਤ, ਦੀਨ ਦੁਨੀ ਧਿਆਨ ਲਗਾਈਆ । ਮੇਲਾ ਮੇਲ ਧੁਰ ਦੇ ਭਗਤ, ਭਗਵਨ ਹੋ ਕੇ ਜੋੜ ਜੁੜਾਈਆ । ਲੇਖੇ ਲਾ ਆਪਣੀ ਰਕਤ, ਬੂੰਦ ਵਿਚੋਂ ਬੂੰਦ ਸਵਾਂਤੀ ਦੇ ਟਪਕਾਈਆ । ਵਕਤ ਸੁਹੰਜਣਾ ਹੋਵੇ ਤੇਰਾ ਫ਼ਰਸ਼ ਅਰਸ਼, ਦੋ ਜਹਾਨਾਂ ਵੱਜੇ ਵਧਾਈਆ । ਰਿਸ਼ੀਆਂ ਉਤੇ ਕਰ ਤਰਸ, ਤੜਪ ਪਿਛਲੀ ਦੇ ਬੁਝਾਈਆ । ਤੇਰੇ ਹੁਕਮ ਦਾ ਚਲੇ ਅਗੰਮੀ ਬਰਸ, ਜਿਸ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਕਹੇ ਪ੍ਰਭ ਮੇਰੇ ਗੁਣ ਨਿਧਾਨ, ਗੁਣਵੰਤ ਤੇਰੀ ਵਡਿਆਈਆ । ਕਰ ਕਿਰਪਾ ਦੇ ਦੇ ਦਾਨ, ਨਾਮ ਨਿਧਾਨ ਇਕ ਵਰਤਾਈਆ । ਬਾਵਨ ਕਰ ਕੇ ਗਿਆ ਬਿਆਨ, ਬਿਨ ਅੱਖਰਾਂ ਅੱਖਰ ਜਣਾਈਆ । ਕਲਜੁਗ ਅੰਤਮ ਖੇਲ ਹੋਵੇ ਮਹਾਨ, ਅਬਿਨਾਸ਼ੀ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦੇ ਚੁਕਾਈਆ । ਪੂਰਬ ਲਹਿਣਾ ਚੁੱਕੇ ਮਾਤ, ਪੁਰਖ ਅਕਾਲ ਦਏ ਵਡਿਆਈਆ । ਬਾਵਨ ਦੱਸ ਕੇ ਗਿਆ ਗਾਥ, ਢੋਲਾ ਸਚ ਪੜ੍ਹਾਈਆ । ਨਿਰਗੁਣ ਹੋ ਕੇ ਨਿਰਗੁਣ ਵੇਖ ਆਪਣੀ ਜਾਤ, ਦੂਜਾ ਸੰਗ ਨਾ ਕੋਇ ਜਣਾਈਆ । ਸ਼ਿਵ ਜੀ ਤੱਕੇ ਉਪਰ ਕੈਲਾਸ਼, ਬਿਨ ਅੱਖਾਂ ਅੱਖ ਖੁਲ੍ਹਾਈਆ । ਬ੍ਰਹਮਾ ਕਰੇ ਤਲਾਸ਼, ਭੱਜੇ ਵਾਹੋ ਦਾਹੀਆ । ਵਿਸ਼ਨੂੰ ਹੋ ਕੇ ਦਾਸ, ਧੁਰ ਦੀ ਸੇਵ ਕਮਾਈਆ । ਪੂਰੀ ਕਰ ਆਸ, ਮਨਸਾ ਦੇ ਚੁਕਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਕਰਤੇ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਕੱਤਕ ਕਹੇ ਜਨ ਭਗਤਾਂ ਵੇਖ ਆਪ, ਆਪਣੀ ਦਇਆ ਕਮਾਈਆ । ਧੁਰ ਦਾ ਬਣ ਸਾਕ, ਸੱਜਣ ਨੂਰ ਖ਼ੁਦਾਈਆ । ਮੰਦਰ ਖੋਲ੍ਹ ਤਾਕ, ਪੜਦਾ ਅਗੰਮ ਉਠਾਈਆ । ਨੂਰ ਕਰ ਪਰਕਾਸ਼, ਜੋਤੀ ਡਗਮਗਾਈਆ । ਸ਼ਬਦ ਅਗੰਮੀ ਨਾਦ, ਧੁਰ ਦਾ ਦੇ ਵਜਾਈਆ । ਪਿਛਲੀ ਕਰ ਯਾਦ, ਭਵਿਖਤ ਦਏ ਗਵਾਹੀਆ । ਉਜੜਿਆਂ ਕਰ ਆਬਾਦ, ਖੇੜਾ ਦੇ ਸੁਹਾਈਆ । ਰਿਸ਼ੀਆਂ ਸੁਣ ਫ਼ਰਿਆਦ, ਦਰ ਦਵਾਰੇ ਝੋਲੀ ਡਾਹੀਆ । ਬਦਲ ਦੇ ਸਮਾਜ, ਝਗੜਾ ਦੀਨ ਰਹੇ ਨਾ ਰਾਈਆ । ਮਾਨਸ ਜਨਮ ਕਰ ਕਾਜ, ਕਰਨੀ ਕਰਤੇ ਆਪਣੀ ਕਾਰ ਕਮਾਈਆ । ਦੁਰਮਤ ਮੈਲ ਧੋ ਦਾਗ਼, ਪਤਤ ਪੁਨੀਤ ਵਖਾਈਆ । ਘਰ ਸਵਾਮੀ ਜਗਾ ਚਿਰਾਗ਼, ਜੋਤੀ ਨੂਰ ਡਗਮਗਾਈਆ । ਅੰਦਰ ਰਹੇ ਨਾ ਵਾਦ ਵਿਵਾਦ, ਕੂੜੀ ਕਿਰਿਆ ਦੇ ਕਢਾਈਆ । ਆਪਣੀ ਪ੍ਰੀਤ

ਅੰਦਰ ਕਰ ਵਿਸਮਾਦ, ਬਿਸਮਲ ਆਪਣੇ ਨਾਮ ਕਰਾਈਆ । ਪੜਦਾ ਓਹਲਾ ਖੋਲ੍ਹ ਆਗ਼ਾਜ਼, ਭਰਮ ਰਹੇ ਨਾ ਰਾਈਆ । ਤੇਰੇ ਚਰਨ ਕਵਲ ਨਮਾਜ਼, ਸਜਦਾ ਇਕੋ ਇਕ ਜਣਾਈਆ । ਤੂੰ ਖ਼ਾਲਕ ਪ੍ਰਿਤਪਾਲਕ ਵਾਹਦ, ਪਰਵਰਦਿਗਾਰ ਨੂਰ ਖ਼ੁਦਾਈਆ । ਪੂਰਾ ਕਰ ਆਪਣਾ ਅਹਿਦ, ਕੌਲ ਇਕਰਾਰ ਰਹੇ ਜਣਾਈਆ । ਉਹ ਵਕਤ ਆ ਗਿਆ ਸ਼ਾਇਦ, ਸ਼ਾਹ ਪਾਤਸ਼ਾਹ ਪੜਦਾ ਦੇ ਉਠਾਈਆ । ਤੇਰਾ ਹੁਕਮ ਹੋਵੇ ਰਾਇਜ, ਨਾ ਕੋਈ ਮੇਟੇ ਮੇਟ ਮਿਟਾਈਆ । ਰਿਖੀ ਕਹਿਣ ਸਾਡੀ ਕਰਨੀ ਦਾ ਦੇ ਨਤਾਇਜ, ਧੁਰ ਦਾ ਹੁਕਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੁਕਮ ਸਮਝਾਈਆ । ਕੱਤਕ ਕਹੇ ਰਿਸ਼ੀਆਂ ਦਾ ਪਕਵਾਨ, ਕੱਚਿਉਂ ਪੱਕਾ ਦੇ ਬਣਾਈਆ । ਜਿਨ੍ਹਾਂ ਦਾ ਮੇਲਾ ਨਾਲ ਭਗਵਾਨ, ਭਾਗਾਂ ਵਿਚੋਂ ਭਾਗ ਦਏ ਸਮਝਾਈਆ । ਸੁਰਤੀ ਰਹੇ ਨਾ ਕੋਈ ਅੰਞਾਣ, ਬੁੱਧ ਬਿਬੇਕ ਆਪ ਕਰਾਈਆ । ਸਚ ਦਵਾਰੇ ਦੇ ਕੇ ਮਾਣ, ਬਖ਼ਸ਼ੇ ਚਰਨ ਕਵਲ ਸਰਨਾਈਆ । ਸਚ ਪ੍ਰੀਤੀ ਦਾ ਪਕਵਾਨ, ਪਾਰਬ੍ਰਹਮ ਪ੍ਰਭ ਲੇਖੇ ਲਾਈਆ । ਜਿਸ ਦਾ ਰਸ ਵਿਸ਼ਿਆਂ ਵਾਲਾ ਜਾਣੇ ਨਾ ਕੋਇ ਇਨਸਾਨ, ਰਸਨਾ ਵੰਡ ਨਾ ਕੋਇ ਵੰਡਾਈਆ । ਕਰਨੀ ਦਾ ਕਰਤਾ ਕਰੇ ਕਲਿਆਣ, ਕਲਮਿਆਂ ਤੋਂ ਬਾਹਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਕੱਤਕ ਕਹੇ ਪੂਰਬ ਰਿਖੀ ਹੋਏ ਜਮਅ, ਸ਼ਹਾਦਤ ਜੋਤੀ ਵਾਲੀ ਭੁਗਤਾਈਆ । ਜਿਨ੍ਹਾਂ ਦਾ ਜਨਮ ਹੋਣਾ ਨਵਾਂ, ਇਕੋ ਤਾਰੀਖ ਦਏ ਲਿਖਾਈਆ । ਸਾਰਿਆਂ ਦਾ ਸਾਂਝਾ ਹੋਵੇ ਸਮਾਂ, ਸਮਾਪਤ ਕੂੜੀ ਵਸਤ ਪਰਾਈਆ । ਲੇਖੇ ਲਾ ਕੇ ਪਵਣ ਸਵਾਮੀ ਦਮਾਂ, ਦਮਨ ਆਪਣਾ ਆਪ ਕਰਾਈਆ । ਝਗੜਾ ਰਹੇ ਨਾ ਮਾਟੀ ਚੰਮਾਂ, ਮੇਲਾ ਮੇਲੇ ਧੁਰਦਰਗਾਹੀਆ । ਰਹੇ ਨਾ ਕੋਇ ਨਿਕੰਮਾ, ਨਿਕਰਮਣ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਨੇ ਪੁਰਖ ਅਕਾਲ ਦੀਨ ਦਿਆਲ ਧੁਰ ਦਾ ਠਾਕਰ ਇਕੋ ਮੰਨਾਂ, ਮਨ ਤੋਂ ਪਰੇ ਨਿਰਗੁਣ ਹਰੇ ਸਾਚੇ ਦਰੇ ਦਰਸ ਦਏ ਦਿਖਾਈਆ । ਦੀਨ ਮਜ਼੍ਹਬ ਦਾ ਰਹਿਣ ਨਾ ਦੇਵੇ ਬੰਨਾ, ਹੱਦ ਹਦੂਦ ਜਗਤ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕੱਤਕ ਕਹੇ ਮੈਂ ਆਇਆ ਤੱਕਣ, ਜੁਗ ਚੌਕੜੀ ਵੇਸ ਵਟਾਈਆ । ਕੀ ਕਰੇ ਖੇਲ ਪੁਰਖ ਸਮਰਥਨ, ਨਿਰਗੁਣ ਹੋ ਕੇ ਵੇਸ ਵਟਾਈਆ । ਕੀ ਭਗਤਾਂ ਮਾਰਗ ਆਇਆ ਦੱਸਣ, ਨਿਰਵੈਰ ਹੋ ਕੇ ਕਰੇ ਪੜ੍ਹਾਈਆ । ਕਿਸ ਦਵਾਰੇ ਆਇਆ ਵੱਸਣ, ਸਚ ਮੁਕਾਮ ਸੋਭਾ ਪਾਈਆ । ਜਗਤ ਜਨਮ ਦੇ ਵਿਛੜੇ ਆਇਆ ਲੱਭਣ, ਚਾਰ ਕੁੰਟ ਦਹਿ ਦਿਸ਼ਾ ਖੋਜ ਖੁਜਾਈਆ । ਸੰਤ ਸੁਹੇਲੇ ਬਣਾ ਕੇ ਸੱਜਣ, ਸਾਹਿਬ ਆਪਣਾ ਹੁਕਮ ਦ੍ਰਿੜਾਈਆ । ਨਿਜ ਆਤਮ ਦੇ ਕੇ ਪਰਮਾਨੰਦਨ, ਨਰ ਨਰਾਇਣ ਆਪਣਾ ਭੇਵ ਖੁਲ੍ਹਾਈਆ । ਦੂਜੇ ਦਰ ਨਾ ਕੋਇ ਜਾਏ ਮੰਗਣ, ਵਸਤ ਅਮੋਲਕ ਆਪ ਵਰਤਾਈਆ । ਪੁਰਖ ਅਕਾਲ ਚਾੜ੍ਹ ਕੇ ਰੰਗਣ, ਰੰਗਤ ਕੂੜੀ ਦਏ ਬਦਲਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਦੱਸ ਕੇ ਛੰਦਨ, ਸਹਿਸਾ ਅੰਦਰੋਂ ਦਏ ਕਢਾਈਆ । ਜੁਗ ਚੌਕੜੀ ਟੁੱਟੀ ਆਇਆ ਗੰਢਣ, ਆਤਮ ਪਰਮਾਤਮ ਮੇਲਾ ਸਹਿਜ ਸੁਭਾਈਆ । ਜਨ ਭਗਤਾਂ ਕਾਇਆ ਮੰਦਰ ਆਇਆ ਲੰਘਣ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਦੱਸੇ ਨਿਰੰਕਾਰ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਰਿਖੀਆਂ ਮੰਜ਼ਲ ਰਹੇ ਨਾ ਕੋਈ ਦੁਸ਼ਵਾਰ, ਪਾਂਧੀਆਂ ਪੰਧ ਦਿਤਾ ਮੁਕਾਈਆ । ਦਰਦੀ ਹੋ ਕੇ ਦਰਦ ਦਏ ਨਿਵਾਰ, ਦੁਖੀਆਂ ਦੁੱਖ ਗਵਾਈਆ । ਸਾਚੀ ਮੰਜ਼ਲ

੫੯
੨੦

ਦੇਵੇ ਚਾੜ੍ਹ, ਜਿਸ ਮੰਜ਼ਲ ਦਾ ਮਾਲਕ ਇਕ ਅਖਵਾਈਆ । ਸਾਚਾ ਦੱਸ ਕੇ ਹਰੀ ਦਵਾਰ, ਹਿਰਦਾ ਆਪਣਾ ਦਏ ਸਮਝਾਈਆ । ਜਿਸ ਨੂੰ ਸਮਝੇ ਨਾ ਜਗਤ ਸੰਸਾਰ, ਬੁੱਧੀਵਾਨ ਨਾ ਕੋਇ ਵਡਿਆਈਆ । ਸਦ ਕਰਨੀ ਕਰਤਾ ਕਰੇ ਖੇਲ ਅਪਾਰ, ਅਪਰੰਪਰ ਹੋ ਕੇ ਆਪਣਾ ਹੁਕਮ ਵਰਤਾਈਆ । ਜਨ ਭਗਤ ਸੁਹੇਲੇ ਮੇਲ ਕੇ ਆਪਣੀ ਧਾਰ, ਧਰਨੀ ਧਰਤ ਧਵਲ ਦਏ ਵਡਿਆਈਆ । ਲਹਿਣਾ ਦੇਣਾ ਮੁਕਾ ਸਦਾ ਜੁਗ ਚਾਰ, ਧੁਰ ਦੇ ਹੁਕਮ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੱਤਕ ਕਿਹਾ ਮੈਂ ਆਇਆ ਭਗਤਾਂ ਕੋਲ, ਆਪਣਾ ਪੰਧ ਮੁਕਾਈਆ । ਉਚੀ ਕੂਕ ਵਜਾਵਾਂ ਢੋਲ, ਢੋਲਾ ਗਾਵਾਂ ਬੇਪਰਵਾਹੀਆ । ਜਿਸ ਦਾ ਸਦਾ ਅਗੰਮੀ ਤੋਲ, ਤੋਲਣਹਾਰਾ ਸ੍ਰਿਸ਼ਟ ਸਬਾਈਆ । ਸੋ ਭਗਤਾਂ ਰੱਖੇ ਅਡੋਲ, ਡੋਲੇ ਸਰਬ ਲੋਕਾਈਆ । ਦਵਾਰਾ ਇਕੋ ਖੋਲ੍ਹ, ਮੰਦਰ ਇਕੋ ਦਏ ਵਖਾਈਆ । ਜਿਸ ਦਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਮੁੱਲਾਂ ਸ਼ੇਖ਼ ਸਮਝ ਕਿਸੇ ਨਾ ਆਈਆ । ਸੋ ਖ਼ਾਲਕ ਖ਼ਲਕ ਖੇਲ ਕਰੇ ਉਪਰ ਧੌਲ, ਧਰਨੀ ਧਰਤ ਧਵਲ ਵੱਜੇ ਵਧਾਈਆ । ਤੇਰਾਂ ਸੌ ਸਤਾਸੀ ਰਿਖੀਆਂ ਦਾ ਪੂਰਾ ਕੌਲ, ਇਕਰਾਰ ਤੋੜ ਨਿਭਾਈਆ । ਪ੍ਰੇਮ ਪ੍ਰੀਤੀ ਪਕਵਾਨ ਅੰਦਰ ਖਾ ਕੇ ਖੱਟੇ ਮਿੱਠੇ ਚੌਲ, ਚਾਓ ਸਭ ਦਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਜਣਾਈਆ । ਮਾਰਗ ਕਹੇ ਮੇਰਾ ਰਸਤਾ ਏਕ, ਇਕੋ ਦੇਣਾ ਜਣਾਈਆ । ਜਨ ਭਗਤਾਂ ਕਰ ਕੇ ਬੁੱਧ ਬਿਬੇਕ, ਵਿਵੇਕੀ ਧਾਰ ਦੇਣੀ ਸੁਣਾਈਆ । ਸਤਿ ਪੁਰਖ ਦੀ ਰੱਖਣੀ ਟੇਕ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਅਵੱਲੜਾ ਭੇਖ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਸੋ ਸਾਚੇ ਸੰਤਾਂ ਧੁਰ ਦੇ ਭਗਤਾਂ ਬਦਲ ਦੇਵੇ ਰੇਖ, ਰਿਖੀਆਂ ਦੇਵੇ ਮਾਣ ਵਡਿਆਈਆ । ਗੁਰਮੁਖੋ ਜਾਓ ਆਪਣੇ ਦੇਸ, ਪਰਦੇਸੀ ਰਹਿਣ ਕੋਇ ਨਾ ਪਾਈਆ । ਦਰਸ਼ਨ ਦਾ ਲਾਹਾ ਇਕ ਵਿਸ਼ੇਸ਼, ਵਿਸ਼ਿਆਂ ਵਾਲੇ ਪਾਰ ਕਰਾਈਆ । ਪ੍ਰਭ ਦਾ ਆਉਣਾ ਕਦੇ ਨਾ ਹੋਇਆ ਹਮੇਸ਼, ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਰਾਹ ਰਹੇ ਵੇਖ, ਨਿਤ ਨਵਿਤ ਧਿਆਨ ਲਗਾਈਆ । ਉਹ ਕਰਨਹਾਰਾ ਸੱਚਾ ਹੇਤ, ਹਿਤਕਾਰੀ ਇਕੋ ਸ਼ਹਿਨਸ਼ਾਹੀਆ । ਜਿਸ ਕਾਰਨ ਤੁਹਾਨੂੰ ਦਿਤਾ ਭੇਜ, ਸੋ ਭੂਮਿਕਾ ਦਿਤੀ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਈਆ । ਸਚ ਦਵਾਰਾ ਵਸਦਾ, ਵਸਾਏ ਸ੍ਰੀ ਭਗਵਾਨ । ਜੋ ਭਗਤਾਂ ਮਾਰਗ ਦੱਸਦਾ, ਝਗੜਾ ਮੁਕਾ ਜ਼ਿਮੀਂ ਅਸਮਾਨ । ਖ਼ੁਸ਼ੀਆਂ ਦੇ ਵਿਚ ਹੱਸਦਾ, ਸ਼ਬਦੀ ਕਰ ਫ਼ਰਮਾਨ । ਢੋਲਾ ਗਾਓ ਆਤਮ ਪਰਮਾਤਮ ਜਸ ਦਾ, ਦੂਜਾ ਅੱਖਰ ਨਾ ਕੋਇ ਬਿਆਨ । ਭੰਡਾਰਾ ਲਓ ਅਗੰਮੀ ਰਸ ਦਾ, ਜਿਸ ਨੂੰ ਚੱਖੇ ਨਾ ਕੋਇ ਜ਼ਬਾਨ । ਤੁਹਾਡੇ ਲੂੰ ਲੂੰ ਅੰਦਰ ਰਚਦਾ, ਦਿਵਸ ਰੈਣ ਨਿਗਾਹਬਾਨ । ਵਿਛੋੜੇ ਵਿਚ ਕਦੇ ਨਾ ਨੱਸਦਾ, ਮੇਲਾ ਸਦਾ ਰਹੇ ਭਗਤ ਭਗਵਾਨ । ਉਜਲ ਭਾਗ ਹੋਵੇ ਕਾਇਆ ਮੱਟ ਦਾ, ਸਾਢੇ ਤਿੰਨ ਹੱਥ ਸੋਹੇ ਮੰਦਰ ਮਕਾਨ । ਪੁਰਖ ਅਕਾਲ ਭੇਸ ਸ਼ਬਦ ਅਗੰਮੀ ਜੱਟ ਦਾ, ਵਿੰਗੇ ਟੇਢੇ ਸਿੱਧੇ ਕਰਨ ਵਾਲਾ ਤਰਖਾਣ । ਜਗਤ ਸਵਾਂਗੀ ਰੂਪ ਨਟ ਦਾ, ਸਮਝੇ ਕੋਈ ਨਾ ਪੰਜ ਤਤ ਇਨਸਾਨ । ਜਿਸ ਦੇ ਕੋਲ ਭੰਡਾਰਾ ਅਗੰਮੀ ਵਥ ਦਾ, ਦੇਂਦਾ ਜਾਏ ਹੋ ਮਿਹਰਵਾਨ । ਉਹ ਜੁਗ ਜੁਗ ਪੈਜ ਰੱਖਦਾ, ਭਗਤ ਸੁਹੇਲਾ ਸ੍ਰੀ ਭਗਵਾਨ । ਸਚ ਦਵਾਰੇ ਸਦਾ ਵਸਦਾ, ਦਵਾਰਕਾ ਵਾਸੀ ਦਏ ਬਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਬ੍ਰਹਮ ਗਿਆਨ ।

ਕੱਤਕ ਕਹੇ ਰਿਖੀਓ ਮੈਂ ਤੱਕਾਂ ਕਦ ਦਾ, ਕਦੀਮ ਧਿਆਨ ਲਗਾਈਆ । ਮਾਰਗ ਵੇਖਾਂ ਭਗਤ ਭਗਵਾਨ ਯਦ ਦਾ, ਦੂਜਾ ਰਾਹ ਨਾ ਕੋਇ ਤਕਾਈਆ । ਕਿਸ ਬਿਧ ਸੰਤ ਸੁਹੇਲੇ ਸੱਦ ਦਾ, ਪੂਰਬ ਵਿਛੜੇ ਮੇਲ ਮਿਲਾਈਆ । ਸਚ ਦਵਾਰੇ ਆਪੇ ਲੰਘ ਦਾ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਝਗੜਾ ਮੁਕਾ ਕੇ ਕੂੜ ਕੁੜਿਆਰੇ ਗੰਦ ਦਾ, ਸਚ ਸੁਚ ਨਾਮ ਸਮਝਾਈਆ । ਪਰਕਾਸ਼ ਕਰ ਕੇ ਗੁਰਮੁਖ ਚੰਦ ਦਾ, ਅੰਧ ਅੰਧੇਰਾ ਦਏ ਮਿਟਾਈਆ । ਵਕਤ ਸੁਹੰਜਣਾ ਕਰ ਕੇ ਪ੍ਰੀਤੀ ਠੰਡ ਦਾ, ਵਿਛੋੜਾ ਅਗਨ ਦਏ ਬੁਝਾਈਆ । ਰਸ ਦੇ ਕੇ ਆਪਣੇ ਅਨੰਦ ਦਾ, ਅਨੰਦ ਅਨੰਦ ਵਿਚੋਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਮਾਣ ਵਡਿਆਈ ਕਹੇ ਮੈਂ ਭਗਤਾਂ ਜੋਗੀ, ਜੋਗੀ ਜੋਗੀਸ਼ਰ ਬੈਠੇ ਧਿਆਨ ਲਗਾਈਆ । ਹੰਗਤਾ ਵਾਲੇ ਕੋਟਨ ਕਰ ਕੇ ਰੋਗੀ, ਦਵੈਤ ਵਿਚ ਦਿਤੇ ਫਸਾਈਆ । ਜਿਨ੍ਹਾਂ ਨੂੰ ਮਿਲ ਗਿਆ ਧੁਰ ਦਾ ਪ੍ਰੀਤਮ ਚੋਜੀ, ਚੋਜ ਨਿਰਾਲੇ ਰਿਹਾ ਵਖਾਈਆ । ਮੈਂ ਓਨ੍ਹਾਂ ਦੇ ਦਰ ਦੀ ਖੋਜੀ, ਖੋਜਣ ਹੋ ਕੇ ਭੱਜਾਂ ਵਾਹੋ ਦਾਹੀਆ । ਜਿਨ੍ਹਾਂ ਦਾ ਠਾਕਰ ਧੁਰ ਦਾ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਜਿਸ ਦੀ ਯਾਦ ਕਰਦੇ ਗਏ ਵੇਦੀ ਸੋਢੀ, ਦਿਵਸ ਰੈਣ ਧਿਆਨ ਲਗਾਈਆ । ਭਗਤਾਂ ਖੇਲਣਾ ਓਸ ਦੀ ਗੋਦੀ, ਗੋਦਾਵਰੀ ਕੰਢਾ ਦਏ ਦੁਹਾਈਆ । ਹਰਿ ਦਾ ਭੇਵ ਕੀ ਪਾਵਣ ਲੋਕੀ, ਚੌਦਾਂ ਲੋਕ ਸਾਰ ਨਾ ਆਈਆ । ਬੁੱਧੀ ਕਰ ਨਾ ਸਕੇ ਸੋਚੀ, ਸਮਝ ਚਲੇ ਨਾ ਕੋਇ ਚਤੁਰਾਈਆ । ਜਿਨ੍ਹਾਂ ਦੇ ਅੰਤਰ ਆਸਾ ਇਕੋ ਲੋਚੀ, ਲੋਚਣ ਤਿਨ੍ਹਾਂ ਦਾ ਦਏ ਖੁਲ੍ਹਾਈਆ । ਜਨ ਭਗਤੋ ਸਾਚੇ ਸੰਤੋ ਤੁਹਾਡੀ ਸ਼ਹਾਦਤ ਪਾਉਂਦਾ ਜਾਏ ਰਵਦਾਸ ਚਮਾਰਾ ਮੋਚੀ, ਲੇਖਾ ਲਿਖ ਲਿਖ ਕਲਮ ਸ਼ਾਹੀਆ । ਵੇਖਿਓ ਕੋਈ ਵਿਚਾਰ ਨਾ ਕਰਿਓ ਰੱਖ ਕੇ ਉਂਗਲ ਉਤੇ ਠੋਡੀ, ਤੀਵੀਆਂ ਵਾਲਾ ਰੂਪ ਵਟਾਈਆ । ਤੁਹਾਡੀ ਮੰਜ਼ਲ ਸਭ ਤੋਂ ਉਚੀ ਚੋਟੀ, ਚੇਟਕ ਪ੍ਰਭ ਦੇ ਨਾਲ ਲਗਾਈਆ । ਜਿਥੇ ਵਾਸਨਾ ਰਹੇ ਨਾ ਖੋਟੀ, ਖੋਟੇ ਖਰੇ ਦਏ ਬਣਾਈਆ । ਜੰਮੂ ਵਾਲਿਓ ਤੁਹਾਡੇ ਪਕਵਾਨ ਦੀ ਖਾ ਕੇ ਰੋਟੀ, ਪੂਰਬ ਲਹਿਣਾ ਦਏ ਮੁਕਾਈਆ । ਇਹ ਮਿਸਲ ਮਿਸਾਲ ਜਗਤ ਵਿਚ ਰਹਿ ਜਾਏ ਮੋਟੀ, ਚਾਰ ਜੁਗ ਸਕੇ ਨਾ ਕੋਇ ਭੁਲਾਈਆ । ਭਗਤ ਭਗਵਾਨ ਦੇ ਸਾਂਝੇ ਬਣ ਗਏ ਗੋਤੀ, ਵਰਨ ਬਰਨ ਨਾ ਕੋਇ ਰਖਾਈਆ । ਦੁਰਮਤ ਮੈਲ ਸਭ ਦੀ ਗਈ ਧੋਤੀ, ਜਿਨ੍ਹਾਂ ਮਿਲੀ ਸਚ ਸਰਨਾਈਆ । ਆਤਮ ਵਿਛੜੀ ਰਹੇ ਕੋਈ ਨਾ ਰੋਤੀ, ਵਿਛੋੜਾ ਦਏ ਕਟਾਈਆ । ਗੁਰਮੁਖ ਬਣਾ ਕੇ ਧੁਰ ਦੇ ਮਾਣਕ ਮੋਤੀ, ਮਣਕਾ ਮਣਕੇ ਨਾਲ ਜੁੜਾਈਆ । ਸੰਤ ਸੁਹੇਲਾ ਰਹੇ ਕੋਈ ਨਾ ਦੋਸ਼ੀ, ਨਿਰਦੋਸ਼ ਦਿਤੇ ਕਰਾਈਆ । ਪ੍ਰਭ ਦੀ ਮਤ ਨਾ ਹੀਣ ਨਾ ਹੋਛੀ, ਹੁਸ਼ਿਆਰੀ ਨਾਲ ਗੁਰਮੁਖ ਲਏ ਤਰਾਈਆ । ਸਚਖੰਡ ਦਵਾਰੇ ਜਨ ਭਗਤਾਂ ਤਾਦਾਦ ਥੋੜ੍ਹੀ ਕਦੇ ਹੋਣ ਨਾ ਦੇਵੇ ਬਹੁਤੀ, ਬਹੁਤਿਆਂ ਵਿਚੋਂ ਥੋੜ੍ਹੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੰਜ਼ਲ ਦੱਸ ਕੇ ਸੌਖੀ, ਸੁਖਾਲੇ ਆਪਣੇ ਘਰ ਪੁਚਾਈਆ । ਕੱਤਕ ਕਹੇ ਮੈਂ ਸੁਖੱਲਾ ਵੇਖਿਆ ਰਾਹ, ਰਹਿਬਰ ਇਕੋ ਰਿਹਾ ਜਣਾਈਆ । ਸਤਿਗੁਰ ਸ਼ਬਦ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਚਾਰ ਵਰਨਾਂ ਦੇ ਸਲਾਹ, ਸ਼ੂਦਰ ਵੈਸ਼ ਕਰੇ ਪੜ੍ਹਾਈਆ । ਇਕੋ ਮਿਲੇ ਬੇਪਰਵਾਹ, ਨਾਤਾ ਤੋੜੇ ਜਗਤ ਲੋਕਾਈਆ । ਆਵਣ ਜਾਵਣ ਪੰਧ ਲਓ ਮੁਕਾ, ਲੱਖ ਚੁਰਾਸੀ ਲਓ ਕਟਾਈਆ । ਰਾਏ ਧਰਮ ਨਾ ਦਏ ਸਜ਼ਾ, ਚਿਤਰ ਗੁਪਤ ਨਾ ਲੇਖ ਵਖਾਈਆ । ਪੁਰਖ ਅਕਾਲ ਦੀ ਚਰਨੀ ਡਿਗੇ ਆ, ਜੋ ਆਦਮ ਤੋਂ ਆਦਮ ਲਏ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਲਓ ਬਣਾ ਗਵਾਹ,

ਸ਼ਹਾਦਤ ਧੁਰ ਦਰਬਾਰੇ ਦੇਣ ਭੁਗਤਾਈਆ । ਜੋ ਸਚ ਦਵਾਰੇ ਬੈਠੇ ਸੀਸ ਨਿਵਾ, ਨਮਸਤੇ ਕਹਿ ਕੇ ਸ਼ੁਕਰ ਮਨਾਈਆ । ਜੇ ਓਨ੍ਹਾਂ ਦਾ ਕਹਿਣਾ ਗਏ ਭੁਲਾ, ਕਦੇ ਨਾ ਭੁੱਲੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਈਆ । ਕੱਤਕ ਕਹੇ ਪ੍ਰਭ ਆਪਣਾ ਰੰਗ ਰੰਗ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਰਵਟ ਬਦਲ ਬਦਲ ਲੈ ਪਿਠ, ਸਨਮੁਖ ਹੋ ਕੇ ਸੋਭਾ ਪਾਈਆ । ਗ਼ਰੀਬ ਨਿਮਾਣਿਆਂ ਨਾਲ ਕਰ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਠਗੌਰੀ ਕਰ ਕੋਇ ਨਾ ਚਿਤ, ਚੇਤਨ ਸੁਰਤੀ ਦੇ ਕਰਾਈਆ । ਮਾਲਕ ਬਣ ਧੁਰ ਦਾ ਪਿਤ, ਪਿਤਾ ਪੂਤ ਗੋਦ ਬਹਾਈਆ । ਸਚ ਦਵਾਰੇ ਦੇ ਸੁਖ, ਆਤਮ ਪਰਮਾਤਮ ਜੋੜ ਜੁੜਾਈਆ । ਜਗਤ ਰਹੇ ਕੋਈ ਨਾ ਦੁੱਖ, ਕੂੜ ਦਲਿਦ੍ਰ ਦੇਣਾ ਗਵਾਈਆ । ਆਵਣ ਜਾਵਣ ਜਨ ਭਗਤਾਂ ਪੈਂਡਾ ਜਾਏ ਮੁਕ, ਮੁਕੰਮਲ ਆਪਣੇ ਵਿਚ ਸਮਾਈਆ । ਜੋ ਤੇਰੇ ਨਾਮ ਦੀ ਗਾਉਂਦੇ ਤੁਕ, ਸੋਹੰ ਢੋਲਾ ਸ਼ਹਿਨਸ਼ਾਹੀਆ । ਓਨ੍ਹਾਂ ਆ ਕੇ ਘਰ ਘਰ ਪੁਛ, ਚਾਰ ਕੁੰਟ ਦਹਿ ਦਿਸ਼ਾ ਖੋਜ ਖੁਜਾਈਆ । ਜੇ ਕਿਰਤ ਕਰਮ ਕਰ ਕੇ ਤੈਥੋਂ ਗਏ ਰੁਸ, ਮਿਹਰਵਾਨ ਹੋ ਕੇ ਲੈ ਮਨਾਈਆ । ਜੇ ਰਸਤਾ ਗਏ ਘੁਥ, ਮਾਰਗ ਦੇ ਸਮਝਾਈਆ । ਤੇਰੇ ਭਗਤ ਸੁਹੇਲੇ ਤੇਰੇ ਨਾਦੀ ਸੁਤ, ਸੁੱਤਿਆਂ ਲੈ ਜਗਾਈਆ । ਤੇਰੇ ਨਾਲ ਮੌਲੇ ਓਨ੍ਹਾਂ ਰੁਤ, ਫੁਲ ਫੁਲਵਾੜੀ ਆਪ ਮਹਿਕਾਈਆ । ਤੂੰ ਸਾਹਿਬ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪਰਮ ਪੁਰਖ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪੜਦਾ ਓਹਲਾ ਰਹਿਣ ਨਾ ਦੇਣਾ ਲੁਕ, ਲੁਕਿਆਂ ਨੂੰ ਆਪਣੇ ਨਾਲ ਮਿਲਾਈਆ ।



## ★ ੨ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★

ਸਤਿ ਧਰਮ ਕਹੇ ਪ੍ਰਭ ਦਿਤਾ ਹਲੂਣਾ, ਹਲਚਲ ਧੁਰ ਦੀ ਦਿਤੀ ਮਚਾਈਆ । ਕਲਜੁਗ ਤਪਦਾ ਵੇਖਿਆ ਧੂਣਾ, ਅਗਨੀ ਅੱਗ ਰਿਹਾ ਲਗਾਈਆ । ਜਗਤ ਸਾਧ ਦਿਸਿਆ ਊਣਾ, ਭਰਪੂਰ ਭੰਡਾਰ ਨਾ ਕੋਇ ਭਰਾਈਆ । ਜਨ ਭਗਤਾਂ ਸਾਚੇ ਨਾਮ ਵਿਚ ਬਦਲ ਕੇ ਕੂਣਾ, ਆਤਮ ਪਰਮਾਤਮ ਦਿਤਾ ਸਮਝਾਈਆ । ਮਾਣ ਦੇ ਕੇ ਦੋ ਜਹਾਨ ਦੂਣਾ, ਦਵੈਤ ਵਿਚੋਂ ਬਾਹਰ ਕਢਾਈਆ । ਲੇਖਾ ਮੁਕਾ ਕੇ ਜਗਤ ਅਕਸ਼ੂਣਾ, ਖੂਣੀਆਂ ਵਾਲਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਵਖਾਈਆ । ਸਤਿ ਕਹੇ ਪ੍ਰਭ ਹੁਕਮ ਦਿਤਾ ਫ਼ਰਮਾਨ, ਫੁਰਨਿਆਂ ਤੋਂ ਬਾਹਰ ਕਢਾਈਆ । ਧਰਮ ਦਾ ਦੱਸ ਨਿਸ਼ਾਨ, ਨਿਸ਼ਾਨੇ ਦਿਤੇ ਭੁਲਾਈਆ । ਆਤਮ ਪਰਮਾਤਮ ਦਾ ਦੇ ਗਿਆਨ, ਗਿਆਨੀਆਂ ਦਾ ਲੇਖਾ ਦਿਤਾ ਮੁਕਾਈਆ । ਸੱਚਾ ਮਾਰਗ ਦੱਸ ਸੁਜਾਨ, ਗੁਰਮੁਖ ਸੁਘੜ ਦਿਤੇ ਬਣਾਈਆ । ਭਰਮੇ ਭੁੱਲੇ ਨਾ ਵਿਚ ਜਹਾਨ, ਜਹਾਲਤ ਵਿਚ ਕਦੇ ਨਾ ਆਈਆ । ਚੁਰਾਸੀ ਦਾ ਮੂਲ ਜਾਮਾ ਇਨਸਾਨ, ਹੈਵਾਨ ਬੁੱਧੀ ਨਾ ਕੋਇ ਰਖਾਈਆ । ਸੁਣਨ ਵਾਲੇ ਸਰਵਣ ਕਾਨ, ਸੁਨੇਹੜਾ ਸਚ ਸੁਣਾਈਆ । ਖੇਲ ਵੇਖ ਜ਼ਿਮੀਂ ਅਸਮਾਨ, ਹੈਰਾਨੀ ਗਗਨ ਮੰਡਲ ਛਾਈਆ । ਹੁਕਮ ਦੇ ਕੇ ਧੁਰ ਦਾ ਹੁਕਮਰਾਨ, ਫ਼ਰਮਾਨ ਆਪਣਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਉਠਾਈਆ । ਸਤਿ ਕਹੇ ਮੈਂ ਵੇਖਣ ਲੱਗਾ ਅੱਗਾ,

੬੩
੨੦

ਪਿਛਲਾ ਧਿਆਨ ਬਦਲਾਈਆ । ਤੱਕਣ ਲੱਗਾ ਸੂਰਾ ਸਰਬੱਗਾ, ਵਾਲੀ ਦੋ ਜਹਾਨ ਸ਼ਹਿਨਸ਼ਾਹੀਆ । ਜਿਸ ਨੂੰ ਸਮਝੇ ਕੋਈ ਨਾ ਗੱਗਾ ਘੱਘਾ, ਗੋਬਿੰਦ ਘਰ ਭੇਵ ਕਿਸੇ ਨਾ ਆਈਆ । ਬਿਨ ਭਗਤਾਂ ਕਿਸੇ ਨਾ ਮਿਲਿਆ ਸੱਦਾ, ਸਦੀਆਂ ਦੇ ਵਿਛੜੇ ਰੋਵਣ ਮਾਰਨ ਧਾਹੀਆ । ਜਗਤ ਵਿਚ ਜਗਿਆਸੂ ਬਣ ਕੇ (ਕਰਨ) ਦਗ਼ਾ, ਫ਼ਰੇਬਾਂ ਵਿਚ ਫੁਰਨਿਆਂ ਨਾਲ ਸਮਾਈਆ । ਸਚ ਦਵਾਰ ਬਿਨ ਕਿਰਪਾ ਕਿਸੇ ਨਾ ਲੱਭਾ, ਖੋਜਿਆਂ ਹੱਥ ਕਿਸੇ ਨਾ ਆਈਆ । ਮਿਲਣ ਵਿਛੜਨ ਦੀ ਸਮਝੇ ਕੋਈ ਨਾ ਵਜਹ, ਵਜੂਦ ਵਿਚ ਨਾ ਕੋਇ ਚਤੁਰਾਈਆ । ਪੁਰਖ ਅਕਾਲ ਦੀਨ ਦਿਆਲ ਖੇਲ ਕਰੇ ਹੱਬਾ, ਹਭ ਕੁਛ ਆਪਣੇ ਰੰਗ ਰੰਗਾਈਆ । ਜਨ ਭਗਤਾਂ ਬਦਲ ਕੇ ਅੰਦਰੋਂ ਤਬ੍ਹਾ, ਤਬੀਬ ਹੋ ਕੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿ ਧਰਮ ਕਹੇ ਮੈਂ ਵੇਖਾਂ ਅਗੰਮ ਸਵਾਂਗੀ, ਨਜ਼ਰ ਅੱਖ ਨਾ ਕੋਇ ਉਠਾਈਆ । ਜਿਸ ਦੀ ਜਗਤ ਜੁਗ ਤਾਂਘੀ, ਆਸਾਂ ਵਿਚ ਲੋਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਜਿਸ ਦੇ ਹੁਕਮੇਂ ਅੰਦਰ ਬਾਂਦੀ, ਬੰਦਨਾ ਵਿਚ ਬੈਠੀ ਸੀਸ ਨਿਵਾਈਆ । ਉਸ ਦੀ ਖੇਲ ਸਦਾ ਧੁਰਾਂ ਦੀ, ਧੁਰ ਮਸਤਕ ਵੇਖ ਵਖਾਈਆ । ਕਲਜੁਗ ਕੂੜ ਕੁੜਿਆਰ ਝੱਖੜ ਆਂਧੀ, ਗੁਰਮੁਖਾਂ ਪੋਹ ਨਾ ਸਕੇ ਰਾਈਆ । ਇਕ ਦਰੋਪਤ ਕ੍ਰਿਸ਼ਨ ਬਿਨਾ ਪਤ ਜਾਂਦੀ, ਕ੍ਰਿਸ਼ਨ ਦਾ ਕਾਹਨ ਸਭ ਦਾ ਹੋਏ ਸਹਾਈਆ । ਆਤਮਾ ਰਹੇ ਨਾ ਕੋਈ ਥੱਕੀ ਮਾਂਦੀ, ਸਾਚਾ ਰੰਗ ਆਪ ਰੰਗਾਈਆ । ਜੋ ਤੂੰ ਮੇਰਾ ਮੈਂ ਤੇਰਾ ਢੋਲਾ ਗਾਂਦੀ, ਗਹਿਰ ਗੰਭੀਰ ਮਿਲ ਕੇ ਆਪਣਾ ਲੇਖਾ ਲਏ ਚੁਕਾਈਆ । ਮੰਜ਼ਲ ਵਿਚ ਬਣਨਾ ਪਏ ਨਾ ਪਾਂਧੀ, ਚੁਰਾਸੀ ਵਿਚ ਨਾ ਕੋਇ ਭਵਾਈਆ । ਅਗਨੀ ਤਪਣਾ ਪਏ ਨਾ ਕਾਇਆ ਹਾਂਡੀ, ਦੁੱਖ ਦਰਦ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਆਪ ਕਮਾਈਆ । ਸਤਿ ਕਹੇ ਮੈਂ ਧਰਮ ਦਾ ਵੇਖਾਂ ਦਰਵਾਜ਼ਾ, ਦਰੇ ਦਰਬਾਰ ਸੀਸ ਨਿਵਾਈਆ । ਦਰਬਾਨ ਹੋ ਕੇ ਮਾਰਾ ਵਾਜਾਂ, ਹੋਕਾ ਹਕ ਦ੍ਰਿੜਾਈਆ । ਮੇਲ ਮਿਲਾਵਾਂ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣੇ ਜੋੜ ਜੁੜਾਈਆ । ਦੀਨ ਦੁਨੀ ਦਾ ਬਦਲ ਕੇ ਸਮਾਜਾ, ਸਮਝ ਧੁਰ ਦੀ ਦਿਆਂ ਦ੍ਰਿੜਾਈਆ । ਜਿਥੇ ਆਤਮ ਪਰਮਾਤਮ ਦਾ ਹੋਵੇ ਕਾਜਾ, ਕਰਨੀ ਨਾਲ ਕਰਨੀ ਨਾ ਕੋਇ ਠੁਕਰਾਈਆ । ਨਾਮ ਦਾ ਬੇੜਾ ਮਿਲੇ ਜਹਾਜ਼ਾ, ਤਟ ਕਿਨਾਰੇ ਨਾ ਕੋਇ ਅਟਕਾਈਆ । ਗ੍ਰਿਹ ਵੇਖੇ ਪੁਰਖ ਸਮਰਾਥਾ, ਘਰ ਮੰਦਰ ਸੋਭਾ ਪਾਈਆ । ਜਿਥੇ ਆਦਿ ਅੰਤ ਦੀ ਇਕੋ ਗਾਥਾ, ਗੁਰ ਅਵਤਾਰ ਪੈਗ਼ੰਬਰ ਸਕਿਆ ਨਾ ਕੋਇ ਬਦਲਾਈਆ । ਸੋ ਖੇਲ ਕਰੇ ਤਮਾਸ਼ਾ, ਨਿਰਗੁਣ ਨਿਰਗੁਣ ਜੋਤ ਰੁਸ਼ਨਾਈਆ । ਮਨ ਬੁੱਧੀ ਦਾ ਸੰਸਾਰੀ ਹਾਸਾ, ਭਗਤਾਂ ਅੰਦਰ ਭਗਤੀ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਏ ਸਹਾਈ ਨਾਥ ਅਨਾਥਾਂ, ਦੀਨਨ ਆਪਣੇ ਰੰਗ ਰੰਗਾਈਆ ।

★ ੨ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਹਰਬੰਸ ਕੌਰ ਦੇ ਗ੍ਰਿਹਿ ਪਿੰਡ ਮਰੜ ਜ਼ਿਲਾ ਅੰਮ੍ਰਿਤਸਰ ★

ਸਤਿ ਧਰਮ ਕਹੇ ਮੈਨੂੰ ਮਾਰ ਅਗੰਮੀ ਆਵਾਜ਼, ਸ਼ਬਦੀ ਰਮਜ਼ ਨਾਲ ਉਠਾਈਆ । ਉਠ ਵੇਖ ਅਗਲਾ ਰਾਜ਼, ਰਾਜ਼ਕ ਰਹੀਮ ਰਿਹਾ ਸਮਝਾਈਆ । ਨਵੇਂ ਜੁਗ ਦੀ ਸਾਜਣ ਸਾਜ, ਭਗਤ ਸੁਹੇਲੇ ਲੈ ਪਰਗਟਾਈਆ । ਸਚ ਦਵਾਰ ਦਾ ਦੇ ਕੇ ਰਾਜ, ਰਈਅਤ ਇਕੋ ਲੈ ਬਣਾਈਆ । ਜਿਸ ਸਵਾਲ

ਦਾ ਜੁਗ ਚੌਕੜੀ ਦਿਤਾ ਨਹੀਂ ਕਿਸੇ ਜਵਾਬ, ਜਵਾਬਤਲਬੀ ਵਿਚ ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਓਸ ਦਾ ਮਾਲਕ ਬਣ ਕੇ ਆਪ, ਆਪ ਆਪਣੀ ਖੇਲ ਕਰਾਈਆ । ਸਿਫ਼ਤਾਂ ਵਾਲਾ ਛੱਡ ਕੇ ਜਾਪ, ਆਤਮ ਪਰਮਾਤਮ ਨਾਤਾ ਦਿਤਾ ਜੁੜਾਈਆ । ਬਿਨਾ ਆਤਮ ਪਰਮਾਤਮ ਤੋਂ ਸ੍ਰਿਸ਼ਟੀ ਦਾ ਬਣੇ ਕੋਈ ਨਾ ਸਾਕ, ਨਿਰਗੁਣ ਸਰਗੁਣ ਰੂਪ ਨਾ ਕੋਇ ਵਖਾਈਆ । ਬਿਨਾ ਪੁੱਤ ਤੋਂ ਸੋਹੇ ਕੋਈ ਨਾ ਬਾਪ, ਬਿਨਾ ਬਾਪ ਤੋਂ ਪੂਤ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਪਾਪ, ਸੰਤਾਪ ਦੂਰ ਦਏ ਕਰਾਈਆ । ਜਿਸ ਦਾ ਚਾਰ ਜੁਗ ਲੈਂਦੇ ਰਹੇ ਖ਼ਵਾਬ, ਖ਼ਾਹਸ਼ਾਂ ਅੰਦਰ ਧਿਆਨ ਲਗਾਈਆ । ਸੋ ਵੇਖੇ ਖੇਲ ਤਮਾਸ਼, ਅਖਾੜਾ ਦੋ ਜਹਾਨ ਲਗਾਈਆ । ਜਿਸ ਦਾ ਦੂਸਰਾ ਨਹੀਂ ਕੋਈ ਸਾਥ, ਇਕੋ ਵਾਹਦ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਦੱਸ ਕੇ ਆਪਣੀ ਗਾਥ, ਸੋਹੰ ਢੋਲਾ ਦਿਤਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਭਗਵਾਨ, ਲਹਿਣਾ ਦੇਣਾ ਵੇਖ ਪ੍ਰਿਥਮੀ ਆਕਾਸ਼, ਸ੍ਰਿਸ਼ਟੀ ਸਾਸ ਗਰਾਸ ਲੇਖਾ ਲੇਖੇ ਵਿਚੋਂ ਲਏ ਕਢਾਈਆ ।

ਜਨਮ ਤੋਂ ਅੱਗੇ ਦਿਤਾ ਤਿਲਕ, ਤਿਲਕਣਬਾਜ਼ੀ ਦਿਤੀ ਮੁਕਾਈਆ । ਪੱਕਾ ਕਰ ਕੇ ਇਸ਼ਟ, ਦ੍ਰਿਸ਼ਟ ਦਿਤੀ ਖੁਲ੍ਹਾਈਆ । ਬ੍ਰਾਹਮਣ ਅੱਗੇ ਕਦੇ ਕੋਈ ਨਾ ਜਾਵੇ ਖ਼ਿਸਕ, ਭਗਤਾਂ ਮਿਲ ਕੇ ਖ਼ੁਸ਼ੀ ਮਨਾਈਆ । ਪ੍ਰੇਮ ਪ੍ਰੀਤੀ ਦਾ ਰਹੇ ਸਿਦਕ, ਭਰੋਸਾ ਚਰਨ ਕਵਲ ਸਰਨਾਈਆ । ਸਭ ਦਾ ਲਹਿਣਾ ਰਾਮ ਵਸ਼ਿਸ਼ਟ, ਪੂਰਬ ਨਜ਼ਰੀ ਆਈਆ । ਨੌ ਜਨਮ ਦੀ ਪਿਛਲੀ ਪੂਰੀ ਕਰ ਕੇ ਲਿਖਤ, ਭਵਿਖਤ ਦਿਤਾ ਬਣਾਈਆ । ਖ਼ਾਰਜ ਕੀਤਾ ਵਿਚੋਂ ਓਸ ਲਿਸਟ, ਜਿਥੇ ਦਗ਼ਿਆਂ ਦੀ ਲੜਾਈਆ । ਵਿਕਾਰ ਕੀਤਾ ਨਿਸ਼ਟ, ਨਿਸਚਾ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਤਿਲਕ ਕਹੇ ਮੈਂ ਹੋਣ ਨਹੀਂ ਦੇਣੇ ਤਲਾਕ, ਨਾਤਾ ਅੱਗੇ ਨਾ ਕੋਇ ਤੁੜਾਈਆ । ਪੰਡਤ ਰਹਿਣ ਨਹੀਂ ਦੇਣਾ ਕੋਈ ਚਾਲਾਕ, ਅਧੀਨ ਭਗਤਾਂ ਦੇਣੇ ਬਣਾਈਆ । ਭਗਤਾਂ ਤੋਂ ਚਲੇ ਸਭ ਦੀ ਸ਼ਾਖ਼, ਸ਼ਨਾਖ਼ਤ ਕਰੇ ਬੇਪਰਵਾਹੀਆ । ਮਨ ਬੁੱਧੀ ਦੇ ਵੇਖਣੇ ਗੁਸਤਾਖ਼, ਝਗੜੇ ਤੱਕਣੇ ਜਗਤ ਲੋਕਾਈਆ । ਗੁਰਮੁਖਾਂ ਮਿਲਣਾ ਸਾਖਿਆਤ, ਸਚ ਕਰ ਰੁਸ਼ਨਾਈਆ । ਪੂਰਬ ਲਹਿਣਾ ਮੇਟਿਆ ਰਵਦਾਸ ਦੀ ਕਲਮ ਦਵਾਤ, ਪੰਧ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਹੋ ਸਹਾਈਆ । ਤਿਲਕ ਕਹੇ ਮੈਂ ਲਾ ਕਰ ਟਿੱਕਾ, ਟਿਕਾਣਾ ਧੁਰ ਦਾ ਦਿਤਾ ਵਖਾਈਆ । ਜਿਥੇ ਵਸੇ ਏਕੰਕਾਰ ਇੱਕਾ, ਅੱਗੇ ਇੱਕੀਆਂ ਨਾਲ ਵੱਜੇ ਵਧਾਈਆ । ਧੁਰ ਦਾ ਹੁਕਮ ਜਿਸ ਦਾ ਚਲੇ ਸਿੱਕਾ, ਸਿਰ ਸਕੇ ਨਾ ਕੋਇ ਉਠਾਈਆ । ਓਸ ਦਾ ਮੇਟੇ ਕੋਈ ਨਾ ਲਿਖਾ, ਲਿਖਤਾਂ ਦੇਣ ਗਵਾਹੀਆ । ਸਭ ਤੋਂ ਵੱਡਾ ਮਾਣ ਗੁਰਸਿਖਾਂ, ਗੁਰ ਕੀ ਰੀਤੀ ਜਣਾਈਆ । ਅੰਤਰ ਭਾਈ ਜਗਤ ਜਹਾਨ ਵਖਾ ਕੇ ਮਿਥਾ, ਮਿਥਿਆ ਦੱਸੇ ਸ੍ਰਿਸ਼ਟ ਸਬਾਈਆ । ਜਨਮ ਮਰਨ ਦਾ ਹੁਕਮੇਂ ਅੰਦਰ ਰੱਖ ਕੇ ਚਿੱਠਾ, ਦੂਜੇ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਵਾਂ ਜਨਮਾਂ ਦੇ ਕਰਮ ਕੁਕਰਮ ਦਾ ਕੱਢ ਕੇ ਸਿੱਟਾ, ਅੱਗੇ ਭਗਤਾਂ ਨਾਲ ਮਿਲਾ ਕੇ ਬਿਨ ਭਗਤੀ ਪਾਰ ਕਰਾਈਆ ।

## ★ ੨ ਕੱਤਕ ਸ਼ਹਿਨਸ਼ਾਹੀ ਸੰਮਤ ੨ ਗੁਰਦਿਆਲ ਸਿੰਘ ਦੇ ਗ੍ਰਿਹ ਪਿੰਡ ਮੂਧਲ ਜ਼ਿਲਾ ਅੰਮ੍ਰਿਤਸਰ ★

ਸੱਚ ਵਿਸਥਾਰ ਉਤੇ ਕਦੇ ਨਾ ਸ਼ੰਕਾ, ਪੁਰਖ ਅਕਾਲ ਢੋਲੇ ਸਰਬ ਗਾਈਆ । ਜਿਸ ਦਾ ਸਚਖੰਡ ਦਵਾਰਾ ਸੋਹੇ ਇਕੋ ਬੰਕਾ, ਦਰਗਾਹ ਸਾਚੀ ਮੁਕਾਮੇ ਹਕ ਹਕ ਵੱਜੇ ਵਧਾਈਆ । ਜਿਸ ਦਾ ਖੇਲ ਆਦਿ ਜੁਗਾਦਿ ਜੁਗਾ ਜੁਗੰਤਾ, ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਬਣਾਏ ਆਪਣੀ ਬਣਤਾ, ਧੁਰ ਦਾ ਮਾਲਕ ਖ਼ਾਲਕ ਬੇਪਰਵਾਹੀਆ । ਭੇਵ ਅਭੇਦਾ ਅਛਲ ਅਛੇਦਾ ਖੋਲ੍ਹੇ ਸਾਚੇ ਸੰਤਾ, ਭਗਤ ਸੁਹੇਲਾ ਪੜਦਾ ਦਏ ਚੁਕਾਈਆ । ਆਤਮ ਪਰਮਾਤਮ ਮੇਲ ਮਿਲਾਏ ਨਾਰ ਕੰਤਾ, ਕੰਤ ਕੰਤੂਹਲ ਆਪਣੇ ਹੱਥ ਰੱਖੇ ਵਡਿਆਈਆ । ਸਦੀ ਚੌਧਵੀਂ ਗੁਰ ਅਵਤਾਰ ਪੈਗ਼ੰਬਰ ਸਤਿ ਧਰਮ ਪੁਰਖ ਅਕਾਲ ਦੀਨ ਦਿਆਲ ਤੇਰੇ ਦਰ ਦਾ ਹੋਇਆ ਮੰਗਤਾ, ਆਪਣੀ ਝੋਲੀ ਅੱਗੇ ਡਾਹੀਆ । ਕਲਜੁਗ ਕੂੜੀ ਕਿਰਿਆ ਗੜ੍ਹ ਤੋੜ ਹਉਮੇ ਹੰਗਤਾ, ਹੰ ਬ੍ਰਹਮ ਸਰਬ ਦੇ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਆਪਣੀ ਚਰਨ ਕਵਲ ਦੱਸ ਸਾਚੀ ਸਿੰਮਤਾ, ਉੱਤਰ ਪੂਰਬ ਪੱਛਮ ਦੱਖਣ ਝਗੜਾ ਰਹੇ ਨਾ ਰਾਈਆ । ਬਿਬੇਕ ਬੁੱਧੀ ਦੇ ਮੂਰਖ ਮੂੜ੍ਹ ਅੰਞਾਣ ਨਿੰਦਕਾ, ਰਸਨਾ ਜਿਹਵਾ ਬੱਤੀ ਦੰਦ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਹੁਕਮ ਵਰਤਾਈਆ । ਸ਼ੰਕਾ ਕਹੇ ਮੇਰੀ ਜੁਗ ਜੁਗ ਸ਼ਕਾਇਤ, ਅਬਿਨਾਸ਼ੀ ਕਰਤੇ ਸਦਾ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਸਚ ਪ੍ਰੀਤੀ ਸਭ ਨੂੰ ਦੇ ਅਨਾਇਤ, ਬਖ਼ਸ਼ਿਸ਼ ਵਿਚ ਰਹਿਮਤ ਝੋਲੀ ਪਾਈਆ । ਜਨ ਭਗਤਾਂ ਸਾਚੇ ਸੰਤਾਂ ਸਦਾ ਕਰ ਹਮਾਇਤ, ਹਮਸਾਜਨ ਹੋ ਕੇ ਆਪਣਾ ਮੇਲ ਮਿਲਾਈਆ । ਧੁਰ ਫ਼ਰਮਾਨ ਸਾਚੇ ਹੁਕਮ ਦੀ ਦੇ ਹਦਾਇਤ, ਨਿਰਅੱਖਰ ਕਰ ਪੜ੍ਹਾਈਆ । ਕੋਟਾਂ ਵਿਚੋਂ ਸੰਤ ਸੁਹੇਲੇ ਗੁਰਮੁਖ ਸੱਜਣ ਵੇਖ ਲਾਇਕ, ਲਿਆਕਤ ਵਿਚ ਸਦਾਕਤ ਦੇ ਬਣਾਈਆ । ਸਚ ਦਵਾਰ ਏਕੰਕਾਰ ਨਿਰਗੁਣ ਧਾਰ ਪੁਰਖ ਅਬਿਨਾਸ਼ੀ ਕਰ ਰਹਾਇਸ਼, ਹਰਿਜਨ ਆਪਣੇ ਘਰ ਵਸਾਈਆ । ਦੀਨਾਂ ਬੰਧਪ ਦੀਨ ਦਿਆਲ ਤੇਰੀ ਕਰ ਨਾ ਸਕੇ ਕੋਇ ਅਜ਼ਮਾਇਸ਼, ਬੇਪਰਵਾਹ ਬੇਅੰਤ ਤੇਰਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਤਿ ਸਤਿਵਾਦੀ ਇਕੋ ਆਸ ਰਖਾਈਆ । ਸ਼ੰਕਾ ਕਹੇ ਮੈਂ ਉਚੀ ਕੂਕ ਦੇਵਾਂ ਹੋਕਾ, ਹੁਕਮ ਧੁਰ ਦਾ ਜਗਤ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਦਾ ਗਾਓ ਇਕ ਸਲੋਕਾ, ਸੋ ਪੁਰਖ ਨਿਰੰਜਣ ਸਭ ਦਾ ਪਿਤਾ ਮਾਈਆ । ਹਰਿ ਪੁਰਖ ਨਿਰੰਜਣ ਨਾਲ ਮਿਲਣ ਦਾ ਮਾਨਸ ਜਨਮ ਮੌਕਾ, ਏਕੰਕਾਰ ਗ੍ਰਿਹ ਮੰਦਰ ਘਰ ਮਿਲ ਕੇ ਵੱਜੇ ਵਧਾਈਆ । ਆਦਿ ਨਿਰੰਜਣ ਪਰਕਾਸ਼ ਕਰੋ ਨਿਰਮਲ ਜੋਤਾ, ਜੋਤੀ ਜੋਤ ਡਗਮਗਾਈਆ । ਅਬਿਨਾਸ਼ੀ ਕਰਤਾ ਕਾਇਆ ਕਾਅਬਾ ਹਕ ਮੰਦਰ ਵਖਾਏ ਅਗੰਮੀ ਕੋਠਾ, ਜਗਤ ਦਵਾਰੇ ਲੇਖਾ ਦਏ ਮੁਕਾਈਆ । ਸ੍ਰੀ ਭਗਵਾਨ ਮਿਹਰਵਾਨ ਦਇਆਵਾਨ ਬੁੱਧੀ ਵਾਲੀ ਬਦਲ ਕੇ ਸੋਚਾ, ਸਮਝ ਸ਼ਬਦ ਇਸ਼ਾਰੇ ਨਾਲ ਬਦਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਪਰਮਾਤਮ ਮਾਰਗ ਦੱਸੇ ਸੌਖਾ, ਔਖਾ ਰਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਪੁਰਖ ਅਕਾਲ ਆਦਿ ਜੁਗਾਦੀ ਦੀਨ ਦਿਆਲ ਦਇਆਨਿਧ ਠਾਕਰ ਠੇਕਰ ਆਪਣਾ ਨਾਮ ਲਗਾਈਆ । ਸ਼ੰਕਾ ਕਹੇ ਮੇਰੀ ਕਰੇ ਨਾ ਕੋਇ ਸ਼ਨਾਖ਼ਤ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਬਿਨਾ ਪੁਰਖ ਅਕਾਲ


੬੫
੨੦

ਤੋਂ ਦੂਜੀ ਨਹੀਂ ਕੋਈ ਇਬਾਦਤ, ਬਿਨਾ ਜਗਦੀਸ਼ ਸੀਸ ਨਾ ਕਿਸੇ ਝੁਕਾਈਆ । ਬਿਨ ਸਾਚੇ ਨਾਮ ਨਹੀਂ ਰਫ਼ਾਕਤ, ਬਗ਼ਲਗੀਰ ਨਜ਼ਰ ਕੋਇ ਨਾ ਆਈਆ । ਹਰਿ ਕਾ ਨਾਮ ਧੁਰ ਦੀ ਨਿਆਮਤ, ਰਸੀਆ ਰਸ ਦਏ ਚਖਾਈਆ । ਜਨ ਭਗਤਾਂ ਪੋਹ ਨਾ ਸਕੇ ਕਦੇ ਕਿਆਮਤ, ਕਦੀਮ ਦੀ ਰੀਤੀ ਲੋਕਮਾਤ ਚਲੀ ਆਈਆ । ਸਤਿਗੁਰ ਸ਼ਬਦ ਏਥੇ ਓਥੇ ਦੋ ਜਹਾਨਾਂ ਦਏ ਜ਼ਮਾਨਤ, ਲੱਖ ਚੁਰਾਸੀ ਵਿਚੋਂ ਬਰੀ ਲਏ ਕਰਾਈਆ । ਪੁਰਖ ਅਕਾਲ ਸਮਰਥ ਪਰਵਰਦਿਗਾਰ ਸਾਂਝਾ ਯਾਰ ਸਦਾ ਸਹੀ ਸਲਾਮਤ, ਅਲਾਮਤ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸ਼ੰਕਾ ਕਹੇ ਪੁਰਖ ਅਕਾਲ ਉਤੇ ਹੋਵੇ ਕੀ ਸ਼ਕ, ਸ਼ਿਕਵਾ ਨਜ਼ਰ ਕੋਇ ਨਾ ਆਈਆ । ਜੋ ਮਾਲਕ ਹਕ਼ੀਕਤ ਹਕ, ਹੁਕਮ ਧੁਰ ਦਾ ਦਏ ਸਮਝਾਈਆ । ਜਿਸ ਨੂੰ ਕਥਨੀ ਸਕੇ ਨਾ ਕੋਇ ਕੱਥ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੁਰ ਅਵਤਾਰ ਪੈਗ਼ੰਬਰ ਬੇਅੰਤ ਕਹਿ ਕੇ ਸ਼ੁਕਰ ਮਨਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦਾ ਮਾਰਗ ਅਗੰਮਾ ਦੱਸ, ਦਹਿ ਦਿਸ਼ਾ ਚਾਰ ਕੁੰਟ ਚਾਰ ਵਰਨ ਅਠਾਰਾਂ ਬਰਨ ਇਕੋ ਕਰੇ ਪੜ੍ਹਾਈਆ । ਜਨ ਭਗਤਾਂ ਨਿਰਗੁਣ ਸਰਗੁਣ ਧਾਰ ਮੇਲਾ ਹੱਸ ਹੱਸ, ਹਸਤੀ ਵਿਚ ਮਸਤੀ ਦਏ ਚੜ੍ਹਾਈਆ । ਜਿਨ੍ਹਾਂ ਦੀ ਖੋਲ੍ਹੇ ਅੰਦਰੋਂ ਅੱਖ, ਨਜ਼ਰੀ ਆਏ ਆਪ ਪ੍ਰਤੱਖ, ਸ਼ੰਕਿਆਂ ਵਿਚੋਂ ਕੱਢ ਕੇ ਵੱਖ, ਮੇਲਾ ਮਿਲਾ ਕੇ ਨਾਮ ਸਚ, ਭਾਗ ਲਗਾ ਕੇ ਕਾਇਆ ਮਾਟੀ ਕੱਚ, ਸਾਢੇ ਤਿੰਨ ਕਰੋੜ ਲੂੰ ਲੂੰ ਅੰਦਰ ਰਚ, ਰਚਨਾ ਆਪਣੀ ਦਏ ਵਖਾਈਆ ।



੬੬ ੨੦

★ ੨ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਕੌਰ ਦੇ ਗ੍ਰਿਹ ਪਿੰਡ ਮੂਧਲ ਜ਼ਿਲਾ ਅੰਮ੍ਰਿਤਸਰ ★

ਸਤਿ ਕਹੇ ਪ੍ਰਭ ਸਚ ਕਰ ਪਰਕਾਸ਼, ਅੰਧ ਅੰਧੇਰਾ ਦੇ ਗਵਾਈਆ । ਤੇਰੇ ਪ੍ਰੇਮ ਵਿਚ ਹੋਵਣ ਸਾਰੇ ਦਾਸ, ਖ਼ੁਦੀ ਵਿਚ ਰਹਿਣ ਕੋਇ ਨਾ ਪਾਈਆ । ਢੋਲਾ ਗਾਵਣ ਸਵਾਸ ਸਵਾਸ, ਨਾਮ ਨਿਰੰਤਰ ਦੇਣਾ ਦ੍ਰਿੜਾਈਆ । ਲੇਖੇ ਲਾਉਣਾ ਹੱਡ ਮਾਸ, ਨਾੜੀ ਨਾੜੀ ਕਰ ਰੁਸ਼ਨਾਈਆ । ਮਾਨਸ ਜਨਮ ਆਵੇ ਰਾਸ, ਲੇਖਾ ਚੁਰਾਸੀ ਦੇਣਾ ਮੁਕਾਈਆ । ਪਰਮਾਤਮ ਹੋ ਕੇ ਆਤਮ ਵਸਣਾ ਸਾਥ, ਸਗਲਾ ਸੰਗ ਬਣਾਈਆ । ਚਰਨ ਕਵਲ ਦੇ ਸਹਾਰਾ ਅਨਾਥਾਂ ਨਾਥ, ਦੀਨਨ ਆਪਣੀ ਗੋਦ ਟਿਕਾਈਆ । ਤੂੰ ਸਾਹਿਬ ਸਵਾਮੀ ਸਦਾ ਸਮਰਾਥ, ਦੇਵਣਹਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਗੁਰਮੁਖ ਤੇਰਾ ਗਾਵਣ ਜਸ, ਧੁਰ ਦਾ ਨਾਮ ਨਿਰੰਕਾਰਾ ਇਕੋ ਗਾਈਆ ।

★ ੨ ਕੱਤਕ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਓਟ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਜੁਗ ਚੌਕੜੀ ਲੋਕਮਾਤ ਬੀਤੇ ਕੋਟੀ ਕੋਟ, ਨਿਤ ਨਵਿਤ ਤੇਰਾ ਖੇਲ ਬੇਪਰਵਾਹੀਆ । ਸਚ ਪਰਕਾਸ਼ ਬਿਨ ਤੇਰੇ ਦੂਸਰ ਹੋਏ ਨਾ ਨਿਰਮਲ ਜੋਤ, ਜੋਤੀ ਜਾਤੇ ਤੇਰਾ ਨੂਰ ਨਜ਼ਰ ਕਿਸੇ

ਨਾ ਆਈਆ । ਬਿਨ ਤੇਰੇ ਨਾਮ ਸਾਚਾ ਦਿਸੇ ਨਾ ਕੋਇ ਸਲੋਕ, ਸੋਹਲਾ ਢੋਲਾ ਰਾਗ ਅਨਾਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਆਸ ਤਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਕਰਤਾਰ, ਕੁਦਰਤ ਕਾਦਰ ਤੇਰੀ ਨਜ਼ਰੀ ਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਲੋਕਮਾਤ ਥਿਰ ਰਹਿਣ ਕੋਇ ਨਾ ਪਾਈਆ । ਭਵਿਖਤਾਂ ਵਿਚ ਤੇਰਾ ਕਰਦੇ ਆਏ ਇਜ਼ਹਾਰ, ਸੋਹਲੇ ਢੋਲੇ ਰਾਗਾਂ ਨਾਦਾਂ ਵਿਚ ਸ਼ਨਵਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਨਿਗਾਹਬਾਨ ਹੋ ਕੇ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਸ਼ੈਤਾਨ, ਸ਼ਰਅ ਵਿਚ ਕਰੇ ਲੜਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਆਲਮ ਇਲਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਰ ਤੇਰੇ ਬਣੇ ਭਿਖਾਰੀ, ਭਿੱਖਕ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਨਿਰਵੈਰ ਨਰ ਨਰਾਇਣ ਨਿਰੰਕਾਰੀ, ਨਿਰਾਧਾਰ ਤੇਰਾ ਨੂਰ ਨਜ਼ਰੀ ਆਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੇ ਸਿਕਦਾਰੀ, ਭੂਪਤ ਭੂਪ ਤੇਰੇ ਹੱਥ ਵੱਡੀ ਵਡਿਆਈਆ । ਦੋ ਜਹਾਨਾਂ ਕਰ ਖ਼ਬਰਦਾਰੀ, ਬੇਖ਼ਬਰਾਂ ਖ਼ਬਰ ਪੁਚਾਈਆ । ਨਿਰਗੁਣ ਨੂਰ ਕਰ ਉਜਿਆਰੀ, ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਧੁਰ ਦਾ ਦੇਣਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗ਼ਰੀਬ ਨਿਵਾਜ਼, ਨਵਾਜ਼ਸ਼ ਵਿਚ ਸੀਸ ਝੁਕਾਈਆ । ਜੁਗ ਚੌਕੜੀ ਕਰਦੇ ਆਏ ਆਦਾਬ, ਅਦਬ ਨਾਲ ਕਦਮਬੋਸੀ ਕਰ ਕੇ ਖ਼ੁਸ਼ੀ ਮਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਚਰਨ ਕਵਲ ਸਰਨਾਈ ਗਏ ਲਾਗ, ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਦਰ ਦਵਾਰੇ ਠਾਂਡੇ ਮਾਰ ਆਵਾਜ਼, ਬੇਨੰਤੀ ਦਿਤੀ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲੱਗੀ ਆਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਦੀ ਚੌਧਵੀਂ ਸਾਡਾ ਪੂਰਾ ਹੋਇਆ ਰਾਜ, ਰਈਅਤ ਰਹਿਣ ਕੋਇ ਨਾ ਪਾਈਆ । ਕਿਰਪਾ ਕਰ ਪੁਰਖ ਅਕਾਲ ਦੀਨ ਦਿਆਲ ਤੇਰਾ ਖੇਲ ਸਦਾ ਆਦਿ, ਜੁਗਾਦਿ ਤੇਰੇ ਹੱਥ ਵਡਿਆਈਆ । ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਵਜਾ ਅਗੰਮੀ ਨਾਦ, ਨੌਬਤ ਹਕ ਦੇ ਸੁਣਾਈਆ । ਕੂੜੀ ਕਿਰਿਆ ਕਾਇਨਾਤ ਕਰ ਬਰਬਾਦ, ਸਾਚਾ ਨਾਮ ਇਕ ਸਮਝਾਈਆ । ਸਤਿ ਧਰਮ ਸਤਿਜੁਗ ਸਾਚਾ ਕਰ ਆਬਾਦ, ਦੀਨ ਦੁਨੀ ਰਹੇ ਨਾ ਕੋਇ ਲੜਾਈਆ । ਸ਼ਰਅ ਵਿਚ ਹੋਵੇ ਨਾ ਕੋਇ ਫ਼ਸਾਦ, ਮਨ ਕਾ ਮਣਕਾ ਦੇ ਭਵਾਈਆ । ਹੰਸ ਬੁੱਧੀ ਰਹੇ ਨਾ ਕੋਈ ਕਾਗ, ਕਾਗੋਂ ਹੰਸ ਦੇ ਉਡਾਈਆ । ਦੀਪਕ ਜੋਤ ਜਗਾ ਚਿਰਾਗ਼, ਘਰ ਘਰ ਆਪਣਾ ਨੂਰ ਕਰ ਰੁਸ਼ਨਾਈਆ । ਜਗਤ ਰੀਤੀ ਬਿਨ ਮੰਦਰ ਮਸੀਤੀ ਬਦਲ ਦੇ ਸਮਾਜ, ਸਮੇਂ ਦੇ ਮਾਲਕ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਆਖ, ਆਖ਼ਰ ਧਿਆਨ ਲਗਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਦੇ ਵਡਿਆਈਆ । ਸਗਲੀ ਸ੍ਰਿਸ਼ਟ ਦ੍ਰਿਸ਼ਟ ਕਰ ਰਹਿਰਾਸ, ਰਹਿਮਤ ਨਾਲ ਤਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਜਾਪ, ਜਗਜੀਵਣ ਦਾਤੇ ਦੇ ਸਮਝਾਈਆ । ਕੋਟ ਜਨਮ ਦੇ ਪੂਰਬ ਮੇਟ ਪਾਪ, ਪਵਿਤ੍ਰ ਖ਼ਾਕੀ ਮਾਟੀ ਤਨ ਵਜੂਦ ਦੇ ਬਣਾਈਆ । ਸਾਚੇ ਭਗਤਾਂ ਧੁਰ ਦਾ ਸੱਜਣ ਬਣ ਸਾਕ, ਸਾਖਿਆਤ ਹੋ

ਕੇ ਨਜ਼ਰੀ ਆਈਆ । ਦਰ ਠਾਂਡੇ ਦੱਸੀਏ ਅੰਤ ਅੰਤ ਹਾਲਾਤ, ਹਾਲਤ ਬਦਲੀ ਸਰਬ ਲੋਕਾਈਆ । ਬਿਨ ਤੇਰੇ ਹੁਕਮ ਕਲਜੁਗ ਕੂੜੀ ਕਿਰਿਆ ਕਦੇ ਨਾ ਪਾਏ ਵਫ਼ਾਤ, ਹਯਾਤੀ ਵਿਚੋਂ ਜ਼ਿੰਦਗੀ ਨਾ ਕੋਇ ਬਦਲਾਈਆ । ਫਿਰੀ ਦਰੋਹੀ ਕਾਇਨਾਤ, ਚਾਰ ਕੁੰਟ ਹਲਕਾਈਆ । ਨਿਰਗੁਣ ਵੇਖ ਅੰਧੇਰੀ ਰਾਤ, ਸਾਚਾ ਚੰਦ ਨੂਰ ਨਾ ਕੋਇ ਚਮਕਾਈਆ । ਸ਼ਬਦ ਅਗੰਮੀ ਸੁਣੇ ਨਾ ਕੋਇ ਆਵਾਜ਼, ਧੁਰ ਸੰਦੇਸ਼ਾ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕੱਠੇ ਹੋ ਕੇ ਕਹਿਣ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਦਰ ਦਵਾਰੇ ਭਿਛਿਆ ਸਾਚੀ ਆਏ ਲੈਣ, ਲਹਿਣਾ ਦੇਣਾ ਝੋਲੀ ਦੇ ਭਰਾਈਆ । ਨੁਕਤਾ ਰਹੇ ਨਾ ਐਨ ਗ਼ੈਨ, ਬਿਨ ਅੱਖਰਾਂ ਅੱਖਰ ਸਭ ਨੂੰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਦੱਸ ਆਪ, ਪ੍ਰਭ ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਇਕੋ ਹੋਵੇ ਜਾਪ, ਜਗਜੀਵਣ ਦਾਤੇ ਦੇਣਾ ਜਣਾਈਆ । ਰੂਹ ਬੁਤ ਦੋਵੇਂ ਕਰਨੇ ਪਾਕ, ਪਤਤ ਪੁਨੀਤ ਦੇਣੇ ਬਣਾਈਆ । ਨਜ਼ਰੀ ਆਉਣਾ ਸਾਖਿਆਤ, ਸਨਮੁਖ ਹੋ ਕੇ ਸੋਭਾ ਪਾਈਆ । ਚਾਰ ਵਰਨ ਦਿਸੇ ਇਕ ਜਮਾਤ, ਦੂਜਾ ਰੂਪ ਨਾ ਕੋਇ ਬਦਲਾਈਆ । ਤੇਰੀ ਸਿਫ਼ਤ ਮਹਿੰਮਾ ਦੱਸੇ ਨਾ ਕੋਇ ਲੁਗ਼ਾਤ, ਅੱਖਰਾਂ ਵਿਚ ਨਾ ਵਡ ਵਡਿਆਈਆ । ਤੂੰ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਦੀ ਝੋਲੀ ਦੇ ਦੇ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਆਤਮ ਪਰਮਾਤਮ ਸਾਂਝੀ ਕਰ ਦੇ ਗਾਥ, ਵੱਖਰਾ ਰਹਿਣ ਕੋਇ ਨਾ ਪਾਈਆ । ਮਨ ਵਾਸਨਾ ਝਗੜਾ ਰਹੇ ਨਾ ਖ਼ਾਹਿਸ਼, ਖ਼ਸੂਸੀਅਤ ਆਪਣੀ ਦੇ ਸਮਝਾਈਆ । ਪਾਰਬ੍ਰਹਮ ਬ੍ਰਹਮ ਤੇਰਾ ਹੋਏ ਵਿਸ਼ਵਾਸ, ਕੂੜ ਵਿਸ਼ਿਆਂ ਤੋਂ ਲੈਣਾ ਬਾਹਰ ਕਢਾਈਆ । ਦੋ ਜਹਾਨਾਂ ਮੰਡਲ ਮੰਡਪ ਤੇਰੀ ਪੈਂਦੀ ਵੇਖੀਏ ਰਾਸ, ਲੱਖ ਚੁਰਾਸੀ ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਤੇਰੇ ਉਪਰ ਪਰਮ ਪੁਰਖ ਸਭ ਨੂੰ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕ ਖੁਲ੍ਹਾਈਆ । ਧਰਮ ਦਵਾਰ ਅਗੰਮਾ ਖੋਲ੍ਹ ਦੇ, ਕਰ ਕਿਰਪਾ ਸ੍ਰੀ ਭਗਵਾਨ । ਨਾਮ ਜੈਕਾਰਾ ਏਕਾ ਬੋਲ ਦੇ, ਗਾ ਗਾ ਖ਼ੁਸ਼ੀ ਹੋਵਣ ਦੋ ਜਹਾਨ । ਸਾਚੇ ਕੰਡੇ ਸਭ ਨੂੰ ਤੋਲ ਦੇ, ਤੋਲਣਹਾਰੇ ਨੌਜਵਾਨ । ਲੱਖ ਚੁਰਾਸੀ ਕੂੜ ਵਰੋਲ ਦੇ, ਸਤਿ ਸਚ ਕਰ ਪਹਿਚਾਨ । ਸਾਚਾ ਨਾਮ ਇਕ ਅਨਮੋਲ ਦੇ, ਅਨਮੁਲੜੀ ਵਸਤ ਕਰ ਪਰਧਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ੍ਰਿਸ਼ਟ ਸਬਾਈ ਹੋਣਾ ਮਿਹਰਵਾਨ । ਸ੍ਰਿਸ਼ਟ ਸਬਾਈ ਵੇਖ ਆਪ, ਹਰਿ ਆਪਣੀ ਦਇਆ ਕਮਾਈਆ । ਕੂੜੀ ਕਿਰਿਆ ਮੇਟ ਪਾਪ, ਪਤਤ ਪੁਨੀਤ ਦੇ ਬਣਾਈਆ । ਜੋ ਭਵਿਖਤਾਂ ਵਿਚ ਆਏ ਆਖ, ਅੰਤਮ ਪੂਰਾ ਦੇ ਕਰਾਈਆ । ਹਉਂ ਬਾਲਕ ਨੱਢੇ ਸੇਵਕ ਤੇਰੇ ਦਾਸ, ਨਿਉਂ ਨਿਉਂ ਸੀਸ ਝੁਕਾਈਆ । ਹੁਕਮੇ ਅੰਦਰ ਨਿਰਗੁਣ ਸਰਗੁਣ ਖੇਲ ਕਰ ਕੇ ਆਏ ਤੇਰੇ ਪਾਸ, ਸਚਖੰਡ ਦਵਾਰੇ ਚਰਨ ਕਵਲ ਮਿਲੀ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਗੁਣ ਤੇਰਾ ਮੰਗਦੇ ਸਾਥ, ਸਗਲਾ ਸੰਗ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਮੇਟ ਅੰਧੇਰੀ ਰਾਤ, ਰੁਤੜੀ ਆਪਣੇ ਰੰਗ ਰੰਗਾਈਆ । ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਜੋੜ ਸ਼ਬਦੀ ਧਾਰ ਨਾਤ, ਰਿਸ਼ਤਾ ਫ਼ਰਿਸ਼ਤਿਆਂ ਤੋਂ ਪਰੇ ਆਪਣਾ ਲੈਣਾ ਬਣਾਈਆ ।

ਪੂਰਾ ਕਰ ਅਗੰਮਾ ਵਾਕ, ਵਾਕਫ਼ਕਾਰ ਹੋ ਕੇ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਅਰਦਾਸ, ਬੇਨੰਤੀ ਇਕ ਜਣਾਈਆ । ਸਭ ਦੀ ਪੂਰੀ ਕਰ ਦੇ ਖ਼ਾਹਸ਼, ਖ਼ਾਲਸ ਹੋ ਕੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਠਾਂਡੇ ਦਰੇ ਦਰਬਾਰ ਦੇਣਾ ਦਾਨ, ਦਾਤੇ ਦਾਤਾਰ ਦਰ ਤੇਰੇ ਆਸ ਰਖਾਈਆ ।

## ★ ੩ ਕੱਤਕ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ ਵੇਰਕਾ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਸ਼ਬਦ ਕਹੇ ਮੇਰਾ ਗੁਰਮੁਖਾਂ ਨਾਲ ਨਾਤਾ, ਨਾਤਵਾਂ ਰੂਪ ਨਾ ਕੋਇ ਬਦਲਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਦੇਂਦਾ ਆਇਆ ਸਾਥਾ, ਸਗਲਾ ਸੰਗ ਧਰਨੀ ਧਰਤ ਧਵਲ ਉਪਰ ਵਖਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਦੱਸਦਾ ਆਇਆ ਅਗੰਮੀ ਗਾਥਾ, ਬਿਨ ਮੇਰੀ ਕਿਰਪਾ ਜਗਤ ਚਲੇ ਨਾ ਕੋਇ ਵਡਿਆਈਆ । ਸਚ ਦਵਾਰ ਏਕੰਕਾਰ ਭੇਵ ਖੋਲ੍ਹਦਾ ਰਿਹਾ ਪੁਰਖ ਸਮਰਾਥਾ, ਬਿਨ ਸਤਿਗੁਰ ਸ਼ਬਦ ਪੜਦਾ ਓਹਲਾ ਨਾ ਕੋਇ ਉਠਾਈਆ । ਸਿਫ਼ਤੀ ਸਿਫ਼ਤ ਜਣਾਉਂਦਾ ਰਿਹਾ ਲਿਖਾਉਂਦਾ ਰਿਹਾ ਨਾਲ ਕਲਮ ਦਵਾਤਾ, ਸਿਆਹੀ ਨਾਲ ਸ਼ਹਿਨਸ਼ਾਹ ਵਡਿਆਈਆ । ਸੰਤ ਸੁਹੇਲਿਆਂ ਸਦਾ ਬਣਦਾ ਰਿਹਾ ਰਾਖਾ, ਜਨ ਭਗਤਾਂ ਯਾਚਕ ਹੋ ਕੇ ਸੇਵ ਕਮਾਈਆ । ਜੁਗ ਚੌਕੜੀ ਸਭ ਦੀਆਂ ਪੂਰੀਆਂ ਕਰਦਾ ਰਿਹਾ ਆਸਾਂ, ਜੋ ਨਿਰਗੁਣ ਨਿਰਵੈਰ ਨਿਰੰਕਾਰ ਉਪਰ ਓਟ ਤਕਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪਾਉਂਦਾ ਰਿਹਾ ਰਾਸਾਂ, ਗੋਪੀ ਕਾਹਨ ਆਪਣੀ ਧਾਰ ਚਲਾਈਆ । ਦੀਨ ਮਜ਼੍ਹਬ ਜਾਤ ਪਾਤ ਵਰਨ ਗੋਤ ਬਣਾਉਂਦਾ ਰਿਹਾ ਜਾਤਾਂ, ਹੁਕਮੇ ਅੰਦਰ ਆਪਣਾ ਹੁਕਮ ਜਣਾਈਆ । ਪੁਰਖ ਅਕਾਲ ਦੀਨ ਦਿਆਲ ਸ੍ਰੀ ਭਗਵਾਨ ਦਾ ਮੰਨਦਾ ਰਿਹਾ ਆਖਾ, ਹੁਕਮੇ ਅੰਦਰ ਭੱਜਾ ਵਾਹੋ ਦਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਤੋਂ ਵੱਖਰਾ ਦੱਸਿਆ ਸਾਕਾ, ਸਾਖਿਆਤ ਹੋ ਕੇ ਆਪ ਸਮਝਾਈਆ । ਨੌਂ ਸਤ ਬਿਨ ਸਾਹਿਬ ਸਮਰਥ ਦੂਜਾ ਰਹੇ ਕੋਈ ਨਾ ਆਕਾ, ਮਾਲਕ ਸਭ ਦਾ ਇਕੋ ਬੇਪਰਵਾਹੀਆ । ਦੀਨ ਦੁਨੀ ਬਿਨ ਸਚ ਵਪਾਰ ਸਭ ਨੂੰ ਦਿਸੇ ਘਾਟਾ, ਸਤਿਗੁਰ ਸ਼ਬਦ ਕਹੇ ਮੇਰਾ ਵਣਜ ਕਰਨ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਬਿਨ ਮੇਰੀ ਕਿਰਪਾ, ਕਿਰਪਨ ਪਾਰ ਨਾ ਕੋਇ ਕਰਾਈਆ । ਦੀਨ ਦੁਨੀ ਦੀ ਕਟੇ ਕੋਈ ਨਾ ਬਿਪਤਾ, ਚਾਰ ਜੁਗ ਦੇਣ ਗਵਾਹੀਆ । ਸਾਚਾ ਰੂਪ ਧਰੇ ਨਾ ਕੋਇ ਸਿੱਖ ਦਾ, ਸਿਖਿਆ ਸਚ ਨਾ ਕੋਇ ਸਮਝਾਈਆ । ਮੇਰੀ ਧਾਰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਾਣੀ ਬੋਧ ਕੋਈ ਨਾ ਲਿਖਦਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਮੇਰੇ ਬਿਨਾ ਕਿਸੇ ਨਹੀਂ ਦਿਸਦਾ, ਸਾਖਿਆਤ ਨਜ਼ਰ ਕਿਸੇ ਨਾ ਆਈਆ । ਮੇਰੇ ਕੋਲ ਭੰਡਾਰਾ, ਸਤਿਗੁਰ ਸ਼ਬਦ ਕਹੇ, ਪੁਰਖ ਅਕਾਲ ਦੇ ਜਸ ਦਾ, ਜੁਗ ਚੌਕੜੀ ਸਦ ਵਰਤਾਈਆ । ਬਾਕੀ ਲਹਿਣਾ ਦੇਣਾ ਕਿਸੇ ਦਾ ਨਹੀਂ ਰੱਖਦਾ, ਕਰਨੀ ਕੀਤੀ ਸਭ ਦੀ ਝੋਲੀ ਪਾਈਆ । ਸਭ ਤੋਂ ਵੱਖਰਾ ਇਸ਼ਾਰਾ ਦੱਸ ਕੇ ਨੇਤਰ ਅੱਖ ਦਾ, ਆਖ਼ਰ ਮੰਜ਼ਲ ਦਿਆਂ ਚੜ੍ਹਾਈਆ । ਵਿਛੋੜਾ ਕਟਾ ਕੇ ਰਹਿਣਾ ਵੱਖ ਦਾ, ਵਾਸਤਾ ਇਕੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਮੈਥੋਂ ਪੜਦਾ ਨਾ ਕੋਈ ਓਹਲਾ, ਚੋਰੀ ਚੋਰ ਨਾ ਕੋਇ ਕਮਾਈਆ । ਬਿਨ ਮੇਰੀ ਧਾਰ ਗੁਰ ਅਵਤਾਰ ਪੈਗੰਬਰ ਬਣੇ ਨਾ ਕੋਇ ਵਿਚੋਲਾ, ਵਿਚਲਾ ਭੇਵ ਨਾ ਕੋਇ ਖੁਲ੍ਹਾਈਆ । ਤਨ ਵਜੂਦ ਮਾਟੀ ਖ਼ਾਕ ਸਦਾ ਗੋਲਾ, ਸੇਵਕ ਹੋ ਕੇ ਲੋਕਮਾਤ ਆਪਣੀ ਸੇਵ ਕਮਾਈਆ । ਜੁਗ ਚੌਕੜੀ ਆਦਿ ਜੁਗਾਦਿ ਸਦਾ ਸਦ ਸਤਿਗੁਰ ਸ਼ਬਦ ਕਹੇ ਤੇਰਾ ਵੱਖਰਾ ਢੋਲਾ, ਜੁਗ ਜੁਗ ਆਪਣੀ ਕਰਾਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਉਪਾਈਆ । ਸਤਿਗੁਰ ਸ਼ਬਦ ਕਹੇ ਮੇਰੀ ਕਿਆ ਕੋਈ ਕਰੇ ਸਿਫ਼ਤ, ਅੱਖਰਾਂ ਨਾਲ ਕੀ ਵਡਿਆਈਆ । ਮੇਰੇ ਹੁਕਮ ਅੰਦਰ ਸਾਰੇ ਗਰਿਫ਼ਤ, ਬਾਹਰ ਰਹਿਣ ਕੋਇ ਨਾ ਪਾਈਆ । ਕੋਈ ਸਮਝ ਨਾ ਸਕੇ ਬਿਨ ਮੇਰੇ ਪੁਰਖ ਅਕਾਲ ਦਾ ਇਸ਼ਟ, ਦ੍ਰਿਸ਼ਟੀ ਜਗਤ ਨਾ ਕੋਇ ਖੁਲ੍ਹਾਈਆ । ਆਤਮ ਪਰਮਾਤਮ ਜਾਣ ਨਾ ਸਕੇ ਗ੍ਰਿਹਿਸਤ, ਗ੍ਰਿਹਿਸਤੀ ਰੋਵਣ ਮਾਰਨ ਧਾਈਆ । ਭਰੋਸਾ ਯਕੀਨ ਨਾ ਆਵੇ ਸਿਦਕ, ਭਗਤ ਭਗਵਾਨ ਨਾ ਕੋਇ ਮਿਲਾਈਆ । ਝਗੜਾ ਪਏ ਨਾ ਦੂਤੀ ਨਿੰਦਕ, ਨਿਰਵੈਰ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਣਹਾਰਾ ਹਾਲ, ਮਾਜ਼ੀ ਪੜਦਾ ਜਗਤ ਖੁਲ੍ਹਾਈਆ । ਧੁਰ ਦਾ ਰੱਖ ਕੇ ਸਚ ਸਵਾਲ, ਬਿਨ ਪੈਮਾਨੇ ਨਾਪਾਂ ਲੋਕਾਈਆ । ਚਾਰ ਵਰਨ ਚਾਰ ਜੁਗ ਦਾ ਪਿਛਲਾ ਵੇਖ ਅਹਿਵਾਲ, ਦਿਆਲ ਸਮਝ ਕਿਸੇ ਨਾ ਆਈਆ । ਮਨ ਬੁੱਧੀ ਸਭ ਘਾਲਦੇ ਰਹੇ ਘਾਲ, ਘਾਲਣਾ ਵਿਚ ਲੋਕਾਈਆ । ਕਲਜੁਗ ਅੰਤ ਬਦਲ ਕੇ ਚਾਲ, ਨਿਰਾਲੀ ਆਪਣੀ ਖੇਲ ਖਿਲਾਈਆ । ਨਿਰਗੁਣ ਜੋਤ ਦਾ ਬਣ ਦਲਾਲ, ਵਿਚੋਲਾ ਸ਼ਬਦ ਆਪ ਅਖਵਾਈਆ । ਭਗਤ ਸੁਹੇਲੇ ਸੱਜਣ ਭਾਲ, ਗੁਰਮੁਖ ਗੁਰਸਿਖ ਲੈ ਉਠਾਈਆ । ਨਾਤਾ ਤੋੜ ਕੇ ਕੂੜ ਜੰਜਾਲ, ਜੀਵਣ ਜੁਗਤ ਹਕ ਸਮਝਾਈਆ । ਜਿਨ੍ਹਾਂ ਪੋਹ ਨਾ ਸਕੇ ਕਾਲ, ਵੇਲੇ ਅੰਤ ਨਾ ਕੋਇ ਸਜ਼ਾਈਆ । ਸਚਖੰਡ ਦਵਾਰਾ ਇਕੋ ਦਿਤਾ ਵਖਾਲ, ਜਿਸ ਦਾ ਦਵਾਰ ਨਾ ਕੋਇ ਬਦਲਾਈਆ । ਲੱਖ ਚੁਰਾਸੀ ਵਿਚੋਂ ਕਰ ਬਹਾਲ, ਘਰ ਠਾਂਡੇ ਦਿਤਾ ਟਿਕਾਈਆ । ਸਤਿਗੁਰ ਸ਼ਬਦ ਕਹੇ ਬਿਨ ਮੇਰੇ ਕੋਈ ਨਾ ਮਿਲਾਏ ਨਾਲ ਪੁਰਖ ਅਕਾਲ, ਜੋਤੀ ਜੋਤ ਨਾ ਕੋਇ ਸਮਾਈਆ । ਕਲਜੁਗ ਅੰਤ ਹੋ ਦਿਆਲ, ਦੀਨਾਂ ਆਪਣੀ ਗੋਦ ਉਠਾਈਆ । ਸਾਚਾ ਮਾਰਗ ਦੱਸ ਸੁਖਾਲ, ਮੰਤਰ ਧੁਰ ਦਾ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਗੁਰੂ ਗੁਰ ਸਤਿਗੁਰ ਆਪ ਰਖਵਾਲ, ਰੱਖਕ ਹੋ ਕੇ ਰੱਛਿਆ ਕਰੇ ਥਾਉਂ ਥਾਈਆ ।



## ★ ੩ ਕੱਤਕ ਸ਼ਹਿਨਸ਼ਾਹੀ ਸੰਮਤ ੨ ਨਿਰੰਜਣ ਸਿੰਘ ਦੇ ਗ੍ਰਿਹਿ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਸ਼ਬਦ ਕਹੇ ਭਗਤਾਂ ਲਵਾਂ ਜੋੜ, ਜੋੜੀਆਂ ਵਿਚੋਂ ਜੋੜੀ ਆਪਣੇ ਨਾਲ ਮਿਲਾਈਆ । ਦੂਸਰ ਦੀ ਰਹਿਣ ਨਾ ਦੇਵਾਂ ਲੋੜ, ਲੋੜੀਂਦਾ ਸਾਜਣ ਘਰ ਦਿਆਂ ਮਿਲਾਈਆ । ਸਾਚੇ ਮਾਰਗ ਦੇਵਾਂ ਤੋਰ, ਜੁਗ ਜੁਗ ਸਿਖਿਆ ਸਚ ਸਮਝਾਈਆ । ਨਾਮ ਮੰਤਰ ਫੁਰਨਾ ਦੇ ਕੇ ਫੋਰ, ਫ਼ਰਮਾਂਬਰਦਾਰ ਲਵਾਂ ਬਣਾਈਆ । ਕਰ ਪਰਕਾਸ਼ ਅੰਧੇਰੇ ਘੋਰ, ਕੂੜੀ ਕਿਰਿਆ ਦਿਆਂ ਮਿਟਾਈਆ । ਮਨੂਆ ਮਨ ਨਾ ਪਾਵੇ ਸ਼ੋਰ, ਛੋਹਰ ਧੁਰ ਦਾ ਦਿਆਂ

ਮਿਲਾਈਆ । ਮੇਰੇ ਅੱਗੇ ਚਲੇ ਨਾ ਕਿਸੇ ਦਾ ਜ਼ੋਰ, ਜ਼ੋਰਾਵਰ ਬੈਠੇ ਸੀਸ ਨਿਵਾਈਆ । ਹੁਕਮੇ ਅੰਦਰ ਹੁਕਮ ਦੇ ਕੇ ਨਕੋਰ, ਨਵੇਂ ਤੋਂ ਨਵਾਂ ਦਿਆਂ ਬਦਲਾਈਆ । ਜਨ ਭਗਤਾਂ ਨਾਲ ਆਪਣੀ ਪੂਰੀ ਕਰ ਕੇ ਲੋੜ, ਮਾਰਗ ਅਗਲਾ ਦਿਆਂ ਸਮਝਾਈਆ । ਦਵੈਤ ਵਿਚ ਮੇਰੀ ਨਹੀਂ ਕਿਸੇ ਨਾਲ ਖੋਰ, ਖ਼ੁਦੀ ਵਾਲਿਆਂ ਡੇਰਾ ਦੇਵਾਂ ਢਾਹੀਆ । ਜੁਗ ਚੌਕੜੀ ਮੇਰਾ ਖੇਲ ਅਵਰ ਕਾ ਔਰ, ਔਰਤ ਮਰਦ ਸਮਝ ਕੋਇ ਨਾ ਪਾਈਆ । ਜੇ ਕੋਈ ਵੇਖੇ ਤੱਕ ਕੇ ਗ਼ੌਰ, ਗਹਿਰ ਗੰਭੀਰ ਹੋ ਕੇ ਪੜਦਾ ਲਵਾਂ ਪਾਈਆ । ਬਿਨ ਭਗਤਾਂ ਕਾਰਜ ਕਿਸੇ ਨਾ ਜਾਵੇ ਸੌਰ, ਸੌਹਰੇ ਪਈਏ ਦੋਵੇਂ ਮਾਰਨ ਧਾਈਆ । ਜੁਗ ਚੌਕੜੀ ਪਿਛੋਂ ਚਲਦਾ ਮੁਹੱਬਤ ਵਾਲਾ ਦੌਰ, ਬਿਨ ਗੁਰਸਿਖਾਂ ਹੱਥ ਕਿਸੇ ਨਾ ਆਈਆ । ਲੱਖ ਚੁਰਾਸੀ ਵਿਚੋਂ ਕੁਸ਼ਤਿਆਂ ਨਾਲੋਂ ਗੁਰਮੁਖ ਮੇਰਾ ਚੰਗਾ ਜੌਹਰ, ਪੁਸ਼ਤ ਦਰ ਪੁਸ਼ਤ ਜਿਨ੍ਹਾਂ ਦੀ ਪ੍ਰੀਤੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸਗਲਾ ਸੰਗ ਬਣਾਈਆ । ਸਤਿਗੁਰ ਸ਼ਬਦ ਕਹੇ ਬਿਨ ਮੇਰੇ ਰਸ ਹੋਏ ਕੋਇ ਨਾ ਮਿੱਠਾ, ਕੂੜ ਕੁੜਿਆਰੀ ਦਿਸੇ ਲੋਕਾਈਆ । ਬਿਨ ਮੇਰੇ ਹੁਕਮ ਗੁਰ ਅਵਤਾਰ ਪੈਗ਼ੰਬਰ ਲੇਖ ਕੋਇ ਨਾ ਲਿਖਾ, ਅੱਖਰਾਂ ਜੋੜ ਨਾ ਕੋਇ ਜੁੜਾਈਆ । ਬਿਨ ਮੇਰੀ ਧਾਰ ਸਮਝੇ ਕੋਈ ਨਾ ਚਿੱਠਾ, ਵਿਦਿਆ ਦੀ ਵਿਦਿਆ ਨਾ ਕੋਇ ਸਮਝਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਲੱਖ ਚੁਰਾਸੀ ਜੀਵ ਜੰਤ ਕੱਢ ਨਾ ਸਕੇ ਕੋਈ ਸਿੱਟਾ, ਨਤੀਜਾ ਸਚ ਨਾ ਕੋਇ ਵਖਾਈਆ । ਬਿਨਾ ਪੁਰਖ ਅਕਾਲ ਦੂਸਰ ਅਵਰ ਨਾਹੀਂ ਪਿਤਾ, ਬਿਨ ਮੇਰੀ ਪਤਰਕਾ ਸਮਝ ਕਿਸੇ ਨਾ ਆਈਆ । ਜਗ ਨੇਤਰ ਕਦੇ ਨਾ ਦਿਸਾ, ਦਿਸ਼ਾ ਹਿੱਸਾ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਸਾਚੇ ਸੰਤਾਂ ਸਦਾ ਸਦਾ ਸਦ ਬਣ ਕੇ ਧੁਰ ਦਾ ਮਿਤਾ, ਮਿਤਰ ਪਿਆਰਾ
੭੧ ਹੋ ਕੇ ਮਿਤੀ ਆਪਣੀ ਦਿਆਂ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ਼ਬਦੀ ਧਾਰ ਸਤਿਗੁਰ ਬਿਨ ਵਜੂਦੋਂ ਬਣ ਕੇ ਨਿੱਕਾ, ਨਿੱਕਿਆਂ ਤੋਂ ਵੱਡੇ ੭੧
੨੦ ਰਿਹਾ ਬਣਾਈਆ । ਸਚ ਪ੍ਰੇਮ ਦਾ ਲਾ ਟਿੱਕਾ, ਟਿੱਕਿਆਂ ਵਾਲੇ ਗੁਰੂ ਤੋਂ ਖਹਿੜਾ ਦਿਆਂ ਛੁਡਾਈਆ । ਅੰਦਰੇ ਅੰਦਰ ਪਾ ਕੇ ਖਿੱਚਾਂ, ਪਿਆਰ ੨੦
ਮੁਹੱਬਤ ਵਿਚ ਬਦਲਾਈਆ । ਆਪਣੇ ਮਿਲਣ ਦੀਆਂ ਦੇ ਕੇ ਸਿੱਕਾਂ, ਸਿੱਖ ਸਾਜਣ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਮਾਰਗ ਦੱਸੇ ਸਿੱਧਾ, ਔਝੜ ਰਾਹ ਨਾ ਕੋਇ ਭਵਾਈਆ ।

### ★ ੩ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਨਾਮ ਕੌਰ ਦੇ ਗ੍ਰਿਹ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ★

ਜਨ ਭਗਤ ਕਹੇ ਕਿਰਪਾ ਕੀਤੀ ਸਤਿਗੁਰ ਸ਼ਬਦ, ਸਰਬ ਦਿਤਾ ਜਣਾਈਆ । ਇਕੋ ਦਵਾਰ ਦਾ ਦੱਸਿਆ ਅਦਬ, ਆਦਾਬ ਧੁਰ ਦਾ ਦਿਤਾ ਸਮਝਾਈਆ । ਝਗੜਾ ਮੁਕਾ ਕੇ ਦੀਨ ਮਜ਼੍ਹਬ, ਮਜ਼੍ਹਬਾਂ ਤੋਂ ਪਰੇ ਸ਼ਰਅ ਨਰ ਨਰਾਇਣ ਦਿਤੀ ਜਣਾਈਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਪੂਜਦੇ ਕਦਮ, ਕਦਮਬੋਸੀ ਕਦੀਮ ਦੀ ਰੀਤੀ ਚਲੀ ਆਈਆ । ਓਥੇ ਕੋਈ ਤੱਤਾਂ ਵਾਲਾ ਪੈਰ ਨਹੀਂ ਜਿਸ ਵਿਚ ਲੱਭਣਾ ਪਏ ਪਦਮ, ਚਿੰਨ੍ਹਾਂ ਵਾਲਾ ਨਿਸ਼ਾਨ ਨਾ ਕੋਇ ਵਖਾਈਆ । ਇਕੋ ਜੋਤ ਜੋਤ ਵਿਚ ਸਾਰੇ ਬੈਠੇ ਮਗਨ, ਵੱਖਰਾ ਡੇਰਾ ਨਾ ਕੋਇ ਲਗਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਧਾਰ ਦੀ ਅੰਦਰ ਅੰਦਰ ਤੂੰ ਮੇਰਾ ਮੈਂ ਤੇਰਾ ਜਪਣ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਏਕਾ ਰੂਪ ਸਤਿ ਸਰੂਪ ਨਿਰਗੁਣ ਨਿਰਵੈਰ ਲੱਭਣ,

ਜੋਤੀ ਜਾਤਾ ਨਜ਼ਰੀ ਆਈਆ । ਸੋ ਸਵਾਮੀ ਅੰਤਰਜਾਮੀ ਜਨ ਭਗਤਾਂ ਆਇਆ ਸੱਦਣ, ਹੋਕਾ ਹਕ ਨਾਮ ਸੁਣਾਈਆ । ਲੱਖ ਚੁਰਾਸੀ ਵਿਚੋਂ ਆਇਆ ਲੱਭਣ, ਸੰਤ ਸੁਹੇਲੇ ਕਰ ਕਰ ਮੇਲੇ ਆਪਣੇ ਨਾਲ ਮਿਲਾਈਆ । ਭਾਗ ਲਗਾ ਕੇ ਕਾਇਆ ਮਾਟੀ ਤਨ ਵਜੂਦ ਬਦਨ, ਬਦਲਾ ਪੂਰਬ ਜਨਮਾਂ ਦਾ ਰਿਹਾ ਚੁਕਾਈਆ । ਸ਼ਬਦੀ ਓਢਣ ਸਤਿਗੁਰ ਸੀਸ ਰਹਿਣ ਨਾ ਦੇਵੇ ਨਗਨ, ਕੰਤ ਸੁਹਾਗ ਹੋ ਕੇ ਨਜ਼ਰ ਉਠਾਈਆ । ਪ੍ਰੇਮ ਪ੍ਰੀਤੀ ਸਾਚੀ ਰੀਤੀ ਧਰਮ ਦਵਾਰ ਏਕੰਕਾਰ ਚਾੜ੍ਹ ਕੇ ਆਪਣੀ ਰੰਗਣ, ਅਨਡਿਠੜਾ ਰੰਗ ਦਏ ਵਖਾਈਆ । ਜਨ ਭਗਤ ਕਹੇ ਬਿਨ ਸਤਿਗੁਰ ਸ਼ਬਦ ਦਵਾਰ ਦੂਜੇ ਦਰ ਮੈਂ ਕਦੇ ਨਾ ਜਾਵਾਂ ਮੰਗਣ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਸਾਰੇ ਓਸੇ ਦੇ ਮਿਲਣ ਦਾ ਵਸੀਲਾ ਯਤਨ, ਯਥਾਰਥ ਸਭ ਦਾ ਮਾਲਕ ਇਕੋ ਨਜ਼ਰੀ ਆਈਆ । ਜਿਥੋਂ ਵਿਛੜੇ ਓਸੇ ਦੇ ਜਾਣਾ ਵਤਨ, ਬੇਵਤਨਾਂ ਨੂੰ ਵਤਨ (ਵਾਲੇ) ਲਏ ਬਣਾਈਆ । ਸਚਖੰਡ ਦਵਾਰਾ ਅਗੰਮੀ ਘਾਟ ਧੁਰ ਦਾ ਪੱਤਨ, ਜਿਥੇ ਪਤਰਿਆਂ ਵਾਲੀ ਨਾ ਕੋਇ ਪੜ੍ਹਾਈਆ । ਇਕੋ ਜੋਤ ਪਰਕਾਸ਼ ਪੁਰਖ ਅਕਾਲ ਸਮਰਥਣ, ਜਿਸ ਦਾ ਮਾਲਕ ਪ੍ਰਿਤਪਾਲਕ ਜਲਵਾਗਰ ਨੂਰ ਖ਼ੁਦਾਈਆ । ਜਨ ਭਗਤ ਸੁਹੇਲੇ ਓਥੇ ਵਸਣ, ਜਿਥੇ ਜਨਮ ਕਰਮ ਦਾ ਲੇਖਾ ਰਹੇ ਨਾ ਰਾਈਆ । ਸੰਸਾ ਰੋਗ ਵਾਲਾ ਨਹੀਂ ਕੋਈ ਭਰਮ, ਮਾਟੀ ਚਰਮ ਨਾ ਕੋਇ ਵਡਿਆਈਆ । ਚੁਰਾਸੀ ਵਿਚ ਲੈਣਾ ਨਹੀਂ ਪੈਂਦਾ ਜਰਮ, ਜਨਮ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਕੇ ਧੁਰ ਦੀ ਸਰਨ, ਸਰਨ ਇਕੋ ਦਏ ਵਖਾਈਆ । ਜਨ ਭਗਤ ਕਹੇ ਸਤਿਗੁਰ ਸ਼ਬਦ ਮੇਰਾ ਮੀਤਾ, ਮਿਤਰ ਪਿਆਰੇ ਸਾਰੇ ਦਿਤੇ ਤਜਾਈਆ । ਜੁਗ ਚੌਕੜੀ ਬਦਲਣਾ ਜਿਸ ਦੀ ਰੀਤਾ, ਮੰਦਰ ਮਸੀਤਾਂ ਤੋਂ ਬਾਹਰ ਡੇਰਾ ਦਿਤਾ ਲਵਾਈਆ । ਆਦਿ ਜੁਗਾਦਿ ਸਦਾ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਤਪਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਦੇਂਦਾ ਰਿਹਾ ਹਦੀਸਾ, ਹੁਕਮੇਂ ਅੰਦਰ ਹੁਕਮ ਮਨਾਈਆ । ਸੋ ਸਾਹਿਬ ਸਵਾਮੀ ਏਕੰਕਾਰ ਮੇਰਾ ਜਗਦੀਸਾ, ਜਨ ਭਗਤ ਸੁਹੇਲਾ ਨਿਉਂ ਨਿਉਂ ਸੀਸ ਝੁਕਾਈਆ । ਜਿਸ ਦਾ ਦੇਵਣ ਵਾਲਾ ਖ਼ਾਲੀ ਹੋਵੇ ਨਾ ਖ਼ੀਸਾ, ਅਤੋਟ ਅਤੁਟ ਨਾਮ ਭੰਡਾਰਾ ਵਰਤਾਈਆ । ਕੋਈ ਬਦਲ ਨਾ ਸਕੇ ਓਸ ਦਾ ਕੀਤਾ, ਕਰਨੀ ਦਾ ਕਰਤਾ ਇਕੋ ਨਜ਼ਰੀ ਆਈਆ । ਸਦਾ ਸਦ ਰਹੇ ਅਤੀਤਾ, ਤ੍ਰੈਗੁਣ ਹੁਕਮੇਂ ਵਿਚ ਚਲਾਈਆ । ਸਦ ਵਸੇ ਧਾਮ ਅਨਡੀਠਾ, ਸਚਖੰਡ ਸਾਚੇ ਸੋਭਾ ਪਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਘਰ ਵਖਾਏ ਨਜ਼ਦੀਕਾ, ਨੇਰਨ ਨੇਰਾ ਹੋ ਕੇ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪਣੇ ਨਾਮ ਦਾ ਦੱਸ ਕੇ ਟੀਕਾ, ਬੁੱਧੀ ਤੋਂ ਪਰੇ ਦਿਤਾ ਸਮਝਾਈਆ ।


੭੨

### ★ ੩ ਕੱਤਕ ਸ਼ਹਿਨਸ਼ਾਹੀ ਸੰਮਤ ੨ ਪਿਸ਼ੋਰਾ ਸਿੰਘ ਦੇ ਗ੍ਰਿਹਿ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਸ਼ਬਦ ਕਹੇ ਆਪਣੀ ਕਰਨੀ ਨਾਲ ਭਗਤ ਕੋਈ ਨਹੀਂ ਬਣਦਾ, ਕਮਾਈ ਵਿਚ ਕਮੀ ਸਭ ਦੇ ਅੰਦਰ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਜੁਲਾਹਾ ਤਾਣਾ ਤਣਦਾ, ਓਸ ਕਬੀਰ ਦਾ ਮਾਲਕ ਕਾਅਬਿਆਂ ਤੋਂ ਪਰੇ ਡੇਰਾ ਲਾਈਆ । ਜੋ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਮਾਨਵ

ਜਾਤੀ ਮਨ ਦਾ, ਅੰਤਰ ਅੰਤਰ ਵੇਖੇ ਥਾਉਂ ਥਾਈਆ । ਜੋਗ ਅਭਿਆਸ ਪੂਜਾ ਪਾਠ ਮੇਲ ਕਰੇ ਨਾ ਅਗੰਮੀ ਚੰਨ ਦਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਸੁਣਿਆ ਰਾਗ ਕੰਮ ਨਹੀਂ ਆਉਂਦਾ ਕੰਨ ਦਾ, ਸਰਵਣਾਂ ਮਿਲੇ ਨਾ ਕੋਇ ਵਡਿਆਈਆ । ਕੋਈ ਲੇਖਾ ਨਹੀਂ ਲੱਗਦਾ ਤੱਤਾਂ ਵਾਲੇ ਗੁਰੂ ਨੂੰ ਦਿਤੇ ਧਨ ਦਾ, ਅਰਬਾਂ ਖਰਬਾਂ ਵਿਚ ਮਨਸਾ ਪੂਰ ਨਾ ਕੋਇ ਕਰਾਈਆ । ਜਿੰਨਾਂ ਚਿਰ ਸਤਿਗੁਰ ਸ਼ਬਦ ਆਪਣੀ ਕਿਰਪਾ ਨਹੀਂ ਕਰਦਾ, ਕਦੀਮ ਦੇ ਵਿਛੜੇ ਮੇਲ ਮਿਲਾਈਆ । ਇਕੋ ਮਾਲਕ ਸਚ ਦਵਾਰੇ ਸਾਚੇ ਘਰ ਦਾ, ਬੇਘਰੇ ਗੁਰ ਅਵਤਾਰ ਪੈਗ਼ੰਬਰ ਨਜ਼ਰੀ ਆਈਆ । ਆਪਣੀ ਮਿਹਰ ਨਾਲ ਮੁਹੱਬਤ ਵਿਚ ਸਭ (ਨੂੰ ਵਰਦਾ), ਵਾਰੀ ਵਾਰੀ ਆਪਣੇ ਅੰਗ ਲਗਾਈਆ । ਜੋ ਕਰਨੀ ਮਨ ਮਤ ਬੁੱਧੀ ਅੰਦਰ ਜਗਤ ਕਰਦਾ, ਓਸ ਨਾਲ ਸਤਿਗੁਰ ਦੀ ਸਮਝ ਕਿਸੇ ਨਾ ਆਈਆ । ਜਿਸ ਮੰਜ਼ਲ ਸਵਾਮੀ ਹੋ ਕੇ ਚੜ੍ਹਦਾ, ਰਸਤਿਆਂ ਤੋਂ ਪਰੇ ਰਾਹ ਆਪਣਾ ਰਿਹਾ ਬਣਾਈਆ । ਜੋ ਨਗ਼ਮਾ ਕਲਮਾ ਨਾਮ ਬਿਨਾ ਅੱਖਰਾਂ ਤੋਂ ਭਗਤ ਸੁਹੇਲਾ ਪੜ੍ਹਦਾ, ਉਹ ਬਿਨਾ ਸਤਿਗੁਰ ਸ਼ਬਦ ਸਕੇ ਨਾ ਕੋਇ ਸਮਝਾਈਆ । ਕਲਜੁਗ ਅੰਤ ਏਸੇ ਕਾਰਨ ਚਾਰ ਕੁੰਟ ਦਹਿ ਦਿਸ਼ਾ ਡਰਦਾ, ਸਤਿਗੁਰ ਅੱਗੇ ਅੱਖ ਨਾ ਕੋਇ ਉਠਾਈਆ । ਕਿਉਂ ਉਹ ਆਪਣੀ ਦਇਆ ਨਾਲ ਦਿਆਲੂ ਹੋ ਕੇ ਕਿਰਪਾਲੂ ਹੋ ਕੇ ਆਪਣਿਆਂ ਭਗਤਾਂ ਆਪ ਫੜਦਾ, ਭਗਤੀ ਦਾ ਖਹਿੜਾ ਦਿਤਾ ਛੁਡਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰ ਫਿਰ ਆਪ ਲੱਭਦਾ, ਜੰਗਲ ਜੂਹ ਉਜਾੜ ਪਹਾੜ ਵਿਚ ਭਗਤ ਸੁਹੇਲਾ ਲੱਭਣ ਕੋਇ ਨਾ ਜਾਈਆ । ਇਕੋ ਰੂਪ ਦੱਸ ਅਗੰਮੀ ਹਰਿ ਦਾ, ਹਿਰਦੇ ਵਿਚ ਹਾਰਦਿਕ ਦਏ ਵਧਾਈਆ । ਜਨਮ ਕਰਮ ਵਿਛੋੜਾ ਮੇਟ ਚਿਰ ਦਾ, ਚਿਰੀ ਵਿਛੁੰਨੇ ਕਾਇਆ ਕੁੰਨੀ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਬਿਨ ਮੇਰੇ ਕੋਈ ਨਾ ਬਣਿਆ ਭਗਤ, ਜਗਤ ਭਬੂਤੀ ਕੰਮ ਕਿਸੇ ਨਾ ਆਈਆ । ਆਪਣੇ ਪ੍ਰੇਮ ਪਿਆਰ ਦੀ ਦੇ ਕੇ ਸ਼ਕਤ, ਸ਼ਕਤੀ ਅੰਦਰ ਨਾਮ ਟਿਕਾਈਆ । ਮਾਣ ਵਡਿਆਈ ਦੇ ਕੇ ਉਪਰ ਧਰਤ, ਪੰਜ ਤਤ ਖ਼ੁਸ਼ੀ ਮਨਾਈਆ । ਜਿੰਨਾਂ ਚਿਰ ਨਿਰਗੁਣ ਹੋ ਕੇ ਸਰਗੁਣ ਦੇ ਅੰਦਰ ਨਾ ਆਵਾਂ ਪਰਤ, ਪਰਮਾਤਮਾ ਦਾ ਭੇਦ ਕਿਸੇ ਨਾ ਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਹਕ਼ੀਕ਼ੀ ਪਿਆਰ ਵਲੋਂ ਮੈਂ ਰੱਖ ਕੇ ਬਰਤ, ਬਰਤਨ ਸਭ ਦੇ ਮੂਧੇ ਰੱਖੇ ਕਰਾਈਆ । ਗੁਰ ਅਵਤਾਰ ਪੈਗ਼ੰਬਰ ਬਥੇਰੇ ਗਏ ਤੜਪ, ਠੀਕ ਠੀਕ ਮੇਰਾ ਢੋਲਾ ਗਾਈਆ । ਚਰਨ ਕਵਲਾਂ ਵਿਚ ਲਟਕ, ਨੈਣ ਮਟਕ ਮਟਕ ਭਵਾਈਆ । ਮੇਰੇ ਹੁਕਮ ਦਾ ਓਨ੍ਹਾਂ ਪਿੱਛੇ ਚੜ੍ਹਿਆ ਰਿਹਾ ਕਟਕ, ਸਿਰ ਸਕਿਆ ਨਾ ਕੋਇ ਉਠਾਈਆ । ਮੈਂ ਸੁੱਤਾ ਰਿਹਾ ਬਿਨ ਨੀਂਦ ਦੇ (ਬੇਖਟਕ), ਆਲਸ ਤੋਂ ਬਾਹਰ ਡੇਰਾ ਲਾਈਆ । ਮੇਰਾ ਫ਼ਰਮਾਨਾ ਅਗੰਮੀ ਚਟਕ, ਚਟੂਰੇ ਭਾਂਡੇ ਵੇਖੇ ਥਾਉਂ ਥਾਈਆ । ਫ਼ਰਮਾਨਾ ਦੇ ਕੇ ਸਖ਼ਤ, ਸਖ਼ਤੀ ਨਾਲ ਸਮਝਾਈਆ । ਜਿਸ ਵੇਲੇ ਆਵੇ ਮੇਰਾ ਵਕਤ, ਸਿੱਧਾਂ ਭਗਤਾਂ ਨਾਲ ਮੇਲ ਮਿਲਾਈਆ । ਭਾਵੇਂ ਮਾਲਕ ਸਾਰੇ ਜਗਤ, ਜਗਤ ਦਾ ਮਾਲਕ ਆਪ ਅਖਵਾਈਆ । ਫਿਰ ਵੀ ਭਗਤਾਂ ਨਾਲੋਂ ਰੱਖ ਕੇ ਫ਼ਰਕ, ਫਿਰਕਿਆਂ ਵਿਚ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਮੁੜ ਕੇ ਕੋਈ ਨਾ ਆਵੇ ਪਰਤ, ਇਕ ਦੂਸਰੇ ਦੇ ਪਿਛੇ ਧੱਕੇ ਬਾਦ ਦੀਗਰੇ ਹੁਕਮ ਨਾਲ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਮੇਰੇ ਬਿਨ ਕਾਹਦੀ ਪੂਜਾ, ਕਿਸ ਦਾ ਧਿਆਨ ਲਗਾਈਆ । ਹੋਰ ਨਹੀਂ ਕੋਈ ਦੂਜਾ, ਤੀਜੇ ਨੈਣ ਨਾ ਕੋਇ ਵਡਿਆਈਆ । ਬਿਨ ਮੇਰੀ

ਕਿਰਪਾ ਸਾਚਾ ਦਰ ਕਿਸੇ ਨਾ ਸੂਝਾ, ਬੁੱਧੀਵਾਨਾਂ ਬੁੱਧੀ ਦਿਤੀ ਭੁਲਾਈਆ । ਕਾਇਆ ਮਾਟੀ ਸਭ ਦਾ ਭਾਂਡਾ ਮੂਧਾ, ਬਿਨ ਸਤਿਗੁਰ ਸ਼ਬਦ ਸਕੇ ਨਾ ਕੋਇ ਉਲਟਾਈਆ । ਕਾਇਆ ਗਾਗਰ ਸਾਗਰ ਡੂੰਘਾ, ਬਿਨ ਸਤਿਗੁਰ ਸ਼ਬਦ ਪਾਰ ਨਾ ਕੋਇ ਕਰਾਈਆ । ਸਤਿਗੁਰ ਸ਼ਬਦ ਕਹੇ ਜਿਸ ਵੇਲੇ ਮੇਰੇ ਵਕਤ ਦਾ ਇਕੋ ਵੱਜੇ ਹੂੰਗਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗੁਰ ਅਵਤਾਰ ਪੈਗੰਬਰ ਥਰ ਥਰ ਕੰਬਣ, ਸਿਰ ਸਕੇ ਨਾ ਕੋਇ ਉਠਾਈਆ । ਜਗਤ ਵਿਦਿਆ ਵਿਚ ਮੈਂ ਗੂੰਗਾ, ਧੁਰ ਦੀ ਧਾਰ ਵਿਚ ਮੈਂ ਦੋ ਜਹਾਨ ਢੂੰਡਾ, ਬਚਿਆ ਰਹਿਣ ਕੋਇ ਨਾ ਪਾਈਆ । ਬਿਨ ਭਗਤਾਂ ਦੂਜੇ ਨਾਲ ਕਦੇ ਨਹੀਂ ਕੂੰਦਾ, ਸ਼ਬਦੀ ਗੱਲ ਨਾ ਕਿਸੇ ਸਮਝਾਈਆ । ਜੁਗ ਚੌਕੜੀ ਮੇਰਾ ਲਾਰਾ ਹੂੰ ਹੂੰ ਦਾ, ਹੌਕਿਆਂ ਵਿਚ ਸਾਰੇ ਦਿਤੇ ਤਰਸਾਈਆ । ਬਿਨ ਭਗਤਾਂ ਭੇਵ ਦੱਸਿਆ ਨਾ ਤੂੰ ਹੀ ਤੂੰ ਦਾ, ਤੁਹਮਤ ਸਭ ਨੂੰ ਦਿਤੀ ਲਗਾਈਆ । ਮਾਲਕ ਬਣ ਕੇ (ਲੂੰ ਲੂੰ) ਦਾ, ਲੋਚਨਾਂ ਤੋਂ ਪਰੇ ਲੋਚਾ ਭਗਤਾਂ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਮਾਲਕ ਬੁਤ ਰੂਹ ਦਾ, ਜੁਗ ਜੁਗ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਖੁਲ੍ਹਾ ਦੇ ਸਚ ਦਵਾਰ ਆਪਣੀ ਜੂਹ ਦਾ, ਜਗਤ ਜੂਹਾਂ ਵਿਚੋਂ ਬਾਹਰ ਕਢਾਈਆ ।



### ★ ੩ ਕਤਕ ਸ਼ਹਿਨਸ਼ਾਹੀ ਸੰਮਤ ੨ ਸੀਤਲ ਸਿੰਘ ਦੇ ਗ੍ਰਹਿ ਪਿੰਡ ਹਰਦੋ ਝੰਡੇ ਜ਼ਿਲਾ ਗੁਰਦਾਸਪੁਰ ★

੭੪
੨੦

ਪੁਰਖ ਅਕਾਲ ਆਪਣੀ ਕਿਰਪਾ ਆਪ ਕਰ, ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਤੇਰੇ ਹੱਥ ਵਡਿਆਈਆ । ਅਬਿਨਾਸ਼ੀ ਕਰਤੇ ਪੁਰਖ ਅਕਾਲ ਦੀਨ ਦਿਆਲ ਸਾਂਝੇ ਯਾਰ ਖੋਲ੍ਹ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਚਾਰ ਵਰਨ ਅਠਾਰਾਂ ਬਰਨ ਇਕੋ ਦੇ ਦਿਸਾਈਆ । ਸਚ ਸਰੋਵਰ ਅੰਮ੍ਰਿਤ ਧਾਰ ਨੌ ਸੱਤ ਵਖਾ ਇਕ ਸਰ, ਦੁਰਮਤ ਮੈਲ ਅੰਦਰ ਬਾਹਰ ਗੁਪਤ ਜਾਹਰ ਰਹਿਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਏਕੰਕਾਰ ਇਕੋ ਨਜ਼ਰੀ ਆਵੇ ਹਰਿ, ਹਿਰਦੇ ਅੰਦਰ ਵਸ ਕੇ ਆਪਣਾ ਪੜਦਾ ਦੇ ਉਠਾਈਆ । ਕਲਜੁਗ ਕੂੜੀ ਕਿਰਿਆ ਜਗਤ ਵਿਕਾਰ ਮਾਇਆ ਮਮਤਾ ਮੋਹ ਜਾਏ ਝੜ, ਹਉਮੇ ਹੰਗਤਾ ਗੜ੍ਹ ਦੇ ਤੁੜਾਈਆ । ਤ੍ਰੈਗੁਣ ਮਾਇਆ ਅਗਨੀ ਅੱਗ ਕੋਈ ਨਾ ਜਾਵੇ ਸੜ, ਪੰਜ ਤਤ ਤਤਵ ਤਤ ਆਪਣਾ ਦੇ ਬੁਝਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਕਾਇਆ ਮੰਦਰ ਅੰਦਰ ਸਾਚੇ ਚੜ੍ਹ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੇ ਵਜਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਨਿਰਗੁਣ ਸਰਗੁਣ ਆਪਣੇ ਲਾ ਲੜ, ਸ਼ਬਦੀ ਡੋਰੀ ਅਗੰਮੀ ਤੰਦ ਬੰਧਾਈਆ , ਨਿਰਭੌ ਭੈ ਖ਼ਤਰਾ ਚੁਕਾ ਡਰ, ਦੀਨ ਦੁਨੀ ਦਾ ਦਰਦ ਦੇ ਮਿਟਾਈਆ । ਗੁਰ ਅਵਤਾਰ ਪੈਗੰਬਰ ਦਰ ਠਾਂਡੇ ਮੰਗਣ ਵਰ, ਦਰ ਦਰਵੇਸ਼ ਹੋ ਕੇ ਸੀਸ ਝੁਕਾਈਆ । ਸਚਖੰਡ ਦਵਾਰ ਏਕੰਕਾਰ ਦਰਗਾਹ ਸਾਚੀ ਮੁਕਾਮੇ ਹਕ ਤੇਰਾ ਘਰ, ਹਕੀਕਤ ਦੇ ਮਾਲਕ ਸ਼ਰਕਤ ਦੀਨ ਦੁਨੀ ਦੀ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾਲ ਹੋ ਕੇ ਕੂੜੀ ਕਿਰਿਆ ਦੇ ਮਿਟਾਈਆ । ਕਿਰਪਾ ਕਰ ਪੁਰਖ ਸਮਰਥ, ਸਾਹਿਬ ਸਵਾਮੀ ਤੇਰੀ ਵਡਿਆਈਆ । ਧੁਰ ਦਾ ਮਾਰਗ ਚਾਰ ਵਰਨਾਂ ਅਠਾਰਾਂ ਬਰਨਾਂ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਗੁਰਮੁਖ ਸਾਚੇ ਸੰਤਾਂ ਨਿਜ ਨੇਤਰ

ਖੋਲ੍ਹ ਅੱਖ, ਅੱਖਰਾਂ ਤੋਂ ਪਰੇ ਨਿਰਅੱਖਰ ਧਾਰ ਦੇ ਸਮਝਾਈਆ । ਆਤਮ ਪਰਮਾਤਮ ਕਰੀਏ ਵੱਸ, ਵਸਲ ਯਾਰ ਮਿਲੇ ਜਲਵਾਗਰ ਨੂਰ ਖ਼ੁਦਾਈਆ । ਘਰ ਪ੍ਰਕਾਸ਼ ਨੂਰੀ ਦੀਪਕ ਜੋਤ ਜਗੇ ਲਟ ਲਟ, ਅੰਧ ਅੰਧੇਰ ਰਹਿਣ ਕੋਇ ਨਾ ਪਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਵਾਲਾ ਮੇਟ ਫੱਟ, ਨਾਮ ਪੱਟੀ ਇਕ ਬੰਧਾਈਆ । ਦੁਰਮਤ ਮੈਲ ਦਰਦ ਦੁੱਖ ਭੈ ਭੰਜਨ ਹੋ ਕੇ ਕਟ, ਕਾਇਆ ਕਟਾਖਸ਼ ਤੀਰ ਅਣਿਆਲਾ ਇਕ ਚਲਾਈਆ । ਸਚ ਦਵਾਰ ਏਕੰਕਾਰ ਲੋਕਮਾਤ ਖੋਲ੍ਹ ਹੱਟ, ਵਸਤ ਅਮੋਲਕ ਇਕ ਵਰਤਾਈਆ । ਧੁਰ ਦੇ ਮਾਲਕ ਸ੍ਰਿਸ਼ਟੀ ਦੇ ਪ੍ਰਿਤਪਾਲਕ ਸਭ ਕਿਛ ਤੇਰੇ ਹੱਥ, ਦੇਵਣਹਾਰ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੁਰਖ ਅਕਾਲ ਕਿਰਪਾ ਕਰਦੇ ਆਪ, ਆਪ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਦੱਸਦੇ ਜਾਪ, ਜਗਜੀਵਣ ਦਾਤੇ ਜੁਗਤੀ ਜਗਤ ਦੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਜੋ ਗਏ ਆਖ਼, ਆਖ਼ਰ ਸਭ ਦਾ ਲੇਖਾ ਪੂਰਾ ਦੇ ਕਰਾਈਆ । ਮਨ ਵਾਸਨਾ ਕੂੜੀ ਕਿਰਿਆ ਰਹੇ ਨਾ ਕੋਈ ਗੁਸਤਾਖ, ਬੁੱਧੀ ਬਿਬੇਕ ਸਭ ਦੀ ਨਜ਼ਰੀ ਆਈਆ । ਨਿਜ ਗ੍ਰਿਹਿ ਕਾਇਆ ਮੰਦਰ ਅੰਦਰ ਨਿਰਗੁਣ ਧਾਰ ਕਰ ਵਾਸ, ਨਿਵਾਸ ਅਸਥਾਨ ਆਪਣਾ (ਲੈ ਬਣਾਈਆ) । ਜਨ ਭਗਤਾਂ ਆਤਮ ਪਰਮਾਤਮ ਦੇ ਧਰਵਾਸ, ਪਾਰਬ੍ਰਹਮ ਬ੍ਰਹਮ ਮੇਲਾ ਲੈ ਮਿਲਾਈਆ । ਝਗੜਾ ਚੁੱਕੇ ਪ੍ਰਿਥਮੀ ਆਕਾਸ਼, ਅਕਲ ਕਲਧਾਰੀ ਆਪਣਾ ਖੇਲ ਦੇਣਾ ਵਖਾਈਆ । ਤੇਰੇ ਦਰ ਦਰਬਾਰ ਜੋੜ ਕੇ ਹਾਥ, ਨਮੋਂ ਨਮੋਂ ਕਹਿ ਕੇ ਸਾਰੇ ਸੀਸ ਝੁਕਾਈਆ । ਮੰਜ਼ਲ ਪੌੜੇ ਚੜ੍ਹਾ ਆਪਣੇ ਘਾਟ, ਅਧਵਿਚਕਾਰ ਦੋ ਜਹਾਨ ਨਾ ਕੋਇ ਅਟਕਾਈਆ । ਲੱਖ ਚੁਰਾਸੀ ਆਵਣ ਜਾਵਣ ਪਤਤ ਪਾਵਣ ਮੇਟ ਵਾਟ, ਅੰਡਜ ਜੇਰਜ ਉਤਭੁਜ ਸੇਤਜ ਨਾਤਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਰਨੀ ਦੇ ਕਰਤੇ ਆਪਣਾ ਰੰਗ ਦੇਣਾ ਰੰਗਾਈਆ । ਪੁਰਖ ਅਕਾਲ ਕਿਰਪਾ ਸਦਾ ਕਰਦਾ, ਜੁਗ ਜੁਗ ਆਪਣੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਘੱਲਦਾ, ਹੁਕਮ ਸੰਦੇਸ਼ੇ ਨਾਲ ਵਡਿਆਈਆ । ਭੇਵ ਖੁਲ੍ਹਾ ਕੇ ਨਿਹਚਲ ਧਾਮ ਅਟਲ ਦਾ, ਉਚ ਅਗੰਮ ਅਥਾਹ ਬੇਪਰਵਾਹ ਆਪਣਾ ਪੜਦਾ ਦਏ ਉਠਾਈਆ । ਨਜ਼ਾਰਾ ਦੱਸ ਅਗੰਮੀ ਰੰਗ ਮਹੱਲ ਦਾ, ਮਹਿਫ਼ਲ ਆਪਣੇ ਨਾਲ ਲਗਾਈਆ । ਮਾਲਕ ਹੋ ਕੇ ਜਲ ਥਲ ਦਾ, ਮਹੀਅਲ ਖੋਜੇ ਥਾਉਂ ਥਾਈਆ । ਝਗੜਾ ਮੁਕਾਵੇ ਨਿਤ ਨਵਿਤ ਦੂਈ ਦਵੈਤੀ ਸਲ ਦਾ, ਸਾਹਿਬ ਸੁਲਤਾਨ ਮਿਹਰਵਾਨ ਹੋ ਕੇ ਆਪਣਾ ਹੁਕਮ ਵਰਤਾਈਆ । ਲੇਖਾ ਰਹਿਣ ਨਾ ਦੇਵੇ ਕੂੜ ਕੁੜਿਆਰੇ ਕਲ ਦਾ, ਕਾਲਖ ਟਿੱਕਾ ਦੁਰਮਤ ਮੈਲ ਧੋਵੇ ਸਭ ਦੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਅੰਦਰ ਹਰ ਘਟ ਅੰਦਰ ਵਸਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਪੁਰਖ ਅਕਾਲ ਕਿਰਪਾ ਕਰਨ ਜੋਗ, ਜੁਗ ਚੌਕੜੀ ਦਇਆ ਕਮਾਈਆ । ਕਿਰਪਾ ਅੰਦਰ ਭਗਤਾਂ ਕਰ ਸੰਜੋਗ, ਧੁਰ ਮੇਲਾ ਲਏ ਮਿਲਾਈਆ । ਕਿਰਪਾ ਅੰਦਰ ਕੱਟ ਕੇ ਹਉਮੇ ਰੋਗ, ਹੰ ਬ੍ਰਹਮ ਦਏ ਸਮਝਾਈਆ । ਕਿਰਪਾ ਅੰਦਰ ਪੜਦਾ ਲਾਹ ਕੇ ਚੌਦਾਂ ਲੋਕ, ਚੌਦਾਂ ਤਬਕ ਭੇਵ ਦਏ ਖੁਲ੍ਹਾਈਆ । ਕਿਰਪਾ ਅੰਦਰ ਮੇਟ ਕੇ ਹਰਖ ਸੋਗ, ਚਿੰਤਾ ਗ਼ਮ ਦਏ ਮਿਟਾਈਆ । ਕਿਰਪਾ ਅੰਦਰ ਆਤਮ ਪਰਮਾਤਮ ਦੇ ਕੇ ਧੁਰ ਦਾ ਜੋਗ, ਜੋਗੀਸ਼ਰ ਆਪਣਾ ਹੁਕਮ ਵਰਤਾਈਆ । ਕਿਰਪਾ ਅੰਦਰ ਦੇ ਕੇ ਦਰਸ ਅਮੋਘ, ਭਗਤ ਸੁਹੇਲੇ ਆਪਣੇ ਘਰ ਵਸਾਈਆ । ਕਿਰਪਾ ਅੰਦਰ ਸਾਚੇ ਸੰਤਾਂ ਦੇਵੇ ਆਪਣੀ ਮੌਜ, ਮੌਜੂਦਾ ਹੋ ਕੇ ਮੇਲ


੭੫
੨੦

ਮਿਲਾਈਆ । ਕਿਰਪਾ ਅੰਦਰ ਗੁਰਮੁਖਾਂ ਦੱਸੇ ਖੋਜ, ਖੋਜੀ ਹੋ ਕੇ ਆਪਣਾ ਸੰਗ ਦਏ ਨਿਭਾਈਆ । ਕਿਰਪਾ ਅੰਦਰ ਗੁਰਸਿੱਖਾਂ ਪਰਗਟ ਕਰ ਕੇ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਨੂਰ ਕਰੇ ਰੁਸ਼ਨਾਈਆ । ਕਿਰਪਾ ਅੰਦਰ ਮਨ ਵਾਸਨਾ ਮੇਟ ਕੇ ਸੋਚ, ਬੁੱਧੀ ਤੋਂ ਪਰ੍ਹੇ ਕਰੇ ਪੜ੍ਹਾਈਆ । ਕਿਰਪਾ ਅੰਦਰ ਆਪਣੇ ਨਾਮ ਦਾ ਦੱਸ ਸਲੋਕ, ਸੋਹਲਾ ਢੋਲਾ ਇਕੋ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਨਿਹਕੰਲਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਸਦਾ ਜੁਗ ਚਾਰ, ਵੇਖੇ ਵਿਗਸੇ ਪਾਵੇ ਸਾਰ, ਭਗਤ ਸੁਹੇਲੇ ਲਏ ਉਠਾਲ, ਸੂਫ਼ੀਆਂ ਬਣੇ ਹਕ ਦਲਾਲ, ਸਚ ਦਵਾਰਾ ਏਕੰਕਾਰਾ ਦਰਗਾਹ ਸਾਚੀ ਧਾਮ ਨਿਆਰਾ, ਠਾਂਡਾ ਦਰ ਕਿਰਪਾਲ ਹੋ ਕੇ ਕਿਰਪਾ ਨਾਲ ਵਖਾਈਆ ।

★ ੩ ਕੱਤਕ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹ ਪਿੰਡ ਸੋਹਲ ਜ਼ਿਲਾ ਗੁਰਦਾਸਪੁਰ ★

ਸਤਿਗੁਰ ਸ਼ਬਦ ਕਹੇ ਜੁਗ ਚੌਕੜੀ ਮੇਰੇ ਮੁਹਤਾਜ, ਨਿਤ ਨਿਤ ਬੈਠੇ ਧਿਆਨ ਲਗਾਈਆ । ਮਾਂਗਤ ਹੋ ਕੇ ਮੰਗਦੇ ਰਹਿਣ ਦਾਦ, ਖ਼ਾਲੀ ਝੋਲੀ ਇਕ ਵਖਾਈਆ । ਧੁਰ ਸੰਯੋਗੀ ਬਣਾਉਂਦੇ ਰਹਿਣ ਸਾਥ, ਸਗਲਾ ਸੰਗ ਜਣਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਦੀਨਨ ਹੋ ਕੇ ਸੀਸ ਝੁਕਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਜੋਤੀ ਜਾਤੇ ਤੇਰੀ ਵਡ ਵਡਿਆਈਆ । ਦੀਨ ਦੁਨੀ ਬਦਲਦਾ ਰਿਹੋਂ ਸਦਾ ਸਮਾਜ, ਸਮੇਂ ਦੀ ਸਮਗਰੀ ਆਪ ਵਰਤਾਈਆ । ਨਿਰਗੁਣ ਸਰਗੁਣ ਰਚਦਾ ਰਿਹੋਂ ਕਾਜ, ਨਿਰਵੈਰ ਹੋ ਕੇ ਆਪਣਾ ਖੇਲ ਖਿਲਾਈਆ । ਸ਼ਬਦ ਅਗੰਮੀ ਦੋ ਜਹਾਨ ਮਾਰਦਾ ਰਿਹੋਂ ਆਵਾਜ਼, ਅਨਰਾਗੀ ਆਪਣਾ ਰਾਗ ਸੁਣਾਈਆ । ਸਜਦਿਆਂ ਵਿਚ ਦੱਸਦਾ ਰਿਹੋਂ ਆਦਾਬ, ਨਮਸਤੇ ਵਿਚ ਨਮੋਂ ਨਮੋਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਮਹਿਬੂਬ ਮੁਹੱਬਤ ਅੰਦਰ ਤੇਰਾ ਰਾਹ ਤਕਾਈਆ । ਸਤਿਗੁਰ ਸ਼ਬਦ ਕਹੇ ਆਦਿ ਜੁਗਾਦਿ ਏਕਾ ਦਾਨੀ, ਦਇਆਵਾਨ ਇਕ ਅਖਵਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਸਦਾ ਨਿਸ਼ਾਨੀ, ਨਿਸ਼ਾਨੇ ਜਗਤ ਗਏ ਸਮਝਾਈਆ । ਜਿਸ ਨੂੰ ਸਮਝਣਾ ਨਹੀਂ ਆਸਾਨੀ, ਬੁੱਧੀਵਾਨਾਂ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਸੋ ਪੁਰਖ ਅਕਾਲ ਦੀਨ ਦਿਆਲ ਜੋਤ ਨੁਰਾਨੀ, ਨੂਰ ਨੁਰਾਨਾ ਦੋ ਜਹਾਨਾਂ ਡਗਮਗਾਈਆ । ਜਿਸ ਦੀ ਜੂਹ ਹੋਵੇ ਨਾ ਕਦੇ ਬੇਗਾਨੀ, ਲੱਖ ਚੁਰਾਸੀ ਅੰਦਰ ਬੈਠਾ ਸੋਭਾ ਪਾਈਆ । ਭੇਵ ਅਭੇਦਾ ਜਾਣੇ ਚਾਰੇ ਖਾਣੀ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜੁਗ ਚੌਕੜੀ ਦਰ ਦਰਵੇਸ਼, ਸਿਰ ਸਕੇ ਨਾ ਕੋਇ ਉਠਾਈਆ । ਮੰਗਤੇ ਰਹੇ ਹਮੇਸ਼, ਨਿਉਂ ਨਿਉਂ ਸੀਸ ਨਿਵਾਈਆ । ਕਹਿੰਦੇ ਰਹੇ ਪੇਸ਼, ਵੇਸ ਅਨੇਕ ਵਖਾਈਆ । ਸੁਣਦੇ ਰਹੇ ਸੰਦੇਸ਼, ਧੁਰ ਫ਼ਰਮਾਨਾ ਸ਼ਬਦ ਅਲਾਈਆ । ਧਰਦੇ ਰਹੇ ਵੇਸ, ਲੋਕਮਾਤ ਰੂਪ ਬਦਲਾਈਆ । ਖੇਲਦੇ ਰਹੇ ਖੇਲ, ਖ਼ਾਲਕ ਖ਼ਲਕ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਤਿਗੁਰ

ਸ਼ਬਦ ਕਹੇ ਜੁਗ ਚੌਕੜੀ ਮੇਰਾ ਹੁਕਮ ਹੋਵੇ ਬਲਵਾਨ, ਬਲਧਾਰੀ ਇਕ ਅਖਵਾਈਆ । ਜਿਸ ਦਾ ਡੰਕਾ ਵੱਜੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਰਿਹਾ ਭਵਾਈਆ । ਸੀਸ ਨਿਵਾਉਂਦੇ ਗੋਪੀ ਕਾਹਨ, ਸੀਤਾ ਰਾਮ ਚਰਨ ਕਵਲ ਨਿਉਂ ਨਿਉਂ ਲਾਗਣ ਪਾਈਆ । ਪੈਗ਼ੰਬਰ ਕਰਨ ਸਲਾਮ, ਗੁਰੂ ਗੁਰਦੇਵ ਕਹਿ ਕੇ ਸ਼ੁਕਰ ਮਨਾਈਆ । ਸਭ ਤੋਂ ਵੱਖਰਾ ਮਹੱਲ ਅਟਲ ਉਚ ਮਕਾਨ, ਮਕਬਰਿਆਂ ਵਿਚ ਡੇਰਾ ਕਦੇ ਨਾ ਲਾਈਆ । ਜਿਥੇ ਰਸਨਾ ਜਿਹਵਾ ਬੱਤੀ ਦੰਦ ਕਰੇ ਨਾ ਕੋਇ ਕਲਿਆਣ, ਅੱਖਰਾਂ ਵਾਲਾ ਪੱਤਰਿਆਂ ਵਾਲਾ ਕਲਮਾ ਨਾ ਕੋਇ ਜਣਾਈਆ । ਇਕੋ ਹੁਕਮ ਸ੍ਰੀ ਭਗਵਾਨ, ਧੁਰ ਸੰਦੇਸ਼ਾ ਅਗੰਮੀ ਧਾਰ ਅਲਾਈਆ । ਜਿਸ ਨੂੰ ਸਮਝੇ ਨਾ ਕੋਇ ਇਨਸਾਨ, ਬੁੱਧੀ ਤੋਂ ਪਰੇ ਗਿਆਨ, ਸ਼ਬਦੀ ਸ਼ਬਦ ਖੇਲ ਮਹਾਨ, ਦੋ ਜਹਾਨ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸਾਚਾ ਹੁਕਮ ਹੁਕਮ ਵਿਚੋਂ ਬਦਲਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਗੁਰਦੇਵ, ਦੇਵ ਆਤਮਾ ਦਿਆਂ ਵਡਿਆਈਆ । ਸਰਗੁਣ ਨਿਰਗੁਣ ਸਾਰੇ ਕਰਦੇ ਸੇਵ, ਸੇਵਕ ਹੋ ਕੇ ਸਾਚੀ ਕਾਰ ਕਮਾਈਆ । ਮੇਰਾ ਖੇਲ ਅਲਖ ਅਭੇਵ, ਅਗੰਮ ਅਗੋਚਰ ਸਮਝ ਕੋਇ ਨਾ ਆਈਆ । ਗਾ ਨਾ ਸਕੇ ਕੋਈ ਰਸਨਾ ਜਿਹਵ, ਬੱਤੀ ਦੰਦ ਨਾ ਕੋਇ ਵਡਿਆਈਆ । ਧਾਮ ਨਿਆਰਾ ਨਿਹਚਲ ਅਟੱਲ ਨਿਹਕੇਵ, ਨਿਹਕਰਮੀ ਹੋ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਏਕੰਕਾਰਾ ਇਕੋ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਖੇਲ ਦੱਸਾਂ ਕਮਲਾਪਾਤੀ, ਪਤਿਪਰਮੇਸ਼ਵਰ ਦਿਆਂ ਜਣਾਈਆ । ਲੱਖ ਚੁਰਾਸੀ ਜੋਤ ਜਗਾਵਾਂ ਬਿਨ ਦੀਵਾ ਬਾਤੀ, ਨੂਰੋ ਨੂਰ ਡਗਮਗਾਈਆ । ਕਲਜੁਗ ਅੰਤ ਹੁਕਮ ਸ੍ਰੀ ਭਗਵੰਤ ਮੇਟਾਂ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਦੱਸ ਕੇ ਪੂਜਾ ਪਾਠੀ, ਸਿਮਰਨ ਜੋਗ ਅਭਿਆਸ ਦਿਆਂ ਸਮਝਾਈਆ । ਜਨ ਭਗਤਾਂ ਪੁਛਾਂ ਵਾਤੀ, ਵਾਰਸ ਹੋ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਤੇਰਾ ਸਤਿਜੁਗ ਬਣਾ ਕੇ ਸੱਚਾ ਸਾਥੀ, ਮਹਾਂਸਾਰਥੀ ਹੋ ਕੇ ਸਾਥ ਦੇਵੇ ਨਿਭਾਈਆ ।

## ★ ੪ ਕੱਤਕ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਿਹ ਪਿੰਡ ਡਡਵਾਂ ਜ਼ਿਲਾ ਗੁਰਦਾਸਪੁਰ ★

ਸਤਿ ਧਰਮ ਕਹੇ ਕਿਰਪਾ ਕਰ ਪ੍ਰਭ ਕੰਤ ਸੁਹਾਗ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਤੇਰੀ ਓਟ ਤਕਾਈਆ । ਕਲਜੁਗ ਕੂੜੀ ਕਿਰਿਆ ਕਾਇਨਾਤ ਵਿਚੋਂ ਮੇਟ ਦਾਗ਼, ਸਚ ਸੁਚ ਸਤਿ ਸਤਿਵਾਦ ਆਪਣਾ ਦੇ ਜਣਾਈਆ । ਹੰਸ ਬੁੱਧੀ ਸਭ ਦੀ ਬਣਾ ਕਾਗ, ਗੁਰਮੁਖ ਗੁਰਸਿਖ ਸੰਤ ਸੁਹੇਲੇ ਚਾਰ ਵਰਨ ਅਠਾਰਾਂ ਬਰਨ ਲੈ ਬਣਾਈਆ । ਘਰ ਘਰ ਗ੍ਰਿਹ ਗ੍ਰਿਹ ਮੰਦਰ ਅੰਦਰ ਦੀਪਕ ਜੋਤ ਜਗਾ ਚਿਰਾਗ਼, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਨੂਰ ਕਰ ਰੁਸ਼ਨਾਈਆ । ਹਰ ਹਿਰਦੇ ਅੰਦਰ ਪ੍ਰੇਮ ਪ੍ਰੀਤੀ ਸਾਚਾ ਬਖ਼ਸ਼ ਵੈਰਾਗ, ਵੈਰੀ ਅੰਦਰੋਂ ਕਾਮ ਕਰੋਧ ਲੋਭ ਮੋਹ ਹੰਕਾਰ ਦੇ ਗਵਾਈਆ । ਭਗਤੀ ਅੰਦਰ ਬਣਾ ਧੁਰ ਦੇ ਸੱਚੇ ਸੰਤ ਸਾਧ, ਸਾਧਨਾ ਆਪਣਾ ਨਾਮ ਦੇ ਜਣਾਈਆ । ਮਾਨਵ ਜਾਤੀ ਤੈਨੂੰ ਰਹੇ ਆਰਾਧ,

ਬਿਨ ਪੁਰਖ ਅਕਾਲ ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਵਾਹਦ, ਜਲਵਾਗਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਧਰਮ ਦਰ ਠਾਂਡੇ ਸੀਸ ਨਿਵਾਈਆ । ਸਤਿ ਧਰਮ ਕਹੇ ਕਿਰਪਾ ਕਰ ਸ੍ਰੀ ਭਗਵੰਤ, ਭਗਵਨ ਤੇਰੀ ਆਸ ਰਖਾਈਆ । ਮਾਇਆ ਭੁੱਲਾ ਕਲਜੁਗ ਜੀਵ ਜੰਤ, ਸਾਚਾ ਰੰਗ ਨਾ ਕੋਇ ਰੰਗਾਈਆ । ਗ੍ਰਿਹਿ ਗ੍ਰਿਹਿ ਬਣਿਆ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਨਾਨਕ ਗੋਬਿੰਦ ਧਾਰ ਚਾਰ ਵਰਨ ਸਮਝੇ ਕੋਈ ਨਾ ਏਕਾ ਸੰਗਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰਨ ਲੜਾਈਆ । ਬੋਧ ਅਗਾਧਾ ਸ਼ਬਦ ਅਨਾਦਾ ਅਗੰਮੀ ਭੇਜ ਆਪਣਾ ਪੰਡਤ, ਦੀਨ ਦੁਨੀ ਦਏ ਸਮਝਾਈਆ । ਮਨ ਵਾਸਨਾ ਕੂੜੀ ਕਿਰਿਆ ਕਰ ਖੰਡਤ, ਖੰਡਾ ਖੜਗ ਆਪਣਾ ਨਾਮ ਚਮਕਾਈਆ । ਅਬਿਨਾਸ਼ੀ ਕਰਤੇ ਤੇਰੇ ਅੱਗੇ ਮੇਰੀ ਮਿੰਨਤ, ਨਿਉਂ ਨਿਉਂ ਚਰਨ ਕਵਲ ਲੱਗਾਂ ਸਰਨਾਈਆ । ਬਿਨ ਤੇਰੀ ਕਿਰਪਾ ਚਾਰ ਕੁੰਟ ਦਹਿ ਦਿਸ਼ਾ ਕਿਸੇ ਵਿਚ ਨਾ ਦਿਸੇ ਹਿੰਮਤ, ਜੋ ਝਗੜਾ ਦੀਨ ਮਜ਼੍ਹਬ ਦਏ ਮੁਕਾਈਆ । ਸ਼ਰਅ ਦੀ ਰਹਿਣ ਨਾ ਦੇ ਇੱਲਤ, ਇਲਮ ਆਲਮਾਂ ਦੇ ਸਮਝਾਈਆ । ਮਾਨਸ ਜਨਮ ਪਾ ਕੇ ਤੇਰਾ ਰਹੇ ਕੋਈ ਨਾ ਨਿੰਦਕ, ਦੁਸ਼ਟ ਦੁਰਾਚਾਰ ਵਿਭਚਾਰ ਕਰਮ ਨਾ ਕੋਇ ਕਮਾਈਆ । ਆਤਮ ਪਰਮਾਤਮ ਆਪਣੀ ਦੱਸ ਅਗੰਮੀ ਮਿੱਲਤ, ਪਾਰਬ੍ਰਹਮ ਬ੍ਰਹਮ ਲੈ ਮਿਲਾਈਆ । ਚੁਰਾਸੀ ਵਿਚ ਫੇਰ ਨਾ ਹੋਵੇ ਜ਼ਿੱਲਤ, ਜੂਨੀ ਜੂਨ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਧਰਮ ਤੇਰੇ ਦਵਾਰੇ ਮੰਗ ਮੰਗਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਅੰਤ ਅਖ਼ੀਰ ਕਰ ਦੇ ਬਦਲੀ, ਲੋਕਮਾਤ ਰਹਿਣ ਨਾ ਪਾਈਆ । ਤੂੰ ਸਚਖੰਡ ਨਿਵਾਸੀ ਧੁਰ ਦਾ ਅਦਲੀ, ਦੋ ਜਹਾਨਾਂ ਅਦਾਲਤ ਇਕ ਲਗਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਆਸਾ ਰੱਖ ਕੇ ਗਏ ਕਦ ਦੀ, ਜੁਗ ਚੌਕੜੀ ਪਿਛਲੀ ਦਏ ਗਵਾਹੀਆ । ਭਗਤਾਂ ਆਤਮ ਧਾਰ ਪਿਆਰ ਅੰਦਰ ਤੈਨੂੰ ਸੱਦ ਦੀ, ਸੰਦੇਸ਼ਾ ਸ਼ਬਦ ਨਾਮ ਸੁਣਾਈਆ ।

ਮੇਟ ਕੂੜ ਕੁੜਿਆਰ ਦੂਈ ਦਵੈਤੀ ਹੱਦ ਦੀ, ਜਗਤ ਸ਼ਰਅ ਨਾ ਕੋਇ ਲੜਾਈਆ । ਧੁਨ ਸੁਣਾ ਆਪਣੇ ਅਗੰਮੀ ਨਦ ਦੀ, ਦੋ ਜਹਾਨਾਂ ਡੰਕਾ ਦੇ ਵਜਾਈਆ । ਕਲਜੁਗ ਦੀਨ ਦੁਨੀ ਭਰੀ ਹੰਕਾਰੀ ਮਦ ਦੀ, ਨਾਮ ਖ਼ੁਮਾਰੀ ਨਜ਼ਰ ਕੋਇ ਨਾ ਆਈਆ । ਜੂਠ ਝੂਠ ਕਰਮ ਵਿਕਾਰ ਨਹੀਂ ਛੱਡਦੀ, ਤ੍ਰੈਗੁਣ ਨਾਤਾ ਨਾ ਕੋਇ ਤੁੜਾਈਆ । ਘਰ ਘਰ ਅਗਨੀ ਦਿਸੇ ਬਲਦੀ, ਤਤਵ ਤਤ ਰਹੀ ਜਲਾਈਆ । ਵੇਖ ਖੇਲ ਕਲੂਏ ਕਲ ਦੀ, ਕਾਲਖ ਟਿੱਕੇ ਸਭ ਨੂੰ ਰਿਹਾ ਲਗਾਈਆ । ਕੋਟਾਂ ਵਿਚੋਂ ਕੋਈ ਗੁਰਮੁਖ ਆਤਮਾ ਤੇਰਾ ਦਵਾਰਾ ਮੱਲ ਦੀ, ਬਹੁਤੇ ਭੁੱਲ ਕੇ ਆਪਣਾ ਆਪ ਗਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦ ਦਰ ਠਾਂਡੇ ਸੀਸ ਨਿਵਾਈਆ । ਸਤਿ ਧਰਮ ਕਹੇ ਮੇਰੇ ਪੁਰਖ ਸਮਰਥ, ਸਵਾਮੀ ਤੇਰੀ ਆਸ ਰਖਾਈਆ । ਜੁਗ ਚੌਕੜੀ ਚਲਾਵਣਹਾਰੇ ਰਥ, ਰਥ ਰਥਵਾਹੀ ਤੇਰੀ ਵਡ ਵਡਿਆਈਆ । ਸਾਚਾ ਮਾਰਗ ਦੀਨ ਦਿਆਲ ਦੋ ਜਹਾਨਾਂ ਆ ਕੇ ਦੱਸ, ਸ੍ਰੀ ਭਗਵਾਨ ਅਗੰਮ ਕਰ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੀਨ ਦੁਨੀ ਦੇ ਰਸ, ਰਸਤਾ ਬਾਵਸਤਾ ਹੋ ਕੇ ਇਕੋ ਇਕ ਦੇ ਸਮਝਾਈਆ । ਸਿਫ਼ਤਾਂ ਵਿਚ ਢੋਲਾ ਨਾਮ ਨਗਮਾ ਤੇਰਾ ਗਾਵਣ ਜਸ, ਬੱਤੀ ਦੰਦ ਸਾਚੀ ਸਿਫ਼ਤ ਸਾਲਾਹੀਆ । ਨਿਜ ਨੇਤਰ ਨੈਣ ਕਾਇਆ ਮੰਦਰ ਅੰਦਰ ਖੋਲ੍ਹ ਅੱਖ, ਪੜਦਾ ਓਹਲਾ ਦੇ ਉਠਾਈਆ । ਨਿਰਗੁਣ ਧਾਰ ਜੋਤ ਨਿਰੰਕਾਰ ਸਵੱਛ

ਸਰੂਪ ਦਰਸ ਦੇ ਪ੍ਰਤੱਖ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਮੇਲਾ ਲੈ ਮਿਲਾਈਆ । ਤੇਰੀ ਆਤਮ ਪਰਮਾਤਮ ਰਹੇ ਕੋਈ ਨਾ ਵੱਖ, ਜੁਗ ਜਨਮ ਦੀ ਵਿਛੜੀ ਜੋੜ ਜੁੜਾਈਆ । ਸਦੀ ਚੌਧਵੀਂ ਰਹੀ ਲੰਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਪਾਰਬ੍ਰਹਮ ਪ੍ਰਭ ਤੇਰੀ ਆਸ ਰਖਾਈਆ । ਸਤਿ ਧਰਮ ਕਹੇ ਪ੍ਰਭ ਮੇਰੇ ਪੁਰਖ ਅਕਾਲ, ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਤੂੰ ਦੀਨਾਂ ਦਾਤਾ ਸਦਾ ਦਿਆਲ, ਮਿਹਰਵਾਨ ਅਖਵਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਬਿਨ ਸਤਿਗੁਰ ਸ਼ਬਦ ਮੁਰੀਦਾਂ ਪੁਛੇ ਕੋਈ ਨਾ ਹਾਲ, ਮੁਰਸ਼ਦ ਨਜ਼ਰ ਕੋਇ ਨਾ ਆਈਆ । ਸਤਿਗੁਰ ਗੋਬਿੰਦ ਬਣ ਦਲਾਲ, ਵਿਚੋਲਾ ਇਕੋ ਸਭ ਦਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਵੇਖ ਅੰਤ ਅਖ਼ੀਰ, ਮੈਂ ਰੋ ਰੋ ਦਿਆਂ ਦੁਹਾਈਆ । ਸਾਚਾ ਦਿਸੇ ਨਾ ਕੋਈ ਪੀਰ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਦੱਸੇ ਨਾ ਕੋਇ ਪੜ੍ਹਾਈਆ । ਸ਼ਰਅ ਕਟੇ ਨਾ ਕੋਇ ਜ਼ੰਜੀਰ, ਲਾਸ਼ਰੀਕ ਤੇਰੇ ਨਾਲ ਨਾ ਕੋਇ ਮਿਲਾਈਆ । ਵਾਹਦ ਦੱਸੇ ਨਾ ਕੋਇ ਤਦਬੀਰ, ਤਕਦੀਰ ਤੇਰੇ ਨਾਲ ਸਕੇ ਨਾ ਕੋਇ ਬਦਲਾਈਆ । ਝਗੜਾ ਪਿਆ ਗ਼ਰੀਬ ਅਮੀਰ, ਅਮਰਾਪਦ ਨਾ ਕੋਇ ਵਖਾਈਆ । ਦੀਨ ਦੁਨੀ ਹੋਈ ਦਿਲਗੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਲੇਖਾ ਮੁਕੇ ਨਾ ਸ਼ਾਹ ਹਕੀਰ, ਚਾਰ ਕੁੰਟ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਲੋਕਮਾਤ ਵੇਸ ਵਟਾਈਆ । ਸਤਿ ਧਰਮ ਕਹੇ ਪ੍ਰਭ ਮੇਰੇ ਦੀਨ ਦੁਨੀ ਦੇ ਮਾਲਕ, ਦੋ ਜਹਾਨਾਂ ਵਾਲੀ ਤੇਰੀ ਬੇਪਰਵਾਹੀਆ । ਕਾਇਨਾਤ ਵੇਖ ਆਪਣੀ ਖ਼ਲਕ ਖ਼ਾਲਕ, ਮਖ਼ਲੂਕ ਅੰਤਰ ਪੜਦਾ ਆਪ ਉਠਾਈਆ । ਬਿਨ ਸਤਿਗੁਰ ਸ਼ਬਦ ਦਿਸੇ ਨਾ ਕੋਈ ਸਾਲਸ, ਹਕੀਕ਼ਤ ਹਕ ਨਾ ਕੋਇ ਦ੍ਰਿੜਾਈਆ । ਚਾਰ ਵਰਨ ਰਿਹਾ ਨਾ ਖਾਲਸ, ਸਤਿ ਸਤਿਵਾਦ ਵਿਚ ਨਾ ਕੋਇ ਸਮਾਈਆ । ਮਨ ਵਾਸਨਾ ਸਭ ਦੇ ਅੰਦਰ ਆਦਤ, ਇਬਾਦਤ ਹਕ ਨਾ ਕੋਇ ਕਮਾਈਆ । ਕੂੜੀ ਕਿਰਿਆ ਮਮਤਾ ਮੋਹ ਵਧਿਆ ਲਾਲਚ, ਧੀਰਜ ਧੀਰ ਨਾ ਕੋਇ ਧਰਾਈਆ । ਪੁਰਖ ਅਕਾਲ ਦੀਨ ਦਿਆਲ ਹਰ ਘਟ ਅੰਦਰ ਆਪਣਾ ਨਾਮ ਅਗੰਮਾ ਬਖ਼ਸ਼ ਨਿਆਮਤ, ਨਿਰਵੈਰ ਹੋ ਕੇ ਹੋ ਸਹਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਹੀ ਸਲਾਮਤ, ਸਾਹਿਬ ਸਵਾਮੀ ਅੰਤਰਜਾਮੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਕੂੜੀ ਕਿਰਿਆ ਦੇਣੀ ਮਿਟਾਈਆ । ਕਲਜੁਗ ਕੂੜੀ ਕਿਰਿਆ ਮੇਟ ਸੰਤਾਪ, ਦੁੱਖ ਰਹਿਣ ਕੋਇ ਨਾ ਪਾਈਆ । ਸਭ ਦਾ ਮਾਲਕ ਬਣ ਆਪ, ਪਤਿ ਪਰਮੇਸ਼ਵਰ ਬੇਪਰਵਾਹੀਆ । ਆਤਮ ਪਰਮਾਤਮ ਦੱਸ ਜਾਪ, ਜਗ ਜੀਵਣ ਦਾਤੇ ਦੇ ਜਣਾਈਆ । ਰੂਹ ਬੁਤ ਦੋਵੇਂ ਕਰ ਪਾਕ, ਪਤਤ ਪੁਨੀਤ ਦੇ ਵਖਾਈਆ । ਪਾਰਬ੍ਰਹਮ ਬ੍ਰਹਮ ਦੇ ਸਗਲਾ ਸਾਥ, ਧੁਰ ਦਾ ਸੰਗੀ ਨਜ਼ਰੀ ਆਈਆ । ਭੋਲਿਆਂ ਅਨਾਥਾਂ ਨਾਥ, ਬੇਅੰਤ ਤੇਰੀ ਵਡਿਆਈਆ । ਕਲਜੁਗ ਕੂੜੀ ਕਿਰਿਆ ਪਾਰ ਕਰ ਘਾਟ, ਪੱਤਨ ਆਪਣਾ ਦੇ ਵਖਾਈਆ । ਜਿਥੇ ਇਕੋ ਹੋਵੇ ਯਾਦ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤੇ ਸੁਣ ਫ਼ਰਿਆਦ, ਮਿਹਰਵਾਨ ਹੋ ਕੇ ਮਿਹਰ ਅੱਖ ਖੁਲ੍ਹਾਈਆ । ਕਲਜੁਗ ਕਾਇਆ ਖੇੜਾ ਉਜੜਿਆ ਕਰ ਆਬਾਦ, ਨਾਮ ਧੁਰ ਦੇ ਨਾਲ ਵਸਾਈਆ । ਸੋਈ ਸੁਰਤੀ ਸ੍ਰਿਸ਼ਟ

ਸਬਾਈ ਜਾਏ ਜਾਗ, ਆਲਸ ਨਿੰਦਰਾ ਵਿਚ ਰਹਿਣ ਕੋਇ ਨਾ ਪਾਈਆ । ਤੇਰੇ ਮਿਲਣ ਦਾ ਸਭ ਦੇ ਅੰਤਰ ਉਪਜੇ ਵੈਰਾਗ, ਵੈਰੀ ਦੂਤੀ ਦੁਸ਼ਮਣ ਅੰਦਰੋਂ ਦੇਣੇ ਭਜਾਈਆ । ਪੁਰਖ ਅਕਾਲ ਤੂੰ ਸਭ ਦਾ ਮਾਈ ਬਾਪ, ਪਿਤਾ ਪੂਤ ਸਪੂਤ ਗੋਦ ਲੈਣੇ ਉਠਾਈਆ । ਅੰਤ ਅਖ਼ੀਰੀ ਕਲ ਰਹੇ ਨਾ ਅੰਧੇਰੀ ਰਾਤ, ਸਤਿਜੁਗ ਸਾਚਾ ਨਾਮ ਚੰਦ ਦੇਣਾ ਚਮਕਾਈਆ । ਝਗੜਾ ਰਹੇ ਨਾ ਜਾਤ ਪਾਤ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਇਕੋ ਦੇਣਾ ਸਾਥ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਕਲਜੁਗ ਲੇਖਾ ਦੇਣਾ ਚੁਕਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਕੂੜੀ ਕਿਰਿਆ ਮੇਟ ਕੂੜ, ਕੁਕਰਮ ਰਹਿਣ ਨਾ ਪਾਈਆ । ਜਨ ਭਗਤਾਂ ਬਖ਼ਸ਼ ਆਪਣੀ ਧੂੜ, ਗੁਰਮੁਖ ਗੁਰਸਿਖ ਪਾਰ ਲੰਘਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਗੁਰਮਤ ਇਕ ਦਰਸਾਈਆ । ਜੋਤੀ ਜਾਤੇ ਆਪਣਾ ਬਖ਼ਸ਼ ਦੇ ਨੂਰ, ਜੋਤੀ ਜੋਤ ਕਰ ਰੁਸ਼ਨਾਈਆ । ਜੁਗ ਬਦਲਣਾ ਆਦਿ ਜੁਗਾਦਿ ਤੇਰਾ ਦਸਤੂਰ, ਹੁਕਮੇਂ ਅੰਦਰ ਹੁਕਮ ਸੁਣਾਈਆ । ਗੜ੍ਹ ਰਹੇ ਨਾ ਕੋਇ ਗ਼ਰੂਰ, ਗ਼ੁਰਬਤ ਸਭ ਦੀ ਦੇਣੀ ਮਿਟਾਈਆ । ਸਾਚੇ ਨਾਮ ਦਾ ਦੇ ਸਰੂਰ, ਸੁਰਤੀ ਸ਼ਬਦ ਨਾਲ ਜੁੜਾਈਆ । ਤੂੰ ਸਰਬ ਕਲਾ ਭਰਪੂਰ, ਬੇਅੰਤ ਇਕ ਅਖਵਾਈਆ । ਸਤਿ ਧਰਮ ਕਹੇ ਮੈਂ ਹੋਇਆ ਮਜਬੂਰ, ਮੁਸ਼ਕਲ ਆਪਣੀ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਸਤਿ ਧਰਮ ਕਹੇ ਮੈਂ ਆਇਆ ਦਰ ਠੰਡੇ, ਪੁਰਖ ਅਕਾਲ ਤੇਰੀ ਸਰਨਾਈਆ । ਤੂੰ ਜੁਗ ਜੁਗ ਆਦਿ ਜੁਗਾਦਿ ਵਸਤ ਅਮੋਲਕ ਨਾਮ ਵੰਡੇ, ਅਤੋਟ ਅਤੁਟ ਵਰਤਾਈਆ । ਕਲਜੁਗ ਕੂੜੀ ਕਿਰਿਆ ਕਰ ਖੰਡ ਖੰਡੇ, ਨਾਮ ਖੰਡਾ ਇਕ ਚਮਕਾਈਆ । ਦੀਨ ਮਜ਼੍ਹਬ ਦੇ ਰਹਿਣ ਕੋਈ ਨਾ ਦੰਗੇ, ਝਗੜਾ ਕਰੇ ਨਾ ਕੋਇ ਲੋਕਾਈਆ । ਮਾਨਸ ਜਾਤੀ ਸਾਰੇ ਤੇਰੇ ਬੰਦੇ, ਬੰਦਗੀ ਆਪਣੀ ਦੇ ਸਮਝਾਈਆ । ਲੇਖੇ ਲਾ ਚੰਗੇ ਮੰਦੇ, ਵਡ ਦਾਤੇ ਤੇਰੀ ਵੱਡੀ ਵਡਿਆਈਆ । ਬਿਨ ਤੇਰੇ ਨਾਮ ਓਢਣ ਸੀਸ ਫਿਰਦੇ ਨੰਗੇ, ਸਿਰ ਹੱਥ ਨਾ ਕੋਇ ਟਿਕਾਈਆ । ਸਮਰਥ ਸਵਾਮੀ ਆਤਮ ਪਰਮਾਤਮ ਵਸ ਸੰਗੇ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਧਰਮ ਦਵਾਰ ਤੇਰਾ ਮੰਗੇ, ਮਾਂਗਤ ਹੋ ਕੇ ਝੋਲੀ ਡਾਹੀਆ । ਸਤਿ ਧਰਮ ਕਹੇ ਪ੍ਰਭ ਮੈਂ ਮੰਗਣ ਆਇਆ ਮੰਗਤਾ, ਬੈਠਾ ਦਰ ਹਜ਼ੂਰ । ਗੜ੍ਹ ਤੋੜ ਕਲਜੁਗ ਹਉਮੇ ਹੰਗਤਾ, ਅਰਜ਼ ਕਰ ਮਨਜ਼ੂਰ । ਮੇਲ ਮਿਲਾ ਕੇ ਚਾਰ ਵਰਨ ਬਣਾ ਸੰਗਤਾ, ਬਖ਼ਸ਼ ਅਗੰਮੀ ਆਪਣਾ ਨੂਰ । ਝਗੜਾ ਮੁਕਾ ਦੇ ਕੂੜੇ ਮਨ ਦਾ, ਦਹਿ ਦਿਸ਼ਾ ਨਾ ਪਾਏ ਫ਼ਤੂਰ । ਪਰਕਾਸ਼ ਕਰ ਦੇ ਆਪਣੇ ਚੰਨ ਦਾ, ਗੋਬਿੰਦ ਪਰਗਟ ਹੋਵੇ ਹਜ਼ੂਰ । ਜੋ ਕੂੜ ਵਿਕਾਰੇ ਡੰਨ ਦਾ, ਸੁਘੜ ਬਣਾਏ ਮੂਰਖ ਮੂੜ੍ਹ । ਕਾਚੀ ਵੰਗ ਭੰਨਦਾ, ਧੁਰ ਫ਼ਰਮਾਨਾ ਸੁਣਾਵੇ ਜ਼ਰੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਸਾਹਿਬ ਸਵਾਮੀ ਸਮਰਥ ਸਰਬ ਕਲਾ ਭਰਪੂਰ ।

★ ੪ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਨਾਮ ਕੌਰ ਦੇ ਗ੍ਰਿਹ ਪਿੰਡ ਲੇਲ ਜ਼ਿਲਾ ਗੁਰਦਾਸਪੁਰ ★

ਸਤਿ ਕਹੇ ਤੇਰਾ ਹੁਕਮ ਸਦਾ ਸਖ਼ਤਾ, ਸਖ਼ੀਆਂ ਦੇ ਕਾਹਨ ਗਏ ਜਣਾਈਆ । ਜੋ ਜੁਗ ਜੁਗ ਪੈਜ ਭਗਤਾਂ ਰੱਖਦਾ, ਰੱਖਿਆ ਕਰੇ ਥਾਉਂ ਥਾਈਂਆ । ਪ੍ਰੇਮ ਪਿਆਰ ਅੰਦਰ ਹੱਸਦਾ, ਖ਼ੁਸ਼ੀਆਂ ਵਿਚ ਦਏ ਵਡਿਆਈਆ । ਤੇਰਾ ਢੋਲਾ ਗਾ ਕੇ ਜਸ ਦਾ, ਸਿਫ਼ਤਾਂ ਵਿਚ ਸਾਲਾਹੀਆ । ਕਲਮਾ ਸੁਣਾ ਕੇ ਹਕ ਦਾ, ਹਕ਼ੀਕ਼ਤ ਦਏ ਦ੍ਰਿੜਾਈਆ । ਭੇਵ ਖੁਲ੍ਹਾਵੇ ਸ਼ੱਕ ਦਾ, ਸ਼ਰਅ ਨਾ ਕੋਇ ਲੜਾਈਆ । ਜੁਗ ਜੁਗ ਖੇਲ ਤੇਰਾ ਤੱਕਦਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਸੇਵਾ ਕਰਦਾ ਕਦੇ ਨਾ ਅੱਕ ਦਾ, ਸਦ ਭੱਜੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਤਿ ਧਰਮ ਕਹੇ ਤੇਰਾ ਹੁਕਮ ਸਦਾ ਅਮਰ, ਅਮਰਾਪਦ ਦਏ ਵਖਾਈਆ । ਡੂੰਘਾ ਸਾਗਰ ਗਹਿਰ ਗਵਰ, ਗੰਭੀਰ ਬੇਨਜ਼ੀਰ ਦਏ ਜਣਾਈਆ । ਬਿਨ ਭਗਤਾਂ ਜਾਣੇ ਕੋਈ ਨਾ ਗ਼ੈਰ ਅਵਰ, ਪੜਦਾ ਸਕੇ ਨਾ ਕੋਇ ਉਠਾਈਆ । ਬਿਨ ਸੰਤਾਂ ਆਏ ਕਿਸੇ ਨਾ ਸਵਰ, ਸਬਰ ਵਿਚ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਤਿ ਧਰਮ ਕਹੇ ਤੇਰਾ ਹੁਕਮ ਆਦਿ ਜੁਗਾਦੀ, ਜੁਗ ਜੁਗ ਹੁਕਮ ਮਨਾਈਆ । ਸਦਾ ਮੇਟੇ ਝਗੜਾ ਫ਼ਸਾਦੀ, ਕੂੜੀ ਕਿਰਿਆ ਡੇਰਾ ਢਾਹੀਆ । ਜਨ ਭਗਤਾਂ ਸੰਤਾਂ ਬਣਿਆ ਰਹੇ ਇਮਦਾਦੀ, ਵੇਖੇ ਵਿਗਸੇ ਥਾਉਂ ਥਾਈਂਆ । ਗ਼ਰੀਬ ਨਿਮਾਣਿਆਂ ਸੁਣੇ ਫ਼ਰਿਆਦੀ, ਲੱਖ ਚੁਰਾਸੀ ਖੋਜ ਖੁਜਾਈਆ । ਜੁਗ ਬਦਲਣਾ ਜਿਸ ਦੀ ਵਾਦੀ, ਵਾਅਦੇ ਪੂਰੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਸਤਿ ਧਰਮ ਕਹੇ ਤੇਰਾ ਹੁਕਮ ਸਦਾ ਸਦਾ ਦੋ ਜਹਾਨ, ਸਿਰ ਸਕੇ ਨਾ ਕੋਇ ਉਠਾਈਆ । ਬਣਾਂ ਵਿਚ ਫਿਰ ਕੇ ਗਏ ਰਾਮ, ਦਿਵਸ ਰੈਣ ਭੱਜੇ ਚਾਈਂ ਚਾਈਂਆ । ਧਰਨੀ ਸੁਹਾ ਕੇ ਗਏ ਤੱਤਾਂ ਵਾਲੇ ਕਾਹਨ, ਗੋਪੀਆਂ ਰਾਸ ਰਚਾਈਆ । ਹਜ਼ਰਤ ਬਣ ਕੇ ਗਏ ਅਮਾਮ, ਨਬੀ ਰਸੂਲ ਵਡਿਆਈਆ । ਨਾਨਕ ਗੋਬਿੰਦ ਦੇ ਪੈਗ਼ਾਮ, ਸ਼ਬਦੀ ਸ਼ਬਦ ਸੁਣਾਈਆ । ਕਰਦੇ ਗਏ ਸਲਾਮ, ਝੁਕ ਝੁਕ ਸੀਸ ਨਿਵਾਈਆ । ਬੰਦਨਾ ਵਿਚ ਤਮਾਮ, ਡੰਡਾਵਤ ਵਿਚ ਲੋਕਾਈਆ । ਕਲਮਿਆਂ ਵਾਲੀ ਕਲਾਮ, ਹੁਕਮੇਂ ਅੰਦਰ ਸਮਝਾਈਆ । ਹੁਕਮੇ ਅੰਦਰ ਬਦਲ ਨਿਜ਼ਾਮ, ਨੌਬਤ ਧੁਰ ਦੀ ਦਏ ਵਜਾਈਆ । ਜਿਸ ਨੂੰ ਸਮਝੇ ਨਾ ਕੋਇ ਇਨਸਾਨ, ਹੁਕਮ ਧੁਰ ਦਾ ਬੇਪਰਵਾਹੀਆ । ਸੋ ਖੇਲ ਕਰੇ ਸ੍ਰੀ ਭਗਵਾਨ, ਸਾਹਿਬ ਸੁਲਤਾਨ ਦਇਆ ਕਮਾਈਆ । ਕਲਜੁਗ ਅੰਤ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਭਗਤ ਸੁਹੇਲੇ ਜਗਤ ਪਹਿਚਾਨ, ਗੁਰਮੁਖ ਜੋੜ ਜੁੜਾਈਆ । ਸਚ ਪ੍ਰੀਤੀ ਦੇ ਗਿਆਨ, ਦ੍ਰਿਸ਼ਟੀ ਅੰਦਰੋਂ ਦਿਤੀ ਖੁਲ੍ਹਾਈਆ । ਨਾਮ ਭੰਡਾਰਾ ਦੇ ਕੇ ਦਾਨ, ਦਇਆਵਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਦੱਸ ਆਸਾਨ, ਮੁਸ਼ਕਲ ਲੱਖ ਚੁਰਾਸੀ ਵਾਲੀ ਦੂਰ ਕਰਾਈਆ ।



੮੧ ੨੦

## ★ ੪ ਕੱਤਕ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਭੁੰਬਲੀ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹੇ ਮੇਰਾ ਸੱਚਾ ਧਰਮ, ਧਰਮ ਆਤਮਾ ਨਾਲ ਬਣਾਈਆ । ਨਾਤਾ ਜੋੜ ਕੇ ਸਤਿਗੁਰ ਚਰਨ, ਸਤਿਗੁਰ ਮੰਨਾਂ ਪੁਰਖ ਅਕਾਲ ਬੇਪਰਵਾਹੀਆ । ਜਿਸ ਨੂੰ ਮਿਲਿਆਂ ਫੇਰ ਨਾ ਹੋਵੇ ਜਨਮ, ਜਨਮ ਜਨਮ ਦਾ ਗੇੜਾ ਦਏ ਮੁਕਾਈਆ । ਲੇਖਾ ਰਹੇ ਨਾ ਕੋਇ ਕੂੜ ਕੁਕਰਮ, ਨਿਹਕਰਮੀ ਹੋ ਕੇ ਪਤਤ ਪੁਨੀਤ ਦਏ ਬਣਾਈਆ । ਮਨ ਵਿਕਾਰ ਰਹਿਣ ਨਾ ਦੇਵੇ ਕੋਈ ਭਰਮ, ਭੈ ਭੌ ਆਪਣਾ ਇਕ ਵਖਾਈਆ । ਝਗੜਾ ਰਹੇ ਨਾ ਜਾਤ ਪਾਤ ਵਰਨ, ਊਚ ਨੀਚ ਨਾ ਕੋਇ ਲੜਾਈਆ । ਸਚਖੰਡ ਦਵਾਰੇ ਬਖ਼ਸ਼ੇ ਆਪਣੀ ਸਰਨ, ਘਰ ਇਕੋ ਇਕ ਵਖਾਈਆ । ਜਿਥੇ ਫੇਰ ਨਾ ਹੋਵੇ ਮਰਨ, ਮਰ ਕੇ ਜੀਵਣ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਜਨ ਭਗਤ ਕਹੇ ਮੇਰਾ ਘਰ ਬਾਰ, ਸਚਖੰਡ ਦਵਾਰਾ ਨਜ਼ਰੀ ਆਈਆ । ਜਿਸ ਗ੍ਰਿਹ ਵਸੇ ਇਕ ਨਿਰੰਕਾਰ, ਨਿਰਗੁਣ ਬੈਠਾ ਸੋਭਾ ਪਾਈਆ । ਬੰਦਨਾ ਕਰਦੇ ਗੁਰੂ ਅਵਤਾਰ, ਪੈਗ਼ੰਬਰ ਸਜਦਿਆਂ ਵਿਚ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਖੜ੍ਹੇ ਭਿਖਾਰ, ਦਰ ਠਾਂਡੇ ਸੀਸ ਨਿਵਾਈਆ । ਜੁਗ ਚੌਕੜੀ ਰੋਵਣ ਜ਼ਾਰੋ ਜ਼ਾਰ, ਬਿਨ ਨੇਤਰ ਨੈਣਾਂ ਮਾਰਨ ਧਾਹੀਆ । ਭਗਤ ਸੁਹੇਲੇ ਮੰਗਣ ਧੂੜੀ ਚਰਨ ਛਾਰ, ਸੰਤ ਸੁਹੇਲੇ ਟਿੱਕੇ ਖ਼ਾਕ ਰਮਾਈਆ । ਗੁਰਮੁਖ ਕੂਕਣ ਵਾਰੋ ਵਾਰ, ਗੁਰਸਿਖ ਨਿਉਂ ਨਿਉਂ ਲਾਗਣ ਪਾਈਆ । ਜਿਸ ਗ੍ਰਿਹ ਕਿਰਪਾ ਕਰੇ ਆਪ ਕਰਤਾਰ, ਕੁਦਰਤ ਦਾ ਕਾਦਰ ਦਇਆ ਕਮਾਈਆ । ਦੋ ਜਹਾਨਾਂ ਬਣਿਆ ਰਹੇ ਸਿਕਦਾਰ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਲਹਿਣਾ ਦੇਂਦਾ ਆਇਆ ਵਾਰੋ ਵਾਰ, ਖ਼ਾਲੀ ਨਜ਼ਰ ਕੋਇ ਨਾ ਆਈਆ । ਸਚਖੰਡ ਦਵਾਰ ਏਕੰਕਾਰ ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਆਸਣ ਸਿੰਘਾਸਣ ਪੁਰਖ ਅਬਿਨਾਸ਼ਣ ਇਕ ਸੁਹਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਮੀਤ ਪਿਆਰਾ ਇਕੋ ਇਕ ਅਖਵਾਈਆ । ਜਨ ਭਗਤ ਕਹੇ ਮੇਰਾ ਇਕੋ ਸਚ ਦਵਾਰ, ਜਿਸ ਦਾ ਦਰਵਾਜ਼ਾ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦਰ ਇਕ ਵਡਿਆਈਆ । ਜਨ ਭਗਤ ਕਹੇ ਮੇਰਾ ਮਾਲਕ ਏਕੰਕਾਰ ਖ਼ੁਦ, ਅਬਿਨਾਸ਼ੀ ਕਰਤਾ ਨਜ਼ਰੀ ਆਈਆ । ਜਿਸ ਨੂੰ ਸਮਝ ਨਾ ਸਕੇ ਮਨ ਬੁਧ, ਮਤ ਮਤਵਾਲੀ ਚਲੇ ਨਾ ਕੋਇ ਚਤੁਰਾਈਆ । ਜੋ ਹਰ ਘਟ ਅੰਦਰ ਬੈਠਾ ਲੁਕ, ਨਿਰਗੁਣ ਹੋ ਕੇ ਡੇਰਾ ਲਾਈਆ । ਜਿਸ ਦੀ ਮੰਜ਼ਲ ਕਿਸੇ ਦੇ ਕੋਲੋਂ ਨਾ ਜਾਏ ਮੁੱਕ, ਚਾਰ ਕੁੰਟ ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਜਿਸ ਦਾ ਨਾਮ ਨਿਧਾਨਾ ਇਕੋ ਅਗੰਮੀ ਤੁਕ, ਭਗਤ ਸੁਹੇਲੇ ਮਿਲ ਕੇ ਗਾਈਆ । ਸੋ ਦੇਵਣਹਾਰਾ ਸਾਚਾ ਸੁਖ, ਸੁਖ ਆਤਮ ਪਰਮਾਤਮ ਜੋੜ ਜੁੜਾਈਆ । ਜਨਮ ਕਰਮ ਦਾ ਮੇਟੇ ਦੁੱਖ, ਦਰਦੀਆਂ ਦਰਦ ਗਵਾਈਆ । ਸਫ਼ਲ ਕਰਾ ਕੇ ਜਨਣੀ ਕੁੱਖ, ਮਾਨਸ ਜਨਮ ਲੇਖੇ ਲਾਈਆ । ਸਚ ਸੁਹੰਜਣੀ ਸੁਹਾਏ ਰੁੱਤ, ਅਬਿਨਾਸ਼ੀ ਅਚੁਤ ਬੇਪਰਵਾਹੀਆ । ਜਨ ਭਗਤਾਂ ਕਰ ਉਜਲ ਮੁਖ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਜਨ ਭਗਤ ਕਹੇ ਮੇਰਾ ਮਾਲਕ ਏਕੰਕਾਰ, ਇਕ ਇਕੱਲਾ ਨਜ਼ਰੀ ਆਈਆ । ਜਿਸ ਦਾ ਦਰ ਠਾਂਡਾ ਦਰਬਾਰ, ਅਗਨੀ ਤਤ ਨਾ ਕੋਇ ਤਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਸੇਵਾਦਾਰ, ਨੰਨ੍ਹੇ ਬੱਚੇ ਹੋ ਕੇ ਸੇਵ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਕਰਨ ਪੁਕਾਰ, ਖਾਣੀ

ਬਾਣੀ ਜਿਸ ਦਾ ਢੋਲਾ ਗਾਈਆ । ਸੋ ਕਰਨੀ ਦਾ ਕਰਤਾ ਸਦਾ ਰਹੇ ਸਿਕਦਾਰ, ਹੁਕਮ ਧੁਰ ਦਾ ਇਕ ਮਨਾਈਆ । ਭਗਤਾਂ ਪਾਉਂਦਾ ਰਹੇ ਸਾਰ, ਨਿਤ ਨਵਿਤ ਵੇਸ ਵਟਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਲਏ ਉਠਾਲ, ਲੱਖ ਚੁਰਾਸੀ ਵਿਚੋਂ ਆਪ ਜਗਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਇਕੋ ਘਰ ਵਸਾਈਆ । ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਵੇਖ ਵਖਾਈਆ । ਭਾਗ ਲਗਾਏ ਕਾਇਆ ਮਾਟੀ ਡਾਲ, ਪੱਤ ਡਾਲੀ ਆਪ ਮਹਿਕਾਈਆ । ਸਚਖੰਡ ਦਵਾਰ ਏਕੰਕਾਰ ਵਖਾ ਕੇ ਸੱਚੀ ਧਰਮਸਾਲ, ਧੁਰ ਦਵਾਰਾ ਦਏ ਖੁਲ੍ਹਾਈਆ । ਜਨ ਭਗਤ ਕਹੇ ਮੇਰਾ ਨਾਤਾ ਨਾਲ ਪੁਰਖ ਅਕਾਲ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ ਸਦਾ ਕਰੇ ਸੰਭਾਲ, ਸੰਬਲ ਵਿਚ ਆ ਕੇ ਸ਼ਬਦੀ ਡੰਕ ਵਜਾ ਕੇ ਜੋਤ ਜੋਤ ਚਮਕਾ ਕੇ ਚਮਨ ਗੁਲਸ਼ਨ ਗੁਰਮੁਖਾਂ ਵੇਖ ਵਖਾਈਆ ।

★ ੪ ਕੱਤਕ ਸ਼ਹਿਨਸ਼ਾਹੀ ਸੰਮਤ ੨ ਜਰਨੈਲ ਸਿੰਘ ਮੈਂਹਗਾ ਸਿੰਘ ਦੇ ਗ੍ਰਹਿ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ★

ਸਤਿਗੁਰ ਸ਼ਬਦ ਕਹੇ ਜੁਗ ਜੁਗ ਭਗਤਾਂ ਚਾੜ੍ਹਾਂ ਰੰਗਣ, ਰੰਗ ਰੰਗੀਲਾ ਆਦਿ ਜੁਗਾਦਿ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਦੇਵਾਂ ਸਚ ਅਨੰਦਨ, ਨਿਜਾਨੰਦ ਧੁਰ ਦਾ ਛੰਦ ਦਿਆਂ ਸਮਝਾਈਆ । ਜਗਤ ਵਾਸਨਾ ਕੂੜੀ ਕਿਰਿਆ ਮੇਟਾਂ ਬੰਧਨ, ਬੰਦਗੀ ਪੁਰਖ ਅਕਾਲ ਦੀਨ ਦਿਆਲ ਦਿਆਂ ਦ੍ਰਿੜਾਈਆ । ਨਾਮ ਨਿਧਾਨ ਦੋ ਜਹਾਨ ਦਰਸਾਵਾਂ ਇਕੋ ਕੰਗਣ, ਨਿਹਕਰਮੀ ਹੋ ਕੇ ਕਰਮ ਕਾਂਡ ਦਾ ਖਹਿੜਾ ਦਿਆਂ ਛੁਡਾਈਆ । ਮਿਹਰਵਾਨ ਮਹਿਬੂਬ ਹੋ ਕੇ ਲਾਵਾਂ ਅੰਗਣ, ਅੰਗੀਕਾਰ ਕਰ ਕੇ ਕਾਇਨਾਤ ਦਾ ਝਗੜਾ ਦਿਆਂ ਮੁਕਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਢੋਲਾ ਸਾਚਾ ਛੰਦਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੋ ਕੇ ਆਪਣਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲਾ ਇਕ ਇਕੇਲਾ ਆਪਣੇ ਨਾਲ ਮਿਲਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਸਦਾ ਮਿਲਾਉਂਦਾ ਰਹਾਂ ਮੇਲ, ਮਿਲਣੀ ਹਰਿ ਜਗਦੀਸ਼ ਕਰਾਈਆ । ਪਰਕਾਸ਼ ਕਰਦਾ ਰਹਾਂ ਦੀਪਕ ਬਿਨ ਬਾਤੀ ਤੇਲ, ਜੋਤੀ ਜਾਤਾ ਡਗਮਗਾਈਆ । ਪੁਰਖ ਅਕਾਲ ਜਣਾਉਂਦਾ ਰਹਾਂ ਧੁਰ ਦਾ ਸੱਜਣ ਸੁਹੇਲ, ਸਗਲਾ ਸੰਗ ਕੂੜ ਤਜਾਈਆ । ਵਖਾਉਂਦਾ ਰਹਾਂ ਧਾਮ ਨਵੇਲ, ਸਚਖੰਡ ਦਵਾਰ ਸੋਭਾ ਪਾਈਆ । ਅਚਰਜ ਅਗੰਮ ਦ੍ਰਿੜਾਉਂਦਾ ਰਹਾਂ ਆਪਣਾ ਖੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਜਣਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਦੇਂਦਾ ਰਹਾਂ ਦਾਤ, ਦਾਨੀ ਹੋ ਕੇ ਆਪ ਵਰਤਾਈਆ । ਨਾਮ ਭੰਡਾਰਾ ਧੁਰ ਸੌਗਾਤ, ਸਗਨਾਂ ਨਾਲ ਝੋਲੀ ਪਾਈਆ । ਦੀਨ ਦੁਨੀ ਦਾ ਬਦਲ ਕੇ ਸਮਾਜ, ਸਚ ਸਮਗਰੀ ਇਕ ਵਖਾਈਆ । ਮਾਨਸ ਜਨਮ ਸਵਾਰ ਕੇ ਕਾਜ, ਕਰਨੀ ਦੀ ਕੀਮਤ ਆਪੇ ਪਾਈਆ । ਦੁਰਮਤ ਮੈਲ ਧੋ ਦਾਗ਼, ਪਤਤ ਪੁਨੀਤ ਲਏ ਬਣਾਈਆ । ਘਰ ਮੇਲਾ ਕੰਤ ਸੁਹਾਗ, ਠਾਕਰ ਸਵਾਮੀ ਹੋ ਕੇ ਜੋੜ ਜੁੜਾਈਆ । ਤ੍ਰੈਗੁਣ ਪੋਹ ਨਾ ਸਕੇ ਆਗ, ਅਗਨੀ ਤਤ ਨਾ ਕੋਇ ਜਲਾਈਆ । ਕਲਜੁਗ ਕੂੜੀ ਕਿਰਿਆ ਮਿਟੇ ਅੰਧੇਰੀ ਰਾਤ, ਰਾਤੀ ਰੁੱਤੀ ਆਪਣੇ ਨਾਲ ਵਖਾਈਆ ।

ਮੁਹੱਬਤ ਵਿਚ ਕਰ ਵਿਸਮਾਦ, ਬਿਸਮਿਲ ਕਲਮੇ ਵਿਚ ਜਣਾਈਆ । ਹੁਜਰਾ ਸਮਝਾ ਕੇ ਹਕ ਮਹਿਰਾਬ, ਨੌਬਤ ਨਾਮ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਰੰਗਣਹਾਰਾ ਆਦਿ ਜੁਗਾਦਿ, ਜੁਗ ਚੌਕੜੀ ਭਗਤਾਂ ਸੇਵ ਕਮਾਈਆ । ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਪੜਦਾ ਓਹਲਾ ਦੋ ਜਹਾਨ ਚੁਕਾਈਆ । ਸਚ ਪ੍ਰੇਮ ਦੀ ਬਖ਼ਸ਼ਣਹਾਰਾ ਦਾਦ, ਵਸਤ ਅਗੰਮੀ ਝੋਲੀ ਪਾਈਆ । ਸੋਈ ਸੁਰਤ ਖੁਲ੍ਹਾਵਣਹਾਰਾ ਜਾਗ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਆਤਮ ਪਰਮਾਤਮ ਬਖ਼ਸ਼ਣਹਾਰਾ ਵੈਰਾਗ, ਵੈਰੀ ਅੰਦਰੋਂ ਦਿਆਂ ਮੁਕਾਈਆ । ਕੂੜੀ ਕਿਰਿਆ ਕਰ ਤਿਆਗ, ਸਚ ਸੁੱਚ ਇਕ ਸਮਝਾਈਆ । ਮਾਇਆ ਡੱਸੇ ਨਾ ਡੱਸਣੀ ਨਾਗ, ਨਾਗਰਿਕ ਸਚ ਦਵਾਰ ਦੇ ਦਿਆਂ ਬਣਾਈਆ । ਧੁਰ ਸੁਣਾ ਆਪਣਾ ਨਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਆਪਣੇ ਘਰ ਵਸਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਦੱਸੇ ਵਸੇਰਾ, ਦਰ ਠਾਂਡਾ ਇਕ ਸਮਝਾਈਆ । ਜਿਥੇ ਸਦਾ ਚਾਓ ਘਨੇਰਾ, ਖ਼ੁਸ਼ੀਆਂ ਵਿਚ ਵਡਿਆਈਆ । ਢੋਲਾ ਗੀਤ ਤੇਰਾ ਮੇਰਾ, ਸਤਿ ਸਰੂਪ ਨਜ਼ਰੀ ਆਈਆ । ਮਾਇਆ ਮਮਤਾ ਕੂੜ ਕੁੜਿਆਰ ਰਹੇ ਨਾ ਡੇਰਾ, ਜੂਠ ਝੂਠ ਜੜ੍ਹ ਉਖੜਾਈਆ । ਚੁਰਾਸੀ ਵਾਲਾ ਕੱਟ ਕੇ ਗੇੜਾ, ਦਰ ਦਵਾਰਾ ਇਕ ਵਖਾਈਆ । ਜਿਥੇ ਦਿਸੇ ਕੋਈ ਨਾ ਸੰਝ ਸਵੇਰਾ, ਰੈਣ ਅੰਧੇਰੀ ਨਾ ਕੋਇ ਛਾਈਆ । ਪੁਰਖ ਅਕਾਲ ਦੀਨ ਦਿਆਲ ਸਦਾ ਕਰੇ ਮਿਹਰਾ, ਮਿਹਰਵਾਨਾ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਸੁਹੇਲੇ ਆਪਣੇ ਦਰ ਸੁਹਾਈਆ । ਸਤਿਗੁਰ ਸ਼ਬਦ ਕਹੇ ਕਿਰਪਾ ਕਰੇ ਗ਼ਰੀਬ ਨਿਵਾਜਾ, ਜਨ ਭਗਤ ਵੇਖ ਵਖਾਈਆ । ਸਚਖੰਡ ਦਵਾਰ ਖੋਲ੍ਹ ਦਰਵਾਜ਼ਾ, ਦੂਰ ਦੁਰਾਡੇ ਲਏ ਬੁਲਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਨਾਮ ਅਗੰਮੀ ਮਾਰੇ ਆਵਾਜ਼ਾ, ਸੁਰ ਤਾਲ ਜਗਤ ਨਾ ਕੋਇ ਸ਼ਨਵਾਈਆ । ਹੋਏ ਸਹਾਈ ਅਨਾਥ ਅਨਾਥਾਂ, ਦੀਨਨ ਆਪਣੇ ਗਲੇ ਲਗਾਈਆ । ਜਿਨ੍ਹਾਂ ਗਾਈ ਆਤਮ ਪਰਮਾਤਮ ਧੁਰ ਦੀ ਗਾਥਾ, ਗਹਿਰ ਗੰਭੀਰ ਮੇਲਾ ਲਏ ਮਿਲਾਈਆ । ਕਰੇ ਖੇਲ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਜਨ ਭਗਤਾਂ ਮਾਨਸ ਜਨਮ ਕਰ ਰਹਿਰਾਸਾ, ਰਹਿਬਰ ਹੋ ਕੇ ਵੇਖ ਵਖਾਈਆ । ਚਰਨ ਪ੍ਰੀਤੀ ਸਚਖੰਡ ਦਵਾਰ ਜੋਤੀ ਜੋਤ ਦੇ ਧਰਵਾਸਾ, ਸ਼ਬਦੀ ਸ਼ਬਦ ਧਾਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜੁਗ ਜੁਗ ਪੂਰੀਆਂ ਕਰੇ ਆਸਾ, ਜਨ ਭਗਤ ਨਿਰਾਸਾ ਰਹਿਣ ਕੋਇ ਨਾ ਪਾਈਆ ।

### ★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਬਾਵੀ ਦੇ ਗ੍ਰਿਹ ਪਿੰਡ ਦੋਸਤ ਪੁਰਾ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਪ੍ਰਭ ਮੰਨੀਏ ਤੇਰਾ ਕਹਿਣਾ, ਖ਼ੁਸ਼ੀਆਂ ਨਾਲ ਲੈਣਾ ਮਨਾਈਆ । ਦਰਸ ਬਖ਼ਸ਼ ਸਾਚੇ ਨੈਣਾਂ, ਨੈਣ ਕਰ ਰੁਸ਼ਨਾਈਆ । ਚਰਨ ਦਵਾਰੇ ਬਹਿਣਾ, ਬਹਿ ਬਹਿ ਖ਼ੁਸ਼ੀ ਮਨਾਈਆ । ਆਪਣਾ ਭਾਣਾ ਦੱਸ ਸਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਪੂਰਬ ਜਨਮ ਦਾ

ਲੇਖਾ ਤੈਥੋਂ ਲੈਣਾ, ਸਾਹਿਬ ਸਤਿਗੁਰ ਝੋਲੀ ਦੇਣਾ ਪਾਈਆ । ਕੂੜੀ ਧਾਰ ਕਿਸੇ ਨਹੀਂ ਵਹਿਣਾ, ਜਨ ਭਗਤ ਸੁਹੇਲੇ ਤੇਰੀ ਓਟ ਰਖਾਈਆ । ਨਾਮ ਪਦਾਰਥ ਤੇਰਾ ਅਗੰਮੀ ਗਹਿਣਾ, ਰੂਪ ਸਰੂਪ ਦਏ ਬਦਲਾਈਆ । ਤੁਧ ਬਿਨ ਸਾਰੀ ਸ੍ਰਿਸ਼ਟੀ ਦਿਸੇ ਤਰਫੈਣਾ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਤਾ ਲੈਣਾ ਜੁੜਾਈਆ । ਜਨ ਭਗਤ ਕਹਿਣ ਤੇਰੇ ਹੋਈਏ ਦਾਸ, ਦਾਸੀ ਰੂਪ ਵਟਾਈਆ । ਝਗੜਾ ਮੁਕੇ ਪ੍ਰਿਥਮੀ ਆਕਾਸ਼, ਗੇੜਾ ਰਹਿਣ ਕੋਇ ਨਾ ਪਾਈਆ । ਕਰਮਾਂ ਦਾ ਪੂਰਾ ਹੋਵੇ ਖਾਤ, ਡੂੰਘੇ ਵਹਿਣ ਨਾ ਕੋਇ ਵਹਾਈਆ । ਤੇਰੇ ਨਾਮ ਦੀ ਮਿਲੇ ਦਾਤ, ਦਾਤਾਰ ਮਿਲ ਕੇ ਖ਼ੁਸ਼ੀ ਮਨਾਈਆ । ਸਾਚੀ ਹੋਵੇ ਗਾਥ, ਆਤਮ ਪਰਮਾਤਮ ਰਾਗ ਅਲਾਈਆ । ਤੇਰਾ ਸਹਾਰਾ ਅਨਾਥਾਂ ਨਾਥ, ਦੀਨ ਦਿਆਲ ਤੇਰੀ ਸਰਨਾਈਆ । ਆਪਣੇ ਪੱਤਨ ਘੜਨਾ ਘਾਟ, ਕਿਨਾਰਾ ਇਕੋ ਦੇਣਾ ਵਖਾਈਆ । ਜਿਥੇ ਰਹੇ ਨਾ ਪਿਛਲੀ ਵਾਟ, ਅਗਲਾ ਪੰਧ ਨਾ ਕੋਇ ਫਿਰਾਈਆ । ਸਦਾ ਵਸੀਏ ਤੇਰੇ ਪਾਸ, ਸਚਖੰਡ ਦਵਾਰੇ ਸੋਭਾ ਪਾਈਆ । ਜਨ ਭਗਤ ਰਹੇ ਨਾ ਕੋਇ ਨਿਰਾਸ, ਦਰ ਠਾਂਡੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰਾ ਦੇਣਾ ਵਸਾਈਆ ।

## ★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਦੀਪੋ ਦੇ ਗ੍ਰਿਹਿ ਉਚਾ ਪਿੰਡ ਜ਼ਿਲਾ ਗੁਰਦਾਸਪੁਰ ★



ਜਨ ਭਗਤ ਕਹਿਣ ਪ੍ਰਭ ਤੇਰੀ ਸਾਚੀ ਸਿਖਿਆ, ਸਿਖ ਕੇ ਖ਼ੁਸ਼ੀ ਮਨਾਈਆ । ਸ੍ਰਿਸ਼ਟੀ ਜਾਣ ਕੇ ਕੂੜੀ ਮਿਥਿਆ, ਨਾਤਾ ਤੇਰੇ ਨਾਲ ਰਖਾਈਆ । ਪੂਰਬ ਜਨਮਾਂ ਵੇਖ ਲਿਖਿਆ, ਕਰਮਾਂ ਡੇਰਾ ਦੇਣਾ ਢਾਹੀਆ । ਤੇਰਾ ਖੇਲ ਨਿਤ ਨਵਿਤਿਆ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਕਰ ਹਿੱਤਿਆ, ਹਿਤਕਾਰੀ ਹੋ ਕੇ ਸੰਗ ਨਿਭਾਈਆ । ਤੇਰਾ ਭਾਣਾ ਲਾਗੇ ਮਿੱਠਿਆ, ਸਿਰ ਆਪਣਾ ਹੱਥ ਟਿਕਾਈਆ । ਧਾਮ ਵਖਾਉਣਾ ਸਚ ਅਨਡਿੱਠਿਆ, ਜਿਥੇ ਦੀਪਕ ਜੋਤ ਹੋਵੇ ਰੁਸ਼ਨਾਈਆ । ਬਿਨ ਤੇਰੀ ਕਿਰਪਾ ਭਗਤਾਂ ਕਾਰਜ ਨਾ ਕਿਸੇ ਨਜਿੱਠਿਆ, ਧੁਰ ਦਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਸਾਚਾ ਵਰ, ਸਚ ਮਿਲੇ ਸਰਨਾਈਆ ।

## ★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਿਹਿ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਇਕੋ ਤੇਰਾ ਜਪਣਾ ਜਾਪ, ਜਪ ਜਪ ਖ਼ੁਸ਼ੀ ਮਨਾਈਆ । ਸਾਡਾ ਵੇਖੀਂ ਨਾ ਪੁੰਨ ਪਾਪ, ਮਿਹਰ ਨਜ਼ਰ ਮੰਗ ਮੰਗਾਈਆ । ਜਗਤ ਜਨਮ ਦੇ ਮੇਟ ਸੰਤਾਪ, ਝਗੜੇ ਦੇਣੇ ਗਵਾਈਆ । ਸਾਡੀ ਪ੍ਰੀਤੀ ਲੇਖੇ ਲਾਉਣੀ ਆਪ, ਦੂਸਰ ਹੱਥ ਨਾ ਕਿਸੇ ਫੜਾਈਆ । ਆਤਮ ਨਾਲ ਜੋੜਨਾ ਨਾਤ, ਨਾਤਾ ਪ੍ਰੀਤਮ ਲੈਣਾ ਬਣਾਈਆ । ਤਨ ਵਜੂਦ ਲੇਖੇ ਲਾਉਣੀ ਖ਼ਾਕ, ਪੰਜ ਤਤ ਸੋਭਾ ਪਾਈਆ । ਤੇਰੇ ਨਾਲ ਰਹੇ ਇਤਫ਼ਾਕ, ਦੋ ਜਹਾਨ ਨਾ ਹੋਏ ਜੁਦਾਈਆ । ਪਿਛਲਾ ਪੂਰਾ ਕਰਨਾ ਵਾਕ, ਵਾਕਫ਼ਕਾਰ ਹੋ ਕੇ ਵੇਖ ਵਖਾਈਆ । ਭਗਤਾਂ ਅੰਦਰ ਖੋਲ੍ਹ ਕੇ ਤਾਕ, ਪੜਦਾ ਦੇਣਾ ਉਠਾਈਆ । ਮਨੂਆ ਰਹੇ ਨਾ ਕੋਇ ਗੁਸਤਾਖ਼, ਗ਼ੁੱਸਾ ਪੂਰਾ ਦੇਣਾ ਗਵਾਈਆ । ਆਪਣੇ ਮਿਲਣ ਦੀ ਦੱਸ ਕੇ ਜਾਚ, ਯਾਚਕ ਹੋ ਕੇ

ਵੇਖ ਵਖਾਈਆ । ਤ੍ਰੈਗੁਣ ਮਾਇਆ ਪੋਹ ਨਾ ਸਕੇ ਆਂਚ, ਅਗਨੀ ਅੱਗ ਨਾ ਕੋਇ ਲਗਾਈਆ । ਭਾਗ ਲਗਾਉਣਾ ਕਾਇਆ ਮਾਟੀ ਕਾਚ, ਕੰਚਨ ਗੜ੍ਹ ਸੁਹਾਈਆ । ਜਨ ਭਗਤ ਕਹਿਣ ਪ੍ਰਭ ਸਦਾ ਸਦਾ ਤੇਰੇ ਦਾਸ, ਬਿਨ ਸੇਵਾ ਦੂਜੀ ਕਾਰ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਉਧਾਰਨਾ ਤੇਰਾ ਕੰਮ ਖ਼ਾਸ, ਖ਼ਾਲਸ ਗੁਰਮੁਖ ਆਪ ਪਰਗਟਾਈਆ ।

★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਗੁਰੋ ਦੇ ਗ੍ਰਹਿ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ★

ਬਲਿਹਾਰੀ ਘੋਲੀ ਘੋਲ ਘੁਮਾਈ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਈ ਵਾਰੀ, ਵਾਰਸ ਹੋ ਕੇ ਲੈਣਾ ਬਚਾਈਆ । ਸਾਚੇ ਨਾਮ ਦੀ ਦੇ ਖ਼ੁਮਾਰੀ, ਖ਼ੁਸ਼ੀਆਂ ਰੰਗ ਚੜ੍ਹਾਈਆ । ਅੰਦਰ ਰਹੇ ਨਾ ਗੜ੍ਹ ਹੰਕਾਰੀ, ਮਮਤਾ ਮੋਹ ਦੇਣਾ ਮਿਟਾਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰੀ, ਮਾਰਗ ਧੁਰ ਦਾ ਦੇਣਾ ਸਮਝਾਈਆ । ਪਾਰ ਕਰਾਉਣਾ ਨਰ ਨਾਰੀ, ਨਰਾਇਣ ਤੇਰੇ ਹੱਥ ਵਡਿਆਈਆ । ਸਚ ਪ੍ਰੀਤੀ ਤੋੜ ਨਿਭਾਉਣੀ ਯਾਰੀ, ਮੁਹੱਬਤ ਆਪਣੇ ਘਰ ਬਣਾਈਆ । ਵੇਲੇ ਅੰਤ ਨਾ ਹੋਏ ਖ਼ੁਆਰੀ, ਸਜ਼ਾ ਅਵਰ ਨਾ ਕੋਇ ਭੁਗਤਾਈਆ । ਤੇਰਾ ਮੇਲ ਜੋਤ ਨਿਰੰਕਾਰੀ, ਨਿਰਗੁਣ ਤੇਰੇ ਵਿਚ ਸਮਾਈਆ । ਇਕੋ ਬਖ਼ਸ਼ਣਾ ਸਚਖੰਡ ਦਵਾਰੀ, ਠਾਂਡਾ ਦਰ ਸੋਭਾ ਪਾਈਆ । ਲਹਿਣਾ ਦੇਣਾ ਚੁਕਾਉਣਾ ਵਡ ਸੰਸਾਰੀ, ਸੰਸਾਰ ਸਾਗਰ ਵਿਚੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦੀ ਇਕ ਅਵਤਾਰੀ, ਤਾਰਨਹਾਰਾ ਬੇਪਰਵਾਹੀਆ ।

★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਸਧਰੋ ਦੇ ਗ੍ਰਹਿ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਅਸੀਂ ਤੇਰੇ ਦਰਸ ਪਿਆਸੇ, ਜਗਤ ਤ੍ਰਿਸ਼ਨਾ ਨਾ ਕੋਇ ਵਧਾਈਆ । ਸਦ ਰੱਖੀ ਇਕੋ ਆਸੇ, ਆਸਾਵੰਦ ਹੋ ਕੇ ਡੇਰਾ ਲਾਈਆ । ਧੁਰ ਦਾ ਮਿਲੇ ਪੁਰਖ ਅਬਿਨਾਸ਼ੇ, ਅਬਿਨਾਸ਼ੀ ਕਰਤਾ ਜੋੜ ਜੁੜਾਈਆ । ਜਿਸ ਦੇ ਪ੍ਰੇਮ ਪ੍ਰੀਤੀ ਵਾਲੇ ਹਾਸੇ, ਗ਼ਮੀਆਂ ਵਿਚੋਂ ਬਾਹਰ ਕਢਾਈਆ । ਆਦਿ ਜੁਗਾਦਿ ਨਾ ਕਦੇ ਵਿਨਾਸੇ, ਜਨਮ ਮਰਨ ਵਿਚ ਕਦੇ ਨਾ ਆਈਆ । ਜਨ ਭਗਤਾਂ ਮਾਨਸ ਜਨਮ ਕਰੇ ਰਹਿਰਾਸੇ, ਮਿਹਰ ਨਜ਼ਰ ਇਕ ਉਠਾਈਆ । ਨਿਰਗੁਣ ਹੋ ਕੇ ਵਸੇ ਪਾਸੇ, ਸਗਲਾ ਸੰਗ ਬਣਾਈਆ । ਜੁਗ ਚੌਕੜੀ ਵੇਖੇ ਖੇਲ ਤਮਾਸ਼ੇ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਦੇ ਸਚ ਭਰਵਾਸੇ, ਧੀਰਜ ਧਰਮ ਦੇ ਜਣਾਈਆ । ਖ਼ਾਲੀ ਹੋਣ ਨਾ ਦੇ ਕਾਇਆ ਮਾਟੀ ਕਾਸੇ, ਨਾਮ ਭੰਡਾਰਾ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦੱਸ ਸ਼ਨਾਖ਼ੇ, ਸ਼ਨਾਖ਼ਤ ਵਿਚ ਕਦੇ ਨਾ ਆਈਆ ।

★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਗੁਰਮੇਜ ਕੌਰ ਦੇ ਗ੍ਰਿਹ ਪਿੰਡ ਕਠਿਆਲੀ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਪ੍ਰਭ ਵੇਖ ਕਲਜੁਗ ਅੰਧੇਰੀ ਰਾਤ, ਸਦੀ ਚੌਧਵੀਂ ਨੂਰੀ ਚੰਦ ਨਾ ਕੋਇ ਚਮਕਾਈਆ । ਧੁਰ ਦਾ ਨਾਮ ਦੇਵੇ ਕੋਈ ਨਾ ਦਾਤ, ਬਿਨ ਤੇਰੀ ਕਿਰਪਾ ਅਗੰਮੀ ਵਸਤ ਨਾ ਕੋਇ ਵਰਤਾਈਆ । ਚਾਰ ਵਰਨ ਅਠਾਰਾਂ ਬਰਨ ਸੁਣੇ ਨਾ ਕੋਈ ਫ਼ਰਿਆਦ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਂਤਕ ਸਤਿ ਨਾ ਕੋਇ ਕਰਾਈਆ । ਕਾਇਆ ਖੇੜਾ ਉਜੜਿਆਂ ਕਰੇ ਨਾ ਕੋਇ ਆਬਾਦ, ਅੰਮ੍ਰਿਤ ਆਤਮ ਸਿੰਚ ਹਰਾ ਨਾ ਕੋਇ ਕਰਾਈਆ । ਆਤਮ ਪਰਮਾਤਮ ਤੇਰੀ ਕਰੇ ਕੋਈ ਨਾ ਯਾਦ, ਸਚ ਤਰਾਨਾ ਸ੍ਰੀ ਭਗਵਾਨਾ ਤੇਰਾ ਢੋਲਾ ਰਾਗ ਨਾ ਕੋਇ ਗਾਈਆ । ਜਗਤ ਵਿਕਾਰਾ ਕੂੜ ਹੰਕਾਰਾ ਵਧਿਆ ਪਾਪ, ਜੂਠ ਝੂਠ ਚਾਰ ਕੁੰਟ ਦਹਿ ਦਿਸ਼ਾ ਹੋਈ ਹਲਕਾਈਆ । ਮਾਨਵ ਜਾਤੀ ਕੋਈ ਨਾ ਸਮਝੇ ਆਪਣਾ ਆਪ, ਹੰ ਬ੍ਰਹਮ ਪੜਦਾ ਓਹਲਾ ਨਾ ਕੋਇ ਉਠਾਈਆ । ਸੱਜਣ ਮੀਤ ਦੇਵੇ ਕੋਇ ਨਾ ਸਾਥ, ਪਿਤਾ ਪੂਤ ਮੇਲ ਨਾ ਕੋਇ ਮਿਲਾਈਆ । ਸਚ ਸਰੋਵਰ ਦਸਾਏ ਕੋਈ ਨਾ ਤਾਟ, ਘਾਟ ਪੱਤਨ ਦਰਗਾਹ ਸਾਚੀ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਆਵਣ ਜਾਵਣ ਪਤਤ ਪਾਵਣ ਮੇਟੇ ਕੋਇ ਨਾ ਵਾਟ, ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਨਿਰਗੁਣ ਨੂਰ ਨਿਰਵੈਰ ਕਾਇਆ ਮੰਦਰ ਦਿਸੇ ਨਾ ਕਿਸੇ ਪਰਕਾਸ਼, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਬੈਠੇ ਸੀਸ ਨਿਵਾਈਆ । ਜਨ ਭਗਤ ਕਹਿਣ ਪ੍ਰਭ ਵੇਖ ਕਲਜੁਗ ਅੰਧੇਰਾ ਅੰਧ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਨਿਰਗੁਣ ਨਿਰਗੁਣ ਆਤਮ ਪਰਮਾਤਮ ਢੋਲਾ ਗਾਏ ਕੋਈ ਨਾ ਛੰਦ, ਸਹਿੰਸਾ ਭਰਮ ਗੜ੍ਹ ਕੂੜ ਨਾ ਕੋਇ ਤੁੜਾਈਆ । ਲੱਖ ਚੁਰਾਸੀ ਆਵਣ ਜਾਵਣ ਮੁੱਕੇ ਕਿਸੇ ਨਾ ਪੰਧ, ਪਾਂਧੀ ਹੋ ਕੇ ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਭੱਜਣ ਵਾਹੋ ਦਾਹੀਆ । ਪੰਚ ਵਿਕਾਰ ਘਰ ਘਰ ਗ੍ਰਿਹ ਗ੍ਰਿਹ ਲਗਾਇਆ ਜੰਗ, ਦਿਵਸ ਰੈਣ ਅੱਠੇ ਪਹਿਰ ਮਮਤਾ ਮੋਹ ਕਰੇ ਲੜਾਈਆ । ਨਿਜ ਆਤਮ ਪਰਮਾਤਮ ਤੇਰੇ ਅੰਮ੍ਰਿਤ ਰਸ ਦਾ ਲਏ ਨਾ ਕੋਇ ਅਨੰਦ, ਪਰਮਾਨੰਦ ਵਿਚ ਨਾ ਕੋਇ ਸਮਾਈਆ । ਰਸਨਾ ਜਿਹਵਾ ਬੱਤੀ ਦੰਦ ਮਧਰਾ ਮਾਸ ਲੌਂਦੇ ਗੰਦ, ਨਿਝਰ ਝਿਰਨਾ ਅੰਮਿਉਂ ਰਸ ਜਾਮ ਨਾ ਕੋਇ ਪਿਆਈਆ । ਮਾਇਆ ਡੱਸਣੀ ਘਰ ਘਰ ਮਾਰੇ ਡੰਗ, ਜਗਤ ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਢਾਹੇ ਕੋਈ ਨਾ ਕੰਧ, ਆਤਮ ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਬਿਨ ਤੇਰੀ ਕਿਰਪਾ ਪੁਰਖ ਅਬਿਨਾਸ਼ੀ ਦੋ ਜਹਾਨਾਂ ਦੇਵੇ ਕੋਈ ਨਾ ਸੰਗ, ਸਗਲ ਸ੍ਰਿਸ਼ਟੀ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਕਲਜੁਗ ਅੰਤਮ ਹੋ ਸਹਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਅੰਤਮ ਵੇਖ ਅੰਧੇਰੀ ਰਾਤ ਰੈਣ, ਰਹਿਮਤ ਵਿਚ ਨਜ਼ਰ ਕੋਇ ਨਾ ਆਈਆ । ਨਾਤਾ ਤੁੱਟਾ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੈਣ ਕੂੜ ਕੁਟੰਬ ਸਾਚਾ ਮੀਤ ਨਾ ਕੋਇ ਬਣਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤੀ ਢੋਲੇ ਸਾਰੇ ਤੇਰੇ ਕਹਿਣ, ਹਿਰਦੇ ਹਰਿ ਨਾ ਕੋਇ ਵਸਾਈਆ । ਚਾਰ ਵਰਨ ਅਠਾਰਾਂ ਬਰਨ ਹਰਿ ਸੰਗਤ ਸਾਚੇ ਧਾਮ ਨਾ ਮਿਲ ਕੇ ਬਹਿਣ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਦੇਣ ਦੁਹਾਈਆ । ਤੇਰਾ ਦਰਸ ਨਿਰਗੁਣ ਧਾਰ ਕੋਈ ਨਾ ਤੱਕੇ ਨਿਜ ਨੈਣ, ਗਿਆਨ ਅੱਖ ਪ੍ਰਤਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦੀ ਵੇਖ ਵਖਾਈਆ । ਜਨ ਭਗਤ ਕਹਿਣ ਸਦੀ ਚੌਧਵੀਂ ਤੱਕੀਏ ਤੇਰਾ ਰਾਹ, ਰਹਿਬਰ ਇਕੋ ਵੇਖ ਵਖਾਈਆ । ਜੋ ਸਭ ਦਾ ਮਾਲਕ ਬੇਪਰਵਾਹ, ਸਦ ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਕਹਿੰਦੇ ਜਲਵਾਗਰ ਖ਼ੁਦਾ, ਅੱਲਾ ਅਲਾਹ ਨੂਰ ਰੁਸ਼ਨਾਈਆ । ਸੋ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ, ਪਾਤਸ਼ਾਹਾਂ ਦਾ ਪਾਤਸ਼ਾਹ ਵਡ ਵਡਿਆਈਆ । ਪੁਰਖ ਅਬਿਨਾਸ਼ੀ ਨਾਉਂ ਧਰਾ, ਧਰਨੀ ਧਰਤ ਧੌਲ ਆਪ ਸਹਾਈਆ । ਸੰਤ ਸੁਹੇਲੇ ਹਰਿਜਨ ਭਗਤ ਕੂੜੀ ਕਿਰਿਆ ਵਿਚੋਂ ਬਾਹਰ ਕਢਾ, ਜਗਤ ਵਾਸਨਾ ਵਿਚ ਨਾ ਕੋਇ ਫਸਾਈਆ । ਤੇਰੇ ਅੱਗੇ ਰਹਿਮਤ ਵਿਚ ਸਲਾਮਤ ਵਿਚ ਅਮਾਨਤ ਇਕ ਦੁਆ, ਦਰੋਹੀ ਕਰ ਕੇ ਸਾਰੇ ਰਹੇ ਸੁਣਾਈਆ । ਪਰਮ ਪੁਰਖ ਮੇਰਾ ਆਤਮ ਪੜਦਾ ਦੇ ਉਠਾ, ਕਾਇਆ ਮਾਟੀ ਓਹਲਾ ਰਹੇ ਨਾ ਰਾਈਆ । ਜਨ ਭਗਤ ਸੁਹੇਲੇ ਦਰ ਠਾਂਡੇ ਲੈ ਬੁਲਾ, ਅਗਨੀ ਤਤ ਰਹੇ ਨਾ ਰਾਈਆ । ਮੰਜ਼ਲ ਅਗੰਮੀ ਲੈ ਚੜ੍ਹਾ, ਜਗਤ ਵਾਸਨਾ ਪੰਧ ਮੁਕਾਈਆ । ਸ਼ਬਦ ਅਨਾਦੀ ਧੁਨ ਸੁਣਾ, ਅਗੰਮੀ ਰਾਗ ਅਲਾਈਆ । ਨਿਰਗੁਣ ਜੋਤ ਕਰ ਰੁਸ਼ਨਾ, ਬਿਨ ਤੇਲ ਬਾਤੀ ਧੁਰ ਦੀਪਕ ਡਗਮਗਾਈਆ । ਸਚਖੰਡ ਦਵਾਰ ਬਹਾ, ਜਿਸ ਗ੍ਰਿਹਿ ਤੱਤੀ ਵਾ ਨਾ ਲਾਗੇ ਰਾਈਆ । ਇਕੋ ਆਪਣਾ ਨਾਮ ਜਪਾ, ਦੂਜੇ ਦੀ ਲੋੜ ਰਹੇ ਨਾ ਰਾਈਆ । ਅੰਤ ਕੰਤ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਨਿਰਗੁਣ ਜੋਤ ਵਿਚ ਮਿਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਵਾਇਦਾ ਪੂਰ ਕਰਾ, ਨਿਹਕਰਮੀ ਹੋ ਕੇ ਆਪਣੀ ਨਜ਼ਰ ਉਠਾਈਆ ।



★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ ਪਿੰਡ ਹੇਮਰਾਜ ਪੁਰ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਪ੍ਰਭ ਤੇਰੀ ਕਿਰਪਾ ਮਿਲਿਆ ਤਨ ਖ਼ਾਕੀ, ਵਜੂਦ ਜਗਤ ਰਹੇ ਹੰਢਾਈਆ । ਅੰਮ੍ਰਿਤ ਜਾਮ ਦੇ ਬਣ ਕੇ ਧੁਰ ਸਾਕੀ, ਪਿਆਲਾ ਮਧੁਰ ਨਾ ਕੋਇ ਉਠਾਈਆ । ਮਨ ਕਰੇ ਨਾ ਕੋਇ ਗੁਸਤਾਖ਼ੀ, ਗ਼ੁੱਸਾ ਅੰਦਰੋਂ ਦੇਣਾ ਚੁਕਾਈਆ । ਦਿਵਸ ਰੈਣ ਕਰ ਸਾਡੀ ਰਾਖੀ, ਦਰ ਠਾਂਡੇ ਮੰਗ ਮੰਗਾਈਆ । ਜਨਮ ਕਰਮ ਦਾ ਲਹਿਣਾ ਰਹੇ ਨਾ ਬਾਕੀ, ਅੱਗੇ ਧਰਮ ਦਵਾਰ ਨਾ ਕੋਇ ਸਜ਼ਾਈਆ । ਸਾਹਿਬ ਸਤਿਗੁਰ ਕਾਇਆ ਮੰਦਰ ਅੰਦਰ ਕਰ ਤਲਾਸ਼ੀ, ਮਾਲਕ ਹੋ ਕੇ ਵੇਖ ਵਖਾਈਆ । ਤ੍ਰਿਸ਼ਨਾ ਮੋਹ ਨਾ ਰਹੇ ਬਦਮਾਸ਼ੀ, ਬਦਲਾ ਪਿਛਲਾ ਦੇ ਚੁਕਾਈਆ । ਤੇਰਾ ਨਾਮ ਜਪੀਏ ਸਵਾਸ ਸਵਾਸੀ, ਸਵਾਰਥ ਇਹੋ ਦੇਣਾ ਦ੍ਰਿੜ੍ਹਾਈਆ । ਤੂੰ ਪੁਰਖ ਅਕਾਲ ਸਦਾ ਅਬਿਨਾਸ਼ੀ, ਵਿਨਾਸ਼ੀ ਜੀਵ ਲੈਣੇ ਤਰਾਈਆ । ਤੇਰੀ ਕਿਰਪਾ ਅੰਤਰ ਮੰਨੀਏ ਤੇਰੀ ਆਖੀ, ਆਖ਼ਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਟਿਕਾਈਆ । ਜਨ ਭਗਤ ਕਹਿਣ ਕਾਇਆ ਜੁੱਸਾ ਵੇਖ ਜ਼ਮੀਰ, ਜਾਮਨ ਹੋ ਕੇ ਲੈ ਬਚਾਈਆ । ਤੂੰ ਮਾਲਕ ਸ਼ਾਹ ਅਮੀਨ, ਸ਼ਹਿਨਸ਼ਾਹ ਅਖਵਾਈਆ । ਧਰਮ ਦੀ ਸਿਖਿਆ ਦੇ ਤਾਲੀਮ, ਤੁਲਬਿਆਂ ਕਰ ਪੜ੍ਹਾਈਆ । ਵਿਛੋੜੇ ਵਿਚ ਰਹੇ ਨਾ ਕੋਇ ਗ਼ਮਗੀਨ, ਖ਼ੁਸ਼ੀ ਅੰਦਰੋਂ ਦੇ ਬਣਾਈਆ । ਦਵੈਤ ਵਿਚ ਕਰੇ ਨਾ ਤਕਸੀਮ, ਕੂੜੀ ਵੰਡ ਨਾ ਕੋਇ ਵੰਡਾਈਆ । ਤੂੰ ਸ਼ਾਹ ਸ਼ਹਾਨਾ ਮਾਲਕ ਇਕ ਅਜ਼ੀਮ, ਪਾਤਸ਼ਾਹ ਬੇਪਰਵਾਹੀਆ । ਭਗਤ ਉਧਾਰਨਾ ਤੇਰਾ ਖੇਲ ਕਦੀਮ, ਕੁਦਰਤ ਦੇ ਮਾਲਕ ਤੇਰੇ ਹੱਬ ਵਡਿਆਈਆ । ਆਪਣਾ ਮਾਰਗ ਦੱਸ ਮਹੀਨ, ਰਹਿਬਰ ਹੋ ਕੇ ਆਪ ਸਮਝਾਈਆ । ਸਭ

ਦੇ ਅੰਦਰ ਦੇ ਯਕੀਨ, ਭਰੋਸਾ ਦੇ ਬੰਨ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਪ੍ਰਭ ਸਾਚੇ ਪ੍ਰੇਮ ਦੀ ਦੇ ਦੇ ਸਿਖਿਆ, ਸਿਖਿਆ ਸਚ ਸਮਝਾਈਆ । ਜੋ ਤੇਰੇ ਧਰਮ ਦਵਾਰੇ ਵਿਕਿਆ, ਕੀਮਤ ਕਰਤੇ ਲੈ ਪਾਈਆ । ਜਗਤ ਜਹਾਨ ਦਿਸੇ ਮਿਥਿਆ, ਤਜੇ ਸਰਬ ਸ੍ਰਿਸ਼ਟ ਸਬਾਈਆ । ਜਗਤ ਵਾਸਨਾ ਵਿਚੋਂ ਜਾਏ (ਨਾ) ਭਿਟਿਆ, ਪਤਤ ਪੁਨੀਤ ਦੇ ਬਣਾਈਆ । ਕੋਈ ਨਾ ਪੂਜੇ ਪੱਥਰ ਵੱਟਿਆ, ਸਿਲ ਪਾਹਨ ਨਾ ਸੀਸ ਝੁਕਾਈਆ । ਤੇਰੀ ਧਾਰ ਵੇਖੀਏ ਨਿਰਮਲ ਜੋਤ ਚਿੱਟਿਆ, ਜੋਤੀ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਵਿਖਤ ਪੂਰਾ ਕਰ ਲਿਖਿਆ, ਲੇਖਾ ਆਪਣੇ ਨਾਲ ਬਣਾਈਆ ।

★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਗ੍ਰਹਿ ਪਿੰਡ ਹੇਮਰਾਜ ਪੁਰ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਪ੍ਰਭ ਸਾਡੀ ਵੇਖ ਨਾ ਕਰਨੀ, ਕਰਤੇ ਕਿਸਮਤ ਦੇ ਬਦਲਾਈਆ । ਸਚ ਦਵਾਰ ਆਏ ਧੁਰ ਦੀ ਚਰਨੀ, ਚਰਨੋਦਕ ਅੰਮ੍ਰਿਤ ਜਾਮ ਦੇਣਾ ਪਿਆਈਆ । ਸਾਚੀ ਬਖ਼ਸ਼ਣੀ ਆਪਣੀ ਸਰਨੀ, ਸਰਨਗਤ ਇਕੋ ਦੇਣੀ ਸਮਝਾਈਆ । ਆਪਣੇ ਨਾਮ ਦੀ ਤੁਕ ਦੱਸਣੀ ਪੜ੍ਹਨੀ, ਮਾਰਗ ਸਚ ਦਾ ਇਕ ਵਖਾਈਆ । ਸ਼ੌਹ ਦਰਿਆ ਦੀ ਦੱਸਣੀ ਤਰਨੀ, ਪਾਰ ਕਿਨਾਰੇ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਢਹਿ ਪਏ ਤੇਰੀ ਸਰਨਾਈਆ । ਜਨ ਭਗਤ ਕਹਿਣ ਸਾਡੇ ਵਿਚ ਨਹੀਂ ਕੋਈ ਭਗਤੀ, ਭਗਵਾਨ ਤੇਰੀ ਆਸ ਰਖਾਈਆ । ਤੇਰੇ ਮਿਲਣ ਦੀ ਨਹੀਂ ਕੋਈ ਸ਼ਕਤੀ, ਸ਼ਖ਼ਸੀਅਤ ਵਿਚ ਨਾ ਕੋਇ ਵਡਿਆਈਆ । ਤੂੰ ਮਾਲਕ ਧੁਰ ਦਾ ਅਰਸ਼ੀ, ਜੋਤ ਨੂਰ ਰੁਸ਼ਨਾਈਆ । ਅਸੀਂ ਖ਼ਾਲੀ ਖ਼ਾਕੀ ਬੰਦੇ ਉਪਰ ਧਰਤੀ, ਬਿਨ ਤੇਰੀ ਕਿਰਪਾ ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਸਾਡੀ ਬੇਨੰਤੀ ਇਹੋ ਅਰਜ਼ੀ, ਖ਼ਾਹਸ਼ ਤੇਰੇ ਅੱਗੇ ਰਖਾਈਆ । ਸਾਨੂੰ ਦੱਸਣੀ ਆਪਣੀ ਰਜ਼ਾ ਆਪਣੀ ਮਰਜ਼ੀ, ਸਦਾ ਆਪਣਾ ਸੰਗ ਬਣਾਈਆ । ਸਾਡੀ ਆਤਮਾ ਦਾਸੀ ਤੇਰੇ ਘਰ ਦੀ, ਘਰਾਨੇ ਵਿਚ ਲੈਣਾ ਰਖਾਈਆ । ਮੁਹੱਬਤ ਛੱਡੀ ਸ੍ਰਿਸ਼ਟੀ ਜਗ ਦੀ, ਨਾਤਾ ਕੂੜ ਦਿਤਾ ਤੁੜਾਈਆ । ਮੰਜ਼ਲ ਮੁਕੀ ਮਜ਼੍ਹਬਾਂ ਹੱਦ ਦੀ, ਪਾਰ ਕਿਨਾਰਾ ਤੇਰਾ ਦਿਸੇ ਬੇਪਰਵਾਹੀਆ । ਅੱਗੇ ਧਾਰ ਰਹਿਣ ਨਾ ਦੇਵੀਂ ਅਲੱਗ ਦੀ, ਵਿਛੜਿਆਂ ਮੇਲ ਮਿਲਾਈਆ । ਇਹ ਖੇਲ ਤੇਰੇ ਸਬੱਬ ਦੀ, ਜੁਗ ਚੌਕੜੀ ਪਿਛੋਂ ਨਜ਼ਰੀ ਆਈਆ । ਜਨ ਭਗਤ ਆਤਮਾ ਸਦਾ ਰਹੇ ਤੈਨੂੰ ਲੱਭਦੀ, ਖੋਜੇ ਥਾਉਂ ਥਾਈਆ । ਬਿਰਹੋਂ ਵਿਚ ਰਹੇ ਸੱਦ ਦੀ, ਵੈਰਾਗਣ ਹੋ ਕੇ ਦਏ ਦੁਹਾਈਆ । ਸੇਜ ਸੁਹੰਜਣੀ ਵੇਖੇ ਆਪਣੀ ਆਤਮ ਪਲੰਘ ਦੀ, ਸੁਹਾਵਣਾ ਰੂਪ ਨਾ ਕੋਇ ਵਟਾਈਆ । ਮਿਲੇ ਵਡਿਆਈ ਨਾ ਤੇਰੇ ਅਨੰਦ ਦੀ, ਜਗਤ ਰਸ ਕੰਮ ਕਿਸੇ ਨਾ ਆਈਆ । ਧੰਨ ਭਾਗ ਜੇ ਤੂੰ ਧਾਰ ਬਣਾਈ ਸੋਹੰ ਛੰਦ ਦੀ, ਆਤਮ ਪਰਮਾਤਮ ਲਿਆ ਜੁੜਾਈਆ । ਬਿਨ ਤੇਰੇ ਦਰਸ ਹੋਰ ਨਹੀਂ ਕੁਛ ਮੰਗਦੀ, ਆਸਾ ਅਵਰ ਨਾ ਕੋਇ ਰਖਾਈਆ । ਦੂਜੇ ਦਵਾਰੇ ਕਦੇ ਨਹੀਂ ਲੰਘਦੀ, ਦਰ ਦਰ ਅਲਖ ਨਾ ਕੋਇ ਜਗਾਈਆ । ਇਕੋ ਓਟ ਸੂਰੇ ਸਰਬੰਗ ਦੀ, ਸ਼ਹਿਨਸ਼ਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖ਼ੁਸ਼ੀ ਬਖ਼ਸ਼ ਬੰਦ ਬੰਦ ਦੀ, ਬੰਦਗੀ ਇਕੋ ਇਕ ਕਰਾਈਆ ।

★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਦੇ ਗ੍ਰਿਹ ਹਯਾਤ ਨਗਰ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਪ੍ਰਭ ਧੁਰ ਦਾ ਦੇ ਭਰਵਾਸਾ, ਭਰਮ ਵਿਚ ਜਗਤ ਨਾ ਕੋਇ ਭੁਲਾਈਆ । ਤੇਰਾ ਨਾਮ ਸਿਮਰੀਏ ਸਵਾਸ ਸਵਾਸਾ, ਸਾਹ ਸਾਹ ਤੇਰਾ ਢੋਲਾ ਗਾਈਆ । ਚਰਨ ਕਵਲ ਦੇ ਨਿਵਾਸਾ, ਧਰਨੀ ਧਰਤ ਧਵਲ ਹੋ ਸਹਾਈਆ । ਜਨਮ ਕਰਮ ਦੀ ਪੂਰੀ ਕਰ ਆਸਾ, ਲੇਖਾ ਪੂਰਬ ਵੇਖ ਵਖਾਈਆ । ਮਾਣਸ ਜਨਮ ਨਾ ਆਵੇ ਘਾਟਾ, ਨਾਮ ਭੰਡਾਰਾ ਦੇਣਾ ਭਰਾਈਆ । ਚੁਰਾਸੀ ਵਾਲੀ ਮੇਟ ਦੇ ਵਾਟਾ, ਜੂਨੀ ਜੂਨ ਨਾ ਕੋਇ ਭਵਾਈਆ । ਧੁਰ ਦਾ ਅੰਮ੍ਰਿਤ ਜਾਮ ਪਿਆ ਦੇ ਬਾਟਾ, ਰਸ ਨਿਝਰ ਆਪ ਝਿਰਾਈਆ । ਤੂੰ ਸਾਹਿਬ ਸਵਾਮੀ ਕਮਲਾਪਾਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਆਤਮ ਪਰਮਾਤਮ ਜੋੜ ਨਾਤਾ, ਪਾਰਬ੍ਰਹਮ ਬ੍ਰਹਮ ਮੇਲਾ ਲੈ ਮਿਲਾਈਆ । ਏਥੇ ਓਥੇ ਦੋ ਜਹਾਨਾਂ ਬਣ ਰਾਖਾ, ਸਿਰ ਆਪਣਾ ਹੱਥ ਟਿਕਾਈਆ । ਬਿਨ ਤੇਰੀ ਕਿਰਪਾ ਤੇਰਾ ਭੇਵ ਕਿਸੇ ਨਾ ਜਾਤਾ, ਪੜਦਾ ਓਹਲਾ ਦੇ ਉਠਾਈਆ । ਕਲਜੁਗ ਮੇਟ ਕੂੜੀ ਅੰਧੇਰੀ ਰਾਤਾ, ਨਿਰਗੁਣ ਜੋਤੀ ਚੰਦ ਕਰ ਰੁਸ਼ਨਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਬਿਨਾਸ਼ਾ, ਘਟ ਨਿਵਾਸੀ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰਾ ਧੁਰ ਦੀ ਦਾਤਾ, ਦਾਤਾਰ ਹੋ ਕੇ ਦੇ ਵਰਤਾਈਆ । ਜਨ ਭਗਤ ਕਹਿਣ ਹਉਂ ਬਾਲਕ ਤੂੰ ਪਿਤਾ ਮਾਤਾ, ਸੇਵਕ ਆਪਣੇ ਲੈ ਬਣਾਈਆ । ਸਰਬ ਜੀਆਂ ਤੂੰ ਜੋਤੀ ਜਾਤਾ, ਜਾਗਰਤ ਜੋਤ ਕਰ ਰੁਸ਼ਨਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਨਜ਼ਰੀ ਆਏਂ ਆਕਾ, ਅਕਲ ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਬੰਦ ਕਿਵਾੜੀ ਖੋਲ੍ਹ ਤਾਕਾ, ਸੁਰਤੀ ਸ਼ਬਦੀ ਜੋੜ ਜੁੜਾਈਆ । ਨਿਰਮਲ ਜੋਤ ਕਰ ਪਰਕਾਸ਼ਾ, ਅੰਧ ਅੰਧੇਰ ਦੇ ਮਿਟਾਈਆ । ਸਚ ਦਵਾਰ ਕਰ ਨਿਵਾਸਾ, ਸਚਖੰਡ ਸਾਚੇ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਕੁਛ ਤੇਰੇ ਹਾਥਾ, ਦੂਸਰ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹਿਣ ਸਾਡਾ ਮੇਟ ਪਿਛਲਾ ਅਗਲਾ ਪੰਧ, ਪਾਂਧੀ ਹੋ ਕੇ ਸੀਸ ਨਿਵਾਈਆ । ਬਿਨ ਤੇਰੀ ਕਿਰਪਾ ਕਿਤੇ ਨਾ ਆਵੇ ਅਨੰਦ, ਰਸ ਵੇਖੇ ਜਗਤ ਲੋਕਾਈਆ । ਖਾਂਦਿਆਂ ਪੀਂਦਿਆਂ ਘਸ ਗਏ ਦੰਦ, ਪਰਮਾਨੰਦ ਵਿਚ ਨਾ ਕੋਇ ਸਮਾਈਆ । ਕਿਸ਼ਨਾ ਸੁਖਲਾ ਦਾ ਵੇਂਹਦੇ ਰਹੇ ਚੰਦ, ਬਿਨ ਨੂਰੀ ਜੋਤ ਨਾ ਜੋਤ ਕੋਇ ਰੁਸ਼ਨਾਈਆ । ਬਿਨ ਤੇਰੇ ਹੁਕਮ ਕਰ ਸਕੇ ਨਾ ਕੋਇ ਪਾਬੰਦ, ਬੰਧਨ ਨਾਮ ਨਾ ਕੋਇ ਬੰਧਾਈਆ । ਧੁਰ ਦਾ ਢੋਲਾ ਦੇ ਛੰਦ, ਆਤਮ ਪਰਮਾਤਮ ਬੂਝ ਬੁਝਾਈਆ । ਮਨ ਵਾਸਨਾ ਕੂੜੀ ਕਿਰਿਆ ਕਰ ਦੇ ਖੰਡ ਖੰਡ, ਖੰਡਾ ਧੁਰ ਦਾ ਨਾਮ ਚਮਕਾਈਆ । ਦੀਨ ਦੁਨੀ ਵਿਚ ਰਹਿ ਕੇ ਹੋਏ ਤੰਗ, ਤੰਗਦਸਤੀ ਦੇ ਕਟਾਈਆ । ਤੇਰੇ ਮਿਲਣ ਦੀ ਇਕ ਉਮੰਗ, ਆਸਾ ਮਨਸਾ ਤੇਰੇ ਅੱਗੇ ਰਖਾਈਆ । ਭੇਵ ਖੁਲ੍ਹਾ ਦੇ ਬ੍ਰਹਮ ਹੰ, ਆਤਮ ਪਰਮਾਤਮ ਜੋੜ ਜੁੜਾਈਆ । ਲਾਲਚ ਤ੍ਰਿਸ਼ਨਾ ਰਹੇ ਨਾ ਤਮ, ਤਾਮਸ ਅੰਦਰੋਂ ਦੇਣੀ ਕਢਾਈਆ । ਲੇਖੇ ਲਾਉਣਾ ਪਵਣ ਸਵਾਸ ਦਮ, ਦਾਮਨ ਹੋ ਕੇ ਲੈਣਾ ਛੁਡਾਈਆ । ਚਿੰਤਾ ਹਰਖ ਸੋਗ ਰਹੇ ਨਾ ਗ਼ਮ, ਧੁਰ ਦੀ ਖ਼ੁਸ਼ੀ ਦੇਣੀ ਪਰਗਟਾਈਆ । ਭਾਗ ਲਗਾਉਣਾ ਕਾਇਆ ਮਾਟੀ ਚੰਮ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਸ਼ਬਦ ਰਾਗ ਸੁਣਾਉਣਾ ਬਿਨ ਕੰਨ, ਅਨਹਦ ਨਾਦੀ ਨਾਦ ਵਜਾਈਆ । ਸ਼ੁਕਰਾਨੇ ਅੰਦਰ ਕਹੀਏ ਤੇਰਾ ਧੰਨ, ਧੰਨ ਧੰਨ ਧੰਨ ਤੇਰੀ ਬੇਪਰਵਾਹੀਆ । ਦਹਿ ਦਿਸ਼ਾ ਨਾ ਭੱਜੇ ਮਨੂਆ ਮਨ, ਮਨਸਾ ਅੰਦਰੇ ਅੰਦਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਸੁਹੇਲੇ ਭਗਵਨ ਤੇਰੀ ਆਸ

ਰਖਾਈਆ । ਜਨ ਭਗਤ ਕਹਿਣ ਪ੍ਰਭ ਗਹਿਰ ਗੰਭੀਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਿਰਪਾ ਕਰ ਬੇਨਜ਼ੀਰ, ਨਜ਼ਰ ਤੋਂ ਪਰੇ ਪੜਦਾ ਦੇ ਉਠਾਈਆ । ਆਪਣੇ ਮਿਲਣ ਦੀ ਅਨੋਖੀ ਵੱਖਰੀ ਦੱਸ ਤਦਬੀਰ, ਤਕਦੀਰ ਦਾ ਝਗੜਾ ਦੇ ਮੁਕਾਈਆ । ਤੇਰੇ ਨਾਮ ਦਾ ਅੰਮ੍ਰਿਤ ਪੀਏ ਸੀਰ, ਸ਼ੀਰਖ਼ਾਰ ਬੱਚੇ ਲੈਣੇ ਬਣਾਈਆ । ਦੁਨੀ ਵਿਚ ਹੋਈਏ ਨਾ ਕਦੇ ਦਿਲਗੀਰ, ਸਤਿ ਸੰਤੋਖ ਦੇਣਾ ਸਮਝਾਈਆ । ਝਗੜਾ ਮੁਕਾ ਕੇ ਸ਼ਾਹ ਹਕੀਰ, ਏਕੋ ਰੰਗ ਦੇਣਾ ਰੰਗਾਈਆ । ਅੰਦਰੇ ਅੰਦਰ ਬਦਲ ਕੇ ਜ਼ਮੀਰ, ਜ਼ਾਮਨ ਹੋ ਕੇ ਪੱਲੂ ਦੇਣਾ ਫੜਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਉਤੇ ਇਕ ਯਕੀਨ, ਭਰੋਸਾ ਤੇਰਾ ਨਾਮ ਨਜ਼ਰੀ ਆਈਆ । ਸਜਦਿਆਂ ਵਿਚ ਤੈਨੂੰ ਕਹਿ ਕੇ ਆਮੀਨ, ਕਾਮਲ ਮੁਰਸ਼ਦ ਤੇਰੀ ਓਟ ਰਖਾਈਆ । ਹਉਂ ਬਾਲਕ ਨੱਢੇ ਮਸਕੀਨ, ਬਿਨ ਤੇਰੇ ਯਤੀਮ ਜਗਤ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਉਣਾ ਇਕ ਦਰ, ਦਰਵਾਜ਼ਾ ਗ਼ਰੀਬ ਨਿਵਾਜਾ ਖੋਲ੍ਹ ਖੁਲ੍ਹਾਈਆ । ਜਨ ਭਗਤ ਕਹਿਣ ਕਿਰਪਾ ਕਰ ਪੁਰਖ ਅਗੰਮ, ਅਲਖ ਅਗੋਚਰ ਤੇਰੀ ਓਟ ਤਕਾਈਆ । ਕਲਜੁਗ ਅੰਤ ਅਖ਼ੀਰ ਬੇੜਾ ਬੰਨ੍ਹ, ਸਦੀ ਸਦੀਵੀ ਦਏ ਦੁਹਾਈਆ । ਅਰਜ਼ ਬੇਨੰਤੀ ਅਰਦਾਸ ਸੁਣ ਬਿਨਾਂ ਕੰਨ, ਸਰਵਣਾਂ ਦੀ ਲੋੜ ਰਹੇ ਨਾ ਰਾਈਆ । ਹਉਂ ਸੇਵਕ ਤੇਰੇ ਜਨ, ਜਣੇਂਦੀ ਇਕੋ ਤੂੰ ਹੀ ਨਜ਼ਰੀ ਆਈਆ । ਜਿਸ ਨੇ ਬਖ਼ਸ਼ਿਆ ਕਾਇਆ ਮਾਟੀ ਪੰਜ ਤਤ ਤਨ, ਮਨ ਮਤ ਬੁਧ ਨਾਲ ਕਰੀ ਕੁੜਮਾਈਆ । ਆਤਮ ਪਰਮਾਤਮ ਦੇ ਕੇ ਧਨ, ਨਾਮ ਖ਼ਜ਼ਾਨਾ ਦਿਤਾ ਭਰਾਈਆ । ਨਿਰਗੁਣ ਜੋਤ ਚਾੜ੍ਹ ਕੇ ਚੰਨ, ਪਰਕਾਸ਼ ਪਰਕਾਸ਼ ਵਿਚੋਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦਾ ਸੁਹੇਲੇ ਬਿਨ



ਤੇਰੇ ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹਿਣ ਤੇਰੇ ਅੱਗੇ ਇਕ ਅਰਜ਼ੋਈ, ਆਜਜ਼ ਹੋ ਕੇ ਸੀਸ ਝੁਕਾਈਆ । ਦੋ ਜਹਾਨ ਸ੍ਰੀ ਭਗਵਾਨ ਮਿਲੇ ਕੋਇ ਨਾ ਢੋਈ, ਸਹਾਇਕ ਨਾਇਕ ਸਿਰ ਹੱਥ ਨਾ ਕੋਇ ਟਿਕਾਈਆ । ਕੋਟਾਂ ਵਿਚੋਂ ਤੇਰਾ ਭਗਤ ਸੁਹੇਲਾ ਦਿਸੇ ਕੋਈ ਕੋਈ, ਲੱਖ ਚੁਰਾਸੀ ਖ਼ਾਲੀ ਕਾਇਆ ਮਾਟੀ ਹਾਟੀ ਨਜ਼ਰੀ ਆਈਆ । ਤੇਰੇ ਨਾਮ ਦੀ ਇਕ ਦਰੋਹੀ, ਤੋਬਾ ਤੋਬਾ ਸਾਰੇ ਰਹੇ ਸੁਣਾਈਆ । ਬਿਨ ਤੇਰੀ ਮੁਹੱਬਤ ਆਤਮ ਪਰਮਾਤਮ ਕਿਸੇ ਨਾ ਮੋਹੀ, ਸੁਰਤੀ ਸ਼ਬਦੀ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਭਗਤ ਸੁਹੇਲੇ ਭਗਵਨ ਤੇਰੇ ਅੱਗੇ ਝੋਲੀ ਡਾਹੀਆ । ਜਨ ਭਗਤ ਕਹਿਣ ਪੁਰਖ ਅਬਿਨਾਸ਼ੀ ਸੁਹਾ ਦੇ ਰੁੱਤ, ਰਤਨ ਅਮੋਲਕ ਹੀਰੇ ਗੁਰਮੁਖ ਲੈ ਬਣਾਈਆ । ਸੰਤ ਸੁਹੇਲੇ ਸੱਜਣ ਤੇਰੇ ਸੁਤ, ਅਪਰਾਧਾਂ ਤੋਂ ਲੈ ਛੁਡਾਈਆ । ਮਨ ਵਾਸਨਾ ਬਦਲ ਦੇ ਰੁਖ, ਬੁੱਧੀ ਬਿਬੇਕ ਦੇ ਬਣਾਈਆ । ਸਚ ਨਾਮ ਦਾ ਦੇ ਸੁਖ, ਸੁਖਆਸਣ ਦੇ ਸਮਝਾਈਆ । ਆਪਣੇ ਮਿਲਣ ਦੀ ਮੇਟ ਕੇ ਭੁੱਖ, ਤ੍ਰਿਸ਼ਨਾ ਜਗਤ ਵਾਲੀ ਗਵਾਈਆ । ਉਜਲ ਕਰ ਮਾਤ ਮੁਖ, ਦੁਰਮਤ ਮੈਲ ਧਵਾਈਆ । ਸਫ਼ਲ ਕਰ ਜਨਨੀ ਕੁੱਖ, ਲਹਿਣਾ ਦੇਣਾ ਆਪਣੇ ਨਾਲ ਬਣਾਈਆ । ਤੇਰਾ ਖੇਲ ਅਬਿਨਾਸ਼ੀ ਅਚੁਤ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਦੀਨਾਂ ਅਨਾਥਾਂ ਦੀਨ ਦਿਆਲ ਮੇਟ ਦੁੱਖ, ਦਰਦੀਆਂ ਆਪਣਾ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਸੁਹੇਲੇ ਤੇਰਾ ਰਾਹ ਤਕਾਈਆ । ਜਨ ਭਗਤ ਕਹਿਣ ਅਬਿਨਾਸ਼ੀ ਕਰਤੇ ਆ ਜਾ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਭਾਗ ਲਗਾ ਕਾਇਆ ਖੇੜੇ, ਬੰਦ ਕਿਵਾੜੀ ਕੁੰਡਾ ਦੇ ਖੁਲ੍ਹਾਈਆ । ਆਤਮ ਪਰਮਾਤਮ ਢੋਲੇ

ਗਾਈਏ ਤੇਰੇ ਮੇਰੇ, ਦੂਜਾ ਸੰਗ ਨਾ ਕੋਇ ਰਖਾਈਆ । ਇਕੋ ਮੰਜ਼ਲ ਚੜ੍ਹ ਕੇ ਵੇਖੀਂ ਗੁਰੂ ਚੇਰੇ, ਚੇਲਾ ਗੁਰੂ ਇਕੋ ਰੰਗ ਰੰਗਾਈਆ । ਹਕੀਕਤ ਵਿਚ ਫੈਸਲਾ ਹਕ ਨਬੇੜੇਂ, ਨਾਤੇ ਕੂੜ ਜਗਤ ਤੁੜਾਈਆ । ਮਿਹਰਵਾਨ ਮਹਿਬੂਬ ਕਰ ਮਿਹਰੇ, ਮੁਹੱਬਤ ਵਿਚ ਆਪਣਾ ਘਰ ਵਖਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਜੋਤ ਸਰੂਪੀ ਲਾ ਕੇ ਬੈਠੇ ਡੇਰੇ, ਸਚਖੰਡ ਦਵਾਰ ਏਕੰਕਾਰ ਇਕੋ ਦੇਣਾ ਵਖਾਈਆ । ਲੱਖ ਚੁਰਾਸੀ ਜਨਮ ਚਾਰੇ ਖਾਣੀ ਵਿਚ ਭੋਗੇ ਬਥੇਰੇ, ਆਵਣ ਜਾਵਣ ਦੀ ਲੋੜ ਰਹੇ ਨਾ ਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤ ਸੁਹੇਲੇ ਬਾਲਕ ਤੇਰੇ, ਤੀਰਥ ਤੱਟਾਂ ਦਾ ਖਹਿੜਾ ਦੇ ਛੁਡਾਈਆ । ਕਾਇਆ ਮੰਦਰ ਅੰਦਰ ਜਗਤ ਵਾਸਨਾ ਰਹੇ ਨਾ ਕੋਇ ਅੰਧੇਰੇ, ਅੰਧ ਅਗਿਆਨ ਦੇਣਾ ਚੁਕਾਈਆ । ਏਕੋ ਵਾਰ ਏਕੰਕਾਰ ਚਾੜ੍ਹ ਆਪਣੇ ਬੇੜੇ, ਨਈਆ ਨੌਕਾ ਧੁਰ ਦਾ ਨਾਮ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਆਪਣੀ ਕਰ ਮਿਹਰੇ, ਰਹਿਮਤ ਵਿਚ ਰਸਤੇ ਆਪ ਚਲਾਈਆ ।

★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਹਰਬੰਸ ਕੌਰ ਦੇ ਗ੍ਰਿਹ ਪਿੰਡ ਗ਼ਜ਼ਨੀਪੁਰ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਸਾਡੀ ਸ਼ਰਧਾ ਹੋਵੇ ਪੂਰੀ, ਪੂਰਨ ਸਤਿਗੁਰ ਮਿਲ ਕੇ ਵੱਜੇ ਵਧਾਈਆ । ਆਤਮ ਪਰਕਾਸ਼ ਜੋਤ ਹੋਵੇ ਅਗੰਮੀ ਨੂਰੀ, ਨੂਰ ਨੁਰਾਨਾ ਸ਼ਾਹ ਸੁਲਤਾਨਾ ਨਜ਼ਰੀ ਆਈਆ । ਜਿਸ ਦੇ ਸਚਖੰਡ ਦਵਾਰ ਵਸੀਏ ਸਦਾ ਹਜ਼ੂਰੀ, ਵਿਛੋੜਾ ਰਹਿਣ ਕੋਇ ਨਾ ਪਾਈਆ । ਦੋ ਜਹਾਨਾਂ ਪੰਧ ਮੁਕਾ ਨੇੜੇ ਦੂਰੀ, ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਈਆ । ਮਨ ਵਾਸਨਾ ਜਗਤ ਮਿਟੇ ਕੂੜੀ, ਬੁੱਧ ਬਿਬੇਕ ਦਏ ਬਣਾਈਆ । ਗੜ੍ਹ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰ ਗ਼ਰੂਰੀ, ਗ਼ੁਰਬਤ ਅੰਦਰੋਂ ਦਏ ਕਢਾਈਆ । ਚਰਨ ਕਵਲ ਬਖ਼ਸ਼ੇ ਸਾਚੀ ਧੂੜੀ, ਟਿੱਕਾ ਮਸਤਕ ਨਾਮ ਲਗਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹੀ, ਸਾਚੀ ਵਿਦਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਆਸਾ ਮਨਸਾ ਪੂਰਨ ਹੋਵੇ ਜਗ, ਤ੍ਰਿਸ਼ਨਾ ਕੂੜ ਰਹਿਣ ਨਾ ਪਾਈਆ । ਕਿਰਪਾ ਕਰੇ ਸੂਰਾ ਸਰਬੱਗ, ਸਤਿਗੁਰ ਸ਼ਬਦ ਬੇਪਰਵਾਹੀਆ । ਦਰਸ ਵਖਾਏ ਉਪਰ ਸ਼ਾਹ ਰਗ, ਨੌ ਦਵਾਰੇ ਡੇਰਾ ਢਾਹੀਆ । ਤ੍ਰੈਗੁਣ ਮਾਇਆ ਬੁਝਾਏ ਅੱਗ, ਅਗਨੀ ਤਤ ਨਾ ਕੋਇ ਜਲਾਈਆ । ਸੁਖਮਨ ਟੇਢੀ ਬੰਕ ਜਾਏ ਲੰਘ, ਬਿਨ ਮੰਜ਼ਲ ਪੰਧ ਮੁਕਾਈਆ । ਨਾਮ ਨਿਧਾਨ ਵਜਾਏ ਮਰਦੰਗ, ਅਨਹਦ ਨਾਦੀ ਨਾਦ ਸੁਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਹੋ ਕੇ ਵਸੇ ਸੰਗ, ਸਗਲਾ ਸੰਗ ਵਖਾਈਆ । ਝਗੜਾ ਚੁਕਾ ਕੇ ਦੀਨ ਦੁਨੀ ਵਿਚ ਵਰਭੰਡ, ਬ੍ਰਹਿਮੰਡ ਖੰਡ ਲੇਖਾ ਦਏ ਮੁਕਾਈਆ । ਸਤਿ ਸਵਾਮੀ ਅੰਤਰਜਾਮੀ ਦੇਵੇ ਇਕ ਅਨੰਦ, ਅਨੰਦ ਵਿਚ ਪਰਮਾਨੰਦ ਲਏ ਪਰਗਟਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦਗੀ ਇਕੋ ਇਕ ਸਮਝਾਈਆ । ਜਨ ਭਗਤਾਂ ਸਦਾ ਰਹੇ ਸੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸਾਚਾ ਮਾਰਗ ਇਕ ਪਰਗਟਾਈਆ । ਆਸਾ ਮਨਸਾ ਪੂਰੀ ਹੋਵੇ ਲੋਕਮਾਤ, ਪਰਲੋਕ ਵੱਜੇ ਵਧਾਈਆ । ਸਾਹਿਬ ਸਤਿਗੁਰ ਪੂਰਾ ਦੇਵੇ ਆਪਣੀ ਦਾਤ, ਨਾਮ ਭੰਡਾਰਾ ਏਕੰਕਾਰਾ ਆਪ ਵਰਤਾਈਆ । ਤੂੰ ਮੇਰਾ ਮੈਂ ਤੇਰਾ ਦੱਸ ਅਗੰਮੀ ਗਾਥ, ਬਿਨ ਅੱਖਰਾਂ ਨਿਰਅੱਖਰ ਦਏ ਸਮਝਾਈਆ ।

ਕਲਜੁਗ ਮੇਟ ਕੂੜ ਅੰਧੇਰੀ ਰਾਤ, ਨਿਰਗੁਣ ਸਾਚਾ ਚੰਦ ਕਰੇ ਰੁਸ਼ਨਾਈਆ । ਮਨ ਵਾਸਨਾ ਕਰ ਕੇ ਘਾਤ, ਸ਼ਬਦ ਖੰਡਾ ਇਕ ਚਮਕਾਈਆ । ਬਿਨ ਰਸਨਾ ਜਿਹਵਾ ਮਾਰ ਆਵਾਜ਼, ਸੋਈ ਸੁਰਤੀ ਲਏ ਉਠਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਘਰ ਵਿਚ ਘਰ ਖੋਲ੍ਹ ਕੇ ਰਾਜ਼, ਪੜਦਾ ਓਹਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਸੁਹੇਲਾ ਇਕ ਇਕੇਲਾ ਹਰਿਜਨ ਆਪਣੇ ਰੰਗ ਰੰਗਾਈਆ । ਮਨਸਾ ਪੂਰੀ ਹੋਏ ਸਦਾ ਗੁਰਮੁਖ, ਗੁਰ ਸਤਿਗੁਰ ਦੇਵਣਹਾਰ ਵਡਿਆਈਆ । ਜਨਮ ਕਰਮ ਦਾ ਰਹਿਣ ਨਾ ਦੇਵੇ ਕੋਈ ਦੁੱਖ, ਆਵਣ ਜਾਵਣ ਪਤਤ ਪਾਵਣ ਦਏ ਕਟਾਈਆ । ਉਜਲ ਕਰੇ ਪ੍ਰੇਮ ਪ੍ਰੀਤੀ ਅੰਦਰ ਮਾਤ ਮੁਖ, ਸੁਖ ਸਾਗਰ ਵਿਚ ਸਮਾਈਆ । ਸੰਤ ਸਾਜਣ ਆਪਣੀ ਗੋਦੀ ਲਏ ਚੁੱਕ, ਚਾਰ ਕੁੰਟ ਦਹਿ ਦਿਸ਼ਾ ਵੇਖਣਹਾਰਾ ਥਾਉਂ ਥਾਈਆ । ਮੰਜ਼ਲ ਬਮੰਜ਼ਲ ਪੈਂਡਾ ਜਾਏ ਮੁੱਕ, ਜ਼ਿਮੀਂ ਅਸਮਾਨ ਹੋ ਮਿਹਰਵਾਨ ਲਹਿਣਾ ਦੇਣਾ ਦਏ ਮੁਕਾਈਆ । ਸੋ ਗੁਰਮੁਖ ਸੰਤ ਸੁਹੇਲੇ ਪ੍ਰਭ ਦੀ ਯਾਦ ਵਿਚ ਸਦਾ ਖ਼ੁਸ਼, ਜਿਨ੍ਹਾਂ ਦੇ ਅੰਤਰ ਅੰਤਰ ਨਿਰੰਤਰ ਮੰਤਰ ਆਪਣਾ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੜਦਾ ਓਹਲਾ ਰਹਿਣ ਨਾ ਦੇਵੇ ਕੋਈ ਲੁਕ, ਅੰਧ ਅੰਧੇਰਾ ਸੰਝ ਸਵੇਰਾ ਇਕੋ ਰੰਗ ਵਖਾਈਆ ।



★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਸੁਲਖਣੀ ਦੇ ਗ੍ਰਿਹਿ ਗ਼ਜ਼ਨੀਪੁਰ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਤੇਰੇ ਨਾਮ ਦਾ ਇਕ ਸਹਾਰਾ, ਸਹਾਇਕ ਅਵਰ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਪੁਰਖ ਅਕਾਲ ਏਕੰਕਾਰਾ, ਇਕ ਇਕੱਲੇ ਤੇਰੇ ਹੱਥ ਵਡਿਆਈਆ । ਸਾਂਝੇ ਮੀਤ ਪਰਵਰਦਿਗਾਰਾ, ਲਾਸ਼ਰੀਕ ਤੇਰੀ ਸਰਨਾਈਆ । ਜੁਗ ਚੌਕੜੀ ਤੇਰਾ ਖੇਲ ਨਿਆਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਸੇਵ ਲਗਾਈਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਹੋਇਆ ਧੁੰਦੂਕਾਰਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੇਰਾ ਨੂਰ ਨਾ ਕੋਇ ਚਮਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰੇ ਪੁਕਾਰਾ, ਸੋਹਲੇ ਢੋਲੇ ਰਾਗਾਂ ਨਾਦਾਂ ਵਿਚ ਕਰੇ ਸ਼ਨਵਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਰੋਵਣ ਜ਼ਾਰੋ ਜ਼ਾਰਾ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਮਾਰਨ ਧਾਹੀਆ । ਬੀਸ ਬੀਸੇ ਹਰਿ ਜਗਦੀਸੇ ਤੇਰਾ ਖੇਲ ਵੇਖੀਏ ਅਪਰੰਪਰ ਅਪਰ ਅਪਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਪੜਦਾ ਓਹਲਾ ਦੇਣਾ ਉਠਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਚਾ ਦਿਸੇ ਨਾ ਕੋਇ ਸਿਕਦਾਰਾ, ਸ਼ਾਹੋ ਭੂਪ ਸਤਿ ਸਰੂਪ ਤੇਰਾ ਰੂਪ ਨਜ਼ਰ ਕੋਇ ਨਾ ਆਈਆ । ਕਾਗਦ ਕਲਮ ਨਾ ਲਿਖਣਹਾਰਾ, ਕਲਮ ਸ਼ਾਹੀ ਕੂਕ ਕੂਕ ਕੁਰਲਾਈਆ । ਦੀਨ ਦੁਨੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਬੇਹਾਲਾ, ਹਾਲਤ ਬਦਲੀ ਸਰਬ ਲੋਕਾਈਆ । ਸਾਚੀ ਦਿਸੇ ਨਾ ਕੋਈ ਧਰਮਸਾਲਾ, ਕਾਇਆ ਕਾਅਬਾ ਮੰਜ਼ਲ ਹਕ ਨਾ ਕੋਇ ਸੁਹਾਈਆ । ਤ੍ਰੈਗੁਣ ਮਾਇਆ ਤੋੜੇ ਨਾ ਕੋਇ ਜੰਜਾਲਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਸੁਹੇਲੇ ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰਹੀ ਕੂਕ, ਰਾਓ ਰੰਕ ਦੇਣ ਦੁਹਾਈਆ ।

ਕਲਜੁਗ ਮਾਇਆ ਅਗਨੀ ਸਭ ਨੂੰ ਰਹੀ ਫੂਕ, ਸਾਂਤਕ ਸਤਿ ਨਾ ਕੋਇ ਕਰਾਈਆ । ਝਗੜਾ ਪਿਆ ਚਾਰੇ ਕੂਟ, ਦਹਿ ਦਿਸ਼ਾ ਵਰਨ ਬਰਨ ਕਰੇ ਲੜਾਈਆ । ਭੇਵ ਸਮਝੇ ਨਾ ਕੋਈ ਕਾਇਆ ਪੰਜ ਭੂਤ, ਆਤਮ ਬ੍ਰਹਮ ਪਾਰਬ੍ਰਹਮ ਪੜਦਾ ਨਾ ਕੋਇ ਉਠਾਈਆ । ਸਤਿ ਧਰਮ ਧਰਨੀ ਧਰਤ ਧਵਲ ਉਤੋਂ ਕਰ ਗਿਆ ਕੂਚ, ਕੂਚਾ ਕੂਚਾ ਸਾਫ਼ ਨਾ ਕੋਇ ਕਰਾਈਆ । ਤੇਰੇ ਨਾਮ ਦੀ ਧਾਰ ਸਕੇ ਕੋਇ ਨਾ ਬੂਝ, ਗਿਆਨੀ ਧਿਆਨੀ ਵਿਦਵਾਨੀ ਪੜਦਾ ਸਕੇ ਨਾ ਕੋਇ ਉਠਾਈਆ । ਲੇਖਾ ਮੁਕੇ ਨਾ ਏਕ ਦੂਜ, ਦਵੈਤ ਸ਼ਰਅ ਨਾ ਕੋਇ ਤਜਾਈਆ । ਤੇਰਾ ਨਜ਼ਰ ਨਾ ਆਏ ਕਿਸੇ ਸਤਿ ਸਰੂਪ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਰਾਗ ਸੁਣਨ ਕੋਇ ਨਾ ਪਾਈਆ । ਜਨ ਭਗਤ ਸੁਹੇਲੇ ਪੁਰਖ ਅਕਾਲ ਦੀਨ ਦਿਆਲ ਆਪਣੇ ਬਣਾ ਸਪੂਤ, ਪਿਤਾ ਪੂਤ ਹੋ ਕੇ ਆਪਣੀ ਗੋਦ ਉਠਾਈਆ । ਸ਼ਬਦ ਅਗੰਮੀ ਨੌਜਵਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਭੇਜ ਆਪਣਾ ਦੂਤ, ਦੁਤੀਆ ਭਾਉ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਸੁਹੇਲੇ ਦਰ ਤੇਰੇ ਅਲਖ ਜਗਾਈਆ । ਜਨ ਭਗਤ ਕਹਿਣ ਕਿਰਪਾ ਕਰ ਪੁਰਖ ਸਮਰਥ, ਸਵਾਮੀ ਤੇਰੀ ਆਸ ਰਖਾਈਆ । ਸ੍ਰਿਸ਼ਟ ਸਬਾਈ ਦਿਸੇ ਖ਼ਾਲੀ ਹੱਥ, ਨਾਮ ਵਸਤ ਝੋਲੀ ਨਾ ਕੋਇ ਭਰਾਈਆ । ਤੇਰੇ ਮਿਲਣ ਦੀ ਖੁਲ੍ਹੀ ਕਿਸੇ ਨਾ ਅੱਖ, ਨਿਜ ਲੋਇਣ ਨਾ ਕੋਇ ਰੁਸ਼ਨਾਈਆ । ਧਰਮ ਰਿਹਾ ਨਾ ਕਿਸੇ ਦਵਾਰ ਸਚ, ਜੂਠ ਝੂਠ ਵੱਜੀ ਵਧਾਈਆ । ਮਨ ਵਾਸਨਾ ਸਾਰੇ ਰਹੇ ਨੱਚ, ਕਲਜੁਗ ਨਟੂਆ ਆਪਣਾ ਸਵਾਂਗ ਵਰਤਾਈਆ । ਕਿਰਪਾ ਕਰ ਕੇ ਭਾਗ ਲਗਾ ਕਾਇਆ ਮਾਟੀ ਕੱਚ, ਕੱਚ ਕੰਚਨ ਗੜ੍ਹ ਦੇ ਬਣਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰਤੀ ਰੱਤ ਆਪਣਾ ਨਾਮ ਦੇ ਟਿਕਾਈਆ । ਆਤਮ ਪਰਮਾਤਮ ਸਾਚੀ ਦੇ ਬ੍ਰਹਮ ਮਤ, ਜਗਤ ਵਿਦਿਆ ਦਾ ਲੇਖਾ ਦੇ ਮੁਕਾਈਆ । ਚਰਨ ਪ੍ਰੀਤੀ ਸਾਚੀ ਨੀਤੀ ਧੁਰ ਦਰਬਾਰ ਜੋੜ ਆਪਣਾ ਨੱਤ, ਨਾਤੇ ਬਿਧਾਤੇ ਆਪਣੇ ਨਾਲ ਰਖਾਈਆ । ਜਨ ਭਗਤ ਕਹਿਣ ਤੈਥੋਂ ਰਹਿਣਾ ਕਦੇ ਨਹੀਂ ਵੱਖ, ਪਰਤੱਖ ਹੋ ਕੇ ਦਰਸ਼ਨ ਦੇ ਗੁਸਾਈਆ । ਸਦੀ ਚੌਧਵੀਂ ਲੈਣਾ ਰੱਖ, ਪ੍ਰੀਤਮ ਹੋ ਕੇ ਕਰਨਾ ਆਪਣੇ ਵੱਸ, ਮੁਹੱਬਤ ਵਿਚ ਮੇਲਾ ਲੈਣਾ ਮਿਲਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਹੋ ਜਾਏ ਜਸ, ਭਗਤ ਭਗਵਾਨ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਨਾਮ ਵਥ, ਵਸਤ ਅਮੋਲਕ ਕਾਇਆ ਗੋਲਕ ਦੇਣੀ ਟਿਕਾਈਆ । ਜਨ ਭਗਤ ਕਹਿਣ ਪ੍ਰਭ ਧੁਰ ਦੇ ਮਾਲਕ ਸੱਚੇ ਸਵਾਮੀ, ਸਤਿ ਸਤਿਵਾਦੀ ਤੇਰੀ ਬੇਪਰਵਾਹੀਆ । ਤੂੰ ਹਰ ਘਟ ਅੰਤਰਜਾਮੀ, ਲੱਖ ਚੁਰਾਸੀ ਵੇਖੇਂ ਥਾਉਂ ਥਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇ ਕੇ ਸ਼ਬਦ ਅਗੰਮੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਿਤੇ ਬਣਾਈਆ । ਸੁਰਤ ਬਣਾ ਕੇ ਆਪਣੀ ਸਵਾਣੀ, ਸ਼ਬਦੀ ਕੰਤ ਕਾਹਨ ਨਾਲ ਪਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਇਕੋ ਜਿਹੀ ਰੱਖੇਂ ਜਵਾਨੀ, ਬਿਰਧ ਬਾਲ ਰੂਪ ਨਾ ਕੋਇ ਦਰਸਾਈਆ । ਜੁਗ ਚੌਕੜੀ ਤੇਰੀ ਮਹਿੰਮਾ ਸਿਫ਼ਤਾਂ ਵਾਲੀ ਚਲੀ ਆਈ ਕਹਾਣੀ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਬਿਨ ਭਗਤਾਂ ਮਿਲਿਆ ਕਿਸੇ ਨਾ ਪਦ ਨਿਰਬਾਣੀ, ਸਚਖੰਡ ਦਵਾਰ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਜਨ ਭਗਤ ਕਹਿਣ ਕਿਰਪਾ ਕਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਦਰ ਤੇਰੇ ਸੀਸ ਨਿਵਾਈਆ । ਝਗੜਾ ਰਹੇ ਨਾ ਕੋਇ ਦੀਵਾਨੀ, ਪੂਰਬ ਲੇਖਾ ਦੇਣਾ ਬਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਿਸੇ ਫ਼ਾਨੀ, ਫ਼ੈਸਲਾ ਹਕ ਦੇਣਾ ਸੁਣਾਈਆ । ਤੇਰੇ ਚਰਨ ਕਵਲ ਵਿਟਹੁ ਕੁਰਬਾਨੀ,

ਭਗਤ ਸੰਤ ਗੁਰਮੁਖ ਗੁਰਸਿਖ ਦਰ ਠਾਂਡੇ ਸੀਸ ਨਿਵਾਈਆ । ਤੂੰ ਖ਼ਾਲਕ ਖ਼ਲਕ ਪ੍ਰਿਤਪਾਲਕ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਭਗਵਾਨ ਇਕੋ ਰੂਪ ਨਜ਼ਰੀ ਆਈਆ । ਜਨ ਭਗਤ ਕਹਿਣ ਦੂਈ ਦਵੈਤ ਮੇਟ ਦੇ ਸ਼ਰਅ, ਸ਼ਰੀਅਤ ਵਿਚ ਰਹਿਣ ਕੋਇ ਨਾ ਪਾਈਆ । ਇਕੋ ਇਸ਼ਟ ਤੇਰਾ ਬੜਾ, ਪੁਰਖ ਅਕਾਲ ਦੀਨ ਦਿਆਲ ਦੋ ਜਹਾਨਾਂ ਦੇ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਦਰ ਖੜ੍ਹਾ, ਗੁਰ ਅਵਤਾਰ ਪੈਗ਼ੰਬਰ ਬੈਠਾ ਸੀਸ ਨਿਵਾਈਆ । ਤੇਰਾ ਵਰਨ ਬਰਨ ਜਾਤ ਪਾਤ ਨਾਲ ਨਹੀਂ ਕੋਈ ਧੜਾ, ਸਭ ਦਾ ਮਾਲਕ ਇਕੋ ਨੂਰ ਨੂਰ ਰੁਸ਼ਨਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦਵਾਰੇ ਸਦਾ ਖੜ੍ਹਾ, ਘਟ ਭੀਤਰ ਡੇਰਾ ਲਾਈਆ । ਤੇਰੇ ਚਰਨ ਕਵਲ ਸਰਨ ਸਰਨਾਈ ਜਨ ਭਗਤ ਸਦਾ ਤਰਾ, ਤਾਰਨਹਾਰ ਸਮਰਥ ਸਵਾਮੀ ਤੇਰੀ ਓਟ ਤਕਾਈਆ । ਤੇਰਾ ਨਾਮ ਸ਼ਬਦ ਦੋ ਜਹਾਨਾਂ ਖਰਾ, ਖੋਟਿਆਂ ਖਰੇ ਦਏ ਬਣਾਈਆ । ਸਚ ਦਵਾਰ ਏਕੰਕਾਰ ਸਤਿਜੁਗ ਸਾਚੇ ਖੋਲ੍ਹ ਦਰਾ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਆਪਣਾ ਇਕ ਵਖਾਈਆ । ਜਨ ਭਗਤ ਕਹਿਣ ਪੁਰਖ ਅਕਾਲ ਦੀਨ ਦਿਆਲ ਤੇਰਾ ਲੜ ਫੜਾ, ਸ਼ਬਦੀ ਪਲੂ ਆਪਣੀ ਗੰਢ ਪਵਾਈਆ । ਤੂੰ ਮਾਲਕ ਨਰਾਇਣ ਨਰਾ, ਨਰ ਹਰਿ ਤੇਰਾ ਖੇਲ ਵੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦਵਾਰ ਏਕੰਕਾਰ ਤੇਰਾ ਧੁਰ ਦਾ ਘਰਾ, ਮੁਕਾਮੇ ਹਕ ਦਰਗਾਹ ਸਾਚੀ ਸਚ ਮੁਕਾਮ ਦੇਣਾ ਬਣਾਈਆ ।



★ ੫ ਕੱਤਕ ਸ਼ਹਿਨਸ਼ਾਹੀ ਸੰਮਤ ੨ ਬਲਦੇਵ ਸਿੰਘ ਦੇ ਗ੍ਰਹਿ ਪਿੰਡ ਸ਼ੋਨ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹੇ ਤੇਰਾ ਖੇਲ ਅਗੰਮੀ ਚਲਿਤ੍ਰ, ਬਿਨ ਚਾਤਰਕ ਗੁਰਮੁਖ ਸਮਝ ਕਿਸੇ ਨਾ ਆਈਆ । ਮਿਹਰਵਾਨ ਅਬਿਨਾਸ਼ੀ ਕਰਤੇ ਬਣ ਆਪ ਆਪਣਾ ਮਿਤਰ, ਆਤਮ ਪਰਮਾਤਮ ਤੇਰਾ ਨੂਰ ਨਜ਼ਰੀ ਆਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਹੋ ਕੇ ਨਿਤਰ, ਪੜਦਾ ਓਹਲਾ ਕਾਇਆ ਚੋਲਾ ਦੇ ਮੁਕਾਈਆ । ਮੰਜ਼ਲ ਚੋਟੀ ਹਕ ਹਕ਼ੀਕੀ ਚੜ੍ਹ ਸ਼ਿਖ਼ਰ, ਦਰਾਂ ਤੋਂ ਉਪਰ ਆਪਣਾ ਘਰ ਦੇ ਵਖਾਈਆ । ਕੂੜੀ ਕਿਰਿਆ ਮਨ ਵਾਸਨਾ ਮੇਟ ਫ਼ਿਕਰ, ਫ਼ਾਕਾ ਆਕਾ ਰਹਿਣ ਕੋਇ ਨਾ ਪਾਈਆ । ਮਨ ਵਾਸਨਾ ਭੱਜੇ ਨਾ ਇਧਰ ਉਧਰ, ਡੋਰੀ ਤੰਦ ਅਗੰਮਾ ਲੈਣਾ ਪਾਈਆ । ਮੰਨਣਾ ਪਏ ਨਾ ਕੋਈ ਮੱਠਾਂ ਵਾਲਾ ਪਿੱਤਰ, ਪਿਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਤੇਰੇ ਨਾਲੋਂ ਜਾਈਏ ਕਦੇ ਨਾ ਵਿਛੜ, ਵਿਛੜਿਆਂ ਮੇਲਾ ਲੈਣਾ ਆਪ ਮਿਲਾਈਆ । ਜਨ ਭਗਤ ਸੁਹੇਲੇ ਕਹਿਣ ਅਸੀਂ ਭਰੀਆਂ ਚਿੱਕੜ, ਦੁਰਮਤ ਮੈਲ ਦੇਣੀ ਧਵਾਈਆ । ਬਿਨ ਤੇਰੀ ਕਿਰਪਾ ਤੇਰਾ ਨਾਮ ਹਿਰਦੇ ਵਿਚ ਨਾ ਹੋਵੇ ਜ਼ਿਕਰ, ਜਾਹਰ ਬਾਤਨ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹਿਣ ਪ੍ਰਭ ਹਰ ਹਿਰਦੇ ਅੰਦਰ ਵਸੀਂ, ਵਸਲ ਦੇਣਾ ਯਾਰ ਖ਼ੁਦਾਈਆ । ਨਾਮ ਡੋਰੀ ਬੰਧੀਂ ਰੱਸੀ, ਰਸਤਾ ਭੁੱਲ ਕੋਇ ਨਾ ਜਾਈਆ । ਧੁਰ ਦਾ ਮਾਰਗ ਮਰਦ ਮਰਦਾਨਾ ਹੋ ਕੇ ਦੱਸੀਂ, ਦਹਿ ਦਿਸ਼ਾ ਪੜਦਾ ਆਪ ਉਠਾਈਆ । ਸਾਖਿਆਤ ਪਰਗਟ ਹੋਵੀਂ ਸਾਹਮਣੇ ਅੱਖੀਂ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਸੰਤ ਸੁਹੇਲਾ ਤੇਰਾ ਧੁਰ ਦੀ ਸਖ਼ੀ, ਸਖ਼ਾਵਤ ਕਰ ਕੇ ਬਗ਼ਾਵਤ ਅੰਦਰੋਂ ਦੇਣੀ ਮਿਟਾਈਆ ।

ਆਤਮ ਪਰਮਾਤਮ ਧਾਰ ਕਰਨੀ ਪੱਕੀ, ਪਕਵਾਨ ਖਾ ਕੇ ਪੁਖ਼ਤੇ ਦੇਣੇ ਬਣਾਈਆ । ਸਾਚੀ ਵਸਤ ਸਾਚੇ ਘਰ ਢਕੀਂ, ਪੜਦਾ ਓਹਲਾ ਆਪ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਚ ਦਵਾਰਾ ਦੇਣਾ ਸੁਹਾਈਆ । ਜਨ ਭਗਤ ਕਹਿਣ ਪ੍ਰਭ ਕੂੜੀ ਕਿਰਿਆ ਕਰ ਮਨਸੂਖ਼, ਲੇਖਾ ਰਹਿਣ ਕੋਇ ਨਾ ਪਾਈਆ । ਝਗੜਾ ਰਹੇ ਨਾ ਦਵੈਤੀ ਦੂਤ, ਦੁਸ਼ਮਣ ਕੂੜੇ ਦੇਣੇ ਮਿਟਾਈਆ । ਭੇਵ ਮਿਟਾ ਦੇ ਜਗਤ ਛੂਤ, ਅਛੂਤ ਦ੍ਰਿਸ਼ਟੀ ਸ੍ਰਿਸ਼ਟੀ ਦੇਣੀ ਵਖਾਈਆ । ਕਲਜੁਗ ਕੂੜੀ ਕਿਰਿਆ ਕਰ ਦੇ ਕੂਚ, ਕੂਚਾ ਗਲੀ ਕਰ ਸਫ਼ਾਈਆ । ਲੇਖੇ ਲਾ ਜਨ ਭਗਤਾਂ ਪੰਜ ਭੂਤ, ਭਵਿਖ ਆਪਣਾ ਦੇ ਦ੍ਰਿੜਾਈਆ । ਤੇਰੇ ਨਾਲੋਂ ਜਾਣ ਕਦੇ ਨਾ ਰੂਠ, ਰੁਠਿਆਂ ਲੈਣਾ ਮਨਾਈਆ । ਮਿਹਰਵਾਨ ਹੋ ਕੇ ਤੁਠ, ਤੁਹਮਤ ਕੂੜ ਨਾ ਲਾਗੇ ਰਾਈਆ । ਅੰਮ੍ਰਿਤ ਜਾਮ ਪਿਆਉਣਾ ਘੁਟ, ਘਟਨਾ ਘਾਟ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਤੇਰੇ ਦਵਾਰੇ ਗਏ ਪੁੱਜ, ਪੂਜਨੀਕ ਹੋ ਕੇ ਸਮਝ ਆਪਣੀ ਦੇਣੀ ਸਮਝਾਈਆ ।

### ★ ੬ ਕੱਤਕ ਸ਼ਹਿਨਸ਼ਾਹੀ ਸੰਮਤ ੨ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਸ਼ੋਨ ਜ਼ਿਲਾ ਗੁਰਦਾਸਪੁਰ ★



ਜਨ ਭਗਤ ਕਹਿਣ ਜਨਮ ਜਨਮ ਦਾ ਦਿਤਾ ਨਹੀਂ ਜਾਂਦਾ ਜਜ਼ੀਆ, ਫ਼ੈਸਲਾ ਇਕੋ ਵਾਰ ਦੇਣਾ ਕਰਾਈਆ । ਭਰਮਨ ਵਾਲਾ ਮੇਟ ਦੇ ਪ੍ਰਭੂ ਕਜ਼ੀਆ, ਸਾਂਤਕ ਸਤਿ ਦੇ ਕਰਾਈਆ । ਤੇਰੀ ਯਾਦ ਵਿਚ ਜੁਗ ਚੌਕੜੀ ਬੀਤ ਗਈਆਂ ਸਦੀਆਂ, ਸਦਮਾ ਸਕਿਆ ਨਾ ਕੋਇ ਗਵਾਈਆ । ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਪਾਰ ਕਰਦੇ ਰਹੇ ਨਦੀਆਂ, ਤੀਰਥ ਤੱਟਾਂ ਉਤੇ ਫੇਰਾ ਪਾਈਆ । ਜੂਠ ਝੂਠ ਕੋਟ ਅਪਰਾਧ ਕੀਤੇ ਬਦੀਆਂ, ਬਦਲੇ ਵਿਚ ਭੁਗਤਦੇ ਰਹੇ ਸਜ਼ਾਈਆ । ਜਨਮ ਕਰਮ ਦਾ ਲੇਖਾ ਰੁਲਦਾ ਰਿਹਾ ਵਿਚ ਰੱਦੀਆਂ, ਕਰਤੇ ਕੀਮਤ ਨਾ ਕੋਇ ਪਾਈਆ । ਮਨ ਹੰਕਾਰ ਖ਼ੁਮਾਰੀ ਵਿਚ ਰਹੀਆਂ ਮਧੀਆਂ, ਨਾਮ ਰਸ ਨਾ ਕੋਇ ਚਖਾਈਆ । ਜਗਤ ਖ਼ਾਹਸ਼ ਵਿਚ ਜਗਦੀਆਂ ਰਹੀਆਂ ਮੋਮ ਬੱਤੀਆਂ, ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਵਾਸਨਾ ਵਿਚ ਰੱਖਦੇ ਰਹੇ ਹਿੱਸੇ ਪੱਤੀਆਂ, ਪਤਿਪਰਮੇਸ਼ਵਰ ਤੇਰਾ ਰੂਪ ਨਜ਼ਰ ਕੋਇ ਨਾ ਆਈਆ । ਹੱਠ ਵਿਚ ਹੁੰਦੀਆਂ ਰਹੀਆਂ ਸੱਤੀਆਂ, ਸਤਿ ਸਤਿਵਾਦ ਦਰ ਨਾ ਕੋਇ ਖੁਲ੍ਹਾਈਆ । ਤੁਲਦੀਆਂ ਰਹੀਆਂ ਨਾਲ ਤੋਲੇ ਮਾਸ਼ੇ ਰੱਤੀਆਂ, ਰਤਨ ਅਮੋਲਕ ਤੇਰਾ ਰੂਪ ਨਾ ਕੋਇ ਵਟਾਈਆ । ਅੱਖਰਾਂ ਵਾਲੀਆਂ ਪੜ੍ਹਦੀਆਂ ਰਹੀਆਂ ਪੱਟੀਆਂ, ਪੱਟੇਦਾਰ ਜਗਤ ਗੁਰੂ ਬੇਅੰਤ ਹੰਢਾਈਆ । ਕਲਮ ਸ਼ਾਹੀ ਨਾਲ ਲਿਖਦੀਆਂ ਰਹੀਆਂ ਫੱਟੀਆਂ, ਹੱਥਾਂ ਉਂਗਲਾਂ ਨਾਲ ਵਡਿਆਈਆ । ਕੁਕਰਮਾਂ ਦੀਆਂ ਭਰਦੀਆਂ ਰਹੀਆਂ ਚੱਟੀਆਂ, ਗੁਰਮੁਖ ਸਖ਼ੀਆਂ ਰੋ ਰੋ ਮਾਰਨ ਧਾਹੀਂਆ । ਜਗਤ ਵਿਕਾਰ ਵਿਚ ਰਹੀਆਂ ਅੱਟੀਆਂ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਖ਼ਾਹਸ਼ਾਂ ਅੰਦਰ ਫਿਰੀਆਂ ਨੱਠੀਆਂ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਤੇਰਾ ਨਾਮ ਲੱਭਦੀਆਂ ਰਹੀਆਂ ਵਿਚੋਂ ਹੱਟੀਆਂ, ਸ਼ਿਵਦਵਾਲੇ ਮੱਠ ਮੰਦਰ ਮਸਜਿਦ ਫੋਲੇ ਥਾਉਂ ਥਾਈਂਆ । ਸਾਚੀਆਂ ਖੱਟੀਆਂ ਕਿਤੋਂ ਨਾ ਖੱਟੀਆਂ, ਖਟਕਾ ਸਕਿਆ ਨਾ ਕੋਇ ਮਿਟਾਈਆ । ਅੰਤ ਇਕ ਦਵਾਰੇ ਢੱਠੀਆਂ, ਨਿਰਗੁਣ ਸਰਨ ਮਿਲੇ ਸਰਨਾਈਆ । ਜਗਤ ਵਿਦਿਆਹੀਣ ਹਰਿਜਨ ਸਿੱਧੇ ਸਾਦੇ ਜੱਟੀਆਂ, ਜਟਾ ਜੂਟ ਵੇਸ ਨਾ

ਕੋਇ ਵਟਾਈਆ । ਛੁਡਾ ਦੇ ਖੇਲ ਬਾਜ਼ੀਗਰ ਨੱਟੀਆਂ, ਨਟੂਆ ਸਾਂਗ ਨਾ ਕੋਇ ਵਰਤਾਈਆ । ਹਉਂ ਸੇਵਕ ਬਾਲਕ ਤੇਰੀਆਂ ਪੱਠੀਆਂ, ਪੁਸ਼ਤ ਪਨਾਹ ਹੱਥ ਰਖਾਈਆ । ਤੇਰੇ ਪ੍ਰੇਮ ਪਿਆਰ ਅੰਦਰ ਮਤੀਆਂ, ਆਸ਼ਾ ਇਕੋ ਇਕ ਵਧਾਈਆ । ਗਲੋਂ ਲਾਹ ਚੁਰਾਸੀ ਰੱਸੀਆਂ, ਫਾਸੀ ਜਮ ਨਾ ਕੋਇ ਪਾਈਆ । ਤੇਰੀ ਸਰਨਾਈ ਹੇਠਾਂ ਵੱਸੀਆਂ, ਵਾਸਤਾ ਜਗਤ ਵਿਚੋਂ ਤੁੜਾਈਆ । ਬਿਨ ਜਲ ਮੀਨ ਤੜਪਣ ਨਾ ਵੈਰਾਗਣ ਮੱਛੀਆਂ, ਮਾਛੂਵਾੜਾ ਦਏ ਗਵਾਹੀਆ । ਪੁਰਖ ਅਕਾਲ ਦੀਨ ਦਿਆਲ ਵੇਖ ਨਾਲ ਅੱਖੀਆਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਨ੍ਹਾਂ ਦੀਆਂ ਗੋਬਿੰਦ ਲਾਜਾਂ ਰੱਖੀਆਂ, ਸੋ ਗੁਰਮੁਖ ਧਿਆਨ ਲਗਾਈਆ । ਕੌਲ ਇਕਰਾਰ ਦੀਆਂ ਸ਼ਰਤਾਂ ਜਿਨ੍ਹਾਂ ਨਾਲ ਪੱਕੀਆਂ, ਕੱਚੀ ਗੰਢ ਨਾ ਕੋਇ ਪਵਾਈਆ । ਹਕੀਕਤ ਵਿਚ ਸੱਚੀਆਂ, ਅਸਲੀਅਤ ਵਿਚ ਨਜ਼ਰੀ ਆਈਆ । ਬਿਰਹੋਂ ਵੈਰਾਗਣ ਤੇਰੀਆਂ ਬੱਚੀਆਂ, ਬਚਪਨ ਆਪਣੀ ਗੋਦੀ ਪਾਈਆ । ਤੇਰੇ ਸ਼ਬਦੀ ਤੀਰ ਅਣਿਆਲੇ ਫੱਟੀਆਂ, ਪੱਟੀ ਨਾਮ ਦੇਣੀ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀਆਂ ਫ਼ਰਿਆਦਾਂ ਤੈਨੂੰ ਦੱਸੀਆਂ, ਅਵਰ ਦੱਸਣ ਦੀ ਲੋੜ ਰਹੇ ਨਾ ਰਾਈਆ ।

### ★ ੬ ਕੱਤਕ ਸ਼ਹਿਨਸ਼ਾਹੀ ਸੰਮਤ ੨ ਭਜਨ ਸਿੰਘ ਦੇ ਗ੍ਰਿਹ ਦੋਸਤਪੁਰਾ ਜ਼ਿਲਾ ਗੁਰਦਾਸਪੁਰ ★

ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਕਰ ਦੇ ਪੁਸ਼ਟੀ, ਤਸਦੀਕ ਸ਼ਹਾਦਤ ਆਪਣਾ ਨਾਮ ਭੁਗਤਾਈਆ । ਮਨ ਵਿਕਾਰ ਦਾ ਰਹੇ ਕੋਇ ਨਾ ਕੁਸ਼ਟੀ, ਦੁਰਮਤ ਮੈਲ ਦੇਣੀ ਧਵਾਈਆ । ਕਲਜੁਗ ਅੰਦਰ ਸਤਿਜੁਗ ਕਰ ਦਰੁਸਤੀ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਸਾਚੇ ਸੰਤਾਂ ਨਾਮ ਭੰਡਾਰਾ ਦੇ ਮੁਫ਼ਤੀ, ਕਰਤੇ ਕੀਮਤ ਨਾ ਕੋਇ ਲਗਾਈਆ । ਜਗਤ ਆਲਸ ਨਿੰਦਰਾ ਰਹਿਣ ਨਾ ਦੇ ਸੁਸਤੀ, ਸੋਈ ਸੁਰਤੀ ਲੈ ਜਗਾਈਆ । ਧਾਰ ਵੇਖਣ ਪੁਰਖ ਅਕਾਲ ਅਗੰਮੀ ਓਸ ਦੀ, ਜਿਸ ਨੂਰ ਦਾ ਮਾਲਕ ਨਿਰੰਕਾਰ ਤੂੰ ਹੀ ਨਜ਼ਰੀ ਆਈਆ । ਇਹ ਕੋਈ ਮੰਜ਼ਲ ਨਹੀਂ ਜੋਜਨ ਕੋਸ ਦੀ, ਜਨਮ ਜਨਮ ਦਾ ਪੈਂਡਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੰਤ ਸੁਹੇਲੇ ਤੇਰੇ ਅੱਗੇ ਝੋਲੀ ਡਾਹੀਆ । ਜਨ ਭਗਤ ਕਹਿਣ ਪ੍ਰਭ ਆਪਣਾ ਸੰਦੇਸ਼ਾ ਦੇ ਗੁਮਨਾਮ, ਗ਼ਮਾਂ ਤੋਂ ਬਾਹਰ ਦੇ ਕਢਾਈਆ । ਹਜ਼ਰਤਾਂ ਤੋਂ ਪਰੇ ਦੇ ਪੈਗ਼ਾਮ, ਪੈਗ਼ੰਬਰਾਂ ਦੇ ਮਾਲਕ ਇਸਮ ਆਜ਼ਮ ਦੇ ਸਮਝਾਈਆ । ਤੂੰ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦਾ ਹੁਕਮਰਾਨ, ਦੋ ਜਹਾਨ ਸ੍ਰੀ ਭਗਵਾਨ ਬੈਠਣ ਸੀਸ ਨਿਵਾਈਆ । ਚਰਨ ਪ੍ਰੀਤੀ ਸਚ ਦਵਾਰੇ ਬਖ਼ਸ਼ ਇਕ ਆਰਾਮ, ਜਗਤ ਐਸ਼ੋ ਇਸ਼ਰਤ ਦੀ ਲੋੜ ਰਹੇ ਨਾ ਰਾਈਆ । ਬਰਦੇ ਸੇਵਕ ਤੇਰੇ ਬਣੀਏ ਗ਼ੁਲਾਮ, ਚਾਕਰ ਸੇਵਕ ਹੋ ਕੇ ਤੇਰੀ ਸੇਵ ਕਮਾਈਆ । ਲੱਖ ਚੁਰਾਸੀ ਵਿਚੋਂ ਜਾਮਾ ਮਿਹਰਵਾਨ ਦਿਤਾ ਇਨਸਾਨ, ਹਿੰਸਾ ਅੰਦਰੋਂ ਦੇਣੀ ਕਢਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਸਿਫ਼ਤ ਮਹਿੰਮਾ ਦਾ ਦੇ ਕੇ ਗਏ ਬਿਆਨ, ਕਾਗ਼ਜ਼ ਕਲਮ ਸ਼ਾਹੀ ਨਾਲ ਲੇਖਾ ਜਗਤ ਲਿਖਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦਾ ਅਮਾਮ, ਅਮਨ ਦਾ ਮਾਰਗ ਦੇ ਜਣਾਈਆ । ਦੀਨ ਦੁਨੀ ਦਾ ਬਦਲ ਨਿਜ਼ਾਮ, ਕੂੜੀ ਕਿਰਿਆ ਕਲਜੁਗ ਬਾਹਰ ਕਢਾਈਆ । ਤੇਰੇ ਚਰਨ ਕਵਲ ਸਜਦਾ ਕੋਟਨ ਕੋਟ ਪਰਨਾਮ, ਨਮਸਤੇ ਕਹਿ ਕੇ ਸ਼ੁਕਰ ਮਨਾਈਆ । ਤੂੰ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ

ਮਿਹਰਵਾਨ, ਮਹਿਬੂਬ ਮੁਹੱਬਤ ਧੁਰ ਦੀ ਦੇਣੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਦਰ ਠਾਂਡੇ ਸੀਸ ਨਿਵਾਈਆ । ਜਨ ਭਗਤ ਕਹਿਣ ਪ੍ਰਭ ਵੇਖ ਦੀਨ ਦੁਨੀ ਅੰਦਰ ਗਤ, ਅੰਤਰ ਅੰਤਰ ਖੋਜ ਖੁਜਾਈਆ । ਸ੍ਰਿਸ਼ਟ ਸਬਾਈ ਭੁੱਲੀ ਸਤਿਗੁਰ ਮਤ, ਗੁਰਮਤ ਸਮਝ ਕਿਸੇ ਨਾ ਆਈਆ । ਮਨ ਵਾਸਨਾ ਜਗਤ ਵਿਕਾਰੀ ਹੋ ਕੇ ਰਹੇ ਨੱਠ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਕਾਇਆ ਮੰਦਰ ਅੰਦਰ ਕਿਸੇ ਦਵਾਰ ਦਿਸੇ ਨਾ ਸਤਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰਾ ਭੇਵ ਕੋਇ ਨਾ ਪਾਈਆ । ਘਰ ਘਰ ਦਰ ਦਰ ਨਾੜ ਬਹੱਤਰ ਉਬਲੇ ਰੱਤ, ਰੱਤੀ ਰੱਤ ਤੇਰਾ ਨਾਮ ਨਜ਼ਰ ਕੋਇ ਨਾ ਆਈਆ । ਤੇਰੇ ਮਿਲਣ ਦੀ ਖੁਲ੍ਹੀ ਦਿਸੇ ਕਿਸੇ ਨਾ ਅੱਖ, ਜਗਤ ਲੋਚਣ ਦੋਏ ਰੋ ਰੋ ਦੇਣ ਦੁਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਹੋ ਪਰਤੱਖ, ਪਾਰਖੂ ਹੋ ਕੇ ਭਗਤ ਸੁਹੇਲੇ ਨਾਮ ਕਸਵੱਟੀ ਲੈ ਲਗਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਆਦਿ ਜੁਗਾਦਿ ਪੁਰਖ ਸਮਰਥ, ਦੋ ਜਹਾਨਾਂ ਵਾਲੀ ਨਿਰਗੁਣ ਧਾਰ ਨਜ਼ਰੀ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰਾ ਗਾਵੇ ਜਸ, ਸਿਫ਼ਤ ਸਾਲਾਹੀ ਢੋਲੇ ਰਾਗਾਂ ਨਾਦਾਂ ਵਿਚ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਰਬ ਸਵਾਮੀ ਸਭ ਕਿਛ ਤੇਰੇ ਹੱਥ, ਦੇਵਣਹਾਰ ਤੇਰੀ ਬੇਪਰਵਾਹੀਆ । ਜਨ ਭਗਤ ਕਹਿਣ ਪ੍ਰਭ ਮਿਹਰ ਨਜ਼ਰ ਨਾਲ ਵੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਵਧਿਆ ਭੇਖ, ਚਾਰ ਕੁੰਟ ਰਹੀ ਕੁਰਲਾਈਆ । ਸਾਬਤ ਦਿਸੇ ਨਾ ਕੋਇ ਧਾਰੀ ਕੇਸ, ਮੂੰਡ ਮੁੰਡਾਏ ਰੋਵਣ ਮਾਰਨ ਧਾਹੀਆ । ਤੇਰਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਚਲੇ ਹਮੇਸ਼, ਦੋ ਜਹਾਨ ਸਕੇ ਨਾ ਕੋਇ ਉਲਟਾਈਆ । ਗਲ ਪੱਲੂ ਪਾਉਂਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਦੇਵਤ ਸੁਰ ਨੈਣਾਂ ਨੀਰ ਵਹਾਈਆ । ਸਾਚੀ ਧਾਰ ਦਿਸੇ ਨਾ ਕਿਸੇ ਰਿਖੀ ਕੇਸ਼, ਜਗਤ ਗਵਰਧਨ ਭਾਰ ਨਾ ਕੋਇ ਉਠਾਈਆ । ਸਤਿ ਸਰੂਪ ਕਿਸੇ ਨਜ਼ਰ ਨਾ ਆਏ ਦਸ ਦਸਮੇਸ਼, ਦਹਿ ਦਿਸ਼ਾ ਹੋਈ ਹਲਕਾਈਆ । ਕੂਕ ਪੁਕਾਰੇ ਬਾਸ਼ਕ ਤਸ਼ਕਾ ਸ਼ੇਸ਼, ਸਾਂਗੋ ਪਾਂਗ ਸੁਖ ਨਾ ਕੋਇ ਬਣਾਈਆ । ਪਰਵਰਦਿਗਾਰ ਸਾਂਝੇ ਯਾਰ ਪੁਰਖ ਅਕਾਲ ਲੋਕਮਾਤ ਵੇਖ ਆਪਣਾ ਦੇਸ, ਲੱਖ ਚੁਰਾਸੀ ਜੀਵ ਜੰਤ ਸਾਰੇ ਦੇਣ ਦੁਹਾਈਆ । ਮਾਇਆ ਮਮਤਾ ਕੂੜੀ ਕਿਰਿਆ ਹਉਮੇ ਹੰਗਤਾ ਮੇਟ ਰੇਖ, ਰਿਖੀ ਮੁਨੀ ਸਿੱਧ ਸਾਧਕ ਸਾਰੇ ਦੇ ਸਮਝਾਈਆ । ਤੇਰਾ ਨਾਉਂ ਨਿਰੰਕਾਰ ਇਕ ਵਿਸ਼ੇਸ਼, ਵਿਸ਼ਿਆਂ ਤੋਂ ਵਿਸ਼ਵ ਬਾਹਰ ਦੇਣਾ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਸੁਹੇਲੇ ਦਰ ਦਵਾਰੇ ਅਲਖ ਜਗਾਈਆ । ਜਨ ਭਗਤ ਕਹਿਣ ਪ੍ਰਭ ਵੇਖ ਕਿਰਪਾ ਨਿਧਾਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਤੇਰਾ ਸਾਚਾ ਮੰਦਰ ਦਿਸੇ ਨਾ ਕਿਸੇ ਮਕਾਨ, ਕਾਇਆ ਕਾਅਬਾ ਪੜਦਾ ਨਾ ਕੋਇ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਫਿਰੇ ਜਹਾਨ, ਜਹਾਲਤ ਅੰਦਰੋਂ ਨਾ ਕੋਇ ਕਢਾਈਆ । ਤੇਰਾ ਨਾਮ ਬਿਨ ਰਸਨਾ ਜਿਹਵਾ ਸੁਣੇ ਕੋਇ ਨਾ ਕਾਨ, ਅਨਹਦ ਨਾਦੀ ਨਾਦ ਨਾ ਕੋਇ ਵਜਾਈਆ । ਮਨ ਬੁੱਧੀ ਜਗਤ ਵਿਚਾਰ ਵਿਚ ਹੋਈ ਸ਼ੈਤਾਨ, ਸ਼ਰਅ ਵਿਚ ਸ਼ਰੀਅਤ ਕਰੇ ਲੜਾਈਆ । ਕਾਮਲ ਮੁਰਸ਼ਦ ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤੇ ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਠਾਕਰ ਸੁਖ ਸਾਗਰ ਦੇ ਵਖਾਈਆ । ਤੇਰੇ ਚਰਨ ਕਵਲ ਝੁਕਦੇ ਜ਼ਿਮੀਂ ਅਸਮਾਨ, ਗੁਰ ਅਵਤਾਰ ਪੈਗ਼ੰਬਰ ਮੰਗਣ ਦਾਨ, ਦਰ ਦਰਵੇਸ਼ ਹੋ ਕੇ ਖ਼ਾਲੀ ਝੋਲੀ ਅੱਗੇ ਡਾਹੀਆ । ਜਨ ਭਗਤਾਂ ਆਤਮ


੯੮
੨੦

ਅਰਜ਼ੋਈ ਕਰ ਪਰਵਾਨ, ਅੱਠੇ ਪਹਿਰ ਬਣ ਨਿਗਾਹਬਾਨ, ਸਦੀ ਚੌਧਵੀਂ ਕੂੜੀ ਕਿਰਿਆ ਮੇਟ ਹਰਾਮ, ਕਲਾਮ ਆਪਣੀ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰਾ ਦੇ ਦਾਨ, ਕੂੜੀ ਕਿਰਿਆ ਜੂਠ ਝੂਠ ਮੁਕੇ ਵਿਚ ਜਹਾਨ, ਜਹਾਲਤ ਅਲਾਮਤ ਮਾਇਆ ਮਮਤਾ ਮੋਹ ਰਹਿਣ ਕੋਇ ਨਾ ਪਾਈਆ ।

## ★ ੬ ਕੱਤਕ ਸ਼ਹਿਨਸ਼ਾਹੀ ਸੰਮਤ ੨ ਧਿਰਤਾ ਸਿੰਘ ਦੇ ਗ੍ਰਹਿ ਕਲਾਨੌਰ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਪ੍ਰਭ ਦਰਸ਼ਨ ਦੇਣਾ ਅਨਦਿਨ, ਅਨਕ ਕਲਧਾਰੀ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਆਪਣਾ ਵੇਖਣ ਨੂਰੀ ਚਿੰਨ੍ਹ, ਚੰਦ ਸੂਰਜ ਤੋਂ ਪਰੇ ਕਰ ਰੁਸ਼ਨਾਈਆ । ਝਗੜਾ ਰਹੇ ਨਾ ਤ੍ਰੈਗੁਣ ਮਾਇਆ ਤਿੰਨ, ਤ੍ਰੈਗੁਣ ਅਤੀਤੇ ਦੇ ਵਡਿਆਈਆ । ਜੁਗ ਚੌਕੜੀ ਬੀਤੇ ਗਿਣ ਗਿਣ, ਨੌ ਸੌ ਚੁਰਾਨਵੇ ਪੰਧ ਮੁਕਾਈਆ । ਪਰਗਟ ਹੋ ਅਬਿਨਾਸ਼ੀ ਕਰਤੇ ਛਿਨ, ਸਵੱਛ ਸਰੂਪੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇ ਉਠਾਈਆ । ਜਨ ਭਗਤ ਕਹਿਣ ਪ੍ਰਭ ਚਿਰੀ ਵਿਛੁੰਨੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਰਾਹ ਤਕਾਈਆ । ਸਦੀ ਚੌਧਵੀਂ ਵਿਚਾਰ ਨਾ ਗੁਣ ਅਵਗੁਣੇ, ਅਵਗੁਣ ਤੇਰੀ ਝੋਲੀ ਪਾਈਆ । ਤੇਰੇ ਨਾਮ ਸ਼ਬਦ ਢੋਲੇ ਰਾਗ ਸੰਗੀਤ ਗੀਤ ਬਹੁ ਸੁਣੇ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਣਾਈਆ । ਦੀਨ ਦਿਆਲ ਆਤਮ ਪਰਮਾਤਮ ਘਰ ਠਾਂਡੇ ਦਰਸ਼ਨ ਦੇ ਹੁਣੇ, ਅੱਗੇ ਵਕਤ ਨਾ ਕੋਇ ਜਣਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤ ਸੁਹੇਲੇ ਆਪੇ ਥੋੜ੍ਹੇ ਚੁਣੇ, ਚਾਰੇ ਖਾਣੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਦੀ ਦੇ ਧੁਨੇ, ਧੁਨ ਆਤਮਕ ਰਾਗ ਸੁਣਾਈਆ । ਜਨ ਭਗਤ ਕਹਿਣ ਪ੍ਰਭ ਕੋਟਨ ਕੋਟ ਜਨਮ ਕਰਦੇ ਰਹੇ ਭਾਲ, ਭਾਲਿਆਂ ਹੱਥ ਕਿਸੇ ਨਾ ਆਈਆ । ਰੋਂਦੇ ਵੇਖੇ ਸ਼ਾਹ ਕੰਗਾਲ, ਜਗਤ ਪਾਤਸ਼ਾਹ ਦੇਣ ਦੁਹਾਈਆ । ਬਿਨ ਮੁਰੀਦਾਂ ਤੋਂ ਪੁਛੇ ਨਾ ਕਿਸੇ ਦਾ ਹਾਲ, ਹਾਲਤ ਬਦਲੀ ਸਰਬ ਲੋਕਾਈਆ । ਚਾਰ ਕੁੰਟ ਚਾਰ ਵਰਨ ਅਠਾਰਾਂ ਬਰਨ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਧੁਰ ਦਾ ਮਿਲੇ ਨਾ ਕੋਇ ਦਲਾਲ, ਵਣਜਾਰਾ ਹੱਟ ਹਕ ਨਾ ਕੋਇ ਵਖਾਈਆ । ਪਦਾਰਥ ਮਿਲੇ ਨਾ ਅਗੰਮਾ ਮਾਲ, ਨਾਮ ਨਿਧਾਨ ਨਾ ਕੋਇ ਜਣਾਈਆ । ਖ਼ਾਲੀ ਦਿਸੇ ਮੰਦਰ ਮਸਜਿਦ ਸ਼ਿਵਦਵਾਲੇ ਧਰਮਸਾਲ, ਧੁਰ ਦਾ ਮਾਲਕ ਰੂਪ ਨਾ ਕੋਇ ਪਰਗਟਾਈਆ । ਪੜ੍ਹ ਪੜ੍ਹ ਪੁਸਤਕ ਘਾਲਣਾ ਰਹੇ ਘਾਲ, ਕੀਤੀ ਘਾਲ ਲੇਖੇ ਕੋਇ ਨਾ ਲਾਈਆ । ਤੇਰੇ ਅੱਗੇ ਇਕ ਸਵਾਲ, ਬੇਨੰਤੀ ਵਿਚ ਅਰਜ਼ੋਈਆ । ਤੂੰ ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਠਾਕਰ ਇਕ ਅਖਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਸਾਚਾ ਮੰਤਰ ਅੰਤਰ ਨਿਰੰਤਰ ਇਕ ਸਿਖ਼ਾਲ, ਜਗਤ ਵਿਦਿਆ ਦੀ ਲੋੜ ਰਹੇ ਨਾ ਰਾਈਆ । ਭਗਤ ਵਛਲ ਜਨ ਭਗਤਾਂ ਦੱਸ ਆਪਣੀ ਅਗੰਮੀ ਚਾਲ, ਚਲਤ ਵਿਚ ਦੀਨ ਦੁਨੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਨਾਲ ਪਾਰ ਲੰਘਾਈਆ । ਜਨ ਭਗਤ ਕਹਿਣ ਪ੍ਰਭ ਪੂਰੀ ਕਰਦੇ ਇੱਛਾ, ਨਿਛਾਵਰ ਤੇਰੇ ਉਤੋਂ ਆਪਣਾ ਆਪ ਕਰਾਈਆ । ਸਚ ਪ੍ਰੇਮ ਦੀ ਪਾ ਦੇ ਭਿੱਛਾ, ਭਿੱਖਕ ਹੋ ਕੇ

ਝੋਲੀ ਦੇਣੀ ਭਰਾਈਆ । ਤੇਰੇ ਪ੍ਰੇਮ ਪਿਆਰ ਦੀਆਂ ਅੰਦਰ ਰਹਿੰਦੀਆਂ ਸਿੱਕਾਂ, ਸਿਖ਼ਰ ਚੋਟੀ ਚੜ੍ਹ ਕੇ ਹੋਣਾ ਆਪ ਸਹਾਈਆ । ਜਨ ਭਗਤ ਸੁਹੇਲਾ ਤੇਰੀ ਧਾਰ ਵਿਚੋਂ ਤੇਰਾ ਰੂਪ ਨਿੱਕਾ, ਨਿੱਕਿਉਂ ਵੱਡਾ ਦੇਣਾ ਬਣਾਈਆ । ਪੁਰਖ ਅਕਾਲ ਦੀਨ ਦਿਆਲ ਜਗ ਨੇਤਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਗਤ ਕਿਸੇ ਨਾ ਦਿਸਾ, ਸਤਿ ਸਰੂਪ ਤੇਰਾ ਰੂਪ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਦਰ ਘਰ ਸਾਚਾ ਦੇਣਾ ਸੁਹਾਈਆ । ਜਨ ਭਗਤ ਕਹਿਣ ਪ੍ਰਭ ਲੱਖ ਚੁਰਾਸੀ ਨਾਲੋਂ ਕਰ ਚੋਰੀ, ਠੱਗੀ ਦੀਨ ਦੁਨੀ ਕਮਾਈਆ । ਜਨ ਭਗਤਾਂ ਨਿਰਗੁਣ ਧਾਰ ਹੋ ਕੇ ਬਹੁੜੀ, ਬਹੁੜੀ ਬਹੁੜੀ ਕਰ ਕੇ ਦੇਣ ਦੁਹਾਈਆ । ਵੇਖੀਂ ਮਾਰਗ ਗਲੀ ਭੀੜੀ ਨਾ ਰੱਖੀਂ ਸੌੜੀ, ਸਾਚਾ ਰਾਹ ਦੇਣਾ ਵਖਾਈਆ । ਮਨ ਵਾਸਨਾ ਕਾਇਆ ਅੰਦਰ ਰਹਿਣ ਨਾ ਦੇਵੀਂ ਕੌੜੀ, ਵਿਖ ਅੰਮ੍ਰਿਤ ਰੂਪ ਬਣਾਈਆ । ਤੇਰੇ ਨਾਮ ਦੀ ਸਾਚੇ ਮੰਦਰ ਲੱਗੇ ਪੌੜੀ, ਅੱਗੇ ਹੋ ਨਾ ਕੋਇ ਅਟਕਾਈਆ । ਧੁਰ ਸ਼ਬਦ ਬੰਨ੍ਹਣਾ ਡੋਰੀ, ਤੰਦੀ ਤੰਦ ਨਾ ਕੋਇ ਕਟਾਈਆ । ਤੇਰੀ ਮੰਜ਼ਲ ਦਿਸੇ ਹੋਰ ਦੀ ਹੋਰੀ, ਮਹਿਬੂਬ ਪੜਦਾ ਹਕ਼ੀਕ਼ਤ ਦੇਣਾ ਉਠਾਈਆ । ਆਤਮ ਪਰਮਾਤਮ ਮਿਲ ਕੇ ਸਾਚੀ ਬਣੇ ਜੋੜੀ, ਜੋੜਾ ਇਕੋ ਲੈਣਾ ਬਣਾਈਆ । ਤੇਰੀ ਪ੍ਰੀਤ ਲੱਗੀ ਨਿਭੇ ਤੋੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਸਾਚੇ ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਦੇ ਦੇ ਵਸਤ ਅਗੰਮੀ, ਅਲਖ ਅਗੋਚਰ ਅਗੰਮ ਅਥਾਹ ਦਰ ਤੇਰੇ ਮੰਗ ਮੰਗਾਈਆ । ਆਪਣੀ ਧਾਰ ਦੱਸ ਦੇ ਨਵੀਂ, ਚਾਰ ਜੁਗ ਦੀ ਗਾਥਾ ਦੀ ਲੋੜ ਰਹੇ ਨਾ ਰਾਈਆ । ਆਤਮ ਸੇਜਾ ਆ ਕੇ ਸਵੀਂ, ਸਚ ਸਿੰਘਾਸਣ ਦੇਣਾ ਸੁਹਾਈਆ । ਕਾਇਆ ਮੰਦਰ ਅੰਦਰ ਘਰ ਠਾਂਡੇ ਆ ਕੇ ਬਹਿਵੀਂ, ਨੌਂ ਦਵਾਰੇ ਡੇਰਾ ਢਾਹੀਆ । ਤੇਰਾ ਰਾਹ ਤੱਕਦੇ ਗਏ ਜੋਤ ਸਰੂਪ ਆਉਣਾ ਅਵਤਾਰ ਚਵ੍ਹੀ, ਚਵ੍ਹੀਵੇਂ ਅਵਤਾਰ ਨਿਹਕਲੰਕ ਨਰਾਇਣ ਨਰ ਤੇਰੇ ਹੱਥ ਵਡਿਆਈਆ । ਆਪਣਾ ਨਾਮ ਹੁਕਮ ਫ਼ਰਮਾਨ ਦੋ ਜਹਾਨ ਅਗਲਾ ਕਹਿਵੀਂ, ਪਿਛਲਾ ਲਹਿਣਾ ਦੇਣਾ ਦੇਣਾ ਚੁਕਾਈਆ । ਜਨ ਭਗਤਾਂ ਢੋਲਾ ਆਪਣੇ ਨਾਲ ਮਿਲਾ ਕੇ ਕਹਿਵੀਂ, ਬਿਨਾਂ ਮਿਲਾਪ ਤੋਂ ਜਾਪ ਕੰਮ ਕਿਸੇ ਨਾ ਆਈਆ । ਸਚ ਦਵਾਰ ਏਕੰਕਾਰ ਹੋ ਕੇ ਰਹਿਵੀਂ, ਜਨ ਭਗਤਾਂ ਕਾਇਆ ਮੰਦਰ ਡੇਰਾ ਲਾਈਆ । ਪ੍ਰੇਮ ਪਿਆਰ ਦੀ ਭਿੱਛਿਆ ਜਨ ਭਗਤ ਦਵਾਰਿਆਂ ਲਵੀਂ, ਦੂਜਾ ਦਰ ਮੰਗਣ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਗੰਮੀ ਵਸਤ ਅਮੋਲਕ ਆਪ ਵਰਤਾਈਆ । ਜਨ ਭਗਤ ਦੇ ਦੇ ਨਾਮ ਰੰਗ ਰੰਗੀਲਾ, ਰੰਗ ਆਪਣਾ ਦੇ ਚੜ੍ਹਾਈਆ । ਲੋਕਮਾਤ ਜਗਤ ਭਗਤ ਬਣ ਵਸੀਲਾ, ਕੂੜ ਵਿਕਾਰ ਵਿਸ਼ਿਆਂ ਤੋਂ ਬਾਹਰ ਲੈਣਾ ਰਖਾਈਆ । ਗੁਰਮੁਖ ਸੱਜਣ ਤੇਰਾ ਕਬੀਲਾ, ਕਾਮਲ ਮੁਰਸ਼ਦ ਹੋ ਕੇ ਮੇਲਾ ਲੈਣਾ ਮਿਲਾਈਆ । ਝਗੜਾ ਰਹੇ ਨਾ ਲੋਕ ਤੀਨਾਂ, ਤ੍ਰੈਗੁਣ ਡੇਰਾ ਦੇਣਾ ਢਾਹੀਆ । ਬਿਨ ਤੇਰੀ ਕਿਰਪਾ ਬਿਨ ਤੇਰੇ ਦਰਸ ਭਗਤਾਂ ਕਿਸੇ ਕੰਮ ਨਾ ਆਵੇ ਜੀਣਾ, ਜੀਵਣ ਜੀ ਤੇਰੀ ਝੋਲੀ ਪਾਈਆ । ਬਿਨ ਤੇਰੀ ਚਰਨ ਸਰਨ ਦੂਸਰ ਹੋਰ ਕਿਸੇ ਨਹੀਂ ਨੀਣਾ, ਸਿਰ ਮਸਤਕ ਨਾ ਕੋਇ ਝੁਕਾਈਆ । ਤੇਰੇ ਨਾਮ ਪਿਆਰ ਦਾ ਅੰਮ੍ਰਿਤ ਰਸ ਪੀਣਾ, ਨਿਝਰ ਧਾਰ ਦੇਣੀ ਵਹਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਦਵਾਰੇ ਦੇ ਮੰਗਤੇ ਤੂੰ ਪਾਤਸ਼ਾਹ ਨਹੀਂ ਕਮੀਨਾ, ਕਾਇਮ ਮੁਕਾਮ ਬੈਠਾ ਸਚ ਸਿੰਘਾਸਣ ਸੋਭਾ ਪਾਈਆ । ਪਿਛਲੀ ਬੰਦ ਕਰ ਤਕਸੀਮਾ, ਹਿੱਸਿਆਂ ਵਾਲਾ ਝਗੜਾ ਦੇ ਮੁਕਾਈਆ । ਤੇਰੇ ਦਵਾਰੇ ਸਾਰਿਆਂ

ਦਾ ਇਕੋ ਸਾਂਝਾ ਹੋਵੇ ਜ਼ਮੀਮਾ, ਜਨ ਭਗਤ ਸੁਹੇਲੇ ਇਕੋ ਘਰ ਦੇਣੇ ਬਹਾਈਆ । ਕਿਸੇ ਨੂੰ ਲੱਭਣਾ ਨਾ ਪਏ ਮੱਕਾ ਮਦੀਨਾ, ਕਾਇਆ ਕਾਅਬਾ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਠਾਂਡਾ ਕਰਨਾ ਸੀਨਾ, ਕਲਜੁਗ ਕੂੜੀ ਕਿਰਿਆ ਅਗਨੀ ਅੱਗ ਬੁਝਾਈਆ ।

★ ੬ ਕੱਤਕ ਸ਼ਹਿਨਸ਼ਾਹੀ ਸੰਮਤ ੨ ਸਰਦਾਰ ਸਿੰਘ ਦੇ ਗ੍ਰਹਿ ਪਿੰਡ ਕਲਾਨੌਰ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਪ੍ਰਭ ਅੰਦਰੋਂ ਕੱਢ ਦੇ ਖ਼ੁਦੀ, ਖ਼ੁਦ ਮਾਲਕ ਹੋ ਕੇ ਵੇਖ ਵਖਾਈਆ । ਬੁੱਧ ਬਿਬੇਕ ਨਿਰਮਲ ਕਰ ਬੁੱਧੀ, ਬੁੱਧ ਤੋਂ ਪਰੇ ਆਪਣਾ ਨਾਮ ਦ੍ਰਿੜਾਈਆ । ਆਪਣੀ ਰਮਜ਼ ਲਾ ਗੁੱਝੀ, ਸ਼ਬਦ ਇਸ਼ਾਰੇ ਨਾਲ ਸਮਝਾਈਆ । ਭਾਵਨਾ ਰਹੇ ਕੋਇ ਨਾ ਦੂਜੀ, ਏਕਾ ਰੰਗ ਦੇਣਾ ਚੜ੍ਹਾਈਆ । ਝਗੜਾ ਰਹੇ ਨਾ ਕੋਇ ਵਦੀ ਸੁਦੀ, ਕ੍ਰਿਸ਼ਨਾ ਸ਼ੁਕਲਾ ਪੱਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਜਣਾਈਆ । ਜਨ ਭਗਤ ਕਹਿਣ ਹਰਿ ਸ਼ਬਦੀ ਦੱਸ ਇਸ਼ਾਰਾ, ਇਛਿਆ ਸਭ ਦੀ ਪੂਰ ਕਰਾਈਆ । ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੀ ਬੇਪਰਵਾਹੀਆ । ਸਾਚੇ ਨਾਮ ਦਾ ਦੇ ਭੰਡਾਰਾ, ਭੰਡਾਰੀ ਹੋ ਕੇ ਆਪ ਵਰਤਾਈਆ । ਮਾਨਸ ਜਨਮ ਨਾ ਆਵੇ ਹਾਰਾ, ਹਿਰਦੇ ਅੰਦਰ ਹਰਦਮ ਆਪਣਾ ਆਪ ਯਾਦ ਕਰਾਈਆ । ਇਕੋ ਤੇਰਾ ਚਰਨ ਕਵਲ ਦਿਸੇ ਸਹਾਰਾ, ਸਹਾਇਤਾ ਦੇ ਕੇ ਸਹਿਮਤ ਆਪਣੇ ਨਾਲ ਕਰਾਈਆ । ਮੂਰਖ ਮੁਗਧ ਲੇਖੇ ਲਾਉਣਾ ਗਵਾਰਾ, ਚਤੁਰ ਸੁਘੜ ਆਪਣੇ ਚਰਨ ਲੈਣਾ ਬਣਾਈਆ । ਮਨ ਵਾਸਨਾ ਰਹੇ ਨਾ ਹਾਹਾਕਾਰਾ, ਸਾਂਤਕ ਸਤਿ ਨਾ ਕੋਇ ਕਰਾਈਆ । ਇਕੋ ਤੱਕੀਏ ਤੇਰਾ ਧੁਰ ਦਰਬਾਰਾ, ਜਿਸ ਗ੍ਰਹਿ ਬੈਠਾ ਸੋਭਾ ਪਾਈਆ । ਦੀਵਾ ਬਾਤੀ ਕਮਲਾਪਾਤੀ ਤੇਰਾ ਨੂਰ ਹੋਵੇ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਸੋ ਮੰਦਰ ਸੁਹਾਏ ਸੱਚੀ ਧਰਮਸਾਲਾ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਜਿਥੇ ਪਾਰ ਉਤਾਰੇਂ ਸ਼ਾਹ ਕੰਗਾਲਾ, ਕੋਝੇ ਕਮਲੇ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਹੋ ਕੇ ਆਸਾ ਪੂਰ ਕਰਾਈਆ । ਜਨ ਭਗਤ ਕਹਿਣ ਤੇਰਾ ਦਵਾਰਾ ਵੇਖੀਏ ਸਚਖੰਡ, ਖੰਡਨ ਸਭ ਨੂੰ ਦੇ ਕਰਾਈਆ । ਜਿਥੇ ਦੀਨ ਮਜ਼੍ਹਬ ਜਾਤ ਪਾਤ ਦੀ ਨਹੀਂ ਵੰਡ, ਆਤਮ ਨਿਰਗੁਣ ਨੂਰ ਜੋਤ ਕਰੇਂ ਰੁਸ਼ਨਾਈਆ । ਪੰਜ ਤਤ ਕਾਇਆ ਮਾਟੀ ਸਰੀਰ ਨਹੀਂ ਕੋਈ ਸੰਗ, ਵਜੂਦ ਤਨ ਨਾ ਕੋਇ ਹੰਢਾਈਆ । ਮਨ ਕਾਮਨਾ ਵਾਸਨਾ ਵਿਚ ਪਾਏ ਕੋਈ ਨਾ ਡੰਡ, ਡੰਡਾਵਤ ਕਰ ਕੇ ਸੀਸ ਨਾ ਕੋਇ ਝੁਕਾਈਆ । ਪਰਕਾਸ਼ ਦੇਵੇ ਕੋਇ ਨਾ ਸੂਰੀਆ ਚੰਦ, ਚੰਦ ਚਾਂਦਨੀ ਤੇਰਾ ਨੂਰ ਜੋਤ ਰੁਸ਼ਨਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਬਹੀਂ ਸੂਰੇ ਸਰਬੰਗ, ਹੁਕਮਰਾਨ ਹੋ ਕੇ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਸੋ ਸਾਹਿਬ ਦੇਣਾ ਅਨੰਦ, ਜਿਸ ਅਨੰਦ ਵਿਚੋਂ ਤੇਰਾ ਅਨੰਦ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸੁਲਤਾਨ ਦੀਨ ਬਖ਼ਸ਼ੰਦ, ਜਨ ਭਗਤ ਸੁਹੇਲੇ ਗ਼ਰੀਬ ਨਿਮਾਣੇ ਆਪਣੇ ਗਲੇ ਲਗਾਈਆ ।

### ★ ੬ ਕੱਤਕ ਸ਼ਹਿਨਸ਼ਾਹੀ ਸੰਮਤ ੨ ਰਤਨ ਸਿੰਘ ਦੇ ਗ੍ਰਿਹ ਪਿੰਡ ਕਲਾਨੌਰ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਇਕ ਮੰਗੀਏ ਤੇਰਾ ਦਰਸ, ਦੂਜਾ ਇਸ਼ਟ ਨਾ ਕੋਇ ਮਨਾਈਆ । ਕਿਰਪਾਲੂ ਦਿਆਲੂ ਹੋ ਕੇ ਕਰਨਾ ਤਰਸ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਤੇਰੇ ਹੁਕਮੇਂ ਅੰਦਰ ਆ ਗਏ ਉਪਰ ਫ਼ਰਸ਼, ਧਰਨੀ ਧਰਤ ਧਵਲ ਡੇਰਾ ਲਾਈਆ । ਸਾਡੀ ਮਨਜ਼ੂਰ ਕਰ ਅਰਜ਼, ਬੇਨੰਤੀ ਦਿਤੀ ਸੁਣਾਈਆ । ਜਨਮ ਜਨਮ ਦਾ ਵੰਡ ਦਰਦ, ਦੁਖੀਆਂ ਦਾ ਦੁੱਖ ਗਵਾਈਆ । ਪੱਲੇ ਨਾਮ ਦਾਮ ਨਹੀਂ ਖਰਚ, ਖ਼ਾਲੀ ਝੋਲੀ ਦੇਣੀ ਭਰਾਈਆ । ਤੈਨੂੰ ਲੱਭਦੇ ਨਹੀਂ ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਚਰਚ, ਚਰਚਾ ਕਰੇ ਸਾਰੀ ਲੋਕਾਈਆ । ਤੇਰਾ ਨੂਰ ਤੱਕਣਾ ਚਾਹੁੰਦੇ ਅਸਚਰਜ, ਸਤਿ ਸਰੂਪ ਸੋਭਾ ਪਾਈਆ । ਜੇ ਭਗਤਾਂ ਕਾਰਨ ਆਇਉਂ ਪਰਤ, ਪਰਤਾਪ ਭਗਤਾਂ ਦੇ ਬਣਾਈਆ । ਅਸੀਂ ਚਾਰ ਜੁਗ ਦੇ ਨਾਮਾਂ ਦਾ ਰੱਖਦੇ ਬਰਤ, ਰਸ ਭੋਗ ਇਕੋ ਨਾਮ ਤੇਰਾ ਖਾਈਆ । ਪੂਰਬ ਲਹਿਣੇ ਦੀ ਵੇਖ ਫਰਦ, ਲੇਖਾ ਪਿਛਲਾ ਖੋਜ ਖੁਜਾਈਆ । ਜੁਗ ਚੌਕੜੀ ਦੇ ਜ਼ਰਬ, ਅਗਲਾ ਜੋੜ ਲੈਣਾ ਕਰਾਈਆ । ਤੇਰੀ ਜਿਸ ਧਾਰ (ਨੂੰ) ਲੱਭ ਨਾ ਸਕਣ ਅਰਬ ਖਰਬ, ਤੇਰੀ ਖ਼ਬਰ ਸੁਣ ਕੇ ਬੇਖ਼ਬਰ ਖ਼ੁਸ਼ੀ ਮਨਾਈਆ । ਹੰਕਾਰ ਵਿਕਾਰ ਛੱਡਿਆ ਦਰਬ, ਦੀਨ ਦੁਨੀ ਦਿਤੀ ਤਜਾਈਆ । ਦਰ ਠਾਂਡੇ ਕਰ ਕੇ ਅਰਜ਼, ਸੀਸ ਦਿਤਾ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇਣਾ ਮੁਕਾਈਆ । ਜਨ ਭਗਤ ਕਹਿਣ ਕੁਛ ਦੇ ਆਪਣੀ ਧਾਰ, ਧਰਮ ਦਵਾਰਾ ਦੇ ਵਖਾਈਆ । ਕਦੀਮ ਦੇ ਕਦਮਾਂ ਤੋਂ ਵਿਛੜੇ ਯਾਰ, ਕਰਮਾਂ ਦਾ ਲੇਖਾ ਢਾਹੀਆ । ਤੇਰੀ ਮੁਹੱਬਤ ਵਿਚ ਬੇਜ਼ਾਰ, ਬੇਦਾਰ ਦੇ ਕਰਾਈਆ । ਕਰਨੀ ਦਾ ਕਰਤਾ ਬਣ ਕਰਤਾਰ, ਕੁਦਰਤ ਦਾ ਮਾਲਕ ਹੋ ਕੇ ਖ਼ਾਲਕ ਆਪਣਾ ਪੜਦਾ ਦੇਣਾ ਉਠਾਈਆ । ਤੇਰੇ ਚਰਨ ਕਵਲ ਜਨ ਭਗਤ ਸਦਾ ਬਲਹਾਰ, ਵਾਰੀ ਘੋਲੀ ਆਪਣਾ ਘੋਲ ਘੁਮਾਈਆ । ਰਾਹ ਤੱਕਦੇ ਰਹੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਧਿਆਨ ਲਗਾਈਆ । ਅੰਤ ਅਖ਼ੀਰੀ ਆਈ ਸਾਡੀ ਵਾਰ, ਵਾਰਸ ਹੋ ਕੇ ਲੈਣਾ ਮਿਲਾਈਆ । ਤੇਰੇ ਦਵਾਰੇ ਦਰ ਦੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਕਹਿਣ ਸਾਡੀ ਪੂਰੀ ਕਰ ਇੰਤਜ਼ਾਰ, ਗਿਰਿਆਜ਼ਾਰੀ ਵਿਚ ਗਿਰਜੇ ਮੰਦਰ ਦਿਤੇ ਤਜਾਈਆ ।

### ★ ੬ ਕੱਤਕ ਸ਼ਹਿਨਸ਼ਾਹੀ ਸੰਮਤ ੨ ਬਲਕਾਰ ਸਿੰਘ ਦੇ ਗ੍ਰਿਹ ਪਿੰਡ ਰਸੂਲ ਪੁਰ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਹਿਣ ਤੇਰਾ ਨੂਰ ਨਜ਼ਰ ਆਏ ਅਸਲੀ, ਜੋਤੀ ਜੋਤ ਕਰ ਰੁਸ਼ਨਾਈਆ । ਕਲਜੁਗ ਭੇਖ ਜਗਤ ਬਹੁ ਨਕਲੀ, ਅਕਲ ਬੁੱਧੀ ਦੀ ਕਰਨ ਲੜਾਈਆ । ਭਰਮੇ ਭੁੱਲੀ ਸ੍ਰਿਸ਼ਟੀ ਸਗਲੀ, ਆਤਮ ਪਰਮਾਤਮ ਪੜਦਾ ਨਾ ਕੋਇ ਉਠਾਈਆ । ਦੀਨ ਦਿਆਲ ਪੁਰਖ ਅਕਾਲ ਤੈਨੂੰ ਲੱਭਣਾ ਪਏ ਨਾ ਵਿਚੋਂ ਜੰਗਲੀਂ, ਕਾਇਆ ਮੰਦਰ ਅੰਦਰ ਪੜਦਾ ਦੇਣਾ ਚੁਕਾਈਆ । ਪ੍ਰੀਤਮ ਤੇਰੀ ਪ੍ਰੀਤ ਮਿਲੇ ਰੰਗਲੀ, ਰੰਗ ਰੱਤੇ ਆਪਣਾ ਨਾਮ ਰੰਗਣ ਦੇਣਾ ਚੜ੍ਹਾਈਆ । ਸੁਰਤੀ ਸ਼ਬਦ ਡੋਰੀ ਨਾਲ ਬੰਨ੍ਹ ਲਈਂ, ਬੰਧਨ ਮਾਇਆ ਮਮਤਾ ਮੋਹ ਤੁੜਾਈਆ । ਮਾਨਸ ਜਨਮ ਮਿਲਿਆ ਤੇਰੇ ਪ੍ਰੇਮ

ਪਿਆਰ ਅਨੰਦ ਲਈ, ਜਗਤ ਵਾਸਨਾ ਹੋਏ ਨਾ ਕੋਇ ਹਲਕਾਈਆ । ਜੁਗ ਜਨਮ ਦੀ ਟੁੱਟੀ ਗੰਢ ਲਈਂ, ਗੰਢਣਹਾਰ ਗੋਪਾਲ ਸਵਾਮੀ ਤੇਰੀ ਓਟ ਰਖਾਈਆ । ਕੂੜੀ ਕਿਰਿਆ ਜਗਤ ਵਿਕਾਰ ਹੰਕਾਰ ਵਿਚੋਂ ਕੱਢ ਲਈਂ, ਤ੍ਰਿਸ਼ਨਾ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਹੋ ਸਹਾਈਆ । ਜਨ ਭਗਤ ਕਹਿਣ ਪ੍ਰਭ ਹੋਏ ਦੁੱਖੀ ਦੁਖਿਆਰ, ਦਰਦਵੰਦ ਨਜ਼ਰ ਕੋਇ ਨਾ ਆਈਆ । ਸਾਖਿਆਤ ਮਿਲੇ ਨਾ ਕੋਇ ਗੁਰ ਅਵਤਾਰ, ਪੈਗ਼ੰਬਰ ਦੀਦ ਨੀਂਦ ਨਾ ਕੋਇ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰ ਫਿਰ ਥੱਕੇ ਵਾਰੋ ਵਾਰ, ਵਾਰਸ ਹੋ ਕੇ ਲਵੇ ਨਾ ਕੋਇ ਬਚਾਈਆ । ਪੜ੍ਹ ਪੜ੍ਹ ਥੱਕੇ ਰਸਨਾ ਜਿਹਵਾ ਵਿਚ ਸੰਸਾਰ, ਪਤਿਪਰਮੇਸ਼ਵਰ ਤੇਰਾ ਨੂਰ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਹੋ ਖੁਆਰ, ਆਪਣੀ ਹਾਲਤ ਗਏ ਬਦਲਾਈਆ । ਧੁਰ ਦਾ ਮਾਲਕ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਨਾ ਮਿਲਿਆ ਪਰਵਰਦਿਗਾਰ, ਪਾਰਬ੍ਰਹਮ ਬ੍ਰਹਮ ਜੋੜ ਨਾ ਕੋਇ ਜੁੜਾਈਆ । ਸਦੀ ਚੌਧਵੀਂ ਆਈ ਹਾਰ, ਹਰਿਜਨ ਨੇਤਰ ਰੋ ਰੋ ਦੇਣ ਦੁਹਾਈਆ । ਕਿਰਪਾ ਕਰ ਕਰਨੀ ਦੇ ਕਰਤੇ ਆਪ ਕਰਤਾਰ, ਮਿਹਰਵਾਨ ਹੋ ਕੇ ਮਿਹਰ ਨਜ਼ਰ ਆਪ ਉਠਾਈਆ । ਜਨ ਭਗਤ ਸੁਹੇਲੇ ਮੰਝਧਾਰ ਵਿਚੋਂ ਕੱਢ ਬਾਹਰ, ਸ਼ੌਹ ਦਰਿਆ ਜਗਤ ਨਾ ਕੋਇ ਰੁੜ੍ਹਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਝਗੜਾ ਰਹੇ ਨਾ ਕੋਇ ਸੰਸਾਰ, ਆਤਮ ਪਰਮਾਤਮ ਪਰਮਾਤਮ ਆਤਮ ਪੜਦਾ ਦੇਣਾ ਉਠਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਦਰ ਦੇ ਸੇਵਾਦਾਰ, ਯਾਚਕ ਹੋ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਦੇ ਦੀਦਾਰ, ਨੇਤਰ ਲੋਚਣ ਅੱਖ ਖੁਲ੍ਹਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਕੂੜ ਹੋਇਆ ਪਸਾਰਾ, ਨਾਉਂ ਨਿਰੰਕਾਰ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਚਾਰ ਵਰਨ ਚਾਰ ਯਾਰੀ ਹਾਹਾਕਾਰਾ, ਹਿਰਦੇ ਹਰਿ ਨਾ ਕੋਇ ਵਸਾਈਆ । ਲੱਗੀ ਅੱਗ ਜੰਗਲ ਜੂਹ ਉਜਾੜ ਪਹਾੜਾ, ਬਹੱਤਰ ਨਾੜਾਂ ਕਾਇਆ ਮਾਟੀ ਹੱਟ ਸੀਤਲ ਸੀਤ ਨਾ ਕੋਇ ਕਰਾਈਆ । ਧੁਰ ਦਰਗਾਹੀ ਪਤਿਪਰਮੇਸ਼ਵਰ ਦਰਸ ਹੋਵੇ ਨਾ ਕਿਸੇ ਮੀਤ ਮੁਰਾਰਾ, ਮਿਤਰ ਪਿਆਰਾ ਯਾਰੜਾ ਸੇਜ ਨਾ ਕੋਇ ਹੰਢਾਈਆ । ਹਉਮੇ ਹੰਗਤਾ ਬਣਿਆ ਗੜ੍ਹ ਹੰਕਾਰਾ, ਹੰ ਬ੍ਰਹਮ ਪਾਰਬ੍ਰਹਮ ਪੜਦਾ ਸਕੇ ਨਾ ਕੋਇ ਚੁਕਾਈਆ । ਜਗਤ ਵਾਸਨਾ ਭਰਿਆ ਕੂੜ ਵਿਕਾਰਾ, ਸਤਿ ਧਰਮ ਸਚ ਨਿਸ਼ਾਨ ਨਾ ਕੋਇ ਝੁਲਾਈਆ । ਜਨ ਭਗਤ ਸੁਹੇਲੇ ਕਹਿਣ ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਵੇਖ ਦਵਾਰਾ, ਅੰਤਸ਼ਕਰਨ ਦੀਨ ਦੁਨੀ ਖੋਜ ਖੁਜਾਈਆ । ਬਿਨ ਤੇਰੇ ਦੂਜਾ ਕੋਈ ਨਹੀਂ ਸਹਾਰਾ, ਗੁਰ ਅਵਤਾਰ ਪੈਗ਼ੰਬਰ ਤੇਰਾ ਸਹਾਰਾ ਗਏ ਸਮਝਾਈਆ । ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਦੇਂਦੇ ਰਹੇ ਇਸ਼ਾਰਾ, ਸ਼ਬਦ ਵਿਚੋਂ ਸ਼ਬਦ ਧਾਰ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਪਰਗਟ ਹੋਵੇ ਏਕੰਕਾਰਾ, ਕਲ ਧਾਰੀ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਸੁਹੇਲੇ ਭਾਗ ਆਪਣਾ ਰਹੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਸਾਡਾ ਪੂਰਬ ਦੇ ਦੇ ਭਾਗ, ਲਹਿਣਾ ਦੇਣਾ ਝੋਲੀ ਪਾਈਆ । ਸੋਈ ਸ੍ਰਿਸ਼ਟੀ ਵਿਚੋਂ ਜਾਈਏ ਜਾਗ, ਇਕੋ ਤੇਰਾ ਨਾਮ ਧਿਆਈਆ । ਦੁਰਮਤ ਮੈਲ ਧੋ ਦਾਗ਼, ਪਤਤ ਪੁਨੀਤ ਦੇਣਾ ਬਣਾਈਆ । ਘਰ ਦੀਪਕ ਜੋਤ ਜਗੇ ਚਿਰਾਗ਼, ਕਾਇਆ ਮੰਦਰ ਅੰਦਰ ਹੋਏ ਰੁਸ਼ਨਾਈਆ । ਸਵਾਮੀ ਮਿਲੇ ਕੰਤ ਸੁਹਾਗ, ਜਗਤ ਵਿਛੋੜਾ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ

ਤੇਰਾ ਆਤਮ ਪਰਮਾਤਮ ਦੱਸ ਜਾਪ, ਜਗ ਜੀਵਣ ਦਾਤੇ ਤੇਰੇ ਹੱਥ ਵੱਡੀ ਵਡਿਆਈਆ । ਮਾਇਆ ਮਮਤਾ ਮੋਹ ਕੂੜ ਵਿਕਾਰ ਰਹੇ ਨਾ ਤੀਨੋਂ ਤਾਪ, ਤ੍ਰੈਗੁਣ ਅਤੀਤੇ ਠਾਂਡੇ ਸੀਤੇ ਸਤਿ ਸਤਿਵਾਦੀ ਆਪਣਾ ਰਾਹ ਦੇ ਸਮਝਾਈਆ । ਹਉਂ ਸੇਵਕ ਖ਼ਾਦਮ ਬਾਲਕ ਤੇਰੇ ਚਾਕ, ਚਾਕਰੀ ਆਖ਼ਰੀ ਤੇਰੇ ਚਰਨ ਕਵਲਾਂ ਨਜ਼ਰੀ ਆਈਆ । ਮਨੂਆ ਮਨ ਨਾ ਰਹੇ ਗੁਸਤਾਖ਼, ਸ਼ਰਅ ਸ਼ਰੀਅਤ ਵਿਚੋਂ ਦੇਣਾ ਬਾਹਰ ਕਢਾਈਆ । ਤੇਰਾ ਨਾਮ ਅੰਤਰ ਅੰਤਰ ਹੋਵੇ ਇਕੋ ਜਾਪ, ਦੂਸਰ ਅੱਖਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ ਨਿਰਗੁਣ ਜੋਤ ਦਰਸ਼ਨ ਦੇ ਆਪ, ਪਰਕਾਸ਼ ਵਿਚ ਪ੍ਰਕਾਸ਼ ਅਬਿਨਾਸ਼ ਲੈਣਾ ਮਿਲਾਈਆ ।

## ★ ੬ ਕੱਤਕ ਸ਼ਹਿਨਸ਼ਾਹੀ ਸੰਮਤ ੨ ਮੰਗਲ ਸਿੰਘ ਦੇ ਗ੍ਰਿਹ ਪਿੰਡ ਡੇੜ੍ਹ ਜ਼ਿਲਾ ਗੁਰਦਾਸਪੁਰ ★

ਹਰਿ ਸੰਗਤ ਵਿਚ ਕਦੇ ਨਾ ਰਹੇ ਭੁਲੇਖਾ, ਗੁਰਮੁਖ ਭੁੱਲਿਆ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਅੰਤਰ ਪਰਮ ਪੁਰਖ ਪਰਮਾਤਮ ਦਾ ਚੇਤਾ, ਚੇਤਨ ਸੁਰਤੀ ਕਰ ਕੇ ਬੈਠੇ ਧਿਆਨ ਲਗਾਈਆ । ਓਨ੍ਹਾਂ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਨੇਤਾ, ਨਿਜ ਨੇਤਰ ਲੋਚਣ ਨੈਣ ਬੈਠਾ ਅੱਖ ਖੁਲ੍ਹਾਈਆ । ਤ੍ਰੈਗੁਣ ਮਾਇਆ ਪੰਜ ਤਤ ਲੱਗਣ ਨਾ ਦੇਵੇ ਸੇਕਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸ਼ਬਦ ਅਗੰਮੀ ਖੋਲ੍ਹੇ ਭੇਤਾ, ਭੇਵ ਅਭੇਦਾ ਅਛਲ ਅਛੇਦਾ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹਰਿ ਸੰਗਤ ਵਿਚ ਕਦੇ ਨਾ ਹੋਵੇ ਭਰਮ, ਭਰਮ ਭੌ ਸਤਿਗੁਰ ਸ਼ਬਦ ਆਪ ਭੰਨਾਈਆ । ਜਿਨ੍ਹਾਂ ਦਾ ਸਾਹਿਬ ਸਤਿਗੁਰ ਲੇਖੇ ਲੱਗਾ ਜਰਮ, ਜਨਮ ਜਨਮ ਦਾ ਝਗੜਾ ਗਏ ਚੁਕਾਈਆ । ਸਤਿ ਸਤਿਵਾਦੀ ਸਾਚਾ ਬਖ਼ਸ਼ੇ ਇਕੋ ਧਰਮ, ਧਰਮ ਦਵਾਰਾ ਇਕੋ ਦਏ ਵਖਾਈਆ । ਜਿਥੇ ਕਰਨੀ ਦਾ ਰਹੇ ਕੋਈ ਨਾ ਕਰਮ, ਨਿਹਕਰਮੀ ਹੋ ਕੇ ਦੇਵੇ ਮਾਣ ਵਡਿਆਈਆ । ਜਿਨ੍ਹਾਂ ਭਗਤਾਂ ਸੰਤਾਂ ਪੁਰਖ ਅਕਾਲ ਦੀ ਲਈ ਸਰਨ, ਸ਼ਰਨਗਤ ਇਕੋ ਦਏ ਵਖਾਈਆ । ਝਗੜਾ ਮੁਕਾ ਕੇ ਵਰਨ ਬਰਨ, ਲੱਖ ਚੁਰਾਸੀ ਪੈਂਡਾ ਦਏ ਮੁਕਾਈਆ । ਨੇਤਰ ਖੋਲ੍ਹ ਕੇ ਹਰਨ ਫਰਨ, ਫੁਰਨਿਆਂ ਵਿਚੋਂ ਮਨ ਆਪਣੇ ਬੰਧਨ ਵਿਚ ਰਖਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਇਕੋ ਵਰਨ, ਕੰਤ ਸੁਹਾਗੀ ਸਾਹਿਬ ਸੁਲਤਾਨ ਮਹਿਬੂਬ ਮਾਲਕ ਇਕ ਹੰਢਾਈਆ । ਸਚ ਦਵਾਰੇ ਠਾਂਡੇ ਘਰ ਸਰਨ ਸਰਨਾਈ ਧੁਰ ਦੀ ਪੜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਮੇਲ ਮਿਲਾਈਆ । ਜਨ ਭਗਤਾਂ ਭੁਲੇਖਾ ਕਦੇ ਨਾ ਆਵੇ ਨੇੜੇ, ਭਾਂਡਾ ਭਰਮ ਰਹਿਣ ਨਾ ਪਾਈਆ । ਜਿਨ੍ਹਾਂ ਦੇ ਭਾਗ ਲੱਗਾ ਕਾਇਆ ਮਾਟੀ ਸਾਢੇ ਤਿੰਨ ਹੱਥ ਖੇੜੇ, ਬੰਦ ਕਿਵਾੜੀ ਖਿੜਕੀ ਪੜਦਾ ਓਹਲਾ ਗਏ ਉਠਾਈਆ । ਸਮਰਥ ਸਵਾਮੀ ਅੰਤਰਜਾਮੀ ਓਨ੍ਹਾਂ ਉਤੇ ਕਰੇ ਮਿਹਰੇ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਪੰਜ ਵਿਕਾਰ ਗੜ੍ਹ ਹੰਕਾਰ ਵਿਚ ਕਦੇ ਨਾ ਘੇਰੇ, ਮਾਇਆ ਮਮਤਾ ਮੋਹ ਡੇਰਾ ਦੇਵੇ ਢਾਹੀਆ । ਜਗਤ ਵਾਸਨਾ ਮੇਟ ਕੇ ਹੇਰੇ ਫੇਰੇ, ਪਾਰਬ੍ਰਹਮ ਬ੍ਰਹਮ ਮੇਲਾ ਦਏ ਮਿਲਾਈਆ । ਮਾਨਸ ਜਨਮ ਹਕ ਹਕੀਕਤ ਲੇਖਾ ਅੰਤ ਨਬੇੜੇ, ਦਰਗਾਹ ਸਾਚੀ ਧੁਰ ਦਰਬਾਰ ਹੁਕਮ ਹਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਹਰਿ ਸੰਗਤ ਆਪਣੇ ਰੰਗ ਰੰਗਾਈਆ । ਭਰਮ ਕਹੇ ਮੈਨੂੰ ਸਮਝੇ ਕੌਣ, ਪੜਦਾ ਸਕੇ ਨਾ ਕੋਇ ਉਠਾਈਆ । ਮੇਰਾ ਲੇਖਾ ਪਰੇ ਉਣੰਜਾ ਪੌਣ, ਪਵਣ ਗੁਰੂ ਮੇਰੀ ਬਣਤ ਬਣਾਈਆ । ਕਲਜੁਗ ਅੰਤ ਖੇਲ ਵੇਖਾਂ ਹੰਕਾਰੀ ਰੌਣ, ਮਨ ਮਨੂਆ ਨਜ਼ਰੀ ਆਈਆ । ਭਰਮ ਵਿਚ ਵਿਕਾਰੀ ਜੀਵ ਬਿਲਲਾਉਣ, ਸਾਂਤਕ ਸਤਿ ਨਾ ਕੋਇ ਵਰਤਾਈਆ । ਗੁਰਮੁਖ ਸੰਤ ਭਰਮ ਗੜ੍ਹ ਆਵਣ ਤੁੜਾਉਣ, ਕੂੜਾ ਠੀਕਰ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਪੁਰਖ ਅਕਾਲ ਕਹੇ ਸੁਣ ਮੇਰੇ ਸਤਿ, ਸਤਿ ਸਤਿਵਾਦੀ ਦਿਆਂ ਜਣਾਈਆ । ਕਲਜੁਗ ਅੰਤਮ ਸ਼ਬਦੀ ਧਾਰ ਦੇਵਾਂ ਬ੍ਰਹਮ ਮਤ, ਪਾਰਬ੍ਰਹਮ ਹੋ ਕੇ ਬ੍ਰਹਮ ਦਿਆਂ ਸਮਝਾਈਆ । ਤ੍ਰੈਗੁਣ ਮਾਇਆ ਸਾੜ ਨਾ ਸਕੇ ਪੰਜ ਤੱਤ, ਤਤਵ ਤਤ ਦਿਆਂ ਜਣਾਈਆ । ਨਾੜ ਬਹੱਤਰ ਨਾ ਉਬਲੇ ਰਤ, ਅੰਮ੍ਰਿਤ ਮੇਘ ਇਕ ਬਰਸਾਈਆ । ਮਾਲਕ ਹੋ ਕੇ ਪੁਰਖ ਸਮਰਥ, ਸਵਾਮੀ ਹੋ ਕੇ ਖੋਜ ਖੁਜਾਈਆ । ਨਾਮ ਭੰਡਾਰਾ ਦੇ ਕੇ ਵਥ, ਗੁਰਮੁਖ ਸੱਜਣ ਲਵਾਂ ਪਰਗਟਾਈਆ । ਸਾਚੇ ਸੰਤਾਂ ਨਿਜ ਨੇਤਰ ਖੋਲ੍ਹ ਕੇ ਅੱਖ, ਜਲਵਾ ਨੂਰ ਕਰਾਂ ਰੁਸ਼ਨਾਈਆ । ਭਗਤਾਂ ਰਹਿਣ ਨਾ ਦੇਵਾਂ ਵੱਖ, ਆਤਮ ਪਰਮਾਤਮ ਪਰਮਾਤਮ ਆਤਮ ਮੇਲਾ ਮੇਲਾਂ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨਾਂ ਮਾਰਗ ਦੱਸ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਦਿਆਂ ਸਮਝਾਈਆ । ਨਿਝਰ ਧਾਰ ਬਖ਼ਸ਼ਾਂ ਅੰਮਿਉਂ ਰਸ, ਝਿਰਨਾ ਧੁਰ ਦਾ ਆਪ ਝਿਰਾਈਆ । ਹਕੀਕਤ ਵਿਚੋਂ ਪਰਗਟਾ ਕੇ ਹਕ, ਹਕੂਮਤ ਕੂੜ ਦਿਆਂ ਬਦਲਾਈਆ । ਸਤਿਜੁਗ ਸਾਚਾ ਮਾਰਗ ਦੀਨ ਦੁਨੀ ਦੱਸ, ਦਹਿ ਦਿਸ਼ਾ ਦਿਆਂ ਸਮਝਾਈਆ । ਕਿਸੇ ਨਾ ਚੱਲੇ ਕੋਈ ਵਸ, ਗੁਰ ਅਵਤਾਰ ਪੈਗ਼ੰਬਰ ਦਰਗਾਹ ਸਾਚੀ ਸਚਖੰਡ ਦਵਾਰ ਦਰ ਠਾਂਡੇ ਬੈਠਣ ਸੀਸ ਨਿਵਾਈਆ । ਪਰਗਟ ਹੋ ਆਪ ਪਰਤੱਖ, ਕਲਜੁਗ ਮੇਟ ਰੈਣ ਅੰਧੇਰੀ ਮੱਸ, ਮਸਤ ਖ਼ੁਮਾਰੀ ਨਾਮ ਦਿਆਂ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸੰਦੇਸ਼ਾ ਨਰ ਨਰੇਸ਼ਾ ਏਕੰਕਾਰ ਆਪ ਦ੍ਰਿੜਾਈਆ । ਸ੍ਰੀ ਭਗਵਾਨ ਕਹੇ ਸੁਣ ਸਤਿ ਧਰਮ, ਧੁਰ ਦੀ ਬਾਣ ਦਿਆਂ ਜਣਾਈਆ । ਕਲਜੁਗ ਕੂੜੀ ਕਿਰਿਆ ਰਹੇ ਕੋਈ ਨਾ ਕਰਮ, ਨਿਹਕਰਮੀ ਹੋ ਕੇ ਲੇਖਾ ਦਿਆਂ ਮੁਕਾਈਆ । ਝਗੜਾ ਮੁਕਾ ਕੇ ਜਾਤ ਪਾਤ ਵਰਨ ਬਰਨ, ਦੀਨ ਮਜ਼੍ਹਬ ਖਹਿੜਾ ਦਿਆਂ ਛੁਡਾਈਆ । ਤੂੰ ਹੀ ਤੂੰ ਹੀ ਸਾਰੇ ਕਰਨ, ਧੁਰ ਦਾ ਢੋਲਾ ਇਕੋ ਗਾਈਆ । ਕਾਇਆ ਮਕਤਬ ਪਾਠਸ਼ਾਲਾ ਸਾਚੀ ਪੜ੍ਹਨ, ਜਿਥੇ ਪੜ੍ਹਾਵਣ ਵਾਲਾ ਜਗਤ ਨੇਤਰਾਂ ਨਜ਼ਰ ਕਿਸੇ ਨਾ ਆਈਆ । ਸਰਨ ਸਰਨਾਈ ਸਾਹਿਬ ਸਵਾਮੀ ਇਕੋ ਪਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕ ਇਕੱਲਾ ਇਕੋ ਦਏ ਸਮਝਾਈਆ । ਸਤਿ ਧਰਮ ਕਹੇ ਸਤਿਜੁਗ ਸਾਚਾ ਮਾਰਗ ਜਾਵੇ ਲੱਗ, ਅਬਿਨਾਸ਼ੀ ਕਰਤਾ ਆਪ ਲਗਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਨਿਰਗੁਣ ਧਾਰ ਪਰਗਟ ਹੋਵੇ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਹੁਕਮ ਦੇਵੇ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੀ ਏਥੇ ਓਥੇ ਦੋ ਜਹਾਨ ਨਜ਼ਰ ਨਾ ਆਵੇ ਹੱਦ, ਹਦੂਦ ਅੰਦਰ ਬੰਦ ਨਾ ਕੋਇ ਕਰਾਈਆ । ਸਤਿਜੁਗ ਸਾਚਾ ਨਾਮ ਨਿਧਾਨ ਸ੍ਰੀ ਭਗਵਾਨ ਦੱਸੇ ਆਪਣਾ ਛੰਦ, ਢੋਲਾ ਸੋਹਲਾ ਨਗ਼ਮਾ ਕਲਮਾ ਆਪ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਖ਼ੁਸ਼ੀ ਕਰੇ ਬੰਦ ਬੰਦ, ਬੰਦਗੀ ਇਕੋ ਇਕ ਆਪਣੀ ਆਪ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇ ਕੇ

ਸਚ ਅਨੰਦ, ਜਗਤ ਵਿਕਾਰਾਂ ਵਿਚੋਂ ਬਾਹਰ ਕਢਾਈਆ । ਮਨੂਆ ਦਹਿ ਦਿਸ਼ਾ ਭੌਂ ਨਾ ਪਾਵੇ ਡੰਡ, ਵਾਸਨਾ ਵਿਚ ਨਾ ਕੋਇ ਹਲਕਾਈਆ । ਦੂਈ ਦਵੈਤੀ ਢਾਹ ਕੇ ਭਰਮਾਂ ਕੰਧ, ਗੜ੍ਹ ਹੰਕਾਰੀ ਦਏ ਤੁੜਾਈਆ । ਭਗਤਨ ਮੀਤਾ ਠਾਂਡਾ ਸੀਤਾ ਪੁਰਖ ਅਕਾਲਾ ਦੀਨ ਦਿਆਲਾ ਹੋਵੇ ਸੰਤਾਂ ਸੰਗ, ਗੁਰਮੁਖ ਗੁਰਸਿਖ ਸੱਜਣ ਆਪਣੇ ਰੰਗ ਰੰਗਾਈਆ । ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਵਜਾਏ ਇਕ ਮਰਦੰਗ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰੇ ਆਸਾ ਮਨਸਾ ਉਮੰਗ, ਤ੍ਰਿਸ਼ਨਾ ਪੂਰਬ ਰਹੇ ਨਾ ਰਾਈਆ । ਇਕੋ ਨਾਮ ਨਿਧਾਨ ਜਣਾਏ ਨੌ ਖੰਡ, ਸੱਤ ਦੀਪ ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਵਿਚ ਸਾਚੀ ਕਰਨੀ ਕਾਰ ਕਮਾਈਆ । ਸਤਿ ਧਰਮ ਪੁਰਖ ਅਕਾਲ ਦਇਆ ਕਮਾਵੇਗਾ । ਸੋ ਪੁਰਖ ਨਿਰੰਜਣ ਵੇਖ ਵਖਾਵੇਗਾ । ਹਰਿ ਪੁਰਖ ਨਿਰੰਜਣ ਪੜਦਾ ਲਾਹਵੇਗਾ । ਏਕੰਕਾਰ ਹੁਕਮ ਸੁਣਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਸ੍ਰੀ ਭਗਵਾਨ ਸਾਚਾ ਤਖ਼ਤ ਇਕ ਸੁਹਾਵੇਗਾ । ਅਬਿਨਾਸ਼ੀ ਕਰਤਾ ਦੋ ਜਹਾਨਾਂ ਖੇਲ ਖਿਲਾਵੇਗਾ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਧਾਰ ਜਣਾਵੇਗਾ । ਸ਼ਬਦੀ ਸੁਤ ਦੁਲਾਰਾ ਇਕ ਉਠਾਵੇਗਾ । ਸਚਖੰਡ ਦਵਾਰਾ ਆਪ ਸੁਹਾਵੇਗਾ । ਥਿਰ ਘਰ ਡੰਕਾ ਨਾਮ ਵਜਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਵੇਗਾ । ਕਰੋੜ ਤੇਤੀਸਾ ਨਾਲ ਰਲਾਵੇਗਾ । ਸੁਰ ਨਰ ਮੁਨ ਜਨ ਵੇਖ ਵਖਾਵੇਗਾ । ਤ੍ਰੈਗੁਣ ਮਾਇਆ ਡੇਰਾ ਢਾਹਵੇਗਾ । ਪੰਜ ਤਤ ਫੋਲ ਫੁਲਾਵੇਗਾ । ਗੁਰ ਅਵਤਾਰ ਪੈਗ਼ੰਬਰ ਸਾਚੀ ਧਾਰੋਂ ਆਪ ਜਗਾਵੇਗਾ । ਕਲਜੁਗ ਅੰਤਮ ਰਚ ਸਵੰਬਰ, ਸਾਚੀ ਕਰਨੀ ਕਾਰ ਕਮਾਵੇਗਾ । ਕੂੜੀ ਕਿਰਿਆ ਮੇਟ ਅਡੰਬਰ, ਸਤਿਜੁਗ ਮਾਰਗ ਇਕ ਵਖਾਵੇਗਾ । ਸਰਬ ਗੁਣਾਂ ਹੋ ਭਰਤੰਬਰ, ਭਾਂਡਾ ਭਰਮ ਭੌ ਭੰਨਾਵੇਗਾ । ਨਾਮ ਧੁਨ ਸੁਣਾ ਮਧਰ, ਸੋਈ ਸੁਰਤੀ ਆਪ ਜਗਾਵੇਗਾ । ਜਨ ਭਗਤਾਂ ਪੂਰੀ ਕਰ ਕੇ ਸੱਧਰ, ਸਿੱਧਾ ਆਪਣਾ ਰਾਹ ਵਖਾਵੇਗਾ । ਦੀਨ ਮਜ਼੍ਹਬਾਂ ਕਰ ਕੇ ਪੱਧਰ, ਵਰਨ ਬਰਨ ਡੇਰਾ ਢਾਹਵੇਗਾ । ਸਾਚੇ ਨਾਮ ਦੀ ਕਰ ਕੇ ਕਦਰ, ਕੁਦਰਤ ਕਾਦਰ ਵੇਖ ਵਖਾਵੇਗਾ । ਸਚ ਪ੍ਰੀਤੀ ਅੰਦਰ ਕਰ ਕੇ ਮਗਨ, ਸੰਤ ਸੁਹੇਲੇ ਜੋੜ ਜੁੜਾਵੇਗਾ । ਕੂੜੀ ਅੱਗ ਮੂਲ ਨਾ ਤਪਣ, ਅੰਮ੍ਰਿਤ ਮੇਘ ਇਕ ਬਰਸਾਵੇਗਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਾਮ ਸਾਰੇ ਜਪਣ, ਜਗਜੀਵਣ ਦਾਤਾ ਵੇਖ ਵਖਾਵੇਗਾ । ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰੇ ਬੈਠ ਕੇ ਹੱਸਣ, ਗੋਬਿੰਦ ਖ਼ੁਸ਼ੀਆਂ ਤਾਲ ਵਜਾਵੇਗਾ । ਗ਼ਰੀਬ ਨਿਮਾਣੇ ਕਹਿਣ ਪੁਰਖ ਅਬਿਨਾਸ਼ੀ ਆਇਆ ਰੱਖਣ, ਕੋਝੇ ਕਮਲੇ ਗੋਦ ਉਠਾਵੇਗਾ । ਸਦੀ ਚੌਧਵੀਂ ਮੇਟ ਕੇ ਪੱਪਣ, ਪਤਤ ਪਾਪੀ ਮੇਲ ਮਿਲਾਵੇਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਵਖਾ ਕੇ ਇਕੋ ਪੱਤਨ, ਕਿਨਾਰਾ ਧੁਰ ਦਾ ਆਪ ਸਮਝਾਵੇਗਾ । ਚਾਰ ਵਰਨ ਅਠਾਰਾਂ ਬਰਨ ਪੁਰਖ ਅਕਾਲ ਦੀ ਸਾਇਆ ਹੇਠ ਵਸਣ, ਝਗੜਾ ਸ਼ਰਅ ਨਾ ਕੋਇ ਰਖਾਵੇਗਾ । ਪ੍ਰੇਮ ਪ੍ਰੀਤੀ ਅੰਦਰ ਕਰੇ ਸੰਗਠਣ, ਸਤਿਜੁਗ ਸਾਚੀ ਬਣਤ ਬਣਾਵੇਗਾ । ਗੁਰਮੁਖ ਗੁਰਸਿਖ ਸੰਤ ਸੁਹੇਲੇ ਖ਼ੁਸ਼ੀਆਂ ਅੰਦਰ ਉਠ ਉਠ ਨੱਠਣ, ਧੁਰ ਦਾ ਰੰਗ ਆਪ ਚੜ੍ਹਾਵੇਗਾ । ਸਤਿ ਧਰਮ ਸਤਿਜੁਗ ਸਾਚਾ ਮਾਰਗ ਆਵੇ ਆਪ ਪ੍ਰਭ ਦੱਸਣ, ਨਿਰਗੁਣ ਜੋਤੀ ਜੋਤ ਰੁਸ਼ਨਾਵੇਗਾ । ਹਰ ਹਿਰਦੇ ਆਵੇ ਵਸਣ, ਲੱਖ ਚੁਰਾਸੀ ਪੜਦਾ ਓਹਲਾ ਆਪ ਚੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਕੂੜੀ ਕਿਰਿਆ ਡੇਰਾ ਢਾਹਵੇਗਾ । ਕਲਜੁਗ ਕੂੜ ਕੁੜਿਆਰਾ ਮੁੱਕੇਗਾ । ਪੁਰਖ ਅਬਿਨਾਸ਼ੀ

ਬੂਟਾ ਪੁੱਟੇਗਾ । ਆਪਣੇ ਸ਼ਬਦੀ ਵਹਿਣ ਧਾਰ ਵਿਚ ਸੁੱਟੇਗਾ । ਸਤਿਜੁਗ ਸਾਚਾ ਸੋਇਆ ਉਠੇਗਾ । ਲੋਕਮਾਤ ਰਾਹ ਪੁਛੇਗਾ । ਧਰਨੀ ਧਰਤ ਧਵਲ ਧੌਲ ਉਪਰ ਆ ਕੇ ਰੁਕੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਤਿਜੁਗ ਸਤਿਜੁਗ ਕਲਜੁਗ ਦੋਹਾਂ ਦਾ ਲੇਖਾ ਸਚਖੰਡ ਸਚ ਦਵਾਰ ਪੁਛੇਗਾ ।

## ★ ੬ ਕੱਤਕ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਿਹਿ ਪਿੰਡ ਡੇਰ੍ਹ ਜ਼ਿਲਾ ਗੁਰਦਾਸਪੁਰ ★

ਸਤਿ ਧਰਮ ਸਤਿਗੁਰ ਸ਼ਬਦ ਦਇਆ ਕਮਾਵੇਗਾ । ਨਿਰਗੁਣ ਨਿਰਵੈਰ ਹੋ ਕੇ ਆਵੇਗਾ । ਕਲਜੁਗ ਕੂੜੀ ਕਿਰਿਆ ਮੇਟੇ ਕਹਿਰ, ਸਾਂਤਕ ਸਤਿ ਸਤਿ ਵਰਤਾਵੇਗਾ । ਕਰੇ ਖੇਲ ਗੰਭੀਰ ਗਹਿਰ, ਗਵਰਾ ਹੋ ਕੇ ਆਪਣਾ ਪੜਦਾ ਲਾਹਵੇਗਾ । ਜਗਤ ਵਾਸਨਾ ਵਿਖ ਰਹੇ ਨਾ ਜ਼ਹਿਰ, ਅੰਮ੍ਰਿਤ ਰਸ ਆਪ ਚਖਾਵੇਗਾ । ਅੰਤ ਅਖ਼ੀਰ ਕਰੇ ਨਾ ਦੇਰ, ਦੂਰ ਦੁਰਾਡਾ ਫੇਰਾ ਪਾਵੇਗਾ । ਹੁਕਮੇ ਅੰਦਰ ਦੇ ਕੇ ਗੇੜ, ਗੇੜਾ ਲੱਖ ਚੁਰਾਸੀ ਆਪ ਬਦਲਾਵੇਗਾ । ਸ਼ਾਹ ਸੁਲਤਾਨਾਂ ਦੇਵੇ ਭੇੜ, ਬੁੱਧ ਮਤ ਆਪ ਭੁਲਾਵੇਗਾ । ਹੁਕਮੇ ਅੰਦਰ ਜੜ੍ਹ ਉਖੇੜ, ਮੂੰਹ ਦੇ ਭਾਰ ਸੁਟਾਵੇਗਾ । ਸਦੀ ਚੌਧਵੀਂ ਝਗੜਾ ਦਏ ਨਬੇੜ, ਹਜ਼ਰਤਾਂ ਦਾ ਹਜ਼ਰਤ ਕਾਰ ਕਮਾਵੇਗਾ । ਖੁਲ੍ਹਾ ਕਰ ਕੇ ਧਰਤ ਧਵਲ ਦਾ ਵਿਹੜ, ਕੂੜੀ ਕਿਰਿਆ ਕਰਮ ਕਾਂਡ ਚੁਕਾਵੇਗਾ । ਮਨਮੁਖਾਂ ਭੇਜ ਕੇ ਧਰਮ ਰਾਏ ਦੀ ਜੇਲ, ਫਾਸੀ ਹਾਸੀ ਵਿਚ ਰਖਾਵੇਗਾ । ਜਨ ਭਗਤਾਂ ਚਾੜ੍ਹ ਕੇ ਰੰਗ ਨਵੇਲ, ਨਿੱਕਿਓਂ ਵੱਡੇ ਆਪ ਬਣਾਵੇਗਾ ।

੧੦੭ ੨੦

ਸਚ ਧਰਮ ਦਾ ਬਣ ਕੇ ਸਚ ਸੁਹੇਲ, ਸੱਜਣ ਹੋ ਕੇ ਅੰਗ ਲਗਾਵੇਗਾ । ਝਗੜਾ ਰਹੇ ਨਾ ਗੁਰੂ ਗੁਰ ਚੇਲ, ਚੇਲਾ ਗੁਰੂ ਸੁਰਤੀ ਸ਼ਬਦੀ ਭੇਵ ਖੁਲ੍ਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤਾਂ ਸਤਿ ਧਾਰ ਨਾਲ ਮੇਲ, ਮਿਲਾਪ ਜਾਪ ਆਪਣਾ ਆਪ ਆਪ ਦ੍ਰਿੜਾਵੇਗਾ ।

## ★ ੭ ਕੱਤਕ ਸ਼ਹਿਨਸ਼ਾਹੀ ਸੰਮਤ ੨ ਦਿਆਲ ਸਿੰਘ ਦੇ ਗ੍ਰਿਹਿ ਪਿੰਡ ਗਵਾੜ ਜ਼ਿਲਾ ਗੁਰਦਾਸਪੁਰ ★

ਜਨ ਭਗਤ ਤੇਰੀ ਬਦਲ ਜਾਏ ਤਕਦੀਰ, ਸਤਿਗੁਰ ਪੂਰਾ ਦਇਆ ਕਮਾਈਆ । ਜਿਸ ਦੇ ਹੱਥ ਦੋ ਜਹਾਨਾਂ ਤਦਬੀਰ, ਬ੍ਰਹਿਮੰਡ ਖੰਡ ਹੁਕਮੇ ਅੰਦਰ ਭਵਾਈਆ । ਅੰਮ੍ਰਿਤ ਦੇ ਕੇ ਧੁਰ ਦਾ ਸੀਰ, ਜਗਤ ਤ੍ਰਿਸ਼ਨਾ ਦਏ ਬੁਝਾਈਆ । ਕਿਰਪਾ ਕਰੇ ਬੇਨਜ਼ੀਰ, ਮਿਹਰ ਨਜ਼ਰ ਆਪ ਉਠਾਈਆ । ਪਾਟੇ ਚੀਥੜ ਰਹਿਣ ਨਾ ਦੇਵੇ ਲੀਰ, ਸਰੀਰ ਮਾਟੀ ਮਿਲੇ ਵਡਿਆਈਆ । ਲਹਿਣਾ ਦੇਵਣਹਾਰਾ ਸ਼ਾਹ ਹਕੀਰ, ਫ਼ਕੀਰ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦਏ ਵਡਿਆਈਆ । ਜਨ ਭਗਤ ਤੇਰੀ ਅੰਤਰ ਬਦਲੇ ਦਲੀਲ, ਦਿਲਦਾਰ ਹੋ ਕੇ ਆਪ ਬਦਲਾਈਆ । ਚੁਰਾਸੀ ਵਾਸਤੇ ਲੱਭਣਾ ਪਏ ਨਾ ਕੋਇ ਵਕੀਲ, ਜਗਤ ਅਦਾਲਤ ਨਾ ਕੋਇ ਭਵਾਈਆ । ਸਚਖੰਡ ਦਵਾਰੇ ਮਨਜ਼ੂਰ ਹੋਵੇ ਅਪੀਲ, ਪਾਰਬ੍ਰਹਮ ਪ੍ਰਭ ਲੇਖਾ ਦਏ ਮੁਕਾਈਆ । ਗੜ੍ਹ ਹੰਕਾਰ ਦੀ ਤੋੜ ਫ਼ਸੀਲ, ਫ਼ੈਸਲਾ ਦੂਰ ਦੁਰਾਡਾ ਦਏ ਮੁਕਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਗਾਹ ਸਾਚੀ ਸਾਚਾ ਘਰ ਵਖਾਈਆ । ਜਨ ਭਗਤ ਤੇਰਾ ਧਾਮ ਨਿਆਰਾ, ਨਿਰਗੁਣ ਨਿਰਵੈਰ ਆਪ ਬਣਾਈਆ । ਜਿਸ ਘਰ ਵਸੇ ਏਕੰਕਾਰਾ, ਜੋਤੀ ਜਾਤਾ ਸੋਭਾ ਪਾਈਆ । ਚਰਨ ਪ੍ਰੀਤੀ ਦਏ ਸਹਾਰਾ, ਦੂਜੀ ਓਟ ਨਾ ਕੋਇ ਜਣਾਈਆ । ਜੁਗ ਜਨਮ ਵਿਚੋਂ ਕੱਢ ਕੇ ਬਾਹਰਾ, ਜਾਹਰਾ ਆਪਣੇ ਨਾਲ ਰਲਾਈਆ । ਦੀਨ ਦੁਨੀ ਰਹੇ ਨਾ ਦਾਇਰਾ, ਦਾਅਵਾ ਖ਼ਾਰਜ ਦਏ ਕਰਾਈਆ । ਇਕੋ ਆਤਮ ਪਰਮਾਤਮ ਦੱਸ ਕੇ ਨਾਅਰਾ, ਨਰ ਨਰਾਇਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦੱਸ ਕੇ ਧੁਰ ਦਵਾਰਾ, ਧੁਰ ਦਰਬਾਰੇ ਲਏ ਬੁਲਾਈਆ ।

### ★ ੭ ਕੱਤਕ ਸ਼ਹਿਨਸ਼ਾਹੀ ਸੰਮਤ ੨ ਸਵਿੰਦਰ ਸਿੰਘ ਪਿੰਡ ਗਵਾੜ ਜ਼ਿਲਾ ਗੁਰਦਾਸਪੁਰ ★

ਜਨ ਭਗਤ ਤੇਰਾ ਇਸ਼ਟ ਸ੍ਰੀ ਭਗਵਾਨ, ਜੋਤੀ ਜਾਤਾ ਪੁਰਖ ਬਿਧਾਤਾ ਬੇਪਰਵਾਹੀਆ । ਸਚਖੰਡ ਦਵਾਰ ਤੇਰਾ ਅਗੰਮ ਮਕਾਨ, ਦਰਗਾਹ ਸਾਚੀ ਮੁਕਾਮੇ ਹਕ ਨਜ਼ਰੀ ਆਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਝੁਕਾਣ, ਨਿਰਗੁਣ ਹੋ ਕੇ ਨਿਰਗੁਣ ਅੱਗੇ ਝੋਲੀ ਡਾਹੀਆ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਦਾਨ, ਨੇਤਰ ਨੈਣਾਂ ਬੈਠੇ ਨੀਰ ਵਹਾਈਆ । ਜਿਸ ਗ੍ਰਿਹਿ ਦੀਪਕ ਜੋਤ ਜਗੇ ਮਹਾਨ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਇਕੋ ਸੋਭਾ ਪਾਈਆ । ਸ਼ਬਦ ਸੁਤ ਜਿਸ ਦਾ ਨੌਜਵਾਨ, ਸਤਿਗੁਰ ਧਾਰ ਆਪਣੀ ਆਪ ਪਰਗਟਾਈਆ । ਲੇਖਾ ਜਾਣੇ ਦੋ ਜਹਾਨ, ਹੁਕਮਰਾਨ ਇਕੋ ਸ਼ਹਿਨਸ਼ਾਹੀਆ । ਜਿਸ ਨੂੰ ਸਜਦੇ ਕਰਦੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਸਿਰ ਸਕੇ ਨਾ ਕੋਇ ਉਠਾਈਆ । ਜੁਗ ਚੌਕੜੀ ਖੇਲੇ ਖੇਲ ਮਹਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦਾ ਢੋਲਾ ਗਾਣ, ਸਿਫ਼ਤਾਂ ਵਿਚ ਨਿਰਅੱਖਰ ਧਾਰ ਅੱਖਰ ਲਏ ਬਣਾਈਆ । ਜਗ ਨੇਤਰ ਜਿਸ ਦੀ ਜੀਵ ਜੰਤ ਕਰ ਨਾ ਸਕੇ ਪਹਿਚਾਨ, ਸੋ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰਾ ਪਿਤਾ ਮਾਈਆ । ਚਾਰ ਕੁੰਟ ਦਹਿ ਦਿਸ਼ਾ ਜਿਸ ਦਾ ਝੁਲਦਾ ਧਰਮ ਨਿਸ਼ਾਨ, ਸਾਚਾ ਦਵਾਰ ਏਕੰਕਾਰ ਇਕੋ ਇਕ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਜਿਸ ਦਾ ਢੋਲਾ ਦੀਨ ਦੁਨੀ ਸੁਣਾਨ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਏ ਜਣਾਈਆ । ਸੋ ਸਾਹਿਬ ਸੂਰਾ ਸੁਲਤਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਜੋਧਾ ਸੂਰਬੀਰ ਬਣ ਬਲਵਾਨ, ਬਲਧਾਰੀ ਆਪ ਹੋ ਜਾਈਆ । ਸਦੀ ਚੌਧਵੀਂ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਚੌਦਾਂ ਤਬਕਾਂ ਪੜਦਾ ਦਏ ਉਠਾਈਆ । ਹੁਕਮੇ ਅੰਦਰ ਦੇਵੇ ਇਕ ਫ਼ਰਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਜਨ ਭਗਤਾਂ ਰਿਹਾ ਵਖਾਈਆ । ਜਨ ਭਗਤ ਤੇਰਾ ਦਵਾਰਾ ਅਗੰਮ ਅਥਾਹ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਘਰ ਬੈਠਾ ਬੇਪਰਵਾਹ, ਪਾਰਬ੍ਰਹਮ ਪ੍ਰਭ ਆਪਣਾ ਡੇਰਾ ਲਾਈਆ । ਦੂਸਰ ਦਿਸੇ ਨਾ ਕੋਇ ਨਿਸ਼ਾਂ, ਨਿਸ਼ਾਨਾ ਕੂੜ ਨਾ ਕੋਇ ਝੁਲਾਈਆ । ਝਗੜਾ ਰਹੇ ਨਾ ਜ਼ਿਮੀਂ ਅਸਮਾਂ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਆਦਿ ਜੁਗਾਦੀ

੧੦੮
੨੦

ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਏਕਾ ਹੁਕਮਰਾਂ, ਦੋ ਜਹਾਨਾਂ ਫ਼ਰਮਾਨਾ ਆਪ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹੋਵੇ ਮਿਹਰਵਾਂ, ਮਹਿਬੂਬ ਆਪਣੀ ਮੁਹੱਬਤ ਦਏ ਸਮਝਾਈਆ । ਸਦੀ ਚੌਧਵੀਂ ਹਕ ਹਕੀਕਤ ਵਾਲਾ ਕਰੇ ਨਿਆਂ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਅਦਾਲਤ ਇਕੋ ਇਕ ਜਣਾਈਆ । ਜੋ ਭਵਿਖਤਾਂ ਵਿਚ ਲਿਖਤਾਂ ਵਿਚ ਦ੍ਰਿਸ਼ਟਾਂ ਵਿਚ ਗਏ ਜਣਾ, ਜਾਹਰ ਜਹੂਰ ਹੋ ਕੇ ਭੇਵ ਅਭੇਦਾ ਦਏ ਖੁਲ੍ਹਾਈਆ । ਜਿਸ ਦੇ ਨਾਮ ਦੀ ਸਦਾ ਲੱਗਦੀ ਰਹੀ ਸਦਾ, ਢੋਲੇ ਸੋਹਲੇ ਸਿਫ਼ਤਾਂ ਵਿਚ ਸਾਲਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਲਵਾਗਰ ਖ਼ੁਦਾ, ਕਾਇਨਾਤ ਦਾ ਮਾਲਕ ਪ੍ਰਿਤਪਾਲਕ ਖ਼ਾਲਕ ਇਕੋ ਨਜ਼ਰੀ ਆਈਆ । ਜਿਸ ਦੇ ਅੱਗੇ ਈਸਾ ਮੂਸਾ ਮੁਹੰਮਦ ਕਰਦੇ ਗਏ ਦੁਆ, ਨਿਉਂ ਨਿਉਂ ਸਜਦਿਆਂ ਵਿਚ ਸੀਸ ਝੁਕਾ, ਚਰਨ ਧੂੜੀ ਟਿੱਕਾ ਖ਼ਾਕ ਰਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋਤ ਕਰੇ ਰੁਸ਼ਨਾ, ਜੋਤੀ ਜਾਤਾ ਪੁਰਖ ਬਿਧਾਤਾ ਵੇਸ ਅਵਲੜਾ ਆਪ ਵਟਾਈਆ । ਜਿਸ ਦਾ ਲੇਖਾ ਜਾਣੇ ਕੋਈ ਨਾ, ਬੇਅੰਤ ਕਹਿ ਕੇ ਸਾਰੇ ਗਏ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜਦਾ ਓਹਲਾ ਸਕੇ ਨਾ ਕੋਇ ਉਠਾ, ਮੰਜ਼ਲ ਹਕੀਕੀ ਹਕ ਅਗਲਾ ਹੁਕਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰਾ ਏਕੰਕਾਰਾ ਜਨ ਭਗਤਾਂ ਆਪ ਵਖਾਈਆ । ਜਨ ਭਗਤ ਤੇਰਾ ਦਵਾਰ ਸਚਖੰਡ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਝਗੜਾ ਨਹੀਂ ਜੇਰਜ ਅੰਡ, ਉਤਭੁਜ ਸੇਹਤਜ ਵੰਡ ਨਾ ਕੋਇ ਵੰਡਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਭਰਮ ਭੌ ਵਾਲੀ ਨਹੀਂ ਕੰਧ, ਹਉਮੇ ਹੰਗਤਾ ਗੜ੍ਹ ਨਾ ਕੋਇ ਰਖਾਈਆ । ਰਸਨਾ ਜਿਹਵਾ ਬੱਤੀ ਦੰਦ ਗਾਉਣ ਵਾਲਾ ਨਹੀਂ ਕੋਈ ਛੰਦ, ਅੱਖਰਾਂ ਵਾਲੀ ਕਰੇ ਨਾ ਕੋਇ ਪੜ੍ਹਾਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਇਕੋ ਬੈਠਾ ਸੋਹੇ ਸੂਰਾ ਸਰਬੰਗ, ਜੋਤੀ ਜਾਤਾ ਨੂਰ ਨੁਰਾਨਾ ਨੂਰ ਨੂਰ ਕਰੇ ਰੁਸ਼ਨਾਈਆ । ਜਗਤ ਦੀਪਕ ਪਰਕਾਸ਼ ਨਾ ਕੋਇ ਸੂਰਜ ਚੰਦ, ਮੰਡਲ ਮੰਡਪ ਰੂਪ ਨਾ ਕੋਇ ਵਖਾਈਆ । ਆਤਮ ਧਾਰ ਸ਼ਬਦ ਪਿਆਰ ਜੋਤ ਨਿਰੰਕਾਰ ਸਚ ਦਵਾਰ ਮੇਲ ਮਿਲਾ ਕੇ (ਸਚਖੰਡ), ਆਪਣੀ ਧਾਰ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਸਚ ਦਵਾਰ ਭਗਤ ਸੁਹੇਲਾ ਇਕ ਇਕੇਲਾ ਇਕੋ ਇਕ ਵਖਾਈਆ । ਜਨ ਭਗਤ ਤੇਰਾ ਦਵਾਰਾ ਸਚ, ਸਤਿ ਸਤਿਵਾਦੀ ਆਪ ਬਣਾਈਆ । ਜਿਥੇ ਆਦਿ ਜੁਗਾਦਿ ਜੁਗ ਚੌਕੜੀ ਇਕੋ ਮਤ, ਪਾਰਬ੍ਰਹਮ ਪ੍ਰਭ ਸਿਖਿਆ ਸਚ ਸਮਝਾਈਆ । ਤਨ ਨਾੜੀ ਵਜੂਦ ਸ਼ਰੀਰ ਪੰਜ ਤਤ ਨਾ ਉਬਲੇ ਰੱਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਤਿਸ ਦਵਾਰੇ ਪ੍ਰਭ ਚਰਨ ਕਵਲਾਰੇ ਜਾਣਾ ਵਸ, ਛੱਪਰ ਛੰਨ ਲੋੜ ਰਹੇ ਨਾ ਰਾਈਆ । ਨਿਰਗੁਣ ਜੋਤ ਮਿਲਣਾ ਜੋਤ ਪਰਕਾਸ਼, ਪਰਕਾਸ਼ਤ ਹੋ ਕੇ ਆਪਣਾ ਨੂਰ ਕਰੇ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਏਕਾ ਮੰਡਲ ਪਾਵੇ ਰਾਸ, ਗੋਪੀ ਕਾਹਨ ਆਪਣਾ ਰੂਪ ਵਖਾਈਆ । ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਗੁਰਸਿਖਾਂ ਸੂਫ਼ੀ ਫ਼ਕੀਰਾਂ ਦੀਨ ਵਿਚੋਂ ਮਜ਼੍ਹਬ ਵਿਚੋਂ ਸ਼ਰਅ ਵਿਚੋਂ ਇਸਲਾਮ ਵਿਚੋਂ ਕਲਾਮ ਵਿਚੋਂ ਕਰ ਕੇ ਬੰਦ ਖ਼ਲਾਸ, ਧੁਰ ਦਾ ਨਾਮ ਅਗੰਮ ਬਨਾਮ ਬਿਨ ਅੱਖਰਾਂ ਨਿਰਅੱਖਰ ਕਾਇਆ ਮੰਦਰ ਅੰਦਰ ਆਪ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮੰਜ਼ਲ ਚੋਟੀ ਚੜ੍ਹ ਕੇ


੧੦੯ ੨੦

ਬੈਠਾ ਸਿਖਰ, ਜਨ ਭਗਤਾਂ ਜਨਮ ਮਰਨ ਦਾ ਮੇਟੇ ਫ਼ਿਕਰ, ਮਨ ਵਾਸਨਾ ਕਰੇ ਕੋਈ ਨਾ ਗ਼ਦਰ, ਮਾਣਸ ਜਨਮ ਪੂਰੀ ਕਰੇ ਸੱਧਰ, ਸਿੱਧਾ ਸਚਖੰਡ ਦਵਾਰਾ ਏਕੰਕਾਰਾ ਨਿਰਗੁਣ ਧਾਰਾ ਜੋਤ ਪਸਾਰਾ ਜਲਵਾਗਰ ਆਪਣਾ ਘਰ ਵਖਾਈਆ ।

★ ੭ ਕੱਤਕ ਸ਼ਹਿਨਸ਼ਾਹੀ ਸੰਮਤ ੨ ਸੁਰਜੀਤ ਕੌਰ ਦੇ ਗ੍ਰਿਹ ਪਿੰਡ ਸ਼ਿਕਾਰ ਮਾਛੀਆਂ ਜ਼ਿਲਾ ਗੁਰਦਾਸਪੁਰ ★

ਜਨ ਭਗਤ ਸਤਿ ਧਰਮ ਰੱਖ ਆਸ, ਸੰਤ ਸੁਹੇਲੇ ਗੁਰਮੁਖ ਮਿਲੇ ਮਾਣ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਸਭ ਦੀ ਮਿਟਾਵਣਹਾਰਾ ਪਿਆਸ, ਜਗਤ ਵਾਸਨਾ ਤ੍ਰਿਸਨਾ ਦੁੱਖ ਰਹੇ ਨਾ ਰਾਈਆ । ਪੂਰਬ ਕਰਮ ਜਨਮ ਦੀ ਪੂਰੀ ਹੋਵੇ ਆਸ, ਨਿਰਾਸਾ ਆਸਾ ਵਿਚ ਬਦਲਾਈਆ । ਮਾਨਸ ਜਨਮ ਕਰ ਕੇ ਰਹਿਰਾਸ, ਚੁਰਾਸੀ ਵਿਚੋਂ ਬਾਹਰ ਕਢਾਈਆ । ਨਾਮ ਭੰਡਾਰਾ ਦੇ ਕੇ ਦਾਤ, ਅਨਮੁੱਲੜੀ ਦੌਲਤ ਆਪ ਵਰਤਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਆਤਮ ਪਰਮਾਤਮ ਗਾਉਂਣੀ ਧੁਰ ਦੀ ਗਾਥ, ਸੋਹੰ ਢੋਲਾ ਵੱਜੇ ਹਕ ਵਧਾਈਆ । ਕਿਰਪਾ ਕਰੇ ਪੁਰਖ ਸਮਰਾਥ, ਦੋ ਜਹਾਨਾਂ ਵਾਲੀ ਹੋਏ ਸਹਾਈਆ । ਸਾਚੀ ਮੰਜ਼ਲ ਚੜ੍ਹਨਾ ਆਪਣੇ ਘਾਟ, ਜਗਤ ਦਵਾਰਾ ਨਾ ਕੋਇ ਅਟਕਾਈਆ । ਸਚਖੰਡ ਦਾ ਵੇਖਣਾ ਖੇਲ ਤਮਾਸ਼, ਜਿਥੇ ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਇਕੋ ਜੋਤ ਨੂਰ ਪਰਕਾਸ਼, ਜਲਵਾਗਰ ਬੈਠਾ ਤੇਰਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਸੁਹੇਲੇ ਦਰ ਠਾਂਡੇ ਲਏ ਬੁਲਾਈਆ । ਜਨ ਭਗਤ ਤੇਰਾ ਦਵਾਰਾ ਹਰਿ ਚਰਨ, ਜਗਤ ਇਸ਼ਟ ਨਾ ਕੋਇ ਮਨਾਈਆ । ਕਿਰਪਾ ਕਰ ਕੇ ਖੋਲ੍ਹੇ ਹਰਨ ਫਰਨ, ਨਿਜ ਨੇਤਰ ਨੈਣ ਹੋਏ ਰੁਸ਼ਨਾਈਆ । ਮੰਜ਼ਲ ਆਪਣੀ ਦੱਸੇ ਚੜ੍ਹਨ, ਜਗਤ ਦਵਾਰੇ ਨੌ ਪਾਰ ਕਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਆਦਿ ਜੁਗਾਦਿ ਜੁਗ ਚੌਕੜੀ ਭਗਤ ਭਗਵਾਨ ਮਿਲ ਕੇ ਢੋਲਾ ਪੜ੍ਹਨ, ਸ਼ਾਸਤਰ ਸਿਮਰਤ ਵੇਦ ਪੁਰਾਨ ਵਾਲੀ ਕਰਨ ਨਾ ਕੋਇ ਪੜ੍ਹਾਈਆ । ਸਾਹਿਬ ਸਮਰਥ ਸਾਚੀ ਬਖ਼ਸ਼ੇ ਇਕੋ ਸਰਨ, ਸ਼ਰਨਗਤ ਇਕੋ ਦਏ ਸਮਝਾਈਆ । ਝਗੜਾ ਮੁਕਾ ਕੇ ਆਵਣ ਜਾਵਣ ਮਰਨ ਡਰਨ, ਜਮ ਕੀ ਫਾਸੀ ਦਏ ਕਟਾਈਆ । ਲੇਖਾ ਰਹੇ ਨਾ ਜਾਤ ਪਾਤ ਦੀਨ ਮਜ਼੍ਹਬ ਵਰਨ ਬਰਨ, ਸ਼ਰਅ ਸ਼ਰੀਅਤ ਨਾ ਕੋਇ ਲੜਾਈਆ । ਸਿੱਧਾ ਸਚਖੰਡ ਦਵਾਰੇ ਦੱਸੇ ਵੜਨ, ਜਿਸ ਗ੍ਰਿਹ ਗੁਰ ਅਵਤਾਰ ਪੈਗ਼ੰਬਰ ਬੈਠੇ ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਕਲਜੁਗ ਵੇਖ ਕੂੜ ਅੰਧੇਰਾ, ਚਾਰੋਂ ਕੁੰਟ ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਬੰਨ੍ਹੇ ਕੋਈ ਨਾ ਬੇੜਾ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਫਿਰੇ ਹਲਕਾਈਆ । ਮਨ ਹੰਕਾਰੀ ਕਰੇ ਮੇਰਾ ਮੇਰਾ, ਮਮਤਾ ਮੋਹ ਨਾ ਕੋਇ ਚੁਕਾਈਆ । ਅਬਿਨਾਸ਼ੀ ਕਰਤਾ ਕਿਸੇ ਨਾ ਦਿਸੇ ਨੇਰਨ ਨੇਰਾ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਖੋਜਣ ਥਾਉਂ ਥਾਈਂਆ । ਬਿਨ ਸਾਚੇ ਭਗਤਾਂ ਸਾਢੇ ਤਿੰਨ ਹੱਥ ਵਸਿਆ ਕਿਸੇ ਨਾ ਖੇੜਾ, ਘਰ ਮੰਦਰ ਨਾ ਵੱਜੀ ਵਧਾਈਆ । ਸਤਿਗੁਰ ਸ਼ਬਦ ਪੰਜ ਵਿਕਾਰ ਚੁਕਾਵੇ ਝੇੜਾ, ਮਨਮਤ ਰਹੇ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਜਨ ਭਗਤਾਂ ਲਗਾਏ ਧਾਮ ਅਗੰਮੇ ਡੇਰਾ, ਜਿਥੇ

ਡਰ ਭੌ ਰਹਿਣ ਕੋਇ ਨਾ ਪਾਈਆ । ਜਨ ਭਗਤ ਤੇਰਾ ਧਾਮ ਅਵੱਲਾ, ਸਚਖੰਡ ਸਾਚਾ ਨਜ਼ਰੀ ਆਈਆ । ਜਿਸ ਘਰ ਵਸੇ ਪੁਰਖ ਇਕ ਇਕੱਲਾ, ਜੋਤੀ ਜਾਤਾ ਨੂਰ ਖ਼ੁਦਾਈਆ । ਸ਼ਬਦੀ ਧਾਰ ਫੜਾਏ ਸੁਰਤੀ ਪੱਲਾ, ਨਾਮ ਨਿਧਾਨਾ ਡੋਰੀ ਤੰਦ ਗੰਢ ਬੰਧਾਈਆ । ਸਚ ਸੰਦੇਸ਼ ਨਾਉਂ ਨਿਰੰਕਾਰ ਨਿਰਗੁਣ ਧਾਰ ਏਕਾ ਘੱਲਾ, ਆਤਮ ਪਰਮਾਤਮ ਪਰਮਾਤਮ ਆਤਮ ਦਏ ਜਣਾਈਆ । ਲੱਖ ਚੁਰਾਸੀ ਜੀਵ ਜੰਤ ਨਾਲ ਕਰ ਕੇ ਵਲ ਛਲਾ, ਅਛਲ ਛਲਧਾਰੀ ਆਪਣਾ ਪੜਦਾ ਲਿਆ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਨਿਹਚਲ ਧਾਮ ਅਟੱਲਾ, ਊਚ ਅਗੰਮ ਅਥਾਹ ਬੇਪਰਵਾਹ ਸਚ ਸਿੰਘਾਸਣ ਪੁਰਖ ਅਬਿਨਾਸ਼ਨ ਦਰਗਾਹ ਸਾਚੀ ਸੋਭਾ ਪਾਈਆ ।

★ ੭ ਕੱਤਕ ਸ਼ਹਿਨਸ਼ਾਹ ਸੰਮਤ ੨ ਦਲੀਪ ਸਿੰਘ ਦੇ ਗ੍ਰਿਹ ਪਿੰਡ ਪੱਬਾ ਰਾਲੀ ਜ਼ਿਲਾ ਗੁਰਦਾਸਪੁਰ ★

ਸ੍ਰੀ ਭਗਵਾਨ ਦੀਨ ਦੁਨੀ ਦੱਸ ਸਾਂਝਾ ਰਾਹ, ਊਚ ਨੀਚ ਜਾਤ ਪਾਤ ਦੀਨ ਮਜ਼੍ਹਬ ਕਰੇ ਨਾ ਕੋਇ ਲੜਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਬਣ ਮਲਾਹ, ਲੱਖ ਚੁਰਾਸੀ ਖੇਵਟ ਖੇਟਾ ਇਕੋ ਨਜ਼ਰੀ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਹੋ ਆਪ ਸਹਾ, ਤੁਧ ਬਿਨ ਸਹਾਈ ਸਿਰ ਹੱਥ ਨਾ ਕੋਇ ਟਿਕਾਈਆ । ਧਰਨੀ ਧਰਤ ਧਵਲ ਰਹੀ ਕੁਰਲਾ, ਸੰਤ ਸੁਹੇਲੇ ਬੈਠੇ ਨੈਣ ਉਠਾਈਆ । ਜਨ ਭਗਤ ਆਪਣਾ ਸੀਸ ਰਹੇ ਨਿਵਾ, ਗੁਰਮੁਖ ਚਰਨ ਕਵਲ ਲਾਗਣ ਸਚ ਸਰਨਾਈਆ । ਕਿਰਪਾ ਕਰ ਮਿਹਰਵਾਨ, ਮਹਿਬੂਬ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨ, ਸਤਿ ਧਰਮ ਸਤਿਜੁਗ ਸਾਚਾ ਦੇ ਵਖਾਈਆ । ਬੋਧ ਅਗਾਧੀ ਬਿਬੇਕ ਦੇ ਦੋ ਜਹਾਨ, ਭੇਵ ਅਭੇਦ ਆਪਣਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਠਾਂਡੇ ਹੋ ਸਹਾਈਆ । ਅਬਿਨਾਸ਼ੀ ਕਰਤੇ ਤੂੰ ਧੁਰ ਦਾ ਮਾਲਕ, ਮੁਲੱਮਾ ਕਲਜੁਗ ਕੂੜਾ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਬਣ ਸਾਲਸ, ਸਤਿਗੁਰ ਸ਼ਬਦ ਵਿਚੋਲਾ ਰੂਪ ਵਟਾਈਆ । ਤੇਰੀ ਹਕੀਕਤ ਵਾਲੀ ਇਕ ਅਦਾਲਤ, ਦੋ ਜਹਾਨਾਂ ਹੁਕਮ ਸੁਣਾਈਆ । ਸਾਚੇ ਨਾਮ ਦੀ ਕਰੀਂ ਸਖ਼ਾਵਤ, ਵਸਤ ਅਮੋਲਕ ਝੋਲੀ ਪਾਈਆ । ਕਲਜੁਗ ਅੰਤ ਸਾਚਾ ਨਾਮ ਮਿਲੇ ਨਾ ਕਿਸੇ ਨਿਆਮਤ, ਬਿਨ ਰਸਨਾ ਰਸ ਨਾ ਕੋਇ ਵਖਾਈਆ । ਮਨ ਹੰਕਾਰੀ ਕਰੇ ਬਗ਼ਾਵਤ, ਚਾਰ ਕੁੰਟ ਲੜਾਈਆ । ਆਤਮ ਪਰਮਾਤਮ ਮੇਟ ਆਪ ਅਦਾਵਤ, ਅਦਲ ਇਨਸਾਫ਼ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਤ ਦਾਤਾਰ ਆਪਣੀ ਆਪ ਵਰਤਾਈਆ ।

★ ੭ ਕੱਤਕ ਸ਼ਹਿਨਸ਼ਾਹੀ ਸੰਮਤ ੨ ਲਾਭ ਕੌਰ ਦੇ ਗ੍ਰਿਹ ਪਿੰਡ ਪੱਬਾ ਰਾਲੀ ਜ਼ਿਲਾ ਗੁਰਦਾਸਪੁਰ ★

ਜਨ ਭਗਤਾਂ ਸਾਚੀ ਸਦਾ ਰਹੇ ਉਡੀਕ, ਜੁਗ ਚੌਕੜੀ ਧਿਆਨ ਲਗਾਈਆ । ਮਿਲੇ ਮੇਲ ਪੁਰਖ ਅਬਿਨਾਸ਼ੀ ਸਾਚੇ ਮੀਤ, ਸਾਹਿਬ ਸਤਿਗੁਰ

ਹੋਏ ਸਹਾਈਆ । ਨਾਮ ਨਿਧਾਨਾ ਦੇਵੇ ਅਗੰਮਾ ਗੀਤ, ਆਤਮ ਪਰਮਾਤਮ ਢੋਲਾ ਦਏ ਸਮਝਾਈਆ । ਦੀਨ ਦੁਨੀ ਵਿਚੋਂ ਬਦਲ ਕੇ ਰੀਤ, ਨਾਤਾ ਆਪਣੇ ਨਾਲ ਜੁੜਾਈਆ । ਝਗੜਾ ਮੁਕਾ ਕੇ ਹਸਤ ਕੀਟ, ਸਚਖੰਡ ਦਵਾਰੇ ਦੇਵੇ ਮਾਣ ਵਡਿਆਈਆ । ਕਾਇਆ ਮਾਟੀ ਕਰੇ ਠਾਂਡੀ ਸੀਤ, ਤ੍ਰੈਗੁਣ ਅਗਨੀ ਅੱਗ ਨਾ ਕੋਇ ਤਪਾਈਆ । ਭਰਮ ਰਹਿਣ ਨਾ ਦੇਵੇ ਜਾਤ ਪਾਤ ਊਚ ਨੀਚ, ਰਾਓ ਰੰਕ ਇਕੋ ਘਰ ਵਸਾਈਆ । ਦੀਨ ਮਜ਼੍ਹਬ ਦੀ ਮੇਟ ਕੇ ਲੀਕ, ਮਾਰਗ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਈਆ । ਉਡੀਕ ਅੰਦਰ ਜੋ ਤੱਕੇ ਰਾਹ, ਬਿਨ ਅੱਖਾ ਅੱਖ ਖੁਲ੍ਹਾਈਆ । ਤਿਨ੍ਹਾਂ ਸਤਿਗੁਰ ਸ਼ਬਦ ਬਣੇ ਮਲਾਹ, ਬੇੜਾ ਜਗਤ ਜਹਾਨ ਬੰਨੇ ਦਏ ਲਗਾਈਆ । ਏਥੇ ਓਥੇ ਦੋ ਜਹਾਨਾ ਹੋਵੇ ਸਹਾ, ਸਹਾਇਕ ਨਾਇਕ ਇਕੋ ਬੇਪਰਵਾਹੀਆ । ਆਵਣ ਜਾਵਣ ਲੱਖ ਚੁਰਾਸੀ ਪੈਂਡਾ ਦਏ ਮੁਕਾ, ਜੂਨ ਅਜੂਨੀ ਭਰਮ ਨਾ ਕੋਇ ਭੁਲਾਈਆ । ਸਾਚਾ ਮੰਦਰ ਦਏ ਵਖਾ, ਸਚਖੰਡ ਦਵਾਰਾ ਇਕ ਸੁਹਾਈਆ । ਜਿਸ ਘਰ ਭਗਤ ਸੁਹੇਲੇ ਸੰਤ ਲਏ ਬਹਾ, ਗੁਰਮੁਖ ਗੁਰ ਗੁਰ ਮੇਲ ਮਿਲਾਈਆ । ਤਿਨ੍ਹਾਂ ਲਹਿਣਾ ਦੇਣਾ ਚੁਕਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਬੈਠੇ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿਜਨ ਆਸ਼ਾ ਪੂਰ ਕਰਾਈਆ । ਉਡੀਕ ਅੰਦਰ ਜੋ ਖੋਲ੍ਹਣ ਅੱਖ, ਬਿਨ ਅੱਖਾਂ ਰਾਹ ਤਕਾਈਆ । ਤਿਨ੍ਹਾਂ ਪੁਰਖ ਅਕਾਲ ਮਿਲੇ ਸਮਰਥ, ਧੁਰ ਦਾ ਮਾਲਕ ਬੇਪਰਵਾਹੀਆ । ਜਿਸ ਦਾ ਸ਼ਾਸਤਰ ਸਿਮਰਤ ਗਾਉਂਦੇ ਜਸ, ਵੇਦ ਗਰੰਥ ਦੇਣ ਗਵਾਹੀਆ । ਸੋ ਸਵਾਮੀ ਭਗਤਾਂ ਝੋਲੀ ਪਾਏ ਹਕ, ਪੂਰਬ ਲਹਿਣਾ ਵੇਖ ਵਖਾਈਆ । ਗੁਰਮੁਖ ਸੰਤ ਸੁਹੇਲਾ ਰਾਹ ਤੱਕਦਿਆਂ ਕਦੇ ਨਾ ਜਾਵੇ ਥੱਕ, ਥਕਾਵਟ ਵਿਚ ਕਦੇ ਨਾ ਆਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਮੰਤਰ ਆਪਣਾ ਨਾਮ ਦੇਵੇ ਸਚ, ਸਚ ਸਾਚਾ ਆਪਣਾ ਰੰਗ ਰੰਗਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਸਾਢੇ ਤਿੰਨ ਹੱਥ ਕੰਚਨ ਗੜ੍ਹ ਦਏ ਸੁਹਾਈਆ । ਲੂੰ ਲੂੰ ਅੰਦਰ ਜਾਏ ਰਚ, ਰਚਨਾ ਆਪਣੀ ਦਏ ਵਖਾਈਆ । ਜਨਮ ਕਰਮ ਦੀ ਪੂਰੀ ਕਰ ਕੇ ਆਸ, ਤ੍ਰਿਸਨਾ ਕੂੜੀ ਦਏ ਮਿਟਾਈਆ । ਜਿਨ੍ਹਾਂ ਗੁਰਮੁਖਾਂ ਜਪਿਆ ਸਵਾਸ ਸਵਾਸ, ਸਨਮੁਖ ਹੋ ਕੇ ਨਜ਼ਰੀ ਆਈਆ । ਓਨ੍ਹਾਂ ਲੇਖੇ ਲਾ ਕੇ ਸਾਸ ਗਰਾਸ, ਘਰ ਆਪਣੇ ਦਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਹੋ ਕੇ ਦਾਸ, ਸੇਵਕ ਆਪਣੀ ਸੇਵ ਕਮਾਈਆ ।

★ ੭ ਕੱਤਕ ਸ਼ਹਿਨਸ਼ਾਹੀ ਸੰਮਤ ੨ ਜਸਬੀਰ ਸਿੰਘ ਦੇ ਗ੍ਰਿਹਿ ਪਿੰਡ ਭੋਲੇ ਕੇ ਜ਼ਿਲਾ ਗੁਰਦਾਸਪੁਰ ★

ਜਨ ਭਗਤ ਕਦੇ ਨਾ ਮਰਦਾ, ਮੁਰਦਿਆਂ ਵਿਚ ਨਾ ਕਦੇ ਸਮਾਈਆ । ਸਚਖੰਡ ਸਾਚੀ ਮੰਜ਼ਲ ਚੜ੍ਹਦਾ, ਢੋਲਾ ਗਾਵੇ ਚਾਈਂ ਚਾਈਆ । ਦਰਸ਼ਨ ਕਰੇ ਨਰ ਹਰਿ ਦਾ, ਨਰ ਨਰਾਇਣ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਅੰਦਰ ਧਰਦਾ, ਧਰਮ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਚਰਨ ਕਵਲ ਧੁਰ ਦੇ ਫੜਦਾ, ਮਸਤਕ ਆਪਣੇ ਨਾਲ ਛੁਹਾਈਆ । ਧਰਮ ਦਵਾਰ ਦਾ ਬਣ ਕੇ ਬਰਦਾ, ਬੰਦੀਖ਼ਾਨੇ ਸਾਰੇ ਜਾਏ ਤਜਾਈਆ ।

ਵਾਸੀ ਬਣ ਕੇ ਸਚ ਦਵਾਰੇ ਧੁਰ ਦੇ ਘਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦਰ ਇਕ ਵਖਾਈਆ । ਜਨ ਭਗਤ ਕਦੇ ਨਾ ਮੋਇਆ, ਜਨਮ ਮਰਨ ਵਿਚ ਕਦੇ ਨਾ ਆਈਆ । ਜੋਤੀ ਸਰੂਪੀ ਜੋਤ ਹੋਇਆ, ਜੋਤ ਜੋਤ ਵਿਚ ਡਗਮਗਾਈਆ । ਜਿਸ ਦਾ ਭੇਵ ਨਾ ਜਾਣੇ ਕੋਇਆ, ਜਗਤ ਬੁੱਧੀ ਸਮਝ ਕਿਸੇ ਨਾ ਆਈਆ । ਸਦਾ ਸਦਾ ਸਦ ਨਵਾਂ ਨਰੋਇਆ, ਸਚ ਦਵਾਰੇ ਬੈਠਾ ਸੋਭਾ ਪਾਈਆ । ਆਲਸ ਨਿੰਦਰਾ ਵਿਚ ਕਦੇ ਨਾ ਸੋਇਆ, ਜਾਗਰਤ ਜੋਤ ਕਰੇ ਰੁਸ਼ਨਾਈਆ । ਧੁਰ ਦੇ ਪਿਆਰ ਅੰਦਰ ਜਾਏ ਮੋਹਿਆ, ਮੁਹੱਬਤ ਇਕੋ ਨਾਲ ਰਖਾਈਆ । ਝਗੜਾ ਮੁਕਾ ਕੇ ਤ੍ਰੈ ਲੋਆ, ਲੋਕ ਪਰਲੋਕ ਖਹਿੜਾ ਦਿਤਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤ ਜਿਸ ਕਾਰਨ ਦੇਵੇ ਭੇਜ, ਭਜਨ ਬੰਦਗੀ ਆਪਣਾ ਆਪ ਜਪਾਈਆ । ਜੋਤੀ ਜਲਵਾ ਦੇ ਕੇ ਤੇਜ, ਤਿੱਖੀ ਧਾਰ ਦਏ ਪਰਗਟਾਈਆ । ਆਤਮ ਸੇਜਾ ਮਾਣ ਕੇ ਸੇਜ, ਸੇਜ ਸੁਹੰਜਣੀ ਵੇਖ ਵਖਾਈਆ । ਸਚਖੰਡ ਵਖਾਏ ਆਪਣਾ ਦੇਸ, ਦੇਸ ਕੂੜਾਵੇ ਦਏ ਮੁਕਾਈਆ । ਜਿਥੇ ਰਹੇ ਸਦਾ ਹਮੇਸ਼, ਸਚਖੰਡ ਸਾਚੇ ਸੋਭਾ ਪਾਈਆ । ਮਾਲਕ ਬਣ ਕੇ ਧੁਰ ਨਰੇਸ਼, ਨਰ ਨਰਾਇਣ ਆਪਣਾ ਘਰ ਦਏ ਸੁਹਾਈਆ । ਭਗਤ ਸੁਹੇਲਾ ਕਰ ਕੇ ਆਪਣੇ ਪੇਸ਼, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤੀ ਦਾ ਭਗਤ ਭਗਵੰਤ ਨਾਲ ਗੁਰਮੇਜ, ਸੇਜ ਇਕੋ ਇਕ ਸੁਹਾਈਆ ।





★ ੭ ਕਤਕ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹਿ ਪਿੰਡ ਭੋਲੇ ਕੇ ਜ਼ਿਲਾ ਗੁਰਦਾਸਪੁਰ ★

ਜਨ ਭਗਤਾਂ ਬਖ਼ਸ਼ੇ ਆਪਣੀ ਸਚ ਤਸਵੀਰ, ਇਸ਼ਟ ਇਕੋ ਇਕ ਜਣਾਈਆ । ਭੇਵ ਖੁਲਾਏ ਬੇਨਜ਼ੀਰ, ਨਜ਼ਰ ਵਿਚੋਂ ਨਜ਼ਰ ਦਏ ਬਦਲਾਈਆ । ਨਾਮ ਖੰਡਾ ਦੇ ਸ਼ਮਸ਼ੀਰ, ਸ਼ਰਅ ਕੂੜੀ ਬੰਧਨ ਦਏ ਮੁਕਾਈਆ । ਹੁਕਮੇ ਅੰਦਰ ਹੁਕਮ ਮਨਾ ਕਬੀਰ, ਕਿਬਲ ਆਪਣਾ ਦਿਤਾ ਸਮਝਾਈਆ । ਜਨ ਭਗਤਾਂ ਬਖ਼ਸ਼ ਕੇ ਨਾਮ ਜਾਗੀਰ, ਦੌਲਤਮੰਦ ਧੁਰ ਦੇ ਦਿਤਾ ਬਣਾਈਆ । ਜਿਥੇ ਪੁੱਜੇ ਨਾ ਕੋਇ ਗ਼ਰੀਬ ਅਮੀਰ, ਸ਼ਾਹ ਸੁਲਤਾਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕੋ ਇਕ ਸੁਹਾਈਆ । ਜਨ ਭਗਤਾਂ ਬਖ਼ਸ਼ੇ ਨਾਮ ਨਿਧਾਨ, ਰਿਧ ਸਿਧ ਨਾ ਕੋਇ ਵਡਿਆਈਆ । ਘਰ ਠਾਕਰ ਮਿਲੇ ਆਣ, ਸਵਾਮੀ ਮੇਲਾ ਸਹਿਜ ਸੁਭਾਈਆ । ਸਾਚੇ ਜੀਵਣ ਦਾ ਦੇ ਕੇ ਦਾਨ, ਦਾਨਸ਼ਮੰਦ ਲਏ ਬਣਾਈਆ । ਸਾਚੇ ਘਰ ਦੀ ਦੇ ਪਹਿਚਾਨ, ਮਹੱਲ ਅਟਲ ਦਏ ਵਖਾਈਆ । ਸਾਚੇ ਘਰ ਦਾ ਦੇ ਕੇ ਨਾਮ, ਸੋਹੰ ਢੋਲਾ ਦਏ ਪੜ੍ਹਾਈਆ । ਭਾਗ ਲਗਾ ਕੇ ਕਾਇਆ ਮਾਟੀ ਚਾਮ, ਚਮਨ ਧੁਰ ਦਾ ਦਏ ਵਖਾਈਆ । ਜਨ ਭਗਤਾਂ ਮਿਲਣਾ ਕਰ ਆਸਾਨ, ਮੇਲ ਮਿਲਾਏ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਨਿਗਾਹਬਾਨ, ਬਿਨ ਅੱਖਾਂ ਆਖ਼ਰ ਤਕ ਵੇਖੇ ਚਾਈਂ ਚਾਈਂਆ ।

★ ੭ ਕਤਕ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਵਹੀਲਾ ਜ਼ਿਲਾ ਗੁਰਦਾਸਪੁਰ ★

ਸਤਿ ਧਰਮ ਕਹੇ ਪ੍ਰਭ ਲੋਕਮਾਤ ਲਾ ਜੜ੍ਹ, ਜੜ੍ਹ ਚੇਤਨ ਦੀਨ ਦੁਨੀ ਦੇ ਸਮਝਾਈਆ । ਤੇਰੇ ਨਾਮ ਦਾ ਢੋਲਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਾਵੇ ਪੜ੍ਹ, ਏਕੰਕਾਰ ਨਿਰੰਕਾਰ ਆਪਣਾ ਭੇਵ ਦੇ ਖੁਲ੍ਹਾਈਆ । ਹਕੀਕੀ ਮੰਜ਼ਲ ਸੰਤ ਸੁਹੇਲੇ ਜਾਵਣ ਚੜ੍ਹ, ਜਗਤ ਵਾਸਨਾ ਵਿਚ ਨਾ ਕੋਇ ਅਟਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਚ ਦਵਾਰ ਆਪ ਖੜ੍ਹ, ਦੋ ਜਹਾਨਾਂ ਪੜਦਾ ਓਹਲਾ ਦੇ ਚੁਕਾਈਆ । ਦਰ ਦਰਵੇਸ਼ ਹੋ ਕੇ ਮੰਗਾਂ ਦਰ, ਭਿੱਖਕ ਹੋ ਕੇ ਆਪਣੀ ਝੋਲੀ ਡਾਹੀਆ । ਕਰਨੀ ਦੇ ਕਰਤੇ ਕਿਰਪਾ ਕਰ, ਕੁਦਰਤ ਦੇ ਕਾਦਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਤੇਰੀ ਓਟ ਇਕ ਰਖਾਈਆ । ਸਤਿ ਧਰਮ ਕਹੇ ਪ੍ਰਭ ਮੈਨੂੰ ਲੋਕਮਾਤ ਦੇ ਰੱਖ, ਸਤਿਜੁਗ ਸਾਚੇ ਨਾਲ ਵਡਿਆਈਆ । ਕਿਰਪਾ ਕਰ ਪੁਰਖ ਸਮਰਥ, ਤੇਰੀ ਮਹਿੰਮਾ ਅਕਥ ਦਿਆਂ ਜਣਾਈਆ । ਚਾਰ ਵਰਨ ਅਠਾਰਾਂ ਬਰਨ ਮੇਲ ਮਿਲਾਵਾਂ ਹੱਸ ਹੱਸ, ਖ਼ੁਸ਼ੀਆਂ ਅੰਦਰ ਤੇਰਾ ਨਾਮ ਢੋਲਾ ਗੀਤ ਦਿਆਂ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਰੇ ਗਾਵਣ ਜਸ, ਸਿਫ਼ਤ ਸਾਲਾਹੀ ਬੇਪਰਵਾਹੀ ਇਕੋ ਨਜ਼ਰੀ ਆਈਆ । ਸਚ ਦਵਾਰ ਏਕੰਕਾਰ ਨਿਰਗੁਣ ਧਾਰ ਖੋਲ੍ਹ ਹੱਟ, ਪਰਵਰਦਿਗਾਰ ਸਾਂਝੇ ਯਾਰ ਵਸਤ ਅਮੋਲਕ ਕਾਇਆ ਗੋਲਕ ਦੇ ਵਰਤਾਈਆ । ਤੂੰ ਆਦਿ ਜੁਗਾਦਿ ਸਦਾ ਸਦਾ ਸਚ, ਸਤਿ ਸਚ ਤੇਰੀ ਆਸ ਰਖਾਈਆ । ਭਾਗ ਲਗਾ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦੇ ਬਣਾਈਆ । ਮਨ ਵਾਸਨਾ ਦਹਿ ਦਿਸ਼ਾ ਸਕੇ ਨਾ ਕੋਇ ਨੱਚ, ਨਟੂਆ ਨਟ ਸਵਾਂਗ ਨਾ ਕੋਇ ਵਰਤਾਈਆ । ਸਤਿ ਧਰਮ ਕਹੇ ਪ੍ਰਭ ਮੇਰੀ ਪੂਰੀ ਕਰ ਆਸ, ਨਿਰਗੁਣ ਜੋਤ ਕਰ ਪਰਕਾਸ਼, ਜੋਤੀ ਜਾਤੇ ਕਰ ਰੁਸ਼ਨਾਈਆ । ਸਤਿ ਧਰਮ ਕਹੇ ਕਿਰਪਾ ਕਰ ਸ਼ਾਹ ਸੁਲਤਾਨ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਸ੍ਰਿਸ਼ਟ ਸਬਾਈ ਦੇ ਇਕ ਗਿਆਨ, ਅਗਿਆਨ ਅੰਧੇਰਾ ਦੇ ਮਿਟਾਈਆ । ਰਸਨਾ ਜਿਹਵਾ ਬੱਤੀ ਦੰਦ ਤੇਰਾ ਗੀਤ ਗਾਣ, ਗਾ ਗਾ ਸ਼ੁਕਰ ਮਨਾਈਆ । ਕਾਇਆ ਕਾਅਬਾ ਸਭ ਦਾ ਕਰ ਪਰਵਾਨ, ਪੜਦਾ ਓਹਲਾ ਆਪ ਉਠਾਈਆ । ਸਾਚੇ ਮੰਦਰ ਦਰਸ਼ਨ ਦੇ ਆਣ, ਅਨਕ ਕਲਧਾਰੀ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰ ਧੁਰ ਦਾ ਦੇ ਕੇ ਗਏ ਬਿਆਨ, ਅਮਾਮ ਹੋ ਕੇ ਆਪਣਾ ਫੇਰਾ ਪਾਈਆ । ਸਤਿਗੁਰ ਸ਼ਬਦ ਹੋ ਕੇ ਕਰ ਕਲਿਆਣ, ਕਲਮਾ ਕਾਇਨਾਤ ਦੇ ਦ੍ਰਿੜਾਈਆ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਜੋਧਾ ਸੂਰਬੀਰ ਬਣ ਬਲਵਾਨ, ਬਲਧਾਰੀ ਆਪਣਾ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੇ ਦਰੇ ਦਰਬਾਰ ਦਰਗਾਹ ਸਾਚੀ ਇਕੋ ਓਟ ਤਕਾਈਆ । ਸਤਿ ਧਰਮ ਕਹੇ ਪ੍ਰਭ ਮੇਰੇ ਸ੍ਰੀ ਭਗਵੰਤ, ਪਾਰਬ੍ਰਹਮ ਤੇਰੀ ਸਰਨਾਈਆ । ਸਤਿਜੁਗ ਸਾਚਾ ਨਾਮ ਦੇ ਮੰਤ, ਮੰਤਰ ਇਕੋ ਦੇ ਪੜ੍ਹਾਈਆ । ਲੱਖ ਚੁਰਾਸੀ ਨਜ਼ਰੀ ਆ ਧੁਰ ਦਾ ਕੰਤ, ਕੰਤੂਹਲ ਹੋ ਕੇ ਸਾਚੀ ਸੇਜ ਲੈ ਹੰਢਾਈਆ । ਆਪਣੀ ਮਹਿੰਮਾ ਦੱਸ ਅਗਣਤ, ਬੇਅੰਤ ਆਪਣਾ ਖੇਲ ਦੇ ਸਮਝਾਈਆ । ਭਰਮੇ ਭੁੱਲਾ ਜੀਵ ਜੰਤ, ਸਾਧ ਸੰਤ ਰਹੇ ਕੁਰਲਾਈਆ । ਗੜ੍ਹ ਤੋੜ ਹਉਮੇ ਹੰਗਤ, ਮਾਇਆ ਮਮਤਾ ਮੋਹ ਮਿਟਾਈਆ । ਬੋਧ ਅਗਾਧਾ ਬਣ ਕੇ ਪੰਡਤ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਿਰਗੁਣ ਢੋਲਾ ਦੇਣਾ ਸਮਝਾਈਆ । ਤੇਰਾ ਨਾਮ ਨਿਰੰਕਾਰ ਕਦੇ ਨਾ ਹੋਵੇ ਖੰਡਤ, ਖੰਡਾ ਖੜਗ ਧਾਰ ਆਪਣਾ ਨਾਉਂ ਲੈ


੧੧੪
੨੦

ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦੀ ਨਾਦ ਸੁਣਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਚਰਨ ਕਵਲ ਆਦੇਸ਼, ਨਮਸਤੇ ਵਿਚ ਸੀਸ ਝੁਕਾਈਆ । ਤੇਰਾ ਹੁਕਮ ਚਲੇ ਹਮੇਸ਼, ਦੋ ਜਹਾਨ ਨਾ ਕੋਇ ਉਲਟਾਈਆ । ਚਰਨ ਕਵਲਾਂ ਝੁਕਦੇ ਸਦਾ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਨਿਉਂ ਨਿਉਂ ਲਾਗਣ ਪਾਈਆ । ਗੁਰ ਅਵਤਾਰ ਪੈਗ਼ੰਬਰ ਵਸਾ ਕੇ ਆਪਣੇ ਦੇਸ, ਪਰਦੇਸ ਲੋਕਮਾਤ ਦਿਤਾ ਸਮਝਾਈਆ । ਨਿਰਗੁਣ ਸਰਗੁਣ ਖੇਲਣਾ ਤੇਰੀ ਖੇਡ, ਜਗਤ ਖਿਲਾਰੀ ਹੋ ਕੇ ਕੇ ਫੇਰਾ ਪਾਈਆ । ਭਗਤ ਸੰਤ ਗੁਰਮੁਖ ਗੁਰਸਿਖ ਸ਼ਬਦੀ ਧਾਰ ਮੇਲ, ਨਿਰਗੁਣ ਆਪਣਾ ਨੂਰ ਕਰ ਰੁਸ਼ਨਾਈਆ । ਏਥੇ ਓਥੇ ਦੋ ਜਹਾਨਾਂ ਬਣ ਸੱਜਣ ਸੁਹੇਲ, ਕਲਜੁਗ ਕੂੜੀ ਕਿਰਿਆ ਨਾਤਾ ਦੇ ਤੁੜਾਈਆ । ਆਵਣ ਜਾਵਣ ਪਤਤ ਪਾਵਨ ਲੱਖ ਚੁਰਾਸੀ ਜਮ ਕੀ ਫਾਸੀ ਧਰਮ ਰਾਏ ਦੀ ਕਟ ਜੇਲ, ਬਰੀਖ਼ਾਨਾ ਮਿਹਰ ਨਜ਼ਰ ਨਾਲ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਧਰਮ ਸਤਿ ਪੁਰਖ ਨਿਰੰਜਣ ਤੇਰੇ ਚਰਨ ਕਵਲ ਬੈਠਾ ਸੀਸ ਨਿਵਾਈਆ । ਸਤਿ ਧਰਮ ਕਹੇ ਪ੍ਰਭ ਮੇਰੇ ਮਹਿਬੂਬ, ਮੁਹੱਬਤ ਤੇਰੀ ਬੇਪਰਵਾਹੀਆ । ਚਾਰ ਜੁਗ ਤੇਰਾ ਮਿਲਦਾ ਰਿਹਾ ਸਬੂਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀਆ । ਤੇਰਾ ਮਹੱਲ ਅਟਲ ਉਚ ਅਰੂਜ, ਅਰਸ਼ ਫ਼ਰਸ਼ ਤੇਰਾ ਖੇਲ ਨਜ਼ਰੀ ਆਈਆ । ਸਾਚੀ ਦੱਸ ਮੰਜ਼ਲੇ ਮਕਸੂਦ, ਮਕਸਦ ਸਭ ਦਾ ਵੇਖ ਵਖਾਈਆ । ਸਤਿ ਧਰਮ ਕਹੇ ਪ੍ਰਭ ਕੂੜੀ ਕਿਰਿਆ ਚਾਰ ਕੁੰਟ ਕਰ ਨੇਸਤੋ ਨਾਬੂਦ, ਲੋਕਮਾਤ ਰਹਿਣ ਨਾ ਪਾਈਆ । ਜਿਧਰ ਤੱਕਾਂ ਓਧਰ ਮੌਜੂਦ, ਦਿਸ਼ਾ ਖ਼ਾਲੀ ਵੰਡ ਨਾ ਕੋਇ ਵੰਡਾਈਆ । ਦੀਨ ਦੁਨੀ ਕਰ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਸਚ ਦਵਾਰ ਏਕੰਕਾਰ ਨਿਰਾਕਾਰ ਗ੍ਰਿਹਿ ਮੰਦਰ ਦੱਸ ਆਪਣੀ ਹਦੂਦ, ਜਗਤ ਹਦੀਸਾਂ ਖਹਿੜਾ ਦੇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾ ਲੱਖ ਚੁਰਾਸੀ ਕਾਇਆ ਮਾਟੀ ਤਨ ਵਜੂਦ, ਕਲਬੂਤ ਆਪਣੇ ਰੰਗ ਰੰਗਾਈਆ ।



★ ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਰਜਿੰਦਰ ਕੌਰ ਦੇ ਗ੍ਰਿਹਿ ਪਖੋ ਕੇ ਰਾਜੇ ਦੇ ਜ਼ਿਲਾ ਗੁਰਦਾਸਪੁਰ ★

ਜਨ ਭਗਤ ਸਚਖੰਡ ਵੇਖ ਸੱਚਾ ਘਰਾਨਾ, ਜਿਸ ਘਰ ਦਾ ਮਾਲਕ ਇਕੋ ਨਜ਼ਰੀ ਆਈਆ । ਦੀਪਕ ਜੋਤ ਜਗੇ ਮਹਾਨਾ, ਤੇਲ ਬਾਤੀ ਨਾ ਕੋਇ ਵਡਿਆਈਆ । ਧੁਰ ਦਾ ਮੰਦਰ ਸੋਹੇ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਈਆ । ਕਰੇ ਪਰਕਾਸ਼ ਨਾ ਕੋਇ ਸੂਰੀਆ ਭਾਨਾ, ਨੂਰ ਜਹੂਰ ਬੇਪਰਵਾਹੀਆ । ਦੂਸਰ ਦਿਸੇ ਨਾ ਕੋਇ ਬੇਗਾਨਾ, ਏਕਾ ਏਕੰਕਾਰ ਬੈਠਾ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਨਿਸ਼ਾਨਾ, ਜੁਗ ਚੌਕੜੀ ਲੋਕਮਾਤ ਦਏ ਸਮਝਾਈਆ । ਜਨ ਭਗਤਾਂ ਦੇਵੇ ਨਾਮ ਨਿਧਾਨਾ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਵਸਤ ਝੋਲੀ ਪਾਈਆ । ਅੰਤਰ ਆਤਮ ਨਿਰੰਤਰ ਬਖ਼ਸ਼ੇ ਅਗੰਮ ਤਰਾਨਾ, ਜਿਸ ਦੀ ਸੁਰ ਤਾਲ ਸਮਝ ਕਿਸੇ ਨਾ ਆਈਆ । ਜਿਸ ਦੀ ਮਹਿੰਮਾ ਕਰਦੇ ਸ਼ਾਸਤਰ ਸਿਮਰਤ ਵੇਦ ਪੁਰਾਨਾ, ਅੰਜੀਲ ਕੁਰਾਨ ਖਾਣੀ ਬਾਣੀ ਓਸੇ ਦਾ ਢੋਲਾ ਗਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨਾਂ, ਸਚਖੰਡ ਨਿਵਾਸੀ ਪੁਰਖ

ਅਬਿਨਾਸ਼ੀ ਏਕੋ ਏਕ ਸੋਭਾ ਪਾਈਆ । ਜਿਸ ਦਾ ਪ੍ਰੇਮ ਪ੍ਰੀਤੀ ਵਾਲਾ ਮੈਖ਼ਾਨਾ, ਮੁਹੱਬਤ ਸਭ ਦੇ ਨਾਲ ਜੁੜਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਪਹਿਨਦਾ ਰਿਹਾ ਬਾਣਾ, ਤਤਵ ਤਤ ਵੇਸ ਵਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹੋ ਮਿਹਰਵਾਨਾ, ਦਰਗਾਹ ਸਾਚੀ ਹਕ ਮੁਕਾਮੇ ਆਪਣਾ ਹੁਕਮ ਵਰਤਾਈਆ । ਨਾਮ ਸੰਦੇਸ਼ਾ ਦੇਵੇ ਧੁਰ ਫ਼ਰਮਾਨਾ, ਸ਼ਬਦ ਅਨਾਦੀ ਨਾਦ ਜਣਾਈਆ । ਜਨ ਭਗਤ ਉਠ ਵੇਖ ਮਾਰ ਧਿਆਨਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੇਲ ਮਿਲਾਏ ਸ੍ਰੀ ਭਗਵਾਨਾ, ਭਗਵਨ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਘਰ ਇਕ ਪਰਗਟਾਈਆ । ਜਨ ਭਗਤ ਤੇਰਾ ਘਰ ਸਚਖੰਡ ਦਵਾਰ, ਲੋਕਮਾਤ ਥਿਰ ਰਹਿਣ ਕੋਇ ਨਾ ਪਾਈਆ । ਜਿਸ ਗ੍ਰਿਹਿ ਵਸੇ ਆਪ ਨਿਰੰਕਾਰ, ਕਰਨੀ ਦਾ ਕਰਤਾ ਡੇਰਾ ਲਾਈਆ । ਹੁਕਮੇ ਅੰਦਰ ਰੱਖ ਗੁਰੂ ਅਵਤਾਰ, ਪੈਗ਼ੰਬਰਾਂ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਭਿਖਾਰ, ਬੈਠੇ ਸੀਸ ਨਿਵਾਈਆ । ਸ਼ਬਦ ਅਗੰਮੀ ਇਕ ਜੈਕਾਰ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜਿਸ ਨੂੰ ਸਮਝੇ ਨਾ ਕੋਈ ਵਿਦਿਆ ਸੰਸਾਰ, ਚੌਦਾਂ ਵਿਦਿਆ ਕੰਮ ਕਿਸੇ ਨਾ ਆਈਆ । ਚੌਦਾਂ ਲੋਕਾਂ ਤੋਂ ਬਾਹਰ ਚੌਦਾਂ ਤਬਕਾਂ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਸੋ ਸਵਾਮੀ ਅੰਤਰਜਾਮੀ ਖੇਲ ਕਰੇ ਅਪਾਰ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਕਾਰ ਕਮਾਈਆ । ਨਾਮ ਸੰਦੇਸ਼ਾ ਨਰ ਨਰੇਸ਼ਾ ਦੇਵੇ ਏਕੰਕਾਰ, ਇਕ ਇਕੱਲਾ ਆਪ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਚ ਪਿਆਰ, ਸੁਰਤੀ ਸ਼ਬਦੀ ਸ਼ਬਦੀ ਸੁਰਤੀ ਆਪਣੀ ਖੇਲ ਖਿਲਾਈਆ । ਗ਼ਫ਼ਲਤ ਵਿਚੋਂ ਆਲਸ ਵਿਚੋਂ ਨਿੰਦਰਾ ਵਿਚੋਂ ਕੱਢੇ ਬਾਹਰ, ਹੁਕਮੇਂ ਅੰਦਰ ਹੁਕਮ ਕਰੇ ਸ਼ਨਵਾਈਆ । ਲਹਿਣਾ ਦੇਣਾ ਜਨਮ ਕਰਮ ਵਰਨ ਬਰਨ ਜਾਤ ਪਾਤ ਦੀਨ ਮਜ੍ਹਬ ਦਏ ਨਿਵਾਰ, ਭੇਵ ਅਭੇਦਾ ਅਛਲ ਅਛੇਦਾ ਆਪਣਾ ਆਪ ਖੁਲ੍ਹਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਨਿਰਵੈਰ ਹੋ ਖ਼ਬਰਦਾਰ, ਧੁਰ ਸੰਦੇਸ਼ਾ ਨਰ ਨਰੇਸ਼ਾ ਆਪਣਾ ਨਾਮ ਜਣਾਈਆ । ਸਦੀ ਚੌਧਵੀਂ ਪਾਵੇ ਸਾਰ, ਖੇਲ ਕਰੇ ਅਗੰਮ ਅਪਾਰ, ਅਲੱਖ ਅਗੋਚਰ ਆਪਣੀ ਕਾਰ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਦੇਵਣਵਾਲਾ ਹੁਲਾਰ, ਨਾਮ ਝਕੋਲਾ ਦੋ ਜਹਾਨਾਂ ਆਪ ਲਗਾਈਆ । ਜਨ ਭਗਤ ਉਠ ਵੇਖ ਨਰ ਨਰਾਇਣ ਮੀਤ ਮੁਰਾਰ, ਧੁਰਦਰਗਾਹੀ ਸੱਜਣ ਯਾਰ, ਇਕ ਇਕੱਲਾ ਏਕੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਘਰ ਸਵਾਮੀ ਮਿਲੇ ਆਣ, ਸ਼ਬਦ ਅਗੰਮੀ ਦਏ ਫ਼ਰਮਾਨ, ਕੂੜੀ ਕਿਰਿਆ ਮੇਟੇ ਜੀਵ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚਾ ਦਰ ਵਖਾਏ ਮਕਾਨ, ਜਿਸ ਗ੍ਰਿਹਿ ਵਸੇ ਨੌਜਵਾਨ, ਮਰਦ ਮਰਦਾਨਾ ਸ਼ਾਹ ਸੁਲਤਾਨਾ ਆਪਣਾ ਡੇਰਾ ਲਾਈਆ । ਸ਼ਾਹੋ ਭੂਪ ਬਣ ਸੁਲਤਾਨ, ਹੁਕਮ ਦੇਵੇ ਹੁਕਮਰਾਨ, ਹੁਕਮੇ ਅੰਦਰ ਸ੍ਰਿਸ਼ਟ ਸਬਾਈ ਰਿਹਾ ਭਵਾਈਆ । ਕਲਜੁਗ ਕੂੜੀ ਕਿਰਿਆ ਜਗਤ ਮੇਟੇ ਨਿਸ਼ਾਨ, ਸਤਿ ਧਰਮ ਕਰੇ ਪਰਵਾਨ, ਭਗਤ ਸੁਹੇਲੇ ਮੇਲੇ ਆਣ, ਗੁਰ ਚੇਲੇ ਆਪਣੇ ਰੰਗ ਰੰਗਾਈਆ । ਅੱਠੇ ਪਹਿਰ ਦਿਵਸ ਰੈਣ ਹੋਵੇ ਨਿਗਾਹਬਾਨ, ਬਿਨ ਅੱਖਾਂ ਕਰੇ ਪਹਿਚਾਨ, ਬੇਪਹਿਚਾਨ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਇਕੋ ਘਰ ਦਏ ਵਖਾਈਆ । ਜਨ ਭਗਤ ਤੇਰਾ ਸਚਖੰਡ ਦਵਾਰ ਅਵੱਲਾ, ਜਗਤ ਵੰਡ ਨਾ ਕੋਇ ਵੰਡਾਈਆ । ਜਿਸ ਘਰ ਮਾਲਕ ਖ਼ਾਲਕ ਬੈਠਾ ਇਕ ਇਕੱਲਾ, ਏਕੰਕਾਰ ਡੇਰਾ ਲਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ

ਰੱਖੇ ਅਟੱਲਾ, ਨਿਹਚਲ ਦੇਵੇ ਮਾਣ ਵਡਿਆਈਆ । ਜੋਤੀ ਦੀਪ ਪਰਕਾਸ਼ ਹੋ ਕੇ ਆਪੇ ਬਲਾ, ਨੂਰੋ ਨੂਰ ਨੂਰ ਕਰੇ ਰੁਸ਼ਨਾਈਆ । ਸ਼ਬਦ ਅਨਾਦ ਹੋ ਕੇ ਆਪਣਾ ਸੰਦੇਸ਼ ਆਪੇ ਘੱਲਾ, ਹੁਕਮਰਾਨ ਹੋ ਕੇ ਆਪਣਾ ਹੁਕਮ ਮਨਾਈਆ । ਆਪਣੀ ਧਾਰ ਨਿਰਗੁਣ ਸਰਗੁਣ ਫੜਾਏ ਪੱਲਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਕਾਰ ਕਮਾਈਆ । ਜੁਗ ਚੌਕੜੀ ਖੇਲੇ ਖੇਲ ਜਲਾ ਥਲਾ, ਮਹੀਅਲ ਆਪਣਾ ਵੇਸ ਵਟਾਈਆ । ਲੱਖ ਚੁਰਾਸੀ ਅੰਤਰ ਨਿਰੰਤਰ ਆਤਮ ਪਰਮਾਤਮ ਹੋ ਕੇ ਰਲਾ, ਪਾਰਬ੍ਰਹਮ ਬ੍ਰਹਮ ਆਪਣਾ ਵੇਸ ਵਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦੂਈ ਦਵੈਤੀ ਮੇਟੇ ਸੱਲਾ, ਨਾਮ ਨਿਧਾਨਾ ਸ੍ਰੀ ਭਗਵਾਨਾ ਅਣਿਆਲਾ ਤੀਰ ਆਪ ਚਲਾਈਆ । ਜਨ ਭਗਤਾਂ ਵਖਾਏ ਅਗੰਮ ਅਥਾਹ ਬੇਪਰਵਾਹ ਆਪਣਾ ਇਕ ਮਹੱਲਾ, ਜਿਥੇ ਮਹਿਫ਼ਲ ਗੁਰ ਅਵਤਾਰ ਪੈਗ਼ੰਬਰ ਬੈਠੇ ਨਿਰਗੁਣ ਧਾਰ ਰਹੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਸੁਹੇਲਾ ਇਕ ਇਕੇਲਾ ਏਕੰਕਾਰ ਆਪਣੀ ਧਾਰ ਵਿਚ ਮਿਲਾਈਆ । ਜਨ ਭਗਤ ਸਚਖੰਡ ਦਵਾਰਾ ਤੇਰਾ ਗ੍ਰਿਹਿ, ਮੰਦਰ ਇਕੋ ਸੋਭਾ ਪਾਈਆ । ਜਿਸ ਘਰ ਆਦਿ ਨਿਰੰਜਣ ਅਬਿਨਾਸ਼ੀ ਕਰਤਾ ਰਹੈ, ਰਹਿਬਰ ਹੋ ਕੇ ਵੇਖੇ ਜਗਤ ਲੋਕਾਈਆ । ਕੋਟਨ ਕੋਟ ਜੁਗ ਚੌਕੜੀ ਜਿਸ ਨੇ ਕੀਤੇ ਖੈ, ਗੁਰ ਅਵਤਾਰ ਪੈਗ਼ੰਬਰ ਹੁਕਮੇ ਵਿਚ ਭਵਾਈਆ । ਵਿਸ਼ਨ ਬ੍ਰਹਮਾ ਸ਼ਿਵ ਨਿਤ ਨਵਿਤ ਭੰਡਾਰਾ ਦਏ, ਦੇਵਣਹਾਰ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਆਪਣਾ ਨਾਮ ਅਗੰਮਾ ਕਹੈ, ਨਿਰਅੱਖਰ ਵਿਚੋਂ ਅੱਖਰ ਧਾਰ ਪਰਗਟਾਈਆ । ਜਿਸ ਨੂੰ ਸਮਝੇ ਨਾ ਕੋਇ ਸ਼ਕਤੀ ਸ਼ਵੈ, ਸ਼ਾਹ ਪਾਤਸ਼ਾਹ ਬੇਪਰਵਾਹ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਸਚਖੰਡ ਦਵਾਰ ਏਕੰਕਾਰ ਜਨ ਭਗਤਾਂ ਰਿਹਾ ਵਖਾਈਆ । ਜਨ ਭਗਤ ਸਚਖੰਡ ਦਵਾਰ ਤੇਰਾ ਸੋਹਣਾ ਮੰਦਰ, ਸੁਹੰਜਣਾ ਨਜ਼ਰੀ ਆਈਆ । ਜਿਥੇ ਅੰਧੇਰਾ ਨਹੀਂ ਕੋਈ ਡੂੰਘੀ ਕੰਦਰ, ਭਵਰੀ ਭਵਰ ਨਾ ਕੋਇ ਭਵਾਈਆ । ਵੱਜਾ ਨਹੀਂ ਕੋਈ ਜੰਦਰ, ਦਰ ਦਰਬਾਨ ਨਾ ਕੋਇ ਅਖਵਾਈਆ । ਪੜ੍ਹਨਾ ਪਏ ਕੋਈ ਨਾ ਮੰਤਰ, ਨਿਰੰਤਰ ਆਪਣਾ ਨੂਰ ਕਰੇ ਰੁਸ਼ਨਾਈਆ । ਲੇਖਾ ਦਿਸੇ ਨਾ ਕਿਸੇ ਗਗਨੰਤਰ, ਜ਼ਿਮੀ ਅਸਮਾਨਾਂ ਪੈਂਡਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਭਗਤ ਭਗਵਾਨ ਤੇਰਾ ਘਰ ਸਮਝਾਈਆ । ਜਨ ਭਗਤ ਤੇਰਾ ਗ੍ਰਿਹਿ ਉਚ ਅਗੰਮ ਅਥਾਹ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਕਹਿੰਦੇ ਜਲਵਾਗਰ ਖ਼ੁਦਾ, ਪਾਰਬ੍ਰਹਮ ਪਤਿਪਰਮੇਸ਼ਵਰ ਓਸੇ ਦਾ ਢੋਲਾ ਗਾਈਆ । ਜਿਸ ਨੇ ਕੋਟਨ ਕੋਟ ਆਪਣੇ ਸਿਫ਼ਤੀ ਨਾਮ ਲਏ ਧਰਾ, ਅੱਲਾ ਵਾਹਿਗੁਰੂ ਰਾਮ ਕਹਿ ਕੇ ਆਪਣਾ ਝਟ ਸਾਰੇ ਰਹੇ ਲੰਘਾਈਆ । ਸਤਿਨਾਮ ਦਾ ਡੰਕ ਵਜਾ, ਗੁਰ ਅਵਤਾਰ ਪੈਗ਼ੰਬਰ ਕਰੇ ਸ਼ਨਵਾਈਆ । ਸੋ ਸਿੰਘਾਸਣ ਪੁਰਖ ਅਬਿਨਾਸ਼ਨ ਸੁਹਾਏ ਆਪਣਾ ਥਾਂ, ਥਾਨ ਥਨੰਤਰ ਦੇਵੇ ਮਾਣ ਵਡਿਆਈਆ । ਲੋਕਮਾਤ ਜੁਗ ਚੌਕੜੀ ਕਰਨਹਾਰ ਨਿਆਂ, ਕਲਜੁਗ ਅੰਤਮ ਲਹਿਣਾ ਦੇਣਾ ਦਏ ਮੁਕਾਈਆ । ਜਨ ਭਗਤਾਂ ਪਕੜੇ ਨਿਰਗੁਣ ਧਾਰ ਬਾਂਹ, ਸਰਗੁਣ ਲੇਖਾ ਆਪਣੇ ਲੇਖੇ ਲਾਈਆ । ਫੜ ਕੇ ਹੰਸ ਬਣਾਵੇ ਕਾਂ, ਕਾਗ ਬੁੱਧੀ ਨਾ ਕੋਇ ਕੁਰਲਾਈਆ । ਅਗੰਮਾ ਅੰਮ੍ਰਿਤ ਜਾਮ ਦਏ ਪਿਆ, ਨਿਝਰ ਰਸ ਇਕ ਚੁਆਈਆ । ਸਾਚਾ ਮਾਰਗ ਦਏ ਵਖਾ, ਅੱਗੇ ਹੋ ਨਾ ਕੋਇ ਅਟਕਾਈਆ । ਜਗਤ ਵਾਸਨਾ ਵਿਚੋਂ ਬਾਹਰ ਕਢਾ, ਨੌਂ ਦਵਾਰੇ ਡੇਰਾ ਢਾਹੀਆ । ਸਤਿਗੁਰ ਸ਼ਬਦ ਬਣ ਮਲਾਹ,

ਬੇੜਾ ਆਪਣੇ ਕੰਧ ਉਠਾਈਆ । ਮੰਜ਼ਲ ਮੰਜ਼ਲ ਦਏ ਪੁਚਾ, ਸਚ ਦਵਾਰਾ ਇਕ ਸੁਹਾਈਆ । ਜਿਥੇ ਨਿਰਗੁਣ ਜੋਤ ਰੁਸ਼ਨਾ, ਨੂਰ ਨੁਰਾਨਾ ਡਗਮਗਾਈਆ । ਜਨ ਭਗਤ ਆਤਮ ਪਰਮਾਤਮ ਜੋਤੀ ਧਾਰ ਲਏ ਮਿਲਾ, ਵਿਛੋੜਾ ਰਹਿਣ ਕੋਇ ਨਾ ਪਾਈਆ । ਸਚ ਦਵਾਰ ਭੂਮਿਕਾ ਲਏ ਸੁਹਾ, ਦਰਗਾਹ ਸਾਚੀ ਵੱਜੇ ਵਧਾਈਆ । ਭਗਤ ਸੁਹੇਲਾ ਪ੍ਰੇਮ ਪ੍ਰੀਤੀ ਅੰਦਰ ਆਪਣਾ ਆਪ ਕਰ ਫ਼ਿਦਾ, ਫ਼ੈਸਲਾ ਪ੍ਰਭ ਦੇ ਹੱਥ ਫੜਾਈਆ । ਸਚਖੰਡ ਦਵਾਰ ਜਾਏ ਸਿੱਧਾ, ਅੱਗੇ ਹੋ ਨਾ ਕੋਇ ਅਟਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਜਨ ਭਗਤਾਂ ਸਚ ਦਵਾਰ ਦੇਵੇ ਨਿੱਘਾ, ਜਿਥੇ ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਮਿਲਣ ਦੀ ਆਪੇ ਦੱਸ ਕੇ ਬਿੱਧਾ, ਮਾਰਗ ਧੁਰ ਦੇ ਦਏ ਲਗਾਈਆ ।

★ ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਹਿ ਪਿੰਡ ਮੰਜਿਆਂ ਵਾਲੀ ਜ਼ਿਲਾ ਗੁਰਦਾਸਪੁਰ ★

ਜਨ ਭਗਤ ਪੁਰਖ ਅਕਾਲ ਕਰ ਪਰਨਾਮ, ਆਤਮ ਪਰਮਾਤਮ ਨਾਲ ਮਿਲਾਈਆ । ਭਾਗ ਲੱਗੇ ਤੇਰੇ ਕਾਇਆ ਮਾਟੀ ਗਰਾਮ, ਤਨ ਖੇੜਾ ਲੈਣਾ ਸੁਹਾਈਆ । ਇਕੋ ਸਿਮਰ ਹਰਿ ਕਾ ਨਾਮ, ਹਿਰਦੇ ਹਰਿ ਹਰਿ ਸਚ ਵਸਾਈਆ । ਨਾਤਾ ਕੂੜ ਤੋੜ ਜਗਤ ਤਮਾਮ, ਤਮਾ ਤ੍ਰਿਸ਼ਨਾ ਦੇ ਮਿਟਾਈਆ । ਸਾਚੇ ਅੰਮ੍ਰਿਤ ਦਾ ਪੀ ਜਾਮ, ਰਸਨਾ ਮਦਿ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਨਾਮ ਲੈ ਅਗੰਮਾ ਰਸ, ਰਸਤਾ ਕੂੜ ਦੇ ਤਜਾਈਆ । ਆਤਮ ਪਰਮਾਤਮ ਗਾ ਜਸ, ਧੁਰ ਦਾ ਢੋਲਾ ਸ਼ਹਿਨਸ਼ਾਹੀਆ । ਸ੍ਰੀ ਭਗਵਾਨ ਦੇ ਹੋ ਵਸ, ਵਾਸਤਾ ਜਗਤ ਨਾਲੋਂ ਤੁੜਾਈਆ । ਨਿਜ ਨੇਤਰ ਲੋਚਨ ਖੋਲ੍ਹ ਅੱਖ, ਦਰਸ਼ਨ ਕਰ ਪਰਤੱਖ ਗੋਸਾਈਆ । ਹਕ਼ੀਕਤ ਵਿਚੋਂ ਲੈ ਹਕ, ਧੁਰ ਦੀ ਦੌਲਤ ਵੰਡ ਵੰਡਾਈਆ । ਮਿਲੇ ਮੇਲ ਪੁਰਖ ਸਮਰਥ, ਸਚਖੰਡ ਨਿਵਾਸੀ ਜੋਤੀ ਜੋਤ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਜਗਾਈਆ । ਜਨ ਭਗਤ ਪੁਰਖ ਅਕਾਲ ਰੱਖ ਸਹਾਰਾ, ਇਕੋ ਆਸ ਰਖਾਈਆ । ਇਕੋ ਨਾਮ ਬੋਲ ਜੈਕਾਰਾ, ਢੋਲਾ ਧੁਰ ਦਾ ਇਕੋ ਗਾਈਆ । ਇਕੋ ਵਣਜ ਕਰ ਵਪਾਰਾ, ਇਕੋ ਹੱਟ ਸੋਭਾ ਪਾਈਆ । ਇਕੋ ਚਰਨ ਕਵਲ ਕਰ ਨਿਮਸਕਾਰਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਆਤਮ ਪਰਮਾਤਮ ਮੇਲਾ ਮੇਲ ਵਿਚ ਸੰਸਾਰਾ, ਪਾਰਬ੍ਰਹਮ ਬ੍ਰਹਮ ਨਾਤਾ ਲੈ ਬੰਧਾਈਆ । ਮਹੱਲ ਅਟਲ ਵੇਖ ਉਚ ਮਨਾਰਾ, ਸਚਖੰਡ ਸਾਚਾ ਨਜ਼ਰੀ ਆਈਆ । ਜਿਸ ਘਰ ਵਸੇ ਏਕੰਕਾਰਾ, ਇਕ ਇਕੱਲਾ ਸੋਭਾ ਪਾਈਆ । ਸ਼ਬਦੀ ਧਾਰ ਗੁਰੂ ਅਵਤਾਰਾ, ਪੈਗ਼ੰਬਰ ਮਿਲ ਕੇ ਵੱਜੇ ਵਧਾਈਆ । ਨਿਰਗੁਣ ਨੂਰ ਜੋਤ ਉਜਿਆਰਾ, ਤਤ ਵਜੂਦ ਨਾ ਕੋਇ ਵਖਾਈਆ । ਸੋ ਠਾਕਰ ਸਵਾਮੀ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਮੀਤ ਮੁਰਾਰਾ, ਧੁਰ ਦਾ ਸੰਗੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਦਏ ਸਮਝਾਈਆ । ਜਨ ਭਗਤ ਇਕੋ ਪ੍ਰੇਮ ਦੀ ਰੱਖ ਸਿਕ, ਪ੍ਰੀਤੀ ਪ੍ਰਭ ਦੇ ਨਾਲ ਲਗਾਈਆ । ਦੂਜੇ ਦਰ ਮੰਗ ਨਾ ਭਿੱਖ, ਦੇਵਣਹਾਰ ਪੁਰਖ ਅਕਾਲ ਸਭ ਦਾ ਪਿਤਾ ਮਾਈਆ । ਸ਼ਬਦੀ ਗੋਬਿੰਦ

ਧਾਰ ਬਣ ਸਿੱਖ, ਸਿਖਿਆ ਸਤਿਗੁਰ ਹੱਥ ਵਡਿਆਈਆ । ਨਿਜ ਨੇਤਰ ਨਿਰਾਕਾਰ ਆਵੇ ਦਿਸ, ਲੋਚਣ ਨੈਣ ਕਰੇ ਰੁਸ਼ਨਾਈਆ । ਮਾਨਸ ਜਨਮ ਜਗ ਜਿਤ, ਜਗ ਜੀਵਣ ਦਾਤਾ ਦਏ ਵਡਿਆਈਆ । ਆਤਮ ਪਰਮਾਤਮ ਕਰ ਹਿੱਤ, ਸੁਰਤੀ ਸ਼ਬਦ ਨਾਲ ਜੁੜਾਈਆ । ਘਰ ਠਾਕਰ ਸਵਾਮੀ ਮਿਲੇ ਧੁਰ ਦਾ ਮਿਤ, ਮੀਤ ਮੁਰਾਰਾ ਹੋ ਕੇ ਵੇਖ ਵਖਾਈਆ । ਸਦਾ ਸਦਾ ਸਦ ਦਰਸ਼ਨ ਕਰ ਨਿਤ, ਨਿਜ ਲੋਚਣ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਜੁਗ ਜੁਗ ਦੇਵੇ ਮਾਣ ਵਡਿਆਈਆ । ਜਨ ਭਗਤ ਪ੍ਰਭ ਵੇਖ ਪੁਰਖ ਸਮਰਥ, ਦਾਤਾ ਸਭ ਦਾ ਨਜ਼ਰੀ ਆਈਆ । ਚੁਰਾਸੀ ਵਿਚੋਂ ਲਏ ਰੱਖ, ਗੇੜੇ ਵਿਚ ਨਾ ਕੋਇ ਭਵਾਈਆ । ਵਸਤ ਅਮੋਲਕ ਹਕੀਕਤ ਵਿਚੋਂ ਦੇਵੇ ਹਕ, ਲਾਸ਼ਰੀਕ ਸ਼ਿਰਕਤ ਦਏ ਮਿਟਾਈਆ । ਸਾਚਾ ਮਾਰਗ ਦੋ ਜਹਾਨਾਂ ਦੱਸ, ਰਹਿਬਰ ਹੋ ਕੇ ਆਪ ਸਮਝਾਈਆ । ਆਤਮ ਕਰ ਕੇ ਪਰਮਾਤਮ ਵੱਸ, ਵਾਸਤਾ ਇਕੋ ਘਰ ਬਣਾਈਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਸ਼ਬਦ ਅਗੰਮੀ ਸੁਣਾ ਕੇ ਨਾਦ, ਅਨਾਦੀ ਧੁਨ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰ ਕੇ ਦਾਸ, ਭਗਤ ਸੁਹੇਲੇ ਆਪਣੇ ਰੰਗ ਰੰਗਾਈਆ । ਜਨ ਭਗਤ ਪ੍ਰਭ ਨਾਮ ਦੀ ਰੱਖ ਓਟ, ਦੂਸਰ ਨਜ਼ਰ ਕੋਇ ਨਾ ਆਈਆ । ਜਿਸ ਨੂੰ ਲੱਭਦੇ ਕੋਟੀ ਕੋਟ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਜਿਸ ਦਾ ਪਰਕਾਸ਼ ਨਿਰਮਲ ਜੋਤ, ਲੱਖ ਚੁਰਾਸੀ ਆਤਮ ਰਿਹਾ ਡਗਮਗਾਈਆ । ਜਿਸ ਦੀ ਬੁੱਧੀ ਤੋਂ ਪਰੇ ਸੋਚ, ਅਨੁਭਵ ਹੁਕਮ ਆਪ ਸੁਣਾਈਆ । ਜਿਸ ਨੂੰ ਝੁਕਦੇ ਲੋਕ ਪਰਲੋਕ, ਦੋ ਜਹਾਨ ਸੀਸ ਝੁਕਾਈਆ । ਜਿਸ ਦਾ ਨਾਮ ਸਚ

੧੧੯ ਸਲੋਕ, ਸੋਹਲੇ ਢੋਲੇ ਗੁਰ ਅਵਤਾਰ ਪੈਗ਼ੰਬਰ ਗਏ ਗਾਈਆ । ਜਿਸ ਦਾ ਭਾਣਾ ਦੋ ਜਹਾਨ ਸਕੇ ਨਾ ਕੋਇ ਰੋਕ, ਸ਼ਾਹ ਸੁਲਤਾਨ ਬੈਠੇ ਸੀਸ ੧੧੯

੨੦ ਝੁਕਾਈਆ । ਸੋ ਸਵਾਮੀ ਅੰਤਰਜਾਮੀ ਦੇਵਣਹਾਰਾ ਮੋਖ, ਮੁਫ਼ਤ ਆਪਣਾ ਨਾਮ ਵਰਤਾਈਆ । ਚਿੰਤਾ ਗ਼ਮ ਮਿਟਾਵੇ ਹਰਖ ਸੋਗ, ਸੰਸਾ ਰਹਿਣ ੨੦

ਕੋਇ ਨਾ ਪਾਈਆ । ਜਨਮ ਜਨਮ ਦਾ ਕੱਟੇ ਵਿਜੋਗ, ਸੰਜੋਗੀ ਆਪਣਾ ਮੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਸਾਚਾ ਰਾਹ ਇਕ ਵਖਾਈਆ । ਜਨ ਭਗਤ ਸਾਚੇ ਨਾਮ ਦੀ ਚੜ੍ਹੇ ਰੰਗਤ, ਰੰਗ ਰੰਗੀਲਾ ਆਪਣਾ ਆਪ ਦਏ ਰੰਗਾਈਆ । ਦੂਜੇ ਦਰ ਜਾਣਾ ਪਏ ਨਾ ਬਣ ਕੇ ਮੰਗਤ, ਭਿੱਖਕ ਹੋ ਕੇ ਭੇਖ ਨਾ ਕੋਇ ਵਟਾਈਆ । ਸਾਚਾ ਮੇਲ ਸਾਹਿਬ ਸਵਾਮੀ ਕਰੇ ਗੁਰਮੁਖ ਸੰਗਤ, ਸਗਲਾ ਸੰਗ ਬਣਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਸਤਿਗੁਰ ਸ਼ਬਦ ਦੀਨ ਦਿਆਲ ਕਿਰਪਾਲ ਆਦਿ ਜੁਗਾਦੀ ਬੋਧ ਅਗਾਧਾ ਪੰਡਤ, ਚਾਰ ਵਰਨ ਅਠਾਰਾਂ ਬਰਨ ਦਏ ਪੜ੍ਹਾਈਆ । ਦੂਜੇ ਦਰ ਕਰਨੀ ਪਏ ਕਿਸੇ ਨਾ ਮਿੰਨਤ, ਨਿਉਂ ਨਿਉਂ ਸੀਸ ਨਾ ਕਿਸੇ ਝੁਕਾਈਆ । ਮਨੂਆ ਮਨ ਨਾ ਕਰੇ ਇੱਲਤ, ਸ਼ਰਅ ਵਿਚ ਸ਼ਰੀਅਤ ਨਾ ਕੋਇ ਲੜਾਈਆ । ਜਨ ਭਗਤਾਂ ਪ੍ਰਭ ਆਪਣੇ ਮਿਲਣ ਦੀ ਦੇਵੇ ਹਿੰਮਤ, ਹੌਸਲਾ ਅੰਦਰੇ ਅੰਦਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਚਖੰਡ ਦਵਾਰ ਏਕੰਕਾਰ ਦੱਸੇ ਸਾਚੀ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਲੇਖਾ ਦਏ ਮੁਕਾਈਆ ।

## ★ ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਰਵੇਲ ਕੌਰ ਦੇ ਗ੍ਰਿਹਿ ਪਿੰਡ ਖੋਖਰ ਜ਼ਿਲਾ ਗੁਰਦਾਸਪੁਰ ★

ਸਤਿਜੁਗ ਸਾਚੇ ਹੋ ਸਵਾਧਾਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਰਿਹਾ ਜਗਾਈਆ । ਨਾਮ ਅਗੰਮਾ ਵਸਤ ਅਮੋਲਕ ਝੋਲੀ ਪਾਵਾਂ ਤੇਰੀ ਦਾਨ, ਦੌਲਤਮੰਦ ਏਥੇ ਓਥੇ ਦੋ ਜਹਾਨਾਂ ਦਿਆਂ ਬਣਾਈਆ । ਧੁਰ ਦਾ ਢੋਲਾ ਗੀਤ ਅਗੰਮਾ ਦੇਵਾਂ ਸੱਚਾ ਨਾਮ, ਨਾਉਂ ਨਿਰੰਕਾਰਾ ਆਪ ਜਣਾਈਆ । ਹੁਕਮ ਸੰਦੇਸ਼ਾ ਦੇ ਵਿਚ ਜੀਵ ਜਹਾਨ, ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਪੜਦਾ ਦੇ ਓਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸ ਸਚ ਗਿਆਨ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਦੇ ਬਦਲਾਈਆ । ਕਲਜੁਗ ਕੂੜੀ ਕਿਰਿਆ ਸ਼ਰਅ ਰਹੇ ਨਾ ਵਿਚ ਸ਼ੈਤਾਨ, ਚਾਰ ਵਰਨ ਅਠਾਰਾਂ ਬਰਨ ਬੋਧ ਅਗਾਧ ਕਰ ਪੜ੍ਹਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਮੇਟ ਨਾਮੋਂ ਨਿਸ਼ਾਨ, ਸਤਿ ਧਰਮ ਨਿਹਕਰਮੀ ਤੇਰੀ ਝੋਲੀ ਪਾਈਆ । ਭਗਤ ਸੁਹੇਲੇ ਸੰਤ ਸਾਜਣ ਗੁਰਮੁਖ ਵੇਖ ਆਣ, ਗੁਰਸਿਖ ਧੁਰ ਦੇ ਆਪਣੇ ਰੰਗ ਰੰਗਾਈਆ । ਜਾਤ ਪਾਤ ਦੀਨ ਮਜ਼੍ਹਬ ਝਗੜਾ ਪਿਆ ਇਨਸਾਨ, ਊਚ ਨੀਚ ਰਾਓ ਰੰਕ ਧੀਰਜ ਧੀਰ ਨਾ ਕੋਇ ਧਰਾਈਆ । ਸਤਿ ਸਤਿਵਾਦੀ ਬ੍ਰਹਿਮਾਦੀ ਨਜ਼ਰ ਨਾ ਆਏ ਕਿਸੇ ਸ੍ਰੀ ਭਗਵਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਮੰਜ਼ਲ ਹਕ ਚੜ੍ਹ ਕੇ ਮੇਰਾ ਦਰਸ ਕੋਇ ਨਾ ਪਾਣ, ਧੁਰ ਦਾ ਇਸ਼ਟ ਪੁਰਖ ਅਕਾਲ ਨਾ ਕੋਇ ਮਨਾਈਆ । ਰਸਨਾ ਜਿਹਵਾ ਬੱਤੀ ਦੰਦ ਗਾਉਂਦੇ ਗਾਣ, ਰਾਗਾਂ ਨਾਦਾਂ ਵਿਚ ਕਰਨ ਸ਼ਨਵਾਈਆ । ਸਚ ਸਵਾਮੀ ਅੰਤਰਜਾਮੀ ਮਿਲੇ ਕਿਸੇ ਨਾ ਆਣ, ਪੁਰਖ ਅਬਿਨਾਸ਼ੀ ਘਟ ਨਿਵਾਸੀ ਪੜਦਾ ਓਹਲਾ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਤੇਰੀ ਨੇਤਰ ਅੱਖ ਖੁਲ੍ਹਾਈਆ । ਸਤਿਜੁਗ ਸਾਚੇ ਉਠ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਕਲਜੁਗ ਹੰਸ ਬੁੱਧੀ ਹੋਈ ਕਾਗ, ਸਤਿ ਸਚ ਨਾ ਕੋਇ ਵਡਿਆਈਆ । ਮਨ ਵਾਸਨਾ ਸ੍ਰਿਸ਼ਟੀ ਰਹੀ ਭਾਗ, ਅਗਨੀ ਅੱਗ ਰਹੀ ਜਲਾਈਆ । ਪ੍ਰਭ ਮਿਲਣ ਦਾ ਉਪਜੇ ਨਾ ਕਿਸੇ ਵੈਰਾਗ, ਵੈਰੀ ਅੰਦਰੋਂ ਨਾ ਕੋਇ ਕਢਾਈਆ । ਫਿਰੀ ਦਰੋਹੀ ਵਿਚ ਮਾਤ, ਤੋਬਾ ਤੋਬਾ ਕਰੇ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਕੋਈ ਨਾ ਦੇਵੇ ਕਿਸੇ ਸਾਥ, ਸਾਜਣ ਮੀਤ ਦੀਨ ਦੁਨੀ ਨਜ਼ਰੀ ਆਈਆ । ਕੋਟਨ ਕੋਟ ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਥੱਕੇ ਪੂਜਾ ਪਾਠ, ਸਿਮਰਨ ਯੋਗ ਅਭਿਆਸ ਵਿਚ ਮਨ ਨਾ ਕੋਇ ਟਿਕਾਈਆ । ਮਾਨਸ ਜਨਮ ਕਿਸੇ ਨਾ ਆਵੇ ਰਾਸ, ਰਸਤਾ ਰਹਿਬਰ ਹੋ ਕੇ ਨਾ ਕੋਇ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਅੰਧੇਰੀ ਰਾਤ, ਸਾਚਾ ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਪਰਮ ਪੁਰਖ ਪਰਮਾਤਮ ਕਰੇ ਕੋਈ ਨਾ ਯਾਦ, ਸਿਫ਼ਤਾਂ ਵਾਲੇ ਢੋਲੇ ਗਾ ਗਾ ਸਾਰੇ ਸ਼ੁਕਰ ਮਨਾਈਆ । ਕਾਇਆ ਖੇੜਾ ਸਾਢੇ ਤਿੰਨ ਹੱਥ ਦਿਸੇ ਨਾ ਕਿਸੇ ਆਬਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਦੇਵੇ ਵਰ, ਵਰ ਦਾਤਾ ਦਇਆ ਕਮਾਈਆ । ਸਤਿਜੁਗ ਸਾਚੇ ਉਠ ਜੋਧੇ ਸੂਰਬੀਰ ਮਰਦਾਨੇ ਮਰਦ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਲੋਕਮਾਤ ਮਾਰ ਝਾਤ ਗ਼ਰੀਬ ਨਿਮਾਣਿਆਂ ਵੰਡ ਦਰਦ, ਦੁਖੀਆਂ ਦੁੱਖ ਦੇਣਾ ਮਿਟਾਈਆ । ਸ਼ਰਅ ਕਸਾਈ ਬਣੀ ਕਰਦ, ਕਤਲਗਾਹ ਵੇਖੀ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਠਾਂਡੇ ਦਰ ਕਰਦੇ ਅਰਜ਼, ਸਚਖੰਡ ਦਵਾਰੇ ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ

ਸਾਂਝੇ ਯਾਰ ਸਦੀ ਚੌਧਵੀਂ ਸਾਡਾ ਹੋਇਆ ਪੂਰਾ ਫ਼ਰਜ਼, ਵੇਲਾ ਵਕਤ ਦਏ ਗਵਾਹੀਆ । ਤੇਰਾ ਖੇਲ ਵੇਖੀਏ ਨਿਰਗੁਣ ਧਾਰ ਜੋਤ ਅਸਚਰਜ, ਤਤ ਵਜੂਦ ਮਿਲੇ ਨਾ ਕੋਇ ਮਾਣ ਵਡਿਆਈਆ । ਤੇਰੇ ਮਿਲਣ ਦੀ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਸਦਾ ਗ਼ਰਜ਼, ਗਹਿਰ ਗੰਭੀਰ ਬੇਨਜ਼ੀਰ ਆਪਣਾ ਦਰਸ ਦੇਣਾ ਵਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪ੍ਰਭ ਵੇਖ ਪੂਰਬ ਜਨਮ ਕਰਮ ਦੀ ਫ਼ਰਦ, ਲਹਿਣਾ ਦੇਣਾ ਸਭ ਦਾ ਦੇ ਮੁਕਾਈਆ । ਕਲਜੁਗ ਕੂੜੀ ਕਿਰਿਆ ਲੋਕਮਾਤ ਜੀਵ ਜੰਤ ਰਹੇ ਤੜਪ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸੰਤੋਖ ਸ਼ਬਦ ਗਿਆਨ ਧੀਰਜ ਧੀਰ ਰਿਹਾ ਸਮਝਾਈਆ । ਸਤਿਜੁਗ ਸਾਚੇ ਸਾਚੀ ਵਸਤ ਨਾਮ ਲੈ ਅਨਮੁੱਲੀ, ਧੁਰ ਖਜ਼ਾਨਾ ਦਿਆਂ ਭਰਾਈਆ । ਭਾਗ ਲਗਾ ਕਾਇਆ ਮਾਟੀ ਸਾਢੇ ਤਿੰਨ ਹੱਥ ਕੁੱਲੀ, ਕਾਇਨਾਤ ਕਲਮਾ ਨ਼ਗਮਾ ਹਕ ਦੇ ਸੁਣਾਈਆ । ਦੀਨ ਦੁਨੀ ਰਹੇ ਨਾ ਭੁੱਲੀ, ਮਾਰਗ ਧੁਰ ਦਾ ਦੇ ਜਣਾਈਆ । ਅੰਮ੍ਰਿਤ ਧਾਰ ਨਿਝਰ ਅਮਿਉਂ ਰਸ ਦੇ ਅਗੰਮੀ ਚੁਲੀ, ਜਾਮ ਅਮਾਮ ਦੇ ਪਿਆਈਆ । ਜਨ ਭਗਤਾਂ ਆਤਮਾ ਵਿਛੋੜੇ ਵਿਚ ਰਹੇ ਨਾ ਰੁਲੀ, ਧੁਰ ਦਾ ਮੇਲਾ ਦੇਣਾ ਮਿਲਾਈਆ । ਫੁੱਲ ਫੁਲਵਾੜੀ ਗੁਰਮੁਖ ਸਾਚੇ ਜਾਏ ਫੁੱਲੀ, ਪੱਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਤਿ ਸਤਿਵਾਦ ਰਿਹਾ ਜਣਾਈਆ । ਸਤਿਜੁਗ ਸਾਚੇ ਜਾ ਕੇ ਵੇਖ ਧਰਨੀ ਧਰਤ, ਧਵਲ ਆਪਣਾ ਆਪ ਟਿਕਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਹੋਈ ਸ਼ਰਤ, ਬੀਸ ਬੀਸਾ ਵਕਤ ਚੁਕਾਈਆ । ਏਕਾ ਹੁਕਮ ਚੱਲੇ ਅਰਸ਼ ਫ਼ਰਸ਼, ਦੋ ਜਹਾਨਾਂ ਵੱਜੇ ਵਧਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੇਰੇ ਨਾਲ ਆਵੇ ਪਰਤ, ਜੋਤੀ ਜਾਤਾ ਵੇਸ ਵਟਾਈਆ । ਜਨ ਭਗਤਾਂ ਸਾਚੇ ਸੰਤਾਂ ਦੇਵੇ ਦਰਸ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਨਮ ਜਨਮ ਦੀ ਮੇਟੇ ਹਰਸ, ਹਵਸ ਅਗਲੀ ਦਏ ਬੁਝਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਉਤੇ ਕਰੇ ਤਰਸ, ਰਹਿਮਤ ਨਾਲ ਸਹਿਮਤ ਕਰੇ ਖ਼ੁਦਾਈਆ । ਚੌਥੇ ਜੁਗ ਸਭ ਦੀ ਪੂਰੀ ਕਰੇ ਗ਼ਰਜ਼, ਅਰਜ਼ ਬੇਨੰਤੀ ਸੁਣ ਕੇ ਹੁਕਮ ਦਏ ਸੁਣਾਈਆ । ਨਾਮ ਖੰਡਾ ਨਿਰਗੁਣ ਧਾਰ ਹੱਥ ਤੇਰੇ ਦੇਵੇ ਖੜਗ, ਖੰਡਾਂ ਬ੍ਰਹਿਮੰਡਾਂ ਭੈ ਦਏ ਵਖਾਈਆ । ਲੋਕਮਾਤ ਜਾਣਾ ਨਿਧੜਕ, ਪੁਰਖ ਅਕਾਲ ਦੀਨ ਦਿਆਲ ਸਿਰ ਤੇਰੇ ਹੱਥ ਰਖਾਈਆ । ਉਚੀ ਕੂਕ ਆਤਮ ਪਰਮਾਤਮ ਢੋਲਾ ਦੱਸਣਾ ਗਰਜ, ਲੱਖ ਚੁਰਾਸੀ ਜੀਵ ਜੰਤ ਦੇਣਾ ਸਮਝਾਈਆ । ਜਿਸ ਦਾ ਨਿਰਾਲਾ ਰਾਗ ਵੱਖਰੀ ਤਰਜ਼, ਤਰਾਜ਼ੂ ਵਿਚ ਤੋਲ ਨਾ ਕੋਇ ਤੁਲਾਈਆ । ਸਤਿਜੁਗ ਸਾਚੇ ਤੇਰੀ ਮੱਦਦ ਕਰੇ ਪੁਰਖ ਅਕਾਲ ਧੁਰ ਦਾ ਮਰਦ, ਦੂਜੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਕੂੜੀ ਕਿਰਿਆ ਲਹਿਣਾ ਦੇਣਾ ਦਏ ਮੁਕਾਈਆ । ਸਤਿਜੁਗ ਸਾਚੇ ਸਾਚੇ ਨਾਮ ਦਾ ਵਜਾ ਡੰਕਾ, ਹੁਕਮ ਧੁਰ ਦਾ ਇਕ ਜਣਾਈਆ । ਖ਼ਬਰਦਾਰ ਕਰ ਰਾਓ ਰੰਕਾਂ, ਸ਼ਾਹ ਹਕੀਰ ਸੋਇਆ ਰਹਿਣ ਕੋਇ ਨਾ ਪਾਈਆ । ਸੁਹਾ ਵਾਹਦ ਇਕੋ ਬੰਕਾ, ਸਚ ਗ੍ਰਿਹਿ ਦੇ ਵਖਾਈਆ । ਪਕੜ ਉਠਾ ਸਾਚੇ ਸੰਤਾ, ਜਨ ਭਗਤਾਂ ਅੱਖ ਖੁਲ੍ਹਾਈਆ । ਮੇਲ ਮਿਲਾ ਆਤਮ ਪਰਮਾਤਮ ਨਾਰੀ ਕੰਤਾ, ਸੇਜ ਸੁਹੰਜਣੀ ਸੋਭਾ ਪਾਈਆ । ਸਤਿਜੁਗ ਸਾਚੀ ਧਾਰ ਬਣਾ ਬਣਤਾ, ਘੜਨ ਭੰਨਣਹਾਰ ਸਮਰਥ ਸਵਾਮੀ ਦੇਵੇ ਮਾਣ ਵਡਿਆਈਆ । ਝਗੜਾ ਰਹੇ ਨਾ ਵਿਚ ਜੀਵ ਜੰਤਾ, ਬੋਧ ਅਗਾਧ ਦੇ ਸਮਝਾਈਆ । ਗੜ੍ਹ ਤੋੜ ਹਉਮੇ ਹੰਗਤਾ, ਪਾਰਬ੍ਰਹਮ ਬ੍ਰਹਮ



੧੨੧ ੨੦

ਸਭ ਨੂੰ ਨਜ਼ਰੀ ਆਈਆ । ਧਰਮ ਵਿਦਿਆਲਾ ਖੋਲ੍ਹ ਅਗੰਮੀ ਪੰਡਤਾ, ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਹੁਕਮ ਮਨਾਈਆ । ਧਰਮ ਦਵਾਰ ਵਖਾ ਊਚ ਨੀਚ ਰਾਓ ਰੰਕ ਸਾਚੀ ਸੰਗਤਾ, ਸੰਗਲ ਸ਼ਰਅ ਦੇ ਤੁੜਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਤੇਰਾ ਅੰਦਰ ਬਾਹਰ ਰੰਗਦਾ, ਰੰਗ ਚਲੂਲ ਦਏ ਚੜ੍ਹਾਈਆ । ਲੋਕਮਾਤ ਤੇਰਾ ਰਾਹ ਤੱਕਦਾ, ਧਰਨੀ ਧਰਤ ਧਵਲ ਦਏ ਦੁਹਾਈਆ । ਮਾਰਗ ਲਾ ਧਰਮ ਸਤਿ ਸਚ ਦਾ, ਜੂਠ ਝੂਠ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਸਦਾ ਸਦਾ ਸਦ ਜੁਗ ਚੌਕੜੀ ਹਰ ਘਟ ਥਾਂ ਵਸਦਾ, ਖ਼ਾਲੀ ਦਵਾਰਾ ਨਜ਼ਰ ਕੋਇ ਨਾ ਆਈਆ ।

★ ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਪੂਰੋ ਦੇ ਗ੍ਰਹਿ ਨਵਾਂ ਪਿੰਡ ਜ਼ਿਲਾ ਗੁਰਦਾਸਪੁਰ ★

ਸਤਿਜੁਗ ਸਾਚੇ ਸਾਚੇ ਧਰਮ ਦਾ ਖੋਲ੍ਹ ਦਵਾਰ, ਮਾਤਲੋਕ ਧੁਰ ਸੰਦੇਸ਼ਾ ਦੇ ਸੁਣਾਈਆ । ਸਤਿਗੁਰ ਸ਼ਬਦ ਦਾ ਬਣ ਬਰਖ਼ੁਰਦਾਰ, ਸੇਵਕ ਹੋ ਕੇ ਸੇਵ ਕਮਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਮਦਦਗਾਰ, ਮਿਹਰਵਾਨ ਮਿਹਰ ਨਜ਼ਰ ਨਾਲ ਪਾਰ ਕਰਾਈਆ । ਝਗੜਾ ਦੀਨ ਦੁਨੀ ਨਾ ਰਹੇ ਵਿਚ ਸੰਸਾਰ, ਜਾਤ ਪਾਤ ਨਾ ਕੋਇ ਲੜਾਈਆ । ਸਾਂਝਾ ਦੱਸ ਸਰਬ ਪਿਆਰ, ਮਾਨਵ ਜਾਤੀ ਦੇ ਸਮਝਾਈਆ । ਇਸ਼ਟ ਮਨਾ ਇਕ ਨਿਰੰਕਾਰ, ਦੇਵਤ ਸੁਰ ਦੀ ਲੋੜ ਰਹੇ ਨਾ ਰਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪਰਵਰਦਿਗਾਰ ਨੂਰ ਖ਼ੁਦਾਈਆ । ਸਚਖੰਡ ਨਿਵਾਸੀ ਦੱਸ ਧੁਰ ਦਾ ਸਿਕਦਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਹੁਕਮ ਅੰਦਰ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਵਾਰੋ ਵਾਰੀ ਆਉਂਦੇ ਪੈਗ਼ੰਬਰ ਗੁਰ ਅਵਤਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਨਾਮ ਸੰਦੇਸ਼ਾ ਬੋਲ ਜੈਕਾਰ, ਚਾਰ ਕੁੰਟ ਕਰਨ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਬਣ ਲਿਖਾਰ, ਨਿਰਅੱਖਰ ਅੱਖਰ ਧਾਰ ਬਦਲਾਈਆ । ਸਚ ਦਵਾਰ ਦਾ ਖੋਲ੍ਹ ਕਿਵਾੜ, ਪੜਦਾ ਓਹਲਾ ਜਾਣ ਚੁਕਾਈਆ । ਤਿਨ੍ਹਾਂ ਦੀ ਸਿਖਿਆ ਕਲਜੁਗ ਜੀਵ ਸਮਝ ਨਾ ਸਕੇ ਗਵਾਰ, ਬੁੱਧ ਬਿਬੇਕ ਨਾ ਕੋਇ ਬਣਾਈਆ । ਘਰ ਘਰ ਅੰਦਰ ਕੂੜੀ ਕਿਰਿਆ ਲੋਭ ਮੋਹ ਹੰਕਾਰ, ਮਾਇਆ ਮਮਤਾ ਰਹੀ ਸਤਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹੋਵੇ ਵਿਭਚਾਰ, ਤੀਰਥ ਤਟ ਸਾਚਾ ਰੰਗ ਨਾ ਕੋਇ ਰੰਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਖ਼ੁਆਰ, ਪ੍ਰੇਮ ਪ੍ਰੀਤੀ ਸਾਚੀ ਰੀਤੀ ਸਚ ਨਾ ਕੋਇ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਜੂਠ ਝੂਠ ਕੀਤਾ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਲੋਕਮਾਤ ਮਾਰ ਝਾਤ, ਅੰਮ੍ਰਿਤ ਬੂੰਦ ਸਵਾਂਤ ਸਭ ਨੂੰ ਦੇ ਪਿਆਈਆ । ਸਤਿਜੁਗ ਸਾਚੇ ਉਠ ਲੈ ਅੰਗੜਾਈ, ਸਵਾਧਾਨ ਪੁਰਖ ਅਕਾਲ ਰਿਹਾ ਕਰਾਈਆ । ਲੋਕਮਾਤ ਦੀਨ ਦੁਨੀ ਪਈ ਦੁਹਾਈ, ਹਾਹਾਕਾਰ ਵਿਚ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਸਿਖਿਆ ਗਏ ਭੁਲਾਈ, ਸਾਚੇ ਮਾਰਗ ਚਲ ਕੇ ਪ੍ਰਭ ਦਾ ਦਰਸ ਕੋਇ ਨਾ ਪਾਈਆ । ਮਾਇਆ ਮਮਤਾ ਮੋਹ ਕੀਤਾ ਹਲਕਾਈ, ਜਗਤ ਵਾਸਨਾ ਤ੍ਰਿਸ਼ਨਾ

ਰਹੀ ਤੜਫਾਈਆ । ਸਾਚੀ ਮੰਜ਼ਲ ਚੜ੍ਹ ਕੇ ਮਿਲੇ ਨਾ ਕਿਸੇ ਮਾਹੀ, ਮਹਿਬੂਬ ਮੁਹੱਬਤ ਵਿਚ ਨਾ ਕੋਇ ਸਮਾਈਆ । ਆਤਮ ਪਰਮਾਤਮ ਹੋਈ ਜੁਦਾਈ, ਪਾਰਬ੍ਰਹਮ ਬ੍ਰਹਮ ਮੇਲਾ ਨਾ ਕੋਇ ਕਰਾਈਆ । ਸੁਰਤੀ ਸ਼ਬਦ ਨਾ ਵੱਜੇ ਵਧਾਈ, ਗੀਤ ਗੋਬਿੰਦ ਨਾ ਕੋਇ ਸੁਣਾਈਆ । ਕਲਜੁਗ ਕੂੜ ਕੁੜਿਆਰੇ ਆਪਣਾ ਡੰਕ ਦਿਤਾ ਵਜਾਈ, ਰਾਓ ਰੰਕਾਂ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਸਤਿ ਸਤਿਵਾਦ ਸਾਚਾ ਮਾਰਗ ਦੇ ਵਖਾਈਆ । ਸਤਿਜੁਗ ਸਾਚੇ ਦੀਨ ਦੁਨੀ ਦੇ ਸੰਦੇਸ਼, ਨਾਉਂ ਨਿਰੰਕਾਰ ਇਕ ਦ੍ਰਿੜਾਈਆ । ਚਾਰ ਵਰਨ ਅਠਾਰਾਂ ਬਰਨ ਸਭ ਦਾ ਮਾਲਕ ਇਕ ਨਰੇਸ਼, ਪਰਮ ਪੁਰਖ ਪਾਰਬ੍ਰਹਮ ਬੇਪਰਵਾਹੀਆ । ਜਿਸ ਦੀ ਨਜ਼ਰ ਨਾ ਆਏ ਕਿਸੇ ਰੂਪ ਰੇਖ, ਰੰਗ ਰਤੜਾ ਬੈਠਾ ਹਰ ਘਟ ਡੇਰਾ ਲਾਈਆ । ਜਿਸ ਨੂੰ ਝੁਕਦੇ ਵਿਸ਼ਨ ਸ਼ਿਵ ਬ੍ਰਹਮਾ ਮਹੇਸ਼, ਸਿਰ ਸਕੇ ਨਾ ਕੋਇ ਉਠਾਈਆ । ਸਦਾ ਵਸਿਆ ਸਚਖੰਡ ਦੇਸ, ਬ੍ਰਹਿਮੰਡ ਖੰਡ ਪੁਰੀ ਲੋਅ ਗਗਨ ਗਗਨੰਤਰ ਆਪਣਾ ਹੁਕਮ ਚਲਾਈਆ । ਜਿਸ ਦਾ ਨਾ ਮੁੱਛ ਦਾੜ੍ਹੀ ਕੋਈ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਵਟਾਈਆ । ਜਿਸ ਨੇ ਸੁਤ ਬਣਾਇਆ ਗੋਬਿੰਦ ਦਸ ਦਸਮੇਸ, ਦਹਿ ਦਿਸ਼ਾ ਦਾ ਮਾਲਕ ਇਕੋ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਦਾ ਰਹੇ ਹਮੇਸ਼, ਗੁਰ ਅਵਤਾਰ ਪੈਗ਼ੰਬਰ ਸੇਵਾ ਵਿਚ ਰਖਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਲਜੁਗ ਕੂੜੀ ਕਿਰਿਆ ਹੁਕਮੇ ਨਾਲ ਬਦਲ ਦਏ ਰੇਖ, ਮਾਇਆ ਮਮਤਾ ਮੋਹ ਡੇਰਾ ਢਾਹੀਆ । ਸਤਿ ਧਰਮ ਦਾ ਧਰਤ ਧਵਲ ਉਪਰ ਸੁਹੰਜਣਾ ਕਰ ਦੇਸ, ਰੁਤ ਅਗੰਮੜੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਹੁਕਮ ਇਕ ਨਰੇਸ਼, ਨਰਾਂ ਦਾ ਨਰਾਇਣ ਆਪ ਜਣਾਈਆ । ਸਤਿਜੁਗ ਸਾਚੇ ਸਾਚੀ ਦੇ ਦੇ ਸਿਖਿਆ, ਵਿਦਿਆਲਾ ਧੁਰ ਦਾ ਇਕ ਖੁਲ੍ਹਾਈਆ । ਨਾਮ ਨਿਧਾਨ ਅਗੰਮੀ ਪਾ ਭਿਛਿਆ, ਭਿੱਖਕ ਬਣੇ ਸਰਬ ਲੋਕਾਈਆ । ਕਲਜੁਗ ਚੌਥੇ ਜੁਗ ਪੂਰਾ ਹੋਵੇ ਭਵਿਖਤ ਲਿਖਿਆ, ਗੁਰ ਅਵਤਾਰ ਪੈਗ਼ੰਬਰ ਦੇਣ ਗਵਾਹੀਆ । ਦੀਨ ਦੁਨੀ ਦ੍ਰਿਸ਼ਟੀ ਅੰਦਰ ਜਾਪੇ ਮਿਥਿਆ, ਸਗਲਾ ਸੰਗ ਨਾ ਕੋਇ ਨਿਭਾਈਆ । ਪੁਰਖ ਅਕਾਲ ਦੀਨ ਦਿਆਲ ਸਭ ਨੂੰ ਦੱਸ ਧੁਰਦਰਗਾਹੀ ਪਿਤਿਆ, ਪਤਿਪਰਮੇਸ਼ਵਰ ਸਭ ਦਾ ਪਿਤਾ ਮਾਈਆ । ਜਿਸ ਦਾ ਹੁਕਮ ਲੇਖ ਫ਼ਰਮਾਨ ਕਦੇ ਨਾ ਮਿਟਿਆ, ਨਿਤ ਨਵਿਤ ਆਪਣੀ ਧਾਰ ਚਲਾਈਆ । ਕਰੇ ਖੇਲ ਸਦਾ ਅਨਡਿਠਿਆ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਕਲਜੁਗ ਕੂੜ ਕੁੜਿਆਰ ਹੁਕਮੇ ਅੰਦਰ ਜਿਸ ਨੇ ਆਪਣੇ ਖਾਤੇ ਸਿਟਿਆ, ਦੂਸਰ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਤੇਰਾ ਲਹਿਣਾ ਦੇਣਾ ਅਗਲਾ ਅਜੇ ਨਾ ਮੁਕਿਆ, ਪਿਛਲਾ ਪਿਛੇ ਝੋਲੀ ਪਾਈਆ । ਸਤਿਜੁਗ ਸਾਚੇ ਸਤਿ ਧਰਮ ਦਾ ਦੱਸ ਸਤਿਵਾਦ, ਸਾਚੀ ਸਿਖਿਆ ਜਗਤ ਜਣਾਈਆ । ਕੂੜੀ ਕਿਰਿਆ ਮਿਟੇ ਰਿਵਾਜ, ਮਨ ਵਾਸਨਾ ਰਹੇ ਨਾ ਰਾਈਆ । ਉਜੜਿਆ ਖੇੜਾ ਕਰ ਆਬਾਦ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਹਰ ਹਿਰਦੇ ਵਿਚ ਪਰਮਾਤਮ ਆਤਮ ਆਵੇ ਯਾਦ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਵਸਤ ਅਮੋਲਕ ਕਾਇਆ ਗੋਲਕ ਨਾਮ ਨਿਧਾਨਾ ਦੇ ਦਾਦ, ਦੌਲਤਮੰਦ ਗੁਰਮੁਖ ਦੇ ਬਣਾਈਆ । ਸੋਈ ਸੁਰਤੀ ਸਭ ਦੀ ਜਾਏ ਜਾਗ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਅੰਤਰ ਅੰਤਰ ਬਿਰਹੋਂ ਵਿਛੋੜੇ ਦਾ ਉਪਜੇ ਵੈਰਾਗ, ਵੈਰੀ ਦੂਤੀ ਦੁਸ਼ਮਣ ਰਹਿਣ ਕੋਇ ਨਾ ਪਾਈਆ । ਘਰ ਸਵਾਮੀ ਮੇਲ ਕੰਤ ਸੁਹਾਗ, ਸੇਜ ਸੁਹੰਜਣੀ ਸੋਭਾ ਪਾਈਆ । ਸਤਿ ਧਰਮ

ਦਾ ਵੱਡਾ ਹੋਵੇ ਸੁਭਾਗ, ਸੰਸਾਰ ਸਚ ਵਿਚ ਦੇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਦੁਰਮਤ ਮੈਲ ਧੋਵੇ ਦਾਗ਼, ਸਤਿਜੁਗ ਤੇਰਾ ਨਿਰਗੁਣ ਨੂਰ ਜਗਾਏ ਚਿਰਾਗ਼, ਅੰਧ ਅੰਧੇਰਾ ਦਏ ਗਵਾਈਆ ।

## ★ ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਕਿਸ਼ਨ ਕੌਰ ਦੇ ਗ੍ਰਿਹ ਨਵਾਂ ਪਿੰਡ ★

ਸਤਿਜੁਗ ਸਾਚੇ ਲੋਕਮਾਤ ਦੱਸ ਇਕੋ ਨਾਮ, ਚਾਰ ਵਰਨ ਅਠਾਰਾਂ ਬਰਨ ਦੇ ਸਮਝਾਈਆ । ਸਭ ਦਾ ਮਾਲਕ ਆਦਿ ਜੁਗਾਦਿ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਨੂਰ ਖ਼ੁਦਾਈਆ । ਜਿਸ ਨੂੰ ਝੁਕਦੇ ਗੁਰ ਅਵਤਾਰ ਪੈਗ਼ੰਬਰ ਕਰਨ ਪਰਨਾਮ, ਸਜਦਿਆਂ ਵਿਚ ਸੀਸ ਝੁਕਾਈਆ । ਸਚਖੰਡ ਦਵਾਰਾ ਜਿਸ ਦਾ ਹਕ ਮੁਕਾਮ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਨੂਰ ਮਹਾਨ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਸ਼ਬਦੀ ਸੁਤ ਦੁਲਾਰਾ ਸਭ ਦਾ ਕਾਹਨ, ਮਾਲਕ ਦੋ ਜਹਾਨ ਅਖਵਾਈਆ । ਨਿਤ ਨਵਿਤ ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਖੋਜ ਖੁਜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਵੇਖੇ ਮਾਰ ਧਿਆਨ, ਧਰਨੀ ਧਰਤ ਧਵਲ ਉਪਰ ਪੜਦਾ ਦਏ ਚੁਕਾਈਆ । ਮਨ ਵਾਸਨਾ ਸ੍ਰਿਸ਼ਟੀ ਦ੍ਰਿਸ਼ਟੀ ਸ਼ਰਅ ਹੋਈ ਸ਼ੈਤਾਨ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਧੁਰ ਦਾ ਹੁਕਮ ਦੇਵੇ ਹੁਕਮਰਾਨ, ਨਾਮ ਸੰਦੇਸ਼ਾ ਇਕ ਸੁਣਾਈਆ । ਲੋਕਮਾਤ ਮਾਰ ਝਾਤ ਧੁਰ ਸੰਦੇਸ਼ਾ ਦੇ ਪੈਗ਼ਾਮ, ਪੀਰ ਪੈਗ਼ੰਬਰਾਂ ਤੋਂ ਪਰੇ ਕਰ ਪੜ੍ਹਾਈਆ । ਜਿਸ ਨੂੰ ਸਮਝ ਨਾ ਸਕੇ ਕੋਇ ਬੁੱਧੀਵਾਨ ਇਨਸਾਨ, ਨਿਰਅੱਖਰ ਅੱਖਰ ਧਾਰ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਸਾਚਾ ਮਾਰਗ ਰਿਹਾ ਸਮਝਾਈਆ । ਸਤਿਜੁਗ ਸਾਚੇ ਸਾਚੀ ਸਿਖਿਆ ਦੇ ਸੰਸਾਰ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਦੇ ਸੁਣਾਈਆ । ਮੂਰਖ ਮੁਗਧ ਜੀਵ ਰਹੇ ਨਾ ਕੋਇ ਗਵਾਰ, ਬਿਬੇਕ ਬੁੱਧੀ ਸਭ ਦੀ ਦੇ ਕਰਾਈਆ । ਸਾਚੇ ਨਾਮ ਦਾ ਚੜ੍ਹਿਆ ਰਹੇ ਖ਼ੁਮਾਰ, ਕੂੜ ਕੁੜਿਆਰੀ ਮਦ ਨਾ ਕੋਇ ਪਿਆਈਆ । ਇਕੋ ਇਸ਼ਟ ਦ੍ਰਿਸ਼ਟ ਨੂਰ ਨਜ਼ਰ ਆਏ ਨਿਰੰਕਾਰ, ਤੂੰ ਹੀ ਤੂੰ ਹੀ ਸਾਰੇ ਰਾਗ ਅਲਾਈਆ । ਦੀਨ ਮਜ਼੍ਹਬ ਦਾ ਝਗੜਾ ਜਾਤ ਪਾਤ ਕਰੇ ਨਾ ਕਿਸੇ ਖ਼ੁਆਰ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਸ਼ਬਦ ਸੰਦੇਸ਼ਾ ਦੇ ਏਕਾ ਵਾਰ, ਏਕੰਕਾਰ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਸਾਚੀ ਸਿਖਿਆ ਇਕ ਦ੍ਰਿੜ੍ਹਾਈਆ । ਸਤਿਜੁਗ ਸਾਚੇ ਦੀਨ ਦੁਨੀ ਚਾਰ ਕੁੰਟ ਦਹਿ ਦਿਸ਼ਾ ਇਕ ਵਖਾ ਸੱਚੀ ਧਰਮਸਾਲ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਇਕੋ ਨਜ਼ਰੀ ਆਈਆ । ਜਿਸ ਘਰ ਠਾਕਰ ਸਵਾਮੀ ਮਿਲੇ ਦੀਨ ਦਿਆਲ, ਦਇਆਨਿਧ ਆਪਣੀ ਦਇਆ ਕਮਾਈਆ । ਤਿਸ ਘਰ ਸੰਤ ਸੁਹੇਲੇ ਗੁਰਮੁਖ ਸੱਜਣ ਵਸਣ ਪ੍ਰਭ ਦੇ ਨਾਲ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੁਰੀਦਾਂ ਮੁਰਸ਼ਦ ਹੋ ਕੇ ਪੁਛੇ ਹਾਲ, ਮਿਹਰਵਾਨ ਹੋ ਕੇ ਮਹਿਬੂਬ ਆਪਣਾ ਜੋੜ ਜੁੜਾਈਆ । ਜਨਮ ਜਨਮ ਦੀ ਕਰਮ ਕਰਮ ਦੀ ਕੀਤੀ ਕਰਨੀ ਲੇਖੇ ਲਾਵੇ ਘਾਲ, ਜਨਮ ਮਰਨ ਦਾ ਰਹੇ ਨਾ

ਕੋਇ ਸਵਾਲ, ਗੇੜ ਚੁਰਾਸੀ ਦਏ ਕਟਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਜਗਾ ਬੇਮਿਸਾਲ, ਮਿਸਲ ਅਸਲ ਅਸਲੀ ਦੇ ਸਮਝਾਈਆ । ਕਲਜੁਗ ਕੂੜੀ ਕਿਰਿਆ ਬੇਹਾਲ, ਜੂਠ ਝੂਠ ਵੱਜੇ ਕੋਈ ਨਾ ਤਾਲ, ਮਨ ਮਮਤਾ ਮੋਹ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਤੇਰਾ ਸਤਿ ਦਵਾਰ ਖੁਲ੍ਹਾਵਣਹਾਰ ਏਕੰਕਾਰ, ਹੁਕਮੇ ਅੰਦਰ ਹੁਕਮ ਸੁਣਾਈਆ । ਸਤਿਜੁਗ ਸਾਚੇ ਕੂੜੀ ਕਿਰਿਆ ਨਾਤਾ ਤੋੜ, ਸਚ ਸਚ ਨਾਲ ਮਿਲਾਈਆ । ਆਤਮ ਪਰਮਾਤਮ ਧੁਰ ਦਾ ਮੇਲਾ ਜੋੜ, ਵਿਛੜਿਆ ਰਹਿਣ ਕੋਇ ਨਾ ਪਾਈਆ । ਮਨ ਵਾਸਨਾ ਕੁਕਰਮਾਂ ਵਿਚੋਂ ਹੋੜ, ਹੋਕਾ ਹਰਿ ਹਰਿ ਸ਼ਬਦ ਸੁਣਾਈਆ । ਅੰਦਰ ਰਹੇ ਨਾ ਤੱਤਾਂ ਵਾਲਾ ਚੋਰ, ਠੱਗੀ ਚੋਰੀ ਯਾਰੀ ਨਾ ਕੋਇ ਕਮਾਈਆ । ਕਰ ਪਰਕਾਸ਼ ਅੰਧੇਰੇ ਘੋਰ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਤੇਰੇ ਅੰਤਰ ਦਏ ਟਿਕਾਈਆ । ਸਤਿਜੁਗ ਸਾਚੇ ਸੱਚਾ ਬਲ ਧਾਰ, ਬਲਧਾਰੀ ਦਇਆ ਕਮਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਕੱਢ ਕੂੜ ਵਿਕਾਰ, ਹੰਕਾਰ ਲੋਭ ਮਮਤਾ ਦੇ ਮਿਟਾਈਆ । ਸਭ ਨੂੰ ਨਜ਼ਰੀ ਆਏ ਏਕਾ ਏਕੰਕਾਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦਾ ਹੋਏ ਸਾਂਝਾ ਜੈਕਾਰ, ਸਾਚਾ ਢੋਲਾ ਸ਼ਬਦ ਵਿਚੋਲਾ ਇਕੋ ਦੇ ਬਣਾਈਆ । ਦੁਖੀਆਂ ਦਾ ਦੁੱਖ ਨਿਵਾਰ, ਹੰਕਾਰੀਆਂ ਦਾ ਤੋੜ ਹੰਕਾਰ, ਸਾਂਝਾ ਵਖਾ ਸੱਚਾ ਘਰ ਬਾਰ, ਜਿਸ ਘਰ ਵਸੇ ਬੇਪਰਵਾਹੀਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਕਰ ਪਿਆਰ, ਮੰਜ਼ਲ ਰਹੇ ਨਾ ਕਿਸੇ ਦੁਸ਼ਵਾਰ, ਸਚ ਦਵਾਰਾ ਏਕੰਕਾਰਾ ਇਕੋ ਦਏ ਵਖਾਈਆ । ਜਿਸ ਘਰ ਬੈਠੇ ਪੈਗ਼ੰਬਰ ਗੁਰ ਅਵਤਾਰ, ਸਜਦਾ ਕਰਨ ਨਮਸਤੇ ਵਿਚ ਨਿਮਸਕਾਰ, ਨਿਉਂ ਨਿਉਂ ਪੁਰਖ ਅਕਾਲ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰੀ ਸਾਚੀ ਸਿਖਿਆ ਸਾਖਿਆਤ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਜ਼ਰੀ ਆਈਆ । ਸਤਿਜੁਗ ਸਾਚੇ ਸਾਚਾ ਮਾਰਗ ਦੇ ਏਕ, ਏਕੰਕਾਰ ਰਿਹਾ ਦ੍ਰਿੜਾਈਆ । ਨਵ ਸੱਤ ਬਖ਼ਸ਼ ਏਕ ਟੇਕ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਸਚਖੰਡ ਦਵਾਰਾ ਸਭ ਨੂੰ ਦੱਸ ਸਾਚਾ ਦੇਸ, ਲੱਖ ਚੁਰਾਸੀ ਭੌਣਾ ਕੰਮ ਕਿਸੇ ਨਾ ਆਈਆ । ਜੁਗ ਚੌਕੜੀ ਦੀਨ ਦਿਆਲ ਨਿਰਗੁਣ ਸਰਗੁਣ ਬਦਲਦਾ ਆਇਆ ਭੇਖ, ਰੂਪ ਰੰਗ ਰੇਖ ਨਾ ਕਿਸੇ ਸਮਝਾਈਆ । ਕਲਜੁਗ ਅੰਤ ਜੋਤੀ ਜਾਮਾ ਸ੍ਰੀ ਭਗਵੰਤ ਧਰੇ ਅਵੱਲੜਾ ਵੇਸ, ਸ਼ਬਦੀ ਡੰਕ ਰਾਓ ਰੰਕ ਆਪਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰਾ ਸਤਿ ਦਵਾਰ, ਧਰਨੀ ਧਰਤ ਧਵਲ ਉਪਰ ਕਰੇ ਪਸਾਰ, ਕੂੜੀ ਕਿਰਿਆ ਦਏ ਨਿਵਾਰ, ਕਾਮ ਕਰੋਧ ਲੋਭ ਮੋਹ ਹੰਕਾਰ ਤਤ ਵਜੂਦ ਰਹਿਣ ਕੋਇ ਨਾ ਪਾਈਆ । ਸਤਿਜੁਗ ਸਾਚੇ ਸਭ ਦਾ ਸਾਂਝਾ ਬਣ ਮੀਤ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਝਗੜਾ ਰਹੇ ਨਾ ਕਿਸੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਪੜਦਾ ਓਹਲਾ ਦੇਣਾ ਚੁਕਾਈਆ । ਲੱਖ ਚੁਰਾਸੀ ਜੀਵ ਜੰਤ ਬਦਲ ਦੇ ਨੀਤ, ਰੀਤੀ ਅਗਲੀ ਦੇ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਰੇ ਗਾਵਣ ਗੀਤ, ਗਹਿਰ ਗੰਭੀਰ ਬੇਨਜ਼ੀਰ ਮਿਲ ਕੇ ਵੱਜੇ ਵਧਾਈਆ । ਕਾਇਆ ਮਾਟੀ ਸਭ ਦੀ ਕਰ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਤੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਸਦਾ ਬੈਠਾ ਰਹੇ ਅਤੀਤ, ਤ੍ਰੈਗੁਣ ਹੁਕਮੇ ਅੰਦਰ ਭਵਾਈਆ । ਸੋ ਸਵਾਮੀ ਅੰਤਰਜਾਮੀ


੧੨੫
੨੦

ਸਭ ਦੇ ਵਸਾਂ ਚੀਤ, ਮਨ ਚਿਤ ਠਗੌਰੀ ਰਹਿਣ ਕੋਇ ਨਾ ਪਾਈਆ । ਝਗੜਾ ਚੁੱਕੇ ਹਸਤ ਕੀਟ, ਊਚ ਨੀਚ ਰਾਓ ਰੰਕ ਇਕੋ ਘਰ ਬਹਾਈਆ । ਪੁਰਖ ਅਕਾਲ ਦੀਨ ਦਿਆਲ ਚਰਨ ਕਵਲ ਸਾਚੀ ਦੱਸ ਪ੍ਰੀਤ, ਪ੍ਰੀਤਮ ਆਪਣਾ ਸਾਰੇ ਲੈਣ ਬਣਾਈਆ । ਸਦੀ ਚੌਧਵੀਂ ਰਹੀ ਬੀਤ, ਕਰੇ ਖੇਲ ਪ੍ਰਭੂ ਅਨਡੀਠ, ਪਰਵਰਦਿਗਾਰ ਸਾਂਝਾ ਯਾਰ ਹੁਕਮੇ ਅੰਦਰ ਹੁਕਮ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਨਾਮ ਸਚ ਕਲਾਮ ਦੱਸੇ ਇਕ ਹਦੀਸ, ਹਜ਼ਰਤਾਂ ਤੋਂ ਅੱਗੇ ਹਜ਼ੂਰ ਆਪਣੀ ਦੱਸੇ ਪੜ੍ਹਾਈਆ ।

★ ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਗੁਰੋ ਦੇ ਗ੍ਰਹਿ ਪਿੰਡ ਚੁਮਿਆਰੀ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਸਾਚੇ ਸਤਿ ਧਰਮ ਮਿਲੇ ਮਨਜ਼ੂਰੀ, ਦਇਆਵਾਨ ਦਇਆ ਕਮਾਈਆ । ਸੇਵਾ ਕਰਨੀ ਦਰ ਹਜ਼ੂਰੀ, ਫ਼ਰਮਾਂਬਰਦਾਰ ਰੂਪ ਵਟਾਈਆ । ਮੁਹੱਬਤ ਵਿਚ ਲੇਖੇ ਲੱਗੇ ਮਜ਼ਦੂਰੀ, ਚਾਕਰੀ ਇਕੋ ਦਏ ਜਣਾਈਆ । ਕਲਜੁਗ ਕੂੜਾ ਗੜ੍ਹ ਤੁੱਟੇ ਗ਼ਰੂਰੀ, ਹੰਗਤਾ ਰਹਿਣ ਕੋਇ ਨਾ ਪਾਈਆ । ਮਨ ਵਾਸਨਾ ਕੱਢਣੀ ਕੂੜੀ, ਜੂਠ ਝੂਠ ਦੇਣਾ ਮਿਟਾਈਆ । ਸਾਚੇ ਭਗਤਾਂ ਸੰਤਾਂ ਪੰਧ ਮੁਕਾਉਣਾ ਨੇੜੇ ਦੂਰੀ, ਵਿਛੜਿਆ ਰਹਿਣ ਕੋਇ ਨਾ ਪਾਈਆ । ਚਤੁਰ ਸੁਘੜ ਬਣਾਉਣਾ ਮੂਰਖ ਮੂੜ੍ਹੀ, ਮੁਗਧ ਅੰਞਾਣ ਮਿਲੇ ਵਡਿਆਈਆ । ਆਤਮ ਪਰਮਾਤਮ ਮੇਲ ਮਿਲਾਉਣਾ ਜ਼ਰੂਰੀ, ਨਾਤਾ ਧੁਰ ਦਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਤਿਜੁਗ ਸਾਚੇ ਸਾਚੀ ਦੱਸਣੀ ਨਿਮਸਕਾਰ, ਹਰਿ ਚਰਨ ਮਿਲੇ ਵਡਿਆਈਆ । ਇਸ਼ਟਾਂ ਦਾ ਇਸ਼ਟ ਏਕੰਕਾਰ, ਸ੍ਰਿਸ਼ਟੀ ਦ੍ਰਿਸ਼ਟੀ ਦਾ ਮਾਲਕ ਇਕ ਅਖਵਾਈਆ । ਜਿਸ ਦੀ ਮਹਿੰਮਾਂ ਗਾਉਂਦੇ ਰਹੇ ਜੁਗ ਚਾਰ, ਸ਼ਾਸਤਰ ਵੇਦ ਪੁਰਾਨਾਂ ਨਾਲ ਸਾਲਾਹੀਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਦੀਦਾਰ, ਜੋਤੀ ਜਾਤਾ ਡਗਮਗਾਈਆ । ਸੋ ਸ਼ਾਹੋ ਭੂਪ ਦੋ ਜਹਾਨਾ ਸਿਕਦਾਰ, ਸ਼ਹਿਨਸ਼ਾਹ ਸਚਖੰਡ ਅਖਵਾਈਆ । ਕਰੇ ਖੇਲ ਅਪਰ ਅਪਾਰ, ਅਗੰਮ ਅਥਾਹ ਆਪਣੀ ਕਾਰ ਕਮਾਈਆ । ਸਾਚਾ ਮਾਰਗ ਲਾਵੇ ਵਿਚ ਸੰਸਾਰ, ਧਰਮ ਦਵਾਰਾ ਇਕ ਪਰਗਟਾਈਆ । ਕੂੜੀ ਕਿਰਿਆ ਕਰੇ ਖ਼ੁਆਰ, ਮਮਤਾ ਮੋਹ ਰਹੇ ਨਾ ਰਾਈਆ । ਗੁਰਮੁਖ ਸੱਜਣ ਬਣੇ ਮੀਤ ਮੁਰਾਰ, ਘਰ ਸੱਜਣ ਰੰਗ ਰੰਗਾਈਆ । ਗੁਰਸਿਖਾਂ ਖੋਲ੍ਹ ਕਿਵਾੜ, ਪੜਦਾ ਅੰਦਰੋਂ ਦਏ ਚੁਕਾਈਆ । ਨਿਰਗੁਣ ਜੋਤ ਕਰੇ ਉਜਿਆਰ, ਅੰਧ ਅੰਧੇਰਾ ਦਏ ਮਿਟਾਈਆ । ਧੁਰ ਦਾ ਸ਼ਬਦ ਸੁਣਾਏ ਸਚੀ ਧੁਨਕਾਰ, ਅਨਾਦੀ ਨਾਦ ਵਜਾਈਆ । ਆਤਮ ਪਰਮਾਤਮ ਮਿਲ ਕੇ ਸਾਚਾ ਮੰਗਲਾਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਸਾਚਾ ਰਾਹ ਦਰਸਾਈਆ । ਸਤਿਜੁਗ ਸਾਚੇ ਸਤਿਗੁਰ ਸ਼ਬਦ ਰਹਿਣਾ ਹੁਸ਼ਿਆਰ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਕਲਜੁਗ ਕੱਢ ਕੂੜ ਕੁੜਿਆਰ, ਜੂਠ ਝੂਠ ਦੇਣਾ ਮਿਟਾਈਆ । ਸਤਿ ਧਰਮ ਦਾ ਕਰ ਪਸਾਰ, ਸ੍ਰਿਸ਼ਟੀ ਦ੍ਰਿਸ਼ਟੀ ਦੇਣੀ ਬਦਲਾਈਆ । ਆਤਮ ਪਰਮਾਤਮ ਦੱਸ ਜੈਕਾਰ, ਸੋਹੰ ਢੋਲਾ ਦੇਣਾ ਸਮਝਾਈਆ । ਸਭ ਦਾ ਮਾਲਕ ਏਕੰਕਾਰ, ਪੁਰਖ ਅਕਾਲਾ ਦੋ ਜਹਾਨਾਂ ਪਿਤਾ ਮਾਈਆ । ਜਿਸ

ਨੂੰ ਲੱਭਦੇ ਰਹੇ ਸਦਾ ਜੁਗ ਚਾਰ, ਚੌਕੜੀ ਬਿਨ ਅੱਖਾਂ ਅੱਖ ਖੁਲ੍ਹਾਈਆ । ਸੋ ਖੇਲ ਕਰੇ ਅਪਰ ਅਪਾਰ, ਆਪ ਆਪਣਾ ਵੇਸ ਵਟਾਈਆ । ਜੋਤੀ ਜਾਤਾ ਨਿਰਗੁਣ ਧਾਰ ਹੋ ਉਜਿਆਰ, ਸ਼ਬਦੀ ਡੰਕ ਰਾਓ ਰੰਕ ਆਪ ਸੁਣਾਈਆ । ਸੰਤ ਸੁਹੇਲੇ ਲੱਖ ਚੁਰਾਸੀ ਵਿਚੋਂ ਲਏ ਉਭਾਰ, ਗੁਰਮੁਖ ਗੁਰਸਿਖ ਖੋਜੇ ਥਾਉਂ ਥਾਈਂਆ । ਏਕਾ ਬਖ਼ਸ਼ੇ ਨਾਮ ਅਧਾਰ, ਚਰਨ ਪ੍ਰੀਤੀ ਧੁਰ ਪਿਆਰ, ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਸ੍ਰੀ ਭਗਵਾਨਾ ਸ਼ਾਹੋ ਭੂਪ ਵਡ ਸਿਕਦਾਰ, ਹੁਕਮ ਧੁਰ ਦਾ ਦੋ ਜਹਾਨਾਂ ਆਪ ਸਮਝਾਈਆ ।

★ ੮ ਕੱਤਕ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਹਿ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਸਾਚੇ ਉਠ ਪ੍ਰਭ ਦੇ ਲਾਲ, ਲਾਲ ਗੋਪਾਲਾ ਦੀਨ ਦਿਆਲਾ ਆਪ ਉਠਾਈਆ । ਸ੍ਰਿਸ਼ਟੀ ਦੀਨ ਦੁਨੀ ਹੋਈ ਬੇਹਾਲ, ਸ਼ਾਹ ਕੰਗਾਲ ਰਹੇ ਕੁਰਲਾਈਆ । ਸਾਚਾ ਬਣੇ ਨਾ ਕੋਇ ਦਲਾਲ, ਵਿਚੋਲਾ ਹੋ ਕੇ ਵਿਚਲਾ ਭੇਵ ਨਾ ਕੋਇ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜ ਕੁੜਿਆਰ ਵੱਜੇ ਤਾਲ, ਡੰਕਾ ਸਚ ਨਾ ਕੋਇ ਸੁਣਾਈਆ । ਮੁਰੀਦਾਂ ਮੁਰਸ਼ਦ ਪੁਛੇ ਕੋਈ ਨਾ ਹਾਲ, ਹਾਲਤ ਬਦਲੀ ਸਰਬ ਲੋਕਾਈਆ । ਤ੍ਰੈਗੁਣ ਮਾਇਆ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇਂਦੇ ਗਏ ਅਹਿਵਾਲ, ਢੋਲਾ ਸ਼ਬਦੀ ਰਾਗਾਂ ਵਿਚ ਗਾਈਆ ।

੧੨੭ ਸਦੀ ਚੌਧਵੀਂ ਬਣੇ ਨਾ ਕੋਇ ਪ੍ਰਿਤਪਾਲ, ਮਾਲਕ ਹੋਏ ਨਾ ਕੋਇ ਸਹਾਈਆ । ਚਾਰ ਕੁੰਟ ਦਹਿ ਦਿਸ਼ਾ ਭਗਤ ਸੁਹੇਲੇ ਕਰਨ ਭਾਲ, ਭਗਵਨ ਮਿਲੇ ਬੇਪਰਵਾਹੀਆ । ਸਚਖੰਡ ਦਵਾਰ ਵਖਾਏ ਏਕੋ ਸੱਚੀ ਧਰਮਸਾਲ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਆਪ ਖੁਲ੍ਹਾਈਆ । ਕੂੜੀ ਕਿਰਿਆ ਵਿਚੋਂ ਕਰੇ ਬਹਾਲ, ਮਾਰ ਝਾਤ ਲੋਕਮਾਤ ਵਿਚੋਂ ਬਾਹਰ ਲਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸਚ ਸੰਦੇਸ਼ ਇਕ ਸੁਣਾਈਆ । ਸਤਿਜੁਗ ਸਾਚੇ ਉਠ ਹੋ ਸਵਾਧਾਨ, ਹੁਕਮੇ ਅੰਦਰ ਲੈ ਅੰਗੜਾਈਆ । ਕਲਜੁਗ ਮੇਟ ਕੂੜੀ ਕਿਰਿਆ ਜਗਤ ਨਿਸ਼ਾਨ, ਨਿਸ਼ਾਨਾ ਧਰਮ ਦੇ ਝੁਲਾਈਆ । ਸਭ ਨੂੰ ਨਜ਼ਰੀ ਆਏ ਇਕ ਸ੍ਰੀ ਭਗਵਾਨ, ਭਗਤਾਂ ਦਾ ਮਾਲਕ ਬੇਪਵਾਹੀਆ । ਚਾਰ ਵਰਨ ਅਠਾਰਾਂ ਬਰਨ ਦਰ ਦਰਵੇਸ਼ ਮੰਗਤੇ ਬਣਨ ਆਣ, ਖ਼ਾਲੀ ਝੋਲੀ ਸਭ ਦੀ ਦਏ ਭਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲੇ ਸਾਰੇ ਗਾਣ, ਗਾ ਗਾ ਨਵ ਨੌ ਚਾਰ ਵੱਜੇ ਵਧਾਈਆ । ਆਤਮ ਸ਼ਕਤੀ ਮਿਲੇ ਮਹਾਨ, ਭਗਤੀ ਇਕੋ ਇਕ ਦ੍ਰਿੜਾਈਆ । ਮੁਹੱਬਤ ਵਿਚ ਮਹਿਬੂਬ ਹੋਵੇ ਮਿਹਰਵਾਨ, ਮਿਹਰ ਨਜ਼ਰ ਨਾਲ ਤਰਾਈਆ । ਧੁਰ ਦਾ ਸ਼ਬਦ ਦੇਵੇ ਸੱਚੀ ਧੁਨਕਾਨ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਰਸ ਅੰਤਰ ਦੇਵੇ ਪੀਣ ਖਾਣ, ਤ੍ਰਿਸ਼ਨਾ ਕੂੜੀ ਦਏ ਮਿਟਾਈਆ । ਦਰਗਾਹ ਸਾਚੀ ਸੱਚਖੰਡ ਦਵਾਰ ਕਰੇ ਪਰਵਾਨ, ਪਰਵਰਦਗਾਰ ਸਾਂਝਾ ਯਾਰ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਹੇਲਾ ਇਕ ਇਕੇਲਾ ਵਕਤ ਦੁਹੇਲਾ ਦਏ ਮੁਕਾਈਆ । ਸਤਿਜੁਗ ਸਾਚੇ ਉਠ ਗਹਿਰ ਗੰਭੀਰ, ਸਤਿਗੁਰ ਸ਼ਬਦ ਦਏ ਵਡਿਆਈਆ । ਝਗੜਾ ਮੁਕਾ ਕਾਇਆ ਤਤ ਸ਼ਰੀਰ,

ਮਮਤਾ ਮੋਹ ਨਾ ਕੋਇ ਲੜਾਈਆ । ਸ਼ਰਅ ਕੱਟ ਜ਼ੰਜੀਰ, ਸ਼ਰੀਅਤ ਧੁਰ ਦੀ ਦੇ ਸਮਝਾਈਆ । ਸਤਿ ਧਰਮ ਦੀ ਦੱਸ ਤਦਬੀਰ, ਤਰੀਕਾ ਪ੍ਰਭ ਦਾ ਨਾਮ ਜਣਾਈਆ । ਦੀਨ ਮਜ਼੍ਹਬ ਦੀ ਮੇਟ ਲਕੀਰ, ਵਰਨ ਬਰਨ ਨਾ ਕੋਇ ਰਖਾਈਆ । ਧੁਰ ਦਾ ਰੰਗ ਰੰਗਾ ਸ਼ਾਹ ਹਕੀਰ, ਸ਼ਹਿਨਸ਼ਾਹ ਸਾਚਾ ਦੇਣਾ ਮਿਲਾਈਆ । ਜਿਹੜਾ ਅੰਦਰੋਂ ਬਦਲੇ ਜ਼ਮੀਰ, ਜ਼ਾਮਨ ਹੋ ਕੇ ਲਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਸਤਿਜੁਗ ਸਾਚੇ ਉਠ ਬੱਚੇ ਨੰਨ੍ਹੇ, ਨਿਰਗੁਣ ਨਿਰਵੈਰ ਰਿਹਾ ਉਠਾਈਆ । ਜਗਤ ਵਾਸਨਾ ਮੇਟ ਬੰਨੇ, ਬੰਦਗੀ ਇਕੋ ਦੇ ਸਮਝਾਈਆ । ਤੇਰਾ ਸੰਦੇਸ਼ ਸ੍ਰਿਸ਼ਟ ਸਬਾਈ ਮੰਨੇ, ਮਨ ਕਾ ਮਣਕਾ ਦੇ ਭਵਾਈਆ । ਕਲਜੁਗ ਜੀਵ ਰਹਿਣ ਨਾ ਅੰਨ੍ਹੇ, ਨੇਤਰ ਅੱਖ ਦੇਣੀ ਖੁਲ੍ਹਾਈਆ । ਮਿਲੇ ਮੇਲ ਸ੍ਰੀ ਭਗਵੰਨੇ, ਭਾਗ ਸਭ ਦਾ ਝੋਲੀ ਪਾਈਆ । ਸਦੀ ਚੌਧਵੀਂ ਜਨ ਭਗਤ ਜਿਤਨੇ ਜਣੇ, ਜਾਣਕਾਰੀ ਸਭ ਨੂੰ ਦੇ ਕਰਾਈਆ । ਪੁਰਖ ਅਕਾਲ ਭਾਗ ਲਗਾਏ ਤਿਨ੍ਹਾਂ ਦੇ ਕਾਇਆ ਮਾਟੀ ਤਨੇ, ਪੰਜ ਤਤ ਬ੍ਰਹਮ ਮਤ ਦਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਰਾਗ ਸੁਣਾਏ ਅਗੰਮੀ ਕੰਨੇ, ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ ।



੧੨੮



੨੦

## ★ ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਕੌਰ ਦੇ ਗ੍ਰਿਹਿ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਸਤਿ ਧਰਮ ਸੁਹਾਵਣੀ ਰੁੱਤੀ, ਰੁੱਤ ਸੁਹੰਜਣੀ ਦੇਣੀ ਬਣਾਈਆ । ਸਭ ਦੀ ਮਤ ਕਰਨੀ ਉਚੀ, ਨੀਚ ਰਹਿਣ ਕੋਇ ਨਾ ਪਾਈਆ । ਸੁਰਤੀ ਰਹੇ ਕੋਈ ਨਾ ਸੁੱਤੀ, ਸੋਈ ਦੇਣੀ ਉਠਾਈਆ । ਰਮਜ਼ ਰਹੇ ਕੋਈ ਨਾ ਲੁਕੀ, ਪੜਦਾ ਦੇਣਾ ਚੁਕਾਈਆ । ਭਗਤ ਸੁਹੇਲੇ ਗੋਦੀ ਚੁੱਕੀਂ, ਖ਼ੁਸ਼ੀਆਂ ਨਾਲ ਉਠਾਈਆ । ਸਚ ਦਵਾਰੇ ਸੁੱਟੀਂ, ਪ੍ਰਭ ਚਰਨ ਮਿਲੇ ਸਰਨਾਈਆ । ਗ਼ਰੀਬ ਨਿਮਾਣਿਆਂ ਪੁਛੀਂ, ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਤਿਜੁਗ ਸਾਚੇ ਦੇਵੀਂ ਧੁਰ ਦੀ ਖ਼ਬਰ, ਬੇਖ਼ਬਰਾਂ ਆਪ ਸੁਣਾਈਆ । ਜੋ ਬੈਠੇ ਕਰ ਕੇ ਸਬਰ, ਸਿਦਕ ਓਨ੍ਹਾਂ ਤੋੜ ਨਿਭਾਈਆ । ਮਾਲਕ ਦੱਸਣਾ ਪੁਰਖ ਅਕਾਲ ਸ਼ੇਰ ਬੱਬਰ, ਭੈ ਵਿਚ ਰੱਖੇ ਸਰਬ ਲੋਕਾਈਆ । ਆਸਾ ਮਨਸਾ ਪੂਰੀ ਕਰੇ ਸੱਧਰ, ਸਾਧ ਧੁਰ ਦੇ ਲਏ ਬਣਾਈਆ । ਸਚਖੰਡ ਦਵਾਰੇ ਕਰੇ ਕਦਰ, ਕੁਦਰਤ ਦਾ ਮਾਲਕ ਹੋਏ ਸਹਾਈਆ । ਮਨ ਵਾਸਨਾ ਦੇਵੇ ਬਦਲ, ਮਮਤਾ ਮੋਹ ਮਿਟਾਈਆ । ਕੂੜੀ ਕਿਰਿਆ ਕਰ ਕੇ ਕਤਲ, ਸਚ ਦਵਾਰਾ ਦਏ ਜਣਾਈਆ । ਧਾਮ ਨਿਆਰੇ ਬਹਾ ਕੇ ਪੱਤਨ, ਕਿਨਾਰਾ ਇਕੋ ਇਕ ਸਮਝਾਈਆ । ਜਨ ਭਗਤ ਰਹੇ ਨਾ ਕੋਇ ਬੇਵਤਨ, ਸਚ ਦਵਾਰੇ ਦਏ ਟਿਕਾਈਆ । ਮਨਸਾ ਕਰ ਕੇ ਪੂਰੀ ਆਸਣ, ਅਸਲ ਆਪਣਾ ਰੰਗ ਰੰਗਾਈਆ । ਮਿਹਰਵਾਨ ਹੋ ਪੁਰਖ ਅਬਿਨਾਸ਼ਨ, ਅਬਿਨਾਸ਼ੀ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮੰਜ਼ਲ ਦੱਸ ਕੇ ਘਾਟਨ, ਦਰ ਦਰਵਾਜ਼ਾ ਇਕ ਸੁਹਾਈਆ ।

★ ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਿਹ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਸਾਚੇ ਧਰਮ ਮਾਰਗ ਦੱਸਣਾ ਕਲਜੁਗ ਜੀਵਾਂ, ਜਾਣਕਾਰੀ ਧੁਰ ਦਾ ਨਾਮ ਦੇਣਾ ਕਰਾਈਆ । ਲੇਖੇ ਲਾਉਣੀ ਕਾਇਆ ਮਾਟੀ ਸਾਢੇ ਤਿੰਨ ਹੱਥ ਸੀਵਾਂ, ਸੀਨਾ ਸਾਫ਼ ਦੇਣਾ ਕਰਾਈਆ । ਚਲਣਾ ਦੱਸਣਾ ਜਗਤ ਨੀਵਾਂ, ਗੜ੍ਹ ਹੰਕਾਰ ਨਾ ਕੋਇ ਬਣਾਈਆ । ਨਿਰਮਲ ਜੋਤ ਪਰਕਾਸ਼ ਕਰਨਾ ਅਗੰਮੀ ਦੀਵਾ, ਨੂਰ ਸਚ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਸਾਚੇ ਸਚ ਧਰਮ ਦਾ ਦੱਸਣਾ ਰਸਤਾ, ਰਾਹ ਇਕੋ ਦੇਣਾ ਵਖਾਈਆ । ਪ੍ਰਭ ਦਾ ਨਾਮ ਬਿਨ ਕੀਮਤ ਹੋਵੇ ਸਸਤਾ, ਕੌਡੀ ਹੱਟ ਨਾ ਕੋਇ ਵਿਕਾਈਆ । ਮਨੂਆ ਫਿਰੇ ਨਾ ਦਹਿ ਦਿਸ਼ ਨਸਦਾ, ਡੋਰੀ ਸ਼ਬਦ ਦੇਣਾ ਬੰਧਾਈਆ । ਨਾਮ ਉਪਜੇ ਆਤਮ ਪਰਮਾਤਮ ਸਾਂਝਾ ਜਸ ਦਾ, ਸੋਹੰ ਸਚ ਪੜ੍ਹਾਈਆ । ਮੇਲ ਬਣਿਆ ਰਹੇ ਭਗਤਾਂ ਆਪਣੀ ਅੱਖ ਦਾ, ਨਿਜ ਨੇਤਰ ਦਰਸ਼ਨ ਪਾਈਆ । ਲਹਿਣਾ ਦੇਣਾ ਸਭ ਨੂੰ ਦੇਣਾ ਹਕ ਦਾ, ਪੜਦਾ ਓਹਲਾ ਦੇਣਾ ਚੁਕਾਈਆ । ਝਗੜਾ ਦੁਨੀ ਰਹੇ ਨਾ ਜਗ ਦਾ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਸੜਨਾ ਬੁਝਾਉਣਾ ਤ੍ਰੈਗੁਣ ਅੱਗ ਦਾ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਜਨ ਭਗਤ ਦਵਾਰਾ ਵੇਖਣਾ ਸਜਦਾ, ਸੋਭਾਮਾਨ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ ।

★ ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਜੀਤੋ ਦੇ ਗ੍ਰਿਹ ਪਿੰਡ ਰਮਦਾਸ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਸਾਚੇ ਸਾਚੇ ਧਰਮ ਦਾ ਕਰ ਪਰਚਾਰ, ਕਲਜੁਗ ਕੂੜੀ ਕਿਰਿਆ ਜੂਠ ਝੂਠ ਦੇ ਮਿਟਾਈਆ । ਪਵਿਤ੍ਰ ਕਰ ਸਰਬ ਅਸਥਾਨ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਪਾਕ ਨਜ਼ਰ ਕੋਇ ਨਾ ਆਈਆ । ਸ਼ਰਅ ਵਿਚ ਦੀਨ ਦੁਨੀ ਹੋਈ ਸ਼ੈਤਾਨ, ਤੀਰਥ ਤੱਟਾਂ ਵਿਭਚਾਰ ਰਹੇ ਕਮਾਈਆ । ਭੈ ਰੱਖੇ ਨਾ ਕੋਇ ਸ੍ਰੀ ਭਗਵਾਨ, ਨੇਤਰ ਲੋਚਣ ਨੈਣ ਅੱਖ ਨਾ ਕੋਇ ਸ਼ਰਮਾਈਆ । ਹਰਿ ਚਰਨ ਪ੍ਰੀਤੀ ਕਰੇ ਨਾ ਕੋਇ ਧਿਆਨ, ਹਿਰਦੇ ਹਰਿ ਨਾ ਕੋਇ ਵਸਾਈਆ । ਪੜ੍ਹ ਪੜ੍ਹ ਥੱਕਾ ਜੀਵ ਜਹਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਕੋਇ ਨਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲੇ ਨਾ ਕਿਸੇ ਸ੍ਰੀ ਭਗਵਾਨ, ਪਾਰਬ੍ਰਹਮ ਬ੍ਰਹਮ ਨਾਤਾ ਨਾ ਕੋਇ ਜੁੜਾਈਆ । ਕਾਇਆ ਮਾਟੀ ਸਾਚੇ ਮੰਦਰ ਅਨਹਦ ਨਾਦ ਸੁਣੇ ਨਾ ਕੋਇ ਧੁਨਕਾਨ, ਅਗੰਮੀ ਰਾਗ ਨਾ ਕੋਇ ਸੁਣਾਈਆ । ਅੰਮ੍ਰਿਤ ਆਤਮ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਮਿਲੇ ਨਾ ਪੀਣ ਖਾਣ, ਜਗਤ ਤ੍ਰਿਸ਼ਨਾ ਅੱਗ ਨਾ ਕੋਇ ਬੁਝਾਈਆ । ਮਨ ਵਾਸਨਾ ਚਾਰ ਕੁੰਟ ਦਹਿ ਦਿਸ਼ਾ ਫਿਰੇ ਸਵਾਨ, ਬੁੱਧ ਬਿਬੇਕ ਸਾਚੀ ਟੇਕ, ਓਟ ਇਕ ਅਕਾਲ ਨਾ ਕੋਇ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਵੈਰਾਨ, ਪੰਚ ਵਿਕਾਰ ਅੰਦਰੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਤੇਰੀ ਧਾਰ ਲਏ ਪਰਗਟਾਈਆ । ਸਤਿਜੁਗ ਸਾਚੇ ਕਲਜੁਗ ਕੂੜੀ ਕਿਰਿਆ ਕੱਢ, ਲੋਕਮਾਤ ਧਰਨੀ ਧਰਤ ਧਵਲ ਰਹਿਣ ਨਾ ਪਾਈਆ । ਬਿਨ ਹਰਿ ਨਾਮੇ ਸਭ ਦੇ ਖ਼ਾਲੀ ਹੋਏ ਹੱਡ, ਮਾਇਆ

ਮਮਤਾ ਮੋਹ ਹੋਈ ਹਲਕਾਈਆ । ਗੁਰ ਅਵਤਾਰਾਂ ਪੈਗੰਬਰਾਂ ਦਾ ਮਾਰਗ ਗਏ ਛੱਡ, ਭਰਮੇ ਭੁੱਲੀ ਸਰਬ ਲੋਕਾਈਆ । ਵਿਸ਼ਵ ਧਾਰ ਬਣੇ ਕੋਈ ਨਾ ਪਰਮ ਪੁਰਖ ਦੀ ਯੱਦ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਅੰਤਰ ਨਿਰੰਤਰ ਪੜਦਾ ਸਕੇ ਨਾ ਕੋਇ ਉਠਾਈਆ । ਮਨ ਵਿਕਾਰ ਦੂਈ ਦਵੈਤ ਸ਼ਰਅ ਜ਼ੰਜੀਰ ਤੋੜੇ ਕੋਈ ਨਾ ਹੱਦ, ਮੰਜ਼ਲ ਚੋਟੀ ਚੜ੍ਹ ਅਖ਼ੀਰ, ਨਿਰਗੁਣ ਜੋਤ ਦਰਸ ਕੋਇ ਨਾ ਪਾਈਆ । ਸੁਰਤੀ ਸ਼ਬਦੀ ਨਿਰਗੁਣ ਧਾਰ ਹੋਈ ਅੱਡ, ਆਤਮ ਪਰਮਾਤਮ ਪਰਮਾਤਮ ਆਤਮ ਜੋੜ ਨਾ ਕੋਇ ਜੁੜਾਈਆ । ਤ੍ਰੈਗੁਣ ਮਾਇਆ ਪੰਜ ਤਤ ਅਗਨੀ ਰਹੀ ਲੱਗ, ਨਾਉਂ ਨਿਰੰਕਾਰ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਭਰਮੇ ਭੁੱਲਾ ਜੀਵ ਜੰਤ ਜਗਤ ਜਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਕਿਸੇ ਦਰਸ ਨਾ ਹੋਵੇ ਉਪਰ ਸ਼ਾਹ ਰਗ, ਸਚ ਦਵਾਰੇ ਮਿਲ ਕੇ ਵੱਜੇ ਨਾ ਹਕ ਵਧਾਈਆ । ਜਗਤ ਵਿਕਾਰਾ ਪੀ ਪੀ ਥੱਕੇ ਮਦਿ, ਨਾਮ ਖ਼ੁਮਾਰੀ ਸਚ ਨਾ ਕੋਇ ਚੜ੍ਹਾਈਆ । ਕਲਜੁਗ ਕੂੜੀ ਕਿਰਿਆ ਸਾਚੇ ਨਾਮ ਨਾਲੋਂ ਕੀਤਾ ਅਲਗ, ਸਿਫ਼ਤੀ ਢੋਲੇ ਸਾਰੇ ਗਾ ਗਾ ਸ਼ੁਕਰ ਮਨਾਈਆ । ਸਤਿਜੁਗ ਸਾਚੇ ਸਾਚਾ ਧਰਮ ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਦੱਸ, ਦਹਿ ਦਿਸ਼ਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਫ਼ਰਮਾਨ ਇਕ ਸਮਝਾਈਆ । ਸਤਿਜੁਗ ਸਾਚੇ ਧਰਨੀ ਧਰਤ ਧਵਲ ਦੇ ਧੁਰ ਫ਼ਰਮਾਨਾ, ਹੁਕਮ ਅਗੰਮ ਅਥਾਹ ਬੇਪਰਵਾਹ ਦੇ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਸਭ ਨੂੰ ਮੰਨਣਾ ਪਏ ਭਾਣਾ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸਿਰ ਸਕੇ ਨਾ ਕੋਇ ਉਠਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਗਾਓ ਆਤਮ ਪਰਮਾਤਮ ਸਾਚਾ ਗਾਣਾ, ਹਿੰਦੂ ਮੁਸਲਿਮ ਸਿੱਖ ਈਸਾਈ ਪੁਰਖ ਅਕਾਲ ਦੀਨ ਦਿਆਲ ਧੁਰ ਦਾ ਰਾਮ ਇਕੋ ਇਸ਼ਟ ਮਨਾਈਆ । ਜਿਸ ਦੀ ਸਿਫ਼ਤ ਮਹਿੰਮਾ ਜੁਗ ਚੌਕੜੀ ਸ਼ਾਸਤਰ ਵੇਦ ਕਰਨ ਪੁਰਾਨਾ, ਅੰਜੀਲ ਕੁਰਾਨ ਓਸੇ ਦਾ ਢੋਲਾ ਗਾਈਆ । ਸੋ ਸਮਰਥ ਸਵਾਮੀ ਅੰਤਰਜਾਮੀ ਖੇਲੇ ਖੇਲ ਦੋ ਜਹਾਨਾਂ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਆਪਣਾ ਹੁਕਮ ਵਰਤਾਈਆ । ਨਿਰਗੁਣ ਨਿਰਵੈਰ ਨਿਰਾਕਾਰ ਜੋਤ ਸਰੂਪੀ ਪਹਿਰਿਆ ਬਾਣਾ, ਆਦਿ ਨਿਰੰਜਣ ਦਰਦ ਦੁੱਖ ਭੈ ਭੰਜਨ ਭਵ ਸਾਗਰ ਪਾਰ ਕਰਾਈਆ । ਸਤਿਜੁਗ ਸਾਚੇ ਧੁਰ ਦਾ ਨਾਮ ਨਿਧਾਨ ਜਗਤ ਜੀਵਾਂ ਨੇਤਰ ਪਾ ਨਾਮ ਅੰਜਣ, ਅੰਧ ਅਗਿਆਨ ਅੰਦਰੋਂ ਦੇ ਕਢਾਈਆ । ਸਾਚੀ ਡੰਡਾਵਤ ਪਰਨਾਮ ਦੱਸ ਧੁਰ ਦੀ ਬੰਦਨ, ਬੰਦਗੀ ਵਿਚ ਮੁਛੰਦਗੀ ਕੂੜੀ ਦੇ ਮੁਕਾਈਆ । ਧੁਰ ਦਾ ਟਿੱਕਾ ਨਾਮ ਜੋਤ ਲਲਾਟੀ ਮਸਤਕ ਲਾ ਚੰਦਨ, ਚੰਦ ਸੂਰਜ ਤੋਂ ਪਰ੍ਹੇ ਹੋਏ ਰੁਸ਼ਨਾਈਆ । ਆਵਣ ਜਾਵਣ ਲੱਖ ਚੁਰਾਸੀ ਪਤਤ ਪਾਵਣ ਪਾਰਬ੍ਰਹਮ ਪਤਿਪਰਮੇਸ਼ਵਰ ਕੱਟਣਹਾਰਾ ਦੀਨ ਦੁਨੀ ਦੇ ਫੰਦਨ, ਲੱਖ ਚੁਰਾਸੀ ਜਮ ਦੀ ਫਾਸੀ ਰਹਿਣ ਕੋਇ ਨਾ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਦਰ ਠਾਂਡੇ ਇਕੋ ਵਸਤ ਮੰਗਣ, ਨਾਉਂ ਨਿਰੰਕਾਰਾ ਏਕੰਕਾਰਾ ਧੁਰ ਦਾ ਕਲਮਾ ਦਏ ਜਣਾਈਆ । ਕਾਇਆ ਮਾਟੀ ਤਨ ਵਜੂਦ ਚਾੜ੍ਹੇ ਸਾਚੀ ਰੰਗਣ, ਰੰਗ ਰੰਗੀਲਾ ਮੋਹਣ ਮਾਧਵ ਆਪਣੀ ਦਇਆ ਕਮਾਈਆ । ਸਤਿਜੁਗ ਸਾਚੇ ਸਾਚੇ ਨਾਮ ਦਾ ਵੱਜੇ ਇਕ ਮਰਦੰਗਨ, ਮਧੁਰ ਧੁਨ ਹਰਿ ਭਗਤ ਸੁਹੇਲਾ ਲਏ ਸੁਣ, ਸੁੰਨ ਸਮਾਧੀ ਵਿਚੋਂ ਅਗਲਾ ਲੇਖਾ ਦਏ ਜਣਾਈਆ । ਕਲਜੁਗ ਕੂੜੀ ਕਿਰਿਆ ਰਹੇ ਨਾ ਕੋਇ ਅਵਗੁਣ, ਗੁਣਵੰਤਾ ਗੁਣ ਨਿਧਾਨ ਸ੍ਰੀ ਭਗਵਾਨ ਵਸਤ ਅਮੋਲਕ ਕਾਇਆ ਝੋਲੀ ਦੇਵੇ ਪਾਈਆ । ਏਕਾ ਨਾਮ ਸ਼ਬਦ ਦੋ ਜਹਾਨ ਲਏ ਸੁਣ, ਗੁਰ ਅਵਤਾਰ

ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਮਿਲ ਕੇ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ, ਕਰਨੀ ਦਾ ਕਰਤਾ ਕਰਨੇਹਾਰ, ਕੁਦਰਤ ਦਾ ਮਾਲਕ ਸ੍ਰਿਸ਼ਟ ਦਾ ਪਾਲਕ ਖ਼ਲਕ ਦਾ ਖ਼ਾਲਕ ਦੁਨੀ ਦਾ ਦੀਨ, ਦੇਵਣਹਾਰਾ ਸਚ ਤਾਲੀਮ, ਸਤਿਜੁਗ ਸਾਚੇ ਕਲਜੁਗ ਅੰਦਰ ਕਰ ਤਰਮੀਮ, ਹੁਕਮੇ ਅੰਦਰ ਹੁਕਮ ਦੇਣਾ ਪਰਗਟਾਈਆ ।

### ★ ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਮੁੱਦੀ ਪੁਰ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਸਾਚੇ ਲੋਕਮਾਤ ਬਣ ਬਰਦਾ, ਪੁਰਖ ਅਕਾਲ ਦੀਨ ਦਿਆਲ ਸਚਖੰਡ ਨਿਵਾਸੀ ਰਿਹਾ ਜਣਾਈਆ । ਕੂੜ ਕੁੜਿਆਰਾ ਗੜ੍ਹ ਹੰਕਾਰਾ ਤੋੜ ਘਰ ਘਰ ਦਾ, ਗ੍ਰਿਹਿ ਮੰਦਰ ਅੰਦਰ ਕਾਇਆ ਮਾਟੀ ਕਰ ਰੁਸ਼ਨਾਈਆ । ਸਚ ਭੰਡਾਰਾ ਵਖਾ ਅੰਮ੍ਰਿਤਸਰ ਸਰੋਵਰ ਨਰਾਇਣ ਨਰ ਦਾ, ਨਰ ਹਰਿ ਆਪਣਾ ਪੜਦਾ ਓਹਲਾ ਦਏ ਚੁਕਾਈਆ । ਜਨ ਭਗਤ ਸਾਚਾ ਸੰਤ ਗੁਰਮੁਖ ਗੁਰਸਿਖ ਤੂੰ ਮੇਰਾ ਮੈਂ ਤੇਰਾ ਢੋਲਾ ਹੋਵੇ ਪੜ੍ਹਦਾ, ਆਤਮ ਪਰਮਾਤਮ ਮਿਲ ਕੇ ਵੱਜੇ ਸਚ ਵਧਾਈਆ । ਸੰਤ ਸੁਹੇਲਾ ਸੱਜਣ ਸਾਚੀ ਮੰਜ਼ਲ ਹੋਵੇ ਚੜ੍ਹਦਾ, ਅਧਵਿਚਕਾਰ ਅੱਗੇ ਹੋ ਨਾ ਕੋਇ ਅਟਕਾਈਆ । ਧਰਨੀ ਧਰਤ ਧਵਲ ਉਪਰ ਹੁਕਮੇ ਅੰਦਰ ਤੈਨੂੰ ਘੱਲਦਾ, ਪੁਰਖ ਅਬਿਨਾਸ਼ੀ ਘਟ ਨਿਵਾਸੀ ਧੁਰ ਫ਼ਰਮਾਨਾ ਆਪ ਜਣਾਈਆ । ਜਗਤ ਵਕਤ ਚੁਕਾ ਕਪਟ ਛਲ ਦਾ, ਦੁਹੇਲਾ ਰਹਿਣ ਕੋਇ ਨਾ ਪਾਈਆ । ਮੁਕਾਮ ਵਖਾ ਸਚਖੰਡ ਦਵਾਰ ਦਰਗਾਹ ਸਾਚੀ ਅਟੱਲ ਦਾ, ਨਿਹਚਲ ਦੇ ਮਾਣ ਵਡਿਆਈਆ । ਲੇਖਾ ਵੇਖ ਜਲ ਥਲ ਦਾ, ਅਨਦਿਨ ਆਪਣੀ ਸੇਵ ਕਮਾਈਆ । ਕਲੇਸ਼ ਰਹੇ ਨਾ ਕਲੂਏ ਕਲ ਦਾ, ਕਲਕਾਤੀ ਦੇਣੇ ਖਪਾਈਆ । ਝਗੜਾ ਰਹੇ ਨਾ ਦੂਈ ਦਵੈਤੀ ਸੱਲ ਦਾ, ਦੂਤੀ ਦੁਸ਼ਮਣ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਤੇਰੀ ਸਾਚੀ ਧਾਰ ਪਰਗਟ ਕਰੇ ਆਪ ਨਿਰੰਕਾਰ, ਬਖ਼ਸ਼ਿਸ਼ ਕਰੇ ਸ੍ਰਿਸ਼ਟੀ ਸੰਸਾਰ, ਦ੍ਰਿਸ਼ਟੀ ਸਭ ਦੀ ਦੇ ਬਦਲਾਈਆ । ਸਤਿਜੁਗ ਸਾਚੇ ਸਾਚੇ ਨਾਮ ਦੀ ਲੈ ਜਾ ਧੁਨੀ, ਧੁਨ ਆਤਮਕ ਰਾਗ ਦੇਣਾ ਜਣਾਈਆ । ਆਲਸ ਨਿੰਦਰਾ ਵਿਚ ਰਹੇ ਨਾ ਕੋਇ ਰਿਖੀ ਮੁਨੀ, ਮੁਨੀਸ਼ਰਾਂ ਦੇਣਾ ਉਠਾਈਆ । ਤੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਵਡ ਗੁਣ ਗੁਣੀ, ਗਹਿਰ ਗੰਭੀਰ ਬੇਨਜ਼ੀਰ ਇਕੋ ਨਜ਼ਰੀ ਆਈਆ । ਸਭ ਦੀ ਪੁਕਾਰ ਏਥੇ ਓਥੇ ਦੋ ਜਹਾਨ ਸਦਾ ਰਿਹਾ ਸੁਣੀ, ਅਨਸੁਣਤ ਸਭ ਦਾ ਪੜਦਾ ਓਹਲਾ ਦਏ ਚੁਕਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਭ ਦੀ ਬਦਲ ਦੇ ਕੂਣੀ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਮਿਟਾਈਆ । ਸਚ ਪ੍ਰੇਮ ਦੀ ਸਭ ਦੇ ਅੰਦਰ ਲਾ ਧੂਣੀ, ਮਨ ਹੰਕਾਰਾ ਕੂੜ ਵਿਕਾਰਾ ਦੇਣਾ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰਾ ਸਚ ਦਵਾਰ ਪਰਗਟ ਕਰੇ ਆਪ ਨਿਰੰਕਾਰ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪਣਾ ਹੁਕਮ ਆਪ ਸੁਣਾਈਆ । ਸਤਿਜੁਗ ਸਾਚੇ ਸਾਚੇ ਨਾਮ ਦੀ ਲੈ ਜਾ ਧੁੱਜ, ਧਰਮ ਦਾ ਪੂਤ ਦੇ ਬਣਾਈਆ । ਜਨ ਭਗਤਾਂ ਸਾਚੇ ਸੰਤਾਂ ਭੇਵ ਖੁਲ੍ਹਾ ਗੁਝ, ਪੜਦਾ ਓਹਲਾ ਦੇ ਉਠਾਈਆ । ਧੁਰ ਦਾ ਮਾਲਕ ਲੈਣ ਬੁਝ, ਪਰਮਾਤਮ ਮਿਲ ਕੇ ਵੱਜੇ ਵਧਾਈਆ । ਸਚ ਦਵਾਰਾ ਜਾਏ ਸੁੱਝ, ਨੇਤਰ ਲੋਚਣ ਨੈਣ ਅੱਖ ਹੋਏ ਰੁਸ਼ਨਾਈਆ । ਕਲਜੁਗ ਕੂੜੀ ਨਿੰਦਰਾ ਵਿਚੋਂ ਜਾਣ ਉਠ, ਆਲਸ ਰਹਿਣ ਕੋਇ ਨਾ


੧੩੧ ੨੦

ਪਾਈਆ । ਸਾਚੇ ਨਾਮ ਦਾ ਜਾਮ ਅੰਮ੍ਰਿਤ ਪੀਵਣ ਘੁਟ, ਪਿਆਲਾ ਮਧੁਰ ਹੱਥੋਂ ਦੇਣ ਸੁਟਾਈਆ । ਦੂਈ ਦਵੈਤੀ ਸ਼ਰਅ ਸ਼ਰੀਅਤ ਨਿਕਲੇ ਫੁੱਟ, ਬੰਦ ਕਿਵਾੜੀ ਬਜਰ ਕਪਾਟੀ ਪੜਦਾ ਦੇਣਾ ਖੁਲ੍ਹਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਨਾਲ ਮਿਲਾਈਆ । ਝਗੜਾ ਰਹੇ ਨਾ ਵਰਨ ਗੋਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਚਿੰਤਾ ਮਿਟਾ ਕੇ ਗ਼ਮ ਹਰਖ਼ ਸੋਗ, ਸਾਂਤਕ ਸਤਿ ਦੇਣਾ ਵਰਤਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਚੇ ਨਾਮ ਦੀ ਦੇ ਕੇ ਚੋਗ, ਚੁਗ਼ਲੀ ਨਿੰਦਿਆ ਤੋਂ ਦੇਣਾ ਛੁਡਾਈਆ । ਹਉਮੇ ਹੰਗਤਾ ਰਹੇ ਕੋਈ ਨਾ ਰੋਗ, ਗੜ੍ਹ ਹੰਕਾਰ ਨਾ ਕੋਇ ਬਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੂੰ ਮੇਰਾ ਮੈਂ ਤੇਰਾ ਕਰਨਾ ਧੁਰ ਸੰਜੋਗ, ਸੰਜੀਦਗੀ ਨਾਲ ਮੇਲਾ ਦੇਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦਵਾਰੇ ਸਚਖੰਡ ਦਵਾਰ ਸਤਿ ਧਰਮ ਸਾਚੀ ਬਖ਼ਸ਼ੇ ਮੌਜ, ਖ਼ੁਸ਼ੀ ਗ਼ਮੀ ਵਿਚੋਂ ਬਾਹਰ ਕਢਾਈਆ ।

★ ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਬੀਬੀ ਮਹਿੰਦਰ ਕੌਰ ਦੇ ਗ੍ਰਿਹਿ ਪਿੰਡ ਮੁੱਦੀ ਪੁਰ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਸਾਚੇ ਧੁਰ ਦਾ ਨਾਮ ਲੈ ਵਸਤ, ਵਾਸਤਾ ਸਭ ਦੇ ਨਾਲ ਰਖਾਈਆ । ਇਕੋ ਰੰਗ ਰੰਗਣਾ ਕੀਟ ਹਸਤ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਲਹਿਣਾ ਦੇਣਾ ਸਭ ਦਾ ਦੇਣਾ ਦਸਤ, ਬਦਸਤ ਲੇਖਾ ਮੁਕਾਉਣਾ ਥਾਉਂ ਥਾਈਆ । ਜਨ ਭਗਤਾਂ ਨਾਮ ਖ਼ੁਮਾਰੀ ਰੱਖਣਾ ਮਸਤ, ਸਚ ਪਿਆਲਾ ਜਾਮ ਪਿਆਈਆ । ਕੂੜੀ ਕਿਰਿਆ ਲੋਕਮਾਤ ਵਿਚੋਂ ਕਰ ਕੇ ਨਸ਼ਟ, ਸਤਿ ਧਰਮ ਦੇਣਾ ਪਰਗਟਾਈਆ । ਗੁਰਮੁਖਾਂ ਜਨਮ ਮਰਨ ਦਾ ਰਹੇ ਕੋਈ ਨਾ ਕਸ਼ਟ, ਗੇੜ ਚੁਰਾਸੀ ਦੇਣਾ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਈਆ । ਸਤਿਜੁਗ ਸਾਚੇ ਸਾਚੇ ਨਾਮ ਦੀ ਦੇ ਧੁਨਕਾਰ, ਧਰਮ ਦਵਾਰਾ ਇਕੋ ਦੇ ਵਖਾਈਆ । ਸ੍ਰਿਸ਼ਟ ਸਬਾਈ ਪੂਜਾ ਹੋਵੇ ਪਰਮ ਪੁਰਖ ਨਿਰੰਕਾਰ, ਨਿਰਗੁਣ ਨਿਰਵੈਰ ਸਰਬ ਮਨਾਈਆ । ਦੁਤੀਆ ਭਾਉ ਕਰ ਖ਼ੁਆਰ, ਭਾਂਡਾ ਭਰਮ ਭੌ ਭੰਨਾਈਆ । ਸਰਬ ਜੀਆਂ ਦਾ ਸਾਂਝਾ ਦੱਸ ਯਾਰ, ਜਲਵਾਗਰ ਨੂਰ ਖ਼ੁਦਾਈਆ । ਸਚਖੰਡ ਨਿਵਾਸੀ ਸਭ ਦਾ ਮਦਦਗਾਰ, ਵੈਰੀ ਮੀਤ ਨਜ਼ਰ ਕੋਇ ਨਾ ਆਈਆ । ਦੇਵਣਹਾਰਾ ਆਦਿ ਜੁਗਾਦਿ ਜੁਗ ਚੌਕੜੀ ਨਾਮ ਆਧਾਰ, ਗੁਰ ਅਵਤਾਰ ਪੈਗ਼ੰਬਰ ਸੇਵਾ ਲਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖਦਾ ਆਇਆ ਵਾਰੋ ਵਾਰ, ਵਾਰਸ ਹੋ ਕੇ ਆਪਣਾ ਹੁਕਮ ਮਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਿਰਪਾ ਕਰੇ ਆਪ ਦਾਤਾਰ, ਦਾਤਾ ਦਾਨੀ ਹੋ ਕੇ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਵਾਮੀ ਅੰਤਰਜਾਮੀ ਘਟ ਭੀਤਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਖੋਜ ਖੁਜਾਈਆ । ਸਤਿ ਧਰਮ ਸ੍ਰਿਸ਼ਟ ਸਬਾਈ ਦੇ ਦੇ ਅਗੰਮਾ ਰਸ, ਨਾਮ ਰਸੀਆ ਦੇ ਜਣਾਈਆ । ਮਨ ਵਾਸਨਾ ਕਰ ਕੇ ਵੱਸ, ਵਸਲ ਦੱਸ ਬੇਪਰਵਾਹੀਆ । ਨਿਜ ਨੇਤਰ ਖੋਲ੍ਹ ਕੇ ਅੱਖ, ਅੱਖਰਾਂ ਤੋਂ ਪਰੇ ਦੱਸ ਪੜ੍ਹਾਈਆ । ਸਚ ਦਵਾਰ ਖੋਲ੍ਹ ਕੇ ਹੱਟ, ਨਾਮ ਅਮੋਲਕ ਦੇਣਾ ਵਰਤਾਈਆ । ਝਗੜਾ ਰਹੇ ਨਾ ਤੀਰਥ ਤੱਟ, ਅੱਠ ਸੱਠ ਨਾ ਕੋਇ ਲੜਾਈਆ । ਸਭ ਦਾ ਮਾਲਕ ਕਮਲਾਪਤਿ, ਪਤਿਪਰਮੇਸ਼ਵਰ ਦੇ ਸਮਝਾਈਆ । ਗੁਰ ਅਵਤਾਰ

ਪੈਗ਼ੰਬਰ ਜਿਸ ਦਾ ਗਾਉਂਦੇ ਜਸ, ਢੋਲੇ ਗੀਤ ਨਗ਼ਮੇ ਰਾਗਾਂ ਨਾਦਾਂ ਵਿਚ ਸੁਣਾਈਆ । ਸੋ ਸਭ ਦਾ ਲਹਿਣਾ ਦੇਣਾ ਜੁਗ ਚੌਕੜੀ ਦੇਵਣਹਾਰਾ ਹੱਕ, ਹਕ਼ੀਕਤ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਕਰੇ ਖੇਲ ਪੁਰਖ ਸਮਰਥ, ਦੇਵਣਹਾਰ ਨਾਮ ਭੰਡਾਰਾ ਵਥ, ਦੌਲਤ ਧੁਰ ਦੀ ਧੁਰ ਦਾ ਰਾਮ ਆਪ ਵਰਤਾਈਆ ।

★ ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਸ਼ਿੰਗਾਰਾ ਸਿੰਘ ਦੇ ਗ੍ਰਹਿ ਪਿੰਡ ਖਹਿਰੇ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਸਾਚਾ ਸਚਖੰਡ ਕਰੇ ਨਿਮਸਕਾਰ, ਪ੍ਰਭ ਚਰਨ ਕਵਲ ਸੀਸ ਝੁਕਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਵੈਰ ਦੇ ਮਾਣ ਵਡਿਆਈਆ । ਲੋਕਮਾਤ ਜਾਵਾਂ ਵਿਚ ਸੰਸਾਰ, ਹੁਕਮੇ ਅੰਦਰ ਤੇਰੀ ਸੇਵ ਕਮਾਈਆ । ਕਲਜੁਗ ਕੂੜੀ ਕਿਰਿਆ ਕੱਢਾਂ ਬਾਹਰ, ਦੀਨ ਦੁਨੀ ਵਿਚ ਨਜ਼ਰ ਕੋਇ ਨਾ ਆਈਆ । ਜੂਠ ਝੂਠ ਗੜ੍ਹ ਤੋੜਾਂ ਹੰਕਾਰ, ਮਾਇਆ ਮਮਤਾ ਮੋਹ ਦਿਆਂ ਖਪਾਈਆ । ਨਾਰੀ ਨਰ ਕਰੇ ਨਾ ਵਿਭਚਾਰ, ਦੁਰਾਚਾਰ ਨਾ ਕੋਇ ਕਮਾਈਆ । ਸਰਬ ਜੀਵਾਂ ਬਖ਼ਸ਼ਾਂ ਇਕ ਆਧਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਤੇਰਾ ਨਾਉਂ ਜਪਾਵਾਂ ਪਰਮ ਪੁਰਖ ਅਕਾਲ, ਅਕਲ ਕਲਧਾਰੀ ਤੇਰਾ ਰਾਹ ਵਖਾਈਆ । ਭਗਤ ਸੁਹੇਲੇ ਗੁਰਮੁਖ ਉਠਾਵਾਂ ਲਾਲ, ਸੰਤ ਸਾਜਣ ਖੋਜ ਖੁਜਾਈਆ । ਕਲਜੁਗ ਰੀਤੀ ਨੀਤੀ ਬਦਲ ਦੇਵਾਂ ਚਾਲ, ਸਤਿਜੁਗ ਸਾਚਾ ਧਰਮ ਦਿਆਂ ਪਰਗਟਾਈਆ । ਜੋ ਤੇਰੇ ਨਾਮ ਦੀ ਘਾਲਣ ਰਹੇ ਘਾਲ, ਚਾਰ ਵਰਨ ਅਠਾਰਾਂ ਬਰਨਾਂ ਵਿਚੋਂ ਤੇਰੇ ਨਾਲ ਮਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਵਖਾਵਾਂ ਦੀਨ ਦੁਨੀ ਦਾ ਹਾਲ, ਹਾਲਤ ਸਭ ਦੀ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਸਾਂਝੇ ਯਾਰ ਸਤਿਜੁਗ ਤੇਰੇ ਠਾਂਡੇ ਦਰਬਾਰ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭੂ ਧਰਮ ਦਾ ਦੇ ਦੇ ਬਲ, ਬਲਧਾਰੀ ਦੇ ਬਣਾਈਆ । ਕਲਜੁਗ ਕੂੜ ਵਿਕਾਰ ਮੇਟਾਂ ਕਪਟ ਛਲ, ਧਰੋਹ ਜਗਤ ਨਾ ਕੋਇ ਕਮਾਈਆ । ਤੇਰਾ ਪਰਕਾਸ਼ ਕਰਾਂ ਘੜੀ ਘੜੀ ਪਲ ਪਲ, ਜੋਤੀ ਜੋਤ ਜੋਤ ਜੋਤ ਰੁਸ਼ਨਾਈਆ । ਦੀਨ ਮਜ਼੍ਹਬ ਜਾਤ ਪਾਤ ਮੇਟਾਂ ਦਵੈਤੀ ਸੱਲ, ਊਚ ਨੀਚ ਕਰੇ ਨਾ ਕੋਇ ਲੜਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਵਖਾਵਾਂ ਸਾਚਾ ਸਰੋਵਰ ਜਲ, ਅੱਠ ਸੱਠ ਤੀਰਥ ਭੱਜਣ ਦਾ ਲੇਖਾ ਦਿਆਂ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਏਕਾ ਵੇਖਾਂ ਰੰਗ ਮਹੱਲ, ਸਚ ਦਵਾਰਾ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਤੇਰੇ ਚਰਨ ਕਵਲ ਦਰ ਠਾਂਡੇ ਸੀਸ ਨਿਵਾਈਆ । ਸਤਿਜੁਗ ਸਾਚੇ ਸਾਚਾ ਬਖ਼ਸ਼ਾਂ ਇਕੋ ਨਾਮ, ਨਾਉਂ ਨਿਰੰਕਾਰਾ ਦੀਨ ਦੁਨੀ ਦੇਣਾ ਦ੍ਰਿੜਾਈਆ । ਪ੍ਰੇਮ ਪ੍ਰੀਤੀ ਦੇਵਾਂ ਜਾਮ, ਅੰਮ੍ਰਿਤ ਰਸ ਦੇਣਾ ਚਖਾਈਆ । ਕੂੜੀ ਕਿਰਿਆ ਲੋਕਮਾਤ ਨਾ ਰਹੇ ਨਿਸ਼ਾਨ, ਨਿਸ਼ਾਨਾ ਸ਼ਬਦ ਅਣਿਆਲਾ ਤੀਰ ਇਕ ਵਖਾਈਆ । ਸਿਰ ਹੱਥ ਰੱਖੇ ਅਬਿਨਾਸ਼ੀ ਕਰਤਾ ਮਿਹਰਵਾਨ, ਸ੍ਰੀ ਭਗਵਾਨ ਆਪਣੀ ਦਇਆ ਕਮਾਈਆ । ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਰਹੇ ਨਾ ਕੋਇ ਤੁਫ਼ਾਨ, ਨਾਮ ਖੰਡਾ ਵਿਚ

ਬ੍ਰਹਿਮੰਡਾਂ ਜੇਰਜ ਅੰਡਾਂ ਇਕੋ ਦੇਣਾ ਵਖਾਈਆ । ਸਭ ਨੂੰ ਨਜ਼ਰੀ ਆਏ ਮਾਲਕ ਖ਼ਾਲਕ ਪ੍ਰਿਤਪਾਲਕ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਭ ਦਾ ਪਿਤਾ ਮਾਈਆ । ਮਨ ਬੁੱਧੀ ਦਾ ਰਹੇ ਨਾ ਕੋਇ ਗ਼ੁਲਾਮ, ਝਗੜਾ ਰਹੇ ਨਾ ਦੀਨ ਇਸਲਾਮ, ਰਸਨਾ ਜਿਹਵਾ ਨਾ ਕੋਇ ਕਲਾਮ, ਕਾਇਨਾਤ ਪੜਦਾ ਓਹਲਾ ਦੇਣਾ ਉਠਾਈਆ । ਸਾਚਾ ਮੰਦਰ ਦੱਸ ਮਕਾਨ, ਸ਼ਿਵਦਵਾਲੇ ਮੰਦਰ ਮੱਠ ਜਿਸ ਦੀ ਪਹਿਚਾਨ, ਬਿਨ ਸਤਿਗੁਰ ਗੁਰੂਦਵਾਰਾ ਨਾ ਕੋਇ ਪਰਵਾਨ, ਦਰ ਦਰਬਾਰਾ ਦਰਗਾਹ ਸਾਚੀ ਨਜ਼ਰ ਕਿਸੇ ਨਾ ਆਈਆ । ਸਾਚਾ ਨਾਮ ਸੰਦੇਸ਼ਾ ਬਿਨ ਰਸਨਾ ਜਿਹਵਾ ਦੇ ਜ਼ਬਾਨ, ਭੇਵ ਅਭੇਦਾ ਖੋਲ੍ਹ ਧੁਰ ਅਮਾਮ, ਨਜ਼ਰੀ ਆਏ ਸਭ ਨੂੰ ਏਕਾ ਕਾਹਨ, ਦੂਜਾ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਇਕ ਦਰਸਾਈਆ । ਸਤਿਜੁਗ ਸਾਚੇ ਸਾਚੀ ਸਿਖਿਆ ਦੇ ਦੇ ਜਗ, ਸਖ਼ਾਵਤ ਨਾਮ ਭੰਡਾਰਾ ਝੋਲੀ ਪਾਈਆ । ਦੀਨ ਦੁਨੀ ਦੀ ਬੁਝੇ ਅੱਗ, ਮਮਤਾ ਮੋਹ ਨਾ ਕੋਇ ਤਪਾਈਆ । ਏਕਾ ਨਾਮ ਢੋਲਾ ਗੀਤ ਕਲਮਾ ਨਗ਼ਮਾ ਗਾਵਣ ਛੰਦ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਜਨ ਭਗਤ ਸੂਫ਼ੀ ਫ਼ਕੀਰ ਦਰ ਠਾਂਡੇ ਲੈਣੇ ਸੱਦ, ਸੱਦਾ ਹੋਕਾ ਇਕੋ ਨਾਮ ਜਣਾਈਆ । ਗੁਰ ਅਵਤਾਰ ਪੈਗ਼ੰਬਰ ਸਦੀ ਚੌਧਵੀਂ ਪਿਆਰ ਮੁਹੱਬਤ ਨਾਤਾ ਗਏ ਛੱਡ, ਏਥੇ ਓਥੇ ਦੋ ਜਹਾਨ ਸਗਲਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰੀ ਸਾਚੀ ਲਾਏ ਹੱਦ, ਤੇਰੇ ਨਾਮ ਦਾ ਵੱਜੇ ਨਦ, ਸੁਣੇ ਲੋਕ ਪਰਲੋਕ ਬ੍ਰਹਿਮਦ, ਬ੍ਰਹਿਮਾਂਡ ਆਪਣਾ ਹੁਕਮ ਵਰਤਾਈਆ । ਸਤਿਜੁਗ ਸਾਚੇ ਸਾਚੇ ਨਾਮ ਦਾ ਲੈ ਭੰਡਾਰਾ, ਲੋਕਮਾਤ ਦੇਣਾ ਵਰਤਾਈਆ । ਕਲਜੁਗ ਜੀਵ ਮੂਰਖ ਮੂੜ੍ਹ ਨਾ ਰਹੇ ਗਵਾਰਾ, ਬਿਬੇਕ ਬੁੱਧੀ ਦੇਣੀ ਕਰਾਈਆ । ਸੱਚਾ ਮਾਰਗ ਦੱਸ ਧੁਰ ਦਰਬਾਰਾ, ਏਕੰਕਾਰਾ ਦੇਣਾ ਮਿਲਾਈਆ । ਮੰਜ਼ਲ ਕਿਸੇ ਨਾ ਰਹੇ ਕੋਈ ਦੁਸ਼ਵਾਰਾ, ਜੋਗ ਅਭਿਆਸ ਇਕੋ ਦੇਣਾ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਸਾਂਝਾ ਦੱਸਣਾ ਇਕ ਜੈਕਾਰਾ, ਅੱਖਰਾਂ ਵਾਲੀ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲਾ ਦੀਨ ਦਿਆਲਾ ਸਚਖੰਡ ਵਸੇ ਸਦਾ ਸੱਚੀ ਧਰਮਸਾਲਾ, ਸੋ ਸਹਾਉਣਾ ਦਰਸਾਉਣਾ ਮਨਾਉਣਾ ਇਕ ਦਵਾਰਾ, ਦੂਜੇ ਦਰ ਦਰਵੇਸ਼ ਹੋ ਕੇ ਮੰਗਣ ਕਦੇ ਨਾ ਜਾਈਆ । ਜਿਸ ਘਰ ਜਿਸ ਗ੍ਰਿਹ ਜਿਸ ਮੰਦਰ ਸਜਦੇ ਕਰਦੇ ਗੁਰੂ ਅਵਤਾਰਾ, ਪੈਗ਼ੰਬਰ ਨਮਸਤੇ ਕਹਿ ਕੇ ਸ਼ੁਕਰ ਮਨਾਈਆ । ਸੋ ਸਵਾਮੀ ਅੰਤਰਜਾਮੀ ਘਟ ਭੀਤਰ ਵੇਖਣਹਾਰ ਸਰਬ ਸੰਸਾਰਾ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਲੱਖ ਚੁਰਾਸੀ ਖੋਜ ਖੁਜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਜੋਤ ਬਿਨ ਵਰਨ ਗੋਤ ਨਿਰਗੁਣ ਨਿਰਵੈਰ ਪਰਵਰਦਿਗਾਰ ਸਾਂਝਾ ਯਾਰ ਧੁਰ ਦਾ ਸਿਕਦਾਰਾ ਕਲਕੀ ਅਵਤਾਰਾ, ਨਿਹਕਲੰਕ ਕਲ ਆਪਣੀ ਖੇਲ ਖਿਲਾਈਆ । ਜੋ ਜਗਤ ਵਿਦਿਆ ਵਸੇ ਬਾਹਰਾ, ਚੌਦਾਂ ਲੋਕ ਨਾ ਪਾਵੇ ਸਾਰਾ, ਚੌਦਾਂ ਤਬਕ ਹਾਹਾਕਾਰਾ, ਜ਼ਿਮੀਂ ਅਸਮਾਨਾਂ ਵੇਖੇ ਅਖਾੜਾ, ਗਗਨ ਗਗਨੰਤਰ ਹੁਕਮੇ ਅੰਦਰ ਕਰੇ ਖੇਲ ਨਿਆਰਾ, ਲੇਖਾ ਜਾਣੇ ਸਦਾ ਚੌਕੜੀ ਜੁਗ ਚਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਹੁਕਮੇ ਅੰਦਰ ਫਿਰਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਖੇਲ ਅਪਰ ਅਪਾਰਾ, ਅਪਰੰਪਰ ਸਵਾਮੀ ਸਦਾ ਨਿਹਕਾਮੀ ਅੰਤਰਜਾਮੀ ਲੱਖ ਚੁਰਾਸੀ ਜੀਵ ਜੰਤ ਅੰਤਰ ਅੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ

ਓਥੇ ਦੋ ਜਹਾਨ ਜੋਤੀ ਸ਼ਬਦ ਸਦਾ ਸਿਕਦਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੁਕਮੇ ਅੰਦਰ ਆਪਣਾ ਹੁਕਮ ਵਰਤਾਈਆ ।

## ★ ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹ ਪਿੰਡ ਖਹਿਰੇ ★

ਸਤਿਜੁਗ ਕਹੇ ਪ੍ਰਭ ਬਿਨ ਤੇਰੀ ਕਿਰਪਾ ਮਿਟੇ ਨਾ ਕਲਜੁਗ ਦੁੱਖ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਮਨ ਵਾਸਨਾ ਕੂੜੀ ਤ੍ਰਿਸ਼ਨਾ ਮਿਟੇ ਨਾ ਭੁੱਖ, ਕਾਮਨਾ ਕੂੜ ਨਾ ਕੋਇ ਤਜਾਈਆ । ਉਜਲ ਹੋਵੇ ਕਿਸੇ ਨਾ ਮੁਖ, ਬਿਨ ਤੇਰੇ ਨਾਮ ਦੁਰਮਤ ਮੈਲ ਨਾ ਕੋਇ ਧਵਾਈਆ । ਬਿਨ ਹਰਿ ਨਾਮੇ ਆਵੇ ਕਿਸੇ ਨਾ ਸਾਚਾ ਸੁਖ, ਸਾਂਤਕ ਸਤਿ ਨਾ ਕੋਇ ਕਰਾਈਆ । ਪੁਰਖ ਅਕਾਲ ਦੀਨ ਦਿਆਲ ਹੋ ਕੇ ਸੰਤ ਸੁਹੇਲੇ ਗੋਦੀ ਚੁੱਕ, ਭਗਤ ਭਗਵਾਨ ਆਪਣੇ ਰੰਗ ਰੰਗਾਈਆ । ਮਨ ਵਿਕਾਰਾ ਕੂੜ ਹੰਕਾਰਾ ਸ਼ਬਦ ਡੰਡੇ ਕੁੱਟ, ਖੰਡਾ ਧੁਰ ਦਾ ਲੈ ਉਠਾਈਆ । ਗ਼ਰੀਬ ਨਿਮਾਣਿਆਂ ਉਪਰ ਮਿਹਰਵਾਨ ਹੋ ਕੇ ਤੁਠ, ਦਇਆਵਾਨ ਹੋ ਕੇ ਆਪਣੀ ਦਇਆ ਕਮਾਈਆ । ਜੋ ਤੇਰੇ ਚਰਨ ਕਵਲ ਗਿਆ ਝੁਕ, ਡੰਡਾਵਤ ਕਰ ਕੇ ਸੀਸ ਨਿਵਾਈਆ । ਉਸ ਦਾ ਆਵਣ ਜਾਵਣ ਲੱਖ ਚੁਰਾਸੀ ਪੈਂਡਾ ਜਾਏ ਮੁਕ, ਰਾਏ ਧਰਮ ਨਾ ਦਏ ਸਜ਼ਾਈਆ । ਆਤਮ ਪਰਮਾਤਮ ਮੇਲ ਮਿਲਾਉਣਾ ਨਿਰਮਲ ਜੋਤ, ਜੋਤੀ ਜਾਤੇ ਪੁਰਖ ਬਿਧਾਤੇ ਤੇਰੇ ਹੱਥ ਵਡਿਆਈਆ । ਸਚਖੰਡ ਵਸਾਉਣਾ ਧੁਰ ਦੇ ਕੋਟ, ਜਿਸ ਘਰ ਦੀਵਾ ਬਾਤੀ ਕਮਲਾਪਾਤੀ ਤੇਰਾ ਨਿਰਗੁਣ ਨੂਰ ਨੂਰ ਰੁਸ਼ਨਾਈਆ । ਚਿੰਤਾ ਗ਼ਮ ਨਾ ਵਿਆਪੇ ਕੋਈ ਸੋਚ, ਹਿਰਸ ਹਵਸ ਨਾ ਕੋਇ ਵਧਾਈਆ । ਤੇਰੇ ਪ੍ਰੇਮ ਦੀ ਮਾਨਣ ਮੌਜ, ਮਜਲਸ ਜਨ ਭਗਤ ਤੇਰੇ ਨਾਲ ਰਖਾਈਆ । ਪਾਰਬ੍ਰਹਮ ਬ੍ਰਹਮ ਆਦਿ ਜੁਗਾਦੀ ਤੇਰੀ ਗੋਤ, ਵਰਨਾਂ ਬਰਨਾਂ ਵਿਚੋਂ ਖਹਿੜਾ ਦੇਣਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਜੁਗ ਕਹੇ ਪ੍ਰਭ ਬਿਨ ਤੇਰੇ ਹੁਕਮ ਕਲਜੁਗ ਨਾ ਹੋਵੇ ਦੂਰ, ਬਲਹੀਣ ਨਾ ਮੂਲ ਅਖਵਾਈਆ । ਹੁਕਮ ਨਾਲ ਜੂਠ ਝੂਠ ਮੇਟ ਕੂੜ, ਕਿਰਿਆ ਕਪਟ ਰਹਿਣ ਨਾ ਪਾਈਆ । ਜੋਤੀ ਜਾਤੇ ਪੁਰਖ ਬਿਧਾਤੇ ਬਖ਼ਸ਼ ਆਪਣਾ ਨੂਰ, ਨੂਰ ਨੁਰਾਨਾ ਸ੍ਰੀ ਭਗਵਾਨਾ ਆਪਣਾ ਨਾਮ ਦੇ ਚਮਕਾਈਆ । ਸ਼ਬਦੀ ਖੰਡੇ ਤੋੜ ਗੜ੍ਹ ਗ਼ਰੂਰ, ਗ਼ੁਰਬਤ ਦੁਰਮਤ ਦੋਵੇਂ ਬਾਹਰ ਕਢਾਈਆ । ਪਰਗਟ ਹੋ ਕੇ ਨਜ਼ਰੀ ਆ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਹਜ਼ਰਤ ਪੀਰਾਂ ਦੇ ਪੀਰ ਰਸੂਲਾਂ ਦੇ ਰਸੂਲ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦ ਧੁਰ ਦੀ ਧਾਰ ਇਕ ਜਣਾਈਆ । ਸਤਿ ਧਰਮ ਕਹੇ ਪ੍ਰਭ ਕਿਰਪਾ ਕਰ ਆਪ ਭਗਵੰਤ, ਭਗਵਾਨ ਹੋ ਕੇ ਦਇਆ ਕਮਾਈਆ । ਮੇਰੇ ਨਾਲ ਮਿਲਾ ਸਾਚੇ ਸੰਤ, ਭਗਤ ਸੁਹੇਲੇ ਜੋੜ ਜੁੜਾਈਆ । ਜਿਨ੍ਹਾਂ ਦੇ ਅੰਤਰ ਆਤਮ ਤੇਰਾ ਨਾਉਂ ਮਣੀਆਂ ਮੰਤ, ਮਨ ਕਾ ਮਣਕਾ ਗਏ ਭਵਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਵਿਚ ਸਮਾਈਆ । ਤੈਨੂੰ ਕਹਿ ਕੇ ਬੇਅੰਤ ਬੇਅੰਤ ਬੇਅੰਤ, ਸ਼ੁਕਰ ਆਪਣਾ ਰਹੇ ਜਣਾਈਆ । ਮਾਲਕ ਖ਼ਾਲਕ ਸ੍ਰਿਸ਼ਟ ਸਬਾਈ ਧੁਰ ਦੇ ਕੰਤ, ਤੇਰੇ ਹੱਥ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਜੁਗ ਚੌਕੜੀ ਆਦਿ ਅੰਤ, ਜੁਗ ਚੌਕੜੀ ਸਦ ਚਲੇ ਤੇਰੇ ਹੁਕਮ ਰਜ਼ਾਈਆ ।

★ ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਮਿਲਖਾ ਸਿੰਘ ਦੇ ਗ੍ਰਿਹ ਪਿੰਡ ਖਹਿਰੇ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਕਹੇ ਪ੍ਰਭ ਸਾਚਾ ਦੇ ਨਾਮ ਖ਼ੰਜਰ, ਕੂੜੀ ਕਿਰਿਆ ਘਾਤ ਦਏ ਕਰਾਈਆ । ਧੁਰ ਦਾ ਦੇ ਨਾਮ ਨਿਧਾਨ ਅੰਜਣ, ਜਗਤ ਅੰਧੇਰਾ ਦਏ ਮਿਟਾਈਆ । ਵਡਿਆਈ ਬਖ਼ਸ਼ ਆਪ ਨਿਰੰਜਣ, ਨਰਾਇਣ ਹੋ ਕੇ ਹੋ ਸਹਾਈਆ । ਦਾਤਾ ਬਣ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਇਕੋ ਧੂੜ ਬਖ਼ਸ਼ ਮੱਜਨ, ਮਜਲਸ ਆਪਣੇ ਨਾਲ ਰਖਾਈਆ । ਭਗਤ ਸੁਹੇਲੇ ਤੈਨੂੰ ਸੱਦਣ, ਅੰਤਰ ਆਤਮ ਧਿਆਨ ਲਗਾਈਆ । ਤੂੰ ਸਚ ਦਵਾਰਾ ਆਵੀਂ ਲੰਘਣ, ਬਣ ਕੇ ਧੁਰ ਦਾ ਪਾਂਧੀ ਰਾਹੀਆ । ਤੇਰੇ ਪਰਕਾਸ਼ ਨਾਲ ਗੁਰਮੁਖ ਦੀਪਕ ਜਗਣ, ਆਪਣਾ ਨਾਮ ਕਰਨ ਰੁਸ਼ਨਾਈਆ । ਸਾਚੀ ਪ੍ਰੀਤੀ ਅੰਦਰ ਰਹਿਣ ਮਗਨ, ਸੁਰਤੀ ਸ਼ਬਦ ਵਿਚ ਸਮਾਈਆ । ਬਾਹਰੋਂ ਤੱਤਾਂ ਵਾਲਾ ਬਦਨ, ਅੰਦਰ ਤੇਰਾ ਨੂਰ ਡਗਮਗਾਈਆ । ਸਚਖੰਡ ਛੱਡ ਕੇ ਆਏ ਤੇਰਾ ਵਤਨ, ਬੇਵਤਨਾਂ ਆਪਣੇ ਘਰ ਲੈਣਾ ਬੁਲਾਈਆ । ਚੁਰਾਸੀ ਵਿਚੋਂ ਮਾਨੁਖ ਜਨਮ ਦਾ ਉਤਮ ਸ੍ਰੇਸ਼ਟ ਯਤਨ, ਯਥਾਰਥ ਤੇਰੀ ਸੇਵ ਕਮਾਈਆ । ਤੂੰ ਸਵਾਮੀ ਹੋ ਕੇ ਆਵੀਂ ਰੱਖਣ, ਰੱਖਿਆ ਕਰੀਂ ਥਾਈਂ ਥਾਈਆ । ਵੇਖ ਵਖਾਵੀਂ ਉੱਤਰ ਪੂਰਬ ਪੱਛਮ ਦੱਖਣ, ਦਿਸ਼ਾ ਕੂਟ ਪੜਦਾ ਓਹਲਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਤੇਰੇ ਆਏ ਸਾਚੇ ਪੱਤਣ, ਘਾਟ ਕਿਨਾਰੇ ਆਪਣੇ ਦੇਣਾ ਲਗਾਈਆ ।



★ ੯ ਕੱਤਕ ਸ਼ਹਿਨਸ਼ਾਹੀ ਸੰਮਤ ੨ ਗੁਰਮੀਤ ਕੌਰ ਦੇ ਗ੍ਰਿਹ ਪਿੰਡ ਮਾਨ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਸਾਚੇ ਸ੍ਰਿਸ਼ਟ ਸਬਾਈ ਦੱਸਣਾ ਇਕੋ ਠਾਕਰ, ਸਚਖੰਡ ਨਿਵਾਸੀ ਦੇਣਾ ਸਮਝਾਈਆ । ਜੋ ਪਾਰ ਕਰੇ ਵਿਚੋਂ ਸੰਸਾਰ ਸਾਗਰ, ਆਵਣ ਜਾਵਣ ਲੱਖ ਚੁਰਾਸੀ ਨਾਤਾ ਦਏ ਤੁੜਾਈਆ । ਕਰੇ ਪਰਕਾਸ਼ ਕਾਇਆ ਮਾਟੀ ਗਾਗਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਸਚ ਦਵਾਰੇ ਦੇਵੇ ਆਦਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਠਾਂਡੇ ਹੋਏ ਸਹਾਈਆ । ਸਤਿਜੁਗ ਸਾਚੇ ਸਾਚੇ ਨਾਮ ਦਾ ਲੈ ਖ਼ਰਚਾ, ਲੋਕਮਾਤ ਖ਼ੁਸ਼ੀ ਮਨਾਈਆ । ਪੁਰਖ ਅਕਾਲ ਦੇ ਨਾਮ ਦੀ ਦੱਸ ਚਰਚਾ, ਚਾਰ ਵਰਨ ਦੇ ਸਮਝਾਈਆ । ਧੁਰ ਦੇ ਹੁਕਮ ਦਾ ਪਾ ਅੱਗੇ ਪਰਚਾ, ਜਿਸ ਨੂੰ ਹਲ ਨਾ ਕੋਇ ਕਰਾਈਆ । ਮਾਲਕ ਦੱਸ ਉਪਰ ਅਰਸ਼ਾ, ਹਰ ਘਟ ਵਸਿਆ ਨਜ਼ਰੀ ਆਈਆ । ਭੇਵ ਖੋਲ੍ਹ ਜ਼ਿਮੀਂ ਫ਼ਰਸ਼ਾ, ਪੜਦਾ ਓਹਲਾ ਦੇਣਾ ਚੁਕਾਈਆ । ਕਲਜੁਗ ਮਿਟੇ ਕੂੜ ਅੰਧੇਰਾ ਗਰਦਾ, ਜਗਤ ਵਿਕਾਰ ਰਹਿਣ ਨਾ ਪਾਈਆ । ਜਨ ਭਗਤਾਂ ਮੇਲ ਹੋਵੇ ਧੁਰ ਦੇ ਹਰਿ ਦਾ, ਹਿਰਦੇ ਹਰਿ ਲੈਣ ਵਸਾਈਆ । ਨਜ਼ਰ ਆਵੇ ਜੋ ਵਿਛੜਿਆ ਚਿਰ ਦਾ, ਜਗਤ ਵਿਛੁੰਨੇ ਜੋੜ ਜੁੜਾਈਆ । ਭੇਵ ਦੱਸ ਪਰਮਾਤਮ ਪਿਰ ਦਾ, ਪ੍ਰੀਤਮ ਇਕੋ ਦੇਣਾ ਜਣਾਈਆ । ਜੋ ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨ ਨਿਰਗੁਣ ਧਾਰ ਫਿਰਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਭੇਵ ਖੁਲ੍ਹਾ ਦੇ ਘਰ ਥਿਰ ਦਾ, ਸੰਤ ਸੁਹੇਲੇ ਸਚਖੰਡ ਲੈ ਮਿਲਾਈਆ । ਜਿਸ ਦੇ ਹੁਕਮ ਨਾਲ ਜੁਗ ਚੌਕੜੀ ਗੇੜਾ ਗਿੜਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਰੂਪ ਲੈਣ ਬਦਲਾਈਆ । ਓਸੇ ਦੇ ਹੁਕਮ ਨਾਲ ਲਹਿਣਾ

ਦੇਣਾ ਸਭ ਦਾ ਨਿਬੜਦਾ, ਲੇਖੇ ਵਿਚੋਂ ਲੇਖਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਦਏ ਵਰਤਾਈਆ । ਸਤਿਜੁਗ ਸਾਚੇ ਸਾਚੇ ਨਾਮ ਦਾ ਦੇ ਢੰਡੋਰਾ, ਚਾਰ ਕੁੰਟਾਂ ਦੇ ਸੁਣਾਈਆ । ਕਲਜੁਗ ਮਿਟੇ ਅੰਧੇਰ ਘੋਰਾ, ਕੂੜੀ ਕਿਰਿਆ ਦੇਣੀ ਖਪਾਈਆ । ਮਾਤ ਦਿਸੇ ਨਾ ਕੋਈ ਠੱਗ ਚੋਰਾ, ਕੂੜ ਹਰਾਮ ਨਾ ਕੋਇ ਕਮਾਈਆ । ਸਾਚੇ ਨਾਮ ਦਾ ਇਕੋ ਗਾਵਣ ਸਾਰੇ ਦੋਹਰਾ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਮਨਾਈਆ । ਸੱਸੇ ਉਪਰ ਦੱਸ ਸੋ ਹੋੜਾ, ਹੰ ਬ੍ਰਹਮ ਆਪ ਜਣਾਈਆ । ਪੁਰਖ ਅਕਾਲ ਦੀ ਗੁਰ ਅਵਤਾਰ ਪੈਗ਼ੰਬਰਾਂ ਸਦਾ ਲੋੜਾ, ਬਿਨ ਸ੍ਰੀ ਭਗਵਾਨ ਲੱਖ ਚੁਰਾਸੀ ਕੰਮ ਕਿਸੇ ਨਾ ਆਈਆ । ਪ੍ਰਭ ਦਾ ਦਰਸ਼ਨ ਜਿਤਨਾ ਹੋਵੇ ਉਤਨਾ ਥੋੜਾ, ਜਨ ਭਗਤ ਬਿਨਾ ਦਰਸ ਜਗ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਚੁਕਾ ਕੇ ਤੋਰਾ ਮੋਰਾ, ਆਤਮ ਪਰਮਾਤਮ ਪਰਮਾਤਮ ਆਤਮ ਸੋਹੰ ਢੋਲਾ ਬਣ ਵਿਚੋਲਾ, ਸੋਹਲਾ ਧੁਰ ਦਾ ਦਿਤਾ ਸਮਝਾਈਆ ।

### ★ ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★



ਆਦਿ ਜੁਗਾਦਿ ਜੁਗ ਚੌਕੜੀ ਧੁਰ ਦੀ ਆਦਤ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਭੱਜਣ ਵਾਹੋ ਦਾਹੀਆ । ਤੋੜਨਾ ਵਿਛੋੜਨਾ ਜੁਗ ਚੌਕੜੀ ਪ੍ਰਭ ਦੀ ਧੁਰ ਦੀ ਨਿਆਮਤ, ਆਮਦ ਖ਼ੁਸ਼ਾਮਦ ਆਪਣੇ ਵਿਚ ਛੁਪਾਈਆ । ਜਨ ਭਗਤਾਂ ਨੇੜੇ ਆਉਣ ਨਾ ਦੇਵੇ ਕਦੇ ਕਿਆਮਤ, ਲੇਖਾ ਜਾਣੇ ਦੋ ਜਹਾਨ ਥਾਉਂ ਥਾਈਂਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਰੱਖੇ ਸਹੀ ਸਲਾਮਤ, ਸਾਹਿਬ ਸੁਲਤਾਨ ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਸੂਫ਼ੀ ਸੰਤ ਫ਼ਕੀਰ ਪ੍ਰਭ ਦੀ ਅਮਾਨਤ, ਦੂਜਾ ਨਜ਼ਰ ਕੋਇ ਨਾ ਆਈਆ । ਜਗਤ ਵਾਸਨਾ ਕੂੜੀ ਕਿਰਿਆ ਮਨ ਕਰੇ ਬਗ਼ਾਵਤ, ਮਮਤਾ ਮੋਹ ਵਿਕਾਰ ਜਗਤ ਲੜਾਈਆ । ਜਿਨ੍ਹਾਂ ਦੀ ਸਾਹਿਬ ਸਤਿਗੁਰ ਸ਼ਬਦ ਗੁਰਦੇਵ ਸਵਾਮੀ ਦੇਵੇ ਆਪ ਜਮਾਨਤ, ਜ਼ਾਮਨ ਧੁਰ ਦਾ ਹੋ ਕੇ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਣ, ਦਿਵਸ ਰੈਣ ਅੱਠੇ ਪਹਿਰ ਵਾਹੋ ਦਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਤ ਨਵਿਤ ਨਿਰਗੁਣ ਸਰਗੁਣ ਧਾਰ ਨੱਠਣ, ਥਿਤ ਵਾਰ ਘੜੀ ਪਲ ਸਮਝ ਕਿਸੇ ਨਾ ਆਈਆ । ਦੋ ਜਹਾਨ ਬ੍ਰਹਿਮੰਡ ਖੰਡ ਸਚ ਦਵਾਰੇ ਦਾਤ ਮੰਗਣ, ਖ਼ਾਲੀ ਝੋਲੀ ਅੱਗੇ ਡਾਹੀਆ । ਬਿਨ ਹਰਿ ਕਿਰਪਾ ਦੂਸਰ ਚੜ੍ਹੇ ਕੋਇ ਨਾ ਰੰਗਣ, ਰੰਗਤ ਹਕ ਨਾ ਕੋਇ ਵਖਾਈਆ । ਕੋਟਨ ਕੋਟ ਖੇਲ ਕਰ ਕੇ ਗਏ ਤ੍ਰਿਲੋਕੀ ਨੰਦਨ, ਲੋਕ ਪਰਲੋਕ ਸੋਹਲਾ ਢੋਲਾ ਗਾਈਆ । ਸਰਗੁਣ ਧਾਰ ਕਰ ਕੇ ਗਏ ਬੰਦਨ, ਨਮੋ ਨਮਸਤੇ ਕਹਿ ਕੇ ਸੀਸ ਨਿਵਾਈਆ । ਮਸਤਕ ਟਿੱਕੇ ਧੂੜੀ ਖ਼ਾਕ ਰਮਾ ਕੇ ਗਏ ਚੰਦਨ, ਜਗਤ ਧਾਰ ਵਿਚ ਸੰਸਾਰ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਜੁਗ ਚੌਕੜੀ ਨਿਤ ਨਵਿਤ ਭੱਜਦੇ, ਬਣ

ਬਣ ਪਾਂਧੀ ਰਾਹੀਆ । ਕੋਟਨ ਕੋਟ ਕਾਲ ਗਏ ਲੰਘਦੇ, ਸਮਾਂ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਮੰਗਦੇ, ਦਰ ਘਰ ਠਾਂਡੇ ਸੀਸ ਨਿਵਾਈਆ । ਸੱਜਣ ਸਾਕ ਬਣੇ ਰਹੇ ਅੰਗ ਦੇ, ਅੰਗੀਕਾਰ ਤਨ ਮਾਟੀ ਖ਼ਾਕ ਤਨ ਵਜੂਦ ਹੰਢਾਈਆ । ਪਰਕਾਸ਼ ਲੈਂਦੇ ਰਹੇ ਨੂਰ ਅਗੰਮੀ ਚੰਨ ਦੇ, ਜੋਤੀ ਜੋਤ ਜੋਤ ਰੁਸ਼ਨਾਈਆ । ਦੀਨ ਦਿਆਲ ਠਾਕਰ ਸਵਾਮੀ ਪਰਵਰਦਿਗਾਰ ਇਕੋ ਰਹੇ ਮੰਨਦੇ, ਪਰਮ ਪੁਰਖ ਬੇਪਰਵਾਹੀਆ । ਵਣਜ ਕਰਾਉਂਦੇ ਰਹੇ ਨਾਮ ਭੰਡਾਰੇ ਧਨ ਦੇ, ਵਸਤ ਅਮੋਲਕ ਇਕ ਵਖਾਈਆ । ਰਾਗ ਨਾਦ ਸੁਣਾਉਂਦੇ ਰਹੇ ਬਿਨਾ ਕੰਨ ਦੇ, ਅਨਹਦ ਨਾਦੀ ਨਾਦ ਵਜਾਈਆ । ਕੂੜੀ ਕਿਰਿਆ ਭਾਂਡੇ ਰਹੇ ਭੰਨਦੇ, ਭਰਮ ਗੜ੍ਹ ਤੁੜਾਈਆ । ਹੁਕਮੇ ਅੰਦਰ ਰਹੇ ਚਲਦੇ, ਅੱਗੇ ਹੋ ਨਾ ਕੋਇ ਅਟਕਾਈਆ । ਕਾਇਆ ਮਾਟੀ ਤਨ ਸ਼ਰੀਰ ਰਹੇ ਛੱਡਦੇ, ਵਜੂਦ ਵਸਲ ਨਾ ਕੋਇ ਖ਼ੁਦਾਈਆ । ਬਿਨ ਮਾਤਾ ਪਿਤਾ ਰਹੇ ਜੰਮਦੇ, ਨੂਰ ਜਹੂਰ ਕਰ ਰੁਸ਼ਨਾਈਆ । ਝਗੜੇ ਮੁਕਾ ਕੇ ਹਰਖ਼ ਸੋਗ ਗ਼ਮ ਦੇ, ਚਿੰਤਾ ਚਿਖਾ ਨਾ ਕੋਇ ਤਪਾਈਆ । ਅੰਤ ਭਰੋਸਾ ਜਾਣੇ ਨਾ ਕੋਈ ਆਪਣੇ ਦਮ ਦੇ, ਬਿਨਾਂ ਦਮਾਂ ਤੋਂ ਦਾਮਨਗੀਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰੇ ਖੇਲ ਬੇਪਰਵਾਹ, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਆਦਿ ਜੁਗਾਦੀ ਇਕੋ ਨਾਂ, ਨਾਉਂ ਨਿਰੰਕਾਰ ਰਿਹਾ ਅਖਵਾਈਆ । ਜਲਵਾਗਰ ਨੂਰ ਖ਼ੁਦਾ, ਵਾਹਦ ਲਾਸ਼ਰੀਕ ਬੇਪਰਵਾਹੀਆ । ਆਤਮ ਨਾਲੋਂ ਹੋਵੇ ਨਾ ਕਦੇ ਜੁਦਾ, ਪਰਮਾਤਮ ਵੰਡ ਨਾ ਕੋਇ ਵੰਡਾਈਆ । ਲੱਖ ਚੁਰਾਸੀ ਤੱਤਾਂ ਵਾਲਾ ਚੋਲਾ ਜਗਤ ਰਿਹਾ ਹੰਢਾ, ਘਟ ਘਟ ਬੈਠਾ ਸੋਭਾ ਪਾਈਆ । ਮਹੱਲ ਅਟਲ ਕਰ ਰੁਸ਼ਨਾ, ਨਿਰਗੁਣ ਨੂਰ ਡਗਮਗਾਈਆ । ਸ਼ਬਦ ਅਨਾਦੀ ਢੋਲਾ ਗਾ, ਇਕੋ ਕਲਮਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਖੇਲ ਖਿਲਾਈਆ । ਮਿਹਰਵਾਨ ਹਰਿ ਮਹਿਬੂਬ, ਮੁਹੱਬਤ ਵਿਚ ਖੇਲ ਖਿਲਾਈਆ । ਜਿਸ ਦਾ ਆਅਲਾ ਅਰਸ਼ ਅਰੂਜ, ਮਹੱਲ ਅਟਲ ਸੋਭਾ ਪਾਈਆ । ਜਿਸ ਦੀ ਮੰਜ਼ਲ ਹਕ ਮਕਸੂਦ, ਜਲਵਾਗਰ ਨੂਰ ਰੁਸ਼ਨਾਈਆ । ਜਿਸ ਦੇ ਅੰਤਰ ਨਹੀਂ ਦੂਜ, ਨਿਰੰਤਰ ਏਕਾ ਰੰਗ ਰੰਗਾਈਆ । ਆਦਿ ਜੁਗਾਦਿ ਨਾ ਹੋਏ ਨੇਸਤੋ ਨਾਬੂਦ, ਬ੍ਰਹਿਮੰਡ ਖੰਡ ਆਪਣੀ ਕਾਰ ਕਮਾਈਆ । ਤਨ ਸ਼ਰੀਰ ਨਾ ਤਤ ਵਜੂਦ, ਜਲਵਾਗਰ ਇਕ ਅਖਵਾਈਆ । ਸੋ ਸਾਹਿਬ ਸਵਾਮੀ ਹੋ ਮੌਜੂਦ, ਅੰਤਰਜਾਮੀ ਪੜਦਾ ਲਾਹੀਆ । ਬਿਨ ਹਰਿ ਕਿਰਪਾ ਕਿਸੇ ਨਾ ਆਵੇ ਸੂਝ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਭਗਵਾਨ, ਹਰਿ ਕਰਤਾ ਵੱਡ ਵਡਿਆਈਆ । ਗੋਬਿੰਦ ਦੇ ਕੇ ਗਿਆ ਬਿਆਨ, ਪਿਛਲਾ ਲੇਖਾ ਇਕ ਸਮਝਾਈਆ । ਜਿਨ੍ਹਾਂ ਚੌਹਾਂ ਉਠਾਇਆ ਕਾਹਨ, ਬਣੇ ਪਾਂਧੀ ਰਾਹੀਆ । ਇਕ ਦਾ ਅੰਦਰੋਂ ਬਦਲਿਆ ਧਿਆਨ, ਪਿਛਲਾ ਲੇਖਾ ਦਏ ਗਵਾਹੀਆ । ਮਨੂਆ ਸ਼ਰਅ ਵਿਚ ਹੋਇਆ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਸ਼ਬਦ ਸੁਨੇਹੜਾ ਦਿਤਾ ਨੌਜਵਾਨ, ਨੌਬਤ ਧੁਰ ਦਾ ਨਾਮ ਵਜਾਈਆ । ਲਹਿਣਾ ਦੇਣਾ ਫੇਰ ਚੁਕਾਵਾਂ ਆਣ, ਕਲਜੁਗ ਵੇਲਾ ਵਕਤ ਆਪਣੇ ਹੱਥ ਰਖਾਈਆ । ਦਸ ਕਦਮ ਦੀ ਸੇਵਾ ਕਰ ਪਰਵਾਨ, ਅਗਲਾ ਝਗੜਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਜਿਨ੍ਹਾਂ ਚੁਕਿਆ ਉਚ ਦਾ ਪੀਰ, ਪੀਰ ਪੈਗ਼ੰਬਰ ਦੇਣ ਗਵਾਹੀਆ । ਪਿਛਲਾ ਲੇਖਾ ਨਾਲ ਸ਼ਰੀਰ, ਸ਼ਰੀਰ ਨਾਲ ਦਏ ਵਡਿਆਈਆ । ਮਹਾਂ ਸਿੰਘ ਨੇ ਗਾਇਆ

ਤਕਦੀਰ ਫੜਾ ਹੱਥ ਤਦਬੀਰ, ਤਦਬੀਰ ਆਪਣਾ ਹੁਕਮ ਮਨਾਈਆ । ਪ੍ਰੇਮ ਪਿਆਰ ਦਾ ਸਚ ਜ਼ੰਜੀਰ, ਮੁਹੱਬਤ ਸ਼ਰਅ ਵਿਚ ਛੁਪਾਈਆ । ਮਨ ਆਸ਼ਾ ਦਾ ਫੁੱਟ ਪਿਆ ਖ਼ਮੀਰ, ਗਹਿਰ ਗੰਭੀਰ ਵੇਖ ਵਖਾਈਆ । ਸਾਢੇ ਤਿੰਨ ਸਾਲ ਅੱਗੇ ਰਹੇ ਭੀੜ, ਬੇੜਾ ਫੇਰ ਦਏ ਬਦਲਾਈਆ । ਤਨ ਮਾਟੀ ਪਾਟੇ ਚੀਥੜ ਰਹਿਣ ਨਾ ਦੇਵੇ ਚੀਰ, ਚੀਰੇ ਵਾਲਾ ਹੋਏ ਸਹਾਈਆ । ਜਿਸ ਵੇਖੀ ਆਖ਼ਰ ਅਖ਼ੀਰ, ਮੰਜ਼ਲ ਵੇਖੇ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸਮਝਾਈਆ । ਧੁਰ ਦਾ ਹੁਕਮ ਕਹੇ ਗੁਰ ਅਵਤਾਰ ਪੈਗ਼ੰਬਰਾਂ ਕੀਤਾ ਇਕੱਠ, ਦਰ ਠਾਂਡੇ ਖ਼ੁਸ਼ੀ ਮਨਾਈਆ । ਨਿਰਗੁਣ ਧਾਰ ਆਏ ਨੱਠ, ਭੱਜੇ ਵਾਹੋ ਦਾਹੀਆ । ਗੁਰਮੁਖ ਕਦੇ ਨਾ ਹੋਵੇ ਯਮਲਾ ਜੱਟ, ਭਗਤ ਸੁਹੇਲਾ ਨਜ਼ਰੀ ਆਈਆ । ਜਿਨ੍ਹਾਂ ਦਾ ਨਾਮ ਭੰਡਾਰਾ ਖੁਲ੍ਹਿਆ ਧੁਰ ਦਾ ਹੱਟ, ਅਬਿਨਾਸ਼ੀ ਕਰਤਾ ਆਪ ਵਰਤਾਈਆ । ਸੋ ਸੰਤ ਸੁਹੇਲੇ ਲਾਹਾ ਲੈਣ ਖੱਟ, ਜਿਨ੍ਹਾਂ ਦਾ ਖਟਕਾ ਅਗਲਾ ਪਿਛਲਾ ਦਿਤਾ ਚੁਕਾਈਆ । ਸ਼ਬਦ ਅਗੰਮੀ ਮਾਰੇ ਸੱਟ, ਸੋਈ ਸੁਰਤੀ ਦਏ ਉਠਾਈਆ । ਦੁਰਮਤ ਮੈਲ ਦੇਵੇ ਕੱਟ, ਪਤਤ ਪੁਨੀਤ ਆਪ ਕਰਾਈਆ । ਵਸਣਹਾਰਾ ਘਟ ਘਟ, ਪੜਦਾ ਓਹਲਾ ਦਏ ਚੁਕਾਈਆ । ਨਿਰਗੁਣ ਜੋਤ ਲਟ ਲਟ, ਅੰਧ ਅੰਧੇਰਾ ਰਹੇ ਨਾ ਰਾਈਆ । ਜਨਮ ਕਰਮ ਦਾ ਲਹਿਣਾ ਦੇਣਾ ਸਭ ਨੂੰ ਦੇਵੇ ਹਕ, ਹਕ਼ੀਕ਼ਤ ਵਿਚੋਂ ਲਾਸ਼ਰੀਕ ਖੋਜ ਖੁਜਾਈਆ । ਜੋ ਗੋਬਿੰਦ ਗਿਆ ਦੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਭੀਤਰ ਵੇਖ ਵਖਾਈਆ । ਘਟ ਭੀਤਰ ਵੇਖਣਹਾਰਾ ਸਭ ਦੀ ਕਰੇ ਖੋਜ, ਲੱਖ ਚੁਰਾਸੀ ਚਾਰੇ ਖਾਣੀ ਫੋਲ ਫੁਲਾਈਆ । ਨਿਤ ਨਵਿਤ ਜੁਗ ਚੌਕੜੀ ਜਿਸ ਦਾ ਅਗੰਮੜਾ ਚੋਜ, ਜਗਤ ਵਿਦਿਆ ਮਨ ਮਤ ਬੁਧ ਸਮਝ ਕਿਸੇ ਨਾ ਆਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਸਜਦੇ ਕਰਦੇ ਚੌਦਾਂ ਲੋਕ, ਪਰਲੋਕ ਸੀਸ ਝੁਕਾਈਆ । ਉਸ ਦਾ ਨਾਮ ਨਿਧਾਨਾ ਨੌਜਵਾਨਾ ਮਰਦ ਮਰਦਾਨਾ ਇਕ ਸਲੋਕ, ਸੋਹਲਾ ਢੋਲਾ ਧੁਰ ਦਾ ਨਜ਼ਰੀ ਆਈਆ । ਸਚ ਪ੍ਰੀਤੀ ਧੁਰ ਦੀ ਨੀਤੀ ਆਤਮ ਪਰਮਾਤਮ ਦੱਸੇ ਇਕੋ ਜੋਗ, ਜੋਗੀਸ਼ਰ ਤਪੀਸ਼ਰ ਮੁਨੀਸ਼ਰ ਜਿਸ ਨੂੰ ਢੂੰਡਣ ਥਾਉਂ ਥਾਈਂਆ । ਜਨ ਭਗਤਾਂ ਕਰ ਕੇ ਧੁਰ ਸੰਜੋਗ, ਜੁਗ ਜਨਮ ਦੇ ਵਿਛੜੇ ਮੇਲ ਮਿਲਾਈਆ । ਨਿਰਵੈਰ ਹੋ ਕੇ ਦੇਵੇ ਦਰਸ ਅਮੋਘ, ਪੜਦਾ ਓਹਲਾ ਆਪ ਉਠਾਈਆ । ਹਉਮੇ ਹੰਗਤਾ ਮਾਇਆ ਮਮਤਾ ਕੂੜੀ ਕਿਰਿਆ ਰਹਿਣ ਨਾ ਦੇਵੇ ਰੋਗ, ਚਿੰਤਾ ਸੋਗ ਆਪ ਮਿਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਕਰ ਕੇ ਧੁਰ ਸੰਜੋਗ, ਸਾਚਾ ਮੰਦਰ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਜੋ ਆਦਿ ਜੁਗਾਦੀ ਸਭ ਦਾ ਕੰਤ, ਬ੍ਰਹਮ ਬ੍ਰਹਿਮਾਦੀ ਰਿਹਾ ਸਮਾਈਆ । ਜਿਸ ਦਾ ਨਾਮ ਨਿਧਾਨਾ ਧੁਰ ਦਾ ਮੰਤ, ਮੰਤਰ ਪੜ੍ਹੇ ਜਗਤ ਲੋਕਾਈਆ । ਜੋ ਬੋਧ ਅਗਾਧਾ ਏਕੰਕਾਰਾ ਇਕੋ ਪੰਡਤ, ਦੋ ਜਹਾਨਾਂ ਰਿਹਾ ਪੜ੍ਹਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਲਜੁਗ ਧਾਰ ਚਾਰ ਵਰਨ ਅਠਾਰਾਂ ਬਰਨ ਨਿਰਗੁਣ ਸਰਗੁਣ ਬਣਾ ਧੁਰ ਦੀ ਸੰਗਤ, ਸਗਲਾ ਸੰਗ ਆਪ ਰਖਾਈਆ । ਜਨ ਭਗਤ ਸੁਹੇਲਾ ਇਕ ਇਕੇਲਾ ਦਰ ਦਵਾਰੇ ਜਾਏ ਕਿਸੇ ਨਾ ਮੰਗਤ, ਮਾਂਗਤ ਹੋ ਕੇ ਝੋਲੀ ਕੋਇ ਨਾ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਅੰਤ ਮੁਕਾ ਝੇੜਾ, ਝਗੜਾ ਦੋ ਜਹਾਨ ਰਹਿਣ ਕੋਇ ਨਾ ਪਾਈਆ । ਲੱਖ ਚੁਰਾਸੀ

ਜੀਵ ਜੰਤ ਨਿਰਗੁਣ ਸਰਗੁਣ ਦੇ ਗੇੜਾ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਦੇ ਖੁਲ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਲਹਿਣਾ ਦੇਣਾ ਤੁਧ ਬਿਨ ਚੁਕਾਵੇ ਕਿਹੜਾ, ਧੁਰ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਦਿਸੇ ਅੰਧੇਰਾ, ਧੁਰ ਦਾ ਨੂਰ ਸਾਚਾ ਚੰਦ ਨਾ ਕੋਇ ਚਮਕਾਈਆ । ਮਨ ਵਾਸਨਾ ਕੂੜੀ ਕਿਰਿਆ ਹਉਮੇ ਹੰਗਤਾ ਸ੍ਰਿਸ਼ਟ ਸਬਾਈ ਦ੍ਰਿਸ਼ਟੀ ਅੰਦਰ ਪਾਇਆ ਘੇਰਾ, ਵਿਸ਼ਿਆਂ ਵਿਚੋਂ ਬਾਹਰ ਨਾ ਕੋਇ ਕਢਾਈਆ । ਬਿਨ ਤੇਰੀ ਕਿਰਪਾ ਕੋਈ ਨਾ ਜਾਣੇ ਤੇਰਾ ਮੇਰਾ, ਆਤਮ ਪਰਮਾਤਮ ਪਰਮਾਤਮ ਆਤਮ ਭੇਵ ਕੋਇ ਨਾ ਪਾਈਆ । ਸਾਢੇ ਤਿੰਨ ਹੱਥ ਕਾਇਆ ਮਾਟੀ ਦੀਨ ਦੁਨੀ ਵਿਚ ਉਜੜਿਆ ਖੇੜਾ, ਮਹੱਲ ਅਟਲ ਸੋਭਾ ਕੋਇ ਨਾ ਪਾਈਆ । ਸਦੀ ਚੌਧਵੀਂ ਵਕਤ ਅੰਤ ਅਖ਼ੀਰੀ ਨੇੜਾ, ਨੇਰਨ ਨੇਰਾ ਹੋ ਕੇ ਦੇ ਸਮਝਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਆਸਾ ਅੰਦਰ ਕਰ ਕੇ ਬੈਠੇ ਰਹੇ ਵੱਡਾ ਜੇਰਾ, ਜੇਰਜ ਅੰਡਜ ਉਤਭੁਜ ਸੇਹਤਜ ਆਪਣਾ ਆਪ ਭਵਾਈਆ । ਪੁਰਖ ਅਕਾਲ ਦੀਨ ਦਿਆਲ ਨਰ ਨਰਾਇਣ ਨਿਰਗੁਣ ਧਾਰ ਏਕੰਕਾਰ ਪਰਵਰਦਿਗਾਰ ਤੇਰਾ ਹੋਇਆ ਫੇਰਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਪੜਦਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਵਾਰੇ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਵਰਦਿਗਾਰ ਬਖ਼ਸ਼ ਇਖ਼ਲਾਕ, ਖ਼ਾਕੀ ਤਨ ਜਗਤ ਮਿਲੇ ਵਡਿਆਈਆ । ਕੂੜੀ ਕਿਰਿਆ ਜਗਤ ਵਾਸਨਾ ਹੁਕਮੇ ਅੰਦਰ ਦੇ ਤਲਾਕ, ਅਗਲਾ ਸੰਗ ਨਾ ਕੋਇ ਬਣਾਈਆ । ਆਤਮ ਪਰਮਾਤਮ ਹੋ ਕੇ ਆਪਣਾ ਕਰ ਇਤਫ਼ਾਕ, ਦੂਜੀ ਰਾਏ ਦੀ ਲੋੜ ਰਹੇ ਨਾ ਰਾਈਆ । ਘਰ ਸਵਾਮੀ ਸੱਜਣ ਬਣ ਚਾਕ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਬਨ ਖੰਡ ਫੇਰਾ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਹੋ ਕੇ ਗਏ ਆਖ, ਸੋਹਲੇ ਢੋਲੇ ਰਾਗਾਂ ਨਾਦਾਂ ਨਗ਼ਮਿਆਂ ਕਲਮਿਆਂ ਵਿਚ ਤੇਰਾ ਨਾਮ ਸਾਲਾਹੀਆ । ਸਦੀ ਚੌਧਵੀਂ ਦਰ ਦਵਾਰੇ ਹੋਏ ਮੁਹਤਾਜ, ਬਿਨ ਅੱਖਾਂ ਨੇਤਰ ਨੈਣ ਰਹੇ ਉਠਾਈਆ । ਧੁਰ ਦੇ ਹੁਕਮ ਦਾ ਸ਼ਬਦੀ ਦੇ ਜਵਾਬ, ਕਲਮ ਸ਼ਾਹੀ ਦੀ ਲੋੜ ਰਹੇ ਨਾ ਰਾਈਆ । ਕੁਛ ਲਹਿਣਾ ਦੇਣਾ ਯਾਦ ਕਰ ਵਿਚ ਬਗ਼ਦਾਦ, ਨਾਨਕ ਨਿਰਗੁਣ ਨਿਰਗੁਣ ਨਾਲ ਸ਼ਬਦ ਪੜ੍ਹਾਈਆ । ਜਿਸ ਦੀ ਸੁਣੀ ਨਾ ਕਿਸੇ ਆਵਾਜ਼, ਲੇਖਾ ਲਿਖ ਨਾ ਕੋਇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਰਕੇ ਕਹਿਣ ਆਦਾਬ, ਬਿਨ ਸੀਸ ਸੀਸ ਝੁਕਾਈਆ । ਮਹੱਲ ਅਟਲ ਸੋਹੇ ਤੇਰਾ ਇਕ ਮਹਿਰਾਬ, ਮਹਿਬੂਬ ਤੇਰਾ ਨੂਰ ਰੁਸ਼ਨਾਈਆ । ਨਿਰਗੁਣ ਹੋ ਕੇ ਦੇ ਇਮਦਾਦ, ਬਖ਼ਸ਼ਿਸ਼ ਵਿਚ ਆਪਣਾ ਤਰਸ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹ ਆਪ, ਤੇਰੇ ਹੱਥ ਵਡ ਵਡਿਆਈਆ । ਨਿਰਗੁਣ ਨੂਰ ਸਾਖਿਆਤ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਭੇਵ ਖੁਲ੍ਹਾਈਆ । ਚਾਰ ਜੁਗ ਤੇਰਾ ਲੇਖਾ ਲਿਖਦੇ ਗਏ ਕਾਗ਼ਜਾਤ, ਅੱਖਰਾਂ ਵਾਲੀ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਬਿਆਨਾਤ, ਬਿਆਨਾ ਤੇਰਾ ਨਾਮ ਧਰਾਈਆ । ਬਿਨ ਤੇਰੇ ਕਰੇ ਨਾ ਕੋਈ ਨਜਾਤ, ਬੰਧਨ ਸਕੇ ਨਾ ਕੋਇ ਤੁੜਾਈਆ । ਸਤਿ ਧਰਮ ਦੀ ਸਦੀ ਚੌਧਵੀਂ ਹੋਈ ਵਫ਼ਾਤ, ਸਾਸ ਗਰਾਸ ਨਜ਼ਰ ਕੋਇ ਨਾ ਆਈਆ । ਕੂੜ ਕੁੜਿਆਰੇ ਮਿਲੀ ਸ਼ਾਬਾਸ਼, ਕਲਜੁਗ ਆਪਣਾ ਰੰਗ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰੀ ਕਰੇ ਤਲਾਸ਼, ਸਦੀ ਚੌਧਵੀਂ ਲੱਭਿਆਂ ਹੱਥ ਕਿਸੇ ਨਾ ਆਈਆ । ਝਗੜਾ ਪਿਆ ਦੀਨ ਮਜ਼੍ਹਬ ਜਾਤ ਪਾਤ, ਊਚ

ਨੀਚ ਰਾਓ ਰੰਕ ਜਗਤ ਵੰਡ ਵੱਡੀ ਛੋਟੀ ਕਲਾਸ, ਕਾਲਖ ਟਿੱਕਾ ਮੂਲ ਨਾ ਕੋਇ ਧਵਾਈਆ । ਬਿਨ ਤੇਰੇ ਨਾਮ ਧੁਰ ਦੇ ਜਾਮ ਖ਼ਾਲੀ ਦਿਸੇ ਕਾਇਆ ਪੰਜ ਤਤ ਲਾਸ਼, ਨਾਲਸ਼ ਮੇਟੇ ਕੋਇ ਨਾ ਜਗਤ ਲੋਕਾਈਆ । ਬਿਨ ਤੇਰੇ ਪੂਰੀ ਕਰੇ ਕੋਇ ਨਾ ਖ਼ਾਹਸ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਸਭ ਦੇ ਬਿਰਥਾ ਦਿਸਦੇ ਸਵਾਸ, ਸਾਹ ਸਾਹ ਤੇਰਾ ਨਾਮ ਨਜ਼ਰ ਨਾ ਆਈਆ । ਜੋ ਨਾਨਕ ਨਿਰਗੁਣ ਧਾਰ ਗਿਆ ਆਖ, ਬਿਨ ਅੱਖਰਾਂ ਲੇਖ ਬਣਾਈਆ । ਗੋਬਿੰਦ ਮਾਛੂਵਾੜੇ ਲਿਆ ਭਾਖ, ਬਿਨ ਨੈਣਾਂ ਨੈਣ ਉਠਾਈਆ । ਕ੍ਰਿਸ਼ਨ ਮੰਗ ਕੇ ਗਿਆ ਮੰਗ ਸਾਚ, ਬਿਦਰ ਘਰ ਧਿਆਨ ਲਗਾਈਆ । ਰਾਮ ਸੌਂ ਕੇ ਵਿਚ ਪਰਭਾਸ, ਨੈਣ ਮੂੰਦ ਅੱਖ ਖੁਲ੍ਹਾਈਆ । ਸ਼ਿਵ ਝੋਲੀ ਡਾਹੀ ਉਪਰ ਕੈਲਾਸ਼, ਮਸਤਕ ਦੋਵੇਂ ਹੱਥ ਟਿਕਾਈਆ । ਬ੍ਰਹਮੇ ਹੋ ਕੇ ਕਿਹਾ ਦਾਸ, ਚਰਨ ਕਵਲ ਨੀਰ ਵਹਾਈਆ । ਵਿਸ਼ਨੂੰ ਵੇਖ ਕੇ ਪਰੇ ਆਕਾਸ਼, ਆਖ਼ਰ ਆਪਣੀ ਆਸ ਸਮਝਾਈਆ । ਤੇਰਾ ਨੂਰ ਨਿਰਗੁਣ ਜੋਤ ਪਰਕਾਸ਼, ਤਤਵ ਤਤ ਨਾ ਕੋਇ ਰਖਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਪਰਵਰਦਿਗਾਰ ਦੇਣਾ ਸਮਝਾਈਆ । ਮੁਹੰਮਦ ਦਾ ਅੰਤ ਅਖ਼ੀਰੀ ਸਵਾਸ, ਸਵਾ ਮਿੰਟ ਮੰਗ ਮੰਗਾਈਆ । ਮੂਸਾ ਡਿੱਗ ਕੇ ਡੂੰਘੇ ਖਾਤ, ਖ਼ਾਦਮ ਹੋ ਕੇ ਝੋਲੀ ਡਾਹੀਆ । ਈਸਾ ਗਲ ਲਟਕਾ ਕੇ ਫਾਸ, ਪਾਉਂ ਫਿਸਲਦੇ ਵੇਲੇ ਅਰਜ਼ ਸੁਣਾਈਆ । ਸਭ ਨੇ ਅੰਤ ਅਖ਼ੀਰੀ ਇਕੋ ਕੀਤੀ ਅਰਦਾਸ, ਬੇਨੰਤੀ ਆਰਜ਼ੂ ਮਜ਼ਮੂਨ ਇਕੋ ਦਏ ਸਮਝਾਈਆ । ਜਿਸ ਵੇਲੇ ਪ੍ਰਭ ਪਰਗਟ ਹੋਵੇਂ ਆਪ, ਆਪ ਆਪਣਾ ਵੇਸ ਵਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸ ਕੇ ਇਕੋ ਜਾਪ, ਜਗਜੀਵਣ ਦਾਤੇ ਜੁਗਤ ਦੇਣੀ ਜਣਾਈਆ । ਜਨ ਭਗਤਾਂ ਕੋਟ ਜਨਮ ਦੇ ਮੇਟ ਕੇ ਪਾਪ, ਪਤਤ ਪੁਨੀਤ ਦੇਣੇ ਬਣਾਈਆ । ਤੇਰੀ ਮਿਹਰ ਨਾਲ ਰੂਹ ਬੁੱਤ ਹੋਵਣ ਪਾਕ, ਭਜਨ ਬੰਦਗੀ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਬਣਾਉਣਾ ਸਾਕ, ਸੱਜਣ ਕੂੜੇ ਦੇਣੇ ਤਜਾਈਆ । ਤੇਰਾ ਬ੍ਰਹਮ ਤੇਰੀ ਜਾਤ, ਦੂਜਾ ਨਜ਼ਰ ਕੋਇ ਨਾ ਆਈਆ । ਸਿਫ਼ਤਾਂ ਵਾਲੀ ਤੇਰੀ ਗਾਥ, ਜੁਗ ਚੌਕੜੀ ਹੁਕਮ ਸੁਣਾਈਆ । ਅੰਤਮ ਲਹਿਣਾ ਦੇਣਾ ਸਭ ਦਾ ਕਰਨਾ ਸਾਫ਼, ਨਿਰਅੱਖਰ ਦੇਣਾ ਜਣਾਈਆ । ਮਨੂਆ ਰਹੇ ਨਾ ਕੋਇ ਗੁਸਤਾਖ਼, ਬੁੱਧੀ ਕਰੇ ਨਾ ਕੋਇ ਲੜਾਈਆ । ਜਨ ਭਗਤ ਚੜ੍ਹਾਉਣੇ ਆਪਣੇ ਘਾਟ, ਮੰਜ਼ਲ ਦੱਸਣੀ ਬੇਪਰਵਾਹੀਆ । ਭੇਵ ਅਭੇਦਾ ਖੋਲ੍ਹਣਾ ਪੁਰਖ ਅਬਿਨਾਸ਼, ਅਬਿਨਾਸ਼ੀ ਹੋ ਕੇ ਦਇਆ ਕਮਾਈਆ । ਲੱਖ ਚੁਰਾਸੀ ਅੰਦਰ ਕਾਇਆ ਮੰਦਰ ਤੇਰੀ ਪੈਂਦੀ ਵੇਖੀਏ ਰਾਸ, ਨਿਰਗੁਣ ਨਿਰਗੁਣ ਗੋਪੀ ਕਾਹਨ ਖੇਲ ਵਖਾਈਆ । ਜੁਗ ਚੌਕੜੀ ਚਲਦੇ ਰਹੇ ਤੇਰੇ ਹੁਕਮ ਦਾ ਮੰਨ ਕੇ ਵਾਕ, ਵਾਕਿਆ ਤੇਰਾ ਜਗਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਲੈਣਾ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਹੋਵੇ ਵਕਤ ਸੁਹੇਲਾ, ਸਾਹਿਬ ਸਵਾਮੀ ਨਜ਼ਰੀ ਆਈਆ । ਆਦਿ ਜੁਗਾਦੀ ਇਕ ਇਕੇਲਾ, ਏਕੰਕਾਰ ਤੇਰੀ ਵਡਿਆਈਆ । ਸਦ ਵਸੇਂ ਧਾਮ ਨਵੇਲਾ, ਸਚਖੰਡ ਆਪਣਾ ਨੂਰ ਕਰੇਂ ਰੁਸ਼ਨਾਈਆ । ਬਿਨ ਸ਼ਬਦੀ ਧਾਰ ਤੇਰਾ ਰਹੇ ਨਾ ਕੋਈ ਚੇਲਾ, ਗੁਰ ਚੇਲਾ ਤੇਰਾ ਰੂਪ ਆਪਣਾ ਨਜ਼ਰੀਂ ਆਈਆ । ਬਿਨ ਤੇਰੀ ਕਿਰਪਾ ਸਰਗੁਣ ਹੋਏ ਕਦੇ ਨਾ ਮੇਲਾ, ਨਿਰਗੁਣ ਜੋੜ ਨਾ ਕੋਇ ਜੁੜਾਈਆ । ਇਕੋ ਹੋਵੇ ਵਕਤ ਸੁਹੇਲਾ, ਸੁਹੰਜਣੀ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇਣਾ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਉਂ ਦਰ ਖਲੋਤੇ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਜਨ ਭਗਤ ਸੁਹੇਲੇ ਕਲਜੁਗ ਅੰਤ ਰਹਿਣ ਨਾ ਸੋਤੇ, ਸੁਤਿਆਂ ਲੈਣਾ ਜਗਾਈਆ । ਲੱਖ ਚੁਰਾਸੀ ਵਿਚ ਨਾ ਖਾਵਣ ਗੋਤੇ,

ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੇਰੇ ਮਿਲਣ ਦੇ ਮਿਲਦੇ ਮੌਕੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰ ਵਰਨ ਅਠਾਰਾਂ ਬਰਨ ਹੱਥ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਸੋਚ ਕੋਈ ਨਾ ਸੋਚੇ, ਸੋਚ ਸਮਝ ਤੋਂ ਪਰੇ ਤੇਰੀ ਵਡਿਆਈਆ । ਜੋ ਆਇਆ ਸੋ ਤੇਰਾ ਦਰਸ਼ਨ ਲੋਚੇ, ਦਿਵਸ ਰੈਣ ਅੱਖ ਖੁਲ੍ਹਾਈਆ । ਬਿਨ ਤੇਰੀ ਕਿਰਪਾ ਤੇਰੇ ਨਾਮ ਦਾ ਦੇਵੇ ਕੋਈ ਨਾ ਹੋਕੇ, ਹੁਕਮ ਹਕ ਨਾ ਕੋਇ ਸੁਣਾਈਆ । ਤੇਰਾ ਭਾਣਾ ਪੁਰਖ ਅਕਾਲ ਦੀਨ ਦਿਆਲ ਜੁਗ ਚੌਕੜੀ ਕੋਈ ਨਾ ਰੋਕੇ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਸਦਾ ਸਦਾ ਭਵਾਈਆ । ਜਨ ਭਗਤਾਂ ਅਗਲੇ ਮਾਰਗ ਦੱਸਣੇ ਸੌਖੇ, ਸਿਰ ਆਪਣਾ ਹੱਥ ਟਿਕਾਈਆ । ਪੜ੍ਹਨੇ ਪੈਣ ਕਿਸੇ ਨਾ ਪੋਥੇ, ਆਤਮ ਪਰਮਾਤਮ ਨਾਤਾ ਦੇਣਾ ਜੁੜਾਈਆ । ਤੇਰੀ ਮੰਜ਼ਲ ਚੜ੍ਹਦਿਆਂ ਦੀਨ ਦੁਨੀ ਕੋਈ ਨਾ ਰੋਕੇ, ਸ਼ਰਅ ਅੱਗੇ ਨਾ ਕੋਇ ਅਟਕਾਈਆ । ਤੇਰੇ ਵਿਛੋੜੇ ਵਿਚ ਅੱਗੇ ਮਰ ਗਏ ਚੋਖੇ, ਅਨਗਿਣਤ ਗਣਤ ਨਾ ਕੋਇ ਕਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਤੇਰੇ ਭਗਤ ਧੁਰ ਦੇ ਵੇਖ ਲਾ ਪੋਤੇ, ਪਿਤਾ ਗੋਬਿੰਦ ਸ਼ਬਦ ਬਣਾਈਆ । ਇਕੋ ਸਚਖੰਡ ਦਵਾਰ ਬਹਾਉਣੇ ਕੋਠੇ, ਜਗਤ ਕੁਟੀਆ ਦੀ ਲੋੜ ਰਹੇ ਨਾ ਰਾਈਆ । ਮਿਹਰਵਾਨ ਦਇਆਵਾਨ ਤੇਰੇ ਦਵਾਰੇ ਕਾਹਦੇ ਰੋਸੇ, ਜੁਗ ਜਨਮ ਦਿਆਂ ਰੁਠਿਆਂ ਲੈਣਾ ਮਨਾਈਆ । ਬਿਨਾਂ ਤੇਰੀ ਕਿਰਪਾ ਜਨਮ ਕਰਮ ਦੇ ਪਾਪ ਜਾਣ ਨਾ ਧੋਤੇ, ਦੁਰਮਤ ਮੈਲ ਨਾ ਕੋਇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦੇਣਾ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਸਮਰਥ, ਸਾਹਿਬ ਤੇਰੀ ਵਡਿਆਈਆ । ਚਰਨ ਕਵਲ ਧੁਰ ਦੀ ਸਰਨ ਗਏ ਢੱਠ, ਦਰ ਠਾਂਡੇ ਸੀਸ ਝੁਕਾਈਆ । ਤੇਰੀ ਮਹਿੰਮਾ ਅਕਥਨਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਚਾਰੇ ਖਾਣੀ ਤੇਰਾ ਗਾ ਗਾ ਥੱਕੀ ਜਸ, ਸਿਫ਼ਤ ਵਿਚ ਸਿਫ਼ਤ ਸਾਲਾਹੀਆ । ਗੁਰ ਅਵਤਾਰ ਪੈਗ਼ੰਬਰ ਪੀਰ ਤੇਰਾ ਨਾਮ ਕਲਮਾ ਗਏ ਰਟ, ਦਿਵਸ ਰੈਣ ਧਿਆਨ ਲਗਾਈਆ । ਤੇਰੇ ਹੁਕਮੇ ਅੰਦਰ ਦੀਨਾਂ ਮਜ਼੍ਹਬਾਂ ਵਾਲਾ ਖੋਲ੍ਹ ਕੇ ਹੱਟ, ਹਟਵਾਣੇ ਬਣ ਕੇ ਤੇਰਾ ਨਾਮ ਵਰਤਾਈਆ । ਸ਼ਬਦ ਅੰਦਰ ਨਾਮ ਅੰਦਰ ਕਲਮੇ ਕਲਾਮ ਅੰਦਰ ਤੈਨੂੰ ਦੱਸਦੇ ਰਹੇ ਵਸਿਆ ਘਟ ਘਟ, ਗ੍ਰਿਹ ਗ੍ਰਿਹ ਡੇਰਾ ਲਾਈਆ । ਦੀਨ ਮਜ਼੍ਹਬ ਦੀ ਪਾ ਕੇ ਵੱਟ, ਤੇਰੇ ਨਾਮ ਨਾਲ ਨਾਮ ਗਏ ਲੜਾਈਆ । ਤੇਰਾ ਖੇਲ ਸਮਝੇ ਕੋਈ ਨਾ ਸੱਚ, ਤੇਰਾ ਹੁਕਮ ਬੇਪਰਵਾਹੀਆ । ਕਰ ਕਿਰਪਾ ਜਿਸ ਦੀ ਖੋਲ੍ਹੀ ਅੰਦਰੋਂ ਅੱਖ, ਨਿਜ ਨੇਤਰ ਤੇਰਾ ਦਰਸ਼ਨ ਪਾਈਆ । ਓਸੇ ਅੱਖ ਤੋਂ ਹੋ ਕੇ ਅੱਗੇ ਵੱਖ, ਵੱਖਰੇ ਧਾਮ ਡੇਰਾ ਲਾਈਆ । ਜਿਸ ਦਵਾਰੇ ਦੀ ਦਹਿਲੀਜ਼ ਉਤੇ ਗੁਰ ਅਵਤਾਰ ਪੈਗ਼ੰਬਰ ਜਾਣ ਢੱਠ, ਸਿਰ ਸਕੇ ਨਾ ਕੋਇ ਉਠਾਈਆ । ਥੋੜਾ ਥੋੜਾ ਤੇਰੇ ਨਾਮ ਦਾ ਕਲਮਾ ਗਏ ਰਟ, ਰੱਟਿਆਂ ਵਿਚ ਪਈ ਲੋਕਾਈਆ । ਅੰਤ ਭਰੋਸਾ ਤੇਰੇ ਉਤੇ ਗਏ ਰੱਖ, ਲੋਕਾਂ ਪਰਲੋਕਾਂ ਆਪ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਨਿਰਵੈਰ ਹੋਵੇ ਪਰਗਟ, ਪਰਗਣਾ ਸਮਝ ਕਿਸੇ ਨਾ ਆਈਆ । ਜਿਸ ਨੇ ਸਾਰਿਆਂ ਨੂੰ ਜਾਮਾ ਦਿਤਾ ਬੂੰਦ ਰਕਤ, ਰੱਤ ਤਨ ਚੋਲੇ ਨਾਲ ਵਡਿਆਈਆ । ਓਸ ਦਾ ਭੇਵ ਕਵਣ ਸਕੇ ਲੱਭ, ਚਾਰ ਜੁਗ ਨਾ ਕਿਸੇ ਸਮਝਾਈਆ । ਥੋੜਾ ਥੋੜਾ ਸ਼ਬਦੀ ਭਾਰ ਨਾਲ ਦਿਤਾ ਦੱਬ, ਦੱਬੇ ਨਾਲ ਆਪਣਾ ਹੁਕਮ ਮਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜਨਮ ਲੈਣਾ ਪਿਆ ਵਿਚੋਂ ਭਗ, ਭਗਵਨ ਆਪਣਾ ਰੂਪ ਨਾ ਕਿਸੇ ਜਣਾਈਆ । ਏਸੇ ਕਾਰਨ ਸਾਰੇ ਗਏ ਸੱਦ, ਨਿਹਕਲੰਕ ਕਲ ਕਲਕੀ ਤੇਰੀ ਓਟ ਤਕਾਈਆ । ਜਿਸ ਵੇਲੇ ਪੁਰਖ ਅਕਾਲ ਆਵੇਂ

ਜਬ, ਜਪ ਜੀਵ ਦੀ ਲੋੜ ਰਹੇ ਨਾ ਰਾਈਆ । ਆਪਣਿਆਂ ਭਗਤਾਂ ਲਵੀਂ ਲੱਭ, ਸੇਵਕ ਹੋ ਕੇ ਸੇਵ ਕਮਾਈਆ । ਓਨ੍ਹਾਂ ਨੂੰ ਵੇਖ ਖ਼ੁਸ਼ੀ ਹੋਵੀਂ ਗਦ ਗਦ, ਗਦਾਗਰ ਕਰੀਂ ਲੋਕਾਈਆ । ਚਾਰ ਜੁਗ ਦਿਆਂ ਸੰਤਾਂ ਤੈਨੂੰ ਦੱਸਿਆ ਉਪਰ ਸ਼ਾਹ ਰਗ, ਸ਼ਾਹ ਰਗ ਤੋਂ ਪਰੇ ਸ਼ਹਿਨਸ਼ਾਹ ਆਪਣਾ ਪਹਿਲਾ ਘਰ ਦੇਣਾ ਵਖਾਈਆ । ਕੋਈ ਅਨਹਦ ਨਾਦ ਵੱਜੇ ਨਾ ਡਗਾਡਗ, ਧੁਨੀ ਧੁਨ ਨਾ ਕੋਇ ਸ਼ਨਵਾਈਆ । ਤੇਰੀ ਮੰਜ਼ਲ ਦੂਰ ਦੁਰਾਡੀ ਹੱਦ, ਜਿਥੇ ਤਾਰ ਸਤਾਰ ਨਾ ਕੋਇ ਹਿਲਾਈਆ । ਜਨ ਭਗਤਾਂ ਦਰਸ਼ਨ ਦੇਣਾ ਜੁਗ ਜਨਮ ਦੀ ਬੁਝਾਉਣੀ ਅੱਗ, ਅਗਨੀ ਅੱਗ ਗਵਾਈਆ । ਬਿਨ ਮੱਕੇ ਕਾਅਬਿਉਂ ਕਰਾਉਣਾ ਹੱਜ, ਹੁਜਰਾ ਧੁਰ ਦਾ ਇਕ ਵਖਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰੇ ਆਉਣ ਦਾ ਸਮਝੇ ਨਾ ਕੋਇ ਸਬੱਬ, ਸਭਾ ਸਚ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸਾਂਭ ਕੇ ਰੱਖੇ ਖ਼ਤ, ਜੋ ਸ਼ਬਦੀ ਸ਼ਬਦ ਜਣਾਈਆ । ਜਿਨ੍ਹਾਂ ਦਾ ਲੇਖ ਨਿਰਗੁਣ ਧਾਰ ਆਵੇ ਵੱਤ, ਬੇਵਤਨ ਫੇਰਾ ਪਾਈਆ । ਸਭ ਦਾ ਮਾਲਕ ਹੋ ਕੇ ਕਮਲਾਪਤਿ, ਪਤਿਪਰਮੇਸ਼ਵਰ ਰੂਪ ਵਟਾਈਆ । ਦੀਨ ਦੁਨੀ ਨਾਲੋਂ ਹੋ ਅਲਗ, ਵੱਖਰਾ ਘਰ ਸੁਹਾਈਆ । ਜਿਹਨੂੰ ਬੁੱਧੀ ਸਮਝੇ ਕੋਈ ਨਾ ਜੱਗ, ਚੌਦਾਂ ਵਿਦਿਆ ਨਾ ਕੋਇ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਜਾਣ ਨਾ ਸਕੇ ਪਦ, ਪਰਾ ਪਸੰਤੀ ਮਧਮ ਬੈਖਰੀ ਨਿੱਕੀ ਨਿੱਕੀ ਧੁਨੀ ਰਾਗ ਸੁਣਾਈਆ । ਜਿਸ ਦੀ ਮੰਜ਼ਲਾਂ ਤੋਂ ਪਰੇ ਸ਼ੁਰੂ ਹੁੰਦੀ ਹੱਦ, ਜਿਥੇ ਗੁਰੂ ਬੈਠੇ ਸੀਸ ਨਿਵਾਈਆ । ਉਸ ਤੋਂ ਅੱਗੇ ਸਕੇ ਕੋਈ ਨਾ ਵਧ, ਕਦਮ ਕਦਮ ਨਾ ਕੋਇ ਬਦਲਾਈਆ । ਜਲਵੇ ਵਾਲਾ ਕਹਿ ਕੇ ਰੱਬ, ਨੂਰੀ ਨੂਰ ਕਹਿ ਸਾਲਾਹੀਆ । ਜੋਤ ਜੋਤ ਕਹਿ ਕੇ ਗਏ ਜਗ, ਜੋਤੀ ਜਾਤਾ ਨਾਮ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਵਿਚ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਦੱਸੀਏ ਅੱਗੇ, ਅੱਗਾ ਨਜ਼ਰ ਕਿਛ ਨਾ ਆਈਆ । ਤੇਰੀ ਕਿਰਪਾ ਨਾਲ ਤੱਤਾਂ ਵਿਚ ਨੂਰ ਹੋ ਕੇ ਜਗੇ, ਜਗਤ ਕੀਤੀ ਰੁਸ਼ਨਾਈਆ । ਤੇਰੇ ਨਾਮ ਦੇ ਸੁਣਾਏ ਹੋਏ ਗਾਏ ਛੰਦੇ, ਸੋਹਲੇ ਰਾਗ ਅਲਾਈਆ । ਖ਼ਾਕੀ ਮਾਟੀ ਬਣੇ ਰਹੇ ਬੰਦੇ, ਬੰਦਗੀ ਵਿਚ ਤੇਰੀ ਓਟ ਤਕਾਈਆ । ਪ੍ਰੇਮ ਵਿਚ ਰਹੇ ਰੰਗੇ, ਰੰਗ ਤੇਰਾ ਨਾਮ ਸੋਭਾ ਪਾਈਆ । ਦੀਨ ਦੁਨੀ ਵਿਚ ਕਰਦੇ ਰਹੇ ਦੰਗੇ, ਤੇਰੇ ਹੁਕਮ ਵਿਚ ਲੜਾਈਆ । ਵਿਸ਼ਟੇ ਨਾਲ ਅੰਦਰੋਂ ਰਹੇ ਗੰਦੇ, ਦਸ ਦਸ ਵਿਚ ਸਫ਼ਾਈਆ । ਤੇਰੇ ਨਾਮ ਦੇ ਸਿਰ ਝਲਦੇ ਰਹੇ ਡੰਡੇ, ਆਪਣਾ ਜ਼ੋਰ ਨਾ ਕੋਇ ਪਰਗਟਾਈਆ । ਅੰਤਮ ਮੰਗਦੇ ਗਏ ਮੰਗੇ, ਦਰ ਤੇਰੇ ਸੀਸ ਨਿਵਾਈਆ । ਜਿਸ ਵੇਲੇ ਕਲਜੁਗ ਅੰਤਮ ਆਵੇ ਕੰਢੇ, ਸਤਿ ਧਰਮ ਨਾ ਕੋਇ ਰਖਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕੂੜ ਕੁੜਿਆਰ ਫਿਰਨ ਵਿਚ ਵਰਭੰਡੇ, ਮਨ ਵਾਸਨਾ ਜਗਤ ਹਲਕਾਈਆ । ਮਾਣ ਰਹੇ ਨਾ ਤਟ ਸਰੋਵਰ ਜਮਨਾ ਸੁਰਸਤੀ ਗੋਦਾਵਰੀ ਗੰਗੇ, ਅੱਠ ਸੱਠ ਨਾ ਕੋਇ ਵਡਿਆਈਆ । ਸਾਧ ਸੰਤ ਜਗਤ ਵਿਚ ਕਰਨ ਦੰਗੇ, ਦਗ਼ਿਆਂ ਵਾਲੀ ਲੜਾਈਆ । ਫਿਰੇ ਦਰੋਹੀ ਵਿਚ ਬ੍ਰਹਿਮੰਡੇ, ਚੌਦਾਂ ਤਬਕ ਸਬਕ ਹਕ ਨਾ ਕੋਇ ਸੁਣਾਈਆ । ਭੈ ਰਹੇ ਕੋਈ ਨਾ ਖੰਡੇ, ਅੰਮ੍ਰਿਤ ਰਸ ਨਾ ਕੋਇ ਚੁਆਈਆ । ਆਤਮ ਬਿਨ ਪਰਮਾਤਮ ਹੋਵੇ ਰੰਡੇ, ਕੰਤ ਸੁਹਾਗੀ ਨਾ ਕੋਇ ਹੰਢਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡੇ ਵਿਚੋਂ ਜਗਤ ਦੀ ਟੁੱਟੀ ਕੋਈ ਨਾ ਗੰਢੇ, ਸਾਫ਼ ਤੈਨੂੰ ਦਿਤਾ ਸੁਣਾਈਆ । ਤੇਰਾ ਖੇਲ ਵੇਖਣ ਸਾਹਿਬ ਸੂਰੇ ਸਰਬੰਗੇ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਜੋ ਹੁਕਮ ਦਿਤਾ

ਗੋਬਿੰਦ ਅੰਤ ਅਖ਼ੀਰੀ ਔਰੰਗੇ, ਸ਼ਬਦੀ ਸ਼ਬਦ ਕਰ ਪੜ੍ਹਾਈਆ । ਓਸ ਦਾ ਵੇਲਾ ਵਕਤ ਕਦੇ ਨਾ ਲੰਘੇ, ਸਮਾਂ ਦਮਾਂ ਵਾਲਾ ਸਕੇ ਨਾ ਕੋਇ ਬਦਲਾਈਆ । ਇਕੋ ਜੋਧਾ ਸੂਰਬੀਰ ਸੁਤ ਦੁਲਾਰ ਭੁਯੰਗੇ, ਭੁਜਾ ਨਜ਼ਰ ਕੋਇ ਨਾ ਆਈਆ । ਨਵ ਨੌ ਚਾਰ ਸ਼ਬਦ ਧਾਰ ਉਤੇ ਟੰਗੇ, ਟੰਗਾਂ ਵਾਲੇ ਦੇਣ ਦੁਹਾਈਆ । ਸਾਰ ਪਾਵੇ ਜੇਰਜ ਅੰਡੇ, ਉਤਭੁਜ ਸੇਤਜ ਵੇਖ ਵਖਾਈਆ । ਜਨ ਭਗਤਾਂ ਕਰ ਕਿਰਪਾ ਰੱਖੀਂ ਆਪਣੇ ਸੰਗੇ, ਸਗਲਾ ਸੰਗ ਬਣਾਈਆ । ਕਰਮ ਕੁਕਰਮ ਵੇਖੀਂ (ਨਾ) ਚੰਗੇ ਮੰਦੇ, ਗ਼ਰੀਬ ਨਿਮਾਣੇ ਲੈਣੇ ਤਰਾਈਆ । ਤੇਰੇ ਪ੍ਰੇਮ ਪਿਆਰ ਵਿਚ ਹੋਣ ਰੰਗੇ, ਰੰਗਲਾ ਇਕੋ ਮਿਲਣਾ ਮਾਹੀਆ । ਖੇਵਟ ਖੇਟਾ ਹੋ ਕੇ ਬੇੜਾ ਚੁਕਣਾ ਆਪਣੇ ਕੰਧੇ, ਕੰਢੀ ਵਾਲੇ ਲੈਣੇ ਤਰਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਮੰਤਰ ਤੇਰੇ ਪਿਆਰ ਦੇ ਧੰਦੇ, ਧੁੰਦੂਕਾਰ ਵਿਚੋਂ ਬਾਹਰ ਕਰਾਈਆ । ਓਨ੍ਹਾਂ ਦਾ ਸੀਸ ਜਗਦੀਸ ਕਦੇ ਹੋਵੇ ਨਾ ਨੰਗੇ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਬਿਨ ਤੇਰੇ ਤੇਰਾ ਨਾਮ ਕੋਈ ਨਾ ਵੰਡੇ, ਵੰਡਣਹਾਰ ਤੇਰੀ ਵਡਿਆਈਆ । ਬਿਨ ਤੇਰੀ ਕਿਰਪਾ ਟੁੱਟੀ ਕੋਈ ਨਾ ਗੰਢੇ, ਗੰਢਣਹਾਰ ਤੇਰੀ ਸਰਨਾਈਆ । ਜਨ ਭਗਤ ਚੜ੍ਹਾਉਣੇ ਆਪਣੇ ਡੰਡੇ, ਡੰਡਾਵਤ ਇਕੋ ਦੇਣੀ ਸਮਝਾਈਆ । ਲੱਖ ਚੁਰਾਸੀ ਰਹੇ ਨਾ ਫੰਦੇ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖ ਨਾ ਮੰਗੇ, ਪਿਛਲਾ ਲੇਖਾ ਦੇਣਾ ਮੁਕਾਈਆ । ਹਿਸਾਬ ਲਗਾਉਣਾ ਪਏ ਨਾ ਕਿਸੇ ਕੋਲੋਂ ਪੰਡੇ, ਜਨਮ ਦੀ ਪਤਰੀ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਕੋਲ ਸਾਡੇ ਨਾਮ ਦਾ ਗੋਦਾਮ, ਗੋਦੜੀਆਂ ਸਾਡੀਆਂ ਵਿਚ ਦਿਤਾ ਟਿਕਾਈਆ । ਤੈਨੂੰ ਮੰਨ ਕੇ ਇਕ ਅਮਾਮ, ਅਮਨ ਵਿਚ ਦਰ ਤੇਰੇ ਸੀਸ ਨਿਵਾਈਆ । ਬਰਦੇ ਬਣ ਤੇਰੇ ਗ਼ੁਲਾਮ, ਸਜਦਾ ਸੀਸ ਝੁਕਾਈਆ । ਸੁਣ ਕੇ ਤੇਰਾ ਕਲਾਮ, ਕਾਇਨਾਤ ਦ੍ਰਿੜਾਈਆ । ਪਰਵਰਦਿਗਾਰ ਸਾਂਝੇ ਯਾਰ ਸਦੀ ਚੌਧਵੀਂ ਬਦਲ ਜਾਣਾ ਨਜ਼ਾਮ, ਬਿਨ ਤੇਰੇ ਨਾ ਕੋਇ ਸਹਾਈਆ । ਨਬੀ ਰਸੂਲ ਹੋਣੇ ਬਦਨਾਮ, ਬਦੀ ਕਰੇ ਲੋਕਾਈਆ । ਮੁੱਲਾਂ ਸ਼ੇਖਾਂ ਪੀਣੇ ਜਾਮ, ਜ਼ਾਮਨੀ ਤੇਰੀ ਵਿਚ ਰਖਾਈਆ । ਸਜਦਾ ਕਰਨਾ ਹਰਾਮ, ਹੁਰਮਤ ਦੇਣੀ ਉਡਾਈਆ । ਮੁਹੱਬਤ ਵਿਚ ਹੋਏ ਨਾ ਕੋਈ ਕੁਰਬਾਨ ਕਰਬਲੇ ਪਏ ਦੁਹਾਈਆ । ਓਸ ਵੇਲੇ ਤੇਰਾ ਲੱਭਣ ਸਾਰੇ ਨਿਸ਼ਾਨ, ਨਿਸ਼ਾਨੇ ਆਪਣੇ ਆਪਣੇ ਲਗਾਈਆ । ਝਗੜਾ ਪਏ ਵਿਚ ਅਵਾਮ, ਬਦਨਾਮ ਹੋਵੇ ਖ਼ੁਦਾਈਆ । ਤੇਰਾ ਹੁਕਮ ਨਾ ਸਮਝੇ ਕੋਈ ਜੋ ਲੇਖਾ ਬਿਨ ਅੱਖਰਾਂ ਲਿਖਿਆ ਬਨਾਮ, ਮੋਹਰ ਕੋਰੀ ਇਕ ਲਗਾਈਆ । ਤੇਰਾ ਅੰਤ ਕਹਿ ਨਾ ਸਕਿਆ ਕੋਈ ਗੁਰ ਅਵਤਾਰ ਪੈਗ਼ੰਬਰ ਵਾਲੀ ਜ਼ਬਾਨ, ਬੇਅੰਤ ਕਹਿ ਕੇ ਸਾਰੇ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਲੈਣਾ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਦੱਸੀਏ ਤੇਰਾ ਹਾਲ, ਹਾਲਾਂਕਿ ਤੂੰ ਸਭ ਕਿਛ ਰਿਹਾ ਜਣਾਈਆ । ਸਾਨੂੰ ਦਿਸਦਾ ਸਾਡਾ ਸ਼ਰੀਰ ਖਾਣਾ ਅੰਤ ਕਾਲ, ਕਲਮਾ ਕਲਾਮ ਤੇਰਾ ਨਾਮ ਨਿਸ਼ਾਨੀ ਨਜ਼ਰੀ ਆਈਆ । ਦੀਨਾਂ ਮਜ਼੍ਹਬਾਂ ਵਾਲਾ ਪਾ ਜੰਜਾਲ, ਜਾਅਲੀ ਖੇਲ ਦਿਤਾ ਖਿਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਬਣਾ ਕੇ ਧਰਮਸਾਲ, ਧੁਰ ਦਾ ਧਰਮ ਦਿਤਾ ਵੰਡਾਈਆ । ਛੋਟੇ ਹਿੱਸਿਆਂ ਵਿਚ ਕਰ ਕੰਗਾਲ, ਕੱਲੇ ਕੱਲੇ ਦਿਤਾ ਰਖਾਈਆ । ਅਸੀਂ ਵੇਖ ਕੇ ਹੋਏ ਬੇਹਾਲ, ਬਿਹਬਲ ਹੋ ਕੇ ਦਈਏ ਦੁਹਾਈਆ । ਤੂੰ ਸਭ ਦਾ ਮਾਲਕ ਪੁਰਖ ਅਕਾਲ, ਇਕ ਇਕੱਲਾ ਨਜ਼ਰੀ ਆਈਆ । ਜੁਗ ਜੁਗ ਆਪਣਾ ਨਾਮ ਨਿਰਗੁਣ ਹੋ ਕੇ ਸਰਗੁਣ ਦਿਤਾ ਸਿਖ਼ਾਲ, ਸਿਫ਼ਤਾਂ ਵਾਲੀ ਕਰ ਪੜ੍ਹਾਈਆ । ਇਹ ਵੀ ਤੇਰਾ ਕਮਾਲ, ਸਭ ਕੁਛ ਜਾਣਦਿਆਂ

੧੪੪ ੨੦

ਕਮਲੇ ਦਿਤਾ ਬਣਾਈਆ । ਦੀਨਾਂ ਮਜ਼੍ਹਬਾਂ ਵਾਲਾ ਪਾ ਕੇ ਜਾਲ, ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਲਿਆ ਫਸਾਈਆ । ਏਸੇ ਕਰ ਕੇ ਅਸੀਂ ਕਲਜੁਗ ਅੰਤ ਤੇਰੇ ਦੇਂਦੇ ਅਹਿਵਾਲ, ਆਪਣਾ ਪੱਲੂ ਰਹੇ ਛੁਡਾਈਆ । ਪ੍ਰਭ ਤੂੰ ਸਾਡੇ ਨਾਲ ਚਲੀ ਆਪਣੀ ਚਾਲ, ਅਛਲ ਅਛੱਲ ਹੋ ਕੇ ਦਿਤਾ ਵਖਾਈਆ । ਤੇਰੇ ਹੁਕਮੇ ਅੰਦਰ ਘਾਲਣ ਲਈ ਘਾਲ, ਘੱਲੇ ਆਏ ਸੱਦੇ ਗਏ ਸਦਮਾ ਸਰਬ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦੇ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਦੱਸੀਏ ਕੀ, ਭੇਵ ਅਗਲਾ ਨਜ਼ਰ ਕੋਇ ਨਾ ਆਈਆ । ਤੇਰੇ ਬਣਦੇ ਰਹੇ ਜੁਗ ਚੌਕੜੀ ਪੁੱਤਰ ਧੀ, ਪਿਤਾ ਪੁਰਖ ਅਕਾਲ ਮਨਾਈਆ । ਸੰਦੇਸ਼ੇ ਦੇਂਦੇ ਗਏ ਜੰਤ ਜੀ, ਜੀਵਣ ਜੁਗਤ ਦ੍ਰਿੜਾਈਆ । ਅੰਤ ਖਿੱਚ ਕੇ ਇਕੋ ਲੀਹ, ਲੀਕ ਦਿਤੀ ਵਖਾਈਆ । ਜਿਹੜਾ ਚਾਰ ਜੁਗ ਦੀਨਾਂ ਮਜ਼੍ਹਬਾਂ ਦੀ ਰਖਾਉਂਦਾ ਰਿਹਾ ਨੀਂਹ, ਨਿਤ ਨਿਤ ਹੁਕਮ ਵਰਤਾਈਆ । ਬੀਜਦਾ ਰਿਹਾ ਬੀ, ਸਾਚੀ ਰੁੱਤ ਮਹਿਕਾਈਆ । ਵੇਖੇ ਖ਼ਰੀਫ਼ ਰਬੀ, ਆਪਣਾ ਵੇਸ ਵਟਾਈਆ । ਪੈਗ਼ੰਬਰ ਕਹਿ ਕੇ ਗਏ ਨਬੀ, ਰਸੂਲ ਢੋਲੇ ਗਾਈਆ । ਜੋ ਮਾਲਕ ਆਦਿ ਜੁਗਾਦਿ ਸਭੀ, ਦੋ ਜਹਾਨਾਂ ਇਕ ਅਖਵਾਈਆ । ਜਿਸ ਦੇ ਹੁਕਮ ਅੰਦਰ ਨੂਹ ਨਦੀ, ਨਾਦਾਨਾਂ ਦਏ ਰੁੜ੍ਹਾਈਆ । ਪੈਗ਼ੰਬਰਾਂ ਧਾਰ ਰਹੇ ਬੱਧੀ, ਬੰਦਨਾ ਕਰੇ ਸੀਸ ਝੁਕਾਈਆ । ਜੋ ਹੁਕਮ ਦੇਵੇ ਸਭੀ, ਸਭਨਾਂ ਆ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਲਾਹੀਏ ਤੇਰਾ ਪੜਦਾ, ਓਹਲਾ ਸਕੇ ਨਾ ਕੋਇ ਚੁਕਾਈਆ । ਸਾਡਾ ਨਾਤਾ ਜੋੜ ਕੇ ਚੇਤਨ ਜੜ੍ਹ ਦਾ, ਬੂਟਾ ਤੱਤਾਂ ਵਾਲਾ ਵਖਾਈਆ । ਸ਼ਬਦ ਅੰਦਰ ਸਮਝਾਇਆ ਬ੍ਰਹਮਾ ਸਭ ਨੂੰ ਘੜਦਾ, ਵਿਸ਼ਨੂੰ ਸੇਵ ਕਮਾਈਆ । ਸ਼ੰਕਰ ਹੋ ਕੇ ਫੜਦਾ, ਸ਼ਬਦੀ ਕਰੇ ਸਫ਼ਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਾਨੂੰ ਦੱਸ ਕੀ ਕੁਛ ਸਾਡੇ ਅੰਦਰ ਧਰਦਾ, ਧਰਨੀ ਧਰਤ ਧਵਲ ਉਪਰ ਵਡਿਆਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਨਿੱਕੀ ਜਿਹੀ ਬੱਚਿਆਂ ਵਾਲੀ ਖੇਲ ਤੁਹਾਡੇ ਨਾਲ ਕਰਦਾ, ਕਦੀਮ ਤੋਂ ਮੇਰੀ ਆਦਤ ਚਲੀ ਆਈਆ । ਭੇਵ ਛੁਪਾਵਾਂ ਆਪਣੇ ਘਰ ਦਾ, ਪੜਦਾ ਆਪਣੇ ਨਾਲ ਰਖਾਈਆ । ਗ਼ੁਲਾਮ ਬਣਾਵਾਂ ਚਰਨਾਂ ਤੋਂ ਹੇਠਾਂ ਆਪਣੇ ਦਰ ਦਾ, ਦਰਦੀ ਹੋ ਕੇ ਦਰਦ ਵੰਡਾਈਆ । ਜਿਹੜਾ ਮੰਜ਼ਲ ਮੇਰੀ ਚੜ੍ਹਦਾ, ਨੂਰੀ ਜੋਤ ਨੂਰ ਕਰਾਂ ਰੁਸ਼ਨਾਈਆ । ਉਹ ਕੀ ਹਾਲ ਜਾਣੇ ਪਿਛਲਾ ਪਰ ਦਾ, ਪਰਦਿਆਂ ਤੋਂ ਪਰੇ ਫੇਰ ਆਪਣਾ ਆਪ ਛੁਪਾਈਆ । ਚਰਨਾਂ ਤੋਂ ਥੱਲੇ ਥਿਰ ਘਰ ਦਵਾਰਾ ਮੱਲੇ ਮੇਰਾ ਸ਼ਬਦ ਦੁਲਾਰਾ ਸੁਤ ਗੁਰ ਅਵਤਾਰਾਂ ਪੈਗ਼ੰਬਰਾਂ ਵਾਲਾ ਨਾਮ ਪੜ੍ਹਦਾ, ਬਿਨ ਅੱਖਰਾਂ ਤੋਂ ਉਨ੍ਹਾਂ ਅੰਦਰ ਜੜਦਾ, ਜੜਤ ਨਜ਼ਰ ਕਿਸੇ ਨਾਂ ਆਈਆ । ਏਸੇ ਕਰ ਕੇ ਸਭ ਨੂੰ ਗੋਲਾ ਬਣਾਇਆ ਆਪਣੇ ਦਰ ਦਾ, ਪੋਲਾ ਵਿਚੋਂ ਲਿਆ ਰਖਾਈਆ । ਅਬਿਨਾਸ਼ੀ ਕਰਤਾ ਹੋ ਕੇ ਸਤਿ ਪੁਰਖ ਹੋ ਕੇ ਸਚ ਸਿੰਘਾਸਣ ਆਪਣੇ ਦਵਾਰੇ ਵਸਦਾ, ਦੂਜਾ ਸੰਗ ਨਾ ਕੋਇ ਰਲਾਈਆ । ਗੁਰ ਅਵਤਾਰ ਪੈਗ਼ੰਬਰ ਬਣਾ ਵਣਜਾਰਾ ਆਪਣੇ ਜਸ ਦਾ, ਢੋਲੇ ਦਿਆਂ ਸੁਣਾਈਆ । ਉਨ੍ਹਾਂ ਕੋਲੋਂ ਵੀ ਪੜਦਾ ਰੱਖਦਾ, ਭੇਵ ਕੋਇ ਨਾ ਪਾਈਆ । ਕੀ ਹੋਇਆ ਜੇ ਗੁਰਸਿਖ ਤੱਤਾਂ ਵਾਲਾ ਹੋ ਕੇ ਛੱਡਦਾ, ਆਤਮ ਵਿਛੋੜਾ ਨਾ ਕੋਇ ਕਰਾਈਆ । ਪੁਰਖ ਅਕਾਲ ਦੀਨ ਦਿਆਲ ਏਸੇ ਕਾਰਨ ਖੇਲ ਕਰੇ ਠੱਗ ਦਾ, ਚੋਰੀ ਕਰਦਾ ਨਜ਼ਰ ਕਿਸੇ ਨਾ ਆਈਆ । ਉਲ੍ਹਾਮਾ ਝੱਲੇ ਸਾਰੇ ਜਗ ਦਾ, ਆਪਣਿਆਂ ਕੋਲੋਂ ਆਪਣਾ ਆਪ ਬਦਨਾਮ ਕਰਾਈਆ । ਬਦਨਾਮ ਹੋ ਕੇ ਨਾ ਘਟਦਾ ਨਾ ਵਧਦਾ, ਜਗਤ ਤਰਾਜ਼ੂ ਤੋਲ ਨਾ ਕੋਇ ਤੁਲਾਈਆ । ਜਿਸ ਪਿਆਰ

ਅੰਦਰ ਸੱਦ ਦਾ, ਓਸੇ ਵਿਹਾਰ ਅੰਦਰ ਦਏ ਬਦਲਾਈਆ । ਸਚ ਦਵਾਰਿਉਂ ਕਦੇ ਨਾ ਕੱਢਦਾ, ਅੰਤ ਹੋਏ ਸਹਾਈਆ । ਜਿਨ੍ਹਾਂ ਦੇ ਸੀਸ ਹੱਥ ਰੱਖ ਦਾ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਜਨ ਭਗਤੋ ਤੁਸੀਂ ਨਾ ਕਰਿਓ ਸੋਗ, ਚਿੰਤਾ ਗ਼ਮ ਨਾ ਕੋਇ ਰਖਾਈਆ । ਜੁਗ ਜਨਮ ਦਾ ਤੁਹਾਡਾ ਪੂਰਾ ਹੋਇਆ ਜੋਗ, ਜੁਗਤੀ ਇਕੋ ਨਾਮ ਦਿਤੀ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸਾਚੀ ਚੁਗਾ ਕੇ ਚੋਗ, ਚੁਗਲੀ ਨਿੰਦਿਆ ਤੋਂ ਬਾਹਰ ਕਢਾਈਆ । ਨਿਰਗੁਣ ਹੋ ਕੇ ਦੇਵੇ ਦਰਸ ਅਮੋਘ, ਸਰਗੁਣ ਆਪਣਾ ਜੋੜ ਜੁੜਾਈਆ । ਸਚਖੰਡ ਦਵਾਰੇ ਬਖ਼ਸ਼ੇ ਸਾਚੀ ਮੌਜ, ਮਜਲਸ ਆਪਣੇ ਨਾਲ ਰਖਾਈਆ । ਅੱਗੇ ਹੋਣ ਨਾ ਦੇਵੇ ਵਿਯੋਗ, ਵਿਛੋੜਾ ਏਥੇ ਦਏ ਕਟਾਈਆ । ਜਨਮ ਮਰਨ ਦਾ ਰਹਿਣ ਨਾ ਦੇਵੇ ਰੋਗ, ਗਰਭ ਦੇ ਰੋਗੀ ਪਾਰ ਕਰਾਈਆ । ਮੰਜ਼ਲ ਰਹੇ ਨਾ ਚੌਦਾਂ ਲੋਕ, ਚੌਦਾਂ ਤਬਕ ਦਏ ਟਪਾਈਆ । ਜਿਥੇ ਪੜ੍ਹਨਾ ਪਏ ਨਾ ਕੋਇ ਸਲੋਕ, ਅੱਲਾ ਰਾਮ ਵਾਹਿਗੁਰੂ ਓਮ ਕ੍ਰਿਸ਼ਨ ਵੰਡ ਨਾ ਕੋਇ ਵੰਡਾਈਆ । ਓਥੇ ਭਗਤਾਂ ਹੋਵੇ ਪਹੁੰਚ, ਪਹੁੰਚਾਏ ਬੇਪਰਵਾਹੀਆ । ਜਨ ਭਗਤੋ ਤੁਹਾਡੇ ਬਿਨਾ ਪੁਰਖ ਅਕਾਲ ਸਦਾ ਔਂਤ, ਜਗਤ ਮਿਲੇ ਨਾ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਬਣਦਾ ਰਿਹਾ ਖੌਂਤ, ਕੰਤ ਹੋ ਕੇ ਨਾਰ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਿਰ ਹੱਥ ਰੱਖਣ ਦਾ ਪ੍ਰਭ ਨੂੰ ਚਾਅ, ਜੁਗ ਚੌਕੜੀ ਖੇਲ ਖਿਲਾਈਆ । ਜਨ ਭਗਤਾਂ ਸਦਾ ਬਣਦਾ ਰਿਹਾ ਮਲਾਹ, ਬੇੜਾ ਆਪਣੇ ਕੰਧ ਟਿਕਾਈਆ । ਜਲਵਾਗਰ ਇਕ ਖ਼ੁਦਾ, ਖ਼ਾਦਮ ਹੋ ਕੇ ਸੇਵ ਕਮਾਈਆ । ਜਨਮ ਜਨਮ ਦੇ ਵਿਛੜੇ ਲਏ ਮਿਲਾ, ਮੇਲਾ ਆਪਣੇ ਨਾਲ ਰਖਾਈਆ । ਗੁਰਮੁਖ ਭੁੱਲੇ ਅਬਿਨਾਸ਼ੀ ਕਰਤਾ ਭੁੱਲੇ ਨਾ, ਚੁਰਾਸੀ ਲਹਿਣਾ ਦਏ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਸ਼ਹਾਦਤ ਵਿਚ ਬਣਾਏ ਗਵਾਹ, ਅਦਾਲਤ ਇਕੋ ਇਕ ਵਖਾਈਆ । ਮਿਹਰ ਨਜ਼ਰ ਨਾਲ ਸਭ ਨੂੰ ਬਰੀ ਦਏ ਕਰਾ, ਕਰਮਾਂ ਦਾ ਗੇੜ ਚੁਕਾਈਆ । ਅੰਤ ਰੋ ਕੇ ਮਾਰੇ ਕੋਈ ਨਾ ਧਾਹ, ਧਰਮ ਦਵਾਰਾ ਇਕ ਵਖਾਈਆ । ਜਿਸ ਘਰ ਬੈਠਾ ਸ਼ਹਿਨਸ਼ਾਹ, ਪੁਰਖ ਅਕਾਲ ਸੋਭਾ ਪਾਈਆ । ਆਦਿ ਜੁਗਾਦੀ ਪਿਤਾ ਮਾਂ, ਮਾਲਕ ਇਕੋ ਨਜ਼ਰੀ ਆਈਆ । ਜਨ ਭਗਤੋ ਤੁਹਾਡਾ ਵੇਲਾ ਵਕਤ ਹੁੰਦਾ ਰਵਾਂ, ਰਾਹਜ਼ਨ ਸਾਰੇ ਦੇਣ ਗਵਾਹੀਆ । ਅੱਗੇ ਬਦਲ ਜਾਣਾ ਸਮਾਂ, ਸੰਮਣ ਸਭ ਦੇ ਰਿਹਾ ਕਢਾਈਆ । ਜਿਨ੍ਹਾਂ ਦੇ ਅੰਦਰ ਕੂੜੀ ਤਮਾ, ਲਾਲਚ ਵਿਚ ਹਲਕਾਈਆ । ਓਨ੍ਹਾਂ ਦਾ ਜਨਮ ਹੋਣਾ ਨਵਾਂ, ਕੂਕਰ ਸੂਕਰ ਰੂਪ ਬਦਲਾਈਆ । ਕਿਸੇ ਪਤਾ ਨਹੀਂ ਸਾਧ ਸੰਤ ਆਪਣਾ ਜਾਣੇ ਕੋਈ ਨਾ ਦਮਾਂ, ਦਾਮਨ ਅਵਰ ਨਾ ਕੋਇ ਫੜਾਈਆ । ਅਗਨੀ ਤਤ ਤਪਣਾ ਚੰਮਾ, ਚੰਮ ਦ੍ਰਿਸ਼ਟੀ ਜਗਤ ਹਲਕਾਈਆ । ਵਾਚਕ ਗਿਆਨ ਹੋਣਾ ਨਿਕੰਮਾ, ਸ਼ਬਦ ਬਬਾਣ ਇਕ ਉਡਾਈਆ । ਕਲਜੁਗ ਕੂੜ ਕੁੜਿਆਰਾ ਰਹਿਣ ਨਹੀਂ ਦੇਣਾ ਪੰਮਾ, ਪਰਮ ਪੁਰਖ ਦਇਆ ਕਮਾਈਆ । ਦੀਨ ਮਜ਼੍ਹਬ ਦਾ ਰਹਿਣ ਨਹੀਂ ਦੇਣਾ ਬੰਨਾ, ਬੰਦਗੀ ਇਕੋ ਦੇਣੀ ਸਮਝਾਈਆ । ਜਿਸ ਕਾਰਨ ਗੋਬਿੰਦ ਇਕੋ ਲਾਇਆ ਕੰਨਾ, ਕਾਇਨਾਤ ਸਮਝ ਕਿਸੇ ਨਾ ਆਈਆ । ਦੋਂਹ ਅੱਖਾਂ ਵਾਲਾ ਜਗਤ ਤੁਹਾਡੇ ਸਾਹਮਣੇ ਕੀਤਾ ਅੰਨ੍ਹਾ, ਨੇਤਰਾਂ ਵਾਲਿਆਂ ਨਜ਼ਰ ਕੋਇ ਨਾ ਆਈਆ । ਏਸੇ ਦੀ ਸ਼ਹਾਦਤ ਅੰਤ ਦੇਵੇ ਚੌਦਾਂ ਸੌ ਤੀਹ ਪੰਨਾਂ, ਪਤਤ ਪਾਵਨ ਭੇਵ ਖੁਲ੍ਹਾਈਆ । ਜਿਹੜਾ ਹੁਕਮ ਰਾਮ ਨੇ ਮੰਨਾ, ਮਨਸਾ ਹੁਣ ਦੇ ਨਾਲ ਮਿਲਾਈਆ । ਜਿਹੜਾ ਕ੍ਰਿਸ਼ਨ ਬਿਦਰ ਦਵਾਰੇ ਸੁਣਿਆ ਬਿਨਾ ਕੰਨਾਂ, ਓਸ ਦਾ ਲੇਖਾ ਦਏ ਪਰਗਟਾਈਆ । ਜਿਸ ਨੂੰ ਮੂਸਾ ਮੂੰਹ

ਦੇ ਭਾਰ ਡਿੱਗਾ ਕਹੇ ਨੂਰ ਨਵਾਂ, ਨੌਬਤ ਹਕ ਵਜਾਈਆ । ਜਿਸ ਨੂੰ ਈਸਾ ਫਾਸੀ ਉਤੇ ਯਾਦ ਕੀਤਾ ਅਖ਼ੀਰੀ ਦਮਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਮੁਹੰਮਦ ਦਾ ਸਵਾ ਮਿੰਟ ਲੇਖੇ ਲਾਇਆ ਚੰਮਾ, ਚਸ਼ਮ ਦੀਦ ਖੇਲ ਖਿਲਾਈਆ । ਜਿਸ ਗੋਬਿੰਦ ਸੁਤ ਬਣਾਇਆ ਨੰਨ੍ਹਾ, ਮਾਛੂਵਾੜਾ ਸੇਜ ਸੁਹਾਈਆ । ਜਿਸ ਨਾਨਕ ਬਗ਼ਦਾਦ ਦਾ ਖੇਲ ਵਖਾਇਆ ਬਿਨ ਛੱਪਰ ਛੰਨਾ, ਚਾਰ ਦੀਵਾਰ ਨਾ ਕੋਇ ਵਡਿਆਈਆ । ਸੋ ਨਿਰਗੁਣ ਧਾਰ ਆਇਆ ਭੰਨਾ, ਭੱਜਿਆ ਵਾਹੋ ਦਾਹੀਆ । ਜਨ ਭਗਤੋ ਤੁਹਾਨੂੰ ਜਗਤ ਧਾਰ ਵਿਚੋਂ ਕਰ ਕੇ ਮਨ੍ਹਾ, ਮੰਤਰ ਅਗਲਾ ਦਿਤਾ ਸਮਝਾਈਆ । ਜਿਸ ਨੂੰ ਪੜ੍ਹਿਆ ਕੋਈ ਨੇੜ ਨਾ ਆਵੇ ਜਮਾ, ਲਾੜੀ ਮੌਤ ਨਾ ਕੋਇ ਪਰਨਾਈਆ । ਭੰਡਾਰਾ ਦੇ ਕੇ ਧੁਰ ਦਾ ਧਨਾ, ਧਨਾਢ ਅਗਲੇ ਦਿਤਾ ਬਣਾਈਆ । ਤੁਸਾਂ ਕੋਈ ਨਾਮ ਚੁੱਕਣਾ ਨਹੀਂ ਵਜ਼ਨ ਟੱਨਾਂ, ਸੀਸ ਗੱਠ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗਲਾ ਦਿਤਾ ਬਣਾਈਆ । ਜਨ ਭਗਤੋ ਲੇਖਾ ਅਗਲਾ ਬਣਿਆ, ਹਰਿ ਦੇਵੇ ਮਾਣ ਵਡਿਆਈਆ । ਜਿਸ ਨੇ ਤੁਹਾਡਾ ਆਤਮ ਆਪਣੀ ਧਾਰੋਂ ਜਣਿਆ, ਤੱਤਾਂ ਵਾਲਾ ਸ਼ਰੀਰ ਮਾਤ ਪਿਤਾ ਦੇ ਹਿੱਸੇ ਪਾਈਆ । ਉਸ ਦਾ ਸ਼ਬਦੀ ਤੀਰ ਸੁਣਦੇ ਰਹੇ ਅਣਿਆਲਾ ਅਣੀਆਂ, ਹੁਣ ਸਹਿਜੇ ਤੁਹਾਨੂੰ ਦਿਤਾ ਲਗਾਈਆ । ਤੁਹਾਡੇ ਪਿਛੇ ਓਸੇ ਨੂੰ ਬਣੀਆਂ, ਜੋ ਤੁਹਾਡਾ ਧੁਰ ਦਾ ਪਿਤਾ ਮਾਈਆ । ਜਗਤ ਅੱਖਾਂ ਤੁਹਾਡੀਆਂ ਰਹੀਆਂ ਨਾ ਅੰਨ੍ਹੀਆਂ, ਅੰਨ ਖਾਂਦਿਆਂ ਸਹਿਜੇ ਮਿਲਿਆ ਆਈਆ । ਧੰਨੇ ਨਾਲੋਂ ਤੁਹਾਡੀਆਂ ਚੰਗੀਆਂ ਮੰਨੀਆਂ, ਨਿਤ ਨਵਿਤ ਸਦਾ ਸਦਾ ਦਰਸ਼ਨ ਦੇਵੇ ਚਾਈਂ ਚਾਈਂਆ । ਤੁਹਾਡੇ ਘਰਾਂ ਦੀਆਂ ਖਾ ਕੇ ਟੁੱਕਰ ਚੱਪਾ ਖੰਨੀਆਂ, ਆਪਣਾ ਸ਼ੁਕਰ ਮਨਾਈਆ । ਲੇਖਾ ਚੁਕਾਵੇ ਉਨ੍ਹਾਂ ਬੱਚੀਆਂ ਨੰਨ੍ਹੀਆਂ, ਜਿਸ ਦੀ ਬਲ ਬਾਵਨ ਦਏ ਗਵਾਹੀਆ । ਸ਼ਬਦੀ ਡੋਰ ਬੰਧਾ ਕੇ ਕੰਨੀਆਂ, ਕਰਮਾਂ ਦਾ ਕਾਂਡ ਮੁਕਾਈਆ । ਜਨ ਭਗਤੋ ਤੁਹਾਨੂੰ ਵਜੋਣੀਆਂ ਪੈਣ ਨਾ ਟੱਲੀਆਂ, ਸੰਖਾਂ ਨਾਲ ਨਾ ਕੋਇ ਸ਼ਨਵਾਈਆ । ਲੱਭਣਾ ਪਏ ਨਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰਦਵਾਰੇ ਵਾਲੀਆਂ ਗਲੀਆਂ, ਸਿੱਧਾ ਬਾਜ਼ਾਰ ਏਕੰਕਾਰ ਧੁਰ ਦਰਬਾਰ ਦਿਤਾ ਵਖਾਈਆ । ਜਿਥੇ ਆਤਮਾ ਪਰਮਾਤਮਾ ਨਾਲ ਰਲੀਆਂ, ਰਲ ਕੇ ਝਟ ਲੰਘਾਈਆ । ਉਹ ਗੁਰਮੁਖ ਸਵਾਣੀਆਂ ਕਦੇ ਨਾ ਹੋਵਣ ਕੱਲੀਆਂ, ਕਲਮਿਆਂ ਤੋਂ ਪਰੇ ਜਿਨ੍ਹਾਂ ਨੂੰ ਮਿਲਿਆ ਧੁਰ ਦਾ ਮਾਹੀਆ । ਜਿਸ ਨੂੰ ਸਜਦਾ ਕੀਤਾ ਅਲੀਆਂ, ਉਹ ਆਲਮ ਦਾ ਮਾਲਕ ਬਾਲਮ ਤੁਹਾਡਾ ਨਜ਼ਰੀ ਆਈਆ । ਜੁਗ ਚੌਕੜੀ ਵਲੀਆ ਛਲੀਆ, ਅਛਲ ਛਲਧਾਰੀ ਕਹੇ ਲੋਕਾਈਆ । ਜਿਸ ਦੇ ਪਿਛੇ ਨਾਨਕ ਧਾਰ ਗੋਬਿੰਦ ਦਿਤੀਆਂ ਬਲੀਆਂ, ਬਲਧਾਰੀ ਵੇਖ ਵਖਾਈਆ । ਜਨ ਭਗਤੋ ਤੁਸੀਂ ਓਸ ਦੀ ਗੋਦ ਵਿਚ ਬਹਿ ਕੇ ਪਲੀਆਂ, ਜੋ ਪਾਲਣਹਾਰ ਸਰਬ ਅਖਵਾਈਆ । ਜਿਸ ਨੇ ਪਿਆਰ ਅੰਦਰ ਵਿਹਾਰ ਅੰਦਰ ਸ਼ਿੰਗਾਰ ਅੰਦਰ ਸੰਸਾਰ ਤੁਹਾਡੀਆਂ ਰੂਹਾਂ ਘੱਲੀਆਂ, ਘਾਇਲ ਕਰ ਕੇ ਆਪਣੇ ਨਾਲ ਮਿਲਾਈਆ । ਦੁਨੀਆ ਤੁਹਾਨੂੰ ਕਹੇ ਇਹ ਮੂਰਖ ਟੋਲੀਆਂ ਝੱਲੀਆਂ, ਜਿਨ੍ਹਾਂ ਦੇ ਅੰਦਰ ਝਲਕ ਨੂਰ ਇਲਾਹੀਆ । ਪੁਰਖ ਅਕਾਲ ਕਹੇ ਏਨ੍ਹਾਂ ਮੇਰੀਆਂ ਦਹਿਲੀਜ਼ਾਂ ਮੱਲੀਆਂ, ਜਿਥੇ ਦੂਜਾ ਨਜ਼ਰ ਕੋਇ ਨਾ ਆਈਆ । ਇਹ ਓਸ ਨੂਰ ਦੀਆਂ ਡਲੀਆਂ, ਜਿਸ ਵਿਚੋਂ ਨੂਰ ਜਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਗਾਈਏ ਤੇਰਾ ਢੋਲਾ, ਢੋਲ ਇਕੋ ਤੂੰ ਹੀ ਨਜ਼ਰੀ ਆਈਆ । ਸਾਡਾ ਬਦਲਦਾ ਰਿਹੋਂ ਬੋਲਾ, ਸਿਫ਼ਤੀ ਨਾਮ ਜਣਾਈਆ । ਵਟਾਉਂਦਾ ਰਿਹੋਂ ਚੋਲਾ, ਚੋਲੀ ਆਪਣੇ ਰੰਗ ਰੰਗਾਈਆ । ਰੱਖਦਾ ਰਿਹੋਂ ਓਹਲਾ, ਸੰਗੀ ਹੋ ਕੇ ਭੇਵ ਛੁਪਾਈਆ ।

ਬਣਦਾ ਰਿਹੋਂ ਤੋਲਾ, ਤਰਾਜ਼ੂ ਆਪਣੇ ਹੱਥ ਉਠਾਈਆ । ਪੁਰਖ ਅਕਾਲ ਤੇਰਾ ਪੜਦਾ ਕਿਸੇ ਨਾ ਫੋਲਾ, ਫੁਲਕੇ ਖਾਣ ਵਾਲੇ ਗੁਰ ਅਵਤਾਰ ਪੈਗ਼ੰਬਰ ਬਣਾ ਕੇ ਲੋਕਮਾਤ ਸਾਡੀ ਸੇਵ ਦਿਤੀ ਲਗਾਈਆ । ਆਪਣਾ ਸ਼ਬਦ ਵਿਚ ਬਣਾ ਕੇ ਵਿਚੋਲਾ, ਵਿਚੇ ਵਿਚ ਕਰੀ ਪੜ੍ਹਾਈਆ । ਤੇਰੇ ਨਾਮ ਦਾ ਪਾ ਕੇ ਰੌਲਾ, ਰੌਣਕ ਜਗਤ ਵਿਚ ਰਖਾਈਆ । ਤੈਨੂੰ ਦੱਸ ਕੇ ਸ਼ਾਹ ਦੌਲਾ, ਦੌਲਤ ਦਾ ਮਾਲਕ ਆਏ ਸਮਝਾਈਆ । ਚਾਰ ਜੁਗ ਦੇ ਇਕਵੰਜਾ ਬਵੰਜਾ ਗੁਰ ਅਵਤਾਰ ਪੈਗ਼ੰਬਰ ਭਗਤਾਂ ਇਕੱਠਾ ਹੋਇਆ ਟੋਲਾ, ਟੋਟਲ ਆਪਣਾ ਰਹੇ ਜਣਾਈਆ । ਬਿਨ ਤੇਰੀ ਕਿਰਪਾ ਦੀਨ ਦੁਨੀ ਦਾ ਮੇਟੇ ਕੋਈ ਨਾ ਰੌਲਾ, ਰਾਵਲ ਪਾਂਧੇ ਝਗੜਾ ਨਾ ਕੋਇ ਮੁਕਾਈਆ । ਫਿਰੀ ਦਰੋਹੀ ਉਪਰ ਧਵਲਾ, ਜਗਤ ਸੰਤ ਰਹੇ ਕੁਰਲਾਈਆ । ਮਨ ਵਾਸਨਾ ਜੀਵ ਜਹਾਨ ਹੋਇਆ ਬਵਲਾ, ਬੌਰਾ ਹੋ ਕੇ ਦਏ ਦੁਹਾਈਆ । ਤੂੰ ਨੂਰ ਖ਼ੁਦਾਈ ਅਵਲਾ, ਆਲਮੀਨ ਤੇਰੀ ਸਰਨਾਈਆ । ਕਲਜੁਗ ਅੰਤਮ ਸਭ ਤਾਰ ਦੇ ਜੱਟ ਯਮਲਾ, ਜੋ ਚਲ ਆਏ ਸਰਨਾਈਆ । ਵਜਾਉਣਾ ਪਏ ਕਿਸੇ ਨਾ ਤਬਲਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਸਭ ਦਾ ਪੈਂਡਾ ਮੁਕਾ ਦੇ ਅਗਲਾ, ਅੱਗੇ ਹੋ ਨਾ ਕੋਇ ਅਟਕਾਈਆ । ਭੌਣਾ ਪਏ ਨਾ ਕਿਸੇ ਜੰਗਲਾਂ, ਤੀਰਥ ਤਟ ਨਾ ਕੋਇ ਵਖਾਈਆ । ਪਾਰ ਕਰਾ ਦੇ ਗ਼ਰੀਬ ਕੰਗਲਾ, ਬਿਨ ਟਕਿਆਂ ਕੀਮਤ ਪਾਈਆ । ਸ਼ਬਦੀ ਡੋਰੀ ਅੰਦਰ ਬੰਧ ਲਾ, ਬੰਦਗੀ ਆਪਣੀ ਦੇ ਸਮਝਾਈਆ । ਪ੍ਰੇਮ ਪ੍ਰੀਤੀ ਅੰਦਰ ਰੰਗ ਲਾ, ਰੰਗਤ ਇਕੋ ਦੇ ਵਖਾਈਆ । ਜਨਮ ਜਨਮ ਦੀ ਟੁੱਟੀ ਜਨ ਭਗਤਾਂ ਪ੍ਰਭੂ ਗੰਢ ਲਾ, ਆਪਣੀ ਗੰਢ ਆਪ ਪਵਾਈਆ । ਸੰਤ ਸੁਹੇਲਿਆਂ ਸਾਚੀ ਠੰਡ ਪਾ, ਅਗਨੀ ਤਤ ਬੁਝਾਈਆ । ਜਗਤ ਵਿਛੋੜਾ ਰੰਡ ਗਵਾ, ਕੰਤ ਸੁਹਾਗ ਨਜ਼ਰੀ ਆਈਆ । ਜਨਮ ਜਨਮ ਦਾ ਪੰਧ ਮੁਕਾ, ਲੱਖ ਚੁਰਾਸੀ ਡੇਰਾ ਢਾਹੀਆ । ਦਰ ਆਇਆਂ ਸਚਖੰਡ ਬਹਾ, ਜਿਥੇ ਮਿਲੇ ਤੇਰੀ ਸਰਨਾਈਆ । ਸੂਰਜ ਚੰਦ ਨਾ ਕੋਇ ਰੁਸ਼ਨਾ, ਜਲਵਾ ਜੋਤ ਦੇਣਾ ਚਮਕਾਈਆ । ਗੁਰ ਅਵਤਾਰ ਪੈਗ਼ੰਬਰ ਬਣੇ ਗਵਾਹ, ਸਾਰੇ ਦੇਣ ਸਫ਼ਾਈਆ । ਜਿਹੜੇ ਜੋੜੇ ਉਹ ਵਿਛੜਨ ਕਦੇ ਨਾ, ਬਿਛਰਤ ਲਏ ਮਿਲਾਈਆ । ਜਿਨ੍ਹਾਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਿਆ ਗਾ, ਗਹਿਰ ਗੰਭੀਰ ਆਪਣੇ ਘਰ ਵਸਾਈਆ । ਨਿਥਾਵਿਆਂ ਦੇ ਕੇ ਧੁਰ ਦਾ ਥਾਂ, ਦਰਗਾਹ ਸਾਚੀ ਦਏ ਟਿਕਾਈਆ । ਨਾਤਾ ਤੁੜਾ ਕੇ ਜਗਤ ਵਾਲੇ ਪਿਤਾ ਮਾਂ, ਪੁਰਖ ਅਕਾਲ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲਾਈਆ । ਜਨ ਭਗਤ ਕਹਿਣ ਪ੍ਰਭ ਦੇਵੀਂ ਨਾ ਲਾਰਾ, ਅਛਲ ਅਛੱਲ ਤੇਰਾ ਭੇਵ ਕੋਇ ਨਾ ਆਈਆ । ਸ੍ਰੀ ਭਗਵਾਨ ਕਹੇ ਜਨ ਭਗਤੋ ਮੈਂ ਤੁਹਾਡੇ ਬਿਨਾਂ ਰਹਾਂ ਕਵਾਰਾ, ਧੁਰ ਸੰਯੋਗ ਨਾ ਕੋਇ ਬਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰਾਂ ਪੈਗ਼ੰਬਰਾਂ ਨਾਲ ਕਰਦਾ ਰਿਹਾ ਉਧਾਰਾ, ਤਾਰੀਖ਼ ਤਰੀਕੇ ਨਾਲ ਵਧਾਈਆ । ਮੇਰਾ ਅੰਤ ਨਾ ਪਾਰਾਵਾਰਾ, ਬੇਅੰਤ ਕਰ ਕੇ ਰਹੇ ਗਾਈਆ । ਸ਼ਬਦ ਨਾਦ ਵਜਾ ਨਗਾਰਾ, ਨਗ਼ਮੇ ਦਿਤੇ ਸੁਣਾਈਆ । ਜੋਤੀ ਨੂਰ ਕਰ ਉਜਿਆਰਾ, ਬ੍ਰਹਿਮੰਡ ਖੰਡ ਜੀਉ ਪਿੰਡ ਦਿਤਾ ਸਮਝਾਈਆ । ਥੋੜਾ ਜਿਹਾ ਕਰ ਇਸ਼ਾਰਾ, ਐਸ਼ੋ ਇਸ਼ਰਤ ਵਿਚੋਂ ਬਾਹਰ ਰਖਾਈਆ । ਆਪਣਾ ਨਿੱਕਾ ਜਿਹਾ ਦੇ ਕੇ ਚਮਤਕਾਰਾ, ਚਮਨ ਗੁਲਸ਼ਨ ਦਿਤੇ ਮਹਿਕਾਈਆ । ਅੱਖਰਾਂ ਵਾਲੀਆਂ ਗਵਾ ਕੇ ਵਾਰਾਂ, ਵਾਰਸ ਜਗਤ ਦਿਤਾ ਬਣਾਈਆ । ਆਪ ਹੋ ਕੇ ਬੇਇਤਬਾਰਾ, ਜੁਗ ਜੁਗ ਬੈਠਾ ਰਿਹਾ ਮੁਖ ਛੁਪਾਈਆ । ਕਲਜੁਗ ਅੰਤ ਹੋ ਉਜਿਆਰਾ, ਉਜਰਤ ਸਭ ਦੀ ਝੋਲੀ ਪਾਈਆ । ਲੇਖੇ ਲੱਗੇ ਸਭ ਦਾ ਪਹਿਲੀ ਮੱਘਰ ਦਿਹਾੜਾ, ਦਿਹਾੜੀਦਾਰਾਂ ਦੀ ਦਿਹਾੜੀ ਝੋਲੀ ਪਾਈਆ ।

ਨੌ ਮੱਘਰ ਨੂੰ ਦੁਆਬੇ ਲੱਗਣਾ ਧਰਮ ਅਖਾੜਾ, ਖਿੜਕੀਆਂ ਕੁੰਡੇ ਦਏ ਖੁਲ੍ਹਾਈਆ । ਜਨ ਭਗਤੋ ਤੁਹਾਡਾ ਮੰਗਣ ਆਏ ਵਾੜਾ, ਆਪਣਾ ਪੰਧ ਮੁਕਾਈਆ । ਜਿਹੜਾ ਕੌਲ ਕੀਤਾ ਗੋਬਿੰਦ ਨਾਲ ਸ਼ਕੋਹ ਦਾਰਾ, ਤੀਰ ਮੁੱਖੀ ਉਤੇ ਲਿਖਾਈਆ । ਅੱਖ ਦੀ ਪਲਕ ਨਾਲ ਝਲਕ ਨਾਲ ਫਲਕ ਤੋਂ ਉਪਰ ਖ਼ਲਕ ਦਾ ਵਿਹਾਰਾ, ਤੁਅੱਲਕ ਇਕੋ ਨਾਲ ਜੁੜਾਈਆ । ਜਿਸ ਦਾ ਹੁਕਮ ਕਟਕ ਦਾ ਅਖਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਕਰੀਏ ਤੇਰੀ ਸਿਫ਼ਤ, ਚਾਰ ਜੁਗ ਦੇ ਸਫ਼ੇ ਲਏ ਉਲਟਾਈਆ । ਹੁਕਮੇ ਅੰਦਰ ਸਾਰੇ ਕਰ ਕੇ ਗਰਿਫ਼ਤ, ਦਰ ਠਾਂਡੇ ਲਏ ਬਹਾਈਆ । ਕੋਈ ਨਾ ਸਕੇ ਖ਼ਿਸਕ, ਪਲੂ ਗੰਢ ਨਾ ਕੋਇ ਤੁੜਾਈਆ । ਰੋਂਦੇ ਵੇਖੇ ਹਕ਼ੀਕ਼ੀ ਮਜਾਜ਼ੀ ਇਸ਼ਕ, ਦੋਵੇਂ ਦੇਣ ਦੁਹਾਈਆ । ਪ੍ਰਭੂ ਚਾਰ ਜੁਗ ਦੇ ਸਾਡੇ ਮੁੱਕਣ ਲੱਗੇ ਇਸ਼ਟ, ਤੇਰੀ ਇਕ ਸਰਨਾਈਆ । ਉਚੀ ਰੋ ਕੇ ਕਿਹਾ ਯਸੂ ਕਰਿਸਤ, ਚੀਕ ਉਡੀਕ ਵਿਚ ਲਗਾਈਆ । ਮੈਨੂੰ ਯਾਦ ਫੱਟੇ ਉਤੇ ਕਿਹਾ ਮਰੀਅਮ ਬੇਟਾ ਦੱਸ ਟਾਂਕ ਕੇ ਜਿਸਤ, ਜਿਸਮ ਤੋਂ ਬਾਹਰ ਆਪਣਾ ਆਪ ਵਖਾਈਆ । ਸ਼ਬਦੀ ਹੁਕਮ ਦੇ ਕੇ ਗਿਉਂ ਖ਼ਿਸਕ, ਅੱਗੇ ਹੋ ਨਾ ਗੰਢ ਖੁਲ੍ਹਾਈਆ । ਪਰਵਰਦਿਗਾਰ ਕਿਹਾ ਤੇਰੀ ਮੇਰੀ ਬਿਨ ਅੱਖਰਾਂ ਵਾਲੀ ਲਿਖਤ, ਲੇਖ ਨਾ ਕੋਇ ਜਣਾਈਆ । ਯਸੂ ਕਿਹਾ ਕੁਛ ਦੱਸ ਭਵਿਖਤ, ਭਰਮ ਦੇ ਮਿਟਾਈਆ । ਨੂਰੀ ਨੂਰ ਕਿਹਾ ਜਿਸ ਵੇਲੇ ਦੁਨੀਆ ਦੋਹਾਂ ਦੀ ਹੋਈ ਨਿੰਦਕ, ਨਿੰਦਿਆ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਵਖਾਈਆ । ਯਸੂ ਕਿਹਾ ਕੁਛ ਦੱਸ ਹੋਰ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਮੁੱਲਾਂ ਸ਼ੇਖ਼ ਮੁਸਾਇਕ ਜਗਤ ਨਬੀ ਪੰਡਤ ਪਾਂਧੇ ਜਗਤ ਸੰਤ ਹੋਏ ਚੋਰ, ਚੋਰੀ ਗੁਰਦਰ ਮੰਦਰ ਮਸਜਿਦ ਨਜ਼ਰੀ ਆਈਆ । ਤੁਹਾਡੇ ਹੱਥੋਂ ਸਭ ਦੀ ਟੁੱਟਣੀ ਡੋਰ, ਕੱਚਾ ਤੰਦ ਤੇਰੇ ਗਲ ਲਟਕਾਈਆ । ਸਭ ਨੂੰ ਮੇਰੀ ਪੈਣੀ ਲੋੜ, ਲੋਹੜਾ ਪਵੇ ਜਗਤ ਲੋਕਾਈਆ । ਵਿਛੜਿਆਂ ਦਏ ਕੋਈ ਨਾ ਜੋੜ, ਸਾਚਾ ਮੇਲ ਨਾ ਕੋਇ ਮਿਲਾਈਆ । ਯਸੂ ਹੁਣ ਮੈਂ ਹੋਰ ਫੇਰ ਮੈਂ ਹੋਰ, ਜਦ ਵੇਖੇ ਤੇ ਨਵਾਂ ਨਕੋਰ, ਨਿੱਕਾ ਵੱਡਾ ਨਜ਼ਰ ਕੋਇ ਨਾ ਆਈਆ । ਮੇਰਾ ਕਿਸੇ ਨਾਲ ਨਹੀਂ ਕੋਈ ਖ਼ੋਰ, ਬੇਖ਼ਬਰਾਂ ਖ਼ਬਰ ਪੁਚਾਈਆ । ਜਿਸ ਕਾਰਨ ਤੁਹਾਨੂੰ ਦਿਤਾ ਤੋਰ, ਤੁਰਤ ਆਪਣਾ ਹੁਕਮ ਮਨਾਈਆ । ਅੰਤ ਏਸ ਜਗ ਨੂੰ ਚਲੇ ਛੋੜ, ਛੁੱਟੀ ਜਗਤ ਲੋਕਾਈਆ । ਮਟਕੀ ਦੇਣੀ ਫੋੜ, ਭਾਂਡਾ ਤਨ ਭੰਨਾਈਆ । ਓਥੇ ਜਾਣਾ ਬਹੁੜ, ਜਿਥੇ ਬਹੁੜੀ ਬਹੁੜੀ ਕਰਦਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਈਆ । ਯਸੂ ਕਿਹਾ ਮੈਂ ਤੇਰਾ ਗ਼ੁਲਾਮ, ਖ਼ਾਦਮ ਧੁਰ ਦਾ ਲੈਣਾ ਬਣਾਈਆ । ਮੇਰੀ ਇਛਿਆ ਪੂਰੀ ਕਰਨੀ ਕਾਮ, ਆਸਾ ਤੇਰੇ ਨਾਲ ਵਧਾਈਆ । ਜਿਸ ਵੇਲੇ ਹੋਣ ਲੱਗਾ ਬਦਨਾਮ, ਬਦੀ ਕਰੇ ਲੋਕਾਈਆ । ਤੂੰ ਯਾਰੇ ਯਾਰ ਪਹੁੰਚਣਾ ਆਣ, ਗ਼ਮਖਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਜਨ ਭਗਤਾਂ ਦੇਵੇ ਧੁਰ ਦਾ ਦਾਨਾ, ਨਾਮ ਨਿਰਵੈਰ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਡਾ ਲੋਕਮਾਤ ਰੱਖ ਕੇ ਨਿਸ਼ਾਨਾ, ਨਿਸ਼ਾਨੇ ਉਤੇ ਨਿਸ਼ਾਨਾ ਆ ਕੇ ਲੱਗਾ ਬੇਪਰਵਾਹੀਆ ।

### ★ ੨ ਮੱਘਰ ਸ਼ਹਿਨਸ਼ਾਹ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਸਚਖੰਡ ਦਵਾਰੇ ਵਕਤ ਸੁਹਾਵਾ, ਸਵਾਮੀ ਅੰਤਰਜਾਮੀ ਖ਼ੁਸ਼ੀ ਮਨਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਪੂਰਾ ਕਰੇ ਦਾਅਵਾ, ਦਾਅਵੇਦਾਰ ਜੋ ਗਏ ਸੁਣਾਈਆ । ਜੁਗ ਚੌਕੜੀ ਪੂਰਬ ਲੇਖਾ ਸਭ ਦਾ ਵੇਖੇ ਨਾਵਾਂ, ਨਰ ਨਿਰੰਕਾਰਾ ਪੜਦਾ ਆਪ ਉਠਾਈਆ । ਜਨ ਭਗਤ ਸੁਹੇਲੇ ਦਰ ਠਾਂਡੇ ਮੇਲੇ ਨਾਲ ਚਾਵਾਂ, ਚਾਓ ਘਨੇਰਾ ਆਪਣੇ ਦਰ ਵਖਾਈਆ । ਤੋਲ ਤਰਾਜ਼ੂ ਨਾਮ ਕੰਡਾ ਰੱਖੇ ਸਾਵਾਂ, ਸਾਂਵਲ ਹੋ ਕੇ ਆਪਣਾ ਹੁਕਮ ਵਰਤਾਈਆ । ਭਾਗ ਲਗਾਏ ਕਾਇਆ ਮਾਟੀ ਸਾਢੇ ਤਿੰਨ ਹੱਥ ਗਰਾਵਾਂ, ਖੇੜਾ ਹਰਿਜਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਸਾਚਾ ਰੰਗ ਰੰਗਾਈਆ । ਸਚਖੰਡ ਦਵਾਰ ਰੰਗ ਰੰਗੀਲਾ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਛੈਲ ਛਬੀਲਾ, ਸ਼ਹਿਨਸ਼ਾਹ ਆਪਣਾ ਖੇਲ ਵਖਾਈਆ । ਨਿਰਗੁਣ ਧਾਰ ਭਗਤ ਕਬੀਲਾ, ਕਾਮਲ ਮੁਰਸ਼ਦ ਦਏ ਵਡਿਆਈਆ । ਭਾਗ ਲੱਗੇ ਉਤੇ ਜ਼ਮੀਨਾ, ਜਾਹਰ ਜਹੂਰ ਵੇਖ ਵਖਾਈਆ । ਲਹਿਣਾ ਦੇਣਾ ਜਾਣੇ ਪੂਰਬ ਕਦੀਮਾਂ, ਕੁਦਰਤ ਦਾ ਮਾਲਕ ਵੇਖ ਵਖਾਈਆ । ਮਹੱਲ ਅਟੱਲ ਸੁਹਾਏ ਇਕ ਅਜ਼ੀਮਾ, ਆਲੀਸ਼ਾਨ ਆਪ ਇਕੋ ਨਜ਼ਰੀ ਆਈਆ । ਕਲਜੁਗ ਅੰਤ ਸਤਿਜੁਗ ਸਾਚੀ ਕਰ ਤਰਮੀਮਾਂ, ਤਮਾ ਕੂੜ ਦਏ ਮਿਟਾਈਆ । ਜਨ ਭਗਤ ਬਣਾ ਕੇ ਧੁਰ ਦਾ ਨਗੀਨਾ, ਨਿਗਾਹ ਆਪਣੀ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੋਕ ਤੀਨਾ, ਪਰਲੋਕ ਆਪਣਾ ਹੁਕਮ ਵਰਤਾਈਆ ।



### ★ ੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਅਜੈਬ ਸਿੰਘ ਦੇ ਗ੍ਰਿਹ ਪਿੰਡ ਹਰਿਰਾਏ ਪੁਰ ਜ਼ਿਲਾ ਬਠਿੰਡਾ ★

ਸਚ ਸੰਦੇਸ਼ ਦੇਵੇ ਹਰਿ ਸੱਚਾ, ਸਚ ਸਚ ਜਗਤ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਸ਼ਬਦੀ ਧਾਰ ਬੱਚਾ, ਬਚਪਨ ਸਭ ਦਾ ਆਪਣੀ ਝੋਲੀ ਪਾਈਆ । ਜਨ ਭਗਤ ਸੱਜਣ ਸਹਾਈ ਬਣ ਕੇ ਸਕਾ, ਸਗਲਾ ਭਉ ਮਿਟਾਈਆ । ਪ੍ਰੇਮ ਅੰਦਰ ਰਹਿਣ ਨਾ ਦੇਵੇ ਕੱਚਾ, ਕੰਚਨ ਗੜ੍ਹ ਇਕ ਸੁਹਾਈਆ । ਦੇਵੇ ਦਰਸ ਆਪਣੀ ਅੱਖਾ, ਅੱਖਾਂ ਵਿਚੋਂ ਨਜ਼ਰੀ ਆਈਆ । ਲਹਿਣਾ ਦੇਣਾ ਚੁਕਾਵੇ ਬਿਨਾ ਹੱਥਾਂ, ਸਮਰਥ ਹੋਵੇ ਸਹਾਈਆ । ਪ੍ਰੀਤੀ ਅੰਦਰ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚਾ ਸਚ ਸੰਦੇਸ਼, ਸੁਨੇਹੜਾ ਸਚ ਸੁਣਾਈਆ । ਪਰਮ ਪੁਰਖ ਦਾ ਇਕੋ ਉਪਦੇਸ਼, ਉਪਮਾਂ ਤੋਂ ਪਰੇ ਪੜ੍ਹਾਈਆ । ਗੁਣਾਂ ਵਿਚ ਵਿਸ਼ੇਸ਼, ਵਿਸ਼ਿਆਂ ਦਾ ਗੇੜ ਕਟਾਈਆ । ਵੇਖਦਾ ਰਹੇ ਹਮੇਸ਼, ਸਦਾ ਸਦਾ ਗੁਸਾਈਆਂ । ਬਖ਼ਸ਼ਦਾ ਰਹੇ ਟੇਕ, ਟਿੱਕੇ ਮਸਤਕ ਧੂੜੀ ਲਾਈਆ । ਬਦਲਦਾ ਰਹੇ ਰੇਖ, ਜੁਗ ਚੌਕੜੀ ਡੇਰਾ ਢਾਹੀਆ । ਵਸਾਉਂਦਾ ਰਹੇ ਆਪਣੇ ਦੇਸ, ਘਰ ਸੁਹੰਜਣਾ ਇਕ ਸਮਝਾਈਆ । ਕਰਦਾ ਰਹੇ ਅਗੰਮੀ ਹੇਤ, ਹਿਤਕਾਰੀ ਹੋ ਕੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਵੇਖੇ ਪਰਦੇਸ, ਪਰਦੇਸੀ ਹੋ ਕੇ ਆਪਣਾ ਖੇਲ ਖਿਲਾਈਆ ।

★ ੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਟਹਿਲ ਸਿੰਘ ਦੇ ਗ੍ਰਿਹ ਪਿੰਡ ਰੂਪੋਵਾਲੀ ਜ਼ਿਲਾ ਅੰਮ੍ਰਿਤਸਰ ★

ਵਾਚਕ ਸ਼ਬਦਾਂ ਦਾ ਅਗੰਮੀ ਸ਼ਬਦ ਇਕ, ਏਕੰਕਾਰ ਨਿਰੰਕਾਰ ਦਏ ਵਡਿਆਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਰਹੀ ਲਿਖ, ਨਿਰਅੱਖਰ ਵਿਚੋਂ ਅੱਖਰ ਧਾਰ ਪਰਗਟਾਈਆ । ਜਿਸ ਦਾ ਨੂਰ ਜਹੂਰ ਜਗਤ ਨੇਤਰਾਂ ਨਾਲ ਨਾ ਪਏ ਦਿਸ, ਦਹਿ ਦਿਸ਼ਾ ਹੁਕਮ ਵਰਤਾਈਆ । ਸੋ ਸਵਾਮੀ ਅੰਤਰਜਾਮੀ ਸਤਿ ਸਰੂਪ ਸਦਾ ਨਿੱਕ, ਵੱਡਾ ਵੱਡਿਆਂ ਦਏ ਵਡਿਆਈਆ । ਜਿਸ ਨੇ ਆਦਿ ਜੁਗਾਦਿ ਜੁਗ ਚੌਕੜੀ ਦੀਨ ਦੁਨੀ ਲਈ ਜਿਤ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪਣਾ ਹੁਕਮ ਮਨਾਈਆ । ਜਨ ਭਗਤਾਂ ਕਰੇ ਪ੍ਰੇਮੀ ਪ੍ਰੀਤਮ ਹੋ ਕੇ ਧੁਰ ਦਾ ਹਿਤ, ਹਿਤਕਾਰੀ ਹੋ ਕੇ ਆਪਣਾ ਰੰਗ ਰੰਗਾਈਆ । ਨਿਜ ਨੇਤਰ ਲੋਚਨ ਨੈਣ ਖੋਲ੍ਹ ਕੇ ਦਰਸ਼ਨ ਦੇਵੇ ਨਿਤ, ਦੋ ਜਹਾਨਾਂ ਵਾਲੀ ਦੀਨ ਦਿਆਲ ਆਪਣੀ ਦਇਆ ਕਮਾਈਆ । ਠਾਕਰ ਸਵਾਮੀ ਹੋ ਕੇ ਬਣੇ ਪੁਰਖ ਅਕਾਲਾ ਪਿਤ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜਿਨ੍ਹਾਂ ਨੇ ਸਾਚਾ ਸ਼ਬਦ ਧੁਰ ਦਾ ਲਿਆ ਸਿਖ, ਅਗਲਾ ਪਿਛਲਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸ਼ਬਦ ਦਏ ਵਡਿਆਈਆ । ਸਰਬ ਸ਼ਬਦਾਂ ਦਾ ਸ਼ਬਦ ਏਕੋ ਮੀਤ, ਸੁਤ ਦੁਲਾਰਾ ਪ੍ਰਭ ਦਾ ਨਜ਼ਰੀ ਆਈਆ । ਜਿਸ ਦਾ ਨਿਤ ਨਵਿਤ ਸੋਹਲਾ ਢੋਲਾ ਇਕੋ ਗੀਤ, ਜੁਗ ਚੌਕੜੀ ਪੀਰ ਪੈਗ਼ੰਬਰ ਗਏ ਗਾਈਆ । ਜਿਸ ਨੂੰ ਲੱਭਦੇ ਠਾਕਰ ਦਵਾਰੇ ਮੰਦਰ ਮਸਜਿਦ ਵਿਚ ਮਸੀਤ, ਸ਼ਿਵਦਵਾਲੇ ਗੁਰਦਰ ਭੱਜਣ ਥਾਉਂ ਥਾਈਆ । ਸੋ ਬੈਠਾ ਰਹੇ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਪੜਦਾ ਲਾਹੀਆ । ਜਨ ਭਗਤਾਂ ਦੱਸ ਕੇ ਹਕ ਪ੍ਰੀਤ, ਪਰਵਰਦਿਗਾਰ ਦਏ ਮਿਲਾਈਆ । ਭਰਮ ਮਿਟਾ ਕੇ ਊਚ ਨੀਚ, ਅਗੰਮ ਅਥਾਹ ਦਏ ਵਖਾਈਆ । ਕਰ ਪਰਕਾਸ਼ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰੇ ਰੁਸ਼ਨਾਈਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਈਆ । ਧੁਰ ਦਾ ਸ਼ਬਦ ਕਲਜੁਗ ਝਗੜਾ ਮੇਟੇ ਜੂਠ, ਕੂੜੀ ਕਿਰਿਆ ਡੇਰਾ ਢਾਹੀਆ । ਸਚ ਸੁਹੰਜਣੀ ਕਰੇ ਰੁੱਤ, ਸਤਿਜੁਗ ਸਚ ਫੁਲਵਾੜੀ ਆਪ ਮਹਿਕਾਈਆ । ਹੁਕਮ ਸੁਣੇ ਅਬਿਨਾਸ਼ੀ ਅਚੁਤ, ਨਿਉਂ ਨਿਉਂ ਲਾਗੇ ਪਾਈਆ । ਭਾਗ ਲਗਾਏ ਕਾਇਆ ਮਾਟੀ ਬੁਤ, ਬੁਤਖਾਨੇ ਕੂੜੇ ਕਰੇ ਸਫ਼ਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਆਪਣੀ ਗੋਦੀ ਚੁੱਕ, ਸਚ ਦਵਾਰਾ ਏਕੰਕਾਰਾ ਇਕ ਵਖਾਈਆ । ਜਿਸ ਨੇ ਸਾਰਿਆਂ ਸ਼ਬਦਾਂ ਦੀ ਸਾਂਝੀ ਇਕ ਸੁਣਾਈ ਤੁਕ, ਤੁਖ਼ਮ ਤਾਸੀਰ ਸਭ ਦੀ ਦਏ ਬਦਲਾਈਆ । ਚਾਰ ਵਰਨ ਅਠਾਰਾਂ ਬਰਨ ਆਸਾ ਤ੍ਰਿਸ਼ਨਾ ਮੇਟੇ ਭੁੱਖ, ਤ੍ਰਿਸ਼ਨਾ ਤ੍ਰਿਪਤ ਦਏ ਕਰਾਈਆ । ਜਨ ਭਗਤਾਂ ਸਫ਼ਲ ਕਰਾਏ ਜਨਣੀ ਕੁੱਖ, ਪਤਤ ਪੁਨੀਤ ਦਏ ਵਡਿਆਈਆ । ਭੇਵ ਖੁਲ੍ਹਾਏ ਪੜਦਾ ਓਹਲਾ ਲੁਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸ਼ਬਦ ਇਕ ਦ੍ਰਿੜਾਈਆ । ਸਾਰਿਆਂ ਸ਼ਬਦਾਂ ਦਾ ਇਕੋ ਸੰਗ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਇਕੋ ਮੰਨਣ ਸੂਰਾ ਸਰਬੰਗ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਵਜਾਉਂਦੇ ਗਏ ਮਰਦੰਗ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣਾ ਢੋਲਾ ਗਾਈਆ । ਜਲਵਾ ਨੂਰ ਪਰਕਾਸ਼ ਕਰ ਕੇ ਗਏ ਚੰਦ, ਸੂਰੀਆ ਚੰਦ ਨਾ ਕੋਇ ਵਡਿਆਈਆ । ਆਤਮ ਪਰਮਾਤਮ ਦੱਸ ਕੇ ਗਏ ਅਨੰਦ, ਨਿਜਾਨੰਦ ਪਰਮਾਨੰਦ ਵਿਚ ਸਮਾਈਆ । ਢੋਲੇ ਗੀਤ

ਗਾ ਕੇ ਗਏ ਬੱਤੀ ਦੰਦ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਸੋ ਸਾਹਿਬ ਸਵਾਮੀ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ । ਸਰਬ ਸ਼ਬਦਾਂ ਦਾ ਹਰਿ ਸ਼ਬਦ ਤੁਰੰਗ, ਦੋ ਜਹਾਨਾਂ ਵੇਖ ਵਖਾਈਆ । ਆਸਾ ਮਨਸਾ ਪੂਰੀ ਕਰੇ ਉਮੰਗ, ਤ੍ਰਿਸ਼ਨਾ ਕੂੜੀ ਦਏ ਗਵਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਆਪਣਾ ਪੜਦਾ ਲਾਹੀਆ । ਨਿਰਗੁਣ ਜੋਤ ਚਾੜ੍ਹ ਕੇ ਚੰਦ, ਸਾਚਾ ਨੂਰ ਕਰੇ ਰੁਸ਼ਨਾਈਆ । ਧੁਰ ਦਾ ਸ਼ਬਦ ਸੁਣਾ ਕੇ ਬਿਨਾ ਕੰਨ, ਅਨਹਦ ਨਾਦੀ ਨਾਦ ਵਜਾਈਆ । ਲੇਖਾ ਜਾਣ ਪਵਣ ਸਵਾਸ ਦਮ, ਦਾਮਨਗੀਰ ਹੋ ਕੇ ਲਏ ਛੁਡਾਈਆ । ਭਾਗ ਲਗਾ ਕੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਸਰਬ ਸ਼ਬਦਾਂ ਦਾ ਸ਼ਬਦ ਜੋ ਗੁਰਮੁਖ ਲਏ ਮੰਨ, ਮਨ ਕਾ ਮਣਕਾ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਰਬ ਸ਼ਬਦਾਂ ਦਾ ਹਰਿ ਸ਼ਬਦ ਮਿਲਾਪ, ਗੁਰ ਸ਼ਬਦ ਮਿਲੇ ਵਡਿਆਈਆ । ਬਿਨ ਰਸਨਾ ਜਿਹਵਾ ਚਲੇ ਜਾਪ, ਜਗਜੀਵਣ ਦਾਤਾ ਦਏ ਸਮਝਾਈਆ । ਕੋਟ ਜਨਮ ਦੇ ਉਤਾਰੇ ਪਾਪ, ਦੁਰਮਤ ਮੈਲ ਧਵਾਈਆ । ਰੂਹ ਬੁਤ ਦੋਵੇਂ ਕਰੇ ਸਾਫ਼, ਪਾਕੀਜ਼ਾ ਆਪਣਾ ਰੰਗ ਚੜ੍ਹਾਈਆ । ਕਾਇਆ ਮੰਦਰ ਸਾਚੇ ਹੁਜਰੇ ਸੁਹਾਏ ਹਕ ਮਹਿਰਾਬ, ਮਹਿਬੂਬ ਆਪਣਾ ਪੜਦਾ ਲਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੱਚੀ ਆਵਾਜ਼, ਧੁਰ ਦਾ ਸ਼ਬਦ ਕਰੇ ਸ਼ਨਵਾਈਆ । ਜਿਹੜਾ ਲੱਭੇ ਨਾ ਕਿਸੇ ਵਿਚੋਂ ਕਿਤਾਬ, ਫੋਲਿਆਂ ਹੱਥ ਕਿਸੇ ਨਾ ਆਈਆ । ਜਿਸ ਨੂੰ ਸਜਦੇ ਕਰਦੇ ਸਰਬ ਆਦਾਬ, ਨਮਸਤੇ ਕਹਿ ਕੇ ਖ਼ੁਸ਼ੀ ਮਨਾਈਆ । ਸੋ ਸ਼ਬਦ ਜੁਗ ਚੌਕੜੀ ਚਲਾਏ ਰਿਵਾਜ, ਮੁਹਤਾਜ ਸਾਰੇ ਲਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸ਼ਬਦ ਇਕ ਪਰਗਟਾਈਆ । ਬਹੁ ਸ਼ਬਦਾਂ ਦਾ ਹਰਿ ਸ਼ਬਦ ਸਵਾਮੀ, ਅੱਖਰਾਂ ਨੂੰ ਨਿਰਅੱਖਰ ਧਾਰ ਸਮਝਾਈਆ । ਜਿਸ ਦੀ ਮਹਿੰਮਾ ਕਰੇ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਜੋ ਲਹਿਣਾ ਦੇਣਾ ਚੁਕਾਏ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖੇ ਥਾਉਂ ਥਾਈਂਆ । ਜੋ ਅੰਮ੍ਰਿਤ ਰਸ ਨਿਝਰ ਝਿਰਨਾ ਝਿਰਾਏ ਅਗੰਮਾ ਪਾਣੀ, ਤੀਰਥ ਤਟ ਲੇਖਾ ਰਹੇ ਨਾ ਰਾਈਆ । ਸੁਰਤੀ ਸ਼ਬਦ ਮਿਲਾਏ ਬਣ ਕੇ ਸੱਚਾ ਹਾਣੀ, ਕੂੜ ਵਿਛੋੜਾ ਦਏ ਮੁਕਾਈਆ । ਇਕੋ ਦੱਸੇ ਪਦ ਨਿਰਬਾਣੀ, ਮਹੱਲ ਅਟਲ ਇਕ ਵਖਾਈਆ । ਜਿਥੇ ਜਗੇ ਜੋਤ ਨੂਰਾਨੀ, ਨੂਰੋ ਨੂਰ ਕਰੇ ਰੁਸ਼ਨਾਈਆ । ਰਸਨਾ ਜਿਹਵਾ ਬੱਤੀ ਦੰਦ ਕਥੇ ਨਾ ਕੋਇ ਕਹਾਣੀ, ਵਰਕਾ ਵਰਕਾ ਨਾ ਕੋਇ ਉਲਟਾਈਆ । ਖੇਲੇ ਖੇਲ ਪਰਮ ਪੁਰਖ ਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਸ਼ਬਦਾਂ ਦਾ ਬਣੇ ਆਪ ਬ੍ਰਹਮ ਗਿਆਨੀ, ਪਾਰਬ੍ਰਹਮ ਬ੍ਰਹਮ ਕਰੇ ਹਕ ਪੜ੍ਹਾਈਆ । ਸਾਰਿਆਂ ਸ਼ਬਦਾਂ ਦਾ ਹਰਿ ਸ਼ਬਦ ਨਾਲ ਸੰਜੋਗ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਸਭ ਦਾ ਪੂਰਾ ਕਰੇ ਜੋਗ, ਜੁਗਤੀ ਆਪਣੇ ਕੋਲ ਰਖਾਈਆ । ਲਹਿਣਾ ਦੇਣਾ ਜਾਣ ਲੋਕ ਪਰਲੋਕ, ਸਲੋਕ ਆਪਣਾ ਦਏ ਸਮਝਾਈਆ । ਜਿਸ ਦਾ ਮੇਲਾ ਨਾਲ ਨਿਰਮਲ ਜੋਤ, ਸੋ ਸ਼ਬਦ ਗੁਰੂ ਬੇਪਰਵਾਹੀਆ । ਜਿਸ ਦਾ ਹੁਕਮ ਸਦਾ ਸਦਾ ਸਦ ਨਵਾਂ ਫ਼ਰਮਾਨ ਦੇਵੇ ਰੋਜ਼, ਰੋਜ਼ੇ ਬਾਂਗ ਦੀ ਲੋੜ ਰਹੇ ਨਾ ਰਾਈਆ । ਜਨ ਭਗਤਾਂ ਖੋਜੀ ਹੋ ਕੇ ਲਵੇ ਖੋਜ, ਖੋਜਤ ਖੋਜਤ ਵੇਖੇ ਸਰਬ ਲੋਕਾਈਆ । ਸਚ ਦਵਾਰੇ ਦੇ ਕੇ ਮੌਜ, ਮਜਲਸ ਆਪਣੇ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਸ਼ਬਦਾਂ ਦਾ ਮਾਲਕ ਇਕ, ਜਿਸ

ਦੀ ਸਾਰੇ ਰਖਦੇ ਓਟ, ਓੜਕ ਓਸੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨ ਬ੍ਰਹਿਮੰਡ ਖੰਡ ਏਕੋ ਸ਼ਬਦ ਦੱਸੇ ਬਹੁਤ, ਬਹੁਤੇ ਗੁਰੂਆਂ ਦੀ ਲੋੜ ਰਹੇ ਨਾ ਰਾਈਆ ।

★ ੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਹਿ ਪਿੰਡ ਰੂਪੋਵਾਲੀ ਜ਼ਿਲਾ ਅੰਮ੍ਰਿਤਸਰ ★

ਸਿਫ਼ਤੀ ਸ਼ਬਦ ਗਾਉਂਦੇ ਏਕੋ ਨਾਮ, ਏਕਾ ਏਕ ਵਡਿਆਈਆ । ਸੁਣਦੇ ਇਕ ਪੈਗ਼ਾਮ, ਸਿਫ਼ਤਾਂ ਵਿਚ ਸਾਲਾਹੀਆ । ਮੰਨਦੇ ਇਕ ਅਮਾਮ, ਨਿਉਂ ਨਿਉਂ ਸੀਸ ਝੁਕਾਈਆ । ਕਹਿੰਦੇ ਇਕ ਕਲਾਮ, ਕਲਮਾ ਜਗਤ ਸੁਣਾਈਆ । ਵਖਾਉਂਦੇ ਇਕ ਨਿਸ਼ਾਨ, ਨਿਸ਼ਾਨੇ ਆਪਣੇ ਨਾਲ ਮਿਲਾਈਆ । ਬੰਨਾਉਂਦੇ ਜਗਤ ਈਮਾਨ, ਹੁਕਮੀ ਦੇ ਸਫ਼ਾਈਆ । ਜਿਸ ਦਾ ਆਦਿ ਜੁਗਾਦਿ ਸੱਚਾ ਇੰਤਜਾਮ, ਸੋ ਸ਼ਬਦ ਸਤਿਗੁਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਸਭ ਦਾ ਬਣ ਭਗਵਾਨ, ਭਾਗ ਜੁਗ ਜੁਗ ਦਏ ਲਗਾਈਆ ।



★ ੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਕੌਰ ਦੇ ਗ੍ਰਹਿ ਪਿੰਡ ਰੂਪੋਵਾਲੀ ਜ਼ਿਲਾ ਅੰਮ੍ਰਿਤਸਰ ★

ਅੱਖਰੀ ਸ਼ਬਦ ਨਾਮ ਦੀ ਸ਼ਾਖ਼, ਜੁਗ ਚੌਕੜੀ ਦਿਤੀ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਗਏ ਆਖ, ਨਿਤ ਨਿਤ ਸਿਫ਼ਤ ਸਾਲਾਹੀਆ । ਰਸਨਾ ਜਿਹਵਾ ਦੱਸ ਕੇ ਪਾਠ, ਬੱਤੀ ਦੰਦ ਵਡਿਆਈਆ । ਦੀਨ ਦੁਨੀ ਸਮਝਾ ਕੇ ਧੁਰ ਦੀ ਜਾਤ, ਜਾਮਨ ਬਣ ਕੇ ਆਪ ਦ੍ਰਿੜ੍ਹਾਈਆ । ਅੰਤ ਸਭ ਦਾ ਮਾਈ ਬਾਪ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦਾ ਸਾਚਾ ਸੁਤ ਸ਼ਬਦ ਏਕਾ ਏਕ ਗਏ ਆਖ, ਆਖ਼ਰ ਸਭ ਨੂੰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਡਿਆਈਆ । ਸਾਚੇ ਨਾਮ ਦੀ ਬੋਲੀ ਸ਼ਬਦ, ਸ਼ਬਦ ਨਾਮ ਵਡਿਆਈਆ । ਜਿਸ ਨੇ ਵੰਡੇ ਦੀਨ ਮਜ਼੍ਹਬ, ਊਚ ਨੀਚ ਦਿਤੇ ਸਮਝਾਈਆ । ਸਜਦਿਆਂ ਵਿਚ ਕਰਨਾ ਦੱਸਿਆ ਅਦਬ, ਨਮਸਤੇ ਵਿਚ ਸੀਸ ਝੁਕਾਈਆ । ਧੂੜੀ ਖ਼ਾਕ ਦੱਸੀ ਕਦਮ, ਰੀਤੀ ਕਦੀਮ ਇਕ ਜਣਾਈਆ । ਸੋ ਸਭ ਨੂੰ ਆਵੇ ਸੱਦਣ, ਧੁਰ ਫ਼ਰਮਾਨ ਇਕ ਫ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਦੇਵੇ ਧੁਰ ਦਾ ਨਾਮ, ਸਿਫ਼ਤੀ ਨਾਮ ਲਏ ਜਗਾਈਆ । ਬਰਦੇ ਬਣੋ ਇਕ ਗ਼ੁਲਾਮ, ਗ਼ੁਲਾਮੀ ਜਗਤ ਦਿਉ ਮੁਕਾਈਆ । ਸਾਚਾ ਮਾਰਗ ਦੱਸੋ ਇਕ ਆਸਾਨ, ਆਸਾਨੀ ਨਾਲ ਸਮਝਾਈਆ । ਸਾਰੇ ਕਰੋ ਪਰਵਾਨ, ਪਰਵਾਨੇ ਦਿਤੇ ਫੜਾਈਆ । ਗੁਰ ਅਵਤਾਰ ਪੈਗ਼ੰਬਰ ਦੇਣ ਬਿਆਨ, ਆਪਣਾ ਲੇਖ ਚੁਕਾਈਆ । ਵੇਲਾ ਵਕਤ ਪਹੁੰਚਿਆਂ ਆਣ, ਚੌਥਾ ਜੁਗ ਦਏ ਗਵਾਹੀਆ । ਸਤਿਜੁਗ ਸਚ ਹੋਣਾ ਬਲਵਾਨ, ਬਲਧਾਰੀ ਆਪ ਉਠਾਈਆ । ਸਭ ਨੂੰ ਗਾਉਣਾ ਪਏ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ", ਬਹੁ ਸ਼ਬਦਾਂ ਦਾ ਸ਼ਬਦ ਸਾਹਿਬ ਇਕੋ ਦਿਤਾ ਬਣਾਈਆ ।

★ ੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਜਾਰਾ ਸਿੰਘ ਦੇ ਗ੍ਰਹਿ ਪਿੰਡ ਫੱਤੂਪੁਰ ਜ਼ਿਲਾ ਕਪੂਰਥਲਾ ★

ਬਿਆਸ ਕਹੇ ਮੈਂ ਰਿਹਾ ਬੇਆਸ, ਵੇਦ ਵਿਆਸ ਗਿਆ ਲਿਖਾਈਆ । ਸਤਲੁਜ ਕਹੇ ਮੇਰਾ ਲੇਖਾ ਲਿਖਿਆ ਗੋਬਿੰਦ ਖ਼ਾਸ, ਬਿਨ ਕਲਮ ਸ਼ਾਹੀ ਲੇਖ ਬਣਾਈਆ । ਅੰਤਮ ਲਹਿਣਾ ਦੇਣਾ ਦੇ ਹੱਥ ਪੁਰਖ ਅਬਿਨਾਸ਼, ਸਰਗੁਣ ਨਿਰਗੁਣ ਦਿਤਾ ਸਮਝਾਈਆ । ਦੀਨ ਦਿਆਲ ਪੁਰਖ ਅਬਿਨਾਸ਼ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਕੂੜੀ ਕਿਰਿਆ ਉਡੇ ਖ਼ਾਕ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਆਸ਼ਾ ਮਨਸ਼ਾ ਦਾ ਪੂਰਾ ਹੋਵੇ ਭਵਿਖਤ ਵਾਕ, ਵਾਕਿਆ ਵੇਖੇ ਬੇਪਰਵਾਹੀਆ । ਜਨ ਭਗਤਾਂ ਮਿਲਣ ਦਾ ਕਰ ਇਤਫ਼ਾਕ, ਜੋੜਾ ਜੁੜੇ ਅਗੰਮ ਅਥਾਹੀਆ । ਜਿਸ ਦਾ ਭੇਵ ਸਮਝੇ ਨਾ ਕੋਈ ਕਿਤਾਬ, ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਬੇਅੰਤ ਕਹਿ ਕਹਿ ਸਿਫ਼ਤ ਸਾਲਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸਾਚਾ ਲੇਖਾ ਜਾਣੇ ਆਪ, ਪੜਦਾ ਓਹਲਾ ਦੋ ਜਹਾਨ ਸ੍ਰੀ ਭਗਵਾਨ ਆਪ ਉਠਾਈਆ । ਸੰਤ ਸੁਹੇਲਾ ਮਰੇ ਨਾ ਕੋਈ ਬੇਆਬ, ਆਬੇਹਯਾਤ ਹਯਾਤੀ ਵਿਚੋਂ ਆਪ ਪਿਆਈਆ । ਮੁਖ਼ਾਤਬ ਹੋ ਕੇ ਜਿਨ੍ਹਾਂ ਕਰੇ ਖ਼ਤਾਬ, ਬਿਨਾਂ ਖ਼ਤਾ ਤੋਂ ਖ਼ਤਾ ਮੁਆਫ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬਿਆਸ ਕਹੇ ਮੈਂ ਜੁਗ ਚੌਕੜੀ ਰਿਹਾ ਮਰਦਾ, ਮੁਰਦਾ ਹੋਕੇ ਮੁਰੀਦ ਮੁਰਸ਼ਦ ਧਿਆਨ ਲਗਾਈਆ । ਗੁਰ ਅਵਤਾਰਾਂ ਦਾ ਦਰ ਬਣਿਆ ਰਿਹਾ ਬਰਦਾ, ਬੰਦਗੀ ਵਿਚ ਨਿਉਂ ਨਿਉਂ ਸੀਸ ਝੁਕਾਈਆ । ਅਰਜ਼ਾਂ ਅਰਦਾਸਾਂ ਰਿਹਾ ਕਰਦਾ, ਨੇਤਰ ਨੈਣਾਂ ਨੀਰ ਵਹਾਈਆ । ਚਰਨ ਕਵਲ ਰਿਹਾ ਫੜਦਾ, ਜਲ ਧਾਰਾ ਰੂਪ ਬਦਲਾਈਆ । ਬਿਨ ਰਸਨਾ ਜਿਹਵਾ ਰਿਹਾ ਪੜ੍ਹਦਾ, ਨਾਉਂ ਸਿਫ਼ਤਾਂ ਵਾਲਾ ਗਾਈਆ । ਸਾਚੀ ਕਰਨੀ ਰਿਹਾ ਕਰਦਾ, ਦਿਵਸ ਰੈਣ ਸੇਵ ਕਮਾਈਆ । ਭੇਵ ਲੱਭਾ ਨਾ ਪੁਰਖ ਅਕਾਲ ਦੇ ਘਰ ਦਾ, ਸਚਖੰਡ ਦਵਾਰ ਏਕੰਕਾਰ ਮੇਲ ਨਾ ਕੋਇ ਮਿਲਾਈਆ । ਜੋ ਆਇਆ ਸੋ ਰਿਹਾ ਡਰਦਾ, ਭੈ ਵਿਚ ਭਉ ਜਣਾਈਆ । ਮੈਂ ਹਾੜੇ ਰਿਹਾ ਕੱਢਦਾ, ਰੋ ਰੋ ਦਿਤੀ ਦੁਹਾਈਆ । ਕਿਸ ਵੇਲੇ ਅਬਿਨਾਸ਼ੀ ਕਰਤਾ ਸਚ ਦਵਾਰੇ ਸੱਦਦਾ, ਬਿਨ ਹੁਕਮੇ ਹੁਕਮ ਮਨਾਈਆ । ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਰਿਹਾ ਲੱਭਦਾ, ਜਲ ਥਲ ਹੱਥ ਕੋਇ ਨਾ ਆਈਆ । ਧੰਨ ਭਾਗ ਦਿਹਾੜਾ ਹੋਇਆ ਅੱਜ ਦਾ, ਖ਼ੁਸ਼ੀ ਵਿਚ ਖ਼ੁਸੀ ਦਿਤੀ ਪਰਗਟਾਈਆ । ਲਹਿਣਾ ਦੇਣਾ ਝਗੜਾ ਮੁਕਿਆ ਅਲਗ ਦਾ, ਵਿਛੋੜਾ ਜਗਤ ਦਏ ਕਟਾਈਆ । ਜਿਸ ਦਾ ਮੇਲਾ ਦੋ ਜਹਾਨ ਸ਼ਬਦੀ ਧਾਰ ਸਬਬ ਦਾ, ਜੋਤੀ ਨੂਰ ਕਰੇ ਰੁਸ਼ਨਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਜਲਵਾ ਨੂਰ ਹੋ ਕੇ ਦਗਦਾ, ਤਤ ਵਜੂਦ ਨਜ਼ਰ ਕੋਇ ਨਾ ਆਈਆ । ਲੇਖਾ ਮੁਕਾ ਦੇ ਹਕ਼ੀਕ਼ਤ ਹਕ ਦਾ, ਲਾਸ਼ਰੀਕ ਬੇਪਰਵਾਹੀਆ । ਸੰਸਾ ਰੋਗ ਗਿਆ ਸ਼ੱਕ ਦਾ, ਸ਼ਿਕਵਾ ਦਿਤਾ ਮਿਟਾਈਆ । ਨਾਮ ਭੰਡਾਰਾ ਦੇਵੇ ਰਸ ਦਾ, ਰਸਤਾ ਇਕੋ ਰਿਹਾ ਸਮਝਾਈਆ । ਜਿਸ ਗ੍ਰਹਿ ਮੰਦਰ ਸਚਖੰਡ ਦਵਾਰ ਗੁਰ ਅਵਤਾਰ ਪੈਗ਼ੰਬਰ ਵਸਦਾ, ਪ੍ਰਭ ਚਰਨ ਕਵਲ ਧਿਆਨ ਰਖਾਈਆ । ਓਥੇ ਹੋਕਾ ਇਕ ਸਲੋਕ ਅਗੰਮੀ ਜਸ ਦਾ, ਸ਼ਾਸਤਰ ਸਿਮਰਤ ਨਾ ਕੋਇ ਪੜ੍ਹਾਈਆ । ਅਬਿਨਾਸ਼ੀ ਕਰਤਾ ਦਇਆਨਿਧ ਠਾਕਰ ਸਵਾਮੀ ਹੋ ਕੇ ਜਨ ਭਗਤਾਂ ਪੈਜ ਰੱਖਦਾ, ਰੱਖਿਆ ਕਰੇ ਥਾਉਂ ਥਾਈਆ । ਪੜਦਾ ਲਾਹ ਕੇ ਨਿਜ ਨੇਤਰ ਅੱਖ ਦਾ, ਆਖ਼ਰ ਆਪਣਾ ਮੇਲ ਮਿਲਾਈਆ । ਸੋ ਖੇਲ ਵਖਾਏ ਪੁਰਖ ਸਮਰਥ ਦਾ, ਮਹਿੰਮਾ ਅਕਥ ਆਪ ਦ੍ਰਿੜਾਈਆ । ਭੰਡਾਰਾ ਖੋਲ੍ਹ ਆਪਣੇ ਹੱਟ ਦਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਰਿਹਾ ਵਰਤਾਈਆ ।

ਸਵਾਂਗ ਧਰ ਅਗੰਮੇ ਬਾਜੀਗਰ ਨੱਟ ਦਾ, ਜਗਤ ਸਵਾਂਗੀ ਰੂਪ ਨਾ ਕੋਇ ਵਖਾਈਆ । ਗੁਰਮੁਖਾਂ ਨਾਮ ਅਨਮੁਲੜੇ ਚੋਲੇ ਰੰਗ ਰੰਗਦਾ, ਰੰਗਤ ਇਕੋ ਦਏ ਚੜ੍ਹਾਈਆ । ਰਸ ਦੇ ਕੇ ਨਿਜ ਆਤਮ ਅਨੰਦ ਦਾ, ਪਰਮਾਨੰਦ ਵਿਚ ਸਮਾਈਆ । ਬਿਆਸ ਕਿਹਾ ਮੈਂ ਜੋ ਕੁਛ ਸਤਿਜੁਗ ਤਰੇਤਾ ਦੁਆਪਰ ਕਲਜੁਗ ਰਿਹਾ ਮੰਗਦਾ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰਾ ਲੇਖਾ ਪੂਰਾ ਕਰੇ ਸਫ਼ਰੀ ਹੋ ਕੇ ਸਫ਼ਰ ਪੰਧ ਦਾ, ਪੈਂਡਾ ਅਗਲਾ ਦਏ ਮੁਕਾਈਆ । ਇਹ ਖੇਲ ਸੂਰੇ ਸਰਬੰਗ ਦਾ, ਅਲਪਗਾਂ ਬੇੜਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਿਆਸ ਕਹੇ ਮੇਰੀ ਪੂਰੀ ਹੋਈ ਆਸਾ ਤ੍ਰਿਸ਼ਨਾ, ਤ੍ਰਿਖਾ ਰਹਿਣ ਕੋਇ ਨਾ ਪਾਈਆ । ਮੈਂ ਵੇਖੇ ਬ੍ਰਹਮਾ ਵਿਸ਼ਨ ਸ਼ਿਵ ਕ੍ਰਿਸ਼ਨਾ, ਨਾਥ ਤ੍ਰੈਲੋਕੀ ਫੇਰੀਆਂ ਗਏ ਪਾਈਆ । ਮੇਰਾ ਲੇਖ ਪਰਦੇਸ਼ ਸੰਦੇਸ ਵਿਚ ਕਿਸੇ ਨਾ ਲਿਖਣਾ, ਕਲਮ ਸ਼ਾਹੀ ਨੇਤਰ ਰੋ ਕੇ ਮਾਰੇ ਧਾਈਆ । ਮੈਂ ਜਗਤ ਦਵਾਰੇ ਜਲਧਾਰ ਹੋ ਕੇ ਨਹੀਂ ਵਿਕਣਾ, ਕੀਮਤ ਕੁੰਭ ਨਾ ਕੋਇ ਰਖਾਈਆ । ਜਗਤ ਨੇਤਰਾਂ ਨਾਲ ਨਹੀਂ ਦਿਸਣਾ, ਕੋਟਨ ਕੋਟ ਸਾਧ ਸੰਤ ਮੇਰੇ ਵਿਚ ਗਏ ਤਾਰੀਆਂ ਲਾਈਆ । ਮੈਂ ਇਕੋ ਪੁਰਖ ਅਕਾਲ ਮੰਨਣਾ ਪਿਤਨਾ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੇ ਦੋ ਜਹਾਨ ਸ਼ਬਦੀ ਹੁਕਮ ਨਾਲ ਜਿਤਣਾ, ਵੈਰੀ ਦੁਸ਼ਮਣ ਨਜ਼ਰ ਕੋਇ ਨਾ ਆਈਆ । ਜਗਤ ਖੁਆਰੀ ਮਨ ਵਾਸਨਾ ਗ੍ਰਿਹਿ ਗ੍ਰਿਹਿ ਪਾਵੇ ਪਿਟਣਾ, ਪਟਨੇ ਵਾਲਾ ਆਪਣਾ ਹੁਕਮ ਗਿਆ ਸਮਝਾਈਆ । ਜਿਸ ਦਾ ਖੇਲ ਬੁਧੀ ਵਾਲੇ ਨਾ ਕਿਸੇ ਨਜਿੱਠਣਾ, ਜਗਤ ਸਿਆਸਤ ਨਾ ਕੋਇ ਚਤੁਰਾਈਆ । ਸੋ ਸਾਹਿਬ ਸੁਲਤਾਨ ਹੋ ਮਿਹਰਵਾਨ ਗੁਰਮੁਖ ਸਾਚੇ ਸੰਤ ਜਨਾਂ ਪਏ ਸਾਚਾ ਹਿਤਨਾ, ਹਿਤਕਾਰੀ ਹੋ ਕੇ ਨਿਰੰਕਾਰੀ ਹੋ ਕੇ ਜੋਤ ਅਧਾਰੀ ਹੋ ਕੇ ਆਤਮ ਪਰਮਾਤਮ ਸੁਰਤੀ ਸ਼ਬਦੀ ਮੇਲਾ ਲਏ ਮਿਲਾਈਆ । ਜਿਸ ਦਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤਨਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਹੁਕਮ ਵਰਤਾਈਆ । ਜਿਸ ਨੇ ਦੀਨ ਦੁਨੀ ਸਭ ਨੂੰ ਦੱਸਿਆ ਮਿਥਨਾ, ਥਿਰ ਰਹਿਣ ਕੋਇ ਨਾ ਪਾਈਆ । ਕੋਈ ਨਾ ਜਾਣੇ ਕਲਜੁਗ ਖੇਲ ਕਿਤਨਾ, ਸਦੀ ਸਦੀਵੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਬਿਆਸ ਕਹੇ ਮੈਂ ਵੇਖਾਂ ਉਹ ਬਸਤੀ, ਜਿਥੇ ਬਸਤਿਆਂ ਦੀ ਲੋੜ ਰਹੇ ਨਾ ਰਾਈਆ । ਤੱਕਾਂ ਉਹ ਹਸਤੀ, ਜਿਸ ਨੇ ਹਸਤ ਕੀਟ ਦਿਤੇ ਬਣਾਈਆ । ਜਿਸ ਨੂੰ ਮਾਲਕ ਕਹਿੰਦੇ ਅਰਸ਼ੀ, ਫ਼ਰਸ਼ ਉਤੇ ਆਪਣਾ ਖੇਲ ਵਖਾਈਆ । ਗ਼ਰੀਬ ਨਿਮਾਣਿਆਂ ਬਣ ਕੇ ਦਰਦੀ, ਦੀਨਾਂ ਅਨਾਥਾਂ ਆਪਣੀ ਗੋਦ ਉਠਾਈਆ । ਜਿਸ ਦੀ ਤਤ ਵਜੂਦ ਚੋਲੇ ਵਾਲੀ ਸਮਝੇ ਕੋਇ ਨਾ ਵਰਦੀ, ਫਰਜੀ ਨਜ਼ਰ ਨਾ ਕੋਇ ਟਿਕਾਈਆ । ਕਲਜੁਗ ਖੇਲ ਵੇਖੇ ਅੰਧੇਰ ਗਰਦੀ, ਗਦਾਗਰ ਹੋ ਕੇ ਆਪਣਾ ਫੇਰਾ ਪਾਈਆ । ਜਿਸ ਕੋਲੋਂ ਸਰਗੁਣ ਧਾਰ ਨਿਤ ਨਵਿਤ ਡਰਦੀ, ਗੁਰ ਅਵਤਾਰ ਪੈਗ਼ੰਬਰ ਭਾਣੇ ਵਿਚ ਸਜਦੇ ਸੀਸ ਝੁਕਾਈਆ । ਜਿਸ ਦੀ ਮੰਜ਼ਲ ਬਿਨ ਪੌੜੀ ਡੰਡੇ ਗੁਰਮੁਖ ਆਸਾ ਚੜ੍ਹਦੀ, ਅਗਲਾ ਪੈਂਡਾ ਪੰਧ ਮੁਕਾਈਆ । ਸੋ ਧਾਰ ਸਚ ਪਿਆਰ ਅੰਦਰ ਜਗਤ ਸਾਗਰ ਜਾਏ ਤਰਦੀ, ਤਾਰਨਹਾਰਾ ਦਇਆ ਕਮਾਈਆ । ਵੇਖ ਖੇਲ ਅਗੰਮੀ ਹਰਿ ਦੀ, ਖ਼ੁਸ਼ੀ ਅੰਦਰ ਰੁਚੀ ਦਿਤੀ ਬਣਾਈਆ । ਬਿਆਸ ਕਹੇ ਮੇਰੀ ਪ੍ਰੀਤੀ ਓਸ ਨਰਾਇਣ ਨਰ ਦੀ, ਜਿਸ ਨੂੰ ਨਾਰ ਪੁਰਖ ਕਹਿ ਕੇ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਜਾਣੇ ਚੋਟੀ ਜੜ੍ਹ ਦੀ, ਜਲ ਧਾਰ ਏਕੰਕਾਰ ਗੋਬਿੰਦ ਪਿਆਰ ਵਿਚ ਰਖਾਈਆ ।

★ ੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਿਹ ਪਿੰਡ ਫੱਤੂਪੁਰਾ ਜ਼ਿਲਾ ਕਪੂਰਥਲਾ ★

ਬਿਆਸ ਕਹੇ ਕਿਰਪਾ ਕਰੇ ਪੁਰਖ ਅਬਿਨਾਸ਼ਾ, ਗੋਬਿੰਦ ਧਾਰ ਦਏ ਵਡਿਆਈਆ । ਗੁਰਮੁਖ ਰਹੇ ਨਾ ਕੋਇ ਨਿਰਾਸਾ, ਆਸਾ ਮਨਸਾ ਸਭ ਦੀ ਪੂਰ ਕਰਾਈਆ । ਪੁਰਖ ਅਕਾਲ ਇਕ ਭਰਵਾਸਾ, ਪਾਰਬ੍ਰਹਮ ਸਚ ਸਰਨਾਈਆ । ਮਾਨਸ ਜਨਮ ਹੋਏ ਰਹਿਰਾਸਾ, ਚੁਰਾਸੀ ਫਾਸੀ ਗੇੜ ਕਟਾਈਆ । ਸੇਵਕ ਬਣਾਏ ਦਾਸੀ ਦਾਸਾ, ਗਹਿਰ ਗੰਭੀਰ ਬੇਨਜ਼ੀਰ ਆਪਣੀ ਦਇਆ ਕਮਾਈਆ । ਜਿਨ੍ਹਾਂ ਗੋਬਿੰਦ ਮੰਨਿਆ ਆਖਾ, ਆਖ਼ਰ ਪ੍ਰਭ ਮਿਲ ਕੇ ਖ਼ੁਸ਼ੀ ਬਣਾਈਆ । ਲੇਖਾ ਜਾਣੇ ਜੋਤੀ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੁਰਤੀ ਸ਼ਬਦੀ ਜੋੜ ਕੇ ਨਾਤਾ, ਆਤਮ ਪਰਮਾਤਮ ਗੰਢ ਰਖਾਈਆ । ਗ੍ਰਿਹ ਮੰਦਰ ਵਖਾ ਕੇ ਸਾਚਾ, ਸਚਖੰਡ ਦਵਾਰ ਦਏ ਸਮਝਾਈਆ । ਲਹਿਣਾ ਦੇਣਾ ਮੁਕਾਏ ਕਾਇਆ ਮਾਟੀ ਜੀਉ ਪਿੰਡ ਕਾਚਾ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਪੂਰਬ ਜਨਮ ਲਹਿਣਾ ਦੇਣਾ ਪੂਰਾ ਕਰ ਘਾਟਾ, ਨਾਮ ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਆਤਮ ਸੇਜ ਸੁਹੰਜਣੀ ਕਰ ਖਾਟਾ, ਖਟਕਾ ਅਗਲਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖ ਵਖਾਈਆ । ਬਿਆਸ ਕਹੇ ਗੁਰਮੁਖ ਹੋਏ ਨਾ ਕੋਇ ਬੇਮੁਖ, ਮੁਖੀਏ ਦੋ ਜਹਾਨ ਨਜ਼ਰੀ ਆਈਆ । ਆਤਮ ਪਰਮਾਤਮ ਜਿਨ੍ਹਾਂ ਮਿਲੇ ਸੱਚਾ ਸੁਖ, ਸਤਿ ਸਤਿਵਾਦੀ ਦਇਆ ਕਮਾਈਆ । ਪੰਚ ਵਿਕਾਰ ਅੰਦਰੋਂ ਕੱਢੇ ਕੁੱਟ, ਕਾਇਆ ਕੁਟੀਆ ਕਰੇ ਸਫ਼ਾਈਆ । ਸ਼ਬਦੀ ਧਾਰ ਪਏ ਫੁੱਟ, ਨਾਦ ਅਨਾਦੀ ਨਾਦ ਸੁਣਾਈਆ । ਅੰਮ੍ਰਿਤ ਨਿਝਰ ਧਾਰ ਦੇਵੇ ਘੁਟ, ਬੂੰਦ ਸਵਾਂਤੀ ਇਕ ਚਵਾਈਆ । ਪੜਦਾ ਓਹਲਾ ਰਹੇ ਨਾ ਲੁਕ, ਨੂਰ ਜਹੂਰ ਕਰੇ ਰੁਸ਼ਨਾਈਆ । ਆਵਣ ਜਾਵਣ ਜਨਮ ਮਰਨ ਲੱਖ ਚੁਰਾਸੀ ਮੇਟ ਕੇ ਦੁੱਖ, ਦਰਦ ਦੁਖ ਭੈ ਭੰਜਨ ਆਪਣੀ ਗੋਦ ਉਠਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਤਮ ਪਰਮਾਤਮ ਹੋ ਕੇ ਲਏ ਚੁੱਕ, ਚਾਰ ਕੁੰਟ ਦਹਿ ਦਿਸ਼ਾ ਝਗੜਾ ਦਏ ਮੁਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਅਗੰਮੀ ਦੱਸ ਕੇ ਤੁਕ, ਤੁਰਤ ਆਪਣੇ ਰੰਗ ਰੰਗਾਈਆ । ਸਚ ਸੁਹੰਜਣੀ ਮੌਲੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜਨ ਭਗਤ ਸੁਹੇਲਾ ਧੁਰ ਦਾ ਸੁੱਤ, ਅਬਿਨਾਸ਼ੀ ਅਚੁੱਤ ਹੋਏ ਸਹਾਈਆ । ਮਾਤ ਗਰਭ ਆਵੇ ਨਾ ਉਲਟਾ ਰੁੱਖ, ਦਸ ਦਸ ਮਾਸ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਹੋਏ ਸਹਾਈਆ । ਬਿਆਸ ਕਹੇ ਗੁਰਮੁਖ ਕੋਈ ਨਾ ਮਾਰੇ ਧਾਹ, ਧੌਲ ਧਰਮ ਦਇਆ ਦਏ ਗਵਾਹੀਆ । ਜਿਨ੍ਹਾਂ ਮਿਲਿਆ ਬੇਪਰਵਾਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨੂਰੀ ਜੋਤ ਕਰੇ ਰੁਸ਼ਨਾ, ਜਲਵਾਗਰ ਡਗਮਗਾਈਆ । ਮਹਿਬੂਬ ਬਣ ਆਪ ਖ਼ੁਦਾ, ਖ਼ੁਦਗ਼ਰਜ਼ੀ ਦਏ ਕਢਾਈਆ । ਸੂਫ਼ੀ ਸੰਤ ਫ਼ਕੀਰ ਹੋਣ ਨਾ ਦੇਵੇ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਮਨ ਵਾਸਨਾ ਪਏ ਨਾ ਕੋਈ ਵਬਾ, ਵਫ਼ਾਤ ਵਿਚੋਂ ਬਾਹਰ ਰਖਾਈਆ । ਪਰਮਾਤਮ ਹੋ ਕੇ ਕਦੇ ਨਾ ਕਰੇ ਦਗ਼ਾ, ਕੂੜਾ ਨਾਤਾ ਨਾ ਕੋਇ ਜੁੜਾਈਆ । ਜਨ ਭਗਤਾਂ ਸਦਾ ਵਧੇ ਅੱਗਾ, ਆਗਮਨ ਵਿਚ ਖ਼ੁਸ਼ੀ ਵੇਖੇ ਲੋਕਾਈਆ । ਪੁਰਖ ਅਬਿਨਾਸ਼ੀ ਮਿਹਰਵਾਨ ਮਿਹਰ ਕਰੇ ਸਦਾ, ਸਦ ਸਦ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਖੇਲ ਦੀ ਆਪੇ ਜਾਣੇ ਵਜਹ, ਵਜ਼ਾਹਤ ਵਿਚ ਸਕੇ ਨਾ ਕੋਇ ਸਮਝਾਈਆ ।

## ★ ੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਢਿਲਵਾਂ ਜ਼ਿਲਾ ਅੰਮ੍ਰਿਤਸਰ ★

ਬਿਆਸ ਕਹੇ ਮੈਂ ਆਸ ਰੱਖੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਚਾਰ ਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਗਿਆਨ ਕਥਾ ਕਹਾਣੀ ਸੁਣਦਾ ਰਿਹਾ ਸੱਚੀ, ਗੁਰ ਅਵਤਾਰ ਪੈਗ਼ੰਬਰ ਨਿਰਗੁਣ ਸਰਗੁਣ ਧਾਰ ਦਏ ਸਮਝਾਈਆ । ਰਾਹ ਤੱਕਦਾ ਰਿਹਾ ਕਵਣ ਵੇਲਾ ਪਰਮ ਪੁਰਖ ਪਰਮਾਤਮ ਵੇਖਾਂ ਆਪਣੀ ਅੱਖੀਂ, ਲੋਚਨ ਨੈਣ ਇਕੋ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਘਰ ਸਾਚੇ ਲਏ ਮਿਲਾਈਆ । ਬਿਆਸ ਕਹੇ ਮੈਂ ਤੱਕਦਾ ਰਿਹਾ ਰਾਹ, ਜੁਗ ਚੌਕੜੀ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਦੱਸਦੇ ਰਹੇ ਨਿਰਗੁਣ ਨੂਰ ਖ਼ੁਦਾ, ਜੋਤੀ ਜਾਤਾ ਸ਼ਹਿਨਸ਼ਾਹੀਆ । ਜਿਸ ਦੇ ਨਾਲੋਂ ਆਤਮ ਹੋਈ ਜੁਦਾ, ਲੱਖ ਚੁਰਾਸੀ ਵਿਚ ਸਮਾਈਆ । ਧੁਰ ਦੇ ਨਾਮ ਦੀ ਗਾਉਂਦੇ ਗਏ ਸਦਾ, ਹੋਕਾ ਢੋਲਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਿਆਸ ਕਹੇ ਮੈਂ ਵੇਖਾਂ ਭਗਤ, ਬਿਨ ਅੱਖਾਂ ਅੱਖ ਉਠਾਈਆ । ਜਿਨ੍ਹਾਂ ਅੰਤਰ ਆਤਮ ਨਿਰੰਤਰ ਇਕੋ ਸ਼ਕਤ, ਸ਼ਖ਼ਸੀਅਤ ਦਏ ਬਦਲਾਈਆ । ਨਾਤਾ ਤੋੜ ਕੂੜ ਕੁੜਿਆਰ ਜਗਤ, ਭਗਵਨ ਵਿਚ ਮਿਲ ਕੇ ਭਾਗ ਆਪਣਾ ਰਹੇ ਬਣਾਈਆ । ਜਿਸ ਧਾਰ ਦਾ ਸਮਝਿਆ ਕੋਈ ਨਾ ਅਰਥ, ਕਥਾ ਵਿਚ ਕਥਨੀ ਨਾ ਕੋਇ ਸਮਝਾਈਆ । ਕਰ ਸਕਿਆ ਕੋਈ ਨਾ ਪਰਖ, ਜਗਤ ਬੁੱਧੀ ਕੰਮ ਕਿਸੇ ਨਾ ਆਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਵਾਲੀ ਦੋ ਜਹਾਨ ਅਰਸ਼, ਫ਼ਰਸ਼ ਆਪਣਾ ਹੁਕਮ ਵਰਤਾਈਆ । ਪ੍ਰੇਮੀ ਪਿਆਰਿਆਂ ਉਤੇ ਕਰ ਕੇ ਤਰਸ, ਪ੍ਰੀਤਮ ਹੋ ਕੇ ਆਪਣਾ ਪੜਦਾ ਦਏ ਉਠਾਈਆ । ਜਨਮ ਜਨਮ ਦੀ ਕਰਮ ਕਰਮ ਦੀ ਪੂਰਬ ਮੇਟੇ ਹਰਸ, ਹਵਸ ਅਗਲੀ ਦਏ ਗਵਾਈਆ । ਲੱਖ ਚੁਰਾਸੀ ਵਿਚ ਕੋਈ ਨਾ ਪਏ ਤੜਫ, ਜਮ ਕੀ ਫਾਸੀ ਦਏ ਕਟਾਈਆ । ਸਾਹਿਬ ਸਤਿਗੁਰ ਦੀਨ ਦਿਆਲ ਦੇਵੇ ਆਪਣਾ ਦਰਸ, ਨੂਰੀ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਨਾਦ ਅਗੰਮਾ ਪਵੇ ਖੜਕ, ਤੰਦ ਸਿਤਾਰ ਨਾ ਕੋਇ ਹਿਲਾਈਆ । ਲੇਖੇ ਲਾਵੇ ਬੂੰਦ ਰਕਤ, ਮਿਹਰ ਨਜ਼ਰ ਇਕ ਉਠਾਈਆ । ਸੁਹੰਜਣਾ ਹੋਵੇ ਵਕਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਲਏ ਮਿਲਾਈਆ । ਬਿਆਸ ਕਹੇ ਮੈਂ ਵੇਖਾਂ ਭਗਤ ਸੁਹੇਲਾ ਤਰਦਾ, ਜੁਗ ਚੌਕੜੀ ਅਬਿਨਾਸ਼ੀ ਕਰਤਾ ਆਪ ਤਰਾਈਆ । ਜੋ ਨਿਰਗੁਣ ਹੋ ਕੇ ਸਰਗੁਣ ਸੰਤ ਸੁਹੇਲਾ ਫੜਦਾ, ਹਰਿਜਨ ਆਪਣੀ ਗੋਦ ਉਠਾਈਆ । ਪਰਮਾਤਮ ਹੋ ਕੇ ਆਤਮ ਵਰਦਾ, ਨਾਰ ਕੰਤ ਖੇਲ ਖਿਲਾਈਆ । ਖ਼ਾਲੀ ਭੰਡਾਰੇ ਭਰਦਾ, ਦੇਵੇ ਨਾਮ ਭੰਡਾਰਾ ਬੇਪਰਵਾਹੀਆ । ਸਾਚੀ ਮੰਜ਼ਲ ਚੜ੍ਹਦਾ, ਸਚ ਦਵਾਰਾ ਇਕੋ ਇਕ ਸਮਝਾਈਆ । ਜਿਥੇ ਦੀਪ ਅਗੰਮਾ ਬਲਦਾ, ਸੂਰਜ ਚੰਦ ਦੀ ਲੋੜ ਰਹੇ ਨਾ ਰਾਈਆ । ਦਸਮ ਦਵਾਰੀ ਤੋਂ ਅੱਗੇ ਜਨ ਭਗਤਾਂ ਆਪ ਖੜਦਾ, ਜਿਥੇ ਮੰਜ਼ਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਹਰਿਜਨ ਆਪਣੇ ਘਰ ਵਸਾਈਆ । ਬਿਆਸ ਕਹੇ ਪਰਮ ਪੁਰਖ ਦੀ ਆਦਿ ਜੁਗਾਦੀ ਰੀਤ, ਜੁਗ ਚੌਕੜੀ ਚਲੀ ਆਈਆ । ਜਨ ਭਗਤਾਂ ਦੱਸ ਪ੍ਰੀਤ, ਪਰਮ ਪੁਰਖ ਹੋ ਕੇ ਆਪਣਾ ਪੜਦਾ ਦਏ ਉਠਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਕਾਇਆ ਕਾਅਬਾ ਦੋ ਦੋਆਬਾ ਆਪਣਾ ਆਪ ਦਏ ਸਮਝਾਈਆ । ਬੈਠਾ ਰਹੇ ਸਦਾ ਅਤੀਤ,

ਤ੍ਰੈਗੁਣ ਲੇਖਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਸਾਚਾ ਗੀਤ, ਗਹਿਰ ਗੰਭੀਰ ਬੇਨਜ਼ੀਰ ਆਪਣਾ ਦਰਸ ਦਏ ਕਰਾਈਆ । ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਅਗਨੀ ਤਤ ਦਏ ਬੁਝਾਈਆ । ਮਾਣ ਵਡਿਆਈਆ ਬਖ਼ਸ਼ੇ ਹਸਤ ਕੀਟ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬਿਆਸ ਕਹੇ ਜਿਨ੍ਹਾਂ ਸਾਹਿਬ ਸਤਿਗੁਰ ਪੂਰੇ ਪਾਇਆ ਦਰਸ, ਦਾਸੀ ਦਾਸ ਨਜ਼ਰੀ ਆਈਆ । ਜਨਮ ਜਨਮ ਦੀ ਮਿਟੇ ਹਰਸ, ਹਵਸ ਦੋ ਜਹਾਨਾਂ ਦਏ ਚੁਕਾਈਆ । ਨਾਮ ਭਗਤੀ ਸਿਮਰਨ ਪੂਜਾ ਪਾਠ ਦਾ ਉਤਾਰੇ ਕਰਜ਼, ਮਕਰੂਜ਼ ਲੇਖਾ ਦਏ ਮੁਕਾਈਆ । ਕਰੇ ਖੇਲ ਆਪ ਅਸਚਰਜ, ਜਿਸ ਨੂੰ ਜਗਤ ਵਿਦਿਆ ਸਮਝ ਸਕੇ ਨਾ ਰਾਈਆ । ਗੁਰਮੁਖਾਂ ਭਗਤਾਂ ਨਾਲ ਸਦਾ ਵੰਡੇ ਦਰਦ, ਦਰਦੀਆਂ ਦੁੱਖ ਆਪਣੀ ਝੋਲੀ ਪਾਈਆ । ਆਤਮ ਪਰਮਾਤਮ ਮਿਲਣ ਦੀ ਮੰਨੇ ਸਦਾ ਅਰਜ਼, ਫ਼ਰਜ਼ ਆਪਣਾ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਿਰ ਹੱਥ ਰੱਖੇ ਨਿਰੰਕਾਰ, ਕਰਨੀ ਦਾ ਕਰਤਾ ਆਪ ਅਖਵਾਇੰਦਾ । ਦਰ ਆਇਆਂ ਦੇਵੇ ਤਾਰ, ਤਾਰਨਹਾਰ ਆਪ ਅਖਵਾਇੰਦਾ । ਅੰਦਰ ਬਾਹਰ ਗੁਪਤ ਜਾਹਰ ਸੁਣੇ ਸਰਬ ਪੁਕਾਰ, ਬਿਨਾ ਸਰਵਣ ਸੋਭਾ ਪਾਇੰਦਾ । ਭਗਤ ਵਛਲ ਬਣ ਗਿਰਧਾਰ, ਗਹਿਰ ਗੰਭੀਰ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਇਕੋ ਇਕ ਵਖਾਇੰਦਾ । ਸਤਿਗੁਰ ਦਰਸ ਦੀ ਜਿਨ੍ਹਾਂ ਲੋੜ, ਆਸਾ ਪੂਰੀ ਦਏ ਕਰਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਦੇਵੇ ਜੋੜ, ਸੁਰਤ ਸਬਦ ਨਾਲ ਮਿਲਾਈਆ । ਸਾਚੇ ਮੰਦਰ ਲਾ ਕੇ ਪੌੜ, ਨਾਮ ਡੰਡਾ ਹੱਥ ਫੜਾਈਆ । ਸਚ ਪ੍ਰੀਤੀ ਨਿਭਾ ਕੇ ਤੋੜ, ਟੁਟਿਆਂ ਲਏ ਜੁੜਾਈਆ । ਕਰ ਪਰਕਾਸ਼ ਅੰਧੇਰੇ ਘੋਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਝਗੜਾ ਮੁਕਾ ਕੇ ਪੰਜ ਚੋਰ, ਆਸਾ ਤ੍ਰਿਸ਼ਨਾ ਡੇਰਾ ਢਾਹੀਆ । ਲੇਖਾ ਮੁਕਾ ਕੇ ਮੋਰ ਤੋਰ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਦਰ ਘਰ ਠਾਂਡਾ ਇਕ ਵਖਾਈਆ । ਦਰ ਘਰ ਠਾਂਡਾ ਵੇਖੇ ਹਰਿਜਨ ਮੀਤ, ਜਿਨ੍ਹਾਂ ਆਪਣੀ ਦਇਆ ਕਮਾਇੰਦਾ । ਸਵਾਮੀ ਹੋ ਕੇ ਵਸੇ ਅੰਦਰ ਚੀਤ, ਠਗੌਰੀ ਜਗਤ ਨਾ ਕੋਇ ਬਣਾਇੰਦਾ । ਲੱਖ ਚੁਰਾਸੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਖਣਹਾਰਾ ਨੀਤ, ਜੀਵ ਜੰਤ ਸਾਧ ਸੰਤ ਹਰਿਜਨ ਹਰਿ ਹਰਿ ਪੜਦਾ ਆਪ ਚੁਕਾਇੰਦਾ । ਪਿਛਲਾ ਲੇਖਾ ਸਭ ਦਾ ਗਿਆ ਬੀਤ, ਅਗਲਾ ਲੇਖਾ ਸਮਝ ਕਿਸੇ ਨਾ ਆਇੰਦਾ । ਬਿਨ ਸਤਿਗੁਰ ਪੂਰੇ ਸਾਚੀ ਮੰਜ਼ਲ ਚੜ੍ਹਾਏ ਨਾ ਕੋਇ ਠੀਕ, ਠੀਕਰ ਭੰਨ ਨਾ ਕੋਇ ਵਖਾਇੰਦਾ । ਸਤਿਗੁਰ ਧਾਮ ਸਦਾ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਕਰ ਕਿਰਪਾ ਮਿਹਰਵਾਨ ਹੋ ਕੇ ਜਿਨ੍ਹਾਂ ਦੇਵੇ ਹਕ ਪ੍ਰੀਤ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਕਾਇਆ ਮੰਦਰ ਅੰਦਰ ਇਕ ਵਖਾਇੰਦਾ ।

੧੫੯ ੨੦

### ★ ੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਛਿੰਦੋ ਦੇ ਗ੍ਰਿਹ ਪਿੰਡ ਲਿਟਾਂ ★

ਬਿਆਸ ਕਹੇ ਮੈਂ ਵੇਖੇ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੱਖ ਖੁਲ੍ਹਾਈਆ । ਆਉਂਦੇ ਜਾਂਦੇ ਰਹੇ ਗੁਰੂ ਅਵਤਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਨਾਮ ਸੰਦੇਸ਼ਾ ਦੇ ਕੇ ਗਏ ਵਿਚ ਸੰਸਾਰ, ਸ਼ਬਦੀ ਢੋਲੇ ਸੋਹਲੇ ਰਾਗ ਅਲਾਈਆ । ਚਾਰ ਵਰਨ ਅਠਾਰਾਂ ਬਰਨ ਦੱਸਦੇ ਗਏ ਪਿਆਰ, ਆਤਮ ਪਰਮਾਤਮ ਬੋਧ ਅਗਾਧ ਕਰ ਪੜ੍ਹਾਈਆ । ਸਚ ਪ੍ਰੀਤੀ ਏਕੋ ਦੱਸਦੇ ਗਏ ਏਕੰਕਾਰ, ਨਰ ਨਿਰੰਕਾਰ ਸਭ ਦਾ ਪਿਤਾ ਮਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਰਦੇ ਗਏ ਚਰਨ ਕਵਲ ਨਿਮਸਕਾਰ, ਸਜਦਿਆਂ ਵਿਚ ਸੀਸ ਝੁਕਾਈਆ । ਕਲਮ ਸ਼ਾਹੀ ਸ਼ਾਸਤਰ ਸਿਮਰਤ ਵੇਦ ਪੁਰਾਨ ਬਣਦੇ ਗਏ ਲਿਖਾਰ, ਲਿਖਤ ਭਵਿਖਤ ਲੋਕਮਾਤ ਦਏ ਗਵਾਹੀਆ । ਨਿਤ ਨਵਿਤ ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹ ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਲੈ ਅਵਤਾਰ, ਕੂੜ ਕਲੇਸ਼ ਮਲੇਛ ਦਏ ਮਿਟਾਈਆ । ਜਿਸ ਨੂੰ ਲੱਭਦੇ ਜਲ ਥਲ ਮਹੀਅਲ ਸਾਚੀ ਧਾਰ, ਸਮੁੰਦ ਸਾਗਰ ਨੀਰ ਵਹਾਈਆ । ਸੋ ਸਵਾਮੀ ਅੰਤਰਜਾਮੀ ਆਪੇ ਜਾਣੇ ਆਪਣੀ ਕਾਰ, ਕਰਨੀ ਦਾ ਕਰਤਾ ਆਪ ਅਖਵਾਈਆ । ਦੀਨ ਦੁਨੀ ਤੋਂ ਵਸੇ ਬਾਹਰ, ਤਨ ਵਜੂਦ ਮਾਟੀ ਖ਼ਾਕ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਖੇਲ ਖਿਲਾਈਆ । ਸਤਿ ਸਤਿਵਾਦੀ ਖੇਲ ਅਪਾਰਾ, ਅਪਰੰਪਰ ਸਵਾਮੀ ਆਪ ਕਰਾਇੰਦਾ । ਜਿਸ ਨੂੰ ਝੁਕਦੇ ਗੁਰੂ ਅਵਤਾਰਾ, ਪੈਗ਼ੰਬਰਾਂ ਚਰਨਾਂ ਵਿਚ ਟਿਕਾਇੰਦਾ । ਸਦਾ ਵਸੇ ਸਚਖੰਡ ਸੱਚੇ ਦਵਾਰਾ, ਦਰਗਾਹ ਸਾਚੀ ਸੋਭਾ ਪਾਇੰਦਾ । ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਹੁਕਮੇ ਅੰਦਰ ਸਰਬ ਭਵਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਵਰਤਾਉਂਦਾ ਰਿਹਾ ਬਣ ਵਰਤਾਰਾ, ਭੇਵ ਅਭੇਦਾ ਆਪਣੇ ਵਿਚ ਛੁਪਾਇੰਦਾ । ਘਟ ਨਿਵਾਸੀ ਪੁਰਖ ਅਬਿਨਾਸ਼ੀ ਇਕ ਇਕੱਲਾ ਏਕੰਕਾਰਾ, ਪਰਵਰਦਿਗਾਰ ਸਾਂਝਾ ਯਾਰ ਹਕ ਹਕ਼ੀਕ਼ਤ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿ ਸਾਚੀ ਕਾਰ ਕਮਾਇੰਦਾ । ਸਾਚੀ ਕਾਰ ਕਰੇ ਕਰਤਾਰ, ਕੁਦਰਤ ਦਾ ਮਾਲਕ ਬੇਪਰਵਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋਤ ਕਰ ਉਜਿਆਰ, ਅੰਧ ਅੰਧੇਰਾ ਦਏ ਮਿਟਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਤਾਲ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪੁਚਾਈਆ । ਸੋਈ ਸੁਰਤੀ ਜਨ ਭਗਤ ਸੁਹੇਲੇ ਲਏ ਉਠਾਲ, ਗੁਰ ਚੇਲੇ ਜੋੜ ਜੁੜਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਰਾਓ ਰੰਕ ਇਕੋ ਘਰ ਬਹਾਈਆ । ਸ਼ਬਦ ਵਿਚੋਲਾ ਏਥੇ ਓਥੇ ਦੋ ਜਹਾਨਾਂ ਬਣਾ ਦਲਾਲ, ਸਚ ਵਣਜਾਰਾ ਇਕੋ ਦਏ ਵਖਾਈਆ । ਆਪੇ ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਵੇਖ ਵਖਾਈਆ । ਤਨ ਮਾਟੀ ਖ਼ਾਕੀ ਸਚ ਵਜੂਦ ਹਕ ਮਹਿਬੂਬ ਮੁਹੱਬਤ ਵਿਚ ਦੱਸੇ ਏਕਾ ਧਰਮਸਾਲ, ਸ਼ਿਵਦਵਾਲਾ ਮੱਠ ਮਸੀਤ ਮੰਦਰ ਵੰਡ ਨਾ ਕੋਇ ਵੰਡਾਈਆ । ਜਿਸ ਗ੍ਰਿਹਿ ਵੱਜੇ ਸ਼ਬਦ ਅਗੰਮੀ ਤਾਲ, ਤੰਦ ਸਿਤਾਰ ਨਜ਼ਰ ਕੋਇ ਨਾ ਆਈਆ । ਸੋ ਲੇਖਾ ਜਾਣੇ ਦੋ ਜਹਾਨ, ਸ੍ਰੀ ਭਗਵਾਨ ਵਡ ਵਡਿਆਈਆ । ਕਲਜੁਗ ਅੰਤ ਹੋ ਪਰਧਾਨ, ਸ਼ਬਦ ਅਗੰਮੀ ਦੇਵੇ ਇਕ ਗਿਆਨ, ਨਿਧਾਨ ਸ੍ਰਿਸ਼ਟੀ ਦ੍ਰਿਸ਼ਟੀ ਦਏ ਉਠਾਈਆ । ਸੰਤ ਸੁਹੇਲੇ ਕਰ ਪਰਵਾਨ, ਮਿਹਰਵਾਨ ਹੋਵੇ ਮਿਹਰਵਾਨ, ਪੜਦਾ ਓਹਲਾ ਕਾਇਆ ਚੋਲਾ ਦਏ ਚੁਕਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਦਵਾਰਾ ਇਕ ਦਰਸਾਈਆ । ਦਰ ਦਰਬਾਰਾ ਦੱਸ ਏਕਾ ਏਕ, ਏਕੰਕਾਰ ਦਏ ਸਮਝਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਰੱਖ ਕੇ ਗਏ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਨਾਮ ਰਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਚਖੰਡ ਨਿਵਾਸੀ ਦੋ ਜਹਾਨਾਂ ਨਿਰਗੁਣ ਸਰਗੁਣ ਰਿਹਾ ਵੇਖ, ਪੜਦਾ ਓਹਲਾ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਚੜ੍ਹ ਕੇ ਖੋਲ੍ਹੇ ਅਗੰਮਾ ਭੇਤ, ਭੇਵ ਅਭੇਦ ਆਪਣਾ ਦਏ ਜਣਾਈਆ । ਜਿਸ ਨੂੰ ਸਮਝ ਨਾ ਸਕੇ ਚਾਰ ਵੇਦ, ਸ਼ਾਸਤਰ ਸਿਮਰਤ ਕੂਕਣ ਦੇਣ ਦੁਹਾਈਆ । ਅੱਖਰਾਂ ਵਿਚ ਲਿਖਦੇ ਗਏ ਲੇਖ, ਕਾਗ਼ਜ਼ ਕਲਮ ਸ਼ਾਹੀ ਜੋੜ ਜੁੜਾਈਆ । ਬਿਨ ਸਤਿਗੁਰ ਸ਼ਬਦ ਵਸੇ ਸਾਚੇ ਕੋਈ ਨਾ ਦੇਸ, ਪਰਦੇਸੀ ਬੈਠੀ ਜਗਤ ਲੋਕਾਈਆ । ਜਿਸ ਦਰ ਤੇ ਕੋਟਨ ਕੋਟ ਝੁਕਦੇ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਸ਼ਰਅ ਨਾ ਕੋਇ ਵਖਾਈਆ । ਜਿਸ ਦਾ ਮੁੱਛ ਦਾੜ੍ਹੀ ਨਾ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਧਰਾਈਆ । ਜਿਸ ਦਾ ਸਾਚਾ ਸੁਤ ਏਕਾ ਦਸ ਦਸਮੇਸ਼, ਗੋਬਿੰਦ ਸੂਰਾ ਨਜ਼ਰੀ ਆਈਆ । ਉਸ ਦਾ ਨਾਮ ਵਿਸ਼ਾ ਵਿਸ਼ਿਆਂ ਵਿਚੋਂ ਵਿਸ਼ੇਸ਼, ਵਾਸਤਾ ਆਪਣੇ ਨਾਲ ਜੁੜਾਈਆ । ਜਿਸ ਦੀ ਮਹਿੰਮਾ ਕਰ ਨਾ ਸਕੇ ਕੋਈ ਕਤੇਬ, ਕੁਤਬਖ਼ਾਨੇ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦੀਨ ਦਿਆਲਾ ਕਲਜੁਗ ਕੂੜੀ ਕਿਰਿਆ ਮੇਟੇ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਾਗਰਤ ਜੋਤ ਜਗੇ ਪ੍ਰਭ ਏਕ, ਇਕ ਇਕੱਲਾ ਭੇਵ ਖੁਲ੍ਹਾਈਆ । ਸਚਖੰਡ ਦਵਾਰਾ ਸਮਝਾਏ ਧੁਰ ਦਾ ਸੱਚਾ ਦੇਸ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਸੰਤ ਸਾਜਨ ਸੂਫ਼ੀ ਫ਼ਕੀਰ ਸਚ ਦਵਾਰੇ ਕਰ ਕੇ ਪੇਸ਼, ਪੇਸ਼ਤਰ ਆਪਣਾ ਪੜਦਾ ਦਏ ਉਠਾਈਆ । ਜਿਸ ਦਾ ਭਵਿਖਤਾਂ ਵਿਚ ਲਿਖਤਾਂ ਵਿਚ ਲਿਖ ਕੇ ਗਏ ਲੇਖ, ਵਾਕ ਦਾ ਵਾਕਫ਼ਕਾਰ ਇਕੋ ਨਜ਼ਰੀ ਆਈਆ । ਸਾਚੇ ਸੰਤਾਂ ਕਰੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਨੂੰ ਲੱਭਦੇ ਕੋਟੀ ਕੋਟ ਕੇਤੀ ਕੇਤ, ਚਾਰ ਕੁੰਟ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਭੱਜਣ ਵਾਹੋ ਦਾਹੀਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲਾ ਦੀਨ ਦਿਆਲਾ ਸਦਾ ਵਸੇ ਜਨ ਭਗਤਾਂ ਦੇਸ, ਗੁਰਮੁਖਾਂ ਅੰਦਰ ਵੜ ਕੇ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਹੁਕਮ ਵਰਤਾਈਆ । ਹੁਕਮ ਵਰਤੇ ਆਦਿ ਜੁਗਾਦਿ, ਜੁਗ ਚੌਕੜੀ ਨਾ ਕੋਇ ਉਲਟਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਦੱਸਦੇ ਗਏ ਯਾਦ, ਸੋਹਲੇ ਢੋਲੇ ਸਿਫ਼ਤਾਂ ਵਾਲੇ ਕਲਮੇ ਨਗ਼ਮਿਆਂ ਵਿਚ ਗਾਈਆ । ਬਿਨਾ ਕੰਨ ਤੋਂ ਸੁਣਾਉਂਦੇ ਗਏ ਆਵਾਜ਼, ਧੁਨ ਆਤਮਕ ਰਾਗ ਅਲਾਈਆ । ਜਿਸ ਦੀ ਸਜਦਿਆਂ ਵਿਚ ਪੜ੍ਹਦੇ ਗਏ ਨਮਾਜ਼, ਨਮੋ ਨਮੋ ਕਰ ਕੇ ਸੀਸ ਝੁਕਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਦਲ ਦੇਵੇ ਸਮਾਜ, ਹੁਕਮ ਧੁਰ ਦਾ ਆਪ ਸੁਣਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਵੇਖਣਹਾਰ ਜੁਗਾਦਿ, ਮਧ ਆਪਣਾ ਹੁਕਮ ਹੁਕਮ ਵਿਚ ਬਦਲਾਈਆ । ਸਦੀ ਚੌਧਵੀਂ ਸੁਣਨਹਾਰਾ ਫ਼ਰਿਆਦ, ਪੀਰ ਪੈਗ਼ੰਬਰ ਜਿਸ ਦੀ ਕਰਨ ਯਾਦ, ਸੋ ਦੇਵਣਹਾਰਾ ਦਾਦ, ਵਸਤ ਅਮੋਲਕ ਅਮੁੱਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ

ਇਕ ਇਕੱਲਾ ਸ੍ਰਿਸ਼ਟ ਮਹੱਲਾ ਅਨਦ੍ਰਿਸ਼ਟ ਦਏ ਵਖਾਈਆ । ਬਿਆਸ ਕਹੇ ਮੇਰੀ ਆਸਾ ਪੁੰਨੀ, ਜੁਗ ਚੌਕੜੀ ਪੰਧ ਮੁਕਾਈਆ । ਪਰਵਰਦਿਗਾਰ ਸਾਂਝੇ ਯਾਰ ਪੁਰਖ ਅਕਾਲ ਪੁਕਾਰ ਸੁਣੀ, ਸਤਿ ਸਤਿਵਾਦੀ ਮਿਲਿਆ ਚਾਈਂ ਚਾਈਆ । ਭਾਗ ਲਗਾਇਆ ਸਾਚੇ ਮੰਦਰ ਧੁਰ ਦੇ ਗ੍ਰਹਿ ਅਗੰਮੀ ਕੁੱਲੀ, ਛੱਪਰ ਛੰਨ ਨਜ਼ਰ ਕਿਸੇ ਨਾ ਆਈਆ । ਜਿਸ ਦੀ ਕੀਮਤ ਗ਼ਨੀਮਤ ਵਿਚ ਅਨਮੁੱਲੀ, ਸ਼ਾਹ ਪਾਤਸ਼ਾਹ ਜਗਤ ਸਕੇ ਨਾ ਕੋਇ ਚੁਕਾਈਆ । ਜਨ ਭਗਤ ਨਾਰ ਵਿਚ ਸੰਸਾਰ ਜੁਗ ਚਾਰ ਜਿਸ ਕਦੇ ਨਾ ਭੁੱਲੀ, ਅਭੁੱਲ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਇਕੋ ਇਕ ਦਰਸਾਈਆ । ਸਚ ਸਿੰਘਾਸਣ ਗੁਰਮੁਖ ਆਤਮ ਗ੍ਰਹਿ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਘਰ ਸਵਾਮੀ ਠਾਕਰ ਹੋ ਕੇ ਬਹੇ, ਨਿਰਗੁਣ ਜੋਤੀ ਜਾਤਾ ਡਗਮਗਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਹੋਵੇ ਲਯ, ਮਰਨ ਜਨਮ ਵਿਚ ਗੇੜ ਨਾ ਕੋਇ ਭਵਾਈਆ । ਆਪਣਾ ਭਾਣਾ ਆਪੇ ਸਹੇ, ਸਾਹਿਬ ਸਤਿਗੁਰ ਬੇਪਰਵਾਹੀਆ । ਸ਼ਬਦੀ ਹੁਕਮ ਗੁਰਮੁਖਾਂ ਸਚ ਕਹੇ, ਬਿਨ ਰਸਨਾ ਜਿਹਵਾ ਬੱਤੀ ਦੰਦ ਆਪ ਸੁਣਾਈਆ । ਧੰਨ ਸੁਭਾਗ ਜਿਸ ਕਾਇਆ ਮੰਦਰ ਅੰਦਰ ਜਗਿਆ ਚਿਰਾਗ਼ ਪੁਰਖ ਅਕਾਲਾ ਦੀਨ ਦਿਆਲਾ ਤਿਸ ਦਵਾਰੇ ਵਸੇ ਗ੍ਰਹਿ, ਘਟ ਭੀਤਰ ਸੋਭਾ ਪਾਈਆ । ਜਿਸ ਦਾ ਭੇਵ ਜਾਣੇ ਨਾ ਕੋਈ ਸ਼ਕਤੀ (ਸ਼ਵੈ), ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਘਰਾਨਾ ਸ੍ਰੀ ਭਗਵਾਨਾ ਇਕੋ ਇਕ ਸੁਹਾਈਆ । ਸਚ ਘਰਾਨਾ ਗੁਰਮੁਖ ਘਰ, ਕਾਇਆ ਮਾਟੀ ਸਾਢੇ ਤਿੰਨ ਹੱਥ ਸੋਭਾ ਪਾਈਆ । ਜਿਥੇ ਵਸੇ ਨਰਾਇਣ ਨਰ, ਨਾਰੀ ਪੁਰਖ ਰੂਪ ਨਜ਼ਰ ਕੋਇ ਨਾ ਆਈਆ । ਦਿਆਲ ਹੋ ਕੇ ਕਿਰਪਾਲ ਹੋ ਕੇ ਸੁਰਤੀ ਲਏ ਫੜ, ਸ਼ਬਦੀ ਜੋੜ ਜੁੜਾਈਆ । ਸਾਚੇ ਮੰਦਰ ਸਵਾਮੀ ਅੰਤਰਜਾਮੀ ਹੋ ਕੇ ਜਾਏ ਚੜ੍ਹ, ਅੱਗੇ ਹੋ ਨਾ ਕੋਇ ਅਟਕਾਈਆ । ਅੰਮ੍ਰਿਤ ਵਖਾਏ ਆਤਮ ਪਰਮਾਤਮ ਸਾਚਾ ਸਰ, ਝਿਰਨਾ ਅਗੰਮੀ ਆਪ ਝਿਰਾਈਆ । ਨਿਰਗੁਣ ਨਿਰਗੁਣ ਲਏ ਵਰ, ਸਰਗੁਣ ਵੱਜੇ ਤਤ ਵਧਾਈਆ । ਸਚ ਦਵਾਰ ਏਕੰਕਾਰ ਨਿਰਗੁਣ ਧਾਰ ਆਪੇ ਖੜ, ਪੜਦਾ ਓਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਭਗਤ ਭਗਵਾਨ ਖੇਲ ਰਿਹਾ ਕਰ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਪ੍ਰਿਤਪਾਲਕ ਖ਼ਾਲਕ ਆਲਸ ਨਿੰਦਰਾ ਵਿਚੋਂ ਸੰਤ ਸੁਹੇਲਾ ਬਾਹਰ ਕਢਾਈਆ ।

## ★ ੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਗੁਰਚਰਨ ਸਿੰਘ ਦੇ ਗ੍ਰਹਿ ਪਿੰਡ ਪੰਡੋਰੀ ਜ਼ਿਲਾ ਕਪੂਰਥਲਾ ★

ਬਿਆਸ ਕਹੇ ਮੇਰਾ ਲੇਖਾ ਵੇਦ ਵਿਆਸ, ਵੇਦਾਂ ਤੋਂ ਪਰ੍ਹੇ ਪੜ੍ਹਾਈਆ । ਜਿਥੇ ਬੁੱਧੀ ਕਰੇ ਨਾ ਕੋਇ ਕਿਆਸ, ਵਿਦਿਆ ਚੱਲੇ ਨਾ ਕੋਇ ਚਤੁਰਾਈਆ । ਨਜ਼ਰ ਆਵੇ ਨਾ ਕਿਸੇ ਸ਼ਾਖ਼, ਸ਼ਨਾਖ਼ਤ ਜਗਤ ਨਾ ਕੋਇ ਕਰਾਈਆ । ਖ਼ੋਜ ਕਰੇ ਨਾ ਮਾਟੀ ਖ਼ਾਕ, ਖ਼ਲਕ ਪੜਦਾ ਨਾ ਕੋਇ ਉਠਾਈਆ । ਮੈਂ ਓਸ ਦਾ ਹੋਇਆ ਦਾਸ, ਲੱਖ ਚੁਰਾਸੀ ਦਾਸੀ ਜਿਸ ਦੀ ਨਜ਼ਰੀ ਆਈਆ । ਦੋ ਜਹਾਨਾਂ ਨਿਰਗੁਣ ਸਰਗੁਣ ਪਾਵੇ ਰਾਸ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪਣੀ ਰਚਨ ਰਚਾਈਆ । ਆਤਮ ਪਰਮਾਤਮ ਸਭ ਨੂੰ ਦੇਵੇ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਸਦਾ

ਸੁਹੇਲਾ ਇਕ ਇਕੇਲਾ ਹੋ ਕੇ ਵਸੇ ਸਾਥ, ਜੁਗ ਚੌਕੜੀ ਵਿਛੜ ਕਦੇ ਨਾ ਜਾਈਆ । ਜਿਸ ਦੀ ਮਹਿੰਮਾ ਗੁਰ ਅਵਤਾਰ ਪੈਗੰਬਰ ਭਵਿਖਤਾਂ ਵਿਚ ਗਏ ਆਖ, ਸ਼ਬਦ ਸੰਦੇਸ਼ਾ ਨਾਮ ਜਣਾਈਆ । ਤਿਸ ਦਾ ਦਰਸ਼ਨ ਤੱਕਾਂ ਸਾਖਿਆਤ, ਸਖ਼ੀ ਸੁਲਤਾਨ ਬੇਪਰਵਾਹ ਨਜ਼ਰੀ ਆਈਆ । ਜਿਸ ਦੀ ਸਮਝੇ ਕੋਇ ਨਾ ਜਾਤ, ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਿਫ਼ਤ ਕਰ ਨਾ ਸਕੇ ਕੋਈ ਕਲਮ ਦਵਾਤ, ਕਾਗ਼ਜ਼ ਚਲੇ ਨਾ ਕੋਇ ਚਤੁਰਾਈਆ । ਜਿਸ ਦੀ ਸਜਦਿਆਂ ਵਿਚ ਪੜ੍ਹਨ ਨਮਾਜ਼, ਨਿਮਸਕਾਰ ਕਰ ਕੇ ਸੀਸ ਝੁਕਾਈਆ । ਸੋ ਸਾਹਿਬ ਸੁਲਤਾਨਾ ਹੋ ਮਿਹਰਵਾਨਾ ਮੇਰਾ ਖੋਲ੍ਹੇ ਅੰਦਰੋਂ ਰਾਜ਼, ਪੜਦਾ ਦਏ ਚੁਕਾਈਆ । ਜੁਗ ਚੌਕੜੀ ਚਲਾਵਣਹਾਰਾ ਜਹਾਜ਼, ਨਈਆ ਨੌਕਾ ਆਪਣੇ ਹੱਥ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਵੇਖੇ ਖੇਲ ਤਮਾਸ਼, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਖੇਲ ਖਿਲਾਈਆ । ਪੰਡਤ ਪਾਂਧਾ ਲਾ ਨਾ ਸਕੇ ਕੋਈ ਹਿਸਾਬ, ਗ੍ਰਹਿ ਨਛੱਤਰਾਂ ਵਿਚ ਵੰਡ ਨਾ ਕੋਇ ਵੰਡਾਈਆ । ਸ਼ਾਸਤਰ ਸਿਮਰਤ ਰਹੇ ਆਖ, ਆਖ਼ਰ ਏਕੋ ਸਭ ਦਾ ਪਿਤਾ ਮਾਈਆ । ਸੋ ਕਲਜੁਗ ਮੇਟੇ ਅੰਧੇਰੀ ਰਾਤ, ਰੈਣ ਅੰਧ ਦਏ ਗਵਾਈਆ । ਆਤਮ ਪਰਮਾਤਮ ਦੱਸੇ ਸਭ ਨੂੰ ਗਾਥ, ਢੋਲਾ ਸੋਹਲਾ ਇਕੋ ਇਕ ਪੜ੍ਹਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਹੋ ਕੇ ਵਸੇ ਸਾਥ, ਸਗਲਾ ਸੰਗ ਦੋ ਜਹਾਨ ਸ੍ਰੀ ਭਗਵਾਨ ਆਪ ਨਿਭਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਸਿਮਰਨ ਪੂਜਾ ਪਾਠ, ਜੋਗ ਅਭਿਆਸ ਤਤ ਸਾਧਨ ਦਏ ਦ੍ਰਿੜਾਈਆ । ਝਗੜਾ ਰਹੇ ਨਾ ਦੀਨ ਦੁਨੀ ਕਾਇਨਾਤ, ਕਲਮਾ ਨਬੀ ਰਸੂਲਾਂ ਆਪ ਸਮਝਾਈਆ । ਭਗਤ ਭਗਵਾਨ ਦੀ ਬਣੇ ਇਕ ਜਮਾਤ, ਦੂਸਰ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਖੁਲ੍ਹਾਈਆ । ਸਚ ਦਵਾਰਾ ਖੋਲ੍ਹੇ ਪੁਰਖ ਸਮਰਥ, ਕਲਜੁਗ ਅੰਤ ਦਇਆ ਕਮਾਈਆ । ਜਨ ਭਗਤ ਸੁਹੇਲੇ ਗੁਰਮੁਖ ਗੁਰਸਿਖ ਹਰਿਜਨ ਖੋਲ੍ਹੇ ਅੰਤਰ ਅੱਖ, ਨਿਰੰਤਰ ਪੜਦਾ ਦਏ ਉਠਾਈਆ । ਮਨ ਕਾਮਨਾ ਕਰ ਕੇ ਵੱਸ, ਮਨਸਾ ਆਪਣੇ ਨਾਲ ਮਿਲਾਈਆ । ਨਿਝਰ ਧਾਰਾ ਅੰਮ੍ਰਿਤ ਦੇ ਕੇ ਰਸ, ਰਸਤਾ ਅਗਲਾ ਦਏ ਵਖਾਈਆ । ਕੂੜੀ ਕਿਰਿਆ ਵਿਕਾਰ ਹੰਕਾਰ ਕਰ ਕੇ ਭੱਠ, ਭਾਂਡਾ ਭਰਮ ਦਏ ਭੰਨਾਈਆ । ਝਗੜਾ ਮੁਕਾ ਕੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਤੋਂ ਪਰੇ ਕਰੇ ਪੜ੍ਹਾਈਆ । ਸ਼ਬਦ ਸੁਣਾਏ ਅਗੰਮੀ ਧੁਨ ਅਨਾਦ ਅਨਹਦ, ਅਨਾਹਤ ਆਪਣਾ ਭੇਵ ਚੁਕਾਈਆ । ਆਤਮ ਪਰਮਾਤਮ ਸਚ ਦਵਾਰੇ ਕਰਾਏ ਹੱਜ, ਬਿਨ ਕਾਅਬਿਉਂ ਮਹਿਰਾਬ ਆਪਣੀ ਆਪ ਵਡਿਆਈਆ । ਜੋਤੀ ਦੀਪਕ ਜਨ ਭਗਤਾਂ ਅੰਦਰ ਜਾਏ ਜਗ, ਸੂਫ਼ੀ ਸੰਤ ਫ਼ਕੀਰ ਡਗਮਗਾਈਆ । ਤ੍ਰੈਗੁਣ ਮਾਇਆ ਬੁਝਾਏ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਹੰਸ ਬਣਾਏ ਫੜ ਕੇ ਕਗ, ਸੋਹੰ ਹੰਸਾ ਜਾਪ ਜਪਾਈਆ । ਲੇਖਾ ਜਾਣੇ ਜੀਵ ਅਲਪਗ, ਸਰਬਗ ਦਾਤਾ ਬੇਪਰਵਾਹੀਆ । ਜੁਗ ਜਨਮ ਦੇ ਵਿਛੜੇ ਕਰਮਾਂ ਅੰਦਰ ਰਹਿਣ ਨਾ ਦੇਵੇ ਅਲਗ, ਨਿਹਕਰਮੀ ਹੋ ਕੇ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਮੇਲਣ ਦਾ ਸ਼ਬਦੀ ਬਣ ਸਬਬ, ਸੁਰਤੀ ਸਤਿ ਨਾਲ ਜੁੜਾਈਆ । ਇਕੋ ਦੇ ਕੇ ਬ੍ਰਹਮ ਮਤ, ਭੇਵ ਦਏ ਖੁਲ੍ਹਾਈਆ । ਹਰਿਜਨ ਸਾਚੇ ਸੰਤ ਮੇਲ ਮਿਲਾ ਕੇ ਨਾਲ ਸਚ, ਸਚ ਸੁਚ ਸੰਜਮ ਇਕ ਦ੍ਰਿੜਾਈਆ । ਭਾਗ ਲੱਗੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਿਸ ਦੀ ਮਹਿੰਮਾ ਸਦਾ ਅਕਥ, ਕਥਨੀ ਕਥ ਨਾ ਸਕੇ ਰਾਈਆ ।

★ ੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਗਿਆਨ ਸਿੰਘ ਦੇ ਗ੍ਰਿਹਿ ਪਿੰਡ ਸੁਰਖ਼ਪੁਰ ਜ਼ਿਲਾ ਕਪੂਰਥਲਾ ★

ਬਿਆਸ ਕਹੇ ਗੁਰਮੁਖ ਬੇਆਸ ਕੋਈ ਨਾ ਰਹਿਣਾ, ਨਵ ਨੌ ਚਾਰ ਵੱਜੇ ਵਧਾਈਆ । ਨਿਜ ਨੇਤਰ ਲੋਚਨ ਦਰਸ਼ਨ ਪਾਏ ਅਗੰਮੀ ਨੈਣਾਂ, ਜਗਤ ਅੱਖ ਪਰਤੱਖ ਮਿਲੇ ਗੋਸਾਈਆ । ਸਤਿਗੁਰ ਸ਼ਬਦ ਜਿਸ ਧੁਰ ਦਾ ਮੰਨਿਆ ਕਹਿਣਾ, ਹੁਕਮੇ ਅੰਦਰ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਤਿਨ੍ਹਾਂ ਚੁਕਾਏ ਪੂਰਬ ਲਹਿਣਾ, ਲਹਿਣੇਦਾਰ ਦੇਣੇਦਾਰ ਹਰਿ ਨਿਰੰਕਾਰ ਇਕੋ ਇਕ ਅਖਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਅੰਦਰ ਭਾਣਾ ਸਭ ਨੇ ਸਹਿਣਾ, ਚਾਰ ਵਰਨ ਅਠਾਰਾਂ ਬਰਨ ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਵਰਤਾਈਆ । ਬਿਆਸ ਕਹੇ ਜਨ ਭਗਤਾਂ ਰਹੇ ਕੋਇ ਨਾ ਬਿਪਤਾ, ਬਿਪਰੀਤ ਨਾ ਕੋਇ ਕਮਾਈਆ । ਜਿਨ੍ਹਾਂ ਦਾ ਲੇਖਾ ਪੁਰਖ ਅਕਾਲ ਲਿਖਦਾ, ਲੇਖਾ ਲਾਵੇ ਥਾਉਂ ਥਾਈਆ । ਸੋ ਰੂਪ ਸਤਿ ਸਰੂਪ ਬਣੇ ਧੁਰ ਦੇ ਸਿੱਖ ਦਾ, ਸਿਖਿਆ ਗੋਬਿੰਦ ਸ਼ਬਦ ਸਚ ਦ੍ਰਿੜਾਈਆ । ਝਗੜਾ ਮੁੱਕੇ ਆਵਣ ਜਾਵਣ ਲੱਖ ਚੁਰਾਸੀ ਨਿਤ ਦਾ, ਰਾਏ ਧਰਮ ਨਾ ਦਏ ਸਜ਼ਾਈਆ । ਇਸ਼ਟ ਨਜ਼ਰੀ ਆਏ ਦ੍ਰਿਸ਼ਟ ਅੰਦਰ ਪੁਰਖ ਅਕਾਲ ਇਕ ਦਾ, ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਜਲਵਾ ਨੂਰ ਖ਼ੁਦਾਈਆ । ਚਾਰ ਕੁੰਟ ਦਹਿ ਦਿਸ਼ਾ ਬਿਨ ਦੀਦਿਆਂ ਦਿਸਦਾ, ਗਹਿਰ ਗੰਭੀਰ ਬੇਨਜ਼ੀਰ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਮੇਲਾ ਲਏ ਮਿਲਾਈਆ । ਹਰਿਜਨ ਮੇਲਾ ਕਰੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਕੋਟ ਜਨਮ ਦੇ ਮੇਟ ਸੰਤਾਪ, ਤਾਪ ਤੀਨੋਂ ਡੇਰਾ ਢਾਹਿੰਦਾ । ਜਨਮ ਕਰਮ ਦਾ ਲੇਖਾ ਕਰ ਮੁਆਫ਼, ਮੁਫ਼ਤ ਆਪਣਾ ਰੰਗ ਚੜ੍ਹਾਇੰਦਾ । ਮਨੂਆ ਰਹਿਣ ਨਾ ਦੇਵੇ ਗੁਸਤਾਖ਼, ਸ਼ਬਦੀ ਹੁਕਮ ਨਾਲ ਸਮਝਾਇੰਦਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਂਝਾ ਦੱਸ ਕੇ ਜਾਪ, ਜਗਜੀਵਣ ਦਾਤਾ ਜਗਤ ਜੁਗਤ ਆਪ ਸਮਝਾਇੰਦਾ । ਸ਼ਬਦ ਅਗੰਮੀ ਸੁਣਾ ਨਾਦ, ਧੁਨ ਆਤਮਕ ਰਾਗ ਅਲਾਇੰਦਾ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦੂਰ ਕਰਾਇੰਦਾ । ਸਾਚੇ ਮੰਡਲ ਵਖਾ ਰਾਸ ਨਿਰਗੁਣ ਨਿਰਗੁਣ ਗੋਪੀ ਕਾਹਨ ਆਪਣਾ ਨਾਚ ਨਚਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਇਕ ਇਕੱਲਾ ਕਰ ਨਿਵਾਸ, ਸਚ ਸਿੰਘਾਸਣ ਸ਼ਾਹੋ ਸ਼ਾਬਾਸ਼ ਸੋਭਾ ਪਾਇੰਦਾ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਨਿਰੰਤਰ ਮੰਤਰ ਆਪਣਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸਾਚੀ ਕਰਨੀ ਕਾਰ ਕਮਾਇੰਦਾ । ਬਿਆਸ ਕਹੇ ਗੁਰਮੁਖ ਸੱਜਣ ਸਾਚੇ ਉਠ, ਲੋਕਮਾਤ ਲੈ ਅੰਗੜਾਈਆ । ਸਚ ਦਵਾਰੇ ਝੁਕ, ਬਿਨ ਕਦਮਾਂ ਸੀਸ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਜਾਵੇ ਤੁਠ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਤਕਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਜੜ੍ਹ ਆਪਣੇ ਲੇਖੇ ਪਾਈਆ । ਅੰਮ੍ਰਿਤ ਜਾਮ ਪਿਆ ਘੁਟ, ਨਿਝਰ ਧਾਰਾ ਦਏ ਵਹਾਈਆ । ਜੋਤੀ ਨੂਰ ਆਵੇ ਫੁੱਟ, ਰਵ ਸਸ ਦੀ ਲੋੜ ਰਹੇ ਨਾ ਰਾਈਆ । ਮਾਨਸ ਜਨਮ ਭਾਗ ਨਾ ਜਾਏ ਨਿਖੁਟ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਹਰਿ ਸੰਤ ਸੁਹੇਲਾ ਬਣਾ ਕੇ ਆਪਣਾ ਸੁੱਤ, ਸਚ ਦਵਾਰਾ ਇਕ ਵਖਾਈਆ । ਜਿਥੇ ਰਹੇ ਨਾ ਓਹਲਾ ਲੁਕ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਆਵਣ ਜਾਵਣ ਪੈਂਡਾ ਜਾਏ ਮੁੱਕ, ਮੁਕੰਮਲ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਏਕੰਕਾਰ ਇਕ ਇਕੱਲਾ ਧੁਰ ਦਾ ਮਹੱਲਾ ਆਪ ਸੁਹਾਈਆ । ਧੁਰ ਮਹੱਲ ਵੇਖ ਅਥਾਹ, ਹਰਿਜਨ ਸਚ ਖ਼ੁਸ਼ੀ ਵਖਾਈਆ । ਜਿਥੇ ਮਿਲੇ ਇਕ ਮਲਾਹ, ਬੇੜਾ ਨਈਆ ਨੌਕਾ ਆਪਣੇ ਕੰਧ ਉਠਾਈਆ । ਧੁਰ ਦਾ ਸ਼ਬਦ ਦੇਵੇ ਸਲਾਹ, ਅੱਖਰੀਂ ਵੰਡ ਨਾ ਕੋਇ ਵੰਡਾਈਆ । ਜਨਮ ਜਨਮ ਦੇ ਬਖ਼ਸ਼ ਗੁਨਾਹ, ਗ਼ੁਰਬਤ ਅੰਦਰੋਂ ਦਏ ਕਢਾਈਆ । ਸਚ ਦ੍ਰਿੜਾ ਕੇ ਹਰਿ ਕਾ ਨਾਂ, ਨਾਉਂ ਨਿਰੰਕਾਰ ਦਏ ਸਮਝਾਈਆ । ਗ਼ਰੀਬ ਨਿਮਾਣਿਆਂ ਦੇ ਕੇ ਸਾਚਾ ਥਾਂ, ਸਚ ਦਵਾਰ ਦਏ ਟਿਕਾਈਆ । ਧੁਰ ਦਰਗਾਹੀ ਬਣ ਕੇ ਪਿਤਾ ਮਾਂ, ਪੂਤ ਸਪੂਤੇ ਆਪਣੀ ਗੋਦ ਉਠਾਈਆ । ਸਦਾ ਸੁਹੇਲਾ ਇਕ ਇਕੇਲਾ ਏਕੰਕਾਰ ਦੇਵੇ ਦੋ ਜਹਾਨਾਂ ਠੰਡੀ ਛਾਂ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਹਕ ਅਦਾਲਤ ਕਰੇ ਸਚ ਨਿਆਂ, ਹੁਕਮ ਧੁਰ ਦਾ ਆਪ ਸਮਝਾਈਆ ।

★ ੧੦ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਬੰਤ ਕੌਰ ਦੇ ਗ੍ਰਿਹ ਪਿੰਡ ਦਰੀਏਵਾਲ ਜ਼ਿਲਾ ਕਪੂਰਥਲਾ ★

ਬਿਆਸ ਕਹੇ ਮੇਰਾ ਅੰਮ੍ਰਿਤ ਰੂਪ ਜਲ ਨੀਰ, ਪਾਣੀ ਕਹੇ ਜਗਤ ਲੋਕਾਈਆ । ਚਾਰ ਜੁਗ ਕਿਸੇ ਨਾ ਦਿਤੀ ਧੀਰ, ਵਹਿਣਾਂ ਵਿਚ ਭੱਜਾ ਵਾਹੋ ਦਾਹੀਆ । ਪੁਰਖ ਅਕਾਲ ਦੀਨ ਦਿਆਲ ਤੱਕਦਾ ਰਿਹਾ ਬੇਨਜ਼ੀਰ, ਬਿਨ ਅੱਖਾਂ ਅੱਖ ਮਿਲਾਈਆ । ਸਮਝ ਆ ਨਾ ਸਕੀ ਓਸ ਦੀ ਤਸਵੀਰ,
੧੯੪ ਤਸੱਵਰ ਨਾ ਕੋਇ ਕਰਾਈਆ । ਕੁਛ ਆਸ਼ਾ ਰੱਖੀ ਕਬੀਰ, ਅੰਤਰ ਧਿਆਨ ਲਗਾਈਆ । ਗੰਗਾ ਕਟੇ ਜ਼ੰਜੀਰ, ਸ਼ਮਸ਼ੀਰ ਬੇਪਰਵਾਹੀਆ । ੧੯੪
ਬੇਨੰਤੀ ਕੀਤੀ ਅਖ਼ੀਰ, ਆਖ਼ਰ ਦਿਤਾ ਦ੍ਰਿੜਾਈਆ । ਕਲਜੁਗ ਅੰਤ ਬਦਲੇ ਤੇਰੀ ਤਕਦੀਰ, ਤਦਬੀਰ ਦਿਤੀ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਬਿਆਸ ਕਹੇ ਮੈਂ ਕਦੇ ਨਾ ਹੋਇਆ ਬੇਆਸਾ, ਕਦੀਮ ਤੋਂ ਕਦਮ ਧਿਆਨ ਲਗਾਈਆ । ਗੁਰ ਅਵਤਾਰ ਦੇ ਕੇ ਗਏ ਭਰਵਾਸਾ, ਯਕੀਨ ਇਕੋ ਇਕ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਵੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਅਵਿਨਾਸ਼ੀ ਆਪਣਾ ਵੇਸ ਵਟਾਈਆ । ਦੋ ਜਹਾਨ ਵੇਖੇ ਖੇਲ ਤਮਾਸ਼ਾ, ਕਰਨੀ ਦਾ ਕਰਤਾ ਆਪਣਾ ਖੇਲ ਖਿਲਾਈਆ । ਤੇਰਾ ਪੂਰਾ ਕਰੇ ਘਾਟਾ, ਪੂਰਬ ਲਹਿਣਾ ਝੋਲੀ ਪਾਈਆ । ਜਨ ਭਗਤਾਂ ਮਾਣ ਵਡਿਆਈ ਦੇ ਵਿਚ ਦੋਆਬਾ, ਸਤਲੁਜ ਪੜਦਾ ਦਏ ਉਠਾਈਆ । ਸਚ ਮਹਿਰਾਬ ਉਪਜਾ ਅਗੰਮਾ ਕਾਅਬਾ, ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਆਪਣਾ ਹੁਕਮ ਵਰਤਾਵੇ ਇਕ, ਏਕੰਕਾਰ ਵੱਡੀ ਵਡਿਆਈਆ । ਜਨ ਭਗਤ ਸੁਹੇਲੇ ਸੰਤ ਬਣਾਏ ਧੁਰ ਦੇ ਸਿੱਖ, ਸਿਖਿਆ ਸਿੱਖੀ ਇਕ ਦ੍ਰਿੜਾਈਆ । ਨਿਹਕਰਮੀ ਹੋ ਕੇ ਲੇਖਾ ਦਏ ਲਿਖ, ਲਿਖਤ ਭਵਿਖਤ ਨਾਲ ਵਡਿਆਈਆ । ਸਚ ਪ੍ਰੇਮ ਦੀ ਬਖ਼ਸ਼ ਕੇ ਸਿਕ, ਸਿਖ਼ਰ ਚੋਟੀ ਦਏ ਚੜ੍ਹਾਈਆ । ਸਦ ਦੇਵੇ ਦਰਸ਼ਨ ਨਿਤ, ਨਵਿਤ ਵੇਖ ਵਖਾਈਆ । ਧੁਰ ਦਾ ਮਾਲਕ ਬਣ ਕੇ ਪਿਤ, ਪਤਿਪਰਮੇਸ਼ਵਰ ਹੋਏ ਸਹਾਈਆ । ਨਿਰਗੁਣ ਧਾਰ ਖੇਲ ਅਨਡਿੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਈਆ । ਬਿਆਸ ਕਹੇ ਮੈਂ ਆਸਾਵੰਦ, ਜੁਗ ਚੌਕੜੀ

ਧਿਆਨ ਲਗਾਈਆ । ਹੁਕਮੇ ਅੰਦਰ ਹੋ ਪਾਬੰਦ, ਭੱਜਾਂ ਵਾਹੋ ਦਾਹੀਆ । ਢੋਲਾ ਗਾਉਂਦਾ ਰਿਹਾ ਛੰਦ, ਮੈਂ ਤੇਰਾ ਤੂੰ ਮੇਰਾ ਧੁਰ ਦਾ ਮਾਹੀਆ । ਮੰਗਦਾ ਰਿਹਾ ਸੰਗ, ਨਿਉਂ ਨਿਉਂ ਸੀਸ ਝੁਕਾਈਆ । ਅਬਿਨਾਸ਼ੀ ਕਰਤੇ ਦੇਣਾ ਇਕ ਅਨੰਦ, ਸੁੱਖ ਸਾਗਰ ਤੇਰੀ ਬੇਪਰਵਾਹੀਆ । ਖ਼ੁਸ਼ੀ ਕਰਾਉਣਾ ਬੰਦ ਬੰਦ, ਬੰਦਗੀ ਆਪਣੀ ਇਕ ਦ੍ਰਿੜਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਚੌਕੜੀ ਗਈ ਲੰਘ, ਕਲਜੁਗ ਕੂੜੀ ਕਿਰਿਆ ਅੰਤ ਦਏ ਦੁਹਾਈਆ । ਭੇਵ ਖੁਲਾਉਣਾ ਪਾਰਬ੍ਰਹਮ ਬ੍ਰਹਮ ਹੰ, ਹਮ ਸਾਜਨ ਹੋ ਕੇ ਆਪਣਾ ਮੇਲ ਮਿਲਾਈਆ । ਸ਼ਰਅ ਰਹੇ ਨਾ ਕੋਈ ਦਵੈਤੀ ਕੰਧ, ਕੂੜ ਕੁਟੰਬ ਦੇਣਾ ਮੁਕਾਈਆ । ਆਤਮ ਨਾਤਾ ਆਪਣੇ ਨਾਲ ਗੰਢ, ਪਰਮਾਤਮ ਹੋ ਕੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸਾਚਾ ਰੰਗ ਦੇ ਅਪਾਰ, ਅਪਰੰਪਰ ਦਰ ਤੇਰੇ ਮੰਗ ਮੰਗਾਈਆ । ਸਾਚਾ ਬਖ਼ਸ਼ ਦੀਦਾਰ, ਨਿਜ ਨੇਤਰ ਅੱਖ ਖੁਲ੍ਹਾਈਆ । ਜੁਗ ਚੌਕੜੀ ਬੀਤੇ ਵਾਰੋ ਵਾਰ, ਕਲਜੁਗ ਅੰਤਮ ਗਿਆ ਆਈਆ । ਸ਼ਾਸਤਰ ਸਿਮਰਤ ਗਏ ਹਾਰ, ਵੇਦ ਪੁਰਾਨ ਦੇਣ ਦੁਹਾਈਆ । ਖਾਣੀ ਬਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਅੱਠ ਸੱਠ ਤੀਰਥ ਉਚੀ ਕਰਨ ਪੁਕਾਰ, ਦਰੋਹੀ ਤੇਰਾ ਨਾਮ ਖ਼ੁਦਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਨਰ ਨਰਾਇਣ ਤੇਰੀ ਵਡਿਆਈਆ । ਸੰਤ ਸੁਹੇਲੇ ਲੈ ਉਠਾਲ, ਗੁਰਮੁਖ ਗੋਦ ਉਠਾਈਆ । ਉਠ ਵੇਖ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਸਾਂਝਾ ਮੰਨ ਸਵਾਲ, ਦਵੈਤ ਭਾਵ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਸ ਸਦਾ ਨਾਲ, ਨਾਲਸ਼ ਅੰਦਰੋਂ ਦੇ ਮਿਟਾਈਆ । ਬਿਆਸ ਕਹੇ ਮੇਰੀ ਆਸਾ ਪੂਰੀ, ਪ੍ਰਭ ਮਿਲਿਆ ਬੇਪਰਵਾਹੀਆ । ਨਾਤਾ ਛੁੱਟੇ ਦੁਨੀਆ ਕੂੜੀ, ਸ੍ਰਿਸ਼ਟੀ ਸੰਗ ਤਜਾਈਆ । ਬੁਧ ਨਾ ਰਹੇ ਮੂੜ੍ਹੀ, ਚੰਚਲ ਮਨ ਨਾ ਕੋਇ ਚਤੁਰਾਈਆ । ਇਕੋ ਲੈ ਕੇ ਚਰਨ ਧੂੜੀ, ਮਸਤਕ ਟਿੱਕਾ ਖ਼ਾਕ ਰਮਾਈਆ । ਰੰਗ ਚੜ੍ਹੇ ਅਗੰਮਾ ਗੂੜ੍ਹੀ, ਦੋ ਜਹਾਨ ਉਤਰ ਕਦੇ ਨਾ ਜਾਈਆ । ਮਿਲੇ ਪਰਕਾਸ਼ ਸਾਚਾ ਨੂਰੀ, ਨਰ ਨਰਾਇਣ ਕਰੇ ਰੁਸ਼ਨਾਈਆ । ਦਰ ਸੋਹਵਾਂ ਹਾਜ਼ਰ ਹਜ਼ੂਰੀ, ਗ੍ਰਿਹਿ ਠਾਂਡੇ ਡੇਰਾ ਲਾਈਆ । ਜੁਗ ਜਨਮ ਦੀ ਲੇਖੇ ਪਏ ਮਜ਼ਦੂਰੀ, ਘਾਲ ਵੇਖੇ ਚਾਈਂ ਚਾਈਂਆ । ਮੇਰੀ ਮਨਸਾ ਆਸ਼ਾ ਵਿਚੋਂ ਹੋਏ ਪੂਰੀ, ਪੂਰਨ ਬ੍ਰਹਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਮੇਲਾ ਮੇਲ ਕਰੇ ਜ਼ਰੂਰੀ, ਜ਼ਰੂਰਤ ਪਿਛਲੀ ਵੇਖ ਵਖਾਈਆ ।



### ★ ੧੦ ਮੱਘਰ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹ ਬਸਤੀ ਸ਼ਿਕਾਰ ਪੁਰ ਜ਼ਿਲਾ ਕਪੂਰਥਲਾ ★

ਸਤਲੁਜ ਕਹੇ ਮੇਰੇ ਅੰਤਰ ਗੋਬਿੰਦ ਰੱਖਿਆ ਚਰਨ, ਹੱਸ ਕੇ ਖ਼ੁਸ਼ੀ ਮਨਾਈਆ । ਵਿਚੋਂ ਰੋਇਆ ਦੇਵਤਾ ਵਰੁਨ, ਨੈਣਾਂ ਨੀਰ ਵਹਾਈਆ । ਸਾਚੀ ਬਖ਼ਸ਼ ਸਰਨ, ਸਤਿਗੁਰੂ ਤੇਰੀ ਸਰਨਾਈਆ । ਬਿਨ ਹੱਥਾਂ ਲੱਗਾ ਫੜਨ, ਆਪਣੀ ਆਸ ਵਧਾਈਆ । ਪ੍ਰੇਮ ਦਾ ਕਰ ਕੇ ਪਰਨ, ਪ੍ਰੀਤੀ ਨਾਲ ਸੀਸ ਝੁਕਾਈਆ । ਤੂੰ ਹੀ ਤੂੰ ਹੀ ਲੱਗਾ ਕਰਨ, ਧੁਰ ਦਾ ਰਾਗ ਸੁਣਾਈਆ । ਸਾਚਾ ਢੋਲਾ ਲੱਗਾ ਪੜ੍ਹਨ, ਖ਼ੁਸ਼ੀਆਂ ਗੀਤ ਅਲਾਈਆ ।

ਬਿਨ ਲੱਤਾਂ ਬਾਹਵਾਂ ਲੱਗਾ ਤਰਨ, ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਸਤਲੁਜ ਕਹੇ ਗੋਬਿੰਦ ਪਾਇਆ ਭਾਰ, ਸਹਿਜ ਨਾਲ ਦਬਾਈਆ । ਯਾਦ ਆ ਗਏ ਜੁਗ ਚਾਰ, ਵਾਰਤਾ ਬਿਨ ਅੱਖਾਂ ਨਜ਼ਰੀ ਆਈਆ । ਜਿਨ੍ਹਾਂ ਵਿਚ ਲਿਖਿਆ ਇਜ਼ਹਾਰ, ਹੁਕਮੀ ਸਿਫ਼ਤ ਸਾਲਾਹੀਆ । ਜਿਸ ਵੇਲੇ ਬੀਤੇ ਨਵ ਨੌ ਚਾਰ, ਚਾਰ ਯਾਰੀ ਦਏ ਗਵਾਹੀਆ । ਪੰਜਾਂ ਦਾ ਸਿਕਦਾਰ, ਧੁਰ ਦਾ ਮਾਲਕ ਬੇਪਰਵਾਹੀਆ । ਵੇਖੇ ਜਲ ਥਲ ਧਾਰ, ਟਿੱਲੇ ਪਰਬਤ ਫੋਲ ਫੁਲਾਈਆ । ਦੋ ਜਹਾਨਾਂ ਵਡ ਸਿਕਦਾਰ, ਸ਼ਾਹ ਸੁਲਤਾਨਾ ਰੂਪ ਵਟਾਈਆ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਲਹਿਣਾ ਦੇਣਾ ਵੇਖ ਸਰਬ ਸੰਸਾਰ, ਜਗਤ ਜਹਾਨ ਖੋਜ ਖੁਜਾਈਆ । ਦੇਵਤ ਸੁਰ ਸੁਣੇ ਪੁਕਾਰ, ਬਚਿਆ ਰਹਿਣ ਕੋਇ ਨਾ ਪਾਈਆ । ਪੜਦਾ ਲਾਹੇ ਡੂੰਘੀ ਗਾਰ, ਗਹਿਰ ਗੰਭੀਰ ਦਇਆ ਕਮਾਈਆ । ਵਰੁਨ ਰੋ ਨਾ ਜ਼ਾਰੋ ਜ਼ਾਰ, ਧੀਰਜ ਧੀਰ ਆਪ ਧਰਾਈਆ । ਜਿਸ ਦਾ ਖੇਲ ਵਾਰੋ ਵਾਰ, ਜੁਗ ਚੌਕੜੀ ਵੇਸ ਵਟਾਈਆ । ਸੋ ਸਵਾਮੀ ਸਿਰਜਣਹਾਰ, ਧੁਰ ਦਾ ਮਾਲਕ ਆਪ ਅਖਵਾਈਆ । ਸਭ ਦਾ ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਬਾਕੀ ਹੱਥ ਨਾ ਕੋਇ ਰਖਾਈਆ । ਪਤਤ ਪਾਪੀ ਲਾਏ ਪਰ, ਪੁਨੀਤ ਆਪਣੇ ਨਾਲ ਕਰਾਈਆ । ਕਲ ਕਲਕੀ ਲੈ ਅਵਤਾਰ, ਕੂੜੀ ਕਿਰਿਆ ਦਏ ਖਪਾਈਆ । ਗੋਬਿੰਦ ਸ਼ਬਦ ਕਰ ਉਜਿਆਰ, ਸ਼ਬਦ ਗੋਬਿੰਦ ਵਡ ਵਡਿਆਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰ, ਬੇਸਮਝ ਕਰੇ ਲੋਕਾਈਆ । ਸੋ ਖੇਲ ਕਰੇ ਅਗੰਮ ਅਪਾਰ, ਅਲਖ ਅਲੱਖਣਾ ਆਪਣੇ ਹੱਥ ਰੱਖੇ ਵਡਿਆਈਆ । ਜਗਤ ਵਹਿਣ ਵਿਚੋਂ ਜਨ ਭਗਤ ਲਏ ਉਭਾਰ, ਫੜ ਬਾਹੋਂ ਬਾਹਰ ਕਢਾਈਆ । ਦੁਖੀਆਂ ਦਾ ਬਣ ਦਿਲਦਾਰ, ਦਰਦੀਆਂ ਦਰਦ ਵੰਡਾਈਆ । ਮੇਲ ਮਿਲਾ ਕੇ ਆਪਣੀ ਧਾਰ, ਧਰਨਾ ਪਤ ਹੋਏ ਸਹਾਈਆ । ਏਕਾ ਮੰਜ਼ਲ ਦੇਵੇ ਚਾੜ੍ਹ, ਅੱਗੇ ਹੋ ਨਾ ਕੋਇ ਅਟਕਾਈਆ । ਘਰ ਵਖਾਏ ਸਚ ਦਵਾਰ, ਦਵਾਰਕਾਵਾਸੀ ਜਿਥੇ ਸੀਸ ਝੁਕਾਈਆ । ਜਗਮਗ ਜੋਤ ਜਗੇ ਅਪਾਰ, ਨੂਰੋ ਨੂਰ ਹੋਏ ਰੁਸ਼ਨਾਈਆ । ਬੇਆਸਾਂ ਦਾ ਬੇੜਾ ਕਰੇ ਪਾਰ, ਬਿਆਸ ਬੈਠਾ ਝੋਲੀ ਡਾਹੀਆ । ਦੋਹਾਂ ਦਾ ਵਿਚਕਾਰ, ਲੇਖਾ ਗੋਬਿੰਦ ਨਾਲ ਰਖਾਈਆ । ਜਿਸ ਦਾ ਲਹਿਣਾ ਜਾਣੇ ਨਾ ਕੋਇ ਆਰ ਪਾਰ, ਧਾਰ ਧਾਰ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਤਲੁਜ ਕਹੇ ਮੈਥੋਂ ਮੰਗ ਮੰਗ ਕੇ ਗਏ ਲੋਧੀ, ਸਜਦਾ ਕਾਅਬੇ ਵੱਲ ਕਰਾਈਆ । ਹਿੱਸਾ ਪਾ ਗਏ ਸੋਢੀ, ਗੋਬਿੰਦ ਹੱਥ ਵਡਿਆਈਆ । ਝੋਲੀਆਂ ਡਾਹੁਦੇ ਗਏ ਜੋਗੀ, ਜਗਿਆਸੂ ਰਾਹ ਤਕਾਈਆ । ਰਸ ਮਾਣਦੇ ਗਏ ਭੋਗੀ, ਵਿਸ਼ਿਆਂ ਵਿਚ ਹਲਕਾਈਆ । ਠਾਕਰ ਮਾਣਦੇ ਗਏ ਮੌਜੀ, ਮਜਲਸਾਂ ਵਿਚ ਵਡਿਆਈਆ । ਮਹਾਤਮਾ ਫਿਰਦੇ ਗਏ ਬੋਧੀ, ਬੁੱਧੀ ਵਿਚ ਸਫ਼ਾਈਆ । ਮੇਰੀ ਸੋਚ ਕਿਸੇ ਨਾ ਸੋਚੀ, ਸਮਝ ਰਮਜ਼ ਨਾ ਕੋਇ ਮਿਲਾਈਆ । ਤਿੰਨ ਵੇਰਾਂ ਨਹਾ ਕੇ ਗਿਆ ਰਵਦਾਸ ਚਮਾਰਾ ਮੋਚੀ, ਪਾਟੇ ਚੀਥੜ ਅੰਗ ਛੁਹਾਈਆ । ਕਬੀਰ ਤੱਕੀ ਧੁਰ ਦੀ ਜੋਤੀ, ਨੈਣ ਮੁੰਦ ਅੱਖ ਬਦਲਾਈਆ । ਨਾਮਾ ਬਣ ਕੇ ਧੁਰ ਦਾ ਗੋਤੀ, ਜੈ ਦੇਵ ਗਿਆ ਸਮਝਾਈਆ । ਸੈਣੀ ਫੁੱਲਾਂ ਦੀ ਤੋੜ ਕੇ ਡੋਡੀ, ਮੇਰੇ ਵਿਚ ਦਿਤੀ ਵਹਾਈਆ । ਗਨਕਾ ਨੇ ਵਾਸਨਾ ਕੱਢੀ ਖੋਟੀ, ਚੁਲੀ ਮੁਖ ਵਿਚ ਚੁਆਈਆ । ਧੰਨਾ ਲੈ ਕੇ ਸੁੱਕੀ ਰੋਟੀ, ਜਲ ਕਟੋਰਾ ਵੰਡ ਵੰਡਾਈਆ । ਸਪਤ ਰਿਖੀ ਵਿਚ ਧੋ ਕੇ ਗਏ ਲੰਗੋਟੀ, ਲੇਖਾ ਪਾਹਨ ਉਤੇ ਲਿਖਾਈਆ । ਦੁਰਗਾ ਰਾਖਸ਼ਾਂ ਦੀ ਸੁੱਟ ਕੇ ਬੋਟੀ, ਹਿੱਸਾ

੧੯੬ ੨੦

ਨਾਵਾਂ ਗਈ ਜਣਾਈਆ । ਰਾਮਾਨੰਦ ਦੀ ਰੁੜ੍ਹ ਗਈ ਲੋਟੀ, ਜੋ ਗੁਰੂ ਕਬੀਰ ਦਾ ਰਿਹਾ ਅਖਵਾਈਆ । ਅਹਲਿਆ ਦੀ ਰੁੜ੍ਹ ਗਈ ਧੋਤੀ, ਅੰਚਲ ਹੱਥ ਕਿਸੇ ਨਾ ਆਈਆ । ਭੀਲਣੀ ਸਾਢੇ ਨੌ ਸਾਲ ਆਯੂ ਗਵਾਈ ਚੋਖੀ, ਧਿਆਨ ਧਿਆਨ ਵਿਚ ਬਦਲਾਈਆ । ਬਾਲਮੀਕ ਢਾਈ ਘੰਟੇ ਲਿਖੀ ਪੋਥੀ, ਕਲਮ ਪੁੱਠੀ ਕਰ ਚਲਾਈਆ । ਰਾਮ ਰਾਮ ਦੀ ਰਮਜ਼ ਸੋਚੀ, ਪਿੱਛਾ ਲਕਸ਼ਮਨ ਵੱਲ ਕਰਾਈਆ । ਰਾਵਣ ਨੇ ਧਰਤੀ ਨਵ੍ਹਾਂ ਨਾਲ ਨੋਚੀ, ਨੌ ਦਿਨ ਬੈਠਾ ਡੇਰਾ ਲਾਈਆ । ਕ੍ਰਿਸ਼ਨ ਇਕਾਵਨ ਦਿਨ ਵੇਖਦਾ ਰਿਹਾ ਤ੍ਰਿਲੋਕੀ, ਬਾਵਨ ਸ਼ਬਦੀ ਧਾਰ ਮਿਲਾਈਆ । ਬਲ ਭਗਤੀ ਕੀਤੀ ਬਹੁਤੀ, ਦਿਨੇ ਲੁਕ ਕੇ ਝਟ ਲੰਘਾਈਆ । ਵੇਦ ਵਿਆਸੇ ਦਿਤੀ ਆਹੂਤੀ, ਹਵਨ ਹਰਿ ਕਾ ਨਾਮ ਸਮਝਾਈਆ । ਰਿਸ਼ੀਆਂ ਮਿਲਦੀ ਰਹੀ ਭਬੂਤੀ, ਚਿਤਰਕੂਟੀ ਹੱਥ ਕਿਸੇ ਨਾ ਆਈਆ । ਸਤਲੁਜ ਕਹੇ ਬਿਨਾਂ ਗੋਬਿੰਦ ਮੇਰੀ ਕਿਸੇ ਨਾ ਕੀਤੀ ਮਜ਼ਬੂਤੀ, ਆਰ ਪਾਰ ਚਰਨ ਨਾ ਕੋਇ ਟਿਕਾਈਆ । ਇਕ ਪ੍ਰੇਮ ਪਿਆਰ ਵਸਤ ਦਿਤੀ ਮੁੱਠੀ, ਉਂਗਲਾਂ ਅੰਗੂਠੇ ਨਾਲ ਦਬਾਈਆ । ਸਾਚੇ ਜਾਮ ਦੀ ਦਿਤੀ ਠੂਠੀ, ਪਿਆਲਾ ਕੂੜ ਦਿਤਾ ਭੰਨਾਈਆ । ਸਤਿ ਧਰਮ ਦੀ ਦਿਤੀ ਬੂਟੀ, ਬੂਟਾ ਜਗਤ ਵਿਚ ਲਗਾਈਆ । ਮੇਰੀ ਪਿਛਲੀ ਆਸਾ ਝੂਠੀ, ਅੱਗੇ ਨੈਣ ਲਿਆ ਉਠਾਈਆ । ਉਸ ਨੇ ਘੱਲ ਕੇ ਸ਼ਬਦ ਦੂਤੀ, ਸੁਨੇਹੜਾ ਦਿਤਾ ਪੁਚਾਈਆ । ਜਿਸ ਵੇਲੇ ਪੁਰਖ ਅਕਾਲ ਭਾਗ ਲਗਾਵੇ ਮੇਰੇ ਪੋਤੀਂ, ਗੁਰਮੁਖ ਆਪਣੀ ਗੋਦ ਉਠਾਈਆ । ਤੇਰੀ ਧਾਰਾ ਵੇਖੇ ਸੁੱਤੀ, ਸੁਤਿਆਂ ਲਏ ਜਗਾਈਆ । ਸੁਹਾਵੇ ਸਾਚੀ ਰੁਚੀ, ਰਚਨਾ ਦਏ ਵਖਾਈਆ । ਰਮਜ਼ ਨਾ ਰਹੇ ਗੁੱਝੀ, ਪੜਦਾ ਦਏ ਉਠਾਈਆ । ਜਿਸ ਨੂੰ ਸਮਝੇ ਕੋਇ ਨਾ ਬੁੱਧੀ, ਵਿਦਿਆ ਚਲੇ ਨਾ ਕੋਇ ਚਤੁਰਾਈਆ । ਕਲਜੁਗ ਅੰਤਮ ਔਧ ਜਾਏ ਪੁੱਗੀ, ਵੇਲਾ ਵਕਤ ਦਏ ਗਵਾਹੀਆ । ਸਤਲੁਜ ਕਹੇ ਮੇਰੀ ਸਵੱਛ ਕਰਨੀ ਬੁੱਧੀ, ਅੱਖ ਦੇਣੀ ਖੁਲ੍ਹਾਈਆ । ਗੋਬਿੰਦ ਕਿਹਾ ਬਿਆਸ ਨਾਲ ਤੇਰੀ ਰਮਜ਼ ਗੁੱਝੀ, ਨਾਤਾ ਅਗਲਾ ਇਕ ਜੁੜਾਈਆ । ਤੁਹਾਡੇ ਮਧ ਭਗਤਾਂ ਦੀ ਹੋਵੇ ਝੁੱਗੀ, ਚੌਹ ਜੁਗੀ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਆਸਾ ਮਨਸਾ ਹੋਣ ਨਾ ਦੇਵੇ ਬੁੱਢੀ, ਨਵ ਨੌ ਜੋਬਨ ਵਿਚ ਰੰਗਾਈਆ ।

## ★ ੧੦ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਿਹ ਪਿੰਡ ਜਾਂਗਲਾ ਜ਼ਿਲਾ ਕਪੂਰਥਲਾ ★

ਸਤਲੁਜ ਕਹੇ ਮੇਰੀ ਜਾਣੇ ਕੋਈ ਨਾ ਸਤਾ, ਸੱਤਿਆ ਨਜ਼ਰ ਕਿਸੇ ਨਾ ਆਈਆ । ਮੇਰੀ ਧਾਰ ਦਾ ਨਹੀਂ ਕਿਸੇ ਕੋਈ ਪਤਾ, ਪੱਤਨ ਬਹਿ ਬਹਿ ਫੇਰੀਆਂ ਗਏ ਪਾਈਆ । ਨਿਰਗੁਣ ਸਰਗੁਣ ਕਰ ਕੇ ਗਏ ਮਤਾ, ਸਲਾਹ ਮਸ਼ਵਰੇ ਵਿਚ ਲਿਆਈਆ । ਤਨ ਮਾਟੀ ਵਜੂਦ ਖਾ ਕੇ ਗਏ ਭੱਤਾ, ਜਲ ਪੀ ਕੇ ਸ਼ੁਕਰ ਮਨਾਈਆ । ਮੇਰਾ ਦੁੱਖ ਕਿਸੇ ਨਾ ਸੁਣਿਆ ਰਤਾ, ਦਰਦੀ ਦਰਦ ਨਾ ਕੋਇ ਵੰਡਾਈਆ । ਸਭ ਕੁਛ ਵੇਖਿਆ ਆਪਣੀ ਅੱਖਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਕੀ ਲੇਖਾ ਚਾਰ ਜੁਗ ਦਾ ਦੱਸਾਂ, ਪੜਦਾ ਓਹਲਾ ਮਾਤ ਉਠਾਈਆ । ਕੁਛ ਵਾਰ ਗਾਈ ਭੱਟਾਂ, ਢੋਲਾ ਬੇਪਰਵਾਹੀਆ । ਕੁਛ ਸਾਫ਼ ਕੀਤਾ ਫੱਟਾਂ, ਗੁਰਮੁਖਾਂ ਰੰਗ ਰੰਗਾਈਆ । ਕੁਛ ਦਾਗ਼ ਧੋਇਆ ਪੱਟਾਂ, ਪਾਟਲ ਆਪਣਾ ਪੜਦਾ ਪਾਈਆ । ਮੈਂ ਸਚ ਸਚ ਦੱਸਾਂ, ਭੇਵ ਅਭੇਦ ਖੁਲ੍ਹਾਈਆ । ਖ਼ੁਸ਼ੀਆਂ ਵਿਚ ਨੱਚਾਂ, ਭੱਜਾਂ ਵਾਹੋ ਦਾਹੀਆ । ਹੋ ਕੇ ਹੱਕਾ ਬੱਕਾ, ਸੰਦੇਸ਼ਾ ਦਿਆਂ ਦ੍ਰਿੜਾਈਆ ।

ਸ਼ਬਦ ਧਾਰ ਮੇਰਾ ਗੋਬਿੰਦ ਨਾਤਾ ਪੱਕਾ, ਕੱਚਾ ਤੰਦ ਨਾ ਕੋਇ ਬੰਧਾਈਆ । ਯਾਦ ਸੱਬਰ ਕੱਖਾਂ, ਯਾਰੜਾ ਸੇਜ ਵਡਿਆਈਆ । ਮੇਰੇ ਉਤੇ ਨਹਾ ਨਹਾ ਗਏ ਲੱਖਾਂ, ਬਿਨ ਗੋਬਿੰਦ ਚਰਨ ਸ਼ਾਂਤ ਨਾ ਕੋਇ ਕਰਾਈਆ । ਰਿਸ਼ੀਆਂ ਮੁਨੀਆਂ ਹੱਥਾਂ ਨਾਲ ਸੂਰੀਆ ਪਾਣੀ ਝੱਟਾ, ਬੂੰਦ ਬੂੰਦ ਟਪਕਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਲਾਹਾ ਕੋਈ ਨਾ ਖੱਟਾ, ਸਾਚੀ ਖੱਟੀ ਹੱਥ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਚਰਨ ਦਵਾਰੇ ਢੱਠਾ, ਢਹਿ ਕੇ ਆਪਣਾ ਹਾਲ ਸੁਣਾਈਆ ।

★ ੧੦ ਮੱਘਰ ਸ਼ਹਿਨਸ਼ਾਹੀ ਸੰਮਤ ੨ ਫ਼ਕੀਰ ਸਿੰਘ ਦੇ ਗ੍ਰਿਹ ਪਿੰਡ ਮਜੀਦ ਪੁਰਾ ਜ਼ਿਲਾ ਕਪੂਰਥਲਾ ★

ਨੀਰ ਕਹੇ ਮੈਂ ਤੱਕਿਆ ਨਿਰਾਕਾਰ, ਨਿਰਵੈਰ ਨਜ਼ਰੀ ਆਈਆ । ਸਤਿ ਨਾਲ ਕਰੇ ਪਿਆਰ, ਧਰਮ ਦਇਆ ਆਪ ਕਮਾਈਆ । ਭਰਮ ਭੇਵ ਰਿਹਾ ਨਿਵਾਰ, ਕੂੜੀ ਕਿਰਿਆ ਡੇਰਾ ਢਾਹੀਆ । ਸਚ ਨਾਮ ਕਰ ਜੈਕਾਰ, ਧੁਰ ਫ਼ਰਮਾਨਾ ਇਕ ਸੁਣਾਈਆ । ਭਗਤ ਵਛਲ ਹੋ ਗਿਰਧਾਰ, ਹਰਿਜਨ ਮੇਲੇ ਥਾਉਂ ਥਾਈਆ । ਜਨਮ ਜਨਮ ਦਾ ਰੋਗ ਨਿਵਾਰ, ਕਰਮ ਕਰਮ ਦਾ ਗੇੜ ਕਟਾਈਆ । ਜਨਮ ਮਰਨ ਦੀ ਪੈਜ ਸਵਾਰ, ਆਵਣ ਜਾਵਣ ਪੰਧ ਚੁਕਾਈਆ । ਸਾਚਾ ਦੱਸ ਧਰਮ ਦਵਾਰ, ਘਰ ਠਾਂਡਾ ਇਕ ਵਖਾਈਆ । ਜਿਸ ਮੰਜ਼ਲ ਵਸੇ ਆਪ ਨਿਰੰਕਾਰ, ਜੋਤੀ ਜਾਤਾ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਨਿਮਸਕਾਰ, ਸਜਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪਣੇ ਹੱਥ ਰਖਾਈਆ । ਨੀਰ ਕਹੇ ਮੈਂ ਤੱਕਿਆ ਉਹ ਨਿਰੰਜਣ, ਜੋ ਘਟ ਘਟ ਰਿਹਾ ਸਮਾਈਆ । ਚਰਨ ਧੂੜ ਕਰਾਏ ਮੱਜਨ, ਦੁਰਮਤ ਮੈਲ ਧਵਾਈਆ । ਕਾਇਆ ਮਾਟੀ ਗੜ੍ਹ ਬਣਾ ਕੇ ਕੰਚਨ, ਸੋਹਣਾ ਪਾਰਸ ਰੰਗ ਰੰਗਾਈਆ । ਨੇਤਰ ਨਾਮ ਪਾਏ ਅੰਜਣ, ਅੰਧ ਅਗਿਆਨ ਮਿਟਾਈਆ । ਦਾਤਾ ਬਣ ਕੇ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਦੋ ਜਹਾਨਾਂ ਹੋ ਕੇ ਸੱਜਣ, ਹਰਿਜਨ ਸਾਚੇ ਜੋੜ ਜੁੜਾਈਆ । ਲੱਖ ਚੁਰਾਸੀ ਵਿਚੋਂ ਆਇਆ ਕੱਢਣ, ਜਮ ਕੀ ਫਾਸੀ ਰਿਹਾ ਤੁੜਾਈਆ । ਸਚ ਪ੍ਰੀਤੀ ਪਾ ਕੇ ਬੰਧਨ, ਬੰਦਨਾ ਇਕ ਰਿਹਾ ਸਮਝਾਈਆ । ਨਿਜ ਆਤਮ ਦੇ ਅਨੰਦਨ, ਅਨੰਦ ਆਪਣਾ ਰਿਹਾ ਵਖਾਈਆ । ਸ਼ਬਦ ਡੋਰੀ ਪਾ ਕੇ ਤੰਦਨ, ਤੰਦ ਸਿਤਾਰ ਆਪ ਹਿਲਾਈਆ । ਅੰਗੀਕਾਰ ਹੋ ਕੇ ਲਾਏ ਆਪਣੇ ਅੰਗਣ, ਅਕਲ ਕਲਧਾਰੀ ਆਪਣੀ ਖੇਲ ਖਿਲਾਈਆ । ਜਨ ਭਗਤ ਦਵਾਰਾ ਆਏ ਮੰਗਣ, ਮਾਂਗਤ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਨੀਰ ਕਹੇ ਮੈਂ ਵੇਖਿਆ ਨਿਰਾਕਾਰ, ਨਿਰਧਨ ਸਰਧਨ ਖੇਲ ਖਿਲਾਈਆ । ਲੇਖਾ ਜਾਣੇ ਤਤ ਸ਼ਰੀਰ ਆਕਾਰ, ਕਾਇਆ ਗੜ੍ਹ ਬੰਕ ਸੁਹਾਈਆ । ਸਾਚਾ ਖੋਲ੍ਹ ਇਕ ਦਵਾਰ, ਦਰ ਦਰਵਾਜ਼ਾ ਪੜਦਾ ਲਾਹੀਆ । ਮਹੱਲ ਅਟਲ ਸੁਹਾ ਮੁਨਾਰ, ਹੁਜਰਾ ਹਕ ਦਏ ਵਡਿਆਈਆ । ਨਿਰਗੁਣ ਨੂਰ ਕਰ ਉਜਿਆਰ, ਅੰਧ ਅੰਧੇਰਾ ਰਿਹਾ ਮੁਕਾਈਆ । ਸ਼ਬਦੀ ਸ਼ਬਦ ਦੱਸ ਪਿਆਰ, ਸੁਰਤੀ ਸਤਿ ਵਿਚ ਸਮਾਈਆ । ਮੰਜ਼ਲ ਕੱਟ ਕੂੜ ਦੁਸ਼ਵਾਰ, ਠਾਂਡਾ

ਘਰ ਰਿਹਾ ਵਖਾਈਆ । ਜਿਸ ਘਰ ਬੈਠਾ ਏਕੰਕਾਰ, ਇਕ ਇਕੱਲਾ ਸੋਭਾ ਪਾਈਆ । ਭਗਤਾਂ ਬਣ ਕੇ ਮੀਤ ਮੁਰਾਰ, ਗੁਰਮੁਖ ਆਪਣੀ ਗੋਦ ਉਠਾਈਆ । ਅੰਮ੍ਰਿਤ ਜਲ ਪਿਆ ਕੇ ਠੰਡਾ ਠਾਰ, ਕਲਜੁਗ ਅਗਨੀ ਤਤ ਬੁਝਾਈਆ । ਨੀਰ ਕਹੇ ਜਿਵੇਂ ਮੇਰੀ ਸਤ੍ਹਾ ਸਦਾ ਹਮਵਾਰ, ਏਸੇ ਤਰ੍ਹਾ ਜਨ ਭਗਤਾਂ ਇਕੋ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਕਰਨੇਹਾਰ, ਕਰਨੀ ਦਾ ਕਰਤਾ ਆਪਣੀ ਕਾਰ ਕਮਾਈਆ ।

★ ੧੦ ਮੱਘਰ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਿਹਿ ਪਿੰਡ ਨੂਰਪੁਰ ਜ਼ਿਲਾ ਕਪੂਰਥਲਾ ★

ਨੀਰ ਕਹੇ ਮੇਰਾ ਆਦਿ ਜੁਗਾਦੀ ਇਕੋ ਮਿਤਰ, ਅਬਿਨਾਸ਼ੀ ਕਰਤਾ ਨਜ਼ਰੀ ਆਈਆ । ਜਿਸ ਦਾ ਅਜਬ ਨਿਰਾਲਾ ਚਲਿੱਤ੍ਰ, ਚਿਤਰ ਸਮਝ ਸਕੇ ਕੋਇ ਨਾ ਰਾਈਆ । ਮਿੱਟੀ ਗਾਰ ਵਿਚੋਂ ਮੈਨੂੰ ਕਰ ਪਵਿਤ੍ਰ, ਪਤਤ ਦਿਤਾ ਤਰਾਈਆ । ਰਸ ਧਾਰ ਵਿਚੋਂ ਆਇਆ ਨਿਤਰ, ਸਰੂਪ ਸਤਿ ਬਣਾਈਆ । ਇਕ ਵਿਛੋੜੇ ਦਾ ਫ਼ਿਕਰ, ਫ਼ਿਕਰਾ ਏਸੇ ਦਾ ਢੋਲਾ ਗਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਅੰਮ੍ਰਿਤ ਰੂਪ ਬਣਾ ਕੇ ਮੇਰਾ ਕੀਤਾ ਜਿਕਰ, ਆਬੇ ਹਯਾਤ ਨਾਉਂ ਧਰਾਈਆ । ਮੈਂ ਕਦੇ ਨਾ ਹੋਵਾਂ ਭਿੱਟੜ, ਜੂਠ ਝੂਠ ਕਰਾਂ ਸਫ਼ਾਈਆ । ਬਿਨ ਮੇਰੀ ਧਾਰ ਕਲਮ ਸ਼ਾਹੀ ਸਕੇ ਨਾ ਕੋਇ ਲਿਖਣ, ਲੇਖਾ ਜਗਤ ਨਾ ਕੋਇ ਬਣਾਈਆ । ਸ੍ਰਿਸ਼ਟੀ ਸਾਰੀ ਦਿਸੇ ਮਿੱਥਨ, ਮੇਰਾ ਨੀਰ ਨਸ਼ਟ ਨਾ ਕੋਇ ਕਰਾਈਆ । ਮਹਾਂ ਪਰਲੋ ਹੋ ਕੇ ਸਭ ਨੂੰ ਆਵਾਂ ਜਿਤਣ, ਧਰਨੀ ਖ਼ਾਕ ਕਰਾਂ ਸਫ਼ਾਈਆ । ਜੁਗ ਚੌਕੜੀ ਖੇਲ ਆਵਾਂ ਨਜਿੱਠਣ, ਪ੍ਰਭ ਚਰਨ ਧੋ ਖ਼ੁਸ਼ੀ ਮਨਾਈਆ । ਜਨ ਭਗਤਾਂ ਅੰਦਰ ਆਵਾਂ ਵਿਕਣ, ਗੁਰਮੁਖਾਂ ਕੀਮਤ ਨਾਮ ਰਖਾਈਆ । ਸਾਚੀ ਧਾਰ ਹੋ ਕੇ ਆਵਾਂ ਦਿਸਣ, ਸੁਹੰਜਣਾ ਰੂਪ ਬਣਾਈਆ । ਕੁਛ ਲੇਖਾ ਲਿਖਿਆ ਕਾਹਨ ਕ੍ਰਿਸ਼ਨ, ਆਪਣਾ ਆਪ ਛੁਪਾਈਆ । ਪਹਿਲਾ ਹਿੱਸਾ ਪਾਇਆ ਬ੍ਰਹਮਾ ਵਿਸ਼ਨ, ਸ਼ੰਕਰ ਚੁਲੀਆਂ ਗੰਢ ਰਖਾਈਆ । ਜਗਤ ਖੇਲ ਬਾਜ਼ੀਗਰ ਤਿਲਕਣ, ਤਿਲ ਧਾਰ ਸਮਝ ਕੋਇ ਨਾ ਪਾਈਆ । ਬਿਨ ਮੇਰੇ ਦੋ ਜਹਾਨ ਵਿਲਕਣ, ਕੂਕ ਕੂਕ ਦੇਣ ਦੁਹਾਈਆ । ਖ਼ਾਲੀ ਭੰਡਾਰੇ ਸਾਰੇ ਦਿਸਣ, ਰਸੀਆ ਰਸ ਨਾ ਕੋਇ ਚਖਾਈਆ । ਗੋਬਿੰਦ ਮੇਰਾ ਪਾਇਆ ਹਿੱਸਨ, ਸਤਲੁਜ ਆਪਣਾ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਬਣਾਈਆ । ਨੀਰ ਕਹੇ ਮੇਰਾ ਕੋਇ ਨਾ ਜਾਣੇ ਰੂਪ, ਰੰਗ ਸਮਝ ਕਿਸੇ ਨਾ ਆਈਆ । ਮੇਰਾ ਮਾਲਕ ਇਕੋ ਭੂਪ, ਭੂਪਤ ਬੇਪਰਵਾਹੀਆ । ਜਿਸ ਦਾ ਹੁਕਮ ਚਾਰ ਕੂਟ, ਦਹਿ ਦਿਸ਼ਾ ਡੰਕ ਵਜਾਈਆ । ਸੋ ਕਲਜੁਗ ਅੰਤਮ ਮੇਟੇ ਜੂਠ ਝੂਠ, ਕੂੜੀ ਕਿਰਿਆ ਪੰਧ ਮੁਕਾਈਆ । ਮਨ ਵਾਸਨਾ ਕਰੇ ਕੂਚ, ਕੂਚਾ ਗਲੀ ਕਰੇ ਸਫ਼ਾਈਆ । ਦਵੈਤੀ ਰਹਿਣ ਨਾ ਦੇਵੇ ਦੂਜ, ਦੂਆ ਏਕਾ ਏਕਾ ਰੰਗ ਵਖਾਈਆ । ਭੇਵ ਖੁਲ੍ਹਾਏ ਗੂਝ, ਜਨ ਭਗਤਾਂ ਪੜਦਾ ਓਹਲਾ ਆਪ ਉਠਾਈਆ । ਨਿਰਮਲ ਕਰੇ ਬੁਧ, ਸ਼ਬਦੀ ਧਾਰ ਨਾਲ ਸਮਝਾਈਆ । ਦੋ ਜਹਾਨਾਂ ਕਾਰਜ ਕਰੇ ਸ਼ੁੱਧ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਕਲਜੁਗ ਅੰਤ ਸਾਚੇ ਸ਼ਬਦ ਅਸਵ ਬਹੇ ਕੁੱਦ, ਕੁਦਰਤ ਦਾ ਮਾਲਕ ਬੇਪਰਵਾਹੀਆ । ਹੁਕਮੇ ਅੰਦਰ ਹੁਕਮ ਦਾ ਕਰੇ ਯੁੱਧ, ਯੁਧਿਸ਼ਟਰ ਕ੍ਰਿਸ਼ਨ ਨਾ ਕੋਇ ਲੜਾਈਆ । ਨੀਰ ਕਹੇ ਕੁਛ ਵਡਿਆਈ ਦੇਵੇ ਮੁਝ, ਮੁਜਰਾ ਦੀਨ ਦੁਨੀ ਵਖਾਈਆ ।

ਚਾਰ ਕੁੰਟ ਬੂਟਾ ਜਾਵੇ ਸੁੱਕ, ਹਰਿਆਵਲ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਬਖ਼ਸ਼ ਕੇ ਇਕੋ ਤੁਕ, ਸੋਹੰ ਢੋਲਾ ਦਏ ਸਮਝਾਈਆ । ਉਜਲ ਕਰ ਕੇ ਮੁਖ, ਮੁਖ ਅੰਤਰ ਕਰੇ ਪੜ੍ਹਾਈਆ । ਜਨਮ ਕਰਮ ਦਾ ਮੇਟ ਕੇ ਦੁੱਖ, ਚੁਰਾਸੀ ਗੇੜਾ ਦਏ ਚੁਕਾਈਆ । ਘਰ ਸਵਾਮੀ ਉਪਜਾਵੇ ਸੁਖ, ਸਾਂਤਕ ਸਤਿ ਸਤਿ ਕਰਾਈਆ । ਸੰਤ ਸੁਹੇਲੇ ਗੋਦੀ ਚੁੱਕ, ਘਰ ਸੁਹੰਜਣੇ ਦਏ ਟਿਕਾਈਆ । ਨੀਰ ਕਹੇ ਮੇਰੇ ਪੀਰ ਦੀ ਮੌਲੇ ਰੁੱਤ, ਪੀਰਾਂ ਦਾ ਪੀਰ ਆਪਣੀ ਖੇਲ ਖਿਲਾਈਆ । ਮੈਂ ਓਸੇ ਦਾ ਧੁਰ ਦਾ ਸੁਤ, ਸੁੱਤਿਆਂ ਲਏ ਜਗਾਈਆ । ਲਹਿਣਾ ਦੇਣਾ ਦੇਵੇ ਕੁਛ, ਜੋ ਕਸ਼ੂ ਬਾਲਮੀਕ ਗਿਆ ਦ੍ਰਿੜਾਈਆ । ਜਿਸ ਨੇ ਆਪਣੀ ਪੁੱਟ ਕੇ ਇਕ ਮੁੱਛ, ਮੁਸ਼ਕਲ ਕਲਜੁਗ ਦਿਤੀ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਵੇ ਭੁੱਖ, ਭੁੱਖਿਆਂ ਸਕੇ ਨਾ ਕੋਇ ਰਜਾਈਆ । ਵਕਤ ਸੁਹੰਜਣਾ ਆਵੇ ਢੁੱਕ, ਬੀਸ ਬੀਸਾ ਦਏ ਗਵਾਹੀਆ । ਸਤਿ ਧਰਮ ਦਾ ਨਾਤਾ ਜਾਵੇ ਟੁੱਟ, ਪ੍ਰੇਮ ਪਿਆਰ ਨਾ ਕੋਇ ਰਖਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਪਵੇ ਫੁੱਟ, ਭਾਈਆਂ ਨਾਲ ਭਾਈ ਕਰਨ ਲੜਾਈਆ । ਸਾਚਾ ਜਾਮ ਨਾ ਮਿਲੇ ਘੁਟ, ਅੰਮ੍ਰਿਤ ਹੱਥ ਕਿਸੇ ਨਾ ਆਈਆ । ਬਿਨ ਹਰਿ ਨਾਮੇ ਖ਼ਾਲੀ ਹੋਵਣ ਬੁਤ, ਬੁਤਖ਼ਾਨੇ ਦੇਣ ਦੁਹਾਈਆ । ਨੀਰ ਕਹੇ ਓਸ ਵੇਲੇ ਮੇਰਾ ਮਾਲਕ ਹੋਵੇ ਖ਼ੁਸ਼, ਨਿਰਗੁਣ ਦਾਤਾ ਬੇਪਰਵਾਹੀਆ । ਜਨ ਭਗਤਾਂ ਲਏ ਪੁਛ, ਜੁਗ ਵਿਛੜੇ ਮੇਲ ਮਿਲਾਈਆ । ਪੜਦਾ ਰਹਿਣ ਨਾ ਦੇਵੇ ਲੁਕ, ਲੁਕਿਆਂ ਲਏ ਉਠਾਈਆ । ਜਗਤ ਵਿਕਾਰਾ ਅੰਦਰੋਂ ਕੱਢੇ ਕੁੱਟ, ਕਾਇਆ ਕੁਟੀਆਂ ਕਰੇ ਸਫ਼ਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਦੱਸ ਕੇ ਸਾਚੀ ਤੁਕ, ਤੁਰਤ ਆਪਣਾ ਨਾਮ ਪੜ੍ਹਾਈਆ । ਅੱਗੇ ਆਵਣ ਜਾਵਣ ਲੱਖ ਚੁਰਾਸੀ ਗੇੜ ਗੁਰਮੁਖਾਂ ਜਾਏ ਮੁਕ, ਰਾਏ ਧਰਮ ਨਾ ਦਏ ਸਜ਼ਾਈਆ । ਨੀਰ ਕਹੇ ਮੈਂ ਅੰਮ੍ਰਿਤ ਬਣ ਕੇ ਘੁਟ, ਘੁੱਟ ਗਲਵਕੜੀ ਭਗਤਾਂ ਨਾਲ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਦੇਵੇ ਸਚ ਸੁਚ, ਆਪਣਾ ਨਾਮ ਸਮਝਾਈਆ ।

### ★ ੧੦ ਮੱਘਰ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਹਰਨਾਮ ਪੁਰ ਜ਼ਿਲਾ ਕਪੂਰਥਲਾ ★

ਬਿਆਸ ਕਹੇ ਕਿਰਪਾ ਕਰੇ ਪੁਰਖ ਬਿਧਾਤਾ, ਸੋ ਪੁਰਖ ਨਿਰੰਜਣ ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਮੇਟੇ ਕੂੜ ਅੰਧੇਰੀ ਰਾਤਾ, ਹਰਿ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਬਦ ਅਗੰਮੀ ਸੁਣਾਵੇ ਗਾਥਾ, ਏਕੰਕਾਰਾ ਇਕੋ ਕਰੇ ਪੜ੍ਹਾਈਆ । ਲੱਖ ਚੁਰਾਸੀ ਜੋਤੀ ਹੋਏ ਜਾਤਾ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਭੇਵ ਅਭੇਦਾ ਅਛਲ ਅਛੇਦਾ ਖੁਲ੍ਹਾਏ ਸਾਖਿਆਤਾ, ਅਬਿਨਾਸ਼ੀ ਕਰਤਾ ਪੜਦਾ ਓਹਲਾ ਦਏ ਉਠਾਈਆ । ਨਾਮ ਭੰਡਾਰਾ ਦੇਵੇ ਅਗੰਮੀ ਦਾਤਾ, ਸ੍ਰੀ ਭਗਵਾਨ ਹੋ ਮਿਹਰਵਾਨ ਨਾਮ ਅਮੋਲਕ ਆਪ ਵਰਤਾਈਆ । ਰੰਗ ਰੰਗਾਏ ਅਗੰਮੜਾ ਸਾਚਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਚਖੰਡ ਦਵਾਰੇ ਸਚਖੰਡ ਨਿਵਾਸੀ ਵੇਖੇ ਹਕ ਤਮਾਸ਼ਾ, ਲਾਸ਼ਰੀਕ ਭੇਵ ਆਪਣਾ ਆਪੇ ਦਏ ਜਣਾਈਆ । ਥਿਰ ਘਰ ਸ਼ਬਦੀ ਧਾਰ ਗਾਏ ਗਾਥਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਦਾਸੀ ਦਾਸਾ, ਸਚ ਦਵਾਰੇ ਸੇਵਕ ਸੇਵਕ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਜੋੜਨ ਹਾਥਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਸਤਿਜੁਗ ਤਰੇਤਾ ਦੁਆਪਰ

ਕਲਜੁਗ ਮੰਨੇ ਆਖਾ, ਸਿਰ ਸਰ ਸਕੇ ਨਾ ਕੋਇ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਝੱਲੇ ਕੋਈ ਨਾ ਤਾਬਾ, ਤਾਬੇਦਾਰੀ ਸਾਰੇ ਰਹੇ ਕਮਾਈਆ । ਲੋਕ ਪਰਲੋਕ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਹੋਏ ਲਾਜਵਾਬਾ, ਸਚ ਫ਼ਰਮਾਨ ਨਾ ਕੋਇ ਦ੍ਰਿੜਾਈਆ । ਨੇਤਰ ਨੈਣਾਂ ਨੀਰ ਵਹਾਏ ਸਤ ਸਰੋਵਰ ਆਬਾ, ਸਮੁੰਦ ਸਾਗਰ ਰਹੇ ਕੁਰਲਾਈਆ । ਦਰੋਹੀ ਫਿਰੀ ਮੱਕਾ ਕਾਅਬਾ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਧੀਰ ਨਾ ਕੋਇ ਧਰਾਈਆ । ਰੂਹ ਬੁਤ ਨਜ਼ਰ ਨਾ ਆਏ ਕੋਈ ਪਾਕਾ, ਪਤਤ ਪਾਵਨ ਭੇਵ ਨਾ ਕੋਇ ਖੁਲ੍ਹਾਈਆ । ਬੁੱਧੀ ਸਮਝੇ ਸਚ ਨਾ ਕੋਈ ਧੁਰ ਦਾ ਆਕਾ, ਅਕਲ ਵਿਦਿਆ ਚਲੇ ਨਾ ਕੋਇ ਚਤੁਰਾਈਆ । ਚਾਰ ਵਰਨ ਅਠਾਰਾਂ ਬਰਨ ਅੰਦਰ ਮੰਦਰ ਖੁਲ੍ਹਿਆ ਕਿਸੇ ਨਾ ਤਾਕਾ, ਤਕਦੀਰ ਤਕਸੀਰ ਨਾ ਕੋਇ ਬਦਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੁਣਿਆ ਕਿਸੇ ਨਾ ਸਾਕਾ, ਜਗਤ ਵਿਦਿਆ ਵਿਚ ਫਸੀ ਲੋਕਾਈਆ । ਸਚ ਦਵਾਰਾ ਧਾਮ ਨਿਆਰਾ ਲੱਭਾ ਕਿਸੇ ਨਾ ਹਾਟਾ, ਧਰਮ ਵਣਜਾਰਾ ਵਣਜ ਨਾ ਕੋਇ ਕਰਾਈਆ । ਦੀਨ ਦੁਨੀ ਚਾਰ ਕੁੰਟ ਦਹਿ ਦਿਸ਼ਾ ਚੀਥੜ ਦਿਸੇ ਪਾਟਾ, ਓਢਨ ਸੀਸ ਨਾਮ ਨਾ ਕੋਇ ਟਿਕਾਈਆ । ਕੂੜੀ ਕਰਨੀ ਪਿਆ ਘਾਟਾ, ਨਿਹਕਰਮੀ ਮੇਲ ਨਾ ਕੋਇ ਮਿਲਾਈਆ । ਆਤਮ ਸੇਜਾ ਸੋਇਆ ਕੋਈ ਨਾ ਖਾਟਾ, ਸੁਹੰਜਣਾ ਦਰ ਨਾ ਕੋਇ ਵਡਿਆਈਆ । ਨਿਰਗੁਣ ਨੂਰ ਮਿਲਿਆ ਕਿਸੇ ਨਾ ਲਾਟਾ, ਲਲਾਟ ਹੋਈ ਨਾ ਕਿਸੇ ਰੁਸ਼ਨਾਈਆ । ਅੰਮ੍ਰਿਤ ਜਾਮ ਹੱਥ ਨਾ ਆਇਆ ਬਾਟਾ, ਨਿਝਰ ਰਸ ਝਿਰਨਾ ਨਾ ਕੋਇ ਝਿਰਾਈਆ । ਜਨਮ ਮਰਨ ਮੰਜ਼ਲ ਮੰਜ਼ਲ ਅਗਲੀ ਚੁੱਕੀ ਨਾ ਵਾਟਾ, ਪਾਂਧੀ ਪੰਧ ਨਾ ਕੋਇ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਜੁੜਿਆ ਕਿਸੇ ਨਾ ਨਾਤਾ, ਨਾਤਵਾਂ ਦਿਸੀ ਖ਼ਲਕ ਖ਼ੁਦਾਈਆ । ਸਦੀ ਚੌਧਵੀਂ ਖ਼ਾਲਕ ਖ਼ਲਕ ਮਖ਼ਲੂਕ ਬਣੇ ਕੋਈ ਨਾ ਰਾਖਾ, ਸਹਾਇਤਾ ਵਿਚ ਨਾਮ ਅਨਾਇਤ ਨਾ ਕੋਇ ਕਰਾਈਆ । ਕਰੇ ਖੇਲ ਅਲਖਨਾ ਅਲਾਖਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਦਾ ਧੁਰ ਦਾ ਹੁਕਮ ਅਗੰਮੀ ਸ਼ਬਦ ਕਿਸੇ ਨਾ ਵਾਚਾ, ਪਰਾ ਪਸੰਤੀ ਮਧਮ ਬੈਖਰੀ ਗਾ ਗਾ ਸੀਸ ਨਿਵਾਈਆ । ਸੋ ਸਵਾਮੀ ਅੰਤਰਜਾਮੀ ਗਹਿਰ ਗੰਭੀਰ ਬੇਨਜ਼ੀਰ ਕਲਜੁਗ ਅੰਤਮ ਹੋਵੇ ਸਾਖਿਆਤਾ, ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਆਪਣਾ ਨੂਰ ਕਰ ਰੁਸ਼ਨਾਈਆ । ਜਨ ਭਗਤਾਂ ਸੂਫ਼ੀ ਸੰਤ ਫ਼ਕੀਰਾਂ ਦੇਵੇ ਆਬੇਹਯਾਤਾ, ਹਯਾਤੀ ਵਿਚੋਂ ਹਯਾਤੀ ਦਏ ਬਦਲਾਈਆ । ਜਿਸ ਦਾ ਲੇਖਾ ਲਿਖੇ ਨਾ ਕੋਇ ਕਿਤਾਬਾ, ਕੁਤਬਖਾਨੇ ਰੌਵਣ ਮਾਰਨ ਧਾਹੀਆ । ਸੋ ਮੇਲ ਮਿਲਾਏ ਦੋ ਦੋ ਆਬਾ, ਆਬਰੂ ਸਭ ਦੀ ਰਿਹਾ ਸਮਝਾਈਆ । ਜਿਸ ਨੂੰ ਮਸਲਿਆਂ ਵਿਚ ਅਸਲ ਗਾਉਂਦੇ ਹਕ ਜਨਾਬਾ, ਵਸਲ ਦੇਵੇ ਯਾਰ ਖ਼ੁਦਾਈਆ । ਅਨਰਸ ਅਨਡਿੱਠ ਅਨਦ੍ਰਿਸ਼ਟ ਬਖ਼ਸ਼ੇ ਅਗੰਮ ਸਵਾਦਾ, ਰਸਨਾ ਜਿਹਵਾ ਬੱਤੀ ਦੰਦ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਭੇਵ ਅਭੇਦਾ ਆਪ ਖੁਲ੍ਹਾਈਆ । ਬਿਆਸ ਕਹੇ ਮੈਂ ਵੇਖੀ ਅਗੰਮੀ ਬਸਤੀ, ਜਿਥੇ ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਤੱਕੀ ਹਸਤੀ, ਹਸਤ ਕੀਟਾਂ ਦਏ ਵਡਿਆਈਆ । ਨਾਮ ਖ਼ੁਮਾਰੀ ਦੇ ਕੇ ਮਸਤੀ, ਮਸਤ ਦੀਵਾਨੇ ਦਏ ਬਣਾਈਆ । ਮਾਲਕ ਹੋ ਕੇ ਧੁਰ ਦਾ ਅਰਸ਼ੀ, ਫ਼ਰਸ਼ੀ ਆਪਣਾ ਪੜਦਾ ਲਾਹੀਆ । ਜਨ ਭਗਤਾਂ ਜੁਗ ਜਨਮ ਦੀ ਖੋਲ੍ਹ ਕੇ ਵੇਖੇ ਅਰਜ਼ੀ, ਬਿਨਾਂ ਵਰਕਿਉਂ ਵਰਕਾ ਆਪ ਉਲਟਾਈਆ । ਧਾਰ ਜਾਣੇ ਕਲਜੁਗ ਕਲੂ ਕਲ ਦੀ, ਕਲ ਕਲਕੀ ਹੋ ਸਹਾਈਆ । ਖੇਲ ਵੇਖੇ ਜਲ ਥਲ ਦੀ, ਮਹੀਅਲ ਆਪਣੀ ਧਾਰ ਪਰਗਟਾਈਆ । ਹੁਕਮੇ ਅੰਦਰ ਹੁਕਮ ਨਾ ਕਰੇ ਜਲਦੀ, ਭਾਣੇ ਨਾਲ

ਰਾਣਾ ਹੁਕਮ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਖੇਲ ਕਰੇ ਅਛਲ ਅਛੱਲ ਦੀ, ਵਲ ਛਲ ਆਪਣੀ ਕਾਰ ਕਮਾਈਆ । ਜਨ ਭਗਤਾਂ ਮਾਣ ਵਡਿਆਈ ਬਖ਼ਸ਼ ਨਿਹਚਲ ਧਾਮ ਅਟਲ ਦੀ, ਮਹੱਲ ਇਕੋ ਦਏ ਸੁਹਾਈਆ । ਜਿਥੇ ਆਤਮ ਪਰਮਾਤਮ ਪਰਮਾਤਮ ਆਤਮ ਵਿਚ ਰਲਦੀ, ਵਜੂਦ ਸਬੂਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਆਪਣੇ ਸਵਾਲ ਹੱਲ ਦੀ, ਹਾਲਤ ਜਹਾਲਤ ਕੂੜੀ ਕਿਰਿਆ ਦੀਨ ਦੁਨੀ ਦਏ ਬਦਲਾਈਆ ।

## ★ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਪਿਆਰ ਕੌਰ ਦੇ ਗ੍ਰਿਹਿ ਪਿੰਡ ਢੁੱਡੀਆਂ ਜ਼ਿਲਾ ਕਪੂਰਥਲਾ ★

ਬਿਆਸ ਕਹੇ ਬੇਆਸਾ ਕੀਤਾ ਕਲਜੁਗ ਕੱਲਾ, ਧੀਰਜ ਧੀਰ ਨਾ ਕੋਇ ਧਰਾਈਆ । ਝਗੜਾ ਪਿਆ ਪ੍ਰਭ ਤੇਰਾ ਨਾਮ ਵਾਹਿਗੁਰੂ ਅੱਲਾ, ਅਲੈਹਦਗੀ ਸਕੇ ਨਾ ਕੋਇ ਮਿਟਾਈਆ । ਨਿਰਗੁਣ ਧਾਰ ਜੋਤੀ ਸ਼ਬਦ ਫੜਾਏ ਕੋਇ ਨਾ ਪੱਲਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਚਾਰ ਕੁੰਟ ਦਹਿ ਦਿਸ਼ਾ ਧਰਨੀ ਧਰਤ ਧਵਲ ਖ਼ਾਲੀ ਦਿਸੇ ਮਹੱਲਾ, ਨਾਮ ਭੰਡਾਰ ਹਰਿ ਕਰਤਾਰ ਦੀਨ ਦੁਨੀ ਨਾ ਕੋਇ ਵਰਤਾਈਆ । ਮਨ ਵਾਸਨਾ ਜੀਵ ਜੰਤ ਹੋਇਆ ਝੱਲਾ, ਸਾਧ ਸੰਤ ਕਰਨ ਲੜਾਈਆ । ਸਚ ਦਵਾਰ ਏਕੰਕਾਰ ਤੇਰਾ ਘਰ ਦਿਸੇ ਨਾ ਕਿਸੇ ਇਕੱਲਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵੰਡਾਂ ਜਗਤ ਵਖਾਈਆ । ਕਾਇਆ ਮਾਟੀ ਸਾਢੇ ਤਿੰਨ ਹੱਥ ਅੰਮ੍ਰਿਤ ਰੂਪ ਦਿਸੇ ਕੋਈ ਨਾ ਫਲਾ, ਵਿਖ ਵਿਕਾਰ ਗੜ੍ਹ ਹੰਕਾਰ ਨਜ਼ਰੀ ਆਈਆ । ੧੭੨
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਤੇਰੀ ਓਟ ਤਕਾਈਆ । ਬਿਆਸ ਕਹੇ ਬੇਆਸਾ ਹੋਈ ਦੀਨ ਦੁਨੀ, ਕਲਜੁਗ ਅੰਤ ਰਹੀ ਕੁਰਲਾਈਆ । ਸਚ ਪੁਕਾਰ ਕਿਸੇ ਨਾ ਸੁਣੀ, ਗੁਰ ਅਵਤਾਰ ਪੈਗ਼ੰਬਰ ਪੱਲੂ ਗਏ ਛੁਡਾਈਆ । ਆਤਮਕ ਉਪਜੇ ਨਾ ਅਗੰਮੀ ਧੁਨੀ, ਅਨਹਦ ਨਾਦੀ ਰਾਗ ਨਾ ਕੋਇ ਸੁਣਾਈਆ । ਸੰਤ ਸੁਹੇਲਾ ਮਿਲੇ ਕੋਇ ਨਾ ਗੁਣੀ, ਜੋ ਅਵਗੁਣ ਕੂੜੇ ਬਾਹਰ ਦਏ ਕਢਾਈਆ । ਮਾਇਆ ਮਮਤਾ ਸਭ ਦੀ ਚੋਟੀ ਗਈ ਮੁੰਨੀ, ਸੀਸ ਜਗਦੀਸ ਹੱਥ ਨਾ ਕੋਇ ਟਿਕਾਈਆ । ਭਾਗ ਲੱਗਾ ਦਿਸੇ ਨਾ ਕਾਇਆ ਖੇੜਾ ਕੁੱਲੀ, ਕਾਇਆ ਕਾਅਬਾ ਨਾ ਕੋਇ ਰੁਸ਼ਨਾਈਆ । ਤੇਰਾ ਢੋਲਾ ਗੀਤ ਗਾਉਂਦੇ ਰਸਨਾ ਜਿਹਵਾ ਬੱਤੀ ਦੰਦ ਬੁੱਲ੍ਹੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਸਾਚੇ ਤੋਲ ਆਤਮ ਦਿਸੇ ਕੋਇ ਨਾ ਤੁਲੀ, ਮਨ ਮਤ ਬੁਧ ਨਾਤਾ ਜਗਤ ਰਖਾਈਆ । ਸਚ ਪ੍ਰੀਤੀ ਧੁਰ ਦੀ ਨੀਤੀ ਅੰਦਰ ਘੋਲੀ ਘੋਲ ਕੋਇ ਨਾ ਘੁਲੀ, ਘਾਇਲ ਵੇਖੀ ਜਗਤ ਲੋਕਾਈਆ । ਅੰਮ੍ਰਿਤ ਧਾਰ ਨਿਝਰ ਰਸ ਬੂੰਦ ਸਵਾਂਤੀ ਸਭ ਦੀ ਡੁੱਲ੍ਹੀ, ਰਸੀਆ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਅੰਤ ਸ੍ਰੀ ਭਗਵੰਤ ਮਿਹਰ ਨਜ਼ਰ ਨਾਲ ਤਰਾਈਆ । ਬਿਆਸ ਕਹੇ ਦੀਨ ਦੁਨੀ ਰਹੀ ਕੁਰਲਾ, ਚਾਰ ਵਰਨ ਅਠਾਰਾਂ ਬਰਨ ਮਾਰਨ ਧਾਈਆ । ਸਿੱਧਾ ਮਿਲੇ ਨਾ ਕੋਇ ਮਲਾਹ, ਬਿਨ ਸਤਿਗੁਰ ਸ਼ਬਦ ਪਾਰ ਨਾ ਕੋਇ ਲੰਘਾਈਆ । ਜਗਤ ਅੰਧੇਰਾ ਔਝੜ ਹੋਇਆ ਰਾਹ, ਰਹਿਬਰ ਹਕ ਮਹਿਬੂਬ ਮੁਹੱਬਤ ਵਿਚ ਨਾ ਕੋਇ ਸਮਾਈਆ । ਨਿਰਗੁਣ ਹੋ ਕੇ ਸਰਗੁਣ ਪਕੜੇ ਕੋਈ ਨਾ ਬਾਂਹ, ਸਗਲਾ ਸਾਥ ਪੁਰਖ ਅਬਿਨਾਸ਼ ਸਦੀ ਚੌਧਵੀਂ ਤੋੜ ਨਾ ਕੋਇ ਨਿਭਾਈਆ । ਕਾਇਆ ਮੰਦਰ

ਅੰਦਰ ਸਾਢੇ ਤਿੰਨ ਹੱਥ ਜੀਵਾਂ ਜੰਤਾਂ ਤੇਰਾ ਭੁੱਲਿਆ ਨਾਂ, ਨਾਉਂ ਨਿਰੰਕਾਰ ਏਕੰਕਾਰ ਆਪਣੇ ਘਰ ਨਾ ਕੋਇ ਵਸਾਈਆ । ਬਿਨ ਤੇਰੀ ਕਿਰਪਾ ਗਹਿਰ ਗੰਭੀਰ ਬੇਨਜ਼ੀਰ ਅੰਤਮ ਦੇਵੇ ਕੋਇ ਨਾ ਠੰਡੀ ਛਾਂ, ਸਮਰਥ ਸਿਰ ਹੱਥ ਨਾ ਕੋਇ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਗਏ ਦ੍ਰਿੜਾ, ਸ੍ਰਿਸ਼ਟੀ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਬੇਪਰਵਾਹੀਆ । ਕਲਜੁਗ ਅੰਤ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪਰਗਟ ਹੋਵੇ ਆਪ ਖ਼ੁਦਾ, ਖ਼ੁਦ ਮਾਲਕ ਸਾਲਸ ਦੋ ਜਹਾਨਾਂ ਨਜ਼ਰੀ ਆਈਆ । ਭਗਤ ਸੁਹੇਲੇ ਸੂਫ਼ੀ ਸੰਤ ਫ਼ਕੀਰ ਗੁਰਮੁਖ ਸੱਜਣ ਰਹਿਣ ਨਾ ਦੇਵੇ ਜੁਦਾ, ਲੱਖ ਚੁਰਾਸੀ ਵਿਚੋਂ ਆਤਮ ਪਰਮਾਤਮ ਜੋੜ ਜੁੜਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਤਿ ਧਰਮ ਦਾ ਮਾਰਗ ਦੱਸੇ ਸਿੱਧਾ, ਡੰਡਾਵਤ ਬੰਦਨਾ ਨਮਸਤੇ ਸਜਦਾ ਇਕੋ ਦਏ ਸਮਝਾਈਆ । ਆਪਣੇ ਮਿਲਣ ਦੀ ਨਿਰਗੁਣ ਸਰਗੁਣ ਦੱਸੇ ਬਿਧਾ, ਬਦਨ ਵਜੂਦ ਤਨ ਮਾਟੀ ਖ਼ਾਕ ਸਚ ਸਬੂਤ ਆਪ ਸਮਝਾਈਆ । ਜਨ ਭਗਤਾਂ ਬਣ ਕੇ ਧੁਰ ਦਾ ਪਿਤਾ, ਪਤਿਪਰਮੇਸ਼ਵਰ ਪਾਰਬ੍ਰਹਮ ਪ੍ਰਭ ਆਪਣੀ ਗੋਦ ਉਠਾਈਆ । ਖੇਲੇ ਖੇਲ ਵੱਡਿਉਂ ਵੱਡਾ ਨਿਕਿਉਂ ਨਿੱਕਾ, ਜੋਤੀ ਜਾਤਾ ਪੁਰਖ ਬਿਧਾਤਾ ਅਨਡਿੱਠ ਅਨਦ੍ਰਿਸ਼ਟ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਦਾ ਲਹਿਣਾ ਦੇਣਾ ਪੂਰਬ ਲੇਖ ਧੁਰਦਰਗਾਹੋਂ ਲਿਖਾ, ਸੋ ਸੰਤ ਸੁਹੇਲਾ ਗੁਰੂ ਗੁਰ ਚੇਲਾ ਆਪਣੇ ਰੰਗ ਰੰਗਾਈਆ । ਪੂਰੀ ਕਰੇ ਇੱਛਾ, ਆਸਾ ਮਨਸਾ ਧੁਰ ਦੀ ਵੇਖ ਵਖਾਈਆ । ਭਗਤ ਵਛਲ ਗਿਰਧਾਰ ਬਣ ਕੇ ਏਥੇ ਓਥੇ ਦੋ ਜਹਾਨਾਂ ਕਰੇ ਰੱਛਾ, ਰੱਛਕ ਹੋ ਕੇ ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਨਾਮ ਭੰਡਾਰ ਏਕੰਕਾਰ ਕਰ ਪਿਆਰ ਵਸਤ ਅਮੋਲਕ ਪਾਵੇ ਭਿੱਛਾ, ਭਿੱਖਕ ਭਿੱਛਕ ਭੁੱਖਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦ ਆਪਣਾ ਹੁਕਮ ਸਮਝਾਈਆ । ਬਿਆਸ ਕਹੇ ਬੇਆਸੀ ਹੋਈ ਕਾਇਨਾਤ, ਧੁਰ ਦਾ ਸੰਗੀ ਸੰਗ ਨਾ ਕੋਇ ਬਣਾਈਆ । ਕਲਜੁਗ ਵੇਖ ਅੰਧੇਰੀ ਰਾਤ, ਸਤਿ ਧਰਮ ਬੈਠਾ ਮੁਖ ਛੁਪਾਈਆ । ਝਗੜਾ ਪਿਆ ਦੀਨ ਮਜ਼੍ਹਬ ਜਾਤ ਪਾਤ, ਊਚ ਨੀਚ ਰਾਓ ਰੰਕ ਕਰੇ ਲੜਾਈਆ । ਗੁਰ ਅਵਤਾਰ ਪੈਗ਼ੰਬਰ ਜੋ ਭਵਿਖਤਾਂ ਵਿਚ ਗਏ ਆਖ, ਸਚ ਸੰਦੇਸ਼ਾ ਧੁਰ ਨਰੇਸ਼ਾ ਇਕ ਸੁਣਾਈਆ । ਸੋ ਵੇਲਾ ਵਕਤ ਭਵਿਖਤਾਂ ਵਾਲਾ ਖ਼ਾਸ, ਖ਼ਾਲਸ ਹੋ ਕੇ ਪੁਰਖ ਅਬਿਨਾਸ਼ੀ ਵੇਖ ਵਖਾਈਆ । ਚਾਰ ਵਰਨ ਅਠਾਰਾਂ ਬਰਨ ਮਾਇਆ ਮਮਤਾ ਮੋਹ ਵਿਕਾਰ ਕੂੜੀ ਪੈਂਦੀ ਰਾਸ, ਰਸਤਾ ਰਾਹ ਬੇਪਰਵਾਹ ਨਾ ਕੋਇ ਵਖਾਈਆ । ਸਾਚੀ ਵਸਤ ਬਿਨਾ ਹਸਤ ਵਸਤ ਨਾਮ ਦਿਸੇ ਕਿਸੇ ਨਾ ਪਾਸ, ਪਾਸਾ ਦੀਨ ਦੁਨੀ ਗਈ ਬਦਲਾਈਆ । ਕਲਜੁਗ ਕੂੜ ਕੁੜਿਆਰ ਚਲਾਏ ਆਪਣਾ ਹਾਟ, ਜੂਠ ਝੂਠ ਜਗਤ ਵਣਜ ਵਣਜਾਰਾ ਰਿਹਾ ਕਰਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦੇ ਮਿਟਾਈਆ । ਜਨ ਭਗਤਾਂ ਦਰਸ਼ਨ ਹੋਵੇ ਸਾਖਿਆਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਮੰਗ ਮੰਗਾਈਆ । ਬਿਆਸ ਕਹੇ ਦਰੋਹੀ ਫਿਰੀ ਸ੍ਰਿਸ਼ਟ ਸਬਾਈ ਖ਼ਲਕ, ਬਹੁੜੀ ਬਹੁੜੀ ਕਰੇ ਲੋਕਾਈਆ । ਤੇਰਾ ਨੂਰ ਨਜ਼ਰ ਨਾ ਆਵੇ ਕਿਸੇ ਉਪਰ ਫ਼ਲਕ, ਧਰਨੀ ਖ਼ਾਕ ਨਾ ਕੋਇ ਵਡਿਆਈਆ । ਇਲਮ ਆਲਮ ਪੜ੍ਹ ਪੜ੍ਹ ਥੱਕੇ ਯੇ ਅਲਿਫ਼, ਹਰਫਾਂ ਵਾਲੀ ਵੰਡ ਵੰਡਾਈਆ । ਤੇਰੇ ਨਾਲ ਸਿੱਧਾ ਦਿਸੇ ਨਾ ਕਿਸੇ ਤੁਅੱਲਕ, ਨਾਤਾ ਕੂੜ ਨਾ ਕੋਇ ਤੁੜਾਈਆ । ਜਲਵਾ ਨੂਰ ਨਾ ਦਿਸੇ ਝਲਕ, ਅੰਧ ਅੰਧੇਰ ਨਾ ਕੋਇ ਮਿਟਾਈਆ । ਨਿਵਾਸ ਵੇਖੇ ਨਾ ਪਿੱਛੇ ਪਲਕ, ਉਹਲੇ


੧੭੩
੨੦

ਬੈਠਾ ਬੇਪਰਵਾਹੀਆ । ਬਿਰਹੁ ਵਿਛੋੜੇ ਅੰਦਰ ਵੱਜੇ ਕੋਈ ਨਾ ਕਿਲਕ, ਵੈਰਾਗੀ ਰੂਪ ਨਾ ਕੋਇ ਬਣਾਈਆ । ਮਨ ਵਾਸਨਾ ਕਰੇ ਇੱਲਤ, ਸਾਂਤਕ ਸਤਿ ਨਾ ਕੋਇ ਵਰਤਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤ ਤੇਰੇ ਅੱਗੇ ਸਾਰੇ ਕਰਦੇ ਮਿੰਨਤ, ਗੁਰ ਅਵਤਾਰ ਪੈਗ਼ੰਬਰ ਸਾਰੇ ਬੈਠੇ ਸੀਸ ਨਿਵਾਈਆ । ਅੰਤ ਅਖ਼ੀਰ ਸਾਡੀ ਰਹੀ ਕੋਈ ਨਾ ਹਿੰਮਤ, ਤਾਕਤ ਸਕੇ ਨਾ ਕੋਇ ਅਜ਼ਮਾਈਆ । ਜਗਤ ਖ਼ੁਆਰੀ ਵੇਖ ਜ਼ਿੱਲਤ, ਚਾਰ ਵਰਨ ਅਠਾਰਾਂ ਬਰਨ ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਦਹਿ ਦਿਸ਼ਾ ਤੇਰੀ ਧਾਰ ਦੀ ਇਕੋ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ ।

★ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਪਿਆਰੋ ਦੇ ਗ੍ਰਿਹਿ ਪਿੰਡ ਢੁੱਡੀਆਂ ਜ਼ਿਲਾ ਕਪੂਰਥਲਾ ★

ਬਿਆਸ ਕਹੇ ਮੈਂ ਵੇਖਾਂ ਜਗਤ ਜਹਾਨ, ਬਿਨ ਅੱਖਾਂ ਅੱਖ ਉਠਾਈਆ । ਸਚ ਧਰਮ ਦਿਸੇ ਨਾ ਕੋਇ ਨਿਸ਼ਾਨ, ਕੂੜ ਕੁੜਿਆਰਾ ਡੰਕ ਵੱਜੇ ਥਾਉਂ ਥਾਈਂਆ । ਮਾਇਆ ਮਮਤਾ ਹੋਈ ਪਰਧਾਨ, ਨਾਮ ਨਿਧਾਨ ਨਾ ਕੋਇ ਵਡਿਆਈਆ । ਜਗਤ ਵਿਦਿਆ ਵਾਲਾ ਗਿਆਨ, ਹਕੀਕਤ ਹਕ ਨਾ ਕੋਇ ਸਮਝਾਈਆ । ਢੋਲੇ ਗਾਉਂਦੇ ਨਾਲ ਜ਼ਬਾਨ, ਮਨ ਜ਼ਿਬਹ ਨਾ ਕੋਇ ਕਰਾਈਆ । ਝਗੜਾ ਪਿਆ ਹਿੰਦੂ ਮੁਸਲਮਾਨ, ਮਸਲਾ ਹਕ ਨਾ ਕੋਇ ਸੁਣਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਧਰਮ ਧੁਰਾ ਨਾ ਕੋਇ ਬਣਾਈਆ । ਮਮਤਾ ਵਧੀ ਪੀਣ ਖਾਣ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਜਣਾਈਆ । ਬੁੱਧੀਵਾਨ ਮੂਰਖ ਮੁਗਧ ਹੋਏ ਅੰਜਾਣ, ਹਰਸ ਹਵਸ ਵਿਚ ਲੜਾਈਆ । ਭੇਵ ਖੁਲ੍ਹੇ ਨਾ ਅੰਜੀਲ ਕੁਰਾਨ, ਵੇਦ ਪੁਰਾਨ ਸਾਰ ਕੋਇ ਨਾ ਆਈਆ । ਚਾਰ ਕੁੰਟ ਸ਼ਰਅ ਫਿਰੇ ਸ਼ੈਤਾਨ, ਸ਼ਰੀਅਤ ਆਪਣਾ ਨਾਚ ਨਚਾਈਆ । ਜੂਠ ਝੂਠ ਹੋ ਪਰਧਾਨ, ਹੁਕਮ ਆਪਣਾ ਇਕ ਸੁਣਾਈਆ । ਸਾਚਾ ਰਾਹ ਦਿਸੇ ਨਾ ਕਿਸੇ ਨੌਜਵਾਨ, ਬਿਰਧ ਬਾਲ ਨਾ ਕੋਇ ਸਮਝਾਈਆ । ਜਗਤ ਵਿਕਾਰ ਦਿਸੇ ਤੂਫ਼ਾਨ, ਰੁੜ੍ਹਦੀ ਜਾਏ ਲੋਕਾਈਆ । ਬਿਆਸ ਕਹੇ ਮੈਂ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਗੁਰ ਅਵਤਾਰ ਪੈਗ਼ੰਬਰ ਛੱਡ ਗਏ ਆਪਣੀ ਕਮਾਨ, ਦਰ ਦਰਬਾਨ ਹੋ ਕੇ ਬੈਠੇ ਸੀਸ ਨਿਵਾਈਆ । ਮੰਗਾਂ ਮੰਗਣ ਅੱਗੇ ਸ੍ਰੀ ਭਗਵਾਨ, ਨਿਉਂ ਨਿਉਂ ਸੀਸ ਝੁਕਾਈਆ । ਮਿਹਰ ਕਰ ਮਰਦ ਮਰਦਾਨ, ਮਦਦ ਤੇਰੀ ਨਜ਼ਰੀ ਆਈਆ । ਜੀਵ ਜੰਤ ਸਰਬ ਕੁਰਲਾਣ, ਸਦੀ ਚੌਧਵੀਂ ਦਏ ਗਵਾਹੀਆ । ਸਾਡਾ ਭਵਿਖਤ ਲਿਖਿਆ ਕਰ ਪਰਵਾਨ, ਪਰਵਾਨਾ ਆਪਣਾ ਨਾਮ ਫੜਾਈਆ । ਪੂਰਾ ਕਰ ਬਿਆਨ, ਝਗੜਾ ਚੁੱਕੇ ਲੋਕਾਈਆ । ਨਿਰਗੁਣ ਹੋ ਕੇ ਦੇਵੇਂ ਫ਼ਰਮਾਨ, ਆਪ ਆਪਣੀ ਦਇਆ ਕਮਾਈਆ । ਤੇਰਾ ਖੇਲ ਕੋਈ ਸਮਝ ਨਾ ਸਕੇ ਅੰਞਾਣ, ਬੁੱਧੀ ਭੇਵ ਨਾ ਕੋਇ ਪਾਈਆ । ਕਰ ਕਿਰਪਾ ਹੋ ਆਪ ਮਿਹਰਵਾਨ, ਮਹਿਬੂਬ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਕਰ ਪਹਿਚਾਣ, ਗੁਰਮੁਖ ਰੰਗ ਰੰਗਾਈਆ । ਬਿਆਸ ਕਹੇ ਮੇਰੇ ਨੈਣ ਸ਼ਰਮਾਣ, ਨੇਤਰ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਲਹਿਣਾ ਦੇਣਾ ਲੇਖ ਨਾ ਕੋਇ ਮੁਕਾਈਆ ।


੧੭੪
੨੦

### ★ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੨ ਗਿਆਨ ਸਿੰਘ ਦੇ ਗ੍ਰਿਹ ਪਿੰਡ ਢੁੱਡੀਆਂ ਜ਼ਿਲਾ ਕਪੂਰਥਲਾ ★



ਬਿਆਸ ਕਹੇ ਬਿਰਥਾ ਦਿਸੀ ਮਣਕਿਆਂ ਮਾਲਾ ਤਸਬੀ, ਜਟਾ ਜੂਟ ਰਹੇ ਕੁਰਲਾਈਆ । ਨੇਤਰ ਰੋਵਣ ਨਹਾਵਣ ਧੋਵਣ ਵਾਲੇ ਕਸਬੀ, ਕਸਬਾ ਕਾਇਆ ਘਰ ਨਾ ਕੋਇ ਵਸਾਈਆ । ਵਿਦਿਆ ਲੱਭ ਨਾ ਸਕੀ ਹਿੰਦੀ ਉਰਦੂ ਫਾਰਸੀ ਅਰਬੀ, ਪੜਦਾ ਮਾਤ ਨਾ ਕੋਇ ਉਠਾਈਆ । ਜੁਗ ਚੌਕੜੀ ਪ੍ਰਭੂ ਤੇਰਾ ਨਾਮ ਸੁਣਦਾ ਰਿਹਾ ਫ਼ਰਜ਼ੀ, ਅਨਗਿਣਤ ਗਏ ਸੁਣਾਈਆ । ਤੇਰੇ ਦਰ ਪਾਉਂਦੇ ਗਏ ਸਾਰੇ ਅਰਜ਼ੀ, ਬੇਨੰਤੀਆਂ ਵਿਚ ਸੁਣਾਈਆ । ਤੂੰ ਸਾਹਿਬ ਸੁਲਤਾਨ ਕਰਦਾ ਰਿਹੋਂ ਆਪਣੀ ਮਰਜ਼ੀ, ਮੁਰੀਦ ਗੁਰ ਅਵਤਾਰ ਪੈਗ਼ੰਬਰ ਜਗਤ ਬਣਾਈਆ । ਖੇਲ ਖੇਲਦਾ ਰਿਹੋਂ ਆਪਣੇ ਘਰ ਦੀ, ਘਰਾਣੇ ਬ੍ਰਹਿਮੰਡ ਖੰਡ ਵੰਡ ਵੰਡਾਈਆ । ਕਲਜੁਗ ਅੰਤ ਕਰ ਹਮਦਰਦੀ, ਦਰਦ ਦੀਨਾਂ ਨਾਲ ਵੰਡਾਈਆ । ਕਲਜੁਗ ਵੇਖ ਕਲਾ ਚੜ੍ਹਦੀ, ਚਾਰੋਂ ਕੁੰਟ ਅੰਧੇਰਾ ਛਾਈਆ । ਤੇਰਾ ਗੀਤ ਪ੍ਰੇਮ ਵਾਸਨਾ ਕੋਇ ਨਾ ਪੜ੍ਹਦੀ, ਜਗਤ ਖ਼ਾਹਿਸ਼ ਰਹੀ ਗਾਈਆ । ਤੇਰੀ ਖੇਲ ਨਰਾਇਣ ਨਰ ਦੀ, ਹਰਿ ਨਿਰੰਕਾਰ ਸੱਚੇ ਸ਼ਹਿਨਸ਼ਾਹੀਆ । ਜਨ ਭਗਤਾਂ ਸਾਚੇ ਸੰਤਾਂ ਤ੍ਰਿਸ਼ਨਾ ਮੇਟ ਜਗਤ ਪਿਆਸ ਜਲ ਦੀ, ਅੰਮ੍ਰਿਤ ਆਪਣਾ ਜਾਮ ਪਿਆਈਆ । ਕੂੜੀ ਧਾਰ ਮਿਟੇ ਥਲ ਦੀ, ਅਸਗਾਹ ਪੈਂਡਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਿਆਸ ਕਹੇ ਮੈਂ ਵੇਖੇ ਜਗਤ ਵੈਰਾਗੀ, ਮੋਹ ਵਿਛੋੜੇ ਵਿਚ ਨੀਰ ਵਹਾਈਆ । ਤੇਰੇ ਨਾਲੋਂ ਹੋ ਕੇ ਬਾਗ਼ੀ, ਬਾਗ਼ਬਾਨ ਜਗਤ ਰਹੇ ਅਖਵਾਈਆ । ਅੰਦਰੋਂ ਹੋ ਕੇ ਦਾਗ਼ੀ, ਬਾਹਰੋਂ ਕਰਨ ਸਫ਼ਾਈਆ । ਸਚ ਸੁਣੀ ਨਾ ਕਿਸੇ ਆਵਾਜ਼ੀ, ਸੋਈ ਸੁਰਤ ਨਾ ਕੋਇ ਉਠਾਈਆ । ਸਮਝ ਆਏ ਨਾ ਕਿਸੇ ਮਾਜ਼ੀ, ਹਾਲ ਹਾਲ ਕਰ ਕੇ ਰਹੇ ਕੁਰਲਾਈਆ । ਸਾਚਾ ਲੱਭੇ ਨਾ ਕੋਇ ਨਮਾਜ਼ੀ, ਸਜਦਾ ਸੀਸ ਜਗਦੀਸ਼ ਨਾ ਕੋਇ ਝੁਕਾਈਆ । ਰਸਨਾ ਜਿਹਵਾ ਦੇ ਬਣੇ ਪਾਠੀ, ਅੰਤਰ ਰੰਗ ਨਾ ਕੋਇ ਰੰਗਾਈਆ । ਨਹਾਵਣ ਤੀਰਥ ਤਾਟੀ, ਸਰੋਵਰ ਫੇਰੇ ਪਾਈਆ । ਮੰਦਰ ਚੜ੍ਹੇ ਕੋਈ ਨਾ ਘਾਟੀ, ਪੈਂਡਾ ਕੂੜ ਨਾ ਕੋਇ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਚਾਰ ਵਰਨਾਂ ਪੱਟੀ ਦੱਸੇ ਨਾ ਕੋਇ ਇਕ ਜਮਾਤੀ, ਅੱਖਰ ਵੱਖਰ ਨਾ ਕੋਇ ਦ੍ਰਿੜਾਈਆ । ਤੇਰੇ ਨਾਮ ਦੀ ਸੁਣਾਏ ਕੋਇ ਨਾ ਸਾਖੀ, ਸਾਖਿਆਤ ਦਰਸ ਨਾ ਕੋਇ ਕਰਾਈਆ । ਜਿਹੜੇ ਗੁਰ ਅਵਤਾਰ ਪੈਗ਼ੰਬਰ ਤੇਰੀ ਮੰਨਦੇ ਗਏ ਆਖੀ, ਉਨ੍ਹਾਂ ਨੂੰ ਮੰਨ ਕੇ ਆਪਣਾ ਝਟ ਲੰਘਾਈਆ । ਜਗਤ ਵਡਿਆਈ ਕਿਸੇ ਦੀ ਦੀਵਾਲੀ ਕਿਸੇ ਦੀ ਵਸਾਖੀ, ਤੇਰੀ ਰਮਜ਼ ਕਿਸੇ ਨਾ ਭਾਖੀ, ਜਿਸ ਦੀ ਰੁਤੜੀ ਨਾ ਕੋਇ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਤਨ ਹੰਢਾ ਕੇ ਗਏ ਮਾਟੀ ਖ਼ਾਕੀ, ਪੰਜ ਤਤ ਨਾਤਾ ਜਗਤ ਜੁੜਾਈਆ । ਤੇਰੇ ਨਾਮ ਦੀ ਗਾਥਾ ਦੱਸ ਕੇ ਗਏ ਸਾਚੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀਆ । ਜਗਤ ਖੇਲ ਦੱਸ ਕੇ ਕਾਚੀ, ਕਾਚੀ ਗਗਰੀਆ ਫੋਲ ਵਖਾਈਆ । ਸੁਨੇਹੜਾ ਦੇ ਕੇ ਤੇਰਾ ਤੇਰੇ ਨਾਮ ਦੀ ਪਾਤੀ, ਪਤਰਿਆਂ ਵਾਲਾ ਪਤਨ ਗਏ ਬਣਾਈਆ । ਤੇਰੀ ਓਟ ਰਖ ਪੁਰਖ ਅਬਿਨਾਸ਼ੀ, ਨਾਸ਼ ਆਪਣਾ ਸ਼ਰੀਰ ਕਰਾਈਆ । ਤੂੰ ਸਾਹਿਬ ਸੁਲਤਾਨ ਸਚਖੰਡ ਨਿਵਾਸੀ, ਦਰਗਾਹ ਸਾਚੀ ਸੋਭਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਮ ਪੁਰਖ ਪਰਮਾਤਮ ਪਾਰਬ੍ਰਹਮ ਪਤਿਪਰਮੇਸ਼ਵਰ ਪੂਰੀ ਕਰ ਆਸੀ, ਨਿਰਾਸੀ ਧਾਰ ਰਹੇ ਨਾ ਰਾਈਆ । ਬਿਆਸ ਕਹੇ ਤੂੰ ਸਭ ਦਾ ਕਮਲਾਪਾਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਕਲਜੁਗ ਅੰਤਮ ਮੇਟ ਵਾਟੀ, ਪੈਂਡਾ ਪੰਧ ਦੇਣਾ ਮੁਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੋ ਜਹਾਨ ਤੇਰੀ ਮੋੜ ਸਕੇ ਕੋਈ ਨਾ ਆਖੀ, ਅੱਖੀਆਂ ਤੋਂ ਪਰੇ ਆਖਰ ਆਪਣਾ ਹੁਕਮ ਸੁਣਾਈਆ ।

★ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੨ ਸੁਰਜੀਤ ਕੌਰ ਦੇ ਗ੍ਰਹਿ ਪਿੰਡ ਗੋਸਲ ਜ਼ਿਲਾ ਕਪੂਰਥਲਾ ★

ਬਿਆਸ ਕਹੇ ਮੈਂ ਜੁਗ ਚੌਕੜੀ ਵੇਖੇ ਲੰਘਦੇ, ਨਿਤ ਨਿਤ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਤੱਕੇ ਮੰਗਦੇ, ਪੈਗ਼ੰਬਰ ਝੋਲੀਆਂ ਡਾਹੀਆ । ਭਗਤ ਸੰਤ ਵੇਖੇ ਕਾਇਆ ਮਾਟੀ ਰੰਗਦੇ, ਨਾਮ ਭਬੂਤੀ ਖ਼ਾਕ ਰਮਾਈਆ । ਇਸ਼ਟ ਦੇਵ ਸਵਾਮੀ ਵੇਖੇ ਮੰਨਦੇ, ਜੋਗੀ ਜਤੀ ਧਿਆਨ ਲਗਾਈਆ । ਗੜ੍ਹ ਹੰਕਾਰੀ ਵੇਖੇ ਭੰਨਦੇ, ਸੁਰਤੀ ਸ਼ਬਦ ਨਾਲ ਜੁੜਾਈਆ । ਪਰਕਾਸ਼ ਤੱਕੇ ਅਗੰਮੀ ਚੰਨ ਦੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੰਸੇ ਵੇਖੇ ਖ਼ੁਸ਼ੀ ਗ਼ਮ ਦੇ, ਰਾਜ ਰਾਜਾਨਾਂ ਖੋਜ ਖੁਜਾਈਆ । ਭੰਡਾਰੇ ਵੇਖੇ ਅਤੋਟ ਅਤੁਟ ਧਨ ਦੇ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਪੜਦਾ ਦੇ ਚੁਕਾਈਆ । ਬਿਆਸ ਕਹੇ ਜੁਗ ਚੌਕੜੀ ਗਏ ਬੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹਿਣ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਚਲਾ ਕੇ ਗਏ ਤੇਰੀ ਰੀਤ, ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਤੇਰੀ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਗਾ ਗਾ ਗਏ ਗੀਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਾਉਂ ਪਰਗਟਾਈਆ । ਸਚਖੰਡ ਦਵਾਰਾ ਏਕੰਕਾਰਾ ਤੇਰਾ ਧਾਮ ਦੱਸ ਕੇ ਗਏ ਅਤੀਤ, ਤ੍ਰੈਭਵਣ ਧਨੀ ਤੇਰਾ ਭੇਵ ਖੁਲ੍ਹਾਈਆ । ਕਾਇਆ ਮਾਟੀ ਤਨ ਵਜੂਦ ਕਰ ਕੇ ਗਏ ਠਾਂਡਾ ਸੀਤ, ਅੰਮ੍ਰਿਤ ਬੂੰਦ ਮੇਘ ਸਵਾਂਤੀ ਧੁਰ ਦੀ ਇਕ ਚੁਆਈਆ । ਮੁਰਦੇ ਮੁਰੀਦ ਮੁਰਸ਼ਦ ਕਰ ਕੇ ਗਏ ਸੁਰਜੀਤ, ਜੀਵਣ ਜੀਵਣ ਵਿਚੋਂ ਬਦਲਾਈਆ । ਝਗੜਾ ਮੁਕਾ ਕੇ ਗਏ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਸਤਿ ਧਰਮ ਦਾ ਮਾਰਗ ਦੱਸ ਕੇ ਗਏ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦਵਾਰ ਵੰਡ ਵੰਡਾਈਆ । ਜੁਗ ਚੌਕੜੀ ਜਗਤ ਕਾਲ ਗਏ ਬੀਤ, ਬੀਤੀ ਕਥਾ ਕਹਾਣੀ ਸਾਰੇ ਰਹੇ ਗਾਈਆ । ਅਗਲਾ ਭੇਵ ਦੱਸੇ ਕੋਇ ਨਾ ਠੀਕ, ਠਾਕਰ ਸਵਾਮੀ ਮੰਨ ਕੇ ਤੈਨੂੰ ਸੀਸ ਰਹੇ ਝੁਕਾਈਆ । ਕਲਮਿਆਂ ਵਾਲੀ ਪੜ੍ਹਨ ਹਦੀਸ, ਹਜ਼ਰਤਾਂ ਸਜਦੇ ਕਰ ਕੇ ਖ਼ੁਸ਼ੀ ਬਣਾਈਆ । ਅਗਲਾ ਵੇਲਾ ਵਕਤ ਸਮਝੇ ਨਾ ਕੋਇ ਕਰੀਬ, ਬੇਨਸੀਬ ਦਿਸੇ ਲੋਕਾਈਆ । ਤੇਰਾ ਖੇਲ ਨਿਰਾਲਾ ਅਜਬ ਅਜੀਬ, ਪੜਦਾ ਓਹਲਾ ਸਕੇ ਨਾ ਕੋਇ ਉਠਾਈਆ । ਕਲਜੁਗ ਅੰਦਰ ਸਤਿਜੁਗ ਕਿਸ ਬਿਧ ਦੇਵੇਂ ਤਰਤੀਬ, ਤਰੀਕਾ ਆਪਣਾ ਦੇ ਸਮਝਾਈਆ । ਭਗਤ ਸੁਹੇਲੇ ਉਠਾਵੇਂ ਗ਼ਰੀਬ, ਕੋੜ੍ਹੇ ਕਮਲੇ ਅੰਗ ਲਗਾਈਆ । ਦਰਸ਼ਨ ਦੇਵੇਂ ਸਾਚੇ ਨੇਤਰ ਦੀਦ, ਜਾਹਰ ਜਹੂਰ ਨਜ਼ਰੀ ਆਈਆ । ਧੁਰ ਦੇ ਹੁਕਮ ਦੀ ਕਰ ਤਾਈਦ, ਨਾਮ ਇਕੋ ਦੇ ਸਮਝਾਈਆ । ਝਗੜਾ ਰਹੇ ਨਾ ਕੋਇ ਦਵੈਤ ਸ਼ਦੀਦ, ਸ਼ਮਅ ਆਪਣਾ ਨਾਮ ਜਗਾਈਆ । ਮੇਰੀ ਆਸਾ ਮਨਸਾ ਪੂਰੀ ਕਰ ਉਮੀਦ, ਰੰਗ ਆਪਣਾ ਇਕ ਵਖਾਈਆ । ਜਿਸ ਦੀ ਗੋਬਿੰਦ ਦਿਤੀ ਰਸੀਦ, ਸਤਲੁਜ ਹੱਥ ਫੜਾਈਆ । ਗ਼ਫ਼ਲਤ ਰਹੇ ਨਾ ਕੋਇ ਨੀਂਦ, ਆਲਸ ਦੇਣਾ ਗਵਾਈਆ । ਬਿਆਸ ਕਹੇ ਪਰਮ ਪੁਰਖ ਪਰਮਾਤਮ ਤੇਰੇ ਨਾਮ ਦੀ ਗਾਉਂਦੇ ਗਏ ਸਾਰੇ ਤੌਹੀਦ, ਮਮ ਮੀਤ ਮੇਰਾ ਤੇਰਾ ਤੇਰਾ ਮੇਰਾ ਭੇਵ ਨਾ ਕੋਇ ਮੁਕਾਈਆ ।

★ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੨ ਦੌਲਤ ਸਿੰਘ ਦੇ ਗ੍ਰਿਹ ਸ਼ੇਖ਼ਪੁਰਾ ਜ਼ਿਲਾ ਕਪੂਰਥਲਾ ★

ਬਿਆਸ ਕਹੇ ਬੇਆਸਾ ਫਿਰੇ ਸਾਰਾ ਜਗ, ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਰਿਹਾ ਕੁਰਲਾਈਆ । ਕੂੜ ਵਿਕਾਰ ਮਾਇਆ ਮਮਤਾ ਤ੍ਰਿਸ਼ਨਾ ਲੱਗੀ ਅੱਗ, ਅੰਮ੍ਰਿਤ ਮੇਘ ਬੂੰਦ ਸਵਾਂਤ ਨਿਝਰ ਧਾਰ ਨਾ ਕੋਇ ਵਹਾਈਆ । ਤੇਰੀ ਆਤਮ ਪਰਮਾਤਮ ਹੋ ਅਲਗ, ਕਾਇਆ ਮਾਟੀ ਤਨ ਵਜੂਦ ਖ਼ਾਕੀ ਰਹੀ ਕੁਰਲਾਈਆ । ਜਗਤ ਕਿਰਿਆ ਜੂਠ ਝੂਠ ਮਮਤਾ ਵਧੀ ਹੱਦ, ਦੂਈ ਦਵੈਤੀ ਡੇਰਾ ਕੋਇ ਨਾ ਢਾਹੀਆ । ਕਲਜੁਗ ਅੰਤ ਅਖ਼ੀਰ ਸ੍ਰੀ ਭਗਵਾਨ ਹੋਈ ਹੱਦ, ਚਾਰ ਵਰਨ ਅਠਾਰਾਂ ਬਰਨ ਨੇਤਰ ਰੋਵਣ ਮਾਰਨ ਧਾਹੀਆ । ਘਰ ਸਵਾਮੀ ਅੰਤਰਜਾਮੀ ਪਰਮ ਪੁਰਖ ਪਰਮਾਤਮ ਸਕੇ ਨਾ ਕੋਇ ਸੱਦ, ਉਚੀ ਕੂਕ ਹੋਕਾ ਹਕ ਨਾ ਕੋਇ ਸੁਣਾਈਆ । ਸਤਿਜੁਗ ਤਰੇਤਾ ਦੁਆਪਰ ਪਿਛਲੇ ਗਏ ਲੰਘ, ਕਲਜੁਗ ਅੰਤ ਵੇਖ ਨੂਰ ਖ਼ੁਦਾਈਆ । ਸਾਚੀ ਸੇਜ ਸੁਹੰਜਣੀ ਦਿਸੇ ਨਾ ਕੋਇ ਪਲੰਘ, ਨਿਰਗੁਣ ਮੇਲਾ ਨਿਰਗੁਣ ਨਾ ਕੋਇ ਕਰਾਈਆ । ਹਉਮੇ ਹੰਗਤਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੱਜੇ ਮਰਦੰਗ, ਡੰਕਾ ਡੌਰੂ ਸ਼ਾਹ ਸੁਲਤਾਨ ਰਹੇ ਵਜਾਈਆ । ਭੇਵ ਅਭੇਦਾ ਖੋਲ੍ਹੇ ਨਾ ਕੋਇ ਹੰ ਬ੍ਰਹਮ, ਪਾਰਬ੍ਰਹਮ ਤੇਰਾ ਨੂਰ ਨਾ ਕੋਇ ਚਮਕਾਈਆ । ਮਾਨਵ ਜਾਤੀ ਸਾਚਾ ਜਾਣੇ ਨਾ ਕੋਇ ਧਰਮ, ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਕਰਨ ਲੜਾਈਆ । ਖਟਕਾ ਪਿਆ ਵਰਨ ਬਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਂਤਕ ਸਤਿ ਨਾ ਕੋਇ ਕਰਾਈਆ । ਪੁਰਖ ਅਕਾਲ ਦੀਨ ਦਿਆਲ ਤੂੰ ਆਦਿ ਜੁਗਾਦਿ ਕਰਨੀ ਕਰਨ, ਕੁਦਰਤ ਦਾ ਮਾਲਕ ਕਰਤਾ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਜੁਗ ਚੌਕੜੀ ਤੇਰੇ ਨਾਲ ਸ਼ਬਦੀ ਕੌਲ ਕਰ ਕੇ ਗਏ ਪਰਨ, ਇਕਰਾਰ ਧੁਰ ਦਾ ਨਾਮ ਬਣਾਈਆ । ੧੭੭
ਸਦੀ ਚੌਧਵੀਂ ਕਲਜੁਗ ਅੰਤ ਸਭ ਨੂੰ ਬਖ਼ਸ਼ ਇਕ ਸਰਨ, ਸਰਨਗਤ ਇਕ ਦ੍ਰਿੜਾਈਆ । ਜਨ ਭਗਤ ਸੁਹੇਲੇ ਸੱਜਣ ਮੀਤ ਲਗਾਉਣੇ ਆਪਣੇ ਚਰਨ, ਚਰਨੋਦਕ ਧੁਰ ਦਾ ਅਗੰਮਾ ਜਾਮ ਪਿਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਚੀ ਤੁਕ ਪੜ੍ਹਨ, ਤੂੰ ਹੀ ਤੂੰ ਹੀ ਰਾਗ ਅਲਾਈਆ । ਮਹੱਲ ਅਟਲ ਉਚ ਮਨਾਰ ਦਰਗਾਹ ਸਾਚੀ ਸਚਖੰਡ ਦਵਾਰ ਤੇਰੇ ਵੜਨ, ਅੱਗੇ ਹੋ ਨਾ ਕੋਇ ਅਟਕਾਈਆ । ਮੰਜ਼ਲ ਮੰਜ਼ਲ ਮਹਿਬੂਬ ਤੇਰੀ ਮੰਜ਼ਲ ਚੜ੍ਹਨ, ਚੌਦਾਂ ਤਬਕ ਚਰਨਾਂ ਹੇਠ ਦਬਾਈਆ । ਤੇਰਾ ਨੂਰ ਤੇਰੀ ਧਾਰ ਤੇਰਾ ਸਰੂਪ ਤੇਰੀ ਜੋਤ (ਵਰਨ), ਦੂਜਾ ਕੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦ ਸਚ ਦੇਣਾ ਦ੍ਰਿੜਾਈਆ । ਬਿਆਸ ਕਹੇ ਚਾਰ ਕੁੰਟ ਦਿਸੇ ਅੰਧੇਰਾ, ਆਸਾ ਵਿਚ ਨਾ ਕੋਇ ਲੋਕਾਈਆ । ਜੂਠ ਝੂਠ ਲੱਗਾ ਡੇਰਾ, ਕੂੜੀ ਕਿਰਿਆ ਡੰਕ ਵਜਾਈਆ । ਲੱਖ ਚੁਰਾਸੀ ਸ਼ੌਹ ਦਰਿਆ ਡੁੱਬਦਾ ਦਿਸੇ ਬੇੜਾ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਤੁਧ ਬਿਨ ਹਕੀਕਤ ਵਿਚੋਂ ਹਕ ਕਰੇ ਨਾ ਕੋਇ ਨਬੇੜਾ, ਲਾਸ਼ਰੀਕ ਸ਼ਰਅ ਸਕੇ ਨਾ ਕੋਇ ਬਦਲਾਈਆ । ਦੀਨ ਦੁਨੀ ਦਾਅਵੇ ਨਾਲ ਦੇਵੇ ਕੋਈ ਨਾ ਗੇੜਾ, ਹੁਕਮੇ ਅੰਦਰ ਹੁਕਮ ਨਾ ਕੋਇ ਬਦਲਾਈਆ । ਕਾਇਆ ਮਾਟੀ ਸਾਢੇ ਤਿੰਨ ਹੱਥ ਪੰਜ ਤਤ ਸਰੀਰ ਵਸਾਵੇ ਕੋਇ ਨਾ ਖੇੜਾ, ਵਸਤ ਅਮੋਲਕ ਕਾਇਆ ਗੋਲਕ ਇਕ ਟਿਕਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਤੁਧ ਬਿਨ ਕੋਈ ਨਜ਼ਰ ਨਾ ਆਵੇ ਨੇਰਨ ਨੇਰਾ, ਦੂਰ ਦੁਰਾਡੇ ਗੁਰ ਅਵਤਾਰ ਪੈਗ਼ੰਬਰ ਤੇਰੇ ਚਰਨ ਕਵਲ ਬੈਠੇ ਸੀਸ ਨਿਵਾਈਆ । ਪਰਮ ਪੁਰਖ ਪਰਮਾਤਮ ਆਤਮ ਉਤੇ ਕਰ ਮਿਹਰਾ, ਮਿਹਰਵਾਨ ਆਪਣੀ ਨਿਗਾਹ ਉਠਾਈਆ । ਤੇਰਾ ਸ਼ਬਦੀ ਸੁਤ ਜੋਧਾ ਸੂਰਬੀਰ ਬਹਾਦਰ ਧੁਰ ਦਾ ਅਗੰਮੀ ਸ਼ੇਰਾ, ਜਿਸ

ਦੀ ਭਬਕ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਰਵ ਸਸ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਝਲ ਸਕੇ ਕੋਇ ਨਾ ਰਾਈਆ । ਜੋਤੀ ਜਾਤੇ ਪੁਰਖ ਬਿਧਾਤੇ ਜੋਤ ਸਰੂਪ ਤੇਰਾ ਕਲ ਕਲਕੀ ਅਗੰਮੜਾ ਵੇਸ ਨਿਰਵੈਰ ਨਿਰਾਕਾਰ ਫੇਰਾ, ਆਉਂਦਾ ਜਾਂਦਾ ਦੋ ਜਹਾਨ ਨਜ਼ਰ ਕਿਸੇ ਨਾ ਆਈਆ । ਅਗੰਮ ਅਥਾਹ ਬੇਪਰਵਾਹ ਬੇਨਜ਼ੀਰ ਸ਼ਾਹ ਹਕੀਰ ਲਾਸ਼ਰੀਕ ਤੇਰਾ ਭੇਵ ਪਾਵੇ ਕਿਹੜਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਲੇਖਾ ਲਿਖ ਸਕੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਚਰਨ ਕਵਲ ਸ਼ਬਦੀ ਜੋਤੀ ਧਾਰ ਲਾ ਕੇ ਡੇਰਾ, ਗ੍ਰਹਿ ਧੁਰ ਦਾ ਰਹੇ ਸੁਹਾਈਆ । ਬਿਆਸ ਕਹੇ ਪੁਰਖ ਅਕਾਲ ਦੀਨ ਦਿਆਲ ਦਰਦ ਦੁਖ ਭੰਜਨ ਕਲਜੁਗ ਅੰਤ ਸ੍ਰੀ ਭਗਵੰਤ ਧਰਤ ਮਾਤ ਸਤਿ ਧਰਮ ਦਾ ਖੁਲ੍ਹਾ ਕਰ ਵਿਹੜਾ, ਕੂੜੀ ਕਿਰਿਆ ਜਗਤ ਵਿਕਾਰ ਜੂਠ ਝੂਠ ਧਰਨੀ ਧਰਤ ਧਵਲ ਉਤੋਂ ਬਾਹਰ ਕਢਾਈਆ । ਬਿਆਸ ਕਹੇ ਬੇਆਸਾ ਹੋਈ ਜਗਤ ਸੁਰਤੀ, ਸ਼ਬਦੀ ਮੇਲ ਨਾ ਕੋਇ ਮਿਲਾਈਆ । ਨਜ਼ਰ ਨਾ ਆਏ ਜੋਤ ਅਕਾਲ ਮੂਰਤੀ, ਮੂਰਤ ਸੂਰਤ ਸਚ ਨਾ ਕੋਇ ਸਮਝਾਈਆ । ਬਿਣ ਕੰਨਾਂ ਸਰਵਣ ਨਾਦ ਸੁਣੇ ਨਾ ਕੋਇ ਧੁਰ ਦਾ ਤੂਰਤੀ, ਤੁਰੀਆ ਤੋਂ ਅੱਗੇ ਤੇਰਾ ਭੇਵ ਨਾ ਕੋਇ ਖੁਲ੍ਹਾਈਆ । ਸਾਚੀ ਰਮਜ਼ ਨਾ ਕੋਈ ਜਾਣੇ ਸ਼ਬਦ ਸਤਿਗੁਰ ਦੀ, ਤੱਤਾਂ ਵਾਲੇ ਸਰੀਰ ਮੰਨ ਕੇ ਆਪਣਾ ਝਟ ਲੰਘਾਈਆ । ਤੇਰਾ ਹੁਕਮ ਤੇਰਾ ਫ਼ਰਮਾਨ ਤੇਰਾ ਨਾਮ ਨਿਧਾਨ ਬਾਣੀ ਧੁਰ ਦੀ, ਜਗਤ ਅੱਖਰਾਂ ਮਿਲੇ ਨਾ ਕੋਇ ਵਡਿਆਈਆ । ਕੁਛ ਖੇਲ ਗੋਬਿੰਦ ਅਨੰਦ ਪੁਰ ਦੀ, ਪੁਰੀਆਂ ਲੋਆਂ ਤੋਂ ਬਾਹਰ ਬੈਠਾ ਡੇਰਾ ਲਾਈਆ । ਮਨ ਬੁੱਧੀ ਜਗਤ ਵਿਦਿਆ ਜਿਥੇ ਸਮਝ ਵਿਚ ਨਾ ਉਪੜਦੀ, ਆਕਲ ਅਕਲ ਚਲੇ ਨਾ ਕੋਇ ਚਤੁਰਾਈਆ । ਜਿਸ ਗ੍ਰਹਿ ਕੋਈ ਧਾਰ ਅਲਿਫ ਯੇ ਅੱਖਰ ਨਾ ਉਕਰਦੀ, ਹਿੰਦਸਿਆਂ ਵਾਲਾ ਹਿੰਦਸਾ ਨਾ ਕੋਇ ਬਣਾਈਆ । ਓਥੇ ਖੇਲ ਪੁਰਖ ਅਕਾਲ ਤੇਰੇ ਸ਼ਬਦ ਪੁੱਤਰ ਦੀ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਸ ਦੀ ਧਾਰ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰਾਂ ਪੈਗ਼ੰਬਰਾਂ ਅੰਦਰ ਉਤਰਦੀ, ਉੱਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਇਕੋ ਰੰਗ ਵਖਾਈਆ । ਸਾਚੀ ਖੇਲ ਦੱਸੇ ਤੇਰੇ ਸ਼ੁਕਰਾਨੇ ਸ਼ੁਕਰ ਦੀ, ਖ਼ੁਸ਼ੀਆਂ ਵਿਚ ਰੁਚੀਆਂ ਦਏ ਦ੍ਰਿੜਾਈਆ । ਸਦੀ ਚੌਧਵੀਂ ਘੜੀ ਸੁਹੰਜਣੀ ਥਿਤ ਵਾਰ ਨਹੀਂ ਮੁਕਰਨ ਦੀ, ਮੁਕੰਮਲ ਆਪਣਾ ਹੁਕਮ ਦੇ ਵਰਤਾਈਆ । ਬਿਆਸ ਕਹੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੇਰੀ ਆਸਾ ਹੋਈ ਪੁਛਣ ਦੀ, ਬੇਨੰਤੀ ਤੇਰੇ ਅੱਗੇ ਦਿਤੀ ਸੁਣਾਈਆ । ਅੱਗੇ ਲੋੜ ਨਹੀਂ ਨਿਰਵੈਰ ਪੁਰਖ ਤੇਰੇ ਲੁਕਣ ਦੀ, ਪੜਦੇ ਉਹਲੇ ਦੀਨ ਦੁਨੀ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਧਾਰ ਨਹੀਂ ਰੁਕਣ ਦੀ, ਭਾਣੇ ਅੰਦਰ ਭਾਣਾ ਇਕ ਵਰਤਾਈਆ ।



### ★ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੨ ਗੁਰਦਿਆਲ ਸਿੰਘ ਦੇ ਗ੍ਰਹਿ ਕਪੂਰਥਲਾ ★

ਬਿਆਸ ਕਹੇ ਮੈਂ ਜੁਗ ਚੌਕੜੀ ਦਿਵਸ ਮਾਹ ਵੇਖੇ ਬਰਖ, ਘੜੀ ਪਲ ਖੋਜ ਖੁਜਾਈਆ । ਚਿੰਤਾ ਗ਼ਮ ਮਿਟਿਆ ਹਰਖ਼, ਸੋਗ ਵਿਚ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਜੋ ਰਹੇ ਤੜਪ, ਜੁਦਾਈ ਵਿਚ ਦੇਣ ਦੁਹਾਈਆ । ਭਗਤ ਸੰਤ ਰਹੇ ਭਟਕ, ਅੰਤਰ ਅੰਤਰ ਖ਼ਾਹਿਸ਼

ਰਖਾਈਆ । ਜੋਗੀ ਜਤੀ ਰਹੇ ਲਟਕ, ਆਪ ਆਪਣਾ ਭੇਟ ਕਰਾਈਆ । ਤੇਰਾ ਹੁਕਮ ਮੰਨਦੇ ਰਹੇ ਸਖ਼ਤ, ਸਿਰ ਸਕਿਆ ਨਾ ਕੋਇ ਉਠਾਈਆ । ਜੁਗ ਜੁਗ ਤੇਰੇ ਹੁਕਮ ਦਾ ਵੇਂਹਦਾ ਰਿਹਾ ਕਟਕ, ਕਟੜੇ ਸਤਿਜੁਗ ਤ੍ਰੇਤਾ ਦੁਆਪਰ ਰਿਹਾ ਖਪਾਈਆ । ਅੱਗੇ ਸਕਿਆ ਨਾ ਕੋਇ ਅਟਕ, ਜ਼ੋਰ ਬਲ ਨਾ ਕੋਇ ਜਣਾਈਆ । ਕਲਜੁਗ ਅੰਤਮ ਵੇਖ ਸੁਹਾਵਣਾ ਵਕਤ, ਧਿਆਨ ਤੇਰੇ ਚਰਨ ਲਗਾਈਆ । ਕਿਰਪਾ ਕਰ ਅਬਿਨਾਸ਼ੀ ਫ਼ਕਤ, ਫ਼ਿਕਰਾ ਆਪਣਾ ਦੇ ਸੁਣਾਈਆ । ਨਿਰਗੁਣ ਨੂਰ ਹੋਵੇ ਦਰਸ, ਦਰਸ਼ਨ ਤੇਰਾ ਇਕੋ ਪਾਈਆ । ਮਿਹਰਵਾਨ ਹੋ ਕੇ ਕਰ ਤਰਸ, ਮਿਹਰ ਨਜ਼ਰ ਉਠਾਈਆ । ਹਾਲਤ ਵੇਖ ਉਤੇ ਫ਼ਰਸ਼, ਅਰਸ਼ ਪੈਂਡਾ ਆਪ ਮੁਕਾਈਆ । ਸਤਿ ਧਰਮ ਹੋਇਆ ਗ਼ਰਕ, ਕੂੜ ਕੁੜਿਆਰ ਡੰਕ ਵਜਾਈਆ । ਆਤਮ ਪਰਮਾਤਮ ਮਿਟੇ ਕੋਇ ਨਾ ਫ਼ਰਕ, ਫ਼ਿਕਰਾ ਸਚ ਨਾ ਕੋਇ ਸੁਣਾਈਆ । ਸਦੀ ਚੌਧਵੀਂ ਸਾਰੇ ਕੀਤੇ ਤਰਕ, ਤੁਰਤ ਆਪਣਾ ਹੁਕਮ ਮਨਾਈਆ । ਨਿਰਗੁਣ ਨਿਰਵੈਰ ਵੇਖ ਪਰਤ, ਪੱਤਨ ਬੈਠੇ ਧਿਆਨ ਲਗਾਈਆ । ਕੌਲ ਇਕਰਾਰ ਪੂਰੀ ਕਰ ਸ਼ਰਤ, ਸ਼ਰਅ ਜ਼ੰਜੀਰ ਦੇ ਕਟਾਈਆ । ਸ਼ਰਅ ਛੁਰੀ ਰਹੇ ਨਾ ਕਰਦ, ਕਦਮ ਆਪਣੇ ਦੇ ਵਖਾਈਆ । ਮਮਤਾ ਮੋਹ ਮੇਟ ਗਰਦ, ਗਰਦਸ਼ ਜਗਤ ਦੇ ਬਦਲਾਈਆ । ਬੇਨੰਤੀ ਮਨਜ਼ੂਰ ਕਰ ਅਰਜ਼, ਸਚ ਦਵਾਰੇ ਦਿਤੀ ਸੁਣਾਈਆ । ਭਗਤ ਉਧਾਰਨਾ ਤੇਰਾ ਫ਼ਰਜ਼, ਫ਼ੈਸਲਾ ਆਪਣਾ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਹੋਵੇ ਨਾ ਕੋਇ ਨਾਪਤਦ, ਸਿਰ ਆਪਣਾ ਹੱਥ ਟਿਕਾਈਆ ।



### ★ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਹਿ ਕਪੂਰਥਲਾ ★

੧੭੯
੨੦

ਬਿਆਸ ਕਹੇ ਮੈਂ ਜਲ ਧਾਰ ਵਹਿਣਾਂ ਵਿਚ ਹੋ ਕੇ ਰਿਹਾ ਵਗਦਾ, ਦਿਵਸ ਰੈਣ ਭੱਜਿਆ ਵਾਹੋ ਦਾਹੀਆ । ਤੇਰਾ ਨੂਰ ਜਹੂਰ ਸੰਤਾਂ ਭਗਤਾਂ ਅੰਦਰੋਂ ਰਿਹਾ ਲੱਭਦਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਉਚੀ ਕੂਕ ਕੂਕ ਬਿਰਹੋਂ ਵੈਰਾਗ ਅੰਦਰ ਰਿਹਾ ਸੱਦਦਾ, ਹੋਕਾ ਤੇਰਾ ਨਾਮ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਦਾ ਰਿਹਾ ਕਦ ਦਾ, ਕਦੀਮ ਤੋਂ ਕੁਦਰਤ ਦੇ ਮਾਲਕ ਤੇਰਾ ਰਾਹ ਤਕਾਈਆ । ਜਗਤ ਨਗਾਰਾ ਸੁਣਦਾ ਰਿਹਾ ਸਰਗੁਣ ਧਾਰ ਨਦ ਦਾ, ਨਿਰਗੁਣ ਨਿਰਵੈਰ ਨਿਰੰਕਾਰ ਤੇਰੀ ਧੁਨ ਨਾ ਕੋਇ ਉਪਜਾਈਆ । ਕਲਜੁਗ ਅੰਤਮ ਵੇਖ ਕਿਨਾਰਾ ਸਦੀ ਚੌਧਵੀਂ ਹੱਦ ਦਾ, ਡੰਡਾਵਤ ਬੰਦਨਾ ਕਰ ਕੇ ਸੀਸ ਨਿਵਾਈਆ । ਵੇਲਾ ਵਕਤ ਸੁਹੰਜਣਾ ਹੋਇਆ ਸਬਬ ਦਾ, ਸਾਹਿਬ ਸੁਲਤਾਨ ਦਏ ਵਡਿਆਈਆ । ਕਲਜੁਗ ਨਸ਼ਾ ਮੇਟ ਕੂੜ ਖ਼ੁਮਾਰੀ ਮਦਿ ਦਾ, ਦੀਨ ਦਿਆਲਾ ਜਾਮ ਪਿਆਈਆ । ਸਮਾਜ ਬਦਲ ਦੇ ਦੀਨ ਦੁਨੀ ਜਗ ਦਾ, ਜਾਗਰਤ ਜੋਤ ਕਰ ਰੁਸ਼ਨਾਈਆ । ਕੂੜ ਅੰਗਿਆਰਾ ਤਪਿਆ ਨਾ ਰਹੇ ਅੱਗ ਦਾ, ਅੰਮ੍ਰਿਤ ਮੇਘ ਦੇ ਬਰਸਾਈਆ । ਲੇਖਾ ਮੁਕਾ ਦੇ ਜਨ ਭਗਤਾਂ ਨਾਲ ਰਹਿਣਾ ਅਲੱਗ ਦਾ, ਜੁਗ ਜਨਮ ਦੇ ਵਿਛੜੇ ਲੈ ਮਿਲਾਈਆ । ਪੂਰਬ ਲੇਖਾ ਵੇਖ ਸ਼ਬਦੀ ਧਾਰ ਗੋਬਿੰਦ ਪੱਗ ਦਾ, ਪਗ ਬਖ਼ਸ਼ ਸਚ ਸਰਨਾਈਆ । ਤੂੰ ਨੂਰ ਇਲਾਹੀ ਧੁਰ ਦਰਗਾਹੀ ਰੱਬ ਦਾ, ਸਚਖੰਡ ਦਵਾਰੇ ਸੋਭਾ ਪਾਈਆ । ਝਗੜਾ ਮੁਕਾ ਜੀਵ ਅਲਪਗ ਦਾ, ਸਰਬਗ ਦਇਆ ਕਮਾਈਆ । ਖੇਲ ਵਖਾ ਆਪਣਾ ਝੱਬ ਦਾ, ਦੂਰ ਦੁਰਾਡਾ ਪੰਧ ਮੁਕਾਈਆ । ਹੰਕਾਰ ਤੁੱਟੇ ਮਨ ਵਾਸਨਾ ਹੱਦ ਦਾ, ਹਮਸਾਜਣ ਹੋ ਕੇ ਦੇ ਸਮਝਾਈਆ । ਕੂੜੀ

ਕਿਰਿਆ ਤੇਰਾ ਨਾਮ ਖੰਡਾ ਬੱਧ ਦਾ, ਖੜਗ ਇਕੋ ਲੈ ਚਮਕਾਈਆ । ਤੇਰੀ ਕੀਤੀ ਕਰਨੀ ਕੋਇ ਨਾ ਰੱਦ ਦਾ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖ ਖੇਲ ਕਲਜੁਗ ਧਾਰ ਅੱਜ ਦਾ, ਪਿਛਲਾ ਝਗੜਾ ਦੇ ਗਵਾਈਆ ।

★ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੨ ਸੁਖਦੇਵ ਸਿੰਘ ਦੇ ਗ੍ਰਹਿ ਕਪੂਰਥਲਾ ★

ਬਿਆਸ ਕਹੇ ਬੇਆਸੇ ਹੋਏ ਪੁਰੀ ਲੋਅ ਬ੍ਰਹਿਮੰਡ ਖੰਡ, ਦੋ ਜਹਾਨ ਧਿਆਨ ਲਗਾਈਆ । ਕਿਰਪਾ ਕਰ ਸੂਰੇ ਸਰਬੰਗ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਰਖਾਈਆ । ਦੀਨ ਦੁਨੀ ਚਾੜ੍ਹ ਸਾਚਾ ਰੰਗ, ਆਤਮ ਪਰਮਾਤਮ ਆਪਣੀ ਧਾਰ ਸਮਝਾਈਆ । ਨਾਮ ਭੰਡਾਰਾ ਰਹੇ ਮੰਗ, ਵਸਤ ਅਮੋਲਕ ਦੇ ਵਰਤਾਈਆ । ਦੀਨ ਮਜ਼੍ਹਬ ਜਾਤ ਪਾਤ ਰਾਓ ਰੰਕ ਹੋਇਆ ਤੰਗ, ਤੰਗਦਸਤੀ ਦੇ ਤੁੜਾਈਆ । ਮਾਇਆ ਮਮਤਾ ਜਗਤ ਮਾਰਨੀ ਮਾਰੇ ਕੋਇ ਨਾ ਡੰਗ, ਵਿਖ ਅੰਮ੍ਰਿਤ ਰੂਪ ਦੇ ਬਣਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਕਟ ਭੁੱਖ ਨੰਗ, ਨਾਮ ਓਢਣ ਸ਼ਬਦ ਸੀਸ ਆਪਣਾ ਆਪ ਟਿਕਾਈਆ । ਅੰਮ੍ਰਿਤ ਸਰੋਵਰ ਵਹਾ ਸਾਚੀ ਧਾਰ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਜਿਸ ਨੂੰ ਵੇਖ ਕੇ ਸੋਭਾ ਪਾਈਆ । ਕਾਇਆ ਮਾਟੀ ਅੰਦਰ ਸਚ ਪ੍ਰੀਤੀ ਦੇ ਅਨੰਦ, ਰਸ ਆਪਣਾ ਆਪ ਵਖਾਈਆ । ਸੁਰਤੀ ਸ਼ਬਦੀ ਧਾਰ ਜੋੜ ਅਗੰਮੇ ਤੰਦ, ਏਥੇ ਓਥੇ ਦੋ ਜਹਾਨ ਹੋਏ ਨਾ ਕਦੇ ਜੁਦਾਈਆ । ਸਦੀ ਚੌਧਵੀਂ ਅੰਤ ਅਖ਼ੀਰੀ ਰਹੀ ਲੰਘ, ਈਸਾ ਮੂਸਾ ਮੁਹੰਮਦ ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਕਹਿਣ ਪੁਰਖ ਅਕਾਲ ਵਜਾ ਇਕ ਮਰਦੰਗ, ਨਾਮ ਡੰਕਾ ਰਾਓ ਰੰਕਾਂ ਦੇ ਸੁਣਾਈਆ । ਸ਼ਰਅ ਸ਼ਰੀਅਤ ਦੂਈ ਦਵੈਤ ਭਰਮਾਂ ਢਾਹ ਕੰਧ, ਹੰ ਬ੍ਰਹਮ ਪੜਦਾ ਦੇ ਚੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਛੰਦ, ਸਾਚਾ ਸੋਹਲਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਬ੍ਰਹਿਮੰਡ ਖੰਡ ਮੰਗਣ ਧੁਰ ਦੀ ਦਾਤ, ਨਾਮ ਨਿਧਾਨਾ ਦੇ ਵਰਤਾਈਆ । ਧਰਨੀ ਧਰਤ ਧਵਲ ਕਹੇ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਚਾਰ ਵਰਨ ਅਠਾਰਾਂ ਬਰਨ ਕਹਿਣ ਦੇ ਅਗੰਮੀ ਨਾਮ ਸੌਗ਼ਾਤ, ਧੁਰ ਦਾ ਕਲਮਾ ਦੇ ਪੜ੍ਹਾਈਆ । ਆਤਮ ਪਰਮਾਤਮ ਦੱਸ ਆਪਣੀ ਜਾਤ, ਨਜਾਤ ਕੂੜੀ ਕਿਰਿਆ ਕੋਲੋਂ ਦਵਾਈਆ । ਤੇਰੇ ਮਿਲਣ ਦੀ ਸਾਰੇ ਰੱਖਣ ਖ਼ਾਹਿਸ਼, ਅਬਿਨਾਸ਼ੀ ਕਰਤੇ ਪਾਰਬ੍ਰਹਮ ਪਰਵਰਦਿਗਾਰ ਆਪਣਾ ਮੇਲਾ ਲੈਣਾ ਮਿਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੈਨੂੰ ਕਰੇ ਤਲਾਸ਼, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਾਧ ਸੰਤ ਖੋਜਣ ਥਾਉਂ ਥਾਈਂਆ । ਬਿਨ ਤੇਰੀ ਕਿਰਪਾ ਸਾਚਾ ਮਿਲੇ ਕਿਸੇ ਨਾ ਸਾਥ, ਪਿਛਲਾ ਅਗਲਾ ਸੰਗ ਨਾ ਕੋਇ ਬਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰੇ ਹੋਏ ਦਾਸ, ਸੇਵਕ ਹੋ ਕੇ ਸਾਚੀ ਮੰਗ ਮੰਗਾਈਆ । ਵੇਲਾ ਵਕਤ ਜਗਤ ਸੁਹੰਜਣਾ ਕਰ ਰਾਸ, ਰਸਤਾ ਵਾਬਸਤਾ ਹੋ ਕੇ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇ ਇਕ ਪਰਕਾਸ਼, ਪਰਕਾਸ਼ਿਤ ਹੋਵੇ ਸਰਬ ਲੋਕਾਈਆ ।

★ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਅੰਮ੍ਰਿਤ ਕੌਰ ਦੇ ਗ੍ਰਿਹਿ ਜੇਲ ਗਾਰਡਨ ਕਪੂਰਥਲਾ ★

ਬਿਆਸ ਕਹੇ ਤੇਰਾ ਖੇਲ ਵੇਖਿਆ ਸ੍ਰੀ ਭਗਵੰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਤੇਰੀ ਯਾਦ ਵਿਚ ਤੜਪਦੇ ਗਏ ਸੰਤ, ਦਿਵਸ ਰੈਣ ਲੋਕਮਾਤ ਕੁਰਲਾਈਆ । ਮੇਲ ਮੰਗਦੇ ਗਏ ਧੁਰ ਦੇ ਕੰਤ, ਸਾਹਿਬ ਸੁਲਤਾਨ ਤੇਰੀ ਓਟ ਰਖਾਈਆ । ਨਾਮ ਪੜ੍ਹ ਕੇ ਮਣੀਆਂ ਮੰਤ, ਮੰਤਰ ਤੇਰਾ ਮੁਖ ਰਖਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹਰਿ ਹਿਰਦੇ ਵਿਚ ਵਸਾਈਆ । ਪਿਆਰ ਕਰ ਕੇ ਜੀਵ ਜੰਤ, ਜੁਗਤ ਜਗਤ ਗਏ ਵਖਾਈਆ । ਤੇਰੇ ਦਵਾਰੇ ਦੇ ਬਣ ਕੇ ਪੰਡਤ, ਸਿਖਿਆ ਸ਼ਬਦ ਨਾਦ ਸ਼ਨਵਾਈਆ । ਝਗੜਾ ਮੁਕਾ ਕੇ ਜੇਰਜ ਅੰਡਜ, ਉਤਭੁਜ ਸੇਤਜ ਮੰਗ ਮੰਗਾਈਆ । ਤੇਰੇ ਦਵਾਰੇ ਦੇ ਬਣ ਕੇ ਮੰਗਤ, ਭਿੱਛਿਆ ਮੰਗਣ ਥਾਉਂ ਥਾਈਆ । ਨਾਮ ਨਿਧਾਨ ਚਾੜ੍ਹ ਰੰਗਤ, ਰੰਗ ਰੰਗੀਲੇ ਬੇਪਰਵਾਹੀਆ । ਕਲਜੁਗ ਕੂੜ ਕੁੜਿਆਰਾ ਕਰ ਅੰਤ, ਅੰਤਸ਼ਕਰਨ ਸਭ ਦਾ ਫੋਲ ਫੁਲਾਈਆ । ਕੂੜ ਵਿਕਾਰ ਵਧਿਆ ਅਗਣਤ, ਗਿਣਤੀ ਸਕੇ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬਿਆਸ ਕਹੇ ਸਾਚੀ ਦਿਸੇ ਕੋਇ ਨਾ ਨਈਆ, ਨੌਕਾ ਪਾਰ ਨਾ ਕੋਇ ਲੰਘਾਈਆ । ਨਾਤਾ ਤੁਟਿਆ ਭੈਣ ਭਈਆ, ਪਿਤਾ ਪੂਤ ਮੇਲ ਨਾ ਕੋਇ ਮਿਲਾਈਆ । ਸਾਚਾ ਲੇਖਾ ਲਿਖੇ ਨਾ ਕੋਇ ਧੁਰ ਦੀ ਵਹੀਆ, ਰਾਏ ਧਰਮ ਦਾ ਮੂਲ ਨਾ ਕੋਇ ਚੁਕਾਈਆ । ਚਾਰ ਕੁੰਟ ਦਹਿ ਦਿਸ਼ਾ ਸਾਚਾ ਸੱਜਣ ਮਿਲੇ ਨਾ ਕੋਇ ਸਈਆ, ਸਾਥੀ ਸੰਗ ਨਾ ਕੋਇ ਰਖਾਈਆ । ਬੁੱਲੇ ਵਾਂਗ ਗਾਏ ਕੋਈ ਨਾ ਦਹੀਆ ਦਹੀਆ, ਦਹਿ ਦਿਸ਼ਾ ਰਹੀ ਕੁਰਲਾਈਆ । ਗੋਬਿੰਦ ਦਾ ਪੂਰਾ ਹੋਇਆ ਢਈਆ, ਬਰਖ ਬੈਠੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਜਣਾਈਆ । ਸਾਚਾ ਹੁਕਮ ਦੱਸਦੇ ਆਪ, ਪੁਰਖ ਅਕਾਲ ਦਇਆ ਕਮਾਈਆ । ਸ੍ਰੀ ਭਗਵਾਨ ਸ੍ਰਿਸ਼ਟੀ ਦਾ ਵੇਖ ਪਾਪ, ਦੀਨ ਦੁਨੀ ਦਏ ਦੁਹਾਈਆ । ਸਾਚਾ ਭੁੱਲਿਆ ਸਭ ਨੂੰ ਜਾਪ, ਰਾਗ ਜਗਤ ਵਾਲੇ ਗਾਈਆ । ਰਸਨਾ ਦਾ ਲੈਣ ਸਵਾਦ, ਆਤਮ ਰਸ ਤੇਰਾ ਨਾਮ ਨਾ ਕੋਇ ਚਖਾਈਆ । ਵਿਕਾਰਾਂ ਵਿਚ ਰਹੇ ਜਾਗ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਹੰਸ ਹੋਏ ਕਾਗ, ਜੂਠ ਝੂਠ ਮੁਖ ਰਖਾਈਆ । ਦੁਰਮਤ ਮੈਲ ਧੋਵੇ ਕੋਈ ਨਾ ਦਾਗ਼, ਪਤਤ ਪੁਨੀਤ ਆਪਣਾ ਆਪ ਨਾ ਕੋਇ ਬਣਾਈਆ । ਬਿਨ ਤੇਰੀ ਕਿਰਪਾ ਕਿਸੇ ਘਰ ਨਾ ਲੱਗੇ ਭਾਗ, ਗ੍ਰਿਹਿ ਮੰਦਰ ਨਾ ਕੋਇ ਵਡਿਆਈਆ । ਤੂੰ ਭਗਤ ਉਧਾਰੇ ਜੁਗਾਦਿ ਆਦਿ, ਜੁਗ ਚੌਕੜੀ ਹੋਏਂ ਸਹਾਈਆ । ਕਲਜੁਗ ਅੰਤ ਬਦਲ ਦੇ ਸਮਾਜ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਹੁਕਮ ਸੁਣਾਈਆ । ਮਨਸਾ ਮਨ ਨਾ ਰਹੇ ਵਿਵਾਦ, ਕੂੜੀ ਕਿਰਿਆ ਬਾਹਰ ਕਢਾਈਆ । ਹਰ ਹਿਰਦੇ ਵਿਚ ਪਾਰਬ੍ਰਹਮ ਬਖ਼ਸ਼ ਆਪਣੀ ਯਾਦ, ਝਗੜਾ ਮੁਕੇ ਜਗਤ ਲੋਕਾਈਆ । ਤੈਨੂੰ ਨਬੀ ਰਸੂਲ ਗੁਰੂ ਅਵਤਾਰ ਪੈਗ਼ੰਬਰ ਕਹਿਣ (ਵਾਹਦ), ਏਕੰਕਾਰ ਇਕੋ ਇਕ ਅਖਵਾਈਆ । ਜਿਸ ਨੇ ਸਾਜਣ ਲਿਆ ਸਾਜ, ਵਿਸ਼ਨ ਬ੍ਰਹਮਾ ਸ਼ਿਵ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਰੱਖ ਲਾਜ, ਜੋ ਦਿਵਸ ਰੈਣ ਸਾਚੇ ਨੈਣ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਮੇਲਾ ਸਚ ਦਵਾਰੇ ਕੰਤ ਸੁਹਾਗ, ਸਾਜਣ ਹੋ ਕੇ ਸਗਲਾ ਸੰਗ ਬਣਾਈਆ ।

★ ੧੧ ਮੱਘਰ ਸ਼ਹਿਨਸ਼ਾਹੀ ਸੰਮਤ ੨ ਜਸਵੰਤ ਸਿੰਘ ਦੇ ਗ੍ਰਿਹਿ ਚਰਖੜੀ ਮਹੱਲਾ ਕਰਤਾਰਪੁਰ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਪ੍ਰਭ ਦਾ ਹੁਕਮ ਸੁਣਿਆ ਅੰਤ ਬੀਸਾ, ਬੀਸ ਬੀਸਾ ਦਏ ਗਵਾਹੀਆ । ਛਤਰ ਰਹੇ ਨਾ ਕਿਸੇ ਸੀਸਾ, ਸ਼ਤਰੂ ਬਣੇ ਜਗਤ ਲੋਕਾਈਆ । ਸਾਚਾ ਕਲਮਾ ਪੜ੍ਹੇ ਨਾ ਕੋਇ ਹਦੀਸਾ, ਹਜ਼ਰਤ ਹਰਿ ਨਾ ਕੋਇ ਮਿਲਾਈਆ । ਝਗੜਾ ਰਹੇ ਊਚਾਂ ਨੀਚਾਂ, ਜਾਤ ਪਾਤ ਦਏ ਦੁਹਾਈਆ । ਗ਼ਰੀਬ ਨਿਮਾਣੇ ਮਾਰਨ ਚੀਕਾਂ, ਉਚੀ ਕੂਕ ਕੂਕ ਸੁਣਾਈਆ । ਭਗਤ ਸੁਹੇਲੇ ਰੱਖਣ ਉਡੀਕਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਝਗੜਾ ਪਏ ਦੀਨ ਮਜ਼੍ਹਬ ਵਿਚ ਸ਼ਰੀਕਾਂ, ਸ਼ਿਰਕਤ ਸਕੇ ਨਾ ਕੋਇ ਮਿਟਾਈਆ । ਬਦਲ ਜਾਣ ਦੀਨ ਦੁਨੀ ਦੀਆਂ ਨੀਤਾਂ, ਨੀਤੀਵਾਨ ਅੱਖ ਨਾ ਕੋਇ ਖੁਲ੍ਹਾਈਆ । ਵਡਿਆਈ ਰਹੇ ਨਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ, ਚਾਰ ਕੁੰਟ ਦਏ ਦੁਹਾਈਆ । ਮੁਹੱਬਤ ਰਹੇ ਨਾ ਰਾਮ ਸੀਤਾ, ਕਾਹਨ ਕ੍ਰਿਸ਼ਨ ਬੈਠੇ ਮੁਖ ਬਦਲਾਈਆ । ਕਾਗ਼ਜ਼ਾਂ ਉਤੇ ਤੇਰੇ ਪਿਆਰ ਦੀਆਂ ਲੱਭੇ ਕੋਇ ਨਾ ਲੀਕਾਂ, ਲਾਈਨ ਪੱਟੀ ਸਚ ਨਾ ਕੋਇ ਪੜ੍ਹਾਈਆ । ਸਾਜਣ ਦਿਸੇ ਕੋਈ ਨਾ ਮੀਤਾ, ਮੀਤ ਮੁਰਾਰਾ ਅੰਗ ਨਾ ਕੋਇ ਲਗਾਈਆ । ਚਰਨ ਕਵਲ ਰੱਖੇ ਨਾ ਕੋਇ ਪ੍ਰੀਤਾ, ਪ੍ਰੀਤਮ ਪਰਵਰਦਿਗਾਰ ਸਾਂਝਾ ਯਾਰ ਦਰਸ ਕੋਇ ਨਾ ਪਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਜੀਵ ਜਹਾਨਾਂ ਸਾਚੇ ਨਾਮ ਤੋਂ ਖ਼ਾਲੀ ਹੋਵੇ ਖ਼ੀਸਾ, ਮਾਇਆ ਮਮਤਾ ਮੋਹ ਹੋਵੇ ਹਲਕਾਈਆ । ਨਾਮ ਨਿਧਾਨ ਸ੍ਰੀ ਭਗਵਾਨ ਨਿਝਰ ਰਸ ਜਗਤ ਜੁਗਤ ਨਾ ਜਾਏ ਪੀਤਾ, ਤ੍ਰਿਸ਼ਨਾ ਮਾਤ ਨਾ ਕੋਇ ਮਿਟਾਈਆ । ਪਿਛਲਾ ਵੇਲਾ ਵਕਤ ਸਾਰੇ ਯਾਦ ਕਰਨ ਬੀਤਾ, ਅਗਲਾ ਭੇਵ ਨਾ ਕੋਇ ਖੁਲ੍ਹਾਈਆ । ਤ੍ਰੈਗੁਣ ਮਾਇਆ ਪੰਜ ਤਤ ਚਾਰ ਵਰਨ ਤਪੇ ਅੰਗੀਠਾ, ਅਗਨੀ ਅੱਗ ਨਾ ਕੋਇ ਬੁਝਾਈਆ । ਮਨ ਵਿਕਾਰੀ ਕੌੜਾ ਹੋਵੇ ਰੀਠਾ, ਰਸੀਆ ਰਸ ਅਨਰਸ ਨਾ ਕੋਇ ਚੁਆਈਆ । ਅੰਤ ਅਖ਼ੀਰ ਸਭ ਨੂੰ ਭੁਗਤਣਾ ਪਏ ਆਪਣਾ ਕੀਤਾ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਸ੍ਰਿਸ਼ਟੀ ਦਾ ਪ੍ਰਿਤਪਾਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਆਸ਼ਾ ਇਕ ਰਖਾਈਆ । ਬਿਆਸ ਕਹੇ ਮੈਂ ਰੋਂਦਾ ਤੱਕਿਆ ਜਗਤ, ਜਗਜੀਵਣ ਦਾਤਾ ਮੇਲ ਨਾ ਕੋਇ ਮਿਲਾਈਆ । ਵਕਤ ਸੁਹਜੰਣਾ ਸਮਝੇ ਨਾ ਕੋਈ ਫ਼ਰਸ਼, ਅਰਸ਼ ਪੰਧ ਨਾ ਕੋਇ ਮੁਕਾਈਆ । ਬਿਨ ਤੇਰੀ ਕਿਰਪਾ ਮੇਟੇ ਕੋਈ ਨਾ ਹਰਸ, ਹਵਸ ਸਕੇ ਨਾ ਕੋਇ ਬੁਝਾਈਆ । ਲੱਖ ਚੁਰਾਸੀ ਵਿਚੋਂ ਰਾਹ ਤੱਕਣ ਥੋੜ੍ਹੇ ਤੇਰੇ ਭਗਤ, ਬਹੁ ਖ਼ਲਕ ਭਰਮ ਵਿਚ ਭੁਲਾਈਆ । ਜਿਨ੍ਹਾਂ ਕਾਰਨ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਹੋ ਕੇ ਆਇਉਂ ਪਰਤ, ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਚਾਰ ਜੁਗ ਦੀ ਸ਼ਰਅ ਸ਼ਰੀਅਤ ਵਿਚੋਂ ਪੂਰੀ ਕਰ ਸ਼ਰਤ, ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀ ਮਨਾਈਆ । ਤੇਰੇ ਹੁਕਮੇ ਅੰਦਰ ਕਦੇ ਨਾ ਆਵੇ ਫ਼ਰਕ, ਫਿਰਕੇ ਕੂੜੇ ਦੇ ਗਵਾਈਆ । ਕਲਜੁਗ ਕੂੜੀ ਕਿਰਿਆ ਕਰ ਤਰਕ, ਤੁਰਤ ਆਪਣਾ ਹੁਕਮ ਮਨਾਈਆ । ਸਚ ਦਵਾਰੇ ਤੇਰੇ ਇਕੋ ਅਰਜ਼, ਬੇਨੰਤੀ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਤੇਰੇ ਕੋਲ ਫ਼ਰਦ, ਪੂਰਬ ਲੇਖਾ ਸਭ ਦਾ ਵੇਖ ਵਖਾਈਆ ।

## ★ ੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਕੌਰ ਦੇ ਗ੍ਰਿਹ ਕਰਤਾਰ ਪੁਰ ★

ਬਿਆਸ ਕਹੇ ਕੋਟਨ ਕੋਟ ਜੁਗ ਰਿਹੋਂ ਬਣਾਉਂਦਾ, ਸਮਾਂ ਸਮੇਂ ਨਾਲ ਬਦਲਾਈਆ । ਲੱਖ ਚੁਰਾਸੀ ਘਾੜਤ ਰਿਹੋਂ ਘੜਾਉਂਦਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਜੇਰਜ ਅੰਡਜ ਉਤਭਜ ਸੇਤਜ ਵੰਡ ਰਿਹੋਂ ਵੰਡਾਉਂਦਾ, ਚਾਰੇ ਖਾਣੀ ਨਾਉਂ ਪਰਗਟਾਈਆ । ਭੇਵ ਅਭੇਦਾ ਰਿਹੋਂ ਖੁਲ੍ਹਾਉਂਦਾ, ਸ਼ਬਦ ਅਗੰਮੀ ਹੁਕਮ ਜਣਾਈਆ । ਨਿਰਗੁਣ ਸਰਗੁਣ ਹੋ ਕੇ ਰਿਹੋਂ ਆਉਂਦਾ, ਗੁਰ ਅਵਤਾਰ ਪੈਗ਼ੰਬਰ ਖੇਲ ਖਿਲਾਈਆ । ਨਾਮ ਨਿਧਾਨ ਰਿਹੋਂ ਸਮਝਾਉਂਦਾ, ਨਿਰਅੱਖਰ ਅੱਖਰ ਧਾਰ ਵਖਾਈਆ । ਧੁਰ ਦਾ ਜਾਪ ਰਿਹੋਂ ਜਪਾਉਂਦਾ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਪੜਦਾ ਓਹਲਾ ਰਿਹੋਂ ਚੁਕਾਉਂਦਾ, ਕਾਇਆ ਮਾਟੀ ਖੋਜ ਖੁਜਾਈਆ । ਸੰਤ ਸਤਿਗੁਰ ਰਿਹੋਂ ਵਡਿਆਉਂਦਾ, ਭਗਤ ਵਛਲ ਬੇਪਰਵਾਹੀਆ । ਜੋਤੀ ਨੂਰ ਰਿਹੋਂ ਚਮਕਾਉਂਦਾ, ਦੋ ਜਹਾਨਾਂ ਕਰ ਰੁਸ਼ਨਾਈਆ । ਸ੍ਰੀ ਭਗਵਾਨ ਰਿਹੋਂ ਅਖਵਾਉਂਦਾ, ਆਪ ਆਪਣਾ ਨਾਮ ਸਮਝਾਈਆ । ਅੰਤ ਕੰਤ ਹੋ ਕੇ ਸਭ ਨੂੰ ਰਿਹੋਂ ਮਿਲਾਉਂਦਾ, ਵੇਖੇਂ ਥਾਉਂ ਥਾਈਂਆ । ਚੌਕੜੀ ਜੁਗ ਪਾਰ ਲੰਘਾਉਂਦਾ, ਹੁਕਮ ਹਾਕਮ ਹੋ ਵਰਤਾਈਆ । ਜੋ ਘੜਿਆ ਭੰਨ ਵਖਾਉਂਦਾ, ਢਾਹ ਢੇਰੀ ਖ਼ਾਕ ਬਣਾਈਆ । ਆਪਣਾ ਰੰਗ ਰਿਹੋਂ ਰੰਗਾਉਂਦਾ, ਉਜੜਿਆਂ ਦੇ ਵਡਿਆਈਆ । ਸਾਧਾਂ ਸੰਤਾਂ ਰਿਹੋਂ ਤਰਸੌਂਦਾ, ਜਗਤ ਜੰਗਲਾਂ ਵਿਚ ਫਿਰਾਈਆ । ਪੂਜਾ ਪਾਠ ਰਿਹੋਂ ਕਰਾਉਂਦਾ, ਲਾਰਿਆਂ ਵਿਚ ਇਸ਼ਾਰੇ ਰਮਜ਼ ਨਾਲ ਲਗਾਈਆ । ਤੀਰਥ ਤੱਟਾਂ ਰਿਹੋਂ ਨਵ੍ਹਾਉਂਦਾ, ਸਾਚੇ ਕੰਢੇ ਦੇ ਵਡਿਆਈਆ । ਜਾਮ ਸੀਰ ਰਿਹੋਂ ਪਲਾਉਂਦਾ, ਅੰਮ੍ਰਿਤ ਰਸ ਬਣਾਈਆ । ਅੰਦਰੋਂ ਵਿਖ ਰਿਹੋਂ ਕਢਾਉਂਦਾ, ਸਚ ਸੁੱਚ ਇਕ ਸਮਝਾਈਆ । ਸਾਚਾ ਮੰਦਰ ਰਿਹੋਂ ਸੁਹਾਉਂਦਾ, ਸਾਢੇ ਤਿੰਨ ਹੱਥ ਡੇਰਾ ਲਾਈਆ । ਗਿਆਨ ਉਪਦੇਸ਼ ਰਿਹੋਂ ਸੁਣਾਉਂਦਾ, ਸ਼ਾਸਤਰ ਸਿਮਰਤ ਵੰਡ ਵੰਡਾਈਆ । ਧੁਰ ਦਾ ਲੇਖਾ ਰਿਹੋਂ ਲਿਖਾਉਂਦਾ, ਬਣ ਕਾਤਬ ਕਲਮ ਚਲਾਈਆ । ਸਭ ਦਾ ਮਾਣ ਰਿਹੋਂ ਗਵਾਉਂਦਾ, ਸਿਰ ਸਕੇ ਨਾ ਕੋਇ ਉਠਾਈਆ । ਆਪਣਾ ਨਾਮ ਰਿਹੋਂ ਵਰਤਾਉਂਦਾ, ਸਚ ਭੰਡਾਰਾ ਇਕ ਦਰਸਾਈਆ । ਸਾਚਾ ਮਾਰਗ ਰਿਹੋਂ ਲਾਉਂਦਾ, ਜੁਗ ਚੌਕੜੀ ਖੇਲ ਖਿਲਾਈਆ । ਭਵਿਖਤਾਂ ਵਿਚ ਰਿਹੋਂ ਲਿਖਾਉਂਦਾ, ਆਪ ਆਪਣਾ ਪੜਦਾ ਲਾਹੀਆ । ਬਿਆਸ ਕਹੇ ਉਹ ਵੇਲਾ ਵਕਤ ਨਜ਼ਰੀ ਆਉਂਦਾ, ਜੁਗ ਚੌਕੜੀ ਦਏ ਗਵਾਹੀਆ । ਕਿਉਂ ਨਹੀਂ ਆਪਣਾ ਖੇਲ ਖਿਲਾਉਂਦਾ, ਖ਼ਾਲਕ ਖ਼ਲਕ ਵੇਖ ਵਖਾਈਆ । ਭਗਤ ਸੁਹੇਲੇ ਕਿਉਂ ਤਰਸਾਉਂਦਾ, ਭਾਂਡਾ ਭਰਮ ਦੇ ਭੰਨਾਈਆ । ਆਸਾ ਮਨਸਾ ਕਿਉਂ ਨਹੀਂ ਪੂਰ ਕਰਾਉਂਦਾ, ਅਮਾਵਸ ਰੈਣ ਅੰਧੇਰਾ ਦੇ ਗਵਾਈਆ । ਸਚ ਦਵਾਰੇ ਮੰਗ ਮੰਗਾਉਂਦਾ, ਮਾਗਤ ਹੋ ਕੇ ਝੋਲੀ ਡਾਹੀਆ । ਇਕੋ ਤੇਰਾ ਢੋਲਾ ਗਾਉਂਦਾ, ਗਹਿਰ ਗੰਭੀਰ ਨਾਮ ਸਾਲਾਹੀਆ । ਨੇਤਰ ਨੈਣ ਨਾ ਅੱਖ ਸ਼ਰਮਾਉਂਦਾ, ਸਨਮੁਖ ਹੋ ਕੇ ਦਿਆਂ ਦੁਹਾਈਆ । ਖੁੱਲੀ ਮੀਂਢੀ ਕਿਉਂ ਨਹੀਂ ਸੀਸ ਗੁੰਦਾਉਂਦਾ, ਕੰਤ ਸੁਹਾਗੀ ਨਜ਼ਰੀ ਆਈਆ । ਸਾਚਾ ਦਰ ਦਵਾਰ ਏਕੰਕਾਰ ਕਿਉਂ ਛੁਪਾਉਂਦਾ, ਬਿਨ ਛੱਪਰ ਛੰਨ ਦੇ ਜਣਾਈਆ । ਜਿਥੇ ਨਿਰਗੁਣ ਜੋਤੀ ਦੀਪ ਜਗਾਉਂਦਾ, ਸਚ ਸਿੰਘਾਸਣ ਸੋਭਾ ਪਾਈਆ । ਇਕੋ ਏਕ ਡਗਮਗਾਉਂਦਾ, ਨੂਰੋ ਨੂਰ ਕਰੇ ਰੁਸ਼ਨਾਈਆ । ਅਗੰਮ ਅਥਾਹ ਆਪ ਅਖਵਾਉਂਦਾ, ਅਲੱਖ ਅਗੋਚਰ ਸ਼ਹਿਨਸ਼ਾਹੀਆ । ਸਾਚੀ ਕਰਨੀ ਕਾਰ ਕਮਾਉਂਦਾ, ਕੁਦਰਤ ਦਾ ਮਾਲਕ ਆਪ ਹੋ ਜਾਈਆ । ਸ਼ਬਦੀ ਸੁਤ ਇਕ ਉਠਾਉਂਦਾ, ਦੋ ਜਹਾਨਾਂ ਵੇਖ ਵਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਡੇਰਾ ਢਾਉਂਦਾ, ਬਣਿਆ ਰਹਿਣ ਕੋਇ ਨਾ ਪਾਈਆ । ਬਿਆਸ ਕਹੇ ਤੇਰੇ

ਠਾਂਡੇ ਦਰ ਸੀਸ ਨਿਵਾਉਂਦਾ, ਝੁਕ ਝੁਕ ਲਾਗਾਂ ਪਾਈਆ । ਨਿਤ ਤੇਰਾ ਰਾਹ ਤਕਾਉਂਦਾ, ਸੰਮਤ ਸੋਲਾਂ ਦਏ ਗਵਾਹੀਆ । ਬੇਆਸ ਰਹਿਣ ਕੋਇ ਨਾ ਪਾਉਂਦਾ, ਜੋ ਤੇਰੇ ਚਰਨ ਧਿਆਨ ਰਖਾਈਆ । ਜੁਗ ਚੌਕੜੀ ਤੇਰੀ ਸੇਵਾ ਰਿਹਾ ਕਮਾਉਂਦਾ, ਭੱਜਿਆ ਵਾਹੋ ਦਾਹੀਆ । ਪੱਤਣ ਤਟ ਕਿਨਾਰ ਰਿਹਾ ਵਡਿਆਉਂਦਾ, ਵੱਡੇ ਛੋਟੇ ਜੋੜ ਜੁੜਾਈਆ । ਅੰਤਮ ਢਹਿ ਕੇ ਸੀਸ ਨਿਵਾਉਂਦਾ, ਚਰਨ ਧੂੜੀ ਖ਼ਾਕ ਰਮਾਈਆ । ਪੁਰਖ ਅਕਾਲ ਦੀਨ ਦਿਆਲ ਬਿਨ ਤੇਰੇ ਭਗਤਾਂ ਮੇਰਾ ਸਾਥੀ ਨਜ਼ਰ ਕੋਇ ਨਾ ਔਂਦਾ, ਨਜ਼ਰ ਜਗਤ ਲਈ ਬਦਲਾਈਆ । ਬੇਆਸ ਕਰ ਕੇ ਜਗਤ ਜਹਾਨ ਗਾਉਂਦਾ, ਸਵਾਸ ਵਿਚ ਨਾ ਕੋਇ ਸਮਾਈਆ । ਅੰਤਸ਼ਕਰਨ ਅੰਤਰ ਕੋਇ ਨਾ ਵੇਖ ਵਖਾਉਂਦਾ, ਪੜਦਾ ਓਹਲਾ ਨਾ ਕੋਇ ਚੁਕਾਈਆ । ਚਾਰ ਜੁਗ ਦੀ ਭੁੱਲ ਨਾ ਕੋਇ ਬਖ਼ਸ਼ਾਉਂਦਾ, ਬਖ਼ਸ਼ਿਸ਼ ਰਹਿਮਤ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਬੇਨੰਤੀ ਵਾਰ ਅਨੰਤੀ ਤੇਰੇ ਦਰ ਸੁਣਾਉਂਦਾ, ਸੁੱਤਿਆਂ ਲੈਣਾ ਜਗਾਈਆ ।

### ★ ੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਿਹਿ ਕਰਤਾਰ ਪੁਰ ★

ਬਿਆਸ ਕਹੇ ਮੈਂ ਵੇਖਿਆ ਲਹਿੰਦਾ ਚੜ੍ਹਦਾ, ਪਹਾੜ ਦੱਖਣ ਧਿਆਨ ਲਗਾਈਆ । ਜਗਤ ਜਹਾਨ ਤੇਰਾ ਸੜਦਾ, ਅਗਨੀ ਅੱਗ ਨਾ ਕੋਇ ਬੁਝਾਈਆ । ਕੂੜ ਵਿਕਾਰ ਵਿਚ ਤਪਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਾਇਆ ਨਾਗਣੀ ਰੂਪ ਧਰਿਆ ਡੱਸਣੇ ਸੱਪ ਦਾ, ਵਿਖ ਘਰ ਘਰ ਦਿਤੀ ਬਣਾਈਆ । ਜਗਤ ਭੰਡਾਰਾ ਭਰਿਆ ਪਾਪ ਦਾ, ਦੁਰਮਤ ਮੈਲ ਨਾ ਕੋਇ ਧਵਾਈਆ । ਲੇਖਾ ਮੁਕਿਆ ਰੂਹ ਬੁਤ ਪਾਕ ਦਾ, ਪਵਿਤ੍ਰ ਨੂਰ ਨਾ ਕੋਇ ਚਮਕਾਈਆ । ਝਗੜਾ ਪਿਆ ਪੁਤਲਾ ਮਾਟੀ ਖ਼ਾਕ ਦਾ, ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਨਾਤਾ ਰਿਹਾ ਨਾ ਸਚ ਇਤਫ਼ਾਕ ਦਾ, ਮੁਹੱਬਤ ਮੇਲ ਨਾ ਕੋਇ ਕਰਾਈਆ । ਨਾਤਾ ਜੁੜਿਆ ਕੂੜ ਨਿਫ਼ਾਕ ਦਾ, ਨਿਸਫ਼ ਤੋਂ ਬਹੁਤੇ ਤੈਨੂੰ ਗਏ ਭੁਲਾਈਆ । ਵੇਲਾ ਰਿਹਾ ਨਾ ਧੁਰ ਇਖ਼ਲਾਕ ਦਾ, ਖ਼ਲਕ ਖ਼ਾਲੀ ਨਜ਼ਰੀ ਆਈਆ । ਪੜਦਾ ਬੰਦ ਨਾ ਖੁਲ੍ਹਿਆ ਤਾਕ ਦਾ, ਜਗਤ ਅੰਧੇਰਾ ਗਿਆ ਛਾਈਆ । ਵੇਲਾ ਵੇਖ ਗੋਬਿੰਦ ਭਵਿਖਤ ਵਾਕ ਦਾ, ਬਿਨ ਅੱਖਰਾਂ ਗਿਆ ਲਿਖਾਈਆ । ਸੁਹੰਜਣਾ ਵਕਤ ਨਾ ਰਿਹਾ ਪਰਭਾਤ ਦਾ, ਸੰਧਿਆ ਕੂੜ ਦਏ ਦੁਹਾਈਆ । ਮੁੱਲ ਪਿਆ ਨਾ ਲਿਖਤ ਲਿਖੀ ਕਲਮ ਦਵਾਤ ਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਨੇਤਰ ਨੈਣਾਂ ਨੀਰ ਵਹਾਈਆ । ਅਗਲਾ ਖੇਲ ਕਿਸੇ ਨਾ ਭਾਖਦਾ, ਭਾਸ਼ਾ ਵਿਚ ਨਾ ਕੋਇ ਜਣਾਈਆ । ਪੰਡਤ ਪਾਂਧਾ ਪੱਤਰੀ ਵਿਚ ਕੋਇ ਨਾ ਵਾਚਦਾ, ਵਾਚਕ ਗਿਆਨੀ ਨਾ ਕੋਇ ਸਮਝਾਈਆ । ਜਗਤ ਨਾਤਾ ਨਾ ਰਿਹਾ ਕਿਸੇ ਚਾਕ ਦਾ, ਚਾਕਰੀ ਚਾਕਰਾਂ ਵਿਚ ਗਵਾਈਆ । ਇਖ਼ਲਾਕ ਨਾ ਰਿਹਾ ਕਿਸੇ ਕਿਤਾਬ ਦਾ, ਕਰਤਬ ਸੱਚਾ ਗਏ ਭੁਲਾਈਆ । ਚਾਰ ਕੁੰਟ ਦਹਿ ਦਿਸ਼ਾ ਵੇਲਾ ਦਿਸੇ ਅਜ਼ਾਬ ਦਾ, ਸਿਰ ਦੇ ਹੱਥ ਨਾ ਕੋਇ ਅਟਕਾਈਆ । ਜਗਤ ਸੰਤਾਂ ਵਕਤ ਮਿਲਿਆ ਨਾ ਕੋਈ ਮੁਲਾਕਾਤ ਦਾ, ਸਾਚਾ ਮੇਲ ਨਾ ਕੋਇ ਮਿਲਾਈਆ । ਅੰਤਮ ਵੇਲਾ ਸਭ ਦਾ ਆਇਆ ਵਫ਼ਾਤ ਦਾ, ਮੜ੍ਹੀ ਗੋਰ ਨਾਲ ਕੁੜਮਾਈਆ । ਲਹਿਣਾ ਮੇਟੇ ਨਾ ਕੋਈ ਨਜਾਤ ਦਾ, ਸਿਰ ਹੱਥ ਨਾ ਕੋਇ ਰਖਾਈਆ । ਬਿਆਸ ਕਹੇ ਮੈਂ ਰੋ ਰੋ ਅੰਤਮ ਆਖਦਾ, ਆਖ਼ਰ ਦਿਆਂ ਦੁਹਾਈਆ ।

ਬਿਨ ਤੇਰੇ ਭਗਤਾਂ ਤੇਰੇ ਨਾਲ ਮਿਲਿਆ ਕੋਈ ਨਾ ਜਾਪਦਾ, ਜਪ ਜੀ ਪੜ੍ਹ ਪੜ੍ਹ ਥੱਕੀ ਲੋਕਾਈਆ । ਅਗਲਾ ਵੇਲਾ ਤੇਰਾ ਪਰਤਾਪ ਦਾ, ਗੁਰਮੁਖ ਪੂਤ ਸਪੂਤੇ ਗੋਦ ਉਠਾਈਆ । ਤੇਰਾ ਵਹਿਣ ਗਹਿਣ ਪੁਰਖ ਅਕਾਲ ਕੋਈ ਨਾ ਨਾਪਦਾ, ਮੈਨੂੰ ਪੈਮਾਨਿਆਂ ਵਿਚ ਰਖਾਈਆ । ਇਹ ਬਚਨ ਮੇਰਾ ਗੁਸਤਾਖ ਦਾ, ਬਿਆਸ ਦੋਏ ਜੋੜ ਕੇ ਸੀਸ ਨਿਵਾਈਆ । ਬਿਨ ਤੇਰੀ ਕਿਰਪਾ ਜੁਗ ਚੌਕੜੀ ਦਾ ਪਿਛਲਾ ਲੇਖਾ ਕਿਸੇ ਨਾ ਭਾਖਦਾ, ਪੜਦਾ ਸਕੇ ਨਾ ਕੋਇ ਉਠਾਈਆ । ਮੈਂ ਸਦਾ ਭਰਿਆ ਤੇਰੇ ਪ੍ਰੇਮ ਪਿਆਰ ਦੀ ਆਸ ਦਾ, ਆਸਾ ਵਿਚ ਆਪਣਾ ਝਟ ਲੰਘਾਈਆ । ਹੁਣ ਤੇਰਾ ਵਕਤ ਕਿਆਸ ਦਾ, ਕਿਸਮਤ ਸਾਡੀ ਦੇ ਬਦਲਾਈਆ । ਪੜਦਾ ਖੋਲ੍ਹ ਆਪਣੇ ਆਪ ਦਾ, ਜਲਵਾ ਨੂਰ ਕਰ ਰੁਸ਼ਨਾਈਆ । ਨਾਮ ਦੱਸ ਆਪਣੇ ਜਾਪ ਦਾ, ਆਤਮ ਦਾ ਮਾਲਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਮੇਲਾ ਕਰ ਵਿਛੋੜੇ ਵਿਚੋਂ ਮਿਲਾਪ ਦਾ, ਮਿਲ ਕੇ ਵਿਛੜ ਕੋਇ ਨਾ ਜਾਈਆ ।

### ★ ੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਨਗੀਨਾ ਸਿੰਘ ਦੇ ਗ੍ਰਿਹ ਮਾਡਲ ਹਾਊਸ ਜਲੰਧਰ ★

ਗੁਰਮੁਖ ਅਰਜ਼ ਹੋਵੇ ਮਨਜ਼ੂਰ, ਜਨ ਭਗਤ ਦੋ ਜਹਾਨ ਮਿਲੇ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਸਰਬ ਗੁਣਾਂ ਭਰਪੂਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮਿਹਰਵਾਨ ਹੋ ਕੇ ਮਹਿਬੂਬ ਅੰਤਰ ਨਿਰੰਤਰ ਦੇਵੇ ਅਗੰਮਾ ਨੂਰ, ਜੋਤੀ ਜਾਤਾ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਅਨਹਦ ਵਜਾਵੇ ਤੂਰ, ਤੁਰੀਆ ਤੋਂ ਅਗਲਾ ਪੜਦਾ ਦਏ ਉਠਾਈਆ । ਨਾਤਾ ਤੋੜ ਮਾਇਆ ਮਮਤਾ ਕੂੜ, ਵਿਕਾਰ ਹੰਕਾਰ ਦਏ ਗਵਾਈਆ । ਨਾਮ ਖ਼ੁਮਾਰੀ ਚਾੜ੍ਹ ਸਚ ਸਰੂਰ, ਸੁਰਤੀ ਸਾਚੇ ਸ਼ਬਦ ਮਿਲਾਈਆ । ਕੋਟ ਜਨਮ ਦੇ ਬਖ਼ਸ਼ ਕਸੂਰ, ਸੀਸ ਜਗਦੀਸ ਆਪਣਾ ਹੱਥ ਟਿਕਾਈਆ । ਬਿਨ ਚਰਨਾਂ ਤੋਂ ਬਖ਼ਸ਼ ਸਾਚੀ ਧੂੜ, ਧੂਲ ਮਸਤਕ ਦਏ ਲਗਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਮਨੂਆ ਚਲੇ ਨਾ ਕੋਇ ਚਤੁਰਾਈਆ । ਜਿਧਰ ਵੇਖਣ ਨਜ਼ਰ ਆਏ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਧੁਰ ਦਰਗਾਹੀਆ । ਗੁਰਮੁਖਾਂ ਦਾ ਸਦਾ ਮਕਰੂਜ਼, ਜੁਗ ਚੌਕੜੀ ਦੇਵਣਹਾਰ ਹੋ ਜਾਈਆ । ਜਿਸ ਦਾ ਮਹੱਲ ਅਟਲ ਉਚ ਅਰੂਜ਼, ਅਰਸ਼ੀ ਪ੍ਰੀਤਮ ਨੂਰ ਖ਼ੁਦਾਈਆ । ਸਦਾ ਸੁਹੇਲਾ ਇਕ ਇਕੇਲਾ ਨਿਰਗੁਣ ਨਿਰਵੈਰ ਮੌਜੂਦ, ਮੁਫ਼ਲਿਸ ਆਪਣੀ ਗੋਦ ਉਠਾਈਆ । ਪੰਚ ਵਿਕਾਰਾ ਕਰ ਨੇਸਤੋ ਨਾਬੂਦ, ਧੁਨ ਅਨਾਦੀ ਆਤਮਕ ਰਾਗ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਵਿਚੋਂ ਰੱਖੇ ਮਹਿਫ਼ੂਜ਼, ਸ਼ਰਅ ਸ਼ਰੀਅਤ ਛੁਰੀ ਕਰਦ ਕਤਲਗਾਹ ਨਾ ਕੋਇ ਬਣਾਈਆ । ਦੀਨ ਮਜ਼੍ਹਬ ਦੀ ਰਹਿਣ ਨਾ ਦੇਵੇ ਹਦੂਦ, ਆਤਮ ਪਰਮਾਤਮ ਪਰਮਾਤਮ ਆਤਮ ਭੇਵ ਅਭੇਦਾ ਦਏ ਖੁਲ੍ਹਾਈਆ । ਹਕ ਵਖਾਏ ਮੰਜ਼ਲ ਮਕਸੂਦ, ਸਚ ਦਵਾਰਾ ਇਕ ਸੁਹਾਈਆ । ਜਿਸ ਦੀ ਮਹਿੰਮਾ ਸਿਫ਼ਤ ਕਰੇ ਹਜ਼ਾਰਾ ਦਰੂਦ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦਾ ਢੋਲਾ ਗਾਈਆ । ਸੋ ਸਾਹਿਬ ਸੁਹੇਲਾ ਗੁਰਮੁਖ ਆਪਣੀ ਗੋਦ ਉਠਾਏ ਪੂਤ, ਪਤਿਪਰਮੇਸ਼ਵਰ ਦਇਆ ਕਮਾਈਆ । ਕਲਜੁਗ ਅੰਤ ਸੁਹੰਜਣੀ ਕਰੇ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਵੇਖਣਹਾਰਾ ਅਬਿਨਾਸ਼ੀ ਅਚੁਤ, ਚੇਤਨ ਜੜ੍ਹ ਖੋਜ ਖੁਜਾਈਆ । ਆਪਣੀ ਧਾਰੋਂ ਪਏ ਉਠ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖੇ

ਥਾਉਂ ਥਾਈਆ । ਸੂਫ਼ੀ ਸੰਤਾਂ ਉਤੇ ਜਾਏ ਤੁਠ, ਗਹਿਰ ਗੰਭੀਰ ਬੇਨਜ਼ੀਰ ਆਪਣੀ ਦਇਆ ਕਮਾਈਆ । ਪੜਦਾ ਓਹਲਾ ਰਹਿਣ ਨਾ ਦੇਵੇ ਲੁਕ, ਦੂਈ ਦਵੈਤੀ ਲੇਖਾ ਦਏ ਚੁਕਾਈਆ । ਸ਼ਬਦ ਨਿਸ਼ਾਨਾ ਤੀਰ ਕਦੇ ਨਾ ਜਾਵੇ ਉੱਕ, ਅਣਿਆਲਾ ਬਿਨ ਚਿੱਲੇ ਕਮਾਨ ਆਪ ਚਲਾਈਆ । ਤੂੰ ਮੇਰਾ ਮੈਂ ਤੇਰਾ ਭਗਤ ਭਗਵਾਨ ਦੱਸ ਕੇ ਤੁਕ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਜਨਮ ਜਨਮ ਦਾ ਰਹਿਣ ਨਾ ਦੇਵੇ ਕੋਈ ਦੁੱਖ, ਲੱਖ ਚੁਰਾਸੀ ਜਮ ਕੀ ਫਾਸੀ ਦਏ ਕਟਾਈਆ । ਆਵਣ ਜਾਵਣ ਪੈਂਡਾ ਜਾਏ ਮੁੱਕ, ਮਾਤ ਗਰਭ ਅਗਨੀ ਤਤ ਨਾ ਕੋਇ ਤਪਾਈਆ । ਲਟਕਣਾ ਪਏ ਨਾ ਉਲਟਾ ਰੁੱਖ, ਮਾਇਆ ਵੰਡ ਨਾ ਕੋਇ ਵੰਡਾਈਆ । ਸਾਹਿਬ ਸਤਿਗੁਰ ਸ਼ਬਦੀ ਧਾਰ ਆਪਣੀ ਗੋਦੀ ਲਏ ਚੁੱਕ, ਏਕੰਕਾਰ ਆਪਣੇ ਘਰ ਵਸਾਈਆ । ਏਥੇ ਓਥੇ ਮੇਟ ਕੇ ਤ੍ਰਿਸ਼ਨਾ ਭੁੱਖ, ਸਾਂਤਕ ਸਤਿ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਤਿਗੁਰ ਸੱਜਣ ਆਪਣਾ ਰੰਗ ਰੰਗਾਈਆ । ਜਨ ਭਗਤ ਪੂਰੀ ਹੋਏ ਆਸਾ, ਮਨਸਾ ਆਪਣੇ ਵਿਚ ਮਿਲਾਇੰਦਾ । ਮਿਹਰਵਾਨ ਹੋ ਪੁਰਖ ਅਬਿਨਾਸ਼ਾ, ਦੀਨ ਦਿਆਲ ਦਇਆ ਕਮਾਇੰਦਾ । ਚਰਨ ਕਵਲ ਉਪਰ ਧਵਲ ਦੇ ਭਰਵਾਸਾ, ਭਾਂਡਾ ਭਰਮ ਭੌ ਭੰਨਾਇੰਦਾ । ਨਿਰਗੁਣ ਨੂਰ ਜੋਤ ਕਰ ਪਰਕਾਸ਼ਾ, ਅੰਧ ਅੰਧੇਰਾ ਮੇਟ ਮਿਟਾਇੰਦਾ । ਸ਼ਬਦ ਨਾਦ ਵਜਾ ਅਨਾਦਾ, ਅਗੰਮੀ ਰਾਗ ਸੁਣਾਇੰਦਾ । ਅੰਮ੍ਰਿਤ ਨਿਝਰ ਧਾਰ ਬਖ਼ਸ਼ ਬਾਟਾ, ਬੂੰਦ ਸਵਾਂਤੀ ਮੁਖ ਚੁਅਇੰਦਾ । ਜਨਮ ਜਨਮ ਦਾ ਪੂਰਾ ਘਾਟਾ, ਪੂਰਬ ਲਹਿਣਾ ਝੋਲੀ ਪਾਇੰਦਾ । ਅੰਦਰ ਬਾਹਰ ਗੁਪਤ ਜਾਹਰ ਨਿਰਗੁਣ ਸਰਗੁਣ ਦੇਵੇ ਸਾਥਾ, ਸਗਲਾ ਸੰਗ ਆਪ ਬਣਾਇੰਦਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਸਾਚੀ ਗਾਥਾ, ਗਹਿਰ ਗੰਭੀਰ ਆਪਣਾ ਨਾਮ ਜਪਾਇੰਦਾ । ਦਰਗਾਹ ਸਾਚੀ ਜੋੜ ਕੇ ਨਾਤਾ, ਬਿਧਾਤਾ ਆਪਣੇ ਘਰ ਵਸਾਇੰਦਾ । ਕਲਜੁਗ ਅੰਤ ਮੇਟ ਅੰਧੇਰੀ ਰਾਤਾ, ਨਿਰਗੁਣ ਨੂਰੀ ਚੰਦ ਚਮਕਾਇੰਦਾ । ਜਿਨ੍ਹਾਂ ਪੁਰਖ ਸਮਰਥ ਮੰਨਿਆ ਆਖਾ, ਆਖ਼ਰ ਆਪਣੇ ਵਿਚ ਟਿਕਾਇੰਦਾ । ਜੁਗ ਚੌਕੜੀ ਸਿਫ਼ਤਾਂ ਵਾਲਾ ਰਹਿ ਜਾਏ ਸਾਕਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੱਖਰਾਂ ਨਾਲ ਪਰਗਟਾਇੰਦਾ । ਲੇਖੇ ਲਾ ਕੇ ਤਨ ਵਜੂਦ ਮਾਟੀ ਖ਼ਾਕਾ, ਖ਼ਾਲਸ ਆਪਣਾ ਰੂਪ ਦਰਸਾਇੰਦਾ । ਸੋ ਸਵਾਮੀ ਅੰਤਰਜਾਮੀ ਜਨ ਭਗਤਾਂ ਦੇਵਣਹਾਰ ਦਲਾਸਾ, ਸਮਰਥ ਸਿਰ ਹੱਥ ਆਪਣਾ ਆਪ ਟਿਕਾਇੰਦਾ । ਕਰਵਟ ਵਿਚ ਕਦੇ ਨਾ ਬਦਲੇ ਪਾਸਾ, ਸਨਮੁਖ ਹੋ ਕੇ ਸੋਭਾ ਪਾਇੰਦਾ । ਮਾਨਸ ਜਨਮ ਚੁਰਾਸੀ ਵਿਚੋਂ ਕਰੇ ਰਹਿਰਾਸਾ, ਅੰਡਜ ਜੇਰਜ ਉਤਭੁਜ ਸੇਤਜ ਡੇਰਾ ਢਾਹਿੰਦਾ । ਨਾਮ ਭੰਡਾਰ ਏਕੰਕਾਰ ਦੇਵੇ ਧੁਰ ਦੀ ਦਾਤਾ, ਦਾਨੀ ਹੋ ਕੇ ਆਪ ਵਰਤਾਇੰਦਾ । ਮਾਰਗ ਦੱਸ ਇਕੋ ਸਾਚਾ, ਊਚ ਨੀਚ ਰਾਓ ਰੰਕ ਰਾਹ ਇਕ ਸਮਝਾਇੰਦਾ । ਭਾਗ ਲਗਾਏ ਕਾਇਆ ਮਾਟੀ ਕਾਚਾ, ਕੰਚਨ ਗੜ੍ਹ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪਣੇ ਰੰਗ ਰੰਗਾਇੰਦਾ । ਜਨ ਭਗਤ ਬੇਨੰਤੀ ਲਾਏ ਲੇਖੇ, ਲੇਖਾ ਅਗਲਾ ਦੇ ਬਣਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਕੱਢੇ ਭਰਮ ਭੁਲੇਖੇ, ਕੂੜ ਵਿਕਾਰ ਡੇਰਾ ਢਾਹੀਆ । ਜੁਗ ਜਨਮ ਦੇ ਵਿਛੜੇ ਰੱਖੇ ਚੇਤੇ, ਲੱਖ ਚੁਰਾਸੀ ਵਿਚੋਂ ਆਪਣੇ ਨਾਲ ਮਿਲਾਈਆ । ਦਰਸ਼ਨ ਦੇਵੇ ਨੇਤਨ ਨੇਤੇ, ਨਿਜ ਨੈਣ ਕਰੇ ਰੁਸ਼ਨਾਈਆ । ਇਕੋ ਘਰ ਬਣਾਏ ਸੌਹਰੇ ਪਈਏ ਪੇਕੇ, ਪਾਰਬ੍ਰਹਮ ਪਤਿਪਰਮੇਸ਼ਵਰ ਦੇਵੇ ਮਾਣ ਵਡਿਆਈਆ । ਸਚ ਪ੍ਰੀਤ ਜੋ ਸਾਹਿਬ ਸਵਾਮੀ ਕਰੇ ਭੇਟੇ, ਭੱਠ ਖੇੜਾ ਰਹਿਣ ਕੋਇ ਨਾ ਪਾਈਆ । ਹਰਿਜਨ ਸਾਚੇ ਪੁਰਖ ਅਕਾਲ ਦੇ ਧੁਰ ਦੇ ਬੇਟੇ, ਜਿਨ੍ਹਾਂ ਪਿਛੇ

ਨਿਰਗੁਣ ਨਿਰਵੈਰ ਆਪਣਾ ਫੇਰਾ ਪਾਈਆ । ਬਿਨ ਅੱਖਾਂ ਬਿਨ ਲੋਇਨ ਬਿਨ ਨੈਣ ਦੋ ਜਹਾਨਾਂ ਵਾਲੀ ਵੇਖੇ, ਵੱਖਰੀ ਆਪਣੀ ਧਾਰ ਸਮਝਾਈਆ । ਸੰਤ ਉਧਾਰਨਾ ਆਦਿ ਜੁਗਾਦਿ ਜਿਸ ਦੇ ਪੇਸ਼ੇ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਵਸਣਹਾਰਾ ਦਰਗਾਹ ਸਾਚੀ ਸਚਖੰਡ ਦੇਸੇ, ਦੇਸ ਦੇਸੰਤਰ ਖੋਜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਪੜਦਾ ਓਹਲਾ ਦਏ ਚੁਕਾਈਆ । ਜਨ ਭਗਤ ਬੇਨੰਤੀ ਰਹੀ ਹੱਸ, ਖ਼ੁਸ਼ੀਆਂ ਢੋਲੇ ਗੀਤ ਗਾਈਆ । ਮੈਨੂੰ ਮਨਜ਼ੂਰ ਕਰੇ ਪੁਰਖ ਸਮਰਥ, ਦੂਸਰ ਅੱਗੇ ਸੀਸ ਨਾ ਕਦੇ ਝੁਕਾਈਆ । ਜਿਸ ਗੁਰ ਅਵਤਾਰ ਪੈਗ਼ੰਬਰ ਸੁਣਾਈ ਆਪਣੀ ਗਥ, ਸੋਹਲੇ ਢੋਲੇ ਰਾਗਾਂ ਨਾਦਾਂ ਕਰ ਵਡਿਆਈਆ । ਸੋ ਮਾਰਗ ਸਚ ਸਵਾਮੀ ਅੰਤਰਜਾਮੀ ਹੋ ਕੇ ਰਿਹਾ ਦੱਸ, ਦਹਿ ਦਿਸ਼ਾ ਪੜਦਾ ਓਹਲਾ ਦਏ ਚੁਕਾਈਆ । ਆਦਿ ਜੁਗਾਦੀ ਏਕਾ ਏਕੰਕਾਰ ਵਸੇ ਸਚ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਜ਼ਰੀ ਆਈਆ । ਲੂੰ ਲੂੰ ਅੰਦਰ ਰਿਹਾ ਰਚ, ਰਚਨਾ ਵੇਖੇ ਸਰਬ ਲੋਕਾਈਆ । ਸਰਬ ਵਿਆਪਕ ਪਾਰਬ੍ਰਹਮ ਪਤਿ ਪਰਮੇਸ਼ਵਰ ਕਮਲਾਪਤ, ਪਤਤ ਪਾਵਨ ਆਪਣੀ ਦਇਆ ਕਮਾਈਆ । ਜਨ ਭਗਤਾਂ ਜਾਣੇ ਮਿਤ ਗਤ, ਅੰਦਰ ਬਾਹਰ ਖੋਜ ਖੁਜਾਈਆ । ਲੇਖੇ ਲਾਵੇ ਬੂੰਦ ਰੱਤ, ਰਕਤ ਆਪਣੇ ਰੰਗ ਰੰਗਾਈਆ । ਜਿਨ੍ਹਾਂ ਦੇ ਅੰਦਰ ਗਿਆ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਦੇਵੇ ਕੱਢ, ਇਸ਼ਟੀ ਇਕੋ ਸੋਭਾ ਪਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸ਼ਬਦ ਅਗੰਮੀ ਲਾ ਕੇ ਸੱਟ, ਸੋਈ ਸੁਰਤੀ ਲਏ ਜਗਾਈਆ । ਸਚ ਵਖਾ ਕੇ ਇਕ ਹੱਟ, ਨਾਮ ਭੰਡਾਰ ਦਏ ਵਰਤਾਈਆ । ਝਗੜਾ ਰਹੇ ਨਾ ਕਿਸੇ ਤੀਰਥ ਤੱਟ, ਗੰਗਾ ਗੋਦਾਵਰੀ ਜਮਨਾ ਸੁਰਤੀ ਜਨ ਭਗਤਾਂ ਚਰਨਾਂ ਹੇਠ ਛੋਹ ਕੇ ਆਪਣੀ ਆਸਾ ਪੂਰ ਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦਾ ਢੋਲਾ ਸੋਹਲਾ ਰਾਗ ਨਾਦ ਗੀਤ ਰਹੀ ਰਟ, ਉਚੀ ਕੂਕ ਕੂਕ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਰਹੀ ਸੁਣਾਈਆ । ਸੋ ਭਗਤਾਂ ਵੱਲ ਨੀਵੀਂ ਕਰ ਕੇ ਤੱਕੇ ਅੱਖ, ਉਪਰ ਅੱਖ ਨਾ ਕੋਇ ਉਠਾਈਆ । ਜਿਨ੍ਹਾਂ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਸਮਰਥ, ਸਮੇਂ ਦਾ ਸੱਜਣ ਨਜ਼ਰੀ ਆਈਆ । ਏਥੇ ਓਥੇ ਦੋ ਜਹਾਨਾਂ ਹੋ ਮਿਹਰਵਾਨਾ ਮਹਿਬੂਬ ਮੁਹੱਬਤ ਵਿਚ ਲਏ ਰੱਖ, ਘਰ ਸਾਚੇ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਘਰਾਨਾ ਸ੍ਰੀ ਭਗਵਾਨਾ ਸਚਖੰਡ ਦਵਾਰਾ ਇਕੋ ਇਕ ਵਖਾਈਆ । ਜਨ ਭਗਤ ਬੇਨੰਤੀ ਕਹੇ ਮੈਨੂੰ ਮਿਲਿਆ ਪੁਰਖ ਅਥਾਹ, ਅਗੰਮ ਅਗੰਮੜਾ ਨਜ਼ਰੀ ਆਈਆ । ਜਿਸ ਦਾ ਜੁਗ ਚੌਕੜੀ ਤੱਕਦੀ ਰਹੀ ਰਾਹ, ਸਤਿਜੁਗ ਤਰੇਤਾ ਦੁਆਪਰ ਕਲਜੁਗ ਨੈਣ ਉਠਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਰਹੇ ਗਾ, ਗੁਰ ਅਵਤਾਰ ਪੈਗ਼ੰਬਰ ਨਿਉਂ ਨਿਉਂ ਲਾਗਣ ਪਾਈਆ । ਜੁਗ ਚੌਕੜੀ ਭੱਜਣ ਵਾਹੋ ਦਾਹ, ਦਿਵਸ ਰੈਣ ਘੜੀ ਪਲ ਆਪਣਾ ਪੰਧ ਮੁਕਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਧਰਨੀ ਧਰਤ ਧਵਲ ਵੇਖਣ ਥਲ ਅਸਗਾਹ, ਜਲ ਥਲ ਮਹੀਅਲ ਆਪਣੀ ਕਾਰ ਕਮਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਮਿਲਿਆ ਸਹਿਜ ਸੁਭਾ, ਸੁਬਹ ਸ਼ਾਮ ਵਕਤ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਕਹਿੰਦੇ ਜਲਵਾਗਰ ਨੂਰ ਖ਼ੁਦਾ, ਖ਼ਲਕ ਦਾ ਖ਼ਾਲਕ ਮਾਲਕ ਨੂਰ ਇਲਾਹੀਆ । ਸੋ ਹੋਵੇ ਨਾ ਕਦੇ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਹਰਿਜਨ ਸਾਚੇ ਦੱਸੇ ਧੁਰ ਦਾ ਏਕਾ ਨਾਂ, ਨਗ਼ਮਾ ਕਲਮਾ

੧੮੭
੨੦

੧੮੮
੨੦

ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਹੱਬਤ ਵਿਚ ਮਹਿਬੂਬ ਹੋਵੇ ਮਿਹਰਵਾਂ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਜਨ ਭਗਤਾਂ ਜੁੜੇ ਧੁਰ ਦਾ ਨਾਤਾ, ਮਨ ਚੰਚਲ ਨਾ ਕੋਇ ਚਤੁਰਾਈਆ । ਕਲਜੁਗ ਮਿਟੇ ਅੰਧੇਰੀ ਰਾਤਾ, ਸਤਿਗੁਰ ਸਾਚਾ ਸ਼ਬਦ ਕਰੇ ਰੁਸ਼ਨਾਈਆ । ਰੂਹ ਬੁਤ ਦੋਵੇਂ ਹੋਵੇ ਪਾਕਾ, ਪਤਤ ਪੁਨੀਤ ਕਰੇ ਸਫ਼ਾਈਆ । ਕਾਇਆ ਮੰਦਰ ਅੰਦਰ ਘਰ ਠਾਕਰ ਸਵਾਮੀ ਪਰਮ ਪੁਰਖ ਮਿਲੇ ਆਕਾ, ਜਿਥੇ ਅਕਲ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਨਿਰਗੁਣ ਨੂਰ ਜੋਤ ਕਰੇ ਪਰਕਾਸ਼ਾ, ਅੰਧ ਅੰਧੇਰਾ ਦਏ ਮਿਟਾਈਆ । ਘਰ ਮੰਦਰ ਗ੍ਰਿਹਿ ਮਹੱਲ ਅਟਲ ਮੁਨਾਰ ਵਖਾਏ ਠਾਂਡਾ, ਅਗਨੀ ਤਤ ਨਾ ਕੋਇ ਤਪਾਈਆ । ਜੋ ਸਤਿਗੁਰ ਹੁਕਮ ਸ਼ਬਦ ਸ਼ਬਦ ਹੁਕਮ ਸਚ ਕਮਾਂਦਾ, ਕਰਨੀ ਦੀ ਕੀਮਤ ਆਪੇ ਲਏ ਪਾਈਆ । ਲੱਖ ਚੁਰਾਸੀ ਵਿਚ ਗੇੜ ਨਾ ਕੋਇ ਭਵਾਂਦਾ, ਜਨਮ ਜਨਮ ਵੰਡ ਨਾ ਕੋਇ ਵੰਡਾਈਆ । ਅੰਤ ਕੰਤ ਭਗਵੰਤ ਸਾਹਿਬ ਸਤਿਗੁਰ ਆਪਣਾ ਮੇਲ ਮਿਲਾਂਦਾ, ਆਤਮ ਪਰਮਾਤਮ ਪਰਮਾਤਮ ਆਤਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਆਤਮ ਪਰਮਾਤਮ ਪ੍ਰੇਮ ਪਿਆਰ ਮੁਹੱਬਤ ਦਾ ਨੂਰ ਰੱਖੇ ਸਾਂਝਾ, ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਸ਼ਰਅ ਵੰਡ ਨਾ ਕੋਇ ਵੰਡਾਈਆ ।

## ★ ੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਿਹਿ ਜਲੰਧਰ ★

ਬਿਆਸ ਕਹੇ ਪੁਰਖ ਅਕਾਲ ਤੇਰੇ ਵੇਖੇ ਖੇਲ ਤਮਾਸ਼ੇ, ਜੁਗ ਚੌਕੜੀ ਧਿਆਨ ਲਗਾਈਆ । ਗੁਰ ਅਵਤਾਰ ਕਰ ਕੇ ਗਏ ਅਰਦਾਸੇ, ਪੈਗ਼ੰਬਰ ਸਜਦਿਆਂ ਵਿਚ ਸੀਸ ਝੁਕਾਈਆ । ਨਿਰਗੁਣ ਧਾਰ ਸਰਗੁਣ ਮੰਗਦੇ ਗਏ ਸਾਥੇ, ਚਰਨ ਕਵਲ ਮੰਗ ਸਰਨਾਈਆ । ਯਾਦ ਵਿਚ ਗਾਉਂਦੇ ਗਏ ਸਵਾਸੇ, ਸਾਹ ਸਾਹ ਧਿਆਈਆ । ਤੇਰੇ ਮੰਨਦੇ ਗਏ ਆਖੇ, ਸਿਰ ਸਕਿਆ ਨਾ ਕੋਇ ਉਠਾਈਆ । ਨਿਰਅੱਖਰ ਧਾਰ ਵਿਚੋਂ ਅੱਖਰ ਲਿਖ ਕੇ ਗਏ ਗਾਥੇ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਰੰਗ ਰੰਗਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋੜ ਕੇ ਗਏ ਨਾਤੇ, ਕਾਇਆ ਮਾਟੀ ਤਨ ਵਜੂਦ ਜਗਤ ਹੰਢਾਈਆ । ਦੀਨ ਮਜ਼੍ਹਬ ਜਾਤ ਪਾਤ ਵੱਡੇ ਛੋਟੇ ਹੁਕਮੇ ਅੰਦਰ ਵੰਡਦੇ ਗਏ ਇਲਾਕੇ, ਅੱਲਾਹ ਵਾਹਿਗੁਰੂ ਰਾਮ ਕ੍ਰਿਸ਼ਨ ਤੇਰਾ ਨਾਮ ਸਮਝਾਈਆ । ਦੀਨ ਦੁਨੀ ਵਿਚ ਚਲਾਉਂਦੇ ਗਏ ਸਾਕੇ, ਸਾਖਿਆਤ ਆਪਣੀ ਖੇਲ ਵਖਾਈਆ । ਅੰਤਮ ਦੋਵੇਂ ਜੋੜ ਕੇ ਹਾਥੇ, ਦਰ ਤੇਰੇ ਠਾਂਡੇ ਸੀਸ ਨਿਵਾਈਆ । ਦਰਵੇਸ਼ ਹੋ ਕੇ ਮੰਗਦੇ ਰਹੇ ਅਗੰਮੀ ਹਾਟੇ, ਸਚ ਦਵਾਰੇ ਝੋਲੀਆਂ ਡਾਹੀਆ । ਬਿਨ ਤੇਰੀ ਕਿਰਪਾ ਦੋ ਜਹਾਨਾਂ ਕੋਈ ਨਾ ਰਾਖੇ, ਬ੍ਰਹਿਮੰਡ ਖੰਡ ਨਾ ਕੋਇ ਸਹਾਈਆ । ਭਵਿਖਤਾਂ ਵਿਚ ਲਿਖਤਾਂ ਵਿਚ ਤੇਰੇ ਲਿਖਦੇ ਗਏ ਸਾਕੇ, ਭੇਵ ਅਭੇਦਾ ਜਗਤ ਖੁਲ੍ਹਾਈਆ । ਕੂੜੀ ਕਿਰਿਆ ਤੋੜਦੇ ਗਏ ਨਾਤੇ, ਮਾਇਆ ਮਮਤਾ ਮੋਹ ਮਿਟਾਈਆ । ਤੇਰਾ ਨਾਮ ਨਿਧਾਨ ਅੰਤਰ ਨਿਰੰਤਰ ਇਕੋ ਭਾਖੇ, ਭਾਸ਼ਾ ਜਗਤ ਗਏ ਬਦਲਾਈਆ । ਚਰਨ ਪ੍ਰੀਤੀ ਰੱਖ ਵਿਸ਼ਵਾਸੇ, ਵਿਸ਼ਿਆਂ ਦਾ ਡੇਰਾ ਗਏ ਢਾਹੀਆ । ਬੋਲ ਬੋਲ ਕੇ ਗਏ ਸਾਚੇ, ਸੁਚ ਸੰਜਮ ਇਕ ਦ੍ਰਿੜਾਈਆ । ਭਾਗ ਲਗਾ ਕੇ ਗਏ ਕਾਇਆ ਮਾਟੀ ਕਾਚੇ, ਕੰਚਨ ਗੜ੍ਹ ਸੁਹਾਈਆ । ਜਗਤ ਬੁਝਾਉਂਦੇ ਗਏ ਆਂਚੇ, ਆਂਚਲ ਅਗਨ

ਨਾ ਕੋਇ ਲਗਾਈਆ । ਸਭ ਦੀ ਕਰਦੇ ਰਹੇ ਪੜਤਾਲ ਜਾਚੇ, ਯਾਚਕ ਹੋ ਕੇ ਸੇਵ ਕਮਾਈਆ । ਭੇਵ ਅਭੇਦਾ ਖੋਲ੍ਹਦੇ ਰਹੇ ਪੁਰਖ ਅਬਿਨਾਸ਼ੇ, ਅਬਿਨਾਸ਼ੀ ਕਰਤੇ ਤੇਰਾ ਹੁਕਮ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜਗਤ ਗਏ ਨਾਠੇ, ਥਿਰ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਚਾਰ ਕੁੰਟ ਦਹਿ ਦਿਸ਼ਾ ਚੀਥੜ ਦਿਸੇ ਪਾਟੇ, ਪੀਤ ਪੀਤੰਬਰ ਓਢਣ ਸੀਸ ਨਾ ਕੋਇ ਟਿਕਾਈਆ । ਦੁਰਮਤ ਮੈਲ ਨਿਰਵੈਰ ਹੋ ਕੋਇ ਨਾ ਕਾਟੇ, ਪਤਤ ਪੁਨੀਤ ਨਾ ਕੋਇ ਕਰਾਈਆ । ਮੰਜ਼ਲ ਪੰਧ ਮੁਕੇ ਕਿਸੇ ਨਾ ਵਾਟੇ, ਲੱਖ ਚੁਰਾਸੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਭੱਜੇ ਵਾਹੋ ਦਾਹੀਆ । ਬਿਨ ਤੇਰੇ ਸਦੀ ਚੌਧਵੀਂ ਲਹਿਣਾ ਮੁਕਾਏ ਕੋਈ ਨਾ ਬਾਕੇ, ਹਿਸਾਬ ਕਿਤਾਬ ਹਕ ਨਾ ਕੋਇ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਖੇਲ ਸਮਝਿਆ ਹਾਸੇ, ਹਸਤੀ ਮਸਤੀ ਵਿਚ ਅਰਸ਼ੀ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਆਪਣਾ ਘਰ, ਸਚ ਦਵਾਰ ਪੜਦਾ ਆਪ ਉਠਾਈਆ । ਬਿਆਸ ਕਹੇ ਤੇਰੇ ਦਰ ਤੇ ਵੇਖੇ ਮੰਗਤੇ, ਵਿਸ਼ਨ ਬ੍ਰਹਮਾ ਸ਼ਿਵ ਝੋਲੀਆਂ ਡਾਹੀਆ । ਨਿਰਗੁਣ ਧਾਰ ਆਪਣਾ ਆਪ ਵੇਖੇ ਰੰਗਦੇ, ਸਰਗੁਣ ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਲੰਘਦੇ, ਕਲਜੁਗ ਵਾਰੀ ਅੰਤਮ ਆਈਆ । ਝਗੜੇ ਹੋਏ ਦੀਨ ਦੁਨੀ ਦੀਨ ਮਜ਼੍ਹਬ ਬੰਦ ਦੇ, ਬੰਦਗੀ ਹਕ ਨਾ ਕੋਇ ਦ੍ਰਿੜਾਈਆ । ਭੁਲੇਖੇ ਗੜ੍ਹ ਟੁੱਟੇ ਨਾ ਹਉਮੇ ਕੰਧ ਦੇ, ਦੂਈ ਦਵੈਤ ਨਾ ਕੋਇ ਮਿਟਾਈਆ । ਸਚ ਪਰਕਾਸ਼ ਦਿਸੇ ਨਾ ਨੂਰੀ ਚੰਦ ਦੇ, ਸੂਰੀਆ ਚੰਦ ਕੰਮ ਕਿਸੇ ਨਾ ਆਈਆ । ਰਸ ਮਿਲੇ ਨਾ ਅਗੰਮੀ ਅਨੰਦ ਦੇ, ਰਸਨਾ ਜਿਹਵਾ ਖਾ ਖਾ ਥੱਕੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਦਰ ਤੇਰੇ ਆਸ ਰਖਾਈਆ । ਬਿਆਸ ਕਹੇ ਮੈਂ ਦੱਸਾਂ ਕੀ ਕੀ ਹਾਲ, ਹਾਲਤ ਵਿਗੜੀ ਜਗਤ ਲੋਕਾਈਆ । ਸਾਹਿਬ ਸਤਿਗੁਰ ਮਿਲੇ ਨਾ ਕਿਸੇ ਦਿਆਲ, ਪ੍ਰਿਤਪਾਲਕ ਨਾ ਕੋਇ ਸਹਾਈਆ । ਸਾਚੀ ਘਾਲੇ ਕੋਈ ਨਾ ਘਾਲ, ਕੂੜ ਕੁਕਰਮ ਕਰਨ ਕੁੜਮਾਈਆ । ਤ੍ਰੈਗੁਣ ਤੋੜੇ ਨਾ ਕੋਈ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਮੁਰੀਦਾਂ ਪੁਛੇ ਕੋਈ ਨਾ ਹਾਲ, ਮੁਰਸ਼ਦ ਅੰਗ ਨਾ ਕੋਇ ਲਗਾਈਆ । ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਵੱਜੇ ਤਾਲ, ਸਤਿ ਧਰਮ ਬੈਠਾ ਮੁਖ ਛੁਪਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਡੰਕ ਨਗਾਰਾ ਰਿਹਾ ਵਜਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਅੱਗੇ ਰੱਖ ਕੇ ਗਏ ਸਵਾਲ, ਚਾਰ ਜੁਗ ਦੀ ਬਾਣੀ ਦਏ ਗਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲੈਣਾ ਸੰਭਾਲ, ਅੰਡਜ ਜੇਰਜ ਉਤਭੁਜ ਸੇਤਜ ਤੇਰੀ ਝੋਲੀ ਪਾਈਆ । ਹਉਂ ਬਾਲੇ ਨੱਢੇ ਤੇਰੇ ਨੰਨ੍ਹੇ ਨੰਨ੍ਹੇ ਬਾਲ, ਹੁਕਮੇ ਅੰਦਰ ਲੋਕਮਾਤ ਹੁਕਮੀ ਸੇਵ ਕਮਾਈਆ । ਸਾਰ ਪਾਸ਼ਾ ਦੀਨ ਮਜ਼੍ਹਬ ਦੀ ਦੱਸਦੇ ਆਏ ਚਾਲ, ਲੇਖਾ ਤੇਰਾ ਨਾਉਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਬਿਆਸ ਕਹੇ ਮੈਂ ਵੇਖਿਆ ਜਗਤ ਕੂੜ ਕੁੜਿਆਰ, ਚਾਰ ਵਰਨ ਅਠਾਰਾਂ ਬਰਨ ਧੀਰਜ ਧੀਰ ਨਾ ਕੋਇ ਧਰਾਈਆ । ਸਾਚਾ ਮਿਲੇ ਨਾ ਕਿਸੇ ਮੀਤ ਮੁਰਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਹੋਏ ਖੁਆਰ, ਨਵ ਸੱਤ ਨਾ ਕੋਇ ਵਡਿਆਈਆ । ਪੜਦਾ ਓਹਲਾ ਬਣ ਵਿਚੋਲਾ ਕਾਇਆ ਚੋਲਾ ਸਕੇ ਨਾ ਕੋਇ ਉਤਾਰ, ਉੱਤਰ ਪੂਰਬ ਪੱਛਮ ਦੱਖਣ ਤੇਰਾ ਨੂਰ ਕਰੇ ਨਾ ਕੋਇ ਰੁਸ਼ਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਿਖਿਆ

ਦੇ ਦੇ ਗਏ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਗੁਰ ਅਵਤਾਰ ਪੈਗ਼ੰਬਰ ਸਦੀ ਚੌਧਵੀਂ ਦਰ ਤੇਰੇ ਠਾਂਡੇ ਕਰਨ ਪੁਕਾਰ, ਬੀਸ ਬੀਸਾ ਨਾਲ ਸ਼ਹਾਦਤ ਰਿਹਾ ਭੁਗਤਾਈਆ । ਸਭ ਦੇ ਅੰਤਰ ਨਿਰੰਤਰ ਵਿਸਰਿਆ ਕਰਤਾਰ, ਕੁਦਰਤ ਦਾ ਮਾਲਕ ਕਰਨੀ ਦਾ ਕਰਤਾ ਕਾਦਰ ਬੈਠਾ ਮੁਖ ਛੁਪਾਈਆ । ਮਾਇਆ ਮਮਤਾ ਮੋਹ ਵਿਕਾਰ ਹਰ ਘਟ ਦਿਸੇ ਹੰਕਾਰ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਬਿਨ ਭਗਤਾਂ ਤੇਰਾ ਬਣੇ ਨਾ ਕੋਈ ਮੀਤ ਮੁਰਾਰ, ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਤੈਨੂੰ ਬੈਠੀ ਭੁਲਾਈਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤ ਸ੍ਰੀ ਭਗਵੰਤ ਪਾ ਸਾਰ, ਸਾਜਣ ਹੋ ਕੇ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲੈ ਉਭਾਰ, ਗੁਰਮੁਖ ਆਪਣੇ ਅੰਗ ਲਗਾਈਆ । ਦੀਨਾਂ ਅਨਾਥਾਂ ਦੁਖੀਆਂ ਦਰਦ ਦੇ ਨਿਵਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੇਰਾ ਨਿਰਗੁਣ ਰੂਪ ਆਉਣਾ ਹੋਵੇ ਵਿਚ ਸੰਸਾਰ, ਜੁਗ ਚੌਕੜੀ ਤੇਰੀ ਨਿਤ ਨਵਿਤ ਸਦਾ ਸਦ ਆਸ ਰਖਾਈਆ । ਏਸੇ ਕਾਰਨ ਗੁਰ ਅਵਤਾਰ ਪੈਗ਼ੰਬਰ ਤੇਰਾ ਕਰ ਕੇ ਗਏ ਇਜ਼ਹਾਰ, ਨਿਹਕਲੰਕ ਕਲ ਕਲਕੀ ਅਵਤਾਰ, ਅਮਾਮਾਂ ਦਾ ਅਮਾਮ ਬੇਪਰਵਾਹੀਆ । ਜਿਸ ਦੀ ਕੋਈ ਨਾ ਪਾਵੇ ਸਾਰ, ਜਗਤ ਨਜ਼ਰ ਨਾ ਤੱਕੇ ਸੰਸਾਰ, ਭੇਵ ਅਭੇਦਾ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰਾ ਹੁਕਮ ਇਕ ਸਿਕਦਾਰ, ਸਚ ਸਿਕਦਾਰੀ ਦੋ ਜਹਾਨ ਨਰ ਨਿਰੰਕਾਰ ਤੇਰੀ ਨਜ਼ਰੀ ਆਈਆ ।



## ★ ੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਦਿਆਲ ਸਿੰਘ ਦੇ ਗ੍ਰਿਹ ਜਲੰਧਰ ★



ਬਿਆਸ ਕਹੇ ਜੁਗ ਚੌਕੜੀ ਖੇਲ ਵੇਖਿਆ ਅਗੰਮੀ ਹਰਿ ਦਾ, ਹਰਿ ਦੋ ਜਹਾਨ ਆਪਣੀ ਖੇਲ ਖਿਲਾਈਆ । ਸਚਖੰਡ ਦਵਾਰੇ ਸਾਚੇ ਤਖ਼ਤ ਏਕੰਕਾਰ ਹੋ ਕੇ ਰਿਹੋਂ ਚੜ੍ਹਦਾ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਡੇਰਾ ਲਾਈਆ । ਸ਼ਬਦ ਸੰਦੇਸ਼ਾ ਸ੍ਰੀ ਭਗਵਾਨ ਹੋ ਕੇ ਰਿਹੋਂ ਘਲਦਾ, ਨਾਮ ਨਿਧਾਨਾ ਨੌਜਵਾਨਾ ਮਰਦ ਮਰਦਾਨਾ ਆਪ ਪਰਗਟਾਈਆ । ਨਿਰਗੁਣ ਹੋ ਕੇ ਸਰਗੁਣ ਵੇਸ ਰਿਹੋਂ ਧਰਦਾ, ਧਰਨੀ ਧਰਤ ਧਵਲ ਉਪਰ ਡੇਰਾ ਲਾਈਆ । ਗੁਰ ਅਵਤਾਰ ਪੈਗ਼ੰਬਰ ਆਪਣੀ ਧਾਰ ਬਣਾ ਕੇ ਬਰਦਾ, ਹੁਕਮੇ ਅੰਦਰ ਹੁਕਮ ਦਿਤਾ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋ ਕੇ ਲੱਖ ਚੁਰਾਸੀ ਜੀਵ ਜੰਤ ਘਾੜਨ ਰਿਹੋਂ ਘੜਦਾ, ਸਚ ਦਵਾਰੇ ਬਹਿ ਕੇ ਆਪਣਾ ਰੰਗ ਵਖਾਈਆ । ਜੁਗ ਚੌਕੜੀ ਸਾਚੀ ਤਰਨੀ ਤਾਰਨਹਾਰੇ ਰਿਹੋਂ ਤਰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਭੇਵ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਆਪਣਾ ਢੋਲਾ ਗੀਤ ਰਾਗ ਕਲਮਾ ਨਬੀ ਰਸੂਲ ਹੋ ਕੇ ਰਿਹੋਂ ਪੜ੍ਹਦਾ, ਕਾਇਨਾਤ ਧੁਰ ਫ਼ਰਮਾਨ ਆਪ ਜਣਾਈਆ । ਭੇਵ ਖੁਲਾਉਂਦਾ ਰਿਹੋਂ ਡੂੰਘੇ ਸਾਗਰ ਅੰਮ੍ਰਿਤ ਸਰੋਵਰ ਸਰ ਦਾ, ਨੀਰ ਨਰ ਨਰਾਇਣ ਆਪ ਉਪਜਾਈਆ । ਲੇਖਾ ਜਾਣਦਾ ਰਿਹੋਂ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਜਲ ਥਲ ਦਾ, ਜ਼ਿਮੀਂ ਅਸਮਾਨ ਆਪਣੀ ਕਾਰ ਕਮਾਈਆ । ਖੇਲ ਖਿਲਾਉਂਦਾ ਰਿਹੋਂ ਨਿਤ ਨਵਿਤ ਅਛਲ ਅਛੱਲ ਦਾ, ਵਲ ਛਲਧਾਰੀ ਆਪਣਾ ਫੇਰਾ ਪਾਈਆ । ਪਰਕਾਸ਼ ਸੁਹਾਉਂਦਾ ਰਿਹੋਂ ਨਿਹਚਲ ਧਾਮ ਅਟਲ ਦਾ, ਜੋਤੀ ਜਾਤਾ ਹੋ ਕੇ ਜਲਵਾਗਰ ਕਰ ਰੁਸ਼ਨਾਈਆ । ਘਾਉ ਮਿਟਾਉਂਦਾ ਰਿਹੋਂ ਦੂਈ ਦਵੈਤੀ ਜਗਤ ਜਹਾਨ ਸੱਲ ਦਾ,

ਸਲਲ ਹੋ ਕੇ ਆਪਣਾ ਰੰਗ ਰੰਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਚਖੰਡ ਨਿਵਾਸੀ ਹੋ ਕੇ ਹਰ ਹਿਰਦਾ ਰਿਹੋਂ ਮੱਲਦਾ, ਘਟ ਨਿਵਾਸੀ ਸਚ ਸਿੰਘਾਸਣ ਸੋਭਾ ਪਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਹੋ ਕੇ ਰਿਹੋਂ ਰਲਦਾ, ਤਨ ਵਜੂਦ ਖ਼ਾਕੀ ਮਾਟੀ ਨਾਤਾ ਤੱਤਾਂ ਵਾਲਾ ਤੁੜਾਈਆ । ਸਤਿ ਸਰੂਪ ਹੋ ਕੇ ਨਿਰਗੁਣ ਧਾਰ ਰਿਹੋਂ ਬਲਦਾ, ਦੀਵਾ ਬਾਤੀ ਵੰਡ ਨਾ ਕੋਇ ਵੰਡਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਵਾਲ ਵੇਖ ਆਪਣੇ ਹੱਲ ਦਾ, ਹਾਲਤ ਬਦਲੀ ਸਰਬ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਬਰਦਾ ਤੇਰੇ ਦਰ ਦਾ, ਦਰ ਦਰਵੇਸ਼ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਤੇਰੀ ਆਸਾ ਇਕ ਤਕਾਈਆ ।

## ★ ੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਕੌਰ ਲੌਢੇ ਪਤੜ ★

ਬਿਆਸ ਕਹੇ ਮੈਂ ਤੱਕ ਤੱਕ ਗਿਆ ਥੱਕ, ਥਕਾਵਟ ਵਿਚ ਦਿਆਂ ਦੁਹਾਈਆ । ਹਕ਼ੀਕ਼ਤ ਵਿਚੋਂ ਮਿਲਿਆ ਨਾ ਕੋਈ ਹਕ, ਜੁਗ ਚੌਕੜੀ ਹਕੂਮਤ ਗਏ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਸਹਾਰਾ ਗਏ ਦੱਸ, ਦੋ ਜਹਾਨਾਂ ਹੁਕਮ ਸੁਣਾਈਆ । ਬਿਨ ਅੱਖਾਂ ਨਿਰਵੈਰ ਤੇਰਾ ਰਾਹ ਰਿਹਾ ਤੱਕ, ਤਕਵਾ ਤੇਰੇ ਉਤੇ ਰਖਾਈਆ । ਸਦੀ ਚੌਧਵੀਂ ਪਿਆ ਸ਼ੱਕ, ਸ਼ਾਇਦ ਸ਼ਰਅ ਰਹੀ ਭੁਲਾਈਆ । ਲੱਭਿਆਂ ਕਿਸੇ ਨਾ ਆਵੇ ਹੱਥ, ਸ੍ਰਿਸ਼ਟੀ ਖੋਜੇ ਥਾਉਂ ਥਾਈਂਆ । ਚਾਰ ਕੁੰਟ ਦਹਿ ਦਿਸ਼ਾ ਰਹੇ ਨੱਠ, ਜਗਿਆਸੂ ਭੱਜਣ ਵਾਹੋ ਦਾਹੀਆ । ਅੱਖਰਾਂ ਵਾਲਾ ਤੇਰਾ ਨਾਮ ਰਹੇ ਰਟ, ਨਿਰਅੱਖਰ ਨਜ਼ਰ ਕਿਸੇ ਨਾ ਆਈਆ । ਨਹੌਂਦੇ ਫਿਰਦੇ ਤੀਰਥ ਤਟ, ਅੱਠ ਸੱਠ ਪੰਧ ਚੁਕਾਈਆ । ਤਲਾਸ਼ ਕਰਦੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਘੜੀ ਪਲ ਵੰਡ ਵੰਡਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਜੁੜਿਆ ਕਿਸੇ ਨਾ ਨੱਤ, ਨਾਤਵਾਂ ਦਿਸੇ ਲੋਕਾਈਆ । ਕਰਵਟ ਦੇ ਕੇ ਬਦਲੀ ਆਪਣੀ ਅੱਖ, ਆਖ਼ਰ ਪੱਲੂ ਲਿਆ ਛੁਡਾਈਆ । ਸਿਫ਼ਤਾਂ ਵਾਲਾ ਕਰਾ ਕੇ ਜਸ, ਜਿਸਮ ਜਗਤ ਜਹਾਨ ਦਿਤੀ ਵਡਿਆਈਆ । ਆਪ ਹੋ ਕੇ ਸਭ ਤੋਂ ਵੱਖ, ਵੱਖਰੇ ਧਾਮ ਸੋਭਾ ਪਾਈਆ । ਤੇਰਾ ਖੇਲ ਪੁਰਖ ਸਮਰਥ, ਸਦੀ ਚੌਧਵੀਂ ਨਾ ਕੋਇ ਸਮਝਾਈਆ । ਕਿਰਪਾ ਕਰ ਕੇ ਮਿਹਰਵਾਨ ਹੋ ਕੇ ਜਨ ਭਗਤਾਂ ਪੈਜ ਰੱਖ, ਰੱਖਕ ਹੋ ਕੇ ਵੇਖ ਵਖਾਈਆ । ਜਿਨ੍ਹਾਂ ਤੇਰੇ ਮਿਲਣ ਦਾ ਕੀਤਾ ਹਠ, ਜਗਤ ਨਾਤਾ ਕੂੜ ਤੁੜਾਈਆ । ਇਕੋ ਢੋਲਾ ਰਹੇ ਰਟ, ਆਤਮ ਪਰਮਾਤਮ ਵੱਜੇ ਵਧਾਈਆ । ਮੇਲ ਮਿਲਾ ਕਮਲਾਪਤ, ਪਤਿਪਰਮੇਸ਼ਵਰ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

## ★ ੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਕੌਰ ਦੇ ਗ੍ਰਹਿ ਪਿੰਡ ਰੁੜਕਾ ★

ਬਿਆਸ ਕਹੇ ਮੈਂ ਵੇਖੀ ਦੀਨ ਦੁਨੀ ਜਹਾਲਤ, ਜਗਤ ਅੰਧੇਰਾ ਨਜ਼ਰੀ ਆਈਆ । ਧੁਰ ਦੀ ਸਮਝੇ ਨਾ ਕੋਇ ਇਬਾਦਤ, ਨਾਮ ਨਿਧਾਨ

ਨਾ ਕੋਇ ਸ਼ਨਵਾਈਆ । ਚਲੇ ਨਾ ਕੋਇ ਲਿਆਕਤ, ਰਫ਼ਾਕਤ ਤੋੜ ਨਾ ਕੋਇ ਨਿਭਾਈਆ । ਮਨ ਵਾਸਨਾ ਜਗਤ ਦਿਸੇ ਨਜ਼ਾਕਤ, ਨਾਅਰਾ ਹਕ ਨਾ ਕੋਇ ਸੁਣਾਈਆ । ਭਰਮੇ ਭੁੱਲੇ ਤੇਰੀ ਖ਼ਲਕ ਖ਼ਾਲਕ, ਮਖ਼ਲੂਕ ਜੋੜ ਨਾ ਕੋਇ ਜੁੜਾਈਆ । ਸਾਚਾ ਦਿਸੇ ਕੋਇ ਨਾ ਸਾਲਸ, ਸਾਲਸੀ ਧੁਰ ਨਾ ਕੋਇ ਵਖਾਈਆ । ਨਿਰਗੁਣ ਨੂਰ ਮਿਲੇ ਨਾ ਕੋਈ ਖ਼ਾਲਸ, ਖ਼ਾਲਸ ਖ਼ਾਲਸਾ ਸਮਝ ਕਿਸੇ ਨਾ ਆਈਆ । ਜਨ ਭਗਤ ਸੁਹੇਲਾ ਲੱਖ ਚੁਰਾਸੀ ਵਿਚੋਂ ਤੇਰਾ ਬਾਲਕ, ਪਾਰਬ੍ਰਹਮ ਪ੍ਰਭ ਗੋਦੀ ਲੈਣਾ ਉਠਾਈਆ । ਸਚ ਸਵਾਮੀ ਬਣ ਕੇ ਧੁਰ ਦਾ ਪਾਲਕ, ਪਰਵਰਸ਼ ਕਰਨੀ ਚਾਈਂ ਚਾਈਂਆ । ਕੂੜੀ ਕਿਰਿਆ ਮੇਟ ਕੇ ਨਾਲਸ਼, ਨਾਮ ਇਕੋ ਦੇਣਾ ਸਮਝਾਈਆ । ਜਨਮ ਕਰਮ ਦਾ ਟਿੱਕਾ ਰਹੇ ਨਾ ਕਾਲਖ, ਨੂਰੀ ਚੰਦ ਦੇਣਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਦੇਣਾ ਸਮਝਾਈਆ । ਦਰ ਠਾਂਡਾ ਦੱਸਣਾ ਏਕ, ਏਕੰਕਾਰ ਤੇਰੀ ਸਰਨਾਈਆ । ਜਨ ਭਗਤਾਂ ਬਖ਼ਸ਼ੀਂ ਟੇਕ, ਚਰਨ ਕਵਲ ਮਿਲੇ ਵਡਿਆਈਆ । ਬਿਨ ਅੱਖਾਂ ਲੈਣ ਵੇਖ, ਨਿਜ ਨੇਤਰ ਕਰ ਰੁਸ਼ਨਾਈਆ । ਬੁੱਧੀ ਕਰ ਬਿਬੇਕ, ਦੁਰਮਤ ਮੈਲ ਧਵਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਆਤਮ ਪਰਮਾਤਮ ਕਰ ਹੇਤ, ਹਿਤਕਾਰੀ ਬਣ ਕੇ ਵੇਖ ਵਖਾਈਆ । ਸਚਖੰਡ ਜਣਾ ਆਪਣਾ ਦੇਸ, ਪਰਦੇਸੀ ਗੁਰਮੁਖ ਨਾਲ ਮਿਲਾਈਆ । ਬਿਨ ਕਲਮ ਸ਼ਾਹੀ ਬਦਲ ਦੇ ਲੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਮੰਗ ਮੰਗਾਈਆ । ਸਚ ਦਵਾਰੇ ਹੋਇਆ ਮੰਗਤਾ, ਦਰਗਾਹ ਸਾਚੀ ਸੀਸ ਨਿਵਾਈਆ । ਗੜ੍ਹ ਹੰਕਾਰੀ ਤੋੜ ਹੰਗਤਾ, ਹੰ ਬ੍ਰਹਮ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤਾ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਕਲਜੁਗ ਅੰਤ ਅਖ਼ੀਰ ਜਾਵੇ ਲੰਘਦਾ, ਵੇਲਾ ਵਕਤ ਦਏ ਗਵਾਹੀਆ । ਸਾਚਾ ਬਖ਼ਸ਼ ਪ੍ਰੇਮ ਆਪਣੇ ਅਨੰਦ ਦਾ, ਨਿਜ ਆਤਮ ਖ਼ੁਸ਼ੀ ਮਨਾਈਆ । ਪਰਕਾਸ਼ ਕਰ ਆਪਣੇ ਚੰਦ ਦਾ, ਨੂਰੀ ਜੋਤ ਡਗਮਗਾਈਆ । ਬਿਨ ਤੇਰੇ ਕਾਇਆ ਮਾਟੀ ਚੋਲੀ ਕੋਇ ਨਾ ਰੰਗਦਾ, ਗੁਰ ਅਵਤਾਰ ਪੈਗ਼ੰਬਰ ਦਰ ਤੇਰੇ ਬੈਠੇ ਸੀਸ ਨਿਵਾਈਆ । ਤੇਰਾ ਭਗਤ ਸੁਹੇਲਾ ਬਿਨ ਤੇਰੀ ਧਾਰ ਕਦੇ ਨਾ ਜੰਮਦਾ, ਲੱਖ ਚੁਰਾਸੀ ਜੂਨ ਨਾ ਕੋਇ ਹੰਢਾਈਆ । ਝਗੜਾ ਮੁਕਾ ਦੇ ਹਰਖ਼ ਸੋਗ ਗ਼ਮ ਦਾ, ਚਿੰਤਾ ਚਿਖਾ ਨਾ ਕੋਇ ਤਪਾਈਆ । ਕੀ ਹੋਇਆ ਜੋ ਗੁਰਮੁਖਾਂ ਨਾਤਾ ਜੁੜਿਆ ਕਾਇਆ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਅੰਦਰੋਂ ਦੇ ਬਦਲਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਗੜ੍ਹ ਹੰਕਾਰੀ ਭੰਨਦਾ, ਨਿਵਣ ਸੁ ਅੱਖਰ ਇਕ ਪੜ੍ਹਾਈਆ । ਤੇਰਾ ਸੰਤ ਸੁਹੇਲਾ ਬਿਨ ਤੇਰੇ ਕਿਸੇ ਨਾ ਮੰਨਦਾ, ਦੂਜੀ ਓਟ ਨਾ ਕੋਇ ਤਕਾਈਆ । ਪੜਦਾ ਲਾਹ ਦੇ ਨੇਤਰ ਅੰਨ੍ਹ ਦਾ, ਦਿਵਸ ਰੈਣ ਹੋਏ ਰੁਸ਼ਨਾਈਆ । ਝਗੜਾ ਰਹੇ ਨਾ ਕਲਜੁਗ ਕਲ ਦਾ, ਕੂੜ ਮਲੇਛ ਦੇਣਾ ਮਿਟਾਈਆ । ਸਰੋਵਰ ਭਰ ਦੇ ਆਪਣੇ ਅੰਮ੍ਰਿਤ ਸਰੂਪੀ ਜਲ ਦਾ, ਨਿਝਰ ਝਿਰਨਾ ਇਕ ਝਿਰਾਈਆ । ਹੁਣ ਵੇਲਾ ਨਹੀਂ ਵਲ ਛਲ ਦਾ, ਅਛਲ ਅਛੱਲ ਆਪਣੀ ਰੀਤੀ ਦੇ ਬਦਲਾਈਆ । ਜਿਹੜਾ ਭਗਤ ਸੁਹੇਲਾ ਦਰ ਤੇਰਾ ਠਾਂਡਾ ਮੱਲਦਾ, ਲੱਖ ਚੁਰਾਸੀ ਗੇੜਾ ਦੇਣਾ ਕਟਾਈਆ । ਅੰਤ ਕੰਤ ਭਗਵੰਤ ਹਰਿਜਨ ਤੇਰੀ ਧਾਰ ਰਲਦਾ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ ।

## ★ ੧੨ ਮੱਘਰ ਸ਼ਹਿਨਸ਼ਾਹੀ ਸੰਮਤ ੨ ਬਿਸ਼ਨ ਦਾਸ ਦੇ ਗ੍ਰਿਹ ਜਲੰਧਰ ★

ਬਿਆਸ ਕਹੇ ਮੈਂ ਵੇਖੀ ਦੀਨ ਦੁਨੀ ਖ਼ੁਆਰੀ, ਖ਼ਾਲਕ ਖ਼ਲਕ ਰਹੀ ਕੁਰਲਾਈਆ । ਦ੍ਰਿਸ਼ਟੀ ਅੰਦਰ ਸ੍ਰਿਸ਼ਟੀ ਹਾਰੀ, ਹਰਿ ਜੂ ਤੇਰਾ ਭੇਵ ਕੋਇ ਨਾ ਪਾਈਆ । ਨਿਰਗੁਣ ਨਿਰਵੈਰ ਤੁੱਟੀ ਯਾਰੀ, ਸੱਬਰ ਯਾਰ ਨਾ ਕੋਇ ਹੰਢਾਈਆ । ਮੁਹੱਬਤ ਹਕ ਨਾ ਦਿਸੇ ਪਿਆਰੀ, ਨਾਤਾ ਨਾਮ ਨਾ ਕੋਇ ਰਖਾਈਆ । ਸਾਚੀ ਧਾਰ ਤੋਂ ਹੋ ਫ਼ਰਾਰੀ, ਫ਼ਰਮਾਂਬਰਦਾਰੀ ਗਏ ਭੁਲਾਈਆ । ਗੁਰ ਅਵਤਾਰ ਪੈਗ਼ੰਬਰਾਂ ਨਾਲ ਤੇਰੀ ਇਕਰਾਰੀ, ਕੌਲ ਪੂਰਬ ਵੇਖ ਵਖਾਈਆ । ਜਿਸ ਵੇਲੇ ਕਲਜੁਗ ਰੈਣ ਹੋਵੇ ਅੰਧਿਆਰੀ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਰੋਵੇ ਜ਼ਾਰੋ ਜ਼ਾਰੀ, ਬਿਨ ਨੈਣਾਂ ਨੀਰ ਵਹਾਈਆ । ਸਦੀ ਚੌਧਵੀਂ ਮੁਸ਼ਕਲ ਬਣੀ ਭਾਰੀ, ਭਰਮ ਗੜ੍ਹ ਜਗਤ ਨਾ ਕੋਇ ਤੁੜਾਈਆ । ਪੁਰਖ ਅਕਾਲ ਦੀਨ ਦਿਆਲ ਜਗਤ ਵਾਸਨਾ ਮਨੂਆ ਹੋਇਆ ਇਸ਼ਤਹਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਵਾਰ ਏਕੰਕਾਰ ਅਕਲ ਕਲਧਾਰੀ ਤੇਰੀ ਆਸ ਰਖਾਈਆ । ਅਕਲ ਕਲਧਾਰੀ ਪੁਰਖ ਅਗੰਮ, ਅਗੰਮੜੇ ਦੇ ਵਡਿਆਈਆ । ਕਲਜੁਗ ਕੂੜ ਕੁੜਿਆਰਾ ਦੇ ਭੰਨ, ਹੁਕਮੇ ਅੰਦਰ ਹੁਕਮ ਵਰਤਾਈਆ । ਭਾਗ ਲਗਾ ਕਾਇਆ ਮਾਟੀ ਤਨ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰ ਰੁਸ਼ਨਾਈਆ । ਜੋਤੀ ਚਾੜ੍ਹ ਨੂਰੀ ਅਗੰਮਾ ਚੰਨ, ਸੂਰਜ ਚੰਨ ਤੋਂ ਪਰੇ ਜਿਸ ਦਾ ਨੂਰ ਡਗਮਗਾਈਆ । ਧੁਰ ਦਾ ਰਾਗ ਸੁਣਾ ਬਿਨਾਂ ਕੰਨ, ਅਨਹਦ ਨਾਦੀ ਨਾਦ ਵਜਾਈਆ । ਨਿਹਕਰਮੀ ਹੋ ਕੇ ਕਰ ਆਪਣਾ ਕੰਮ, ਕਲਜੁਗ ਕੂੜੀ ਕਿਰਿਆ ਕਾਂਡ ਖਪਾਈਆ । ਝੂਠੀ ਰਹੇ ਨਾ ਤ੍ਰਿਸ਼ਨਾ ਤਮ, ਅੰਮ੍ਰਿਤ ਜਾਮ ਇਕ ਪਿਆਈਆ । ਦਹਿ ਦਿਸ਼ਾ ਨਾ ਦੌੜੇ ਮਨੂਆ ਮਨ, ਮਨਸਾ ਆਪਣੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਦੇ ਵਡਿਆਈਆ । ਬਿਆਸ ਕਹੇ ਤੂੰ ਮਾਲਕ ਗਹਿਰ ਗੰਭੀਰ, ਹਰਿ ਗਵਰ ਤੇਰੀ ਸਰਨਾਈਆ । ਵਡ ਦਾਤਾ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੁਸੱਵਰ ਖਿੱਚ ਨਾ ਸਕੇ ਕੋਈ ਤਸਵੀਰ, ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਕਲਜੁਗ ਅੰਤ ਵੇਖ ਅਖ਼ੀਰ, ਆਖ਼ਰ ਆਪਣੀ ਦਇਆ ਕਮਾਈਆ । ਦੀਨ ਦੁਨੀ ਬਦਲ ਤਕਦੀਰ, ਤਦਬੀਰ ਨਾਲ ਵਡਿਆਈਆ । ਨੇਤਰ ਰੋਂਦੇ ਸ਼ਾਹ ਹਕੀਰ, ਤਨ ਸਰੀਰ ਪਈ ਲੜਾਈਆ । ਅੰਦਰੋਂ ਬਦਲ ਜਗਤ ਜ਼ਮੀਰ, ਜ਼ਾਮਨ ਸ਼ਬਦ ਨਾਮ ਬਣਾਈਆ । ਦਵੈਤੀ ਵਾਲਾ ਫਟੇ ਨਾ ਕੋਇ ਖ਼ਮੀਰ, ਹਕ ਹਕ਼ੀਕਤ ਦੇ ਦ੍ਰਿੜਾਈਆ । ਚਾਰ ਜੁਗ ਦੀ ਸ਼ਰਅ ਦੇ ਕੱਟ ਜ਼ੰਜੀਰ, ਸ਼ਨਾਖ਼ਤ ਆਪਣੀ ਆਪ ਸਮਝਾਈਆ । ਸਾਚਾ ਜੁਗ ਕਰ ਤਾਮੀਰ, ਬਾਢੀ ਬਣ ਕੇ ਸੇਵ ਕਮਾਈਆ । ਲਹਿਣਾ ਦੇਣਾ ਮੁਕਾ ਗ਼ਰੀਬ ਅਮੀਰ, ਅਮਰਾਪਦ ਇਕ ਸਮਝਾਈਆ । ਤੇਰੇ ਹੱਥ ਨਾਮ ਖੰਡਾ ਸ਼ਮਸ਼ੀਰ, ਚਾਰ ਕੁੰਟ ਭੈ ਰਖਾਈਆ । ਅੰਮ੍ਰਿਤ ਆਤਮ ਸਾਚੀ ਧਾਰਾ ਬਖ਼ਸ਼ ਅਗੰਮਾ ਸੀਰ, ਅਨਰਸ ਆਪਣਾ ਰਸ ਚਖਾਈਆ । ਕਲਜੁਗ ਕੂੜੀ ਕਿਰਿਆ ਉਤੇ ਫੇਰ ਲਕੀਰ, ਹਰਫ਼ ਹਰੂਫ਼ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਆਦਿ ਅਖ਼ੀਰ, ਦਿਲਗੀਰ ਵੇਖ ਸ੍ਰਿਸ਼ਟ ਸਬਾਈਆ ।

## ★ ੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਕੋਟਲੀ ਕਪੂਰਥਲਾ ★



ਅਵਤਾਰ ਪੈਗ਼ੰਬਰ ਗੁਰ ਹੋ ਇਕੱਠੇ, ਸਚਖੰਡ ਦਵਾਰੇ ਮੁਕਾਮੇ ਹਕ ਬੈਠੇ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਸਚ ਸਰਨਾਈ ਢੱਠੇ, ਪਰਵਰਦਿਗਾਰ ਸਾਂਝੇ ਯਾਰ ਨਿਉਂ ਨਿਉਂ ਲਾਗਣ ਪਾਈਆ । ਨਾਮ ਅਮੋਲਕ ਬਚਨ ਦੱਸਣ ਸੱਚੇ, ਸ਼ਬਦ ਅਗੰਮੀ ਧਾਰ ਦ੍ਰਿੜਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖ ਆਪਣੀ ਅੱਖੇ, ਪੁਰਖ ਅਕਾਲ ਦੀਨ ਦਿਆਲ ਆਪਣੀ ਅੱਖ ਖੁਲ੍ਹਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਾਇਆ ਮਾਟੀ ਭਾਂਡੇ ਕੱਚੇ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਸਚ ਵਸਤ ਸਦੀ ਚੌਧਵੀਂ ਰਹੀ ਨਾ ਕਿਸੇ ਹੱਥੇ, ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟੀ ਦ੍ਰਿਸ਼ਟੀ ਰਹੀ ਕੁਰਲਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਸਭ ਨੂੰ ਰਹੀ ਮਥੇ, ਤਨ ਵਜੂਦ ਖ਼ਾਕੀ ਮਾਟੀ ਕਰੇ ਨਾ ਕੋਇ ਸਫ਼ਾਈਆ । ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਸਚਖੰਡ ਨਿਵਾਸੀ ਨਿਰਵੈਰ ਕੋਈ ਨਾ ਦੱਸੇ, ਦੀਨ ਮਜ਼੍ਹਬ ਜਾਤ ਪਾਤ ਝਗੜਾ ਦਿਸੇ ਥਾਉਂ ਥਾਈਆ । ਸਦੀ ਚੌਧਵੀਂ ਸਾਰੇ ਹੋਏ ਹੱਕੇ ਬੱਕੇ, ਹੈਰਾਨੀ ਨਿਰੰਤਰ ਅੰਤਰ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਨਾਮ ਦਾ ਚਲਾ ਕੇ ਆਏ ਹੱਟੇ, ਸ਼ਬਦ ਅਗੰਮਾ ਹੱਡ ਮਾਸ ਨਾੜੀ ਚੰਮਾ ਜਗਤ ਦ੍ਰਿੜਾਈਆ । ਅੰਤਮ ਲਾਹਾ ਕੋਈ ਨਾ ਖੱਟੇ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਆਪਣਾ ਘਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਉਠ ਵੇਖ ਆਪਣੀ ਅੱਖ, ਦੋ ਜਹਾਨ ਧਿਆਨ ਲਗਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਰਿਹਾ ਕੋਈ ਨਾ ਸਚ, ਜੂਠ ਝੂਠ ਕੂੜੀ ਕਿਰਿਆ ਵੱਜੀ ਵਧਾਈਆ । ਤ੍ਰੈਗੁਣ ਮਾਇਆ ਦੀਨ ਦੁਨੀ ਰਹੀ ਮੱਚ, ਜਾਤ ਪਾਤ ਭਰਮ ਗੜ੍ਹ ਨਾ ਕੋਇ ਤੁੜਾਈਆ । ਹਕੀਕਤ ਵਿਚੋਂ ਮਿਲੇ ਕਿਸੇ ਨਾ ਹਕ, ਵਸਤ ਅਮੋਲਕ ਨਾਮ ਨਿਧਾਨ ਕਾਇਆ ਗੋਲਕ ਨਾ ਕੋਇ ਟਿਕਾਈਆ । ਨੇਤਰ ਰੋਵਣ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਰੇ ਧਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰ ਗੁਰ ਕਾ ਰੂਪ ਨਜ਼ਰ ਕਿਸੇ ਨਾ ਆਈਆ । ਦੁਰਮਤ ਮੈਲ ਕਾਇਆ ਮੰਦਰ ਅੰਦਰ ਸਕੇ ਕੋਈ ਨਾ ਕਟ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਧੁਰ ਦਾ ਸੰਗ ਨਾ ਕੋਇ ਬਣਾਈਆ । ਕਲਜੁਗ ਜਗਤ ਸਵਾਂਗੀ ਖੇਲ ਰਚਿਆ ਬਾਜ਼ੀਗਰ ਨਟ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਭੈ ਨਾ ਕੋਇ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੀਨ ਦਿਆਲ ਨਿਰਗੁਣ ਆ ਵਤ, ਵਤਨ ਲੋਕਮਾਤ ਆਪਣਾ ਵੇਖ ਵਖਾਈਆ । ਸਾਡੀ ਅੰਤ ਅਖ਼ੀਰ ਹੋਈ ਬਸ, ਬਿਸਮਿਲ ਹੋ ਕੇ ਤੇਰੇ ਵਿਚ ਸਮਾਈਆ । ਆਤਮ ਪਰਮਾਤਮ ਪਾਰਬ੍ਰਹਮ ਦੱਸ ਆਪਣਾ ਜਸ, ਨਿਰਅੱਖਰ ਅੱਖਰ ਧਾਰ ਦੇ ਸਮਝਾਈਆ । ਤੇਰਾ ਨੂਰ ਤੈਥੋਂ ਰਹੇ ਕੋਈ ਨਾ ਵੱਖ, ਘਰ ਸਵਾਮੀ ਅੰਤਰਜਾਮੀ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਤੇਰੇ ਅੱਗੇ ਇਕ ਅਰਜ਼ੋਈਆ । ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਰਹੇ ਝੁਕ, ਸਚਖੰਡ ਦਵਾਰੇ ਸੀਸ ਨਿਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਡਾ ਪੈਂਡਾ ਰਿਹਾ ਮੁਕ, ਲੋਕਮਾਤ ਵੇਲਾ ਅੰਤ ਧੁਰ ਦਾ ਭਵਿਖਤ ਦਏ ਗਵਾਹੀਆ । ਸ੍ਰਿਸ਼ਟ ਸਬਾਈ ਸਾਂਝਾ ਯਾਰ ਬਣ ਇਕੋ ਲੱਖ ਚੁਰਾਸੀ ਕੰਤ, ਕੰਤ ਕੰਤੂਹਲ ਆਤਮ ਸੇਜ ਸੁਹੰਜਣੀ ਲੈ ਹੰਢਾਈਆ । ਮਨ ਵਾਸਨਾ ਕੂੜੀ ਕਿਰਿਆ ਗੜ੍ਹ ਤੋੜ ਹਉਮੇ ਹੰਗਤ, ਹੰ

੧੯੪ ੨੦

ਬ੍ਰਹਮ ਪਾਰਬ੍ਰਹਮ ਆਪਣਾ ਆਪ ਦੇ ਸਮਝਾਈਆ । ਤੁਧ ਬਿਨ ਬੋਧ ਅਗਾਧਾ ਦਿਸੇ ਕੋਈ ਨਾ ਪੰਡਤ, ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਦਰ ਬੈਠੇ ਸੀਸ ਨਿਵਾਈਆ । ਆਦਿ ਨਿਰੰਜਣ ਅਬਿਨਾਸ਼ੀ ਕਰਤੇ ਕੁਦਰਤ ਦੇ ਮਾਲਕ ਮੰਨ ਸਾਡੀ ਮਿੰਨਤ, ਨਿਮਾਣੇ ਹੋ ਕੇ ਆਪਣਾ ਸੀਸ ਝੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦੀਨ ਦੁਨੀ ਦੀ ਬਦਲ ਦੇ ਸਿੰਮਤ, ਸਮੇਂ ਅੰਦਰ ਭਾਣਾ ਦੇ ਵਰਤਾਈਆ । ਮਾਨਵ ਜਾਤੀ ਤੇਰਾ ਰਹੇ ਕੋਈ ਨਾ ਨਿੰਦਕ, ਦੁਸ਼ਟ ਦੁਰਾਚਾਰ ਦੇ ਸਮਝਾਈਆ । ਕੂੜ ਕੁੜਿਆਰਾ ਕਰੇ ਕੋਈ ਨਾ ਇੱਲਤ, ਲਾਇਲਮ ਇਲਮ ਆਪਣਾ ਇਕੋ ਦੇ ਸਮਝਾਈਆ । ਤੇਰੇ ਭਗਤਾਂ ਖ਼ੁਆਰੀ ਹੋਏ ਕੋਇ ਨਾ ਜ਼ਿੱਲਤ, ਜਾਹਰ ਜਹੂਰ ਹੋ ਕੇ ਪੜਦਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਦਵਾਰੇ ਤੇਰੀ ਓਟ ਤਕਾਈਆ । ਗੁਰ ਅਵਤਾਰ ਪੈਗ਼ੰਬਰ ਜੋੜ ਕੇ ਹੱਥ, ਬਿਨ ਹੱਥਾਂ ਸੀਸ ਜਗਦੀਸ਼ ਝੁਕਾਈਆ । ਕਿਰਪਾ ਕਰ ਪੁਰਖ ਸਮਰਥ, ਵਾਲੀ ਦੋ ਜਹਾਨ ਤੇਰੀ ਸ਼ਰਨਾਈਆ । ਤੇਰੀ ਮਹਿੰਮਾ ਸਦਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਚਲਾ ਕੇ ਆਏ ਰਥ, ਹੁਕਮੇ ਅੰਦਰ ਸੇਵ ਕਮਾਈਆ । ਨਿਰਗੁਣ ਹੋ ਕੇ ਸਰਗੁਣ ਧਰਨੀ ਧਰਤ ਧਵਲ ਉਪਰ ਆਏ ਵਸ, ਭੇਵ ਖੁਲ੍ਹਾ ਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਾਗ਼ਜ਼ ਲੇਖਾ ਨਾਲ ਕਲਮ ਸ਼ਾਹੀਆ । ਸਦੀ ਚੌਧਵੀਂ ਅੰਤ ਅਖ਼ੀਰ ਸਾਡਾ ਚਲੇ ਨਾ ਕੋਈ ਵਸ, ਭਰਮੇ ਭੁੱਲੀ ਸਰਬ ਲੋਕਾਈਆ । ਤੇਰੀ ਹਕ਼ੀਕਤ ਸਮਝੇ ਕੋਈ ਨਾ ਹਕ, ਹੁਕਮੇਂ ਅੰਦਰ ਮੰਨੇ ਨਾ ਕੋਇ ਰਜ਼ਾਈਆ । ਤੇਰੀ ਆਤਮ ਪਰਮਾਤਮ ਤੇਰੇ ਨਾਲੋਂ ਹੋਈ ਅੱਡ, ਅੰਦਰ ਵੜ ਕੇ ਮੰਦਰ ਚੜ੍ਹ ਕੇ ਸਾਚਾ ਮੇਲ ਨਾ ਕੋਇ ਮਿਲਾਈਆ । ਬਿਨ ਹਰਿ ਨਾਮੇ ਪੰਜ ਤਤ ਖ਼ਾਲੀ ਦਿਸਣ ਹੱਡ, ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਕੂੜਾ ਡੰਕ ਰਿਹਾ ਵਜਾਈਆ । ਸਚ ਪ੍ਰੀਤੀ ਧੁਰ ਦੀ ਰੀਤੀ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਗਏ ਛੱਡ, ਨਿਰੰਤਰ ਅੰਤਰ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਕਿਰਪਾਲ ਕਿਰਪਾ ਨਿਧ ਠਾਕਰ ਜਗਤ ਵਿਕਾਰ ਸ਼ਬਦੀ ਧਾਰ ਨਾਲ ਅੰਦਰੋਂ ਕੱਢ, ਮਨ ਵਾਸਨਾ ਕੂੜੀ ਕਿਰਿਆ ਮੇਟ ਜਗਤ ਲੋਕਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹੇ ਕੋਈ ਨਾ ਹੱਦ, ਬ੍ਰਹਮ ਮਤ ਪਾਰਬ੍ਰਹਮ ਇਕੋ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਇਕ ਇਕੱਲੇ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਵੇਖ ਵੇਲਾ ਵਕਤ, ਥਿਤ ਵਾਰ ਦਏ ਗਵਾਹੀਆ । ਸਾਡਾ ਪੂਰਾ ਕਰ ਭਵਿਖਤ, ਜਗਤ ਰਿਖੀਸ਼ਰ ਦੇਣ ਗਵਾਹੀਆ । ਤੇਰਾ ਹੁਕਮ ਅਗੰਮਾ ਸਖ਼ਤ, ਦੋ ਜਹਾਨ ਨਾ ਕੋਈ ਮੇਟੇ ਮੇਟ ਮਿਟਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਉਠਾ ਭਗਤ, ਗੁਰਮੁਖ ਗੁਰ ਗੁਰ ਆਪਣੇ ਅੰਗ ਲਗਾਈਆ । ਜਨਮ ਕਰਮ ਦੀ ਮੇਟ ਹਰਸ, ਹਵਸ ਕੂੜੀ ਦੇ ਬੁਝਾਈਆ । ਮਿਹਰਵਾਨ ਹੋ ਕੇ ਕਰ ਤਰਸ, ਮਹਿਬੂਬ ਰਹਿਮਤ ਆਪ ਕਮਾਈਆ । ਖੇਲ ਵੇਖ ਉਪਰ ਫ਼ਰਸ਼, ਪੜਦਾ ਓਹਲਾ ਦੇ ਚੁਕਾਈਆ । ਸਚ ਬੇਨੰਤੀ ਅਰਦਾਸ ਅਰਜ਼ੋਈ ਅਰਜ਼, ਆਰਜ਼ੂ ਤੇਰੇ ਅੱਗੇ ਟਿਕਾਈਆ । ਜੁਗ ਬਦਲਣਾ ਤੇਰਾ ਫ਼ਰਜ਼, ਜੁਗ ਚੌਕੜੀ ਤੇਰੇ ਹੁਕਮ ਅੰਦਰ ਭੱਜਣ ਵਾਹੋ ਦਾਹੀਆ । ਸਾਡੀ ਆਸਾ ਮਨਸਾ ਪੂਰੀ ਕਰ ਗ਼ਰਜ਼, ਗ਼ਰੀਬ ਨਿਮਾਣੇ ਹੋ ਕੇ ਝੋਲੀ ਅੱਗੇ ਰਹੇ ਡਾਹੀਆ । ਤੇਰਾ ਖੇਲ ਆਦਿ ਜੁਗਾਦਿ ਨਿਤ ਨਵਿਤ ਅਸਚਰਜ, ਬੇਅੰਤ ਕਹਿ ਕੇ ਸਾਰੇ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੯੫
੨੦

ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਧੁਰ ਦਰਬਾਰ ਦਰਗਾਹ ਸਾਚੀ ਧਾਮ ਨਿਆਰ, ਪਰਵਰਦਿਗਾਰ ਸਾਂਝੇ ਯਾਰ ਪੁਰਖ ਅਕਾਲ ਅਕਲ ਕਲਧਾਰੀ ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਰ ਕਰ ਸਜਦਾ, ਕਦਮਬੋਸੀ ਖ਼ੁਸ਼ੀ ਮਨਾਈਆ । ਪੁਰਖ ਅਕਾਲ ਲਾਹ ਪੜਦਾ, ਪੜਦਾਨਸ਼ੀਂ ਆਪਣੀ ਦਇਆ ਕਮਾਈਆ । ਕਲਜੁਗ ਜੀਵ ਜੰਤ ਆਪਣਾ ਆਪ ਜਾਏ ਹਰਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਭੈ ਵਿਚ ਕੋਈ ਨਾ ਡਰਦਾ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਸੁਰਤੀ ਸ਼ਬਦ ਕੋਇ ਨਾ ਫੜਦਾ, ਮੰਜ਼ਲ ਹਕ ਨਾ ਕੋਇ ਪੁਚਾਈਆ । ਘਰ ਘਰ ਵੈਰੀ ਮੀਤ ਸੱਜਣ ਲੜਦਾ, ਪਿਤਾ ਪੂਤ ਸੰਗ ਨਾ ਕੋਇ ਬਣਾਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਸੱਤ ਦੀਪ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਤੇਰਾ ਨੂਰ ਕੋਇ ਨਾ ਧਰਦਾ, ਧਰਨੀ ਧਰਤ ਧਵਲ ਧਰਮ ਦਾ ਰੂਪ ਨਾ ਕੋਇ ਦਰਸਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਢੋਲਾ ਕੋਈ ਨਾ ਪੜ੍ਹਦਾ, ਨਿਰਗੁਣ ਨਿਰਗੁਣ ਜੋੜ ਨਾ ਕੋਇ ਜੁੜਾਈਆ । ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਹੋ ਕੇ ਖੇਲ ਆਪੇ ਕਰਦਾ, ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰ ਭਿਖਾਰੀ ਤੇਰੇ ਦਰ ਦਾ, ਦਰ ਦਰਵੇਸ਼ ਨਰ ਨਰੇਸ਼ ਖ਼ਾਦਮ ਹੋ ਕੇ ਬੈਠੇ ਸੀਸ ਨਿਵਾਈਆ ।



## ★ ੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਕੌਰ ਦੇ ਗ੍ਰਹਿ ਕੋਟਲੀ ★



ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਕੂੜੀ ਕਿਰਿਆ ਦੇ ਕੱਢ, ਹੁਕਮੇ ਅੰਦਰ ਹੁਕਮ ਮਨਾਈਆ । ਅੰਤ ਅਖ਼ੀਰੀ ਕਰ ਹੱਦ, ਸ਼ਾਸਤਰਾਂ ਤੋਂ ਪਰੇ ਤੇਰੀ ਵਡਿਆਈਆ । ਜੁਗ ਚੌਕੜੀ ਭਵਿਖਤਾਂ ਵਿਚ ਗਏ ਸੱਦ, ਹੋਕਾ ਤੇਰਾ ਨਾਮ ਸੁਣਾਈਆ । ਕਿਰਪਾ ਕਰ ਪੁਰਖ ਸਮਰਥ, ਸਾਹਿਬ ਸਤਿਗੁਰ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਕਰ ਇਕੱਠ, ਦਰ ਠਾਂਡੇ ਬੈਠੇ ਡੇਰਾ ਲਾਈਆ । ਝਗੜਾ ਮੁਕਾ ਤਤ ਅੱਠ, ਨੌ ਦਵਾਰੇ ਡੇਰਾ ਢਾਹੀਆ । ਦਸਵੇਂ ਕਰ ਜੋਤ ਪਰਕਾਸ਼, ਅੰਧ ਅੰਧੇਰ ਦੇ ਚੁਕਾਈਆ । ਸ਼ਬਦ ਅਗੰਮੀ ਵਜਾ ਨਦ, ਧੁਨ ਆਤਮਕ ਰਾਗ ਸੁਣਾਈਆ । ਅੰਮ੍ਰਿਤ ਜਾਮ ਪਿਆ ਮਧ, ਸਚ ਖ਼ੁਮਾਰੀ ਇਕ ਵਖਾਈਆ । ਤੇਰੀ ਆਤਮ ਰਹੇ ਨਾ ਤੈਥੋਂ ਅਲਗ, ਜੁਗ ਜਨਮ ਦੇ ਵਿਛੜੇ ਜੋੜ ਜੁੜਾਈਆ । ਕਲਜੁਗ ਜੀਵ ਦਿਸਣ ਅਲਪਗ, ਮਿਹਰਵਾਨ ਮਿਹਰ ਨਜ਼ਰ ਨਾਲ ਪਾਰ ਕਰਾਈਆ । ਜਗਤ ਵਿਕਾਰਾ ਸ਼ਬਦੀ ਭਾਰ ਦੇ ਦੱਬ, ਸਿਰ ਸਕੇ ਨਾ ਕੋਇ ਉਠਾਈਆ । ਤੇਰਾ ਨਾਮ ਨਗ਼ਾਰਾ ਵਿਚ ਸੰਸਾਰ ਜਾਏ ਵੱਜ, ਰਾਓ ਰੰਕਾਂ ਡੰਕਾ ਇਕੋ ਦੇ ਸੁਣਾਈਆ । ਤ੍ਰੈਗੁਣ ਮਾਇਆ ਮਮਤਾ ਮੋਹ ਬੁਝੇ ਅੱਗ, ਤ੍ਰਿਸ਼ਨਾ ਤ੍ਰਿਪਤ ਦੇ ਕਰਾਈਆ । ਸਤਿਜੁਗ ਸਾਚਾ ਮਾਰਗ ਦੱਸ, ਸਤਿ ਧਰਮ ਨਾਤਾ ਨਾਲ ਰਖਾਈਆ । ਹੰਸ ਬੁੱਧੀ ਰਹੇ ਕੋਈ ਨਾ ਕੱਗ, ਸੋਹੰ ਹੰਸਾ ਜਾਪ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦੀ ਆਪਣਾ ਭੇਵ ਦੇਣਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮਾਨਵ ਜਾਤੀ ਦੱਸ ਏਕੋ ਧਰਮ, ਅਧਰਮੀ ਰਹਿਣ ਕੋਇ ਨਾ ਪਾਈਆ । ਦੀਨ ਮਜ਼੍ਹਬ ਦਾ ਰਹੇ ਕੋਈ ਨਾ ਭਰਮ,

੧੯੭
੨੦

ਭਾਂਡਾ ਭਰਮ ਭੌ ਭੰਨਾਈਆ । ਤੇਰੀ ਧਾਰੋਂ ਆਤਮ ਦਾ ਹੋਵੇ ਜਰਮ, ਜਨਮ ਤੱਤਾਂ ਵਾਲਾ ਦੇਵੇ ਪਿਤਾ ਮਾਈਆ । ਤੂੰ ਆਦਿ ਜੁਗਾਦੀ ਕਰਤਾ ਕਰਨੀ ਦਾ ਕਰਨ, ਕੁਦਰਤ ਦਾ ਕਾਦਰ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਦੇਵਤ ਸੁਰ ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਤੇਰੀ ਸਰਨ, ਸਿਰ ਸਕੇ ਨਾ ਕੋਇ ਉਠਾਈਆ । ਸਚਖੰਡ ਦਵਾਰ ਏਕੰਕਾਰ ਇਕੋ ਤੇਰਾ ਢੋਲਾ ਪੜ੍ਹਨ, ਅੱਲਾ ਵਾਹਿਗੁਰੂ ਰਾਮ ਨਾਮ ਵੰਡ ਨਾ ਕੋਇ ਵੰਡਾਈਆ । ਸਾਚੀ ਮੰਜ਼ਲ ਹਕ ਮਹਿਬੂਬ ਮੁਹੱਬਤ ਤੇਰੀ ਵਿਚ ਚੜ੍ਹਨ, ਸਚਖੰਡ ਦਵਾਰੇ ਬਹਿ ਕੇ ਤੇਰਾ ਦਰਸ਼ਨ ਪਾਈਆ । ਕਲਜੁਗ ਅੰਤ ਸਚ ਦਵਾਰੇ ਬੇਨੰਤੀ ਆਏ ਕਰਨ, ਜੁਗ ਚੌਕੜੀ ਦੀ ਆਸਾ ਆਪਣੇ ਨਾਲ ਲਿਆਈਆ । ਦੇ ਵਡਿਆਈ ਲੋਕਮਾਤ ਚਾਰ ਵਰਨ, ਅਠਾਰਾਂ ਬਰਨ ਬਖ਼ਸ਼ ਸਰਨਾਈਆ । ਮਾਨਸ ਜਨਮ ਮਾਨਵ ਜਾਤੀ ਮੂਲ ਨਾ ਹਰਨ, ਹਿਰਦੇ ਵਸ ਕੇ ਪਤਤ ਪੁਨੀਤ ਦੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨ ਧਰਨੀ ਧਰਨ, ਧਵਲ ਅਵਲ ਨੂਰ ਅਲਾਹ ਇਲਾਹੀ ਦੇ ਵਖਾਈਆ ।

★ ੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ, ਗੁਰਚਰਨ ਸਿੰਘ ਦੇ ਗ੍ਰਿਹਿ ਪਿੰਡ ਝੰਗੀ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਵੇਖੇ ਬਹੁ ਜੋਗੀ, ਅਨਗਿਣਤ ਨਜ਼ਰੀ ਆਈਆ । ਜਗਤ ਵਾਸਨਾ ਰਹੇ ਰੋਗੀ, ਹਉਮੇ ਮੈਲ ਨਾ ਕੋਇ ਧਵਾਈਆ । ਤ੍ਰਿਸ਼ਨਾ ਦੇ ਰਹੇ ਭੋਗੀ, ਵਾਸਨਾ ਅੱਗੇ ਨਾ ਕੋਇ ਮਿਟਾਈਆ । ਹਿਲਾਉਂਦੇ ਰਹੇ ਬੋਦੀ, ਬਦੀਆਂ ਨਾਲ ਕੁੜਮਾਈਆ । ਬਣੇ ਰਹੇ ਧਾਰੀ ਦੋਧੀ, ਦੋਹਾਂ ਪੜਦਾ ਨਾ ਕੋਇ ਉਠਾਈਆ । ਵਿਦਿਆ ਅਖਵਾਉਂਦੇ ਰਹੇ ਬੋਧੀ, ਬੁੱਧੀ ਬਿਬੇਕ ਨਾ ਕੋਇ ਕਰਾਈਆ । ਅੰਤਰ ਆਤਮਾ ਸਭ ਦੀ ਦਿਸੇ ਰੋਂਦੀ, ਹੰਸ ਮੁਖ ਨਾ ਕੋਇ ਵਡਿਆਈਆ । ਪੁਰਖ ਅਕਾਲ ਚੁੱਕਿਆ ਕਿਸੇ ਨਾ ਗੋਦੀ, ਗੋਦਾਵਰੀ ਕੰਢੇ ਗੋਬਿੰਦ ਗਿਆ ਸਮਝਾਈਆ । ਮੂੰਡ ਮੁੰਡਾ ਗਰਦਨ ਕੀਤੀ ਰੋਡੀ, ਰੋਗ ਅੰਦਰੋਂ ਨਾ ਕੋਇ ਮੁਕਾਈਆ । ਪੰਖੜੀਆਂ ਵਾਲੀ ਖਿਲੀ ਕਿਸੇ ਨਾ ਡੋਡੀ, ਕੰਡਾ ਖ਼ਾਰ ਨਾ ਕੋਇ ਕਢਾਈਆ । ਸਾਚਾ ਮਿਲਿਆ ਨਾ ਕੋਈ ਧੋਬੀ, ਬਸਤਰ ਧਾਰ ਦਏ ਬਦਲਾਈਆ । ਲੱਭਦੇ ਰਹੇ ਪ੍ਰੀਤਮ ਚੋਜੀ, ਚੁਗ਼ਲੀ ਨਿੰਦਿਆ ਵਿਚ ਸਮਾਈਆ । ਫਿਰਦੇ ਰਹੇ ਬਣ ਕੇ ਖੋਜੀ, ਤਟ ਕਿਨਾਰਿਆਂ ਫੇਰਾ ਪਾਈਆ । ਭਰਮਾਉਂਦੇ ਰਹੇ ਲੋਕਾਈ ਲੋਕੀਂ, ਲੁਕਿਆ ਭੇਵ ਨਾ ਕੋਇ ਖੁਲ੍ਹਾਈਆ । ਤਿਆਗਦੇ ਰਹੇ ਚਮੜਿਆਂ ਵਾਲੀ ਬੋਕੀ, ਬੁੱਕਲ ਅੰਦਰੋਂ ਨਾ ਕੋਇ ਖੁਲ੍ਹਾਈਆ । ਮਾਲਾ ਫੇਰਦੇ ਰਹੇ ਫੋਕੀ, ਫੁਰਨਾ ਮਨ ਵੱਸ ਨਾ ਕੋਇ ਕਰਾਈਆ । ਸਾਥੀ ਬਣੇ ਰਹੇ ਨਾਥ ਤ੍ਰਿਲੋਕੀ, ਤਿੰਨਾਂ ਲੋਕਾਂ ਤੋਂ ਬਾਹਰ ਨਾ ਕੋਇ ਕਢਾਈਆ । ਵਣਜ ਕਰਦੇ ਰਹੇ ਰੋਕੀ, ਹੱਟ ਸਚ ਨਾ ਕੋਇ ਖੁਲ੍ਹਾਈਆ । ਧਾਰ ਦੱਸਦੇ ਰਹੇ ਬਹੁਤੀ, ਆਪਣਾ ਪੰਧ ਨਾ ਕੋਇ ਮੁਕਾਈਆ । ਛੱਡਦੇ ਰਹੇ ਰੋਟੀ, ਰੱਟਾ ਰਸਨਾ ਵਾਲਾ ਬਣਾਈਆ । ਤਜਦੇ ਰਹੇ ਬੋਟੀ, ਲੋਭ ਮੋਹ ਨਾ ਕੋਇ ਕਢਾਈਆ । ਪੜ੍ਹਦੇ ਰਹੇ ਪੋਥੀ, ਅੱਖਰੀਂ ਢੋਲਾ ਗਾਈਆ । ਸਭ ਦੀ ਧਾਰ ਵੇਖੀ ਥੋਥੀ, ਥਿਰ ਘਰ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਮੰਗਦੇ ਰਹੇ ਮੋਖੀ, ਮੁਕਤੀ ਝੋਲੀ ਡਾਹੀਆ । ਘੜੀ ਲੱਭਦੇ ਰਹੇ ਸੌਖੀ, ਜਗਤ ਵਿਛੋੜਾ ਕਰ ਜੁਦਾਈਆ । ਫਿਰਦੇ ਰਹੇ ਕੋਟੀ,

ਭੱਜੇ ਵਾਹੋ ਦਾਹੀਆ । ਮੁਨਾਉਂਦੇ ਰਹੇ ਚੋਟੀ, ਚੋਟੀ ਚੜ੍ਹ ਕੇ ਦਰਸ ਕੋਇ ਨਾ ਪਾਈਆ । ਅੰਤ ਕਰਨੀ ਹੋ ਕੇ ਹੋਛੀ, ਹੁਸ਼ਿਆਰੀ ਆਪਣੀ ਜਾਏ ਭੁਲਾਈਆ । ਤੇਰੀ ਖੇਲ ਕਿਸੇ ਨਾ ਸੋਚੀ, ਇਸ਼ਟ ਤੱਤਾਂ ਵਾਲਾ ਮਨਾਈਆ । ਕੁਛ ਮੰਗ ਮੰਗ ਕੇ ਗਿਆ ਰਵਦਾਸ ਚਮਾਰਾ ਮੋਚੀ, ਰੰਬੀ ਆਰ ਨਾਲ ਗੰਢ ਪਵਾਈਆ । ਜਿਸ ਦੀ ਖੇਲ ਸਦਾ ਚੋਖੀ, ਚੋਖਰਵਾਨ ਦਏ ਵਖਾਈਆ । ਉਹਦੀ ਕਰਨੀ ਕਿਸੇ ਨਾ ਜੋਖੀ, ਜਗਤ ਤਰਾਜ਼ੂ ਨਾ ਕੋਇ ਤੁਲਾਈਆ । ਮੰਜ਼ਲ ਡਾਹਢੀ ਔਖੀ, ਬਿਨ ਸਤਿਗੁਰ ਸ਼ਬਦ ਨਾ ਕੋਇ ਚੜ੍ਹਾਈਆ । ਜਿਸ ਦੀ ਖੇਲ ਧਾਰ ਨਾ ਜਿਸਤ ਟਾਂਕ ਔਂਟੀ, ਢਈਏ ਵਿਚ ਨਾ ਕੋਇ ਬੰਧਾਈਆ । ਹੁਕਮ ਦੇ ਕੇ ਪਟਨਾ ਪੌਂਟੀ, ਫ਼ਰਮਾਨ ਵਿਚ ਸਮਝਾਈਆ । ਕਲਜੁਗ ਅੰਤ ਸ੍ਰਿਸ਼ਟੀ ਦ੍ਰਿਸ਼ਟੀ ਹੋਵੇ ਔਂਤੀ, ਧਰਮ ਸੁਤ ਨਜ਼ਰ ਕੋਇ ਨਾ ਆਈਆ । ਝਗੜਾ ਪਏ ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਖ਼ੌਂਤੀ, ਖ਼ਾਵੰਦ ਪਤੀ ਸਮਝ ਕਿਸੇ ਨਾ ਆਈਆ । ਕਲਜੁਗ ਕੂੜ ਕੁੜਿਆਰ ਡਾਹ ਕੇ ਆਪਣੀ ਚੌਂਕੀ, ਚੌਹ ਜੁਗਾਂ ਦਾ ਝਗੜਾ ਦਏ ਪਵਾਈਆ । ਵਡਿਆਈ ਰਹੇ ਨਾ ਅੱਖਰਾਂ ਵਾਲੇ ਨਾਉਂ ਕੀ, ਚਾਰ ਕੁੰਟ ਪਏ ਦੁਹਾਈਆ । ਆਬਰੂ ਮਿਟੇ ਭੂਮਿਕਾ ਵਾਲੇ ਥਾਉਂ ਕੀ, ਥਾਨ ਥਨੰਤਰ ਮਾਰਨ ਧਾਹੀਂਆ । ਪੂਜਾ ਮਿਟੇ ਤਤ ਗੁਰੂ ਜਗਤ ਪਾਉਂ ਕੀ, ਨਿਰਗੁਣ ਨਿਰਵੈਰ ਇਕੋ ਖੇਲ ਖਿਲਾਈਆ । ਮਨਸਾ ਰਹੇ ਨਾ ਮੈਂ ਹਉਂ ਕੀ, ਹਮ ਸਾਜਣ ਵੇਖ ਵਖਾਈਆ । ਜਗਤ ਵਾਸਨਾ ਤੱਕੇ ਕਾਉਂ ਕੀ, ਕੂੜੀ ਕਿਰਿਆ ਖੋਜ ਖੁਜਾਈਆ । ਜਨ ਭਗਤਾਂ ਆਸ ਵੇਖੇ ਠੰਡੀ ਛਾਉਂ ਕੀ, ਸ਼ਹਿਨਸ਼ਾਹ ਹੋ ਕੇ ਹੋਏ ਸਹਾਈਆ । ਬਿਆਸ ਕਹੇ ਨਈਆ ਚਲੇ ਇਕੋ ਨਾਉਂ ਕੀ, ਨਰ ਨਿਰੰਕਾਰ ਆਪ ਚਲਾਈਆ । ਖੇਡ ਮੁਕੇ ਖੇੜਾ ਪਿੰਡ ਗਰਾਂਉਂ ਕੀ, ਗਹਿਰ ਗੰਭੀਰ ਦਵਾਰਾ ਇਕੋ ਦਏ ਸੁਹਾਈਆ । ਆਸਾ ਮਨਸਾ ਪੂਰੀ ਹੋਵੇ ਚਾਓ ਕੀ, ਚਾਓ ਘਨੇਰਾ ਇਕ ਬਣਾਈਆ । ਬਿਆਸ ਕਹੇ ਮੇਰੀ ਲਹਿਰ ਉਪਜੇ ਦਰਿਆਓ ਕੀ, ਦਰੇ ਦਰਬਾਰ ਸੇਵ ਕਮਾਈਆ । ਜਿਸ ਦੇ ਹੱਥ ਅਦਾਲਤ ਨਿਆਉਂ ਕੀ, ਨਿਉਂ ਨਿਉਂ ਲਾਗਾਂ ਪਾਈਆ । ਦੇਵੇ ਮਾਣ ਵਡਿਆਈ ਪਿਤਾ ਮਾਉਂ ਕੀ, ਮਾਤ ਪਿਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਸਮਝ ਨਾ ਦੇਵੇ ਆਪਣੇ ਆਦਿ ਜੁਗਾਦੀ ਸੁਭਾਉ ਕੀ, ਸਭਾ ਦੇ ਮੁਖੀਏ ਗੁਰ ਅਵਤਾਰ ਪੈਗ਼ੰਬਰਾਂ ਆਸਾਂ ਵਿਚ ਰਖਾਈਆ ।



### ★ ੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਾਲ ਸਿੰਘ ਦੇ ਗ੍ਰਿਹ ਲੱਲੀਆਂ ਕਲਾਂ ਜ਼ਿਲਾ ਜਲੰਧਰ ★

ਬਿਆਸ ਕਹੇ ਤੈਨੂੰ ਖੋਜਦੇ ਗਏ ਤਪੀ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਹੱਠ ਰਖਦੇ ਗਏ ਯਤੀ, ਧੀਰਜ ਤੇਰਾ ਨਾਮ ਨਾਲ ਰਖਾਈਆ । ਮੁਹੱਬਤ ਵਿਚ ਹੁੰਦੇ ਰਹੇ ਸਤੀ, ਸਤਿ ਸਤਿਵਾਦੀ ਤੇਰਾ ਰਾਹ ਤਕਾਈਆ । ਨਾਮ ਭੰਡਾਰਾ ਮੰਗਦੇ ਰਹੇ ਰਤੀ, ਰਤਨ ਅਮੋਲਕ ਦੇ ਬਣਾਈਆ । ਟਿੱਲੇ ਪਰਬਤ ਚੜ੍ਹਦੇ ਰਹੇ ਰਾਹ ਅੱਖੀਂ, ਜਗਤ ਨੇਤਰ ਨੈਣ ਉਠਾਈਆ । ਘਰ ਬਾਰ ਛੱਡਦੇ ਰਹੇ ਕਰੋੜੀ ਲੱਖੀ, ਮਨ ਵੈਰਾਗ ਉਪਜਾਈਆ । ਡੇਰੇ ਲੌਂਦੇ ਰਹੇ ਕੁੱਲੀ ਕੱਖੀਂ, ਕਾਮ ਕਰੋਧ ਲੋਭ ਮੋਹ ਹੰਕਾਰ ਤਜਾਈਆ । ਮਰਿਆਦਾ ਖੋਜਦੇ ਰਹੇ ਜੋ ਗੁਰ ਅਵਤਾਰ ਪੈਗ਼ੰਬਰਾਂ ਦੱਸੀ, ਦਹਿ ਦਿਸ਼ਾ ਧਿਆਨ ਲਗਾਈਆ । ਦਿਵਸ ਰੈਣ ਰਹੇ ਨੱਸੀ, ਭੱਜ ਭੱਜ ਪੰਧ ਮੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੈਨੂੰ ਦੱਸਦੇ ਰਹੇ ਕਮਲਾਪਤੀ,

ਪਤਿਪਰਮੇਸ਼ਵਰ ਬੇਪਰਵਾਹੀਆ । ਨਿਰਗੁਣ ਜੋਤ ਜਗਾਉਂਦੇ ਰਹੇ ਮੋਮਬੱਤੀ, ਨੂਰ ਜਹੂਰ ਪੜਦਿਆਂ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਆਪਣਾ ਰੰਗ ਰੰਗਾਈਆ । ਬਿਆਸ ਕਹੇ ਤੈਨੂੰ ਲੱਭਦੇ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਖੋਜ ਖੁਜਾਈਆ । ਅਗਨੀ ਸੜਦੇ ਰਹੇ ਹਾੜ, ਜਲ ਧਾਰਾ ਸੀਸ ਕਰਾਈਆ । ਦੁੱਖ ਸਹਿੰਦੇ ਰਹੇ ਨਾੜ ਨਾੜ, ਨਾੜ ਬਹੱਤਰ ਦਏ ਦੁਹਾਈਆ । ਖੋਜਦੇ ਰਹੇ ਸਦਾ ਜੁਗ ਚਾਰ, ਚਾਰੇ ਖਾਣੀ ਵੇਖ ਵਖਾਈਆ । ਚਾਰੇ ਬਾਣੀ ਕਰਦੇ ਰਹੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਮੰਜ਼ਲ ਕੱਟਦੇ ਰਹੇ ਦੁਸ਼ਵਾਰ, ਦੂਤੀ ਦੁਸ਼ਮਣ ਅੰਦਰੋਂ ਬਾਹਰ ਕਢਾਈਆ । ਤੇਰੇ ਨਾਮ ਦਾ ਮੰਗਦੇ ਰਹੇ ਪਿਆਰ, ਪ੍ਰੀਤਮ ਤੇਰਾ ਪ੍ਰੇਮ ਵਧਾਈਆ । ਨਾਤਾ ਤੋੜ ਕੂੜ ਸੰਸਾਰ, ਸਗਲੀ ਸ੍ਰਿਸ਼ਟ ਤਜਾਈਆ । ਜਗਤ ਛੱਡ ਘਰ ਬਾਹਰ, ਭੱਜੇ ਵਾਹੋ ਦਾਹੀਆ । ਰਹਿ ਕੇ ਨਿਰਾਧਾਰ, ਫ਼ਾਕਿਆਂ ਵਿਚ ਵਕਤ ਲੰਘਾਈਆ । ਮੰਗਦੇ ਰਹੇ ਦੀਦਾਰ, ਦਰਸ ਨੈਣ ਉਠਾਈਆ । ਕਰਦੇ ਰਹੇ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਅੰਤਮ ਸਾਰੇ ਗਏ ਹਾਰ, ਤੇਰਾ ਭੇਵ ਕੋਇ ਨਾ ਪਾਈਆ । ਗੁਫ਼ਤ ਸ਼ਨੀਦ ਸੁਣਦੇ ਗਏ ਗੁਫ਼ਤਾਰ, ਖ਼ੁਫੀਆ ਹੋ ਕੇ ਜਗਤ ਲੋਕਾਈਆ । ਮੁਹੱਬਤ ਵਿਚ ਹੋ ਗ੍ਰਿਫ਼ਤਾਰ, ਬੰਧਨ ਤੇਰਾ ਨਾਮ ਰਖਾਈਆ । ਨਾਮ ਖੰਡਾ ਸਿਰ ਸਹਿ ਕਟਾਰ, ਟੁਕੜਾ ਆਪਣਾ ਆਪ ਕਰਾਈਆ । ਤੇਰਾ ਅੰਤ ਨਾ ਪਾਇਆ ਕਿਸੇ ਪਾਰਾਵਾਰ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਦਰ ਬੈਠੇ ਰਹੇ ਬਣ ਭਿਖਾਰ, ਵਿਸ਼ਨ ਬ੍ਰਹਮਾ ਸ਼ਿਵ ਝੋਲੀਆਂ ਡਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੰਗਦੇ ਆਏ ਵਾਰੋ ਵਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਚਾਰੇ ਬਾਣੀ ਕਰੇ ਪੁਕਾਰ, ਚਾਰੇ ਖਾਣੀ ਦਏ ਦੁਹਾਈਆ । ਤੇਰਾ ਖੇਲ ਅਗੰਮ ਅਪਾਰ, ਅਲੱਖ ਅਗੋਚਰ ਸਮਝ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਦੀਨ ਦੁਨੀ ਹੋਈ ਖ਼ੁਆਰ, ਮਿਹਰ ਨਜ਼ਰ ਨਾ ਕੋਇ ਉਠਾਈਆ । ਕਲਜੁਗ ਰੈਣ ਅੰਧੇਰੀ ਮੇਟੇ ਕੋਈ ਨਾ ਧੂੰਆਂਧਾਰ, ਸਤਿ ਸਤਿਵਾਦੀ ਤੇਰਾ ਸਾਚਾ ਚੰਦ ਨਾ ਕੋਇ ਚਮਕਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਅਗਨੀ ਅੱਗ ਲੱਗੀ ਨਾੜ ਨਾੜ, ਅੰਮ੍ਰਿਤ ਮੇਘ ਬੂੰਦ ਸਵਾਂਤੀ ਨਿਝਰ ਰਸ ਨਾ ਕੋਇ ਚੁਆਈਆ । ਸਾਚਾ ਮਿਲੇ ਨਾ ਕਿਸੇ ਹਕੀਕੀ ਯਾਰ, ਜਗਤ ਯਾਰਾਨੇ ਕੂੜੇ ਵੇਖੇ ਲੋਕਾਈਆ । ਸਦੀ ਚੌਧਵੀਂ ਕਲਜੁਗ ਸੰਤ ਰੋਵਣ ਧਾਹਾਂ ਮਾਰ, ਨੇਤਰ ਨੈਣਾਂ ਨੀਰ ਵਹਾਈਆ । ਮੰਜ਼ਲ ਪੁੱਜੇ ਨਾ ਕੋਈ ਹਕ ਦਰਬਾਰ, ਦਰਗਾਹ ਸਾਚੀ ਵੇਖਣ ਕੋਇ ਨਾ ਪਾਈਆ । ਪੜ੍ਹ ਪੜ੍ਹ ਰਸਨਾ ਜਿਹਵਾ ਬੱਤੀ ਦੰਦ ਸਾਰੇ ਤੇਰਾ ਕਰਨ ਇਜ਼ਹਾਰ, ਅਰਸ਼ ਅਰੂਜ ਸਮਝ ਕਿਸੇ ਨਾ ਆਈਆ । ਬਿਆਸ ਕਹੇ ਤੇਰਾ ਖੇਲ ਵੇਖ ਕਰਤਾਰ, ਹੈਰਾਨੀ ਮੇਰੇ ਅੰਦਰ ਆਈਆ । ਸਭ ਤੋਂ ਵਸੇਂ ਹੋ ਕੇ ਬਾਹਰ, ਹਰ ਘਟ ਆਪੇ ਡੇਰਾ ਲਾਈਆ । ਆਤਮ ਬ੍ਰਹਮ ਤੇਰੀ ਧਾਰ, ਪਾਰਬ੍ਰਹਮ ਨੂਰ ਰੁਸ਼ਨਾਈਆ । ਤੇਰਾ ਸ਼ਬਦ ਸਚ ਸਿਕਦਾਰ, ਹੁਕਮ ਦੇਵੇ ਬੇਪਰਵਾਹੀਆ । ਤੇਰਾ ਨੂਰ ਜੋਤ ਉਜਿਆਰ, ਉਜਾਲਾ ਕਰੇ ਸਰਬ ਲੋਕਾਈਆ । ਦੀਨ ਮਜ਼੍ਹਬ ਜਾਤ ਪਾਤ ਸ੍ਰਿਸ਼ਟੀ ਵਿਚੋਂ ਬਾਹਰ ਨਿਕਾਲ, ਦ੍ਰਿਸ਼ਟੀ ਇਕੋ ਦੇ ਵਖਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਲੇਖੇ ਲਾ ਸ਼ਾਹ ਕੰਗਾਲ, ਊਚ ਨੀਚ ਆਪਣੇ ਰੰਗ ਰੰਗਾਈਆ । ਸਚ ਦਵਾਰ ਏਕੰਕਾਰ ਘਰ ਅਗੰਮੇ ਆਪ ਬਹਾਲ, ਜਿਥੇ ਬਹਿਬਲ ਹੋ ਕੇ ਰੋਵੇ ਮਾਰੇ ਕੋਇ ਨਾ ਧਾਹੀਆ । ਅੱਗੇ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਭਗਤ ਸੁਹੇਲੇ

ਗੁਰਮੁਖ ਲੈ ਉਠਾਲ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਦਿਵਸ ਰੈਣ ਕਰ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਜੁਗ ਚੌਕੜੀ ਜੋ ਤੇਰੇ ਨਾਮ ਦੀ ਘਾਲਦੇ ਆਏ ਘਾਲ, ਲਹਿਣਾ ਦੇਣਾ ਪੂਰਾ ਦੇ ਕਰਾਈਆ । ਤੇਰਾ ਦਰਸ਼ਨ ਕਰਨ ਬੇਮਿਸਾਲ, ਮਿਸਲ ਵਿਚ ਸਕੇ ਨਾ ਕੋਇ ਸਮਝਾਈਆ । ਅਗਲਾ ਆਪਣਾ ਦੱਸ ਅਹਿਵਾਲ, ਪਿਛਲੀ ਪੜ੍ਹੇ ਨਾ ਕੋਇ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਨੰਨ੍ਹੇ ਨਿੱਕੇ ਬਾਲ, ਸਚਖੰਡ ਦਵਾਰੇ ਬੈਠੇ ਸੀਸ ਨਿਵਾਈਆ । ਤੂੰ ਭਗਤਾਂ ਸਾਚਾ ਗ੍ਰਿਹ ਇਕ ਵਖਾਲ, ਜਿਥੇ ਵਿਖ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਆਤਮ ਅਗੰਮਾ ਰਸ ਪਿਆਲ, ਜੋ ਜਗਤ ਸਰੋਵਰਾਂ ਵਿਚੋਂ ਹੱਥ ਕਿਸੇ ਨਾ ਆਈਆ । ਸਚਖੰਡ ਦਵਾਰ ਏਕੰਕਾਰ ਆਪਣੀ ਦੱਸ ਸੱਚੀ ਧਰਮਸਾਲ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਦੀ ਲੋੜ ਰਹੇ ਨਾ ਰਾਈਆ । ਜਿਸ ਘਰ ਵਸੇਂ ਨਿਰਗੁਣ ਨੂਰ ਕਰ ਉਜਿਆਰ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਆਸ ਕਹੇ ਮੇਰੀ ਅੰਤ ਬੁਝਾ ਪਿਆਸ, ਸਾਸ ਸਵਾਸ ਸਮੂਹ ਆਪਣੇ ਲੇਖੇ ਪਾਈਆ ।

### ★ ੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਮੱਲ ਸਿੰਘ ਦੇ ਗ੍ਰਿਹ ਲੱਲੀਆਂ ਕਲਾਂ ਜ਼ਿਲਾ ਜਲੰਧਰ ★



ਬਿਆਸ ਕਹੇ ਮੈਂ ਪਵਣ ਭਵੰਦੇ ਵੇਖੇ ਪਰਿੰਦੇ, ਪਵਣ ਪੌਣ ਨਾਲ ਵਡਿਆਈਆ । ਖ਼ੂਨਖ਼ਾਰ ਵੇਖੇ ਦਰਿੰਦੇ, ਦਹਿਸ਼ਤ ਵਿਚ ਡਰਾਈਆ । ਸੀਸ ਵੇਖੇ ਨਵਿੰਦੇ, ਅੱਖ ਨੈਣ ਸ਼ਰਮਾਈਆ । ਨਾਮ ਵੇਖੇ ਜਪਿੰਦੇ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਦੇਵਤ ਸੁਰ ਵੇਖੇ ਇੰਦੇ, ਸਿੰਘਾਸਣ ਸੋਭਾ ਪਾਈਆ । ਅਵਤਾਰ ਪੈਗ਼ੰਬਰ ਗੁਰ ਵੇਖੇ ਮਰਗਿੰਦੇ, ਗੋਬਿੰਦ ਹੱਥ ਵਡਿਆਈਆ । ਨਹਾਉਂਦੇ ਵੇਖੇ ਪੰਡੇ, ਪਾਂਡੇ ਤਾਰੀਆਂ ਲਾਈਆ । ਬੋਲਦੇ ਵੇਖੇ ਬਿੰਡੇ, ਤਿਰੀ ਤਿਰੀ ਆਵਾਜ਼ ਸੁਣਾਈਆ । ਖੇਲ ਵੇਖੇ ਵਿੰਗੇ ਡਿੰਗੇ, ਡੂੰਗਰ ਥਾਂ ਧਿਆਨ ਲਗਾਈਆ । ਜਲ ਹੋੜੇ ਵੇਖੇ ਮਿਘੇ, ਮੱਛ ਕੱਛ ਨਾਲ ਵਡਿਆਈਆ । ਸਸੀਅਰ ਸੂਅਰ ਵੇਖੇ ਪਿਗੇ, ਭੱਜਣ ਚਾਈਂ ਚਾਈਂਆ । ਜਟਾ ਜੂਟ ਧਾਰੀ ਵੇਖੇ ਮੂੰਹ ਦੇ ਭਾਰ ਡਿੱਗੇ, ਦਿਸ਼ਾ ਕੂਟ ਆਪਣੀ ਆਪ ਭੁਲਾਈਆ । ਕਮਲੀ ਵਾਲੇ ਵੇਖੇ ਭਿੱਗੇ, ਜਲ ਧਾਰਾ ਨਾਲ ਛੁਹਾਈਆ । ਤੇਰੇ ਪਿਆਰ ਅੰਦਰ ਵੇਖੇ ਵਿਕੇ, ਆਪਣਾ ਆਪ ਮਿਟਾਈਆ । ਨਿਸ਼ਾਨੇ ਤੀਰ ਲੱਗੇ ਵੇਖੇ ਹਿੱਕੇ, ਹਨਵੰਤ ਦਏ ਗਵਾਹੀਆ । ਲਵ ਕੁਸ਼ ਆਏ ਮੇਰੇ ਉਤੇ ਸਿੱਧੇ, ਬਾਲਮੀਕ ਬਲ ਵਡਿਆਈਆ । ਸਪਤ ਰਿਖੀ ਪਾਉਂਦੇ ਗਏ ਗਿੱਧੇ, ਤਾਲੀ ਦੂਜਿਆਂ ਨਾਲ ਵਜਾਈਆ । ਗੋਬਿੰਦ ਛੁਪਾ ਕੇ ਕਲਗੀ ਜਿਗੇ, ਜਿਗਰਾ ਆਪਣਾ ਗਿਆ ਰਖਾਈਆ । ਮੇਰਾ ਲੇਖਾ ਲਿਖਿਆ ਵੇਦ ਵਿਆਸ ਵੇਦ ਰਿੱਗੇ, ਰਗ ਰਗ ਪੜਦਾ ਰਿਹਾ ਉਠਾਈਆ । ਨਾਦ ਸੰਖ ਧੁਨ ਸੁਣਾਉਂਦੇ ਰਹੇ ਘਿੱਗੇ, ਕੂਕ ਕੂਕ ਅਲਾਈਆ । ਉਡਦੇ ਰਹੇ ਪੰਖੇਰੂ ਬਣ ਕੇ ਪਿੱਦੇ, ਪਦਮਾਂ ਵਾਲੇ ਚੱਕਰ ਰਹੇ ਖਾਈਆ । ਬਿਨ ਤੇਰੀ ਕਿਰਪਾ ਤੇਰੇ ਮਿਲਣ ਦੀ ਕਿਸੇ ਨਾ ਲੱਭੀ ਬਿਧੇ, ਬਦੀ ਦਾ ਬਦਲਾ ਸਕੇ ਨਾ ਕੋਇ ਚੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਚਰਨ ਪ੍ਰੀਤੀ ਧਾਮ ਦੇ ਨਿੱਘੇ, ਨਿਗਾਹਬਾਨ ਹੋ ਕੇ ਵੇਖ ਵਖਾਈਆ । ਸਚ ਸਰਨਾਈ ਤੇਰੀ ਡਿੱਗੇ, ਆਪ ਆਪਣਾ ਗਏ ਮਿਟਾਈਆ । ਸਚ ਦਵਾਰ ਏਕੰਕਾਰ ਪੁਚਾ ਸਿੱਧੇ, ਸਾਧਨਾ ਅਵਰ ਨਾ ਕੋਇ ਵਖਾਈਆ । ਸਭ

ਤੋਂ ਚੰਗੇ ਵੱਡੇ ਏਡੇ, ਇਸ ਤੋਂ ਅੱਗੇ ਹੋਰ ਨਾ ਕੋਇ ਖ਼ੁਦਾਈਆ । ਪੁਰਖ ਅਕਾਲ ਦੀਨ ਦਿਆਲ ਬਣ ਕੇ ਧੁਰ ਦਾ ਪਿਤੇ, ਪਤਿ ਪਰਮੇਸ਼ਵਰ ਆਪਣੀ ਗੋਦ ਉਠਾਈਆ । ਸਾਜਣ ਮੀਤ ਧੁਰ ਦੇ ਮਿਤੇ, ਮਿਤਰ ਪਿਆਰਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰਾਂ ਤੇਰੇ ਮਿਲਣ ਦੇ ਭਵਿਖਤਾਂ ਵਿਚ ਕਲਜੁਗ ਅੰਤਮ ਦਿਨ ਮਿਥੇ, ਮਿਥਿਆ ਸਮਝ ਕੇ ਜਗਤ ਲੋਕਾਈਆ । ਪਕੜ ਉਠਾ ਹਰਿ ਸੰਤ ਸੁਹੇਲਾ ਵਸੇ ਜਿਥੇ, ਨਿਰਗੁਣ ਹੋ ਕੇ ਸਰਗੁਣ ਮੇਲ ਮਿਲਾਈਆ । ਤੇਰਾ ਮਾਰਗ ਪਰਮ ਪੁਰਖ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਘੁੱਥੇ, ਰਹਿਬਰ ਹੋ ਕੇ ਰਸਤਾ ਦੇਣਾ ਜਣਾਈਆ । ਬਿਨ ਤੇਰੀ ਕਿਰਪਾ ਗਹਿਰ ਗੰਭੀਰ ਬੇਨਜ਼ੀਰ ਜਨ ਭਗਤਾਂ ਕੋਈ ਨਾ ਪੁਛੇ, ਪਸਚਾਤਾਪ ਵਿਚ ਤੜਫੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਸੰਤ ਸੁਹੇਲਾ ਗੋਦ ਕੋਈ ਨਾ ਚੁੱਕੇ, ਚਾਰ ਜੁਗ ਦਾ ਪੰਧ ਨਾ ਕੋਇ ਮੁਕਾਈਆ ।

★ ੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਨਸੀਬ ਸਿੰਘ ਦੇ ਗ੍ਰਿਹ ਪਿੰਡ ਬੋਪਾ ਰਾਏ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਜੁਗ ਚੌਕੜੀ ਗਾਉਂਦੇ ਵੇਖੇ ਗੀਤ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਨਾਮ ਧਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਉਂਦੇ ਵੇਖੇ ਰੀਤ, ਹੁਕਮੇ ਅੰਦਰ ਬੈਠੇ ਸੀਸ ਨਿਵਾਈਆ । ਚਾਰ ਕੁੰਟ ਦਹਿ ਦਿਸ਼ਾ ਭੱਜਦੇ ਵੇਖੇ ਠੀਕ, ਠਾਕਰ ਸਵਾਮੀ ਤੇਰੇ ਭਾਣੇ ਅੰਦਰ ਬੈਠੇ ਧਿਆਨ ਲਗਾਈਆ । ਨਿਤ ਨਵਿਤ ਬਦਲਦੇ ਰਹੇ ਤਾਰੀਖ਼, ਤਰੀਕਾ ਤੇਰਾ ਨਾਮ ਦ੍ਰਿੜਾਈਆ । ਜਗਤ ਅੰਧੇਰਾ ਮੇਟਦੇ ਰਹੇ ਤਾਰੀਕ, ਨਿਰਗੁਣ ਸਰਗੁਣ ਕਰ ਰੁਸ਼ਨਾਈਆ । ਕਲਮਾ ਨਾਮ ਦੱਸ ਕੇ ਗਏ ਹਦੀਸ, ਗੁਰ ਅਵਤਾਰ ਪੈਗ਼ੰਬਰ ਸੰਦੇਸ਼ਾ ਸਚ ਸੁਣਾਈਆ । ਭਵਿਖਤਾਂ ਵਿਚ ਕਰ ਕੇ ਗਏ ਉਡੀਕ, ਅੱਖਰਾਂ ਵਿਚ ਤੇਰਾ ਰਾਹ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਸਾ ਮਨਸਾ ਪੂਰੀ ਕਰ ਉਮੀਦ, ਬਿਨ ਤੇਰੀ ਆਮਦ ਚਲੇ ਨਾ ਕਿਸੇ ਚਤੁਰਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸੁੱਤਾ ਗੂੜ੍ਹੀ ਨੀਂਦ, ਆਲਸ ਨਿੰਦਰਾ ਵਿਚੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੋ ਸਾਹਿਬ ਸਤਿਗੁਰ ਤੇਰੀ ਆਸ ਰਖਾਈਆ । ਬਿਆਸ ਕਹੇ ਮੈਂ ਵੇਖੇ ਕੋਟੀ ਕੋਟ, ਬਿਨ ਅੱਖਾਂ ਅੱਖ ਖੁਲ੍ਹਾਈਆ । ਬਿਨ ਤੇਰੇ ਸ਼ਬਦੀ ਲੱਗੇ ਕਿਸੇ ਨਾ ਚੋਟ, ਚੋਟੀ ਚੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਸਤਿ ਧਰਮ ਰਹੇ ਨਾ ਕਿਸੇ ਲੰਗੋਟ, ਧੀਰਜ ਧੀਰ ਨਾ ਕੋਇ ਧਰਾਈਆ । ਕਲਜੁਗ ਜੀਵ ਆਲ੍ਹਣਿਉਂ ਡਿੱਗੇ ਬੋਟ, ਸਚਖੰਡ ਦਵਾਰ ਨਾ ਕੋਇ ਪੁਚਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਤੇਰੀ ਬੇਪਰਵਾਹੀਆ । ਨਾਮ ਖ਼ੁਮਾਰੀ ਦੇ ਮਦਹੋਸ਼, ਮਧੁਰ ਧੁਨ ਰਾਗ ਸੁਣਾਈਆ । ਭੇਵ ਅਭੇਦਾ ਖੋਲ੍ਹ ਚੌਦਾਂ ਲੋਕ, ਚੌਦਾਂ ਤਬਕ ਵੱਜੇ ਵਧਾਈਆ । ਚਾਰ ਕੁੰਟ ਦਹਿ ਦਿਸ਼ਾ ਵਰਨ ਬਰਨ ਤੇਰੇ ਨਾਮ ਦਾ ਗਾਏ ਇਕ ਸਲੋਕ, ਸੋਹਲਾ ਢੋਲਾ ਧੁਰ ਦਾ ਇਕ ਸਮਝਾਈਆ । ਚਿੰਤਾ ਗ਼ਮ ਮੇਟ ਹਰਖ਼ ਸੋਗ, ਦੀਨਾਂ ਅਨਾਥਾਂ ਦੇ ਮਾਣ ਵਡਿਆਈਆ । ਚਰਨ ਪ੍ਰੀਤੀ ਸਾਚੀ ਰੀਤੀ ਮਿਲੇ ਧੁਰ ਦਾ ਜੋਗ, ਸੰਜੋਗੀ ਹੋ ਕੇ ਆਪਣਾ ਮੇਲ ਮਿਲਾਈਆ । ਕਰਮ ਕਰਮ ਦਾ ਮਿਟੇ ਰੋਗ, ਜਨਮ ਜਨਮ ਦੀ ਦੁਰਮਤ ਮੈਲ ਧਵਾਈਆ । ਤੇਰੇ

ਦਵਾਰੇ ਸਾਚੇ ਗ੍ਰਿਹ ਜਾਏ ਪਹੁੰਚ, ਸੰਤ ਸੁਹੇਲੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਜਣ ਮੀਤ ਤੇਰੇ ਹੱਥ ਵਡਿਆਈਆ । ਬਿਆਸ ਕਹੇ ਮੈਂ ਖੇਲ ਅਗੰਮਾ ਦੱਸਾਂ ਕੀ, ਕਥਨੀ ਕਥ ਨਾ ਸਕੇ ਰਾਈਆ । ਸਤਿਜੁਗ ਸਾਚੇ ਰੱਖ ਨੀਂਹ, ਕਲਜੁਗ ਕੂੜੀ ਜੜ੍ਹ ਦੇ ਉਖੜਾਈਆ । ਲਹਿਣਾ ਦੇਣਾ ਚੁਕਾ ਸਾਢੇ ਤਿੰਨ ਹੱਥ ਸੀਂ, ਰਵਦਾਸ ਚਮਾਰਾ ਨਾਲ ਮਿਲਾਈਆ । ਪੜਦਾ ਲਾਹ ਜਗਤ ਜੀਅ, ਜੀਵਣ ਜੁਗਤ ਦਏ ਸਮਝਾਈਆ । ਨਾਮ ਨਿਧਾਨ ਸ੍ਰੀ ਭਗਵਾਨ ਬੀਜ ਅਗੰਮਾ ਬੀ, ਬੀਤੇ ਜੁਗ ਦਾ ਲੇਖਾ ਦੇ ਮੁਕਾਈਆ । ਜਨ ਭਗਤਾਂ ਜੋਤ ਜਗਾਉਣੀ ਪਏ ਨਾ ਕਿਸੇ ਘੀ, ਅੰਤਰ ਆਤਮ ਨੂਰ ਕਰ ਰੁਸ਼ਨਾਈਆ । ਲਹਿਣਾ ਦੇਣਾ ਵੇਖ ਬੀਸ ਇਕੀਹ, ਵੀਹ ਇੱਕੀ ਗੁਰਦਾਸ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨ ਵਸੀਹ, ਜਗਤ ਪੈਮਾਨੇ ਵਿਚ ਹਿਸਾਬ ਨਾ ਕੋਇ ਲਗਾਈਆ ।

★ ੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਿਹ ਪਿੰਡ ਹੇਰ ਜ਼ਿਲਾ ਜਲੰਧਰ ★

ਬਿਆਸ ਕਹੇ ਮੇਰੇ ਕੰਢੇ ਦਾ ਕਾਹੀ ਕਾਨਾ, ਸੁਹੰਜਣੀ ਰੁੱਤ ਵਖਾਈਆ । ਨਾਤਾ ਜੋੜ ਨਾਲ ਸ੍ਰੀ ਭਗਵਾਨਾ, ਭਾਗ ਆਪਣਾ ਰਿਹਾ ਬਦਲਾਈਆ । ਗੋਬਿੰਦ ਦੇ ਕੇ ਗਿਆ ਨਿਸ਼ਾਨਾ, ਨਿਸ਼ਾਨਾ ਸ਼ਬਦ ਤੀਰ ਚਲਾਈਆ । ਜਗਤ ਬੁੱਧੀ ਸਮਝੇ ਨਾ ਕੋਇ ਗਿਆਨਾ, ਅੱਖਰਾਂ ਵਿਚੋਂ ਹੱਥ ਕਿਸੇ ਨਾ ਆਈਆ । ਸੋ ਲੇਖਾ ਜਾਣੇ ਵਾਲੀ ਦੋ ਜਹਾਨਾਂ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਨ ਭਗਤਾਂ ਦੇਵੇ ਸਾਚਾ ਮਾਣਾ, ਚਰਨ ਕਵਲ ਸਚ ਸਰਨਾਈਆ । ਪੰਧ ਮੁਕਾ ਕੇ ਆਵਣ ਜਾਣਾ, ਦਰ ਘਰ ਸਾਚਾ ਇਕ ਵਖਾਈਆ । ਜਿਥੇ ਬਿਸਤਰ ਸੇਜ ਲੇਫ ਤਲਾਈ ਨਹੀਂ ਸਰਹਾਣਾ, ਓਢਣ ਨਜ਼ਰ ਕੋਇ ਨਾ ਆਈਆ । ਓਥੇ ਬੇਆਸਾਂ ਮਿਲੇ ਟਿਕਾਣਾ, ਟਿੱਕਾ ਆਪਣਾ ਮਸਤਕ ਨਾਮ ਲਗਾਈਆ । ਕੂੜੀ ਕਿਰਿਆ ਵੱਢਣਹਾਰਾ ਤਰਖਾਣਾ, ਤਿੱਖੇ ਸ਼ਸਤਰ ਨਾਲ ਲਿਆਈਆ । ਜੋਤ ਸਰੂਪੀ ਪਹਿਰ ਕੇ ਬਾਣਾ, ਬਾਨੀ ਹੋ ਕੇ ਹੋਏ ਸਹਾਈਆ । ਲੇਖੇ ਲਾਏ ਗੋਬਿੰਦ ਵਾਲਾ ਦਾਣਾ, ਮਾਛੂਵਾੜਾ ਭੁੱਲ ਕਦੇ ਨਾ ਜਾਈਆ । ਨੰਨ੍ਹੀ ਚਿਉਂਟੀ ਦਾ ਗੁਰਸਿਖ ਬਣਿਆ ਨੌਜਵਾਨਾ, ਜੋਬਨਵੰਤਾ ਨਜ਼ਰੀ ਆਈਆ । ਮਾਇਆ ਮਮਤਾ ਮੋਹ ਛੱਡ ਜਗਤ ਟਿਕਾਣਾ, ਬਿਨ ਕੀਮਤ ਆਪਣਾ ਆਪ ਦਿਤਾ ਵਿਕਾਈਆ । ਹਰਿ ਸ਼ਬਦ ਸਮਝਿਆ ਪੀਣਾ ਖਾਣਾ, ਤ੍ਰਿਸ਼ਨਾ ਕੂੜ ਜਗਤ ਮਿਟਾਈਆ । ਘਰ ਵੇਖ ਸਚ ਮਹੱਲ ਟਿਕਾਣਾ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਗਾਣਾ, ਜਗਤ ਸਹਿੰਸਾ ਰੋਗ ਚੁਕਾਈਆ । ਬਿਸਤਰ ਸੋਹਣਾ ਸੇਜ ਸੁਹਾਣਾ, ਕਾਈ ਕਾਨਾ ਨਾਲ ਵਡਿਆਈਆ । ਜਿਸ ਦੀ ਕਰੇ ਨਾ ਕੋਈ ਪਹਿਚਾਨਾ, ਬੇਪਹਿਚਾਨ ਬੇਪਰਵਾਹੀਆ । ਵਸ਼ਿਸ਼ਟ ਵੇਲੇ ਦਾ ਨਕਦੀ ਦਿਤਾ ਇਕੋ ਆਨਾ, ਭਗਤੀ ਰੂਪ ਦਿਤਾ ਬਦਲਾਈਆ । ਨਾਮ ਖ਼ੁਮਾਰੀ ਕਰ ਕੇ ਮਸਤ ਦੀਵਾਨਾ, ਦੀਵਾ ਬਾਤੀ ਨੂਰ ਕਰੇ ਰੁਸ਼ਨਾਈਆ । ਅੱਗੇ ਰਹਿਣ ਨਾ ਦੇਵੇ ਬੇਗਾਨਾ, ਘਰ ਆਪਣੇ ਲਏ ਵਸਾਈਆ । ਜਨ ਭਗਤਾਂ ਨਾਪੇ ਨਾ ਕੋਇ ਪੈਮਾਨਾ, ਪੈਮਾਨੇ ਲਬਰੇਜ਼ ਕਰੇ ਲੋਕਾਈਆ । ਸਚ ਦਵਾਰੇ ਦੇਵਣਹਾਰਾ ਮਾਣਾ, ਮਨਸਾ ਆਸਾ ਪੂਰ ਕਰਾਈਆ । ਗੁਰਮੁਖ ਸਤਿਗੁਰ ਗੋਦੀ ਵਿਚ ਬਾਲ ਅੰਞਾਣਾ, ਵੱਡੇ ਨਾਲ ਵੱਡੀ ਮਿਲੇ ਵਡਿਆਈਆ ।

ਜਿਸ ਨੇ ਲਹਿਣਾ ਦੇਣਾ ਮੂਲ ਚੁਕਾਉਣਾ, ਪੂਰਬ ਲੇਖਾ ਝੋਲੀ ਪਾਈਆ । ਸੋ ਵਕਤ ਕਰੇ ਸੁਹੰਜਣਾ ਸੁਹਾਣਾ, ਸੋਹਣੀ ਰੁੱਤ ਬਣਾਈਆ । ਹਰਿ ਸੰਗਤ ਮੇਲਾ ਕਰ ਕੇ ਨਿਰੰਤਰ ਦੇਵੇ ਪੀਣਾ ਖਾਣਾ, ਖਾਲਸ ਅੰਮ੍ਰਿਤ ਜਾਮ ਪਿਆਈਆ । ਬਿਨਾ ਹੁਕਮ ਤੋਂ ਦੇਹ ਦਾ ਕਦੇ ਨਾ ਹੋਵੇ ਚਲਾਣਾ, ਚੁੱਕਣ ਤੋਂ ਪਹਿਲਾਂ ਆਪਣਾ ਖੇਲ ਵਖਾਈਆ । ਸਾਚਾ ਦੇ ਕੇ ਨਾਮ ਤਰਾਨਾ, ਤੁਰੀਆ ਪਦ ਤੋਂ ਪਰੇ ਲੰਘਾਈਆ । ਜੀਵਦਿਆਂ ਦੋ ਜਹਾਨਾਂ ਵਿਚ ਪੁਰਾਣਾ, ਸ਼ਬਦੀ ਕਾਰ ਦਏ ਭੁਗਤਾਈਆ । ਦੋਆਬੇ ਵਾਲਿਆਂ ਪੜਦਾ ਲਾਹਣਾ, ਏਸੇ ਕਾਰਨ ਫੇਰਾ ਪਾਈਆ । ਨਵੇਂ ਜੁਗ ਦਾ ਨਵਾਂ ਰੰਗ ਵਖਾਣਾ, ਵਸਲ ਦੇਵੇ ਯਾਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਈ ਕਾਨਾ ਕਰ ਪਰਵਾਨ, ਸੀਸ ਦਸਤਾਰ ਵੇਖੇ ਮਾਰ ਧਿਆਨ, ਗਲ ਦੁਪੱਟਾ ਨਿਗਾਹਵਾਨ, ਧੂੜੀ ਚਰਨ ਸੱਚਾ ਇਸ਼ਨਾਨ, ਮਨਮਤ ਦੁਰਮਤ ਦਰ ਰਹਿਣ ਕੋਇ ਨਾ ਪਾਈਆ ।

ਹਾਰ ਨਹੀਂ ਹਰਿ ਸੰਗਤ ਹਿਰਦਾ, ਹਾਰਦਿਕ ਦਏ ਵਧਾਈਆ । ਜੋਬਨਵੰਤਾ ਆ ਗਿਆ ਫਿਰਦਾ ਫਿਰਦਾ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਜਨ ਭਗਤਾਂ ਵਿਛੋੜਾ ਕਟੇ ਚਿਰ ਦਾ, ਚਿਰੀ ਵਿਛੁੰਨੇ ਲਏ ਮਿਲਾਈਆ । ਇਹੋ ਖੇਲ ਥਿਰ ਘਰ ਦਾ, ਜੋ ਸਚਖੰਡ ਅੰਦਰ ਆਪਣੇ ਚਰਨਾਂ ਵਿਚ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਦਾ ਲਹਿਣਾ ਦੇਣਾ ਨਿਬੜਦਾ, ਅਗਲਾ ਸੰਗ ਬਣਾਈਆ । ਦਰ ਹਾਲ ਵੇਖੋ ਆਏ ਬਿਦਰ ਦਾ, ਜੋ ਬੈਠਾ ਸੀਸ ਨਿਵਾਈਆ । ਜਗਤ ਪਤਾ ਨਹੀਂ ਖੇਲ ਕਿਧਰ ਦਾ, ਕੁਦਰਤ ਦਾ ਕਾਦਰ ਹੋਵੇ ਸਹਾਈਆ । ਕੁਛ ਲਹਿਣਾ ਦੇਣਾ ਏਧਰ ਦਾ, ਉੂਧੋ ਕ੍ਰਿਸ਼ਨ ਗਿਆ ਸਮਝਾਈਆ । ਨਾਨਕ ਸਾਢੇ ਤਿੰਨ ਸਾਲ ਰਿਹਾ ਵਿਚਰਦਾ, ਗੋਬਿੰਦ ਢਾਈ ਮਿੰਟ ਪੰਧ ਮੁਕਾਈਆ । ਜਿਸ ਦਾ ਮੂਲ ਨਿਰਗੁਣ ਧਾਰ ਵਿਚੋਂ ਨਿਤਰਦਾ, ਜਗਤ ਮਾਇਆ ਨਾ ਕੋਇ ਛੁਪਾਈਆ । ਫ਼ਿਕਰਾ ਅਗਲਾ ਰਹੇ ਨਾ ਫ਼ਿਕਰ ਦਾ, ਫ਼ਕਤ ਇਕੋ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹਾਰ ਨਹੀਂ ਨਾ ਕੋਈ ਫੂਲ, ਮੋਤੀ ਜਗਤ ਨਾ ਕੋਇ ਨਾ ਵਡਿਆਈਆ । ਸਾਚਾ ਮੇਲ ਕੰਤ ਕੰਤੂਹਲ, ਪ੍ਰੇਮ ਪ੍ਰੀਤੀ ਰਿਹਾ ਦ੍ਰਿੜਾਈਆ । ਜੁਗ ਜਨਮ ਨਾ ਜਾਵੇ ਭੂਲ, ਪੂਰਬ ਵੇਖੇ ਥਾਉਂ ਥਾਈਂਆ । ਸ਼ੰਕਰ ਮਾਰ ਕੇ ਇਕ ਤਰਸੂਲ, ਧਰਨੀ ਗਿਆ ਜਣਾਈਆ । ਮਾਲਕ ਆਵੇ ਕੰਤ ਕੰਤੂਹਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਨ ਭਗਤਾਂ ਕੋਲੋਂ ਆਪਣੇ ਪਿਆਰ ਦਾ ਮੰਗੇ ਮਸੂਲ, ਵਸੂਲੀ ਪਿਛਲੀ ਲਏ ਕਰਾਈਆ । ਝਗੜਾ ਮੁਕਾ ਕੇ ਕਾਤਲ ਮਕਤੂਲ, ਮੁਕਤਿਆਂ ਤੋਂ ਅੱਗੇ ਡੇਰਾ ਦਏ ਵਖਾਈਆ । ਜਿਥੇ ਨਿਰਗੁਣ ਧਾਰ ਮਿਲੇ ਧੂਲ, ਧੂੜ ਦਾ ਖਹਿੜਾ ਦਏ ਛੁਡਾਈਆ । ਸਤਿ ਧਰਮ ਦਾ ਬੰਨ੍ਹ ਅਸੂਲ, ਅਸਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹਾਰ ਕਹੇ ਮੈਂ ਆਇਆ ਅੱਜ ਹਰਿ ਸੰਗਤ ਖਾਤਰ, ਪੁਰਖ ਅਕਾਲ ਦਏ ਵਡਿਆਈਆ । ਸ਼ਬਦ ਸੁਨੇਹੜੇ ਦੇਵਾਂ ਪਾਤਰ, ਨਾਮ ਸੰਦੇਸ਼ਾ ਇਕ ਦ੍ਰਿੜਾਈਆ । ਗੁਰਮੁਖ ਸੋਹਣੇ ਬਣ ਜਾਓ ਚਾਤਰ, ਚਾਤ੍ਰਿਕ ਧੁਰ ਦੇ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀਆਂ ਨਾਲ ਆਖਣ, ਸੰਦੇਸ਼ਿਆ ਵਿਚ ਸੁਣਾਈਆ । ਅਬਿਨਾਸ਼ੀ

ਕਰਤਾ ਬਣਿਆ ਸਾਥਣ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹਾਰ ਕਹਿਣ ਸਾਨੂੰ ਪਾਓ ਗਲ, ਹੱਥੇ ਹੱਥੀ ਵੰਡ ਵੰਡਾਈਆ । ਕੁਛ ਲਹਿਣਾ ਦੇਣਾ ਮੁਕੇ ਬਲ, ਬਾਵਨ ਗਿਆ ਸਮਝਾਈਆ । ਸ੍ਰਿਸ਼ਟੀ ਨਾਲ ਛਲ, ਗੁਰਮੁਖਾਂ ਨਾਲ ਕੁੜਮਾਈਆ । ਪਿਛਲੇ ਜਨਮ ਦਾ ਮੇਟ ਕੇ ਸੱਲ, ਦੁਖੜਾ ਦੂਰ ਦਏ ਕਰਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਕਲ, ਕਲਮਾ ਇਕੋ ਦਏ ਸਮਝਾਈਆ । ਹਰਿ ਸੰਗਤ ਇਕ ਦੂਜੇ ਵਿਚ ਪ੍ਰੇਮ ਪਿਆਰ ਦੀ ਧਾਰ ਅੰਦਰ ਜਾਣਾ ਰਲ, ਵੱਖਰਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਖ਼ਾਤਰ ਖ਼ਾਤਰਖਾਹ ਆਇਆ ਚਲ, ਖ਼ਤਰਾ ਅਗਲਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰ ਆਪਣਾ ਨੂਰ ਹੋ ਕੇ ਜਾਵੇ ਬਲ, ਬਲੀ ਦੀ ਲੋੜ ਰਹੇ ਨਾ ਰਾਈਆ ।



ਕੁੱਲੀ ਕਹੇ ਮੈਂ ਤੱਕਦੀ ਰਹੀ ਰਾਹ, ਲਾਲ ਦਾ ਲਾਲਨ ਵੇਖ ਵਖਾਈਆ । ਜੋ ਆਦਿ ਜੁਗਾਦੀ ਦੋ ਜਹਾਨਾਂ ਮਲਾਹ, ਬੇੜਾ ਬ੍ਰਹਿਮੰਡ ਖੰਡ ਪਾਰ ਕਰਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਗਏ ਗਾ, ਜੁਗ ਚੌਕੜੀ ਰਾਗਾਂ ਨਾਦਾਂ ਵਿਚ ਢੋਲੇ ਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸ਼ਹਿਨਸ਼ਾਹ, ਪਾਤਸ਼ਾਹ ਇਕੋ ਬੇਪਰਵਾਹੀਆ । ਜਲਵਾਗਰ ਬਣ ਖ਼ੁਦਾ, ਨੂਰ ਨੁਰਾਨਾ ਕਰੇ ਰੁਸ਼ਨਾਈਆ । ਵੇਖਣਹਾਰਾ ਥਾਉਂ ਥਾਂ, ਨਵ ਨੌ ਚਾਰ ਖੋਜ ਖੁਜਾਈਆ । ਗ਼ਰੀਬ ਨਿਮਾਣਿਆਂ ਪਕੜਨਹਾਰਾ ਬਾਂਹ, ਲੱਖ ਚੁਰਾਸੀ ਵਿਚੋਂ ਦੇਵੇ ਮਾਣ ਵਡਿਆਈਆ । ਭਗਤ ਸੁਹੇਲੇ ਆਪਣੀ ਗੋਦ ਉਠਾ, ਮਿਹਰਵਾਨ ਮਹਿਬੂਬ ਸਿਰ ਆਪਣਾ ਹੱਥ ਟਿਕਾਈਆ । ਸੋ ਦਾਤਾ ਦਾਨੀ ਦਇਆ ਕਮਾ, ਦੇਵਣਹਾਰ ਸੱਚੀ ਸਰਨਾਈਆ । ਮੇਰੀ ਨਿਮਾਣੀ ਦੇ ਭਾਗ ਦਏ ਜਗਾ, ਸਦੀ ਚੌਧਵੀਂ ਅੱਖ ਖੁਲ੍ਹਾਈਆ । ਪੜਦਾ ਓਹਲਾ ਦਏ ਉਠਾ, ਦੂਈ ਦਵੈਤੀ ਡੇਰਾ ਢਾਹੀਆ । ਵਕਤ ਸੁਹੰਜਣਾ ਦਏ ਸੁਹਾ, ਸੋਭਾਵੰਤ ਆਪਣੇ ਹੱਥ ਰੱਖੇ ਵਡਿਆਈਆ । ਮੈਂ ਕੁੱਲੀ ਕੱਖਾਂ ਮੇਰੀ ਕੀਮਤ ਸਕੇ ਕੋਈ ਨਾ ਪਾ, ਸ਼ਾਹ ਸੁਲਤਾਨ ਸਮਝ ਕਿਸੇ ਨਾ ਆਈਆ । ਖ਼ੁਸ਼ੀਆਂ ਨਾਲ ਢੋਲਾ ਗਾਵਾਂ ਬਿਨ ਰਸਨਾ ਜਿਹਵਾ ਬੱਤੀ ਦੰਦ ਕਰਾਂ ਵਾਹ ਵਾ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰ ਰਿਹਾ ਸੁਹਾਈਆ । ਕੁੱਲੀ ਕਹੇ ਮੈਂ ਵੇਖਿਆ ਮਾਰ ਝਾਤ, ਦੋ ਜਹਾਨਾਂ ਤੋਂ ਪਰੇ ਧਿਆਨ ਲਗਾਈਆ । ਜਿਸ ਦਾ ਲੇਖਾ ਲਿਖੇ ਨਾ ਕੋਈ ਕਲਮ ਦਵਾਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਬੇਅੰਤ ਕਹਿ ਕੇ ਸ਼ੁਕਰ ਮਨਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਵਾਲੀ ਦੋ ਜਹਾਨਾਂ ਨਿਰਗੁਣ ਸਰਗੁਣ ਤੱਕਿਆ ਸਾਖਿਆਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਵੇਸ ਵਟਾਈਆ । ਗੁਰਮੁਖ ਸੱਜਣ ਮੀਤ ਮੁਰਾਰੇ ਸੁਣੇ ਫ਼ਰਿਆਦ, ਪੂਰਬ ਜਨਮ ਲਹਿਣਾ ਦੇਣਾ ਖੋਜੇ ਥਾਉਂ ਥਾਈਂਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਯਾਦ, ਦਿਵਸ ਰੈਣ ਅੱਠੇ ਪਹਿਰ ਘੜੀ ਪਲ ਧਿਆਨ ਲਗਾਈਆ । ਸੋ ਲਾਲ ਦੀ ਕੁੱਲੀ ਇਕੱਲਾ ਕਰਨ ਆਇਆ ਆਬਾਦ, ਦੂਜਾ ਸੰਗ ਨਾ ਕੋਇ ਬਣਾਈਆ । ਪੂਰੀ ਕਰੇ ਪੂਰਬ ਖ਼ਾਹਿਸ਼, ਆਸਾ ਮਨਸਾ ਆਪਣੇ ਵਿਚ ਸਮਾਈਆ । ਹਰਿ ਸੰਗਤ ਸੰਗ ਪਾਵੇ ਅਗੰਮੀ ਰਾਸ,

ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਚਾਰ ਜੁਗ ਏਸੇ ਸਰਦਲ ਉਤੇ ਟੇਕਦੇ ਰਹਿਣ ਮਾਥ, ਮਸਤਕ ਟਿੱਕੇ ਧੂੜੀ ਨਾਲ ਰਮਾਈਆ । ਲਾਲ ਦੀ ਲਾਲ ਹੋ ਕੇ ਚਮਕੇ ਗਾਥ, ਗਹਿਰ ਗੰਭੀਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਮਹਿੰਮਾ ਅਕਥ ਬੋਧ ਅਗਾਧ ਦਏ ਜਣਾਈਆ ।

### ★ ੧੩ ਮੱਘਰ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਹਿ ਪਿੰਡ ਹੇਰ ★

ਬਿਆਸ ਕਹੇ ਮੇਰੀ ਹੱਸੇ ਰੇਤ ਬਾਲੂ, ਬਾਲਮ ਵੇਖ ਖ਼ੁਸ਼ੀ ਮਨਾਈਆ । ਯਾਦ ਆ ਗਿਆ ਲਹਿਣਾ ਦੇਣਾ ਜਗਤ ਪੁਤ ਕਾਲੂ, ਨਾਨਕ ਸਰਗੁਣ ਵੇਖ ਵਖਾਈਆ । ਨਿਰਗੁਣ ਨਾਨਕ ਬਣ ਕੇ ਪਾਲੂ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਲਾਲੋ ਦਾ ਯਾਦ ਆਇਆ ਆਲੂ, ਵਜ਼ਨ ਢਾਈ ਛਟਾਂਕ ਸਮਝਾਈਆ । ਪੁਰਖ ਅਕਾਲ ਹੋ ਦਿਆਲੂ, ਦੀਨ ਦਿਆਲ ਦਿਤਾ ਦ੍ਰਿੜਾਈਆ । ਜਿਸ ਵੇਲੇ ਸੱਚਾ ਸਤਿਜੁਗ ਹੋਇਆ ਚਾਲੂ, ਚਾਲਾਨ ਸਭ ਦੇ (ਦਏ) ਕਰਾਈਆ । ਗੁਰਮੁਖ ਸਾਚੇ ਸਾਂਚੇ ਢਾਲੂ, ਢਈਆ ਗੋਬਿੰਦ ਰਿਹਾ ਸਮਝਾਈਆ । ਨਾਮ ਓਢਣ ਦੇ ਕੇ ਧੁਰ ਦਾ ਸਾਲੂ, ਪੜਦਾ ਏਕੰਕਾਰ ਇਕੋ ਪਾਈਆ । ਜਨ ਭਗਤਾਂ ਅੱਗੇ ਰੱਖ ਸਚ ਸਵਾਲੂ, ਹੁਕਮ ਧੁਰ ਦਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਈਆ । ਬਿਆਸ ਕਹੇ ਮੇਰੀ ਰੇਤ ਬਾਲੂ ਹੱਸੇ, ਹਸਤੀ ਵੇਖ ਬੇਪਰਵਾਹੀਆ । ਖ਼ੁਸ਼ੀਆਂ ਵਿਚ ਨੱਸੇ, ਭੱਜੇ ਵਾਹੋ ਦਾਹੀਆ । ਮੈਨੂੰ ਹੌਲੀ ਹੌਲੀ ਦੱਸੇ, ਸੁਨੇਹੜੇ ਰਹੀ ਸੁਣਾਈਆ । ਜਲ ਵੇਖੀਏ ਗੁਰਮੁਖ ਹੋਏ ਇਕੱਠੇ, ਸਤਿ ਸੰਗਤ ਰੂਪ ਵਟਾਈਆ । ਪੁਰਖ ਅਕਾਲ ਦੀ ਚਰਨੀ ਢੱਠੇ, ਜੋ ਡਿੱਗਿਆਂ ਰਿਹਾ ਉਠਾਈਆ । ਵਿਕ ਗਏ ਓਸ ਹੱਟੇ, ਜਿਸ ਹੱਟ ਦਾ ਵਣਜਾਰਾ ਨਾ ਕੋਇ ਸਮਝਾਈਆ । ਜਨਮ ਮਰਨ ਦੇ ਮੇਟ ਕੇ ਰੱਟੇ, ਝਗੜਾ ਅਗਲਾ ਰਹੇ ਮੁਕਾਈਆ । ਸਚ ਪ੍ਰੀਤੀ ਅੰਦਰ ਰੱਤੇ, ਰਤਨ ਅਮੋਲਕ ਨਜ਼ਰੀ ਆਈਆ । ਉਨ੍ਹਾਂ ਦੇ ਕੋਲ ਓਸ ਅਬਿਨਾਸ਼ੀ ਦੇ ਪਤੇ, ਜਿਸ ਨੂੰ ਪਤਰਿਆਂ ਉਤੇ ਗੁਰ ਅਵਤਾਰ ਪੈਗ਼ੰਬਰ ਗਏ ਮਨਾਈਆ । ਉਹ ਨਿਰਗੁਣ ਹੋ ਕੇ ਨਿਰਵੈਰ ਹੋ ਕੇ ਨਿਰਾਕਾਰ ਹੋ ਕੇ ਭਗਤਾਂ ਦੀ ਕੁੱਲੀ ਵਸੇ, ਕੁੱਲੀ ਦਾ ਮਾਲਕ ਬੇਪਰਵਾਹੀਆ । ਲੱਖ ਚੁਰਾਸੀ ਜੀਵ ਜੰਤ ਕਲਜੁਗ ਰਾਹੋਂ ਘੁੱਥੇ, ਸਾਚਾ ਰਾਹ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਬਣਾਈਆ । ਬਾਲੂ ਰੇਤ ਮੈਂ ਦੱਸਾਂ ਕੀ ਹਾਲ, ਅਹਿਵਾਲ ਦਿਆਂ ਜਣਾਈਆ । ਜਿਸ ਨੇ ਮੁਰਦੇ ਲਏ ਜਵਾਲ, ਜਵਾਲਾ ਜੋਤ ਸੇਵ ਲਗਾਈਆ । ਗੁਰਮੁਖ ਲੱਭੇ ਲਾਲ, ਲਾਲਨ ਰੰਗ ਰੰਗਾਈਆ । ਪੂਰੀ ਕਰ ਕੇ ਘਾਲ, ਕੀਤੀ ਥਾਏ ਪਾਈਆ । ਮੰਨ ਬੇਨੰਤੀ ਸਵਾਲ, ਦਰ ਆਇਆ ਬੇਪਰਵਾਹੀਆ । ਅਵੱਲੜੀ ਚਲ ਕੇ ਚਾਲ, ਸ੍ਰਿਸ਼ਟੀ ਦਿਤੀ ਭੁਲਾਈਆ । ਸੰਤ ਸਾਜਣ ਰੱਖ ਸ਼ਬਦੀ ਨਾਲ, ਜੋਤੀ ਧਾਰ ਕਰੀ ਕੁੜਮਾਈਆ । ਫਲ ਲਗਾ ਅਗੰਮੇ ਡਾਲ, ਰੁਤੜੀ ਰੁੱਤ ਆਪ ਸੁਹਾਈਆ । ਅੰਤਮ ਆਪੇ ਕਰੇ ਸੰਭਾਲ, ਦੂਜਾ ਰਾਖਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਰੇਤ ਕਹੇ ਮੈਂ ਛੋਟੀ ਰਤੀ, ਕਤਰਾ ਕਤਰਾ ਨਜ਼ਰੀ ਆਈਆ । ਮੈਂ ਵੇਖ ਕੇ ਕਮਲਾਪਤੀ, ਪੱਤਨ ਬੈਠੀ ਡੇਰਾ ਲਾਈਆ । ਜਿਸ ਦੀ ਕਥਾ ਕਹਾਣੀ ਸੱਚੀ,

ਸਚ ਸੁਨੇਹੜਾ ਰਿਹਾ ਜਣਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚੀ, ਕੰਚਨ ਗੜ੍ਹ ਦਏ ਵਡਿਆਈਆ । ਭਗਤਾਂ ਧਾਰ ਰੱਖ ਕੇ ਅੱਛੀ, ਆਤਮ ਪਰਮਾਤਮ ਜੋੜ ਜੁੜਾਈਆ । ਕੀ ਸਾਰ ਪਾਏ ਮੀਨ ਮੱਛੀ, ਭਗਤ ਸੁਹੇਲਾ ਭਗਤੀ ਤੋਂ ਪਰੇ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਇਕ ਸੁਹਾਈਆ । ਬਿਆਸ ਕਹੇ ਬਾਲੂ ਰੇਤ ਦੇਵੇ ਹੋਕਾ, ਹੁਕਮ ਧੁਰ ਦਾ ਰਹੀ ਜਣਾਈਆ । ਮੇਰੀ ਸੁਣੋ ਕਹਾਣੀ ਚੌਦਾਂ ਲੋਕਾ, ਲੁਕਿਆ ਭੇਵ ਰਹੀ ਜਣਾਈਆ । ਜਿਸ ਦੇ ਕਾਰਨ ਜੁਗ ਚੌਕੜੀ ਜਗਾਉਂਦੇ ਰਹੇ ਜੋਤਾ, ਜੋਤਾਂ ਦਾ ਮਾਲਕ ਫੇਰਾ ਪਾਈਆ । ਜਿਸ ਦੇ ਕਾਰਨ ਸਾਫ਼ ਕਰਦੇ ਰਹੇ ਚੌਂਕਾ, ਚਾਰ ਜੁਗ ਸੇਵ ਕਮਾਈਆ । ਓਸ ਨੂੰ ਮਿਲਣ ਦਾ ਇਕੋ ਮੌਕਾ, ਵੇਲਾ ਵਕਤ ਰਿਹਾ ਦ੍ਰਿੜਾਈਆ । ਜਿਸ ਦੇ ਕੋਲ ਅਗੰਮੇ ਨਾਮ ਦੀ ਨੌਕਾ, ਦੋ ਜਹਾਨਾਂ ਪਾਰ ਲੰਘਾਈਆ । ਸਚ ਦਵਾਰ ਸੁਹਾਏ ਅਗੰਮਾ ਕੋਠਾ, ਕੁੱਲੀ ਭਗਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣਾ ਆਪ ਵਖਾਈਆ । ਬਾਲੂ ਰੇਤ ਕਹੇ ਮੈਂ ਵੇਖਿਆ ਧੁਰ ਦਾ ਦਰਦੀ, ਦਾਅਵੇ ਨਾਲ ਸਮਝਾਈਆ । ਕਲਜੁਗ ਮੇਟਣ ਆਇਆ ਅੰਧੇਰ ਗਰਦੀ, ਗਦਾਗਰ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰਾਂ ਪੈਗ਼ੰਬਰਾਂ ਵੇਖ ਕੇ ਅਰਜ਼ੀ, ਆਰਜ਼ੂ ਸਭ ਦੀ ਫੋਲ ਫੁਲਾਈਆ । ਅੱਗੇ ਕਰੇ ਆਪਣੀ ਮਰਜ਼ੀ, ਮਰੀਜ਼ ਵੇਖੇ ਜਗਤ ਲੋਕਾਈਆ । ਖੇਲ ਕਰ ਨਰਾਇਣ ਨਰ ਦੀ, ਨਰ ਹਰਿ ਆਪਣਾ ਹੁਕਮ ਚਲਾਈਆ । ਦੋ ਜਹਾਨਾਂ ਕਲਾ ਰੱਖੇ ਚੜ੍ਹਦੀ, ਚੜ੍ਹਦਾ ਲਹਿੰਦਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਉਪਜਾਈਆ । ਬਿਆਸ ਕਹੇ ਬਾਲੂ ਰੇਤ ਰਹੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਵਾਜਾਂ ਰਹੀ ਮਾਰ, ਹਾੜਿਆਂ ਵਿਚ ਜਣਾਈਆ । ਇਕੋ ਕਰੋ ਦੀਦਾਰ, ਘਰ ਸਾਚੇ ਦਰਸ਼ਨ ਪਾਈਆ । ਜਨ ਭਗਤੋ ਤੁਹਾਡਾ ਇਹ ਵਿਹਾਰ, ਦੂਜੀ ਖੇਲ ਨਾ ਕੋਇ ਰਚਾਈਆ । ਪਿਛਲੇ ਜਮਾਂ ਕੀਤੇ ਹਾਰ, ਹਾਰ ਜਿਤ ਵਿਚ ਬਦਲਾਈਆ । ਗੁਰਮੁਖ ਰਹੇ ਨਾ ਕੋਇ ਦੁਖਿਆਰ, ਦੁਖੀਆਂ ਦਰਦ ਗੁਆਈਆ । ਜੇ ਅੰਤਰ ਕਰੋ ਪਿਆਰ, ਬਸੰਤਰ ਬਾਹਰੋਂ ਦਏ ਬੁਝਾਈਆ । ਸਾਚਾ ਮੰਤਰ ਕਰੋ ਜੈਕਾਰ, ਲੋਕ ਲੱਜਿਆ ਜਗਤ ਗਵਾਈਆ । ਇਹ ਸਤਿਜੁਗ ਦੀ ਸਾਚੀ ਧਾਰ, ਕਲਜੁਗ ਰੂਪ ਰਹੀ ਬਦਲਾਈਆ । ਅੱਗੇ ਕੋਈ ਨਾ ਉਤਰੇ ਪਾਰ, ਉੱਤਰ ਪੂਰਬ ਪੱਛਮ ਦੱਖਣ ਨਾ ਕੋਇ ਸਹਾਈਆ । ਸਹਿਮਤ ਹੋਏ ਗੁਰੂ ਅਵਤਾਰ, ਪੈਗ਼ੰਬਰ ਖ਼ੁਸ਼ੀ ਬਣਾਈਆ । ਲਹਿਣਾ ਮੁੱਕੇ ਜੁਗ ਚਾਰ, ਚੌਕੜੀ ਬੈਠੀ ਸੀਸ ਝੁਕਾਈਆ । ਹੁਕਮ ਚਲੇ ਇਕ ਨਿਰੰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਭਗਵਨ ਭਗਤਾਂ ਕਰੇ ਪਿਆਰ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਦੇਵੇ ਧੁਰ ਦੀ ਰੇਤ, ਬਾਲੂ ਆਪਣਾ ਹਾਲ ਜਣਾਈਆ । ਪੁਰਖ ਅਕਾਲ ਕਰੋ ਹੇਤ, ਮਿਤਰ ਪਿਆਰਾ ਇਕੋ ਨਜ਼ਰੀ ਆਈਆ । ਜਿਸ ਨੇ ਰੁੱਤ ਬਦਲਣੀ ਚੇਤ, ਚੇਤਨ ਸੁਰਤੀ ਦਏ ਕਰਾਈਆ । ਜਗਤ ਵਿਕਾਰਾ ਕਰ ਕੇ ਖੇਤ, ਨੇਤ ਨੇਤ ਦਰਸ਼ਨ ਦੇਵੇ ਚਾਈਂ ਚਾਈਆ । ਕੁਛ ਲੇਖਾ ਬਾਕੀ ਜੇਠ, ਅਗਨੀ ਤਤ ਰਿਹਾ ਤਪਾਈਆ । ਮਾਣ ਟੁੱਟੇ ਵਿਕਾਰੀ ਸੇਠ, ਹੰਕਾਰੀ ਗੜ੍ਹ ਆਪ ਤੁੜਾਈਆ । ਜਨ ਭਗਤ ਬਣਾ ਕੇ ਵੱਖਰਾ ਲੇਖ, ਲੇਖੇ ਆਪਣੇ ਵਿਚ ਲਗਾਈਆ । ਵਸਾ ਕੇ ਸਾਚਾ ਦੇਸ, ਦੇਸ ਦੇ ਮਾਲਕ ਦਏ ਬਣਾਈਆ । ਇਕੱਠੇ ਕਰ ਕੇ ਬਖ਼ਸ਼ੇ ਟੇਕ, ਟਿੱਕਾ ਨਾਮ ਲਗਾਈਆ । ਜਨ ਭਗਤੋ

ਤੁਸੀਂ ਆਦਿ ਅੰਤ ਦੇ ਏਕ, ਇਕੇ ਵਿਚ ਸਮਾਈਆ । ਜਿਨ੍ਹਾਂ ਕਾਰਨ ਬਦਲਿਆ ਭੇਖ, ਭਿਖਸ਼ੂ ਬਣ ਕੇ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਰੰਗ ਰਿਹਾ ਰੰਗਾਈਆ । ਬਾਲੂ ਰੇਤ ਕਹੇ ਮੈਂ ਭਗਤਾਂ ਵੇਖਿਆ ਬੁਲਾਉਂਦਾ, ਖ਼ੁਸ਼ੀ ਬੁੱਲਾਂ ਉਤੇ ਆਈਆ । ਸੁਤਿਆਂ ਆਪ ਉਠਾਉਂਦਾ, ਹਲੂਣੇ ਨਾਲ ਜਗਾਈਆ । ਭੁੱਖਿਆਂ ਆਪ ਰਜਾਉਂਦਾ, ਅੰਮ੍ਰਿਤ ਜਾਮ ਪਿਆਈਆ । ਵਿਛੜਿਆਂ ਆਪ ਮਿਲਾਉਂਦਾ, ਜਨਮ ਕਰਮ ਫੋਲ ਫੁਲਾਈਆ । ਸਾਚੀ ਧਾਰ ਆਪ ਰਖਾਉਂਦਾ, ਰੱਖਿਆ ਕਰੇ ਥਾਉਂ ਥਾਈਆ । ਸੰਤ ਸੁਹੇਲੇ ਅੰਗ ਲਗਾਉਂਦਾ, ਅੰਗੀਕਾਰ ਆਪ ਹੋ ਜਾਈਆ । ਵੇਲਾ ਵਕਤ ਆਪ ਸੁਹਾਉਂਦਾ, ਸੁਹੰਜਣੀ ਘੜੀ ਦਏ ਵਡਿਆਈਆ । ਗੁਰਮੁਖਾਂ ਮਾਤਲੋਕ ਵਡਿਆਉਂਦਾ, ਦੋ ਜਹਾਨਾਂ ਹੋਵੇ ਸਹਾਈਆ । ਖੇਲ ਕਰੇ ਸਚ ਨਿਆਉਂ ਦਾ, ਨਿਆਂਕਾਰ ਇਕੋ ਇਕ ਹੋ ਜਾਈਆ । ਹਰਿਜਨ ਸਾਚੇ ਰੰਗ ਰੰਗਾਉਂਦਾ, ਲਾਲ ਗੁਲਾਲਾ ਆਪ ਚੜ੍ਹਾਈਆ । ਜਿਸ ਕਾਰਨ ਹਰਿ ਸੰਗਤ ਹਾਰ ਪਹਿਨਾਉਂਦਾ, ਬਿਨਾਂ ਪੰਨਿਆਂ ਤੋਂ ਗੁਰ ਅਵਤਾਰ ਪੈਗ਼ੰਬਰ ਲਿਖ ਕੇ ਗਏ ਸਮਝਾਈਆ । ਆਪਣਾ ਮਾਣ ਸ੍ਰੀ ਭਗਵਾਨ ਜਨ ਭਗਤਾਂ ਝੋਲੀ ਪਾਉਂਦਾ, ਆਪਣੀ ਮਨਸਾ ਨਾ ਕੋਇ ਰਖਾਈਆ । ਬਿਨ ਭਗਤਾਂ ਅਬਿਨਾਸ਼ੀ ਕਰਤਾ ਕੰਮ ਕਿਸੇ ਨਾ ਆਉਂਦਾ, ਦੋ ਜਹਾਨ ਨਿਕੰਮਾ ਨਜ਼ਰੀ ਆਈਆ । ਏਸੇ ਕਾਰਨ ਗੁਰਮੁਖ ਕੁੱਲੀ ਭਾਗ ਲਗਾਉਂਦਾ, ਭਗਵਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦੇ ਵਿਛੜੇ ਇਕੋ ਘਰ ਵਸਾਉਂਦਾ, ਵੱਖਰਾ ਦਰ ਨਾ ਕੋਇ ਬਣਾਈਆ ।



★ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਬਲਵਿੰਦਰ ਸਿੰਘ ਦੇ ਗ੍ਰਹਿ ਪਿੰਡ ਹੇਰ ਜ਼ਿਲਾ ਜਲੰਧਰ ★



ਬਿਆਸ ਕਹੇ ਮੈਂ ਧੁਰ ਦਾ ਆਸਾਵੰਦ, ਆਸਾ ਪੂਰੀ ਦੇ ਕਰਾਈਆ । ਤੇਰੇ ਹੁਕਮ ਦਾ ਹੋ ਪਾਬੰਦ, ਦਿਵਸ ਰੈਣ ਸੇਵ ਕਮਾਈਆ । ਅਗੰਮੀ ਨਾਮ ਦਾ ਦੇ ਛੰਦ, ਢੋਲਾ ਇਕ ਸਮਝਾਈਆ । ਬਿਨਾ ਰਸਨਾ ਦੇ ਆਵੇ ਅਨੰਦ, ਅਨੰਦ ਆਪਣਾ ਦੇ ਪਰਗਟਾਈਆ । ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਵਿਚ ਤੇਰਾ ਨਾਮ ਧਿਆਈਆ । ਜੁਗ ਚੌਕੜੀ ਦਾ ਪਿਛਲਾ ਅਗਲਾ ਮੁਕੇ ਪੰਧ, ਸਫ਼ਰਾਂ ਵਿਚ ਨਾ ਕੋਇ ਭਵਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਪਾਰਬ੍ਰਹਮ ਪ੍ਰਭ ਤੇਰੀ ਓਟ ਰਖਾਈਆ । ਸਤਿਜੁਗ ਤਰੇਤਾ ਦੁਆਪਰ ਗਿਆ ਲੰਘ, ਕਲਜੁਗ ਅੰਤ ਰਿਹਾ ਕੁਰਲਾਈਆ । ਸੇਜ ਸੁਹੰਜਣੀ ਦਿਸੇ ਪਲੰਘ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਜਗਤ ਵਾਸਨਾ ਦੂਨੀ ਹੋਈ ਰੰਡ, ਬਿਨ ਹਰਿ ਕੰਤ ਖ਼ੁਸ਼ੀ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਬਿਆਸ ਕਹੇ ਮੈਂ ਸੁਣਦਾ ਰਿਹਾ ਸਲੋਕ, ਮਹਿੰਮਾ ਵਾਲਾ ਢੋਲਾ ਤੇਰਾ ਗਾਈਆ । ਤੱਕਦਾ ਰਿਹਾ ਲੋਕ ਪਰਲੋਕ, ਦੋ ਜਹਾਨਾਂ ਅੱਖ ਖੁਲ੍ਹਾਈਆ । ਤੇਰਾ ਭਾਣਾ ਕੋਇ ਨਾ ਸਕਿਆ ਰੋਕ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਸ਼ਬਦੀ ਧਾਰ ਸੋਚ, ਬੁੱਧੀ ਵੰਡ ਨਾ ਕੋਇ ਵੰਡਾਈਆ । ਸ੍ਰਿਸ਼ਟੀ ਦੁਨੀਆ ਕਾਇਨਾਤ ਕੋਈ ਨਾ ਕਰੇ ਹੋਸ਼, ਬੇਹੋਸ਼ ਹੋਈ ਲੋਕਾਈਆ । ਖ਼ਾਲੀ ਦਿਸੇ ਕਾਇਆ ਮਾਟੀ ਚਮੜੀ ਪੋਸ਼, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲੈ ਮਿਲਾਈਆ । ਬਿਆਸ ਕਹੇ ਮੇਰਾ ਅੰਤਮ ਕੱਟ ਵਿਛੋੜਾ, ਵਿਛੜਿਆਂ

ਲੈ ਮਿਲਾਈਆ । ਨਿਰਗੁਣ ਧਾਰ ਨਿਰਗੁਣ ਹੋਵੇ ਜੋੜਾ, ਸਰਗੁਣ ਮਿਲ ਕੇ ਵੱਜੇ ਵਧਾਈਆ । ਅਗਲਾ ਵਕਤ ਰਹਿ ਗਿਆ ਥੋੜਾ, ਬਿਨ ਤੇਰੇ ਭੇਵ ਕਿਸੇ ਨਾ ਆਈਆ । ਆਪਣੇ ਪ੍ਰੇਮ ਦਾ ਦੇ ਭੋਰਾ, ਜਗਤ ਭੰਡਾਰੇ ਦਾ ਲੇਖਾ ਦੇ ਮੁਕਾਈਆ । ਮੈਂ ਤੇਰਾ ਨੌਜਵਾਨ ਬਾਂਕਾ ਛੋਹਰਾ, ਜੁਗ ਚੌਕੜੀ ਸੇਵ ਕਮਾਈਆ । ਤੂੰ ਸੱਸੇ ਉਪਰ ਲਾ ਕੇ ਹੋੜਾ, ਹੰ ਬ੍ਰਹਮ ਦਿਤੀ ਵਡਿਆਈਆ । ਇਕੋ ਦੱਸ ਆਪਣਾ ਦੋਹਰਾ, ਦੋਹਾਂ ਮਿਲ ਕੇ ਵੱਜੇ ਵਧਾਈਆ । ਤੇਰੇ ਅੱਗੇ ਨਹੀਂ ਕੋਈ ਜ਼ੋਰਾ, ਚਰਨ ਕਵਲ ਢਹਿ ਕੇ ਮੰਗ ਮੰਗਾਈਆ । ਝਗੜਾ ਚੁੱਕੇ ਤੇਰਾ ਮੇਰਾ, ਮੋਹ ਮੁਹੱਬਤ ਆਪਣੇ ਨਾਲ ਬੰਧਾਈਆ । ਤੇਰਾ ਮੰਤਰ ਫੁਰਨਾ ਫੁਰੇ ਫੇਰਾ, ਫੌਰਨ ਆਪਣਾ ਰੰਗ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਆਪਣੀ ਕਰਨੀ ਅੰਦਰ ਪਾ ਮੋੜਾ, ਮੁਹਰੇ ਹੋ ਕੇ ਆਪਣਾ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਇਕ ਖੁਲ੍ਹਾਈਆ । ਬਿਆਸ ਕਹੇ ਮੇਰੀ ਆਸਾ ਨਾ ਜਾਏ ਬਿਰਥੀ, ਵਿਸ਼ਵਾਸ਼ ਦੇਣਾ ਬੰਧਾਈਆ । ਮੈਨੂੰ ਰਲਾਉਣਾ ਨਾ ਨਾਲ ਕੂੜੀ ਸ੍ਰਿਸ਼ਟੀ, ਸ਼ਰਅ ਵਿਚ ਨਾ ਕੋਇ ਫਸਾਈਆ । ਮੈਨੂੰ ਬਹਾਉਣਾ ਨਾ ਸਵਰਗ ਬਹਿਸ਼ਤੀ, ਸਵਰਗ ਬਹਿਸ਼ਤ ਦੀ ਲੋੜ ਨਾ ਕੋਇ ਰਖਾਈਆ । ਮੈਨੂੰ ਬਣਾਉਣਾ ਨਾ ਮਨ ਵਾਸਨਾ ਗ੍ਰਿਹਸਤੀ, ਗ੍ਰਿਹਿ ਦੂਨੀ ਨਾ ਕੋਇ ਲੋਕਾਈਆ । ਮੈਂ ਇਕੋ ਮੰਗਾਂ ਤੇਰਾ ਇਸ਼ਟੀ, ਇਸ਼ਟ ਦੇਵ ਤੂੰ ਹੀ ਨਜ਼ਰੀ ਆਈਆ । ਲੇਖਾ ਮੁਕਾਉਣਾ ਟਾਂਕ ਜਿਸਤੀ, ਨੂਰ ਨੂਰ ਵਿਚ ਟਿਕਾਈਆ । ਤੇਰੀ ਮੁਹੱਬਤ ਕਿਸੇ ਦਵਾਰੇ ਨਾ ਮਿਲੇ ਵਿਕਦੀ, ਕੀਮਤ ਜਗਤ ਨਾ ਕੋਇ ਰਖਾਈਆ । ਮੈਂ ਓਟ ਰੱਖੀ ਇਕ ਦੀ, ਏਕੰਕਾਰ ਤੇਰਾ ਧਿਆਨ ਲਗਾਈਆ । ਤੇਰੀ ਤਾਰ ਸਿਤਾਰ ਅੰਤਰ ਅੰਤਰ ਖਿਚਦੀ, ਪ੍ਰੇਮ ਰਬਾਬ ਰਹੀ ਵਜਾਈਆ । ਕੁਛ ਘੁੰਡੀ ਖੋਲ੍ਹ ਵਿਚ ਦੀ, ਪੜਦਾ ਦੇ ਉਠਾਈਆ । ਕਰਵਟ ਬਦਲ ਆਪਣੀ ਪਿਠ ਦੀ, ਸਨਮੁਖ ਹੋ ਕੇ ਸੋਭਾ ਪਾਈਆ । ਮੇਰੀ ਆਸਾ ਰਾਹ ਤੱਕੇ ਕਿਤ ਦੀ, ਕੇਤੇ ਜੁਗ ਗਏ ਵਿਹਾਈਆ । ਮਨਸਾ ਪੂਰੀ ਕਰ ਮਿਤ ਦੀ, ਨਰ ਨਰਾਇਣ ਦਇਆ ਕਮਾਈਆ । ਖ਼ਾਹਿਸ਼ ਰਹੇ ਨਾ ਠਗੌਰੀ ਵਾਲੇ ਚਿਤ ਦੀ, ਠਾਕਰ ਹੋ ਕੇ ਜੋੜ ਜੁੜਾਈਆ । ਜਿਧਰ ਵੇਖਾਂ ਤੇਰੀ ਜੋਤ ਨੂਰ ਧਾਰ ਰਹੇ ਦਿਸਦੀ, ਦਹਿ ਦਿਸ਼ਾ ਨਜ਼ਰੀ ਆਈਆ । ਕੁਛ ਲੇਖਣੀ ਵੇਦ ਵਿਆਸ ਵਾਲੀ ਚਿਟ ਦੀ, ਚਿੱਟੇ ਉਤੇ ਕਾਲਾ ਗਿਆ ਪਾਈਆ । ਕੁਛ ਬਾਕੀ ਰਵਦਾਸ ਚਮਾਰੇ ਦੀ ਇੱਟ ਦੀ, ਬਹੱਤਰਾਂ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਹੱਬਤ ਬਖ਼ਸ਼ ਆਪਣੀ ਸਿਕ ਦੀ, ਸਿਖ਼ਰ ਚੋਟੀ ਚੜ੍ਹ ਕੇ ਮੇਲਾ ਲੈਣਾ ਮਿਲਾਈਆ । ਬਿਆਸ ਕਹੇ ਮੇਰੀ ਚੋਟੀ ਚੜ੍ਹ ਜਾ ਸਿਖ਼ਰ, ਵਹਿਣਾ ਵਿਚੋਂ ਪੰਧ ਮੁਕਾਈਆ । ਮੇਰਾ ਅਗਲਾ ਮੁਕ ਜਾਏ ਫ਼ਿਕਰ, ਫ਼ਾਕਾਕਸ਼ੀ ਦੇ ਗਵਾਈਆ । ਮੈਂ ਚਲ ਕੇ ਆਇਆ ਇਧਰ, ਪੈਂਡਾ ਪੰਧ ਮੁਕਾਈਆ । ਕੁਛ ਵਾਇਦਾ ਕ੍ਰਿਸ਼ਨ ਨਾਲ ਬਿਦਰ, ਭੁੱਖਿਆਂ ਗਿਆ ਸਮਝਾਈਆ । ਪੁਰਖ ਅਕਾਲ ਜਨ ਭਗਤਾਂ ਪੂਰੀ ਕਰੇ ਸਿਧਰ, ਸੱਧਰ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਵਖਾਈਆ । ਬਿਆਸ ਕਹੇ ਮੇਰਾ ਲੇਖਾ ਦੱਸ ਖੋਲ੍ਹ, ਖ਼ਾਲੀ ਹੱਥ ਦਿਆਂ ਦੁਹਾਈਆ । ਆਦਿ ਜੁਗਾਦੀ ਸੁੱਤੇ ਅਬਿਨਾਸ਼ੀ ਅਚੁਤੇ ਬੋਲ, ਆਪਣੀ ਆਵਾਜ਼ ਲਗਾਈਆ । ਜੁਗ ਚੌਕੜੀ ਮੈਂ ਵਹਿਣਾ ਵਿਚ ਕਰਦਾ ਰਿਹਾ ਘੋਲ, ਭੱਜਿਆ ਵਾਹੋ ਦਾਹੀਆ । ਮੇਰਾ ਤਤ ਸਕਿਆ ਨਾ ਕੋਇ ਵਿਰੋਲ, ਮਥਨ ਵਿਚ ਨਾ ਕੋਇ ਲਿਆਈਆ । ਕੋਟਨ ਕੋਟ ਸਾਧ ਸੰਤ ਵਜਾ ਕੇ ਗਏ ਢੋਲ, ਡੰਕਾ ਤੇਰਾ ਨਾਮ ਸੁਣਾਈਆ । ਅੰਤਮ ਰਿਹਾ ਕੋਈ ਨਾ ਕੋਲ, ਸਾਰੇ ਕਰ ਕੇ

ਗਏ ਜੁਦਾਈਆ । ਮੇਰੇ ਅੰਦਰ ਪੈਂਦਾ ਹੌਲ, ਦੁੱਖਾਂ ਦਿਆਂ ਸੁਣਾਈਆ । ਸਪਤ ਰਿਖੀ ਦਾ ਯਾਦ ਆਇਆ ਪਿਛਲਾ ਕੌਲ, ਇਕਰਾਰਨਾਮਾ ਭੋਜ ਪੱਤਰਾਂ ਉਤੇ ਲਿਖਾਈਆ । ਕੁਛ ਨਾਨਕ ਚਰਨਾਂ ਦਾ ਚਰਨੋਦਕ ਗਿਆ ਡੋਲ੍ਹ, ਚੁਲੇ ਤਿੰਨ ਹੱਥ ਉਠਾਈਆ । ਕੁਛ ਰਵਦਾਸਾ ਮੇਰੇ ਅੰਦਰੋਂ ਬਾਲੂ ਰੇਤ ਗਿਆ ਰੋਲ, ਮੁੱਠੀ ਢਾਈ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਬਿਆਸ ਕਹੇ ਮੈਂ ਮੰਗਾਂ ਥੋੜਾ, ਬਹੁਤੀ ਆਸ ਨਾ ਕੋਇ ਰਖਾਈਆ । ਰਾਮ ਦਾ ਫਿਰਿਆ ਘੋੜਾ, ਨੇਤਰ ਨੈਣਾਂ ਨੀਰ ਵਹਾਈਆ । ਮੇਰੇ ਵਿਚ ਪਿਛਲਾ ਰੱਖ ਕੇ ਪੌੜਾ, ਅਗਲਾ ਮੁਖ ਗਿਆ ਬਦਲਾਈਆ । ਕੰਨਾਂ ਤੋਂ ਹੋ ਕੇ ਡੋਰਾ, ਨੇਤਰ ਤੇਰੇ ਵੱਲ ਉਠਾਈਆ । ਵਾਹੋ ਦਾਹੀ ਫੇਰ ਦੌੜਾ, ਦਿਸ਼ਾ ਆਪਣੀ ਲਈ ਬਦਲਾਈਆ । ਉਚੀ ਕੂਕੇ ਦੱਸਦਾ ਜਾਏ ਪੁਰਖ ਅਕਾਲ ਧੁਰ ਦਾ ਚੋਰਾ, ਲੱਭਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇਣਾ ਉਠਾਈਆ । ਬਿਆਸ ਕਹੇ ਮੈਂ ਕੀ ਕਰਾਂ ਤੇਰੀ ਗਿਣਤੀ, ਅਨਗਿਣਤ ਤੇਰੀ ਵਡਿਆਈਆ । ਸੀਤਾ ਇੱਕੀਆਂ ਕਦਮਾਂ ਨਾਲ ਮੈਨੂੰ ਰਹੀ ਮਿਣਦੀ, ਪਿਛੇ ਭੌਂ ਭੌਂ ਧਿਆਨ ਲਗਾਈਆ । ਇਹ ਸੇਵਾ ਲੱਗੀ ਰਹੀ ਤਿੰਨ ਦਿਨ ਦੀ, ਆਰ ਪਾਰ ਨਾ ਕੋਇ ਕਰਾਈਆ । ਧਾਰ ਨਜ਼ਰ ਆਈ ਤੇਰੇ ਚਿੰਨ੍ਹ ਦੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅੱਖਾਂ ਮੀਟ ਅਰਸ਼ਾਂ ਉਤੇ ਮੰਡਲ ਰਾਸ ਗਿਣਦੀ, ਤਾਰ ਤਾਰਿਆਂ ਵਿਚ ਰਖਾਈਆ । ਇਹ ਖੇਲ ਹੋਈ ਛਿਨ ਦੀ, ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਤੇਰੇ ਹੱਥ ਸਰਬ ਵਡਿਆਈਆ ।



### ★ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਸਰਵਣ ਸਿੰਘ ਦੇ ਗ੍ਰਿਹਿ ਪਿੰਡ ਹੇਰ ਜ਼ਿਲਾ ਜਲੰਧਰ ★

ਬਿਆਸ ਕਹੇ ਮੇਰੀ ਆਸਾ ਲੰਬੀ, ਆਯੂ ਸਮਝ ਕੋਇ ਨਾ ਆਈਆ । ਜਿਸ ਨੂੰ ਸੁਣ ਕੇ ਧਰਤ ਧਵਲ ਧੌਲ ਕੰਬੀ, ਹਿੱਲੀ ਵਾਹੋ ਦਾਹੀਆ । ਜਿਸ ਵੇਲੇ ਲੋਕਮਾਤ ਜਗਤ ਸਾਧ ਹੋਏ ਦੰਭੀ, ਕੁਟੰਬ ਕੂੜ ਨਜ਼ਰੀ ਆਈਆ । ਦੀਨ ਦੁਨੀ ਖ਼ੁਸ਼ੀ ਬਦਲੇ ਵਿਚ ਗ਼ਮੀ, ਗ਼ਮਗੀਨ ਦੇਣ ਦੁਹਾਈਆ । ਪੁਰਖ ਅਕਾਲ ਓਸ ਵੇਲੇ ਆਪਣੀ ਧਾਰ ਚਲਾਵੀਂ ਨਵੀਂ, ਨਵ ਨੌਂ ਚਾਰ ਪੰਧ ਮੁਕਾਈਆ । ਦੁਨੀਆ ਵੱਲੋਂ ਗੂੜ੍ਹੀ ਨੀਂਦ ਸਵੀਂ, ਗੁਰਮੁਖ ਭਗਤ ਲੈਣੇ ਜਗਾਈਆ । ਗ਼ਰੀਬ ਨਿਮਾਣਿਆਂ ਘਰ ਬਹਵੀਂ, ਸ਼ਾਹ ਸੁਲਤਾਨਾਂ ਦਰ ਦੁਰਕਾਈਆ । ਉਨ੍ਹਾਂ ਦੀ ਸਾਰ ਲਵੀਂ, ਜੋ ਜੁਗ ਜਨਮ ਦੇ ਵਿਛੜੇ ਧਿਆਨ ਲਗਾਈਆ । ਉਨ੍ਹਾਂ ਸੰਗ ਰਵ੍ਹੀਂ, ਜੋ ਤੇਰੀ ਓਟ ਤਕਾਈਆ । ਨਾਮ ਭੰਡਾਰਾ ਸਾਚੀ ਵਸਤ (ਦਵੀਂ), ਬਿਨ ਹੱਥਾਂ ਆਪ ਵਰਤਾਈਆ । ਕੁਛ ਲਹਿਣਾ ਰੱਖੀਂ ਯਾਦ ਜਿਸ ਵੇਲੇ ਅਰਜਨ ਬੈਠਾ ਤਵੀ, ਰਾਵੀ ਰਵੀ ਨਾਲ ਸਲਾਹ ਪਕਾਈਆ । ਜਿਸ ਵੇਲੇ ਪੁਰਖ ਅਕਾਲ ਆਪਣੇ ਸ਼ਬਦ ਦਾ ਬਣਿਆ ਕਵੀ, ਲੇਖਾ ਲਿਖਤ ਤੇਰੇ ਹੱਥ ਫੜਾਈਆ । ਗ੍ਰੰਥ ਸ਼ਾਸਤਰ ਵਾਕ ਭਵਿਖਤ ਗੁਰ ਅਵਤਾਰ ਪੈਗ਼ੰਬਰ ਉਸ ਨੂੰ ਜਾਨਣ ਅਵਤਾਰ ਚਵ੍ਹੀ, ਜਗਤ ਦੁਨੀਆ ਸਮਝ ਕਿਸੇ ਨਾ ਆਈਆ । ਧੁਰ ਦਾ ਢੋਲਾ ਬਣ ਵਿਚੋਲਾ ਇਕੋ ਗਵੀਂ, ਗਹਿਰ ਗੰਭੀਰ ਇਕੋ ਆਪਣਾ ਨਾਮ ਦੇਣਾ ਪਰਗਟਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਬਿਆਸ ਕਹੇ ਮੇਰੀ ਆਸਾ ਬਹੁ ਬਹੁ ਲੰਬੀ, ਮਿਣਤੀ ਵਿਚ ਨਾਪ ਨਾ ਕੋਇ ਕਰਾਈਆ । ਪਿਆਰ ਦੀ ਧਾਰੋਂ ਆਪੇ ਜੰਮੀ, ਨਿਕਲੀ ਚਾਈਂ ਚਾਈਂਆ । ਸਦ ਜੀਵਤ ਬਿਨਾ ਦਮੀ, ਸਾਸ ਸਵਾਸ ਨਾ ਕੋਇ ਰਖਾਈਆ । ਅੱਠੇ ਪਹਿਰ ਫਿਰੇ ਭੰਨੀ, ਚਾਰ ਕੁੰਟ ਧਿਆਨ ਲਗਾਈਆ । ਤੇਰਾ ਹੁਕਮ ਸੁਣਨਾ ਚਾਹੁੰਦੀ ਕੰਨੀ, ਧੁਰ ਫ਼ਰਮਾਨਾ ਦੇ ਦ੍ਰਿੜਾਈਆ । ਤੂੰ ਸ਼ਾਹ ਪਾਤਸ਼ਾਹ ਵੱਡਾ ਧਨੀ, ਧਨਾਢ ਇਕੋ ਨਜ਼ਰੀ ਆਈਆ । ਤੇਰੀ ਧਾਰ ਹੁਕਮ ਵਾਲੀ ਮੰਨੀ, ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਅੰਤ ਕਰੀਂ ਨਾ ਅੰਨ੍ਹੀਂ, ਨਿਜ ਨੇਤਰ ਦੇਣਾ ਖੁਲ੍ਹਾਈਆ । ਪ੍ਰੀਤਮ ਬਣ ਕੇ ਸਾਚਾ ਤਨੀ, ਤੰਦ ਸਿਤਾਰ ਦੇਣਾ ਵਜਾਈਆ । ਵੇਖ ਵਸੇਰਾ ਛੱਪਰ ਛੰਨੀ, ਛਹਿਬਰ ਆਪਣਾ ਨਾਮ ਲਗਾਈਆ । ਜਿਹੜੀ ਧੂੜ ਭੀਲਣੀ ਰਾਮ ਚਰਨ ਆਪਣੀ ਕੰਨੀ ਬੰਨ੍ਹੀ, ਸਾਢੇ ਤਿੰਨ ਸਾਲ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਵਿਚ ਲਗਾਈਆ । ਬਿਆਸ ਕਹੇ ਮੇਰੀ ਆਸਾ ਨਾ ਵੇਖੀਂ ਪੁਰਾਣੀ, ਪੂਰਬਲੇ ਜਨਮ ਨਾਲ ਰਲਾਈਆ । ਜਿਹਨੂੰ ਲਿਖਿਆ ਨਾ ਕਿਸੇ ਪੁਰਾਣ ਪਰਾਨੀ, ਵੇਦਾਂ ਵਿਚ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਨਾ ਹੋਏ ਨਿਗਾਹਬਾਨੀ, ਸਿਰ ਹੱਥ ਨਾ ਕੋਇ ਟਿਕਾਈਆ । ਸਾਰੇ ਤੇਰੇ ਆਉਣ ਦੀ ਦੱਸ ਕੇ ਗਏ ਨਿਸ਼ਾਨੀ, ਨਿਸ਼ਾਵਰ ਆਪਣਾ ਆਪ ਕਰਾਈਆ । ਅੱਖਰਾਂ ਵਾਲੀ ਗਾ ਕੇ ਕਹਾਣੀ, ਬਾਣੀ ਤੇਰਾ ਨਾਮ ਪਰਗਟਾਈਆ । ਮੇਰੀ ਸੱਧਰਾਂ ਵਾਲੀ ਜਵਾਨੀ ਮਸਤਾਨੀ, ਹੱਥ ਕਿਸੇ ਨਾ ਆਈਆ । ਤੇਰਾ ਖੇਲ ਗੁਣ ਨਿਧਾਨੀ, ਗੁਣਵੰਤੇ ਵੇਖ ਵਖਾਈਆ । ਜੁਗ ਚੌਕੜੀ ਮੇਰੇ ਨਾਲ ਹੁੰਦੀ ਰਹੀ ਸ਼ੈਤਾਨੀ, ਸ਼ਰਅ ਵਾਲਾ ਸੰਗਲ ਨਾ ਕੋਇ ਕਟਾਈਆ । ਕਲਜੁਗ ਅੰਤ ਕਰ ਮਿਹਰਵਾਨੀ, ਮਹਿਬੂਬ ਤੇਰੀ ਆਸ ਰਖਾਈਆ । ਮੇਰੀ ਆਸਾ ਨਹੀਂ ਬੇਗਾਨੀ, ਬੇਨੰਤੀ ਓਹੋ ਚਲੀ ਆਈਆ । ਝਗੜਾ ਕੇਸ ਨਹੀਂ ਦੀਵਾਨੀ, ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤਦਿਆਂ ਦੇਰ ਨਾ ਲੱਗੀ ਰਾਈਆ । ਮੇਰੇ ਵਿਚੋਂ ਆਂਚਲ ਧੋ ਕੇ ਗਈ ਆਦਿ ਸ਼ਕਤ ਭਵਾਨੀ, ਦੁਰਗਾ ਆਪਣਾ ਪੱਲੂ ਵਿਚ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸਾ ਸਾਚੇ ਦਰ ਕਰ ਪਰਵਾਨੀ, ਪਰਮ ਪੁਰਖ ਤੇਰੀ ਆਸ ਰਖਾਈਆ ।

★ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਹਿ ਪਿੰਡ ਹੇਰ ਜ਼ਿਲਾ ਜਲੰਧਰ ★

ਬਿਆਸ ਕਹੇ ਮੇਰੀ ਆਸਾ ਨਿੱਕੀ, ਨਿੱਕਾ ਹੋ ਕੇ ਰਿਹਾ ਜਣਾਈਆ । ਭਗਤ ਭਗਵਾਨ ਦੀ ਵੇਖਾਂ ਸਿੱਖੀ, ਸਨਮੁਖ ਹੋ ਕੇ ਦਰਸ਼ਨ ਪਾਈਆ । ਜਿਨ੍ਹਾਂ ਦੀ ਧਾਰ ਗੋਬਿੰਦ ਲਿਖੀ, ਅਗਲਾ ਲੇਖਾ ਆਪਣੇ ਨਾਲ ਰਖਾਈਆ । ਸਾਚੀ ਦੇ ਕੇ ਗਿਆ ਚਿੱਠੀ, ਬਿਨ ਕਾਗ਼ਜ਼ ਟੁਕੜੇ ਹੱਥ ਫੜਾਈਆ । ਮੇਲਾ ਮਿਲੇ ਧੁਰ ਦੀ ਇੱਕੀ, ਬੀਸ ਇਕੀਸਾ ਨਾਲ ਰਲਾਈਆ । ਓਨ੍ਹਾਂ ਜਗਤ ਵਾਸਨਾ ਜਾਏ ਜਿਤੀ, ਤ੍ਰਿਸ਼ਨਾ ਕੂੜ ਨਾ ਕੋਇ ਤਪਾਈਆ । ਸੰਮਤ ਸ਼ਹਿਨਸ਼ਾਹੀ ਦੀ ਹੋਵੇ ਮਿਤੀ, ਮਿਤਰ ਪਿਆਰਾ ਵੇਖ ਵਖਾਈਆ । ਸਾਚੇ ਨਾਮ ਦੀ ਧਾਰ ਦੱਸ ਕੇ ਮਿੱਠੀ, ਕਲਜੁਗ ਕੂੜੀ ਕਿਰਿਆ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦਏ ਮੁਕਾਈਆ । ਬਿਆਸ ਕਹੇ ਮੇਰੀ ਆਸਾ ਨਾ ਛੋਟੀ ਨਾ ਵੱਡੀ, ਦੋਹਾਂ

ਵਿਚ ਸਮਾਈਆ । ਤੇਰੇ ਹੁਕਮੇ ਅੰਦਰ ਬੱਧੀ, ਜੁਗ ਚੌਕੜੀ ਰਾਹ ਤਕਾਈਆ । ਅੰਤ ਵੇਖ ਵੀਹਵੀਂ ਸਦੀ, ਸਦਮਿਆਂ ਵਾਲੀ ਦਏ ਦੁਹਾਈਆ । ਮੈਂ ਕੋਈ ਧਾਰ ਨਹੀਂ ਵਹਿਣ ਵਾਲੀ ਨਦੀ, ਜਲ ਆਪਣਾ ਰੂਪ ਬਦਲਾਈਆ । ਮੇਰੀ ਜੋਤ ਓਸ ਨਾਲ ਜਗੀ, ਜੋ ਜਗਤ ਦਾ ਮਾਲਕ ਇਕ ਅਖਵਾਈਆ । ਪ੍ਰੀਤੀ ਓਸ ਨਾਲ ਲੱਗੀ, ਜੋ ਕਦੀਮ ਦਾ ਮਾਲਕ ਧੁਰਦਰਗਾਹੀਆ । ਸਿਤਾਰ ਓਸ ਨਾਲ ਵੱਜੀ, ਜਿਸ ਦਾ ਤੰਦ ਨਾ ਕੋਇ ਤੁੜਾਈਆ । ਓਸ ਦਵਾਰ ਬਹਿ ਕੇ ਸਜੀ, ਜਿਥੇ ਸੱਜਣ ਮਿਲੇ ਸ਼ਹਿਨਸ਼ਾਹੀਆ । ਜਿਸ ਦੀ ਬਦਲੇ ਕਦੇ ਨਾ ਗੱਦੀ, ਗਦਾਗਰ ਗੁਰ ਅਵਤਾਰ ਪੈਗ਼ੰਬਰ ਲਏ ਬਣਾਈਆ । ਵੰਡ ਹੋਵੇ ਨਾ ਵਦੀ ਸੁਦੀ, ਦਿਵਸ ਅਮਾਵਸ ਨਾ ਕੋਇ ਬਣਾਈਆ । ਕਰਨੀ ਦੋ ਜਹਾਨ ਨਾ ਹੋਵੇ ਰੱਦੀ, ਕੁਦਰਤ ਦਾ ਮਾਲਕ ਇਕੋ ਅਖਵਾਈਆ । ਲੋਕਮਾਤ ਜੁਗਾਂ ਵਿਚ ਨਿਰਗੁਣ ਧਾਰ ਸਰਗੁਣ ਹੋ ਕੇ ਆਵੇ ਕਦੀ ਕਦੀ, ਨਿਤ ਦਰਸ ਨਾ ਕਿਸੇ ਦਿਖਾਈਆ । ਖੇਲ ਕਰੇ ਅਗੰਮੀ ਚੰਗੀ, ਮਾਰਗ ਆਪਣਾ ਆਪ ਪਰਗਟਾਈਆ । ਸਚ ਨਾਮ ਵਜਾ ਮਰਦੰਗੀ, ਸੋਈ ਸੁਰਤੀ ਲਏ ਉਠਾਈਆ । ਗੁਰਮੁਖਾਂ ਜਨ ਭਗਤਾਂ ਪਿੱਠ ਹੋਣ ਨਾ ਦੇਵੇ ਨੰਗੀ, ਪੜਦਾ ਆਪਣਾ ਨਾਮ ਰਖਾਈਆ । ਬਿਆਸ ਆਸਾ ਕਹੇ ਸਭ ਦੀ ਕਟੇ ਤੰਗੀ, ਜੋ ਬੈਠਣ ਸੀਸ ਨਿਵਾਈਆ । ਉਸ ਦਾ ਜੋਧਾ ਸੂਰਬੀਰ ਸੁਤ ਦੁਲਾਰਾ ਇਕ ਭੁਯੰਗੀ, ਬਿਨਾਂ ਭੁਜਾਂ ਤੋਂ ਸਭ ਦੀ ਕਰੇ ਸਫ਼ਾਈਆ । ਆਪਣਾ ਖੇਲ ਕਰੇ ਬਹੁ ਰੰਗੀ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਨਿਰਗੁਣ ਨਿਰਵੈਰ ਨਿਰਾਕਾਰ ਬਣ ਕੇ ਢੰਗੀ, ਤਰੀਕਾ ਆਪਣਾ ਇਕ ਪਰਗਟਾਈਆ । ਬੀਸ ਬੀਸਾ ਧਾਰ ਬਿਕ੍ਰਮੀ ਜਿਸ ਵੇਲੇ ਆਵੇ ਪੰਝੀ, ਪੰਝੀਆਂ ਦੇ ਪੰਜੇ ਦਏ ਲਗਾਈਆ । ਅੱਖਰ ਪਿਆਰ ਵੇਖੇ ਬਵੰਜੀ, ਬਾਵਨ ਪੜਦਾ ਲਾਹੀਆ । ਖੇਲੇ ਖੇਲ ਨਵੀਂ ਸ਼ਤਰੰਜੀ, ਸ਼ਮਅ ਗੁਲ ਹੋਵੇ ਲੋਕਾਈਆ । ਜਨ ਭਗਤਾਂ ਪ੍ਰੇਮ ਦੀ ਪਾ ਕੇ ਫੰਦੀ, ਆਤਮ ਪਰਮਾਤਮ ਨਾਤਾ ਲਏ ਜੁੜਾਈਆ । ਅੱਗੇ ਮਜ਼੍ਹਬ ਦੀ ਰਹਿਣ ਦੇਵੇ ਨਾ ਕੋਇ ਪਾਬੰਦੀ, ਸ਼ਰਅ ਵਿਚੋਂ ਬਾਹਰ ਰਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬਣਾ ਕੇ ਸੰਗੀ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਰਹਿਣ ਨਾ ਦੇਵੇ ਦੁਰੰਗੀ, ਝਗੜਾ ਮੁਕਾਏ ਖੇਲ ਤਰੰਗੀ, ਲੇਖਾ ਜਾਣੇ ਜਗਤ ਜੀਵ ਚੁਰੰਗੀ, ਚਾਰ ਜੁਗ ਦਾ ਪੂਰਬ ਲੇਖਾ ਲਿਖਤਾਂ ਵਾਲਾ ਵੇਖ ਵਖਾਈਆ ।

### ★ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਗਾਂਧਰਾਂ ਜ਼ਿਲਾ ਜਲੰਧਰ ★

ਬਿਆਸ ਕਹੇ ਮੇਰੇ ਨਾਲ ਸਲਾਹ ਕੀਤੀ ਭਾਗੀਰਥ, ਇਕਾਂਤ ਹੋ ਕੇ ਧਿਆਨ ਲਗਾਈਆ । ਤੇਰਾ ਵਹਿਣਾਂ ਵਾਲਾ ਨੀਰਥ, ਜਲ ਪਾਣੀ ਰੂਪ ਨਜ਼ਰੀ ਆਈਆ । ਕਿਸ ਬਿਧ ਬਣੇ ਸਾਚਾ ਤੀਰਥ, ਤਟ ਕਿਨਾਰ ਸੋਭਾ ਪਾਈਆ । ਅੰਮ੍ਰਿਤ ਰਸ ਹੋਵੇ ਸੀਰਥ, ਅਗਨੀ ਅੱਗ ਬੁਝਾਈਆ । ਅੰਦਰੋਂ ਕੱਢੇ ਪੀੜਤ, ਦੁਖੀਆਂ ਦਰਦ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਹਰ ਘਟ ਥਾਈਆ । ਬਿਆਸ ਕਹੇ ਭਾਗੀਰਥ ਹੌਲੀ ਦੱਸਿਆ ਚੁਪ, ਬਿਨ ਰਸਨ ਆਵਾਜ਼ ਲਗਾਈਆ । ਤੇਰਾ ਕਿਉਂ ਬਦਲੇ ਰੁਖ਼, ਮੈਨੂੰ ਦੇ ਸਮਝਾਈਆ । ਕਿਉਂ ਨਹੀਂ ਪੈਂਡਾ ਜਾਂਦਾ ਮੁਕ, ਭੱਜੇ ਵਾਹੋ ਦਾਹੀਆ । ਮੈਂ ਹੋ ਕੇ ਅੱਗੋਂ ਖ਼ੁਸ਼, ਖ਼ੁਸ਼ੀ ਨਾਲ ਦਿਤਾ ਦ੍ਰਿੜਾਈਆ । ਜੁਗ ਚੌਕੜੀ ਮੇਰਾ ਭੇਵ ਸਦਾ ਲੁਕ,

ਪੜਦਾ ਸਕੇ ਨਾ ਕੋਇ ਉਠਾਈਆ । ਸੁਹਾਉਂਦੀ ਰਹੇ ਰੁੱਤ, ਆਪਣਾ ਰੂਪ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਸੰਤ ਭਗਤ ਮੇਰਾ ਵੰਡੇ ਕੋਇ ਨਾ ਦੁੱਖ, ਦਰਦੀ ਨਜ਼ਰ ਕੋਇ ਨਾ ਆਈਆ । ਤ੍ਰਿਸ਼ਨਾ ਬੁਝਾਏ ਨਾ ਕੋਈ ਮਨਸਾ ਵਾਲੀ ਭੁੱਖ, ਅੰਤਰ ਤ੍ਰਿਪਤ ਨਾ ਕੋਇ ਕਰਾਈਆ । ਮੈਂ ਜੁਗ ਚੌਕੜੀ ਸਭ ਨੂੰ ਲਿਆ ਪੁਛ, ਬੇਨੰਤੀ ਆਰਜ਼ੂ ਅੱਗੇ ਸੁਣਾਈਆ । ਕਵਣ ਤਾਰੇ ਅਪਰਾਧੀ ਸੁਤ, ਦਇਆਵਾਨ ਦਇਆ ਕਮਾਈਆ । ਸਭ ਨੇ ਬੋਲ ਕੇ ਇਕੋ ਤੁਕ, ਧੁਰ ਦਾ ਹੁਕਮ ਦਿਤਾ ਦ੍ਰਿੜਾਈਆ । ਜਿਸ ਵੇਲੇ ਆਵੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਆਪਣੀ ਗੋਦੀ ਲਏ ਚੁੱਕ, ਨਿਰਗੁਣ ਹੋ ਕੇ ਅੰਗ ਲਗਾਈਆ । ਕਰਨੀ ਦਾ ਪੈਂਡਾ ਜਾਏ ਮੁਕ, ਕਰਤਾ ਹੋਏ ਸਹਾਈਆ । ਜਨਮ ਫੇਰ ਮਿਲੇ ਮਾਨੁੱਖ, ਤਤ ਸ਼ਰੀਰ ਵਡਿਆਈਆ । ਪਿਛਲੀ ਕੀਤੀ ਜਾਏ ਟੁੱਟ, ਅੱਗੇ ਆਪਣੀ ਗੰਢ ਪਵਾਈਆ । ਜਲ ਧਾਰ ਵਿਚੋਂ ਪੁੱਟ, ਪਟਨੇ ਵਾਲੇ ਨਾਲ ਜੋੜ ਜੁੜਾਈਆ । ਜਿਥੇ ਸਭ ਦੀ ਜਾਏ ਛੁਟ, ਆਵਣ ਜਾਵਣ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਸੱਚਾ ਇਕ ਗੋਸਾਈਆ । ਭਾਗੀਰਥ ਕਹੇ ਤੈਨੂੰ ਕਹਿੰਦੇ ਵਹਿਣਾਂ ਵਾਲਾ ਦਰਿਆ, ਭੱਜੇਂ ਵਾਹੋ ਦਾਹੀਆ । ਕੁਛ ਮੈਨੂੰ ਦੇ ਸਮਝਾ, ਕਿਸ ਬਿਧ ਪੈਂਡਾ ਲਏਂ ਮੁਕਾਈਆ । ਮੇਲਾ ਹੋਵੇ ਬੇਪਰਵਾਹ, ਆਪਣੇ ਵਿਚ ਸਮਾਈਆ । ਮੈਂ ਵੀ ਤੇਰੇ ਕੰਢੇ ਬਹਿ ਕੇ ਚਲਿਆ ਨਹਾ, ਨੌ ਮਿੰਟ ਸਿੰਘਾਸਣ ਲਾਈਆ । ਮੈਨੂੰ ਥੋੜਾ ਜਿਹਾ ਅੰਦਰ ਚਾਨਣ ਦਿਤਾ ਪਾ, ਨੂਰ ਡਲਕ ਲਗਾਈਆ । ਥੋੜਾ ਜਿਹਾ ਰਸ ਗਿਆ ਆ, ਅੰਮ੍ਰਿਤ ਰੂਪ ਬਦਲਾਈਆ । ਧੁਨ ਅਗੰਮੀ ਦਿਤੀ ਸੁਣਾ, ਸ਼ਬਦੀ ਤਾਲ ਵਜਾਈਆ । ਪਿੱਛਾ ਦਿਤਾ ਭੁਲਾ, ਕੁਛ ਅੱਗਾ ਦਿਤਾ ਵਖਾਈਆ । ਸਹਿਜੇ ਫੜ ਕੇ ਬਾਂਹ, ਹਲੂਣਾ ਦਿਤਾ ਲਗਾਈਆ । ਦੱਸ ਕੇ ਆਪਣਾ ਨਾਂ, ਸੋ ਪੁਰਖ ਨਿਰੰਜਣ ਕਰੀ ਪੜ੍ਹਾਈਆ । ਮੈਂ ਕਰ ਕੇ ਅੱਗੋਂ ਹਾਂ, ਸੀਸ ਦਿਤਾ ਨਿਵਾਈਆ । ਤੇਰੀ ਕੰਢੀ ਬੈਠਾ ਆ, ਡੇਰਾ ਕੱਖਾਂ ਉਤੇ ਰਖਾਈਆ । ਤੂੰ ਦੱਸ ਕੀਹਨੂੰ ਰਿਹਾ ਗਾ, ਕਵਣ ਰਾਗ ਅਲਾਈਆ । ਬਿਆਸ ਕਿਹਾ ਮੈਂ ਇਕੋ ਸਮਝ ਕੇ ਪਿਤਾ ਮਾਂ, ਪੁਰਖ ਅਕਾਲ ਰਿਹਾ ਧਿਆਈਆ । ਦੂਜਾ ਇਸ਼ਟ ਮੰਨਾਂ ਕੋਈ ਨਾ, ਚਰਨ ਸੀਸ ਨਾ ਕਿਸੇ ਝੁਕਾਈਆ । ਜੋ ਮੇਰੀ ਆਸਾ ਰਹੇ ਰਖਾ, ਬਿਨ ਪਾਣੀ ਜੀਵਣ ਜਗਤ ਨਾ ਕੋਇ ਵਧਾਈਆ । ਪੰਜਾਂ ਤੱਤਾਂ ਵਾਲੇ ਪਹਿਲੇ ਗੁਰੂ ਲਏ ਧਿਆ, ਅੰਤ ਨਾਤਾ ਗਏ ਤੁੜਾਈਆ । ਮਾਟੀ ਹੋਈ ਸਵਾਹ, ਜੋਤ ਵਿਚ ਸਮਾਈਆ । ਮੈਂ ਓਸੇ ਅੱਗੇ ਅਰਜ਼ ਦਿਤੀ ਸੁਣਾ, ਜਿਸ ਮੇਰੀ ਬਣਤ ਬਣਾਈਆ । ਉਸ ਸਹਿਜੇ ਦਿਤਾ ਜਣਾ, ਹੁਕਮੀ ਹੁਕਮ ਪਰਗਟਾਈਆ । ਜਿਸ ਵੇਲੇ ਨਿਰਗੁਣ ਧਾਰ ਹੋ ਕੇ ਜਾਵਾਂ ਆ, ਮੈਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜਲਵਾ ਕਰ ਰੁਸ਼ਨਾ, ਨੂਰ ਨੁਰਾਨਾ ਡਗਮਗਾਈਆ । ਤੇਰਾ ਲੇਖਾ ਦੇਵਾਂ ਮੁਕਾ, ਮੁਕੰਮਲ ਆਪਣਾ ਰੰਗ ਚੜ੍ਹਾਈਆ । ਜਲਧਾਰ ਵਿਚੋਂ ਆਪਣੇ ਨਾਲ ਲਵਾਂ ਮਿਲਾ, ਨਾਤਾ ਧੁਰ ਦਾ ਆਪ ਰਖਾਈਆ । ਸੋ ਵੇਲਾ ਵਕਤ ਪਹੁੰਚਿਆ ਆ, ਭਰੋਸੇ ਨਾਲ ਰਿਹਾ ਦ੍ਰਿੜਾਈਆ । ਭਾਗੀਰਥ ਮੈਂ ਓਸੇ ਦਾ ਤੱਕਾਂ ਰਾਹ, ਜਿਸ ਤੈਨੂੰ ਝਲਕ ਦਿਤੀ ਚਮਕਾਈਆ । ਝੱਲਾਂ ਬੇਲਿਆਂ ਵਿਚ ਮੇਰਾ ਹੋਵੇ ਸਹਾ, ਸਹਾਇਤਾ ਕਰੇ ਥਾਈਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਇਕ ਮਲਾਹ, ਜੋ ਬੇੜੇ ਪੱਤਨ ਰਿਹਾ ਤਰਾ, ਤਾਰਨਹਾਰ ਵੱਡੀ ਵਡਿਆਈਆ ।

## ★ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਰਾਮ ਸਿੰਘ ਦੇ ਗ੍ਰਿਹ ਪਿੰਡ ਸਰੀਂਹ ਜ਼ਿਲਾ ਜਲੰਧਰ ★

ਬਿਆਸ ਕਹੇ ਤੇਰਾ ਖੇਲ ਬੇਪਰਵਾਹੀ, ਪਾਰਬ੍ਰਹਮ ਪਤਿਪਰਮੇਸ਼ਵਰ ਅੰਤ ਕੋਇ ਨਾ ਆਈਆ । ਤੇਰਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਲਿਖੇ ਕੋਇ ਨਾ ਕਲਮ ਸ਼ਾਹੀ, ਕਾਗ਼ਜ਼ ਨੇਤਰ ਰੋਵਣ ਮਾਰਨ ਧਾਹੀਂਆ । ਹੁਕਮੇ ਅੰਦਰ ਗੁਰ ਅਵਤਾਰ ਪੈਗ਼ੰਬਰ ਜਿਸ ਬਣਾਏ ਰਾਹੀ, ਪਾਂਧੀ ਬਣ ਕੇ ਲੋਕਮਾਤ ਸਤਿਜੁਗ ਤਰੇਤਾ ਦੁਆਪਰ ਕਲਜੁਗ ਫੇਰੀਆਂ ਗਏ ਪਾਈਆ । ਤੇਰੇ ਨਾਮ ਦੀ ਅਗੰਮ ਅਥਾਹ ਬੇਪਰਵਾਹ ਕਰਦੇ ਗਏ ਸ਼ਨਵਾਈ, ਸਚ ਸੰਦੇਸ਼ਾ ਨਰ ਨਰੇਸ਼ਾ ਦੋ ਜਹਾਨ ਸੁਣਾਈਆ । ਤੇਰੀ ਮੰਜ਼ਲ ਦੱਸਦੇ ਗਏ ਉਚ ਆਲੀਸ਼ਾਨ ਹਾਈ, ਜਿਸ ਨੂੰ ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਉਚੀ ਕੂਕ ਕੂਕ ਰਸਨਾ ਜਿਹਵਾ ਬੱਤੀ ਦੰਦ ਦੇਂਦੇ ਗਏ ਦੁਹਾਈ, ਤੇਰਾ ਢੋਲਾ ਰਾਗ ਨਾਦ ਨਗ਼ਮਾ ਨਰ ਨਰਾਇਣ ਇਕੋ ਗਾਈਆ । ਨਿਰਗੁਣ ਨਿਰਗੁਣ ਅੰਤਰ ਅੰਤਰ ਨਿਰੰਤਰ ਲਿਵ ਇਕੋ ਲਾਈ, ਪਰਮਾਤਮ ਮਿਲ ਕੇ ਪਰਮਾਤਮ ਖੇਲ ਖਿਲਾਈਆ । ਜਿਸ ਦਾ ਲਹਿਣਾ ਦੇਣਾ ਕੋਈ ਜਾਣ ਨਾ ਸਕੇ ਹਿੰਦਸਿਆਂ ਵਿਚ ਇਕਾਈ, ਜ਼ੀਰੋ ਸਿਫ਼ਰਾ ਸਮਝ ਕਿਸੇ ਨਾ ਆਈਆ । ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਸ੍ਰਿਸ਼ਟੀ ਵਿਚ ਕਰ ਕੇ ਗਏ ਲਿਖਾਈ, ਬੋਧ ਅਗਾਧਾ ਭੇਵ ਅਭੇਦਾ ਆਪ ਜਣਾਈਆ । ਜਿਸ ਦਾ ਪੜਦਾ ਓਹਲਾ ਕੋਈ ਚੁੱਕ ਨਾ ਸਕੇ ਰਾਈ, ਰਈਅਤ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਵੇਖਣ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰਾ ਖੇਲ ਅਗੰਮ ਅਥਾਹੀ, ਅਲਖ ਅਗੋਚਰ ਤੇਰਾ ਅੰਤ ਨਾ ਕੋਇ ਸਮਝਾਈਆ । ਨਮੋਂ ਨਮਸਤੇ ਕਹਿ ਕੇ ਚਰਨ ਕਵਲ ਸੀਸ ਰਹੇ ਝੁਕਾਈ, ਡੰਡਾਵਤ ਵਿਚ ਆਪਣੀ ਖ਼ੁਸ਼ੀ ਬਣਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਚ ਸੰਦੇਸ਼ ਦੇਣਾ ਸੁਣਾਈ, ਅਨਰਾਗੀ ਆਪਣਾ ਰਾਗ ਅਲਾਈਆ । ਦਰ ਦਵਾਰ ਠਾਂਡਾ ਨਰ ਨਿਰੰਕਾਰ ਇਕ ਵਖਾਈਂ, ਦੂਜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਸ਼ਾਹੋ ਸ਼ਾਬਾਸ਼ੀ, ਧੁਰ ਸੁਲਤਾਨ ਹੋ ਮਿਹਰਵਾਨ ਆਪਣੀ ਮਿਹਰ ਨਜ਼ਰ ਉਠਾਈਆ । ਬਿਆਸ ਕਹੇ ਪਾਰਬ੍ਰਹਮ ਪਤਿਪਰਮੇਸ਼ਵਰ ਗਹਿਰ ਗੰਭੀਰ, ਗਵਰ ਤੇਰਾ ਖੇਲ ਨਜ਼ਰੀ ਆਈਆ । ਆਦਿ ਜੁਗਾਦੀ ਨਿਰਗੁਣ ਸਰਗੁਣ ਧਾਰ ਤੇਰੀ ਬੇਨਜ਼ੀਰ, ਜਗਤ ਨੇਤਰ ਲੋਚਣ ਨੈਣ ਅੱਖ ਵੇਖਣ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਪਰਵਰਦਿਗਾਰ ਸਾਂਝੇ ਯਾਰ ਬਦਲ ਦੇ ਤਕਦੀਰ, ਤਹਿਰੀਰ ਤਕਰੀਰ ਦੋਹਾਂ ਦਾ ਲਹਿਣਾ ਦੇ ਮੁਕਾਈਆ । ਤੇਰਾ ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਜਿਸ ਦੇ ਹੱਥ ਸਚ ਤਦਬੀਰ, ਦੋ ਜਹਾਨ ਭੇਵ ਅਭੇਦਾ ਦੇ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਮੈਨੂੰ ਦੇ ਕੇ ਗਏ ਧੀਰ, ਧਰਵਾਸਾ ਲੋਕਮਾਤ ਧਰਾਈਆ । ਪੁਰਖ ਅਕਾਲ ਦੀਨ ਦਿਆਲ ਹੋ ਮਿਹਰਵਾਨ ਕਲਜੁਗ ਅੰਤ ਸਦੀ ਚੌਧਵੀਂ ਆਵੇ ਅਖ਼ੀਰ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਫੇਰਾ ਪਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਪੀਰ, ਪਰਾ ਪਸੰਤੀ ਮਧਮ ਬੈਖਰੀ ਜਿਸ ਦਾ ਗੀਤ ਗਾਈਆ । ਉਹ ਲੇਖਾ ਜਾਣੇ ਕਾਇਆ ਮਾਟੀ ਤਨ ਵਜੂਦ ਲੱਖ ਚੁਰਾਸੀ ਸਾਢੇ ਤਿੰਨ ਹੱਥ ਸਰੀਰ, ਮਾਨੁਖ ਮਾਨੁਸ਼ ਮਾਨਸ ਪੜਦਾ ਦਏ ਚੁਕਾਈਆ । ਜਿਸ ਦੇ ਕੋਲ ਨਾਮ ਖੰਡਾ ਸ਼ਮਸ਼ੀਰ, ਕੂੜੀ ਕਿਰਿਆ ਡੇਰਾ ਢਾਹੀਆ । ਜਨ ਭਗਤਾਂ ਰਹਿਣ ਨਾ ਦੇਵੇ ਦਿਲਗੀਰ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰਵੇਸ਼

ਹੋ ਕੇ ਧੁਰ ਦੀ ਮੰਗ ਮੰਗਾਈਆ । ਬਿਆਸ ਕਹੇ ਮੈਂ ਰਾਹ ਰਿਹਾ ਤੱਕਦਾ, ਜੁਗ ਚੌਕੜੀ ਧਿਆਨ ਲਗਾਈਆ । ਦੋ ਜਹਾਨਾਂ ਰਿਹਾ ਲੱਭਦਾ, ਖੋਜਤ ਖੋਜਤ ਵੇਖ ਵਖਾਈਆ । ਖੇਲ ਵੇਖਦਾ ਰਿਹਾ ਸਭ ਦਾ, ਜੁਗ ਚੌਕੜੀ ਧਿਆਨ ਲਗਾਈਆ । ਜੋ ਘੜਿਆ ਸੋ ਰਿਹਾ ਭੱਜਦਾ, ਥਿਰ ਰਹਿਣ ਕੋਇ ਨਾ ਪਾਈਆ । ਬਿਨ ਤੇਰੇ ਦੀਪਕ ਦੀਪਕ ਸਾਚਾ ਨੂਰ ਕੋਇ ਨਾ ਜਗਦਾ, ਸ਼ਮਅ ਗੁਲ ਦਿਸੇ ਲੋਕਾਈਆ । ਤੇਰਾ ਮਾਰਗ ਆਦਿ ਜੁਗਾਦਿ ਸਦਾ ਸਚ ਦਾ, ਗੁਰ ਅਵਤਾਰ ਪੈਗ਼ੰਬਰ ਗਏ ਦ੍ਰਿੜਾਈਆ । ਤੂੰ ਲੂੰ ਲੂੰ ਅੰਦਰ ਰਚਦਾ, ਸਾਢੇ ਤਿੰਨ ਕਰੋੜ ਤੇਰੀ ਸ਼ਰਨਾਈਆ । ਤੂੰ ਬਿਨ ਰਸਨਾ ਜਿਹਵਾ ਬੱਤੀ ਦੰਦ ਭਗਤਾਂ ਪ੍ਰੀਤੀ ਅੰਦਰ ਹੱਸਦਾ, ਹਸਤੀ ਵਿਚੋਂ ਹਸਤੀ ਲਏਂ ਪਰਗਟਾਈਆ । ਸਚ ਇਸ਼ਾਰਾ ਦੇ ਕੇ ਨਿਜ ਲੋਚਣ ਨੇਤਰ ਨੈਣ ਅੱਖ ਦਾ, ਪ੍ਰਤਖ ਮਿਲੇ ਆਪ ਗੋਸਾਈਆ । ਕਲਜੁਗ ਅੰਤ ਅਖ਼ੀਰ ਵੇਲਾ ਵਕਤ ਨਹੀਂ ਰਹਿਣਾ ਵੱਖ ਦਾ, ਵਿਛੜੇ ਲੈ ਮਿਲਾਈਆ । ਸਚ ਦਵਾਰਾ ਖੋਲ੍ਹ ਆਪਣੇ ਨਾਮ ਹੱਟ ਦਾ, ਹਟਵਾਣਾ ਹੋ ਕੇ ਸੇਵ ਕਮਾਈਆ । ਕੂੜ ਕੁੜਿਆਰ ਜਾਏ ਨੱਸਦਾ, ਭੈ ਵਿਚ ਆਪਣਾ ਮੁਖ ਛੁਪਾਈਆ । ਸਤਿ ਧਰਮ ਮਾਰਗ ਲੱਗੇ ਤੇਰੇ ਜਸ ਦਾ, ਚਾਰ ਵਰਨ ਅਠਾਰਾਂ ਬਰਨ ਤੇਰਾ ਢੋਲਾ ਗਾਈਆ । ਸਦਾ ਸਦਾ ਨਿਤ ਨਵਿਤ ਪਰਮ ਪੁਰਖ ਤੂੰ ਭਗਤਾਂ ਪੈਜ ਰੱਖਦਾ, ਕਲਜੁਗ ਅੰਤ ਹੋ ਸਹਾਈਆ । ਤੇਰਾ ਖੇਲ ਸਦਾ ਸਮਰਥ ਦਾ, ਸਮਰਥ ਪੁਰਖ ਤੇਰੀ ਬੇਪਰਵਾਹੀਆ । ਬਿਆਸ ਕਹੇ ਮੈਂ ਚਰਨ ਕਵਲਾਂ ਉਪਰ ਬਿਨ ਸੀਸ ਆਪਣਾ ਸੀਸ ਰੱਖਦਾ, ਜਗਦੀਸ਼ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮਾਲਕ ਆਦਿ ਜੁਗਾਦੀ ਘਟ ਘਟ ਦਾ, ਗ੍ਰਿਹਿ ਗ੍ਰਿਹਿ ਅੰਦਰ ਕਾਇਆ ਮੰਦਰ ਦੀਨ ਦੁਨੀ ਕਰ ਸਫ਼ਾਈਆ ।



★ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਗੁਰਦਿਆਲ ਸਿੰਘ ਦੇ ਗ੍ਰਿਹਿ ਚੀਮਾਂ ਕਲਾਂ ਜ਼ਿਲਾ ਜਲੰਧਰ ★

ਬਿਆਸ ਕਹੇ ਯਾਦ ਆਇਆ ਮੰਡੀ ਮੇਰੇ ਵਿਚ ਗੋਬਿੰਦ ਧੋਇਆ ਭੱਥਾ, ਪਾਣੀ ਪੰਜ ਵੇਰਾਂ ਆਪ ਹਿਲਾਈਆ । ਤੇਰਾਂ ਦਾ ਸੀ ਨਾਲ ਜੱਥਾ, ਗੁਰਮੁਖ ਸੰਗ ਲਿਆਈਆ । ਮੈਨੂੰ ਉਠਾ ਕੇ ਸੁਣਾਈ ਕਥਾ, ਸ਼ਬਦੀ ਹੁਕਮ ਦ੍ਰਿੜਾਈਆ । ਉਠ ਪਿਆਰੇ ਦੁਲਾਰੇ ਪ੍ਰਭ ਦੇ ਬੱਚਾ, ਬਚਪਨ ਤੇਰਾ ਦਿਆਂ ਸਮਝਾਈਆ । ਚਾਰ ਜੁਗ ਤੇਰਾ ਖੇਲ ਹੋਇਆ ਕੱਚਾ, ਇੱਟਾਂ ਪੱਥਰਾਂ ਨਾਲ ਟਕਰਾਈਆ । ਆ ਅੰਮ੍ਰਿਤ ਪੀ ਰਤਾ, ਸੱਜੇ ਹੱਥ ਦੀ ਉਂਗਲੀ ਦਿਤੀ ਚਟਾਈਆ । ਫੇਰ ਚੁੱਕ ਕੇ ਉਤੇ ਪੱਟਾਂ, ਹੱਥ ਛਾਤੀ ਉਤੇ ਰਖਾਈਆ । ਘਾਸ ਦਾ ਪੁੱਟ ਕੇ ਗੱਟਾ, ਮੇਰੇ ਵਿਚ ਦਿਤਾ ਰੁੜ੍ਹਾਈਆ । ਉਨੀ ਉਂਗਲਾਂ ਦਾ ਫੱਟਾਂ, ਸਹਿਜੇ ਦਿਤਾ ਟਿਕਾਈਆ । ਅੱਧ ਵਿਚਕਾਰੋਂ ਫੜ ਕੇ ਕੱਟਾ, ਖੰਡਾ ਦਿਤਾ ਛੁਹਾਈਆ । ਇਹ ਖੇਲ ਮੈਨੂੰ ਲੱਗਾ ਅੱਛਾ, ਵੇਖ ਖ਼ੁਸ਼ੀ ਮਨਾਈਆ । ਗੋਬਿੰਦ ਫੜ ਕੇ ਆਪਣਾ ਭੱਥਾ, ਮੇਰੇ ਉਤੇ ਦਿਤਾ ਹਿਲਾਈਆ । ਮੇਰੀਆਂ ਖੁਲ੍ਹ ਗਈਆਂ ਅੰਦਰੋਂ ਬਾਹਰੋਂ ਅੱਖਾਂ, ਦੋ ਜਹਾਨ ਨਜ਼ਰੀ ਆਈਆ । ਬਿਨਾ ਪੁਰਖ ਅਕਾਲ ਮਿਲਿਆ ਕੋਈ ਨਾ ਸਖ਼ਾ, ਕੂੜੀ ਦਿੱਸੀ ਜਗਤ ਲੋਕਾਈਆ । ਮੈਂ ਜੋੜ ਕੇ ਦੋਵੇਂ ਹੱਥਾਂ, ਬੰਦਨਾ ਚਰਨ ਲਈ ਕਰਾਈਆ । ਕੁਛ ਦੱਸ ਅਗਲਾ ਪਤਾ, ਮੈਨੂੰ ਦੇ ਸਮਝਾਈਆ । ਗੋਬਿੰਦ ਖ਼ੁਸ਼ੀਆਂ ਨਾਲ ਹੱਸਾ, ਸੱਜਾ ਚਰਨ ਤਿੰਨ ਵਾਰ ਪੱਥਰ

ਨਾਲ ਟਕਰਾਈਆ । ਓਸੇ ਵੇਲੇ ਵਗਣ ਲੱਗਾ ਠੱਕਾ, ਹਵਾ ਪਾਣੀ ਜ਼ੋਰ ਲਗਾਈਆ । ਨਿਰਗੁਣ ਧਾਰ ਪੁਰਖ ਅਕਾਲ ਆਇਆ ਨੱਠਾ, ਜੋਤੀ ਜਾਤਾ ਫੇਰਾ ਪਾਈਆ । ਜਿਸ ਦੇ ਕੋਲ ਚਾਰ ਜੁਗ ਦੇ ਲੇਖ ਦਾ ਪਟਾ, ਹਿੱਸੇ ਗੁਰ ਅਵਤਾਰ ਪੈਗੰਬਰਾਂ ਰਿਹਾ ਵਖਾਈਆ । ਨਿਸ਼ਾਨਾ ਬਿਨ ਕਾਗ਼ਜ਼ ਨਜ਼ਰ ਆਇਆ ਚਿੱਟਾ, ਸ਼ਾਹੀ ਵੰਡ ਨਾ ਕੋਇ ਵੰਡਾਈਆ । ਬ੍ਰਹਿਮੰਡਾਂ ਖੰਡਾਂ ਨਾਲੋਂ ਲੰਮਾ ਚਿੱਠਾ, ਜਿਹੜਾ ਸਹਿਜੇ ਦਿਤਾ ਜਣਾਈਆ । ਮੈਂ ਹੋ ਕੇ ਹੱਕਾ ਬੱਕਾ, ਹੱਥ ਮੱਥੇ ਉਤੇ ਟਿਕਾਈਆ । ਗੋਬਿੰਦ ਸਹਿਜੇ ਮੈਨੂੰ ਲਾਇਆ ਧੱਕਾ, ਢਾਈ ਕਦਮ ਅੱਗੇ ਦਿਤਾ ਵਧਾਈਆ । ਜਿਥੇ ਵਿਛੀ ਅਗੰਮੀ ਸਫ਼ਾ, ਜਿਸ ਦੀ ਬਣਤ ਨਾ ਕੋਇ ਬਣਾਈਆ । ਪੁਰਖ ਅਕਾਲ ਦਿਸਿਆ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਵੱਡਿਉਂ ਵੱਡਾ ਨਿੱਕਿਉਂ ਨਿੱਕਾ, ਦੋਵੇਂ ਧਾਰਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਸਮਝਾਈਆ । ਬਿਆਸ ਕਹੇ ਮੈਂ ਧੱਕਾ ਖਾਧਾ ਢਾਈ ਕਦਮ, ਹੁਲਾਰ ਸਮਝ ਕੋਇ ਨਾ ਆਈਆ । ਮੇਰਾ ਕੰਬ ਗਿਆ ਬਦਨ, ਸੁਰਤੀ ਅੰਦਰੋਂ ਸੁਰਤ ਭਵਾਈਆ । ਮੈਂ ਹੱਥ ਲੱਗਾ ਮੱਲਣ, ਆਪਣੇ ਆਪ ਪਛਤਾਈਆ । ਨੇਤਰ ਹੰਝੂ ਲੱਗਾ ਕਿਰਨ, ਮੋਤੀ ਛਹਿਬਰ ਲਾਈਆ । ਮੈਂ ਪਰਦੱਖਣਾ, ਵਿਚ ਲੱਗਾ ਫਿਰਨ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਪੁਰਖ ਅਕਾਲ ਜੋਤ ਦੀ ਦਿਤੀ ਕਿਰਨ, ਨੂਰ ਕੀਤਾ ਰੁਸ਼ਨਾਈਆ । ਓਧਰੋਂ ਸਾਢੇ ਤਿੰਨ ਸਾਲ ਦਾ ਬੱਚਾ ਆਇਆ ਹਿਰਨ, ਰੰਗ ਸੁਨਹਿਰੀ ਰੂਪ ਵਟਾਈਆ । ਗੋਬਿੰਦ ਡਿੱਗਾ ਆ ਕੇ ਚਰਨ, ਸੀਸ ਸੋਹਣਾ ਦਿਤਾ ਝੁਕਾਈਆ । ਮੈਂ ਓਸ ਨਾਲ ਲੱਗਾ ਲੜਨ, ਗ਼ੁੱਸਾ ਮੇਰੇ ਅੰਦਰ ਆਈਆ । ਮੈਂ ਇਸ ਦੀ ਤੱਕੀ ਸਰਨ, ਇਹ ਮੇਰਾ ਧੁਰਦਰਗਾਹੀਆ । ਦੂਜਾ ਏਥੇ ਕੋਈ ਨਹੀਂ ਦੇਣਾ ਵੜਨ, ਇਹ ਮੇਰੀ ਵਡਿਆਈਆ । ਆਪਣੇ ਵਿਚੋਂ ਕੋਈ ਨਹੀਂ ਦੇਣਾ ਤਰਨ, ਡੂੰਘੇ ਵਹਿਣ ਦਿਆਂ ਵਹਾਈਆ । ਗੋਬਿੰਦ ਕਿਹਾ ਮੈਂ ਕਰਨੀ ਦਾ ਕਰਨ, ਕਰਤੇ ਦਾ ਹੁਕਮ ਦਿਆਂ ਸਮਝਾਈਆ । ਗੋਬਿੰਦ ਪ੍ਰੇਮੀ ਸਾਰੇ ਤਰਨ, ਤੇਰੀ ਚਲੇ ਨਾ ਕੋਇ ਚਤੁਰਾਈਆ । ਸਾਚੀ ਮੰਜ਼ਲ ਮੇਰੀ ਚੜ੍ਹਨ, ਜਿਥੇ ਮਿਲੇ ਬੇਪਰਵਾਹੀਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨ, ਧੁਰ ਦਾ ਰਾਗ ਅਲਾਈਆ । ਬਿਆਸ ਕਹੇ ਮੈਂ ਵਿਚੇ ਵਿਚ ਲੱਗਾ ਸੜਨ, ਅਗਨੀ ਮੇਰੇ ਅੰਦਰ ਆਈਆ । ਓਧਰੋਂ ਭੱਜਾ ਆ ਗਿਆ ਦੇਵਤਾ ਵਰੁਨ, ਨਿਉਂ ਨਿਉਂ ਲਾਗੇ ਪਾਈਆ । ਓਧਰੋਂ ਅੰਮ੍ਰਿਤ ਮੇਘ ਝਿਰਨਾ ਲੱਗਾ ਝਿਰਨ, ਬਾਦਲ ਘਨਘੋਰ ਰਹੇ ਵਖਾਈਆ । ਓਧਰੋਂ ਸ਼ੰਕਰ ਕੈਲਾਸ਼ ਉਤੋਂ ਲੱਗਾ ਰਿੜ੍ਹਨ, ਨੱਠਿਆ ਵਾਹੋ ਦਾਹੀਆ । ਮੈਂ ਉਹਨੂੰ ਵੇਖ ਕੇ ਲੱਗਾ ਚਿੜਨ, ਤਬੀਅਤ ਲਈ ਬਦਲਾਈਆ । ਮੇਰਾ ਦਿਲ ਲੱਗਾ ਗਿਰਨ, ਹੌਸਲਾ ਰਿਹਾ ਢਾਹੀਆ । ਉਲਟਾ ਗੇੜਾ ਲੱਗਾ ਗਿੜਨ, ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਬਿਆਸ ਕਹੇ ਜਿਸ ਵੇਲੇ ਮੇਰੇ ਵਿਚ ਭੱਥਾ ਧੋਤਾ, ਆਪਣੀ ਹੱਥੀਂ ਸਾਫ਼ ਕਰਾਈਆ । ਮੈਂ ਜਾਗਿਆ ਉਠਿਆ ਸੋਤਾ, ਸੁਰਤੀ ਅੱਖ ਖੁਲ੍ਹਾਈਆ । ਓਧਰੋਂ ਨਹਾਵਣ ਆਇਆ ਖੋਤਾ, ਉਮਰ ਨੌਂ ਸਾਲ ਵਖਾਈਆ । ਓਧਰੋਂ ਮਛਲੀ ਮਾਰ ਕੇ ਗੋਤਾ, ਜਲ ਪਾਣੀ ਦਿਤਾ ਹਿਲਾਈਆ । ਓਧਰੋਂ ਕਾਫ਼ਲੇ ਵਿਚੋਂ ਵਿਛੜ ਕੇ ਆ ਗਿਆ ਬੋਤਾ, ਧੌਣ ਲੰਮੀ ਲਈ ਕਰਾਈਆ । ਓਧਰੋਂ ਲੱਕੜਹਾਰਾ ਹੱਥ ਵਿਚ ਫੜ ਕੇ ਟੋਕਾ, ਭੱਜਿਆ ਵਾਹੋ ਦਾਹੀਆ । ਓਧਰੋਂ ਚੌਦਾਂ ਸਾਲ ਦਾ ਬੁੱਢਾ ਵੇਖਿਆ ਝੋਟਾ, ਅੱਖਾਂ ਲਾਲ ਕੱਢ ਡਰਾਈਆ । ਗੋਬਿੰਦ ਸਭ ਨੂੰ ਵੇਖ ਕੇ ਚਰਨਾਂ ਤੋਂ ਲਾਹਿਆ ਖੋਸਾ, ਪੈਰ ਨੰਗੇ ਲਏ ਕਰਾਈਆ । ਆਓ ਰਿਖੀਓ ਤੁਹਾਡਾ ਮੇਰੇ ਨਾਲ ਹੁਣ ਨਹੀਂ ਕੋਈ ਰੋਸਾ, ਸਤਿਜੁਗ

ਦੇ ਵਿਛੜੇ ਕਲਜੁਗ ਅੰਤਮ ਲਵਾਂ ਮਿਲਾਈਆ । ਪ੍ਰੇਮ ਪਿਆਰ ਅੰਦਰ ਤੁਹਾਡੇ ਅੰਦਰ ਜਗਾਵਾਂ ਜੋਤਾ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਤੁਹਾਡੀ ਜਨਮ ਜਨਮ ਦੀ ਮੁਕੇ ਸੋਚਾ, ਲੱਖ ਚੁਰਾਸੀ ਦਿਆਂ ਕਟਾਈਆ । ਦੁੱਖ ਭੋਗਿਆ ਬਹੁਤਾ, ਅੰਡਜ ਜੇਰਜ ਉਤਭੁਜ ਸੇਤਜ ਫੇਰਾ ਪਾਈਆ । ਹੁਣ ਮੇਰੇ ਮਿਲਣ ਦਾ ਮਿਲ ਗਿਆ ਮੌਕਾ, ਰਾਮ ਕ੍ਰਿਸ਼ਨ ਦਏ ਗਵਾਹੀਆ । ਸਾਚੀ ਨਈਆ ਚੜ੍ਹਾਵਾਂ ਨੌਕਾ, ਨਾਮ ਜਹਾਜ਼ ਦਿਆਂ ਦ੍ਰਿੜਾਈਆ । ਫੇਰ ਢਈਏ ਦਾ ਲਾਉਣਾ ਢੌਂਕਾ, ਲੱਭਿਆਂ ਹੱਥ ਕਿਸੇ ਨਾ ਆਈਆ । ਧਾਹੀਂ ਮਾਰੇ ਪਟਨਾ ਪੌਂਟਾ, ਨੇਤਰ ਨੈਣਾਂ ਨੀਰ ਵਹਾਈਆ । ਮੇਰਾ ਰੂਪ (ਸ਼ਬਦੀ) ਧਾਰ ਹੋਵੇ ਚੋਟਾ, ਚੋਟੀ ਚੜ੍ਹ ਕੇ ਵੇਖ ਵਖਾਈਆ । ਚਰਨ ਲੱਗਣ ਨਾ ਦੇਵਾਂ ਕੋਈ ਖੋਟਾ, ਕੂੜ ਕੁੜਿਆਰਾਂ ਪਰੇ ਹਟਾਈਆ । ਜਨ ਭਗਤਾਂ ਅੰਦਰ ਨਾਤਾ ਜੋੜਾਂ ਆਪਣੇ ਮੋਹ ਦਾ, ਮੁਹੱਬਤ ਇਕੋ ਘਰ ਬਣਾਈਆ । ਝਗੜਾ ਰਹਿਣ ਨਹੀਂ ਦੇਣਾ ਇਕ ਦੋ ਦਾ, ਏਕੰਕਾਰ ਆਪਣੇ ਨਾਲ ਮਿਲਾਈਆ । ਖੇਲ ਕਰਾਂ ਜੋਤੀ ਸ਼ਬਦੀ ਧਾਰ ਛੋਹ ਦਾ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਮੰਡੀ ਤੋਂ ਫਾਸਲਾ ਤਿੰਨ ਕੋਹ ਦਾ, ਗੋਬਿੰਦ ਸਹਿਜੇ ਗਿਆ ਸਮਝਾਈਆ । ਜਿਥੇ ਪਰਕਾਸ਼ ਨਹੀਂ ਕਿਸੇ ਦੀਪਕ ਲੋ ਦਾ, ਅੰਧ ਅੰਧੇਰਾ ਨਜ਼ਰੀ ਆਈਆ । ਇਹਦਾ ਲੇਖਾ ਲਿਖਣਾ ਜੋ ਨਾਤਾ ਜੋੜਿਆ ਛੱਬੀ ਪੋਹ ਦਾ, ਭੇਵ ਅਭੇਦਾ ਆਪ ਖੁਲ੍ਹਾਈਆ । ਬਿਆਸ ਕਹੇ ਮੇਰੇ ਅੰਦਰ ਗ਼ੁੱਸਾ ਆਇਆ ਰੋਹ ਦਾ, ਹੌਕਾ ਲੈ ਕੇ ਦਿਤਾ ਜਣਾਈਆ । ਕਿਥੋਂ ਮੇਲ ਹੋਇਆ ਏਸ ਗਰੋਹ ਦਾ, ਇਕੱਠੇ ਕੰਢੇ ਉਤੇ ਆਈਆ । ਗੋਬਿੰਦ ਓਸ ਵੇਲੇ, ਬਿਆਸ ਕਹੇ ਮੈਨੂੰ ਸ਼ਬਦ ਸੁਣਾਇਆ ਸੋਹੰ ਸੋ ਦਾ, ਝਗੜਾ ਅਵਰ ਰਿਹਾ ਨਾ ਰਾਈਆ । ਜਿਸ ਵੇਲੇ ਚਾਨਣ ਹੋਵੇ ਪੁਰਖ ਅਕਾਲ ਦੀ ਲੋ ਦਾ, ਲੋਕ ਪਰਲੋਕ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਬਿਆਸ ਕਹੇ ਜਿਸ ਵੇਲੇ ਗੋਬਿੰਦ ਭੱਥਾ ਮਲਦਾ, ਬਾਹਰੋਂ ਕਰੇ ਸਫਾਈਆ । ਓਸੇ ਵੇਲੇ ਬ੍ਰਹਮਾ ਚਲਦਾ, ਆਪਣਾ ਪੰਧ ਮੁਕਾਈਆ । ਓਧਰੋਂ ਸੂਰਜ ਜਾਂਦਾ ਸੀ ਢਲਦਾ, ਬਾਰਾਂ ਤੋਂ ਬਾਰਾਂ ਮਿੰਟ ਲੰਘਾਈਆ । ਬਿਆਸ ਕਹੇ ਮੈਂ ਭਰਿਆ ਸੀ ਜਲ ਦਾ, ਵਹਿਣਾਂ ਵਿਚ ਆਪਣਾ ਅੰਤ ਵਖਾਈਆ । ਇਕ ਹੁਲਾਰਾ ਆਇਆ ਛਲ ਦਾ, ਸੱਤ ਹੱਥ ਉਚਾ ਹੋ ਕੇ ਆਪਣੀ ਧਾਰ ਵਗਾਈਆ । ਗੋਬਿੰਦ ਹੱਸ ਕੇ ਕਿਹਾ ਇਹ ਖੇਲ ਕਲਜੁਗ ਕਲ ਦਾ, ਕੂੜ ਵਿਕਾਰ ਤੇਰੇ ਵਿਚੋਂ ਬਾਹਰ ਕਢਾਈਆ । ਤੇਰੇ ਪ੍ਰੇਮ ਅੰਦਰ ਪਿਆਰ ਹੋ ਕੇ ਰਲਦਾ, ਪ੍ਰੀਤਮ ਹੋ ਕੇ ਦਿਆਂ ਵਡਿਆਈਆ । ਲੇਖਾ ਜਾਣਾਂ ਦੀਨ ਦੁਨੀ ਜਗਤ ਥਲ ਦਾ, ਅਸਗਾਹ ਪੜਦੇ ਦਿਆਂ ਉਠਾਈਆ । ਕੁਛ ਸ਼ਬਦ ਸੰਦੇਸ਼ਾ ਪੁਰਖ ਅਕਾਲ ਪਿਛੋਂ ਘੱਲਦਾ, ਬਿਆਸੇ ਤੈਨੂੰ ਦਿਆਂ ਜਣਾਈਆ । ਜਿਹੜਾ ਜੁਗ ਚੌਕੜੀ ਸਭ ਨੂੰ ਰਿਹਾ ਛਲ ਦਾ, ਉਹ ਮੇਰਾ ਪਿਤਾ ਮਾਈਆ । ਓਸ ਦਾ ਭਾਣਾ ਕਦੇ ਨਾ ਟਲਦਾ, ਮੇਰੀ ਤੱਤਾਂ ਨਾਲੋਂ ਹੋਏ ਜੁਦਾਈਆ । ਮੈਂ ਮਾਲਕ ਬਣਨਾ ਸਚਖੰਡ ਦਵਾਰੇ ਅਟਲ ਦਾ, ਅਟਲ ਪਦਵੀ ਲੈਣੀ ਪਾਈਆ । ਸ਼ਬਦੀ ਧਾਰ ਹੋ ਕੇ ਜੋਤ ਵਿਚ ਰਲਦਾ, ਨਿਰਗੁਣ ਨਿਰਗੁਣ ਵਿਚ ਆਪਣਾ ਆਪ ਛੁਪਾਈਆ । ਦਰਗਾਹ ਸਾਚੀ ਰਹਵਾਂ ਪਲਦਾ, ਆਪਣਾ ਜੋਬਨ ਲਵਾਂ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਈਆ । ਭੱਥਾ ਕਹੇ ਜਿਸ ਵੇਲੇ ਮੈਨੂੰ ਲੱਗੀ ਉਂਗਲ, ਮੇਰੇ ਤਨ ਲਈ ਅੰਗੜਾਈਆ । ਵਿਚੋਂ ਨਿਕਲੀ ਗੁੰਝਲ, ਦਵੈਤੀ ਡੇਰਾ ਢਾਹੀਆ । ਮੈਨੂੰ ਸਭ ਕੁਛ ਲੱਗਾ ਸੁੱਝਣ, ਅੱਖ ਦਿਤੀ ਖੁਲ੍ਹਾਈਆ । ਅਗਲਾ ਲੇਖਾ ਲੱਗਾ ਬੁੱਝਣ, ਪੜਦਾ ਦਿਤਾ ਚੁਕਾਈਆ । ਕੁਛ ਕੌਲ

ਇਕਰਾਰ ਕੀਤਾ ਗੋਬਿੰਦ ਨਾਲ ਬੁੱਧਨ, ਬੁੱਧੂ ਸ਼ਾਹ ਓਸੇ ਵੇਲੇ ਸਨਮੁਖ ਹੋ ਕੇ ਦਏ ਦੁਹਾਈਆ । ਏਸ ਗੋਬਿੰਦ ਨੇ ਆਪਣੇ ਵਾਰ ਜਾਣੇ ਪੁੱਤਨ, ਗੁਰਮੁਖ ਪੁੱਤ ਗੋਦ ਲਏ ਉਠਾਈਆ । ਬਿਆਸ ਇਕ ਵੇਰਾਂ ਅਕਾਲ ਪੁਰਖ ਨੂੰ ਜਾਵੇ ਪੁਛਣ, ਨਾਤਾ ਜਗਤ ਨਾਲੋਂ ਤੁੜਾਈਆ । ਫੇਰ ਸੰਤ ਸੁਹੇਲੇ ਆਵੇ ਗੋਦੀ ਚੁੱਕਣ, ਭਗਤ ਭਗਵਾਨ ਨਾਲ ਮਿਲਾਈਆ । ਜਨਮ ਜਨਮ ਦਾ ਮੇਟੇ ਦੁੱਖਣ, ਦਰਦੀਆਂ ਦਰਦ ਵੰਡਾਈਆ । ਕਲਜੁਗ ਕੂੜੀ ਜੜ੍ਹ ਆਵੇ ਪੁੱਟਣ, ਸ਼ੌਹ ਦਰਿਆ ਵਿਚ ਰੁੜ੍ਹਾਈਆ । ਓਸ ਵੇਲੇ ਗੁਰਮੁਖ ਵਿਰਲੇ ਕੋਟਾਂ ਵਿਚੋਂ ਉਠਣ, ਜਿਨ੍ਹਾਂ ਆਪਣੀ ਦਇਆ ਕਮਾਈਆ । ਦੁਨੀਆ ਤੋਂ ਆਵਾਂ ਲੁਕਣ, ਜਗਤ ਨੇਤਰ ਦਰਸ ਕੋਇ ਨਾ ਪਾਈਆ । ਫੇਰ ਤੈਨੂੰ ਆਵਾਂ ਪੁਛਣ, ਲਹਿਣਾ ਦੇਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਵੇਖਣਹਾਰਾ ਮਾਰ ਧਿਆਨ, ਨਿਗਾਹ ਆਪਣੀ ਵਿਚ ਰਖਾਈਆ ।

★ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹ ਜੰਡਿਆਲਾ ਜ਼ਿਲਾ ਜਲੰਧਰ ★

ਬਿਆਸ ਕਹੇ ਮੇਰੇ ਵੇਂਹਦਿਆਂ ਭੱਜਾ ਆ ਗਿਆ ਖ਼ਰਗੋਸ਼, ਸੁੱਧ ਬੁੱਧ ਭੁਲਾਈਆ । ਗੋਬਿੰਦ ਚਰਨੀਂ ਡਿੱਗਾ ਹੋ ਬੇਹੋਸ਼, ਚਾਰੇ ਟੰਗਾਂ ਉਪਰ ਉਠਾਈਆ । ਸਾਂਸ ਨਾਲ ਹਿੱਲੇ ਪੋਸ਼, ਖਲੜੀ ਦਏ ਦੁਹਾਈਆ । ਸਾਹਿਬ ਸਤਿਗੁਰ ਕੁਛ ਸੋਚ, ਅੰਦਰੇ ਅੰਦਰ ਰਿਹਾ ਜਣਾਈਆ । ਕਿਉਂ ਜਨਮ ਦਿਤਾ ਮਾਤਲੋਕ, ਜੂਨੀਆਂ ਵਿਚ ਭਵਾਈਆ । ਮੇਰੇ ਪਿਛੇ ਸ਼ਿਕਾਰੀ ਲੱਗੇ ਬਹੁਤ, ਭੱਟੀ ਜਾਤ ਅਖਵਾਈਆ । ਫ਼ਤੂਰੀਏ ਉਨ੍ਹਾਂ ਦੇ ਦੋਹਤ, ਕਹਿਲੂਰੀਏ ਨਾਲ ਰਲਾਈਆ । ਗਿਆਰਾਂ ਦਿਨ ਲੁਕਦਾ ਰਿਹਾ ਰੋਜ਼, ਆਪਣਾ ਆਪ ਛੁਪਾਈਆ । ਕਰਦਾ ਰਿਹਾ ਖੋਜ, ਚਾਰੋਂ ਕੁੰਟ ਨੈਣ ਤਕਾਈਆ । ਸ਼ਬਦੀ ਹੁਕਮ ਅੰਦਰ ਤੂੰ ਆਪਣੀ ਦੱਸੀ ਮੌਜ, ਕੰਢੇ ਬੈਠਾ ਧੁਰ ਦਾ ਮਾਹੀਆ । ਗ਼ਰੀਬ ਉਧਾਰਨਾ ਜਿਸ ਦਾ ਜੋਗ, ਦੀਨਾਂ ਦਇਆ ਕਮਾਈਆ । ਮੈਂ ਏਥੇ ਗਿਆ ਪਹੁੰਚ, ਚਰਨ ਕਵਲ ਸੀਸ ਝੁਕਾਈਆ । ਬੰਦਨਾ ਕਰ ਡੰਡੌਤ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਖ਼ਰਗੋਸ਼ ਪਿਛੇ ਆਏ ਕੁੱਤੇ ਚਾਰ, ਸੂਕਰ ਨਾਮ ਰਖਾਈਆ । ਨੇਤਰ ਰੋ ਪਏ ਜ਼ਾਰੋ ਜ਼ਾਰ, ਕੂਕ ਕੂਕ ਸੁਣਾਈਆ । ਕਿਰਪਾ ਕਰ ਗੋਬਿੰਦ ਧਾਰ, ਤੇਰੇ ਹੱਥ ਵਡਿਆਈਆ । ਸਾਡੇ ਨਾਲ ਗੋਬਿੰਦ ਕਰ ਪਿਆਰ, ਸਚ ਦਈਏ ਸੁਣਾਈਆ । ਨਾਨਕ ਦੇ ਕੇ ਗਿਆ ਲਾਰ, ਸ਼ਬਦੀ ਹੁਕਮ ਨਾਲ ਦ੍ਰਿੜਾਈਆ । ਲਾਲੋ ਦਵਾਰੇ ਦਰਸ਼ਨ ਕੀਤਾ ਆਣ, ਘਰੋਂ ਬਾਹਰ ਵੇਖ ਵਖਾਈਆ । ਨਿਮਰਤਾ ਨਾਲ ਕੀਤੀ ਪਰਨਾਮ, ਬੰਦਗੀ ਸੀਸ ਝੁਕਾਈਆ । ਓਸ ਦਿਤਾ ਫ਼ਰਮਾਨ, ਭੇਵ ਅਭੇਦ ਖੁਲ੍ਹਾਈਆ । ਜਿਸ ਵੇਲੇ ਗੋਬਿੰਦ ਭੱਥਾ ਲੈ ਕੇ ਆਵੇ ਵਿਚ ਜਹਾਨ, ਚਿੱਲਾ ਧੁਰ ਦਾ ਹੱਥ ਉਠਾਈਆ । ਤੁਹਾਨੂੰ ਦੇਵੇ ਇਕ ਗਿਆਨ, ਭੇਵ ਅਭੇਦ ਖੁਲ੍ਹਾਈਆ । ਹੋਵੇ ਮਿਹਰਵਾਨ, ਲਹਿਣਾ ਦੇਣਾ ਦਏ ਮੁਕਾਈਆ । ਕੂਕਰ ਕਹਿਣ ਉਹ ਵਕਤ ਪਹੁੰਚਿਆ ਆਣ, ਸਾਡਾ ਅੰਤਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਵਖਾਈਆ । ਗੋਬਿੰਦ ਕਿਹਾ ਇਹ ਸੂਕਰ ਆਏ ਨੱਠੇ, ਆਪਣਾ ਪੰਧ ਮੁਕਾਈਆ । ਖ਼ਰਗੋਸ਼, ਨਾਲ ਹੋਏ ਕੱਠੇ, ਲੇਖਾ

ਪਿਛਲਾ ਰਿਹਾ ਦ੍ਰਿੜਾਈਆ । ਤੁਹਾਡਾ ਪੂਰਬ ਜਨਮ ਨੌ ਨੌ ਵਾਰ ਹੋਇਆ ਜੋਬਨ ਵਾਲੇ ਵੱਛੇ, ਪੰਜ ਸਾਲ ਤੋਂ ਵੱਧ ਉਮਰ ਨਾ ਕੋਇ ਭੁਗਤਾਈਆ । ਇਕ ਵਾਰੀ ਮਾਨਸ ਜਨਮ ਮਿਲਿਆ ਅੱਛੇ, ਅੱਛੀ ਤਰ੍ਹਾਂ ਦ੍ਰਿੜਾਈਆ । ਤੁਸੀਂ ਮੇਰੀ ਚਰਨੀ ਢੱਠੇ, ਮਹੀਨੇ ਸਾਢੇ ਤਿੰਨ ਸੇਵ ਕਮਾਈਆ । ਤੁਹਾਡੇ ਮਨਾਂ ਨੇ ਪਾਏ ਰੱਟੇ, ਅੰਦਰੋਂ ਦਿਤਾ ਭੜਕਾਈਆ । ਕਿਸ ਦੇ ਜਾਲ ਵਿਚ ਫਸੇ, ਡੋਰੀ ਲਿਆ ਬੰਧਾਈਆ । ਚੋਰੀ ਚੋਰੀ ਮੇਰੀ ਖੇਲ ਵੇਖ ਹੱਸੇ, ਚੁਗ਼ਲੀ ਨਿੰਦਿਆ ਖ਼ੁਸ਼ੀ ਬਣਾਈਆ । ਜਿਸ ਵੇਲੇ ਮੈਂ ਪਰਗਟਾਏ ਪੰਜ ਕੱਕੇ, ਕਰਮ ਕਾਂਡ ਦਾ ਡੇਰਾ ਢਾਹੀਆ । ਤੁਸਾਂ ਪੰਜਾਂ ਨੇ ਚੋਰੀ ਕਰ ਕੇ ਗੁਰਮੁਖਾਂ ਦੇ ਕੱਛੇ, ਭੱਜ ਗਏ ਵਾਹੋ ਦਾਹੀਆ । ਓਸੇ ਵੇਲੇ ਸ਼ਬਦੀ ਧਾਰ ਮੈਨੂੰ ਦੱਸੇ, ਸੁਨੇਹੜਾ ਦਿਤਾ ਪੁਚਾਈਆ । ਹੁਕਮ ਅੰਦਰ ਦੇ ਕੇ ਧੱਕੇ, ਦਵਾਰਿਉਂ ਬਾਹਰ ਦਿਤਾ ਕਢਾਈਆ । ਤੁਹਾਡਾ ਲੇਖਾ ਕਿਹੜਾ ਕਟੇ, ਚੁਰਾਸੀ ਵਿਚੋਂ ਕਵਣ ਛੁਡਾਈਆ । ਤੁਸੀਂ ਗਿਆਰਾਂ ਵਾਰ ਆਂਡਿਆਂ ਵਿਚ ਬਣੇ ਬੱਚੇ, ਘੋਗੜ ਪਿਛਲੇ ਦਿਆਂ ਸਮਝਾਈਆ । ਤਿੰਨ ਵਾਰ ਮੇਰਾ ਬਾਜ਼ ਤੁਹਾਨੂੰ ਸੱਟੇ, ਛੱਤੀ ਦਿਨ ਤੋਂ ਵੱਧ ਉਮਰ ਨਾ ਕਿਸੇ ਭੁਗਤਾਈਆ । ਅੰਤ ਵੇਰ ਬਾਜ਼ ਮੇਰੀ ਚਰਨੀ ਢੱਠੇ, ਨਿਉਂ ਕੇ ਸੀਸ ਨਿਵਾਈਆ । ਕੁਛ ਖੇਲ ਦੱਸ ਸਤਿਗੁਰ ਸੱਚੇ, ਦਰ ਤੇਰੇ ਮੰਗ ਮੰਗਾਈਆ । ਮੈਨੂੰ ਐਂ ਦਿਸਦਾ ਇਹ ਤੇਰੇ ਸਿੱਖ ਕੱਚੇ, ਕੱਚਾ ਤੰਦ ਨਜ਼ਰੀ ਆਈਆ । ਕਰ ਕਿਰਪਾ ਬਖ਼ਸ਼ ਇਹ ਵੀ ਤੇਰੇ ਬੱਚੇ, ਲਹਿਣਾ ਦੇ ਮੁਕਾਈਆ । ਗੋਬਿੰਦ ਕਿਹਾ ਮਿਹਰਵਾਨ ਹੋ ਕੇ ਕਰਾਂ ਕੱਠੇ, ਦੇਵਾਂ ਮਾਣ ਵਡਿਆਈਆ । ਏਨ੍ਹਾਂ ਨੂੰ ਸ਼ੌਹ ਦਰਿਆ ਕੋਈ ਨਾ ਸੱਟੇ, ਜਲ ਧਾਰ ਨਾ ਕੋਇ ਰੁੜ੍ਹਾਈਆ । ਏਸੇ ਕਾਰਨ ਬਿਆਸ ਦੇ ਆਏ ਤੱਟੇ, ਕਿਨਾਰੇ ਉਤੇ ਡੇਰਾ ਲਾਈਆ । ਗੋਬਿੰਦ ਏਨ੍ਹਾਂ ਪਤ ਰੱਖੇ, ਨਾਤਾ ਜਗਤ ਨਾਲੋਂ ਤੁੜਾਈਆ । ਸਚਖੰਡ ਦਵਾਰੇ ਢੱਕੇ, ਜਿਥੇ ਫੇਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਰਿਹਾ ਮੁਕਾਈਆ । ਸਵਾਨਾਂ ਪਿਛੇ ਆਏ ਨੌ ਸ਼ਿਕਾਰੀ, ਟੋਪੀਆਂ ਪੱਗਾਂ ਸਿਰ ਟਿਕਾਈਆ । ਇਕ ਦਾ ਨਾਂ ਵਿਚ ਗਿਰਧਾਰੀ, ਗੋਪੀ ਚੰਦ ਪਿਤਾ ਰਿਹਾ ਬਣਾਈਆ । ਉਹਦੀ ਪੱਥਰ ਠਾਕਰ ਨਾਲ ਯਾਰੀ, ਨਿਤ ਨਿਤ ਇਸ਼ਨਾਨ ਕਰਾਈਆ । ਉਹਦੇ ਘਰ ਪ੍ਰਭ ਦੇ ਮਿਲਣ ਵਾਲੀ ਸਧਰਾਂ ਭਰੀ ਲਾੜੀ, ਉਮਰ ਇੱਕੀ ਸਾਲ ਜਣਾਈਆ । ਗ਼ਰੀਬੀ ਵਿਚ ਸਦਾ ਕਰੇ ਦਿਹਾੜੀ, ਮਿਹਨਤ ਕਰ ਕੇ ਰੋਟੀ ਖਾਈਆ । ਗੋਬਿੰਦ ਵੇਖ ਉਹ ਵੀ ਮੰਗਣ ਆ ਗਈ ਵਾੜੀ, ਸੀਸ ਝੁਕਾ ਕੇ ਸੀਸ ਨਿਵਾਈਆ । ਬਾਂਕੇ ਤੇਰੀ ਸੋਹਣੀ ਲੱਗੇ ਦਾੜ੍ਹੀ, ਦਾੜ੍ਹੀ ਦਾ ਸਦਕਾ ਕੁਛ ਖੈਰ ਦੇਣਾ ਪਾਈਆ । ਅਸੀਂ ਲੋਕ ਗਵਾਰ ਰਹਿਣਾ ਵਿਚ ਪਹਾੜੀ, ਬੁੱਧੀ ਸਮਝ ਨਾ ਕੋਇ ਸਮਝਾਈਆ । ਮੇਰੇ ਹੱਥ ਵੇਖ ਕੁਹਾੜੀ, ਬਾਲਣ ਕੱਟ ਕੇ ਝਟ ਲੰਘਾਈਆ । ਨਾਲ ਤਿੱਖੀ ਰੱਖੀ ਆਰੀ, ਸਵਾ ਗਿਠ ਵਿਚ ਲੰਬਾਈਆ । ਮੈਨੂੰ ਪ੍ਰਭ ਦੇ ਮਿਲਣ ਦੀ ਬੀਮਾਰੀ, ਇਹ ਦੁੱਖ ਅੱਠੇ ਪਹਿਰ ਸਤਾਈਆ । ਏਸੇ ਬਿਆਸ ਵਿਚ ਮੈਂ ਠਰਾਂ ਦਿਨ ਦਿਹਾੜੀ, ਰੋਜ਼ ਨਹਾ ਨਹਾ ਕੇ ਵਾਸਤਾ ਪਾਈਆ । ਅਠਾਰਾਂ ਸਾਲ ਰਹੀ ਕਵਾਰੀ, ਕੁੰਭ ਵਿਚ ਪਾਣੀ ਰੱਖ ਕੇ ਜਲ ਪਿੰਡੇ ਉਤੇ ਵਹਾਈਆ । ਮੇਰੀ ਬੱਧੀ ਨਾ ਕਿਸੇ ਧਾਰੀ, ਅੰਦਰੋਂ ਧੀਰਜ ਨਾ ਕੋਇ ਰਖਾਈਆ । ਮੈਂ ਵੇਖ ਕੇ ਸੂਕਰ ਦਰਵੇਸ਼ ਤੇਰੇ ਭਿਖਾਰੀ, ਬੇਨੰਤੀ ਦਿਤੀ ਸੁਣਾਈਆ । ਏਨ੍ਹਾਂ ਨਵਾਂ ਵਿਚੋਂ ਮੇਰਾ ਪਤੀ ਜਿਸ ਨੇ ਮੈਨੂੰ ਕੀਤਾ ਦੁਖਿਆਰੀ, ਪੋਸ਼ ਗੋਸ਼ ਨਿਤ ਰਸਨਾ ਨਾਲ ਲਗਾਈਆ । ਵੈਰਾਗ ਵਿਚ ਆ ਕੇ ਉਤੋਂ ਆਪਣੀ ਚੁੰਨੀ ਪਾੜੀ, ਟੁਕੜੇ ਦੋ ਦਿੱਤੇ ਕਰਾਈਆ । ਥੱਲੇ ਵੱਛਾ ਕੇ ਨੇਤਰ ਰੋ ਕੇ ਹੌਕਾ ਭਰ ਕੇ ਧਾਹਾਂ ਮਾਰ ਕੇ ਕਿਹਾ ਮੇਰੀ ਸਧਰਾਂ ਵਾਲੀ ਖਾਰੀ, ਉਤੋਂ ਭਾਰ

ਦੇਣਾ ਲੁਹਾਈਆ । ਭੁੱਖੀ ਨੂੰ ਫਿਰਦਿਆਂ ਲੰਘ ਗਈ ਅੱਜ ਦੀ ਦਿਹਾੜੀ, ਕੀਮਤ ਹੱਥ ਨਾ ਕਿਸੇ ਫੜਾਈਆ । ਮੈਨੂੰ ਐਂ ਦਿਸਦਾ ਨਾ ਤੂੰ ਪੁਰਖ ਨਾ ਤੂੰ ਨਾਰੀ, ਨਰ ਨਰਾਇਣ ਨਜ਼ਰੀ ਆਈਆ । ਵੇਖੀਂ ਕਿਤੇ ਮੈਨੂੰ ਵਸਦੀ ਨੂੰ ਨਾ ਉਜਾੜੀਂ, ਸੂਕਰਾਂ ਨਾਲ ਸ਼ਿਕਾਰੀਆਂ ਦਾ ਲੇਖਾ ਮੁਕਾਈਆ । ਮੇਰੇ ਉਤੇ ਫੇਰ ਮੁਸੀਬਤ ਆਵੇ ਭਾਰੀ, ਮੈਨੂੰ ਰੰਡੀ ਕਹੇ ਲੋਕਾਈਆ । ਮੈਨੂੰ ਬਣਾਵੀਂ ਨਾ ਮਾਤ ਵਿਭਚਾਰੀ, ਕੁਕਰਮਾਂ ਤੋਂ ਲੈਣਾ ਛੁਡਾਈਆ । ਪਿਛੋਂ ਆ ਕੇ ਓਸ ਦੀ ਮਾਂ ਨੇ ਵਾਜ ਮਾਰੀ, ਸਦੋ ਕਰ ਕੇ ਰਹੀ ਬੁਲਾਈਆ । ਉਠ ਘਰ ਨੂੰ ਚਲੀਏ ਉਤੋਂ ਰਾਤ ਆਈ ਕਾਲੀ, ਅੰਧੇਰਾ ਰਿਹਾ ਛਾਈਆ । ਸਦੋ ਕਿਹਾ ਮਾਂ ਮੈਨੂੰ ਜਗਦੀ ਦਿਸੇ ਦੀਵਾਲੀ, ਦੀਪ ਮਾਲਾ ਸੋਹਣੀ ਵੇਖ ਵਖਾਈਆ । ਇਹ ਦੁਖੀਆਂ ਦਾ ਪਾਲੀ, ਸੂਰਬੀਰ ਬਾਂਕਾ ਵੱਡਾ ਬੇਪਰਵਾਹੀਆ । ਜੇ ਫਲ ਲਾ ਦੇਵੇ ਮੇਰੀ ਡਾਲੀ, ਅੰਮ੍ਰਿਤ ਰਸ ਖਵਾਈਆ । ਮੇਰੀ ਲੇਖੇ ਲੱਗ ਜਾਏ ਘਾਲ ਘਾਲੀ, ਜਿਹੜੇ ਨੌ ਸੌ ਚੁਰਾਨਵੇ ਕਦਮ ਚਲ ਕੇ ਇਹਦੇ ਪਾਸ ਆਈਆ । ਮੇਰੀ ਬੁੱਧੀ ਅਜੇ ਬਾਲੀ, ਨੱਢੀ ਰੂਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਮੁਕਾਈਆ । ਸਦੋ ਕਹੇ ਮੇਰਾ ਹਾੜਾ, ਨਿਉਂ ਕੇ ਸੀਸ ਨਿਵਾਈਆ । ਸਿੰਧੂ ਕਹੇ ਮੈਂ ਏਸ ਦਾ ਲਾੜਾ, ਜੋੜ ਜਗਤ ਵਾਲਾ ਜੁੜਾਈਆ । ਮੇਰੇ ਕੋਲ ਨਹੀਂ ਕੋਈ ਭਾੜਾ, ਪਤਣ ਪਾਰ ਨਾ ਕੋਇ ਕਰਾਈਆ । ਸਦੋ ਕਿਹਾ ਇਹ ਧੁਰ ਦਾ ਸਿਕਦਾਰਾ, ਮੈਨੂੰ ਨਜ਼ਰੀ ਆਈਆ । ਕਮਲਿਆ ਬਣ ਜਾ ਚਰਨਾਂ ਦਾ ਭਿਖਾਰਾ, ਭਿਛਿਆ ਧੁਰ ਦੀ ਦੇਵੇ ਪਾਈਆ । ਫੇਰ ਲੱਭਣਾ ਨਹੀਂ ਬਿਆਸ ਕਿਨਾਰਾ, ਤੱਟਾਂ ਵਿਚੋਂ ਹੱਥ ਕਿਸੇ ਨਾ ਆਈਆ । ਉਹ ਕਰ ਕੇ ਨਿਮਸਕਾਰਾ, ਧੂੜ ਚਰਨਾਂ ਨਾਲ ਚਰਨਾਂ ਉਤੇ ਆਪਣਾ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਬਿਆਸ ਕਹੇ ਓਨ੍ਹਾਂ ਦੇ ਪਿਛੇ ਸੱਤ ਆ ਗਏ ਮੰਡੀ ਦੇ ਸਿਕਦਾਰ, ਸੁੰਬ ਘੋੜਿਆਂ ਵਾਲੇ ਹਿਲਾਈਆ । ਸੋਹਣੇ ਸ਼ਸਤਰ ਤਨ ਸ਼ਿੰਗਾਰ, ਜੋਬਨ ਛਹਿਬਰ ਲਾਈਆ । ਦੂਰ ਖਲੋ ਗਏ ਕਦਮ ਨੌਂ ਦਸ ਪੰਜ ਚਾਰ, ਇਕ ਦੂਜੇ ਵੱਲ ਧਿਆਨ ਲਗਾਈਆ । ਬਿਆਸ ਕਹੇ ਮੈਂ ਵੇਖਿਆ ਓਨ੍ਹਾਂ ਦਾ ਹਾਲ, ਅੰਦਰੇ ਅੰਦਰ ਰਹੇ ਕੁਰਲਾਈਆ । ਗੋਬਿੰਦ ਟੇਢੀ ਅੱਖ ਕਰ ਕੇ ਥੋੜਾ ਜਿਹਾ ਦਿਤਾ ਜਮਾਲ, ਜਮਾਲ ਦੇ ਕੇ ਆਪਣੀ ਪਿੱਠ ਬਦਲਾਈਆ । ਓਨ੍ਹਾਂ ਨੂੰ ਨਜ਼ਰੀ ਆਉਣ ਡਹਿ ਪਿਆ ਕਾਲ, ਤਿੰਨਾਂ ਸਾਲਾਂ ਦੇ ਅੰਦਰ ਸਭ ਦੀ ਹੋਣੀ ਸਫ਼ਾਈਆ । ਜੇਬਾਂ ਵਿਚੋਂ ਕੱਢ ਕੇ ਰੁਮਾਲ, ਨੇਤਰਾਂ ਦੇ ਹੰਝੂ ਸਾਫ਼ ਕਰਾਈਆ । ਝਟ ਭੱਬੇ ਨੇ ਕਿਹਾ ਅੱਜ ਮੈਨੂੰ ਬਣਾਓ ਦਲਾਲ, ਮੇਰੇ ਕਾਰਨ ਗੋਬਿੰਦ ਤਟ ਕਿਨਾਰੇ ਡੇਰਾ ਲਾਈਆ । ਹੈਰਾਨੀ ਵਿਚ ਅੰਦਰੇ ਅੰਦਰ ਕਹਿਣ ਇਹ ਕੀ ਹੋਇਆ ਕਮਾਲ, ਸਾਨੂੰ ਕਵਣ ਖ਼ਬਰ ਸੁਣਾਈਆ । ਓਧਰੋਂ ਇਕ ਚਨਿਆਂ ਦਾ ਸੌਦਾ ਕਰਾਉਣ ਵਾਲਾ ਆ ਗਿਆ ਦਲਾਲ, ਜੋ ਮੰਡੀ ਦਾ ਸ਼ਾਹਕਾਰ ਅਖਵਾਈਆ । ਅੱਖ ਪੁੱਟ ਕੇ ਨੈਣ ਤੱਕ ਕੇ ਵੇਖਿਆ ਇਸ ਦੀ ਪਿਠ ਦੇ ਉਤੇ ਢਾਲ, ਸੋਹਣਾ ਰੰਗ ਚਮਕਾਈਆ । ਕਿਤੇ ਸਾਨੂੰ ਨਾ ਦੇਵੇ ਮਾਰ, ਖੜਗ ਖੰਡਾ ਉਠਾਈਆ । ਹੌਲੀ ਜੇਹੀ ਆਣ ਕੇ ਕੀਤਾ ਸਵਾਲ, ਸਾਥੀਆਂ ਦਿਤਾ ਜਣਾਈਆ । ਚਲੋ ਭੱਜੀਏ ਘੋੜਿਆਂ ਵਾਲੇ ਅਸਵਾਰ, ਨਾਲ ਮੈਨੂੰ ਲਓ ਟਿਕਾਈਆ । ਝਟ ਭੱਬੇ ਕਿਹਾ ਖ਼ਬਰਦਾਰ, ਗੋਬਿੰਦ ਕੰਢੇ ਆਇਆ ਭੱਜ ਕੋਇ ਨਾ ਜਾਈਆ । ਅੱਜ ਦਾ ਦਿਨ ਮੇਰੇ ਵੰਡੇ ਆਇਆ, ਜੋ ਆਇਆ ਪਾਰ ਲੰਘਾਈਆ । ਗੋਬਿੰਦ ਦੇ ਡੰਡੇ ਚੜ੍ਹਾਇਆ, ਪੌੜੀ ਦੋ ਜਹਾਨ ਨਾ ਕੋਇ ਵਖਾਈਆ । ਤੁਸੀਂ ਮਾਨਸ ਬੰਦੇ ਤੁਹਾਨੂੰ ਸਤਿਗੁਰ ਨਜ਼ਰ ਨਾ ਆਇਆ, ਜੋ ਸਭ ਦਾ ਪਿਤਾ ਮਾਈਆ । ਮਾਰਦਾ ਨਹੀਂ ਮੋਇਆਂ ਨੂੰ

ਜਵਾਲਣ ਆਇਆ, ਸਦ ਜੀਵਤ ਆਪਣੇ ਵਿਚ ਸਮਾਈਆ । ਅਚਰਜ ਇਸ ਨੇ ਖੇਲ ਕਰਾਇਆ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਸਾਰਿਆਂ ਖ਼ੁਸ਼ੀ ਨਾਲ ਸੀਸ ਝੁਕਾਇਆ, ਚਰਨੀਂ ਡਿੱਗ ਕੇ ਚਰਨ ਚੁੰਮ ਕੇ ਚੰਮ ਦ੍ਰਿਸ਼ਟੀ ਲਈ ਬਦਲਾਈਆ । ਇਨ੍ਹਾਂ ਦੇ ਪਿਛੇ ਇਕ ਕਸਾਈ ਮਛਲੀ ਫੜਨ ਵਾਲਾ ਆਇਆ, ਜਾਲ ਮੋਢਿਆਂ ਉਤੇ ਟਿਕਾਈਆ । ਕੁੰਡੀਆਂ ਦਾ ਅਗੋਂ ਮੂੰਹ ਭਵਾਇਆ, ਨੌਂ ਸੌ ਨੜ੍ਹਿਨਵੇ ਇਕੋ ਤੰਦ ਬੰਧਾਈਆ । ਢਾਈ ਢਾਈ ਤੋਲੇ ਗੋਸ਼ਤ ਸਭ ਦੇ ਅੱਗੇ ਟਿਕਾਇਆ, ਕਾਂਟਿਆਂ ਨਾਲ ਦਿਤਾ ਅਟਕਾਈਆ । ਖ਼ੁਸ਼ੀਆਂ ਵਿਚ ਅੰਦਰੇ ਅੰਦਰ ਕਰੇ ਸਲਾਹਿਆ, ਆਪਣਾ ਮਤਾ ਪਕਾਈਆ । ਜੇ ਕਿਰਪਾ ਕਰੇ ਬੇਪਰਵਾਹਿਆ, ਮੇਰਾ ਪੂਰ ਦਏ ਭਰਾਈਆ । ਨੌਂ ਸੌ ਨੜ੍ਹਿਨਵੇ ਮੀਨ ਇਕੋ ਵਾਰ ਦਏ ਫਸਾਇਆ, ਬਚ ਕੇ ਨਿਕਲ ਕੋਇ ਨਾ ਜਾਈਆ । ਫੇਰ ਕਹੇ ਮੈਂ ਬਿਆਸ ਕਿਨਾਰੇ, ਆਇਆ, ਪ੍ਰਭ ਨੇ ਮੇਰੀ ਆਸਾ ਪੂਰ ਕਰਾਈਆ । ਢਾਈ ਰੁਪਈਏ ਸੈਂਕੜਾ ਸਭ ਦਾ ਮੁੱਲ ਦੇਵਾਂ ਪਵਾਇਆ, ਪੰਝੀਆਂ ਵਿਚੋਂ ਰਕਮ ਥੋੜੀ ਲਵਾਂ ਬਣਾਈਆ । ਫੇਰ ਖ਼ੁਸ਼ ਹੋਵੇ ਮੇਰੇ ਘਰ ਵਾਲੀ ਜਿਸ ਦਾ ਨਾਮ ਮਾਇਆ, ਉਮਰ ਪੈਂਤੀ ਸਾਲ ਹੰਢਾਈਆ । ਜਿਸ ਨੇ ਨਵਾਂ ਬੱਚਿਆਂ ਨੂੰ ਜਨਮ ਦਵਾਇਆ, ਛੋਟਾ ਅਠਾਰਾਂ ਦਿਨ ਦਾ ਨਜ਼ਰੀ ਆਈਆ । ਫੇਰ ਕਹਾਂ ਛੋਟੇ ਬੱਚੇ ਨੇ ਮੇਰਾ ਰੋਜ਼ਗਾਰ ਬਣਾਇਆ, ਸੌਦਾ ਸਚ ਕਰਾਈਆ । ਸੋਚਾਂ ਸੋਚਦਾ ਚਲਦਾ ਚਲਦਾ ਓਸੇ ਕੰਢੇ ਆਇਆ, ਜਿਥੇ ਗੋਬਿੰਦ ਡੇਰਾ ਲਾਈਆ ।

ਝੱਟ ਓਸੇ ਵੇਲੇ ਭੱਥਾ ਆਪਣੀ ਧਾਰ ਨਾਲ ਉਹਦਾ ਹਿਰਦਾ ਸਲਦਾ, ਤੀਰ ਨਿਰਾਲਾ ਦਿਤਾ ਲਗਾਈਆ । ਕੁਛ ਲੇਖਾ ਦੇ ਕਲ ਦਾ, ਮੱਛੀਆਂ ਦੇ ਨੌਂ ਵੱਟੇ, ਸਾਢੇ ਤਿੰਨ ਜੂਏ ਵਿਚ ਲਾਏ ਸੱਟੇ, ਢਾਈ ਵੇਸਵਾ ਝੋਲੀ ਘੱਤੇ, ਇਕ ਨਾਲ ਮਨ ਦੀ ਵਾਸਨਾ ਮਾਰੇ ਫੱਕੇ, ਦੋਹਾਂ ਨਾਲ ਬੱਚਿਆਂ ਝਟ ਲੰਘਾਈਆ । ਛੇਤੀ ਨਾਲ ਬਚਨ ਦੱਸ ਦੇ ਸੱਚੇ, ਤੇਰੇ ਯਾਰ ਕਿੱਥੇ ਕੱਚੇ, ਜਿਨ੍ਹਾਂ ਨਾਲ ਚੋਰੀ ਅੱਖ ਮਿਲਾਈਆ । ਓਸੇ ਵੇਲੇ ਮਾਹੀਗੀਰ ਚਰਨੀ ਢੱਠੇ, ਰੋ ਕੇ ਦਏ ਦੁਹਾਈਆ । ਮੇਰੇ ਪਾਪ ਕੌਣ ਕਟੇ, ਮੈਂ ਪੜਦਾ ਦਿਆਂ ਉਠਾਈਆ । ਮੈਂ ਆਪਣੇ ਚਾਚੇ ਦੇ ਤਿੰਨ ਪੁੱਤ ਕਟੇ, ਜਿਨ੍ਹਾਂ ਦੇ ਹਿੱਸੇ ਪਿਛੇ ਆਪਣੀ ਕੀਤੀ ਚਤੁਰਾਈਆ । ਏਸੇ ਘਾਟ ਉਤੇ ਵਾਰੋ ਵਾਰੀ ਆ ਕੇ ਸੁੱਟੇ, ਪਾਣੀ ਜਲ ਦਿੱਤੇ ਰੁੜ੍ਹਾਈਆ । ਓਧਰੋਂ ਭੌਂਕ ਪਏ ਚਾਰੇ ਕੁੱਤੇ, ਹੋਕਾ ਦੇ ਕੇ ਰਹੇ ਦ੍ਰਿੜਾਈਆ । ਓਹਨੂੰ ਨਜ਼ਰ ਆ ਗਏ ਓਸੇ ਵੇਲੇ ਮੇਰੇ ਜਨਮ ਹੋਏ ਤਿੰਨ ਪੁੱਠੇ, ਅੱਗਾ ਪਿਛਾ ਨਜ਼ਰ ਕੋਇ ਨਾ ਆਈਆ । ਓਧਰੋਂ ਭੱਥੇ ਦਾ ਨਿਸ਼ਾਨਾ ਫੇਰ ਛੁੱਟੇ, ਆਪਣਾ ਬਲ ਪਰਗਟਾਈਆ । ਸਹਿਆ ਖ਼ਰਗੋਸ਼ ਆਪਣੀਆਂ ਚਾਰੋਂ ਟੰਗਾਂ ਉਲਟੇ, ਸਿੱਧਾ ਹੋ ਕੇ ਕੰਨ ਹਿਲਾਈਆ । ਰੋ ਕੇ ਕਿਹਾ ਗੋਬਿੰਦ ਸਾਡੇ ਅਪਰਾਧ ਵੇਖ ਨਾ ਹੋਵੀਂ ਗ਼ੁੱਸੇ, ਸਾਰੇ ਦੁਖੀਏ ਤੇਰੇ ਅੱਗੇ ਕੁਰਲਾਈਆ । ਧੰਨ ਭਾਗ ਜੇ ਤੇਰਾ ਦਰਸ਼ਨ ਪਾਇਆ ਸਾਚੇ ਜੁੱਸੇ, ਸਾਡੇ ਜਿਸਮ ਦੇ ਬਦਲਾਈਆ । ਤੇਰੇ ਬਿਨਾ ਕੋਈ ਨਾ ਪੁਛੇ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਜੁਗ ਜਨਮ ਦੇ ਵਿਛੜੇ ਆ ਗਏ ਰੁੱਠੇ, ਰੁਸਿਆਂ ਲੈ ਮਨਾਈਆ । ਕਿਰਪਾ ਕਰ ਕੇ ਬਣਾ ਆਪਣੇ ਪੁੱਤੇ, ਪਿਤਾ ਹੋ ਕੇ ਦੇ ਵਡਿਆਈਆ । ਬਿਆਸ ਕਹੇ ਮੈਂ ਖੇਲ ਵੇਖੇ ਵੇਲੇ ਓਸੇ, ਸਨਮੁਖ ਹੋ ਕੇ ਅੱਖ ਖੁਲ੍ਹਾਈਆ । ਓਧਰੋਂ ਵਣਜਾਰਾ ਵੇਚਣ ਆ ਗਿਆ ਇਕ ਧੁੱਸੇ, ਕੰਨੀ ਲਾਲ ਪੀਲੀ ਬਣਾਈਆ । ਸੋਹਣੀ ਉਨ ਨਾਲ ਗੁੰਦੇ, ਡੋਰੇ ਢਾਈ ਉਂਗਲਾਂ ਰਖਾਈਆ । ਉਹਦੇ ਪਿਛੇ ਤਿੰਨ ਆ ਗਏ ਗੁੰਡੇ, ਸੋਟੇ ਮੋਢਿਆਂ ਉਤੇ ਟਿਕਾਈਆ । ਅੱਗੇ ਨੌਜਵਾਨ ਸੁਰਸਤੀ ਅੱਸੀ ਕਦਮ ਤੇ ਸਿੱਟੇ ਰਹੀ ਡੁੰਗੇ, ਹੱਥ ਬਾਜਰੇ ਨਾਲ ਛੁਹਾਈਆ । ਉਹਦੇ ਕੰਨੀਂ ਸੀ ਢਾਈ ਤੋਲੇ ਦੇ ਬੁੰਦੇ, ਮੋਤੀ ਨੌ ਨੌ ਜੁੜਾਈਆ ।

ਵਾਲ ਚੋਟੀ ਉਤੇ ਪਿਛੋਂ ਅੱਗੇ ਨੂੰ ਗੁੰਦੇ, ਲਿਟਾਂ ਮੱਥੇ ਉਤੇ ਲਟਕਾਈਆ । ਓਨੇ ਚਿਰ ਨੂੰ ਚੌਦਾਂ ਕੱਠੇ ਆ ਗਏ ਗੁੰਗੇ, ਇਸ਼ਾਰਿਆਂ ਨਾਲ ਇਕ ਦੂਜੇ ਸਮਝਾਈਆ । ਜੇ ਸਾਨੂੰ ਕੁਝ ਬਾਜਰਾ ਪਾ ਦੇਵੇ ਝੋਲੀ ਵਿਚ ਝੁੰਗੇ, ਰੂੰਗਾ ਕਰ ਕੇ ਲਈਏ ਖਾਈਆ । ਓਨੇ ਚਿਰ ਨੂੰ ਗਵਾਲਣ ਲੈ ਕੇ ਆ ਗਈ ਦੂਧੇ, ਮਟਕੀ ਸਿਰ ਦੇ ਉਤੇ ਉਠਾਈਆ । ਦੋ ਬੁੱਢੇ ਆ ਗਏ ਡੁੱਡੇ, ਹੱਥਾਂ ਨਾਲ ਚਲਣ ਵਾਹੋ ਦਾਹੀਆ । ਓਧਰੋਂ ਮੈਂਡਕ ਨੌ ਨਿਕਲ ਕੇ ਬਾਹਰ ਕੁੱਦੇ, ਆਪਣੀ ਆਪਣੀ ਛਾਲ ਵਖਾਈਆ । ਗੋਬਿੰਦ ਸਭ ਦੀਆਂ ਆਸਾਂ ਬੁੱਝੇ, ਕੰਢੇ ਉਤੇ ਬੈਠਾ ਭਾਰ ਵੱਖੀ ਵਾਲਾ ਪਾਈਆ । ਓਧਰੋਂ ਕਿਨਾਰੇ ਤੱਕਿਆ ਦੂਜੇ, ਦੋ ਗਜ਼ ਦੇਣ ਦੁਹਾਈਆ । ਅੰਦਰੋਂ ਬੜਾ ਦੁੱਖੇ, ਦਰਦ ਰਹੇ ਸੁਣਾਈਆ । ਗੋਬਿੰਦ ਅਸੀਂ ਇੱਕੀ ਜਨਮ ਦੇ ਭੁੱਖੇ, ਗੁਰ ਹਰਿ ਗੋਬਿੰਦ ਗਿਆ ਸਮਝਾਈਆ । ਜੰਗਲਾਂ ਵਿਚ ਰਹੇ ਲੁਕੇ, ਪਰਭਾਸਾਂ ਵਿਚ ਝਟ ਲੰਘਾਈਆ । ਬਿਨ ਤੇਰੇ ਸਾਡਾ ਪੈਂਡਾ ਮੂਲ ਨਾ ਮੁੱਕੇ, ਅਗਲਾ ਪੰਧ ਨਾ ਕੋਇ ਚੁਕਾਈਆ । ਓਧਰੋਂ ਓਨ੍ਹਾਂ ਦਾ ਮਹਾਵਤ ਅੱਗ ਰੱਖ ਰਿਹਾ ਸੀ ਉਤੇ ਹੁੱਕੇ, ਫੂਕ ਮੁਖ ਨਾਲ ਲਗਾਈਆ । ਲੱਕੜੀ ਦੇ ਥਾਂ ਓਸ ਬਾਲ ਦਿਤੇ ਕਿੱਕਰਾਂ ਦੇ ਤੁੱਕੇ, ਜਿਨ੍ਹਾਂ ਦੇ ਅੰਦਰ ਬੀਜ ਦੇਣ ਦੁਹਾਈਆ । ਬਹੁੜੀ ਅਸੀਂ ਅੱਧ ਅਸਮਾਨੋਂ ਟੁੱਟੇ, ਧਰਤੀ ਉਤੇ ਆਪਣਾ ਆਪ ਰੁਲਾਈਆ । ਸਾਡੀ ਵਾਤ ਕੋਈ ਨਾ ਪੁਛੇ, ਫਲ ਫੁੱਲ ਕੰਮ ਕਿਸੇ ਨਾ ਆਈਆ । ਪਤਾ ਨਹੀਂ ਗੋਬਿੰਦ ਕਿਹੜੀ ਗੱਲੋਂ ਸਾਡੇ ਨਾਲ ਰੁੱਸੇ, ਦੂਰ ਬੈਠਾ ਅੱਖ ਨਾ ਕੋਇ ਖੁਲ੍ਹਾਈਆ । ਉਚੀ ਕੂਕ ਪੁਕਾਰ ਕਿਹਾ ਬਹੁੜੀ ਦਰੋਹੀ ਸਤਿਗੁਰ ਨਾਲੋਂ ਕਦੇ ਨਾ ਕਿਸੇ ਦੀ ਟੁੱਟੇ, ਜਗਤ ਜੀਵਣ ਕੰਮ ਕਿਸੇ ਨਾ ਆਈਆ । ਓਧਰੋਂ ਤਿੰਨ ਚੋਰ ਆ ਗਏ ਜਿਨ੍ਹਾਂ ਜਾਂਦੇ ਰਾਹੀ ਲੁੱਟੇ, ਚਾਂਦੀ ਤਰ੍ਹੇਠ ਤੋਲੇ ਝੋਲੀ ਪਾਈਆ । ਓਧਰੋਂ ਇਕ ਸਵਾਣੀ ਆ ਗਈ ਜਿਸ ਨੇ ਸ਼ਿੰਗਾਰ ਕੀਤਾ ਆਪਣੇ ਸੱਜੇ ਗੁੱਟੇ, ਚੂੜੀਆਂ ਮੁਲੱਮੇ ਵਾਲੀਆਂ ਪਾਈਆ । ਚੋਰ ਓਸੇ ਵੇਲੇ ਉਹਦੇ ਉਤੇ ਤੁੱਠੇ, ਆਪਣਾ ਬਲ ਵਖਾਈਆ । ਓਨ ਲਾਹ ਕੇ ਕੰਗਣ ਓਨ੍ਹਾਂ ਅੱਗੇ ਸੁੱਟੇ, ਦੋ ਹੱਥੀਂ ਤਾਲੀ ਦਿਤੀ ਵਜਾਈਆ । ਔਹ ਵੇਖੋ ਗੋਬਿੰਦ ਤੁਹਾਡੀ ਜੜ੍ਹ ਪੁੱਟੇ, ਜੋ ਮੇਰਾ ਪਿਤਾ ਮਾਈਆ । ਮੈਨੂੰ ਆਪੇ ਗੋਦੀ ਚੁੱਕੇ, ਬੱਚੀ ਆਪਣੀ ਲਏ ਬਣਾਈਆ । ਓਧਰੋਂ ਟੋਪੀ ਵਿਚ ਰੋ ਪਏ ਤੁੱਕੇ, ਬਹੁੜੀ ਬਹੁੜੀ ਕਰ ਸੁਣਾਈਆ । ਭੈਣ ਕੀ ਤੂੰ ਵੀ ਸਾਡੇ ਨਾਲ ਗ਼ੁੱਸੇ, ਤੇਰੇ ਅੱਗੇ ਵਾਸਤਾ ਪਾਈਆ । ਜੇ ਫੜ ਕੇ ਸਾਡੀ ਅਗਨੀ ਅੱਗ ਅੰਗਿਆਰ ਵਾਲੀ ਸਵਾਹ ਕਰ ਕੇ ਉਹਦੇ ਚਰਨਾਂ ਉਤੇ ਸੁੱਟੇਂ, ਧੂੜ ਬਣ ਕੇ ਖ਼ੁਸ਼ੀ ਲਈਏ ਮਨਾਈਆ । ਓਧਰੋਂ ਦੋ ਨੌਜਵਾਨ ਆ ਗਏ ਰਾਹ ਘੁੱਸੇ, ਪਰੇਸ਼ਾਨੀ ਵਿਚ ਪਰੇਸ਼ਾਨ ਨਜ਼ਰੀ ਆਈਆ । ਓਨ੍ਹਾਂ ਦੇ ਅੰਦਰ ਇਕੋ ਲਹਿਰ ਉਠੇ, ਹੌਲੀ ਹੌਲੀ ਰਹੀ ਹਿਲਾਈਆ । ਤੁਹਾਡੇ ਵੇਲੇ ਅੰਤ ਅਖ਼ੀਰੀ ਚੁੱਕੇ, ਚੱਕ ਖੂਹ ਵਾਂਗੂੰ ਫੇਰ ਨਜ਼ਰ ਕਿਸੇ ਨਾ ਆਈਆ । ਉਹ ਇਕ ਦੂਜੇ ਨੂੰ ਰਹੇ ਪੁਛੇ, ਆਪਣਾ ਆਪਣਾ ਹਾਲ ਸੁਣਾਈਆ । ਓਧਰੋਂ ਸੱਠ ਸਾਲ ਦੀ ਮਾਈ ਬੁੱਢੀ ਤਿੰਨ ਭੁੰਨ ਕੇ ਆ ਗਈ ਭੁੱਟੇ, ਪਾਟੇ ਚੀਥੜ ਨਾਲ ਰਖਾਈਆ । ਵੇ ਬੱਚਿਓ ਜੇ ਤੁਹਾਨੂੰ ਪਾਰ ਕਿਨਾਰੇ ਵਾਲਾ ਪੁਛੇ, ਪਸਚਾਤਾਪ ਦਏ ਮੁਕਾਈਆ । ਤੁਹਾਡੇ ਅੰਦਰ ਓਸ ਦਾ ਪ੍ਰੇਮ ਫੁੱਟੇ, ਫੱਟ ਜਨਮ ਜਨਮ ਦਾ ਦਏ ਮਿਟਾਈਆ । ਔਹ ਵੇਖੋ ਸੂਕਰ ਓਸੇ ਦੇ ਤੀਰ ਨਾਲ ਫੱਟੇ, ਖ਼ਰਗੋਸ਼ ਖ਼ੁਦੀ ਗਿਆ ਗਵਾਈਆ । ਓਸੇ ਨੇ ਤਾਰਨੇ ਪੱਥਰ ਵੱਟੇ, ਮਿਹਰ ਨਿਗਾਹ ਨਜ਼ਰ ਜਿਧਰ ਉਠਾਈਆ । ਓਸੇ ਵੇਲੇ ਸਾਰੇ ਉਠ ਕੇ ਨੱਠੇ, ਭੱਜੇ ਵਾਹੋ ਦਾਹੀਆ । ਬਿਆਸ ਨਿਮਾਣਾ ਹੋ ਕੇ ਰਾਹ ਦੋਹਾਂ ਵਿਚਕਾਰੋਂ ਛੱਡੇ, ਜਲ ਧਾਰਾ ਅੱਗੇ ਪਿਛੇ ਨਾ ਕੋਇ ਹਿਲਾਈਆ । ਗੋਬਿੰਦ ਕਿਹਾ ਨੇੜੇ ਆਇਆਂ ਨੂੰ ਆਓ ਮੇਰੇ ਡੱਡੇ, ਬੱਚਿਓ ਦਿਆਂ ਵਡਿਆਈਆ ।

ਅੱਜ ਤੋਂ ਤੁਹਾਨੂੰ ਆਪਣੇ ਲਾਵਾਂ ਅੱਗੇ, ਅਗਲਾ ਪੰਧ ਮੁਕਾਈਆ । ਚੁਰਾਸੀ ਵਿਚੋਂ ਕੱਢੇ, ਜਮ ਕੀ ਫਾਸੀ ਦਿਤੀ ਤੁੜਾਈਆ । ਫੇਰ ਜਿਸ ਵੇਲੇ ਆਵਾਂ ਤੁਸੀਂ ਸਾਰੇ ਆਓ ਸੱਦੇ, ਮੇਰੇ ਨਾਲ ਮੇਰਾ ਸੰਗ ਬਣਾਈਆ । ਮੈਂ ਮਨੁਸ਼ ਬਣਾਉਣੇ ਸੰਤ ਬਣਾਉਣੇ ਭਗਤ ਬਣਾਉਣੇ ਤੁਸੀਂ ਖੋਤੇ ਗਧੇ, ਲੂਲ੍ਹੇ ਲੰਗੜੇ ਟੁੰਡੇ ਆਪਣੇ ਨਾਲ ਮਿਲਾਈਆ । ਮੇਰੇ ਪਿਆਰ ਅੰਦਰ ਬੱਧੇ, ਤੱਤੀ ਵਾ ਕਦੇ ਨਾ ਲੱਗੇ, ਸਦਾ ਰਹੋ ਸੱਜੇ ਖੱਬੇ, ਅੱਗੇ ਪਿੱਛੇ ਸੋਹਣਾ ਜੋੜ ਜੁੜਾਈਆ । ਬਿਆਸ ਕਹੇ ਮੈਂ ਪਰੇਸ਼ਾਨ ਹੋ ਕੇ ਦੋਵੇਂ ਹੱਥ ਬੱਧੇ, ਨਿਉਂ ਕੇ ਵਾਸਤਾ ਪਾਈਆ । ਸਾਹਿਬ ਸਤਿਗੁਰ ਤੈਨੂੰ ਕਿਹੜੇ ਲਗਦੇ ਚੰਗੇ, ਮੈਨੂੰ ਦੇ ਸਮਝਾਈਆ । ਕੀ ਜਿਹੜੇ ਨਹਾਉਂਦੇ ਗੋਦਾਵਰੀ ਗੰਗੇ, ਸੁਰਸਤੀ ਜਮਨਾ ਤਾਰੀਆਂ ਲਾਈਆ । ਗੋਬਿੰਦ ਕਿਹਾ ਬਿਨ ਮੇਰੇ ਪਿਆਰ ਸਾਰੇ ਗੰਦੇ, ਨਹਾਵਣ ਧੋਵਣ ਕੰਮ ਕਿਸੇ ਨਾ ਆਈਆ । ਜਿਹੜੇ ਮੁਹੱਬਤ ਵਿਚ ਰੰਗੇ, ਕਦੇ ਨਾ ਹੋਵਣ ਨੰਗੇ, ਮੰਦਿਆਂ ਦੇ ਮੰਦੇ ਆਪਣੇ ਘਰ ਵਸਾਈਆ । ਬਿਆਸ ਕਿਹਾ ਕੀ ਫੇਰ ਪਾਹੁਲ ਦੇਵੇਂ ਨਾਲ ਖੰਡੇ, ਜਲ ਪਾਣੀ ਕਿਸ ਬਿਧ ਵੰਡੇਂ, ਜਾਮ ਕਿਹੜਾ ਦੇਵੇਂ ਪਿਆਈਆ । ਗੋਬਿੰਦ ਕਿਹਾ ਉਨ੍ਹਾਂ ਦੇ ਅੰਤਰ ਨਿਰੰਤਰ ਹੋ ਕੇ ਮੇਰੀ ਧਾਰ ਲੰਘੇ, ਮੈਂ ਰਹਿਣ ਨਾ ਦੇਵਾਂ ਦੋਰੰਗੇ, ਫਸਾ ਕੇ ਆਪਣੇ ਫੰਦੇ, ਦੰਦੇ ਅਗਲੇ ਦਿਆਂ ਬਣਾਈਆ । ਸਦਾ ਰੱਖ ਕੇ ਠੰਡੇ, ਬਿਨਾ ਬੰਦਗੀ ਤੋਂ ਪਾਰ ਕਰਾ ਕੇ ਆਪਣੇ ਬੰਦੇ, ਤੂੰ ਮੇਰਾ ਮੈਂ ਤੇਰਾ ਢੋਲਾ ਸੁਣਾ ਕੇ ਛੰਦੇ, ਆਪਣਾ ਰੰਗ ਵਖਾਈਆ । ਬਿਆਸ ਕਿਹਾ ਕੀ ਫੇਰ ਵੀ ਆਏਂ ਮੇਰੇ ਕੰਢੇ, ਆਪਣਾ ਚਰਨ ਛੁਹਾਈਆ । ਗੋਬਿੰਦ ਕਿਹਾ ਤੇਰੇ ਤੋਂ ਪਾਰ ਮੇਰੇ ਗੁਰਮੁਖ ਚੰਗੇ, ਜਿਨ੍ਹਾਂ ਨਾਲ ਮਿਲ ਕੇ ਆਪਣਾ ਝਟ ਲੰਘਾਈਆ । ਏਸੇ ਕਾਰਨ ਗੁਰਮੁਖੋ ਤੁਹਾਡੇ ਨਾਤੇ ਗੰਢੇ, ਕੀਤਾ ਕੌਲ ਭੁੱਲ ਕਦੇ ਨਾ ਜਾਈਆ । ਗੁਰਮੁਖ ਗੁਰਸਿਖ ਭਾਵੇਂ ਮੈਥੋਂ ਕੁਛ ਮੰਗੇ ਭਾਵੇਂ ਨਾ ਮੰਗੇ, ਜਿਸ ਦਾ ਦੇਣਾ ਓਸੇ ਦੀ ਝੋਲੀ ਪਾਈਆ । ਬਿਆਸ ਕਿਹਾ ਤੇਰੀ ਜੋਬਨ ਜਵਾਨੀ ਕਿਹੜੇ ਥਾਂ ਹੰਢੇ, ਟਿਕਾਣਾ ਦੇ ਦਰਸਾਈਆ । ਗੋਬਿੰਦ ਕਿਹਾ ਬਿਆਸ ਜਿਥੇ ਬੇਆਸਾ ਕੋਈ ਨਾ ਲੰਘੇ, ਜਗ ਨੇਤਰ ਅੱਖ ਨਾ ਕੋਇ ਉਠਾਈਆ । ਓਥੇ ਗੁਰਮੁਖਾਂ ਦੇ ਅੰਦਰ ਮੇਰੇ ਸਿੰਘਾਸਣ ਚੰਗੇ, ਜਿਨ੍ਹਾਂ ਦੀ ਸ਼ਾਲ ਦੋਸ਼ਾਲ ਕੀਮਤ ਨਾ ਕੋਇ ਰਖਾਈਆ । ਬਿਆਸ ਕਿਹਾ ਕੀ ਫੇਰ ਕਰੇਂ ਜੰਗੇ, ਮੈਨੂੰ ਦੇ ਦ੍ਰਿੜਾਈਆ । ਗੋਬਿੰਦ ਕਿਹਾ ਅੱਜ ਤੋਂ ਇਹ ਭੱਥੇ ਧੋ ਕੇ ਪੁਰਖ ਅਕਾਲ ਦੇ ਚਰਨੀਂ ਟੰਗੇ, ਜਗਤ ਸ਼ਸਤਰਾਂ ਵਾਲੀ ਨਾ ਕੋਇ ਲੜਾਈਆ । ਹੁਕਮੇ ਅੰਦਰ ਖੰਡ ਬ੍ਰਹਿਮੰਡੇ, ਜਿਥੇ ਚਮਕੇ ਕੋਈ ਨਾ ਚੰਡ ਪਰਚੰਡੇ, ਇਕੋ ਮੇਰਾ ਨੂਰ ਕੂੜ ਸਾਰਾ ਦਏ ਮਿਟਾਈਆ । ਮੇਰਾ ਖੇਲ ਸਮਝੇ ਕੋਈ ਨਾ ਪੰਡੇ, ਨਾ ਕੋਈ ਜਾਣੇ ਕਿਉਂ ਪੁੱਤਰ ਚਾਰੇ ਵੰਡੇ, ਖੇਲ ਆਪਣੇ ਨਾਲ ਕਰਾਈਆ । ਬਿਆਸ ਕਿਹਾ ਤੇਰਾ ਗੁਰਮੁਖ ਓਸ ਵੇਲੇ ਕੀ ਕੁਛ ਤੈਥੋਂ ਮੰਗੇ, ਕੀ ਵਸਤ ਦੇਵੇਂ ਵਰਤਾਈਆ । ਗੋਬਿੰਦ ਕਿਹਾ ਮੈਂ ਉਨ੍ਹਾਂ ਦਾ ਤੇ ਉਹ ਮੇਰੇ ਮੈਂ ਕੋਈ ਹਿਸਾਬ ਕਿਤਾਬ ਨਹੀਂ ਵੰਡੇ, ਵੰਡਾਂ ਵਿਚ ਗੁਰਮੁਖ ਨਾ ਕਦੇ ਰਖਾਈਆ । ਜੋ ਚੜ੍ਹ ਗਏ ਮੇਰੇ ਡੰਡੇ, ਅੰਤ ਮੇਰੇ ਵਿਚ ਬਹਿ ਕੇ ਮੇਰੇ ਡੇਰਾ ਲਾਈਆ । ਬਿਆਸਾ ਚਰਨ ਚੁੰਮ ਲਾ ਤੇਰੇ ਭਾਗ ਹੋ ਜਾਣ ਚੰਗੇ, ਚੰਗਿਆਂ ਗੁਰਮੁਖਾਂ ਨਾਲ ਦਿਆਂ ਵਡਿਆਈਆ । ਏਸੇ ਕਾਰਨ ਗੁਰਮੁਖੋ ਤੁਸੀਂ ਸਤਿਗੁਰ ਨਾਲ ਲੰਘੇ, ਪੱਤਣਾਂ ਉਤੋਂ ਦਿਤਾ ਟਪਾਈਆ । ਬਿਆਸ ਕਿਹਾ ਗੋਬਿੰਦ ਔਹ ਵੇਖ ਮੈਨੂੰ ਕੁਛ ਦੱਸ ਰਿਹਾ ਸੰਜੇ, ਦੁਆਪਰ ਅੰਤ ਅਖ਼ੀਰ ਸਮਝਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਮੈਨੂੰ ਸਾਰੇ ਦਿਸਦੇ ਸਿਰ ਤੋਂ ਗੰਜੇ, ਪੜਦਾ ਉਪਰ ਨਾ ਕੋਇ ਟਿਕਾਈਆ । ਚਾਰ ਵਰਨ ਅਠਾਰਾਂ ਬਰਨ ਸਾਰੇ ਹਾਏ ਹਾਏ ਕਰਦੇ ਫੜ ਕੇ ਕੰਧੇ, ਕਰਮਾਂ ਦਾ ਭਾਰ ਨਾ ਕੋਇ ਵੰਡਾਈਆ । ਮੈਂ ਵੇਖਿਆ ਜਿਹੜੇ ਗੁਰਮੁਖ ਤੇਰਾ


੨੨੨
੨੦

ਪੱਤਣ ਲੰਘੇ, ਰੰਗਣ ਅਗਲੀ ਗਏ ਰੰਗਾਈਆ । ਓਨੇ ਚਿਰ ਨੂੰ ਸੁਥਰੇ ਵਜਾਉਂਦੇ ਆ ਗਏ ਡੰਡੇ, ਤੇਰੀ ਤੇਰੀ ਤੇਰੀ ਬੇਪਰਵਾਹੀਆ । ਓਧਰੋਂ ਪਵਣ ਚਲ ਪਈ ਠੰਡੇ, ਸਿਰੋਂ ਬੋਦੀਆਂ ਰਹੀ ਹਿਲਾਈਆ । ਪਵਣ ਝਕੋਲਾ ਦਿਤਾ ਸਾਰੇ ਪਿੰਡਿਉਂ ਹੋ ਗਏ ਨੰਗੇ, ਧੋਤੀ ਹੱਥ ਕਿਸੇ ਨਾ ਆਈਆ । ਅੱਖਾਂ ਮੀਟ ਹੋਏ ਸ਼ਰਮਿੰਦੇ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਬਿਆਸ ਕਿਹਾ, ਕਿਉਂ, ਮਰ ਗਏ ਜੀਂਦੇ, ਆਪਣਾ ਆਪ ਮਿਟਾਈਆ । ਹੌਲੀ ਜਿਹੀ ਸਾਰੇ ਰਲ ਕੇ ਕੂੰਦੇ, ਹਾਏ ਹਾਏ ਕਰ ਸੁਣਾਈਆ । ਓਸੇ ਵੇਲੇ ਡਿੱਗ ਪਏ ਭਾਰ ਮੂੰਹ ਦੇ, ਸਿਰ ਗੋਬਿੰਦ ਚਰਨਾਂ ਵੱਲ ਨਜ਼ਰੀ ਆਈਆ । ਬਿਆਸ ਕਿਹਾ ਗੋਬਿੰਦ ਇਹ ਨੇੜੇ ਪੁੱਜ ਗਏ ਤੇਰੀ ਬਰੂੰਹ ਦੇ, ਇਨ੍ਹਾਂ ਨੂੰ ਪਤਾ ਨਹੀਂ ਇਹ ਧੁਰ ਦਾ ਸੱਚਾ ਮਾਹੀਆ । ਮੈਂ ਸ਼ਾਸਤਰਾਂ ਵਿਚੋਂ ਸੁਣਿਆ ਸਭ ਕੁਛ ਹੱਥ ਪੂਰੇ ਸਤਿਗੁਰੂ ਦੇ, ਬਿਨ ਸਤਿਗੁਰ ਮਿਲੇ ਨਾ ਕਿਸੇ ਵਡਿਆਈਆ । ਗੋਬਿੰਦ ਤੇਰੇ ਖੇਲ ਜ਼ਰਾ ਛੂਹ ਦੇ, ਛੋਂਹਦਿਆਂ ਸਭ ਦਾ ਬੇੜਾ ਪਾਰ ਕਰਾਈਆ । ਇਨ੍ਹਾਂ ਦੇ ਰੋਗ ਮਿਟਾ ਦੇ ਲੂੰ ਲੂੰ ਦੇ, ਲੋਕ ਪਰਲੋਕ ਤੇਰਾ ਜਸ ਗਾਈਆ । ਨਾਦ ਸੁਣਾ ਦੇ ਤੂੰ ਹੀ ਤੂੰ ਦੇ, ਸ਼ਬਦ ਅਨਾਦੀ ਧੁਨ ਉਪਜਾਈਆ । ਗੋਬਿੰਦ ਕਿਹਾ ਬਿਆਸਾ ਤੈਨੂੰ ਪਤਾ ਨਹੀਂ ਇਹ ਮਾਲਕ ਵੱਡੇ ਤਿੰਨਾਂ ਮਾਹਲਾਂ ਵਾਲੇ ਖੂਹ ਦੇ, ਹਲਟ ਪੁੱਠੇ ਸਿੱਧੇ ਭਵਾਈਆ । ਇਹ ਕੁੱਤੇ ਓਸੇ ਜੂਹ ਦੇ, ਜਿਥੋਂ ਖ਼ਰਗੋਸ਼ ਨੱਠ ਕੇ ਆਈਆ । ਓਧਰੋਂ ਕੁਛ ਸੰਦੇਸ਼ੇ ਆ ਗਏ ਭਗਤ ਧਰੂ ਦੇ, ਧਰੋਹ ਕਰੀਂ ਨਾ ਗੁਰੂ ਗੋਸਾਈਆ । ਕੀ ਹੋਇਆ ਜੇ ਇਹ ਮਾਲਕ ਖੂਹ ਦੇ, ਹੁਣ ਦਰਵੇਸ਼ ਤੇਰੀ ਬਰੂੰਹ ਦੇ, ਦਰ ਤੇਰੇ ਸੀਸ ਨਿਵਾਈਆ । ਗੋਬਿੰਦ ਕਿਹਾ ਮਿਹਰ ਨਿਗਾਹ ਨਾਲ ਲੇਖੇ ਮੁਕਾਵਾਂ ਬਿਆਸ ਤੇਰੀ ਰਜੂਅ ਦੇ, ਵਜੂਹ ਵਜ੍ਹਾ ਨਾਲ ਬਣਾਈਆ । ਸਾਰੇ ਕਹਿਣ ਪੁਰਖ ਅਕਾਲ ਸਤਿਗੁਰ ਗੋਬਿੰਦ ਕਲਜੁਗ ਅੰਤ ਆਪਣੇ ਖੇਲ ਵਖਾਉਣੇ ਸ਼ੁਰੂ ਦੇ, ਸ਼ਰਅ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਿਆਂ ਵਿਚੋਂ ਲੇਖੇ ਆਪਣੇ ਲੇਖੇ ਪਾਈਆ ।

### ★ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੨ ਪ੍ਰੇਮ ਸਿੰਘ ਦੇ ਗ੍ਰਿਹਿ ਜਮਸ਼ੇਰ ਖੇੜਾ ਜ਼ਿਲਾ ਜਲੰਧਰ ★

ਬਿਆਸ ਕਹੇ ਮੇਰੇ ਕੰਢੇ ਆ ਗਿਆ ਬਾਘ, ਮੁਖ ਖ਼ੂਨ ਨਾਲ ਰੰਗਾਈਆ । ਗੋਬਿੰਦ ਦਾ ਜਗਦਾ ਵੇਖ ਚਿਰਾਗ਼, ਚਰਾਗਾਹਾਂ ਵਿਚ ਦਿਸੀ ਰੁਸ਼ਨਾਈਆ । ਗੋਬਿੰਦ ਸ਼ਬਦੀ ਅੰਦਰੋਂ ਮਾਰੀ ਆਵਾਜ਼, ਮੇਰੀ ਪਿਛਲੀ ਸੁਰਤ ਖੁਲ੍ਹਾਈਆ । ਜਾਂ ਵੇਖਿਆ ਮੈਂ ਬਾਲੀ ਜਿਸ ਸੁਗਰੀਵ ਦਾ ਖੋਹਿਆ ਤਾਜ, ਨਾਰੀ ਜ਼ੋਰ ਨਾਲ ਦਬਾਈਆ । ਰਾਮ ਦਾ ਭੁੱਲ ਕੇ ਰਾਮ ਰਾਜ, ਆਪਣਾ ਬਲ ਵਧਾਈਆ । ਅੰਦਰ ਮੇਰੇ ਮੈਨੂੰ ਦਿਸਿਆ ਦਾਗ਼, ਪਵਿਤ੍ਰ ਸਾਫ਼ ਨਾ ਕੋਇ ਕਰਾਈਆ । ਮੇਰੀ ਕੂਕ ਕੇ ਨਿਕਲੀ ਚਾਂਗ, ਭਬਕ ਦੀ ਬਜਾਏ ਤਭਕ ਕੇ ਹਾਲ ਸੁਣਾਈਆ । ਓਧਰੋਂ ਜਲ ਦੀ ਆ ਗਈ ਕਾਂਗ, ਲਹਿਰ ਲਹਿਰ ਨਾਲ ਟਕਰਾਈਆ । ਬਾਂਸ ਦੀ ਮੋਟੀ ਰੁੜ੍ਹਦੀ ਆਈ ਡਾਂਗ, ਸਾਢੇ ਤਿੰਨ ਹੱਥ ਰੂਪ ਬਦਲਾਈਆ । ਉਹਦੇ ਪਿਛੇ ਇਕ ਨਜ਼ਰੀ ਆਈ ਟਾਂਗ, ਪੈਰ ਅੱਧਾ ਰਹੀ ਵਖਾਈਆ । ਜਿਸ ਦੇ ਵਿਚ ਗੋਬਿੰਦ ਮਿਲਣ ਦੀ ਤਾਂਘ, ਆਸਾ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਸਮਝਾਈਆ । ਬਿਆਸ ਕਹੇ ਜਿਸ ਵੇਲੇ ਬਾਘ ਲੱਗਾ ਰੋਣ, ਮੈਂ ਕਰਵਟ ਲਈ ਬਦਲਾਈਆ ।

੨੨੩
੨੦

ਏਥੇ ਆਇਆ ਕੌਣ, ਨੇਤਰ ਨੀਰ ਵਹਾਈਆ । ਸ਼ਬਦ ਸੁਨੇਹਾ ਦਿਤਾ ਪੌਣ, ਮੈਨੂੰ ਦਿਤਾ ਦ੍ਰਿੜਾਈਆ । ਓਧਰੋਂ ਆਸ਼ਾ ਨੱਠੀ ਆਈ ਰੌਣ, ਬਿਨਾ ਸੀਸ ਤੋਂ ਦਏ ਦੁਹਾਈਆ । ਹੱਥ ਮਲ ਕੇ ਆਈ ਪਛਤਾਉਣ, ਪਸਚਾਤਾਪ ਵਿਚ ਦੁਹਾਈਆ । ਪਿਛਲਾ ਹਾਲ ਆਈ ਸੁਣਾਉਣ, ਪੜਦਾ ਰਹੀ ਚੁਕਾਈਆ । ਜਿਸ ਵੇਲੇ ਮੈਂ ਰਾਮ ਨੂੰ ਆਇਆ ਸਾਂ ਮੁਕਾਉਣ, ਆਪ ਮੁੱਕ ਕੇ ਆਪਣਾ ਆਪ ਮੁਕਾਈਆ । ਓਸ ਵੇਲੇ ਰਾਮ ਨੇ ਸ਼ਬਦੀ ਹੁਕਮ ਨਾਲ ਧੱਫਾ ਲਾਇਆ ਮੇਰੀ ਧੌਣ, ਮੈਨੂੰ ਦਿਤਾ ਦ੍ਰਿੜਾਈਆ । ਤ੍ਰੇਤਾ ਦੁਆਪਰ ਤੈਨੂੰ ਦਿਤਾ ਸੌਣ, ਕਲਜੁਗ ਅੱਖ ਖੁਲ੍ਹਾਈਆ । ਜਿਸ ਵੇਲੇ ਸ਼ਬਦੀ ਗੋਬਿੰਦ ਦੁਖੀਆਂ ਦਾ ਦਰਦ ਆਇਆ ਵੰਡੌਣ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਸਚਖੰਡ ਦਵਾਰੇ ਆਇਆ ਪੁਚਾਉਣ, ਫੜ ਬਾਹੋਂ ਪਾਰ ਲੰਘਾਈਆ । ਪੂਰਬ ਲਹਿਣਾ ਸਭ ਦਾ ਆਇਆ ਚੁਕਾਉਣ, ਲੇਖਾ ਦਏ ਮੁਕਾਈਆ । ਕੂੜੀ ਕਿਰਿਆ ਆਇਆ ਢਾਹੁਣ, ਸਚ ਸੁੱਚ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਈਆ । ਬਿਆਸ ਕਹੇ ਮੇਰੇ ਵਿਚ ਰੁੜ੍ਹਦੀ ਆਈ ਕੰਡਿਆਂ ਵਾਲੀ ਛਾਪੀ, ਟਾਹਣੀਆਂ ਨੌ ਵੰਡ ਵੰਡਾਈਆ । ਕੰਡਿਆਂ ਦੀ ਨੌਕ ਉਤੇ ਨੌ ਨੌ ਪਾਪੀ, ਜਿਹੜੇ ਸਤਿਗੁਰ ਤੋਂ ਮੁਖ ਭਵਾਈਆ । ਗੋਬਿੰਦ ਓਨ੍ਹਾਂ ਦੀ ਸ਼ਬਦ ਧਾਰ ਵਖਾਈ ਪਾਤੀ, ਬਿਨ ਅੱਖਰਾਂ ਦਿਤਾ ਦ੍ਰਿੜਾਈਆ । ਮੈਂ ਹੱਸ ਕੇ ਕੀਤੀ ਹਾਸੀ, ਖ਼ੁਸ਼ੀਆਂ ਨਾਲ ਤਾਲੀ ਦਿਤੀ ਵਜਾਈਆ । ਓਧਰੋਂ ਮੰਡੀ ਵਾਲੇ ਰਾਜੇ ਦੀ ਆ ਗਈ ਮਾਸੀ, ਜਿਹੜੀ ਨੌ ਸਾਲ ਪਹਿਲੇ ਆਪਣਾ ਤਨ ਗਈ ਤਜਾਈਆ । ਓਹਨੂੰ ਅੰਤ ਅਖ਼ੀਰ ਗੋਬਿੰਦ ਮਿਲਣ ਦੀ ਆਸੀ, ਆਸਾ ਆਪਣੇ ਨਾਲ ਰਖਾਈਆ । ਜਿਸ ਦੇ ਨਾਲ ਨੀਚ ਜਾਤ ਦੀ ਦਾਸੀ, ਆਯੂ ਸੱਤਰ ਸਾਲ ਵੰਡ ਵੰਡਾਈਆ । ਉਹ ਜੰਮੀਂ ਸੀ ਵਿਚ ਕਾਂਸੀ, ਪਿਤਾ ਚੰਦੂ ਨਾਉਂ ਧਰਾਈਆ । ਨੀਵੇਂ ਘਰ ਦੀ ਜਾਤੀ, ਸੇਵਾ ਵਿਚ ਵਡਿਆਈਆ । ਅੰਤ ਵੇਲੇ ਮਰਨ ਲੱਗੀ ਓਸ ਨੂੰ ਗੱਲ ਆਖੀ, ਮੇਰਾ ਮਿਲਿਆ ਨਾ ਗੋਬਿੰਦ ਮਾਹੀਆ । ਸਭ ਤੋਂ ਪ੍ਰੀਤ ਚੰਗੀ ਮੇਰੀ ਨਾਲ ਚਾਚੀ, ਜਿਹੜੀ ਰਾਮ ਦਾ ਇਸ਼ਟ ਮਨਾਈਆ । ਜਿਸ ਨੇ ਡੋਲੀ ਵਿਚ ਪੈਣ ਲੱਗੀ ਮੈਨੂੰ ਸਾਬਣ ਦੀ ਦਿਤੀ ਸੀ ਗਾਚੀ, ਹੱਥ ਮੇਰੇ ਫੜਾਈਆ । ਜਿੰਨਾਂ ਚਿਰ ਨਜ਼ਰ ਨਾ ਆਵੇ ਸਾਖਿਆਤੀ, ਸਨਮੁਖ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਨਾਲ ਤਰਾਈਆ । ਰਾਣੀ ਕਿਹਾ ਇਹ ਮੇਰੀ ਗਾਚੀ ਸਾਬਣ, ਆਸ਼ਾ ਵਿਚ ਦਬਾਈਆ । ਅੱਜ ਹੋਈ ਵਡ ਵਡ ਭਾਗਣ, ਗੋਬਿੰਦ ਮਿਲਿਆ ਬੇਪਰਵਾਹੀਆ । ਮੈਂ ਏਸ ਨੂੰ ਆਈ ਆਖਣ, ਤੇਰੀ ਓਟ ਤਕਾਈਆ । ਓਨੇ ਚਿਰ ਨੂੰ ਗੋਬਿੰਦ ਕੱਚੀ ਲੱਕੜ ਦੀ ਭੰਨ ਕੇ ਦਾਤਣ, ਦੰਦਾਂ ਹੇਠ ਦਬਾਈਆ । ਉਹਦੀ ਅੰਦਰੋਂ ਸੁਰਤੀ ਲੱਗੀ ਪਾਟਣ, ਪੜਦਾ ਦਿਤਾ ਉਠਾਈਆ । ਵੇਖਿਆ ਖੇਲ ਗੋਬਿੰਦ ਨਾਲ ਪੁਰਖ ਅਬਿਨਾਸ਼ਨ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਵਖਾਈਆ । ਬਿਆਸ ਕਹੇ ਮੇਰੇ ਅੰਦਰ ਰੁੜ੍ਹਦੇ ਆਏ ਕੱਖ, ਘੌਂਸਲਾ ਬਣਿਆ ਨਜ਼ਰੀ ਆਈਆ । ਜਿਸ ਦੇ ਵਿਚ ਇਕ ਬੱਚ, ਤਿੰਨ ਦਿਨ ਦੀ ਉਮਰ ਵਖਾਈਆ । ਉਸ ਦੇ ਕੋਲ ਖਾਣ ਨੂੰ ਕੱਚ, ਦੂਜੀ ਵਸਤ ਨਾ ਕੋਇ ਟਿਕਾਈਆ । ਨੇੜੇ ਆ ਕੇ ਓਨ ਤੱਕਿਆ ਨਾਲ ਅੱਖ, ਗੋਬਿੰਦ ਕੰਢੇ ਬੈਠਾ ਸੋਭਾ ਪਾਈਆ । ਨੰਨ੍ਹਾਂ ਪਿਆ ਹੱਸ, ਖ਼ੁਸ਼ੀਆਂ ਵਿਚ ਤਾਲੀ ਦਿਤੀ ਲਗਾਈਆ । ਸੂਰਬੀਰ ਹੁਣ ਤੇ ਮੈਨੂੰ ਰੱਖ, ਰੁੜ੍ਹਦਿਆਂ ਪਾਰ ਕਰਾਈਆ । ਮੈਂ ਓਹ ਤਲਵੰਡੀ ਵਾਲਾ ਜੱਟ, ਜਿਸ ਦੀ ਖੇਤੀ ਮੱਝੀਆਂ ਦਿਤੀ ਖਵਾਈਆ । ਬੜੇ ਜਨਮ

ਲਏ ਕੱਟ, ਦੁੱਖ ਦਰਦ ਨਾ ਕੋਇ ਵੰਡਾਈਆ । ਹੁਣ ਆ ਗਿਆ ਤੇਰੇ ਤੱਟ, ਕਿਨਾਰੇ ਉਤੇ ਡੇਰਾ ਲਾਈਆ । ਬਹੁੜੀ ਹੁਣ ਨਾ ਦੇਵੀਂ ਛੱਡ, ਰੋ ਰੋ ਦਿਆਂ ਦੁਹਾਈਆ । ਏਨੇ ਚਿਰ ਨੂੰ ਪਾਣੀ ਵਿਚੋਂ ਮਾਰ ਕੇ ਛਾਲ ਡੱਡ, ਓਸੇ ਘੋਂਸਲੇ ਵਿਚ ਬੈਠੀ ਆਈਆ । ਗੋਬਿੰਦ ਮੈਂ ਵੀ ਨਹੀਂ ਹੋਣਾ ਅੱਡ, ਤੇਰੀ ਓਟ ਤਕਾਈਆ । ਮੈਨੂੰ ਚੁਰਾਸੀ ਵਿਚੋਂ ਕੱਢ, ਮੈਂ ਤੇਰੀ ਜਨਮ ਵੇਲੇ ਦੀ ਦਾਈਆ । ਜਿਹੜੀ ਸ਼ਰੀਰ ਗਈ ਛੱਡ, ਨਾਤਾ ਜਗਤ ਤੁੜਾਈਆ । ਮੈਥੋਂ ਭੁੱਲ ਹੋਈ ਮੈਂ ਤੈਨੂੰ ਟੇਕਿਆ ਨਹੀਂ ਸੀ ਮੱਥ, ਬੱਚਾ ਸਮਝ ਕੇ ਜ਼ਮੀਨ ਉਤੇ ਦਿਤਾ ਲਟਾਈਆ । ਗੋਬਿੰਦ ਅੱਗੋਂ ਪਿਆ ਹੱਸ, ਤੇਰੀ ਸੇਵਾ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਿਆਸ ਕਹੇ ਮੇਰੇ ਵਿਚ ਰੁੜ੍ਹਦਾ ਆਇਆ ਬੂਰ, ਭੱਜਿਆ ਵਾਹੋ ਦਾਹੀਆ । ਓਨ੍ਹਾਂ ਵਿਚੋਂ ਇਕ ਪੱਤਾ ਸੀ ਖਜੂਰ, ਜਿਸ ਦੀ ਨੋਕ ਅਗੋਂ ਤਿੱਖੀ ਨਜ਼ਰੀ ਆਈਆ । ਉਹਦੇ ਪਈ ਸੀ ਧੂੜ, ਮਿੱਟੀ ਘੱਟੇ ਨਾਲ ਵਡਿਆਈਆ । ਸੋਹਣਾ ਬਣਿਆ ਪੂਰ, ਕੱਠੇ ਹੋ ਕੇ ਝਟ ਲੰਘਾਈਆ । ਓਨ੍ਹਾਂ ਵੇਖਿਆ ਗੋਬਿੰਦ ਖੜਾ ਦੂਰ, ਦੂਰ ਦੁਰਾਡਾ ਡੇਰਾ ਲਾਈਆ । ਨੇੜੇ ਆਇਆ ਨੂਰ, ਨੂਰ ਵਿਚ ਰੁਸ਼ਨਾਈਆ । ਓਨ੍ਹਾਂ ਰੋ ਕੇ ਕਿਹਾ ਮੈਂ ਪੱਤਾ ਨਹੀਂ ਖਜੂਰ, ਖ਼ੁਸ਼ੀ ਨਾਲ ਜਣਾਈਆ । ਮੈਂ ਉਹ ਪੱਥਰ ਜਿਥੇ ਮੂਸਾ ਡਿੱਗਾ ਉਤੇ ਕੋਹ ਤੂਰ, ਆਪਣਾ ਆਪ ਭੁਲਾਈਆ । ਓਸ ਵੇਲੇ ਮੈਨੂੰ ਆਇਆ ਗ਼ਰੂਰ, ਹੰਕਾਰ ਵਿਚ ਸਜਦਾ ਨਾ ਕੋਇ ਕਰਾਈਆ । ਓਸ ਨੇ ਹੁਕਮ ਦਿਤਾ ਜ਼ਰੂਰ, ਮੈਨੂੰ ਦਿਤਾ ਦ੍ਰਿੜਾਈਆ । ਤੇਰਾ ਲੇਖਾ ਕਲਜੁਗ ਗੋਬਿੰਦ ਮੇਟੇ ਜਿਸ ਨੇ ਤਾਰਣੇ ਮੂਰਖ ਮੂੜ੍ਹ, ਮੁਗਧਾਂ ਪਾਰ ਕਰਾਈਆ । ਮੇਰੀ ਸਾਂਭ ਕੇ ਰੱਖੀਂ ਇਹ ਧੂੜ, ਤੇਰੇ ਉਤੇ ਦਿਤੀ ਟਿਕਾਈਆ । ਤੂੰ ਉਤਰਨਾ ਓਸ ਦੇ ਪੂਰ, ਮੂਸੇ ਕਿਹਾ ਮੈਨੂੰ ਪੁਰੀ ਅਨੰਦ ਦਾ ਵਾਸੀ ਨਜ਼ਰੀ ਆਈਆ । ਬਿਆਸ ਕਿਹਾ ਮੈਂ ਹੈਰਾਨ ਹੋਇਆ ਮੇਰਾ ਸੜਨਾ ਫ਼ਜ਼ੂਲ, ਪਤਾ ਨਹੀਂ ਇਹ ਕਿਉਂ ਸਭ ਨੂੰ ਪਾਰ ਕਰਾਈਆ । ਗੋਬਿੰਦ ਹੱਸ ਕੇ ਕਿਹਾ ਬਿਆਸ ਮੇਰਾ ਜਗਤ ਅੱਖਰਾਂ ਵਾਲਾ ਨਹੀਂ ਮਜ਼ਮੂਨ, ਗੁਰ ਅਵਤਾਰ ਪੈਗ਼ੰਬਰਾਂ ਵਾਲਾ ਨਹੀਂ ਕਾਨੂੰਨ, ਨਾ ਮਾਲੂਮ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਵੇਖੇ ਸਾਰੇ ਬਾਲਕ ਬੱਚੇ ਮਾਸੂਮ, ਛੋਟੇ ਵੱਡੇ ਆਪਣੇ ਰੰਗ ਰੰਗਾਈਆ ।



### ★ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਕੌਰ ਦੇ ਗ੍ਰਹਿ ਪਿੰਡ ਖੇੜਾ ਜ਼ਿਲਾ ਜਲੰਧਰ ★

ਬਿਆਸ ਕਹੇ ਫੇਰ ਭੱਥਾ ਪਿਆ ਬੋਲ, ਤਿੰਨ ਵਾਰ ਆਵਾਜ਼ ਲਗਾਈਆ । ਮੈਨੂੰ ਸੱਦਿਆ ਆ ਮੇਰੇ ਕੋਲ, ਤੈਨੂੰ ਦਿਆਂ ਦ੍ਰਿੜਾਈਆ । ਸਤਿਗੁਰ ਦੇ ਚੋਹਲ, ਧੁਰ ਦੇ ਦਿਆਂ ਸਮਝਾਈਆ । ਏਸ ਨੇ ਜੋਤੀ ਧਾਰ ਜਾਣਾ ਮੌਲ, ਸ਼ਬਦੀ ਰੂਪ ਵਟਾਈਆ । ਅੱਜ ਦਾ ਯਾਦ ਕਰ ਕੌਲ, ਇਕਰਾਰ ਦਿਆਂ ਸੁਣਾਈਆ । ਜਿਸ ਵੇਲੇ ਮੁੜ ਕੇ ਆਇਆ ਉਪਰ ਧੌਲ, ਨਿਰਗੁਣ ਹੋ ਕੇ ਫੇਰਾ ਪਾਈਆ । ਸਾਚੇ ਧਾਮ ਬੈਠਾ ਰਹੇ ਅਡੋਲ, ਹੁਕਮੇ ਅੰਦਰ ਹੁਕਮ ਵਰਤਾਈਆ । ਓਸ ਵੇਲੇ ਬਿਆਸ ਭਾਵੇਂ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਜਗਤ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਕਿੰਨਾਂ ਵਜਾਵੇ ਢੋਲ, ਬਿਨ ਗੋਬਿੰਦ ਕਿਰਪਾ ਅੱਖ ਨਾ ਕੋਇ ਖੁਲ੍ਹਾਈਆ । ਬਿਆਸ ਕਹਿੰਦਾ ਭੱਥਿਆ ਮੇਰੇ ਦਿਲ ਨੂੰ ਪੈਂਦਾ ਹੌਲ, ਕੀ ਇਹੋ ਜੇਹੀ ਕਾਰ

੨੨੫
੨੦

ਕਮਾਈਆ । ਭੱਭਾ ਕਹੇ ਤੂੰ ਨਾ ਸਮਝ ਮਖ਼ੌਲ, ਮੈਂ ਸਚ ਦਿਤਾ ਦ੍ਰਿੜਾਈਆ । ਕੋਈ ਹਿਸਾਬ ਨਾ ਲਾ ਸਕੇ ਪਾਂਧਾ ਰੌਲ, ਪੰਡਤਾਂ ਚਲੇ ਨਾ ਕੋਇ ਚਤੁਰਾਈਆ । ਇਸ ਦਾ ਭੇਵ ਜਾਣੇ ਕੌਣ, ਗੁਣ ਕਵਣ ਗਾਈਆ । ਜਿਸ ਨੂੰ ਝੁਕਦੇ ਪਵਣ ਪੌਣ, ਪਾਣੀ ਬਸੰਤਰ ਸੀਸ ਨਿਵਾਈਆ । ਜ਼ਰੂਰ ਗੁਰਮੁਖਾਂ ਫੇਰ ਆਪਣੇ ਨਾਲ ਆਵੇ ਮਿਲੌਣ, ਮੇਲਾ ਲਏ ਕਰਾਈਆ । ਚੌਹ ਜੁਗਾਂ ਤੋਂ ਵੱਖਰਾ ਆਪਣਾ ਨਾਮ ਆਏ ਜਪਾਉਣ, ਢੋਲਾ ਇਕੋ ਦਏ ਸੁਣਾਈਆ । ਸਚਖੰਡ ਦਵਾਰ ਆਏ ਬਹਾਉਣ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਉਜੜਿਆਂ ਆਏ ਵਸਾਉਣ, ਵਸਦਿਆਂ ਉਜਾੜ ਕੇ ਖ਼ੁਸ਼ੀ ਮਨਾਈਆ । ਬਿਆਸ ਕਹੇ ਭੱਭਿਆ ਔਹ ਵੇਖ ਉਡਦੀ ਆ ਗਈ ਭੰਬੀਰੀ, ਖੰਬ ਲਾਲ ਰਹੀ ਹਿਲਾਈਆ । ਇਹਦਾ ਮੇਲ ਹੋਇਆ ਤਕਦੀਰੀ, ਇਸ ਦੀ ਤਕਦੀਰ ਰਹੀ ਜਣਾਈਆ । ਉਚੀ ਕੂਕ ਕੇ ਪੁਛਣ ਲੱਗੀ ਮੈਨੂੰ ਦੱਸੋ ਕਿਹੜੀ ਚੰਗੀ ਫ਼ਕੀਰੀ, ਜਿਹੜੀ ਫ਼ਿਕਰ ਦਏ ਗਵਾਈਆ । ਓਧਰੋਂ ਇਕ ਮਾਲਣ ਰੇੜ੍ਹਦੀ ਆ ਗਈ ਗਡੀਰੀ, ਟੋਕਰੀਆਂ ਫੁੱਲਾਂ ਨਾਲ ਭਰਾਈਆ । ਓਧਰੋਂ ਮੁਸਾਫਰ ਪੀਂਦਾ ਆ ਗਿਆ ਬੀੜੀ, ਦਮੇ ਦਾ ਰੋਗ ਰਿਹਾ ਸਤਾਈਆ । ਓਧਰੋਂ ਫ਼ਕੀਰ ਆ ਗਿਆ ਹੱਥ ਵਿਚ ਲੈ ਜ਼ੰਜੀਰੀ, ਕੁੱਲਾ ਸੀਸ ਉਤੇ ਟਿਕਾਈਆ । ਬਿਆਸ ਕਹੇ ਮੈਨੂੰ ਵੇਖ ਕੇ ਹੋਈ ਦਿਲਗੀਰੀ, ਫੇਰ ਇਕੱਠੇ ਹੋ ਕੇ ਡੇਰਾ ਬੈਠੇ ਲਾਈਆ । ਗੋਬਿੰਦ ਖ਼ੁਸ਼ੀ ਨਾਲ ਮੇਰੇ ਮਸਤਕ ਉਂਗਲੀ ਫੇਰੀ, ਲਕੀਰ ਦਿਤੀ ਖਿਚਾਈਆ । ਓਨੇ ਚਿਰ ਨੂੰ ਰੁੜ੍ਹਦੀ ਆ ਗਈ ਟਹਿਣੀ ਇਕ ਬੇਰੀ, ਬੇਰਾਂ ਨਾਲ ਭਰੀ ਸੋਭਾ ਪਾਈਆ । ਓਨੇ

੨੨੬ ਚਿਰ ਨੂੰ ਵਣਜਾਰਾ ਚੂੜੀਆਂ ਵਾਲਾ ਮਾਰ ਕੇ ਆਇਆ ਫੇਰੀ, ਹੋਕਾ ਗਰਾਂ ਗਰਾਂ ਸੁਣਾਈਆ । ਓਨੇ ਚਿਰ ਨੂੰ ਆਵਾਰਾ ਫਿਰਦੀ ਆ ਗਈ ਵਛੇਰੀ, ੨੨੬

੨੦ ਉਮਰ ਦਸ ਮਹੀਨੇ ਬਣਾਈਆ । ਸਾਰਿਆਂ ਰੋ ਕੇ ਕਿਹਾ ਗੋਬਿੰਦ ਹੁਣ ਨਾ ਲਾ ਦੇਰੀ, ਵਿਛੜੇ ਲੈ ਮਿਲਾਈਆ । ਓਨ੍ਹਾਂ ਵਿਚੋਂ ਭੰਬੀਰੀ ਕਿਹਾ ੨੦

ਗੋਬਿੰਦ ਤੈਨੂੰ ਚੰਗੀ ਲੱਗੇ ਕਿਹੜੀ, ਸਾਨੂੰ ਦੇ ਸਮਝਾਈਆ । ਕਿਸ ਨੂੰ ਚਾੜ੍ਹੇਂ ਆਪਣੀ ਬੇੜੀ, ਕਿਸ ਨੂੰ ਵੈਂਹਦੇ ਵਹਿਣ ਵਹਾਈਆ । ਗੋਬਿੰਦ ਕਿਹਾ ਤੁਹਾਡੀ ਪਿਆਰ ਧਾਰ ਮੇਰੀ, ਵਿਚਾਰ ਪਿਛਲੀ ਦਿਆਂ ਸਮਝਾਈਆ । ਜਿਸ ਤੁਹਾਡੀ ਜੜ੍ਹ ਉਖੇੜੀ, ਉਹ ਵੀ ਦਿਆਂ ਸਮਝਾਈਆ । ਸਾਰਿਆਂ ਰੋ ਕੇ ਕਿਹਾ ਸਾਡੇ ਵਿਚੋਂ ਪਾਪਾਂ ਭਰੀ ਕਿਹੜੀ, ਸਭ ਤੋਂ ਵੱਡੀ ਨਜ਼ਰੀ ਆਈਆ । ਗੋਬਿੰਦ ਕਿਹਾ ਹੁਣ ਤੁਹਾਨੂੰ ਬਣਾ ਕੇ ਆਪਣੀ ਚੇਰੀ, ਚਿਰੀ ਵਿਛੁੰਨਿਆਂ ਦੁੱਖ ਗਵਾਈਆ । ਫਿਰਨਾ ਪਏ ਨਾ ਅੰਡਜ ਜੇਰੀ, ਉਤਭੁਜ ਸੇਤਜ ਨਾ ਕੋਇ ਭਵਾਈਆ । ਪਿਛੇ ਸਜ਼ਾ ਭੁਗਤ ਲਈ ਬਥੇਰੀ, ਸਤਿਗੁਰ ਤੋਂ ਭੁਲਿਆਂ ਮਿਲੀ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਓਨ੍ਹਾਂ ਵਿਚੋਂ ਵਛੇਰੀ ਕਿਹਾ ਮੈਂ ਅਜੇ ਦਵਕ, ਬੇਨੰਤੀ ਦਿਆਂ ਸੁਣਾਈਆ । ਜਿਸ ਵੇਲੇ ਬਲ ਮੇਰੇ ਚੜ੍ਹਿਆ ਲੱਕ, ਆਪਣਾ ਆਸਣ ਲਾਈਆ । ਮੈਂ ਤੀਸ ਕੋਸ ਤੇ ਜਾ ਕੇ ਗਈ ਥੱਕ, ਰੋ ਰੋ ਹਾਲ ਸੁਣਾਈਆ । ਬਲ ਉਤਰ ਕੇ ਮੈਨੂੰ ਮਾਰਿਆ ਧੱਕ, ਮੂੰਹ ਦੇ ਭਾਰ ਸੁਟਾਈਆ । ਮੈਂ ਰੋ ਕੇ ਕਿਹਾ ਪੁਰਖ ਸਮਰਥ, ਮੇਰਾ ਹੋ ਸਹਾਈਆ । ਸ੍ਰੀ ਭਗਵਾਨ ਕਿਹਾ ਤੈਨੂੰ ਸੁਣਾਵਾਂ ਸੱਚ, ਹੁਕਮ ਦਿਆਂ ਦ੍ਰਿੜਾਈਆ । ਇਹ ਨਹੀਂ ਮੇਰੇ ਹੱਥ, ਨਾਤਾ ਗੋਬਿੰਦ ਨਾਲ ਜੁੜਾਈਆ । ਤਿੰਨ ਜੁਗ ਆਪਣੇ ਵਿਚ ਲਵਾਂ ਰੱਖ, ਮਾਤ ਜਨਮ ਨਾ ਕੋਇ ਭਵਾਈਆ । ਫੇਰ ਕਰ ਪਰਗਟ, ਆਸਣ ਪਲਾਣਾ ਨਾ ਕੋਇ ਟਿਕਾਈਆ । ਜਿਸ ਵੇਲੇ ਗੋਬਿੰਦ ਆਇਆ ਬਿਆਸ ਤਟ, ਕਿਨਾਰੇ ਡੇਰਾ ਲਾਈਆ । ਤੂੰ ਆਪੇ ਆਉਣਾ ਨੱਠ, ਆਪਣਾ ਪੰਧ ਮੁਕਾਈਆ । ਤੇਰਾ ਲਹਿਣਾ ਮੁਕਾਵੇ

ਝਟ, ਜਨਮ ਜਨਮ ਦਾ ਗੇੜ ਕਟਾਈਆ । ਰੋ ਕੇ ਕਿਹਾ ਨਾਲ ਅੱਖ, ਅਖ਼ੀਰ ਦਿਤਾ ਸੁਣਾਈਆ । ਚਰਨਾਂ ਉਤੇ ਗਈ ਢੱਠ, ਆਪਣਾ ਆਪ ਮਿਟਾਈਆ । ਗੋਬਿੰਦ ਪਿਠ ਉਤੇ ਫੇਰ ਕੇ ਹੱਥ, ਪਿਛੋਂ ਦੁੰਬ ਦਿਤੀ ਹਿਲਾਈਆ । ਹੁਣ ਓਥੇ ਜਾ ਕੇ ਵਸ, ਜਿਥੇ ਮੇਰੇ ਗੁਰਮੁਖ ਡੇਰਾ ਲਾਈਆ । ਮੈਂ ਸਭ ਦਾ ਇਕੋ ਘਰ ਕਰਨਾ ਇਕੱਠ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਅਕਥ ਆਪਣਾ ਹੁਕਮ ਜਣਾਈਆ ।

### ★ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹ ਪਿੰਡ ਖੇੜਾ ਜ਼ਿਲਾ ਜਲੰਧਰ ★

ਬਿਆਸ ਕਹੇ ਗੋਬਿੰਦ ਮੇਰੇ ਉਤੇ ਛੁਹਾਇਆ ਹੱਥ, ਪੰਜਾ ਪੰਜਾਂ ਨਾਲ ਮਿਲਾਈਆ । ਮੇਰੀ ਖੋਲ੍ਹ ਕੇ ਦ੍ਰਿਸ਼ਟੀ ਵਾਲੀ ਅੱਖ, ਸ੍ਰਿਸ਼ਟੀ ਤੋਂ ਪਰੇ ਦਿਤਾ ਸਮਝਾਈਆ । ਨਜ਼ਰੀ ਆਇਆ ਅਗੰਮ ਅਥਾਹ ਬੇਪਰਵਾਹ ਪੁਰਖ ਸਮਰਥ, ਪਾਰਬ੍ਰਹਮ ਪਤਿਪਰਮੇਸ਼ਵਰ ਦੋ ਜਹਾਨਾਂ ਵਾਲੀ ਸ਼ਹਿਨਸ਼ਾਹੀਆ । ਜਿਸ ਦੀ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਮਹਿੰਮਾ ਗਾ ਕੇ ਗਏ ਅਕਥ, ਰਸਨਾ ਜਿਹਵਾ ਬੱਤੀ ਦੰਦ ਢੋਲਿਆਂ ਵਿਚ ਸੁਣਾਈਆ । ਸੋ ਸਵਾਮੀ ਅੰਤਰਜਾਮੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਹੁਕਮ ਦੇਵੇ ਸਚ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹੋਣਾ ਪਰਗਟ, ਜੋਤੀ ਜਾਤਾ ਜਾਹਰ ਜਹੂਰ ਨਿਰਗੁਣ ਨੂਰ ਕਰੇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜਿਸ ਨੇ ਇਕੋ ਖੋਲ੍ਹਣਾ ਹੱਟ, ਵਸਤ ਅਮੋਲਕ ਆਪਣੀ ਦਏ ਵਰਤਾਈਆ । ਲਹਿਣਾ ਦੇਣਾ ਝਗੜਾ ਮੁਕਾਏ ਗੰਗਾ ਗੋਦਾਵਰੀ ਜਮਨਾ ਸੁਰਸਤੀ ਤੀਰਥ ਅੱਠ ਸੱਠ, ਤਟ ਕਿਨਾਰਾ ਵੇਖੇ ਥਾਉਂ ਥਾਈਂਆ । ਨੌਜਵਾਨ ਮਰਦ ਮਰਦਾਨ ਧੁਰ ਦਾ ਨਾਮ ਚਲਾਏ ਅਗੰਮੀ ਰਥ, ਬਣ ਰਥਵਾਹੀ ਧੁਰਦਰਗਾਹੀ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਕਰ ਕੇ ਗਏ ਆਸ, ਆਸਾ ਮਨਸਾ ਸਭ ਦੀ ਵੇਖ ਵਖਾਈਆ । ਅੱਗੋਂ ਰੋ ਕੇ ਕਿਹਾ ਬਿਆਸ, ਨੇਤਰ ਨੈਣਾਂ ਨੀਰ ਵਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਵਣ ਹੋਵੇ ਤੇਰਾ ਦਾਸ, ਯਾਚਕ ਕਵਣ ਅਖਵਾਈਆ । ਗੋਬਿੰਦ ਸਹਿਜੇ ਕਿਹਾ ਭਗਤਾਂ ਬਣੇ ਸਾਥ, ਆਤਮ ਪਰਮਾਤਮ ਹੋਵੇ ਗਾਥ, ਕਿਨਾਰਾ ਸੋਹੇ ਇਕੋ ਘਾਟ, ਪਤਣ ਆਪਣਾ ਦਏ ਵਖਾਈਆ । ਜਿਥੇ ਦੀਨ ਮਜ਼੍ਹਬ ਨਾ ਜਾਤ ਪਾਤ, ਊਚ ਨੀਚ ਨਾ ਕੋਈ ਸ਼ਾਖ਼, ਦਿਵਸ ਰੈਣ ਨਾ ਕੋਇ ਰਾਤ, ਘੜੀ ਪਲ ਜਗਤ ਵਾਸਨਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਧਾਰ ਦਏ ਦ੍ਰਿੜਾਈਆ । ਬਿਆਸ ਕਹੇ ਜਿਸ ਵੇਲੇ ਗੋਬਿੰਦ ਦੇ ਹੱਥ ਨੇ ਪਾਇਆ ਭਾਰ, ਭਵ ਸਾਗਰ ਪਾਰ ਦਿਤਾ ਕਰਾਈਆ । ਮੈਨੂੰ ਨਜ਼ਰ ਆਇਆ ਮੁਹੰਮਦ ਨਾਲ ਚਾਰ ਯਾਰ, ਸਨਮੁਖ ਬੈਠਾ ਸੋਭਾ ਪਾਈਆ । ਪਰਵਰਦਿਗਾਰ ਦਾ ਬਣ ਕੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਨਿਉਂ ਨਿਉਂ ਕਰੇ ਨਿਸਮਕਾਰ, ਸਜਦਿਆਂ ਵਿਚ ਬਰਦਾ ਨਜ਼ਰੀ ਆਈਆ । ਦਰ ਦਰਵੇਸ਼ ਬਣ ਭਿਖਾਰ, ਫ਼ਾਕਾਕਸ਼ੀ ਵੇਖੇ ਜਗਤ ਲੋਕਾਈਆ । ਸਦੀ ਚੌਧਵੀਂ ਦਾ ਕਰ ਇਜ਼ਹਾਰ, ਸੰਦੇਸ਼ਾ ਰਿਹਾ ਸੁਣਾਈਆ । ਮੇਰੇ ਅਮਾਮਾਂ ਦੇ ਅਮਾਮ ਧੁਰ ਦੇ ਸਿਕਦਾਰ, ਦਰਗਾਹ ਸਾਚੀ

ਤੇਰੀ ਬੇਪਰਵਾਹੀਆ । ਕਿਸ ਬਿਧ ਅੰਤ ਨਬੇੜਾ ਕਰੇਂ ਆਣ, ਕਲਜੁਗ ਖੇੜਾ ਵੇਖ ਵਖਾਈਆ । ਹੁਕਮੇ ਅੰਦਰ ਸ਼ਬਦ ਅੰਦਰ ਨਗ਼ਮੇ ਅੰਦਰ ਨਾਮ ਅੰਦਰ ਕਲਮੇ ਅੰਦਰ ਦੱਸਿਆ ਅਗੰਮੀ ਕਲਾਮ, ਕਾਇਨਾਤ ਤੋਂ ਪਰੇ ਕੀਤੀ ਪੜ੍ਹਾਈਆ । ਦੋ ਜਹਾਨਾਂ ਸ੍ਰੀ ਭਗਵਾਨਾ, ਨੌਜਵਾਨਾ ਮਰਦ ਮਰਦਾਨਾ ਵਾਲੀ ਦੋ ਜਹਾਨਾਂ ਹੋਵੇ ਹੁਕਮਰਾਨ, ਧੁਰ ਫ਼ਰਮਾਨਾ ਆਪਣਾ ਆਪ ਸੁਣਾਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਮੇਟੇ ਨਿਸ਼ਾਨ, ਗੜ੍ਹ ਹੰਕਾਰ ਦਏ ਤੁੜਾਈਆ । ਜਨ ਭਗਤ ਸੁਹੇਲੇ ਸੂਫ਼ੀ ਸੰਤ ਫ਼ਕੀਰਾਂ ਲਏ ਪਛਾਣ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਆਪਣੇ ਹੱਥ ਰੱਖੇ ਵਡਿਆਈਆ । ਬਿਆਸ ਕਹੇ ਭਾਰ ਨਾਲ ਮੈਂ ਗਿਆ ਦੱਬਿਆ, ਹੌਕਾ ਲੈ ਕੇ ਦਿਤਾ ਸੁਣਾਈਆ । ਓਸੇ ਵੇਲੇ ਮੈਨੂੰ ਸਦੀ ਚੌਧਵੀਂ ਦਾ ਅੰਤ ਲੱਭਿਆ, ਪੜਦਾ ਰਿਹਾ ਨਾ ਰਾਈਆ । ਪਿਤਾ ਪੂਤ ਨਾਲ ਕਰੇ ਦਗ਼ਿਆ, ਨਾਰ ਕੰਤ ਸੇਜ ਨਾ ਕੋਇ ਸੁਹਾਈਆ । ਮੁਰੀਦ ਮੁਰਸ਼ਦ ਲੁੱਟਣੋਂ ਕਿਸੇ ਨਾ ਛੱਡਿਆ, ਗੁਰੂ ਚੇਲਾ ਨਾ ਕੋਇ ਵਡਿਆਈਆ । ਚਾਰੋਂ ਕੁੰਟ ਕੂੜ ਕੁੜਿਆਰਾ ਜੂਠ ਝੂਠ ਉਡੇ ਘੱਟਿਆ, ਸਤਿ ਧਰਮ ਨਾ ਕੋਇ ਰਖਾਈਆ । ਗੁਰ ਅਵਤਾਰ ਪੈਗ਼ੰਬਰ ਆਪਣੇ ਹੁਕਮ ਦਾ ਪੂਰਾ ਕਰ ਕੇ ਪੱਟਿਆ, ਲੇਖਾ ਪ੍ਰਭ ਦੇ ਹੱਥ ਫੜਾਈਆ । ਅੰਤਮ ਮੇਟ ਦੀਨਾਂ ਮਜ਼੍ਹਬਾਂ ਵਾਲੇ ਰੱਟਿਆ, ਆਤਮ ਬ੍ਰਹਮ ਸਭ ਨੂੰ ਦੇ ਜਣਾਈਆ । ਤੂੰ ਸਾਹਿਬ ਸਮਰਥਿਆ, ਪੁਰਖ ਅਕਾਲ ਤੇਰੀ ਸਰਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਸਮਝਾ ਸਾਚੀ ਗਥਿਆ, ਰਸਨਾ ਜਿਹਵਾ ਬੱਤੀ ਦੰਦ ਤੇਰਾ ਇਕੋ ਨਾਮ ਧਿਆਈਆ । ਬਿਨ ਤੇਰੀ ਕਿਰਪਾ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕੋਇ ਨਾ ਵਸਿਆ, ਵਸਲ ਯਾਰ ਹਕ ਨਾ ਕੋਇ ਕਰਾਈਆ । ਬਿਆਸ ਕਹੇ ਮੈਂ ਫੇਰ ਖਿੜ ਖਿੜ ਹੱਸਿਆ, ਖ਼ੁਸ਼ੀਆਂ ਵਿਚ ਖ਼ੁਸ਼ੀ ਲਈ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਨਬੇੜੇ ਕੱਠਿਆਂ, ਅੱਖਰਾਂ ਵਾਲਾ ਵੱਖਰ ਰਹਿਣ ਕੋਇ ਨਾ ਪਾਈਆ ।

★ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੨ ਗੁਰਮੀਤ ਸਿੰਘ ਦੇ ਗ੍ਰਹਿ ਪਿੰਡ ਫਰਾਲਾ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਗੋਬਿੰਦ ਦੇ ਚਰਨ ਵੇਖੇ ਨੰਗੇ, ਨੰਗਿਆਂ ਉਤੇ ਪੜਦਾ ਰਹੇ ਪਾਈਆ । ਜਿਸ ਦੀ ਛੋਹ ਨਾਲ ਤਰਦੇ ਜਾਣ ਚੰਗੇ ਮੰਦੇ, ਸਭ ਦਾ ਲਹਿਣਾ ਦੇਣਾ ਮੁਕਾਈਆ । ਪ੍ਰੇਮ ਧਾਰ ਜਾਣ ਰੰਗੇ, ਰੰਗਤ ਆਪਣੀ ਆਪ ਬਦਲਾਈਆ । ਜਿਨ੍ਹਾਂ ਨਾਲ ਮਿਲ ਕੇ ਕੀਤੇ ਦੰਗੇ, ਦਗ਼ੇਦਾਰ ਹੋ ਕੇ ਦਰਸ਼ਨ ਪਾਈਆ । ਉਹ ਵੀ ਕੀਤੇ ਠੰਡੇ, ਅੱਖ ਜਿਨ੍ਹਾਂ ਉਤੇ ਟਿਕਾਈਆ । ਹਿੰਦੂ ਮੁਸਲਿਮ ਸਭ ਦੀ ਗੰਢੇ, ਜੋ ਚਰਨ ਆਵਣ ਸਰਨਾਈਆ । ਕੱਟੀ ਜਾਏ ਚੁਰਾਸੀ ਫੰਦੇ, ਚੁਰਾਹੇ ਬੈਠਾ ਪਾਰ ਲੰਘਾਈਆ । ਇਕੋ ਸਚ ਪ੍ਰੀਤੀ ਮੰਗੇ, ਦੂਜੀ ਲੋੜ ਨਾ ਕੋਇ ਰਖਾਈਆ । ਛੇਤੀ ਨਾਲ ਫੇਰ ਆਪਣਾ ਹੱਥ ਮਾਰ ਕੇ ਸੀਸ ਫੜਿਆ ਆਪਣੇ ਕੰਘੇ, ਕੇਸਾਂ ਵਿਚੋਂ ਦਸਮੇਸ਼ ਬਾਹਰ ਕਢਾਈਆ । ਤੇਰੀ ਧਾਰ ਨਾਲ ਦੁਸ਼ਟ ਦੁਰਾਚਾਰੀ ਤਾਰਨੇ ਪੰਡੇ, ਜੋ ਅਸਤੀਆਂ ਬਿਆਸਾ ਵਿਚ ਟਿਕਾਈਆ । ਅੱਗੇ ਰਹਿਣ ਨਹੀਂ ਦੇਣੇ ਰੰਡੇ, ਨਾਤਾ ਧੁਰ ਦੇ ਕੰਤ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਰਿਹਾ ਖੁਲ੍ਹਾਈਆ । ਬਿਆਸ ਕਹੇ ਗੋਬਿੰਦ ਖ਼ੁਸ਼ੀ ਨਾਲ ਆਪਣਾ ਬਾਹਰ ਕੱਢਿਆ ਖ਼ੰਜਰ, ਖ਼ੰਜੀਰ ਸਾਰੇ ਦੇਣ ਦੁਹਾਈਆ । ਭੱਜੇ ਫਿਰਨ ਵਿਚ ਬੰਜਰ, ਬਾਜ਼ੂ ਬਾਜ਼ੂ ਨਾਲ ਛੁਹਾਈਆ । ਉਧਰੋਂ ਫਟਕਾਰਿਆ ਹੋਇਆ ਆ ਗਿਆ ਕੰਜਰ, ਵੇਸਵਾ ਦਰ ਦੁਰਕਾਈਆ । ਕੋਲ ਦੀ ਲੱਗਾ ਲੰਘਣ, ਅੱਖ ਗੋਬਿੰਦ ਵੱਲ ਰਖਾਈਆ । ਗੋਬਿੰਦ ਹੱਥੋਂ ਲਾਹ ਕੇ ਕੰਗਣ, ਉਹਦੇ ਅੱਗੇ ਦਿਤਾ ਸੁਟਾਈਆ । ਓਸ ਕਰ ਕੇ ਦੋਂਹ ਹੱਥਾਂ ਦੀ ਬੰਦਨ, ਸੀਸ ਦਿਤਾ ਨਿਵਾਈਆ । ਧੂੜੀ ਦਾ ਲਾ ਕੇ ਚੰਦਨ, ਆਪਣੀ ਖ਼ੁਸ਼ੀ ਬਣਾਈਆ । ਗੋਬਿੰਦ ਹੱਸ ਕੇ ਕਿਹਾ ਤੂੰ ਰਵਦਾਸ ਨਾਲ ਠੱਗੀ ਕਰਨ ਵਾਲਾ ਉਹ ਬ੍ਰਾਹਮਣ, ਜਿਸ ਦਾ ਬਰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਬਿਆਸ ਕਹੇ ਮੇਰੇ ਵੇਂਹਦਿਆਂ ਰੇਸ਼ਮ ਦੇ ਵਪਾਰੀ ਆਏ ਸੌਦਾਗਰ, ਗੱਠਾਂ ਆਪਣੀਆਂ ਬੰਦ ਕਰਾਈਆ । ਬਣੇ ਸੋਹਣੇ ਉਚੇ ਲੰਮੇ ਬਹਾਦਰ, ਸੂਰਬੀਰ ਸੋਭਾ ਪਾਈਆ । ਨਾਲ ਚੁੱਕੀ ਹੋਈ ਇਕ ਗਾਗਰ, ਰੁਪਿਆ ਸੈਕੜੇ ਪੈਂਤੀ ਵਿਚ ਟਿਕਾਈਆ । ਉਤੋਂ ਮੂੰਹ ਬੱਧਾ ਨਾਲ ਚਾਦਰ, ਬਿਨਾ ਢੱਕਣ ਲਈ ਉਠਾਈਆ । ਗੋਬਿੰਦ ਕੋਲ ਆ ਕੇ ਕਰਮ ਹੋਇਆ ਉਜਾਗਰ, ਕ਼ਿਸਮਤ ਦਿਤੀ ਬਦਲਾਈਆ । ਮਿਹਰ ਨਿਗਾਹ ਨਾਲ ਵਖਾਇਆ ਕਰਨੀ ਦਾ ਕਰਤਾ ਕਾਦਰ, ਕੁਦਰਤ ਦਾ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਬਿਆਸ ਕਹੇ ਗਾਗਰ ਮੁਖ ਕੀਤਾ ਬੰਦ, ਅੰਦਰ ਨਜ਼ਰ ਕੁਛ ਨਾ ਆਈਆ । ਉਧਰੋਂ ਅੰਧੇਰਾ ਹੋ ਗਿਆ ਚਮਕਣ ਲੱਗਾ ਚੰਦ, ਚੌਧਵੀਂ ਵਾਲਾ ਅਖਵਾਈਆ । ਪੌਣ ਨੇ ਕੀਤੀ ਠੰਡ, ਸੀਤ ਰਹੀ ਸਤਾਈਆ । ਬਿਆਸ ਕਹੇ ਉਹ ਆ ਗਏ ਮੇਰੇ ਕੰਢ, ਕੰਢੀ ਡੇਰਾ ਲਾਈਆ । ਓਥੇ ਨੇੜੇ ਸੀ ਇਕ ਜੰਡ, ਜੀਹਨੂੰ ਮਾਤਾ ਕਹਿ ਕੇ ਜਗਤ ਪੂਜਾ ਵਿਚ ਰਖਾਈਆ । ਓਧਰੋਂ ਸਰਪ ਆ ਗਿਆ ਖਲਾਰ ਕੇ ਫਣ, ਆਪਣਾ ਭੈ ਦ੍ਰਿੜਾਈਆ । ਜਗਤ ਸੌਦਾਗਰ ਸੁਣਨ ਲਾ ਕੇ ਕੰਨ, ਕਵਣ ਆਵਾਜ਼ ਰਿਹਾ ਸੁਣਾਈਆ । ਸ਼ਬਦੀ ਹੁਕਮ ਆਇਆ ਤੁਹਾਡੇ ਕੋਲ ਇਹ ਧਨ, ਜਿਹੜਾ ਧਨ ਦਾ ਹਿੱਸਾ ਗੰਗੂ ਗਿਆ ਚੁਰਾਈਆ । ਓਸੇ ਵੇਲੇ ਗੋਬਿੰਦ ਅੱਗੇ ਗਏ ਮੰਨ, ਨਿਉਂ ਕੇ ਸੀਸ ਨਿਵਾਈਆ । ਗੋਬਿੰਦ ਕਿਹਾ ਇਹ ਉਹ ਧਨ ਨਹੀਂ ਇਹ ਗੰਗੂ ਦਾ ਮਨ, ਦਸ ਸਾਲ ਪਹਿਲੇ ਸਰਸੇ ਤੋਂ ਪਹਿਲੇ ਦੀ ਆਦਤ ਦਿਤੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਬੇਪਰਵਾਹੀਆ ।

★ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੨ ਮਨਸਾ ਸਿੰਘ ਦੇ ਗ੍ਰਹਿ ਫਰਾਲਾ ਜ਼ਿਲਾ ਜਲੰਧਰ ★

ਗੋਬਿੰਦ ਕਹੇ ਬਿਆਸ ਮੈਂ ਪਿਛਲਾ ਲੇਖਾ ਲਿਖਦਾ, ਸਭ ਦਾ ਲਹਿਣਾ ਦੇਣਾ ਪੂਰ ਕਰਾਈਆ । ਅੱਗੇ ਨਵਾਂ ਰੂਪ ਦੱਸਣਾ ਸਿੱਖ ਦਾ, ਜਿਸ ਨੂੰ ਚਾਰ ਜੁਗ ਸਕਿਆ ਨਾ ਕੋਇ ਪਰਗਟਾਈਆ । ਜਿਨ੍ਹਾਂ ਦੇ ਅੰਦਰ ਪਿਆਰ ਬਖ਼ਸ਼ਣਾ ਇਕ ਦਾ, ਨਾਤਾ ਜਗਤ ਨਾਲੋਂ ਤੁੜਾਈਆ । ਅੰਤਰ ਹੋ ਕੇ ਆਪ ਦਿਸ ਦਾ, ਬਾਹਰੋਂ ਰੰਗ ਰੰਗਾਈਆ । ਪਿਆਰ ਪਾ ਕੇ ਖਿੱਚ ਦਾ, ਬੰਧਨ ਵਿਚ ਬੰਧਾਈਆ । ਪੜਦਾ ਲਾਹ ਕੇ ਵਿਚ ਦਾ, ਵਿਚੋਂ

੨੨੯
੨੦

ਆਪਣਾ ਨੂਰ ਚਮਕਾਈਆ । ਵੇਲਾ ਨਾ ਰਹੇ ਜਿਚ ਦਾ, ਦੁੱਖ ਵਿਚ ਨਾ ਕੋਇ ਕੁਰਲਾਈਆ । ਕਿਸੇ ਦਾ ਇਸ਼ਟ ਰਹਿਣ ਨਹੀਂ ਦੇਣਾ ਪੱਥਰ ਇੱਟ ਦਾ, ਦੂਸਰ ਸੀਸ ਨਾ ਕੋਇ ਝੁਕਾਈਆ । ਲੇਖਾ ਪੂਰਾ ਕਰਾਉਣਾ ਭਵਿਖ ਦਾ, ਭਵਿਸ਼ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਵਰਤਾਈਆ । ਬਿਆਸ ਕਹੇ ਕੀ ਕੁਛ ਦੇਵੇਂ ਸਿਖਿਆ, ਮੈਨੂੰ ਦੇ ਜਣਾਈਆ । ਗੋਬਿੰਦ ਕਹੇ ਅਜੇ ਮੈਂ ਲੇਖ ਨਹੀਂ ਉਹ ਲਿਖਿਆ, ਜਿਸ ਨੂੰ ਕੋਈ ਸਮਝ ਆਪਣੀ ਕਰੇ ਚਤੁਰਾਈਆ । ਪੁਰਖ ਅਕਾਲ ਨੇ ਮੈਨੂੰ ਦਿਤੀ ਅਗੰਮੀ ਚਿੱਠੀਆ, ਬਿਨ ਕਾਗ਼ਜ਼ ਹੱਥ ਫੜਾਈਆ । ਸਿਰਫ਼ ਮੈਂ ਪੜਦਾ ਲਾਹੁਣਾ ਗੁਰਮੁਖਾਂ ਇੱਕੀਆਂ, ਇੱਕੀਆਂ ਦੇ ਅੱਗੇ ਇੱਕੀ ਇੱਕੀ ਹੋਰ ਬੰਧਾਈਆ । ਕਰਾਮਾਤ ਵਖਾਉਣੀ ਖੇਲ ਨਿੱਕੀਆ, ਪੁਰਖ ਅਕਾਲ ਕਦੇ ਨਾ ਭਾਈਆ । ਜਿਹੜੀਆਂ ਪ੍ਰੇਮ ਪਿਆਰ ਅੰਦਰ ਵਿਕੀਆਂ, ਕੀਮਤ ਅਗਲੀ ਪਿਛਲੀ ਗਈ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਬਿਆਸ ਕਹੇ ਕੀ ਅੰਦਰ ਦੇਵੇਂ ਇਸ਼ਾਰਾ, ਮੈਨੂੰ ਦੇ ਦ੍ਰਿੜਾਈਆ । ਸ਼ਬਦੀ ਦੇਵੇਂ ਹੁਲਾਰਾ, ਸੁਤਿਆਂ ਲਏਂ ਜਗਾਈਆ । ਜੋਤ ਦਏਂ ਚਮਕਾਰਾ, ਅੰਧ ਅੰਧੇਰ ਮਿਟਾਈਆ । ਅੰਮ੍ਰਿਤ ਦੇਵੇਂ ਠੰਡਾ ਠਾਰਾ, ਜਗਤ ਤ੍ਰਿਸ਼ਨਾ ਅੱਗ ਬੁਝਾਈਆ । ਗੋਬਿੰਦ ਕਿਹਾ ਨਹੀਂ, ਬਿਨ ਮੇਰੀ ਕਿਰਪਾ ਦਿਸੇ ਕਿਸੇ ਨਾ ਪਾਰ ਕਿਨਾਰਾ, ਸਚ ਦਵਾਰੇ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਮਿਹਰਵਾਨ ਹੋ ਕੇ ਦੇਵਾਂ ਇਕ ਸਹਾਰਾ, ਸਹਾਇਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਅਛਲ ਛਲ ਮੇਰਾ ਖੇਲ ਨਿਆਰਾ, ਨਿਰਾਕਾਰ ਹੋ ਕੇ ਸਾਕਾਰ ਨਾ ਕਦੇ ਸਮਝਾਈਆ । ਛੋਟੀਆਂ ਛੋਟੀਆਂ ਕਥਾ ਜਣਾ ਕੇ ਵਾਰਾਂ, ਵਾਰਸ ਜਗਤ ਦਿਆਂ ਬਣਾਈਆ । ਮੇਰੇ ਨਾਮ ਦੀਆਂ ਸ਼ਾਖ਼ਾਂ ਧਾਰਾਂ, ਧਰਨੀ ਉਤੇ ਚਮਕਾਈਆ । ਪ੍ਰਭ ਦਾ ਖੇਲ ਸਦਾ ਨਿਆਰਾ, ਨਿਰਵੈਰ ਹੋ ਕੇ ਆਪ ਵਖਾਈਆ । ਜਨ ਭਗਤਾਂ ਬਖ਼ਸ਼ ਕੇ ਇਕ ਆਧਾਰਾ, ਅਗਲਾ ਪੈਂਡਾ ਦਏ ਚੁਕਾਈਆ । ਬਿਨ ਕਿਰਪਾ ਸਤਿਗੁਰ ਅੱਗੇ ਕੋਈ ਕੱਢ ਨਾ ਸਕੇ ਹਾੜਾ, ਆਪਣਾ ਦੁੱਖ ਸੁਣਾਉਣ ਕੋਇ ਨਾ ਆਈਆ । ਜੁਗ ਚੌਕੜੀ ਪਿਛੋਂ ਲੱਗੇ ਇਹ ਅਖਾੜਾ, ਸੋਹਣਾ ਰੰਗ ਪਰਗਟਾਈਆ । ਗ਼ਮੀ ਵਿਚ ਖ਼ੁਸ਼ੀ ਦੀ ਦਏ ਬਹਾਰਾ, ਬਹਾਰ ਵਿਚ ਫੁਹਾਰ ਅੰਮ੍ਰਿਤ ਆਪ ਚੁਆਈਆ । ਬਿਆਸ ਕਿਹਾ ਕੀ ਖੇਲ ਕਰੇ ਨਿਰੰਕਾਰਾ, ਕੀ ਆਪਣੀ ਕਲ ਵਰਤਾਈਆ । ਗੋਬਿੰਦ ਕਿਹਾ ਉਹਦਾ ਰੂਪ ਹੋਵੇ ਹਮਾਰਾ, ਕੁਮਾਰ ਨਾਲ ਮਿਲ ਕੇ ਆਪਣੀ ਕਰੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਿਲਾਈਆ । ਬਿਆਸ ਕਹੇ ਮੇਰੀ ਪੂਰੀ ਖੁਲ੍ਹੀ ਨਹੀਂ ਸੁਰਤੀ, ਸੁਰਤ ਦੇ ਖੁਲ੍ਹਾਈਆ । ਕੁਛ ਸਮਝ ਨਹੀਂ ਅਨੰਦ ਪੁਰ ਦੀ, ਪੁਰੀ ਅਨੰਦ ਦੇ ਦ੍ਰਿੜਾਈਆ । ਗੋਬਿੰਦ ਕਿਹਾ ਜਿਥੇ ਇੱਟ ਪੱਥਰ ਨਾਲ ਕਦੇ ਨਹੀਂ ਜੁੜਦੀ, ਮੈਂ ਓਸ ਘਰ ਵਿਚ ਡੇਰਾ ਲਾਈਆ । ਇਹ ਖੇਲ ਆਦਿ ਜੁਗਾਦਿ ਸਾਹਿਬ ਸਤਿਗੁਰ ਦੀ, ਜੋ ਮੈਨੂੰ ਰਿਹਾ ਵਖਾਈਆ । ਅਗਲੀ ਕਥਾ ਕਹਾਣੀ ਧੁਰ ਦੀ, ਤੈਨੂੰ ਦਿਆਂ ਸਮਝਾਈਆ । ਕਲਜੁਗ ਅੰਤ ਪੁਰਖ ਅਕਾਲ ਦੀਨ ਦਿਆਲ ਆਪਣੀ ਖੇਲ ਕਰਨੀ ਚੋਰ ਦੀ, ਰਾਹ ਜਾਂਦਾ ਨਜ਼ਰ ਕਿਸੇ ਨਾ ਆਈਆ । ਓਥੇ ਵਡਿਆਈ ਨਹੀਂ ਚਲਣੀ ਕਿਸੇ ਦੇ ਜ਼ੋਰ ਦੀ, ਤਾਕਤ ਨਾ ਕੋਇ ਅਜ਼ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਆਪਣੇ ਮੰਤਰ ਫੁਰਨੇ ਫੋਰ ਦੀ, ਫੁਰਤੀ ਸੁਰਤੀ ਸਮਝ ਨਾ ਕੋਇ ਪਾਈਆ ।

## ★ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਚਰਨ ਕੌਰ ਦੇ ਗ੍ਰਿਹ ਪਿੰਡ ਮਾਹਲ ਗੈਹਲਾ ★

ਬਿਆਸ ਕਹੇ ਮੈਂ ਸੁਣ ਕੇ ਤੇਰੀ ਗਾਥਾ, ਗ਼ੁੱਸਾ ਦਿਤਾ ਗਵਾਈਆ । ਟੇਕ ਕੇ ਤੈਨੂੰ ਮਾਥਾ, ਮਸਤਕ ਲਿਆ ਝੁਕਾਈਆ । ਅਗਲਾ ਬਚਨ ਦੱਸ ਸਾਚਾ, ਸਚ ਦੇ ਦ੍ਰਿੜਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧੇਰੀ ਰਾਤਾ, ਨੂਰੀ ਚੰਦ ਨਾ ਕੋਇ ਚਮਕਾਈਆ । ਪਿਆਰ ਰਹੇ ਨਾ ਪੁੱਤਰ ਮਾਤਾ, ਪਿਤਾ ਪੂਤ ਨਾ ਕੋਇ ਵਡਿਆਈਆ । ਝਗੜਾ ਪਏ ਖ਼ਾਦਮ ਆਕਾ, ਰਈਅਤ ਰਾਜੇ ਕਰਨ ਲੜਾਈਆ । ਧਰਮ ਰਹੇ ਕੋਈ ਨਾ ਨਾਤਾ, ਅਧਰਮ ਵੱਜੇ ਵਧਾਈਆ । ਫੇਰ ਕਿਸ ਬਿਧ ਤੇਰਾ ਚਲੇ ਸਾਕਾ, ਭੇਦ ਦੇਣਾ ਖੁਲ੍ਹਾਈਆ । ਗੋਬਿੰਦ ਕਿਹਾ ਮੈਂ ਨਾਲ ਲੈ ਕੇ ਆਵਾਂ ਪੁਰਖ ਅਬਿਨਾਸ਼ਾ, ਮੇਲਾ ਆਪਣੇ ਨਾਲ ਮਿਲਾਈਆ । ਚਾਰ ਜੁਗ ਦੀਆਂ ਰਹਿਣ ਨਾ ਦੇਵਾਂ ਸ਼ਾਖ਼ਾਂ, ਦੀਨਾਂ ਮਜ਼੍ਹਬਾਂ ਕਰਾਂ ਸਫ਼ਾਈਆ । ਜਨ ਭਗਤਾਂ ਪੂਰੀਆਂ ਕਰਾਂ ਆਸਾਂ, ਅਰਸ਼ੀ ਹੋ ਕੇ ਦਇਆ ਕਮਾਈਆ । ਮੇਰੇ ਕੋਲ ਰਹਿਮਤ ਦੀਆਂ ਰਾਸਾਂ, ਨਿਆਮਤ ਨਾਮ ਝੋਲੀ ਪਾਈਆ । ਜੇ ਕੋਈ ਬੁੱਧੀ ਨਾਲ ਮੇਰੀਆਂ ਕਰੇ ਕਿਆਸਾਂ, ਮੈਨੂੰ ਸਮਝ ਸਕੇ ਨਾ ਰਾਈਆ । ਸਿਰਫ਼ ਇਕ ਤੈਨੂੰ ਦੱਸਣਾ ਮੈਂ ਸਚਖੰਡ ਦਵਾਰੇ ਕਿਉਂ ਗਿਆ ਸਾਂ, ਤਨ ਵਜੂਦ ਨਾਤਾ ਜਗਤ ਤੁੜਾਈਆ । ਜੋਤ ਵਿਚ ਜੋਤ ਮਿਲ ਕੇ ਕਿਉਂ ਰਿਹਾ ਸਾਂ, ਆਪਣਾ ਆਪ ਛੁਪਾਈਆ । ਓਥੇ ਜਾ ਕੇ ਪੁਰਖ ਅਕਾਲ ਦੀ ਚਰਨੀਂ ਪਿਆ ਸਾਂ, ਪੂਤ ਹੋ ਕੇ ਪਿਤਾ ਮਨਾਈਆ । ਨਿਮਾਣਾ ਹੋ ਕੇ ਢਿਹਾ ਸਾਂ, ਛੱਡ ਮਾਣ ਵਡਿਆਈਆ । ਪੁਰਖ ਅਕਾਲ ਕਿਹਾ ਪਿਛਲਾ ਲੇਖਾ ਆਪਣਾ ਲਿਆ ਖਾਂ, ਮੈਂ ਵੇਖਾਂ ਚਾਈਂ ਚਾਈਂਆ । ਗੋਬਿੰਦ ਕਿਹਾ ਮੈਂ ਮਾਛੂਵਾੜੇ ਪਿਆ ਸਾਂ, ਸਭ ਕੁਛ ਆਪਣਾ ਆਪ ਲੁਟਾਈਆ । ਤੂੰ ਬਾਪ ਹੋ ਕੇ ਸੁੱਤਾ ਕਿਉਂ ਰਿਹਾ ਸਾਂ, ਮੇਰੀ ਅੱਖ ਤੇਰਾ ਰਾਹ ਤਕਾਈਆ । ਪੁਰਖ ਅਕਾਲ ਕਿਹਾ ਸ਼ਾਬਾਸ਼ ਤੂੰ ਮੇਰੇ ਭਾਣੇ ਵਿਚ ਪਿਆ ਸਾਂ, ਸੁਖ ਜਗਤ ਵਾਲਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਬਿਆਸ ਕੁਛ ਲੱਗਾ ਪਤਾ, ਬਿਆਸ ਕਿਹਾ ਨਹੀਂ, ਰੋ ਕੇ ਦਿਤਾ ਸੁਣਾਈਆ । ਗੋਬਿੰਦ ਕਿਹਾ ਮੈਂ ਲੈ ਕੇ ਆਇਆ ਸੁਨੇਹੜਾ ਸੱਚਾ, ਸਚ ਦਿਆਂ ਦ੍ਰਿੜਾਈਆ । ਜਿਹੜਾ ਗੁਰਸਿਖ ਚਾਰ ਜੁਗ ਦਾ ਰਿਹਾ ਕੱਚਾ, ਅੰਤਮ ਕੱਚਿਆਂ ਤੋਂ ਪੱਕੇ ਦਿਆਂ ਬਣਾਈਆ । ਜੋਤੀ ਸ਼ਬਦੀ ਧਾਰ ਹੋ ਕੇ ਨੱਠਾ, ਭੱਜਿਆ ਵਾਹੋ ਦਾਹੀਆ । ਜਗਤ ਮਸਖ਼ਰਾ ਮੈਨੂੰ ਕਰੇ ਠੱਠਾ, ਸਚ ਠਠਿਆਰ ਦੀ ਸਮਝ ਕਿਸੇ ਨਾ ਆਈਆ । ਜਿਸ ਨੇ ਲਹਿਣਾ ਦੇਣਾ ਸਭ ਦਾ ਮੁਕਾਉਣਾ ਕੱਠਾ, ਕੱਠੇ ਕਰ ਕੇ ਰੰਗ ਚੜ੍ਹਾਈਆ । ਪੁਰਖ ਅਕਾਲ ਰੋਜ਼ ਰੋਜ਼ ਨਹੀਂ ਤਪਾਉਂਦਾ ਆਪਣਾ ਭੱਠਾ, ਅੰਤ ਵਾਰ ਕਰ ਮਿਹਰ ਆਵਿਆਂ ਦੇ ਆਵੇ ਦਾਅਵੇ ਨਾਲ ਦਏ ਪਕਾਈਆ । ਕੀ ਹੋਇਆ ਗੁਰਮੁਖੋ ਜੇ ਤਹਾਡਾ ਮਨ ਕਰਦਾ ਰੱਟਾ, ਮਨ ਹੁਕਮ ਅੰਦਰ ਸੇਵ ਕਮਾਈਆ । ਤੁਹਾਡੇ ਗਲ ਵਿਚ ਪਾਇਆ ਓਸ ਨੇ ਸ਼ਬਦ ਅਗੰਮੀ ਪੱਟਾ, ਜਿਸ ਦੀ ਡੋਰੀ ਪਟਨੇ ਵਾਲੇ ਦੇ ਹੱਥ ਫੜਾਈਆ । ਤੁਹਾਡੀ ਕੋਈ ਕੀਮਤ ਨਹੀਂ ਟਕਾ, ਪੈਸਿਆਂ ਨਾਲ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਗੋਬਿੰਦ ਕਿਹਾ, ਬਿਆਸ, ਦੱਸ ਕੀ ਸੁਣਿਆ, ਓਸ ਸਿਰ ਦਿਤਾ ਹਿਲਾਈਆ । ਪੁਰਖ ਅਕਾਲ ਕਿਹਾ ਗੋਬਿੰਦ ਹੁਕਮ ਨਾਲ ਗੁਰਮੁਖ ਮੇਰਾ ਚੁਣਿਆ, ਸ਼ਬਦੀ ਮੇਲ ਮਿਲਾਈਆ । ਬਿਆਸ ਰੋ ਕੇ ਕਿਹਾ ਓ ਬਿਆਸਾ ਅਵਗੁਣਿਆ, ਆਪਣਾ ਮਾਣ ਦੇ ਤਜਾਈਆ । ਪਿਛਲਾ ਵੇਲਾ ਲੰਘ ਗਿਆ ਸਰਨਾਈ ਹੁਣ ਆ, ਸਰਨੀ ਢਹਿ ਕੇ ਖ਼ੁਸ਼ੀ ਮਨਾਈਆ । ਧੁਰਦਰਗਾਹੀ ਵੇਖ ਮਲਾਹ,

ਬੇੜਾ ਤੇਰੇ ਵਿਚੋਂ ਤੇਰਾ ਪਾਰ ਕਰਾਈਆ । ਬਿਆਸ ਬਿਨਾ ਜ਼ਬਾਨ ਤੋਂ ਕੀਤੀ ਹਾਂ, ਅੰਦਰੇ ਅੰਦਰ ਦਿਤਾ ਸੁਣਾਈਆ । ਸੀਸ ਦਿਤਾ ਨਿਵਾ, ਚਰਨਾਂ ਉਤੇ ਟਿਕਾਈਆ । ਕਿਰਪਾ ਕਰ ਮੇਰੇ ਮਿਹਰਵਾਂ, ਮਹਿਬੂਬ ਤੇਰੀ ਓਟ ਰਖਾਈਆ । ਗੋਬਿੰਦ ਕਿਹਾ ਬਿਆਸ ਬਹੁਤਾ ਬੋਲਣਾ ਚੰਗਾ ਨਾ, ਜੋ ਆਇਆ ਸੋ ਪਾਰ ਕਰਾਈਆ । ਅੱਗੇ ਉਹ ਵੀ ਤਾਰਨੇ ਜਿਹੜੇ ਖਾਂਦੇ ਸੂਰ ਗਾਂ, ਕਸਾਈ ਰੂਪ ਬਣਾਈਆ । ਉਹ ਵੀ ਤਾਰਨੇ ਜਿਨ੍ਹਾਂ ਮਾਤਾ ਨਾਲ ਕੀਤਾ ਜਨਾਹ, ਇਸ ਤੋਂ ਪਾਪੀ ਪਰੇ ਨਜ਼ਰ ਕੋਇ ਨਾ ਆਈਆ । ਉਹ ਵੀ ਤਾਰਨੇ ਜਿਹੜੇ ਮੂੰਹ ਗਏ ਭਵਾ, ਪਿੱਠ ਗਏ ਵਖਾਈਆ । ਉਹ ਵੀ ਤਾਰਨੇ ਜਿਨ੍ਹਾਂ ਕਦੇ ਨਹੀਂ ਜਪਿਆ ਨਾਂ, ਪ੍ਰਭ ਦੀ ਆਸ ਨਾ ਕੋਇ ਰਖਾਈਆ । ਉਹ ਵੀ ਤਾਰਨੇ ਜਿਨ੍ਹਾਂ ਧਰਮ ਦਾ ਵੇਖਿਆ ਨਹੀਂ ਕੋਈ ਥਾਂ, ਸਤਿ ਸਚ ਨਾ ਕੋਇ ਸੁਣਾਈਆ । ਉਹ ਵੀ ਤਾਰਨੇ ਜਿਹੜੇ ਕੁਰਲੌਂਦੇ ਵਾਂਗ ਕਾਂ, ਨਿੰਦਿਆ ਮੁਖ ਨਾਲ ਸੁਣਾਈਆ । ਉਹ ਵੀ ਤਾਰਨੇ ਜਿਹੜੇ ਚੋਰੀ ਚੋਰੀ ਲਾਉਂਦੇ ਦਾਅ, ਮੂਰਖ ਹੋ ਕੇ ਪ੍ਰਭ ਨੂੰ ਮੂੜ੍ਹ ਰਹੇ ਬਣਾਈਆ । ਉਹ ਵੀ ਤਾਰਨੇ ਜਿਨ੍ਹਾਂ ਦਾ ਅਜੇ ਤਾਈਂ ਲਿਖਿਆ ਨਹੀਂ ਕਿਸੇ ਨਾਂ, ਬਹੁਤੇ ਚੁਰਾਸੀ ਵਿਚੋਂ ਨਜ਼ਰੀ ਆਈਆ । ਉਹ ਵੀ ਤਾਰਨੇ ਜਿਨ੍ਹਾਂ ਨੇ ਮਾਨਸ ਹੋ ਕੇ ਮਾਨਸ ਲਏ ਖਾ, ਖ਼ੂਨਖਾਰ ਰੂਪ ਵਟਾਈਆ । ਉਹ ਵੀ ਤਾਰਨੇ ਜਿਹੜੇ ਰਾਹਜ਼ਨ ਬਣੇ ਰਾਹ, ਲੁਟੇਰੇ ਰੂਪ ਬਣਾਈਆ । ਉਹ ਵੀ ਤਾਰਨੇ ਜਿਨ੍ਹਾਂ ਸੂਫੀ ਸੰਤ ਫ਼ਕੀਰ ਦਿੱਤੇ ਸਤਾ, ਆਪਣਾ ਹੁਕਮ ਵਰਤਾਈਆ । ਉਹ ਵੀ ਤਾਰਨੇ ਜਿਨ੍ਹਾਂ ਮੰਦਰ ਮਸਜਿਦ ਦਿਤੇ ਢਾਹ, ਅੰਜੀਲ ਕੁਰਾਨ ਗ੍ਰੰਥਾਂ ਅੱਗ ਲਗਾਈਆ । ਉਹ ਵੀ ਤਾਰਨੇ ਜਿਨ੍ਹਾਂ ਯਾਦ ਵਿਚ ਕੱਢਿਆ ਨਹੀਂ ਕੋਈ ਸਾਹ, ਸਵਾਸ ਵਿਚ ਨਾ ਕਦੇ ਲਿਆਈਆ । ਉਹ ਵੀ ਤਾਰਨੇ ਜਿਹੜੇ ਧਰਮ ਦੇ ਚਲੇ ਨਹੀਂ ਕਦੇ ਰਾਹ, ਜੂਠ ਝੂਠ ਨਾਲ ਕੁੜਮਾਈਆ । ਉਹ ਵੀ ਤਾਰਨੇ ਜਿਹੜੇ ਭਰਾ ਭੈਣਾਂ ਰਹੇ ਤਕਾ, ਅੱਖ ਅੱਖ ਨਾਲ ਬਦਲਾਈਆ । ਉਹ ਵੀ ਤਾਰਨੇ ਜਿਹੜੇ ਕੂਕਰ ਸੂਕਰ ਰੂਪ ਬੈਠੇ ਵਟਾ, ਟੇਢੀਆਂ ਜੂਨੀਆਂ ਵਿਚ ਬਹਿਕਾਈਆ । ਉਹ ਵੀ ਤਾਰਨੇ ਜਿਹੜੇ ਬਿਲਾਂ ਵਿਚ ਡੇਰਾ ਬੈਠੇ ਲਾ, ਮਿੱਟੀ ਖਾ ਕੇ ਝਟ ਲੰਘਾਈਆ । ਉਹ ਵੀ ਤਾਰਨੇ ਜਿਹੜੇ ਬਨਾਸਪਤ ਰਹੇ ਅਖਵਾ, ਪੱਤ ਟਹਿਣੀ ਨਾਲ ਲਹਿਰਾਈਆ । ਗੋਬਿੰਦ ਕਿਹਾ, ਬਿਆਸ, ਮੇਰਾ ਪੁਰਖ ਅਕਾਲ ਮੇਰੇ ਸਾਥ, ਜਿਹੜਾ ਦੋਹਾਂ ਦੀ ਚਰਨੀ ਡਿੱਗਾ ਆ, ਓਨ੍ਹਾਂ ਦੇ ਬਖ਼ਸ਼ੇ ਸਰਬ ਗੁਨਾਹ, ਬਣ ਕੇ ਪਿਤਾ ਮਾਂ, ਕਲਜੁਗ ਕੂੜ ਕੁੜਿਆਰ ਵਿਚੋਂ ਬਾਹਰ ਕਢਾਈਆ । ਬਿਆਸ ਕਿਹਾ ਇਹ ਖੇਲ ਤੇਰਾ ਕਦੋਂ ਹੋਣਾ ਰਵਾਂ, ਮੈਨੂੰ ਦੇ ਸੁਣਾਈਆ । ਗੋਬਿੰਦ ਕਿਹਾ ਤੇਰੇ ਕੰਨ ਵਿਚ ਕੁਛ ਕਹਵਾਂ, ਹੋਰ ਸੁਣਨ ਕੋਇ ਨਾ ਪਾਈਆ । ਬਿਆਸ ਕਹੇ ਮੇਰਾ ਨਹੀਂ ਕੋਈ ਮਾਟੀ ਚੰਮਾ, ਸਾਥੀ ਸੰਗ ਨਾ ਕੋਇ ਬਣਾਈਆ । ਗੋਬਿੰਦ ਕਿਹਾ ਤੈਨੂੰ ਸਭ ਕੁਛ ਦੱਸਾਂ ਬਿਨਾ ਦਮਾਂ, ਸਾਹ ਤੋਂ ਪਰੇ ਆਪਣੀ ਰਾਸ ਵਖਾਈਆ । ਦੋ ਤੋਂ ਪਹਿਲੇ ਆਉਣ ਵਾਲਾ ਸਮਾਂ, ਸਮਾਧੀ ਦਿਆਂ ਖੁਲ੍ਹਾਈਆ । ਅਗਲਾ ਲੇਖਾ ਫੇਰ ਦੱਸਾਂ ਨਵਾਂ, ਧੁਰ ਦਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮੇਟ ਕੇ ਕੂੜੀ ਤਮਾ, ਤਮੰਨਾ ਇਕੋ ਦਏ ਵਖਾਈਆ ।

★ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਗੁਰਮੀਤ ਸਿੰਘ ਦੇ ਗ੍ਰਹਿ ਪਿੰਡ ਫਰਾਲਾ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਪੁਛਿਆ ਫੇਰ ਤੇਰੇ ਭਗਤ ਜਪਣ ਕੀ ਜਾਪ, ਜਿਨ੍ਹਾਂ ਪੁਰਖ ਅਕਾਲ ਨਾਲ ਮਿਲਾਈਆ । ਕਿਸ ਬਿਧ ਉਤਰਨ ਪਾਪ, ਦੁਰਮਤ ਮੈਲ ਧਵਾਈਆ । ਪਵਿਤ੍ਰ ਹੋਵਣ ਪਾਕ, ਆਪਣੀ ਕਰਨ ਸਫ਼ਾਈਆ । ਭਾਗ ਲਗਾਉਣ ਕਾਇਆ ਮਾਟੀ ਕਾਚ, ਕੰਚਨ ਲੈਣ ਬਣਾਈਆ । ਮੇਟ ਅੰਧੇਰੀ ਰਾਤ, ਸਾਚਾ ਚੰਦ ਚਮਕਾਈਆ । ਪੂਰੀ ਕਰਨ ਆਸ, ਤ੍ਰਿਸ਼ਨਾ ਜਗਤ ਬੁਝਾਈਆ । ਲੇਖੇ ਲੱਗੇ ਸਵਾਸ, ਸਾਹ ਸਾਹ ਖ਼ੁਸ਼ੀ ਬਣਾਈਆ । ਸਾਚਾ ਜੁੜੇ ਨਾਤ, ਚਰਨ ਮਿਲੇ ਵਡਿਆਈਆ । ਕਿਸ ਨਹਾਵਣ ਤੀਰਥ ਤਾਟ, ਸਰ ਸਰੋਵਰ ਸੋਭਾ ਪਾਈਆ । ਕਿਸ ਦੀ ਕਰਨ ਯਾਦ, ਕਿਸ ਦਾ ਨਾਮ ਸਾਲਾਹੀਆ । ਕਿਸ ਤੋਂ ਮੰਗਣ ਦਾਦ, ਝੋਲੀ ਕਿੱਥੇ ਡਾਹੀਆ । ਕਿਸ ਖੇੜੇ ਹੋਣ ਆਬਾਦ, ਮੈਨੂੰ ਦੇ ਸੁਣਾਈਆ । ਕੀ ਸੁਣਨ ਅਗੰਮੀ ਆਵਾਜ਼, ਕਵਣ ਕਰੇ ਪੜ੍ਹਾਈਆ । ਕਿਸ ਤਰਾ ਖੁਲ੍ਹੇ ਰਾਜ਼, ਪੜਦਾ ਓਹਲਾ ਰਹੇ ਨਾ ਰਾਈਆ । ਕੀ ਪੂਜਾ ਕਰਨ ਪਾਠ, ਕਵਣ ਸਾਜ ਨਾਲ ਖੜਕਾਈਆ । ਕੀ ਸਜਦਿਆਂ ਵਿਚ ਪੜ੍ਹਨ ਨਿਮਾਜ਼, ਰੋਜ਼ੇ ਰੱਖ ਕੇ ਆਸ ਰਖਾਈਆ । ਕੀ ਜੰਗਲਾਂ ਵਿਚ ਕਰਨ ਤਲਾਸ਼, ਟਿੱਲੇ ਪਰਬਤ ਫੋਲ ਫੁਲਾਈਆ । ਕੀ ਮੱਥੇ ਟੇਕਣ ਮੰਦਰ ਮਸਜਿਦ ਮਾਠ, ਸ਼ਿਵਦਵਾਲੇ ਨੱਕ ਰਗੜਾਈਆ । ਕੀ ਧੂਣੀਆਂ ਤਾਵਣ ਕਾਠ, ਅਗਨੀ ਖ਼ਾਕ ਰਮਾਈਆ । ਕੀ ਭੱਜਣ ਆਠ ਸਾਠ, ਬਣ ਬਣ ਪਾਂਧੀ ਰਾਹੀਆ । ਕੀ ਜਾਗਣ ਉਠ ਕੇ ਰਾਤ, ਮਾਲਾ ਮਣਕਿਆਂ ਵਾਲੀ ਭਵਾਈਆ । ਕੀ ਕਿਸੇ ਕੋਲੋਂ ਪੁਛਣ ਬਾਤ, ਪ੍ਰਭ ਦਾ ਰਾਹ ਤਕਾਈਆ । ਕੀ ਓਨ੍ਹਾਂ ਦੀ ਹੋਵੇ ਜਾਤ, ਮਜ਼੍ਹਬ ਦੇਣਾ ਦਰਸਾਈਆ । ਕੀ ਧੂੜੀ ਲਾਉਣ ਮਸਤਕ ਖ਼ਾਕ, ਟਿੱਕੇ ਜਗਤ ਵਖਾਈਆ । ਕਿਹੜੀ ਮੰਜ਼ਲ ਚੜ੍ਹਨ ਘਾਟ, ਕਿਸ ਦਵਾਰੇ ਸੀਸ ਨਿਵਾਈਆ । ਕੀ ਢੋਲੇ ਗਾਵਣ ਬਣ ਕੇ ਭਾਟ, ਭੱਟਾਂ ਵਾਲਾ ਰੂਪ ਵਟਾਈਆ । ਕਿਸ ਬਿਧ ਪੂਰੀ ਕਰਨ ਖ਼ਾਹਿਸ਼, ਤ੍ਰਿਸ਼ਨਾ ਜਗਤ ਬੁਝਾਈਆ । ਕਿਸ ਬਿਧ ਲੇਖੇ ਲਾਵਣ ਸਵਾਸ, ਸਾਹ ਸਾਹ ਧਿਆਈਆ । ਕੀ ਜਪਜੀ ਪੜ੍ਹਨ ਰਹਿਰਾਸ, ਸੋਹਲਿਆਂ ਵਿਚ ਸਮਾਈਆ । ਕੀ ਆਸਾ ਰੱਖਣ ਕਿਸੇ ਉਤੇ ਕਿਤਾਬ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਾਣੀ ਸਿਫ਼ਤਾਂ ਵਾਲੀ ਸੋਭਾ ਪਾਈਆ । ਕਿਸ ਪ੍ਰੇਮ ਦੀ ਵਜਾਵਣ ਰਬਾਬ, ਤੰਦ ਸਤਾਰ ਹਿਲਾਈਆ । ਕੀ ਪੀਵਣ ਹਯਾਤੇ ਆਬ, ਪ੍ਰੇਮ ਰਸ ਚਖਾਈਆ । ਕਿਸ ਬਿਧ ਲੈਣ ਆਪਣਾ ਸਵਾਦ, ਅੰਤਰ ਪ੍ਰੇਮ ਵਧਾਈਆ । ਕਿਸ ਨੂੰ ਕਹਿਣ ਗਾਡ, ਖ਼ੁਦਾ ਵਾਹਿਗੁਰੂ ਅੱਲਾ ਕਹਿ ਕੇ ਕਿਸ ਦਾ ਨਾਮ ਧਿਆਈਆ । ਕੀ ਤੇਰਾ ਵੇਖਣ ਬਾਜ਼, ਕਲਗੀ ਤੋੜਾ ਅੱਖ ਟਿਕਾਈਆ । ਕਿਸ ਬਿਧ ਦਰਗਾਹ ਦਾ ਲੱਭਣ ਰਾਜ, ਪਿਛਲਾ ਪੰਧ ਮੁਕਾਈਆ । ਕੀ ਲੇਖਾ ਲਿਖ ਕੇ ਗਿਆ ਭਾਰਦਵਾਜ, ਸੱਤਾਂ ਰਿਖੀਆਂ ਵਿਚੋਂ ਧਿਆਨ ਲਗਾਈਆ । ਕੀ ਮਨਸਾ ਰੱਖੀ ਭਸੁੰਡ ਕਾਗ, ਇਹ ਵੀ ਦੇ ਸੁਣਾਈਆ । ਕਿਹੜਾ ਗਜ ਨੂੰ ਦੱਸਿਆ ਜਾਪ, ਤੰਦੂਆ ਤੰਦ ਕਟਾਈਆ । ਕਿਸ ਬਿਧ ਪ੍ਰਹਿਲਾਦ ਕੋਲ ਆਇਆ ਸਾਖਿਆਤ, ਨਰ ਸਿੰਘ ਰੂਪ ਵਟਾਈਆ । ਕਿਸ ਬਿਧ ਧਰੂ ਦਾ ਬਣਿਆ ਬਾਪ, ਬਾਲ ਅੰਞਾਣਾ ਗੋਦ ਉਠਾਈਆ । ਕਿਸ ਬਿਧ ਬਲ ਦਾ ਦਿਤਾ ਸਾਥ, ਵੇਸ ਅਨੇਕਾ ਰੂਪ ਵਟਾਈਆ । ਕਿਸ ਬਿਧ ਜਨਕ ਦੀ ਪੁਛੀ ਵਾਤ, ਗਿਆਨ ਦ੍ਰਿਸ਼ਟੀ ਇਕ ਵਖਾਈਆ । ਕਿਸ ਬਿਧ ਬਿਦਰ ਦਾ ਖਾਧਾ ਸਾਗ, ਸੁਦਾਮੇ ਤੰਦਲਾਂ ਭੋਗ ਲਗਾਈਆ । ਕਿਸ ਬਿਧ ਨਾਮਦੇਵ ਦਾ ਪੂਰਾ ਕੀਤਾ ਜਾਪ, ਕਿਸ ਬਿਧ ਤਾਰਿਆ ਸੈਣ ਨਾਈਆ । ਕਿਸ ਬਿਧ ਜੁਲਾਹੇ ਦਾ ਤਾਣਾ ਬੁਣਿਆ ਆਪ, ਕਬੀਰ ਕਾਇਆ

ਕਬਰ ਵਿਚੋਂ ਬਾਹਰ ਕਢਾਈਆ । ਕਿਸ ਬਿਧ ਰਵਦਾਸ ਚਮਾਰਾ ਉਚਾ ਕੀਤਾ ਵਿਚੋਂ ਨੀਚੀ ਜਾਤ, ਪਾਨਹਾ ਗੰਢ ਕੇ ਖ਼ੁਸ਼ੀ ਵਖਾਈਆ । ਕਿਸ ਬਿਧ ਨਾਮੇ ਕੀਤਾ ਭਾਗ ਸੁਭਾਗ, ਛੱਪਰ ਛੰਨ ਛੁਹਾਈਆ । ਕਿਹੜਾ ਧੰਨੇ ਖੋਲ੍ਹਿਆ ਰਾਜ਼, ਪੜਦਾ ਦੇ ਚੁਕਾਈਆ । ਕਿਸ ਬਿਧ ਗਨਕਾ ਮਾਰ ਆਵਾਜ਼, ਸੋਈ ਦਿਤੀ ਉਠਾਈਆ । ਜੁਗ ਚੌਕੜੀ ਕੀਤਾ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਕਿਸ ਬਿਧ ਕਲਜੁਗ ਅੰਤ ਆਪਣਾ ਦੇਵੇਂ ਸਾਥ, ਸਗਲਾ ਸੰਗ ਬਣਾਈਆ । ਕੀ ਗੁਰਮੁਖਾਂ ਦੇਵੇਂ ਦਾਤ, ਲਹਿਣਾ ਦੇਣਾ ਝੋਲੀ ਪਾਈਆ । ਕਿਸ ਬਿਧ ਭਗਤ ਸੁਹੇਲਿਆਂ ਖੁਲ੍ਹੇ ਤਾਕ, ਪੜਦਾ ਲੈਣ ਚੁਕਾਈਆ । ਕੀ ਉਹ ਸਾਧਾਂ ਸੰਤਾਂ ਦੇ ਬਣਨ ਚਾਕ, ਪੀਰਾਂ ਪਿਛੇ ਫੇਰੀਆਂ ਪਾਈਆ । ਕੀ ਉਹ ਗ੍ਰੰਥਾਂ ਨੂੰ ਲੈਣ ਵਾਚ, ਵਾਚਕ ਹੋ ਕੇ ਖੋਜ ਖੁਜਾਈਆ । ਕੀ ਉਹ ਖੋਜਣ ਵਿਚ ਪਰਭਾਸ, ਫਿਰਨ ਵਾਹੋ ਦਾਹੀਆ । ਕੀ ਉਹ ਦੀਨਾਂ ਮਜ਼੍ਹਬਾਂ ਵਿਚ ਤੇਰੀ ਲੱਭਣ ਜਾਤ, ਇਹ ਵੀ ਦੇਣਾ ਦ੍ਰਿੜਾਈਆ । ਗੋਬਿੰਦ ਕਿਹਾ ਬਿਆਸ ਸਭ ਬਿਰਥਾ ਖੇਲ ਤਮਾਸ਼, ਪ੍ਰਿਥਮੀ ਦਏ ਦੁਹਾਈਆ । ਕੀ ਕਰੇਗਾ ਪੂਜਾ ਪਾਠ, ਕੀ ਕਰੇਗਾ ਤੀਰਥ ਤਾਟ, ਕੀ ਕਰੇਗਾ ਪੁਸਤਕ ਕਿਤਾਬ, ਕੀ ਕਰੇਗਾ ਵਜਾਇਆ ਰਬਾਬ, ਕੀ ਕਰੇਗਾ ਗਾਇਆ ਗਾਥ, ਜਿੰਨਾਂ ਚਿਰ ਸਤਿਗੁਰ ਸ਼ਬਦ ਨਾ ਸਾਥ ਰਖਾਈਆ । ਓਸ ਵੇਲੇ ਪੁਰਖ ਅਕਾਲ ਹੋਵੇ ਮੇਰਾ ਬਾਪ, ਮੈਂ ਓਸ ਦੇ ਨਾਲ ਆਵਾਂ ਆਪ, ਕੋਟ ਜਨਮ ਦਿਆਂ ਵਿਛੜਿਆਂ ਮੇਟ ਕੇ ਪਾਪ, ਪੁੰਨ ਸਰਾਪਾਂ ਤੋਂ ਕਰ ਕੇ ਪਾਕ, ਆਪਣੀ ਮਿਲਾ ਕੇ ਸਾਚੀ ਜਾਤ, ਪਾਰਬ੍ਰਹਮ ਬ੍ਰਹਮ ਦਾ ਦੇ ਕੇ ਜਾਪ, ਮਿਹਰ ਨਜ਼ਰ ਨਾਲ ਮਿਹਰਵਾਨ ਹੋ ਕੇ ਅੰਤਮ ਅੰਤ ਭਗਵੰਤ ਵਿਚ ਮਿਲਾਈਆ ।



★ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਚਰਨ ਕੌਰ ਦੇ ਗ੍ਰਿਹ ਪਿੰਡ ਫਰਾਲਾ ਜ਼ਿਲਾ ਜਲੰਧਰ ★

ਗੋਬਿੰਦ ਕਿਹਾ ਬਿਆਸ ਕਲਜੁਗ ਅੰਤ ਦਾ ਦੱਸਾਂ ਸੀਨ, ਸੀਨ ਸ਼ੀਨ ਜਿਸ ਨੂੰ ਸਮਝ ਕੋਈ ਨਾ ਪਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਕਮੀਨ, ਬੁੱਧ ਬਿਬੇਕ ਨਾ ਕੋਇ ਰਖਾਈਆ । ਵਾਸਨਾ ਹੋਏ ਮਲੀਨ, ਖ਼ਾਹਸ਼ ਕੂੜ ਵਡਿਆਈਆ । ਰਾਓ ਰੰਕ ਹੋਵੇ ਗ਼ਮਗੀਨ, ਹਿਰਦੇ ਖ਼ੁਸ਼ੀ ਨਾ ਕੋਇ ਬਣਾਈਆ । ਝਗੜਾ ਪਵੇ ਨਰ ਮਦੀਨ, ਦੋਹਾਂ ਕਰੇ ਨਾ ਕੋਇ ਸਫ਼ਾਈਆ । ਓਸ ਵੇਲੇ ਪੁਰਖ ਅਕਾਲ ਦੀਨ ਦਿਆਲ ਲੇਖਾ ਜਾਣੇ ਆਪ ਮਹੀਨ, ਮਿਹਰਵਾਨ ਧੁਰ ਦਾ ਮਾਹੀਆ । ਜਨ ਭਗਤ ਉਠਾਏ ਜੋ ਸੱਜਣ ਕਦੀਮ, ਕਦਮਾਂ ਦੇ ਨਾਲ ਮਿਲਾਈਆ । ਸਾਚੀ ਦੇ ਤਾਲੀਮ, ਆਤਮ ਪਰਮਾਤਮ ਦਏ ਸਮਝਾਈਆ । ਧੁਰ ਦਾ ਦੇ ਯਕੀਨ, ਇਸ਼ਟ ਦੇਵ ਇਕ ਵਖਾਈਆ । ਚਾੜ੍ਹ ਕੇ ਰੰਗ ਨਵੀਨ, ਨਵਾਂ ਜਨਮ ਦਏ ਬਦਲਾਈਆ । ਕੂੜੀ ਕਿਰਿਆ ਲਵੇ ਛੀਨ, ਮਾਇਆ ਮਮਤਾ ਮੋਹ ਮਿਟਾਈਆ । ਸਚ ਪ੍ਰੇਮ ਵਿਚ ਕਰੇ ਲੀਨ, ਲਿਵ ਅੰਤਰ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੰਗਤ ਦਏ ਰੰਗਾਈਆ । ਬਿਆਸ ਕਿਹਾ ਕੀ ਭਗਤ ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਰੱਖਣ ਓਟ, ਤੀਰਥ ਤਟ ਧਿਆਨ ਲਗਾਈਆ । ਕਿਹੜੀ ਜਾਤ ਪਾਤ ਚੰਗੀ ਸੋਹਣੀ ਗੋਤ, ਵਰਨ ਬਰਨ ਕਿਹੜਾ ਦੀਨ ਵਡਿਆਈਆ । ਕਿਹੜੇ ਇਸ਼ਟ ਦੀ ਕਰਨ ਸੋਚ, ਕਿਸ ਅਵਤਾਰ ਪੈਗ਼ੰਬਰ ਗੁਰੂ ਨਾਲ ਨਾਤਾ ਲੈਣ ਜੁੜਾਈਆ । ਕਿਸ ਦੀ ਯਾਦ ਕਰਨ ਰੋਜ਼, ਸੁਬਹ ਸ਼ਾਮ ਢੋਲਾ ਗਾਈਆ । ਕਿਸ ਦਾ ਵੇਖਣ ਚੋਜ, ਕਿਸ ਦਾ ਰਾਹ ਤਕਾਈਆ । ਕਿਹੜਾ ਧਾਰਨ ਯੋਗ, ਕਵਣ ਰੰਗ ਵਖਾਈਆ । ਕਿਹੜਾ ਭੋਗਣ ਭੋਗ, ਇਹ ਦੇਣਾ

ਸਮਝਾਈਆ । ਕਿਸ ਨਾਲ ਹੋਵੇ ਸੰਯੋਗ, ਨਾਤਾ ਮਾਤ ਬਣਾਈਆ । ਕਿਸ ਨਾਲ ਹੋਵੇ ਵਿਯੋਗ, ਵਿਛੜ ਖ਼ੁਸ਼ੀ ਵਖਾਈਆ । ਕਿਸ ਦਾ ਦਰਸ਼ਨ ਕਰਨ ਅਮੋਘ, ਅੰਮ੍ਰਿਤ ਰਸ ਚੁਆਈਆ । ਕੀ ਖਾਣਾ ਹੋਵੇ ਭੋਜ, ਭੋਜਨ ਮਿਲੇ ਵਡਿਆਈਆ । ਕਿਹੜੀ ਖ਼ੁਸ਼ੀ ਵਿਚ ਮਾਨਣ ਮੌਜ, ਆਪਣਾ ਆਪ ਪਰਚਾਈਆ । ਕਿਸ ਬਿਧ ਪੈਂਡਾ ਮੁਕਾਵਣ ਲੋਕ ਪਰਲੋਕ, ਲੱਖ ਚੁਰਾਸੀ ਡੇਰਾ ਢਾਹੀਆ । ਗੋਬਿੰਦ ਕਿਹਾ ਪੁਰਖ ਅਕਾਲ ਆਪੇ ਕਰੇ ਉਨ੍ਹਾਂ ਦੀ ਖੋਜ, ਲੱਖ ਚੁਰਾਸੀ ਵਿਚੋਂ ਆਪਣਾ ਮੇਲ ਮਿਲਾਈਆ । ਇਕੋ ਨਾਤਾ ਜੋੜ ਕੇ ਨਿਰਮਲ ਜੋਤ, ਆਤਮ ਪਰਮਾਤਮ ਲਏ ਮਿਲਾਈਆ । ਇਕੋ ਸ਼ਬਦ ਸੋਹੰ ਸੋ ਦੇ ਕੇ ਬਹੁਤ, ਬਹੁਤਿਆਂ ਜਾਪਾਂ ਤੋਂ ਲਏ ਬਚਾਈਆ । ਉਨ੍ਹਾਂ ਨੂੰ ਕੋਈ ਲੱਭਣਾ ਪਏ ਨਾ ਪੋਪ, ਪੰਡਤ ਮੁੱਲਾਂ ਅੱਖ ਨਾ ਕੋਇ ਮਿਲਾਈਆ । ਮੈਂ ਨਾਮ ਭੰਡਾਰਾ ਦੇਵਾਂ ਥੋਕ, ਪਰਚੂਨਾਂ ਦੀ ਗੰਢ ਨਾ ਕੋਇ ਖੁਲ੍ਹਾਈਆ । ਜਨਮ ਮਰਨ ਦਾ ਕੱਢ ਕੇ ਹਰਖ਼ ਸੋਗ, ਚਿੰਤਾ ਦਿਆਂ ਗਵਾਈਆ । ਸਚ ਪ੍ਰੀਤੀ ਦੇ ਕੇ ਜੋਗ, ਜੁਗਤੀ ਦਿਆਂ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਸਾਚੀ ਮੌਜ, ਮਜਲਸ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰ ਦੇਵੇ ਮਾਣ ਵਡਿਆਈਆ । ਬਿਆਸ ਕਿਹਾ ਕੀ ਭਗਤਾਂ ਹੋਵੇ ਰੰਗ, ਰੰਗਤ ਕਵਣ ਰੰਗਾਈਆ । ਕੀ ਭਗਤਾਂ ਹੋਵੇ ਸੰਗ, ਸਗਲਾ ਸੰਗ ਬਣਾਈਆ । ਕੀ ਭਗਤਾਂ ਦੇਵੇ ਅਨੰਦ, ਅਨੰਦ ਵਿਚੋਂ ਪਰਗਟਾਈਆ । ਕੀ ਭਗਤਾਂ ਪਾਵੇ ਗੰਢ, ਨਾਤਾ ਲਏ ਰਖਾਈਆ । ਕੀ ਭਗਤਾਂ ਦੇਵੇ ਠੰਡ, ਅਗਨੀ ਤਤ ਬੁਝਾਈਆ । ਕੀ ਭਗਤਾਂ ਮੇਟੇ ਪੰਧ, ਚੁਰਾਸੀ ਫੰਦ ਕਟਾਈਆ । ਕੀ ਭਗਤਾਂ ਦੱਸੇ ਛੰਦ, ਆਪਣਾ ਨਾਮ ਸਮਝਾਈਆ । ਕੀ ਭਗਤਾਂ ਖ਼ੁਸ਼ੀ ਕਰੇ ਬੰਦ ਬੰਦ, ਬੰਦਗੀ ਵਿਚ ਲਗਾਈਆ । ਕੀ ਭਗਤਾਂ ਕਰੇ ਪਾਬੰਦ, ਮਰਿਆਦਾ ਆਪਣੀ ਇਕ ਜਣਾਈਆ । ਕੀ ਭਗਤਾਂ ਅੰਦਰ ਜਾਵੇ ਲੰਘ, ਜਗਤ ਵਾਸਨਾ ਡੇਰਾ ਢਾਹੀਆ । ਕੀ ਭਗਤਾਂ ਸੇਜ ਸੁਹਾਏ ਪਲੰਘ, ਸਿੰਘਾਸਣ ਇਕੋ ਵੇਖ ਵਖਾਈਆ । ਕੀ ਭਗਤਾਂ ਕਰੇ ਆਪਣੇ ਮਾਨਿੰਦ, ਭੇਵ ਅਭੇਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਿਆਸ ਪੁਰਖ ਅਕਾਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਵਿਚ ਆਪਣੇ ਘਰ ਵਸਾਈਆ । ਬਿਆਸ ਕਿਹਾ ਕਿਸ ਉਤੇ ਰਹਿਮਤ ਕਰੇ ਨਿਰਗੁਣ ਧਾਰ ਜੋਤੀ, ਜੋਤ ਅਕਾਲਣ ਦਏ ਵਡਿਆਈਆ । ਗੋਬਿੰਦ ਕਿਹਾ ਆਤਮਾ ਸਾਰੀ ਉਸ ਦੀ ਗੋਤੀ, ਲੱਖ ਚੁਰਾਸੀ ਵਿਚ ਸਮਾਈਆ । ਉਹਦਾ ਝਗੜਾ ਨਹੀਂ ਸੁੰਨਤ ਬੋਦੀ, ਬੋਧੀ ਜੈਨੀ ਵੰਡ ਨਾ ਕੋਇ ਵੰਡਾਈਆ । ਬੁਰੀ ਨਹੀਂ ਤਹਿਮਤ ਧੋਤੀ, ਜਗਤ ਲਿਬਾਸ ਨਾ ਕੋਇ ਭਰਮਾਈਆ । ਜਿਨ੍ਹਾਂ ਦੀ ਅੰਤਰ ਸੁਰਤ ਉਠਾਈ ਸੋਤੀ, ਸੁੱਤਿਆਂ ਲਏ ਜਗਾਈਆ । ਉਨ੍ਹਾਂ ਦੀ ਚੜ੍ਹ ਕੇ ਚੋਟੀ, ਚੋਟ ਸ਼ਬਦ ਦਏ ਸੁਣਾਈਆ । ਕੱਢੇ ਵਾਸਨਾ ਖੋਟੀ, ਖੋਟਿਉਂ ਖਰੇ ਬਣਾਈਆ । ਬਿਆਸ, ਜਿਨ੍ਹਾਂ ਰਸਨਾ ਮਾਸ ਨਾ ਲਾਇਆ ਬੋਟੀ, ਜਮਕਾਲ ਬੁਚੜਾਂ ਤੋਂ ਲਏ ਛੁਡਾਈਆ । ਧੁਰ ਦੀ ਧਾਰ ਪੁਰਖ ਅਕਾਲ ਭਗਤਾਂ ਵਾਸਤੇ ਸੋਚੀ, ਦੂਸਰ ਸਮਝ ਨਾ ਕੋਇ ਸਮਝਾਈਆ । ਏਸੇ ਕਾਰਨ ਵਡਿਆਈ ਦਿਤੀ ਰਵਦਾਸ ਚਮਾਰੇ ਮੋਚੀ, ਸੁੱਕੇ ਟੁਕੜੇ ਖਾ ਕੇ ਝਟ ਲੰਘਾਈਆ । ਜਿਸ ਨੂੰ ਗਾਉਂਦੇ ਲੋਕ ਪਰਲੋਕੀ, ਪੁਰਖ ਅਕਾਲ ਓਸੇ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪੜ੍ਹਾਏ ਆਪਣੇ ਨਾਮ ਦੀ ਅਗੰਮੀ ਨਾਮ ਵਾਲੀ ਪੋਥੀ, ਪੋਥੀ ਪੁਸਤਕ ਛਾਪੇਖ਼ਾਨੇ ਵਾਲੀ ਸਫ਼ਿਆਂ ਵਿਚ ਨਾ ਕੋਇ ਵਖਾਈਆ ।

★ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਿਹਿ ਪਿੰਡ ਸਾਲਾਰ ਪੁਰ ਜ਼ਿਲਾ ਜਲੰਧਰ ★

ਬਿਆਸ ਕਿਹਾ ਗੋਬਿੰਦ ਕਲਜੁਗ ਅੰਤ ਭਗਤਾਂ ਦੀ ਕਿਹੜੀ ਹੋਵੇ ਕੌਮ, ਕਿਆਮਤ ਤੋਂ ਕੌਣ ਬਚਾਈਆ । ਕਿਸ ਦੀ ਗੋਦ ਬਹਿ ਕੇ ਸੌਣ, ਸਿੰਘਾਸਣ ਕਵਣ ਵਡਿਆਈਆ । ਕੀ ਉਹ ਅਗਨੀ ਪੂਜਣ ਕਿ ਪੌਣ, ਕੀ ਸ਼ਾਸਤਰਾਂ ਓਟ ਰਖਾਈਆ । ਕੀ ਠਾਕਰ ਮੰਨਣ ਕਿ ਓਮ, ਕਿਸ ਨੂੰ ਸੀਸ ਝੁਕਾਈਆ । ਕੀ ਵਾਹਿਗੁਰੂ ਅੱਲਾ ਰਾਮ ਕ੍ਰਿਸ਼ਨ ਗਾਉਣ, ਕਿਸ ਦੀ ਜੈਕਾਰ ਸੁਣਾਈਆ । ਕਿਹੜਾ ਇਸ਼ਟ ਦੇਵ ਮਨਾਉਣ, ਸਚ ਦੇਣਾ ਸਮਝਾਈਆ । ਕਿਸ ਦੇ ਅੱਗੇ ਭੋਗ ਲਗਾਉਣ, ਸਵਾਰਥ ਆਪਣਾ ਪੂਰ ਕਰਾਈਆ । ਕਿਸ ਦੀ ਪੂਜਾ ਕਰ ਕੇ ਝਟ ਲੰਘਾਉਣ, ਜੀਵਣ ਸਫ਼ਲ ਕਰਾਈਆ । ਕੀ ਠਾਕਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਿਰ ਝੁਕਾਉਣ, ਗੁਰੂਦਵਾਰ ਖ਼ਾਕ ਰਮਾਈਆ । ਕੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਬਾਣੀ ਪੜ੍ਹ ਕੇ ਮਨ ਪਰਚਾਉਣ, ਪਰਚਾ ਜੀਵਣ ਵਾਲਾ ਪਾਈਆ । ਕੀ ਅੱਠ ਸੱਠ ਤੀਰਥ ਜਾ ਕੇ ਨਹਾਉਣ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੋਜ ਖੁਜਾਈਆ । ਕੀ ਪੁੰਨ ਦਾਨ ਕਰਾਉਣ, ਕੀ ਭੇਟਾ ਜਗਤ ਗੋਸਾਂਈਆ । ਗੋਬਿੰਦ ਕਿਹਾ ਦੀਨ ਦੁਨੀ ਦੇ ਨਾਤੇ ਸਰਬ ਤਜਾਉਣ, ਛੁੱਟੇ ਕੂੜ ਲੋਕਾਈਆ । ਇਕੋ ਪੁਰਖ ਅਕਾਲ ਮਨਾਉਣ, ਜਿਸ ਨੇ ਸਾਰੇ ਇਸ਼ਟ ਦਿਤੇ ਪਰਗਟਾਈਆ । ਓਸੇ ਦੀ ਮਹਿੰਮਾ ਕਰ ਕੇ ਸਾਰੇ ਝਟ ਲੰਘਾਉਣ, ਬਿਨਾ ਪੁਰਖ ਅਕਾਲ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੀਰਥ ਤਟ ਕਿਨਾਰ ਗੁਰ ਅਵਤਾਰ ਪੈਗ਼ੰਬਰ ਕੰਮ ਕਿਸੇ ਨਾ ਆਈਆ । ਇਹ ਸਾਰੇ ਓਸੇ ਦਾ ਨਿਸ਼ਾਨ, ਜਿਸ ਨੇ ਰਚਨਾ ਰਚੀ ਦੋ ਜਹਾਨ, ਖੇਲ ਖਿਲਾ ਜ਼ਿਮੀਂ ਅਸਮਾਨ, ਰਵ ਸਸ ਕਰ ਪਰਧਾਨ, ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਪਰਮਾਤਮ ਆਤਮ ਦੇ ਕੇ ਦਾਨ, ਤ੍ਰੈ ਪੰਜ ਖੇਲ ਖੇਲ ਮਹਾਨ, ਲੱਖ ਚੁਰਾਸੀ ਜੇਰਜ ਅੰਡ ਉਤਭੁਜ ਸੇਤਜ ਰਚਨ ਦਿਤੀ ਰਚਾਈਆ । ਓਨ੍ਹਾਂ ਸੰਦੇਸ਼ਾ ਦੇਵੇ ਨੌਜਵਾਨ, ਆਦਿ ਜੁਗਾਦੀ ਮਰਦ ਮਰਦਾਨ, ਦੋ ਜਹਾਨਾਂ ਨਿਗਾਹਬਾਨ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਦਇਆ ਕਮਾਈਆ । ਬਿਆਸ, ਸਾਚਾ ਨਾਅਰਾ ਦੱਸ ਕੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵਣ ਜਾਵਣ ਲੇਖੇ ਮੁਕਾ ਕੇ ਤਮਾਮ, ਨਿਰਗੁਣ ਨਵਾਂ ਨੂਰ ਮਿਲੇ ਅਮਾਮ, ਮਾਨਸ ਜਨਮ ਦਾ ਸਫਲ ਹੋਵੇ ਕਾਮ, ਚਰਨ ਧੂੜੀ ਇਕੋ ਵਾਰ ਕਰਾ ਇਸ਼ਨਾਨ, ਮਿਹਰ ਨਾਲ ਦੇ ਗਿਆਨ, ਅੰਧ ਅਗਿਆਨ ਅੰਦਰੋਂ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਨੂੰ ਆਪਣੇ ਦਰ ਕਰੇ ਪਰਵਾਨ, ਤਿਨ੍ਹਾਂ ਦਾ ਲੇਖਾ ਹੋਰ ਰਹੇ ਨਾ ਰਾਈਆ ।

★ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਿਹਿ ਪਿੰਡ ਦੈਂਤ ਪੁਰਾ ਜ਼ਿਲਾ ਜਲੰਧਰ ★

ਬਿਆਸ ਕਿਹਾ ਕਲਜੁਗ ਅੰਤ ਭਗਤ ਕਿਹੜੀ ਨਹਾਵਣ ਗੰਗ, ਗੰਗੋਤਰੀ ਦੇ ਸਮਝਾਈਆ । ਕਿਸ ਦਵਾਰੇ ਮਾਰਨ ਪੰਧ, ਸਫ਼ਰੀ ਸਫ਼ਰ ਵਖਾਈਆ । ਕਿਸ ਦਾ ਮਾਨਣ ਅਨੰਦ, ਪੁਰੀ ਅਨੰਦ ਵਾਲੇ ਦੇ ਦ੍ਰਿੜਾਈਆ । ਕਿਹੜਾ ਤਰੀਕਾ ਕਰਨ ਢੰਗ, ਰਸਤਾ ਲੈਣ ਅਪਣਾਈਆ । ਕਿਹੜਾ ਪੜਦਾ ਕੱਜੇ ਨੰਗ, ਓਢਣ ਸੀਸ ਟਿਕਾਈਆ । ਕਿਹੜਾ ਯੁੱਧ ਕਰਨ ਜੰਗ, ਸ਼ਸਤਰ ਕਵਣ ਉਠਾਈਆ । ਕਿਹੜਾ ਵਜਾਵਣ ਮਰਦੰਗ,

ਨਗਾਰਾ ਡੰਕ ਛੁਹਾਈਆ । ਕਿਹੜਾ ਲੱਭਣ ਸੰਗ, ਅਗਲਾ ਸੰਗ ਬਣਾਈਆ । ਕਿਹੜਾ ਕਸਣ ਤੰਗ, ਪਾਖਰ ਅਸਵ ਜ਼ੀਨ ਸੁਹਾਈਆ । ਕਿਸ ਦੇ ਹੋਣ ਪਾਬੰਦ, ਚੱਲਣ ਸਚ ਰਜ਼ਾਈਆ । ਕਿਸ ਬਿਧ ਪਾਵਣ ਠੰਡ, ਤੀਰਥ ਕਵਣ ਨੁਹਾਈਆ । ਟੁੱਟੀ ਲੈਣ ਗੰਢ, ਨਾਤਾ ਆਪ ਜੁੜਾਈਆ । ਭੇਵ ਖੁਲ੍ਹੇ ਬ੍ਰਹਮ, ਪੜਦਾ ਚੁੱਕੇ ਬੇਪਰਵਾਹੀਆ । ਸੁਖਾਲੇ ਹੋਵਣ ਦਮ, ਸਾਹ ਸਵਾਸ ਵਿਚ ਸਮਾਈਆ । ਮਿਟੇ ਚਿੰਤਾ ਗ਼ਮ, ਹਰਖ ਸੋਗ ਡੇਰਾ ਢਾਹੀਆ । ਭੰਡਾਰਾ ਮਿਲੇ ਧਨ, ਨਾਮ ਅਗੰਮ ਅਥਾਹੀਆ । ਚਮਕੇ ਨੂਰੀ ਚੰਨ, ਜੋਤ ਹੋਵੇ ਰੁਸ਼ਨਾਈਆ । ਗੋਬਿੰਦ ਕਿਹਾ ਬਿਆਸ ਜੇ ਇਕੋ ਮੇਰਾ ਹੁਕਮ ਲੈਣ ਮੰਨ, ਦੂਜੇ ਦੀ ਲੋੜ ਰਹੇ ਨਾ ਰਾਈਆ । ਮੇਰੀ ਧਾਰੋਂ ਪੈਣ ਜੰਮ, ਪਿਤਾ ਪੁਰਖ ਅਕਾਲ ਦਿਆਂ ਵਖਾਈਆ । ਦੋ ਜਹਾਨਾਂ ਚਾੜ੍ਹ ਕੇ ਚੰਨ, ਗੁਰਮੁਖਾਂ ਕਰਾਂ ਰੁਸ਼ਨਾਈਆ । ਭਗਤ ਉਧਾਰਨਾ ਮੇਰਾ ਕੰਮ, ਜੁਗ ਚੌਕੜੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸਮਝਾਈਆ । ਬਿਆਸ ਕਿਹਾ ਉਹ ਦਵਾਰੇ ਕੀਹਦੇ ਝੁਕਣ, ਸੀਸ ਕਿਸ ਨਿਵਾਈਆ । ਕਿਸਦੇ ਕੋਲੋਂ ਪੁਛਣ, ਕਿੱਥੇ ਮਿਲੇ ਬੇਪਰਵਾਹੀਆ । ਕਿਸ ਨੂੰ ਸੁਣਾਵਣ ਦੁੱਖਣ, ਕਵਣ ਦਰਦੀ ਦਰਦ ਵੰਡਾਈਆ । ਕਿਸ ਬਿਧ ਕੂੜ ਕੁੜਿਆਰੀ ਜੜ੍ਹ ਪੁੱਟਣ, ਅੰਦਰੋਂ ਬਾਹਰ ਕਢਾਈਆ । ਜਗਤ ਵਾਸਨਾ ਕੂੜੀ ਬਾਹਰ ਥੁੱਕਣ, ਅੰਦਰ ਵਿਖ ਨਾ ਕੋਇ ਚੜ੍ਹਾਈਆ । ਮਨੂਆ ਖੇਲ ਨਾ ਕਰੇ ਫੱਫੇ ਕੁੱਟਣ, ਤ੍ਰਿਸ਼ਨਾ ਤ੍ਰਿਪਤ ਵਖਾਈਆ । ਕਿਸ ਬਿਧ ਪੈਂਡਾ ਓਨ੍ਹਾਂ ਆਵੇ (ਮੁੱਕਣ), ਝਗੜਾ ਮੁਕੇ ਲੋਕਾਈਆ । ਗੋਬਿੰਦ ਕਿਹਾ ਬਿਆਸ ਜੇ ਇਕੋ ਮੇਰੇ ਬਣ ਜਾਣ ਸੁਤਣ, ਮੇਰਾ ਸੁਤ ਅਪਰਾਧ ਨਾ ਕੋਇ ਕਮਾਈਆ । ਆਪੇ ਗੋਦੀ ਆਵਾਂ ਚੁੱਕਣ, ਕੋਝੇ ਕਮਲਿਆਂ ਗਲੇ ਲਗਾਈਆ । ਦਰਗਾਹ ਸਾਚੀ ਆਵਾਂ ਸੁੱਟਣ, ਜਿਥੇ ਬੈਠਾ ਬੇਪਰਵਾਹੀਆ । ਸੋਹਣੀ ਸੁਹਾਵਾਂ ਰੁੱਤਣ, ਰੁਤੜੀ ਇਕ ਮਹਿਕਾਈਆ । ਜਿਹੜੇ ਏਸ ਨਿਸ਼ਾਨਿਉਂ ਉਕਣ, ਅਗਲੇ ਲੇਖੇ ਦੀ ਸਮਝ ਰਹੇ ਨਾ ਰਾਈਆ । ਸ਼ਬਦੀ ਧਾਰ ਨਾਲੋਂ ਟੁੱਟਣ, ਟੁੱਟਿਆਂ ਨਾ ਕੋਇ ਜੁੜਾਈਆ । ਜਨ ਭਗਤਾਂ ਹੁਕਮੇਂ ਅੰਦਰ ਦੇ ਕੇ ਧੁਰ ਦਾ ਸੁਖ਼ਣ, ਬਚਨ ਕੌਲ ਆਪਣਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਆਪਣੀ ਦਇਆ ਵਿਚ ਰਖਾਈਆ ।



## ★ ੧੬ ਮੱਘਰ ਸ਼ਹਿਨਸ਼ਾਹੀ ਸੰਮਤ ੨ ਮਾਈ ਭਾਗੋ ਦੇ ਗ੍ਰਿਹ ਪਿੰਡ ਬਿਲਗਾ ਜ਼ਿਲਾ ਜਲੰਧਰ ★

ਬਿਆਸ ਕਿਹਾ ਗੋਬਿੰਦ ਕਲਜੁਗ ਅੰਤ ਭਗਤਾਂ ਦੀ ਕੀ ਪਹਿਚਾਣ, ਗੁਰਮੁਖਾਂ ਦਾ ਲੇਖ ਦੇ ਸਮਝਾਈਆ । ਕਿਸ ਦਾ ਕਰਨ ਧਿਆਨ, ਇਸ਼ਟ ਕਵਣ ਮਨਾਈਆ । ਕਿਸ ਦਾ ਸੁਣਨ ਗਿਆਨ, ਕਵਣ ਸਚ ਪੜ੍ਹਾਈਆ । ਕਿਸ ਦਾ ਰੱਖਣ ਮਾਣ, ਕਿਸ ਦੀ ਗੋਦ ਸੁਹਾਈਆ । ਕਿਸ ਤੋਂ ਮੰਗਣ ਦਾਨ, ਕਿਸ ਅੱਗੇ ਝੋਲੀ ਡਾਹੀਆ । ਕਿਸ ਤੋਂ ਲੈਣ ਅੰਮ੍ਰਿਤ ਪੀਣ ਖਾਣ, ਕਿਸ ਦਵਾਰੇ ਰਸ ਚੁਆਈਆ । ਕਿਸ ਦਾ ਢੋਲਾ ਗੀਤ ਗਾਣ, ਕਿਸ ਦੇ ਅੱਗੇ ਸੀਸ ਨਿਵਾਈਆ । ਕਿਸ ਦੇ ਚਰਨ ਕਰਨ ਪਰਨਾਮ, ਬੰਦਨਾ ਡੰਡਾਵਤ ਕਿਹੜੀ ਥਾਈਆ । ਕਿਸ ਦੇ ਹੋਣ ਗ਼ੁਲਾਮ, ਖ਼ਾਦਮ ਹੋ ਕੇ ਸੇਵ ਕਮਾਈਆ । ਕਿਸ ਦਾ ਸੁਣਨ ਪੈਗ਼ਾਮ, ਕਿਸ ਦੀ ਚਲਣ ਰਜ਼ਾਈਆ । ਗੋਬਿੰਦ ਕਿਹਾ, ਬਿਆਸ ਉਠ ਵੇਖ ਨਿਸ਼ਾਨ, ਨਿਸ਼ਾਨਾ

ਦਿਆਂ ਵਖਾਈਆ । ਉਹ ਸ਼ਬਦ ਅਗੰਮੀ ਸੁਣਨ ਗਿਆਨ, ਚਾਰ ਜੁਗ ਤੋਂ ਵੱਖਰੀ ਕਰਨ ਪੜ੍ਹਾਈਆ । ਇਕੋ ਇਸ਼ਟ ਮੰਨਣ ਸ੍ਰੀ ਭਗਵਾਨ, ਜੋ ਸਭ ਦਾ ਪਿਤਾ ਮਾਈਆ । ਸਚ ਪ੍ਰੀਤੀ ਅੰਮ੍ਰਿਤ ਰਸ ਪੀਣ ਖਾਣ, ਦੂਜੀ ਤ੍ਰਿਸ਼ਨਾ ਨਾ ਕੋਇ ਵਧਾਈਆ । ਸਚਖੰਡ ਨਿਵਾਸੀ ਕਰ ਪਰਵਾਨ, ਲੇਖਾ ਸਭ ਦਾ ਦਏ ਲਗਾਈਆ । ਉਨ੍ਹਾਂ ਨੇ ਢੋਲਾ ਗੌਣਾ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ", ਭਾਗ ਆਪਣਾ ਲੈਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪਣੇ ਰੰਗ ਰੰਗਾਈਆ ।

## ★ ੧੬ ਮੱਘਰ ਸ਼ਹਿਨਸ਼ਾਹੀ ਸੰਮਤ ੨ ਕੇਹਰ ਸਿੰਘ ਦੇ ਗ੍ਰਹਿ ਪਿੰਡ ਰੁੜਕਾ ਜ਼ਿਲਾ ਜਲੰਧਰ ★

ਬਿਆਸ ਕਿਹਾ ਉਨ੍ਹਾਂ ਦੀ ਕਵਣ ਜਾਣੇ ਮਿਤਗਤ, ਕਵਣ ਦੇਵੇ ਵਡਿਆਈਆ । ਕਵਣ ਸਮਝਾਵੇ ਬ੍ਰਹਮ ਮਤ, ਬ੍ਰਹਮ ਪੜਦਾ ਕਵਣ ਉਠਾਈਆ । ਕਵਣ ਭਾਗ ਲਗਾਵੇ ਪੰਜ ਤੱਤ, ਤਤਵ ਦਏ ਦ੍ਰਿੜਾਈਆ । ਕਵਣ ਰੰਗ ਰੰਗਾਏ ਆਪਣੀ ਰੱਤ, ਲਾਲ ਗੁਲਾਲਾ ਦਏ ਚੜ੍ਹਾਈਆ । ਕਵਣ ਮਾਰਗ ਦੱਸੇ ਸੱਚ, ਝੂਠ ਝੂਠ ਡੇਰਾ ਢਾਹੀਆ । ਕਵਣ ਸੁਹਾਏ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਬਣਾਈਆ । ਕਵਣ ਦੇਵੇ ਅੰਮ੍ਰਿਤ ਰਸ, ਬਿਨ ਰਸਨਾ ਦਏ ਚਖਾਈਆ । ਕਵਣ ਮਨੂਆ ਕਰੇ ਵੱਸ, ਵਾਸਤਾ ਆਪਣੇ ਨਾਲ ਰਖਾਈਆ । ਕਵਣ ਖੋਲ੍ਹੇ ਅੰਦਰੋਂ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਕਵਣ ਪੜਦਾ ਦੇਵੇ ਢਕ, ਓਢਣ ਸੀਸ ਟਿਕਾਈਆ । ਕਵਣ ਲੱਖ ਚੁਰਾਸੀ ਵਿਚੋਂ ਲਵੇ ਕੱਢ, ਰਾਏ ਧਰਮ ਨਾ ਦਏ ਸਜ਼ਾਈਆ । ਕਵਣ ਸਚ ਦਵਾਰੇ ਲਏ ਸੱਦ, ਦਰਗਾਹ ਸਾਚੀ ਧਾਮ ਵਖਾਈਆ । ਕਵਣ ਹਕੀਕਤ ਦੇਵੇ ਹਕ, ਪੂਰਬ ਲੇਖਾ ਝੋਲੀ ਪਾਈਆ । ਕਵਣ ਮੇਲ ਮਿਲਾਏ ਨਠ ਨਠ, ਭੱਜੇ ਵਾਹੋ ਦਾਹੀਆ । ਕਵਣ ਊਚਾਂ ਨੀਚਾਂ ਖੋਲ੍ਹੇ ਇਕੋ ਹੱਟ, ਸਚ ਦਵਾਰਾ ਦਏ ਵਖਾਈਆ । ਕਵਣ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੀਨ ਮਜ਼੍ਹਬ ਖੇੜਾ ਕਰੇ ਭੱਠ, ਭਾਂਡਾ ਭਰਮ ਭਉ ਭੰਨਾਈਆ । ਗੋਬਿੰਦ ਕਿਹਾ ਬਿਆਸ ਇਹ ਮਿਹਰ ਕਰੇ ਪੁਰਖ ਸਮਰਥ, ਦੀਨ ਦਿਆਲ ਦਇਆ ਕਮਾਈਆ । ਇਕੋ ਦੇ ਕੇ ਆਪਣਾ ਜਸ, ਸਾਰੀਆਂ ਸਿਫ਼ਤਾਂ ਓਸੇ ਵਿਚ ਸਮਾਈਆ । ਨਾਮ ਦਾ ਖੋਲ੍ਹ ਕੇ ਹੱਟ, ਵਸਤ ਦਏ ਵਰਤਾਈਆ । ਇਕੱਠੇ ਕਰ ਚਾਰ ਵਰਨ ਇਕ ਦਵਾਰੇ ਲਏ ਸੱਦ, ਦਰ ਦਰਬਾਰਾ ਇਕ ਵਖਾਈਆ । "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਦੱਸ ਕੇ ਛੰਦ, ਬੰਦ ਬੰਦ ਬੰਦਗੀ ਲੇਖੇ ਲਾਈਆ । ਅੱਗੇ ਦੇ ਕੇ ਸਚਖੰਡ ਦਾ ਅਨੰਦ, ਜੋਤੀ ਜੋਤ ਜੋਤ ਵਿਚ ਮਿਲਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਭਗਤ ਉਧਾਰਨਾ ਓਸ ਕੋਲ ਨਿਰਾਲਾ ਢੰਗ, ਜੁਗ ਚੌਕੜੀ ਲਏ ਬਦਲਾਈਆ । ਕਲਜੁਗ ਅੰਤ ਹੋ ਬਖ਼ਸ਼ੰਦ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਭਗਵਾਨ, ਧੁਰ ਦਾ ਬਣਾ ਕੇ ਸੰਗ, ਸੰਗੀ ਹੋ ਕੇ ਸਗਲਾ ਸੰਗ ਨਿਭਾਈਆ ।

## ★ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਲਛਮਣ ਸਿੰਘ ਦੇ ਗ੍ਰਿਹ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ★

ਕੁੱਲੀ ਕਹੇ ਭਾਗ ਲੱਗਾ ਮੇਰੀ ਝੁੱਗੀ, ਝੁੱਗੇ ਹਰਿ ਸੰਗਤ ਦੇ ਵਸਾਈਆ । ਮੈਨੂੰ ਤੇਰੀ ਹੱਥ ਧਾਰ ਨਾ ਆਈ ਚੌਂਹ ਜੁਗੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਾਹ ਤਕਾਈਆ । ਮੇਰੇ ਮਾਲਕ ਤੇਰੀ ਯਾਦ ਵਿਚ ਹੋ ਗਈ ਬੁੱਢੀ, ਜੋਬਨ ਜਵਾਨੀ ਦਿਤੀ ਗਵਾਈਆ । ਲੱਤਾਂ ਤੋਂ ਹੋ ਗਈ ਡੁੱਡੀ, ਬਲਹੀਣ ਅਖਵਾਈਆ । ਵੇਖਦੀ ਰਹੀ ਵਦੀ ਸੁਦੀ, ਕਿਸ਼ਨਾ ਸ਼ੁਕਲਾ ਪੱਖ ਧਿਆਨ ਲਗਾਈਆ । ਸੋਚਦੀ ਰਹੀ ਨਾਲ ਬੁੱਧੀ, ਅਕਲ ਨਾਲ ਵਡਿਆਈਆ । ਮੈਨੂੰ ਰਮਜ਼ ਕੋਇ ਨਾ ਸੁੱਝੀ, ਭੇਵ ਨਾ ਕੋਇ ਖੁਲ੍ਹਾਈਆ । ਕਿਉਂ ਧਾਰ ਰੱਖੀ ਗੁੱਝੀ, ਆਪਣਾ ਆਪ ਛੁਪਾਈਆ । ਹੁਣ ਸੀਰ ਨਹੀਂ ਰਿਹਾ ਦੁੱਧੀ, ਧੀਰ ਨਾ ਕੋਇ ਧਰਾਈਆ । ਲੱਕੋਂ ਹੋ ਗਈ ਕੁੱਬੀ, ਸਿਰ ਨਾ ਕੋਇ ਉਠਾਈਆ । ਜਗਤ ਵਹਿਣ ਵਿਚ ਖੁੱਭੀ, ਬਾਹਰ ਨਾ ਕੋਇ ਕਢਾਈਆ । ਰੋਵਾਂ ਮਾਰ ਕੇ ਭੁੱਬੀ, ਹਉਕਿਆਂ ਵਿਚ ਜਣਾਈਆ । ਤੇਰੇ ਬਿਨਾ ਕਰੇ ਕੋਇ ਨਾ ਉਘੀ, ਉਗਣ ਆਥਣ ਨਾ ਕੋਇ ਸਰਨਾਈਆ । ਕਿਸੇ ਧਾਰ ਸੰਸਾਰ ਨਹੀਂ ਮੇਟੀ ਦੂਜੀ, ਜਗਤ ਝਗੜਾ ਨਾ ਕੋਇ ਮੁਕਾਈਆ । ਸ਼ਰਅ ਖ਼ਤਮ ਨਾ ਕੀਤੀ ਤੀਜੀ, ਤੀਜੇ ਨੈਣ ਨਾ ਕੋਇ ਰੁਸ਼ਨਾਈਆ । ਮੈਂ ਜੁਗ ਜੁਗ ਰਾਹ ਤੱਕਣ ਗਿੱਝੀ, ਵੇਖਾਂ ਅੱਖ ਉਠਾਈਆ । ਕਵਣ ਮੈਨੂੰ ਕਰੇ ਨਿੱਘੀ, ਜਗਤ ਠੰਡ ਵਿਚੋਂ ਬਚਾਈਆ । ਬੜੀ ਹੋਈ ਜਿੱਚੀ, ਦੁੱਖਾਂ ਦਿਤਾ ਤਪਾਈਆ । ਮੈਂ ਖੁਰਕ ਆਪਣੀ ਗਿੱਚੀ, ਧੌਣ ਲਈ ਛਿਲਾਈਆ । ਵੱਡਿਉਂ ਹੋਕੇ ਨਿੱਕੀ, ਆਪਣਾ ਆਪ ਬਦਲਾਈਆ । ਗੁਰ ਅਵਤਾਰਾਂ ਦੀਆਂ ਪੜ੍ਹਦੀ ਰਹੀ ਚਿੱਠੀ, ਜੋ ਅੱਖਰਾਂ ਵਿਚ ਗਏ ਸਮਝਾਈਆ । ਨਿਸ਼ਾਨ ਵੇਂਹਦੀ ਰਹੀ ਇੱਟੀਂ, ਪੱਥਰਾਂ ਨਾਲ ਵਡਿਆਈਆ । ਅੰਤ ਦੁਹੱਥੜ ਮਾਰ ਕੇ ਪਿੱਟੀ, ਬਹੁੜੀ ਕਰ ਸੁਣਾਈਆ । ਮੇਰੇ ਹੱਥ ਨਾ ਆਈ ਉਹ ਮਿਤੀ, ਜਿਸ ਵਿਚ ਮਿਤਰ ਪਿਆਰੇ ਮਿਲ ਕੇ ਖ਼ੁਸ਼ੀ ਮਨਾਈਆ । ਸਮਝ ਨਾ ਆਈ ਥਿੱਤੀ, ਵਕਤ ਨਾ ਕੋਇ ਸੁਹਾਈਆ । ਮੇਰੀ ਧਾਰ ਨਾ ਕਿਸੇ ਨਜਿੱਠੀ, ਦਰਦੀ ਦਰਦ ਨਾ ਕੋਇ ਵੰਡਾਈਆ । ਪ੍ਰੇਮ ਧਾਰ ਨਾ ਦਿਤੀ ਮਿੱਠੀ, ਰਸੀਆ ਰਸ ਨਾ ਕੋਇ ਚਖਾਈਆ । ਸਭ ਦੇ ਚਰਨਾਂ ਉਤੇ ਢੱਠੀ, ਜੋ ਤੇਰਾ ਨਾਮ ਸੰਦੇਸ਼ਾ ਲੈ ਕੇ ਆਈਆ । ਮੇਰੀ ਅਗਨ ਨਾ ਹੋਈ ਮੱਠੀ, ਤਪਸ਼ ਨਾ ਕੋਇ ਬੁਝਾਈਆ । ਮੈਨੂੰ ਸਾਰੇ ਅੱਖਰਾਂ ਵਾਲੀ ਪੜ੍ਹਾ ਕੇ ਗਏ ਪੱਟੀ, ਰਾਗਾਂ ਨਾਦਾਂ ਵਿਚ ਦਿਲ ਪਰਚਾਈਆ । ਮੈਂ ਥੋੜ੍ਹੀ ਥੋੜ੍ਹੀ ਜਗਦੀ ਵੇਂਹਦੀ ਰਹੀ ਮੋਮਬੱਤੀ, ਤੇਰੇ ਨੂਰ ਦੀ ਰੁਸ਼ਨਾਈਆ । ਆਂਚਲ ਵਿਚੋਂ ਵੇਂਹਦੀ ਰਹੀ ਅੱਖੀਂ, ਆਪਣੀ ਅੱਖ ਖੁਲ੍ਹਾਈਆ । ਬਣਦੀ ਰਹੀ ਸਖ਼ੀ, ਕਾਹਨ ਜੋੜ ਮਿਲਾਈਆ । ਝਲਦੀ ਰਹੀ ਪੱਖੀ, ਸੋਹਣੀ ਸੇਵ ਕਮਾਈਆ । ਤਪਾਉਂਦੀ ਰਹੀ ਭੱਠੀ, ਪਕਵਾਨਾਂ ਨਾਲ ਰਜਾਈਆ । ਦੇਂਦੀ ਰਹੀ ਖੱਟੀ, ਜੋ ਆਪਣੀ ਹੱਥੀਂ ਕਾਰ ਕਮਾਈਆ । ਫਿਰਦੀ ਰਹੀ ਨੱਠੀ, ਚਾਰ ਕੁੰਟ ਵਾਹੋ ਦਾਹੀਆ । ਲੱਭਦੀ ਰਹੀ ਹੱਟੀ, ਜਗਤ ਜਹਾਨ ਵੇਖ ਵਖਾਈਆ । ਖੋਜਦੀ ਰਹੀ ਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਤੇਰੀ ਖੇਲ ਕਿਸੇ ਨਾ ਦੱਸੀ, ਬੇਅੰਤ ਕਹਿ ਕੇ ਗਏ ਸੁਣਾਈਆ । ਮੈਂ ਅੰਤਮ ਮਾਂਦੀ ਥੱਕੀ, ਥਕਾਵਟ ਵਿਚ ਕੁਰਲਾਈਆ । ਜੇ ਤੂੰ ਸਾਹਿਬ ਸੁਲਤਾਨ ਹਕੀ, ਹਕੀਕ਼ਤ ਦਾ ਧੁਰ ਦਾ ਮਾਹੀਆ । ਬੇਦਰਦਾ ਜ਼ਰਾ ਦਰਸ ਤੇ ਦੇ ਜਾ ਰਤੀ, ਕਿਉਂ ਦੁੱਖਾਂ ਵਿਚ ਤਪਾਈਆ । ਮੈਂ ਤੇਰੇ ਉਤੇ ਆਸ ਸੱਟੀ, ਤੇਰੀ ਹੋ ਕੇ ਨੈਣ ਉਠਾਈਆ । ਅੰਤ ਦੁਹੱਥੜਾ ਮਾਰਾਂ ਉਤੇ ਪੱਟੀਂ, ਪਟੇ ਖੋਹ ਕੇ ਰਹੀ ਕੁਰਲਾਈਆ । ਜੇ ਕੁਛ ਨਹੀਂ ਦੇਣਾ ਆਪਣੇ ਪਿਆਰ ਦੀ ਦੇ ਦੇ ਚੱਟੀ, ਦੁੱਖ ਸਹਿ ਕੇ ਤੇਰਾ ਸ਼ੁਕਰ ਮਨਾਈਆ ।

ਮੈਂ ਬਿਨਾਂ ਵੇਖਿਉਂ ਚਾਰ ਜੁਗ ਤੇਰੇ ਸਹਾਰੇ ਵਸੀ, ਦੂਜਾ ਕੰਤ ਖ਼ਸਮ ਨਾ ਕੋਇ ਹੰਢਾਈਆ । ਤੂੰ ਅੱਖ ਜ਼ਰਾ ਨਾ ਪੱਟੀ, ਨੈਣ ਨਾ ਕੋਇ ਖੁਲ੍ਹਾਈਆ । ਨਾ ਮੈਂ ਗਵਾਲਣ ਨਾ ਮੈਂ ਜੱਟੀ, ਨਾ ਘੁਮਿਆਰਨ ਨਜ਼ਰੀ ਆਈਆ । ਨਾ ਮੈਂ ਤੋਲਾ ਮਾਸਾ ਨਾ ਮੈਂ ਰਤੀ, ਵਜ਼ਨਾਂ ਵਿਚ ਵਜ਼ਨ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਵੇਖ ਵਖਾਈਆ । ਝੁੱਗੀ ਕਹੇ ਮੈਂ ਚਿਰਾਂ ਵਿਛੁੰਨੀ, ਵਿਛੜੀ ਲੈ ਮਿਲਾਈਆ । ਮੈਂ ਵੇਖੀ ਤੇਰੀ ਦੀਨ ਦੁਨੀ, ਦੁਨੀਆ ਦੇ ਮਾਲਕ ਤੇਰੀ ਬੇਪਰਵਾਹੀਆ । ਮੈਂ ਵੇਖੇ ਤੇਰੇ ਰਿਖੀ ਮੁਨੀ, ਜੰਗਲਾਂ ਵਿਚ ਫਿਰਨ ਮਾਰਨ ਧਾਹੀਆ । ਮੈਂ ਵੇਖੇ ਤੇਰੇ ਪੰਡਤ ਗੁਣੀ, ਵਿਦਵਾਨ ਰਹੇ ਕੁਰਲਾਈਆ । ਮੈਂ ਵੇਖੇ ਜਿਨ੍ਹਾਂ ਚੋਟੀ ਮੁੰਨੀ, ਮੁਨੀਸ਼ਰ ਜਗਤ ਵਿਚ ਅਖਵਾਈਆ । ਮੈਂ ਵੇਖੇ ਜਿਹੜੇ ਬੈਠੇ ਵਿਚ ਸੁੰਨੀ, ਸਮਾਧੀ ਵਿਚ ਆਪਣਾ ਆਪ ਮਿਟਾਈਆ । ਤੂੰ ਪੁਕਾਰ ਕਿਸੇ ਨਾ ਸੁਣੀ, ਬੇਪਰਵਾਹ ਹੋ ਕੇ ਸਭ ਨੂੰ ਰਿਹਾ ਰੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਆਪਣੀ ਦੇ ਕਮਾਈਆ । ਕੁੱਲੀ ਕਹੇ ਮੈਨੂੰ ਝੁੱਗੀ ਕਹੇ ਜਗ, ਜੁਗ ਚੌਕੜੀ ਨਾਮ ਧਰਾਈਆ । ਮੈਂ ਸਭ ਕੁਛ ਦਿਤਾ ਛੱਡ, ਛੱਡੀ ਜਗਤ ਲੋਕਾਈਆ । ਮੰਦਰ ਮਸਜਿਦਾਂ ਤੋਂ ਹੋ ਕੇ ਅੱਡ, ਵੱਖਰਾ ਡੇਰਾ ਬੈਠੀ ਲਾਈਆ । ਮੇਰੇ ਸਭ ਤੋਂ ਪੁਰਾਣੇ ਹੱਡ, ਹੱਡੀਆਂ ਦੇਣ ਦੁਹਾਈਆ । ਮੈਂ ਤੇਰੇ ਪਿਆਰ ਦਾ ਨਿਸ਼ਾਨਾ ਬੈਠੀ ਗੱਡ, ਜਿਸ ਨੂੰ ਚਾਰ ਜੁਗ ਨਾ ਕੋਇ ਉਖੜਾਈਆ । ਤੂੰ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਲੋਕਮਾਤ ਵਿਚੋਂ ਦਿਤੇ ਕੱਢ, ਹੁਕਮੇ ਅੰਦਰ ਘੱਲ ਕੇ ਹੁਕਮੇ ਵਿਚ ਆਪਣੇ ਵਿਚ ਮਿਲਾਈਆ । ਮੇਰਾ ਨਿਸ਼ਾਨਾ ਸਾਰੇ ਗਏ ਛੱਡ, ਬਿਨਾ ਝੁੱਗੀ ਕਿਸੇ ਦੇ ਸਿਰ ਤੇ ਪੜਦਾ ਕੋਇ ਨਾ ਪਾਈਆ । ਵਿਸ਼ਨੂੰ ਮੇਰਾ ਗਾਇਆ ਜਸ, ਪ੍ਰਭ ਦਾ ਚਰਨ ਝੁੱਗੀ ਓਸ ਨੂੰ ਨਜ਼ਰੀ ਆਈਆ । ਬ੍ਰਹਮੇ ਮੇਰਾ ਮਾਣਿਆ ਰਸ, ਪ੍ਰਭ ਚਰਨਾਂ ਥੱਲੇ ਮਿਲੀ ਸਰਨਾਈਆ । ਸ਼ੰਕਰ ਮੇਰਾ ਗਾਇਆ ਜਸ, ਜਿਸਦੇ ਉਤੇ ਪੜਦਾ ਦਿਤਾ ਪਾਈਆ । ਮੈਂ ਜਗਤ ਵਿਚ ਕੁੱਲੀ ਕੱਖ, ਸਚਖੰਡ ਵਿਚ ਤੇਰਾ ਨੂਰ ਨੂਰ ਰੁਸ਼ਨਾਈਆ । ਤੇਈ ਅਵਤਾਰ ਅੰਦਰ ਗਏ ਵਸ, ਵਾਸਤਾ ਤੇਰੇ ਨਾਲ ਜੁੜਾਈਆ । ਈਸਾ ਮੂਸਾ ਮੁਹੰਮਦ ਮੇਰੇ ਅੰਦਰ ਵੜੇ ਨੱਠ, ਪੜਦਾ ਜਗਤ ਵਿਚੋਂ ਪਾਈਆ । ਨਾਨਕ ਗੋਬਿੰਦ ਮੇਰੇ ਵਾਸਤੇ ਲੇਖ ਲਿਖ ਕੇ ਗਏ ਹਕ, ਹਕੀਕ਼ਤ ਨਾਲ ਜਣਾਈਆ । ਭਗਤ ਸੁਹੇਲੇ ਮੈਨੂੰ ਦੱਸਦੇ ਰਹੇ ਸਚ, ਸੱਜਣ ਹੋ ਕੇ ਮੇਰਾ ਸੰਗ ਨਿਭਾਈਆ । ਚਾਰ ਜੁਗ ਤੂੰ ਮੈਥੋਂ ਰਿਹਾ ਬਚ, ਗੁਰਮੁਖਾਂ ਨਾਲ ਮਿਲ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦੇਣਾ ਵਖਾਈਆ । ਝੁੱਗੀ ਕਹੇ ਕੁਛ ਯਾਦ ਕਰ ਲੈ ਨਾਮੇ ਵਾਲਾ ਛੱਪਰ, ਛੁਪਣ ਵਾਲਿਆ ਦਿਆਂ ਸਮਝਾਈਆ । ਤੈਨੂੰ ਕਿਸੇ ਨਾ ਲਿਆ ਪਕੜ, ਲੱਭਿਆਂ ਹੱਥ ਕਿਸੇ ਨਾ ਆਈਆ । ਜਗਤ ਨਾਲ ਜਗਤ ਦੀ ਲਾ ਕੇ ਟੱਕਰ, ਟਾਕਰੇ ਵਿਚ ਗੁਰ ਅਵਤਾਰ ਪੈਗ਼ੰਬਰ ਦਿਤੇ ਫਸਾਈਆ । ਭਗਤਾਂ ਨਾਲ ਭਗਤਾਂ ਵਿਚੋਂ ਹੋ ਕੇ ਵੱਖਰ, ਵੱਖਰੇ ਹੋ ਕੇ ਭਗਤਾਂ ਮੇਲ ਮਿਲਾਈਆ । ਮੈਂ ਵਿਛਾ ਕੇ ਬੈਠੀ ਰਹੀ ਸੱਥਰ, ਚਾਰ ਜੁਗ ਧਿਆਨ ਲਗਾਈਆ । ਮੇਰੇ ਰੋਂਦੀ ਦੇ ਸੁੱਕ ਗਏ ਅੱਥਰ, ਹੰਝੂ ਰਹਿਣ ਕੋਇ ਨਾ ਪਾਈਆ । ਪ੍ਰਭੂ ਤੂੰ ਕਿਉਂ ਬਣਿਉਂ ਐਡਾ ਪੱਥਰ, ਪੱਥਰਾਂ ਦੇ ਬਣਾਉਣ ਵਾਲਿਆ ਆਪਣੀ ਪੱਥਰੀ ਲੈ ਹਿਲਾਈਆ । ਮੈਂ ਪੜ੍ਹਨਾ ਕੋਈ ਨਹੀਂ ਅੱਖਰ, ਵਿਦਿਆ ਵਿਚ ਨਾ ਕੋਇ ਵਡਿਆਈਆ । ਮੈਂ ਚੜ੍ਹਨਾ ਨਹੀਂ ਕਿਸੇ ਸਿਖਰ, ਚੋਟੀਆਂ ਉਤੇ ਨਾ ਡੇਰਾ ਲਾਈਆ । ਰੱਖਣਾ ਕੋਈ ਨਹੀਂ ਫ਼ਿਕਰ, ਫ਼ਿਕਰਿਆਂ ਵਿਚ ਤੇਰਾ ਨਾਮ ਧਿਆਈਆ । ਮੈਨੂੰ ਲੋੜ ਨਹੀਂ ਬਾਜਾਂ ਤਿੱਤਰ, ਕਲਗੀ ਸੀਸ ਨਾ

ਕੋਇ ਟਿਕਾਈਆ । ਮੈਂ ਕੋਈ ਚਲਾਉਣਾ ਨਹੀਂ ਜ਼ਿਕਰ, ਫ਼ਿਕਰਾ ਅਲਿਫ਼ ਯੇ ਨਾ ਕੋਇ ਪੜ੍ਹਾਈਆ । ਮਲੰਮਾ ਨਹੀਂ ਬਣਨਾ ਪਿੱਤਲ, ਕੂੜੀ ਗੰਢ ਨਾ ਕੋਇ ਵਖਾਈਆ । ਤੇਰੇ ਵਿਛੋੜੇ ਵਿਚ ਹੋਈ ਸਿੱਥਲ, ਪ੍ਰੀਤੀ ਸਕੇ ਨਾ ਕੋਇ ਤੁੜਾਈਆ । ਕਿਰਪਾ ਕਰ ਕੇ ਮੇਰੇ ਅੰਦਰ ਵੜ ਕੇ ਮੇਰੇ ਅੰਦਰੋਂ ਨਿਕਲ, ਮੈਂ ਵੇਖਾਂ ਚਾਈਂ ਚਾਈਂਆ । ਆਦਿ ਜੁਗਾਦਿ ਵਖਾ ਆਪਣੀ ਸ਼ਕਲ, ਜਿਸ ਨੂੰ ਬੇਸ਼ਕਲ ਕਹੇ ਲੋਕਾਈਆ । ਸਮਝੇ ਕੋਈ ਨਾ ਅਕਲ, ਵਿਦਿਆ ਨਾ ਕੋਇ ਵਡਿਆਈਆ । ਮੇਰਾ ਯਕੀਨ ਹੋਵੇ ਹਕਲ, ਹਿਕਮਤ ਦੇ ਦ੍ਰਿੜਾਈਆ । ਵਿਛੋੜਾ ਕਰ ਦੇ ਕਤਲ, ਧੁਰ ਦਾ ਪ੍ਰੇਮ ਲੈ ਪਰਗਟਾਈਆ । ਮੈਂ ਆਈ ਤੇਰੇ ਪੱਤਨ, ਤੂੰ ਧੁਰ ਦਾ ਸੱਚਾ ਮਾਹੀਆ । ਸਚ ਸੁਨੇਹੜਾ ਆਈ ਦੱਸਣ, ਇਕੋ ਵਾਰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਤੇਰੇ ਹੱਥ ਵਡਿਆਈਆ । ਝੁੱਗੀ ਕਹੇ ਮੈਂ ਵੇਖ ਹੋਈ ਝੱਲੀ, ਝਲਕ ਆਪਣੀ ਦਏ ਵਖਾਈਆ । ਮੈਂ ਵੈਰਾਗਣ ਫਿਰਾਂ ਇਕੱਲੀ, ਤੂੰ ਹੀ ਤੂੰ ਹੀ ਰਾਗ ਅਲਾਹੀਆ । ਭੇਰੀ ਕੋ ਵਖਾਵੇ ਆਪਣੀ ਗਲੀ, ਬੁੱਢੀ ਤੋਂ ਛੋਹਰੀ ਲਏ ਬਣਾਈਆ । ਪ੍ਰਭੂ ਮੇਰੀ ਮਤ ਨਾ ਰਹੀ ਝੱਲੀ, ਦੇ ਮਾਣ ਵਡਿਆਈਆ । ਹੁਣ ਰਹੀਂ ਨਾ ਅਛਲ ਅਛੱਲੀ, ਛਲ ਆਪਣਾ ਦੇ ਗਵਾਈਆ । ਮੈਂ ਸੀਸ ਧਰ ਕੇ ਤਲੀ, ਚੌਥੇ ਜੁਗ ਦਵਾਰੇ ਤੇਰੇ ਆਈਆ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਆਂ ਦਿੰਦੀ ਰਹੀ ਬਲੀ, ਬਲਵਾਨ ਬਲਵਾਨਾਂ ਨਾਲ ਲੜਾਈਆ । ਲੋਕਮਾਤ ਆਈ ਤੇਰੀ ਘੱਲੀ, ਹੁਕਮੇ ਅੰਦਰ ਸੇਵ ਕਮਾਈਆ । ਡੇਰਾ ਲਾਉਂਦੀ ਰਹੀ ਥਲੀਂ, ਅਸਗਾਹਾਂ ਵਿਚ ਆਪਣਾ ਆਪ ਛੁਪਾਈਆ । ਮੇਰੇ ਵਿਚ ਕਿਸੇ ਨੇ ਬਾਲੀ ਨਹੀਂ ਕਦੇ ਤੇਲ ਦੀ ਪਲੀ, ਜਗਤ ਨੂਰ ਨਾ ਕੋਇ ਚਮਕਾਈਆ । ਜੇ ਕੋਈ ਅੰਦਰ ਵੜ ਗਿਆ ਤੇਰਾ ਘੱਲਿਆ ਵਲੀ, ਉਹ



ਵੀ ਅੱਖਾਂ ਮੀਟ ਕੇ ਝਟ ਲੰਘਾਈਆ । ਸਦਾ ਸਦਾ ਵਿਛੋੜੇ ਦੀ ਧਾਰ ਮੇਰੇ ਉਤੇ ਬਣੀ, ਬੇੜਾ ਬੰਨੇ ਨਾ ਕੋਇ ਕਰਾਈਆ । ਮੈਂ ਸਭ ਦੀਆਂ ਫੜਦੀ ਰਹੀ ਕੰਨੀ, ਆਪ ਆਪਣਾ ਬਲ ਧਰਾਈਆ । ਲਾਉਂਦੀ ਰਹੀ ਗੱਲੀਂ, ਕਥਾ ਕਹਾਣੀ ਵਿਚ ਵਡਿਆਈਆ । ਕਦਮਾਂ ਨਾਲ ਪਿਛੇ ਲੱਗ ਕੇ ਚਲੀ, ਭੱਜੀ ਵਾਹੋ ਦਾਹੀਆ । ਅੰਦਰ ਵੜ ਕੇ ਰਲੀ, ਆਪਣਾ ਆਪ ਛੁਪਾਈਆ । ਅੰਤ ਪੇਸ਼ ਕੋਇ ਨਾ ਚਲੀ, ਸਾਰੇ ਪੱਲੂ ਗਏ ਛੁਡਾਈਆ । ਵੈਰਾਗਣ ਹੋ ਕੇ ਝੱਲੀ, ਫਿਰੀ ਵਾਂਗ ਸ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲੈ ਮਿਲਾਈਆ । ਝੁੱਗੀ ਕਹੇ ਕੁਛ ਵੇਖ ਲੈ ਨੀਵਾਂ ਹੋ ਕੇ ਝੁਕ, ਅਸਮਾਨਾਂ ਤੋਂ ਪਰੇ ਡੇਰਾ ਦੇ ਤਜਾਈਆ । ਮੇਰਾ ਤਨ ਵਜੂਦ ਗਿਆ ਸੁੱਕ, ਕੱਖਾਂ ਵਾਲਾ ਰੂਪ ਵਟਾਈਆ । ਮੂਲ ਨਾ ਸਕਾਂ ਉਠ, ਨਿਰਬਲ ਨਜ਼ਰੀ ਆਈਆ । ਮੇਰੇ ਕੋਲ ਨਹੀਂ ਕੁਛ, ਖ਼ਾਲੀ ਹੱਥ ਨਜ਼ਰੀ ਆਈਆ । ਬਿਰਹੋਂ ਵੈਰਾਗਣ ਨੂੰ ਆ ਕੇ ਪੁਛ, ਆਪਣਾ ਫੇਰਾ ਪਾਈਆ । ਕੋਈ ਪੜਦਾ ਰਿਹਾ ਨਾ ਲੁਕ, ਰੋ ਕੇ ਦਿਆਂ ਦੁਹਾਈਆ । ਚਾਰ ਜੁਗ ਮੇਰਾ ਮੇਟਿਆ ਕਿਸੇ ਨਾ ਦੁੱਖ, ਦਰਦੀ ਦਰਦ ਨਾ ਕੋਇ ਵੰਡਾਈਆ । ਮੇਰੇ ਸਾਰੇ ਨਿਸ਼ਾਨੇ ਗਏ ਉਕ, ਜਗਤ ਤੀਰ ਕੰਮ ਕਿਸੇ ਨਾ ਆਈਆ । ਜੋ ਆਇਆ ਸੋ ਮੇਰੇ ਅੰਦਰ ਵੜ ਕੇ ਤੈਥੋਂ ਰਿਹਾ ਪੁਛ, ਕਿਰਪਾ ਕਰ ਬੇਪਰਵਾਹੀਆ । ਸਾਰੇ ਵੇਖੇ ਤੇਰੇ ਪੁੱਤ, ਬੱਚੇ ਬਣ ਕੇ ਝਟ ਲੰਘਾਈਆ । ਮੈਂ ਗੋਦੀ ਰੱਖੇ ਚੁੱਕ, ਸੋਹਣੀ ਸੇਵ ਕਮਾਈਆ । ਤੇਰੀ ਰੱਖ ਕੇ ਓਟ, ਬੈਠੀ ਰਾਹ ਤਕਾਈਆ । ਛੱਡੇ ਕਿਲੇ ਕੋਟ, ਜੰਗਲ ਡੇਰਾ ਲਾਈਆ । ਰਹੀ ਨਾ ਕੋਈ ਮੌਜ, ਮਜਲਸ ਦਿਤੀ ਖਪਾਈਆ । ਤੇਰੀ ਕਰਦੀ ਰਹੀ ਖੋਜ, ਕਿਸ ਬਿਧ ਮਿਲੇ ਮੇਰਾ ਮਾਹੀਆ । ਲੇਖਾ ਚੁੱਕੇ ਮੇਰਾ ਮਾਤਲੋਕ, ਪਰਲੋਕ ਦਏ ਵਡਿਆਈਆ । ਖ਼ਤਮ ਹੋਵੇ ਸੋਚ,

ਸਮਝ ਦਏ ਬਦਲਾਈਆ । ਮਨਸਾ ਪੂਰੀ ਹੋਵੇ ਲੋਚ, ਲੋਚਨ ਆਪਣੇ ਨਾਲ ਰਲਾਈਆ । ਦਰਸ਼ਨ ਕਰਾਂ ਰੋਜ਼, ਵਿਛੋੜਾ ਦਏ ਕਟਾਈਆ । ਮੇਰਾ ਪੂਰਾ ਕਰੇ ਜੋਗ, ਜੁਗਤੀ ਆਪਣੀ ਇਕ ਸਮਝਾਈਆ । ਆਯੂ ਭੋਗਦੇ ਬਹੁਤ, ਨਾਤਾ ਲੋਕਮਾਤ ਰਖਾਈਆ । ਅੰਤਮ ਹੋਣਾ ਪਏ ਫ਼ੌਤ, ਲੇਖਾ ਸਭ ਦਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਵਿਛੋੜਾ ਦੇ ਕਟਾਈਆ । ਪੁਰਖ ਅਕਾਲ ਕਿਹਾ ਝੁੱਗੀ ਤੈਨੂੰ ਕਿਹੜਾ ਦੁੱਖ, ਬਿਨ ਰਸਨਾ ਦੇ ਸਮਝਾਈਆ । ਕਿਹੜਾ ਚਾਹੇਂ ਸੁਖ, ਮੁਖੋਂ ਦੇ ਦ੍ਰਿੜਾਈਆ । ਝੁੱਗੀ ਕਿਹਾ ਤੇਰੇ ਦਰਸ਼ਨ ਨਾਲ ਹੋਵਾਂ ਖ਼ੁਸ਼, ਦੂਜੀ ਲੋੜ ਰਹੇ ਨਾ ਰਾਈਆ । ਜੇ ਬਹੁਤੀ ਬਖ਼ਸ਼ਿਸ਼ ਕਰੇਂ ਮੈਨੂੰ ਵਖਾ ਆਪਣੇ ਸੁਤ, ਜੋ ਧੁਰ ਦੇ ਭਗਤ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਕੀ ਉਨ੍ਹਾਂ ਗੋਦੀ ਲਵੇਂ ਚੁੱਕ, ਆਪਣੀ ਸੇਵ ਕਮਾਈਆ । ਝੁੱਗੀ ਕਿਹਾ ਮੈਂ ਛਾਤੀ ਲਵਾਂ ਘੁੱਟ, ਪ੍ਰੇਮ ਪਿਆਰ ਵਧਾਈਆ । ਮੇਰਾ ਸੀਰ ਪਏ ਫੁੱਟ, ਅੰਮ੍ਰਿਤ ਰਸ ਚੁਆਈਆ । ਗਾਨਾ ਬੰਨ੍ਹਾਂ ਨਾਲ ਗੁਟ, ਮੌਲੀ ਸਾਹਮਣੇ ਨਜ਼ਰੀ ਆਈਆ । ਇਸ ਤੋਂ ਪਰੇ ਨਹੀਂ ਕੁਛ, ਜਿਸ ਨੂੰ ਵੱਡਾ ਕਰ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਅਸਾ ਪੂਰ ਕਰਾਈਆ । ਪੁਰਖ ਅਕਾਲ ਕਿਹਾ ਕਿਉਂ ਭਗਤਾਂ ਬੰਨ੍ਹੇ ਗਾਨਾ, ਝੁੱਗੀ ਮੈਨੂੰ ਦੇ ਜਣਾਈਆ । ਝੁੱਗੀ ਕਿਹਾ ਇਨ੍ਹਾਂ ਦਾ ਮਾਲਕ ਸ੍ਰੀ ਭਗਵਾਨਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਨ੍ਹਾਂ ਦੇ ਖ਼ਾਤਰ ਵਲੀਏ ਛਲੀਏ ਤੂੰ ਪਹਰਿਆ ਬਾਣਾ, ਆਪਣਾ ਵੇਸ ਵਟਾਈਆ । ਛੱਡ ਕੇ ਦੋ ਜਹਾਨਾਂ, ਗੁਰਮੁਖ ਲਏ ਮਿਲਾਈਆ । ਬਖ਼ਸ਼ ਕੇ ਸੱਚਾ ਮਾਣਾ, ਚਰਨ ਦਿਤੀ ਸਰਨਾਈਆ । ਹੋ ਕੇ ਗੁਣ ਨਿਧਾਨਾ, ਵਸਤ ਅਮੋਲਕ ਦਿਤੀ ਵਰਤਾਈਆ । ਰਸ ਦੇ ਕੇ ਪ੍ਰੇਮ ਪਿਆਰ ਬਦਾਮਾਂ, ਬੱਦਲਾਂ ਵਿਚੋਂ ਬਦਲੀ ਦਏਂ ਕਰਾਈਆ । ਏਸੇ ਸਗਣ ਨੂੰ ਮੰਨਦੇ ਗਏ ਕ੍ਰਿਸ਼ਨਾ ਰਾਮਾ, ਦੋਏ ਜੋੜ ਕੇ ਵਾਸਤਾ ਪਾਈਆ । ਤੇਈ ਅਵਤਾਰਾਂ ਰੱਖਿਆ ਧਿਆਨਾ, ਨਿਉਂ ਨਿਉਂ ਸੀਸ ਝੁਕਾਈਆ । ਈਸਾ ਮੂਸਾ ਮੁਹੰਮਦ ਹੋ ਨਿਮਾਣਾ, ਅਰਜ਼ਾਂ ਗਏ ਸੁਣਾਈਆ । ਨਾਨਕ ਗੋਬਿੰਦ ਮੰਗਦੇ ਗਏ ਖਾਣਾ, ਇਹੋ ਆਸ ਰਖਾਈਆ । ਤੂੰ ਸਭ ਨੂੰ ਦਿਤਾ ਇਕ ਨਿਸ਼ਾਨਾ, ਸ਼ਬਦ ਨਿਸ਼ਾਨੇ ਨਾਲ ਦ੍ਰਿੜਾਈਆ । ਜਿਸ ਵੇਲੇ ਪਰਗਟ ਹੋ ਕੇ ਆਵਾਂ ਵਾਲੀ ਦੋ ਜਹਾਨਾਂ, ਨਿਰਗੁਣ ਹੋ ਕੇ ਖੇਲ ਖਿਲਾਈਆ । ਜਨ ਭਗਤਾਂ ਪਹਿਲੋਂ ਬੰਨ੍ਹ ਕੇ ਆਪਣਾ ਗਾਨਾ, ਗੁਰਮੁਖ ਸਾਚੇ ਲਵਾਂ ਬਣਾਈਆ । ਫੇਰ ਦੱਸ ਕੇ ਧਰਮ ਨਿਸ਼ਾਨਾ, ਸਚ ਨਿਸ਼ਾਨਾ ਦਿਆਂ ਝੁਲਾਈਆ । ਚਰਨ ਕਵਲ ਕਰ ਪਰਵਾਨਾ, ਪਰਵਾਨੇ ਧੁਰ ਦੇ ਲਵਾਂ ਬਣਾਈਆ । ਉਨ੍ਹਾਂ ਦੇ ਵਾਸਤੇ ਰੱਖਿਆ ਸਗਨ ਮਹਾਨਾ, ਚਾਰ ਜੁਗ ਤੋਂ ਵੱਖਰਾ ਮੁਖ ਨੂੰ ਦੇਣਾ ਲਾਈਆ । ਜਿਸ ਨੇ ਸਤਿਜੁਗ ਹੋਣਾ ਪਰਧਾਨਾ, ਪਰਧਾਨਗੀ ਚਾਰ ਕੁੰਟ ਬਣਾਈਆ । ਓਸੇ ਦਾ ਲੇਖ ਲਿਖਾਣਾ, ਧੁਰ ਦੀ ਲਿਖਤ ਦਏ ਗਵਾਹੀਆ । ਚਾਰ ਵਰਨ ਕਰਨ ਪਰਵਾਨਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਪੁਰਖ ਅਕਾਲ ਕਹੇ ਝੁੱਗੀ ਝਗੜੇ ਵਾਲੀਏ ਹੋਰ ਕੀ ਤੇਰੀ ਮੰਗ, ਮੈਨੂੰ ਦੇ ਸਮਝਾਈਆ । ਕਿਸੇ ਗੱਲੋਂ ਨਾ ਹੋਵੀਂ ਤੰਗ, ਦੁਖੜੇ ਦਿਆਂ ਗਵਾਈਆ । ਤੇਰੇ ਅੰਦਰ ਪਾਵਾਂ ਠੰਡ, ਪਿਛਲੀ ਅਗਨੀ ਦਿਆਂ ਬੁਝਾਈਆ । ਝੁੱਗੀ ਕਿਹਾ ਮੈਂ ਹੁਣ ਖੋਪਰੇ ਵਾਂਗ ਨਹੀਂ ਰਹਿਣਾ ਬੰਦ, ਅੰਮ੍ਰਿਤ ਆਪਣੇ ਵਿਚ ਛੁਪਾਈਆ । ਭਾਵੇਂ ਸੂਲੀ ਉਤੇ ਟੰਗ, ਸੀਖਾਂ ਉਤੇ ਦੇ ਚੜ੍ਹਾਈਆ । ਰੋਟੀ ਦੇ ਲੰਙੇ ਡੰਗ, ਪੇਟ ਭਰ ਨਾ ਕੋਇ ਖਵਾਈਆ । ਰੁਲਾ ਦੇ ਵਿਚ ਵਰਭੰਡ, ਬ੍ਰਹਿਮੰਡ ਧੱਕਾ ਲਾਈਆ । ਬਦਲ ਲੈ ਆਪਣੀ ਕੰਡ, ਕਰਵਟ ਦੇ ਵਖਾਈਆ ।

ਮੇਰੀ ਇਕ ਅਰਜ਼, ਜਿਨ੍ਹਾਂ ਨੂੰ ਤੂੰ ਆਪ ਸੁਣਾਇਆ ਆਪਣਾ ਛੰਦ, ਆਪਣਾ ਨਾਮ ਦਿਤਾ ਦ੍ਰਿੜਾਈਆ । ਓਨ੍ਹਾਂ ਦਾ ਲੇਖੇ ਲਾ ਲੈ ਬੰਦ ਬੰਦ, ਤੇਰੀ ਬੰਦਗੀ ਤੋਂ ਪਰੇ ਤੇਰੀ ਇਕ ਸਰਨਾਈਆ । ਮੈਂ ਇਨ੍ਹਾਂ ਪਿਛੇ ਚਾਰ ਜੁਗ ਕੱਟਦੀ ਰਹੀ ਰੰਡ, ਰੰਡੀ ਹੋ ਕੇ ਝਟ ਲੰਘਾਈਆ । ਇਨ੍ਹਾਂ ਪਿਛੇ ਪਾਉਣ ਲੱਗੀ ਡੰਡ, ਉਚੀ ਕੂਕ ਦਿਆਂ ਸੁਣਾਈਆ । ਟੁੱਟਿਆਂ ਨੂੰ ਆਪਣੇ ਨਾਲ ਗੰਢ, ਤੇਰੇ ਨਾਲੋਂ ਨਾ ਹੋਏ ਜੁਦਾਈਆ । ਭਾਵੇਂ ਮਿੰਨਤਾਂ ਵਿਚ ਮੇਰੇ ਘਸ ਜਾਣ ਦੰਦ, ਦੰਦੀਆਂ ਪੀਹ ਕੇ ਫੇਰ ਵੀ ਵਾਸਤਾ ਪਾਈਆ । ਵੱਡਾ ਹੋ ਕੇ ਛੋਟਿਆਂ ਦੇ ਅਨੰਦ, ਅਨੰਦ ਵਿਚ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਪੁਰਖ ਅਕਾਲ ਕਹੇ ਕੀ ਹੋਰ ਤੇਰਾ ਖ਼ਿਆਲ, ਮੈਨੂੰ ਦੇ ਜਣਾਈਆ । ਆਪਣਾ ਦੱਸ ਸਵਾਲ, ਆਸਾ ਬਾਹਰ ਕਢਾਈਆ । ਝੁੱਗੀ ਕਿਹਾ ਜਨ ਭਗਤ ਬਣਾ ਆਪਣੇ ਲਾਲ, ਲਾਲ ਰੰਗ ਰੰਗਾਈਆ । ਵੇਖੀਂ ਸ਼ਹਿਨਸ਼ਾਹ ਹੋ ਕੇ ਛੱਡ ਨਾ ਜਾਈਂ ਕੰਗਾਲ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਬਹਾਈਂ ਓਸ ਸੱਚੀ ਧਰਮਸਾਲ, ਜਿਥੇ ਗੁਰ ਅਵਤਾਰ ਪੈਗ਼ੰਬਰ ਬਹਿ ਕੇ ਤੇਰੇ ਦਰ ਤੇ ਸੀਸ ਝੁਕਾਈਆ । ਮੈਂ ਇਨ੍ਹਾਂ ਦੁਖੀਆਂ ਦਾ ਕਿਉਂ ਦੱਸਦੀ ਹਾਲ, ਚਾਰ ਜੁਗ ਦੇ ਬੈਠੇ ਤੇਰਾ ਰਾਹ ਤਕਾਈਆ । ਅੱਗੇ ਥੋੜ੍ਹਾ ਥੋੜ੍ਹਾ ਦੇ ਕੇ ਭਗਤਾਂ ਜਮਾਲ, ਛਿੰਨ ਵਿਚ ਆਇਆ ਛਿੰਨ ਵਿਚ ਗਿਆ ਆਪਣਾ ਮੁਖ ਛੁਪਾਈਆ । ਕੀ ਹੋਇਆ ਜੇ ਨਾਤਾ ਤੋੜਿਆ ਕਾਲ, ਮਹਾਂਕਾਲ ਕੋਲੋਂ ਬਚਾਈਆ । ਕਦੀ ਸਾਹਮਣੇ ਹੋ ਕੇ ਜਗਤ ਵਿਚ ਤੂੰ ਅਜੇ ਤੱਕ ਕਿਸੇ ਨੂੰ ਨਹੀਂ ਪੁਛਿਆ ਹਾਲ, ਚੋਰੀ ਚੋਰੀ ਆਪਣੀ ਕਾਰ ਕਮਾਈਆ । ਕੀ ਇਹ ਨਹੀਂ ਤੇਰੇ ਬਾਲ, ਜੋ ਤੇਰੇ ਪਿੱਛੇ ਸਭ ਕੁਛ ਬੈਠੇ ਗਵਾਈਆ । ਗ੍ਰੰਥਾਂ ਵਿਚ ਲਿਖਾਉਂਦਾ ਰਿਹਾਂ ਮੈਂ ਬੜਾ ਪ੍ਰਿਤਪਾਲ, ਗੁਰ ਅਵਤਾਰ ਪੈਗ਼ੰਬਰ ਭੈ ਵਿਚ ਡਰਾਈਆ । ਆਪ ਲੁਕ ਕੇ ਤੜਫੌਂਦਾ ਰਿਹੋਂ ਅੰਞਾਣ, ਧਰੂ ਵਰਗੇ ਜੰਗਲਾਂ ਵਿਚ ਭਵਾਈਆ । ਕੀ ਤੈਨੂੰ ਨਹੀਂ ਆਉਂਦੀ ਆਪਣਿਆਂ ਦੀ ਪਛਾਣ, ਕਿਉਂ ਅੱਖਾਂ ਬੰਦ ਕਰਾਈਆ । ਝੁੱਗੀ ਕਹੇ ਇਨ੍ਹਾਂ ਦੇ ਝੁੱਗੇ ਵਿਚ ਦੇਦੇ ਗਿਆਨ, ਬਾਹਰ ਖੋਜਣ ਕੋਇ ਨਾ ਜਾਈਆ । ਤੂੰ ਕੋਈ ਗਧੇ ਚਰਾਉਣ ਵਾਲਾ ਨਹੀਂ ਭਗਵਾਨ, ਸਭ ਦਾ ਪਿਤਾ ਮਾਈਆ । ਝੁੱਗੀ ਕਹੇ ਮੈਂ ਓਨਾਂ ਚਿਰ ਖਾਣ ਨਹੀਂ ਦੇਣੇ ਬਾਦਾਮ, ਗਿਰੀ ਤੇਰੇ ਮੁਖ ਨਾ ਕੋਇ ਲਗਾਈਆ । ਕੋਈ ਗਾਨੇ ਬੰਨ੍ਹ ਕੇ ਏਨ੍ਹਾਂ ਵਿਆਹੁਣੀ ਨਹੀਂ ਨਾਰ ਰਕਾਨ, ਗ੍ਰਿਹਸਤੀ ਹੋ ਕੇ ਅੱਗੇ ਮਾਰਨ ਧਾਹੀਆ । ਇਹ ਤੇ ਆਪਣੇ ਛੱਡਣ ਨੂੰ ਫਿਰਦੇ ਮਕਾਨ, ਘਰਾਂ ਬਾਰਾਂ ਨੂੰ ਜੀਂਦੇ ਅੱਗਾਂ ਰਹੇ ਲਾਈਆ । ਏਨ੍ਹਾਂ ਤੇਰੀ ਸਿਫ਼ਤਾਂ ਵਾਲੀ ਨਹੀਂ ਵੇਖਣੀ ਦੁਕਾਨ, ਲਾਰਿਆਂ ਵਾਲਾ ਇਸ਼ਾਰਾ ਨਾ ਨਜ਼ਰੀ ਆਈਆ । ਜੇ ਹੋਣਾ ਏਂ ਤੇ ਹੋ ਮਿਹਰਵਾਨ, ਨਹੀਂ ਤੇ ਜਾ ਆਪਣਾ ਮੁਖ ਛੁਪਾਈਆ । ਬੱਚੇ ਪਾਲਣੇ ਨਹੀਂ ਕੋਈ ਆਸਾਨ, ਝੁੱਗੀ ਕਹੇ ਪੁਛ ਮੈਂ ਜੁਗ ਜੁਗ ਦੀ ਬੁੱਢੜੀ ਮਾਈਆ । ਸਭ ਨੂੰ ਸੁਖਾਲਾ ਰਵਾਣ, ਰੋਂਦਿਆਂ ਨੂੰ ਹਸਾਉਣਾ ਇਹ ਵੀ ਵੱਡੀ ਚਤੁਰਾਈਆ । ਕਿਰਪਾ ਕਰ ਕੇ ਦੇ ਆਪਣਾ ਦਾਨ, ਦਾਤਾ ਹੋ ਕੇ ਝੋਲੀ ਪਾਈਆ । ਜੋਤੀ ਜੋਤ ਸਰੁਪ ਹਰਿ, ਆਪ ਅਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਝੁੱਗੀ ਕਹੇ ਐਂਵੇ ਡਰ ਨਾ ਦੇਵੀਂ ਧਰਮ ਰਾਏ ਦੀ ਵਹੀਆ, ਚਿਤਰ ਗੁਪਤ ਦਾ ਭੈ ਨਾ ਕੋਇ ਰਖਾਈਆ । ਤੇਰੇ ਪਿਛੇ ਨਾਤਾ ਤੋੜਿਆ ਭੈਣਾਂ ਭਈਆ, ਸਗਲ ਕੁਟੰਬ ਤਜਾਈਆ । ਤੈਨੂੰ ਜਾਣ ਕੇ ਸੱਚਾ ਸਈਆ, ਸਾਥ ਤੇਰਾ ਲਿਆ ਬਣਾਈਆ । ਤੂੰ ਚਾੜ੍ਹ ਆਪਣੀ ਨਈਆ, ਮਲਾਹ ਹੋ ਕੇ ਸੇਵ ਕਮਾਈਆ । ਜੇ ਭੁੱਖਾ ਨੰਗਾ ਏਂ ਆਹ ਲੈ ਗੁਰਮੁਖ ਦਾ ਇਕ ਇਕ ਰੁਪਈਆ, ਰੁੱਪਏ ਦੇ ਭੁੱਪੇ ਚਾਰ ਜੁਗ ਦੇ ਭੁੱਖੇ ਭਰ ਲੈ ਆਪਣੇ ਕੁੱਪੇ, ਗੁਰਮੁਖਾਂ

ਦੇ ਭੰਡਾਰੇ ਕਦੀ ਨਹੀਂ ਮੁਕੇ, ਜੋ ਤੇਰੇ ਉਤੋਂ ਵਿਕੇ, ਉਹ ਏਥੇ ਓਥੇ ਸੁੱਕੇ, ਸਿਰਫ਼ ਤੇਰੇ ਵਿਛੋੜੇ ਵਿਚ ਦੁੱਖੇ, ਦੂਜਾ ਦੁੱਖ ਲੱਗੇ ਨਾ ਰਾਈਆ । ਇਹ ਜਗਤ ਮਾਇਆ ਵਿਚੋਂ ਭੁੱਖੇ, ਤੇਰੇ ਪਿੱਛੇ ਮਾਤਾ ਗਰਭ ਲਟਕੇ ਰਹੇ ਪੁੱਠੇ, ਝੁੱਗੀ ਕਹੇ ਤੂੰ ਅਜੇ ਵੀ ਏਨ੍ਹਾਂ ਨਾਲੋ ਰੁੱਠੇਂ, ਜਿਹੜੇ ਤੇਰੇ ਵੈਰਾਗ ਵਿਚ ਗਏ ਕੁੱਠੇ, ਅੰਤ ਲੱਗ ਕੇ ਮੇਰੀ ਗੁੱਠੇ, ਕੱਠੇ ਹੋ ਕੇ ਬੈਠੇ ਆਈਆ । ਇਕ ਵੇਰਾਂ ਕਹਿ ਦੇ ਗੁਰਮੁਖੋ ਤੁਸੀਂ ਮੇਰੇ ਲਾਡਲੇ ਪੁੱਤੇ, ਬੱਚੇ ਤੁਹਾਨੂੰ ਲਿਆ ਬਣਾਈਆ । ਝੁੱਗੀ ਕਹੇ ਫੇਰ ਮੈਂ ਕਹਾਂ ਮੇਰੇ ਅੰਦਰ ਆ ਕੇ ਸੁੱਤੇ, ਖ਼ੁਸ਼ੀਆਂ ਵਿਚ ਰੈਣ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਵੱਡੀ ਵਡਿਆਈਆ । ਪੁਰਖ ਅਕਾਲ ਕਿਹਾ ਝੁੱਗੀ ਹੋਰ ਕੀ ਮੰਗਣਾ, ਮੰਗਤੀਏ ਮੰਗ ਲਾ ਤੇਰੀ ਵਾਰੀ ਆਈਆ । ਝੁੱਗੀ ਕਹੇ ਹੁਣ ਕੀ ਸੰਗਣਾ, ਜੁਗ ਚੌਕੜੀ ਬਥੇਰੀ ਅੱਖ ਸ਼ਰਮਾਈਆ । ਇਕੋ ਮੰਗ ਆਪਣਿਆਂ ਭਗਤਾਂ ਨੂੰ ਲਾ ਆਪਣੇ ਅੰਗਣਾ, ਅੰਗੀਕਾਰ ਲੈ ਬਣਾਈਆ । ਜਿਨ੍ਹਾਂ ਤੇਰਾ ਦਵਾਰਾ ਲੰਘਣਾ, ਦੂਜੇ ਦਰ ਕਦੇ ਨਾ ਜਾਈਆ । ਓਨ੍ਹਾਂ ਬਣ ਜਾ ਧੁਰ ਦਾ ਸੱਜਣਾ, ਸਾਜਣ ਹੋ ਕੇ ਹੋ ਸਹਾਈਆ । ਤੈਨੂੰ ਪਤਾ ਨਹੀਂ ਅੰਤ ਇਹ ਕਾਇਆ ਠੀਕਰ ਸਭ ਦਾ ਭੱਜਣਾ, ਤਨ ਵਜੂਦ ਸਦਾ ਨਾ ਕੋਇ ਹੰਢਾਈਆ । ਏਨ੍ਹਾਂ ਫੇਰ ਮਾਤਲੋਕ ਦੀ ਝੁੱਗੀ ਵਿਚ ਕਿਸੇ ਨਹੀਂ ਵਸਣਾ, ਮਾਂ ਪਿਉ ਭੈਣ ਭਰਾ ਸਾਕ ਸੱਜਣ ਨਾਰ ਕੰਤ ਘਰ ਨਾ ਕੋਇ ਰਖਾਈਆ । ਪੁਰਖ ਅਕਾਲ ਤੇਰੇ ਦਵਾਰੇ ਨੱਸਣਾ, ਤੇਰੀ ਓਟ ਤਕਾਈਆ । ਜੇ ਓਸ ਵੇਲੇ ਇਨ੍ਹਾਂ ਕੋਲੋਂ ਛੁਪਣਾ, ਹੁਣ ਕਾਹਨੂੰ ਰਿਹਾ ਭਟਕਾਈਆ । ਪੁਰਖ ਅਕਾਲ ਕਿਹਾ ਝੁੱਗੀ ਮੈਂ ਜ਼ਰੂਰ ਓਨ੍ਹਾਂ ਨੂੰ ਗੋਦੀ ਚੁੱਕਣਾ, ਜਿਨ੍ਹਾਂ ਨੂੰ ਗੋਦਾਵਰੀ ਵਾਲੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਝੁੱਗੀ ਕਹੇ ਮੈਂ ਵੇਖਿਆ ਪੱਥਰ ਇੱਟਾਂ, ਜਗਤ ਸਾਂਝ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਨਿਕਲਦਾ ਵੇਖਿਆ ਸਿੱਟਾ, ਤੇਰਾ ਖੇਲ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਡਿੱਠਾ, ਅਨਡਿੱਠੜੀ ਤੇਰੀ ਸੇਵ ਕਮਾਈਆ । ਕਾਗ਼ਜ਼ ਕੋਰਾ ਵੇਖਿਆ ਚਿੱਟਾ, ਜਿਸ ਦਾ ਅੱਖਰ ਨਾ ਕੋਇ ਬਣਾਈਆ । ਤੇਰਾ ਖੇਲ ਕਿਸੇ ਨਾ ਦਿੱਸਾ, ਭੁੱਲੀ ਰਹੀ ਲੋਕਾਈਆ । ਪੁਰਖ ਅਕਾਲ ਮੇਰੀ ਜੁਗ ਜੁਗ ਦੀ ਇਹੋ ਇੱਛਾ, ਆਸਾ ਦਿਆਂ ਸੁਣਾਈਆ । ਜਿੰਨਾਂ ਚਿਰ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਮੂਰਖਾਂ ਮੁਗਧਾਂ ਉਤੇ ਕਰੇਂ ਨਾ ਰਿੱਛਾ, ਰੱਛਕ ਹੋ ਕੇ ਆਪਣੀ ਗੋਦ ਉਠਾਈਆ । ਓਨ੍ਹਾਂ ਚਿਰ ਤੇਰਾ ਛੱਡਣਾ ਨਹੀਂ ਪਿੱਛਾ, ਭਾਵੇਂ ਘਰ ਤੋਂ ਦੇ ਦੁਰਕਾਈਆ । ਮੈਂ ਕਿਹੜਾ ਅੱਗੇ ਤੇਰਾ ਵਸਲ ਜਮਾਲ ਡਿੱਠਾ, ਸੁਣ ਸੁਣ ਕੇ ਝਟ ਲੰਘਾਈਆ । ਵੇਦਾਂ ਪੁਰਾਨਾਂ ਸ਼ਾਸਤਰਾਂ ਸਿਮਰਤਾਂ ਕੁਰਾਨਾਂ ਅੰਜੀਲਾਂ ਗੀਤਾ ਗਿਆਨਾਂ ਗੁਰੂਆਂ ਦੇ ਬਿਆਨਾਂ ਦਾ ਪੜ੍ਹਦੀ ਰਹੀ ਚਿੱਠਾ, ਚਿੱਠੀਆਂ ਵਿਚ ਸੁਨੇਹੜੇ ਸੁਣ ਕੇ ਤਾਲੀਆਂ ਰਹੀ ਲਗਾਈਆ । ਮੈਨੂੰ ਨਹੀਂ ਸੀ ਪਤਾ ਕਿਹੋ ਜਿਹਾ ਭਗਵਾਨ ਭਗਤਾਂ ਦਾ ਪਿਤਾ, ਜਿਹੜਾ ਜਨਮ ਦੇਵੇ ਬਿਨਾ ਪਿਤਾ ਮਾਈਆ । ਪਰ ਤੇਰੀ ਯਾਦ ਵਿਚ ਜੁਗ ਜੁਗ ਪੈਂਦੀਆਂ ਰਹੀਆਂ ਖਿੱਚਾਂ, ਸਿੱਕਾਂ ਵਿਚ ਅੱਖ ਉਠਾਈਆ । ਆਸ ਉਠਦੀ ਰਹੀ ਓਸ ਦੇ ਦਵਾਰੇ ਵਿਕਾਂ, ਜੋ ਕੀਮਤ ਲਏ ਪਾਈਆ । ਜੁਗ ਚੌਕੜੀ ਕਿਤੇ ਨਾ ਦਿਸਾ, ਹੋਈ ਨਾ ਸਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਝੁੱਗੀ ਕਹੇ ਪ੍ਰਭ ਵੇਖ ਮੈਂ ਨਿਰਾਲੀ ਜੋਗਣ, ਆਪਣਾ ਹੱਠ ਨਾ ਅੱਜੇ ਤਜਾਈਆ । ਤੇਰਾ ਰਸ ਆਈ ਭੋਗਣ, ਨਾਤਾ ਭੋਗੀਆਂ ਨਾਲੋਂ ਤੁੜਾਈਆ । ਤੇਰੇ ਨਾਮ ਦੀ ਬਣ ਕੇ ਰੋਗਣ, ਆਪਣਾ ਆਪ ਦਿਤਾ ਸੁਕਾਈਆ । ਮੈਨੂੰ ਤਾਅਨਾ ਦੇਵਣ ਲੋਕਨ, ਬੁਰੀ ਕਹੇ

ਲੋਕਾਈਆ । ਮਾੜੀ ਕਰ ਕੇ ਸਾਰੇ ਟੋਕਣ, ਬੁਰੀ ਕਹਿ ਕੇ ਪਰੇ ਹਟਾਈਆ । ਪਰ ਮੇਰੀ ਇਕੋ ਆਸ ਆਪਣੇ ਬੱਚਿਆਂ ਦੇ ਸਿਰ ਉਤੇ ਦੇਣਾ ਓਢਣ, ਪੜਦਾ ਆਪਣਾ ਨਾਮ ਰਖਾਈਆ । ਥੋੜੇ ਨਜ਼ਰੀ ਆਏ ਵਿਚੋਂ ਕੋਟ ਕੋਟਨ, ਜਿਨ੍ਹਾਂ ਤੇਰੀ ਇਕ ਸਰਨਾਈਆ । ਤੇਰਾ ਦਰਸ ਕਰ ਕੇ ਸਚਖੰਡ ਦਵਾਰੇ ਤੇਰੇ ਪਹੁੰਚਣ, ਪੌਂਚਿਆਂ ਤੋਂ ਫੜ ਕੇ ਲੈਣਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਝੁੱਗੀ ਕਹੇ ਪ੍ਰਭੂ ਭਗਤ ਤੇਰੇ ਕਬੀਲਾ, ਬੰਸ ਸਰਬੰਸ ਨਜ਼ਰੀ ਆਈਆ । ਤੂੰ ਇਨ੍ਹਾਂ ਇਕ ਵਸੀਲਾ, ਧੁਰ ਦਾ ਸੱਚਾ ਮਾਹੀਆ । ਸਿਰ ਓਢਣ ਦੇ ਦੇ ਪੀਲਾ, ਗੋਬਿੰਦ ਰੰਗ ਰੰਗਾਈਆ । ਸਦ ਤੇਰੇ ਰਹਿਣ ਅਧੀਨਾ, ਅੱਗੇ ਨਾ ਹੋਏ ਜੁਦਾਈਆ । ਠਾਂਡਾ ਕਰਨਾ ਸੀਨਾ, ਵਿਛੋੜਾ ਅੱਗ ਬੁਝਾਈਆ । ਇਨ੍ਹਾਂ ਮਸਾਲ ਨਹੀਂ ਜਲ ਮੀਨਾ, ਤੜਪ ਝੱਲਣ ਨਾ ਕੋਇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਝੁੱਗੀ ਕਹੇ ਝਗੜਾ ਸੁਣ ਕੇ ਆ ਗਏ ਗੁਰ ਅਵਤਾਰ, ਗੁੱਝੇ ਗੁੱਝੇ ਫੇਰਾ ਪਾਈਆ । ਕੱਖਾਂ ਸੜੀਏ ਸਾਨੂੰ ਦੇ ਵਖਾਲ, ਡੁੱਬਿਆਂ ਨੂੰ ਤਾਰਨ ਵਾਲਾ ਮਾਹੀਆ । ਝੁੱਗੀ ਕਹੇ ਜਾਓ ਵੇਖੋ ਆਪਣੇ ਮੰਦਰ ਮਸਜਿਦ ਮੱਠ ਸ਼ਿਵਦਵਾਲੇ ਧਰਮਸਾਲ, ਲੱਭੋ ਬੇਪਰਵਾਹੀਆ । ਗ਼ਰੀਬਾਂ ਦਾ ਮਾਲਕ ਕਦੀ ਬੈਠਾ ਨਹੀਂ ਓੜ੍ਹ ਕੇ ਦੋਸ਼ਾਲ, ਭੁੱਖਾ ਨੰਗਾ ਘਰ ਘਰ ਫੇਰਾ ਪਾਈਆ । ਦੋ ਜਹਾਨਾਂ ਨਾਲੋਂ ਉਹਨੂੰ ਚੰਗੇ ਆਪਣੇ ਲਾਲ, ਜਿਨ੍ਹਾਂ ਦੇ ਪਿਛੇ ਲਾਲ ਗੋਬਿੰਦ ਦੇ ਲੇਖੇ ਲਾਈਆ । ਮੇਰਾ ਮਾਲਕ ਬੇਮਿਸਾਲ, ਮਸਲਿਆਂ ਵਿਚ ਮਸਲਾ ਨਾ ਕੋਇ ਸਮਝਾਈਆ । ਝੁੱਗੀ ਕਹੇ ਓਨ ਛੱਡ ਦਿਤੇ ਜਿਹੜੇ ਝਟਕਾ ਖਾਂਦੇ ਹਲਾਲ, ਗਵਾਰਾਂ ਧੱਕਾ ਦਿਤਾ ਲਾਈਆ । ਉਹ ਲਏ ਭਾਲ, ਜਿਨ੍ਹਾਂ ਦੀ ਗੋਬਿੰਦ ਸ਼ਹਾਦਤ ਦਏ ਗਵਾਹੀਆ । ਮੈਨੂੰ ਐਂ ਦਿਸਦਾ ਇਨ੍ਹਾਂ ਦੇ ਸਦਾ ਵਸਣਾ ਨਾਲ, ਇਕੱਠੇ ਰਹਿ ਕੇ ਝਟ ਲੰਘਾਈਆ । ਝੁੱਗੀ ਕਹੇ ਤੁਹਾਨੂੰ ਵੀ ਸਾਨੂੰ ਵੀ ਸਾਰਿਆਂ ਨੂੰ ਅੱਗੇ ਗਿਆ ਟਾਲ, ਮਟੋਲ ਵਿਚ ਆਪਣੀ ਮਟਕ ਛੁਪਾਈਆ । ਜਰਾ ਵੇਖੋ ਉਤੇ ਅਸਮਾਨ, ਓਸ ਤੋਂ ਪਰੇ ਮਾਰੋ ਧਿਆਨ, ਆਪਣਾ ਸਚਖੰਡ ਵੇਖੋ ਮਕਾਨ, ਓਸ ਤੋਂ ਚੰਗਾ ਇਹ ਨਿਸ਼ਾਨ, ਜਿਥੇ ਆਇਆ ਮਿਹਰਵਾਨ, ਮਹਿਬੂਬ ਹੋ ਕੇ ਮੁਹੱਬਤ ਵਿਚ ਮਿਲਾਈਆ । ਬਾਵਨ ਦਾ ਧਿਆਨ, ਕੰਨਿਆ ਦਾ ਪਕਵਾਨ, ਭਗਤਾਂ ਦਾ ਭਗਵਾਨ, ਗੁਰਦਰਸ਼ਨ ਪਿਛੇ ਘਰ ਘਰ ਦਰਸ਼ਨ ਰਿਹਾ ਵਖਾਈਆ । ਬਲ ਨੇ ਅਨਕ ਕੀਤਾ ਦਾਨ, ਸਾਚੇ ਦਰ ਨਾ ਹੋਇਆ ਪਰਵਾਨ, ਬਾਲੀ ਕੰਨਿਆ ਕੋਲ ਇਕ ਨਿਸ਼ਾਨ, ਓਸ ਵੇਲੇ ਦਾ ਮੁੰਦਰੀ ਪੰਜ ਪੰਜ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕੁਛ ਤੁਸੀਂ ਦਿਓ ਬਿਆਨ, ਸਾਰੇ ਕਹਿਣ ਸ੍ਰੀ ਭਗਵਾਨ, ਸਾਡੇ ਵਿਚ ਨਾ ਆਵੇ ਧਿਆਨ, ਤੇਰਾ ਖੇਲ ਮਹਾਨ, ਕਥਨੀ ਕਥ ਨਾ ਸਕੇ ਰਾਈਆ । ਸ੍ਰੀ ਭਗਵਾਨ ਕਹੇ ਹਰਿ ਸੰਗਤ ਇਕੋ ਵਾਰ ਦੇ ਕੇ ਦਾਨ, ਪਾਰ ਕਰਾ ਕੇ ਦੋ ਜਹਾਨ, ਪੁਚਾ ਕੇ ਓਸ ਅਸਥਾਨ, ਜਿਸ ਘਰ ਆਪਣਾ ਡੇਰਾ ਲਾਈਆ । ਝੁੱਗੀ ਕਹੇ ਜੁਗ ਚੌਕੜੀ ਸਦਾ ਨਾਦਾਨ, ਹੁਕਮੇ ਅੰਦਰ ਸੇਵ ਕਮਾਈਆ । ਬਿਨਾ ਪ੍ਰਭੂ ਦੇ ਇਹ ਕਦੇ ਕਰ ਨਾ ਸਕਣ ਪਛਾਣ, ਬੇਪਹਿਚਾਨ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਝੁੱਗੀ ਕਹੇ ਪ੍ਰਭੂ ਮੈਂ ਬੜਾ ਵੇਖਿਆ ਝਮੇਲਾ, ਝੱਬੇ ਝੱਬੇ ਧਿਆਨ ਲਗਾਈਆ । ਦੁਨੀਆ ਦਾ ਵੇਖਿਆ ਮੇਲਾ, ਸ੍ਰਿਸ਼ਟੀ ਭਰੀ ਬਹੁ ਲੋਕਾਈਆ । ਤੈਨੂੰ ਤੱਕਿਆ ਵਿਹਲਾ, ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਰਿਹਾ ਭਜਾਈਆ । ਸ੍ਰੀ ਭਗਵਾਨ ਕਹੇ ਕਮਲੀਏ ਮੈਂ ਇਕ ਬਣਾਇਆ ਚੇਲਾ, ਸ਼ਬਦੀ ਧਾਰ ਪਰਗਟਾਈਆ । ਜਿਸ ਦੇ ਰੰਗ ਖੇਲ ਖੇਲਾ,

ਅਚਰਜ ਰਚਨ ਰਚਾਈਆ । ਝੁੱਗੀ ਕਹੇ ਕਿਉਂ ਮੇਰਾ ਡੇਰਾ ਲਾਇਆ ਵਿਚ ਜੰਗਲ ਬੇਲਾ, ਉਜਾੜ ਬਾਘ ਬਿੱਲੇ ਰਹੇ ਡਰਾਈਆ । ਜਗਤ ਆਸ਼ਕਾਂ ਚਾੜ੍ਹ ਕੇ ਤੇਲਾ, ਸਗਨ ਜਗਤ ਵਾਲਾ ਮਨਾਈਆ । ਮੇਰਾ ਪਿਆਰ ਦੱਸਦੇ ਰਹੇ ਮਜਨੂੰ ਲੇਲਾ, ਸ਼ੀਰੀ ਫ਼ਰਹਾਦ ਨਾਲ ਵਡਿਆਈਆ । ਸੋਹਣੀ ਮਹੀਵਾਲ ਕੌਲ ਇਕਰਾਰ ਕੀਤਾ ਉਤੇ ਪੱਤੇ ਕੇਲਾ, ਕੇਲਾ ਫਲ ਸਭ ਤੋਂ ਚੰਗਾ ਨਜ਼ਰੀ ਆਈਆ । ਹੀਰ ਰਾਂਝਾ ਬਣ ਬਣ ਗਏ ਸੱਜਣ ਸੁਹੇਲਾ, ਜਗਤ ਪਿਆਰ ਨਾਲ ਵਡਿਆਈਆ । ਸੱਸੀ ਪੁਨੂੰ ਵੇਖ ਕੇ ਰੰਗ ਨਵੇਲਾ, ਮੈਂ ਤਾੜੀ ਦਿਤੀ ਲਗਾਈਆ । ਪ੍ਰਭੂ ਚਾਰ ਜੁਗ ਬਿਨਾ ਤੇਰਿਆਂ ਭਗਤਾਂ ਮੈਂ ਸਭ ਨੂੰ ਆਪਣੇ ਵਿਚੋਂ ਬਾਹਰ ਧਕੇਲਾ, ਜਗਤ ਵਾਸਨਾ ਵਾਲਾ ਮੇਰੇ ਅੰਦਰ ਰਹਿਣ ਕੋਇ ਨਾ ਪਾਈਆ । ਕਿਉਂ ਲਛਮਣ ਦਾ ਆਇਆ ਵੇਲਾ, ਮਹੀਵਾਲ ਹੋ ਕੇ ਅੰਤ ਧਿਆਨ ਗਿਆ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਵੇਖ ਵਖਾਈਆ । ਝੁੱਗੀ ਕਹੇ ਮੈਨੂੰ ਪਾਉਂਦੇ ਰਹੇ ਵਿਚ ਦਰਖ਼ਤਾਂ ਵਾਲੀ ਝੰਗੀ, ਵਖਤਾਂ ਨਾਲ ਝਟ ਲੰਘਾਈਆ । ਰੱਖਦੇ ਰਹੇ ਨੰਗੀ, ਪੜਦਾ ਪਾ ਨਾ ਕੋਇ ਢਕਾਈਆ । ਹੁੰਦੀ ਰਹੀ ਠੰਡੀ, ਜਗਤ ਸੀਤ ਨਾਲ ਠਰਾਈਆ । ਇਕ ਦਿਨ ਗੋਬਿੰਦ ਦਾਦੂ ਦੇਹਿਰਿਉਂ ਜਾਂਦਿਆਂ ਪੈ ਗਿਆ ਇਕ ਡੰਡੀ, ਆਪਣਾ ਕਦਮ ਉਠਾਈਆ । ਓਥੇ ਡੇਰਾ ਲਾ ਕੇ ਕੰਢੀ, ਜੋਗਿੰਦਰ ਸਿੰਘ ਬੈਠਾ ਧੂਣੀ ਤਾਈਆ । ਉਸ ਦੀ ਮਾਤਾ ਚੌਦਾਂ ਦਿਨ ਪਹਿਲੇ ਹੋਈ ਸੀ ਰੰਡੀ, ਸੋਗ ਪਿਤਾ ਵਾਲਾ ਸਤਾਈਆ । ਗੋਬਿੰਦ ਨੇੜੇ ਆ ਕੇ ਕਿਰਪਾਨ ਕੱਢ ਕੇ ਨੰਗੀ, ਢਾਲ ਉਤੇ ਖੜਕਾਈਆ । ਓਸੇ ਵੇਲੇ ਚਿੰਤਾ ਵਾਲੀ ਉਹਦੇ ਅੰਦਰੋਂ ਆਸਾ ਨੱਠੀ, ਭੱਜੀ ਵਾਹੋ ਦਾਹੀਆ । ਡਰ ਦੇ ਨਾਲ ਉਹਦੀ ਮਨ ਵਾਸਨਾ ਗੋਬਿੰਦ ਚਰਨੀਂ ਢੱਠੀ, ਸੀਸ ਦਿਤਾ ਝੁਕਾਈਆ । ਭੈ ਵਿਚ ਨਿਕਲੀ ਪੇਸ਼ਾਬ ਟੱਟੀ, ਮੌਤ ਸਾਹਮਣੇ ਨਜ਼ਰੀ ਆਈਆ । ਗੋਬਿੰਦ ਹੌਲੀ ਜਿਹੀ ਉਹਦੇ ਉਤੇ ਕਟਾਰ ਮੁੱਠ ਰੱਖੀ, ਸਹਿਜੇ ਦਿਤੀ ਦਬਾਈਆ । ਜਿਸ ਵੇਲੇ ਪੁਰਖ ਅਕਾਲ ਭਾਗ ਲਗਾਉਣਾ ਕੁੱਲੀ ਕੱਖੀਂ, ਤੇਰਾ ਮੇਲਾ ਲਵਾਂ ਮਿਲਾਈਆ । ਓਸ ਵੇਲੇ ਤੇਰੀ ਨਾਰ ਉਹ ਬਣਨੀ ਜਿਹੜੀ ਤੇਰੇ ਨਾਲ ਨਹੀਂ ਮੰਗੀ, ਸਰੀਰ ਦੋਹਾਂ ਜਾਣਾ ਤਜਾਈਆ । ਫੇਰ ਬਣਾਉਣਾ ਅਗਲੇ ਸੰਗੀ, ਓਸ ਦੀ ਰਾਮ ਤੋਂ ਮੰਗ ਮੰਗੀ, ਭੀਲਣੀ ਦੇ ਨਾਲ ਰਹਿ ਕੇ ਝਟ ਲੰਘਾਈਆ । ਦੋਹਾਂ ਦੀ ਜੋੜੀ ਬਣਾ ਕੇ ਚੰਗੀ, ਗੁਰ ਅਵਤਾਰ ਪੈਗ਼ੰਬਰਾਂ ਦੇਣੀ ਵਖਾਈਆ । ਮਰਿਆਦਾ ਅਨੁਸਾਰ ਖਾਣ ਪੀਣ ਦੀ ਰਹੇ ਤੰਗੀ, ਦਾਦਾਂ ਅਨੁਸਾਰ ਦਾਤਾ ਧੁਰ ਦਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਆਪਣਾ ਹੁਕਮ ਆਪਣੇ ਹੱਥ ਰਖਾਈਆ । ਬਿਆਸ ਕਹੇ ਝੌਂਪੜੀਏ ਮੈਂ ਵੀ ਆ ਗਿਆ ਫਿਰਦਾ, ਨੌ ਘਰ ਦਾ ਬਣਿਆ ਪਾਂਧੀ ਰਾਹੀਆ । ਕੁਛ ਲੇਖਾ ਯਾਦ ਕਰ ਚਿਰ ਦਾ, ਮੈਂ ਵੀ ਦਿਆਂ ਸੁਣਾਈਆ । ਤੈਨੂੰ ਪਤਾ ਜਿਸ ਵੇਲੇ ਗੋਬਿੰਦ ਮੇਰੇ ਨਾਲੋਂ ਵਿਛੜਦਾ, ਕੰਢੇ ਉਤੇ ਹੋਈ ਜੁਦਾਈਆ । ਤੇਰਾ ਰੂਪ ਸੀ ਓਸ ਵੇਲੇ ਛਾਪਿਆਂ ਵਾਲੀ ਕਿੱਕਰ ਦਾ, ਤੇਰਾ ਅੰਗ ਅੰਗ ਕੱਟ ਕੇ ਝੌਂਪੜੀ ਲਈ ਬਣਾਈਆ । ਅਵਧੂਤ ਭੰਗੂ ਪਹਿਲੋਂ ਨਹਾ ਕੇ ਫੇਰ ਚਿੱਕੜ ਨਾਲ ਲਿਬੜਦਾ, ਆਸਣ ਤੇਰੇ ਵਿਚ ਰਖਾਈਆ । ਕੋਈ ਬਚਨ ਸੁਣਿਆ ਸੀ ਤੂੰ ਮੇਰੇ ਮਿਤਰ ਦਾ, ਮੈਨੂੰ ਦੇ ਜਣਾਈਆ । ਜਿਸ ਵੇਲੇ ਗੋਬਿੰਦ ਵਿਛੋੜਾ ਕੀਤਾ ਸੀ ਪੈਰ ਵਾਲੇ ਖੋਸੇ ਜੂਤੇ ਛਿੱਤਰ ਦਾ, ਛਤਰਧਾਰੀ ਦਿੱਤੇ ਮਿਟਾਈਆ । ਨਾਤਾ ਤੋੜ ਕੇ ਜਗਤ ਵਾਸਨਾ ਭਿੱਟੜ ਦਾ, ਕੂੜੀ ਤ੍ਰਿਸ਼ਨਾ ਬਾਹਰ ਰਖਾਈਆ । ਓਸ ਵੇਲੇ ਕੋਈ ਸਾਧਨ ਨਹੀਂ ਸੀ ਲਿਖਣ ਦਾ, ਬਿਨਾ ਰਵਦਾਸ ਦੇ ਕਲਮ ਹੱਥ ਨਾ ਕਿਸੇ ਫੜਾਈਆ । ਤੂੰ

ਨਹੀਂ ਵੇਖਿਆ ਮੇਰਾ ਹਾਲ ਪਿੱਟਣ ਦਾ, ਕਿਸ ਤਰਾ ਦਿਤੀ ਦੁਹਾਈਆ । ਝੁੱਗੀ ਕਿਹਾ ਮੈਂ ਤੈਥੋਂ ਪਹਿਲਾਂ ਹਾਲ ਦੱਸਾਂ ਕ੍ਰਿਸ਼ਨ ਦਾ, ਜਿਥੇ ਕਿਸ਼ਤੀ ਵਾਲਾ ਨਜ਼ਰ ਕੋਇ ਨਾ ਆਈਆ । ਨਾ ਕੋਈ ਚੇਲਾ ਸੀ ਸਿਖਿਆ ਸਿੱਖਣ ਦਾ, ਨਾ ਸਕਿਆ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਅੰਦਰ ਆਪਣਾ ਖੇਲ ਖਿਲਾਈਆ । ਝੁੱਗੀ ਕਹੇ ਆ ਮੇਰੇ ਵਿੰਗੇ ਟੇਢੇ ਵੀਰ, ਪੁੱਠੇ ਸਿੱਧੇ ਤੈਨੂੰ ਦਿਆਂ ਵਡਿਆਈਆ । ਕੀ ਤੈਨੂੰ ਆਪਣੇ ਮਾਣ ਨੀਰ, ਪਾਣੀ ਜਲ ਧਾਰ ਨਾਲ ਵਡਿਆਈਆ । ਕੀ ਤੇਰੇ ਵਿਚ ਵਸਦਾ ਖ਼ਵਾਜਾ ਪੀਰ, ਵਰੁਨ ਤੇਰਾ ਸੰਗ ਨਿਭਾਈਆ । ਜ਼ਰਾ ਅੰਦਰ ਵੇਖ ਆਪਣੀ ਦਲੀਲ, ਤੈਨੂੰ ਦਿਆਂ ਦ੍ਰਿੜਾਈਆ । ਤੁਹਾਡਿਆਂ ਵਹਿਣਾ ਵਿਚ ਰੁੜ੍ਹ ਕੇ ਗਏ ਸ਼ਾਹ ਹਕੀਰ, ਆਪਣਾ ਆਪ ਮਿਟਾਈਆ । ਤੁਸਾਂ ਲਿਹਾਜ਼ ਨਾ ਕੀਤਾ ਨਾਲ ਕਬੀਰ, ਜ਼ੰਜੀਰ ਦਿਤੇ ਪਵਾਈਆ । ਪ੍ਰਹਿਲਾਦ ਨਾ ਦਿਤੀ ਧੀਰ, ਆਪਣੀ ਸੇਵ ਕਮਾਈਆ । ਹੁਣ ਕਿਉਂ ਲੱਗੀ ਪੀੜ, ਭੱਜਿਆ ਵਾਹੋ ਦਾਹੀਆ । ਭਰਾਵਾ ਅੱਗੇ ਕਿਹੜੀ ਏਥੇ ਭਗਤਾਂ ਦੀ ਭੀੜ, ਕੋਟਾਂ ਵਿਚੋਂ ਥੋੜ੍ਹੇ ਨਜ਼ਰੀ ਆਈਆ । ਜਿਨ੍ਹਾਂ ਦੇ ਸਿਰ ਤੇ ਆਪਣੇ ਨਾਮ ਦਾ ਬੰਨ੍ਹਣਾ ਚੀਰ, ਚੀਰਾ ਦੇਣਾ ਸਜਾਈਆ । ਜਿਨ੍ਹਾਂ ਦੇ ਚਰਨਾਂ ਦੀ ਓਟ ਤੱਕਣ ਕੋਟਨ ਕੋਟ ਰਾਂਝਾ ਹੀਰ, ਆਸ਼ਕ ਮਾਸ਼ੂਕ ਮੰਗਣ ਸ਼ਰਨਾਈਆ । ਇਨ੍ਹਾਂ ਦੀ ਕਿਸੇ ਦੇ ਹੱਥ ਨਹੀਂ ਤਕਦੀਰ, ਨੱਥ ਨਾ ਕਿਸੇ ਫੜਾਈਆ । ਝੁੱਗੀ ਕਹੇ ਝੁੱਗੀ ਵਾਲੇ ਨੇ ਚਾੜ੍ਹਨੇ ਚੋਟੀ ਅਖ਼ੀਰ, ਜਿਹੜੀ ਜੁਗੀਂ ਧਾਰ ਹੱਥ ਕਿਸੇ ਨਾ ਆਈਆ । ਵੀਰਾ ਨਾ ਹੋ ਦਿਲਗੀਰ, ਭੈਣ ਹੋ ਕੇ ਤੈਨੂੰ ਆਖਿਆ ਭਾਈਆ । ਏਨ੍ਹਾਂ ਦੇ ਅੱਗੇ ਆ ਕੇ ਕੱਢ ਲਕੀਰ, ਬਿਨ ਨੱਕ ਦੇ ਨੱਕ ਘਸਾਈਆ । ਇਹ ਓਸ ਪ੍ਰਭੂ ਦੇ ਫ਼ਕੀਰ, ਜੋ ਬਿਨਾਂ ਫ਼ਿਕਰਿਆਂ ਤੋਂ ਪਾਰ ਲੰਘਾਈਆ । ਇਹ ਸਚਖੰਡ ਦੇ ਅਮੀਰ, ਦੌਲਤ ਦੇ ਧਨੀ ਦਿੱਤੇ ਬਣਾਈਆ । ਐਥੇ ਕਿੰਨੀ ਦਿਸੇ ਭੀੜ, ਅੱਗੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਲੇਖੇ ਪਾਈਆ । ਝੁੱਗੀ ਕਹੇ ਮੈਨੂੰ ਬਣਾਇਆ ਲੱਛੂ, ਲਛਮਣ ਸਿੰਘ ਅਖਵਾਈਆ । ਮੈਂ ਕੁਛ ਪ੍ਰਭ ਦਾ ਹਾਲ ਦੱਸੂੰ, ਦੱਸਣ ਲਈ ਮੰਗ ਮੰਗਾਈਆ । ਜਨ ਭਗਤੋ ਏਸ ਨੇ ਤੁਹਾਡੇ ਤਾਰਨੇ ਪਸ਼ੂ, ਜਿਨ੍ਹਾਂ ਦਾ ਦੁੱਧ ਦੋਹ ਕੇ ਹਲਟ ਹਲ ਜੋਹ ਕੇ ਪਕਵਾਨ ਰਹੇ ਬਣਾਈਆ । ਇਹ ਲੇਖਾ ਲਿਖ ਕੇ ਗਿਆ ਯਸੂ, ਮਸੀਹ ਵਸੀਅ ਕਰ ਕੇ ਸਮਝਾਈਆ । ਕੁਛ ਆਸਾ ਰੱਖੀ ਕੱਛੂ, ਜਿਸ ਵੇਲੇ ਮਿੰਦਰਾ ਪਿਠ ਟਿਕਾਈਆ । ਕਲਜੁਗ ਅੰਤ ਕਰਮ ਧਰਮ ਸ਼ਰਮ ਜਗਤ ਨੱਠੂ, ਕੂੜੀ ਕਿਰਿਆ ਵੱਜੇ ਵਧਾਈਆ । ਪੁਰਖ ਅਕਾਲ ਦੀਨ ਦਿਆਲ ਜਗਤ ਵਾਸਨਾ ਜੜ੍ਹ ਪੱਟੂ, ਪਟਨੇ ਵਾਲਾ ਨਾਲ ਮਿਲਾਈਆ । ਗੁਰਮੁਖ ਭਗਤ ਕਿਸੇ ਦੇ ਭਾੜੇ ਦਾ ਰਹਿਣ ਨਾ ਦੇਵੇ ਟੱਟੂ, ਓਨ੍ਹਾਂ ਦਾ ਭਾਰ ਆਪਣੇ ਕੰਧ ਟਿਕਾਈਆ । ਸਵਾਂਗੀ ਬਣੂ ਅਗੰਮਾ ਨੱਟੂ, ਨਟੂਆ ਹੋ ਕੇ ਖੇਲ ਖਿਲਾਈਆ । ਸੰਤ ਸੁਹੇਲੇ ਦਰਗਾਹ ਸਾਚੀ ਸੱਟੂ, ਸੱਟਾਂ ਸਹੇ ਜਗਤ ਲੋਕਾਈਆ । ਆਪਣੀ ਕਰਨੀ ਤੋਂ ਕਦੇ ਨਾ ਹਟੂ, ਹਰਿ ਕਰਤਾ ਬੇਪਰਵਾਹੀਆ । ਹਰਿਜਨ ਵਿਰਲਾ ਲਾਹਾ ਖੱਟੂ, ਜਿਸ ਖਟਕਾ ਦਿਤਾ ਚੁਕਾਈਆ । ਝੁੱਗੀ ਕਹੇ ਜਿਸ ਵੇਲੇ ਮੇਰੇ ਵਿਚ ਬਹਿ ਕੇ ਗੁਰਮੁਖਾਂ ਕਹੂ ਬੱਚੂ, ਤੁਹਾਨੂੰ ਬੱਚੇ ਲਿਆ ਬਣਾਈਆ । ਫੇਰ ਮੈਂ ਖ਼ੁਸ਼ੀਆਂ ਨਾਲ ਨੱਚੂੰ, ਟੱਪੂੰ ਕੁੱਦੂੰ ਚਾਈਂ ਚਾਈਆ । ਬਿਨਾਂ ਹੱਸਿਆਂ ਤੋਂ ਹੱਸੂੰ, ਹਸਤੀ ਵੇਖ ਬੇਪਰਵਾਹੀਆ । ਲਹਿਣਾ ਦੇਣਾ ਪੂਰ ਕਰਾਉਂ ਲੱਛੂ, ਲੱਛਾ ਮੌਲੀ ਦਏ ਗਵਾਹੀਆ । ਝੁੱਗੀ ਕਹੇ ਜਨ ਭਗਤੋ ਤੁਹਾਡੇ ਨਾਲ ਮਿਲ ਕੇ ਸਦਾ ਵਸੂੰ, ਘਰ ਧੁਰ ਦੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ


੨੪੭
੨੦

ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਿਰਦੇ ਸਭ ਦੇ ਨਾਮ ਅਣਿਆਲੇ ਤੀਰ ਨਾਲ ਫੱਟੂ, ਫੱਟੜ ਘਾਇਲ ਆਪੇ ਲਏ ਬਚਾਈਆ ।

★ ੧੬ ਮੱਘਰ ਸ਼ਹਿਨਸ਼ਾਹੀ ਸੰਮਤ ੨ ਗੁਰਮੇਜ ਸਿੰਘ ਦੇ ਗ੍ਰਹਿ ਰੁੜਕਾ ਕਲਾਂ ਜ਼ਿਲਾ ਜਲੰਧਰ ★

ਝੁੱਗੀ ਕਹੇ ਗੁਰਮੁਖੋ ਵਸਾਓ ਆਪਣਾ ਝੁੱਗਾ, ਉਜੜਿਆ ਰਹਿਣ ਕੋਇ ਨਾ ਪਾਈਆ । ਸਭ ਦਾ ਮਾਲਕ ਹੋਇਆ ਉਘਾ, ਉਂਗਲੀ ਇਸ਼ਾਰੇ ਨਾਲ ਨਾ ਕੋਇ ਸਮਝਾਈਆ । ਤੁਹਾਡੇ ਜੀਵਣ ਦਾ ਸਮਝਾਏ ਮੁੱਦਾ, ਮੁੱਦਤ ਤੋਂ ਵਿਛੜੇ ਲਏ ਮਿਲਾਈਆ । ਏਸੇ ਆਸ ਨੂੰ ਰੱਖ ਕੇ ਗਿਆ ਬੁੱਧਾ, ਧਿਆਨ ਨਾਲ ਧਿਆਨ ਜਣਾਈਆ । ਕੁਛ ਆਸਾ ਰੱਖੇ ਗੋਬਿੰਦ ਵਾਲਾ ਕੁੱਜਾ, ਪੜਦਿਆਂ ਵਿਚੋਂ ਪੜਦਾ ਫੋਲ ਫੋਲਾਈਆ । ਥੋੜ੍ਹੀ ਜਿਹੀ ਮਿੰਨਤ ਕਰ ਕੇ ਗਿਆ ਬਾਬਾ ਬੁੱਢਾ, ਤਿਲਕ ਦੇਣ ਵਾਲਾ ਤਿਲ ਨਜ਼ਰ ਉਠਾਈਆ । ਜਿਸ ਨੇ ਭਾਗ ਲਗਾਉਣਾ ਬਸੁੱਧਾ, ਸਰ ਸੁਧਾ ਸਾਹਿਬ ਸੁਲਤਾਨ ਬੇਪਰਵਾਹੀਆ । ਉਸ ਦਾ ਭੇਵ ਰਹਿਣਾ ਗੁੱਝਾ, ਬਿਨ ਭਗਤਾਂ ਸਮਝ ਨਾ ਕੋਇ ਸਮਝਾਈਆ । ਸਰਗੁਣ ਤੋਂ ਨਿਰਗੁਣ ਰੂਪ ਧਾਰਨਾ ਦੂਜਾ, ਦੂਜੇ ਤੋਂ ਬਣ ਜਾਏ ਤੀਜਾ ਤੀਜੇ ਦਾ ਗਿੱਝਾ, ਭਗਤ ਸਾਰੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।



★ ੧੬ ਮੱਘਰ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਹਿ ਰੁੜਕਾ ਕਲਾਂ ★

ਝੁੱਗੀ ਕਹੇ ਜਨ ਭਗਤੋ ਵੇਖੋ ਮੇਰੇ ਕੱਖ, ਆਪਣੀ ਕੀਮਤ ਨਾ ਕੋਇ ਰਖਾਈਆ । ਮੈਥੋਂ ਨਹੀਂ ਵੱਖ, ਗ਼ਰੀਬਾਂ ਦਾ ਗ਼ਰੀਬ ਮੇਰੇ ਅੰਦਰ ਡੇਰਾ ਲਾਈਆ । ਇਕ ਦੇ ਹੋਵੋ ਵੱਸ, ਦੂਜੇ ਦੀ ਆਸ ਮਿਟਾਈਆ । ਦਰਸ਼ਨ ਪਾਓ ਹੱਸ, ਹਸਤੀ ਬੇਪਰਵਾਹੀਆ । ਏਥੇ ਨਹੀਂ ਬੱਸ, ਅੱਗੇ ਹੋਏ ਸਹਾਈਆ । ਅੱਗੇ ਨਾ ਜਾਵੇ ਨੱਠ, ਸਚ ਦਵਾਰ ਟਿਕਾਈਆ । ਸਚ ਦਵਾਰ ਨਾ ਪਾਵੇ ਵੱਟ, ਇਕੋ ਜਿਹੀ ਦਏ ਵਡਿਆਈਆ । ਮਾਨਸ ਜਨਮ ਦਾ ਲਾਹਾ ਜਾਓ ਖੱਟ, ਢਹਿ ਕੇ ਇਕੋ ਵਾਰ ਸ਼ਰਨਾਈਆ । ਜਨਮ ਮਰਨ ਤੋਂ ਜਾਓ ਬਚ, ਚੁਰਾਸੀ ਫਾਸੀ ਨਾ ਕੋਇ ਲਟਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਸਮਰਥ, ਸਮਿਆਂ ਦਾ ਮਾਲਕ ਨਜ਼ਰੀ ਆਈਆ ।

★ ੧੬ ਮੱਘਰ ਸ਼ਹਿਨਸ਼ਾਹੀ ਸੰਮਤ ੨ ਆਤਮਾ ਸਿੰਘ ਦੇ ਗ੍ਰਹਿ ਰੁੜਕਾ ਕਲਾਂ ਜ਼ਿਲਾ ਜਲੰਧਰ ★

ਝੁੱਗੀ ਕਹੇ ਮੈਨੂੰ ਪਿਛੋਂ ਇਸ਼ਾਰਾ ਦੇਂਦਾ ਚੰਦ, ਅੱਖਾਂ ਰਿਹਾ ਹਿਲਾਈਆ । ਕੁਛ ਮੈਨੂੰ ਸੁਣਾ ਛੰਦ, ਜੋ ਪ੍ਰਭ ਭਗਤਾਂ ਕਰੇ ਪੜ੍ਹਾਈਆ । ਮੈਂ ਕਿਹਾ ਦੂਰ ਦੁਰਾਡਾ ਨਾ ਪਾ ਡੰਡ, ਬਿਨ ਚਰਨਾਂ ਤੋਂ ਮਿਲੇ ਨਾ ਕਿਸੇ ਵਡਿਆਈਆ । ਉਹ ਰੋ ਕੇ ਕਹੇ ਮੈਨੂੰ ਹੁਕਮੇ ਵਿਚ ਦਿਤਾ ਟੰਗ, ਬੱਧਾ ਨਾ ਕੋਇ ਛੁਡਾਈਆ । ਮੈਂ ਸਦ ਮੰਗਾਂ ਰਿਹਾ ਮੰਗ, ਦਰਸ਼ਨ ਦੇ ਪ੍ਰਭ ਗੋਸਾਂਈਆ । ਝੁੱਗੀ ਕਹੇ ਮੈਂ ਏਸੇ ਕਰ ਕੇ ਆਪਣੇ ਅੰਦਰ ਕੀਤਾ ਬੰਦ,

ਬਿਨ ਭਗਤਾਂ ਨਜ਼ਰ ਕਿਸੇ ਨਾ ਆਈਆ । ਸਭ ਵੱਲ ਕਰ ਕੇ ਕੰਡ, ਬ੍ਰਹਿਮੰਡ ਰਿਹਾ ਭੁਲਾਈਆ । ਥੋੜ੍ਹਿਆਂ ਪਾ ਕੇ ਠੰਡ, ਬਹੁਤਿਆਂ ਰਿਹਾ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰਦਰਗਾਹੀਆ ।

★ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਪੂਰੋ ਦੇ ਗ੍ਰਹਿ ਰੁੜਕਾ ਕਲਾਂ ਜ਼ਿਲਾ ਜਲੰਧਰ ★

ਚੰਦ ਕਹੇ ਕਿਉਂ ਬੈਠਾ ਛੁਪ, ਛੱਪਰੀ ਅੰਦਰ ਡੇਰਾ ਲਾਈਆ । ਕੀਤਾ ਅੰਧੇਰਾ ਘੁਪ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਝੁੱਗੀ ਕਹੇ ਬਸ ਵੇ ਵੀਰਾ ਚੁਪ, ਐਵੇਂ ਦਏਂ ਦੁਹਾਈਆ । ਸਿਰਫ਼ ਤਾਰਨ ਆਇਆ ਭਗਤ ਆਪਣੇ ਪੁੱਤ, ਆਪਣੀ ਗੋਦ ਉਠਾਈਆ । ਸਭ ਤੋਂ ਬੈਠਾ ਲੁਕ, ਅੱਖਾਂ ਵਾਲਿਆਂ ਤੋਂ ਅੱਖ ਲਈ ਬਦਲਾਈਆ । ਚੰਦ ਕਿਹਾ ਇਹ ਮੈਨੂੰ ਵੱਡਾ ਦੁੱਖ, ਬਿਨਾ ਵੇਖਿਆਂ ਦਿਆਂ ਦੁਹਾਈਆ । ਝੁੱਗੀ ਕਹੇ ਪਹਿਲੋਂ ਗਿਰਧਾਰੇ ਗੋਤਮ ਕੋਲੋਂ ਪੁਛ, ਜਿਸ ਨਾਲ ਧਰੋਹ ਲਿਆ ਕਮਾਈਆ । ਰਿਖੀ ਕਹੇ ਭਗਤਾਂ ਵਿਚੋਂ ਬਾਹਰ ਕੱਢੇ ਕੁੱਟ, ਜੋ ਨੇਤਰ ਅੱਖ ਲਏ ਬਦਲਾਈਆ । ਭਗਤਾਂ ਵਿਚ ਭਗਤ ਮਿਲ ਕੇ ਭਗਤਾਂ ਦੀ ਮੰਗਣ ਸੁੱਖ, ਭਗਤਾਂ ਦਾ ਭਗਤ ਵੈਰੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਵੇਖ ਵਖਾਈਆ ।



੨੪੯ ੨੦

★ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਕੌਰ ਦੇ ਗ੍ਰਹਿ ਪਿੰਡ ਮਾਹਲ ਗੈਹਲੇ ਜ਼ਿਲਾ ਜਲੰਧਰ ★

ਝੁੱਗੀ ਕਹੇ ਪ੍ਰਭ ਦੱਸੀਂ ਧਾਰ ਚੰਗੇਰੀ, ਮੰਦਿਉਂ ਚੰਗੇ ਦੇਣਾ ਬਣਾਈਆ । ਵੇਖੀਂ ਕਿਤੇ ਕੱਪੜੇ ਰੰਗਾਵੀਂ ਨਾ ਨਾਲ ਗੇਰੀ, ਗਰਦਸ਼ ਵਿਚ ਭਵਾਈਆ । ਤੇਰੀ ਮਿਹਰ ਨਜ਼ਰ ਇਕ ਬਥੇਰੀ, ਹੋਰ ਆਸ ਨਾ ਕੋਇ ਰਖਾਈਆ । ਜੇ ਆਤਮਾ ਬਣਾ ਲਏਂ ਆਪਣੀ ਚੇਰੀ, ਚਿਰੀ ਵਿਛੁੰਨੀ ਨਾਲ ਮਿਲਾਈਆ । ਆਪੇ ਚੜ੍ਹ ਜਾਏ ਤੇਰੀ ਬੇੜੀ, ਬੇੜਾ ਅੱਗੇ ਨਾ ਕੋਇ ਰੁੜ੍ਹਾਈਆ । ਸਾਹਿਬ ਸਤਿਗੁਰ ਹੁਣ ਨਾ ਲਾਈਂ ਡੇਰੀ, ਡੇਰਿਆਂ ਵਿਚ ਰਹਿ ਕੇ ਕਈ ਜਨਮ ਦਿਤੇ ਲੰਘਾਈਆ । ਸਜ਼ਾ ਭੋਗੀ ਬਥੇਰੀ, ਹੁੰਦੀ ਰਹੀ ਜੁਦਾਈਆ । ਜਿਨ੍ਹਾਂ ਪਿਛੇ ਮਾਰੀ ਫੇਰੀ, ਫਿਰ ਕੇ ਲੈਣੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਈਆ ।

★ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਊਧੀ ਦੇ ਗ੍ਰਹਿ ਰੁੜਕਾ ਕਲਾਂ ਜ਼ਿਲਾ ਜਲੰਧਰ ★

ਝੁੱਗੀ ਕਹੇ ਜਨ ਭਗਤੋ ਤੁਹਾਡਾ ਇਹ ਵਿਹਾਰ, ਮੈਂ ਨਿਮਾਣੀ ਸੇਵ ਕਮਾਈਆ । ਸਾਂਝਾ ਇਹ ਯਾਰ, ਯਰਾਨੇ ਧੁਰ ਦੇ ਤੋੜ ਨਿਭਾਈਆ । ਕਲਕੀ ਇਹ ਅਵਤਾਰ, ਕਲਾ ਰਿਹਾ ਭਵਾਈਆ । ਰਸੂਲਾਂ ਦਾ ਸਿਕਦਾਰ, ਅਮਾਮ ਨੂਰ ਖ਼ੁਦਾਈਆ । ਇਹਦੇ ਹੁਕਮ ਦਾ ਕਰੋ ਇੰਤਜਾਰ, ਹੁਕਮੇ ਅੰਦਰ ਹੁਕਮ ਬਦਲਾਈਆ । ਚਰਨ ਧੂੜੀ ਮੰਗੋ ਛਾਰ, ਸ਼ਹਿਨਸ਼ਾਹ ਸ਼ਾਹ ਦਏ ਬਣਾਈਆ । ਜਗਤ ਭੁੱਖ ਨਾ ਵੇਖੋ ਕੰਗਾਲ, ਜੋਤ ਜਮਾਲ ਕਰੇ

ਰੁਸ਼ਨਾਈਆ । ਝੁੱਗੀ ਨਹੀਂ ਭਗਤਾਂ ਦੀ ਧਰਮਸਾਲ, ਦੀਨ ਦਿਆਲ ਡੇਰਾ ਲਾਈਆ । ਜੁਗ ਜਨਮ ਦੇ ਤੁਹਾਡੇ ਵੇਖ ਕੇ ਹਾਲ, ਹੁਣ ਦੀ ਹਾਲਤ ਦਏ ਬਦਲਾਈਆ । ਮਿਹਰਵਾਨ ਹੋ ਕੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਾਰੇ ਇਕੋ ਵਾਰ ਬੋਲੋ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ", ਜੈ ਜੈਕਾਰ ਦੋ ਜਹਾਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਅਵਤਾਰੀ ਖੇਲ ਅਪਾਰੀ ਕਿਰਪਾਲ ਦਿਆਲ ਹੋ ਕੇ ਆਪਣੀ ਆਪ ਵਖਾਈਆ ।

### ★ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਗਿਰਦਾਵਰ ਸਿੰਘ ਦੇ ਗ੍ਰਹਿ ਰੁੜਕਾ ਕਲਾਂ ਜਲੰਧਰ ★

ਝੁੱਗੀ ਕਹੇ ਮੈਨੂੰ ਬਣਾਉਣਾ ਆਸਾਨ, ਕੀਮਤ ਜਗਤ ਨਾ ਕੋਇ ਲਗਾਈਆ । ਮੇਰੇ ਉਤੇ ਆਪ ਮਿਹਰਵਾਨ, ਪਾਰਬ੍ਰਹਮ ਬੇਪਰਵਾਹੀਆ । ਜਨ ਭਗਤਾਂ ਪਿਛੇ ਬਣੇ ਮਹਿੰਮਾਨ, ਨਿਰਗੁਣ ਹੋ ਕੇ ਵੇਸ ਵਟਾਈਆ । ਸਚ ਪ੍ਰੀਤੀ ਦੇਵੇ ਦਾਨ, ਬਖ਼ਸ਼ਿਸ਼ ਆਪ ਕਰਾਈਆ । ਜਗਤ ਦੇਵੇ ਵਡਿਆਈ ਮਾਣ, ਨਾਤਾ ਮੋਹ ਤੁੜਾਈਆ । ਗੁਰਮੁਖਾਂ ਕਰਾਏ ਪਹਿਚਾਨ, ਹਰਿਜਨ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੇ ਹੱਥ ਰੱਖੇ ਵਡਿਆਈਆ । ਝੁੱਗੀ ਕਹੇ ਮੇਰੇ ਉਤੇ ਲੱਗੇ ਕੋਈ ਨਾ ਦੰਮ, ਦਮੜਿਆਂ ਲੋੜ ਰਹੇ ਨਾ ਰਾਈਆ । ਮੈਂ ਸੇਵਾ ਵਿਚ ਪੂਰਾ ਕਰਾਂ ਕੰਮ, ਨਿਕੰਮੀ ਹੋ ਨਾ ਝਟ ਲੰਘਾਈਆ । ਰਾਜ ਰਾਜਾਨਾਂ ਘਰੋਂ ਦੇ ਕੇ ਡੰਨ, ਤਖ਼ਤਾਂ ਉਤੋਂ ਲਾਹੀਆ । ਅਗੰਮੀ ਆਵਾਜ਼ ਸੁਣਾ ਕੇ ਕੰਨ, ਚੋਟੀਆਂ ਦੇਵਾਂ ਮੁਨਾਈਆ । ਛੱਡਣ ਦੌਲਤ ਧਨ, ਵੈਰਾਗੀ ਰੂਪ ਬਦਲਾਈਆ । ਅੰਦਰੋਂ ਫੇਰ ਕੇ ਮਨ, ਮਨਸਾ ਦਿਆਂ ਭਵਾਈਆ । ਅਗਨੀ ਲਾ ਕੇ ਤਨ, ਤਤ ਤੰਦੂਰ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦੇਵੇ ਮਾਣ ਵਡਿਆਈਆ । ਝੁੱਗੀ ਕਹੇ ਰਾਜ ਰਾਜਾਨਾਂ ਛੁਡਾ ਘਰ ਬਾਹਰ, ਫ਼ਕੀਰ ਦਿਆਂ ਬਣਾਈਆ । ਤਜਾਉਣ ਮਹੱਲ ਅਟਲ ਮਨਾਰ, ਸੁੱਖ ਆਸਣ ਡੇਰਾ ਢਾਹੀਆ । ਆਵਣ ਵਿਚ ਉਜਾੜ, ਜੰਗਲ ਡੇਰੇ ਲਾਈਆ । ਮੈਂ ਉਨ੍ਹਾਂ ਕਰਾਂ ਪਿਆਰ, ਛੱਪਰ ਹੋ ਕੇ ਸੀਸ ਸੁਹਾਈਆ । ਮੇਲ ਦੇਵਾਂ ਨਿਰੰਕਾਰ, ਜੋ ਮੇਰੇ ਅੰਦਰ ਵੜ ਕੇ ਧਿਆਨ ਲਗਾਈਆ । ਰਸਾਂ ਤੋਂ ਕਰ ਕੇ ਬਾਹਰ, ਰਸੀਏ ਨਾਲ ਜੁੜਾਈਆ । ਕੱਖਾਂ ਦਾ ਮਹੱਲ ਉਸਾਰ, ਲੱਖਾਂ ਦੇ ਮਾਲਕ ਆਪਣੇ ਵਿਚ ਛੁਪਾਈਆ । ਦੱਸਾਂ ਸਚ ਵਿਹਾਰ, ਨਿਰਮਾਣਤਾ ਨਾਲ ਵਡਿਆਈਆ । ਇਕੋ ਲੱਭੇ ਪਰਵਰਦਿਗਾਰ, ਸਾਂਝਾ ਯਾਰ ਨੂਰ ਖ਼ੁਦਾਈਆ । ਜਿਸ ਦੇ ਮਿਲਿਆਂ ਉਤਰੋ ਪਾਰ, ਜਗਤ ਸ਼ੌਹ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਿਤਾ ਆਦਿ ਜੁਗਾਦੀ ਇਕੋ ਵਰ, ਵਾਰਤਾ ਆਪਣੀ ਰਹੀ ਸੁਣਾਈਆ ।

### ★ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਕਰਨੈਲ ਸਿੰਘ ਦੇ ਗ੍ਰਹਿ ਪਿੰਡ ਬਿਲਗਾ ਜ਼ਿਲਾ ਜਲੰਧਰ ★

ਝੁੱਗੀ ਕਹੇ ਜੋ ਜਗਤ ਤਿਆਗੀ ਬਣ ਕੇ ਆਉਂਦੇ ਜੂਹ, ਪਰਭਾਸਾਂ ਵਿਚ ਡੇਰਾ ਲਾਈਆ । ਉਨ੍ਹਾਂ ਨੂੰ ਸੱਚੀ ਦੇਵਾਂ ਸੂਹ, ਸਹਿਜ ਨਾਲ ਸਮਝਾਈਆ ।

ਜੇ ਪਵਿਤ੍ਰ ਕਰਨਾ ਰੂਹ, ਪਾਪਾਂ ਪੰਧ ਮੁਕਾਈਆ । ਪੁਰਖ ਅਕਾਲ ਇਕੋ ਮੰਨੋ ਸੱਚਾ ਸਤਿਗੁਰੂ, ਗੁਰਦੇਵ ਸਵਾਮੀ ਬੇਪਰਵਾਹੀਆ । ਜਿਸ ਦੀ ਧਾਰ ਆਪਣੀ ਧਾਰ ਵਿਚੋਂ ਹੁੰਦੀ ਸ਼ੁਰੂ, ਸ਼ਰਅ ਸਮਝੇ ਕੋਇ ਨਾ ਰਾਈਆ । ਜਿਸ ਨੇ ਤਾਰੇ ਪ੍ਰਹਿਲਾਦ ਧਰੂ, ਧਰੋਹ ਭਗਤਾਂ ਨਾਲ ਨਾ ਕਦੇ ਕਮਾਈਆ । ਉਹਦੇ ਦਵਾਰੇ ਗਿਆ ਕੋਈ ਨਾ ਮੁੜੂ, ਸਚਖੰਡ ਦੇਵੇ ਮਾਣ ਵਡਿਆਈਆ । ਮੰਤਰ ਇਕੋ ਧੁਰ ਦਾ ਫੁਰੂ, ਫੁਰਨਾ ਅਵਰ ਰਹਿਣ ਨਾ ਪਾਈਆ । ਚੁਰਾਸੀ ਵਿਚ ਜੰਮ ਫੇਰ ਨਾ ਮਰੂ, ਮਰ ਜੀਵਤ ਰੂਪ ਵਟਾਈਆ । ਪੁਰਖ ਅਕਾਲ ਦੇ ਚਰਨ ਫੜੂ, ਧੂੜੀ ਟਿੱਕਾ ਮਸਤਕ ਛੁਹਾਈਆ । ਸਾਚੀ ਮੰਜ਼ਲ ਅਗੰਮੀ ਚੜ੍ਹੂ, ਜਿਥੇ ਅੱਗੇ ਹੋ ਨਾ ਕੋਇ ਅਟਕਾਈਆ । ਕੰਤ ਕੰਤੂਹਲ ਇਕੋ ਵਰੂ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚਾ ਹਰੀ ਦਵਾਰੇ ਸਦਾ ਤਰੂ, ਤਾਰਨਹਾਰਾ ਪਾਰ ਕਰਾਈਆ ।

## ★ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਿਹ ਰੁੜਕਾ ਕਲਾਂ ★



ਝੁੱਗੀ ਕਹੇ ਜੋ ਸ਼ਾਹ ਸੁਲਤਾਨ ਮੇਰੇ ਅੰਦਰ ਆ ਕੇ ਵਸਦੇ, ਵਸਲ ਕਰਾਵਾਂ ਧੁਰਦਰਗਾਹੀਆ । ਨਜ਼ਾਕਤ ਵਿਚ ਹੱਸਦੇ, ਫ਼ਰਾਖ਼ਤ ਵਿਚ ਵਡਿਆਈਆ । ਲਿਆਕਤ ਵਿਚ ਨੱਸਦੇ, ਭੱਜਣ ਵਾਹੋ ਦਾਹੀਆ । ਲਹਿਣੇ ਦੇਣੇ ਲੈਣ ਜਗਤ ਹਕ ਦੇ, ਖ਼ਾਲੀ ਝੋਲੀ ਦਿਆਂ ਭਰਾਈਆ । ਤੂ ਹੀ ਤੂ ਹੀ ਰਾਗ ਜਪਦੇ, ਮਨ ਦਾ ਮਣਕਾ ਬਿਨ ਮਾਲਾ ਲੈਣ ਭਵਾਈਆ । ਲੇਖੇ ਮੁੱਕਣ ਕੋਟ ਪੱਪ ਦੇ, ਪਤਤ ਪੁਨੀਤ ਦਿਆਂ ਕਰਾਈਆ । ਸੰਤ ਸੁਹੇਲੇ ਕਦੇ ਨਾ ਅੱਕਦੇ, ਥਕਾਵਟ ਰੂਪ ਨਾ ਕੋਇ ਵਖਾਈਆ । ਮਾਰਗ ਦੱਸਾਂ ਸਚ ਦੇ, ਕੂੜ ਕੁੜਿਆਰੇ ਪੰਧ ਮੁਕਾਈਆ । ਢੋਲੇ ਸੁਣਾਵਾਂ ਅਗੰਮੀ ਜੱਸ ਦੇ, ਵੇਦ ਪੁਰਾਨਾਂ ਤੋਂ ਪਰੇ ਕਰਾਂ ਪੜ੍ਹਾਈਆ । ਇਸ਼ਾਰੇ ਦੇਵਾਂ ਅਗੰਮੀ ਅੱਖ ਦੇ, ਨਿਜ ਨੇਤਰ ਲੋਚਣ ਨੈਣ ਖੁਲ੍ਹਾਈਆ । ਪਿਆਰ ਬਖ਼ਸ਼ਾਂ ਪੁਰਖ ਸਮਰਥ ਦੇ, ਪੁਰਖ ਅਕਾਲ ਦਿਆਂ ਮਿਲਾਈਆ । ਸਚ ਘਰਾਨੇ ਵੇਖਾਂ ਵਸਦੇ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਖਾਈਆ ।

੨੫੧
੨੦

## ★ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹ ਰੁੜਕਾ ਕਲਾਂ ਜ਼ਿਲਾ ਜਲੰਧਰ ★

ਝੁੱਗੀ ਕਹੇ ਜਿਸ ਮੇਰੇ ਅੰਦਰ ਲਾਇਆ ਡੇਰਾ, ਡੇਰਾ ਕੂੜਾ ਗਏ ਢਾਹੀਆ । ਵਸਿਆ ਕਾਇਆ ਖੇੜਾ, ਖਿੜਕੀ ਬੰਦ ਖੁਲ੍ਹਾਈਆ । ਚੁੱਕਿਆ ਅੰਧ ਅੰਧੇਰਾ, ਪਰਕਾਸ਼ ਜੋਤ ਰੁਸ਼ਨਾਈਆ । ਸੁਝਿਆ ਤੇਰਾ ਮੇਰਾ, ਮੇਰਾ ਤੇਰਾ ਭੇਵ ਖੁਲ੍ਹਾਈਆ । ਡੁੱਬਿਆਂ ਬੰਨ੍ਹਿਆ ਬੇੜਾ, ਨੌਕਾ ਨਾਮ ਚੜ੍ਹਾਈਆ । ਖੁਲ੍ਹਾ ਕੀਤਾ ਵਿਹੜਾ, ਕਾਇਆ ਕੂੜੀ ਕਿਰਿਆ ਬਾਹਰ ਕਢਾਈਆ । ਸਤਿਗੁਰ ਚਰਨ ਵਖਾਇਆ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਕੁੱਲੀ ਕਹੇ ਜੋ ਮੇਰੇ ਅੰਦਰ ਵੜਦਾ, ਆਪਣਾ ਮਾਣ ਮਿਟਾਈਆ । ਮੰਜ਼ਲ ਹਕੀਕੀ ਚੜ੍ਹਦਾ, ਅੱਗੇ ਹੋ ਨਾ ਕੋਇ ਅਟਕਾਈਆ । ਦਰਸ ਅਗੰਮੀ ਕਰਦਾ, ਨੂਰੀ ਜੋਤ ਜੋਤ ਰੁਸ਼ਨਾਈਆ । ਸਰਨ ਚਰਨ ਕਵਲ ਫੜਦਾ, ਮਾਣ ਮੋਹ ਤਜਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਪੜ੍ਹਦਾ, ਸੋ ਪੁਰਖ ਨਿਰੰਜਣ ਰਿਹਾ ਸਮਝਾਈਆ । ਜਗਤ ਜਹਾਨ ਦੁਤਰ ਪਾਰ ਕਰਦਾ, ਦੂਤੀਆ ਭਾਓ ਨਾ ਕੋਇ ਵਖਾਈਆ । ਇਕੋ ਰੂਪ ਵੇਖੇ ਹਰਿ ਦਾ, ਹਰੀ ਹਰ ਹਿਰਦੇ ਅੰਦਰ ਨਜ਼ਰੀ ਆਈਆ । ਅਗਲਾ ਮਾਰਗ ਮਿਲੇ ਧੁਰ ਦੇ ਘਰ ਦਾ, ਗ੍ਰਿਹਿ ਮੰਦਰ ਪੜਦਾ ਦਏ ਉਠਾਈਆ । ਜਿਥੇ ਦੀਪਕ ਜੋਤ ਅਗੰਮੀ ਬਲਦਾ, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਝੁੱਗੀ ਕਹੇ ਮੇਰਾ ਮਿਤਰ ਓਸ ਦਵਾਰੇ ਫਬਦਾ, ਬਹਿ ਕੇ ਸੋਹਣਾ ਆਸਣ ਲਾਈਆ । ਜਿਥੇ ਜਗਤ ਵਿਕਾਰ ਨਹੀਂ ਕੋਈ ਦੱਬਦਾ, ਭੈ ਦੇਵੇ ਨਾ ਕੋਇ ਲੋਕਾਈਆ । ਪਿਆਲਾ ਨਜ਼ਰ ਨਾ ਆਵੇ ਕੋਈ ਮਦਿ ਦਾ, ਅੰਮ੍ਰਿਤ ਅਮਰ ਰਸ ਪਿਆਈਆ । ਅੰਤ ਕੰਤ ਭਗਵੰਤ ਸੰਤ ਬੇਅੰਤ ਪੁਰਖ ਅਕਾਲ ਦੀਨ ਦਿਆਲ ਆਪਣੇ ਘਰ ਸੱਦ ਦਾ, ਸਦਕੇ ਵਾਰੀ ਹਉਂ ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੜਦੇ ਵਾਲਾ ਲੋਕ ਵਿਹਾਰ ਜਗ ਦਾ, ਭਗਤ ਸੁਹੇਲੇ ਕੋਟਾਂ ਵਿਚੋਂ ਲੱਭਦਾ, ਸਬਬ ਆਪਣਾ ਨਾਮ ਰਖਾਈਆ ।



★ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਬੀਬੀ ਨਛੱਤਰ ਕੌਰ ਦੇ ਗ੍ਰਿਹਿ ਗੋਰਾਇਆ ਜ਼ਿਲਾ ਜਲੰਧਰ ★



ਝੁੱਗੀ ਕਹੇ ਗੁਰਮੁਖੋ ਤੁਹਾਡੀ ਝੁੱਗੀ ਕਾਇਆ ਮਾਟੀ ਚੰਮ, ਹੱਡ ਮਾਸ ਨਾੜੀ ਮਿਲ ਕੇ ਦਿਤੀ ਸੁਹਾਈਆ । ਤੁਹਾਡੇ ਅੰਤਰ ਪਵਣ ਸਵਾਸੀ ਦਮ, ਅੱਠੇ ਪਹਿਰ ਸਾਹ ਚਲਾਈਆ । ਭੱਜਣ ਨੱਠਣ ਵਾਲਾ ਮਨ, ਬੁੱਧੀ ਸੋਚਣ ਵਾਲੀ ਨਜ਼ਰੀ ਆਈਆ । ਸੁਣਨ ਵਾਸਤੇ ਸਰਵਣ ਕੰਨ, ਅੱਖਾਂ ਨੇਤਰ ਜਗਤ ਤਕਾਈਆ । ਸੁੰਘਣ ਵਾਸਤੇ ਨਾਸਕਾ ਬੇੜਾ ਦਿਤਾ ਬੰਨ੍ਹ, ਖਾਣ ਪੀਣ ਦਾ ਤਰੀਕਾ ਮੁਖ ਦਿਤਾ ਵਖਾਈਆ । ਤੁਸੀਂ ਬਣੋ ਸਾਚੇ ਜਨ, ਭਗਤ ਆਪਣਾ ਨਾਉਂ ਧਰਾਈਆ । ਕੂੜੀ ਕਿਰਿਆ ਭਾਂਡਾ ਦਿਓ ਭੰਨ, ਜੂਠ ਝੂਠ ਪੰਧ ਮੁਕਾਈਆ । ਨਾਮ ਭੰਡਾਰਾ ਤੁਹਾਡੇ ਅੰਦਰ ਧਨ, ਅਨਮੁੱਲਾ ਨਜ਼ਰੀ ਆਈਆ । ਜੋਤੀ ਨੂਰ ਦਿਸੇ ਚੰਨ, ਦਿਵਸ ਰੈਣ ਕਰੇ ਰੁਸ਼ਨਾਈਆ । ਇਕੋ ਪੁਰਖ ਅਕਾਲ ਲਓ ਮੰਨ, ਮਾਣਸ ਹੋ ਕੇ ਆਪਣਾ ਪੰਧ ਮੁਕਾਈਆ । ਫੇਰ ਆਉਣਾ ਪਏ ਨਾ ਕਿਸੇ ਤਨ, ਨਾਤਾ ਤੱਤਾਂ ਵਾਲਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਕ ਦਵਾਰਾ ਦਏ ਸੁਹਾਈਆ । ਝੁੱਗੀ ਕਹੇ ਜਨ ਭਗਤੋ ਤੁਹਾਡੀ ਕਾਇਆ ਮਾਟੀ ਝੁੱਗੀ ਸੋਹਣੀ ਸਾਫ਼, ਨਹਾਤੀ ਧੋਤੀ ਨਜ਼ਰੀ ਆਈਆ । ਅੰਦਰੋਂ ਵਾਸਨਾ ਕਰੋ ਸਾਫ਼, ਸਫ਼ਾ ਕੂੜ ਦਿਓ ਮਿਟਾਈਆ । ਮਾਇਆ ਮਮਤਾ ਕਰੋ ਸਾਫ਼, ਲੋਭ ਮੋਹ ਵਿਕਾਰ ਤਜਾਈਆ । ਮਨ ਹੰਗਤਾ ਕਰੋ ਸਾਫ਼, ਨਿਵਣ ਸੁ ਅੱਖਰ ਝੋਲੀ ਪਾਈਆ । ਇਕੋ ਕਰੋ ਇਕੇ ਦਾ ਜਾਪ, ਏਕੋ ਨਾਮ ਧਿਆਈਆ । ਇਕੋ ਮੇਟਣਹਾਰਾ ਪਾਪ, ਪਤਤ ਪੁਨੀਤ ਵਖਾਈਆ । ਇਕੋ ਨਿਵਾਰੇ ਰੋਗ ਸੰਤਾਪ, ਦੁਖੜੇ ਦਰਦ ਗਵਾਈਆ । ਇਕੋ ਕਰੇ ਪਾਕ, ਰੂਹ ਬੁਤ ਪਵਿਤ ਵਖਾਈਆ । ਇਕੋ ਖੋਲ੍ਹੇ ਤਾਕ, ਪੜਦਾ ਦਏ ਉਠਾਈਆ ।

ਇਕੋ ਬਣੇ ਸਾਕ, ਸੱਜਣ ਸ਼ਹਿਨਸ਼ਾਹੀਆ । ਇਕ ਦੇ ਬਣੋ ਦਾਸ, ਦਾਸੀ ਹੋ ਕੇ ਸੇਵ ਕਮਾਈਆ । ਇਕੋ ਮੰਨੋ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਸਭ ਦਾ ਪਿਤਾ ਮਾਈਆ । ਇਕੋ ਵੇਖੋ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਖੇਲ ਖਿਲਾਈਆ । ਇਕੋ ਨੂਰ ਤੱਕੋ ਪਰਕਾਸ਼, ਜੋਤੀ ਜਾਤਾ ਡਗਮਗਾਈਆ । ਇਕੋ ਮੰਦਰ ਕਰੋ ਵਾਸ, ਸਚਖੰਡ ਸਾਚਾ ਦਰਗਾਹ ਸਾਚੀ ਰਿਹਾ ਸੁਹਾਈਆ । ਸ੍ਰੀ ਭਗਵਾਨ ਦੇ ਰਹੋ ਸਾਥ, ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਈਆ । ਓਸੇ ਵਿਚ ਮਿਲਾਓ ਆਪਣੀ ਜਾਤ, ਜਿਸ ਵਿਚੋਂ ਹੋਈ ਜੁਦਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਆਦਿ ਜੁਗਾਦੀ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਸਭ ਦਾ ਲਹਿਣਾ ਦੇਣਾ ਦੇਵੇ ਸਾਖਿਆਤ, ਤਰੀਕਾ ਢੰਗ ਵੱਖਰਾ ਵੱਖਰਾ ਆਪਣੇ ਹੱਥ ਰਖਾਈਆ ।

### ★ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਸਿੰਘ ਦੇ ਗ੍ਰਹਿ ਚੀਮੇ ਕਲਾਂ ਜ਼ਿਲਾ ਜਲੰਧਰ ★

ਬਿਆਸ ਕਹੇ ਪ੍ਰਭ ਬਖ਼ਸ਼ ਅਗੰਮੀ ਸਤਿ, ਸਤਿ ਸਤਿਵਾਦੀ ਹੋ ਕੇ ਦਇਆ ਕਮਾਈਆ । ਅਗੰਮ ਅਥਾਹ ਬੇਪਰਵਾਹ ਉਪਜਾ ਬ੍ਰਹਮ ਮਤ, ਭੇਵ ਅਭੇਦਾ ਦੇ ਖੁਲ੍ਹਾਈਆ । ਸਤਿ ਧਰਮ ਜੁੜਾ ਸਾਚਾ ਨਤ, ਨਾਤਾ ਕੂੜ ਕੁੜਿਆਰ ਰਹਿਣ ਨਾ ਪਾਈਆ । ਨਿਰਵੈਰ ਹੋ ਕੇ ਨਿਰਾਕਾਰ ਹੋ ਕੇ ਨਿਰੰਕਾਰ ਹੋ ਕੇ ਖੇਲ ਕਰ ਪੁਰਖ ਸਮਰਥ, ਮਹਿੰਮਾਂ ਅਕਥ ਆਪ ਜਣਾਈਆ । ਤੇਰੀ ਆਤਮ ਪਰਮਾਤਮ ਤੈਥੋਂ ਹੋਈ ਵੱਖ, ਜੁਗ ਜਨਮ ਦੇ ਵਿਛੜੇ ਲੈ ਮਿਲਾਈਆ । ਸਚ ਦਵਾਰਾ ਏਕੰਕਾਰਾ ਖੋਲ੍ਹ ਆਪਣਾ ਹੱਟ, ਸ਼ਬਦ ਭੰਡਾਰਾ ਧੁਰ ਦਰਬਾਰੇ ਦੇ ਵਰਤਾਈਆ । ਨਿਰਗੁਣ ਹੋ ਕੇ ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਆਪਣੀ ਧਾਰ ਨਠ, ਦਿਵਸ ਰੈਣ ਅੱਠੇ ਪਹਿਰ ਧੁਰ ਦੀ ਸੇਵ ਕਮਾਈਆ । ਦੁਰਮਤ ਮੈਲ ਜੋ ਅੱਠ ਸੱਠ ਰਹੀ ਫੈਲ ਸ਼ਬਦ ਸਤਿਗੁਰ ਹੋ ਕੇ ਕਟ, ਕਾਇਆ ਕੁਟੀਆ ਅੰਦਰ ਘਰ ਘਰ ਕਰ ਸਫ਼ਾਈਆ । ਤਨ ਵਜੂਦ ਹਕ ਮਹਿਬੂਬ ਵਖਾ ਸਾਚਾ ਤਟ, ਸਰ ਸਰੋਵਰ ਇਕੋ ਇਕ ਪਰਗਟਾਈਆ । ਮਨ ਵਿਕਾਰ ਹਉਮੇ ਹੰਕਾਰ ਗੜ੍ਹ ਕੂੜ ਕੁੜਿਆਰ ਜਾਏ ਢੱਠ, ਲੋਭ ਮੋਹ ਹੰਕਾਰ ਰਹਿਣ ਕੋਇ ਨਾ ਪਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਰੱਖ, ਗੋਬਿੰਦ ਹੋ ਕੇ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਹੇਲੇ ਇਕ ਇਕੇਲੇ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰੀ ਓਟ ਇਕ ਤਕਾਈਆ । ਤੇਰੀ ਓਟ ਰੱਖੀ ਅਕਾਲ, ਅਕਲ ਕਲਧਾਰੀ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਬੇਹਾਲ, ਬੇਵਾ ਰੂਪ ਹੋਵੇ ਖ਼ੁਦਾਈਆ । ਸਾਚਾ ਮਿਲੇ ਨਾ ਕਿਸੇ ਜਲਾਲ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਬਿਨ ਤੇਰੀ ਕਿਰਪਾ ਲੇਖੇ ਲੱਗੇ ਕਿਸੇ ਨਾ ਘਾਲ, ਕੀਤੀ ਘਾਲ ਥਾਏਂ ਕੋਇ ਨਾ ਪਾਈਆ । ਦੁਨੀਆ ਅੰਦਰ ਦੁਨੀਦਾਰ ਹੋਏ ਕੰਗਾਲ, ਨਾਮ ਵਣਜਾਰਾ ਸਾਚਾ ਵਣਜ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਖੀਆਂ ਦਰਦ ਵੇਖ ਆਣ, ਛੁਰੀ ਕਰਦ ਸ਼ਰਅ ਬਣੀ ਕਸਾਈਆ । ਸ਼ਰਅ ਕਹੇ ਮੇਰਾ ਕਲਜੁਗ ਅੰਤ ਫ਼ਤੂਰ, ਫ਼ਤਵਾ ਸਭ ਉਤੇ ਦਿਤਾ ਲਾਈਆ ।

ਘਰ ਘਰ ਬਣਾ ਕੇ ਗੜ੍ਹ ਗ਼ੁਰੂਰ, ਹੰਕਾਰ ਦਿਤਾ ਪਰਗਟਾਈਆ । ਨਾਤਾ ਜੋੜ ਕੇ ਕੁੜਿਆਰ ਕੂੜ, ਕੁਟੰਬ ਮੂੜ੍ਹ ਦਿਤਾ ਵਖਾਈਆ । ਕਿਸੇ ਦੇ ਅੰਤਰ ਨਿਰੰਤਰ ਉਪਜੇ ਨਾ ਨਾਮ ਤੂਰ, ਤੁਰੀਆ ਦੀ ਮੰਜ਼ਲ ਹਕ ਨਾ ਕੋਇ ਵਖਾਈਆ । ਸਮਰਥ ਪੁਰਖ ਤੋਂ ਸਾਰੇ ਹੋਏ ਦੂਰ, ਕਰਵਟ ਸਕੇ ਨਾ ਕੋਇ ਬਦਲਾਈਆ । ਸਾਹਿਬ ਸਤਿਗੁਰ ਦੇਵੇ ਨਾ ਕਿਸੇ ਧੂੜ, ਦੁਰਮਤ ਮੈਲ ਨਾ ਕੋਇ ਧਵਾਈਆ । ਨਿਰਗੁਣ ਧਾਰ ਆਤਮ ਜੋਤੀ ਵੇਖੇ ਕੋਇ ਨਾ ਨੂਰ, ਵਰਨ ਗੋਤੀ ਝਗੜਾ ਪਿਆ ਲੋਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਪੁਰਖ ਅਕਾਲ ਦੀਨ ਦਿਆਲ ਨਿਰਗੁਣ ਨਿਰਵੈਰ ਨਿਰਾਕਾਰ ਕਿਰਪਾ ਕਰ ਹਾਜ਼ਰ ਹਜ਼ੂਰ, ਹਜ਼ਰਤ ਸਵਾਮੀ ਹੋ ਕੇ ਅੰਤਰਜਾਮੀ ਆਪਣਾ ਪੜਦਾ ਦੇ ਉਠਾਈਆ । ਅੰਤਰਜਾਮੀ ਪੁਰਖ ਬਿਧਾਤੇ, ਤੇਰੀ ਇਕ ਸਰਨਾਈਆ । ਕਲਜੁਗ ਕੂੜੀ ਕਿਰਿਆ ਤੋੜ ਨਾਤੇ, ਸਚ ਸੁੱਚ ਮੇਲ ਮਿਲਾਈਆ । ਚੌਥੇ ਜੁਗ ਦੇ ਵੇਖ ਅੰਤਮ ਖਾਤੇ, ਸਦੀ ਬੀਸਵੀਂ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਲਿਖ ਕੇ ਗਏ ਗਾਥੇ, ਕਲਮ ਸ਼ਾਹੀ ਕਾਗ਼ਜ਼ ਜੋੜ ਜੁੜਾਈਆ । ਪਰਗਟ ਹੋ ਪੁਰਖ ਸਮਰਾਥੇ, ਪੜਦਾ ਓਹਲਾ ਦੇ ਚੁਕਾਈਆ । ਤੇਰਾ ਸ਼ਬਦ ਕੋਈ ਨਾ ਵਾਚੇ, ਵਾਚਕ ਗਿਆਨ ਰਿਹਾ ਕੁਰਲਾਈਆ । ਮਾਨਸ ਜਨਮ ਹੋਵੇ ਨਾ ਕਿਸੇ ਰਾਸੇ, ਰਸਤੇ ਚਲ ਕੇ ਤੇਰਾ ਦਰਸ ਕੋਇ ਨਾ ਪਾਈਆ । ਮਿਹਰਵਾਨ ਹੋ ਪੁਰਖ ਅਬਿਨਾਸ਼ੇ, ਅਬਿਨਾਸ਼ੀ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਮੇਟ ਵਾਟੇ, ਵੱਟਾ ਲੱਗਾ ਨਾਮ ਖ਼ੁਦਾਈਆ । ਸਤਿ ਧਰਮ ਚਲਾ ਸਾਚਾ ਰਾਥੇ, ਧੁਰ ਦਾ ਹੁਕਮ ਆਪ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਲ ਮਿਲਾ ਆਪਣੇ ਸੰਤ ਗੁਰਮੁਖਾਂ ਪੂਰੇ ਕਰ ਘਾਟੇ, ਕਿਸੇ ਦੀ ਮੰਜ਼ਲ ਰਹੇ ਨਾ ਅਧਵਾਟੇ, ਚਰਨ ਕਵਲ ਉਪਰ ਧਵਲ ਸਾਹਿਬ ਸਤਿਗੁਰ ਪੁਰਖ ਅਗੰਮ ਏਕੰਕਾਰ ਇਕੋ ਬਖ਼ਸ਼ ਹਕ ਸਰਨਾਈਆ ।



੨੫੪ ੨੦

★ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਸੰਤੋਖ ਸਿੰਘ ਦੇ ਗ੍ਰਿਹ ਪਿੰਡ ਸੋਢੀਆਂ ਜ਼ਿਲਾ ਜਲੰਧਰ ★

ਬਿਆਸ ਕਹੇ ਗੋਬਿੰਦ ਦੇ ਕੇ ਗਿਆ ਸੰਦੇਸ਼ਾ, ਸਦੀਆਂ ਦਾ ਪਹਿਲੇ ਭੇਵ ਚੁਕਾਈਆ । ਕਲਜੁਗ ਅੰਤ ਖੇਲੇ ਖੇਲ ਨਰ ਨਰੇਸ਼ਾ, ਪੁਰਖ ਅਕਾਲ ਬੇਪਰਵਾਹੀਆ । ਜਿਸ ਦਾ ਹੁਕਮ ਚਲੇ ਆਦਿ ਜੁਗਾਦਿ ਜੁਗ ਚੌਕੜੀ ਹਮੇਸ਼ਾ, ਗੁਰ ਅਵਤਾਰ ਪੈਗ਼ੰਬਰ ਸਕੇ ਨਾ ਕੋਇ ਉਲਟਾਈਆ । ਸੀਸ ਝੁਕਾਉਂਦੇ ਬ੍ਰਹਮਾ ਵਿਸ਼ਨ ਸ਼ਿਵ ਗਣਪਤ ਗਣੇਸ਼ਾ, ਦੇਵਤ ਸੁਰ ਧਿਆਨ ਲਗਾਈਆ । ਪੈਗ਼ੰਬਰ ਸਜਦਿਆਂ ਵਿਚ ਕਰਨ ਆਦੇਸਾ, ਖ਼ਾਕ ਕਦਮਾਂ ਧੂੜ ਰਮਾਈਆ । ਸੋ ਜੁਗ ਚੌਕੜੀ ਨਿਤ ਨਵਿਤ ਬਦਲੇ ਆਪਣਾ ਭੇਸਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ । ਲੱਖ ਚੁਰਾਸੀ ਜੀਵ ਜੰਤ ਨਬੇੜਨਹਾਰਾ ਲੇਖਾ, ਬ੍ਰਹਿਮੰਡ ਖੰਡ ਲਹਿਣਾ ਦੇਣਾ ਦਏ ਚੁਕਾਈਆ । ਦੋ ਜਹਾਨਾਂ ਬਣ ਕੇ ਆਵੇ ਨੇਤਾ, ਨਰ ਨਿਰੰਕਾਰ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਸਾਰੇ ਕਰਨ ਆਦੇਸਾ, ਡੰਡਾਵਤ ਨਮਸਤੇ ਵਿਚ ਸੀਸ ਝੁਕਾਈਆ । ਸੋ ਵੇਖ ਵਖਾਣੇ ਲੋਕਮਾਤ ਪਰਦੇਸਾ, ਪਰਦਿਆਂ ਤੋਂ ਪਰੇ ਆਪਣੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਦਇਆ ਕਮਾਈਆ । ਨਿਰਗੁਣ ਨਿਰਵੈਰ ਆਪੇ (ਆਪ), ਪ੍ਰਭ ਕਲ ਕਲਕੀ ਨਾਉਂ ਧਰਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਸ਼ਬਦੀ ਸ਼ਾਖ਼, ਜੋਤ ਧਾਰ ਰੁਸ਼ਨਾਈਆ । ਨਿਤ

ਨਵਿਤ ਦੱਸੇ ਅਗੰਮਾ ਪਾਠ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਬਾਣੀ ਜਿਸ ਦੀ ਮਹਿੰਮਾ ਵਾਲੀ ਗਾਉਂਦੀ ਗਾਥ, ਢੋਲੇ ਸਿਫ਼ਤਾਂ ਵਾਲੇ ਸੁਣਾਈਆ । ਸੋ ਖੇਲ ਖਿਲਾਏ ਪੁਰਖ ਸਮਰਥ, ਸਵਾਮੀ ਅੰਤਰਜਾਮੀ ਪੜਦਾ ਆਪਣਾ ਦਏ ਉਠਾਈਆ । ਕਰਨਾ ਕਰਾਉਣਾ ਜਿਸ ਦੇ ਸਭ ਕੁਛ ਹੱਥ, ਕੁਦਰਤ ਦਾ ਮਾਲਕ ਨਜ਼ਰੀ ਆਈਆ । ਨਿਰਗੁਣ ਧਾਰ ਹੋਵੇ ਪਰਗਟ, ਜੋਤੀ ਜਾਤਾ ਵੱਡ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਖੋਲ੍ਹੇ ਇਕੋ ਹੱਟ, ਨਾਮ ਨਿਧਾਨ ਸ੍ਰੀ ਭਗਵਾਨ ਦਏ ਵਰਤਾਈਆ । ਜਨ ਭਗਤਾਂ ਨਿਜ ਨੇਤਰ ਖੋਲ੍ਹ ਅਗੰਮੀ ਅੱਖ, ਲੋਚਨ ਧੁਰ ਦੇ ਕਰੇ ਰੁਸ਼ਨਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਸੁਹਾਈਆ । ਦੀਨ ਦੁਨੀ ਨਾਲੋਂ ਕਰ ਕੇ ਵੱਖ, ਵੱਖਰਾ ਧਾਮ ਇਕ ਵਖਾਈਆ । ਜਿਸ ਗ੍ਰਿਹ ਦੀਪਕ ਜੋਤ ਜਗੇ ਲਟ ਲਟ, ਅੰਧ ਅੰਧੇਰ ਨਾ ਕੋਇ ਵਖਾਈਆ । ਸ਼ਬਦ ਸੁਣਾ ਅਗੰਮੀ ਅਨਹਦ, ਨਾਦੀ ਨਾਦ ਦਏ ਜਣਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਅੰਤ ਹੋਵੇ ਪਰਗਟ, ਕੰਤ ਸੁਹਾਗੀ ਵੇਸ ਵਟਾਈਆ । ਕੰਤ ਸੁਹਾਗੀ ਆਵੇ ਏਕ, ਏਕੰਕਾਰ ਵੱਡੀ ਵਡਿਆਈਆ । ਜਨ ਭਗਤਾਂ ਬਖ਼ਸ਼ੇ ਟੇਕ, ਸਿਰ ਆਪਣਾ ਹੱਥ ਰਖਾਈਆ । ਆਤਮ ਪਰਮਾਤਮ ਕਰੇ ਹੇਤ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਕੂੜੀ ਕਿਰਿਆ ਕਰੇ ਖੇਤ, ਸਚ ਸੁੱਚ ਇਕ ਸਮਝਾਈਆ । ਦਰਸ ਵਖਾਵੇ ਨੇਤਨ ਨੇਤ, ਨਿਜ ਨੈਣ ਅੱਖ ਖੁਲ੍ਹਾਈਆ । ਲੱਖ ਚੁਰਾਸੀ ਵਿਚੋਂ ਲਏ ਵੇਖ, ਵੇਖਣਹਾਰਾ ਪੜਦਾ ਲਾਹੀਆ । ਜਨਮ ਜਨਮ ਦੀ ਬਦਲ ਦੇਵੇ ਰੇਖ, ਲੇਖਾ ਆਪਣੇ ਹੱਥ ਵਖਾਈਆ । ਜਿਸ ਦੀ ਯਾਦ ਕਰ ਕੇ ਗਿਆ ਗੋਬਿੰਦ ਦਸ ਦਸਮੇਸ਼, ਸ਼ਬਦ ਤਰਾਨਿਆਂ ਵਿਚ ਗਾਈਆ । ਸੋ ਧਾਰ ਅਵਲੜਾ ਵੇਸ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸੰਬਲ ਵਸੇ ਅਗੰਮੇ ਦੇਸ, ਜਿਸ ਨਗਰੀ ਦੀ ਵੰਡ ਨਾ ਕੋਇ ਕਰਾਈਆ । ਮੁੱਛ ਦਾਹੜੀ ਨਾ ਕੋਇ ਕੇਸ, ਜੋਤੀ ਜਾਤਾ ਬੇਪਰਵਾਹੀਆ । ਜਨ ਭਗਤਾਂ ਕਰੇ ਸਦਾ ਹੇਤ, ਹਿਤਕਾਰੀ ਧੁਰ ਦਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਰੱਖੇ ਧੁਰ ਦੀ ਸਾਇਆ ਹੇਠ, ਕਲਜੁਗ ਅਗਨੀ ਅੱਗ ਨਾ ਕੋਇ ਤਪਾਈਆ ।



## ★ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਕੰਗ ਜ਼ਿਲਾ ਜਲੰਧਰ ★

ਅਗਨੀ ਅੱਗ ਨਾ ਸਕੇ ਪੋਹ, ਸਾਹਿਬ ਸਤਿਗੁਰ ਦਏ ਵਡਿਆਈਆ । ਜੋ ਪੁਰਖ ਅਕਾਲ ਦਾ ਗਿਆ ਹੋ, ਹਰਿ ਹਿਰਦੇ ਵਿਚ ਸਮਾਈਆ । ਕਰੇ ਪਰਕਾਸ਼ ਸਾਚੀ ਲੋ, ਲੋਆਂ ਪੁਰੀਆਂ ਤੋਂ ਬਾਹਰ ਡੇਰਾ ਦਏ ਵਖਾਈਆ । ਧਾਰ ਰਹਿਣ ਨਾ ਦੇਵੇ ਦੋ, ਆਤਮ ਪਰਮਾਤਮ ਜੋੜ ਜੁੜਾਈਆ । ਸ਼ਬਦ ਸੁਣਾਵੇ ਅਗੰਮੀ ਸੋ, ਹੰ ਬ੍ਰਹਮ ਦੇਵੇ ਦ੍ਰਿੜਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਮਾਲਕ ਮਿਲੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਿਰ ਰੱਖੇ ਹੱਥ ਨਿਰੰਕਾਰ, ਕਲਜੁਗ ਅੰਤਮ ਦਇਆ ਕਮਾਇੰਦਾ । ਨਿਰਗੁਣ ਨੂਰ ਜੋਤ ਉਜਿਆਰ, ਉਜਲੇ ਗੁਰਮੁਖ ਵੇਖ ਵਖਾਇੰਦਾ । ਸਚ ਪ੍ਰੀਤੀ ਦੇ ਆਧਾਰ, ਪੂਰਬ ਲੇਖਾ ਝੋਲੀ ਪਾਇੰਦਾ । ਲੱਖ ਚੁਰਾਸੀ ਵਿਚੋਂ ਕੱਢ

ਬਾਹਰ, ਜਮ ਕੀ ਫਾਸੀ ਆਪ ਤੁੜਾਇੰਦਾ । ਮੰਡਲ ਰਾਸੀ ਕਰ ਕੇ ਪਾਰ, ਸਚਖੰਡ ਨਿਵਾਸੀ ਸਚ ਦਵਾਰਾ ਇਕ ਸੁਹਾਇੰਦਾ । ਜੋਤ ਪਰਕਾਸ਼ੀ ਏਕੰਕਾਰ, ਇਕ ਇਕੱਲਾ ਵੇਖ ਵਖਾਇੰਦਾ । ਸਾਚੀ ਮੰਜ਼ਲ ਘਾਟੀ ਭਗਤਾਂ ਕਰੇ ਪਾਰ, ਅਧਵਾਟੀ ਪੰਧ ਨਾ ਕੋਇ ਜਣਾਇੰਦਾ । ਕਲਜੁਗ ਰੈਣ ਅੰਧੇਰੀ ਰਾਤੀ ਮੇਟੇ ਵਿਚ ਸੰਸਾਰ, ਨਿਰਗੁਣ ਨੂਰ ਚੰਦ ਚਮਕਾਇੰਦਾ । ਜਾਗਤ ਸੋਵਤ ਦੇਵੇ ਦਰਸ ਦੀਦਾਰ, ਮਿਹਰਵਾਨ ਮਿਹਰ ਨਿਗਾਹ ਨਾਲ ਪਾਰ ਕਰਾਇੰਦਾ । ਸੰਤ ਸੁਹੇਲੇ ਗੁਰਮੁਖ ਸੱਜਣ, ਜਨ ਭਗਤ ਕਰਾਏ ਧੂੜੀ ਮੱਜਨ, ਦੁਰਮਤ ਮੈਲ ਧੋਵੇ ਅੰਦਰ ਬਾਹਰ ਬਦਨ, ਬਦਲਾ ਜਨਮ ਜਨਮ ਦਾ ਦਏ ਚੁਕਾਈਆ । ਗ਼ਰੀਬ ਨਿਮਾਣੇ ਆਏ ਰੱਖਣ, ਦੀਨ ਦੁਨੀ ਵਿਚੋਂ ਕਰੇ ਵੱਖਣ, ਨਾਮ ਭੰਡਾਰੇ ਭਰੇ ਸੱਖਣ, ਨਾਮ ਅਗੰਮਾ ਆਏ ਦੱਸਣ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਜਾਪ ਹਰਿਜਨ ਜਪਣ, ਜਗਜੀਵਣ ਦਾਤਾ ਪੁਰਖ ਬਿਧਾਤਾ ਜਾਗਰਤ ਜੋਤ ਬਿਨ ਵਰਨ ਗੋਤ ਕਾਇਆ ਕੋਟ ਸਾਚੇ ਮੰਦਰ ਅੰਦਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਜਾਣੇ ਲੋਕ ਪਰਲੋਕ, ਗੁਰਮੁਖਾਂ ਮਿਟਾ ਕੇ ਹਰਖ਼ ਸੋਗ, ਚਿੰਤਾ ਚਿਖਾ ਵਿਚੋਂ ਬਾਹਰ ਰਖਾਈਆ ।

★ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਿਹਿ ਪਿੰਡ ਦੁਸਾਂਝ ਖੁਰਦ ★



ਝੁੱਗੀ ਕਹੇ ਪ੍ਰਭ ਜਨ ਭਗਤਾਂ ਵਲ ਝਾਕੀਂ, ਅਨਡਿਠ ਆਪਣਾ ਪੜਦਾ ਆਪ ਉਠਾਈਆ । ਪਰਮਾਤਮ ਹੋ ਕੇ ਆਤਮ ਖੋਲ੍ਹੀਂ ਬੰਦ ਕਿਵਾੜੀ ਤਾਕੀ, ਪੜਦਾ ਓਹਲਾ ਕਾਇਆ ਚੋਲਾ ਰਹਿਣ ਕੋਇ ਨਾ ਪਾਈਆ । ਭਾਗ ਲਗਾਉਣਾ ਕਾਇਆ ਮਾਟੀ ਖ਼ਾਕੀ, ਖ਼ਾਲਕ ਪ੍ਰਿਤਪਾਲਕ ਹੋ ਕੇ ਆਪਣੀ ਦਇਆ ਕਮਾਈਆ । ਨਾਮ ਭੰਡਾਰਾ ਅੰਮ੍ਰਿਤ ਦੇਣਾ ਬਣ ਕੇ ਧੁਰ ਦਾ ਸਾਕੀ, ਸੱਜਣ ਸੁਹੇਲਾ ਇਕ ਇਕੇਲਾ ਨਜ਼ਰੀ ਆਈਆ । ਕਿਰਪਾ ਕਰ ਮਿਹਰਵਾਨ ਮਹਿਬੂਬ ਪੁਰਖ ਅਬਿਨਾਸ਼ੀ, ਪਰਵਰਦਿਗਾਰ ਸਾਂਝੇ ਯਾਰ ਤੇਰੀ ਆਸ ਰਖਾਈਆ । ਨਿਰਗੁਣ ਨੂਰ ਜੋਤ ਹੋਵੇ ਪਰਕਾਸ਼ੀ, ਅੰਧ ਅੰਧੇਰਾ ਦੇਣਾ ਮਿਟਾਈਆ । ਸ਼ਬਦ ਅਗੰਮੀ ਨਾਦ ਸੁਣਾ ਅਨਹਦ ਨਾਦੀ, ਧੁਨ ਆਤਮਕ ਰਾਗ ਸੁਣਾਈਆ । ਮਨ ਵਾਸਨਾ ਕੂੜੀ ਕਿਰਿਆ ਕਰ ਬਰਬਾਦੀ, ਜਗਤ ਵਿਕਾਰ ਹੰਕਾਰ ਰਹਿਣ ਨਾ ਪਾਈਆ । ਜੂਠ ਝੂਠ ਜਾਣ ਤਿਆਗੀ, ਸਤਿ ਸਚ ਦੇ ਉਪਜਾਈਆ । ਬਿਨ ਤੇਰੀ ਕਿਰਪਾ ਸੋਈ ਸੁਰਤ ਕਿਸੇ ਨਾ ਜਾਗੀ, ਜੋਤੀ ਸ਼ਬਦੀ ਗੰਢ ਨਾ ਕੋਇ ਪਵਾਈਆ । ਰੂਹ ਬੁਤ ਦੋਵੇਂ ਕਰ ਪਾਕਨ ਪਾਕੀ, ਦੁਰਮਤ ਮੈਲ ਅੰਦਰੋਂ ਬਾਹਰੋਂ ਦੇ ਧਵਾਈਆ । ਤੇਰੀ ਖੇਲ ਦੋ ਜਹਾਨ ਕਿਸੇ ਨਾ ਜਾਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਝੁੱਗੀ ਕਹੇ ਪ੍ਰਭ ਜਨ ਭਗਤਾਂ ਦੇ ਅਗੰਮੀ ਦਰਸ, ਬਿਨ ਅੱਖਾਂ ਅੱਖ ਖੁਲ੍ਹਾਈਆ । ਅਗਲੀ ਪਿਛਲੀ ਮਿਟੇ ਹਰਸ, ਤ੍ਰਿਸ਼ਨਾ ਕੂੜੀ ਦੇ ਬੁਝਾਈਆ । ਮਿਲੇ ਵਡਿਆਈ ਉਤੇ ਫ਼ਰਸ਼, ਅਰਸ਼ੀ ਪ੍ਰੀਤਮ ਹੋ ਸਹਾਈਆ । ਮਨਜ਼ੂਰ ਕਰ ਬੇਨੰਤੀ ਅਰਜ਼, ਖ਼ਾਹਿਸ਼ ਦਲੀਲ ਦਿਤੀ ਦ੍ਰਿੜਾਈਆ । ਸਚਖੰਡ ਨਿਵਾਸੀ ਕਰ ਤਰਸ, ਰਹਿਮਤ ਆਪਣੀ ਆਪ ਕਮਾਈਆ । ਦੀਨਾਂ ਅਨਾਥਾਂ ਵੰਡ ਦਰਦ, ਦੁਖੀਆਂ ਦੁੱਖ ਗਵਾਈਆ । ਸ਼ਰਅ ਛੁਰੀ ਨਾ ਕੋਹੇ ਕਰਦ, ਕਤਲਗਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖ ਵਖਾਈਆ । ਝੁੱਗੀ

੨੫੬ ੨੦

ਕਹੇ ਜਨ ਭਗਤਾਂ ਖੋਲ੍ਹ ਦੇ ਅੰਦਰਲਾ ਰਾਜ਼, ਰਹਿਮਤ ਆਪ ਕਮਾਈਆ । ਪੜ੍ਹਨੀ ਨਾ ਪਏ ਕੋਇ ਨਿਮਾਜ਼, ਰੋਜ਼ਿਆ ਵਿਚ ਝਟ ਨਾ ਕੋਇ ਲੰਘਾਈਆ । ਬਦਲ ਦੇ ਸਮਾਜ, ਸਮਗਰੀ ਸਚ ਦੇ ਵਰਤਾਈਆ । ਸੋਏ ਜਾਵਣ ਜਾਗ, ਆਲਸ ਨਿੰਦਰਾ ਡੇਰਾ ਢਾਹੀਆ । ਉਪਜੇ ਇਕ ਵੈਰਾਗ, ਵੈਰੀ ਅੰਦਰੋਂ ਦੇ ਕਢਾਈਆ । ਹੰਸ ਬੁੱਧੀ ਨਾ ਰਹੇ ਕਾਗ, ਸੋਹੰ ਹੰਸਾ ਜਾਪ ਜਪਾਈਆ । ਲੋਕਮਾਤ ਕਰ ਵਡ ਵਡਭਾਗ, ਭਾਗ ਹਿੱਸਾ ਆਪਣਾ ਦੇ ਵਰਤਾਈਆ । ਜੋ ਚਰਨ ਸਰਨ ਸਰਨਗਤ ਸਰਨਾਈ ਗਿਆ ਲਾਗ, ਜਗਤ ਤ੍ਰਿਸ਼ਨਾ ਆਗ ਦੇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਦਵਾਰੇ ਇਕੋ ਮੰਗ ਮੰਗਾਈਆ । ਝੁੱਗੀ ਕਹੇ ਜਨ ਭਗਤਾਂ ਅੰਦਰ ਦੇ ਦੇ ਆਪਣੇ ਨਾਮ ਦੀ ਤੂਰ, ਤੁਰੀਆ ਤੋਂ ਪਰੇ ਤੁਰਤ ਆਪਣਾ ਦਰਸ ਦਿਖਾਈਆ । ਇਕੋ ਜਲਵਾ ਤੱਕਣ ਤੇਰਾ ਨੂਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਆਸਾ ਤ੍ਰਿਸ਼ਨਾ ਮੇਟ ਕੂੜ, ਭਾਂਡਾ ਭਰਮ ਦੇਣਾ ਭੰਨਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਪੁਰਖ ਅਕਾਲ ਦੀਨ ਦਿਆਲ ਆਪਣੇ ਧੰਦੇ ਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਿਰਪਾ ਕਰ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਤੇਰਾ ਹੁਕਮ ਸਦਾ ਮਨਜ਼ੂਰ, ਸਿਰ ਸਕੇ ਨਾ ਕੋਇ ਉਠਾਈਆ । ਕਾਇਆ ਮਾਟੀ ਅਗਨੀ ਤਤ ਨਾ ਤਪੇ ਤੰਦੂਰ, ਤ੍ਰੈਗੁਣ ਲੇਖਾ ਦੇਣਾ ਮੁਕਾਈਆ । ਮਨੂਆ ਪਾਏ ਨਾ ਕੋਇ ਫ਼ਤੂਰ, ਫ਼ੈਸਲਾ ਹਕ ਦੇਣਾ ਸੁਣਾਈਆ । ਗੜ੍ਹ ਰਹੇ ਨਾ ਕੂੜ ਗ਼ਰੂਰ, ਹੰਗਤਾ ਦੇਣੀ ਮਿਟਾਈਆ । ਜਿਧਰ ਵੇਖਣ ਓਧਰ ਹਾਜ਼ਰ ਹਜ਼ੂਰ, ਹਜ਼ਰਤ ਹੋ ਕੇ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਝੁੱਗੀ ਕਹੇ ਸਾਹਿਬ ਸਵਾਮੀ ਧੁਰ ਦੇ ਗੁਰਦੇਵ, ਗੁਰਦੇਵ ਆਤਮਾ ਤੇਰਾ ਧਿਆਨ ਲਗਾਈਆ । ਨਾਮ ਭੰਡਾਰਾ ਦੇ ਆਪਣਾ ਮੇਵ, ਅਨਰਸੀਏ ਰਸ ਦੇ ਚਖਾਈਆ । ਤੇਰਾ ਲੇਖਾ ਲਖ ਨਾ ਸਕੇ ਕੋਈ ਜਿਹਵ, ਸਿਫ਼ਤਾਂ ਵਿਚ ਨਾ ਕੋਇ ਵਡਿਆਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸਦ ਨਿਹਚਲ ਧਾਮ ਵਸੇਂ ਨਿਹਕੇਵ, ਸਿੰਘਾਸਣ ਆਸਣ ਪੁਰਖ ਅਬਿਨਾਸ਼ਣ ਸੋਭਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਖੋਲ੍ਹ ਆਪਣਾ ਭੇਵ, ਪੜਦਾ ਅੰਤਰ ਨਿਰੰਤਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਇਕ ਇਕੱਲੇ ਦੇਣਾ ਪਰਗਟਾਈਆ । ਇਕ ਇਕੱਲਾ ਖੋਲ੍ਹ ਦਰਵਾਜ਼ਾ, ਝੁੱਗੀ ਤਾਕ ਬੰਦ ਨਾ ਕੋਇ ਕਰਾਈਆ । ਤੇਰਾ ਨਾਮ ਗ਼ਰੀਬ ਨਿਵਾਜਾ, ਰੱਖਕ ਹੋ ਕੇ ਹੋ ਸਹਾਈਆ । ਸ਼ਾਹੋ ਭੂਪ ਬਣ ਰਾਜਨ ਰਾਜਾ, ਰਈਅਤ ਗੁਰਮੁਖ ਵੇਖ ਵਖਾਈਆ । ਬਿਨ ਤੇਰੀ ਕਿਰਪਾ ਕਿਰਪਾ ਨਿਧਾਨ ਕੋਇ ਨਾ ਜਾਗਾ, ਆਲਸ ਨਿੰਦਰਾ ਵਿਚੋਂ ਬਾਹਰ ਨਾ ਕੋਇ ਕਢਾਈਆ । ਕਰ ਕਿਰਪਾ ਕਿਰਪਾਲ ਹੋ ਕੇ ਜਨ ਭਗਤਾਂ ਦੁਰਮਤ ਮੈਲ ਧੋ ਦਾਗ਼ਾ, ਦਗ਼ਿਆਂ ਤੋਂ ਲੈਣਾ ਬਚਾਈਆ । ਤੇਰੇ ਨਾਮ ਦਾ ਰਸ ਮਾਨਣ ਸਚ ਸਵਾਦਾ, ਸਦਾ ਦਾ ਅੰਮ੍ਰਿਤ ਦੇਣਾ ਮੁਖ ਚੁਆਈਆ । ਜੋ ਚਰਨ ਸਰਨ ਹਰਿ ਸਰਨਾਈ ਲਾਗਾ, ਲਗਨ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਕਿਆ ਨਾ ਕੋਇ ਉਲਟਾਈਆ ।

★ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਰਜਿੰਦਰ ਸਿੰਘ ਪਿਆਰੇ ਲਾਲ ਦੇ ਗ੍ਰਿਹ ਪਿੰਡ ਦੁਸਾਂਝ ਖੁਰਦ ★

ਭਗਤ ਝੁੱਗੀ ਕਹੇ ਮੇਰੀ ਬਦਲ ਦੇ ਰੇਖਾ, ਰਿਖੀਆਂ ਮੁਨੀਆਂ ਦਾ ਨਾਤਾ ਦੇਵਾਂ ਤਜਾਈਆ । ਤੇਰਾ ਮੀਤ ਮੁਰਾਰਾ ਇਕੋ ਵੇਖਾਂ, ਜਿਸ ਅੰਦਰ ਤੇਰਾ ਨੂਰ ਨਜ਼ਰੀ ਆਈਆ । ਰਹੇ ਨਾ ਕੋਈ ਭੁਲੇਖਾ, ਭਾਂਡਾ ਭਰਮ ਭੰਨਾਈਆ । ਤੂੰ ਮਾਲਕ ਨਰ ਨਰੇਸ਼ਾ, ਨਰ ਨਰਾਇਣ ਤੇਰੀ ਸਰਨਾਈਆ । ਕੁਛ ਲਹਿਣਾ ਦੇਣਾ ਚੁਕਾ ਦਸ ਦਸਮੇਸ਼ਾ, ਗੋਬਿੰਦ ਮੰਗ ਮੰਗਾਈਆ । ਸਚ ਪਿਆਰ ਦੀ ਕਬੂਲ ਕਰ ਭੇਟਾ, ਭਿੱਟੜ ਹੋ ਨਾ ਮੁਖ ਭਵਾਈਆ । ਮੈਂ ਤੇਰਾ ਅਗੰਮੀ ਨੂਰ ਨਿਰਾਲਾ ਦੇਖਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਨਾਤਾ ਤੁਟ ਜਾਏ ਮੁੱਲਾਂ ਸ਼ੇਖਾਂ, ਦਸਤਗੀਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਦੇ ਮਿਲਾਈਆ । ਭਗਤਾਂ ਨਾਲ ਜੋੜ ਨਾਤਾ, ਨਾਤਵਾਂ ਹੋ ਕੇ ਦਿਆਂ ਦੁਹਾਈਆ । ਦੀਨ ਦੁਨੀ ਵੱਟੇ (ਪਾਸਾ), ਸੰਗੀ ਜਾਣ ਤਜਾਈਆ । ਤੇਰਾ ਖੇਲ ਵੇਖਾਂ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤੇ ਪੜਦਾ ਦੇਣਾ ਉਠਾਈਆ । ਗੁਰ ਅਵਤਾਰ ਪੈਗੰਬਰ ਸ਼ਬਦ ਅਗੰਮੀ ਕਰਨ ਬਾਤਾਂ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਕਲਜੁਗ ਰੈਣ ਅੰਧੇਰੀ ਰਾਤਾ, ਨੂਰੀ ਚੰਦ ਨਾ ਕੋਇ ਚਮਕਾਈਆ । ਅੰਤ ਅਖ਼ੀਰੀ ਪੂਰੀਆਂ ਕਰ ਆਸਾ, ਆਹਿਸਤਾ ਆਹਿਸਤਾ ਵੇਲਾ ਗਿਆ ਆਈਆ । ਦੀਨ ਦਿਆਲ ਤੇਰੇ ਉਤੇ ਭਰਵਾਸਾ, ਪੁਰਖ ਅਕਾਲ ਦੇ ਵਡਿਆਈਆ । ਤੇਰਾ ਗ੍ਰਿਹ ਮੰਦਰ ਵੇਖਾਂ ਸਾਚਾ, ਜਿਸ ਘਰ ਵੱਜੇ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਦੇਣਾ ਮਿਲਾਈਆ । ਸਾਚਾ ਮੇਲ ਮਿਲਾਉਣਾ ਆਪ, ਆਪਣੀ ਦਇਆ ਕਮਾਈਆ । ਕੋਟ ਜਨਮ ਦੇ ਮੇਟ ਕੇ ਪਾਪ, ਦੁਰਮਤ ਮੈਲ ਧਵਾਈਆ । ਦਰਸ ਦਿਖਾਉਣਾ ਸਾਖਿਆਤ ਪੜਦਾ ਓਹਲਾ ਨਾ ਕੋਇ ਰਖਾਈਆ । ਅੰਮ੍ਰਿਤ ਬੂੰਦ ਪਿਆਉਣਾ ਸਵਾਂਤ, ਰਸ ਰਸੀਏ ਦੇਣਾ ਚਖਾਈਆ । ਨਾਮ ਨਿਧਾਨ ਵਜਾਉਣਾ ਨਾਦ, ਅਨਰਾਗੀ ਰਾਗ ਅਲਾਹੀਆ । ਨਿਰਮਲ ਜੋਤ ਕਰ ਪਰਕਾਸ਼, ਕੂੜ ਅੰਧੇਰਾ ਦੇਣਾ ਮਿਟਾਈਆ । ਬੇਨੰਤੀ ਤੇਰੇ ਚਰਨ ਕਵਲ ਪਾਸ, ਧਵਲ ਉਪਰ ਮੰਗ ਮੰਗਾਈਆ । ਲੱਭਿਆ ਹੱਥ ਨਾ ਆਵੇਂ ਕਿਸੇ ਪਰਭਾਸ, ਟਿੱਲੇ ਪਰਬਤ ਦੇਣ ਦੁਹਾਈਆ । ਜੁਗ ਚੌਕੜੀ ਜਗਤ ਦੀ ਪੈਂਦੀ ਵੇਖੀ ਰਾਸ, ਗੋਪੀ ਕਾਹਨ ਨਾਚ ਦਏਂ ਨਚਾਈਆ । ਸੀਤਾ ਰਾਮ ਕਟਦੇ ਵੇਖੇ ਬਨਬਾਸ, ਬਾਲਮੀਕ ਸਿਫ਼ਤਾਂ ਕਰਦਾ ਰਿਹਾ ਕਲਮ ਨਾਲ ਸ਼ਾਹੀਆ । ਬਿਨ ਤੇਰੀ ਕਿਰਪਾ ਪੂਰੀ ਹੋਈ ਨਾ ਆਸ, ਸਾਂਤਕ ਸਤਿ ਨਾ ਕੋਇ ਕਰਾਈਆ । ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਦਰ ਠਾਂਡੇ ਦਰਗਾਹ ਸਾਚੀ ਮੇਰੀ ਇਕ ਅਰਦਾਸ, ਅਰਜ਼ ਬੇਨੰਤੀ ਦਿਤੀ ਸੁਣਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਦਇਆ ਕਰਨੀ ਆਪ, ਜਗਤ ਸੁਨੇਹੜੇ ਦੀ ਲੋੜ ਨਾ ਕੋਇ ਰਖਾਈਆ । ਤੇਰਾ ਨਾਉਂ ਪੁਰਖ ਅਬਿਨਾਸ਼, ਘਟ ਘਟ ਰੱਖੇਂ ਵਾਸ, ਵੇਖਣਹਾਰਾ ਸਵਾਸ ਸਵਾਸ, ਸਾਹ ਸਾਹ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੇਲਾ ਲੈਣਾ ਮਿਲਾਈਆ । ਮੇਲ ਵਿਚ ਦੱਸ ਮੁਹੱਬਤ ਪਿਆਰ, ਪਿਆਰੇ ਪ੍ਰੀਤਮ ਆਪਣਾ ਰੰਗ ਰੰਗਾਈਆ । ਤੇਰੀ ਸੁਣਾਂ ਅਗੰਮ ਗੁਫ਼ਤਾਰ, ਗੁਫ਼ਤ ਸ਼ਨੀਦ ਦੇਣਾ ਜਣਾਈਆ । ਪੜਦਾ ਓਹਲਾ ਦੇ ਉਤਾਰ, ਉੱਤਰ ਪੂਰਬ ਪੱਛਮ ਦੱਖਣ ਹੋਏ ਰੁਸ਼ਨਾਈਆ । ਜੁਗਾਂ ਦੇ ਵਿਛੜੇ ਯਾਰ, ਮਿਹਰ ਨਜ਼ਰ ਇਕ ਉਠਾਈਆ । ਮੈਨੂੰ ਤੇਰੇ ਉਤੇ ਇਕ ਇਤਬਾਰ, ਬੇਇਤਬਾਰਾ ਬਣ ਕੇ ਤੂੰ ਆਪੇ ਫੇਰਾ ਪਾਈਆ । ਦੁੱਖਾਂ ਵਿਚ ਤੇਰਾ ਇਜ਼ਹਾਰ, ਸੁੱਖਾਂ ਵਿਚ ਤੇਰੀ ਪੁਕਾਰ, ਮਨੁੱਖਾਂ ਵਿਚ ਦਿਆਂ ਸੁਣਾਈਆ । ਕਿਰਪਾ ਕਰ

ਪਰਵਰਦਿਗਾਰ, ਲੋਕਮਾਤ ਦੇ ਅਧਾਰ, ਅਦਨੇ ਆਅਲਾ ਵੇਖ ਵਖਾਈਆ । ਭਗਤ ਸੁਹੇਲੇ ਸੰਤ ਸੱਜਣ ਗੁਰਮੁਖ ਗੁਰਸਿਖ ਸੂਫ਼ੀ ਕਰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਤੇਰੀ ਮੰਜ਼ਲ ਵੇਖਣ ਉਚ ਮਨਾਰ, ਜਿਥੇ ਨਿਰਗੁਣ ਨੂਰ ਜੋਤ ਉਜਿਆਰ, ਦੀਵਾ ਬਾਤੀ ਕਮਲਾਪਾਤੀ ਤੇਰਾ ਆਪਣਾ ਆਪ ਸੋਭਾ ਪਾਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਸਤਹ ਅੰਤਰ ਕਰ ਹਮਵਾਰ, ਬਿਨ ਅੱਖਾਂ ਦੇ ਦੀਦਾਰ, ਸਨਮੁਖ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰੰਗ ਰੰਗਾਈਆ । ਝੁੱਗੀ ਕਹੇ ਭਾਗ ਲਗਾ ਜਨ ਭਗਤ ਕਾਇਆ ਗੜ੍ਹ, ਗੜ੍ਹੀ ਚਮਕੌਰ ਯਾਦ ਕਰਾਈਆ । ਜਿਹੜੀ ਮੰਗ ਮੰਗੀ ਗੋਬਿੰਦ ਦੱਖਣ ਦਿਸ਼ਾ ਖੜ੍ਹ, ਬਿਨ ਆਵਾਜ਼ ਦਿਤੀ ਸੁਣਾਈਆ । ਉਹ ਪਾਤੀ ਪਤਰਕਾ ਬਿਨ ਅੱਖਰਾਂ ਵਾਲੀ ਪੜ੍ਹ, ਜਿਸ ਦਾ ਹਰਫ਼ ਹਰੂਫ਼ ਨਾ ਕੋਇ ਜਣਾਈਆ । ਮਿਹਰਵਾਨ ਹੋ ਕੇ ਕਿਰਪਾ ਕਰ, ਕਿਰਪਾਲ ਤੇਰੀ ਇਕ ਸਰਨਾਈਆ । ਭਗਤ ਸੁਹੇਲੇ ਮੇਲ ਆਪਣੇ ਦਰ, ਦਰਗਾਹ ਸਾਚੀ ਦੇ ਵਡਿਆਈਆ । ਕੂੜੀ ਕਿਰਿਆ ਜਾਏ ਝੜ, ਹੰਗਤਾ ਗੜ੍ਹ ਦੇ ਤੁੜਾਈਆ । ਨਾਮ ਚਿੱਲਾ ਸ਼ਬਦੀ ਤੀਰ ਕਮਾਨ ਅਗੰਮਾ ਫੜ, ਜਿਸ ਨੂੰ ਵੇਖੇ ਕੋਇ ਨਾ ਜਗਤ ਲੋਕਾਈਆ । ਆਰ ਪਾਰ ਆਪੇ ਕਰ, ਬਜਰ ਕਪਾਟੀ ਦੇ ਚਿਰਾਈਆ । ਤੇਰਾ ਨਿਸ਼ਾਨਾ ਨਰਾਇਣ ਨਰ, ਦੋ ਜਹਾਨ ਨਾ ਕੋਇ ਖਪਾਈਆ । ਪੜਦੇ ਵਿਚੋਂ ਵਖਾ ਆਪਣਾ ਘਰ, ਘਰਾਨੇ ਕੂੜੇ ਦੇ ਛੁਡਾਈਆ । ਚਾਰ ਕੁੰਟ ਦਹਿ ਦਿਸ਼ਾ ਆਵੇ ਡਰ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਗੜ੍ਹੀ ਕਹੇ ਮੈਂ ਕੀ ਦੱਸਾਂ ਹਾਲਤ ਚਮਕੌਰ, ਚੰਮ ਦ੍ਰਿਸ਼ਟੀ ਸਮਝ ਕਿਸੇ ਨਾ ਆਈਆ । ਗੋਬਿੰਦ ਤੱਕਿਆ ਨਾਲ ਗ਼ੌਰ, ਪੁਰਖ ਅਕਾਲ ਅੱਖ ਮਿਲਾਈਆ । ਤੇਰਾ ਖੇਲ ਅਗੰਮਾ ਹੋਰ, ਅਵਰ ਕਾ ਔਰ ਦਿਤਾ ਵਖਾਈਆ । ਤੇਰੇ ਹੱਥ ਇਨ੍ਹਾਂ ਦੀ ਡੋਰ, ਜਿਨ੍ਹਾਂ ਭੇਟਾ ਰਿਹਾ ਚੜ੍ਹਾਈਆ । ਲੱਗੀ ਪ੍ਰੀਤੀ ਨਿਭਾਉਣੀ ਤੋੜ, ਟੁੱਟੀ ਗੰਢ ਪਵਾਈਆ । ਪੁਰਖ ਅਕਾਲ ਤੇਰੀ ਲੋੜ, ਲੋੜੀਂਦੇ ਸੱਜਣ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਖੁਲ੍ਹਾਈਆ । ਗੜ੍ਹੀ ਚਮਕੌਰ ਕਹੇ ਮੈਂ ਕੀ ਦੱਸਾਂ ਹਾਲ, ਹਾਲਤ ਵਿਚਲੀ ਦਿਆਂ ਜਣਾਈਆ । ਅੱਗੋਂ ਸੰਦੇਸ਼ਾ ਦਿਤਾ ਪੁਰਖ ਅਕਾਲ, ਅਕਲ ਕਲਧਾਰੀ ਦਿਤਾ ਜਣਾਈਆ । ਗੋਬਿੰਦ ਮੇਰੇ ਲਾਲ, ਤੇਰੇ ਲਾਲ ਆਪਣੀ ਗੋਦ ਉਠਾਈਆ । ਇਨ੍ਹਾਂ ਨਾਲ ਖੇਲ ਕਰਾਂ ਕਮਾਲ, ਕਲਜੁਗ ਅੰਤਮ ਵੇਖ ਵਖਾਈਆ । ਜਿਸ ਵੇਲੇ ਬਣ ਕੇ ਆਵਾਂ ਦੀਨ ਦਿਆਲ, ਜੋਤੀ ਜਾਤਾ ਵੇਸ ਵਟਾਈਆ । ਤੇਰੀ ਸ਼ਬਦੀ ਧਾਰ ਰੱਖਾਂ ਨਾਲ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਚ ਬਣਾ ਸੱਚੀ ਧਰਮਸਾਲ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਦੇ ਕੇ ਨਾਮ ਸੁਖਾਲ, ਤੂੰ ਮੇਰਾ ਮੈਂ ਤੇਰਾ ਪੜਦਾ ਓਹਲਾ ਅੰਦਰੋਂ ਦਿਆਂ ਚੁਕਾਈਆ । ਜੋਤੀ ਜਲਵਾ ਦੇ ਜਲਾਲ, ਨੂਰੋ ਨੂਰ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੜ੍ਹੀ ਕਹੇ ਗੋਬਿੰਦ ਦੱਸਿਆ ਫੇਰ, ਸ਼ਬਦ ਅਗੰਮੀ ਅਗੰਮ ਸੁਣਾਈਆ । ਕਿਸ ਬਿਧ ਕਰੇਂ ਆਪਣੀ ਮਿਹਰ, ਮਹਿਬੂਬ ਦੇਣਾ ਜਣਾਈਆ । ਕਿਤਨੀ ਲਾਵੇਂ ਦੇਰ, ਵੇਲਾ ਵਕਤ ਕਵਣ ਅਖਵਾਈਆ । ਕਿਸ ਬਿਧ ਗੇੜੇਂ ਗੇੜ, ਚੱਕਰ ਫਿਰੇ ਲੋਕਾਈਆ । ਲਹਿਣਾ ਦੇਣਾ ਦਏਂ ਨਬੇੜ, ਧੁਰ ਦਾ ਹੁਕਮ ਵਰਤਾਈਆ । ਪੁਰਖ ਅਕਾਲ ਕਿਹਾ ਗੋਬਿੰਦ ਹੁਣ ਤੈਨੂੰ ਜਾਣਾ ਪਏ ਨੰਦੇੜ, ਨਾਤਾ ਪਿਛਲਾ ਦੇਣਾ ਚੁਕਾਈਆ । ਕਲਜੁਗ ਅੰਤਮ ਫੇਰ ਲਿਆਵਾਂ ਘੇਰ, ਸ਼ਬਦੀ ਜੋਤ ਗੰਢ ਪਵਾਈਆ । ਗ੍ਰਿਹਿ

ਮੰਦਰ ਘਰ ਰੱਖਾਂ ਨੇੜ, ਦੂਜਾ ਧਾਮ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਗੜ੍ਹੀ ਕਹੇ ਗੋਬਿੰਦ ਖ਼ੁਸ਼ੀ ਨਾਲ ਪਿਆ ਹੱਸ, ਵਾਹਵਾ ਤੇਰੀ ਬੇਪਰਵਾਹੀਆ । ਮੈਂ ਸਭ ਕੁਛ ਕਰ ਕੇ ਤੇਰੇ ਵੱਸ, ਆਪਣਾ ਪੱਲੂ ਲਿਆ ਛੁਡਾਈਆ । ਅੱਗੇ ਨੰਦੇੜ ਜਾਵਾਂ ਨੱਸ, ਪਿਛਲਾ ਪੰਧ ਚੁਕਾਈਆ । ਓਥੇ ਖ਼ਾਕ ਕਰ ਕੇ ਆਪਣੀ ਭੱਸ, ਭਸਮ ਕ਼ਸਮ ਨਾਲ ਬਦਲਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਜਸ, ਤੇਰੇ ਵਿਚ ਸਮਾਈਆ । ਕਿਰਪਾ ਕਰ ਪੁਰਖ ਸਮਰਥ, ਕੀ ਤੇਰੀ ਬੇਪਵਾਹੀਆ । ਕੁਝ ਅਗਲਾ ਭੇਵ ਦੱਸ, ਥੋੜ੍ਹਾ ਸਮਾਂ ਬਹੁਤੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗਲਾ ਦੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਸੁਣ ਗੋਬਿੰਦ, ਸ਼ਬਦੀ ਸੁਤ ਦਿਆਂ ਜਣਾਈਆ । ਫਿਰ ਮਾਤ ਪਿਤਾ ਦੀ ਹੋਵੇਂ ਕਦੇ ਨਾ ਬਿੰਦ, ਤਤ ਵਜੂਦ ਨਾ ਕੋਇ ਵਖਾਈਆ । ਤੇਰਾ ਮਾਲਕ ਇਕ ਮਰਗਿੰਦ, ਮਹਿਬੂਬ ਨੂਰ ਖ਼ੁਦਾਈਆ । ਜਿਹੜਾ ਮਾਲਕ ਨਹੀਂ ਇਕ ਹਿੰਦ, ਬ੍ਰਹਿਮੰਡਾਂ ਖੰਡਾਂ ਦਾ ਦਾਤਾ ਨਜ਼ਰੀ ਆਈਆ । ਤੇਰੀ ਮੇਟੇ ਚਿੰਦ, ਸਗਲਾ ਸੁਖ ਵਖਾਈਆ । ਭਾਗ ਲਗਾ ਕੇ ਜੀਓ ਪਿੰਡ, ਸੰਬਲ ਨਗਰੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਕਿਹਾ ਸੁਣ ਅਗੰਮੀ ਰਾਜ਼, ਬਿਨ ਅੱਖਰਾਂ ਦਿਆਂ ਸੁਣਾਈਆ । ਤੇਰੇ ਨਾਲ ਮਿਲ ਕੇ ਬਦਲ ਦੇਵਾਂ ਸਮਾਜ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਸਤਿਜੁਗ ਸਚ ਰਿਵਾਜ, ਰਈਅਤ ਆਪਣੇ ਨਾਮ ਰੰਗ ਰੰਗਾਈਆ । ਕਿਸੇ ਸੀਸ ਰਹਿਣ ਨਾ ਦੇਵਾਂ ਤਾਜ, ਰਾਜ ਰਾਜਾਨ ਦੇਣ ਦੁਹਾਈਆ । ਦੀਨ ਮਜ਼੍ਹਬ ਕਰਾਂ ਲਾਜਵਾਬ, ਸ਼ਰਅ ਸਿਰ ਨਾ ਕੋਇ ਉਠਾਈਆ । ਜਗਤ ਮਿਲੇ ਨਾ ਕਿਸੇ ਹਯਾਤੇ ਆਬ, ਆਬਰੂ ਸਭ ਦੀ ਖ਼ਾਕ ਮਿਲਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਹੋ ਕੇ ਖੋਲ੍ਹਾਂ ਇਕੋ ਤਾਕ, ਦੋ ਜਹਾਨ ਸ੍ਰੀ ਭਗਵਾਨ ਪੜਦਾ ਦਿਆਂ ਉਠਾਈਆ । ਅੱਜ ਦਾ ਪੂਰਾ ਕਰਾਂ ਵਾਕ, ਕੋਈ ਰਹਿਣ ਨਾ ਦੇਵਾਂ ਗੁਸਤਾਖ਼, ਬਿਨਾਂ ਭਗਤਾਂ ਹੋਏ ਨਾ ਕੋਇ ਮੁਆਫ਼, ਸਜ਼ਾ ਸਭ ਨੂੰ ਦਿਆਂ ਭੁਗਤਾਈਆ । ਜੋ ਕੁਛ ਕਹਿਣਾ ਸੋ ਹੁਣ ਆਖ, ਗੋਬਿੰਦ ਕਿਹਾ ਮੈਂ ਤੇਰੇ ਚਰਨ ਕਵਲ ਦਾਸ, ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਆਪ, ਪਾਰਬ੍ਰਹਮ ਤੇਰੇ ਹੱਥ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਭਗਤ ਸੁਹੇਲਾ ਇਕ ਇਕੇਲਾ ਏਕੰਕਾਰ ਹਰਿ ਨਿਰੰਕਾਰ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪਣਾ ਖੇਲ ਖਿਲਾਈਆ । ਗੜ੍ਹੀ ਕਹੇ ਮੈਂ ਕੀਤੀ ਆਪ ਨਿਮਸਕਾਰ, ਨਿਉਂ ਕੇ ਸੀਸ ਝੁਕਾਈਆ । ਵਾਹਵਾ ਤੇਰਾ ਹੋਇਆ ਦੀਦਾਰ, ਦੀਦ ਹੋਈ ਰੁਸ਼ਨਾਈਆ । ਰੋ ਕੇ ਕਿਹਾ ਪੁਕਾਰ, ਉਚੀ ਕੂਕ ਸੁਣਾਈਆ । ਕੁਛ ਭੇਵ ਦੱਸ ਸਾਂਝੇ ਯਾਰ, ਦਰ ਠਾਂਡੇ ਮੰਗ ਮੰਗਾਈਆ । ਜਿਹੜੇ ਜੂਝੇ ਨਾਲ ਤਲਵਾਰ, ਫੱਟ ਘਾਓ ਖਾ ਕੇ ਖ਼ੁਸ਼ੀ ਮਨਾਈਆ । ਕਿਸ ਬਿਧ ਇਨ੍ਹਾਂ ਨਾਲ ਕਰੇਂ ਪਿਆਰ, ਮੁਹੱਬਤ ਕਵਣ ਜਣਾਈਆ । ਗੋਬਿੰਦ ਕਿਹਾ ਜ਼ਰਾ ਕਰ ਖ਼ਿਆਲ, ਤੈਨੂੰ ਦਿਆਂ ਸਮਝਾਈਆ । ਸਦਾ ਬਣ ਦਲਾਲ, ਵਿਚੋਲਾ ਹੋ ਕੇ ਸੇਵ ਕਮਾਈਆ । ਮੇਲਾਂ ਨਾਲ ਪੁਰਖ ਅਕਾਲ, ਅਕਲਾਂ ਤੋਂ ਪਰੇ ਜਿਸ ਦੀ ਪੜ੍ਹਾਈਆ । ਸਚਖੰਡ ਬਹਾਵਾਂ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਦਿਆਂ ਵਖਾਈਆ । ਜਿਸ ਵੇਲੇ ਪਤਿਪਰਮੇਸ਼ਵਰ ਬਦਲੇ ਆਪਣੀ ਚਾਲ, ਨਿਰਗੁਣ ਹੋ ਕੇ ਵੇਸ ਵਟਾਈਆ । ਓਸ ਵੇਲੇ ਇਨ੍ਹਾਂ ਲਿਆਵਾਂ ਨਾਲ, ਮਾਨੁਖ ਜਨਮ ਦਵਾਈਆ । ਅੰਤਰ ਦੇ ਕੇ ਸ਼ਬਦ ਗਿਆਨ, ਬ੍ਰਹਮ ਵਿਦਿਆ ਇਕ

ਪੜ੍ਹਾਈਆ । ਚਰਨ ਪ੍ਰੀਤੀ ਸਚ ਧਿਆਨ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਨਾਉਂ ਰਖਾ ਕੇ ਭਗਤ ਮੇਲਾਂ ਵਿਚ ਜਗਤ ਸ੍ਰੀ ਭਗਵਾਨ, ਭਾਗ ਅਗਲਾ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਲਹਿਣਾ ਦੇਣਾ ਮੁਕਾਵੇ ਆਣ, ਪੂਰਬ ਲੇਖਾ ਸਭ ਦਾ ਲੇਖੇ ਪਾਈਆ ।

★ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਹਿ ਪਿੰਡ ਡਾਡੀਆਂ ਜ਼ਿਲਾ ਹੁਸ਼ਿਆਰਪੁਰ ★

ਗੜ੍ਹੀ ਚਮਕੌਰ ਕਿਹਾ ਮੈਂ ਅੰਤ ਸੁਣਿਆ ਸੰਦੇਸ਼, ਜੋ ਪੁਰਖ ਅਕਾਲ ਗੋਬਿੰਦ ਦਿਤਾ ਸੁਣਾਈਆ । ਜਿਸ ਦਾ ਲਿਖਿਆ ਕਿਸੇ ਨਾ ਲੇਖ, ਕਾਤਬ ਕਲਮ ਨਾ ਕੋਇ ਉਠਾਈਆ । ਭੇਵ ਪਾ ਨਾ ਸਕੇ ਬ੍ਰਹਮਾ ਵਿਸ਼ਨ ਮਹੇਸ਼, ਸ਼ੰਕਰ ਸਾਰ ਕੋਇ ਨਾ ਆਈਆ । ਸੁਣ ਸਕੇ ਨਾ ਦੇਸ ਪਰਦੇਸ਼, ਬ੍ਰਹਿਮੰਡ ਖੰਡ ਸਮਝ ਕਿਸੇ ਨਾ ਆਈਆ । ਅਬਿਨਾਸ਼ੀ ਕਰਤੇ ਦਇਆਵਾਨ ਹੋ ਕੇ ਕਿਹਾ ਮੈਂ ਖੇਲ ਕਰਾਂ ਸਦਾ ਹਮੇਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਹੋ ਨਰੇਸ਼, ਦਰਗਾਹ ਸਾਚੀ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇਵਾਂ ਭੇਜ, ਹੁਕਮੇਂ ਅੰਦਰ ਹੁਕਮ ਮਨਾਈਆ । ਜੋਤੀ ਜਲਵਾ ਦੇ ਕੇ ਤੇਜ, ਕਾਇਆ ਮਾਟੀ ਕਰਾਂ ਰੁਸ਼ਨਾਈਆ । ਨਿਰਗੁਣ ਹੋ ਕੇ ਲਵਾਂ ਵੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਤੇਰੀ ਸੇਵਾ ਦਸ ਦਸਮੇਸ਼, ਦੋ ਜਹਾਨਾਂ ਪੂਰ ਕਰਾਈਆ । ਜਿਸ ਵੇਲੇ ਕਲਜੁਗ ਅੰਤਮ ਜੋਤੀ ਜਾਤਾ ਧਰ ਕੇ ਆਵਾਂ ਭੇਸ, ਕਲ ਕਲਕੀ ਨਾਉਂ ਧਰਾਈਆ । ਸੰਬਲ ਵਸਾਂ ਅਗੰਮੇ ਦੇਸ, ਜਿਸ ਦੀ ਬਣਤ ਸਮਝ ਕਿਸੇ ਨਾ ਆਈਆ । ਸ਼ਬਦੀ ਜੋਤੀ ਧਾਰ ਖੇਲਾਂ ਖੇਡ, ਨਿਰਵੈਰ ਨਿਰਾਕਾਰ ਨਿਰੰਕਾਰ ਹੋ ਕੇ ਆਪਣੀ ਕਾਰ ਕਮਾਈਆ । ਲੱਭ ਸਕਣ ਨਾ ਚਾਰੇ ਵੇਦ, ਸ਼ਾਸਤਰ ਸਿਮਰਤ ਨਾ ਕੋਇ ਸਮਝਾਈਆ । ਅੰਜੀਲ ਕੁਰਾਨ ਨਾ ਪਾਵੇ ਭੇਦ, ਚਾਰੇ ਬਾਣੀ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਧੁਰ ਸੰਦੇਸ਼ਾ ਦੇ ਨਿਰੰਕਾਰ, ਨਿਰਗੁਣ ਧਾਰ ਦਿਤਾ ਜਣਾਈਆ । ਜੋਤੀ ਜਾਤਾ ਹੋ ਉਜਿਆਰ, ਪੁਰਖ ਬਿਧਾਤਾ ਹੋ ਕੇ ਖੇਲ ਖਿਲਾਈਆ । ਮੈਂ ਵੇਖਿਆ ਤੂੰ ਵਾਰੇ ਸੁਤ ਚਾਰ, ਚਾਰ ਯਾਰੀ ਝੂਠੇ ਜੁਗ ਦੀ ਜੜ੍ਹ ਪੁਟਾਈਆ । ਅੰਤਮ ਲਹਿਣਾ ਦੇਣਾ ਦੇਵਾਂ ਨਿਵਾਰ, ਕੀਤੀ ਘਾਲ ਲੇਖੇ ਲਾਈਆ । ਪਰਗਟ ਹੋ ਵਿਚ ਸੰਸਾਰ, ਸੰਸਾ ਅਗਲਾ ਪਿਛਲਾ ਦਿਆਂ ਮਿਟਾਈਆ । ਤੇਰਾ ਸ਼ਬਦੀ ਕਰ ਜੈਕਾਰ, ਜੋਤੀ ਜਲਵਾ ਕਰਾਂ ਰੁਸ਼ਨਾਈਆ । ਮਹੱਲ ਅਟਲ ਉਚ ਮਨਾਰ, ਸਚ ਦਵਾਰ ਦਿਆਂ ਸੁਹਾਈਆ । ਧੁਰ ਸੰਦੇਸ਼ਾ ਦੇ ਕੇ ਏਕਾ ਵਾਰ, ਅਗੰਮ ਅਥਾਹ ਕਰਾਂ ਪੜ੍ਹਾਈਆ । ਕਲਜੁਗ ਅੰਤਮ ਕਰ ਖ਼ੁਆਰ, ਕੂੜੀ ਕਿਰਿਆ ਦੇਵਾਂ ਢਾਹੀਆ । ਸਤਿਜੁਗ ਸਾਚਾ ਕਰ ਪਿਆਰ, ਸਤਿ ਸਤਿਵਾਦੀ ਹੁਕਮ ਸੁਣਾਈਆ । ਧਰਨੀ ਧਰਤ ਧਵਲ ਉਪਰ ਕਰ ਪਿਆਰ, ਮਿਹਰਵਾਨ ਹੋ ਕੇ ਦਿਆਂ ਰਖਾਈਆ । ਚਾਰ ਵਰਨ ਅਠਾਰਾਂ ਬਰਨ ਇਕ ਸੁਣਾ ਕੇ ਨਾਮ ਜੈਕਾਰ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਕਰਾਂ ਪੜ੍ਹਾਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਔਖੀ ਘਾਟੀ ਪਾਰ ਕਰਾਈਆ । ਸਦੀ ਚੌਧਵੀਂ ਮੇਟ ਅੰਧਿਆਰ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਈਸਾ ਮੂਸਾ ਮੁਹੰਮਦ ਜੋ ਕਰ ਕੇ ਗਏ ਗੁਫ਼ਤਾਰ, ਗੁਫ਼ਤ ਸ਼ਨੀਦ ਦਿਆਂ ਜਣਾਈਆ । ਸਾਚਾ

ਮਾਰਗ ਅਗੰਮ ਅਪਾਰ, ਅਪਰੰਪਰ ਹੋ ਕੇ ਦਿਆਂ ਦ੍ਰਿੜਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੱਸ ਕੇ ਇਕ ਮਨਾਰ, ਧੁਰ ਦਾ ਮੰਦਰ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਈਆ । ਗੋਬਿੰਦ ਕਿਹਾ ਮੇਰੀ ਵੇਖ ਅਗੰਮੀ ਗੜ੍ਹੀ, ਗੁਰਮੁਖ ਸੋਹਣੇ ਨਜ਼ਰੀ ਆਈਆ । ਜਿਨ੍ਹਾਂ ਤੇਰੇ ਪ੍ਰੇਮ ਦੀ ਪੱਟੀ ਪੜ੍ਹੀ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਸੀਸ ਕਦਮਾਂ ਉਤੇ ਵੇਖੇ ਧਰੀ, ਧਰਤੀ ਨਾਲੋਂ ਕਰਨ ਜੁਦਾਈਆ । ਤੂੰ ਸਚਖੰਡ ਦਵਾਰੇ ਇਨ੍ਹਾਂ ਖੜੀਂ, ਦਰਗਾਹ ਸਾਚੀ ਸੋਭਾ ਪਾਈਆ । ਪਰਮਾਤਮ ਹੋ ਕੇ ਇਨ੍ਹਾਂ ਆਤਮ ਵਰੀਂ, ਵਿਚੋਲਾ ਹੋ ਕੇ ਦਿਆਂ ਜਣਾਈਆ । ਮੁਹੱਬਤ ਵਿਚ ਪ੍ਰੇਮ ਦੀ ਲੌਣੀ ਝੜ੍ਹੀ, ਅਗਨੀ ਅੱਗ ਨਾ ਕੋਇ ਤਪਾਈਆ । ਮੰਜ਼ਲ ਹਕ ਮਹਿਬੂਬ ਖੜੀਂ, ਪਰਵਰਦਿਗਾਰ ਧੁਰ ਦਰਗਾਹੀਆ । ਆਵਣ ਜਾਵਣ ਲੱਖ ਚੁਰਾਸੀ ਵਿਚੋਂ ਕਰਨਾ ਬਰੀ, ਜਮ ਕੀ ਫਾਸੀ ਰਹਿਣ ਨਾ ਪਾਈਆ । ਮੇਰੇ ਕੋਲੋਂ ਏਨੀ ਸੇਵਾ ਤੇਰੀ ਸਰੀ, ਸਰਹੰਦ ਸ਼ਹਾਦਤ ਦਏ ਗਵਾਹੀਆ । ਪੁਰਖ ਅਕਾਲ ਕਿਹਾ ਤੇਰੀ ਘਾਲ ਚਾਰ ਜੁਗ ਨਾਲੋਂ ਬੜੀ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਮਿਹਰਵਾਨ ਹੋ ਕੇ ਮੈਂ ਭਾਗ ਲਗਾਵਾਂ ਤੇਰੇ ਗੁਰਮੁਖਾਂ ਘਰੀਂ, ਗ੍ਰਿਹ ਗ੍ਰਿਹ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਮੈਨੂੰ ਨਹੀਂ ਕਿਛ ਲੋੜ, ਖ਼ਾਲੀ ਹੱਥ ਦਿਤੇ ਵਖਾਈਆ । ਮੇਰੀ ਪ੍ਰੀਤੀ ਨਿਭੇ ਤੋੜ, ਆਪਣਾ ਰੰਗ ਰੰਗਾਈਆ । ਗੁਰਮੁਖ ਸਾਚੇ ਲੈਣੇ ਜੋੜ, ਜੋੜੇ ਧੁਰ ਦੇ ਦੇਣੇ ਵਖਾਈਆ । ਬਾਹਰ ਕੱਢਣੇ ਵਿਚੋਂ ਮੜ੍ਹੀ ਗੋਰ, ਗਹਿਰ ਗੰਭੀਰ ਆਪਣੇ ਘਰ ਵਸਾਈਆ । ਤੂੰ ਕੁਛ ਹੋਰ ਨਹੀਂ ਮੈਂ ਕੁਝ ਨਹੀਂ ਹੋਰ, ਤੂੰ ਮੇਰਾ ਮੈਂ ਤੇਰਾ ਤੇਰਾ ਨੂਰ ਮੇਰੀ ਜੋਤ ਰੁਸ਼ਨਾਈਆ । ਮੈਂ ਤੇਰੇ ਹੁਕਮੇ ਅੰਦਰ ਰਿਹਾ ਦੌੜ, ਮਾਤਲੋਕ ਭੱਜਾਂ ਵਾਹੋ ਦਾਹੀਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲ ਦੀਨ ਦਿਆਲ ਮੇਰੇ ਗੁਰਮੁਖਾਂ ਜਾਈਂ ਬਹੁੜ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੇ ਹੱਥ ਅਗੰਮੀ ਡੋਰ, ਸ਼ਬਦੀ ਤਾਰ ਤੰਦ ਨਾਲ ਬੰਧਾਈਆ ।



### ★ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਸੰਸਾਰ ਸਿੰਘ ਦੇ ਗ੍ਰਿਹ ਪਿੰਡ ਡਵਿੱਡਾ ਜ਼ਿਲਾ ਹੁਸ਼ਿਆਰਪੁਰ ★

ਝੁੱਗੀ ਕਹੇ ਜਨ ਭਗਤਾਂ ਕਰ ਸੰਯੋਗ, ਧੁਰ ਸੰਯੋਗੀ ਦੇ ਵਡਿਆਈਆ । ਵਿਛੋੜਾ ਜਨਮ ਨਾ ਰਹੇ ਰੋਗ, ਕਰਮ ਦਾ ਡੇਰਾ ਢਾਹੀਆ । ਦੇ ਦਰਸ ਇਕ ਅਮੋਘ, ਸਵੱਛ ਸਰੂਪ ਨਜ਼ਰੀ ਆਈਆ । ਜਨਮ ਜਨਮ ਦਾ ਪੂਰਾ ਕਰ ਜੋਗ, ਜੁਗ ਚੌਕੜੀ ਤੇਰੀ ਆਸ ਰਖਾਈਆ । ਸਾਚੇ ਨਾਮ ਦੀ ਬਖ਼ਸ਼ ਮੌਜ, ਖ਼ੁਸ਼ੀ ਕਾਇਆ ਮੰਦਰ ਪਰਗਟਾਈਆ । ਆਤਮ ਰਸ ਰਸੀਏ ਦੇ ਭੋਗ, ਕੂੜੀ ਵਾਸਨਾ ਬਾਹਰ ਕਢਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਨੂਰ ਡਗਮਗਾਈਆ । ਬੰਦ ਕਿਵਾੜੀ ਖੁਲ੍ਹੇ ਸੋਤ, ਸੋਈ ਸੁਰਤੀ ਲੈ ਉਠਾਈਆ । ਭਾਗ ਲਗਾ ਕਾਇਆ ਕੋਟ, ਕੰਚਨ ਗੜ੍ਹ ਸੁਹਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਤੇਰੀ ਓਟ, ਤੇਰੇ ਹੋ ਕੇ ਤੇਰੀ ਆਸ ਰਖਾਈਆ । ਨਾਤਾ ਤੁੱਟਾ ਦੀਨ ਦੁਨੀ ਲੋਕ,

ਸ੍ਰਿਸ਼ਟੀ ਨਾ ਕੋਇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਗਾਵਣ ਸਚ ਸਲੋਕ, ਨਾਮ ਨਿਧਾਨਾ ਇਕ ਧਿਆਈਆ । ਸਵਾਮੀ ਅੰਤਰਜਾਮੀ ਹੋ ਕੇ ਕਰ ਚੋਜ, ਕਾਇਆ ਚੋਲੀ ਅੰਦਰ ਭਾਗ ਲਗਾਈਆ । ਲੱਖ ਚੁਰਾਸੀ ਵਿਚੋਂ ਕਰ ਕੇ ਖੋਜ, ਗੁਰਮੁਖ ਆਪਣੇ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਤੇਰੀ ਭਗਵਾਨ, ਭਾਗ ਸਭ ਦਾ ਦਏ ਬਦਲਾਈਆ । ਗੁਰਮੁਖਾਂ ਉਪਰ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । ਕੂੜੀ ਕਿਰਿਆ ਮੇਟ ਜਹਾਨ, ਜਹਾਲਤ ਅੰਦਰੋਂ ਦੇ ਕਢਾਈਆ । ਅੱਠੇ ਪਹਿਰ ਦਿਵਸ ਰੈਣ ਤੇਰਾ ਨਾਮ ਗਾਣ, ਗਾ ਗਾ ਸ਼ੁਕਰ ਮਨਾਈਆ । ਨਿਜ ਨੇਤਰ ਲੋਚਨ ਦਰਸ਼ਨ ਪਾਣ, ਵੱਜੇ ਸਚ ਵਧਾਈਆ । ਕਾਇਆ ਕਾਅਬਾ ਵਖਾ ਸਚ ਮਕਾਨ, ਮੰਦਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇੜਾ ਦੇਣਾ ਵਸਾਈਆ । ਸਾਚਾ ਖੇੜਾ ਵਸੇ ਕਾਇਆ ਬੰਕ, ਗ੍ਰਿਹਿ ਵੱਜੇ ਨਾਮ ਵਧਾਈਆ । ਘਰ ਸਵਾਮੀ ਮਿਲੇ ਕੰਤ, ਠਾਕਰ ਆਪਣਾ ਫੇਰਾ ਪਾਈਆ । ਚੋਲੀ ਚਾੜ੍ਹੇ ਰੰਗ ਬਸੰਤ, ਦੁਰਮਤ ਮੈਲ ਧਵਾਈਆ । ਨਾਮ ਜਣਾਏ ਬਣ ਕੇ ਪੰਡਤ, ਬੋਧ ਅਗਾਧ ਸਮਝਾਈਆ । ਗੜ੍ਹ ਤੋੜੇ ਹਉਮੇ ਹੰਗਤ, ਚਰਨ ਪ੍ਰੀਤੀ ਇਕ ਬੰਧਾਈਆ । ਦਰ ਠਾਂਡੇ ਤੇਰੇ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਝਗੜਾ ਤੁੜਾ ਨਾਲੋਂ ਨਿੰਦਕ, ਗੁਰਮੁਖ ਸੱਜਣ ਲੈ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਰਖ ਸਵਾਮੀ, ਹਰਿਜਨ ਸਾਚੀ ਮੰਗ ਮੰਗਾਇੰਦਾ । ਪਾਰਬ੍ਰਹਮ ਪ੍ਰਭ ਅੰਤਰਜਾਮੀ, ਇਕ ਤੇਰੀ ਓਟ ਰਖਾਇੰਦਾ । ਤੂੰ ਮੇਰਾ ਮੈਂ ਤੇਰਾ ਦੱਸ ਅਗੰਮੀ ਬਾਣੀ, ਸੋਹਲਾ ਢੋਲਾ ਵਿਚੋਲਾ ਇਕ ਰਖਾਇੰਦਾ । ਅੰਮ੍ਰਿਤ ਰਸ ਨਿਝਰ ਝਿਰਨਾ ਸਾਂਤਕ ਸਤਿ ਦੇ ਪਾਣੀ, ਕਲਜੁਗ ਕੂੜੀ ਕਿਰਿਆ ਅਗਨ ਬੁਝਾਇੰਦਾ । ਸੁਰਤੀ ਸ਼ਬਦੀ ਮੇਲ ਮਿਲਾ ਧੁਰ ਦਾ ਹਾਣੀ, ਚਾਰੇ ਖਾਣੀ ਤੇਰਾ ਰਾਹ ਤਕਾਇੰਦਾ । ਸਾਚੀ ਮੰਜ਼ਲ ਦੱਸ ਆਸਾਨੀ, ਅੱਗੇ ਹੋ ਨਾ ਕੋਇ ਅਟਕਾਇੰਦਾ । ਤੂੰ ਪਰਮ ਪੁਰਖ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਦਰ ਤੇਰੇ ਅਲਖ ਜਗਾਇੰਦਾ । ਹਰਿਜਨ ਸਾਚੇ ਦਰ ਠਾਂਡੇ ਕਰ ਪਰਵਾਨੀ, ਪਰਮ ਪੁਰਖ ਪਰਮਾਤਮ ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਮਾਨਸ ਜਨਮ ਬਿਨ ਤੇਰੀ ਕਿਰਪਾ ਕੀਮਤ ਨਾ ਕੋਇ ਦਵਾਨੀ, ਮਾਟੀ ਖ਼ਾਕ ਜਗਤ ਰੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੀ ਮੰਜ਼ਲ ਦੇ ਰੁਹਾਨੀ, ਦਰ ਠਾਂਡਾ ਆਪਣਾ ਆਪ ਵਖਾਇੰਦਾ ।



੨੬੩ ੨੦

★ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹ ਪਿੰਡ ਰਿਹਾਣਾ ਕਲਾਂ ਜ਼ਿਲਾ ਹੁਸ਼ਿਆਰਪੁਰ ★

ਜਨ ਭਗਤ ਕਹੇ ਮੈਂ ਤੇਰਾ ਬਰਦਾ, ਬੰਦੀਖਾਨਾ ਦੇ ਤੁੜਾਈਆ । ਭੇਵ ਖੁਲ੍ਹਾ ਆਪਣੇ ਘਰ ਦਾ, ਪੜਦਾ ਓਹਲਾ ਦੇ ਚੁਕਾਈਆ । ਅੰਮ੍ਰਿਤ ਜਾਮ ਪਿਆ ਅਗੰਮੀ ਸਰ ਦਾ, ਰਸ ਰਸੀਏ ਦੇ ਚੁਆਈਆ । ਨਿਤ ਨਵਿਤ ਤੇਰੀ ਆਸਾ ਕਰਦਾ, ਭਰਵਾਸਾ ਬਖ਼ਸ਼ ਸਚ ਸਰਨਾਈਆ । ਸਿਰ ਚਰਨ ਕਵਲਾਂ ਧਰਦਾ, ਨੇਤਰ ਨੈਣਾਂ ਨੀਰ ਵਹਾਈਆ । ਬਿਰਹੋਂ ਵਿਛੋੜੇ ਅੰਦਰ ਮਰਦਾ, ਜੀਵਣ ਤੇਰੀ ਝੋਲੀ ਪਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰਾ ਸਤਿ ਸਰੂਪ ਲੱਭਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਸਿਰ ਮੇਰੇ ਹੱਥ

ਰਖਾਈਆ । ਜਨ ਭਗਤ ਕਹੇ ਪ੍ਰਭ ਤੇਰੀ ਇਕੋ ਆਸ, ਦੂਜਾ ਨਜ਼ਰ ਕੋਇ ਨਾ ਆਈਆ । ਜਨਮ ਜਨਮ ਦੀ ਤ੍ਰਿਸ਼ਨਾ ਬੁਝਾ ਪਿਆਸ, ਅਗਨੀ ਅੱਗ ਦੇ ਬੁਝਾਈਆ । ਆਤਮ ਹੋ ਕੇ ਪਰਮਾਤਮ ਹੋ ਕੇ ਨਿਰਗੁਣ ਨਿਰਗੁਣ ਦੇ ਸਾਥ, ਸਗਲਾ ਸੰਗ ਆਪ ਹੋ ਜਾਈਆ । ਜਗ ਜੀਵਣ ਦਾਤੇ ਪੁਰਖ ਬਿਧਾਤੇ ਸਾਚੀ ਮੰਜ਼ਲ ਦੱਸ ਆਪਣਾ ਘਾਟ, ਤਟ ਕਿਨਾਰ ਏਕੰਕਾਰ ਇਕੋ ਦੇਣਾ ਵਖਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਖੜ੍ਹੇ ਜੋੜ ਕੇ ਹਾਥ, ਸਚ ਦਵਾਰੇ ਖ਼ਾਲੀ ਝੋਲੀ ਆਪਣੀ ਡਾਹੀਆ । ਉਹ ਮੰਡਲ ਤੇਰਾ ਨਿਰੰਕਾਰ ਵੇਖਣਾ ਖ਼ਾਸ, ਜਿਥੇ ਖ਼ਾਲਸ ਗੁਰਮੁਖ ਸੋਭਾ ਪਾਈਆ । ਨਾ ਕੋਈ ਗੋਪੀਆਂ ਵਾਲੀ ਰਾਸ, ਨਾ ਕੋਈ ਕਾਹਨ ਨਾਚ ਨਚਾਈਆ । ਨਾ ਕੋਈ ਸੀਤਾ ਰਾਮ ਵਾਲਾ ਬਨਬਾਸ, ਜੰਗਲ ਜੂਹ ਉਜਾੜ ਨਾ ਕੋਇ ਭਵਾਈਆ । ਨਾ ਕੋਈ ਸੰਸਾਰੀ ਵਿਦਿਆ ਵਾਲੀ ਤਲਾਸ਼, ਅੱਖਰ ਵੰਡ ਨਾ ਕੋਇ ਵੰਡਾਈਆ । ਨਾ ਕੋਈ ਪਰਬਤ ਦਿਸੇ ਕੈਲਾਸ਼, ਸਿੰਘਾਸਣ ਰੂਪ ਨਾ ਕੋਇ ਬਦਲਾਈਆ । ਇਕੋ ਤੇਰਾ ਮੰਗਾ ਨੂਰ ਜੋਤ ਪਰਕਾਸ਼, ਜਿਸ ਵਿਚ ਮਿਲ ਕੇ ਆਪਣਾ ਆਪ ਛੁਪਾਈਆ । ਸਚਖੰਡ ਦਵਾਰ ਏਕੰਕਾਰ ਪੁਰਖ ਅਕਾਲ ਦੀਨ ਦਿਆਲ ਘਰ ਠਾਂਡਾ ਦੇਣਾ ਆਪ, ਦੂਜੇ ਦਰ ਦੀ ਲੋੜ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਜਨ ਭਗਤ ਕਹੇ ਮਨ ਚਾਓ ਘਨੇਰਾ ਮੈਂ ਸੋਹੰ ਜਪਿਆ ਜਾਪ, ਕੋਟ ਜਨਮ ਦੇ ਉਤਰੇ ਪਾਪ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਇਆ ਇਕੋ ਬਾਪ, ਪਿਤਾ ਪੂਤ ਗੋਦ ਲੈਣਾ ਉਠਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਤੇਰਾ ਦਰਸ ਕਰਾਂ ਸਾਖਿਆਤ, ਸਤਿ ਸਤਿਵਾਦੀ ਆਪਣਾ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਸਾਚਾ ਦਰ ਠਾਂਡੇ ਮੰਗ ਮੰਗਾਈਆ । ਹਰਿ ਭਗਤ ਕਹੇ ਮੇਰੀ ਅਰਦਾਸ, ਪ੍ਰਭ ਬੇਨੰਤੀ ਇਕ ਜਣਾਈਆ । ਸਦ ਸੇਵਕ ਰੱਖਣਾ ਦਾਸ, ਗੜ੍ਹ ਹੰਕਾਰ ਦੇਣਾ ਤੁੜਾਈਆ । ਦਿਵਸ ਰੈਣ ਵਸਣਾ ਪਾਸ, ਜਾਗਤ ਸੋਵਤ ਹੋਣਾ ਸਹਾਈਆ । ਸ਼ਬਦ ਅਗੰਮੀ ਦੱਸਣੀ ਬਾਤ, ਨਾਮ ਨਿਧਾਨਾ ਇਕ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਚਾ ਚੰਦ ਨੂਰ ਕਰ ਰੁਸ਼ਨਾਈਆ । ਸਮਰਥ ਸਵਾਮੀ ਸਾਹਿਬ ਸਤਿਗੁਰ ਮੈਂ ਤੇਰੇ ਨਾਮ ਦੀ ਗਾ ਕੇ ਗਾਥ, ਚੜ੍ਹਿਆ ਓਸ ਰਾਥ, ਜਿਸ ਦਾ ਰਥਵਾਹੀ ਬੇਪਰਵਾਹੀਆ । ਕਲਜੁਗ ਡੂੰਘਾ ਵਹਿਣ ਸ੍ਰਿਸ਼ਟੀ ਕਿਸੇ ਨਾ ਆਵੇਂ ਹਾਥ, ਭਾਗ ਵੇਖੇ ਨਾ ਕੋਇ ਮਾਥ, ਨਾਥ ਤ੍ਰੈਲੋਕੀ ਬੈਠੇ ਮੁਖ ਛੁਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਕਰ ਕਿਰਪਾ ਆਪ, ਦੁਰਮਤ ਮੈਲ ਕਾਟ ਕੀਮਤ ਪਾ ਆਪਣੇ ਹਾਟ, ਜਗਤ ਵਣਜਾਰੇ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਕੁਛ ਤੇਰੇ ਹਾਥ, ਹਰ ਹਿਰਦੇ ਵਸ ਕੇ ਧਾਮ ਅਗੰਮਾ ਦੱਸ ਕੇ, ਘਰ ਠਾਂਡਾ ਦੇਣਾ ਵਖਾਈਆ ।

### ★ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਿਹ ਪੁਰਾਣੀ ਡਰੋਲੀ ★

ਬਿਆਸ ਕਹੇ ਮੇਰੇ ਸੁਲਤਾਨ, ਸੋ ਪੁਰਖ ਨਿਰੰਜਣ ਤੇਰੀ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਮਿਹਬਾਨ ਬੀਦੋ ਤੇਰੀ ਓਟ ਤਕਾਈਆ । ਏਕੰਕਾਰੇ ਦੇ ਦਾਨ, ਦਾਤੇ ਦਾਨੀ ਤੇਰੀ ਆਸ ਰਖਾਈਆ । ਆਦਿ ਨਿਰੰਜਣ ਹੋ ਪਰਧਾਨ, ਜੋਤੀ ਜਾਤੇ ਜਲਵਾ ਨੂਰ ਕਰ ਰੁਸ਼ਨਾਈਆ ।

ਅਬਿਨਾਸ਼ੀ ਕਰਤੇ ਧੁਰ ਦੇ ਕਾਹਨ, ਲੱਖ ਚੁਰਾਸੀ ਗੋਪੀ ਲੈ ਪਰਨਾਈਆ । ਸ੍ਰੀ ਭਗਵਾਨ ਸਚ ਝੁਲਾ ਇਕ ਨਿਸ਼ਾਨ, ਦੋ ਜਹਾਨਾਂ ਆਪਣਾ ਆਪ ਪਰਗਟਾਈਆ । ਪਾਰਬ੍ਰਹਮ ਬ੍ਰਹਮ ਮੇਲਾ ਮੇਲ ਆਣ, ਨਿਰਵੈਰ ਨਿਰਾਕਾਰ ਆਪਣੀ ਕਾਰ ਕਮਾਈਆ । ਸਚਖੰਡ ਨਿਵਾਸੀ ਹੋ ਪਰਧਾਨ, ਪੜਦਾ ਓਹਲਾ ਆਪ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਦੇ ਕੇ ਗਏ ਬਿਆਨ, ਲੇਖ ਅਲੇਖੇ ਨਾਲ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਗਾ ਗਾ ਥੱਕੇ ਗਾਣ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਤੂੰ ਬੇਅੰਤ ਬੇਪਰਵਾਹ ਕਿਰਪਾ ਕਰ ਵਾਲੀ ਦੋ ਜਹਾਨ, ਜਹਾਲਤ ਕੂੜੀ ਕਿਰਿਆ ਦੇ ਕਢਾਈਆ । ਵਰਨ ਬਰਨ ਦੀਨ ਦੁਨੀ ਹੋਈ ਹੈਰਾਨ, ਹਰ ਹਿਰਦੇ ਨਜ਼ਰ ਕਿਸੇ ਨਾ ਆਈਆ । ਕੂੜੀ ਕਿਰਿਆ ਸ਼ਰਅ ਫਿਰੇ ਸ਼ੈਤਾਨ, ਚਾਰ ਕੁੰਟ ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਹੋ ਮਿਹਰਵਾਨ, ਦਰ ਠਾਂਡਾ ਇਕ ਵਖਾਈਆ । ਬਿਆਸ ਕਹੇ ਕਿਰਪਾ ਕਰ ਮੇਰੇ ਭਗਵੰਤ, ਭਗਵਨ ਤੇਰੀ ਓਟ ਰਖਾਈਆ । ਕਲਜੁਗ ਭੁੱਲੇ ਜੀਵ ਜੰਤ ਸਾਧ ਸੰਤ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਭੇਵ ਕੋਇ ਨਾ ਆਈਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਭੇਵ ਅਭੇਦਾ ਸਕੇ ਨਾ ਕੋਇ ਦ੍ਰਿੜਾਈਆ । ਬੋਧ ਅਗਾਧਾ ਦਿਸੇ ਕੋਇ ਨਾ ਪੰਡਤ, ਚਾਰੇ ਖਾਣੀ ਚਾਰੇ ਬਾਣੀ ਨੇਤਰ ਰੋਵੇ ਮਾਰੇ ਧਾਹੀਂਆ । ਗੁਰ ਅਵਤਾਰ ਪੈਗ਼ੰਬਰ ਭਿਖਿਆ ਮੰਗ ਕੇ ਗਏ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਤੁਧ ਬਿਨ ਸਦੀ ਚੌਧਵੀਂ ਬਣਾਏ ਕੋਈ ਨਾ ਬਣਤ, ਸਚ ਸਵਾਮੀ ਅੰਤਰਜਾਮੀ ਸਾਚਾ ਰਾਹ ਨਾ ਕੋਇ ਜਣਾਈਆ । ਸਚ ਦਵਾਰ ਏਕੰਕਾਰ ਮਿਲੇ ਕੋਈ ਨਾ ਸੰਗਤ, ਦੂਈ ਦਵੈਤੀ ਸ਼ਰਅ ਸ਼ਰਾਇਤੀ ਡੇਰਾ ਕੋਇ ਨਾ ਢਾਹੀਆ । ਦਰ ਦਰਵੇਸ਼ ਤੇਰੇ ਦਰ ਕਰਨ ਮਿੰਨਤ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਲੈਣੀ ਉਠਾਈਆ । ਜੁਗ ਚੌਕੜੀ ਮੇਟਣੀ ਚਿੰਨਤ, ਜਗਤ ਗ਼ਮ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਬਿਆਸ ਕਹੇ ਮੇਰੇ ਪਤਿਪਰਮੇਸ਼ਵਰ ਮੀਤ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਰੀਤ, ਸਤਿਜੁਗ ਸਾਚਾ ਦੇ ਪਰਗਟਾਈਆ । ਝਗੜਾ ਰਹੇ ਨਾ ਸ਼ਿਵਦਵਾਲਾ ਮੱਠ ਮੰਦਰ ਮਸੀਤ, ਗੁਰੂਦਵਾਰਾ ਇਕੋ ਦੇ ਦ੍ਰਿੜਾਈਆ । ਜਿਥੇ ਝਗੜਾ ਰਹੇ ਨਾ ਊਚ ਨੀਚ, ਰਾਓ ਰੰਕ ਵੰਡ ਵਿਚ ਵਰਭੰਡ ਬ੍ਰਹਿਮੰਡ ਦੇ ਦ੍ਰਿੜਾਈਆ । ਕਾਇਆ ਮਾਟੀ ਮਾਨਵ ਜਾਤੀ ਸਭ ਦੀ ਕਰ ਠਾਂਡੀ ਸੀਤ, ਅਗਨੀ ਤਤ ਦੇ ਬੁਝਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੱਸ ਆਪਣਾ ਗੀਤ, ਅਗੰਮ ਅਥਾਹ ਬੇਪਰਵਾਹ ਸਾਚਾ ਮੰਤਰ ਦੇ ਦ੍ਰਿੜਾਈਆ । ਤੇਰਾ ਖੇਲ ਵੇਖੀਏ ਅਨਡੀਠ, ਕਰਵਟ ਬਦਲ ਆਪਣੀ ਪੀਠ, ਸਨਮੁਖ ਹੋ ਕੇ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨਾਂ ਸਾਂਝਾ ਤੇਰਾ ਗੀਤ, ਗਹਿਰ ਗੰਭੀਰ ਬੇਨਜ਼ੀਰ ਤੇਰਾ ਰਾਗ ਅਲਾਹੀਆ । ਇਕੋ ਛਤਰ ਝੁੱਲੇ ਤੇਰੇ ਸੀਸ, ਜਗਦੀਸ ਦੋ ਜਹਾਨ ਤੇਰੀ ਸ਼ਹਿਨਸ਼ਾਹੀਆ । ਗੁਰ ਅਵਤਾਰ ਪੈਗ਼ੰਬਰ ਤੇਰਾ ਨਿਸ਼ਾਨਾ ਦੇ ਕੇ ਗਏ ਠੀਕ, ਵਾਕ ਭਵਿਖਤਾਂ ਵਿਚ ਦ੍ਰਿੜਾਈਆ । ਸੋ ਆਸਾ ਮਨਸਾ ਪੂਰੀ ਕਰ ਉਮੀਦ, ਨਿਰਗੁਣ ਹੋ ਕੇ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਬਿਆਸ ਕਹੇ ਕਿਰਪਾ ਕਰ ਗੁਣ ਨਿਧਾਨ, ਗੁਣਵੰਤੇ ਤੇਰੇ ਹੱਥ ਵਡਿਆਈਆ । ਸਚ ਝੁਲਾ ਇਕ ਨਿਸ਼ਾਨ, ਨਿਸ਼ਾਨੇ

ਜਗਤ ਦੇ ਗਵਾਈਆ । ਇਕੋ ਤੇਰਾ ਨਾਉਂ ਗਾਵੇ ਰਸਨਾ ਜਿਹਵਾ ਜ਼ਬਾਨ, ਬੱਤੀ ਦੰਦ ਸਿਫ਼ਤ ਸਾਲਾਹੀਆ । ਲੱਖ ਚੁਰਾਸੀ ਨਜ਼ਰੀ ਆ ਧੁਰ ਦਾ ਕਾਹਨ, ਮਿਹਰਵਾਨ ਆਪਣਾ ਪੜਦਾ ਦੇ ਉਠਾਈਆ । ਹਰ ਘਟ ਵਸਿਆ ਨਜ਼ਰੀ ਆ ਰਾਮ, ਸਚਖੰਡ ਨਿਵਾਸੀ ਆਪਣਾ ਫੇਰਾ ਪਾਈਆ । ਈਸਾ ਮੂਸਾ ਮੁਹੰਮਦ ਜਿਸ ਦਾ ਸੁਣਦੇ ਰਹੇ ਪੈਗ਼ਾਮ, ਕਲਮਾ ਨਗ਼ਮਿਆਂ ਵਿਚ ਸੁਣਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਜਲਵਾਗਰ ਵਡ ਅਮਾਮ, ਨੂਰ ਜਹੂਰ ਦੇ ਚਮਕਾਈਆ । ਨਾਨਕ ਗੋਬਿੰਦ ਜਿਸ ਨੂੰ ਕਰਦੇ ਗਏ ਪਰਨਾਮ, ਮੰਤਰ ਦ੍ਰਿੜਾਉਂਦੇ ਗਏ ਸਤਿ ਨਾਮ, ਵਾਹਿਗੁਰੂ ਕਹਿ ਕੇ ਵਾਹਵਾ ਤਾਲ ਵਜਾਈਆ । ਸੋ ਦੀਨ ਦੁਨੀ ਦਾ ਬਦਲ ਦੇ ਨਜ਼ਾਮ, ਝਗੜਾ ਰਹੇ ਨਾ ਵਿਚ ਅਵਾਮ, ਇਕੋ ਗਾਵਣ ਤੇਰਾ ਨਾਮ, ਨਾਉਂ ਨਿਰੰਕਾਰ ਇਕ ਸਮਝਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਨਿਰਗੁਣ ਹੋ ਕੇ ਵੇਖ ਮਾਰ ਧਿਆਨ, ਪੁਰੀ ਲੋਅ ਬ੍ਰਹਿਮੰਡ ਖੰਡ ਪੜਦਾ ਓਹਲਾ ਆਪ ਚੁਕਾਈਆ । ਜੁਗ ਬਦਲਣਾ ਤੇਰਾ ਹੁਕਮ ਆਸਾਨ, ਨਾ ਕੋਈ ਮੇਟੇ ਵਿਚ ਜਹਾਨ, ਗੁਰ ਅਵਤਾਰ ਪੈਗ਼ੰਬਰ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰੀ ਆਸ ਰਖਾਈਆ । ਬਿਆਸ ਕਹੇ ਕਿਰਪਾ ਕਰ ਪਰਵਰਦਿਗਾਰ, ਜਲਵਾਗਰ ਤੇਰੀ ਵਡਿਆਈਆ । ਕੂਕ ਸੁਣ ਮੁਹੰਮਦ ਯਾਰ, ਚਾਰ ਯਾਰੀ ਦਏ ਦੁਹਾਈਆ । ਉਮਤ ਉਮਤੀ ਹਾਹਾਕਾਰ, ਨਿਮਾਜ਼ਾਂ ਰੋਜ਼ਿਆਂ ਵਿਚ ਦੁਹਾਈਆ । ਮੁਹੱਬਤ ਮਿਲੇ ਨਾ ਕਿਸੇ ਦਵਾਰ, ਦਰ ਦਰਬਾਰ ਨਾ ਕੋਇ ਵਡਿਆਈਆ । ਖ਼ਾਲੀ ਦਿਸੇ ਭੰਡਾਰ, ਹਕੀਕਤ ਹਕ ਨਾ ਕੋਇ ਵਰਤਾਈਆ । ਕਾਇਨਾਤ ਹੋਈ ਗਵਾਰ, ਅਕਲ ਅਕਲਮੰਦ ਨਾ ਕੋਇ ਬਣਾਈਆ । ਗੁਪਤ ਸੁਣੇ ਨਾ ਕੋਇ ਗੁਫ਼ਤਾਰ, ਬਾਤਨ ਦਰਸ ਕੋਇ ਨਾ ਪਾਈਆ । ਬਾਹਰੋਂ ਵੇਖਦੇ ਜਗਤ ਮਜ਼ਾਰ, ਨਿਰਗੁਣ ਮੀਆਂ ਨਜ਼ਰ ਕਿਸੇ ਨਾ ਆਈਆ । ਮੁਖ਼ਾਤਬ ਕਰੇ ਨਾ ਕੋਇ ਸੰਸਾਰ, ਤੁਆਕਬ ਹਕ ਨਾ ਕੋਇ ਜਣਾਈਆ । ਚੌਦਾਂ ਤਬਕ ਰੋਵਣ ਜ਼ਾਰੋ ਜ਼ਾਰ, ਸਾਚਾ ਸਬਕ ਨਾ ਕੋਇ ਪੜ੍ਹਾਈਆ । ਚੌਦਾਂ ਸਦੀਆਂ ਦਾ ਇਜ਼ਹਾਰ, ਖੇਲ ਵੇਖ ਦੁਖੀਆਂ ਦੇ ਦਿਲਦਾਰ, ਬੇਦਰਦੀ ਆਪਣੀ ਦਇਆ ਕਮਾਈਆ । ਵੇਲਾ ਵਕਤ ਵਿਚਾਰ, ਕੂੜੀ ਕਿਰਿਆ ਵੇਖ ਸੰਸਾਰ, ਸਾਚਾ ਚੰਦ ਨਾ ਕੋਇ ਉਜਿਆਰ, ਨੂਰਾਨਾ ਨੂਰ ਨਾ ਕੋਇ ਚਮਕਾਈਆ । ਤੇਰੇ ਚਰਨ ਕਵਲ ਨਿਮਸਕਾਰ, ਬਿਆਸ ਕਹੇ ਮੈਂ ਰੋਵਾਂ ਜ਼ਾਰੋ ਜ਼ਾਰ, ਗੋਬਿੰਦ ਦਿਸੇ ਕਿਸੇ ਨਾ ਧਾਰ, ਗੁਰਮੁਖ ਥੋੜ੍ਹੇ ਪਾਵਣ ਸਾਰ, ਲੱਖ ਚੁਰਾਸੀ ਗੂੜ੍ਹੀ ਨੀਂਦ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਲਾਏ ਕੋਈ ਨਾ ਪਾਰ, ਪਾਰਬ੍ਰਹਮ ਪਤਿਪਰਮੇਸ਼ਵਰ ਪ੍ਰੇਮ ਪ੍ਰੀਤੀ ਅੰਦਰ ਪੀਆ ਪ੍ਰੀਤਮ ਹੋ ਕੇ ਆਪਣੇ ਰੰਗ ਰੰਗਾਈਆ ।

★ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਿਹ ਆਦਮਪੁਰ ★

ਬਿਆਸ ਕਹੇ ਕਿਰਪਾ ਕਰ ਸੂਰੇ ਸਰਬੰਗ, ਹਰਿ ਕਰਤੇ ਤੇਰੇ ਹੱਥ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਚਾੜ੍ਹ ਅਗੰਮਾ ਰੰਗ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਮ ਨਿਧਾਨ ਵਜਾ ਮਰਦੰਗ, ਕਾਇਆ ਮੰਦਰ ਅੰਦਰ ਗ੍ਰਿਹ ਗ੍ਰਿਹ ਕਰ ਸ਼ਨਵਾਈਆ । ਭੇਵ ਖੁਲ੍ਹਾ ਹੰ ਬ੍ਰਹਮ, ਪਾਰਬ੍ਰਹਮ

ਪ੍ਰਭ ਪੜਦਾ ਦੇ ਚੁਕਾਈਆ । ਦੀਨ ਦੁਨੀ ਦਾ ਇਕੋ ਦੱਸ ਧਰਮ, ਵਰਨ ਬਰਨ ਰਹੇ ਨਾ ਕੋਇ ਲੜਾਈਆ । ਸਾਚੀ ਪੂਜਾ ਤੇਰਾ ਚਰਨ, ਇਸ਼ਟਦੇਵ ਸਵਾਮੀ ਧੁਰ ਦਾ ਨਜ਼ਰੀ ਆਈਆ । ਆਦਿ ਜੁਗਾਦੀ ਕਰਨੀ ਦਾ ਕਰਨ, ਕਰਤਾ ਪੁਰਖ ਨਾਉਂ ਧਰਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਨਾਮ ਦਾ ਢੋਲਾ ਪੜ੍ਹਨ, ਤੇਰਾ ਧਿਆਨ ਲਗਾਈਆ । ਕਲਜੁਗ ਜੀਵ ਜਗਤ ਵਾਸਨਾ ਵਿਚ ਲੜਨ, ਧੀਰਜ ਧੀਰ ਨਾ ਕੋਇ ਧਰਾਈਆ । ਅੰਤਰ ਨੇਤਰ ਖੋਲ੍ਹ ਹਰਨ ਫਰਨ, ਸਾਚੇ ਲੋਇਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦੁਨੀ ਦੀ ਧਾਰਾ ਦੇ ਬਦਲਾਈਆ । ਨੇਤਰ ਲੋਚਣ ਨੈਣ ਖੋਲ੍ਹ ਪ੍ਰਭ ਅੱਖ, ਦ੍ਰਿਸ਼ਟੀ ਸ੍ਰਿਸ਼ਟੀ ਦੇ ਬਦਲਾਈਆ । ਸਾਰੇ ਗਾਵਣ ਤੇਰਾ ਨਾਮ ਜਸ, ਦਿਵਸ ਰੈਣ ਧਿਆਨ ਲਗਾਈਆ । ਕੂੜੀ ਕਿਰਿਆ ਮੇਟ ਅੰਧੇਰੀ ਮਸ, ਸਤਿਜੁਗ ਸਾਚਾ ਚੰਦ ਚਮਕਾਈਆ । ਸਭ ਕੁਛ ਤੇਰੇ ਹੱਥ, ਪਰਮ ਪੁਰਖ ਤੂੰ ਦੇਵਣਹਾਰ ਗੋਸਾਈਆ । ਦੁਰਮਤ ਮੈਲ ਕਟ, ਪਤਤ ਪੁਨੀਤ ਦੇ ਬਣਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਦੱਸ ਕੇ ਆਪਣਾ ਹੱਟ, ਨਾਮ ਨਿਧਾਨ ਸ੍ਰੀ ਭਗਵਾਨ ਦੇ ਵਰਤਾਈਆ । ਝਗੜਾ ਰਹੇ ਨਾ ਅੱਠ ਸੱਠ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਨਾ ਕੋਇ ਲੜਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਪੁਰਖ ਸਮਰਥ, ਸਾਹਿਬ ਸਵਾਮੀ ਅੰਤਰਜਾਮੀ ਘਟ ਘਟ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਲੇਖਾ ਗਏ ਦੱਸ, ਦਹਿ ਦਿਸ਼ਾ ਕਰ ਜਣਾਈਆ । ਨਿਰਗੁਣ ਧਾਰ ਹੋ ਪਰਗਟ, ਜੋਤੀ ਜਾਤੇ ਫੇਰਾ ਪਾਈਆ । ਸਤਿ ਧਰਮ ਸਤਿਜੁਗ ਲਗਾ ਸਤਿ, ਕਲਜੁਗ ਕੂੜ ਕੁੜਿਆਰ ਜੜ੍ਹ ਉਖੜਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦੇ ਬ੍ਰਹਮ ਮਤ, ਦੂਈ ਦਵੈਤੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਤਿਗੁਰ ਤੇਰੇ ਹੱਥ ਵਡਿਆਈਆ । ਤੇਰੇ ਹੱਥ ਵਡਿਆਈ ਧੁਰ ਨਿਰੰਕਾਰ, ਸਚਖੰਡ ਨਿਵਾਸੀ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਸਾਰੇ ਹੋਏ ਖ਼ੁਆਰ, ਧੀਰਜ ਧੀਰ ਨਾ ਕੋਇ ਧਰਾਈਆ । ਈਸਾ ਮੂਸਾ ਮੁਹੰਮਦ ਕਰੇ ਪੁਕਾਰ, ਦਰਗਾਹ ਸਾਚੀ ਕੂਕ ਕੂਕ ਸੁਣਾਈਆ । ਕਿਰਪਾ ਕਰ ਪਰਵਰਦਿਗਾਰ, ਬੇਪਰਵਾਹ ਆਪਣਾ ਪੜਦਾ ਦੇਣਾ ਉਠਾਈਆ । ਲੋਕਮਾਤ ਬਣ ਸਿਕਦਾਰ, ਹੁਕਮ ਆਪਣਾ ਇਕ ਚਲਾਈਆ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਹਉਂ ਬਾਲਕ ਖ਼ਿਦਮਤਗਾਰ, ਤੇਰੀ ਸੇਵਾ ਆਏ ਕਮਾਈਆ । ਸਭ ਨੂੰ ਦੱਸ ਕੇ ਤੇਰਾ ਇਕ ਇੰਤਜ਼ਾਰ, ਲੇਖਾ ਲਿਖਤਾਂ ਵਿਚ ਲਿਖਾਈਆ । ਅਮਾਮਾਂ ਦੇ ਅਮਾਮ ਦੀਨ ਦੁਨੀ ਦੇ ਸਿਕਦਾਰ, ਖ਼ੁਸ਼ੀ ਗ਼ਮੀ ਦੇ ਬਦਲਾਈਆ । ਚੌਦਾਂ ਤਬਕ ਹਾਹਾਕਾਰ, ਚੌਦਾਂ ਵਿਦਿਆ ਦਏ ਦੁਹਾਈਆ । ਸਾਚਾ ਇਸਮ ਨਜ਼ਰ ਨਾ ਆਵੇ ਹਕੀਕੀ ਯਾਰ, ਸ਼ਰੀਕਤ ਵਿਚ ਦਿਸੇ ਲੋਕਾਈਆ । ਮਿਹਰਵਾਨ ਮਹਿਬੂਬ ਆਪਣਾ ਖੇਲ ਕਰ ਅਪਾਰ, ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਕਾਦਰ ਕਦੀਮ ਦੇ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਦੇ ਦੇ ਪੁਰਖ ਸਮਰਥ, ਸ਼ਬਦੀ ਸ਼ਬਦ ਫ਼ਰਮਾਨ ਜਣਾਈਆ । ਕਲਜੁਗ ਕੂੜੀ ਕਿਰਿਆ ਲੋਕਮਾਤ ਵਿਚੋਂ ਜਾਵੇ ਨੱਸ, ਧਰਨੀ ਧਰਤ ਧਵਲ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸ, ਆਤਮ ਆਪਣਾ ਰੰਗ ਰੰਗਾਈਆ । ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਸਚ ਜੈਕਾਰ ਲੱਗੇ ਅਲੱਖ, ਅਲਖ ਅਗੋਚਰ ਪੜਦਾ ਓਹਲਾ ਬਣ ਵਿਚੋਲਾ ਦੇ ਉਠਾਈਆ । ਹਰ ਹਿਰਦੇ ਅੰਦਰ ਪਰਗਟ ਕਰ ਸੱਚ, ਹਰ ਘਟ ਅੰਦਰ ਨਿਰਗੁਣ ਨੂਰ ਕਰ ਰੁਸ਼ਨਾਈਆ ।

ਦੁਰਮਤ ਮੈਲ ਚਾਰ ਵਰਨਾਂ ਅੰਦਰ ਕੱਟ, ਘਟ ਘਟ ਆਪਣਾ ਰੰਗ ਰੰਗਾਈਆ । ਸਭ ਕੁਛ ਤੇਰੇ ਹੱਥ, ਕਰਨ ਕਰਾਵਣਹਾਰ ਤੇਰੀ ਵਡਿਆਈਆ । ਜੋੜ ਕੇ ਦੋਵੇਂ ਹੱਥ, ਨਮਸਤੇ ਕਹਿ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਏਕੰਕਾਰ ਨਵ ਨੌ ਚਾਰ ਵਖਾ ਏਕੋ ਹੱਟ, ਦੂਜਾ ਦਰ ਨਜ਼ਰ ਕੋਇ ਨਾ ਆਈਆ ।

★ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਤਾਰੂ ਸਿੰਘ ਦੇ ਗ੍ਰਹਿ ਪਿੰਡ ਜੰਡੀਰੇ ★

ਸਤਿ ਕਹੇ ਕਲਜੁਗ ਕੂੜੀ ਕਿਰਿਆ ਲੱਗਾ ਦੁੱਖ, ਚਾਰ ਵਰਨ ਅਠਾਰਾਂ ਬਰਨ ਰਹੇ ਕੁਰਲਾਈਆ । ਅੰਤਰ ਆਤਮ ਮਿਲੇ ਨਾ ਕਿਸੇ ਸੁਖ, ਸਾਂਤਕ ਸਤਿ ਨਾ ਕੋਇ ਕਰਾਈਆ । ਫਿਰੀ ਦਰੋਹੀ ਮਾਨਸ ਦੇਹੀ ਮਾਨੁਖ, ਅਗਨੀ ਤਤ ਨਾ ਕੋਇ ਬੁਝਾਈਆ । ਮਨ ਵਾਸਨਾ ਕੂੜੀ ਕਿਰਿਆ ਅੰਦਰੋਂ ਕੱਢੇ ਕੋਇ ਨਾ ਪੁੱਟ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਸੱਜਣ ਮੀਤ ਰਹੇ ਲੁੱਟ, ਪ੍ਰੇਮ ਮੁਹੱਬਤ ਨਾਤਾ ਗਏ ਤੁੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਈ ਫੁੱਟ, ਇਸ਼ਟ ਹਰਿ ਨਾ ਕੋਇ ਮਨਾਈਆ । ਤ੍ਰਿਸ਼ਨਾ ਮੋਹ ਵਿਕਾਰ ਲੱਗੀ ਭੁੱਖ, ਆਸਾ ਮਮਤਾ ਵਿਚ ਹਲਕਾਈਆ । ਪੜਦਾ ਓਹਲਾ ਕਾਇਆ ਮੰਦਰ ਕਿਸੇ ਨਾ ਚੁੱਕੇ ਲੁਕ, ਸਤਿ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਕੂੜਾ ਲੇਖਾ ਦੇਣਾ ਮੁਕਾਈਆ । ਕਲਜੁਗ ਕੂੜੀ ਕਿਰਿਆ ਕੀਤਾ ਅੰਧ, ਨਿਜ ਨੇਤਰ ਲੋਚਣ ਨੈਣ ਨਾ ਕੋਇ ਰੁਸ਼ਨਾਈਆ । ਮਨ ਵਾਸਨਾ ਮੁਕੇ ਕਿਸੇ ਨਾ ਪੰਧ, ਦੀਨ ਦੁਨੀ ਭੱਜੇ ਵਾਹੋ ਦਾਹੀਆ । ਆਤਮ ਸੇਜਾ ਸੁਹਾਏ ਨਾ ਕੋਇ ਪਲੰਘ, ਸਚ ਸਿੰਘਾਸਣ ਬੈਠ ਖ਼ੁਸ਼ੀ ਨਾ ਕੋਇ ਮਨਾਈਆ । ਧੁਨ ਅਨਾਦੀ ਸੁਣੇ ਨਾ ਕੋਇ ਮਰਦੰਗ, ਸ਼ਬਦ ਅਗੰਮੀ ਆਵਾਜ਼ ਨਾ ਕੋਇ ਜਣਾਈਆ । ਜੋਤੀ ਨੂਰ ਚਮਕੇ ਕੋਇ ਨਾ ਚੰਦ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਸਚ ਸਮਾਵੇ ਨਾ ਕੋਇ ਪਰਮਾਨੰਦ, ਨਿਜਾਨੰਦ ਨਾ ਕੋਇ ਰਸਾਈਆ । ਰਸਨਾ ਜਿਹਵਾ ਬੱਤੀ ਦੰਦ ਗਾ ਗਾ ਥੱਕੇ ਛੰਦ, ਢੋਲੇ ਰਾਗਾਂ ਨਾਦਾਂ ਵਿਚ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਪੜਦਾ ਦੇ ਉਠਾਈਆ । ਕਲਜੁਗ ਕੂੜੀ ਕਿਰਿਆ ਵੇਖ ਪਰਮ ਪੁਰਖ ਸਮਰਥ, ਸਾਹਿਬ ਸਵਾਮੀ ਅੰਤਰਜਾਮੀ ਤੇਰੀ ਆਸ ਰਖਾਈਆ । ਸਚ ਵਸਤ ਰਹੀ ਕਿਸੇ ਨਾ ਹੱਥ, ਚਾਰ ਕੁੰਟ ਦਹਿ ਦਿਸ਼ਾ ਖ਼ਾਲੀ ਦਿਸੇ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਜੋ ਮਾਰਗ ਗਏ ਦੱਸ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਗਏ ਥੱਕ, ਥਕਾਵਟ ਵਿਚ ਬੈਠੇ ਢੇਰੀਆਂ ਢਾਹੀਆ । ਮਨ ਵਾਸਨਾ ਕਿਸੇ ਨਾ ਹੋਵੇ ਵੱਸ, ਮਨਸਾ ਮੋਹ ਨਾ ਕੋਇ ਮਿਟਾਈਆ । ਹਕੀਕ਼ਤ ਵਿਚੋਂ ਮਿਲੇ ਕਿਸੇ ਨਾ ਹਕ, ਸ਼ਾਹ ਹਕੀਰ ਪੜਦਾ ਨਾ ਕਿਸੇ ਉਠਾਈਆ । ਨਿਰਗੁਣ ਨੂਰ ਜੋਤ ਹੋਵੇ ਪਰਗਟ, ਕਾਇਆ ਮਾਟੀ ਹੱਟ ਭਾਗ ਨਾ ਕੋਇ ਲਗਾਈਆ । ਸ਼ਬਦ ਅਗੰਮੀ ਵੱਜੇ ਕੋਇ ਨਾ ਸੱਟ, ਸੋਈ ਸੁਰਤੀ ਨਾ ਕੋਇ ਉਠਾਈਆ । ਦੁਰਮਤ ਮੈਲ ਦੇਵੇ ਕੋਈ ਨਾ ਕਟ, ਪਤਤ ਪੁਨੀਤ ਨਾ ਕੋਇ ਬਣਾਈਆ । ਦੀਨਾਂ ਮਜ਼੍ਹਬਾਂ ਜਾਤਾਂ ਪਾਤਾਂ ਵਰਨਾਂ ਬਰਨਾਂ ਕੱਢੇ ਕੋਇ ਨਾ ਵੱਟ, ਆਤਮ ਅੰਤਰ ਨਿਰੰਤਰ ਰੰਗ ਨਾ ਕੋਇ ਰੰਗਾਈਆ । ਜਗਤ ਨਿਸ਼ਾਨ ਮਿਲੇ ਨਾ ਸੁੱਚ ਸੱਚ, ਜੂਠ ਝੂਠ ਘਰ ਘਰ ਡੇਰਾ ਲਾਈਆ । ਕੰਚਨ ਰੂਪ ਦਿਸੇ

ਨਾ ਕਾਇਆ ਮਾਟੀ ਕੱਚ, ਸਾਢੇ ਤਿੰਨ ਹੱਥ ਵੱਜੇ ਨਾ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣਾ ਪ੍ਰੇਮ ਦੇ ਵਧਾਈਆ । ਕਲਜੁਗ ਕੂੜੀ ਕਿਰਿਆ ਮੇਟ ਜਗ, ਜਗਜੀਵਣ ਦਾਤੇ ਤੇਰੀ ਓਟ ਤਕਾਈਆ । ਤ੍ਰਿਸ਼ਨਾ ਲੱਗੀ ਮੇਟ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਹੰਸ ਬੁੱਧੀ ਰਹੇ ਕੋਈ ਨਾ ਕੱਗ, ਮਾਣਕ ਮੋਤੀ ਧੁਰ ਦਾ ਨਾਮ ਦੇ ਚੁਗਾਈਆ । ਆਪਣੇ ਮਿਲਣ ਦੀ ਗਿਆਨ ਨੇਤਰ ਖੋਲ੍ਹ ਅੱਖ, ਪ੍ਰਤੱਖ ਹੋ ਗੋਸਾਂਈਆ । ਚਾਰ ਵਰਨ ਅਠਾਰਾਂ ਬਰਨ ਇਕੋ ਤੇਰਾ ਨਾਮ ਜੈਕਾਰ ਬੋਲਣ ਅਲੱਖ, ਤੂੰ ਹੀ ਤੂੰ ਹੀ ਰਾਗ ਅਲਾਈਆ । ਆਤਮ ਪਰਮਾਤਮ ਧਾਰ ਰਹੇ ਕੋਈ ਨਾ ਵੱਖ, ਪਾਰਬ੍ਰਹਮ ਬ੍ਰਹਮ ਮੇਲਾ ਲੈਣਾ ਮਿਲਾਈਆ । ਤੇਰਾ ਮਾਰਗ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਦਾ ਸੱਚ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਭੇਵ ਗਏ ਦੱਸ, ਢੋਲਿਆਂ ਗੀਤਾਂ ਕਲਮਿਆਂ ਨਗ਼ਮਿਆਂ ਵਿਚ ਗਾਈਆ । ਤੇਰੀ ਮਹਿੰਮਾ ਸਦਾ ਅਕਥ, ਬੁੱਧੀ ਸਮਝ ਸਕੇ ਨਾ ਰਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਹਕ਼ੀਕਤ ਵਿਚੋਂ ਦਿਸੇ ਹਕ਼ੀਕ਼ੀ ਹਕ, ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ ਦਰ ਠਾਂਡੇ ਮੰਗ ਮੰਗਾਈਆ । ਨਿਝਰ ਧਾਰ ਅੰਮ੍ਰਿਤ ਬੂੰਦ ਸਵਾਂਤੀ ਦੇ ਰਸ, ਰਸਤਾ ਵਾਬਸਤਾ ਹੋ ਕੇ ਆਪਣਾ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਅੰਤ ਸ੍ਰੀ ਭਗਵੰਤ, ਆਤਮ ਪਰਮਾਤਮ ਮੇਲਾ ਕਰਨਾ ਨਾਰ ਕੰਤ, ਤੇਰਾ ਮੇਰਾ ਮੇਰਾ ਤੇਰਾ ਭੇਵ ਰਹੇ ਨਾ ਰਾਈਆ । ਕਲਜੁਗ ਕੂੜੀ ਕਿਰਿਆ ਰਹੇ ਨਾ ਲੋਕਮਾਤ, ਮਾਤਰ ਭੂਮੀ ਕਰ ਸਫ਼ਾਈਆ । ਸਤਿ ਧਰਮ ਦੀ ਬਖ਼ਸ਼ ਦਾਤ, ਸਤਿਜੁਗ ਸਾਚਾ ਰਾਹ ਚਲਾਈਆ । ਹਰ ਹਿਰਦੇ ਅੰਦਰ ਕਰ ਪਰਕਾਸ਼, ਪੜਦਾ ਦੂਈ ਦਵੈਤੀ ਲਾਹੀਆ । ਅੰਮ੍ਰਿਤ ਰਸ ਦੇ ਆਬ, ਹਯਾਤੀ ਵਿਚੋਂ ਹਯਾਤੀ ਦੇ ਬਦਲਾਈਆ । ਮਾਨਵ ਜਾਤੀ ਇਕੋ ਕਰੇ ਆਦਾਬ, ਸਜਦਾ ਹਕ ਦੇ ਦ੍ਰਿੜਾਈਆ । ਸਚ ਮੰਦਰ ਅਗੰਮ ਵਖਾ ਮਹਿਰਾਬ, ਮਹਿਬੂਬ ਆਪਣਾ ਪੜਦਾ ਲਾਹੀਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਗੁਰ ਅਵਤਾਰ ਪੈਗ਼ੰਬਰ ਤੇਰਾ ਦੱਸ ਦੇ ਗਏ ਹਿਸਾਬ, ਲੇਖਾ ਲਿਖ ਕੇ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕੂੜੀ ਕਿਰਿਆ ਦੇਣੀ ਮਿਟਾਈਆ । ਕਲਜੁਗ ਕੂੜੀ ਕਿਰਿਆ ਵੇਖ ਜਹਾਨ, ਜਹਾਲਤ ਵਿਚ ਦਿਸੇ ਜਗਤ ਲੋਕਾਈਆ । ਧਰਮ ਰਿਹਾ ਨਾ ਕੋਇ ਨਿਸ਼ਾਨ, ਕੁਕਰਮ ਵਿਚ ਵਡਿਆਈਆ । ਵਰਨ ਬਰਨ ਹੋਏ ਹੈਰਾਨ, ਧੀਰਜ ਧੀਰ ਨਾ ਕੋਇ ਧਰਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕੁਰਲਾਣ, ਬਹੁੜੀ ਬਹੁੜੀ ਕਰ ਸੁਣਾਈਆ । ਤੀਰਥ ਤਟ ਨੇਤਰ ਨੈਣਾਂ ਨੀਰ ਵਹਾਣ, ਗੰਗਾ ਗੋਦਾਵਰੀ ਜਮਨਾ ਸੁਰਸਤੀ ਧੀਰ ਨਾ ਕੋਇ ਧਰਾਈਆ । ਉੱਤਰ ਪੂਰਬ ਪੱਛਮ ਦੱਖਣ ਭਰਮੇ ਭੁੱਲਾ ਸਰਬ ਇਨਸਾਨ, ਹਕ਼ੀਕ਼ਤ ਹਕ ਨਾ ਕੋਇ ਜਣਾਈਆ । ਤੇਰਾ ਮੰਤਰ ਨਿਰੰਤਰ ਫੁਰਨਿਆਂ ਤੋਂ ਪਰੇ ਦੱਸੇ ਨਾ ਕੋਈ ਬਿਨਾ ਕਾਨ, ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਮਾਇਆ ਮਮਤਾ ਸਭ ਨੂੰ ਕੀਤਾ ਬੇਈਮਾਨ, ਬੇਵਾ ਦਿਸੀ ਜਗਤ ਲੋਕਾਈਆ । ਸਚ ਪ੍ਰੀਤੀ ਧੁਰ ਦੀ ਨੀਤੀ ਨਿਰਗੁਣ ਮਿਲੇ ਕੋਇ ਨਾ ਆਣ, ਸਰਗੁਣ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲ ਦੀਨ ਦਿਆਲ ਸਾਹਿਬ ਸਮਰਥ ਪਰਵਰਦਿਗਾਰ ਸਾਂਝੇ ਯਾਰ, ਜੋਤੀ ਜਾਤੇ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਦਿਸੇ ਸੰਸਾਰ, ਸੰਸਾਰੀ ਸਿਰ

੨੬੯
੨੦

ਨਾ ਕੋਇ ਉਠਾਈਆ । ਅੰਤਰ ਦਿਸੇ ਨਾ ਕਿਸੇ ਪਿਆਰ, ਪ੍ਰੀਤੀ ਪ੍ਰੇਮ ਨਾ ਕੋਇ ਵਧਾਈਆ । ਮੰਜ਼ਲ ਮਿਲੇ ਨਾ ਕਿਸੇ ਹਕ ਨਜ਼ਰ ਆਏ ਨਾ ਹਕ਼ੀਕੀ ਯਾਰ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਨਿਰਮਲ ਜੋਤ ਨਾ ਕੋਇ ਉਜਿਆਰ, ਬਿਨਾਂ ਤੇਲ ਬਾਤੀ ਨੂਰ ਡਗ ਨਾ ਕੋਇ ਮਗਾਈਆ । ਦੁੱਖਾਂ ਵਿਚ ਦੁਖੀ ਹੋਏ ਦੁਖਿਆਰ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਕਲਜੁਗ ਕੂੜੀ ਕਿਰਿਆ ਰਹੇ ਨਾ ਧਰਤ, ਧਰਨੀ ਧਵਲ ਧੌਲ ਮਿਲੇ ਵਡਿਆਈਆ । ਚਿੰਤਾ ਸੋਗ ਮਿਟਾ ਹਰਖ, ਸਾਂਤਕ ਸਤਿ ਦੇ ਵਰਤਾਈਆ । ਮਿਹਰਵਾਨ ਕਰ ਤਰਸ, ਗ਼ਰੀਬ ਨਿਮਾਣੇ ਦੇਣ ਦੁਹਾਈਆ । ਤੂੰ ਮਾਲਕ ਵਾਲੀ ਆਅਲਾ ਅਰਸ਼, ਪ੍ਰੀਤਮ ਨੂਰ ਖ਼ੁਦਾਈਆ । ਨਿਰਗੁਣ ਧਾਰ ਵੇਖ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੂਠ ਝੂਠ ਮਨ ਵਾਸਨਾ ਕੂੜ ਕਿਰਿਆ ਸਭ ਨੂੰ ਕਰੇ ਗ਼ਰਕ, ਗਹਿਰ ਗੰਭੀਰ ਬੇਨਜ਼ੀਰ ਤੇਰਾ ਭੈ ਨਾ ਕੋਇ ਰਖਾਈਆ । ਗੁਰ ਅਵਤਾਰਾਂ ਦੀ ਸਿਖਿਆ ਸਾਰਿਆਂ ਕੀਤੀ ਤਰਕ, ਪੈਗ਼ੰਬਰਾਂ ਸੀਸ ਨਾ ਕੋਇ ਝੁਕਾਈਆ । ਦੀਨ ਮਜ਼੍ਹਬ ਪੈ ਗਿਆ ਫ਼ਰਕ, ਜਾਤ ਪਾਤ ਕਰੇ ਲੜਾਈਆ । ਸ੍ਰਿਸ਼ਟੀ ਵਿਚ ਦ੍ਰਿਸ਼ਟੀ ਵਿਚ ਅਗਲਾ ਸਾਲ ਦਿਸੇ ਬੜਾ ਸਖ਼ਤ, ਦੁੱਖਾਂ ਵਿਚ ਰੋਵੇ ਲੋਕਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਪੈਣਾ ਬਖ਼ਤ, ਸਿਰ ਹੱਥ ਨਾ ਕੋਇ ਟਿਕਾਈਆ । ਉੱਤਰ ਪੂਰਬ ਚੜ੍ਹਨਾ ਕਟਕ, ਪੱਛਮ ਹਾਹਾਕਾਰ ਰਖਾਈਆ । ਕੁਛ ਲਹਿਣਾ ਦੇਣਾ ਫ਼ਰੀਦੀ ਖਟਕ, ਮਸੂਦੀ ਨਾਲ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਵੇਖਣ ਉਪਰ ਅਰਸ਼, ਜੋ ਭਵਿਖਤ ਗਏ ਲਿਖਾਈਆ । ਖੇਲ ਹੋਣਾ ਉਤੇ ਫ਼ਰਸ਼, ਧਰਤੀ ਖ਼ਾਕੀ ਦਏ ਦੁਹਾਈਆ । ਮਿਹਰਵਾਨ ਕਰ ਤਰਸ, ਰਹਿਮਤ ਤੇਰੀ ਬੇਪਰਵਾਹੀਆ । ਛੁਰੀ ਚਲੇ ਜਗਤ ਮੂਲ ਨਾ ਕਰਦ, ਕਤਲਗਾਹ ਨਾ ਕੋਇ ਬਣਾਈਆ । ਪਰਗਟ ਹੋ ਮਰਦਾਨੇ ਮਰਦ, ਮੱਦਦ ਤੇਰੀ ਮੰਗ ਮੰਗਾਈਆ । ਸਚ ਬੇਨੰਤੀ ਨਮਸਤੇ ਵਿਚ ਅਰਜ਼, ਆਰਜ਼ੂ ਦਿਤੀ ਸੁਣਾਈਆ । ਬਿਨਾਂ ਭਗਤਾਂ ਸਾਚੇ ਸੰਤਾਂ ਸੂਫ਼ੀ ਸੰਤ ਫ਼ਕੀਰਾਂ ਤੇਰੀ ਕਿਸੇ ਨਹੀਂ ਗ਼ਰਜ਼, ਬੇਗ਼ਰਜ਼ੀ ਵਿਚ ਲੋਕਾਈਆ । ਤੇਰਾ ਖੇਲ ਹੋਣਾ ਅਸਚਰਜ, ਜਗਤ ਬੁੱਧੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਲੱਖ ਚੁਰਾਸੀ ਜੀਵ ਜੰਤ ਆਤਮ ਪਰਮਾਤਮ ਧਾਰ ਤੇਰੇ ਕੋਲ ਫ਼ਰਦ, ਫ਼ਰਦ ਜ਼ੁਲਮ ਸ਼ਬਦੀ ਧਾਰ ਹੁਕਮੇ ਅੰਦਰ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਮਾਇਆ ਤਤ ਤਨ ਵਜੂਦ ਕਰ ਪਿਆਰ, ਵਿਚ ਸੰਸਾਰ ਸਾਂਝੇ ਯਾਰ ਦੇਣਾ ਸੁਣਾਈਆ ।

### ★ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੨ ਮਿਰਜਈਆਂ ਨਾਲ ਪਿੰਡ ਕਾਦੀਆਂ ਜ਼ਿਲਾ ਗੁਰਦਾਸਪੁਰ ★

ਗੋਸ਼ੇ ਨਾ ਜੁਦਾ, ਸਜਦਾ ਖ਼ੁਦਾ ਰਹਿਮਤੇ ਇਲਾਹੀਆ । ਮਿਟੇ ਕਾਇਨਾਤੇ ਵਟਾ ਮਿਲੇ ਹਯਾਤੇ ਅਬਾ, ਆਬੇ ਹਯਾਤ ਤੇਰੀ ਰਹਿਮਤ ਨਜ਼ਰੀ ਆਈਆ । ਮੁਹੱਬਤੇ ਗ਼ਿਜ਼ਾ ਸੁਹਬਤੇ ਸਦਾ, ਜ਼ਮੀਰੇ ਜ਼ਮਾਂ ਕਰ ਰੁਸ਼ਨਾਈਆ । ਅੱਵਲੇ ਅਜ਼ਾਂ ਬੇਖ਼ਬਰੇ ਨਵਾਂ, ਮਹਿਬੂਬੇ ਮੁਹੱਬਤ ਜਲਵਾਗਰ ਤੇਰੀ ਰੁਸ਼ਨਾਈਆ । ਨੂਰੇ ਨਿਜ਼ਾ ਜਹੂਰੇ ਜਹਾਂ ਅਜ਼ੀਮੇ ਅਸ਼ਾਂ, ਆਲੀਸ਼ਾਨ ਦਰੇ ਦਰਬਾਰ ਸੋਭਾ ਪਾਈਆ । ਮਿਰਜ਼ਾਏ ਮਹਿਬੂਬ ਮੁਹੱਬਤੇ ਅਰੂਜ ਮਨਜ਼ਲੇ

ਮਕਸੂਦ, ਦਰਗਾਹ ਸਾਚੀ ਪੜਦਾ ਦਏ ਉਠਾਈਆ । ਲੇਖੇ ਲੱਗੇ ਤਨ ਵਜੂਦ, ਖ਼ਾਕੀ ਕਲਬੂਤ ਤੇਰਾ ਜਲਵਾ ਸਬੂਤ, ਗ਼ਮੇ ਗ਼ਮ ਦੇ ਮਿਟਾਈਆ । ਨੂਰੇ ਸਬੀ, ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਮਿਟਾਏ ਸਦੀ ਗਵਾਏ ਖ਼ੁਦੀ ਵਬਾਏ ਰਦੀ, ਜਲਵਾ ਨੂਰ ਕਰੇ ਰੁਸ਼ਨਾਈਆ । ਚੌਧਵੀਂ ਸਦੀ ਮਹਿਬੂਬੇ ਮੈਹਦੀ ਮਿਰਜ਼ਾਏ ਮਾਲਕਾਨ ਵਾਹਦੇ ਵਾਲੀ ਦੋ ਜਹਾਨ, ਸਬਕ ਇਲਹਾਮ, ਚੌਦਾਂ ਤਬਕੇ ਕਲਾਮ, ਕਾਇਨਾਤ ਏਕਾ ਰੰਗ ਵਖਾਈਆ । ਤਨ ਖ਼ਾਕੀ ਮਾਟੀ ਵਜੂਦੇ ਗ਼ੁਲਾਮ, ਮੁਹੱਬਤੇ ਇਸਲਾਮ, ਹਜ਼ਰਤੇ ਪੈਗ਼ਾਮ, ਵਸੀਅਤੇ ਮੈਦਾਨ, ਸਲਾਮ ਇਕੋ ਨੂਰ ਖ਼ੁਦਾਈਆ । ਬੁਤ ਪਰਸਤੀ ਹਰਾਮ, ਵਾਹਦੇ ਅਮਾਮ, ਦੀਨ ਦੁਨੀ ਦਾ ਮਾਲਕ ਇਕੋ ਨਜ਼ਰੀ ਆਈਆ । ਦੌਲਤ ਖ਼ਾਨਾ ਦੂਆ ਘਰ, ਡਾਕਖਾਨਾ ਰਹਿਮਤ ਬੇਪਰਵਾਹੀਆ । ਤਹਿਸੀਲ ਜ਼ਿਲਾ ਓਸੇ ਦੀ ਬਿਨਾ ਪਰ, ਜਿਸ ਰੂਹ ਬੁਤ ਵਿਚ ਟਿਕਾਈਆ । ਓਸ ਨੂੰ ਮੁਲਕੋ ਮਜ਼੍ਹਬ ਮਾਈ ਬਾਪ ਪਿਸਰ ਪਿਦਰ ਵਾਹਦ ਖ਼ੁਦਾ ਕਰ, ਖ਼ੁਦ ਆਪਣਾ ਆਪ ਓਸੇ ਦੀ ਝੋਲੀ ਪਾਈਆ । ਜਿਸ ਜੁਦਾ ਕਰ ਕੇ ਕੀਤਾ ਗਦਾਗਰ, ਕਾਇਨਾਤ ਸ੍ਰਿਸ਼ਟੀ ਦੁਨੀਆ ਜਗਤ ਵਾਸਨਾ ਗਲੀ ਗਲੀ ਦਿਤਾ ਫਿਰਾਈਆ । ਅੰਤ ਓਸੇ ਉਤੋਂ ਆਪਣਾ ਆਪ ਫ਼ਿਦਾ ਕਰ, ਵਾਹਦ ਅੱਗੇ ਦੁਆ ਕਰ, ਮੁਫ਼ਲਿਸਾਂ ਰਜ਼ਾ ਕਰ, ਨਮਾਜ਼ ਤੇਰੇ ਦਰ ਕਬੂਲੇ ਕੁਦਰਤ ਕਾਦਰ ਕਾਦੀਆਂ ਨੂਰ ਨਜ਼ਰੀ ਆਈਆ । ਕਾਦੀਆਂ ਕੁਦਰਤ ਨੂਰੇ ਮਿਰਜ਼ਾ, ਮਜ਼ਾਰ ਵੇਖੇ ਜਗਤ ਲੋਕਾਈਆ । ਸੰਸਾਰ ਵਾਲੀ ਨਾ ਮਸਜਿਦ ਨਾ ਗਿਰਜਾ, ਗ੍ਰਿਹਿ ਬੈਠਾ ਨੂਰੇ ਖ਼ੁਦਾਈਆ । ਜਿਸ ਦੀ ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਚਰਚਾ, ਚਰਚਾਂ ਵਿਚੋਂ ਹੱਥ ਕਿਸੇ ਨਾ ਆਈਆ । ਜਿਨ੍ਹਾਂ ਨੂੰ ਸਚ ਕਲਾਮ ਦਾ ਸਚ ਨਾਮ ਦਾ ਸਚ ਪੈਗ਼ਾਮ ਦਾ ਸਚ ਅਮਾਮ ਦਾ ਧੁਰਦਰਗਾਹੀ ਮਿਲ ਗਿਆ ਖ਼ਰਚਾ, ਕਾਇਨਾਤ ਵਿਚੋਂ ਕਾਇਮ ਨਜ਼ਰੀ ਆਈਆ । ਜੀਵਣ ਵਿਚ ਜ਼ਿੰਦਗੀ ਵਿਚ ਮਹਿਬੂਬ ਮਿਲਣ ਦਾ ਸਦਕਾ, ਪੰਜ ਤਤ ਖ਼ਾਕੀ ਵਜੂਦ ਤਨ ਮਿਲੀ ਬੁਤ ਵਡਿਆਈਆ । ਜਿਸ ਨੂੰ ਉਡੀਕਦਾ ਸੰਸਾਰ ਕਦ ਦਾ, ਕਦੀਮ ਦਾ ਰਾਹ ਤਕਾਈਆ । ਉਹ ਵਕਤ ਸੁਹਾਵਣਾ ਕਰੇ ਅੱਜ ਦਾ, ਅਜ਼ਲ ਤੋਂ ਇਕ ਗ਼ਜ਼ਲ ਨਾਲ ਸਾਰੇ ਲਏ ਬਚਾਈਆ । ਨਬੀਆਂ ਨਾਲ ਮੇਲਾ ਮੁਰਸ਼ਦਾਂ ਨਾਲ ਮੁਰਸ਼ਦਾਂ ਨਾਲ ਮੁਰੀਦਾਂ ਜੋੜ ਹੁੰਦਾ ਸਬਬ ਦਾ, ਸਦੀਆਂ ਦੇ ਵਿਛੜੇ ਮਿਹਰ ਨਿਗਾਹ ਪਾਰ ਕਰਾਈਆ । ਜੋ ਮੁਹੱਬਤ ਵਿਚ ਪਿਆਰਾ ਆਪਣਾ ਮਹਿਬੂਬ ਕਾਇਆ ਕਾਅਬੇ ਅੰਦਰ ਸੱਦ ਦਾ, ਉਸ ਦੇ ਅੰਦਰ ਅਗੰਮੀ ਅਰਸ਼ੀ ਉਹ ਰਬਾਬ ਵੱਜਦਾ, ਜਿਸ ਨੂੰ ਤੰਦ ਸਤਾਰ ਨਾ ਕੋਇ ਹਿਲਾਈਆ । ਮਾਲਕ ਓਨ੍ਹਾਂ ਪਿਆਰਿਆਂ ਸੱਦ ਦਾ, ਜਿਨ੍ਹਾਂ ਦਾ ਵਜੂਦ ਵਜਦ ਵਿਚ ਦਏ ਵਖਾਈਆ । ਸੋ ਸੂਫ਼ੀ ਓਸ ਦੀ ਮੁਹੱਬਤ ਖ਼ੁਸ਼ੀ ਵਿਚ ਨੱਚਦਾ, ਮਲੰਗ ਹੋ ਕੇ ਅੰਦਰ ਰੰਗ ਚੜ੍ਹਾਈਆ । ਸਭ ਦਾ ਲੇਖਾ ਪੂਰਾ ਹੋਣਾ ਹੱਜ ਦਾ, ਹਾਜ਼ਰ ਹੋ ਕੇ ਮਿਰਜ਼ੇ ਦਾ ਮਹਿਬੂਬ ਮਿਰਜ਼ੇ ਰਾਹੀਂ ਸਭ ਨੂੰ ਦਰਸ ਵਖਾਈਆ । ਜੋ ਹਰ ਇਕ ਅੰਦਰ ਵਸਦਾ, ਸ਼ਰੀਰ ਅੰਦਰ ਬੇਨਜ਼ੀਰ ਬੈਠਾ ਆਪਣਾ ਨੂਰ ਕਰੇ ਰੁਸ਼ਨਾਈਆ । ਬਿਨਾ ਮੁਰਸ਼ਦ ਤੋਂ ਤਲਾਸ਼ ਕੀਤਿਆਂ ਖੋਜਿਆਂ ਲੱਭਿਆਂ ਕਿਸੇ ਨਹੀਂ ਲੱਭਦਾ, ਰਹਿਮਤ ਨਾਲ ਸਹਿਮਤ ਹੋ ਕੇ ਅਹਿਮਕ ਪਾਰ ਕਰਾਈਆ । ਦੂਈ ਦਵੈਤੀ ਸ਼ਰਅ ਸ਼ਰੀਅਤ ਝਗੜਾ ਮੁਕਾ ਕੇ ਜਗ ਦਾ, ਪਿਆਰਿਆਂ ਫੇਰ ਹਕ਼ੀਕ਼ਤ ਵਾਲੇ ਦਵਾਰੇ ਸੱਦ ਦਾ, ਲਾਸ਼ਰੀਕ ਹੋ ਕੇ ਹੁਕਮ ਅਗੰਮੀ ਇਕ ਸੁਣਾਈਆ । ਏਸੇ ਕਾਰਨ ਸਚਿਆਈ ਦਾ ਸਚ ਸਦਾ ਵਧਦਾ, ਸਦਾ ਸਦਾ ਮਿਲਦੀ ਰਹੇ ਵਡਿਆਈਆ ।

## ★ ਮਿਰਜ਼ੇ ਦੇ ਮਜ਼ਾਰ ਉਤੇ ★

ਮਿਰਜ਼ਾ ਸਾਹਿਬ ਹਕ ਜ਼ਿਆਰਤ, ਜ਼ਈਫ ਜਵਾਂ ਏਕਾ ਨਜ਼ਰੀ ਆਈਆ । ਜਿਸ ਦੀ ਸਿਫ਼ਤ ਕਰੇ ਨਾ ਕੋਇ ਇਬਾਰਤ, ਜਗਤ ਤਾਲੀਮ ਨਾ ਕੋਇ ਵਡਿਆਈਆ । ਸਭ ਤੋਂ ਪਾਕ ਕਾਇਆ ਇਮਾਰਤ, ਜਿਸ ਵਿਚ ਮਹਿਬੂਬ ਮਿਲ ਕੇ ਮੁਹੱਬਤ ਲਈ ਨਿਭਾਈਆ । ਲੱਭਣੀ ਪਈ ਨਾ ਕੋਇ ਸਫ਼ਾਰਸ਼, ਵਿਚੋਲਾ ਵਿਚ ਨਾ ਕੋਇ ਰਖਾਈਆ । ਜੋਤੀ ਜਲਵੇ ਹੋਇਆ ਤੁਆਰਫ਼, ਨੂਰ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲ ਖੇਲ ਵਿਚੋਂ ਸਮਝਾਈਆ । ਹਕ ਜ਼ਿਆਰਤ ਮੁਕਾਮੇ ਹਕ, ਮੁਹੱਬਤ ਦਾ ਮਾਲਕ ਨਜ਼ਰੀ ਆਈਆ । ਜਗਤ ਆਸ਼ਾ ਰਹੇ ਕੋਇ ਨਾ ਸ਼ੱਕ, ਸ਼ਿਕਵਾ ਮਨ ਨਾ ਕੋਇ ਚਤੁਰਾਈਆ । ਮਿਲ ਕੇ ਵਾਹਦ ਏਕ ਯੱਕ, ਯਕਤਰਫ਼ ਹੋ ਕੇ ਖ਼ੁਸ਼ੀ ਮਨਾਈਆ । ਵੇਖ ਅਨੋਖੀ ਅੱਖ, ਪ੍ਰਤੱਖ ਬੇਪਰਵਾਹੀਆ । ਕਹਿਕਹਾ ਲਗਾ ਕੇ ਅੰਦਰ ਗਿਆ ਹੱਸ, ਬਾਹਰੋਂ ਮੁਸਕਰਾਹਟ ਨਜ਼ਰ ਕਿਸੇ ਨਾ ਆਈਆ । ਪਿਆਰ ਮੁਹੱਬਤ ਵਿਚ ਹੋਇਆ ਬੇਵੱਸ, ਵਾਸਤਾ ਇਕੇ ਨਾਲ ਜੁੜਾਈਆ । ਆਬੇ ਹਯਾਤ ਮਿਲਿਆ ਅਗੰਮਾ ਰਸ, ਰਸਤੇ ਵਿਚੋਂ ਰਸਤਾ ਦਿਤਾ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਜ਼ਰ ਨਜ਼ਰ ਨਾਲ ਮਿਲਾਈਆ । ਮਿਰਜ਼ਾ ਤਨ ਮਾਟੀ ਖ਼ਾਕੀ ਨਹੀਂ ਮਜ਼ਾਰ, ਜਗਤ ਰੰਗ ਨਾ ਕੋਇ ਵਡਿਆਈਆ । ਮਿਲ ਕੇ ਹਕ਼ੀਕ਼ੀ ਯਾਰ, ਹਿਕਮਤ ਦੀਨ ਦੁਨੀ ਗਿਆ ਸਮਝਾਈਆ । ਪੈਗ਼ੰਬਰਾਂ ਦਾ ਸਰਦਾਰ, ਮੁਕਾਮੇ ਹਕ ਹਕ ਬੈਠਾ ਡੇਰਾ ਲਾਈਆ । ਜਿਸ ਦਾ ਸਾਰੇ ਕਰਦੇ ਗਏ ਇੰਤਜ਼ਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨਾਂ ਵਿਚ ਇਜ਼ਹਾਰ, ਸੰਦੇਸ਼ੇ ਦੇਂਦੇ ਗਏ ਗੁਰ ਅਵਤਾਰ, ਪੈਗ਼ੰਬਰ ਪੈਗ਼ਾਮ ਵਿਚ ਸੁਣਾਈਆ । ਸੋ ਨੂਰੀ ਨੂਰ ਨਿਰਾਕਾਰ, ਸਾਢੇ ਤਿੰਨ ਹੱਥ ਕਰੇ ਉਜਿਆਰ, ਮਹੱਲ ਅਟਲ ਸੁਹਾਏ ਇਕ ਮਨਾਰ, ਮਹਿਬੂਬ ਹੋ ਕੇ ਮੁਹੱਬਤ ਵਿਚ ਰਖਾਈਆ । ਬਿਨ ਅੱਖਾਂ ਕਰ ਦੀਦਾਰ, ਕਦਮਬੋਸੀ ਧੁਰ ਪਿਆਰ, ਖ਼ਾਮੋਸ਼ੀ ਵਿਚ ਆਪਣਾ ਹਾਲ ਸੁਣਾਈਆ । ਅੰਤ ਛੱਡਣਾ ਪਏ ਸੰਸਾਰ, ਰੂਹ ਬੁਤ ਸਦਾ ਨਾ ਰਹੇ ਪਿਆਰ, ਤੇਰਾ ਨੂਰ ਤੇਰੇ ਇਖ਼ਤਿਆਰ, ਇਖ਼ਤਲਾਫ਼ ਵਿਚ ਰਹਿਣ ਕਦੇ ਨਾ ਪਾਈਆ । ਤੇਰਾ ਬਰਖ਼ੁਰਦਾਰ ਤੇਰੇ ਕਲਮੇ ਦਾ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰੇ ਨੂਰਾਂ ਵਾਲੀ ਦੋ ਜਹਾਨ, ਇਸਮ ਅਜ਼ਾਂ ਮਿਹਰਵਾਨ ਆਲੀਸ਼ਾਨ ਸ਼ਹਿਨਸ਼ਾਹ ਆਪ ਆਪਣੇ ਰੰਗ ਰੰਗਾਈਆ । ਅੱਛਾ ਸੋ ਜੋ ਅੱਛੀ ਤਰਾ ਜਾਏ ਜਾਣ, ਅਕਲ ਤੋਂ ਅੱਗੇ ਧਿਆਨ ਲਗਾਈਆ । ਜਿਥੇ ਵਸੇ ਨਿਗਾਹਬਾਨ, ਮਹਿਬੂਬ ਬੇਪਰਵਾਹੀਆ । ਪੈਗ਼ੰਬਰ ਜਿਸ ਦਾ ਜਗਤ ਨਿਸ਼ਾਨ, ਕਲਮੇ ਕਾਇਨਾਤ ਪੜ੍ਹਾਈਆ । ਰਸੂਲਾਂ ਦਾ ਅਮਾਮ, ਸਦਾ ਬਦਲਣਹਾਰ ਇੰਤਜ਼ਾਮ, ਨਜ਼ਾਮ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਵੇਖੇ ਮਾਰ ਧਿਆਨ, ਅਗੰਮੀ ਕਲਮੇ ਦਾ ਦਏ ਕਲਾਮ, ਕਾਇਨਾਤ ਸਿਖਿਆ ਇਕ ਅਵਾਮ ਉੱਤਰ ਪੂਰਬ ਪੱਛਮ ਦੱਖਣ ਇਕੋ ਹੁਕਮ ਵਰਤਾਈਆ । ਮਿਰਜ਼ਾ ਮਿਰਜ਼ੇ ਕਰੇ ਪਰਨਾਮ, ਜਿਸ ਦਾ ਨਿਵਾਸ ਹਕ ਮੁਕਾਮ, ਖੇਲ ਜ਼ਿਮੀਂ ਅਸਮਾਨ, ਆਅਲਾ ਅਦਨਾ ਵੇਖ ਵਖਾਈਆ । ਸੋ ਅੱਛਾ ਜਿਸ ਮੁਰਸ਼ਦ ਮੁਰੀਦ ਬਣਾ ਕੇ ਦੀਦ ਵਿਚ ਦਿਤਾ ਇਕ ਨਿਸ਼ਾਨ, ਈਦ ਵਿਚ ਆਅਲਾ ਮਿਲਿਆ ਆਣ, ਵਿਛੋੜਾ ਰਹਿਣ ਕੋਇ ਨਾ ਪਾਈਆ । ਇਹਨੂੰ ਸਦਾ ਲਿਖੀਏ ਖ਼ੁਸ਼ਖ਼ਤ, ਖ਼ਤੂਤ ਖ਼ਤਾ ਵਿਚ ਨਾ ਕੋਇ ਲਿਆਈਆ । ਅੰਦਰ ਖਾਤੇ ਆਪਣੇ ਰੱਖ, ਆਲਮਾਂ ਫ਼ਾਜ਼ਲਾਂ ਅੱਗੇ ਟਿਕਾਈਆ । ਜੋ ਮੁਹੱਬਤ ਜਾਨਣ ਹਕ, ਹਕ਼ੀਕ਼ਤ ਦਾ ਰਾਹ ਤਕਾਈਆ । ਓਨ੍ਹਾਂ ਨੂੰ ਦੇਈਏ

ਹੱਥ, ਜਿਨ੍ਹਾਂ ਨੂੰ ਵਸਲ ਮਿਲੇ ਯਾਰ ਖ਼ੁਦਾਈਆ । ਦੀਨ ਮਜ਼੍ਹਬ ਤੋਂ ਹੋ ਕੇ ਵੱਖ, ਸ਼ਰਅ ਜ਼ੰਜੀਰ ਤੁੜਾਈਆ । ਖ਼ੁਦਾਵੰਦ ਕਰੀਮ ਰਹੀਮ ਰਹਿਮਤਾਂ ਦਾ ਮਾਲਕ ਸਮਝ ਕੇ ਸੱਚ, ਇਕੋ ਓਟ ਰਖਾਈਆ । ਜਿਸ ਦੇ ਸਭ ਕੁਛ ਹੱਥ, ਵੱਸ ਖ਼ਲਕ ਖ਼ੁਦਾਈਆ । ਨਬੀ ਰਸੂਲ ਪੈਗ਼ੰਬਰ ਗੁਰ ਅਵਤਾਰ ਸੂਫ਼ੀ ਓਸੇ ਦਾ ਭੇਵ ਰਹੇ ਦੱਸ, ਪੜਦਾ ਰਹੇ ਉਠਾਈਆ । ਰਲ ਮਿਲ ਕੇ ਮਿਰਜ਼ੇ ਦੇ ਮਹਿਬੂਬ ਦਾ ਮਜ਼ਾਰ ਉਤੇ ਗਾਈਏ ਜੱਸ, ਜੋ ਹਾਜ਼ਰ ਹੋ ਕੇ ਹਜ਼ੂਰ ਧੁਰ ਦਾ ਨੂਰ ਨੂਰ ਨੁਰਾਨਾ ਕਰੇ ਰੁਸ਼ਨਾਈਆ । ਸ਼ੁਕਰੀਏ ਵਿਚ ਸਦਾ ਨਵਾਜ਼ਸ਼, ਨਵਾਜ਼ਿਸ਼ ਵਿਚੋਂ ਸ਼ੁਕਰੀਆ ਸ਼ੁਕਰ ਮਨਾਈਆ । ਅੰਦਰ ਮਨ ਕਰੇ ਕੋਈ ਨਾ ਸਾਜ਼ਿਸ਼, ਜਗਤ ਵਾਸਨਾ ਨਾ ਕੋਇ ਲੜਾਈਆ । ਬੁੱਝੇ ਲੱਗੀ ਆਤਿਸ਼, ਸਾਂਤਕ ਸਤਿ ਵਖਾਈਆ । ਪਿਆਰ ਮੁਹੱਬਤ ਹੋਵੇ ਖ਼ਾਲਸ, ਇਕੋ ਰੰਗ ਰੰਗਾਈਆ । ਕੁਛ ਥੋੜ੍ਹਾ ਲੇਖਾ ਮਿਰਜ਼ਾ ਸਾਹਿਬ ਆਯੂ ਬਾਲਕ, ਚੌਦਾਂ ਵਰਖ ਤਿੰਨ ਮਾਸ ਨਾਲ ਵੰਡਾਈਆ । ਪੈਗ਼ਾਮ ਦਿਤਾ ਖ਼ਲਕ ਖ਼ਾਲਕ, ਖ਼ੁਦ ਹੁਕਮ ਹੁਕਮ ਵਿਚੋਂ ਜਣਾਈਆ । ਜਿਸ ਨੂੰ ਸਮਝ ਨਾ ਸਕੇ ਕੋਈ ਅਣਜਾਣਤ, ਜਗਤ ਅੱਖਰਾਂ ਨਾ ਕੋਇ ਲਿਖਾਈਆ । ਕਲਮ ਸ਼ਾਹੀ ਉਠੀ ਨਾ ਕਿਸੇ ਕਾਤਬ, ਕੁਤਬਖਾਨੇ ਦੇਣ ਦੁਹਾਈਆ । ਜਿਸ ਵੇਲੇ ਖ਼ੁਦਾ ਨੇ ਮਿਰਜ਼ੇ ਦਾ ਕੀਤਾ ਆਪ ਤੁਆਕਬ, ਪਿਛੇ ਹੋ ਕੇ ਪੁਸ਼ਤ ਪਨਾਹ ਹੱਥ ਟਿਕਾਈਆ । ਭੇਵ ਖੋਲ੍ਹ ਆਪਣੀ ਮਾਰਫ਼ਤ, ਮੁਆਫ਼ ਕਰ ਕੇ ਗੁਸਤਾਖ਼ ਗ਼ੁੱਸਾ ਤਨ ਰਿਹਾ ਨਾ ਰਾਈਆ । ਆਪਣੇ ਕਲਮੇ ਦੀ ਦੇ ਕੇ ਨਿਆਮਤ, ਅਗਲਾ ਭੇਵ ਖੁਲ੍ਹਾ ਕੇ ਕਿਆਮਤ, ਮਿਤਰ ਦੋਸਤ ਮੁਰੀਦ ਖ਼ੁਦਾ ਦੀ ਦੱਸ ਕੇ ਅਮਾਨਤ, ਝੋਲੀ ਸਹਿਜੇ ਦਿਤੇ ਟਿਕਾਈਆ । ਨਾਲ ਕਿਹਾ ਮਿਰਜ਼ਾ ਤੇਰੇ ਨਾਲ ਮਹਿਬੂਬ ਮਿਲ ਕੇ ਦੇਵੇ ਇਨ੍ਹਾਂ ਦੀ ਜ਼ਮਾਨਤ, ਬਰੀ ਘਰੀਂ ਘਰੀਂ ਕਰਾਈਆ । ਏਨ੍ਹਾਂ ਕਰੇ ਨਾ ਕੋਇ ਮਮਾਨਤ, ਜਿਨ੍ਹਾਂ ਦਾ ਅੰਦਰ ਸਹੀ ਸਲਾਮਤ, ਸਾਬਤ ਮੁਰਸ਼ਦ ਜਿਨ੍ਹਾਂ ਨੂੰ ਨਜ਼ਰੀ ਆਈਆ । ਜਗਤ ਵਾਸਨਾ ਕੂੜੀ ਕਿਰਿਆ ਮਜ਼੍ਹਬ ਪਰਸਤੀ ਰਹੇ ਨਾ ਕੋਇ ਅਲਾਮਤ, ਸਚ ਨਾਲ ਸਚ ਦਾ ਮੇਲ ਮਿਲਾਈਆ ।

### ★ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਕੌਰ ਦੇ ਗ੍ਰਿਹ ਠੀਕਰੀ ਵਾਲਾ ਜ਼ਿਲਾ ਗੁਰਦਾਸਪੁਰ ★

ਝੁੱਗੀ ਕਹੇ ਮੇਰੀ ਪੂਰੀ ਹੋਵੇ ਆਸ, ਜੁਗ ਜਨਮ ਦੀ ਆਸ ਰਖਾਈਆ । ਕੂੜੀ ਤ੍ਰਿਸ਼ਨਾ ਬੁਝੇ ਪਿਆਸ, ਮਮਤਾ ਮੋਹ ਤ੍ਰਿਪਤ ਕਰਾਈਆ । ਘਰ ਠਾਕਰ ਸਵਾਮੀ ਮਿਲੇ ਪੁਰਖ ਅਬਿਨਾਸ਼, ਕਰਨੀ ਦਾ ਕਰਤਾ ਬੇਪਰਵਾਹੀਆ । ਸਾਚੇ ਮੰਡਲ ਵਖਾਵੇ ਰਾਸ, ਬਿਨ ਗੋਪੀ ਕਾਹਨ ਨਚਾਈਆ । ਜਨ ਭਗਤਾਂ ਲਹਿਣਾ ਦੇਣਾ ਦੇਵੇ ਖ਼ਾਸ, ਖ਼ਾਲਸ ਆਪਣੇ ਰੰਗ ਰੰਗਾਈਆ । ਲੇਖੇ ਲਾ ਕੇ ਪਵਣ ਸਵਾਸ, ਨਿਰੰਤਰ ਅੰਤਰ ਆਪਣਾ ਨਾਮ ਦਏ ਸਮਝਾਈਆ । ਕਾਇਆ ਮੰਦਰ ਧੁਰ ਦੇ ਕਾਅਬੇ ਕਰ ਕੇ ਵਾਸ, ਨਿਵਾਸ ਅਸਥਾਨ ਇਕੋ ਦੇ ਦ੍ਰਿੜਾਈਆ । ਜਿਸ ਗ੍ਰਿਹ ਹੋਵੇ ਜੋਤ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਅੰਮ੍ਰਿਤ ਰਸ ਨਿਝਰ ਦੇ ਕੇ ਆਬੇ ਹਯਾਤ, ਹਯਾਤੀ ਦਏ ਬਦਲਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਰਾਹ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜੋ ਗਏ ਆਖ, ਭਵਿਖਤਾਂ ਵਿਚ ਲਿਖਤ ਦ੍ਰਿੜਾਈਆ । ਸੋ ਲਹਿਣਾ ਦੇਣਾ ਲੇਖਾ ਪੂਰਾ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਦਇਆ ਕਮਾਈਆ । ਹਰਿਜਨ ਸੰਤ ਸੁਹੇਲੇ ਪਾਰ ਕਰਾਏ ਜਗਤ ਘਾਟ, ਪੱਤਣ

੨੭੪

੨੦

ਏਕੰਕਾਰਾ ਇਕੋ ਇਕ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸ ਅਗੰਮੀ ਗਾਥ, ਗਹਿਰ ਗੰਭੀਰ ਬੇਨਜ਼ੀਰ ਨਾਮ ਨਿਧਾਨਾ ਸ੍ਰੀ ਭਗਵਾਨਾ ਇਕ ਦ੍ਰਿੜਾਈਆ । ਕੋਟ ਜਨਮ ਦੇ ਪੂਰਬ ਮੇਟ ਕੇ ਪਾਪ, ਪਤਤ ਪੁਨੀਤ ਦਏ ਬਣਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋਤੀ ਜਾਤਾ ਦਰਸ਼ਨ ਦੇਵੇ ਸਾਖਿਆਤ, ਕਾਗ਼ਜਾਤ ਦਾ ਝਗੜਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇਵੇ ਮਾਣ ਵਡਿਆਈਆ । ਝੁੱਗੀ ਕਹੇ ਮੇਰੇ ਜਾਗਣ ਭਾਗ, ਮਿਲੇ ਮਾਤਲੋਕ ਵਡਿਆਈਆ । ਨਿਰਗੁਣ ਦੀਪਕ ਜੋਤ ਜਗੇ ਚਿਰਾਗ਼, ਕੂੜ ਅੰਧੇਰਾ ਦਏ ਗਵਾਈਆ । ਸ਼ਬਦ ਅਗੰਮੀ ਸੁਣਾਏ ਨਾਦ, ਧੁਨ ਅਨਾਦੀ ਆਪ ਪਰਗਟਾਈਆ । ਨਿਝਰ ਰਸ ਦਏ ਸਵਾਦ, ਅੰਮ੍ਰਿਤ ਬੂੰਦ ਸਵਾਂਤ ਚੁਆਈਆ । ਨਾਮ ਨਿਧਾਨ ਸੁਣਾਏ ਰਾਗ, ਅਨਰਾਗੀ ਤਾਲ ਵਜਾਈਆ । ਜਨ ਭਗਤਾਂ ਸੋਈ ਸੁਰਤੀ ਜਾਏ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਮੇਟੇ ਆਗ, ਅਗਨੀ ਅੱਗ ਨਾ ਕੋਇ ਤਪਾਈਆ । ਹੰਸ ਬੁੱਧੀ ਬਣਾਏ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਘਰ ਸਵਾਮੀ ਠਾਕਰ ਦੁਰਮਤ ਮੈਲ ਧੋਵੇ ਦਾਗ਼, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਝੁੱਗੀ ਕਹੇ ਮੇਰੇ ਅੰਤਰ ਹੋਵੇ ਪਰਕਾਸ਼, ਪਰਕਾਸ਼ਤ ਵੇਖਾਂ ਜਗਤ ਲੋਕਾਈਆ । ਮੈਂ ਜੁਗ ਜੁਗ ਬਣੀ ਰਹੀ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਗਈ ਆਖ, ਅੰਤਰ ਆਸ਼ਾ ਇਕ ਦ੍ਰਿੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹੀ ਭਾਖ, ਮਨਸਾ ਮਨਸਾ ਵਿਚੋਂ ਬਾਹਰ ਕਢਾਈਆ । ਕਵਣ ਮੇਰੀ ਕਰੇ ਨਜਾਤ, ਸਿਰ ਮੇਰੇ ਹੱਥ ਟਿਕਾਈਆ । ਕੂਕ ਕੂਕ ਰਹੀ ਆਖ, ਦਰੋਹੀ ਦਰੋਹੀ ਕਰ ਖ਼ੁਦਾਈਆ । ਸਾਰੇ ਪਾ ਕੇ ਗਏ ਵਫ਼ਾਤ, ਤਨ ਮਾਟੀ ਹੋਈ ਜੁਦਾਈਆ । ਹਰਿ ਸ਼ਬਦ ਸੁਣਾਈ ਅਗੰਮੀ ਬਾਤ, ਬਿਨ ਅੱਖਰਾਂ ਦਿਤਾ ਪੜ੍ਹਾਈਆ । ਜਿਸ ਵੇਲੇ ਕਲਜੁਗ ਅੰਤ ਸ੍ਰੀ ਭਗਵੰਤ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਆਵੇ ਆਪ, ਪਾਕ ਪਵਿੱਤ ਪਵਿਤ੍ਰ ਆਪਣਾ ਫੇਰਾ ਪਾਈਆ । ਸਚ ਦਵਾਰ ਏਕੰਕਾਰ ਨਿਰਗੁਣ ਧਾਰ ਸੰਬਲ ਰੱਖੇ ਵਾਸ, ਮਹੱਲ ਅਟਲ ਬਿਨ ਛੱਪਰ ਛੰਨ ਆਪ ਸੁਹਾਈਆ । ਏਥੇ ਓਥੇ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖੇ ਖੇਲ ਤਮਾਸ਼, ਚੌਦਾਂ ਲੋਕ ਚੌਦਾਂ ਤਬਕ ਭੇਵ ਅਭੇਦਾ ਆਪ ਖੁਲ੍ਹਾਈਆ । ਜਨ ਭਗਤ ਸੁਹੇਲਾ ਇਕ ਇਕੇਲਾ ਨਿਰਗੁਣ ਸਰਗੁਣ ਧਾਰ ਨਜ਼ਰ ਆਏ ਸਾਖਿਆਤ, ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਅੰਤਰ ਪੜਦਾ ਆਪ ਉਠਾਈਆ । ਜਿਸ ਦੀ ਮਹਿੰਮਾ ਸਿਫ਼ਤ ਲੱਭੇ ਨਾ ਵਿਚੋਂ ਕਿਸੇ ਲੁਗ਼ਾਤ, ਕਾਤਬ ਕਲਮ ਸ਼ਾਹੀ ਲਿਖੇ ਨਾ ਨਾਲ ਕਲਮ ਦਵਾਤ, ਕਾਗ਼ਜ਼ ਭੇਵ ਨਾ ਕੋਇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਜਗਤ ਪੱਟੀ ਪੜ੍ਹਾ ਜਮਾਤ, ਹੁਕਮ ਸੰਦੇਸ਼ਾ ਸ਼ਬਦੀ ਦਿਤਾ ਆਖ, ਆਖ਼ਰ ਅਖ਼ੀਰ ਨਿਰਅੱਖਰ ਧਾਰ ਵੱਖਰ ਹੋ ਕੇ ਆਪਣੇ ਵਿਚ ਛੁਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪ੍ਰਭ ਮਿਲਣ ਦੀ ਨਿੱਕੀ ਜਿਹੀ ਜਾਚ, ਤਰੀਕਾ ਢੰਗ ਥੋੜ੍ਹਾ ਥੋੜ੍ਹਾ ਸਮਝਾਈਆ । ਏਸ ਤੋਂ ਪਰੇ ਜਨ ਭਗਤਾਂ ਦੱਸੇ ਆਪਣਾ ਵਾਕਿਆਤ, ਵਾਕਫ਼ਕਾਰ ਆਪਣੇ ਲਏ ਬਣਾਈਆ । ਜਿਨ੍ਹਾਂ ਨੂੰ ਪੜ੍ਹਨੀ ਨਾ ਪਏ ਕੋਈ ਕਿਤਾਬ, ਕੁਤਬਖ਼ਾਨਿਆਂ ਤੋਂ ਪਰੇ ਸਬਕ ਬਿਨ ਅੱਖਰਾਂ ਆਪ ਜਣਾਈਆ । ਸਚ ਮਨਾਰਾ ਹੁਜਰਾ ਹਕ ਵਖਾ ਮਹਿਰਾਬ, ਮਹਿਬੂਬ ਹੋ ਕੇ ਮੁਹੱਬਤ ਆਪਣੀ ਦਏ ਦ੍ਰਿੜਾਈਆ । ਦੋ ਜਹਾਨਾਂ ਮਿਤਰ ਪਿਆਰਾ ਬਣ ਅਹਿਬਾਬ, ਰਬਾਬ ਬਿਨ ਤੰਦ ਸਤਾਰ, ਦੇ ਵਜਾਈਆ । ਝੁੱਗੀ ਕਹੇ ਮੇਰਾ ਵਸਦਾ

ਖੇੜਾ ਹੋਵੇ ਆਬਾਦ, ਮਿਲੇ ਮਾਣ ਜਗਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਝੁੱਗੀ ਕਹੇ ਮੈਂ ਭਗਤਾਂ ਵੇਖਾਂ ਚੜ੍ਹਦਾ ਰੰਗ, ਰੰਗਤ ਮਿਲੇ ਬੇਪਰਵਾਹੀਆ । ਆਤਮ ਪਰਮਾਤਮ ਹੋਵੇ ਸੰਗ, ਵੱਜੇ ਨਾਮ ਵਧਾਈਆ । ਆਤਮ ਸੇਜਾ ਸੋਹੇ ਪਲੰਘ, ਸਿੰਘਾਸਣ, ਪੁਰਖ ਅਬਿਨਾਸ਼ਨ ਦਏ ਸੁਹਾਈਆ । ਧੁਨ ਆਤਮਕ ਵੱਜੇ ਮਰਦੰਗ, ਅਨਹਦ ਨਾਦੀ ਰਾਗ ਅਲਾਹੀਆ । ਭੇਵ ਖੁਲ੍ਹੇ ਬ੍ਰਹਮ ਹੰ, ਪੜਦਾ ਦਏ ਚੁਕਾਈਆ । ਕਰੇ ਪਰਕਾਸ਼ ਬਿਨਾ ਸੂਰਜ ਚੰਨ, ਨੂਰ ਨੁਰਾਨਾ ਨਜ਼ਰੀ ਆਈਆ । ਰਾਗ ਸੁਣਾਏ ਬਿਨਾ ਕੰਨ, ਅਗੰਮੀ ਆਵਾਜ਼ ਜਣਾਈਆ । ਭਾਂਡਾ ਭਰਮ ਦੇਵੇ ਭੰਨ, ਕੂੜੀ ਕਿਰਿਆ ਡੇਰਾ ਢਾਹੀਆ । ਪੰਚ ਵਿਕਾਰੇ ਦੇਵੇ ਡੰਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਦੇਵੇ ਮਾਣ ਵਡਿਆਈ ਪੰਜ ਤਤ ਵਜੂਦ ਤਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੋਭਾ ਪਾਈਆ । ਵਸਤ ਅਮੋਲਕ ਨਾਮ ਭੰਡਾਰਾ ਦੇਵੇ ਧਨ, ਦੌਲਤ ਧੁਰ ਦੀ ਝੋਲੀ ਪਾਈਆ । ਖ਼ੁਸ਼ੀ ਨਾਲ ਮਿਲਾਏ ਗ਼ਮ, ਚਿੰਤਾਂ ਰੋਗ ਨਾ ਕੋਇ ਸਤਾਈਆ । ਲੇਖੇ ਲਾਵੇ ਪਵਣ ਸਵਾਸ ਦਮ, ਦਾਮਨਗੀਰ ਹੋ ਕੇ ਪੱਲੂ ਆਪਣਾ ਨਾਮ ਫੜਾਈਆ । ਮਨ ਵਾਸਨਾ ਕੂੜੀ ਕਿਰਿਆ ਰਹੇ ਨਾ ਭਰਮ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਲਹਿਣਾ ਦੇਣਾ ਰਹੇ ਨਾ ਕੋਈ ਕਾਂਡ ਕਰਮ, ਨਿਹਕਰਮੀ ਹੋਏ ਆਪ ਸਹਾਈਆ । ਝਗੜਾ ਮੁਕਾਏ ਵਰਨ ਬਰਨ, ਜਾਤ ਪਾਤ ਡੇਰਾ ਢਾਹੀਆ । ਨਿਜ ਨੇਤਰ ਖੋਲ੍ਹ ਕੇ ਹਰਨ ਫਰਨ, ਫੁਰਨੇ ਮਨ ਦੇ ਬੰਦ ਕਰਾਈਆ । ਸਾਚੀ ਮੰਜ਼ਲ ਦੱਸੇ ਚੜ੍ਹਨ, ਅੰਤਰ ਅੰਤਰ ਪੈਂਡਾ ਦਏ ਮੁਕਾਈਆ । ਸਚ ਦਵਾਰੇ ਦੱਸੇ ਖੜ੍ਹਨ, ਡੰਡਾਵਤ ਬੰਦਨਾ ਸਜਦਾ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਦੱਸੇ ਪੜ੍ਹਨ, ਜਗਤ ਵਿਦਿਆ ਦੀ ਲੋੜ ਰਹੇ ਨਾ ਰਾਈਆ । ਜੀਵਤਿਆਂ ਜਗ ਜੀਵਤ ਦੱਸੇ ਮਰਨ, ਮਰ ਜੀਵਤ ਰੂਪ ਵਟਾਈਆ । ਸੰਸਾਰ ਸਾਗਰ ਪਾਰ ਕਿਨਾਰਾ ਦੱਸੇ ਤਰਨ, ਤਾਰਨਹਾਰ ਹੋਏ ਸਹਾਈਆ । ਝੁੱਗੀ ਕਹੇ ਮੈਂ ਓਸਦੇ ਪਕੜਾਂ ਚਰਨ, ਜੋ ਚਰਨੋਦਕ ਧੁਰ ਦਾ ਦਏ ਪਿਆਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸਜਦੇ ਕਰਨ, ਨਿਉਂ ਨਿਉਂ ਲਾਗਣ ਪਾਈਆ । ਵਿਸ਼ਨ ਬ੍ਰਹਮ ਸ਼ਿਵ ਮਸਤਕ ਟਿੱਕਾ ਧੂੜੀ ਲਾ ਕੇ ਦਰਸਨ ਕਰਨ, ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਡਰਨ, ਰਵ ਸਸ ਸੂਰਜ ਚੰਦ ਭੱਜਣ ਵਾਹੋ ਦਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਨਾਲ ਪੂਰਾ ਕਰੇ ਪਰਨ, ਪਰਮ ਪੁਰਖ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਸਤਿਗੁਰ ਨੂਰ ਖ਼ੁਦਾਈਆ । ਝੁੱਗੀ ਕਹੇ ਮੈਨੂੰ ਅੰਮ੍ਰਿਤ ਦੇਵੇ ਰਸ, ਰਸਤਾ ਅਗਲਾ ਦਏ ਵਖਾਈਆ । ਮੇਰੀ ਮਨਸਾ ਕਰੇ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਮੇਰੇ ਖ਼ਾਲੀ ਵੇਖੇ ਹੱਥ, ਵਸਤ ਅਗੰਮੀ ਦਏ ਵਰਤਾਈਆ । ਮੇਰੀ ਖੋਲ੍ਹੇ ਨੇਤਰ ਅੱਖ, ਜਲਵਾ ਨੂਰ ਕਰੇ ਰੁਸ਼ਨਾਈਆ । ਮੇਰਾ ਲਹਿਣਾ ਦੇਣਾ ਜਗਤ ਧਾਰ ਕੱਖ, ਕੀਮਤ ਨਾ ਕੋਇ ਰਖਾਈਆ । ਸਭ ਨਾਲੋਂ ਹੋ ਕੇ ਵੱਖ, ਵਾਸਤਾ ਪ੍ਰਭ ਦੇ ਅੱਗੇ ਪਾਈਆ । ਮਹੱਲ ਅਟਲ ਉਚ ਮਨਾਰ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਜਾਵਣ ਢੱਠ, ਜਨ ਭਗਤਾਂ ਕੁੱਲੀ ਸਦਾ ਮਿਲੇ ਮਾਣ ਵਡਿਆਈਆ । ਸੋਹਣਾ ਲੱਗੇ ਤੀਰਥ ਤਟ, ਕਿਨਾਰਾ ਇਕੋ ਦੇਣਾ ਵਖਾਈਆ । ਜਿਥੇ ਨਾਮ ਤੇਰੇ ਦਾ ਹੱਟ, ਹਟਵਾਣੇ ਗੁਰ ਅਵਤਾਰ ਪੈਗ਼ੰਬਰ ਬੈਠੇ ਖ਼ੁਸ਼ੀ ਮਨਾਈਆ । ਤੂੰ ਸਾਹਿਬ ਸਤਿਗੁਰ ਮਾਲਕ ਖ਼ਾਲਕ ਪ੍ਰਿਤਪਾਲਕ ਪੁਰਖ ਸਮਰਥ, ਸਾਹਿਬ ਸਤਿਗੁਰ ਤੇਰੀ ਆਸ ਰਖਾਈਆ ।

ਜਿਉਂ ਭਾਵੇ ਤਿਉਂ ਲੈਣਾ ਰੱਖ, ਸਰਨ ਸਰਨਾਈ ਗਈ ਢੱਠ, ਮੇਰਾ ਵਜੂਦ ਨਹੀਂ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਕੋਇ ਰਖਾਈਆ । ਲੱਕੜੀ ਕਾਠ ਮੇਰੀ ਕੱਟ, ਉਤੇ ਮਿੱਟੀ ਖ਼ਾਕ ਦਿਤੀ ਸੱਟ, ਪੜਦਾ ਪਾ ਕੇ ਝਟਪਟ, ਪਟਣੇ ਵਾਲੇ ਤੋਂ ਕੀਤੀ ਜੁਦਾਈਆ । ਕਲਜੁਗ ਅੰਤ ਸਦੀ ਚੌਧਵੀਂ ਰੱਖ, ਤੇਰੇ ਕੋਲ ਹਕੀਕਤ ਹਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੁੱਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਝੁੱਗੀ ਕਹੇ ਪ੍ਰਭ ਦੱਸ ਆਪਣਾ ਰਾਹ, ਰਹਿਬਰ ਹੋ ਕੇ ਦੇ ਵਖਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਸਿਰ ਆਪਣਾ ਹੱਥ ਟਿਕਾਈਆ । ਮਾਲਕ ਹੋ ਕੇ ਬਣ ਮਲਾਹ, ਖ਼ਾਲਕ ਹੋ ਕੇ ਖ਼ਲਕ ਪਾਰ ਲੰਘਾਈਆ । ਕਲਜੁਗ ਕੂੜ ਅੰਧੇਰਾ ਗਿਆ ਛਾ, ਚਾਰ ਕੁੰਟ ਨਾ ਕੋਇ ਰੁਸ਼ਨਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਹੁੰਦੇ ਗੁਨਾਹ, ਤੀਰਥ ਤਟ ਨਾ ਰਹੀ ਸਫ਼ਾਈਆ । ਤੇਰਾ ਨਾਉਂ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਗਈ ਭੁਲਾ, ਮਨ ਵਾਸਨਾ ਹੋਈ ਹਲਕਾਈਆ । ਆਤਮ ਪਰਮਾਤਮ ਨਾਲੋਂ ਹੋਈ ਜੁਦਾ, ਨਿਰਗੁਣ ਨਿਰਗੁਣ ਮੇਲ ਨਾ ਕੋਇ ਮਿਲਾਈਆ । ਭਗਤ ਉਧਾਰਨਾ ਸੰਤ ਉਭਾਰਨਾ ਗੁਰਮੁਖ ਸਵਾਰਨਾ ਗੁਰਸਿਖ ਉਠਾਲਣਾ ਸੂਫ਼ੀਆਂ ਚਾਉਣਾ ਆਪਣੀ ਰਜ਼ਾ, ਰਹਿਮਤ ਵਿਚ ਰਹਿਮ ਦੇ ਕਮਾਈਆ । ਤੇਰੇ ਪਿਆਰਿਆਂ ਰਾਏ ਧਰਮ ਨਾ ਦੇਵੇ ਸਜ਼ਾ, ਚਿਤਰ ਗੁਪਤ ਲੇਖ ਨਾ ਸਕੇ ਵਖਾ, ਲਾੜੀ ਮੌਤ ਨਾ ਸਕੇ ਖਾ, ਤਨ ਮਾਟੀ ਖ਼ਾਕ ਤਨ ਵਜੂਦ ਆਪਣੇ ਲੇਖੇ ਲਾਈਆ । ਤੂੰ ਪਰਵਰਦਿਗਾਰ ਖ਼ੁਦਾ, ਕਦੇ ਨਾ ਹੋਵੀਂ ਜੁਦਾ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਪੜਦਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਘਟ ਘਟ ਤੇਰਾ ਨੂਰ ਨਜ਼ਰੀ ਆਈਆ । ਝੁੱਗੀ ਕਹੇ ਕਿਰਪਾ ਕਰ ਮੇਰੇ ਸਵਾਮੀ, ਸੰਬਲ ਸੋਹਣੀ ਰੁੱਤ ਸੁਹਾਈਆ । ਅਕਲ ਕਲ ਅੰਤਰਜਾਮੀ, ਅੰਤਰ ਵੇਖ ਖ਼ਲਕ ਖ਼ੁਦਾਈਆ । ਚਾਰ ਵਰਨ ਭੁੱਲਿਆ ਧੁਰ ਦੀ ਬਾਣੀ, ਮਾਇਆ ਮਮਤਾ ਹੋਈ ਹਲਕਾਈਆ । ਝਗੜਾ ਪਿਆ ਜਗਤ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਦਏ ਦੁਹਾਈਆ । ਤੇਰੇ ਨਾਮ ਦੀ ਹੋਈ ਬਦਨਾਮੀ, ਅੱਲਾ ਵਾਹਿਗੁਰੂ ਰਾਮ ਨਾਮ ਗਾਡ ਕਹਿ ਕੇ ਕਰੇ ਲੜਾਈਆ । ਸਚ ਧਰਮ ਨਾ ਰਹੀ ਨਿਸ਼ਾਨੀ, ਨਿਸ਼ਾਨਾ ਆਪਣਾ ਗਏ ਭੁਲਾਈਆ । ਮਨ ਵਾਸਨਾ ਹੋਈ ਅਭਿਮਾਨੀ, ਮਨ ਕਾ ਮਣਕਾ ਨਾ ਕੋਇ ਭਵਾਈਆ । ਹੰਗਤਾ ਹਉਮੇ ਭਰੇ ਗਿਆਨੀ, ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਜਲਵਾ ਮਿਲੇ ਨਾ ਕਿਸੇ ਨੂਰਾਨੀ, ਰੂਹਾਨੀ ਮੰਜ਼ਲ ਨਾ ਕੋਇ ਵਖਾਈਆ । ਝਗੜਾ ਪਿਆ ਜਗਤ ਜਿਸਮਾਨੀ, ਗ਼ੁਲਾਮੀ ਸਕੇ ਨਾ ਕੋਇ ਕਟਾਈਆ । ਸਾਰੇ ਕਹਿੰਦੇ ਅਸੀਂ ਵਸਦੇ ਦੇਸ ਅਨਾਮੀ, ਬਦਨਾਮੀ ਤੇਰੀ ਰਹੇ ਕਰਾਈਆ । ਬਿਨਾ ਸਤਿਗੁਰ ਸ਼ਬਦ ਮਾਲਕ ਬਣਿਆ ਨਾ ਕੋਇ ਜ਼ਿਮੀਂ ਅਸਮਾਨੀ, ਜਗਤ ਕਲਾਮੀ ਜਗਤ ਦੂਨੀ ਵਡਿਆਈਆ । ਝੁੱਗੀ ਕਹੇ ਮੇਰੀ ਝੋਲੀ ਪਾ ਨੇਕਨਾਮੀ, ਜਨ ਭਗਤਾਂ ਨਾਲ ਮੇਰਾ ਨਾਤਾ ਲੈਣਾ ਜੁੜਾਈਆ । ਮੇਰੀ ਜੂਹ ਨਾ ਰਹੇ ਬੇਗਾਨੀ, ਗ੍ਰਿਹ ਮੰਦਰ ਦੇਣਾ ਵਖਾਈਆ । ਤੇਰਾ ਨਿਰਗੁਣ ਨੂਰ ਦਿਸੇ ਨੂਰਾਨੀ, ਜਹੂਰ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੈਂ ਦੇਂਦੀ ਰਹੀ ਕੁਰਬਾਨੀ, ਸੇਵਕ ਹੋ ਕੇ ਸੇਵ ਕਮਾਈਆ । ਕਲਜੁਗ ਅੰਤ ਹੋਈ ਨਿਮਾਣੀ, ਢਹਿ ਕੇ ਚਰਨੀ ਸੀਸ ਨਿਵਾਈਆ । ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਗੁਰਸਿਖਾਂ ਸੂਫ਼ੀਆਂ ਸਾਚੀ ਮੰਜ਼ਲ ਦੇ ਰੂਹਾਨੀ, ਆਤਮ ਪਰਮਾਤਮ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

ਸਾਚਾ ਵਰ, ਸਚ ਦਵਾਰੇ ਮੰਗ ਮੰਗਾਈਆ । ਝੁੱਗੀ ਕਹੇ ਮੇਰਾ ਅੰਤਰ ਆ ਕੇ ਵੇਖ, ਵਿਛੋੜੇ ਵਿਚ ਦਿਆਂ ਦੁਹਾਈਆ । ਬਦਲ ਦੇ ਮੇਰੀ ਰੇਖ, ਕ਼ਿਸਮਤ ਦੇ ਉਲਟਾਈਆ । ਧਰ ਕੇ ਆ ਭੇਖ, ਅਵੱਲੜਾ ਵੇਸ ਵਟਾਈਆ । ਤੇਰਾ ਲੇਖਾ ਲਿਖ ਕੇ ਗਿਆ ਗੋਬਿੰਦ ਦਸ ਦਸਮੇਸ਼, ਪੁਰਖ ਅਕਾਲ ਦੀਨ ਦਿਆਲ ਗੁਰਮੁਖਾਂ ਨਾਲੋਂ ਨਾ ਹੋਏ ਜੁਦਾਈਆ । ਤੈਨੂੰ ਝੁਕਦੇ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਸੀਸ ਨਿਵਾਈਆ । ਪੈਗ਼ੰਬਰ ਗੁਰੂ ਅਵਤਾਰ ਕਰਨ ਆਦੇਸ, ਨਿਉਂ ਨਿਉਂ ਲਾਗਣ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦੇਵੇ ਸੰਦੇਸ਼, ਬੇਖ਼ਬਰਾਂ ਖ਼ਬਰ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਜੁਗ ਚੌਕੜੀ ਮੰਗਣ ਟੇਕ, ਧੂੜੀ ਮਸਤਕ ਖ਼ਾਕ ਰਮਾਈਆ । ਤੂੰ ਆਦਿ ਜੁਗਾਦੀ ਸਾਹਿਬ ਸਤਿਗੁਰ ਏਕ, ਏਕੰਕਾਰ ਤੇਰੀ ਓਟ ਰਖਾਈਆ । ਸਚ ਸੁਹਾ ਆਪਣਾ ਦੇਸ, ਸੰਬਲ ਸੋਭਾ ਪਾਈਆ । ਗੁਰਮੁਖਾਂ ਦੇ ਭੇਤ, ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਦਰ ਠਾਂਡੇ ਪੜਦਾ ਲਾਹੀਆ । ਝੁੱਗੀ ਕਹੇ ਮੇਰਾ ਖੁੱਲ੍ਹਾ ਕਰਦੇ ਵਿਹੜਾ, ਸਾਹਿਬ ਸਤਿਗੁਰ ਦੇ ਵਡਿਆਈਆ । ਭਾਗਾਂ ਭਰਿਆ ਹੋਵੇ ਖੇੜਾ, ਖਿੜਕੀ ਕੁੰਡੀ ਦੇ ਖੁਲ੍ਹਾਈਆ । ਨਜ਼ਰੀ ਆਵੇਂ ਨੇੜਨ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਝਗੜਾ ਰਹੇ ਨਾ ਤੇਰਾ ਮੇਰਾ, ਹੰ ਬ੍ਰਹਮ ਦੇ ਸਮਝਾਈਆ । ਪਰਮਾਤਮ ਆਤਮ ਖੇਲ ਗੁਰੂ ਚੇਰਾ, ਚੇਲਾ ਗੁਰ ਇਕੋ ਘਰ ਵਸਾਈਆ । ਲੱਖ ਚੁਰਾਸੀ ਜੀਵ ਜੰਤ ਤੇਰੇ ਹੁਕਮੇ ਅੰਦਰ ਗੇੜਾ, ਚੁਰਾਸੀ ਵਿਚ ਭਵਾਈਆ । ਸਦੀ ਚੌਧਵੀਂ ਹਕ਼ੀਕ਼ਤ ਵਿਚੋਂ ਕਰ ਹਕ ਨਬੇੜਾ, ਪੜਦਾ ਓਹਲਾ ਆਪ ਉਠਾਈਆ । ਕੂੜੀ ਕਿਰਿਆ ਡੋਬ ਬੇੜਾ, ਜੂਠ ਝੂਠ ਦੇ ਮਿਟਾਈਆ । ਸਤਿਜੁਗ ਸਾਚਾ ਚਾਰ ਵਰਨ ਅਠਾਰਾਂ ਬਰਨ ਇਕੋ ਰਾਹ ਬਥੇਰਾ, ਬਹੁ ਮਜ਼੍ਹਬਾਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਝੁੱਗੀ ਕਰੇ ਮੇਰਾ ਕਰਮ ਕਰ ਮੁਆਫ਼, ਦੁੱਖ ਰਹੇ ਨਾ ਰਾਈਆ । ਪੂਰਬ ਲਹਿਣਾ ਕਰ ਸਾਫ਼, ਕੂੜ ਰੋਗ ਮਿਟਾਈਆ । ਮੈਂ ਸਦਾ ਰਹਵਾਂ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਜੋ ਪੈਗ਼ੰਬਰ ਗੁਰੂ ਗਏ ਆਖ, ਅਵਤਾਰਾਂ ਨਾਲ ਮਿਲਾਈਆ । ਓਸ ਦਾ ਖੋਲ੍ਹਾਂ ਰਾਜ਼, ਪੜਦਾ ਦਿਆਂ ਉਠਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਸਚ ਦਵਾਰ ਕਰ ਨਿਵਾਸ, ਨਿਵਾਸ ਅਸਥਾਨ ਇਕੋ ਦੇ ਸਮਝਾਈਆ । ਜਿਸ ਗ੍ਰਹਿ ਮੰਦਰ ਘਰ ਸਵਾਮੀ ਠਾਕਰ ਕਰਤਾ ਨਿਰਗੁਣ ਜੋਤ ਕਰੇ ਪਰਕਾਸ਼, ਅੰਧ ਅੰਧੇਰਾ ਸੰਝ ਸਵੇਰਾ ਇਕੋ ਰੰਗ ਰੰਗਾਈਆ । ਨਾਮ ਨਿਧਾਨ ਸ੍ਰੀ ਭਗਵਾਨ ਜਨ ਭਗਤਾਂ ਦੇ ਕੇ ਸਾਚੀ ਦਾਤ, ਦਾਤਾ ਦਾਨੀ ਖ਼ਾਲੀ ਝੋਲੀ ਦਏ ਭਰਾਈਆ । ਝੁੱਗੀ ਕਹੇ ਮੇਰੀ ਅੰਤ ਅਖ਼ੀਰੀ ਬਾਤ, ਪੂਰਾ ਕਰ ਆਪਣਾ ਵਾਕ, ਭਗਤ ਸੁਹੇਲੇ ਬਣਾ ਸਾਕ, ਸੱਜਣ ਧੁਰ ਦਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਨੂਆ ਰਹੇ ਨਾ ਕੋਇ ਗੁਸਤਾਖ਼, ਪੁਰਖ ਅਕਾਲ ਆਪਣਾ ਦੇ ਵਿਸ਼ਵਾਸ਼, ਵਿਸ਼ਿਆਂ ਵਿਚੋਂ ਜਗਤ ਵਿਸ਼ੇਸ਼ਤਾ ਨਾਲ ਬਾਹਰ ਕਢਾਈਆ ।


੨੧੧ ੨੦

★ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੨ ਪਾਲ ਸਿੰਘ ਦੇ ਗ੍ਰਿਹਿ ਮੁੰਡਾ ਪਿੰਡ ਜ਼ਿਲਾ ਅੰਮ੍ਰਿਤਸਰ ★

ਬਿਆਸ ਕਹੇ ਪੁਰਖ ਅਕਾਲ ਕੋਲ ਅਗੰਮੀ ਚਿੱਠੀ, ਜਿਸ ਨੂੰ ਵਾਚਣ ਵਾਲਾ ਨਜ਼ਰ ਕੋਇ ਨਾ ਆਈਆ । ਗੋਬਿੰਦ ਸ਼ਬਦ ਧਾਰ ਅਗੰਮੀ ਲਿਖੀ, ਹਰਫ਼ ਹਰੂਫ਼ ਸਮਝ ਕੋਇ ਨਾ ਪਾਈਆ । ਸੰਮਤ ਸ਼ਹਿਨਸ਼ਾਹੀ ਮਿਤੀ, ਮਿਤਰ ਪਿਆਰਾ ਰਿਹਾ ਦ੍ਰਿੜਾਈਆ । ਜਿਸ ਦੀ ਧਾਰ ਅਨੋਖੀ ਇੱਕੀ, ਏਕੰਕਾਰ ਦਿਤੀ ਸਮਝਾਈਆ । ਵਰਨ ਬਰਨ ਤੋਂ ਬਾਹਰ ਸਤਿਗੁਰ ਸਿੱਖੀ, ਸਿਖਿਆ ਸਾਖਿਆਤ ਦ੍ਰਿੜਾਈਆ । ਜਿਹੜੀ ਆਦਿ ਜੁਗਾਦਿ ਜਾਏ ਨਾ ਭਿੱਟੀ, ਵਰਨ ਬਰਨ ਨਾ ਵੰਡ ਵੰਡਾਈਆ । ਖੇਲ ਅਗੰਮੀ ਅਨਡਿੱਠੀ, ਜਗ ਨੇਤਰ ਨਾ ਕੋਇ ਰੁਸ਼ਨਾਈਆ । ਜਗਤ ਦਵਾਰ ਕਦੇ ਨਾ ਵਿਕੀ, ਕੀਮਤ ਕਰਤਾ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਬੇਪਰਵਾਹੀਆ । ਬਿਆਸ ਕਹੇ ਮੈਂ ਵੇਖਿਆ ਅੱਖਰ ਨਿਰਾਲਾ, ਨਿਰਗੁਣ ਨਿਰਵੈਰ ਨਿਰਾਕਾਰ ਦਿਤਾ ਦ੍ਰਿੜਾਈਆ । ਮਾਰਗ ਦੱਸਿਆ ਪੁਰਖ ਅਕਾਲਾ, ਦੀਨ ਦਿਆਲ ਦਿਤਾ ਸਮਝਾਈਆ । ਸਤਿਜੁਗ ਸਾਚੀ ਅਵੱਲੜੀ ਚਲੇ ਚਾਲਾ, ਦੋ ਜਹਾਨ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਪਾਰਬ੍ਰਹਮ ਪਤਿਪਰਮੇਸ਼ਵਰ ਹੋਏ ਰਖਵਾਲਾ, ਪਰਵਰਦਿਗਾਰ ਸਾਂਝਾ ਯਾਰ ਦੀਨ ਦਿਆਲ ਦਇਆ ਕਮਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਸਚ ਬਹਾਏ ਸੱਚੀ ਧਰਮਸਾਲਾ, ਧਰਮ ਦਵਾਰ ਏਕੰਕਾਰ ਇਕੋ ਇਕ ਪਰਗਟਾਈਆ । ਲੇਖਾ ਜਾਣੇ ਦੋ ਜਹਾਨਾਂ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਪੜਦਾ ਦਏ ਉਠਾਈਆ । ਨਾਮ ਨਿਧਾਨ ਸ੍ਰੀ ਭਗਵਾਨ ਨੌਜਵਾਨ ਸੁਣਾਏ ਅਗੰਮੀ ਤਰਾਨਾ, ਤੁਰੀਆ ਤੋਂ ਪਰੇ ਤਾਰ ਸਤਾਰ ਆਪਣੀ ਆਪ ਹਿਲਾਈਆ । ਧੁਨ ਆਤਮਕ ਰਾਗ ਅਗੰਮ ਅਥਾਹ ਜਣਾਏ ਗਾਣਾ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲਾ ਆਪ ਅਲਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਕਲਮਾ ਕਲਾਮ ਦੇਵੇ ਇਕ ਪੈਗ਼ਾਮਾ, ਨਗ਼ਮਾ ਇਕੋ ਇਕ ਜਣਾਈਆ । ਖੇਲ ਵਖਾ ਕੇ ਹਕ ਮੁਕਾਮਾ, ਨੂਰ ਨੁਰਾਨਾ ਨੂਰ ਦਏ ਚਮਕਾਈਆ । ਸਾਚਾ ਮਾਰਗ ਦੱਸ ਆਸਾਨਾ, ਮਹੱਲ ਅਟਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਗੁਰਮੁਖ ਆਪਣੇ ਰੰਗ ਰੰਗਾਈਆ । ਬਿਆਸ ਕਹੇ ਧੁਰ ਦੀ ਚਿੱਠੀ ਧਰਮ ਫ਼ਰਮਾਨ, ਫੁਰਨਿਆਂ ਤੋਂ ਬਾਹਰ ਕਰੇ ਪੜ੍ਹਾਈਆ । ਗੁਰਮੁਖ ਵੇਖੇ ਚਤੁਰ ਸੁਘੜ ਸੁਜਾਨ, ਸੰਤ ਸੁਹੇਲੇ ਧੁਰ ਦੇ ਮੇਲੇ ਲਏ ਮਿਲਾਈਆ । ਅੰਤਰ ਆਤਮ ਦੇ ਕੇ ਬ੍ਰਹਮ ਗਿਆਨ, ਪਾਰਬ੍ਰਹਮ ਬ੍ਰਹਮ ਵਿਦਿਆ ਇਕ ਸਮਝਾਈਆ । ਕੂੜੀ ਕਿਰਿਆ ਮੇਟ ਨਿਸ਼ਾਨ, ਧਰਮ ਈਮਾਨ ਇਕੋ ਇਕ ਵਖਾਈਆ । ਸਚ ਦਵਾਰਾ ਏਕੰਕਾਰਾ ਨਾਮ ਨਿਧਾਨਾ ਦੇ ਕੇ ਦਾਨ, ਕੂੜ ਅਭਿਮਾਨ ਦਏ ਗਵਾਈਆ । ਚਰਨ ਧੂੜ ਮੂਰਖ ਮੂੜ੍ਹ ਕਰਾ ਇਸ਼ਨਾਨ, ਦੁਰਮਤ ਮੈਲ ਦਏ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਠਾਂਡਾ ਇਕ ਵਖਾਈਆ । ਬਿਆਸ ਕਹੇ ਮੈਂ ਤੱਕੇ ਗੁਰਮੁਖ ਗੁਰਸਿੱਖ, ਗੋਬਿੰਦ ਮੇਲਾ ਸਹਿਜ ਸੁਭਾਈਆ । ਜਿਨ੍ਹਾਂ ਦਾ ਲੇਖਾ ਗਿਆ ਲਿਖ, ਪੂਰਬ ਲਹਿਣਾ ਜੋੜ ਜੁੜਾਈਆ । ਪਰਮਾਤਮ ਹੋ ਕੇ ਆਤਮ ਕਰੇ ਹਿੱਤ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਚੜ੍ਹਾਈਆ । ਅਬਿਨਾਸ਼ੀ ਕਰਤਾ ਹੋ ਕੇ ਵਸੇ ਚਿਤ, ਮਨ ਚਿਤ ਠਗੌਰੀ ਰਹਿਣ ਕੋਇ ਨਾ ਪਾਈਆ । ਨਿਰਵੈਰ ਹੋ ਕੇ ਦਰਸ਼ਨ ਦੇਵੇ ਨਿਤ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਠਾਕਰ ਸਵਾਮੀ ਪੁਰਖ ਅਕਾਲ ਬਣ ਕੇ ਪਿਤ, ਪਤਿਪਰਮੇਸ਼ਵਰ ਗੋਦ ਉਠਾਈਆ । ਪੂਰਾ ਕਰ ਭਵਿਖ, ਭਵਿਖਤ ਲਹਿਣਾ

ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਇਕੋ ਇਕ ਵਡਿਆਈਆ । ਬਿਆਸ ਕਹੇ ਮੈਂ ਗੁਰਮੁਖਾਂ ਵੇਖਣਾ ਚੜ੍ਹਿਆ ਰੰਗ, ਰੰਗਤ ਇਕੋ ਨਜ਼ਰੀ ਆਈਆ । ਸ਼ਬਦੀ ਗੋਬਿੰਦ ਦੇਵੇ ਸੰਗ, ਸੰਗਲ ਸ਼ਰਅ ਨਾ ਕੋਇ ਰਖਾਈਆ । ਪੁਰਖ ਅਕਾਲ ਲਾਵੇ ਅੰਗ, ਅੰਗੀਕਾਰ ਬੇਪਰਵਾਹੀਆ । ਨਾਮ ਨਿਧਾਨ ਵਜਾਵੇ ਮਰਦੰਗ, ਨਾਦ ਇਕੋ ਇਕ ਸੁਣਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਪੜਦਾ ਦਏ ਚੁਕਾਈਆ । ਭਾਗ ਲਗਾਏ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਕੂੜੀ ਕਿਰਿਆ ਮੇਟ ਕੇ ਤ੍ਰਿਸ਼ਨਾ ਤਮ, ਅਗਨੀ ਅੱਗ ਦਏ ਬੁਝਾਈਆ । ਜਨਮ ਮਰਨ ਹਰਖ਼ ਸੋਗ ਰਹੇ ਨਾ ਗ਼ਮ, ਚਿੰਤਾ ਚਿਖਾ ਨਾ ਕੋਇ ਬਣਾਈਆ । ਜਨ ਭਗਤਾਂ ਲੇਖੇ ਲਾਏ ਪਵਣ ਸਵਾਸੀ ਦਮ, ਦਾਮਨ ਹੋ ਕੇ ਜ਼ਾਮਨ ਹੋ ਕੇ ਪੱਲੂ ਆਪਣੇ ਨਾਲ ਗੰਢਾਈਆ । ਝਗੜਾ ਰਹੇ ਨਾ ਮਨੂਆ ਮਨ, ਮਨ ਕਾ ਮਣਕਾ ਦਏ ਭਵਾਈਆ । ਸਾਚਾ ਨਾਮ ਸੁਣਾ ਕੇ ਬਿਨਾਂ ਕੰਨ, ਕਰਨੀ ਦਾ ਕਰਤਾ ਆਪਣਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸਚ ਦਵਾਰਾ ਇਕ ਸੁਹਾਈਆ । ਬਿਆਸ ਕਹੇ ਮੈਂ ਗੁਰਮੁਖ ਤੱਕਣੇ ਆਪ, ਆਪਣੀ ਅੱਖ ਖੁਲ੍ਹਾਈਆ । ਜਿਨ੍ਹਾਂ ਦੇ ਅੰਤਰ ਇਕੋ ਜਾਪ, ਤੂੰ ਹੀ ਤੂੰ ਹੀ ਰਾਗ ਅਲਾਈਆ । ਪੁਰਖ ਅਕਾਲ ਮੰਨ ਕੇ ਬਾਪ, ਪਿਤਾ ਪੂਤ ਗੰਢ ਪਵਾਈਆ । ਜਨਮ ਜਨਮ ਦਾ ਮੇਟ ਰੋਗ ਸੰਤਾਪ, ਸੰਸੇ ਗਏ ਚੁਕਾਈਆ । ਰੂਹ ਬੁਤ ਕਰ ਕੇ ਪਾਕ, ਪਵਿਤ੍ਰ ਹੋ ਕੇ ਸੀਸ ਝੁਕਾਈਆ । ਸਚ ਦਵਾਰੇ ਬਣ ਕੇ ਦਾਸੀ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਜਨਮ ਮਰਨ ਦੀ ਪੂਰੀ ਕਰ ਕੇ ਆਸ, ਆਸਾ ਵਿਚ ਭਰਵਾਸਾ, ਭਰਵਾਸੇ ਵਿਚ ਮਿਲ ਕੇ ਸਰਬ ਗੁਣਤਾਸਾ, ਗੁਣ ਧੁਰ ਦਾ ਝੋਲੀ ਪਾਈਆ । ਜੁਗ ਚੌਕੜੀ ਵੇਖਦਾ ਰਿਹਾ ਖੇਲ ਤਮਾਸ਼ਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਏ ਪੰਧ ਮੁਕਾਈਆ । ਅੰਤ ਕੰਤ ਭਗਵੰਤ ਸਦੀ ਚੌਧਵੀਂ ਪੂਰੀ ਕਰੇ ਖ਼ਾਹਿਸ਼ਾ, ਮਿਹਰ ਨਜ਼ਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਬਿਆਸ ਕਹੇ ਮੈਂ ਗੁਰਮੁਖਾਂ ਤੱਕਾਂ ਰਾਹ, ਰਸਤਾ ਵੇਖਾਂ ਜਗਤ ਲੋਕਾਈਆ । ਰੂਪ ਬਣਾ ਕੇ ਥਲ ਅਸਗਾਹ, ਭੱਜਾਂ ਵਾਹੋ ਦਾਹੀਆ । ਇੱਟਾਂ ਪੱਥਰਾਂ ਨਾਲ ਟਕਰਾ, ਆਪਣਾ ਪੰਧ ਮੁਕਾਈਆ । ਸਾਚੇ ਭਗਤਾਂ ਵੇਖਾਂ ਆ, ਆਪ ਆਪਣੀ ਅੱਖ ਖੁਲ੍ਹਾਈਆ । ਜਿਨ੍ਹਾਂ ਦਾ ਪੁਰਖ ਅਕਾਲ ਮਲਾਹ, ਬੇੜਾ ਗੋਬਿੰਦ ਕੰਧ ਟਿਕਾਈਆ । ਜੋਤੀ ਸ਼ਬਦੀ ਸਚ ਸਲਾਹ, ਮਾਰਗ ਇਕੋ ਇਕ ਪਰਗਟਾਈਆ । ਦੂਸਰ ਜਾਣੇ ਕੋਈ ਨਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਸੰਤ ਸੁਹੇਲਾ ਰਹੇ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਕਹਿੰਦੇ ਵਾਹਦ ਖ਼ੁਦਾ, ਜਲਵਾਗਰ ਲਾਸ਼ਰੀਕ ਨੂਰ ਖ਼ੁਦਾਈਆ । ਅਮਾਮ ਅਮਾਮਾ ਬੇਪਰਵਾਹ, ਕਦੇ ਨਾ ਹੋਵੇ ਬੇਵਫ਼ਾ, ਜੁਜ਼ ਵੰਡ ਨਾ ਕੋਇ ਵੰਡਾਈਆ । ਸੋ ਜਨ ਭਗਤਾਂ ਭਗਵਨ ਹੋ ਕੇ ਰਿਹਾ ਮਿਲਾ, ਕਰੇ ਖੇਲ ਅੱਲਾ ਅਲਾਹ, ਆਲਮੀਨ ਆਪਣੀ ਧਾਰ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਬਿਆਸ ਕਹੇ ਜਿਸ (ਸੁਹਾਇਆ) ਅਗੰਮਾ ਸੱਚਾ ਥਾਂ, ਧਰਨੀ ਧਰਤ ਸਮਝ ਕੋਇ ਨਾ ਪਾਈਆ । ਸੋ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਮਾ ਰਿਹਾ ਪਾ, ਸ਼ਬਦੀ ਧਾਰਾ ਖੇਲ ਖਿਲਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਜਨ ਭਗਤ ਰਿਹਾ ਉਠਾ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਪੜਦਾ ਓਹਲਾ ਬਣ ਵਿਚੋਲਾ ਸ਼ਬਦੀ ਰਿਹਾ ਚੁਕਾ,

੨੧੯
੨੦

ਚਾਰ ਕੁੰਟ ਦਹਿ ਦਿਸ਼ਾ ਬਿਨ ਨੇਤਰ ਲੋਚਣ ਨੈਣ ਕਰੇ ਰੁਸ਼ਨਾਈਆ । ਅੰਮ੍ਰਿਤ ਰਸ ਧੁਰ ਦਾ ਜਾਮ ਹਕੀਕੀ ਰਿਹਾ ਪਿਆ, ਪਾਰਬ੍ਰਹਮ ਪਤਿਪਰਮੇਸ਼ਵਰ ਬੂੰਦ ਸਵਾਂਤੀ ਆਪ ਚੁਆਈਆ । ਬਿਆਸ ਕਹੇ ਮੇਰੇ ਤਟ ਕਿਨਾਰੇ ਡੇਰਾ ਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਆਪਣੀ ਕਾਰ ਕਮਾਈਆ । ਬਿਆਸ ਕਹੇ ਮੈਂ ਵੇਖਾਂ ਹਾਜ਼ਰ ਹਜ਼ੂਰ, ਹਰਿ ਦਾਤਾ ਬੇਪਰਵਾਹੀਆ । ਜਿਸ ਦਾ ਹੁਕਮ ਸਦਾ ਮਨਜ਼ੂਰ, ਸਿਰ ਸਕੇ ਨਾ ਕੋਇ ਉਠਾਈਆ । ਪੰਧ ਮੁਕਾ ਕੇ ਨੇੜਾ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਕਲਜੁਗ ਮੇਟੇ ਕਿਰਿਆ ਕੂੜ, ਜੂਠ ਝੂਠ ਕਰੇ ਸਫ਼ਾਈਆ । ਜਨ ਭਗਤਾਂ ਬਖ਼ਸ਼ ਕੇ ਆਪਣਾ ਨੂਰ, ਨੂਰ ਨੁਰਾਨੇ ਚੰਦ ਚਮਕਾਈਆ । ਸ਼ਬਦ ਅਗੰਮੀ ਦੇ ਕੇ ਤੂਰ, ਤੁਰਤ ਆਪਣੀ ਕਰੇ ਪੜ੍ਹਾਈਆ । ਮਨੂਆ ਰਹੇ ਨਾ ਕੋਇ ਮਫ਼ਰੂਰ, ਡੋਰੀ ਸ਼ਬਦੀ ਤੰਦ ਬੰਧਾਈਆ । ਗੜ੍ਹ ਹੰਕਾਰ ਤੋੜ ਗ਼ਰੂਰ, ਗ਼ੁਰਬਤ ਅੰਦਰੋਂ ਦਏ ਕਢਾਈਆ । ਨਾਮ ਖ਼ੁਮਾਰੀ ਦੇ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਆਸਾ ਮਨਸਾ ਜਨ ਭਗਤਾਂ ਕਰ ਪੂਰ, ਪੂਰਬ ਲਹਿਣਾ ਝੋਲੀ ਪਾਈਆ । ਪੁਰਖ ਅਕਾਲ ਦੀਨ ਦਿਆਲ ਸੇਵਕ ਬਣ ਮਜ਼ਦੂਰ, ਚਾਕਰ ਹੋ ਕੇ ਸਾਚੀ ਸੇਵ ਕਮਾਈਆ । ਗੁਰਮੁਖਾਂ ਚਾੜ੍ਹ ਕੇ ਰੰਗ ਗੂੜ੍ਹ, ਦੁਰਮਤ ਮੈਲ ਦਏ ਧਵਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਬੰਦੇ ਆਪਣੇ ਲਏ ਪਰਗਟਾਈਆ । ਜਨਮ ਜਨਮ ਦੇ ਬਖ਼ਸ਼ ਕਸੂਰ, ਲੱਖ ਚੁਰਾਸੀ ਵਿਚੋਂ ਪਾਰ ਲੰਘਾਈਆ । ਜਿਹੜਾ ਜਲਵਾ ਦਿਤਾ ਮੂਸੇ ਕੋਹਤੂਰ, ਸੋ ਨੂਰ ਗੁਰਮੁਖਾਂ ਅੰਦਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਇਕੋ ਇਕ ਵਖਾਈਆ । ਬਿਆਸ ਕਹੇ ਮੇਰੇ ਤਟ ਕਿਨਾਰੇ ਲੱਗਾ ਭਾਗ, ਸਦੀ ਚੌਧਵੀਂ ਖ਼ੁਸ਼ੀ ਮਨਾਈਆ । ਗੁਰਮੁਖ ਜਗਦਾ ਵੇਖਿਆ ਚਿਰਾਗ਼, ਚਰਾਗਾਹਾਂ ਹੋਵੇ ਰੁਸ਼ਨਾਈਆ । ਜਿਸ ਦੇ ਅੰਦਰ ਧੁਨ ਅਨਾਦ, ਅਨਾਦੀ ਆਪ ਵਜਾਈਆ । ਸੁਣ ਅਗੰਮੀ ਆਵਾਜ਼, ਖ਼ੁਸ਼ੀਆਂ ਢੋਲਾ ਗਾਈਆ । ਬਦਲ ਕੇ ਜਗਤ ਸਮਾਜ, ਸਾਚੀ ਸਿਖਿਆ ਦਿਤੀ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਇਕੋ ਜਾਪ, ਜਗ ਜੀਵਣ ਦਾਤਾ ਦਏ ਦ੍ਰਿੜਾਈਆ । ਜਨਮ ਜਨਮ ਦਾ ਕਰਮ ਕਰ ਮੁਆਫ਼, ਧਰਮ ਇਕੋ ਦੇ ਸਮਝਾਈਆ । ਪਾਰਬ੍ਰਹਮ ਬ੍ਰਹਮ ਦੱਸ ਕੇ ਆਪਣੀ ਜਾਤ, ਜਾਤ ਪਾਤੀ ਡੇਰਾ ਢਾਹੀਆ । ਪੂਰਾ ਕਰ ਗੋਬਿੰਦ ਭਵਿਖਤ ਵਾਕ, ਵਾਕਫ਼ਕਾਰ ਗੁਰਮੁਖ ਆਪਣੇ ਲਏ ਬਣਾਈਆ । ਬੰਦ ਕਿਵਾੜੀ ਖੋਲ੍ਹ ਕੇ ਤਾਕ, ਪੜਦਾ ਅੰਦਰੋਂ ਦਏ ਚੁਕਾਈਆ । ਸਾਹਿਬ ਸਤਿਗੁਰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਜ਼ਰੀ ਆਏ ਸਾਖਿਆਤ, ਸਵੱਛ ਸਰੂਪੀ ਸ਼ਾਹੋ ਭੂਪੀ ਸ਼ਾਹ ਪਾਤਸ਼ਾਹ ਆਪਣੀ ਦਇਆ ਕਮਾਈਆ । ਬਿਆਸ ਕਹੇ ਮੈਂ ਵੇਖਾਂ ਖੇਲ ਕਾਇਨਾਤ, ਚਾਰ ਕੁੰਟ ਦਹਿ ਦਿਸ਼ਾ ਬਿਨਾਂ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਧੁਰ ਦਾ ਹੁਕਮ ਇਕ ਵਰਤਾਈਆ । ਬਿਆਸ ਕਹੇ ਗੁਰਮੁਖ ਸੋਹਣੇ ਸੁਹਾਵਣੇ ਲੱਗਣ ਚੰਗੇ, ਚਾਰ ਵਰਨਾਂ ਵਿਚੋਂ ਸੋਭਾ ਪਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਨਿਰਗੁਣ ਧਾਰ ਹੋ ਕੇ ਲੰਘੇ, ਸਚ ਸਿੰਘਾਸਣ ਬੈਠਾ ਡੇਰਾ ਲਾਈਆ । ਤੂੰ ਮੇਰਾ ਮੈਂ ਤੇਰਾ ਗਾਉਂਦੇ ਛੰਦੇ, ਸਾਚਾ ਢੋਲਾ ਬੇਪਰਵਾਹੀਆ । ਤਿਨ੍ਹਾਂ ਸੁਹਾਏ ਮੇਰੇ ਕੰਢੇ, ਕੰਡਿਆਂ ਵਿਚੋਂ ਮੈਨੂੰ ਬਾਹਰ ਕਢਾਈਆ । ਗੁਰਮੁਖਾਂ ਨਾਲ ਮੇਰੇ ਤਟ ਠੰਡੇ, ਅਗਨੀ ਕੂੜ ਜਗਤ ਬੁਝਾਈਆ । ਕੋਟਾਂ ਵਿਚੋਂ ਥੋੜ੍ਹੇ ਆਏ ਮੇਰੇ ਵੰਡੇ, ਗਿਣਤੀ ਅੰਕੜਿਆਂ ਵਿਚ ਨਾ ਕੋਇ ਗਣਾਈਆ । ਅੰਦਰੋਂ ਦਿਸਦੇ ਨੂਰ ਖ਼ੁਦਾਈ ਬੰਦੇ, ਬਾਹਰੋਂ ਪੰਜਾਂ ਤੱਤਾਂ ਵਾਲੇ

ਸੋਭਾ ਪਾਈਆ । ਮੈਂ ਤੱਕਿਆ ਪੁਰਖ ਅਕਾਲ ਉਹਨਾਂ ਸੰਗੇ, ਸਗਲਾ ਸੰਗ ਬਣਾਈਆ । ਗੋਬਿੰਦ ਚਾੜ੍ਹੇ ਚੰਦੇ, ਨੂਰੀ ਚੰਦ ਕਰੇ ਰੁਸ਼ਨਾਈਆ । ਜੁਗ ਜਨਮ ਦੇ ਵਿਛੜੇ ਆਪਣੇ ਨਾਲ ਗੰਢੇ, ਬਿਨ ਡੋਰੀ ਤੰਦ ਬੰਧਾਈਆ । ਸਚ ਪ੍ਰੀਤੀ ਚਰਨ ਧੂੜੀ ਨਾਲ ਰੰਗੇ, ਮਸਤਕ ਟਿੱਕੇ ਆਪ ਛੁਹਾਈਆ । ਮੰਜ਼ਲ ਹਕੀਕੀ ਲਾਸ਼ਰੀਕੀ ਹਰਿਜਨ ਪਿਆਰੇ ਲੰਘੇ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਧੁਰ ਦਰਬਾਰਾ ਇਕੋ ਇਕ ਵਖਾਈਆ । ਬਿਆਸ ਕਹੇ ਮੈਂ ਦਵਾਰਾ ਤੱਕਿਆ ਏਕ, ਏਕੰਕਾਰ ਦਿਤਾ ਜਣਾਈਆ । ਜਿਥੇ ਸਭ ਨੂੰ ਮਿਲੇ ਟੇਕ, ਟਕਿਆਂ ਵਾਲੀ ਕੀਮਤ ਨਾ ਕੋਇ ਪਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨਾਂ ਨਰ ਨਰੇਸ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੁਰਖ ਅਕਾਲ ਡੇਰਾ ਲਾਈਆ । ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਜਿਸ ਦਾ ਅਵੱਲੜਾ ਵੇਸ, ਗੁਰ ਅਵਤਾਰ ਪੈਗ਼ੰਬਰ ਆਪਣਾ ਖੇਲ ਖਿਲਾਈਆ । ਜਿਸ ਦੀ ਯਾਦ ਵਿਚ ਫ਼ਰਿਆਦ ਕਰ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਅੱਖ ਖੁਲ੍ਹਾਈਆ । ਸੋ ਸਾਹਿਬ ਸਤਿਗੁਰ ਆਦਿ ਜੁਗਾਦਿ ਜੁਗ ਚੌਕੜੀ ਸਦਾ ਰਹੇ ਹਮੇਸ਼, ਹਮਸਾਜਨ ਭਗਤਾਂ ਨਜ਼ਰੀ ਆਈਆ । ਜਿਸ ਨੂੰ ਝੁਕਦੇ ਵਿਸ਼ਨ ਸ਼ਿਵ ਬ੍ਰਹਮਾ ਮਹੇਸ਼, ਹਮੇਸ਼ਾਂ ਸੀਸ ਨਿਵਾਈਆ । ਸੋ ਵਸਣਹਾਰਾ ਸਚਖੰਡ ਅਗੰਮੜੇ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਮਾ ਧਾਰ ਕੇ ਭੇਖ, ਵੇਸ ਅਵੱਲੜਾ ਆਪ ਵਟਾਈਆ । ਕਲਜੁਗ ਕੂੜੀ ਕਿਰਿਆ ਬਦਲੇ ਰੇਖ, ਰਿਖੀ ਮੁਨੀ ਸਾਰੇ ਦੇਣ ਦੁਹਾਈਆ । ਬਿਆਸ ਕਹੇ ਜਿਸ ਦਾ ਕਿਸੇ ਨਹੀਂ ਪਾਇਆ ਭੇਤ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਪ੍ਰੀਤੀ ਸਾਚੀ ਟੇਕ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮਿਹਰ ਨਜ਼ਰ ਉਠਾਈਆ । ਬਿਆਸ ਕਹੇ ਮੈਂ ਸਭ ਕੁਝ ਰਿਹਾ ਵੇਖ, ਭਾਗ ਲੱਗਾ ਮਾਝੇ ਦੇਸ, ਪਰਦੇਸੀ ਹੋਈ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਕਰੇ ਵਿਸ਼ੇਸ਼, ਵਿਸ਼ਿਆਂ ਵਾਲਾ ਸਮਝ ਕੋਇ ਨਾ ਪਾਈਆ ।



### ★ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਿਹਿ ਬਸਤੀ ਤੇਗਾ ਸਿੰਘ ਜ਼ਿਲਾ ਫ਼ਿਰੋਜ਼ਪੁਰ ★

ਝੁੱਗੀ ਕਹੇ ਮੇਰਾ ਵਾਸਾ ਅਗੰਮੀ ਜੰਗਲ, ਜਿਸ ਦੀ ਜਗਹ ਨਾ ਕੋਇ ਸਮਝਾਈਆ । ਆਦਿ ਜੁਗਾਦਿ ਜੁਗ ਚੌਕੜੀ ਰਹੇ ਧੁਰ ਦਾ ਮੰਗਲ, ਨਾਦ ਅਨਾਦੀ ਧੁਨ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਬਹਿ ਕੇ ਮੰਗਣ, ਦਰ ਠਾਂਡੇ ਸੀਸ ਨਿਵਾਈਆ । ਸਚ ਪ੍ਰੇਮ ਦੀ ਚਾੜ੍ਹ ਕੇ ਰੰਗਣ, ਰੰਗ ਰੰਗੀਲਾ ਤੱਕਣ ਧੁਰਦਰਗਾਹੀਆ । ਡੰਡਾਵਤ ਕਰ ਕੇ ਬੰਦਨ, ਸਜਦਿਆਂ ਵਿਚ ਸੀਸ ਝੁਕਾਈਆ । ਲੱਗ ਕੇ ਓਸ ਦੇ ਅੰਗਣ, ਅੰਗੀਕਾਰ ਅਖਵਾਈਆ । ਰਸ ਲੈ ਕੇ ਪਰਮਾਨੰਦਨ, ਨਿਜਾਨੰਦ ਖ਼ੁਸ਼ੀ ਬਣਾਈਆ । ਧੁਰ ਦਾ ਢੋਲਾ ਗਾ ਕੇ ਛੰਦਨ, ਰਾਗ ਅਗੰਮੀ ਇਕ ਸੁਣਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਦੱਸਣ, ਦਹਿ ਦਿਸ਼ਾ ਕਰ ਸ਼ਨਵਾਈਆ । ਪਿਆਰ ਮੁਹੱਬਤ ਵਿਚ ਹੱਸਣ, ਹਸਤੀ ਆਪਣੀ ਲੈਣ ਬਦਲਾਈਆ । ਸਦ ਮੇਰੇ ਅੰਤਰ ਨਿਰੰਤਰ ਹੋ ਕੇ ਵਸਣ, ਰੂਪ ਰੰਗ ਰੇਖ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ

ਸੱਚੀ ਵਡਿਆਈਆ । ਝੁੱਗੀ ਕਹੇ ਮੇਰਾ ਘਰ ਅਵੱਲਾ, ਜੁਗ ਚੌਕੜੀ ਨਜ਼ਰ ਕਿਸੇ ਨਾ ਆਈਆ । ਜਿਸ ਗ੍ਰਹਿ ਵਸੇ ਪੁਰਖ ਅਕਾਲ ਇਕ ਇਕੱਲਾ, ਏਕੰਕਾਰ ਡੇਰਾ ਲਾਈਆ । ਸ਼ਬਦੀ ਧਾਰ ਫੜਾਏ ਪੱਲਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਧੁਰ ਸੰਦੇਸ਼ ਨਰ ਨਰੇਸ਼ ਏਕੰਕਾਰ ਏਕਾ ਘੱਲਾ, ਨਾਮ ਨਿਧਾਨ ਸ੍ਰੀ ਭਗਵਾਨ ਦਏ ਦ੍ਰਿੜਾਈਆ । ਗ੍ਰਹਿ ਵਖਾ ਕੇ ਨਿਹਚਲ ਧਾਮ ਅਟਲਾ, ਮਹੱਲ ਅਟਲ ਕਰੇ ਰੁਸ਼ਨਾਈਆ । ਜੋਤੀ ਧਾਰ ਹੋ ਕੇ ਬਲਾ, ਦੀਪਕ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦਏ ਸੁਹਾਈਆ । ਝੁੱਗੀ ਕਹੇ ਮੇਰਾ ਗ੍ਰਹਿ ਨਿਰਾਲਾ, ਨਿਰਾਕਾਰ ਦਿਤਾ ਬਣਾਈਆ । ਸਚ ਦਵਾਰ ਸੱਚੀ ਧਰਮਸਾਲਾ, ਦਵਾਰਾ ਇਕੋ ਦਿਤਾ ਵਡਿਆਈਆ । ਮੁਰੀਦਾਂ ਪੁਛੇ ਮੁਰਸ਼ਦ ਹਾਲਾ, ਅਹਿਵਾਲ ਸਭ ਦਾ ਵੇਖ ਵਖਾਈਆ । ਲੇਖੇ ਲਾਏ ਸਭ ਦੀ ਘਾਲਾ, ਕੀਮਤ ਕਰਤਾ ਇਕੋ ਪਾਈਆ । ਮਾਰਗ ਦੱਸ ਧਰਮ ਸੁਖਾਲਾ, ਪੜਦਾ ਓਹਲਾ ਦਏ ਚੁਕਾਈਆ । ਸੰਤ ਸੁਹੇਲਾ ਬਣ ਰਖਵਾਲਾ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਝੁੱਗੀ ਕਹੇ ਮੇਰਾ ਦਵਾਰਾ ਧੁਰ ਦਾ ਭਗਤ, ਲੋਕਮਾਤ ਨਜ਼ਰੀ ਆਈਆ । ਸਭ ਤੋਂ ਉਜਲ ਦਿਸੇ ਜਗਤ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਵਡਿਆਈ ਮਿਲੇ ਫ਼ਰਸ਼, ਅਰਸ਼ ਵੱਜੇ ਵਧਾਈਆ । ਪੂਰੀ ਹੋਵੇ ਹਰਸ, ਹਵਸ ਦਏ ਬੁਝਾਈਆ । ਕਿਰਪਾ ਕਰ ਅਬਿਨਾਸ਼ੀ ਕਰਤਾ ਕਰੇ ਤਰਸ, ਰਹਿਮਤ ਆਪ ਕਮਾਈਆ । ਨਿਰਵੈਰ ਹੋ ਕੇ ਆਵੇ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਪੂਰੀ ਕਰ ਕੇ ਸ਼ਰਤ, ਸ਼ਰਅ ਦੀਨ ਦੁਨੀ ਦਏ ਬਦਲਾਈਆ । ਅੰਮ੍ਰਿਤ ਮੇਘ ਅੰਮਿਉਂ ਰਸ ਦੇਵੇ ਵਰਖ, ਵਿਖ ਕੂੜੀ ਕਿਰਿਆ ਬਾਹਰ ਕਢਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਸੰਤ ਸੁਹੇਲੇ ਲਏ ਪਰਖ, ਨਾਮ ਕਸਵੱਟੀ ਲਏ ਲਗਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਦੇਵੇ ਦਰਸ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਝੁੱਗੀ ਕਹੇ ਜਨ ਭਗਤ ਮੇਰਾ ਦਵਾਰ, ਦਰ ਠਾਂਡਾ ਨਜ਼ਰੀ ਆਈਆ । ਜਿਸ ਗ੍ਰਹਿ ਵਸੇ ਆਪ ਨਿਰੰਕਾਰ, ਨਿਰਵੈਰ ਹੋ ਕੇ ਸੋਭਾ ਪਾਈਆ । ਜੋਤੀ ਜੋਤ ਕਰ ਉਜਿਆਰ, ਮਹੱਲ ਅਟਲ ਕਰੇ ਰੁਸ਼ਨਾਈਆ । ਸ਼ਬਦ ਅਨਾਦ ਦੇ ਧੁਨਕਾਰ, ਅਗੰਮੀ ਰਾਗ ਸੁਣਾਈਆ । ਬਿਨਾ ਸਖ਼ੀਆਂ ਤੋਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਹਕ ਹਕੀਕਤ ਦਏ ਸਮਝਾਈਆ । ਝਗੜਾ ਚੁੱਕੇ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਡੇਰਾ ਢਾਹੀਆ । ਜਿਧਰ ਵੇਖਾਂ ਤੱਕਾਂ ਸਮਰਥ ਫਿਰੇ ਸਦਾ ਨਾਲ, ਧੁਰ ਦਾ ਸੰਗੀ ਆਪਣਾ ਸੰਗ ਨਿਭਾਈਆ । ਲਹਿਣਾ ਦੇਣਾ ਮੁਕਾ ਕੇ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਕੋਝੇ ਕਮਲੇ ਆਪਣੇ ਰੰਗ ਰੰਗਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੀ ਕਰਦੀ ਰਹੀ ਭਾਲ, ਵੈਰਾਗਣ ਹੋ ਕੇ ਭੱਜੀ ਵਾਹੋ ਦਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਨੂਰ ਤੱਕਿਆ ਪੁਰਖ ਅਕਾਲ, ਅਕਲ ਕਲਧਾਰੀ ਆਪਣਾ ਖੇਲ ਖਿਲਾਈਆ । ਸਚ ਦਵਾਰਾ ਜਿਸ ਦੀ ਸੱਚੀ ਧਰਮਸਾਲ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਜਨ ਭਗਤਾਂ ਚਰਨ ਪ੍ਰੀਤੀ ਦੇਵੇ ਦਾਨ, ਦਇਆਵਾਨ ਝੋਲੀ ਪਾਈਆ । ਮਨਸਾ ਮਨ ਰਹਿਣ ਨਾ ਦੇਵੇ ਅਭਿਮਾਨ, ਕੂੜੀ ਕਿਰਿਆ ਡੇਰਾ ਢਾਹੀਆ । ਭਾਗ ਲਗਾ ਕੇ ਕਾਇਆ ਸਚ ਮਕਾਨ, ਮੁਕਾਮੇ ਹਕ ਦਏ ਵਖਾਈਆ । ਸਾਚੀ ਝੁੱਗੀ ਜੁਗੀਂ ਕਰੇ ਪਰਵਾਨ, ਮੇਰੀ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਦਰ ਠਾਂਡਾ ਦਏ ਵਖਾਈਆ । ਝੁੱਗੀ ਕਹੇ ਜਨ ਭਗਤਾਂ ਵੇਖਾਂ ਘਰ, ਗ੍ਰਹਿ ਮੰਦਰ ਵੱਜੇ ਵਧਾਈਆ । ਦਰ ਸਵਾਮੀ ਸੋਹੇ ਹਰਿ, ਹਿਰਦੇ ਅੰਦਰ ਡੇਰਾ ਲਾਈਆ । ਸ਼ਬਦੀ ਧਾਰ ਲਏ ਫੜ, ਸੁਰਤੀ ਆਪਣੇ ਨਾਲ ਜੁੜਾਈਆ । ਬਿਨ ਪੌੜੀ ਡੰਡੇ ਅੰਦਰ ਜਾਏ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਆਪਣੀ ਕਿਰਪਾ ਦੇਵੇ ਕਰ, ਕਰਨੀ ਦਾ ਕਰਤਾ ਪੜਦਾ ਦਏ ਉਠਾਈਆ । ਅੰਮ੍ਰਿਤ ਨੁਹਾ ਅਗੰਮੇ ਸਰ, ਦੁਰਮਤ ਮੈਲ ਦਏ ਧਵਾਈਆ । ਭਗਤ ਭਗਵਾਨ ਇਕੋ ਸੋਹੇ ਦਰ, ਦਰਵਾਜ਼ਾ ਅੰਦਰੋਂ ਦਏ ਖੁਲ੍ਹਾਈਆ । ਕੂੜੀ ਕਿਰਿਆ ਪੁੱਟ ਕੇ ਜੜ੍ਹ, ਚੇਤਨ ਸੁਰਤੀ ਦਏ ਵਖਾਈਆ । ਖ਼ੁਸ਼ੀਆਂ ਨਾਲ ਦੇਵੇ ਵਰ, ਵਾਰਸ ਹੋ ਕੇ ਹੋਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸੁਹਾਈਆ । ਝੁੱਗੀ ਕਹੇ ਜਨ ਭਗਤਾਂ ਵੇਖਾਂ ਕਾਇਆ ਝੁੱਗੀ, ਕੁੱਲੀ ਕਲਾਧਾਰੀ ਆਪ ਬਣਾਈਆ । ਜਿਸ ਵਿਚ ਖੇਲ ਕਰ ਕੇ ਮਨ ਮਤ ਬੁੱਧੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਦਿਤੀ ਵਡਿਆਈਆ । ਸ਼ਬਦੀ ਰਮਜ਼ ਰੱਖ ਕੇ ਗੁੱਝੀ, ਇਸ਼ਾਰਾ ਨਾਮ ਨਿਧਾਨ ਛੁਪਾਈਆ । ਆਪਣੀ ਧਾਰ ਰੱਖ ਕੇ ਗੁੰਗੀ, ਨਾਦ ਧੁਨ ਨਾ ਕੋਇ ਸ਼ਨਵਾਈਆ । ਕਲਜੁਗ ਅੰਤ ਜਿਸ ਵੇਲੇ ਔਧ ਪੁੱਗੀ, ਵੇਲਾ ਵਕਤ ਗਿਆ ਆਈਆ । ਅਬਿਨਾਸ਼ੀ ਕਰਤੇ ਆਪਣੀ ਖੇਲ ਆਪੇ ਸੁੱਝੀ, ਬਿਨਾ ਸੋਚ ਸਮਝ ਦਿਤੀ ਖਿਲ੍ਹਾਈਆ । ਜਨ ਭਗਤਾਂ ਆਪਣੇ ਨਾਲ ਮੇਲ ਕੇ ਰੁਚੀ, ਰਚਨਾ ਆਪਣੀ ਦਿਤੀ ਵਖਾਈਆ । ਕਾਇਆ ਮਾਟੀ ਕਰ ਕੇ ਸੁੱਚੀ, ਸਚ ਸੰਜਮ ਦਿਤਾ ਦ੍ਰਿੜਾਈਆ । ਨਿਰਗੁਣ ਧਾਰ ਜੋਤ ਨਿਰੰਕਾਰ ਰਹੇ ਨਾ ਲੁਕੀ, ਪੜਦਾ ਓਹਲਾ ਦਿਤਾ ਉਠਾਈਆ । ਜਨ ਭਗਤ ਬਣਾ ਕੇ ਧੁਰ ਦੇ ਮੁੱਖੀ, ਮੁਖੀਏ ਆਪਣੇ ਅੱਗੇ ਲਗਾਈਆ । ਭਾਗ ਲਗਾ ਕੇ ਮਾਤਾ ਕੁੱਖੀਂ, ਆਵਣ ਜਾਵਣ ਦਿਤਾ ਕਟਾਈਆ । ਏਥੇ ਓਥੇ ਰੱਖ ਕੇ ਸੁਖੀ, ਆਤਮ ਪਰਮਾਤਮ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮੰਜ਼ਲ ਦੇ ਕੇ ਉਚੀ, ਉਚ ਅਗੰਮ ਅਥਾਹ ਬੇਪਰਵਾਹ ਸਚਖੰਡ ਦਵਾਰ ਏਕੰਕਾਰ ਨਿਰਾਕਾਰ ਨਿਰੰਕਾਰ ਆਪਣੇ ਘਰ ਵਸਾਈਆ ।

## ★ ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★

ਗੋਬਿੰਦ ਕਹੇ ਪ੍ਰਭ ਵੇਖ ਖੇਲ ਕਲਜੁਗ ਕਲ ਦੀ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਧਿਆਨ ਲਗਾਈਆ । ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਹੁਕਮ ਦੇ ਜਲਦੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਫ਼ਰਮਾਨਾ ਇਕ ਜਣਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਚਾਰ ਕੁੰਟ ਦਹਿ ਦਿਸ਼ਾ ਅੱਗ ਬੁਝਾਵਾਂ ਬਲਦੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਵੇਖ ਵਖਾਈਆ । ਧਾਰ ਵੇਖਾਂ ਸਮੁੰਦ ਸਾਗਰ ਟਿੱਲੇ ਪਰਬਤ ਚੋਟੀ ਜਲ ਥਲ ਦੀ, ਅਸਗਾਹ ਪੜਦੇ ਦਿਆਂ ਉਠਾਈਆ । ਮਾਇਆ ਮਮਤਾ ਜਗਤ ਤ੍ਰਿਸ਼ਨਾ ਸ੍ਰਿਸ਼ਟੀ ਦ੍ਰਿਸ਼ਟੀ ਫਿਰੇ ਛਲਦੀ, ਹਉਮੇ ਹੰਗਤਾ ਕੂੜੀ ਕਿਰਿਆ ਕਰੇ ਲੜਾਈਆ । ਜਗਤ ਤਕਦੀਰ ਬੇਨਜ਼ੀਰ ਸ਼ਾਹ ਹਕੀਰ ਕਿਸੇ ਨਾ ਟਲਦੀ, ਮਿਹਰਵਾਨ ਮਹਿਬੂਬ ਤੇਰਾ ਦਰਸ ਕੋਇ ਨਾ ਪਾਈਆ । ਆਪਣੀ ਖੇਲ ਛੱਡ ਅਛਲ ਅਛੱਲ ਦੀ, ਧਾਰ ਦੱਸ ਅਗੰਮ ਅਟਲ ਦੀ, ਊਚੋ ਊਚ ਦਇਆ ਕਮਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਪ੍ਰਭ ਕਲਜੁਗ ਵੇਖ ਕੂੜ ਕੁੜਿਆਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ, ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਸਦੀ ਚੌਧਵੀਂ ਗੁਰ ਅਵਤਾਰ ਪੈਗ਼ੰਬਰ ਅੰਤ ਅਖ਼ੀਰੀ ਗਏ ਹਾਰ, ਤੇਰੇ ਦਰ ਬੈਠੇ ਸੀਸ ਨਿਵਾਈਆ । ਹੁਕਮ ਸੰਦੇਸ਼ੇ ਅੰਦਰ ਇਕੋ ਸੁਤ ਦੁਲਾਰ ਕਰ ਤਿਆਰ, ਤ੍ਰੈਗੁਣ ਅਤੀਤੇ ਠਾਂਡੇ ਸੀਤੇ ਆਪਣਾ ਹੁਕਮ ਵਰਤਾਈਆ । ਮੈਂ ਜੋਧਾ ਸੂਰਬੀਰ ਬਲਕਾਰ, ਨੌਜਵਾਨਾ ਮਰਦ ਮਰਦਾਨਾ ਦੋ ਜਹਾਨਾਂ ਤੇਰੀ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਿਫ਼ਤਾਂ ਵਾਲਾ ਮੇਰਾ ਤੇਰਾ ਕਰਦੇ ਗਏ ਇਜ਼ਹਾਰ, ਪੜਦਾ ਚੁੱਕ ਕੇ ਹਕ ਹਕ਼ੀਕ਼ਤ ਨਾ ਕੋਇ ਦ੍ਰਿੜਾਈਆ । ਕਿਰਪਾ ਕਰ ਸਿਰਜਣਹਾਰ, ਤੇਰੇ ਦਰ ਕਰਾਂ ਨਿਮਸਕਾਰ, ਹੁਕਮ ਦੇ ਏਕਾ ਵਾਰ, ਬਣ ਕੇ ਜਾਵਾਂ ਖ਼ਿਦਮਤਗਾਰ, ਖ਼ਾਦਮ ਹੋ ਕੇ ਤੇਰੀ ਸੇਵ ਕਮਾਈਆ । ਦੀਨ ਦੁਨੀ ਦੀ ਬਦਲਾਂ ਧਾਰ, ਝਗੜਾ ਮੁਕਾਵਾਂ ਵਿਚ ਸੰਸਾਰ, ਦੀਨ ਮਜ਼੍ਹਬ ਦੀ ਰਹੇ ਕੋਇ ਨਾ ਖਾਰ, ਜਾਤ ਪਾਤ ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਏਕਾ ਦੇਵਾਂ ਏਕਾ ਵਾਰ, ਦੂਜੀ ਦੱਸਾਂ ਨਾ ਕੋਇ ਗੁਫ਼ਤਾਰ, ਮੇਲ ਮਿਲਾ ਕੇ ਸਾਂਝੇ ਯਾਰ, ਝਗੜਾ ਦਵੈਤ ਦੇਵਾਂ ਮਿਟਾਈਆ । ਸਚਖੰਡ ਤੇਰਾ ਦਰਬਾਰ, ਜਿਥੇ ਝੁਕੇ ਗੁਰੂ ਅਵਤਾਰ, ਪੈਗ਼ੰਬਰ ਸਜਦੇ ਕਰ ਕਰ ਗਏ ਹਾਰ, ਧੂੜੀ ਖ਼ਾਕ ਚਰਨ ਕਵਲ ਰਮਾਈਆ । ਪੁਰਖ ਅਕਾਲੇ ਦੀਨ ਦਿਆਲੇ ਸਭ ਕੁਛ ਤੇਰੇ ਅਖ਼ਤਿਆਰ, ਬੇਅਖ਼ਤਿਆਰ ਕਲਜੁਗ ਅੰਤ ਦਿਸੇ ਲੋਕਾਈਆ । ਸਾਡਾ ਭਵਿਖਤਾਂ ਵਾਲਾ ਪੂਰਾ ਕਰ ਵਿਹਾਰ, ਉਚੀ ਕੂਕ ਕੂਕ ਗਏ ਪੁਕਾਰ, ਕਲ ਕਲਕੀ ਤੇਰਾ ਇਕ ਅਵਤਾਰ, ਜਿਸ ਨੂੰ ਸਮਝੇ ਨਾ ਕੋਇ ਸੰਸਾਰ, ਬੁੱਧੀ ਕਰੇ ਨਾ ਕੋਇ ਇਜ਼ਹਾਰ, ਆਕਲ ਅਕਲ ਨਾ ਕੋਇ ਚਤੁਰਾਈਆ । ਉਚੀ ਕੂਕ ਕਹਾਂ ਪੁਕਾਰ, ਸੁਣ ਸਵਾਮੀ ਧੁਰ ਦੇ ਯਾਰ, ਪਿਤਾ ਪੂਤ ਦੇ ਪਿਆਰ, ਮਿਹਰਵਾਨ ਹੋ ਕੇ ਮਿਹਰ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇ ਦ੍ਰਿੜਾਈਆ । ਗੋਬਿੰਦ ਕਹੇ ਪ੍ਰਭ ਮੇਰਾ ਮਾਛੂਵਾੜੇ ਵਾਲਾ ਵੇਖ ਹੁਕਮਨਾਮਾ, ਜੋ ਬਿਨ ਅੱਖਰਾਂ ਦਿਤਾ ਲਿਖਾਈਆ । ਜਿਸ ਦੀ ਅੱਖਰਾਂ ਵਾਲੀ ਨਹੀਂ ਕਲਾਮਾ, ਕਾਇਨਾਤ ਨਾ ਕੋਇ ਜਣਾਈਆ । ਜਿਸ ਵਿਚ ਝਗੜਾ ਨਹੀਂ ਦੀਨ ਇਸਲਾਮਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਕੋਈ ਨਾਮ ਨਹੀਂ ਵਡਿਆਇਆ ਕ੍ਰਿਸ਼ਨਾ ਰਾਮਾ, ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਧਾਰ ਨਾ ਕੋਇ ਜਣਾਈਆ । ਇਕੋ ਮੰਗਿਆ ਤੇਰਾ ਸਤਿ ਸਰੂਪ ਦਾ ਅਗੰਮੀ ਜਾਮਾ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਫੇਰਾ ਲੈਣਾ ਪਾਈਆ । ਵੇਖੀਂ ਕਿਤੇ ਗੋਪੀਆਂ ਵਾਲਾ ਬਣੀਂ ਨਾ ਕਾਹਨਾ, ਲੱਖ ਚੁਰਾਸੀ ਤੇਰਾ ਨਿਸ਼ਾਨਾ, ਨਿਰਗੁਣ ਨੂਰ ਜੋਤ ਮਹਾਨਾ, ਸ਼ਬਦੀ ਗੋਬਿੰਦ ਸੂਰਾ ਸੁਤ ਤੇਰਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੋਬਿੰਦ ਕਹੇ ਪੁਰਖ ਅਕਾਲ ਮੈਨੂੰ ਆਉਂਦਾ ਜੋਸ਼, ਸ਼ਬਦੀ ਹੋ ਕੇ ਚੈਨ ਲੈਣ ਨਾ ਪਾਈਆ । ਸਚਖੰਡ ਨਿਵਾਸੀ ਕਿਉਂ ਬੈਠਾ ਖ਼ਾਮੋਸ਼, ਭੇਵ ਅਭੇਦਾ ਦੇ ਖੁਲ੍ਹਾਈਆ । ਸ੍ਰਿਸ਼ਟੀ ਅੰਦਰ ਵੇਖਾਂ ਦੋਸ਼, ਨਿਰਦੋਸ਼ ਲੱਖ ਚੁਰਾਸੀ ਅੰਤਰ ਅੰਤਰ ਵੇਖ ਵਖਾਈਆ । ਝਗੜਾ ਰਹਿਣ ਨਹੀਂ ਦੇਣਾ ਕਾਇਆ ਮਾਟੀ ਚਮੜੀ ਪੋਸ਼, ਪਿਛਲਾ ਲੇਖਾ ਦੇਣਾ ਮੁਕਾਈਆ । ਏਕਾ ਨਾਮ ਦੀ ਲਾ ਕੇ ਚੋਟ, ਚੋਟੀ ਚੜ੍ਹ ਕੇ ਸਾਰੇ ਦੇਣੇ ਉਠਾਈਆ । ਕੂੜੀ ਕਿਰਿਆ ਮਨ ਵਾਸਨਾ ਅੰਦਰੋਂ ਕੱਢ ਕੇ ਖੋਟ, ਮਮਤਾ

ਮੋਹ ਦੇਣਾ ਗਵਾਈਆ । ਹਉਮੇ ਹੰਗਤਾ ਕਟ ਕੇ ਰੋਗ, ਹੰ ਬ੍ਰਹਮ ਦੇਣਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਹੋਵੇ ਜੋਗ, ਜਗਤ ਜੋਗੀਸ਼ਰ ਮੁਨੀਸ਼ਰ ਤਪੀਸ਼ਰ ਆਪਣਾ ਰਾਹ ਨਾ ਕੋਇ ਵਖਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੱਸ ਕੇ ਧੁਰ ਦੀ ਖੋਜ, ਮਾਰਗ ਰਾਹ ਪੰਧ ਦੇਣਾ ਸਮਝਾਈਆ । ਝਗੜਾ ਰਹਿਣ ਨਹੀਂ ਦੇਣਾ ਚੌਦਾਂ ਲੋਕ, ਚੌਦਾਂ ਤਬਕ ਦਿਆਂ ਸਮਝਾਈਆ । ਆਤਮ ਪਰਮਾਤਮ ਦੱਸ ਕੇ ਅਗੰਮ ਸਲੋਕ, ਸੁਲਹਕੁਲ ਦੇਣਾ ਮਿਲਾਈਆ । ਗੋਬਿੰਦ ਕਹੇ ਪ੍ਰਭ ਮੈਂ ਸੌਦਾ ਕਰਨਾ ਰੋਕ, ਜਗਤ ਉਧਾਰ ਨਾ ਕੋਇ ਜਣਾਈਆ । ਛੱਡ ਕੇ ਤੇਰਾ ਸਚਖੰਡ ਧੁਰ ਦਾ ਕੋਟ, ਕਿਲਾ ਆਪਣਾ ਲੈਣਾ ਪਰਗਟਾਈਆ । ਜਿਥੇ ਤੇਰਾ ਨੂਰ ਜਗੇ ਅਗੰਮੀ ਜੋਤ, ਦੀਪਕ ਅਵਰ ਨਾ ਕੋਇ ਰੁਸ਼ਨਾਈਆ । ਤੱਤਾਂ ਵਾਂਗ ਫੇਰ ਮਰਨਾ ਪਏ ਨਾ ਸ੍ਰਿਸ਼ਟੀ ਵਾਲੀ ਮੌਤ, ਅਗਨੀ ਭੇਟ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦੇਣਾ ਸਮਝਾਈਆ । ਪੁਰਖ ਅਕਾਲ ਕਹੇ ਗੋਬਿੰਦ ਨਾ ਕਰ ਜਲਦੀ, ਸ਼ਬਦੀ ਸ਼ਬਦ ਜਣਾਈਆ । ਮੇਰੀ ਖੇਲ ਆਦਿ ਜੁਗਾਦਿ ਵਲ ਛਲ ਦੀ, ਅਛਲ ਛਲਧਾਰੀ ਆਪਣਾ ਨਾਉਂ ਧਰਾਈਆ । ਕਿਸੇ ਨੂੰ ਖ਼ਬਰ ਨਾ ਦਿਤੀ ਆਪਣੇ ਪਲ ਦੀ, ਪਲਕਾਂ ਦੇ ਪਿਛੇ ਬਹਿ ਕੇ ਆਪਣਾ ਹੁਕਮ ਸੁਣਾਈਆ । ਜਿਹੜੀ ਧਾਰ ਗੁਰ ਅਵਤਾਰ ਪੈਗ਼ੰਬਰ ਸੁਨੇਹੜਾ ਘੱਲਦੀ, ਨਬੀ ਰਸੂਲਾਂ ਕਲਮਿਆਂ ਨਾਲ ਸਮਝਾਈਆ । ਓਸ ਦੀ ਖੇਲ ਕਦੇ ਨਾ ਟਲਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਆਪਣਾ ਰਿਹਾ ਖੁਲ੍ਹਾਈਆ । ਗੋਬਿੰਦ ਮੈਨੂੰ ਪੁਛ ਲੈਣ ਦੇ ਤੇਈ ਅਵਤਾਰ, ਦਰ ਠਾਂਡੇ ਆਪ ਬਹਾਈਆ । ਈਸਾ ਮੂਸਾ ਮੁਹੰਮਦ ਕਰ ਕੇ ਤਿਆਰ, ਤਰ੍ਹਾਂ ਤਰ੍ਹਾਂ ਦਿਆਂ ਜਣਾਈਆ । ਵੇਖ ਖੜ੍ਹੇ ਚਰਨ ਦਵਾਰ, ਬਿਨ ਸੀਸ ਸੀਸ ਝੁਕਾਈਆ । ਮੈਂ ਹੁਕਮ ਦੇਣ ਲੱਗਾ ਆਪਣੀ ਧਾਰ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਉਠੋ ਵੇਖੋ ਆਪਣਾ ਸੰਸਾਰ, ਦੀਨ ਦੁਨੀ ਰਾਹ ਤਕਾਈਆ । ਆਪਣੇ ਵੇਖੋ ਮਿਤਰ ਪਿਆਰ, ਸੱਜਣ ਲਓ ਉਠਾਈਆ । ਕਿਸ ਨੂੰ ਦੇਂਦੇ ਰਹੇ ਦੀਦਾਰ, ਸਨਮੁਖ ਹੋ ਕੇ ਸੋਭਾ ਪਾਈਆ । ਅੱਗੇ ਕਿਹੜਾ ਕਰੇ ਸੰਭਾਲ, ਮੈਨੂੰ ਦਿਓ ਜਣਾਈਆ । ਕਿਉਂ ਕੂੜੀ ਕਿਰਿਆ ਬਦਲੀ ਚਾਲ, ਚਾਲਾਕੀ ਸਮਝ ਸਕੇ ਕੋਇ ਨਾ ਰਾਈਆ । ਜਿਹੜਾ ਕਲਮਾ ਨਾਮ ਆਏ ਤੁਸੀਂ ਸਿਖ਼ਾਲ, ਕਿਉਂ ਭੁੱਲੀ ਸ੍ਰਿਸ਼ਟ ਲੋਕਾਈਆ । ਕੀ ਤੁਸੀਂ ਜਾਣ ਨਾ ਸਕੋ ਸਭ ਦਾ ਹਾਲ, ਘਟ ਘਟ ਨਾ ਵੇਖ ਵਖਾਈਆ । ਮੋੜ ਕੇ ਮੈਨੂੰ ਜਵਾਬ ਦੇ ਥਾਂ ਦੱਸੋ ਸਵਾਲ, ਹੁਕਮੇ ਅੰਦਰ ਤਲਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਇੱਕਠੇ ਪਏ ਬੋਲ, ਪ੍ਰਭ ਤੇਰੀ ਬੇਪਰਵਾਹੀਆ । ਸਾਡਾ ਪੂਰਾ ਹੋਇਆ ਕੌਲ, ਅੱਗੇ ਲੇਖਾ ਰਿਹਾ ਨਾ ਰਾਈਆ । ਤੇਰਾ ਹੁਕਮ ਸੰਦੇਸ਼ਾ ਸੁਣਾ ਕੇ ਆਏ ਉਪਰ ਧੌਲ, ਧਰਨੀ ਧਰਤ ਧਵਲ ਸੇਵ ਕਮਾਈਆ । ਕਿਸੇ ਨਾਲ ਨਹੀਂ ਮਾਰਿਆ ਰੋਲ, ਸਤਿ ਸਚ ਸਚ ਸਮਝਾਈਆ । ਤੂੰ ਬੈਠਾ ਰਿਹੋਂ ਆਪ ਅਡੋਲ, ਸਚਖੰਡ ਸਾਚੇ ਡੇਰਾ ਲਾਈਆ । ਤੋਲਦਾ ਰਿਹੋਂ ਅਗੰਮਾ ਤੋਲ, ਨਾਮ ਤਰਾਜ਼ੂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਅਵਤਾਰ ਪੈਗ਼ੰਬਰ ਕਹਿਣ ਸਾਡੀ ਸੁਣ ਇਕ ਅਰਦਾਸ, ਅਰਜ਼ ਬੇਨੰਤੀ ਦੇਈਏ ਜਣਾਈਆ । ਤੇਰਾ ਨਾਮ ਸ਼ਬਦ ਕਲਮਾ ਸੁਨੇਹੜਾ ਦੇ ਕੇ ਖ਼ਾਸ, ਖ਼ਾਲਸ ਤੇਰਾ ਨਾਮ ਆਏ ਜਣਾਈਆ । ਆਪ ਬਣ ਕੇ ਦਾਸੀ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਨਿਰਗੁਣ ਨੂਰ

੨੮੫ ੨੦

ਕਰ ਪਰਕਾਸ਼, ਸ਼ਬਦੀ ਢੋਲਾ ਡੰਕ ਸੁਣਾਈਆ । ਅੰਤ ਆ ਗਏ ਤੇਰੇ ਪਾਸ, ਨਾਤਾ ਤਤ ਜਗਤ ਤੁੜਾਈਆ । ਭਵਿਖਤਾਂ ਵਿਚ ਲਿਖ ਕੇ ਵਾਕ, ਲੇਖਾ ਤੇਰਾ ਆਏ ਜਣਾਈਆ । ਸੋ ਵੇਲਾ ਵਕਤ ਵੇਖ ਆਪ, ਕੀ ਸਾਥੋਂ ਪੁਛ ਪੁਛਾਈਆ । ਸਾਡੇ ਉਤੇ ਰਿਹਾ ਨਾ ਕਿਸੇ ਵਿਸ਼ਵਾਸ਼, ਵਿਸ਼ਿਆਂ ਵਿਚ ਲੋਕਾਈਆ । ਸ਼ਾਸਤਰ ਸਿਮਰਤ ਅੰਜੀਲ ਕੁਰਾਨ ਵੇਦ ਪੁਰਾਨ ਸਮਝ ਕਿਤਾਬ, ਕੁਤਬਖਾਨਿਆਂ ਵਿਚ ਟਿਕਾਈਆ । ਮੰਜ਼ਲ ਰਹੀ ਨਾ ਹਕ ਮਹਿਰਾਬ, ਮਹਿਬੂਬ ਤੇਰਾ ਮੇਲ ਨਾ ਕੋਇ ਮਿਲਾਈਆ । ਤੇਰੇ ਹੁਕਮੇ ਅੰਦਰ ਕਲਜੁਗ ਰਹਿਣ ਦਿਤਾ ਕੋਇ ਨਾ ਪਾਕ, ਪਵਿੱਤ ਰੂਪ ਨਾ ਕੋਇ ਵਖਾਈਆ । ਬਿਨ ਤੇਰੀ ਕਿਰਪਾ ਖੁਲ੍ਹੇ ਕਿਸੇ ਨਾ ਤਾਕ, ਪਾਕ ਚਾਕ ਰੂਪ ਨਾ ਕੋਇ ਬਦਲਾਈਆ । ਅਸੀਂ ਛੱਡ ਕੇ ਸਭ ਦਾ ਸਾਥ, ਤੇਰੇ ਚਰਨ ਧਿਆਨ ਲਗਾਈਆ । ਵਸਤ ਰਹੀ ਨਾ ਸਾਡੇ ਪਾਸ, ਤੂੰ ਆਪੇ ਦੇ ਕੇ ਆਪੇ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਕਿਹੜਾ ਮਾਰੇ ਫੇਰਾ, ਲੋਕਮਾਤ ਦਿਓ ਸਮਝਾਈਆ । ਕਵਣ ਮਿਟਾਵੇ ਅੰਤ ਅੰਧੇਰਾ, ਕਲਜੁਗ ਕੂੜ ਕੁੜਿਆਰ ਡੇਰਾ ਢਾਹੀਆ । ਕਵਣ ਭੇਵ ਖੁਲ੍ਹਾਏ ਤੇਰਾ ਮੇਰਾ, ਪੜਦਾ ਅੰਦਰੋਂ ਦਏ ਚੁਕਾਈਆ । ਤੇਈ ਅਵਤਾਰ ਦੱਸੋ ਕਰ ਕੇ ਵੱਡਾ ਜੇਰਾ, ਹੁਕਮ ਸ੍ਰੀ ਭਗਵਾਨ ਆਪ ਸੁਣਾਈਆ । ਈਸਾ ਮੂਸਾ ਮੁਹੰਮਦ ਤੁਹਾਡੇ ਵਿਚੋਂ ਕਿਹੜਾ ਕਰੇ ਨਬੇੜਾ, ਉਮਤ ਜਾ ਕੇ ਵੇਖੇ ਚਾਈਂ ਚਾਈਂਆ । ਚੌਦਾਂ ਤਬਕਾਂ ਕਿਹੜਾ ਸੁਹੰਜਣਾ ਕਰੇ ਖੇੜਾ, ਸੁਹਾਵਣੀ ਰੁੱਤ ਬਣਾਈਆ । ਕਿਹੜਾ ਬੰਨ੍ਹੇ ਬੇੜਾ, ਆਪਣਾ ਬਲ ਪਰਗਟਾਈਆ । ਕਵਣ ਕਰੇ ਮਿਹਰਾ, ਦੀਨ ਦੁਨੀ ਲਏ ਬਚਾਈਆ । ਧਰਤ ਮਾਤ ਦਾ ਪਵਿਤ੍ਰ ਹੋਵੇ ਵਿਹੜਾ, ਪਾਪ ਸਾਫ਼ ਦਏ ਕਰਾਈਆ । ਪੈਗ਼ੰਬਰ ਕਹਿਣ ਸਾਡਾ ਵਕਤ ਬੀਤਿਆ ਬਥੇਰਾ, ਅੱਗੇ ਹਿੰਮਤ ਰਹੀ ਨਾ ਰਾਈਆ । ਬਿਨ ਤੇਰੇ ਸੁਹਾਏ ਕੋਈ ਨਾ ਵੇਲਾ, ਜਗਤ ਅੰਧੇਰਾ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫ਼ਰਮਾਨ ਇਕ ਸੁਣਾਈਆ । ਪੁਰਖ ਅਕਾਲ ਕਹੇ ਮੈਂ ਫੇਰ ਕਹਿਵਾਂ ਵਾਰ ਦੂਜੀ, ਪੈਗ਼ੰਬਰਾਂ ਰਿਹਾ ਸੁਣਾਈਆ । ਦੱਸੋ ਕਿਸ ਨੂੰ ਕਲਾ ਸੁੱਝੀ, ਆਪਣੀ ਆਪਣੀ ਧਾਰ ਦਿਓ ਦ੍ਰਿੜਾਈਆ । ਕਵਣ ਜਾ ਕੇ ਪਵਿੱਤ ਕਰੇ ਬੁੱਧੀ, ਸ੍ਰਿਸ਼ਟੀ ਅੰਦਰੋਂ ਦਏ ਬਦਲਾਈਆ । ਸਚ ਪ੍ਰੇਮ ਦੀ ਲਾਵੇ ਰੁਚੀ, ਰਚਨਾ ਇਕੋ ਦਏ ਵਖਾਈਆ । ਵਾਸਨਾ ਮਨ ਰਹੇ ਨਾ ਦੁੱਖੀ, ਹੰਗਤਾ ਗੜ੍ਹ ਤੁੜਾਈਆ । ਜੀਵ ਜਗਤ ਤ੍ਰਿਸ਼ਨਾ ਵਿਚ ਰਹੇ ਨਾ ਭੁੱਖੀ, ਤ੍ਰਿਪਤ ਦਏ ਕਰਾਈਆ । ਮੇਰੀ ਰਮਜ਼ ਰਹੇ ਨਾ ਲੁਕੀ, ਪੜਦਾ ਦਏ ਉਠਾਈਆ । ਉਠੋ ਕੋਈ ਤਾ ਦਿਓ ਮੁੱਛੀਂ, ਮੁਸ਼ਕਲ ਜਗਤ ਹੱਲ ਕਰਾਈਆ । ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡੀ ਔਧ ਮੁਕੀ, ਮੁਕੰਮਲ ਦੇਈਏ ਦ੍ਰਿੜਾਈਆ । ਸਾਡੀ ਸਫਾ ਜਗਤ ਚੋਂ ਉਠੀ, ਲੋਕਮਾਤ ਨਜ਼ਰ ਨਾ ਆਈਆ । ਤੂੰ ਸਭ ਦੇ ਅੰਦਰ ਮਤ ਪਾ ਕੇ ਪੁੱਠੀ, ਕਲਮੇ ਦਿਤੇ ਭੁਲਾਈਆ । ਸ਼ਬਦੀ ਧਾਰ ਤੇਰੇ ਨਾਲੋਂ ਰੁੱਠੀ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ । ਸੰਤਾਂ ਨੂੰ ਭਰਮ ਭੁਲੇਖਾ ਪਾ ਕੇ ਤ੍ਰੈਕੁਟੀ, ਵਿਦਿਆ ਵਿਚ ਲੜਾਈਆ । ਥੋੜ੍ਹੀ ਜਿਹੀ ਅੰਮ੍ਰਿਤ ਧਾਰ ਨਿਝਰ ਕਿਸੇ ਫੁੱਟੀ, ਫੁੱਟ ਦੀਨ ਮਜ਼੍ਹਬ ਵਿਚ ਫਸਾਈਆ । ਦਸਮ ਦਵਾਰ ਦੀ ਮਾਮੂਲੀ ਪਹੁ ਫੁੱਟੀ, ਫੱਟਿਆਂ ਉਤੇ ਦਿਤੇ ਸਵਾਈਆ । ਆਪਣੇ ਨਾਮ ਦੀ ਨਿੱਕੀ ਜਿਹੀ ਦੱਸ ਕੇ ਹੱਟੀ, ਜਗਤ ਵਣਜਾਰੇ ਵੰਡਾਂ ਵਿਚ ਰਖਾਈਆ । ਏਸੇ ਕਾਰਨ ਅੰਤਮ ਸਭ ਨੂੰ ਭਰਨੀ ਪਈ ਚੱਟੀ, ਸਜ਼ਾ ਵਿਚ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਦੱਸ ਕੇ ਅੱਖਰਾਂ ਵਾਲੀ ਪੱਟੀ, ਇਬਾਰਤਾਂ ਵਿਚ

ਆਪਣਾ ਨਾਮ ਦਿਤਾ ਸਮਝਾਈਆ । ਅੰਦਰ ਰੱਖ ਕੇ ਜੋਤ ਦੀ ਮੋਮਬੱਤੀ, ਘਟ ਕੀਤੀ ਰੁਸ਼ਨਾਈਆ । ਦੇ ਕੇ ਨਿੱਕੀ ਅੱਖੀ, ਆਖ਼ਰ ਆਪਣਾ ਆਪ ਛੁਪਾਈਆ । ਤਨ ਮਾਟੀ ਸਭ ਦਾ ਸਾੜ ਕੇ ਕੱਖੀਂ, ਮਿੱਟੀ ਗੋਰ ਵਿਚ ਦਬਾਈਆ । ਅਸੀਂ ਕਥਾ ਕਹਾਣੀ ਦੱਸੀਏ ਸੱਚੀ, ਸਾਹਿਬ ਤੇਰੇ ਅੱਗੇ ਸੁਣਾਈਆ । ਚਾਰ ਜੁਗ ਸਾਡੀ ਪ੍ਰੀਤੀ ਜਗਤ ਨਾਲ ਕੱਚੀ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਏਸੇ ਕਾਰਨ ਤੇਰੇ ਆਉਣ ਦੀ ਰਮਜ਼ ਦੱਸੀ, ਕਲਜੁਗ ਵੇਲਾ ਵਕਤ ਦ੍ਰਿੜ੍ਹਾਈਆ । ਅਸੀਂ ਸਭ ਕੁਛ ਵੇਖਦੇ ਆਪਣੀ ਅੱਖੀਂ, ਮੰਦਰ ਮਸਜਿਦ ਸ਼ਿਵਦਵਾਲੇ ਫੋਲ ਫੁਲਾਈਆ । ਕਿਸੇ ਦਵਾਰੇ ਮਿਲੇ ਨਾ ਕਮਲਾਪਤੀ, ਪਤਿਪਰਮੇਸ਼ਵਰ ਨਜ਼ਰ ਕਿਸੇ ਨਾ ਆਈਆ । ਮਨ ਵਾਸਨਾ ਦੁਨੀਆ ਫਿਰਦੀ ਨੱਠੀ, ਤ੍ਰਿਸ਼ਨਾ ਵਿਚ ਹਲਕਾਈਆ । ਦੁਰਮਤ ਮੈਲ ਸਾਥੋਂ ਜਾਵੇ ਨਾ ਕੱਟੀ, ਬਹੁੜੀ ਕਰ ਕੇ ਦੇਈਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦੇਣਾ ਸਮਝਾਈਆ । ਪੁਰਖ ਅਕਾਲ ਕਹੇ ਮੈਂ ਕਹਿੰਦਾ ਤੀਜੀ ਵਾਰੀ, ਵਾਰਤਾ ਸਭ ਨੂੰ ਰਿਹਾ ਦੁਹਰਾਈਆ । ਅਵਤਾਰ ਪੈਗ਼ੰਬਰ ਕਰੋ ਕੋਈ ਹੁਸ਼ਿਆਰੀ, ਧੁਰ ਫ਼ਰਮਾਨਾ ਰਿਹਾ ਸੁਣਾਈਆ । ਆਤਮ ਪਰਮਾਤਮ ਦੀ ਜੋੜੋ ਮਾਤ ਵਿਚ ਯਾਰੀ, ਯਾਰਾਨਾ ਮੇਰੇ ਨਾਲ ਲਗਾਈਆ । ਦੀਨ ਮਜ਼੍ਹਬ ਰਹੇ ਨਾ ਕੋਇ ਸੰਸਾਰੀ, ਇਕੋ ਬ੍ਰਹਮ ਦੇਣਾ ਜਣਾਈਆ । ਸੁਰਤੀ ਰਹੇ ਨਾ ਕੋਇ ਕਵਾਰੀ, ਸ਼ਬਦੀ ਕੰਤ ਦੇਣਾ ਵਖਾਈਆ । ਅਗਨ ਰਹੇ ਨਾ ਬਹੱਤਰ ਨਾੜੀ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਧੁਰ ਦੀ ਦੱਸਣੀ ਇਕ ਸਿਕਦਾਰੀ, ਸ਼ਹਿਨਸ਼ਾਹ ਇਕੋ ਦੇਣਾ ਵਖਾਈਆ । ਜਿਸ ਦੀ ਖੇਲ ਅਗੰਮ ਨਿਆਰੀ, ਦੋ ਜਹਾਨਾਂ ਆਪ ਕਰਾਈਆ । ਸਾਚੇ ਨਾਮ ਦੀ ਕਰੋ ਕੋਈ ਜੈਕਾਰੀ, ਜਿਹੜਾ ਨਾਮ ਚਾਰ ਜੁਗ ਨਾ ਕਿਸੇ ਸਮਝਾਈਆ । ਆਪਣੀ ਮੇਟੋ ਜਾ ਕੇ ਆਪ ਬੇਇਤਬਾਰੀ, ਇਤਬਾਰ ਆਪਣਾ ਲਓ ਬਣਾਈਆ । ਅਵਤਾਰ ਪੈਗ਼ੰਬਰ ਕਹਿਣ ਦੋਏ ਜੋੜ ਤੇਰੇ ਚਰਨ ਨਿਮਸਕਾਰੀ, ਨਮੋਂ ਕਹਿ ਕੇ ਸੀਸ ਨਿਵਾਈਆ । ਕੁਦਰਤ ਦੇ ਕਾਦਰ ਤੇਰੇ ਕਦਮਾਂ ਬਲਿਹਾਰੀ, ਸਜਦਾ ਕਰ ਕੇ ਖ਼ੁਸ਼ੀ ਬਣਾਈਆ । ਅਸੀਂ ਅੰਤ ਅਖ਼ੀਰ ਕਹਿ ਕੇ ਆਏ ਆਪਣੀ ਵਾਰੀ, ਭਵਿਖਤਾਂ ਵਿਚ ਸਮਝਾਈਆ । ਵੱਡ ਅਮਾਮ ਆਵੇ ਸਿਕਦਾਰੀ, ਦੋ ਜਹਾਨਾਂ ਸ਼ਹਿਨਸ਼ਾਹੀਆ । ਸਭ ਦੀ ਮੇਟੇ ਮਾਤ ਲਾਚਾਰੀ, ਕੂੜ ਕੁੜਿਆਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖ ਆਪਣੀ ਲੋਕਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰੋ ਕੋਈ ਧਾਰੋ ਜਾ ਕੇ ਜੁੱਸਾ, ਪੰਜ ਤਤ ਦਿਆਂ ਵਡਿਆਈਆ । ਦੀਨ ਦੁਨੀ ਵੇਖ ਕੇ ਕਿਉਂ ਨਹੀਂ ਤੁਹਾਨੂੰ ਪ੍ਰੇਮ ਦਾ ਆਉਂਦਾ ਗ਼ੁੱਸਾ, ਆਪਣਾ ਬਲ ਵਧਾਈਆ । ਸਾਰੇ ਕਹਿਣ ਅਬਿਨਾਸ਼ੀ ਕਰਤੇ ਤੂੰ ਕਿਉਂ ਹੁਣ ਆਪਣੀ ਵਾਰੀ ਲੁਕਾ, ਅਸੀਂ ਦੇ ਕੇ ਆਏ ਸ਼ਹਾਦਤ ਤੇਰੀ ਗਵਾਹੀਆ । ਬਿਨ ਤੇਰੀ ਕਿਰਪਾ ਪੈਂਡਾ ਕਿਸੇ ਨਾ ਮੁੱਕਾ, ਅਗਲਾ ਪੰਧ ਨਾ ਕੋਇ ਚੁਕਾਈਆ । ਸੋ ਵੇਲਾ ਵਕਤ ਜਹਾਨ ਢੁੱਕਾ, ਸਦੀ ਚੌਧਵੀਂ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰੋ ਕਰ ਲਓ ਸੌਦੇਬਾਜ਼ੀ, ਸਭ ਨੂੰ ਦਿਆਂ ਸਮਝਾਈਆ । ਜੇ ਕੋਈ ਤਹਾਡੇ ਵਿਚੋਂ ਮਾਤਲੋਕ ਜਾਵੇ ਮੈਂ ਖ਼ੁਸ਼ੀ ਹੋਵਾਂ ਰਾਜ਼ੀ, ਰਾਜ਼ਕ ਰਹੀਮ ਹੋ ਕੇ ਦਇਆ ਕਮਾਈਆ । ਇਕ ਸੰਦੇਸ਼ਾ ਦੇਵਾਂ ਖ਼ਾਸੀ, ਖ਼ਾਹਸ਼ ਸਭ ਦੀ ਵੇਖ ਵਖਾਈਆ । ਵੇਖਿਓ ਲੋਕਮਾਤ ਜਾ ਕੇ ਬਣਿਓ ਨਾ ਕੋਈ ਨਿਮਾਜ਼ੀ, ਨਿਮਾਜ਼ਾਂ ਵਿਚ ਨਾ ਧਿਆਨ ਲਗਾਈਆ । ਵੇਦਾਂ ਪੁਰਾਨਾਂ ਦਾ ਬਣਿਓ ਕੋਈ ਨਾ ਪਾਠੀ, ਮੰਦਰਾਂ ਵਿਚ ਡੇਰਾ ਲਾਈਆ । ਸਵਾਂਗੀ ਨਾ ਬਣਿਓ ਕੋਈ ਤੀਰਥ

ਤਾਟੀ, ਜਲਾਂ ਨਾਲ ਵਡਿਆਈਆ । ਰਾਮ ਕ੍ਰਿਸ਼ਨ ਦੀ ਗਾਇਓ ਕੋਈ ਨਾ ਸਾਖੀ, ਪਿਛਲਾ ਲੇਖਾ ਨਾ ਕੋਇ ਦੁਹਰਾਈਆ । ਚਾਰ ਜੁਗ ਦੀ ਪੜ੍ਹਿਓ ਕੋਈ ਨਾ ਪਾਤੀ, ਗ੍ਰੰਥਾਂ ਫੋਲ ਫੁਲਾਈਆ । ਜਗਤ ਮੰਜ਼ਲ ਨਾ ਵੇਖਿਓ ਘਾਟੀ, ਪੁਰਾਣੇ ਰਾਹ ਨਾ ਫੇਰਾ ਪਾਈਆ । ਪਿਛਲੇ ਸਾਥੀ ਨਾ ਲੱਭਿਓ ਜਮਾਤੀ, ਅੱਖਰਾਂ ਗਣਤ ਨਾ ਕੋਇ ਗਣਾਈਆ । ਇਕੋ ਜਾ ਕੇ ਮੇਰੇ ਨਾਮ ਦੀ ਮਹਿੰਮਾ ਦੱਸਣੀ ਸਾਚੀ, ਸੱਜਣ ਇਕੋ ਦੇਣਾ ਸਮਝਾਈਆ । ਕੋਈ ਪੂਜੇ ਨਾ ਪੰਜਾਂ ਤੱਤਾਂ ਵਾਲਾ ਬੁੱਤ ਖ਼ਾਕੀ, ਨਿਰਗੁਣ ਜੋਤ ਇਸ਼ਟ ਮਨਾਈਆ । ਮਨੁੱਸ਼ਾਂ ਵਾਲੀ ਜਾ ਕੇ ਨਾ ਹੰਢਾਇਓ ਕੋਇ ਹਯਾਤੀ, ਖਾਣ ਪੀਣ ਦਾ ਸਨਬੰਧ ਨਾ ਕੋਇ ਬਣਾਈਆ । ਵੇਖਿਓ ਕਿਤੇ ਜਾ ਕੇ ਮੰਨ ਨਾ ਲਿਓ ਸੰਧਿਆ ਪਰਭਾਤੀ, ਅੱਠੇ ਪਹਿਰ ਇਕੋ ਰੰਗ ਵਖਾਈਆ । ਕਿਸੇ ਦੀ ਬਣਿਓ ਨਾ ਜਾ ਕੇ ਦਾਸੀ, ਸੀਸ ਨਾ ਕਿਸੇ ਝੁਕਾਈਆ । ਆਸਰਾ ਤੱਕਿਓ ਨਾ ਕਲਮ ਦਵਾਤੀ, ਸ਼ਰਅ ਨਾ ਵੰਡ ਵੰਡਾਈਆ । ਨਿੱਕੀ ਜਿਹੀ ਦੀਨ ਮਜ਼੍ਹਬਾਂ ਵਾਲੀ ਫੇਰ ਨਾ ਖੋਲ੍ਹਿਓ ਹਾਟੀ, ਹਟਵਾਣੇ ਬਣ ਕੇ ਜਾਣਾ ਚਾਈਂ ਚਾਈਂਆ । ਅਵਤਾਰ ਪੈਗ਼ੰਬਰ ਕਹਿਣ ਪ੍ਰਭ ਕੀ ਕਥਾ ਕਹਾਣੀ ਆਖੀ, ਸਾਡੀ ਸਮਝ ਵਿਚ ਨਾ ਆਈਆ । ਅਸੀਂ ਦੇਣ ਵਾਲੇ ਸੰਦੇਸ਼ੇ ਤੇਰੇ ਨਾਮ ਦੀ ਪਾਤੀ, ਬਿਨਾ ਤੇਰੀ ਪਤ੍ਰਿਕਾ ਸਾਡੀ ਚਲੇ ਨਾ ਕੋਇ ਚਤੁਰਾਈਆ । ਪੁਰਖ ਅਕਾਲ ਸਚਖੰਡ ਨਿਵਾਸੀ ਬਿਨ ਤੇਰੇ ਕੋਈ ਨਾ ਦਿਸੇ ਕਮਲਾਪਾਤੀ, ਪਤਿਪਰਮੇਸ਼ਵਰ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਦੇਣਾ ਵਰਤਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ, ਮੈਂ ਇਕੋ ਹੁਕਮ ਸੁਣਾਈਆ । ਤੁਸੀਂ ਵੇਖੋ ਹਕ ਸਵੰਬਰੋ, ਕੀ ਹਰਿ ਜੂ ਕਲ ਵਰਤਾਈਆ । ਪੁਰਖ ਅਕਾਲਾ ਵਡ ਭਰਤੰਬਰੋ, ਭਰਪੂਰ ਰਿਹਾ ਸਰਬ ਠਾਈਂਆ । ਮੇਰੀ ਧਾਰ ਨਿਕਲੇ ਕਿਸੇ ਨਾ ਅੰਬਰੋ, ਸਮਝ ਵਿਚ ਨਾ ਕੋਇ ਸਮਝਾਈਆ । ਅੰਤ ਅਖ਼ੀਰੀ ਵੇਲਾ ਜੇ ਕੁਛ ਮੰਗਣਾ ਮੰਗ ਲਓ, ਮਾਂਗਤ ਹੋ ਕੇ ਝੋਲੀ ਡਾਹੀਆ । ਆਪਣਾ ਆਪ ਰੰਗ ਲਓ, ਰੰਗਤ ਦਿਆਂ ਚੜ੍ਹਾਈਆ । ਜੇ ਲੋੜ ਤੇ ਮੇਰਾ ਸੰਗ ਲਓ, ਦੋ ਜਹਾਨਾਂ ਸੰਗ ਨਿਭਾਈਆ । ਆਪਣੀ ਪ੍ਰੀਤੀ ਮੇਰੇ ਨਾਲ ਗੰਢ ਲਓ, ਗੰਢੀ ਫੇਰ ਨਾ ਕੋਇ ਤੁੜਾਈਆ । ਜੇ ਸੁਖ ਲੈਣਾ ਮੇਰੀ ਧਾਰ ਵਿਚ ਮਿਲ ਕੇ ਅਨੰਦ ਲਓ, ਬਿਨਾ ਸਚਖੰਡ ਦੂਜਾ ਧਾਮ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਨੂੰ ਕੁਛ ਆ ਗਈ ਯਾਦ, ਬੇਨੰਤੀ ਕਰ ਕੇ ਦੇਈਏ ਜਣਾਈਆ । ਅਸਾਂ ਸਭ ਨੇ ਵੇਖਿਆ ਤੱਕਿਆ ਗੋਬਿੰਦ ਕੀਤੀ ਇਕ ਫ਼ਰਿਆਦ, ਮਾਛੂਵਾੜੇ ਸੂਲਾਂ ਸੇਜ ਹੰਢਾਈਆ । ਚਾਰ ਜੁਗ ਦੇ ਸੁੱਤਿਆਂ ਦੀ ਸਚਖੰਡ ਦਵਾਰੇ ਖੁਲ੍ਹ ਗਈ ਸਭ ਦੀ ਜਾਗ, ਨੇਤਰ ਅੱਖ ਬੰਦ ਨਾ ਕੋਇ ਕਰਾਈਆ । ਢੋਲਾ ਗਾਇਆ ਤੇਰਾ ਵਿਚ ਵੈਰਾਗ, ਵੈਰੀ ਮਿਤਰ ਸੱਜਣ ਸਰਬ ਤਜਾਈਆ । ਮੇਰਾ ਹੋਇਆ ਵਡ ਵਡ ਭਾਗ, ਬੰਸ ਸਰਬੰਸ ਤੇਰੀ ਝੋਲੀ ਪਾਈਆ । ਖ਼ੁਸ਼ੀ ਹੋਈ ਆਜ, ਪਾਟੇ ਚੀਥੜ ਦਿੱਤੇ ਵਖਾਈਆ । ਤੇਰੇ ਨਾਮ ਦਾ ਵਜਾ ਕੇ ਨਾਦ, ਖ਼ੁਸ਼ੀ ਆਪਣੀ ਲਈ ਬਣਾਈਆ । ਓਸ ਵੇਲੇ ਪੁਰਖ ਅਕਾਲ ਤੂੰ ਮਾਰ ਅਗੰਮੀ ਆਵਾਜ਼, ਹੁਕਮ ਦਿਤਾ ਸੁਣਾਈਆ । ਗੋਬਿੰਦ ਸ਼ਬਦੀ ਧਾਰ ਅਗੰਮੇ ਸੁਤ ਤੇਰਾ ਮੇਰੇ ਅੰਦਰ ਰਾਜ਼, ਦੂਜਾ ਸਮਝੇ ਕੋਇ ਨਾ ਰਾਈਆ । ਕਲਜੁਗ ਅੰਤ ਤੇਰੇ ਨਾਲ ਮਿਲ ਕੇ ਦੀਨ ਦੁਨੀ ਦਾ ਬਦਲਾਂ ਰਿਵਾਜ, ਕਲਜੁਗ ਝਗੜਾ ਕੂੜ ਦਿਆਂ ਮਿਟਾਈਆ । ਹੁਕਮੇ ਅੰਦਰ ਦੱਸਿਆ ਗੋਬਿੰਦ ਸਮਝੀਂ ਨਾ ਖ਼ਵਾਬ, ਸਚ ਫ਼ਰਮਾਨਾ ਆਪ ਜਣਾਈਆ । ਗੋਬਿੰਦ ਓਸੇ ਵੇਲੇ ਤੇਰਾ ਹੁਕਮ ਪਿਆਰ ਨਾਲ ਲਿਖ ਲਿਆ ਓਸ ਵਿਚ ਕਿਤਾਬ, ਜਿਸ

ਦਾ ਹਰਫ਼ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਪ੍ਰਭੂ ਵੇਖਣਾ ਚਾਹੁੰਦੇ ਤੇਰਾ ਗੋਬਿੰਦ ਵਾਲਾ ਸਮਾਜ, ਖ਼ੁਸ਼ੀ ਨਾਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦੇਣਾ ਵਖਾਈਆ । ਪੁਰਖ ਅਕਾਲ ਕਹੇ ਤੁਸਾਂ ਸੋਹਣੀ ਦਿਤੀ ਦਲੀਲ, ਬੱਚਿਓ ਨੱਢਿਓ ਤੁਹਾਨੂੰ ਦਿਆਂ ਵਡਿਆਈਆ । ਤੁਹਾਡੀ ਅਰਜ਼ ਬੇਨੰਤੀ ਮੰਨਾਂ ਇਕ ਅਪੀਲ, ਅਪਰੰਪਰ ਸਵਾਮੀ ਹੋ ਕੇ ਦਇਆ ਕਮਾਈਆ । ਜਿਸ ਕਾਰਨ ਬਸਤਰ ਪਹਿਨੇ ਨੀਲ, ਗੋਬਿੰਦ ਰੰਗ ਚੜ੍ਹਾਈਆ । ਸ਼ਬਦੀ ਧਾਰ ਕਹਿ ਕੇ ਆਮੀਨ, ਅਮਲਾਂ ਤੋਂ ਰਹਿਤ ਦਿਤੀ ਵਖਾਈਆ । ਬੰਸ ਸਰਬੰਸ ਵਾਰ ਨਾ ਹੋਇਆ ਗ਼ਮਗੀਨ, ਚਿੰਤਾ ਦਿਤੀ ਗਵਾਈਆ । ਮੇਰੀ ਧੁਰ ਦੀ ਲੈ ਤਾਲੀਮ, ਚਾਰ ਵਰਨਾਂ ਕਰੀ ਪੜ੍ਹਾਈਆ । ਸਚ ਦਵਾਰਾ ਦੱਸ ਅਜ਼ੀਮ, ਆਲੀਜ਼ਾਹ ਦਿਤਾ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸੀਂ ਭਵਿਖਤ ਦਾ ਲੇਖਾ ਲਿਖਦੇ ਆਏ ਕਦੀਮ, ਜੋ ਕੁਦਰਤ ਦਾ ਮਾਲਕ ਰਿਹਾ ਦ੍ਰਿੜਾਈਆ । ਜੇ ਸਾਰੇ ਕਰੋ ਤਸਲੀਮ, ਨਿਉਂ ਕੇ ਸੀਸ ਦਿਓ ਝੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਤੇਰੇ ਅਸੀਂ ਅਜ਼ੀਜ਼, ਬਾਲੇ ਨੱਢੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਪਰਗਟਾਈਆ । ਗੁਰ ਅਵਤਾਰ ਕਹਿਣ ਪੈਗ਼ੰਬਰ ਸਾਨੂੰ ਮਨਜ਼ੂਰ, ਖ਼ੁਸ਼ੀਆਂ ਨਾਲ ਸੁਣਾਈਆ । ਦਰ ਠਾਂਡੇ ਤੇਰੇ ਹਜ਼ੂਰ, ਹਜ਼ਰਤ ਸੀਸ ਨਿਵਾਈਆ । ਕਲਜੁਗ ਅੰਤ ਬਦਲ ਦਸਤੂਰ, ਸਤਿਜੁਗ ਸੱਚਾ ਰਾਹ ਚਲਾਈਆ । ਝਗੜਾ ਰਹੇ ਨਾ ਮਮਤਾ ਕੂੜ, ਕੂੜ ਵਾਸਨਾ ਦੇ ਗਵਾਈਆ । ਚਤਰ ਸੁਘੜ ਬਣਾ ਮੂਰਖ ਮੂੜ੍ਹ, ਧੁਰ ਦਾ ਨਾਮ ਇਕ ਜਣਾਈਆ । ਤੇਰੇ ਚਰਨਾਂ ਦੀ ਸਾਰੇ ਮੰਗਣ ਧੂੜ, ਗੀਤ ਗੋਬਿੰਦ ਦੇ ਅਲਾਈਆ । ਧੁਰ ਦਾ ਜੋਤੀ ਬਖ਼ਸ਼ ਨੂਰ, ਅੰਧ ਅੰਧੇਰ ਦੇ ਗਵਾਈਆ । ਅੰਮ੍ਰਿਤ ਰਸ ਦੇ ਸਰੂਰ, ਤ੍ਰਿਸ਼ਨਾ ਤ੍ਰਿਖਾ ਦੇ ਬੁਝਾਈਆ । ਹੰਗਤਾ ਗੜ੍ਹ ਤੋੜ ਗ਼ਰੂਰ, ਨਿਵਣ ਸੁ ਅੱਖਰ ਇਕ ਪੜ੍ਹਾਈਆ । ਅਸੀਂ ਸਾਰੇ ਤੇਰੇ ਮਸ਼ਕੂਰ, ਸ਼ੁਕਰੀਏ ਵਿਚ ਖ਼ੁਸ਼ੀ ਬਣਾਈਆ । ਮੂਸਾ ਕਹੇ ਜਿਸ ਤਰਾ ਮੈਨੂੰ ਨੂਰ ਦਿਤਾ ਉਤੇ ਕੋਹਤੂਰ, ਜਹੂਰ ਵਿਚ ਆਪਣਾ ਆਪ ਵਖਾਈਆ । ਈਸਾ ਕਹੇ ਮੈਨੂੰ ਹੋਣਾ ਨਾ ਪਏ ਮਜਬੂਰ, ਮਜਬੂਰੀ ਪਿਛਲੀ ਦੇਣੀ ਕਟਾਈਆ । ਮੁਹੰਮਦ ਕਹੇ ਹੁਕਮ ਬਦਲਣਾ ਤੇਰਾ ਦਸਤੂਰ, ਦਸਤ ਬਦਸਤ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਖੁਲ੍ਹਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਫੇਰ ਨਾ ਕਰਿਓ ਰੋਸਾ, ਮੈਂ ਸਭ ਨੂੰ ਦਿਆਂ ਸਮਝਾਈਆ । ਮੈਂ ਕੋਈ ਚਿੱਲਾ ਤੀਰ ਨਹੀਂ ਰੱਖਣਾ ਗੋਸ਼ਾ, ਕਮਾਨ ਟੰਕ ਕੰਧ ਨਾ ਕੋਇ ਉਠਾਈਆ । ਮੈਂ ਕੋਈ ਵੰਡ ਵੰਡਣ ਨਹੀਂ ਜਾਣਾ ਲੋਕ ਪਰਲੋਕਾ, ਹਿੱਸਾ ਮਜ਼੍ਹਬ ਨਾ ਕੋਇ ਬਣਾਈਆ । ਮੈਂ ਕੋਈ ਸਿਫ਼ਤ ਵਾਲਾ ਨਹੀਂ ਸੁਣਾਉਣਾ ਸਲੋਕਾ, ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਓਮ ਅੰਕ ਮੇਰੇ ਨਾਮ ਸਿਫ਼ਤਾਂ ਵਿਚ ਵਡਿਆਈਆ । ਏਸੇ ਕਾਰਨ ਝਗੜਾ ਪਿਆ ਲੋਕਾ, ਅੰਤਰ ਸਭ ਦਾ ਦਿਤਾ ਹਿਲਾਈਆ । ਪ੍ਰੇਮ ਪਿਆਰ ਤੋਂ ਕਰ ਕੇ ਖੋਖਾ, ਖ਼ੁਦੀ ਵਿਚ ਦਿਤਾ ਲੜਾਈਆ । ਏਸੇ ਕਾਰਨ ਮੈਨੂੰ ਆਪਣੇ ਜਾਣ ਦਾ ਮਿਲਿਆ ਮੌਕਾ, ਮੰਗ ਤੁਹਾਡੇ ਕੋਲੋਂ ਮੰਗਾਈਆ । ਜੇ ਅਜੇ ਵੀ ਤੁਹਾਡੇ ਵਿਚੋਂ ਜਾਣ ਦਾ ਰੱਖੇ ਕੋਈ ਸ਼ੌਂਕਾ, ਸਿਰ ਦੇਵਾਂ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਚਲਾਈਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਨਾਲ ਹੌਲੀ ਹੌਲੀ ਕਰਨ ਸਲਾਹ, ਬਿਨਾ ਰਸਨਾ ਜਿਹਵਾ ਬੱਤੀ ਦੰਦ ਰਹੇ ਸੁਣਾਈਆ । ਦੱਸੋ ਸਾਡੇ ਵਿਚੋਂ ਕਿਹੜਾ ਬਣੇ ਮਲਾਹ, ਬੇੜਾ ਜਗਤ ਜਹਾਨ ਬੰਨੇ ਲਾਈਆ ।

ਕਵਣ ਬਣੇ ਸਹਾ, ਸਹਾਇਤਾ ਕਰੇ ਥਾਉਂ ਥਾਈਂਆ । ਕੂੜੀ ਕਿਰਿਆ ਦਏ ਗਵਾ, ਸਚ ਸੁਚ ਦਏ ਪਰਗਟਾਈਆ । ਤੇਈ ਅਵਤਾਰ ਨੈਣ ਰਹੇ ਸ਼ਰਮਾ, ਅੱਖ ਪਰਤੱਖ ਨਾ ਕੋਇ ਖੁਲ੍ਹਾਈਆ । ਈਸਾ ਮੂਸਾ ਮੁਹੰਮਦ ਮੂੰਹ ਵਿਚ ਉਂਗਲਾਂ ਰਹੇ ਪਾ, ਤੋਬਾ ਤੋਬਾ ਤੋਬਾ ਕਰ ਜਣਾਈਆ । ਨਿਰਗੁਣ ਨਾਨਕ ਵੇਖੇ ਅੱਖ ਉਠਾ, ਲੋਚਣ ਆਪਣਾ ਇਕ ਖੁਲ੍ਹਾਈਆ । ਇਸ਼ਾਰੇ ਨਾਲ ਗੋਬਿੰਦ ਦਿਤਾ ਸਮਝਾ, ਉਠ ਮੇਰੇ ਨੂਰ ਰੁਸ਼ਨਾਈਆ । ਗੋਬਿੰਦ ਜੋਧਾ ਬਾਂਕਾ ਅੱਗੇ ਗਿਆ ਆ, ਸਭ ਨੂੰ ਰਿਹਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਮੈਂ ਸਭ ਤੋਂ ਛੋਟਾ ਤੁਹਾਡਾ ਨਿੱਕਾ ਭਰਾ, ਪਿਤਾ ਪੁਰਖ ਅਕਾਲ ਮਨਾਈਆ । ਤੁਸੀਂ ਭਰਾਵੋ ਕਿਉਂ ਰਾਮ ਆਪਣਾ ਆਪ ਆਏ ਅਖਵਾ, ਕਾਹਨ ਬਣ ਕੇ ਗੋਪੀਆਂ ਜਗਤ ਹੰਢਾਈਆ । ਕਿਉਂ ਵੰਡਾਂ ਆਏ ਪਵਾ, ਇਸ਼ਟ ਜਗਤ ਬਦਲਾਈਆ । ਮੂਸੇ ਜੇ ਤੂੰ ਤੱਕਿਆ ਜਲਵਾਗਰ ਖ਼ੁਦਾ, ਕਿਉਂ ਆਪਣੀ ਦੱਸੀ ਚਤੁਰਾਈਆ । ਈਸਾ ਜੇ ਫਾਸੀ ਆਇਉਂ ਲਟਕਾ, ਕਿਉਂ ਖ਼ੁਦਾ ਨੂੰ ਖ਼ੁਦ ਆਪਣਾ ਰੂਪ ਸਮਝਾਈਆ । ਮੁਹੰਮਦਾ ਜੇ ਚਾਰ ਯਾਰੀ ਆਇਉਂ ਜਣਾ, ਦਾਅਵਾ ਚੌਦਾਂ ਤਬਕ ਵੰਡਾਈਆ । ਚੌਦਾਂ ਸਦੀਆਂ ਦੀ ਹੱਦ ਬਣਾ, ਆਪਣਾ ਆਪ ਲਿਆ ਮਿਟਾਈਆ । ਗੋਬਿੰਦ ਕਿਹਾ ਮੈਂ ਨਾਨਕ ਨੂਰ ਕਰ ਰੁਸ਼ਨਾ, ਸਭ ਨੂੰ ਦਿਤਾ ਸਮਝਾਈਆ । ਪਿਤਾ ਪੁਰਖ ਅਕਾਲ ਆਪ ਬਣਾ, ਸੇਵਕ ਹੋ ਕੇ ਸੇਵ ਕਮਾਈਆ । ਜਿਹੜਾ ਮੈਨੂੰ ਕਹੇ ਖ਼ੁਦਾ, ਪਰਮੇਸ਼ਵਰ ਕਰ ਕੇ ਢੋਲਾ ਗਾਈਆ । ਓਸ ਨੂੰ ਦੇਵਾਂ ਉਹ ਸਜ਼ਾ, ਚੁਰਾਸੀ ਵਿਚੋਂ ਨਾ ਕੋਇ ਛੁਡਾਈਆ । ਇਕੋ ਪੁਰਖ ਅਕਾਲ ਦੀ ਮੰਗਦਾ ਰਿਹਾ ਦੁਆ, ਇਕੋ ਓਟ ਤਕਾਈਆ । ਹੁਣ ਤੁਸੀਂ ਸਾਰੇ ਕੱਠੇ ਹੋਏ ਆ, ਬੈਠੇ ਥਾਉਂ ਥਾਈਂਆ । ਕੋਈ ਉਠੋ ਬਲ ਧਾਰੋ ਕਲਜੁਗ ਵਿਚੋਂ ਸਤਿਜੁਗ ਕਰੋ ਰਵਾਂ, ਮਾਰਗ ਸਤਿ ਵਖਾਈਆ । ਕੋਈ ਪ੍ਰਭ ਦਾ ਨਾਮ ਦੱਸੋ ਜਾ ਕੇ ਨਵਾਂ, ਜਿਸ ਦੀ ਗ੍ਰੰਥ ਦੇਣ ਨਾ ਕੋਇ ਗਵਾਹੀਆ । ਮੈਂ ਸਭ ਨੂੰ ਪੁਰਖ ਅਕਾਲ ਦੇ ਸਾਹਮਣੇ ਕਹਵਾਂ, ਪੜਦਾ ਓਹਲਾ ਨਾ ਕੋਇ ਰਖਾਈਆ । ਸਚ ਕਰਨੀਉਂ ਕਦੇ ਨਾ ਭਵਾਂ, ਇਹ ਸਿਖਿਆ ਮੇਰੇ ਅੰਦਰ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਬਿੰਦ ਪ੍ਰਭ ਦੇ ਛੋਟੇ ਸੁਤ, ਸੁੱਤਿਆਂ ਦੇ ਜਗਾਈਆ । ਅਸੀਂ ਸਾਰੇ ਬੜੇ ਖ਼ੁਸ਼, ਖ਼ੁਸ਼ੀਆਂ ਵਿਚ ਰਹੇ ਜਣਾਈਆ । ਆਪਣੇ ਆਪਣੇ ਨਾਮ ਕਲਮੇ ਵੱਲੋਂ ਅਸੀਂ ਹੋ ਗਏ ਚੁਪ, ਅੱਗੇ ਕਰੇ ਨਾ ਕੋਇ ਪੜ੍ਹਾਈਆ । ਦੀਨ ਦੁਨੀ ਦਾ ਮੇਟ ਜਾ ਕੇ ਦੁੱਖ, ਦਰਦੀਆਂ ਦਰਦ ਵੰਡਾਈਆ । ਓਧਰੋਂ ਬੋਲ ਪਿਆ ਪ੍ਰਭ ਅਬਿਨਾਸ਼ੀ ਅਚੁਤ, ਪਰਵਰਦਿਗਾਰ ਨੂਰ ਖ਼ੁਦਾਈਆ । ਸਾਰੇ ਗੋਬਿੰਦ ਨੂੰ ਮਿਲੋ ਜੱਫੀ ਪਾ ਕੇ ਘੁੱਟ, ਪ੍ਰੇਮ ਨਾਲ ਗਲੇ ਲਗਾਈਆ । ਮੁਖੋਂ ਆਖੇ ਈਸਾ ਮੂਸਾ ਮੁਹੰਮਦ ਦੀਨਾਂ ਮਜ਼੍ਹਬਾਂ ਦੀ ਕੱਢ ਦੇ ਜਾ ਕੇ ਫੁੱਟ, ਝਗੜਾ ਦਵੈਤ ਰਹੇ ਨਾ ਰਾਈਆ । ਵਿਕਾਰ ਕੁੜਿਆਰ ਅੰਦਰੋਂ ਕੱਢ ਕੁੱਟ, ਖੰਡਾ ਸ਼ਬਦ ਨਾਮ ਖੜਕਾਈਆ । ਝਗੜਾ ਰਹੇ ਨਾ ਕਾਇਆ ਪੰਜ ਤਤ ਸਭ ਦੀ ਇਕੋ ਮੌਲੇ ਰੁੱਤ, ਰੁੱਤੜੀ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਪ੍ਰਭ ਤੇਰਾ ਮੈਂ ਇਕ ਭੁਯੰਗੀ, ਭੂਮੀ ਉਪਰ ਸੋਭਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖ ਨੰਗੀ, ਓਢਣ ਸੀਸ ਨਾ ਕੋਇ ਟਿਕਾਈਆ । ਮਨ ਵਾਸਨਾ ਹੋਈ ਗੰਦੀ, ਦੁਰਮਤ ਮੈਲ ਨਾ ਕੋਇ ਧਵਾਈਆ । ਸਚ ਮਿਲੇ ਨਾ ਕਿਸੇ ਅਨੰਦੀ, ਨੂਰੀ ਚੰਦ ਨਾ ਕੋਇ ਚਮਕਾਈਆ । ਦੀਨ ਮਜ਼੍ਹਬ ਨਾ ਮਿਟੇ ਵੰਡੀ, ਝਗੜਾ ਜਾਤ ਪਾਤ ਨਾ ਕੋਇ ਗਵਾਈਆ । ਮਨ ਕਾਮਨਾ ਫਿਰੇ ਪਖੰਡੀ, ਭੱਜੇ ਵਾਹੋ ਦਾਹੀਆ । ਸਾਚੇ ਹੁਕਮ

ਦੀ ਸਮਝੇ ਨਾ ਕੋਇ ਪਾਬੰਦੀ, ਭੈ ਸਿਰ ਨਾ ਕੋਇ ਰਖਾਈਆ । ਕਿਰਪਾ ਕਰ ਸੂਰੇ ਸਰਬੰਗੀ, ਪ੍ਰਭੂ ਤੇਰੇ ਹੱਥ ਵਡਿਆਈਆ । ਮੈਂ ਖੇਲ ਵੇਖਾਂ ਵਿਚ ਵਰਭੰਡੀ, ਬ੍ਰਹਿਮੰਡੀ ਖੋਜ ਖੁਜਾਈਆ । ਇਕੋ ਚਾੜ੍ਹ ਕੇ ਤੇਰੇ ਨਾਮ ਦੀ ਰੰਗੀ, ਰੰਗਤ ਅਗਲੀ ਦਿਆਂ ਵਖਾਈਆ । ਦੁਰਮਤ ਮੈਲ ਕੱਢ ਦੁਰਗੰਧੀ, ਸੁਗੰਧੀ ਸਚ ਨਾਮ ਸਮਾਈਆ । ਇਕੋ ਢੋਲਾ ਦੱਸ ਕੇ ਛੰਦੀ, ਹਿੰਦੂ ਮੁਸਲਿਮ ਸਿੱਖ ਈਸਾਈ ਕਰਾਂ ਪੜ੍ਹਾਈਆ । ਦੀਨਾਂ ਮਜ਼੍ਹਬਾਂ ਦੀ ਨਿੱਕੀ ਨਿੱਕੀ ਡੰਡੀ, ਡੰਡਾਵਤ ਸਿੱਖੇ ਪੁਰਖ ਅਕਾਲ ਸੱਚੇ ਸ਼ਹਿਨਸ਼ਾਹੀਆ । ਜਿਸ ਦੇ ਦਵਾਰੇ ਕਦੇ ਨਾ ਹੋਵੇ ਤੰਗੀ, ਦੁੱਖ ਦਰਦ ਨਾ ਲਾਗੇ ਰਾਈਆ । ਦੇਵੇ ਵਸਤ ਸਦਾ ਅਣਮੰਗੀ, ਦੇਵਣਹਾਰ ਬੇਪਰਵਾਹੀਆ । ਗੋਬਿੰਦ ਕਹੇ ਮੈਨੂੰ ਨਜ਼ਰੀ ਆ ਗਿਆ ਕੁਛ ਲੇਖਾ ਲਹਿਣਾ ਦੇਣਾ ਛੱਬੀ ਪੋਹ ਦੇਣਾ ਗੁਰਮੁਖ ਪੰਝੀ, ਪੰਜੇ ਪੰਜ ਪੰਜ ਪੰਜ ਵਾਰ ਉਠਾਈਆ । ਇਹ ਧਾਰ ਨਰ ਨਿਰੰਕਾਰ ਓਸ ਵੇਲੇ ਮੇਰੇ ਨਾਲ ਗੰਢੀ, ਜਿਸ ਵੇਲੇ ਮਾਛੂਵਾੜੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਵੇਖਿਓ ਗੁਰ ਅਵਤਾਰ ਪੈਗ਼ੰਬਰੋ ਮੇਰਾ ਤਤ ਨਾ ਸਮਝਿਓ ਵਜੂਦ, ਹੱਡ ਮਾਸ ਨਾੜੀ ਚਮੜਾ ਨਾ ਕੋਇ ਵਖਾਈਆ । ਮੇਰਾ ਵਸੇਰਾ ਵਿਚ ਮਹਿਬੂਬ, ਜੋ ਮਾਲਕ ਧੁਰਦਰਗਾਹੀਆ । ਜਿਸ ਦਾ ਸਭ ਤੋਂ ਨਿਰਾਲਾ ਜੋਤ ਅਕਾਲਾ ਕਲਬੂਤ, ਕਲਮਿਆਂ ਤੋਂ ਪਰੇ ਕਰੇ ਪੜ੍ਹਾਈਆ । ਮੈਨੂੰ ਏਥੇ ਓਥੇ ਦੋ ਜਹਾਨਾਂ ਰੱਖੇ ਮਹਿਫ਼ੂਜ਼, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਹੁਣ ਮੈਂ ਕੋਈ ਨਹੀਂ ਜਾ ਕੇ ਪੜ੍ਹਨਾ ਹਜ਼ਾਰਾ ਦਰੂਦ, ਕਲਮਿਆਂ ਵਾਲਾ ਕਲਾਮ ਨਾ ਕੋਇ ਸੁਣਾਈਆ । ਜਿਧਰ ਵੇਖੋ ਓਧਰ ਸਦਾ ਮੌਜੂਦ, ਮੁਫ਼ਲਿਸਾਂ ਪਾਰ ਕਰਾਈਆ । ਕਲਜੁਗ ਕੂੜੀ ਕਿਰਿਆ ਕਰ ਨੇਸਤੋ ਨਾਬੂਦ, ਸਤਿਜੁਗ ਸਾਚਾ ਦਿਆਂ ਵਖਾਈਆ । ਇਕੋ ਡੰਕਾ ਵਜਾ ਕੇ ਚਾਰੇ ਕੂਟ, ਨਾਮ ਨਿਰੰਕਾਰਾ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰਾ ਮਾਲਕ ਇਕ ਗੋਸਾਈਆਂ । ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਖੇਲ ਦੱਸਾਂ ਅਪਾਰ, ਅਪਰੰਪਰ ਸਵਾਮੀ ਰਿਹਾ ਜਣਾਈਆ । ਸਾਚਾ ਹੁਕਮ ਵਰਤੇ ਵਿਚ ਸੰਸਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰਾ ਸੰਗ ਨਿਭਾਵੇ ਆਪ ਕਰਤਾਰ, ਕੁਦਰਤ ਦਾ ਮਾਲਕ ਕਰਨੀ ਦਾ ਕਰਤਾ ਕਰੀਮ ਕਾਦਰ ਨੂਰ ਖ਼ੁਦਾਈਆ । ਮੈਂ ਲੇਖਾ ਲਿਖਾਉਣਾ ਭੇਵ ਖੁਲ੍ਹਾਉਣਾ ਪੜਦਾ ਲਾਹੁਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਜਿਸ ਨੂੰ ਸਮਝੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਬਿੰਦ ਕੀ ਦਰਸਾਵੇਂਗਾ, ਸਚ ਦੇ ਸਮਝਾਈਆ । ਗੋਬਿੰਦ ਕਹੇ ਮੈਂ ਤੁਹਾਡੇ ਖੋਲ੍ਹਣੇ ਉਹ ਨੈਣ, ਜਿਨ੍ਹਾਂ ਨੈਣਾਂ ਤੋਂ ਪਰੇ ਬੇਪਰਵਾਹ ਨਜ਼ਰੀ ਆਵੇਗਾ । ਇਕ ਪ੍ਰਭੂ ਦੇ ਨਾਮ ਦੀ ਦੱਸ ਰਸਾਇਣ, ਦੁਖੀਆਂ ਦੁੱਖ ਦਰਦੀਆਂ ਦਰਦ ਏਕੋ ਏਕ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਵੇਗਾ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਬਿੰਦ ਤੂੰ ਦੱਸ ਦੱਸਣਾ ਕੀ ਕੁਛ, ਥੋੜ੍ਹਾ ਜਿਹਾ ਦੇ ਸਮਝਾਈਆ । ਗੋਬਿੰਦ ਕਹੇ ਜਿਸ ਨੇ ਨੌ ਸੌ ਚੁਰਾਨਵੇ ਚੌਕੜੀ ਜੁਗ ਤੁਹਾਨੂੰ ਦੇ ਕੇ ਕਾਇਆ ਵਾਲੇ ਬੁਤ, ਬੁਤਖ਼ਾਨਿਆਂ ਵਿਚ ਦਿਤਾ ਭਵਾਈਆ । ਪਿਆਰ ਨਾਲ ਵਿਹਾਰ ਨਾਲ ਮੈਨੂੰ ਬਣਾ ਕੇ ਸੁਤ, ਸੁੱਤਿਆਂ ਦਿਤਾ ਉਠਾਈਆ । ਹੁਣ ਝੋਲੀ ਪਾ ਕੇ ਮੇਰੀ ਸਭ ਕੁਛ, ਕੱਛੂ ਮੱਛੂ ਹੈਰਾਨ ਸਾਰੇ ਦਿਤੇ ਕਰਾਈਆ । ਤੇਈ ਅਵਤਾਰ ਪੈਗ਼ੰਬਰੋ ਭਾਵੇਂ ਤੁਸੀ ਸਾਰੇ ਜਾਵੋ ਰੁਠ, ਮੈਂ ਸਭ ਨੂੰ ਦਿਤਾ ਸਮਝਾਈਆ । ਮੇਰਾ ਪੁਰਖ

ਅਕਾਲ ਦੀਨ ਦਿਆਲ ਮੇਰੇ ਉਤੇ ਰਿਹਾ ਤੁਠ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਹੁਣ ਮੈਂ ਨਹੀਂ ਰਹਿਣਾ ਚੁਪ, ਰਹਿਣ ਦੇਣਾ ਨਹੀਂ ਅੰਧੇਰਾ ਘੁਪ, ਨੂਰ ਨੂਰ ਦੇਣਾ ਚਮਕਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਸੰਮਤ ਸ਼ਹਿਨਸ਼ਾਹੀ ਦੋ ਤੋਂ ਛੱਬੀ ਪੋਹ ਨੂੰ ਪਹਿਲੀ ਵਾਰ ਹੁਣ ਖ਼ੁਸ਼, ਖ਼ੁਸ਼ੀਆਂ ਦਾ ਰੰਗ ਦੇਣਾ ਵਖਾਈਆ । ਇਸ ਤੋਂ ਪਿਛੋਂ ਸ੍ਰਿਸ਼ਟੀ ਦੇ ਮੁਖ ਵਿਚ ਪੈਣਾ ਥੁੱਕ, ਦੁੱਖਾਂ ਵਿਚ ਦਏ ਦੁਹਾਈਆ । ਆਪ ਫੇਰ ਜਾਣਾ ਲੁਕ, ਬਿਨ ਗੁਰਮੁਖਾਂ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਓਸ ਵੇਲੇ ਅਸੀਂ ਨੇੜੇ ਆਈਏ ਢੁਕ, ਦੂਰ ਦੁਰਾਡਾ ਪੰਧ ਮੁਕਾਈਆ । ਗੋਬਿੰਦ ਕਿਹਾ ਜੇ ਮੇਰੇ ਕੋਲ ਆ ਕੇ ਸ਼ੇਰ ਵਾਂਗੂ ਜਾਣਾ ਬੁੱਕ, ਫੇਰ ਲੈਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਹੁਕਮ ਚੰਗਾ ਕਿ ਫ਼ਰਮਾਨ, ਮੈਨੂੰ ਦਿਓ ਸਮਝਾਈਆ । ਸਤਿਗੁਰ ਸ਼ਬਦ ਚੰਗਾ ਕਿ ਤੱਤਾਂ ਵਾਲਾ ਇਨਸਾਨ, ਕਿਹੜਾ ਸਤਿਗੁਰੂ ਲਓ ਮਨਾਈਆ । ਪ੍ਰਭ ਦਾ ਦਰਸ਼ਨ ਚੰਗਾ ਕਿ ਪੜ੍ਹਨਾ ਗਿਆਨ, ਅੱਖਰਾਂ ਨਾਲ ਰਖਾਈਆ । ਲੈਣੀਆਂ ਟੱਕਰਾਂ ਪ੍ਰਭ ਦੇ ਭੇਜੇ ਲੱਭਣੇ ਕਿ ਮਿਲਣਾ ਭਗਵਾਨ, ਇਹ ਵੀ ਦੇਣਾ ਸੁਣਾਈਆ । ਵਸਤ ਲੈਣੀ ਕਿ ਖੋਜਣੀ ਦੁਕਾਨ, ਹੱਟੋ ਹੱਟ ਫੋਲ ਫੋਲਾਈਆ । ਮੰਜ਼ਲ ਲੈਣੀ ਕਿ ਬੰਦ ਕਰਨੀ ਜ਼ਬਾਨ, ਕੰਨਾਂ ਵਿਚ ਉਂਗਲਾਂ ਪਾ ਕੇ ਅੰਧੇਰੇ ਵਿਚ ਅੰਧੇਰਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰ ਦੱਸੋ ਯਾਰ, ਚਾਰ ਜੁਗ ਦਾ ਪਿਛੇ ਧਿਆਨ ਲਗਾਈਆ । ਕਿਹੜੀ ਚੰਗੀ ਸਭ ਤੋਂ ਕਾਰ, ਕਰਨੀ ਦਿਓ ਦ੍ਰਿੜਾਈਆ । ਕੀ ਜੰਗਲਾਂ ਵਿਚੋਂ ਲੱਭੇ ਨਿਰੰਕਾਰ, ਪਹਾੜਾਂ ਪਰਬਤਾਂ ਉਤੇ ਮਿਲੇ ਗੋਸਾਈਆ । ਕੀ ਥਲਾਂ ਵਿਚ ਦਿਸੇ ਦੀਦਾਰ, ਕਿ ਜਲਾਂ ਵਿਚ ਜੋੜ ਜੁੜਾਈਆ । ਕੀ ਮੰਦਰ ਮਸਜਿਦ ਸ਼ਿਵਦਵਾਲਿਆਂ ਮੱਠਾਂ ਵਿਚ ਕਰੇ ਪਿਆਰ, ਕਿ ਗੁਰੂਦਵਾਰਿਆਂ ਵਿਚ ਗੋਦੀ ਰਿਹਾ ਉਠਾਈਆ । ਕੀ ਤੱਟਾਂ ਕਿਨਾਰਿਆਂ ਉਤੇ ਦੁਰਮਤ ਮੈਲ ਰਿਹਾ ਉਤਾਰ, ਨਿਰਮਲ ਰੂਪ ਬਣਾਈਆ । ਕੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨਾਂ ਵਿਚੋਂ ਹੋਵੇ ਜਾਹਰ, ਗ੍ਰੰਥਾਂ ਵਿਚੋਂ ਪਰਗਟ ਹੋ ਕੇ ਆਪਨਾ ਰੰਗ ਵਖਾਈਆ । ਸਾਰੇ ਦੱਸੋ ਬੋਲ ਬਿਨਾ ਜ਼ਬਾਨ, ਕਲਾਮ ਆਪਨੀ ਆਪਨੀ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੋਬਾ ਸਾਡੀ ਉਹ ਮਾਲਕ ਸਭ ਦਾ ਅਮਾਮ, ਲੱਭਿਆਂ ਹੱਥ ਕਿਸੇ ਨਾ ਆਈਆ । ਅਸੀਂ ਚਾਰ ਜੁਗ ਦੇ ਉਹਦੇ ਗ਼ੁਲਾਮ, ਸੇਵਾ ਕਰ ਕਰ ਝਟ ਲੰਘਾਈਆ । ਜੁਗ ਜੁਗ ਸਾਡੇ ਹੱਥੋਂ ਖੋਹ ਕੇ ਇੰਤਜ਼ਾਮ, ਇਕ ਤੋਂ ਦੂਜੇ ਦੂਜੇ ਤੋਂ ਤੀਜੇ ਤੀਜੇ ਤੋਂ ਚੌਥੇ ਹੱਥ ਫੜਾਈਆ । ਆਪੇ ਸਾਨੂੰ ਘੱਲ ਕੇ ਆਪੇ ਕਰੇ ਬਦਨਾਮ, ਅਚਰਜ ਖੇਲ ਰਚਾਈਆ । ਆਪੇ ਕਲਮਾ ਨਾਮ ਦੇ ਕੇ ਸੁਣਾਏ ਆਪਨੀ ਕਲਾਮ, ਆਪੇ ਕਰੇ ਪੜ੍ਹਾਈਆ । ਆਪੇ ਸਜਦਾ ਦੱਸ ਸਲਾਮ, ਸੀਸ ਦਏ ਝੁਕਾਈਆ । ਅਸੀਂ ਹਾਰ ਥੱਕੇ, ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਬਣਾ ਅੱਕੇ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਅੰਦਰ ਢੱਕੇ, ਪੜਦਾ ਪੱਥਰਾਂ ਇੱਟਾਂ ਵਾਲਾ ਪਾਈਆ । ਦਰੋਹੀ ਜੇ ਮਿਲਿਆ ਤੇ ਮਿਲਿਆ ਆਪਨੇ ਪਤੇ, ਪਤਿਪਰਮੇਸ਼ਵਰ ਆਪਨੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਅੰਤ ਅਸੀਂ ਹੋ ਗਏ ਹੱਕੇ ਬੱਕੇ, ਹੈਰਾਨੀ ਸਾਡੇ ਅੰਤਰ ਆਈਆ । ਪਤਾ ਨਹੀਂ ਕਿਹੜੇ ਦਵਾਰਿਉਂ ਆ ਕੇ ਜਨ ਭਗਤ ਬਣਾ ਲਏ ਆਪਨੇ ਸਕੇ, ਸੱਜਣ ਆਪ ਅਖਵਾਈਆ । ਸਾਚਾ ਮਾਰਗ ਇਕੋ ਦੱਸੇ, ਤੂੰ ਮੇਰਾ ਮੈਂ ਤੇਰਾ ਢੋਲਾ ਲੈਣਾ ਗਾਈਆ । ਮੁਸੀਬਤ ਵਿਚ ਕਿਸੇ ਨਾ ਘੱਤੇ,

ਪੜ੍ਹਨ ਲਿਖਣ ਦਾ ਲੇਖਾ ਦਿਤਾ ਮੁਕਾਈਆ । ਸ਼ਬਦ ਤੀਰ ਨਿਰਾਲੇ ਅਣਿਆਲੇ ਨਾਲ ਫੱਟੇ, ਫੱਟੜ ਕਰ ਕੇ ਪੱਟੀ ਆਪਣਾ ਨਾਮ ਬੰਧਾਈਆ । ਸਚ ਪੁਛੋ ਗੋਬਿੰਦ ਦੇ ਸ਼ਰੀਰ ਬਦਲੇ ਸ਼ਬਦੀ ਰੂਪ ਬਣ ਕੇ ਆਇਆ ਓਸੇ ਦੇ ਵਟੇ, ਵਟਾਂਦਰਾ ਸਮਝ ਕਿਸੇ ਨਾ ਆਈਆ । ਵਿਚੋਲਾ ਵਿਚ ਕੋਈ ਨਹੀਂ ਜਿਹੜਾ ਸੌਦਾ ਕਰਾਵੇ ਨਾਲ ਟਕੇ, ਕੀਮਤ ਜਗਤ ਵਾਲੀ ਪਾਈਆ । ਹਿਸਾਬ ਕਿਤਾਬ ਨਹੀਂ ਕੋਈ ਜਮਅ ਤਫ਼ਰੀਕ ਲੇਖਾ ਵਿਚ ਬਟੇ, ਕਸਰ ਨਾਲ ਕਸਰ ਨਾ ਕੋਇ ਉਡਾਈਆ । ਆਪਣੀ ਖੇਲ ਆਪਣੇ ਹੱਥ ਰੱਖੇ, ਅਗਲਾ ਭੇਵ ਅਭੇਦ ਕਿਸੇ ਨਾ ਦੱਸੇ, ਸਾਰੇ ਗੁਰ ਅਵਤਾਰ ਪੈਗ਼ੰਬਰ ਦਰ ਤੇ ਕਰ ਕੇ ਇਕੱਠੇ, ਇਕੱਠਿਆਂ ਕੋਲੋਂ ਪੜਦਾ ਅੱਗੇ ਪਾਈਆ । ਪੋਹ ਛੱਬੀ ਸਭ ਨੇ ਲੈ ਕੇ ਆਉਣੇ ਚਾਰ ਜੁਗ ਦੇ ਪਿਛਲੇ ਸਾਂਭੇ ਹੋਏ ਭੱਤੇ, ਜਿਹੜੇ ਜਨਮ ਤੋਂ ਪਹਿਲੋਂ ਗੁਰ ਅਵਤਾਰ ਪੈਗ਼ੰਬਰਾਂ ਦਿੱਤੇ ਛਕਾਈਆ । ਕੁਛ ਲੇਖਾ ਦੱਸਣਾ ਤ੍ਰੈ ਦੱਤੇ, ਦੱਤਾਤ੍ਰੈ ਹਾਲ ਸੁਣਾਈਆ । ਕੁਛ ਹੁਕਮ ਮਿਲਣਾ ਅਗਲੇ ਕੱਤੇ, ਕੱਤਕ ਕਟਕ ਨਾਲ ਵਡਿਆਈਆ । ਕੁਛ ਦਰਸ਼ਨ ਸਿੰਘ ਨੇ ਹੱਥ ਵਿਚ ਰੱਖਣੇ ਤਿੰਨ ਗੱਤੇ, ਨੌ ਅਠਾਰਾਂ ਵੰਡ ਵੰਡਾਈਆ । ਲਾਲ ਸਿੰਘ ਨੇ ਲਿਆਉਣੇ ਪੰਜ ਟਕੇ, ਟਾਂਕ ਵੰਡ ਨਾ ਕੋਇ ਵੰਡਾਈਆ । ਪੰਞੀ ਸਿੰਘ ਆਉਣੇ ਨੱਠੇ, ਨਾਂ ਇੱਕੀ ਪੋਹ ਦ੍ਰਿੜਾਈਆ । ਛੱਬੀ ਪੋਹ ਹਰਿ ਸੰਗਤ ਨੌ ਸੌ ਚੁਰਾਨਵੇ ਕਦਮ ਭਗਤ ਦਵਾਰ ਤੋਂ ਪਿਛੇ ਕਰ ਇਕੱਠੇ, ਵਕਤ ਚਾਰ ਜੋੜ ਜੁੜਾਈਆ । ਕਿਸ਼ਨ ਸਿੰਘ ਨੇ ਹੱਥ ਵਿਚ ਰੱਖਣੇ ਨਿੱਕੇ ਨਿੱਕੇ ਪੰਜ ਵੱਟੇ, ਪੁਰਖ ਅਕਾਲ ਦੇ ਉਤੋਂ ਦੇਣੇ ਸੁਟਾਈਆ । ਗੁਰਮੁਖ ਸਿੰਘ ਨੇ ਕੱਪੜੇ ਪਾਉਣੇ ਫਟੇ, ਰਵਦਾਸ ਆਪਣਾ ਰੂਪ ਬਦਲਾਈਆ । ਅਮਰਜੀਤ ਧਾਗਾ ਪਾ ਕੇ ਸੂਈ ਦੇ ਵਿਚ ਨੱਕੇ, ਸਾਢੇ ਤਿੰਨ ਹੱਥ ਲੰਬਾ ਲੈਣਾ ਕਰਾਈਆ । ਗੁਰਮੇਜ ਸਿੰਘ ਚੌਦਾਂ ਬਾਦਾਮ ਲੈ ਕੇ ਪੱਕੇ, ਪੱਕੀ ਗੰਢ ਲਾਲ ਟਾਕੀ ਨਾਲ ਰਖਾਈਆ । ਤੇਜ ਭਾਨ ਲਿਖ ਕੇ ਛੇ ਖੱਖੇ, ਸਿਰ ਪਗੜੀ ਉਤੇ ਸੁਹਾਈਆ । ਸੁਰਿੰਦਰ ਸਿੰਘ ਮਸਤਕ ਧੂੜ ਲਾ ਕੇ ਘੱਟੇ, ਪੰਜ ਨਿਸ਼ਾਨ ਲੈਣੇ ਉਪਜਾਈਆ । ਸਰੂਪ ਸਿੰਘ ਦੋ ਸੇਬ ਕੱਟ ਕੇ ਅੱਧੇ, ਟੁਕੜੇ ਗਲ ਲੈਣੇ ਲਟਕਾਈਆ । ਮੰਗਲ ਸਿੰਘ ਰੰਗ ਕੇ ਕੰਨੀ ਝੱਗੇ, ਚਾਰ ਉਂਗਲਾਂ ਨੀਲੀ ਦੇਣੀ ਵਖਾਈਆ । ਮੋਤਾ ਸਿੰਘ ਨੰਗੀ ਪੈਰੀਂ ਨੱਠੇ, ਕਦਮ ਪੰਞੀ ਪੰਧ ਮੁਕਾਈਆ । ਗੁਰਦਰਸ਼ਨ ਬਸਤਰ ਲੈ ਕੇ ਚਿੱਟੇ, ਚੰਗੇ ਗੋਬਿੰਦ ਚਰਨ ਭੇਟ ਚੜ੍ਹਾਈਆ । ਜਸਬੀਰ ਕੌਰ ਸਵਾ ਰਤੀ ਕੇਸਰ ਰੱਖੇ, ਸਪੁਤਰੀ ਪ੍ਰੀਤਮ ਸਿੰਘ ਅਖਵਾਈਆ । ਹਰਬੰਸ ਕੌਰ ਖੰਡ ਦੇ ਮਾਰ ਕੇ ਤਿੰਨ ਫੱਕੇ, ਮਿੱਠਾ ਮੁਖ ਦਏ ਸੁਹਾਈਆ । ਤਾਰਾ ਸਿੰਘ ਢਾਈ ਕਦਮਾਂ ਰਵਦਾਸ ਨੂੰ ਅੱਗੇ ਧੱਕੇ, ਹੱਥ ਸਿੰਘ ਗੁਰਮੁਖ ਪਿਠ ਟਿਕਾਈਆ । ਬਖ਼ਸ਼ੀਸ਼ ਸਿੰਘ ਲੈ ਕੇ ਚੱਠੂ ਵੱਟੇ, ਗੰਢੀ ਹਲਦੀ ਪੰਜ ਰਖਾਈਆ । ਸੁਰਜੀਤ ਸਿੰਘ ਨੌ ਗਲਾਸ ਪਾਣੀ ਝੱਟੇ, ਹੱਥ ਚੁਲੀ ਨਾਲ ਭਰਾਈਆ । ਅੰਗਰੇਜ਼ ਸਿੰਘ ਚੜ੍ਹ ਕੇ ਉਤੇ ਯੱਕੇ, ਢੋਲੇ ਯਾਦ ਵਿਚ ਗਾਈਆ । ਚੇਲਾ ਸਿੰਘ ਪਹਿਨ ਕੇ ਕੱਪੜੇ ਅੱਛੇ, ਨੌ ਕਦਮ ਪੁੱਠੇ ਪੈਰੀਂ ਚਲੇ ਵਾਹੋ ਦਾਹੀਆ । ਆਸਾ ਸਿੰਘ ਲੈ ਕੇ ਚਿੱਟੇ ਵੱਛੇ, ਦੋਹਾਂ ਨਾਲ ਧੂੜ ਦਏ ਧੁਮਾਈਆ । ਕਸ਼ਮੀਰ ਕੌਰ ਕੱਚਾ ਤੰਦ ਇਕ ਕਟੇ, ਪਿਛਲੇ ਜਨਮ ਦਾ ਛੋਟਾ ਵੀਰ ਨਾਲ ਸੁਹਾਈਆ । ਪਾਲ ਸਿੰਘ ਕਾਪੀ ਲੈ ਕੇ ਹੱਥੇ, ਨਵਾਂ ਢੋਲਾ ਲਏ ਗਾਈਆ । ਅਮੀਰ ਚੰਦ ਗੋਲੇ ਨੌ ਛੱਡੇ, ਜ਼ਮੀਨ ਉਤੋਂ ਅਸਮਾਨ ਚੜ੍ਹਾਈਆ । ਦਲੀਪ ਸਿੰਘ ਪ੍ਰੀਤਮ ਸਿੰਘ ਜਰਨੈਲ ਸਿੰਘ ਜੋਅ ਕੇ ਤਿੰਨ ਗੱਡੇ, ਨੱਥਾਂ ਹੱਥ ਵਿਚ ਅਟਕਾਈਆ । ਸੁਰਜਨ ਸਿੰਘ ਅਮਰੀਕ ਸਿੰਘ ਸੌ ਸੌ ਮੀਟਰ ਚੁੱਕ ਕੇ ਸਿਰ ਡੱਗੇ, ਸੌ ਸੌ ਜਨਮ ਦਾ ਲੇਖਾ ਲੈਣ ਗਵਾਈਆ । ਖੁਸ਼ੀਆਂ ਵਾਲੇ ਅੱਗੇ ਆਉਣ ਨੱਠੇ, ਭੱਜਣ ਵਾਹੋ ਦਾਹੀਆ । ਖੇਲ ਸਾਰੇ

ਹੋਣੇ ਇਕੱਠੇ, ਸੁਣ ਕੇ ਭੁੱਲ ਕੋਇ ਨਾ ਜਾਈਆ । ਹਰਚਰਨ ਫੋਟੂ ਨੌ ਖਿੱਚੇ, ਨੌ ਮੋਖ ਨਾਲ ਵਡਿਆਈਆ । ਇੱਕੀ ਕੌਡੀਆਂ ਭਰ ਕੇ ਨਾਲ ਸਿੱਕੇ, ਸੌਦਾਗਰ ਸਿੰਘ ਭੇਟਾ ਦਏ ਚੜ੍ਹਾਈਆ । ਤਿੰਨਾਂ ਦਾਤਰੀਆਂ ਦੇ ਦੰਦੇ ਕਰ ਕੇ ਤਿੱਖੇ, ਸੁਰਜੀਤ ਸਿੰਘ ਬਟਾਲਿਉਂ ਲੈ ਕੇ ਆਈਆ । ਮਾਝਾ ਮਾਲਵਾ ਦਵਾਬਾ ਜੰਮੂ ਇਕ ਦੂਜੇ ਨੂੰ ਪਿਆਰ ਨਾਲ ਖਿੱਚੇ, ਮੁਹੱਬਤ ਸਾਂਝੀ ਦਏ ਬਣਾਈਆ । ਸਾਹਿਬ ਸਤਿਗੁਰ ਫਿਰੇ ਪਿਛੇ ਅੱਗੇ, ਵਿਚੇ ਵਿਚ ਆਪਣਾ ਆਪ ਘੁੰਮਾਈਆ । ਊਧਮ ਸਿੰਘ ਕਾਲਾ ਧਾਗਾ ਬੰਨ੍ਹ ਕੇ ਗਿੱਟੇ, ਤੇੜ ਕਛਹਿਰਾ ਦੇਣਾ ਵਖਾਈਆ । ਸਭ ਤੋਂ ਸ਼ੌਕੀਨ ਗੁਰਮੁਖ ਮੱਸਾ ਸਿੰਘ ਘੱਟੇ ਵਿਚ ਲਿਟੇ, ਧੂੜ ਮਸਤਕ ਨਾਲ ਛੁਹਾਈਆ । ਏਸੇ ਕਾਰਨ ਹਰਿ ਸੰਗਤ ਇਕੋ ਵਾਰ ਪੁਰਖ ਅਕਾਲ ਦੀ ਚਰਨੀ ਵਿਕੇ, ਕੀਮਤ ਇਕੋ ਜੇਹੀ ਪਾਈਆ । ਪਾਰ ਕਰਾ ਕੇ ਵੱਡੇ ਨਿੱਕੇ, ਬਿਰਧ ਬਾਲਾਂ ਦਏ ਵਡਿਆਈਆ । ਜਨ ਭਗਤੋ ਤੁਹਾਡੇ ਜਨਮ ਜਨਮ ਦੇ ਕਰਮ ਕਰਮ ਦੇ ਲੇਖੇ ਕਰ ਕੇ ਚਿੱਟੇ, ਸਾਫ਼ ਸੁਥਰੇ ਦਿਆਂ ਬਣਾਈਆ । ਤੁਹਾਨੂੰ ਜੰਮਣ ਵਾਲੀ ਮਾਂ ਕਦੇ ਨਾ ਪਿੱਟੇ, ਨੇਤਰ ਨੈਣ ਨੀਰ ਨਾ ਕੋਇ ਵਹਾਈਆ । ਤੁਸੀਂ ਓਸ ਥਾਂ ਟਿਕੇ, ਜਿਥੇ ਟਕਿਆਂ ਵਾਲਾ ਗੁਰੂ ਨਜ਼ਰ ਕੋਇ ਨਾ ਆਈਆ । ਓਸ ਦੀ ਗੋਦੀ ਲਿਟੇ, ਜਿਥੇ ਲਿਟਾਂ ਵਾਲਾ ਠਹਿਰ ਕੋਇ ਨਾ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਦੇ ਗੁਰਮੁਖੋ ਇਕੋ ਵਾਰ ਕੱਢ ਕੇ ਸਿੱਟੇ, ਸਿੱਟੇਬਾਜ਼ੀ ਜਗਤ ਤੋਂ ਲੈਣਾ ਬਚਾਈਆ । ਤੁਹਾਡੇ ਲੇਖ ਕਿਸੇ ਕਲਮ ਸ਼ਾਹੀ ਨਾਲ ਨਹੀਂ ਲਿਖੇ, ਧੁਰ ਦੇ ਹੁਕਮ ਨਾਲ ਬਦਲਾਈਆ । ਕਿਉਂ ਤੁਸੀਂ ਮੇਰੀ ਸਿਖਿਆ ਇਕੋ ਸਿੱਖੇ, ਨਾਤੇ ਜਗਤ ਵਾਲੇ ਤੁੜਾਈਆ । ਤੁਸੀਂ ਅੱਗੇ ਤੇ ਮੈਂ ਤੁਹਾਡੇ ਪਿਛੇ, ਸੇਵਾ ਕਰ ਕੇ ਖ਼ੁਸ਼ੀ ਮਨਾਈਆ । ਫੇਰ ਮੁੜਨਾ ਨਹੀਂ ਕਿਸੇ ਪਿਛੇ, ਮਾਤਲੋਕ ਨਾ ਫੇਰਾ ਪਾਈਆ । ਅੱਖਾਂ ਬੰਦ ਨਾ ਜਾਣਿਓ ਦੋ ਜਹਾਨ ਐਵੇਂ ਪਏ ਦਿਸੇ, ਨਿੱਕੀ ਜਿਹੀ ਖੇਡ ਨਜ਼ਰੀ ਆਈਆ । ਤੁਹਾਡਾ ਨੂਰ ਨੁਰਾਨਾ ਸੋਹਣਾ ਦਿਸੇ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਤੁਸੀਂ ਗੁਰਮੁਖੋ ਪ੍ਰਭੂ ਪ੍ਰੇਮ ਪਿਆਰ ਦੀ ਚੜ੍ਹ ਗਏ ਚਿਖੇ, ਜਗਤ ਚਿਖਾ ਨਾ ਕੋਇ ਜਲਾਈਆ । ਜੁਗ ਚੌਕੜੀ ਲੱਭਦੇ ਰਹੇ ਜਿਸੇ, ਜਿਸਮ ਤੋਂ ਬਾਹਰ ਇਸਮ ਆਪਣਾ ਦਏ ਵਖਾਈਆ । ਤੁਹਾਨੂੰ ਨਹੀਂ ਪਤਾ ਕਿਹੜੀ ਧਾਰ ਨਾਲ ਤੁਹਾਨੂੰ ਅੰਦਰੋਂ ਖਿੱਚੇ, ਰਸਨਾ ਵਾਲੀ ਕਰੇ ਨਾ ਕੋਇ ਪੜ੍ਹਾਈਆ । ਖੇਲ ਕਰ ਕੇ ਤੁਹਾਡੇ ਵਿਚੇ ਵਿਚੇ, ਵਿਚੋਲਾ ਹੋ ਕੇ ਆਪ ਜੁੜਾਈਆ । ਲੇਖੇ ਲਾ ਕੇ ਲਹੂ ਮਿਝੇ, ਬੂੰਦ ਰਕਤ ਦਏ ਵਡਿਆਈਆ । ਇਹ ਰਮਜ਼ ਕਿਹੜਾ ਬੁੱਝੇ, ਚਾਰ ਜੁਗ ਅੱਗੇ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਨਾਮ ਭਗਤੀ ਪੂਜਾ ਪਾਠ ਸਿਮਰਨ ਦੇ ਲੈਣ ਨਹੀਂ ਆਇਆ ਭੁੱਗੇ, ਮਿਹਰ ਨਜ਼ਰ ਨਾਲ ਨਜ਼ਰੀਆ ਅੰਦਰੋਂ ਦਏ ਬਦਲਾਈਆ ।



★ ੨ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਮੇਰਾ ਹੁਕਮੀ ਕਾਜ, ਚਾਰ ਜੁਗ ਤੋਂ ਵੱਖਰੀ ਧਾਰ ਸਮਝਾਈਆ । ਸਤਿਜੁਗ ਸਾਚੇ ਸਤਿ ਧਰਮ ਦਾ ਵੱਡਾ ਰਿਵਾਜ, ਚਾਰ ਵਰਨ ਅਠਾਰਾਂ ਬਰਨ ਇਕੋ ਘਰ ਕੁੜਮਾਈਆ । ਸਚ ਪ੍ਰੀਤੀ ਧੁਰ ਦੀ ਭਗਤੀ ਨਾਮ ਅਨਮੁੱਲਾ ਦੇਵਾਂ ਦਾਜ, ਜਗਤ ਵਾਸਨਾ ਕੂੜੀ ਕਿਰਿਆ

ਬਾਹਰ ਕਢਾਈਆ। ਸਾਚੀ ਨਈਆ ਧੁਰ ਦੇ ਨਾਮ ਚੜ੍ਹਾ ਜਹਾਜ਼, ਜੀਵਣ ਜਗਤ ਪਾਰ ਲੰਘਾਈਆ। ਆਤਮ ਪਰਮਾਤਮ ਦੱਸ ਸਚ ਸਮਾਜ, ਤਨ ਮਾਟੀ ਖ਼ਾਕ ਮਾਤ ਸੰਗ ਬਣਾਈਆ। ਨਾਮ ਅਗੰਮੀ ਸੁਣਾ ਇਕ ਆਵਾਜ਼, ਸੋਈ ਸੁਰਤੀ ਸ਼ਬਦ ਉਠਾਈਆ। ਹੁਕਮੇ ਅੰਦਰ ਖੋਲ੍ਹ ਕੇ ਰਾਜ਼, ਪੜਦਾ ਓਹਲਾ ਦਿਆਂ ਚੁਕਾਈਆ। ਜਨ ਭਗਤਾਂ ਸਾਚੀ ਸਾਜਨ ਸਾਜ, ਸਾਜਣ ਹੋ ਕੇ ਦਿਆਂ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਰਿਹਾ ਵਰਤਾਈਆ। ਸਤਿਗੁਰ ਸ਼ਬਦ ਕਹੇ ਮੈਂ ਦੇਣਾ ਉਹ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ। ਨਿਰਗੁਣ ਚਾੜ੍ਹ ਕੇ ਨੂਰੀ ਚੰਦ, ਜੋਤੀ ਜੋਤ ਕਰਾਂ ਰੁਸ਼ਨਾਈਆ। ਭੇਵ ਖੁਲ੍ਹਾ ਕੇ ਬ੍ਰਹਮ ਹੰ, ਪਾਰਬ੍ਰਹਮ ਦੇਣਾ ਮਿਲਾਈਆ। ਨਾਤਾ ਜੋੜ ਕੇ ਸ੍ਰਿਸ਼ਟੀ ਤਨ, ਮਨ ਆਪਣੇ ਰੰਗ ਰੰਗਾਈਆ। ਗੁਰਮੁਖਾਂ ਬੇੜਾ ਬੰਨ੍ਹ, ਖੇਵਟ ਹੋ ਕੇ ਕੰਧ ਉਠਾਈਆ। ਨਾਮ ਭੰਡਾਰਾ ਦੇ ਕੇ ਧਨ, ਧਨੀ ਸਾਚੇ ਦਏ ਵਖਾਈਆ। ਹੁਕਮੇ ਅੰਦਰ ਬਣਾ ਕੇ ਜਨ, ਸਿਰ ਆਪਣਾ ਹੱਥ ਟਿਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ। ਸਤਿਗੁਰ ਸ਼ਬਦ ਕਹੇ ਮੇਰੀ ਅਗੰਮੀ ਧਾਰ, ਧਰਨੀ ਧਰਤ ਧਵਲ ਜੁਗ ਜੁਗ ਆਪ ਚਲਾਈਆ। ਹੁਕਮ ਦੇਵੇ ਨਰ ਨਿਰੰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਦਰਗਾਹੀਆ। ਸਤਿਜੁਗ ਸਾਚੀ ਕਰਨੀ ਕਾਰ, ਕੁਦਰਤ ਕਾਦਰ ਹੁਕਮ ਸੁਣਾਈਆ। ਨੌ ਖੰਡ ਦਾ ਇਕ ਬਿਵਹਾਰ, ਦੀਪ ਸੱਤ ਵੱਜੇ ਵਧਾਈਆ। ਮਾਰਗ ਦੱਸ ਅਪਰ ਅਪਾਰ, ਅਪਰੰਪਰ ਸਵਾਮੀ ਦਏ ਸਮਝਾਈਆ। ਬਿਨ ਸਤਿਗੁਰ ਸ਼ਬਦ

੨੯੫ ਕੋਈ ਨਾ ਲਾਵੇ ਪਾਰ, ਜਗਤ ਖਾਣੀ ਖਹਿੜਾ ਨਾ ਕੋਇ ਛੁਡਾਈਆ। ਸਾਚਾ ਹੋਵੇ ਨਾ ਕੋਇ ਮੰਗਲਾਚਾਰ, ਗੀਤ ਗੋਬਿੰਦ ਨਾ ਕੋਇ ਅਲਾਈਆ। ੨੯੫

੨੦ ਧੁਰ ਦਾ ਹੁਕਮ ਸੱਚੀ ਸਰਕਾਰ, ਪੁਰਖ ਅਕਾਲ ਆਪ ਦ੍ਰਿੜਾਈਆ। ਭਗਤ ਭਗਵੰਤ ਦਾ ਖੇਲ ਅਪਾਰ, ਬੁੱਧੀ ਜਗਤ ਨਾ ਕੋਇ ਸਮਝਾਈਆ। ੨੦

ਸਮਾਜ ਵਿਚੋਂ ਮੰਜ਼ਲ ਦੁਸ਼ਵਾਰ, ਰਿਵਾਜ ਵਿਚੋਂ ਬਾਹਰ ਕਢਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ। ਸਤਿਗੁਰ ਸ਼ਬਦ ਕਹੇ ਮੇਰਾ ਗੁਰਮੁਖ ਇਕੋ ਦੂਲ੍ਹਾ, ਦੂਲ੍ਹਨ ਧੁਰ ਦੀ ਪ੍ਰੀਤੀ ਨਜ਼ਰੀ ਆਈਆ। ਲਹਿਣਾ ਦੇਣਾ ਪੂਰਬ ਚੁਕਾਵਾਂ ਮੂਲਾ, ਪਿਛਲਾ ਲੇਖਾ ਝੋਲੀ ਪਾਈਆ। ਭਗਤ ਭਗਵਾਨ ਦਾ ਆਦਿ ਜੁਗਾਦੀ ਇਕ ਅਸੂਲਾ, ਗੁਰ ਅਵਤਾਰ ਪੈਗ਼ੰਬਰ ਸਕੇ ਨਾ ਕੋਇ ਬਦਲਾਈਆ। ਜਗਤ ਖੇਲ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਅਸੂਲਾ, ਹੁਕਮੇ ਅੰਦਰ ਵੰਡ ਵੰਡਾਈਆ। ਬਿਨਾ ਹਰਿ ਕਿਰਪਾ ਹਰਿ ਮਿਲੇ ਨਾ ਕੰਤ ਕੰਤੂਹਲਾ, ਅਨਡਿਠੜਾ ਰੰਗ ਨਾ ਕੋਇ ਚੜ੍ਹਾਈਆ। ਅਬਿਨਾਸ਼ੀ ਕਰਤਾ ਦੀਨ ਦਿਆਲ ਮਿਹਰ ਅੰਦਰ ਦੇਵੇ ਆਪਣਾ ਝੂਲਾ, ਹੁਲਾਰਾ ਏਕੰਕਾਰਾ ਇਕੋ ਇਕ ਵਖਾਈਆ। ਚਰਨ ਪ੍ਰੀਤੀ ਬਖ਼ਸ਼ ਕੇ ਧੂਲਾ, ਧੂੜੀ ਖ਼ਾਕ ਦਏ ਰਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਈਆ। ਸਤਿਗੁਰ ਸ਼ਬਦ ਕਹੇ ਨਵ ਨੌ ਚਾਰ ਪਿਛੋਂ ਜਨ ਭਗਤਾਂ ਜੋੜ ਜੋੜਾਂ, ਦੋ ਜਹਾਨ ਮਿਲੇ ਵਡਿਆਈਆ। ਆਪਣੀ ਪੂਰੀ ਕਰਾਂ ਲੋੜਾ, ਲੋੜੀਂਦੇ ਸੱਜਣ ਵੇਖ ਵਖਾਈਆ। ਬਾਕੀ ਜਵਾਬ ਮਿਲੇ ਕੋਰਾ, ਧੁਰ ਫ਼ਰਮਾਨਾ ਇਕ ਸੁਣਾਈਆ। ਗੁਰਮੁਖਾਂ ਆਪਣੇ ਹੱਥ ਰੱਖੇ ਡੋਰਾ, ਡੋਰੀ ਸ਼ਬਦੀ ਤੰਦ ਬੰਧਾਈਆ। ਹਰਿਜਨ ਵੇਖੇ ਬਾਂਕਾ ਛੋਹਰਾ, ਸੂਰਬੀਰ ਸੋਭਾ ਪਾਈਆ। ਜਿਸ ਦਾ ਨਾਤਾ ਜੁੜਿਆ ਮੋਰਾ ਤੋਰਾ, ਮੈਂ ਮਮਤਾ ਗਿਆ ਮਿਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ੇ ਇਕ ਸਰਨਾਈਆ। ਸਤਿਗੁਰ ਸ਼ਬਦ ਕਹੇ ਮੇਰਾ ਹੁਕਮੀ ਇਕ ਮਿਲਾਪ, ਨਿਰਗੁਣ ਨਿਰਗੁਣ

ਸਰਗੁਣ ਸਰਗੁਣ ਜੋੜ ਜੁੜਾਈਆ । ਸਾਂਝਾ ਦੱਸ ਕੇ ਜਾਪ, ਤੂੰ ਮੇਰਾ ਮੈਂ ਤੇਰਾ ਕਰੀ ਪੜ੍ਹਾਈਆ । ਸਤਿਜੁਗ ਦਾ ਮਾਰਗ ਥਾਪ, ਥਾਪੀ ਜਨ ਭਗਤਾਂ ਪੁਸ਼ਤ ਪਨਾਹ ਲਗਾਈਆ । ਨਾਤਾ ਜੋੜ ਕੇ ਧੁਰ ਦਾ ਸਾਕ, ਸੱਜਣ ਸਾਜਣ ਵੇਖ ਵਖਾਈਆ । ਨਿਰੰਤਰ ਦੋਹਾਂ ਦੀ ਇਕੋ ਜਾਤ, ਬ੍ਰਹਮ ਪਾਰਬ੍ਰਹਮ ਦ੍ਰਿੜਾਈਆ । ਜੋ ਗੁਰ ਅਵਤਾਰ ਪੈ.ਗੰਬਰ ਗਏ ਆਖ, ਸੰਦੇਸੇ ਹੁਕਮੇ ਅੰਦਰ ਦ੍ਰਿੜਾਈਆ । ਸੋ ਪੂਰਾ ਕਰੇ ਵਾਕ, ਵਾਕਿਫ਼ਕਾਰ ਧੁਰਦਰਗਾਹੀਆ । ਚਾਰ ਵਰਨ ਅਠਾਰਾਂ ਬਰਨ ਇਕ ਦਵਾਰੇ ਵਸੇ ਸਾਥ, ਸਗਲਾ ਸੰਗ ਬਣਾਈਆ । ਜਿਸ ਆਸ਼ਾ ਨੂੰ ਰੱਖ ਕੇ ਗਿਆ ਤ੍ਰੈਲੋਕੀ ਨਾਥ, ਰਾਮਾ ਵਸ਼ਿਸ਼ਟ ਨਾਲ ਸਲਾਹ ਪਕਾਈਆ । ਈਸਾ ਮੂਸਾ ਮੁਹੰਮਦ ਕਰਦੇ ਗਏ ਝਾਕ, ਨੈਣ ਨਕਾਬ ਵਿਚੋਂ ਉਠਾਈਆ । ਨਾਨਕ ਨਿਰਗੁਣ ਸਰਗੁਣ ਕਹਿ ਕੇ ਗਿਆ ਸਾਖਿਆਤ, ਬਿਨ ਹਰਿ ਕੰਤ ਨਾ ਕੋਇ ਵਡਿਆਈਆ । ਗੋਬਿੰਦ ਸਭ ਨੂੰ ਦੇ ਜਵਾਬ, ਡੋਰੀ ਪੁਰਖ ਅਕਾਲ ਹੱਥ ਫੜਾਈਆ । ਸੋ ਲਹਿਣਾ ਦੇਣਾ ਲੇਖਾ ਚੁਕਾਵੇ ਬਣ ਕੇ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਸਾਚੀ ਵਸਤ ਅਮੋਲਕ ਦੇਵੇ ਰਾਸ, ਭੰਡਾਰਾ ਧੁਰ ਦਾ ਇਕ ਵਰਤਾਈਆ । ਮੁਹੱਬਤ ਵਿਚ ਪ੍ਰੀਤੀ ਅੰਦਰ ਪਿਆਰ ਕਰ ਕੇ ਦਾਸੀ ਦਾਸ, ਸੇਵਾ ਸੇਵਕ ਨਾਲ ਜੁੜਾਈਆ । ਸਾਂਝਾ ਇਕੋ ਗ੍ਰਿਹਿ ਵਾਸ, ਨਿਜ ਘਰ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਖ਼ਸ਼ ਇਕ ਧਰਵਾਸ, ਧਰਮ ਦਾ ਧਰਮ ਦਏ ਬਣਾਈਆ ।

੨੯੬ ੨੦

★ ੨ ਪੋਹ ਸ਼ਹਿਨਸ਼ਾਹੀ ਸੰਮਤ ੨ ਅਰਜਨ ਸਿੰਘ ਜਗਜੀਤ ਸਿੰਘ ਸਲੀਮਪੁਰਾ ਜ਼ਿਲਾ ਹੁਸ਼ਿਆਰਪੁਰ ★

ਸ਼ਬਦ ਗੋਬਿੰਦ ਕਹੇ ਖੇਲ ਹੋਵੇ ਮਹਾਨਾ, ਮਹਿੰਮਾ ਗਣਤ ਨਾ ਕੋਇ ਗਣਾਈਆ । ਜੋਤੀ ਜੋਤ ਜਗੇ ਦੋ ਜਹਾਨਾਂ, ਨੂਰ ਨੁਰਾਨਾ ਕਰੇ ਰੁਸ਼ਨਾਈਆ । ਪੁਰਖ ਅਕਾਲ ਦੀਨ ਦਿਆਲ ਪਹਿਰ ਕੇ ਬਾਣਾ, ਬਾਨੀ ਹੋ ਕੇ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਣਾ, ਗਹਿਰ ਗੰਭੀਰ ਬੇਨਜ਼ੀਰ ਪੜਦਾ ਓਹਲਾ ਦਏ ਉਠਾਈਆ । ਬ੍ਰਹਿਮੰਡ ਖੰਡ ਦੱਸੇ ਇਕ ਤਰਾਨਾ, ਨਾਮ ਨਿਧਾਨਾ ਸਚ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਪਰਵਾਨਾ, ਖ਼ੁਸ਼ੀਆਂ ਅੰਦਰ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਸ਼ਬਦ ਕਹੇ ਪ੍ਰਭ ਅਗੰਮੀ ਦੱਸੇ ਗੀਤ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੁਗ ਚੌਕੜੀ ਬਦਲ ਕੇ ਰੀਤ, ਧੁਰ ਦਾ ਮਾਰਗ ਦਏ ਵਖਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਮਸਤ ਖ਼ੁਮਾਰੀ ਦਏ ਚੜ੍ਹਾਈਆ । ਮਾਨਵ ਜਾਤੀ ਬਦਲ ਕੇ ਨੀਤ, ਕੂੜੀ ਕਿਰਿਆ ਬਾਹਰ ਕਢਾਈਆ । ਅਗਨੀ ਤਤ ਕਰ ਕੇ ਠਾਂਡਾ ਸੀਤ, ਬੂੰਦ ਸਵਾਂਤੀ ਮੁਖ ਚੁਆਈਆ । ਸਚ ਦਵਾਰ ਬਖ਼ਸ਼ ਪ੍ਰੀਤ, ਪ੍ਰੀਤਮ ਇਕੋ ਦਏ ਮਿਲਾਈਆ । ਝਗੜਾ ਰਹੇ ਨਾ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਸਾਚਾ ਕਲਮਾ ਦੱਸ ਹਦੀਸ, ਹਾਜ਼ਰ ਹੋ ਕੇ ਕਰੇ ਪੜ੍ਹਾਈਆ । ਸਾਚੇ ਨਾਮ ਦੀ ਕਰ ਤਬਲੀਕ, ਤਮਾ ਤ੍ਰਿਸ਼ਨਾ ਦਏ ਗਵਾਈਆ । ਆਸਾ ਮਨਸਾ ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰ ਉਮੀਦ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਆਪਣੀ ਕਾਰ ਕਮਾਈਆ । ਗੋਬਿੰਦ ਸ਼ਬਦ ਕਹੇ

ਸਾਚਾ ਉਪਜੇ ਇਕ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਵਿਸ਼ਨ ਬ੍ਰਹਮਾ ਸ਼ਿਵ ਲਾਵੇ ਨਾਅਰਾ, ਗੁਰ ਅਵਤਾਰ ਪੈਗੰਬਰ ਖ਼ੁਸ਼ੀ ਮਨਾਈਆ । ਬ੍ਰਹਿਮੰਡਾਂ ਖੰਡਾਂ ਲੱਗੇ ਪਿਆਰਾ, ਦੋ ਜਹਾਨਾਂ ਸੋਭਾ ਪਾਈਆ । ਧਰਨੀ ਧਰਤ ਧਵਲ ਮਿਲੇ ਸਹਾਰਾ, ਧੌਲ ਪੜਦਾ ਦਏ ਉਠਾਈਆ । ਲੱਖ ਚੁਰਾਸੀ ਜੀਵ ਜੰਤ ਬੰਨ੍ਹੇ ਧਾਰਾ, ਧਰਮ ਦਵਾਰ ਇਕ ਵਖਾਈਆ । ਅੰਮ੍ਰਿਤ ਰਸ ਬਖ਼ਸ਼ੇ ਅਗੰਮ ਫੁਹਾਰਾ, ਨਿਰਵੈਰ ਨਿਰਾਕਾਰ ਨਿਰੰਕਾਰਾ ਆਪ ਉਪਜਾਈਆ । ਗ੍ਰਿਹ ਮੰਦਰ ਦੱਸ ਇਕ ਦਵਾਰਾ, ਪੜਦਾ ਓਹਲਾ ਦਏ ਚੁਕਾਈਆ । ਠਾਕਰ ਸਵਾਮੀ ਮੇਲ ਗਿਰਵਰ ਗਿਰਧਾਰਾ, ਪਰਵਰਦਿਗਾਰਾ ਦੱਸੇ ਜਲਵਾ ਨੂਰ ਖ਼ੁਦਾਈਆ । ਪਾਰਬ੍ਰਹਮ ਬ੍ਰਹਮ ਪਤਿਪਰਮੇਸ਼ਵਰ ਕਰ ਪਿਆਰਾ, ਆਤਮ ਪਰਮਾਤਮ ਜੋੜ ਜੁੜਾਈਆ । ਸਤਿ ਸਰੂਪੀ ਵਜਾ ਇਕ ਨਗਾਰਾ, ਸੋਈ ਸੁਰਤੀ ਦਏ ਉਠਾਈਆ । ਭੇਵ ਅਭੇਦਾ ਖੋਲ੍ਹੇ ਖੋਲ੍ਹਣਹਾਰਾ, ਖ਼ਾਲਕ ਖ਼ਲਕ ਦਏ ਜਣਾਈਆ । ਸਾਚੀ ਸਖ਼ੀਆਂ ਗ੍ਰਿਹ ਮੰਦਰ ਅੰਦਰ ਹੋਵੇ ਮੰਗਲਾਚਾਰਾ, ਨਾਦ ਵੱਜੇ ਬੇਪਰਵਾਹੀਆ । ਕੂੜੀ ਕਿਰਿਆ ਮਿਟੇ ਵਿਚ ਸੰਸਾਰਾ, ਸਚ ਸੁੱਚ ਦਏ ਪਰਗਟਾਈਆ । ਅੰਧ ਅੰਧੇਰ ਨਾ ਰਹੇ ਗ਼ੁਬਾਰਾ, ਗ਼ੁਰਬਤ ਮਿਟੇ ਜਗਤ ਲੋਕਾਈਆ । ਪਰਵਰਦਿਗਾਰ ਮਿਲੇ ਸਾਂਝਾ ਯਾਰਾ, ਪੁਰਖ ਅਕਾਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਸੁਹਾਈਆ । ਗੋਬਿੰਦ ਸ਼ਬਦ ਕਹੇ ਸਾਚਾ ਖੇਲ ਦੱਸਾਂ ਅਗੰਮ, ਖ਼ਾਲਕ ਖ਼ਲਕ ਪਲਕ ਦਏ ਖੁਲ੍ਹਾਈਆ । ਤ੍ਰਿਸਨਾ ਕੂੜ ਮੇਟ ਕੇ ਤਮ, ਤਮੋ ਰਜੋ ਸਤੋ ਵੇਖ ਵਖਾਈਆ । ਹਰਖ਼ ਸੋਗ ਮਿਟਾ ਕੇ ਗ਼ਮ, ਚਿੰਤਾ ਅੰਦਰੋਂ ਬਾਹਰ ਕਢਾਈਆ । ਲੇਖੇ ਲਾ ਕੇ ਪਵਣ ਸਵਾਮੀ ਦਮ, ਦਾਮਨਗੀਰ ਹੋ ਕੇ ਪੱਲੂ ਲਏ ਫੜਾਈਆ । ਭਾਗ ਲਗਾ ਕੇ ਕਾਇਆ ਮਾਟੀ ਚੰਮ, ਚੰਮਦ੍ਰਿਸ਼ਟੀ ਦਏ ਬਦਲਾਈਆ । ਘਰ ਸਾਜਣ ਮਿਲੇ ਹਮ, ਪਾਰਬ੍ਰਹਮ ਬ੍ਰਹਮ ਜੋੜ ਲੋੜੀਂਦਾ ਲਏ ਜੁੜਾਈਆ । ਨਿਹਕਰਮੀ ਹੋ ਕੇ ਕਰੇ ਆਪਣਾ ਕੰਮ, ਕਰਮ ਕਾਂਡ ਦਾ ਲੇਖਾ ਦਏ ਚੁਕਾਈਆ । ਸ੍ਰਿਸ਼ਟ ਸਬਾਈ ਦੇ ਕੇ ਇਕੋ ਨਾਮ, ਨਮਸਤੇ ਧੁਰ ਦੀ ਦਏ ਸਮਝਾਈਆ । ਤੂੰ ਮੇਰਾ ਮੈਂ ਤੇਰਾ ਅਗੰਮੀ ਸੁਣਾ ਕੇ ਰਾਗ ਸਾਚੇ ਕੰਨ, ਕਰਨੀ ਦਾ ਕਰਤਾ ਪੜਦਾ ਦਏ ਉਠਾਈਆ । ਸੰਸਾਰ ਸਾਗਰ ਵਿਚੋਂ ਬੇੜਾ ਦੇਵੇ ਬੰਨ੍ਹ, ਨਈਆ ਨੌਕਾ ਆਪਣੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵੇਖ ਵਖਾਈਆ । ਗੋਬਿੰਦ ਸ਼ਬਦ ਕਹੇ ਦੀਨ ਦੁਨੀ ਬਦਲ ਜਾਵੇ ਤਕਦੀਰ, ਤਬਅ ਸਭ ਦੀ ਵੇਖ ਵਖਾਈਆ । ਸ਼ਰਅ ਰਹੇ ਨਾ ਕੋਇ ਜ਼ੰਜੀਰ, ਸ਼ਰੀਅਤ ਕਰੇ ਨਾ ਕੋਇ ਲੜਾਈਆ । ਚਾਰ ਵਰਨਾਂ ਇਕੋ ਦਏ ਤਾਲੀਮ, ਤੁਲਬੇ ਸਾਰੇ ਲਏ ਬਣਾਈਆ । ਦੀਨ ਮਜ਼੍ਹਬ ਵੰਡ ਨਾ ਰਹੇ ਤਕਸੀਮ, ਹਿੱਸਾ ਦਿਸੇ ਨਾ ਜਗਤ ਲੋਕਾਈਆ । ਭੇਵ ਖੁਲ੍ਹਾਵੇ ਮਾਲਕ ਆਦਿ ਕਦੀਮ, ਕੁਦਰਤ ਦਾ ਕਾਦਰ ਦਇਆ ਕਮਾਈਆ । ਮਹੱਲ ਅਟਲ ਵਖਾ ਕੇ ਇਕ ਅਜ਼ੀਮ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਵੱਡਾ ਵੱਡ ਵਡਿਆਈਆ । ਸਤਿਗੁਰ ਸ਼ਬਦ ਕਹੇ ਗੋਬਿੰਦ ਖੇਲ ਅਵੱਲਾ, ਅੱਲਾ ਅਲਾਹ ਦਏ ਗਵਾਹੀਆ । ਲੇਖਾ ਜਾਣੇ ਪੁਰਖ ਅਕਾਲ ਇਕੱਲਾ, ਦੂਜਾ ਸੰਗ ਨਾ ਕੋਇ ਰਖਾਈਆ । ਪਾਵੇ ਸਾਰ ਜਲਾਂ ਥਲਾਂ, ਸਮੁੰਦ ਸਾਗਰ ਫੋਲ ਫੁਲਾਈਆ । ਫੇਰਾ ਪਾਏ ਵਿਚ ਝੱਲਾਂ, ਡੱਲਾਂ ਗਾਰਾਂ ਖੋਜ ਖੁਜਾਈਆ । ਕਰ ਕੇ ਵਲ ਛਲਾ, ਅਛਲ ਛਲ ਆਪਣੀ ਚਾਲ ਚਲਾਈਆ । ਦੀਪਕ ਜੋਤ ਹੋ ਕੇ ਬਲਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸ਼ਬਦੀ ਧਾਰ ਅੰਦਰ ਰਲਾ, ਜਗ ਨੇਤਰ ਵੇਖਣ ਕੋਇ ਨਾ ਪਾਈਆ ।

ਪਰਮਾਤਮ ਹੋ ਕੇ ਆਤਮ ਫੜਾਏ ਪੱਲਾ, ਨਿਰਗੁਣ ਨਿਰਗੁਣ ਜੋੜ ਜੁੜਾਈਆ । ਸਚ ਸੰਦੇਸ ਨਰ ਨਰੇਸ਼ ਆਪਣੇ ਹੁਕਮ ਅੰਦਰ ਘੱਲਾ, ਘਾਇਲ ਕਰੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਸ਼ਬਦ ਕਹੇ ਸਾਚਾ ਧਰਮ ਦਾ ਹੋਵੇ ਕਾਨੂੰਨ, ਜਗਤ ਧਾਰ ਨਾ ਕੋਇ ਦ੍ਰਿੜਾਈਆ । ਸਾਚੇ ਨਾਮ ਦਾ ਹੋਵੇ ਮਜ਼ਮੂਨ, ਕਰੇ ਹਕ ਪੜ੍ਹਾਈਆ । ਸਤਿਜੁਗ ਬਾਲਾ ਨੱਢਾ ਉਠਾਵੇ ਮਾਸੂਮ, ਸਿਰ ਆਪਣਾ ਹੱਥ ਟਿਕਾਈਆ । ਆਪਣਾ ਹੁਕਮ ਦੱਸੇ ਨਾ ਮਾਲੂਮ, ਭੇਵ ਅਭੇਦਾ ਦਏ ਜਣਾਈਆ । ਕਲਜੁਗ ਕੂੜੀ ਕਿਰਿਆ ਲੋਕਮਾਤ ਵਿਚੋਂ ਹੂੰਝ, ਹੁਜਰਾ ਹਕ ਦਏ ਵਖਾਈਆ । ਨੀਤੀ ਰਹੇ ਨਾ ਕੋਇ ਦੂਜ, ਦੁਤੀਆ ਭਾਉ ਨਾ ਕੋਇ ਬਣਾਈਆ । ਇਕੋ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲਏ ਬੂਝ, ਬੁਝਿਆ ਦੀਪਕ ਆਪ ਜਗਾਈਆ । ਸਚ ਵਖਾ ਕੇ ਮੰਜ਼ਲ ਹਕ ਮਕਸੂਦ, ਮਹਿਬੂਬ ਆਪਣਾ ਦਏ ਮਿਲਾਈਆ । ਚਾਰ ਕੂੰਟ ਦਹਿ ਦਿਸ਼ਾ ਦਿਸੇ ਮੌਜੂਦ, ਮਹਿਫ਼ਲ ਪ੍ਰੇਮ ਪਿਆਰ ਬਣਾਈਆ । ਸ਼ਬਦੀ ਧਾਰ ਦੇ ਸਬੂਤ, ਸਾਬਤ ਸੂਰਤ ਦਏ ਦਿੜ੍ਹਾਈਆ । ਲੇਖੇ ਲਾਵਣਹਾਰਾ ਤਨ ਵਜੂਦ, ਬੇਪ੍ਰਵਾਹ ਬੇਪਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਗੋਬਿੰਦ ਸ਼ਬਦ ਕਹੇ ਮੈਂ ਸਭ ਦਾ ਬਣਨਾ ਵਾਰਸ, ਲੇਖਾ ਇਕੋ ਘਰ ਬਣਾਈਆ । ਕਦੀਮ ਦੀ ਯਾਦ ਵਿਚ ਭਾਰਤ, ਭਾਵਨਾ ਸਭ ਦੀ ਖੋਜ ਖੁਜਾਈਆ । ਸਾਚੇ ਨਾਮ ਦੀ ਬਦਲ ਕੇ ਇਬਾਰਤ, ਅੱਖਰਾਂ ਨਾਲ ਅੱਖਰ ਦੇਣੇ ਪਰਗਟਾਈਆ । ਇਕੋ ਵਾਰ ਕਰਾ ਕੇ ਜ਼ਿਆਰਤ, ਜਜ਼ੀਏ ਟੈਕਸ ਤੋਂ ਲੈਣੇ ਛੁਡਾਈਆ । ਜਨ ਭਗਤਾਂ ਸਚ ਪ੍ਰੇਮ ਦੀ ਬਖ਼ਸ਼ ਲਿਆਕਤ, ਮੂਰਖ ਮੂੜ੍ਹ ਮੁਗਧ ਲੈਣੇ ਤਰਾਈਆ । ਆਤਮ ਪਰਮਾਤਮ ਦੱਸ ਰਫ਼ਾਕਤ, ਨਿਫ਼ਾਕ ਅੰਦਰੋਂ ਦੇਣਾ ਕਢਾਈਆ । ਮਨ ਮਲੇਛ ਨਾ ਰਹੇ ਮਿਲਾਵਟ, ਪਰਦੇਸ਼ ਦੇਸ਼ ਦੇਣਾ ਵਖਾਈਆ । ਚਾਰ ਵਰਨਾਂ ਇਕ ਡੰਡਾਵਤ, ਬੰਦਗੀ ਧੁਰ ਦੀ ਦੇਣੀ ਸਮਝਾਈਆ । ਜਿਥੇ ਮਿਲੇ ਨਾਮ ਸਖ਼ਾਵਤ, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਜਗਤ ਵਾਸਨਾ ਰਹੇ ਨਾ ਕੋਇ ਅਲਾਮਤ, ਮਨਸਾ ਮਨ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਵੇਖ ਵਖਾਈਆ । ਗੋਬਿੰਦ ਸ਼ਬਦ ਕਹੇ ਮੇਰਾ ਇਕੋ ਇਕ ਹੋਕਾ, ਹੁਕਮ ਧੁਰ ਦਾ ਇਕ ਜਣਾਈਆ । ਸ੍ਰੀ ਭਗਵਾਨ ਦਾ ਸਚ ਸਲੋਕਾ, ਸੋਹਲਾ ਸਭ ਨੂੰ ਰਿਹਾ ਦ੍ਰਿੜਾਈਆ । ਆਤਮ ਪਰਮਾਤਮ ਮਿਲਣ ਦਾ ਮੌਕਾ, ਪੂਰਬ ਲੇਖਾ ਦਏ ਮੁਕਾਈਆ । ਭਾਗ ਲਗਾਏ ਕਾਇਆ ਮਾਟੀ ਕੋਠਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜਨ ਭਗਤ ਰਹੇ ਕੋਈ ਨਾ ਸੋਤਾ, ਸੁੱਤਿਆਂ ਦਿਆਂ ਉਠਾਈਆ । ਪੂਰਬ ਜਨਮ ਮੇਟ ਕੇ ਰੋਸਾ, ਰੁੱਠਿਆਂ ਲਵਾਂ ਮਨਾਈਆ । ਪਿਆਰ ਦੱਸ ਕੇ ਪਰਮ ਪੁਰਖ ਦੇ ਮੋਹ ਦਾ, ਮੁਹੱਬਤ ਇਕੋ ਨਾਲ ਬੰਧਾਈਆ । ਖੇਲ ਕਰ ਕੇ ਆਤਮ ਪਰਮਾਤਮ ਛੋਹ ਦਾ, ਨਿਰਗੁਣ ਨਿਰਗੁਣ ਜੋੜ ਜੁੜਾਈਆ । ਜਾਪ ਦੱਸ ਕੇ ਸੋਹੰ ਸੋ ਦਾ, ਸੁਰਤੀ ਸ਼ਬਦ ਵਿਚ ਸਮਾਈਆ । ਕਰ ਪਰਕਾਸ਼ ਆਪਣੀ ਲੋ ਦਾ, ਲੋਇਣ ਧੁਰ ਦਾ ਦਿਤਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਸ਼ਬਦ ਕਹੇ ਮੈਂ ਦੱਸਣਾ ਢੋਲਾ ਏਕ, ਏਕੰਕਾਰ ਦਿਆਂ ਦ੍ਰਿੜਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਰੱਖਣ ਟੇਕ, ਨਿਉਂ ਨਿਉਂ ਲਾਗਣ ਪਾਈਆ । ਜੁਗ ਚੌਕੜੀ ਬਦਲੇ ਭੇਖ, ਨਿਰਗੁਣ ਸਰਗੁਣ ਵੇਸ ਵਟਾਈਆ । ਕਲਜੁਗ ਦੇਵੇ ਹਕ ਸੰਦੇਸ, ਧੁਰ ਫ਼ਰਮਾਨਾ ਹਕ ਸੁਣਾਈਆ ।

ਮਾਲਕ ਬਣ ਕੇ ਨਰ ਨਰੇਸ਼, ਦੋ ਜਹਾਨਾਂ ਵੇਖ ਵਖਾਈਆ । ਆਦਿ ਜੁਗਾਦਿ ਰਹੇ ਹਮੇਸ਼, ਜਨਮ ਮਰਨ ਨਾ ਵੰਡ ਵੰਡਾਈਆ । ਸੋ ਸਵਾਮੀ ਅੰਤਰਜਾਮੀ ਖੋਲ੍ਹੇ ਭੇਤ, ਅਭੇਵ ਦਏ ਦ੍ਰਿੜਾਈਆ । ਜਨ ਭਗਤਾਂ ਕਰ ਕੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਨੂੰ ਲੱਭਦੇ ਗਏ ਕੋਟਨ ਕੋਟ ਕੇਤੀ ਕੇਤ, ਕਿਤਿਆਂ ਵਿਚ ਫੇਰਾ ਪਾਈਆ । ਇਸ਼ਾਰਾ ਕਰ ਕੇ ਗੋਬਿੰਦ ਦਸ ਦਸਮੇਸ, ਦਹਿ ਦਿਸ਼ਾ ਗਿਆ ਦ੍ਰਿੜਾਈਆ । ਸੋ ਮਾਲਕ ਰਹੇ ਹਮੇਸ਼, ਨਿਰਗੁਣ ਸਰਗੁਣ ਧਾਰ ਚਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਦੀ ਚੌਧਵੀਂ ਜੋਤੀ ਜਾਤਾ ਪੁਰਖ ਬਿਧਾਤਾ ਨਿਰਾਕਾਰ ਧਾਰ ਕੇ ਵੇਸ, ਭੇਖ ਆਪਣੇ ਵਿਚ ਛੁਪਾਈਆ । ਸਚ ਸੁਨੇਹੜਾ ਦੇਵੇ ਸੰਦੇਸ਼, ਹੁਕਮ ਹੁਕਮਰਾਨਾ ਆਪ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਵੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਭਾਗ ਲਗਾ ਸਾਚੇ ਦੇਸ, ਵੱਜੀ ਹਕ ਵਧਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਖੇਲਿਆ ਖੇਲ ਵਾਰ ਅਨੇਕ, ਅਨਕ ਕਲ ਧਾਰੀ ਆਪਣਾ ਫੇਰਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸੰਬਲ ਵਸਿਆ ਧੁਰ ਦੇ ਦੇਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਸ਼ਬਦੀ ਧਾਰ ਕਰੇ ਹੇਤ, ਹਿਤਕਾਰੀ ਹੋ ਕੇ ਨਿਰੰਕਾਰੀ ਹੋ ਕੇ ਨਿਰਾਕਾਰੀ ਹੋ ਕੇ ਨਿਰਾਧਾਰੀ ਹੋ ਕੇ ਪੈਜ ਸਵਾਰੀ ਹੋ ਕੇ ਆਪਣੀ ਕਾਰ ਕਮਾਈਆ ।



★ ੩ ਪੋਹ ਸ਼ਹਿਨਸ਼ਾਹੀ ਸੰਮਤ ਅਮਰੀਕ ਸਿੰਘ ਦੇ ਗ੍ਰਿਹ ਪਿੰਡ ਸਰਾਈਂ ਜ਼ਿਲਾ ਹੁਸ਼ਿਆਰ ਪੁਰ ★

ਸਤਿਗੁਰ ਸ਼ਬਦ ਕਹੇ ਪ੍ਰਭ ਕਲਜੁਗ ਕਿਰਿਆ ਸਾਫ਼ ਕਰ ਕੂੜਾ, ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਸੱਤ ਦੀਪ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਗਿਆਨ ਦੇ ਮੂਰਖ ਮੁਗਧ ਮੂੜ੍ਹਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕ ਸੁਣਾਈਆ । ਚਰਨ ਪ੍ਰੀਤੀ ਧੁਰ ਦੀ ਨੀਤੀ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਬਖ਼ਸ਼ ਚਰਨ ਕਵਲ ਧੂੜਾ, ਮਸਤਕ ਟਿੱਕਾ ਏਕੰਕਾਰੇ ਇਕੋ ਦੇ ਲਗਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਸਤਿ ਸਤਿਵਾਦੀ ਬਖ਼ਸ਼ ਸਰੂਰਾ, ਸਾਹਿਬ ਸਵਾਮੀ ਅੰਤਰਜਾਮੀ ਤ੍ਰਿਸ਼ਨਾ ਭੁੱਖ ਦੇ ਮਿਟਾਈਆ । ਨਿਰਗੁਣ ਜੋਤ ਬਿਨ ਵਰਨ ਗੋਤ ਨਿਰਾਕਾਰ ਨਿਰੰਕਾਰ ਬਖ਼ਸ਼ ਆਪਣਾ ਨੂਰਾ, ਪਰਵਰਦਿਗਾਰ ਸਾਂਝੇ ਯਾਰ ਜਲਵਾ ਆਪਣਾ ਕਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰਾਂ ਵਾਕ ਭਵਿਖਤ ਕਰ ਪੂਰਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਜਨ ਭਗਤਾਂ ਸਾਚੇ ਸੰਤਾਂ ਸੂਫ਼ੀ ਫ਼ਕੀਰਾਂ ਨਾਮ ਅਮੋਲਾ ਰੰਗ ਚਾੜ੍ਹ ਗੂੜ੍ਹਾ, ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਮਰਦ ਮਰਦਾਨ ਸ੍ਰੀ ਭਗਵਾਨ ਜੋਧਾ ਬਣ ਸੂਰਾ, ਸੂਰਬੀਰ ਬੇਨਜ਼ੀਰ ਆਪਣੀ ਦਇਆ ਕਮਾਈਆ । ਦੀਨ ਦੁਨੀ ਜਗਤ ਵਾਸ਼ਨਾ ਮਮਤਾ ਮੋਹ ਕੀਤਾ ਮਜਬੂਰਾ, ਕਾਮ ਕਰੋਧ ਲੋਭ ਮੋਹ ਹੰਕਾਰ ਗ੍ਰਿਹ ਗ੍ਰਿਹ ਕਰੇ ਲੜਾਈਆ । ਧੁਰ ਦੇ ਮਾਲਕ ਖ਼ਾਲਕ ਪ੍ਰਿਤਪਾਲਕ ਪੰਧ ਮੁਕਾ ਦੂਰਨ ਦੂਰਾ, ਨੇਰਨ ਨੇਰਾ ਹੋ ਕੇ ਆਪਣਾ ਰੰਗ ਰੰਗਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਮਰਥ ਸਵਾਮੀ ਹਾਜ਼ਰ ਹਜ਼ੂਰਾ, ਹਜ਼ਰਤ ਹੋ ਕੇ ਪੜਦਾ ਓਹਲਾ ਦੇ ਉਠਾਈਆ । ਸਾਚਾ ਨਾਦ ਸੁਣਾ ਆਪਣੀ ਤੂਰਾ, ਤੁਰੀਆ ਤੋਂ ਪਰ੍ਹੇ ਤੁਰਤ ਆਪਣਾ ਮੇਲਾ ਲੈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਗੁਰ ਸ਼ਬਦ ਮੰਗ ਮੰਗਾਈਆ ।

## ★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਅਮਰੀਕ ਸਿੰਘ ਦੇ ਗ੍ਰਿਹ ਪਿੰਡ ਸਰਾਈਂ ਜ਼ਿਲਾ ਹੁਸ਼ਿਆਰਪੁਰ ★

ਸਤਿਗੁਰ ਸ਼ਬਦ ਕਹੇ ਪ੍ਰਭ ਪਾਰਬ੍ਰਹਮ ਅਗੰਮੀ ਠਾਕਰ, ਗਹਿਰ ਗੰਭੀਰ ਤੇਰੀ ਓਟ ਰਖਾਈਆ । ਦੀਨ ਦੁਨੀ ਵੇਖ ਗਹਿਰਾ ਸਾਗਰ, ਜਗਤ ਵਾਸਨਾ ਡੁੱਬੀ ਵਿਚ ਲੋਕਾਈਆ । ਕਿਰਪਾ ਨਿਧਾਨ ਕਿਰਪਾ ਕਰ ਭਾਗ ਲਗਾ ਕਾਇਆ ਗਾਗਰ, ਸਾਢੇ ਤਿੰਨ ਹੱਥ ਭੇਵ ਆਪਣਾ ਦੇ ਖੁਲ੍ਹਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਅੰਦਰੋਂ ਬਾਹਰੋਂ ਦੇ ਧਵਾਈਆ । ਸਾਚੇ ਨਾਮ ਦਾ ਵਣਜ ਕਰਾ ਸ੍ਰਿਸ਼ਟ ਸਬਾਈ ਬਣ ਸੌਦਾਗਰ, ਸੌਦਾ ਇਕੋ ਹੱਟ ਵਿਕਾਈਆ । ਤੇਰੇ ਪਿਆਰ ਦੀ ਹਰ ਹੁਜਰੇ ਅੰਦਰ ਉਪਜੇ ਇਕ ਇਬਾਦਤ, ਮੁਜਰੇ ਕੂੜੇ ਦੇ ਮਿਟਾਈਆ । ਅਕਲ ਤੋਂ ਪਰੇ ਆਪਣੀ ਦੱਸ ਨਾਮ ਵਾਲੀ ਲਿਆਕਤ, ਗੁਣਵੰਤ ਗੁਣ ਆਪਣਾ ਦੇ ਦ੍ਰਿੜਾਈਆ । ਸਚ ਮੁਹੱਬਤ ਹਕ ਤੌਫ਼ੀਕ ਬਖ਼ਸ਼ ਇਕ ਨਿਆਮਤ, ਨਰ ਨਰਾਇਣ ਪ੍ਰਤੱਖ ਆਪਣੀ ਅੱਖ ਉਠਾਈਆ । ਬਿਨ ਤੇਰੀ ਮਿਹਰ ਕਿਰਪਾ ਕੂੜੀ ਕਿਰਿਆ ਕਰੇ ਨਾ ਕੋਇ ਮਮਾਨਤ, ਸ੍ਰਿਸ਼ਟੀ ਅੰਦਰੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੁਧ ਬਿਨ ਹੋਏ ਨਾ ਕੋਇ ਸਹਾਈਆ ।



੩੦੦



੨੦

## ★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਸਰਾਈਂ ਪਿਆਰਾ ਸਿੰਘ ਦੇ ਗ੍ਰਿਹ ਜ਼ਿਲਾ ਹੁਸ਼ਿਆਰ ਪੁਰ ★

ਸਤਿਗੁਰ ਸ਼ਬਦ ਕਹੇ ਮੇਰੇ ਭਗਵਾਨ, ਆਦਿ ਨਿਰੰਜਣ ਤੇਰਾ ਰਾਹ ਤਕਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਮੇਟ ਨਿਸ਼ਾਨ, ਨਿਸ਼ਾਨਾ ਆਪਣਾ ਦੇ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਹਿਰਦੇ ਅੰਦਰ ਤੇਰਾ ਢੋਲਾ ਗਾਣ, ਫਿਰਦੇ ਫਿਰਦੇ ਤੇਰਾ ਰਾਹ ਤਕਾਈਆ । ਜਗਤ ਵਾਸਨਾ ਝਗੜਾ ਰਹੇ ਨਾ ਕੋਇ ਜਹਾਨ, ਜਹਾਲਤ ਅੰਦਰੋਂ ਦੇ ਕਢਾਈਆ । ਤੂੰ ਮਾਲਕ ਕਾਇਆ ਮਕਾਨ, ਕਾਅਬਾ ਘਰ ਦਾ ਦੇ ਵਖਾਈਆ । ਜਿਥੇ ਦੀਪਕ ਜੋਤੀ ਜਗੇ ਮਹਾਨ, ਸ਼ਬਦ ਨਾਦ ਕਰੇ ਸ਼ਨਵਾਈਆ । ਅੰਮ੍ਰਿਤ ਰਸ ਮਿਲੇ ਅਗੰਮਾ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਝਗੜਾ ਰਹੇ ਨਾ ਸ਼ਰਅ ਸ਼ੈਤਾਨ, ਮਨ ਚੰਚਲ ਨਾ ਕੋਇ ਚਤੁਰਾਈਆ । ਸਚ ਪਰੇਮ ਦਾ ਦੱਸ ਇਕ ਵਿਧਾਨ, ਵਿਦਿਆ ਤੋਂ ਪਰੇ ਕਰ ਪੜ੍ਹਾਈਆ । ਤੂੰ ਸਭ ਦਾ ਮਾਲਕ ਏਕੰਕਾਰ ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਰੂਪ ਨਾ ਕੋਇ ਵਟਾਈਆ । ਗੁਰ ਅਵਤਾਰ ਪੈਗੰਬਰ ਤੇਰਾ ਗਾ ਕੇ ਗਏ ਗਾਣ, ਸ਼ਾਸਤਰ ਸਿਮਰਤ ਵੇਦ ਪੁਰਾਨ ਕੁਰਾਨ ਖਾਣੀ ਬਾਣੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿ ਸਾਜਣ ਤੇਰੀ ਬੇਪਰਵਾਹੀਆ ।

## ★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਬਲਦੇਵ ਕੌਰ ਦੇ ਗ੍ਰਿਹ ਕੰਧਾਲਾ ਸ਼ੇਖਾ ★

ਸਤਿਗੁਰ ਸ਼ਬਦ ਕਹੇ ਮੇਰੇ ਮਾਲਕ ਪੁਰਖ ਅਕਾਲ, ਅਕਲ ਕਲਧਾਰੀ ਤੇਰੇ ਹੱਥ ਵਡਿਆਈਆ । ਦੀਨ ਦਿਆਲ ਦਇਆ ਨਿਧ ਠਾਕਰ,

ਆਪਣਾ ਫੇਰਾ ਲੈਣਾ ਪਾਈਆ । ਜਗਤ ਵਾਸਨਾ ਸ੍ਰਿਸ਼ਟੀ ਵਿਚੋਂ ਨਿਕਾਲ, ਕਾਲ ਮਹਾਂਕਾਲ ਤੇਰੇ ਦਰ ਤੇ ਬੈਠੇ ਸੀਸ ਝੁਕਾਈਆ । ਤੂੰ ਆਦਿ ਜੁਗਾਦੀ ਦੋ ਜਹਾਨਾਂ ਹੁਕਮਰਾਨ, ਸ਼ਾਹ ਸੁਲਤਾਨਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰਾਂ ਦੇਂਦਾ ਰਿਹੋਂ ਦਾਨ, ਜੁਗ ਚੌਕੜੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਝੋਲੀ ਆਪ ਭਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮਿਹਰਵਾਨ ਹੋ ਮਿਹਰਵਾਨ, ਮਿੰਨਤ ਕਰਕੇ ਦਰ ਠਾਂਡੇ ਸੀਸ ਨਿਵਾਈਆ । ਚਾਰ ਕੁੰਟ ਦਹਿ ਦਿਸ਼ਾ ਏਕਾ ਹੁਕਮ ਕਰ ਪ੍ਰਧਾਨ, ਪ੍ਰਧਾਨਗੀ ਇਕੋ ਦੇ ਵਖਾਈਆ । ਤੂੰ ਲੱਖ ਚੁਰਾਸੀ ਸਖ਼ੀਆਂ ਦਾ ਪਰਮਾਤਮ ਆਤਮ ਦਾ ਕਾਹਨ, ਧੁਰ ਦਾ ਦਾਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਭਜਨ ਕੌਰ ਦੇ ਗ੍ਰਿਹਿ ਪਿੰਡ ਬੈਰਮ ਪੁਰ ★

ਸਤਿਗੁਰ ਸ਼ਬਦ ਕਹੇ ਪ੍ਰਭ ਤੇਰੇ ਅੱਗੇ ਮੇਰੀ ਅਰਜ਼, ਬੇਨੰਤੀ ਕਰ ਕੇ ਦਿਆਂ ਸੁਣਾਈਆ । ਸਭ ਨੂੰ ਦਿਸੇ ਤੇਰੀ ਗ਼ਰਜ਼, ਤੁਧ ਬਿਨ ਹੋਏ ਨਾ ਕੋਇ ਸਹਾਈਆ । ਸਦੀ ਚੌਧਵੀਂ ਪੂਰਾ ਕਰ ਆਪਣਾ ਫ਼ਰਜ਼, ਫ਼ੈਸਲਾ ਹਕ ਦੇਣਾ ਸੁਣਾਈਆ । ਕਲਜੁਗ ਦਿਸ਼ਾ ਵੇਖ ਹੋਈ ਅਸਚਰਜ, ਕਥਨੀ ਕਥ ਨਾ ਸਕੇ ਰਾਈਆ । ਝਗੜਾ ਪਿਆ ਜ਼ਨੋ ਮਰਦ, ਮਦਦ ਵਿਚ ਹੋਏ ਨਾ ਕੋਇ ਸਹਾਈਆ । ਦੀਨਾਂ ਅਨਾਥਾਂ ਦੁਖੀਆਂ ਵੰਡੇ ਕੋਈ ਨਾ ਦਰਦ, ਭਵ ਸਾਗਰ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਪੁਰਖ ਨਿਰੰਜਣ ਦਰਦ ਦੁੱਖ ਭੈ ਭੰਜਨ, ਸਭ ਤੇਰਾ ਰਾਹ ਤਕਾਈਆ ।

★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਤਰਸੇਮ ਸਿੰਘ ਦੇ ਗ੍ਰਿਹਿ ਪਿੰਡ ਖ਼ੁਰਦਾ ★

ਸਤਿਗੁਰ ਸ਼ਬਦ ਕਹੇ ਮੇਰੇ ਸਾਹਿਬ ਸਵਾਮੀ, ਸੁਲਤਾਨ ਧੁਰਦੇ ਦੇ ਵਡਿਆਈਆ । ਤੂੰ ਘਟ ਨਿਵਾਸੀ ਅੰਤਰਜਾਮੀ, ਲੱਖ ਚੁਰਾਸੀ ਖੋਜ ਖੁਜਾਈਆ । ਤੇਰਾ ਨਾਮ ਅਗੰਮਾ ਧੁਰ ਦੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਝਗੜਾ ਮੁਕਾ ਦੇ ਚਾਰੇ ਖਾਣੀ, ਖ਼ਾਲਸ ਆਪਣਾ ਹੁਕਮ ਵਰਤਾਈਆ । ਤੇਰਾ ਪਦ ਇਕ ਨਿਰਬਾਨੀ, ਨਿਰਵੈਰ ਹੋ ਕੇ ਦੇਣਾ ਸਮਝਾਈਆ । ਮਨੂਆ ਕਰੇ ਨਾ ਕੋਇ ਸ਼ੈਤਾਨੀ, ਸ਼ਰਅ ਤੋਂ ਲੈਣਾ ਬਚਾਈਆ । ਸਾਚੀ ਮੰਜ਼ਲ ਦੱਸ ਰੁਹਾਨੀ, ਆਤਮ ਪਰਮਾਤਮ ਨਾਤਾ ਲੈਣਾ ਜੁੜਾਈਆ । ਲੱਖ ਚੁਰਾਸੀ ਝਗੜਾ ਰਹੇ ਨਾ ਕੋਇ ਦੀਵਾਨੀ, ਪੂਰਬ ਲੇਖਾ ਦੇਣਾ ਮਿਟਾਈਆ । ਪੁਰਖ ਅਕਾਲ ਦੀਨ ਦਿਆਲ ਸਮਰਥ ਤੁਧ ਬਿਨ ਕਰੇ ਨਾ ਕੋਇ ਮਿਹਰਵਾਨੀ, ਮਹਿਬੂਬ ਹੋ ਕੇ ਮੁਹੱਬਤ ਵਿਚ ਗੋਦ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਦਾ ਸਦਾ ਸਦ ਚਰਨ ਧਿਆਨ ਲਗਾਈਆ ।

★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਗਿਆਨ ਚੰਦ ਦੇ ਗ੍ਰਿਹਿ ਮਿਰਜ਼ਾ ਪੁਰ ਧਾਰੀਵਾਲ ★

ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਵੇਖ ਧਰਨੀ ਧਰਤ ਧੌਲ, ਧਵਲ ਦਏ ਦੁਹਾਈਆ । ਪੂਰਾ ਕਰ ਆਪਣਾ ਇਕਰਾਰ ਕੌਲ, ਵੇਲਾ ਵਕਤ ਦਏ ਗਵਾਹੀਆ । ਸੁਰਤੀ ਅੰਦਰ ਸਤਿਗੁਰ ਹੋ ਕੇ ਮੌਲ, ਸ਼ਬਦੀ ਆਪਣੀ ਰੁੱਤ ਇਕ ਸੁਹਾਈਆ । ਮਾਨਵ ਜਾਤੀ ਕਰ ਅਛੱਲ, ਮਾਨਸ ਰਹੇ ਕੁਰਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਅਗੰਮਾ ਬੋਲ, ਅਨਬੋਲਤ ਆਪਣਾ ਰਾਗ ਸੁਣਾਈਆ । ਕਾਇਆ ਮੰਦਰ ਅੰਦਰ ਬਿਨ ਜਗਤ ਨਗਾਰਿਉਂ ਵਜਾ ਦੇ ਢੋਲ, ਡੰਕਾ ਇਕੋ ਕਰ ਸ਼ਨਵਾਈਆ । ਘਟ ਸਵਾਸੀ ਵਸ ਕੋਲ, ਓਹਲਾ ਪੜਦਾ ਦੇ ਉਠਾਈਆ । ਮਾਇਆ ਮਮਤਾ ਰਹੇ ਕੋਇ ਨਾ ਘੋਲ, ਝਗੜਾ ਦੂਈ ਰਹੇ ਨਾ ਰਾਈਆ । ਤੇਰਾ ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੌਲ, ਮੁੱਲਾ ਸ਼ੇਖ਼ ਸਮਝ ਕਿਸੇ ਨਾ ਆਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਹਮਦਰਦੀ ਹੋ ਕੇ ਆਪਣਾ ਪੜਦਾ ਖੋਲ੍ਹ, ਹਕ ਜਨਾਬ ਨਕਾਬ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਤੋਲ ਆਪਣੇ ਤੋਲ, ਨਾਮ ਕੰਡਾ ਸਚ ਤਰਾਜ਼ੂ ਏਕਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾ ਦੋ ਜਹਾਨਾਂ ਵਾਲੀ ਹੋ ਕੇ ਆਪੇ ਫੋਲ, ਘਟ ਘਟ ਅੰਤਰ ਨਿਰੰਤਰ ਮੰਤਰ ਆਪਣਾ ਨਾਮ ਜਣਾਈਆ ।



★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਿਹਿ ਪਿੰਡ ਰੁਪੋਵਾਲੀ ਜ਼ਿਲਾ ਹੁਸ਼ਿਆਰ ਪੁਰ ★

ਸਤਿਗੁਰ ਸ਼ਬਦ ਕਹੇ ਪ੍ਰਭ ਸਾਚੀ ਦੇ ਸਿਖਿਆ, ਲੱਖ ਚੁਰਾਸੀ ਜੀਵ ਜੰਤ ਆਤਮ ਬ੍ਰਹਮ ਦ੍ਰਿੜਾਈਆ । ਨਾਮ ਭੰਡਾਰਾ ਵਸਤ ਅਮੋਲਕ ਪਾ ਭਿੱਛਿਆ, ਨਿਰੰਤਰ ਅੰਤਰ ਮੰਤਰ ਆਪਣਾ ਦੇ ਸਮਝਾਈਆ । ਅਗੰਮ ਅਥਾਹ ਬੇਪਰਵਾਹ ਧਾਮ ਵਖਾ ਇਕ ਅਨਡਿਠਿਆ, ਸਚਖੰਡ ਦਵਾਰ ਏਕੰਕਾਰ ਦਰਗਾਹ ਸਾਚੀ ਦੇ ਦ੍ਰਿੜਾਈਆ । ਦੀਨ ਦੁਨੀ ਜਗਤ ਸੰਸਾਰ ਦੱਸ ਮਿਥਿਆ, ਲੋਕਮਾਤ ਥਿਰ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਧੁਰ ਦੇ ਸੰਤਾਂ ਪੂਰੀ ਕਰ ਇੱਛਿਆ, ਮਾਇਆ ਮਮਤਾ ਮੋਹ ਕੂੜ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਮੇਰੇ ਪਰਮ ਪੁਰਖ ਕਰਤਾਰ, ਕਰਨੀ ਦੇ ਮਾਲਕ ਤੇਰੇ ਹੱਥ ਵਡਿਆਈਆ । ਕਿਰਪਾ ਕਰ ਏਕੰਕਾਰ, ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਨਾਮ ਨਿਧਾਨਾ ਬੋਲ ਸਤਿ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਸਤਿਜੁਗ ਸਾਚਾ ਸਤਿ ਧਰਮ ਦੇ ਆਧਾਰ, ਉਦਰ ਅੰਦਰ ਵਿਦਿਆ ਦੇ ਪੜ੍ਹਾਈਆ । ਮਨ ਵਾਸਨਾ ਕੂੜੀ ਕਿਰਿਆ ਰਹੇ ਨਾ ਕੋਇ ਵਿਭਚਾਰ, ਵਿਕਾਰ ਪੰਚ ਦੁਸ਼ਟ ਦੂਤ ਨਾ ਕੋਇ ਸਤਾਈਆ । ਹਰ ਹਿਰਦੇ ਉਪਜੇ ਤੇਰੀ ਧਾਰ, ਤੂੰ ਹੀ ਤੂੰ ਹੀ ਸਾਰੇ ਰਾਗ ਅਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਘਰ ਸਵਾਮੀ ਠਾਕਰ ਦੇ ਵਖਾਲ, ਪੜਦਾ ਓਹਲਾ ਬਣ ਵਿਚੋਲਾ ਸ਼ਬਦੀ ਧਾਰ ਚੁਕਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਵੇਖ ਆਪਣੇ ਲਾਲ, ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਬੈਠੇ ਰਾਹ ਤਕਾਈਆ । ਸਾਹਿਬ ਸਵਾਸੀ ਅੰਤਰਜਾਮੀ ਮੁਰਸ਼ਦ ਹੋ ਵੇਖ ਮੁਰੀਦਾਂ ਹਾਲ, ਬੇਐਬ

ਖ਼ੁਦਾ ਜਲਵਾਗਰ ਤੇਰੀ ਆਸ ਤਕਾਈਆ । ਸਦੀ ਚੌਧਵੀਂ ਮ੍ਰਿਸ਼ਟ ਸਬਾਈ ਕਰੇ ਹਾਲ ਹਾਲ, ਧੀਰਜ ਧੀਰ ਨਾ ਕੋਇ ਰਖਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਮਾ ਹਕ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦੇਣਾ ਚੁਕਾਈਆ ।

★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਸੁਰਿੰਦਰ ਸਿੰਘ ਖਿਆਲ ਸਿੰਘ ਦੇ ਗ੍ਰਿਹ ਰੂਪੋ ਵਾਲੀ ਜ਼ਿਲਾ ਹੁਸ਼ਿਆਰਪੁਰ ★

ਸਤਿਗੁਰ ਸ਼ਬਦ ਕਹੇ ਕਿਰਪਾ ਕਰ ਅੰਤਮ ਵਾਰ ਏਕ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਦੀਨ ਦੁਨੀ ਬਖ਼ਸ਼ ਆਪਣੀ ਟੇਕ, ਟਿਕਟਿਕੀ ਇਕੋ ਨਾਮ ਲਗਾਈਆ । ਸਚ ਮੁਹੱਬਤ ਹਰਿ ਮਿਹਰਵਾਨ ਮਹਿਬੂਬ ਹੋ ਕੇ ਮੁਰੀਦਾਂ ਕਰ ਭੇਟ, ਮੁਰਸ਼ਦ ਹੋ ਕੇ ਮੁਫ਼ਲਿਸਾਂ ਪਾਰ ਲੰਘਾਈਆ । ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਖੇਵਟ ਖੇਟ, ਨਈਆ ਨੌਕਾ ਨਾਮ ਇਕ ਜਹਾਜ਼ ਦੇਣਾ ਵਖਾਈਆ । ਨਿਰਗੁਣ ਹੋ ਕੇ ਸਰਗੁਣ ਚਾਰ ਵਰਨ ਅਠਾਰਾਂ ਬਰਨ ਵੇਖ, ਪੜਦਾ ਓਹਲਾ ਬਣ ਵਿਚੋਲਾ ਆਪ ਉਠਾਈਆ । ਭਾਗ ਲਗਾ ਦਇਆ ਕਮਾ ਲੋਕਮਾਤ ਸੰਬਲ ਦੇਸ, ਜਿਸ ਘਰ ਰਹੇਂ ਸਦਾ ਹਮੇਸ਼, ਵਿਸ਼ਨੂੰ ਸ਼ੇਸ਼ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦੇ ਚੁਕਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਨਿਰਗੁਣ ਹੋ ਕੇ ਕਟ ਦੇ ਬਿਪਤਾ, ਸਰਗੁਣ ਬਖ਼ਸ਼ ਮਾਣ ਵਡਿਆਈਆ । ਇਸ਼ਟ ਦੇਵ ਪੁਰਖ ਅਕਾਲ ਇਕ ਦਾ, ਏਕੰਕਾਰ ਸਭ ਨੂੰ ਨਜ਼ਰੀ ਆਈਆ । ਝਗੜਾ ਰਹੇ ਨਾ ਕੂੜੀ ਵਿਖ ਦਾ, ਵਿਖ ਅੰਮ੍ਰਿਤ ਦੇ ਬਣਾਈਆ । ਚਾਰ ਵਰਨ ਅਠਾਰਾਂ ਬਰਨ ਰੂਪ ਬਣਾ ਸਾਚੇ ਸਿੱਖ ਦਾ, ਸਿਖਿਆ ਸ਼ਬਦ ਨਾਮ ਪੜ੍ਹਾਈਆ । ਨਾਤਾ ਜੋੜ ਆਪਣੇ ਹਿਤ ਦਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਬਿਨ ਤੇਰੀ ਕਿਰਪਾ ਮਾਨਸ ਜਨਮ ਕੋਇ ਨਾ ਜਿਤ ਦਾ, ਚੁਰਾਸੀ ਪੰਧ ਨਾ ਕੋਇ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਲੇਖਾ ਗਿਆ ਲਿਖਦਾ, ਸਿਫ਼ਤਾਂ ਵਿਚ ਸਿਫ਼ਤੀ ਕਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਤਿ ਸਰੂਪ ਅਗੰਮੀ ਪਿਤ ਦਾ, ਪਤਿਪਰਮੇਸ਼ਵਰ ਹੋ ਕੇ ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਈਆ ।

★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਧੰਨਾ ਸਿੰਘ ਦੇ ਗ੍ਰਿਹ ਪਿੰਡ ਕੁੱਲੀਆਂ ਜ਼ਿਲਾ ਹੁਸ਼ਿਆਰਪੁਰ ★

ਪੁਰਖ ਅਕਾਲ ਦੀਨ ਦੁਨੀ ਮੇਟ ਦੁੱਖ, ਸੰਸੇ ਰੋਗ ਵਿਚ ਦਿਸੇ ਜਗਤ ਲੋਕਾਈਆ । ਅੰਤਰ ਆਤਮ ਪਰਮਾਤਮ ਦੇ ਸਾਚਾ ਸੁਖ, ਨਾਮ ਨਿਧਾਨਾ ਝੋਲੀ ਪਾਈਆ । ਜਗਤ ਤ੍ਰਿਸ਼ਨਾ ਮਾਇਆ ਮਮਤਾ ਰਹੇ ਕੋਈ ਨਾ ਭੁੱਖ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਨਿਰਗੁਣ ਨਿਰਵੈਰ ਹੋ ਕੇ ਗੋਦੀ ਚੁੱਕ, ਚਾਰ ਵਰਨ ਅਠਾਰਾਂ ਬਰਨਾਂ ਵਿਚੋਂ ਆਪ ਉਠਾਈਆ । ਦੂਈ ਦਵੈਤ ਸ਼ਰਅ ਸ਼ਰਾਇਤ ਜਾਤ ਪਾਤ ਊਚ ਨੀਚ ਰਾਓ ਰੰਕਾਂ ਦੱਸ ਆਪਣੀ ਇਕੋ ਤੁਕ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਕੋਲ ਸਭ ਕੁਛ, ਅਨਡਿੱਠੀ ਦੌਲਤ ਦੇ ਵਰਤਾਈਆ । ਕਲਜੁਗ ਜੀਵ ਬਖ਼ਸ਼ ਅਪਰਾਧੀ ਅਬਿਨਾਸ਼ੀ ਅਚੁੱਤ, ਚੇਤਨ ਸੁਰਤੀ ਸਭ ਦੀ ਦੇ ਕਰਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਦਵਾਰੇ ਠਾਂਡੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦੀਨ ਦੁਨੀ ਉਤੇ ਕਰ ਮਿਹਰ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਕਲਜੁਗ ਕੂੜੀ ਕਿਰਿਆ ਲਹਿਣਾ ਦੇਣਾ ਨਬੇੜ, ਹਰ ਹਿਰਦੇ ਵਿਚੋਂ ਬਾਹਰ ਕਢਾਈਆ । ਭਾਗ ਲਗਾ ਕਾਇਆ ਮਾਟੀ ਸਾਢੇ ਤਿੰਨ ਹੱਥ ਧੁਰ ਦੇ ਖੇੜ, ਮਹੱਲ ਅਟਲ ਇਕੋ ਸੋਭਾ ਪਾਈਆ । ਨਜ਼ਰੀ ਆ ਦੂਰ ਦੁਰਾਡੇ ਨੇਰਨ ਨੇਰ, ਨਿਜ ਆਤਮ ਪਰਮਾਤਮ ਪੜਦਾ ਦੇ ਉਠਾਈਆ । ਸ਼ਬਦ ਅਗੰਮੀ ਘਰ ਆ ਕੇਹਰ, ਸ਼ੇਰ ਭਬਕ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਦਰ ਤੇਰੇ ਠਾਂਡੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦੀਨ ਦੁਨੀ ਦੱਸ ਦੇ ਇਕੋ ਰਾਹ, ਏਕੰਕਾਰ ਆਪ ਸਮਝਾਈਆ । ਆਤਮ ਪਰਮਾਤਮ ਪਰਮਾਤਮ ਆਤਮ ਵਖਾ ਸੱਚਾ ਰਾਹ, ਰਹਿਬਰ ਹੋ ਕੇ ਪੜਦਾ ਲਾਹੀਆ । ਧੁਰ ਦਾ ਨਾਮ ਨਿਧਾਨ ਸ੍ਰੀ ਭਗਵਾਨ ਇਕ ਸੁਣਾ, ਅਨਸੁਣਤ ਸਚ ਸੰਦੇਸਾ ਦੇ ਦ੍ਰਿੜਾਈਆ । ਕਲਜੁਗ ਜੀਵਾਂ ਬਖ਼ਸ਼ ਗੁਨਾਹ, ਰਹਿਮਤ ਵਿਚ ਆਪਣਾ ਤਰਸ ਕਮਾਈਆ । ਤੈਥੋਂ ਹੋਏ ਸਾਰੇ ਬੇਵਫ਼ਾ, ਮਨ ਵਾਸਨਾ ਭਰਮੇ ਭੁੱਲੀ ਸਰਬ ਲੋਕਾਈਆ । ਸਭ ਦੇ ਅੰਤਰ ਅੰਮ੍ਰਿਤ ਆਬੇ ਹਯਾਤ ਪਿਆ, ਨਿਝਰ ਰਸ ਧੁਰ ਦਾ ਝਿਰਨਾ ਦੇ ਝਿਰਾਈਆ । ਤੂੰ ਵਾਹਦ ਅੱਲਾ ਵਾਹਿਗੁਰੂ ਰਾਮ ਗਾਡ ਇਕ ਖ਼ੁਦਾ, ਖ਼ੁਦੀ ਦਾ ਝਗੜਾ ਦੇ ਚੁਕਾਈਆ । ਜੁਗ ਬਦਲਣਾ ਤੇਰੀ ਸਦਾ ਅਦਾ, ਕਲਜੁਗ ਵਿਚੋਂ ਸਤਿਜੁਗ ਦੇ ਪਰਗਟਾਈਆ । ਗ਼ਰੀਬ ਨਿਮਾਣਿਆਂ ਨਿਰਵੈਰ ਹੋ ਕੇ ਹੋ ਸਹਾ, ਸਹਾਇਤਾ ਕਰ ਕੇ ਅਨਾਇਤ ਨਾਮ ਭੰਡਾਰਾ ਦੇ ਵਰਤਾਈਆ । ਹਰਿ ਭਗਤ ਸੁਹੇਲੇ ਤੈਥੋਂ ਰਹਿਣ ਨਾ ਮਾਤਲੋਕ ਜੁਦਾ, ਵੱਖਰਾ ਸੱਥਰ ਨਾ ਕੋਇ ਵਿਛਾਈਆ । ਜੁਗ ਜਨਮ ਦਿਆਂ ਵਿਛੜਿਆਂ ਕਰ ਕਿਰਪਾ ਲੈ ਮਿਲਾ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਤੇਰੀ ਜੋਤ ਅੰਦਰ ਬਿਨ ਵਰਨ ਗੋਤ ਜਾਣ ਸਮਾ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਸਾਚਾ ਮੰਦਰ ਧੁਰ ਦਰਬਾਰਾ ਸਚਖੰਡ ਦਰਗਾਹ ਸਾਚੀ ਦੇਣਾ ਵਖਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੀਰ ਪੈਗ਼ੰਬਰ ਸੰਤ ਭਗਤ ਜੁਗ ਚੌਕੜੀ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਭ ਤੇਰਾ ਤੱਕਣ ਰਾਹ, ਬਿਨ ਰਸਨਾ ਜਿਹਵਾ ਬੱਤੀ ਦੰਦ ਰਹੇ ਧਿਆ, ਧਿਆਨ ਵਿਚ ਅੰਧ ਅਗਿਆਨ ਬੈਠੀ ਜਗਤ ਲੋਕਾਈਆ ।


੩੦੪ ੨੦

### ★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਵਤਨ ਸਿੰਘ ਦੇ ਗ੍ਰਹਿ ਸਰੀਂਹ ਪੁਰ ਜ਼ਿਲਾ ਹੁਸ਼ਿਆਰਪੁਰ ★

ਸਤਿਗੁਰ ਸ਼ਬਦ ਕਹੇ ਪ੍ਰਭ ਮੇਰੀ ਇਕ ਅਰਦਾਸ, ਆਦਿ ਜੁਗਾਦਿ ਦਿਆਂ ਸੁਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖ ਖੇਲ ਤਮਾਸ਼, ਲੋਕਮਾਤ ਧਿਆਨ ਲਗਾਈਆ । ਸਤਿ ਵਸਤ ਰਹੀ ਕਿਸੇ ਨਾ ਪਾਸ, ਖ਼ਾਲੀ ਦਿਸੇ ਜਗਤ ਲੋਕਾਈਆ । ਦੀਨ ਦੁਨੀ ਹੋਈ ਉਦਾਸ, ਧੀਰਜ ਧੀਰ ਨਾ ਕੋਇ ਧਰਾਈਆ । ਗੁਰ ਅਵਤਾਰ ਪੈਗ਼ੰਬਰ ਜੋ ਰੱਖ ਕੇ ਆਏ ਤੇਰੀ ਆਸ, ਜੁਗ ਚੌਕੜੀ ਰਾਹ ਤਕਾਈਆ । ਕਿਰਪਾ ਕਰ ਕੇ ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦੇ ਗਵਾਈਆ । ਬਿਨ ਤੇਰੀ ਕਿਰਪਾ ਕਾਰਜ ਕਦੇ ਨਾ ਹੋਵੇ ਰਾਸ, ਰਸਤਾ ਰਹਿਬਰ ਬਣ ਕੇ ਨਾ ਕੋਇ ਸਮਝਾਈਆ ।

ਸਾਡਾ ਰਿਹਾ ਨਾ ਕਿਸੇ ਵਿਸ਼ਵਾਸ, ਵਿਸ਼ਿਆਂ ਵਿਚ ਵੇਖੀ ਲੋਕਾਈਆ । ਕਿਰਪਾ ਕਰ ਸਰਬ ਗੁਣਤਾਸ, ਬੇਅੰਤ ਬੇਪਰਵਾਹ ਆਪਣੀ ਦਇਆ ਕਮਾਈਆ । ਹਉਂ ਸੇਵਕ ਬਾਲਕ ਨੱਢੇ ਬਚਪਨ ਵਿਚ ਤੇਰੇ ਦਾਸੀ ਦਾਸ, ਆਦਿ ਜੁਗਾਦਿ ਸੇਵ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਬਿਨ ਤੇਰੇ ਕਾਰਜ ਆਵੇ ਕੋਈ ਨਾ ਰਾਸ, ਰੱਖਿਆ ਕਰੇ ਨਾ ਕੋਇ ਥਾਉਂ ਥਾਈਆ । ਲੱਖ ਚੁਰਾਸੀ ਜੀਵ ਜੰਤ ਲੇਖਾ ਵੇਖ ਪਵਣ ਸਵਾਸ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਖੋਜ ਖੁਜਾਈਆ । ਸਾਹਿਬ ਸਵਾਮੀ ਪੁਰਖ ਅਕਾਲੇ ਦੀਨ ਦਿਆਲੇ ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਦੱਸ ਆਪਣੀ ਗਾਥ, ਕਥਾ ਕਹਾਣੀ ਦੋ ਜਹਾਨੀ ਧੁਰ ਦੀ ਬਾਣੀ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਮੇਰੇ ਅੰਤਰ ਆਈ ਹੈਰਾਨੀ, ਖ਼ੁਸ਼ੀਆਂ ਨਾਲ ਦਿਆਂ ਦ੍ਰਿੜਾਈਆ । ਤੇਰੇ ਹੁਕਮੇ ਅੰਦਰ ਕਲਜੁਗ ਖੂਬ ਹੰਢਾਈ ਜਵਾਨੀ, ਜੋਬਨ ਆਪਣਾ ਦਿਤਾ ਵਖਾਈਆ । ਰੰਕ ਰਾਜਾਨਾਂ ਅੰਦਰ ਭਰ ਕੇ ਬੇਈਮਾਨੀ, ਸ਼ਰਅ ਸ਼ੈਤਾਨੀ ਨਾਲ ਵਡਿਆਈਆ । ਚਾਰ ਜੁਗ ਦਾ ਝਗੜਾ ਦੀਨ ਮਜ਼੍ਹਬ ਦਾ ਪਿਆ ਦੀਵਾਨੀ, ਦਾਅਵੇਦਾਰ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਅਖਵਾਈਆ । ਤੇਰਾ ਜਲਵਾ ਦਿਸੇ ਨਾ ਕਿਸੇ ਨੁਰਾਨੀ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਚਾਰ ਜੁਗ ਦੀ ਪਿਛਲੀ ਗਾਥਾ ਪੜ੍ਹ ਪੜ੍ਹ ਥੱਕੇ ਕਹਾਣੀ, ਕਹਿਕਹਾ ਲਗਾ ਕੇ ਸਾਰੇ ਮੁਖ ਰਹੇ ਭਵਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਨਾਮ ਦੀ ਹੋਵੇ ਬਦਨਾਮੀ, ਬਦਲਾ ਦੇ ਜਗਤ ਲੋਕਾਈਆ । ਪਰਗਟ ਹੋ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਮੰਜ਼ਲ ਦੱਸ ਇਕੋ ਰੁਹਾਨੀ, ਰੂਹ ਬੁਤ ਮਿਲ ਕੇ ਵੱਜੇ ਵਧਾਈਆ । ਸ਼ਬਦ ਸੰਦੇਸ਼ਾ ਦੇ ਅਗੰਮ ਪੈਗ਼ਾਮੀ, ਪੈਗ਼ੰਬਰਾਂ ਤੋਂ ਪਰੇ ਸਿਖਿਆ ਦੇ ਸਮਝਾਈਆ । ਜਗਤ ਜੀਵ ਰਹੇ ਨਾ ਕੋਇ ਹਰਾਮੀ, ਕਾਮੀ ਕਰੋਧੀ ਦੇਣੇ ਖਪਾਈਆ । ਬਿਨਾ ਤੇਰੇ ਕਿਸੇ ਦੀ ਕਰਨੀ ਨਾ ਪਏ ਗੁਲਾਮੀ, ਸਜਦਾ ਸੀਸ ਨਾ ਕੋਇ ਨਿਵਾਈਆ । ਆਪਣੇ ਮਿਲਣ ਦੀ ਮੰਜ਼ਲ ਦੱਸ ਆਸਾਨੀ, ਅਹਿਸਾਨ ਸਿਰ ਨਾ ਕਿਸੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਦੋ ਜਹਾਨੀ, ਜਹਾਲਤ ਕੂੜੀ ਕਿਰਿਆ ਜਗਤ ਦੇ ਗਵਾਈਆ ।



### ★ ੩ ਪੋਹ ਸ਼ਹਿਨਸ਼ਾਹੀ ਸੰਮਤ ੨ ਹੇਮ ਸਿੰਘ ਦੇ ਗ੍ਰਹਿ ਪਿੰਡ ਡਮਾਣਾ ਜ਼ਿਲਾ ਹੁਸ਼ਿਆਰ ਪੁਰ ★

ਸਤਿਗੁਰ ਸ਼ਬਦ ਕਹੇ ਸੁਣ ਧੁਰ ਦੇ ਠਾਂਡੇ ਯਾਰ, ਪਰਵਰਦਿਗਾਰ ਦਿਆਂ ਦ੍ਰਿੜਾਈਆ । ਹੁਕਮੇ ਅੰਦਰ ਦੀਨ ਦੁਨੀ ਕਰ ਦੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਵਾਹਿਦ ਮਾਲਕ ਧੁਰ ਦੇ ਵਾਕਫ਼ਕਾਰ, ਵਾਕਿਆ ਵੇਖ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਦੱਸ ਕੇ ਗਏ ਤੇਰੀ ਧਾਰ, ਨਿਰਗੁਣ ਨਿਰਵੈਰ ਤੇਰੇ ਹੱਥ ਵਡਿਆਈਆ । ਧਰਨੀ ਧਰਤ ਧਵਲ ਰੋਵੇ ਧਾਹਾਂ ਮਾਰ, ਨੇਤਰ ਨੈਣਾਂ ਨੀਰ ਵਹਾਈਆ । ਕਿਰਪਾ ਕਰ ਸਿਰਜਣਹਾਰ, ਸਿਰ ਕਦਮਾਂ ਉਤੇ ਟਿਕਾਈਆ । ਦੀਨ ਦੁਨੀ ਦਾ ਝਗੜਾ ਨਿਵਾਰ, ਨਵਿਰਤੀ ਪਰਕਿਰਤੀ ਦੇ ਕਰਾਈਆ । ਗੁਰ ਅਵਤਾਰ ਪੈਗ਼ੰਬਰ ਬਿਨ ਰਸਨਾ ਜੇਹਵਾ ਕਰਨ ਪੁਕਾਰ, ਸ਼ਬਦੀ ਧਾਰ ਕੂਕ ਇਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਸਭ ਕੁਛ ਤੇਰੇ ਅਖ਼ਤਿਆਰ,

ਬੇਅਖ਼ਤਿਆਰੀ ਦੇ ਮੁਕਾਈਆ । ਦੁਨੀਆ ਵਿਚ ਰਹੇ ਨਾ ਕੋਈ ਦੁਰਾਚਾਰ, ਦੁਰਮਤ ਮੈਲ ਸਭ ਦੀ ਦੇ ਧਵਾਈਆ । ਇਸਤਰੀ ਮਰਦ ਕਰੇ ਨਾ ਕੋਇ ਵਿਭਚਾਰ, ਜਗਤ ਕੁੜਿਆਰ ਨਾਤਾ ਨਾ ਕੋਇ ਜੁੜਾਈਆ । ਸਾਚੀ ਸਿਖਿਆ ਇਕ ਸਿਖ਼ਾਲ, ਭਗਤ ਸੁਹੇਲੇ ਵੇਖ ਆਪਣੇ ਲਾਲ, ਦੀਨ ਦਿਆਲ ਦਇਆ ਕਮਾਈਆ । ਕਲਜੁਗ ਅੰਦਰ ਸਤਿਜੁਗ ਬਦਲ ਦੇ ਆਪਣੀ ਚਾਲ, ਸੋਈ ਸੁਰਤੀ ਦੇ ਉਠਾਈਆ । ਅੰਮ੍ਰਿਤ ਜਾਮ ਦੇ ਪਿਆਲ, ਪੀਆ ਪ੍ਰੀਤਮ ਹੋ ਕੇ ਦੇ ਵਖਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਸੱਜਣ ਮੀਤ ਦਿਸੇ ਕੋਈ ਨਾ ਨਾਲ, ਸਾਕ ਸੱਜਣ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਤਿਗੁਰ ਸ਼ਬਦ ਇਕੋ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸਾਹਿਬ ਸੱਜਣ ਸਮਰਥ, ਗਹਿਰ ਗੰਭੀਰ ਬੇਨਜ਼ੀਰ ਤੇਰੀ ਸਰਨਾਈਆ । ਨਿਰਗੁਣ ਧਾਰ ਵੇਖ ਖੇਲ ਹੋ ਪਰਗਟ, ਘਟ ਘਟ ਅੰਤਰ ਖੋਜ ਖੁਜਾਈਆ । ਨਾੜ ਬਹੱਤਰ ਸਭ ਦੀ ਉਬਲੇ ਰੱਤ, ਅਗਨੀ ਤਤ ਨਾ ਕੋਇ ਬੁਝਾਈਆ । ਝਗੜਾ ਪਿਆ ਮਨ ਮਤ, ਗੁਰਮਤ ਸਾਰੇ ਗਏ ਗਵਾਈਆ । ਹਕ਼ੀਕ਼ਤ ਮਿਲੇ ਕਿਸੇ ਨਾ ਹਕ, ਵਸਤ ਅਗੰਮ ਨਾ ਕੋਇ ਵਖਾਈਆ । ਝਗੜਾ ਪਿਆ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰ ਨਾ ਕੋਇ ਵਡਿਆਈਆ । ਨੇਤਰ ਰੋਂਦੇ ਅੱਠ ਸੱਠ, ਤੀਰਥ ਤਟ ਰਹੇ ਕੁਰਲਾਈਆ । ਕਰ ਕਿਰਪਾ ਦੀਨ ਦੁਨੀ ਦੇ ਸੱਚ, ਸਤਿ ਨਾਲ ਕਰ ਕੁੜਮਾਈਆ । ਪਾਰਬ੍ਰਹਮ ਪ੍ਰਭ ਪਰਮੇਸ਼ਵਰ ਕਮਲਾਪਤ, ਤੂੰ ਇਕੋ ਨਜ਼ਰੀ ਆਈਆ । ਜਿਉਂ ਭਾਵੇਂ ਤਿਉਂ ਲੈਣਾ ਰੱਖ, ਸਦੀ ਚੌਧਵੀਂ ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਬੈਠੀ ਨੈਣ ਸ਼ਰਮਾਈਆ । ਏਕੰਕਾਰ ਏਕੋ ਦੱਸ ਆਪਣਾ ਜਸ, ਮਨੂਆ ਸਭ ਦਾ ਹੋਵੇ ਵਸ, ਵਿਕਾਰੀ ਰਹੇ ਕੋਈ ਨਾ ਰਸ, ਹੰਕਾਰੀ ਬੁਰਜ ਜਾਣ ਢੱਠ, ਨਿਰੰਕਾਰੀ ਤੇਰੀ ਜੋਤ ਜਗੇ ਲਟ ਲਟ, ਨੂਰ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਅਰਾ ਏਕਾ ਦੱਸ ਅਲੱਖ, ਜਿਸਨੂੰ ਕੋਈ ਨਾ ਸਕੇ ਲੱਖ, ਚਾਰ ਜੁਗ ਤੋਂ ਹੋ ਕੇ ਵੱਖ, ਸਮਰਥ ਆਪਣਾ ਹੁਕਮ ਵਰਤਾਈਆ ।



## ★ ੪ ਪੋਹ ਸ਼ਹਿਨਸ਼ਾਹੀ ਸੰਮਤ ੨ ਦਿਆਲ ਸਿੰਘ ਦੇ ਗ੍ਰਹਿ ਪਿੰਡ ਡੱਡਾਂ ਜ਼ਿਲਾ ਹੁਸ਼ਿਆਰਪੁਰ ★

ਸਤਿਗੁਰ ਸ਼ਬਦ ਕਹੇ ਪ੍ਰਭ ਜਨ ਭਗਤਾਂ ਅੰਦਰ ਦੇ ਆਪਣਾ ਰਸ, ਰਸਤਾ ਭੁੱਲੀ ਸ੍ਰਿਸ਼ਟ ਸਬਾਈਆ । ਦਿਵਸ ਰੈਣ ਇਕੋ ਤੇਰਾ ਗਾਵਣ ਜਸ, ਸੋ ਪੁਰਖ ਨਿਰੰਜਣ ਢੋਲਾ ਬੇਪਰਵਾਹੀਆ । ਆਪਣੇ ਮਿਲਣ ਦੀ ਖੁਲ੍ਹੀ ਰੱਖ ਅੱਖ, ਨੇਤਰ ਲੋਚਨ ਪੜਦਾ ਲਾਹੀਆ । ਨਜ਼ਰੀ ਆ ਸਦਾ ਪ੍ਰਤੱਖ, ਸਨਮੁਖ ਹੋ ਕੇ ਦਰਸ ਦਿਖਾਈਆ । ਤੇਰੇ ਨਾਲੋਂ ਰਹਿਣ ਕਦੇ ਨਾ ਵੱਖ, ਦੂਜੀ ਵੰਡ ਨਾ ਕੋਇ ਵੰਡਾਈਆ । ਇਕੋ ਦੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਵਸਤ ਅਮੋਲਕ ਝੋਲੀ ਪਾ ਸੱਚ, ਕੂੜੀ ਕਿਰਿਆ ਦੇਣੀ ਤਜਾਈਆ । ਤੇਰਾ ਨਾਮ ਜੈਕਾਰਾ ਬੋਲ ਕੇ ਅਲੱਖ, ਆਪ ਆਪਣੀ ਖ਼ੁਸ਼ੀ ਬਣਾਈਆ । ਸਾਚਾ ਮਾਰਗ ਧੁਰ ਦਾ ਦੱਸ, ਦਹਿ ਦਿਸ਼ਾ ਨਾ ਕੋਇ ਭਵਾਈਆ । ਸਚ ਦਵਾਰਾ ਖੋਲ੍ਹ ਕੇ ਹੱਟ, ਵਣਜਾਰੇ ਆਪਣੇ ਲੈ ਪਰਗਟਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰਤਨ ਅਮੋਲਕ ਹਰਿਜਨ ਹੀਰੇ ਲੈ ਉਪਜਾਈਆ । ਜੁਗ ਚੌਕੜੀ ਪਿਛੋਂ ਤੇਰਾ ਖੇਲ ਪੁਰਖ

ਸਮਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਧਿਆਨ ਲਗਾਈਆ । ਬੋਧ ਅਗਾਧ ਮਹਿੰਮਾ ਦੱਸ ਅਕਥ, ਕਥਨੀ ਕਥ ਨਾ ਸਕੇ ਰਾਈਆ । ਘਰ ਸਵਾਮੀ ਤੀਰਥ ਵਖਾ ਅੱਠ ਸੱਠ, ਅੰਮ੍ਰਿਤ ਸਰੋਵਰ ਇਕ ਪਰਗਟਾਈਆ । ਗੁਣ ਨਿਧਾਨ ਵਜਾ ਨਦ, ਅਨਹਦ ਆਪਣੀ ਆਵਾਜ਼ ਸੁਣਾਈਆ । ਸਾਚੀ ਜੋਤ ਕਰ ਪਰਕਾਸ਼, ਅੰਧ ਅੰਧੇਰਾ ਰਹੇ ਨਾ ਰਾਈਆ । ਕਲਜੁਗ ਮਾਇਆ ਮਮਤਾ ਮੋਹ ਵਿਚੋਂ ਰੱਖ, ਰੱਖਕ ਹੋ ਕੇ ਹੋ ਸਹਾਈਆ । ਕਰਵਟ ਦੇ ਨਾ ਜਾਵੀਂ ਨਠ, ਨਿਰਗੁਣ ਆਪਣਾ ਫੇਰਾ ਪਾਈਆ । ਤੇਰਾ ਰਾਹ ਦੂਰ ਦੁਰਾਡੇ ਰਹੇ ਤੱਕ, ਨੇਰਨ ਨੇਰਾ ਹੋ ਕੇ ਪੜਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਹਰਿਜਨ ਹਿਰਦੇ ਵਸ ਕੇ ਹਰਿ ਮੰਦਰ ਦੇ ਸੁਹਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਭਗਤਾਂ ਨਾਲ ਕਰ ਆਪਣਾ ਪ੍ਰੇਮ, ਪ੍ਰੀਤੀ ਆਤਮ ਪਰਮਾਤਮ ਜੋੜ ਜੁੜਾਈਆ । ਸੰਤ ਉਧਾਰਨਾ ਤੇਰਾ ਨੇਮ, ਨਿਰੰਕਾਰ ਤੇਰੀ ਬੇਪਰਵਾਹੀਆ । ਕੁਛ ਯਾਦ ਕਰ ਕੀਤਾ ਕੌਲ ਇਕਰਾਰ ਕੁੰਟ ਹੇਮ, ਹੇਮ ਕੁੰਡ ਦਏ ਗਵਾਹੀਆ । ਇਕੋ ਬਣ ਸਾਕ ਸੱਜਣ ਸੈਣ, ਦੂਜੀ ਆਸ ਨਾ ਕੋਇ ਤਕਾਈਆ । ਤੇਰਾ ਨੂਰ ਨਜ਼ਰੀ ਆਵੇ ਐਨ, ਜਹੂਰ ਆਪਣੇ ਕਰ ਰੁਸ਼ਨਾਈਆ । ਤੂੰ ਮਾਲਕ ਆਅਲਾ ਯਾਮੁਬੈਨ, ਅਜ਼ੀਮ ਤੇਰੀ ਵਡਿਆਈਆ । ਭਗਤਾਂ ਸਮਝੀਂ ਨਾ ਕਦੇ ਤਰਫੈਣ, ਦੁਤੀਆ ਭਾਓ ਨਾ ਕੋਇ ਰਖਾਈਆ । ਸਦਾ ਤੇਰੇ ਵੈਰਾਗ ਅੰਦਰ ਰਹਿਣ, ਵੈਰੀ ਅੰਦਰੋਂ ਦੇਣੇ ਕਢਾਈਆ । ਆਪਣੇ ਨਾਮ ਦੀ ਦੱਸ ਕੇ ਰਸੈਣ, ਪਾਰਸ ਲੈਣੇ ਪਰਗਟਾਈਆ । ਕਲਜੁਗ ਅੰਤ ਅਖ਼ੀਰ ਨੇਤਰ ਰੋ ਕੇ ਸਾਰੇ ਪਾਉਂਦੇ ਵੈਣ, ਵਹਿਣਾਂ ਵਿਚ ਰੁੜ੍ਹਾਈਆ । ਮੈਂ ਸਚ ਦਵਾਰੇ ਆਇਆ ਤੇਰੇ ਕਹਿਣ, ਸਤਿ ਬੇਨੰਤੀ ਦਿਤੀ ਸੁਣਾਈਆ । ਬਿਨ ਤੇਰੀ ਕਿਰਪਾ ਆਵੇ ਕਿਸੇ ਨਾ ਚੈਨ, ਸੁਖ ਸਾਗਰ ਨਾ ਕੋਇ ਸਮਾਈਆ । ਝਗੜਾ ਮੁਕਾ ਜਗਤ ਹਿੰਦਵੈਣ, ਜਿਸ ਕਾਰਨ ਗੋਬਿੰਦ ਧਾਰ ਪਰਗਟਾਈਆ । ਕੁਛ ਲੇਖਾ ਲਿਖਿਆ ਬਾਲਮੀਕ ਵਿਚ ਰਮਾਇਣ, ਰਾਮ ਪਰਥਾਏ ਰਾਮ ਹੋਏ ਸਹਾਈਆ । ਕੁਛ ਵੇਦ ਵਿਆਸਾ ਦੱਸ ਕੇ ਗਿਆ ਰਾਹ ਸੁਖੈਣ, ਬਿੰਦ੍ਰਾ ਵਿਚ ਬਿੰਦਰਾਬਨ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਨਾਲ ਹੋਵੀਂ ਨਾ ਵੱਖਰਾ, ਦੂਜਾ ਦਰ ਨਾ ਕੋਇ ਸੁਹਾਈਆ । ਲਾਰਾ ਦੇਵੀਂ ਨਾ ਨਾਮ ਅੱਖਰਾਂ, ਆਪਣਾ ਮੇਲਾ ਲੈਣਾ ਮਿਲਾਈਆ । ਪੱਟੀ ਪੜ੍ਹਾਵੀਂ ਨਾ ਨਾਲ ਉਂਗਲਾਂ ਸਤਰਾਂ, ਵਰਕੇ ਫੋਲ ਫੁਲਾਈਆ । ਭੋਰੀ ਨਾਮ ਨਾ ਦੇਵੀਂ ਕਤਰਾ, ਕਾਤਬ ਬਣ ਨਾ ਲੇਖ ਸਮਝਾਈਆ । ਯੁੱਧ ਵਿਚ ਬਣੀਂ ਨਾ ਅੱਥਰਾ, ਆਪਣੀ ਆਦਤ ਲੈਣੀ ਬਦਲਾਈਆ । ਮੇਰਾ ਲੇਖੇ ਲਾਉਣਾ ਵਿਛਾਇਆ ਸਥਰਾ, ਯਾਰੜੇ ਤੇਰੀ ਸੇਜ ਹੰਢਾਈਆ । ਕੁਛ ਬਿਆਨ ਦਿਤਾ ਕ੍ਰਿਸ਼ਨ ਜਮਨ ਕਿਨਾਰੇ ਮਥਰਾ, ਮਥਨ ਕਰ ਕੇ ਦਿਤਾ ਦ੍ਰਿੜ੍ਹਾਈਆ । ਕੁਛ ਲੇਖਾ ਦੱਸਿਆ ਅਹੱਲਿਆ ਬਣੀ ਪੱਥਰਾ, ਸਿਲਾ ਰਾਮ ਚਰਨ ਛੁਹਾਈਆ । ਮੇਰੇ ਸਾਹਿਬ ਸਵਾਮੀ ਸੱਜਣਾ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਤੇਰਾ ਦਵਾਰ ਕਦੇ ਨਹੀਂ ਤਜਣਾ, ਤੇਰੇ ਨਾਲੋਂ ਨਾ ਹੋਵੇ ਜੁਦਾਈਆ । ਬਿਨਾ ਭਗਤਾਂ ਤੇਰਾ ਦੀਪ ਕਦੇ ਨਹੀਂ ਜਗਣਾ, ਲੋਕਮਾਤ ਨਾ ਕੋਇ ਰੁਸ਼ਨਾਈਆ । ਸਤਿਜੁਗ ਸਾਚਾ ਲੋਕਮਾਤ ਨਹੀਂ ਲੱਗਣਾ, ਬਿਨ ਗੁਰਮੁਖਾਂ ਤੇਰਾ ਨਾਮ ਨਾ ਕੋਇ ਧਿਆਈਆ । ਤੇਰੇ ਹੁਕਮ ਅੰਦਰ ਕਿਸੇ ਨਹੀਂ ਬੱਝਣਾ, ਸ਼ਰਅ ਵਿਚ ਸ੍ਰਿਸ਼ਟੀ ਹੋਈ ਹਲਕਾਈਆ । ਇਕੋ ਕਰਨੀ ਨਹੀਂ ਕਿਸੇ ਬੰਦਨਾ, ਗੁਰ ਅਵਤਾਰ ਪੈਗ਼ੰਬਰਾਂ ਰਾਹ ਨਾ ਕੋਇ ਤਜਾਈਆ । ਅਬਿਨਾਸ਼ੀ ਕਰਤੇ ਤੇਰਾ ਦਵਾਰਾ ਬਿਨਾ ਭਗਤਾਂ ਸਚਖੰਡ ਕਿਸੇ ਨਹੀਂ ਲੰਘਣਾ, ਸਾਥੀ ਹੋ ਕੇ ਸੰਗ ਨਾ ਕੋਇ ਬਣਾਈਆ । ਭਿਖਾਰੀ

ਹੋ ਕੇ ਨਹੀਂ ਮੰਗਣਾ, ਦਰ ਠਾਂਡੇ ਸੀਸ ਝੁਕਾਈਆ । ਤੇਰੇ ਨਾਮ ਦਾ ਪਨਿਹਣਾ ਨਹੀਂ ਕਿਸੇ ਕੰਗਣਾ, ਕੰਤ ਸੁਹਾਗ ਨਾ ਕੋਇ ਹੰਢਾਈਆ । ਬਿਨਾ ਭਗਤਾਂ ਤੋਂ ਤੈਨੂੰ ਸਾਰਾ ਜਗ ਪੈਣਾ ਦਝਣਾ, ਡੰਕਾ ਤੇਰਾ ਹੁਕਮ ਸੁਣਾਈਆ । ਚੁਰਾਸੀ ਵਾਲਾ ਪਾ ਕੇ ਫੰਦਨਾ, ਫਾਸੀ ਸਭ ਦੇ ਗਲ ਲਟਕਾਈਆ । ਖੇਲ ਵਿਚ ਵਰਭੰਡਣਾ, ਬ੍ਰਹਿਮੰਡ ਵੇਖ ਵਖਾਈਆ । ਤੇਰੀ ਪ੍ਰੀਤੀ ਕੋਈ ਕੱਚਾ ਤੰਦ ਨਹੀਂ ਤੰਦਨਾ, ਜਗਤ ਡੋਰੀ ਨਾ ਕੋਇ ਕਟਾਈਆ । ਬਿਨ ਭਗਤਾਂ ਦੱਸ ਕਿਸ ਨੂੰ ਤੂੰ ਆਪਣਾ ਪ੍ਰੇਮ ਵੰਡਣਾ, ਕਿਸ ਦੀ ਝੋਲੀ ਦੇਵੇਂ ਭਰਾਈਆ । ਕਿਸ ਦਾ ਚੋਲਾ ਰੰਗਣਾ, ਸਾਹਿਬ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਕਹੇ ਭਗਤਾਂ ਨਾਲ ਕਰੀਂ ਨਾ ਚੋਰੀ, ਵਲ ਛਲ ਨਾ ਖੇਲ ਖਿਲਾਈਆ । ਮੈਂ ਗੱਲ ਦੱਸਾਂ ਕੋਰੀ, ਸਚ ਦਿਤਾ ਦ੍ਰਿੜਾਈਆ । ਪੁਰਖ ਅਕਾਲ ਜਿਨ੍ਹਾਂ ਨੇ ਤੇਰੇ ਉਤੇ ਰੱਖੀ ਡੋਰੀ, ਡੰਡਾਵਤ ਕਰ ਕੇ ਸੀਸ ਝੁਕਾਈਆ । ਤੂੰ ਉਨ੍ਹਾਂ ਨੂੰ ਆਪੇ ਬਹੁੜੀਂ, ਤੈਨੂੰ ਲੱਭਣ ਕੋਇ ਨਾ ਜਾਈਆ । ਜਗਤ ਵਿਕਾਰਾ ਉਨ੍ਹਾਂ ਅੰਦਰੋਂ ਹੋੜੀਂ, ਕੂੜੀ ਕਿਰਿਆ ਬਾਹਰ ਕਢਾਈਆ । ਨਾਤਾ ਆਤਮ ਪਰਮਾਤਮ ਜੋੜੀਂ, ਹੋਵੇ ਨਾ ਕਦੇ ਜੁਦਾਈਆ । ਪ੍ਰਭੂ ਤੇਰੀ ਕਿਰਪਾ ਹੋ ਨਹੀਂ ਜਾਣੀ ਥੋੜ੍ਹੀ, ਅਣਗਿਣਤ ਭੰਡਾਰਾ ਨਜ਼ਰੀ ਆਈਆ । ਸਚ ਦਵਾਰੇ ਦਾ ਸਚ ਸਵਾਮੀ ਬਣੀਂ ਘੋਰੀ, ਘਰ ਘਰ ਅੰਦਰ ਫੋਲ ਫੁਲਾਈਆ । ਜਨ ਭਗਤ ਲੋਕਮਾਤ ਬਣਾ ਆਪਣੇ ਮੁਹਰੀ, ਮੋਹਰ ਆਪਣਾ ਨਾਮ ਲਗਾਈਆ । ਸਾਚੇ ਮਾਰਗ ਜਾਵੀਂ ਤੋਰੀ, ਤੁਰਤ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਨਾ ਕਦੇ ਵਿਛੋੜੀਂ, ਵਿਛੜਿਆਂ ਆਪਣਾ ਮੇਲ ਕਰਾਈਆ । ਸਤਿਗੁਰ ਸ਼ਬਦ ਕਹੇ ਭਗਤਾਂ ਨਾਲ ਕਦੀ ਨਾ ਕਰੀਂ ਦਵੈਤ, ਭਾਵਨਾ ਅਵਰ ਨਾ ਕੋਇ ਵਖਾਈਆ । ਸਾਚਾ ਪ੍ਰੇਮ ਕਰਨਾ ਇਨਾਇਤ, ਬਖ਼ਸ਼ਿਸ਼ ਝੋਲੀ ਪਾਈਆ । ਚਰਨ ਕਵਲ ਦੇ ਰਿਹਾਇਸ਼, ਰਹਿਮਤ ਅੱਖ ਉਠਾਈਆ । ਇਨ੍ਹਾਂ ਦੀ ਕਰੀਂ ਨਾ ਕਦੇ ਅਜ਼ਮਾਇਸ਼, ਸਿਰ ਆਪਣਾ ਹੱਥ ਟਿਕਾਈਆ । ਸਾਚੇ ਨਾਮ ਦੀ ਕਰੀਂ ਹਦਾਇਤ, ਜਗਤ ਵਾਲੀ ਨਾ ਕੋਇ ਪੜ੍ਹਾਈਆ । ਚੁਰਾਸੀ ਵਿਚੋਂ ਬਾਹਰ ਕੱਢੀਂ ਕਰ ਕੇ ਰਿਆਇਤ, ਭਜਨ ਬੰਦਗੀ ਹਿਸਾਬ ਨਾ ਕੋਇ ਲਗਾਈਆ । ਤੇਰੇ ਚਰਨ ਦਵਾਰੇ ਆ ਕੇ ਰਹੇ ਨਾ ਕੋਈ ਨਾਲਾਇਕ, ਲਾਇਕ ਮੂਰਖ ਮੁਗਧ ਲੈਣੇ ਬਣਾਈਆ । ਇਕੋ ਤੇਰੀ ਮੰਗਣ ਹਮਾਇਤ, ਹਮ ਸਾਜਣ ਹੋ ਕੇ ਵੇਖਣਾ ਥਾਉਂ ਥਾਈਂਆ । ਰਾਏ ਧਰਮ ਦੀ ਪਏ ਨਾ ਕੋਈ ਜਰਾਇਤ, ਜੁਰਮ ਵਿਚ ਬੰਧਨ ਕੋਇ ਨਾ ਪਾਈਆ । ਝਗੜਾ ਰਹੇ ਨਾ ਕੋਈ ਸ਼ਰਅ ਸ਼ਰਾਇਤ, ਸ਼ਰੀਅਤ ਵਿਚ ਨਾ ਕਿਸੇ ਫਸਾਈਆ । ਤੇਰੇ ਉਤੇ ਇਕ ਉਮੀਦ, ਉਮੈਦ ਆਸਾ ਲਈ ਰਖਾਈਆ । ਤੇਰਾ ਬਦਲੇ ਨਾ ਕਦੇ ਕਾਨੂੰਨ ਕਵਾਇਦ, ਕਾਇਦਾ ਆਪਣਾ ਦੇਣਾ ਦ੍ਰਿੜਾਈਆ । ਤੂੰ ਮਾਲਕ ਪੁਰਖ ਅਕਾਲ ਪਰਵਰਦਿਗਾਰ ਵਾਹਿਦ, ਵਾਇਦੇ ਖ਼ਿਲਾਫ਼ ਨਾ ਕਦੇ ਅਖਵਾਈਆ । ਤੇਰਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਫੇਰ ਆਉਣਾ ਨਾ ਹੋਵੇ ਸ਼ਾਇਦ, ਪਿਛਲਾ ਲੇਖਾ ਸਭ ਦਾ ਦੇਣਾ ਮੁਕਾਈਆ । ਤੇਰੇ ਦਰਸ ਦਾ ਇਕੋ ਹੋਵੇ ਮੁਫ਼ਾਇਦ, ਮੁਫ਼ਲਿਸਾਂ ਪਾਰ ਕਰਾਈਆ । ਲੇਖਾ ਲਿਖੀਂ ਨਾ ਨਾਲ ਕਿਸੇ ਕਲਮ ਦਵਾਇਤ, ਮਿਹਰ ਨਜ਼ਰ ਇਕ ਉਠਾਈਆ । ਚਾਰ ਵਰਨ ਦੀ ਵੇਖ ਬੈਠੀ ਜਮਾਇਤ, ਤੁਲਬੇ ਧੁਰ ਦੇ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਕਰਦੇ ਇਕੋ ਵਾਰ ਸਚ ਹਦਾਇਤ, ਹੱਦਾਂ ਤੋਂ ਪਾਰ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪਣੇ ਘਰ ਵਸਾਈਆ ।



੩੦੮
੨੦

★ ੪ ਪੋਹ ਸ਼ਹਿਨਸ਼ਾਹੀ ਸੰਮਤ ੨ ਹਜਾਰਾ ਸਿੰਘ ਦੇ ਗ੍ਰਿਹ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰ ਪੁਰ ★

ਸਤਿਗੁਰ ਸ਼ਬਦ ਕਹੇ ਪ੍ਰਭ ਵੇਖ ਕਲਜੁਗ ਅੰਧੇਰੀ ਰਾਤੀ, ਰੁਤੜੀ ਰੁੱਤ ਅਬਿਨਾਸ਼ੀ ਅਚੁਤ ਨਾ ਕੋਇ ਸੁਹਾਈਆ । ਸਤਿ ਪੁਰਖ ਨਿਰੰਜਣ ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਪਰਮਾਤਮ ਦਿਸੇ ਕੋਇ ਨਾ ਸਾਥੀ, ਸਤਿ ਸਤਿਵਾਦੀ ਸਾਚਾ ਰੰਗ ਨਾ ਕੋਇ ਰੰਗਾਈਆ । ਸਾਚੀ ਮੰਜ਼ਲ ਅਗੰਮ ਅਥਾਹ ਬੇਪਰਵਾਹ ਤੇਰੀ ਚੜ੍ਹੇ ਕੋਈ ਨਾ ਘਾਟੀ, ਮਹਿਬੂਬ ਮੁਹੱਬਤ ਵਿਚ ਮਿਲ ਕੇ ਦਰਸ ਕੋਇ ਨਾ ਪਾਈਆ । ਸਤਿ ਸਵਾਮੀ ਅੰਤਰਜਾਮੀ ਕਿਰਪਾ ਕਰ ਕਮਲਾਪਾਤੀ, ਗਹਿਰ ਗੰਭੀਰ ਬੇਨਜ਼ੀਰ ਦਇਆਵਾਨ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਸਤਿਜੁਗ ਤਰੇਤਾ ਦੁਆਪਰ ਕਲਜੁਗ ਕਲਮਾ ਲਿਖ ਕੇ ਗਏ ਕਲਮ ਦਵਾਤੀ, ਭਵਿਖਤ ਲਿਖਤ ਇਸ਼ਟ ਦ੍ਰਿਸ਼ਟ ਸ੍ਰਿਸ਼ਟ ਵਿਚ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਝਗੜਾ ਪਿਆ ਜਾਤ ਪਾਤੀ, ਦੀਨ ਮਜ਼੍ਹਬ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸਾਂਤਕ ਸਤਿ ਨਾ ਕੋਇ ਕਰਾਈਆ । ਕਿਰਪਾ ਕਰ ਦੀਨਾਂ ਨਾਥ ਨਾਥ ਅਨਾਥੀ, ਦਿਆਲ ਠਾਕਰ ਮਿਹਰਵਾਨ ਸਾਹਿਬ ਸਤਿਗੁਰ ਆਪਣਾ ਹੁਕਮ ਵਰਤਾਈਆ । ਗ਼ਰੀਬ ਨਿਮਾਣਿਆਂ ਜਗਤ ਕੋੜ੍ਹਿਆਂ ਪੁਛੇ ਕੋਇ ਨਾ ਵਾਤੀ, ਵਾਤਾਵਰਨ ਬਦਲਿਆ ਸਰਬ ਲੋਕਾਈਆ । ਅੰਮ੍ਰਿਤ ਵੇਲਾ ਕਿਸੇ ਨਾ ਸੁਝੇ ਸਚ ਪਰਭਾਤੀ, ਤੇਰਾ ਨਾਉਂ ਨਿਰੰਕਾਰ ਰਸੀਆ ਰਸਕ ਨਾ ਕੋਇ ਚਖਾਈਆ । ਗ੍ਰਿਹ ਮੰਦਰ ਅੰਦਰ ਦੀਪਕ ਜੋਤ ਜਗੇ ਨਾ ਬਾਤੀ, ਸਾਢੇ ਤਿੰਨ ਹੱਥ ਡੂੰਘੀ ਕੰਦਰ ਅੰਧ ਅੰਧੇਰਾ ਨਜ਼ਰੀ ਆਈਆ । ਕਿਰਪਾ ਕਰ ਪਰਵਰਦਿਗਾਰ ਸਾਂਝੇ ਯਾਰ ਸਚਖੰਡ ਨਿਵਾਸੀ, ਸਤਿ ਪੁਰਖ ਨਿਰੰਜਣ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰ ਆਖੀ, ਆਖ਼ਰ ਅੱਖਰ ਨਾਮ ਵੱਖਰ ਆਪਣਾ ਇਕ ਦ੍ਰਿੜਾਈਆ । ਜਗਤ ਜੀਵਾਂ ਜਗਿਆਸੂਆਂ ਬਦਲ ਦੇ ਹਯਾਤੀ, ਜੀਵਣ ਵਿਚੋਂ ਜੀਵਣ ਦੇ ਬਦਲਾਈਆ । ਆਤਮ ਪਰਮਾਤਮ ਸਗਲ ਬਣਾ ਸਾਥੀ, ਜਗਤ ਵਿਛੋੜਾ ਦੇਣਾ ਕਟਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰਾ ਖੇਲ ਵੇਖਿਆ ਬਹੁ ਭਾਂਤੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਮਰਥ ਮਹਿੰਮਾ ਅਕਥ ਬੋਧ ਅਗਾਧ ਦੇਣੀ ਜਣਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਸਾਚਾ ਦਿਸੇ ਕੋਈ ਨਾ ਨੂਰ, ਧੁਰ ਦਾ ਚੰਦ ਨਾ ਕੋਇ ਚਮਕਾਈਆ । ਅਗੰਮੀ ਨਾਦ ਨਾ ਉਪਜੇ ਤੂਰ, ਤੁਰੀਆ ਤੋਂ ਪਰੇ ਤੁਰਤ ਤੇਰਾ ਮੇਲ ਨਾ ਕੋਇ ਕਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਗੜ੍ਹ ਬਣਿਆ ਹੰਕਾਰੀ ਗ਼ਰੂਰ, ਗ਼ੁਰਬਤ ਅੰਦਰੋਂ ਨਾ ਕੋਇ ਕਢਾਈਆ । ਨਾਤਾ ਜੁੜਿਆ ਜੂਠ ਝੂਠ ਕੂੜ, ਮੂਰਖ ਮੂੜ੍ਹ ਚਤੁਰ ਸੁਘੜ ਸੁਚੱਜੇ ਬੈਠੇ ਤੈਨੂੰ ਭੁਲਾਈਆ । ਮਨ ਵਾਸਨਾ ਸਾਰੇ ਕਰਨ ਕਸੂਰ, ਤੇਰੀ ਕ਼ਸਮ ਖਾ ਕੇ ਜਗਤ ਵਿਹਾਰ ਬਣਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਭੁੱਲ ਗਏ ਦਸਤੂਰ, ਸਾਚੇ ਮਾਰਗ ਚਲ ਤੇਰਾ ਦਰਸ ਕੋਇ ਨਾ ਪਾਈਆ । ਮਾਨਸ ਜਨਮ ਸਭ ਦਾ ਜਾਂਦਾ ਦਿਸੇ ਫ਼ਜ਼ੂਲ, ਫ਼ਜ਼ਲ ਰਹਿਮਤ ਆਪਣੀ ਦੇ ਕਮਾਈਆ । ਕਿਰਪਾ ਕਰ ਧੁਰ ਦੇ ਕੰਤ ਕੰਤੂਹਲ, ਜੀਵ ਜੰਤ ਸ੍ਰੀ ਭਗਵੰਤ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਸ਼ਾਹੋ ਸ਼ਾਬਾਸ਼ੀ ਪੁਰਖ ਅਬਿਨਾਸ਼ੀ ਤੇਰੀ ਓਟ ਰਖਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਮੇਟ ਕੂੜਾ ਧੁੰਦੂਕਾਰਾ, ਧਰਮ ਦਵਾਰ ਏਕੰਕਾਰ ਇਕੋ ਦੇ ਖੁਲ੍ਹਾਈਆ । ਤੇਰੇ ਨਾਮ ਦਾ ਚਾਰ ਕੁੰਟ ਉਪਜੇ ਜੈਕਾਰਾ, ਤੂੰ ਹੀ ਤੂੰ ਹੀ ਸਾਰੇ ਰਾਗ ਅਲਾਈਆ ।

ਬਿਨ ਤੇਰੀ ਕਿਰਪਾ ਦਿਸੇ ਨਾ ਕੋਇ ਕਿਨਾਰਾ, ਸੰਸਾਰ ਸਾਗਰ ਨਈਆ ਪਾਰ ਨਾ ਕੋਇ ਕਰਾਈਆ । ਸਦੀ ਚੌਧਵੀਂ ਚੌਦਾਂ ਤਬਕ ਰੋਵਣ ਜ਼ਾਰੋ ਜ਼ਾਰਾ, ਹਜ਼ਰਤ ਮੁਹੰਮਦ ਚਾਰ ਯਾਰੀ ਨਾਲ ਮਿਲਾਈਆ । ਈਸਾ ਮੂਸਾ ਕੱਢਣ ਹਾੜਾ, ਤੋਬਾ ਤੋਬਾ ਰਹੇ ਸੁਣਾਈਆ । ਸਾਚਾ ਦਿਸੇ ਨਾ ਕੋਇ ਦਵਾਰਾ, ਦਰਵੇਸ਼ ਨੈਣਾਂ ਨੀਰ ਵਹਾਈਆ । ਕਰ ਕਿਰਪਾ ਸ੍ਰੀ ਭਗਵਾਨ ਵੇਖ ਆਪਣਾ ਸੰਸਾਰਾ, ਨਿਰਗੁਣ ਹੋ ਕੇ ਫੇਰਾ ਪਾਈਆ । ਜ਼ਿਮੀ ਅਸਮਾਨਾਂ ਬ੍ਰਹਿਮੰਡਾਂ ਖੰਡਾਂ ਸਾਚਾ ਦੇ ਆਧਾਰਾ, ਸਚ ਦਵਾਰਾ ਇਕ ਵਖਾਈਆ । ਕਲਜੁਗ ਮੂਰਖ ਮੂੜ੍ਹ ਜੀਵ ਰਹੇ ਨਾ ਕੋਇ ਗਵਾਰਾ, ਬੁੱਧ ਬਿਬੇਕ ਵਿਸ਼ੇਸ਼ ਨਰ ਨਰੇਸ਼ ਦੇਣੀ ਕਰਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਬਖ਼ਸ਼ ਸਹਾਰਾ, ਸਿਰ ਸਾਹਿਬ ਸਤਿਗੁਰ ਆਪਣਾ ਹੱਥ ਟਿਕਾਈਆ । ਪਤਿਪਰਮੇਸ਼ਵਰ ਬੇਪਰਵਾਹ ਕਲਜੁਗ ਕੂੜੀ ਕਿਰਿਆ ਸੁੱਟ ਡੂੰਘੀ ਗਾਰਾ, ਗਹਿਰ ਗੰਭੀਰ ਬੇਨਜ਼ੀਰ ਸ਼ਾਹ ਹਕੀਰ ਪੜਦਾ ਦੇ ਉਠਾਈਆ । ਬਿਨ ਤੇਰੇ ਦੂਜਾ ਕੋਈ ਨਾ ਕਰੇ ਪਾਰ ਉਤਾਰਾ, ਉੱਤਰ ਪੂਰਬ ਪੱਛਮ ਦੱਖਣ ਸਾਰੇ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਮਮਤਾ ਮੋਹ ਵਿਕਾਰ ਜਗਤ ਹੰਕਾਰ ਤ੍ਰੈਗੁਣ ਪੰਜ ਤਤ ਲੱਗਾ ਅਖਾੜਾ, ਅਗਨੀ ਅੱਗ ਸੂਰੇ ਸਰਬਗ ਤੁਧ ਬਿਨ ਮਾਤ ਨਾ ਕੋਇ ਬੁਝਾਈਆ ।





★ ੪ ਪੋਹ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰ ਪੁਰ ★

ਪੁਰਖ ਅਕਾਲ ਗੁਰ ਅਵਤਾਰ ਪੈਗ਼ੰਬਰਾਂ ਕਰੇ ਇਸ਼ਾਰਾ, ਸਚਖੰਡ ਦਵਾਰ ਦਰਗਾਹ ਸਾਚੀ ਰਿਹਾ ਉਠਾਈਆ । ਉਠੋ ਵੇਖੋ ਕਲਜੁਗ ਕੂੜੀ ਕਿਰਿਆ ਵਿਚ ਸੰਸਾਰਾ, ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਸੱਤ ਦੀਪ ਰਹੇ ਕੁਰਲਾਈਆ । ਚਾਰ ਜੁਗ ਦਾ ਤੁਹਾਡਾ ਸਾਚੇ ਨਾਮ ਵਾਲਾ ਭੁੱਲੇ ਸਰਬ ਜੈਕਾਰਾ, ਪ੍ਰੇਮ ਪ੍ਰੀਤੀ ਅੰਦਰ ਢੋਲਾ ਹਕ ਨਾ ਕੋਇ ਗਾਈਆ । ਸਾਚੀ ਮੰਜ਼ਲ ਵੇਖੇ ਨਾ ਕੋਈ ਨਿਰਗੁਣ ਜੋਤ ਨਜ਼ਾਰਾ, ਸ਼ਬਦ ਨਾਦ ਧੁਨ ਨਾ ਕੋਇ ਸ਼ਨਵਾਈਆ । ਮਾਇਆ ਮਮਤਾ ਮੋਹ ਵਧਿਆ ਵਿਕਾਰਾ, ਗੜ੍ਹ ਹੰਕਾਰਾ ਦੀਨ ਦੁਨੀ ਨਜ਼ਰੀ ਆਈਆ । ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਪਾਵੇ ਕੋਇ ਨਾ ਸਾਰਾ, ਸਮਝ ਵਿਚ ਰਮਜ਼ ਨਾ ਕੋਇ ਲਗਾਈਆ । ਬਾਣੀ ਬੋਧ ਖੋਲ੍ਹੇ ਨਾ ਕੋਇ ਕਿਵਾੜਾ, ਪੜਦਾ ਓਹਲਾ ਅੰਦਰੋਂ ਨਾ ਕੋਇ ਚੁਕਾਈਆ । ਅੱਠ ਸੱਠ ਰੋਵੇ ਜ਼ਾਰੋ ਜ਼ਾਰਾ, ਤੀਰਥ ਤਟ ਰਹੇ ਕੁਰਲਾਈਆ । ਧਰਨੀ ਧਰਤ ਧਵਲ ਕਰੇ ਪੁਕਾਰਾ, ਉਚੀ ਕੂਕ ਕੂਕ ਸੁਣਾਈਆ । ਸਤਿ ਧਰਮ ਨਾ ਰਿਹਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰਾ, ਮਨ ਵਾਸਨਾ ਦੀਨ ਦੁਨੀ ਫਿਰੇ ਹਲਕਾਈਆ । ਚਾਰ ਕੁੰਟ ਦਹਿ ਦਿਸ਼ਾ ਤੱਕੋ ਵੇਖੋ ਖੇਲ ਅਪਰ ਅਪਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਰਿਹਾ ਦ੍ਰਿੜਾਈਆ । ਧੁਰ ਦਾ ਸਜਦਾ ਕਰੇ ਨਾ ਕੋਇ ਨਿਮਸਕਾਰਾ, ਡੰਡਾਵਤ ਵਿਚ ਬੰਦਨਾ ਵਿਚ ਬੰਦਗੀ ਨਾ ਕੋਇ ਕਮਾਈਆ । ਮਾਨਸ ਜਨਮ ਮਾਨਵ ਨਾ ਕਿਸੇ ਸੁਧਾਰਾ, ਮਨੁੱਖਾਂ ਅੰਦਰ ਮਾਨੁਖਤਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖ ਕੇ ਰਹਿ ਗਏ ਹੱਕੇ ਬੱਕੇ, ਲੋਕਮਾਤ ਬਿਨਾ ਅੱਖਾਂ ਅੱਖ ਖੁਲ੍ਹਾਈਆ । ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪੈਂਦੇ ਧੱਕੇ, ਧਰਨੀ

ਧਰਤ ਧਵਲ ਧੀਰ ਨਾ ਕੋਇ ਧਰਾਈਆ । ਨਾਤੇ ਤੁੱਟ ਗਏ ਪਿਤਾ ਪੂਤ ਸਕੇ, ਮਾਤ ਗੋਦ ਨਾ ਕੋਇ ਸੁਹਾਈਆ । ਸਚ ਦਵਾਰੇ ਕੋਈ ਨਾ ਵਸੇ, ਕੂੜੀ ਕਿਰਿਆ ਬੈਠੇ ਸਾਰੇ ਡੇਰਾ ਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਾਰੇ ਪੜ੍ਹ ਪੜ੍ਹ ਥੱਕੇ, ਮੱਕੇ ਮਦੀਨੇ ਭੱਜੇ ਵਾਹੋ ਦਾਹੀਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਤੇਰਾ ਪੜਦਾ ਕੋਈ ਨਾ ਚੁੱਕੇ, ਚਾਕਰੀ ਵਿਚ ਰੋਵਣ ਮਾਰਨ ਧਾਹੀਂਆ । ਕਲਜੁਗ ਕੂੜ ਕੁੜਿਆਰਾ ਵੇਖ ਵੇਖ ਹੱਸੇ, ਹਸਤੀ ਸਭ ਨੂੰ ਦਿਤੀ ਭੁਲਾਈਆ । ਨੌ ਦਵਾਰਿਆਂ ਅੰਦਰ ਨੌਜਵਾਨ ਹੋ ਕੇ ਵਸੇ, ਵਾਸਤਾ ਆਪਣੇ ਨਾਲ ਰਖਾਈਆ । ਮਨ ਵਾਸਨਾ ਵਿਚ ਸਾਰੇ ਫਸੇ, ਫ਼ਰਮਾਂਬਰਦਾਰ ਨਜ਼ਰ ਕੋਇ ਨਾ ਆਈਆ । ਝਗੜਾ ਮੁਕਿਆ ਨਾ ਤਤ ਅੱਠੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਕੋਇ ਦ੍ਰਿੜਾਈਆ । ਹਉਮੇ ਹੰਗਤਾ ਵਿਕ ਗਏ ਹੱਟੇ, ਕੀਮਤ ਕਰਤਾ ਨਾ ਕੋਇ ਪਾਈਆ । ਮਾਨਸ ਜਨਮ ਰੁਲ ਗਿਆ ਘੱਟੇ, ਦੁਰਮਤ ਮੈਲ ਨਾ ਕੋਇ ਧਵਾਈਆ । ਸਤਿਗੁਰ ਦਰਸ਼ਨ ਸਾਚੇ ਨੇਤਰ ਨਾਲ ਨਾ ਕੋਈ ਤੱਕੇ, ਤਕਦੀਰ ਸਕਿਆ ਨਾ ਕੋਇ ਬਦਲਾਈਆ । ਸਚ ਸਰਨਾਈ ਕੋਈ ਨਾ ਢੱਠੇ, ਢਾਹ ਢੇਰੀ ਖ਼ਾਕ ਆਪਣਾ ਆਪ ਮਿਟਾਈਆ । ਜਗਤ ਵਿਕਾਰ ਹੰਕਾਰ ਲੋਭ ਵਿਭਚਾਰ ਵਿਚ ਸਾਰੇ ਫਸੇ, ਭਰਮਾਂ ਵਿਚ ਮਮਤਾ ਰਹੀ ਕੁਰਲਾਈਆ । ਗੁਰ ਅਵਤਾਰ ਪੈਗ਼ੰਬਰ ਵੇਖ ਕੇ ਇਕ ਦੂਜੇ ਨੂੰ ਰਹੇ ਦੱਸੇ, ਸਚ ਇਸ਼ਾਰੇ ਨਾਲ ਜਣਾਈਆ । ਸਭ ਕੁਛ ਲਹਿਣਾ ਦੇਣਾ ਫੜਾਈਏ ਪੁਰਖ ਅਕਾਲ ਦੇ ਹੱਥੇ, ਆਪਣਾ ਪੱਲੂ ਲਈਏ ਛੁਡਾਈਆ । ਜਿਨ੍ਹਾਂ ਨੇ ਸਾਡੇ ਨਾਤੇ ਪਿਆਰ ਵਾਲੇ ਛੱਡੇ, ਮੁਹੱਬਤ ਧੁਰ ਦੀ ਗਏ ਤੁੜਾਈਆ । ਓਨ੍ਹਾਂ ਨੂੰ ਦਰਸ ਨਹੀਂ ਦੇਣਾ ਕਦੇ, ਕਦਮਾਂ ਦੇ ਉਤੇ ਸੀਸ ਨਾ ਕੋਇ ਝੁਕਾਈਆ । ਕੋਟਾਂ ਵਿਚੋਂ ਥੋੜ੍ਹੇ ਗੁਰਮੁਖ ਭਗਤ ਸੁਹੇਲੇ ਲੱਭੇ, ਜਿਨ੍ਹਾਂ ਅੰਤਰ ਆਤਮ ਇਕ ਧਿਆਨ ਨਜ਼ਰੀ ਆਈਆ । ਸਚ ਦਵਾਰੇ ਬਹਿ ਕੇ ਸਜੇ, ਸੱਜਣ ਵੇਖਣ ਬੇਪਰਵਾਹੀਆ । ਧੁਰ ਫ਼ਰਮਾਨੇ ਅੰਦਰ ਬੱਧੇ, ਬੰਦਨਾ ਅੰਦਰ ਸੀਸ ਝੁਕਾਈਆ । ਸਚ ਦਵਾਰੇ ਸੋਹਣੇ ਸਜੇ, ਸਚ ਸਵਾਮੀ ਮਿਲ ਕੇ ਖ਼ੁਸ਼ੀ ਬਣਾਈਆ । ਦੀਪਕ ਜੋਤ ਹੋ ਕੇ ਜਗੇ, ਨੂਰ ਨੂਰ ਨਾਲ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੱਕਿਆ ਜਗਤ ਜਹਾਨ, ਵੇਖੀ ਸਰਬ ਲੋਕਾਈਆ । ਸਤਿ ਧਰਮ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨਾ ਅਗਲਾ ਗਏ ਭੁਲਾਈਆ । ਸਾਚੀ ਸਖ਼ੀ ਮਿਲਿਆ ਕੋਈ ਨਾ ਕਾਹਨ, ਸੀਤਾ ਸੁਰਤੀ ਰਾਮ ਨਾ ਕੋਇ ਪਰਨਾਈਆ । ਬਨਵਾਸੀ ਬਣਿਆ ਜੀਵ ਇਨਸਾਨ, ਸਨਿਆਸੀ ਬੈਰਾਗੀ ਵੈਰਾਗੀ ਤਿਆਗੀ ਸਾਰੇ ਮਾਰਨ ਧਾਹੀਂਆ । ਜਲਵਾ ਤੱਕਿਆ ਨਾ ਹਕ ਅਮਾਮ, ਮੁੱਲਾ ਸ਼ੇਖ਼ ਮੁਸਾਇਕ ਰਹੇ ਕੁਰਲਾਈਆ । ਸਾਚਾ ਕਲਮਾ ਨਾ ਸੁਣਿਆ ਧੁਰ ਕਲਾਮ, ਅਲਿਫ਼ ਯੇ ਦਾ ਲੇਖਾ ਨਾ ਕੋਇ ਮੁਕਾਈਆ । ਮਨ ਵਾਸਨਾ ਦੁਨੀਆ ਹੋਈ ਗੁਲਾਮ, ਕਾਇਨਾਤ ਬੰਧਨ ਨਾ ਕੋਇ ਤੁੜਾਈਆ । ਵੇਖ ਕੇ ਹੋਏ ਹੈਰਾਨ, ਪਰੇਸ਼ਾਨ ਦਿਸੇ ਖ਼ਲਕ ਖ਼ੁਦਾਈਆ । ਵਿਗੜਿਆ ਦਿਸੇ ਨਜ਼ਾਮ, ਹਕੂਮਤ ਹਕ ਨਾ ਕੋਇ ਕਮਾਈਆ । ਮੁਹੰਮਦ ਕਹੇ ਸਦੀ ਚੌਧਵੀਂ ਵਕਤ ਪਹੁੰਚਿਆ ਆਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਗੋਬਿੰਦ ਕਹੇ ਬੀਸ ਬੀਸਾ ਹੋਇਆ ਪਰਧਾਨ, ਹੁਕਮਰਾਨ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰੇ ਸ੍ਰੀ ਭਗਵਾਨ, ਮਿਹਰਵਾਨ ਦਇਆ ਕਮਾਈਆ । ਲੇਖਾ ਜਾਣੇ ਜੀਵ ਜਹਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਆਪ ਮਨਾਈਆ ।


੩੧੧
੨੦

## ★ ੪ ਪੋਹ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਿਹਿ ਪੰਜ ਢੇਰਾ ਜ਼ਿਲਾ ਹੁਸ਼ਿਆਰ ਪੁਰ ★

ਪੁਰਖ ਅਕਾਲ ਵੇਖ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਤਰ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਫੁਰਨਾ ਫੁਰੇ ਨਾ ਕੋਇ ਅਗੰਮੇ ਮੰਤਰ, ਮੰਤਵ ਹੱਲ ਨਾ ਕੋਇ ਕਰਾਈਆ । ਦੀਪਕ ਜੋਤ ਨਾ ਜਗੇ ਨਿਰੰਤਰ, ਨਿਰਾਕਾਰ ਨਾ ਕੋਇ ਰੁਸ਼ਨਾਈਆ । ਭਾਗ ਲੱਗੇ ਨਾ ਕਾਇਆ ਮੰਦਰ, ਕਾਅਬਾ ਹਕ ਨਾ ਕੋਇ ਜਣਾਈਆ । ਮਨ ਵਾਸਨਾ ਦਹਿ ਦਿਸ਼ਾ ਭਵੇ ਬੰਦਰ, ਬੰਦਗੀ ਵਿਚ ਬੰਦਾ ਬੰਧਨ ਨਾ ਕੋਇ ਤੁੜਾਈਆ । ਨੇਤਰ ਰੋਂਦੇ ਸੂਰੀਆ ਚੰਦਰ, ਰਵ ਸਸ ਰਹੇ ਕੁਰਲਾਈਆ । ਧਾਹੀਂ ਮਾਰੇ ਆਕਾਸ਼ਾਂ ਵਾਲਾ ਅੰਬਰ, ਸਵੰਬਰ ਸਚ ਨਾ ਕੋਇ ਰਚਾਈਆ । ਕੂਕ ਪੁਕਾਰੇ ਉਪਰ ਮੰਗਲ, ਦਰੋਹੀ ਨੂਰ ਖ਼ੁਦਾਈਆ । ਮਮਤਾ ਕੱਟੇ ਕੋਈ ਨਾ ਸੰਗਲ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਕੂੜੀ ਕਿਰਿਆ ਮੇਟੇ ਕੋਈ ਨਾ ਦੰਗਲ, ਦਗ਼ਾ ਚੁੱਕੇ ਨਾ ਜਗਤ ਲੋਕਾਈਆ । ਸਾਚੇ ਲਾਏ ਕੋਈ ਨਾ ਅੰਗਣ, ਅੰਗੀਕਾਰ ਨਾ ਕੋਇ ਅਖਵਾਈਆ । ਨਾਮ ਨਿਧਾਨ ਚੜ੍ਹੇ ਨਾ ਰੰਗਣ, ਰੰਗਤ ਕੂੜੀ ਦਏ ਮਿਟਾਈਆ । ਸਾਚਾ ਮਿਲੇ ਨਾ ਪਰਮਾਨੰਦਨ, ਨਿਜਾਨੰਦ ਨਾ ਕੋਇ ਵਖਾਈਆ । ਟੁੱਟੀ ਆਵੇ ਕੋਈ ਨਾ ਗੰਢਣ, ਆਤਮ ਪਰਮਾਤਮ ਜੋੜ ਜੁੜਾਈਆ । ਸਾਚਾ ਢੋਲਾ ਗੀਤ ਅਨੋਖਾ ਨਗ਼ਮਾ ਨਾਮ ਸੁਣਾਏ ਕੋਈ ਨਾ ਛੰਦਨ, ਕਲਮਾ ਕਾਇਨਾਤ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਤੱਕੋ ਧਰਨੀ ਧਵਲ ਧਰਤ, ਧਰਮ ਦਵਾਰਾ ਦਿਓ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਾਡੀ ਪੂਰੀ ਹੋਈ ਸ਼ਰਤ, ਵੇਲਾ ਵਕਤ ਦਏ ਗਵਾਹੀਆ । ਪੁਰਖ ਅਕਾਲ ਕਹੇ ਜੋਧੇ ਸੂਰਬੀਰ ਮਰਦਾਨੇ ਬਣੋ ਮਰਦ, ਮੱਦਦ ਦੇਵਾਂ ਥਾਈਂ ਥਾਈਂਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਬਿਨਾਸ਼ੀ ਕਰਤੇ ਤੱਧ ਬਿਨ ਵੰਡੇ ਕੋਈ ਨਾ ਦਰਦ, ਦੁਖੀਆਂ ਦੁੱਖ ਨਾ ਕੋਇ ਮਿਟਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਅਗਲਾ ਖੇਲ ਕਰੋ ਅਸਚਰਜ, ਅਚਰਜ ਅਗੰਮੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਹੱਥੋਂ ਸੁੱਟ ਦਿਤੀ ਦੀਨਾਂ ਮਜ਼੍ਹਬਾਂ ਵਾਲੀ ਛੁਰੀ ਕਰਦ, ਕਤਲਗਾਹ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਅੱਗੇ ਇਕੋ ਅਰਜ਼, ਬੇਨੰਤੀ ਕਰ ਕੇ ਸੀਸ ਝੁਕਾਈਆ । ਕਲਜੁਗ ਕੂੜੀ ਕਿਰਿਆ ਸ੍ਰਿਸ਼ਟੀ ਵਿਚੋਂ ਕੱਢ ਮਰਜ਼, ਬੀਮਾਰੀ ਖ਼ੁਆਰੀ ਰਹਿਣ ਕੋਇ ਨਾ ਪਾਈਆ । ਧੁਰ ਦੇ ਨਾਮ ਦੀ ਮਾਰ ਰਮਜ਼, ਇਸ਼ਾਰਾ ਇਕੋ ਇਕ ਵਖਾਈਆ । ਸਭ ਦੀ ਬਦਲ ਦੇ ਸਮਝ, ਬੁੱਧ ਬਿਬੇਕ ਦੇ ਬਣਾਈਆ । ਤੇਰੇ ਹੱਥ ਸਤਿਜੁਗ ਦਾ ਜਨਮ, ਕਰਮ ਕੂੜ ਦੇ ਗਵਾਈਆ । ਸਭ ਦੀ ਚਿੰਤਾ ਮੇਟ ਭਰਮ, ਭੈ ਆਪਣਾ ਇਕ ਵਖਾਈਆ । ਤੇਰੇ ਨਾਮ ਦਾ ਚਾਰ ਕੁੰਟ ਦਹਿ ਦਿਸ਼ਾ ਹੋਵੇ ਇਕੋ ਧਰਮ, ਮਾਨਵ ਜਾਤੀ ਦੇਣਾ ਸਮਝਾਈਆ । ਝਗੜਾ ਰਹੇ ਨਾ ਕਿਸੇ ਵਰਨ, ਬਰਨ ਕਰੇ ਨਾ ਕੋਇ ਲੜਾਈਆ । ਪੁਰਖ ਅਕਾਲ ਤੇਰੀ ਇਕੋ ਸਰਨ, ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਮੰਗ ਕੇ ਗਏ ਭਵਿਖਤਾਂ ਵਿਚ ਤੇਰਾ ਰਾਗ ਅਲਾਈਆ । ਤੂੰ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਸਭ ਨੂੰ ਬਖ਼ਸ਼ ਆਪਣੀ ਸਰਨ, ਚਰਨ ਧੂੜੀ ਦੇ ਰਮਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਸਾਰੇ ਮਿਲ ਕੇ ਢੋਲਾ ਪੜ੍ਹਨ, ਇਕੋ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਤੇਰੀ ਮੰਜ਼ਲ ਚੜ੍ਹਨ, ਸਚਖੰਡ ਦਵਾਰੇ ਸਾਚੇ ਵੜਨ, ਜੋਤੀ ਜੋਤ ਬਿਨ ਵਰਨ ਗੋਤ ਆਪਣੇ ਵਿਚ ਲੈਣਾ ਸਮਾਈਆ ।

★ ੫ ਪੋਹ ਸ਼ਹਿਨਸ਼ਾਹੀ ਸੰਮਤ ੨ ਰਾਮ ਸਿੰਘ ਦੇ ਗ੍ਰਹਿ ਪਿੰਡ ਗਾਲ੍ਹੜੀਆਂ ਜ਼ਿਲਾ ਹੁਸ਼ਿਆਰ ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੇ ਨਾਮ ਦੀ ਕਰ ਕੇ ਆਏ ਲਿਖਤ ਪੜ੍ਹਤ, ਪੜਦਿਆਂ ਵਿਚੋਂ ਪਾਰਬ੍ਰਹਮ ਤੇਰਾ ਭੇਵ ਖੁਲ੍ਹਾਈਆ । ਕਲਜੁਗ ਅੰਤ ਸ੍ਰੀ ਭਗਵਾਨ ਤੇਰੇ ਨਾਮ ਦਾ ਲੈਂਦੇ ਸਾਰੇ ਧੜਤ, ਧੜਵਾਈ ਸਾਧ ਸੰਤ ਬੈਠੇ ਡੇਰਾ ਲਾਈਆ । ਕੀਤਾ ਅਹਿਦ ਪੂਰਾ ਹੋਇਆ ਸ਼ਰਤ, ਕੌਲ ਇਕਰਾਰ ਤੇਰੇ ਹੱਥ ਫੜਾਈਆ । ਤੂੰ ਜੋਧਾ ਸੂਰਬੀਰ ਏਕੰਕਾਰਾ ਇਕੋ ਮਰਦ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਗ਼ਰੀਬ ਨਿਮਾਣਿਆਂ ਲੋਕਮਾਤ ਵੰਡ ਦਰਦ, ਦੀਨਾਂ ਅਨਾਥਾਂ ਦੁਖੀਆਂ ਹੋ ਸਹਾਈਆ । ਸਭ ਨੂੰ ਤੇਰੀ ਦਿਸੇ ਗ਼ਰਜ਼, ਰਾਹ ਤੱਕੇ ਜਗਤ ਲੋਕਾਈਆ । ਧੁਰ ਬੇਨੰਤੀ ਮੰਨ ਅਰਜ਼, ਚਰਨ ਕਵਲ ਵਿਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦੇ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਰਹੀ ਰੋ, ਜਾਗਤ ਸੋਵਤ ਰਹੇ ਕੁਰਲਾਈਆ । ਸਾਚੇ ਨਾਮ ਦਾ ਤੁੱਟਾ ਮੋਹ, ਮੁਹੱਬਤ ਕੂੜ ਜਗਤ ਵਡਿਆਈਆ । ਤੇਰਾ ਭੇਵ ਨਾ ਜਾਣੇ ਕੋ, ਕਾਗ ਬੁੱਧੀ ਹੋਈ ਹਲਕਾਈਆ । ਸਚ ਪਰਕਾਸ਼ ਨਾ ਦਿਸੇ ਲੋ, ਅੰਧ ਅੰਧੇਰੇ ਭੱਜਣ ਵਾਹੋ ਦਾਹੀਆ । ਆਤਮ ਪਰਮਾਤਮ ਭੇਵ ਸਮਝਣ ਦੋ, ਦੂਆ ਏਕੇ ਵਿਚ ਨਾ ਕੋਇ ਸਮਾਈਆ । ਤੇਰਾ ਕੋਈ ਨਾ ਜਾਵੇ ਹੋ, ਹੋਕਾ ਹਕ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਸ੍ਰਿਸ਼ਟ ਸਬਾਈ ਅੰਤਰ ਆਤਮ ਵੇਖ ਸਭ, ਪੜਦਿਆਂ ਵਿਚੋਂ ਪੜਦੇ ਦੇ ਫੁਲਾਈਆ । ਮਿਹਰਵਾਨ ਹੋ ਕੇ ਫੇਰਾ ਪਾ ਝੱਬ, ਦੂਰ ਦੁਰਾਡੇ ਦੇਰ ਕੋਇ ਨਾ ਲਾਈਆ । ਘਰ ਘਰ ਗ੍ਰਹਿ ਗ੍ਰਹਿ ਤੈਨੂੰ ਰਹੇ ਲੱਭ, ਸੰਤ ਸੁਹੇਲੇ ਭੱਜਣ ਥਾਉਂ ਥਾਈਂਆ । ਨਾਉਂ ਨਿਰੰਕਾਰ ਏਕਾ ਏਕੰਕਾਰ ਵਜਾ ਨਦ, ਨਾਦੀ ਧੁਨ ਦੇ ਸ਼ਨਵਾਈਆ । ਕੂੜੀ ਕਿਰਿਆ ਲੋਕਮਾਤ ਵਿਚੋਂ ਬੱਧ, ਬਦਲਾ ਚੁੱਕੇ ਖ਼ਲਕ ਖ਼ੁਦਾਈਆ । ਸੰਤ ਸੁਹੇਲੇ ਸੱਜਣ ਸੱਦ, ਭਗਤ ਭਗਵਾਨ ਜੋੜ ਜੁੜਾਈਆ । ਕੀ ਹੋਇਆ ਜੇ ਤੇਰਾ ਪਿਆਰ ਮੁਹੱਬਤ ਪ੍ਰੇਮ ਨੇਮ ਅੰਦਰ ਗਏ ਛੱਡ, ਵਾਸਨਾ ਵਿਚ ਸਮਝੀ ਵਸਤ ਪਰਾਈਆ । ਤੂੰ ਸਾਹਿਬ ਸੁਲਤਾਨ ਸਮਰਥ ਸਵਾਮੀ ਸੂਰਾ ਸਰਬਗ, ਬਖ਼ਸ਼ਣਹਾਰ ਏਕੰਕਾਰ ਇਕੋ ਇਕ ਅਖਵਾਈਆ । ਜਨ ਭਗਤ ਸੁਹੇਲੇ ਬਣਾ ਆਪਣੀ ਯਦ, ਯਾਦ ਪਿਛਲੀ ਖੋਜ ਖੁਜਾਈਆ । ਕਿਰਪਾ ਕਰ ਕੇ ਅੰਤਰ ਆਤਮ ਦੇ ਅਨੰਦ, ਰਸ ਅਗੰਮਾ ਮੁਖ ਚੁਆਈਆ । ਤੇਰੇ ਹੁਕਮ ਦੇ ਹੋਵਣ ਸਾਰੇ ਪਾਬੰਦ, ਸ਼ਰਅ ਜ਼ੰਜੀਰ ਦੇ ਕਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਵਣ ਸਾਰੇ ਛੰਦ, ਸੋਹੰ ਢੋਲਾ ਧੁਰਦਰਗਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਰਹੇ ਕੋਈ ਨਾ ਰੰਡ, ਮੇਲਾ ਨਿਰਗੁਣ ਨਿਰਗੁਣ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਸਤਿਗੁਰ ਪੂਰੇ ਪੁਰਖ ਅਕਾਲ ਦੀਨ ਦਿਆਲ ਤੇਰੀ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੱਸੀਏ ਧੁਰ ਦਾ ਹਾਲ, ਹਾਲਤ ਬਦਲੀ ਸਰਬ ਲੋਕਾਈਆ । ਸਾਚਾ ਜਲਵਾ ਦਿਸੇ ਨਾ ਕਿਸੇ ਜਮਾਲ, ਨੂਰ ਜਹੂਰ ਨਾ ਕੋਇ ਰੁਸ਼ਨਾਈਆ । ਸਚ ਦਵਾਰਾ ਵੇਖੇ ਨਾ ਕੋਇ ਅਗੰਮੀ ਧਰਮਸਾਲ, ਧੁਰ ਦੀ ਮੰਜ਼ਲ ਚੜ੍ਹ ਤੇਰਾ ਦਰਸ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਪਿਆ ਜੰਜਾਲ, ਜੀਵਣ ਬੰਧਨ ਬੰਦ ਖ਼ਲਾਸ ਨਾ ਕੋਇ ਕਰਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਤਾਲ ਆਪਣਾ ਰਿਹਾ ਵਜਾਈਆ । ਬਿਨ ਮੁਰਸ਼ਦ ਮੁਰੀਦਾਂ ਕੋਇ ਨਾ ਪੁਛੇ

ਹਾਲ, ਪੂਰਬ ਲੇਖਾ ਨਾ ਕੋਇ ਮੁਕਾਈਆ । ਸਚ ਬੇਨੰਤੀ ਤੇਰੇ ਅੱਗੇ ਸਵਾਲ, ਸਵਾਲੀ ਹੋ ਕੇ ਸੀਸ ਨਿਵਾਈਆ । ਵੇਲਾ ਵਕਤ ਸੁਹੰਜਣਾ ਸਾਹਿਬ ਸਮਰਥ ਸੰਭਾਲ, ਸਭਨਾ ਲਹਿਣਾ ਦੇਣਾ ਦੇ ਚੁਕਾਈਆ । ਤੂੰ ਆਦਿ ਜੁਗਾਦੀ ਦੀਨ ਦਿਆਲ, ਮਾਲਕ ਖ਼ਾਲਕ ਪ੍ਰਿਤਪਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਗੁਰਮੁਖ ਸੱਜਣ ਭਗਤ ਭਗਵੰਤ ਹੋ ਕੇ ਭਾਲ, ਕਾਇਆ ਮਾਟੀ ਸਾਚੇ ਅੰਤਰ ਵੇਖ ਵਖਾਈਆ ।

### ★ ੫ ਪੋਹ ਸ਼ਹਿਨਸ਼ਾਹੀ ਸੰਮਤ ੨ ਸੁਰਜੀਤ ਸਿੰਘ ਦੇ ਗ੍ਰਹਿ ਪਿੰਡ ਕਾਲੂ ਚਾਂਗ ਜ਼ਿਲਾ ਹੁਸ਼ਿਆਰ ਪੁਰ ★

ਜੁਗ ਚੌਕੜੀ ਪ੍ਰਭ ਹੋਏ ਦਿਆਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਿਹਰ ਨਜ਼ਰ ਉਠਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਸੰਤ ਸੁਹੇਲੇ ਜਨ ਭਗਤ ਲੱਭੇ ਆਪਣੇ ਲਾਲ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਖੋਜ ਖੁਜਾਈਆ । ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਤੋੜੇ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਾਇਆ ਮਾਟੀ ਸਾਚਾ ਮੰਦਰ ਵਖਾਵੇ ਸੱਚੀ ਧਰਮਸਾਲ, ਸ਼ਿਵਦਵਾਲਾ ਮਠ ਇਕੋ ਧੁਰ ਦਾ ਨਜ਼ਰੀ ਆਈਆ । ਜਿਸ ਗ੍ਰਹਿ ਮੇਲਾ ਮਿਲੇ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਜੋੜ ਜੁੜਾਈਆ । ਨਾਮ ਅਨਮੁੱਲਾ ਵਸਤ ਅਮੋਲਕ ਦੇਵੇ ਦਾਨ, ਗਹਿਰ ਗੰਭੀਰ ਗੁਣੀ ਗਹਿੰਦ ਸਦਾ ਬਖ਼ਸ਼ੰਦ ਆਪ ਵਰਤਾਈਆ । ਚਰਨ ਧੂੜ ਕਰਾ ਕੇ ਮਜਨ ਇਸ਼ਨਾਨ, ਪਤਤ ਪਾਪੀਆਂ ਦੁਰਮਤ ਮੈਲ ਧਵਾਈਆ । ੩੧੪
ਘਰ ਸੁਰਤ ਸਵਾਣੀ ਸ਼ਬਦ ਮੇਲ ਕੇ ਧੁਰ ਦਾ ਕਾਹਨ, ਮੰਡਲ ਰਾਸ ਇਕ ਵਖਾਈਆ । ਆਤਮ ਪਰਮਾਤਮ ਮੇਲਾ ਹੋਵੇ ਧੁਰ ਦੇ ਰਾਮ, ਰਮੱਈਆ ਨਈਆ ਲੋਕਮਾਤ ਪਾਰ ਕਰਾਈਆ । ਪਾਰਬ੍ਰਹਮ ਪ੍ਰਭ ਹੋ ਕੇ ਦੇਵੇ ਅੰਮ੍ਰਿਤ ਰਸ ਅਗੰਮਾ ਜਾਮ, ਜ਼ਾਮਨ ਹੋ ਕੇ ਜਮਾਂ ਤੋਂ ਲਏ ਛੁਡਾਈਆ । ਸਾਚੀ ਮੰਜ਼ਲ ਜਨ ਭਗਤਾਂ ਚੜ੍ਹਨੀ ਦੱਸੇ ਆਸਾਨ, ਔਖੀ ਘਾਟੀ ਸ੍ਰਿਸ਼ਟੀ ਨਜ਼ਰ ਕੋਇ ਨਾ ਆਈਆ । ਸਤਿ ਧਰਮ ਸਤਿ ਸਤਿਵਾਦੀ ਵਖਾਏ ਇਕ ਨਿਸ਼ਾਨ, ਸਚਖੰਡ ਦਵਾਰਾ ਆਪ ਖੁਲ੍ਹਾਈਆ । ਚਰਨ ਪ੍ਰੀਤੀ ਧੁਰ ਦੀ ਰੀਤੀ ਦੱਸ ਕੇ ਇਕ ਧਿਆਨ, ਮਨ ਹੰਕਾਰ ਵਿਕਾਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਬਖ਼ਸ਼ੇ ਮਾਣ ਵਡਿਆਈਆ । ਜਨ ਭਗਤ ਪ੍ਰਭ ਤਾਰੇ ਮਾਤਲੋਕ, ਲੁਕਿਆ ਭੇਵ ਆਪ ਖੁਲ੍ਹਾਈਆ । ਮਾਨਸ ਮਾਨਸ ਵਿਚੋਂ ਕਰ ਕੇ ਖੋਜ, ਮਾਨੁਖ ਆਪਣਾ ਪੜਦਾ ਲਾਹੀਆ । ਚਰਨ ਪ੍ਰੀਤੀ ਦੇ ਕੇ ਧੁਰ ਦਾ ਜੋਗ, ਜੋਗੀਸ਼ਰ ਸਾਚੇ ਲਏ ਪਰਗਟਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਸਲੋਕ, ਸੋਹੰ ਢੋਲਾ ਦਏ ਸਮਝਾਈਆ । ਮਨ ਬੁੱਧੀ ਦੀ ਰਹਿਣ ਨਾ ਦੇਵੇ ਸੋਚ, ਸਮਝ ਰਮਜ਼ ਵਿਚ ਛੁਪਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਚੇ ਮੰਦਰ ਧੁਰ ਦੇ ਕੋਟ, ਕੰਚਨ ਗੜ੍ਹ ਅੰਦਰ ਵੜ ਪੁਰਖ ਅਕਾਲ ਆਪ ਸੁਹਾਈਆ । ਹਉਮੇ ਹੰਗਤਾ ਮਾਇਆ ਮਮਤਾ ਕੂੜੀ ਕਿਰਿਆ ਰਹੇ ਨਾ ਰੋਗ, ਸਤਿ ਧਰਮ ਦਾ ਸੱਚਾ ਰਾਹ ਇਕੋ ਦਏ ਵਖਾਈਆ । ਨਾਮ ਨਿਧਾਨ ਸ੍ਰੀ ਭਗਵਾਨ ਦੇ ਕੇ ਸਾਚੀ ਚੋਗ, ਚੁਗਲੀ ਨਿੰਦਿਆ ਤੋਂ ਲਏ ਬਚਾਈਆ । ਚਰਨ ਕਵਲ ਉਪਰ ਧਵਲ ਦੱਸ ਕੇ ਏਕਾ ਓਟ, ਓੜਕ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੩੧੫
੨੦

ਕਿਰਪਾ ਕਰ, ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਹੋਏ ਸਹਾਈਆ । ਜਨ ਭਗਤਾਂ ਪ੍ਰਭ ਦੇਵੇ ਨਾਮ ਖ਼ੁਮਾਰੀ, ਮਦਿਰਾ ਰਸ ਨਾ ਕੋਇ ਵਖਾਈਆ । ਮਹੱਲ ਅਟਲ ਵਖਾਏ ਉਚ ਅਟਾਰੀ, ਸਚਖੰਡ ਸਾਚਾ ਨਜ਼ਰੀ ਆਈਆ । ਜਿਸ ਘਰ ਜਗੇ ਜੋਤ ਨਿਰੰਕਾਰੀ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਸ਼ਬਦ ਸੁਣਾਏ ਧੁਨ ਬਿਨ ਤਾਲ ਤਲਵਾੜੇ ਆਪਣੀ ਧਾਰੀ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇਵੇ ਠੰਡੀ ਠਾਰੀ, ਠਾਕਰ ਹੋ ਕੇ ਸਿਰ ਆਪਣਾ ਹੱਥ ਰਖਾਈਆ । ਭਗਤ ਵਛਲ ਬਣ ਗਿਰਧਾਰੀ, ਮੁਕੰਦ ਮਨੋਹਰ ਆਪਣਾ ਰੰਗ ਚੜ੍ਹਾਈਆ । ਜਾਗਤ ਸੋਵਤ ਦੇਵੇ ਦਰਸ ਦੀਦਾਰੀ, ਨਿਜ ਨੇਤਰ ਕਰ ਰੁਸ਼ਨਾਈਆ । ਮਾਨਸ ਜਨਮ ਅੰਤ ਹੋਣੀ ਨਾ ਪਏ ਖ਼ੁਆਰੀ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖ ਨਾ ਕੋਇ ਵਖ਼ਾਲੀ, ਪੂਰਬ ਲਹਿਣਾ ਆਪਣੇ ਹੱਥ ਰਖਾਈਆ । ਜਨ ਭਗਤਾਂ ਜੁਗ ਜੁਗ ਪ੍ਰਭ ਸਾਚੇ ਪੈਜ ਸਵਾਰੀ, ਕਲਜੁਗ ਅੰਤ ਹੋਏ ਆਪ ਸਹਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਦਿਤੀ ਨਾਮ ਜੈਕਾਰੀ, ਧੁਰ ਦਾ ਢੋਲਾ ਇਕ ਦ੍ਰਿੜਾਈਆ । ਤਿਨ੍ਹਾਂ ਸੰਸਾਰ ਸਾਗਰ ਵਿਚੋਂ ਜਾਏ ਪਾਰ ਉਤਾਰੀ, ਘਾਟ ਕਿਨਾਰਾ ਤਟ ਇਕੋ ਚਰਨ ਕਵਲ ਵਖਾਈਆ । ਜਨ ਭਗਤ ਸੁਹੇਲਾ ਗੁਰਮੁਖ ਕੋਈ ਨਾ ਜਨਮੇ ਦੂਜੀ ਵਾਰੀ, ਚੁਰਾਸੀ ਵਿਚ ਨਾ ਕੋਇ ਭਵਾਈਆ । ਮਾਤ ਗਰਭ ਅਗਨ ਕੋਇ ਨਾ ਸਾੜੀ, ਜਗਤ ਕੁੰਡ ਨਾ ਕੋਇ ਤਪਾਈਆ । ਕਿਰਪਾ ਕਰੇ ਆਪ ਨਿਰੰਕਾਰੀ, ਨਰ ਨਰਾਇਣ ਧੁਰ ਦਰਗਾਹੀਆ । ਕਲਜੁਗ ਅੰਤ ਭਗਤ ਉਧਾਰਨਾ ਪ੍ਰਭ ਦੀ ਵਾਰੀ, ਵਾਰਤਾ ਗੁਰ ਅਵਤਾਰ ਪੈਗ਼ੰਬਰ ਗਏ ਲਿਖਾਈਆ । ਸੋ ਲਹਿਣਾ ਦੇਣਾ ਪੂਰਬ ਕਰਜ਼ ਮਕਰੂਜ਼ ਹੋ ਕੇ ਸਭ ਦਾ ਰਿਹਾ ਉਤਾਰੀ, ਉੱਤਰ ਪੂਰਬ ਪੱਛਮ ਦੱਖਣ ਹਰਿ ਭਗਤ ਸੁਹੇਲੇ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਨਾਮ ਸ਼ਬਦ ਆਧਾਰੀ, ਆਧਾਰ ਆਪਣੇ ਸਭ ਨੂੰ ਪਾਰ ਕਰਾਈਆ ।

★ ੫ ਪੋਹ ਸ਼ਹਿਨਸ਼ਾਹੀ ਸੰਮਤ ੨ ਦਲਜੀਤ ਸਿੰਘ ਦੇ ਗ੍ਰਿਹਿ ਤਲਵਾੜਾ ਜ਼ਿਲਾ ਹੁਸ਼ਿਆਰ ਪੁਰ ★

ਸ੍ਰੀ ਭਗਵਾਨ ਕਹੇ ਜਨ ਭਗਤ ਉਧਾਰਾਂ ਕਲਜੁਗ ਅੰਤਮ ਆਪ, ਨਿਰਗੁਣ ਨਿਰਗੁਣ ਹੋ ਕੇ ਦਇਆ ਕਮਾਈਆ । ਪੁਰਖ ਅਕਾਲ ਹੋ ਕੇ ਦੇਵਾਂ ਸੱਚਾ ਸਾਥ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਈਆ । ਆਤਮ ਨੂਰ ਜਣਾ ਕੇ ਆਪਣੀ ਜਾਤ, ਜਾਹਰ ਜਹੂਰ ਕਰਾਂ ਰੁਸ਼ਨਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਸਾਕ ਸੱਜਣ ਸੈਣ ਇਕ ਅਖਵਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਚਾ ਚੰਦ ਨਾਮ ਚਮਕਾਈਆ । ਜਨਮ ਜਨਮ ਦੀ ਪੂਰੀ ਕਰ ਕੇ ਆਸ, ਤ੍ਰਿਸ਼ਨਾ ਕੂੜ ਦਿਆਂ ਗਵਾਈਆ । ਸਾਹਿਬ ਸਵਾਮੀ ਅੰਤਰਜਾਮੀ ਹੋ ਕੇ ਵਸਾਂ ਪਾਸ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਸਭ ਦਾ ਲੇਖੇ ਲਾਵਾਂ ਸਵਾਸ ਸਵਾਸ, ਜੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਢੋਲਾ ਗਾਈਆ । ਸਚ ਦਵਾਰਾ ਖੋਲ੍ਹ ਕੇ ਤਾਕ, ਧੁਰ ਮੰਦਰ ਦਿਆਂ ਵਖਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਰਹੇ ਝਾਕ, ਰਾਹ ਲੋਕਮਾਤ ਵੇਖ ਵਖਾਈਆ । ਕਵਣ ਭਗਤ ਜਿਨ੍ਹਾਂ ਦੇਵੇ ਪ੍ਰਭ ਅਬਿਨਾਸ਼ੀ ਆਪਣਾ ਸਾਥ, ਨਿਰਾਕਾਰ ਹੋ ਕੇ ਸਾਕਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਹਰਿਜਨ ਸਾਚੇ ਲਏ ਉਠਾਈਆ । ਸ੍ਰੀ ਭਗਵਾਨ ਕਹੇ ਜਨ ਭਗਤਾਂ ਰਹਿਣ ਨਾ ਦੇਵਾਂ ਤੋਟ, ਤ੍ਰਿਕੁਟੀ ਦਾ ਲੇਖਾ ਦਿਆਂ ਮੁਕਾਈਆ । ਗੁਰਮੁਖ ਆਲ੍ਹਣਿਉਂ ਡਿੱਗਾ ਰਹੇ ਕੋਈ ਨਾ ਬੋਟ, ਫੜ ਬਾਹੋਂ ਗੋਦ ਬਹਾਈਆ । ਸਾਚੇ ਨਾਮ ਦੀ ਲਾ ਕੇ ਚੋਟ, ਚੇਟਕ ਆਪਣਾ ਇਕ ਜਣਾਈਆ । ਅੰਦਰੋਂ ਕੱਢ ਕੇ ਕਿਰਿਆ ਖੋਟ, ਘਰ ਸਚ ਕਰਾਂ ਰੁਸ਼ਨਾਈਆ । ਪ੍ਰੇਮ ਪਿਆਰ ਦੀ ਦੇ ਕੇ ਮੌਜ, ਮੌਜੂਦਾ ਹੋ ਕੇ ਦਰਸ ਦਿਖਾਈਆ । ਸਭ ਤੋਂ ਵੱਖਰਾ ਦੱਸ ਕੇ ਜੋਗ, ਜੁਗਤੀ ਆਪਣਾ ਨਾਮ ਸਮਝਾਈਆ । ਜਨਮ ਮਰਨ ਦਾ ਰਹਿਣ ਨਾ ਦੇਵਾਂ ਬੋਝ, ਭਾਰ ਸਭ ਦਾ ਆਪਣੇ ਕੰਧ ਉਠਾਈਆ । ਅੱਗੇ ਹੋਵੇ ਨਾ ਕਦੇ ਵਿਯੋਗ, ਵਿਛੜਿਆਂ ਮੇਲ ਮਿਲਾਈਆ । ਪਿਛੇ ਬਹੁ ਆਯੂ ਲਈ ਭੋਗ, ਪ੍ਰਭ ਦਾ ਰਾਹ ਤਕਾਈਆ । ਅੱਗੇ ਆਤਮ ਪਰਮਾਤਮ ਕਰ ਸੰਯੋਗ, ਦਰਗਾਹ ਸਾਚੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਕਦੇ ਨਾ ਹੋਵੇ ਨਿਰਾਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਅੰਦਰ ਵੜ ਦੇਵਾਂ ਵਿਸ਼ਵਾਸ, ਵਿਸ਼ਵ ਆਪਣੀ ਖੇਲ ਵਖਾਈਆ । ਸਾਚੇ ਮੰਡਲ ਵਖਾਵਾਂ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਰੰਗ ਰੰਗਾਈਆ । ਸਭ ਦੇ ਪੁੱਜਾਂ ਨਿਰਗੁਣ ਹੋ ਕੇ ਪਾਸ, ਸਰਗੁਣ ਪੜਦਾ ਆਪ ਉਠਾਈਆ । ਇਸੇ ਧਰਤੀ ਦਾ ਲਹਿਣਾ ਕੁਛ ਖ਼ਾਸ, ਹੁਕਮੇ ਵਿਚ ਜਣਾਈਆ । ਰਾਮ ਕਟ ਕੇ ਹੁਕਮ ਵਾਲਾ ਬਨਬਾਸ, ਪੰਚਵਟੀ ਦਾ ਵੱਟਾ ਏਥੇ ਗਿਆ ਲਗਾਈਆ । ਉਸ ਦੇ ਉਤੇ ਲਿਖ ਕੇ ਸੱਚੀ ਗਾਥ, "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਜੈਕਾਰ ਸਮਝਾਈਆ । ਧਰਮ ਦਵਾਰ ਦੀ ਕਰ ਅਰਦਾਸ, ਬੇਪਰਵਾਹ ਨਾਲ ਸਲਾਹ ਪਕਾਈਆ । ਹੁਕਮ ਦੇ ਸਰਬ ਗੁਣਤਾਸ, ਕੀ ਤੇਰੀ ਬੇਪਰਵਾਹੀਆ । ਓਧਰੋਂ ਰੋ ਕੇ ਕਿਹਾ ਬਿਆਸ, ਧਾਹੀਂ ਮਾਰ ਜਣਾਈਆ । ਮੈਂ ਪੁਰਖ ਅਕਾਲ ਦਾ ਦਰਸ਼ਨ ਕਰਨਾ ਸਾਖਿਆਤ, ਵੇਲਾ ਵਕਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਧੁਰ ਦੇ ਰਾਮ ਦਾ ਰਾਮ ਲੇਖਾ ਨਾਲ ਭਗਤ ਰਾਮ ਬਨਬਾਸੀ, ਅਬਿਨਾਸ਼ੀ ਅਗਲਾ ਰਾਮ ਆਪਣੀ ਧਾਰ ਸਮਝਾਈਆ । ਜਿਸ ਵੇਲੇ ਰਾਮ ਕਿਸੇ ਨਾ ਮਿਲਿਆ ਪੰਡਤ ਕਾਸ਼ੀ, ਤਟ ਕਿਨਾਰੇ ਨਜ਼ਰ ਕਿਸੇ ਨਾ ਆਈਆ । ਕਲਜੁਗ ਹੋਵੇ ਅੰਧੇਰੀ ਰਾਤੀ, ਪਰਭਾਤੀ ਵੱਜੇ ਨਾ ਕੋਇ ਵਧਾਈਆ । ਨੂਰ ਨਜ਼ਰ ਨਾ ਆਏ ਆਕਾਸ਼ੀ, ਧਰਨੀ ਧਵਲ ਨਾ ਕੋਇ ਰੁਸ਼ਨਾਈਆ । ਓਸ ਵੇਲੇ ਖੇਲ ਕਰੇ ਆਪ ਸਰਬ ਘਟਵਾਸੀ, ਨਿਵਾਸੀ ਆਪਣੀ ਦਇਆ ਕਮਾਈਆ । ਬਚਨ ਸੁਣ ਕੇ ਬਿਆਸ ਦੀ ਨਿਕਲ ਗਈ ਹਾਸੀ, ਖ਼ੁਸ਼ੀਆਂ ਵਿਚ ਸੀਸ ਨਿਵਾਈਆ । ਵੇਲਾ ਵਕਤ ਕਿਹੜਾ ਆਸੀ, ਕਵਣ ਘੜੀ ਵੱਜੇ ਵਧਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਸਾਚੀ ਭਗਤੀ ਦੀ ਚੜ੍ਹੇ ਕੋਈ ਨਾ ਘਾਟੀ, ਮੰਜ਼ਲ ਹੱਥ ਕਿਸੇ ਨਾ ਆਈਆ । ਸਾਧ ਸੰਤ ਮੁਕਾਵੇ ਕੋਈ ਨਾ ਵਾਟੀ, ਵਟਿਆਂ ਵਿਚ ਰੁਲ ਕੇ ਸਾਰੇ ਆਪਣਾ ਆਪ ਦੇਣ ਤਜਾਈਆ । ਓਸ ਵੇਲੇ ਖੇਲਾਂ ਖੇਲ ਆਪਣੀ ਜਾਤੀ, ਦੂਜਾ ਸੰਗ ਨਾ ਕੋਇ ਬਣਾਈਆ । ਜਨ ਭਗਤ ਸੁਹੇਲਾ ਸੱਜਣ ਹੋਵੇ ਦਾਸ ਦਾਸੀ, ਜਿਸ ਦੀ ਦਾਸਤਾਨ ਅੱਗੇ ਨਾ ਕਿਸੇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਧਾਰ ਅਗੰਮ ਅਪਾਰ ਆਪੇ ਵਾਚੀ, ਵਚਨ ਪਰਵਚਨ ਅਵਰ ਨਾ ਕੋਇ ਸਮਝਾਈਆ ।

## ★ ੫ ਪੋਹ ਸ਼ਹਿਨਸ਼ਾਹੀ ਸੰਮਤ ੨ ਬੂਆ ਦਿੱਤਾ ਮਲ ਦੇ ਗ੍ਰਿਹ ਤਲਵਾੜਾ ★

ਬਿਆਸ ਕਹੇ ਪ੍ਰਭ ਜਨ ਭਗਤਾਂ ਖੋਲ੍ਹ ਪੜਦਾ, ਅੰਤਰ ਓਹਲਾ ਰਹੇ ਨਾ ਰਾਈਆ । ਹਰਿਜਨ ਤੇਰੀ ਮੰਜ਼ਲ ਜਾਏ ਚੜ੍ਹਦਾ, ਮਨ ਵਾਸਨਾ ਸਕੇ ਨਾ ਕੋਇ ਅਟਕਾਈਆ । ਦਰਸ਼ਨ ਪਾਵੇ ਤੇਰੇ ਘਰ ਦਾ, ਜਿਸ ਗ੍ਰਿਹ ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੂੰ ਹੀ ਤੂੰ ਹੀ ਰਹੇ ਪੜ੍ਹਦਾ, ਪਰਮਾਤਮ ਤੇਰਾ ਢੋਲਾ ਗਾਈਆ । ਅੰਮ੍ਰਿਤ ਰਸ ਲਵੇ ਤੇਰੇ ਸਰੋਵਰ ਸਰ ਦਾ, ਬੂੰਦ ਸਵਾਂਤੀ ਦੇਣੀ ਮੁਖ ਚੁਆਈਆ । ਕਲਜੁਗ ਕੂੜਾ ਲੇਖਾ ਮੁਕਾ ਕਲ ਦਾ, ਮਮਤਾ ਮੋਹ ਰਹੇ ਨਾ ਰਾਈਆ । ਜਨ ਭਗਤਾਂ ਝਗੜਾ ਰਹੇ ਨਾ ਕਪਟ ਛਲ ਦਾ, ਅਛਲ ਛਲਧਾਰੀ ਦੇਣੀ ਮਾਣ ਵਡਿਆਈਆ । ਬਿਨ ਤੇਰੀ ਕਿਰਪਾ ਨਾਮ ਸੰਦੇਸ਼ਾ ਕਾਇਆ ਮੰਦਰ ਕੋਈ ਨਾ ਘੱਲ ਦਾ, ਰਸਨਾ ਪੜ੍ਹ ਪੜ੍ਹ ਸਰਵਣ ਸੁਣ ਸੁਣ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲੈਣੇ ਜਗਾਈਆ । ਬਿਆਸ ਕਹੇ ਸ੍ਰੀ ਭਗਵਾਨ ਮੈਂ ਤੱਕਾਂ ਕਲਜੁਗ ਚਾਰ ਕੁੰਟ ਅੰਧੇਰਾ, ਨਿਰਗੁਣ ਨੂਰੀ ਜੋਤ ਚੰਦ ਨਾ ਕੋਇ ਰੁਸ਼ਨਾਈਆ । ਜਗਤ ਵਾਸਨਾ ਮਮਤਾ ਮੋਹ ਗਿੜਿਆ ਉਲਟਾ ਗੇੜਾ, ਮਾਰਗ ਸਚ ਸਤਿ ਨਾ ਕੋਇ ਵਖਾਈਆ । ਤ੍ਰਿਸ਼ਨ ਵਿਕਾਰ ਪਿਆ ਝੇੜਾ, ਹੰਗਤਾ ਗੜ੍ਹ ਵਿਚ ਲੜਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਕਰੇ ਨਾ ਕੋਈ ਹਕ ਨਿਬੇੜਾ, ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਅੰਤਰਜਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਬਿਆਸ ਕਹੇ ਪ੍ਰਭ ਭਗਤਾਂ ਦੀ ਅੰਤਰ ਵੇਖ ਖ਼ਾਹਿਸ਼, ਬਾਹਰੋਂ ਸਮਝ ਕਿਛ ਨਾ ਆਈਆ । ਜਿਹੜੇ ਦਿਵਸ ਰੈਣ ਤੇਰੀ ਕਰਨ ਤਲਾਸ਼, ਅੱਠੇ ਪਹਿਰ ਬਿਹਬਲ ਹੋ ਕੇ ਢੋਲੇ ਗਾਈਆ । ਤੂੰ ਹੀ ਤੂੰ ਹੀ ਮਾਰਨ ਇਕ ਆਵਾਜ਼, ਆਪ ਆਪਣਾ ਗਏ ਗਵਾਈਆ । ਓਨ੍ਹਾਂ ਦਾ ਅੰਦਰ ਵੜ ਕੇ ਮੰਦਰ ਚੜ੍ਹ ਕੇ ਕਾਇਆ ਕਾਅਬੇ ਖੋਲ੍ਹ ਰਾਜ਼, ਰਿਜ਼ਕ ਰਹੀਮ ਦੇ ਵਡਿਆਈਆ । ਅੰਤਰ ਮਿਟੇ ਅੰਧੇਰੀ ਰਾਤ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸਾਚੇ ਨਾਮ ਦੀ ਬਖ਼ਸ਼ ਅਗੰਮੀ ਦਾਤ, ਜੋ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਰਿਹਾ ਵਰਤਾਈਆ । ਬਿਨਾ ਰਸਨਾ ਜਿਹਵਾ ਤੋਂ ਦੱਸ ਆਪਣੀ ਗਾਥ, ਨਿਰਅੱਖਰ ਵਿਚੋਂ ਆਪਣਾ ਨਾਮ ਦ੍ਰਿੜਾਈਆ । ਔਖੀ ਮੰਜ਼ਲ ਰਹਿਬਰ ਹੋ ਕੇ ਮਿਟਾ ਵਾਟ, ਜੀਵਣ ਜੁਗਤੀ ਸਾਚੀ ਭਗਤੀ ਸਤਿ ਸਚ ਇਕ ਸਮਝਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਸਭ ਕਿਛ ਤੇਰੇ ਹਾਥ, ਜਨ ਭਗਤ ਸੁਹੇਲੇ ਤੇਰੇ ਦਾਸ, ਸੇਵਕ ਧੁਰ ਦੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ੍ਰੀ ਭਗਵਾਨ ਕਹੇ ਬਿਆਸ ਮੈਂ ਆਪਣੀ ਦਇਆ ਕਮਾਵਾਂਗਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਹੋ ਕੇ ਵੇਖ ਵਖਾਵਾਂਗਾ । ਘਟ ਨਿਵਾਸੀ ਨਿਰਗੁਣ ਧਾਰ ਵੇਸ ਵਟਾਵਾਂਗਾ । ਜੁਗ ਜਨਮ ਦੀ ਪੂਰੀ ਕਰ ਕੇ ਆਸੀ, ਭਗਤ ਸੁਹੇਲੇ ਆਪਣੇ ਰੰਗ ਰੰਗਾਵਾਂਗਾ । ਮਾਨਸ ਜਨਮ ਕਰ ਰਹਿਰਾਸੀ, ਰਸਤਾ ਧੁਰ ਦਾ ਇਕ ਵਖਾਵਾਂਗਾ । ਜਿਥੇ ਇਕੋ ਪਵੇ ਰਾਸੀ, ਗੋਪੀ ਕਾਹਨ ਆਪਣੀ ਖੇਲ ਪਰਗਟਾਵਾਂਗਾ । ਜਨਮ ਜਨਮ ਦੀ ਮੇਟ ਕੇ ਵਾਟੀ, ਲੱਖ ਚੁਰਾਸੀ ਪੰਧ ਮੁਕਾਵਾਂਗਾ । ਨਾਤਾ ਜੋੜ ਕੇ ਨਿਰਗੁਣ ਧਾਰ ਕਮਲਾਪਾਤੀ, ਪਤਿਪਰਮੇਸ਼ਵਰ ਹੋ ਕੇ ਨਜ਼ਰੀ ਆਵਾਂਗਾ । ਗੁਰ ਅਵਤਾਰ ਪੈਗ਼ੰਬਰਾਂ ਜੋ ਲੇਖਾ ਲਿਖਿਆ ਕਲਮ ਦਵਾਤੀ, ਸ਼ਹਾਦਤ ਵਿਚ ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਸਰਬ

ਭੁਗਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਪ੍ਰਭ ਕਾਰ ਕਮਾਇਗਾ । ਕਲਜੁਗ ਅੰਤ ਪਾਵੇ ਸਾਰ ਸ੍ਰੀ ਭਗਵੰਤ, ਦੀਨਾਂ ਅਨਾਥਾਂ ਦੀਨ ਦਿਆਲ ਆਪ ਉਠਾਇਗਾ । ਮਹਿੰਮਾ ਦੱਸ ਅਗਣਤ, ਧੁਰ ਦਾ ਢੋਲਾ ਮਣੀਆਂ ਮੰਤ, ਸਤਿ ਸਤਿਵਾਦੀ ਆਪ ਸੁਣਾਵੇਗਾ । ਗੜ੍ਹ ਤੋੜ ਕੇ ਹਉਮੇ ਹੰਗਤ, ਹਰਿਜਨ ਮੇਲ ਕੇ ਸਾਚੀ ਸੰਗਤ, ਸਗਲਾ ਸੰਗ ਸੂਰਾ ਸਰਬੰਗ ਆਪ ਅਖਵਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਵੇਗਾ । ਬਿਆਸ ਕਹੇ ਮੇਰੀ ਪਿਛਲੀ ਇਕ ਅਰਜ਼ੋਈ, ਬੇਨੰਤੀ ਕਰ ਕੇ ਦਿਆਂ ਸੁਣਾਈਆ । ਪੁਰਖ ਅਕਾਲ ਤੁਧ ਬਿਨ ਮਿਲੇ ਕੋਈ ਨਾ ਢੋਈ, ਧੁਰ ਦੀ ਧਾਰ ਨਾ ਕੋਇ ਬੰਧਾਈਆ । ਕਲਜੁਗ ਸ੍ਰਿਸ਼ਟੀ ਗੂੜ੍ਹੀ ਨੀਂਦ ਸੋਈ, ਸੋਈ ਸੁਰਤੀ ਨਾ ਕੋਇ ਉਠਾਈਆ । ਜੂਠ ਝੂਠ ਲੋਭ ਵਿਕਾਰ ਫਿਰੀ ਦਰੋਹੀ, ਬਹੁੜੀ ਬਹੁੜੀ ਕਰੇ ਲੋਕਾਈਆ । ਜਨ ਭਗਤ ਸੁਹੇਲਾ ਦਿਸੇ ਲੋਕਮਾਤ ਨਾ ਕੋਈ, ਜੋ ਤੇਰਾ ਨਾਮ ਤੇਰੇ ਕੋਲੋਂ ਸੁਣ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਬਿਆਸ ਕਹੇ ਕੁਛ ਮੇਰੀ ਪਿਛਲੀ ਦਾਸਤਾਨ, ਪੂਰਬ ਲੇਖਾ ਦਿਆਂ ਦ੍ਰਿੜ੍ਹਾਈਆ । ਕੁਝ ਲਹਿਣਾ ਦੇਣਾ ਕ੍ਰਿਸ਼ਨਾ ਕਾਹਨ, ਸ੍ਰੀ ਭਗਵਾਨ ਭਗਵਨ ਤੇਰੇ ਦਰ ਸੁਣਾਈਆ । ਜਿਸ ਦਾ ਲਿਖਿਆ ਨਹੀਂ ਕਿਸੇ ਬਿਆਨ, ਕਲਮ ਸ਼ਾਹੀ ਨਾ ਵੰਡ ਵੰਡਾਈਆ । ਉਸ ਨੇ ਉਂਗਲਾਂ ਦਾ ਲਾ ਕੇ ਨਿਸ਼ਾਨ, ਪੰਜਾ ਮੇਰੇ ਵਿਚ ਫਿਰਾਈਆ । ਮੈਨੂੰ ਸਮਝ ਕੇ ਬਾਲ ਨਾਦਾਨ, ਅਗਲਾ ਹੁਕਮ ਦਿਤਾ ਜਣਾਈਆ । ਸ਼ਬਦ ਅਗੰਮੀ ਬੋਲ ਕੇ ਬਿਨਾ ਕਾਨ, ਮੇਰੇ ਅੰਦਰ ਦਿਤਾ ਟਿਕਾਈਆ । ਮੈਂ ਸੁਣ ਕੇ ਹੋਇਆ ਹੈਰਾਨ, ਪਰੇਸ਼ਾਨੀ ਵਿਚ ਅੱਖ ਖੁਲ੍ਹਾਈਆ । ਨਿਉਂ ਕੇ ਲੱਗਾ ਸੀਸ ਝੁਕਾਣ, ਚਰਨਾਂ ਉਪਰ ਆਪਣਾ ਆਪ ਟਿਕਾਈਆ । ਅੱਗੋਂ ਸੁਣ ਹੋਰ ਫ਼ਰਮਾਨ, ਫ਼ਰਮਾਂਬਰਦਾਰ ਕਹਿ ਕੇ ਮੈਨੂੰ ਦਿਤਾ ਸੁਣਾਈਆ । ਤੇਰਾ ਵਹਿਣ ਵਗਦਾ ਰਹੇ ਵਿਚ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਖੇਲ ਰਿਹਾ ਵਖਾਈਆ । ਬਿਆਸ ਕਹੇ ਮੈਂ ਹੱਸ ਕੇ ਕਿਹਾ ਕੁਛ ਦੇ ਦੇ ਮੈਨੂੰ ਦਾਨ, ਦਾਤਾ ਹੋ ਕੇ ਝੋਲੀ ਪਾਈਆ । ਕਾਹਨ ਕਿਹਾ ਮੈਂ ਭੇਵ ਖੋਲ੍ਹਾਂ ਮਹਾਨ, ਮਹਿੰਮਾ ਕਥ ਦ੍ਰਿੜ੍ਹਾਈਆ । ਜਿਸ ਵੇਲੇ ਕਲਜੁਗ ਅੰਤ ਅਖ਼ੀਰ ਸਤਿ ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਕੂੜ ਕੁੜਿਆਰ ਵੱਜੇ ਵਧਾਈਆ । ਓਸ ਵੇਲੇ ਨਿਰਗੁਣ ਧਾਰ ਏਕੰਕਾਰ ਖੇਲ ਕਰੇ ਸ੍ਰੀ ਭਗਵਾਨ, ਵਿਸ਼ਵ ਆਪਣਾ ਪੜਦਾ ਲਾਹੀਆ । ਤੇਰਾ ਲਹਿਣਾ ਦੇਣਾ ਅੰਤ ਅਖ਼ੀਰ ਚੁਕਾਏ ਆਣ, ਮਿਹਰਵਾਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਪਰਮਾਤਮ ਹੋ ਕੇ ਆਤਮ ਧਾਰ ਦਏ ਵਡਿਆਈਆ ।

### ★ ੫ ਪੋਹ ਸ਼ਹਿਨਸ਼ਾਹੀ ਸੰਮਤ ੨ ਜੀਆ ਲਾਲ ਦੇ ਗ੍ਰਿਹ ਤਲਵਾੜਾ ★

ਬਿਆਸ ਕਹੇ ਮੇਰੀ ਆਸਾ ਬਹੁ ਪੁਰਾਣੀ, ਪੁਰਾਨ ਸ਼ਾਸਤਰ ਵੇਦ ਮੇਰੀ ਦੇਣ ਗਵਾਹੀਆ । ਗੁਰ ਅਵਤਾਰ ਤੇਰੇ ਬਣ ਕੇ ਆਏ ਬਾਨੀ, ਜੁਗ ਚੌਕੜੀ ਸੇਵ ਕਮਾਈਆ । ਸੰਤ ਭਗਤ ਤੇਰੀ ਦੱਸਦੇ ਰਹੇ ਕਥਾ ਕਹਾਣੀ, ਖ਼ੁਸ਼ੀਆਂ ਵਾਲੇ ਢੋਲੇ ਗਾਈਆ । ਮਹਿੰਮਾ ਕਹਿੰਦੇ ਰਹੇ ਪਵਣ ਪਾਣੀ, ਸੰਦੇਸੇ ਧੁਰ ਦੇ ਅਗੰਮ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰਾ ਕਰਦੇ ਗਏ ਧਿਆਨੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਾਤਬ

ਲੇਖ ਲਿਖਦੇ ਗਏ ਬਣ ਬਹੁ ਵਿਦਵਾਨੀ, ਤੇਰੀ ਮਹਿੰਮਾ ਸਿਫ਼ਤ ਸਿਫ਼ਤ ਸਮਝਾਈਆ । ਰਿਖੀ ਮੁਨੀ ਤਪੀ ਹਠੀ ਮੇਰੇ ਤਟ ਕਿਨਾਰੇ ਤੇਰੀ ਲੱਭਦੇ ਗਏ ਨਿਸ਼ਾਨੀ, ਨਿਛਾਵਰ ਆਪਣਾ ਆਪ ਕਰਾਈਆ । ਜੋਗ ਅਭਿਆਸ ਅੰਦਰ ਤੇਰੀ ਖੋਜਦੇ ਰਹੇ ਜੋਤ ਨੁਰਾਨੀ, ਨਿਰਗੁਣ ਨਿਰਵੈਰ ਤੇਰਾ ਰਾਹ ਤਕਾਈਆ । ਜੀਵ ਜੰਤ ਮੰਗਦੇ ਰਹੇ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਤੂੰ ਬੇਪਰਵਾਹ ਹੋ ਕੇ ਸਚਖੰਡ ਵਸਦਾ ਰਿਹੋਂ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਆਸਣ ਲਾਈਆ । ਮੇਰੇ ਅੰਤਰ ਜੁਗ ਜੁਗ ਆਉਂਦੀ ਰਹੀ ਹੈਰਾਨੀ, ਪਰੇਸ਼ਾਨੀ ਅੰਤਰ ਅੰਤਰ ਵਧਾਈਆ । ਕੋਈ ਭੇਵ ਨਾ ਆਇਆ ਪਰਵਰਦਿਗਾਰ ਤੇਰੀ ਖੇਲ ਮਹਾਨੀ, ਅਬਿਨਾਸ਼ੀ ਕਰਤੇ ਤੇਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਈਆ । ਬਿਆਸ ਕਹੇ ਮੈਂ ਵਹਿੰਦਾ ਰਿਹਾ ਜਲ ਜਲ ਧਾਰ, ਪਾਣੀ ਆਪਣਾ ਰੂਪ ਵਖਾਈਆ । ਰੁੜ੍ਹਦਾ ਰਿਹਾ ਟਿੱਲੇ ਪਰਬਤ ਉਚੇ ਵਹਿੰਦਾ ਰਿਹਾ ਡੂੰਘੀ ਗਾਰ, ਥਲਾਂ ਵਿਚ ਆਪਣਾ ਫੇਰਾ ਪਾਈਆ । ਖੋਜਦਾ ਰਿਹਾ ਪੁਰਖ ਅਕਾਲ ਅਬਿਨਾਸ਼ੀ ਕਰਤਾ ਧੁਰ ਦਾ ਯਾਰ, ਆਪਣੀ ਆਸਾ ਆਪਣੇ ਨਾਲ ਰਖਾਈਆ । ਵੇਖਦਾ ਰਿਹਾ ਗੁਰੂ ਅਵਤਾਰ, ਪੈਗ਼ੰਬਰਾਂ ਧਿਆਨ ਲਗਾਈਆ । ਕਰਦਾ ਰਿਹਾ ਸ਼ਬਦੀ ਤਕਰਾਰ, ਪੁਛਦਾ ਰਿਹਾ ਭੇਵ ਅਲਾਹੀਆ । ਮੈਨੂੰ ਸਾਰੇ ਸੰਦੇਸਾ ਦੇ ਕੇ ਗਏ ਆਪਣੀ ਵਾਰ, ਅਵਤਾਰ ਤੇਈ ਗਏ ਦ੍ਰਿੜਾਈਆ । ਪੈਗ਼ੰਬਰਾਂ ਵੇਖਿਆ ਆਪਣੀ ਧਾਰ, ਬਿਨ ਅੱਖਾ ਅੱਖ ਖੁਲ੍ਹਾਈਆ । ਗੁਰੂ ਕਰ ਕੇ ਗਏ ਇਜ਼ਹਾਰ, ਇਤਬਾਰ ਤੇਰੇ ਉਤੇ ਰਖਾਈਆ ਮੇਰੀ ਕਿਸੇ ਨਾ ਸੁਣੀ ਪੁਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਗੋਬਿੰਦ ਅੰਤ ਸੰਦੇਸਾ ਦਿਤਾ ਏਕਾ ਵਾਰ, ਸ਼ਬਦ ਅਨਾਦੀ ਨਾਦ ਵਜਾਈਆ । ਆਲਸ ਨਿੰਦਰਾ ਵਿਚੋਂ ਕਰ ਕੇ ਖ਼ਬਰਦਾਰ, ਹੁਕਮ ਦਿਤਾ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਖੇਲ ਖੇਲੇ ਨਿਰਾਕਾਰ, ਜੋਤੀ ਜਾਤਾ ਪੁਰਖ ਬਿਧਾਤਾ ਸ਼ਬਦੀ ਧਾਰ ਆਪਣਾ ਹੁਕਮ ਵਰਤਾਈਆ । ਜਿਸ ਨੂੰ ਜਗਤ ਬੁੱਧੀ ਸਮਝੇ ਨਾ ਕੋਇ ਸੰਸਾਰ, ਅਕਲ ਵਿਦਿਆ ਚਲੇ ਨਾ ਕੋਇ ਚਤੁਰਾਈਆ । ਅਪਰੰਪਰ ਸਵਾਮੀ ਆਪਣਾ ਖੇਲ ਕਰੇ ਅਪਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦਾ ਪੜਦਾ ਨਾ ਕੋਇ ਉਠਾਈਆ । ਸੋ ਦੀਨ ਦਿਆਲਾ ਵਡ ਕਿਰਪਾਲਾ ਅਗੰਮ ਅਗੰਮੜੀ ਕਰੇ ਕਾਰ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਮੁਕਾਈਆ । ਬਿਆਸ ਕਹੇ ਕੋਟ ਕੋਟਨ ਤਪੀਸ਼ਰ ਮੇਰੇ ਆਉਂਦੇ ਰਹੇ ਕਿਨਾਰਾ, ਤਟ ਬਹਿ ਕੇ ਖ਼ੁਸ਼ੀ ਮਨਾਈਆ । ਗਾਉਂਦੇ ਰਹੇ ਸੁਣਾਉਂਦੇ ਰਹੇ ਪਰਮ ਪੁਰਖ ਦੀਆਂ ਵਾਰਾ, ਵਾਰਤਾ ਤਹਿਰੀਰ ਵਿਚ ਤਕਰੀਰ ਵਿਚ ਦ੍ਰਿੜਾਈਆ । ਮੈਂ ਕਰਦਾ ਰਿਹਾ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਪੁਛਦਾ ਰਿਹਾ ਦਵਾਰਾ, ਕਵਣ ਗ੍ਰਿਹ ਮਿਲੇ ਬੇਪਰਵਾਹੀਆ । ਹੁਕਮੇ ਅੰਦਰ ਸ਼ਬਦੀ ਧਾਰ ਕਰਦੇ ਗਏ ਇਸ਼ਾਰਾ, ਧੁਰ ਦੀ ਸੈਨਤ ਨਾਲ ਸਮਝਾਈਆ । ਜਿਸ ਵੇਲੇ ਕਲ ਕਲਕੀ ਲਏ ਅਵਤਾਰਾ, ਅਮਾਮ ਅਮਾਮਾਂ ਆਪਣਾ ਵੇਸ ਵਟਾਈਆ । ਸੋ ਦੋ ਜਹਾਨਾਂ ਪਾਵੇ ਸਾਰਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖ ਵਖਾਈਆ । ਚਾਰ ਜੁਗ ਦਾ ਪੂਰਬ ਕਰਜ਼ਾ ਲਾਹੇ ਉਧਾਰਾ, ਲੇਖਾ ਸਭ ਦਾ ਦਏ ਮੁਕਾਈਆ । ਘਟ ਭੀਤਰ ਵੇਖੇ ਵਿਗਸੇ ਪਾਵੇ ਸਾਰਾ, ਅੰਤਰ ਖੋਜੇ ਥਾਉਂ ਥਾਈਂਆ । ਸਚ ਸਵਾਮੀ ਹੋ ਕੇ ਦੇਵੇ ਸਹਾਰਾ, ਸਮਰਥ ਹੋ ਕੇ ਆਪਣੀ ਦਇਆ ਕਮਾਈਆ । ਤੇਰੀ ਧਾਰ ਵਿਚੋਂ ਆਪਣੀ ਧਾਰ ਦਾ ਦਏ ਫੁਹਾਰਾ, ਅੰਮ੍ਰਿਤ ਮੇਘ ਬੂੰਦ ਸਵਾਂਤੀ ਮੁਖ

ਚੁਆਈਆ । ਜਿਸ ਦਾ ਜਾਣੇ ਨਾ ਕੋਇ ਨਜ਼ਾਰਾ, ਜਗਤ ਵਿਦਵਾਨਾਂ ਸਮਝ ਕੋਇ ਨਾ ਆਈਆ । ਸੋ ਖੇਲ ਕਰੇ ਨਿਰੰਕਾਰਾ, ਹਰਿ ਕਰਤਾ ਧੁਰਦਰਗਾਹੀਆ । ਨਿਰਗੁਣ ਹੋ ਕੇ ਪਾਵੇ ਸਾਰਾ, ਸਾਹਿਬ ਸਵਾਮੀ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਬਿਆਸ ਕਹੇ ਮੈਂ ਕੋਟਨ ਕੋਟ ਵੇਖੇ ਜਤੀ ਸਤੀ, ਤਪੀਸ਼ਰ ਧੂਣੀਆਂ ਗਏ ਤਪਾਈਆ । ਮੀਟਦੇ ਰਹੇ ਨੇਤਰ ਲੋਚਣ ਨੈਣ ਅੱਖੀਂ, ਜਗਤ ਵਾਸਨਾ ਦ੍ਰਿਸ਼ਟੀ ਬੰਦ ਕਰਾਈਆ । ਪਿਆਰ ਮੁਹੱਬਤ ਵਿਚ ਬਣਦੇ ਰਹੇ ਸਖ਼ੀ, ਸੇਵਕ ਹੋ ਕੇ ਸਾਚੀ ਸੇਵ ਕਮਾਈਆ । ਰਹਿੰਦੇ ਰਹੇ ਝੁੱਗੀ ਪਾ ਕੇ ਕੱਖੀਂ, ਮਹੱਲ ਅਟਲ ਜਗਤ ਤਜਾਈਆ । ਘਾਲ ਘਾਲਦੇ ਰਹੇ ਹੱਥੀਂ, ਦਿਵਸ ਰੈਣ ਹੱਥ ਜੋੜ ਸੀਸ ਨਿਵਾਈਆ । ਪੜ੍ਹਦੇ ਰਹੇ ਨਾਮ ਅੱਖਰਾਂ ਵਾਲੀ ਪੱਟੀ, ਸਤਰਾਂ ਵਾਲਾ ਜੋੜ ਜੁੜਾਈਆ । ਮਾਲਾ ਮਣਕਿਆਂ ਵਾਲੀ ਖੱਟਦੇ ਰਹੇ ਖੱਟੀ, ਖਟਕਾ ਅੰਦਰੋਂ ਨਾ ਕੋਇ ਚੁਕਾਈਆ । ਸਚ ਵਸਤ ਦੀ ਲੱਭਦੇ ਗਏ ਹੱਟੀ, ਵਣਜਾਰੇ ਬਣ ਕੇ ਫਿਰੇ ਚਾਈਂ ਚਾਈਆ । ਪੁਰਖ ਅਕਾਲ ਦੀਨ ਦਿਆਲ ਮੇਲ ਹੋਇਆ ਨਾ ਕਿਸੇ ਕਮਲਾਪਤੀ, ਪੱਤਣ ਬੈਠੇ ਸਾਰੇ ਰੋਵਣ ਮਾਰਨ ਧਾਹੀਂਆ । ਸ਼ਬਦੀ ਧਾਰ ਕਿਸੇ ਨਾ ਨੇਤਰ ਤੱਕੀ, ਸਚ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੂਰਬ ਲੇਖਾ ਦੇ ਵਖਾਈਆ । ਬਿਆਸ ਕਹੇ ਮੇਰੇ ਤਟ ਕਿਨਾਰੇ ਲਾਉਂਦੇ ਗਏ ਧਿਆਨ, ਸੁਨ ਸਮਾਧੀਆਂ ਵਿਚ ਸਮਾਈਆ । ਕਰਦੇ ਗਏ ਇਸ਼ਨਾਨ, ਅੰਮ੍ਰਿਤ ਸਰ ਸਰੋਵਰ ਬਣਾਈਆ । ਖੋਜਦੇ ਗਏ ਰਾਮ, ਰਮਤਾ ਹੋ ਕੇ ਭੱਜੇ ਵਾਹੋ ਦਾਹੀਆ । ਲੁਕਦੇ ਗਏ ਕਾਹਨ, ਘਨੱਈਆ ਅੱਖ ਉਠਾਈਆ । ਤੋੜਦੇ ਗਏ ਮਾਣ, ਅਭਿਮਾਨ ਗਏ ਮਿਟਾਈਆ । ਰਾਹ ਤੱਕਦੇ ਗਏ ਤੇਰਾ ਭਗਵਾਨ, ਦਿਵਸ ਰੈਣ ਅੱਖ ਖੁਲ੍ਹਾਈਆ । ਮੈਂ ਵੇਖ ਕੇ ਹੁੰਦਾ ਰਿਹਾ ਹੈਰਾਨ, ਪ੍ਰਭ ਤੇਰੀ ਬੇਪਰਵਾਹੀਆ । ਸਨਮੁਖ ਹੋ ਕੇ ਕਿਸੇ ਦਰਸ ਨਾ ਦਿਤਾ ਆਣ, ਸਵੱਛ ਸਰੂਪ ਨਾ ਕੋਇ ਵਟਾਈਆ । ਥੋੜ੍ਹਾ ਭਗਤ ਦੇ ਕੇ ਗਏ ਫ਼ਰਮਾਨ, ਨਾਮ ਸੰਦੇਸ਼ਾ ਇਕ ਜਣਾਈਆ । ਇਸ਼ਟ ਦੇਵ ਸਵਾਮੀ ਤੇਰਾ ਉੱਤਮ ਸ੍ਰੇਸ਼ਟ ਵਿਚ ਜਹਾਨ, ਸ਼ਾਸਤਰਾਂ ਤੋਂ ਅੱਗੇ ਤੇਰੀ ਪੜ੍ਹਾਈਆ । ਜਿਨ੍ਹਾਂ ਉਪਰ ਹੋਵੇਂ ਮਿਹਰਵਾਨ, ਮਹਿਬੂਬ ਹੋ ਕੇ ਦਇਆ ਕਮਾਈਆ । ਸੋ ਸਹਿਜੇ ਮਿਲਣ ਆਣ, ਅੱਗੇ ਹੋ ਨਾ ਕੋਇ ਅਟਕਾਈਆ । ਮੇਰੀ ਬੇਨੰਤੀ ਕਰ ਪਰਵਾਨ, ਚੌਥੇ ਜੁਗ ਦਿਆਂ ਦੁਹਾਈਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਫਿਰੇ ਸ਼ੈਤਾਨ, ਸ਼ਰਅ ਕਰੇ ਲੜਾਈਆ । ਹਿਰਦੇ ਦਿਸੇ ਨਾ ਕਿਸੇ ਵਸਿਆ ਰਾਮ, ਮੁਖੋਂ ਰਾਮ ਰਾਮ ਸਾਰੇ ਗਾਈਆ । ਘਰ ਨਜ਼ਰ ਨਾ ਆਵੇ ਸਖ਼ੀਆਂ ਦਾ ਕਾਹਨ, ਧੁਰ ਦੇ ਕਾਹਨ ਦਰਸ ਕੋਇ ਨਾ ਪਾਈਆ । ਹਕ ਪੈਗ਼ੰਬਰ ਮਿਲੇ ਕੋਈ ਨਾ ਆਣ, ਮਹਿਬੂਬ ਮੁਹੱਬਤ ਵਿਚ ਹੁਜਰੇ ਨਾ ਕੋਇ ਸੁਹਾਈਆ । ਰਸਨਾ ਜਿਹਵਾ ਵਾਲੇ ਢੋਲੇ ਗਾਣ, ਮਨ ਵਾਸਨਾ ਝਟ ਲੰਘਾਈਆ । ਸਤਿਗੁਰ ਕਰੇ ਨਾ ਕੋਇ ਪਰਵਾਨ, ਪਰਮ ਪੁਰਖ ਨਾ ਕੋਇ ਮਿਲਾਈਆ । ਭਰਮੇ ਭੁੱਲੇ ਜਗਤ ਵਿਦਵਾਨ, ਵਿਦਿਆਰਥੀ ਸਚ ਨਜ਼ਰ ਕੋਇ ਨਾ ਆਈਆ । ਬਿਆਸ ਕਹੇ ਮੈਂ ਮੰਗਾਂ ਏਕੋ ਚਰਨ ਧਿਆਨ, ਅਭਿਮਾਨ ਅਵਰ ਨਾ ਕੋਇ ਰਖਾਈਆ । ਕਿਰਪਾ ਕਰ ਮੇਰੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਮੇਰਾ ਪੂਰਬ ਲੇਖਾ ਚੁੱਕੇ ਵਿਚ ਜਹਾਨ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਦੂਸਰ ਅਵਰ ਨਜ਼ਰ ਕੋਇ ਨਾ ਆਈਆ ।

੩੨੦ ੨੦

★ ੫ ਪੋਹ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਦੇ ਗ੍ਰਿਹਿ ਤਲਵਾੜਾ ★

ਬਿਆਸ ਕਹੇ ਪ੍ਰਭ ਸਭ ਦੀ ਪੂਰੀ ਕਰ ਭਾਵਨਾ, ਭਾਵੀ ਭੈ ਭੌ ਨਾ ਕੋਇ ਜਣਾਈਆ । ਨਿਰਗੁਣ ਹੋ ਕੇ ਆਤਮ ਪਕੜ ਦਾਮਨਾ, ਦਾਮਨਗੀਰ ਹੋ ਕੇ ਆਪਣਾ ਮੇਲ ਮਿਲਾਈਆ । ਮਨ ਹੰਕਾਰੀ ਦੁਸ਼ਟ ਰਹੇ ਨਾ ਰਾਵਣਾ, ਰਾਮ ਰਮਈਆ ਹੋ ਕੇ ਦੇ ਵਡਿਆਈਆ । ਇਕੋ ਨਾਮ ਨਿਧਾਨਾ ਤੇਰਾ ਸਭ ਨੇ ਗਾਵਣਾ, ਗਹਿਰ ਗੰਭੀਰ ਬੇਨਜ਼ੀਰ ਦੇਣਾ ਸਮਝਾਈਆ । ਪਤਿਪਰਮੇਸ਼ਵਰ ਇਕੋ ਰਾਵਣਾ, ਰੰਗਤ ਧੁਰ ਦੀ ਦੇਣੀ ਚੜ੍ਹਾਈਆ । ਕਲਜੁਗ ਕੂੜੀ ਕਿਰਿਆ ਜਗਤ ਵਿਕਾਰ ਪੰਧ ਮੁਕਾਵਣਾ, ਲੋਕਮਾਤ ਧਰਨੀ ਧਰਤ ਧਵਲ ਰਹਿਣ ਨਾ ਪਾਈਆ । ਕਾਇਆ ਮਾਟੀ ਸਾਚਾ ਮੰਦਰ ਧੁਰ ਮੁਕਾਮ ਇਕ ਸੁਹਾਵਣਾ, ਸੋਭਾਵੰਤ ਦੀਪਕ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਰਸ ਜਨ ਭਗਤਾਂ ਜਾਮ ਪਿਆਵਣਾ, ਨਾਮ ਖ਼ੁਮਾਰੀ ਦੇਣਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਬਿਆਸ ਕਹੇ ਪ੍ਰਭ ਬਖ਼ਸ਼ ਦੇ ਆਪਣਾ ਨੂਰ, ਨੂਰ ਨੁਰਾਨੇ ਹਰਿਜਨ ਸਾਚੇ ਦੇ ਬਣਾਈਆ । ਆਪਣੇ ਨਾਮ ਦੀ ਦੇ ਦੇ ਤੂਰ, ਤੁਰੀਆ ਤੋਂ ਪਰੇ ਮੇਲਾ ਲੈ ਮਿਲਾਈਆ । ਝਗੜਾ ਰਹੇ ਨਾ ਕਿਰਿਆ ਕੂੜ, ਮੋਹ ਵਿਕਾਰ ਦੇਣਾ ਗਵਾਈਆ । ਸਾਚੇ ਚਰਨਾਂ ਬਖ਼ਸ਼ ਕੇ ਧੂੜ, ਦੁਰਮਤ ਮੈਲ ਦੇਣੀ ਧਵਾਈਆ । ਆਪਣਾ ਦਰਸ ਦੇਣਾ ਜ਼ਰੂਰ, ਸਵੱਛ ਸਰੂਪ ਬਦਲਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਹਾਜ਼ਰ ਹਜ਼ੂਰ, ਪੜਦਾ ਓਹਲਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਈਆ । ਬਿਆਸ ਕਹੇ ਜੁਗ ਗਏ ਬੀਤ, ਤੇਰਾ ਧਿਆਨ ਲਗਾਈਆ । ਗਾ ਗਾ ਥੱਕਾ ਗੀਤ, ਢੋਲੇ ਡੰਕ ਵਜਾਈਆ । ਸੌਂ ਸੌਂ ਥੱਕਾ ਨੀਂਦ, ਗ਼ਫ਼ਲਤ ਵਿਚ ਆਪਣਾ ਆਪ ਮਿਟਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਬਦਲਦੀ ਵੇਖੀ ਰੀਤ, ਰੀਤੀਵਾਨ ਤੇਰੀ ਵਡਿਆਈਆ । ਨਜ਼ਾਰਾ ਵੇਖਿਆ ਮੰਦਰ ਮਸੀਤ, ਸ਼ਿਵਦਵਾਲੇ ਮੱਠ ਖੋਜ ਖੁਜਾਈਆ । ਜਲਵਾ ਤੱਕਿਆ ਊਚ ਨੀਚ, ਹਸਤ ਕੀਟ ਪੜਦਾ ਲਾਹੀਆ । ਕਲਮਾ ਨਾਮ ਸੁਣਿਆ ਹਦੀਸ, ਹਜ਼ਰਤ ਗਏ ਸੁਣਾਈਆ । ਕਿਰਪਾ ਕਰ ਅੰਤ ਜਗਦੀਸ਼, ਜਗਦੀਸ਼ਰ ਤੇਰੀ ਓਟ ਤਕਾਈਆ । ਭਗਤ ਸੁਹੇਲੇ ਬਣਾ ਆਪਣੇ ਮੀਤ, ਮਿਤਰ ਪਿਆਰਾ ਹੋ ਕੇ ਦੇ ਵਡਿਆਈਆ । ਤੇਰੇ ਉਤੇ ਇਕ ਉਮੀਦ, ਆਮਦ ਵਿਚ ਪ੍ਰੀਤਮ ਹੋ ਕੇ ਆਪਣਾ ਰੰਗ ਚੜ੍ਹਾਈਆ । ਰਹਿਮਤ ਵਿਚ ਕਰ ਬਖ਼ਸ਼ੀਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ । ਦਇਆ ਕਮਾ ਦੇ ਸਵਾਮੀ ਮੇਰੇ, ਬੇਆਸ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਅੰਤਰ ਹੋਵਣ ਚਾਓ ਘਨੇਰੇ, ਭਗਵਨ ਹੋ ਕੇ ਮਿਲਣਾ ਚਾਈਂ ਚਾਈਆ । ਭਾਗ ਲਗਾਉਣਾ ਕਾਇਆ ਮਾਟੀ ਸਾਢੇ ਤਿੰਨ ਹੱਥ ਖੇੜੇ, ਗ੍ਰਿਹਿ ਮੰਦਰ ਅੰਦਰ ਖ਼ੁਸ਼ੀ ਦੇਣੀ ਵਖਾਈਆ । ਤੇਰੇ ਤਟ ਕਿਨਾਰੇ ਲਾ ਲਏ ਡੇਰੇ, ਮੇਰਾ ਤਟ ਕਿਨਾਰਾ ਗਏ ਤਜਾਈਆ । ਪੁਰਖ ਅਕਾਲ ਜੇ ਪੁਛੇਂ ਕਿਹੜੇ ਕਿਹੜੇ, ਕੋਟਾਂ ਵਿਚੋਂ ਬਹੁ ਥੋੜ੍ਹੇ ਨਜ਼ਰੀ ਆਈਆ । ਜਿਨ੍ਹਾਂ ਢੋਲੇ ਗਾਏ ਤੇਰੇ ਮੇਰੇ, ਤੇਰਾ ਮੇਰਾ ਰਾਗ ਰਹੇ ਅਲਾਈਆ । ਅੰਤ ਹਕੀਕਤ ਵਿਚੋਂ ਹਕ ਕਰ ਨਿਬੇੜੇ, ਸਮਰਥ ਆਪਣੀ ਮਿਹਰ ਨਜ਼ਰ ਉਠਾਈਆ । ਸ਼ਬਦ ਅਗੰਮੀ ਚਾੜ੍ਹ ਬੇੜੇ, ਨਈਆ ਨੌਕਾ ਜਗਤ ਨਾ ਕੋਇ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਨੰਤੀ ਤੇਰੇ ਅੱਗੇ ਸੁਣਾਈਆ । ਬਿਆਸ ਕਹੇ ਮੇਰੀ ਅੰਤਮ ਇਕੋ

ਲੋੜ, ਲੋੜੀਂਦੇ ਸੱਜਣ ਪੂਰ ਕਰਾਈਆ । ਹਰਿਜਨ ਵਿਛੜੇ ਆਪਣੇ ਨਾਲ ਜੋੜ, ਪੂਰਬ ਵਿਛੋੜਾ ਦੇ ਕਟਾਈਆ । ਗੁਰਮੁਖ ਰਹੇ ਨਾ ਕੋਈ ਅੰਧੇਰੇ ਘੋਰ, ਜਗਤ ਵਾਸਨਾ ਨਾ ਕੋਇ ਹਲਕਾਈਆ । ਸਚਖੰਡ ਨਿਵਾਸੀ ਆਪੇ ਬਹੁੜ, ਪੁਰਖ ਅਬਿਨਾਸ਼ੀ ਹੋ ਕੇ ਦਇਆ ਕਮਾਈਆ । ਜਨ ਭਗਤਾਂ ਸਾਚੇ ਸੰਤਾਂ ਸਦਾ ਤੇਰੀ ਲੋੜ, ਆਸਾ ਵਿਚ ਬੈਠੇ ਧਿਆਨ ਲਗਾਈਆ । ਹਿਰਦੇ ਅੰਦਰ ਨਿਰੰਤਰ ਹੋ ਕੇ ਵਸ ਕੋਲ, ਬਸੰਤਰ ਅਗਨੀ ਦੇ ਬੁਝਾਈਆ । ਸੁਰਤੀ ਸ਼ਬਦੀ ਜਾ ਮੌਲ, ਮੌਲਾ ਹੋ ਕੇ ਆਪਣਾ ਭੇਵ ਖੁਲ੍ਹਾਈਆ । ਪਿਛਲਾ ਯਾਦ ਕਰ ਕੌਲ, ਰਾਮ ਰਾਮਾ ਗਿਆ ਦ੍ਰਿੜਾਈਆ । ਲੇਖਾ ਲਹਿਣਾ ਦੇਣਾ ਮੁਕਾ ਧਰਨੀ ਧਰਤ ਧੌਲ, ਵਾਸਤਾ ਰਹੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰ ਅਡੋਲ, ਡੋਲਦੀ ਦਿਸੇ ਸਰਬ ਲੋਕਾਈਆ । ਬਿਆਸ ਕਹੇ ਵੇਖ ਕੌਲ ਇਕਰਾਰ, ਕਰਨੀ ਕਰਤੇ ਪੜਦਾ ਆਪ ਉਠਾਈਆ । ਜਿਸ ਦੇ ਵਿਚ ਭਗਤਾਂ ਨਾਲ ਪਿਆਰ, ਭਗਵਨ ਹੋ ਕੇ ਖ਼ੁਸ਼ੀ ਬਣਾਈਆ । ਸੰਤ ਸੁਹੇਲੇ ਲੈ ਉਭਾਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਸਤਿਵਾਦੀ ਬਣਨਾ ਯਾਰ, ਯਾਰੜਾ ਹੋ ਕੇ ਰੰਗ ਰੰਗਾਈਆ । ਤੇਰਾ ਕਰਦੇ ਰਹੇ ਇੰਤਜ਼ਾਰ, ਬਿਨ ਅੱਖਾ ਅੱਖ ਖੁਲ੍ਹਾਈਆ । ਤੂੰ ਕੀਤਾ ਆਣ ਬੇਦਾਰ, ਸੁੱਤਿਆਂ ਲਿਆ ਉਠਾਈਆ । ਮਾਨਸ ਜਨਮ ਪੈਜ ਸਵਾਰ, ਸੁਰਤੀ ਸ਼ਬਦ ਮਿਲਾਈਆ । ਹਰਿਜਨ ਰਹੇ ਨਾ ਕੋਇ ਗਵਾਰ, ਮੂਰਖ ਮੂੜ੍ਹਾਂ ਦੇ ਵਡਿਆਈਆ । ਤੇਰਾ ਨਾਉਂ ਸੱਚਾ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਮੇਰਾ ਲਹਿਣਾ ਦੇਣਾ ਕਰਜ਼ਾ ਦੇ ਉਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬਿਆਸ ਕਹੇ ਆਪਣਾ ਲੇਖਾ ਵੇਖ ਓਸ ਅਗੰਮੀ ਪੱਥਰ, ਜਿਸ ਦਾ ਰੂਪ ਨਜ਼ਰ ਕਿਸੇ ਨਾ ਆਈਆ । ਜਿਸ ਦੇ ਕਾਰਨ ਗੋਬਿੰਦ ਸੁੱਤਾ ਸੱਥਰ, ਤੇਰੀ ਸੇਜ ਸੁਹਾਈਆ । ਜਨ ਭਗਤਾਂ ਨਾਲੋਂ ਰਹੀਂ ਕਦੇ ਨਾ ਵੱਖਰ, ਦੂਜੇ ਦਰ ਨਾ ਡੇਰਾ ਲਾਈਆ । ਓਨ੍ਹਾਂ ਤੇਰੀ ਚੋਟੀ ਚੜ੍ਹਨਾ ਸ਼ਿਖ਼ਰ, ਮੰਜ਼ਲ ਤੇਰੀ ਬੇਪਰਵਾਹੀਆ । ਪੁਰਖ ਅਕਾਲ ਦੀਨ ਦਿਆਲ ਓਨ੍ਹਾਂ ਦਾ ਕਰ ਫ਼ਿਕਰ, ਜੋ ਤੇਰੇ ਨਾਮ ਦਾ ਫ਼ਿਕਰਾ ਗਾਈਆ । ਓਨ੍ਹਾਂ ਦੀ ਆਤਮ ਧਾਰੋਂ ਨਿਕਲ, ਬਾਹਰ ਖੋਜਣ ਕੋਇ ਨਾ ਜਾਈਆ । ਕਲਜੁਗ ਜੀਵ ਚਾਰ ਕੁੰਟ ਦਹਿ ਦਿਸ਼ਾ ਪਿੱਟਣ, ਨੇਤਰ ਰੋਵਣ ਮਾਰਨ ਧਾਈਆ । ਬਿਨ ਤੇਰੇ ਭਗਤਾਂ ਲੇਖਾ ਕੋਈ ਨਾ ਆਵੇ ਨਜਿੱਠਣ, ਜੁਗ ਚੌਕੜੀ ਰਹੀ ਸਮਝਾਈਆ । ਸਭ ਦੀ ਪੂਰੀ ਕਰ ਦੇ ਮਣਸਾ ਆਸਾ ਇੱਛਣ, ਇੱਛਿਆ ਵਿਚ ਭਿੱਛਿਆ ਦੇ ਪਾਈਆ । ਤੇਰਾ ਬੋਧ ਅਗਾਧਾ ਬੋਧ ਕਿਸੇ ਲੇਖ (ਵਿਚ) ਨਾ ਆਵੇ ਲਿਖਣ, ਕਲਮ ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਲੱਖ ਚੁਰਾਸੀ ਵਿਚੋਂ ਜਗਤ ਨਿਰਾਲੇ ਤੇਰੇ ਭਗਤ ਦਿਸਣ, ਦਿਸ਼ਾ ਵਿਚੋਂ ਆਪਣਾ ਹਿੱਸਾ ਰਹੇ ਵੰਡਾਈਆ । ਜੋ ਸਿੱਧੇ ਤੇਰੇ ਧਰਮ ਦਵਾਰੇ ਆ ਕੇ ਵਿਕਣ, ਕੀਮਤ ਉਨ੍ਹਾਂ ਲੈਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਬਿਧਾਤੇ ਦਾਤ ਆਪਣੀ ਦੇਣੀ ਵਰਤਾਈਆ । ਬਿਆਸ ਕਹੇ ਜਨ ਭਗਤਾਂ ਅੰਦਰੋਂ ਕੱਢਦੇ ਵਿੱਖ, ਅੰਮ੍ਰਿਤ ਰਸ ਦੇ ਚੁਆਈਆ । ਮਾਲਕ ਹੋ ਕੇ ਪਓ ਦਿਸ, ਦੀਦ ਅੰਦਰ ਕਰ ਰੁਸ਼ਨਾਈਆ । ਬਿਨ ਕਲਮ ਸ਼ਾਹੀ ਲੇਖਾ ਦੇ ਲਿਖ, ਨਿਰਅੱਖਰ ਧਾਰ ਮੇਲ ਮਿਲਾਈਆ । ਅੱਗੇ ਜੁਗ ਬੀਤੜੇ ਕਿਤ, ਗਿਣਤੀ ਗਣਤ ਨਾ ਕੋਇ ਗਿਣਾਈਆ । ਤੇਰਾ ਖੇਲ ਹੋਵੇ ਨਿਤ ਨਵਿਤ, ਜੁਗ ਚੌਕੜੀ ਤੇਰੀ ਬੇਪਰਵਾਹੀਆ । ਕਲਜੁਗ ਅੰਤ ਜਨ ਭਗਤਾਂ ਕਰ ਹਿਤ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਜਿਨ੍ਹਾਂ ਤੇਰੀ ਸਿਖਿਆ ਲਈ ਸਿਖ, ਸੱਚਾ ਢੋਲਾ ਤੇਰਾ ਨਾਮ ਗਾਈਆ । ਓਨ੍ਹਾਂ

ਦਾ ਮਾਲਕ ਬਣ ਪਿਤ, ਪੂਤ ਆਪਣੀ ਗੋਦ ਉਠਾਈਆ । ਭੇਵ ਅਭੇਦਾ ਖੋਲ੍ਹ ਅਨਡਿਠ, ਜਗਤ ਨੇਤਰਾਂ ਤੋਂ ਪਰੇ ਕਰ ਰੁਸ਼ਨਾਈਆ । ਸਦ ਰਹਿਣ ਤੇਰੀ ਸਾਇਆ ਹੇਠ, ਕਲਜੁਗ ਅਗਨੀ ਤਤ ਨਾ ਕੋਇ ਤਪਾਈਆ । ਬਿਆਸ ਕਹੇ ਮੇਰਾ ਅੰਤ ਅਖ਼ੀਰੀ ਲੇਖਾ ਮੁਕਾਉਣਾ ਮਹੀਨਾ ਜੇਠ, ਸੰਮਤ ਤਿੰਨ ਸ਼ਹਿਨਸ਼ਾਹੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਵਸਾ ਆਪਣੇ ਦੇਸ, ਪਰਦੇਸੀ ਗੁਰਮੁਖ ਰਹਿਣ ਕੋਇ ਨਾ ਪਾਈਆ ।

★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਇੱਕੀ ਪੋਹ ਕਹੇ ਮੈਂ ਚੜ੍ਹਿਆ ਅੱਛਾ, ਚਾਰ ਜੁਗ ਦੀ ਇਛਿਆ ਪੂਰ ਕਰਾਈਆ । ਹੁਕਮ ਸੰਦੇਸਾ ਦੇਵਾਂ ਸੱਚਾ, ਜ਼ਿਮੀਂ ਅਸਮਾਨਾਂ ਆਪ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਦਾ ਇਕੋ ਬੱਚਾ, ਸ਼ਬਦੀ ਸੁਤ ਦੁਲਾਰਾ ਖੇਲ ਖਿਲਾਈਆ । ਜਿਸ ਦਾ ਹੁਕਮ ਆਦਿ ਜੁਗਾਦਿ ਕਦੇ ਨਾ ਹੋਵੇ ਕੱਚਾ, ਧੁਰ ਦਾ ਪੱਕਾ ਰੰਗ ਦੇਣਾ ਚੜ੍ਹਾਈਆ । ਗੁਰ ਅਵਤਾਰ ਪੈਗ਼ੰਬਰਾਂ ਇਕੋ ਹੁਕਮ ਦੱਸਾ, ਦਿਸ਼ਾ ਤੋਂ ਬਾਹਰ ਦਿਤਾ ਜਣਾਈਆ । ਸਚ ਪ੍ਰੇਮ ਪਿਆਰ ਦਾ ਤਿਆਰ ਕਰ ਲਓ ਭੱਤਾ, ਸੁਘੜ ਸੁਚੱਜੀ ਸਵਾਣੀ ਰੂਪ ਬਣਾਈਆ । ਜਿਸ ਦਾ ਰਸ ਜੁਗ ਚੌਕੜੀ ਕਦੇ ਨਾ ਚੱਖਾ, ਰਸਨਾ ਜਿਹਵਾ ਨਾ ਕਦੇ ਲਗਾਈਆ । ਹਾਂਡੀ ਵਿਚ ਕਦੇ ਨਾ ਪੱਕਾ, ਅਗਨੀ ਤਾਅ ਨਾ ਕੋਇ ਤਪਾਈਆ । ਨੇਤਰ ਨੈਣ ਜਗਤ ਨਾ ਲੱਭਾ, ਸ੍ਰਿਸ਼ਟ ਦ੍ਰਿਸ਼ਟ ਵਿਚ ਧਿਆਨ ਨਾ ਕੋਇ ਰਖਾਈਆ । ਜਿਸ ਨੂੰ ਖਾਵਣਹਾਰਾ ਆਦਿ ਜੁਗਾਦੀ ਇਕੋ ਅੱਬਾ, ਪਿਤਾ ਪੁਰਖ ਅਕਾਲ ਬੇਪ੍ਰਵਾਹੀਆ । ਜਿਸ ਦੀ ਕਦੇ ਨਾ ਬਦਲੇ ਤਬਅ, ਤਬੀਅਤ ਸਭ ਦੀ ਦਏ ਬਦਲਾਈਆ । ਭੈ ਵਿਚ ਰੱਖੇ ਦੱਬਾ, ਸਿਰ ਸਕੇ ਨਾ ਕੋਇ ਉਠਾਈਆ । ਸੋ ਲਹਿਣਾ ਦੇਣਾ ਮੂਲ ਚੁਕਾਏ ਹਭਾ, ਹਰਿ ਸੱਜਣ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਇੱਕੀ ਪੋਹ ਕਹੇ ਮੇਰੀ ਕੋਈ ਨਾ ਜਾਣਿਓ ਵਦੀ ਸੁਦੀ, ਸੁਧ ਬੁਧ ਦੇ ਜਣਾਈਆ । ਮਾਣ ਵਡਿਆਈ ਕਰੇ ਨਾ ਕੋਈ ਜਗਤ ਬੁੱਧੀ, ਬੁੱਧੀਵਾਨਾਂ ਦਿਆਂ ਸਮਝਾਈਆ । ਆਪਣੀ ਰਮਜ਼ ਰੱਖੇ ਕੋਇ ਨਾ ਗੁੱਝੀ, ਘੋਰੀਆਂ ਦਿਆਂ ਉਠਾਈਆ । ਪ੍ਰਭ ਦੀ ਧਾਰ ਰਹੇ ਨਾ ਲੁਕੀ, ਲੋਕ ਪ੍ਰਲੋਕ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰਾਂ ਧਾਰ ਉਠਾਵੇ ਸੁੱਤੀ, ਏਕੰਕਾਰਾ ਇਕੋ ਦਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਵਖਾਈਆ । ਆਪਣਾ ਲੇਖਾ ਦੱਸੇ ਹਰਿ ਨਿਰੰਕਾਰ, ਹਰਿ ਕਰਤਾ ਵਡ ਵਡਿਆਈਆ । ਜੁਗ ਚੌਕੜੀ ਵੇਂਹਦਾ ਰਿਹਾ ਸੰਸਾਰ, ਸੰਸਾਰੀਆਂ ਤੋਂ ਪਰੇ ਡੇਰਾ ਲਾਈਆ । ਹੁਕਮੇ ਅੰਦਰ ਕਰਦਾ ਰਿਹਾ ਵਿਹਾਰ, ਵਿਵਹਾਰੀਆਂ ਦਾ ਮਾਲਕ ਨੂਰ ਖ਼ੁਦਾਈਆ । ਸੰਦੇਸੇ ਦੇਂਦਾ ਰਿਹਾ ਵਾਰੋ ਵਾਰ, ਸ਼ਬਦੀ ਧਾਰ ਅੱਖਰਾਂ ਵਿਚ ਪਰਗਟਾਈਆ । ਸਿਫਤਾਂ ਵਿਚ ਸਲਾਹਾਂ ਦਾ ਕਰਦਾ ਰਿਹਾ ਇਜ਼ਹਾਰ, ਮਲਾਹਾਂ ਦਾ ਰੂਪ ਗੁਰ ਅਵਤਾਰ ਪੈਗ਼ੰਬਰ ਜਗਤ ਅਖਵਾਈਆ । ਦੇਂਦਾ ਰਿਹਾ ਭੰਡਾਰ, ਭੇਰਾ ਭੇਰਾ ਝੋਲੀ ਪਾਈਆ । ਕਰਦਾ ਰਿਹਾ ਉਜਿਆਰ, ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਹੁਕਮੇ ਅੰਦਰ ਹਰਿ ਕਰਤਾ ਆਪ ਵਰਤਾਈਆ ।

★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਸੰਤੋਖ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਰਨ ਤਿਆਰੀ, ਨਿਰਗੁਣ ਧਾਰ ਸਚਖੰਡ ਦਵਾਰ ਖ਼ੁਸ਼ੀ ਬਣਾਈਆ । ਜੋਤੀ ਨੂਰ ਪਰਮ ਪੁਰਖ ਦੀ ਬਣ ਨਾਰੀ, ਅਗੰਮ ਅਗੰਮੜੇ ਧਾਮ ਆਪਣਾ ਹਾਰ ਸ਼ਿੰਗਾਰ ਬਣਾਈਆ । ਸੇਵਾ ਕਰਨ ਅਲਖ ਅਗੋਚਰ ਅਗੰਮ ਅਪਾਰੀ, ਪਤਿਪਰਮੇਸ਼ਵਰ ਬੇਪਰਵਾਹ ਅਗੰਮ ਅਥਾਹ ਵੇਖਣਾ ਚਾਈਂ ਚਾਈਂਆ । ਜੁਗ ਚੌਕੜੀ ਜਿਸ ਦੀ ਬਣੀ ਰਹੀ ਪਨਹਾਰੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਚਾਕਰ ਹੋ ਕੇ ਸੇਵ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਿਆਨ ਗੀਤਾ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦਾ ਸਿਫ਼ਤਾਂ ਵਾਲਾ ਮੰਗਦੀ ਰਹੀ ਭੰਡਾਰੀ, ਦਰ ਦਰਵੇਸ਼ ਹੋ ਕੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਨਿਰਗੁਣ ਸਰਗੁਣ ਧਾਰ ਜਿਸ ਨੂੰ ਕਰਦੇ ਰਹੇ ਨਿਮਸਕਾਰੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸੀਸ ਨਿਵਾਈਆ । ਸੋ ਸਾਹਿਬ ਸੁਲਤਾਨਾ ਨੌਜੁਆਨਾ ਮਰਦ ਮਰਦਾਨਾ ਨਿਰਗੁਣ ਜੋਤ ਕਰੇ ਉਜਿਆਰੀ, ਵਾਹਿਦ ਲਾਸ਼ਰੀਕ ਹਕ ਮਹਿਬੂਬ ਬੇਪ੍ਰਵਾਹੀਆ । ਹੁਕਮੇ ਅੰਦਰ ਹੁਕਮ ਸੰਦੇਸਾ ਸ਼ਬਦੀ ਸਤਿਗੁਰ ਦੇਵੇ ਏਕੋ ਵਾਰੀ, ਇਕ ਇਕੱਲਾ ਸਚ ਦਵਾਰਾ ਦਰਗਾਹ ਸਾਚੀ ਧਾਮ ਨਿਆਰਾ ਸਚ ਦਵਾਰੇ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰੇ ਲੈਣ ਅੰਗੜਾਈ, ਜੋਤੀ ਧਾਰ ਵਿਚੋਂ ਜੋਤ ਪ੍ਰਗਟਾਈਆ । ਕਲਜੁਗ ਅੰਤ ਸਦੀ ਚੌਧਵੀਂ ਰੁੱਤ ਸੁਹੰਜਣੀ ਲੋਕ ਮਾਤ ਆਈ, ਧਰਨੀ ਧਰਤ ਧੌਲ ਵੇਖਣ ਅੱਖ ਉਠਾਈਆ । ਨਵ ਨੌ ਚਾਰ ਜਿਸ ਦੀ ਯਾਦ ਵਿਚ ਆਪਣੀ ਆਸਾ ਮਨਸਾ ਜਗਤ ਲੰਘਾਈ, ਬ੍ਰਹਿਮੰਡਾਂ ਤੋਂ ਪਰੇ ਜਿਸ ਦਾ ਧਿਆਨ ਲਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣੀ ਖੇਲ ਰਿਹਾ ਰਚਾਈ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਹੁਕਮ ਸੰਦੇਸਾ ਨਰ ਨਰੇਸ਼ਾ ਦੇਵਣਹਾਰਾ ਥਾਉਂ ਥਾਂਈ, ਥਾਨ ਥਨੰਤਰ ਗਗਨ ਗਗਨੰਤਰ ਆਪਣਾ ਭੇਵ ਖੁਲ੍ਹਾਈਆ । ਤੇਈ ਅਵਤਾਰ ਕਹਿਣ ਸਾਡੀ ਵਾਰੀ ਆਈ, ਵਾਰਤਾ ਪਿਛਲੀ ਯਾਦ ਕਰਾਈਆ । ਈਸਾ ਮੂਸਾ ਮੁਹੰਮਦ ਕਹੇ ਮੇਰਾ ਹਜ਼ਰਤ ਬੇਪਰਵਾਹ ਨੂਰ ਅਲਾਹੀ, ਲਾਸ਼ਰੀਕ ਸ਼ਰਅ ਤੋਂ ਬਾਹਰ ਆਪਣਾ ਹੁਕਮ ਜਣਾਈਆ । ਨਾਨਕ ਗੋਬਿੰਦ ਕਹੇ ਚਰਨ ਕਵਲ ਮਿਲੇ ਸਰਨਾਈ, ਸਾਹਿਬ ਸੁਲਤਾਨ ਸ੍ਰੀ ਭਗਵਾਨ ਸਿਰ ਆਪਣਾ ਹੱਥ ਟਿਕਾਈਆ । ਸਚ ਸੰਦੇਸੇ ਅੰਦਰ ਰਿਹਾ ਬੁਲਾਈ, ਮਿਹਰਵਾਨ ਮਹਿਬੂਬ ਆਪਣੀ ਕਾਰ ਕਮਾਈਆ । ਰਲ ਮਿਲ ਸਾਰੇ ਗਾਉਣਾ ਚਾਈਂ ਚਾਈਂ, ਤੂੰ ਮੇਰਾ ਮੈਂ ਤੇਰਾ ਢੋਲਾ ਅਗੰਮ ਅਥਾਹੀਆ । ਪਿਛਲਾ ਲਹਿਣਾ ਦੇਣਾ ਦੇਣਾ ਮੁਕਾਈ, ਚਾਰ ਜੁਗ ਦਾ ਲੇਖਾ ਪ੍ਰਭ ਦੀ ਝੋਲੀ ਪਾਈਆ । ਅੱਗੇ ਚਲਣਾ ਏਕਾ ਹੁਕਮ ਰਜ਼ਾਈ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਧੁਰ ਦਾ ਮਾਲਕ ਪ੍ਰਿਤਪਾਲਕ ਖ਼ਾਲਕ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਬਣਨਾ ਸਚ ਸਵਾਣੀ, ਸੁਹੰਜਣੀ ਧੁਰ ਦੀ ਨਜ਼ਰੀ ਆਈਆ । ਸਮਰਥ ਸਵਾਮੀ ਲੱਭਣਾ ਇਕੋ ਹਾਣੀ, ਜੋ ਧੁਰ ਦਾ ਬਾਨੀ ਬੇਪਰਵਾਹੀਆ । ਜਿਸ ਦੇ ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਣੀ, ਦੇਵਤ ਸੁਰ ਬੈਠੇ ਸੀਸ ਨਿਵਾਈਆ । ਖੇਲ ਰਚਿਆ ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਸਿਫ਼ਤਾਂ

ਵਿਚ ਬੋਲ ਕੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਦਿਤੀ ਗਾਈਆ । ਲੱਖ ਚੁਰਾਸੀ ਜੀਵ ਜੰਤ ਨਿਸ਼ਾਨੀ, ਤ੍ਰੈਗੁਣ ਮਾਇਆ ਪੰਜ ਤਤ ਕੁੜਮਾਈਆ । ਜੋਤੀ ਸ਼ਬਦੀ ਖੇਲ ਮਹਾਨੀ, ਮਹਿੰਮਾ ਅਕਥ ਕਥ ਸੁਣਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਜਿਸ ਦੇ ਚਰਨ ਕਵਲ ਕਰਦੇ ਆਏ ਧਿਆਨੀ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਸੋ ਹੁਕਮਰਾਨ ਸ਼ਹਿਨਸ਼ਾਹ ਸ਼ਾਹ ਸੁਲਤਾਨੀ, ਦੋ ਜਹਾਨਾਂ ਵਾਲੀ ਇਕ ਅਖਵਾਈਆ । ਹੁਕਮ ਸੰਦੇਸੇ ਅੰਦਰ ਦੇ ਕੇ ਕੁਰਬਾਨੀ, ਫ਼ਰਮਾਂਬਰਦਾਰ ਸਾਰੇ ਰਿਹਾ ਉਠਾਈਆ । ਬਿਨ ਅੱਖਾਂ ਲੋਕਮਾਤ ਮਾਰ ਧਿਆਨੀ, ਚਾਰ ਕੁੰਟ ਦਹਿ ਦਿਸ਼ਾ ਜੀਵ ਜੰਤ ਸਰਬ ਕੁਰਲਾਈਆ । ਜਗਤ ਵਸਤੂ ਰਸਨਾ ਜਿਹਵਾ ਬੱਤੀ ਦੰਦ ਪੇਟ ਅਧਾਰ ਖਾਂਦੇ ਰਹੇ ਮਹਿੰਮਾਨੀ, ਸ਼ੁਕਰ ਮਿਹਰਵਾਨ ਕਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਲਹਿਣਾ ਦੇਣਾ ਚੁਕਾਵੇ ਦੋ ਜਹਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਕਰਾਈਆ । ਸੇਵਾ ਲਾਏ ਆਦਿ ਸ਼ਕਤ ਧੁਰ ਦੀ ਧਰਮ ਭਵਾਨੀ, ਦੁਰਗਾ ਇਸ਼ਟ ਰੂਪ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਨਾਤਾ ਤੁੱਟਾ ਪੰਜ ਤਤ ਤਨ ਵਜੂਦ ਨਜ਼ਰ ਨਾ ਆਵੇ ਕੋਇ ਆਲਮੇ ਜਾਵਦਾਨੀ, ਸ਼ਰਅ ਸ਼ਰੀਅਤ ਦੀਨ ਮਜ਼੍ਹਬ ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਇਕੋ ਹੁਕਮ ਦੇਵੇ ਪੁਰਖ ਅਕਾਲਾ ਦੀਨ ਦਿਆਲਾ ਜਿਸ ਨੂੰ ਸਮਝ ਨਾ ਸਕੇ ਕੋਈ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਗ੍ਰੰਥ ਅੰਤ ਕਹਿਣ ਕੋਇ ਨਾ ਪਾਈਆ । ਬੁੱਝ ਨਾ ਸਕੇ ਕੋਇ ਵਿਦਵਾਨੀ, ਚੌਦਾਂ ਲੋਕ ਚੌਦਾਂ ਵਿਦਿਆ ਰਹੀ ਕੁਰਲਾਈਆ । ਜਿਸ ਦੇ ਪਿਛੇ ਦੇ ਕੇ ਆਏ ਕੁਰਬਾਨੀ, ਕਰਬਲਿਆਂ ਵਿਚ ਆਪਣਾ ਆਪ ਮਿਟਾਈਆ । ਸੋ ਸਮਰਥ ਸਵਾਮੀ ਸਾਚਾ ਮਾਰਗ ਦੱਸੇ ਅਸਾਨੀ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕ ਇਕੱਲਾ ਸਚ ਮਹੱਲਾ ਸਤਿ ਸਤਿਵਾਦੀ ਆਪ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਸਚਖੰਡ ਇਕ ਦੂਜੇ ਨੂੰ ਕਰਨ ਇਸ਼ਾਰੇ, ਬਿਨ ਅੱਖਾਂ ਅੱਖ ਉਠਾਈਆ । ਉਠੋ ਵੇਖੋ ਲੋਕਮਾਤ ਜਗਤ ਨਜ਼ਾਰੇ, ਬੇਨਜ਼ੀਰ ਸਭ ਦੀ ਨਜ਼ਰ ਰਿਹਾ ਬਦਲਾਈਆ । ਸਦੀ ਚੌਧਵੀਂ ਜਗਤ ਦੀਨ ਦੁਨੀ ਪਹੁੰਚੀ ਉਸ ਕਿਨਾਰੇ, ਜਿਸ ਦਾ ਘਾਟ ਪੱਤਨ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਿਸ ਦੀ ਯਾਦ ਅੰਦਰ ਅਸੀਂ ਲਿਖਦੇ ਆਏ ਭਵਿਖਤ ਸਾਰੇ, ਕਾਗਦ ਕਲਮ ਸ਼ਾਹੀ ਜੋੜ ਜੁੜਾਈਆ । ਸੋ ਲੇਖਾ ਮੁੱਕਣ ਲੱਗਾ ਧੁਰ ਦਰਬਾਰੇ, ਦਰਗਾਹ ਸਾਚੀ ਆਪਣਾ ਹੁਕਮ ਵਰਤਾਈਆ । ਕਰਨਾ ਖੇਲ ਵਿਚ ਸੰਸਾਰੇ, ਸ੍ਰਿਸ਼ਟੀ ਦ੍ਰਿਸ਼ਟੀ ਤੋਂ ਬਾਹਰ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਨੂੰ ਰਹੇ ਦੱਸ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਇਕ ਦੇ ਹੋਈਏ ਵਸ, ਦੂਜਾ ਨਜ਼ਰ ਕੋਇ ਨਾ ਆਈਆ । ਸਭ ਕੁਛ ਇਕੋ ਦੇ ਹੱਥ, ਦੇਵਣਹਾਰਾ ਬੇਪਰਵਾਹੀਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਜੋ ਚਲਾਇਆ ਰਥ, ਬਣ ਰਥਵਾਹੀ ਸੇਵ ਕਮਾਈਆ । ਜਿਸ ਦਾ ਨਾਅਰਾ ਢੋਲਾ ਗਾਉਂਦੇ ਰਹੇ ਅਲੱਖ, ਅਲਖ ਨਿਰੰਜਣ ਸਿਫ਼ਤਾਂ ਨਾਲ ਵਡਿਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਖੋਲ੍ਹ ਅਗੰਮਾ ਹੱਟ, ਵਣਜਾਰੇ ਸਭ ਨੂੰ ਰਿਹਾ ਬਣਾਈਆ । ਝਗੜਾ ਮੁਕਾ ਕੇ ਚਾਰ ਵਰਨ ਅਠਾਰਾਂ ਬਰਨ ਦੀਨ ਦੁਨੀ ਨਾਲੋਂ ਕਰ ਕੇ ਵੱਖ, ਵੱਖਰਾ ਹੁਕਮ ਰਿਹਾ ਸੁਣਾਈਆ । ਸਾਚੀ ਰਚਨਾ ਰਿਹਾ ਰਚ, ਕਲਜੁਗ ਕੂੜੀ ਕਿਰਿਆ ਢਾਹੀਆ । ਲੇਖਾ ਮੁਕਾ ਕੇ ਮੰਦਰ

ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰੇ ਤੋਂ ਬਾਹਰ ਆਪਣਾ ਘਰ ਬਣਾਈਆ । ਜਿਥੇ ਨਿਰਗੁਣ ਨੂਰ ਜੋਤ ਹੋਵੇ ਪ੍ਰਕਾਸ਼, ਹਕ ਮਹਿਬੂਬ ਜਗਤ ਨਾ ਕੋਇ ਵਖਾਈਆ । ਭਗਤ ਸੁਹੇਲੇ ਇਕ ਅਕੇਲੇ ਲੱਖ ਚੁਰਾਸੀ ਵਿਚੋਂ ਕਰ ਕੇ ਦਾਸੀ ਦਾਸ, ਸੇਵਾ ਵਿਚ ਸੇਵਕ ਧੁਰ ਦੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰਾਂ ਕਰ ਕੇ ਸਵਾਧਾਨ, ਸਚਖੰਡ ਦਵਾਰ ਨਿਰਗੁਣ ਜੋਤ ਬਿਨ ਵਰਨ ਗੋਤ ਆਲਸ ਵਿਚ ਰਹਿਣ ਕੋਇ ਨਾ ਪਾਈਆ ।

੩੨੬

੨੦

## ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬੀਬੀ ਪਿਆਰੋ ਦੇ ਗ੍ਰਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਸ੍ਰੀ ਭਗਵਾਨਾ, ਪਾਹਬ੍ਰਹਮ ਪਤਿਪਰਮੇਸ਼ਵਰ ਅਗੰਮਾ ਹੁਕਮ ਦੇ ਜਣਾਈਆ । ਤੇਰੇ ਹੁਕਮੇ ਅੰਦਰ ਖੇਲ ਵੇਖਦੇ ਰਹੇ ਦੋ ਜਹਾਨਾਂ, ਜੁਗ ਚੌਕੜੀ ਤੇਰਾ ਧਿਆਨ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸੁਣਿਆ ਧੁਰ ਫ਼ਰਮਾਨਾ, ਅਗੰਮ ਅਗੰਮੜੇ ਦਿਤਾ ਜਣਾਈਆ । ਸੰਮਤ ਸ਼ਹਿਨਸ਼ਾਹੀ ਲੋਕਮਾਤ ਪਰਧਾਨਾ, ਇਕ ਨਾਲੋਂ ਦੋ ਵੱਜੇ ਵਧਾਈਆ । ਅਸਾਂ ਕਰਨਾ ਤਿਆਰ ਤੇਰਾ ਪਕਵਾਨਾ, ਕੱਚਾ ਪੱਕਾ ਰੂਪ ਨਾ ਕੋਇ ਵਟਾਈਆ । ਕਿਸ ਵਸਤ ਦਾ ਹੋਵੇ ਖਾਣਾ, ਸਰਗੁਣ ਰੂਪ ਨਾ ਕੋਇ ਸਮਝਾਈਆ । ਅਸੀਂ ਖੋਜ ਖੋਜ ਥੱਕੇ ਦੋ ਜਹਾਨਾਂ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਖੋਜ ਖੁਜਾਈਆ । ਸਾਚਾ ਲੱਭਿਆ ਨਾ ਕੋਇ ਨਿਸ਼ਾਨਾ, ਨਿਸ਼ਾਨੇ ਜਗਤ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਬੇਨੰਤੀ ਕਰ ਪਰਵਾਨਾ, ਪਰਵਰਦਿਗਾਰ ਸਾਂਝੇ ਯਾਰ ਹਕ ਖ਼ੁਦਾ ਵਾਹਦ ਤੇਰੀ ਓਟ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਿਰਪਾ ਕਰ ਸ੍ਰੀ ਭਗਵਾਨ, ਤੇਰੀ ਬੇਪਰਵਾਹੀਆ । ਕਿਸ ਵਸਤ ਦਾ ਪੱਕੇ ਸਚਖੰਡ ਦਵਾਰੇ ਪਰਵਾਨ, ਜਿਸ ਨੂੰ ਰਸਨਾ ਜਿਹਵਾ ਬੱਤੀ ਦੰਦ ਸਵਾਦ ਨਾ ਕੋਇ ਬਣਾਈਆ । ਸਦਾ ਸਦਾ ਸਦ ਨਿਤ ਨਵਿਤ ਤੈਥੋਂ ਲੈ ਕੇ ਦਾਨ, ਲੋਕਮਾਤ ਮਾਰ ਝਾਤ ਪੰਜ ਤਤ ਤਨ ਖ਼ਾਕ ਜਗਤ ਵਜੂਦ ਹੰਢਾਈਆ । ਸਾਡੀ ਇੱਛਿਆ ਤੇਰੀ ਭਿਛਿਆ ਬਿਨ ਤੇਰੀ ਕਿਰਪਾ ਕਰੇ ਨਾ ਕੋਇ ਪਰਵਾਨ, ਨਿਗਾਹਬਾਨ ਦੂਜਾ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਤੀਰਥ ਤਟ ਸ਼ਰੀਅਤ ਵਿਚ ਫਿਰੇ ਸ਼ੈਤਾਨ, ਸ਼ਾਮ ਅੰਧੇਰਾ ਵਰਨ ਬਰਨ ਨਜ਼ਰੀ ਆਈਆ । ਹੁਜਰੇ ਹਕ ਹਕ ਮਹਿਬੂਬ ਤੇਰਾ ਪੜ੍ਹੇ ਨਾ ਕੋਇ ਕਲਾਮ, ਕਾਇਨਾਤ ਕੁਦਰਤ ਦੇ ਮਾਲਕ ਤੇਰਾ ਦਰਸ ਕੋਇ ਨਾ ਪਾਈਆ । ਲਿਖਤਾਂ ਵਿਚ ਭਵਿਖਤਾਂ ਵਿਚ ਦੱਸ ਕੇ ਆਏ ਧੁਰ ਅਮਾਮ, ਅਮਾਮ ਦਾ ਅਮਾਮ ਨੂਰ ਖ਼ੁਦਾਈਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਨਜ਼ਾਮ, ਹਿੰਦੂ ਮੁਸਲਿਮ ਸਿੱਖ ਈਸਾਈ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹਿਣ ਕੋਇ ਨਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜਾਤੀ ਮਾਨੁਸ਼ ਮਾਨੁੱਖ ਦੱਸਣਾ ਏਕੋ ਨਾਮ, ਏਕੰਕਾਰਾ ਗ੍ਰਹਿ ਮੰਦਰ ਅੰਦਰ ਕਾਇਆ ਮਾਟੀ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਨੇਹੜਾ ਇਕ ਸਮਝਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਕਰੋ ਸੁਰਤੀ, ਸੁਰ ਧੁਰ ਦੀ ਦਿਆਂ ਜਣਾਈਆ । ਦਰਸ਼ਨ ਕਰੋ ਅਕਾਲ ਮੂਰਤੀ, ਜੋ ਅਕਲ ਕਲਧਾਰੀ ਬੇਪਰਵਾਹੀਆ । ਜਿਸ ਦੀ ਖੇਲ ਸਦਾ ਹਾਜ਼ਰ ਹਜ਼ੂਰ ਦੀ, ਨਿਰਗੁਣ

੩੨੬

੨੦

੩੨੭
੨੦

ਸਰਗੁਣ ਆਪਣਾ ਹੁਕਮ ਵਰਤਾਈਆ । ਜਿਸ ਦੀ ਆਵਾਜ਼ ਸ਼ਬਦ ਅਗੰਮੀ ਤੂਰ ਦੀ, ਤੁਰੀਆ ਤੋਂ ਪਰੇ ਆਪਣਾ ਹੁਕਮ ਦਏ ਜਣਾਈਆ । ਜਿਸ ਦੇ ਕੋਲ ਵਸਤ ਅਮੋਲਕ ਚਰਨ ਧੂੜ ਦੀ, ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਦਾਤ ਬਖ਼ਸ਼ ਕੇ ਜੋਤ ਅਗੰਮੀ ਨੂਰ ਦੀ, ਨੂਰ ਨੁਰਾਨਾ ਕਰੇ ਰੁਸ਼ਨਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਖੇਲ ਮੇਟੇ ਕਿਰਿਆ ਕੂੜ ਦੀ, ਕੂੜ ਕੁਟੰਬ ਦਏ ਗਵਾਈਆ । ਧਾਰ ਚਲਾਏ ਆਪਣੇ ਦਸਤੂਰ ਦੀ, ਦਸਤ ਬਰਦਾਰ ਸਾਰੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਾਓ ਜਾਗ, ਬਿਨ ਅੱਖਾਂ ਅੱਖ ਉਠਾਈਆ । ਪੁਰਖ ਅਬਿਨਾਸ਼ੀ ਇਕੋ ਤੱਕੋ ਕੰਤ ਸੁਹਾਗ, ਦੀਨ ਮਜ਼੍ਹਬ ਦਾ ਲੇਖਾ ਦਿਓ ਤੁੜਾਈਆ । ਦੁਨੀਆ ਦਾ ਛੱਡੋ ਰਿਵਾਜ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੋਂ ਬਾਹਰ ਕਰੇ ਪੜ੍ਹਾਈਆ । ਤੁਹਾਡੀ ਸ੍ਰਿਸ਼ਟੀ ਸਦਾ ਮੁਹਤਾਜ, ਤੁਹਾਡੇ ਉਤੇ ਪੁਰਖ ਅਕਾਲ ਦਾ ਰਾਜ, ਰਈਅਤ ਹੋ ਕੇ ਸੀਸ ਦੇਣਾ ਝੁਕਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਵਾਹਦ ਮਾਰੀ ਇਕ ਆਵਾਜ਼, ਅਜ਼ਾਂ ਬਾਂਗ ਨਾ ਕੋਇ ਸੁਣਾਈਆ । ਚਰਨ ਕਵਲ ਉਪਰ ਧਵਲ ਸਾਰੇ ਹੋ ਮੁਮਤਾਜ, ਨਵਾਜ਼ਸ਼ ਵਿਚ ਸੀਸ ਦੇਣਾ ਝੁਕਾਈਆ । ਪੜਦਾ ਓਹਲਾ ਖੋਲ੍ਹੇ ਤੁਹਾਡਾ ਰਾਜ਼, ਰਹਿਮਤ ਰਹੀਮ ਰਹਿਮਾਨ ਆਪ ਕਮਾਈਆ । ਛੱਬੀ ਪੋਹ ਜਿਸ ਨੇ ਗੁਰ ਅਵਤਾਰ ਪੈਗ਼ੰਬਰਾਂ ਬਦਲ ਦੇਣਾ ਸਮਾਜ, ਸਮਗਰੀ ਤੁਹਾਡੀ ਤੁਹਾਡੇ ਕੋਲੋਂ ਆਪਣੀ ਝੋਲੀ ਪਾਈਆ । ਹੁਕਮੇ ਅੰਦਰ ਸ਼ਬਦ ਅੰਦਰ ਚਾਰ ਜੁਗ ਦਾ ਪੂਰਬ ਪਿਛਲਾ ਪੁਛੇ ਜਵਾਬ, ਅਗਲਾ ਹੁਕਮ ਆਪ ਸੁਣਾਈਆ । ਜਿਸ ਧਾਰ ਵਿਚੋਂ ਅੱਖਰਾਂ ਵਾਲੀ ਬਣਾਈ ਕਿਤਾਬ, ਸੋ ਨਿਰਅੱਖਰ ਤੁਹਾਡੇ ਦੀਨ ਦੁਨੀ ਤੁਹਾਡੀ ਕਰੇ ਲਾਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਇਕੋ ਹੁਜਰਾ ਇਕੋ ਵਖਾਏ ਮਹਿਰਾਬ, ਗੁਰੂਦਵਾਰਾ ਇਕੋ ਸੋਭਾ ਪਾਈਆ । ਜਿਸ ਗ੍ਰਿਹਿ ਮੰਦਰ ਅੰਦਰ ਮਹੱਲ ਉਚ ਅਟਲ ਮਨਾਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵਸੇ ਹਕ ਨਵਾਬ, ਪਾਰਬ੍ਰਹਮ ਪਤਿਪਰਮੇਸ਼ਵਰ ਬੈਠਾ ਸੋਭਾ ਪਾਈਆ । ਓਥੇ ਲੋੜ ਨਹੀਂ ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਰਜੋ ਤਮੋ ਸਤੋ ਗੁਣ ਕੰਮ ਕਿਸੇ ਨਾ ਆਈਆ । ਸੋ ਸਵਾਮੀ ਸਾਹਿਬ ਸਤਿਗੁਰ ਪੁਰਖ ਅਕਾਲਾ ਦੀਨ ਦਿਆਲਾ ਆਪਣਾ ਵਰਤੇ ਸਵਾਂਗ, ਸਵਾਂਗੀ ਹੋ ਕੇ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਧਾਰ ਪ੍ਰਗਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ, ਧੁਰ ਫ਼ਰਮਾਨੇ ਸੀਸ ਨਿਵਾਈਆ । ਜੁਗ ਚੌਕੜੀ ਚੁੱਕੇ ਸਾਡਾ ਲਹਿਣ, ਦੇਣਾ ਦੇਵੇ ਬੇਪਰਵਾਹੀਆ । ਸਮਰਥ ਸਵਾਮੀ ਅਸਾਂ ਦਰਸ਼ਨ ਤੱਕਣਾ ਐਨ, ਹਾਜ਼ਰ ਹਜ਼ੂਰ ਨਜ਼ਰੀ ਆਈਆ । ਜਿਸ ਨੂੰ ਲੱਭ ਨਾ ਸਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਬਾਲਮੀਕ ਵਾਲੀ ਰਮਾਇਣ, ਰਵਦਾਸ ਚਮਾਰਾ ਜਿਸ ਦੀ ਦਏ ਗਵਾਹੀਆ । ਜੁਗ ਚੌਕੜੀ ਜਿਸ ਦਾ ਨਾਮ ਇਕ ਰਸਾਇਣ, ਰਸੀਏ ਗੁਰਮੁਖ ਭਗਤ ਲਏ ਪਰਗਟਾਈਆ । ਕਲਜੁਗ ਕੂੜੀ ਕਿਰਿਆ ਜਿਸ ਵਹਾਇਆ ਵਹਿਣ, ਉੱਤਰ ਪੂਰਬ ਪੱਛਮ ਦੱਖਣ ਚਾਰ ਕੁੰਟ ਧਾਰ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਅੰਤਰ ਆਈ ਹੈਰਾਨੀ, ਨਿਰੰਤਰ ਹੁਕਮ ਰਿਹਾ ਜਣਾਈਆ । ਕਲਜੁਗ ਸ਼ਰਅ ਦਿਸੀ ਸ਼ੈਤਾਨੀ, ਸਾਚੇ ਮਾਰਗ ਚਲੇ ਨਾ ਕੋਇ ਲੋਕਾਈਆ । ਜਗਤ ਜਗਿਆਸੂਆਂ ਅੰਦਰ ਆਈ ਬੇਈਮਾਨੀ, ਸੰਤ ਭਗਵੰਤ ਮਿਲ ਕੇ ਖ਼ੁਸ਼ੀ ਨਾ ਕੋਇ

ਮਨਾਈਆ । ਸਾਚਾ ਨਾਮ ਨਿਸ਼ਾਨਾ ਤੀਰ ਮਾਰੇ ਕੋਈ ਨਾ ਕਾਨੀ, ਦੂਈ ਦਵੈਤੀ ਪੜਦਾ ਪਾਰ ਨਾ ਕੋਇ ਕਰਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਦੇਵੇ ਕੋਇ ਨਾ ਪਾਣੀ, ਬੂੰਦ ਸਵਾਂਤੀ ਜਾਮ ਨਾ ਕੋਇ ਪਿਆਈਆ । ਅਨਹਦ ਨਾਦੀ ਧੁਨ ਆਤਮਕ ਰਾਗ ਸੁਣਾਏ ਕੋਈ ਨਾ ਬਾਣੀ, ਧੁਰ ਸੰਦੇਸਾ ਨਾ ਕੋਇ ਦ੍ਰਿੜਾਈਆ । ਨਿਰਗੁਣ ਜੋਤ ਜਗੇ ਨਾ ਕੋਇ ਨੁਰਾਨੀ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਰਸਨਾ ਜਿਹਵਾ ਪਰਮ ਪੁਰਖ ਪਰਮਾਤਮ ਤੇਰੀ ਪੜ੍ਹਦੇ ਸਾਰੇ ਕਹਾਣੀ, ਢੋਲੇ ਰਾਗਾਂ ਨਾਦਾਂ ਵਿਚ ਸੁਣਾਈਆ । ਮੰਜ਼ਲ ਹਕ ਚੜ੍ਹੇ ਨਾ ਕੋਈ ਤੇਰਾ ਦਰਸ ਕਰੇ ਨੁਰਾਨੀ, ਇਨਸਾਨੀ ਜਵਾਨੀ ਕੰਮ ਕਿਸੇ ਨਾ ਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਈ ਬਦਨਾਮੀ, ਤੀਰਥ ਤਟ ਰਹੇ ਕੁਰਲਾਈਆ । ਧਰਨੀ ਧਰਤ ਧਵਲ ਆਈ ਹਾਨੀ, ਹਾਰ ਵਿਚ ਦਿਸੇ ਲੋਕਾਈਆ । ਕਿਰਪਾ ਕਰ ਪੁਰਖ ਸਮਰਥ ਕਲਜੁਗ ਝਗੜਾ ਚਾਰ ਜੁਗ ਦਾ ਅੰਤ ਮੇਟ ਦੀਵਾਨੀ, ਗੁਰ ਅਵਤਾਰ ਪੈਗ਼ੰਬਰ ਸ਼ਹਾਦਤ ਸਾਰੇ ਰਹੇ ਭੁਗਤਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਤੇਰੀ ਲਾਸ਼ਰੀਕ ਨਜ਼ਰੀ ਆਏ ਉਹ ਨਿਸ਼ਾਨੀ, ਜਿਸ ਨੂੰ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਹੁਕਮੇ ਅੰਦਰ ਗਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਚ ਦਵਾਰ ਏਕੰਕਾਰ ਆਪਣਾ ਖੇਲ ਪਰਗਟਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਕਰੋ ਯਾਦ, ਪੂਰਬ ਲਹਿਣਾ ਦੇਣਾ ਜਣਾਈਆ । ਜਿਸ ਕਾਰਨ ਤੁਹਾਡਾ ਪੰਜ ਤਤ ਖੇੜਾ ਕੀਤਾ ਆਬਾਦ, ਤਤ ਤੱਤਾਂ ਨਾਲ ਮਿਲਾਈਆ । ਸ਼ਬਦ ਅਗੰਮੀ ਅੰਦਰ ਦੇ ਕੇ ਆਵਾਜ਼, ਸੁਰਤੀ ਆਪਣੇ ਰੰਗ ਰੰਗਾਈਆ । ਦੀਨ ਮਜ਼੍ਹਬ ਦਾ ਕਰ ਕੇ ਕਾਜ, ਕਰਨੀ ਦਾ ਕਰਤਾ ਗਿਆ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਰਖ ਅਕਾਲਾ ਦੀਨ ਦਿਆਲਾ ਸਮਰਥ ਸਵਾਮੀ ਖੇਲ ਕਰੇ ਬਦਲ ਦੇਵੇ ਸਮਾਜ, ਸਮਾਂ ਸਮਾਪਤ ਆਪਣੇ ਹੱਥ ਰਖਾਈਆ । ਤੁਸੀਂ ਲੇਖਾ ਲਿਖ ਕੇ ਆਏ ਨਾਲ ਕਲਮ ਦਵਾਤ, ਸ਼ਾਹੀ ਸ਼ਹਾਦਤ ਰਿਹਾ ਭੁਗਤਾਈਆ । ਉਸ ਦਾ ਸਭ ਦੇ ਕੋਲੋਂ ਮੰਗਣਾ ਜਵਾਬ, ਜਵਾਬ ਤਲਬੀ ਲਏ ਕਰਾਈਆ । ਕਿਸ ਬਿਧ ਕੱਠੇ ਹੋ ਕੇ ਸਾਰੇ ਕਰੋ ਆਦਾਬ, ਸਜਦਾ ਸੀਸ ਝੁਕਾਈਆ । ਲੇਖਾ ਦੱਸੋ ਆਪਣਾ ਆਪ, ਸਲਾਹਗੀਰ ਦੂਜਾ ਨਜ਼ਰ ਕੋਇ ਨਾ ਆਈਆ । ਕਵਣ ਜੀਵ ਮੇਟ ਕੇ ਰੋਗ ਸੰਤਾਪ, ਸੰਸੇ ਗਿਆ ਗਵਾਈਆ । ਕਵਣ ਇਸ਼ਟ ਦੇਵ ਸਵਾਮੀ ਕਰ ਕੇ ਆਪਣਾ ਜਾਪ, ਜਗ ਜੀਵਣ ਦਾਤੇ ਮਿਲ ਕੇ ਤੁਹਾਡੀ ਕਰੇ ਵਡਿਆਈਆ । ਕਵਣ ਰੂਹ ਬੁਤ ਕਰ ਕੇ ਪਾਕੀ ਪਾਕ, ਪਤਤ ਪੁਨੀਤ ਆਪਣਾ ਆਪ ਦਏ ਵਖਾਈਆ । ਕਵਣ ਬਿਸਮਿਲ ਹੋ ਕੇ ਹੋਇਆ ਵਿਸਮਾਦ, ਹਮ ਬਿਸਤਰ ਸੋਭਾ ਪਾਈਆ । ਕਵਣ ਅਨਰਸ ਦੇਵੇ ਸਵਾਦ, ਰਸ ਇਕੋ ਇਕ ਚਖਾਈਆ । ਹੁਣ ਲੇਖਾ ਨਹੀਂ ਬਿਦਰ ਦਾ ਖਾਣਾ ਸਾਗ, ਸਵਾਂਗ ਹੋਰ ਦਿਤਾ ਬਦਲਾਈਆ । ਅੱਗੇ ਭਗਤ ਸੁਹੇਲੇ ਤੁਹਾਡੀ ਰੱਖਦੇ ਤਾਂਘ, ਜੁਗ ਚੌਕੜੀ ਧਿਆਨ ਲਗਾਈਆ । ਹੁਣ ਤੁਹਾਡੇ ਕੋਲੋਂ ਪੁਰਖ ਅਕਾਲ ਨੇ ਖਾਣਾ ਖਾਜ, ਜਿਸ ਦੀ ਖ਼ਾਹਿਸ਼ ਸਮਝ ਸਕੇ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਹੁਕਮ ਦਏ ਫ਼ਰਮਾਈਆ ।

੩੨੮
੨੦

## ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਿਹਿ ਜੇਠੂਵਾਲ ★

ਧੁਰ ਸ਼ਬਦ ਕਹੇ ਸੁਣੋ ਗੁਰੂ ਅਵਤਾਰ, ਪੈਗ਼ੰਬਰਾਂ ਦਿਆਂ ਦ੍ਰਿੜਾਈਆ । ਛੱਬੀ ਪੋਹ ਦਾ ਦਿਵਸ ਲੈਣਾ ਵਿਚਾਰ, ਜਿਸ ਦਾ ਲੇਖ ਨਾ ਕੋਇ ਸਮਝਾਈਆ । ਪੂਰਬ ਜਨਮ ਦੀ ਭਵਿਖਤਾਂ ਵਾਲੀ ਆਪਣੀ ਵੇਖੋ ਵਿਚਾਰ, ਅੱਖਰਾਂ ਤੋਂ ਬਾਹਰ ਜਿਸ ਦੀ ਪੜ੍ਹਾਈਆ । ਜਿਸ ਇੱਛਿਆ ਨਾਲ ਮੰਗਾਂ ਮੰਗਦੇ ਗਏ ਕਲ ਪਰਗਟ ਹੋਵੇ ਕਲਕੀ ਅਵਤਾਰ, ਨਿਹਕਲੰਕ ਕਲੰਕ ਸਭ ਦੇ ਦਏ ਗਵਾਈਆ । ਅਮਾਮਾਂ ਦਾ ਅਮਾਮ ਹੋਏ ਸਿਰਜਣਹਾਰ, ਝਗੜੇ ਤਮਾਮ ਦਏ ਚੁਕਾਈਆ । ਨਿਰਗੁਣ ਨੂਰ ਜੋਤ ਦਾ ਕਰੇ ਉਜਿਆਰ, ਜਿਸ ਨੂੰ ਜਨਮੇ ਕੋਈ ਨਾ ਪਿਤਾ ਮਾਈਆ । ਜਗਤ ਦਵਾਰਾ ਰੱਖੇ ਨਾ ਕੋਇ ਆਧਾਰ, ਗ੍ਰੰਥਾਂ ਓਟ ਨਾ ਕੋਇ ਤਕਾਈਆ । ਮੰਦਰਾਂ ਕਰੇ ਨਾ ਕੋਇ ਪਿਆਰ, ਇੱਟਾਂ ਪੱਥਰਾਂ ਨਾ ਕੋਇ ਵਡਿਆਈਆ । ਇਕੋ ਆਪਣਾ ਨਾਮ ਸ਼ਬਦ ਕਰੇ ਜੈਕਾਰ, ਜਿਸ ਸ਼ਬਦ ਨਾਲ ਗੁਰ ਅਵਤਾਰ ਪੈਗ਼ੰਬਰ ਲਏ ਬਣਾਈਆ । ਹੁਕਮੇ ਅੰਦਰ ਹੁਕਮ ਕਰ ਲੇਖਾ ਜਾਣੇ ਸਰਬ ਸੰਸਾਰ, ਸੰਸਾਰੀ ਭੰਡਾਰੀ ਦੀਬਾਣ ਵਾਲੇ ਆਪਣਾ ਹੁਕਮ ਮਨਾਈਆ । ਖੇਲ ਕਰੇ ਆਪ ਕਰਤਾਰ, ਕਰਨੀ ਦਾ ਕਰਤਾ ਵੇਸ ਵਟਾਈਆ । ਜਿਸ ਨੂੰ ਖੋਜਦੇ ਗਏ ਲੱਭਦੇ ਗਏ ਸਦਾ ਜੁਗ ਚਾਰ, ਚੌਕੜੀ ਓਟ ਤਕਾਈਆ । ਜਿਸ ਦਾ ਗ੍ਰਿਹਿ ਮੰਦਰ ਟਿਕਾਣਾ ਸਚਖੰਡ ਦਵਾਰ, ਦਰਗਾਹ ਸਾਚੀ ਬੈਠਾ ਸੋਭਾ ਪਾਈਆ । ਬਿਨ ਦੀਵੇ ਬਾਤੀ ਕਮਲਾਪਾਤੀ ਹੋ ਉਜਿਆਰ, ਨਿਰਗੁਣ ਨੂਰ ਜਹੂਰ ਕਰੇ ਰੁਸ਼ਨਾਈਆ । ਬੇਖ਼ਬਰਾਂ ਕਰ ਕੇ ਖ਼ਬਰਦਾਰ, ਜਗਤ ਸੁੱਤਿਆ ਲਏ ਉਠਾਈਆ । ਤਿਸ ਸਵਾਮੀ ਦਾ ਸਮਾਂ ਬਦਲਣ ਦਾ ਸੋਹਣਾ ਜਿਹਾ ਤਿਵਹਾਰ, ਬਿਵਹਾਰ ਦੇਣਾ ਦ੍ਰਿੜਾਈਆ । ਕੁਛ ਲੇਖਾ ਦਿਤਾ ਈਸਾ ਨੂੰ ਐਤਵਾਰ, ਅਨਾਇਤ ਵਿਚ ਬਖ਼ਸ਼ਿਸ਼ ਝੋਲੀ ਪਾਈਆ । ਸੋਮ ਦਾ ਸਮਾਂ ਮੰਗਦੇ ਗਏ ਜੁਗ ਚਾਰ, ਵਸਤ ਹੱਥ ਨਾ ਕਿਸੇ ਫੜਾਈਆ । ਵਕਤ ਸੁਹੇਲਾ ਰੱਖਿਆ ਆਪਣੇ ਹੱਥ ਨਿਰੰਕਾਰ, ਨਿਰਗੁਣ ਆਪਣੇ ਵਿਚ ਛੁਪਾਈਆ । ਅੰਤ ਸੰਦੇਸਾ ਦੇ ਕੇ ਏਕਾ ਵਾਰ, ਏਕੰਕਾਰ ਰਿਹਾ ਦ੍ਰਿੜਾਈਆ । ਸਾਰਿਆਂ ਮਿਲ ਕੇ ਆਉਣਾ ਸਚ ਦਰਬਾਰ, ਦਰ ਦਰਬਾਰ ਇਕ ਜਣਾਈਆ । ਤੁਹਾਡੇ ਨਾਲ ਭਗਤਾਂ ਦਾ ਕਰੇ ਪਿਆਰ, ਵਿਚੋਲਾ ਬਣ ਕੇ ਆਪਣੀ ਖ਼ੁਸ਼ੀ ਬਣਾਈਆ । ਮਿਲਣੀ ਦਾ ਵਕਤ ਹੋਣਾ ਚਾਰ, ਸੂਰੀਆ ਚੜ੍ਹਦੇ ਤੋਂ ਲੈਂਹਦੇ ਮੁਖ ਭਵਾਈਆ । ਚਾਰ ਜੁਗ ਤੋਂ ਵੱਖਰਾ ਹੋਣਾ ਵਿਹਾਰ, ਜਿਸ ਨੂੰ ਬੁੱਧੀ ਨਾ ਕੋਇ ਸਮਝਾਈਆ । ਤੁਸਾਂ ਬਣ ਕੇ ਆਉਣਾ ਹੋਣਹਾਰ, ਨੌਜਵਾਨ ਰੂਪ ਵਟਾਈਆ । ਜੇ ਕੰਤ ਤੱਕਣਾ ਹੋਵੇ ਬਣਕੇ ਆਉਣਾ ਨਾਰ ਮੁਟਿਆਰ, ਜੋਬਨਬੰਤੀ ਰੂਪ ਸੁਹਾਈਆ । ਬਿਨ ਦੀਵੇ ਬਾਤੀ ਨਿਰਗੁਣ ਜੋਤ ਦਾ ਵੇਖਣਾ ਉਜਿਆਰ, ਅੰਧ ਅੰਧੇਰਾ ਦਏ ਗਵਾਈਆ । ਖੇਲ ਕਰੇ ਆਪ ਕਰਤਾਰ, ਕਾਰੀਆ ਕਰਮ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਨੋਖਾ ਇਕ ਵਖਾਈਆ । ਗੁਰ ਅਵਤਾਰ ਕਹਿਣ ਕੀ ਰਚਨਾ ਆਪ ਰਚਾਵੇਂਗਾ, ਹਰਿ ਸ਼ਬਦ ਕਹੇ ਕਲਜੁਗ ਵੇਖ ਝੂਠਾ ਵਹਿਣ, ਕੀ ਨਿਰਗੁਣ ਜੋਤ ਪਰਗਟਾਵੇਂਗਾ । ਪੁਰਖ ਅਕਾਲ ਕਹੇ ਮੈਂ ਤੁਹਾਡਾ ਚੁਕਾਵਾਂ ਲਹਿਣ ਦੇਣ, ਅਗਲਾ ਲੇਖਾ ਸਭ ਨੂੰ ਆਪ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਭੇਵ ਆਪ ਖੁਲ੍ਹਵਾਂਗਾ । ਧੁਰ ਦਾ ਭੇਵ ਆਪ ਖੁਲ੍ਹਾਵਾਂਗਾ । ਪੜਦਾ ਓਹਲਾ ਹਕ ਚੁਕਾਵਾਂਗਾ । ਗੁਰ ਅਵਤਾਰ ਪੈਗ਼ੰਬਰਾਂ ਆਪ ਸਮਝਾਵਾਂਗਾ । ਸਚ ਸਵੰਬਰ ਇਕ ਰਚਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਅਡੰਬਰ, ਧਰਮ ਦਵਾਰਾ ਇਕ ਪਰਗਟਾਵਾਂਗਾ । ਸੋਹਣਾ ਸੁਹਾ

ਕੇ ਧੁਰ ਦਾ ਮੰਦਰ, ਸਚਖੰਡ ਦਵਾਰ ਵਡਿਆਵਾਂਗਾ । ਬਿਨ ਭਗਤਾਂ ਜਿਸ ਦੇ ਲੰਘੇ ਕੋਈ ਨਾ ਅੰਦਰ, ਲੱਖ ਚੁਰਾਸੀ ਜੂਨੀਆਂ ਵਿਚ ਫਿਰਾਵਾਂਗਾ । ਕਰ ਪਰਕਾਸ਼ ਅੰਧੇਰੀ ਕੰਦਰ, ਜੋਤੀ ਨੂਰ ਡਗਮਗਾਵਾਂਗਾ । ਗੁਰਮੁਖਾਂ ਤੋੜ ਕੇ ਬਜਰ ਕਪਾਟੀ ਜੰਦਰ, ਚਿੰਤਾ ਗ਼ਮ ਸਰਬ ਗਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਹਿ ਦਿਸ਼ਾ ਇਕੋ ਹੁਕਮ ਮਨਾਵਾਂਗਾ । ਦਹਿ ਦਿਸ਼ਾ ਦਇਆ ਕਮਾਏਗਾ । ਪੁਰਖ ਅਬਿਨਾਸ਼ੀ ਖੇਲ ਰਚਾਏਗਾ । ਜੀਵ ਜੰਤ ਸਮਝ ਕੋਇ ਨਾ ਪਾਏਗਾ । ਸਾਧ ਸੰਤ ਸਰਬ ਤੜਫਾਏਗਾ । ਜਲ ਮੀਨ ਵਿਛੋੜਾ ਆਏਗਾ । ਸਾਚੀ ਤਲਕੀਨ ਇਕ ਕਰਾਏਗਾ । ਬਿਨ ਭਗਤਾਂ ਯਕੀਨ ਕਿਸੇ ਰਹਿਣ ਨਾ ਪਾਏਗਾ । ਗੁਰ ਚੇਲਾ ਰਹੇ ਨਾ ਕੋਇ ਅਧੀਨ, ਫ਼ਰਾਰ ਸਭ ਨੂੰ ਆਪ ਕਰਾਏਗਾ । ਝਗੜਾ ਪਏ ਨਰ ਮਦੀਨ, ਕੰਤ ਸੁਹਾਗ ਨਾ ਕੋਇ ਹੰਢਾਏਗਾ । ਪੁਰਖ ਅਕਾਲ ਦੀਨ ਦਿਆਲ ਆਪਣੀ ਧਾਰ ਚਲੇ ਮਹੀਨ, ਮਹੀਨਾ ਪੋਹ ਖ਼ੁਸ਼ੀ ਮਨਾਏਗਾ । ਗੁਰਮੁਖਾਂ ਦੇ ਕੇ ਸਾਚੀ ਤਾਲੀਮ, ਸਿਖਿਆ ਸੰਥਾ ਸਬਕ ਇਕੋ ਇਕ ਪੜ੍ਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਮੰਦਰ ਦੱਸ ਇਕ ਅਜ਼ੀਮ, ਆਲੀ ਤੋਂ ਆਲਾਸ਼ਾਨਾਂ ਦੀ ਸ਼ਾਨ ਬੇਪਹਿਚਾਨ ਮਿਹਰਵਾਨ ਇਕੋ ਦਇਆ ਕਮਾਏਗਾ ।



### ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਮਿਲਖਾ ਸਿੰਘ ਦੇ ਗ੍ਰਿਹਿ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗੰਬਰ ਵੇਖੋ ਇਕ ਨਿਸ਼ਾਨ, ਨਿਸ਼ਾਨਾ ਧੁਰ ਦਾ ਦਿਆਂ ਜਣਾਈਆ । ਜਿਥੇ ਮੇਲਾ ਭਗਤ ਭਗਵਾਨ, ਗੁਰ ਚੇਲਾ ਇਕੋ ਰੂਪ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਣ, ਵੱਜੇ ਸਚ ਵਧਾਈਆ । ਪਰਮਾਤਮ ਆਤਮ ਕਰੇ ਪਰਵਾਨ, ਪਰਵਾਨਾ ਧੁਰ ਦਾ ਦਏ ਫੜਾਈਆ । ਪਾਰਬ੍ਰਹਮ ਬ੍ਰਹਮ ਦੇ ਕੇ ਇਕ ਗਿਆਨ, ਬ੍ਰਹਮ ਵਿਦਿਆ ਇਕ ਸਮਝਾਈਆ । ਇਕੋ ਮੰਦਰ ਦੱਸ ਮਕਾਨ, ਮਕਬਰਿਆਂ ਤੋਂ ਖਹਿੜੇ ਦਿਤੇ ਛੁਡਾਈਆ । ਧੁਰ ਦਾ ਮਾਲਕ ਨਜ਼ਰੀ ਆਏ ਅਮਾਮ, ਹੁਕਮਰਾਨ ਸ਼ਹਿਨਸ਼ਾਹੀਆ । ਜਿਸ ਨੂੰ ਸਾਰੇ ਕਰਦੇ ਆਏ ਸਲਾਮ, ਸਜਦਿਆਂ ਵਿਚ ਸੀਸ ਝੁਕਾਈਆ । ਸੁਣ ਕੇ ਧੁਰ ਪੈਗ਼ਾਮ, ਕਲਮੇ ਮਾਤਲੋਕ ਸੁਣਾਈਆ । ਸੋ ਮਾਲਕ ਦੋ ਜਹਾਨ, ਨਿਰਗੁਣ ਨਿਰਵੈਰ ਆਪਣਾ ਖੇਲ ਖਿਲਾਈਆ । ਜਨ ਭਗਤਾਂ ਦੇਵੇ ਨਾਮ ਨਿਧਾਨ, ਗੁਣਵੰਤਾ ਝੋਲੀ ਪਾਈਆ । ਉਠ ਕੇ ਵੇਖੋ ਰਾਮ ਕਾਹਨ, ਸਭ ਨੂੰ ਦਿਆਂ ਜਣਾਈਆ । ਅਬਿਨਾਸ਼ੀ ਕਰਤਾ ਖੇਲੇ ਖੇਲ ਮਹਾਨ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਵਡਿਆਈਆ । ਹਰਿ ਸ਼ਬਦ ਕਹੇ ਭਗਤ ਭਗਵਾਨ ਦਾ ਵੇਖੋ ਸਗਲਾ ਰੰਗ, ਰੰਗਤ ਇਕੋ ਰਿਹਾ ਚੜ੍ਹਾਈਆ । ਆਤਮ ਸੇਜਾ ਬੈਠ ਪਲੰਘ, ਸਚ ਸਿੰਘਾਸਣ ਦਏ ਵਡਿਆਈਆ । ਨਾਮ ਨਿਧਾਨ ਵਜਾ ਮਰਦੰਗ, ਕੂੜੀ ਇਛਿਆ ਬਾਹਰ ਕਢਾਈਆ । ਆਤਮ ਪਰਮਾਤਮ ਹੋ ਕੇ ਸੰਗ, ਸਗਲਾ ਸੰਗ ਨਿਭਾਈਆ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣਾ ਮੇਲ ਮਿਲਾਈਆ । ਨਾਤਾ ਤੋੜ ਕੇ ਬੰਦੀਖ਼ਾਨਾ ਬੰਦ, ਬੰਦਗੀ ਇਕੋ ਰਿਹਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਉਣਾ ਛੰਦ, ਦੂਜੀ ਲੋੜ ਰਹੇ ਨਾ ਰਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਜਾਣਾ ਲੰਘ, ਸਚਖੰਡ

ਦਵਾਰ ਵੜਨਾ ਚਾਈਂ ਚਾਈਂਆ । ਜਗਤ ਕਟਾਰ ਕਰਨਾ ਪਏ ਨਾ ਕੋਇ ਜੰਗ, ਸ਼ਬਦ ਸੂਰਬੀਰ ਦਏ ਬਣਾਈਆ । ਅੰਤਰ ਅੰਤਰ ਨਿਰੰਤਰ ਦੇ ਕੇ ਇਕ ਅਨੰਦ, ਪਰਮਾਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਹਰਿ ਸ਼ਬਦ ਕਹੇ ਭਗਤ ਭਗਵਾਨ ਦਾ ਹੁੰਦਾ ਵੇਖੋ ਮਿਲਾਪ, ਮਿਲ ਮਿਲ ਖ਼ੁਸ਼ੀ ਮਨਾਈਆ । ਮਿਲਿਆਂ ਰਹੇ ਕੋਈ ਨਾ ਪਾਪ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਬਣੇ ਸਾਕ, ਸ੍ਰਿਸ਼ਟ ਸਬਾਈ ਸਗਲਾ ਸੰਗ ਤਜਾਈਆ । ਜੋ ਭਵਿਖਤਾਂ ਵਿਚ ਆਏ ਆਖ, ਆਖ਼ਰ ਓਹੋ ਕਾਰ ਕਮਾਈਆ । ਦੁਨੀਆ ਨੂੰ ਪੜਦਾ ਪਾ ਕੇ ਸਾਫ਼, ਓਹਲਾ ਲਿਆ ਰਖਾਈਆ । ਜਨ ਭਗਤਾਂ ਕਰ ਮੁਆਫ਼, ਜਨਮ ਜਨਮ ਦੀ ਦੁਰਮਤ ਮੈਲ ਧਵਾਈਆ । ਸਾਚਾ ਸੋਹਲਾ ਧੁਰ ਦਾ ਢੋਲਾ ਸੋਹੰ ਦੱਸ ਕੇ ਜਾਪ, ਆਤਮ ਪਰਮਾਤਮ ਨਾਤਾ ਦਿਤਾ ਜੁੜਾਈਆ । ਸਾਚੀ ਧੀਰਜ ਦੇ ਵਿਸ਼ਵਾਸ, ਵਿਸ਼ਵ ਆਪਣਾ ਰੰਗ ਰੰਗਾਈਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਿਤਾ ਮਿਟਾਈਆ । ਮਾਨਸ ਜਨਮ ਕਰ ਕੇ ਰਾਸ, ਰਸਤਾ ਅਗਲਾ ਦਿਤਾ ਵਖਾਈਆ । ਗੁਰਮੁਖ ਚੜ੍ਹਨ ਆਪਣੇ ਘਾਟ, ਦੂਜੇ ਪਤਣ ਕੋਇ ਨਾ ਜਾਈਆ । ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਮਿਟੇ ਵਾਟ, ਗ੍ਰਿਹ ਮੰਦਰ ਸਾਚੇ ਦਏ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪੂਰੀ ਕਰ ਕੇ ਆਸ, ਆਸਰਾ ਇਕੋ ਦਿਤਾ ਵਖਾਈਆ ।



## ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਰੂਪ ਸਿੰਘ ਦੇ ਗ੍ਰਿਹ ਜੇਠੂਵਾਲ ★



ਸਤਿਗੁਰ ਸ਼ਬਦ ਕਹੇ ਜਨ ਭਗਤਾਂ ਹੋਏ ਸਦਾ ਕਿਰਪਾਲ, ਕਿਰਪਾਨਿਧ ਆਪਣੀ ਦਇਆ ਕਮਾਈਆ । ਸਚ ਦਵਾਰ ਵਖਾ ਇਕ ਧਰਮਸਾਲ, ਧੁਰ ਦੇ ਧਾਮ ਦਏ ਵਡਿਆਈਆ । ਜਿਥੇ ਸੋਹਣ ਸ਼ਾਹ ਕੰਗਾਲ, ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲਾ ਵਸੇ ਨਾਲ, ਦੀਨ ਦਿਆਲ ਦਇਆ ਕਮਾਈਆ । ਮਾਨਸ ਜਨਮ ਲੇਖੇ ਲਾਏ ਘਾਲੀ ਘਾਲ, ਘਾਇਲ ਕਰ ਕੇ ਕੂੜ ਕੁੜਿਆਰਾ ਦਏ ਮਿਟਾਈਆ । ਆਪੇ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਪੁਛੇ ਚਾਈਂ ਚਾਈਂਆ । ਜਿਨ੍ਹਾਂ ਦੇ ਅੰਦਰ ਸਚ ਪ੍ਰੀਤੀ ਦਾ ਵੱਜੇ ਤਾਲ, ਪ੍ਰੀਤਮ ਹੋ ਕੇ ਦਏ ਵਡਿਆਈਆ । ਨਾਤਾ ਤੋੜ ਕੇ ਜਗਤ ਜੰਜਾਲ, ਜਾਗਰਤ ਜੋਤ ਦਏ ਸਮਝਾਈਆ । ਅੰਤ ਪੋਹ ਨਾ ਸਕੇ ਕਾਲ, ਜਮ ਕਾ ਭੈ ਨਾ ਕੋਇ ਡਰਾਈਆ । ਸਭ ਦਾ ਪੂਰਾ ਕਰੇ ਸਵਾਲ, ਲੇਖਾ ਰਹਿਣ ਕੋਇ ਨਾ ਪਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਅਹਿਵਾਲ, ਸੋ ਦਾਤਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਮਿਹਰਵਾਨ, ਸਦ ਮਿਹਰ ਨਜ਼ਰ ਉਠਾਈਆ । ਜੁਗ ਜੁਗ ਦੇਂਦਾ ਆਇਆ ਦਾਨ, ਸੰਤ ਸੁਹੇਲਾ ਨਾਮ ਵਰਤਾਈਆ । ਬਣਦਾ ਆਇਆ ਕਾਹਨ, ਗੁਰਮੁਖ ਗੋਪੀ ਜਗਤ ਹੰਢਾਈਆ । ਝੁਲਾਉਂਦਾ ਆਇਆ ਨਿਸ਼ਾਨ, ਕੂੜ ਨਿਸ਼ਾਨੇ ਜਗਤ ਬਦਲਾਈਆ । ਗਾਉਂਦਾ ਆਇਆ ਗਾਨ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਾਮ ਸ਼ਨਵਾਈਆ । ਕਰਦਾ ਆਇਆ ਹੈਰਾਨ, ਹੈਰਾਨੀ ਵਿਚ ਕਰੇ ਲੋਕਾਈਆ । ਕਲਜੁਗ ਅੰਤ ਪੂਰਾ ਕਰੇ

ਜੋ ਦੇਂਦਾ ਆਇਆ ਪਰਵਾਨ, ਪਰਵਾਨੇ ਪਿਛਲੇ ਵੇਖ ਵਖਾਈਆ । ਜੋਧਾ ਸੂਰਬੀਰ ਬਣ ਬਲਵਾਨ, ਬਲਧਾਰੀ ਫੇਰਾ ਪਾਈਆ । ਸੋ ਲਹਿਣਾ ਦੇਣਾ ਚੁਕਾਏ ਆਣ, ਅਨਕ ਕਲਧਾਰੀ ਵੇਸ ਵਟਾਈਆ । ਜਨ ਭਗਤਾਂ ਕਰ ਕਲਿਆਣ, ਕਲਮ ਸ਼ਾਹੀ ਤੋਂ ਪਰੇ ਲੇਖਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੜ੍ਹਾਵਣਹਾਰਾ ਸਚ ਬਿਬਾਣ, ਮਿਹਰਵਾਨ ਹੋ ਕੇ ਮਹਿਬੂਬ ਆਪਣੀ ਸੇਵ ਕਮਾਈਆ ।

★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਦੇ ਗ੍ਰਿਹ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਜੁਗ ਜੁਗ ਜਨ ਭਗਤ ਸੁਹੇਲਾ ਚੰਗਾ, ਚੰਗੀ ਪ੍ਰਭ ਦੇ ਨਾਲ ਵਡਿਆਈਆ । ਜਿਨ੍ਹਾਂ ਦੇ ਚਰਨ ਚੁੰਮੇ ਗੰਗਾ, ਗੋਦਾਵਰੀ ਖ਼ੁਸ਼ੀ ਮਨਾਈਆ । ਜਗਤ ਢੋਲਾ ਗਾਏ ਛੰਦਾ, ਸਾਚਾ ਰਾਗ ਸੁਣਾਈਆ । ਲੇਖੇ ਲੱਗਾ ਜਨਮ ਦਾ ਕੀਤਾ ਧੰਦਾ, ਬੰਦਗੀ ਬੰਦਨਾ ਵਾਲੀ ਦ੍ਰਿੜਾਈਆ । ਪਾਰ ਕਿਨਾਰਾ ਨਜ਼ਰੀ ਆਵੇ ਕੰਢਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਪੁਰਖ ਅਕਾਲ ਦੇਵੇ ਇਕ ਅਨੰਦਾ, ਨਿਜ ਆਤਮ ਖ਼ੁਸ਼ੀ ਬਣਾਈਆ । ਅੰਮ੍ਰਿਤ ਮੇਘ ਬਰਸੇ ਠੰਡਾ, ਕੂੜੀ ਤਪਤ ਬੁਝਾਈਆ । ਟੁੱਟਿਆਂ ਪਾਵੇ ਗੰਢਾਂ, ਵਿਛੜਿਆਂ ਲਏ ਜੁੜਾਈਆ । ਲੇਖੇ ਲਾਏ ਮੰਦਾ, ਸਿਰ ਆਪਣਾ ਹੱਥ ਟਿਕਾਈਆ । ਅੱਗੇ ਜਮ ਦਾ ਤੋੜ ਕੇ ਫੰਦਾ, ਫਾਸੀ ਦਏ ਗਵਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮਾ, ਪਾਰਬ੍ਰਹਮ ਆਪਣੇ ਵਿਚ ਮਿਲਾਈਆ । ਲੇਖੇ ਲੱਗੇ ਜਨਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਪਰਵਾਨ ਕਰੇ ਕਾਇਆ ਮਾਟੀ ਚੰਮਾ, ਚਰਮ ਦਾ ਜਰਮ ਕੁਕਰਮ ਦਾ ਕਰਮ ਆਪਣੇ ਲੇਖੇ ਪਾਈਆ ।



੩੩੨ ੨੦

★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਿਹ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਕਰਨੀ ਤਿਆਰ ਰਸੋਈ, ਰਸੂਆ ਜਿਸ ਦਾ ਨਜ਼ਰ ਕੋਇ ਨਾ ਆਈਆ । ਜਿਸ ਦਾ ਰਸ ਜਾਣੇ ਨਾ ਕੋਈ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਜਿਹੜੀ ਵਸਤ ਕਿਸੇ ਨਹੀਂ ਬੋਈ, ਉਤਭੁਜ ਰੂਪ ਨਾ ਕੋਇ ਵਟਾਈਆ । ਪਾਣੀ ਧਾਰ ਕਿਸੇ ਨਹੀਂ ਚੋਈ, ਰਸੀਆ ਰਸ ਨਾ ਕੋਇ ਬਣਾਈਆ । ਕੁਛ ਆਸਾ ਮੰਗ ਮੰਗੀ ਲੋਈ, ਕਬੀਰ ਜੁਲਾਹਾ ਦਏ ਗਵਾਹੀਆ । ਕੁਛ ਮੁਹੰਮਦ ਕੀਤੀ ਦਰੋਹੀ, ਖ਼ੁਦ ਖ਼ੁਦਾਏ ਧਿਆਨ ਲਗਾਈਆ । ਅੰਤ ਗੋਬਿੰਦ ਕੀਤੀ ਅਰਜ਼ੋਈ, ਬੇਨੰਤੀ ਗਿਆ ਸੁਣਾਈਆ । ਤੁਧ ਬਿਨ ਮਿਲੇ ਕੋਇ ਨਾ ਢੋਈ, ਢੋਆ ਹੱਥ ਨਾ ਕੋਇ ਫੜਾਈਆ । ਚਾਰ ਜੁਗ ਜਿਸ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਟੋਹੀ, ਘਟ ਘਟ ਵੇਖ ਵਖਾਈਆ । ਆਪਣੀ ਜੋਤ ਇਕ ਬਲੋਈ, ਲੋਇਣ ਦਿੱਤੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਕੀ ਵਸਤ ਕਰੋ ਤਿਆਰ, ਵਾਸਤਕ ਦੇਣਾ ਸਮਝਾਈਆ । ਕਿਸ ਬਿਧ ਭੋਗ ਲਗਾਓ ਨਿਰੰਕਾਰ, ਨਿਰਾਕਾਰ ਹੋ ਕੇ ਦੇਣਾ ਦ੍ਰਿੜਾਈਆ । ਕੀ ਓਢਣ ਦੇਵੇ ਉਤੇ ਆਹਾਰ, ਪੜਦਾ ਕਵਣ ਰਖਾਈਆ । ਕੀ ਅਰਜ਼ ਦਿਓ ਗੁਜ਼ਾਰ, ਬੇਨੰਤੀ ਸਚ ਸੁਣਾਈਆ । ਕਿਸ ਬਿਧ ਕਰੋ ਨਮਸਕਾਰ,

ਬਿਨ ਸੀਸ ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਮਗਰੀ ਕੀ ਵਖਾਈਆ । ਸਤਿਗੁਰ ਸ਼ਬਦ ਕਹੇ ਕੀ ਵਸਤ ਜੋ ਸਭ ਤੋਂ ਹੋਵੇ ਅੱਛੀ, ਅੱਛੀ ਤਰਾ ਦੇਣਾ ਸਮਝਾਈਆ । ਕਿਸ ਦਵਾਰੇ ਹੋਵੇ ਰੱਖੀ, ਕਵਣ ਘਰ ਵਡਿਆਈਆ । ਕਿਹੜੀ ਲੈ ਕੇ ਆਵੇ ਸਖ਼ੀ, ਸੁਖ਼ਨ ਪਿਛਲਾ ਪੂਰ ਕਰਾਈਆ । ਕਵਣ ਵੇਖੇ ਅੱਖੀਂ, ਬਿਨ ਨੇਤਰ ਨੈਣ ਖੁਲ੍ਹਾਈਆ । ਸਾਚੇ ਮਾਰਗ ਆਵੇ ਨੱਠੀ, ਬਣ ਕੇ ਪਾਂਧੀ ਰਾਹੀਆ । ਕਿਹੜੀ ਸਿਫ਼ਤਾਂ ਵਾਲੀ ਪੜ੍ਹੇ ਪੱਟੀ, ਕੀ ਪਟਨੇ ਵਾਲਾ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਕਵਣ ਵਖਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਕਵਣ ਬਣੇ ਰਸੋਇਆ, ਰਸਮ ਅਗਲੀ ਦਏ ਸਮਝਾਈਆ । ਕਵਣ ਰੂਪ ਏਕਾ ਏਕੰਕਾਰ ਹੋਇਆ, ਹੋਕਾ ਦੇ ਕੇ ਦਿਓ ਦ੍ਰਿੜਾਈਆ । ਕਵਣ ਸਚ ਪਰਕਾਸ਼ ਕਰੇ ਲੋਇਆ, ਲੋਕ ਪਰਲੋਕ ਪੜਦਾ ਦਏ ਉਠਾਈਆ । ਕਵਣ ਸਾਚੀ ਨੀਂਦ ਬਿਨ ਗ਼ਫ਼ਲਤ ਸੋਇਆ, ਆਲਸ ਬਾਹਰ ਕਢਾਈਆ । ਕਵਣ ਕਿਸ ਬਿਧ ਲੈ ਕੇ ਆਏ ਢੋਇਆ, ਢੋਲਾ ਗਾਵੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛੋਂ ਤੋਂ ਅੱਗੇ ਹੋਇਆ, ਅੱਗੇ ਤੋਂ ਪਿਛਾ ਸਭ ਨੂੰ ਯਾਦ ਕਰਾਈਆ ।



## ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਸੁਭਾਗਵੰਤੀ ਦੇ ਗ੍ਰਹਿ ਜੇਠੂਵਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦਾ ਭੋਜਨ ਅਗੰਮਾ ਰਸ, ਰਸਨਾ ਰਸ ਨਾ ਕੋਇ ਚਖਾਈਆ । ਜਿਸ ਨੂੰ ਆਸਾ ਨਹੀਂ ਕੋਈ ਰਵ ਸਸ, ਸੂਰਜ ਚੰਦ ਦਾ ਤੇਜ ਨਾ ਕੋਇ ਵਡਿਆਈਆ । ਜਗਤ ਜਹਾਨ ਨਾ ਆਵੇ ਹੱਥ, ਸ੍ਰਿਸ਼ਟੀ ਵੰਡ ਨਾ ਕੋਇ ਵੰਡਾਈਆ । ਆਪਣੇ ਅੰਤਰ ਰੱਖੇ ਪੁਰਖ ਸਮਰਥ, ਦੂਸਰ ਮਿਲੇ ਨਾ ਕੋਇ ਵਡਿਆਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਲੱਭ ਲੱਭ ਗਏ ਥੱਕ, ਖੋਜਿਆ ਵਾਹੋ ਦਾਹੀਆ । ਹਕੀਕਤ ਵਿਚੋਂ ਮਿਲਿਆ ਕੋਈ ਨਾ ਹਕ, ਲਾਸ਼ਰੀਕ ਆਪਣੇ ਵਿਚ ਸਮਾਈਆ । ਥੱਕੇ ਮਾਂਦੇ ਸਾਰੇ ਗਏ ਅੱਕ, ਅਕਲ ਬੁੱਧੀ ਦੀ ਚਲੀ ਨਾ ਕੋਇ ਚਤੁਰਾਈਆ । ਅੰਤ ਕੰਤ ਭਗਵੰਤ ਚਰਨਾਂ ਉਤੇ ਸੀਸ ਦਿਤਾ ਰੱਖ, ਜਗਦੀਸ ਤੇਰੀ ਬੇਪਰਵਾਹੀਆ । ਨਿਰਗੁਣ ਧਾਰੋਂ ਸਾਨੂੰ ਕਰ ਕੇ ਵੱਖ, ਲੋਕਮਾਤ ਸਰਗੁਣ ਤਤ ਦਿਤਾ ਹੰਢਾਈਆ । ਸਿਫ਼ਤਾਂ ਵਾਲਾ ਗਵਾਉਂਦਾ ਰਿਹੋਂ ਜੱਸ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਰਾਹ ਚਲਾਈਆ । ਆਪਣਾ ਨਾਉਂ ਦੱਸ ਅਲਖ, ਢੋਲੇ ਘਰ ਘਰ ਦਿੱਤੇ ਸੁਣਾਈਆ । ਅਸੀਂ ਦੱਸ ਕੇ ਆਏ ਪੁਰਖ ਅਕਾਲ ਹੋਵੇ ਪਰਗਟ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋਤੀ ਜੋਤ ਕਰੇ ਰੁਸ਼ਨਾਈਆ । ਸਚ ਧਰਮ ਦਾ ਖੋਲ੍ਹੇ ਹੱਟ, ਦਵਾਰਾ ਇਕੋ ਇਕ ਸੁਹਾਈਆ । ਜਿਥੇ ਰਾਓ ਰੰਕ ਜਾਣ ਵੱਸ, ਊਚ ਨੀਚ ਜਾਤ ਪਾਤ ਝਗੜਾ ਰਹੇ ਨਾ ਰਾਈਆ । ਇਕੋ ਨਾਮ ਭੰਡਾਰਾ ਦੱਸੇ ਸਚ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪ ਵਰਤਾਈਆ । ਆਪਣਾ ਖੇਲ ਕਰੇ ਪ੍ਰਤੱਖ, ਪਾਰਬ੍ਰਹਮ ਬ੍ਰਹਮ ਦਾ ਮਾਲਕ ਹੋ ਗੋਸਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਦੱਸੀਏ ਓਸ ਦੀ ਰੋਜ਼ੀ, ਰਾਜ਼ਕ ਰਹੀਮ ਰਹਿਮਾਨ

ਅਖਵਾਇੰਦਾ । ਪ੍ਰਭ ਮਾਲਕ ਧੁਰ ਦਾ ਚੋਜੀ, ਜੁਗ ਚੌਕੜੀ ਖੇਲ ਖਿਲਾਇੰਦਾ । ਗੁਰ ਅਵਤਾਰ ਪੈਗ਼ੰਬਰ ਬਣਾ ਕੇ ਖੋਜੀ, ਆਪ ਆਪਣਾ ਆਪ ਛੁਪਾਇੰਦਾ । ਹੁਕਮ ਸੰਦੇਸਾ ਦੇ ਕੇ ਲੋਕ ਪਰਲੋਕੀ, ਬ੍ਰਹਿਮੰਡ ਖੰਡ ਡੰਕ ਵਜਾਇੰਦਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਇਕ ਸਲੋਕੀ, ਵਿਸ਼ਨ ਬ੍ਰਹਮਾ ਸ਼ਿਵ ਧਾਰ ਪ੍ਰਗਟਾਇੰਦਾ । ਪੰਜ ਤਤ ਬਣਾ ਕੇ ਕੋਟਨ ਕੋਟੀ, ਕੋਟ ਗੜ੍ਹ ਬੰਕ ਦਵਾਰਾ ਆਪ ਸੁਹਾਇੰਦਾ । ਅੰਤਮ ਸਭ ਦੀ ਚੜ੍ਹ ਕੇ ਚੋਟੀ, ਚੋਟ ਸ਼ਬਦ ਨਾਮ ਲਗਾਇੰਦਾ । ਆਤਮ ਪਰਮਾਤਮ ਬਣ ਕੇ ਗੋਤੀ, ਪਾਰਬ੍ਰਹਮ ਬ੍ਰਹਮ ਆਪਣਾ ਰੂਪ ਸਮਝਾਇੰਦਾ । ਜਨ ਭਗਤਾਂ ਮੰਜ਼ਲ ਦੱਸ ਕੇ ਸੌਖੀ, ਅਗਲਾ ਪੈਂਡਾ ਪੰਧ ਮੁਕਾਇੰਦਾ । ਸਾਚਾ ਮੇਲ ਮਿਲਾ ਕੇ ਨਿਰਗੁਣ ਨੂਰ ਜੋਤੀ, ਜੋਤੀ ਜਾਤਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਆਪੇ ਦੱਸੇ ਰੋਜ਼ੀ, ਵਸਤ ਆਪਣੀ ਆਪ ਦ੍ਰਿੜਾਇੰਦਾ ।

★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਵਰਿਆਮ ਸਿੰਘ ਦੇ ਗ੍ਰਿਹ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਮੈਂ ਵੇਖੀ ਧਰਨੀ ਭੂਮੀ, ਭੂਮਿਕਾ ਸੋਹਣੀ ਨਜ਼ਰੀ ਆਈਆ । ਜਿਸ ਨੂੰ ਸਮਝੇ ਨਾ ਕੋਇ ਨਜੂਮੀ, ਵਿਦਿਆ ਵਿਚ ਵੰਡ ਨਾ ਕੋਇ ਵੰਡਾਈਆ । ਭਗਤ ਦਵਾਰ ਕੋਈ ਖੇਲ ਨਹੀਂ ਮਾਮੂਲੀ, ਨਾਮਾਲੂਮ ਆਪਣੀ ਕਾਰ ਕਮਾਈਆ । ਚਰਨ ਧੂੜ ਜਿਨ੍ਹਾਂ ਮਸਤਕ ਦੇਵੇ ਧੂਲੀ, ਧਰਮ ਦਵਾਰ ਇਕ ਵਖਾਈਆ । ਇਨਸਾਫ਼ ਵਿਚ ਕਦੀ ਨਾ ਕਰੇ ਬੇਅਸੂਲੀ, ਅਸਲ ਦੀ ਨਸਲ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਹੋਈ ਵੱਡੀ, ਵਡ ਵੱਡੇ ਦਿਤੀ ਵਡਿਆਈਆ । ਮੈਂ ਸ੍ਰਿਸ਼ਟ ਸਬਾਈ ਛੱਡੀ, ਛੱਡੀ ਜਗਤ ਲੋਕਾਈਆ । ਵਸਤ ਅਮੋਲਕ ਜਨ ਭਗਤਾਂ ਪ੍ਰੇਮ ਧਾਰ ਲੱਭੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦੇ ਵਹਿਣ ਵਿਚ ਵਹਿੰਦੀ ਨੌਂ ਸੌ ਨੜ੍ਹਿਨਵੇ ਨਦੀ, ਨਦੀਆਂ ਤੋਂ ਪਾਰ ਸਮਝ ਕਿਸੇ ਨਾ ਆਈਆ । ਓਸੇ ਦੇ ਹੁਕਮ ਅੰਦਰ ਬੱਧੀ, ਬੰਦਨਾ ਵਿਚ ਬੈਠੀ ਸੀਸ ਨਿਵਾਈਆ । ਸਚ ਪ੍ਰੀਤ ਪ੍ਰੀਤਮ ਵਾਲੀ ਲੱਗੀ, ਪੀਆ ਪਿਰੀਆ ਕਰ ਕੇ ਰਹੀ ਬੁਲਾਈਆ । ਓਸੇ ਦੀ ਭਗਤਾਂ ਦੀ ਭਗਤੀ ਵਾਲੀ ਵੇਖੀ ਧਾਰ ਸਜੀ, ਸੱਜਣ ਮਿਲਿਆ ਧੁਰ ਦਰਗਾਹੀਆ । ਮੇਰੇ ਉਤੇ ਪਵਣ ਠੰਡੀ ਵਗੀ, ਸਾਂਤਕ ਸਤਿ ਰਹੀ ਕਰਾਈਆ । ਚਾਰ ਜੁਗ ਦੀ ਬੁਝੀ ਅੱਗੀ, ਕੂੜੀ ਤਪਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਰਿਹਾ ਉਠਾਈਆ । ਧਰਨੀ ਕਹੇ ਮੈਂ ਵੇਖਿਆ ਸੱਚਾ ਧਰਮ, ਦਵਾਰਾ ਧੁਰ ਦਾ ਨਜ਼ਰੀ ਆਈਆ । ਮੇਰਾ ਉਚਾ ਹੋਇਆ ਕਰਮ, ਨਿਹਕਰਮੀ ਹੋਇਆ ਸਹਾਈਆ । ਸੰਸਾ ਗਿਆ ਭਰਮ, ਭਾਂਡਾ ਦਿਤਾ ਭੰਨਾਈਆ । ਵਡਿਆਈ ਦਿਤੀ ਤੇਰੇ ਉਤੇ ਭਗਤਾਂ ਲਿਆ ਜਰਮ, ਜਨਮ ਪ੍ਰਭ ਦੇ ਲੇਖੇ ਲਾਈਆ । ਇਕੋ ਢੋਲਾ ਪੜ੍ਹਨ, ਸਾਚਾ ਰਾਗ ਅਲਾਈਆ । ਇਕੋ ਦੀ ਰੱਖਣ ਸਰਨ, ਦੂਜੀ ਓਟ ਨਾ ਕੋਇ ਤਕਾਈਆ । ਸੋ ਤੇਰੇ ਉਤੇ ਚਰਨ ਆਇਆ ਧਰਨ, ਧਵਲ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਆਇਆ ਫੜਨ, ਪਾਂਧੀ ਹੋ ਕੇ ਫਾਂਦੀ ਹੋ ਕੇ ਨਾਮ ਡੋਰੀ ਤੰਦ ਬੰਧਾਈਆ ।

### ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਗੁਰਮੀਤ ਸਿੰਘ ਦੇ ਗ੍ਰਿਹ ਜੇਠੂਵਾਲ ★

ਗੁਰ ਅਵਤਾਰ ਪੈਗੰਬਰ ਕਹਿਣ ਭਗਤ ਸੁਹੇਲੇ ਪ੍ਰਭ ਦੇ ਤੱਕੇ ਬਾਲ, ਬਾਲੀ ਬੁਧ ਮਿਲੀ ਵਡਿਆਈਆ । ਜਿਨ੍ਹਾਂ ਦੇ ਅੰਤਰ ਬਦਲ ਗਈ ਚਾਲ, ਚਾਲ ਨਿਰਾਲੀ ਦਿਤੀ ਵਖਾਈਆ । ਇਕੋ ਮੰਨਦੇ ਪੁਰਖ ਅਕਾਲ, ਦੂਜਾ ਇਸ਼ਟ ਨਾ ਕੋਇ ਮਨਾਈਆ । ਅੱਠੇ ਪਹਿਰ ਖ਼ੁਸ਼ੀਆਂ ਵਿਚ ਵਜਾਉਂਦੇ ਤਾਲ, ਤਲਬ ਅਵਰ ਨਾ ਕੋਇ ਰਖਾਈਆ । ਬੇਨੰਤੀ ਅੰਦਰ ਆਪਣਾ ਦੱਸਦੇ ਹਾਲ, ਅਹਿਵਾਲ ਪਿਛਲਾ ਨਾਲ ਮਿਲਾਈਆ । ਪੂਰਬ ਜਨਮ ਦੀ ਪੂਰੀ ਕਰ ਕੇ ਘਾਲ, ਕਰਮਾਂ ਦਾ ਲੇਖਾ ਰਹੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੈਗੰਬਰਾਂ ਵਿਚੋਂ ਬੋਲੇ ਦਵਾਰਕਾ ਵਾਸੀ, ਫ਼ਰਮਾਨ ਇਕ ਸੁਣਾਈਆ । ਜਨ ਭਗਤ ਦੀ ਸੇਵਾ ਖਾਸੀ, ਖ਼ਾਲਸ ਰੰਗ ਰੰਗਾਈਆ । ਜਿਸ ਦਾ ਇਸ਼ਟ ਇਕ ਅਬਿਨਾਸ਼ੀ, ਜਨਮ ਮਰਨ ਵਿਚ ਨਾ ਆਈਆ । ਸੋ ਉਤਰੇ ਪਾਰ ਘਾਟੀ, ਮੰਜ਼ਲ ਮੁਕੇ ਜਗਤ ਜੁਦਾਈਆ । ਜਿਸ ਪੂਰਬ ਮੰਨੀ ਆਖੀ, ਦੁਆਪਰ ਦਏ ਗਵਾਹੀਆ । ਇਕਲੋਤਾ ਬੇਟਾ ਜਿਸ ਨੂੰ ਜਨਮਿਆ ਬਿਦਰ ਦੀ ਚਾਚੀ, ਲਹਿਣਾ ਓਸੇ ਦਾ ਵੇਖ ਵਖਾਈਆ । ਉਹ ਵਿਦਿਆ ਪੜ੍ਹ ਕੇ ਕਾਂਸ਼ੀ, ਕਸ਼ਮੀਰ ਬੈਠਾ ਡੇਰਾ ਲਾਈਆ । ਨਿਰਗੁਣ ਦਰਸ਼ਨ ਹੋਇਆ ਰਾਤੀਂ, ਨੂਰ ਨੂਰ ਜੋਤ ਰੁਸ਼ਨਾਈਆ । ਉਸ ਮੰਗੀ ਇਕ ਦਾਤੀ, ਪ੍ਰਭ ਅੱਗੇ ਝੋਲੀ ਡਾਹੀਆ । ਜਿਵੇਂ ਸੁਦਾਮਾ ਤੇਰਾ ਸਾਥੀ, ਅੰਦਰਲਾ ਸੰਗ ਬਣਾਈਆ । ਜੇ ਮੇਰੀ ਕਰੇਂ ਰਾਖੀ, ਸਿਰ ਆਪਣਾ ਹੱਥ ਟਿਕਾਈਆ । ਮੈਂ ਗਾਵਾਂ ਤੇਰੀ ਸਾਖੀ, ਸੁਖ਼ਨ ਬਚਨ ਰਸਨਾ ਨਾਲ ਅਲਾਈਆ । ਤੂੰ ਧੁਰ ਦਾ ਕਮਲਾਪਾਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਸ੍ਰੀ ਭਗਵਾਨ ਕਿਹਾ ਮੈਂ ਮੰਨਾਂ ਆਖੀ, ਕਲਜੁਗ ਅੰਤ ਅਖ਼ੀਰ ਆਪਣੇ ਰੰਗ ਰੰਗਾਈਆ । ਤੇਰੀ ਬਦਲ ਕੇ ਜੀਵਣ ਵਾਲੀ ਹਯਾਤੀ, ਹਜ਼ਰਤਾਂ ਦੇ ਪਿਛੋਂ ਤੇਰਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਨਿਰੰਕਾਰ, ਨਿਰਵੈਰ ਦਇਆ ਕਮਾਈਆ । ਸੁਦਾਮੇ ਦਾ ਚਚਾਜ਼ਾਦ ਪਿਆਰ, ਪੂਰਬ ਲੇਖ ਪਰਗਟਾਈਆ । ਭਗਵਨ ਦੇ ਆਧਾਰ, ਅਦਲ ਆਪ ਕਮਾਈਆ । ਜੁਗ ਵਿਚੋਂ ਜੁਗ ਦੀ ਬਦਲੀ ਕਰ ਸੰਸਾਰ, ਸਮੁੰਦ ਸਾਗਰ ਖੇਲ ਵਖਾਈਆ । ਭਗਤ ਸੁਹੇਲਾ ਬਣ ਮੁਰਾਰ, ਮੁਰਾਰੀ ਹੋ ਕੇ ਵੇਖ ਵਖਾਈਆ । ਪਿਛਲਾ ਕੀਤਾ ਕੌਲ ਇਕਰਾਰ, ਆਪਣਾ ਤੋੜ ਨਿਭਾਈਆ । ਕਰਮਾਂ ਦਾ ਜਨਮ ਸੁਧਾਰ, ਦੇਵੇ ਮਾਣ ਵਡਿਆਈਆ । ਕਲ ਕਲਕੀ ਲੈ ਅਵਤਾਰ, ਕਲ ਕਲੇਸ਼ ਗਵਾਈਆ । ਬਾਲਾ ਨੱਢਾ ਨੰਨ੍ਹਾ ਨਿੱਕੀ ਦੱਸ ਗੁਫ਼ਤਾਰ, ਗੁਪਤ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਚੁਕਾਵੇ ਭਗਤ ਭਗਵਾਨ ਕ੍ਰਿਸ਼ਨ ਸੁਦਾਮੇ ਯਾਰ, ਯਾਰ ਦਾ ਉਧਾਰ, ਚਚਾਜ਼ਾਦ ਵਿਚਾਰ, ਵਿਚਾਰ ਦਾ ਪਸਾਰ, ਹਰੀ ਕਾ ਦਵਾਰ, ਤਨ ਦਾ ਸ਼ਿੰਗਾਰ, ਗੁਰਮੀਤ ਨਜ਼ਰੀ ਆਈਆ ।

### ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬੀਬੀ ਚਰਨੀ ਦੇ ਗ੍ਰਿਹ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਭਗਤੋ ਤੱਕੋ ਮੂਲ, ਮੁੱਲ ਕੀਮਤ ਕੋਇ ਨਾ ਪਾਈਆ । ਪਿਛਲੀ ਕਰਨੀ ਜਾਓ ਭੁਲ, ਕਰਮ ਕਾਂਡ ਦਾ ਡੇਰਾ ਢਾਹੀਆ ।

ਹਰਿ ਮਾਰਗ ਇਕ ਅਸੂਲ, ਅਪਨਾਓ ਥਾਉਂ ਥਾਈਆ । ਜਿਸ ਦਾ ਹੁਕਮ ਇਕ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ੰਕਰ ਮਸਤਕ ਲਾ ਕੇ ਧੂਲ, ਖ਼ੁਸ਼ੀ ਰਿਹਾ ਬਣਾਈਆ । ਹੱਥੋਂ ਸੁੱਟ ਤ੍ਰਿਸੂਲ, ਤ੍ਰੈਭਵਣ ਧਨੀ ਦਰਸ਼ਨ ਪਾਈਆ । ਜਿਸ ਦਾ ਪੰਘੂੜਾ ਹਰਿ ਭਗਤ ਰਹੇ ਝੂਲ, ਹੁਲਾਰਾ ਦੋ ਜਹਾਨਾਂ ਬਾਹਰ ਵਖਾਈਆ । ਬਣ ਕੇ ਕੰਤ ਕੰਤੂਹਲ, ਸੇਜ ਸੁਹੰਜਣੀ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਹਰਿ ਭਗਤੀ ਵੇਖੇ ਰੰਗ, ਰੰਗਤ ਅਗੰਮੀ ਦਿਆਂ ਦ੍ਰਿੜਾਈਆ । ਆਤਮ ਪਰਮਾਤਮ ਮਾਣੇ ਅਨੰਦ, ਅਨੰਦ ਅਨੰਦ ਵਿਚੋਂ ਵਖਾਈਆ । ਸਾਚਾ ਢੋਲਾ ਗਾਵੇ ਬਿਨ ਰਸਨਾ ਜਿਹਵਾ ਦੰਦ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜਨਮ ਜਨਮ ਦਾ ਮੇਟੇ ਪੰਧ, ਆਵਣ ਜਾਵਣ ਦਏ ਚੁਕਾਈਆ । ਖ਼ੁਸ਼ੀਆਂ ਦਾ ਇਕੋ ਦੱਸੇ ਛੰਦ, ਨਾਮ ਵਿਚੋਲਾ ਬਣ ਆਪ ਸਮਝਾਈਆ । ਨਿਰਗੁਣ ਸਰਗੁਣ ਵਸੇ ਸੰਗ, ਸਗਲਾ ਸੰਗ ਬਣਾਈਆ । ਜਨ ਭਗਤ ਦਵਾਰਾ ਜਾਏ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਪ੍ਰੇਮ ਰੰਗੀਲਾ ਵੇਖ ਪਲੰਘ, ਬਿਨ ਪਾਵਾ ਚੂਲ ਦਏ ਸੁਹਾਈਆ । ਸਚ ਨਾਦ ਵਜਾ ਮਰਦੰਗ, ਰਾਗ ਆਪਣਾ ਦਏ ਉਪਜਾਈਆ । ਭੇਵ ਖੁਲ੍ਹਾ ਕੇ ਬ੍ਰਹਮ ਹੰ, ਨਾਤਾ ਜਗਤ ਨਾਲੋਂ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ ਠਾਂਡਾ ਸੀਤਾ ਸਦਾ ਅਤੀਤਾ ਸਦ ਭਾਵਨਾ ਸਭ ਦੀ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਤੱਕੋ ਕਲਜੁਗ ਅੰਤਮ ਰੀਤੀ, ਰੀਤੀਵਾਨਾਂ ਦਿਆਂ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰੋ ਧਿਆਨ ਮਾਰੋ ਮੰਦਰ ਮਸਜਿਦ ਮਸੀਤੀ, ਗੁਰੂਦਵਾਰੇ ਵੇਖ ਵਖਾਈਆ । ਕਾਇਆ ਦਿਸੇ ਨਾ ਕੋਇ ਠਾਂਡੀ ਸੀਤੀ, ਅਗਨੀ ਤਤ ਸਭ ਨੂੰ ਰਹੀ ਜਲਾਈਆ । ਮਨ ਵਾਸਨਾ ਹੰਕਾਰੀ ਹੋਈ ਨੀਤੀ, ਵਿਕਾਰਾਂ ਵਿਚ ਲੜਾਈਆ । ਆਤਮ ਦਿਸੇ ਨਾ ਕੋਇ ਠਾਂਡੀ ਸੀਤੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਆਪਣੀ ਦਇਆ ਕੀਤੀ, ਜਨ ਭਗਤਾਂ ਹੋਇਆ ਸਹਾਈਆ । ਲੱਖ ਚੁਰਾਸੀ ਵਿਚੋਂ ਥੋੜੀ ਲਾ ਬਾਗ਼ੀਚੀ, ਬਾਗ਼ਬਾਨ ਹੋ ਕੇ ਟਹਿਣੀ ਰਿਹਾ ਮਹਿਕਾਈਆ । ਗੁਰਮੁਖ ਧਾਰ ਕਰ ਅਤੀਤੀ, ਤ੍ਰੈਗੁਣ ਲੇਖਾ ਰਿਹਾ ਚੁਕਾਈਆ । ਹਰਿਜਨ ਆਤਮਾ ਸਦਾ ਜੀਤੀ, ਜਿਤ ਹਾਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਅੰਤਰ ਨਿਰੰਤਰ ਸਾਚੇ ਨਾਮ ਮੰਤਰ ਦੀ ਦੇਵੇ ਪ੍ਰੀਤੀ, ਪ੍ਰੀਤਮ ਹੋ ਕੇ ਤੋੜ ਨਿਭਾਈਆ ।

### ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਪਾਲ ਸਿੰਘ ਦੇ ਗ੍ਰਹਿ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਖੇਲ ਵੇਖੋ ਕਰਨੀ ਦਾ ਕਰਤਾ, ਕੀ ਕੀ ਆਪਣਾ ਰੰਗ ਵਖਾਈਆ । ਮਾਲਕ ਬਣ ਕੇ ਧੁਰ ਦਾ ਭਰਤਾ, ਦਾਤਾ ਦਇਆਵਾਨ ਹੋ ਜਾਈਆ । ਮਾਣ ਵਡਿਆਈ ਦੇਵੇ ਸਾਚੇ ਭਗਤਾਂ, ਭਾਗ ਆਪਣਾ ਆਪਣੇ ਵਿਚੋਂ ਵਖਾਈਆ । ਏਕਾ ਰੰਗ ਰੰਗਾਏ ਸਾਚੀ ਸੰਗਤਾ, ਸੰਗਲ ਸ਼ਰਅ ਜ਼ੰਜੀਰ ਕਟਾਈਆ । ਝਗੜਾ ਰਹੇ ਨਾ ਦਵੈਤ ਭਾਵ ਮਨ ਦਾ, ਮਨਸਾ ਕੂੜੀ ਰਿਹਾ ਗਵਾਈਆ । ਲਹਿਣਾ ਦੇ ਕੇ ਸਾਢੇ ਤਿੰਨ ਹੱਥ ਤਨ ਦਾ, ਸਰੀਰ ਅਖ਼ੀਰ ਆਪਣੇ ਰੰਗ ਰੰਗਾਈਆ । ਗ੍ਰਹਿ ਸੁਹਾ ਕੇ ਗੁਰਮੁਖ ਜਨ ਕਾ, ਜਨ ਆਪਣੇ ਘਰ ਵਸਾਈਆ । ਭੈ ਰਿਹਾ ਨਾ ਕੋਈ ਡੰਨ

ਕਾ, ਰਾਏ ਧਰਮ ਨਾ ਦਏ ਸਜ਼ਾਈਆ । ਮੇਲ ਮਿਲਾਇਆ ਪਾਰਬ੍ਰਹਮ ਬ੍ਰਹਮ ਕਾ, ਨਾਤਾ ਨਿਰਗੁਣ ਨਿਰਗੁਣ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਵਖਾਏ ਛੱਪਰ ਛੰਨ ਕਾ, ਅਨਡਿਠੜਾ ਆਪ ਚੜ੍ਹਾਈਆ ।

★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬੀਬੀ ਮਾਇਓ ਦੇ ਗ੍ਰਿਹ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਹਰਿ ਸਾਹਿਬ ਗੁਣ ਨਿਧਾਨ, ਆਦਿ ਜੁਗਾਦਿ ਵੱਡੀ ਵੱਡ ਵਡਿਆਈਆ । ਮਿਹਰਵਾਨ ਹੋ ਕੇ ਦੇਵੇ ਅਗੰਮਾ ਦਾਨ, ਵਸਤ ਅਮੋਲਕ ਨਾਮ ਭੰਡਾਰਾ ਆਪ ਵਰਤਾਈਆ । ਪ੍ਰੇਮ ਪ੍ਰੀਤੀ ਅੰਦਰ ਭਗਤ ਸੁਹੇਲੇ ਕਰ ਪਰਵਾਨ, ਸਿਰ ਆਪਣਾ ਹੱਥ ਰਖਾਈਆ । ਧਰਮ ਦਵਾਰੇ ਦਾ ਇਕ ਵਖਾ ਸੱਚਾ ਨਿਸ਼ਾਨਾ, ਨਿਸ਼ਾਨੇ ਕੂੜੇ ਦਏ ਬਦਲਾਈਆ । ਤੂੰ ਮੇਰਾ ਮੈਂ ਤੇਰਾ ਅੰਤਰ ਆਤਮ ਦੱਸ ਕੇ ਸਚ ਗਿਆਨ, ਨਿਰੰਤਰ ਰੂਪ ਅਨੂਪ ਦਰਸਾਈਆ । ਸੋ ਸੰਤ ਸੁਹੇਲੇ ਗੁਰਮੁਖ ਸੋਹੰ ਢੋਲਾ ਗਾਣ, ਜਿਨ੍ਹਾਂ ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਦਇਆ ਕਮਾਈਆ । ਸਾਹਿਬ ਸਤਿਗੁਰ ਪੁਰਖ ਅਥਾਹ, ਅਕਲ ਕਲਧਾਰੀ ਹਰਿ ਅਖਵਾਇੰਦਾ । ਜੁਗ ਚੌਕੜੀ ਚਲਾਏ ਰਾਹ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਗੁਰ ਅਵਤਾਰ ਪੈਗ਼ੰਬਰ ਬਣਾਏ ਮਲਾਹ, ਨਈਆ ਨੌਕਾ ਨਾਮ ਹੱਥ ਫੜਾਇੰਦਾ । ਸਿਫ਼ਤ ਸਾਲਾਹ ਬੇਪਰਵਾਹ ਆਪਣੀ ਆਪ ਜਣਾ, ਸ਼ਾਸਤਰ ਸਿਮਰਤ ਵੇਦ ਪੁਰਾਨ ਲੋਕਮਾਤ ਵਡਿਆਇੰਦਾ । ਅੰਤਮ ਸਭ ਦੀ ਖ਼ਾਕੀ ਮਾਟੀ ਕਰ ਸਵਾਹ, ਨਿਰਗੁਣ ਨਿਰਗੁਣ ਰੰਗ ਚੜ੍ਹਾਇੰਦਾ । ਸੋ ਸੋਹਲਾ ਢੋਲਾ ਰਹੇ ਗਾ, ਤੂੰ ਹੀ ਤੂੰ ਹੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਕਾਰ ਕਮਾਇੰਦਾ । ਗੁਰ ਅਵਤਾਰ ਪੈਗ਼ੰਬਰ ਢੋਲਾ ਗਾਵਣ ਸੋਹੰ ਸੋ, ਦੂਜੀ ਕਰਨ ਨਾ ਕੋਇ ਪੜ੍ਹਾਈਆ । ਜਿਸ ਧਾਰ ਵਿਚੋਂ ਨਿਕਲੇ ਅੰਤਮ ਓਸੇ ਵਿਚ ਗਏ ਸੌਂ, ਆਲਸ ਨਿੰਦਰਾ ਨਾ ਕੋਇ ਬਣਾਈਆ । ਸਤਿ ਸਰੂਪ ਗਏ ਹੋ, ਹੋਕਾ ਦੇ ਕੇ ਜਗਤ ਲੋਕਾਈਆ । ਦੀਨਾਂ ਮਜ਼੍ਹਬਾਂ ਨਾਲੋਂ ਤੋੜ ਕੇ ਮੋਹ, ਮੁਹੱਬਤ ਪ੍ਰਭ ਦੇ ਨਾਲ ਰਖਾਈਆ । ਨਿਰਗੁਣ ਧਾਰ ਹੋ ਕੇ ਨਿਰਗੁਣ ਗਏ ਛੋਹ, ਸ਼ਹਿਨਸ਼ਾਹ ਵਿਚ ਆਪਣਾ ਆਪ ਸਮਾਈਆ । ਜੋ ਭਗਤਾਂ ਅੰਦਰ ਜੁਗਾ ਜੁਗੰਤਰ ਕਰੇ ਲੋ, ਲੋਇਣ ਅੰਤਰਲਾ ਦਏ ਖੁਲ੍ਹਾਈਆ । ਦੂਜਾ ਅਵਰ ਨਾ ਜਾਣੇ ਕੋ, ਹਰਿ ਕਾ ਭੇਵ ਕੋਇ ਨਾ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਲੈ ਕੇ ਆਇਆ ਢੋਆ ਢੋ, ਨਾਮ ਨਿਧਾਨਾ ਰਿਹਾ ਵਰਤਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇਵੇ ਚੋ, ਚਾਰ ਜੁਗ ਦੇ ਵਿਛੜੇ ਲਏ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਡ ਭੂਪ ਆਪੇ ਹੋ, ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਸੰਤ ਸੁਹੇਲੇ ਪਾਰ ਕਰਾਈਆ ।

## ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਜੀਤ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਅੰਤ ਅੰਧੇਰ ਹੋਇਆ ਅੰਧ, ਸਾਚਾ ਨਾਮ ਹਰਿ ਕਾ ਚੰਦ ਨਾ ਕੋਇ ਚਮਕਾਈਆ । ਕੂੜੀ ਕਿਰਿਆ ਜਗਤ ਵਾਸਨਾ ਮਨ ਵਿਕਾਰੀ ਦਿਸੇ ਗੰਦ, ਆਤਮ ਪਰਮਾਤਮ ਪ੍ਰਭ ਦਾ ਢੋਲਾ ਕੋਇ ਨਾ ਗਾਈਆ । ਸਾਚਾ ਸੋਹਲਾ ਨਾਦ ਅਨਾਦੀ ਬਿਨ ਰਸਨਾ ਜਿਹਵਾ ਸੁਣੇ ਕੋਈ ਨਾ ਛੰਦ, ਪਾਰਬ੍ਰਹਮ ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਸਭ ਨੂੰ ਸੁੱਤਾ ਦੇ ਕਰ ਕੰਡ, ਕਾਇਆ ਮਾਟੀ ਸਾਢੇ ਤਿੰਨ ਹੱਥ ਸਰੀਰ ਆਪਣੀ ਕਰਵਟ ਨਾ ਕੋਇ ਬਦਲਾਈਆ । ਨੇਤਰ ਰੋਂਦੀ ਵੇਖੀ ਜਮਨਾ ਸੁਰਸਤੀ ਗੋਦਾਵਰੀ ਗੰਗ, ਅੱਠ ਸੱਠ ਤੀਰਥ ਦੇਣ ਦੁਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਵੱਜੇ ਨਾ ਕੋਈ ਹਕ ਮਰਦੰਗ, ਨਾਮ ਨਗਾਰਾ ਏਕੰਕਾਰਾ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰ ਦਰ ਠਾਂਡੇ ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਵੇਖੀ ਅੰਧੇਰੀ ਰਾਤ, ਭਿੰਨੜੀ ਰੈਣ ਨਾ ਕੋਇ ਸੁਹਾਈਆ । ਕਿਸੇ ਦਾ ਲੇਖੇ ਲੱਗਾ ਦਿਸੇ ਨਾ ਪੂਜਾ ਪਾਠ, ਸਿਮਰਨ ਜੋਗ ਅਭਿਆਸ ਵਿਚ ਤੜਪ ਰਹੀ ਲੋਕਾਈਆ । ਸਚ ਸਰੋਵਰ ਅੰਮ੍ਰਿਤ ਆਤਮ ਮਾਰੇ ਕੋਈ ਨਾ ਠਾਠ, ਨਿਝਰ ਰਸ ਧੁਰ ਦਾ ਝਿਰਨਾ ਨਾ ਕੋਇ ਝਿਰਾਈਆ । ਸਚ ਦਵਾਰ ਏਕੰਕਾਰ ਸਦੀ ਚੌਧਵੀਂ ਮਿਲੇ ਨਾ ਕਿਸੇ ਹਾਟ, ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਸਾਰੇ ਰੋਵਣ ਮਾਰਨ ਧਾਹੀਂਆ । ਸਤਿ ਸੰਤੋਖ ਧੀਰਜ ਸ੍ਰਿਸ਼ਟ ਸਬਾਈ ਤੁੱਟਾ ਯਤ, ਸਾਂਤਕ ਸਤਿ ਨਾ ਕੋਇ ਵਰਤਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵਰਨ ਬਰਨ ਦੀਨ ਮਜ੍ਹਬ ਜਾਤ ਪਾਤ ਝਗੜਾ ਪਾਇਆ ਮਨਮਤ, ਗੁਰਮਤ ਗਹਿਰ ਗੰਭੀਰ ਬੇਨਜ਼ੀਰ ਸਾਰੇ ਗਏ ਭੁਲਾਈਆ । ਤੇਰੇ ਮਿਲਣ ਦੀ ਪੁਰਖ ਅਕਾਲ ਖੁਲ੍ਹੀ ਕਿਸੇ ਨਾ ਅੱਖ, ਜਗਤ ਨੇਤਰ ਹੁੰਦਿਆਂ ਤੇਰਾ ਦਰਸ ਕੋਇ ਨਾ ਪਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਸਮਰਥ, ਕਲਜੁਗ ਅੰਤ ਕੂੜੀ ਰੇਖ ਜਗਤ ਭੇਖ ਦੇ ਗਵਾਈਆ । ਜੁਗ ਬਦਲਣਾ ਤੇਰੇ ਹੱਥ, ਸਤਿਜੁਗ ਸਾਚਾ ਲੈ ਪਰਗਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕੋ ਨਾਮ ਆਪਣਾ ਦੱਸ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਇਕੋ ਤੇਰਾ ਦਵਾਰਾ ਸਭ ਨੂੰ ਸੁੱਝੇ ਹਕ, ਲਾਸ਼ਰੀਕ ਜਲਵਾ ਨੂਰ ਕਰ ਰੁਸ਼ਨਾਈਆ । ਭਵਿਖਤਾਂ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਆਉਣਾ ਆਏ ਦੱਸ, ਨਿਹਕਲੰਕ ਕਲ ਕਲਕੀ ਆਪਣਾ ਨਾਉਂ ਪਰਗਟਾਈਆ । ਮੋਹ ਵਿਕਾਰ ਜਗਤ ਹੰਕਾਰ ਖੇੜਾ ਕਰ ਭੱਠ, ਸਤਿ ਸਚ ਧਰਮ ਇਕ ਪਰਗਟਾਈਆ । ਹਰ ਹਿਰਦਾ ਤੇਰਾ ਨਾਮ ਲਏ ਜਪ, ਕੋਟ ਜਨਮ ਦਾ ਪਪ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਅਰਾ ਦੱਸ ਅਲੱਖ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਪੜਦਾ ਦੇਣਾ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੀਨ ਦੁਨੀ ਵੇਖੀ ਸੜਦੀ, ਚਾਰ ਕੁੰਟ ਧਿਆਨ ਲਗਾਈਆ । ਤੇਰੀ ਮੰਜ਼ਲ ਕੋਇ ਨਾ ਚੜ੍ਹਦੀ, ਰੂਹ ਬੁਤ ਦੋਵੇਂ ਰਹੇ ਕੁਰਲਾਈਆ । ਅੰਤਮ ਬਾਜ਼ੀ ਦਿਸੇ ਹਰਦੀ, ਹਿਰਦੇ ਹਰਿ ਨਾ ਕੋਇ ਵਸਾਈਆ । ਇਹ ਖੇਲ ਕਲਜੁਗ ਕਲ ਦੀ, ਜਿਸ ਗਿਆਨੀ ਧਿਆਨੀ ਵਿਦਵਾਨੀ ਦਿੱਤੇ ਭੁਲਾਈਆ । ਕੋਈ ਸਮਝੇ ਨਾ ਧਾਰ ਨਰਾਇਣ ਨਰ ਦੀ, ਵਿਸ਼ਿਆਂ ਵਾਲੇ ਗੁਰੂ ਸਾਰੇ ਰਹੇ ਮਨਾਈਆ । ਸਮਝ ਆਈ ਨਾ ਤੇਰੇ ਘਰ ਦੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਾਣੀ ਪੜ੍ਹ ਕੇ ਝਟ ਲੰਘਾਈਆ ।

ਜੋ ਆਤਮ ਪਰਮਾਤਮ ਤੇਰਾ ਦਰਸ਼ਨ ਕਰਦੀ, ਜੋਤੀ ਜੋਤ ਜੋਤ ਵਿਚ ਰੁਸ਼ਨਾਈਆ । ਉਹ ਮਨ ਵਾਸਨਾ ਕਦੇ ਨਾ ਲੜਦੀ, ਝਗੜਾ ਕਰੇ ਨਾ ਜਗਤ ਲੋਕਾਈਆ । ਸਚਖੰਡ ਦਵਾਰੇ ਇਕੋ ਚੜ੍ਹਦੀ, ਜਿਸ ਦੀ ਮੰਜ਼ਲ ਬੇਪਰਵਾਹੀਆ । ਬਿਨ ਸੀਸ ਸੀਸ ਚਰਨਾਂ ਉਤੇ ਧਰਦੀ, ਧਰਨੀ ਧਰਤ ਧਵਲ ਦਾ ਲੇਖ ਮੁਕਾਈਆ । ਵਸਨੀਕ ਬਣੇ ਓਸ ਘਰ ਦੀ, ਜਿਸ ਘਰਾਨੇ ਵਿਚੋਂ ਗੁਰ ਅਵਤਾਰ ਪੈਗ਼ੰਬਰ ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਤੇਰੀ ਓਟ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਰੀ ਸ੍ਰਿਸ਼ਟੀ ਵੇਖੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਕੋਟਨ ਕੋਟ ਬਣੇ ਭੇਖੀ, ਵੇਸ ਗੁਰੂਆਂ ਵਾਲਾ ਵਟਾਈਆ । ਕਲਮ ਸ਼ਾਹੀ ਨਾਲ ਬਣੇ ਲੇਖੀ, ਲੇਖ ਤੇਰਾ ਰਹੇ ਜਣਾਈਆ । ਜੰਗਲਾਂ ਵਿਚ ਬਣ ਪਰਦੇਸੀ, ਭੱਜਣ ਵਾਹੋ ਦਾਹੀਆ । ਮਾਟੀ ਖੇਹ ਨਾਲ ਖੇਡ ਰਹੇ ਖੇਡੀ, ਧੂਣੀ ਖ਼ਾਕ ਰਮਾਈਆ । ਤੇਰਾ ਦਿਸੇ ਕੋਇ ਨਾ ਭੇਤੀ, ਭਵਜਲ ਵਿਚ ਦਿਸੇ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਤੇਰੀ ਜਾਣੇ ਕੋਈ ਨਾ ਨੇਕੀ, ਜਿਸ ਲੱਖ ਚੁਰਾਸੀ ਵਿਚੋਂ ਮਾਨਸ ਜਨਮ ਦਿਤਾ ਬਣਾਈਆ । ਨਿਰਗੁਣ ਆਤਮਾ ਆਪਣੀ ਬਣਾ ਕੇ ਬੇਟਾ ਬੇਟੀ, ਘਰ ਸਾਚੇ ਦਿਤੀ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਅਮਾਮ, ਅਮਲਾਂ ਤੋਂ ਰਹਿਤ ਵੇਖ ਵਖਾਈਆ । ਦੀਨ ਦੁਨੀ ਦਾ ਬਦਲਿਆ ਵੇਖਿਆ ਨਜ਼ਾਮ, ਨੌਬਤ ਹਕ ਨਾ ਕੋਇ ਵਜਾਈਆ । ਮਨ ਵਾਸਨਾ ਕੂੜੀ ਕਿਰਿਆ ਸਾਰੇ ਹੋਏ ਗ਼ੁਲਾਮ, ਗ਼ੁਰਬਤ ਅੰਦਰੋਂ ਬਾਹਰ ਨਾ ਕੋਇ ਕਢਾਈਆ । ਸਾਚਾ ਸਜਦਾ ਕਰੇ ਨਾ ਕੋਇ ਸਲਾਮ, ਹਕ ਮਹਿਬੂਬ ਨਾ ਕੋਇ ਮਨਾਈਆ । ਜਿਧਰ ਤੱਕੀਏ ਵੇਖੀਏ ਘਰ ਘਰ ਦਿਸੇ ਹਰਾਮ, ਹਰਿ ਕੇ ਪੌੜੇ ਚੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਨੂੰ ਸਭ ਨੇ ਕੀਤਾ ਬਦਨਾਮ, ਬਦੀ ਨੇਕੀ ਸਭ ਤੇਰੀ ਝੋਲੀ ਪਾਈਆ । ਸਦੀ ਚੌਧਵੀਂ ਅਸੀਂ ਬਣ ਗਏ ਆਮ, ਅਵਾਮ ਵਿਚ ਨਾ ਕੋਇ ਵਡਿਆਈਆ । ਅੰਤਮ ਦੀਨ ਦੁਨੀ ਦਾ ਖਹਿੜਾ ਛੱਡ ਕੇ ਤਮਾਮ, ਤੇਰੀ ਚਰਨੀ ਬੈਠੇ ਸੀਸ ਨਿਵਾਈਆ । ਕਲਜੁਗ ਮੇਟਣਾ ਸਤਿਜੁਗ ਲਾਉਣਾ ਪੁਰਖ ਅਬਿਨਾਸ਼ੀ ਤੇਰਾ ਕਾਮ, ਸਾਡੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਮਿਹਰਵਾਨ, ਸ੍ਰੀ ਭਗਵਾਨ ਮਿਹਰ ਨਜ਼ਰ ਉਠਾਈਆ ।

## ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬਾਲ ਕੌਰ ਦੇ ਗ੍ਰਿਹ ਜੇਠੂਵਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੇ ਭਗਤਾਂ ਜਾਈਏ ਬਲਿਹਾਰ, ਜੋ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਤੇਰਾ ਧਿਆਨ ਲਗਾਈਆ । ਅਸੀਂ ਸਿਖਿਆ ਦੇਂਦੇ ਆਏ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੌਕੜੀ ਜੁਗ ਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਾਲ ਸਮਝਾਈਆ । ਤੇਰਾ ਨਾਮ ਢੋਲਾ ਗੀਤ ਸੰਗੀਤ ਗਾਉਂਦੇ ਰਹੇ ਅਗੰਮੀ ਵਾਰ, ਪਰਾ ਪਸੰਤੀ ਮਧਮ ਬੈਖਰੀ ਰਾਗ ਅਲਾਈਆ । ਹੁਕਮੇ ਅੰਦਰ ਸੁਨੇਹੜਾ ਦੇਂਦੇ ਰਹੇ ਜਗਤ ਸ੍ਰਿਸ਼ਟੀ ਸੰਸਾਰ, ਕਾਇਨਾਤ ਮਖ਼ਲੂਕ ਖ਼ਲਕ ਸੁਣਾਈਆ । ਵਾਹਦ ਲਾਸ਼ਰੀਕ ਤੇਰਾ ਕਰਦੇ ਰਹੇ ਇਜ਼ਹਾਰ, ਪਾਰਬ੍ਰਹਮ

ਪਤਿਪਰਮੇਸ਼ਵਰ ਤੇਰਾ ਪੜਦਾ ਮਾਤ ਉਠਾਈਆ । ਤੇਰੇ ਨਾਮ ਦਾ ਬੋਲ ਕੇ ਇਕ ਜੈਕਾਰ, ਨਾਉਂ ਨਿਰੰਕਾਰ ਰਹੇ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ੍ਰਿਸ਼ਟ ਸਬਾਈ ਸਾਰੀ ਹੋਈ ਬੇਹਾਲ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਬਿਨ ਹਰਿ ਨਾਮੇ ਹੋਏ ਕੰਗਾਲ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੀਰਜ ਧੀਰ ਨਾ ਕੋਇ ਧਰਾਈਆ । ਬਿਨ ਤੇਰੀ ਕਿਰਪਾ ਸਾਚਾ ਨਾਮ ਮਿਲੇ ਨਾ ਕਿਸੇ ਸੱਚਾ ਧਨ ਮਾਲ, ਅਤੋਟ ਅਤੁਟ ਵਸਤ ਨਾ ਕੋਇ ਵਰਤਾਈਆ । ਜਗਤ ਮਾਇਆ ਤੋੜੇ ਨਾ ਕੋਇ ਜੰਜਾਲ, ਸ਼ਰਅ ਸ਼ਰੀਅਤ ਵਿਚੋਂ ਬਾਹਰ ਨਾ ਕੋਇ ਕਢਾਈਆ । ਸਚ ਦਵਾਰ ਏਕੰਕਾਰ ਤੇਰਾ ਦਿਸੇ ਨਾ ਧੁਰ ਦਾ ਧਰਮਸਾਲ, ਜਿਸ ਗ੍ਰਿਹਿ ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਦੇ ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਸਮਰਥੇ, ਸਾਹਿਬ ਤੇਰੀ ਸਰਨਾਈਆ । ਕਲਜੁਗ ਅੰਤ ਅਖ਼ੀਰ ਸਾਡੇ ਕਿਛ ਨਹੀਂ ਹੱਥੇ, ਦੋਵੇਂ ਖ਼ਾਲੀ ਹੱਥ ਰਹੇ ਵਖਾਈਆ । ਨਾਤਾ ਤੁੱਟਿਆ ਤੀਰਥ ਅੱਠ ਸੱਠੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਸਾਰੇ ਹੋਏ ਹੱਕੇ ਬੱਕੇ, ਹਕ਼ੀਕ਼ਤ ਨਜ਼ਰ ਕਿਸੇ ਨਾ ਆਈਆ । ਦੀਨ ਦੁਨੀ ਭੁੱਲ ਗਈ ਧੁਰ ਦੇ ਮਾਰਗ ਦੱਸੇ, ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਕੇ ਤੇਰਾ ਸ਼ੁਕਰ ਨਾ ਕੋਇ ਮਨਾਈਆ । ਮਨ ਵਾਸਨਾ ਕੂੜੀ ਕਿਰਿਆ ਸਤਿ ਧਰਮ ਦੀ ਕਰਕੇ ਹੱਤੇ, ਅਤਿਆਚਾਰੀ ਦੁਸ਼ਟ ਵਿਕਾਰੀ ਜਗਤ ਜੀਵ ਬਣੇ ਗੋਸਾਈਆਂ । ਤੇਰੇ ਨਾਮ ਪਿਆਰ ਮੁਹੱਬਤ ਵਿਚ ਬਿਨ ਭਗਤਾਂ ਰੰਗ ਕੋਈ ਨਾ ਰੱਤੇ, ਰੁਤੜੀ ਰੁੱਤ ਨਾ ਕੋਇ ਮਹਿਕਾਈਆ । ਜਗਤ ਜਗਿਆਸੂ ਜਗਤ ਰਸਾਂ ਵਿਚ ਸੁੱਤੇ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤੇ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਰਖਾਈਆ । ਗੁਰ ਅਵਤਾਰ ਪੈਗੰਬਰ ਕਹਿਣ ਸਾਡੇ ਪੰਜਾਂ ਤੱਤਾਂ ਵਾਲੇ ਨਹੀਂ ਪ੍ਰਭੂ ਕੋਈ ਜੁੱਸੇ, ਵਜੂਦ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲ ਦੀਨ ਦਿਆਲ ਦਇਆ ਨਿਧ ਠਾਕਰ ਸਵਾਮੀ ਧੁਰ ਦਾ ਹੁਕਮ ਇਕ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੇ ਅੱਗੇ ਅਰਦਾਸ, ਬੇਨੰਤੀ ਹਕ ਸੁਣਾਈਆ । ਮਿਹਰਵਾਨ ਸ੍ਰਿਸ਼ਟੀ ਦਾ ਵੇਖ ਤਮਾਸ਼, ਭਰਮੇ ਭੁੱਲੀ ਸਰਬ ਲੋਕਾਈਆ । ਸਾਚੀ ਵਸਤ ਨਾ ਕਿਸੇ ਪਾਸ, ਕਲਜੁਗ ਕੂੜੀ ਕਿਰਿਆ ਨਾਲ ਕਰੇ ਲੜਾਈਆ । ਤੇਰੇ ਉਤੇ ਰਿਹਾ ਨਹੀਂ ਕੋਈ ਵਿਸ਼ਵਾਸ਼, ਵਿਸ਼ਿਆਂ ਵਿਚ ਡੁੱਬੀ ਸਰਬ ਲੋਕਾਈਆ । ਸ਼ਾਹ ਕੰਗਾਲ ਸਾਰੇ ਦਿਸਣ ਉਦਾਸ, ਧੀਰਜ ਧੀਰ ਨਾ ਕੋਇ ਧਰਾਈਆ । ਮੰਜ਼ਲ ਪੌੜੀ ਚੜ੍ਹੇ ਕੋਈ ਨਾ ਘਾਟ, ਸਚ ਦਵਾਰਾ ਲੰਘ ਕੇ ਤੇਰਾ ਦਰਸ ਕੋਇ ਨਾ ਪਾਈਆ । ਪੜ੍ਹ ਪੜ੍ਹ ਥੱਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰ ਕਰ ਪਾਠ, ਪਾਠਸ਼ਾਲਾ ਵਿਚੋਂ ਦੀਨ ਦਿਆਲ ਨਜ਼ਰ ਕਿਸੇ ਨਾ ਆਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਪਾਰਬ੍ਰਹਮ ਕਮਲੇਪਾਤ, ਪਤਤ ਉਧਾਰਨ ਦੀਨਨ ਆਪਣੇ ਰੰਗ ਰੰਗਾਈਆ । ਬਿਨ ਭਗਤਾਂ ਸਾਚੇ ਸੰਤਾਂ ਤੇਰਾ ਦੇਵੇ ਕੋਈ ਨਾ ਸਾਥ, ਸ੍ਰਿਸ਼ਟ ਸਬਾਈ ਨਾਤਾ ਬੈਠੀ ਤੁੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਾਰ ਜੁਗ ਵਿਚ ਤੂੰ ਮੇਰਾ ਮੈਂ ਤੇਰਾ ਜੁਗੋ ਜੁਗ ਸਭ ਨੇ ਗਾਈ ਤੇਰੀ ਗਾਥ, ਸੋਹੰ ਢੋਲਾ ਧੁਰ ਦਾ ਰਾਗ ਅਲਾਈਆ । ਅੱਲਾ ਰਾਮ ਵਾਹਿਗੁਰੂ ਓਮ ਕ੍ਰਿਸ਼ਨ ਤੇਰਾ ਅੱਖਰਾਂ ਵਾਲਾ ਜਾਪ, ਨਿਰਅੱਖਰ ਵਿਚੋਂ ਜਗਤ ਦਿਤਾ ਪਰਗਟਾਈਆ । ਆਤਮ ਪਰਮਾਤਮ ਤੇਰਾ ਧੁਰ ਦਾ ਸਾਕ, ਬਿਨ ਆਤਮ ਪਰਮਾਤਮ ਤੇਰਾ ਰੂਪ ਨਾ

ਕੋਇ ਵਖਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸ੍ਰਿਸ਼ਟ ਸਬਾਈ ਪਿਤਾ ਬਾਪ, ਪਤਿਪਰਮੇਸ਼ਵਰ ਨਜ਼ਰੀ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨੂਰ ਜੋਤ ਕਰ ਪਰਕਾਸ਼, ਅੰਧ ਅੰਧੇਰ ਕੂੜੀ ਕਿਰਿਆ ਦੇ ਮਿਟਾਈਆ । ਤੇਰਾ ਦਰਸ਼ਨ ਕਰੀਏ ਸਾਖਿਆਤ, ਸਵੱਛ ਸਰੂਪ ਸ਼ਾਹੋ ਭੂਪ ਆਪਣਾ ਆਪ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਕਰ ਦੇ ਰੱਛਿਆ, ਰੱਛਕ ਹੋ ਕੇ ਵੇਖ ਵਖਾਈਆ । ਚਾਰ ਵਰਨ ਅਠਾਰਾਂ ਬਰਨ ਪਾ ਭਿੱਛਿਆ, ਨਾਮ ਨਿਧਾਨ ਸ੍ਰੀ ਭਗਵਾਨ ਇਕੋ ਦੇ ਵਰਤਾਈਆ । ਸਾਡਾ ਪੂਰਾ ਕਰ ਭਵਿਖਤ ਲਿਖਿਆ, ਕਲਜੁਗ ਅੰਤਮ ਲਹਿਣਾ ਦੇਣਾ ਦੇ ਮੁਕਾਈਆ । ਸ੍ਰਿਸ਼ਟ ਸਬਾਈ ਦੀਨ ਦੁਨੀ ਦਿਸੇ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਬਿਨ ਤੇਰੀ ਕਿਰਪਾ ਜਗਤ ਜਹਾਨ ਨਾ ਜਾਵੇ ਜਿੱਤਿਆ, ਗੁਰ ਅਵਤਾਰ ਪੈਗ਼ੰਬਰ ਕੋਟਨ ਕੋਟ ਗਏ ਫੇਰੀਆਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਵਕਤ ਸੁਹੰਜਣਾ ਦੇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਚਲੇ ਨਾ ਕੋਈ ਜ਼ੋਰ, ਜੋਰੂ ਜ਼ਰ ਹੋਇਆ ਹਲਕਾਈਆ । ਕਲਜੁਗ ਵੇਖ ਅੰਧ ਘੋਰ, ਅੰਧੇਰਾ ਚਾਰੋਂ ਕੁੰਟ ਛਾਈਆ । ਮਨ ਵਾਸਨਾ ਪਾਇਆ ਸ਼ੋਰ, ਸ਼ਰਅ ਵਿਚ ਸ਼ਰਅ ਕਰੇ ਲੜਾਈਆ । ਪੁਰਖ ਅਕਾਲ ਅੰਤ ਅਖ਼ੀਰੀ ਤੇਰੀ ਲੋੜ, ਲੋੜੀਂਦਾ ਸਾਜਣ ਇਕੋ ਨਜ਼ਰੀ ਆਈਆ । ਬਿਨ ਤੇਰੀ ਕਿਰਪਾ ਵਿਛੜਿਆਂ ਕੋਈ ਨਾ ਸਕੇ ਜੋੜ, ਨਾਤਾ ਹਕ ਨਾ ਕੋਇ ਜੁੜਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਚਾਰ ਕੁੰਟ ਦਹਿ ਦਿਸ਼ਾ ਸਾਰੇ ਮਚਾਵਣ ਸ਼ੋਰ, ਹੌਕਿਆਂ ਵਿਚ ਦਿਸੇ ਲੋਕਾਈਆ । ਲੇਖਾ ਮੁਕੇ ਨਾ ਮੋਰ ਤੋਰ, ਤੁਰੀਆ ਪਦ ਤੋਂ ਅੱਗੇ ਤੇਰਾ ਰਾਹ ਨਾ ਕੋਇ ਦਸਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਤੈਨੂੰ ਕੋਈ ਨਾ ਸਕੇ ਬਹੁੜ, ਤੇਰੀਆਂ ਸਿਫ਼ਤਾਂ ਵਾਲੇ ਢੋਲੇ ਗਾ ਕੇ ਸਾਰੇ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੀ ਸਭ ਨੂੰ ਲੋੜ, ਬਿਨ ਲੋੜ ਇਕ ਤੂੰ ਹੀ ਨਜ਼ਰੀ ਆਈਆ ।

### ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਬੀਬੀ ਨੰਤੀ ਦੇ ਗ੍ਰਿਹਿ ਜੇਠੂਵਾਲ ★

ਜੁਗ ਚੌਕੜੀ ਪ੍ਰਭ ਬਦਲਦਾ ਆਇਆ ਆਪ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਦਇਆ ਕਮਾਈਆ । ਨਿਤ ਨਵਿਤ ਜੀਵ ਜੰਤ ਸਾਧ ਸੰਤ ਦੱਸਦਾ ਆਇਆ ਜਾਪ, ਜਗ ਜੀਵਣ ਦਾਤਾ ਨਾਉਂ ਨਿਰੰਕਾਰ ਇਕ ਦ੍ਰਿੜਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਦੇਂਦਾ ਆਇਆ ਸਾਥ, ਨਿਰਗੁਣ ਹੋ ਕੇ ਸਰਗੁਣ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਦੱਸਦਾ ਆਇਆ ਗਾਥ, ਚਾਰ ਜੁਗ ਦੀ ਸਿਖਿਆ ਇਕ ਸਮਝਾਈਆ । ਇਕ ਇਕੇਲਾ ਜਨ ਭਗਤਾਂ ਦੇਂਦਾ ਆਇਆ ਸਾਥ, ਸਦਾ ਸਦਾ ਸੰਗ ਆਪਣਾ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਮਰਥ ਮਹਿੰਮਾ ਅਕਥ ਕਥ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਕਟ ਸ਼ਰਅ ਜ਼ੰਜੀਰ,

ਦੀਨ ਮਜ਼ੵਬ ਲੇਖਾ ਦੇ ਮੁਕਾਈਆ । ਝਗੜਾ ਰਹੇ ਨਾ ਸ਼ਾਹ ਹਕੀਰ, ਹੁਕਮ ਆਪਣਾ ਦੇ ਸਮਝਾਈਆ । ਸਦੀ ਚੌਧਵੀਂ ਬਦਲ ਦੇ ਤਕਦੀਰ, ਤੇਰੇ ਹੱਥ ਵੱਡੀ ਵਡਿਆਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਬੇਨਜ਼ੀਰ, ਨਜ਼ਰੀਆ ਸਭ ਦਾ ਦੇ ਬਦਲਾਈਆ । ਸਾਰੇ ਬੈਠੇ ਤੇਰੀ ਲੰਘ ਦਹਿਲੀਜ਼, ਦਰ ਦਵਾਰੇ ਸੀਸ ਝੁਕਾਈਆ । ਹਉਂ ਬਾਲੇ ਨੱਢੇ ਤੇਰੇ ਅਜ਼ੀਜ਼, ਬਾਲੇ ਧੁਰ ਦੇ ਨਜ਼ਰੀ ਆਈਆ । ਪ੍ਰੇਮ ਪਿਆਰ ਮੁਹੱਬਤ ਦੀ ਇਕੋ ਦੱਸ ਤਮੀਜ਼, ਤਮੰਨਾ ਦੀਨ ਮਜ਼ੵਬ ਦੇ ਚੁਕਾਈਆ । ਤੇਰੇ ਪ੍ਰੇਮ ਪਿਆਰ ਦਾ ਖਾਣਾ ਵੇਖੀਏ ਲਜ਼ੀਜ਼, ਜਿਸ ਦਾ ਰਸ ਰਸਨਾ ਨਾ ਕੋਇ ਚਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਏਸੇ ਆਸ਼ਾ ਵਿਚ ਕਰਦੇ ਗਏ ਉਡੀਕ, ਜੁਗ ਚੌਕੜੀ ਧਿਆਨ ਲਗਾਈਆ । ਸੋ ਪੁਰਖ ਅਕਾਲ ਦੀਨ ਦਿਆਲ ਆ ਗਈ ਤਰੀਖ਼, ਤਰੀਕਾ ਆਪਣਾ ਦੇਣਾ ਜਣਾਈਆ । ਸਚਖੰਡ ਦਵਾਰੇ ਦੇ ਅਸੀਂ ਵਸਨੀਕ, ਦਰਗਾਹ ਸਾਚੀ ਸੋਭਾ ਪਾਈਆ । ਕਿਉਂ ਲੋਕਮਾਤ ਵਿਚ ਆਏ ਬਣ ਗਏ ਸ਼ਰੀਕ, ਹਿੰਦੂ ਮੁਸਲਿਮ ਸਿੱਖ ਈਸਾਈ ਰੂਪ ਵਟਾਈਆ । ਸਭ ਨੂੰ ਦੇ ਇਕ ਤੌਫ਼ੀਕ, ਤਾਬਿਆਦਾਰੀ ਤੇਰੀ ਮੰਨਣ ਚਾਈਂ ਚਾਈਂਆ । ਸਭ ਦੀ ਆਸਾ ਮਨਸਾ ਪੂਰੀ ਕਰ ਉਮੀਦ, ਜ਼ਿਮੀ ਅਸਮਾਨਾਂ ਇਕੋ ਕਰ ਰੁਸ਼ਨਾਈਆ । ਤੇਰਾ ਹੁਕਮ ਚਲੇ ਠੀਕ, ਠਾਕਰ ਹੋ ਕੇ ਲੈਣਾ ਮਨਾਈਆ । ਤੂੰ ਮੇਰਾ ਮੈਂ ਤੇਰਾ ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਗਾਵਣ ਗੀਤ, ਸੋਹੰ ਢੋਲਾ ਇਕ ਅਲਾਈਆ । ਜਿਸ ਵਿਚ ਝਗੜਾ ਰਹੇ ਨਾ ਹਸਤ ਕੀਟ, ਊਚ ਨੀਚ ਰਾਓ ਰੰਕ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਤੇਰੀ ਉਪਜੇ ਪ੍ਰੀਤ, ਦੂਜੀ ਰੀਤ ਨਾ ਕੋਇ ਵਖਾਈਆ । ਸਦਾ ਰਹੀਏ ਅਤੀਤ, ਤ੍ਰੈਗੁਣ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਚੇ ਨਾਮ ਦਾ ਬਖ਼ਸ਼ ਭੰਡਾਰਾ, ਭੰਡਾਰੀ ਵਿਸ਼ਨੂੰ ਮੰਗ ਮੰਗਾਈਆ । ਸਾਚੇ ਪ੍ਰੇਮ ਦਾ ਦੇ ਕਟਾਰਾ, ਸ਼ੰਕਰ ਸੰਘਾਰੀ ਧਿਆਨ ਲਗਾਈਆ । ਸਾਚੇ ਨਾਮ ਦਾ ਕਰ ਉਜਿਆਰਾ, ਬ੍ਰਹਮਾ ਬ੍ਰਹਮ ਵੇਤਾ ਨੇਤਰ ਨੈਣ ਅੱਖ ਖੁਲ੍ਹਾਈਆ । ਚਾਰ ਜੁਗ ਤੇਰਾ ਪਿਆਰਾ, ਚਾਰੇ ਖਾਣੀ ਤੇਰੀ ਸੇਵ ਕਮਾਈਆ । ਚਾਰੇ ਬਾਣੀ ਗਾਵੇ ਤੇਰੀ ਵਾਰਾ, ਢੋਲੇ ਸਿਫ਼ਤਾਂ ਵਾਲੇ ਸਿਫ਼ਤ ਸਾਲਾਹੀਆ । ਹੁਕਮੇ ਅੰਦਰ ਤੇਈ ਅਵਤਾਰਾ, ਜੁਗ ਜੁਗ ਫੇਰੀਆਂ ਗਏ ਪਾਈਆ । ਸਿਰ ਨਿਵਾਵਣ ਈਸਾ ਮੂਸਾ ਮੁਹੰਮਦੀ ਯਾਰਾ, ਸਜਦਿਆਂ ਵਿਚ ਮਿਲੇ ਵਡਿਆਈਆ । ਨਾਨਕ ਗੋਬਿੰਦ ਕਰੇ ਤੇਰਾ ਇਜ਼ਹਾਰਾ, ਸ਼ਬਦ ਅਨਾਦੀ ਨਾਦ ਸੁਣਾਈਆ । ਤੇਰਾ ਖੇਲ ਅਗੰਮ ਅਪਾਰਾ, ਅਲਖ ਅਗੋਚਰ ਕਹਿਣ ਕੋਇ ਨਾ ਪਾਈਆ । ਭਵਿਖਤਾਂ ਵਿਚ ਦੇ ਕੇ ਗਏ ਇਸ਼ਾਰਾ, ਲਿਖਤਾਂ ਵਿਚ ਵਡਿਆਈਆ । ਕਲਜੁਗ ਅੰਤ ਕਲ ਕਲਕੀ ਲਏ ਅਵਤਾਰਾ, ਅੰਤਰਜਾਮੀ ਬੇਪਰਵਾਹੀਆ । ਜਿਸ ਦੇ ਸਭ ਕੁਛ ਹੋਵੇ ਅਖ਼ਤਿਆਰਾ, ਬੇਅਖ਼ਤਿਆਰ ਹੋਵੇ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਓਸੇ ਦਾ ਮੰਗਣ ਦਵਾਰਾ, ਦਰ ਠਾਂਡੇ ਸੀਸ ਝੁਕਾਈਆ । ਜੁਗ ਚੌਕੜੀ ਦੇ ਕੇ ਗਿਉਂ ਲਾਰਾ, ਹੁਕਮੇ ਅੰਦਰ ਹੁਕਮ ਸੁਣਾਈਆ । ਸੋ ਵੇਲਾ ਵਕਤ ਸੁਹੰਜਣਾ ਦਿਸੇ ਸੰਸਾਰਾ, ਸਚ ਸਵਾਮੀ ਗਿਆ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਮੰਨ ਹਾੜਾ, ਸਿਰ ਆਪਣਾ ਹੱਥ ਟਿਕਾਈਆ । ਛੱਬੀ ਪੋਹ ਸੁਹਾਗ ਵੇਖੀਏ ਦਿਹਾੜਾ, ਵਿਹਾਰ ਖ਼ੁਸ਼ੀਆਂ ਨਾਲ ਮਨਾਈਆ । ਛੱਡ ਕੇ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਡੇਰਾ ਢਾਹੀਆ । ਇਕੋ ਤੱਕੀਏ ਭਗਤ ਦਵਾਰਾ, ਜਿਸ ਘਰ ਭਗਤ ਭਗਵਾਨ ਮਿਲ ਕੇ ਖ਼ੁਸ਼ੀ ਮਨਾਈਆ । ਭਗਤਾਂ ਲੈ ਕੇ ਆਈਏ

ਆਪਣੀ ਧਾਰਾ, ਬਿਨ ਹੱਥ ਸੀਸ ਰਖਾਈਆ । ਬਿਨ ਤੇਰੇ ਕੋਈ ਨਾ ਵੇਖੀਏ ਪਰਵਰਦਿਗਾਰਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰ ਜੁਗ ਚੌਕੜੀ ਤੇਰਾ ਬਣਿਆ ਰਿਹਾ ਪਨਹਾਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਚਾਰੇ ਖਾਣੀ ਚਾਰੇ ਬਾਣੀ ਅੱਠ ਸੱਠ ਤੀਰਥ ਪਾਣੀ ਤੇਰੇ ਚਰਨ ਕਵਲ ਉਪਰ ਧਵਲ ਧਰਮ ਦਵਾਰੇ ਆਸ ਰਖਾਈਆ ।

### ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਵਿਚ ਪਿੰਡ ਜੇਠੂਵਾਲ ★

ਇੱਕੀ ਪੋਹ ਕਹੇ ਮੈਂ ਹੋਇਆ ਪਰਵਾਨ, ਪਰਾਨ ਅਧਾਰੀ ਦਏ ਵਡਿਆਈਆ । ਸੰਦੇਸ਼ਾ ਦੇ ਕੇ ਧੁਰ ਫ਼ਰਮਾਨ, ਫਰਮਾਂਬਰਦਾਰ ਲਿਆ ਬੁਲਾਈਆ । ਦੱਸ ਕੇ ਸਚ ਗਿਆਨ, ਅੰਦਰੋਂ ਕਰੀ ਪੜ੍ਹਾਈਆ । ਹੋ ਕੇ ਮਿਹਰਵਾਨ, ਮਿਹਰ ਅੱਖ ਖੁਲ੍ਹਾਈਆ । ਬਖ਼ਸ਼ ਕੇ ਧੁਰ ਦਾ ਦਾਨ, ਧੂੜੀ ਮਸਤਕ ਦਿਤੀ ਛੁਹਾਈਆ । ਤੋੜ ਕੇ ਮਾਣ ਅਭਿਮਾਨ, ਨਿਰਮਾਣਤਾ ਵਿਚ ਵਸਾਈਆ । ਮੈਂ ਵੇਖ ਕੇ ਹੋਇਆ ਹੈਰਾਨ, ਹੈਰਾਨੀ ਮੇਰੇ ਅੰਤਰ ਆਈਆ । ਜੋਧਾ ਸੂਰਬੀਰ ਬਣ ਬਲਵਾਨ, ਬਲਧਾਰੀ ਆਪਣੀ ਕਲ ਵਰਤਾਈਆ । ਲਹਿਣਾ ਦੇਣਾ ਦੇਵੇ ਦੋ ਜਹਾਨ, ਪੂਰਬ ਸਭ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇੱਕੀ ਪੋਹ ਕਹੇ ਮੇਰਾ ਇੱਕੀਆਂ ਦਾ ਸਿਰਤਾਜ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜਿਸ ਦਾ ਆਦਿ ਤੋਂ ਇਕ ਸਮਾਜ, ਅੰਤ ਇਕ ਵਡਿਆਈਆ । ਜੁਗ ਚੌਕੜੀ ਵੇਖ ਖੇਲ ਤਮਾਸ਼, ਸ਼ਰਅ ਜਗਤ ਉਪਜਾਈਆ । ਗੁਰ ਅਵਤਾਰਾਂ ਦੇ ਕੇ ਦਾਤ, ਪੈਗ਼ੰਬਰਾਂ ਆਪ ਸਮਝਾਈਆ । ਜੋੜ ਕੇ ਧੁਰ ਦਾ ਨਾਤ, ਸਾਜਣ ਇਕ ਅਖਵਾਈਆ । ਦੱਸ ਕੇ ਆਪਣੀ ਗਾਥ, ਕਰੇ ਹਕ ਪੜ੍ਹਾਈਆ । ਬਣ ਕੇ ਦਾਸੀ ਦਾਸ, ਸੇਵਕ ਸੇਵਾ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਇੱਕੀ ਪੋਹ ਕਹੇ ਯਾਦ ਆਈ ਗੋਬਿੰਦ ਮੰਗ ਮੰਗੀ, ਵਕਤ ਸੁਹੰਜਣਾ ਰਿਹਾ ਸੁਹਾਈਆ । ਜਿਸ ਵੇਲੇ ਸ੍ਰਿਸ਼ਟੀ ਦ੍ਰਿਸ਼ਟੀ ਹੋਵੇ ਨੰਗੀ, ਪੜਦਾ ਸਕੇ ਕੋਇ ਨਾ ਪਾਈਆ । ਸਾਚੇ ਨਾਮ ਦੀ ਚਾਰ ਕੁੰਟ ਹੋਵੇ ਤੰਗੀ, ਤੰਗਦਸਤ ਦਿਸੇ ਲੋਕਾਈਆ । ਅਗਨੀ ਕਰੇ ਕੋਇ ਨਾ ਠੰਡੀ, ਜਗਤ ਤਪਸ਼ ਨਾ ਕੋਇ ਬੁਝਾਈਆ । ਮੇਰੇ ਲੇਖ ਦੀ ਵੇਖਣੀ ਸੰਧੀ, ਸਨਦ ਤੇਰੇ ਹੱਥ ਫੜਾਈਆ । ਤੈਨੂੰ ਵੇਖਣ ਤੋਂ ਪੁਰਖ ਅਕਾਲ ਦੁਨੀਆ ਹੋ ਜਾਏ ਅੰਧੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਵਾਸਨਾ ਹੋ ਜਾਏ ਗੰਦੀ, ਸੁਗੰਧੀ ਸਕੇ ਨਾ ਕੋਇ ਪਰਗਟਾਈਆ । ਗੁਰੂਆਂ ਚੇਲਿਆਂ ਵਿਚ ਪਏ ਭੰਡੀ, ਵਰਭੰਡੀ ਦਏ ਦੁਹਾਈਆ । ਸਾਫ਼ ਰਹੇ ਕੋਇ ਨਾ ਡੰਡੀ, ਡੰਡਾਵਤ ਸਚ ਨਾ ਕੋਇ ਕਰਾਈਆ । ਸਾਧ ਸੰਤ ਹੋਣ ਪਖੰਡੀ, ਭੇਖਾਧਾਰੀ ਰੂਪ ਬਦਲਾਈਆ । ਗੋਬਿੰਦ ਕਿਹਾ ਮੇਰੀ ਧਾਰ ਬਖ਼ਸ਼ਣੀ ਪੰਝੀ ਪੰਝੀ, ਪੰਝੀ ਪਿਛਲੀ ਯਾਦ ਕਰਾਈਆ । ਜਿਹੜੀ ਵਸਤ ਹਰਿ ਭਗਤ ਦਵਾਰ ਪਹਿਲੇ ਸਾਲ ਵੰਡੀ, ਅਮੋਲਕ ਆਪਣੀ ਗੋਲਕ ਵਿਚੋਂ ਬਾਹਰ ਕਰਾਈਆ । ਉਸ ਦਾ ਰਸ ਜਾਣ ਸਕੇ ਨਾ ਕੋਇ ਪਖੰਡੀ, ਬਿਨ ਗੁਰਮੁਖਾਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਇੱਕੀ ਪੋਹ

ਕਹੇ ਮੈਂ ਵੇਖਾਂ ਗੋਬਿੰਦ ਸੂਰਾ, ਸੁਰਤੀ ਤੋਂ ਪਰੇ ਧਿਆਨ ਲਗਾਈਆ । ਜਿਸ ਦਾ ਬਚਨ ਹੋਵੇ ਪੂਰਾ, ਬੱਚਿਆਂ ਨੂੰ ਵਾਰ ਖ਼ੁਸ਼ੀ ਬਣਾਈਆ । ਪੁਰਖ ਅਕਾਲ ਜਿਸ ਦੇ ਹਾਜ਼ਰ ਹਜ਼ੂਰਾ, ਸਨਮੁਖ ਹੋ ਕੇ ਸੋਭਾ ਪਾਈਆ । ਕਲਜੁਗ ਨਾਤਾ ਤੋੜੇ ਕੂੜਾ, ਕੂੜ ਕੁਟੰਬ ਦਏ ਮੁਕਾਈਆ । ਜਨ ਭਗਤਾਂ ਚਾੜ੍ਹ ਕੇ ਰੰਗ ਗੂੜ੍ਹਾ, ਦੁਰਮਤ ਮੈਲ ਧਵਾਈਆ । ਨਾਮ ਨਿਧਾਨ ਦੇ ਸਰੂਰਾ, ਖ਼ੁਮਾਰੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚ ਆਪਣੇ ਰੰਗ ਰੰਗਾਈਆ । ਗੋਬਿੰਦ ਕਹੇ ਮੇਰੇ ਗੁਰਮੁਖ ਪੰਚ ਉਠਣ ਜਵਾਨ, ਜੋਬਨਵੰਤੇ ਨਜ਼ਰੀ ਆਈਆ । ਸੱਠਾਂ ਸਾਲਾਂ ਤੋਂ ਉਪਰ ਸਾਰੇ ਕਰਾਂ ਪਰਵਾਨ, ਨੰਦੇੜ ਤੋਂ ਲੇਖਾ ਅਗਲਾ ਅਗਲੇ ਆਪਣੇ ਹੱਥ ਰਖਾਈਆ । ਹੱਥ ਡੰਗੋਰੀਆਂ ਵਾਲੇ ਨਿਸ਼ਾਨ, ਪਾਲ ਸਿੰਘ ਲਲੀਆਂ ਤੋਂ ਚਲ ਕੇ ਆਈਆ । ਆਤਮਾ ਸਿੰਘ ਮਾਰ ਧਿਆਨ, ਡੰਡਾ ਸਾਢੇ ਤਿੰਨ ਹੱਥ ਉਠਾਈਆ । ਜੀਵਣ ਸਿੰਘ ਪਿਛਲਾ ਲੇਖਾ ਆਵੇ ਚੁਕਾਣ, ਪੂਰਬ ਲਹਿਣਾ ਪੂਰ ਕਰਾਈਆ । ਦੇਵੇ ਹੁਕਮ ਹੁਕਮਰਾਨ, ਭਗਵਾਨ ਸਿੰਘ ਨਾਲ ਮਿਲਾਈਆ । ਅਬਿਨਾਸ਼ੀ ਕਰਤਾ ਵੇਖੇ ਆਣ, ਆਪ ਆਪਣੀ ਅੱਖ ਖੁਲ੍ਹਾਈਆ । ਬੰਤਾ ਸਿੰਘ ਕਰ ਪਰਵਾਨ, ਪੰਜ ਗਰਾਈਂਆ ਵਿਚੋਂ ਲਏ ਉਠਾਈਆ । ਗੋਬਿੰਦ ਕਹੇ ਮੇਰੇ ਪੰਜ ਹੋਰ ਤਰਖਾਣ, ਬਾਡੀ ਪਿਛਲੇ ਨਜ਼ਰੀ ਆਈਆ । ਜਿਨ੍ਹਾਂ ਮੈਨੂੰ ਲਿਆ ਪਹਿਚਾਣ, ਮੇਰੇ ਹੋ ਕੇ ਮੇਰਾ ਢੋਲਾ ਗਾਈਆ । ਦਿਵਸ ਰੈਣ ਕਰੇ ਧਿਆਨ, ਨੇਤਰ ਅੱਖ ਖੁਲ੍ਹਾਈਆ । ਜਿਨ੍ਹਾਂ ਵਿਚੋਂ ਹਰਭਜਨ ਸਿੰਘ ਹੋਇਆ ਪਰਵਾਨ, ਨੌ ਵਾਰ ਕਰ ਇਸ਼ਨਾਨ, ਨੌ ਜਨਮ ਦਾ ਪਿਛਲਾ ਲੇਖ ਮੁਕਾਈਆ । ਮਲ ਸਿੰਘ ਨਾਲ ਨਿਧਾਨ, ਬਿਸ਼ਨ ਸਿੰਘ ਹੋਏ ਪਰਵਾਨ, ਬਲਵੰਤ ਸਿੰਘ ਕਰ ਬਲਵਾਨ, ਪਰਗਟ ਸਿੰਘ ਪਰਗਟ ਹੋ ਕੇ ਨਾਤਾ ਲਏ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਮੇਰੇ ਪੰਜ ਹੋਰ ਜਵਾਨ, ਸੋਹਣੇ ਬਾਂਕੇ ਨਜ਼ਰੀ ਆਈਆ । ਬਲੀ ਸਿੰਘ ਵਡ ਬਲਵਾਨ, ਅਜੀਤ ਸਿੰਘ ਬਟਾਲਿਉਂ ਨਾਲ ਮਿਲਾਈਆ । ਨਾਜ਼ਰ ਸਿੰਘ ਮਾੜੀ ਮੁਸਤਫ਼ਾ ਕਰ ਪਰਵਾਨ, ਬੂਟਾ ਸਿੰਘ ਜੋੜ ਜੁੜਾਈਆ । ਪੰਜਵਾਂ ਨਾਲ ਹੋਵੇ ਪਰਵਾਨ, ਹਰਬੰਸ ਸਿੰਘ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਗੋਬਿੰਦ ਕਿਹਾ ਮੇਰੇ ਪੰਜ ਹੋਰ ਪੰਜੇ, ਪੰਜਾਂ ਦਿਆਂ ਜਣਾਈਆ । ਜਿਨ੍ਹਾਂ ਵਿਚੋਂ ਅੱਧੇ ਸਿਰੋਂ ਹੋਣ ਗੰਜੇ, ਤੇਜਾ ਸਿੰਘ ਪਹਿਲਾ ਨਜ਼ਰੀ ਆਈਆ । ਗਿਰਧਾਰਾ ਸਿੰਘ ਓਸੇ ਨਾਲ ਬੱਝੇ, ਪਿਛਲੀ ਗੰਢ ਪਵਾਈਆ । ਭਣਤਾ ਸਿੰਘ ਨਿਮਾਣਾ ਹੋ ਕੇ ਆਸ ਰੱਖੇ, ਆਸਾ ਸਭ ਦੀ ਵੇਖ ਵਖਾਈਆ । ਭਾਗ ਸਿੰਘ ਜੰਮੂ ਵਿਚੋਂ ਨੱਠੇ, ਭੱਜੇ ਵਾਹੋ ਦਾਹੀਆ । ਹਰਚਰਨ ਸਿੰਘ ਚਰਨ ਆ ਕੇ ਢੱਠੇ, ਮਿਲੇ ਮਾਣ ਵਡਿਆਈਆ । ਸਭ ਦੇ ਨਾਤੇ ਜੁੜ ਗਏ ਸਕੇ, ਸ਼ੱਕ ਪਿਛਲਾ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਰਿਹਾ ਉਠਾਈਆ । ਗੋਬਿੰਦ ਕਹੇ ਮੇਰੇ ਮਿਹਰਵਾਨ, ਮੈਂ ਸਭ ਕੁਛ ਦਿਆਂ ਜਣਾਈਆ । ਸਚ ਦੱਸ ਕਵਣ ਚੁੱਕੇ ਸਚ ਨਿਸ਼ਾਨ, ਨਿਸ਼ਾਨਾ ਕੰਧਿਆਂ ਉਤੇ ਟਿਕਾਈਆ । ਹੋਵੇ ਵਡ ਬਲਵਾਨ, ਸੂਰਬੀਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇਣਾ ਸੁਣਾਈਆ । ਪੁਰਖ ਅਕਾਲ ਕਹੇ ਮੇਰਾ ਨਿਸ਼ਾਨਾ ਉਠਾਵੇ ਭਗਤ, ਦੂਜਾ ਹੱਥ ਕੋਇ ਨਾ ਲਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਨਹੀਂ ਵਕਤ, ਵੇਲਾ ਸਭ ਦਾ ਗਿਆ ਵਿਹਾਈਆ । ਆਤਮ ਪਰਮਾਤਮ ਦਾ ਡੰਕਾ ਵੱਜੇ ਜਗਤ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਭਗਤ ਭਗਵਾਨ ਦਾ ਰਹਿਣ ਨਹੀਂ ਦੇਣਾ ਫ਼ਰਕ,

ਫ਼ਿਰਕਾ ਅੰਦਰੋਂ ਦੇਣਾ ਬਦਲਾਈਆ । ਜਗਤ ਵਿਹਾਰਾ ਕਰ ਕੇ ਤਰਕ, ਤੁਰਤ ਆਪਣਾ ਰੰਗ ਰੰਗਾਈਆ । ਸਨਮੁਖ ਹੋ ਕੇ ਦੇਣਾ ਦਰਸ, ਹਰਸ ਦੇਣੀ ਮਿਟਾਈਆ । ਜਿਹੜਾ ਨਿਸ਼ਾਨਾ ਉਪਰ ਅਰਸ਼, ਉਹ ਫ਼ਰਸ਼ ਦੇਣਾ ਝੁਲਾਈਆ । ਸੰਮਤ ਸ਼ਹਿਨਸ਼ਾਹੀ ਦਾ ਸੁਹਾਨਾ ਹੋਵੇ ਬਰਸ, ਸੁਲਤਾਨਾ ਇਕੋ ਸੋਭਾ ਪਾਈਆ । ਜਨ ਭਗਤਾਂ ਵੰਡੇ ਦਰਦ, ਦੁਖੀਆਂ ਰੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਹੇ ਸਚ ਨਿਸ਼ਾਨੇ ਲਾਵੇ ਕੌਣ ਹੱਥ, ਪੁਰਖ ਅਕਾਲ ਦੇ ਦ੍ਰਿੜਾਈਆ । ਪੁਰਖ ਅਕਾਲ ਕਹੇ ਮੈਂ ਦੇਵਾਂ ਦੱਸ, ਧੁਰ ਦਾ ਹੁਕਮ ਜਣਾਈਆ । ਤਿੰਨ ਮਾਲਵਿਉਂ ਆਵਣ ਨੱਸ, ਦੋਆਬਾ ਦੋ ਵੰਡ ਵੰਡਾਈਆ । ਤਿੰਨ ਮਾਝੇ ਵਿਚੋਂ ਕਰਨ ਝੱਟ, ਆਪਣੀ ਲੈ ਅੰਗੜਾਈਆ । ਕਾਨਪੁਰੋਂ ਇਕ ਆਵੇ ਨੱਸ, ਅਗਲਾ ਪੰਧ ਮੁਕਾਈਆ । ਸਾਚਾ ਕਰੇ ਇਕੱਠ, ਸ਼ਬਦੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਲਵਿਉਂ ਆਵੇ ਸਿੰਘ ਗੱਜਣ, ਸੱਜਣ ਕਪੂਰ ਨਾਲ ਰਲਾਈਆ । ਜਾਗੀਰ ਸਿੰਘ ਆਵੇ ਨਾਲ ਹੱਸਣ, ਖ਼ੁਸ਼ੀਆਂ ਢੋਲਾ ਗਾਈਆ । ਦੋਆਬੇ ਵਿਚੋਂ ਗੁਰਦੇਵ ਆਵੇ ਟੱਪਣ, ਸੇਵ ਪਿਛਲੀ ਪੂਰ ਕਰਾਈਆ । ਤਾਰੂ ਸਿੰਘ ਸਾਚਾ ਨਾਮ ਆਵੇ ਜਪਣ, ਸੋਹੰ ਢੋਲਾ ਧੁਰ ਦਾ ਗਾਈਆ । ਪਿਸ਼ੌਰਾ ਸਿੰਘ ਮੈਲ ਆਵੇ ਕੱਟਣ, ਨਾਲ ਗੁਰਨਾਮ ਬੰਧਨ ਪਾਈਆ । ਅਵਤਾਰ ਅੰਮ੍ਰਿਤ ਰਸ ਆਵੇ ਚੱਖਣ, ਸ਼ਮਾਂ ਬੁਝੀ ਫੇਰ ਜਗਾਈਆ । ਅਵਤਾਰ ਸਿੰਘ ਕਾਨਪੁਰੋਂ ਆਵੇ ਨੱਚਣ, ਮੁਖ ਘੁੰਗਟ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਇੱਕੀ ਪੋਹ ਕਹੇ ਮੈਂ ਬੋਲਾਂ ਕੂਕ ਗੱਜ, ਸਚ ਸਚ ਜਣਾਈਆ । ਕਿਉਂ ਪਿਛੇ ਦਿਤੇ ਛੱਡ, ਸਾਥੀ ਹੋਰ ਨਜ਼ਰੀ ਆਈਆ । ਜਿਨ੍ਹਾਂ ਦੇ ਸਿਰ ਤੇ ਨਹੀਂ ਪੱਗ, ਚੋਟੀ ਸੀਸ ਰਹੇ ਗੁੰਦਾਈਆ । ਪ੍ਰੇਮ ਅੰਦਰ ਰਹੇ ਲੱਭ, ਤੱਕਣ ਥਾਉਂ ਥਾਈਆ । ਪੁਰਖ ਅਕਾਲ ਕਿਰਪਾ ਕਰ ਝੱਬ, ਪਿਛਲਾ ਅਗਲਾ ਪੰਧ ਮੁਕਾਈਆ । ਹੁਕਮੇਂ ਅੰਦਰ ਆਪਣੇ ਸੱਦ, ਸਧਨੇ ਦੇ ਸਾਥੀ ਨਜ਼ਰੀ ਆਈਆ । ਜਿਨ੍ਹਾਂ ਕਸਾਈਆ ਘਰ ਲੰਘਾਇਆ ਝੱਟ, ਰੋਜ਼ਗਾਰ ਜਗਤ ਵਾਲਾ ਬਣਾਈਆ । ਓਨ੍ਹਾਂ ਦੇ ਅੰਦਰ ਲੱਗਾ ਫੱਟ, ਟੁਕੜਾ ਟੁਕੜਾ ਦਏ ਦੁਹਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਤੇਰੀ ਇਕ ਸਰਨਾਈਆ । ਪੁਰਖ ਅਕਾਲ ਕਰੀਂ ਨਾ ਵੱਖ, ਵੱਖਰਾ ਘਰ ਨਾ ਕੋਇ ਬਣਾਈਆ । ਬੋਲ ਕੇ ਦੱਸੀਏ ਸੱਚ, ਸੁਨੇਹੜਾ ਸਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਇੱਕੀ ਪੋਹ ਕਹੇ ਮੈਨੂੰ ਯਾਦ ਆਈ ਵਸ਼ਿਸ਼ਟ ਵਾਲੀ ਸੋਟੀ, ਜੋ ਰਾਮ ਹੱਥ ਫੜਾਈਆ । ਜਿਸ ਦੀ ਲਾਲ ਸਿੰਘ ਨਾਲ ਜੋਟੀ, ਪਿਛਲਾ ਸੰਗੀ ਵੇਖ ਵਖਾਈਆ । ਰਾਜ ਨਰੈਣ ਸਿਰ ਰੱਖ ਕੇ ਕਾਲੀ ਟੋਪੀ, ਟੱਪਾ ਇਕੋ ਨਾਮ ਸੁਣਾਈਆ । ਪ੍ਰਭ ਦੇ ਹੁਕਮ ਦੀ ਸੋਚ ਕਿਸੇ ਨਾ ਸੋਚੀ, ਸਮਝ ਚਲੇ ਨਾ ਕੋਇ ਚਤੁਰਾਈਆ । ਹੁਕਮੇ ਅੰਦਰ ਸੁਰਸਤੀ ਨੂਰ ਦੀ ਮੁੰਨਣੀ ਨਹੀਂ ਚੋਟੀ, ਵਾਸਨਾ ਖੋਟੀ ਦੇਣੀ (ਗਵਾਈਆ) । ਪੁਰਖ ਅਕਾਲ ਦਵਾਰੇ ਹੋਵੇ ਕੋਈ ਨਾ ਦੋਸ਼ੀ, ਨਿਰਦੋਸ਼ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਇੱਕੀ ਪੋਹ ਕਹੇ ਮੈਨੂੰ ਤੇਰੇ ਦਿਸਦੇ ਸਾਰੇ ਪੁੱਤਰ ਧੀ, ਧਿਆਨ ਸਭ ਦੇ ਵੱਲ ਲਗਾਈਆ । ਤੇਰਾ ਲਹਿਣਾ ਦੇਣਾ ਜੀਅ ਜੀਅ, ਜਗ ਜੀਵਣ ਦਾਤੇ ਤੇਰੇ ਹੱਥ ਵਡਿਆਈਆ । ਤੇਰੀ ਹੱਦ ਪਾਰ ਕਰੇ ਕੋਈ ਨਾ ਲੀਹ, ਲਾਇਕ ਬਣ ਕੇ ਦੱਸੇ ਨਾ ਕੋਇ ਚਤੁਰਾਈਆ । ਸਤਿਜੁਗ ਸਾਚੇ ਸਾਂਝੀ ਰੱਖਣੀ ਨੀਂਹ, ਇਸਤਰੀ ਪੁਰਸ਼ ਇਕੋ ਜਿਹੀ

ਦੇਣੀ ਵਡਿਆਈਆ । ਪ੍ਰੇਮ ਪਿਆਰ ਦਾ ਬਰਖੇ ਮੀਂਹ, ਮੇਘਲਾ ਆਪਣੀ ਧਾਰ ਵਹਾਈਆ । ਅੱਗੇ ਦੱਸ ਕਰਨਾ ਕੀ, ਸਮਝ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਪੁਰਖ ਅਕਾਲ ਕਹੇ ਮੈਂ ਦੇਵਾਂ ਹਕ ਸਲਾਹ, ਹਕੀਕਤ ਵਿਚੋਂ ਦ੍ਰਿੜਾਈਆ । ਭਗਤਾਂ ਬਣ ਮਲਾਹ, ਬੇੜਾ ਪਾਰ ਕਰਾਈਆ । ਜਿਥੇ ਇਸਤਰੀ ਪੁਰਸ਼ ਦਾ ਲੇਖਾ ਨਾ, ਆਤਮ ਬ੍ਰਹਮ ਸਰਬ ਸਮਝਾਈਆ । ਦਰ ਆਇਆਂ ਬਖ਼ਸ਼ ਕੇ ਸਰਬ ਗੁਨਾਹ, ਪਤਤੰ ਪੁਨੀਤ ਦਿਆਂ ਕਰਾਈਆ । ਸਾਚੀ ਮੰਜ਼ਲ ਦਿਆਂ ਚੜ੍ਹਾ, ਜਿਥੇ ਸਕੇ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਇਕੀ ਪੋਹ ਕਹੇ ਪ੍ਰਭ ਪੰਝੀ ਦੱਸ ਹੋਰ ਸੇਵਾਦਾਰ, ਜਿਹੜੇ ਸੇਵਾ ਸਚ ਕਮਾਈਆ । ਜਿਨ੍ਹਾਂ ਦੇ ਗਲ ਵਿਚ ਇਕ ਇਕ ਹੋਵੇ ਹਾਰ, ਹਿਰਦੇ ਤੇਰਾ ਨਾਮ ਧਿਆਈਆ । ਪੁੱਠੀ ਸਿਰ ਤੇ ਬੱਧੀ ਹੋਵੇ ਦਸਤਾਰ, ਪਿੱਛਾ ਅੱਗੇ ਨਾਲ ਬਦਲਾਈਆ । ਹੱਥਾਂ ਵਿਚ ਹੋਵਣ ਹਥਿਆਰ, ਮਰਜ਼ੀ ਆਪੋ ਆਪਣੀ ਉਠਾਈਆ । ਇਹ ਕੁਛ ਦੁਰਗਾ ਦਾ ਵਿਹਾਰ, ਅਸ਼ਟਭੁਜ ਵੇਖੇ ਚਾਈਂ ਚਾਈਂਆ । ਪੁਰਾਣੇ ਮਿਤਰ ਉਹਦੇ ਯਾਰ, ਗੁਰਮੁਖ ਸੋਹਣੇ ਨਜ਼ਰੀ ਆਈਆ । ਪੰਜ ਮਾਲਵਿਉਂ ਲੈਣੇ ਉਠਾਲ, ਚਾਰ ਦੋਆਬਾ ਸੋਭਾ ਪਾਈਆ । ਛੇ ਮਾਝੇ ਵਿਚੋਂ ਮੱਦਦਗਾਰ, ਪੰਜ ਜੰਮੂ ਜੋੜ ਜੁੜਾਈਆ । ਦੋ ਦਿੱਲੀਉਂ ਲੈਣੇ ਭਾਲ, ਗੁੜਗਾਉਂ ਵਿਚੋਂ ਇਕ ਰਲਾਈਆ । ਇਕ ਅਟਾਰਸੀਉਂ ਲੈਣਾ ਉਠਾਲ, ਪੂਨੇ ਦੀ ਵੰਡ ਇਕ ਸਮਝਾਈਆ । ਆਦਿ ਸ਼ਕਤ ਜੋੜ ਕੇ ਹੱਥ ਕਰ ਨਿਮਸਕਾਰ, ਧੁਰ ਦੀ ਭਵਾਨੀ ਰਹੀ ਜਣਾਈਆ ।
੩੪੬ ਇਨ੍ਹਾਂ ਦਾ ਨਾਂ ਗੋਬਿੰਦ ਦੀ ਨਿਕਲੇ ਵਿਚੋਂ ਧਾਰ, ਕਲਮ ਸ਼ਾਹੀ ਲੇਖ ਨਾ ਕੋਇ ਲਿਖਾਈਆ । ਗੁਪਤਾਂ ਨਾਲ ਗੁਪਤਾਂ ਦਾ ਹੋਵੇ ਪਿਆਰ, ਪਿਛਲਾ ਲੇਖਾ ਵੇਖ ਵਖਾਈਆ । ਤੇਰੇ ਦਵਾਰੇ ਮੰਗੀ ਮੰਗ ਬਣ ਭਿਖਾਰ, ਭਿਛਿਆ ਦੇਣੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਰਖਾਈਆ । ਇੱਕੀ ਪੋਹ ਕਹੇ ਜੇ ਇਸਤਰੀ ਮਰਦ ਦਾ ਸਾਂਝਾ ਹਕ, ਲੇਖਾ ਸਭ ਦਾ ਪੂਰ ਕਰਾਈਆ । ਪੰਝੀ ਮਰਦਾਂ ਨਾਲ ਪੰਝੀ ਇਸਤਰੀਆਂ ਰੱਖ, ਰੱਖਕ ਹੋ ਕੇ ਵੇਖ ਵਖਾਈਆ । ਚਿੱਟੇ ਰੁਮਾਲ ਸਭ ਦੇ ਹੋਵਣ ਹੱਥ, ਮਹਾਂ ਸਿੰਘ ਦਾ ਲੇਖਾ ਨਜ਼ਰੀ ਆਈਆ । ਸੱਜੇ ਖੱਬੇ ਹਰਿ ਸੰਗਤ ਦੇ ਲੈਣ ਨੱਠ, ਸੇਵਾ ਕਰਨ ਚਾਈਂ ਚਾਈਂਆ । ਮਾਝੇ ਵਿਚੋਂ ਉਹ ਲੈਣੇ ਜਿਹੜੇ ਬੇਦਾਵਾ ਲੈ ਕੇ ਆਏ ਝੱਟ, ਮਰਦਾਂ ਤੋਂ ਇਸਤਰੀ ਰੂਪ ਬਦਲਾਈਆ । ਉਨ੍ਹਾਂ ਦਾ ਪਿਛਲਾ ਜਾਮਾ ਗੋਬਿੰਦ ਦੇਣਾ ਕੱਟ, ਇਹ ਤੇਰੇ ਹੱਥ ਵਡਿਆਈਆ । ਤੇਰੇ ਦਰਸ਼ਨ ਦਾ ਲਾਹਾ ਜਾਣ ਖੱਟ, ਤਰਸ ਵਿਚ ਬੇੜਾ ਪਾਰ ਕਰਾਈਆ । ਜਿਹੜਾ ਨੌ ਸੌ ਚੁਰਾਨਵੇ ਕਦਮ ਤੇਰੀ ਧਾਰ ਆਵੇ ਟੱਪ, ਟੱਪੇ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਤੇਰਾ ਉਨ੍ਹਾਂ ਨਾਲ ਨਾਤਾ ਜੁੜੇ ਪੱਕ, ਨਿਰਗੁਣ ਨਿਰਗੁਣ ਵੇਖ ਵਖਾਈਆ । ਭਗਤ ਭਗਵਾਨ ਇਕੋ ਰੂਪ ਨਜ਼ਰੀ ਆਵੇ ਸੱਚ, ਕੱਚ ਦਾ ਵਣਜ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇੱਕ ਉਠਾਈਆ । ਇਕੀ ਪੋਹ ਕਹੇ ਮੈਨੂੰ ਆ ਗਿਆ ਫ਼ਰਮਾਨ, ਹਰਿ ਫੁਰਨਾ ਦਿਤਾ ਬਦਲਾਈਆ । ਜਿਹੜੇ ਪੰਜੇ ਲਿਖੇ ਤਰਖਾਣ, ਬਾਢੀ ਜਗਤ ਜਣਾਈਆ । ਉਨ੍ਹਾਂ ਦੇ ਹੱਥ ਵਿਚ ਹੋਵੇ ਤੀਰ ਕਮਾਨ, ਰੰਗ ਲਾਲ ਕਾਲਾ ਦੇਣ ਵਖਾਈਆ । ਜਿਹੜੇ ਪੰਜੇ ਹੋਣ ਬਲਵਾਨ, ਗਲ ਕਮੀਜ਼ ਨਾ ਕੋਇ ਛੁਹਾਈਆ । ਜਿਹੜੇ ਪਿਆਰੇ ਹੋਏ ਪਰਵਾਨ, ਬਸਤਰ ਪੀਲੇ ਰੰਗ ਰੰਗਾਈਆ । ਜਿਹੜੇ ਗੰਜੇ ਨੌਜਵਾਨ, ਪਗੜੀਆਂ ਕੱਛਾਂ ਵਿਚ ਟਿਕਾਈਆ । ਪੰਜ ਕਰਨ ਇਕ ਧਿਆਨ, ਹੱਥ ਛਾਤੀ ਉਤੇ

ਰਖਾਈਆ । ਨੌ ਫੜ ਕੇ ਸਚ ਨਿਸ਼ਾਨ, ਸੱਜੀ ਰਾਨ ਉਤੇ ਟਿਕਾਈਆ । ਪੰਝੀ ਪੰਝੀ ਸੁਣ ਸੱਚਾ ਫ਼ਰਮਾਨ, ਸੇਵਾ ਕਰਨ ਚਾਈਂ ਚਾਈਂਆ । ਸਭ ਦਾ ਖੇਲ ਵੇਖੇ ਭਗਵਾਨ, ਭਗਤਾਂ ਦੀ ਚਾਲ ਨਿਰਾਲੀ ਦਏ ਵਖਾਈਆ । ਇਸ ਤੋਂ ਵੱਡਾ ਯੁੱਧ ਹੋਣਾ ਨਹੀਂ ਕੋਈ ਘਮਸਾਨ, ਦੋ ਜਹਾਨਾਂ ਦੀ ਘੁੰਮਣ ਘੇਰੀ ਵਿਚੋਂ ਬਾਹਰ ਕਢਾਈਆ । ਗੁਰ ਅਵਤਾਰ ਪੈਗ਼ੰਬਰ ਨੌ ਸੌ ਚੁਰਾਨਵੇ ਕਦਮ ਤੁਹਾਨੂੰ ਪਿਛੇ ਮਿਲਣ ਆਣ, ਧੁਰ ਦੇ ਭੱਤੇ ਸੀਸ ਉਠਾਈਆ । ਹਰਿ ਸੰਗਤ ਦਾ ਇਸ ਤੋਂ ਪਹਿਲੋਂ ਪੱਕਿਆ ਹੋਵੇ ਪਕਾਵਨ, ਪੱਕਾ ਰਿੱਧਾ ਕੱਚਾ ਪੱਕਾ ਪ੍ਰਭ ਆਪਣੇ ਲੇਖੇ ਪਾਈਆ । ਸਵਾਦ ਰਸ ਦੱਸੇ ਨਾ ਕੋਇ ਜ਼ਬਾਨ, ਮਾੜਾ ਚੰਗਾ ਕਹਿ ਨਾ ਕੋਇ ਸੁਣਾਈਆ । ਗੁਰਮੁਖ ਮਿਲ ਕੇ ਸਾਰੇ ਇਕੋ ਵਾਰ ਖਾਣ, ਅੱਡੋ ਅੱਡੀ ਵੰਡ ਨਾ ਕੋਇ ਵੰਡਾਈਆ । ਸਭ ਦੀ ਰਾਖੀ ਕਰੇ ਸ੍ਰੀ ਭਗਵਾਨ, ਨਿਗਾਹਬਾਨ ਹੋ ਕੇ ਵੇਖ ਵਖਾਈਆ । ਭੋਜਨ ਵੇਲੇ ਪੰਜੇ ਪਿਆਰੇ ਬਾਹਰ ਖਿਚ ਲੈਣ ਕਿਰਪਾਨ, ਮੁਖ ਬਾਹਰ ਵੱਲ ਤਕਾਈਆ । ਹਰਿ ਭਗਤ ਸੁਹੇਲੇ ਸੋਹੰ ਢੋਲੇ ਗਾਣ, ਨਾਅਰਾ ਇਕੋ ਇਕ ਜਣਾਈਆ । ਪੁਰਖ ਅਕਾਲ ਹੋਵੇ ਮਿਹਰਵਾਨ, ਸ਼ਬਦ ਸੰਦੇਸ਼ਾ ਦਏ ਦ੍ਰਿੜਾਈਆ । ਖਾਣ ਪੀਣ ਦਾ ਸੋਹਣਾ ਸਜਿਆ ਹੋਵੇ ਦੀਵਾਨ, ਦੀਵਾਨਖ਼ਾਨੇ ਸਾਰੇ ਦਏ ਖਪਾਈਆ । ਖੇਲੇ ਖੇਲ ਨੌਜਵਾਨ, ਮਰਦ ਮਰਦਾਨਾ ਆਪ ਕਰਾਈਆ । ਗੁਰ ਅਵਤਾਰ ਪੈਗ਼ੰਬਰ ਹਰਿ ਭਗਤੋ ਤੁਹਾਨੂੰ ਖ਼ੁਸ਼ੀਆਂ ਨਾਲ ਵਰਤਾਣ, ਵਰਤਮਾਨ ਦੀ ਵਾਰਤਾ ਨਾਲੋਂ ਨਾਲ ਲਿਖਾਈਆ । ਝੁਕ ਕੇ ਵੇਖਣ ਜ਼ਿਮੀਂ ਅਸਮਾਨ, ਬੇਜ਼ਬਾਨ ਧਿਆਨ ਲਗਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਪਰਮ ਪੁਰਖ ਦੇ ਬਣਨੇ ਸਰਬ ਮਹਿੰਮਾਨ, ਮਹਿੰਮਾਨੀ ਇਕੋ ਵਾਰ ਖਵਾਈਆ । ਜਿਸ ਨੇ ਖਾਧਾ ਉਸ ਫੇਰ ਨਹੀਂ ਆਉਣਾ ਵਿਚ ਜਹਾਨ, ਜਨਮ ਮਾਤਲੋਕ ਨਾ ਕੋਇ ਰਖਾਈਆ । ਸਭ ਦਾ ਆਉਣਾ ਕਰੇ ਪਰਵਾਨ, ਗੁਰਮੁਖ ਤੇਰਾ ਗੋਬਿੰਦ ਵਾਲਾ ਨਿਸ਼ਾਨ, ਦੋ ਜਹਾਨਾਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਨਰ ਨਰਾਇਣ, ਨਾਰੀ ਪੁਰਖ ਪਰਖ ਆਪਣੇ ਹੱਥ ਰਖਾਈਆ ।



੩੪੭ ੨੦

★ ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਫ਼ੌਜਾ ਸਿੰਘ ਦੇ ਗ੍ਰਹਿ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ★

ਦਰਗਾਹ ਸਾਚੀ ਮੁਹੰਮਦ ਕਰ ਸਜਦਾ, ਨੇਤਰ ਬਿਨ ਨੈਣ ਨੀਰ ਵਹਾਈਆ । ਪਰਵਰਦਿਗਾਰ ਸਾਂਝੇ ਯਾਰ ਖੇਲ ਵੇਖਣਾ ਤੇਰੇ ਘਰ ਦਾ, ਗ੍ਰਹਿ ਮੰਦਰ ਵੱਜੇ ਵਧਾਈਆ । ਮੈਂ ਦਰਵੇਸ਼ ਤੇਰਾ ਬਰਦਾ, ਬੰਦਗੀ ਵਿਚ ਬੰਧਨ ਗਿਆ ਤੁੜਾਈਆ । ਤੇਰਾ ਕਲਮਾ ਆਇਆ ਪੜ੍ਹਦਾ, ਕਾਇਨਾਤ ਜਗਤ ਸੁਣਾਈਆ । ਸਿਰ ਕਦਮਾਂ ਉਤੇ ਧਰਦਾ, ਕਦੀਮ ਦੇ ਕਾਦਰ ਸੀਸ ਨਿਵਾਈਆ । ਸਦੀ ਚੌਧਵੀਂ ਅਰਜ਼ੋਈ ਕਰਦਾ, ਆਜਜ਼ ਹੋ ਕੇ ਮੰਗ ਮੰਗਾਈਆ । ਜਗਤ ਜਹਾਨ ਵੇਖਿਆ ਸੜਦਾ, ਅਗਨੀ ਤਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਮੁਹੰਮਦ ਕਹੇ ਮੇਰੇ ਪਰਵਰਦਿਗਾਰ, ਜਲਵਾਗਰ ਨੂਰ ਅਲਾਹੀਆ । ਮੈਂ ਤੇਰਾ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਸਦਾ ਖ਼ੁਸ਼ੀਆਂ ਦਾ ਇਜ਼ਹਾਰ, ਜਾਹਰ ਜਹੂਰ ਤੇਰੀ ਵਡਿਆਈਆ । ਪਿਛੇ ਨਵ ਨੌ ਚਾਰ ਬੀਤੇ ਵਿਚ ਸੰਸਾਰ, ਜੁਗ ਚੌਕੜੀ ਪੰਧ ਮੁਕਾਈਆ । ਤੇਰਾ ਹੋਣਾ ਸਚ ਵਿਹਾਰ, ਪੋਹ ਛੱਬੀ ਰਾਹ ਤਕਾਈਆ । ਮੈਂ ਅਰਜ਼ ਰਿਹਾ ਗੁਜ਼ਾਰ, ਗੁਜ਼ਾਰਸ਼ ਵਿਚ ਸੀਸ ਝੁਕਾਈਆ ।

ਅੱਧ ਵਿਚ ਬੈਠੇ ਮੇਰੇ ਚਾਰ ਯਾਰ, ਮੰਜ਼ਲ ਚੜ੍ਹ ਦਰਸ ਨਾ ਪਾਈਆ । ਤੇਰਾ ਹੁਕਮ ਵਿਚ ਦੁਸ਼ਵਾਰ, ਦੁਸ਼ਮਣ ਅਵਰ ਨਾ ਕੋਇ ਜਣਾਈਆ । ਉਹ ਰੋਵਣ ਜ਼ਾਰੋ ਜ਼ਾਰ, ਦਰੋਹੀ ਕਰਨ ਖ਼ੁਦਾਈਆ । ਜੇ ਕਿਰਪਾ ਕਰੇ ਮੀਤ ਮੁਰਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਸੀਂ ਵੀ ਸੰਗ ਚਲ ਕੇ ਲੋਕਮਾਤ ਓਨ੍ਹਾਂ ਦਾ ਕਰੀਏ ਦੀਦਾਰ, ਜਿਨ੍ਹਾਂ ਦੀ ਦੀਦ ਪੁਰਖ ਅਕਾਲ ਵੇਖ ਵਖਾਈਆ । ਛੱਡ ਗਏ ਮਕਬਰੇ ਮਜ਼ਾਰ, ਮਸੀਤਾਂ ਮੰਦਰਾਂ ਤੋਂ ਹੋ ਕੇ ਬਾਹਰ, ਕਲੰਦਰਾਂ ਤੋਂ ਪੱਲੇ ਗਏ ਛੁਡਾਈਆ । ਇਕੋ ਢੋਲਾ ਗਾ ਕੇ ਤੇਰਾ ਵੇਖਣ ਸਚ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬੇਨੰਤੀ ਦਿਤੀ ਸੁਣਾਈਆ । ਮੁਹੰਮਦ ਕਹੇ ਮੇਰੇ (ਮਹਿਰਾਬ), ਧੂੜੀ ਖ਼ਾਕ ਇਕੋ ਇਕ ਰਮਾਈਆ । ਸਚ ਪ੍ਰੀਤੀ ਬਖ਼ਸ਼ ਆਬ, ਆਬੇਹਯਾਤ ਤੇਰਾ ਪ੍ਰੇਮ ਨਜ਼ਰੀ ਆਈਆ । ਮੈਂ ਭੁੰਨ ਨਹੀਂ ਖਾਧਾ ਕੋਈ ਕਬਾਬ, ਕਾਅਬੇ ਵਿਚ ਦੇ ਕੇ ਆਇਆ ਦੁਹਾਈਆ । ਇਕੋ ਤੇਰਾ ਸਜਦਾ ਇਕੋ ਤੱਕਿਆ ਅਹਿਬਾਬ, ਸਚ ਰਬਾਬ ਤੇਰਾ ਨਾਮ ਵਜਾਈਆ । ਤੇਰੀ ਸਿਫ਼ਤ ਦੀ ਲਿਖ ਕੇ ਕਿਤਾਬ, ਤੀਸ ਬਤੀਸਾ ਢੋਲਾ ਗਾਈਆ । ਅੰਤਮ ਹੋ ਕੇ ਲਾਜਵਾਬ, ਸਿਰ ਕਦਮਾਂ ਉਪਰ ਟਿਕਾਈਆ । ਜਿਸ ਚਾਰ ਯਾਰੀ ਨੂੰ ਦਿਤਾ ਖ਼ਤਾਬ, ਮੁਖ਼ਾਤਬ ਹੋ ਕੇ ਸਾਰੇ ਦੇਣ ਦੁਹਾਈਆ । ਬਿਨ ਤੇਰੀ ਕਿਰਪਾ ਮਨਜ਼ੂਰ ਹੋਏ ਨਾ ਕਿਸੇ ਆਦਾਬ, ਦੂਰ ਦੁਰਾਡੇ ਬੈਠੇ ਧਿਆਨ ਲਗਾਈਆ । ਤੇਰੇ ਹੱਥ ਲਹਿਣਾ ਦੇਣਾ ਹਿਸਾਬ ਕਿਤਾਬ, ਕੁਤਬਖ਼ਾਨਾ ਨਾ ਕੋਇ ਛਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇਣਾ ਦ੍ਰਿੜਾਈਆ । ਪਰਵਰਦਿਗਾਰ ਕਹੇ ਸੁਣ ਮੁਹੰਮਦ ਨੰਨ੍ਹੇ, ਹਮਦ ਆਪਣੀ ਦਿਆ ਜਣਾਈਆ । ਸੂਫ਼ੀ ਸੰਤ ਫ਼ਕੀਰ ਜਿਸ ਨੇ ਆਪਣੀ ਧਾਰੋਂ ਜਣੇ, ਜਨਕ ਸਪੁੱਤਰੀ ਨਾਲ ਮਿਲਾਈਆ । ਭਗਤਾਂ ਧਾਰ ਪਿਛੇ ਪੁਰਖ ਅਕਾਲ ਮੰਨੇ, ਖ਼ੁਸ਼ੀਆਂ ਰੰਗ ਵਖਾਈਆ । ਉਹ ਆਵਣ ਤੇਰੇ ਕੰਨੇ, ਧੂੜੀ ਛਾਰ ਸੀਸ ਟਿਕਾਈਆ । ਡੰਡਾਵਤ ਵਿਚ ਪੈਣ ਲੰਮੇ, ਭੁਜਾਂ ਉਂਗਲਾਂ ਤੱਕ ਵਧਾਈਆ । ਸਵਾਸ ਲਏ ਕੋਈ ਨਾ ਦਮੇ, ਦਾਮਨਗੀਰ ਇਕੋ ਵੇਖ ਵਖਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਸਾਹਿਬ ਸਵਾਮੀ ਅੰਤਰਜਾਮੀ ਏਕੰਕਾਰ ਇਕੋ ਮੰਨੇ, ਮਨਸਾ ਸਭ ਦੀ ਪੂਰ ਕਰਾਈਆ । ਮੁਹੰਮਦ ਕਹੇ ਮੇਰੇ ਅੰਤਰ ਆਇਆ ਇਜ਼ਹਾਰ, ਜ਼ੀਵੋਜ਼ਲ ਦਿਆਂ ਜਣਾਈਆ । ਤੇਰੀ ਸੁਣ ਅਗੰਮੀ ਗੁਫ਼ਤਾਰ, ਗੁਫ਼ਤ ਸ਼ੁਨੀਦ ਵੇਖ ਵਖਾਈਆ । ਚਾਰ ਜੁਗ ਤੋਂ ਵੱਖਰਾ ਤੇਰਾ ਸਮਾਚਾਰ, ਸਦੀਆਂ ਦਾ ਲੇਖਾ ਰਿਹਾ ਮੁਕਾਈਆ । ਕਦੀਮ ਦੇ ਕਾਦਰ ਪਰਵਰਦਿਗਾਰ, ਤੇਰੀ ਬੇਪਰਵਾਹੀਆ । ਤੇਰਾ ਖੇਲ ਵੇਖਾਂ ਅਪਰ ਅਪਾਰ, ਦਰ ਘਰ ਠਾਂਡੇ ਖ਼ੁਸ਼ੀ ਮਨਾਈਆ । ਨਾਲ ਸੋਹਵਣ ਚਾਰ ਯਾਰ, ਭਗਤ ਸੁਹੇਲੇ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਆਪਣਾ ਹੁਕਮ ਵਰਤਾਈਆ ।

★ ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਆਤਮਾ ਸਿੰਘ ਦੇ ਗ੍ਰਿਹ ਮਲੂਵਾਲ ਜ਼ਿਲਾ ਅੰਮ੍ਰਿਤਸਰ ★

ਈਸਾ ਕਹੇ ਮੈਂ ਆਸਾਵੰਦ, ਜੋਹਨਾ ਆਪਣੇ ਨਾਲ ਮਿਲਾਈਆ । ਤੇਰੇ ਹੁਕਮ ਦਾ ਹੋ ਪਾਬੰਦ, ਪਾਕੀਜ਼ਾ ਤੇਰੀ ਸੇਵ ਕਮਾਈਆ । ਮਾਣਦਾ

ਰਿਹਾ ਅਨੰਦ, ਸਲੀਬ ਲੈਕੇ ਖ਼ੁਸ਼ੀ ਬਣਾਈਆ । ਗਾਉਂਦਾ ਰਿਹਾ ਛੰਦ, ਢੋਲਾ ਧੁਰਦਰਗਾਹੀਆ । ਲੱਭਦਾ ਰਿਹਾ ਸੰਗ, ਜਲਵਾਗਰ ਖ਼ੁਦਾਈਆ । ਮੰਗਦਾ ਰਿਹਾ ਮੰਗ, ਸਦੀ ਬੀਸਵੀਂ ਦਏ ਗਵਾਹੀਆ । ਪੂਰਬ ਲੇਖਾ ਗਿਆ ਲੰਘ, ਅੱਗੇ ਸੋਹਣੀ ਰੁੱਤ ਸੁਹਾਈਆ । ਤੇਰਾ ਖੇਲ ਸੂਰੇ ਸਰਬੰਗ, ਮੈਂ ਸਭ ਨੂੰ ਗਿਆ ਦ੍ਰਿੜਾਈਆ । ਜਿਸ ਵੇਲੇ ਆਵੇ ਮਾਲਕ ਮੇਰਾ ਖ਼ਾਵੰਦ, ਬਾਪ ਪਰਤਾਪ ਲਏ ਪਰਗਟਾਈਆ । ਮੈਂ ਨੱਚਾਂ ਬਣ ਮਲੰਗ, ਭੱਜਾਂ ਵਾਹੋ ਦਾਹੀਆ । ਸੇਜ ਸੁਹਾਵਣੀ ਹੋਏ ਨਾ ਕੋਇ ਪਲੰਘ, ਖਟੀਆ ਖਾਟ ਨਾ ਕੋਇ ਵਡਿਆਈਆ । ਗਾਉਂਦਾ ਆਵਾਂ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜਿਥੇ ਤੇਰੇ ਭਗਤ ਸੁਹੇਲੇ ਹੋਵਣ ਚੰਦ, ਨੂਰ ਨੂਰ ਨਾਲ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਈਸਾ ਕਿਹਾ ਜਿਸ ਵੇਲੇ ਤੇਰੇ ਨਾਮ ਦਾ ਵੱਜੇ ਘੜਿਆਲ, ਮੇਰੀ ਘੜੀ ਦਏ ਵਡਿਆਈਆ । ਸੁਤਿਆਂ ਲਏ ਉਠਾਲ, ਨਿੰਦਰਾ ਵਿਚੋਂ ਬਾਹਰ ਕਢਾਈਆ । ਹੁਕਮ ਦੇ ਦੀਨ ਦਿਆਲ, ਦਇਆਨਿਧ ਆਪ ਜਣਾਈਆ । ਅੰਤ ਅਖ਼ੀਰੀ ਕਰ ਕੇ ਭਾਲ, ਜੁਗ ਵਿਛੜੇ ਜੋੜ ਜੁੜਾਈਆ । ਸੰਬਲ ਸੁਹਾ ਕੇ ਸਚ ਅਸਥਾਨ, ਥਾਨ ਥਾਨੰਤਰ ਵੇਖ ਵਖਾਈਆ । ਭਗਤ ਸੁਹੇਲੇ ਲੱਭੇ ਵਿਚ ਜਹਾਨ, ਜਹਾਲਤ ਵਿਚੋਂ ਆਪਣੀ ਅਮਾਨਤ ਬਾਹਰ ਕਰਾਈਆ । ਕੱਠੇ ਕਰ ਇਕ ਮੈਦਾਨ, ਜਗਤ ਮੈਦਾਨਾਂ ਦਾ ਡੇਰਾ ਦੇਵੇ ਢਾਹੀਆ । ਮੈਂ ਖੇਲ ਵੇਖਾਂ ਮਹਾਨ, ਮੇਰੀ ਆਸਾ ਪਿਛਲੀ ਚਲੀ ਆਈਆ । ਦੋ ਜਹਾਨਾਂ ਯੁੱਧ ਹੋਵੇ ਘਮਸਾਨ, ਘੁੰਮਣ ਘੇਰ ਵਿਚ ਲੋਕਾਈਆ । ਮੈਂ ਉਤੋਂ ਆਵਾਂ ਅਸਮਾਨ, ਜ਼ਿਮੀਂ ਉਤੇ ਵੇਖਾਂ ਗੁਰਮੁਖ ਨੌਜਵਾਨ, ਧੁਰ ਦੇ ਚੇਲੇ ਸੋਭਾ ਪਾਈਆ । ਜਿਨ੍ਹਾਂ ਦੀ ਅੰਦਰੋਂ ਇਕੋ ਰਸ ਬੋਲੇ ਜ਼ਬਾਨ, ਤੂੰ ਹੀ ਤੂੰ ਹੀ ਢੋਲਾ ਗਾਈਆ । ਮੈਂ ਸਿਰਫ਼ ਜੋਹਨਾ ਨੂੰ ਦੱਸਿਆ ਮੈਨੂੰ ਹੁਕਮ ਦੇਵੇ ਰਹਿਮਾਨ, ਮੇਰਾ ਮਾਲਕ ਬੇਪਰਵਾਹੀਆ । ਜਿਸ ਦਾ ਕਲਜੁਗ ਅੰਤ ਢੋਲਾ ਹੋਣਾ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ", ਜੈ ਜੈ ਜੈਕਾਰ ਕਰ ਕੇ ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਜਿਸ ਭਗਤਾਂ ਨਾਲ ਮਿਲ ਕੇ ਹੋਣਾ ਜਗਤ ਨਾਲੋਂ ਬੇਪਹਿਚਾਨ, ਸੰਸਾਰੀ ਅੱਖ ਨਾ ਕੋਇ ਤਕਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਮਿਹਰਵਾਨ ਦੇਣੀ ਵਡਿਆਈਆ । ਛੱਬੀ ਪੋਹ ਦਾ ਦਿਵਸ ਮਹਾਨ, ਵਕਤ ਚਾਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਰਵਰਦਿਗਾਰ ਮੇਰੇ ਮਹਿਬੂਬ, ਪਰਵਰਸ਼ ਕੀਤੀ ਤੇਰੀ ਵਿਚ ਹਦੂਦ, ਹੱਦਾਂ ਤੋਂ ਬਾਹਰ ਤੇਰਾ ਖੇਲ ਸੋਭਾ ਪਾਈਆ ।



### ★ ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਿਹ ਮਲੂਵਾਲ ਜ਼ਿਲਾ ਅੰਮ੍ਰਿਤਸਰ ★

ਮੂਸਾ ਕਹੇ ਮੈਂ ਵੇਖਣ ਆਵਾਂ ਅਗੰਮੀ ਇਸਮ, ਅਸਮਾਨਾਂ ਤੋਂ ਪਰੇ ਪੰਧ ਮੁਕਾਈਆ । ਜਲਵਾ ਤੱਕਾਂ ਬਿਨਾ ਚਸ਼ਮ, ਨੂਰ ਨੂਰ ਨਾਲ ਵਡਿਆਈਆ । ਮੇਰਾ ਦਿਸਣ ਵਾਲਾ ਹੋਣਾ ਨਹੀ ਕੋਈ ਜਿਸਮ, ਵਜੂਦ ਕਲਬੂਤ ਨਾ ਕੋਇ ਰਖਾਈਆ । ਮੈਂ ਓਸ ਨੂਰ ਦੀ ਕਿਸਮ, ਜਿਸ ਨੂੰ ਕ਼ਸਮ ਖਾ ਕੇ ਖ਼ੁਦਾਵੰਦ ਕਹੇ ਲੋਕਾਈਆ । ਜਿਸ ਦੀ ਮਿਹਰ ਨਾਲ ਭਗਤ ਸੁਹੇਲੇ ਮੈਨੂੰ ਦਿਸਣ, ਸੰਤ ਸੁਹੇਲੇ ਨਜ਼ਰੀ ਆਈਆ । ਕੁਛ ਹੋਰ ਮੰਗਾਂ ਮੰਗਦੇ ਬ੍ਰਹਮਾ ਵਿਸ਼ਨ, ਸ਼ੰਕਰ ਸੀਸ ਝੁਕਾਈਆ । ਗੁਰ ਅਵਤਾਰ ਕਾਤਬ ਬਣ ਕੇ ਲਿਖਣ, ਸਿਫ਼ਤਾਂ ਨਾਲ ਸਾਲਾਹੀਆ । ਸਭ ਦੀ ਪੂਰੀ ਕਰੇ ਇੱਛਨ, ਮਾਲਕ ਬੇਪਰਵਾਹੀਆ ।

ਕਲਜੁਗ ਅੰਤਮ ਖੇਲ ਬਾਜ਼ੀ ਤਿਲਕਣ, ਪੈਰ ਸੰਭਲ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਸਾਰੇ ਵਿਲਕਣ, ਧੀਰਜ ਧੀਰ ਨਾ ਕੋਇ ਰਖਾਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਥੋੜ੍ਹੇ ਨਿਕਲਣ, ਨਿੱਕੇ ਵੱਡੇ ਇਕੋ ਰੰਗ ਨਜ਼ਰੀ ਆਈਆ । ਜਿਨ੍ਹਾਂ ਦਾ ਪੁਰਖ ਅਕਾਲ ਧੁਰ ਦਾ ਦਿਸੇ ਮਿਤਨ, ਸਾਥ ਰਘੁਨਾਥ ਰਿਹਾ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਖੇਲ ਆਪ ਵਰਤਾਈਆ । ਮੂਸਾ ਕਹੇ ਮੇਰਾ ਹੱਲ ਹੋਏ ਮਸਲਾ, ਦਲਾਇਲ ਮਸਾਇਲ ਨਾ ਕੋਇ ਰਖਾਈਆ । ਹਕ਼ੀਕ਼ੀ ਯਾਰ ਦਾ ਹੋਏ ਵਸਲਾ, ਵਸਫ਼ ਅਵਰ ਨਾ ਕੋਇ ਵਡਿਆਈਆ । ਭੇਵ ਖੋਲ੍ਹੇ ਅਸਲਾ, ਅਸਲੀਅਤ ਦਏ ਜਣਾਈਆ । ਜਿਸ ਮੈਨੂੰ ਹੁਕਮ ਦਿਤਾ ਮੂਸਾ ਇਕ ਵਾਰ ਖ਼ੁਸ਼ੀ ਨਾਲ ਹੱਸ ਲਾ, ਫੇਰ ਵੇਲਾ ਕਦੇ ਨਾ ਆਈਆ । ਮੈਂ ਸਜਦੇ ਵਿਚ ਕਿਹਾ ਜਿਉਂ ਭਾਵੇ ਤਿਉਂ ਰੱਖ ਲਾ, ਰੱਖਕ ਹੋ ਕੇ ਦਇਆ ਕਮਾਈਆ । ਪਰਵਰਦਿਗਾਰ ਹੁਕਮ ਦਿਤਾ ਮੇਰੇ ਹਕ ਅਲਾਹ, ਆਲਮ ਤੋਂ ਪਰ੍ਹੇ ਦਿਤਾ ਸਮਝਾਈਆ । ਜਿਸ ਵੇਲੇ ਮਾਲਕ ਬਣ ਕੇ ਆਵਾਂ ਹਕ ਖ਼ੁਦਾ, ਖ਼ੁਦੀ ਦਾ ਡੇਰਾ ਦੇਵਾ ਢਾਹੀਆ । ਫੇਰ ਰਹਿਣ ਨਾ ਦੇਵਾ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਖ਼ੁਸ਼ੀਆਂ ਦਾ ਸਮਾਂ ਦਿਆਂ ਵਖਾ, ਵਕਤ ਸੁਹੰਜਣਾ ਸੋਭਾ ਪਾਈਆ । ਧੁਰ ਦੇ ਕਲਮੇ ਨਾਲ ਦਿਆਂ ਸਮਝਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਜਿਸ ਵੇਲੇ ਧੁਰ ਦਾ ਹੁਕਮ ਹੋਇਆ ਰਵਾਂ, ਫ਼ਰਮਾਨ ਇਕੋ ਇਕ ਦ੍ਰਿੜਾਈਆ । ਓਸ ਵੇਲੇ ਤੈਨੂੰ ਕਹਵਾਂ, ਮੂਸਾ ਹੱਸ ਕੇ ਖ਼ੁਸ਼ੀ ਲੈਣੀ ਮਨਾਈਆ । ਉਹ ਵੇਲਾ ਵਕਤ ਆ ਗਿਆ ਸਮਾਂ, ਛੱਬੀ ਪੋਹ ਦਏ ਗਵਾਹੀਆ । ਤੂੰ ਦਰਗਾਹ ਸਾਚੀ ਚੋਂ ਜਨ ਭਗਤਾਂ ਵਿਚ ਆਣ ਕੇ ਲੈਣਾ ਦਮਾ, ਰਾਹ ਵਿਚ ਨਾ ਕੋਇ ਅਟਕਾਈਆ । ਮੇਰੇ ਨੂਰ ਦੀ ਨੂਰ ਉਪਜੇ ਸ਼ਮਾਂ, ਦੂਜੀ ਅਵਰ ਨਾ ਕੋਇ ਰੁਸ਼ਨਾਈਆ । ਚਿੰਤਾ ਸੋਗ ਰਹੇ ਨਾ ਗ਼ਮਾ, ਗ਼ਫ਼ਲਤ ਨਿੰਦਰਾ ਨਾ ਕੋਇ ਵਖਾਈਆ । ਆਪਣੀ ਰੱਖਣੀ ਕੋਈ ਨਾ ਤਮਾ, ਤਮੰਨਾ ਉਮਤ ਵਾਲੀ ਨਾ ਕੋਇ ਜਣਾਈਆ । ਜਿਸ ਕਾਰਨ ਗੁਰ ਅਵਤਾਰ ਪੈਗ਼ੰਬਰ ਕਰਨੇ ਜਮ੍ਹਾਂ, ਜਮਾਤ ਸਭ ਦੀ ਇਕੋ ਦੇਣੀ ਵਖਾਈਆ । ਦੀਨ ਮਜ਼੍ਹਬ ਦਾ ਤੋੜਨਾ ਬੰਨਾ, ਤੁਹਾਡਾ ਲੇਖਾ ਤੁਹਾਡੇ ਹੱਥ ਫੜਾਈਆ । ਮੂਸਾ ਕਰ ਕੇ ਨਮਸਕਾਰ ਮੰਨਾ, ਧੁਰ ਦੇ ਯਾਰ ਤੇਰੇ ਹੱਥ ਤੇਰੀ ਸਭ ਵਡਿਆਈਆ । ਬਿਨ ਤੇਰੀ ਮਿਹਰ ਗੁਰ ਅਵਤਾਰ ਪੈਗ਼ੰਬਰ ਨਿਕੰਮਾ, ਲੋਕਮਾਤ ਚਲੇ ਨਾ ਕੋਇ ਚਤੁਰਾਈਆ । ਤੇਰੀ ਧਾਰੋਂ ਨੂਰੀ ਪੁੱਤ ਜੰਮਾ, ਕੋਹਤੂਰ ਦਿਤੀ ਸਰਨਾਈਆ । ਅੰਤ ਅਖ਼ੀਰੀ ਆਵਾਂ ਭੰਨਾ, ਭੱਜਾਂ ਵਾਹੋ ਦਾਹੀਆ । ਕਿਰਪਾ ਕਰ ਮੇਰੇ ਭਗਵਨਾ, ਭਗਵਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਦਿ ਜੁਗਾਦੀ ਧਾਰ ਭਗਤ ਭਗਵਾਨ ਸੁਹਾਏ ਸਮਾਂ, ਸੰਮਣ ਸਭ ਦੇ ਰਿਹਾ ਕਢਾਈਆ ।



### ★ ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਦਰਬਾਰਾ ਸਿੰਘ ਦੇ ਗ੍ਰਿਹਿ ਮਲੂਵਾਲ ਜ਼ਿਲਾ ਅੰਮ੍ਰਿਤਸਰ ★

ਪੈਗ਼ੰਬਰ ਕਹਿਣ ਅਸੀ ਬੈਠੇ ਰਹੇ ਕਰਕੇ ਸਿਦਕ, ਸਬਰ ਵਿਚ ਤੇਰੀ ਆਸ ਰਖਾਈਆ । ਤੇਰਾ ਨਾਮ ਕਲਮਾ ਦੇ ਕੇ ਆਏ ਸਬਕ, ਸਿਖਿਆ ਕਾਇਨਾਤ ਦ੍ਰਿੜਾਈਆ । ਹੱਦ ਵੰਡ ਕੇ ਆਏ ਚੌਦਾਂ ਤਬਕ, ਸ਼ਰਅ ਜ਼ੰਜੀਰ ਪਵਾਈਆ । ਨੂਰ ਦਾ ਨੂਰ ਨਾਲੋਂ ਪਾ ਕੇ ਫ਼ਰਕ, ਫ਼ਿਰਕਿਆਂ ਵਾਲਾ

ਰਾਹ ਵਖਾਈਆ । ਸਦੀ ਚੌਧਵੀਂ ਲਾ ਕੇ ਸ਼ਰਤ, ਸ਼ਰਤੀਆ ਤੇਰਾ ਨਾਮ ਸਮਝਾਈਆ । ਪਰਵਰਦਿਗਾਰ ਆਵੇ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਸੋ ਨਿਵਾਸੀ ਉਪਰ ਅਰਸ਼, ਫ਼ਰਸ਼ ਦਏ ਸੁਹਾਈਆ । ਸਭ ਦੇ ਉਤੇ ਕਰੇ ਤਰਸ, ਰਹਿਮਤ ਕਰੇ ਨੂਰ ਖ਼ੁਦਾਈਆ । ਛੁਰੀ ਕਸਾਈ ਦਿਸੇ ਕੋਇ ਨਾ ਕਰਦ, ਕਤਲਗਾਹ ਦਏ ਮਿਟਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਦੁੱਖ ਦਏ ਮਿਟਾਈਆ । ਆਪਣਾ ਖੇਲ ਕਰੇ ਅਸਚਰਜ, ਜਿਸ ਨੂੰ ਸਮਝੇ ਨਾ ਕੋਇ ਲੋਕਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਚਾਰ ਜੁਗ ਦੀ ਪਿਛਲੀ ਵੇਖੇ ਫ਼ਰਦ, ਗੁਰ ਅਵਤਾਰ ਪੈਗ਼ੰਬਰ ਸਾਰੇ ਲਏ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਵੇਖਿਆ ਨਾ ਤੇਰਾ ਗ੍ਰਿਹਸਤ, ਸਚ ਦਵਾਰ ਸੇਵ ਨਾ ਕੋਇ ਕਮਾਈਆ । ਲੋਕਮਾਤ ਆਉਂਦੇ ਰਹੇ ਤੇਰੀ ਵਿਚ ਫ਼ਰਿਸਤ, ਜੁਗ ਜੁਗ ਆਪਣਾ ਫੇਰਾ ਪਾਈਆ । ਮਜਾਜੀ ਵਿਚੋਂ ਹਕ਼ੀਕ਼ੀ ਦੱਸਦੇ ਰਹੇ ਇਸ਼ਕ, ਆਸ਼ਕ ਮਾਸ਼ੂਕ ਆਤਮ ਪਰਮਾਤਮ ਰੂਪ ਦਰਸਾਈਆ । ਅੰਤਮ ਸਾਰੇ ਤਨ ਵਜੂਦ ਛੱਡ ਕੇ ਆਏ ਖਿਸਕ, ਥਿਰ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤ ਆਪਣੀ ਧਾਰੋਂ ਸਾਰੇ ਗਏ ਤਿਲਕ, ਸਚ ਦਵਾਰੇ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਏਸੇ ਕਾਰਨ ਰਹੇ ਵਿਲਕ, ਬਿਨ ਅੱਖਾਂ ਨੇਤਰ ਰੋ ਰੋ ਦੇਣ ਦੁਹਾਈਆ । ਸਾਡੀ ਖ਼ੁਆਰੀ ਹੋਈ ਜ਼ਿਲਤ, ਹਮਸਵਾਰੀ ਸਮਝ ਕੋਇ ਨਾ ਪਾਈਆ । ਤੇਰੇ ਧੁਰ ਦਰਬਾਰ ਸਾਡੀ ਮਿੰਨਤ, ਦੋਏ ਜੋੜ ਵਾਸਤਾ ਪਾਈਆ । ਸਾਨੂੰ ਬਖ਼ਸ਼ ਉਹ ਹਿੰਮਤ, ਹੌਸਲਾ ਦੇ ਵਖਾਈਆ । ਅਸੀਂ ਆ ਕੇ ਵੇਖੀਏ ਤੇਰੇ ਭਗਤਾਂ ਦੀ ਸਾਚੀ ਸਿੰਮਤ, ਜਿਸ ਦਵਾਰੇ ਬੈਠੇ ਸੋਹਣੇ ਨਜ਼ਰੀ ਆਈਆ । ਅੰਤਰ ਗ਼ਮੀ ਨਾ ਹੋਵੇ ਚਿੰਨਤ, ਰੋਗ ਸੋਗ ਨਾ ਕੋਇ ਵਖਾਈਆ । ਉਨ੍ਹਾਂ ਵਿਚ ਹੋਵੇ ਕੋਈ ਨਾ ਨਿੰਦਕ, ਸਾਰੇ ਤੇਰਾ ਢੋਲਾ ਗਾਈਆ । ਪ੍ਰੇਮ ਪਿਆਰ ਨਾਲ ਅਸੀਂ ਓਨ੍ਹਾਂ ਨਾਲ ਜਾਈਏ ਚਿਮਟ, ਗਲਵਕੜੀ ਸੋਹਣੀ ਪਾਈਆ । ਇਹ ਸਮਾਂ ਹੋਣਾ ਚਾਰ ਤੋਂ ਉਤੇ ਇਕ ਮਿਨਟ, ਘੜੀ ਈਸਾ ਕਲਾਕ ਵਾਲੀ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਵੱਡੀ ਵਡਿਆਈਆ । ਪੈਗ਼ੰਬਰ ਕਹਿਣ ਸਾਡੇ ਅਮਾਮ, ਆਮਦ ਵਿਚ ਤੇਰਾ ਦਰਸ਼ਨ ਪਾਈਆ । ਬਰਦੇ ਹੋਈਏ ਗ਼ੁਲਾਮ, ਸੇਵਕ ਸੇਵਾ ਸਚ ਕਮਾਈਆ । ਤੇਰਾ ਖੇਲ ਵੇਖੀਏ ਤਮਾਮ, ਨੇਤਰ ਲੋਚਨ ਨੈਣ ਅੱਖ ਉਠਾਈਆ । ਤੇਰੇ ਝੂਲਦੇ ਹੋਣ ਨਿਸ਼ਾਨ, ਨਿਸ਼ਾਨੇ ਗੁਰਮੁਖ ਸੋਭਾ ਪਾਈਆ । ਗਾਉਂਦੇ ਹੋਣ ਗਾਨ, ਢੋਲਾ ਬੇਪਰਵਾਹੀਆ । ਨੱਚਦੇ ਹੋਣ ਵਿਚ ਮੈਦਾਨ, ਸੋਹਣੀ ਖ਼ੁਸ਼ੀ ਬਣਾਈਆ । ਇਸਤਰੀ ਮਰਦ ਦੋਵੇਂ ਹੋਣ ਪਰਵਾਨ, ਇਕੋ ਮਾਣ ਦੇਵੇ ਵਡਿਆਈਆ । ਪੰਚ ਵੇਖੀਏ ਨੌਜਵਾਨ, ਹਰਿਜਨ ਸੋਹਣੇ ਸੋਭਾ ਪਾਈਆ । ਪੰਜ ਤੇਰੇ ਬਾਢੀ ਉਹ ਤਰਖਾਣ, ਜੋ ਧਰਮ ਦਵਾਰੇ ਸੋਭਾ ਪਾਈਆ । ਪੰਜ ਤੇਰੇ ਉਹ ਬਲਵਾਨ, ਜਿਹੜੇ ਜ਼ੋਰ ਜ਼ੇਰ ਜ਼ਬਰ ਦੁਨੀਆਂ ਵਾਲੀ ਬੈਠੇ ਗਵਾਈਆ । ਤੇਰੇ ਪੰਜ ਉਹ ਨਿਸ਼ਾਨ, ਜਿਹੜੇ ਨਿਸ਼ਾਨੇ ਆਪਣੇ ਗਏ ਬਦਲਾਈਆ । ਪੰਜਾਂ ਕਰ ਪਰਵਾਨ, ਦੇਵੇਂ ਮਾਣ ਵਡਿਆਈਆ । ਨੌਵਾਂ ਬਣ ਕੇ ਕਾਹਨ, ਸੋਹਣਾ ਰੰਗ ਚੜ੍ਹਾਈਆ । ਪੰਞੀਆਂ ਮੇਲਾ ਆਣ, ਪੰਞੀਆਂ ਕਰ ਕਲਿਆਣ, ਧੁਰ ਦੀ ਬਣਤ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਵੇਖਣਾ ਇਹ ਘਮਸਾਨ, ਧੂੜ ਉਡੇ ਚਾਈਂ ਚਾਈਂਆ । ਤੂੰ ਸਾਨੂੰ ਕਰਨਾ ਪਰਵਾਨ, ਸ੍ਰੀ ਭਗਵਾਨ ਤੇਰੀ ਬੇਪਰਵਾਹੀਆ । ਅਸੀਂ ਵਸਣਾ ਨਹੀਂ ਕਿਸੇ ਮਕਾਨ, ਸ਼ਰੇ ਮੈਦਾਨ ਤੇਰਾ ਦਰਸ਼ਨ ਪਾਈਆ । ਬੋਲਣਾ

ਨਹੀਂ ਨਾਲ ਜ਼ਬਾਨ, ਧੁਰ ਦੀ ਧਾਰ ਨਾਲ ਸ਼ਨਵਾਈਆ । ਠੀਕ ਸਮੇਂ ਨਾਲ ਪਹੁੰਚੀਏ ਆਣ, ਸਿਰ ਦੇਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵੇਲਾ ਵਕਤ ਦੇਣਾ ਵਖਾਈਆ ।

★ ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਜੀਵਣ ਸਿੰਘ, ਦਰਸ਼ਨ ਸਿੰਘ ਦੇ ਗ੍ਰਹਿ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਪਹੁੰਚਣਾ ਵਿਚ ਕਦਮਾਂ, ਕਦੀਮ ਦੀ ਆਸਾ ਪੂਰ ਕਰਾਈਆ । ਅੰਤ ਅਖ਼ੀਰ ਮੇਟਣਾ ਸਦਮਾ, ਪਿਛਲਾ ਰੋਗ ਚੁਕਾਈਆ । ਜਨ ਭਗਤ ਥੋੜ੍ਹੇ ਦਿਸਣੇ ਵਿਚੋਂ ਪਦਮਾਂ, ਅਰਬਾਂ ਖਰਬਾਂ ਨਾ ਕੋਇ ਵਡਿਆਈਆ । ਜਿਨ੍ਹਾਂ ਦੇ ਕਾਰਨ ਪੁਰਖ ਅਕਾਲ ਨੇ ਸਾਨੂੰ ਸੱਦਣਾ, ਲੋਕਮਾਤ ਦਇਆ ਕਮਾਈਆ । ਨਾਮ ਨਗਾਰਾ ਇਕੋ ਵੱਜਣਾ, ਸਾਚੀ ਖ਼ੁਸ਼ੀ ਲੈਣੀ ਪਰਗਟਾਈਆ । ਭਗਤ ਭਗਵਾਨ ਮਿਲ ਕੇ ਸੋਹਣਾ ਸਜਣਾ, ਹਰਿ ਸੱਜਣ ਰੰਗ ਰੰਗਾਈਆ । ਧੁਰ ਦਾ ਦੀਪਕ ਬਿਨ ਤੇਲ ਬਾਤੀ ਜਗਣਾ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਇਕੋ ਰੰਗ ਵੇਖਣਾ ਆਅਲਾ ਅਦਨਾ, ਜੋ ਆਇਣ ਪ੍ਰਭ ਸਰਨਾਈਆ । ਪੁਰਖ ਅਕਾਲ ਨੇ ਛੁਪਣਾ ਵਿਚ ਬਦਨਾ, ਤੱਤਾਂ ਵਾਲਾ ਪੜਦਾ ਪਾਈਆ । ਬਾਹਰੋਂ ਵੇਖਿਆਂ ਕਿਸੇ ਨਾ ਲੱਭਣਾ, ਭਰਮੇ ਰਹੇ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਗੁਰਮੁਖਾਂ ਦੇ ਨਾਲ ਅਗਾਂਹ ਵਧਣਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਕਦਮਾਂ ਨਾਲ ਪੂਰ ਕਰਾਈਆ । ਅੰਤ ਪਹੁੰਚਣਾ ਓਸ ਪਤਣਾ, ਜਿਸ ਪੱਤਣ ਦਾ ਮਾਲਕ ਇਕ ਅਖਵਾਈਆ । ਸਿਰ ਤੇ ਚੁੱਕਿਆ ਹੋਇਆ ਹੋਣਾ ਭਤਨਾ, ਭੱਤਾ ਅਗੰਮ ਅਥਾਹੀਆ । ਜਾ ਕੇ ਭਗਤ ਦਵਾਰੇ ਰੱਖਣਾ, ਆਪਣੀ ਭੇਟ ਚੜ੍ਹਾਈਆ । ਜਿਸ ਦਾ ਰਸ ਹਰਿ ਸੰਗਤ ਚੱਖਣਾ, ਗੁਰਮੁਖਾਂ ਖ਼ੁਸ਼ੀਆਂ ਨਾਲ ਖਵਾਈਆ । ਅਸਾਂ ਸੇਵਾ ਕਰਦਿਆਂ ਮੂਲ ਨਹੀਂ ਹਟਣਾ, ਭੱਜਣਾ ਚਾਈਂ ਚਾਈਂਆ । ਜਿਸ ਛੱਡਿਆ ਪੌਂਟਾ ਪਟਣਾ, ਪੱਟੀ ਆਪਣੀ ਦਏ ਦ੍ਰਿੜਾਈਆ । ਗੁਰਮੁਖਾਂ ਚਾੜ੍ਹ ਕੇ ਸਾਚਾ ਵਟਣਾ, ਮਸਤਕ ਟਿੱਕਾ ਦਏ ਛੁਹਾਈਆ । ਅੰਦਰ ਵੜਦਿਆਂ ਸਾਰਿਆਂ ਸੋਹੰ ਢੋਲਾ ਰਟਣਾ, ਜ਼ਬਾਨ ਬੰਦ ਨਾ ਕੋਇ ਕਰਾਈਆ । ਇਹ ਐਹੋ ਜਿਹੀ ਹੋਣੀ ਘਟਨਾ, ਚਾਰ ਜੁਗ ਪਿਛੇ ਵੇਖਣ ਵਿਚ ਕਦੇ ਨਾ ਆਈਆ । ਇਸ ਨੂੰ ਕੋਈ ਕਹਿ ਨਾ ਸਕੇ ਰਸਨਾ, ਵਿਦਿਆ ਵਿਚ ਵਿਦਵਾਨ ਨਾ ਕੋਇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਉਹ ਪੂਰਾ ਹੋਣਾ ਬਚਨਾ, ਜਿਹੜਾ ਬਿਨ ਕਲਮ ਦਵਾਤ ਸ਼ਾਹੀ ਦਿਤਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਇਕ ਦੱਸਣਾ, ਦਸੇ ਤੋਂ ਅਗਲਾ ਅੰਕ ਆਪ ਬਦਲਾਈਆ ।

★ ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਗੁਰੇ ਸ਼ਾਹ ਦੇ ਗ੍ਰਹਿ ਮਲੂਵਾਲ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਮਸਤੀ ਵਿਚ ਹੋਈਏ ਖੀਵੇ, ਖੇਵਟ ਖੇਟਾ ਵੇਖ ਬੇਪਰਵਾਹੀਆ । ਜਿਸ ਦਾ ਨਾਮ ਰਸ ਦੋ ਜਹਾਨ ਪੀਵੇ, ਜੁਗ ਚੌਕੜੀ ਖ਼ੁਸ਼ੀ ਮਨਾਈਆ । ਜਿਸ ਦੇ ਨੂਰ ਨਾਲ ਲੋਕਮਾਤ ਜੁਗ ਜੁਗ ਜਗੇ ਦੀਵੇ, ਦੀਪਕ ਅੰਧ ਕਰ ਰੁਸ਼ਨਾਈਆ । ਉਸ ਦੇ ਕਾਰਨ ਅਰਸ਼ਾਂ

ਦੇ ਉਤੋਂ ਆਏ ਧਰਨੀ ਉਤੇ ਹੋਏ ਨੀਵੇਂ, ਨਿਉਂ ਨਿਉਂ ਦਰਸ਼ਨ ਪਾਈਆ । ਉਸ ਦਾ ਭਗਤ ਸੁਹੇਲਾ ਆਦਿ ਜੁਗਾਦਿ ਜੁਗ ਚੌਕੜੀ ਸਦਾ ਜਗ ਜੀਵੇ, ਚੁਰਾਸੀ ਵਿਚ ਕਦੇ ਨਾ ਆਈਆ । ਬਲਹਾਰੀ ਓਸੇ ਦੇ ਕਦਮਾਂ ਖੀਵੇ, ਇਕੋ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਮੇਲਾ ਵੇਖ ਹੋਇਆ ਧੁਰ ਦਾ, ਵੱਜੇ ਸਚ ਵਧਾਈਆ । ਓਧਰੋਂ ਧਿਆਨ ਆਇਆ ਦੁਰਗਾ, ਅਸ਼ਟਭੁਜ ਅੱਖ ਖੁਲ੍ਹਾਈਆ । ਜਿਸ ਦਾ ਮੰਤਰ ਸਦਾ ਫੁਰਦਾ, ਉਹ ਮਾਲਕ ਬੇਪਰਵਾਹੀਆ । ਜਿਸ ਦਾ ਰੂਪ ਸੱਚੇ ਸਤਿਗੁਰ ਦਾ, ਸਤਿ ਸਤਿਵਾਦ ਵਿਚ ਸਮਾਈਆ । ਉਹ ਲਹਿਣਾ ਦੇਣਾ ਚੁਕਾਵੇ ਸਭ ਦਾ ਧੁਰ ਦਾ, ਪੂਰਬ ਦਏ ਮੁਕਾਈਆ । ਉਸ ਦਾ ਹੁਕਮ ਕਦੇ ਨਾ ਮੁੜਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਉਹ ਭੰਡਾਰਾ ਗੁਣ ਭਰਪੂਰ ਦਾ, ਅਵਗੁਣ ਦਏ ਚੁਕਾਈਆ । ਉਹਦਾ ਦਰਸ਼ਨ ਹਾਜ਼ਰ ਹਜ਼ੂਰ ਦਾ, ਹਜ਼ਰਤਾਂ ਕਰੇ ਪੜ੍ਹਾਈਆ । ਉਹਦਾ ਪਰਕਾਸ਼ ਅਗੰਮੀ ਨੂਰ ਦਾ, ਨਿਰਗੁਣ ਨੂਰ ਡਗਮਗਾਈਆ । ਉਸ ਦਾ ਖੇਲ ਸਦਾ ਦਸਤੂਰ ਦਾ, ਅਦਲ ਇਨਸਾਫ਼ ਆਪ ਕਮਾਈਆ । ਸਭ ਦੀ ਮਨਸਾ ਪੂਰਦਾ, ਭਵਾਨੀ ਕਹੇ ਮੈਨੂੰ ਨਿਸ਼ਾਨੀ ਯਾਦ ਪਿਛਲੀ ਆਈਆ । ਗੜ੍ਹ ਤੋੜੇ ਸਦਾ ਗ਼ਰੂਰ ਦਾ, ਗ਼ੁਰਬਤ ਦਏ ਗਵਾਈਆ । ਰੂਪ ਧਾਰ ਆਪ ਮਜ਼ਦੂਰ ਦਾ, ਸੇਵਾ ਭਗਤਾਂ ਜਗਤ ਕਮਾਈਆ । ਝਗੜਾ ਮੇਟੇ ਕਲਜੁਗ ਕੂੜ ਫ਼ਤੂਰ ਦਾ, ਫ਼ਤਵਾ ਸਭ ਦੇ ਉਤੇ ਲਾਈਆ । ਵੇਸ ਵਟਾ ਕੇ ਹਕ ਮਹਿਬੂਬ ਦਾ, ਮੁਹੱਬਤ ਸਭ ਦੀ ਆਪ ਪਰਨਾਈਆ । ਝਗੜਾ ਮੁਕਾ ਕੇ ਤਨ ਵਜੂਦ ਦਾ, ਵਜਹ ਆਪਣੀ ਦਏ ਸਮਝਾਈਆ । ਆਦਿ ਜੁਗਾਦਿ ਜਿਸ ਨੂੰ ਕੂਕਦਾ, ਦੇਵੇ ਇਕ ਦੁਹਾਈਆ । ਉਹਦਾ ਖੇਲ ਵੇਖਣਾ ਮੌਜੂਦ ਦਾ, ਕਿਸ ਬਿਧ ਭਗਤਾਂ ਹੋਏ ਸਹਾਈਆ । ਜਿਸ ਦਾ ਨਿਸ਼ਾਨਾ ਨਹੀਂ ਕਿਸੇ ਤੀਰ ਬੰਦੂਕ ਦਾ, ਨਾਮ ਅਣਿਆਲਾ ਤੀਰ ਚਲਾਈਆ । ਜਿਸ ਦਾ ਹੁਕਮ ਨਹੀਂ ਚੂਕ ਦਾ, ਲੇਖਾ ਚੁੱਕੇ ਜਗਤ ਲੋਕਾਈਆ । ਉਹ ਮਾਲਕ ਦਿਸੇ ਦੋ ਜਹਾਨਾਂ ਕੂਟ ਦਾ, ਕੁਟੀਆ ਸਾਢੇ ਤਿੰਨ ਹੱਥ ਆਪਣੇ ਰੰਗ ਰੰਗਾਈਆ । ਵਲ ਛਲ ਕਰ ਕੇ ਪੰਜ ਤਤ ਕਾਇਆ ਭੂਤ ਦਾ, ਭੂਤ ਭਵਿਖ ਸਾਰੇ ਵੇਖ ਵਖਾਈਆ । ਲੇਖਾ ਜਾਣੇ ਆਪਣੀ ਮੰਜ਼ਲ ਮਕਸੂਦ ਦਾ, ਬੇਪਰਵਾਹ ਬੇਪਰਵਾਹੀਆ । ਮੇਰੀ ਆਸ਼ਾ ਓਹੋ ਬੂਝ ਦਾ, ਮਨਸਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਦੁਰਗਾ ਕਹੇ ਮੇਰਾ ਇਸ਼ਟ ਭਵਾਨੀ, ਸ੍ਰਿਸ਼ਟੀ ਵਿਚ ਸੁਣਾਈਆ । ਮੇਰੀ ਕਲਜੁਗ ਇਹ ਨਿਸ਼ਾਨੀ, ਦੀਵੇ ਬਾਤੀ ਨਾਲ ਰੁਸ਼ਨਾਈਆ । ਮੇਰੀ ਬਾਤ ਕਿਸੇ ਨਾ ਮਾਨੀ, ਮੰਨਣ ਵਿਚ ਕਿਸੇ ਨਾ ਆਈਆ । ਹਰਿ ਦਾ ਤੱਕੇ ਨਾ ਕੋਇ ਨੂਰ ਨੁਰਾਨੀ, ਜਲਵੇ ਵਿਚ ਨਾ ਕੋਇ ਸਮਾਈਆ । ਮੇਰੀ ਜੂਹ ਹੋਈ ਬੇਗਾਨੀ, ਵੈਰੀ ਦਿਸੇ ਲੋਕਾਈਆ । ਮੈਂ ਬੇਨੰਤੀ ਇਕ ਸੁਣਾਨੀ, ਵੇਲਾ ਅੰਤ ਵੇਖ ਵਖਾਈਆ । ਪੁਰਖ ਅਕਾਲ ਕਰ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਸੁਘੜ ਦਿਸੇ ਨਾ ਕੋਇ ਸਵਾਣੀ, ਸੁਚੱਜੀ ਰੂਪ ਨਾ ਕੋਇ ਬਦਲਾਈਆ । ਮੇਰੀ ਆਸ਼ਾ ਦਿਸੇ ਪੁਰਾਣੀ, ਨਵਾਂ ਰੰਗ ਨਾ ਕੋਇ ਰੰਗਾਈਆ । ਤੂੰ ਧੁਰ ਦਾ ਹੁਕਮਰਾਨੀ, ਏਕਾ ਹੁਕਮ ਦੇ ਸੁਣਾਈਆ । ਮੈਂ ਵੇਖਾਂ ਨੈਣ ਧਿਆਨੀ, ਅੱਖ ਪ੍ਰਤੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਪੂਰ ਕਰਾਈਆ । ਦੁਰਗਾ ਕਹੇ ਮੇਰਾ ਲਹਿਣਾ ਕਰ ਦੇ ਪੂਰਾ, ਪਾਰਬ੍ਰਹਮ ਤੇਰੀ ਬੇਪਰਵਾਹੀਆ । ਸਚ ਪਰਕਾਸ਼ ਬਖ਼ਸ਼ ਕੇ ਨੂਰਾ, ਨੂਰ ਇਕੋ ਇਕ ਵਖਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਕੂੜਾ, ਕੂੜ ਕੁਟੰਬ ਦੇਣਾ


੩੫੩ ੨੦

ਗਵਾਈਆ । ਤੇਰੇ ਚਰਨ ਦੀ ਮੰਗਾਂ ਧੂੜਾ, ਧੂੜੀ ਟਿੱਕੇ ਖ਼ਾਕ ਰਮਾਈਆ । ਮੈਂ ਸੋਹਣਾ ਪਾਵਾਂ ਰੰਗਲਾ ਚੂੜਾ, ਲਾਲ ਰੰਗ ਤੇਰਾ ਰੂਪ ਦਰਸਾਈਆ । ਤੂੰ ਵੇਖੀਂ ਹਾਜ਼ਰ ਹਜ਼ੂਰਾ, ਹਰਿ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਆਪਣੇ ਲੇਖੇ ਲਾਈਆ । ਦੁਰਗਾ ਕਹੇ ਮੈਂ ਵਸਾਂ ਸਚ ਦਰਗਾਹ, ਸਚ ਦਵਾਰੇ ਧਿਆਨ ਲਗਾਈਆ । ਮੈਂ ਛੱਡੇ ਥਲ ਅਸਗਾਹ, ਬੈਠੀ ਮੁਖ ਭਵਾਈਆ । ਮੈਂ ਪਰਬਤਾਂ ਵਿਚੋਂ ਮਾਰੀ ਹਾ, ਹੋਕਾ ਦੇ ਕੇ ਰਹੀ ਸੁਣਾਈਆ । ਸੁਣ ਮੇਰੇ ਬੇਪਰਵਾਹ, ਤੇਰੇ ਹੱਥ ਵਡਿਆਈਆ । ਅੰਤ ਹੋਈਂ ਸਹਾ, ਸਹਾਇਤਾ ਮੰਗਣ ਦਰ ਤੇ ਆਈਆ । ਜਿਹੜੀਆਂ ਕੰਜਕਾਂ ਨੂੰ ਕਵਾਰੀਆਂ ਰੱਖ ਕੇ ਖਾਣਾ ਰਹੀ ਖਵਾ, ਖ਼ਾਹ ਮਖ਼ਾਹ ਆਪਣੀ ਕਾਰ ਕਮਾਈਆ । ਹੋ ਕੇ ਬੇਵਫ਼ਾ, ਵਫ਼ਾਦਾਰੀ ਦਿਤੀ ਚੁਕਾਈਆ । ਅੰਤਮ ਰੋ ਕੇ ਮਾਰਾਂ ਧਾਹ, ਉਭੇ ਸਾਹ ਸੁਣਾਈਆ । ਸੱਤਾਂ ਸਤਵੰਤੀਆਂ ਤੋਂ ਦੀਵੇ ਲਈਂ ਜਗਾ, ਚਾਰ ਮੁਖ ਚਾਰ ਚਾਰ ਟਿਕਾਈਆ । ਮੈਂ ਢੋਲਾ ਲਵਾਂ ਗਾ, ਸੋਹਣਾ ਰਾਗ ਸੁਣਾਈਆ । ਪਿਛਲਾ ਲੇਖਾ ਤੇਰੀ ਝੋਲੀ ਦੇਵਾਂ ਪਾ, ਕਦਮਾਂ ਉਤੇ ਸੀਸ ਨਿਵਾਈਆ । ਸਿੱਧੀ ਭਗਤ ਦਵਾਰੇ ਜਾਵਾਂ ਆ, ਸੇਵਾ ਕਰ ਕੇ ਝਟ ਲੰਘਾਈਆ । ਅੰਦਰ ਚਰਨ ਰੱਖਣ ਲੱਗਿਆਂ ਪ੍ਰੇਮ ਦੇ ਦੀਪਕ ਲੈਣੇ ਜਗਾ, ਮਾਚਸ ਗੁਰਮੁਖ ਸਿੰਘ ਹੱਥ ਫੜਾਈਆ । ਪਾਟੇ ਚੀਥੜਾਂ ਦਾ ਰਵਦਾਸ ਦਾ ਲਹਿਣਾ ਦੇਣਾ ਚੁਕਾ, ਚਿੱਟੇ ਬਸਤਰ ਓਥੇ ਦੇਣੇ ਬਦਲਾਈਆ । ਮੈਂ ਵੇਖਾਂ ਨਾਲ ਚਾ, ਚਾਉ ਘਨੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਤੇਰੇ ਚਰਨਾਂ ਹੋਰ ਕਿਤੇ ਨਹੀਂ ਬਚਾ, ਬਚਿਆ ਨਜ਼ਰ ਕੋਇ ਨਾ ਆਈਆ ।



੩੫੪



੨੦

## ★ ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਕਿਸ਼ਨ ਸਿੰਘ ਦੇ ਗ੍ਰਿਹ ਮਲੂਵਾਲ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਨਾਲ ਮਿਲ ਭਵਾਨੀ ਦੁਰਗਾ, ਦੋ ਜਹਾਨਾਂ ਹੁਕਮ ਸੁਣਾਈਆ । ਵੇਖਣਾ ਖੇਲ ਅਗੰਮੀ ਸਤਿਗੁਰ ਦਾ, ਸਤਿ ਸਤਿਵਾਦੀ ਪੁਰਖ ਅਬਿਨਾਸ਼ੀ ਰਿਹਾ ਦ੍ਰਿੜਾਈਆ । ਜਿਹੜਾ ਵਿਛੋੜਾ ਹੋਇਆ ਅਨੰਦ ਪੁਰ ਦਾ, ਭੱਜੇ ਵਾਹੋ ਦਾਹੀਆ । ਓਹੋ ਸ਼ਬਦੀ ਧਾਰ ਆਇਆ ਮੁੜਦਾ, ਨਿਰਗੁਣ ਨਿਰਵੈਰ ਫੇਰਾ ਪਾਈਆ । ਜਿਸ ਦਾ ਸੋਹਣਾ ਸੰਗ ਜੁੜਦਾ, ਗੁਰਮੁਖ ਸੱਜਣ ਨਾਲ ਮਿਲਾਈਆ । ਰਾਗ ਦੱਸ ਅਗੰਮੀ ਸੁਰ ਦਾ, ਸੁੱਤਿਆਂ ਲਿਆ ਉਠਾਈਆ । ਕਰੇ ਖੇਲ ਹੋਰ ਦੇ ਹੋਰ ਦਾ, ਹੋਕਾ ਦੇ ਕੇ ਜਗਤ ਜਣਾਈਆ । ਲਸ਼ਕਰ ਜੁੜਨਾ ਨਹੀਂ ਕੋਈ ਠੱਗ ਚੋਰ ਦਾ, ਭਗਤ ਸੁਹੇਲੇ ਨਜ਼ਰੀ ਆਈਆ । ਨਾਤਾ ਜੁੜਨਾ ਇਕੋ ਡੋਰ ਦਾ, ਗੰਢ ਆਪਣਾ ਨਾਮ ਰਖਾਈਆ । ਕਿਸ਼ਨ ਸਿੰਘ ਇਕ ਟਹਿਣਾ ਭੰਨ ਕੇ ਲਿਆਉਣਾ ਬੋਹੜ ਦਾ, ਪੱਤੇ ਇੱਕੀ ਰੰਗ ਵਖਾਈਆ । ਉਤੇ ਪੜਦਾ ਹੋਵੇ ਦੋਹਰ ਦਾ, ਦੋ ਜਹਾਨ ਮਿਲੇ ਵਡਿਆਈਆ । ਕਲਜੁਗ ਲੇਖਾ ਮੁੱਕੇ ਅੰਧ ਘੋਰ ਦਾ, ਸਾਚਾ ਨੂਰ ਕਰੇ ਰੁਸ਼ਨਾਈਆ । ਪੁਰਖ ਅਕਾਲ ਦੀਨ ਦਿਆਲ ਕਰੇ ਖੇਲ ਆਪਣੀ ਲੋੜ ਦਾ, ਦੂਜੇ ਸਮਝ ਕਿਸੇ ਨਾ ਆਈਆ । ਨਾਦ ਸ਼ਬਦ ਵੱਜੇ ਘਨਘੋਰ ਦਾ, ਹਰਿ ਸੰਗਤ ਢੋਲਾ ਗਾਈਆ । ਦੁਨੀਆ ਵਕਤ ਦਿਸੇ ਮਖ਼ੌਲ ਦਾ, ਮੁਖੀਏ ਗੁਰਮੁਖ ਪਾਰ ਲੰਘਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਡੰਕਾ ਵਜਾਉਣਾ ਓਸ ਢੋਲ ਦਾ, ਜੋ ਅਨਹਦ ਤੋਂ ਪਰੇ ਆਪਣੀ ਆਵਾਜ਼ ਸੁਣਾਈਆ । ਗੁਰ ਅਵਤਾਰ ਪੈਗ਼ੰਬਰ

ਕਹਿਣ ਅਸੀਂ ਧੁਰ ਦੇ ਬਣੇ ਸਾਥੀ, ਸਗਲਾ ਸੰਗ ਬਣਾਈਆ । ਪੁਰਖ ਅਕਾਲ ਸਾਡੀ ਮੰਨੀ ਆਖੀ, ਬੇਨੰਤੀ ਲੇਖੇ ਪਾਈਆ । ਸੁਨੇਹੜੇ ਵਾਲੀ ਪਾਤੀ, ਗੋਬਿੰਦ ਦੇਣੀ ਜਣਾਈਆ । ਸੁਹੰਜਣੀ ਹੋਣੀ ਰਾਤੀ, ਭਿੰਨੜੀ ਰੈਣ ਮਿਲੇ ਵਡਿਆਈਆ । ਕਰੇ ਖੇਲ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨੌ ਬਣਾਉਣੇ ਭਾਟੀ, ਭੱਟਾਂ ਵਾਂਗ ਆਪਣਾ ਰਾਗ ਸੁਣਾਈਆ । ਪੰਜਾਂ ਹੱਥ ਫੜਾਉਣੀ ਉਹ ਬਾਟੀ, ਜਿਹੜਾ ਬਾਟਾ ਗੋਬਿੰਦ ਆਪਣੇ ਵਿਚ ਗਿਆ ਛੁਪਾਈਆ । ਜਲ ਉਤੇ ਜਗਾਉਣੀ ਉਹ ਬਾਤੀ, ਜਿਸ ਨੂੰ ਬੇਵਤਨ ਸਮਝ ਸਕੇ ਕੋਇ ਨਾ ਰਾਈਆ । ਗੋਬਿੰਦ ਦੇ ਅੰਗੀਠੇ ਵਾਲੀ ਇਕ ਸੌ ਇਕ ਨਾਲ ਰੱਖਣੀ ਪਾਥੀ, ਭੇਵ ਅਗਲਾ ਦਏ ਜਣਾਈਆ । ਇਹ ਸੇਵਾ ਕਰੇ ਤੱਤਾਂ ਵਾਲੇ ਦੀ ਚਾਚੀ, ਬਸੰਤ ਕੌਰ ਵਡ ਵਡਿਆਈਆ । ਆਂਚ ਲਾਵੇ ਰਾਮ ਕਾਂਸ਼ੀ, ਕਸ਼ਮੀਰ ਦਾ ਪਿਛਲਾ ਨਜ਼ਰੀ ਆਈਆ । ਕਰੇ ਖੇਲ ਪੁਰਖ ਅਬਿਨਾਸ਼ੀ, ਪਾਰਬ੍ਰਹਮ ਪ੍ਰਭ ਆਪਣੇ ਹੱਥ ਰੱਖੇ ਵਡਿਆਈਆ । ਪੰਜ ਗੁਰਮੁਖ ਗੇਰੂ ਕੱਪੜਿਆਂ ਨਾਲ ਬਣਾਏ ਵੇਦਾਂਤੀ, ਵਿਦਿਆ ਦਾ ਭੰਡਾਰਾ ਆਪ ਜਣਾਈਆ । ਪੰਜ ਧਰਮ ਦੇ ਬਣਾਏ ਪਾਠੀ, ਜੋ ਸਭ ਦੇ ਅੱਗੇ ਮਿਲ ਕੇ ਨਾਅਰਾ ਲਾਈਆ । ਲੇਖਾ ਜਾਣੇ ਹਰਿ ਸਾਹਿਬ ਕਮਲਾਪਾਤੀ, ਕਾਮਲ ਮੁਰਸ਼ਦ ਨੂਰ ਖ਼ੁਦਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੁਕਮੇ ਅੰਦਰ ਨਵੀਂ ਦੱਸੀ ਜਾਏ ਸਾਖੀ, ਸੁਖ਼ਨ ਪਿਛਲੇ ਵੇਖ ਵਖਾਈਆ । ਜਨ ਭਗਤਾਂ ਰਹਿਣ ਨਾ ਦੇਵੇ ਬਾਕੀ, ਬਾਕਾਇਦਾ ਪਿਛਲਾ ਮੂਲ ਚੁਕਾਈਆ । ਅੱਠੇ ਪਹਿਰ ਇਕੋ ਜਿਹੀ ਕਰ ਪਰਭਾਤੀ, ਭਾਵਨਾ ਆਪਣੇ ਨਾਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚਖੰਡ ਦਾ ਸੱਚਾ ਮਿਲ ਗਿਆ ਸਾਥੀ, ਜਿਸ ਨੇ ਅਸਵ ਉਪਰ ਪਾਉਣੀ ਕਾਠੀ, ਕਾਠ ਗੜ੍ਹ ਤੋਂ ਜਗੀਰ ਕੌਰ ਦਾ ਜਨਮ ਦੇਣਾ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੁਛ ਅੱਗੇ ਦਿਸੇ ਘਾਟੀ, ਮੰਜ਼ਲ ਸੋਹਣੀ ਦਿਤੀ ਬਣਾਈਆ । ਸੋਹਣੀ ਵੰਡ ਹੋਣੀ ਇਲਾਕੀ, ਤਨ ਖ਼ਾਕੀ ਰੰਗ ਰੰਗਾਈਆ । ਇਹ ਖੇਲ ਦਿਸੇ ਇਤਫ਼ਾਕੀ, ਅੱਗੇ ਸਮਝ ਨਾ ਕਿਸੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਸਾਰੇ ਮਿਲ ਕੇ ਖ਼ੁਸ਼ੀਆਂ ਵਿਚ ਲੰਘਾਈਏ ਰਾਤੀ, ਜਮਾਤੀ ਹੋ ਕੇ ਇਕੋ ਨਾਮ ਧਿਆਈਆ ।



## ★ ੨੨ ਪੋਹ ਸ਼ਹਿਨਸ਼ਾਹੀ ਸੰਮਤ ੨ ਗੁਰਬਖ਼ਸ਼ ਸਿੰਘ ਦੇ ਗ੍ਰਹਿ ਜੇਠੂਵਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਅਗਲੀ ਵਸਤ ਲੈਣੀ ਵਿਚ ਝੁੰਗੇ, ਭਗਤਾਂ ਦੇ ਪਿਛੋਂ ਝੋਲੀ ਡਾਹੀਆ । ਕੁਛ ਗੋਬਿੰਦ ਦਾ ਲੇਖਾ ਨਾਲ ਗੁੰਗੇ, ਪੁੱਤ ਸੰਤਾ ਸਿੰਘ ਦਾ ਨਜ਼ਰੀ ਆਈਆ । ਜਿਸ ਦੇ ਸਾਥੀ ਹੋਣੇ ਇੱਕੀ ਮੁੰਡੇ, ਇੱਕੀ ਸਾਲ ਤੋਂ ਵੱਧ ਉਮਰ ਨਾ ਕੋਇ ਰਖਾਈਆ । ਸਭ ਨੇ ਪਗੜੀਆਂ ਵਿਚ ਰੁਮਾਲ ਹੋਣੇ ਟੁੰਗੇ, ਲੜ ਦੋ ਬਾਹਰ ਵਧਾਈਆ । ਇਕ ਇਕ ਫੁੱਲ ਗੁਲਾਬ ਸਭ ਨੇ ਲੈਣੇ ਸੁੰਘੇ, ਵੇਲਾ ਵਕਤ ਚਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵਸਤ ਲੈਣੀ ਚੰਗੀ, ਚੰਗੀ ਤਰ੍ਹਾਂ ਜਣਾਈਆ । ਇੱਕੀ ਗੁਰਮੁਖ ਹਥਿਆਰ ਪਹਿਨਣ ਜੰਗੀ, ਖੰਡੇ ਕਿਰਪਾਨ ਹੱਥ ਉਠਾਈਆ । ਬੁੱਢਾ ਉਨ੍ਹਾਂ ਦਾ ਕੋਈ ਨਾ ਬਣੇ ਸੰਗੀ, ਇੱਕੀ ਚਾਲੀ ਦੇ ਅੰਦਰ ਨਜ਼ਰੀ ਆਈਆ । ਸਭ ਨੇ ਰੱਖਣੇ ਉਤੇ ਕੰਧੀ, ਮੋਢਿਆਂ ਉਤੇ ਟਿਕਾਈਆ । ਜੈਕਾਰਿਆਂ ਵਿਚ ਪਾਉਣੀ

ਭੰਡੀ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਇੱਕੀ ਕਦਮ ਤੇ ਜਾ ਕੇ ਤਲਵਾਰ ਸਭ ਨੇ ਕਰਨੀ ਨੰਗੀ, ਹੱਥ ਉਪਰ ਲੈਣਾ ਉਠਾਈਆ । ਦੁਰਗਾ ਵੇਖੇ ਆਪਣੀ ਚੰਡੀ, ਚੰਡਾਲ ਰਹਿਣ ਕੋਇ ਨਾ ਪਾਈਆ । ਗੁਰਮੁਖ ਪੂਜੇ ਕੋਈ ਨਾ ਜੰਡੀ, ਜਟਾ ਜੂਟ ਨਾ ਕੋਇ ਮੁੰਨਾਈਆ । ਇਕ ਦੂਜੇ ਦੇ ਸਾਰੇ ਬਣਨ ਸਨਬੰਧੀ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਣੇ ਸੱਚੇ ਲਾੜੇ, ਹਰਿਜਨ ਬਾਂਕੇ ਨਜ਼ਰੀ ਆਈਆ । ਜਿਨ੍ਹਾਂ ਦੇ ਮੋਢਿਆਂ ਉਤੇ ਹੋਣ ਕੁਹਾੜੇ, ਵੰਡ ਸੱਤਾਂ ਵਾਲੀ ਗਣਾਈਆ । ਖੁਲ੍ਹੇ ਛੱਡੇ ਹੋਣ ਦਾਹੜੇ, ਸਾਫ਼ ਸੁਥਰੇ ਆਪ ਬਣਾਈਆ । ਵੱਟ ਮੁੱਛਾਂ ਨੂੰ ਹੋਣ ਚਾੜ੍ਹੇ, ਅੱਖ ਲਾਲ ਰੰਗ ਰੰਗਾਈਆ । ਪੁਰਖ ਅਕਾਲ ਦੇ ਕੱਢਣ ਹਾੜੇ, ਨਿਉਂ ਨਿਉਂ ਸੀਸ ਝੁਕਾਈਆ । ਕਿਸੇ ਨੂੰ ਦੁੱਖ ਨਾ ਲੱਗੇ ਜਾੜੇ, ਹਵਾ ਪਵਨ ਨਾ ਕੋਇ ਠਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣੇ ਹੱਥਾਂ ਨਾਲ ਦਬਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਪੂਰਾ ਹੋਵੇ ਹੱਜ, ਹਾਜਤ ਅਵਰ ਰਹੇ ਨਾ ਰਾਈਆ । ਸੱਤਾਂ ਬੀਬੀਆਂ ਕੋਲ ਹੋਣ ਛੱਜ, ਨਵੇਂ ਨਕੋਰ ਨਜ਼ਰੀ ਆਈਆ । ਸੱਤਾਂ ਦੇ ਹੱਥ ਵਿਚ ਹੋਣ ਪਾਣੀ ਦੇ ਜਗ, ਅੰਮ੍ਰਿਤ ਭਰ ਕੇ ਖ਼ੁਸ਼ੀ ਮਨਾਈਆ । ਸੱਤਾਂ ਦਾ ਇਹ ਨਾਅਰਾ ਹੋਵੇ ਤੂੰ ਹੀ ਰੱਬ, ਪਤਿਪਰਮੇਸ਼ਵਰ ਨਜ਼ਰੀ ਆਈਆ । ਸੱਤਾਂ ਦਾ ਸੋਹਣਾ ਹੋਵੇ ਇਕੋ ਜਿਹਾ ਕੱਦ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਚਾਹੁੰਦੇ ਕਰਨਾ ਆਦਰ, ਖ਼ੁਸ਼ੀਆਂ ਸੇਵ ਕਮਾਈਆ । ਸੱਤਾਂ ਬੀਬੀਆਂ ਦੇ ਸਿਰ ਤੇ ਖ਼ਾਲੀ ਹੋਵੇ ਗਾਗਰ, ਅੰਮ੍ਰਿਤ ਧੁਰ ਦਾ ਲੈ ਕੇ ਆਈਏ ਚਾਈਂ ਚਾਈਂਆ । ਸੱਤਾਂ ਕੋਲ ਹੋਵੇ ਉਤੇ ਚਿੱਟੀ ਚਾਦਰ, ਨੇਤਰ ਥੋੜ੍ਹੇ ਨਜ਼ਰੀ ਆਈਆ । ਸੱਤਾਂ ਕੋਲ ਲਿਖਿਆ ਹੋਵੇ ਪ੍ਰਭੂ ਤੇਰੇ ਨਾਮ ਦੇ ਸਰਬ ਸੌਦਾਗਰ, ਵਣਜਾਰੇ ਗੁਰਮੁਖ ਨਜ਼ਰੀ ਆਈਆ । ਸੱਤਾਂ ਦਾ ਲੇਖਾ ਚੁੱਕੇ ਜਿਹੜਾ ਕੌਲ ਇਕਰਾਰ ਕੀਤਾ ਨਾਨਕ ਨਾਲ ਬਾਬਰ, ਬੰਧਨ ਬਦੀਆਂ ਲਈਂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਈਏ ਸੱਚੇ ਹੋਕੇ, ਹੁਕਮ ਇਕ ਸੁਣਾਈਆ । ਸੱਤਾਂ ਗੁਰਮੁਖਾਂ ਦੇ ਹੱਥ ਵਿਚ ਹੋਵਣ ਟੋਕੇ, ਤਿੱਖੀ ਧਾਰ ਬਣਾਈਆ । ਸੱਤ ਚੜ੍ਹੇ ਹੋਣ ਉਤੇ ਖੋਤੇ, ਛੰਭ ਦਾ ਲੇਖਾ ਪਿਛਲਾ ਦਏ ਚੁਕਾਈਆ । ਸੱਤਾਂ ਨੇ ਫੁਲਕਾਰੀਆਂ ਪਾਈਆਂ ਹੋਵਣ ਉਤੇ ਝੋਟੇ, ਨੱਥਾਂ ਹੱਥਾਂ ਵਿਚ ਟਿਕਾਈਆ । ਸੱਤਾਂ ਕਸੇ ਹੋਣ ਲੰਗੋਟੇ, ਨੱਚਣ ਟੱਪਣ ਕੁੱਦਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦੇ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਪਿਛਲੀ ਹੋਰ ਉਡੀਕ, ਲੇਖਾ ਦਈਏ ਜਣਾਈਆ । ਸੱਤ ਬੀਬੀਆਂ ਲੜਦੀਆਂ ਹੋਣ ਵਾਂਗ ਸ਼ਰੀਕ, ਤਾਅਨੇ ਹੌਲੀ ਹੌਲੀ ਸੁਣਾਈਆ । ਸੱਤਾਂ ਮੱਥੇ ਵਿਚ ਲਾ ਕੇ ਲਾਲ ਲੀਕ, ਸੱਜੇ ਤੋਂ ਖੱਬੇ ਲੈਣ ਬਣਾਈਆ । ਸੱਤ ਗਲਾਸਾਂ ਵਿਚ ਪਾਣੀ ਪੀਣ ਲਾ ਕੇ ਝੀਕ, ਇਕੋ ਵਾਰ ਦੇਣ ਮੁਕਾਈਆ । ਸੱਤ ਸੂਈ ਧਾਗੇ ਨਾਲ ਪ੍ਰਭ ਦਾ ਨਾਮ ਲਿਖਣਾ ਲਾ ਕੇ ਨੀਝ, ਸੋਹਣਾ ਤੰਦ ਪਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੀਏ ਠੀਕ, ਠਾਕਰ ਦੀ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੱਤਾਂ ਬੀਬੀਆਂ ਦੇ ਕਸੇ ਹੋਵਣ ਕਮਰਕੱਸੇ, ਦੁਪੱਟੇ ਲੱਕ ਨਾਲ ਬੰਧਾਈਆ । ਸੱਤਾਂ ਦੇ ਕੋਲ ਸਾਵੇ ਤਿੰਨ ਹੱਥ ਦੇ ਹੋਵਣ ਰੱਸੇ, ਵੱਧ ਘੱਟ ਨਾ ਕੋਇ ਜਣਾਈਆ । ਸੱਤ ਮਠਿਆਈ ਦੇ ਲਾਉਂਦੀਆਂ

ਆਉਣ ਗੱਫ਼ੇ, ਖ਼ੁਸ਼ੀਆਂ ਨਾਲ ਗਾਈਆ । ਸੱਤਾਂ ਦੀ ਸੋਹੰ ਸੋਹੰ ਧਾਰ ਜਪੇ, ਇਕੋ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੱਤ ਵੇਖਣੇ ਸੂਰੇ, ਭੂਰੇ ਮੋਢੇ ਉਤੇ ਲਟਕਾਈਆ । ਸੱਤਾਂ ਦੇ ਖੁਲ੍ਹੇ ਹੋਵਣ ਜੂੜੇ, ਵਾਲ ਪਿਠ ਉਤੇ ਲਟਕਾਈਆ । ਸੱਤਾਂ ਦੇ ਮੱਥੇ ਲਾਲ ਹੋਵਣ ਗੂੜ੍ਹੇ, ਸੋਹਣਾ ਰੰਗ ਚਮਕਾਈਆ । ਸੱਤਾਂ ਦੇ ਮਸਤਕ ਹੋਵੇ ਧੂੜੇ, ਮਿੱਟੀ ਖ਼ਾਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦਏ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੱਤਾਂ ਦੇ ਹੱਥੀਂ ਹੋਵਣ ਕੜੇ, ਸੱਜੇ ਹੱਥ ਲਗਾਈਆ । ਸੱਤਾਂ ਦੇ ਸੱਤ ਛਾਪੇ ਹੋਵਣ ਫੜੇ, ਕੰਡਿਆਂ ਵਾਲੇ ਕੰਧ ਟਿਕਾਈਆ । ਸੱਤਾਂ ਦੇ ਹੱਥ ਲਿਖਤ ਵਾਲੇ ਨਾਮ ਹੋਵਣ ਫੜੇ, ਲਾਲ ਸ਼ਾਹੀ ਨਾਲ ਰੰਗਾਈਆ । ਸੱਤ ਇਕ ਦੂਜੇ ਨਾਲ ਹੋਵਣ ਜੜੇ, ਹੱਥਕੜੀ ਪੱਗਾਂ ਵਾਲੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀਏ ਮਾਰ ਝਾਕ, ਸੋਹਣੀ ਖ਼ੁਸ਼ੀ ਬਣਾਈਆ । ਸੱਤਾਂ ਬੀਬੀਆਂ ਦੇ ਸਿਰ ਤੇ ਹੋਵੇ ਇਕ ਇਕ ਪਰਾਤ, ਖ਼ਾਲੀ ਮੁਖ ਉਪਰ ਰਖਾਈਆ । ਸੱਤਾਂ ਦੇ ਹੱਥਾਂ ਵਿਚ ਹੋਵੇ ਇਕ ਇਕ ਦਾਤ, ਲੋਹਾ ਲੱਕੜੀ ਵੰਡ ਨਾ ਕੋਇ ਵੰਡਾਈਆ । ਸੱਤਾਂ ਦੇ ਹੱਥ ਵਿਚ ਹੋਵੇ ਇਕ ਇਕ ਚਾਕ, ਨਾਮ ਲਿਖਣ ਦੀ ਖ਼ੁਸ਼ੀ ਅੰਦਰ ਪਰਗਟਾਈਆ । ਸੱਤਾਂ ਦੇ ਹੱਥਾਂ ਵਿਚ ਹੋਵੇ ਇਕ ਇਕ ਕਿਤਾਬ, ਪੜ੍ਹ ਪੜ੍ਹ ਪ੍ਰਭ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੀਏ ਅੱਗੇ ਆ ਕੇ, ਆਪਣਾ ਪੰਧ ਮੁਕਾਈਆ । ਸੱਤ ਗੁਰਮੁਖ ਤੱਕੀਏ ਨਿੱਕੇ ਕਾਕੇ, ਉਮਰ ਨੌ ਸਾਲ ਤੋਂ ਵੱਡੀ ਨਾ ਕੋਇ ਬਣਾਈਆ । ਸੱਤਾਂ ਦੇ ਵੱਖਰੇ ਹੋਣ ਇਲਾਕੇ, ਘਰਾਨਾ ਇਕ ਨਾ ਕੋਇ ਵਖਾਈਆ । ਸੱਤ ਸਵੇਰ ਤੋਂ ਭੁੱਖੇ ਰਹਿਣ ਫ਼ਾਕੇ, ਰਸਨਾ ਅੰਨ ਨਾ ਕੋਇ ਲਗਾਈਆ । ਸੱਤ ਖ਼ੁਸ਼ੀਆਂ ਨਾਲ ਚਲਾਉਣ ਪਟਾਕੇ, ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੱਤਾਂ ਬੀਬੀਆਂ ਬੰਨ੍ਹੀ ਹੋਵੇ ਧੋਤੀ, ਸਾੜ੍ਹੀ ਜਗਤ ਕਹਿ ਕੇ ਗਾਈਆ । ਸੱਤਾਂ ਦੇ ਹੱਥ ਵਿਚ ਹੋਵੇ ਇਕ ਇਕ ਰੋਟੀ, ਵੱਡੀ ਛੋਟੀ ਨਾ ਕੋਇ ਸਮਝਾਈਆ । ਸੱਤਾਂ ਨੇ ਲਾਹ ਕੇ ਬਾਂਹ ਉਤੇ ਟੰਗੀ ਹੋਵੇ ਕੋਟੀ, ਬਟਨ ਪੜਦੇ ਵਿਚ ਛੁਪਾਈਆ । ਸੱਤਾਂ ਦੇ ਹੱਥ ਵਿਚ ਸਾਢੇ ਤਿੰਨ ਹੱਥ ਦੀ ਹੋਵੇ ਸੋਟੀ, ਜ਼ਿਮੀਂ ਨਾਲ ਠੁਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਗੁਰਮੁਖ ਵੇਖਣੇ ਸੱਤੇ, ਜੋ ਸੱਤਿਆਂ ਵਿਚ ਨਜ਼ਰੀ ਆਈਆ । ਹੱਥਾਂ ਵਿਚ ਹੋਣ ਖ਼ਾਲੀ ਨੌਂ ਪਾਣੀ ਵਾਲੇ ਬੱਤੇ, ਦੋਹਾਂ ਕੋਲ ਦੋ ਪੰਜਾਂ ਨਾਲ ਪੰਜ ਸੋਭਾ ਪਾਈਆ । ਸੱਤਾਂ ਨੇ ਸਿਰਾਂ ਤੇ ਚੁੱਕੇ ਹੋਣ ਫੱਟੇ, ਸੋਹਣੀ ਵੰਡ ਵੰਡਾਈਆ । ਸੱਤਾਂ ਨੇ ਖ਼ਾਲੀ ਬੋਤਲਾਂ ਵਿਚੋਂ ਪੁੱਟੇ ਹੋਣ ਗੱਟੇ, ਹਥੇਲੀਆਂ ਉਤੇ ਟਿਕਾਈਆ । ਸੱਤਾਂ ਨੇ ਫੜੇ ਹੋਵਣ ਵੱਟੇ, ਪੱਥਰ ਹੱਥਾਂ ਵਿਚ ਦਬਾਈਆ । ਸੱਤਾਂ ਦੇ ਖੁਲ੍ਹੇ ਹੋਵਣ ਛੱਤੇ, ਬੋਦੀਆਂ ਵਾਲੇ ਨਾਲ ਮਿਲਾਈਆ । ਸੱਤਾਂ ਨੇ ਜੈਕਾਰੇ ਬੁਲਾਣੇ ਫ਼ਤਹਿ, ਹੁਕਮ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਜਬ ਖੇਲ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੱਤਾਂ ਬੀਬੀਆਂ ਦਾ ਰੰਗਲਾ ਹੋਵੇ ਚੂੜਾ, ਸੁਹਾਗ ਸਭ ਦਾ ਦੇਣਾ ਬਣਾਈਆ । ਸੱਤਾਂ ਦੇ ਹੱਥ ਵਿਚ ਇਕ ਇਕ ਹੋਵੇ

ਮੂੜ੍ਹਾ, ਬੈਠਣ ਵਿਚ ਵਡਿਆਈਆ । ਸੱਤਾਂ ਦੇ ਉਤੇ ਹੋਵੇ ਦੁਪੱਟਾ ਲਾਲ ਰੰਗ ਦਾ ਗੂੜ੍ਹਾ, ਦੁਰਗਾ ਵੇਖ ਖ਼ੁਸ਼ੀ ਮਨਾਈਆ । ਸੱਤਾਂ ਦੇ ਕੋਲ ਹੋਵੇ ਇਕ ਇਕ ਨਿੱਕਾ ਜਿਹਾ ਕਤੂਰਾ, ਰੱਸੀ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਪੂਰੀ ਹੋਵੇ ਤਾਂਘੇ, ਆਸਾ ਖ਼ੁਸ਼ੀ ਬਣਾਈਆ । ਸੱਤਾਂ ਦੇ ਹੱਥ ਵਿਚ ਹੋਵਣ ਸਾਂਘੇ, ਸੱਜੇ ਖੱਬੇ ਹੱਥ ਉਠਾਈਆ । ਸੱਤਾਂ ਦੇ ਕੋਲ ਲੰਮੇ ਹੋਵਣ ਢਾਂਗੇ, ਦਸ ਫੁੱਟ ਤੋਂ ਘੱਟ ਨਾ ਕੋਇ ਲੰਬਾਈਆ । ਸੱਤਾਂ ਨੇ ਜੁੱਤੀਆਂ ਨੂੰ ਲਾਏ ਹੋਵਣ ਗਾਂਢੇ, ਨਵੇਂ ਨਕੋਰ ਨਾ ਕੋਇ ਪਾਈਆ । ਸੱਤਾਂ ਦੇ ਮੂੰਹ ਵਿਚ ਹੋਣ ਮੂਲ ਨਾ ਦਾਂਦੇ, ਬੁੱਢੜੇ ਜਗਤ ਸੋਭਾ ਪਾਈਆ । ਸੱਤ ਬਣੇ ਹੋਵਣ ਪਾਂਧੇ, ਬਗ਼ਲੀਂ ਕਿਤਾਬ ਕੱਛਾਂ ਵਿਚ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਦੇ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਵੇਖੀਏ ਤੇਰੀ ਮਰਜੀ, ਮਜ਼ਾ ਵੇਖੀਏ ਚਾਈਂ ਚਾਈਂਆ । ਸੱਤਾਂ ਬੀਬੀਆਂ ਦੇ ਹੱਥ ਵਿਚ ਹੋਵੇ ਇਕ ਇਕ ਕੜਛੀ, ਕੁੱਛੜ ਬੱਚਾ ਨਾ ਕੋਇ ਉਠਾਈਆ । ਸੱਤਾਂ ਦੇ ਹੱਥ ਵਿਚ ਹੋਵੇ ਇਕ ਇਕ ਬਰਛੀ, ਬੁਰਛਾ ਗਰਦੀ ਦੇਣ ਮਿਟਾਈਆ । ਸੱਤਾਂ ਦੇ ਕੋਲ ਹੋਵੇ ਇਕ ਇਕ ਪਰਚੀ, ਜਿਸ ਉਤੇ ਲਿਖਿਆ ਹੋਵੇ ਗੋਬਿੰਦ ਤੂੰਹੀ ਪਿਤਾ ਮਾਈਆ । ਸੱਤਾਂ ਨੇ ਢਾਕੇ ਚੁੱਕੀ ਹੋਵੇ ਚਰਖੀ, ਤਕਲਾ ਸਿੱਧਾ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਆਸਾ ਹੋਵੇ ਪੂਰੀ, ਪੂਰੇ ਸਾਹਿਬ ਦੇਣੀ ਕਰਾਈਆ । ਇਕ ਮੱਝ ਹੋਵੇ ਵਿਚ ਬੂਰੀ, ਹਰਜੀਤ ਸਿੰਘ ਉਸ ਦੇ ਅੱਗੇ ਸੋਭਾ ਪਾਈਆ । ਸੁਲੱਖਣ ਸਿੰਘ ਸਿਰ ਤੇ ਚੁੱਕੀ ਹੋਵੇ ਭੂੜੀ, ਸਫਾ ਸਭ ਦੀ ਬੰਦ ਕਰਾਈਆ । ਸੁਰਜੀਤ ਕੌਰ ਅੱਗੇ ਪਿਛੇ ਆਪਣੀ ਕੀਤੀ ਹੋਵੇ ਜੂੜੀ, ਰਿਸ਼ੀਆਂ ਦਾ ਮਾਣ ਗਵਾਈਆ । ਵਰਿਆਮ ਕੌਰ ਛੰਨਾ ਕੁੱਟ ਕੇ ਚੂਰੀ, ਚੂਰਮਾ ਪ੍ਰਭ ਨੂੰ ਦੇਵੇ ਖਵਾਈਆ । ਭਾਨ ਸਿੰਘ ਝਾੜੂ ਨਾਲ ਕਰੇ ਮਜ਼ਦੂਰੀ, ਸਾਫ਼ ਸੁਥਰਾ ਥਾਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਿਹੜੇ ਗੁਰਮੁਖ ਰਹਿੰਦੇ ਬੁੱਘੇ, ਆਸਣ ਚਰਨ ਕਵਲ ਰਖਾਈਆ । ਉਨ੍ਹਾਂ ਦੇ ਹੱਥ ਵਿਚ ਖ਼ਾਲੀ ਹੋਵਣ ਕੁੱਜੇ, ਚੱਪਣੀ ਢੱਕਣ ਨਾ ਕੋਇ ਟਿਕਾਈਆ । ਦਰਬਾਰਾ ਸਿੰਘ ਕਟੋਰਾ ਲੈ ਕੇ ਦੁੱਧੇ, ਪਹੁੰਚੇ ਸਹਿਜ ਸੁਭਾਈਆ । ਗੁਰੂ ਅਵਤਾਰ ਪੈਗ਼ੰਬਰ ਕਹਿਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀਆਂ ਰਮਜਾਂ ਬੁੱਝੇ, ਗੁੱਝਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਏ ਬਾਲ ਜਵਾਨ ਸਾਰੇ ਬੁੱਢੇ, ਬੁੜ੍ਹਾਪੇ ਵਿਚੋਂ ਆਪਾ ਆਪ ਪਰਗਟਾਈਆ ।

### ★ ੨੬ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਪਿੰਡ ਜੇਠੂਵਾਲ ਅੰਮ੍ਰਿਤਸਰ ★

ਛੱਬੀ ਪੋਹ ਕਹੇ ਮੇਰਾ ਪੂਰਾ ਹੋਇਆ ਸਵਾਲ, ਨੌ ਸੌ ਚੁਰਾਨਵੇ ਚੌਕੜੀ ਜੁਗ ਦਾ ਸਵਾਲੀ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੋਏ ਅਸੀਂ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਮਿਲ ਕੇ ਧੁਰ ਦਾ ਢੋਲਾ ਗਾਈਆ । ਪੁਰਖ ਅਕਾਲ ਕਹੇ ਮੈਂ ਵੇਖੇ ਆਪਣੇ ਲਾਲ, ਭਗਤ ਸੁਹੇਲੇ ਸੋਹਣੇ

ਸੋਭਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਹੋ ਕੇ ਪੁੱਛਿਆ ਹਾਲ, ਆਤਮ ਬ੍ਰਹਮ ਲੇਖਾ ਦਿਤਾ ਚੁਕਾਈਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਜੋ ਘਾਲਦੇ ਰਹੇ ਘਾਲ, ਸਰਗੁਣ ਹੋ ਕੇ ਨਿਰਗੁਣ ਸੇਵ ਕਮਾਈਆ । ਸੋ ਸੰਤ ਸੁਹੇਲੇ ਲੋਕਮਾਤ ਵੇਖੇ ਆਣ, ਬੇਪਹਿਚਾਨ ਫੇਰਾ ਪਾਈਆ । ਜਿਨ੍ਹਾਂ ਦਾ ਦ੍ਰਿਸ਼ਟ ਇਸ਼ਟ ਸ੍ਰਿਸ਼ਟ ਵਿਚ ਏਕਾ ਮਾਲਕ ਸ੍ਰੀ ਸੁਲਤਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਖ਼ੁਸ਼ੀਆਂ ਵੇਖਿਆ ਦਿਹਾੜਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪਣਾ ਤਾਲ ਵਜਾਈਆ । ਜੁਗ ਚੌਕੜੀ ਸਾਡਾ ਪੂਰਾ ਹੋਇਆ ਹਾੜਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਅੱਗੇ ਜੋ ਰਹੇ ਵਾਸਤਾ ਪਾਈਆ । ਪੁਰਖ ਅਗੰਮਾ ਬਿਨ ਮਾਟੀ ਚੰਮਾ ਦੀਨ ਦਿਆਲ ਸਮਰਥ ਸਵਾਮੀ ਸਾਂਝਾ ਯਾਰ ਵੇਖਿਆ ਉਹ ਲਾੜਾ, ਜਿਸ ਦਾ ਤਨ ਵਜੂਦ ਤਤ ਕਲਬੂਤ ਸਮਝ ਕਿਸੇ ਨਾ ਆਈਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਜਿਸ ਦਾ ਦੇਂਦੇ ਗਏ ਲਾਰਾ, ਕਲ ਕਲਕੀ ਆਪਣੀ ਕਲ ਅੰਤ ਵਰਤਾਈਆ । ਭਗਤ ਸੁਹੇਲਾ ਲੱਖ ਚੁਰਾਸੀ ਵਿਚੋਂ ਆਪ ਵੇਖੇ ਆਪਣਾ ਲਾੜਾ, ਦੂਲ੍ਹਾ ਦੂਲ੍ਹੋ ਆਪਣੇ ਨਾਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਇਕ ਪਿਆਰਾ, ਦੀਨ ਮਜ੍ਹਬ ਵਰਨ ਬਰਨ ਵਿਚੋਂ ਬਾਹਰ ਦਿਤਾ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਲੈ ਕੇ ਆਏ ਉਹ ਭੱਤਾ, ਜਿਸ ਵਿਚ ਭਰਮ ਰਹੇ ਨਾ ਰਾਈਆ । ਜੁਗ ਚੌਕੜੀ ਕਿਸੇ ਨਾ ਡਿੱਠਾ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਰਸ ਕੋਇ ਨਾ ਜਾਣੇ ਫਿੱਕਾ ਮਿੱਠਾ, ਜਿਹਵਾ ਚਲੇ ਨਾ ਕੋਇ ਚਤੁਰਾਈਆ । ਜਨ ਭਗਤਾਂ ਖ਼ਾਤਰ ਗੋਬਿੰਦ ਦੇ ਕੇ ਗਿਆ ਚਿੱਠਾ, ਮਾਛੂਵਾੜੇ ਸਚ ਸਮਝਾਈਆ । ਮੇਰਾ ਪਰਮ ਪੁਰਖ ਪਰਮਾਤਮ ਆਵੇ ਇਕੋ ਪਿਤਾ, ਧੁਰ ਦਾ ਮਾਲਕ ਬੇਪਰਵਾਹੀਆ । ਜਿਸ ਦਾ ਰੂਪ ਨਾ ਵੱਡਾ ਨਾ ਨਿੱਕਾ, ਜੋਤ ਸਰੂਪੀ ਸੋਭਾ ਪਾਈਆ । ਸ਼ਬਦੀ ਧਾਰ ਏਕੰਕਾਰ ਕਰੇ ਖੇਲ ਹਰਿ ਸਮਰਥਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੇ ਹੱਥ ਹੱਥੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੀ ਸਾਰੀ ਖੇਲ, ਹਰਿ ਖ਼ਾਲਕ ਖ਼ਲਕ ਖਿਲਾਈਆ । ਆਤਮ ਪਰਮਾਤਮ ਕਰਦਾ ਜਾਏ ਮੇਲ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਸ਼ਬਦੀ ਸਤਿਗੁਰ ਚਾੜ੍ਹਦਾ ਜਾਏ ਤੇਲ, ਸਚ ਸਵਾਮੀ ਅੰਤਰਜਾਮੀ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਆਵਣ ਜਾਵਣ ਪਤਤ ਪਾਵਨ ਕਟਦਾ ਜਾਏ ਜੇਲ, ਰਾਏ ਧਰਮ ਨਾ ਦਏ ਸਜ਼ਾਈਆ । ਜਿਸ ਦਾ ਸੋਹਣਾ ਵਕਤ ਹੋਇਆ ਸੁਹੇਲ, ਸੁਹੰਜਣੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਲੈ ਕੇ ਆਏ ਖਾਣਾ, ਧੁਰਦਰਗਾਹੋਂ ਧੁਰਦਰਗਾਹੀ ਦਿਤਾ ਪੁਚਾਈਆ । ਜਨ ਭਗਤਾਂ ਰਲ ਮਿਲ ਸਾਚਾ ਖਾਣਾ, ਦੂਜਾ ਨਜ਼ਰ ਕੋਇ ਨਾ ਆਈਆ । ਅੱਗੇ ਮੰਨਣਾ ਪਏ ਸਭ ਨੂੰ ਭਾਣਾ, ਕੱਤਕ ਧੁਰ ਦੀ ਦਏ ਗਵਾਹੀਆ । ਝਗੜਾ ਪੈਣਾ ਰਾਜਾ ਰਾਣਾ, ਸ਼ਾਹ ਸੁਲਤਾਨਾਂ ਦਏ ਹਿਲਾਈਆ । ਲੇਖਾ ਕੋਇ ਨਾ ਜਾਣੇ ਜੀਵ ਜਹਾਨਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਹਿਣ ਕੋਇ ਨਾ ਪਾਈਆ । ਹੁਕਮੇ ਅੰਦਰ ਗੁਰ ਅਵਤਾਰ ਪੈਗ਼ੰਬਰ ਸੂਫ਼ੀ ਸੰਤ ਫ਼ਕੀਰ ਮੰਨਦੇ ਗਏ ਭਾਣਾ, ਸਿਰ ਸਕੇ ਨਾ ਕੋਇ ਉਠਾਈਆ । ਸੋ ਸਾਹਿਬ

ਸਵਾਮੀ ਅੰਤਰਜਾਮੀ ਪਰਵਰਦਿਗਾਰ ਸਾਂਝਾ ਯਾਰ ਪਾਰਬ੍ਰਹਮ ਪਤਿਪਰਮੇਸ਼ਵਰ ਛੱਬੀ ਦਿਵਸ ਕਰੇ ਸੁਹਾਨਾ, ਰੁਤੜੀ ਸੁਹੰਜਣੀ ਆਪ ਸੁਹਾਈਆ । ਜੋਤ ਸਰੂਪ ਸ਼ਾਹੋ ਭੂਪ ਨਿਰਗੁਣ ਧਾਰ ਏਕੰਕਾਰ ਅਕਲ ਕਲਧਾਰੀ ਪਹਿਰ ਕੇ ਆਪਣਾ ਬਾਣਾ, ਨਿਹਕਲੰਕ ਰਾਓ ਰੰਕ ਡੰਕਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ਼ਾਬਾਸ, ਗੁਰਮੁਖ ਵਡ ਵਡਿਆਈਆ । ਸਭ ਦੀ ਪੂਰੀ ਪੁੰਨੀ ਆਸ, ਬਚਿਆ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦਾ ਵਿਹਾਰ ਖ਼ਾਸ, ਚਾਰ ਜੁਗ ਨਾ ਕੋਇ ਸਮਝਾਈਆ । ਲੇਖਾ ਲਿਖੇ ਨਾ ਨਾਲ ਕੋਈ ਕਲਮ ਦਵਾਤ, ਕਾਤਬ ਚਲੇ ਨਾ ਕੋਇ ਵਡਿਆਈਆ । ਜਿਸ ਦਾ ਖੇਲ ਓਸੇ ਦੇ ਸਾਥ, ਸੋ ਸਵਾਮੀ ਆਪ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਤੁਹਾਡਾ ਵੇਖਿਆ ਅਗੰਮੀ ਯਾਰ, ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀ ਮਨਾਈਆ । ਜੈਕਾਰਿਆਂ ਵਿਚ ਸਾਰੇ ਉਪਰ ਖੜ੍ਹੇ ਕਰ ਦਿਓ ਆਪਣੇ ਹਥਿਆਰ, ਹੱਥੋ ਹੱਥ ਮਿਲੇ ਵਡਿਆਈਆ । ਇਕ ਇਕੱਲਾ ਮਿਲਿਆ ਮੀਤ ਮੁਰਾਰ, ਪਤਿਪਰਮੇਸ਼ਵਰ ਬੇਪਰਵਾਹੀਆ । ਦੁਰਗਾ ਚਰਨ ਕਵਲ ਜਿਸ ਦੇ ਕਰੇ ਨਮਸਕਾਰ, ਦਰ ਠਾਂਡੇ ਸੀਸ ਝੁਕਾਈਆ । ਬਣ ਕੇ ਝਾੜੂ ਬਰਦਾਰ, ਦਿਵਸ ਰੈਣ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰ ਸੁਣੇ ਨਾ ਕੋਇ ਗੁਫ਼ਤਾਰ, ਚੌਦਾਂ ਲੋਕ ਚੌਦਾਂ ਤਬਕ ਨਾ ਕੋਇ ਸ਼ਨਵਾਈਆ । ਅੱਗੇ ਏਕਾ ਹੁਕਮ ਚਲੇ ਨਿਰੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀਂ ਸੱਤ ਦੀਪ ਸੋਹੰ ਸ਼ਬਦ ਹੋਣਾ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਉਚੀ ਕੂਕ ਜਨ ਭਗਤ ਬਾਂਹ ਦਿਓ ਹੁਲਾਰ, ਜੋ ਧੁਰ ਦਾ ਮਾਲਕ ਬੇਪਰਵਾਹੀਆ । ਪੀਰ ਪੈਗ਼ੰਬਰ ਜਿਸ ਦੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਸੋ ਖੇਲ ਕਰਨ ਆਇਆ ਵਿਚ ਸੰਸਾਰ, ਸੰਸਾਰੀ ਭੰਡਾਰੀ ਸਾਰੇ ਬੈਠੇ ਸੀਸ ਝੁਕਾਈਆ । ਸੋਹਣਾ ਵੇਲਾ ਵਕਤ ਲਿਆ ਵਿਚਾਰ, ਸੰਮਤ ਸ਼ਹਿਨਸ਼ਾਹੀ ਦੋ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਭੱਤੇ ਕਰ ਕੇ ਲਿਆਏ ਤਿਆਰ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਗੁਰਮੁਖੋ ਸਵਾ ਅੱਠ ਨੂੰ ਸਭ ਨੇ ਹੋਣਾ ਤਿਆਰ, ਖਾਣਾ ਇਕੋ ਵਾਰ ਖਵਾਈਆ । ਗ਼ਫ਼ਲਤ ਵਿਚ ਰਹੇ ਕੋਈ ਨਾ ਬਾਹਰ, ਹੁਕਮ ਵਿਚ ਹੁਕਮ ਨਾ ਕੋਇ ਬਦਲਾਈਆ । ਖਾਣ ਤੋਂ ਪਹਿਲੋਂ ਇੱਕੀ ਲਾਵੇ ਜੈਕਾਰ, ਪੰਜ ਪਿਆਰੇ ਮੁਖ ਬਾਹਰ ਰਖਾਈਆ । ਨੰਗੀ ਕੱਢ ਲੈਣੀ ਤਲਵਾਰ, ਤੋਬਾ ਤੋਬਾ ਖ਼ਲਕ ਦਏ ਦੁਹਾਈਆ । ਸੰਭਲ ਸਕੇ ਨਾ ਪੈਰ ਕੋਈ ਸਰਕਾਰ, ਜਗਤ ਸਿਆਸਤ ਦਏ ਦੁਹਾਈਆ । ਇਹ ਖੇਲ ਕਰੇ ਕਰਤਾਰ, ਕੁਦਰਤ ਦਾ ਮਾਲਕ ਆਪਣਾ ਖੇਲ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਿਆ ਸਭ ਦਾ ਅੱਖੀਂ ਹਾਲ, ਹਾਲਾਤ ਪ੍ਰਭ ਨੇ ਦਿਤਾ ਜਣਾਈਆ । ਜਿਨ੍ਹਾਂ ਨੂੰ ਲੱਖ ਚੁਰਾਸੀ ਵਿਚੋਂ ਲਿਆ ਭਾਲ, ਸ੍ਰਿਸ਼ਟੀ ਨਾਲੋਂ ਵੱਖਰੇ ਦਿੱਤੇ ਬਣਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਦਾ ਡੇਰਾ ਢਾਹੀਆ । ਅੱਲਾ ਵਾਹਿਗੁਰੂ ਨਾਮ ਸਤਿ ਰਾਮ ਦਾ ਇਕੋ ਦੱਸ ਜੈਕਾਰ, ਆਤਮ ਪਰਮਾਤਮ ਦਿਤਾ ਸਮਝਾਈਆ । ਜਿਸ ਵਿਚ ਦੀਨ ਮਜ਼੍ਹਬ ਦਾ ਨਹੀਂ ਕੋਈ ਵਿਚਾਰ, ਦੁਤੀਆ ਵੰਡ ਨਾ ਕੋਇ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਨਿਉਂ ਨਿਉਂ ਕਰੀਏ ਨਮਸਕਾਰ, ਦਰ ਠਾਂਡੇ ਸੀਸ ਨਿਵਾਈਆ । ਜਨ ਭਗਤੋ ਤੁਹਾਡਾ ਭਗਤਾਂ ਦਾ ਦਰਬਾਰ, ਬਿਨਾ ਸ੍ਰੀ ਭਗਵਾਨ ਖ਼ਾਲੀ ਨਜ਼ਰ ਕਦੇ ਨਾ ਆਈਆ । ਜਿਨ੍ਹਾਂ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ" ਬੋਲਿਆ ਪੰਜ ਵਾਰ, ਲੋਕਮਾਤ ਜਨਮ ਵਿਚ ਨਾ ਆਈਆ ।

ਝਗੜਾ ਮੁਕਾ ਕੇ ਤੀਰਥ ਤਟ ਕਿਨਾਰ, ਆਤਮ ਸਰੋਵਰ ਦਿਤਾ ਨੁਹਾਈਆ । ਕਾਇਆ ਮੰਦਰ ਦੱਸ ਕੇ ਸੱਚਾ ਗੁਰਦਵਾਰ, ਕਾਅਬਾ ਇਕੋ ਦਿਤਾ ਦ੍ਰਿੜਾਈਆ । ਜਿਥੇ ਅੱਠੇ ਪਹਿਰ ਹੋਵੇ ਸ਼ਬਦ ਧੁਨਕਾਰ, ਦਿਵਸ ਰੈਣ ਅਗੰਮੀ ਨਾਦ ਸੁਣਾਈਆ । ਅੰਮ੍ਰਿਤ ਆਤਮ ਮਿਲੇ ਠੰਡਾ ਠਾਰ, ਅਨਡਿਠੜਾ ਜਾਮ ਪਿਆਈਆ । ਨਿਰਗੁਣ ਦੀਆ ਬਾਤੀ ਕਮਲਾਪਾਤੀ ਜੋਤ ਕਰੇ ਉਜਿਆਰ, ਬਾਹਰ ਵੇਖਣ ਦੀ ਲੋੜ ਰਹੇ ਨਾ ਰਾਈਆ । ਕਾਇਆ ਮੰਦਰ ਸਾਚੇ ਅੰਦਰ ਸੁਆਲ, ਸਾਚੇ ਅੰਦਰ ਡੇਰਾ ਲਾਈਆ । ਸੋਈ ਸੁਰਤੀ ਲਏ ਉਠਾਲ, ਸਤਿਗੁਰ ਦਾਤਾ ਬੇਪਰਵਾਹੀਆ । ਗੁਰਮੁਖੋ ਤੁਹਾਡੇ ਨੇੜ ਨਹੀਂ ਆਉਣਾ ਕਾਲ, ਮਹਾਂਕਾਲ ਨਾ ਅੱਖ ਵਖਾਈਆ । ਤੁਹਾਡਾ ਦਵਾਰਾ ਇਕੋ ਸਚਖੰਡ ਸੱਚੀ ਧਰਮਸਾਲ, ਜਿਥੇ ਦੂਜਾ ਰਹਿਣ ਕੋਇ ਨਾ ਪਾਈਆ । ਜੁਗ ਚੌਕੜੀ ਸਾਰੇ ਕਰਦੇ ਆਏ ਇਜ਼ਹਾਰ, ਸਿਫ਼ਤਾਂ ਨਾਲ ਸਾਲਾਹੀਆ । ਜਿਸ ਵੇਲੇ ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਤਾ ਪੁਰਖ ਬਿਧਾਤਾ ਇਕ ਇਕੱਲਾ ਆਵੇ ਏਕੰਕਾਰ, ਪਰਵਰਦਿਗਾਰ ਸਾਂਝਾ ਯਾਰ ਅਮਾਮਾਂ ਦਾ ਅਮਾਮ ਨੂਰ ਖ਼ੁਦਾਈਆ । ਸਭ ਦਾ ਲਹਿਣਾ ਦੇਣਾ ਪੂਰਬ ਜਨਮ ਦਾ ਲਏ ਵਿਚਾਰ, ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਗੁਰਮੁਖ ਆਪ ਉਠਾਈਆ । ਸੋ ਵੇਲਾ ਵਕਤ ਸੁਹੰਜਣਾ ਸੋਹਣਾ ਲਿਆ ਸੰਭਾਲ, ਸਭਾ ਸੋਹਣੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਬਿੰਦ ਰੰਗ ਅਪਾਰ, ਅਪਰੰਪਰ ਸਵਾਮੀ ਦਿਤਾ ਵਖਾਈਆ । ਮਾਛੂਵਾੜੇ ਵਾਲੀ ਧਾਰ, ਧਰਨੀ ਧਰਤ ਧਵਲ ਸੋਭਾ ਪਾਈਆ । ਜਿਸ ਪੁਰੀ ਅਨੰਦ ਦਿਤਾ ਉਜਾੜ, ਉਜੜਿਆਂ ਦਏ ਵਸਾਈਆ । ਸਭ ਦੀ ਅੰਦਰੋਂ ਅੱਖ ਉਘਾੜ, ਪੜਦਾ ਦਏ ਚੁਕਾਈਆ । ਸਾਚੀ ਮੰਜ਼ਲ ਚਾੜ੍ਹ, ਸਚ ਦਵਾਰੇ ਦਏ ਟਿਕਾਈਆ । ਮੇਲਾ ਕਰ ਕੇ ਏਕਾ ਏਕੰਕਾਰ, ਨਾਤਾ ਜਗਤ ਦੇਵੇ ਤੁੜਾਈਆ । ਜਨ ਭਗਤੋ ਤੁਸਾਂ ਖ਼ੁਸ਼ੀਆਂ ਨਾਲ ਖਾਣਾ ਅੱਜ ਆਹਾਰ, ਜੋ ਤੁਹਾਡਾ ਅੰਮ੍ਰਿਤ ਰੂਪ ਨਜ਼ਰੀ ਆਈਆ । ਚਾਰ ਜੁਗ ਦਾ ਸਾਂਭ ਕੇ ਰੱਖਿਆ ਜੋ ਪਿਆਰ, ਮੁਹੱਬਤ ਵਿਚ ਤੁਹਾਡੀ ਅੰਤਰ ਆਤਮ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਤੁਹਾਡੀ ਉਹ ਅਗੰਮੀ ਰੋਟੀ, ਜਿਹੜੀ ਚਾਰ ਜੁਗ ਹੱਥ ਕਿਸੇ ਨਾ ਆਈਆ । ਸ੍ਰਿਸ਼ਟੀ ਖਾ ਖਾ ਥੱਕੀ ਜਗਤ ਬੋਟੀ, ਆਤਮ ਰਸ ਨਾ ਕੋਇ ਚਖਾਈਆ । ਬਾਹਰੋਂ ਜਗਦੀ ਵੇਂਹਦੇ ਜੋਤੀ, ਅੰਦਰ ਨੂਰ ਨਾ ਕੋਇ ਰੁਸ਼ਨਾਈਆ । ਅੱਖਾਂ ਨਾਲ ਅੱਖਰਾਂ ਵਾਲੀ ਪੜ੍ਹਦੇ ਪੋਥੀ, ਨਿਰਅੱਖਰ ਵੇਖਣ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਸੱਤ ਦੀਪ ਸੰਖਿਆ ਵਧੀ ਕੋਟਨ ਕੋਟੀ, ਬਹੁ ਗਿਣਤੀ ਨਜ਼ਰੀ ਆਈਆ । ਜਨ ਭਗਤੋ ਤੁਹਾਡੇ ਬਿਨਾ ਚੜ੍ਹਿਆ ਮੰਜ਼ਲ ਕੋਈ ਨਹੀਂ ਚੋਟੀ, ਸਾਰੇ ਅਧਵਿਚਕਾਰ ਬੈਠੇ ਡੇਰੇ ਲਾਈਆ । ਕਿਰਪਾ ਕਰ ਕੇ ਜੇ ਕਿਸੇ ਨੂੰ ਥੋੜ੍ਹਾ ਜਿਹਾ ਦੱਸਿਆ ਦਸਮ ਦਵਾਰੀ ਕੋਟੀ, ਇਸ਼ਾਰੇ ਨਾਲ ਸਮਝਾਈਆ । ਉਹ ਹਉਮੇ ਦਾ ਹੋ ਗਿਆ ਰੋਗੀ, ਹੰਗਤਾ ਵਿਚ ਆਪਣਾ ਆਪ ਮਿਟਾਈਆ । ਗੁਰਮੁਖੋ ਤੁਹਾਡੇ ਅੰਦਰੋਂ ਨਿਰੰਤਰ ਹੋ ਕੇ ਕੱਢੇ ਦੁਰਮਤ ਮੈਲ ਵਾਸਨਾ ਖੋਟੀ, ਖੋਟਿਆਂ ਤੋਂ ਖਰੇ ਲਏ ਬਣਾਈਆ । ਤੁਹਾਡੇ ਮਨੁੱਸ਼ਾ ਜਨਮ ਵਾਸਤੇ ਅੱਜ ਦੀ ਇਕੋ ਦਿਹਾੜੀ ਬਹੁਤੀ, ਬਹੁਤੀ ਭਗਤੀ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੁਸੀਂ ਸੋਹਣੇ ਦਿਸੇ ਜਵਾਨ, ਜੋਬਨਵੰਤੇ ਨਜ਼ਰੀ ਆਈਆ । ਜਿਨ੍ਹਾਂ ਦਾ ਇਕੋ ਇਕ ਈਮਾਨ, ਦੂਜਾ ਇਸ਼ਟ ਨਾ ਕੋਇ

੩੬੧
੨੦

ਮਨਾਈਆ । ਨਾਤਾ ਜੋੜ ਸ੍ਰੀ ਭਗਵਾਨ, ਘਰ ਸਾਚੇ ਸੋਭਾ ਪਾਈਆ । ਮਿਲਿਆ ਗ੍ਰਹਿ ਜਿਥੇ ਦੀਪਕ ਜੋਤ ਜਗੇ ਮਹਾਨ, ਦੂਸਰ ਅਵਰ ਨਾ ਕੋਇ ਰੁਸ਼ਨਾਈਆ । ਜਨ ਭਗਤੋ ਤੁਸੀਂ ਸਾਰੇ ਅੱਜ ਗੁਰ ਅਵਤਾਰਾਂ ਪੈਗ਼ੰਬਰਾਂ ਪਾਰਬ੍ਰਹਮ ਪਤਿਪਰਮੇਸ਼ਵਰ ਦੇ ਬਣੇ ਮਹਿੰਮਾਨ, ਮਹਿੰਮਾਨੀ ਖਾ ਕੇ ਖ਼ੁਸ਼ੀ ਬਣਾਈਆ । ਅੰਤ ਬੋਲੋ ਜੈਕਾਰਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਸਾਰੇ ਪ੍ਰੇਮ ਨਾਲ ਆਪਣਾ ਸਾਂਭ ਲਓ ਸਾਮਾਨ, ਸਮੇਂ ਅੰਦਰ ਸਭ ਕੁਛ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮ ਪੁਰਖ ਹੋਇਆ ਮਿਹਰਵਾਨ, ਮਿਹਰਵਾਨ ਹੋ ਕੇ ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰੀ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਡੀ ਬੇਨੰਤੀ ਕਰੀ ਪਰਵਾਨ, ਅਰਜ਼ ਅਰਜ਼ੋਈ ਜੁਗ ਚੌਕੜੀ ਲੇਖੇ ਲਾਈਆ । ਸਾਡਾ ਲੇਖੇ ਲਾਇਆ ਦਰ ਪਕਵਾਨ, ਜੋ ਧੁਰ ਦਰਗਾਹ ਤੋਂ ਲੈ ਕੇ ਆਈਆ । ਜਿਹੜਾ ਜਨਮ ਤੋਂ ਪਹਿਲੋਂ ਸਚਖੰਡ ਅੰਦਰ ਦੇਂਦਾ ਦਾਨ, ਮਾਤਲੋਕ ਹੱਥ ਨਾ ਕਿਸੇ ਫੜਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਅਸਾਂ ਓਸ ਦਾ ਕੀਤਾ ਨਹੀਂ ਬਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਕੇ ਨਾ ਕੋਇ ਸਮਝਾਈਆ । ਨਵ ਸੱਤ ਚਾਰ ਕੁੰਟ ਦਹਿ ਦਿਸ਼ਾ ਨਾ ਦਿਸੇ ਕੋਈ ਨਿਸ਼ਾਨ, ਸਤਿ ਸਰੂਪ ਨਾ ਕੋਇ ਵਖਾਈਆ । ਸਦੀ ਚੌਧਵੀਂ ਅਸੀਂ ਹੋ ਗਏ ਹੈਰਾਨ, ਹੈਰਾਨੀ ਸਾਡੇ ਅੰਦਰ ਆਈਆ । ਕਰਿਆ ਹੁਕਮ ਸ਼ਾਹ ਸੁਲਤਾਨ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਚਾਰ ਜੁਗ ਦੇ ਪਿਛਲੇ ਉਠੋ ਮੇਰੇ ਬਾਲ ਨਿਧਾਨ, ਨੰਨ੍ਹੇ ਬੱਚੇ ਲਵਾਂ ਜਗਾਈਆ । ਪ੍ਰੇਮ ਅੰਦਰ ਹੋਵੋ ਸਵਾਧਾਨ, ਹੁਕਮ ਵਿਚੋਂ ਹੁਕਮ ਸੁਣਾਈਆ । ਧਰਤੀ ਉਤੇ ਵੇਖੋ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਲਜੁਗ ਜੀਵ ਸਰਬ ਕੁਰਲਾਣ, ਧੀਰਜ ਧੀਰ ਨਾ ਕੋਇ ਧਰਾਈਆ । ਤੁਹਾਡੇ ਨਾਮ ਦੀ ਲੁੱਟੀ ਗਈ ਦੁਕਾਨ, ਅੱਲਾ ਰਾਮ ਵਾਹਿਗੁਰੂ ਓਮ ਕ੍ਰਿਸ਼ਨ ਭੈ ਨਾ ਕੋਇ ਰਖਾਈਆ । ਗੁਰ ਦਰ ਮੰਦਰ ਮਸਜਦ ਸ਼ਿਵਦਵਾਲੇ ਮਠ ਹੋਏ ਬਦਨਾਮ, ਬਦੀ ਕਰ ਕਰ ਸਾਰੇ ਸ਼ੁਕਰ ਮਨਾਈਆ । ਤੀਰਥ ਤਟ ਸਚ ਨਾ ਕੋਇ ਇਸ਼ਨਾਨ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਤੁਹਾਡਾ ਰਿਹਾ ਨਾ ਕੋਈ ਗ਼ੁਲਾਮ, ਸੇਵਾ ਸਚ ਨਾ ਕੋਇ ਕਮਾਈਆ । ਅੰਤਰ ਜਪੇ ਕੋਈ ਨਾ ਨਾਮ, ਰਸਨਾ ਸਾਰੇ ਕਰਨ ਪੜ੍ਹਾਈਆ । ਮਨੂਆ ਸ਼ਰਅ ਵਿਚ ਹੋ ਸ਼ੈਤਾਨ, ਚਾਰ ਕੁੰਟ ਰਿਹਾ ਸਤਾਈਆ । ਹਕੀਕੀ ਸੁਣੇ ਨਾ ਕੋਇ ਪੈਗ਼ਾਮ, ਪੈਗ਼ੰਬਰਾਂ ਸੀਸ ਨਾ ਕੋਇ ਨਿਵਾਈਆ । ਝਗੜਾ ਪਿਆ ਪੀਣ ਖਾਣ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਸਤਿ ਧਰਮ ਨਾ ਰਿਹਾ ਨਿਸ਼ਾਨ, ਨਿਸ਼ਾਨੇ ਸਾਰੇ ਗਏ ਗਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਹੁਕਮ ਸੁਣਿਆ ਬਿਨਾ ਕਾਨ, ਅਬਿਨਾਸ਼ੀ ਕਰਤੇ ਦਿਤਾ ਦ੍ਰਿੜਾਈਆ । ਛੱਡੋ ਵਸੇਰਾ ਉਪਰ ਅਸਮਾਨ, ਚਲੋ ਜ਼ਿਮੀਂ ਉਤੇ ਖ਼ੁਸ਼ੀ ਮਨਾਈਆ । ਤੁਹਾਨੂੰ ਸਾਂਝਾ ਦੱਸਾਂ ਕਲਾਮ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜੋ ਭਵਿਖਤਾਂ ਵਿਚ ਦੇ ਕੇ ਆਏ ਪੈਗ਼ਾਮ, ਸੰਦੇਸ਼ੇ ਮਾਤ ਸੁਣਾਈਆ । ਉਸ ਦਾ ਵਕਤ ਪਹੁੰਚਿਆ ਆਣ, ਬੇਖ਼ਬਰਾਂ ਖ਼ਬਰ ਜਗਾਈਆ । ਜ਼ਰਾ ਵੇਖੋ ਮਾਰ ਧਿਆਨ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਸਾਚੇ ਚੜ੍ਹੇ ਨਾ ਕੋਇ ਬਬਾਣ, ਕੂੜੀ ਕਿਰਿਆ ਰਹੀ ਕੁਰਲਾਈਆ । ਕਰੇ ਖੇਲ ਸ੍ਰੀ ਭਗਵਾਨ, ਬਿਨਾ ਸਮਝ ਸਹਿਜ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੁਕਮ ਦਿਤਾ ਅਗੰਮੀ, ਸ਼ਬਦੀ ਧਾਰ ਜਣਾਈਆ ।

ਸ੍ਰਿਸ਼ਟ ਸਬਾਈ ਹੋਈ ਨਿਕੰਮੀ, ਨਿਕਰਮਣ ਰੂਪ ਬਦਲਾਈਆ । ਮਨ ਵਾਸਨਾ ਫਿਰੇ ਭੰਨੀ, ਭੱਜੇ ਵਾਹੋ ਦਾਹੀਆ । ਝਗੜਾ ਪਿਆ ਗ਼ਰੀਬ ਧਨੀ, ਸਾਂਝਾ ਘਰ ਨਾ ਕੋਇ ਦਸਾਈਆ । ਸੰਸਾਰ ਅੱਖ ਹੋਈ ਅੰਨ੍ਹੀ, ਪੁਰਖ ਅਕਾਲ ਦਰਸ ਕੋਇ ਨਾ ਪਾਈਆ । ਅੱਖਰ ਪੜ੍ਹਦੇ ਸਫ਼ਿਆਂ ਉਤੇ ਪੰਨੀਂ, ਪੰਜਾਂ ਦਾ ਮਾਲਕ ਵੇਖ ਨਾ ਖ਼ੁਸ਼ੀ ਮਨਾਈਆ । ਦੀਨ ਮਜ਼੍ਹਬ ਪਈ ਬੰਨੀ, ਹਦ ਹਦੂਦ ਨਾ ਕੋਇ ਤੁੜਾਈਆ । ਚਿੱਕੜ ਭਰੀ ਦਿਸੇ ਕੰਨੀ, ਪਤਤ ਪੁਨੀਤ ਰੂਪ ਨਾ ਕੋਇ ਵਖਾਈਆ । ਸਾਚੀ ਖੇਲ ਕਿਸੇ ਨਾ ਮੰਨੀ, ਮਨਸਾ ਮੋਹ ਵਿਚ ਵਧਾਈਆ । ਧੁਰ ਦਾ ਰਾਗ ਸੁਣੇ ਕੋਈ ਨਾ ਕੰਨੀਂ, ਸਿਫ਼ਤਾਂ ਵਾਲੇ ਢੋਲੇ ਪੜ੍ਹ ਪੜ੍ਹ ਵਕਤ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੁਕਮ ਦਿਤਾ ਅਥਾਹ, ਭਵਰੀ ਆਪਣੀ ਵਿਚ ਭਵਾਈਆ । ਉਠ ਕੇ ਤੱਕੋ ਬੇਪਰਵਾਹ, ਜੋ ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਜੁਗ ਚੌਕੜੀ ਆਏ ਧਿਆ, ਅੱਲਾ ਵਾਹਿਗੁਰੂ ਰਾਮ ਕਹਿ ਕੇ ਢੋਲੇ ਗਾਈਆ । ਸੋ ਖੇਲ ਕਰੇ ਖ਼ੁਦਾ, ਖ਼ੁਦ ਆਪਣੀ ਕਾਰ ਕਮਾਈਆ । ਜਨ ਭਗਤਾਂ ਮੇਲ ਕਰੇ ਸਿੱਧਾ, ਦੂਜਾ ਸੰਗ ਨਾ ਕੋਇ ਰਖਾਈਆ । ਇਕੋ ਰੰਗ ਰੰਗਾਏ ਵੱਡਾ ਨਿੱਕਾ, ਬਿਰਧ ਬਾਲ ਨਾ ਕੋਇ ਜਣਾਈਆ । ਜਨ ਭਗਤਾਂ ਬਣ ਕੇ ਧੁਰ ਦਾ ਪਿਤਾ, ਗੁਰਮੁਖ ਸਾਚੇ ਗੋਦ ਉਠਾਈਆ । ਨਿਰਗੁਣ ਹੋ ਕੇ ਕਰੇ ਹਿਤਾ, ਸਰਗੁਣ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਹੁਕਮੇ ਅੰਦਰ ਆਏ ਭੱਜੇ, ਚਲੇ ਵਾਹੋ ਦਾਹੀਆ । ਸਾਡੇ ਪੜਦੇ ਓਹੋ ਕੱਜੇ, ਜੋ ਆਦਿ ਜੁਗਾਦੀ ਧੁਰਦਰਗਾਹੀਆ । ਸਦਾ ਰਹੇ ਸੱਜੇ ਖੱਬੇ, ਅੱਗੇ ਪਿੱਛੇ ਹੋਏ ਸਹਾਈਆ । ਉਸ ਦੇ ਚਰਨਾਂ ਵਿਚ ਸਾਰੇ ਸਜੇ, ਸੋਹਣਾ ਦਰ ਵਡਿਆਈਆ । ਪ੍ਰੇਮ ਪ੍ਰੀਤੀ ਅੰਦਰ ਮਧੇ, ਮਧਰ ਧੁਨ ਅਗੰਮੀ ਗਾਈਆ । ਲੋਕਮਾਤ ਆ ਕੇ ਉਸ ਦੇ ਭਗਤ ਸੁਹੇਲੇ ਲੱਭੇ, ਜੋ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੁਕਮ ਦਿਤਾ ਜਲਦੀ, ਛੇਤੀ ਦਿਤਾ ਉਠਾਈਆ । ਲੋਕਮਾਤ ਵੇਖੋ ਅੱਗ ਬਲਦੀ, ਕਲਜੁਗ ਅੰਤ ਨਾ ਕੋਇ ਬੁਝਾਈਆ । ਸਾਰੀ ਖੇਲ ਦਿਸੇ ਛਲ ਦੀ, ਕਪਟ ਵਿਕਾਰ ਵਿਚ ਲੋਕਾਈਆ । ਪ੍ਰਭ ਦੀ ਧਾਰ ਨਿਹਚਲ ਧਾਮ ਅਟਲ ਦੀ, ਧੁਰ ਸੰਦੇਸ਼ਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੁਕਮ ਦਿਤਾ ਨਿਰੰਕਾਰ, ਨਿਰਗੁਣ ਆਪ ਜਣਾਈਆ । ਅੰਮ੍ਰਿਤ ਭੱਤਾ ਲੈ ਕੇ ਜਾਓ ਵਿਚ ਸੰਸਾਰ, ਭੱਜੋ ਵਾਹੋ ਦਾਹੀਆ । ਵਕਤ ਸੁਹੰਜਣਾ ਹੋਵੇ ਚਾਰ, ਛੱਬੀ ਪੋਹ ਮਿਲੇ ਵਡਿਆਈਆ । ਤੁਹਾਡਾ ਲਹਿਣਾ ਦੇਣਾ ਦੇਵਾਂ ਕਰਜ਼ ਉਤਾਰ, ਆਦਿ ਸ਼ਕਤ ਭਵਾਨੀ ਬਾਕੀ ਰਹਿਣ ਕੋਇ ਨਾ ਪਾਈਆ । ਅਸ਼ਟਭੁਜ ਦੁਰਗਾ ਤੇਰਾ ਲੇਖਾ ਤੇਰੀ ਝੋਲੀ ਦੇਵਾਂ ਡਾਰ, ਪੂਰਬ ਮੂਲ ਚੁਕਾਈਆ । ਸਾਰੇ ਹੋ ਜਾਓ ਖ਼ਬਰਦਾਰ, ਸਚ ਦਵਾਰ ਲਓ ਅੰਗੜਾਈਆ । ਨਿਰਗੁਣ ਜੋਤ ਹੋ ਉਜਿਆਰ, ਜਗਤ ਰੂਪ ਨਾ ਕੋਇ ਵਖਾਈਆ । ਸਚ ਦਵਾਰੇ ਪਹੁੰਚਣਾ ਆਣ, ਬੇਪਹਿਚਾਨ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਗੁਰ ਅਵਤਾਰ ਕਹਿਣ ਸਾਨੂੰ ਹੁਕਮ ਦਿਤਾ ਭੱਤਾ ਚੁੱਕੋ ਉਹ, ਜਿਹੜਾ ਜਨਮ ਤੋਂ ਪਹਿਲੋਂ ਦਿਆਂ ਖਵਾਈਆ । ਜਿਸ ਨੂੰ ਖਾ ਕੇ ਮੇਰੀ ਧਾਰ ਜਾਵੇ ਹੋ, ਨਿਰਗੁਣ ਸਰਗੁਣ ਰੂਪ ਬਦਲਾਈਆ । ਆਤਮ ਹੋ ਕੇ ਪਰਮਾਤਮ

ਜਾਓ ਛੋਹ, ਪਰਮਾਤਮ ਛੋਹ ਕੇ ਗੁਰ ਗੁਰ ਸ਼ਬਦ ਜਣਾਈਆ । ਜੁਗ ਚੌਕੜੀ ਜੋ ਮੰਗਦੇ ਰਹੇ ਮੋਹ, ਮੁਹੱਬਤ ਦਿਆਂ ਸਮਝਾਈਆ । ਸਾਰੇ ਨੇਤਰ ਖੋਲ੍ਹ ਕੇ ਤੱਕੋ ਅਗੰਮੀ ਜੋਤ ਦੀ ਲੋ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੋਂ ਬਾਹਰ ਦਿਆਂ ਸਮਝਾਈਆ । ਗ਼ੌਰ ਨਾਲ ਵੇਖੋ ਜਿਥੇ ਭਗਤ ਭਗਵਾਨ ਇਕ ਨਹੀਂ ਦੋ, ਦੋਹਾਂ ਦੀ ਧਾਰ ਇਕੋ ਨਜ਼ਰੀ ਆਈਆ । ਦਿਹਾੜਾ ਹੋਵੇ ਸੁਹੰਜਣਾ ਸੰਮਤ ਸ਼ਹਿਨਸ਼ਾਹੀ ਛੱਬੀ ਪੋਹ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਸਭ ਦੀ ਵਸਤ ਅਗੰਮੀ ਪਿਛਲੀ ਖੋਹ, ਅੰਮ੍ਰਿਤ ਰਸ ਰੂਪ ਦਿਆਂ ਬਦਲਾਈਆ । ਸਾਚੇ ਭਗਤਾਂ ਅੰਦਰ ਦੇਵਾਂ ਚੋ, ਸੇਵਾ ਤੁਹਾਡੇ ਕੋਲੋਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੁਕਮ ਆਵੇ ਹੋਕਾ, ਅਗੰਮੀ ਆਵਾਜ਼ ਜਣਾਈਆ । ਝਗੜਾ ਛੱਡ ਦਿਓ ਚੌਦਾਂ ਲੋਕਾ, ਚੌਦਾਂ ਤਬਕਾਂ ਡੇਰਾ ਢਾਹੀਆ । ਕੋਈ ਵਾਚੇ ਨਾ ਪਿਛਲਾ ਪੋਥਾ, ਪੁਸਤਕ ਸਭ ਦੇ ਹੱਥ ਫੜਾਈਆ । ਸਾਰੇ ਮੇਰਾ ਨਾਮ ਸੁਣ ਲਓ ਸੌਖਾ, ਜਿਹੜਾ ਚਾਰ ਜੁਗ ਨਾ ਕਿਸੇ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਮੇਰੇ ਭਗਤਾਂ ਨਾਲ ਸਭ ਨੂੰ ਮਿਲੇ ਮੌਕਾ, ਪਹਿਲੋਂ ਦਿਤੀ ਨਾ ਕਿਸੇ ਵਡਿਆਈਆ । ਧੁਰ ਦਾ ਹੁਕਮ ਕਿਸੇ ਨਾ ਰੋਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਪ੍ਰਭ ਦੀ ਸੋਚ ਕੋਈ ਨਾ ਸੋਚਾ, ਸਮਝ ਵਿਚ ਸਮਝ ਨਾ ਕੋਇ ਬਦਲਾਈਆ । ਆਓ ਉਠੋ ਸਭ ਦੀ ਪੂਰੀ ਕਰਾਂ ਲੋਚਾ, ਲੋਚਨ ਨੈਣਾਂ ਦਿਆਂ ਦਰਸਾਈਆ । ਜਿਨ੍ਹਾਂ ਦੀ ਖ਼ਾਤਰ ਤੁਹਾਡਾ ਵਕਤ ਬੀਤਿਆ ਚੋਖਾ, ਚਾਰੇ ਜੁਗ ਲੰਘਾਈਆ । ਸਭ ਨਾਲ ਕਰਦਾ ਰਿਹਾ ਧੋਖਾ, ਆਪਣਾ ਭੇਵ ਨਾ ਕਿਸੇ ਖੁਲ੍ਹਾਈਆ । ਸਿਫ਼ਤੀ ਨਾਮ ਦਾ ਲਵਾਉਂਦਾ ਰਿਹਾ ਘੋਟਾ, ਸਹਿਜ ਸਹਿਜ ਸਮਝਾਈਆ । ਆਪਣੇ ਆਪ ਦਾ ਕਰਦਾ ਰਿਹਾ ਟੋਟਾ, ਅੱਲਾ ਤੋਂ ਵਾਹਿਗੁਰੂ ਵੰਡ ਵੰਡਾਈਆ । ਕਦੀ ਬਣਦਾ ਰਿਹਾ ਛੋਟਾ, ਰਾਮ ਦੋ ਅੱਖਰਾਂ ਵਿਚ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੁਕਮ ਦਿਤਾ ਨਾਲ ਜ਼ੋਰ, ਖ਼ੁਸ਼ੀ ਨਾਲ ਉਠਾਈਆ । ਹੁਕਮੇ ਅੰਦਰ ਤੋਰ, ਤੁਰਤ ਦਿਤਾ ਦ੍ਰਿੜਾਈਆ । ਧੁਰ ਦਾ ਭੱਤਾ ਲੈ ਜਾਣਾ ਕੋਲ, ਕੁਲ ਭਗਤਾਂ ਦਿਤੀ ਵਖਾਈਆ । ਰਹਿਣਾ ਸਦਾ ਅਡੋਲ, ਡੁਲ ਕੋਇ ਨਾ ਜਾਈਆ । ਰਹੇ ਨਾ ਕੋਈ ਅਨਭੋਲ, ਭੁੱਲਿਆਂ ਰਿਹਾ ਸਮਝਾਈਆ । ਤੋਲੇ ਕੋਈ ਨਾ ਤੋਲ, ਅਤੁਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੁਕਮ ਆਇਆ ਸ਼ਤਾਬੀ, ਸ਼ਰਅ ਵਿਚੋਂ ਸਭ ਨੂੰ ਬਾਹਰ ਦਿਤਾ ਕਢਾਈਆ । ਮੇਰੇ ਨਾਮ ਦੀ ਲੈ ਜਾਓ ਸਾਚੀ ਭਾਜੀ, ਭਜਨ ਬੰਦਗੀ ਇਕੋ ਦਿਤੀ ਸਮਝਾਈਆ । ਮੈਂ ਨਵੀਂ ਸਾਜਣਾ ਸਾਜੀ, ਹਰਿਜਨ ਭਗਤ ਲਏ ਉਠਾਈਆ । ਵੇਖਿਓ ਗੁਰ ਅਵਤਾਰ ਪੈਗ਼ੰਬਰੋ ਕੋਈ ਢੋਲਾ ਜਾ ਕੇ ਗਾਇਓ ਨਾ ਆਪਣਾ ਮਾਜ਼ੀ, ਪਿਛਲਾ ਰਾਗ ਨਾ ਕੋਇ ਅਲਾਈਆ । ਮੇਰਾ ਨਾਮ ਸੱਚਾ ਚਾਰ ਜੁਗ ਦਾ ਤਾਜੀ, ਜਿਸ ਦੀ ਤਹਿਰੀਰੀ ਤਕਰੀਰ ਨਾ ਕੋਇ ਬਦਲਾਈਆ । ਜਿਸ ਦੀ ਸਮਝੇ ਨਾ ਕੋਇ ਆਵਾਜ਼ੀ, ਧੁਨਾਂ ਵਿਚ ਨਾ ਕੋਇ ਸ਼ਨਵਾਈਆ । ਵਸੇ ਨਾ ਕਿਸੇ ਮਹਿਰਾਬੀ, ਬੰਦ ਨਾ ਕੋਇ ਕਰਾਈਆ । ਚੱਖੇ ਨਾ ਕੋਇ ਸਵਾਦੀ, ਰਸ ਨਾ ਕੋਇ ਦ੍ਰਿੜਾਈਆ । ਗਿਣਤੀ ਵਾਲੀ ਨਾ ਹੋਵੇ ਆਬਾਦੀ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਗਾਵੇ ਕੋਈ ਨਾ ਢਾਡੀ, ਰਬਾਬ ਸੁਰ ਨਾ ਕੋਇ ਸੁਣਾਈਆ । ਜਾਣੇ ਕੋਈ ਨਾ ਗਾਡੀ, ਗੁਰ ਅਵਤਾਰ ਪੈਗ਼ੰਬਰ ਰਹੇ ਕੁਰਲਾਈਆ । ਇਕੋ ਧਾਰ ਮੇਰੀ ਆਦੀ, ਆਦਿ ਪੁਰਖ ਰਿਹਾ

ਸਮਝਾਈਆ । ਜਿਸ ਵੇਲੇ ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਕਰਨੀ ਹੋਵੇ ਬਰਬਾਦੀ, ਬਦਲਾ ਸਭ ਦਾ ਦੇਵਾਂ ਚੁਕਾਈਆ । ਮੇਰੀ ਖੇਲ ਅਗੰਮੀ ਡਾਹਢੀ, ਡੰਡੌਤ ਕਰਨ ਵਾਲਾ ਸਮਝ ਕੋਇ ਨਾ ਪਾਈਆ । ਮੈਂ ਸਭ ਤੋਂ ਵੱਖਰਾ ਬਾਢੀ, ਘੜਨ ਭੰਨਣਹਾਰ ਹੋ ਜਾਈਆ । ਸਭ ਤੋਂ ਵੱਖਰਾ ਸਵਾਂਗੀ, ਮੇਰੀ ਸਮਝ ਕਿਸੇ ਨਾ ਆਈਆ । ਸ਼ਬਦ ਸੰਦੇਸ਼ਿਆ ਵਿਚ ਤੁਹਾਡੀ ਵਧਾਉਂਦਾ ਰਿਹਾ ਤਾਂਘੀ, ਆਸ਼ਾ ਭਵਿਖ ਵਿਚ ਬਦਲਾਈਆ । ਤੁਹਾਡੀ ਧਾਰ ਮੇਰੀ ਬਾਂਦੀ, ਬੰਧਨ ਪ੍ਰੇਮ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਇਕੋ ਦਿਤਾ ਧੱਕਾ, ਖ਼ੁਸ਼ੀਆਂ ਨਾਲ ਹਿਲਾਈਆ । ਸਾਰੇ ਨਾਤਾ ਬਾਹਮੀ ਜੋੜੇ ਸਕਾ, ਦੂਜੀ ਵੰਡ ਨਾ ਕੋਇ ਵੰਡਾਈਆ । ਜੋ ਸਚ ਪਕਵਾਨ ਪੱਕਾ, ਸਚਖੰਡ ਦਵਾਰਿਉਂ ਲਓ ਉਠਾਈਆ । ਵੇਖਿਓ ਕੋਈ ਲੈ ਕੇ ਜਾਇਓ ਨਾ ਮਦੀਨਾ ਮੱਕਾ, ਮੰਦਰਾਂ ਮੱਠਾਂ ਵਿਚ ਟਿਕਾਈਆ । ਕੋਈ ਗੁਰਦਵਾਰੇ ਫਿਰੇ ਨਾ ਨੱਠਾ, ਭੱਜੇ ਵਾਹੋ ਦਾਹੀਆ । ਪੁਰਖ ਅਕਾਲ ਕਹੇ ਮੈਂ ਦੱਸਾਂ ਬਚਨ ਸੱਚਾ, ਹੁਕਮ ਇਕ ਦ੍ਰਿੜਾਈਆ । ਜਿਨ੍ਹਾਂ ਭਗਤਾਂ ਨੂੰ ਜਗਤ ਜਹਾਨ ਕਰੇ ਠੱਠਾ, ਕੂੜ ਕਹਿ ਸਮਝਾਈਆ । ਉਹ ਮੇਰਾ ਧੁਰ ਦਾ ਬੱਚਾ, ਜੋ ਸੋਹੰ ਢੋਲਾ ਗਾਈਆ । ਮੈਂ ਲੂੰ ਲੂੰ ਅੰਦਰ ਰਚਾ, ਰਚਨਾ ਆਪਣੀ ਦਿਤੀ ਵਖਾਈਆ । ਜਿਹੜਾ ਪ੍ਰੀਤੀ ਅੰਦਰ ਕੱਚਾ, ਚਰਨ ਕਵਲ ਨਾ ਲਾਗੇ ਰਾਈਆ । ਜੋ ਜੁਗ ਜਨਮ ਦਾ ਅੱਛਾ, ਤੁਹਾਡਾ ਵਿਛੜਿਆ ਆਪਣੇ ਨਾਲ ਮਿਲਾਈਆ । ਜੇ ਤੁਹਾਨੂੰ ਨਹੀਂ ਅਗਲਾ ਪਤਾ, ਆਓ ਇਕੋ ਵਾਰ ਸਮਝਾਈਆ । ਬਿਨ ਅੱਖਾਂ ਵੇਖੋ ਭਗਤ ਦਵਾਰ ਇਕੋ ਸਜਾ, ਸੱਜਣ ਬੈਠਾ ਧੁਰ ਦਰਗਾਹੀਆ । ਜਿਸ ਦੇ ਪਰਗਟ ਹੋਣ ਦੀ ਜਾਣੇ ਕੋਈ ਨਾ ਵਜਹ, ਨਾਮਾਲੂਮ ਸਾਰੇ ਰਹੇ ਸੁਣਾਈਆ । ਕੋਈ ਜੈਕਾਰਾ ਲਾਵੇ ਫ਼ਤਹ, ਕੋਈ ਅੱਲਾਹ ਕਹਿ ਕੇ ਰਿਹਾ ਗਾਈਆ । ਕੋਈ ਰਾਮ ਕਹੇ ਸਾਡਾ ਸਕਾ, ਕੋਈ ਓਮ ਕਹਿ ਕੇ ਝਟ ਲੰਘਾਈਆ । ਕੋਈ ਕ੍ਰਿਸ਼ਨ ਟੇਕੇ ਮੱਥਾ, ਧੂੜੀ ਖ਼ਾਕ ਰਮਾਈਆ । ਕੋਈ ਦੁਰਗਾ ਅਸ਼ਟਭੁਜ ਸੇਵਾ ਕਰੇ ਹੱਥਾਂ, ਆਪਣੀ ਸੇਵ ਲਗਾਈਆ । ਪੁਰਖ ਅਕਾਲ ਕਹੇ ਮੈਂ ਇਕੋ ਹੁਕਮ ਦੱਸਾਂ, ਅੰਤ ਅਖ਼ੀਰੀ ਆਪ ਜਣਾਈਆ । ਮੈਂ ਓਨ੍ਹਾਂ ਦੇ ਅੰਦਰ ਵਸਾਂ, ਜਿਹੜੇ ਮੇਰਾ ਧਿਆਨ ਲਗਾਈਆ । ਲੋਕਮਾਤ ਪਤ ਰੱਖਾਂ, ਰੱਖਿਆ ਕਰਾਂ ਥਾਉਂ ਥਾਈਂਆ । ਵਸੇਰਾ ਵੇਖਾਂ ਵਿਚ ਕੱਖਾਂ, ਕੁੱਲੀਆਂ ਵਿਚੋਂ ਲਵਾਂ ਉਠਾਈਆ । ਗੁਰ ਅਵਤਾਰ ਪੈਗ਼ੰਬਰੋ ਓਨ੍ਹਾਂ ਲਈ ਲੈ ਕੇ ਜਾਣਾ ਭੱਤਾ, ਭਰਮ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਭੱਤਾ ਲੈ ਕੇ ਗਏ ਆ, ਪਹੁੰਚੇ ਚਾਈਂ ਚਾਈਂਆ । ਵੇਖਿਆ ਖੇਲ ਬੇਪਰਵਾਹ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦਿਤਾ ਦ੍ਰਿੜਾਈਆ । ਖ਼ੁਸ਼ੀਆਂ ਅੰਦਰ ਢੋਲਾ ਲਿਆ ਗਾ, ਭਗਤਾਂ ਨਾਲ ਵੱਜੀ ਵਧਾਈਆ । ਪਿਛਲਾ ਬੋਲਾ ਲਿਆ ਬਦਲਾ, ਵਿਚੋਲਾ ਇਕੋ ਨਜ਼ਰੀ ਆਈਆ । ਜਿਸ ਨੇ ਚੋਲਾ ਲਿਆ ਬਦਲਾ, ਜੋਤੀ ਨੂਰ ਕਰੇ ਰੁਸ਼ਨਾਈਆ । ਪੜਦਾ ਓਹਲਾ ਲਿਆ ਰਖਾ, ਨਜ਼ਰ ਕਿਸੇ ਨਾ ਆਈਆ । ਵੇਲਾ ਵਕਤ ਰਿਹਾ ਸੁਹਾ, ਸੁਹੰਜਣੀ ਰੁੱਤ ਵੱਜੇ ਵਧਾਈਆ । ਸੋ ਵੇਲਾ ਗਿਆ ਆ, ਜਿਸ ਦਾ ਜੁਗ ਚੌਕੜੀ ਰਾਹ ਤਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧੁਰ ਦਾ ਭੱਤਾ ਭਗਤ ਦਵਾਰੇ ਲਿਆ ਟਿਕਾ, ਟਕਿਆਂ ਵਾਲੀ ਕੀਮਤ ਕੋਇ ਨਾ ਪਾਈਆ । ਪੁਰਖ ਅਕਾਲ ਦੇ ਹੁਕਮੇ ਅੰਦਰ ਦਿਤਾ ਵਰਤਾ, ਗੁਰਮੁਖ ਸਾਚੇ ਖਾਵਣ ਚਾਈਂ ਚਾਈਂਆ । ਜਿਸ ਦਾ ਭੇਵ ਜਾਣੇ ਕੋਈ ਨਾ, ਪੜਦਾ ਸਕੇ ਨਾ ਕੋਇ ਉਠਾਈਆ । ਸਾਰੇ ਕਰਨ ਵਾਲੇ ਹਾਂ ਵਿਚ ਹਾਂ, ਧੁਰ ਫ਼ਰਮਾਨ ਨਾ ਕੋਇ

ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੁਰਮੁਖਾਂ ਖ਼ੁਸ਼ੀਆਂ ਨਾਲ ਛਕੇ ਪਰਸ਼ਾਦੇ, ਪਰਸ਼ਾਦ ਭਗਤਾਂ ਦਿਤਾ ਵਰਤਾਈਆ । ਲਹਿਣੇ ਦੇਣੇ ਚੁਕਾਏ ਗੋਬਿੰਦ ਪੁਰਖ ਅਕਾਲ ਵਾਲੇ ਦਾਦੇ, ਦਾਅਵਾ ਪਿਛਲਾ ਪੂਰ ਕਰਾਈਆ । ਅਗਲੇ ਖੇਲ ਆਪਣੇ ਸੰਗ ਗਾਂਢੇ, ਦੂਜੀ ਗੰਢ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਸੇਵਾ ਦਿਤੀ ਲਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੇਵਾ ਕੀਤੀ ਨਾਲ ਪ੍ਰੀਤ, ਪ੍ਰੀਤਮ ਵੇਖ ਖ਼ੁਸ਼ੀ ਮਨਾਈਆ । ਭਗਤਾਂ ਦੀ ਸੋਹਣੀ ਵੇਖੀ ਰੀਤ, ਚਾਰ ਵਰਨ ਇਕੋ ਦਰ ਤੇ ਸੋਭਾ ਪਾਈਆ । ਝਗੜਾ ਛੱਡ ਮੰਦਰ ਮਸੀਤ, ਕਾਇਆ ਕਾਅਬੇ ਖ਼ੁਸ਼ੀ ਬਣਾਈਆ । ਤੂੰ ਮੇਰਾ ਮੈਂ ਤੇਰਾ ਗਾਵਣ ਗੀਤ, ਢੋਲਾ ਧੁਰਦਰਗਾਹੀਆ । ਸਾਰੇ ਅੰਦਰੋਂ ਦਿਸੇ ਸੀਤ, ਬਾਹਰੋਂ ਅਗਨ ਨਾ ਕੋਇ ਤਪਾਈਆ । ਮਨ ਵਾਸਨਾ ਆਏ ਜੀਤ, ਜਿਤੀ ਜਗਤ ਲੋਕਾਈਆ । ਪ੍ਰੇਮ ਦਾ ਢੋਲਾ ਗਾਵਣ ਗੀਤ, ਗੋਬਿੰਦ ਤੂੰ ਹੀ ਪਿਤਾ ਮਾਈਆ । ਬੈਠ ਕੇ ਇਕ ਅਤੀਤ, ਤ੍ਰੈਗੁਣ ਲੇਖਾ ਲਿਆ ਮੁਕਾਈਆ । ਸ੍ਰੀ ਭਗਵਾਨ ਕਰ ਬਖ਼ਸ਼ੀਸ਼, ਰਹਿਮਤ ਦਿਤੀ ਕਮਾਈਆ । ਖ਼ੁਸ਼ੀਆਂ ਨਾਲ ਦਿਤੀ ਅਸੀਸ, ਅਸ਼ੀਰਵਾਦ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡੀ ਇਕ ਅਰਦਾਸ, ਅਰਜ਼ੋਈ ਸਚ ਸੁਣਾਈਆ । ਅਸੀਂ ਤੇਰੇ ਭਗਤ ਵੇਖਣੇ ਖ਼ਾਸ, ਸਾਨੂੰ ਸਾਰੇ ਦੇ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਈ ਇਹ ਰਾਤ, ਰੁਤੜੀ ਵਡ ਵਡਿਆਈਆ । ਤੇਰੀ ਵਰਤਾਈ ਅਗੰਮੀ ਦਾਤ, ਦਾਤੇ ਤੇਰੇ ਹੱਥ ਵਡਿਆਈਆ । ਅਸੀਂ ਤੇਰੀ ਨਿੱਕੀ ਜਿਹੀ ਸ਼ਾਖ਼, ਛੋਟੇ ਬਾਲੇ ਨੱਢੇ ਨਜ਼ਰੀ ਆਈਆ । ਤੇਰਾ ਲੇਖਾ ਲਿਖਦੇ ਆਏ ਕਲਮ ਦਵਾਤ, ਕਾਗ਼ਜ਼ ਨਾਲ ਸ਼ਾਹੀਆ । ਇਸ਼ਾਰਿਆਂ ਨਾਲ ਦੱਸਦੇ ਆਏ ਜਗਤ ਜਮਾਤ, ਦੀਨਾਂ ਮਜ਼੍ਹਬਾਂ ਵਿਚ ਪੜ੍ਹਾਈਆ । ਖਾ ਕੇ ਆਏ ਰਸਨਾ ਜਿਹਵਾ ਭਾਤ, ਭੋਜਨ ਜਗਤ ਵਡਿਆਈਆ । ਕਰਦੇ ਆਏ ਪਾਠ, ਸਿਮਰਨ ਵਿਚ ਸਿਮਰਨ ਤੇਰਾ ਨਾਮ ਬਣਾਈਆ । ਖੋਲ੍ਹਦੇ ਆਏ ਹਾਟ, ਵਸਤ ਵਰਤਾਈ ਧੁਰਦਰਗਾਹੀਆ । ਪੁਰਖ ਅਕਾਲ ਤੇਰੀ ਸਮਝੀ ਇਕ ਨਾ ਬਾਤ, ਪੜਦਾ ਅੰਦਰੋਂ ਨਾ ਕੋਇ ਚੁਕਾਈਆ । ਜੁਗ ਚੌਕੜੀ ਬਦਲਦਾ ਰਿਹੋਂ ਰਿਵਾਜ, ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਦੇਣੀ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਣੇ ਭਗਤ ਦੁਲਾਰੇ, ਦੂਲ੍ਹੇ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਦੇ ਪਿਛੇ ਸਾਡੇ ਪੂਰੇ ਕੀਤੇ ਲਾਰੇ, ਜੁਗ ਚੌਕੜੀ ਲੇਖ ਚੁਕਾਈਆ । ਸੋਹਣੇ ਸੁਚੱਜੇ ਦਿਸਣ ਲਾੜੇ, ਨਾਰੀ ਪੁਰਸ਼ ਰੂਪ ਨਾ ਕੋਇ ਬਦਲਾਈਆ । ਜਿਨ੍ਹਾਂ ਦਾ ਖੇਲ ਵੇਖਿਆ ਦਿਨ ਦਿਹਾੜੇ, ਦਰਗਾਹ ਸਾਚੀ ਵੱਜੀ ਇਕ ਵਧਾਈਆ । ਓਨ੍ਹਾਂ ਦਾ ਮਾਨਸ ਜਨਮ ਲੱਗਾ ਕਾਰੇ, ਕਰਤੇ ਕੀਮਤ ਆਪੇ ਪਾਈਆ । ਸਾਡੇ ਪੂਰੇ ਹੋਏ ਹਾੜੇ, ਹੌਕੇ ਦਿੱਤੇ ਮਿਟਾਈਆ । ਖ਼ੁਸ਼ੀਆਂ ਨਾਲ ਬੀਤੇ ਜੁਗ ਚਾਰੇ, ਅੱਗੇ ਸਮਝ ਕਿਸੇ ਨਾ ਆਈਆ । ਸਾਡੇ ਢਿੱਡਾਂ ਦੇ ਉਤਰੇ ਅਫਾਰੇ, ਅੰਦਰਲਾ ਦੁੱਖ ਦਿਤਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਦੱਸ, ਕਿਹੜੇ ਚੰਗੇ ਕਿਹੜੇ ਮੰਦੇ, ਸਾਨੂੰ ਦੇ ਦਸਾਈਆ । ਕਿਹੜੇ ਵਸਦੇ ਤੇਰੇ ਸੰਗੇ, ਕਿਹੜੇ ਬੈਠੇ ਮੁਖ ਭਵਾਈਆ । ਕਿਹੜੇ ਮਾਨੁਸ਼ ਤੇ ਕਿਹੜੇ ਬੰਦੇ, ਕਿਹੜੀ ਇਸਤਰੀ ਰੂਪ ਬਦਲਾਈਆ । ਕਿਹੜੇ ਸਚਖੰਡ ਦਵਾਰੇ

ਟੰਗੇ, ਕਿਹੜੇ ਜੂਨੀਆਂ ਵਿਚ ਰਖਾਈਆ । ਕਿਹੜੇ ਤੇਰਾ ਦਵਾਰ ਲੰਘੇ, ਚਰਨ ਬਹਿ ਕੇ ਸੋਭਾ ਪਾਈਆ । ਪੁਰਖ ਅਕਾਲ ਕਿਹਾ ਗੁਰ ਅਵਤਾਰ ਪੈਗ਼ੰਬਰੋ ਜਿਹੜੇ ਚੜ੍ਹ ਗਏ ਮੇਰੇ ਨਾਮ ਦੇ ਡੰਡੇ, ਡੰਡਉਤ ਬੰਦਨਾ ਤੋਂ ਖਹਿੜੇ ਦਿੱਤੇ ਛੁਡਾਈਆ । ਉਹ ਏਥੇ ਓਥੇ ਦੋ ਜਹਾਨ ਸਾਰੇ ਚੰਗੇ, ਬੁੱਢੇ ਨੱਢੇ ਇਕੋ ਰੰਗ ਰੰਗਾਈਆ । ਸੱਚੇ ਘਰ ਵਿਚ ਪੁਰਖ ਅਕਾਲ ਵੰਡ ਕੋਇ ਨਾ ਵੰਡੇ, ਸ਼ਾਹ ਹਕੀਰਾਂ ਇਕੋ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਨੂੰ ਪਿਆ ਕੁਛ ਸ਼ੱਕ, ਸ਼ੱਕ ਦੇ ਮੁਕਾਈਆ । ਅਸੀਂ ਕਿਧਰ ਲਈਏ ਤੱਕ, ਕਵਣ ਅੱਖ ਖੁਲ੍ਹਾਈਆ । ਪੁਰਖ ਅਕਾਲ ਕਿਹਾ ਪਹਿਲੋਂ ਚਰਨ ਜਾਓ ਢੱਠ, ਫੇਰ ਦਿਆਂ ਦ੍ਰਿੜਾਈਆ । ਪਿਛਲਾ ਲੇਖਾ ਛੱਡੋ ਮੰਦਰ ਮਠ, ਸ਼ਿਵਦਵਾਲੇ ਧਿਆਨ ਨਾ ਕੋਇ ਲਗਾਈਆ । ਫਿਰ ਮੇਰਿਆਂ ਭਗਤਾਂ ਦਾ ਵੇਖੋ ਇਕੱਠ, ਜੋ ਚਾਰੋਂ ਕੁੰਟ ਸੋਭਾ ਪਾਈਆ । ਇਹ ਸਾਰਿਆਂ ਤੋਂ ਉਤਮ ਤੇ ਸ੍ਰੇਸ਼ਟ ਜਿਨ੍ਹਾਂ ਦੇ ਅੰਦਰ ਮੇਰੇ ਨਾਮ ਦਾ ਸਚ, ਦੂਜੀ ਕਰਨ ਨਾ ਕੋਇ ਪੜ੍ਹਾਈਆ । ਇਕੋ ਤੂੰ ਹੀ ਤੂੰ ਹੀ ਰਹੇ ਜਪ, ਆਪ ਆਪਣਾ ਭੇਟ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਵੇਖ ਲੈਣ ਦੇ ਏਨ੍ਹਾਂ ਦੇ ਮਸਤਕ ਮਥ, ਤੇਰੇ ਅੰਦਰ ਵੜ ਕੇ ਵੇਖ ਵਖਾਈਆ । ਤੇਈ ਅਵਤਾਰ ਕਹਿਣ ਇਹ ਬੈਠੇ ਉਤੇ ਕੱਖ, ਕੱਖਾਂ ਉਤੇ ਬੈਠੇ ਲੱਖਾਂ ਦਾ ਡੇਰਾ ਗਏ ਢਾਹੀਆ । ਪੀਰ ਪੈਗ਼ੰਬਰ ਕਹਿਣ ਇਹ ਸਭ ਤੋਂ ਹੋਏ ਵੱਖ, ਕਲਮਿਆਂ ਕਲਾਮਾਂ ਤੋਂ ਪੱਲੂ ਗਏ ਛੁਡਾਈਆ । ਗੁਰੂ ਗੁਰਦੇਵ ਕਹਿਣ ਇਨ੍ਹਾਂ ਦੇ ਅੰਦਰ ਵੜ ਗਿਆ ਸਚ, ਝੂਠੀ ਕਿਰਿਆ ਗਏ ਤਜਾਈਆ । ਪੁਰਖ ਅਕਾਲ ਨੂੰ ਮੰਨ ਕੇ ਬਾਪ, ਪੂਤ ਸਪੂਤੇ ਬਣ ਕੇ ਸੋਭਾ ਪਾਈਆ । ਝਗੜਾ ਰਿਹਾ ਨਾ ਕਿਸੇ ਪਾਪ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਚੜ੍ਹਦੀ ਜਾਏ ਮਸਤੀ, ਗੁਰਮੁਖ ਨਜ਼ਰੀ ਧੁਰ ਦੇ ਆਈਆ । ਨੌਂ ਖੰਡ ਵਿਚੋਂ ਭਗਤ ਦਵਾਰਾ ਜਗਤ ਨੂੰ ਦਿਸੇ ਛੋਟੀ ਬਸਤੀ, ਅੱਗਾ ਸਕੇ ਨਾ ਕੋਇ ਸਮਝਾਈਆ । ਅਸੀਂ ਕਥਾ ਕਹਾਣੀ ਦੱਸੀਏ ਸਚ ਦੀ, ਸਾਰੇ ਰਹੇ ਦ੍ਰਿੜਾਈਆ । ਜਿਥੇ ਪੁਰਖ ਅਕਾਲ ਦੀ ਇਕੋ ਜੋਤ ਜਗਦੀ, ਦੂਜੀ ਹੋਵੇ ਨਾ ਕੋਇ ਰੁਸ਼ਨਾਈਆ । ਓਥੇ ਕੀਮਤ ਕੋਇ ਨਾ ਲਗਦੀ, ਦਰਸ਼ਨ ਕੀਤਿਆਂ ਪਾਰ ਲੰਘਾਈਆ । ਇਹ ਕੋਈ ਧਾਰ ਨਹੀਂ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾਈ ਕਮੀਨੇ ਜੱਟ ਦੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਇਹ ਕੋਈ ਖੇਲ ਨਹੀਂ ਨਟੂਏ ਭੱਟ ਦੀ, ਜਗਤ ਸਵਾਂਗੀ ਵੇਸ ਨਾ ਕੋਇ ਬਦਲਾਈਆ । ਇਹ ਕੋਈ ਨਜ਼ਰ ਨਹੀਂ ਬੈਰੂਨੀ ਅੱਖ ਦੀ, ਪ੍ਰਤਖ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਭਗਤਾਂ ਦੇ ਅੰਦਰ ਪ੍ਰਭ ਦੀ ਧਾਰ ਵੇਖੋ ਨੱਚੀ, ਜੋ ਨੱਚੇ ਕੁੱਦੇ ਚਾਈਂ ਚਾਈਆ । ਇਨ੍ਹਾਂ ਨੂੰ ਲੋੜ ਨਹੀਂ ਕਿਸੇ ਸੇਜ ਵਾਲੇ ਖੱਟ ਦੀ, ਪਟਣੇ ਦਾ ਮਾਲਕ ਇਕੋ ਨਜ਼ਰੀ ਆਈਆ । ਜਿਸ ਨੂੰ ਮਦਦ ਪੁਰਖ ਸਮਰਥ ਦੀ, ਦੂਜੇ ਆਸ ਨਾ ਕੋਇ ਤਕਾਈਆ । ਉਹ ਜਾਣੇ ਘਟ ਘਟ ਦੀ, ਘਾਟੇ ਸਭ ਦੇ ਪੂਰ ਕਰਾਈਆ । ਗੁਰਮੁਖੋ ਸੰਸਾਰ ਸ੍ਰਿਸ਼ਟੀ ਵਿਚ ਦੁੱਖਾਂ ਦੀ ਅੱਗ ਮੱਚ ਦੀ, ਤੁਹਾਡਾ ਦੁੱਖ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਹ ਕੁਝ ਬੈਠੇ ਦਿਸਣ ਅੰਧੇਰੇ, ਕਿਉਂ ਅੱਖਾਂ ਬੰਦ ਕਰਾਈਆ । ਪੁਰਖ ਅਕਾਲ ਕਹੇ ਏਨ੍ਹਾਂ ਦੇ ਰਾਮ ਚੰਦਰ ਤੋ ਪਹਿਲਾਂ ਦੇ ਡੇਰੇ, ਰਾਮਾ ਦਏ ਗਵਾਹੀਆ । ਕ੍ਰਿਸ਼ਨ ਕਹੇ ਐਥੇ ਮੇਰੇ ਦਵਾਰੇ ਖੇੜੇ, ਖਿੜਕੀ ਕੁੰਡਾ ਦਿਆਂ ਖੁਲ੍ਹਾਈਆ । ਮੂਸਾ

ਕਹੇ ਇੱਕੀਆਂ ਦੇ ਅੰਦਰ ਮੇਰੇ ਝੇੜੇ, ਜੋ ਮੈਨੂੰ ਨਜ਼ਰੀ ਆਈਆ । ਈਸਾ ਕਹੇ ਏਨ੍ਹਾਂ ਵਿਚੋਂ ਥੋੜ੍ਹੇ ਬਥੇਰੇ, ਜੋ ਗਿਣਤੀ ਵਿਚ ਸੱਤ ਸੋਭਾ ਪਾਈਆ । ਮੁਹੰਮਦ ਕਹੇ ਬੱਤੀਆਂ ਦੇ ਮੇਰੇ ਨਾਲ ਰਹੇ ਝੇੜੇ, ਕਦੀ ਮੰਨਣ ਤੇ ਕਦੀ ਮੁਖ ਜਾਣ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰੂ ਨਾਨਕ ਕਹੇ ਇਹਨਾਂ ਵਿਚੋਂ ਦਿਸਦੇ ਸੌਦੇਬਾਜ਼, ਖੋਟੇ ਖਰੇ ਆਪਣਾ ਖੇਲ ਵਖਾਈਆ । ਗੋਬਿੰਦ ਕਿਹਾ ਇਹਨਾਂ ਵਿਚੋਂ ਦਿਸਦੇ ਚੂਰੀ ਖਵਾਉਦੇ ਮੇਰੇ ਬਾਜ਼, ਚੋਰੀ ਚੋਰੀ ਮੈਥੋਂ ਆਪ ਛੁਪਾਈਆ । ਕੁਛ ਐਥੋਂ ਦਸਾਂ ਦੀ ਖੁਲ੍ਹੀ ਜਾਗ, ਜਿਨ੍ਹਾਂ ਨੂੰ ਅਨੰਦਪੁਰੀ ਤੋਂ ਬਾਹਰ ਆਪਣਾ ਮੇਲ ਕਰਾਈਆ । ਪੁਰਖ ਅਕਾਲ ਕਹੇ ਮੈਂ ਸਭ ਦੀ ਸਾਜਣ ਲਈ ਸਾਜ, ਸੱਜਣ ਸਾਰੇ ਲਏ ਬਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਚਲਾ ਕੇ ਆਪਣਾ ਰਿਵਾਜ, ਰਵਾਦਾਰੀ ਸਾਰੀ ਦਿਤੀ ਮਿਟਾਈਆ । ਕਿਸ਼ਨ ਸਿੰਘਾ ਕੀ ਖਾਜ ਦਾ ਆਇਆ ਸਵਾਦ, ਸਚ ਦੇਣਾ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਕਿੱਡਾ ਚੰਗਾ ਸਮਾਜ, ਜੋ ਸਮੇਂ ਵਿਚੋਂ ਆਪਣਾ ਸਮਾਂ ਬੈਠੇ ਬਦਲਾਈਆ । ਸਾਡੇ ਹੋਏ ਧੰਨ ਭਾਗ, ਭਗਵਾਨ ਤੇਰੇ ਨਾਲ ਚਲ ਕੇ ਤੇਰਿਆਂ ਦਾ ਦਰਸ਼ਨ ਪਾਈਆ । ਸਾਨੂੰ ਐਂ ਦਿਸਦਾ ਏਨ੍ਹਾਂ ਦੇ ਅੰਦਰ ਉਹ ਸਵਾਦ, ਜਿਹੜਾ ਸਮਿਆਂ ਤੋਂ ਹੱਥ ਕਿਸੇ ਨਾ ਆਈਆ । ਇਨ੍ਹਾਂ ਦਾ ਖ਼ੁਸ਼ੀਆਂ ਵਾਲਾ ਮਜਾਜ਼, ਮਜ਼ਾਕ ਵਿਚ ਹੱਸੇ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਇਹਨ੍ਹਾਂ ਦਾ ਵੇਖ ਕੇ ਝਗੜਾ ਫ਼ਸਾਦ, ਅੱਜ ਦਾ ਵੇਲਾ ਸਾਨੂੰ ਰਿਹਾ ਬਤਲਾਈਆ । ਸ੍ਰਿਸ਼ਟੀ ਦੀ ਕਿਸੇ ਨਹੀਂ ਕਰਨੀ ਇਮਦਾਦ, ਦਿਮਾਗ਼ ਸਾਰੇ ਫੇਲ ਕਰਾਈਆ । ਚਲਦੇ ਡੁੱਬਣੇ ਜਹਾਜ਼, ਬੇੜੇ ਦੇਣੇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੀ ਰੱਖਣੀ ਲਾਜ, ਲਾਜਾਵੰਤ ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਣੇ ਵੱਡੇ ਛੋਟੇ, ਸਾਰੇ ਇਕੋ ਰੰਗ ਨਜ਼ਰੀ ਆਈਆ । ਸਭ ਨੇ ਸੂਰਬੀਰਾਂ ਵਾਲੇ ਕਸੇ ਲੰਗੋਟੇ, ਜਗਤ ਭੈ ਬੈਠੇ ਚੁਕਾਈਆ । ਅੰਦਰੋ ਅੰਦਰ ਸਭ ਨੇ ਆਪਣੇ ਨਾਮ ਪ੍ਰਭੂ ਵਾਲੇ ਸੋਚੇ, ਮਾਤਾ ਪਿਤਾ ਵਾਲੇ ਨਾਮ ਸਾਰੇ ਗਏ ਭੁਲਾਈਆ । ਓਸ ਦਵਾਰ ਪਹੁੰਚੇ, ਜਿਥੇ ਪੁਜਿਆਂ ਕਿਸੇ ਪੂਜਾ ਪਾਠ ਦੀ ਲੋੜ ਰਹੀ ਨਾ ਰਾਈਆ । ਗੁਰਮੁਖੋ ਵੇਖਿਓ ਕਿਤੇ ਭਾ ਨਾ ਵਿਕ ਜਾਇਓ ਦੂਜੇ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਵਿਚ ਰਖਾਈਆ । ਕਿਤੇ ਬੰਦ ਨਾ ਹੋ ਜਾਇਓ ਦੀਨ ਮਜ਼੍ਹਬ ਵਾਲੇ ਨਿੱਕੇ ਜੇਹੇ ਕੁੱਜੇ, ਬ੍ਰਹਿਮੰਡ ਖੰਡ ਤੁਹਾਡੇ ਚਰਨਾਂ ਹੇਠਾਂ ਦਬਾਈਆ । ਤੁਹਾਡੀ ਰਮਜ਼ ਕੋਈ ਨਾ ਬੁਝੇ, ਪ੍ਰਭੂ ਦਾ ਦਵਾਰ ਕੋਈ ਨਾ ਸੁਝੇ, ਬਿਨ ਭਗਵਾਨ ਤੋਂ ਭਗਤਾਂ ਨੂੰ ਕਰੇ ਕੋਈ ਨਾ ਉਘੇ, ਗੁੰਗੇ ਦਿਸੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਧੁਰ ਦਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੁਰਮੁਖੋ ਐਵੇਂ ਅੱਗੇ ਕਰਦੇ ਨਾ ਰਿਹੋ ਅਰਦਾਸੇ, ਮੱਥਾ ਖ਼ਾਕ ਨਾਲ ਰਗੜਾਈਆ । ਸਾਰੇ ਡਰ ਗਏ ਤੁਹਾਡੇ ਹੱਥਾਂ ਵਿਚ ਵੇਖ ਕੇ ਤਿੱਖੇ ਗੰਡਾਸੇ, ਧਾਰ ਧਾਰ ਗਏ ਬਦਲਾਈਆ । ਸਾਨੂੰ ਖ਼ੁਸ਼ੀ ਅਬਿਨਾਸ਼ੀ ਕਰਤੇ ਸਾਡੇ ਬਚਨ ਕੀਤੇ ਸਾਚੇ, ਸੱਚਿਆਂ ਸਾਨੂੰ ਜਗਤ ਵਿਚ ਦਿਤਾ ਬਣਾਈਆ । ਜੇ ਰਵਦਾਸ ਦੇ ਬਸਤਰ ਨਾ ਹੁੰਦੇ ਪਾਟੇ, ਗ਼ਰੀਬਾਂ ਨੂੰ ਕਦੇ ਨਾ ਗਲ ਲਗਾਈਆ । ਗੁਰਮੁਖਾਂ ਦੇ ਕਦੀ ਖੁਲ੍ਹੇ ਨਾ ਕਰਦਾ ਝਾਟੇ, ਜੰਗਲਾਂ ਵਿਚ ਫਿਰਨ ਦੀ ਲੋੜ ਰਹੀ ਨਾ ਰਾਈਆ । ਤੁਸੀਂ ਸੁੱਤੇ ਤੁਹਾਡਾ ਪੁਰਖ ਅਕਾਲ ਇਕੋ ਜਾਗੇ, ਘਰ ਘਰ ਵਿਚੋਂ ਫੜ ਕੇ ਆਪਣੇ ਕੋਲ ਲਿਆਈਆ । ਤੁਸਾਂ ਕਿਉਂ ਫੜੇ ਦੋ ਸੂਤਾਂ ਵਾਲੇ ਸਾਂਘੇ, ਦੋਹ ਰਾਹਾਂ ਉਤੇ

ਪੈਰ ਨਾ ਕੋਇ ਟਿਕਾਈਆ । ਤੁਹਾਡੇ ਲੰਮੇ ਲੰਮੇ ਕੋਈ ਵੇਖਣ ਵਾਲੇ ਨਹੀਂ ਸੀ ਢਾਂਗੇ, ਦੀਨਾਂ ਮਜ਼੍ਹਬਾਂ ਦੇ ਢੰਗਿਆਂ ਤੋਂ ਦਿਤਾ ਛੁਡਾਈਆ । ਤੁਸੀਂ ਜੁਗ ਜਨਮ ਦੇ ਥੱਕੇ ਮਾਂਦੇ, ਭਜਨ ਬੰਦਗੀਆਂ ਕਰ ਕਰ ਆਪਣਾ ਆਪ ਲਿਆ ਸੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੀ ਕਿੱਡੀ ਵੱਡੀ ਤੜਪ, ਮੁਰਦਿਆਂ ਦਏਂ ਤੜਫ਼ਾਈਆ । ਪੁਰਖ ਅਕਾਲ ਕਹੇ ਮੈਂ ਤੁਹਾਡੇ ਪਿਛੇ ਆਇਆ ਪਰਤ, ਪਤਿਪਰਮੇਸ਼ਵਰ ਹੋ ਕੇ ਖ਼ੁਸ਼ੀ ਮਨਾਈਆ । ਮੇਰੀ ਕੋਈ ਬੱਚਿਆਂ ਵਾਲੀ ਨਹੀਂ ਸ਼ਰਤ, ਸ਼ਰਅ ਦੇ ਅਸੂਲ ਦਿਆਂ ਬਦਲਾਈਆ । ਬਿਨਾ ਭਗਤਾਂ ਕਦੇ ਕਿਸੇ ਨੂੰ ਮਿਲਣ ਨਹੀਂ ਆਇਆ ਉਤੇ ਧਰਤ, ਧਰਨੀ ਉਤੇ ਫੇਰਾ ਨਾ ਪਾਈਆ । ਕਦੀ ਨਾ ਲੱਭਾ ਕਿਸੇ ਨੂੰ ਵਿਚੋਂ ਚਰਚ, ਚਰਖਿਆਂ ਵਾਲੀਆਂ ਦੇਣ ਗਵਾਹੀਆ । ਗੁਰਮੁਖੋ ਤੁਹਾਡੇ ਜਨਮ ਦਾ ਮੇਰੇ ਕੋਲ ਖਰਚ, ਖਾਵੋ ਖੱਟੋ ਤੇ ਖ਼ੁਸ਼ੀਆਂ ਨਾਲ ਆਪਣਾ ਝਟ ਲੰਘਾਈਆ । ਜਿਧਰ ਵੇਖੋਗੇ ਓਧਰ ਵੰਡਾਂ ਦਰਦ, ਦੁਖੀਆਂ ਦਾ ਮਾਲਕ ਨਜ਼ਰੀ ਆਈਆ । ਭਗਤ ਉਧਾਰਨਾ ਪ੍ਰਭੂ ਦਾ ਫ਼ਰਜ਼, ਗੁਰਮੁਖ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਵੇਖਿਆ ਤੇਰਾ ਅਜਬ ਤਰੀਕਾ, ਤੱਕਿਆ ਖੇਲ ਬੇਪਰਵਾਹੀਆ । ਸ੍ਰੀ ਭਗਵਾਨ ਕਹੇ ਜਨ ਭਗਤਾਂ ਸਿੱਖੀਆਂ ਮੇਰੇ ਕੋਲੋਂ ਪ੍ਰੀਤਾ, ਪ੍ਰੀਤਮ ਇਕੋ ਰਹੇ ਮਨਾਈਆ । ਜਿਨ੍ਹਾਂ ਦਾ ਅੰਦਰ ਹੋਇਆ ਠਾਂਡਾ ਸੀਤਾ, ਸੀਤਾ ਰਾਮ ਓਨ੍ਹਾਂ ਦੇ ਘਰ ਵਿਚ ਸੋਭਾ ਪਾਈਆ । ਭਗਤੀ ਦਾ ਭੰਡਾਰਾ ਭਰ ਦਿਤਾ ਓਨ੍ਹਾਂ ਦੀ ਜੇਬ ਵਿਚ ਖੀਸਾ, ਬੀਸਾ ਦਏ ਗਵਾਹੀਆ । ਜਿਸ ਦਵਾਰੇ ਤੇ ਚਰਨ ਧੂੜੀ ਮੰਗੇ ਮੂਸਾ ਈਸਾ, ਇੱਛਿਆ ਆਪਣੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੇ ਭਗਤ ਰੱਜੇ ਕਿ ਭੁੱਖੇ, ਅੰਦਰੋਂ ਵੇਖੀਏ ਧਿਆਨ ਲਗਾਈਆ । ਸੁਖੀ ਕਿ ਦੁੱਖੇ, ਦੁਖੀ ਹੋ ਕੇ ਰਹੇ ਕੁਰਲਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਤੁਹਾਡੇ ਲਾਰਿਆਂ ਦੇ ਪਿਛੇ ਆਪਣੀ ਗੋਦੀ ਚੁੱਕੇ, ਕਵਾਰੇ ਆਪਣੇ ਨਾਲ ਪਰਨਾਈਆ । ਤੁਸੀਂ ਹੁਣ ਹੋ ਜਾਓ ਪਰੇ ਸਿੰਘਾਸਣ ਦੀ ਗੁੱਠੇ, ਮੈਂ ਚਾਰੋਂ ਕੁੰਟ ਸਭ ਨੂੰ ਗੋਦੀ ਲਵਾਂ ਟਿਕਾਈਆ । ਜਿਸ ਮੇਰਾ ਨਾਮ ਜਪਿਆ ਓਹਨੂੰ ਧਰਮ ਰਾਏ ਕਦੀ ਨਾ ਟੰਗੇ ਪੁੱਠੇ, ਜਨਮਾਂ ਵਿਚ ਨਾ ਕੋਇ ਭਵਾਈਆ । ਜਗਤ ਮਾਇਆ ਕੋਈ ਨਾ ਲੁੱਟੇ, ਲੁਟੇਰੇ ਸਾਰੇ ਅੰਦਰੋਂ ਦਿਤੇ ਕਢਾਈਆ । ਓਨ੍ਹਾਂ ਦੀ ਪ੍ਰੀਤੀ ਪਤਿਪਰਮੇਸ਼ਵਰ ਨਾਲੋਂ ਕਦੇ ਨਾ ਟੁੱਟੇ, ਜਿਨ੍ਹਾਂ ਦੀ ਟੁੱਟੀ ਲਈ ਗੰਢਾਈਆ । ਅੱਠੇ ਪਹਿਰ ਇਕੋ ਨਾਮ ਜੁੱਟੇ, ਜੋਟੀਆਂ ਗੁਰਮੁਖਾਂ ਨਾਲ ਰਖਾਈਆ । ਓ ਗੁਰਸਿਖੋ ਤੁਹਾਨੂੰ ਵੀ ਨਹੀਂ ਰਹਿਣ ਦੇਂਦਾ ਸੁੱਕੇ, ਸਾਰੇ ਇਕੋ ਘਰ ਵਸਾਈਆ । ਬਿਨਾ ਮੇਰੀ ਕਿਰਪਾ ਗੁਰ ਅਵਤਾਰ ਪੈਗ਼ੰਬਰ ਕੋਈ ਨਾ ਕਿਸੇ ਨੂੰ ਪੁਛੇ, ਪਿੱਛਾ ਪਰਤ ਕੇ ਵੇਖਣ ਕੋਇ ਨਾ ਆਈਆ । ਜਿਨ੍ਹਾਂ ਨੇ ਅੱਜ ਤਾਅ ਦਿੱਤੇ ਉਤੇ ਮੁੱਛੇ, ਅੱਖਾਂ ਲਾਲ ਕੱਢ ਡਰਾਈਆ । ਜਿਨ੍ਹਾਂ ਦੇ ਤੁੱਟੇ ਜੁੱਤੇ, ਓਨ੍ਹਾਂ ਨੇ ਆਪਣੀ ਮੰਜ਼ਲ ਲਈ ਮੁਕਾਈਆ । ਸਾਰਿਆਂ ਨੂੰ ਦਰ ਆਇਆਂ ਨੂੰ ਇਕੋ ਜਿਹਾ ਪੁਛੇ, ਫ਼ਰਕ ਵਿਚ ਨਾ ਕੋਇ ਜੁਦਾਈਆ । ਅਜੇ ਵੀ ਇਕ ਸੌ ਉਣਾਨਵੇ ਇਨ੍ਹਾਂ ਵਿਚੋਂ ਰੁੱਸੇ, ਜੇ ਨਾਂ ਲਵਾਂ ਤੇ ਰੋਵਣ ਮਾਰਨ ਧਾਹੀਆ । ਬਿਨ ਪ੍ਰਭ ਦੀ ਕਿਰਪਾ ਕਿਸੇ ਕੰਮ ਨਹੀਂ ਆਉਂਦਾ ਪੰਜ ਤਤ ਦਾ ਬੁੱਤੇ, ਮਿੱਟੀ ਖ਼ਾਕ ਨਾ ਕੋਇ ਵਡਿਆਈਆ । ਅੱਗੇ ਗਿਆਂ ਕੋਈ ਨਾ ਪੁਛੇ, ਸਚ ਦਵਾਰ ਨਾ ਕੋਇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ

ਰੰਗ ਨਾਲ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਰੋਟੀ ਖਾਧੀ ਕਿ ਦਾਲ, ਸਾਰੇ ਦਿਓ ਸੁਣਾਈਆ । ਗ਼ਮੀ ਖ਼ੁਸ਼ੀ ਦਾ ਦੱਸੋ ਹਾਲ, ਪੜਦਾ ਦੇਣਾ ਚੁਕਾਈਆ । ਪੁਰਖ ਅਕਾਲ ਕਹੇ ਜਿਨ੍ਹਾਂ ਦੇ ਮੈਂ ਵਸਾਂ ਸਦਾ ਨਾਲ, ਅੰਤਰ ਹੋ ਕੇ ਨਿਰੰਤਰ ਰੂਪ ਦਰਸਾਈਆ । ਓਨ੍ਹਾਂ ਉਤੇ ਕੋਈ ਨਾ ਕਰੇ ਸਵਾਲ, ਜਵਾਬ ਤਲਬੀ ਨਾ ਕੋਇ ਕਰਾਈਆ । ਉਹ ਮੇਰਾ ਤੱਕ ਕੇ ਜਮਾਲ, ਜਨਮ ਮਰਨ ਦਾ ਲੇਖਾ ਗਏ ਚੁਕਾਈਆ । ਸਦਾ ਕਰਾਂ ਓਨ੍ਹਾਂ ਦੀ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਜਿਹੜੇ ਤੁਹਾਡੇ ਉਹ ਤੁਹਾਡੇ ਚਲੇ ਗਏ ਨਾਲ, ਭਗਤ ਭਗਵਾਨ ਨਾਲ ਆਪਣਾ ਝਟ ਲੰਘਾਈਆ । ਇਹ ਅਵੱਲੜੀ ਜਿਹੀ ਚਾਲ, ਭਗਤਾਂ ਨੂੰ ਪਤਾ ਨਹੀਂ ਆਪੇ ਓਨ੍ਹਾਂ ਦੀ ਸੁਰਤ ਰਿਹਾ ਸੰਭਾਲ, ਮਾਂ ਪਿਓ ਨੂੰ ਪਤਾ ਨਹੀਂ ਤੇ ਆਪੇ ਰਿਹਾ ਉਠਾਲ, ਪਿਓ ਪੁੱਤ ਨੂੰ ਰਮਜ਼ ਨਹੀਂ ਆਪੇ ਬਣਾਏ ਆਪਣੇ ਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਹੜੇ ਬੈਠੇ ਨਾਲ ਪਾਵੇ, ਖੱਬਾ ਸੱਜਾ ਦੇ ਸਮਝਾਈਆ । ਗੋਬਿੰਦ ਕਿਹਾ ਪਹਿਲੋਂ ਮੈਨੂੰ ਮੇਟ ਲੈਣ ਦਿਓ ਜਿਨ੍ਹਾਂ ਦਿਤੇ ਬੇਦਾਵੇ, ਬਦਲੀ ਦਿਆਂ ਕਰਾਈਆ । ਪੁਰਖ ਅਕਾਲ ਕੋਲੋਂ ਸਾਰੇ ਕਰਾ ਦੇਵਾਂ ਸਾਂਵੇ, ਕੰਡੇ ਇਕੋ ਦਿਆਂ ਤੁਲਾਈਆ । ਜਨਮ ਜਨਮ ਦੇ ਬਦਲ ਕੇ ਨਾਵੇਂ, ਨਵਾਂ ਜਨਮ ਦਿਆਂ ਵਖਾਈਆ । ਜੋ ਸੋਹੰ ਢੋਲਾ ਗਾਵੇ, ਗਾ ਗਾ ਖ਼ੁਸ਼ੀ ਬਣਾਈਆ । ਉਹ ਪੁਰਖ ਅਕਾਲ ਪਤਿਪਰਮੇਸ਼ਵਰ ਇਕੋ ਰਾਵੇ, ਦੂਜੀ ਸੇਜ ਨਾ ਕੋਇ ਹੰਢਾਈਆ । ਗੋਬਿੰਦ ਕਹੇ ਪ੍ਰਭੂ ਓਏ ਤੇਰੇ ਭਗਤ ਕੋਈ ਕੱਟੇ ਵੱਛੇ ਨਹੀਂ ਲਾਵੇਂ, ਜੰਮਣ ਵਾਲੀ ਹੋਰ ਨਾ ਕੋਈ ਮਾਈਆ । ਤੇਰੇ ਬਿਨਾ ਇਨ੍ਹਾਂ ਦੀ ਆਤਮਾ ਨਾ ਕੋਈ ਬਣਾਵੇ, ਪਰਮਾਤਮਾ ਬਿਨਾ ਤਨ ਵਜੂਦ ਕੰਮ ਕਿਸੇ ਨਾ ਆਈਆ । ਬਿਨ ਤੇਰੀ ਕਿਰਪਾ ਪਤ ਸਰਬ ਗਵਾਵੇ, ਚਲੇ ਨਾ ਕਿਸੇ ਚਤੁਰਾਈਆ । ਮੁਰਦੇ ਮਰਦ ਨਾ ਕੋਇ ਜਵਾਵੇ, ਜੀਵਣ ਜੁਗਤ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਖੜ੍ਹੀਏ ਕਿਸ ਦਰਵਾਜ਼ੇ, ਦਰਬਾਨ ਹੋ ਕੇ ਖ਼ੁਸ਼ੀ ਬਣਾਈਆ । ਕਿਹੜੇ ਵਕਤ ਸੁਹੰਜਣੇ ਜਾਗੇ, ਆਲਸ ਨਿੰਦਰਾ ਨਾ ਕੋਇ ਬਣਾਈਆ । ਪੁਰਖ ਅਕਾਲ ਕਹੇ ਪਹਿਲੋਂ ਮੇਰੇ ਭਗਤਾਂ ਨੂੰ ਮਾਰੋ ਇਕ ਆਵਾਜ਼ੇ, ਵਾਜਾ ਢੋਲਕ ਨਾ ਕੋਇ ਖੜਕਾਈਆ । ਓਨ੍ਹਾਂ ਦੇ ਸਾਫ਼ ਕਰੋ ਇਰਾਦੇ, ਪਵਿਤ੍ਰ ਲਓ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਮਾਤਲੋਕ ਵਿਚੋਂ ਡਰਦੇ ਭਾਜੇ, ਪੱਲੂ ਆਏ ਛੁਡਾਈਆ । ਸਾਨੂੰ ਪਤਾ ਲੱਗਾ ਤੂੰ ਪਰਗਟ ਹੋਇਆ ਦੇਸ ਮਾਝੇ, ਜੋ ਗੋਬਿੰਦ ਆਇਆ ਦ੍ਰਿੜਾਈਆ । ਰਚਿਆ ਅਗੰਮੀ ਕਾਜੇ, ਖੇਲ ਨੂਰ ਖ਼ੁਦਾਈਆ । ਉਹ ਕੱਢ ਲਏ ਜਿਹੜੇ ਵਿਚ ਦੋਆਬੇ, ਦਗ਼ਾ ਕਿਸੇ ਨਾਲ ਨਹੀਂ ਕਮਾਈਆ । ਕੁਛ ਲੇਖਾ ਲਿਖਿਆ ਨਾਨਕ ਬਾਬੇ, ਹੱਥ ਛਾਤੀ ਉਤੇ ਟਿਕਾਈਆ । ਕੁਛ ਗੋਬਿੰਦ ਹੱਥ ਉਤੇ ਰੱਖ ਕੇ ਬਾਜ਼ੇ, ਵਾਜ ਦਿਤੀ ਲਗਾਈਆ । ਮੇਰੇ ਗ਼ਰੀਬ ਨਿਵਾਜ਼ੇ, ਤੇਰੇ ਅੱਗੇ ਦੁਹਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਮੇਰੇ ਸੀਸ ਉਤੇ ਹੋਵੇ ਤਾਜੇ, ਤਾਜਾਂ ਵਾਲੇ ਦਿਆਂ ਮਿਟਾਈਆ । ਭਗਤਾਂ ਨਾਲ ਚਲੇ ਇਕ ਰਿਵਾਜੇ, ਰਜ਼ਾ ਵਿਚ ਸਾਰੇ ਲਵਾਂ ਚਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਸ ਬਿਧ ਕਰਾਵੇਂ ਹਾਜੇ, ਹਜ਼ਰਤ ਦੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਜੋ ਭਗਤਾਂ ਦੀ ਰਲ ਜਾਏ ਜਮਾਤੇ, ਜਮਾਂ ਤੋਂ ਦਿਆਂ ਛੁਡਾਈਆ । ਜੋ ਪਕਵਾਨ ਖਾ ਲਏ ਮੇਰਿਆਂ ਭਗਤਾਂ ਦੀਆਂ ਸਿਰ ਤੇ ਚੁਕੀਆਂ ਹੋਈਆਂ ਪਰਾਤੇ, ਪਤਣਾਂ ਤੋਂ ਪਾਰ ਦਿਆਂ ਲੰਘਾਈਆ । ਜਿਸ ਤਰ੍ਹਾ ਵੱਡਿਉਂ ਛੋਟਾ ਚੀਰ ਕੇ ਕਰਦਾ ਦਾਤੇ, ਅਸਲ ਦਾ ਰੂਪ ਦਏ ਬਦਲਾਈਆ ।

ਏਸੇ ਤਰ੍ਹਾ ਗੁਰਮੁਖੋ ਤੁਹਾਡੇ ਪੂਰੇ ਕਰਦਾ ਘਾਟੇ, ਘੱਟਿਆਂ ਵਿਚ ਰੁਲਦਿਆਂ ਸਚਖੰਡ ਦਵਾਰ ਦਿਆਂ ਬਹਾਈਆ । ਤੁਹਾਡੇ ਖਾ ਕੇ ਪ੍ਰੇਮ ਵਾਲੇ ਬਾਟੇ, ਅੰਮ੍ਰਿਤ ਰਸ ਦਿਆਂ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੇ ਭਗਤ ਕਿਹੜੇ, ਓਨ੍ਹਾਂ ਦੀ ਕਿਸਮ ਦੇ ਵਖਾਈਆ । ਪੁਰਖ ਅਕਾਲ ਕਿਹਾ ਜਿਹੜੇ ਮੇਰੇ ਭਗਤ ਦਵਾਰ ਦੇ ਆ ਗਏ ਵਿਚ ਵਿਹੜੇ, ਸਾਰੇ ਇਕੋ ਜਿਹੇ ਦਿਆਂ ਬਣਾਈਆ । ਜਨਮ ਜਨਮ ਦੇ ਚੁੱਕੇ ਝੇੜੇ, ਝਗੜਾ ਰਹੇ ਨਾ ਰਾਈਆ । ਆਵੋ ਤੱਕੋ ਹੋ ਕੇ ਅੱਗੇ ਨੇੜੇ, ਨਿਉਂ ਨਿਉਂ ਦਿਆਂ ਵਖਾਈਆ । ਜਿਹੜੇ ਮੇਰੇ ਹੁਕਮ ਦੇ ਆ ਗਏ ਘੇਰੇ, ਘਰਿਆਂ ਤੋਂ ਬਾਹਰ ਟਪਾਈਆ । ਓਹ ਸੱਜਣ ਬਣ ਗਏ ਮੇਰੇ, ਮੈਂ ਓਨ੍ਹਾਂ ਦਾ ਪਿਤਾ ਮਾਈਆ । ਜਿਨ੍ਹਾਂ ਦੇ ਜੁਗ ਚੌਕੜੀ ਵੱਡੇ ਜੇਰੇ, ਸਦੀ ਚੌਧਵੀਂ ਰਾਹ ਤਕਾਈਆ । ਫੜ ਕੇ ਬਾਹੋਂ ਮਾਂ ਪਿਉ ਵਿਚੋਂ ਨਖੇੜੇ, ਭੈਣਾਂ ਭਾਈਆਂ ਨਾਤੇ ਦਿਤੇ ਤੁੜਾਈਆ । ਦੇ ਕੇ ਆਪਣੇ ਗੇੜੇ, ਨਾਰੀਆਂ ਨਾਲ ਕੰਤ ਦਿਤੇ ਲੜਾਈਆ । ਉਹ ਆ ਗਏ ਐਸ ਵਿਹੜੇ, ਜਿਨ੍ਹਾਂ ਨੂੰ ਬੁਰਾ ਕਹੇ ਲੋਕਾਈਆ । ਪੁਰਖ ਅਕਾਲ ਓਨ੍ਹਾਂ ਪਿਛੇ ਬੁੱਢਾ ਨੱਢਾ ਹੋ ਕੇ ਮਾਰੇ ਫੇਰੇ, ਆਪਣਾ ਜੋਬਨ ਆਪਣੇ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਸਿੰਘਾਸਣ ਦੀ ਕਿਹੜੀ ਚੂਲ, ਪ੍ਰਭ ਸਹਿਜੇ ਦੇ ਸਮਝਾਈਆ । ਕਿਥੇ ਬਹੇਂ ਕੰਤ ਕੰਤੂਹਲ, ਕੰਤ ਧੁਰ ਦਰਗਾਹੀਆ । ਪੁਰਖ ਅਕਾਲ ਕਹੇ ਮੇਰੇ ਰਹਿਣ ਦਾ ਮੇਰੇ ਬਹਿਣ ਦਾ ਭਗਤਾਂ ਦੇ ਅੰਦਰ ਮੂਲ, ਜਿਥੇ ਵੇਖਣ ਕੋਇ ਨਾ ਜਾਈਆ । ਓਥੇ ਵੜਾਂ ਓਥੇ ਚੜ੍ਹਾਂ ਜਿਥੇ ਮੈਨੂੰ ਕੋਈ ਨਾ ਜਾਏ ਭੂਲ, ਭੁਲਿਆਂ ਨੂੰ ਆਪਣੇ ਨਾਲ ਰਲਾਈਆ । ਆਦਿ ਜੁਗਾਦਿ ਭਗਤ ੩੭੧

੨੦ ਉਧਾਰਨਾ ਬਣਿਆ ਇਕ ਅਸੂਲ, ਅਸਲ ਨਾਲ ਵਸਲ ਯਾਰ ਕਰਾਈਆ । ਹੁਕਮ ਇਕ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਂ ਕਦੇ ਨਾ ਜਾਵਾਂ ਭੂਲ, ਭੁੱਲਿਆਂ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਬਿਨ ਲੇਖ ਨਾ ਕਿਸੇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੀ ਕਿੱਥੇ ਉਹ ਲਿਖਤ, ਜਿਹੜੀ ਬਿਨ ਅੱਖਰਾਂ ਦਏਂ ਪੜ੍ਹਾਈਆ । ਸਾਨੂੰ ਸੰਦੇਸ਼ੇ ਦਿੱਤੇ ਨਾਲ ਭਵਿਖਤ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਪੁਰਖ ਅਕਾਲ ਕਹੇ ਜੇ ਪੁਛਣਾ ਪਹਿਲੋਂ ਆਪਣਿਆਂ ਦੀਨਾਂ ਮਜ਼੍ਹਬਾਂ ਨੂੰ ਮੇਰਾ ਦੱਸੋ ਇਸ਼ਟ, ਫੇਰ ਨੀਵੇਂ ਹੋ ਕੇ ਸੀਸ ਨਿਵਾਈਆ । ਮੈਂ ਕੋਈ ਗੁਰੂ ਨਹੀਂ ਜੋ ਭੋਗਾਂ ਜਗਤ ਗ੍ਰਿਹਸਤ, ਗ੍ਰਿਹਸਤੀਆਂ ਦਾ ਮਾਲਕ ਖ਼ਲਕ ਦਾ ਖ਼ਾਲਕ ਪ੍ਰਿਤਪਾਲਕ ਸਭ ਦਾ ਪਿਤਾ ਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮਾਤਮਾ ਅਸੀਂ ਏਸੇ ਕਰ ਕੇ ਮੰਗਦੇ ਆਏ ਵਕਤ, ਬੇਵਕਤ ਮੰਗ ਨਾ ਕੋਇ ਮੰਗਾਈਆ । ਪੁਰਖ ਅਕਾਲ ਕਹੇ ਹੁਣ ਵੇਖ ਲਓ ਸੁਹੰਜਣਾ ਮੇਰਾ ਭਗਤ, ਜੋ ਬਿਨ ਭਗਤੀ ਦਿਤਾ ਬਣਾਈਆ । ਜਿਨ੍ਹਾਂ ਦੇ ਕਾਰਨ ਆਇਆ ਫ਼ਕਤ, ਫ਼ਿਕਰਾ ਆਪਣਾ ਨਾਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਜਿਹੜੀ ਤੁਸਾਂ ਲਿਆਂਦੀ ਵਸਤ, ਪ੍ਰੇਮ ਨਾਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤੋ ਸ੍ਰੀ ਭਗਵਾਨ ਜੁਗ ਜੁਗ ਡਾਹਢਾ, ਡੰਡੌਤ ਬੰਦਨਾ ਸਜਦਾ ਸਭ ਨੂੰ ਦਏ ਸਮਝਾਈਆ । ਪੁਰਖ ਅਕਾਲ ਕਹੇ ਨਹੀਂ ਮੈਂ ਪ੍ਰੇਮ ਪਿਆਰ ਮੁਹੱਬਤ ਵਿਚ ਸਭ ਨਾਲੋਂ ਠਾਂਡਾ, ਭੁਲਿਆਂ ਨੂੰ ਅਗਨੀ ਵਿਚ ਤਪਾਈਆ । ਮੈਂ ਦੋ ਜਹਾਨਾਂ ਸਾਂਝਾ, ਵੰਡ ਵਿਚ ਹਿੱਸਾ ਨਾ ਕੋਇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੂੰ ਕੀ ਪੀਂਦਾ ਖਾਂਦਾ, ਕੀ ਵਸਤ ਤੇਰੀ ਭੇਟ ਚੜ੍ਹਾਈਆ । ਅਬਿਨਾਸ਼ੀ

ਕਰਤਾ ਕਹੇ ਜਿਹੜਾ ਮੇਰਾ ਨਾਮ ਗਾਂਦਾ, ਮੈਂ ਓਸੇ ਨੂੰ ਆਪਣਾ ਆਪ ਤ੍ਰਿਪਤ ਵਖਾਈਆ । ਮੈਂ ਕੋਈ ਪੰਡਤ ਨਹੀਂ ਮੁੱਲਾ ਨਹੀਂ ਗ੍ਰੰਥੀ ਨਹੀਂ ਨਾ ਜਗਤ ਵਾਲਾ ਪਾਂਧਾ, ਨਾ ਕੋਈ ਹਿਸਾਬ ਕਿਤਾਬ ਸਮਝਾਈਆ । ਮੈਂ ਕੋਈ ਮੰਗਦਾ ਨਹੀਂ ਗਊ ਢਾਂਡਾ, ਸੀਰਾ ਮੰਡਾਂ ਖਾ ਕੇ ਖ਼ੁਸ਼ੀ ਨਾ ਕੋਇ ਬਣਾਈਆ । ਮੈਂ ਕੋਈ ਜਲ ਪਾਣੀ ਨਾਲ ਨਹੀਂ ਨਹਾਂਦਾ, ਆਪਣਾ ਆਪ ਪਵਿਤ੍ਰ ਧੋਤੀ ਕਛਹਿਰੇ ਨਾਲ ਨਾ ਕੋਇ ਰਖਾਈਆ । ਮੈਂ ਕੋਈ ਪਹਿਨਦਾ ਨਹੀਂ ਤੇੜ ਸਲਵਾਰ ਪਜਾਮਾ, ਚੀਥੜ ਗਲ ਨਾ ਕੋਇ ਰਖਾਈਆ । ਮੈਂ ਕਿਸੇ ਦਾ ਤਾਇਆ ਚਾਚਾ ਤੇ ਫੁੱਫੜ ਨਹੀਂ ਮਾਮਾ, ਜਗਤ ਸੱਜਣ ਸਾਕ ਨਾ ਕੋਇ ਅਖਵਾਈਆ । ਮੈਂ ਕੋਈ ਮੱਝੀਆਂ ਗਾਈਆਂ ਚਾਰਨ ਵਾਲਾ ਨਹੀਂ ਕਾਮਾ, ਬੇਲਿਆਂ ਵਿਚ ਆਪਣਾ ਫੇਰਾ ਪਾਈਆ । ਮੈਂ ਕੋਈ ਢੋਲਕ ਖੜਕਾਉਣ ਵਾਲਾ ਰੱਖਿਆ ਨਹੀਂ ਦਮਾਮਾ, ਦਮਾਂ ਤੋਂ ਬਾਹਰ ਆਪਣਾ ਡੇਰਾ ਲਾਈਆ । ਮੈਂ ਕੋਈ ਦੀਨਾਂ ਮਜ਼੍ਹਬਾਂ ਵਾਲਾ ਰੱਖਿਆ ਨਹੀਂ ਵਿਧਾਨਾ, ਵਿਦਿਆ ਨਾਲ ਆਪਣਾ ਝਟ ਨਾ ਕੋਇ ਲੰਘਾਈਆ । ਜਦ ਆਵਾਂ ਤੇ ਵੱਖਰਾ ਪਹਿਰ ਕੇ ਜਾਮਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜਿਹੜਾ ਭੁਲਿਆ ਉਹ ਬੇਗਾਨਾ, ਗੁਰ ਅਵਤਾਰ ਬੁੱਢੇ ਉਫ਼ ਲੱਕ ਧੂਹ ਧੂਹ ਆਹ ਆਹ ਭਾਰ ਸਿਹਾ ਨਾ ਜਾਂਦਾ, ਦੀਨ ਮਜ਼੍ਹਬ ਕੰਧ ਨਾ ਕੋਇ ਉਠਾਈਆ । ਗੁਰਮੁਖੋ ਕਿਤੇ ਸਮਝ ਨਾ ਲਿਓ ਡਰਾਮਾ, ਧੁਰ ਦਾ ਨਿਸ਼ਾਨਾ ਰਿਹਾ ਜਣਾਈਆ । ਕਿਤੇ ਜਾਣ ਨਾ ਲਿਓ ਇਹ ਪੰਜਾਂ ਤੱਤਾਂ ਵਾਲਾ ਇਨਸਾਨਾ, ਪੂਰਨ ਸਿੰਘ ਕਹਿ ਕੇ ਸਾਰੇ ਰਹੇ ਗਾਈਆ । ਜੇ ਸਮਝੋ ਤੇ ਇਹ ਵਿਸ਼ਨੂੰ ਭਗਵਾਨਾ, ਤੁਹਾਡਾ ਪਿਤਾ ਮਾਈਆ । ਤੁਹਾਥੋਂ ਕੋਈ ਖਾਣ ਨੂੰ ਮੰਗਦਾ ਨਹੀਂ ਬਦਾਨਾ, ਬਦਾਮਾਂ ਨਾਲ ਆਪਣਾ ਬਲ ਨਾ ਕੋਇ ਵਧਾਈਆ । ਨਾ ਇਹ ਗੋਪੀਆਂ ਵਾਲਾ ਸ਼ਾਮਾ, ਨਾ ਬਨਾਂ ਵਾਲਾ ਰਾਮਾ, ਨਾ ਪੜ੍ਹਨ ਵਾਲਾ ਕਲਾਮਾ, ਨਾ ਸਲਾਮਾਂ ਵਿਚ ਸੀਸ ਝੁਕਾਈਆ । ਜੇ ਵੇਖੋ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਸ਼ਾਹਾਂ ਦਾ ਸੁਲਤਾਨਾ, ਸੁਤਿਆਂ ਨੂੰ ਰਿਹਾ ਜਗਾਈਆ । ਅੱਜ ਗੁਰ ਅਵਤਾਰ ਪੈਗ਼ੰਬਰੋ ਉਠੋ ਮੈਂ ਭਗਤਾਂ ਨੂੰ ਦੇਣ ਆਇਆ ਇਨਾਮਾ, ਨਾਮ ਵੰਡ ਕੇ ਹੱਥ ਰੱਖ ਕੇ ਕੰਡ, ਕੰਡਿਆਂ ਤੋਂ ਬਾਹਰ ਲੰਘਾਈਆ । ਕੋਈ ਨਾ ਦੇਵੇ ਦੰਡ, ਕੋਈ ਨਾ ਕਰੇ ਭੇਖ ਪਖੰਡ, ਦੂਤੀ ਦੁਸ਼ਟ ਦੇਣੇ ਖਪਾਈਆ । ਇਹ ਗੁਰਮੁਖ ਮੇਰੇ ਚੰਦ, ਚੰਦਰਮਾ ਸੂਰੀਆ ਜਿਨ੍ਹਾਂ ਦਾ ਦਰਸ਼ਨ ਪਾਈਆ । ਦਰਸ਼ਨ ਸਿੰਘ ਫੇਰਕੇ ਵੇਖ ਕੰਡ, ਇਹ ਕੋਈ ਭੇਖ ਨਹੀਂ ਪਖੰਡ, ਇਨ੍ਹਾਂ ਦਾ ਮਾਲਕ ਇਕ ਬਖ਼ਸ਼ੰਦ, ਧੁਰ ਦਾ ਸਾਹਿਬ ਇਕ ਗੋਸਾਈਆ । ਕੀ ਆਖੋਗੇ ਬੁੱਢਾ, ਕੀ ਆਖੋਗੇ ਨੱਢਾ, ਕੀ ਆਖੋਗੇ ਡੁੱਡਾ, ਸੁੱਤਾ ਕਿ ਜਾਗਦਾ, ਸਭ ਦੇ ਸਾਹਮਣੇ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਾਏ ਉਫ਼ ਸਦੀ ਚੌਧਵੀਂ ਕੋਈ ਨਾ ਮਿਲੇ ਢੋਈ, ਢੋਆ ਲੈ ਕੇ ਮਿਲਣ ਕੋਇ ਨਾ ਆਈਆ । ਸਾਡਾ ਰਿਹਾ ਨਾ ਕੋਈ, ਕੋਟੀ ਕੂਕ ਕੂਕ ਕੁਰਲਾਈਆ । ਪਤਾ ਨਹੀਂ ਏਸ ਭਗਤਾਂ ਦੀ ਆਤਮਾ ਕਿਸ ਤਰ੍ਹਾ ਮੋਹੀ, ਮੁਹੱਬਤ ਵਿਚ ਲਏ ਫਸਾਈਆ । ਕਿਹੜੀ ਧਾਰ ਅੰਦਰ ਬੋਈ, ਬੀਜ ਧੁਰ ਦਾ ਲਿਆ ਪਰਗਟਾਈਆ । ਜੋ ਇਹਦੇ ਵਰਗੀ ਹੋਈ, ਸੋਹੰ ਢੋਲਾ ਰਹੇ ਗਾਈਆ । ਸ੍ਰੀ ਭਗਵਾਨ ਕਹੇ ਮੇਰੇ ਭਗਤਾਂ ਦੀ ਆਤਮਾ ਸਦਾ ਨਵੀਂ ਨਰੋਈ, ਨਿਰਗੁਣ ਨਜ਼ਰੀ ਆਈਆ । ਕਿਉਂ ਮੇਰਾ ਭੇਤ ਜਾਣੇ ਕੋਈ, ਸਭ ਕੁਛ ਕੋਲ ਹੁੰਦਿਆਂ ਸਾਰੇ ਦਿਤੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਨਾ ਦੇ ਡਰ, ਡਰਦਿਆਂ ਨੂੰ ਹੋਰ ਨਾ ਦੇ ਡਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਪਿੱਛੇ ਵੀ ਤੈਥੋਂ ਆਏ ਡਰਦੇ, ਚਾਰ ਜੁਗ ਧਿਆਨ ਲਗਾਈਆ । ਤੇਰਾ ਨਾਮ ਆਏ ਪੜ੍ਹਦੇ, ਪੜ੍ਹਦਿਆਂ ਵਿਚੋਂ ਬਾਹਰ ਕਢਾਈਆ । ਬਣੇ ਰਹੇ ਬਰਦੇ, ਸੇਵਾ ਜਗਤ ਕਮਾਈਆ ।

ਦੁਨੀਆ ਨਾਲ ਆਏ ਲੜਦੇ, ਡਾਂਗਾ ਸੋਟੇ ਕੁਹਾੜੀਆਂ ਬਰਛੇ ਦਿਤੇ ਵਖਾਈਆ । ਇਹ ਤੇਰੇ ਖੇਲ ਸੀ ਪਿਛਲੇ ਸਾਲ ਪਰ ਦੇ, ਥੋੜ੍ਹੇ ਅੱਗੇ ਦਿੱਤੇ ਕਰਾਈਆ । ਹੁਣ ਵੇਖਿਓ ਘਰਾਨੇ ਘਰਾਨਿਆਂ ਨਾਲ ਸਾਰੇ ਲੜਦੇ, ਲੜਦਿਆਂ ਨਾ ਕੋਇ ਛੁਡਾਈਆ । ਜਨ ਭਗਤਾਂ ਕਾਜ ਏਸੇ ਤਰ੍ਹਾ ਸਰਦੇ, ਜਗਤ ਸ਼ਰਅ ਵਿਚੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਾਡਾ ਧੁਰ ਦਾ ਆਇਆ ਲੰਗਰ, ਤੇਰੇ ਹੁਕਮ ਨਾਲ ਲਿਆਈਆ । ਕਿਸੇ ਰੱਖਿਆ ਨਹੀਂ ਮੰਦਰ, ਮੱਠਾਂ ਮਸੀਤਾਂ ਨਾ ਕੋਇ ਪੁਚਾਈਆ । ਸਿੱਧਾ ਰੱਖਿਆ ਭਗਤਾਂ ਦੇ ਅੰਦਰ, ਸਹਿਜੇ ਦਿਤਾ ਟਿਕਾਈਆ । ਅੱਗੇ ਹੁਣ ਤੂੰ ਖੋਲ੍ਹ ਦੇ ਓਨ੍ਹਾਂ ਦਾ ਜੰਦਰ, ਤੇਰੀ ਵਾਰੀ ਆਈਆ । ਪੁਰਖ ਅਕਾਲ ਕਹੇ ਮੈਂ ਭਗਤ ਨਹੀਂ ਓਨ੍ਹਾਂ ਦੇ ਤਾਰ ਦੇਣੇ ਪਸ਼ੂ ਡੰਗਰ, ਜਿਹੜੇ ਮੇਰੇ ਗੁਰਮੁਖਾਂ ਦਾ ਦਰਸ਼ਨ ਪਾਈਆ । ਮੈਂ ਹੁਣ ਨਹੀਂ ਆਇਆ ਕਿਸੇ ਕੋਲੋਂ ਸੰਗਣ, ਜਗਤ ਵਾਲਾ ਸ਼ਰਮ ਹਯਾ ਸਾਰਾ ਦਿਤਾ ਗਵਾਈਆ । ਜ਼ਰੂਰ ਤੋੜਾਂਗਾ ਭਗਤੋ ਤੁਹਾਡੇ ਬੰਧਨ, ਬੰਦਗੀ ਤੋਂ ਬਿਨਾ ਆਪਣੇ ਬੰਦੇ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜੇ ਪ੍ਰਭੂ ਕਿਰਪਾ ਕਰੇ ਅਸੀਂ ਵੀ ਇਕ ਦਾਤ ਆਏ ਗੁਰਮੁਖਾਂ ਕੋਲੋਂ ਮੰਗਣ, ਬਣ ਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਬੇਨੰਤੀ ਦੇਣੀ ਕਰਵਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਆਪਣੀ ਦੱਸੋ ਖ਼ਾਹਿਸ਼, ਸਾਰੇ ਭਗਤ ਧਿਆਨ ਲਗਾਈਆ । ਸਾਰੇ ਕਹਿਣ ਪ੍ਰਭੂ ਚਾਰ ਜੁਗ ਦੀ ਸਾਚੀ ਆਸ, ਤੇਰੇ ਅੱਗੇ ਰਖਾਈਆ । ਜਿਨ੍ਹਾਂ ਨੇ ਪੀਤਾ ਇਕ ਇਕ ਗਲਾਸ, ਓਨ੍ਹਾਂ ਗੋਬਿੰਦ ਦੀ ਨੌਂ ਨੌਂ ਸਾਲ ਸੇਵ ਕਮਾਈਆ । ਜਿਨ੍ਹਾਂ ਖੋਤਿਆਂ ਉਤੇ ਮਾਰੇ ਪਲਾਕ, ਉਹ ਮੁਹੰਮਦ ਦੇ ਯਾਰ ਦੇਣ ਗਵਾਹੀਆ । ਅਰਬ ਵਿਚੋਂ ਹੋਇਆ ਇਤਫ਼ਾਕ, ਇਥੇ ਲਹਿਣੇ ਦਾ ਬਣਿਆ ਸਾਥ, ਸਾਥੀ ਝੋਟਿਆਂ ਵਾਲੇ ਨਾਨਕ ਦੇ ਵੇਲੇ ਦੇ ਕਸਾਈ, ਜਿਨ੍ਹਾਂ ਅੰਤਮ ਨਾਨਕ ਦੇ ਨਾਮ ਦੀ ਪਾਈ ਦੁਹਾਈ, ਹੱਥੋਂ ਛੁਰੀ ਕੱਢ ਪਰੇ ਰਖਾਈ, ਆਸ ਇਕੋ ਰਹੇ ਤਕਾਈਆ । ਸ਼ਬਦ ਅਗੰਮੀ ਆਵਾਜ਼ ਆਈ, ਹੁਣ ਹੋਣੀ ਪਏ ਜੁਦਾਈ, ਜਿਸ ਵੇਲੇ ਆਵੇ ਧੁਰ ਦਾ ਮਾਹੀ, ਤੁਹਾਡਾ ਬੇੜਾ ਦਏ ਤਰਾਈਆ । ਲਾਲ ਰੰਗ ਦਏ ਚੜ੍ਹਾਈ, ਹੱਥ ਵਾਗਾਂ ਦਏ ਫੜਾਈ, ਜਿਨ੍ਹਾਂ ਨੂੰ ਮਾਰਦੇ ਰਹੇ ਬਣ ਕਸਾਈ, ਕ਼ਸਮ ਤੁਹਾਡੀ ਪਿਛਲੀ ਦਏ ਗਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਕਿਉਂ ਮੋਢਿਆਂ ਉਤੇ ਰਖਾਏ ਭੂਰੇ, ਕਿਉਂ ਹੱਥਾਂ ਵਿਚ ਫੜਾਏ ਕਤੂਰੇ, ਕਿਉਂ ਲਾਲ ਚੜ੍ਹਾਏ ਚੂੜੇ, ਕਿਉਂ ਵੇਸ ਵਟਾਏ ਮੂੜ੍ਹੇ, ਕਿਉਂ ਮਸਤਕ ਲਾਏ ਧੂੜੇ, ਕਿਉਂ ਰੰਗ ਚੜ੍ਹਾਏ ਗੂੜ੍ਹੇ, ਕਿਉਂ ਇਕ ਦੂਜੇ ਨਾਲ ਜੂੜੇ, ਸਾਨੂੰ ਦੇ ਦਰਸਾਈਆ । ਪੁਰਖ ਅਕਾਲ ਕਹੇ ਇਹ ਸਰਸੇ ਦੇ ਸੰਗੀ, ਗੋਬਿੰਦ ਨੂੰ ਛੱਡ ਗਏ ਵਿਚ ਤੰਗੀ, ਅੱਧ ਵਿਚ ਜਾ ਕੇ ਮੰਗ ਇਕ ਮੰਗੀ, ਅੰਧੇਰੀ ਰਾਤ ਜਿਸ ਵੇਲੇ ਭੁੱਲੀ ਡੰਡੀ, ਅੰਦਰੋਂ ਵਾਸਨਾ ਨਿਕਲੀ ਮੰਦੀ, ਦੁਹਾਈ ਦੇ ਕੇ ਕਿਹਾ ਅਸੀਂ ਫੇਰ ਬਣੀਏ ਤੇਰੇ ਸੰਗੀ, ਸ਼ਬਦ ਗੋਬਿੰਦ ਕਿਹਾ ਤੁਹਾਡੀ ਬਾਤ ਚੰਗੀ, ਗੋਬਿੰਦ ਦੇ ਦਵਾਰੇ ਕੋਈ ਡੰਗਰਾਂ ਵਾਲੀ ਨਹੀਂ ਮੰਡੀ, ਸੌਦਾ ਹੱਥੋ ਹੱਥ ਨਾ ਕੋਇ ਵਿਕਾਈਆ । ਜਿਸ ਵੇਲੇ ਆਵੇ ਮੇਰਾ ਸੂਰਾ ਸਰਬੰਗੀ, ਮੈਂ ਓਸ ਦਾ ਹੋਵਾਂ ਭੁਯੰਗੀ, ਉਹ ਵੀ ਤੁਹਾਡੇ ਨਾਲ ਰਲਾਵਾਂ ਜਿਨ੍ਹਾਂ ਦੇ ਮੂੰਹ ਵਿਚ ਨਹੀਂ ਦੰਦੀ, ਉਹ ਵੀ ਸਾਥੀ ਜਿਨ੍ਹਾਂ ਨੇ ਚਰਖੇ ਤੰਦ ਨਾ ਪਾਈ ਤੰਦੀ, ਸਭ ਦਾ ਲਹਿਣਾ ਦਿਆਂ ਮੁਕਾਈਆ । ਗੁਰ ਅਵਤਾਰ ਕਹਿਣ ਪ੍ਰਭ ਦੱਸ ਅਗੰਮੀ ਬਾਤ, ਭੇਵ ਦੇ ਖੁਲ੍ਹਾਈਆ । ਜਿਨ੍ਹਾਂ ਫ਼ਾਕਾ ਕੱਟਿਆ ਦਿਵਸ ਰਾਤ, ਤੇਰਾ ਧਿਆਨ ਲਗਾਈਆ । ਪੁਰਖ ਅਕਾਲ ਕਿਹਾ ਇਹ ਸਾਥੀ ਤ੍ਰਿਲੋਕੀ ਨਾਥ, ਦੁਆਪਰ

ਦਏ ਗਵਾਹੀਆ । ਓਸ ਵੇਲੇ ਜੰਗਲ ਵਿਚ ਆਈ ਇਕ ਰਾਤ, ਬਨਵਾਸ ਵਿਚ ਝਟ ਲੰਘਾਈਆ । ਅਗਲੇ ਦਿਨ ਘਨਈਆ ਸ਼ਾਮ ਵੇਲੇ ਮਿਲਿਆ ਆਪ, ਆਪਣੇ ਭੰਡਾਰੇ ਵਿਚੋਂ ਉਨ੍ਹਾਂ ਨੂੰ ਦਿਤਾ ਖਵਾਈਆ । ਨਾਲੇ ਕਿਹਾ ਸ਼ਾਬਾਸ਼, ਤੁਹਾਡਾ ਅਗਲਾ ਲੇਖਾ ਦਿਆਂ ਦ੍ਰਿੜਾਈਆ । ਜਿਸ ਵੇਲੇ ਆਇਆ ਸ਼ਾਮਾਂ ਦਾ ਸ਼ਾਮ ਆਪ, ਤੁਹਾਡਾ ਬਣੇ ਬਾਪ, ਭਗਤਾਂ ਦਾ ਵਧਾਏ ਪਰਤਾਪ, ਸੋਹੰ ਜਪਾਏ ਜਾਪ, ਸਭ ਨੂੰ ਕਰੇ ਪਾਕ, ਅੰਦਰੋਂ ਖੋਲ੍ਹੇ ਤਾਕ, ਸ਼ਬਦ ਸੁਨੇਹੜਾ ਦੇਵੇ ਬਿਨਾ ਡਾਕ, ਸਭ ਦਾ ਪੂਰਾ ਕਰੇ ਭਵਿਖਤ ਵਾਕ, ਜਗਤ ਕਲਾਕ ਸਭ ਨੂੰ ਦਏ ਗਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਿਨ੍ਹਾਂ ਹਥਿਆਰ ਪਹਿਨੇ ਜੰਗੀ, ਜੰਗਜੂ ਲਏ ਬਣਾਈਆ । ਦੁਰਗਾ ਕਹੇ ਮੈਂ ਓਨ੍ਹਾਂ ਦੇ ਭੇਟ ਕੀਤੀ ਆਪਣੀ ਡੰਡੀ, ਕੰਨਾਂ ਦਾ ਬੁੰਦਾ ਨਾਲ ਰਲਾਈਆ । ਜਿਸ ਵੇਲੇ ਕਲਜੁਗ ਅੰਤ ਆਵੇ ਸਰਬੰਗੀ, ਬਿਨਾ ਸੁਰਾਂ ਤਾਲਾਂ ਤੋਂ ਆਪਣਾ ਨਾਮ ਦਏ ਜਪਾਈਆ । ਜਿਹੜਾ ਓਸ ਦੀ ਹੱਦ ਗਿਆ ਲੰਘੀ, ਲੰਘਦਿਆਂ ਪਾਰ ਕਰਾਈਆ । ਜਿਥੇ ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਹੇ ਨਾ ਕੋਇ ਪਾਬੰਦੀ, ਪਾਬੰਦ ਬਿਨਾ ਰਸਨਾ ਜਿਹਵਾ ਬੱਤੀ ਦੰਦ ਆਤਮਾ ਪਰਮਾਤਮਾ ਦਾ ਦਏ ਕਰਾਈਆ । ਜਿਸ ਦੇ ਨਾਲ ਜੁਗ ਚੌਕੜੀ ਹੰਢੀ, ਗੁਰ ਅਵਤਾਰਾਂ ਧਾਰ ਗੰਢੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤੋ ਕੁਛ ਆਇਆ ਸਬਰ, ਕਿ ਭੁੱਖੇ ਬੈਠੇ ਐਵੇਂ ਪ੍ਰਭੂ ਧਿਆਈਆ । ਜਨ ਭਗਤ ਕਹਿਣ ਅਸੀਂ ਓਸੇ ਦਾ ਟੱਬਰ, ਜਿਉਂ ਭਾਵੇ ਤਿਉਂ ਆਪਣੇ ਨਾਲ ਲਏ ਚਲਾਈਆ । ਗੁਰ ਅਵਤਾਰ ਪੈਗ਼ੰਬਰੋ ਮੈਂ ਸ਼ੇਰ ਬੱਬਰ, ਭੁੱਖਿਆਂ ਨੂੰ ਸਦਾ ਰਜਾਈਆ । ਕਿਉਂ ਭਗਤਾਂ ਦੇ ਫਿਰਾਂ ਸਦਾ ਮਗਰ, ਤਕੜਾ ਹੋ ਕੇ ਪਾਸੇ ਮਾਰ ਕੇ ਅੰਦਰੋਂ ਤੋੜ ਕੇ ਜੰਦਰ, ਮਨ ਬੰਨ ਕੇ ਬੰਦਰ, ਮਿੱਟੀ ਦਾ ਸੁਹਾ ਕੇ ਮੰਦਰ, ਦਾੜ੍ਹੀ ਖੋਲ੍ਹ ਕੇ ਆਪਣਾ ਰੂਪ ਨਾ ਕੋਇ ਵਖਾਈਆ । ਮੈਂ ਕੋਈ ਲਾਉਂਦਾ ਨਹੀਂ ਮੱਥੇ ਨੂੰ ਚੰਦਨ, ਕਿਸੇ ਦੀ ਕਰਦਾ ਨਹੀਂ ਬੰਦਨ, ਜੇ ਆਵਾਂ ਤੇ ਭਗਤਾਂ ਨੂੰ ਸਚਖੰਡ ਦਵਾਰੇ ਟੰਗਣ, ਅੱਧ ਵਿਚਕਾਰ ਨਾ ਕਦੇ ਰਖਾਈਆ । ਜਿਨ੍ਹਾਂ ਨੇ ਖੱਬੇ ਤੋਂ ਸੱਜੇ ਕੀਤੇ ਕੰਗਣ, ਓਨ੍ਹਾਂ ਦਾ ਮਾਨਸ ਜਨਮ ਅਗਲਾ ਬਦਲ ਗਿਆ ਬਦਨ, ਜਾਮਾ ਬਾਕੀ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਉਂ ਗੁਰਮੁਖ ਲੜਦੇ ਵੇਖੇ ਵਾਂਗ ਸ਼ਰੀਕਾਂ, ਧੱਕਾ ਇਕ ਦੂਜੇ ਨੂੰ ਰਹੇ ਲਗਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਉਹ ਐਂ ਲੜਦੇ ਹੁਣ ਅਸੀਂ ਦੀਨਾਂ ਮਜ਼੍ਹਬਾਂ ਦੀਆਂ ਭੁਗਤਣੀਆਂ ਨਹੀਂ ਤਰੀਕਾਂ, ਕਿਸੇ ਅਦਾਲਤ ਵਿਚ ਜਾ ਕੇ ਸਲਾਮ ਦੁਆ ਨਾ ਕਿਸੇ ਜਣਾਈਆ । ਅਸੀਂ ਰਹਿਣਾ ਨਹੀਂ ਵਿਚ ਊਚਾਂ ਨੀਚਾਂ, ਇਕੋ ਪ੍ਰਭ ਦੇ ਰੰਗ ਸਮਾਈਆ । ਜੇ ਲੱਗਣ ਤੇ ਓਸ ਦੇ ਨਾਲ ਪ੍ਰੀਤਾਂ, ਜੋ ਪ੍ਰੀਤਮ ਹੋ ਕੇ ਤੋੜ ਨਿਭਾਈਆ । ਜਿਸ ਦਾ ਭਗਤ ਫੁਲਵਾੜੀ ਗੁੰਚਿਆਂ ਤੋਂ ਬਾਹਰ ਗੁਲਸ਼ਨ ਵਾਲਾ ਬਗ਼ੀਚਾ, ਸੋਹਣਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਪਤਾ ਲੱਗਾ ਲਿਖਾਰੀ ਨੇ ਫੜ ਲਏ ਤਿੰਨ ਗੱਤੇ, ਵੰਡ ਹੁਕਮ ਵਾਲੀ ਵੰਡਾਈਆ । ਪੁਰਖ ਅਕਾਲ ਕਹੇ ਤੁਹਾਡੇ ਤਿੰਨਾਂ ਲੋਕਾਂ ਦੇ ਪਾੜ ਦਿਤੇ ਪਟੇ, ਪਟੇਦਾਰੀ ਰਹਿਣ ਕੋਈ ਨਾ ਪਾਈਆ । ਸਭ ਨੂੰ ਸਵਾ ਕੇ ਉਤੇ ਫੱਟੇ, ਗੁਰਮੁਖਾਂ ਦੇ ਕੋਲੋਂ ਸਚਖੰਡ ਟਿਕਾਈਆ । ਜਿਹੜੇ ਉਤੋਂ ਲਾਲ ਨੇ ਸੁੱਟੇ ਟਕੇ, ਟਕਿਆਂ ਦੀ ਕੀਮਤ ਸਤਿਗੁਰ ਨਾਮ ਦਏ ਚੁਕਾਈਆ । ਜਿਸ ਨੇ ਮਾਰੇ ਵੱਟੇ, ਵਟਣਾ ਧੁਰ ਦਾ ਦਏ ਚੜ੍ਹਾਈਆ । ਜਿਸ ਨੇ ਸੂਈ ਤਾਗਾ ਪਾਇਆ

ਨੱਕੇ, ਜਗਤ ਚੁਰਾਸੀ ਵਿਚੋਂ ਬਾਹਰ ਰਖਾਈਆ । ਜਿਸ ਨੇ ਤੰਦ ਕੱਟਿਆ ਨਾਲ ਹੱਥੇ, ਪਿਛਲੇ ਜਨਮ ਦਾ ਲਹਿਣਾ ਦੇਣਾ ਚੁਕਾਈਆ । ਜਿਨ੍ਹਾਂ ਨੇ ਫੜੇ ਖ਼ਾਲੀ ਬੱਤੇ, ਨੌ ਜਨਮ ਦੇ ਵਿਛੜੇ ਲਏ ਮਿਲਾਈਆ । ਜਿਨ੍ਹਾਂ ਨੇ ਪੁੱਟੇ ਡੱਕੇ, ਇਹ ਗੋਬਿੰਦ ਦੇ ਬਾਹਰੋਂ ਦੁਸ਼ਮਣ ਤੇ ਅੰਦਰੋਂ ਪ੍ਰੇਮ ਵਧਾਈਆ । ਇਹ ਸਾਰੇ ਮੁਸਲਮਾਨ ਚਾਚੇ ਤਾਇਆਂ ਦੇ ਭਰਾ ਸਕੇ, ਮਲੇਰ ਕੋਟਲੇ ਵਿਚ ਸੋਭਾ ਪਾਈਆ । ਜਿਨ੍ਹਾਂ ਦਾ ਅੰਦਰ ਸੋਹੰ ਧਾਰ ਜਪੇ, ਉਹ ਰਵਦਾਸ ਦੇ ਗਵਾਂਢੀ ਸੋਭਾ ਪਾਈਆ । ਭੁੱਖੇ ਨੰਗੇ ਜਿਸ ਨੇ ਕਰ ਲਏ ਪੱਕੇ, ਕੱਚੇ ਤੰਦ ਦੇ ਗਾਂਢੇ ਨਾ ਕੋਇ ਤੁੜਾਈਆ । ਜਿਨ੍ਹਾਂ ਨੇ ਤੂੰ ਹੀ ਸਾਡਾ ਮਾਈ ਬਾਪ ਢੋਲੇ ਜਪੇ, ਸੁੱਤਿਆਂ ਲਏ ਜਗਾਈਆ । ਜਿਨ੍ਹਾਂ ਦੇ ਹੱਥ ਵਿਚ ਰੱਸੇ, ਰਸਤਿਉਂ ਘੁੱਥੇ ਫੜ ਕੇ ਬੰਨ੍ਹ ਕੇ ਰਾਹੇ ਲਏ ਪਾਈਆ । ਜਿਨ੍ਹਾਂ ਦੇ ਦਸਤਾਰੇ ਸਿਰ ਉਤੇ ਪੁੱਠੇ, ਮਾਤ ਗਰਭ ਦੇ ਵਿਚ ਪੁੱਠਾ ਸਿਰ ਨਾ ਕਦੇ ਲਟਕਾਈਆ । ਜਿਨ੍ਹਾਂ ਦੇ ਸਿਰਾਂ ਉਤੇ ਰੁਮਾਲ ਚਿੱਟੇ, ਚਿੱਟੀ ਧਾਰੋਂ ਪਾਰ ਲੰਘਾਈਆ । ਜਿਨ੍ਹਾਂ ਪ੍ਰਭ ਮਿਲਣ ਦੀ ਸਿੱਕੇ, ਤਿਨ੍ਹਾਂ ਹਾਰ ਗਲ ਛੁਹਾਈਆ । ਜਨ ਭਗਤੋ ਇਹ ਵੇਲਾ ਮਿਲਦਾ ਕਦੀ ਤੇ ਕਿਤੇ, ਕੀਮਤ ਵਿਚ ਹੱਥ ਕਦੀ ਨਾ ਆਈਆ । ਪ੍ਰਭੂ ਨੂੰ ਕਦੀ ਨਾ ਭਾਉਂਦੇ ਦਗ਼ੇ, ਦਗ਼ਿਆਂ ਵਾਲਿਓ ਅੰਦਰੋਂ ਦਗ਼ੇ ਲੈਣੇ ਕਢਾਈਆ । ਜਿਨ੍ਹਾਂ ਦੇ ਹੱਥ ਫੜਾਈ ਚਿੱਟੇ, ਚੇਟਕ ਅਗਲਾ ਲਏ ਲਗਾਈਆ । ਜਿਸ ਦੇ ਤਾਗਾ ਬੱਧਾ ਕਾਲਾ ਗਿੱਟੇ, ਉਹ ਗੋਬਿੰਦ ਦੇ ਤੇਰਾਂ ਸਾਲ ਚਰਨ ਘੁਟ ਕੇ ਝਟ ਲੰਘਾਈਆ । ਜਿਹੜੇ ਸਾਚੇ ਦਵਾਰੇ ਆਏ ਸਿੱਧੇ, ਮੁਖ ਅੱਖਾਂ ਧਿਆਨ ਲਗਾਈਆ । ਜਿਨ੍ਹਾਂ ਦੇ ਮੋਢਿਆਂ ਉਤੇ ਬਰਛੇ ਤਿੱਖੇ, ਸੂਲੀ ਉਪਰ ਨਾ ਕੋਇ ਟੰਗਾਈਆ । ਜਿਸ ਨੇ ਸਿਰ ਤੇ ਰੱਖੇ ਛੇ ਖੱਖੇ, ਛੇਆਂ ਸ਼ਾਸਤਰਾਂ ਤੋਂ ਵਿਦਿਆ ਬਾਹਰ ਦਿਤੀ ਸਮਝਾਈਆ । ਇਹ ਸਭ ਕੁਛ ਵੇਖ ਕੇ ਜਗਤ ਲੋਕਾਈ ਦੀ ਬਾਹਰਲੀ ਧਾਰ ਪਿੱਟੇ, ਹਾਏ ਹਾਏ ਕਰ ਸੁਣਾਈਆ । ਮਾਇਆ ਮਮਤਾ ਮੋਹ ਕਹੇ ਅਸੀਂ ਜਾਈਏ ਕਿੱਥੇ, ਕਵਣ ਘਰ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਹੁਣ ਨਾ ਲੱਗੋ ਪਿਛੇ, ਪਿੱਛਾ ਲਿਆ ਛੁਡਾਈਆ । ਜਿਹੜਾ ਪੁਰਖ ਅਕਾਲ ਸਭ ਦੀ ਕਰੇ ਰੱਛੇ, ਆਦਿ ਦਾ ਬੁੱਢਾ ਮਧ ਦਾ ਡੁੱਡਾ, ਅੰਤ ਦਾ ਜੋਬਨਵੰਤਾ ਸੋਭਾ ਪਾਈਆ । ਓਏ ਗੁਰਮੁਖੋ ਕੋਈ ਮੰਨੋਗੇ ਗੁੱਗਾ, ਕਿਸੇ ਕੋਲੋਂ ਲਵੋਗੇ ਭੁੱਗਾ, ਯਾਦ ਰੱਖੋ ਮੇਰਾ ਸ਼ਬਦ ਸਰੂਪੀ ਚੁੱਘਾ, ਜੁਗਾਂ ਦਾ ਲੇਖਾ ਰਿਹਾ ਮੁਕਾਈਆ । ਤੁਹਾਡਾ ਨਾਮ ਸ਼ਬਦ ਨਾਲ ਬੰਨ੍ਹਾਂ ਗੁੱਡਾ, ਜਿਹੜਾ ਦੋ ਜਹਾਨਾਂ ਉਡਾ, ਉਚਾ ਹੋ ਕੇ ਤੁਹਾਡੇ ਅੰਦਰ ਵੜ ਕੇ ਕੁੱਦਾ, ਜਿਸ ਦੀ ਯਾਦ ਕਰ ਕੇ ਗਿਆ ਬੁੱਧਾ, ਗੋਤਮ ਬੜ੍ਹ ਦੇ ਥੱਲੇ ਸੀਸ ਨਿਵਾਈਆ । ਪੁਰਖ ਅਕਾਲ ਨੇ ਓਸ ਦਾ ਸੁਆਰ ਦਿਤਾ ਪੰਜ ਤਤ ਦਾ ਝੁੱਗਾ, ਨਾਮ ਭੰਡਾਰਾ ਦੇ ਕੇ ਸੁਧਾ, ਸਿੱਧੀਆਂ ਤੋਂ ਪਰੇ ਦਿਤਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੂੰ ਕਿਹੜੇ ਕੰਮੇ ਰੁੱਝਾ, ਕੁਝ ਸਾਨੂੰ ਭੇਤ ਦੱਸ ਗੁੱਝਾ, ਪੁਰਖ ਅਕਾਲ ਕਹੇ ਓਏ ਗੁਰ ਅਵਤਾਰ ਪੈਗ਼ੰਬਰੋ ਮੇਰਾ ਖੇਲ ਕਦੇ ਨਾ ਮੁੱਕਾ, ਮੈਂ ਸਭ ਨੂੰ ਰੱਖਾਂ ਸੁੱਕਾ, ਬੜਾ ਖ਼ੁਸ਼ ਹੋਵਾਂ ਤੇ ਭਗਤਾਂ ਨਾਲ ਤੁਹਾਨੂੰ ਭੰਡਾਰਾ ਖਵਾਵਾਂ ਰੁੱਖਾ, ਖਾਣ ਪੀਣ ਵਾਲਾ ਗੁਰੂ ਮੇਰੇ ਦਰ ਤੇ ਕਦੇ ਨਾ ਪਾਈਆ । ਮੇਰਾ ਨੂਰ ਇਕੋ ਫੁੱਟਾ, ਜਿਸ ਦਾ ਜੋਬਨ ਕਦੇ ਨਾ ਟੁੱਟਾ, ਜਗਤ ਜਹਾਨ ਜਾਏ ਨਾ ਲੁੱਟਾ, ਫੁੱਟਾਂ ਜਗਤ ਵਿਚੋਂ ਦਏ ਕਢਾਈਆ । ਜਿਨ੍ਹਾਂ ਨੇ ਉਤੋਂ ਕੀਤੀਆਂ ਸੁੱਟਾਂ, ਓਨ੍ਹਾਂ ਦੇ ਅੰਦਰ ਹੋ ਕੇ ਪੁਛਾਂ, ਰੁਸਿਆਂ ਨਾਲ ਕਦੀ ਨਾ ਰੁੱਸਾਂ, ਵਿਛੜਿਆਂ ਲਵਾਂ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਕਰਨੀ ਰਿਹਾ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੁਰਮੁਖੋ ਅਸੀਂ ਸਾਰੇ ਇਕੋ ਅਕਾਲ ਦੀ ਜੋਤੀ, ਜੋਤਾਂ ਵਾਲੀ ਦਏ ਦੁਹਾਈਆ । ਸਵੇਰੇ

ਸਾਂਝੀ ਕਰੀਏ ਸਾਰੇ ਰੋਟੀ, ਖਾਣਾ ਭਗਤ ਮੈਨੂੰ ਦੇਣ ਖਵਾਈਆ । ਰੀਤ ਚਲੇ ਨਾ ਸਾਧਾਂ ਦੀ ਜੀਂਦਿਆਂ ਦੇਣ ਵਾਲੀ ਮੋਛੀ, ਮੋਛਿਆਂ ਦੀ ਲੋੜ ਰਹੇ ਨਾ ਰਾਈਆ । ਤੁਹਾਡੇ ਇਕ ਡੰਗ ਦੀ ਪ੍ਰੀਤੀ ਬਹੁਤੀ, ਜੁਗਾਂ ਦਾ ਗੇੜ ਗਵਾਈਆ । ਇਹ ਕੋਈ ਦੇਣੀ ਨਹੀਂ ਆਹੂਤੀ, ਪਾਉਣੀ ਨਹੀਂ ਭਬੂਤੀ, ਇਹ ਖੇਲ ਸਭ ਤੋਂ ਕਸੂਤੀ, ਜਿਸ ਦੀ ਕਿਸਮ ਨਾ ਕਿਸੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਦਿਤੀ ਸੂਚਨਾ ਸੂਚੀ, ਸਾਡੀ ਅੰਦਰੋਂ ਬਦਲ ਗਈ ਰੁੱਚੀ, ਅਸੀਂ ਵੇਖਣ ਆਏ ਕਿਸ ਬਿਧ ਭਾਗ ਲੱਗਾ ਹਰਿ ਭਗਤ ਦਵਾਰੇ ਪ੍ਰਭ ਦੇ ਪੁੱਤੀਂ, ਪੱਤਣ ਬੈਠੇ ਸਾਰੇ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮਾਂ ਦਾ ਲੇਖਾ ਰਿਹਾ ਮੁਕਾਈਆ । ਗੁਰ ਅਵਤਾਰ ਪੈਗ਼ੰਬਰੋ ਕੀ ਹੁੰਦਾ ਕਰਮ, ਜ਼ਰਾ ਭਗਤਾਂ ਦਿਓ ਸੁਣਾਈਆ । ਭਗਤ ਕਹਿਣ ਸਾਡੀ ਆਤਮਾ ਦਾ ਪਰਮਾਤਮਾ ਦੇ ਵਿਚੋਂ ਹੋਇਆ ਜਨਮ, ਨਿਹਕਰਮੀ ਵਿਚ ਸਮਾਈਆ । ਤੱਤਾਂ ਵਾਲਾ ਸ਼ਰੀਰ ਮਾਤਾ ਪਿਤਾ ਦਾ ਭਰਮ, ਰਕਤ ਬੂੰਦ ਜੋੜ ਜੁੜਾਈਆ । ਪੁਰਖ ਅਕਾਲ ਕਹੇ ਭਗਤੋ ਮੇਰਾ ਤੁਹਾਡੇ ਨਾਲ ਪਰਨ, ਪਾਰਬ੍ਰਹਮ ਹੋ ਕੇ ਬ੍ਰਹਮ ਆਪਣੇ ਵਿਚ ਸਮਾਈਆ । ਤੁਸੀਂ ਇਕੇ ਦੀ ਲੱਗੇ ਸਰਨ, ਜੋ ਚੁਕਾਵੇ ਮਰਨ ਡਰਨ, ਤਰਨੀ ਤਰਨ ਦਾਤਾ ਬੇਪਰਵਾਹੀਆ । ਗੁਰਮੁਖ ਕਹਿਣ ਪ੍ਰਭੂ ਅਸੀਂ ਤੇਰਾ ਢੋਲਾ ਲੱਗੇ ਪੜ੍ਹਨ, ਦੂਜੇ ਦਵਾਰੇ ਕਦੀ ਨਹੀਂ ਲੱਗੇ ਵੜਨ, ਰਸਤਾ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਕੀ ਤੇਰੇ ਭਗਤ, ਸਾਡਾ ਸੰਗ ਬਣਾਉਣਗੇ । ਪੁਰਖ ਅਕਾਲ ਕਿਹਾ ਇਹ ਮੇਰਾ ਅਗੰਮੀ ਵਕਤ, ਉਹ ਸੋਹਣਾ ਵਕਤ ਸੁਹੌਣਗੇ । ਜੇ ਤੁਸੀਂ ਨਿਰਗੁਣ ਧਾਰ ਆਏ ਜਗਤ, ਤੁਹਾਡੀ ਜੋਤ ਰੰਗ ਰੰਗਾਉਣਗੇ । ਸ਼ਹਿਨਸ਼ਾਹੀ ਦਾ ਦੂਜਾ ਸੰਮਤ, ਸਮੇਂ ਦਾ ਵਕਤ ਸੁਹਾਉਣਗੇ । ਰਹੇ ਨਾ ਕੋਈ ਫ਼ਰਕ, ਫ਼ਿਰਕਾ ਅੰਦਰੋਂ ਸਰਬ ਤਜਾਉਣਗੇ । ਇਕ ਦੂਜੇ ਦਾ ਕਰ ਕੇ ਦਰਸ, ਤ੍ਰਿਸ਼ਨਾ ਤ੍ਰਿਪਤ ਕਰਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਕੇ ਇਕ ਵਖਾਉਣਗੇ । ਜਨ ਭਗਤ ਸਾਚਾ ਮੇਲ ਮਿਲਾਉਣਗੇ । ਤੁਸੀਂ ਆਏ ਉਤੋਂ ਅਰਸ਼, ਜੋਤ ਧਾਰ ਆਪਣਾ ਖੇਲ ਖਿਲਾਉਣਗੇ । ਉਹ ਵੇਖਣ ਉਪਰ ਧਰਤ, ਭਗਤ ਦਵਾਰੇ ਸੋਭਾ ਪਾਉਣਗੇ । ਇਹ ਖੇਲ ਹੋਵੇ ਅਸਚਰਜ, ਅਚਰਜ ਲੀਲਾ ਇਕ ਦ੍ਰਿੜਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਦਰ ਸੋਭਾ ਪਾਉਣਗੇ । ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਸਾਂਝਾ ਹੋਵੇ ਭੋਜਨ, ਘਰ ਇਕੋ ਵੱਜੇ ਵਧਾਈਆ । ਹੰਗਤਾ ਦਾ ਰਹੇ ਕੋਈ ਨਾ ਰੋਗਣ, ਕੂੜ ਗੜ੍ਹ ਦੇਣਾ ਤੁੜਾਈਆ । ਮਨ ਵਾਸਨਾ ਕਟ ਕਲਜੋਗਣ, ਕਲਮਾ ਧੁਰ ਦਾ ਦੇਣਾ ਸਮਝਾਈਆ । ਨਾਮ ਦੱਸ ਅਗਾਧ ਬੋਧਨ, ਬੁੱਧੀ ਬਿਬੇਕ ਦੇਣੀ ਕਰਾਈਆ । ਸੁਣਾ ਕੇ ਸਚ ਸਲੋਕਣ, ਸੋਹਲਾ ਹਕ ਆਪਣਾ ਨਾਮ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਧੁਰ ਦਾ ਹੁਕਮ ਕਹੇ ਸਾਰੇ ਭਗਤ ਗੁਰਮੁਖ ਗੁਰਸਿਖ ਖ਼ੁਸ਼ੀਆਂ ਨਾਲ ਸਵੇਰੇ ਤਿਆਰ ਕਰਨ ਪਰਸ਼ਾਦਾ, ਸੇਵਾ ਸਚ ਸਚ ਕਮਾਈਆ । ਪੂਰਾ ਹੋਵੇ ਗੁਰ ਅਵਤਾਰ ਪੈਗ਼ੰਬਰਾਂ ਇਰਾਦਾ, ਹਰਸ ਹਵਸ ਰਹੇ ਨਾ ਰਾਈਆ । ਖਾਣ ਪੀਣ ਦਾ ਲੇਖਾ ਹੋਵੇ ਸਾਦਾ, ਜਗਤ ਵਾਲੀ ਨਾ ਕੋਇ ਵਡਿਆਈਆ । ਲੇਖਾ ਜਾਣੇ ਸ਼ਾਹੋ ਭੂਪ ਰਾਜਨ ਰਾਜਾ, ਧੁਰ ਦਰਗਾਹ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ


੩੭੬
੨੦

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰਾਂ ਭਗਤਾਂ ਸੰਗ ਖਵਾਵੇ ਪਕਵਾਨ, ਪਕਵਾਨ ਤੋਂ ਬਾਦ ਦੇਵੇ ਦਾਦ ਅੰਦਰ ਇਮਦਾਦ, ਸੋਈ ਸੁਰਤੀ ਜਾਏ ਜਾਗ, ਮਿਲੇ ਮਹਿਬੂਬ ਇਕ ਵਾਹਦ, ਜਿਸ ਦਾ ਸਭ ਦੇ ਨਾਲ ਪੂਰਾ ਹੋਵੇ ਅਹਿਦ, ਮੁਆਇਦਾ ਅਗਲਾ ਨਾ ਕਿਸੇ ਸਮਝਾਈਆ ।

## ★ ੨੭ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★

ਗੁਰਮੁਖੋ ਤੁਸੀਂ ਖੱਟਣ ਆਏ, ਨੇੜੇ ਹੋ ਕੇ ਬੋਲੇ ਬੁੱਲ੍ਹਾ । ਮੁਰਸ਼ਦ ਦੀ ਮੈਂ ਸਾਰ ਨਾ ਪਾਇਆ, ਆਪਣੇ ਅੰਦਰ ਭੁੱਲਾ । ਕੂੜਾ ਜਗਤ ਵੇਸ ਵਟਾਇਆ, ਵੇਸ ਵਟਾਇਆ ਚੁਲ੍ਹਾ । ਹੱਥੋ ਹੱਥ ਨਾ ਕਿਸੇ ਕੁਛ ਫੜਾਇਆ, ਮਮਤਾ ਵਿਚ ਰੁਲਾ । ਵੇਖ ਹੈਰਾਨ ਹੋਇਆ, ਸ਼ਬਦ ਨੂੰ ਮਿਲਿਆ ਸੁਹਲਾ ।। ਗੁਰਮੁਖ ਸੋਹਣੇ ਨੱਚੇ ਟੱਪੇ ਕੁੱਦੇ, ਖ਼ੁਸ਼ੀਆਂ ਵਿਚ ਕੋਈ ਨਾ ਥੱਕੇ । ਪਿਛਲਾ ਲਹਿਣਾ ਮੂਲ ਚੁਕਾਇਆ, ਕੋਈ ਨਾ ਜਾਏ ਮਦੀਨੇ ਮੱਕੇ । ਚਰਨ ਧੂੜ ਇਸ਼ਨਾਨ ਕਰਾਇਆ, ਖਹਿੜਾ ਛੁਡਾਇਆ ਤੀਰਥ ਅੱਠ ਸੱਠੇ । ਕਾਇਆ ਮੰਦਰ ਸ਼ਬਦ ਉਪਾਇਆ, ਝਗੜਾ ਮੁੱਕਿਆ ਮੰਦਰ ਮੱਠੇ । ਚਾਰ ਜੁਗ ਦੇ ਵਿਛੜੇ, ਕਰ ਕਿਰਪਾ ਕੀਤੇ ਇਕੱਠੇ । ਵਕਤ ਅਖ਼ੀਰ ਤੇ, ਪ੍ਰਭ ਕਦੇ ਨਾ ਤੁਹਾਥੋਂ ਨੱਠੇ ।। ਜਨ ਭਗਤੋ ਖ਼ੁਸ਼ੀਆਂ ਨਾਲ ਨੱਚੋ, ਨੱਚ ਨੱਚ ਖ਼ੁਸ਼ੀ ਬਣਾਵਾਂ । ਲੱਖ ਚੁਰਾਸੀ ਗੇੜ ਚੋਂ ਬਚੋ, ਕਦਮਾਂ ਨਾਲ ਪਾਰ ਲੰਘਾਵਾਂ । ਅੱਗੇ ਪਿਛੇ ਨੱਠੋ, ਦੋ ਜਹਾਨਾਂ ਪੰਧ ਚੁਕਾਵਾਂ । ਜੇ ਸੋਹੰ ਢੋਲਾ ਰਟੋ ਸਚਖੰਡ ਸਦਾ ਬਹਾਵਾਂ । ਇਕੋ ਇਕੋ ਨਾਮ ਜਪੋ, ਇਕੋ ਇਕੋ ਜਾਪ ਜਪੋ, ਦੂਜਾ ਜਾਪ ਨਾ ਕਦੇ ਸੁਣਾਵਾਂ ।। ਭੰਗੜਾ ਵੇਖ ਆਇਆ ਸ਼ੰਕਰ, ਤਨ ਰਮਾ ਭਬੂਤੀ । ਚਾਰ ਜੁਗ ਦੇ ਛੱਡ ਕੇ ਮੰਦਰ, ਛੱਡੀ ਧੂਣੀਆਂ ਵਾਲੀ ਆਹੂਤੀ । ਨਾਮ ਜਪ ਕੇ ਸੂਰੀਆ ਚੰਦਰ, ਲੁਕ ਕੇ ਵੇਖਣ ਚਾਰੇ ਕੂਟੀ । ਧੁਰ ਦੇ ਸਿਲਸਿਲੇ ਦੀ ਸਾਰ ਨਾ ਆਈ, ਭੋਲਾ ਨਾਥ ਕਹੇ ਮੈਂ ਕਿਥੋਂ ਬੂਟੀ ਪੀਤੀ ।। ਆ ਸ਼ੰਕਰ ਤੈਨੂੰ ਸਚ ਵਖਾਵਾਂ, ਕੀ ਪੀਤਾ ਇਨ੍ਹਾਂ ਪਿਆਲਾ । ਤੁਹਾਡੇ ਹੱਥਾਂ ਵਿਚ ਨਾ ਕਦੇ ਫੜਾਵਾਂ, ਨਾ ਕਦੇ ਰੱਖਾਂ ਕਿਸੇ ਧਰਮਸਾਲਾ । ਧੁਰਦਰਗਾਹੋਂ ਜਿਨ੍ਹਾਂ ਦਾ ਲੱਗਾ ਨਾਵਾਂ, ਉਨ੍ਹਾਂ ਦਾ ਬਣ ਕੇ ਦੀਨ ਦਿਆਲਾ । ਚਾਰ ਜੁਗ ਦੇ ਲੇਖੇ ਮੁਕਾਵਾਂ, ਇਕੋ ਦੱਸਿਆ ਸੋਹੰ ਨਾਮ ਸੁਖਾਲਾ ।। ਜਨ ਭਗਤੋ ਖੱਟਣ ਆਏ ਖੱਟ ਕੇ ਜਾਣਾ, ਸਨਮੁਖ ਸੋਹਣਾ ਦਰਸ । ਜਨਮ ਜਨਮ ਦਾ ਲੇਖ ਚੁਕਾਏ, ਮੇਟੇ ਅਗਲੀ ਪਿਛਲੀ ਹਰਸ । ਗ਼ਰੀਬ ਨਿਮਾਣੇ ਰੰਗ ਰੰਗਾਏ, ਦੇਵੇ ਵਡਿਆਈ ਉਪਰ ਧਰਤ । ਗੁਰ ਅਵਤਾਰ ਪੈਗ਼ੰਬਰਾਂ ਲੇਖਾ ਪੂਰ ਕਰਾਏ, ਪੂਰੀ ਕਰੇ ਸ਼ਰਤ । ਬਿਨਾ ਪੁਰਖ ਅਕਾਲ ਤੋਂ, ਕੋਈ ਨਾ ਆਵੇ ਪਰਤ ।। ਗੁਰਮੁਖ ਕਹਿਣ ਤੂੰ ਕੀ ਦੇਣਾ, ਸਾਨੂੰ ਦੇ ਦੱਸ । ਅਸੀਂ ਤੱਕਦੇ ਆਪਣਿਆਂ ਨੈਣਾਂ, ਵਿਚੋਂ ਬਹੁਤੇ ਗਏ ਨੱਸ । ਔਖਾ ਹੋ ਗਿਆ ਮੰਨਣਾ ਤੇਰਾ ਕਹਿਣਾ, ਜਿੰਨਾਂ ਚਿਰ ਅੰਦਰ ਨਾ ਜਾਵੇਂ ਵਸ । ਮੁਸ਼ਕਲ ਹੋ ਜਾਏ ਭਾਣਾ ਸਹਿਣਾ, ਧੀਰਜ ਰਹੇ ਨਾ ਕਿਸੇ ਹੱਠ । ਕਿਰਪਾ ਕਰ ਕੇ ਜੇ ਬਖ਼ਸ਼ਣ ਆਇਉਂ, ਵਸਤ ਭੰਡਾਰਾ ਇਕੋ ਘਤ । ਪੁਰਖ ਅਕਾਲ ਕਹੇ, ਨੌਂ ਸੌ ਚੁਰਾਨਵੇ ਚੌਕੜੀ ਫੇਰ ਨਹੀਂ ਆਉਣਾ ਪਰਤ ।। ਗੁਰਮੁਖ ਕਹਿਣ ਅਸੀਂ ਵੇਖਣ ਨਹੀਂ ਆਏ ਢੋਲ ਢਮੱਕਾ, ਜਗਤ ਡੱਗਾ ਨਾ ਕੋਇ ਵਡਿਆਈਆ । ਸਾਡਾ ਨਾਤਾ ਜੋੜ ਲੈ ਪੱਕਾ, ਅੱਗੇ ਹੋਏ ਨਾ ਕੋਇ ਜੁਦਾਈਆ । ਦਰਸ ਕਰਾ ਦੇ ਬਿਨਾ ਅੱਖਾਂ, ਰਾਤੀਂ ਸੁਤਿਆਂ ਲੈ ਮਿਲਾਈਆ । ਜੇ ਪੁਰਖ ਅਕਾਲ ਸੱਚਾ, ਦਰ ਆਇਆਂ ਪਾਰ ਕਰਾਈਆ । ਜਿਹੜਾ ਤੇਰੇ ਚਰਨੋਂ


੩੧੧ ੨੦

ਨੱਠਾ, ਉਹਦਾ ਹੋ ਸਹਾਈਆ । ਸਾਨੂੰ ਦੁਨੀਆ ਕਰੇ ਠੱਠਾ, ਚਰਨੀ ਲੱਗਿਆਂ ਦੀ ਤੋੜ ਨਿਭਾਈਆ । ਪੁਰਖ ਅਕਾਲ ਕਹੇ ਮੈਂ ਭਗਤ ਸੁਹੇਲਾ ਕੀਤਾ ਇਕੱਠਾ, ਅੱਗੇ ਹੋਵੇ ਨਾ ਕਦੇ ਜੁਦਾਈਆ । ਭੰਗੜਾ ਪਾਉਂਦੇ ਹੋ ਜਾਓ ਬਾਹਰ, ਖ਼ਾਲੀ ਮੈਦਾਨ ਦਿਓ ਕਰਾਈਆ । ਅੱਗੇ ਦਾ ਕੁਛ ਹੋਰ ਵਿਹਾਰ, ਮਨੀ ਸਿੰਘ ਦੀ ਮਨਸਾ ਪੂਰ ਕਰਾਈਆ । ਲਹਿਣਾ ਦੇਣਾ ਸਦਾ ਜੁਗ ਚਾਰ, ਧੁਰ ਦੀ ਧਾਰ ਚਲੀ ਆਈਆ । ਕਰੇ ਖੇਲ ਆਪ ਨਿਰੰਕਾਰ, ਦੂਜੇ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਮਿਹਰ ਨਜ਼ਰ ਕਹੇ ਸੁਣੋ ਸਚ ਫ਼ਰਮਾਨ, ਧੁਰ ਦਾ ਧਰਮ ਦਿਆਂ ਜਣਾਈਆ । ਚੁਰਾਸੀ ਬੀਬੀਆਂ ਮਰਦਾਂ ਦੀ ਜਗ੍ਹਾ ਅੱਗੇ ਆਉਣ ਵਿਚ ਮੈਦਾਨ, ਬੱਤੀ ਸਾਲ ਤੋਂ ਛੋਟੀ ਅੱਗੇ ਕਦਮ ਨਾ ਕੋਇ ਉਠਾਈਆ । ਸੁਣਨ ਹੁਕਮ ਸ੍ਰੀ ਭਗਵਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਏ ਫਿਰਦੇ ਤੁਰਦੇ, ਜੁਗ ਚੌਕੜੀ ਆਪਣਾ ਬੈਠੇ ਪੰਧ ਮੁਕਾਈਆ । ਹੁਕਮ ਦਿੱਤੇ ਮਾਲਕ ਧੁਰ ਦੇ, ਸਚ ਸੰਦੇਸ਼ਾ ਇਕ ਦ੍ਰਿੜਾਈਆ । ਕਲਜੁਗ ਖੇਲ ਵੇਖਣੇ ਕਲ ਦੇ, ਕੁਲ ਮਾਲਕ ਆਪ ਸਮਝਾਈਆ । ਜਿਹੜੇ ਗੋਬਿੰਦ ਬਚਨ ਕੀਤੇ ਮੁੱਲ ਦੇ, ਕੀਮਤ ਕਰਤਾ ਦਏ ਚੁਕਾਈਆ । ਜੋ ਜੁਗ ਚੌਕੜੀ ਆਏ ਰੁਲਦੇ, ਥੋੜ੍ਹੀ ਭਗਤੀ ਸੇਵ ਕਮਾਈਆ । ਸੰਸਾਰੀ ਧਾਰ ਅੰਦਰ ਆਏ ਭੁੱਲਦੇ, ਅਗਲਾ ਪੰਧ ਨਾ ਕੋਇ ਚੁਕਾਈਆ । ਉਹ ਖੇਲ ਵੇਖਣ ਨਿਰਗੁਣ ਦੇ, ਨਿਰਵੈਰ ਦਏ ਸਮਝਾਈਆ । ਇਹ ਲੇਖੇ ਸਾਰੇ ਅਨੰਦਪੁਰ ਦੇ, ਜਿਸ ਨੂੰ ਸਮਝ ਸਕੇ ਕੋਇ ਨਾ ਰਾਈਆ । ਜਿਸ ਵੇਲੇ ਗੋਬਿੰਦ ਵਹੀਰ ਤੁਰਦੇ, ਕਿਲਾ ਕੋਟ ਤਜਾਈਆ । ਓਸ ਵੇਲੇ ਮਾਤਾ ਗੁਜਰੀ ਦੇ ਅੰਦਰ ਫ਼ੁਰਨੇ ਫੁਰਦੇ, ਵਿਚੇ ਵਿਚ ਦਬਾਈਆ । ਕੁਛ ਬਚਨ ਕੀਤੇ ਲੋੜ ਦੇ, ਸੁਤ ਦੁਲਾਰੇ ਆਪ ਦ੍ਰਿੜਾਈਆ । ਅਗਲਾ ਭੇਵ ਖੋਲ੍ਹ ਦੇ, ਮੈਨੂੰ ਦੇ ਜਣਾਈਆ । ਗੋਬਿੰਦ ਕਿਹਾ ਇਹ ਖੇਲ ਅਗੰਮ ਅਤੋਲ ਦੇ, ਜਿਸ ਦਾ ਤੋਲ ਨਾ ਕੋਇ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਣ ਆਏ ਨਜ਼ਾਰਾ, ਜੁਗਾਂ ਦਾ ਲਹਿਣ ਮੁਕਾਈਆ । ਪੂਰਬਲਾ ਲੈਣ ਆਏ ਉਧਾਰਾ, ਇਕਰਾਰ ਪ੍ਰਭ ਨਾਲ ਕਰਾਈਆ । ਅੱਜ ਖਾ ਭਗਤਾਂ ਦਾ ਭੰਡਾਰਾ, ਲਹਿਣਾ ਰਹੇ ਸਮਝਾਈਆ । ਇਕੋ ਗੋਬਿੰਦ ਸੁਤ ਦੁਲਾਰਾ, ਪੁਰਖ ਅਕਾਲ ਦਾ ਗਿਆ ਜਣਾਈਆ । ਜਿਸ ਵੇਲੇ ਕਲਜੁਗ ਅੰਤਮ ਹੋਵੇ ਅੰਧ ਅੰਧਿਆਰਾ, ਜਗ ਨੂਰ ਨਜ਼ਰ ਨਾ ਆਈਆ । ਹਾਹਾਕਾਰ ਕਰੇ ਸੰਸਾਰਾ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕੁਰਲਾਈਆ । ਧਰਮ ਰਹੇ ਨਾ ਕਿਸੇ ਦਵਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਪਿਤਾ ਪੂਤ ਨਾ ਕਰੇ ਪਿਆਰਾ, ਨਾਰ ਕੰਤ ਨਾ ਸੋਭਾ ਪਾਈਆ । ਸਾਧ ਸੰਤ ਕਰਨ ਵਿਭਚਾਰਾ, ਮੁੱਲਾਂ ਸ਼ੇਖ਼ ਕੂੜ ਕੁੜਮਾਈਆ । ਪੰਡਤ ਪਾਂਧੇ ਪ੍ਰਭ ਦੇ ਨਾਮ ਦਾ ਮੰਗਣ ਭਾੜਾ, ਕੀਮਤ ਟਕਿਆਂ ਵਾਲੀ ਪਾਈਆ । ਕਲਜੁਗ ਕੂੜੀ ਕਿਰਿਆ ਦਾ ਘਰ ਘਰ ਲੱਗੇ ਅਖਾੜਾ, ਸ੍ਰਿਸ਼ਟੀ ਦ੍ਰਿਸ਼ਟੀ ਦਏ ਨਚਾਈਆ । ਗੁਰ ਅਵਤਾਰ ਪੈਗ਼ੰਬਰਾਂ ਚਲੇ ਕੋਈ ਨਾ ਚਾਰਾ, ਚਾਰੋਂ ਕੁੰਟ ਰਹੀ ਕੁਰਲਾਈਆ । ਖੇਲ ਕਰੇ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹੀਆ । ਜਿਸ ਦਾ ਸਾਰੇ ਮੰਗਦੇ ਗਏ ਸਹਾਰਾ, ਨਿਉਂ ਨਿਉਂ ਸੀਸ ਝੁਕਾਈਆ । ਭਵਿਖਤਾਂ ਵਿਚ ਲੇਖ ਚਵੀਆਂ ਅਵਤਾਰਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਅੱਖਰਾਂ ਵੰਡ


੩੭੮
੨੦

ਨਾ ਕੋਇ ਵੰਡਾਈਆ । ਕਰੇ ਖੇਲ ਗੁਪਤ ਜਾਹਰਾ, ਚੋਰੀ ਠੱਗੀ ਵਿਚ ਲੋਕਾਈਆ । ਵੱਖਰਾ ਹੋ ਕੇ ਸਭ ਤੋਂ ਨਿਆਰਾ, ਨਿਰਗੁਣ ਆਪਣੀ ਕਲ ਵਰਤਾਈਆ । ਇਕ ਬਣਾਏ ਭਗਤ ਦਵਾਰਾ, ਧੁਰ ਦਰਬਾਰਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਏ ਧੁਰ ਦੇ ਨੱਠੇ, ਭੱਜੇ ਵਾਹੋ ਦਾਹੀਆ । ਸਾਡੇ ਪਿਠੇ ਚੁੱਕੇ ਥੱਕ ਗਏ ਗਰਦਨ ਵਾਲੇ ਪੱਠੇ, ਨਾੜੀ ਨਾੜੀ ਦਏ ਗਵਾਹੀਆ । ਜਨ ਭਗਤ ਸੁਹੇਲੇ ਵੇਖੇ ਲੋਕਮਾਤ ਸੱਚੇ, ਪ੍ਰੀਤੀ ਸਾਹਿਬ ਸਤਿਗੁਰ ਨਾਲ ਰਖਾਈਆ । ਆ ਗਏ ਓਸੇ ਦੇ ਕੋਲ ਨੱਸੇ, ਜਿਸ ਦੀ ਮੰਜ਼ਲ ਅੱਗੇ ਨਾ ਕੋਇ ਵਖਾਈਆ । ਇਕ ਮੁਹੱਬਤ ਵਿਚ ਫਸੇ, ਦੂਜੀ ਕਰਨ ਨਾ ਕੋਇ ਪੜ੍ਹਾਈਆ । ਵਿਕ ਗਏ ਇਕੋ ਹੱਟੇ, ਕੀਮਤ ਜਗਤ ਵਾਲੀ ਰਹੇ ਗਵਾਈਆ । ਤੁਲ ਗਏ ਇਕੋ ਵੱਟੇ, ਦੂਜਾ ਤਰਾਜ਼ੂ ਨਾ ਕੋਇ ਉਠਾਈਆ । ਕਰਿਆ ਖੇਲ ਪੁਰਖ ਸਮਰਥੇ, ਛੱਬੀ ਪੋਹ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਮਾਤਾ ਗੁਜਰੀ ਆਈ ਵਿਚਾਰ, ਗੁਜ਼ਰਿਆ ਹਾਲ ਦੇਣਾ ਸੁਣਾਈਆ । ਜਿਸ ਨੂੰ ਸਮਝ ਨਾ ਸਕੇ ਵੇਦ ਚਾਰ, ਪੁਰਾਨ ਅਠਾਰਾਂ ਨਾ ਪੜਦਾ ਲਾਹੀਆ । ਗੀਤਾ ਗਿਆਨ ਨਾ ਅੱਖ ਸਕੀ ਉਘਾੜ, ਸ਼ਾਸਤਰ ਛੇ ਨਾ ਕੋਇ ਵਡਿਆਈਆ । ਅੰਜੀਲ ਕੁਰਾਨ ਨਾ ਸਕਿਆ ਕੋਈ ਉਠਾਲ, ਬਾਹੋਂ ਫੜ ਨਾ ਕੋਇ ਉਠਾਈਆ । ਗ੍ਰੰਥਾਂ ਵਿਚੋਂ ਨਾ ਆਈ ਭਾਲ, ਪੰਥਾਂ ਵਾਲੇ ਦੇਣ ਦੁਹਾਈਆ । ਜਿਸ ਦਾ ਜਗਤ ਖੇਲ ਕਮਾਲ, ਕਾਮਲ ਮੁਰਸ਼ਦ ਬੇਪਰਵਾਹੀਆ । ਉਹ ਜਾਣੇ ਮੁਰੀਦਾਂ ਹਾਲ, ਧੁਰ ਦਾ ਮਾਲਕ ਨਜ਼ਰੀ ਆਈਆ । ਹੁਕਮ ਦਿਤਾ ਧੁਰ ਕਰਤਾਰ, ਕੁਦਰਤ ਦਾ ਮਾਲਕ ਆਪ ਜਣਾਈਆ । ਗੋਬਿੰਦ ਹੋ ਕੇ ਆਪ ਤਿਆਰ, ਕਦਮ ਆਪਣਾ ਲਿਆ ਉਠਾਈਆ । ਸਾਚਾ ਫ਼ਤਿਹ ਬੋਲ ਜੈਕਾਰ, ਜੈਕਾਰਾ ਇਕੋ ਦਿਤਾ ਲਗਾਈਆ । ਗੁਜਰੀ ਉਠ ਕੇ ਦੇਣ ਲੱਗੀ ਪਿਆਰ, ਪੁੱਤਰ ਕਹਿ ਕੇ ਹੱਥ ਉਠਾਈਆ । ਗੋਬਿੰਦ ਕਿਹਾ ਮੇਰੇ ਅੰਦਰ ਪੁਰਖ ਅਕਾਲ, ਤੂੰ ਹੁਣ ਨਹੀਂ ਮੇਰੀ ਜੰਮਣ ਵਾਲੀ ਮਾਈਆ । ਮੈਂ ਛੱਡ ਜਾਣਾ ਘਰ ਬਾਰ, ਝਗੜੇ ਦੇਣੇ ਮਿਟਾਈਆ । ਮੈਂ ਬਣ ਜਾਣਾ ਕੰਗਾਲ, ਗੁਰਮੁਖਾਂ ਦੇ ਅੰਦਰ ਵੜ ਕੇ ਝਟ ਲੰਘਾਈਆ । ਮੈਂ ਇਕੋ ਦਾ ਬਣਨਾ ਲਾਲ, ਜਿਸ ਦਾ ਜਮਾਲ ਨਾ ਕੋਇ ਮਿਟਾਈਆ । ਮੇਰੇ ਕਦੀ ਨਹੀਂ ਮੁਕਣੇ ਸਾਲ, ਮੇਰੀ ਆਯੂ ਨਾ ਕੋਇ ਗਵਾਈਆ । ਮੈਂ ਵਸਣਾ ਓਸ ਧਰਮਸਾਲ, ਜਿਥੇ ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਗੁਜਰੀ ਫੇਰ ਕਿਹਾ ਆ ਮੇਰੇ ਲਾਡਲੇ ਲਾਲ, ਗਲਵਕੜੀ ਲਵਾਂ ਪਾਈਆ । ਗੋਬਿੰਦ ਕਿਹਾ ਮੈਨੂੰ ਪੁਰਖ ਅਕਾਲ ਗੋਦੀ ਲਿਆ ਬਠਾਲ, ਸੁਖ ਬਹੁਤਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਜਰੀ ਕਹੇ ਸੁਣ ਮੇਰੇ ਬਾਂਕੇ ਨੌਜਵਾਨ, ਬਚਨ ਨਿੱਕਾ ਦਿਆਂ ਸੁਣਾਈਆ । ਇਹ ਸੋਹਣੇ ਦਿਸਣ ਮਕਾਨ, ਜੋ ਸਿੱਖਾਂ ਲਏ ਬਣਾਈਆ । ਇਹ ਵੱਡੇ ਵੱਡੇ ਪਹਿਲਵਾਨ, ਜੋ ਭੁੱਖੇ ਮਰ ਕੇ ਝਟ ਲੰਘਾਈਆ । ਉਹ ਵੱਡੇ ਵੱਡੇ ਪਰਧਾਨ, ਮਾਝੇ ਵਾਲੇ ਗਏ ਮੁਖ ਭਵਾਈਆ । ਉਹ ਸੁਣਨ ਵਾਲੇ ਫ਼ਰਮਾਨ, ਨੀਵੀਆਂ ਰਹੇ ਪਾਈਆ । ਬਾਹਰ ਹੁੰਦੀ ਕਤਲੇਆਮ, ਚਾਰੋਂ ਕੁੰਟ ਪਏ ਦੁਹਾਈਆ । ਪੁਰਖ ਅਕਾਲ ਖੇਲ ਕਰੇ ਕਮਾਲ, ਆਪਣੀ ਕਲ ਵਰਤਾਈਆ । ਗੋਬਿੰਦ ਕਿਹਾ ਧੰਨਭਾਗ ਜੇ ਛੁਟਣ ਲੱਗਾ ਜੰਜਾਲ, ਨਾਤਾ ਜਗਤ ਨਾਲੋਂ ਤੁੜਾਈਆ । ਫਲ ਲੱਗਣ ਲੱਗਾ ਮੇਰੇ ਡਾਲ, ਚਾਰ ਕੁੰਟ ਮਹਿਕ ਦਏ ਮਹਿਕਾਈਆ । ਮੇਰਾ ਅੰਤ ਇਕ ਸਵਾਲ, ਸੁਣ

ਲੈਣਾ ਮੇਰੀ ਜਗਤ ਵਾਲੀ ਮਾਈਆ । ਮੈਨੂੰ ਅੱਜ ਤੋਂ ਨਹੀਂ ਕਹਿਣਾ ਮੇਰਾ ਲਾਲ, ਪੁੱਤਰ ਆਖ ਨਾ ਕਦੇ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਗੁਜਰੀ ਕਿਹਾ ਗੋਬਿੰਦ ਔਹ ਵੇਖ ਹਾਥੀ ਘੋੜੇ, ਬੱਧੇ ਨਜ਼ਰੀ ਆਈਆ । ਗੋਬਿੰਦ ਕਿਹਾ ਮੈਂ ਹੱਥੋਂ ਲਾਹ ਦਿਤੇ ਕੰਗਣਾਂ ਦੇ ਜੋੜੇ, ਖ਼ਾਕ ਵਿਚ ਰਲਾਈਆ । ਮੈਂ ਸੁਣੇ ਉਹ ਦੋਹਰੇ, ਜੋ ਦੋਹਰਾ ਰੰਗ ਚੜ੍ਹਾਈਆ । ਕਿਉਂ ਤੇਗ ਬਹਾਦਰ ਪਿਆ ਰਿਹਾ ਵਿਚ ਭੋਰੇ, ਭੋਰਾ ਖਾ ਕੇ ਝਟ ਲੰਘਾਈਆ । ਕਿਉਂ ਗੁਰੂ ਗ੍ਰੰਥ ਵਿਚ ਕਾਗ਼ਜ਼ ਰੱਖੇ ਕੋਰੇ, ਬਿਨ ਅਰਜਨ ਸਮਝ ਕਿਸੇ ਨਾ ਆਈਆ । ਇਕ ਪੁਰਖ ਅਕਾਲ ਦੀ ਲੋੜੇ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਜਰੀ ਕਹੇ ਹੁਣ ਚਲਣਾ ਕਿਹੜੇ ਰਾਹ, ਰਸਤਾ ਨਜ਼ਰ ਕੋਇ ਨਾ ਆਈਆ । ਕੀ ਬੰਧਨ ਲਵਾਂ ਬੰਧਾ, ਭਾਰ ਸਿਰ ਉਠਾਈਆ । ਗੋਬਿੰਦ ਕਿਹਾ ਮੈਂ ਸਭ ਕੁਛ ਜਾਣਾ ਲੁਟਾ, ਜਗਤ ਵਸਤ ਦੀ ਲੋੜ ਰਹੇ ਨਾ ਰਾਈਆ । ਸਭ ਨੂੰ ਖ਼ਾਲੀ ਹੱਥ ਦੇਣੇ ਵਖਾ, ਆਪ ਗੁਰਮੁਖਾਂ ਦੇ ਅੰਦਰ ਵੜ ਕੇ ਝਟ ਲੰਘਾਈਆ । ਜੇ ਕੋਈ ਪਿਆਰ ਨਾਲ ਆਪਣੀ ਮੁਹੱਬਤ ਦੇਵੇ ਖਵਾ, ਓਹਨੂੰ ਖਾ ਕੇ ਝਟ ਲੰਘਾਈਆ । ਤੂੰ ਅੱਜ ਤੋਂ ਮੇਰੀ ਨਹੀਂ ਨੂਰੀ ਮਾਂ, ਤੱਤਾਂ ਵਾਲੀ ਦਿਆਂ ਸਮਝਾਈਆ । ਮੇਰੀ ਓਸ ਨੇ ਪਕੜੀ ਬਾਂਹ, ਜਿਸ ਨਾਲੋਂ ਨਾ ਹੋਵੇ ਜੁਦਾਈਆ । ਹੌਕੇ ਵਿਚ ਗੁਜਰੀ ਦੀ ਨਿਕਲ ਗਈ ਧਾਹ, ਹੱਥ ਛਾਤੀ ਉਤੇ ਰਖਾਈਆ । ਕਿਉਂ ਪੁਰੀ ਅਨੰਦ ਦਿਤਾ ਛੁਡਾ, ਦੋਹੱਥੜ ਮਾਰ ਕੇ ਦਿਤੀ ਦੁਹਾਈਆ । ਜਿਹੜਾ ਖ਼ੁਸ਼ੀਆਂ ਨਾਲ ਦਿਤਾ ਵਸਾ, ਉਹ ਆਪੇ ਦਿਤਾ ਢਾਹੀਆ । ਅੱਗੇ ਸਰਸਾ ਵਗੇ ਦਰਿਆ, ਪਵਣ ਠੰਡੀ ਨਾਲ ਰਲਾਈਆ । ਗੋਬਿੰਦ ਕਿਹਾ ਸਭ ਕੁਛ ਦੇ ਭੁਲਾ, ਹਵਸ ਨਾ ਕੋਇ ਵਧਾਈਆ । ਬੇੜੇ ਪਾਰ ਕਰਾਉਣ ਵਾਲਾ ਮੈਂ ਇਕੋ ਬੜਾ ਮਲਾਹ, ਜੋ ਆਦਿ ਜੁਗਾਦਿ ਪੱਤਣ ਤੇ ਬੈਠਾ ਨਜ਼ਰੀ ਆਈਆ । ਮੇਰੇ ਬਿਨਾ ਕਦੀ ਕੰਮ ਨਾ ਆਵੇ ਕਿਸੇ ਦੇ ਖ਼ੁਦਾ, ਪਰਮਾਤਮਾ ਮਿਲਣ ਕਿਸੇ ਨਾ ਆਈਆ । ਮੈਂ ਸ਼ਬਦ ਗੋਬਿੰਦ ਹੋ ਕੇ ਪਹਿਲੋਂ ਸਭ ਦਾ ਸਾਫ਼ ਕਰਾਂ ਰਾਹ, ਰਸਤਾ ਦਿਆਂ ਬਣਾਈਆ । ਫਿਰ ਓਨ੍ਹਾਂ ਲਵਾਂ ਉਠਾ, ਜਿਨ੍ਹਾਂ ਆਪਣਾ ਰੰਗ ਚੜ੍ਹਾਈਆ । ਸਚ ਦਵਾਰੇ ਲਵਾਂ ਮਿਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਤੈਨੂੰ ਅਗਲਾ ਲੇਖਾ ਦਿਆਂ ਸੁਣਾ, ਬਿਨਾ ਲਿਖ ਕੇ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਇਕ ਉਠਾਈਆ । ਗੁਜਰੀ ਕਹੇ ਮੈਂ ਵੇਖਾਂ ਚਾਰ ਚੌਫੇਰ, ਅੰਤ ਅਖ਼ੀਰੀ ਧਿਆਨ ਲਗਾਈਆ । ਛੱਡਣ ਲੱਗਿਆਂ ਨਹੀਂ ਲੱਗੀ ਦੇਰ, ਧੁਰ ਦਾ ਹੁਕਮ ਦਿਤਾ ਸਮਝਾਈਆ । ਗੋਬਿੰਦ ਕਿਹਾ ਇਹ ਮੈਂ ਛੇੜੀ ਨਿੱਕੀ ਜਿਹੀ ਛੇੜ, ਛੇਕੜ ਸਭ ਨੂੰ ਦਿਆਂ ਖਪਾਈਆ । ਮੇਰਾ ਸਮਝੇ ਕੋਈ ਨਾ ਗੇੜ, ਲੱਖ ਚੁਰਾਸੀ ਰਿਹਾ ਭਵਾਈਆ । ਪੁਰਖ ਅਕਾਲ ਮੇਰੇ ਉਤੇ ਰੱਖਣੀ ਮਿਹਰ, ਮਹਿਬੂਬ ਇਕੋ ਨਜ਼ਰੀ ਆਈਆ । ਮੈਂ ਕਿਸੇ ਦੀ ਚਲਣ ਦੇਣੀ ਨਹੀਂ ਜ਼ਬਰ ਜ਼ੇਰ, ਜੋਰੂ ਜ਼ਰ ਦੇਣਾ ਮੁਕਾਈਆ । ਮੈਂ ਬੱਬਰ ਹੋਣਾ ਸ਼ੇਰ ਕੇਹਰ, ਘੇਰੇ ਵਿਚ ਰੱਖਾਂ ਲੋਕਾਈਆ । ਲਹਿਣੇ ਦੇਣੇ ਦੇਵਾਂ ਨਬੇੜ, ਝਗੜਾ ਦਿਆਂ ਚੁਕਾਈਆ । ਇਹ ਮੇਰੀ ਨਿੱਕੀ ਜਿਹੀ ਖੇਡ, ਪੁਰੀ ਅਨੰਦ ਤੋਂ ਸ਼ੁਰੂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਵਰਤਾਈਆ । ਗੁਜਰੀ ਦੇ ਅੰਦਰ ਆਇਆ ਇਕ ਉਤਸ਼ਾਹ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਨੇਤਰ ਹੰਝੂ ਦਿਤਾ ਵਖਾ, ਮੁਖ ਨਾਲ ਹੌਕਾ ਇਕ ਸੁਣਾਈਆ । ਓਸੇ ਵੇਲੇ ਗੋਬਿੰਦ ਰੁਮਾਲ ਚਿੱਟਾ ਹੱਥ ਵਿਚ ਦਿਤਾ ਫੜਾ, ਜਲ

ਧਾਰ ਸਾਫ਼ ਕਰਾਈਆ । ਜੇ ਤੈਨੂੰ ਮਾਂ ਬਣਨ ਦਾ ਚਾ, ਦੂਜੀ ਵਾਰਾਂ ਫੇਰ ਭੀ ਨਾਲ ਮਿਲਾਈਆ । ਮੈਂ ਲੱਭਣਾ ਕਿਸੇ ਨਹੀਂ ਥਾਂ, ਐਵੇਂ ਕਰਨੀ ਨਹੀਂ ਝੂਠੀ ਹਾਂ, ਇਸ਼ਾਰੇ ਨਾਲ ਦ੍ਰਿੜਾਈਆ । ਮੈਂ ਮੰਦਰ ਅਗੰਮੀ ਰਹਾਂ, ਜਿਥੇ ਜੋਬਨ ਮਿਲਦਾ ਨਵਾਂ, ਬੁੜਾਪਾ ਰੂਪ ਨਾ ਕੋਇ ਬਦਲਾਈਆ । ਪੁਰਖ ਅਕਾਲ ਦੱਸੇ ਜੇ ਸਮਾਂ, ਜੇ ਹੁਕਮ ਕਰੇ ਤੇ ਭਗਤਾਂ ਸਭ ਕੁਛ ਦੇਵਾਂ, ਦੇਂਦਿਆਂ ਤੋਟ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਜਰੀ ਕਿਹਾ ਮੈਨੂੰ ਅੰਦਰ ਭੁੱਲ ਗਈ ਇਕ ਜ਼ੰਜੀਰੀ, ਜਿਹੜੀ ਸੋਹਣੀ ਨਜ਼ਰੀ ਆਈਆ । ਗੋਬਿੰਦ ਕਿਹਾ ਉਹਦੀ ਕੜੀ ਵੇਖ ਅਖ਼ੀਰੀ, ਜੋ ਨਜ਼ਰ ਕਿਸੇ ਨਾ ਆਈਆ । ਜਿਸ ਵੇਲੇ ਮੇਰਾ ਪੁਰਖ ਅਕਾਲ ਮੇਰੇ ਨਾਲ ਆ ਗਿਆ ਤਕਦੀਰੀ, ਤਕਦੀਰ ਭਗਤਾਂ ਦਏ ਬਦਲਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਮੀਰੀ ਪੀਰੀ, ਲੇਖੇ ਸਭ ਦੇ ਦੇਣੇ ਮੁਕਾਈਆ । ਭਗਤਾਂ ਨੂੰ ਵਖਾਉਣੀ ਨਹੀਂ ਕੋਈ ਗਲੀ ਭੀੜੀ, ਖੁਲ੍ਹੇ ਰਾਹ ਪਾਰ ਲੰਘਾਈਆ । ਕੀ ਹੋ ਗਿਆ ਜੇ ਵਲ ਕਰ ਕੇ ਪ੍ਰਹਿਲਾਦ ਨੂੰ ਤਾਰਨ ਦਾ ਬਹਾਨਾ ਬਣਾਇਆ ਕੀੜੀ, ਓਸੇ ਕੀੜੀ ਨੇ ਮਾਛੂਵਾੜੇ ਵਿਚ ਆ ਕੇ ਮੇਰਾ ਖੇਲ ਵੇਖਣਾ ਅਖ਼ੀਰੀ, ਅਖ਼ੀਰ ਵਿਚ ਓਸੇ ਨੂੰ ਗੁਰਮੁਖ ਲੈਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਗੁਜਰੀ ਕਿਹਾ ਮੇਰਾ ਅੰਦਰ ਰਹਿ ਗਿਆ ਇਕ ਦੁਪੱਟਾ, ਜੋ ਤੇਰੇ ਪਿਤਾ ਦਿਤਾ ਬਣਾਈਆ । ਗੋਬਿੰਦ ਕਿਹਾ ਮੈਂ ਓਸ ਦੇ ਕਾਰਨ ਮੁੜ ਕੇ ਆਵਾਂ ਨੱਠਾ, ਅਚਰਜ ਖੇਲ ਬਣਾਈਆ । ਭੇਖ ਧਾਰਾਂ ਜਗਤ ਵਾਲਾ ਜੱਟਾ, ਜਟਾਂ ਜੂਟਾਂ ਸਮਝ ਕਿਸੇ ਨਾ ਆਈਆ । ਗੁਰਮੁਖਾਂ ਦੇ ਹਿਰਦੇ ਫੱਟਾਂ, ਤੀਰ ਨਿਰਾਲਾ ਇਕ ਚਲਾਈਆ । ਵਸਤ ਅਮੋਲਕ ਅੰਦਰ ਘੱਤਾਂ, ਅਨਮੁੱਲੜੀ ਆਪ ਵਰਤਾਈਆ ।

३८१ ਲੱਖ ਚੁਰਾਸੀ ਕੋਲੋਂ ਬਚਾਂ, ਪੜਦੇ ਉਹਲੇ ਪੜਦਾ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ३८१

२० ਸੁਣਾਈਆ । ਗੁਜਰੀ ਕਿਹਾ ਮੇਰੇ ਅੰਤਰ ਇਕ ਪਿਆਸਾ, ਸਚ ਦਿਆਂ ਸਮਝਾਈਆ । ਗੋਬਿੰਦ ਹੁਣ ਤੂੰ ਕਿਉਂ ਨਹੀਂ ਲੰਘਿਆ ਬਿਆਸਾ, ਚਾਰ ਜੁਗ ਦਾ ਲੇਖਾ ਦੇ ਦ੍ਰਿੜਾਈਆ । ਗੋਬਿੰਦ ਕਿਹਾ ਇਕ ਕਦਮ ਚੁੱਕਣ ਨਾਲ ਪ੍ਰਭੂ ਦੇ ਭਗਤਾਂ ਨੂੰ ਪਵੇ ਘਾਟਾ, ਏਸੇ ਕਰ ਕੇ ਕਦਮ ਨਾ ਅੱਗੇ ਟਿਕਾਈਆ । ਜਿਸ ਵੇਲੇ ਕਲਜੁਗ ਦੀ ਮੁਕਾਉਣੀ ਵਾਟਾ, ਝਗੜਾ ਮੁਕਾਉਣਾ ਲੋਕਾਈਆ । ਅਗੰਮੀ ਅੰਮ੍ਰਿਤ ਦਾ ਲਿਆਉਣਾ ਬਾਟਾ, ਗੁਰੂਆਂ ਪੈਗ਼ੰਬਰਾਂ ਸਿਰ ਉਠਾਈਆ । ਰਵਦਾਸ ਦਾ ਵੇਖ ਕੇ ਚੀਥੜ ਪਾਟਾ, ਪਾਰਬ੍ਰਹਮ ਦਾ ਮੇਲਾ ਲੈਣਾ ਮਿਲਾਈਆ । ਨਵਾਂ ਬਣਾ ਕੇ ਸਾਕਾ, ਸਾਖਿਆਤ ਕਰਾਂ ਰੁਸ਼ਨਾਈਆ । ਤੂੰ ਹੁਣ ਮੇਰਾ ਮੰਨ ਲੈ ਆਖਾ, ਅੱਗੇ ਅੱਖਰਾਂ ਵਾਲਾ, ਗੋਬਿੰਦ ਫੱਟਿਆਂ ਉਤੇ ਸੌਣ ਵਾਲਾ, ਖਾ ਪੀ ਕੇ ਨਹਾਉਣ ਵਾਲਾ, ਰਸਨਾ ਨਾਲ ਗਾਉਣ ਵਾਲਾ, ਫ਼ਾਰਸੀ ਪੜ੍ਹਾਉਣ ਵਾਲਾ, ਕਾਂਸ਼ੀ ਵਿਚ ਗੁਰਸਿਖ ਪੁਚਾਉਣ ਵਾਲਾ, ਹੱਥਾਂ ਵਿਕ ਕਿਤਾਬਾਂ ਫੜਾਉਣ ਵਾਲਾ, ਸਤਰਾਂ ਉਤੇ ਉਂਗਲਾਂ ਚਲਾਉਣ ਵਾਲਾ, ਵਰਕੇ ਉਲਟਾਉਣ ਵਾਲਾ, ਅਰਦਾਸੇ ਸੁਧਾਉਣ ਵਾਲਾ, ਫਿਰ ਕਦੇ ਨਾ ਆਈਆ । ਜੇ ਆਵਾਂ ਤੇ ਸਭ ਦਾ ਲੇਖਾ ਮੁਕਾਉਣ ਵਾਲਾ, ਇਕੋ ਪੁਰਖ ਅਕਾਲ ਦਾ ਢੋਲਾ ਗਾਉਣ ਵਾਲਾ, ਦੂਜਾ ਜਾਪ ਨਾ ਕੋਇ ਜਪਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਫੜ ਕੇ ਬਾਹੋਂ ਸਚਖੰਡ ਦਵਾਰ ਪੁਚਾਉਣ ਵਾਲਾ, ਜੂਹਾਂ ਜੰਗਲਾਂ ਦਾ ਗੇੜ ਮੁਕਾਈਆ । ਪੁਰੀ ਲੋਅ ਆਕਾਸ਼ ਪਾਤਾਲ ਬ੍ਰਹਿਮੰਡ ਖੰਡ ਹਿਲਾਉਣ ਵਾਲਾ, ਹਲੂਣਾ ਸ਼ਬਦ ਇਕ ਦ੍ਰਿੜਾਈਆ । ਰੁੱਸਿਆਂ ਨੂੰ ਮਨਾਉਣ ਵਾਲਾ, ਪੁੱਠਿਆਂ ਟੰਗਿਆਂ ਨੂੰ ਬਚਾਉਣ ਵਾਲਾ, ਲੰਗੜੇ ਅੰਧਿਆਂ ਨੂੰ ਰਾਹੇ ਚਲਾਉਣ ਵਾਲਾ, ਜਗਤ

ਵਿਕਾਰਾ ਗੰਦੇ ਮੰਦਿਆਂ ਨੂੰ ਗੋਦੀ ਬਹਾਉਣ ਵਾਲਾ, ਬਿਨਾ ਬੰਦਗੀ ਤੋਂ ਬੰਦਿਆਂ ਨੂੰ ਬੰਦੇ ਬਣਾਉਣ ਵਾਲਾ, ਬਿਨਾ ਡੰਡਿਆਂ ਤੋਂ ਗੁਰਮੁਖ ਪ੍ਰੇਮ ਦੀ ਮੰਜ਼ਲ ਟਪਾਉਣ ਵਾਲਾ, ਪਾਰਬ੍ਰਹਮ ਆਪਣਾ ਰੰਗ ਵਖਾਈਆ । ਗੁਜਰੀ ਕਿਹਾ ਓ ਗੋਬਿੰਦ ਕਿਹੋ ਜਿਹਾ ਵੇਲਾ ਗੁਜ਼ਰਾ, ਮੇਰਾ ਅੰਦਰ ਦਏ ਦੁਹਾਈਆ । ਗੋਬਿੰਦ ਕਿਹਾ ਇਹ ਮੇਰਿਆਂ ਭਗਤਾਂ ਦਾ ਵੇਖੀਂ ਫੇਰ ਮੁਜਰਾ, ਮੁਝ ਮਿਲ ਕੇ ਮਿਲਣੀ ਭਗਵਾਨ ਨਾਲ ਕਰਾਈਆ । ਇਨ੍ਹਾਂ ਦਾ ਸੋਹਵੇ ਹੁਜਰਾ, ਜਿਨ੍ਹਾਂ ਨੂੰ ਹੁੱਜਤ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਜਰੀ ਕਿਹਾ ਮੇਰੇ ਅੰਦਰ ਪੈਂਦਾ ਹੌਲ, ਹੌਲੀ ਹੌਲੀ ਦਿਆਂ ਜਣਾਈਆ । ਗੋਬਿੰਦ ਕਿਹਾ ਮੇਰਾ ਪੁਰਖ ਅਕਾਲ ਨਾਲ ਕੌਲ, ਦੁਸ਼ਟ ਦਮਨ ਦਿਆਂ ਦ੍ਰਿੜਾਈਆ । ਤੂੰ ਨਾ ਬਣ ਅਨਭੋਲ, ਅਗਲੀ ਅੱਖ ਖੁਲ੍ਹਾਈਆ । ਮੇਰਾ ਵਿਗੜਿਆ ਨਹੀਂ ਕੁਝ ਰਤੀ ਚੌਲ, ਕੋਟਾਂ ਗੁਣ ਬਹੁਤਾ ਨਜ਼ਰੀ ਆਈਆ । ਮੇਰਾ ਪਰਕਾਸ਼ ਹੋਣਾ ਉਪਰ ਧੌਲ, ਧਰਨੀ ਧਰਤ ਸੋਭਾ ਪਾਈਆ । ਹੁਣ ਮੈਂ ਸਿਰਫ਼ ਪੰਜਾਂ ਨੂੰ ਦੇ ਕੇ ਜਾਣੀ ਪਾਹੁਲ, ਅੰਮ੍ਰਿਤ ਰੂਪ ਦਰਸਾਈਆ । ਜਿਸ ਵੇਲੇ ਸ੍ਰੀ ਭਗਵਾਨ ਨਾਲ ਮਿਲ ਕੇ ਆਵਾਂ ਭਗਤਾਂ ਕੋਲ, ਨੇੜੇ ਹੋ ਕੇ ਦਰਸ ਦਿਖਾਈਆ । ਓਥੇ ਕੀ ਕੋਈ ਢੋਲੀ ਵਜਾਵੇ ਢੋਲ, ਡੱਗਿਆਂ ਨਾਲ ਡੰਕਾ ਨਾ ਕੋਇ ਖੜਕਾਈਆ । ਮੈਂ ਹਰ ਘਟ ਜਾਵਾਂ ਮੌਲ, ਇਹ ਮੇਰੀ ਬੇਪਰਵਾਹੀਆ । ਬਿਨ ਕੰਡਿਉਂ ਤੋਲ ਕੇ ਤੋਲ, ਆਪਣੇ ਤੱਕੜ ਦਿਆਂ ਚੜ੍ਹਾਈਆ । ਸਭ ਦਾ ਕਰ ਕੇ ਭਾਰ ਹੌਲ, ਆਪ ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਗੁਜਰੀ ਕਿਹਾ ਮੈਨੂੰ ਕੁਛ ਹੋ ਗਿਆ ਸੰਸਾ, ਸਹਿਜ ਨਾਲ ਜਣਾਈਆ । ਗੋਬਿੰਦ ਮੈਨੂੰ ਐਂ ਜਾਪਿਆ ਮੇਰਾ ਵਿਛੜ ਜਾਣਾ ਬੰਸਾ, ਸਰਬੰਸ ਸੰਗ ਨਾ ਕੋਇ ਨਿਭਾਈਆ । ਗੋਬਿੰਦ ਕਿਹਾ ਇਹ ਮੇਰੇ ਸਾਹਿਬ ਦੀ ਬਣਤਾ, ਜਿਸ ਦੀ ਸਮਝ ਕੋਇ ਨਾ ਪਾਈਆ । ਕੋਟਨ ਕੋਟ ਵਾਰ ਮੈਂ ਆਇਆ ਵਿਚ ਜੰਤਾ, ਜਗਤ ਜੀਵ ਵੇਖ ਵਖਾਈਆ । ਮੇਰਾ ਲੇਖਾ ਨਹੀਂ ਕੋਈ ਗਣਤਾ, ਅਗਣਤ ਦੇਣ ਦੁਹਾਈਆ । ਮੈਂ ਇਕ ਨਹੀਂ ਗੁਰਮੁਖ ਚਾਰ ਜੁਗ ਦੇ ਇਕੱਠੇ ਤਾਰਨੇ ਬਣਾ ਕੇ ਪ੍ਰਭੂ ਦੀ ਸੰਗਤਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਓ ਗੁਜਰੀ ਤੇਰਾ ਪੁੱਤ ਨਹੀਂ ਹੋਵੇ ਕਿਸੇ ਦਾ ਮੰਗਤਾ, ਮੰਗਣ ਦਵਾਰੇ ਕਿਸੇ ਨਾ ਜਾਈਆ । ਹੁਣ ਥੋੜ੍ਹਾ ਜਿਹਾ ਖੇਲ ਵੇਖਣਾ ਇਸ਼ਾਰੇ ਵਾਲੇ ਜੰਗ ਦਾ, ਜੰਗਜੂ ਗੁਰਮੁਖ ਲਏ ਬਣਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਉਤੇ ਵੇਲਾ ਆਇਆ ਤੰਗ ਦਾ, ਤੰਗੀ ਸਕੇ ਨਾ ਕੋਇ ਕਟਾਈਆ । ਦੁਨੀਆ ਵਿਚ ਝਗੜਾ ਪਿਆ ਭੁੱਖ ਨੰਗ ਦਾ, ਭੁੱਖਿਆ ਨਾ ਕੋਇ ਰਜਾਈਆ । ਸਤਿਗੁਰੂ ਪਾਤਸ਼ਾਹ ਹੋ ਕੇ ਗ਼ਰੀਬਾਂ ਦੇ ਘਰ ਪੁਰਖ ਅਕਾਲ ਫਿਰੇ ਮੰਗਦਾ, ਘਰ ਘਰ ਝੋਲੀ ਡਾਹੀਆ । ਇਹ ਖੇਲ ਓਹੋ ਪੁਰੀ ਅਨੰਦ ਦਾ, ਜਿਸ ਦਾ ਅਨੰਦ ਹੱਥ ਕਿਸੇ ਨਾ ਆਈਆ । ਜੋ ਤੁਟਿਆਂ ਗੰਢਦਾ, ਗੰਢਣਹਾਰ ਗੋਪਾਲ ਸਵਾਮੀ ਸਭ ਨੂੰ ਦਏ ਸੁਣਾਈਆ । ਉਹ ਜਿਸ ਨੇ ਖੇਲ ਕਰਨਾ ਬ੍ਰਹਿਮੰਡ ਖੰਡ ਦਾ, ਨਵ ਖੰਡ ਆਪਣਾ ਡੰਕ ਵਜਾਈਆ । ਇਹ ਲੇਖਾ ਨਹੀਂ ਕਿਸੇ ਕੱਚੇ ਤੰਦ ਦਾ, ਤੰਦੀ ਤੰਦ ਸਤਾਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਿਰਦੇ ਅੰਦਰ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਬਿੰਦ ਅਸੀਂ ਸੁਣਿਆ ਇਕ ਸਲੋਕ, ਜੋ ਸੁਲਹਕੁਲ ਦਿਤਾ ਸਮਝਾਈਆ । ਗੋਬਿੰਦ ਕਿਹਾ ਵੇਖਿਓ ਹੋਇਓ ਕੋਈ ਨਾ ਡਰਪੋਕ, ਦੀਨਾਂ ਮਜ਼੍ਹਬਾਂ ਵਾਲਿਓ ਆਪਣਾ ਪੈਂਡਾ ਲੈਣਾ ਮੁਕਾਈਆ । ਸਾਰੇ ਗੁਰੂ ਅਵਤਾਰ ਪੈਗ਼ੰਬਰ ਬਿਨਾ ਗੋਬਿੰਦ ਤੋਂ ਮੱਥੇ ਉਤੇ ਹੱਥ ਰੱਖ ਕੇ

ਕਰਨ ਲੱਗੇ ਸੋਚ, ਸੋਚੀ ਸੋਚ ਸਮਝ ਕਿਸੇ ਨਾ ਆਈਆ । ਗੋਬਿੰਦ ਖੋਲ੍ਹ ਕੇ ਆਪਣਾ ਨੇਤਰ ਲੋਚਣ ਲੋਚ, ਲੋਚਾ ਸਭ ਦੀ ਰਿਹਾ ਦਰਸਾਈਆ । ਓ ਜੇ ਤੁਸੀਂ ਭਗਤ ਦਵਾਰੇ ਗਏ ਪਹੁੰਚ, ਪੋਚਾ ਪਾ ਕੇ ਕਰੇ ਨਾ ਕੋਇ ਸਫ਼ਾਈਆ । ਏਥੇ ਕੋਈ ਮਾਰਿਆ ਨਹੀਂ ਜਾਂਦਾ ਨਿਰਦੋਸ਼, ਦੋਸ਼ੀਆਂ ਦਰ ਆਇਆਂ ਪਾਰ ਕਰਾਈਆ । ਵੇਖਿਓ ਕੋਈ ਸੰਗ ਵਿਚ ਰਿਹੋ ਨਾ ਖ਼ਾਮੋਸ਼, ਆਪਣਾ ਹਾਲ ਦੇਣਾ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਝਗੜਾ ਪਾਇਆ ਚਮੜੀ ਵਾਲਾ ਪੋਸ਼, ਦੱਸ ਕੇ ਚੌਦਾਂ ਲੋਕ, ਚੌਦਾਂ ਤਬਕ ਫਿਰਦੇ ਰਹੇ ਮਾਰ ਕੇ ਲੰਗੋਟ, ਅੱਲਾ ਵਾਹਿਗੁਰੂ ਰਾਮ ਗਾ ਗਾ ਸਾਡੇ ਥੱਕ ਗਏ ਹੋਂਟ, ਅੰਤ ਮਿਲ ਕੇ ਨਿਰਮਲ ਜੋਤ, ਜਿਥੇ ਵਰਨ ਨਾ ਕੋਇ ਗੋਤ, ਬਿਨਾ ਪੁਰਖ ਅਕਾਲ ਦੇ ਕੋਈ ਨਾ ਓਟ, ਜਿਸ ਨੂੰ ਗੋਬਿੰਦ ਪਿਤਾ ਲਿਆ ਬਣਾਈਆ । ਗੁਰਸਿਖੋ ਏਸ ਤੋਂ ਪਰੇ ਹੋਰ ਨਹੀਂ ਕੋਈ ਜੋਗ, ਬਿਨਾ ਸਤਿਗੁਰ ਸ਼ਬਦ ਤੋਂ ਕਿਸੇ ਨਾਲ ਨਾ ਕਰਿਆ ਸੰਜੋਗ, ਬਿਨਾ ਪਾਰਬ੍ਰਹਮ ਬ੍ਰਹਮ ਨਾਲ ਭੋਗੇ ਕੋਈ ਨਾ ਭੋਗ, ਧੁਰ ਦਾ ਰਸ ਅੰਦਰ ਵਸ ਨਾ ਕੋਇ ਚਖਾਈਆ । ਗੁਜਰੀ ਕਹੇ ਗੋਬਿੰਦ ਮੇਰੇ ਆ ਨੇੜੇ, ਤੈਨੂੰ ਦਿਆਂ ਦਰਸਾਈਆ । ਪੁਰੀ ਅਨੰਦ ਨੂੰ ਪਏ ਘੇਰੇ, ਜ਼ੋਰ ਦੁਸ਼ਮਣ ਰਹੇ ਜਣਾਈਆ । ਗੁਰਸਿਖ ਵੇਖ ਤੇਰੇ ਕਿਹੜੇ ਕਿਹੜੇ, ਬੈਠੇ ਬਲ ਵਧਾਈਆ । ਗੋਬਿੰਦ ਕਿਹਾ ਮੇਰੇ ਦੋ ਚਾਰ ਬਥੇਰੇ, ਜਿਨ੍ਹਾਂ ਦੇ ਮੇਰੇ ਨਾਲ ਨਬੇੜੇ, ਇਨ੍ਹਾਂ ਨੂੰ ਮਾਰ ਮੁਕਾਵੇ ਹੁਕਮ ਕਿਹੜੇ, ਹੁਕਮ ਦਾ ਮਾਲਕ ਪੁਰਖ ਅਕਾਲ ਨਜ਼ਰੀ ਆਈਆ । ਜਿਹੜੇ ਚੜ੍ਹ ਗਏ ਮੇਰੇ ਬੇੜੇ, ਉਹ ਵਸਦੇ ਸਦਾ ਸਾਹਿਬ ਦੇ ਨੇੜੇ, ਘੇਰੇ ਵਿਚ ਕਦੇ ਨਾ ਆਈਆ । ਥੋੜ੍ਹਾ ਸਮਾਂ ਰੱਖ ਲੈ ਜੇਰੇ, ਪਰਕਾਸ਼ ਹੋਣਾ ਵਿਚ ਅੰਧੇਰੇ, ਕਲਜੁਗ ਰੈਣ ਅੰਧੇਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਗੁਜਰੀ ਕਹੇ ਗੋਬਿੰਦ ਇਨ੍ਹਾਂ ਦਾ ਕਦੋਂ ਹੋਣਾ ਔਂਤਰਿਆਂ ਦਾ ਸਿਆਪਾ, ਸਫਾ ਦਏਂ ਮਿਟਾਈਆ । ਗੋਬਿੰਦ ਕਿਹਾ ਮੈਨੂੰ ਨਾਲ ਲੈ ਆਉਣ ਦੇ ਆਪਣਾ ਬਾਪਾ, ਜਿਸ ਦੀ ਆਪਾ ਭੇਟ ਕਰਾਈਆ । ਅਜੇ ਮੈਂ ਓਸ ਦਾ ਨਿੱਕਾ ਜਿਹਾ ਕਾਕਾ, ਕਾਇਆ ਕੰਚਨ ਅੰਦਰ ਡੇਰਾ ਲਾਈਆ । ਜਿਸ ਵੇਲੇ ਮੇਰੇ ਪੁਰਖ ਅਕਾਲ ਦਾ ਦੀਨ ਦਿਆਲ ਦਾ ਹੋਣਾ ਵਡ ਪਰਤਾਪਾ, ਪਰਤਾਪੀ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਸਾਂਝਾ ਦੱਸਣਾ ਜਾਪਾ, ਜਗ ਜੀਵਣ ਦਾਤਾ ਹੋ ਕੇ ਵੇਖ ਵਖਾਈਆ । ਓਸ ਵੇਲੇ ਫੇਰ ਵੇਖੀਂ ਖੇਲ ਤਮਾਸ਼ਾ, ਖੁਲ੍ਹੀ ਅੱਖੀਂ ਦਿਆਂ ਵਖਾਈਆ । ਸਾਰੀ ਦੁਨੀਆ ਦਾ ਉਲਟਾ ਕੇ ਪਾਸਾ, ਪੁਸ਼ਤ ਪਨਾਹ ਭਗਤਾਂ ਹੱਥ ਟਿਕਾਈਆ । ਨਾਲੇ ਦੇਵਾਂ ਆਪ ਸ਼ਾਬਾਸ਼ਾ, ਚਾਰੋਂ ਕੁੰਟ ਵੇਖਾਂ ਚਾਈਂ ਚਾਈਆ । ਬਣ ਕੇ ਦਾਸੀ ਦਾਸਾ, ਸਭ ਦੀ ਸੇਵਾ ਲਵਾਂ ਕਮਾਈਆ । ਮੇਰਾ ਨੂਰ ਦਾ ਇਕੋ ਹੋਣਾ ਪਰਕਾਸ਼ਾ, ਜੋਤੀ ਜੋਤ ਡਗਮਗਾਈਆ । ਸਾਥ ਹੋਵੇ ਪੁਰਖ ਅਬਿਨਾਸ਼ਾ, ਸੋਹਣਾ ਜੋੜ ਜੁੜਾਈਆ । ਸਭ ਦਾ ਪੂਰਾ ਕਰਾਂ ਘਾਟਾ, ਖ਼ਾਲੀ ਝੋਲੀਆਂ ਦੇਵਾਂ ਭਰਾਈਆ । ਜਿਹੜਾ ਅੰਮ੍ਰਿਤ ਚਖਾਇਆ ਵਿਚ ਬਾਟਾ, ਉਹਦਾ ਲਹਿਣਾ ਕਲਜੁਗ ਦਿਆਂ ਮੁਕਾਈਆ । ਅਗਲਾ ਦੇ ਕੇ ਸਾਥਾ, ਸਗਲਾ ਸੰਗ ਬਣਾਈਆ । ਜੋ ਰੱਖੀ ਅੰਦਰ ਆਸਾ, ਉਹ ਵੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੋਬਿੰਦ ਕਿਹਾ ਛੱਡ ਦੇ ਦੀਨ ਦੁਨੀਆ, ਦੁਨੀ ਵੱਲ ਧਿਆਨ ਨਾ ਕੋਇ ਲਗਾਈਆ । ਮੇਰਾ ਮਾਲਕ ਇਕ ਵਡ ਗੁਣ ਗੁਣੀਆ, ਜੋ ਦਾਤਾ ਬੇਪਰਵਾਹੀਆ । ਜਿਸ ਨੇ ਪੁਕਾਰ ਮੇਰੀ ਸੁਣੀਆ, ਫੜ ਬਾਹੋਂ ਲਿਆ ਉਠਾਈਆ । ਲੱਖ ਚੁਰਾਸੀ ਰਿਹਾ ਪੁਣੀਆ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਝਗੜਾ


੩੮੩ ੨੦

ਮੁਕਾਏ ਰਿਖੀਆਂ ਮੁਨੀਆਂ, ਮੁਰੀਦਾਂ ਨਾਲੋਂ ਮੁਰਸ਼ਦ ਮੁਰਸ਼ਦਾਂ ਨਾਲੋਂ ਮੁਰੀਦ ਸਾਰੇ ਦਏ ਸਮਝਾਈਆ । ਗੁਜਰੀ ਕਿਹਾ ਦੱਸ ਕਿਸ ਤਰਾ ਭੁੱਲਣਾ, ਭੁੱਲ ਵਿਚ ਹੋਏ ਲੋਕਾਈਆ । ਗੋਬਿੰਦ ਕਿਹਾ ਬਿਨ ਗੁਰਮੁਖਾਂ ਤੋਂ ਸਾਚੇ ਕੰਡੇ ਕਿਸੇ ਨਹੀਂ ਤੁਲਣਾ, ਕੰਡੇ ਹੱਥ ਨਾ ਕੋਇ ਰਖਾਈਆ । ਬਿਨਾ ਸਤਿਗੁਰ ਸ਼ਬਦ ਕਿਸੇ ਦਾ ਪੈਣਾ ਨਹੀਂ ਮੁਲਣਾ, ਦੀਨ ਦੁਨੀ ਦਏ ਦੁਹਾਈਆ । ਇਕ ਜਗਤ ਵਿਕਾਰੀ ਅੰਧੇਰ ਝੁਲਣਾ, ਚਾਰੋਂ ਕੁੰਟ ਦਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਜਰੀ ਕਿਹਾ ਹਾਏ ਕਿਸ ਤਰਾ ਪਾਰ ਕਰਾਂ ਦਰਵਾਜ਼ਾ, ਪਿਛੇ ਮੁੜ ਮੁੜ ਧਿਆਨ ਲਗਾਈਆ । ਗੋਬਿੰਦ ਕਿਹਾ ਅੱਗੇ ਵੇਖ ਤੇਰਾ ਗ਼ਰੀਬ ਨਿਵਾਜਾ, ਸਚਖੰਡ ਨਿਵਾਸੀ ਬੈਠਾ ਡੇਰਾ ਲਾਈਆ । ਜਿਹੜਾ ਤੇਰੇ ਪੁੱਤ ਨਾਲੋਂ ਪੋਤਰਿਆਂ ਨੂੰ ਪਹਿਲੋਂ ਮਾਰੇ ਵਾਜਾਂ, ਸ਼ਬਦੀ ਹੁਕਮ ਇਕ ਦ੍ਰਿੜਾਈਆ । ਜਿਸ ਨੇ ਰਚਣਾ ਨਵਾਂ ਕਾਜਾ, ਸਵਾਰਥ ਪਰਮਾਰਥ ਆਪਣੇ ਰੰਗ ਰੰਗਾਈਆ । ਜਿਸ ਦਾ ਸੁਨੇਹੜਾ ਦੇ ਕੇ ਆਇਆ ਨਾਨਕ ਵਿਚ ਬਗ਼ਦਾਦਾ, ਬਦੀ ਵਾਲੇ ਸਰਬ ਸਮਝਾਈਆ । ਉਸ ਦਾ ਖੇਲ ਵੇਖਣਾ ਤਮਾਸ਼ਾ, ਤਮਾਸ਼ਬੀਨ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਖਾਈਆ । ਗੁਜਰੀ ਕਹੇ ਕਿੱਡਾ ਸੋਹਣਾ ਪੁਰ ਅਨੰਦ, ਸੋਹਣਿਆਂ ਦਿਤਾ ਬਣਾਈਆ । ਅੱਜ ਕਰ ਦਰਵਾਜ਼ੇ ਬੰਦ, ਕੀਤੀ ਸਰਬ ਜੁਦਾਈਆ । ਗੋਬਿੰਦ ਕਿਹਾ ਓ ਜਗਤ ਮਾਤਾ ਗਾਈਏ ਓਸ ਦਾ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੇ ਦਿਤਾ ਇਹ ਜੀਉ ਪਿੰਡ, ਪੰਜ ਤਤ ਕਰੀ ਕੁੜਮਾਈਆ । ਦੇ ਕੇ ਧਾਰਾ ਅੰਮ੍ਰਿਤ ਸਿੰਧ, ਸਾਗਰ ਵਹਿਣ ਦਿਤਾ ਵਹਾਈਆ । ਉਹ ਗੁਜਰੀਏ ਹੁਣ ਨਹੀਂ ਤੇਰੀ ਬਿੰਦ, ਪੁਰਖ ਅਕਾਲ ਮੇਰਾ ਪਿਤਾ ਮਾਈਆ । ਇਹ ਤੱਤਾਂ ਵਾਲੀ ਤੇਰੇ ਪਿਛੇ ਭੇਜ ਦੇਣੀ ਆਪਣੀ ਜਿੰਦ, ਜ਼ਿੰਦਗੀ ਗੁਰਮੁਖਾਂ ਲੇਖੇ ਆਈਆ । ਫੇਰ ਪਰਗਟ ਹੋ ਕੇ ਆਉਣਾ ਵਿਚ ਹਿੰਦ, ਹਿੰਦੂ ਤੁਰਕ ਦਾ ਲੇਖਾ ਦੇਣਾ ਮੁਕਾਈਆ । ਜਿਹੜੀ ਰਬਾਬ ਸਤਿਗੁਰ ਨਾਨਕ ਵਜਾਈ ਕਿੰਗ, ਕਿੰਗਰੇ ਕਿੰਗਰੇ ਦੇਣੀ ਖੜਕਾਈਆ । ਜਗਤ ਮਾਤਾ ਇਕ ਗੱਲ ਪਹਿਲੋਂ ਮੇਰੀ ਸਾਰਿਆਂ ਕਰਨੀ ਨਿੰਦ, ਨਿੰਦਕ ਬਣੇ ਲੋਕਾਈਆ । ਜਿਸ ਵੇਲੇ ਮੇਰਾ ਮਾਲਕ ਪੁਰਖ ਅਕਾਲ ਹੁਕਮ ਦੇਵੇ ਮਰਗਿੰਦ, ਫ਼ਰਮਾਨ ਧੁਰ ਵਡਿਆਈਆ । ਫੇਰ ਨਾ ਮੈਨੂੰ ਨਾ ਮੇਰੇ ਭਗਤਾਂ ਨੂੰ ਕਿਸੇ ਨੂੰ ਰਹੇ ਕੋਈ ਚਿੰਦ, ਚਿੰਤਾ ਦੇਣੀ ਗਵਾਈਆ । ਚਰਨਾਂ ਹੇਠ ਬਹਿ ਕੇ ਕੋਟਨ ਕੋਟ ਸੁਰਪਤ ਰਾਜਾ ਇੰਦ, ਵਿਸ਼ਨ ਬ੍ਰਹਮਾ ਸ਼ਿਵ ਉਂਗਲੀ ਦੇ ਇਸ਼ਾਰੇ ਨਾਲ ਭਵਾਈਆ । ਪਰ ਭਗਤਾਂ ਗੁਰਸਿੱਖਾਂ ਸਾਚੇ ਸੰਤਾ ਦਾ ਬਣ ਬਖ਼ਸ਼ੰਦ, ਬਖਸ਼ਿਸ਼ ਆਪਣੇ ਹੱਥ ਰਖਾਈਆ । ਦੀਨ ਦੁਨੀ ਚਾਰ ਕੁੰਟ ਦਹਿ ਦਿਸ਼ਾ ਨਵ ਖੰਡ ਸੱਤ ਦੀਪ ਇਕ ਲਗਾਏ ਹੁਕਮ ਦੀ ਨਿੱਕੀ ਜਿਹੀ ਚਿਣਗ, ਸਾਰੀ ਸ੍ਰਿਸ਼ਟੀ ਦੇਣੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆ ਗਏ ਭੱਜੇ, ਭਜਨ ਬੰਦਗੀ ਛੱਡੀ ਸਰਬ ਲੋਕਾਈਆ । ਉਹ ਪੁਰਖ ਅਕਾਲ ਪਰਵਰਦਿਗਾਰ ਸਾਂਝਾ ਯਾਰ ਸਾਡੇ ਪੜਦੇ ਕੱਜੇ, ਓਥਨ ਆਪਣਾ ਸੀਸ ਟਿਕਾਈਆ । ਫਿਰ ਅਸੀਂ ਓਸੇ ਦੇ ਹੁਕਮ ਦੇ ਬੱਧੇ, ਚਲੀਏ ਸਚ ਰਜ਼ਾਈਆ । ਓਸੇ ਦੇ ਹੁਕਮ ਨਾਲ ਆ ਗਏ ਸੱਦੇ, ਬੈਠੇ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਹਿਣ ਅਸੀਂ ਅੱਜ ਖਾ ਖਾ ਬੜੇ ਰੱਜੇ, ਉਠਣ ਦੀ ਵਾਹ ਨਾ ਰਾਈਆ । ਸਾਡੇ ਪੇਟ ਭਰ ਭਰ ਥੱਪੇ, ਚਰਨਾਂ ਭਾਰ ਨਾ ਕੋਇ ਉਠਾਈਆ । ਗੋਬਿੰਦ ਕਿਹਾ ਜ਼ਰਾ ਤੱਕੋ ਸਾਰੇ ਅੱਗੇ, ਪੰਜ ਤਤ ਬੈਠਾ ਰਘੁਪਤ ਨਜ਼ਰੀ ਆਈਆ ।



੩੮੪
੨੦

ਭੱਜੋ ਨੱਠੋ ਦੌੜੋ ਜਿਹੜੇ ਮਾਰਗ ਤੁਹਾਨੂੰ ਦੱਸੇ, ਜਾ ਕੇ ਵੇਖੋ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਾਰਤਾ ਇਬਾਰਤਾਂ ਵਾਲੀ ਨਾ ਕੋਇ ਲਿਖਾਈਆ । ਗੁਰ ਅਵਤਾਰ ਪੈਗ਼ੰਬਰੋ ਕੋਈ ਹੁਣ ਪੜ੍ਹਨੀ ਨਹੀਂ ਅਲਿਫ਼ ਯੇ, ਕਲਮ ਸ਼ਾਹੀ ਨਾ ਰੰਗ ਰੰਗਾਈਆ । ਸਿੱਧਾ ਲਾਉਣਾ ਪਰਵਰਦਿਗਾਰ ਨਾਲ ਨੇਂਹ, ਦੂਜੇ ਸੰਗ ਅੰਗ ਨਾ ਕੋਇ ਜੁੜਾਈਆ । ਤਨ ਮਾਟੀ ਉਹ ਕਿੱਥੇ ਗਈ ਜਿਹੜੀ ਕੀਤੀ ਖੇਹ, ਖ਼ਾਲਸ ਰੂਪ ਨਿਰਗੁਣ ਜੋਤ ਬਿਨ ਵਰਨ ਗੋਤ ਬਿਨ ਕਾਇਆ ਕਿਲੇ ਕੋਟ ਸਚਖੰਡ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਆਪਣੇ ਵਿਚ ਮਿਲਾਈਆ । ਦੱਸੋ ਤੁਹਾਡੇ ਕਿਧਰ ਗਏ ਯਾਰ, ਜਿਹੜੇ ਬਣਾਏ ਹੋਣਹਾਰ, ਜਗਤ ਦੇ ਸਿਕਦਾਰ, ਤੱਤਾਂ ਦੇ ਦਿਲਦਾਰ, ਸੱਚੇ ਦਰਬਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਦੱਸੀਏ ਕੀਹਨੂੰ, ਹੋਰ ਕੋਈ ਸੁਣਨ ਵਾਲਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਓ ਕੀ ਲੱਭਣ ਚਲੇ ਮੈਨੂੰ, ਤੇ ਮਮਤਾ ਜਗਤ ਖੋਜ ਖੋਜਾਈਆ । ਗੋਬਿੰਦ ਕਿਹਾ ਨਹੀਂ ਮੈਂ ਸਭ ਦੀਆਂ ਹੱਦਾਂ ਭੰਨੂੰ, ਵੰਡ ਰਹੇ ਨਾ ਕੋਇ ਲੋਕਾਈਆ । ਜੋ ਅੜਿਆ ਓਸੇ ਨੂੰ ਸ਼ਬਦ ਦੇ ਹੁਕਮ ਨਾਲ ਡੰਨੂੰ, ਡੰਕਾ ਵੱਜੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੁਜਰੀ ਕਹੇ ਜ਼ਰਾ ਆਜਾ ਨੇੜੇ ਝੁਕ, ਕੰਨ ਨਾਲ ਮੁਖ ਲਗਾਈਆ । ਕੀ ਸਾਡਾ ਦਾਣਾ ਪਾਣੀ ਏਥੋਂ ਗਿਆ ਮੁਕ, ਮੈਨੂੰ ਦੇ ਸਮਝਾਈਆ । ਗੋਬਿੰਦ ਕਿਹਾ ਨਹੀਂ ਨਹੀਂ ਇਹ ਖੇਲ ਓਸੇ ਦਾ ਜਿਸ ਦਾ ਮੈਂ ਬਣਿਆ ਪੁੱਤ, ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਤੂੰ ਪੜ੍ਹ ਲੈ ਓਸੇ ਦੀ ਤੁਕ, ਕੰਨ ਵਿਚ ਗੋਬਿੰਦ ਸੋਹੰ ਢੋਲਾ ਦਿਤਾ ਸੁਣਾਈਆ । ਗੁਜਰੀ ਸੁਣ ਕੇ ਹੋ ਗਈ ਚੁਪ, ਅਨੰਦ ਵਿਚ, ਪਰਮਾਨੰਦ ਵਿਚ, ਸਤਿ ਦੇ ਚੰਦ ਵਿਚ, ਦੀਨ ਦਿਆਲ ਬਖ਼ਸ਼ੰਦ ਵਿਚ, ਬਿਨ ਧਿਆਨ ਗਈ ਸਮਾਈਆ । ਬਾਹਰ ਸੁਣੇ ਨਾ ਕੋਈ ਡੰਡ, ਸੂਰਮੇ ਇਕ ਦੂਜੇ ਦੀ ਵੱਢਣ ਕੰਡ, ਨਾਲੇ ਗਾਵਣ ਢੋਲੇ ਛੰਦ, ਗੋਬਿੰਦ ਉਚੀ ਚੜ੍ਹ ਕੇ ਵੇਖੇ ਜੰਗ, ਜਗਤ ਨਜ਼ਰ ਕਿਸੇ ਨਾ ਆਈਆ । ਇਹ ਸੋਹਣਾ ਪੁਰ ਅਨੰਦ, ਜਿਸ ਨੇ ਭਗਤਾਂ ਦੀ ਮੰਗੀ ਮੰਗ, ਜਿਨ੍ਹਾਂ ਕਾਰਨ ਆਵੇ ਸੂਰਾ ਸਰਬੰਗ, ਸੁੱਤਿਆਂ ਲਏ ਜਗਾਈਆ । ਗੁਜਰੀ ਕਿਹਾ ਉਹ ਕਿਹੜਾ ਢੰਗ, ਤਰੀਕਾ ਦੇ ਦਰਸਾਈਆ । ਗੋਬਿੰਦ ਕਿਹਾ ਜਿਧਰ ਵੇਖ ਵੇਖ ਵੇਖ ਜਗਤ ਮਾਤਾ ਤਿੰਨ ਵਾਰ ਬਚਨ ਕਹਿ ਕੇ ਦਿਤਾ ਦੱਸ, ਖ਼ਾਲੀ ਨਜ਼ਰ ਕੋਇ ਨਾ ਆਈਆ । ਕੀ ਹੋਇਆ ਜੇ ਤੂੰ ਮੈਨੂੰ ਸ਼ਿਕਮ ਵਿਚੋਂ ਤੱਤਾਂ ਵਾਲਾ ਗੋਬਿੰਦ ਜੰਮਿਆ ਭਾਰ ਉਠਾਇਆ ਪੇਟ, ਖੇਵਟ ਖੇਟ ਪੁਰਖ ਅਕਾਲ ਇਕੋ ਧੁਰ ਦਾ ਮਾਹੀਆ । ਜਿਸ ਨੂੰ ਮੈਂ ਅੰਦਰ ਰਿਹਾ ਚੇਤ, ਓਸ ਨਾਲ ਮੇਰਾ ਹੇਤ, ਮੈਂ ਓਸ ਦੇ ਰਣ ਵਿਚ ਹੋਣਾ ਖੇਤ, ਖਿੱਤਿਆਂ ਦਾ ਲੇਖਾ ਦੇਣਾ ਮੁਕਾਈਆ । ਗੁਜਰੀ ਕਿਹਾ ਅੱਜ ਚਲਿਉਂ ਕਿਹੜੇ ਪਰਦੇਸ, ਕਰ ਫ਼ਕੀਰੀ ਵੇਸ ਆਪਣਾ ਪੰਧ ਮੁਕਾਈਆ । ਗੋਬਿੰਦ ਕਿਹਾ ਮੈਂ ਵਸਣ ਚਲਿਆ ਭਗਤਾਂ ਦੇ ਦੇਸ, ਜਿਥੇ ਰਹਿਵਾਂ ਸਦਾ ਹਮੇਸ਼, ਨਾ ਕੋਈ ਕਲ ਨਾ ਕਲੇਸ਼, ਜੁਗ ਚੌਕੜੀ ਸਾਰੇ ਯਾਦ ਰੱਖੇ ਦਸਮੇਸ਼, ਦਹਿ ਦਿਸ਼ਾ ਦਾ ਮਾਲਕ ਹੋ ਕੇ ਨਜ਼ਰੀ ਆਈਆ । ਮੇਰਾ ਸ਼ਬਦ ਸਰੂਪੀ ਪੇਚ, ਪੇਚਾਦਾਰੀ ਜਗਤ ਦਿਆਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਰੰਗ ਰਿਹਾ ਰੰਗਾਈਆ । ਗੁਜਰੀ ਕਹੇ ਦੱਸ ਕਿਹੜੇ ਚਲੀਏ ਰਾਹ, ਰਸਤਾ ਦੇ ਸਮਝਾਈਆ । ਗੋਬਿੰਦ ਪਿਛਾ ਲਿਆ ਭਵਾ, ਹਾਂ ਹੂੰ ਨਾ ਕੋਇ ਸੁਣਾਈਆ । ਜਿਧਰ ਖੜ੍ਹੇ ਬੇਪਰਵਾਹ, ਓਧਰ ਜਾਣਾ

ਚਾਈਂ ਚਾਈਆ । ਮੈਂ ਅੱਜ ਤੋਂ ਓਸੇ ਦੀ ਭੇਟਾ ਦਿਤਾ ਕਰਾ, ਆਪਣਾ ਸੰਗ ਨਾ ਕੋਇ ਬਣਾਈਆ । ਨਾਤਾ ਲਿਆ ਤੁੜਾ, ਕੀਤੀ ਜਗਤ ਜੁਦਾਈਆ । ਅਗਲਾ ਖੇਲ ਕਰੇ ਜਿਸ ਨੂੰ ਜਾਣੇ ਕੋਈ ਨਾ, ਲੇਖਾ ਲਿਖਤ ਨਾ ਕੋਇ ਦ੍ਰਿੜਾਈਆ । ਹੁਕਮੇ ਅੰਦਰ ਦਿਆਂ ਸੁਣਾ, ਸ਼ਬਦ ਨੂਰ ਖ਼ੁਦਾਈਆ । ਦੋਹਾਂ ਨੂੰ ਨੀਹਾਂ ਹੇਠ ਦੇਣਾ ਦਬਾ, ਤੇਰੀ ਝੋਲੀ ਪਾਈਆ । ਦੋਹਾਂ ਨੂੰ ਮੈਦਾਨ ਵਿਚ ਸੂਰਬੀਰ ਦਿਆਂ ਬਣਾ, ਸੁਰ ਨਰ ਝੁਕਣ ਥਾਈਂ ਥਾਈਆਂ । ਆਪ ਆਪਣਾ ਆਪਣੇ ਦੇ ਲੇਖੇ ਲਾ, ਲਾਇਕ ਪੁੱਤਰ ਹੋ ਕੇ ਸੇਵ ਕਮਾਈਆ । ਗੁਰਮੁਖ ਸੱਜਣ ਸਾਰੇ ਦੇਣੇ ਤਜਾ, ਲਸ਼ਕਰ ਘੋੜਾ ਨਜ਼ਰ ਕੋਇ ਨਾ ਆਈਆ । ਨੰਗੀ ਪੈਰੀਂ ਭੱਜਣਾ ਵਾਹੋ ਦਾਹ, ਚੀਥੜ ਪੁਰਾਣੇ ਰਿਹਾ ਵਖਾਈਆ । ਸੂਲਾਂ ਸੇਜ ਸੱਥਰ ਲੈਣਾ ਹੰਢਾ, ਯਾਰੜਾ ਸੇਜ ਇਕ ਬਣਾਈਆ । ਇਕ ਸੁਨੇਹੜਾ ਦੇਣਾ ਸੁਣਾ, ਅਨਸੁਣਤ ਆਪ ਸਮਝਾਈਆ । ਤੇਰੀ ਖੇਲ ਮੇਰੇ ਸ਼ਹਿਨਸ਼ਾਹ, ਖ਼ੁਸ਼ੀਆਂ ਨਾਲ ਪੂਰ ਕਰਾਈਆ । ਜੇ ਸੁਣੇਂ ਤੇ ਚੜ੍ਹੇ ਚਾ, ਚਾਉ ਘਨੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਜਰੀ ਕਿਹਾ ਇਹ ਕੀ ਦੱਸਿਆ ਹਾਲ, ਵਾਜ ਪੁਛ ਪੁਛ ਦਿਤੀ ਲਗਾਈਆ । ਵੇਖੀਂ ਮੈਨੂੰ ਅੱਖਾਂ ਨਾਲ ਨਾ ਦੇਈਂ ਵਖਾਲ, ਮੈਥੋਂ ਝੱਲੀ ਨਾ ਜਾਏ ਜੁਦਾਈਆ । ਗੋਬਿੰਦ ਕਿਹਾ ਛੱਡ ਦੇ ਕੂੜਾ ਜੰਜਾਲ, ਮਮਤਾ ਮੋਹ ਨਾ ਕੋਇ ਵਧਾਈਆ । ਧੁਰ ਦਾ ਹੁਕਮ ਲੈਣਾ ਪਾਲ, ਪਾਲ ਸਿੰਘ ਦਾ ਲੇਖਾ ਫੇਰ ਬਣਾਈਆ । ਤੱਤਾਂ ਵਾਲਾ ਓਸੇ ਦਾ ਬਾਲ, ਬਣ ਬਹਾਦਰ ਤੇਗ਼ ਚਲਾਈਆ । ਫੇਰ ਫਲ ਲੱਗੇ ਸਾਚੇ ਡਾਲ, ਡਾਲੀ ਡਾਲੀ ਰੰਗ ਚੜ੍ਹਾਈਆ । ਜਿਸ ਵੇਲੇ ਕਲਜੁਗ ਸਭ ਦੇ ਸਿਰ ਤੇ ਕੂਕੇ ਕਾਲ, ਹੁਕਮ ਸਾਰੇ ਜਾਣ ਭੁਲਾਈਆ । ਧਰਮ ਰਹੇ ਨਾ ਕਿਸੇ ਧਰਮਸਾਲ, ਗੁਰਦਵਾਰ ਦਵਾਰ ਨਾ ਕੋਇ ਵਡਿਆਈਆ । ਕਿਸੇ ਕੰਮ ਨਾ ਆਵੇ ਢਾਲ ਤਲਵਾਰ, ਦਗ਼ੇਦਾਰ ਦਿਸੇ ਲੋਕਾਈਆ । ਗੋਬਿੰਦ ਕਿਹਾ ਮੇਰਾ ਬਚਨ ਕੋਈ ਨਾ ਸਕੇ ਪਾਲ, ਸਚ ਰੂਪ ਨਾ ਕੋਇ ਸਮਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਏ ਬੇਹਾਲ, ਚਾਰੋਂ ਕੁੰਟ ਕੂਕ ਕੁਰਲਾਈਆ । ਜਿਹੜਾ ਸਤਿਗੁਰ ਸ਼ਬਦ ਦਲਾਲ, ਉਹ ਮੇਰਾ ਰੂਪ ਨਜ਼ਰੀ ਆਈਆ । ਭਗਤ ਸੁਹੇਲੇ ਲਏ ਭਾਲ, ਚੁਰਾਸੀ ਵਿਚੋਂ ਲਏ ਉਠਾਲ, ਸਭ ਦਾ ਪੂਰਾ ਕਰੇ ਸਵਾਲ, ਜੋ ਸਵਾਲੀ ਦਰ ਤੇ ਆਈਆ । ਗੁਰ ਅਵਤਾਰ ਪੈਗ਼ੰਬਰਾਂ ਰਹੇ ਨਾ ਕੋਈ ਮਜਾਲ, ਸਿਰ ਸਕੇ ਨਾ ਕੋਇ ਉਠਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਸਾਂਝਾ ਵੱਜੇ ਤਾਲ, ਤਲਵਾੜਾ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਮੇਰੇ ਸੂਰਬੀਰ ਬਹਾਦਰ, ਜੋਧੇ ਗੁਰਮੁਖ ਨਜ਼ਰੀ ਆਈਆ । ਜਿਨ੍ਹਾਂ ਨੂੰ ਜੰਗ ਬਹਾਦਰ ਦੇਵੇ ਆਦਰ, ਸਭ ਤੋਂ ਪਹਿਲੋਂ ਸ਼ਹੀਦੀ ਪਾ ਕੇ ਉਮੀਦਾਂ ਵਿਚ ਆਸ ਰਖਾਈਆ । ਓਸ ਦੇ ਉਤੇ ਚਿੱਟੀ ਚਾਦਰ, ਓਸ ਦਾ ਮਾਲਕ ਕਰੀਮ ਕਾਦਰ, ਕੁਦਰਤ ਦਾ ਕਰਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਅਨੰਦ ਪੁਰੀ ਵਿਚੋਂ ਗੋਬਿੰਦ ਤੁਰਨ ਲੱਗਾ, ਲੱਗੇ ਬੱਧੇ ਨਾਲ ਮਿਲਾਈਆ । ਪੁਰਖ ਅਕਾਲ ਨੇ ਦਿਤਾ ਸੱਦਾ, ਧੁਰ ਫ਼ਰਮਾਨ ਦ੍ਰਿੜਾਈਆ । ਗਲੋਂ ਚੋਲਾ ਲਾਹ ਦੇ ਝੱਗਾ, ਅੰਤ ਅਖ਼ੀਰੀ ਤੇਰਾ ਵੇਖ ਵਖਾਈਆ । ਆਪਣਾ ਆਪ ਕਰ ਦੇ ਨੰਗਾ, ਸੋਹਣਾ ਰੰਗ ਚੜ੍ਹਾਈਆ । ਮੇਰੇ ਪਰੇਮ ਦਾ ਲੈ ਮਜ਼ਾ, ਰਸ ਵੇਖ ਨੂਰ ਖ਼ੁਦਾਈਆ । ਤੇਰੇ ਕੋਲ ਨਹੀਂ ਆਉਣੀ ਕਜ਼ਾ, ਦੋ ਜਹਾਨ ਤੇਰੇ ਚਰਨਾਂ ਹੇਠ ਦਬਾਈਆ । ਗੋਬਿੰਦ ਤੂੰ ਮੇਰਾ ਇਕੋ ਨੂਰ ਦੀਪਕ ਜੋਤ ਜਗਾ, ਦੋ ਜਹਾਨ ਕਰੇ ਰੁਸ਼ਨਾਈਆ । ਵੇਖੀਂ ਮੇਰਿਆਂ ਭਗਤਾਂ

ਨਾਲ ਕਦੇ ਨਾ ਕਰੀਂ ਦਗ਼ਾ, ਦਗ਼ੇਬਾਜ਼ੀ ਦੀਨ ਦੁਨੀਆ ਵਿਚੋਂ ਦੇਣੀ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਗੋਬਿੰਦ ਕਿਹਾ ਪ੍ਰਭੂ ਮੈਂ ਤੇਰਾ ਪੁੱਤਰ ਬਾਲ ਜਵਾਨ, ਸੋਹਣਾ ਬਾਂਕਾ ਨਜ਼ਰੀ ਆਈਆ । ਜਦੋਂ ਵੇਖੇਂ ਨੌਜਵਾਨ, ਜੋਬਨਵੰਤਾ ਸੋਭਾ ਪਾਈਆ । ਸ੍ਰਿਸ਼ਟ ਸਬਾਈ ਬਣਾਵਾਂ ਇਕ ਮੈਦਾਨ, ਮਧ ਵਿਚ ਦੂਜਾ ਸੰਗ ਨਾ ਕੋਇ ਰਲਾਈਆ । ਹੁਕਮ ਤੇਰਾ ਮੇਰਾ ਹੋਏ ਫ਼ਰਮਾਨ, ਫੁਰਨਾ ਸਭ ਦਾ ਬੰਦ ਕਰਾਈਆ । ਤੂੰ ਮੇਰਾ ਰਹਿਣਾ ਨਿਗਾਹਬਾਨ, ਨੇਤਰ ਅੱਖ ਖੁਲ੍ਹਾਈਆ । ਮੈਂ ਕਿਸੇ ਦੀ ਮੰਨਣੀ ਨਹੀਂ ਆਣ, ਗੁਰ ਅਵਤਾਰ ਪੈਗ਼ੰਬਰ ਉਂਗਲਾਂ ਨਾਲ ਭਵਾਈਆ । ਇਹ ਕੋਈ ਕਥਾ ਨਹੀਂ ਆਇਆ ਸੁਣਾਣ, ਜੋ ਵਰਤੇ ਵਰਤਮਾਨ, ਸੋ ਲੇਖਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਦੇ ਡੰਕੇ ਨਾਲ ਸ੍ਰਿਸ਼ਟ ਸਬਾਈ ਲਏ ਉਠਾਈਆ । ਗੋਬਿੰਦ ਕਹੇ ਗੁਜ਼ਰੀ ਨਾ ਕਰ ਅੰਤਰ ਕਲੇਸ਼, ਝਗੜਾ ਦੇ ਮੁਕਾਈਆ । ਗੋਬਿੰਦ ਤੇਰਾ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਮੈਂ ਹੋ ਗਿਆ ਓਸ ਦੇ ਪੇਸ਼, ਜੋ ਪੁਸ਼ਤ ਪਨਾਹ ਮੇਰੀ ਹੱਥ ਟਿਕਾਈਆ । ਮੈਂ ਹੁਣ ਵਸਣਾ ਓਸ ਦੇ ਦੇਸ, ਜਿਸ ਨੂੰ ਸਚਖੰਡ ਕਹਿ ਕੇ ਸਾਰੇ ਰਹੇ ਗਾਈਆ । ਮੈਂ ਆਦਿ ਜੁਗਾਦਿ ਜਦ ਵੇਖੋ ਇਕ ਦਾ ਏਕ, ਜੋ ਭਗਤਾਂ ਦੇਵਾਂ ਟੇਕ, ਗੁਰਮੁਖਾਂ ਬੁੱਧ ਕਰਾਂ ਬਿਬੇਕ, ਤ੍ਰੈਗੁਣ ਮਾਇਆ ਨਾ ਲਾਵੇ ਸੇਕ, ਅੰਦਰ ਵੜ ਕੇ ਦੇਵਾਂ ਭੇਤ, ਓ ਜਗਤ ਮਾਤਾ ਗੁਜਰੀ ਕਿਉਂ ਅਰਜਨ ਸਿਰ ਵਿਚ ਪਾਈ ਰੇਤ, ਖੁਲ੍ਹੜੇ ਕੇਸ ਦਿੱਤੇ ਵਖਾਈਆ । ਵੇਖ ਸਾਡੇ ਓਸ ਨੇ ਲਿਖੇ ਲੇਖ, ਜਿਸ ਦਾ ਨਾ ਕੋਈ ਰੂਪ ਤੇ ਨਾ ਕੋਈ ਰੇਖ, ਤੱਤਾਂ ਵਾਲਾ ਤਤ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਡਾ ਰੰਗ ਰਿਹਾ ਰੰਗਾਈਆ । ਗੋਬਿੰਦ ਕਿਹਾ ਮੈਨੂੰ ਨੈਣ ਲੈਣ ਦੇ ਨੱਪ, ਗੁਜਰੀ ਦਿਆਂ ਜਣਾਈਆ । ਦੋ ਜਹਾਨ ਲੈਣ ਦੇ ਘੱਤ, ਪੰਡ ਕੂੜ ਲੋਕਾਈਆ । ਨਾਤਾ ਜੋੜ ਲੈਣ ਦੇ ਪੱਕ, ਕਦੇ ਨਾ ਹੋਵੇ ਜੁਦਾਈਆ । ਪਰਕਾਸ਼ ਕਰ ਲੈਣ ਦੇ ਸੱਚ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮੈਂ ਮੁੜ ਕੇ ਨਹੀਂ ਆਉਣਾ ਤੱਤਾਂ ਵਾਲਾ ਸ਼ਰੀਰ ਕੱਚ, ਕੰਚਨ ਗੜ੍ਹ ਭੰਨ ਕੇ ਖ਼ੁਸ਼ੀ ਮਨਾਈਆ । ਓਸ ਦਾ ਲੈਣਾ ਰਸ, ਜੋ ਰਸਤੇ ਰਿਹਾ ਭਵਾਈਆ । ਓਸ ਦੇ ਨਾਲ ਮਿਲ ਕੇ ਜਨ ਭਗਤ ਦਵਾਰੇ ਜਾਣਾ ਵਸ, ਵਾਸਤਾ ਇਕੋ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਜਰੀ ਕਿਹਾ ਗੋਬਿੰਦ ਮੈਨੂੰ ਤੇਰਾ ਬੜਾ ਆਵੇ ਮੋਹ, ਮੁਹੱਬਤ ਨਜ਼ਰੀ ਆਈਆ । ਤੈਥੋਂ ਸਭ ਕੁਛ ਲਿਆ ਖੋਹ, ਅਨੰਦ ਪੁਰੀ ਖ਼ਾਲੀ ਦਏ ਵਖਾਈਆ । ਗੋਬਿੰਦ ਕਿਹਾ ਜਗਤ ਮਾਤਾ ਤੂੰ ਵੇਖੀਂ ਮੇਰੇ ਸ਼ਹਿਨਸ਼ਾਹ ਦਾ ਸ਼ਹਿਨਸ਼ਾਹੀ ਸੰਮਤ ਦੋ, ਦੋ ਜਹਾਨਾਂ ਤੋਂ ਪਰੇ ਨਜ਼ਰੀ ਆਈਆ । ਜਿਸ ਦੀ ਵਾਰ ਥਿਤ ਵਦੀਆਂ ਸੁਦੀਆਂ ਵਾਲੀ ਨਹੀਂ ਧਾਰਨਾ ਵਾਲੀ ਛੱਬੀ ਪੋਹ, ਪੋਹ ਦਾ ਮਹੀਨਾ ਤੇਰਾ ਠਰ ਨਾ ਜਾਏ ਸੀਨਾ, ਤੇਰਾ ਗੋਬਿੰਦ ਇਕ ਨਗੀਨਾ, ਜਿਸ ਦੀ ਕੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਰਿਹਾ ਰੰਗਾਈਆ । ਗੁਜਰੀ ਕਹੇ ਮੇਰੀ ਦੁੱਧੀਂ ਆ ਗਿਆ ਸੀਰ, ਹੱਸ ਕੇ ਹਾਲ ਸੁਣਾਈਆ । ਗੋਬਿੰਦ ਕਿਹਾ ਮੇਰੀ ਬਦਲ ਗਈ ਤਕਦੀਰ, ਤਦਬੀਰ ਪ੍ਰਭ ਜਣਾਈਆ । ਮੈਂ ਚੜ੍ਹ ਗਿਆ ਚੋਟੀ ਅਖ਼ੀਰ, ਜਿਥੇ ਮੰਜ਼ਲ ਇਕੋ ਨਜ਼ਰੀ ਆਈਆ । ਓਥੇ ਗੁਰ ਅਵਤਾਰ ਪੈਗ਼ੰਬਰਾਂ ਦੀ ਲੱਗੀ ਕੋਈ ਨਹੀਂ ਭੀੜ, ਥੱਲੇ ਬੈਠੇ ਸੀਸ ਨਿਵਾਈਆ । ਓਥੇ ਮੇਰੇ ਸਿਰ ਤੇ ਨਹੀਂ ਕੋਈ ਚੀਰ, ਸੀਸ ਦਸਤਾਰ

ਨਾ ਕੋਇ ਸੁਹਾਈਆ । ਨਾ ਕੋਈ ਕਮਾਨ ਨਜ਼ਰੀ ਆਵੇ ਤੀਰ, ਖੰਡਾ ਕਟਾਰ ਨਾ ਕੋਇ ਲਟਕਾਈਆ । ਨਾ ਕੋਈ ਮਜ਼੍ਹਬਾਂ ਵਾਲੀ ਜ਼ੰਜੀਰ, ਜਗਤ ਹੱਦ ਨਾ ਕੋਇ ਵੰਡਾਈਆ । ਨਾ ਕੋਈ ਦੁੱਖ ਦਰਦ ਨਾ ਭੀੜ, ਚਿੰਤਾ ਰੋਗ ਨਾ ਕੋਇ ਸਤਾਈਆ । ਨਾ ਕੋਈ ਸ਼ਾਸਤਰਾਂ ਗ੍ਰੰਥਾਂ ਦੀ ਬੰਨ੍ਹਣੀ ਪਏ ਬੀੜ, ਨਾ ਗ੍ਰੰਥਾਂ ਕਰੇ ਪੜ੍ਹਾਈਆ । ਮੈਂ ਓਸ ਦਾ ਪੀਤਾ ਸੀਰ, ਜਿਸ ਨੂੰ ਸ੍ਰੀ ਭਗਵਾਨ ਕਹਿ ਕੇ ਸਾਰੇ ਸੀਸ ਨਿਵਾਈਆ । ਫੇਰ ਕੱਢ ਕੇ ਗਾਤਰੇ ਵਿਚੋਂ ਸ਼ਮਸ਼ੀਰ, ਸ਼ਬਦ ਰੂਪ ਜਣਾਈਆ । ਮੈਂ ਪਹਿਨਣੇ ਬਸਤਰ ਨੀਲ, ਨੀਲੇ ਵਾਲਾ ਰੂਪ ਵਟਾਈਆ । ਫੇਰ ਪੁਰਖ ਅਕਾਲ ਦੇ ਅੱਗੇ ਕਰਨੀ ਇਕ ਅਪੀਲ, ਦਿਤੀ ਸਚ ਸੁਣਾਈਆ । ਮੇਰੇ ਨਾਲ ਸਾਂਝੀ ਕਰੇ ਦਲੀਲ, ਅੱਗੇ ਨੂੰ ਪੁਛਣ ਗਿੱਛਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਿਸ ਵੇਲੇ ਅਸੀਂ ਪੁਰੀ ਅਨੰਦ ਪੁੱਜੇ, ਵੇਲਾ ਵਕਤ ਵੇਖ ਵਖਾਈਆ । ਸਾਡੇ ਅੰਦਰ ਭੇਵ ਨਾ ਰਹੇ ਦੂਜੇ, ਦੁਤੀਆ ਰੂਪ ਨਾ ਕੋਇ ਜਣਾਈਆ । ਸਾਨੂੰ ਇਕੋ ਦਵਾਰਾ ਸੁੱਝੇ, ਜਿਥੇ ਵਸੇ ਧੁਰ ਦਾ ਮਾਹੀਆ । ਜਿਸ ਭੇਵ ਖੁਲ੍ਹਾਏ ਗੁੱਝੇ, ਫ਼ਰਮਾਨਾ ਇਕ ਦ੍ਰਿੜਾਈਆ । ਅਸੀਂ ਓਹਲੇ ਰਹੇ ਲੁਕੇ, ਮੈਦਾਨ ਵਿਚ ਕੋਇ ਨਾ ਆਈਆ । ਸਾਰਿਆਂ ਦੇ ਬੁੱਲ ਸੁੱਕੇ, ਕਰਬਲੇ ਵਾਲੇ ਰਹੇ ਕੁਰਲਾਈਆ । ਬਣਾਂ ਵਾਲਿਆਂ ਦੇ ਬਣਾਂ ਵਾਲੇ ਮਾਣ ਤੁੱਟੇ, ਤੀਰ ਕਮਾਨ ਕੰਧਿਆਂ ਉਤੇ ਉਠਾਈਆ । ਰਥਵਾਹੀਆਂ ਦੇ ਰਥ ਕਿਸੇ ਨਾ ਜੁਤੇ, ਅਸਵ ਰਾਸ ਹੱਥ ਨਾ ਕੋਇ ਫੜਾਈਆ । ਗਲੋਂ ਫਾਸੀ ਵਾਲੇ ਰੱਸੇ ਕਿਸੇ ਨਾ ਟੁੱਟੇ, ਲਟਕਦੇ ਓਸੇ ਤਰਾ ਨਜ਼ਰੀ ਆਈਆ । ਮੁਹੰਮਦ ਵਰਗੇ ਵੇਖੇ ਜੁੱਸੇ, ਤੋਬਾ ਤੋਬਾ ਦੇਣ ਦੁਹਾਈਆ । ਪੁਰਖ ਅਕਾਲ ਉਤੋਂ ਵੇਖੇ ਨਾਲ ਗ਼ੁੱਸੇ, ਕਿਉਂ ਬੈਠੇ ਅੱਖ ਸ਼ਰਮਾਈਆ । ਗੁਰ ਅਵਤਾਰ ਪੈਗ਼ੰਬਰੋ ਤਾਅ ਦਿਓ ਮੁੱਛੇ, ਮੁਸ਼ਕਲ ਸਭ ਦੀ ਵੇਖ ਵਖਾਈਆ । ਹੁਣ ਕਿਸੇ ਦੇ ਰਹਿਣ ਨਹੀਂ ਦੇਣੇ ਨ੍ਹੇਰਨੇ ਉਸਤਰੇ ਵਿਚ ਕੱਛੇ, ਲਬਾਂ ਸਕੇ ਨਾ ਕੋਇ ਕਟਾਈਆ । ਵਕਤ ਵੇਲਾ ਅਖ਼ੀਰੀ ਢੁੱਕੇ, ਭੇਵ ਅਭੇਦ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸੀਂ ਅਜੇ ਤਕ ਇਕ ਦੂਜੇ ਨਾਲ (ਰੁੱਸੇ), ਦੀਨ ਮਜ਼੍ਹਬਾਂ ਵਿਚ ਵੜ ਕੇ ਝਗੜੇ ਵਿਚ ਲੋਕਾਈਆ । ਜਿਸ ਵੇਲੇ ਗੋਬਿੰਦ ਦਾ ਸ਼ਬਦੀ ਨੂਰ ਫੁੱਟੇ, ਹੋਵੇ ਇਕ ਰੁਸ਼ਨਾਈਆ । ਓਸ ਵੇਲੇ ਭਗਤ ਬਣਨੇ ਸੱਚੇ, ਸਚ ਸੰਜਮ ਇਕ ਰਖਾਈਆ । ਗੁਰਸਿਖ ਰਹਿਣ ਨਹੀਂ ਦੇਣੇ ਲੁਕੇ, ਲੁਕਿਆਂ ਲਏ ਜਗਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਪਾਰ ਕਰਨੇ ਸੁੱਕੇ, ਆਪਣੇ ਕੰਧ ਉਠਾਈਆ । ਆਪ ਵੜ ਕੇ ਦੂਜੇ ਦੇ ਜੁੱਸੇ, ਜਿਸਮ ਦਾ ਇਸਮ ਇਸਮ ਦੀ ਕਿਸਮ ਬਿਨ ਚਸ਼ਮ ਦੇਣੀ ਬਦਲਾਈਆ । ਲੇਖੇ ਲਾਉਣੇ ਅਨਡਿੱਠੇ, ਜਿਹੜੇ ਲੇਖ ਕਿਸੇ ਨਹੀਂ ਡਿੱਠੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਹੋ ਗਏ ਓਹਲੇ, ਚੋਰੀ ਚੁਪਕੇ ਵੇਖ ਵਖਾਈਆ । ਗੋਬਿੰਦ ਕਿਸ ਤਰਾ ਆਪਣੇ ਭਗਤ ਜੁੜਾਉਂਦਾ ਪੁੱਤੇ, ਬੱਚੇ ਛੋਟਿਆਂ ਹੁਕਮ ਸ਼ਬਦ ਕਰਾਈਆ । ਕਿਸ ਤਰਾ ਟੁਕੜ ਖਾਵੇ ਰੁੱਖੇ, ਭੁੱਖੇ ਰਹਿ ਕੇ ਝਟ ਲੰਘਾਈਆ । ਜਾਂ ਤੱਕਿਆ ਗੋਬਿੰਦ ਸੂਰਾ ਇਕੋ ਬੁੱਕੇ, ਬੁੱਕਲ ਵਿਚ ਸਾਰੇ ਲਏ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਗੁਜਰੀ ਕਹੇ ਗੋਬਿੰਦ ਮੈਂ ਇਕ ਨੌਂ ਦਿਨ ਦੀ ਸੁਕਾ ਕੇ ਰੱਖੀ ਮੂਲੀ, ਤੁਰਨ ਲੱਗਿਆਂ ਮੁਖ ਸਗਨ ਦੇਵਾਂ ਲਗਾਈਆ । ਗੋਬਿੰਦ ਕਿਹਾ ਵੇਖੀਂ ਜਗਤ ਮਾਤਾ ਭੋਲੀ, ਭਰਮ ਵਿਚ ਨਾ ਪਾਈਆ । ਇਹ


੩੮੮
੨੦

ਤੇਰੀ ਮੂਲੀ ਨਹੀਂ ਮੇਰੇ ਗੁਰਮੁਖਾਂ ਦੀ ਕੱਟੀ ਜਾਏ ਸੂਲੀ, ਜਮ ਕੀ ਫਾਸੀ ਰਹਿਣ ਕੋਇ ਨਾ ਪਾਈਆ । ਬੇਸ਼ਕ ਇਹ ਬੜੀ ਸੀ ਕੂਲੀ, ਤੂੰ ਚੀਰ ਫਾੜ ਕੇ ਟੋਟੇ ਕਰਕੇ ਧੁੱਪੇ ਧਰ ਕੇ ਅੰਦਰੋਂ ਬਾਹਰੋਂ ਦਿਤੀ ਸੁਕਾਈਆ । ਮੈਂ ਮੰਜ਼ਲ ਵੇਖਾਂ ਚੜ੍ਹ ਕੇ ਜਿਥੋਂ ਮੇਰੇ ਭਗਤ ਸੁਹੇਲੇ ਆਉਣੇ ਪੜ੍ਹ ਕੇ, ਇਕੋ ਧੁਰ ਦਾ ਨਾਮ ਧਿਆਈਆ । ਹੁਣ ਤੁਸਾਂ ਸਾਰਿਆਂ ਨੇ ਭਾਣੇ ਜਾਣੇ ਜਰ ਕੇ, ਪੂਰੀ ਅਨੰਦ ਨੂੰ ਛੱਡ ਕੇ, ਮੈਨੂੰ ਕਹੁ ਮੈਂ ਵਾਰੀ ਘੋਲੀ ਸਦਕੇ, ਸੇਵਕ ਸੇਵਾਦਾਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਵਿਚ ਆਪਣਾ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਿਆ ਉਹ ਸਮਾਂ, ਸੋਹਣਾ ਨਜ਼ਰੀ ਆਈਆ । ਗੋਬਿੰਦ ਨੂੰ ਕਹਿੰਦੀ ਕੀ ਅੰਮਾਂ, ਜੋ ਅੰਮੜੀ ਜਗਤ ਅਖਵਾਈਆ । ਜਿਸ ਨੇ ਜਨਮ ਦਿਤਾ ਮਾਟੀ ਚੰਮਾਂ, ਤਨ ਵਜੂਦ ਵਖਾਈਆ । ਸਾਹ ਵਾਲਾ ਵੇਖਦੀ ਦਮਾ, ਨੈਣਾਂ ਨਾਲ ਤਕਾਈਆ । ਚਿੰਤਾ ਵਿਚ ਕਰੇ ਗ਼ਮਾ, ਗ਼ਮਗੀਨ ਹੋ ਕੇ ਆਪਣਾ ਅੰਦਰ ਆਪਣੇ ਵਿਚ ਵਖਾਈਆ । ਗੋਬਿੰਦ ਕਿਹਾ ਗੁਜਰੀ ਕੋਈ ਨਾ ਕਰੀਂ ਤਮਾ, ਤਮੰਨਾ ਜਗਤ ਨਾ ਕੋਇ ਰਖਾਈਆ । ਮੇਰਾ ਪੁਰਖ ਅਕਾਲ ਦੀਨ ਦਿਆਲ ਮੈਨੂੰ ਕਰਦਾ ਮਨ੍ਹਾ, ਧੁਰ ਫ਼ਰਮਾਨਾ ਇਕ ਸੁਣਾਈਆ । ਓ ਉਠ ਮੇਰੇ ਲਾਡਲੇ ਚੰਨਾ, ਮੇਰਾ ਨੂਰ ਤੇਰੀ ਰੁਸ਼ਨਾਈਆ । ਤੇਰੇ ਕੋਲ ਭੰਡਾਰਾ ਮੇਰੇ ਨਾਮ ਦਾ ਧਨਾ, ਧਨਾਡ ਧੁਰ ਦਾ ਦਿਤਾ ਬਣਾਈਆ । ਜਿਸ ਦੇ ਵਿਚ ਰਹੇ ਕੋਈ ਨਾ ਬੰਨਾ, ਲੇਖਾ ਸਭ ਦਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਚਲੇ ਹੁਕਮ ਰਜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖ ਕੇ ਕੀਤੀ ਸਲਾਹ, ਇਕੱਠੇ ਹੋ ਕੇ ਮਤਾ ਪਕਾਈਆ । ਕੀ ਹੁਕਮ ਦੇਵੇ ਬੇਪਰਵਾਹ, ਧੁਰ ਦਾ ਮਾਲਕ ਸ਼ਹਿਨਸ਼ਾਹੀਆ । ਗੋਬਿੰਦ ਕਿਹਾ ਜਾਓ ਆਪਣਾ ਪਕੜੋ ਰਾਹ, ਪ੍ਰਭ ਚਰਨ ਦਵਾਰੇ ਬਹਿ ਕੇ ਝਟ ਲੰਘਾਈਆ । ਮੈਂ ਕਦੀ ਨਹੀਂ ਹੋਣ ਵਾਲਾ ਫ਼ਨਾਹ, ਫਲ ਸਭ ਨੂੰ ਦਿਆਂ ਖਵਾਈਆ । ਹੁਕਮੇ ਅੰਦਰ ਕਦੇ ਕਰਾਂ ਨਾ ਨਾਂਹ, ਜੋਧਾ ਹੋ ਕੇ ਖ਼ੁਸ਼ੀ ਮਨਾਈਆ । ਮੈਨੂੰ ਪੁਰਖ ਅਕਾਲ ਨੇ ਦੱਸਿਆ ਉਹ ਦਾਅ, ਗੁਰ ਅਵਤਾਰ ਪੈਗ਼ੰਬਰੋ ਚਾਰ ਜੁਗ ਨਾ ਕਿਸੇ ਸਮਝਾਈਆ । ਮੈਂ ਕੋਈ ਹੱਥ ਵਿਚ ਮਾਲਾ ਨਹੀਂ ਲੈਣੀ ਫੜਾ, ਮਣਕਾ ਮਣਕਾ ਨਾ ਕੋਇ ਭਵਾਈਆ । ਤੱਟਾਂ ਉਤੇ ਨਹੀਂ ਦੇਣੇ ਬਹਾ, ਵਹਿਣਾਂ ਵਿਚ ਨੁਹਾਈਆ । ਜੰਗਲਾਂ ਵਿਚ ਨਹੀਂ ਦੇਣੇ ਭਜਾ, ਟਿੱਲਿਆਂ ਉਤੇ ਚੜ੍ਹਾਈਆ । ਗੁਫ਼ਾ ਦੇ ਅੰਦਰ ਨਹੀਂ ਦੇਣੇ ਧਕਾ, ਅੰਧੇਰੇ ਘੁਪ ਛੁਪਾਈਆ । ਸਿਰ ਵਿਚ ਪਾਉਣੀ ਨਹੀਂ ਸਵਾਹ, ਅਗਨੀ ਨਾ ਕੋਇ ਤਪਾਈਆ । ਮਿਹਰ ਨਜ਼ਰ ਨਾਲ ਸਭ ਦੇ ਇਕੇ ਵਾਰ ਬਖ਼ਸ਼ ਗੁਨਾਹ, ਤਿੰਨਾਂ ਗੁਣਾਂ ਦਾ ਡੇਰਾ ਦੇਣਾ ਢਾਹੀਆ । ਅੰਦਰ ਵੜ ਕੇ ਸਭ ਦੇ ਰਹਿਵਾਂ, ਰਿਹਾਇਸ਼ ਨਜ਼ਰ ਕਿਸੇ ਨਾ ਆਈਆ । ਸਦਾ ਪ੍ਰਭ ਦਾ ਹੁਕਮ ਲੈ ਕੇ ਆਵਾਂ ਨਵਾਂ, ਪਿਛਲੀ ਕਰਾਂ ਨਾ ਕੋਇ ਪੜ੍ਹਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤਾਂ ਦੇ ਵਿਚ ਬਹਵਾਂ, ਦੂਜਾ ਸੰਗ ਨਾ ਕੋਇ ਰਖਾਈਆ । ਜਿਸ ਵੇਲੇ ਪੈਗ਼ੰਬਰਾਂ ਦਾ ਅੰਤ ਬਦਲਿਆ ਸਮਾਂ, ਸਮਝ ਤੋਂ ਬਾਹਰ ਰਮਜ਼ ਦਿਆਂ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਗੁਰ ਅਵਤਾਰ ਪੈਗ਼ੰਬਰੋ ਜਾਓ ਚਲੇ, ਇਹ ਚਲਿਤ੍ਰ ਬੇਪਰਵਾਹੀਆ । ਵਸੋ ਆਪਣੇ ਜਾ ਮਹੱਲੇ, ਮਹਿਫ਼ਲ ਲਓ ਲਗਾਈਆ । ਤੁਸੀਂ ਸਦਾ ਆਏ ਸੁਣ ਲਓ ਕੱਲੇ ਕੱਲੇ, ਕਲਮਿਆਂ ਵਿਚ ਪ੍ਰਭ ਨੂੰ ਗਏ ਗਾਈਆ । ਮੇਰਾ ਦਵਾਰਾ ਏਕੰਕਾਰਾ ਪਰਵਰਦਿਗਾਰਾ ਹਰਿ ਨਿਰੰਕਾਰਾ ਸਾਂਝਾ ਯਾਰਾ ਸਾਂਝਾ ਯਾਰ ਹੋ ਕੇ ਮੱਲੇ, ਇਕ ਤੋਂ ਦੋ ਦੋ ਤੋਂ ਇਕ, ਦੋਹਾਂ ਦੀ ਪੂਰੀ ਸਿਕ, ਜਿਸ ਦਾ ਲੇਖਾ ਸਕੇ ਨਾ ਕੋਇ

ਲਿਖ, ਲਿਖਤਾਂ ਵਿਚ ਬੰਦ ਨਾ ਕੋਇ ਕਰਾਈਆ । ਤੁਹਾਨੂੰ ਦੇ ਕੇ ਅੱਖਰਾਂ ਵਾਲੀ ਨਿੱਕੀ ਜਿਹੀ ਚਿੱਟ, ਸਮਝਾ ਕੇ ਇਕ ਦੂਜੇ ਨੂੰ ਦਿਓ ਭਿਟ, ਪਿੱਟ ਪਿੱਟ ਮਰਦੀ ਰਹੇ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਪਰਮਾਨੰਦ ਗੋਬਿੰਦ ਵੱਲੇ ਤੱਕਣ ਬਿਟ ਬਿਟ, ਅੱਖਾਂ ਅੱਖਾਂ ਪਿਛੇ ਛੁਪਾਈਆ । ਗੋਬਿੰਦ ਆਉਣ ਲੱਗਿਆਂ ਅਨੰਦ ਪੁਰੀ ਦੀ ਪੁੱਟ ਕੇ ਇਕ ਇੱਟ, ਆਪਣੇ ਚੋਲੇ ਅੰਦਰ ਲਈ ਛੁਪਾਈਆ । ਸਰਸੇ ਵਿਚੋਂ ਆ ਕੇ ਉਹਦੇ ਉਤੇ ਪਾਈ ਇਕ ਛਿਟ, ਤੁਬਕਾ ਉਂਗਲੀ ਨਾਲ ਚੁਆਈਆ । ਉਹ ਰੋ ਕੇ ਪਈ ਪਿੱਟ, ਦਿਤੀ ਅੰਤ ਦੁਹਾਈਆ । ਮੇਰਾ ਲੇਖਾ ਅਗਲਾ ਦੇ ਲਿਖ, ਤੇਰੇ ਹੱਥ ਵਡਿਆਈਆ । ਮੈਨੂੰ ਦਿਸਦਾ ਤੈਥੋਂ ਵਿਛੜ ਜਾਣੇ ਸਾਰੇ ਸਿੱਖ, ਅਗਲਾ ਸਾਥ ਨਾ ਕੋਇ ਦਸਾਈਆ । ਗੋਬਿੰਦ ਕਿਹਾ ਨਹੀਂ ਮੇਰੀ ਮੇਰੇ ਗੁਰਮੁਖਾਂ ਨਾਲ ਨਹੀਂ ਕੋਈ ਵਿਥ, ਹਿੱਸਾ ਵੰਡ ਨਾ ਕੋਇ ਵੰਡਾਈਆ । ਗੋਬਿੰਦ ਨੇ ਕਮਰਕਸਾ ਲਿਆ ਖਿੱਚ, ਸੱਜਾ ਚਰਨ ਤਿੰਨ ਵਾਰ ਠੁਕਰਾਈਆ । ਤੈਨੂੰ ਓਥੇ ਦੇਵਾਂ ਸੁੱਟ, ਜਿਥੇ ਚਾਰ ਵਰਨ ਸੀਸ ਨਿਵਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਈ ਭਿਟ, ਭਗਤ ਦਵਾਰਾ ਕਹਿ ਕੇ ਸਾਰੇ ਢੋਲਾ ਗਾਈਆ । ਫਿਰ ਆਵਾਂ ਉਹਦੇ ਵਿਚ, ਨਾਲ ਪੁਰਖ ਅਕਾਲ ਮਿਲਾਈਆ । ਗੁਰਮੁਖ ਰਹਿਣ ਨਾ ਦੇਵਾਂ ਕੋਈ ਜ਼ਿਚ, ਚੁਰਾਸੀ ਦਾ ਗੇੜ ਨਾ ਕੋਇ ਭਵਾਈਆ । ਸਭ ਦੇ ਅੰਦਰ ਬਿਨਾ ਮੰਦਰ ਅੰਧੇਰੀ ਕੰਦਰ ਤੋੜ ਕੇ ਜੰਦਰ, ਆਪਣੇ ਨਾਮ ਦੀ ਲਕੀਰ ਦੇਵਾਂ ਖਿੱਚ, ਲਾਈਨ ਐਨ ਗ਼ੈਨ ਸ਼ਾਸਤਰ ਸਿਮਰਤ ਵੇਦ ਪੁਰਾਨ ਰਮਾਇਣ ਅੰਜੀਲ ਕੁਰਾਨ ਵਖਾ ਨਾ ਸਕੇ ਤਿਸ, ਗ੍ਰੰਥਾਂ ਵਿਚੋਂ ਗਿਰਹਿ ਨਾ ਕੋਇ ਸਮਝਾਈਆ । ਕੱਢ ਕੇ ਵਿਚੋਂ ਕੂੜੇ ਵਹਿਣ, ਸਾਚੀ ਸੰਗਤ ਵਿਚ ਦੱਸਾਂ ਬਹਿਣ, ਊਚ ਨੀਚ ਰਹੇ ਨਾ ਕੋਇ ਤਰਫ਼ੈਨ, ਸਾਰੇ ਬਣਾ ਕੇ ਭਾਈ ਭੈਣ, ਆਪਣੇ ਰੰਗ ਦਿਆਂ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰੋ ਜਾਓ ਓਸ ਦੇ ਪਾਸ, ਜੋ ਪਾਰਬ੍ਰਹਮ ਅਖਵਾਈਆ । ਇਹ ਮੇਰਾ ਇਕੱਲੇ ਦਾ ਕੰਮ ਖ਼ਾਸ, ਕਮਰਕੱਸਾ ਦਿਤਾ ਖਿਚਾਈਆ । ਮੈਨੂੰ ਕਿਸੇ ਦੀ ਲੋੜ ਨਹੀਂ ਸਭ ਨੂੰ ਦਿਤਾ ਜਵਾਬ, ਪਹੁੰਚੇ ਧੁਰਦਰਗਾਹੀਆ । ਮੈਂ ਇਕੋ ਨੂੰ ਕਰਨਾ ਆਦਾਬ, ਇਕੋ ਨੂੰ ਸੀਸ ਨਿਵਾਈਆ । ਇਕੋ ਰੱਖੇ ਲਾਜ, ਇਕੋ ਬੇਪਰਵਾਹੀਆ । ਓਸੇ ਨੇ ਰਚਿਆ ਕਾਜ, ਓਹੋ ਵੇਖ ਵਖਾਈਆ । ਜਿਸ ਦਾ ਆਦਿ ਜੁਗਾਦਿ ਸ਼ਬਦ ਇਕ ਸਮਾਜ, ਦੂਜਾ ਸਚ ਨਾ ਕੋਇ ਜਣਾਈਆ । ਮੈਂ ਓਸੇ ਦਾ ਮੁਹਤਾਜ, ਦੂਜਾ ਸੰਗ ਨਾ ਕੋਇ ਰਖਾਈਆ । ਮੈਨੂੰ ਖ਼ੁਸ਼ੀ ਹੋਈ ਆਜ, ਸਭ ਨੂੰ ਦਿਆਂ ਦ੍ਰਿੜਾਈਆ । ਓ ਗੋਬਿੰਦ ਕਿਹਾ ਗੁਰ ਅਵਤਾਰ ਪੈਗ਼ੰਬਰੋ ਮੈਂ ਕੋਈ ਲੂਲ੍ਹਾ ਲੰਗੜਾ ਨਹੀਂ ਅਪਹਾਜ, ਸੂਰਬੀਰ ਸੋਹਣਾ ਬਾਂਕਾ ਨਜ਼ਰੀ ਆਈਆ । ਬਿਨਾ ਮੇਰੇ ਪੁਰਖ ਅਕਾਲ ਦਾ, ਕੋਟ ਸਚਖੰਡ ਦਾ, ਬ੍ਰਹਿਮੰਡ ਦਾ, ਜੇਰਜ ਅੰਡ ਦਾ, ਉਤਭਜ ਸੇਤਜ ਦਾ, ਆਤਮਾ ਪਰਮਾਤਮਾ ਦਾ, ਨਿਰਗੁਣ ਸਰਗੁਣ ਦਾ, ਤਤ ਸਰੀਰ ਦਾ, ਬੇਨਜ਼ੀਰ ਦਾ, ਸ਼ਾਹ ਹਕੀਰ ਦਾ, ਪੰਜ ਪੀਰ ਦਾ, ਕਦੇ ਨਾ ਚਲੇ ਰਾਜ, ਹਕੂਮਤ ਕਰਨ ਵਾਲਾ ਸਤਿਗੁਰ ਸ਼ਬਦ ਬਿਨਾ ਨਜ਼ਰ ਕੋਇ ਨਾ ਆਈਆ । ਇਹ ਕੋਈ ਲੇਖਾ ਨਹੀਂ ਚਾਲਾਕ ਦਾ, ਕੋਈ ਹਿਸਾਬ ਨਹੀਂ ਕਲਮ ਦਵਾਤ ਦਾ, ਇਹ ਕੋਈ ਝਗੜਾ ਨਹੀਂ ਸ਼ਿਵਦਵਾਲੇ ਮੰਦਰ ਮਸਜਿਦ ਮਠ ਮਹਿਰਾਬ ਦਾ, ਇਹ ਕੋਈ ਹੁਕਮ ਨਹੀਂ ਦੋਜ਼ਖ਼ ਬਹਿਸ਼ਤ ਪੁੰਨ ਸਵਾਬ ਦਾ, ਇਹ ਖੇਲ ਓਸ ਹਕੀਕੀ ਜਨਾਬ ਦਾ, ਜੋ ਲਾਸ਼ਰੀਕ ਆਦਿ ਜੁਗਾਦਿ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਅੰਤਮ ਫ਼ਤਿਹ, ਗੋਬਿੰਦ ਚਲੇ ਪੀਠ ਭਵਾਈਆ । ਗੋਬਿੰਦ ਕਿਹਾ ਪ੍ਰਭ ਦਾ ਸੁਤ ਦੁਲਾਰਾ ਇਕੋ ਗੱਜੇ, ਗਜਾਂ ਦੀ ਲੋੜ ਰਹੇ ਨਾ

ਰਾਈਆ । ਜਿਸ ਦਾ ਨੂਰ ਦੋ ਜਹਾਨ ਜਗੇ, ਮੇਰੇ ਅੰਦਰ ਕਰੇ ਰੁਸ਼ਨਾਈਆ । ਮੈਂ ਕੋਈ ਗੋਬਿੰਦ ਸਤਿਗੁਰ ਬਣ ਕੇ ਸੌਣ ਨਹੀਂ ਆਇਆ ਉਤੇ ਕਿਸੇ ਮੰਜੇ, ਸੱਥਰ ਯਾਰੜਾ ਸੇਜ ਹੰਢਾਈਆ । ਜਿਸ ਨੇ ਮੇਰੇ ਪੜਦੇ ਕੱਜੇ, ਕਾਇਮ ਮੁਕਾਮ ਬੈਠਾ ਦਰਗਾਹ ਸਾਚੀ ਸੋਭਾ ਪਾਈਆ । ਸਾਰੇ ਓਸੇ ਦੇ ਹੁਕਮ ਅੰਦਰ ਤੁਸੀਂ ਆਏ ਬੱਧੇ, ਬੰਦਨਾ ਕਰ ਕੇ ਆਪਣਾ ਝਟ ਲੰਘਾਈਆ । ਜਿਸ ਨੇ ਗੋਬਿੰਦ ਕਿਹਾ ਪੁਰੀ ਅਨੰਦ ਛੱਡਣ ਤੋਂ ਪਹਿਲੋਂ ਮੇਰੇ ਗਲੋਂ ਲੁਹਾਏ ਝੱਗੇ, ਪੜਦਾ ਆਪਣਾ ਉਤੇ ਪਾਈਆ । ਓਸ ਦੇ ਹੁਕਮ ਅੰਦਰ ਫੇਰ ਆਏ ਸੱਦੇ, ਬਸਤਰ ਪਹਿਨ ਵੇਖ ਨੈਣ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਿਹਾ ਮਾਤਾ ਗੁਜਰੀ ਜਗਤ ਵਾਲੀ ਉਠ, ਚਲੀਏ ਚਾਈਂ ਚਾਈਂਆ । ਮੈਨੂੰ ਗਾਨਾ ਬੰਨ੍ਹ ਸੱਜੇ ਗੁਟ, ਫੜ ਬਾਹੋਂ ਖ਼ੁਸ਼ੀ ਮਨਾਈਆ । ਮੈਂ ਇਨ੍ਹਾਂ ਦੀ ਜੜ੍ਹ ਦੇਵਾਂ ਪੁੱਟ, ਜਿਹੜੇ ਦੁਖੀਆਂ ਰਹੇ ਦੁਖਾਈਆ । ਮੈਂ ਭਗਤਾਂ ਗੁਰਮੁਖਾਂ ਸਭ ਕੁਛ, ਪਹਿਲੇ ਆਪਣਾ ਘਰਾਨਾ ਦਿਆਂ ਲੁਟਾਈਆ । ਜੇ ਪੁਰਖ ਅਕਾਲ ਮੈਨੂੰ ਲਏ ਪੁਛ, ਤੇ ਆਪਣਾ ਆਪ ਓਸੇ ਦੇ ਅੱਗੇ ਟਿਕਾਈਆ । ਮਾਤਾ ਜਗਤ ਇਕ ਵੇਰਾਂ ਫੇਰ ਸੁਣ ਲਾ ਅਨੰਦ ਪੁਰ ਛੱਡਣ ਲੱਗਿਆਂ ਤੂੰ ਪੜ੍ਹ ਲੈ ਇਕ ਤੁਕ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਮਾਤਾ ਗੁਜਰੀ ਜਗਤ ਵਾਲੀ ਖੋਲ੍ਹ ਦੇ ਆਪਣੀ ਗੁੱਤ, ਧਿਆਨ ਪੁਰਖ ਅਕਾਲ ਵੱਲ ਲਗਾਈਆ । ਗੋਬਿੰਦ ਤਾਅ ਦੇ ਕੇ ਸੱਜੀ ਮੁੱਛ, ਮੁਸ਼ਕਲ ਭਗਤਾਂ ਪਾਰ ਕਰਾਈਆ । ਕਲਜੁਗ ਅੰਤ ਜਿਸ ਵੇਲੇ ਕਵੇਲੇ ਦਾ ਵੇਲਾ ਗਿਆ ਢੁੱਕ, ਭਰਮੇ ਭੁੱਲੇ ਲੋਕਾਈਆ । ਪਿਆਰ ਰਹੇ ਨਾ ਮਾਤ ਪੁੱਤ, ਪਿਤਾ ਪੂਤ ਹੋਏ ਜੁਦਾਈਆ । ਮਨ ਵਾਸਨਾ ਲੱਗੇ ਦੁੱਖ, ਤ੍ਰਿਸ਼ਨਾ ਨਾ ਕੋਇ ਬੁਝਾਈਆ । ਬਿਨ ਪ੍ਰਭ ਦੀ ਕਿਰਪਾ ਜਨਨੀ ਭਗਤ ਜਣੇ ਨਾ ਆਪਣੀ ਕੁੱਖ, ਸਾਚਾ ਨੂਰ ਨਾ ਕੋਇ ਪਰਗਟਾਈਆ । ਸਾਧ ਸੰਤ ਸਤਿ ਵਿਚ ਮਿਲਣ ਵਾਲੇ ਸਾਰੇ ਜਾਣੇ ਲੁਕ, ਕਥਾ ਕਰਨ ਵਾਲੇ ਪੜ੍ਹ ਪੜ੍ਹ ਆਪਣਾ ਝਟ ਲੰਘਾਈਆ । ਮੈਂ ਓਸ ਧਾਰੋਂ ਫੇਰ ਆਉਣਾ ਉਠ, ਜਿਥੇ ਗੁਰ ਅਵਤਾਰ ਪੈਗ਼ੰਬਰ ਬੈਠੇ ਲੁਕ, ਆਪਣਾ ਆਪ ਛੁਪਾਈਆ । ਨਿਰਗੁਣ ਧਾਰ ਬਣ ਕੇ ਸੁੱਤ, ਸੁਹਾਉਣੀ ਸਾਚੀ ਰੁੱਤ, ਅਬਿਨਾਸ਼ੀ ਅਚੁਤ ਆਪਣੇ ਨਾਲ ਮਿਲਾਈਆ । ਭਗਤ ਸੁਹੇਲੇ ਗੋਦੀ ਲੈਣੇ ਚੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਗੁਜਰੀ ਕਿਹਾ ਮੈਨੂੰ ਇਕ ਵੇਰਾਂ ਨੈਣਾਂ ਵਿਚੋ ਵਹਾ ਲੈਣ ਦੇ ਨੀਰ, ਅੱਖਾਂ ਹੌਲੀਆਂ ਲਵਾਂ ਕਰਾਈਆ । ਮੈਨੂੰ ਦੁੱਖ ਲੱਗੇ ਜਿਸ ਵੇਲੇ ਗੁਰਮੁਖ ਘੱਤੀ ਜਾਣ ਵਹੀਰ, ਅੰਦਰੋਂ ਬਾਹਰ ਚਾਈਂ ਚਾਈਆ । ਗੋਬਿੰਦ ਕਿਹਾ ਖੰਡਾ ਖਿੱਚ ਕੇ ਮੈਂ ਫੇਰ ਦਿਤੀ ਲਕੀਰ, ਏਥੇ ਦਾ ਲੇਖਾ ਏਥੇ ਦਿਤਾ ਮੁਕਾਈਆ । ਅੱਗੇ ਬਦਲ ਦੇਵਾਂ ਤਕਦੀਰ, ਹੁਕਮ ਸੁਣਾਵਾਂ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਜਗਤ ਮਾਤਾ ਸਚ ਦ੍ਰਿੜਾਵਾਂਗਾ । ਹੁਕਮ ਧੁਰ ਦਾ ਇਕ ਸੁਣਾਵਾਂਗਾ । ਅਗਲਾ ਲੇਖਾ ਵੇਖ ਵਖਾਵਾਂਗਾ । ਸ਼ਬਦੀ ਧਾਰ ਗੋਬਿੰਦ ਅਖਵਾਵਾਂਗਾ । ਪੁਰਖ ਅਕਾਲ ਨਾਲ ਰਲਾਵਾਂਗਾ । ਸਾਚਾ ਦੇਸ ਇਕ ਸੁਹਾਵਾਂਗਾ । ਨਰ ਨਰੇਸ਼ ਹੋ ਕੇ ਫੇਰਾ ਪਾਵਾਂਗਾ । ਪਿਛਲਾ ਮੇਟ ਕੇ ਲੇਖ, ਨੂਰੀ ਰਾਹ ਇਕ ਧਰਾਵਾਂਗਾ । ਭਾਗ ਲਗਾ ਕੇ ਸੰਬਲ ਦੇਸ, ਡੰਕ ਵਜਾਵਾਂਗਾ । ਫੇਰ ਕਰ ਅਗੰਮੀ ਖੇਡ, ਸੰਮਤ ਸ਼ਹਿਨਸ਼ਾਹੀ ਵਰਤਾਵਾਂਗਾ । ਜਿਹੜੇ ਅਨੰਦ ਪੁਰੀ ਵਿਚੋਂ ਦਿਤੇ ਭੇਜ, ਫੇਰ ਆਪਣੇ ਨਾਲ ਰਲਾਵਾਂਗਾ । ਖ਼ੁਸ਼ੀਆਂ ਨਾਲ ਦੇ ਕੇ ਇਕ ਸੰਦੇਸ਼, ਸੋਹਣਾ ਸਵਾਂਗ ਆਪ ਪਰਗਟਾਵਾਂਗਾ ।

ਸਾਰੇ ਕਰ ਕੇ ਏਕ ਦੇ ਏਕ, ਇਕੋ ਢੋਲਾ ਰਾਗ ਸੁਣਾਵਾਂਗਾ । ਚਰਨ ਪ੍ਰੀਤੀ ਬਖ਼ਸ਼ ਕੇ ਟੇਕ, ਟਿੱਕੇ ਧੂੜੀ ਮਸਤਕ ਸਭ ਦੇ ਖ਼ਾਕ ਰਮਾਵਾਂਗਾ । ਮੈਂ ਛੱਡ ਕੇ ਸਚਖੰਡ ਦੇਸ, ਪਰਦੇਸੀ ਹੋ ਕੇ ਮਾਤਲੋਕ ਭਗਤ ਸੁਹੇਲੇ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਵਾਂਗਾ । ਜਗਤ ਮਾਤਾ ਤੈਨੂੰ ਕਹਿੰਦੇ ਸਾਰੇ ਗੁਜਰੀ, ਦੁੱਧ ਪਿਆਵਣ ਵਾਲੀ ਬਣਨਾ ਮਾਈਆ । ਤੇਰੀ ਅਨੰਦ ਪੁਰੀ ਬਾਹਰੋਂ ਉਜੜੀ, ਅੰਦਰੋਂ ਵਸਦੀ ਨਜ਼ਰੀ ਆਈਆ । ਜੇ ਮੇਰੀ ਰਮਜ਼ ਕਿਸੇ ਬੁੱਝ ਲਈ, ਬੁਝਾਰਤ ਜੁਗ ਅੱਗੇ ਰਖਾਈਆ । ਏਥੇ ਖੇਲ ਮੇਰੀ ਨਹੀਂ ਮੁਕ ਗਈ, ਅਗਲਾ ਲੇਖਾ ਰਿਹਾ ਸਮਝਾਈਆ । ਫੇਰ ਮੈਂ ਪਰਤ ਕੇ ਆਉਣਾ ਇਕ ਪੁਰਖ ਅਕਾਲ ਦੇ ਨਾਮ ਦੀ ਤੁਕ ਲਈ, ਦੂਜਾ ਢੋਲਾ ਕੋਇ ਨਾ ਗਾਈਆ । ਇਸ ਦੇਹ ਅੰਦਰ ਬੇਨਜ਼ੀਰ ਅੰਦਰ ਬਾਹਰੋਂ ਆ ਕੇ ਭਗਤ ਦਵਾਰੇ ਵਿਚ ਸੁਖ ਲਈਂ, ਜਿਥੇ ਭਗਤ ਸੁਹੇਲੇ ਹੋ ਕੇ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੈਗ਼ੰਬਰ ਇਹ ਭੱਜੇ ਆਉਣੇ ਓਥੇ ਭਗਤਾਂ ਦੇ ਟੁਕ ਲਈ, ਪਹਿਲੋਂ ਟੋਕਰੇ ਸਿਰਾਂ ਉਤੇ ਭਾਰ ਉਠਾਈਆ । ਗੁਜਰੀ ਓਸੇ ਵੇਲੇ ਖ਼ੁਸ਼ ਹੋਈ, ਖ਼ੁਸ਼ੀ ਵਿਚ ਤਾਲੀ ਦਿਤੀ ਲਗਾਈਆ । ਪ੍ਰੇਮ ਪ੍ਰੀਤੀ ਦੇ ਨਸ਼ੇ ਵਿਚ ਗੁੱਟ ਹੋਈ, ਦੁਖੜਾ ਲਿਆ ਗਵਾਈਆ । ਗੋਬਿੰਦ ਨੇ ਅੰਦਰ ਵਖਾਇਆ ਵੇਖ ਦੀਨ ਦੁਨੀ ਦੀ ਲੁੱਟ ਹੋਈ, ਤੇਰਾ ਪੁੱਤ ਲੁੱਟਿਆ ਕਦੇ ਨਾ ਜਾਈਆ । ਜੇ ਆਵਾਂ ਤੇ ਗੁਰਮੁਖਾਂ ਦੇ ਸੁਖ ਲਈ, ਆਪਣੀ ਲੋੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਬਿੰਦ ਦਾ ਉਹ ਵਕਤ ਵੇਖਿਆ ਸੁਹਾਵਣਾ, ਸੋਹਣੀ ਖ਼ੁਸ਼ੀ ਬਣਾਈਆ । ਭਗਤਾਂ ਦਾ ਪਕੜਿਆਂ ਦਾਮਨਾ, ਦਾਮਨਗੀਰ ਨਜ਼ਰੀ ਆਈਆ । ਪੂਰ ਕਰਾਈ ਕਾਮਨਾ, ਭਾਵਨਾ ਵੇਖ ਵਖਾਈਆ । ਛੱਬੀ ਪੋਹ ਰੰਗ ਰੰਗਾਵਣਾ, ਰੰਗਤ ਚੜ੍ਹੇ ਨੂਰ ਖ਼ੁਦਾਈਆ । ਸਤਾਈ ਪੋਹ ਸਭ ਨੇ ਖਾਧਾ ਖਾਵਣਾ, ਖਾ ਖਾ ਮਿਲੀ ਵਡਿਆਈਆ । ਖ਼ੁਸ਼ੀਆਂ ਵਿਚ ਗੁਰ ਅਵਤਾਰ ਪੈਗ਼ੰਬਰਾਂ ਭਗਤਾਂ ਦੇ ਅੰਦਰ ਵੜ ਕੇ ਕਿਹਾ ਤੁਸਾਂ ਪ੍ਰੇਮ ਦਾ ਭੰਗੜਾ ਪਾਵਣਾ, ਧੁਰ ਦੇ ਢੋਲੇ ਗਾਈਆ । ਜਿਸ ਕਾਰਨ ਗੋਬਿੰਦ ਵੇਸ ਵਟਾਵਣਾ, ਪੜਦਾ ਦਏ ਚੁਕਾਈਆ । ਸਾਡੀ ਅੰਤ ਅਖ਼ੀਰੀ ਇਕੋ ਕਾਮਨਾ, ਉਚੀ ਕੂਕ ਦਈਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਬੇਨੰਤੀ ਲੱਗੇ ਸੁਣਾਣ, ਸੁਣ ਬੇਪਰਵਾਹੀਆ । ਵੇਖਿਆ ਖੇਲ ਮਹਾਨ, ਖ਼ੁਸ਼ੀ ਧੁਰਦਰਗਾਹੀਆ । ਕਲਜੁਗ ਕੂੜ ਲੱਗਾ ਪਛਤਾਣ, ਰੋਵੇ ਮਾਰੇ ਧਾਹੀਆ । ਕੂੜ ਰਾਜਾ ਕੂੜੀ ਪਰਜਾ ਕੂੜਾ ਦਿਸੇ ਜਹਾਨ, ਕੂੜੀ ਸਰਬ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਬਿੰਦ ਜੇ ਸਭ ਦੀ ਇਕੋ ਵਾਰ ਲਾਹਵੇਂ ਮੁਕਾਣ, ਘਰ ਘਰ ਰੋਣ ਦੀ ਲੋੜ ਰਹੇ ਨਾ ਰਾਈਆ । ਸਿਆਪੇ ਕਰਨ ਜਿਉਂ ਮਾਪਿਆਂ ਦੇ ਪੁੱਤ ਮਰੇ ਜਵਾਨ, ਬਹੁੜੀ ਬਹੁੜੀ ਜਗਤ ਵਿਚ ਦੁਹਾਈਆ । ਅਸੀਂ ਵੇਖੀਏ ਖ਼ੁਸ਼ੀਆਂ ਨਾਲ ਕਿਸ ਬਿਧ ਵੱਜੇ ਦੋਹੱਥੜਾਂ ਵਾਲਾ ਤਾਲ, ਤਲਵਾੜਾ ਤੇਰਾ ਨਾਮ ਬਣਾਈਆ । ਮਾਝੇ ਵਾਲਿਆਂ ਦਾ ਜੇ ਬੇਦਾਵਾ ਦਿਤਾ ਪਾੜ, ਏਨ੍ਹਾਂ ਦਾ ਸੁਣ ਹਾੜ, ਹਾੜੇ ਕਰ ਕੇ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਕਲਜੁਗ ਕੂੜੀ ਕਿਰਿਆ ਕਰੋ ਸਿਆਪਾ, ਮਾਝਾ ਪਹਿਲੀ ਵੰਡ ਵੰਡਾਈਆ । ਦੂਜਾ ਹੁਕਮ ਮਿਲੇ ਦੋਆਬਾ, ਦੋਹਰਾ ਤਾਲ ਵਜਾਈਆ । ਤੀਜਾ ਮਾਲਵੇ ਪੂਰਾ ਹੋਵੇ ਖ਼ਵਾਬਾ, ਜੋ ਡੱਲੇ ਗੋਬਿੰਦ ਗਿਆ ਸਮਝਾਈਆ ।

ਚੌਥੇ ਜੰਮੂ ਉਚੀ ਕੂਕ ਮਾਰੇ ਚਾਂਗਾਂ, ਬਹੁੜੀ ਬਹੁੜੀ ਕਰ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀਆਂ ਪੂਰਨ ਹੋਵਣ ਤਾਂਘਾਂ, ਆਸਾ ਮਨਸਾ ਪੂਰ ਕਰਾਈਆ । ਗੋਬਿੰਦ ਸ਼ਬਦ ਕਹੇ ਮੇਰੇ ਪੁਰਖ ਅਕਾਲ ਦਾ ਇਹ ਸਵਾਂਗਾ, ਦੂਜਾ ਸਮਝੇ ਕੋਇ ਨਾ ਰਾਈਆ । ਜਨ ਭਗਤਾਂ ਭੰਗੜਾ ਪਾਇਆ ਫੜ ਕੇ ਸੋਟੇ ਡਾਗਾਂ, ਖੰਡਾ ਖੜਗ ਨਾਲ ਚਮਕਾਈਆ । ਬੀਬੀਆਂ ਪਿੱਟਣ ਨਾਲ ਜ਼ੋਰਾਂ ਮਾਰ ਕੇ ਚਾਂਗਾਂ, ਸੋਹਣਾ ਸੰਗ ਵਖਾਈਆ । ਇਹ ਗੋਬਿੰਦ ਦੇ ਪ੍ਰੇਮ ਦੀਆਂ ਤਾਂਘਾਂ, ਅੰਮ੍ਰਿਤ ਰਸ ਇਕ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣਾ ਖੇਲ ਵਖਾਈਆ ।

★ ੨੮ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਹੁਕਮ ਆਇਆ ਜਵਾਬੀ, ਸਵਾਲ ਕਰਨ ਦਾ ਵਕਤ ਰਿਹਾ ਨਾ ਰਾਈਆ । ਸ਼ਰਅ ਤੋਂ ਬਾਹਰ ਦੱਸੋ ਜਿਥੇ ਇਸ਼ਕ ਹਕੀਕੀ ਹੋਵੇ ਨਾ ਮਜਾਜ਼ੀ, ਦੋਹਾਂ ਤੋਂ ਅਗਲੀ ਧਾਰ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੋ ਬਣ ਕੇ ਪਾਂਧੀ, ਬਿਨ ਕਦਮਾਂ ਕਦਮ ਉਠਾਈਆ । ਕਿਉਂ ਬਿਨਾ ਪੁਰਖ ਅਕਾਲ ਸਭ ਦੀ ਪਤ ਜਾਂਦੀ, ਸਿਰ ਹੱਥ ਨਾ ਕੋਇ ਰਖਾਈਆ । ਵਡਿਆਈ ਦੱਸੋ ਨਵਖੰਡ ਪ੍ਰਿਥਮੀ ਸੱਚੇ ਥਾਂ ਦੀ, ਥਨੰਤਰ ਦਿਓ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁਕਮ ਆ ਰਿਹਾ ਸ਼ਤਾਬੀ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਮਝ ਸਕੇ ਨਾ ਰਾਈਆ । ਚਾਰ ਕੁੰਟ ਦਹਿ ਦਿਸ਼ਾ ਕਿਉਂ ਹੋਣ ਦਿਤੀ ਖ਼ਰਾਬੀ, ਖੋਟੇ ਖਰੇ ਵੰਡ ਨਾ ਕੋਇ ਵੰਡਾਈਆ । ਕਿਉਂ ਝਗੜਾ ਪੈ ਗਿਆ ਹਿੰਦੀ ਉਰਦੂ ਅੰਗਰੇਜ਼ੀ ਫ਼ਾਰਸੀ ਪੰਜਾਬੀ, ਪੰਜਾਂ ਤੋਂ ਬਾਹਰ ਸਮਝ ਨਾ ਕੋਇ ਸਮਝਾਈਆ । ਕਿਉਂ ਜਗਤ ਅੰਧੇਰ ਝੁਲਿਆ ਆਂਧੀ, ਅੰਧੀ ਹੋਈ ਜਗਤ ਲੋਕਾਈਆ । ਕਿਉਂ ਲਾਲਚ ਵਧਿਆ ਸਵਰਨ ਚਾਂਦੀ, ਕਿਉਂ ਸੂਰੀਆ ਚੰਦ ਸੀਸ ਨਿਵਾਈਆ । ਕਿਉਂ ਸ਼ਾਸਤਰ ਸਿਮਰਤ ਵੇਦ ਪੁਰਾਨਾ ਸੁਰਤੀ ਬਾਂਧੀ, ਕਿਉਂ ਇਸ਼ਟਾਂ ਵਿਚੋਂ ਇਸ਼ਟ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁਕਮ ਆਉਂਦਾ ਛੇਤੀ ਛੇਤੀ, ਸ਼ਾਇਦ ਦਾ ਵਕਤ ਰਿਹਾ ਨਾ ਰਾਈਆ । ਮੈਨੂੰ ਦੱਸੋ ਕਿਹੜੇ ਕਿਹੜੇ ਅੰਦਰ ਦੇ ਭੇਤੀ, ਮੰਦਰਾਂ ਤੋਂ ਪਰੇ ਡੇਰਾ ਲਾਈਆ । ਕਿਹੜੀ ਦਿਸੇ ਬਦੀ ਨੇਕੀ, ਨਿੱਕਿਆਂ ਵੱਡਿਆਂ ਵਿਚ ਦਿਓ ਸਮਝਾਈਆ । ਕਿਹੜੀ ਖੇਲ ਅਗੰਮੀ ਵੇਖੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਿਉਂ ਕਲਜੁਗ ਕੂੜ ਕੁੜਿਆਰ ਹੋਇਆ ਭੇਖੀ, ਪਖੰਡੀ ਵੱਜੇ ਵਧਾਈਆ । ਕਿਉਂ ਸਚ ਦਵਾਰਿਉਂ ਹੋਏ ਪਰਦੇਸੀ, ਪਰਾ ਪਸੰਤੀ ਮਧਮ ਬੈਖਰੀ ਗਾ ਕੇ ਖ਼ੁਸ਼ੀ ਮਨਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਵਹਿਸ਼ੀ, ਇਨਸਾਨ ਹੈਵਾਨ ਰੂਪ ਬਦਲਾਈਆ । ਕਿਉਂ ਸਾਧ ਸੰਤ ਜਗਤ ਮਾਰਨ ਸ਼ੇਖ਼ੀ, ਮਨ ਹੰਕਾਰ ਨਾਲ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਸਾਚਾ ਹਰਿ, ਕਿਉਂ ਤ੍ਰਿਸ਼ਨਾ ਵਧੀ ਮਨ ਰਾਜੇ ਦੀ ਬੇਟੀ, ਘਰ ਘਰ ਰਹੀ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ

ਉਤੇ ਆਉਂਦੀ ਜਾਵੇ ਜ਼ਰਦੀ, ਜ਼ਰਾ ਜ਼ਰਾ ਭੇਵ ਨਾ ਆਈਆ । ਸਾਥੋਂ ਸਾਂਭ ਹੋਈ ਨਾ ਆਪਣੇ ਘਰ ਦੀ, ਦੀਨ ਮਜ਼੍ਹਬ ਨਾ ਕੋਇ ਸਮਝਾਈਆ । ਸਾਡੀ ਉਮਤ ਨਾ ਸਿੱਧੀ ਚਲਦੀ, ਚਲਿੱਤਰਾਂ ਵਿਚ ਲੋਕਾਈਆ । ਇਹ ਖੇਲ ਕਲਜੁਗ ਕਲ ਦੀ, ਇਕੱਲੇ ਪੁਰਖ ਅਕਾਲ ਵਰਤਾਈਆ । ਚਾਰ ਕੁੰਟ ਅਗਨੀ ਬਲਦੀ, ਚਾਰ ਵਰਨ ਨਾ ਕੋਇ ਬੁਝਾਈਆ । ਇਹ ਖੇਲ ਅਛਲ ਅਛੱਲ ਦੀ, ਜਿਸ ਦੇ ਹੱਥ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁਕਮ ਛੇਤੀ ਰਿਹਾ ਭੇਜ, ਭਜਨ ਬੰਦਗੀ ਦੀ ਸੁੱਧ ਰਹੀ ਨਾ ਰਾਈਆ । ਜੋਤੀ ਜਲਵਾ ਦੇ ਕੇ ਤੇਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦਾ ਖਹਿੜਾ ਰਿਹਾ ਛੁਡਾਈਆ । ਆਪਣੇ ਹੱਥ ਰੱਖ ਧੁਰ ਦਾ ਲੇਖ, ਲਿਖਤ ਭਵਿਖਤ ਵਿਚੋਂ ਪਰਗਟਾਈਆ । ਦੋ ਜਹਾਨਾਂ ਰਿਹਾ ਵੇਖ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਇਕ ਹੋਰ ਦੇ ਦਿਤਾ ਸੰਦੇਸ਼, ਧੁਰਦਰਗਾਹੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧੁਰ ਹੁਕਮ ਆਵੇ ਵੇਖੋ ਖੇਲ ਅੰਦਰ ਜਨ ਕਾ, ਗੁਰਮੁਖ ਕਿਹੜਾ ਨਜ਼ਰੀ ਆਈਆ । ਜਿਸ ਦਾ ਪਿਆਰ ਨਾ ਹੋਵੇ ਤਨ ਕਾ, ਤੱਤਾਂ ਵਾਲੀ ਨਾ ਸੇਵ ਕਮਾਈਆ । ਅੰਤਰ ਇਕੋ ਪੁਰਖ ਅਕਾਲ ਹੋਵੇ ਮੰਨਦਾ, ਲੋਕ ਲੱਜਿਆ ਪਰੇ ਹਟਾਈਆ । ਪੁਜਾਰੀ ਰਹੇ ਨਾ ਸੂਰੀਆ ਚੰਨ ਦਾ, ਢੋਲਾ ਅਵਰ ਨਾ ਕੋਇ ਗਾਈਆ । ਸਰੋਤਾ ਰਹੇ ਨਾ ਸਵਰਣ ਕੰਨ ਦਾ, ਅੰਤਰ ਅੰਤਰ ਖ਼ੁਸ਼ੀ ਬਣਾਈਆ । ਜੁਗ ਚੌਕੜੀ ਅੰਤ ਅਖ਼ੀਰ ਜਾਵੇ ਲੰਘ ਦਾ, ਕਲਜੁਗ ਕੂੜ ਕੂੜ ਮਿਟਾਈਆ । ਰਸ ਲਵੇ ਕਵਣ ਅਗੰਮੀ ਪਲੰਘ ਦਾ, ਸੇਜ ਸੁਹੰਜਣੀ ਸੋਭਾ ਪਾਈਆ । ਆਤਮ ਅੰਤਰ ਕਵਣ ਰੰਗਦਾ, ਰੰਗ ਅਗੰਮਾ ਇਕ ਚੜ੍ਹਾਈਆ । ਗੁਰ ਅਵਤਾਰ ਪੈਗ਼ੰਬਰੋ ਪੁਰਖ ਅਕਾਲਾ ਦੀਨ ਦਿਆਲਾ ਭੁੱਖਾ ਨਹੀਂ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਤੋਂ ਪਰੇ ਇਸ਼ਟੀ ਇਕੋ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਕ ਹੁਕਮ ਹੋਰ ਦਿਤਾ ਸੁਖਾਲਾ, ਜਲਦੀ ਜਲਦੀ ਦਿਤਾ ਦ੍ਰਿੜਾਈਆ । ਜੁਗ ਚੌਕੜੀ ਪ੍ਰਭ ਦਾ ਖੇਲ ਨਿਰਾਲਾ, ਨਿਰਾਕਾਰ ਆਪ ਸਮਝਾਈਆ । ਅੰਤਮ ਆ ਕੇ ਪੁਰਖ ਅਕਾਲਾ, ਅਕਲ ਕਲਧਾਰੀ ਦਏ ਸਮਝਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਦੇ ਕੇ ਗਏ ਹਵਾਲਾ, ਅਹਿਵਾਲ ਆਪਣਾ ਦਏ ਸਮਝਾਈਆ । ਸਤਿਜੁਗ ਸਚ ਬਦਲ ਕੇ ਚਾਲਾ, ਚਾਲ ਨਿਰਾਲੀ ਦਏ ਵਖਾਈਆ । ਇੱਕੀ ਮਣਕਿਆਂ ਦੀ ਸਭ ਗੁਰਮੁਖਾਂ ਦੇ ਹੱਥ ਵਿਚ ਹੋਵੇ ਮਾਲਾ, ਮਣਕੇ ਮਣਕੇ ਉਤੇ ਸੋਹੰ ਧਾਰ ਲਿਖਾਈਆ । ਖ਼ਾਲੀ ਰਹੇ ਨਾ ਕੋਈ ਬੁੱਢਾ ਬਾਲਾ, ਰੰਗ ਇਕੋ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਦੱਸੇ ਅਗਲਾ ਵਕਤ, ਝਟ ਪਟ ਜਣਾਈਆ । ਖੇਲ ਵੇਖਣਾ ਵਿਚ ਜਗਤ, ਹਰਿ ਕਰਤਾ ਆਪ ਵਖਾਈਆ । ਕਿਸ ਬਿਧ ਤੁਰਦੇ ਫਿਰਦੇ ਭਗਤ, ਭਗਵਨ ਸੇਵਾ ਇਕ ਕਮਾਈਆ । ਅਬਿਨਾਸ਼ੀ ਮਿਲਣ ਆਵੇ ਉਤੋਂ ਅਰਸ਼, ਅਰਸ਼ੀ ਪ੍ਰੀਤਮ ਫੇਰਾ ਪਾਈਆ । ਮਾਣ ਰਖਾਏ ਉਪਰ ਧਰਤ, ਧਵਲ ਦਏ ਵਡਿਆਈਆ । ਗੋਬਿੰਦ ਦੀ ਪੂਰੀ ਕਰੇ ਸ਼ਰਤ, ਸ਼ਰਅ ਦਾ ਲੇਖਾ ਦਏ ਮੁਕਾਈਆ । ਦੀਨ ਮਜ਼੍ਹਬ ਦੀ ਰਹੇ ਕੋਈ ਨਾ ਤੜਪ, ਕਲਮਾ ਵੰਡ ਨਾ ਕੋਇ ਵੰਡਾਈਆ । ਕਸਾਈ ਬਣੇ ਕੋਈ ਨਾ ਕਰਦ, ਕਾਤਲ ਮਕਤੂਲ ਲੇਖਾ ਦਏ ਚੁਕਾਈਆ । ਨਾਨਕ ਨਿਰਗੁਣ ਧਾਰ ਦੀ ਮੰਨ ਕੇ ਅਰਜ਼, ਪੂਰਬ ਲਹਿਣਾ ਝੋਲੀ ਪਾਈਆ । ਸਭ ਦਾ ਪੂਰਾ ਕਰ ਕੇ ਫ਼ਰਜ਼, ਫ਼ਰਜ਼

ਆਪਣਾ ਨਾਲ ਰਖਾਈਆ । ਗੁਰਮੁਖਾਂ ਨਾਲ ਵੰਡੇ ਦਰਦ, ਦਰਦੀਆਂ ਦੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੁਕਮ ਦੇਵੇ ਨਾਲ ਗ਼ੁੱਸੇ, ਜ਼ੋਰ ਨਾਲ ਜਣਾਈਆ । ਸਾਰੇ ਫਿਰ ਫਿਰ ਵੇਖੋ ਲੱਖ ਚੁਰਾਸੀ ਜੁੱਸੇ, ਹਿੱਸੇ ਬੰਨੇ ਵੰਡਾਂ ਵਿਚ ਫਿਰਾਈਆ । ਕਿਹੜੇ ਮਿਲੇ ਤੇ ਕਿਹੜੇ ਰੁੱਸੇ, ਲੇਖਾ ਦੇਣਾ ਜਣਾਈਆ । ਕਿਹੜੇ ਮੇਰੇ ਪ੍ਰੇਮ ਪਿਆਰ ਮੁਹੱਬਤ ਵਿਚ ਜੁੱਟੇ, ਆਤਮ ਪਰਮਾਤਮ ਜੋੜੀ ਰਹੇ ਬਣਾਈਆ । ਕਿਹੜੇ ਗੂੜ੍ਹੀ ਨੀਂਦ ਸੁੱਤੇ, ਸੁੱਤਿਆਂ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਹੁਕਮ ਆਇਆ ਇਕ ਅਖ਼ੀਰ, ਆਖ਼ਰ ਦਿਤਾ ਜਣਾਈਆ । ਉਠੋ ਭੱਜੋ ਨੱਠੋ ਚੱਲੋ ਘੱਤ ਵਹੀਰ, ਫਿਰੋ ਵਾਹੋ ਦਾਹੀਆ । ਮੇਰੇ ਮਿਲਣ ਦੀ ਜੋ ਦੱਸ ਕੇ ਆਏ ਤਦਬੀਰ, ਤਰੀਕੇ ਲਓ ਅਜ਼ਮਾਈਆ । ਕਿਸ ਬਿਧ ਲੇਖਾ ਮੁੱਕੇ ਸ਼ਾਹ ਹਕੀਰ, ਆਅਲਾ ਅਦਨਾ ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਅੰਤਰ ਲਾਵੇ ਚੋਟ, ਚੋਟੀ ਚੜ੍ਹ ਕੇ ਆਪ ਜਗਾਈਆ । ਸੋਲਾਂ ਹਾੜ ਦੇਣੀ ਰਿਪੋਟ, ਜ਼ਬਾਨੀ ਕਲਾਮ ਨਾ ਕੋਇ ਬਣਾਈਆ । ਇਸ ਤੋਂ ਪਹਿਲਾਂ ਸਭ ਕੁਛ ਲੈਣਾ ਸੋਚ, ਫੇਰ ਗੁੰਜਾਇਸ਼ ਰਹੇ ਨਾ ਰਾਈਆ । ਖੋਲ੍ਹ ਕੇ ਵੇਖਣੇ ਆਪਣੇ ਚੌਦਾਂ ਲੋਕ, ਚੌਦਾਂ ਤਬਕਾਂ ਕੁੰਡਾ ਲਾਹੀਆ । ਜਿਹੜੇ ਲਿਖ ਕੇ ਆਏ ਸਲੋਕ, ਉਹ ਸੋਹਲੇ ਫੋਲ ਫੁਲਾਈਆ । ਸਭ ਨੇ ਜਾਣਾ ਪਹੁੰਚ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਅੱਜੇ ਜਾਣਾ ਨੱਠ, ਭੱਜਣਾ ਵਾਹੋ ਦਾਹੀਆ । ਵੇਖਣੇ ਮੰਦਰ ਮਸਜਿਦ ਮਠ, ਸ਼ਿਵਦਵਾਲੇ ਖੋਜ ਖੁਜਾਈਆ । ਫੇਰਾ ਪਾਉਣਾ ਤੀਰਥ ਤਟ, ਚਾਰੋਂ ਕੁੰਟ ਪੰਧ ਮੁਕਾਈਆ । ਜਗਤ ਵਿਦਿਆ ਖੋਲ੍ਹ ਕੇ ਹੱਟ, ਹਟਵਾਣੇ ਅੰਦਰੋਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਜਾ ਕੇ ਵੇਖਣਾ ਪਰਬਤ ਚੋਟੀ, ਜੰਗਲ ਜੂਹਾਂ ਖੋਜ ਖੁਜਾਈਆ । ਸਭ ਦੇ ਅੰਦਰ ਤੱਕਣੀ ਵਾਸਨਾ ਖੋਟੀ, ਖੋਟੇ ਖਰੇ ਫੋਲ ਫੁਲਾਈਆ । ਕਵਣ ਬਣਿਆ ਪ੍ਰਭ ਦਾ ਗੋਤੀ, ਗੌਤਮ ਕਹੇ ਇਹ ਸੇਵਾ ਮੇਰੀ ਬਣ ਆਈਆ । ਕਿਸ ਦਾ ਮੇਲ ਹੋਇਆ ਨਾਲ ਜੋਤੀ, ਜੋਤਾਂ ਵਾਲੇ ਜਿਸ ਦੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਚੜ੍ਹਨਾ ਉਪਰ ਪਹਾੜ, ਬਿਨ ਕਦਮਾਂ ਕਦਮ ਉਠਾਈਆ । ਵੇਖਣੀ ਡੂੰਘੀ ਗ਼ਾਰ, ਭਵਰੀ ਭਵਰੀ ਫੋਲ ਫੁਲਾਈਆ । ਸਾਨੂੰ ਕਿਸੇ ਉਤੇ ਰਿਹਾ ਨਹੀਂ ਇਤਬਾਰ, ਬੇਇਤਬਾਰੀ ਵਿਚ ਦੁਹਾਈਆ । ਸਾਰੇ ਇਕੱਠੇ ਹੋ ਕੇ ਕਰ ਦੇਈਏ ਨਿਮਸਕਾਰ, ਨਿਉਂ ਕੇ ਸੀਸ ਝੁਕਾਈਆ । ਤੂੰ ਕਰੇਂ ਕਰਾਏਂ ਕਰਨੇਹਾਰ, ਕਰਤਾ ਪੁਰਖ ਤੇਰੇ ਹੱਥ ਵਡਿਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਤੇਰੀ ਸੇਵ ਕਮਾਈਆ । ਅੰਤਮ ਗਏ ਹਾਰ, ਚੱਲੇ ਨਾ ਕੋਇ ਚਤੁਰਾਈਆ । ਇਹੋ ਬੇਨੰਤੀ ਕਰਨੀ ਸੋਲ੍ਹਾਂ ਹਾੜ, ਦੂਜੀ ਆਸ ਨਾ ਕੋਇ ਬਣਾਈਆ । ਕਰ ਕਿਰਪਾ ਜੇ ਦੇਵੇਂ ਇਕ ਅਧਾਰ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਵੇਖੀਏ ਖ਼ੁਸ਼ੀ ਦਾ ਮੰਗਲਾਚਾਰ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ ।


੩੯੫
੨੦

ਗੁਰ ਅਵਤਾਰ ਪੈਗ਼ੰਬਰ ਕਹਿਣ ਚਾਰ ਕੁੰਟ ਵੇਖੀਏ ਪਾਪ, ਪਤਤ ਹੋਈ ਜਗਤ ਲੋਕਾਈਆ । ਤਨ ਰਿਹਾ ਨਾ ਕੋਈ ਪਾਕ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਸਗਲਾ ਬਣੇ ਕੋਈ ਨਾ ਸਾਥ, ਅੱਧਵਾਟੇ ਦਿਸੇ ਲੋਕਾਈਆ । ਅਸੀਂ ਹੁਣੇ ਦਈਏ ਆਖ, ਆਖ਼ਰ ਤੇਰੀ ਓਟ ਤਕਾਈਆ । ਬਿਨ ਤੇਰੀ ਕਿਰਪਾ ਸਾਰੇ ਰਹਿਣ ਗੁਸਤਾਖ਼, ਪ੍ਰੇਮ ਪ੍ਰੀਤੀ ਨਾ ਕੋਇ ਬਣਾਈਆ । ਕਲਜੁਗ ਹੋਈ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਬਿਨ ਤੇਰੀ ਮਿਹਰ ਝਗੜਾ ਪਿਆ ਜਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਸਾਨੂੰ ਇਕੋ ਚਾਉ ਤੇਰੇ ਭਗਤਾਂ ਦੀ ਵੇਖੀਏ ਜਮਾਤ, ਜਿਥੇ ਦੂਜੀ ਪੱਟੀ ਨਾ ਕੋਇ ਪੜ੍ਹਾਈਆ । ਇਨ੍ਹਾਂ ਦਾ ਦਰਸ਼ਨ ਕਰੀਏ ਸਾਖਿਆਤ, ਜੋ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਜੇ ਭਗਤ ਵੇਖਣੇ ਮੇਰੇ, ਮੈਂ ਮਮਤਾ ਦਿਓ ਗਵਾਈਆ । ਦੀਨ ਮਜ਼੍ਹਬ ਦੇ ਰੱਖਿਓ ਕੋਈ ਨਾ ਝੇੜੇ, ਝਗੜਾ ਨਜ਼ਰ ਨਾ ਆਵੇ ਨੂਰ ਖ਼ੁਦਾਈਆ । ਪ੍ਰੇਮ ਪਿਆਰ ਦੇ ਚੜ੍ਹ ਕੇ ਬੇੜੇ, ਸਾਚਾ ਬੇੜਾ ਦੇਣਾ ਸੁਹਾਈਆ । ਸਤਾਰਾਂ ਹਾੜ ਆਉਂਦਾ ਨੇੜੇ, ਭੱਜ ਭੱਜ ਆਪਣਾ ਪੰਧ ਮੁਕਾਈਆ । ਪਰਮ ਪੁਰਖ ਦੇ ਭਗਤ ਸੁਹੇਲੇ ਗੁਰਮੁਖ ਗੁਰਸਿਖ ਇਕੋ ਰੰਗ ਰੰਗੇ ਹੋਏ ਜਿਹੜੇ, ਚੇਲਾ ਗੁਰ ਭੇਵ ਰਹੇ ਨਾ ਰਾਈਆ । ਇੱਕੀ ਕਦਮ ਤੇ ਗੁਰਮੁਖ ਇਕ ਇਕ ਮਣਕਾ ਫੇਰੇ, ਇੱਕੀਆਂ ਇੱਕੀਆਂ ਦਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਪੁਰਖ ਅਕਾਲ ਕਹੇ ਜਨ ਭਗਤ ਫੇਰਨ ਆਪਣਾ ਮਣਕਾ, ਮਣਕਾ ਮਨ ਪ੍ਰਭ ਦਏ ਭਵਾਈਆ । ਇਹ ਲੇਖਾ ਬਾਹਰੋਂ ਸਰੀਰ ਤਨ ਕਾ, ਅੰਦਰੋਂ ਜਨ ਜਨ ਕਾ ਖੇਲ ਵਖਾਈਆ । ਥਾਂ ਹੋਵੇ ਨਾ ਛੱਪਰ ਛੰਨ ਕਾ, ਮਹੱਲ ਅਟਲ ਨਾ ਕੋਇ ਵਡਿਆਈਆ । ਖੇਲ ਹੋਵੇ ਪੁਰਖ ਅਗੰਮ ਕਾ, ਅਗੰਮੜੀ ਕਾਰ ਕਮਾਈਆ । ਲੇਖਾ ਲਾਵੇ ਸਵਾਸ ਦਮ ਕਾ, ਦਾਮਨ ਆਪਣਾ ਨਾਮ ਫੜਾਈਆ । ਨਾਤਾ ਤੁੜਾ ਕੇ ਕਾਇਆ ਮਾਟੀ ਚੰਮ ਕਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਭੇਵ ਖੁਲ੍ਹਾ ਅਗੰਮੀ ਬ੍ਰਹਮ ਕਾ, ਪਾਰਬ੍ਰਹਮ ਪ੍ਰਭ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਾਰਾਂ ਹਾੜ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖਿਓ ਆਪ, ਪ੍ਰਭ ਆਪਣੀ ਖ਼ੁਸ਼ੀ ਵਖਾਈਆ । ਭਗਤਾਂ ਦੇ ਅੰਦਰ ਹੋਵੇ ਇਕੋ ਜਾਪ, ਰਸਨਾ ਓਹੋ ਢੋਲਾ ਗਾਈਆ । ਹੱਥਾਂ ਵਿਚ ਇਕ ਇਕ ਮਾਲਾ ਹੋਵੇ ਸਾਫ਼, ਖੱਬੇ ਤੋਂ ਸੱਜੇ ਹੱਥ ਲਟਕਾਈਆ । ਇਕ ਇਕ ਮੁੰਦਰੀ ਹੋਵੇ ਛਾਪ, ਲੋਹਾ ਕੰਗਣ ਪਾਈਆ । ਪੁਰਖ ਅਕਾਲ ਬਣਾਏ ਵੱਡ ਪਰਤਾਪ, ਪਰਤਾਪੀ ਬੇਪਰਵਾਹੀਆ । ਮਿਹਰ ਨਜ਼ਰ ਨਾਲ ਬਣਾਏ ਪਾਰਜਾਤ, ਜਾਤੀ ਤੋਂ ਪਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਤਾਰਾਂ ਹਾੜ ਕਹੇ ਗੁਰ ਅਵਤਾਰ ਪੈਗ਼ੰਬਰ ਵੇਖਿਓ ਸੌਦਾ ਨਕਦੀ, ਉਧਾਰ ਦਾ ਖਾਤਾ ਨਾ ਕੋਇ ਰਖਾਈਆ । ਪੁਰਖ ਅਕਾਲ ਬਣ ਕੇ ਦਰਦੀ, ਦਰਦੀਆਂ ਦਰਦ ਵੰਡਾਈਆ । ਜਿਹੜੀ ਰਸਨਾ ਸੋਹੰ ਢੋਲਾ ਆਵੇ ਪੜ੍ਹਦੀ, ਉਸ ਦਾ ਕਰਮ ਦਏ ਗਵਾਈਆ । ਸਦਾ ਮੰਜ਼ਲ ਦੇਵੇ ਚੜ੍ਹਦੀ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਾਰਾਂ ਹਾੜ੍ਹ ਕਹੇ ਪ੍ਰਭ ਦਿਆਂ ਭਗਤਾਂ ਮਾਲਾ ਇਕੋ ਦਿਨ ਫੜਨੀ, ਮੁੜ ਕੇ ਫੜਨ ਦੀ ਲੋੜ ਰਹੇ ਨਾ ਰਾਈਆ । ਮੰਜ਼ਲ ਉਹ ਅਗੰਮੀ ਚੜ੍ਹਨੀ, ਜਿਥੇ ਚੜ੍ਹ ਚੜ੍ਹ ਕੋਟਨ ਕੋਟ ਥੱਕੇ, ਅੱਗੇ ਰਾਹ ਨਾ ਕੋਇ ਵਖਾਈਆ ।

ਮਾਝਾ ਮਾਲਵਾ ਦੋਆਬਾ ਜੰਮੂ ਦਿੱਲੀ ਇਟਾਰਸੀ ਕਾਨ੍ਹਪੁਰ ਵੱਖੋ ਵੱਖਰੇ ਹੋਣੇ ਜੱਥੇ, ਸੋਹਣਾ ਰੂਪ ਵਖਾਈਆ । ਬਸਤਰ ਹੋਣੇ ਚਿੱਟੇ, ਚੇਟਕ ਪ੍ਰਭ ਦਾ ਅੰਦਰੋਂ ਨਜ਼ਰੀਂ ਆਈਆ । ਖੁਲ੍ਹੇ ਦਾੜ੍ਹੇ ਸਭ ਨੇ ਹੋਣ ਛੱਡੇ, ਗੋਬਿੰਦ ਦਏ ਗਵਾਹੀਆ । ਜੇ ਆਉਣਾ ਤੇ ਗੁਰਮੁਖੋ ਘਰੋਂ ਹੋ ਕੇ ਪੱਕੇ, ਨਹੀਂ ਤੇ ਆਉਣ ਦੀ ਲੋੜ ਰਹੇ ਨਾ ਰਾਈਆ । ਫੇਰ ਕਾਹਨੂੰ ਐਵੇਂ ਖ਼ਰਚ ਕਰਨੇ ਟਕੇ, ਟਕਿਆਂ ਵਾਲੀ ਆਪਣੀ ਕੀਮਤ ਪਾਈਆ । ਸੋ ਗੁਰਮੁਖ ਸੂਰਾ ਜੋ ਅੰਤਰ ਅੰਤਰ ਜਪੇ, ਧੁਰ ਦਾ ਨਾਮ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਫੇਰ ਦਏ ਸਮਝਾਈਆ । ਪੁਰਖ ਅਕਾਲ ਕਹੇ ਜਿਸ ਵੇਲੇ ਭਗਤ ਸੁਹੇਲੇ ਆਉਣਗੇ, ਹਰਿ ਭਗਤੀ ਕਰ ਵਖਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣਗੇ, ਗਾਵਤ ਵੱਜੇ ਵਧਾਈਆ । ਦਰਸ ਅਨੋਖੇ ਰੂਪ ਵਿਚ ਪੌਣੇਗੇ, ਜਿਸ ਦਾ ਵੇਸ ਨਾ ਕੋਇ ਸਮਝਾਈਆ । ਸਾਢੇ ਪੰਜ ਦਾ ਵਕਤ ਸੁਹਾਉਣਗੇ, ਸੁਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਹ ਕਰਨਾ ਕਿਉਂ ਵਿਹਾਰਾ, ਪ੍ਰਭ ਸਾਨੂੰ ਦੇ ਸਮਝਾਈਆ । ਪੁਰਖ ਅਕਾਲ ਕਹੇ ਚਾਰ ਜੁਗ ਤੋਂ ਵੱਖਰਾ ਸਤਾਰਾਂ ਹਾੜਾ, ਭਗਤਾਂ ਪਿਛੇ ਮਨਾਈਆ । ਜਿਸ ਦਾ ਮਾਣ ਰਹਿਣਾ ਅੱਗੇ ਜੁਗ ਚਾਰਾ, ਚਾਰ ਜੁਗ ਮੰਨੇ ਸਰਬ ਲੋਕਾਈਆ । ਸਾਂਝਾ ਲੱਗਣਾ ਸਭ ਤੋਂ ਨਾਅਰਾ, ਨਰ ਨਰਾਇਣ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤੋ ਸਭ ਨੇ ਆਉਣਾ ਨਾਲ ਪ੍ਰੇਮ, ਪ੍ਰੀਤੀ ਇਕ ਬਣਾਈਆ । ਸਤਿਜੁਗ ਦਾ ਸਾਚਾ ਨੇਮ, ਤੁਹਾਡੇ ਨਾਲ ਮਿਲ ਕੇ ਦਏ ਜਣਾਈਆ । ਇਹ ਉਹ ਮਾਲਾ ਮਾਲਾ ਜਿਹੜੀ ਗੋਬਿੰਦ ਨੇ ਇੱਕੀਆਂ ਮਣਕਿਆਂ ਵਾਲੀ ਫੜੀ ਉਤੇ ਕੁੰਟ ਹੇਮ, ਹਿਮਾਚਲ ਦੇ ਆਂਚਲ ਵਿਚ ਡੇਰਾ ਲਾਈਆ । ਵੇਖਿਆ ਕਵਲ ਨੈਣ, ਬਿਨ ਨੈਣ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਵਖਾਈਆ । ਜਨ ਭਗਤੋ ਬਣ ਕੇ ਆਉਣਾ ਪ੍ਰੇਮ ਪਿਆਰ ਦੇ ਭੁਯੰਗੀ, ਖ਼ੁਸ਼ੀਆਂ ਵਿਚ ਢੋਲਾ ਗਾਈਆ । ਤੁਹਾਡੇ ਨਾਲ ਮਿਲ ਕੇ ਸਦਾ ਖੇਲ ਕਰਨੀ ਬਹੁਰੰਗੀ, ਜਿਸ ਦਾ ਰੰਗ ਨਾ ਕੋਇ ਸਮਝਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਕੋਈ ਬੰਦੀ, ਬੰਦੀਖ਼ਾਨੇ ਦੇਣੇ ਤੁੜਾਈਆ । ਚਾਰ ਵਰਨ ਅਠਾਰਾਂ ਬਰਨ ਦੀ ਸਿੱਧੀ ਕਰ ਕੇ ਡੰਡੀ, ਡੰਡਾਵਤ ਇਕੋ ਦੇਣੀ ਸਮਝਾਈਆ । ਕੋਈ ਗੁਰਮੁਖ ਸਵਾਣੀ ਹਰਿ ਸੰਗਤ ਵਿਚ ਰਹਿਣ ਨਹੀਂ ਦੇਣੀ ਗੰਦੀ, ਕੂੜ ਕੁੜਿਆਰ ਵਿਚ ਵੜਨ ਕੋਇ ਨਾ ਪਾਈਆ । ਕੋਟਾਂ ਵਿਚੋਂ ਭਗਤ ਦੀ ਪ੍ਰੇਮ ਪਿਆਰ ਦੀ ਧਾਰ ਇਕੋ ਚੰਗੀ, ਜਿਸ ਦਾ ਯਾਰ ਨੂਰ ਖ਼ੁਦਾਈਆ । ਮੈਂ ਓਸ ਦਾ ਜੋ ਅੰਦਰੋਂ ਮੇਰਾ ਸੰਗੀ, ਬਾਹਰੋਂ ਜੱਫੀਆਂ ਪਾਉਣ ਵਾਲਿਆਂ ਨੂੰ ਹੱਥ ਕਦੇ ਨਾ ਆਈਆ । ਮੇਰੇ ਕੋਲ ਕਿਸੇ ਵਸਤ ਦੀ ਨਹੀਂ ਕੋਈ ਤੰਗੀ, ਵੇਲੇ ਨਾਲ ਸਭ ਨੂੰ ਦਿਆਂ ਵਰਤਾਈਆ । ਅਜੇ ਪਾਉਣ ਲੱਗਾ ਵਿਚ ਸੰਸਾਰ ਦੇ ਭੰਡੀ, ਭੰਡਾਂ ਵਾਂਗ ਆਪਣਾ ਖੇਲ ਕਰਾਈਆ । ਤੁਹਾਨੂੰ ਤੁਟਿਆਂ ਨੂੰ ਜਾਂਦਾ ਗੰਢੀ, ਗੰਢ ਆਪਣੇ ਹੱਥ ਰਖਾਈਆ । ਇਕੋ ਵਸਤ ਮੁਹੱਬਤ ਵਾਲੀ ਤੁਹਾਥੋਂ ਵੰਡੀ, ਗੁਰਮੁਖਾਂ ਦੀ ਗੁਰਮੁਖਾਂ ਅੰਦਰ ਟਿਕਾਈਆ । ਤੁਹਾਨੂੰ ਨਹੀਂ ਪਤਾ ਸਚਖੰਡ ਪੁਰਖ ਅਕਾਲ ਨਾਲ ਕਿਹੜੀ ਕੀਤੀ ਸੰਧੀ, ਉਹ ਸਨਦ ਮੇਰੇ ਅੰਦਰ ਦਿਤੀ ਟਿਕਾਈਆ । ਹੁਕਮ ਦੀ ਲਾ ਕੇ ਪਾਬੰਦੀ, ਬਿਨਾ ਹੁਕਮ ਤੋਂ ਬਾਹਰ ਨਾ ਕਦੇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਵਖਾਈਆ । ਜਨ ਭਗਤੋ ਜਾਗਣਾ ਜਾਗਣ ਵੇਲਾ ਆਇਆ, ਸੁੱਤਿਆਂ ਵਿਚ ਸੁੱਤਾ

ਰਹਿਣ ਕੋਇ ਨਾ ਪਾਈਆ । ਜਿਸ ਨੇ ਲੱਖ ਚੁਰਾਸੀ ਜਨਮ ਦਵਾਇਆ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਉਹ ਭਗਤਾਂ ਦਾ ਸਦਾ ਪਿਤਾ ਮਾਇਆ, ਸੰਤ ਸੁਹੇਲੇ ਆਪਣੀ ਗੋਦ ਉਠਾਈਆ । ਦਿਵਸ ਰੈਣ ਜਿਸ ਦਾ ਦਾਈ ਦਾਇਆ, ਆਦਿ ਜੁਗਾਦਿ ਜੁਗ ਚੌਕੜੀ ਸੇਵ ਕਮਾਈਆ । ਓਸ ਆਪਣਾ ਵੇਸ ਵਟਾਇਆ, ਕਲਜੁਗ ਵੇਸਵਾ ਧਾਰ ਰਹਿਣ ਕੋਇ ਨਾ ਪਾਈਆ । ਸੰਮਤ ਤੋਂ ਸੰਮਤ ਬਦਲਦਾ ਜਾਏ ਬਦਲੀ ਵਿਚ ਅਦਲੀ ਆਪਣਾ ਹੁਕਮ ਸੁਣਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਕਰ ਕਰ ਹਿਤ ਸਦਾ ਸਦਾ ਸਦ ਕਾਰਜ ਕਰਦਾ ਆਇਆ ।

★ ੨੮ ਪੋਹ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਕੌਰ ਚਕ ਮੁਆਫ਼ੀ ਜ਼ਿਲਾ ਲੁਧਿਆਣਾ ★

ਗੁਰ ਅਵਤਾਰ ਪੈਗੰਬਰ ਕਹਿਣ ਪ੍ਰਭ ਲੋਕਮਾਤ ਵੇਖੀਏ ਕਿ ਸਵਰਗ ਬਹਿਸ਼ਤੀਂ, ਚੌਦਾਂ ਲੋਕ ਧਿਆਨ ਲਗਾਈਆ । ਪੁਰਖ ਅਕਾਲ ਕਹੇ ਜਿਥੋਂ ਤਕ ਮੇਰੇ ਨਾਮ ਦੀ ਦੀਨਾਂ ਮਜ਼੍ਹਬਾਂ ਵਿਚ ਚਲਾ ਕੇ ਆਏ ਕਿਸ਼ਤੀ, ਨੌਕਾ ਜੀਵ ਜਗਤ ਜਣਾਈਆ । ਕਲਮੇ ਵਾਲੀ ਆਪਣੀ ਜਾ ਕੇ ਵੇਖੋ ਸ੍ਰਿਸ਼ਟੀ, ਚਾਰ ਕੁੰਟ ਦਹਿ ਦਿਸ਼ਾ ਫੈਲ ਫੁਲਾਈਆ । ਸਾਚੀ ਧਾਰ ਵੇਖੋ ਬ੍ਰਹਮ ਗ੍ਰਿਹਸਤ ਦੀ, ਪਾਰਬ੍ਰਹਮ ਮਿਲ ਕੇ ਸੇਜ ਸਹੰਜਣੀ ਕਵਣ ਸੁਹਾਈਆ । ਸਚ ਵਸਤ ਅਮੋਲਕ ਨਾਮ ਜਿਸ ਜਿਸ ਦੀ, ਤਿਨ੍ਹਾਂ ਦੀ ਝੋਲੀ ਦੇਣੀ ਪਾਈਆ । ਨਵ ਖੰਡ ਪ੍ਰਿਥਮੀ ਸੱਤ ਦੀਪ ਖ਼ਬਰ ਸੁਣਾਵਾਂ ਪੁਰਖ ਅਕਾਲ ਇਕ ਦੀ, ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਨੂਰ ਖ਼ੁਦਾਈਆ । ਜਿਸ ਦੀ ਕਥਾ ਕਹਾਣੀ ਆਦਿ ਜੁਗਾਦਿ ਜਿਤ ਦੀ, ਹਾਰ ਵਿਚ ਕਦੇ ਨਾ ਆਈਆ । ਜਿਸ ਨੂੰ ਸਤਿਜੁਗ ਤਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਬਾਣੀ ਲਿਖਤਾਂ ਵਿਚ ਆਈ ਲਿਖਦੀ, ਕਲਮ ਸ਼ਾਹੀ ਕਾਗ਼ਜ਼ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗੰਬਰ ਕਹਿਣ ਕੀ ਕੁਛ ਵੇਖੀਏ ਜਾ, ਪੁਰਖ ਅਗੰਮੇ ਦੇ ਦ੍ਰਿੜਾਈਆ । ਪੁਰਖ ਅਕਾਲ ਕਹੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰੇ ਤੱਕੋ ਆਪਣੇ ਆਪਣੇ ਥਾਂ, ਜੋ ਪਾਕ ਪਵਿਤ ਆਏ ਬਣਾਈਆ । ਜਿਥੇ ਅੱਖਰਾਂ ਵਾਲਾ ਮੇਰਾ ਰੱਖ ਕੇ ਆਏ ਨਾਂ, ਸਤਰਾਂ ਵਿਚ ਸਮਝਾਈਆ । ਤੀਰਥ ਤੱਟਾਂ ਜਾ ਕੇ ਵੇਖੋ ਪਿਛਲਾ ਗਰਾਂ, ਪੂਰਬ ਲਹਿਣਾ ਦਏ ਦ੍ਰਿੜਾਈਆ । ਲੱਖ ਚੁਰਾਸੀ ਵਿਚੋਂ ਕੌਣ ਪਕੜੇ ਤੁਹਾਡੀ ਬਾਂਹ, ਸੱਜਣ ਹੋ ਕੇ ਸੰਗ ਨਿਭਾਈਆ । ਅੰਤ ਅਖ਼ੀਰ ਬੇਨਜ਼ੀਰ ਤੁਹਾਡੇ ਕੋਲੋਂ ਮੰਗੇ ਇਕ ਨਿਆਂ, ਅਨਿਆਏ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਇਕ ਮਨਾਈਆ । ਗੁਰ ਅਵਤਾਰ ਪੈਗੰਬਰੋ ਜਾ ਕੇ ਵੇਖੋ ਆਪਣਾ ਦੀਨ, ਦਇਆਨਿਧ ਦ੍ਰਿੜਾਈਆ । ਸਾਚੀ ਮੰਨੇ ਕੋਈ ਨਾ ਈਨ, ਹੁਕਮੇ ਅੰਦਰ ਸੀਸ ਨਾ ਕੋਇ ਨਿਵਾਈਆ । ਤੁਹਾਡਾ ਕਲਮਾ ਕਰੇ ਨਾ ਕੋਇ ਤਸਲੀਮ, ਸਾਚੀ ਤਸਬੀ ਬਿਨ ਮੁਤੱਸਬੀ ਹੱਥ ਨਾ ਕੋਇ ਉਠਾਈਆ । ਹਕ਼ੀਕ਼ਤ ਉਤੇ ਕਿਸੇ ਨਾ ਰਿਹਾ ਯਕੀਨ, ਯਾਮਬੀਨ ਰਸਨਾ ਢੋਲੇ ਗਾਈਆ । ਨੇਤਰ ਤੱਕੋ ਸਭ ਨੂੰ ਭੁੱਲੀ ਸਚ ਤਾਲੀਮ, ਜਗਤ ਧਿਆਏ ਵਡਿਆਈਆ । ਮਹੱਲ ਅਟਲ ਅਗੰਮ ਅਥਾਹ ਵੇਖੇ ਨਾ ਕੋਇ ਅਜ਼ੀਮ, ਦਰਗਾਹ ਸਾਚੀ ਮੁਕਾਮੇ ਹਕ ਸਚਖੰਡ ਦਵਾਰ ਜੋਤੀ ਧਾਰ ਮਿਲ ਕੇ ਆਪਣਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ ।

★ ੨੮ ਪੋਹ ਸ਼ਹਿਨਸ਼ਾਹੀ ਸੰਮਤ ੨ ਚਤਰ ਕੌਰ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਦੱਸ ਦੇ ਅਗੰਮੀ ਰਸਤਾ, ਨਿਰਗੁਣ ਹੋ ਕੇ ਜਾਈਏ ਚਾਈਂ ਚਾਈਆ । ਸਾਡਾ ਪੁਸਤਕਾਂ ਵਾਲਾ ਬੰਨਿਆ ਰਹੇ ਬਸਤਾ, ਬਿਨਾ ਅੱਖਰਾਂ ਤੋਂ ਨਿਰਅੱਖਰ ਦੇਣਾ ਦ੍ਰਿੜਾਈਆ । ਦਿਵਸ ਰੈਣ ਤੇਰੀ ਖ਼ੁਸ਼ੀ ਅੰਦਰ ਧਾਰ ਦੀ ਧਾਰ ਹੋ ਕੇ ਜਾਵੇ ਨੱਸਦਾ, ਭੱਜ ਭੱਜ ਆਪਣਾ ਪੰਧ ਮੁਕਾਈਆ । ਜੋ ਇਕੋ ਤੇਰਾ ਨਾਮ ਪੁਰਖ ਅਕਾਲ ਜਪਦਾ, ਜਗਜੀਵਣ ਦਾਤੇ ਰਾਹ ਤਕਾਈਆ । ਸਦਾ ਭੇਵ ਖੁਲ੍ਹਾਉਣਾ ਅੰਦਰਲੀ ਅੱਖ ਦਾ, ਬਾਹਰ ਲੋਚਨ ਚਲੇ ਨਾ ਕੋਇ ਵਡਿਆਈਆ । ਤੱਕਣਾ ਭੰਡਾਰਾ ਅਗੰਮੀ ਸਚ ਦਾ, ਜੋ ਅੰਦਰ ਦਿਤਾ ਵਰਤਾਈਆ । ਲਹਿਣਾ ਦੇਣਾ ਵੇਖਣਾ ਹਕੀਕ਼ਤ ਹਕ ਦਾ, ਧੁਰ ਦੇ ਹਾਕਮ ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਤਿਜੁਗ ਤਰੇਤਾ ਦਵਾਪਰ ਕਲਜੁਗ ਤੇਰਾ ਅੰਤ ਅਖ਼ੀਰੀ ਰਾਹ ਤੱਕਦਾ, ਸਦੀ ਚੌਧਵੀਂ ਧਿਆਨ ਲਗਾਈਆ । ਲਹਿਣਾ ਦੇਣਾ ਵੇਖਣਾ ਪੁਰਖ ਸਮਰਥ ਦਾ, ਪਾਰਬ੍ਰਹਮ ਕੀ ਆਪਣੀ ਰਚਨ ਰਚਾਈਆ । ਇਕੋ ਢੋਲਾ ਸੋਹਲਾ ਸੁਣਨਾ ਸਤਿਗੁਰ ਸ਼ਬਦ ਸਚ ਦਾ, ਕਲਜੁਗ ਕੂੜੀ ਕਿਰਿਆ ਦਏ ਮੁਕਾਈਆ । ਮਨੂਆ ਮਨ ਵਾਸਨਾ ਦਹਿ ਦਿਸ਼ਾ ਵੇਖਣਾ ਨੱਚਦਾ, ਨਟੂਆ ਹੋ ਕੇ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੱਕੀਏ ਕੀ, ਸਭ ਕੁਛ ਦੇ ਸਮਝਾਈਆ । ਪੁਰਖ ਅਕਾਲ ਕਹੇ ਪਹਿਲੋਂ ਵੇਖੋ ਸਭ ਦੀ ਸਾਢੇ ਤਿੰਨ ਹੱਥ ਸੀਂ, ਜੋ ਮਾਨਵ ਮਾਨੁਖ ਵੰਡ ਵੰਡਾਈਆ । ਫੇਰ ਵੇਖੋ ਜੋ ਆਪਣਾ ਬੀਜ ਕੇ ਆਏ ਬੀ, ਨਾਮ ਕਲਮਾ ਜਗਤ ਸਮਝਾਈਆ । ਕਵਣ ਬਣਿਆ ਸ਼ਬਦੀ ਧਾਰ ਤੁਹਾਡਾ ਪੁੱਤਰ ਧੀ, ਨਾਤਾ ਤੱਤਾਂ ਵਾਲਾ ਮਾਤਾ ਪਿਤਾ ਦੀ ਝੋਲੀ ਪਾਈਆ । ਸਾਚੇ ਮਾਰਗ ਚਲ ਕੇ ਵੇਖੀ ਇਕੋ ਲੀਹ, ਜਿਸ ਦੀ ਲੀਕ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਦੇ ਕਾਰਨ ਲੋਕਮਾਤ ਖਾਣਾ ਆਂਦਾ ਪਰੀਹ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਖੇਲ ਵੇਖੀਏ ਵਸੀਹ, ਜੋ ਵਸੀਅਤ ਵਿਚ ਸਭ ਕੁਛ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਕਹੇ ਮੈਂ ਤੁਹਾਡੀ ਪਿੱਠ ਦੇਵਾਂ ਠੋਕ, ਪੁਸ਼ਤ ਪਨਾਹ ਹੱਥ ਰਖਾਈਆ । ਜਾ ਕੇ ਵੇਖੋ ਮਾਤਲੋਕ, ਕਲਜੁਗ ਕੀ ਕੀ ਕਰਨੀ ਕਾਰ ਕਮਾਈਆ । ਸਤਿ ਪ੍ਰੇਮ ਦਾ ਗਾਏ ਨਾ ਕੋਇ ਸਲੋਕ, ਹਿਰਦੇ ਹਰਿ ਨਾ ਕੋਇ ਵਸਾਈਆ । ਭਾਗ ਲੱਗੇ ਨਾ ਕਿਸੇ ਕਾਇਆ ਕੋਟ, ਕੰਚਨ ਗੜ੍ਹ ਨਾ ਕੋਇ ਵਡਿਆਈਆ । ਸ਼ਬਦ ਨਾਦ ਨਾ ਵੱਜੇ ਚੋਟ, ਆਤਮਕ ਧੁਨ ਰਾਗ ਨਾ ਕੋਇ ਸੁਣਾਈਆ । ਮਨ ਵਾਸਨਾ ਦੂਰ ਨਾ ਹੋਵੇ ਖੋਟ, ਖੋਟੇ ਖਰੇ ਨਾ ਕੋਇ ਉਪਜਾਈਆ । ਮਿਲੇ ਪਰਕਾਸ਼ ਨਾ ਨਿਰਮਲ ਜੋਤ, ਅੰਧ ਅੰਧੇਰਾ ਦਿਸੇ ਲੋਕਾਈਆ । ਝਗੜਾ ਪਿਆ ਵਰਨ ਗੋਤ, ਦੀਨ ਮਜ਼੍ਹਬ ਕਰੇ ਲੜਾਈਆ । ਪ੍ਰਭ ਮਿਲਣ ਦੀ ਕਿਸੇ ਨਾ ਆਵੇ ਸੋਚ, ਬੇਸਮਝ ਹੋ ਕੇ ਮਾਨਸ ਜਨਮ ਰਹੇ ਗਵਾਈਆ । ਜਾਓ ਗੁਰ ਅਵਤਾਰ ਪੈਗ਼ੰਬਰੋ ਆਪਣੇ ਆਪਣੇ ਕੁਰਾਹੇ ਜਾਂਦੇ ਲਓ ਰੋਕ, ਜੇ ਨਹੀਂ ਰੁਕਦੇ ਤੇ ਮੈਨੂੰ ਦਿਓ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਸਾਡੀ ਨਮਸਤੇ, ਜਗਦੀਸ ਸੀਸ ਝੁਕਾਈਆ । ਅਸੀਂ ਲੋਕਮਾਤ ਜਾਈਏ ਹੱਸਦੇ, ਨਿਰਗੁਣ ਨੂਰ ਨੂਰ ਸਮਾਈਆ । ਖੇਲ ਵੇਖੀਏ ਸ੍ਰਿਸ਼ਟੀ ਦੁਨੀਆ ਕਾਇਨਾਤ ਜਗ ਦੇ, ਚਾਰੇ ਖਾਣੀ



੩੯੯ ੨੦

ਫੋਲ ਫੁਲਾਈਆ । ਭੇਵ ਖੁਲ੍ਹਾਈਏ ਆਪਣੀ ਵੰਡੀ ਹੱਦ ਦੇ, ਪੜਦਾ ਓਹਲਾ ਆਪ ਉਠਾਈਆ । ਤੇਰੇ ਹੁਕਮ ਅੰਦਰ ਜੁਗ ਚੌਕੜੀ ਕੋਟਨ ਕੋਟ ਲਦ ਗਏ, ਆਪਣਾ ਵਕਤ ਵਿਹਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਪੁਰਖ ਅਕਾਲ ਦੀਨ ਦਿਆਲ ਆਪਣਾ ਸੰਗ ਦੇ, ਸਗਲਾ ਸੰਗ ਬਣਾਈਆ । ਤੇਰੇ ਖੇਲ ਹੰ ਬ੍ਰਹਮ ਦੇ, ਪਾਰਬ੍ਰਹਮ ਤੇਰੇ ਹੱਥ ਵਡਿਆਈਆ । ਅਸੀਂ ਮਾਟੀ ਭਾਂਡੇ ਵੇਖੀਏ ਚੰਮ ਦੇ, ਤੱਤਾਂ ਅੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਤੇਰਾ ਸੁਣ ਖ਼ੁਸ਼ੀ ਮਨਾਈਆ । ਪੁਰਖ ਅਕਾਲ ਕਹੇ ਸਾਰੇ ਜਾਵੋ ਉਠ, ਬਣੋ ਪਾਂਧੀ ਰਾਹੀਆ । ਕਲਜੁਗ ਕੂੜੀ ਕਿਰਿਆ ਵੇਖੋ ਲੁੱਟ, ਚਾਰ ਕੁੰਟ ਹੋਈ ਹਲਕਾਈਆ । ਮਨ ਵਾਸਨਾ ਸਭ ਨੂੰ ਲੱਗਾ ਦੁੱਖ, ਜਗਤ ਤਬੀਬ ਸ਼ਫ਼ਾ ਨਾ ਕੋਇ ਕਰਾਈਆ । ਭਰਮੇ ਭੁੱਲਾ ਮਾਨਵ ਜਾਤੀ ਮਨੁੱਖ, ਪਾਰਬ੍ਰਹਮ ਬ੍ਰਹਮ ਮੇਲ ਖ਼ੁਸ਼ੀ ਨਾ ਕੋਇ ਬਣਾਈਆ । ਪੜਦਾ ਓਹਲਾ ਅੱਗੇ ਰਹੇ ਕੋਈ ਨਾ ਲੁਕ, ਲੁਕਿਆ ਭੇਵ ਦੇਣਾ ਜਣਾਈਆ । ਕਵਣ ਇਕੋ ਪੁਰਖ ਅਕਾਲ ਦੇ ਨਾਮ ਦੀ ਪੜ੍ਹੇ ਤੁਕ, ਸੋਹੰ ਢੋਲਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਸਮਝਾਈਆ ।

## ★ ੨੮ ਪੋਹ ਸ਼ਹਿਨਸ਼ਾਹੀ ਸੰਮਤ ੨ ਅਦਾਲਤ ਸਿੰਘ ਆਂਡਲੂ ਜ਼ਿਲਾ ਲੁਧਿਆਣਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਉਠੋ ਸਾਰੇ ਚਲੀਏ, ਚਲਤ ਪ੍ਰਭ ਦਾ ਵੇਖ ਵਖਾਈਆ । ਸਚ ਸੁਨੇਹੜਾ ਸਭ ਨੂੰ ਘੱਲੀਏ, ਹੁਕਮ ਦੇਵੇ ਸ਼ਹਿਨਸ਼ਾਹੀਆ । ਨਵ ਸੱਤ ਡੇਰਾ ਮੱਲੀਏ, ਖ਼ਾਲੀ ਨਜ਼ਰ ਕੋਇ ਨਾ ਆਈਆ । ਨਿਰਗੁਣ ਧਾਰ ਹੋ ਕੇ ਵਿਚ ਸੰਸਾਰ ਦੇ ਰਲੀਏ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਬਨ ਜਵਾਨੀ ਵਿਚ ਕਦੇ ਨਾ ਢਲੀਏ, ਇਕੋ ਰੰਗ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੇ ਦਰ ਮੌਜੂਦ, ਮੁਫ਼ਲਿਸ ਹੋ ਕੇ ਸੀਸ ਨਿਵਾਈਆ । ਪਹਿਲੋਂ ਕਿਹੜੀ ਜਾਈਏ ਕੂਟ, ਉੱਤਰ ਪੂਰਬ ਪੱਛਮ ਦੱਖਣ ਰਾਹ ਤਕਾਈਆ । ਪੁਰਖ ਅਕਾਲ ਕਹੇ ਚਾਰੇ ਕੁੰਟ ਬਣ ਕੇ ਜਾਵੋ ਦੂਤ, ਆਪਣਾ ਬਲ ਰਖਾਈਆ । ਜਾ ਕੇ ਵੇਖੋ ਪੰਜ ਤਤ ਕਾਇਆ ਕਲਬੂਤ, ਕਾਅਬੇ ਵਾਲਿਓ ਕਾਇਆ ਹੁਜਰਾ ਫੋਲ ਫੁਲਾਈਆ । ਸਾਚੇ ਨਾਮ ਦਾ ਦਿਓ ਸਬੂਤ, ਸਬਰ ਸਬੂਰੀ ਖੋਜ ਖੁਜਾਈਆ । ਹੁਕਮ ਨਾਲ ਦੱਸਣਾ ਸਭ ਦਾ ਮਾਲਕ ਇਕ ਮਹਿਬੂਬ, ਦੂਜਾ ਨਜ਼ਰ ਕੋਇ ਨਾ ਆਈਆ । ਅਵਤਾਰਾਂ ਲੰਘਣੀ ਆਪਣੀ ਹਦੂਦ, ਵਰਨਾਂ ਬਰਨਾਂ ਵਾਲੀ ਵੰਡ ਨਾ ਕੋਇ ਵੰਡਾਈਆ । ਖੋਜ ਕੇ ਵੇਖਣੀ ਹਕ਼ੀਕ਼ੀ ਮੰਜ਼ਲੇ ਮਕਸੂਦ, ਸ਼ਿਰਕਤ ਵਿਚੋਂ ਬਾਹਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਦਏ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਚਾਰ ਕੁੰਟ ਦਾ ਵੇਖੋ ਰਾਹ, ਚੌਥਾ ਜੁਗ ਦਏ ਦੁਹਾਈਆ । ਸ੍ਰਿਸ਼ਟ ਸਬਾਈ ਮਨ ਵਾਸਨਾ ਹੋਈ ਤਬਾਹ, ਤਾਬਿਆਦਾਰੀ ਸਚ ਨਾ ਕੋਇ ਕਮਾਈਆ । ਰਸਨਾ ਨਾਲ ਅੱਲਾ ਵਾਹਿਗੁਰੂ ਰਾਮ ਸਾਰੇ ਰਹੇ ਗਾ, ਜਿਹਵਾ ਨਾਲ ਢੋਲੇ ਗਾਈਆ । ਆਤਮ ਪਰਮਾਤਮ ਕਰ ਕੇ ਚੜ੍ਹੇ ਕਿਸੇ ਨਾ ਚਾ, ਚਾਓ ਘਨੇਰਾ ਨਾ ਕੋਇ ਜਣਾਈਆ । ਜਗਤ ਵਾਸਨਾ ਦੁਨੀਆ ਦੁਨੀ ਮਜ਼ਾਕ ਰਹੀ ਉਡਾ, ਇਖ਼ਲਾਕ ਦਿਤਾ ਤਜਾਈਆ । ਪੁਰਖ ਅਕਾਲ ਨਾਲ ਦਗ਼ਾ ਰਹੇ ਕਮਾ, ਗੁਰਦਰ ਮੰਦਰ ਮਸਜਿਦ

ਸ਼ਿਵਦਵਾਲੇ ਮੱਠ ਬਹਿ ਕੇ ਕੂੜੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਲਜੁਗ ਕੂੜ ਕੁੜਿਆਰੀ ਪਈ ਵਬਾ, ਰੋਗ ਸਕੇ ਨਾ ਕੋਇ ਗਵਾਈਆ । ਅੰਤ ਅਖ਼ੀਰ ਹੁਕਮ ਦੇਵੇ ਖ਼ੁਦਾ, ਖ਼ੁਦਗ਼ਰਜੀ ਵਿਚੋਂ ਬਾਹਰ ਕਢਾਈਆ । ਜਾ ਕੇ ਵੇਖੇ ਚਾਰ ਕੁੰਟ ਦਹਿ ਦਿਸ਼ਾ ਕਿਸ ਦਵਾਰੇ ਲੱਗੀ ਸਭਾ, ਜੋ ਸਿੱਧਾ ਪ੍ਰਭ ਦਾ ਨਾਮ ਧਿਆਈਆ । ਨਾਤਾ ਤੋੜ ਕੂੜ ਕੁੜਿਆਰ ਹਵਾ, ਪ੍ਰਭ ਸਾਜਣ ਹੋ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਸੰਦੇਸ਼ਾ ਇਕ ਸੁਣਾਈਆ ।

### ★ ੨੯ ਪੋਹ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਹਿ ਪਿੰਡ ਸਭਰਾ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਜਾਈਏ ਜ਼ਰੂਰ, ਜ਼ਰੂਰਤ ਪ੍ਰਭੂ ਤੇਰੀ ਵੇਖ ਵਖਾਈਆ । ਜੁਗ ਚੌਕੜੀ ਤੇਰੇ ਨਾਮ ਦੇ ਸੇਵਾ ਵਿਚ ਮਜ਼ਦੂਰ, ਚਾਕਰੀ ਕਰ ਕੇ ਤੇਰੀ ਖ਼ੁਸ਼ੀ ਮਨਾਈਆ । ਪੰਧ ਮੁਕਾਈਏ ਨੇੜੇ ਦੂਰ, ਦੋ ਜਹਾਨ ਚਰਨਾਂ ਹੇਠ ਦਬਾਈਆ । ਤੇਰੀ ਜੋਤ ਦਾ ਕਰੀਏ ਨੂਰ, ਨੂਰ ਜਹੂਰ ਇਕ ਰੁਸ਼ਨਾਈਆ । ਮੂਸਾ ਕਹੇ ਮੈਂ ਹੁਣ ਨਹੀਂ ਜਾਣਾ ਉਤੇ ਕੋਹਤੂਰ, ਬਿਨ ਚਸ਼ਮਾਂ ਚਸ਼ਮ ਦੇਣੀ ਖੁਲ੍ਹਾਈਆ । ਈਸਾ ਕਹੇ ਮੈਨੂੰ ਤੇਰਾ ਇਸਮ ਇਕੋ ਕਬੂਲ, ਦੂਜਾ ਨਾਮਾਲੂਮ ਖੇਲ ਨਾ ਕੋਇ ਜਣਾਈਆ । ਮੁਹੰਮਦ ਕਹੇ ਤੇਰਾ ਹੁਕਮ ਸ਼ਬਦ ਕਲਮਾ ਨਬੀਆਂ ਰਸੂਲਾਂ ਦਾ ਕਾਤਲ ਮਕਤੂਲ, ਜਨਮ ਖੜਗ ਖੰਡਾ ਕਟਾਰ ਧਾਰ ਤੇਰੀ ਨਜ਼ਰੀ ਆਈਆ । ਪਹਿਲੋਂ ਆਪਣਿਆਂ ਚਰਨਾਂ ਦੀ ਦੇ ਧੂਲ, ਸਚਖੰਡ ਦਵਾਰੇ ਦਇਆ ਕਮਾਈਆ । ਫੇਰ ਅਗਲਾ ਦੱਸ ਆਪਣਾ ਸਚ ਅਸੂਲ, ਅਸਲੀਅਤ ਦੇ ਦ੍ਰਿੜਾਈਆ । ਸਾਡੇ ਜਾਣ ਆਉਣ ਦਾ ਵਕਤ ਐਵੇਂ ਨਾ ਜਾਏ ਫ਼ਜ਼ੂਲ, ਕੀਮਤ ਆਪਣੇ ਘਰ ਰਖਾਈਆ । ਪੁਰਖ ਅਕਾਲ ਕਹੇ ਤੁਸੀਂ ਬੱਚੇ ਨੰਨ੍ਹੇ ਮਾਸੂਮ, ਬਾਲੇ ਚਾਰ ਜੁਗ ਦੇ ਨਜ਼ਰੀ ਆਈਆ । ਇਸ ਖੇਲ ਨੂੰ ਸਮਝੇ ਨਾ ਕੋਇ ਅਲੂਮ, ਇਲਮ ਦੇ ਵਿਚ ਨਾ ਕੋਇ ਦ੍ਰਿੜਾਈਆ । ਪੁਰਖ ਅਕਾਲ ਦਾ ਸਭ ਤੋਂ ਵਖਰਾ ਕਾਨੂੰਨ, ਕਾਇਦੇ ਵਾਲੀ ਧਾਰ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ ।

### ★ ੨੯ ਪੋਹ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਪਿੰਡ ਦਬੁਰਜੀ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਪੁਸ਼ਤ ਪਨਾਹ ਦੇ ਦੇ ਥਾਪੀ, ਥਪਕੀ ਇਕੋ ਦੇ ਲਗਾਈਆ । ਜੇ ਸਾਡਾ ਲਹਿਣਾ ਦੇਣਾ ਮੁਕਾਉਣਾ ਬਾਕੀ, ਦੀਨ ਦਿਆਲ ਵੇਖ ਵਖਾਈਆ । ਹੁਣ ਅਸੀਂ ਜਾਣਾ ਨਹੀਂ ਪਾ ਕੇ ਤਨ ਖ਼ਾਕੀ, ਤੇਰਾ ਨੂਰ ਜੋਤ ਰੁਸ਼ਨਾਈਆ । ਪੜ੍ਹਨੀ ਨਹੀਂ ਕੋਈ ਜਾ ਕੇ ਸਾਖੀ, ਢੋਲਾ ਅੱਖਰੀ ਨਾ ਕੋਇ ਗਾਈਆ । ਦੀਨਾਂ ਮਜ਼੍ਹਬਾਂ ਅੰਦਰ ਮਾਰ ਕੇ ਆਉਣੀ ਝਾਕੀ, ਅੰਦਰ ਵੜ ਕੇ ਮੰਦਰ ਚੜ੍ਹ ਕੇ ਫੋਲ ਫੁਲਾਈਆ । ਯਾਦ ਕਰਾ ਕੇ ਆਉਣੀ ਗੋਬਿੰਦ ਵਾਲੀ ਅੰਤ ਅਖ਼ੀਰੀ ਪਾਤੀ, ਜਿਸ ਦਾ ਲੇਖ ਸਮਝ ਕੋਇ ਨਾ ਪਾਈਆ । ਤੱਕ ਕੇ ਆਉਣਾ ਜੋ ਪ੍ਰਭੂ ਤੇਰੇ ਦਰ ਦਾ ਬਣਿਆ ਫ਼ਸਾਦੀ, ਫ਼ੈਸਲਾ ਤੇਰੇ ਹੱਥ ਫੜਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਬਣਿਆ ਰਿਹੋਂ ਇਮਦਾਦੀ,

ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਂਝੇ ਕੰਤ ਦੀਨ ਦੁਨੀ ਦੀ ਵੇਖ ਕੇ ਆਈਏ ਬਰਬਾਦੀ, ਬਦਲੇ ਵਿਚ ਅਦਲ ਤੇਰਾ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰੇ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਉਤੇ ਰੱਖੀਂ ਹੱਥ, ਨਿਗਾਹ ਮਿਹਰ ਇਕ ਉਠਾਈਆ । ਪੁਰਖ ਅਕਾਲ ਸਾਹਿਬ ਸਮਰਥ, ਤੇਰੇ ਹੱਥ ਵਡਿਆਈਆ । ਸਭ ਕੁਛ ਤੈਨੂੰ ਆਣ ਕੇ ਦਈਏ ਦੱਸ, ਦਹਿ ਦਿਸ਼ਾ ਫੋਲ ਫੁਲਾਈਆ । ਕਵਣ ਭੁੱਲਾ ਕਵਣ ਗਾਏ ਤੇਰਾ ਜਸ, ਕਵਣ ਤੇਰੀ ਓਟ ਰਖਾਈਆ । ਕਵਣ ਖੋਲ੍ਹ ਕੇ ਅੰਦਰੋਂ ਅੱਖ, ਨੇਤਰ ਲੋਚਨ ਨੈਣ ਜਗਤ ਨਾਲੋਂ ਪਿਛੇ ਹਟਾਈਆ । ਕਿਸ ਦਵਾਰੇ ਮਿਲੇ ਸਤਿ, ਸਚ ਨਾਲ ਵੱਜੇ ਵਧਾਈਆ । ਖੋਜ ਕੇ ਆਈਏ ਪੰਜ ਤੱਤ, ਚਾਰੇ ਕੁੰਟ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਈਆ ।

★ ੨੯ ਪੋਹ ਸ਼ਹਿਨਸ਼ਾਹੀ ਸੰਮਤ ੨ ਸੁੰਦਰ ਸਿੰਘ ਪਿੰਡ ਰੋਸੇ ਜ਼ਿਲਾ ਗੁਰਦਾਸਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਤੇਰੇ ਚਰਨਾਂ ਹਉਂ ਵਾਰੀ ਘੋਲੀ, ਘੋਲ ਘੁਮਾ ਕੇ ਸੀਸ ਨਿਵਾਈਆ । ਆਪਣੀ ਧਾਰ ਬਣਾ ਨਾਲ ਵਿਚੋਲੀ, ਵਿਚਲਾ ਪੜਦਾ ਦੇ ਉਠਾਈਆ । ਸਭ ਤੋਂ ਉਤਮ ਸ੍ਰੇਸ਼ਟ ਆਤਮ ਪਰਮਾਤਮ ਪਰਮਾਤਮ ਆਤਮ ਨੂੰ ਦੱਸ ਸਚ ਬੋਲੀ, ਅਨਬੋਲਤ ਆਪਣਾ ਰਾਗ ਸੁਣਾਈਆ । ਨਾਮ ਕੰਡਾ ਦੇ ਜਿਸ ਨਾਲ ਸ੍ਰਿਸ਼ਟ ਸਬਾਈ ਜਾਏ ਤੋਲੀ, ਅਤੋਲ ਅਤੁਲ ਤੇਰੇ ਹੱਥ ਵਡਿਆਈਆ । ਕਿਰਪਾ ਕਰ ਕਰਨੀ ਦੇ ਕਰਤੇ ਅਸੀਂ ਵੇਖੇ ਖੇਲ ਕੁਲ, ਖ਼ਾਲਕ ਤੇਰੀ ਖ਼ਲਕ ਫੋਲ ਫੋਲਾਈਆ । ਤੇਰਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਬਦ ਨਾਮ ਅਨਮੁਲ, ਦੋ ਜਹਾਨਾਂ ਕੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਨਾਮ ਨਿਧਾਨ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਹੁਕਮ ਦੀ ਅੰਤ ਉਡੀਕ, ਜੁਗ ਚੌਕੜੀ ਰਾਹ ਤਕਾਈਆ । ਸੋ ਵੇਲਾ ਵਕਤ ਹੋਇਆ ਠੀਕ, ਠਾਕਰ ਧੁਰ ਦੇ ਤੇਰੀ ਬੇਪਰਵਾਹੀਆ । ਅੱਗੇ ਤੇਰੀ ਦੱਸ ਕੇ ਆਏ ਤਾਰੀਫ਼, ਸਿਫ਼ਤਾਂ ਵਿਚ ਸਾਲਾਹੀਆ । ਅੱਖਰਾਂ ਰਾਹੀਂ ਦੱਸਦੇ ਆਏ ਪ੍ਰੀਤ, ਪ੍ਰੀਤਮ ਮੇਲ ਨਾ ਕਿਸੇ ਮਿਲਾਈਆ । ਤੂੰ ਹਰ ਘਟ ਵਸੇਂ ਚੀਤ, ਚੇਤਨ ਸੁਰਤੀ ਲਏਂ ਕਰਾਈਆ । ਬਦਲ ਦੇਵੇਂ ਰੀਤ, ਰੀਤੀਵਾਨ ਤੇਰੀ ਵਡਿਆਈਆ । ਤੈਨੂੰ ਲੱਭਦੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਖੋਜਣ ਥਾਉਂ ਥਾਈਆ । ਤੇਰਾ ਖੇਲ ਅਨਿਆਲਾ ਅਨਡੀਠ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਪੁਰਖ ਅਕਾਲ ਕਹੇ ਮੈਨੂੰ ਆ ਕੇ ਦੇਣਾ ਜਵਾਬ, ਮੰਗ ਇਕੋ ਵਾਰ ਮੰਗਾਈਆ । ਜਗਤ ਮਹੱਲ ਵੇਖਣਾ ਉਚ ਮਹਿਰਾਬ, ਦਵਾਰਾ ਦਰਾਂ ਵਾਲਾ ਫੋਲ ਫੁਲਾਈਆ । ਸੱਜਣ ਮੀਤ ਵੇਖਣਾ ਅਹਿਬਾਬ, ਤਨ ਰਬਾਬ ਕਵਣ ਵਜਾਈਆ । ਸਜਦਿਆਂ ਵਿਚ ਕਰੇ ਕਵਣ ਆਦਾਬ, ਨਮਸਤੇ ਕਹਿ ਕੇ ਸ਼ੁਕਰ ਕਵਣ ਮਨਾਈਆ । ਸਭ ਨੇ ਆ ਕੇ ਦੱਸਣਾ ਸਾਫ਼, ਸਚ ਸਚ ਦ੍ਰਿੜਾਈਆ । ਜਿਹੜੇ ਤੁਹਾਡਾ ਨਾਮ ਲੈਂਦੇ ਹੋਵਣ ਸਵਾਸ ਸਵਾਸ, ਉਹ ਵੀ ਦੇਣੇ ਜਣਾਈਆ । ਮਿਹਰ ਨਿਗਾਹ ਨਾਲ ਕਰ ਦੇਵਾਂ ਮੁਆਫ਼, ਮੁਆਫ਼ੀ ਮੰਗਣ ਦੀ ਲੋੜ ਰਹੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਉਂ ਬਾਲਕ ਤੇਰੇ ਦਾਸ, ਜਾਚਕ

ਹੋ ਕੇ ਸੇਵ ਕਮਾਈਆ । ਸ਼ਬਦ ਰਜਾਈ ਤੇਰਾ ਖੇਲ ਤਮਾਸ਼, ਬੁੱਧੀ ਤੋਂ ਪਰੇ ਤੇਰੀ ਵਡਿਆਈਆ । ਤੂੰ ਰਚਨਾ ਰਚੀ ਆਦਿ ਜੁਗ ਚੌਕੜੀ ਜੁਗਾਦਿ, ਜੁਗ ਦਾ ਮਾਲਕ ਸੋਭਾ ਪਾਈਆ । ਨੂਰੀ ਅੱਲਾ ਬਣ ਕੇ ਵਾਹਦ, ਵਾਹਿਗੁਰੂ ਆਪਣਾ ਨਾਮ ਧਰਾਈਆ । ਕਲਜੁਗ ਅੰਤ ਅਖ਼ੀਰ ਆਪਣੇ ਆਪ ਨੂੰ ਕਰ ਕੇ ਇੰਤਖ਼ਾਬ, ਖ਼ਵਾਬ ਸਭ ਦੇ ਪੂਰ ਕਰਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਗਗਨ ਪਾਤਾਲਾਂ ਬਣ ਕੇ ਮਾਈ ਬਾਪ, ਪਿਤਾ ਪੁਰਖ ਅਕਾਲ ਰੂਪ ਵਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਭ ਕੁਛ ਤੇਰੇ ਹਾਥ, ਸਮਰਥ ਤੇਰੀ ਬੇਪਰਵਾਹੀਆ । ਭਵਿਖਤਾਂ ਵਿਚ ਜੋ ਆਏ ਆਖ, ਆਖ਼ਰ ਸਭ ਕੁਛ ਤੇਰੀ ਝੋਲੀ ਪਾਈਆ । ਅੰਤ ਲਹਿਣਾ ਦੇਣਾ ਮੁਕਾ ਦੇ ਹਿਸਾਬ ਕਿਤਾਬ, ਬਾਕੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਵਾਰੇ ਇਕ ਆਦਾਬ, ਡੰਡਾਵਤ ਬੰਦਨਾ ਗੁਰੂ ਮਹਾਰਾਜ, ਆਤਮ ਬ੍ਰਹਮ ਬਣਾ ਸਮਾਜ, ਜਗਤ ਸਮਗਰੀ ਲੇਖਾ ਦੇਣਾ ਮੁਕਾਈਆ ।

### ★ ੩੦ ਪੋਹ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਹਿ ਮੈਸਮ ਪੁਰਾ ★

ਵਰੁਣ ਕਹੇ ਮੇਰੀ ਇਹ ਲੋਹੜੀ, ਦੇਵਤਿਆਂ ਵਿਚੋਂ ਪ੍ਰਭ ਦਿਤੀ ਵਡਿਆਈਆ । ਸਭ ਤੋਂ ਕਰ ਕੇ ਚੋਰੀ, ਬੂੰਦ ਸਵਾਂਤੀ ਮੇਰੀ ਝੋਲੀ ਪਾਈਆ । ਵਸਤ ਦਿਤੀ ਜ਼ੋਰੀ, ਜ਼ੋਰਾਵਰ ਬੇਪਰਵਾਹੀਆ । ਹੱਥ ਫੜ ਕੇ ਡੋਰੀ, ਮਿਹਰ ਨਜ਼ਰ ਉਠਾਈਆ । ਦੇਵਤ ਵੇਖ ਇਹ ਲੱਗੀ ਧਾਰ ਕੌੜੀ, ਧਾਰ ਅਸੁਰ ਕਰੇ ਲੜਾਈਆ । ਖ਼ੁਦੀ ਹੰਕਾਰ ਦੀ ਰਲੀ ਜੋੜੀ, ਝਗੜੇ ਵਿਚ ਵਡਿਆਈਆ । ਸਾਚੀ ਵਸਤ ਕਿਸੇ ਨਾ ਮਿਲੀ ਭੋਰੀ, ਭਰਮਾਂ ਵਿਚ ਆਪਣਾ ਆਪ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਦਇਆ ਕਮਾਈਆ । ਵਰੁਣ ਕਹੇ ਸਾਚੇ ਦਿਵਸ ਮਿਲੀ ਵਡਿਆਈ, ਮੇਰੇ ਅੰਤਰ ਵੱਜੀ ਵਧਾਈਆ । ਬੂੰਦ ਸਵਾਂਤੀ ਪ੍ਰਭ ਨੇ ਝੋਲੀ ਪਾਈ, ਭੰਡਾਰਾ ਦਿਤਾ ਭਰਾਈਆ । ਸ਼ਬਦ ਅਗੰਮੀ ਆਵਾਜ਼ ਸੁਣਾਈ, ਸੰਦੇਸ਼ਾ ਧੁਰਦਰਗਾਹੀਆ । ਸ੍ਰਿਸ਼ਟੀ ਨਾਲ ਨਾਤਾ ਰਿਹਾ ਜੁੜਾਈ, ਜਗ ਜੀਵਣ ਦਾਤਾ ਆਪਣੀ ਦਇਆ ਕਮਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਵੱਜਦੀ ਰਹੇ ਵਧਾਈ, ਸਾਚਾ ਘਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵਰੁਣ ਕਹੇ ਮੈਂ ਅੰਮ੍ਰਿਤ ਲੈ ਕੇ ਰਸ, ਰਸੀਆ ਹੋ ਕੇ ਸੀਸ ਨਿਵਾਈਆ । ਜੋੜ ਕੇ ਦੋਵੇਂ ਹੱਥ, ਬੰਦਨਾ ਵਿਚ ਖ਼ੁਸ਼ੀ ਮਨਾਈਆ । ਖੋਲ੍ਹ ਕੇ ਆਪਣੀ ਅੱਖ, ਤੱਕਿਆ ਬੇਪਰਵਾਹੀਆ । ਸੋ ਖ਼ੁਸ਼ੀਆਂ ਵਿਚ ਗਿਆ ਹੱਸ, ਗ਼ਮੀ ਰੂਪ ਨਾ ਕੋਇ ਬਦਲਾਈਆ । ਸ਼ਬਦ ਅਗੰਮੀ ਦਿਤਾ ਸਚ, ਸਚ ਦਿਤੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਿਲਾਈਆ । ਵਰੁਣ ਕਹੇ ਸਾਚੇ ਦਿਵਸ ਮੋਹੇ ਦਿਤਾ ਦਾਨ, ਦੇਵਣਹਾਰ ਦਇਆ ਕਮਾਈਆ । ਮੇਰੇ ਅੰਤਰ ਬਖ਼ਸ਼ ਗਿਆਨ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਤੇਰਾ ਲਹਿਣਾ ਦੇਣਾ ਜ਼ਮੀਨ ਤੋਂ ਉਤੇ ਥੱਲੇ ਅਸਮਾਨ, ਹੁਕਮੇ ਅੰਦਰ ਬੰਧਨ ਪਾਈਆ । ਊਚਾਂ ਨੀਚਾਂ ਰਹਿਣਾ ਵਿਚ ਦਰਮਿਆਨ, ਹੁਕਮੇ ਅੰਦਰ ਸੇਵ ਕਮਾਈਆ । ਬਿਨ ਤੇਰੀ ਧਾਰ ਉਪਜੇ ਨਾ ਕੋਇ ਪਕਵਾਨ, ਰਾਜ਼ਕ ਰਿਜ਼ਕ ਰਹੀਮ ਤੇਰੇ ਹੱਥ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਧੁਰ ਦਾ ਹੁਕਮ ਇਕ ਸੁਣਾਈਆ । ਵਰੁਣ ਕਹੇ ਹੁਕਮ ਦਿਤਾ ਧੁਰਦਰਗਾਹ, ਧੁਰ ਦੀ ਧਾਰ ਜਣਾਈਆ । ਸਚ ਸੰਦੇਸ਼ਾ ਇਕ ਸੁਣਾ, ਮੇਰੀ ਬਣਤ ਲਈ ਬਣਾਈਆ । ਵਸਤ ਅਮੋਲਕ ਇਕ ਵਖਾ, ਵੱਖਰੀ ਧਾਰ ਦ੍ਰਿੜਾਈਆ । ਵਾਯੂ ਅੰਦਰ ਜਲ ਮਿਲਾ, ਥਲਾਂ ਦੇਣੀ ਵਡਿਆਈਆ । ਖੇਲ ਕਰਨਾ ਵਿਚ ਜਹਾਨ, ਹੁਕਮੇ ਅੰਦਰ ਸੀਸ ਨਿਵਾਈਆ । ਤੇਰੀ ਪੁਸ਼ਤ ਪਨਾਹ ਸਦਾ ਰਹਿਵਾਂ, ਸਿਰ ਆਪਣਾ ਹੱਥ ਟਿਕਾਈਆ । ਸਦਾ ਜੁਗ ਬਦਲਦਾ ਰਹਵਾਂ ਨਵਾਂ, ਚੌਕੜੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪ ਵਰਤਾਈਆ । ਵਰੁਣ ਕਹੇ ਮੈਨੂੰ ਸੱਦ ਕੇ ਪਾਸ, ਆਪਣੇ ਵਿਚੋਂ ਆਪਾ ਦਿਤਾ ਜਣਾਈਆ । ਸਾਚੀ ਵਸਤ ਪੂੰਜੀ ਲੈ ਰਾਸ, ਵਸਤ ਅਮੋਲਕ ਆਪ ਵਰਤਾਈਆ । ਮੇਰੀ ਮਿਹਰ ਤੇਰੇ ਸਾਥ, ਜਲ ਪਾਣੀ ਰੂਪ ਵਟਾਈਆ । ਧਰਤ ਤੋਂ ਜਾਵੇ ਆਕਾਸ਼, ਆਕਾਸ਼ ਤੋਂ ਧਰਤ ਉਤੇ ਸੁਹਾਈਆ । ਅਗੰਮਾ ਖੇਲ ਤਮਾਸ਼, ਤੈਨੂੰ ਦਿਤਾ ਦ੍ਰਿੜਾਈਆ । ਵਰੁਣ ਕਹੇ ਉਹ ਪੋਹ ਦਾ ਦਿਨ ਅਖ਼ੀਰੀ ਖ਼ਾਸ, ਅਗਲੀ ਥਿਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਵਰੁਣ ਕਹੇ ਮੈਨੂੰ ਆਈ ਅਗੰਮੀ ਬਾਣੀ, ਬਲਹੀਣ ਦਿਤੀ ਜਣਾਈਆ । ਖੇਲ ਵਖਾਇਆ ਪਵਣ ਪਾਣੀ, ਬਸੰਤਰ ਭੇਵ ਚੁਕਾਈਆ । ਨਜ਼ਰੀ ਆਈ ਅਗੰਮ ਨਿਸ਼ਾਨੀ, ਨਿਸ਼ਾਨਾ ਦਿਤਾ ਦ੍ਰਿੜਾਈਆ । ਮੇਰਾ ਖੇਲ ਧੁਰ ਜਗਤ ਜਹਾਨੀ, ਜੋਤੀ ਜਾਤਾ ਹੋ ਕੇ ਵੇਖ ਵਖਾਈਆ । ਬਖ਼ਸ਼ਿਸ਼ ਕਰ ਕੇ ਅੰਮ੍ਰਿਤ ਰਸ ਜੀਵਤ ਜੁਗ ਪਾਣੀ, ਝੋਲੀ ਦਿਤੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਸਮਝਾਈਆ । ਵਰੁਣ ਕਹੇ ਮੇਰੇ ਉਤੇ ਕਿਰਪਾ ਕਰੀ, ਕਿਰਪਾਲ ਦਿਤੀ ਵਡਿਆਈਆ । ਮੇਰੇ ਅੰਤਰ ਲੋ ਦਿਤੀ ਹਰੀ, ਲੋ ਹਰੀ ਆਪ ਕਰਾਈਆ । ਇਹ ਵੇਖ ਦੇਵਤਿਆਂ ਔਖੀ ਹੋਈ ਘੜੀ, ਦੁੱਖ ਅੰਦਰੇ ਅੰਦਰ ਮਨਾਈਆ । ਝਗੜੇ ਵਿਚ ਲੜਾਈ ਹੋਈ ਬੜੀ, ਮੂਰਖ ਹੋ ਕੇ ਝਗੜਾ ਪਾਈਆ । ਪੁਰਖ ਅਕਾਲ ਕੋਲੋਂ ਮੰਗ ਮੰਗੀ ਖਰੀ, ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵਰੁਣ ਕਹੇ ਮੈਂ ਮੰਗਤੇ ਕੀਤੀ ਆਸ, ਅੰਤਰ ਧਿਆਨ ਲਗਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਤੇਰੇ ਹੱਥ ਵਡਿਆਈਆ । ਸਭ ਨੂੰ ਦੇ ਦਾਤ, ਝਗੜਾ ਕਰੇ ਕੋਈ ਨਾ ਰਾਈਆ । ਦੂਸਰ ਹੋਵੇ ਨਾ ਕੋਈ ਘਾਤ, ਘਾਉ ਅਵਰ ਨਾ ਕੋਇ ਲਗਾਈਆ । ਸਭ ਕਿਛ ਤੇਰੇ ਹੱਥ ਪੁਰਖ ਅਬਿਨਾਸ਼, ਬੇਪਰਵਾਹ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਵਰੁਣ ਦੋਵੇਂ ਜੋੜ ਹਾਥ, ਭੁਜਾਂ ਅੱਗੇ ਵਧਾਈਆ । ਤੇਰੀ ਝੋਲੀ ਪਾਵਾਂ ਦਾਤ, ਸਾਢੇ ਤਿੰਨ ਸੇਰ ਵੰਡ ਵੰਡਾਈਆ । ਜੁਗ ਚੌਕੜੀ ਰਹਿਵੇ ਤੇਰੇ ਸਾਥ, ਦੂਸਰ ਵੰਡ ਨਾ ਕੋਇ ਵੰਡਾਈਆ । ਵਰੁਣ ਕਿਹਾ ਕਿਥੇ ਰੱਖਾਂ ਸਾਂਭ, ਸਚ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਪੁਰਖ ਅਕਾਲ ਕਿਹਾ ਇਹ ਜਲ ਸਾਢੇ ਤਿੰਨ ਸੇਰ, ਕਹਾਵਤ ਜਗਤ ਵਾਲੀ ਬਣਾਈਆ । ਬਖ਼ਸ਼ਿਸ਼ ਵਾਲੀ ਮਿਹਰ, ਤੇਰੀ ਝੋਲੀ ਪਾਈਆ । ਬਿਨ ਮੇਰੇ ਭਗਤਾਂ ਸਭ ਦਾ ਹੁੰਦਾ ਰਹੇ ਭੇੜ, ਖ਼ੁਸ਼ੀ ਗ਼ਮੀ ਵਿਚ ਬਦਲਾਈਆ । ਦੇਵਤਿਆਂ ਕੋਲੋਂ ਛਿੜਾਈ ਛੇੜ, ਸੁਘੜ ਸਿਆਣੇ ਮੂਰਖ ਦੇਣੇ ਬਣਾਈਆ । ਵਰੁਣ ਕਿਹਾ ਕੀ ਲੇਖਾ ਦਏਂ ਨਬੇੜ, ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਿਹਾ ਨਹੀਂ ਲਹਿਣਾ ਚੁਕਾਵਾਂ ਫੇਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ


੪੦੪
੨੦

ਅੰਤ ਹੰਢਾਈਆ । ਚਾਰ ਜੁਗ ਦਾ ਰੱਖ ਕੇ ਗੇੜ, ਗੇੜੇ ਵਿਚ ਵੇਖਾਂ ਲੋਕਾਈਆ । ਕਲਜੁਗ ਅੰਤਮ ਬਣ ਕੇ ਆਵਾਂ ਸਿੰਘ ਸ਼ੇਰ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸ਼ਬਦੀ ਧਾਰ ਜਨਮ ਲਵਾਂ ਨਾ ਵਿਚੋਂ ਕਿਸੇ ਜੇਰ, ਜੇਰਜ ਅੰਡ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਵਰੁਣ ਕਹੇ ਮੇਰੇ ਅੰਤਰ ਕੀਤੀ ਲੋ ਹਰੀ, ਲੋੜੀਂਦਾ ਸੱਜਣ ਪਾਇਆ । ਖ਼ੁਮਾਰੀ ਬੇਅੰਤ ਚੜ੍ਹੀ, ਖ਼ੁਸ਼ੀਆਂ ਰੰਗ ਰੰਗਾਇਆ । ਸੁਹੰਜਣੀ ਹੋਈ ਘੜੀ, ਦੀਨ ਦਿਆਲ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇਆ । ਵਰੁਣ ਕਿਹਾ ਤੇਰੀ ਬਖ਼ਸ਼ਿਸ਼ ਸਾਢੇ ਤਿੰਨ ਸੇਰ ਪਾਣੀ, ਪਵਣ ਪਾਣੀ ਜਿਸ ਦੀ ਸੇਵ ਕਮਾਈਆ । ਪੁਰਖ ਅਕਾਲ ਸ਼ਬਦ ਸੁਣਾਈ ਅਗੰਮੀ ਬਾਣੀ, ਬਾਣ ਨਿਰਾਲਾ ਦਿਤਾ ਲਗਾਈਆ । ਇਹ ਲੇਖਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਨਾਲ ਰਲਾਈਆ । ਬਿਨ ਇਸ ਦੇ ਹੋਏ ਵੈਰਾਨੀ, ਸਾਚਾ ਸੁਖ ਨਾ ਕੋਇ ਉਪਜਾਈਆ । ਵਰੁਣ ਕਹੇ ਮੇਰੇ ਅੰਦਰ ਆਈ ਹੈਰਾਨੀ, ਪਰੇਸ਼ਾਨ ਹੋ ਕੇ ਸੀਸ ਝੁਕਾਈਆ । ਕਿਰਪਾ ਕਰ ਮੇਰੇ ਸ਼ਾਹ ਸੁਲਤਾਨੀ, ਮਿਹਰ ਨਜ਼ਰ ਉਠਾਈਆ । ਇਸ ਜਲ ਦੀ ਕੀ ਕਹਾਣੀ, ਮੈਨੂੰ ਦੇ ਦ੍ਰਿੜਾਈਆ । ਪੁਰਖ ਅਕਾਲ ਕਹੇ ਜਿਸ ਵੇਲੇ ਮੈਂ ਭਗਤਾਂ ਦਾ ਬਣ ਕੇ ਆਇਆ ਬਾਨੀ, ਪਾਰਬ੍ਰਹਮ ਹੋ ਕੇ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਪਾਰਬ੍ਰਹਮ ਕਹੇ ਮੇਰਾ ਖੇਲ ਤਮਾਸ਼, ਸਮਝ ਕੋਇ ਨਾ ਪਾਈਆ । ਕਲਜੁਗ ਅੰਤਮ ਆਉਣਾ ਖ਼ਾਸ, ਖ਼ਾਲਸ ਆਪਣਾ ਨੂਰ ਕਰਾਂ ਰੁਸ਼ਨਾਈਆ । ਭਗਤਾਂ ਬਣਾਂ ਦਾਸ, ਸਾਚਾ ਰੰਗ ਰੰਗਾਈਆ । ਤੇਰੀ ਪੂਰੀ ਕਰਾਂ ਆਸ, ਮਨਸਾ ਨਾਲ ਮਿਲਾਈਆ । ਭਗਤਾਂ ਹੋ ਕੇ ਦਾਸ, ਸਾਚੀ ਸੇਵ ਕਮਾਈਆ । ਧਰਮ ਪ੍ਰੀਤੀ ਦੇ ਵਿਸ਼ਵਾਸ਼, ਆਪਣੇ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ । ਵਰੁਣ ਕਹੇ ਪ੍ਰਭੂ ਮੇਰੇ ਅੰਦਰ ਕੀਤੀ ਲੋ, ਆਪਣੀ ਦਇਆ ਕਮਾਈਆ । ਸ਼ਬਦੀ ਧਾਰ ਲਿਆ ਮੋਹ, ਮੁਹੱਬਤ ਵਿਚ ਜੁੜਾਈਆ । ਸਾਚਾ ਜਾਪ ਦੇ ਕੇ ਸੋਹੰ ਸੋ, ਸੁਰਤੀ ਦਿਤੀ ਬਦਲਾਈਆ । ਵਿਰੱਕਤ ਕਰ ਨਿਰਮੋਹ, ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਵਰੁਣ ਕਹੇ ਮੈਨੂੰ ਕੀਤੀ ਲੋ ਹਰੀ, ਆਪਣੀ ਦਇਆ ਕਮਾਈਆ । ਬਾਕੀ ਤੇ ਔਖੀ ਆਈ ਘੜੀ, ਦੇਵਤ ਕਰਨ ਲੜਾਈਆ । ਮੈਂ ਪ੍ਰਭ ਦੇ ਅੱਗੇ ਮਿੰਨਤ ਕਰੀ, ਇਹ ਕੀ ਖੇਲ ਦਿਤਾ ਰਚਾਈਆ । ਪੁਰਖ ਅਕਾਲ ਕਿਹਾ ਮੂਲ ਨਾ ਡਰੀਂ, ਸਿਰ ਤੇਰੇ ਹੱਥ ਰਖਾਈਆ । ਇਹ ਖੇਲ ਕਰਨੀ ਕਲਜੁਗ ਘਰ ਘਰੀਂ, ਬਚਿਆ ਰਹਿਣ ਕੋਇ ਨਾ ਪਾਈਆ । ਸ੍ਰਿਸ਼ਟੀ ਕਰਨੀ ਦੀਨ ਮਜ਼੍ਹਬ ਸ਼ਰਈ, ਸ਼ਰਅ ਵਿਚ ਹਲਕਾਈਆ । ਸਾਬਤ ਰਹੇ ਨਾ ਕੋਇ ਸਹੀ, ਸਤਿ ਸਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਵਰੁਣ ਕਿਹਾ ਪ੍ਰਭ ਹਰੀ ਕੀਤੀ ਲੋ, ਹਰਿ ਮੰਦਰ ਦਿਤਾ ਵਖਾਈਆ । ਅੰਮ੍ਰਿਤ ਰਸ ਚੋ, ਬੂੰਦ ਸਵਾਂਤ ਪਿਲਾਈਆ । ਮਾਰਗ ਦੱਸ ਕੇ ਦੋ, ਝਗੜਾ ਪ੍ਰੇਮ ਵੰਡ ਵੰਡਾਈਆ । ਸ੍ਰਿਸ਼ਟੀ ਨਾਲ ਕਰ ਕੇ ਧਰੋਹ, ਭਗਤਾਂ ਰੰਗ ਰੰਗਾਈਆ । ਧੁਰ ਫ਼ਰਮਾਨਾ ਹੁਕਮ ਦਿਤਾ ਉਹ, ਜਿਸ ਨੂੰ ਨਾ ਕੋਈ ਮੇਟੇ ਮੇਟ ਮਿਟਾਈਆ । ਵਰੁਣ ਕਹੇ ਮੈਂ ਅੱਗੇ ਹੋ, ਸੀਸ ਦਿਤਾ ਝੁਕਾਈਆ । ਪ੍ਰਭੂ ਤੇਰਾ ਖੇਲ ਜਾਣੇ ਕੋ, ਕਵਣ ਵੇਖ ਵਖਾਈਆ । ਪੁਰਖ ਅਕਾਲ ਕਿਹਾ ਮੈਂ ਜਿਨ੍ਹਾਂ ਬਖ਼ਸ਼ਾਂ

ਆਪਣਾ ਮੋਹ, ਆਪਣੇ ਰੰਗ ਰੰਗਾਈਆ । ਸੋ ਮੇਰਾ ਚਰਨ ਕਵਲ ਪੀਵਣ ਧੋ ਧੋ, ਆਪਣੀ ਮੈਲ ਗਵਾਈਆ । ਸ੍ਰਿਸ਼ਟ ਸਬਾਈ ਲੜੇ ਹੋ ਕੇ ਦੋ ਦੋ, ਝਗੜਾ ਰਹੇ ਲੋਕਾਈਆ । ਸੁਖ ਰਹੇ ਨਾ ਕਿਸੇ ਗਰੋਹ, ਹੰਗਤਾ ਵਿਚ ਦੁਹਾਈਆ । ਜੋ ਮੇਰੇ ਜਾਵਣ ਹੋ, ਹਿਰਦੇ ਵੜ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਵਰੁਣ ਕਿਹਾ ਭਗਤਾਂ ਕਿਹੜੀ ਹੋਵੇ ਧਾਰ, ਪ੍ਰਭ ਸਾਚੇ ਦੇ ਜਣਾਈਆ । ਕਿਹੜਾ ਵਕਤ ਹੋਵੇ ਸੰਸਾਰ, ਕਵਣ ਥਿਤ ਵਡਿਆਈਆ । ਕਵਣ ਦਰ ਹੋਵੇ ਦਰਬਾਰ, ਦਰਵਾਜ਼ਾ ਕਵਣ ਖੁਲ੍ਹਾਈਆ । ਕਵਣ ਗਾਵੇ ਮੰਗਲਾਚਾਰ, ਧੁਰ ਦਾ ਗੀਤ ਸੁਣਾਈਆ । ਕਵਣ ਵੇਖੇ ਵਿਗਸੇ ਪਾਵੇ ਸਾਰ, ਮਿਹਰ ਨਜ਼ਰ ਅੱਖ ਉਠਾਈਆ । ਪੁਰਖ ਅਕਾਲ ਕਿਹਾ ਮੈਂ ਸਭ ਕੁਛ ਕਰਨੇਹਾਰ, ਕਰਨੀ ਦਾ ਕਰਤਾ ਬੇਪਰਵਾਹੀਆ । ਜਿਸ ਵੇਲੇ ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਡੰਕ ਵਜਾਈਆ । ਚਾਰੋਂ ਕੁੰਟ ਹੋਵੇ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਅੰਮ੍ਰਿਤ ਮੇਘ ਬਰਸੇ ਨਾ ਕੋਈ ਨਾਲ ਪਿਆਰ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਆਪਣਾ ਇਸ਼ਟ ਜਾਏ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਗੁਰ ਅਵਤਾਰ ਪੈਗ਼ੰਬਰ ਉਚੀ ਕੂਕ ਕਰਨ ਪੁਕਾਰ, ਸਚ ਸਚ ਸੁਣਾਈਆ । ਕਿਰਪਾ ਕਰ ਪੁਰਖ ਅਕਾਲ, ਤੇਰੇ ਹੱਥ ਵਡਿਆਈਆ । ਓਸ ਵੇਲੇ ਆਵਾਂ ਨਿਰਗੁਣ ਧਾਰ, ਜੋਤੀ ਜੋਤ ਕਰ ਰੁਸ਼ਨਾਈਆ । ਜਨ ਭਗਤ ਸੁਹੇਲੇ ਲਵਾਂ ਉਠਾਲ, ਸੁਰਤੀ ਸ਼ਬਦੀ ਆਪ ਜਗਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਏਕਾ ਰੰਗ ਰੰਗਾਈਆ । ਭਗਤ ਦਵਾਰ ਬਣਾ ਸੱਚੀ ਧਰਮਸਾਲ, ਦਰ ਇਕੋ ਦਿਆਂ ਵਖਾਈਆ । ਤੂੰ ਮੇਰਾ ਜਲ ਰੱਖਣਾ ਸੰਭਾਲ, ਜੁਗ ਚੌਕੜੀ ਨਾ ਕਿਸੇ ਫੜਾਈਆ । ਕਲਜੁਗ ਅੰਤ ਅਖ਼ੀਰ ਜਨ ਭਗਤਾਂ ਦਿਆਂ ਪਿਆਲ, ਅੰਮ੍ਰਿਤ ਰਸ ਬਣਾਈਆ । ਦੀਨ ਦੁਨੀ ਹੋਏ ਬੇਹਾਲ, ਬਿਹਬਲ ਹੋ ਕੇ ਮਾਤ ਕੁਰਲਾਈਆ । ਵਰੁਣ ਕਹੇ ਮੈਂ ਫੇਰ ਕੀਤਾ ਨਹੀਂ ਕੋਈ ਸਵਾਲ, ਸਿਰ ਦੇ ਕੇ ਆਪਣਾ ਸਿਰ ਬਚਾਈਆ । ਤੇਰੇ ਹੱਥ ਤੇਰੀ ਅਵੱਲੜੀ ਚਾਲ, ਤੂੰ ਦਾਤਾ ਬੇਪਰਵਾਹੀਆ । ਦੀਨਾਂ ਬੰਧਪ ਹੋਣਾ ਦੀਨ ਦਿਆਲ, ਦਇਆਨਿਧ ਤੇਰੀ ਓਟ ਰਖਾਈਆ । ਵਰੁਣ ਕਹੇ ਮੈਂ ਕਹਵਾ ਲੋ ਹਰੀ ਲੋਹੜੀ ਕਹੇ ਜਹਾਨ, ਲੋਹੜੀ ਕਹਿਣ ਵਾਲਾ ਲੋੜੀਂਦਾ ਸੱਜਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵੀਂ ਫੁਲਵਾੜੀ ਦਾ ਦੇ ਕੇ ਦਾਨ, ਵਾੜੀ ਆਪਣੀ ਆਪ ਸੁਹਾਈਆ ।

### ★ ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★

ਬ੍ਰਹਮਾ ਕਹੇ ਸ਼ੰਕਰ ਦੱਸ ਖੇਲ ਪੂਰੀ, ਸ਼ੰਕਾ ਵਿਚ ਨਾ ਕੋਇ ਰਖਾਈਆ । ਜੁਗ ਚੌਕੜੀ ਜਿਹੜੀ ਖੇਲ ਰਹੀ ਅਧੂਰੀ, ਸਾਚਾ ਰੰਗ ਨਾ ਕੋਇ ਰੰਗਾਈਆ । ਬਣੀ ਰਹੀ ਕੂੜੀ, ਜੁਗ ਚੌਕੜੀ ਪੰਧ ਮੁਕਾਈਆ । ਭੇਵ ਦੱਸ ਕਿਉਂ ਤਨ ਭਬੂਤ ਲਾਏਂ ਧੂੜੀ, ਖ਼ਾਕੀ ਖ਼ਾਕ ਰਮਾਈਆ । ਕਿਉਂ ਜਟਾ ਜੂਟ ਬੱਧੀ ਜੂੜੀ, ਵਲ ਹੱਥਾਂ ਵਾਲਾ ਪਵਾਈਆ । ਤੇਰਾ ਨੂਰ ਅਗੰਮੀ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਕਿਸ ਬਿਧ ਖੇਲ ਹੋਈ ਜ਼ਰੂਰੀ, ਜ਼ਰੂਰਤ ਦੇ ਜਣਾਈਆ । ਕਿਸ ਦੀ ਕਰੇਂ ਮਜ਼ਦੂਰੀ, ਕਿਸ ਬਿਧ ਸੇਵ ਕਮਾਈਆ । ਕਿਸ ਦੀ ਸਰਨ ਰਹੇਂ ਹਜ਼ੂਰੀ ਬੈਠਾ ਸੀਸ

੪੦੬
੨੦

ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਰਿਹਾ ਸੁਣਾਈਆ । ਬ੍ਰਹਮਾ ਕਹੇ ਸ਼ੰਕਰ ਕੁਛ ਖੋਲ੍ਹ ਕੇ ਦੱਸ ਭੇਤ, ਚਾਰ ਜੁਗ ਸਮਝ ਕਿਸੇ ਨਾ ਆਈਆ । ਕਿਸ ਬਿਧ ਪਰਮਾਤਮ ਰਿਹਾ ਚੇਤ, ਚੇਤਨ ਆਪਣਾ ਆਪ ਕਰਾਈਆ । ਕਿਹੜਾ ਲੱਗਾ ਹੇਤ, ਹਿਤਕਾਰੀ ਦੇ ਦ੍ਰਿੜਾਈਆ । ਕਿਸ ਬਿਧ ਦਿਸੇ ਨੇਤਨ ਨੇਤ, ਘਰ ਸਾਚੇ ਸੋਭਾ ਪਾਈਆ । ਕੀ ਡੰਡਾਵਤ ਕਰੇਂ ਆਦੇਸ, ਸੰਦੇਸ਼ ਕੀ ਸੁਣਾਈਆ । ਕੀ ਤੱਕੇ ਨਰ ਨਰੇਸ਼, ਸ਼ਹਿਨਸ਼ਾਹ ਸ਼ਾਹ ਪਾਤਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸ਼ੰਕਰ ਕਹੇ ਸੁਣ ਬ੍ਰਹਮਾ, ਬ੍ਰਹਮ ਤੋਂ ਪਰੇ ਦਿਆਂ ਜਣਾਈਆ । ਜਿਥੇ ਰਹੇ ਕੋਈ ਨਾ ਭਰਮਾ, ਭਰਮ ਗੜ੍ਹ ਨਾ ਕੋਇ ਵਖਾਈਆ । ਜਗਤ ਕਾਂਡ ਨਾ ਹੋਵੇ ਕਰਮਾਂ, ਨਿਹਕਰਮੀ ਰੰਗ ਰੰਗਾਈਆ । ਨਾਤਾ ਹੋਵੇ ਨਾ ਮਾਟੀ ਚਰਮਾ, ਚੰਮ ਦ੍ਰਿਸ਼ਟੀ ਨਾ ਕੋਇ ਵਖਾਈਆ । ਇਕੋ ਪੁਰਖ ਅਕਾਲ ਦੀ ਮਿਲੇ ਸਰਨਾ, ਸਰਨਗਤ ਇਕ ਜਣਾਈਆ । ਨਮਸਕਾਰ ਹੋਵੇ ਉਪਰ ਚਰਨਾਂ, ਦੂਜਾ ਇਸ਼ਟ ਨਾ ਕੋਇ ਮਨਾਈਆ । ਭੈ ਭੌ ਰਹੇ ਨਾ ਡਰਨਾ, ਨਿਰਭੈ ਹੋਏ ਸਹਾਈਆ । ਅੱਖਰ ਪਏ ਕੋਈ ਨਾ ਪੜ੍ਹਨਾ, ਨਿਰਅੱਖਰ ਧਾਰ ਜਣਾਈਆ । ਪੌੜੀ ਡੰਡਾ ਪਏ ਕੋਈ ਨਾ ਚੜ੍ਹਨਾ, ਮੰਜ਼ਲ ਸਚ ਦਏ ਵਖਾਈਆ । ਖੜਗ ਕਟਾਰ ਪਏ ਨਾ ਲੜਨਾ, ਸ਼ਬਦੀ ਡੰਕ ਇਕ ਵਜਾਈਆ । ਹੁਕਮੇ ਅੰਦਰ ਭਾਣਾ ਪਏ ਜਰਨਾ, ਦੂਜਾ ਰਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਦ੍ਰਿੜਾਈਆ । ਸ਼ੰਕਰ ਕਹੇ ਬ੍ਰਹਮੇ ਕੀ ਖੋਲ੍ਹ ਕੇ ਦੱਸਾਂ, ਦੱਸਣ ਵਿਚ ਨਾ ਕੋਇ ਵਡਿਆਈਆ । ਮੇਰੀਆਂ ਆਪਣੀਆਂ ਨਹੀਂ ਕੋਈ ਅੱਖਾਂ, ਅੱਖਾਂ ਉਹ ਜਿਹੜੀਆਂ ਦਿਤੀਆਂ ਬੇਪਰਵਾਹੀਆ । ਓਸੇ ਦੇ ਦਰ ਤੇ ਵਸਾਂ,



੪੦੭

ਘਰ ਠਾਂਡੇ ਸੀਸ ਨਿਵਾਈਆ । ਸਿਰ ਚਰਨਾਂ ਉਤੇ ਘੱਤਾਂ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



੨੦

ਕਰ, ਮਿਹਰਵਾਨ ਹੋਏ ਸਹਾਈਆ । ਬ੍ਰਹਮਾ ਕਹੇ ਸ਼ੰਕਰ ਤੂੰ ਤੱਕਦਾ, ਜੋ ਤੱਕਿਆ ਦੇ ਜਣਾਈਆ । ਮੈਂ ਖੇਲ ਸਮਝਣਾ ਹਕ ਦਾ, ਹਕ਼ੀਕ਼ਤ ਦੇ ਦ੍ਰਿੜਾਈਆ । ਓਥੇ ਇਸ਼ਾਰਾ ਨਹੀਂ ਕੋਈ ਅੱਖ ਦਾ, ਪਰਤੱਖ ਰੂਪ ਗੋਸਾਈਆ । ਖੇਲ ਅਗੰਮਾ ਸਚ ਦਾ, ਕੂੜਾ ਰੂਪ ਨਾ ਕੋਇ ਵਟਾਈਆ । ਮਾਰਗ ਇਕੋ ਦੱਸਦਾ, ਦਹਿ ਦਿਸ਼ਾ ਤੋਂ ਪਰੇ ਕਰੇ ਪੜ੍ਹਾਈਆ । ਕੀ ਪ੍ਰਭ ਤੇਰਾ ਤੇਰੇ ਵਿਚੋਂ ਤੈਨੂੰ ਦੱਸਦਾ, ਧੁਰ ਫ਼ਰਮਾਨਾ ਇਕ ਸੁਣਾਈਆ । ਕਿਸ ਬਿਧ ਪੈਜ ਤੇਰੀ ਰੱਖਦਾ, ਸਿਰ ਆਪਣਾ ਹੱਥ ਟਿਕਾਈਆ । ਕੀ ਢੋਲਾ ਦੱਸਿਆ ਜੱਸ ਦਾ, ਸਿਫ਼ਤਾਂ ਨਾਲ ਸਾਲਾਹੀਆ । ਕਿਹੜੀ ਮੰਜ਼ਲ ਅੰਦਰ ਰੱਖਦਾ, ਕਵਣ ਧਾਮ ਦਏ ਟਿਕਾਈਆ । ਕਿਸ ਵੇਲੇ ਆਪ ਚਕਦਾ, ਚੁੱਕ ਕੇ ਗੋਦ ਸੁਹਾਈਆ । ਕਿਸ ਵੇਲੇ ਵੱਖਰਾ ਵਸਦਾ, ਵੇਂਹਦਿਆਂ ਨਜ਼ਰ ਨਾ ਆਈਆ । ਕਿਸ ਵੇਲੇ ਭੰਡਾਰਾ ਦੇਵੇ ਰਸ ਦਾ, ਅਗੰਮੀ ਜਾਮ ਪਿਆਈਆ । ਖੇਲ ਦੱਸ ਪੁਰਖ ਸਮਰਥ ਦਾ, ਸਚਖੰਡ ਨਿਵਾਸੀ ਕੀ ਕੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ੰਕਰ ਕਹੇ ਮੈਂ ਕਰਾਂ ਕੀ ਬਿਆਨ, ਰਸਨਾ ਜਿਹਵਾ ਕੰਮ ਕਿਸੇ ਨਾ ਆਈਆ । ਮੇਰਾ ਪਰਮ ਪੁਰਖ ਸੁਲਤਾਨ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਜਿਸ ਦੀ ਭੂਮਿਕਾ ਅਗੰਮ ਅਸਥਾਨ, ਸਿੰਘਾਸਣ ਆਸਣ ਆਪਣਾ ਆਪ ਸੁਹਾਈਆ । ਏਕਾ ਨਾਮ ਸੁਣਾਏ ਅਗੰਮੀ ਧੁਨਕਾਨ, ਅਨਰਾਗੀ ਰਾਗ ਜਣਾਈਆ । ਮੇਰੇ ਉਤੇ ਹੋ ਕੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਬਿਨ ਅੱਖਰਾਂ ਤੋਂ ਦੇ ਕੇ ਗਿਆਨ, ਸਹਿਜੇ ਦਿਤਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਸ਼ੰਕਰ ਕਹੇ ਬ੍ਰਹਮੇ ਕੀ ਦੱਸਾਂ ਭਗਵੰਤ, ਬ੍ਰਹਮੇ ਸਾਰ ਕੋਈ ਨਾ ਆਈਆ । ਮਾਲਕ ਧੁਰ ਦਾ ਕੰਤ, ਸੱਜਣ ਧੁਰਦਰਗਾਹੀਆ । ਮੈਂ ਵੇਖ ਨਾ ਸਕਿਆ ਅੰਤ, ਬੇਅੰਤ ਕਹਿ ਕੇ ਸੀਸ ਨਿਵਾਈਆ । ਕਿਰਪਾ ਕਰ ਕੇ ਮੇਰੇ ਅੰਤਰ ਵੜ ਕੇ ਮੈਨੂੰ ਦੱਸਿਆ ਆਪਣਾ ਮੰਤ, ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਦਿਤਾ ਸਮਝਾਈਆ । ਲੇਖੇ ਵਿਚ ਨਹੀਂ ਕੋਈ ਗਣਤ, ਅੱਖਰਾਂ ਜੋੜ ਨਾ ਕੋਇ ਜੁੜਾਈਆ । ਸੱਸਾ ਹਾਹਾ ਨਹੀਂ ਕੋਈ ਬਣਤ, ਟਿੱਪੀ ਹੋੜਾ ਨਾ ਕੋਇ ਵਡਿਆਈਆ । ਵਿਦਿਆ ਵਾਲਾ ਨਹੀਂ ਕੋਈ ਪੰਡਤ, ਬ੍ਰਹਮੇ ਤੇਰੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦਿਤਾ ਸੁਣਾਈਆ । ਸ਼ੰਕਰ ਕਿਹਾ ਬ੍ਰਹਮੇ ਮੈਂ ਕੀ ਬੋਲਿਆ ਬੋਲ, ਮੈਨੂੰ ਦੇ ਜਣਾਈਆ । ਬ੍ਰਹਮੇ ਕਿਹਾ ਇਹੋ ਵਸਤ ਮੇਰੇ ਕੋਲ, ਪ੍ਰਭ ਧੁਰ ਦੀ ਝੋਲੀ ਪਾਈਆ । ਦੋਵੇਂ ਤੁਲ ਗਏ ਓਸੇ ਤੋਲ, ਜਿਸ ਦਾ ਤਰਾਜੂ ਨਜ਼ਰ ਕਿਸੇ ਨਾ ਆਈਆ । ਬ੍ਰਹਮੇ ਕਿਹਾ ਸ਼ੰਕਰ ਕੀ ਹੋਰ ਵਸਤ ਤੇਰੇ ਕੋਲ, ਪੜਦਾ ਦੇ ਉਠਾਈਆ । ਸ਼ੰਕਰ ਕਿਹਾ ਮੇਰਾ ਮੇਰੇ ਅੰਦਰ ਗਿਆ ਮੌਲ, ਦੂਜਾ ਰੂਪ ਨਾ ਕੋਇ ਜਣਾਈਆ । ਤੂੰ ਮੇਰਾ ਮੈਂ ਤੇਰਾ ਇਹੋ ਦੱਸ ਕੇ ਬੋਲ, ਅਨਬੋਲਤ ਰਾਗ ਸੁਣਾਈਆ । ਬ੍ਰਹਮੇ ਕਿਹਾ ਸ਼ੰਕਰ ਆ ਦੋਵੇਂ ਕਰੀਏ ਕੌਲ, ਇਕਰਾਰ ਆਪਣੇ ਵਿਚ ਛੁਪਾਈਆ । ਕੁਛ ਰੀਤੀ ਚਲੇ ਉਪਰ ਧੌਲ, ਤੇਰੀ ਮੇਰੀ ਗੰਢ ਨਜ਼ਰੀ ਆਈਆ । ਪੁਰਖ ਅਕਾਲ ਸਚਖੰਡ ਦਵਾਰੇ ਬੈਠਾ ਰਹੇ ਅਡੋਲ, ਜਗਤ ਦਵਾਰੇ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸ਼ੰਕਰ ਕਿਹਾ ਤੇਰਾ ਮੇਰਾ ਹੋਇਆ ਇਕਰਾਰ, ਨਾਤਾ ਆਪਣਾ ਲਿਆ ਜੁੜਾਈਆ । ਤੂੰ ਮੇਰਾ ਮੈਂ ਤੇਰਾ ਪਰਮ ਪੁਰਖ ਦਾ ਜੈਕਾਰ, ਜੈਕਾਰ ਵਿਚੋਂ ਪਿਆਰ, ਪਿਆਰ ਵਿਚੋਂ ਵਿਹਾਰ ਨਜ਼ਰੀ ਆਈਆ । ਖੇਲ ਅਗੰਮ ਅਪਾਰ, ਅਲਖ ਅਗੋਚਰ ਰਿਹਾ ਜਣਾਈਆ । ਦੋਹਾਂ ਨੂੰ ਕਰ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਇਹ ਬਚਨ ਅੰਦਰੋਂ ਨਹੀਂ ਕੱਢਣਾ ਬਾਹਰ, ਚਾਰ ਜੁਗ ਨਾ ਕਿਸੇ ਜਣਾਈਆ । ਜਿਸ ਵੇਲੇ ਨਿਰਗੁਣ ਹੋ ਕੇ ਆਵਾਂ ਵਿਚ ਸੰਸਾਰ, ਜੋਤੀ ਜਾਮਾ ਵੇਸ ਵਟਾਈਆ । ਤੁਹਾਡਾ ਪੂਰਬ ਲਹਿਣਾ ਲਵਾਂ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਬ੍ਰਹਮਾ ਵਿਸ਼ਨ, ਵਿਸ਼ਾ ਨਜ਼ਰ ਕਿਸੇ ਨਾ ਆਈਆ । ਆਪਣੀ ਧਾਰ ਆਪੇ ਦਿਸਣ, ਆਪਣਾ ਨੂਰ ਰੁਸ਼ਨਾਈਆ । ਪੁਰਖ ਅਕਾਲ ਕੋਲੋਂ ਪੁਛਣ, ਬੇਪਰਵਾਹ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਬ੍ਰਹਮਾ ਕਹੇ ਸ਼ੰਕਰ ਕੀ ਸੁਣੀ ਹੋਰ ਖ਼ਬਰ, ਛੇਤੀ ਦੇ ਸੁਣਾਈਆ । ਸ਼ੰਕਰ ਕਿਹਾ ਉਹ ਜਬਰ, ਜਾਬਰ ਬੇਪਰਵਾਹੀਆ । ਬ੍ਰਹਮੇ ਕਿਹਾ ਨਹੀਂ ਉਹ ਜ਼ਰੂਰ ਸਾਡੀ ਪੂਰੀ ਕਰੇ ਸੱਧਰ, ਸਾਡੀ ਆਸਾ ਆਪਣੇ ਨਾਲ ਰਖਾਈਆ । ਜਗਤ ਵਿਹਾਰ ਚਲਣਾ ਨਾਲ ਅਦਲ, ਅਦਾਲਤ ਆਪਣੀ ਇਕ ਰਖਾਈਆ । ਤਤ ਵਜੂਦ ਬਣਨਾ ਸੱਜਣ, ਪੰਚ ਮਿਲੇ ਵਡਿਆਈਆ । ਮਨ ਮਤ ਬੁਧ ਪਦਾਰਥ ਦੇਣਾ ਰਤਨ, ਅਮੋਲਕ ਵਿਚ ਟਿਕਾਈਆ । ਜਗਤ ਖੇਲ ਕਰਨਾ ਆਪਣੇ ਯਤਨ, ਯਥਾਰਥ ਸੇਵ ਕਮਾਈਆ । ਆਤਮਾ ਦਾ ਬਣਾ ਕੇ ਵਤਨ, ਬ੍ਰਹਮ ਦੇਣਾ ਟਿਕਾਈਆ । ਮਨ ਦਾ ਸੁਹਾ ਕੇ ਪੱਤਣ, ਖੇਲ ਦੇਣਾ ਕਰਾਈਆ । ਆਪੇ ਸਭ ਦੀ ਪੈਜ ਆਵੇ ਰੱਖਣ, ਬੇਪਰਵਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਚੀ ਕਾਰ ਕਮਾਈਆ ।



੪੦੮
੨੦

ਸ਼ੰਕਰ ਕਹੇ ਬ੍ਰਹਮੇ ਮੈਨੂੰ ਪੈ ਗਈ ਠੰਡ, ਸੀਤਲ ਧਾਰ ਨਜ਼ਰੀ ਆਈਆ । ਬ੍ਰਹਮੇ ਕਿਹਾ ਮੇਰੇ ਨਾਲ ਪਾ ਲੈ ਗੰਢ, ਗੰਢ ਸਕੇ ਨਾ ਕੋਇ ਖੁਲ੍ਹਾਈਆ । ਪੁਰਖ ਅਕਾਲ ਕਿਹਾ ਜਿਸ ਦੇ ਨਾਲ ਤੁਹਾਡੀ ਜਾਵੇ ਹੰਢ, ਉਹ ਜ਼ਾਮਨ ਵਿਚ ਰਖਾਈਆ । ਸ਼ੰਕਰ ਕਿਹਾ ਮੈਂ ਤੇਰਾ ਲਾਡਲਾ ਚੰਦ, ਆਪਣੀ ਧਾਰੋਂ ਲਿਆ ਪਰਗਟਾਈਆ । ਬ੍ਰਹਮੇ ਕਿਹਾ ਮੈਂ ਤੇਰਾ ਸਵੱਛ ਸਰੂਪ ਦਾ ਅਗੰਮੀ ਦਮ, ਦਾਮਨ ਫੜ ਕੇ ਖ਼ੁਸ਼ੀ ਮਨਾਈਆ । ਕੁਛ ਸਾਨੂੰ ਦੱਸ ਆਪਣਾ ਕੰਮ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧੁਰ ਫ਼ਰਮਾਨੇ ਕਿਹਾ ਸ੍ਰੀ ਭਗਵਨ, ਅਗੰਮੀ ਹੁਕਮ ਸੁਣਾਈਆ । ਮੇਰੇ ਨਾਲ ਕੰਨੀ ਲਓ ਬੰਨ੍ਹ, ਨਾਤਾ ਧੁਰ ਦਾ ਜੋੜ ਜੁੜਾਈਆ । ਜਿਥੇ ਚਲੇ ਨਾ ਚਤਰਾਈ ਕੋਈ ਵਾਸਨਾ ਮਨ, ਮਮਤਾ ਮੋਹ ਰਹੇ ਨਾ ਰਾਈਆ । ਕੁਛ ਸੁਣਨਾ ਪਏ ਨਾ ਸਰਵਣ ਕੰਨ, ਹਿਰਦੇ ਅੰਤਰ ਦਿਆਂ ਦ੍ਰਿੜਾਈਆ । ਕੁਛ ਲੱਭਣਾ ਪਏ ਨਾ ਧਨ, ਜਗਤ ਵਣਜ ਨਾ ਵੰਡ ਵੰਡਾਈਆ । ਰਾਹ ਤੱਕਣਾ ਨਾ ਪਏ ਸੂਰੀਆ ਚੰਨ, ਇਕੋ ਨੂਰ ਜੋਤ ਹੋਵੇ ਰੁਸ਼ਨਾਈਆ । ਤੁਹਾਡਾ ਸਭ ਤੋਂ ਉਤਮ ਸ੍ਰੇਸ਼ਟ ਕੰਮ, ਗੰਢ ਆਪਣੇ ਨਾਲ ਜੁੜਾਈਆ । ਦੇ ਸਕੇ ਨਾ ਕੋਇ ਡੰਨ, ਸਜ਼ਾ ਵਿਚ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਬ੍ਰਹਮੇ ਸ਼ਿਵ ਗੰਢ ਲਈ ਪਾ, ਪਾਰਬ੍ਰਹਮ ਨਾਲ ਮਿਲਾਈਆ । ਖ਼ੁਸ਼ੀ ਲਈ ਮਨਾ, ਢੋਲਾ ਇਕੋ ਗਾਈਆ । ਤੂੰ ਮਾਲਕ ਬੇਪਰਵਾਹ, ਹਉਂ ਯਾਚਕ ਸੇਵ ਕਮਾਈਆ । ਇਸ ਦਾ ਕੁਛ ਭੇਵ ਦੇ ਖੁਲ੍ਹਾ, ਕਿਸ ਬਿਧ ਕਾਰ ਕਮਾਈਆ । ਅੱਗੋਂ ਕਿਹਾ ਸ਼ਹਿਨਸ਼ਾਹ, ਧੁਰ ਫ਼ਰਮਾਨਾ ਦਿਤਾ ਦ੍ਰਿੜਾਈਆ । ਸ਼ੰਕਰ ਭਬੂਤੀ ਮਲ ਚਰਨ ਕਵਲ ਸਵਾਹ, ਸਵਾਰਥ ਤੇਰਾ ਦਿਆਂ ਬਣਾਈਆ । ਇਸ ਗੰਢ ਨੂੰ ਆਪਣਾ ਹੱਥ ਲਾ, ਹੱਥ ਲਾ ਕੇ ਹੱਥ ਨਾਲ ਛੁਹਾਈਆ । ਫੇਰ ਨੇਤਰਾਂ ਅੱਗੇ ਟਿਕਾ, ਚਾਰੋਂ ਤਰਫ਼ ਭਵਾਈਆ । ਗਾਉਂਦਾ ਜਾ ਬਿਨ ਰਸਨਾ ਜ਼ਬਾਂ, ਸੋਹਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸ਼ੰਕਰ ਫੜ ਕੇ ਗੰਢ ਅਪਾਰ, ਆਪਣੀਆਂ ਅੱਖਾਂ ਅੱਗੇ ਟਿਕਾਈਆ । ਵੇਖਿਆ ਆਰ ਪਾਰ, ਨਜ਼ਰ ਨਜ਼ਰ ਨਾਲ ਬਦਲਾਈਆ । ਉਹਦੇ ਵਿਚੋਂ ਆਇਆ ਜੈਕਾਰ, ਢੋਲਾ ਧੁਰਦਰਗਾਹੀਆ । ਤੂੰ ਮੇਰਾ ਮੈਂ ਤੇਰਾ ਦੂਜਾ ਜਾਣੇ ਕੋਇ ਨਾ ਕਾਰ, ਕਰਨੀ ਦਾ ਕਰਤਾ ਆਪ ਸਮਝਾਈਆ । ਨੈਣ ਖੋਲ੍ਹ ਕੇ ਵੇਖਿਆ ਓਥੇ ਮਿਲੀ ਅਗੰਮੀ ਧਾਰ, ਧਰਮ ਦੀ ਧਾਰ ਆਪ ਸਮਝਾਈਆ । ਸੋ ਪੁਰਖ ਨਿਰੰਜਣ ਕਰ ਤਿਆਰ, ਹੰ ਬ੍ਰਹਮ ਦਿਤਾ ਦ੍ਰਿੜਾਈਆ । ਸੋਹੰ ਰੂਪ ਨਜ਼ਰ ਆਇਆ ਜੋਤ ਨਾਲ ਜੋਤ ਹੋਈ ਉਜਿਆਰ, ਉਜਾਲਾ ਦੀਨ ਦਿਆਲਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ੰਕਰ ਕਿਹਾ ਬ੍ਰਹਮੇ ਮੈਂ ਵੇਖਿਆ ਇਹ ਜੋੜ, ਜੋ ਗੰਢ ਲਈ ਪਵਾਈਆ । ਅੰਦਰ ਹੋਰ ਤੇ ਬਾਹਰੋਂ ਹੋਰ, ਦੋਵੇਂ ਖੇਲ ਖਿਲਾਈਆ । ਹੁਕਮੇ ਅੰਦਰ ਸਾਨੂੰ ਰਿਹਾ ਤੋਰ, ਤੁਰਤ ਆਪਣਾ ਹੁਕਮ ਮਨਾਈਆ । ਇਸ ਦੇ ਅੱਗੇ ਨਹੀਂ ਜ਼ੋਰ, ਜ਼ੋਰਾਵਰ ਸ਼ਹਿਨਸ਼ਾਹੀਆ । ਸਾਨੂੰ ਇਸ ਦੀ ਸਦਾ ਲੋੜ, ਸਿਰ ਸਾਡੇ ਹੱਥ ਟਿਕਾਈਆ । ਲੱਗੀ ਨਿਭਾਵੇ ਤੋੜ, ਗੰਢ ਆਪਣੇ ਨਾਲ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਖੁਲ੍ਹਾਈਆ । ਬ੍ਰਹਮੇ ਕਿਹਾ ਸ਼ੰਕਰ ਪੁਛ ਗੰਢ ਦਾ ਕੀ ਭਾ, ਭਗਵਨ ਦੇ ਜਣਾਈਆ । ਸ੍ਰੀ ਭਗਵਾਨ ਕਿਹਾ ਮੈਂ ਤੁਹਾਨੂੰ ਲਿਆ ਅਪਨਾ, ਆਪਣੇ ਰੰਗ ਰੰਗਾਈਆ । ਇਹ ਗੰਢ ਵਿਚ ਗਵਾਹ, ਸ਼ਹਾਦਤ ਦਿਤੀ ਰਖਾਈਆ । ਸੋਹੰ ਅੱਖਰ ਦਿਤਾ ਲਿਖਾ, ਜੋ ਲੇਖਾ ਬਿਨ ਕਲਮ ਸ਼ਾਹੀਆ । ਜਿਸ ਨੂੰ ਜਾਣੇ ਕੋਈ

ਨਾ, ਨਿਰਗੁਣ ਨਿਰਗੁਣ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ੰਕਰ ਕਿਹਾ ਪ੍ਰਭੂ ਇਹ ਮਣਕਾ ਦਿਸੇ ਇਕ, ਏਕੰਕਾਰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਇਸ ਦੀ ਧਾਰੋਂ ਸਭ ਕੁਛ ਲੈਣਾ ਸਿਖ, ਸਿਖਿਆ ਦੇਵੇ ਧੁਰਦਰਗਾਹੀਆ । ਲੇਖਾ ਬਣੇ ਪਿਤਾ ਪਿਤ, ਪੂਤ ਸਪੂਤੇ ਗੋਦ ਉਠਾਈਆ । ਨਿਰਗੁਣ ਕਰੇ ਹਿਤ, ਸਰਗੁਣ ਜੋੜ ਜੁੜਾਈਆ । ਜਿਸ ਦਾ ਲੇਖਾ ਬ੍ਰਹਮੇ ਦੇਣਾ ਲਿਖ, ਚਾਰ ਜੁਗ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਿਤਾ ਚੁਕਾਈਆ । ਬ੍ਰਹਮੇ ਕਿਹਾ ਸ਼ੰਕਰ ਪੁਛ ਇਸ ਗੰਢ ਦਾ ਕੀ ਵਿਚਾਰ, ਪ੍ਰਭ ਸਾਚੇ ਦੇ ਸਮਝਾਈਆ । ਸ਼ੰਕਰ ਕਰ ਕੇ ਨਿਮਸਕਾਰ, ਬੰਦਨਾ ਅੰਦਰ ਸੀਸ ਝੁਕਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਕਿਛ ਮੋਹੇ ਦੇ ਦ੍ਰਿੜਾਈਆ । ਕਿਉਂ ਗੰਢ ਪਾਈ ਅਪਾਰ, ਅਪਰੰਪਰ ਸਵਾਮੀ ਭੇਵ ਖੁਲ੍ਹਾਈਆ । ਪੁਰਖ ਅਕਾਲ ਕਿਹਾ ਮੈਂ ਖੇਲ ਖੇਲਣਾ ਨਿਰਗੁਣ ਸਰਗੁਣ ਇਕ ਤੋਂ ਦੋ ਹੋ ਉਜਿਆਰ, ਦੋ ਤੋਂ ਇਕ ਆਪਣਾ ਰੂਪ ਵਟਾਈਆ । ਦੋ ਇਕ ਦਾ ਮੇਲਾ ਵਿਚ ਸੰਸਾਰ, ਦੂਆ ਏਕਾ ਜੋੜ ਜੁੜਾਈਆ । ਜੁਗ ਚੌਕੜੀ ਵਰਤੇ ਕਾਰ, ਕਰਨੀ ਦਾ ਕਰਤਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਸੰਦੇਸ਼ਾ ਇਕ ਸਮਝਾਈਆ । ਹੁਕਮ ਦੇ ਸ੍ਰੀ ਭਗਵਾਨ, ਭਗਵਨ ਦਇਆ ਕਮਾਈਆ । ਸ਼ੰਕਰ ਤੈਨੂੰ ਦਿਤਾ ਦਾਨ, ਮਿਹਰ ਨਜ਼ਰ ਉਠਾਈਆ । ਤੂੰ ਇਸ ਨੂੰ ਕਰ ਪਰਵਾਨ, ਤੇਰੀ ਝੋਲੀ ਦਿਤਾ ਪਾਈਆ । ਚਾਰ ਜੁਗ ਰਹੇ ਨਿਸ਼ਾਨ, ਜੁਗ ਚੌਕੜੀ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਈਆ । ਸ਼ੰਕਰ ਕਿਹਾ ਇਸ ਦਾ ਕਾਰਜ ਦੱਸ, ਹਰਿ ਕਰਤੇ ਭੇਵ ਖੁਲ੍ਹਾਈਆ । ਪੁਰਖ ਅਕਾਲ ਕਿਹਾ ਇਸ ਦੇ ਨਾਲ ਜੁਗ ਚੌਕੜੀ ਮੇਰਾ ਕਰਨ ਜਸ, ਸਿਫ਼ਤਾਂ ਵਾਲਾ ਨਾਮ ਸਾਲਾਹੀਆ । ਅੰਤਰ ਲੱਭਣ ਰਸ, ਖੋਜਣ ਚਾਈਂ ਚਾਈਂਆ । ਖੁਲ੍ਹਾਵਣ ਖ਼ਾਤਰ ਅੱਖ, ਦਿਵਸ ਰੈਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਆਪ ਚੁਕਾਈਆ । ਧੁਰ ਦਾ ਪੜਦਾ ਖੋਲ੍ਹ ਆਦਿ ਨਿਰੰਜਣ, ਹਰਿ ਕਰਤਾ ਆਪ ਜਣਾਈਆ । ਸ਼ੰਕਰ ਤੈਨੂੰ ਦੱਸਾਂ ਕਰਨਾ ਭਜਨ, ਆਪਣਾ ਨਾਮ ਦ੍ਰਿੜਾਈਆ । ਤੇਰੇ ਅੰਤਰ ਮੇਰੇ ਪ੍ਰੇਮ ਦੇ ਨਾਦ ਵੱਜਣ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਇਕੋ ਨਜ਼ਰੀ ਆਵਾਂ ਸੱਚਾ ਸੱਜਣ, ਨਾਤਾ ਕੂੜ ਅਵਰ ਦਰਸਾਈਆ । ਸਚ ਪ੍ਰੀਤੀ ਅੰਦਰ ਰਹਿਣਾ ਮਗਨ, ਸਤਿ ਸੰਤੋਖ ਵਿਚ ਸਮਾਈਆ । ਜੁਗ ਚੌਕੜੀ ਕਾਲ ਮਾਤ ਲੰਘਣ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਸ਼ੰਕਰ ਕਿਹਾ ਦੱਸਿਆ ਖੇਲ ਸੁਖਾਲਾ, ਮਿਹਰ ਨਜ਼ਰ ਉਠਾਈਆ । ਪੁਰਖ ਅਕਾਲ ਕਿਹਾ ਇਹ ਮਣਕਾ ਨਹੀਂ ਤੇਰੇ ਪ੍ਰੇਮ ਦੀ ਮਾਲਾ, ਮਾਲਕ ਹੋ ਕੇ ਤੇਰੇ ਹੱਥ ਫੜਾਈਆ । ਜਗਤ ਰੀਤੀ ਚਲੇ ਚਾਲਾ, ਮਾਨਸ ਮਾਨੁਖ ਰਾਹ ਵਖਾਈਆ । ਸਿਫ਼ਤੀ ਧਾਰ ਬਣੇ ਦਲਾਲਾ, ਦਇਆਵਾਨ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇਂ ਅੰਦਰ ਹੁਕਮ ਵਰਤਾਈਆ । ਸ਼ੰਕਰ ਕਿਹਾ ਕਿਹੜਾ ਕਰਨਾ ਜਾਪ, ਜਗਜੀਵਣ ਦਾਤੇ ਦੇ ਜਣਾਈਆ । ਪੁਰਖ ਅਕਾਲ ਕਿਹਾ ਤੂੰ ਮੇਰਾ ਮੈਂ ਤੇਰਾ ਸੋਹੰ ਥਾਪਣ ਦਿਤਾ ਥਾਪ, ਬਿਨਾ ਪਰਮਾਤਮਾ ਆਤਮਾ ਦੂਜੀ ਵਸਤ ਰਹਿਣ ਕੋਇ ਨਾ ਪਾਈਆ । ਸਦਾ ਸੁਹੇਲਾ ਹੋ ਕੇ ਵਸਾਂ ਸਾਥ, ਸਗਲਾ ਸੰਗ ਬਣਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਰਸਨਾ ਵਾਲੇ ਜਿਹਵਾ ਵਾਲੇ ਸਿਫ਼ਤਾਂ ਵਾਲੇ ਲਿਖਤਾਂ

ਵਾਲੇ ਭਵਿਖਤਾਂ ਵਾਲੇ ਬਦਲਦੇ ਜਾਣੇ ਪਾਠ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਮਣਕਾ ਮਣਕਾ ਸਭ ਨੇ ਭਵਾਉਣੀ ਗਾਂਠ, ਉਂਗਲੀ ਪੋਟੇ ਨਾਲ ਮਿਲਾਈਆ । ਸ਼ੰਕਰ ਬਿਨ ਮੇਰੀ ਕਿਰਪਾ ਕਿਸੇ ਦੀ ਮੁਕਣੀ ਨਹੀਂ ਵਾਟ, ਜਗਤ ਰੀਤੀ ਵਿਚ ਜਗਤ ਦਿਆਂ ਭਵਾਈਆ । ਸ਼ੰਕਰ ਕਿਹਾ ਦੱਸ ਪੁਰਖ ਸਮਰਾਥ, ਇਹ ਕਿਉਂ ਆਪਣੀ ਰਚਨ ਰਚਾਈਆ । ਪੁਰਖ ਅਕਾਲ ਕਿਹਾ ਇਹ ਮੇਰਾ ਖੇਲ ਤਮਾਸ਼, ਧੰਦੇ ਵਿਚ ਰੱਖਾਂ ਲੋਕਾਈਆ । ਨਿਤ ਨਵਿਤ ਜੁਗ ਚੌਕੜੀ ਭਗਤ ਸੁਹੇਲੇ ਉਠਾਵਾਂ ਖ਼ਾਸ, ਖ਼ਾਲਸ ਆਪਣੇ ਰੰਗ ਰੰਗਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਦੇਵਾਂ ਧੁਰ ਵਿਸ਼ਵਾਸ਼, ਵਿਸ਼ਾ ਆਪਣਾ ਦਿਆਂ ਸਮਝਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਿਆਂ ਮਿਟਾਈਆ । ਸ਼ੰਕਰ ਕਹੇ ਮੈਂ ਵੇਖਾਂ ਤੇਰਾ ਹੁਕਮੇ ਵਾਲਾ ਕੈਲਾਸ਼, ਜਿਸ ਦਾ ਰੂਪ ਰੰਗ ਨਜ਼ਰ ਕਿਸੇ ਨਾਂ ਆਈਆ । ਹਉਂ ਸੇਵਕ ਦਾਸੀ ਦਾਸ, ਯਾਚਕ ਹੋ ਕੇ ਸੇਵ ਕਮਾਈਆ । ਇਕ ਅਗੰਮੀ ਦੱਸ ਬਾਤ, ਮੇਰੇ ਸਾਹਿਬ ਮੰਗ ਮੰਗਾਈਆ । ਤੂੰ ਕੋਈ ਲੇਖਾ ਲਿਖਿਆ ਨਹੀਂ ਨਾਲ ਕਲਮ ਦਵਾਤ, ਹੁਕਮੇ ਅੰਦਰ ਦਿਤਾ ਦ੍ਰਿੜਾਈਆ । ਅਬਿਨਾਸ਼ੀ ਕਰਤੇ ਕਿਹਾ ਸ਼ੰਕਰ ਮੇਰਾ ਸਭ ਤੋਂ ਵੱਖਰਾ ਭੰਡਾਰਾ ਕਾਗ਼ਜਾਤ, ਜਿਸ ਦਾ ਰੂਪ ਰੰਗ ਰੰਗਤ ਵਿਚ ਨਾ ਕੋਇ ਵਖਾਈਆ । ਓਸ ਦੇ ਉਤੇ ਸਾਰੇ ਲਿਖਾਂ ਹਾਲਾਤ, ਹਾਲਤ ਦੋ ਜਹਾਨਾਂ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸ਼ੰਕਰ ਕਿਹਾ ਮੇਰੇ ਜਗਦੀਸ਼, ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਕਿਹਾ ਜ਼ਰਾ ਨੇਤਰ ਮੀਟ, ਤੈਨੂੰ ਦਿਆਂ ਵਖਾਈਆ । ਅੰਤਰ ਪੜ੍ਹ ਇਕ ਹਦੀਸ, ਸੋਹੰ ਢੋਲਾ ਗਾਈਆ । ਪੜ੍ਹਨ ਨਾਲ ਸ਼ੰਕਰ ਦੀ ਨਿਕਲੀ ਚੀਕ, ਚੀਕ ਚਿਹਾੜਾ ਦਿਤਾ ਪਾਈਆ । ਅਗਲਿਆਂ ਜੁਗਾਂ ਦੇ ਆਉਣ ਵਾਲੇ ਨਿਰਗੁਣ ਤੋਂ ਸਰਗੁਣ ਗੁਰ ਅਵਤਾਰ ਪੈਗ਼ੰਬਰ ਪ੍ਰਭ ਵਖਾਏ ਠੀਕ, ਬਿਨਾ ਸਮੇਂ ਤੋਂ ਸਮਾਂ ਆਪ ਜਣਾਈਆ । ਨਜ਼ਰੀ ਆਏ ਨਜ਼ਦੀਕ, ਬੈਠੇ ਪੰਧ ਮੁਕਾਈਆ । ਅਬਿਨਾਸ਼ੀ ਕਰਤੇ ਉਤੋਂ ਅੱਖਾਂ ਦਿਤੀਆਂ ਨਪੀਟ, ਉਂਗਲਾਂ ਨਾਲ ਦਬਾਈਆ । ਨੂਰੀ ਨਜ਼ਰ ਆਇਆ ਵਾਹਦ ਲਾਸ਼ਰੀਕ, ਨੂਰ ਨੁਰਾਨਾ ਧੁਰਦਰਗਾਹੀਆ । ਜਿਸ ਦੇ ਵਿਚ ਹਕ ਤੌਫ਼ੀਕ, ਤੋਹਫ਼ੇ ਵਿਚ ਦਏ ਵਡਿਆਈਆ । ਅੱਖਾਂ ਨੂੰ ਹੋਰ ਦਬਾਇਆ ਸ਼ੰਕਰ ਨੂੰ ਐਂ ਜਾਪਿਆ ਜਿਵੇਂ ਨੌਂ ਸੌ ਚੁਰਾਨਵੇ ਚੌਕੜੀ ਜੁਗ ਗਏ ਬੀਤ, ਦੇਰ ਲੱਗੀ ਨਾ ਰਾਈਆ । ਚਾਰ ਕੁੰਟ ਅੰਧੇਰਾ ਦਿਸਿਆ ਤਾਰੀਕ, ਸਾਚਾ ਚੰਦ ਨਾ ਕੋਇ ਚਮਕਾਈਆ । ਅਬਿਨਾਸ਼ੀ ਕਰਤੇ ਨਾਲੋਂ ਤੁੱਟੀ ਵੇਖੀ ਪ੍ਰੀਤ, ਬਿਪਰੀਤ ਵਿਚ ਲੋਕਾਈਆ । ਕਿਸੇ ਦੀ ਕਰੇ ਨਾ ਕੋਇ ਤਸਦੀਕ, ਧਰਮ ਦੀ ਸ਼ਹਾਦਤ ਨਾ ਕੋਇ ਭੁਗਤਾਈਆ । ਜਗਤ ਵਾਸਨਾ ਸਭ ਨੂੰ ਰਹੀ ਘਸੀਟ, ਮਾਲਾ ਮਣਕੇ ਸਾਰੇ ਦੇਣ ਦੁਹਾਈਆ । ਆਤਮ ਪਰਮਾਤਮ ਹੋਏ ਨਾ ਕੋਇ ਕਰੀਬ, ਦੂਰ ਦੁਰਾਡੇ ਰੋਵਣ ਮਾਰਨ ਧਾਹੀਆ । ਇਹ ਖੇਲ ਵੇਖ ਅਜੀਬ, ਸ਼ੰਕਰ ਅੰਦਰ ਵਾਸਤਾ ਦਿਤਾ ਪਾਈਆ । ਪੁਰਖ ਅਕਾਲ ਕਿਹਾ ਇਹ ਮੇਰੀ ਤਰਤੀਬ, ਜੁਗ ਚੌਕੜੀ ਰਿਹਾ ਭਵਾਈਆ । ਸ਼ੰਕਰ ਕਿਹਾ ਕੁਛ ਮੇਰੀ ਉਮੀਦ, ਆਸਾ ਵਿਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦਿਤਾ ਸੁਣਾਈਆ । ਸ਼ੰਕਰ ਕਹੇ ਬ੍ਰਹਮੇ ਏਸ ਗੰਢ ਦੀ ਕਰ ਪੜਤਾਲ, ਆਪਣਾ ਧਿਆਨ ਲਗਾਈਆ । ਬ੍ਰਹਮੇ ਕਿਹਾ ਮੈਂ ਮੰਗ ਮੰਗਾਂ ਕੋਲੋਂ ਪੁਰਖ ਅਕਾਲ, ਦਰ ਠਾਂਡੇ ਸੀਸ ਨਿਵਾਈਆ । ਬਣ ਕੇ ਬੱਚਾ ਨੰਨ੍ਹਾ ਲਾਲ, ਚਰਨ ਕਵਲ ਸੇਵ ਕਮਾਈਆ । ਰੋ ਕੇ ਦੱਸਾਂ ਹਾਲ, ਬਿਹਬਲ ਹੋ ਕੁਰਲਾਈਆ । ਕਿਰਪਾ ਕਰ ਦੀਨ ਦਿਆਲ, ਮਿਹਰ ਨਜ਼ਰ ਉਠਾਈਆ । ਇਹ ਤੇਰੀ

ਵਸਤ ਕਿਸ ਬਿਧ ਰੱਖਣੀ ਸੰਭਾਲ, ਸਮੇਂ ਦੇ ਮਾਲਕ ਦੇਣਾ ਜਣਾਈਆ । ਮੰਨ ਬੇਨੰਤੀ ਮੇਰਾ ਸਵਾਲ, ਸਵਾਲੀ ਹੋ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਪੁਰਖ ਅਕਾਲ ਕਿਹਾ ਬ੍ਰਹਮੇ ਕਰ ਖ਼ਿਆਲ, ਪਾਰਬ੍ਰਹਮ ਦਏ ਜਣਾਈਆ । ਜੁਗ ਚੌਕੜੀ ਖੇਲ ਕਮਾਲ, ਹਰਿ ਕਰਤਾ ਆਪ ਕਰਾਈਆ । ਮਣਕੇ ਮਣਕੇ ਨਾਲ ਮੇਰੀ ਘਾਲਣੀ ਘਾਲ, ਕੀਤੀ ਘਾਲ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਬ੍ਰਹਮਾ ਕਹੇ ਮੈਂ ਗੰਢ ਵੇਖੀ ਅਵੱਲੀ, ਅਵਲ ਨਜ਼ਰੀ ਆਈਆ । ਮੈਨੂੰ ਨਜ਼ਰ ਆਈ ਇਕੱਲੀ, ਦੂਜਾ ਸੰਗ ਨਾ ਕੋਇ ਬਣਾਈਆ । ਪੁਰਖ ਅਕਾਲ ਕਿਹਾ ਬ੍ਰਹਮੇ ਇਹਨੂੰ ਰੱਖ ਸ਼ੰਕਰ ਦੀ ਉਤੇ ਤਲੀ, ਉਤੋਂ ਆਪਣੀ ਤਲੀ ਨਾਲ ਦਬਾਈਆ । ਮੇਰੇ ਪ੍ਰੇਮ ਦੀ ਦੇ ਦਿਓ ਬਲੀ, ਭੇਟਾ ਮੁਹੱਬਤ ਵਿਚ ਰਖਾਈਆ । ਫੇਰ ਵੇਖੋ ਮੇਰੀ ਅਗੰਮੀ ਗਲੀ, ਜਿਥੇ ਹੋਕਾ ਮਿਲੇ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਬ੍ਰਹਮੇ ਗੰਢ ਸ਼ੰਕਰ ਤਲੀ ਦਿਤੀ ਰੱਖ, ਰੱਖ ਕੇ ਖ਼ੁਸ਼ੀ ਮਨਾਈਆ । ਉਤੋਂ ਦਿਤਾ ਦੱਬ, ਸਹਿਜੇ ਭਾਰ ਟਿਕਾਈਆ । ਦੋਹਾਂ ਨੂੰ ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਅਖ਼ੀਰ ਦਿਸਿਆ ਝੱਬ, ਮਧ ਦਾ ਲੇਖਾ ਦਿਤਾ ਮੁਕਾਈਆ । ਇਸ ਦੇ ਦਰਮਿਆਨ ਗੁਰ ਅਵਤਾਰ ਪੈਗ਼ੰਬਰ ਸਾਰੇ ਮਣਕਿਆਂ ਵਾਲੇ ਪ੍ਰਭ ਨੂੰ ਰਹੇ ਭੱਜ, ਭਜਨ ਦੀ ਭਾਜੀ ਝੋਲੀ ਪਾਈਆ । ਆਪ ਵੱਖਰਾ ਹੋ ਕੇ ਜਗ, ਰੀਤੀ ਮਾਤ ਵਿਚ ਪਰਗਟਾਈਆ । ਖੇਲ ਕਰ ਸਰਬੱਗ, ਨਿਰਗੁਣ ਨੂਰ ਧਾਰ ਸਮਝਾਈਆ । ਮਣਕਾ ਮਾਲਾ ਖੇਲ ਵਾਸਨਾ ਜਗ, ਹਰਿ ਕਰਤਾ ਦਏ ਵਡਿਆਈਆ । ਬ੍ਰਹਮੇ ਵੇਖ ਕਿਹਾ ਔਹ ਸ਼ੰਕਰ ਵੇਖ ਲੱਗੀ ਅੱਗ, ਚਾਰੋਂ ਕੁੰਟ ਨਾ ਕੋਇ ਬੁਝਾਈਆ । ਸਾਚਾ ਦਰ ਕਿਸੇ ਨਾ ਪਏ ਲੱਭ, ਨੇਤਰਹੀਣ ਹੋਏ ਲੋਕਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਪੜਦਾ ਕੋਈ ਨਾ ਸਕੇ ਕੱਜ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਪੁਰਖ ਅਕਾਲ ਕਿਹਾ ਬ੍ਰਹਮੇ ਉਤੋਂ ਦੱਬ ਨਾਲ ਜ਼ੋਰ, ਸ਼ੰਕਰ ਉਪਰ ਦੇ ਉਠਾਈਆ । ਦੋਹਾਂ ਨੂੰ ਨਜ਼ਰੀ ਆਇਆ ਹੋਰ ਦਾ ਹੋਰ, ਨਿਰਗੁਣ ਨਿਰਵੈਰ ਨੂਰ ਖ਼ੁਦਾਈਆ । ਜੁਗ ਚੌਕੜੀ ਬਣਿਆ ਦਿਸਿਆ ਚੋਰ, ਚੋਰੀ ਚੋਰੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਰਿਹਾ ਤੋਰ, ਧੁਰਦਰਗਾਹੀ ਹੁਕਮ ਸੁਣਾਈਆ । ਆਪਣੇ ਹੱਥ ਰੱਖ ਕੇ ਡੋਰ, ਡੋਰੀ ਆਪਣੇ ਨਾਲ ਬੰਧਾਈਆ । ਅੰਤਮ ਮੇਲ ਕੇ ਆਪਣਾ ਜੋੜ, ਦੋਂਹ ਦਾ ਇਕ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਬ੍ਰਹਮੇ ਉਤੋਂ ਚੁੱਕ ਲੈ ਹੱਥ, ਸ਼ੰਕਰ ਆਪਣਾ ਹੱਥ ਦੇ ਵਖਾਈਆ । ਦੋਹਾਂ ਹੱਥਾਂ ਉਤੇ ਲਿਖਿਆ ਨਜ਼ਰ ਆਇਆ ਵੱਖ ਵੱਖ, ਸੋਹੰ ਰੂਪ ਅਲਾਹੀਆ । ਹੱਥ ਨਾਲ ਹੱਥ ਮਿਲਾ ਕੇ ਪ੍ਰਭ ਚਰਨ ਗਏ ਢੱਠ, ਹੱਥ ਚਰਨਾਂ ਉਤੇ ਛੁਹਾਈਆ । ਪ੍ਰਭ ਨੇ ਚਰਨ ਚੁੱਕੇ ਝਟ, ਦੋਹਾਂ ਨੇ ਥੱਲੇ ਦਿੱਤੇ ਟਿਕਾਈਆ । ਅਬਿਨਾਸ਼ੀ ਕਰਤੇ ਕਿਹਾ ਤੂੰ ਮੇਰਾ ਮੈਂ ਤੇਰਾ ਲਵੋ ਰਟ, ਰੋਟੀਨ ਰਿਟਨ ਲਿਖਣ ਦੀ ਲੋੜ ਰਹੇ ਨਾ ਰਾਈਆ । ਇਹ ਮੇਰਾ ਆਦਿ ਦਾ ਜਸ, ਅੰਤ ਮੇਰੇ ਨਾਲ ਸਮਾਈਆ । ਅੱਗੋਂ ਬ੍ਰਹਮਾ ਬੋਲਿਆ ਝਟ, ਬੇਨੰਤੀ ਦਿਤੀ ਸੁਣਾਈਆ । ਤੂੰ ਮੇਰਾ ਮੈਂ ਤੇਰਾ ਇਸ ਤੋਂ ਅੱਗੇ ਹੋਰ ਕੁਛ ਦੱਸ, ਸਿਖਿਆ ਸਚ ਜਣਾਈਆ । ਸ਼ੰਕਰ ਕਿਹਾ ਜੋੜ ਕੇ ਦੋਵੇਂ ਹੱਥ, ਤੇਰੀ ਬੇਪਰਵਾਹੀਆ । ਸਾਨੂੰ ਵਸਤ ਦੇ ਵਥ, ਧੁਰ ਦੀ ਝੋਲੀ ਪਾਈਆ । ਜੋ ਤੇਰਾ ਨਾਮ

ਅਕਥ, ਉਹ ਪੁਰਖ ਅਕਾਲ ਦੇ ਸਮਝਾਈਆ। ਅਬਿਨਾਸ਼ੀ ਕਰਤਾ ਪਿਆ ਹੱਸ, ਸਿਰ ਦੋਹਾਂ ਦੇ ਹੱਥ ਟਿਕਾਈਆ। ਬੱਚਿਓ ਹੁਣ ਜਾਓ ਨੱਸ, ਸੇਵਾ ਕਰ ਕੇ ਝਟ ਲੰਘਾਈਆ। ਇਕ ਸ੍ਰਿਸ਼ਟੀ ਕਰੋ ਉਤਪਤ, ਇਕ ਸੰਘਾਰ ਕੇ ਸਾਫ਼ ਦਿਓ ਕਰਾਈਆ। ਇਹ ਹੁਕਮ ਦਿਤਾ ਸਚ, ਨਾ ਕੋਈ ਮੇਟੇ ਮੇਟ ਮਿਟਾਈਆ। ਖੇਲ ਕਰਾਂ ਨਾਤਾ ਜੋੜ ਕੇ ਪੰਜ ਤੱਤ, ਲੱਖ ਚੁਰਾਸੀ ਵੰਡ ਵੰਡਾਈਆ। ਅੰਡਜ ਜੇਰਜ ਉਤਭੁਜ ਸੇਤਜ ਵੱਖ ਵੱਖ, ਭਾਂਡੇ ਆਪਣੇ ਦਿਆਂ ਘੜਾਈਆ। ਨਿਰਗੁਣ ਨੂਰ ਧਾਰ ਅੰਦਰ ਰੱਖ, ਨਾਤਾ ਧੁਰ ਦਾ ਆਪ ਜੁੜਾਈਆ। ਨਿਰਗੁਣ ਸਰਗੁਣ ਹੋ ਕੇ ਆਵਾਂ ਪਰਤੱਖ, ਅਵਤਾਰ ਪੈਗ਼ੰਬਰ ਗੁਰੂ ਰੂਪ ਬਦਲਾਈਆ। ਧੁਰ ਦਾ ਨਾਮ ਸੰਦੇਸ਼ਾ ਦੇਵਾਂ ਝਟ, ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਿਚ ਜਣਾਈਆ। ਨੌ ਸੌ ਚੁਰਾਨਵੇ ਚੌਕੜੀ ਜੁਗ ਖੇਲ ਕਰ ਜਗਤ ਵਣਜਾਰੇ ਹੱਟ, ਲੋਕਮਾਤ ਵਣਜ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ। ਬ੍ਰਹਮੇ ਕਿਹਾ ਕੀ ਰੱਖੀਏ ਤੇਰੀ ਯਾਦ, ਧੁਰ ਫ਼ਰਮਾਨ ਜਣਾਈਆ। ਸ਼ੰਕਰ ਕਿਹਾ ਖੋਲ੍ਹ ਦੇ ਰਾਜ਼, ਪੜਦਾ ਆਪ ਉਠਾਈਆ। ਪੁਰਖ ਅਕਾਲ ਕਿਹਾ ਇਹ ਮਣਕਾ ਰੱਖਣਾ ਸਾਂਭ, ਨਵ ਨੌ ਚਾਰ ਨਾ ਕੋਇ ਗਵਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ। ਸ਼ੰਕਰ ਕਿਹਾ ਇਸ ਮਣਕੇ ਦਾ ਕੀ ਭੇਤ, ਮਨੁੱਖ ਨੂੰ ਲੋੜ ਰਹੇ ਨਾ ਰਾਈਆ। ਬ੍ਰਹਮੇ ਕਿਹਾ ਮੈਂ ਕੁਛ ਲੇਖਾ ਲਿਖਣਾ ਵਿਚ ਚਾਰ ਵੇਦ, ਵਿਦਿਆ ਤੋਂ ਪਰ੍ਹੇ ਕਰ ਪੜ੍ਹਾਈਆ। ਸ਼ੰਕਰ ਕਿਹਾ ਕੀ ਇਸ ਦਾ ਹੋਵੇ ਹੇਤ, ਹਿਤਕਾਰੀ ਦੇ ਜਣਾਈਆ। ਬ੍ਰਹਮੇ ਕਿਹਾ ਮੈਂ ਤੱਕਣਾ ਨੇਤ ਨੇਤ, ਨਿਰਗੁਣ ਨੂਰ ਅੱਖ ਖੁਲ੍ਹਾਈਆ। ਪੁਰਖ ਅਕਾਲ ਕਿਹਾ ਇਹ ਮੇਰਾ ਤੁਹਾਨੂੰ ਵੱਜਾ ਪੇਚ, ਦੋਹਾਂ ਨੂੰ ਗੰਢ ਦਿਤੀ ਪਵਾਈਆ। ਇਸ ਦੇ ਵਿਚ ਨਹੀਂ ਛੇਕ, ਸੁਰਾਖ ਆਰ ਪਾਰ ਨਾ ਕੋਇ ਬਣਾਈਆ। ਜਗਤ ਨੇਤਰ ਸਕੇ ਕੋਇ ਨਾ ਵੇਖ, ਤੁਹਾਡੇ ਵਿਚ ਦਿਤਾ ਛੁਪਾਈਆ। ਕਲਜੁਗ ਅੰਤ ਅਖ਼ੀਰੀ ਨਵ ਨੌ ਚਾਰ ਪਿਛੋਂ ਤੁਸੀਂ ਮੈਨੂੰ ਕਰਨਾ ਭੇਟ, ਆਪਣੇ ਵਿਚੋਂ ਬਾਹਰ ਕਢਾਈਆ। ਮੈਂ ਬਣ ਕੇ ਖੇਵਟ ਖੇਟ, ਸਾਚੀ ਕਰਨੀ ਕਾਰ ਕਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸੁਣਾਈਆ। ਅਬਿਨਾਸ਼ੀ ਕਰਤਾ ਕਹੇ ਇਹ ਮਣਕਾ ਨਹੀਂ ਗੰਢ, ਧੁਰ ਦੀ ਧਾਰ ਆਪ ਜਣਾਈਆ। ਜੁਗ ਚੌਕੜੀ ਏਸੇ ਦਾ ਜਗਤ ਰੀਤੀ ਬਣਿਆ ਰਹਿਣਾ ਪਖੰਡ, ਸਾਚੀ ਮੰਜ਼ਲ ਨਾ ਕੋਇ ਵਖਾਈਆ। ਇਸ ਦੇ ਨਾਲ ਕੰਮ ਕਰਦੇ ਰਹਿਣੇ ਰਸਨਾ ਬੱਤੀ ਦੰਦ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ। ਸ਼ੰਕਰ ਬ੍ਰਹਮੇ ਇਕੋ ਤੁਹਾਨੂੰ ਦੱਸਿਆ ਢੰਗ, ਤੁਹਾਨੂੰ ਅੱਗੇ ਦੱਸਣ ਦੀ ਆਗਿਆ ਨਾ ਕੋਇ ਰਖਾਈਆ। ਜਿਸ ਵੇਲੇ ਨਵ ਨੌ ਚਾਰ ਜਾਵਣ ਲੰਘ, ਪਾਂਧੀ ਆਪਣਾ ਪੰਧ ਮੁਕਾਈਆ। ਮੈਂ ਨਿਰਗੁਣ ਹੋ ਕੇ ਆਵਾਂ ਸੂਰਾ ਸਰਬੰਗ, ਲੋਕਮਾਤ ਫੇਰਾ ਪਾਈਆ। ਲੱਖ ਚੁਰਾਸੀ ਵਿਚੋਂ ਜਨ ਭਗਤ ਬਣਾਵਾਂ ਆਪਣਾ ਸੰਗ, ਦੂਜਾ ਸੰਗ ਨਾ ਕੋਇ ਰਖਾਈਆ। ਨਾਮ ਭੰਡਾਰਾ ਦੇਵਾਂ ਵੰਡ, ਏਕੰਕਾਰਾ ਹੋ ਕੇ ਆਪ ਵਰਤਾਈਆ। ਬ੍ਰਹਮੇ ਤੁਹਾਡੀ ਲੇਖੇ ਲਾਵਾਂ ਆਪਣੀ ਦਿਤੀ ਗੰਢ, ਗੰਢ ਭਗਤਾਂ ਨਾਲ ਪਵਾਈਆ। ਦੋ ਇਕ ਦੀ ਕਰ ਕੇ ਵੰਡ, ਇੱਕੀਆਂ ਦਾ ਜੋੜ ਜੁੜਾਈਆ। ਤੂੰ ਮੇਰਾ ਮੈਂ ਤੇਰਾ ਲਿਖ ਕੇ ਛੰਦ, ਸੋਹੰ ਢੋਲਾ ਦੇਣਾ ਸਮਝਾਈਆ। ਮੇਰਾ ਨੂਰ ਚਮਕਦਾ ਵੇਖਿਓ ਮੇਰਾ ਭਗਤ ਸੁਹੇਲਾ ਚੰਦ, ਮੇਰੀ ਜੋਤ ਜੋਤ ਰੁਸ਼ਨਾਈਆ। ਜਿਨ੍ਹਾਂ ਦੇ ਅੰਦਰ ਦੇਣਾ ਇਕੋ ਪਰਮਾਨੰਦ, ਦੂਜਾ ਰਸ ਨਾ ਕੋਇ ਵਖਾਈਆ। ਖ਼ੁਸ਼ੀ ਕਰਨਾ ਬੰਦ ਬੰਦ, ਬੰਦਗੀ ਇਕ ਦ੍ਰਿੜਾਈਆ। ਰਸਨਾ ਨਾਲ ਪਾਉਣੀ

ਨਹੀਂ ਡੰਡ, ਉਚੀ ਕੂਕ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਪੂਰ ਕਰਾਈਆ । ਸ਼ੰਕਰ ਕਿਹਾ ਪ੍ਰਭ ਭਗਤਾਂ ਦੀ ਕੀ ਹੋਵੇ ਪਹਿਚਾਨ, ਕਲਜੁਗ ਅੰਤ ਦੇ ਸਮਝਾਈਆ । ਬ੍ਰਹਮੇ ਕਿਹਾ ਉਹ ਬ੍ਰਹਮ ਮੇਰਾ ਮਹਾਨ, ਨੂਰ ਨੂਰ ਰੁਸ਼ਨਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਝਗੜਾ ਪਏ ਸ਼ਰਅ ਸ਼ੈਤਾਨ, ਸ਼ਰੀਅਤ ਵਿਚ ਦੁਹਾਈਆ । ਸਾਚਾ ਸੁਣੇ ਨਾ ਕੋਇ ਫ਼ਰਮਾਨ, ਕਲਮੇ ਕਾਇਨਾਤ ਜਾਏ ਭੁਲਾਈਆ । ਗੁਰ ਅਵਤਾਰ ਪੈਗ਼ੰਬਰ ਸਚ ਦਵਾਰ ਸਰਬ ਕੁਰਲਾਣ, ਬੈਠਣ ਸੀਸ ਨਿਵਾਈਆ । ਜੋਧਾ ਸੂਰਾ ਰਹੇ ਨਾ ਕੋਇ ਬਲਵਾਨ, ਬਲਧਾਰੀ ਬਲ ਨਾ ਕੋਇ ਪਰਗਟਾਈਆ । ਜੁਗ ਚੌਕੜੀ ਜੋ ਮੰਗਦੇ ਗਏ ਦਾਨ, ਆਸਾ ਮਨਸਾ ਨਾਲ ਰਖਾਈਆ । ਸੋ ਦੇਵਾਂ ਵਿਚ ਜਹਾਨ, ਨਿਰਗੁਣ ਹੋ ਕੇ ਫੇਰਾ ਪਾਈਆ । ਸੰਤ ਸੁਹੇਲੇ ਵਿਸ਼ਨ ਬ੍ਰਹਮਾ ਸ਼ਿਵ ਵੇਖਣੇ ਨਾਲ ਧਿਆਨ, ਹਰਿ ਧਿਆਨੀ ਦਏ ਦ੍ਰਿੜਾਈਆ । ਜਿਹੜਾ ਤੁਹਾਨੂੰ ਨਹੀਂ ਦੱਸਿਆ ਬਿਆਨ, ਉਹ ਭੇਵ ਦਿਆਂ ਖੁਲ੍ਹਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੇਰਾ ਢੋਲਾ ਹੁੰਦਾ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ", ਬਿਨ ਮੇਰੇ ਮਾਤ ਸਕੇ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਬ੍ਰਹਮਾ ਸ਼ੰਕਰ ਅੱਖੀਆਂ ਲਵੋ ਘੁੱਟ, ਪੁੱਠੀਆਂ ਮੁੱਠੀਆਂ ਨਾਲ ਦਬਾਈਆ । ਬੋਲਣੋਂ ਹੋ ਜਾਓ ਚੁਪ, ਚਰਨ ਧਿਆਨ ਰਖਾਈਆ । ਵੇਖੋ ਅੰਧੇਰਾ ਘੁਪ, ਕਲਜੁਗ ਅੰਤ ਦਿਆਂ ਸਮਝਾਈਆ । ਕੋਟਾਂ ਵਿਚੋਂ ਮੇਰੇ ਭਗਤ ਸੁਹੇਲੇ ਧੁਰ ਦੇ ਪੁੱਤ, ਨੰਨ੍ਹੇ ਬੱਚੇ ਸੋਭਾ ਪਾਈਆ । ਜਿਨ੍ਹਾਂ ਪੜ੍ਹਨੀ ਮੇਰੀ ਇਕੋ ਤੁਕ, ਜੋ ਤੁਹਾਨੂੰ ਦਿਤੀ ਸਮਝਾਈਆ । ਤੁਸਾਂ ਗੰਢ ਬੰਨ੍ਹੀ ਘੁੱਟ, ਓਨ੍ਹਾਂ ਦੀ ਝੋਲੀ ਦੇਣੀ ਪਾਈਆ । ਅੰਦਰੋਂ ਧਾਰ ਪੈਣੀ ਫੁੱਟ, ਤੂੰ ਹੀ ਤੂੰ ਹੀ ਢੋਲਾ ਗਾਈਆ । ਪੜਦਾ ਓਹਲਾ ਰਹੇ ਨਾ ਲੁਕ, ਭੇਵ ਦਿਆਂ ਖੁਲ੍ਹਾਈਆ । ਇਕ ਮਣਕੇ ਨਾਲ ਦੂਏ ਏਕੇ ਦਾ ਹੋਵੇ ਸੁਖ, ਇੱਕੀਆਂ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਪੁਰਖ ਅਕਾਲ ਕਿਹਾ ਅੱਖਾਂ ਹੋਰ ਦਿਓ ਦੱਬ, ਆਪਣਾ ਬਲ ਵਧਾਈਆ । ਦੱਬਦਿਆਂ ਨਵ ਨੌਂ ਚਾਰ ਦੀ ਪਾਰ ਦਿਸੀ ਹੱਦ, ਨਵ ਨੌਂ ਚਾਰ ਰਿਹਾ ਨਾ ਰਾਈਆ । ਚਾਰੋਂ ਕੁੰਟ ਲੱਗੀ ਅੱਗ, ਗੁਰ ਅਵਤਾਰ ਪੈਗ਼ੰਬਰ ਨਾ ਕੋਇ ਬੁਝਾਈਆ । ਸੰਦੇਸ਼ਿਆਂ ਵਿਚ ਗਏ ਸੱਦ, ਭਵਿਖਤਾਂ ਵਿਚ ਮੰਗ ਮੰਗਾਈਆ । ਇਹ ਖੇਲ ਵੇਖ ਪੁਰਖ ਸਮਰਥ, ਨੇਤਰ ਰੋ ਰੋ ਨੀਰ ਵਹਾਈਆ । ਸ਼ੰਕਰ ਕਿਹਾ ਪ੍ਰਭੂ ਸਾਡੀ ਹੋਈ ਬੱਸ, ਬਹੁੜੀ ਬਹੁੜੀ ਕੁਰਲਾਈਆ । ਬ੍ਰਹਮਾ ਚਰਨ ਕਵਲ ਗਿਆ ਢੱਠ, ਧੂੜੀ ਟਿੱਕਾ ਖ਼ਾਕ ਰਮਾਈਆ । ਜੋ ਕਿਛ ਸੋ ਤੇਰੇ ਵੱਸ, ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਗਾਉਂਦੇ ਵੇਖੇ ਜਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਧਿਆਨ ਲਗਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਵਸਿਆ ਘਟ ਘਟ, ਗ੍ਰਿਹਿ ਗ੍ਰਿਹਿ ਡੇਰਾ ਲਾਈਆ । ਆਦਿ ਜੁਗਾਦਿ ਜੁਗ ਚੌਕੜੀ ਸਭ ਕੁਛ ਤੇਰੇ ਹੱਥ, ਦੂਜਾ ਨਜ਼ਰ ਕੋਇ ਨਾ ਆਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਤੇਰੀ ਬੇਪਰਵਾਹੀਆ । ਤੇਰਾ ਮਣਕਾ ਸਾਂਭ ਕੇ ਰੱਖੀਏ ਢੱਕ, ਅੰਦਰੋਂ ਬਾਹਰ ਨਾ ਕਦੇ ਕਢਾਈਆ । ਜਿਸ ਵੇਲੇ ਹੁਕਮ ਦੇਵੇਂ ਯੱਕ, ਧੁਰ ਫ਼ਰਮਾਨਾ ਆਪ ਸੁਣਾਈਆ । ਅਸੀਂ ਲੈ ਕੇ ਆਈਏ ਨੱਠ, ਜਿਸ ਦਵਾਰੇ ਮੰਗ ਮੰਗਾਈਆ । ਤੇਰੀ ਭੇਟਾ ਕਰੀਏ ਝੱਟ, ਚਰਨਾਂ ਵਿਚ ਟਿਕਾਈਆ । ਸਾਨੂੰ ਭਗਤਾਂ ਦਿਸੇ ਵਥ, ਨਵ ਨੌਂ ਚਾਰ ਦਏ ਗਵਾਹੀਆ । ਜਿਨ੍ਹਾਂ ਤੇਰਾ ਢੋਲਾ ਗਾਉਣਾ ਜਸ, ਤੇਰਾ ਨਾਮ ਧਿਆਈਆ । ਤੂੰ ਓਨ੍ਹਾਂ ਹੋਣਾ ਵਸ, ਨਾਤਾ

ਤੋੜ ਜਗਤ ਲੋਕਾਈਆ । ਸੋਹੰ ਧਾਰ ਉਪਰ ਰੱਖ, ਮਨ ਕਾ ਮਣਕਾ ਜੋੜ ਜੁੜਾਈਆ । ਆਪ ਨਾਲ ਹੋਣਾ ਪਰਤੱਖ, ਆਦਿ ਤੋਂ ਅੰਤ ਨਜ਼ਰੀ ਆਈਆ । ਕਿਸੇ ਨੂੰ ਸਮਝ ਨਹੀਂ ਔਣੀ ਕੱਖ, ਕੱਖਾਂ ਤੋਂ ਹੌਲੀ ਕਰੇ ਲੋਕਾਈਆ । ਤੇਰੀ ਮਹਿੰਮਾ ਸਿਫ਼ਤ ਕੋਈ ਗਾ ਨਾ ਸਕੇ ਭੱਟ, ਬਿਨਾ ਭਗਤਾਂ ਤੋਂ ਭੱਟ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ਼ੰਕਰ ਕਹੇ ਮੈਂ ਤੱਕਿਆ ਕੀ ਅਗਾੜ, ਅੱਗਾ ਨਜ਼ਰੀ ਆਈਆ । ਬ੍ਰਹਮੇ ਕਿਹਾ ਸੰਮਤ ਸ਼ਹਿਨਸ਼ਾਹੀ ਅਪਾਰ, ਨਜ਼ਰੀ ਆਏ ਤ੍ਰੈਲੋਕੀ ਤੋਂ ਬਾਹਰ, ਤਿੰਨਾਂ ਗੁਣਾਂ ਵੰਡ ਨਾ ਕੋਇ ਵੰਡਾਈਆ । ਭਗਤ ਸੁਹੇਲੇ ਲੈਣੇ ਉਠਾਲ, ਝਗੜਾ ਮੁਕਾ ਕੇ ਸ਼ਾਹ ਕੰਗਾਲ, ਦੀਨ ਦਿਆਲ ਦਇਆ ਕਮਾਈਆ । ਦਿਵਸ ਦਿਸੇ ਸਤਾਰਾਂ ਹਾੜ, ਲੇਖਾ ਜਾਣੇ ਗੁਰੂ ਕਰਤਾਰ, ਕੁਦਰਤ ਦਾ ਮਾਲਕ ਬੇਪਰਵਾਹੀਆ । ਜਨ ਭਗਤਾਂ ਦਏ ਅਧਾਰ, ਅੰਦਰ ਬਾਹਰ ਕਰੇ ਪਿਆਰ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਸੋਹੰ ਸ਼ਬਦ ਦੀ ਚਲੇ ਧਾਰ, ਤੂੰ ਮੇਰਾ ਮੈਂ ਤੇਰਾ ਹੋਵੇ ਜੈਕਾਰ, ਦੋ ਜਹਾਨ ਸੁਣ ਸੁਣ ਖ਼ੁਸ਼ੀ ਮਨਾਈਆ । ਵੇਖਣ ਆਉਣ ਗੁਰੂ ਅਵਤਾਰ, ਪੈਗ਼ੰਬਰਾਂ ਲੈ ਕੇ ਨਾਲ ਤਸਬੀਆਂ ਲੈਣ ਉਠਾਲ, ਕਸਬੀਆਂ ਕਸਬ ਦੇਣ ਸਮਝਾਈਆ । ਚਲੋ ਤੱਕੀਏ ਇਕ ਜਮਾਲ, ਜਿਸ ਦਾ ਨੂਰ ਬੇਮਿਸਾਲ, ਜਨ ਭਗਤਾਂ ਰਿਹਾ ਵਖਾਲ, ਵੱਖਰੀ ਕਾਰ ਕਮਾਈਆ । ਜਿਸ ਦੀ ਕਰਦੇ ਰਹੇ ਭਾਲ, ਭੇਟਾ ਕਰਦੇ ਰਹੇ ਵਾਲ ਵਾਲ, ਨਿੱਕਾ ਵੱਡਾ ਸਮਝ ਕਿਛ ਨਾ ਆਈਆ । ਸੋ ਸਚ ਦਵਾਰ ਸੁਹਾ ਕੇ ਧਰਮਸਾਲ, ਜਨ ਭਗਤਾਂ ਕਰੇ ਸੰਭਾਲ, ਗੁਰਮੁਖ ਵੇਖ ਕੇ ਆਪਣੇ ਲਾਲ, ਬਿਨਾ ਲਾਲਚ ਤੋਂ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੁਰਖ ਅਕਾਲ ਕਿਹਾ ਵਿਸ਼ਨ ਬ੍ਰਹਮਾ ਫੜੋ ਆਪਣੇ ਕੰਨ, ਹਲੂਣੇ ਜ਼ੋਰ ਨਾਲ ਲਗਾਈਆ । ਵੇਖੋ ਮੇਰੀ ਮੰਜ਼ਲ ਚੜ੍ਹ, ਸਹਿਜੇ ਦਿਆਂ ਵਖਾਈਆ । ਨਿਰਗੁਣ ਧਾਰ ਵਿਚੋਂ ਲੈਣਾ ਪੜ੍ਹ, ਕਰਾਂ ਸਚ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਪਿਆਰ ਲੈਣਾ ਵਰ, ਵਸਤ ਤੁਹਾਡੀ ਝੋਲੀ ਪਾਈਆ । ਖੇਲ ਵਖਾਵਾਂ ਅਗੰਮੇ ਘਰ, ਘਰਾਨਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਪੁਰਖ ਅਕਾਲ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਕੰਨ ਆਪਣੇ ਖਿਚੋ, ਬਿਨ ਹੱਥਾਂ ਜ਼ੋਰ ਲਗਾਈਆ । ਓਸੇ ਵੇਲੇ ਸੋਹੰ ਧਾਰ ਨਿਕਲੀ ਓਨ੍ਹਾਂ ਵਿਚੋਂ, ਜੋਤ ਜੋਤ ਵਿਚ ਘੁੰਮਾਈਆ । ਪੁਰਖ ਅਕਾਲ ਕਿਹਾ ਤਿੰਨੇ ਦੋਹੱਥੜਾਂ ਨਾਲ ਪਿੱਟੋ, ਆਪਣਾ ਬਲ ਧਰਾਈਆ । ਓਸੇ ਵੇਲੇ ਫੜ ਕੇ ਕਿਹਾ ਮੇਰੇ ਚਰਨ ਟਿਕੋ,, ਟਿੱਕੇ ਧੂੜੀ ਦੇਵਾਂ ਲਗਾਈਆ । ਕੁਛ ਅਗਲੀ ਸਿਖਿਆ ਸਿੱਖੋ, ਸਹਿਜੇ ਦਿਆਂ ਸਮਝਾਈਆ । ਕੁਛ ਲਿਖਣਾ ਮੈਥੋਂ ਸਿਖੋ, ਲੇਖ ਦਿਆਂ ਦ੍ਰਿੜਾਈਆ । ਆਹ ਲੈ ਲਓ ਮੇਰੀ ਚਿਟੋ, ਚਿੱਟੀ ਧਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਸ਼ੰਕਰ ਕਹੇ ਮੇਰੇ ਕੰਨ ਨੂੰ ਹੁੰਦੀ ਪੀੜ, ਬਹੁਤਾ ਲਿਆ ਖਿਚਾਈਆ । ਬ੍ਰਹਮਾ ਕਹੇ ਮੇਰੇ ਅੰਦਰ ਨਾ ਰਹੀ ਧੀਰ, ਦਰਦ ਨਾ ਕੋਇ ਵੰਡਾਈਆ । ਵਿਸ਼ਨੂੰ ਕਿਹਾ ਸਾਡੀ ਬਣੀ ਤਕਦੀਰ, ਤਦਬੀਰ ਦਿਤੀ ਸਮਝਾਈਆ । ਪੁਰਖ ਅਕਾਲ ਕਿਹਾ ਤਿੰਨੇ ਨੱਕ ਨਾਲ ਕੱਢੋ ਲਕੀਰ, ਲਾਈਨ ਸਿੱਧੀ ਸਿੱਧੀ ਪਾਈਆ । ਮੁਖੋ ਕਹੋ ਤੂੰ ਪਾਤਸ਼ਾਹ ਅਸੀਂ ਤੇਰੇ ਵਜ਼ੀਰ, ਜੁਗ ਚੌਕੜੀ ਸੇਵ ਕਮਾਈਆ । ਤੂੰ ਸ਼ਹਿਨਸ਼ਾਹ ਅਸੀਂ ਫ਼ਕੀਰ, ਦਰ ਮੰਗਤੇ ਝੋਲੀ ਡਾਹੀਆ । ਤਿੰਨੇ ਕਹਿਣ ਅਸੀਂ ਹੋਏ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਪੁਰਖ ਅਕਾਲ ਕਿਹਾ ਕਹੋ ਤੇਰੇ ਹੁਕਮ

ਦਾ ਸਾਨੂੰ ਯਕੀਨ, ਸਿਰ ਸਕੇ ਨਾ ਕੋਇ ਉਠਾਈਆ । ਸਾਰੇ ਮੰਨੋ ਸੋਹੰ ਤੇਰੀ ਸਚ ਤਾਲੀਮ, ਇਸ ਤੋਂ ਪਰੇ ਨਾ ਕੋਇ ਪੜ੍ਹਾਈਆ । ਮਾਰਗ ਇਕ ਮਹੀਨ, ਬਿਨ ਕਿਰਪਾ ਰਹਿਬਰ ਚਲ ਸਕੇ ਕੋਇ ਨਾ ਰਾਈਆ । ਇਹ ਖੇਲ ਆਦਿ ਕਦੀਮ, ਕਦਮਾਂ ਉਤੇ ਢੱਠਿਆਂ ਰਿਹਾ ਜਣਾਈਆ । ਜੁਗ ਚੌਕੜੀ ਕਰਨਾ ਤਬਦੀਲ, ਵਿਚੋਲਾ ਆਪਣਾ ਨਾਮ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਜਣਾਈਆ । ਸ਼ੰਕਰ ਕਹੇ ਮੇਰਾ ਮਣਕਾ ਦੇਵੇ ਹੁਲਾਰਾ, ਸਹਿਜ ਸਹਿਜ ਮੈਨੂੰ ਰਿਹਾ ਹਿਲਾਈਆ । ਕਲਜੁਗ ਆਇਆ ਅੰਤ ਕਿਨਾਰਾ, ਵੇਲਾ ਵਕਤ ਵਕਤ ਨਾਲ ਵਡਿਆਈਆ । ਆਪਣਾ ਪੂਰਾ ਕਰ ਉਧਾਰਾ, ਕਰਜ਼ਾ ਦੇ ਚੁਕਾਈਆ । ਪੁਰਖ ਅਕਾਲ ਲੈ ਅਵਤਾਰਾ, ਕਲ ਕਲਕੀ ਵੇਸ ਵਟਾਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰਾ, ਸੰਸਾਰੀ ਰੋ ਕੇ ਦਏ ਦੁਹਾਈਆ । ਹੋਏ ਜੀਵ ਗਵਾਰਾ, ਸੰਘਾਰੀ ਮਾਰੇ ਧਾਹੀਆ । ਕਰ ਨਮਸਕਾਰਾ, ਧੂੜੀ ਰਹੇ ਰਮਾਈਆ । ਪੁਰਖ ਅਕਾਲ ਕਹੇ ਨਾ ਕਰਿਓ ਗਿਰਿਆਜ਼ਾਰਾ, ਆਪਣਾ ਆਪ ਕੁਹਾਈਆ । ਮੇਰਾ ਆਦਿ ਜੁਗਾਦਿ ਵਿਵਹਾਰਾ, ਜੁਗ ਚੌਕੜੀ ਖੇਲ ਵਖਾਈਆ । ਸ੍ਰਿਸ਼ਟੀ ਜੁਗ ਜੁਗ ਲਾ ਲਾ ਕਾਰਾ, ਧੰਦੇ ਵਿਚ ਵਡਿਆਈਆ । ਕਲਜੁਗ ਅੰਤ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬ੍ਰਹਮਾ ਸ਼ਿਵ ਕਹਿਣ ਪ੍ਰਭ ਅਸੀਂ ਮਣਕਾ ਕਰਨਾ ਪੇਸ਼, ਪਿਛਲਾ ਲੈ ਕੇ ਆਈਆ । ਜਿਸ ਦੇ ਉਪਰ ਤੇਰਾ ਲੇਖ, ਸੋਹੰ ਸਤਿ ਸਮਾਈਆ । ਕੁਛ ਲੇਖਾ ਦੱਸ ਕੇ ਗਿਆ ਦਸਮੇਸ, ਗੋਬਿੰਦ ਧੁਰ ਦਾ ਮਾਹੀਆ । ਪੁਰਖ ਅਕਾਲ ਮੇਰੇ ਗੁਰਮੁਖਾਂ ਕਰੇ ਹੇਤ, ਨੇਤਨ ਨੇਤ ਵੇਖ ਵਖਾਈਆ । ਲਿਖ ਕੇ ਅਗੰਮਾ ਲੇਖ, ਸਾਨੂੰ ਗਿਆ ਫੜਾਈਆ । ਇਸ ਦਾ ਕਿਸੇ ਨਾ ਦੱਸਿਓ ਭੇਤ, ਬਿਨਾ ਪੁਰਖ ਅਕਾਲ ਦੂਸਰ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਬ੍ਰਹਮਾ ਕਹੇ ਗੋਬਿੰਦ ਮੇਰੇ ਨਾਲ ਕੀਤੀ ਬਾਤ, ਰਾਹ ਜਾਂਦਿਆਂ ਮਿਲ ਕੇ ਖ਼ੁਸ਼ੀ ਮਨਾਈਆ । ਉਹ ਮਾਛੂਵਾੜੇ ਦੀ ਰਾਤ, ਮੈਨੂੰ ਪਿਛਲੀ ਨਜ਼ਰੀ ਆਈਆ । ਸ਼ੰਕਰ ਕਿਹਾ ਮੈਨੂੰ ਯਾਦ ਆ ਗਿਆ ਵਾਕ, ਜੋ ਗੋਬਿੰਦ ਗਿਆ ਸੁਣਾਈਆ । ਤੁਸੀਂ ਖੋਲ੍ਹ ਕੇ ਰੱਖੋ ਜਾਗ, ਆਲਸ ਨਿੰਦਰਾ ਨਾ ਕੋਇ ਬਣਾਈਆ । ਪੁਰਖ ਅਕਾਲ ਖੋਲ੍ਹਣ ਆਉਣਾ ਤਾਕ, ਲੋਕਮਾਤ ਫੇਰਾ ਪਾਈਆ । ਜਿਨ੍ਹਾਂ ਚੌਂਹ ਵਰਨਾਂ ਨੂੰ ਵਡਿਆਈ ਦਿਤੀ ਮੈਂ ਪਹਿਲੀ ਵਿਸਾਖ, ਇਕ ਸੱਤ ਪੰਜ ਛੇ ਜੋੜ ਜੁੜਾਈਆ । ਓਨ੍ਹਾਂ ਦਾ ਝਗੜਾ ਬਿਨਾ ਪੁਰਖ ਅਕਾਲ ਨਾ ਮਿਟਣਾ ਜਾਤ ਪਾਤ, ਧਰਮ ਦਵਾਰ ਨਾ ਕੋਇ ਸੁਹਾਈਆ । ਬ੍ਰਹਮੇ ਕਿਹਾ ਗੋਬਿੰਦ ਆਹ ਵੇਖ ਸਾਖਿਆਤ, ਮੈਂ ਸੇਵਾ ਵਿਚ ਦਿਆਂ ਵਖਾਈਆ । ਤੂੰ ਮੇਰਾ ਮੈਂ ਤੇਰਾ ਪ੍ਰਭ ਲਿਖ ਕੇ ਦਿਤਾ ਬਿਨਾ ਕਲਮ ਦਵਾਤ, ਮੇਰੀ ਸ਼ੰਕਰ ਨਾਲ ਗੰਢ ਪਵਾਈਆ । ਸੋ ਤੂੰ ਵੀ ਦਿਤਾ ਆਖ, ਸਚ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗੋਬਿੰਦ ਖ਼ੁਸ਼ੀਆਂ ਨਾਲ ਕਰ ਕੇ ਹਾਸਾ, ਅੱਗੇ ਭੱਜਾ ਵਾਹੋ ਦਾਹੀਆ । ਸਚ ਪ੍ਰੇਮ ਦਾ ਬਖ਼ਸ਼ ਦਲਾਸਾ, ਧੀਰਜ ਨਾਲ ਮਿਲਾਈਆ । ਮੈਂ ਪੁਛਣ ਚਲਿਆ ਕੋਲੋਂ ਪੁਰਖ ਅਬਿਨਾਸ਼ਾ, ਆਪਣਾ ਪੰਧ ਮੁਕਾਈਆ । ਕਿਸ ਵੇਲੇ ਸ੍ਰਿਸ਼ਟੀ ਦਾ ਵੇਖੇਂ ਖੇਲ ਤਮਾਸ਼ਾ, ਨਿਰਗੁਣ ਆਪਣਾ ਫੇਰਾ ਪਾਈਆ । ਮੈਨੂੰ ਰੱਖਣਾ ਸਦਾ ਸਾਥਾ, ਧੁਰ ਦਾ ਜੋੜ ਜੁੜਾਈਆ । ਬਣ ਕੇ ਰਹਿਣਾ ਰਾਖਾ, ਸਿਰ ਮੇਰੇ ਹੱਥ ਟਿਕਾਈਆ । ਟੇਕਾਂ ਜਾ ਕੇ ਮਾਥਾ, ਚਰਨਾਂ ਸੀਸ

ਝੁਕਾਈਆ । ਇਕ ਦੋ ਕਰ ਕੇ ਬਾਤਾਂ, ਫੇਰ ਆਵਾਂ ਏਸੇ ਥਾਈਂਆ । ਮੈਂ ਬਹੁਤੀਆਂ ਮਾਰਨੀਆਂ ਨਹੀਂ ਵਾਟਾਂ, ਪਾਂਧੀ ਰੂਪ ਨਾ ਕੋਇ ਬਣਾਈਆ । ਮੈਂ ਸਚ ਸੁਨੇਹੜਾ ਆਖਾਂ, ਇਕੋ ਵਾਰ ਸਮਝਾਈਆ । ਜਿਸ ਪੂਰਾ ਕਰਨਾ ਭਵਿਖਤ ਵਾਕਾ, ਵਾਕਫ਼ਕਾਰ ਲੋਕਾਈਆ । ਉਸ ਨਾਲ ਜੋੜਨਾ ਨਾਤਾ, ਛੱਡਣੀ ਕੂੜ ਲੋਕਾਈਆ । ਉਸ ਨੇ ਤੁਹਾਡਾ ਵੇਖਣਾ ਖਾਤਾ, ਬ੍ਰਹਮੇ ਸ਼ਿਵ ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੋਬਿੰਦ ਕਹੇ ਮੈਨੂੰ ਰਿਹਾ ਭਾਖ, ਰਾਹ ਜਾਂਦਾ ਦਿਆਂ ਜਣਾਈਆ । ਤੁਹਾਨੂੰ ਜਾਵਾਂ ਆਖ, ਸਹਿਜੇ ਸਚ ਸਮਝਾਈਆ । ਜਿਸ ਵੇਲੇ ਆਵੇ ਕਮਲਾਪਾਤ, ਪਤਿਪਰਮੇਸ਼ਵਰ ਬੇਪਰਵਾਹੀਆ । ਓਸ ਹੋਣਾ ਭਗਤਾਂ ਸਾਥ, ਦੂਜੇ ਦਰ ਨਜ਼ਰ ਨਾ ਆਈਆ । ਝਗੜਾ ਰਹੇ ਨਾ ਜਾਤ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਆਤਮ ਪਰਮਾਤਮ ਬਣਾਵੇ ਸੱਚਾ ਸਾਕ, ਸੱਜਣ ਹੋਵੇ ਨੂਰ ਖ਼ੁਦਾਈਆ । ਸਭ ਦੀ ਪੂਰੀ ਕਰੇ ਆਸ, ਤ੍ਰਿਸ਼ਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ । ਗੋਬਿੰਦ ਕਹੇ ਵਿਸ਼ਨ ਬ੍ਰਹਮਾ ਸ਼ਿਵ ਕਰਿਓ ਨਾ ਕੋਇ ਚਾਲਾਕੀ, ਚਾਲ ਨਿਰਾਲੀ ਦਿਆਂ ਸਮਝਾਈਆ । ਪੁਰਖ ਅਕਾਲ ਲੁਕਣਾ ਸਾਢੇ ਤਿੰਨ ਹੱਥ ਤਤ ਖ਼ਾਕੀ, ਸੰਬਲ ਮਿਲੇ ਵਡਿਆਈਆ । ਮੇਰੀ ਨਿੱਕੀ ਜਿਹੀ ਪਾਤੀ, ਸੁਨੇਹੜਿਆਂ ਵਿਚ ਵਡਿਆਈਆ । ਭਗਤਾਂ ਦਾ ਹੋਣਾ ਸਾਥੀ, ਅਗਲਾ ਸੰਗ ਬਣਾਈਆ । ਜਿਸ ਦੇ ਗੁਰਮੁਖ ਧਰਮ ਦੇ ਹੋਣੇ ਪਾਠੀ, ਨਾਮ ਜੈਕਾਰਾ ਇਕ ਲਗਾਈਆ । ਤੁਹਾਡੀ ਦੋਹਾਂ ਦੀ ਲੇਖੇ ਲਾਵੇ ਪਿਆਰ ਵਾਲੀ ਗਾਠੀ, ਗੰਢ ਭਗਤਾਂ ਨਾਲ ਪਵਾਈਆ । ਇੱਕੀ ਇੱਕੀ ਦੀ ਮੇਟ ਕੇ ਵਾਟੀ, ਦੂਆ ਏਕਾ ਆਪਣਾ ਰੂਪ ਸਮਝਾਈਆ । ਇਹ ਖੇਲ ਹੋਵੇ ਬਹੁ ਬਿਧ ਭਾਂਤੀ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਬੜੀ ਸੁਹੰਜਣੀ ਦਿਸਦੀ ਬ੍ਰਹਮੇ ਸ਼ਿਵ ਸੰਮਤ ਸ਼ਹਿਨਸ਼ਾਹੀ ਤਿੰਨ ਦੀ ਉਹ ਰਾਤੀ, ਜਿਸ ਨੂੰ ਹਾੜ ਸਤਾਰਾਂ ਕਹਿ ਕੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨਾ ਖੇਲ ਸ਼ਬਦੀ ਸ਼ਬਦ ਜਜ਼ਬਾਤੀ, ਆਜ਼ਾਦੀ ਗੁਰਮੁਖਾਂ ਨਾਲ ਪਰਨਾਈਆ ।



੪੧੭ ੨੦

### ★ ੨ ਮਾਘ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★

ਮਣਕਾ ਕਹੇ ਮੈਂ ਮਾਲਾ ਬਣ ਕੇ ਰਿਹਾ ਫਿਰਦਾ, ਜੁਗ ਜੁਗ ਭੱਜਿਆ ਵਾਹੋ ਦਾਹੀਆ । ਮੇਰਾ ਗੇੜਾ ਰਿਹਾ ਗਿੜਦਾ, ਪੁੱਠਾ ਸਿੱਧਾ ਰੂਪ ਬਦਲਾਈਆ । ਘਰ ਲੱਭਦਾ ਰਿਹਾ ਪ੍ਰੀਤਮ ਪਿਰ ਦਾ, ਦਿਵਸ ਰੈਣ ਖੋਜ ਖੁਜਾਈਆ । ਮੈਂ ਵਿਛੜਿਆ ਰਿਹਾ ਚਿਰ ਦਾ, ਬ੍ਰਹਮਾ ਸ਼ਿਵ ਦੇਣ ਗਵਾਹੀਆ । ਮੈਂ ਕਿਸੇ ਨਾ ਵਸਿਆ ਹਿਰਦਾ, ਆਸਣ ਸਚ ਨਾ ਕੋਇ ਲਗਾਈਆ । ਕੱਲਾ ਕੱਲਾ ਹੋ ਕੇ ਰਿਹਾ ਕਿਰਦਾ, ਉਪਰੋਂ ਨੀਚੇ ਰਾਹ ਬਣਾਈਆ । ਹੁਕਮੇ ਅੰਦਰ ਰਿਹਾ ਰਿੜ੍ਹਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਬਣਾਈਆ । ਮਣਕਾ ਕਹੇ ਮੇਰੀ ਬਣ ਗਈ ਮਾਲਾ, ਸ਼ੰਕਰ ਜਗਤ ਦਿਤੀ ਵਖਾਈਆ । ਕਿਸੇ ਖੇਲ ਸਮਝਿਆ ਨਾ ਮਾਜ਼ੀ ਹਾਲਾ, ਰਿਵਾਜੀ ਜਗਤ ਲੋਕਾਈਆ । ਓਸ ਸ਼ੰਕਰ ਦੀ ਜਪਦੇ ਰਹੇ ਜਾਪ ਵਾਲੀ ਧਾਰਾ, ਧਰਨੀ ਧਰਤ ਧਵਲ ਧਿਆਨ ਲਗਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵਿਸਰਿਆ ਰਿਹਾ ਕਰਤਾਰਾ, ਕਰਤਾ ਮੇਲ ਨਾ ਕੋਇ ਮਿਲਾਈਆ । ਸਿਫ਼ਤੀ ਨਾਮ ਦਾ ਲੈਂਦੇ ਰਹੇ ਸਹਾਰਾ, ਇਸ਼ਾਰਾ ਦੇਵੇ ਧੁਰਦਰਗਾਹੀਆ । ਸਭ ਤੋਂ ਬਾਹਰ ਜਿਸ ਦਾ ਕਿਨਾਰਾ,

ਨਈਆ ਨੌਕਾ ਨਾ ਕਿਸੇ ਵਖਾਈਆ । ਸੋ ਖੇਲ ਕਰੇ ਅਗੰਮ ਅਪਾਰਾ, ਆਪਣਾ ਹੁਕਮ ਵਰਤਾਈਆ । ਵਕਤ ਲੰਘਾ ਕੇ ਨਵ ਨੌ ਚਾਰਾ, ਜੁਗ ਚੌਕੜੀ ਪੰਧ ਮੁਕਾਈਆ । ਨਿਰਗੁਣ ਨਿਰਵੈਰ ਲੈ ਅਵਤਾਰਾ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਜਨ ਭਗਤਾਂ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਅੰਤਰ ਆਤਮ ਕਰ ਉਜਿਆਰਾ, ਅੰਧ ਅਗਿਆਨ ਮਿਟਾਈਆ । ਮੇਲ ਮਿਲਾ ਕੇ ਧੁਰ ਦਰਬਾਰਾ, ਦਰਗਾਹ ਸਾਚੀ ਦਏ ਵਖਾਈਆ । ਜਿਸ ਗ੍ਰਿਹਿ ਬੈਠਾ ਪਰਵਰਦਿਗਾਰਾ, ਹਰਿ ਕਰਤਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ । ਮਣਕਾ ਕਹੇ ਕਿਉਂ ਬਣੀ ਮਾਲਾ ਅਠੋਤਰੀ, ਅੱਠਾਂ ਤੱਤਾਂ ਨਾਲ ਕੁੜਮਾਈਆ । ਇਸ ਨੂੰ ਜਾਣੇ ਬ੍ਰਹਮਾ ਦੀ ਛੋਕਰੀ, ਬ੍ਰਹਮਵੇਤਾ ਜਿਸ ਸਮਝਾਈਆ । ਸ਼ੰਕਰ ਦੀ ਆਸਾ ਵਾਲੀ ਪੋਤਰੀ, ਪਤਣ ਬਹਿ ਕੇ ਧਿਆਨ ਲਗਾਈਆ । ਬ੍ਰਹਮੇ ਦੀ ਮਨਸਾ ਵਾਲੀ ਦੋਹਤਰੀ, ਦੋਹਰਾ ਰੰਗ ਰੰਗਾਈਆ । ਸ਼ੰਕਰ ਨੇ ਸਾਂਭ ਕੇ ਰੱਖੀ ਵਿਚ ਜੋਦੜੀ, ਬ੍ਰਹਮਾ ਗੋਦੜੀ ਵਿਚੋਂ ਬਾਹਰ ਕਢਾਈਆ । ਥੋੜ੍ਹਾ ਜਿਹਾ ਇਸ਼ਾਰਾ ਦਿਤਾ ਸ੍ਰੀ ਭਗਵਾਨ ਦਾਮੋਦਰੀ, ਤਰੇਤੇ ਜੁਗ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣੀ ਖੇਲ ਖਿਲਾਈਆ । ਮਣਕਾ ਕਹੇ ਕਿਉਂ ਮਾਲਾ ਹੋਈ ਉਜਾਗਰ, ਮਣਕਾ ਮਣਕਾ ਵੰਡ ਵੰਡਾਈਆ । ਵਿਸ਼ਨ ਬ੍ਰਹਮਾ ਪ੍ਰਭ ਦੇ ਬਣੇ ਸਚ ਸੌਦਾਗਰ, ਨਾਮ ਵਸਤ ਝੋਲੀ ਪਾਈਆ । ਬੈਠ ਕੇ ਅੰਤ ਇਕਾਗਰ, ਪ੍ਰੇਮ ਵਾਲੀ ਗੰਢ ਪਵਾਈਆ । ਪਾਰ ਕਿਨਾਰਾ ਕਰ ਕੇ ਡੂੰਘੇ ਸਾਗਰ, ਦਰ ਸਾਚੇ ਸੋਭਾ ਪਾਈਆ । ਬਿਨਾ ਸਵਾਸ ਚਲੇ ਆਵਾਜ਼ ਬਿਨ ਆਂਦਰ, ਅੰਤਸ਼ਕਰਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰੂਪ ਦਿਤਾ ਸਮਝਾਈਆ । ਮਣਕਾ ਕਹੇ ਮੇਰਾ ਉਹ ਰੂਪ, ਗੰਢ ਧੁਰ ਦੀ ਨਜ਼ਰੀ ਆਈਆ । ਬ੍ਰਹਮਾ ਸ਼ੰਕਰ ਜਿਸ ਨੂੰ ਜਾਨਣ ਸਤਿ ਸਰੂਪ, ਸੋ ਮਾਲਕ ਇਕ ਅਖਵਾਈਆ । ਜਿਸ ਦੱਸ ਕੇ ਆਪਣੀ ਕੂਟ, ਗ੍ਰਿਹਿ ਮੰਦਰ ਦਿਤਾ ਦ੍ਰਿੜਾਈਆ । ਬਣਾ ਕੇ ਆਪਣੇ ਪੂਤ, ਸ਼ਬਦੀ ਹੁਕਮ ਸੁਣਾਈਆ । ਲੇਖਾ ਰੱਖਣਾ ਨਾਲ ਪੰਜ ਭੂਤ, ਤਤ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਮਣਕਾ ਕਹੇ ਮੇਰੀ ਮਾਲਾ ਰਹੀ ਜੁਗ ਚਾਰ, ਚੌਕੜੀ ਸੇਵ ਕਮਾਈਆ । ਹੱਥ ਫੜੀ ਗੁਰੂ ਅਵਤਾਰ, ਪੈਗ਼ੰਬਰਾਂ ਗਲ ਲਟਕਾਈਆ । ਕਰਦੇ ਰਹੇ ਪੁਕਾਰ, ਅੰਤਰ ਅੰਤਰ ਢੋਲਾ ਗਾਈਆ । ਵਾਹ ਵਾ ਕੁਦਰਤ ਦੇ ਯਾਰ, ਤੇਰੀ ਬੇਪਰਵਾਹੀਆ । ਮੈਂ ਖੇਲ ਵੇਖਦਾ ਰਿਹਾ ਸੰਸਾਰ, ਜੁਗ ਚੌਕੜੀ ਧਿਆਨ ਲਗਾਈਆ । ਸਭ ਮੰਗਤੇ ਵੇਖੇ ਭਿਖਾਰ, ਪ੍ਰਭ ਅੱਗੇ ਝੋਲੀ ਡਾਹੀਆ । ਮੰਗਦੇ ਰਹੇ ਦੀਦਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਰੀਤੀ ਦੱਸਦੇ ਗਏ ਸੰਸਾਰ, ਮੰਦਰ ਮਸੀਤੀ ਸੋਭਾ ਪਾਈਆ । ਅੰਤ ਕਹਿ ਕੇ ਕੂਕ ਪੁਕਾਰ, ਉਚੀ ਢੋਲਾ ਗਏ ਜਣਾਈਆ । ਨਵ ਨੌ ਚਾਰ ਦਾ ਇਕ ਸਰਦਾਰ, ਸ਼ਹਿਨਸ਼ਾਹ ਅਖਵਾਈਆ । ਜੋ ਆਵੇ ਆਪਣੀ ਧਾਰ, ਜੋਤੀ ਨੂਰ ਕਰੇ ਰੁਸ਼ਨਾਈਆ । ਸਭ ਦੀ ਦੇਵੇ ਪੈਜ ਸਵਾਰ, ਸਿਰ ਆਪਣਾ ਹੱਥ ਟਿਕਾਈਆ । ਪੂਰਬ ਲਹਿਣਾ ਦੇਣਾ ਦਏ ਨਿਵਾਰ, ਨਵਿਰਤੀ ਵਿਚ ਪਰਕਿਰਤੀ ਦਏ ਬਦਲਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਹੋ ਕੇ ਵੇਖੇ ਥਾਉਂ ਥਾਈਂਆ । ਜਨ ਭਗਤਾਂ ਲਾਹੇ ਉਧਾਰ, ਕਰਜ਼ਾ ਮੂਲ ਚੁਕਾਈਆ । ਖਿਤ ਸੁਹੰਜਣੀ ਇਕ ਵਿਚਾਰ, ਵੇਲੇ ਵਕਤ ਨਾਲ ਵਡਿਆਈਆ । ਗੁਰਮੁਖਾਂ ਕਰ ਪਿਆਰ, ਭਗਤਾਂ ਦਏ ਸਾਲਾਹੀਆ । ਮਣਕਾ ਕਹੇ ਸਾਚੇ ਸੰਤਾਂ ਦੇ ਮਨ ਦਾ ਬਣ ਕੇ ਯਾਰ, ਯਾਦ ਆਪਣੀ ਵਿਚ ਰਖਾਈਆ ।

ਮੇਰਾ ਕਰਜ਼ਾ ਦਏ ਉਤਾਰ, ਪੂਰਬ ਝੋਲੀ ਪਾਈਆ । ਬ੍ਰਹਮਾ ਸ਼ਿਵ ਕਰ ਨਿਮਸਕਾਰ, ਨਿਉਂ ਕੇ ਸੀਸ ਝੁਕਾਈਆ । ਭਗਤ ਸੁਹੇਲੇ ਤੂੰ ਮੇਰਾ ਮੈਂ ਤੇਰਾ ਕਰਨ ਜੈ ਜੈਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਹੁਕਮ ਵਰਤਾਈਆ ।

★ ੨ ਮਾਘ ਸ਼ਹਿਨਸ਼ਾਹੀ ਸੰਮਤ ੨ ਭਜਨ ਸਿੰਘ ਦੇ ਗ੍ਰਹਿ ਪਿੰਡ ਜੀਉ ਜੁਲਾਈ ਜ਼ਿਲਾ ਗੁਰਦਾਸਪੁਰ ★

ਮਣਕਾ ਕਹੇ ਮੇਰਾ ਕਿਸੇ ਨਾ ਆਇਆ ਹਿਸਾਬ, ਚਾਰ ਜੁਗ ਭੇਵ ਨਾ ਕੋਇ ਖੁਲ੍ਹਾਈਆ । ਮੇਰੀ ਮਹਿੰਮਾ ਲਿਖੀ ਨਹੀਂ ਕਿਸੇ ਕਿਤਾਬ, ਗ੍ਰੰਥ ਸ਼ਹਾਦਤ ਨਾ ਕੋਇ ਭੁਗਤਾਈਆ । ਸਾਚਾ ਦੇ ਸਕੇ ਨਾ ਕੋਇ ਜਵਾਬ, ਪੜਦਾ ਓਹਲਾ ਨਾ ਕੋਇ ਉਠਾਈਆ । ਜਿਹੜੇ ਮਾਲਾ ਮਣਕਾ ਫੇਰਦੇ ਗਏ ਆਪ, ਹੱਥੀਂ ਕੰਗਣਾਂ ਵਾਂਗ ਸਜਾਈਆ । ਕਰਦੇ ਗਏ ਪ੍ਰਭੂ ਦਾ ਜਾਪ, ਤੂੰ ਹੀ ਤੂੰ ਹੀ ਢੋਲਾ ਗਾਈਆ । ਮੰਗਦੇ ਗਏ ਕਰ ਕੇ ਹਾਥ, ਖ਼ਾਲੀ ਝੋਲੀ ਅੱਗੇ ਡਾਹੀਆ । ਲੈ ਕੇ ਧੁਰ ਦੀ ਦਾਤ, ਥੋੜ੍ਹੀ ਥੋੜ੍ਹੀ ਮਾਤ ਵਰਤਾਈਆ । ਬਣ ਕੇ ਦਾਸੀ ਦਾਸ, ਸੇਵਾ ਜਗਤ ਕਮਾਈਆ । ਮਣਕਾ ਫੇਰ ਕੇ ਸਵਾਸ ਸਵਾਸ, ਸਾਹ ਸਾਹ ਧਿਆਈਆ । ਅੰਤ ਮਿਲਣ ਦੀ ਰੱਖ ਕੇ ਆਸ, ਸਾਰੇ ਗਏ ਸੁਣਾਈਆ । ਪ੍ਰਭ ਨਿਰਗੁਣ ਨੂਰ ਜੋਤ ਪਰਕਾਸ਼, ਆਦਿ ਜੁਗਾਦਿ ਰੁਸ਼ਨਾਈਆ । ਕਦੇ ਨਾ ਹੋਵੇ ਵਿਨਾਸ, ਜਨਮ ਮਰਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ
੪੧੯ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਮਣਕਾ ਕਹੇ ਮੈਨੂੰ ਗੁਰ ਅਵਤਾਰ ਪੈਗ਼ੰਬਰ ਰਹੇ ਰਖਦੇ, ਮਾਲਾ ਮੇਰੀ ਨਾਲ ਬਣਾਈਆ । ੪੧੯
ਤੂੰ ਮੇਰਾ ਮੈਂ ਤੇਰਾ ਢੋਲਾ ਰਹੇ ਜਪਦੇ, ਬਿਨਾ ਸੋਹੰ ਤੋਂ ਦੂਜਾ ਸਾਸ ਨਾ ਕੋਇ ਕਢਾਈਆ । ਹਿਰਦੇ ਉਤੇ ਮੈਨੂੰ ਰਹੇ ਰੱਖਦੇ, ਪ੍ਰੀਤੀ ਨਾਲ ਟਿਕਾਈਆ । ਭੰਡਾਰੇ ਭਰਦੇ ਰਹੇ ਜਸ ਦੇ, ਸਿਫ਼ਤਾਂ ਨਾਲ ਸਾਲਾਹੀਆ । ਮੈਂ ਵੇਖੇ ਖੇਲ ਪੁਰਖ ਸਮਰਥ ਦੇ, ਜੋ ਅਗੰਮੀ ਕਾਰ ਕਮਾਈਆ । ਜਿਸ ਨੇ ਜੁਗ ਜੁਗ ਰਾਹ ਚਲਾਏ ਸਤਿਜੁਗ ਤਰੇਤਾ ਦੁਆਪਰ ਕਲਜੁਗ ਰਥ ਦੇ, ਰਥਵਾਹੀ ਹੋ ਕੇ ਹੁਕਮ ਵਰਤਾਈਆ । ਸਾਰੇ ਓਸੇ ਦੇ ਚਰਨਾਂ ਹੇਠਾਂ ਵਸਦੇ, ਓਸੇ ਦਾ ਨਾਮ ਜਪ ਕੇ ਝਟ ਲੰਘਾਈਆ । ਮਣਕਾ ਕਹੇ ਜਿਸ ਵੇਲੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਟਪਦੇ, ਟੱਪੇ ਪੜ੍ਹ ਪੜ੍ਹ ਥੱਕੇ ਲੋਕਾਈਆ । ਉਸ ਵੇਲੇ ਨਾਅਰੇ ਸੁਣਨੇ ਪੈਂਦੇ ਇਕ ਅਲੱਖ ਦੇ, ਅਲਖ ਅਗੋਚਰ ਆਪ ਜਣਾਈਆ । ਜਨ ਭਗਤਾਂ ਦਰਸ਼ਨ ਹੋਣ ਪਰਤੱਖ ਦੇ, ਪ੍ਰਭ ਮਿਲੇ ਬੇਪਰਵਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਜਪਦੇ, ਦੂਜਾ ਰਾਗ ਨਾ ਕੋਇ ਅਲਾਈਆ । ਮਣਕਾ ਕਹੇ ਅਸੀਂ ਬਚਨ ਦੱਸੀਏ ਸਚ ਦੇ, ਸਚ ਸਚ ਸੁਣਾਈਆ । ਜੋ ਪ੍ਰਭ ਦੀ ਚਰਨੀ ਵਸਦੇ, ਦਰ ਠਾਂਡੇ ਡੇਰਾ ਲਾਈਆ । ਅਸੀਂ ਓਥੋਂ ਦੂਰ ਦੁਰਾਡੇ ਨੱਸਦੇ, ਸਾਡੀ ਚਲੇ ਨਾ ਕੋਇ ਚਤੁਰਾਈਆ । ਜੋ ਮਾਰਗ ਸਾਨੂੰ ਦੱਸ ਦੇ, ਦਹਿ ਦਿਸ਼ਾ ਸੇਵ ਕਮਾਈਆ । ਜਿਨ੍ਹਾਂ ਦੇ ਅੰਤਰ ਪ੍ਰੇਮ ਰਸ ਦੇ, ਰਸਤਾ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਮਾਈਆ । ਮਣਕਾ ਕਹੇ ਜੁਗ ਚੌਕੜੀ ਰਹੇ ਲੰਘੇ, ਆਪਣਾ ਪੰਧ ਮੁਕਾਈਆ । ਇਕ ਮਾਲਾ ਫੇਰੀ ਸੰਜੇ, ਸੰਧਿਆ ਵਕਤ ਸੁਹਾਈਆ । ਇਕ ਮਣਕਾ ਵਖਾਇਆ ਗੋਬਿੰਦ ਮਾਧੋ ਦਾਸ ਬੰਦੇ, ਵਖਾ ਕੇ ਆਪਣੇ ਵਿਚ ਛੁਪਾਈਆ । ਇਸ਼ਾਰੇ ਨਾਲ ਕਿਹਾ ਇਹ ਸਾਰਾ ਖੇਲ ਹੱਥ ਸੂਰੇ ਸਰਬੰਗੇ, ਦੂਜਾ ਸਾਰ ਕੋਇ ਨਾ ਪਾਈਆ । ਜਿਸ ਵੇਲੇ ਸਦੀ ਬੀਸਵੀਂ ਲੰਘੇ, ਆਪਣਾ ਪੰਧ

੪੨੦
੨੦

ਮੁਕਾਈਆ । ਦੀਨ ਦੁਨੀ ਵਿਦਵਾਨੀ ਹੋਣ ਅੰਧੇ, ਜਗਤ ਵਿਦਿਆ ਅੱਖ ਨਾ ਕੋਇ ਖੁਲ੍ਹਾਈਆ । ਮੁਲਾਂ ਸ਼ੇਖ਼ ਮੁਸਾਇਕ ਪੰਡਤ ਗ੍ਰੰਥੀ ਹੋਵਣ ਗੰਦੇ, ਪਤਤ ਪੁਨੀਤ ਨਾ ਕੋਇ ਜਣਾਈਆ । ਸਚ ਪਿਆਰ ਦੇ ਵੱਜਣ ਜੰਦੇ, ਕੂੜੀ ਕਿਰਿਆ ਦਰ ਖੁਲ੍ਹਾਈਆ । ਮਾਲਾ ਮਣਕੇ ਸਭ ਦੇ ਰਹਿਣ ਟੰਗੇ, ਹਿਰਦੇ ਹਰਿ ਨਾ ਕੋਇ ਵਸਾਈਆ । ਬਿਨ ਓਢਣ ਸੀਸ ਹੋਣੇ ਨੰਗੇ, ਪੜਦਾ ਸਕੇ ਕੋਇ ਨਾ ਪਾਈਆ । ਫਿਰੇ ਦੁਹਾਈ ਵਿਚ ਵਰਭੰਡੇ, ਬ੍ਰਹਿਮੰਡ ਜਗਤ ਕੁਰਲਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਡੰਡੇ, ਅੱਧਵਾਟੇ ਦਿਸੇ ਲੋਕਾਈਆ । ਓਸ ਵੇਲੇ ਲੱਖ ਚੁਰਾਸੀ ਵਿਚੋਂ ਪੁਰਖ ਅਕਾਲ ਦੀਨ ਦਿਆਲ ਭਗਤ ਸੁਹੇਲੇ ਬਣਾਉਣੇ ਚੰਗੇ, ਚੰਗੀ ਤਰਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਸਦਾ ਬਖ਼ਸ਼ੰਦੇ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ ।

### ★ ੧੮ ਮਾਘ ਸ਼ਹਿਨਸ਼ਾਹੀ ਸੰਮਤ ੨ ਜਰਨੈਲ ਸਿੰਘ ਦੇ ਗ੍ਰਹਿ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ★

ਗੋਬਿੰਦ ਕਹੇ ਮੈਂ ਪੁਰ ਅਨੰਦ ਤੋਂ ਹੋਇਆ ਵੱਖਰਾ, ਵੱਖਰੀ ਧਾਰ ਚਲਾਈਆ । ਮੈਂ ਉਹਲੇ ਹੋ ਕੇ ਨਾਲੋਂ ਅੱਖਰਾਂ, ਅੱਖੀਆਂ ਤੋਂ ਪਰੇ ਡੇਰਾ ਲਾਈਆ । ਫੂੜ੍ਹੀਆਂ ਤੋਂ ਦੂਰ ਵਛਾ ਕੇ ਸਥਰਾ, ਸੱਥਰ ਯਾਰੜਾ ਇਕ ਸੁਹਾਈਆ । ਨੇਤਰ ਹੰਝੂ ਛੱਡ ਕੇ ਅੱਥਰਾ, ਸਤਿ ਸਰੂਪੀ ਧਾਰ ਵਹਾਈਆ । ਜਗਤ ਨਿਸ਼ਾਨਾ ਛੱਡ ਕੇ ਪੱਥਰਾ, ਪੱਤਣ ਮਿਲਿਆ ਬੇਪਰਵਾਹੀਆ । ਖੋਜਿਆਂ ਹੱਥ ਨਾ ਆਵਾਂ ਜੰਗਲ ਜੂਹ ਉਜਾੜ ਪਹਾੜ ਰਕੜਾ, ਥਲਾਂ ਵਿਚ ਅੱਖ ਨਾ ਕੋਇ ਮਿਲਾਈਆ । ਸਿਫ਼ਤ ਦੱਸਾਂ ਨਾ ਵਿਚ ਸਤਰਾਂ, ਮਹਿੰਮਾ ਗਣਤ ਨਾ ਕੋਇ ਵਡਿਆਈਆ । ਸ੍ਰਿਸ਼ਟੀ ਨਾਲੋਂ ਹੋ ਕੇ ਬੇਵਤਨਾ, ਵਤਨ ਮੱਲਿਆ ਧੁਰਦਰਗਾਹੀਆ । ਜਿਸ ਦਾ ਚਾਰ ਜੁਗ ਕਰਦੇ ਰਹੇ ਯਤਨਾ, ਯਥਾ ਯੋਗ ਆਪਣੀ ਸੇਵ ਕਮਾਈਆ । ਮੈਨੂੰ ਚੰਗਾ ਲੱਗਾ ਓਥੇ ਵਸਣਾ, ਜਿਥੇ ਵਸਲ ਨੂਰ ਖ਼ੁਦਾਈਆ । ਮੇਰਾ ਰੂਪ ਸਮਝਿਆ ਕਿਸੇ ਨਾ ਅਸਲਾ, ਅਸਲ ਭੇਵ ਨਾ ਕੋਇ ਚੁਕਾਈਆ । ਰਸ ਅਗੰਮੀ ਜਾਣੇ ਕੋਈ ਨਾ ਰਸਨਾ, ਰਸਤਾ ਲੱਭੇ ਨਾ ਕਿਸੇ ਲੋਕਾਈਆ । ਰਸਨਾ ਜਿਹਵਾ ਬੱਤੀ ਦੰਦ ਕਰੇ ਕੋਈ ਨਾ ਜਸਨਾ, ਸਿਫ਼ਤਾਂ ਵਿਚ ਨਾ ਸਿਫ਼ਤ ਸਾਲਾਹੀਆ । ਮੈਂ ਤੱਜਿਆ ਦੁਨੀ ਵਾਲਾ ਪਟਨਾ, ਘਰ ਇਕੋ ਵੇਖ ਵਖਾਈਆ । ਜਿਸ ਗ੍ਰਹਿ ਦੀ ਕੋਈ ਨਾ ਜਾਣੇ ਘਟਨਾ, ਘਾਟੀ ਚੜ੍ਹ ਨਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਧੁਰ ਦਾ ਸੰਗ ਬਣਾਈਆ । ਗੋਬਿੰਦ ਕਹੇ ਮੇਰਾ ਕੋਈ ਨਾ ਜਾਣੇ ਪੁਰ ਅਨੰਦ ਵਿਛੋੜਾ, ਵਿਸ਼ਾ ਸਮਝ ਕਿਸੇ ਨਾ ਆਈਆ । ਮੇਰਾ ਜਾਣੇ ਕੋਈ ਨਾ ਜੋੜਾ, ਜੋੜੀ ਕਿਸ ਦੇ ਨਾਲ ਬਣਾਈਆ । ਮੇਰਾ ਤੱਕੇ ਕੋਈ ਨਾ ਘੋੜਾ, ਜੋ ਚਲੇ ਵਾਹੋ ਦਾਹੀਆ । ਮੈਂ ਓਸ ਦਾ ਬਾਂਕਾ ਛੋਹਰਾ, ਜਿਸ ਨੂੰ ਸ਼ਹਿਨਸ਼ਾਹ ਕਹਿ ਕੇ ਸਾਰੇ ਗਾਈਆ । ਜਿਸ ਨਿਰਗੁਣ ਤੋਂ ਸਰਗੁਣ ਸੱਸੇ ਉਪਰ ਲਾਇਆ ਹੋੜਾ, ਸੋਹਣੀ ਵੰਡ ਵੰਡਾਈਆ । ਹੰ ਬ੍ਰਹਮ ਬਣਾ ਕੇ ਪੌੜਾ, ਮੰਜ਼ਲ ਆਪਣੀ ਦਿਤੀ ਵਖਾਈਆ । ਮੁਹੱਬਤ ਪਿਆਰ ਦੀ ਰੱਖ ਕੇ ਲੋੜਾ, ਨਾਤਾ ਦੁਨੀ ਨਾਲੋਂ ਤੁੜਾਈਆ । ਹੁਕਮ ਦੇ ਕੇ ਇਕੋ ਕੋਰਾ, ਕੂੜੀ ਕਿਰਿਆ ਡੇਰਾ ਢਾਹੀਆ । ਮਾਣ ਦੇ ਕੇ ਬਾਂਕਾ ਛੋਹਰਾ, ਸ਼ੁਹਰਤ ਆਪਣੀ ਇਕ ਸਮਝਾਈਆ । ਕਰ ਪਰਕਾਸ਼ ਅੰਧੇਰ ਘੋਰਾ, ਨੂਰ ਨੂਰ ਨਾਲ ਚਮਕਾਈਆ । ਸਾਚਾ ਬਲ ਦੇ ਕੇ ਜ਼ੋਰਾ, ਜੋਰੂ ਜ਼ਰ ਜ਼ੇਰ ਕਰਾਈਆ । ਪੜਦਾ

ਲਾਹ ਕੇ ਤੋਰਾ ਮੋਰਾ, ਆਪ ਆਪਣੇ ਅੰਗ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਗੋਬਿੰਦ ਕਹੇ ਕਿਉਂ ਪੁਰੀ ਅਨੰਦ ਛੱਡੀ, ਨਾਤਾ ਲਿਆ ਤੁੜਾਈਆ । ਕਿਉਂ ਗੋਬਿੰਦ ਚੱਲੀ ਨਾ ਗੱਦੀ, ਅੱਗੇ ਗੁਰੂ ਤਤ ਨਾ ਕੋਇ ਵਡਿਆਈਆ । ਕਿਉਂ ਸ਼ਬਦੀ ਧਾਰ ਬੱਧੀ, ਹੁਕਮੀ ਹੁਕਮ ਸ਼ਨਵਾਈਆ । ਕਿਉਂ ਖੇਲ ਕੀਤਾ ਯਦੀ, ਯੱਕ ਨਾਅਰਾ ਇਕ ਸੁਣਾਈਆ । ਇਹ ਵੇਲਾ ਵਕਤ ਆਉਂਦਾ ਕਦੀ, ਕਦੀਮ ਤੋਂ ਪ੍ਰਭ ਦੀ ਰੀਤੀ ਚਲੀ ਆਈਆ । ਮੇਰੀ ਧਾਰ ਓਸ ਨਾਲ ਬੱਧੀ, ਜਿਸ ਨੂੰ ਬੰਦਨਾ ਕਰ ਕੇ ਸਾਰੇ ਸੀਸ ਝੁਕਾਈਆ । ਜਿਸ ਦਾ ਹੁਕਮ ਕਦੇ ਨਾ ਹੋਵੇ ਰੱਦੀ, ਬਦਲੀ ਵਿਚ ਨਾ ਕੋਇ ਬਦਲਾਈਆ । ਓਸ ਦੇ ਪ੍ਰੇਮ ਦੀ ਸੱਚੀ ਸਦੀ, ਸੱਦੇ ਦੇ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਮੇਰੇ ਅੰਦਰ ਵਰਤਾਈਆ । ਗੋਬਿੰਦ ਕਿਹਾ ਕਿਉਂ ਹੋਇਆ ਪੁਰ ਅਨੰਦ ਅਲੱਗ, ਸਮਝ ਕਿਸੇ ਨਾ ਆਈਆ । ਖੋਜ ਸਕੇ ਨਾ ਕੋਇ ਜਗ, ਭੇਵ ਸਕੇ ਨਾ ਕੋਇ ਦ੍ਰਿੜਾਈਆ । ਰਾਜ਼ ਸਕੇ ਨਾ ਕੋਇ ਲੱਭ, ਸਮਝ ਵਿਚ ਨਾ ਕੋਈ ਚਤੁਰਾਈਆ । ਜਗਤ ਵਾਸਨਾ ਮੇਟ ਕੇ ਹੱਦ, ਮਾਇਆ ਖ਼ਾਹਿਸ਼ ਦਿਤੀ ਤਜਾਈਆ । ਪੁਰਖ ਅਕਾਲ ਦਾ ਕਰ ਕੇ ਹੱਜ, ਹਾਜਤ ਆਪਣੀ ਵੇਖ ਵਖਾਈਆ । ਸਚ ਦਵਾਰੇ ਮੰਗ ਕੇ ਮੰਗ, ਮੰਗੀ ਖ਼ੁਸ਼ੀ ਰਾਈਆ । ਕਿਰਪਾ ਕੀਤੀ ਸੂਰੇ ਸਰਬੰਗ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ਼ਬਦ ਅਗੰਮੀ ਹੁਕਮ ਦਿਤਾ ਅਸਵ ਨੀਲੇ ਨਹੀਂ ਕਸਣਾ ਤੰਗ, ਜ਼ੀਨ ਪਾਖਰ ਖ਼ੁਸ਼ੀ ਨਾਲ ਟਿਕਾਈਆ । ਹੁਕਮੇ ਅੰਦਰ ਦੇ ਕੇ ਢੰਗ, ਤਰੀਕਾ ਅਗਲਾ ਦਿਤਾ ਸਮਝਾਈਆ । ਜਗਤ ਗੋਬਿੰਦ ਤੇਰਾ ਸ਼ਸਤਰਾਂ ਵਾਲਾ ਜੰਗ, ਜਗਤ ਖੇਲ ਲੋਕਾਈਆ । ਤੇਰਾ ਭਗਤਾਂ ਵਾਲਾ ਅਨੰਦ, ਆਪਣੇ ਵਿਚ ਛੁਪਾਈਆ । ਗੁਰਮੁਖਾਂ ਵਾਲਾ ਸੰਗ, ਜੋਤ ਸ਼ਬਦ ਵਡਿਆਈਆ । ਨਿਰਗੁਣ ਨੂਰ ਦੱਸ ਕੇ ਹੰ, ਪਾਰਬ੍ਰਹਮ ਪੜਦਾ ਲਾਹੀਆ । ਜਿਸ ਧਾਰੋਂ ਆਏ ਜੰਮ, ਤਨ ਵਜੂਦ ਮਿਲੇ ਵਡਿਆਈਆ । ਭਾਗ ਲੱਗੇ ਮਾਟੀ ਕੱਚ ਚੰਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਕਿਉਂ ਤਜਿਆ ਘਰ ਬਾਰ, ਘਰਾਨਾ ਦਿਤਾ ਤਜਾਈਆ । ਓਟ ਰੱਖ ਕੇ ਇਕ ਯਾਰ, ਯਾਰਾਨੇ ਕੂੜੇ ਦਿੱਤੇ ਮੁਕਾਈਆ । ਪ੍ਰੇਮ ਪ੍ਰੀਤੀ ਪਹਿਨ ਹਥਿਆਰ, ਹੱਥ ਜੋੜ ਸੀਸ ਨਿਵਾਈਆ । ਪੁਰਖ ਅਕਾਲ ਖਿੱਚ ਕਟਾਰ, ਕਰਤਬ ਆਪਣਾ ਦਿਤਾ ਦ੍ਰਿੜਾਈਆ । ਇਸ ਦਾ ਲਹਿਣਾ ਦੇਣਾ ਬਰਸ ਦੋ ਚਾਰ, ਪੰਜ ਸੱਤ ਤੋਂ ਵੱਧ ਨਾ ਵੰਡ ਵੰਡਾਈਆ । ਅਗਲਾ ਖੇਲ ਨਾਲ ਨਿਰੰਕਾਰ, ਨਿਰਗੁਣ ਸਰਗੁਣ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਬਣੇ ਹਥਿਆਰ, ਜਿਸ ਦੀ ਸਮਝੇ ਕੋਇ ਨਾ ਧਾਰ, ਕਟਾਰ ਤਲਵਾਰ ਕੰਮ ਕੋਇ ਨਾ ਆਈਆ । ਲਹਿਣਾ ਦੇਣਾ ਮੁਕਾਵੇ ਸਰਬ ਸੰਸਾਰ, ਕੂੜੀ ਕਿਰਿਆ ਕਰੇ ਖੁਆਰ, ਗੁਰਮੁਖ ਸੱਜਣ ਲਏ ਉਬਾਰ, ਅੰਤਰ ਬਾਹਰ ਕਰੇ ਪਿਆਰ, ਨਿਰੰਤਰ ਨੂਰ ਕਰ ਉਜਿਆਰ, ਮੰਤਰ ਇਕ ਜੈਕਾਰ, ਧੁਰ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਰ ਕੇ ਨਿਮਸਕਾਰ, ਮੰਗੀ ਮੰਗ ਦਰ ਭਿਖਾਰ, ਸਭ ਕਿਛ ਤੇਰੇ ਅਖ਼ਤਿਆਰ, ਦੇਵਣਹਾਰੇ ਸਿਰਜਣਹਾਰ, ਬੇਪਰਵਾਹ ਤੇਰੀ ਬੇਪਰਵਾਹੀ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਆਪਣੀ ਕਾਰ, ਕਰਨੀ ਦਾ ਕਰਤਾ ਕਾਇਨਾਤ ਆਪਣਾ ਖੇਲ ਵਖਾਈਆ ।

★ ੧੮ ਮਾਘ ਸ਼ਹਿਨਸ਼ਾਹੀ ਸੰਮਤ ੨ ਕਰਨੈਲ ਸਿੰਘ ਦੇ ਗ੍ਰਿਹ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ★

ਗੋਬਿੰਦ ਕਹੇ ਪੁਰਖ ਅਕਾਲ ਜਾਣੇ ਵਜ਼ਿਆ, ਸ਼ਾਸਤਰ ਸਿਮਰਤ ਸਮਝ ਕਿਸੇ ਨਾ ਆਈਆ । ਜਿਸ ਕਾਰਨ ਪੁਰੀ ਅਨੰਦ ਤੱਜਿਆ, ਨਾਤਾ ਕੂੜ ਤੁੜਾਈਆ । ਸਚਖੰਡ ਦਵਾਰੇ ਸਾਚੇ ਸਜਿਆ, ਸੱਜਣ ਪਾਇਆ ਬੇਪਰਵਾਹੀਆ । ਜਿਸ ਦਾ ਨਾਮ ਦਮਾਮਾ ਵੱਜਿਆ, ਚੋਟ ਅਗੰਮੀ ਲਾਈਆ । ਓਸੇ ਦਾ ਆਇਆ ਸੱਦਿਆ, ਘਰ ਓਹੋ ਵੇਖਿਆ ਚਾਈਂ ਚਾਈਂਆ । ਸਚ ਪ੍ਰੇਮ ਦਾ ਵੇਖ ਕੇ ਮਜ਼ਿਆ, ਅਨੰਦ ਆਪਣਾ ਲਿਆ ਬਣਾਈਆ । ਜਿਸ ਮੇਰਾ ਪੜਦਾ ਕੱਜਿਆ, ਓਢਣ ਸੀਸ ਦਿਤਾ ਟਿਕਾਈਆ । ਓਸ ਦੇ ਹੁਕਮ ਅੰਦਰ ਆਦਿ ਜੁਗਾਦਿ ਲੱਗਿਆ, ਦਿਵਸ ਰੈਣ ਸੇਵ ਕਮਾਈਆ । ਸਚ ਮੁਹੱਬਤ ਦੀ ਪੀ ਕੇ ਮਧਿਆ, ਮਧੁਰ ਧੁਨ ਓਸੇ ਦਾ ਨਾਮ ਧਿਆਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸੱਜਣ ਮੀਤ ਮੁਰਾਰਾ ਇਕੋ ਲੱਭਿਆ, ਜਿਸ ਨਾਲ ਮਿਲ ਕੇ ਆਦਿ ਜੁਗਾਦਿ ਝਟ ਲੰਘਾਈਆ । ਏਥੇ ਓਥੇ ਨਿਰਗੁਣ ਸਰਗੁਣ ਕਦੇ ਨਾ ਕਰੇ ਦਗ਼ਿਆ, ਦਗ਼ਾ ਫ਼ਰੇਬੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਆਪਣਾ ਰੰਗ ਚੜ੍ਹਾਈਆ । ਗੋਬਿੰਦ ਕਹੇ ਕਿਉਂ ਛੱਡਿਆ ਜਗਤ ਮੰਦਰ, ਮੰਤਵ ਸਮਝੇ ਕੋਇ ਨਾ ਰਾਈਆ । ਮੈਂ ਲੰਘਿਆ ਓਸ ਅੰਦਰ, ਜਿਸ ਦਾ ਕੁਫ਼ਲ ਬੰਦ ਨਾ ਕੋਇ ਕਰਾਈਆ । ਅਗੰਮੀ ਵੇਖੀ ਰੰਗਣ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਕੋਟਨ ਮੰਗਣ, ਅਨਗਿਣਤ ਵਿਸ਼ਨ ਬ੍ਰਹਮਾ ਸ਼ਿਵ ਝੋਲੀਆਂ ਡਾਹੀਆ । ਪੁਰੀ ਅਨੰਦ ਨਾਲੋਂ ਮੈਨੂੰ ਆਇਆ ਚੰਗਾ ਅਨੰਦਨ, ਅਨੰਦ ਵੇਖਿਆ ਧੁਰਦਰਗਾਹੀਆ । ਸਾਚੀ ਧੂੜੀ ਦੀ ਲਾ ਕੇ ਚੰਦਨ, ਮਸਤਕ ਆਪਣੀ ਰੇਖ ਬਦਲਾਈਆ । ਬਿਨਾ ਹੱਥਾਂ ਤੋਂ ਕਰ ਕੇ ਬੰਦਨ, ਬੰਦੇ ਦੀ ਬੰਦਗੀ ਤੋਂ ਪਰੇ ਪਾਰਬ੍ਰਹਮ ਵਿਚ ਸਮਾਈਆ । ਗਾ ਕੇ ਢੋਲਾ ਛੰਦਨ, ਸੋਹੰ ਸਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਗੋਬਿੰਦ ਕਹੇ ਕਿਉਂ ਪੁਰੀ ਅਨੰਦ ਵਿਚੋਂ ਹੋਇਆ ਭਗੌੜਾ, ਭਾਜੜ ਦਿਤੀ ਪਾਈਆ । ਇਕੋ ਹੱਥ ਫੜਾ ਕੇ ਡੋਰਾ, ਡੋਰੀ ਓਸੇ ਨਾਲ ਜੁੜਾਈਆ । ਜਿਸ ਦਾ ਖੇਲ ਬ੍ਰਾਹਮਣ ਗੌੜਾ, ਬ੍ਰਹਮਾ ਵੇਤਾ ਸਮਝ ਨਾ ਰਾਈਆ । ਜੁਗ ਚੌਕੜੀ ਜਿਸ ਦਾ ਨਾਮ ਵਰਤਿਆ ਭੋਰਾ ਭੋਰਾ, ਭੋਰ ਭੋਰ ਗੁਰ ਅਵਤਾਰ ਪੈਗ਼ੰਬਰ ਗਏ ਖਾਈਆ । ਬਿਨਾ ਤੱਤਾਂ ਤੋਂ ਓਸ ਦਾ ਬਣਿਆ ਛੋਹਰਾ, ਬਾਂਕਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਅੰਦਰ ਖੇਲ ਵਰਤਾਈਆ । ਗੋਬਿੰਦ ਕਹੇ ਕਿਉਂ ਪੁਰੀ ਅਨੰਦੋਂ ਨੱਠਾ, ਖ਼ੁਸ਼ੀਆਂ ਢੋਲਾ ਗਾਈਆ । ਕਿਉਂ ਗੁਰਸਿੱਖਾਂ ਸਰਸੇ ਖੇਲ ਖੇਲਿਆ ਇਕੱਠਾ, ਖ਼ਲਕ ਪੜਦਾ ਨਾ ਕੋਇ ਉਠਾਈਆ । ਕਿਉਂ ਦੇ ਕੇ ਧੀਰਜ ਹੱਠਾ, ਸਤਿ ਸੰਤੋਖ ਦਿਤਾ ਬੰਧਾਈਆ । ਪੁਰਖ ਅਕਾਲ ਕਿਸ ਬਿਧ ਮਾਰੇ ਮੇਰੇ ਅੰਦਰ ਸੱਟਾਂ, ਸ਼ਬਦੀ ਸ਼ਬਦ ਹੁਕਮ ਸੁਣਾਈਆ । ਤੇਰੇ ਸ਼ਰੀਰ ਦਾ ਹੋਣਾ ਵਟਾ, ਬਦਲੀ ਸ਼ਬਦ ਨਾਲ ਬਦਲਾਈਆ । ਮੁੜ ਕੇ ਕਰਨਾ ਪਏ ਨਾ ਰੱਟਾ, ਝਗੜਾ ਝਗੜਨਾ ਪਏ ਨਾ ਨਾਲ ਲੋਕਾਈਆ । ਜਿਹੜਾ ਮੇਰਾ ਨਾਮ ਨੂਰ ਲੱਭਦੇ ਰਤਾ, ਭੋਰਾ ਭੋਰਾ ਸਰਬ ਵਰਤਾਈਆ । ਫੇਰ ਸਭ ਕੁਛ ਦੇਵਾਂ ਤੇਰੇ ਹੱਥਾਂ, ਨਾਤਾ ਆਪਣੇ ਨਾਲ ਜੁੜਾਈਆ । ਹੁਣ ਛੱਡ ਦੇ ਮੰਦਰ ਮੁਨਾਰੇ ਇੱਟਾਂ, ਕੱਖਾਂ ਨਾਲ ਨਾ ਕੋਇ ਵਡਿਆਈਆ । ਫੇਰ ਮੈਂ ਤੇਰੇ ਅੰਦਰ ਵਸਾਂ, ਜਿਸ ਨੂੰ ਸਮਝੇ ਨਾ ਕੋਇ ਜਗਤ ਸ਼ਾਸਤਰ ਸ਼ਰਅ ਵਾਲੀ ਦੁਹਾਈਆ । ਆਪਣੀ ਰਚਨਾ ਤੇਰੇ ਨਾਲ ਮਿਲ ਕੇ ਵੇਖਾਂ ਬਿਨਾ ਅੱਖਾਂ, ਰੱਖਕ ਹੋ ਕੇ ਰੱਖਿਆ

ਕਰਾਂ ਥਾਉਂ ਥਾਈਆ । ਕੌਲ ਇਕਰਾਰ ਕਰਾਂ ਸੱਚਾ, ਸਚ ਸਚ ਦਿਆਂ ਜਣਾਈਆ । ਅਸਲ ਵਿਚ ਵਸਲ ਵਿਚ ਤੂੰ ਮੇਰਾ ਸ਼ਬਦੀ ਪੂਤ ਪੱਕਾ, ਸੁਤ ਦੁਲਾਰਾ ਨਿਰਗੁਣ ਨਜ਼ਰੀ ਆਈਆ । ਇਹ ਕਾਇਆ ਦਾ ਭਾਂਡਾ ਕੱਚਾ, ਅੰਤ ਨਾਤਾ ਜਾਏ ਛੁਡਾਈਆ । ਗੋਬਿੰਦ ਸੀਸ ਨਵਾ ਕੇ ਕਿਹਾ ਅੱਛਾ, ਤੇਰੇ ਹੁਕਮ ਅੰਦਰ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸਮਝਾਈਆ । ਗੋਬਿੰਦ ਕਹੇ ਅਨੰਦ ਪੁਰ ਛੱਡਦਿਆਂ ਕੀਤੀ ਫ਼ਰਿਆਦ, ਫ਼ਰਮਾਂਬਰਦਾਰ ਹੋ ਕੇ ਸੀਸ ਨਿਵਾਈਆ । ਮੈਨੂੰ ਰਸ ਦੇ ਜੋ ਅਗੰਮੀ ਆਦਿ ਜੁਗਾਦਿ, ਜੁਗ ਬਦਲ ਕਦੇ ਨਾ ਜਾਈਆ । ਪੁਰਖ ਅਕਾਲ ਮਾਰ ਆਵਾਜ਼, ਧੁਰ ਦੀ ਧਾਰ ਅੰਦਰ ਜਣਾਈਆ । ਤੂੰ ਮੇਰਾ ਮੈਂ ਤੇਰਾ ਇਹ ਗਾ ਆਪਣਾ ਰਾਗ, ਦੂਜਾ ਸੁਣਨ ਕੋਇ ਨਾ ਪਾਈਆ । ਸਚ ਮੁਹੱਬਤ ਵਿਚ ਸਦਾ ਰੱਖਣੀ ਆਸ, ਆਸਾ ਵਿਚ ਭਰਵਾਸਾ ਦਿਤਾ ਬੰਧਾਈਆ । ਮੇਰੀ ਪਵਣ ਤੇਰਾ ਸਵਾਸ ਤੇਰਾ ਸਵਾਸ ਮੇਰਾ ਪਰਕਾਸ਼, ਵਿਚ ਪ੍ਰਿਥਮੀ ਆਕਾਸ਼ ਸੀਸ ਨਿਵਾਈਆ । ਦੱਸਾਂ ਖੇਲ ਬਿਨ ਤੱਤਾਂ ਮੇਲ ਨਿਰਗੁਣ ਨਿਰਗੁਣ ਤਮਾਸ਼, ਖ਼ਾਲਕ ਹੋ ਕੇ ਖ਼ਲਕ ਵਿਚ ਖਿਲਾਈਆ । ਮਿਹਰਵਾਨ ਹੋ ਕੇ ਦੇਵਾਂ ਸ਼ਾਬਾਸ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੋ ਕੇ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਗੁਣਤਾਸ, ਗੁਣਵੰਤਾ ਗਹਿਰ ਗੰਭੀਰ ਬੇਨਜ਼ੀਰ ਨਜ਼ਰ ਤੋਂ ਪਰੇ, ਕਰੇ ਖੇਲ ਆਪਣਾ ਹਰੇ, ਹਰੀ ਹਰਿ ਹਰਿ ਹਰਿ ਗੋਬਿੰਦ ਹੁਕਮ ਵਰਤਾਈਆ ।





## ★ ੧੮ ਮਾਘ ਸ਼ਹਨਸ਼ਾਹੀ ਸੰਮਤ ੨ ਬੀਬੀ ਮਹਿੰਦਰ ਕੌਰ ਦੇ ਗ੍ਰਿਹ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ★

ਗੋਬਿੰਦ ਕਹੇ ਪੁਰੀ ਅਨੰਦ ਦਾ ਆਇਆ ਚੇਤਾ, ਚੇਤਨ ਹੋ ਕੇ ਦਿਆਂ ਜਣਾਈਆ । ਹੁਕਮ ਸੁਣਿਆ ਪੁਰਖ ਅਕਾਲ ਹੋਣਾ ਸਭ ਦਾ ਨੇਤਾ, ਨਰ ਨਿਰੰਕਾਰ ਧੁਰਦਰਗਾਹੀਆ । ਲੱਖ ਚੁਰਾਸੀ ਵੇਖੇ ਆਪਣੇ ਖੇਤਾਂ, ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾਈਆ । ਬ੍ਰਹਿਮੰਡਾ ਖੰਡਾਂ ਕਰੇ ਵੇਂਤਾ, ਪੁਰੀਆਂ ਲੋਆ ਹੁਕਮ ਵਰਤਾਈਆ । ਲੱਖ ਚੁਰਾਸੀ ਜਾਣੇ ਲੇਖਾ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਕੂੜੀ ਕਿਰਿਆ ਮੇਟੇ ਭੇਖਾ, ਇਕੋ ਡੰਕਾ ਨਾਮ ਸੁਣਾਈਆ । ਪੜਦਾ ਲਾਹੇ ਦੇਸ ਪਰਦੇਸਾ, ਦੋ ਜਹਾਨਾਂ ਭੇਵ ਚੁਕਾਈਆ । ਸ਼ਾਹੋ ਭੂਪ ਬਣ ਨਰ ਨਰੇਸ਼ਾ, ਨਰ ਨਰਾਇਣ ਹੁਕਮ ਵਰਤਾਈਆ । ਜਿਸ ਨੂੰ ਸਾਰੇ ਕਰਨ ਆਦੇਸਾ, ਸਚ ਦਵਾਰੇ ਸੀਸ ਝੁਕਾਈਆ । ਸੋ ਸਦਾ ਰਹੇ ਹਮੇਸ਼ਾ, ਜੁਗ ਜੌਕੜੀ ਆਪਣੀ ਕਾਰ ਕਮਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਗੁਰਮੁਖ ਆਪਣੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦਏ ਉਠਾਈਆ । ਗੋਬਿੰਦ ਕਿਹਾ ਪੁਰੀ ਅਨੰਦ ਅਗੰਮੀ ਆਈ ਖ਼ਬਰ, ਧੁਰ ਸੰਦੇਸ ਸੁਣਾਈਆ । ਜਿਸ ਦਾ ਪਰਕਾਸ਼ ਦੋ ਜਹਾਨਾਂ ਉਤੇ ਅੰਬਰ, ਆਦਿ ਅੰਤ ਸਦਾ ਰੁਸ਼ਨਾਈਆ । ਓਸ ਦਿਤਾ ਪਿਆਲਾ ਸਬਰ, ਮਧੁਰ ਜਾਮ ਪਿਆਈਆ । ਰੂਪ ਦੱਸ ਅਗੰਮੀ ਬੱਬਰ, ਬਾਬਰ ਸ਼ਾਹੀ ਦਿਤੀ ਖਪਾਈਆ । ਲੇਖੇ ਲਾ ਆਪਣਾ ਬੰਸ ਸਰਬੰਸ ਟੱਬਰ, ਲੇਖਾ ਪਿਛਲਾ ਮੂਲ ਚੁਕਾਈਆ । ਜਿਹੜੀ ਮੰਗ ਮੁਹੰਮਦ ਮੰਗੀ ਵੜਨ ਲੱਗੇ ਵਿਚ ਕਬਰ,

ਕਾਅਬੇ ਦੇ ਮਾਲਕ ਕਾਇਲ ਹੋ ਕੇ ਤੇਰੀ ਆਸ ਤਕਾਈਆ । ਸਦੀ ਚੌਧਵੀਂ ਦੇਣੀ ਬਦਲ, ਬਦਲ ਵਿਚ ਅਦਲ ਤੇਰਾ ਨਜ਼ਰੀ ਆਈਆ । ਜਗਤ ਵਾਸਨਾ ਕਰ ਕਤਲ, ਨਾਮ ਖੰਡਾ ਸ਼ਮਸ਼ੀਰ ਸ਼ਰਅ ਕਰੇ ਸਫ਼ਾਈਆ । ਓਸ ਦਾ ਕਰਨਾ ਯਤਨ, ਯਥਾਰਥ ਗੋਬਿੰਦ ਸੇਵਾ ਲਾਈਆ । ਜਿਸ ਦਾ ਇਕੋ ਆਦਿ ਜੁਗਾਦੀ ਵਤਨ, ਬੇਵਤਨ ਹੋ ਕੇ ਬੇਵਤਨਾਂ ਆਪਣੇ ਘਰ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਗੋਬਿੰਦ ਕਿਹਾ ਮੇਰੀ ਅੰਤ ਅੰਤਰ ਸੱਧਰ, ਸਦੀਆਂ ਦੀ ਪਿਛਲੀ ਦਿਆਂ ਜਣਾਈਆ । ਕੂੜੀ ਕਿਰਿਆ ਵੇਖ ਗ਼ਦਰ, ਨੇਤਰ ਨੈਣ ਅੱਖ ਖੁਲ੍ਹਾਈਆ । ਬੇਨੰਤੀ ਵਿਚ ਕਿਹਾ ਕਿਰਪਾ ਕਰ ਕਰ ਅਦਲ, ਪੁਰਖ ਅਕਾਲ ਤੇਰੀ ਸਰਨਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਆਵੇਂ ਮੇਰੇ ਵਤਨ, ਘਰਾਨੇ ਡੇਰਾ ਲਾਈਆ । ਫੇਰ ਬਣਾ ਕੇ ਤੇਰਾ ਪੱਤਣ, ਕਿਨਾਰਾ ਧੁਰ ਦਾ ਦਿਆਂ ਸੁਹਾਈਆ । ਨਜ਼ਾਰਾ ਵੇਖਾਂ ਬਿਨ ਨੇਤਰ ਅੱਖਨ, ਅੱਖੀਆਂ ਪੱਖੀਆ ਤੋਂ ਡੇਰਾ ਪਰੇ ਲਾਈਆ । ਪੈਜ ਮਾਤ ਆਵਾ ਰੱਖਣ, ਸਹਿਜ ਸਹਿਜ ਆਪਣੀ ਕਾਰ ਕਮਾਈਆ । ਸਚ ਦੇਹੁਰੇ ਆਵਾਂ ਵਸਣ, ਮੰਦਰ ਮਹਿਬੂਬ ਹੋ ਕੇ ਮਹੱਲ ਦਿਆਂ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਗੋਬਿੰਦ ਕਹੇ ਸ਼ਬਦ ਅਗੰਮੀ ਕਾਇਆ ਅੰਦਰ ਫਿਰਿਆ, ਭੱਜਿਆ ਵਾਹੋ ਦਾਹੀਆ । ਪੁਰਖ ਅਕਾਲ ਦੀ ਦੱਸੀ ਸਾਚੀ ਕਿਰਿਆ, ਪੜਦਾ ਦਿਤਾ ਉਠਾਈਆ । ਗੇੜਾ ਇਕੋ ਵਾਰ ਗਿੜਿਆ, ਗਰਦਸ਼ ਰਹੀ ਨਾ ਕੋਇ ਲੋਕਾਈਆ । ਪ੍ਰੇਮ ਪ੍ਰੀਤੀ ਫੁੱਲ ਖਿੜਿਆ, ਪੰਖੜੀ ਵੰਡ ਨਾ ਕੋਇ ਵੰਡਾਈਆ । ਘਰ ਵੇਖ ਅਗੰਮਾ ਥਿਰਿਆ, ਸਚ ਦਵਾਰ ਸੋਭਾ ਪਾਈਆ । ਜੋ ਜੁਗ ਚੌਕੜੀ ਚਿਰੀਂ ਵਿਛੜਿਆ, ਸਹਿਜੇ ਵੇਖ ਵਖਾਈਆ । ਆਪਣੀ ਧਾਰ ਵਿਚੋਂ ਨਿਕਲਿਆ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਹੁਕਮ ਨਾਲ ਕਿਹਾ ਗੋਬਿੰਦ ਆਪਣੇ ਸਿੱਖ ਲਿਆ, ਜਿਨ੍ਹਾਂ ਦੇਵਾਂ ਮਾਣ ਵਡਿਆਈਆ । ਗੋਬਿੰਦ ਕਿਹਾ ਪਹਿਲੋਂ ਮੈਨੂੰ ਭਿੱਖ ਪਾ, ਗੁਰਮੁਖਾਂ ਨੂੰ ਰਸ ਦਿਆਂ ਚਖਾਈਆ । ਜਨਮ ਜਨਮ ਦੀ ਤ੍ਰਿਖ ਮਿਟਾ, ਤ੍ਰਿਸਨਾ ਦਿਆਂ ਗਵਾਈਆ । ਸਾਚਾ ਮਾਰਗ ਇਕ ਲਗਾ, ਇਕੋ ਰੰਗ ਰੰਗਾਈਆ । ਹੁਣ ਅੰਮ੍ਰਿਤ ਜਾਮ ਜਾਵਾਂ ਪਿਆ, ਅੰਮ੍ਰਿਤ ਰਸ ਚਖਾਈਆ । ਦੂਜੀ ਵਾਰ ਤੇਰੀ ਚਰਨੀ ਦਿਆਂ ਟਿਕਾ, ਟਿੱਕੇ ਮਸਤਕ ਆਪਣਾ ਨਾਮ ਲਗਾਈਆ । ਪੁਰਖ ਅਕਾਲ ਕਿਹਾ ਕੁਛ ਖ਼ੁਸ਼ੀ ਨਾਲ ਖਵਾ, ਆਪਣੀ ਵਸਤ ਵਰਤਾਈਆ । ਗੋਬਿੰਦ ਕਿਹਾ ਮੈਨੂੰ ਸੱਦ ਲੈਣ ਦੇ ਗਵਾਹ, ਬਾਵਨ ਆਵਾਜ਼ ਲਗਾਈਆ । ਓਸ ਆ ਕੇ ਸੀਸ ਦਿਤਾ ਝੁਕਾ, ਚਰਨ ਧੂੜੀ ਛਾਰ ਛੁਹਾਈਆ । ਪ੍ਰਭੂ ਉਹ ਵੇਲਾ ਵਕਤ ਲੈਣ ਦੇ ਆ, ਮਰਿਆਦਾ ਪਰਸ਼ੋਤਮ ਤੇਰੀ ਮਰਿਆਦਾ ਧੁਰ ਦੀ ਚਲੀ ਆਈਆ । ਜਿਸ ਵੇਲੇ ਨਿਰਗੁਣ ਨੂਰ ਜੋਤ ਕਰੇਂ ਰੁਸ਼ਨਾ, ਗੋਬਿੰਦ ਸ਼ਬਦੀ ਧਾਰ ਆਪਣਾ ਨਾਮ ਡੰਕ ਲਏਂ ਵਜਾ, ਗੁਰਮੁਖ ਗੁਰਸਿਖ ਹਰਿਭਗਤ ਸੁਹੇਲੇ ਸਹਿਜੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਖਿਲਾ, ਖੇਲ ਵਿਚ ਆਪਣਾ ਆਪ ਖਿਲਾਈਆ ।

੪੨੪
੨੦

## ★ ੧੮ ਮਾਘ ਸ਼ਹਿਨਸ਼ਾਹੀ ਸੰਮਤ ੨ ਮੱਖਣ ਸਿੰਘ ਦੇ ਗ੍ਰਿਹ ਸ਼ਾਹ ਵਾਲਾ ਜ਼ਿਲਾ ਫਿਰੋਜ਼ਪੁਰ ★

ਗੋਬਿੰਦ ਕਹੇ ਕਿਉਂ ਛੱਡਿਆ ਜਗਤ ਅਨੰਦ ਪੁਰ ਕਿਲ੍ਹਾ, ਚਾਰ ਦੀਵਾਰੀ ਦਿਤੀ ਤਜਾਈਆ । ਪੁਰਖ ਅਕਾਲ ਹੁਕਮ ਇਕੋ ਮਿਲਾ, ਧੁਰ ਫ਼ਰਮਾਨਾ ਦਿਤਾ ਦ੍ਰਿੜਾਈਆ । ਸ਼ਬਦੀ ਧਾਰ ਰਹਿਣਾ ਨਾ ਢਿੱਲਾ, ਤਤ ਸੁਖ ਨਾ ਕੋਇ ਚਤੁਰਾਈਆ । ਮੇਰੇ ਹੁਕਮ ਦਾ ਕੱਟਣਾ ਛਿਲਾ, ਚਿੱਲਾ ਤੀਰ ਕਮਾਨ ਸੁਹਾਈਆ । ਸੁਹੰਜਣਾ ਹੋਏ ਵੇਲਾ, ਧੁਰ ਦੇ ਵਕਤ ਵੱਜੇ ਵਧਾਈਆ । ਤੇਰਾ ਮਾਲਕ ਇਕ ਇਕੱਲਾ, ਸਚਖੰਡ ਨਿਵਾਸੀ ਨਜ਼ਰੀ ਆਈਆ । ਜੋ ਮੰਗਣਾ ਮੰਗ ਕੇ ਲੈ ਲਾ, ਦੇਵਣਹਾਰ ਦਇਆ ਕਮਾਈਆ । ਜੋ ਕਹਿਣਾ ਰਸਨਾ ਨਾਲ ਕਹਿ ਲਾ, ਹਰਿ ਸੁਣ ਕੇ ਖ਼ੁਸ਼ੀ ਬਣਾਈਆ । ਗੋਬਿੰਦ ਕਿਹਾ ਮੈਂ ਤੇਰਾ ਭਾਣਾ ਸਹਿਣਾ, ਦੂਜੀ ਆਸ ਨਾ ਕੋਇ ਵਧਾਈਆ । ਤੇਰੇ ਚਰਨ ਕਵਲਾਂ ਰਹਿਣਾ, ਇਹੋ ਮੇਰੀ ਵਡਿਆਈਆ । ਤੇਰੇ ਧਾਮ ਦਵਾਰੇ ਬਹਿਣਾ, ਅਸਥਾਨ ਇਕੋ ਸੋਭਾ ਪਾਈਆ । ਦਰਸ ਕਰਾਂ ਬਿਨ ਨੈਣਾਂ, ਤੇਰੀ ਅੱਖ ਮੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਲੈਣਾ ਬਣਾਈਆ । ਗੋਬਿੰਦ ਕਹੇ ਮੈਨੂੰ ਅਗੰਮੀ ਲੱਗਾ ਟਿੱਕਾ, ਬਿਨ ਹੱਥਾਂ ਦਿਤਾ ਕਿਸੇ ਲਗਾਈਆ । ਮੇਰਾ ਰੂਪ ਹੋ ਗਿਆ ਨਿੱਕਾ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਲੇਖ ਅਨੋਖਾ ਲਿਖਾ, ਲਾਈਨ ਸਤਰ ਢਾਈ ਵੰਡ ਵੰਡਾਈਆ । ਪੁਰਖ ਅਕਾਲ ਕਿਹਾ ਉਠ ਮੇਰਿਆ ਸਿੱਖਾ, ਸਿਖਿਆ ਤੈਨੂੰ ਦਿਤੀ ਦ੍ਰਿੜਾਈਆ । ਗੋਬਿੰਦ ਕਿਹਾ ਧੁਰ ਦੇ ਬਿਨ ਧਰਨੀ ਤੋਂ ਮੇਰੇ ਪਿਤਾ, ਧਰਮ ਦਾ ਸਾਕ ਨਾ ਕੋਇ ਬਣਾਈਆ । ਸਦਾ ਮੇਰਾ ਪੂਰੀਂ ਪਿੱਛਾ, ਪੱਛੋਤਾ ਰਹੇ ਨਾ ਕੋਇ ਲੋਕਾਈਆ । ਮੈਂ ਤੇਰੇ ਦਵਾਰੇ ਵਿਕਾ, ਕੀਮਤ ਆਪੇ ਲੈਣੀ ਪਾਈਆ । ਪੁਰਖ ਅਕਾਲ ਕਰ ਕੇ ਹਿਤਾ, ਮਿਹਰ ਨਜ਼ਰ ਇਕ ਉਠਾਈਆ । ਅਗਲਾ ਕਰਾਇਆ ਚੇਤਾ, ਪੜਦਾ ਦਿਤਾ ਚੁਕਾਈਆ । ਜਿਸ ਵੇਲੇ ਹੋਵਾਂ ਇਕੋ ਨੇਤਾ, ਨਰ ਨਰਾਇਣ ਵੇਸ ਵਟਾਈਆ । ਤੇਰਾ ਮੇਰਾ ਮੇਰੇ ਘਰ ਹੋਵੇ ਏਕਾ, ਏਕੰਕਾਰ ਹੋ ਕੇ ਖੇਲ ਖਿਲਾਈਆ । ਸਿੱਖ ਉਧਾਰਨੇ ਤੇਰਾ ਮੁਹੱਬਤ ਵਾਲਾ ਹੋਵੇ ਠੇਕਾ, ਦੂਜੀ ਸ਼ਰਅ ਨਾ ਕੋਇ ਬਣਾਈਆ । ਤੇਰਾ ਗੁਰਮੁਖ ਫੇਰ ਜਨਮੇ ਨਾ ਮਾਈ ਪੇਟਾ, ਅਗਨੀ ਅਗਨ ਨਾ ਕੋਇ ਤਪਾਈਆ । ਤੂੰ ਸ਼ਬਦੀ ਗੋਬਿੰਦ ਸਤਿ ਸਚ ਦਾ ਖੇਵਟ ਖੇਟਾ, ਮਲਾਹ ਧੁਰ ਦਾ ਦਿਆਂ ਵਖਾਈਆ । ਆਦਿ ਦਾ ਉਪਜਿਆ, ਹੁਕਮ ਦਾ ਬੇਟਾ, ਸ਼ਬਦ ਦੀ ਸ਼ਬਦੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇ ਕੇ ਸਤਿ ਸਚ ਦੀ ਭੇਟਾ, ਗੋਬਿੰਦ ਭਾਵ ਭੇਟਾ ਆਪਣੇ ਵਿਚ ਰਖਾਈਆ ।



## ★ ੧੮ ਮਾਘ ਸ਼ਹਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹ ਸ਼ਾਹ ਵਾਲਾ ਜ਼ਿਲਾ ਫਿਰੋਜ਼ਪੁਰ ★

ਗੋਬਿੰਦ ਕਹੇ ਕਿਉਂ ਛੱਡਿਆ ਗੋਬਿੰਦ ਖੇੜਾ, ਅਖਾੜਾ ਜਗਤ ਵਾਲਾ ਬਣਾਈਆ । ਕਿਉਂ ਪਿਆ ਦਵੈਤੀ ਝੇੜਾ, ਝਗੜੇ ਵਿਚ ਲੜਾਈਆ । ਕਿਉਂ ਸਰਸੇ ਡੋਬਿਆ ਬੇੜਾ, ਆਪਣਾ ਲੇਖਾ ਭੇਟ ਕਰਾਈਆ । ਕਿਉਂ ਆਪਣਾ ਬੰਸ ਨਿਖੇੜਾ, ਧੁਰ ਦੀ ਵੰਡ ਵੰਡਾਈਆ । ਕਿਉਂ ਜਗਤ ਹੋਇਆ ਅੰਧੇਰਾ, ਰੈਣ ਅੰਧੇਰੀ ਛਾਈਆ । ਕਿਉਂ ਅੰਤਮ ਹੋਇਆ ਫੇਰਾ, ਅੱਗੇ ਗੁਰੂ ਨਾ ਕੋਇ ਵਡਿਆਈਆ । ਕਿਉਂ ਗੋਬਿੰਦ ਬਣ ਕੇ ਚੇਰਾ, ਚਿਰੀ

ਵਿਛੁੰਨੇ ਜੋੜ ਜੁੜਾਈਆ । ਕਿਉਂ ਨਾਉਂ ਧਰਾਇਆ ਸਿੰਘ ਸ਼ੇਰਾ, ਸ਼ਰਅ ਤੋਂ ਬਾਹਰ ਪਰਗਟਾਈਆ । ਕਿਉਂ ਬਣ ਵੱਡ ਦਲੇਰਾ, ਦੋ ਜਹਾਨਾਂ ਰਿਹਾ ਭਵਾਈਆ । ਕਿਉਂ ਛੁਪਾ ਕੇ ਆਪਣਾ ਚਿਹਰਾ, ਜਲਵਾ ਨੂਰ ਕੀਤਾ ਰੁਸ਼ਨਾਈਆ । ਕਿਉਂ ਸ਼ਬਦੀ ਬਣ ਕੇ ਕੇਹਰਾ, ਭਬਕ ਦਿਤੀ ਸੁਣਾਈਆ । ਕਿਉਂ ਨਿਰਵੈਰ ਹੋ ਕੇ ਕਰੇ ਮਿਹਰਾ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਕਿਉਂ ਪੁਰ ਅਨੰਦ ਛੱਡਿਆ ਗਰਾਂ, ਗਿਰਹਿ ਆਪਣੀ ਵੇਖ ਵਖਾਈਆ । ਸ਼ਬਦੀ ਸਤਿਗੁਰ ਸ਼ਬਦ ਕਰਾਈ ਹਾਂ, ਰਸਨਾ ਜਿਹਵਾ ਵੰਡ ਨਾ ਕੋਇ ਵੰਡਾਈਆ । ਕੀ ਸਿਖਿਆ ਦਿਤੀ ਮਾਂ, ਜਗਤ ਮਾਤਾ ਹੋ ਕੇ ਰਮਜ਼ ਲਗਾਈਆ । ਕਿਉਂ ਹਲੂਣੀ ਫੜ ਕੇ ਬਾਂਹ, ਬੱਚਿਆਂ ਵਾਂਗ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਯਾਦ ਆਈ ਪੁਰਾਣੀ, ਪੂਰਬ ਦਿਆਂ ਜਣਾਈਆ । ਜਿਸ ਵੇਲੇ ਨਿਰਗੁਣ ਨਾਨਕ ਸਰਗੁਣ ਨਾਨਕ ਪਹਿਲੀ ਵਾਰ ਸੁਣਾਈ ਆਪਣੀ ਬਾਣੀ, ਆਪਣਾ ਨਾਮ ਜਣਾਈਆ । ਖੇਲ ਦੱਸ ਕੇ ਪਰੇ ਚਾਰ ਖਾਣੀ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਢੋਲਾ ਗਾਈਆ । ਸ਼ਬਦ ਸਤਿਗੁਰ ਦੱਸ ਹਾਣੀ, ਇਕੋ ਰੰਗ ਰੰਗਾਈਆ । ਆਪਣਾ ਪ੍ਰੇਮ ਅੰਮ੍ਰਿਤ ਪਾਣੀ, ਜਾਮ ਧੁਰ ਦਾ ਦਿਤਾ ਪਿਲਾਈਆ । ਘਰ ਬਣਾ ਸੁਘੜ ਸੁਚੱਜੀ ਸਵਾਣੀ, ਸੋਹਣਾ ਰੰਗ ਰੰਗਾਈਆ । ਪੁਰਖ ਅਕਾਲ ਕਰ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਦਸ ਜਾਮੇ ਬਣ ਕੇ ਰਹਿਣਾ ਬਾਲ ਅੰਞਾਣੀ, ਤੱਤਾਂ ਵਾਲਾ ਸ਼ਰੀਰ ਹੰਢਾਈਆ । ਫੇਰ ਨਿਰਗੁਣ ਧਾਰ ਆਵੇ ਜਵਾਨੀ, ਜੋਬਨ ਅਗਲਾ ਲੈਣਾ ਹੰਢਾਈਆ । ਜਿਸ ਦੀ ਚਾਰ ਜੁਗ ਦੱਸ ਨਾ ਸਕਣ ਨਿਸ਼ਾਨੀ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਉਸ ਵੇਲੇ ਤੇਰਾ ਪਿਆਰ ਨਾਮ ਮੁਹੱਬਤ ਮੇਰੀ ਹੋਵੇ ਮਹਿੰਮਾਨੀ, ਰਸ ਅਗੰਮਾ ਇਕ ਵਖਾਈਆ । ਇਹ ਖੇਲ ਪਰੇ ਦੋ ਜਹਾਨੀ, ਸ੍ਰਿਸ਼ਟੀ ਦਾ ਰਚੇਤਾ ਬ੍ਰਹਮਾ ਭੇਵ ਕੋਇ ਨਾ ਪਾਈਆ । ਕੋਈ ਜਲਵਾ ਨਹੀਂ ਜਿਸਮਾਨੀ, ਤੱਤਾਂ ਨਾਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਾਣ ਜਾਣੀ, ਜਾਨਣਹਾਰ ਆਪਣੀ ਖੇਲ ਖਿਲਾਈਆ ।

★ ੧੮ ਮਾਘ ਸ਼ਹਿਨਸ਼ਾਹੀ ਸੰਮਤ ੨ ਗੁਰਦਾਸ ਸਿੰਘ ਦੇ ਗ੍ਰਿਹ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ★

ਗੋਬਿੰਦ ਕਹੇ ਪੁਰ ਅਨੰਦ ਪਿਆ ਰੋ, ਬਿੰਨ ਨੇਤਰ ਨੈਣਾਂ ਨੀਰ ਵਹਾਈਆ । ਤੁਧ ਬਿਨ ਮੇਰੀ ਵਾਤ ਨਾ ਪੁਛੇ ਕੋ, ਸਹਾਇਕ ਨਾਇਕ ਨਜ਼ਰ ਕੋਇ ਨਾ ਆਈਆ । ਕਿਉਂ ਨਾਤਾ ਤੋੜਿਆ ਮੁਹੱਬਤ ਮੋਹ, ਭੇਵ ਅਭੇਦਾ ਦੇ ਖੁਲ੍ਹਾਈਆ । ਮੇਰੇ ਅੰਦਰ ਤੇਰਾ ਚਰਨ ਗਿਆ ਛੋਹ, ਸਰਨ ਮਿਲੀ ਸਰਨਾਈਆ । ਧਰਨੀ ਨੇ ਆਪਣਾ ਪਾਪ ਲਿਆ ਧੋ, ਦੁਰਮਤ ਮੈਲ ਗਵਾਈਆ । ਤੇਰੇ ਪਰਕਾਸ਼ ਦੀ ਹੋਈ ਲੋ, ਬਿਨ ਲੋਚਨ ਨਜ਼ਰੀ ਆਈਆ । ਕਿਉਂ ਸਭ ਕੁਛ ਲਿਆ ਖੋਹ, ਖ਼ਾਲੀ ਭੰਡਾਰੇ ਦਿੱਤੇ ਬਣਾਈਆ । ਮੇਰੇ ਨਾਲ ਕਰ ਕੇ ਧਰੋਹ, ਧੁਰ ਦਾ ਨਾਤਾ ਲਿਆ ਜੁੜਾਈਆ । ਕੁਛ ਅੰਮ੍ਰਿਤ ਰਸ ਆਪਣਾ ਚੋ, ਗਹਿਰ ਗੰਭੀਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਕਰਾਈਆ ।

ਗੋਬਿੰਦ ਕਹੇ ਪੁਰ ਅਨੰਦ ਵਹਾਏ ਨੀਰ, ਛਹਿਬਰ ਪ੍ਰੇਮ ਲਗਾਈਆ । ਕਿਉਂ ਬਦਲ ਦਿਤੀ ਤਕਦੀਰ, ਤਦਬੀਰ ਕੀ ਬਣਾਈਆ । ਮੈਂ ਬਣ ਕੇ ਹਕੀਰ, ਸ਼ਹਿਨਸ਼ਾਹ ਤੇਰੇ ਚਰਨਾਂ ਸੀਸ ਝੁਕਾਈਆ । ਸਾਚੇ ਪ੍ਰੇਮ ਦਾ ਦੇ ਸੀਰ, ਅੰਮ੍ਰਿਤ ਰਸ ਚਖਾਈਆ । ਇਹ ਤੇਰਾ ਵਿਰਸਾ ਤੇਰੀ ਜਾਗੀਰ, ਤੇਰੇ ਨਾਮ ਲਗਾਈਆ । ਜਿਥੇ ਗੁਰਮੁਖਾਂ ਦੀ ਰਹਿੰਦੀ ਭੀੜ, ਉਹ ਖ਼ਾਲੀ ਦਵਾਰੇ ਰਹੇ ਕੁਰਲਾਈਆ । ਬਿਰਹੋਂ ਵਿਚ ਮੇਰੀ ਅੰਦਰੋਂ ਨਿਕਲੇ ਪੀੜ, ਧੀਰਜ ਧੀਰ ਨਾ ਕੋਇ ਆਈਆ । ਵਾਸਤਾ ਪਾਵਾਂ ਕੱਢ ਲਕੀਰ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਲੇਖਾ ਜਾਣੇ ਸ਼ਾਹ ਹਕੀਰ, ਸ਼ਹਿਨਸ਼ਾਹ ਨੂਰ ਖ਼ੁਦਾਈਆ । ਤੇਰੇ ਅੱਗੇ ਵਾਸਤਾ ਹਕ ਆਮੀਨ, ਕਾਮਲ ਮੁਰਸ਼ਦ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਗੋਬਿੰਦ ਕਹੇ ਪੁਰ ਅਨੰਦ ਮਾਰੀ ਧਾਹ, ਕੂਕ ਕੂਕ ਸੁਣਾਈਆ । ਮੈਨੂੰ ਦਿਸੇ ਕੋਈ ਨਾ ਰਾਹ, ਰਹਿਬਰ ਤੇਰੀ ਝੱਲੀ ਨਾ ਜਾਏ ਜੁਦਾਈਆ । ਤੇਰੇ ਬਿਨਾ ਕੰਮ ਨਾ ਆਵੇ ਖ਼ਲਕ ਖ਼ੁਦਾ, ਖ਼ਾਦਮ ਹੋ ਕੇ ਝੋਲੀ ਡਾਹੀਆ । ਮੇਰਾ ਲੇਖਾ ਦੇ ਬਦਲਾ, ਬਦਲੀ ਵਿਚ ਅਦਲੀ ਰੂਪ ਵਟਾਈਆ । ਠਾਂਡੇ ਦਰ ਹੋ ਸਹਾ, ਸਹਾਇਤਾ ਅਨਾਇਤ ਵਿਚ ਝੋਲੀ ਪਾਈਆ । ਕਿਉਂ ਬੈਠਾ ਮੁਖ ਭਵਾ, ਬਿਨ ਕਰਵਟ ਲੈ ਅੰਗੜਾਈਆ । ਮੈਂ ਵਾਸਤਾ ਰਿਹਾ ਪਾ, ਤੇਰੇ ਚਰਨਾਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਗੋਬਿੰਦ ਕਹੇ ਪੁਰ ਅਨੰਦ ਮਾਰੀ ਚੀਕ, ਉਚੀ ਕੂਕ ਕੂਕ ਸੁਣਾਈਆ । ਹੁਣ ਕਦ ਰੱਖਾਂ ਉਡੀਕ, ਧੁਰ ਦੇ ਮਾਲਕ ਦੱਸਣਾ ਮਾਹੀਆ । ਕਵਣ ਵੇਲਾ ਵਕਤ ਤਾਰੀਖ਼, ਤਰੀਕਾ ਦੇਣਾ ਜਣਾਈਆ । ਮੇਰਾ ਅੰਤਰ ਹੋਵੇ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਗੋਬਿੰਦ ਕਿਹਾ ਜਿਸ ਵੇਲੇ ਤੇਰਾ ਮੇਰਾ ਸਾਂਝਾ ਹੋਇਆ ਗੀਤ, ਪੁਰਖ ਅਕਾਲ, ਇਕੋ ਢੋਲਾ ਦਏ ਸਮਝਾਈਆ । ਤੂੰ ਬੈਠਾ ਰਹਿਣਾ ਅਤੀਤ, ਤ੍ਰੈਗੁਣ ਵਿਚੋਂ ਆਪਣਾ ਮੁਖ ਛੁਪਾਈਆ । ਆਪਣੇ ਅੰਤਰ ਰੱਖਣੀ ਮੇਰੀ ਪ੍ਰੀਤ, ਬਾਹਰ ਸ੍ਰਿਸ਼ਟੀ ਹੋਏ ਹਲਕਾਈਆ । ਸਾਚੇ ਨਾਮ ਦੀ ਦੇ ਵਸੀਅਤ, ਅਸਲੀਅਤ ਦਿਤੀ ਦ੍ਰਿੜਾਈਆ । ਜਿਸ ਵੇਲੇ ਦੀਨ ਦੁਨੀ ਦੀ ਬਦਲੀ ਨੀਅਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਰਹੇ ਨਾ ਕੋਇ ਅਹਿਮੀਅਤ, ਮਾਣ ਚਲੇ ਨਾ ਕੋਇ ਚਤੁਰਾਈਆ । ਓਸ ਵੇਲੇ ਸਚ ਪਿਆਰ ਦੀ ਬਦਲਾ ਵਲਦੀਅਤ, ਵੇਸ ਅਵੇਸਾ ਰੂਪ ਵਟਾਈਆ । ਸਚ ਅਨੰਦ ਦੀ ਬਣਾ ਮਲਕੀਅਤ, ਪੂਰ ਪੂਰਨ ਬ੍ਰਹਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ; ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ ।

★ ੧੮ ਮਾਘ, ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ ਸ਼ਾਹ ਵਾਲਾ ਜ਼ਿਲਾ ਫਿਰੋਜ਼ਪੁਰ ★

ਗੋਬਿੰਦ ਕਹੇ ਪੁਰ ਅਨੰਦ ਕੱਢਿਆ ਹਾੜਾ, ਹਾਏ ਹਾਏ ਕਰ ਸੁਣਾਈਆ । ਕਿੱਥੇ ਚਲਿਆ ਧੁਰ ਦਾ ਲਾੜਾ, ਲਾੜੀ ਮੌਤ ਜਗਤ ਕਰੇ ਕੁੜਮਾਈਆ । ਮੈਨੂੰ ਦੇ ਕੇ ਲਾਰਾ, ਬੈਠਾ ਮੁਖ ਭਵਾਈਆ । ਅਗਲਾ ਦੇ ਸਹਾਰਾ, ਸਹਿਜੇ ਰਿਹਾ ਜਣਾਈਆ । ਜਿਸ ਵੇਲੇ ਆਵਾਂ ਨਿਰਗੁਣ ਧਾਰਾ, ਨਿਰਵੈਰ ਨਾਲ ਮਿਲ ਕੇ ਵੇਸ ਵਟਾਈਆ । ਡੰਕ ਵਜਾਵਾਂ ਅਪਰ ਅਪਾਰਾ, ਅਪਰੰਪਰ ਸਵਾਮੀ ਖ਼ੁਸ਼ੀ ਬਣਾਈਆ । ਹੁਕਮ ਦੇਵਾਂ ਵਿਚ ਸੰਸਾਰਾ, ਮਹਾਂਸਾਰਬੀ

ਹੋ ਕੇ ਆਪ ਸਮਝਾਈਆ । ਤੇਰਾ ਪੂਰਬ ਲਹਿਣਾ ਦੇਣਾ ਲੇਖਾ ਜਗਤ ਵਿਚਾਰਾਂ, ਵਿਚਲਾ ਪੜਦਾ ਆਪ ਚੁਕਾਈਆ । ਭਾਗ ਲਗਾਵਾਂ ਓਸ ਦਵਾਰਾ, ਜਿਸ ਦਵਾਰੇ ਆਪਣਾ ਰੰਗ ਵਖਾਈਆ । ਸਾਚਾ ਅਨੰਦ ਕਰ ਉਜਿਆਰਾ, ਪੁਰ ਪੁਰੀਆਂ ਤੋਂ ਬਾਹਰ ਪਰਗਟਾਈਆ । ਜਿਥੇ ਭਗਤਾਂ ਮਿਲੇ ਸਹਾਰਾ, ਸਭ ਨੂੰ ਆਪਣੇ ਘਰ ਵਸਾਈਆ । ਮੇਲ ਮਿਲਾ ਕੇ ਸਿਰਜਣਹਾਰਾ, ਸਿਰ ਸਿਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਕਿਰਿਆ ਕਰ ਕੇ ਪਾਰ ਕਿਨਾਰਾ, ਅਨੰਦ ਆਪਣਾ ਦਏ ਵਖਾਈਆ ।

### ★ ੧੮ ਮਾਘ ਸ਼ਨਿਸ਼ਾਹੀ ਸੰਮਤ ੨ ਬਚਨ ਕੌਰ ਦੇ ਗ੍ਰਹਿ ਪਿੰਡ ਪਦਰੀ ਜ਼ਿਲਾ ਫਿਰੋਜਪੁਰ ★

ਗੋਬਿੰਦ ਕਿਹਾ ਪੁਰ ਅਨੰਦ ਰੋ ਕੇ ਕੱਢੇ ਤਰਲਾ, ਤਰਾ ਤਰਾ ਸਮਝਾਈਆ । ਸਾਹਿਬ ਸਤਿਗੁਰ ਸਦ ਰੱਖ ਆਪਣੇ ਚਰਨਾਂ, ਚਰਨ ਧੂੜੀ ਟਿੱਕਾ ਖ਼ਾਕ ਰਮਾਈਆ । ਗੋਬਿੰਦ ਕਿਹਾ ਇਕੋ ਧੁਰ ਦਾ ਢੋਲਾ ਪੜ੍ਹ ਲਾ, ਬਿਨ ਵਿਦਿਆ ਦਿਆਂ ਜਣਾਈਆ । ਤੂੰ ਮੇਰਾ ਮੈਂ ਤੇਰਾ ਯਾਦ ਕਰ ਲਾ, ਯਾਦਦਾਸ਼ਤ ਆਪਣੀ ਲੈ ਬਣਾਈਆ । ਸਚ ਦਵਾਰ ਇਕੋ ਮਲ ਲਾ, ਕਦੀਮ ਦਾ ਅਗਲਾ ਪੰਧ ਮੁਕਾਈਆ । ਸਚ ਅਨੰਦ ਅਨੰਦ ਓਸ ਕਰ ਲਾ, ਜਿਥੇ ਮੁਕ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਆਪਣਾ ਭੇਵ ਖੁਲ੍ਹਾਈਆ ।



### ★ ੧੮ ਮਾਘ ਸ਼ਹਿਨਸ਼ਾਹੀ ਸੰਮਤ ੨ ਗੁਰਚਰਨ ਕੌਰ ਦੇ ਗ੍ਰਹਿ ਫ਼ਿਰੋਜ਼ਪੁਰ ★

ਗੋਬਿੰਦ ਕਿਹਾ ਪੁਰ ਅਨੰਦ ਹਾਏ, ਬਹੁੜੀ ਬਹੁੜੀ ਕਰ ਸੁਣਾਈਆ । ਤੁੱਧ ਬਿਨ ਦੂਜਾ ਨਜ਼ਰ ਕੋਇ ਨਾ ਆਏ, ਨਈਆ ਨੌਕਾ ਪਾਰ ਨਾ ਕੋਇ ਲੰਘਾਈਆ । ਧਰਨੀ ਧਰਤ ਧਵਲ ਉਪਰ ਪਕੜੇ ਕੋਇ ਨਾ ਬਾਂਹੇ, ਸਗਲਾ ਸੰਗ ਨਾ ਕੋਇ ਬਣਾਈਆ । ਸਾਚਾ ਰੰਗ ਨਾ ਕੋਇ ਵਖਾਏ, ਅਨੰਦ ਅਨੰਦ ਵਿਚੋਂ ਪਰਗਟਾਈਆ । ਧੁਰ ਦਾ ਗੀਤ ਕੋਇ ਨਾ ਗਾਏ, ਅਨਰਾਗੀ ਰਾਗ ਨਾ ਕੋਇ ਸੁਣਾਈਆ । ਪੁਰਖ ਅਕਾਲ ਨਾ ਵੇਖਣ ਆਏ, ਬਿਨ ਗੋਬਿੰਦ ਗ੍ਰਹਿ ਨਾ ਕੋਇ ਵਡਿਆਈਆ । ਪੁਰ ਅਨੰਦ ਕਹੇ ਕਿਉਂ ਬੈਠਾ ਮੁਖ ਛੁਪਾਏ, ਛੱਪਰ ਛੰਨ ਦੇ ਸੁਹਾਈਆ । ਗੋਬਿੰਦ ਕਿਹਾ ਇਹ ਹੁਕਮ ਬੇਪਰਵਾਹੇ, ਦੇਵਣਹਾਰਾ ਧੁਰ ਦਰਗਾਹੀਆ । ਹੁਣ ਤੇਰਾ ਮੇਰਾ ਸੰਗ ਰਹੇ ਨਾ ਰਾਏ, ਅਗਲਾ ਸੰਗ ਇਕ ਬਣਾਈਆ । ਜਿਸ ਵੇਲੇ ਮਿਹਰਵਾਨ ਮਹਿਬੂਬ ਕਿਰਪਾ ਕਰੇ ਖ਼ੁਦਾਏ, ਖ਼ੁਦ ਮਾਲਕ ਆਪਣਾ ਫੇਰਾ ਪਾਈਆ । ਨਿਰਗੁਣ ਧਾਰ ਗੋਬਿੰਦ ਸ਼ਬਦ ਨਾਲ ਰਲਾਏ, ਲੋਕਮਾਤ ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਚ ਅਨੰਦ ਪੁਰ ਇਕ ਵਸਾਏ, ਜਿਸ ਵਿਚ ਭਗਤ ਬਹਿ ਕੇ ਸੋਭਾ ਪਾਈਆ । ਵਰਨ ਬਰਨ ਨਾ ਵੰਡ ਵੰਡਾਏ, ਜਾਤ ਪਾਤ ਨਾ ਕੋਏ ਰਖਾਏ, ਊਚ ਨੀਚ ਨਾ ਕੋਇ ਅਖਵਾਏ, ਰੰਕ ਰਾਜਾਨ ਨਾ ਕੋਏ ਚਤੁਰਾਈਆ । ਇਕੋ ਢੋਲਾ ਸਭ ਨੂੰ ਦਏ ਸੁਣਾਏ, ਤੂੰ ਮੇਰਾ

ਮੈਂ ਤੇਰਾ ਦੂਜਾ ਨਜ਼ਰ ਕੋਏ ਨਾ ਆਈਆ । ਵੇਲਾ ਵਕਤ ਦਏ ਵਡਿਆਏ, ਭਗਤ ਦਵਾਰ ਵੱਜੇ ਵਧਾਈਆ । ਤੇਰੀ ਆਸਾ ਮਨਸਾ ਪੂਰ ਕਰਾਏ, ਅਮਾਵਸ ਅੰਧੇਰ ਦਏ ਗਵਾਈਆ । ਸਾਚਾ ਨੂਰੀ ਚੰਦ ਚਮਕਾਏ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਭਗਤ ਸੁਹੇਲੇ ਸੰਗ ਰਖਾਏ, ਗੁਰਮੁਖ ਆਪਣੇ ਘਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਜੋਤ ਉਜਿਆਰ, ਸਚ ਵਿਚੋਲਾ ਆਪ ਅਖਵਾਏ, ਜਗਤ ਰੌਲਾ ਰਹਿਣ ਕੋਏ ਨਾ ਪਾਈਆ ।

★ ੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਕਰਤਾਰ ਕੌਰ ਦੇ ਗ੍ਰਹਿ, ਰਟੌਲ ਰੋਹੀ ਵਾਲੇ, ਜ਼ਿਲਾ ਫ਼ਿਰੋਜ਼ਪੁਰ ★

ਗੋਬਿੰਦ ਕਿਹਾ ਮੇਰਾ ਸੱਚਾ ਅਨੰਦਪੁਰ, ਪੁਰੀਆਂ ਲੋਆਂ ਤੋਂ ਪਰੇ ਨਜ਼ਰੀ ਆਈਆ । ਜਿਥੇ ਪੁਰਖ ਅਕਾਲ ਵਸੇ ਧੁਰ, ਸਚਖੰਡ ਨਿਵਾਸੀ ਬੈਠਾ ਸੋਭਾ ਪਾਈਆ । ਦਰ ਦਰਵੇਸ਼ ਮੰਗਤੇ ਅਵਤਾਰ ਪੈਗ਼ੰਬਰ ਗੁਰ, ਦਰ ਠਾਂਡੇ ਸੀਸ ਝੁਕਾਈਆ । ਰਾਹ ਤੱਕਣ ਦੇਵਤ ਸੁਰ, ਵਿਸ਼ਨ ਬ੍ਰਹਮਾ ਸ਼ਿਵ ਅੱਖ ਉਠਾਈਆ । ਨਿਰਗੁਣ ਨਿਰਾਕਾਰ ਨਿਰਵੈਰ ਨਾਲ ਜੁੜ, ਆਪਣਾ ਆਪ ਬਦਲਾਈਆ । ਵਸਤ ਭੰਡਾਰਾ ਰਹੇ ਕੋਈ ਨਾ ਥੁੜ, ਅਤੋਟ ਅਤੁਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਸਾਚਾ ਇਕ ਦਰਸਾਈਆ । ਗੋਬਿੰਦ ਕਿਹਾ ਮੇਰਾ ਅਨੰਦ ਪੁਰ ਅਗੰਮਾ ਅਹਾਤਾ, ਚਾਰ ਦੀਵਾਰੀ ਨਜ਼ਰ ਕੋਇ ਨਾ ਆਈਆ । ਛੱਪਰ ਛੰਨ ਨਾ ਕੋਈ ਛਾਤਾ, ਬਾਢੀ ਬਣਤ ਨਾ ਕੋਇ ਬਣਾਈਆ । ਨਾ ਕੋਈ ਨਜ਼ਰੀ ਆਵੇ ਤਾਕਾ, ਕਿਵਾੜ ਬੰਦ ਨਾ ਕੋਇ ਕਰਾਈਆ । ਨਾ ਕੋਈ ਵੇਖ ਸਕੇ ਖ਼ਾਕਾ, ਰੂਪ ਰੰਗ ਨਾ ਕੋਇ ਸਮਝਾਈਆ । ਜਿਸ ਘਰ ਵਸੇ ਪੁਰਖ ਅਬਿਨਾਸ਼ਾ, ਨਿਰਗੁਣ ਦਾਤਾ ਬੇਪਰਵਾਹੀਆ । ਸਚ ਪ੍ਰੀਤੀ ਦੇ ਭਰਵਾਸਾ, ਨਾਮ ਸਬੂਰੀ ਸਿਦਕ ਬਣਾਈਆ । ਨਿਰਗੁਣ ਨੂਰ ਕਰ ਪਰਕਾਸ਼ਾ, ਜੋਤੀ ਜਾਤਾ ਡਗਮਗਾਈਆ । ਸਭ ਤੋਂ ਵਖਰਾ ਰੱਖਿਆ ਆਪਣਾ ਖਾਤਾ, ਦੂਜਾ ਵੰਡ ਨਾ ਕੋਇ ਕਰਾਈਆ । ਸੋ ਵਸਦਾ ਰਹੇ ਆਦਿ ਜੁਗਾਦਾ, ਜੁਗ ਚੌਕੜੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਨੰਦ ਆਪਣਾ ਇਕ ਵਖਾਈਆ । ਗੋਬਿੰਦ ਕਿਹਾ ਮੈਂ ਅਨੰਦ ਪੁਰ ਵੇਖਿਆ ਅਗੰਮੀ ਚੰਗਾ, ਚੰਗਿਆਈਆਂ ਬੁਰਿਆਈਆਂ ਵਿਚੋਂ ਬਾਹਰ ਨਜ਼ਰੀ ਆਈਆ । ਜਿਥੇ ਬੈਠਾ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਆਸਣ ਲਾਈਆ । ਇਕੋ ਨਾਮ ਵੱਜੇ ਮਰਦੰਗਾ, ਦੂਜਾ ਤਾਲ ਨਾ ਕੋਇ ਸੁਣਾਈਆ । ਇਕੋ ਢੋਲਾ ਇਕੋ ਛੰਦਾ, ਕਲਮਾ ਇਕੋ ਇਕ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਡਿਆਈਆ । ਗੋਬਿੰਦ ਕਹੇ ਮੈਂ ਵੇਖਿਆ ਅਨੰਦਪੁਰ ਆਅਲਾ, ਆਲੀਸ਼ਾਨ ਨਜ਼ਰੀ ਆਈਆ । ਜਿਸ ਦਾ ਮਾਰਗ ਸਚ ਸੁਖਾਲਾ, ਭਗਤਾਂ ਦਿਤਾ ਦ੍ਰਿੜਾਈਆ । ਜਿਥੇ ਨੂਰ ਇਕ ਨਿਰਾਲਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਜਿਥੇ ਵਸਣ ਸ਼ਾਹ ਕੰਗਾਲਾ, ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਰਿਹਾ ਟਿਕਾਈਆ । ਗੋਬਿੰਦ ਕਿਹਾ ਮੈਂ ਵੇਖਿਆ ਅਨੰਦ ਪੁਰ ਅਨੋਖਾ, ਪਰਮ ਪੁਰਖ ਦਿਤਾ ਜਣਾਈਆ । ਜਿਸ ਘਰ ਹੋਵੇ ਕੋਈ ਨਾ ਧੋਖਾ, ਭਰਮ ਵਿਚ ਨਾ ਕੋਇ ਭੁਲਾਈਆ । ਪੜ੍ਹਨਾ ਪਏ ਕੋਈ ਨਾ ਪੋਥਾ, ਅੱਖਰਾਂ ਅੱਖ ਨਾ ਕੋਇ ਤਕਾਈਆ । ਮਾਰਗ

ਦਿਸੇ ਸੌਖਾ, ਅਬਿਨਾਸ਼ੀ ਕਰਤਾ ਦਏ ਚੜ੍ਹਾਈਆ । ਝਗੜਾ ਰਹੇ ਨਾ ਚੌਦਾਂ ਲੋਕਾਂ, ਚੌਦਾਂ ਤਬਕ ਨਾ ਕੋਇ ਵਡਿਆਈਆ । ਓਥੇ ਇਕੋ ਅਗੰਮੀ ਸੁਣਿਆ ਸਲੋਕਾ, ਤੂੰ ਮੇਰਾ ਮੈਂ ਤੇਰਾ ਨਾਮ ਧਿਆਈਆ । ਸ਼ਬਦ ਧਾਰ ਸਤਿਗੁਰ ਹੋਕਾ, ਹੁਕਮ ਫ਼ਰਮਾਨਾ ਇਕ ਸੁਣਾਈਆ । ਹੋਏ ਪਰਕਾਸ਼ ਸਾਚੀ ਜੋਤਾ, ਨੂਰ ਨੁਰਾਨਾ ਡਗਮਗਾਈਆ । ਦੋ ਜਹਾਨ ਤੋਂ ਵੱਖਰਾ ਕੋਠਾ, ਕਾਇਨਾਤ ਤੋਂ ਬਾਹਰ ਦਿਤਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਡਿਆਈਆ । ਗੋਬਿੰਦ ਕਹੇ ਮੈਂ ਅਨੰਦ ਪੁਰ ਤੱਕਿਆ ਬਿਨਾ ਅੱਖਾਂ, ਸਤਿ ਸੁਹੰਜਣਾ ਨਜ਼ਰੀ ਆਈਆ । ਜਿਥੇ ਪੁਰਖ ਅਕਾਲ ਬੈਠਾ ਸਖ਼ਾ, ਸਹਾਇਕ ਨਾਇਕ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਮੰਗਦੇ ਲੱਖਾਂ, ਖ਼ਾਲੀ ਝੋਲੀ ਅੱਗੇ ਡਾਹੀਆ । ਇਕੋ ਨਾਮ ਜੈਕਾਰਾ ਲੱਗੇ ਸੱਚਾ ਸੋਹੰ ਧੁਨ ਇਕ ਸ਼ਨਵਾਈਆ । ਕਾਇਆ ਮਾਟੀ ਦਿਸੇ ਕੋਇ ਨਾ ਭਾਂਡਾ ਕੱਚਾ, ਤਨ ਵਜੂਦ ਨਾ ਕੋਇ ਵਡਿਆਈਆ । ਕਰੇ ਖੇਲ ਪੁਰਖ ਸਮਰਥਾ, ਮਿਹਰਵਾਨ ਆਪਣਾ ਡੇਰਾ ਲਾਈਆ । ਦੇਵੇ ਹੁਕਮ ਅਲੱਖਨਾ ਅਲੱਖਾ, ਅਲੱਖ ਅਗੋਚਰ ਆਪਣੀ ਕਾਰ ਕਮਾਈਆ । ਚੁਕਣਾ ਪਏ ਨਾ ਤੀਰ ਕਮਾਨ ਭੱਥਾ, ਜਗਤ ਕਟਾਰ ਨਾ ਕੋਇ ਉਠਾਈਆ । ਇਕੋ ਮਿਲੇ ਅਗੰਮੀ ਵੱਥਾ, ਵਸਤ ਅਮੋਲਕ ਦਏ ਵਰਤਾਈਆ । ਤੂੰ ਮੇਰਾ ਮੈਂ ਤੇਰਾ ਸਭ ਤੋਂ ਉਤਮ ਹੋਵੇ ਕਥਾ, ਰਸਨਾ ਕਥਨੀ ਕੱਥੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥਾ, ਸਮਰਥ ਸਵਾਮੀ ਅੰਤਰਜਾਮੀ ਘਰ ਆਪਣੇ ਸੋਭਾ ਪਾਈਆ । ਗੋਬਿੰਦ ਕਹੇ ਮੈਂ ਅਨੰਦ ਪੁਰ ਦਾ ਵੇਖਿਆ ਅਨੰਦ, ਅਨੰਦ ਧੁਰ ਦਾ ਨਜ਼ਰੀ ਆਈਆ । ਜਿਥੇ ਨਾ ਕੋਈ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਵਖਾਈਆ । ਨਾ ਕੋਈ ਸ਼ਸਤਰ ਨਾ ਕੋਈ ਸੰਦ, ਸੰਧਿਆ ਰੂਪ ਨਾ ਕੋਇ ਵਖਾਈਆ । ਨਾ ਕੋਈ ਦੀਨ ਮਜ਼੍ਹਬ ਪਾਬੰਦ, ਸ਼ਰਅ ਸ਼ਰੀਅਤ ਜ਼ੰਜੀਰ ਨਾ ਕੋਇ ਬੰਧਾਈਆ । ਨਾ ਕੋਈ ਦਵੈਤ ਦੂਈ ਕੰਧ, ਭਰਮਾਂ ਵਿਚ ਨਾ ਕੋਇ ਭਰਮਾਈਆ । ਨਾ ਕੋਈ ਸਿਫ਼ਤਾਂ ਵਾਲਾ ਛੰਦ, ਇਕੋ ਢੋਲਾ ਰਿਹਾ ਗਾਈਆ । ਨਾ ਕੋਈ ਜਗਤ ਕਟਾਰ ਜੰਗ, ਮਨ ਵਾਸਨਾ ਨਾ ਕੋਇ ਲੜਾਈਆ । ਇਕੋ ਨਜ਼ਰੀ ਆਏ ਸੂਰਾ ਸਰਬੰਗ, ਧੁਰ ਦਾ ਦਾਤਾ ਬੇਪਰਵਾਹੀਆ । ਪ੍ਰੇਮ ਪ੍ਰੀਤੀ ਚਾੜ੍ਹੇ ਰੰਗ, ਰੰਗਤ ਆਪਣਾ ਨਾਮ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਦੇਵੇ ਸਗਲਾ ਸੰਗ, ਸਾਥੀ ਹੋ ਕੇ ਆਪਣਾ ਸਾਥ ਨਿਭਾਈਆ ।



੪੩੦ ੨੦

## ★ ੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਖੇਮ ਸਿੰਘ ਦੇ ਗ੍ਰਿਹ ਕੋਟ ਕਪੂਰਾ ★

ਗੋਬਿੰਦ ਕਹੇ ਅਨੰਦ ਪੁਰ ਤੋਂ ਅਗਲਾ ਵੇਖਿਆ ਸੁਖ, ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਤਜਾਈਆ । ਜਗਤ ਵਾਸਨਾ ਦੀਨ ਦੁਨੀ ਰਿਹਾ ਕੋਈ ਨਾ ਦੁੱਖ, ਮਮਤਾ ਮੋਹ ਤਨ ਵਜੂਦ ਨਜ਼ਰ ਕੋਇ ਨਾ ਆਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਉਜਲ ਕੀਤਾ ਮੁਖ, ਦੁਰਮਤ ਮੈਲ ਦੀਨ ਦਿਆਲ ਪਾਰਬ੍ਰਹਮ ਪ੍ਰਭ ਆਪਣੀ ਆਪ ਧਵਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਆਪਣੀ ਗੋਦੀ ਲਿਆ ਚੁੱਕ, ਸਚਖੰਡ ਦਵਾਰ ਏਕੰਕਾਰ ਆਪਣਾ ਰੰਗ ਚੜ੍ਹਾਈਆ । ਪੜਦਾ ਓਹਲਾ ਨਿਰਗੁਣ ਸਰਗੁਣ ਰਿਹਾ ਕੋਈ ਨਾ ਲੁਕ, ਜੋਤੀ ਜਾਤੇ ਪੁਰਖ ਬਿਧਾਤੇ ਆਪਣੀ ਦਇਆ

ਕਮਾਈਆ । ਦਰਗਾਹ ਸਾਚੀ ਸਚ ਦਵਾਰੇ ਲਿਆ ਪੁਛ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਬੁਲਾਈਆ । ਮੈਂ ਨਿਰਗੁਣ ਧਾਰ ਹੋਇਆ ਖ਼ੁਸ਼, ਸ਼ਬਦੀ ਢੋਲਾ ਰਾਗ ਸੁਣਾਈਆ । ਅਕਲ ਕਲਧਾਰੀ ਤੂੰ ਮੇਰਾ ਮੈਂ ਤੇਰਾ ਪੁੱਤ, ਬਿਨਾ ਪਤਿਪਰਮੇਸ਼ਵਰ ਦੂਜਾ ਸੰਗ ਨਾ ਕੋਇ ਰਖਾਈਆ । ਕੂੜੀ ਕਿਰਿਆ ਨਾਤਾ ਤੁੱਟਾ ਪੰਜ ਤਤ ਕਾਇਆ ਬੁਤ, ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਬਾਹਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਇਕ ਸੁਹਾਈਆ । ਗੋਬਿੰਦ ਕਹੇ ਅਨੰਦ ਪੁਰ ਤੋਂ ਅੱਗੇ ਵੇਖਿਆ ਘਰ ਅਗੰਮਾ, ਅਲਖ ਅਗੋਚਰ ਦਿਤਾ ਵਖਾਈਆ । ਜਿਸ ਧਾਰੋਂ ਬਿਨ ਮਾਤ ਪਿਤਾ ਦੇ ਜੰਮਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਦ ਜੀਵਤ ਰਹਾਂ ਬਿਨਾ ਦਮਾਂ, ਜਨਮ ਮਰਨ ਨਾ ਰੂਪ ਵਟਾਈਆ । ਵਸਦਾ ਰਹਾਂ ਬਿਨ ਕਾਇਆ ਮਾਟੀ ਚੰਮਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਜੋੜ ਨਾ ਕੋਇ ਜੁੜਾਈਆ । ਨਿਤ ਜੋਬਨ ਹੰਢਾਵਾਂ ਜੁਗ ਚੌਕੜੀ ਨਵਾਂ, ਰੂਪ ਰੰਗ ਰੇਖ ਭੇਖ ਪ੍ਰਭ ਦੇ ਹੱਥ ਫੜਾਈਆ । ਖੇਲ ਵਿਚ ਵੇਖਦਾ ਰਹਾਂ ਸਮਾਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧੁਰ ਦੀ ਕਾਰ ਕਮਾਈਆ । ਲੇਖੇ ਲਾ ਕੇ ਸੁਤ ਦੁਲਾਰੇ ਚੌਹਾਂ, ਚਾਰ ਜੁਗ ਦਾ ਲਹਿਣਾ ਦਿਤਾ ਮੁਕਾਈਆ । ਮਾਇਆ ਮਮਤਾ ਰਹੀ ਨਾ ਕੋਈ ਤਮਾ, ਘਰ ਗ੍ਰਿਹਿ ਘਰਾਨੇ ਦਿਤੇ ਤਜਾਈਆ । ਲੋੜ ਰਹੀ ਨਾ ਤੇਲ ਬਾਤੀ ਵਾਲੀ ਸ਼ਮਅ, ਸ਼ਮਸ਼ਾਨ ਭੂਮੀ ਵਿਚੋਂ ਬਾਹਰ ਡੇਰਾ ਲਾਈਆ । ਸਦ ਇਕੋ ਢੋਲਾ ਕਹਿਵਾਂ, ਤੂੰ ਮੇਰਾ ਮੈਂ ਤੇਰਾ ਪੁਰਖ ਅਕਾਲ ਪਿਤਾ ਮਾਈਆ । ਸੋਹੰ ਧਾਰ ਵਿਚ ਰਹਿਵਾਂ, ਦੂਜਾ ਰੰਗ ਨਾ ਕੋਇ ਬਦਲਾਈਆ । ਸਚ ਸਿੰਘਾਸਣ ਅਗੰਮੀ ਸੇਜੇ ਸਵਾਂ, ਸੱਥਰ ਯਾਰ ਇਕ ਹੰਢਾਈਆ । ਅੰਮ੍ਰਿਤ ਰਸ ਪ੍ਰੇਮ ਪ੍ਰੀਤੀ ਅੰਦਰ ਪੀਵਾਂ, ਤ੍ਰਿਸ਼ਨਾ ਭੁੱਖ ਜਗਤ ਨਾ ਲਾਗੇ ਰਾਈਆ । ਬਿਨ ਸੀਸ ਜਗਦੀਸ ਦਵਾਰੇ ਰਹਿਵਾਂ ਨੀਵਾਂ, ਸਚਖੰਡ ਦਵਾਰੇ ਦਰਗਾਹ ਸਾਚੀ ਸੋਭਾ ਪਾਈਆ । ਅਗੰਮ ਅਥਾਹ ਬੇਪਰਵਾਹ ਪਰਵਰਦਿਗਾਰ ਢੋਲਾ ਗਾਵਾਂ, ਗੀਤ ਗੋਬਿੰਦ ਇਕੋ ਨਾਮ ਬਣਾਈਆ । ਸਾਚੀ ਸੇਜਾ ਸਾਹਿਬ ਸਵਾਮੀ ਅੰਤਰਜਾਮੀ ਇਕੋ ਰਾਵਾਂ, ਨਾਰ ਭਤਾਰ ਕੰਤ, ਕੰਤ ਕੰਤੂਹਲ ਸੁਤ ਦੁਲਾਰਾ ਇਕੋ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਿਤਾ ਵਖਾਈਆ । ਗੋਬਿੰਦ ਕਿਹਾ ਅਨੰਦ ਪੁਰ ਤੋਂ ਅਗਲਾ ਵੇਖਿਆ ਗ੍ਰਿਹਿ, ਮੰਦਰ ਧੁਰ ਦਾ ਨਜ਼ਰੀ ਆਈਆ । ਜਿਥੇ ਸੋ ਪੁਰਖ ਨਿਰੰਜਣ ਨਿਰਗੁਣ ਹੋ ਕੇ ਬਹੇ, ਹਰਿ ਪੁਰਖ ਨਿਰੰਜਣ ਹੋ ਕੇ ਆਪਣੀ ਕਾਰ ਕਮਾਈਆ । ਏਕੰਕਾਰ ਹੋ ਕੇ ਆਪਣੀ ਧਾਰ ਵਹੇ, ਆਦਿ ਨਿਰੰਜਣ ਹੋ ਕੇ ਨਿਰਗੁਣ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਹੋ ਕੇ ਆਪਣਾ ਹੁਕਮ ਕਹੇ, ਸ੍ਰੀ ਭਗਵਾਨ ਹੋ ਕੇ ਵੇਖੇ ਚਾਈਂ ਚਾਈਂਆ । ਪਾਰਬ੍ਰਹਮ ਪਤਿਪਰਮੇਸ਼ਵਰ ਹੋ ਕੇ ਆਪਣੀ ਵਸਤ ਆਪੇ ਦਏ, ਦਾਤਾ ਦਾਨੀ ਦੀਨ ਦਿਆਲ ਵੱਡੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਨੇ ਆਦਿ ਜੁਗਾਦਿ ਜੁਗ ਚੌਕੜੀ ਕੋਟਨ ਕੋਟ ਕੀਤੇ ਲੈ, ਸਰਗੁਣ ਨਿਰਗੁਣ ਆਪਣੇ ਵਿਚ ਛੁਪਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਸਰਨੀ ਢਹੇ, ਦਰ ਦਵਾਰੇ ਭਿੱਖਕ ਹੋ ਕੇ ਮੰਗਣ ਥਾਉਂ ਥਾਈਂਆ । ਕੋਟਨ ਕੋਟ ਜੁਗ ਸ਼ਬਦੀ ਧਾਰ ਇਛਿਆ ਅੰਦਰ ਜਿਸ ਨੇ ਕੀਤੇ ਲੈ, ਉਤਪਤ ਵਿਚ ਉਪਮਾਂ ਜਗਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਈਆ । ਗੋਬਿੰਦ ਕਿਹਾ ਅਨੰਦ ਪੁਰ ਤੋਂ ਖੇਲ ਵੇਖਿਆ ਅਗਲਾ, ਭੇਵ ਅਭੇਦਾ ਕਹਿਣ ਕੋਇ ਨਾ ਪਾਈਆ । ਜਿਥੇ ਆਦਿ ਜੁਗਾਦਿ ਜੁਗ ਚੌਕੜੀ ਇਕੋ ਚਾਰ ਮੰਗਲਾ, ਦੂਜਾ ਰਾਗ ਨਾਦ ਨਾ ਕੋਇ ਸੁਣਾਈਆ ।

ਸ਼ਰਅ ਜ਼ੰਜੀਰ ਰਹੇ ਕੋਈ ਨਾ ਸੰਗਲਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਧੁਰ ਦਾ ਸਜਦਾ ਇਕੋ ਹੋਵੇ ਬੰਦਨਾ, ਨਮੋਂ ਨਮਸਤੇ ਰੂਪ ਨਾ ਕੋਇ ਬਦਲਾਈਆ । ਮਸਤਕ ਧੂੜੀ ਜਗਤ ਲਲਾਟੀ ਲਾਏ ਕੋਈ ਨਾ ਚੰਦਨਾ, ਸਰਗੁਣ ਧਾਰ ਨਾ ਬੰਧਨ ਪਾਈਆ । ਦੀਨ ਦਿਆਲ ਸਮਰਥ ਸਵਾਮੀ ਪੁਰਖ ਅਕਾਲਾ ਇਕੋ ਏਕ ਏਕ ਬਖ਼ਸ਼ੰਦਨਾ, ਬਖ਼ਸ਼ਿਸ਼ ਰਹਿਮਤ ਆਪਣੇ ਹੱਥ ਰਖਾਈਆ । ਜਿਸ ਦਾ ਦਵਾਰਾ ਬਣ ਭਿਖਾਰਾ ਲਾਲ ਦੁਲਾਰਾ ਹੋ ਕੇ ਮੰਗਣਾ, ਖ਼ੁਸ਼ੀਆਂ ਨਾਲ ਵਸਤ ਅਮੋਲਕ ਧੁਰ ਦੀ ਝੋਲੀ ਆਪ ਭਰਾਈਆ । ਸਤਿ ਸਤਿਵਾਦ ਆਪਣੀ ਧਾਰ ਦੀ ਚਾੜ੍ਹੇ ਰੰਗਣਾ, ਰੰਗਤ ਵਿਚ ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਸਚਖੰਡ ਦਵਾਰ ਏਕੰਕਾਰ ਇਕ ਇਕੱਲਾ ਸੁਹਾਏ ਆਪਣਾ ਅੰਗਣਾ, ਅੰਗੀਕਾਰ ਇਕੋ ਨਜ਼ਰੀ ਆਈਆ । ਜਿਸ ਦੀ ਚਰਨ ਧੂੜ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਮਜਨਾ, ਭਗਤ ਸੰਤ ਗੁਰਮੁਖ ਗੁਰਸਿਖ ਸੂਫ਼ੀ ਬੈਠੇ ਰਾਹ ਤਕਾਈਆ । ਜਿਸ ਦਾ ਨਾਮ ਨਗਾਰਾ ਦੋ ਜਹਾਨਾਂ ਤਾਲ ਵੱਜਣਾ, ਵਾਜਬ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਵਡਿਆਈਆ ।

### ★ ੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਦੌਲਤ ਸਿੰਘ ਦੇ ਗ੍ਰਹਿ ਪੰਜ ਗਰਾਈਂ ਜ਼ਿਲਾ ਫ਼ਿਰੋਜ਼ਪੁਰ ★



ਗੋਬਿੰਦ ਕਹੇ ਅਨੰਦ ਪੁਰ ਤੋਂ ਅੱਗੇ ਵੇਖਿਆ ਨੂਰ, ਨੂਰ ਨੁਰਾਨਾ ਨਜ਼ਰੀ ਆਇਆ । ਪੁਰਖ ਅਕਾਲਾ ਹਾਜ਼ਰ ਹਜ਼ੂਰ, ਹਰਿ ਜੂ ਬੈਠਾ ਸੋਭਾ ਪਾਈਆ । ਮੇਰੀ ਅਰਜ਼ ਬੇਨੰਤੀ ਕਰ ਮਨਜ਼ੂਰ, ਮਿਹਰ ਨਜ਼ਰ ਇਕ ਉਠਾਈਆ । ਜੁਗ ਚੌਕੜੀ ਭਗਤ ਉਧਾਰਨਾ ਮੇਰਾ ਦਸਤੂਰ, ਨਿਤ ਨਵਿਤ ਨਿਰਗੁਣ ਸਰਗੁਣ ਸੇਵ ਕਮਾਈਆ । ਪ੍ਰੇਮ ਪ੍ਰੀਤੀ ਅੰਦਰ ਹੋਵਾਂ ਮਜਬੂਰ, ਮੁਸ਼ਕਲ ਵਿਚ ਖ਼ੁਸ਼ਦਿਲ ਹੋ ਕੇ ਰੰਗ ਰੰਗਾਈਆ । ਨਾਮ ਖ਼ੁਮਾਰੀ ਦੇਵਾਂ ਸਰੂਰ, ਸੁਰਤੀ ਸ਼ਬਦ ਨਾਲ ਜੁੜਾਈਆ । ਸਚ ਭੰਡਾਰਾ ਭਰਾਂ ਭਰਪੂਰ, ਅਤੋਟ ਅਤੁਟ ਵਰਤਾਈਆ । ਸੰਤ ਸੁਹੇਲੇ ਵੇਖਾਂ ਜ਼ਰੂਰ, ਜਾਹਰ ਜਹੂਰ ਹੋ ਕੇ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਧੁਰ ਦਰਬਾਰਾ ਇਕ ਵਖਾਈਆ । ਗੋਬਿੰਦ ਕਹੇ ਅਨੰਦ ਪੁਰ ਤੋਂ ਅੱਗੇ ਵੇਖਿਆ ਧੁਰ ਦਾ ਘਰ, ਮੰਦਰ ਸੋਹਣਾ ਨਜ਼ਰੀ ਆਈਆ । ਜਿਥੇ ਵਸੇ ਨਿਰਗੁਣ ਹਰਿ, ਹਰੀ ਬੈਠਾ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇਵੇ ਵਰ, ਵਸਤ ਅਮੋਲਕ ਝੋਲੀ ਪਾਈਆ । ਹੁਕਮੇ ਅੰਦਰ ਸਭ ਕੁਛ ਰਿਹਾ ਕਰ, ਕਰਨੀ ਦਾ ਕਰਤਾ ਖੇਲ ਖਿਲਾਈਆ । ਮਹੱਲ ਅਟਲ ਉਚ ਮਨਾਰੇ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਸਾਚੀ ਸਿਖਿਆ ਬਿਨ ਲਿਖਿਆਂ ਸਭ ਦੇ ਅੱਗੇ ਦੇਵੇ ਧਰ, ਧੁਰ ਫ਼ਰਮਾਨਾ ਇਕੋ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਤੂੰ ਮੇਰਾ ਮੈਂ ਤੇਰਾ ਲੈਣ ਪੜ੍ਹ, ਸੋਹੰ ਢੋਲਾ ਸਾਰੇ ਗਾਈਆ । ਨਿਰਗੁਣ ਨਾਲ ਨਿਰਗੁਣ ਦੀ ਲੱਗੇ ਜੜ੍ਹ, ਨਿਰਗੁਣ ਸਰਗੁਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰ ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਅਨੰਦ ਪੁਰ ਤੋਂ ਅੱਗੇ ਤੱਕਿਆ ਰਾਹ, ਦੋ ਜਹਾਨਾਂ ਪਰੇ ਨਜ਼ਰੀ ਆਈਆ । ਜਿਸ ਦਾ ਅਬਿਨਾਸ਼ੀ ਕਰਤਾ ਇਕ ਮਲਾਹ, ਬੇੜਾ ਆਪਣਾ ਨਾਮ ਚਲਾਈਆ । ਸੂਫ਼ੀਆਂ ਜਿਸ ਨੂੰ ਕਿਹਾ

੪੩੨ ੨੦

ਖ਼ੁਦਾ, ਪੈਗ਼ੰਬਰ ਸਜਦਿਆਂ ਵਿਚ ਸੀਸ ਝੁਕਾਈਆ । ਜਿਸ ਦਾ ਨਾਮ ਤਰਾਨਾ ਧੁਰ ਦੀ ਸਦਾ, ਰਾਗਾਂ ਨਾਦਾਂ ਬਾਹਰ ਸੋਭਾ ਪਾਈਆ । ਉਸ ਦੀ ਸਮਝੇ ਕੋਈ ਨਾ ਵਜਹ, ਵਾਹਦ ਆਪਣੀ ਕਾਰ ਕਮਾਈਆ । ਨਿਰਗੁਣ ਧਾਰ ਸਭ ਦਾ ਅੱਬਾ, ਬਾਲ ਅੰਞਾਣੇ ਵੇਖੇ ਥਾਉਂ ਥਾਈਆ । ਦੋ ਜਹਾਨ ਜਿਸ ਨੇ ਹੁਕਮੇ ਅੰਦਰ ਬੱਧਾ, ਬੰਦਗੀ ਵਿਚ ਸਾਰੇ ਸੀਸ ਨਿਵਾਈਆ । ਗੋਬਿੰਦ ਕਹੇ ਮੈਂ ਓਸ ਦਾ ਸੁਣਿਆ ਸੱਦਾ, ਸ਼ਬਦੀ ਹੁਕਮ ਵਿਚ ਸ਼ਨਵਾਈਆ । ਸਚਖੰਡ ਦਵਾਰ ਗਿਆ ਭੱਜਾ, ਮਾਤਲੋਕ ਵਿਚੋਂ ਆਪਣਾ ਪੰਧ ਮੁਕਾਈਆ । ਕਿਸੇ ਨਾਲ ਨਹੀਂ ਕੀਤਾ ਦਗ਼ਾ, ਕੂੜ ਫ਼ਰੇਬ ਨਾ ਕੋਇ ਹਲਕਾਈਆ । ਸਚ ਦਵਾਰਾ ਧੁਰ ਦਾ ਲੱਭਾ, ਨਾਤਾ ਤੁੱਟਾ ਕੂੜ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਪ੍ਰੀਤੀ ਵਿਚ ਲੱਗਾ ਚੰਗਾ, ਸਚ ਸਵਾਮੀ ਅੰਤਰਜਾਮੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਹਿ ਦਏ ਵਡਿਆਈਆ ।

★ ੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਦਲੀਪ ਕੌਰ ਦੇ ਗ੍ਰਹਿ ਸਮਾਲਸਰ ਜ਼ਿਲਾ ਫ਼ਿਰੋਜ਼ਪੁਰ ★

ਗੋਬਿੰਦ ਕਿਹਾ ਅਨੰਦ ਪੁਰ ਤੋਂ ਅਗਲਾ ਵੇਖਿਆ ਹਕ ਮਹੱਲਾ, ਜਿਸ ਦੀ ਬਾਢੀ ਬਣਤ ਨਾ ਕੋਇ ਬਣਾਈਆ । ਪਰਵਰਦਿਗਾਰ ਵਸਿਆ ਇਕ ਇਕੱਲਾ, ਅੱਲਾ ਜਿਸ ਨੂੰ ਕਹਿ ਕੇ ਸਾਰੇ ਗਾਈਆ । ਧਾਮ ਸੁਹਾ ਕੇ ਨਿਹਚਲ ਅਟੱਲਾ, ਦੇਵਣਹਾਰ ਸਰਬ ਵਡਿਆਈਆ । ਸ਼ਬਦੀ ਧਾਰ ਫੜਾ ਕੇ ਪੱਲਾ, ਆਪਣੀ ਗੰਢ ਪਵਾਈਆ । ਓਸ ਦੀ ਧਾਰ ਵਿਚ ਰਲਾ, ਜਗ ਨੇਤਰ ਨੈਣ ਵੇਖਣ ਕੋਇ ਨਾ ਪਾਈਆ । ਇਹ ਖੇਲ ਅਛਲ ਅਛੱਲਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਮਝ ਨਾ ਕੋਇ ਸਮਝਾਈਆ । ਸਚ ਦਵਾਰ ਦਰਗਾਹ ਸਾਚੀ ਮੁਕਾਮੇ ਹਕ ਇਕੋ ਮੱਲਾ, ਮਾਲਕ ਮਹਿਬੂਬ ਵੇਖ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕੋ ਇਕ ਸੁਹਾਈਆ । ਗੋਬਿੰਦ ਕਿਹਾ ਅਨੰਦ ਪੁਰ ਤੋਂ ਬਾਅਦ, ਅਨੰਦ ਅਨੰਦ ਵਿਚ ਸਮਾਈਆ । ਨਿਰਗੁਣ ਧਾਰ ਹੋ ਆਜ਼ਾਦ, ਦੋ ਜਹਾਨਾਂ ਭੱਜਾਂ ਵਾਹੋ ਦਾਹੀਆ । ਜਨ ਭਗਤਾਂ ਕਰਾ ਪਿਛਲੀ ਯਾਦ, ਯਾਦਦਾਸ਼ਤ ਅਗਲੀ ਰਿਹਾ ਜਣਾਈਆ । ਭੇਵ ਅਭੇਦਾ ਖੋਲ੍ਹ ਆਗ਼ਾਜ਼, ਪੜਦਾ ਓਹਲਾ ਆਪ ਚੁਕਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਰਾਜ਼, ਰਹਿਮਤ ਹਕ ਕਮਾਈਆ । ਧੁਰ ਦਾ ਸ਼ਬਦ ਅਗੰਮੀ ਮਾਰ ਆਵਾਜ਼, ਸੋਈ ਸੁਰਤੀ ਸੁੱਤੀ ਆਪ ਉਠਾਈਆ । ਭੇਵ ਖੁਲ੍ਹਾ ਪੁਰਖ ਅਬਿਨਾਸ਼, ਰਾਹ ਮਾਰਗ ਰਿਹਾ ਵਖਾਈਆ । ਜਿਸ ਦਾ ਹੁਕਮ ਪ੍ਰਿਥਮੀ ਆਕਾਸ਼, ਹਰ ਘਟ ਰੱਖੇ ਨਿਵਾਸ, ਨਿਰਗੁਣ ਨੂਰ ਜੋਤ ਪਰਕਾਸ਼, ਆਤਮ ਪਰਮਾਤਮ ਆਪਣੀ ਧਾਰ ਜਣਾਈਆ । ਓਸ ਘਰ ਗ੍ਰਹਿ ਮੰਦਰ ਸੁਹਾਵਣੇ ਕੀਤਾ ਨਿਵਾਸ, ਛੱਡੀ ਸੇਜ ਜਗਤ ਪਰਭਾਸ, ਯਾਰੜੇ ਪੂਰੀ ਕੀਤੀ ਆਸ, ਨਾਤਾ ਤੋੜ ਕੇ ਪਵਣ ਸਵਾਸ, ਪੰਧ ਮੁਕਾ ਕੇ ਪ੍ਰਿਥਮੀ ਆਕਾਸ਼, ਵਾਸਤਾ ਇਕੋ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਕਰ ਆਬਾਦ, ਨਿਰਗੁਣ ਧਾਰ ਨਿਰਗੁਣ ਕਰੀ ਇਮਦਾਦ, ਆਮਦ ਵਿਚ ਆਪਣੇ ਵਿਚ ਸਮਾਈਆ ।

★ ੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਰਾਜ ਸਿੰਘ ਦੇ ਗ੍ਰਹਿ ਮੁਕਤਸਰ ਜ਼ਿਲਾ ਫ਼ਿਰੋਜ਼ਪੁਰ ★

ਅਨੰਦ ਪੁਰ ਤੋਂ ਅਗਲਾ ਘਰ ਦਿਸਿਆ ਸੁਹੰਜਣਾ, ਗੋਬਿੰਦ ਵੇਖ ਖ਼ੁਸ਼ੀ ਮਨਾਈਆ । ਪੁਰਖ ਅਕਾਲ ਮਿਲਿਆ ਆਦਿ ਨਿਰੰਜਣਾ, ਅਬਿਨਾਸ਼ੀ ਕਰਤਾ ਧੁਰ ਦਰਗਾਹੀਆ । ਸਤਿ ਪ੍ਰੀਤੀ ਕਰਾਇਆ ਮਜਨਾ, ਸਰੋਵਰ ਅਗੰਮ ਅਥਾਹ ਨੁਹਾਈਆ । ਠਾਕਰ ਹੋ ਕੇ ਮਿਲਿਆ ਸੱਜਣਾ, ਸਗਲਾ ਸੰਗ ਬਣਾਈਆ । ਬੰਦਗੀ ਦੱਸ ਕੇ ਆਪਣੀ ਭਜਨਾ, ਭਾਉ ਭੇਵ ਪੜਦਾ ਦਿਤਾ ਉਠਾਈਆ । ਸਚਖੰਡ ਦਵਾਰੇ ਸਦਾ ਵਸਣਾ, ਥਿਰ ਘਰ ਵੱਜਦੀ ਰਹੇ ਵਧਾਈਆ । ਕਰਨਾ ਖੇਲ ਪ੍ਰਿਥਮੀ ਆਕਾਸ਼ਨਾ, ਦੋ ਜਹਾਨਾਂ ਸੋਭਾ ਪਾਈਆ । ਨਿਰਗੁਣ ਨੂਰ ਜੋਤ ਹੋਵੇ ਪਰਕਾਸ਼ਨਾ, ਸ਼ਬਦੀ ਆਪਣਾ ਡੰਕ ਸੁਣਾਈਆ । ਨਿਰਗੁਣ ਧਾਰ ਵੇਖਣਾ ਖੇਲ ਤਮਾਸ਼ਨਾ, ਤਮਾ ਤ੍ਰਿਸ਼ਨਾ ਕੂੜ ਮਿਟਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਉਪਾਸਨਾ, ਲੋਕਮਾਤ ਧਿਆਨ ਲਗਾਈਆ । ਸੋ ਲੇਖਾ ਜਾਣੇ ਸਰਬ ਗੁਣ ਤਾਸਨਾ, ਗਹਿਰ ਗੰਭੀਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਇਕ ਸੁਹਾਈਆ । ਗੋਬਿੰਦ ਕਹੇ ਅਨੰਦ ਪੁਰ ਤੋਂ ਅਗਲਾ ਵੇਖਿਆ ਸੰਗ, ਹਰਿ ਸੰਗੀ ਧੁਰ ਦਰਗਾਹੀਆ । ਚਾੜ੍ਹ ਅਗੰਮੀ ਰੰਗ, ਰੰਗਤ ਦਿਤੀ ਬਦਲਾਈਆ । ਆਸਾ ਮਨਸਾ ਪੂਰੀ ਕਰ ਉਮੰਗ, ਤ੍ਰਿਸ਼ਨਾ ਦਿਤੀ ਮਿਟਾਈਆ । ਤੂੰ ਮੇਰਾ ਮੈਂ ਤੇਰਾ ਸੁਣਾ ਕੇ ਛੰਦ, ਸੋਹੰ ਢੋਲਾ ਦਿਤਾ ਜਣਾਈਆ । ਨੂਰ ਵਿਚ ਨੂਰ ਚਾੜ੍ਹ ਚੰਦ, ਨੂਰ ਨੂਰ ਵਿਚ ਸਮਾਈਆ । ਸਚ ਦਵਾਰ ਦਾ ਦੇ ਅਨੰਦ, ਅਨੰਦ ਪੁਰੀ ਦਾ ਲੇਖਾ ਦਿਤਾ ਮੁਕਾਈਆ । ਝਗੜਾ ਰਿਹਾ ਨਾ ਕੋਈ ਜੰਗ, ਖੜਗ ਖੰਡਾ ਨਾ ਕੋਇ ਖੜਕਾਈਆ । ੪੩੪ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਘਰ ਸੋਭਾ ਪਾਈਆ । ਗੋਬਿੰਦ ਕਹੇ ਅਨੰਦ ਪੁਰੀ ਦਾ ਕਰ ਕਿਨਾਰਾ, ਪੱਤਣ ਪਿਛਲਾ ਦਿਤਾ ਤਜਾਈਆ । ਵੇਖਿਆ ਖੇਲ ਨਰ ਨਿਰੰਕਾਰਾ, ਸਚਖੰਡ ਦਵਾਰ ਵੱਜੇ ਵਧਾਈਆ । ਜੋਤ ਸਰੂਪ ਅਗੰਮ ਅਪਾਰਾ, ਅਲਖ ਅਗੋਚਰ ਸੋਭਾ ਪਾਈਆ । ਸਚ ਸਿੰਘਾਸਣ ਸ਼ਾਹ ਸਿਕਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਸ਼ਬਦੀ ਸ਼ਬਦ ਇਕ ਜੈਕਾਰਾ, ਧੁਰ ਸੰਦੇਸ਼ਾ ਰਾਗ ਅਲਾਈਆ । ਮੰਦਰ ਮਹੱਲ ਅਟਲ ਉਚ ਮਨਾਰਾ, ਦਰਗਾਹ ਸਚ ਮੁਕਾਮੇ ਹਕ ਸੋਭਾ ਪਾਈਆ । ਕੋਟਨ ਕੋਟ ਦਰ ਦਰਵੇਸ਼ ਖੜ੍ਹੇ ਗੁਰ ਅਵਤਾਰਾ, ਪੈਗ਼ੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰਾ, ਧੂੜੀ ਟਿੱਕੇ ਮਸਤਕ ਖ਼ਾਕ ਰਮਾਈਆ । ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਅੰਤਰਜਾਮੀ ਦੇਵਣਹਾਰਾ, ਦੇ ਦੇ ਆਪਣੀ ਖ਼ੁਸ਼ੀ ਬਣਾਈਆ । ਗੋਬਿੰਦ ਕਹੇ ਮੈਂ ਵੇਖਿਆ ਸੱਚਾ ਘਰ ਬਾਰਾ, ਪਿਛਲਾ ਭੁੱਲ ਗਿਆ ਪਿਆਰਾ, ਅੱਗੇ ਆਪਣਾ ਆਪ ਪ੍ਰਭ ਦੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਕਰੇ ਵਿਹਾਰਾ, ਬਿਵਹਾਰੀ ਹੋ ਕੇ ਧਾਰ ਆਪਣੀ ਆਪ ਬਦਲਾਈਆ ।

★ ੧੯ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਪ੍ਰੀਤਮ ਕੌਰ ਦੇ ਗ੍ਰਹਿ ਪਿੰਡ ਮਦਰਸਾ ★

ਗੋਬਿੰਦ ਕਹੇ ਅਨੰਦ ਪੁਰ ਤੋਂ ਵੇਖੀ ਧਾਰ ਅਗਲੀ, ਦੋ ਜਹਾਨਾਂ ਪਰੇ ਧਿਆਨ ਲਗਾਈਆ । ਨਾਤਾ ਤੋੜ ਸ੍ਰਿਸ਼ਟੀ ਸਗਲੀ, ਧੁਰ ਸਵਾਮੀ ਅੰਤਰਜਾਮੀ ਮਿਲ ਕੇ ਖ਼ੁਸ਼ੀ ਮਨਾਈਆ । ਫੇਰ ਸੱਥਰ ਯਾਰ ਸੇਜ ਵਿਛੌਣੀ ਪਏ ਨਾ ਵਿਚ ਜੰਗਲੀਂ, ਉਚੀ ਕੂਕ ਨਾ ਕੋਇ ਸੁਣਾਈਆ । ਵਸਤ ਅਗੰਮ ਅਥਾਹ ਇਕੋ ਮੰਗ ਲਈ, ਦਰ ਠਾਂਡੇ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਆਪਣੇ ਰੰਗ ਰੰਗ ਲਈਂ, ਰੰਗਤ ਇਕੋ ਇਕ ਚੜ੍ਹਾਈਆ । ਸਚ ਦਵਾਰੇ ਸਾਚੇ ਸੱਦ ਲਈਂ, ਸਦਕੇ ਵਾਰੀ ਹਉਂ ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਗੋਬਿੰਦ ਕਹੇ ਪੁਰ ਅਨੰਦ ਤੋਂ ਅਗਲਾ ਵੇਖਿਆ ਰਸਤਾ, ਜਗਤ ਜਹਾਨ ਪਗਡੰਡੀ ਦਿਤੀ ਤਜਾਈਆ । ਪੁਰਖ ਅਕਾਲ ਦੀਨ ਦਿਆਲ ਤੱਕਿਆ ਹੱਸਦਾ, ਹਸਤੀ ਵਿਚ ਮਸਤੀ ਰਿਹਾ ਚੜ੍ਹਾਈਆ । ਨਾਮ ਪਿਆਲਾ ਦੇਵੇ ਆਪਣੇ ਰਸ ਦਾ, ਰਸਨਾ ਤੋਂ ਬਾਹਰ ਸਿਫ਼ਤ ਸਾਲਾਹੀਆ । ਇਸ਼ਾਰਾ ਦੇ ਅਗੰਮੀ ਅੱਖ ਦਾ, ਜਗ ਲੋਚਣਾਂ ਤੋਂ ਨੈਣ ਲਿਆ ਬਦਲਾਈਆ । ਖੇਲ ਦੱਸ ਸਚਖੰਡ ਪ੍ਰਤੱਖ ਦਾ, ਦਰਗਾਹ ਸਾਚੀ ਧਾਮ ਨਿਆਰੇ ਪੜਦਾ ਦਿਤਾ ਉਠਾਈਆ । ਭੰਡਾਰਾ ਖੋਲ੍ਹ ਨੂਰ ਨੁਰਾਨੇ ਹੱਟ ਦਾ, ਵਣਜਾਰਾ ਹੋ ਕੇ ਵਣਜ ਦਿਤਾ ਕਰਾਈਆ । ਪੜਦਾ ਲਾਹ ਕੇ ਲੱਖ ਚੁਰਾਸੀ ਅੰਤਰ ਆਤਮ ਘਟ ਘਟ ਦਾ, ਚਾਰੇ ਖਾਣੀ ਲੇਖਾ ਦਿਤਾ ਸਮਝਾਈਆ । ਨਾਦ ਵਜਾ ਕੇ ਅਨਹਦ ਆਪਣੇ ਨਦ ਦਾ, ਪਰਾ ਪਸੰਤੀ ਮਧਮ ਬੈਖਰੀ ਲਹਿਣਾ ਦਿਤਾ ਮੁਕਾਈਆ । ਹੁਕਮ ਦੇ ਕੇ ਖੇਲ ਦੱਸਿਆ ਅਲੱਗ ਦਾ, ਤੱਤਾਂ ਵਾਲਾ ਨਾਤਾ ਦਿਤਾ ਤੁੜਾਈਆ । ਜੋੜਾ ਦੱਸਿਆ ਸੂਰੇ ਸਰਬੱਗ ਦਾ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਅਨੰਦ ਪੁਰ ਤੋਂ ਅੱਗੇ ਲਿਆ ਤੱਕ, ਹਰਿ ਕਰਤਾ ਨਜ਼ਰੀ ਆਈਆ । ਨਿਰਗੁਣ ਧਾਰ ਸਾਹਿਬ ਸਮਰਥ, ਪਰਵਰਦਿਗਾਰ ਬੇਪਰਵਾਹੀਆ । ਹਕ਼ੀਕ਼ਤ ਵਿਚੋਂ ਦੱਸੇ ਹਕ, ਪਰਤੱਖ ਰੂਪ ਗੋਸਾਈਆ । ਸਚ ਜੈਕਾਰਾ ਬੋਲ ਅਲੱਖ, ਅਲਖ ਅਗੋਚਰ ਆਪਣਾ ਆਪ ਦਿਤਾ ਦ੍ਰਿੜਾਈਆ । ਮੈਂ ਚਰਨ ਕਵਲ ਬਿਨ ਧਵਲ ਗਿਆ ਢੱਠ, ਬਿਨ ਧੂੜੀ ਮਸਤਕ ਟਿੱਕਾ ਸਾਚਾ ਲਿਆ ਰਮਾਈਆ । ਸਾਹਿਬ ਸਤਿਗੁਰ ਪਕੜ ਉਠਾਇਆ ਝੱਟ, ਬਿਨ ਹੱਥਾਂ ਹੱਥ ਲਗਾਈਆ । ਤੈਨੂੰ ਰਹਿਣ ਨਹੀਂ ਦੇਣਾ ਵੱਖ, ਅੱਡਰਾ ਘਰ ਨਾ ਕੋਇ ਬਣਾਈਆ । ਨਾਤਾ ਤੋੜ ਕੇ ਮਾਸ ਨਾੜੀ ਹੱਡ, ਜੋਤੀ ਧਾਰ ਵਿਚ ਸਮਾਈਆ । ਕੀ ਹੋਇਆ ਪੁਰੀ ਅਨੰਦ ਆਇਆ ਛੱਡ, ਸਚਖੰਡ ਸੋਹਣਾ ਮੰਦਰ ਇਕ ਸੁਹਾਈਆ । ਜਿਥੇ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਮੇਰੀ ਚਲੇ ਯਦ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕੋਈ ਨਾ ਸਕੇ ਲੱਭ, ਖੋਜ ਵਿਚ ਖੋਜਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਨਿਰਵੈਰ ਆਪ ਸੁਣਾਈਆ । ਗੋਬਿੰਦ ਕਿਹਾ ਅਨੰਦ ਪੁਰ ਤੋਂ ਅੱਗੇ ਤੱਕਿਆ ਏਕੰਕਾਰ ਓਹ, ਓੜਕ ਜਿਸ ਦੀ ਸਾਰੇ ਓਟ ਤਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਨਾਲੋਂ ਬੈਠਾ ਹੋ ਨਿਰਮੋਹ, ਮੋਹ ਮੁਹੱਬਤ ਨਿਰਗੁਣ ਨਿਰਗੁਣ ਨਾਲ ਰਖਾਈਆ । ਜਿਸ ਦਾ ਲੇਖਾ ਅਵਰ ਨਾ ਜਾਣੇ ਕੋ, ਕੋਟਨ ਕੋਟ ਜੁਗ ਸਮਝ ਕਿਸੇ ਨਾ ਆਈਆ । ਗੁਰ

ਅਵਤਾਰ ਪੈਗ਼ੰਬਰ ਜਿਸ ਦੀ ਸੁਣਦੇ ਰਹੇ ਸੋ, ਸੋ ਸਾਹਿਬ ਸਵਾਮੀ ਅੰਤਰਜਾਮੀ ਆਪਣਾ ਭੇਵ ਖੁਲ੍ਹਾਈਆ । ਸਚ ਪਰਕਾਸ਼ ਕਰ ਅਗੰਮੀ ਲੋ, ਲੋਇਨ ਤੋਂ ਪਰੇ ਕਰੇ ਰੁਸ਼ਨਾਈਆ । ਜਿਸ ਦੀ ਧਾਰ ਸਦਾ ਦੋ, ਨਿਰਗੁਣ ਸਰਗੁਣ ਵੇਸ ਵਟਾਈਆ । ਪਰਮਾਤਮ ਹੋ ਕੇ ਆਤਮ ਜਾਵੇ ਛੋਹ, ਸ਼ਹਿਨਸ਼ਾਹ ਹੋ ਕੇ ਵਸਤ ਅਮੋਲਕ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਘਟ ਜੋਤ ਪਰਕਾਸ਼ੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੋਬਿੰਦ ਕਿਹਾ ਅਨੰਦ ਪੁਰ ਤੋਂ ਅੱਗੇ ਤੱਕਿਆ ਇਕ ਅਕਾਲ, ਅਕਲ ਕਲਧਾਰੀ ਨਜ਼ਰੀ ਆਈਆ । ਜਿਸ ਮੈਨੂੰ ਬਣਾਇਆ ਲਾਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਵਿਚ ਸਮਾਈਆ । ਮੇਰੀ ਲੇਖੇ ਲਾ ਕੇ ਘਾਲ, ਕੀਤੀ ਘਾਲ ਥਾਏਂ ਪਾਈਆ । ਸਚਖੰਡ ਦਵਾਰਾ ਵਖਾ ਸੱਚੀ ਧਰਮਸਾਲ, ਸਚ ਸਿੰਘਾਸਣ ਆਸਣ ਦਿਤਾ ਲਗਾਈਆ । ਝਗੜਾ ਮੁਕਾ ਕੇ ਕਾਲ ਮਹਾਂਕਾਲ, ਦੀਨ ਦਿਆਲ ਦਿਤੀ ਵਡਿਆਈਆ । ਮੇਰਾ ਹੱਲ ਹੋਇਆ ਸਵਾਲ, ਮਨਸਾ ਮੋਹ ਦਿਤਾ ਚੁਕਾਈਆ । ਤੱਤਾਂ ਵਿਚੋਂ ਲਿਆ ਜਵਾਲ, ਅਗਨੀ ਅੱਗ ਨਾ ਕੋਇ ਤਪਾਈਆ । ਬਾਲਾ ਨੱਢਾ ਬਣਾ ਨੌਜਵਾਨ, ਜੋਬਨ ਆਪਣਾ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਸਰਗੁਣ ਆਪ ਸੁਣਾਈਆ । ਗੋਬਿੰਦ ਕਿਹਾ ਅਨੰਦ ਪੁਰ ਤੋਂ ਅੱਗੇ ਖੁਲ੍ਹਿਆ ਵੇਖਿਆ ਤਾਕ, ਤਾਕਤਵਰ ਪੜਦਾ ਆਪ ਉਠਾਈਆ । ਜਿਸ ਦਾ ਦੇ ਕੇ ਆਏ ਭਵਿਖਤ ਵਾਕ, ਵਾਕਿਆ ਵੇਖੇ ਚਾਈਂ ਚਾਈਂਆ । ਸਾਹਿਬ ਸਵਾਮੀ ਹੋ ਕੇ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਸੋਹੰ ਢੋਲਾ ਦਿਤਾ ਦ੍ਰਿੜਾਈਆ । ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਜਿਸ ਦਾ ਜਾਪ, ਜਗਜੀਵਣ ਦਾਤਾ ਜੁਗਤੀ ਜੋਗ ਇਕ ਜਣਾਈਆ । ਗੋਬਿੰਦ ਕਹੇ ਜਿਸ ਦੀ ਸਿਫ਼ਤ ਵਿਚ ਸਿਫ਼ਤ ਗਏ ਆਖ, ਆਖ਼ਰ ਆਪਣੀ ਕਾਰ ਕਮਾਈਆ । ਕਲਜੁਗ ਅੰਤਮ ਦੇਵੇ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਕੂੜੀ ਕਿਰਿਆ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਨੂਰ ਰੁਸ਼ਨਾਈਆ । ਜਨ ਭਗਤ ਬਣਾਏ ਸਚ ਜਮਾਤ, ਜੁਮਲਾ ਅੱਖਰ ਵੱਖਰ ਇਕੋ ਨਾਮ ਪੜ੍ਹਾਈਆ । ਮਹੱਲ ਅਟਲ ਉਚ ਮਨਾਰਾ ਸੁਹਾਏ ਇਕ ਮਹਿਰਾਬ, ਮਹਿਬੂਬ ਹੋ ਕੇ ਮੁਹੱਬਤ ਵਿਚ ਆਸਣ ਲਾਈਆ । ਸਚ ਸੁਨੇਹੜਾ ਸਤਿਗੁਰ ਹੋ ਕੇ ਦੇਵੇ ਆਪ, ਗੁਰਮੁਖ ਗੁਰ ਗੁਰ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਧੁਰ ਦਾ ਸਾਥ, ਸੰਗੀ ਸਾਥੀ ਹਰਿ ਕਰਤਾ ਇਕੋ ਨਜ਼ਰੀ ਆਈਆ ।

★ ੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਮਲ ਸਿੰਘ ਦੇ ਗ੍ਰਿਹਿ ਅਕਾਲ ਗੜ੍ਹ ★

ਗੋਬਿੰਦ ਕਹੇ ਪੁਰ ਅਨੰਦ ਤੋਂ ਚੰਗਾ ਸਚਖੰਡ, ਦਰਗਾਹ ਸਾਚੀ ਵੱਜੇ ਸਚ ਵਧਾਈਆ । ਜਿਸ ਗ੍ਰਿਹਿ ਮੰਦਰ ਅੰਦਰ ਬੈਠਾ ਨਿਰਗੁਣ ਰੂਪ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪਰਵਰਦਿਗਾਰ ਸਾਂਝਾ ਯਾਰ ਨੂਰ ਖ਼ੁਦਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਹੀਂ ਕੋਈ ਵੰਡ, ਤਤ ਵਜੂਦ ਨਜ਼ਰ ਕੋਇ ਨਾ ਆਈਆ । ਅੱਖਰਾਂ ਵਾਲਾ ਨਹੀਂ ਕੋਈ ਗਾਵਣ ਵਾਲਾ ਛੰਦ, ਰਾਗ ਨਾਦ ਗੀਤ ਸੰਗੀਤ ਵੱਜੇ ਨਾ ਕੋਇ ਵਧਾਈਆ ।

ਇਕੋ ਜੋਤ ਨੂਰ ਅਗੰਮੀ ਚੜ੍ਹਿਆ ਚੰਦ, ਰਵ ਸਸ ਸੂਰੀਆ ਮੁਖ ਨਾ ਕੋਇ ਵਖਾਈਆ । ਝਗੜਾ ਨਹੀਂ ਕੋਈ ਦੀਨ ਮਜ਼੍ਹਬ ਊਚ ਨੀਚ ਰਾਓ ਰੰਕ, ਜਾਤ ਪਾਤ ਵਿਚ ਵਰਭੰਡ, ਲੋਕ ਪਰਲੋਕ ਗਣਤ ਨਾ ਕੋਇ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਇਕ ਇਕੱਲਾ ਸਚ ਸਿੰਘਾਸਣ ਸੋਭਾ ਪਾਈਆ । ਗੋਬਿੰਦ ਕਿਹਾ ਅਨੰਦ ਪੁਰ ਤੋਂ ਅੱਗੇ ਵੇਖਿਆ ਮੁਕਾਮੇ ਹਕ, ਹਕੀਕਤ ਇਕੋ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਪੁਰਖ ਅਕਾਲ ਮਿਲੇ ਸਮਰਥ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜਿਸ ਦਾ ਚਾਰ ਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੁਰ ਅਵਤਾਰ ਪੀਰ ਪੈਗ਼ੰਬਰ ਗਾਉਂਦੇ ਜਸ, ਰਸਨਾ ਜਿਹਵਾ ਬੱਤੀ ਦੰਦ ਸੋਹਲੇ ਢੋਲੇ ਰਾਗ ਸੁਣਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਚ ਦਵਾਰੇ ਰਿਹਾ ਵਸ, ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਕੋਟਨ ਕੋਟ ਦੇਵਤ ਸੁਰ ਰਿਖ ਮੁਨ ਸਾਧ ਸੰਤ ਸੂਫ਼ੀ ਫ਼ਕੀਰ ਬੇਨਜ਼ੀਰ ਚਰਨੀ ਰਹੇ ਢੱਠ, ਬਿਨ ਸੀਸ ਜਗਦੀਸ਼ ਸਾਰੇ ਰਹੇ ਝੁਕਾਈਆ । ਚਾਰੇ ਖਾਣੀ ਚਾਰੇ ਬਾਣੀ ਅੰਤਰ ਨਿਰੰਤਰ ਮੰਤਰ ਜਿਸ ਦਾ ਨਾਮ ਰਹੇ ਰਟ, ਬੋਧ ਅਗਾਧ ਸ਼ਬਦ ਅਨਾਦ ਧੁਰ ਦੀ ਧੁਨ ਕਰੇ ਸ਼ਨਵਾਈਆ । ਸੋ ਸਾਹਿਬ ਸਤਿਗੁਰ ਦੀਨ ਦਿਆਲਾ ਪੁਰਖ ਅਕਾਲਾ ਮਾਰਗ ਲਾਵੇ ਸੱਚ, ਕਲਜੁਗ ਕੂੜੀ ਕਿਰਿਆ ਚਾਰ ਕੁੰਟ ਚਾਰ ਵਰਨ ਅਠਾਰਾਂ ਬਰਨ ਦਏ ਗਵਾਈਆ । ਕਰ ਪਰਕਾਸ਼ ਕਾਇਆ ਮਾਟੀ ਪੰਜ ਤਤ ਕੱਚ, ਆਤਮ ਬ੍ਰਹਮ ਪਾਰਬ੍ਰਹਮ ਭੇਵ ਅਭੇਦਾ ਅਛਲ ਅਛੇਦਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਦੇਵੇ ਮਾਣ ਵਡਿਆਈਆ । ਗੋਬਿੰਦ ਕਿਹਾ ਅਨੰਦ ਪੁਰ ਤੋਂ ਅੱਗੇ ਵੇਖਿਆ ਅਗੰਮ ਦਵਾਰ, ਜਿਸ ਦਾ ਭੇਵ ਨਾ ਕੋਇ ਖੁਲ੍ਹਾਈਆ । ਜਿਸ ਨੂੰ ਸਮਝ ਨਾ ਸਕੇ ਵੇਦ ਚਾਰ, ਸ਼ਾਸਤਰ ਸਿਮਰਤ ਕਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਰ ਦੇ ਭਿਖਾਰ, ਭਿੱਖਕ ਹੋ ਕੇ ਬੈਠੇ ਝੋਲੀਆਂ ਡਾਹੀਆ । ਸੋ ਦਵਾਰਾ ਏਕੰਕਾਰਾ ਰੱਖੇ ਠੰਡਾ ਠਾਰ, ਅਗਨੀ ਤਤ ਆਦਿ ਜੁਗਾਦਿ ਨਾ ਕੋਇ ਤਪਾਈਆ । ਨਿਰਗੁਣ ਸਰਗੁਣ ਵਸਤ ਦੇਵੇ ਦਾਤਾ ਦਾਨੀ ਬਣ ਥਾਰ, ਥਿਰ ਘਰ ਪੜਦਾ ਓਹਲਾ ਦਏ ਚੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ, ਕਲ ਕਲਕੀ ਵੇਸ ਵਟਾਈਆ । ਜਿਸ ਦੀ ਆਦਿ ਅੰਤ ਜੁਗਾ ਜੁਗੰਤ ਪਾਵੇ ਕੋਈ ਨਾ ਸਾਰ, ਮਹਾਂਸਾਰਥੀ ਹੋ ਕੇ ਦੋ ਜਹਾਨਾਂ ਸ੍ਰੀ ਭਗਵਾਨਾ ਆਪਣਾ ਰਥ ਚਲਾਈਆ । ਕੂੜ ਕਿਰਿਆ ਜਗਤ ਮਾਇਆ ਮਮਤਾ ਮੇਟੇ ਵਿਭਚਾਰ, ਦੁਰਮਤ ਮੈਲ ਅਗਨੀ ਤਤ ਬੁਝਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਦੱਸੇ ਇਕ ਪਿਆਰ, ਸੁਰਤੀ ਸ਼ਬਦੀ ਨਾਤਾ ਦਏ ਜੁੜਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਸਾਧ ਸੰਤ ਇਕੋ ਘਰ ਦਏ ਵਖਾਲ, ਜਿਸ ਗ੍ਰਿਹਿ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਚਖੰਡ ਨਿਵਾਸੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਿਹਿਮਾਦੀ ਆਪਣਾ ਸ਼ਬਦੀ ਨਾਦ ਵਜਾਈਆ । ਗੋਬਿੰਦ ਕਹੇ ਅਨੰਦ ਪੁਰ ਤੋਂ ਅੱਗੇ ਮੰਜ਼ਲ ਹਕੀਕੀ ਚੜ੍ਹਿਆ, ਪੁਰਖ ਅਕਾਲ ਦਿਤੀ ਵਡਿਆਈਆ । ਬਿਨ ਅੱਖਾਂ ਬਿਨ ਅੱਖਰਾਂ ਨਿਰਅੱਖਰ ਇਕੋ ਪੜ੍ਹਿਆ, ਜਿਸ ਨੇ ਭੇਵ ਅਭੇਦਾ ਦਿਤਾ ਖੁਲ੍ਹਾਈਆ । ਸਚ ਵਖਾਇਆ ਧੁਰ ਦਾ ਘਰਿਆ, ਗ੍ਰਿਹਿ ਮੰਦਰ ਵੱਜਦੀ ਦਿਸੀ ਵਧਾਈਆ । ਨਿਰਗੁਣ


੪੩੭ ੨੦

ਨੂਰ ਜੋਤ ਪਰਕਾਸ਼ ਪਰਵਰਦਿਗਾਰ ਇਕੋ ਕਰਿਆ, ਜ਼ਾਹੂਰ ਜਹੂਰ ਵਿਚੋਂ ਪਰਗਟਾਈਆ । ਚਰਨ ਕਵਲ ਸਚ ਸਰਨਾਈ ਬਿਨ ਸੀਸ ਧੜ ਪੜਿਆ, ਜੋਤੀ ਜੋਤ ਜੋਤ ਭੇਟ ਕਰਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਹੁਕਮ ਅਗੰਮਾ ਕਰਿਆ, ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਦਿਤਾ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਅਠਾਰਾਂ ਬਰਨ ਮਨ ਵਾਸਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਿਉਂ ਲੜਿਆ, ਭਾਵਨਾ ਮਮਤਾ ਮੋਹ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ ਨਰ ਨਰੇਸ਼ ਨਿਰਗੁਣ ਧਾਰ ਆਪ ਸੁਣਾਈਆ । ਗੋਬਿੰਦ ਕਹੇ ਮੈਂ ਸੁਣ ਅਗੰਮੀ ਫ਼ਰਮਾਨਾ, ਬਿਨ ਰਸਨਾ ਜਿਹਵਾ ਬੱਤੀ ਦੰਦ ਜੋ ਪ੍ਰਭ ਨੇ ਦਿਤਾ ਜਣਾਈਆ । ਭੇਵ ਅਭੇਦਾ ਖੋਲ੍ਹ ਦੋ ਜਹਾਨਾਂ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਗਗਨ ਗਗਨੰਤਰਾਂ ਪੜਦਾ ਦਿਤਾ ਉਠਾਈਆ । ਜਿਸ ਵਿਚ ਸਤਿਜੁਗ ਦਾ ਸਤਿ ਵਖਾਇਆ ਇਕ ਨਿਸ਼ਾਨਾ, ਸਤਿ ਧਰਮ ਦਾ ਸੱਚਾ ਰਾਹ ਜਣਾਈਆ । ਕਲਜੁਗ ਕੂੜੀ ਕਿਰਿਆ ਮੇਟੇ ਵਿਚ ਜਹਾਨਾਂ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੂਸਰ ਦਿਸੇ ਨਾ ਕੋਇ ਬੇਗਾਨਾ, ਤਤ ਸ਼ਰੀਰ ਤਨ ਵਜੂਦ ਮਾਟੀ ਖ਼ਾਕ ਵੰਡ ਨਾ ਕੋਇ ਵੰਡਾਈਆ । ਏਕਾ ਨਾਮ ਏਕਾ ਦਾਨ ਦੇਵੇ ਧੁਰ ਸ੍ਰੀ ਭਗਵਾਨਾ, ਸਤਿ ਸਤਿਵਾਦੀ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਕੁੰਟ ਦਹਿ ਦਿਸ਼ਾ ਵਰਨ ਬਰਨ ਆਪਣਾ ਰੰਗ ਚੜ੍ਹਾਈਆ । ਗੋਬਿੰਦ ਕਿਹਾ ਪੁਰਖ ਅਕਾਲ ਦਿਤਾ ਧੁਰ ਸੰਦੇਸ਼ਾ, ਸੰਧੀ ਹੱਥ ਕਿਸੇ ਨਾ ਆਈਆ । ਤਖ਼ਤ ਨਿਵਾਸੀ ਬਣ ਨਰੇਸ਼ਾ, ਨਰ ਨਰਾਇਣ ਦਿਤਾ ਸਮਝਾਈਆ । ਗੋਬਿੰਦ ਸ਼ਬਦ ਸਤਿਗੁਰ ਪੂਰਾ ਆਦਿ ਜੁਗਾਦਿ ਰਹੇ ਹਮੇਸ਼ਾ, ਜਨਮ ਮਰਨ ਜਗਤ ਵਜੂਦ ਖੇਲ ਬਣਾਈਆ । ਜੁਗ ਚੌਕੜੀ ਨਿਤ ਨਵਿਤ ਮੇਟੇ ਲੇਖਾ, ਭਰਮ ਭੁਲੇਖਾ ਕੂੜੀ ਕਿਰਿਆ ਦਏ ਕਢਾਈਆ । ਕਲਜੁਗ ਅੰਤ ਚੌਦਾਂ ਸਦੀਆਂ ਮੁਹੰਮਦ ਠੇਕਾ, ਠਾਕਰ ਸਵਾਮੀ ਅੰਤਰਜਾਮੀ ਸਭ ਦਾ ਪੂਰਬ ਲਹਿਣਾ ਦਏ ਮੁਕਾਈਆ । ਜੂਠ ਝੂਠ ਰਹਿਣ ਨਾ ਦੇਵੇ ਭੇਖਾ, ਸਚ ਸੁੱਚ ਲੋਕਮਾਤ ਦਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧਰਮ ਦਵਾਰਾ ਇਕੋ ਇਕ ਵਖਾਈਆ । ਗੋਬਿੰਦ ਕਹੇ ਪੁਰਖ ਅਕਾਲ ਦੇਵੇ ਧੁਰ ਫ਼ਰਮਾਨ, ਹੁਕਮ ਅੰਦਰ ਹੁਕਮ ਬਦਲਾਈਆ । ਝਗੜਾ ਮੇਟ ਜ਼ਿਮੀਂ ਅਸਮਾਨ, ਦੀਨ ਦੁਨੀ ਦਏ ਬਦਲਾਈਆ । ਚਾਰ ਵਰਨ ਅਠਾਰਾਂ ਬਰਨ ਮਾਨਵ ਜਾਤੀ ਸ਼ਬਦੀ ਸਤਿਗੁਰ ਇਕ ਗਿਆਨ, ਮਨ ਵਾਸਨਾ ਨਾ ਕੋਇ ਲੜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਭੇਵ ਖੋਲ੍ਹ ਮਹਾਨ, ਮਹਿੰਮਾ ਅਕਥ ਪੁਰਖ ਸਮਰਥ ਦੇ ਸਮਝਾਈਆ । ਏਕਾ ਨਾਮ ਦੱਸੇ ਗੁਣ ਨਿਧਾਨ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਦੱਸੇ ਕਰਤਾਰ, ਕੁਦਰਤ ਦਾ ਮਾਲਕ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਲੋਕਮਾਤ ਨਿਵਾਰ, ਮਾਇਆ ਮਮਤਾ ਮੋਹ ਮਿਟਾਈਆ । ਸਚ ਸੁਚ ਸਤਿ ਧਰਮ ਡੰਕ ਵੱਜੇ ਸੰਸਾਰ, ਰਾਓ ਰੰਕ ਕਰ ਸ਼ਨਵਾਈਆ । ਇਕੋ ਪੁਰਖ ਅਕਾਲ ਦਾ ਹੋਵੇ ਜੈਕਾਰ, ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਢੋਲਾ ਗਾਈਆ । ਸਚ ਦਵਾਰੇ ਆਤਮ ਕਰੇ ਨਿਮਸਕਾਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਪੁਰਖ ਅਕਾਲ ਦੀਨ ਦਿਆਲ ਵੇਖੇ ਵਿਗਸੇ ਵੇਖਣਹਾਰ, ਘਟ ਘਟ ਅੰਦਰ ਕਾਇਆ ਮੰਦਰ ਫੋਲ ਫੁਲਾਈਆ ।

ਗੋਬਿੰਦ ਵਿਚੋਲਾ ਸ਼ਬਦੀ ਸ਼ਬਦ ਸ਼ਬਦ ਸੰਸਾਰ, ਸੁਰਤੀ ਸੁਰਤ ਅਕਾਲ ਮੂਰਤ ਅਕਲ ਕਲਧਾਰੀ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਕਰ ਖੁਆਰ, ਬੀਸ ਬੀਸੇ ਦੇ ਅਧਾਰ, ਸਤਿਜੁਗ ਸਚ ਕਰ ਉਜਿਆਰ, ਕਲਜੁਗ ਅੰਧ ਅੰਧੇਰ ਕੂੜੀ ਕਿਰਿਆ ਦੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਨਿਰਗੁਣ ਰੂਪ ਸ੍ਰੀ ਭਗਵਾਨਾ, ਸ੍ਰਿਸ਼ਟ ਸਬਾਈ ਦ੍ਰਿਸ਼ਟੀ ਅੰਦਰ ਦੇਵੇ ਦਾਨਾ, ਦਇਆਵਾਨ ਦੀਨਨ ਦੀਨ ਇਕੋ ਇਕ ਅਖਵਾਈਆ ।

★ ੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਅੱਛਰ ਸਿੰਘ ਦੇ ਗ੍ਰਹਿ ਪਿੰਡ ਸੇਖਾ ★

ਗੋਬਿੰਦ ਕਹੇ ਮੇਰਾ ਮੇਲਾ ਨਰ ਨਿਰੰਕਾਰ, ਸਚਖੰਡ ਨਿਵਾਸੀ ਧੁਰ ਦਾ ਪਿਤਾ ਮਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਸੇਵਾਦਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਜੁਗ ਜੁਗ ਹੁਕਮੇ ਅੰਦਰ ਸੇਵ ਕਮਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਵਿਚ ਸੰਸਾਰ, ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਫੋਲ ਫੁਲਾਈਆ । ਚਾਰੇ ਬਾਣੀ ਸ਼ਬਦ ਅਗੰਮਾ ਬੋਲ ਜੈਕਾਰ, ਨਾਮ ਨਿਧਾਨਾ ਸ੍ਰੀ ਭਗਵਾਨਾ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਆਕਾਸ਼ ਪਾਤਾਲਾਂ ਆਪ ਸੁਣਾਈਆ । ਲੇਖਾ ਜਾਣ ਪੈਗ਼ੰਬਰ ਅਵਤਾਰ, ਭਗਤ ਸੰਤ ਸੂਫ਼ੀ ਫ਼ਕੀਰ ਅੰਤਰ ਨਿਰੰਤਰ ਫੋਲ ਫੁਲਾਈਆ । ਸ਼ਬਦ ਅਨਾਦ ਬੋਧ ਅਗਾਧ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਬੋਲ ਜੈਕਾਰ, ਚਾਰ ਕੁੰਟ ਦਹਿ ਦਿਸ਼ਾ ਇਕੋ ਨਾਮ ਸਚ ਸ਼ਨਵਾਈਆ । ਸਚ ਸੁਹੇਲਾ ਇਕ ਇਕੇਲਾ ਪਰਮ ਪੁਰਖ ਪਰਮਾਤਮ ਆਤਮ ਖੇਲ ਖਿਲਾਏ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧੁਰ ਦੀ ਸੇਵ ਲਗਾਈਆ । ਗੋਬਿੰਦ ਕਹੇ ਸਚਖੰਡ ਨਿਵਾਸੀ ਮੇਰਾ ਇਕੋ ਮੀਤ, ਮਿਤਰ ਪਿਆਰਾ ਨਜ਼ਰੀ ਆਈਆ । ਜਿਸ ਦੀ ਸਮਝ ਨਾ ਸਕੇ ਕੋਇ ਰੀਤ, ਰੀਤੀਵਾਨ ਬੇਪਹਿਚਾਨ ਬਿਨ ਰੂਪ ਰੰਗ ਰੇਖ ਸਚ ਦਵਾਰੇ ਸੋਭਾ ਪਾਈਆ । ਸੋ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਬੈਠਾ ਰਹੇ ਅਤੀਤ, ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਆਪਣੀ ਸੇਵ ਲਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦੱਸ ਅਗੰਮਾ ਗੀਤ, ਸੋਹਲਾ ਢੋਲਾ ਧੁਰ ਦਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਸਚਖੰਡ ਨਿਵਾਸੀ ਮੇਰਾ ਇਕੋ ਸੱਜਣ, ਸਾਹਿਬ ਸਤਿਗੁਰ ਨਜ਼ਰੀ ਆਈਆ । ਜਿਸ ਦੇ ਤਾਲ ਨਗਾਰੇ ਸ਼ਬਦ ਅਗੰਮੀ ਵੱਜਣ, ਅਨਰਾਗੀ ਆਪਣਾ ਰਾਗ ਸੁਣਾਈਆ । ਜਿਸ ਦਾ ਤਨ ਵਜੂਦ ਮਾਟੀ ਖ਼ਾਕੀ ਨਹੀਂ ਕੋਈ ਬਦਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਨਾ ਕੋਇ ਜੁੜਾਈਆ । ਮੁਕਾਮੇ ਹਕ ਬੈਠਾ ਆਪਣੀ ਮੰਜ਼ਲ, ਮਹਿਬੂਬ ਹੋ ਕੇ ਮੁਹੱਬਤ ਵਿਚ ਖੇਲ ਖਿਲਾਈਆ । ਜਿਸ ਦੇ ਦੀਪਕ ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਸਤਿਜੁਗ ਤਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਧਾਰ ਜਗਣ, ਜਾਗਰਤ ਜੋਤ ਬਿਨ ਵਰਨ ਗੋਤ ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦਾ ਸਦਾ ਸਦ ਆਪਣਾ ਹੁਕਮ ਵਰਤਾਈਆ ।

## ★ ੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਹਰਜਿੰਦਰ ਕੌਰ ਦੇ ਗ੍ਰਿਹਿ ਪਿੰਡ ਸੇਖਾ ★

ਗੋਬਿੰਦ ਕਹੇ ਸਚਖੰਡ ਮੈਂ ਵੇਖਿਆ ਪੁਰਖ ਅਕਾਲਾ, ਅਕਲ ਕਲਧਾਰੀ ਬੈਠਾ ਸੋਭਾ ਪਾਈਆ । ਜਿਸ ਦਾ ਨਿਰਗੁਣ ਨੂਰ ਜੋਤ ਉਜਾਲਾ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਨਿਤ ਨਵਿਤ ਹੁਕਮੇ ਅੰਦਰ ਬਦਲਦਾ ਰਹੇ ਚਾਲਾ, ਚਾਲ ਨਿਰਾਲੀ ਆਪਣੇ ਹੱਥ ਰਖਾਈਆ । ਦੀਨ ਦੁਨੀ ਨਾਮ ਸੰਦੇਸ਼ਾ ਦੇਂਦਾ ਰਹੇ ਸੁਖਾਲਾ, ਪਾਰਬ੍ਰਹਮ ਬ੍ਰਹਮ ਭੇਵ ਅਭੇਦ ਆਪਣਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਇਕ ਇਕੱਲਾ ਸਚ ਮਹੱਲਾ ਦਰਗਾਹ ਸਾਚੀ ਇਕ ਵਡਿਆਈਆ । ਗੋਬਿੰਦ ਕਹੇ ਸਚਖੰਡ ਦਵਾਰੇ ਤੱਕਿਆ ਪਰਵਰਦਿਗਾਰ, ਪਰਮ ਪੁਰਖ ਪਰਮਾਤਮ ਨਜ਼ਰੀ ਆਈਆ । ਜੋ ਇਕ ਇਕੱਲਾ ਵਾਹਦ ਸਰਬ ਸਵਾਮੀ ਮਿਤਰ ਯਾਰ, ਦਰਗਾਹ ਸਾਚੀ ਹਕ ਮੁਕਾਮੇ ਡੇਰਾ ਲਾਈਆ । ਮਿਹਰਵਾਨ ਹੋ ਕੇ ਮੈਨੂੰ ਬਣਾਇਆ ਆਪਣਾ ਖ਼ਿਦਮਤਗਾਰ, ਖ਼ਾਦਮ ਹੋ ਕੇ ਖ਼ੁਦ ਸਾਚੀ ਸੇਵ ਕਮਾਈਆ । ਨਿਰਗੁਣ ਸਰਗੁਣ ਦੇ ਆਧਾਰ, ਕਾਇਆ ਮਾਟੀ ਪੰਜ ਤਤ ਤਨ ਵਜੂਦ ਆਪਣਾ ਰੰਗ ਰੰਗਾਈਆ । ਸ਼ਬਦ ਅਨਾਦੀ ਬੋਲ ਜੈਕਾਰ, ਧੁਰ ਫ਼ਰਮਾਨਾ ਸ੍ਰੀ ਭਗਵਾਨਾ ਆਪਣਾ ਦਿਤਾ ਸੁਣਾਈਆ । ਵਰਨ ਬਰਨ ਜਾਤ ਪਾਤ ਊਚ ਨੀਚ ਰਾਓ ਰੰਕ ਵਿਚੋਂ ਕਰ ਕੇ ਬਾਹਰ, ਏਕਾ ਰੰਗ ਧੁਰ ਦਾ ਦਿਤਾ ਰੰਗਾਈਆ । ਸਾਚੀ ਸਿਖਿਆ ਦੇ ਕੇ ਭਿਖਿਆ ਸਚਖੰਡ ਦਵਾਰੇ ਦਿਤਾ ਸਿਖ਼ਾਲ, ਮਨ ਮਤ ਬੁੱਧੀ ਤੋਂ ਪਰੇ ਕੀਤੀ ਪੜ੍ਹਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਨਿਰਗੁਣ ਧਾਰ ਬਣਾ ਕੇ ਆਪਣਾ ਲਾਲ, ਜੋਤੀ ਜੋਤ ਆਪਣੀ ਗੋਦ ਉਠਾਈਆ । ਏਥੇ ਓਥੇ ਦੋ ਜਹਾਨਾਂ ਸਾਹਿਬ ਸਮਰਥ ਹੋ ਕੇ ਕਰੇ ਸੰਭਾਲ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਧੁਰ ਦਾ ਨਾਮ ਇਕ ਦ੍ਰਿੜਾਈਆ ।

## ★ ੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਹਰਵਿੰਦਰ ਕੌਰ ਦੇ ਗ੍ਰਿਹਿ ਪਿੰਡ ਰਖਾਲਾ ★

ਗੋਬਿੰਦ ਕਿਹਾ ਸਚਖੰਡ ਦਵਾਰੇ ਤੱਕਿਆ ਪੁਰਖ ਅਬਿਨਾਸ਼ੀ, ਪਰਮ ਪੁਰਖ ਬੈਠਾ ਸੋਭਾ ਪਾਈਆ । ਸ੍ਰਿਸ਼ਟੀ ਵਿਚ ਵੇਖਿਆ ਹਰ ਘਟ ਨਿਵਾਸੀ, ਗ੍ਰਿਹਿ ਗ੍ਰਿਹਿ ਅੰਦਰ ਆਪਣਾ ਨਿਰਗੁਣ ਜੋਤ ਕਰੇ ਰੁਸ਼ਨਾਈਆ । ਬ੍ਰਹਿਮੰਡਾਂ ਖੰਡਾਂ ਵੇਖਿਆ ਅਗੰਮ ਜੋਤ ਪਰਕਾਸ਼ੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਬਣਿਆ ਦਾਸੀ, ਸੇਵਕ ਹੋ ਕੇ ਧੁਰ ਦੀ ਸੇਵਾ ਮੰਗ ਮੰਗਾਈਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲਾ ਦੀਨ ਦਿਆਲਾ ਮੇਰੀ ਪੂਰੀ ਕਰੇ ਆਸੀ, ਆਸਾ ਵਿਚ ਆਸ਼ਾ ਆਪਣੀ ਨਾਲ ਮਿਲਾਈਆ । ਲੋਕਮਾਤ ਕਲਜੁਗ ਅੰਤ ਸ੍ਰੀ ਭਗਵੰਤ ਖੇਲ ਵਖਾਏ ਆਪਣੀ ਘਾਟੀ, ਪੱਤਣ ਕਿਨਾਰਾ ਤਟ ਦੂਜਾ ਰਹਿਣ ਕੋਇ ਨਾ ਪਾਈਆ । ਬੀਸ ਬੀਸਾ ਹਰਿ ਜਗਦੀਸਾ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਮੇਟੇ ਵਾਟੀ, ਨਿਰਵੈਰ ਹੋ ਕੇ ਆਪਣਾ ਹੁਕਮ ਵਰਤਾਈਆ । ਨਵ ਸੱਤ ਦੇਵੇ ਨਾਮ ਸੰਦੇਸ਼ਾ ਅਗੰਮੀ ਪਾਤੀ, ਤੂੰ ਮੇਰਾ ਮੈਂ ਤੇਰਾ ਢੋਲਾ ਸਭ ਨੂੰ ਦਏ ਸੁਣਾਈਆ । ਝਗੜਾ ਮੁਕੇ ਊਚ ਨੀਚ ਰਾਓ ਰੰਕ ਦੀਨ ਮਜ਼੍ਹਬ ਜਾਤ ਪਾਤੀ, ਆਤਮ ਬ੍ਰਹਮ ਪਾਰਬ੍ਰਹਮ ਭੇਵ ਮਾਨੁਖ ਜਾਤੀ

ਦਏ ਜਣਾਈਆ । ਨਿਝਰ ਧਾਰਾ ਅੰਮ੍ਰਿਤ ਬੂੰਦ ਦੇਵੇ ਸਵਾਂਤੀ, ਅਮਿਉਂ ਰਸ ਆਪਣਾ ਆਪ ਵਰਤਾਈਆ । ਕੂੜੀ ਕਿਰਿਆ ਮਨ ਵਾਸਨਾ ਮੇਟ ਅੰਧੇਰੀ ਰਾਤੀ, ਨਿਰਗੁਣ ਨਿਰਗੁਣ ਜੋਤ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਹੁਕਮ ਵਰਤਾਈਆ । ਗੋਬਿੰਦ ਕਹੇ ਸਚਖੰਡ ਦਵਾਰੇ ਵੇਖਿਆ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਇਕੋ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਸਾਰੇ ਬੇਪਰਵਾਹ, ਬੇਅੰਤ ਕਰ ਕੇ ਰਹੇ ਗਾਈਆ । ਜੋ ਹੁਕਮੇ ਅੰਦਰ ਹੁਕਮ ਰਿਹਾ ਵਰਤਾ, ਧੁਰ ਫ਼ਰਮਾਨਾ ਇਕ ਸੁਣਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਬਣੇ ਮਲਾਹ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਬੇੜਾ ਆਪ ਚਲਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਭਵਿਖਤਾਂ ਵਿਚ ਆਏ ਗਾ, ਲਿਖਤਾਂ ਵਿਚ ਸ਼ਹਾਦਤ ਗਏ ਭੁਗਤਾਈਆ । ਸੋ ਨਿਰਗੁਣ ਨੂਰ ਜੋਤ ਕਰੇ ਰੁਸ਼ਨਾ, ਕਲ ਕਲਕੀ ਵੇਸ ਵਟਾਈਆ । ਜਿਸ ਨੂੰ ਜਨਮੇ ਕੋਈ ਨਾ ਮਾਂ, ਪਿਤਾ ਪੂਤ ਨਾ ਗੋਦ ਉਠਾਈਆ । ਸੋ ਲਹਿਣਾ ਦੇਣਾ ਲੇਖਾ ਜਾਣੇ ਦੋ ਜਹਾਂ, ਪੜਦਾ ਓਹਲਾ ਆਪੇ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਪੁਰਖ ਅਕਾਲ ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਗੋਬਿੰਦ ਕਹੇ ਸਚਖੰਡ ਦਵਾਰੇ ਵੇਖਿਆ ਸ੍ਰੀ ਭਗਵਾਨ, ਭਗਵਨ ਬੈਠਾ ਸੋਭਾ ਪਾਈਆ । ਜਿਸ ਦਾ ਝੁਲਦਾ ਧਰਮ ਨਿਸ਼ਾਨ, ਜ਼ਿਮੀਂ ਅਸਮਾਨ ਸੀਸ ਝੁਕਾਈਆ । ਕੋਟਨ ਕੋਟ ਬੈਠੇ ਕਾਹਨ, ਸੀਤਾ ਦੇ ਰਾਮ ਦੇਣ ਦੁਹਾਈਆ । ਕੋਟਨ ਕੋਟ ਈਸਾ ਮੂਸਾ ਮੁਹੰਮਦ ਮੰਗਣ ਦਾਨ, ਦਰਵੇਸ਼ ਹੋ ਕੇ ਅਲਖ ਜਗਾਈਆ । ਨਾਨਕ ਨਿਰਗੁਣ ਕਰ ਪਰਨਾਮ, ਨਰਾਇਣ ਮਿਲ ਕੇ ਵੱਜੇ ਵਧਾਈਆ । ਗੋਬਿੰਦ ਕਿਹਾ ਮੈਂ ਉਸ ਦਾ ਜੋਧਾ ਸੂਰਬੀਰ ਸੁਤ ਬਲਵਾਨ, ਸ਼ਬਦੀ ਆਪਣਾ ਨਾਉਂ ਜਣਾਈਆ । ਕਲਜੁਗ ਅੰਤ ਸਦੀ ਚੌਧਵੀਂ ਲੋਕਮਾਤ ਹੋਵਾਂ ਪਰਧਾਨ, ਪਰਮ ਪੁਰਖ ਠਾਕਰ ਸਵਾਮੀ ਦੇਵੇ ਮਾਣ ਵਡਿਆਈਆ । ਕੂੜੀ ਕਿਰਿਆ ਮੋਹ ਮਮਤਾ ਮਾਇਆ ਵਿਕਾਰ ਹੰਕਾਰ ਮੇਟਾਂ ਵਿਚ ਜਹਾਨ, ਸਚ ਸੁੱਚ ਧਰਮ ਮਾਰਗ ਇਕ ਲਗਾਈਆ । ਬੁੱਧੀ ਬਦਲ ਦੇਵਾਂ ਇਨਸਾਨ, ਸ਼ਰਅ ਰਹੇ ਨਾ ਕੋਇ ਸ਼ੈਤਾਨ, ਚਾਰ ਵਰਨ ਅਠਾਰਾਂ ਬਰਨ ਇਕੋ ਧਰਮ ਦੱਸਾਂ ਈਮਾਨ, ਨਾਮ ਭਜਨ ਬੰਦਗੀ ਇਕੋ ਦਿਆਂ ਸਮਝਾਈਆ । ਸਭ ਦਾ ਇਸ਼ਟ ਇਕੋ ਹੋਵੇ ਸ੍ਰੀ ਭਗਵਾਨ, ਦੂਜੇ ਮੰਨੇ ਕੋਈ ਨਾ ਆਣ, ਕਲਮਾ ਕਾਇਨਾਤ ਕਰੇ ਨਾ ਕਲਿਆਣ, ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਭੇਵ ਅਭੇਦ ਅਨੁਭਵ ਦ੍ਰਿਸ਼ਟੀ ਦਿਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਬਦਲਦਾ ਆਇਆ ਵਿਧਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪਣਾ ਹੁਕਮ ਵਰਤਾਈਆ ।



### ★ ੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਟਹਿਲ ਸਿੰਘ ਦੇ ਗ੍ਰਿਹ ਹਸਪਤਾਲ ਰੋਡ ਅਬੋਹਰ ★

ਗੋਬਿੰਦ ਕਹੇ ਸਚਖੰਡ ਵੇਖਿਆ ਅਗੰਮਾ ਧਾਮ, ਦੋ ਜਹਾਨਾਂ ਵੱਖਰਾ ਸੋਭਾ ਪਾਈਆ । ਜਿਸ ਗ੍ਰਿਹ ਵਸੇ ਸਭ ਤੋਂ ਨਿਆਰਾ ਰਾਮ, ਪਾਰਬ੍ਰਹਮ ਪ੍ਰਭ ਆਪਣਾ ਆਸਣ ਲਾਈਆ । ਹੁਕਮੇ ਅੰਦਰ ਜੁਗ ਚੌਕੜੀ ਬਦਲ ਦੇਵੇ ਨਜ਼ਾਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਖੇਲ ਵਖਾਈਆ ।

ਗੁਰ ਅਵਤਾਰ ਪੈਗ਼ੰਬਰਾਂ ਦੇ ਕੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਨਿਰਗੁਣ ਸਰਗੁਣ ਕਰ ਪਰਧਾਨ, ਤਨ ਮਾਟੀ ਖ਼ਾਕੀ ਵੇਖ ਵਖਾਈਆ । ਅੰਮ੍ਰਿਤ ਰਸ ਪਿਆ ਕੇ ਜਾਮ, ਸਚ ਖ਼ੁਮਾਰੀ ਸ਼ਬਦ ਚੜ੍ਹਾਈਆ । ਧੁਰ ਦਾ ਕਲਮਾ ਦੇ ਪੈਗ਼ਾਮ, ਕਾਇਨਾਤ ਕਰੇ ਸ਼ਨਵਾਈਆ । ਸੋ ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਫੋਲ ਫੁਲਾਈਆ । ਸਦੀ ਚੌਧਵੀਂ ਹੁਕਮ ਦੇਵੇ ਹੁਕਮਰਾਨ, ਧੁਰ ਸੰਦੇਸ਼ਾ ਇਕ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਵੇਖ ਹਰਾਮ, ਮਨ ਵਾਸਨਾ ਮਮਤਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਸਮਝਾਈਆ । ਗੋਬਿੰਦ ਕਹੇ ਸਚਖੰਡ ਨਿਵਾਸੀ ਸਾਹਿਬ ਮੇਰਾ ਸੁਲਤਾਨ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋ ਕਲਜੁਗ ਅੰਤਮ ਕੂੜੀ ਕਿਰਿਆ ਮੇਟੇ ਨਿਸ਼ਾਨ, ਸਤਿਜੁਗ ਸਾਚਾ ਮਾਰਗ ਚਾਰ ਵਰਨ ਅਠਾਰਾਂ ਬਰਨ ਇਕ ਵਖਾਈਆ । ਸ਼ਰਅ ਸ਼ਰੀਅਤ ਵਿਚ ਰਹੇ ਨਾ ਕੋਈ ਬੇਈਮਾਨ, ਆਤਮ ਪਰਮਾਤਮ ਬੋਧ ਅਗਾਧ ਧੁਰ ਦਾ ਨਾਦ ਦਏ ਸੁਣਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਦੱਸ ਕੇ ਈਮਾਨ, ਧਰਮ ਦਵਾਰਾ ਏਕੰਕਾਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਏ ਪਰਗਟਾਈਆ । ਅੰਤ ਅਖ਼ੀਰ ਬੇਨਜ਼ੀਰ ਸਾਚੀ ਦੱਸ ਅਗੰਮੀ ਕਲਾਮ, ਕਾਇਨਾਤ ਦਏ ਸਮਝਾਈਆ । ਸ਼ਬਦੀ ਗੋਬਿੰਦ ਜੋਧਾ ਸੂਰਬੀਰ ਮਰਦ ਮਰਦਾਨ, ਨੌਜਵਾਨ ਹੁਕਮ ਮਨਾਈਆ । ਸਭ ਦਾ ਲਹਿਣਾ ਦੇਣਾ ਪੂਰਾ ਲੇਖਾ ਕਰੇ ਜੋ ਦੇ ਕੇ ਗਏ ਭਵਿਖਤਾਂ ਵਿਚ ਬਿਆਨ, ਮਾਲਕ ਖ਼ਾਲਕ ਪ੍ਰਿਤਪਾਲਕ ਵੇਖ ਵਖਾਈਆ । ਦੀਨ ਮਜ਼੍ਹਬ ਦਾ ਰਹਿਣ ਨਾ ਦੇਵੇ ਕੋਈ ਗ਼ੁਲਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਰੰਗ ਇਕ ਰੰਗਾਈਆ । ਗੋਬਿੰਦ ਕਹੇ ਮੇਰਾ ਪਰਮ ਪੁਰਖ ਪਾਰਬ੍ਰਹਮ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਲਏ ਜਰਮ, ਜੋਤੀ ਜਾਤਾ ਜਲਵਾਗਰ ਨੂਰ ਖ਼ੁਦਾਈਆ । ਜਿਸ ਦਾ ਸਮਝੇ ਕੋਈ ਨਾ ਵਰਨ ਬਰਨ, ਜਾਤ ਅਜਾਤੀ ਰੂਪ ਨਾ ਕੋਇ ਵਟਾਈਆ । ਸੋ ਕੁਦਰਤ ਦਾ ਮਾਲਕ ਕਰਨੀ ਕਰਨ, ਕਰਤਾ ਪੁਰਖ ਆਪ ਅਖਵਾਈਆ । ਕਲਜੁਗ ਅੰਤ ਧਰਮ ਵੇਖੇ ਉਪਰ ਧਰਨੀ ਧਰਨ, ਧਵਲ ਧੌਲ ਖੋਜ ਖੁਜਾਈਆ । ਸਾਚਾ ਰਿਹਾ ਨਾ ਕਿਸੇ ਪਰਨ, ਪਰਮ ਪੁਰਖ ਓਟ ਨਾ ਕੋਇ ਤਕਾਈਆ । ਮਨ ਵਾਸਨਾ ਜੀਵ ਹੰਕਾਰੀ ਲੜਨ, ਨਿਵਣ ਸੁ ਅੱਖਰ ਕਰੇ ਨਾ ਕੋਇ ਪੜ੍ਹਾਈਆ । ਸਾਚੀ ਮੰਜ਼ਲ ਕੋਇ ਨਾ ਆਵੇ ਚੜ੍ਹਨ, ਕਾਇਆ ਮੰਦਰ ਅੰਦਰ ਪੜਦਾ ਨਾ ਕੋਇ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਅੰਧੇਰੀ ਕੰਦਰ, ਸਚ ਨਾਮ ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਗੋਬਿੰਦ ਕਹੇ ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਿਸੇ ਨਗਨ, ਓਢਨ ਸੀਸ ਨਾ ਕੋਇ ਟਿਕਾਈਆ । ਧੂੜੀ ਟਿੱਕਾ ਮਸਤਕ ਕੋਇ ਨਾ ਲਾਵੇ ਚੰਦਨ, ਲੱਖ ਚੁਰਾਸੀ ਵਿਚੋਂ ਜਮ ਕੀ ਫਾਸੀ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਦੀਨ ਦਿਆਲ ਦਇਆ ਨਿਧ ਠਾਕਰ ਸਵਾਮੀ ਅੰਤਰਜਾਮੀ ਹਰ ਘਟ ਅੰਤਰ ਵੇਖ ਵਖਾਈਆ । ਗੋਬਿੰਦ ਕਹੇ ਸਚਖੰਡ ਨਿਵਾਸੀ ਮੇਰਾ ਮਹਿਬੂਬ, ਮੁਹੱਬਤ ਵਿਚ ਸਦਾ ਸਮਾਈਆ । ਜਿਸ ਦਾ ਉਚ ਅਰਸ਼ ਅਰੂਜ, ਮੁਕਾਮੇ ਹਕ ਨੂਰ ਰੁਸ਼ਨਾਈਆ । ਸੋ ਲੇਖਾ ਜਾਣੇ ਕਾਇਆ ਕਲਬੂਤ, ਪੰਜ ਤਤ ਫੋਲ ਫੁਲਾਈਆ । ਕਲਜੁਗ ਅੰਤਮ ਕੂੜੀ ਕਿਰਿਆ ਵੇਖ ਵਜੂਦ, ਹੁਕਮੇ ਅੰਦਰ ਹੁਕਮ ਦਏ ਬਦਲਾਈਆ । ਕੂੜੀ ਕਿਰਿਆ ਦਿੱਸੇ ਚਾਰੇ ਕੂਟ, ਦਹਿ ਦਿਸ਼ਾ ਹੋਈ ਹਲਕਾਈਆ । ਜੀਵ ਜੰਤ ਸਾਧ ਸੰਤ ਮਨ ਵਾਸਨਾ ਮਾਰਨ ਝੂਠ, ਸਤਿ ਸੁਚ ਸਕੇ ਨਾ ਕੋਇ ਅਪਨਾਈਆ । ਪੁਰਖ

ਅਕਾਲ ਦੀਨ ਦਿਆਲ ਸਦੀ ਚੌਧਵੀਂ ਅੰਤ ਕਰੇ ਨੇਸਤੋ ਨਾਬੂਦ, ਨਾ ਮਾਲੂਮ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜੀਵ ਜੰਤ ਘਟ ਘਟ ਅੰਤਰ ਨਿਰੰਤਰ ਜਾਣੇ ਮੰਜ਼ਲੇ ਮਕਸੂਦ, ਭੇਵ ਅਭੇਦਾ ਅਛਲ ਅਛੇਦਾ ਆਪਣੇ ਹੱਥ ਰਖਾਈਆ ।

★ ੨੦ ਮਾਘ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਹਿ ਰਤੇ ਵਾਲ ਜ਼ਿਲਾ ਗੰਗਾ ਨਗਰ ਰਾਜਸਥਾਨ ★

ਗੋਬਿੰਦ ਸ਼ਬਦ ਕਹੇ ਪੁਰਖ ਅਕਾਲ ਰਿਹਾ ਦੱਸ, ਦੋ ਜਹਾਨਾਂ ਵਾਲੀ ਦੀਨ ਦਿਆਲ ਦਇਆ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਰਿਹਾ ਕਿਸੇ ਨਾ ਕੋਈ ਵੱਸ, ਮਨ ਵਾਸਨਾ ਦੀਨ ਦੁਨੀ ਹੋਈ ਹਲਕਾਈਆ । ਨਿਜ ਨੇਤਰ ਲੋਚਣ ਨੈਣ ਖੋਲ੍ਹੇ ਕੋਈ ਨਾ ਅੱਖ, ਪਰਤੱਖ ਮਿਲੇ ਨਾ ਕਿਸੇ ਗੋਸਾਈਆ । ਹਕੀਕ਼ਤ ਵਿਚੋਂ ਖੋਜੇ ਕੋਈ ਨਾ ਹਕ, ਪੜਦਾ ਓਹਲਾ ਸਕੇ ਨਾ ਕੋਇ ਉਠਾਈਆ । ਜਗਤ ਵਿਦਿਆ ਪੜ੍ਹ ਪੜ੍ਹ ਗਏ ਥੱਕ, ਮਨ ਵਾਸਨਾ ਬੰਧਨ ਕੋਇ ਨਾ ਪਾਈਆ । ਨਾੜ ਬਹੱਤਰ ਘਰ ਘਰ ਉਬਲੇ ਰੱਤ, ਰਤਨ ਅਮੋਲਕ ਹੀਰਾ ਨਜ਼ਰ ਕਿਸੇ ਨਾ ਆਈਆ । ਦੀਨ ਦੁਨੀ ਦ੍ਰਿਸ਼ਟੀ ਸ੍ਰਿਸ਼ਟੀ ਸਤਿ ਨਾਲੋਂ ਹੋਈ ਵੱਖ, ਸਤਿ ਸਰੂਪ ਸਤਿ ਸਤਿਵਾਦੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਗੋਬਿੰਦ ਸ਼ਬਦ ਕਹੇ ਕੀ ਦੱਸਾਂ ਬਿਆਨ, ਬੇਅੰਤ ਬੇਪਰਵਾਹ ਆਪਣੀ ਖੇਲ ਖਿਲਾਈਆ । ਜਿਸ ਦਾ ਲੇਖਾ ਲਹਿਣਾ ਦੇਣਾ ਦੋ ਜਹਾਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਹੁਕਮ ਵਰਤਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਧੁਰਦਰਗਾਹੀ ਦੇਵੇ ਫ਼ਰਮਾਨ, ਹੁਕਮ ਹਾਕਮ ਇਕ ਦ੍ਰਿੜਾਈਆ । ਚਾਰ ਵਰਨ ਅਠਾਰਾਂ ਬਰਨ ਅੰਤਰ ਨਿਰੰਤਰ ਨਿਰਵੈਰ ਹੋ ਕੇ ਕਰੇ ਪਹਿਚਾਨ, ਮਨ ਮਤ ਬੁੱਧੀ ਤੋਂ ਪਰੇ ਖੋਜ ਖੁਜਾਈਆ । ਲਹਿਣਾ ਦੇਣਾ ਝਗੜਾ ਮਿਟਾਏ ਜ਼ਿਮੀਂ ਅਸਮਾਨ, ਚੌਦਾਂ ਲੋਕ ਤਬਕ ਸਬਕ ਬਿਨ ਅੱਖਰਾਂ ਇਕ ਦ੍ਰਿੜਾਈਆ । ਕਿਰਪਾਨਿਧ ਠਾਕਰ ਸਵਾਮੀ ਖੇਲ ਕਰੇ ਸ੍ਰੀ ਭਗਵਾਨ, ਖ਼ਾਲਕ ਖ਼ਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਗੋਬਿੰਦ ਸ਼ਬਦ ਕਹੇ ਮੈਂ ਦੱਸਾਂ ਕੀ, ਕਹਿਣ ਕੁਛ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਸਤਿਜੁਗ ਬੰਨ੍ਹਣਹਾਰਾ ਨੀਂਹ, ਕਲਜੁਗ ਕੂੜੀ ਕਿਰਿਆ ਜੜ੍ਹ ਰਿਹਾ ਉਖੜਾਈਆ । ਲੇਖਾ ਜਾਣੇ ਲੱਖ ਚੁਰਾਸੀ ਜੰਤ ਜੀ, ਜੀਵਣ ਜੁਗਤ ਬ੍ਰਹਿਮੰਡ ਖੰਡ ਦਏ ਬਦਲਾਈਆ । ਝਗੜਾ ਮੁਕਾ ਕੇ ਸਾਢੇ ਤਿੰਨ ਹੱਥ ਰਵਦਾਸੇ ਸੀਂ, ਸਹਿਜ ਸਵਾਮੀ ਅੰਤਰਜਾਮੀ ਭੇਵ ਅਭੇਦਾ ਦਏ ਖੁਲ੍ਹਾਈਆ । ਅੰਮ੍ਰਿਤ ਮੇਘ ਬਰਸੇ ਅਗੰਮਾ ਮੀਂਹ, ਬੂੰਦ ਸਵਾਂਤੀ ਕਮਲਾਪਾਤੀ ਪਤਿਪਰਮੇਸ਼ਵਰ ਆਪ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਹੋ ਸਹਾਈਆ । ਗੋਬਿੰਦ ਸ਼ਬਦ ਕਹੇ ਧੁਰ ਦਾ ਹੁਕਮ ਦੇਵੇ ਦਿਆਲ, ਦੀਨ ਦਿਆਲ ਦਇਆ ਕਮਾਈਆ । ਜਿਸ ਗੁਰ ਅਵਤਾਰ ਪੈਗ਼ੰਬਰ ਆਪਣੀ ਧਾਰੋਂ ਲਏ ਉਠਾਲ, ਨਿਰਗੁਣ ਵਿਚੋਂ ਨਿਰਗੁਣ ਲਏ ਉਪਜਾਈਆ । ਸਤਿ ਦਵਾਰਾ ਖੋਲ੍ਹ ਕੇ ਇਕੋ ਧਰਮਸਾਲ, ਧਰਮ ਦਾ ਮਾਰਗ ਰਿਹਾ ਪਰਗਟਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇਣੀ

ਚਾਲ, ਮਾਇਆ ਮਮਤਾ ਮੋਹ ਵਿਕਾਰ ਰਹਿਣ ਕੋਇ ਨਾ ਪਾਈਆ । ਨਾਮ ਨਿਧਾਨ ਦੋ ਜਹਾਨ ਦੇਣਾ ਬੇਮਿਸਾਲ, ਜਿਸ ਦੀ ਮਿਸਲ ਪਿਛਲੀ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਵਰਨ ਬਰਨ ਇਕੋ ਢੋਲਾ ਗਾਣ, ਧੁਰ ਦਾ ਰਾਗ ਬ੍ਰਹਮ ਬ੍ਰਹਿਮਾਦ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਗੋਬਿੰਦ ਸ਼ਬਦ ਕਹੇ ਦੇਵੇ ਹੁਕਮ ਹੁਕਮਰਾਨ, ਹਰਿ ਕਰਤਾ ਵਡ ਵਡਿਆਈਆ । ਵਸਤ ਅਮੋਲਕ ਦੇ ਕੇ ਦਾਨ, ਦਾਤਾ ਹੋ ਕੇ ਰਿਹਾ ਸਮਝਾਈਆ । ਕੂੜੀ ਕਿਰਿਆ ਮੇਟ ਵਿਚ ਜਹਾਨ, ਜਹਾਲਤ ਰਹਿਣ ਕੋਇ ਨਾ ਪਾਈਆ । ਮਾਨਵ ਮਾਨੁਖ ਮਾਨਸ ਮੇਲ ਹੋਵੇ ਇਨਸਾਨ, ਹੈਵਾਨ ਬੁੱਧੀ ਨਾ ਕੋਇ ਬਣਾਈਆ । ਹਰ ਘਟ ਅੰਤਰ ਨਿਰੰਤਰ ਨੂਰ ਜਗੇ ਮਹਾਨ, ਦੀਪਕ ਦੀਆ ਬਿਨ ਬਾਤੀ ਤੇਲ ਡਗਮਗਾਈਆ । ਸ਼ਬਦੀ ਨਾਦ ਸੁਣਾਏ ਸੱਚੀ ਧੁਨਕਾਨ, ਅਨਹਦ ਨਾਦੀ ਰਾਗ ਸੁਣਾਈਆ । ਅੰਮ੍ਰਿਤ ਰਸ ਦੇਵੇ ਪੀਣ ਖਾਣ, ਜਗਤ ਕੂੜੀ ਤ੍ਰਿਸ਼ਨਾ ਭੁੱਖ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਧੁਰ ਦਾ ਕੰਤ, ਲੇਖੇ ਲਾਏ ਹਰਿਜਨ ਗੁਰਮੁਖ ਸਾਚੇ ਸੰਤ, ਭਗਤ ਭਗਵੰਤ ਆਪਣੇ ਘਰ ਵਸਾਈਆ ।



## ★ ੨੧ ਮਾਘ ਸ਼ਹਿਨਸ਼ਾਹੀ ਸੰਮਤ ੨ ਅਰਜਨ ਸਿੰਘ ਦੇ ਗ੍ਰਿਹ ਰਤੇਵਾਲ ★



ਗੋਬਿੰਦ ਸ਼ਬਦ ਕਹੇ ਮੇਰਾ ਮਾਲਕ ਪੁਰਖ ਅਬਿਨਾਸ਼, ਆਦਿ ਜੁਗਾਦੀ ਧੁਰਦਰਗਾਹੀਆ । ਜੋ ਦੋ ਜਹਾਨਾਂ ਕਰੇ ਪਰਕਾਸ਼, ਜੋਤੀ ਜਾਤਾ ਡਗਮਗਾਈਆ । ਸੋ ਪੁਰਖ ਨਿਰੰਜਣ ਆਪਣਾ ਕਰੇ ਖੇਲ ਤਮਾਸ਼, ਹਰਿ ਪੁਰਖ ਨਿਰੰਜਣ ਲਏ ਪਰਗਟਾਈਆ । ਏਕੰਕਾਰ ਮੰਡਲ ਮੰਡਪ ਪਾ ਕੇ ਧੁਰ ਦੀ ਰਾਸ, ਆਦਿ ਨਿਰੰਜਣ ਦੀਵਾ ਬਾਤੀ ਕਮਲਾਪਾਤੀ ਆਪ ਜਗਾਈਆ । ਅਬਿਨਾਸ਼ੀ ਕਰਤਾ ਵੇਖੇ ਖੇਲ ਤਮਾਸ਼, ਸ੍ਰੀ ਭਗਵਾਨ ਪਰਗਟ ਹੋ ਕੇ ਆਪਣੀ ਧਾਰ ਚਲਾਈਆ । ਪਾਰਬ੍ਰਹਮ ਪ੍ਰਭ ਆਪਣੀ ਪੂਰੀ ਕਰੇ ਆਸ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਲ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾ ਕੇ ਸਾਥ, ਸਗਲਾ ਸੰਗ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਗੋਬਿੰਦ ਸ਼ਬਦ ਕਹੇ ਮੇਰਾ ਸਵਾਮੀ, ਪਰਮ ਪੁਰਖ ਪ੍ਰਭ ਦਇਆ ਕਮਾਈਆ । ਘਟ ਨਿਵਾਸੀ ਅੰਤਰਜਾਮੀ, ਦੋ ਜਹਾਨਾਂ ਵੇਖ ਵਖਾਈਆ । ਸਾਚੇ ਨਾਮ ਦੀ ਧਰਮ ਨਿਸ਼ਾਨੀ, ਨਿਰਗੁਣ ਸਰਗੁਣ ਆਪ ਵਰਤਾਈਆ । ਕਲਜੁਗ ਅੰਤ ਭੇਵ ਅਭੇਦਾ ਖੋਲ੍ਹੇ ਕੂੜੀ ਕਿਰਿਆ ਮੇਟੇ ਬੇਈਮਾਨੀ, ਸ਼ਰਅ ਸ਼ੈਤਾਨੀ ਡੇਰਾ ਢਾਹੀਆ । ਜਨ ਭਗਤਾਂ ਮੰਜ਼ਲ ਦੱਸੇ ਇਕ ਆਸਾਨੀ, ਅਹਿਸਾਨ ਸਿਰ ਨਾ ਕੋਇ ਰਖਾਈਆ । ਨਵ ਜੀਵਨ ਦੀ ਨਾਮ ਨਿਧਾਨ ਦੇ ਜਵਾਨੀ, ਨਾਤਾ ਤੋੜ ਕੇ ਹਉਮੇ ਹੰਗਤਾ ਹੰ ਬ੍ਰਹਮ ਦਏ ਸਮਝਾਈਆ । ਬਖ਼ਸ਼ ਕੇ ਪਦ ਨਿਰਬਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਰੰਗ ਆਪ ਰੰਗਾਈਆ । ਗੋਬਿੰਦ ਸ਼ਬਦ ਕਹੇ ਮੈਂ ਪਰਮ ਪੁਰਖ ਦੀ ਵੇਖਾਂ ਕਾਰ, ਕਰਨੀ ਕਰਤਾ ਆਪ ਕਮਾਈਆ । ਜਿਸ ਨੂੰ ਵੇਖਦੇ ਰਹੇ ਸਦਾ ਜੁਗ ਚਾਰ, ਜੁਗ ਚੌਕੜੀ ਧਿਆਨ ਲਗਾਈਆ । ਦਰ ਦਰਵੇਸ

ਹੋ ਕੇ ਮੰਗਦੇ ਰਹੇ ਬਣ ਭਿਖਾਰ, ਨਰ ਨਰੇਸ਼ ਦੇਵਣਹਾਰ ਨਿਰੰਕਾਰ ਆਪਣੀ ਕਾਰ ਕਮਾਈਆ । ਜੋਤੀ ਜਾਤਾ ਪੁਰਖ ਬਿਧਾਤਾ ਪਰਗਟ ਹੋ ਕੇ ਵਿਚ ਸੰਸਾਰ, ਮਹਾਂਸਾਰਥੀ ਧਰਮ ਰਥ ਆਪ ਚਲਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਤਮ ਪਰਮਾਤਮ ਦੱਸੇ ਇਕ ਪਿਆਰ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਦੁਤੀਆ ਭਾਉ ਨਾ ਰਹੇ ਜਗਤ ਦੁਤਰ ਧਾਰ, ਅਲਖ ਨਿਰੰਜਣ ਅਗੰਮ ਅਥਾਹ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਸਮਝਾਈਆ । ਗੋਬਿੰਦ ਸ਼ਬਦ ਕਹੇ ਪ੍ਰਭ ਦੇਵਣਹਾਰਾ ਸਿਖਿਆ, ਅਗੰਮੜੀ ਕਰੇ ਪੜ੍ਹਾਈਆ । ਜਿਸ ਦਾ ਲੇਖ ਕਿਸੇ ਨਾ ਲਿਖਿਆ, ਕਾਤਬ ਚਲੇ ਨਾ ਕੋਇ ਚਤੁਰਾਈਆ । ਦੀਨ ਦੁਨੀ ਦੱਸੇ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਪ੍ਰੇਮ ਪ੍ਰੀਤੀ ਪਿਆਰ ਮੁਹੱਬਤ ਵਿਚ ਬਣੇ ਧੁਰ ਦਾ ਮਿਤਿਆ, ਮਿਤਰ ਪਿਆਰਾ ਹੋ ਕੇ ਆਪਣਾ ਸੰਗ ਬਣਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਜਿੱਠਿਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਜਗ ਨੇਤਰ ਚਾਰ ਵਰਨ ਅਠਾਰਾਂ ਬਰਨ ਮਨ ਵਾਸਨਾ ਜਗਤ ਦ੍ਰਿਸ਼ਟੀ ਅੰਦਰ ਕਿਸੇ ਨਾ ਦਿਸਿਆ, ਭਰਮੇ ਭੁੱਲੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਖੇਲ ਵਰਤਾਈਆ । ਗੋਬਿੰਦ ਸ਼ਬਦ ਕਹੇ ਪ੍ਰਭ ਕਰੇ ਖੇਲ ਆਪਣੀ ਧਾਰ, ਧਰਨੀ ਧਰਤ ਧਵਲ ਵੱਜੇ ਵਧਾਈਆ । ਨਿਰਗੁਣ ਨਿਰਵੈਰ ਹੋ ਉਜਿਆਰ, ਉਜਾਲਾ ਕਰੇ ਜਗਤ ਲੋਕਾਈਆ । ਕੂੜੀ ਕਿਰਿਆ ਮੇਟੇ ਧੁੰਆਂਧਾਰ, ਧਰਤ ਧਵਲ ਧਰਮ ਦਏ ਸੁਹਾਈਆ । ਸਾਚੇ ਨਾਮ ਦਾ ਸਤਿ ਜੈਕਾਰ, ਹਰ ਹਿਰਦੇ ਦਏ ਵਸਾਈਆ । ਮਨ ਵਾਸਨਾ ਰਹੇ ਨਾ ਕੋਇ ਵਿਕਾਰ, ਮਮਤਾ ਮੋਹ ਦਏ ਚੁਕਾਈਆ । ਮਾਨਵ ਮਾਨਵ ਦੇ ਆਧਾਰ, ਉਦਰ ਦਾ ਲੇਖਾ ਦਏ ਮੁਕਾਈਆ । ਨਵ ਨੌ ਚਾਰ ਦਾ ਕਰਜ਼ਾ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖੇ ਥਾਉਂ ਥਾਈਂਆ । ਜੋਤੀ ਜਾਤਾ ਪੁਰਖ ਬਿਧਾਤਾ ਕਰਨੀ ਦਾ ਕਰਤਾ ਖੇਲ ਕਰੇ ਅਪਾਰ, ਕੁਦਰਤ ਦਾ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਸਚਖੰਡ ਨਿਵਾਸੀ ਸਦਾ ਸਿਕਦਾਰ, ਨਾਮ ਸੰਦੇਸ਼ਾ ਫ਼ਰਮਾਨਾ ਧੁਰ ਦੋ ਜਹਾਨਾਂ ਆਪ ਸੁਣਾਈਆ ।



## ★ ੨੧ ਮਾਘ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਿਹ ੧ ਸੀ੦ ਸੀ੦ ਜ਼ਿਲਾ ਗੰਗਾਨਗਰ ★

ਗੋਬਿੰਦ ਕਹੇ ਮੈਂ ਵੇਖਿਆ ਗਹਿਰ ਗੰਭੀਰ ਗੁਣ ਸਾਗਰ, ਅਗੰਮ ਅਥਾਹ ਨਜ਼ਰੀ ਆਈਆ । ਜਿਸ ਦਾ ਨਾਮ ਵਣਜਾਰਾ ਇਕ ਸੌਦਾਗਰ, ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਵਣਜ ਕਰਾਈਆ । ਨਿਰਗੁਣ ਧਾਰ ਜੋਧਾ ਸੂਰਬੀਰ ਬਹਾਦਰ, ਨਿਰਭੈ ਭੌ ਸਰਬ ਵਖਾਈਆ । ਦੀਨ ਦੁਨੀ ਵੇਖੇ ਆਪਣਾ ਸਾਗਰ, ਲੱਖ ਚੁਰਾਸੀ ਜੀਵ ਜੰਤ ਫੋਲ ਫੁਲਾਈਆ । ਨਿਰਗੁਣ ਸਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦੋ ਜਹਾਨਾਂ ਸਦਾ ਹਾਜ਼ਰ, ਹਜ਼ੂਰ ਹਜ਼ਰਤ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਚੁਕਾਈਆ । ਗੋਬਿੰਦ

ਕਹੇ ਪ੍ਰਭ ਵੇਖਿਆ ਸਰਬ ਗੁਣਾਂ ਭਰਪੂਰ, ਊਣਤਾ ਨਜ਼ਰ ਕੋਇ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦਾ ਨੂਰ, ਦੇਵਤ ਸੁਰ ਚਮਕ ਚਮਕਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਪੂਰ, ਜੁਗ ਚੌਕੜੀ ਬੇੜੇ ਰਿਹਾ ਚੜ੍ਹਾਈਆ । ਲੋਕਮਾਤ ਨਿਤ ਨਵਿਤ ਮੇਟੇ ਕੂੜੋ ਕੂੜ, ਸਚ ਸੁਚ ਦਏ ਵਡਿਆਈਆ । ਸਦਾ ਸੁਹੇਲਾ ਹਾਜ਼ਰ ਹਜ਼ੂਰ, ਗ੍ਰਿਹਿ ਗ੍ਰਿਹਿ ਅੰਦਰ ਸੋਭਾ ਪਾਈਆ । ਚਤੁਰ ਬਣਾਏ ਮੂਰਖ ਮੂੜ੍ਹ, ਭਗਤ ਸੁਹੇਲੇ ਆਪਣੇ ਰੰਗ ਰੰਗਾਈਆ । ਸਾਚੇ ਸੰਤਾਂ ਦੇ ਕੇ ਚਰਨ ਧੂੜ, ਧੂੜੀ ਟਿੱਕੇ ਮਸਤਕ ਖ਼ਾਕ ਰਮਾਈਆ । ਮਨ ਵਾਸਨਾ ਤੋੜ ਗ਼ਰੂਰ, ਗੁਰਮੁਖ ਆਪਣੇ ਰੰਗ ਰੰਗਾਈਆ । ਨਾਮ ਖ਼ੁਮਾਰੀ ਦੇ ਸਰੂਰ, ਜਗਤ ਤ੍ਰਿਸ਼ਨਾ ਦਏ ਬੁਝਾਈਆ । ਮੁਹੱਬਤ ਵਿਚ ਬਣੇ ਮਜ਼ਦੂਰ, ਚਾਕਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਸਦਾ ਸਮਾਈਆ । ਗੋਬਿੰਦ ਕਹੇ ਪ੍ਰਭ ਵੇਖਿਆ ਦਿਆਲ ਦੀਨ, ਦਇਆਨਿਧ ਅਖਵਾਈਆ । ਜਿਸ ਦਾ ਮਾਰਗ ਆਦਿ ਜੁਗਾਦਿ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਨਿਰਅੱਖਰ ਸਚਖੰਡ ਦਵਾਰਿਉਂ ਦਏ ਤਾਲੀਮ, ਅੱਖਰਾਂ ਵਾਲੀ ਲੋਕਮਾਤ ਪੜ੍ਹਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਕਰਦਾ ਆਇਆ ਤਰਮੀਮ, ਬਦਲੀ ਵਿਚ ਅਦਲੀ ਇਕੋ ਇਕ ਅਖਵਾਈਆ । ਦੀਨ ਮਜ਼੍ਹਬ ਕਰਦਾ ਰਿਹਾ ਤਕਸੀਮ, ਹਿਸਿਆਂ ਵਿਚ ਆਪਣਾ ਹੁਕਮ ਚਲਾਈਆ । ਜਨ ਭਗਤਾਂ ਬਖ਼ਸ਼ਦਾ ਰਿਹਾ ਯਕੀਨ, ਯਕ ਆਪਣਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਗੋਬਿੰਦ ਕਹੇ ਪ੍ਰਭ ਤੱਕਿਆ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਿਸ ਦੀ ਸਮਝ ਸਕੇ ਨਾ ਕੋਇ ਤਸਵੀਰ, ਤਸੱਵਰ ਮੁਸੱਵਰ ਨਾ ਕੋਇ ਕਰਾਇੰਦਾ । ਮੰਜ਼ਲ ਚੜ੍ਹੇ ਨਾ ਕੋਇ ਅਖ਼ੀਰ, ਚਰਨ ਕਵਲ ਗੁਰ ਅਵਤਾਰ ਪੈਗ਼ੰਬਰ ਬਹਿ ਬਹਿ ਸ਼ੁਕਰ ਮਨਾਇੰਦਾ । ਸੋ ਝਗੜਾ ਮੁਕਾਵੇ ਸ਼ਾਹ ਹਕੀਰ, ਊਚ ਨੀਚ ਇਕੋ ਘਰ ਵਸਾਇੰਦਾ । ਕਲਜੁਗ ਵਿਚ ਸਤਿਜੁਗ ਸਾਚੀ ਬਦਲੇ ਤਕਦੀਰ, ਤਦਬੀਰ ਆਪਣਾ ਹੁਕਮ ਵਰਤਾਇੰਦਾ । ਝਗੜਾ ਰਹੇ ਨਾ ਕਿਸੇ ਪੈਗ਼ੰਬਰ ਪੀਰ, ਪਰਾ ਪਸੰਤੀ ਮਧਮ ਬੈਖਰੀ ਹੁਕਮੇ ਅੰਦਰ ਆਪ ਸਮਝਾਇੰਦਾ । ਸਜਦੇ ਕਰਨ ਸ਼ਾਹ ਫ਼ਕੀਰ, ਹਕੀਰ ਆਪਣੇ ਧੰਦੇ ਲਾਇੰਦਾ । ਦੀਨ ਦੁਨੀ ਬਦਲ ਦੇਵੇ ਜ਼ਮੀਰ, ਮਨ ਵਾਸਨਾ ਕੂੜੀ ਕਿਰਿਆ ਡੇਰਾ ਢਾਹਿੰਦਾ । ਸ਼ਰਅ ਰਹੇ ਨਾ ਕੋਇ ਜ਼ੰਜੀਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੂਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰਾਹ ਵਖਾਇੰਦਾ । ਗੋਬਿੰਦ ਕਹੇ ਪ੍ਰਭ ਤੱਕਿਆ ਅੰਤਰਜਾਮੀ, ਲੱਖ ਚੁਰਾਸੀ ਵੇਖ ਵਖਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਗਾਉਂਦੇ ਆਏ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਨਾਉਂ ਧਰਾਈਆ । ਜਿਸ ਰਚਨਾ ਰਚੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਹਤਜ ਵੰਡ ਵੰਡਾਈਆ । ਜਿਸ ਸਰ ਸਰਵੋਰ ਅੱਠ ਸੱਠ ਤੀਰਥ ਬਖ਼ਸ਼ਿਆ ਪਾਣੀ, ਅੰਮ੍ਰਿਤ ਰਸ ਆਪਣਾ ਆਪ ਵਖਾਈਆ । ਸੁਰਤ ਸ਼ਬਦ ਸ਼ਬਦ ਸੁਰਤ ਸਤਿ ਦਵਾਰ ਬਣਾ ਹਾਣੀ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਲੇਖਾ ਜਾਣੇ ਦੋ ਜਹਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵੇਖਣਹਾਰਾ ਥਾਉਂ ਥਾਈਂਆ । ਜਿਸ ਦਾ ਭੇਵ ਸਮਝੇ ਨਾ ਕੋਇ ਜਗਤ ਵਿਦਵਾਨੀ, ਨੇਤਰ ਅੱਖ ਤੱਕ ਸਕੇ ਕੋਇ ਨਾ ਰਾਈਆ । ਸੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੁਰਖ ਅਕਾਲ ਧੁਰ ਦਾ ਹੁਕਮ ਦੇਵੇ ਫ਼ਰਮਾਨੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਲ ਵਰਤਾਈਆ । ਕਲਜੁਗ ਕੂੜੀ ਕਿਰਿਆ ਧਰਨੀ ਧਰਤ ਧਵਲ ਉਪਰ ਰਿਹਾ ਖ਼ਾਕ ਛਾਣੀ, ਚਾਰ ਕੁੰਟ ਦਹਿ ਦਿਸ਼ਾ ਮਿਲੇ ਮਾਣ ਨਾ

ਕੋਇ ਵਡਿਆਈਆ । ਅੰਤ ਅਖ਼ੀਰ ਬੇਨਜ਼ੀਰ ਸਦੀ ਚੌਧਵੀਂ ਮੇਟੇ ਝੂਠ ਨਿਸ਼ਾਨੀ, ਸਤਿ ਸਚ ਧਰਮ ਆਪਣਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਉਪਰ ਕਰੇ ਮਿਹਰਵਾਨੀ, ਮਿਹਰਵਾਨ ਹੋ ਕੇ ਮਹਿਬੂਬ ਆਪਣੀ ਮੁਹੱਬਤ ਵਿਚ ਰਖਾਈਆ ।

★ ੨੧ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਲੱਛੋ ਦੇ ਗ੍ਰਿਹਿ ੩ ਸੀ੦ ਸੀ੦ ਜ਼ਿਲਾ ਗੰਗਾ ਨਗਰ ★

ਗੋਬਿੰਦ ਕਹੇ ਪੁਰਖ ਅਕਾਲ ਬੈਠਾ ਨਿਹਚਲ ਧਾਮ ਅਟਲ, ਸਚਖੰਡ ਦਵਾਰ ਏਕੰਕਾਰ ਦਰਗਾਹ ਸਾਚੀ ਸੋਭਾ ਪਾਈਆ । ਨਿਰਗੁਣ ਨੂਰ ਦੀਪਕ ਜੋਤ ਰਿਹਾ ਬਲ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਡਗਮਗਾਈਆ । ਸ਼ਬਦ ਅਗੰਮੀ ਧੁਰ ਸੰਦੇਸ਼ਾ ਰਿਹਾ ਘੱਲ, ਨਾਮ ਨਿਧਾਨ ਸ੍ਰੀ ਭਗਵਾਨ ਇਕੋ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਜਾਓ ਰਲ, ਦੂਤੀਆ ਰੂਪ ਨਾ ਕੋਇ ਵਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖੇ ਘੜੀ ਪਲ, ਮਨ ਵਾਸਨਾ ਪੜਦਾ ਦੇਣਾ ਉਠਾਈਆ । ਪੰਧ ਮੁਕਾਓ ਜਲ ਥਲ, ਮਹੀਅਲ ਆਪਣਾ ਫੇਰਾ ਪਾਈਆ । ਲੇਖਾ ਵੇਖੋ ਕਲਜੁਗ ਕੂੜੀ ਕਿਰਿਆ ਕਲ, ਵਰਨ ਬਰਨ ਰੋਵਣ ਮਾਰਨ ਧਾਹੀਂਆ । ਮਾਇਆ ਮਮਤਾ ਕਪਟ ਵਿਕਾਰ ਕਰੇ ਛਲ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਪੰਚ ਵਿਕਾਰਾ ਘਰ ਘਰ ਦਿਸੇ ਵਲ, ਨਾਮ ਖੰਡਾ ਵਿਚ ਬ੍ਰਹਿਮੰਡਾਂ ਹੱਥ ਨਾ ਕੋਇ ਫੜਾਈਆ । ਦੂਈ ਦਵੈਤ ਸ਼ਰਅ ਸ਼ਰਾਇਤ ਮੇਟੇ ਕੋਇ ਨਾ ਸਲ, ਸਾਹਿਬ ਸਵਾਮੀ ਮਿਲ ਕੇ ਖ਼ੁਸ਼ੀ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਾਮ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਨਿਰਵੈਰ ਰਿਹਾ ਸੁਣਾਈਆ । ਗੋਬਿੰਦ ਕਿਹਾ ਵੇਖਿਆ ਸਚਖੰਡ ਉਚ ਮਨਾਰਾ, ਬਿਨ ਛੱਪਰ ਛੰਨ ਸੋਭਾ ਪਾਈਆ । ਜਿਸ ਗ੍ਰਿਹਿ ਵਸਿਆ ਸੋ ਪੁਰਖ ਨਿਰੰਜਣ ਅਗੰਮ ਅਪਾਰਾ, ਹਰਿ ਪੁਰਖ ਨਿਰੰਜਣ ਡੇਰਾ ਲਾਈਆ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਜਾਣੇ ਆਪਣੀ ਧਾਰਾ, ਸ੍ਰੀ ਭਗਵਾਨ ਸਤਿ ਸਤਿਵਾਦੀ ਕਾਰ ਕਮਾਈਆ । ਪਾਰਬ੍ਰਹਮ ਬਣ ਸਿਕਦਾਰਾ, ਹੁਕਮੇ ਅੰਦਰ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਦਰ ਠਾਂਡੇ ਸੀਸ ਝੁਕਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਨਿਮਸਕਾਰਾ, ਮਸਤਕ ਟਿੱਕੇ ਧੂੜੀ ਖ਼ਾਕ ਰਮਾਈਆ । ਖਾਣੀ ਬਾਣੀ ਕਰੇ ਪੁਕਾਰਾ, ਜੁਗ ਚੌਕੜੀ ਨੇਤਰ ਨੈਣਾਂ ਨੀਰ ਵਹਾਈਆ । ਕਿਰਪਾ ਕਰ ਪੁਰਖ ਸਮਰਥ ਕਲਜੁਗ ਕੂੜੀ ਕਿਰਿਆ ਵੇਖ ਪਸਾਰਾ, ਚਾਰ ਕੁੰਟ ਦਹਿ ਦਿਸ਼ਾ ਅੰਧੇਰਾ ਛਾਈਆ । ਸਾਚਾ ਸੱਜਣ ਮਿਲੇ ਨਾ ਕੋਇ ਮੀਤ ਮੁਰਾਰਾ, ਪਰਮ ਪੁਰਖ ਪਰਮਾਤਮ ਆਤਮ ਜੋੜ ਨਾ ਕੋਇ ਜੁੜਾਈਆ । ਪੜ੍ਹ ਪੜ੍ਹ ਥੱਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨਾਂ, ਰਾਗਾਂ ਨਾਦਾਂ ਸੋਹਲਿਆਂ ਢੋਲਿਆਂ ਵਿਚ ਗਾਈਆ । ਭੇਵ ਖੁਲ੍ਹੇ ਨਾ ਵਾਲੀ ਦੋ ਜਹਾਨਾਂ, ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਦਰਸ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਹੋਏ ਵੈਰਾਨਾ, ਵੈਰੀ ਘਰ ਘਰ ਆਪਣਾ ਡੰਕ ਵਜਾਈਆ । ਬਿਨ ਤੇਰੀ ਕਿਰਪਾ ਸਾਚੀ ਦਿਸੇ ਨਾ ਕੋਇ ਧਰਮਸਾਲਾ, ਧਰਮ ਦਵਾਰ ਏਕੰਕਾਰ ਆਪਣਾ ਦੇ ਵਖਾਈਆ । ਜਿਥੇ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਝੁਲਦਾ ਰਹੇ ਨਾਮ ਨਿਸ਼ਾਨਾ,

ਲੋਆਂ ਪੁਰੀਆਂ ਨਜ਼ਰੀ ਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤੂੰ ਨਜ਼ਰੀ ਆਏਂ ਇਕੋ ਕਾਹਨਾ, ਮਾਲਕ ਖ਼ਾਲਕ ਪ੍ਰਿਤਪਾਲਕ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਬਦਲ ਦੇ ਜ਼ਮਾਨਾ, ਸਤਿਜੁਗ ਸੱਚਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਮਿਹਰਵਾਨ ਮਹਿਬੂਬ ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਹੇ ਪਰਮ ਪੁਰਖ ਦਾ ਤੱਕਿਆ ਏਕਾ ਧਾਮ, ਦਵਾਰਾ ਧੁਰ ਦਾ ਸੋਭਾ ਪਾਈਆ । ਜਿਥੇ ਕਦੇ ਨਾ ਹੋਵੇ ਸ਼ਾਮ, ਬਿਨ ਸੂਰਜ ਚੰਦ ਹੋਏ ਰੁਸ਼ਨਾਈਆ । ਜਿਸ ਦਾ ਬਦਲ ਨਾ ਸਕੇ ਕੋਇ ਨਜ਼ਾਮ, ਆਦਿ ਜੁਗਾਦਿ ਇਕੋ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇਵੇ ਪੈਗ਼ਾਮ, ਸ਼ਬਦ ਸੰਦੇਸ਼ਾ ਨਾਮ ਸੁਣਾਈਆ । ਦੀਨ ਦੁਨੀ ਕਰੇ ਇੰਤਜਾਮ, ਲੱਖ ਚੁਰਾਸੀ ਆਪਣੇ ਕਾਰੇ ਲਾਈਆ । ਆਤਮ ਪਰਮਾਤਮ ਕਰ ਗ਼ੁਲਾਮ, ਮੁਹੱਬਤ ਵਿਚ ਆਪਣਾ ਰੰਗ ਚੜ੍ਹਾਈਆ । ਹਰ ਘਟ ਹੋਵੇ ਜਾਣੀ ਜਾਣ, ਲੱਖ ਚੁਰਾਸੀ ਖੋਜ ਖੁਜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮਹਿੰਮਾ ਅਗਣਤ ਸਾਰੇ ਗਾਣ, ਗਾ ਗਾ ਥੱਕੀ ਸਰਬ ਲੋਕਾਈਆ । ਮੰਜ਼ਲ ਚੜ੍ਹ ਕੇ ਮੰਦਰ ਵੜ ਕੇ ਦਰਸ ਕੋਇ ਨਾ ਪਾਣ, ਹਰਸ ਵਿਚ ਹਵਸ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੋਬਿੰਦ ਸੂਰਾ ਹਾਜ਼ਰ ਹਜ਼ੂਰਾ, ਧੁਰ ਦੀ ਮੰਗ ਮੰਗਾਈਆ । ਗੋਬਿੰਦ ਕਹੇ ਪ੍ਰਭ ਦਾ ਵੇਖਿਆ ਘਰ ਅਗੰਮ, ਅਗੰਮੜੀ ਖੇਲ ਵਖਾਈਆ । ਜਿਥੇ ਹੱਡ ਮਾਸ ਨਾੜੀ ਨਹੀਂ ਚੰਮ, ਚੰਮ ਦ੍ਰਿਸ਼ਟੀ ਰੂਪ ਨਾ ਕੋਇ ਬਦਲਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਅਗਨੀ ਤਤ ਨਾ ਕੋਇ ਤਪਾਈਆ । ਹਰਖ ਸੋਗ ਨਾ ਕੋਇ ਗ਼ਮ, ਚਿੰਤਾ ਵੰਡ ਨਾ ਕੋਇ ਵੰਡਾਈਆ । ਨਾ ਕੋਈ ਮਰੇ ਨਾ ਪਏ ਜੰਮ, ਜਨਨੀ ਗੋਦ ਨਾ ਕੋਇ ਸੁਹਾਈਆ । ਨਾ ਕੋਈ ਪਵਣ ਸਵਾਸ ਦਮ, ਸਾਹ ਸਾਹ ਢੋਲਾ ਨਾ ਕੋਇ ਗਾਈਆ । ਇਕ ਇਕੱਲਾ ਏਕੰਕਾਰ ਆਪਣਾ ਆਪ ਬੈਠਾ ਮੱਲ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੁਰਖ ਸਮਰਥ ਮਹਿੰਮਾ ਅਕਥ, ਬੋਧ ਅਗਾਧ ਕਰੇ ਪੜ੍ਹਾਈਆ । ਗੋਬਿੰਦ ਕਹੇ ਪ੍ਰਭ ਦਵਾਰਾ ਤੱਕਿਆ ਏਕ, ਇਕ ਇਕੱਲੇ ਦਿਤਾ ਵਖਾਈਆ । ਜਿਥੇ ਸਭ ਨੂੰ ਮਿਲੇ ਟੇਕ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਿਰਗੁਣ ਦਾ ਸਾਚਾ ਦੇਸ, ਪਰਦੇਸੀ ਸਰਗੁਣ ਆਪਣੇ ਵਿਚ ਸਮਾਈਆ । ਜੁਗ ਚੌਕੜੀ ਕਰੇ ਅਵੱਲੜਾ ਵੇਸ, ਲੋਕਮਾਤ ਫੇਰਾ ਪਾਈਆ । ਨਾਮ ਨਿਧਾਨਾ ਦੇ ਸੰਦੇਸ਼, ਸੋਈ ਸੁਰਤੀ ਦਏ ਉਠਾਈਆ । ਕਲਜੁਗ ਅੰਤ ਕੂੜੀ ਕਿਰਿਆ ਮੇਟੇ ਕਲੇਸ਼, ਕਾਇਨਾਤ ਕਲਮਾ ਹਕ ਹਕੀਕ਼ਤ ਇਕ ਸਮਝਾਈਆ । ਹੁਕਮੇ ਅੰਦਰ ਹੁਕਮ ਸੁਣਾਏ ਦੇਸ ਪਰਦੇਸ, ਦੋ ਜਹਾਨਾਂ ਆਪ ਜਣਾਈਆ । ਸ੍ਰਿਸ਼ਟ ਸਬਾਈ ਦ੍ਰਿਸ਼ਟੀ ਅੰਦਰ ਲਏ ਵੇਖ, ਅੰਤਰ ਨਿਰੰਤਰ ਮੰਤਰ ਆਪਣਾ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਰਹੇ ਹਮੇਸ਼, ਜਨਮ ਮਰਨ ਕਰਮ ਕਾਂਡ ਵਿਚ ਕਦੇ ਨਾ ਆਈਆ ।

★ ੨੧ ਮਾਘ ਸ਼ਹਿਨਸ਼ਾਹੀ ਸੰਮਤ ੨ ਕਾਬਲ ਸਿੰਘ ਦੇ ਗ੍ਰਿਹ ੧੮ ਬੀ੦ ਬੀ੦ ਜ਼ਿਲਾ ਗੰਗਾ ਨਗਰ ★

ਗੋਬਿੰਦ ਸ਼ਬਦ ਕਹੇ ਸਦੀ ਚੌਧਵੀਂ ਕਰੇ ਪੁਕਾਰ, ਦਰੋਹੀ ਤੇਰਾ ਨਾਮ ਖ਼ੁਦਾਈਆ । ਕਿਰਪਾ ਕਰ ਪਰਵਰਦਿਗਾਰ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਨਾਤਾ ਤੁੱਟਾ ਮੁਹੰਮਦੀ ਯਾਰ, ਸਗਲਾ ਸੰਗ ਨਾ ਕੋਇ ਬਣਾਈਆ । ਧੁਰ ਦਾ ਕਲਮਾ ਸਕੇ ਨਾ ਕੋਇ ਵਿਚਾਰ, ਕਾਇਨਾਤ ਪੜਦਾ ਨਾ ਕੋਇ ਉਠਾਈਆ । ਅੰਮ੍ਰਿਤ ਰਸ ਮਿਲੇ ਨਾ ਤੇਰੀ ਧਾਰ, ਆਬੇ ਹਯਾਤ ਜਾਮ ਨਾ ਕੋਇ ਪਿਆਈਆ । ਸਾਚਾ ਰਿਹਾ ਨਾ ਕੋਇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਨਾ ਕੋਇ ਕਮਾਈਆ । ਉਮਤ ਉਮਤੀ ਗਈ ਹਾਰ, ਰਸੂਲ ਪੈਗ਼ੰਬਰ ਦੇਣ ਗਵਾਹੀਆ । ਨਬੀਆਂ ਸੁਣੇ ਨਾ ਕੋਇ ਗੁਫ਼ਤਾਰ, ਗੁਫ਼ਤ ਸ਼ੁਨੀਦ ਕਰੇ ਨਾ ਕੋਇ ਪੜ੍ਹਾਈਆ । ਸਚ ਬੇਨੰਤੀ ਤੇਰੇ ਅੱਗੇ ਨਿਰੰਕਾਰ, ਨਿਰਗੁਣ ਨਿਰਵੈਰ ਦਿਤੀ ਸੁਣਾਈਆ । ਮੁਕਾਮੇ ਹਕ ਖੋਲ੍ਹ ਕਿਵਾੜ, ਦਰਗਾਹ ਸਾਚੀ ਪੜਦਾ ਦੇ ਉਠਾਈਆ । ਤੇਰਾ ਇਕੋ ਨਜ਼ਰੀ ਆਏ ਸਚਖੰਡ ਦਵਾਰ, ਜਿਸ ਗ੍ਰਿਹ ਬੈਠਾ ਸੋਭਾ ਪਾਈਆ । ਜੋਤ ਨੂਰ ਕਰ ਉਜਿਆਰ, ਨੂਰ ਨੁਰਾਨਾ ਚੰਦ ਚਮਕਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧ ਅੰਧਿਆਰ, ਸਾਚਾ ਮਾਰਗ ਇਕ ਵਖਾਈਆ । ਮਨ ਵਾਸਨਾ ਕਰੇ ਨਾ ਕੋਇ ਵਿਭਚਾਰ, ਆਤਮ ਪਰਮਾਤਮ ਭੇਵ ਦੇ ਖੁਲ੍ਹਾਈਆ । ਸਾਚੀ ਮੰਜ਼ਲ ਮਿਲੇ ਹਕੀਕੀ ਯਾਰ, ਲਾਸ਼ਰੀਕ ਆਪਣਾ ਫੇਰਾ ਪਾਈਆ । ਸਦੀ ਚੌਧਵੀਂ ਤੇਰੀ ਤਲਬਗਾਰ, ਪੈਗ਼ੰਬਰ ਤੇਰੇ ਤਾਲਬ ਇਲਮ ਗਏ ਸਮਝਾਈਆ । ਅੰਜੀਲ ਕੁਰਾਨ ਕਰੇ ਇਜ਼ਹਾਰ, ਸਿਫ਼ਤਾਂ ਵਿਚ ਤੇਰਾ ਢੋਲਾ ਗਾਈਆ । ਅਮਾਮਾਂ ਦੇ ਅਮਾਮ ਸਿਕਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੋਬਿੰਦ ਸ਼ਬਦ ਕਹੇ ਸਦੀ ਚੌਧਵੀਂ ਰਹੀ ਕੂਕ, ਦਰੋਹੀ ਤੇਰਾ ਨਾਮ ਖ਼ੁਦਾਈਆ । ਝਗੜਾ ਪਿਆ ਚਾਰੇ ਕੂਟ, ਦਹਿ ਦਿਸ਼ਾ ਸਾਚਾ ਰੰਗ ਨਾ ਕੋਇ ਰੰਗਾਈਆ । ਕੂੜ ਵਿਕਾਰਾ ਵਧਿਆ ਝੂਠ, ਮਾਇਆ ਮਮਤਾ ਹੋਈ ਹਲਕਾਈਆ । ਸਤਿ ਧਰਮ ਕਰ ਕੇ ਕੂਚ, ਧਰਨੀ ਧਰਤ ਧਵਲ ਤੋਂ ਪਰੇ ਡੇਰਾ ਲਾਈਆ । ਸਾਚੀ ਦਿਸੇ ਨਾ ਕੋਇ ਬੂਝ, ਸੂਝ ਸਮਝ ਨਾ ਕੋਇ ਵਡਿਆਈਆ । ਝਗੜਾ ਪਿਆ ਏਕ ਦੂਜ, ਏਕਾ ਰੰਗ ਨਾ ਕੋਇ ਸਮਾਈਆ । ਪੜਦਾ ਲਾਹ ਕਾਇਆ ਪੰਜ ਤਤ ਭੂਤ, ਤਨ ਮਾਟੀ ਖ਼ਾਕੀ ਕਰ ਸਫ਼ਾਈਆ । ਦੀਨ ਦੁਨੀ ਕਰ ਸਲੂਕ, ਸੁਲਹਕੁਲ ਤੇਰੀ ਇਕ ਸ਼ਰਨਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਮੁਹੱਬਤ ਦਾ ਮਹਿਬੂਬ, ਸਚ ਮਹਿਰਾਬ ਦੇ ਸੁਹਾਈਆ । ਜਿਧਰ ਤੱਕਾਂ ਓਧਰ ਮੌਜੂਦ, ਹਾਜ਼ਰ ਹਜ਼ੂਰ ਵੇਸ ਵਟਾਈਆ । ਕਲਜੁਗ ਕੂੜੀ ਕਿਰਿਆ ਕਰ ਨੇਸਤੋ ਨਾਬੂਦ, ਸਤਿ ਧਰਮ ਦਾ ਸੱਚਾ ਰਾਹ ਵਖਾਈਆ । ਸਤਿਜੁਗ ਸੱਚੇ ਸੱਚਾ ਦੇ ਵਜੂਦ, ਵਸਲ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਮਜ਼੍ਹਬ ਜਾਤ ਪਾਤ ਵਰਨ ਬਰਨ ਕਲਜੁਗ ਅੰਤ ਅਖ਼ੀਰੀ ਮੇਟ ਹਦੂਦ, ਬੰਧਨ ਰਹਿਣ ਕੋਇ ਨਾ ਪਾਈਆ । ਗੋਬਿੰਦ ਸ਼ਬਦ ਕਹੇ ਸਦੀ ਚੌਧਵੀਂ ਨੇਤਰ ਰਹੀ ਖੋਲ੍ਹ, ਬਿਨ ਅੱਖਾਂ ਅੱਖ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਗਾਵੇ ਬੋਲ, ਰਾਗ ਅਗੰਮਾ ਇਕੋ ਗਾਈਆ । ਧੁਰ ਦੇ ਮਾਲਕ ਆ ਮੇਰੇ ਕੋਲ, ਲੋਕਮਾਤ ਫੇਰਾ ਪਾਈਆ । ਦੁਨੀ ਸੁੱਤੀ ਜਗਤ ਅਨਭੋਲ, ਤੇਰਾ ਨਾਮ ਨਾ ਕੋਇ ਧਿਆਈਆ । ਧੁਰ ਦਾ ਡੰਕਾ ਵਜਾ ਢੋਲ, ਨਗਾਰਾ ਇਕੋ ਹੱਥ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਪੂਰਾ ਕਰ ਕੌਲ, ਜੋ ਭਵਿਖਤਾਂ ਵਿਚ ਗਏ ਸਮਝਾਈਆ । ਹਰ ਘਟ ਅੰਤਰ ਆ ਕੇ ਮੌਲ, ਮੌਲਾ ਹੋ ਕੇ ਆਪਣਾ ਫੇਰਾ ਪਾਈਆ ।

ਤੇਰਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਮੁੱਲਾ ਸ਼ੇਖ਼ ਮੁਸਾਇਕ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦੀਨ ਦਿਆਲ ਤੇਰੀ ਆਸ ਰਖਾਈਆ । ਗੋਬਿੰਦ ਸ਼ਬਦ ਕਹੇ ਸਦੀ ਚੌਧਵੀਂ ਮੰਗਾਂ ਰਹੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟ ਭੇਖ ਪਖੰਡ, ਭਾਂਡਾ ਭਰਮ ਦੇ ਭੰਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਬ੍ਰਹਮ ਦੱਸ ਛੰਦ, ਸਾਚਾ ਰਾਗ ਇਕ ਅਲਾਹੀਆ । ਦਵੈਤ ਰਹੇ ਕੋਇ ਨਾ ਕੰਧ, ਸਤਿ ਸਤਿਵਾਦੀ ਰਾਹ ਚਲਾਈਆ । ਨਿਰਗੁਣ ਨੂਰ ਜੋਤ ਚਾੜ੍ਹ ਚੰਦ, ਅੰਧ ਅੰਧੇਰਾ ਦੇ ਮਿਟਾਈਆ । ਮਿਹਰਵਾਨ ਹੋ ਬਖ਼ਸ਼ੰਦ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਗੋਬਿੰਦ ਸ਼ਬਦ ਕਹੇ ਸਦੀ ਚੌਧਵੀਂ ਆਪਣੀ ਦੱਸੇ ਖ਼ਾਹਸ਼, ਭੇਵ ਰਹੀ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਦੱਸ ਕੇ ਗਏ ਸਾਥ, ਸਗਲਾ ਸੰਗ ਬਣਾਈਆ । ਭਵਿਖਤਾਂ ਵਿਚ ਗਏ ਆਖ, ਪਰਗਟ ਹੋਵੇ ਨਿਰਗੁਣ ਦਾਤਾ ਬੇਪਰਵਾਹੀਆ । ਜਿਸ ਦੀ ਵਰਨ ਬਰਨ ਨਹੀਂ ਕੋਈ ਜਾਤ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਸੋ ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਤੇਰੀ ਤ੍ਰਿਖਾ ਮੇਟੇ ਪਿਆਸ, ਬੇਆਸ ਦਏ ਗਵਾਈਆ । ਨਿਰਗੁਣ ਨੂਰ ਜੋਤ ਕਰੇ ਪਰਕਾਸ਼, ਅੰਧ ਅਗਿਆਨ ਦਏ ਚੁਕਾਈਆ । ਝਗੜਾ ਮੇਟੇ ਜਾਤ ਪਾਤ, ਦੀਨ ਦੁਨੀ ਵੱਜੇ ਵਧਾਈਆ । ਸਾਚੀ ਮੰਜ਼ਲ ਦੱਸੇ ਆਪਣਾ ਘਾਟ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕੋ ਇਕ ਸੁਹਾਈਆ । ਗੋਬਿੰਦ ਸ਼ਬਦ ਕਹੇ ਸਦੀ ਚੌਧਵੀਂ ਬਿਨ ਨੇਤਰ ਰਹੀ ਤੱਕ, ਬਿਨ ਅੱਖਾਂ ਅੱਖ ਉਠਾਈਆ । ਕਿਸ ਵੇਲੇ ਮੇਰਾ ਦੇਵੇ ਹਕ, ਪੂਰਬ ਲਹਿਣਾ ਝੋਲੀ ਪਾਈਆ । ਪੁਰਖ ਅਕਾਲ ਹੋਵੇ ਪਰਗਟ, ਅਮਾਮ ਆਪਣਾ ਵੇਸ ਵਟਾਈਆ । ਕੂੜੀ ਕਿਰਿਆ ਮੇਟੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਾਂਗ ਵਰਤਾਈਆ । ਸਤਿ ਧਰਮ ਦਾ ਖੋਲ੍ਹੇ ਹੱਟ, ਚਾਰ ਵਰਨਾਂ ਅਠਾਰਾਂ ਬਰਨਾਂ ਇਕੋ ਘਰ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਰੇ ਨਾਮ ਲੈਣ ਜਪ, ਜੀਵਣ ਜੁਗਤੀ ਦਏ ਬਦਲਾਈਆ । ਕਰ ਪਰਕਾਸ਼ ਧੁਰ ਦਾ ਸੱਚ, ਸਤਿ ਸਤਿਵਾਦੀ ਰੰਗ ਚੜ੍ਹਾਈਆ । ਲੇਖਾ ਜਾਣ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਸੁਹਾਈਆ । ਕਰੇ ਖੇਲ ਪੁਰਖ ਸਮਰਥ, ਪਰਵਰਦਿਗਾਰ ਧੁਰ ਦਰਗਾਹੀਆ । ਆਪਣਾ ਨਾਅਰਾ ਦੱਸੇ ਅਲੱਖ, ਜੈਕਾਰਾ ਇਕੋ ਇਕ ਜਣਾਈਆ । ਜਿਸ ਤੋਂ ਆਤਮ ਰਹੇ ਕੋਇ ਨਾ ਵੱਖ, ਬ੍ਰਹਮ ਪਾਰਬ੍ਰਹਮ ਮਿਲ ਕੇ ਵੱਜੇ ਵਧਾਈਆ । ਦੋਹਾਂ ਦਾ ਸਾਂਝਾ ਹੋਵੇ ਜਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲਾ ਮਾਰਗ ਦੇਵੇ ਦੱਸ, ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਹਿਣ ਕੋਇ ਨਾ ਪਾਈਆ ।

★ ੨੧ ਮਾਘ ਸ਼ਹਿਨਸ਼ਾਹੀ ਸੰਮਤ ੨ ਰਤਨ ਸਿੰਘ ਦੇ ਗ੍ਰਿਹ ੨੫ ਬੀ੦ ਬੀ੦ ਜ਼ਿਲਾ ਗੰਗਾ ਨਗਰ ★

ਹਰਿ ਸ਼ਬਦ ਅਗੰਮੀ ਸੁੱਤ, ਆਦਿਨ ਅੰਤਾ ਇਕ ਉਪਜਾਈਆ । ਜਿਸ ਦੀ ਧਾਰ ਅਬਿਨਾਸ਼ੀ ਅਚੁਤ, ਦੂਜੀ ਵੰਡ ਨਾ ਕੋਇ ਵੰਡਾਈਆ । ਥਿਰ ਘਰ ਸੁਹਾਵੇ ਸਾਚੀ ਰੁੱਤ, ਸਚਖੰਡ ਬੈਠਾ ਸੀਸ ਝੁਕਾਈਆ । ਪਰਗਟ ਹੋਏ ਬਿਨ ਕਾਇਆ ਤਤ ਬੁੱਤ, ਨਿਰਗੁਣ ਨਿਰਵੈਰ ਬਣਤ ਬਣਾਈਆ । ਜਿਸ ਨੂੰ ਜਨਨੀ ਰੱਖੇ ਕੋਈ ਨਾ ਕੁੱਖ, ਪੁਰਖ ਅਕਾਲ ਇਕੋ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣੀ ਕਲ ਵਖਾਈਆ । ਸਾਚਾ ਸ਼ਬਦ ਹਰਿ ਦੁਲਾਰਾ, ਦੂਲ੍ਹਾ ਇਕੋ ਨਜ਼ਰੀ ਆਈਆ । ਜਿਸ ਦਾ ਮਾਲਕ ਏਕੰਕਾਰਾ, ਇਕ ਇਕੱਲਾ ਬੇਪਰਵਾਹੀਆ । ਸਚ ਪਰਗਟਾਏ ਆਪਣੀ ਧਾਰਾ, ਆਪ ਆਪਣਾ ਭੇਵ ਖੁਲ੍ਹਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਾਹ ਸਾਚੀ ਵੱਜੇ ਵਧਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਪੜਦਾ ਆਪ ਉਠਾਈਆ । ਸਾਚਾ ਸ਼ਬਦ ਅਗੰਮ ਅਥਾਹ, ਬੇਪਰਵਾਹ ਆਪ ਪਰਗਟਾਇੰਦਾ । ਇਕੋ ਪੁਰਖ ਅਕਾਲ ਦੇਵੇ ਸਲਾਹ, ਸਾਚੀ ਸਿਖਿਆ ਇਕ ਸਮਝਾਇੰਦਾ । ਨਿਰਗੁਣ ਨਿਰਵੈਰ ਬਣ ਮਲਾਹ, ਬੇੜਾ ਧੁਰ ਦੇ ਕੰਧ ਟਿਕਾਇੰਦਾ । ਸਚ ਵਖਾ ਕੇ ਏਕਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਦੀਨ ਦਿਆਲ ਬਣ ਕੇ ਪਿਤਾ ਮਾਂ, ਪੂਤ ਸਪੂਤਾ ਗੋਦ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਇੰਦਾ । ਧੁਰ ਦਾ ਸ਼ਬਦ ਆਦੀ ਏਕ, ਏਕੰਕਾਰ ਬਣਤ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਟੇਕ, ਟਿੱਕੇ ਮਸਤਕ ਆਪ ਲਗਾਈਆ । ਤ੍ਰੈ ਪੰਜ ਖੇਲੇ ਖੇਡ, ਆਪਣੀ ਕਾਰ ਕਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵਸਾਏ ਦੇਸ, ਪਰਦੇਸ਼ ਆਪਣਾ ਭੇਵ ਚੁਕਾਈਆ । ਮਾਲਕ ਹੋ ਕੇ ਧੁਰ ਨਰੇਸ਼, ਹੁਕਮ ਦੇਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਦਿ ਜੁਗਾਦੀ ਆਪਣੀ ਕਾਰ ਕਮਾਈਆ । ਸਾਚਾ ਸ਼ਬਦ ਆਦਿ ਜੁਗਾਦਿ, ਜੁਗ ਕਰਤਾ ਦਏ ਵਡਿਆਈਆ । ਖੇਲੇ ਖੇਲ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣੀ ਕਾਰ ਕਮਾਈਆ । ਧੁਰ ਵਜਾਏ ਏਕਾ ਨਾਦ, ਅਗੰਮੀ ਰਾਗ ਸੁਣਾਈਆ । ਚਾਰੇ ਬਾਣੀ ਦੇਵੇ ਦਾਦ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਚਾਰੇ ਖਾਣੀ ਖੋਲ੍ਹੇ ਰਾਜ਼, ਅੰਡਜ ਜੇਰਜ ਉਤਭਜ ਸੇਤਜ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸਾਚਾ ਸ਼ਬਦ ਨਿਰਗੁਣ ਧਾਰ, ਨਿਰਵੈਰ ਪੁਰਖ ਉਪਜਾਈਆ । ਜਿਸ ਦਾ ਖੇਲ ਅਗੰਮ ਅਪਾਰ, ਕਰਨੀ ਕਰਤਾ ਆਪ ਦ੍ਰਿੜਾਈਆ । ਨਿਰਗੁਣ ਸਰਗੁਣ ਪਾਵੇ ਸਾਰ, ਲੱਖ ਚੁਰਾਸੀ ਖੋਜ ਖੁਜਾਈਆ । ਜੁਗ ਚੌਕੜੀ ਲੈ ਅਵਤਾਰ, ਗੁਰ ਅਵਤਾਰ ਪੈਗ਼ੰਬਰ ਰੂਪ ਵਟਾਈਆ । ਸਚ ਸੰਦੇਸ਼ਾ ਦੇਵੇ ਵਾਰੋ ਵਾਰ, ਹੁਕਮ ਏਕਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸ਼ਬਦ ਨਾਉਂ ਪਰਗਟਾਈਆ । ਸਤਿਗੁਰ ਸ਼ਬਦ ਦੀਨ ਦਿਆਲ, ਦਇਆਨਿਧ ਅਖਵਾਇੰਦਾ । ਜਿਸ ਦੇ ਹੁਕਮੇ ਅੰਦਰ ਕਾਲ ਮਹਾਂਕਾਲ, ਰਾਏ ਧਰਮ ਸੇਵ ਕਮਾਇੰਦਾ । ਤ੍ਰੈਗੁਣ ਮਾਇਆ ਜਗਤ ਜੰਜਾਲ, ਪੰਜ ਤਤ ਬੰਧਨ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਪੜਦਾ ਓਹਲਾ ਆਪ ਚੁਕਾਇੰਦਾ । ਸ਼ਬਦ ਗੁਰੂ ਸਦਾ ਬਲਵਾਨ, ਇਕ ਇਕੱਲਾ ਇਕ ਅਖਵਾਇੰਦਾ । ਜੁਗ ਚੌਕੜੀ ਝੁਲਾਏ ਨਿਸ਼ਾਨ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇਵੇ ਗਿਆਨ, ਵਿਦਿਆ ਅਗੰਮ ਅਥਾਹ ਸਮਝਾਇੰਦਾ । ਨਿਰਅੱਖਰ ਵਿਚੋਂ ਅੱਖਰ ਕਰ ਪਰਧਾਨ, ਕਾਇਨਾਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸ਼ਬਦ ਇਕੋ ਇਕ ਸੋਭਾ ਪਾਇੰਦਾ । ਸਤਿਗੁਰ ਸ਼ਬਦ ਨੂਰ ਹਰਿ ਦਾ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਜੰਮੇ ਨਾ ਮਰਦਾ, ਮਰ ਜੀਵਤ ਰੂਪ ਨਾ ਕੋਇ ਰਖਾਈਆ । ਨਾ ਕੋਈ ਅੱਖਰ ਵਿਦਿਆ ਪੜ੍ਹਦਾ, ਨਾ ਕੋਈ ਸਲੋਕ ਸੋਹਲੇ ਢੋਲੇ ਰਾਗ ਨਾਦ ਜਣਾਈਆ । ਜੋ ਚਾਹੇ ਸੋ ਜੁਗ ਚੌਕੜੀ ਕਰਦਾ, ਕਰਨੀ ਦੇ ਕਰਤੇ ਦਿਤੀ ਮਾਣ ਵਡਿਆਈਆ । ਨਿਰਗੁਣ ਤੋਂ ਸਰਗੁਣ ਰੂਪ ਧਰਦਾ, ਵੇਸ ਵਟਾਵੇ ਚਾਈਂ ਚਾਈਆ । ਲੱਖ ਚੁਰਾਸੀ ਅੰਦਰ ਵੜਦਾ, ਘਟ ਘਟ ਵੇਖੇ ਥਾਉਂ ਥਾਈਂਆ । ਸੁਰਤ ਸਵਾਣੀ ਹਾਣੀ ਬਣ ਕੇ ਫੜਦਾ, ਸੋਈ ਮੋਈ ਆਪ ਜਗਾਈਆ । ਭੇਵ ਖੁਲ੍ਹਾਵੇ ਸਾਚੇ ਘਰ ਦਾ, ਥਿਰ ਘਰ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਸ਼ਬਦ ਗੁਰ ਇਕ ਅਖਵਾਈਆ । ਸ਼ਬਦ ਗੁਰੂ ਗਹਿਰ ਗੰਭੀਰ, ਗਵਰ ਆਪਣੀ ਕਾਰ ਕਮਾਇੰਦਾ । ਜਿਸ ਦਾ ਲੇਖਾ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਇੰਦਾ । ਜਿਸ ਨੇ ਭਗਤ ਸੁਹੇਲੇ ਬਣਾਏ ਸ਼ਾਹ ਹਕੀਰ, ਕਬੀਰ ਉਚੀ ਕੂਕ ਕੂਕ ਸੁਣਾਇੰਦਾ । ਜੋ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਆਪ ਪਰਗਟਾਇੰਦਾ । ਕੱਟ ਦੇਵੇ ਸ਼ਰਅ ਜ਼ੰਜੀਰ, ਲਾਸ਼ਰੀਕ ਮੇਲ ਮਿਲਾਇੰਦਾ । ਬਖ਼ਸ਼ਿਸ਼ ਕਰ ਇਕ ਤੌਫ਼ੀਕ, ਤੋਹਫ਼ੇ ਘਰ ਘਰ ਆਪ ਪੁਜਾਇੰਦਾ । ਆਤਮ ਦਾ ਬਣ ਕੇ ਧੁਰ ਰਫ਼ੀਕ, ਮਨ ਫ਼ਰੀਕ ਪਰੇ ਹਟਾਇੰਦਾ । ਜਿਸ ਦੀ ਖੇਲ ਅੰਦਰ ਜੁਗ ਚੌਕੜੀ ਗਏ ਬੀਤ, ਸੋ ਸਤਿਗੁਰ ਸ਼ਬਦ ਆਪਣੀ ਕਾਰ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਦਲਣਹਾਰਾ ਨੀਤ, ਨੀਤੀਵਾਨ ਆਪਣਾ ਹੁਕਮ ਵਰਤਾਇੰਦਾ । ਸਤਿਗੁਰ ਸ਼ਬਦ ਕਿਸੇ ਹੱਥ ਨਾ ਆਵੇ ਮੰਦਰ ਮਸੀਤ, ਗੁਰੂਦਵਾਰ ਵੇਖਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਇੰਦਾ । ਸਾਚਾ ਸ਼ਬਦ ਪਤਤ ਪਾਵਨ, ਪੁਨੀਤ ਇਕ ਅਖਵਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਸਾਰੇ ਗਾਵਣ, ਸਿਫ਼ਤਾਂ ਵਿਚ ਸਾਲਾਹੀਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਪਕੜਨ ਦਾਮਨ, ਦਾਮਨਗੀਰ ਦੋ ਜਹਾਨ ਬਣ ਜਾਈਆ । ਜੋ ਸਰਗੁਣ ਬਣੇ ਨਿਰਗੁਣ ਜ਼ਾਮਨ, ਸੋ ਸ਼ਬਦ ਵੱਡੀ ਵਡਿਆਈਆ । ਤ੍ਰਿਸ਼ਨਾ ਮੇਟ ਕੇ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸ਼ਬਦ ਇਕੋ ਇਕ ਸਮਝਾਈਆ । ਸਾਚਾ ਸ਼ਬਦ ਸਦਾ ਸਦ ਏਕ, ਇਕੋ ਇਕ ਅਖਵਾਇੰਦਾ । ਜਿਸ ਦੀ ਦੋ ਜਹਾਨਾਂ ਟੇਕ, ਟਿੱਕੇ ਮਸਤਕ ਸਰਬ ਲਗਾਇੰਦਾ । ਸਭ ਨੂੰ ਕਰਨਹਾਰ ਬਿਬੇਕ, ਦੁਰਮਤ ਮੈਲ ਧਵਾਇੰਦਾ । ਨਿਤ ਨਵਿਤ ਵਟਾਏ ਵੇਸ, ਆਪਣੀ ਕਲ ਧਰਾਇੰਦਾ । ਸਚ ਵਖਾਏ ਅਗੰਮਾ ਦੇਸ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜਨ ਭਗਤਾਂ ਅੰਦਰੋਂ ਖੋਲ੍ਹ ਕੇ ਭੇਤ, ਪੜਦਾ ਓਹਲਾ ਆਪ ਉਠਾਇੰਦਾ । ਪੁਰਖ ਅਕਾਲ ਦਸਾਵੇ ਨੇਤਨ ਨੇਤ, ਨਿਜ ਨੇਤਰ ਅੱਖ ਖੁਲ੍ਹਾਇੰਦਾ । ਤਿਸ ਸ਼ਬਦ ਗੁਰੂ ਦਾ ਨਾ ਕੋਈ ਮੁੱਛ ਦਾੜ੍ਹੀ ਨਾ ਕੋਈ ਕੇਸ, ਮੂੰਡ ਮੁੰਡਾਇਆ ਨਾ

ਰੂਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਉਠਾਇੰਦਾ । ਸਤਿਗੁਰ ਸ਼ਬਦ ਸਦਾ ਬਹੁ ਰੰਗਾ, ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਨਿਰਗੁਣ ਧਾਰ ਸਰਗੁਣ ਸੰਗਾ, ਸਗਲ ਸ੍ਰਿਸ਼ਟ ਸਮਾਈਆ । ਪਰੇਮੀਆਂ ਦੇਵੇ ਅਗੰਮ ਅਨੰਦਾ, ਘਰ ਅੰਮ੍ਰਿਤ ਰਸ ਚਖਾਈਆ । ਬਜਰ ਕਪਾਟੀ ਤੋੜ ਜੰਦਾ, ਜ਼ਿੰਦਗੀ ਵਿਚੋਂ ਜ਼ਿੰਦਗੀ ਦਏ ਬਦਲਾਈਆ । ਰਸ ਵਖਾ ਕੇ ਪਰਮਾਨੰਦਾ, ਪਰਮ ਪੁਰਖ ਨਾਲ ਮਿਲਾਈਆ । ਮੁਹੱਬਤ ਵਿਚ ਚੜ੍ਹਾਏ ਡੰਡਾ, ਡੰਡਾਵਤ ਇਕੋ ਦਏ ਸਮਝਾਈਆ । ਜਗਤ ਵਿਕਾਰਾ ਕੱਢੇ ਗੰਦਾ, ਕੂੜੀ ਕਿਰਿਆ ਦਏ ਮਿਟਾਈਆ । ਆਤਮ ਪਰਮਾਤਮ ਦੱਸੇ ਧੁਰ ਦਾ ਛੰਦਾ, ਸਾਚਾ ਢੋਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਖੇਲ ਕਰਾਈਆ । ਸਤਿਗੁਰ ਸ਼ਬਦ ਖੇਲ ਅਨੋਖਾ, ਜੁਗ ਚੌਕੜੀ ਖੇਲ ਖਿਲਾਇੰਦਾ । ਕਿਸੇ ਨਾਲ ਨਾ ਕਰੇ ਧੋਖਾ, ਧੁਖਦਿਆਂ ਪਾਰ ਕਰਾਇੰਦਾ । ਆਦਿ ਜੁਗਾਦਿ ਕਦੇ ਨਾ ਸੋਤਾ, ਆਲਸ ਨਿੰਦਰਾ ਵੰਡ ਨਾ ਕੋਇ ਵੰਡਾਇੰਦਾ । ਇਕੋ ਪਰਕਾਸ਼ ਤੱਕੇ ਨਿਰਮਲ ਜੋਤਾ, ਜੋਤੀ ਵਿਚੋਂ ਆਪਣਾ ਆਪ ਪਰਗਟਾਇੰਦਾ । ਜਿਸ ਦਾ ਖੇਲ ਬ੍ਰਹਿਮੰਡ ਖੰਡ ਕੋਟਨ ਕੋਟਾ, ਪੁਰੀ ਲੋਅ ਹੁਕਮ ਵਰਤਾਇੰਦਾ । ਜੋ ਘਰ ਘਰ ਅੰਦਰ ਲਾਵੇ ਚੋਟਾ, ਸੋਈ ਸੁਰਤੀ ਮਾਤ ਉਠਾਇੰਦਾ । ਸੋ ਸਤਿਗੁਰ ਸ਼ਬਦ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਇਕੋ ਬਹੁਤਾ, ਬਹੁਤੇ ਗੁਰੂਆਂ ਵੰਡ ਨਾ ਕੋਇ ਵੰਡਾਇੰਦਾ । ਜਿਸ ਦਾ ਨਾਮ ਨਿਧਾਨਾ ਹੋਕਾ, ਹੁਕਮ ਧੁਰ ਦਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸ਼ਬਦ ਇਕ ਪਰਗਟਾਇੰਦਾ । ਸਾਚਾ ਸ਼ਬਦ ਆਦਿ ਪੁਰਖ ਦੀ ਧਾਰ, ਪਰਮ ਪੁਰਖ ਵਡਿਆਈਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਭਿਖਾਰ, ਮੰਗਣ ਚਾਈਂ ਚਾਈਂਆ । ਜੁਗ ਚੌਕੜੀ ਬਣ ਪਨਹਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੇਵਾ ਰਹੇ ਕਮਾਈਆ । ਸੋ ਲਹਿਣਾ ਦੇਣਾ ਜਾਣੇ ਨਵ ਨੌਂ ਚਾਰ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਸਿਫ਼ਤਾਂ ਵਿਚ ਕਰੇ ਇਜ਼ਹਾਰ, ਢੋਲੇ ਸੋਹਲੇ ਰਾਗਾਂ ਨਾਦਾਂ ਵਿਚ ਗਾਈਆ । ਸੋ ਸ਼ਬਦ ਸਭ ਦਾ ਸਾਂਝਾ ਯਾਰ, ਮੁਹੱਬਤ ਆਤਮਾ ਨਾਲ ਰਖਾਈਆ । ਮੰਜ਼ਲ ਦੂਰ ਕਰੇ ਦੁਸ਼ਵਾਰ, ਪੈਂਡਾ ਅਗਲਾ ਦਏ ਚੁਕਾਈਆ । ਬਿਨਾ ਸਤਿਗੁਰ ਵੇਖ ਸਕੇ ਨਾ ਕੋਈ ਵਿਚ ਸੰਸਾਰ, ਜਗ ਨੇਤਰ ਲੱਭਣ ਕੋਇ ਨਾ ਪਾਈਆ । ਕਿਸੇ ਹੱਥ ਨਾ ਆਵੇ ਜੰਗਲ ਜੂਹ ਉਜਾੜ ਪਹਾੜ, ਸਮੁੰਦ ਸਾਗਰ ਦੇਣ ਦੁਹਾਈਆ । ਜਿਸ ਉਪਰ ਕਿਰਪਾ ਕਰੇ ਆਪ ਕਰਤਾਰ, ਕੁਦਰਤ ਦਾ ਮਾਲਕ ਦਇਆ ਕਮਾਈਆ । ਤਿਸ ਬਿਨ ਅੱਖਾਂ ਦਏ ਵਖਾਲ, ਘਰ ਠਾਂਡੇ ਮੇਲ ਮਿਲਾਈਆ । ਧੁਰ ਦਾ ਸ਼ਬਦ ਜੁਗ ਚੌਕੜੀ ਧੁਰ ਦਾ ਦੱਸੇ ਕਲਾਮ, ਕਲਮਾ ਕਾਇਨਾਤ ਦ੍ਰਿੜਾਈਆ । ਪੈਗ਼ੰਬਰਾਂ ਦਏ ਪੈਗ਼ਾਮ, ਸੰਦੇਸ਼ਾ ਇਕ ਸੁਣਾਈਆ । ਬਦਲ ਦੇਵੇ ਨਜ਼ਾਮ, ਹੁਕਮੇ ਹੁਕਮ ਭਵਾਈਆ । ਜਿਸ ਸ਼ਬਦ ਨੇ ਕਲਜੁਗ ਅੰਤ ਮੇਟਣੀ ਅੰਧੇਰੀ ਸ਼ਾਮ, ਜੂਠ ਝੂਠ ਦਏ ਮਿਟਾਈਆ । ਉਹ ਸ਼ਬਦ ਸਦਾ ਮਿਹਰਵਾਨ, ਮਿਹਰ ਵਿਚ ਸਮਾਈਆ । ਸੁਣਿਆ ਜਾਏ ਨਾ ਕਿਸੇ ਕਾਨ, ਰਸਨਾ ਨਾਲ ਨਾ ਕੋਇ ਵਡਿਆਈਆ । ਧੁਨ ਆਤਮਕ ਸੱਚੀ ਧੁਨਕਾਨ, ਧੁਰ ਦੀ ਧਾਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਦਿਤਾ ਵਰ, ਆਪ ਆਪਣਾ ਵਿਚ ਟਿਕਾਈਆ । ਸਾਚਾ ਸ਼ਬਦ ਬਿਨ ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਸਕੇ ਸਮਝ, ਬੁੱਧੀ ਵਿਚ ਨਾ ਕੋਇ ਵਡਿਆਈਆ । ਅਨੁਭਵ

ਇਸ਼ਾਰੇ ਵਾਲੀ ਰਮਜ਼, ਰਾਜ਼ਕ ਰਿਜ਼ਕ ਰਹੀਮ ਆਪ ਸੁਣਾਈਆ । ਜਿਹੜਾ ਚਲਦਾ ਨਹੀਂ ਕਿਸੇ ਨਾਲ ਕਦਮ, ਮੰਜ਼ਲ ਦੋ ਜਹਾਨਾਂ ਪੰਧ ਮੁਕਾਈਆ । ਏਥੇ ਓਥੇ ਦੋ ਜਹਾਨਾਂ ਕਰੇ ਅਦਲ, ਇਨਸਾਫ਼ ਆਪਣਾ ਹੁਕਮ ਵਰਤਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਦੇਵੇ ਬਦਲ, ਬਦਲੀ ਸਭ ਦੀ ਦਏ ਕਰਾਈਆ । ਜਿਸ ਦੇ ਅੱਗੇ ਚਲੇ ਨਾ ਕੋਈ ਯਤਨ, ਯਥਾਰਥ ਸਾਰੇ ਬੈਠੇ ਸੀਸ ਨਿਵਾਈਆ । ਜਿਸ ਨੇ ਲੱਖ ਚੁਰਾਸੀ ਕੀਤੀ ਬੇਵਤਨ, ਵਤਨ ਆਪਣਾ ਆਪ ਛੁਪਾਈਆ । ਜੁਗ ਜੁਗ ਉਹ ਜਨ ਭਗਤਾਂ ਪੈਜ ਆਵੇ ਰੱਖਣ, ਸ਼ਬਦ ਗੁਰੂ ਵੇਸ ਵਟਾਈਆ । ਸੰਤ ਸੁਹੇਲੇ ਆਵੇ ਚੁੱਕਣ, ਬਿਨ ਗੋਦੀ ਗੋਦ ਉਠਾਈਆ । ਗ਼ਰੀਬ ਨਿਮਾਣਿਆਂ ਆਵੇ ਪੁਛਣ, ਜੋ ਬੈਠਣ ਧਿਆਨ ਲਗਾਈਆ । ਕੂੜੀ ਕਿਰਿਆ ਆਵੇ ਜੜ੍ਹ ਪੁੱਟਣ, ਝਗੜਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਗੁਰੂ ਵਡਿਆਈਆ । ਸ਼ਬਦ ਗੁਰੂ ਆਦਿ ਜੁਗਾਦੀ ਸੱਚਾ, ਜਿਸ ਦਾ ਸਾਜਣ ਬੇਪਰਵਾਹੀਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰ ਸੁਹਾਇਆ ਕਾਇਆ ਮਾਟੀ ਭਾਂਡਾ ਕੱਚਾ, ਕੰਚਨ ਗੜ੍ਹ ਵਖਾਈਆ । ਕੀਤਾ ਪਰਕਾਸ਼ ਪੰਜਾਂ ਤੱਤਾਂ, ਤ੍ਰੈਗੁਣ ਆਪਣਾ ਰੰਗ ਰੰਗਾਈਆ । ਧੁਰ ਸੰਦੇਸ਼ ਦਿਤਾ ਪਤਾ, ਪਤਿਪਰਮੇਸ਼ਵਰ ਦਿਤਾ ਦ੍ਰਿੜਾਈਆ । ਆਤਮ ਪਰਮਾਤਮ ਬਣਾਇਆ ਸਕਾ, ਨਾਤਾ ਦਿਤਾ ਜੁੜਾਈਆ । ਉਹ ਸਤਿਗੁਰ ਸ਼ਬਦ ਨਜ਼ਰ ਨਾ ਆਵੇ ਜਗਤ ਵਾਲੀਆਂ ਅੱਖਾਂ, ਨਿਜ ਲੋਚਣ ਨੂਰ ਕਰੇ ਰੁਸ਼ਨਾਈਆ । ਓਸ ਸ਼ਬਦ ਨੂੰ ਕਦੇ ਕਹੋ ਨਾ ਅੱਛਾ, ਜੋ ਮੰਜ਼ਲ ਮੰਜ਼ਲ ਘਰ ਨਾ ਧੁਰ ਪੁਚਾਈਆ । ਸਾਚਾ ਚੰਦ ਇਕੋ ਪੁਰਖ ਅਕਾਲ ਦਾ ਬੱਚਾ, ਜਿਸ ਨੂੰ ਦੂਜੀ ਜਨਮੇ ਕੋਈ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥਾ, ਸਮਰਥ ਸਵਾਮੀ ਅੰਤਰਜਾਮੀ ਘਟ ਭੀਤਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਈਆ ।

## ★ ੨੨ ਮਾਘ ਸ਼ਹਿਨਸ਼ਾਹੀ ਸੰਮਤ ੨ ਮਹਾਂ ਸਿੰਘ ਦੇ ਗ੍ਰਿਹ ੨੫ ਬੀ੦ ਬੀ੦ ★

ਜੋ ਗੁਰ ਗੋਬਿੰਦ ਦਾ ਸਿੱਖ, ਸਿਖਿਆ ਵਿਚ ਸਦਾ ਸਮਾਈਆ । ਉਹ ਜ਼ਰੂਰ ਅੰਤਰ ਆਪਣਾ ਜਾਣੇ ਭਵਿਖ, ਬਾਹਰੋਂ ਪੁਛਣ ਦੀ ਲੋੜ ਰਹੇ ਨਾ ਰਾਈਆ । ਉਸ ਦੇ ਨਿਰਗੁਣ ਧਾਰ ਅੰਦਰ ਨਿਜ ਸਰੂਪ ਪਏ ਦਿਖ, ਪੜਦਾ ਓਹਲਾ ਰਹੇ ਨਾ ਰਾਈਆ । ਪ੍ਰੀਤਮ ਹੋ ਕੇ ਮਾਲਕ ਇਕ, ਭੇਵ ਅਭੇਦਾ ਦਏ ਖੁਲ੍ਹਾਈਆ । ਨਾਮ ਨਿਧਾਨਾ ਦੇ ਕੇ ਚਿਟ, ਧੁਰ ਸੰਦੇਸ਼ਾ ਆਪ ਪਰਗਟਾਈਆ । ਗੋਬਿੰਦ ਸਦਾ ਗੁਰਮੁਖਾਂ ਦੇ ਰਹਿੰਦਾ ਵਿਚ, ਵਿਛੋੜੇ ਵਿਚ ਕਦੇ ਨਾ ਆਈਆ । ਆਦਿ ਜੁਗਾਦੀ ਧੁਰ ਦਾ ਪਿਤ, ਬਾਲਕ ਗੁਰਮੁਖ ਗੋਦ ਉਠਾਈਆ । ਜਿਸ ਦਾ ਖੇਲ ਨਿਤ ਨਵਿਤ, ਜੁਗ ਚੌਕੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਜੋ ਗੋਬਿੰਦ ਸਿੱਖ ਲਿਆ ਅਪਨਾ, ਉਪਮਾਂ ਆਪਣੀ ਵਿਚ ਲਗਾਈਆ । ਉਸ ਦਾ ਵਿਛੋੜਾ ਰਹੇ ਨਾ ਰਾ, ਦੁਤੀਆ ਭਾਉ ਨਾ ਕੋਇ ਜਣਾਈਆ । ਸੁਰਤੀ ਸ਼ਬਦ ਲਏ ਸਮਾ, ਸਮਾਪਤ ਕਰੇ ਬਾਹਰੋਂ ਲੋਕਾਈਆ । ਨਿਰਗੁਣ ਨੂਰ ਕਰੇ ਰੁਸ਼ਨਾ, ਜੋਤੀ ਜੋਤ ਡਗਮਗਾਈਆ । ਸ਼ਬਦੀ ਨਾਦ ਧੁਨ ਸ਼ਨਵਾ, ਅਗੰਮ ਕਰੇ ਪੜ੍ਹਾਈਆ । ਭੇਵ ਅਭੇਦਾ ਆਪ ਖੁਲ੍ਹਾ, ਮੇਲਾ ਮੇਲੇ ਸਹਿਜ ਸੁਭਾਈਆ । ਸੋ ਸੂਰਾ ਬੇਪਰਵਾਹ, ਹਾਜ਼ਰ ਹਜ਼ੂਰਾ ਹਰ ਘਟ ਬੈਠਾ ਡੇਰਾ ਲਾਈਆ । ਦੂਰ ਦੁਰਾਡਾ

ਪੰਧ ਮੁਕਾ, ਲੋਕਮਾਤ ਆਪਣਾ ਪੜਦਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਸਦਾ ਸਮਾਈਆ । ਗੋਬਿੰਦ ਸਤਿਗੁਰ ਕਦੇ ਨਾ ਵਿਛੜੇ, ਵਿਛੋੜੇ ਵਿਚ ਕਦੇ ਨਾ ਆਈਆ । ਸਦ ਗੁਰਮੁਖਾਂ ਦੀ ਪ੍ਰੇਮ ਧਾਰੋਂ ਨਿਕਲੇ, ਬਾਹਰੋਂ ਹੱਥ ਕਿਸੇ ਨਾ ਆਈਆ । ਉਹ ਪੂਰਬ ਲੇਖੇ ਜਾਣੇ ਪਿਛਲੇ, ਕਰਮਾਂ ਦਾ ਡੇਰਾ ਢਾਹੀਆ । ਪੜਦੇ ਖੋਲ੍ਹੇ ਵਿਚਲੇ, ਹਉਮੇ ਰੋਗ ਗਵਾਈਆ । ਜੋ ਗੋਬਿੰਦ ਦੀ ਸਿਖਿਆ ਸਾਚੀ ਸਿਖ ਲਏ, ਸੋ ਸਿੱਖ ਸਤਿਗੁਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰਦਰਗਾਹੀਆ । ਗੋਬਿੰਦ ਸਤਿਗੁਰ ਸਦਾ ਮੇਲਾ, ਨਿਰਗੁਣ ਨਿਰਗੁਣ ਜੋੜ ਜੁੜਾਈਆ । ਸੁਰਤੀ ਸ਼ਬਦੀ ਖੇਲ ਗੁਰੂ ਗੁਰ ਚੇਲਾ, ਤੱਤਾਂ ਵੰਡ ਨਾ ਕੋਇ ਵੰਡਾਈਆ । ਏਥੇ ਓਥੇ ਦੋ ਜਹਾਨਾਂ ਅੰਦਰ ਬਾਹਰ ਗੁਪਤ ਜਾਹਰ ਧੁਰਦਰਗਾਹੀ ਬਣ ਕੇ ਸੱਜਣ ਸੁਹੇਲਾ, ਸਾਹਿਬ ਸਵਾਮੀ ਅੰਤਰਜਾਮੀ ਆਪਣਾ ਜੋੜ ਜੁੜਾਈਆ । ਬਿਨ ਗੁਰਸਿਖਾਂ ਤੋਂ ਗੋਬਿੰਦ ਕਦੇ ਨਾ ਬੈਠੇ ਵਿਹਲਾ, ਸਦ ਗੁਰਮੁਖਾਂ ਅੰਦਰ ਵੜ ਕੇ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਜਿਹੜਾ ਗੋਬਿੰਦ ਦਾ ਸਿੱਖ ਬਣਿਆ, ਆਪ ਆਪਣਾ ਗਿਆ ਬਦਲਾਈਆ । ਉਹ ਨਿਰਗੁਣ ਧਾਰੋਂ ਜਣਿਆ, ਨਾਤਾ ਮਾਤ ਪਿਤ ਤੁੜਾਈਆ । ਓਸ ਨਿਰਅੱਖਰ ਇਕੋ ਪੜ੍ਹਿਆ, ਜਿਸ ਦੀ ਵਿਦਿਆ ਧੁਰਦਰਗਾਹੀਆ । ਤ੍ਰੈਗੁਣ ਵਿਚ ਕਦੇ ਨਾ ਸੜਿਆ, ਮਮਤਾ ਮੋਹ ਨਾ ਕੋਇ ਹਲਕਾਈਆ । ਸਰਨ ਸਰਨਾਈ ਓਸ ਦੀ ਪੜਿਆ, ਜਿਥੇ ਮਿਲੇ ਮਾਣ ਵਡਿਆਈਆ । ਰਹੇ ਭੈ ਕੋਈ ਨਾ ਡਰਿਆ, ਭਿਆਨਕ ਰੂਪ ਨਾ ਕੋਇ ਪਰਗਟਾਈਆ । ਅੰਮ੍ਰਿਤ ਨਹਾਵੇ ਸਾਚੇ ਸਰਿਆ, ਦੁਰਮਤ ਮੈਲ ਧਵਾਈਆ । ਗੋਬਿੰਦ ਦਾ ਸਿੱਖ ਸਦਾ ਗੋਬਿੰਦ ਦੇ ਘਰ ਵੜਿਆ, ਵਿਛੋੜਾ ਰਹਿਣ ਕਦੇ ਨਾ ਪਾਈਆ । ਨਾ ਜੀਂਦਾ ਨਾ ਮਰਿਆ, ਮਰ ਜੀਵਤ ਓਸੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਦਏ ਵਖਾਈਆ । ਗੋਬਿੰਦ ਦਾ ਸਿੱਖ ਬਣਨਾ ਬੜਾ ਔਖਾ, ਚਾਰ ਵਰਨਾਂ ਸਮਝ ਕੋਇ ਨਾ ਆਈਆ । ਉਹ ਝਗੜਾ ਛੱਡ ਜਾਏ ਚੌਦਾਂ ਲੋਕਾਂ, ਚੌਦਾਂ ਤਬਕਾਂ ਪੰਧ ਮੁਕਾਈਆ । ਉਹ ਸੁਣ ਲਏ ਇਕ ਸਲੋਕਾ, ਦੂਜਾ ਬਚਨ ਸਰਵਣ ਸੁਣਨ ਕਦੇ ਨਾ ਜਾਈਆ । ਉਹ ਰੱਖੇ ਇਕੋ ਓਟਾ, ਓੜਕ ਇਕੋ ਧਿਆਨ ਲਗਾਈਆ । ਉਹਦੇ ਅੰਦਰ ਗੋਬਿੰਦ ਦੀ ਨਾਮ ਲੱਗੇ ਚੋਟਾ, ਚੋਟੀ ਚੜ੍ਹ ਕੇ ਦਰਸ ਦਿਖਾਈਆ । ਤੇਰੇ ਵਿਚ ਨੌਂ ਜਨਮ ਦੀ ਖੋਟਾ, ਖੋਟ ਅੰਦਰੋਂ ਨਾ ਕੋਇ ਕਢਾਈਆ । ਗੋਬਿੰਦ ਦੇ ਆਹਲਣੇ ਵਿਚੋਂ ਬਾਹਰ ਡਿੱਗਾ ਬੋਟਾ, ਫੜ ਕੇ ਵਿਚ ਨਾ ਕੋਇ ਰਖਾਈਆ । ਤੂੰ ਪੋਸਤੀ ਹੋ ਕੇ ਅਨੰਦ ਪੁਰੀ ਤੋਂ ਬਾਹਰ ਘੋਟਨ ਘੋਟਾ, ਭੰਗ ਪੀ ਕੇ ਝਟ ਲੰਘਾਈਆ । ਇਕ ਦਿਨ ਗੋਬਿੰਦ ਸ਼ਬਦ ਦਾ ਤੇਰੇ ਅੰਦਰ ਵੱਜਾ ਸੋਟਾ, ਤੇਰੀ ਸੁਰਤੀ ਦਿਤੀ ਹਿਲਾਈਆ । ਤੂੰ ਘਰ ਜਾ ਕੇ ਢਾਹ ਦਿਤਾ ਪਿਉ ਦਾ ਬਣਾਇਆ ਕੋਠਾ, ਵਸਦਾ ਘਰ ਬਰਬਾਦ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੜਦਾ ਓਹਲਾ ਦੇ ਚੁਕਾਈਆ । ਗੋਬਿੰਦ ਸਿੱਖ ਸਦਾ ਮਿਲਾਪ, ਮਿਲਣੀ ਵਿਚ ਵਡਿਆਈਆ । ਜਿਸ ਦੇ ਅੰਤਰ ਨਿਰੰਤਰ ਮੰਤਰ ਆਪਣਾ ਦੇਵੇ ਜਾਪ, ਕਰਾਏ ਸਚ ਪੜ੍ਹਾਈਆ । ਤ੍ਰੈਗੁਣ ਮਾਇਆ ਮੇਟ ਕੇ ਤਾਪ, ਸੰਤਾਪ ਦਏ ਗਵਾਈਆ । ਸਚ ਸੁਨੇਹੜਾ ਜਾਏ ਆਖ, ਬਿਨ ਅੱਖਰਾਂ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਮੁਕਾਈਆ । ਗੋਬਿੰਦ ਸਿੱਖ ਸਦਾ ਪਿਆਸਾ, ਅੰਤਰ ਧਿਆਨ ਲਗਾਈਆ । ਗੋਬਿੰਦ ਉਸ ਦਾ ਸਦਾ ਰਾਖਾ, ਦਿਵਸ ਰੈਣ ਸੇਵ ਕਮਾਈਆ ।


੪੫੫
੨੦

ਦੋਹਾਂ ਦੇ ਅੰਤਰ ਖੇਲ ਕਰੇ ਪੁਰਖ ਅਬਿਨਾਸ਼ਾ, ਆਪ ਆਪਣੀ ਵੰਡ ਵੰਡਾਈਆ । ਗੋਬਿੰਦ ਮਿਲਣ ਦੀ ਏਸ ਜਨਮ ਅਜੇ ਨਾ ਆਈ ਜਾਚਾ, ਮੰਜ਼ਲ ਰਾਹ ਨਾ ਕੋਇ ਵਖਾਈਆ । ਉਹ ਲੱਭਿਆ ਨਾ ਪੂਜਾ ਪਾਠਾ, ਜਿਹੜਾ ਬਿਨ ਰਸਨਾ ਜਿਹਵਾ ਢੋਲਾ ਗਾਈਆ । ਅਜੇ ਖੁਲ੍ਹਿਆ ਨਾ ਅੰਦਰੋਂ ਤਾਕਾ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਗੱਲਾਂ ਬਾਤਾਂ ਵਾਲਾ ਸੁਣਿਆ ਸਾਕਾ, ਸਾਜਣ ਮਿਲ ਕੇ ਖ਼ੁਸ਼ੀ ਨਾ ਅੰਦਰ ਪਰਗਟਾਈਆ । ਗੋਬਿੰਦ ਸਤਿਗੁਰ ਸੱਚੇ ਸਿੱਖਾਂ ਦੇ ਸਦਾ ਸਾਥਾ, ਸੰਗੀ ਹੋ ਕੇ ਆਪਣਾ ਸੰਗ ਬਣਾਈਆ । ਅੰਤਰ ਪ੍ਰੇਮ ਦਾ ਦੇ ਭਰਵਾਸਾ, ਭਰਮਾਂ ਵਿਚੋਂ ਬਾਹਰ ਕਢਾਈਆ । ਗੁਪਤ ਜਾਹਰ ਦੇਵੇ ਸਾਥਾ, ਸਗਲਾ ਸੰਗ ਬਣਾਈਆ । ਜਿਸ ਨੇ ਗੋਬਿੰਦ ਸ਼ਬਦ ਵਾਚਾ, ਸ਼ਮਅ ਆਪਣੀ ਗਿਆ ਜਗਾਈਆ । ਮਨ ਵਾਸਨਾ ਕਦੇ ਨਾ ਨਾਚਾ, ਤ੍ਰਿਸ਼ਨਾ ਜਗਤ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਗੋਬਿੰਦ ਜਿਸ ਸਿੱਖ ਨੂੰ ਦਏ ਪਿਆਰ, ਪ੍ਰੀਤਮ ਹੋ ਕੇ ਦਇਆ ਕਮਾਈਆ । ਉਹਦੇ ਅੰਤਰ ਕਰ ਉਜਿਆਰ, ਅੰਧ ਅੰਧੇਰ ਦਏ ਗਵਾਈਆ । ਵਿਛੋੜੇ ਵਿਚ ਵਿਛੜਿਆ ਰਹੇ ਨਾ ਕੋਈ ਦਿਨ ਚਾਰ, ਸਦਾ ਗੁਰਮੁਖਾਂ ਮਿਲ ਕੇ ਖ਼ੁਸ਼ੀ ਮਨਾਈਆ । ਪ੍ਰੀਤੀ ਅੰਦਰ ਕਦੇ ਨਾ ਕਰੇ ਉਧਾਰ, ਵਸਤ ਹੱਥੋ ਹੱਥ ਫੜਾਈਆ । ਪਿਛਲੇ ਜਨਮ ਦਾ ਖੇਲ ਨਿਆਰ, ਐਸ ਜਨਮ ਵਿਚ ਵੇਖਣਾ ਧਿਆਨ ਲਗਾਈਆ । ਅੰਦਰ ਵੜਿਆ ਕਾਮ ਕਰੋਧ ਲੋਭ ਮੋਹ ਹੰਕਾਰ, ਤ੍ਰਿਸ਼ਨਾ ਮਮਤਾ ਨਾ ਕੋਇ ਮਿਟਾਈਆ । ਕੂੜੀ ਕਿਰਿਆ ਨਾਲ ਪਿਆਰ, ਜਗਤ ਨਾਲ ਵਡਿਆਈਆ । ਜਿਨ੍ਹਾਂ ਦਾ ਨਾਤਾ ਗੋਬਿੰਦ ਜੋੜਿਆ ਨਾਲ, ਉਹ ਵਿਛੋੜਾ ਸਹਿ ਨਾ ਸਕਣ ਰਾਈਆ । ਉਹ ਸਦਾ ਸੁਹੇਲਾ ਇਕ ਇਕੇਲਾ ਗੁਰਮੁਖਾਂ ਦਏ ਜਮਾਲ, ਜੋਤੀ ਨੂਰ ਕਰ ਰੁਸ਼ਨਾਈਆ । ਮੁਰਸ਼ਦ ਹੋ ਕੇ ਮੁਰੀਦਾਂ ਪੁਛੇ ਹਾਲ, ਦਰ ਘਰ ਸਾਚੇ ਫੇਰਾ ਪਾਈਆ । ਗੋਬਿੰਦ ਤੋਂ ਵਿਛੜਿਆਂ ਗੁਰਸਿਖਾਂ ਨੂੰ ਕਦੇ ਨਾ ਬੀਤੇ ਕੋਈ ਸਾਲ, ਮਨਮੁਖ ਕੋਟਨ ਜਨਮ ਜਾਣ ਬਿਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਦੇਵੇ ਥਾਉਂ ਥਾਈਂਆ । ਗੋਬਿੰਦ ਕਹੇ ਮੇਰਾ ਗੁਰਮੁਖ ਮੀਤ, ਮਿਤਰ ਪਿਆਰਾ ਨਜ਼ਰੀ ਆਈਆ । ਜਿਸ ਦੇ ਨਾਲ ਮੇਰੀ ਚਲੇ ਰੀਤ, ਲੋਕਮਾਤ ਵੱਜੇ ਵਧਾਈਆ । ਮੈਂ ਓਸ ਨੂੰ ਮਿਲਾਂ ਠੀਕ, ਠਾਕਰ ਹੋ ਕੇ ਦਰਸ ਦਿਖਾਈਆ । ਉਹ ਝਗੜਾ ਮੁਕਾਏ ਊਚ ਨੀਚ, ਜਾਤ ਪਾਤ ਡੇਰਾ ਢਾਹੀਆ । ਗੁਰਸਿਖਾਂ ਦਾ ਕਾਇਆ ਮੰਦਰ ਕਰਾਂ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਧੁਰ ਦੀ ਪ੍ਰੀਤ, ਮੇਲਾ ਧੁਰ ਦਾ ਲਵਾਂ ਮਿਲਾਈਆ । ਜਗਤ ਵਿਛੋੜਾ ਕਟ ਧਾਮ ਵਖਾਵਾਂ ਇਕ ਅਤੀਤ, ਤ੍ਰੈਗੁਣ ਲੇਖਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਗੋਬਿੰਦ ਗੁਰ ਗੁਰ ਗੋਬਿੰਦ ਗੋਬਿੰਦ ਸਿੱਖ ਸਿੱਖ ਗੋਬਿੰਦ ਗੋਬਿੰਦ ਸਿੱਖ ਵਿਚ ਸਮਾਈਆ ।

★ ੨੩ ਮਾਘ ਸ਼ਹਿਨਸ਼ਾਹੀ ਸੰਮਤ ੨ ਤਰਲੋਕ ਸਿੰਘ ਦੇ ਗ੍ਰਿਹਿ ੨੦ ਜ਼ੈਡ ਜ਼ਿਲਾ ਗੰਗਾ ਨਗਰ ★

ਜਨ ਭਗਤ ਕਹੇ ਪ੍ਰਭ ਤੇਰੀ ਓਟ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰਾ ਧਿਆਨ ਲਗਾਈਆ । ਜਗ ਵਾਸਨਾ ਕੂੜੀ ਕਿਰਿਆ ਅੰਦਰੋਂ

ਕੱਢ ਖੋਟ, ਪਾਰਬ੍ਰਹਮ ਬ੍ਰਹਮ ਭੇਵ ਅਭੇਦਾ ਦੇ ਖੁਲ੍ਹਾਈਆ । ਸ਼ਬਦ ਅਗੰਮੀ ਲਾ ਗ੍ਰਿਹਿ ਮੰਦਰ ਅੰਦਰ ਚੋਟ, ਸੋਈ ਸੁਰਤੀ ਸਤਿ ਜਗਾਈਆ । ਹੋਵੇ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦੇਣਾ ਗਵਾਈਆ । ਮਨ ਬੁੱਧੀ ਦੀ ਰਹੇ ਕੋਈ ਨਾ ਸੋਚ, ਅਨੁਭਵ ਆਪਣੀ ਧਾਰ ਦੇਣੀ ਜਣਾਈਆ । ਝਗੜਾ ਰਹੇ ਨਾ ਦੀਨ ਦੁਨੀ ਲੋਕ ਪਰਲੋਕ, ਤੇਰਾ ਨੂਰ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਵਾਂ ਸਚ ਸਲੋਕ, ਸੋਹੰ ਢੋਲਾ ਧੁਰਦਰਗਾਹੀਆ । ਭਾਗ ਲੱਗੇ ਕਾਇਆ ਮਾਟੀ ਕਾਚੇ ਕੋਟ, ਕੰਚਨ ਗੜ੍ਹ ਦੇਣਾ ਸੁਹਾਈਆ । ਬਾਹਰ ਕਰਨੀ ਪਏ ਨਾ ਖੋਜ, ਨਿਰੰਤਰ ਮੇਲਾ ਲੈਣਾ ਮਿਲਾਈਆ । ਮਮਤਾ ਰਹੇ ਨਾ ਕੋਈ ਰੋਗ, ਹੰਗਤਾ ਗੜ੍ਹ ਦੇਣਾ ਤੁੜਾਈਆ । ਸਚ ਪ੍ਰੀਤੀ ਬਖ਼ਸ਼ ਅਗੰਮੀ ਜੋਗ, ਜਗ ਜੀਵਣ ਦਾਤੇ ਆਪਣੀ ਜੁਗਤ ਇਕ ਜਣਾਈਆ । ਆਤਮ ਪਰਮਾਤਮ ਮਿਲ ਕੇ ਮਿਲੇ ਧੁਰ ਦੀ ਮੌਜ, ਅਨੰਦ ਪਰਮਾਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਜਨ ਭਗਤ ਕਹੇ ਪ੍ਰਭ ਮੇਰੇ ਸਮਰਥ, ਸਚ ਸਵਾਮੀ ਤੇਰੀ ਆਸ ਰਖਾਈਆ । ਕਲਜੁਗ ਕੂੜੀ ਕਿਰਿਆ ਵੇਖ ਅਗਨ ਰਥ, ਚਾਰ ਵਰਨ ਅਠਾਰਾਂ ਬਰਨ ਸੜਦੀ ਦਿਸੇ ਲੋਕਾਈਆ । ਮਨ ਵਾਸਨਾ ਦੀਨ ਦੁਨੀ ਦ੍ਰਿਸ਼ਟੀ ਅੰਦਰ ਰਹੀ ਨੱਸ, ਜਗਤ ਵਾਸਨਾ ਭੱਜੇ ਵਾਹੋ ਦਾਹੀਆ । ਸਾਚਾ ਤੇਰਾ ਨਾਮ ਕਿਸੇ ਨਾ ਆਵੇ ਹੱਥ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੀਰਥ ਤਟ ਦੇਣ ਗਵਾਹੀਆ । ਨਾੜ ਬਹੱਤਰ ਕਾਇਆ ਮਾਟੀ ਸਾਢੇ ਤਿੰਨ ਹੱਥ ਕਾਅਬਾ ਨਿਰਗੁਣ ਨੂਰ ਮਿਲੇ ਕਿਸੇ ਨਾ ਸੱਚ, ਪਰਤੱਖ ਤੇਰਾ ਦਰਸ ਕੋਇ ਨਾ ਪਾਈਆ । ਤੇਰੀ ਆਤਮ ਤੇਰੇ ਨਾਲੋਂ ਹੋ ਕੇ ਵੱਖ, ਪੰਜਾਂ ਤੱਤਾਂ ਅੰਦਰ ਵੜ ਕੇ ਤੇਰਾ ਨਾਮ ਭੁਲਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਖੋਲ੍ਹ ਆਪਣੀ ਅੱਖ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਤੇਰਾ ਭਗਤ ਸੁਹੇਲਾ ਸਚ ਦਵਾਰੇ ਤੈਨੂੰ ਲੱਭ, ਠਾਕਰ ਸਵਾਮੀ ਮਿਲ ਕੇ ਵੱਜੇ ਵਧਾਈਆ । ਜਗਤ ਵਿਕਾਰਾ ਕੂੜ ਕੁਟੰਬ ਮਮਤਾ ਮੋਹ ਦੇਵੇ ਛੱਡ, ਨਾਤਾ ਜੋੜੇ ਧੁਰਦਰਗਾਹੀਆ । ਗ੍ਰਿਹਿ ਮੰਦਰ ਅੰਦਰ ਨਾਮ ਨਿਧਾਨ ਸ੍ਰੀ ਭਗਵਾਨ ਤੇਰਾ ਜਾਵੇ ਵੱਜ, ਨਾਦ ਅਨਾਦੀ ਆਪਣੀ ਧੁਨ ਸੁਣਾਈਆ । ਨਿਝਰ ਧਾਰਾ ਅੰਮ੍ਰਿਤ ਅਮਿਉਂ ਆਪਣਾ ਦੇ ਰਸ, ਰਸਨਾ ਜਿਹਵਾ ਚੱਖਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸੱਚਾ ਦਵਾਰਾ ਦੇਣਾ ਵਖਾਈਆ । ਜਨ ਭਗਤ ਕਹੇ ਪ੍ਰਭ ਮੇਰੇ ਦਾਤਾਰ, ਦੀਨ ਦਿਆਲ ਤੇਰੇ ਹੱਥ ਵਡਿਆਈਆ । ਕਿਰਪਾ ਕਰ ਸਿਰਜਣਹਾਰ, ਸਿਰ ਸਿਰ ਰਿਜ਼ਕ ਸਬਾਈਆ । ਤੇਰਾ ਲਹਿਣਾ ਦੇਣਾ ਦੱਸਦੇ ਗਏ ਗੁਰੂ ਅਵਤਾਰ, ਪੈਗੰਬਰ ਸਿਫ਼ਤਾਂ ਵਿਚ ਸਾਲਾਹੀਆ । ਭਗਤ ਸੁਹੇਲੇ ਮੰਗਦੇ ਰਹੇ ਵਾਰੋ ਵਾਰ, ਸਤਿਜੁਗ ਤਰੇਤਾ ਦਵਾਪਰ ਕਲਜੁਗ ਤੇਰੇ ਅੱਗੇ ਝੋਲੀਆਂ ਡਾਹੀਆ । ਕਲਜੁਗ ਅੰਤ ਵੇਖ ਵਿਚਾਰ, ਸ੍ਰੀ ਭਗਵੰਤ ਦਇਆ ਕਮਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿਰਦੇ ਅੰਦਰ ਵਧਿਆ ਵਿਭਚਾਰ, ਕੂੜੀ ਕਿਰਿਆ ਵਿਚ ਜਗਤ ਲੋਕਾਈਆ । ਸਾਚਾ ਮੰਤਰ ਸਕੇ ਨਾ ਕੋਇ ਉਚਾਰ, ਉਜਰਤ ਵਿਚ ਪੰਡਤ ਪਾਂਧੇ ਮੁਲਾ ਸ਼ੇਖ਼ ਮਸਾਇਕ ਗ੍ਰੰਥੀ ਪੰਥੀ ਤੇਰੀ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਜਨ ਭਗਤ ਕਹੇ ਪ੍ਰਭ ਮੇਰੇ ਧੁਰ ਦੇ ਸਵਾਮੀ, ਪੁਰਖ ਅਕਾਲ ਦੀਨ ਦਿਆਲ ਤੇਰੀ ਬੇਪਰਵਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਅੰਤਰਜਾਮੀ, ਘਟ ਨਿਵਾਸੀ ਤੇਰੀ ਸ਼ਹਿਨਸ਼ਾਹੀਆ । ਸ਼ਬਦ ਅਗੰਮੀ ਸੁਣਾ ਆਪਣੀ ਬਾਣੀ, ਅਣਿਆਲਾ ਤੀਰ ਚਲਾਈਆ । ਚਰਨ ਪ੍ਰੀਤੀ ਬਖ਼ਸ਼

ਧੁਰ ਦਾ ਪਦ ਨਿਰਬਾਣੀ, ਦਰ ਘਰ ਸਾਚੇ ਵੱਜੇ ਵਧਾਈਆ । ਗਾਥਾ ਰਹੇ ਨਾ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਮੰਜ਼ਲ ਦੇਣੀ ਮੁਕਾਈਆ । ਝਗੜਾ ਚੁਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਲੱਖ ਚੁਰਾਸੀ ਵਿਚ ਨਾ ਕੋਇ ਭਵਾਈਆ । ਆਪਣੇ ਧੁਰ ਦੇ ਨਾਮ ਦੀ ਦੇ ਨਿਸ਼ਾਨੀ, ਜੋ ਏਥੇ ਓਥੇ ਦੋ ਜਹਾਨਾਂ ਤੇਰਾ ਗ੍ਰਹਿ ਵਖਾਈਆ । ਕਿਰਪਾ ਕਰ ਪੁਰਖ ਸਮਰਥ ਮਿਹਰਵਾਨ ਮਹਿਬੂਬ ਦੋ ਜਹਾਨੀ, ਮਿਹਰ ਨਜ਼ਰ ਅੱਖ ਉਠਾਈਆ । ਬਿਨ ਤੇਰੀ ਕਿਰਪਾ ਤੇਰਾ ਬਣੇ ਨਾ ਕੋਇ ਬ੍ਰਹਮ ਗਿਆਨੀ, ਜਗਤ ਵਿਦਿਆ ਵਿਚ ਰੁਲੀ ਲੋਕਾਈਆ । ਆਪਣੀ ਮੰਜ਼ਲ ਹਕ਼ੀਕ਼ਤ ਵਾਲੀ ਦੱਸ ਆਸਾਨੀ, ਅਸਲ ਵਿਚ ਵਸਲ ਯਾਰ ਦੇਣਾ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮੇਲ ਕਰ ਜੋਤ ਨੂਰਾਨੀ, ਆਤਮ ਪਰਮਾਤਮ ਆਪਣੇ ਰੰਗ ਸਮਾਈਆ ।

### ★ ੨੩ ਮਾਘ ਸ਼ਹਿਨਸ਼ਾਹੀ ਸੰਮਤ ੨ ਸੁਰਜੀਤ ਸਿੰਘ ਦੇ ਗ੍ਰਹਿ ਬਨਵਾਲੀ ★

ਜਨ ਭਗਤ ਕਹਿਣ ਪ੍ਰਭ ਅਬਿਨਾਸ਼ੀ ਉਠ, ਸਚਖੰਡ ਨਿਵਾਸੀ ਹੋ ਸਹਾਈਆ । ਕਲਜੁਗ ਅੰਤਮ ਆ ਕੇ ਤੁਠ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਸ੍ਰਿਸ਼ਟੀ ਅੰਦਰ ਰਿਹਾ ਕੋਈ ਨਾ ਸੁਚ, ਜੂਠ ਝੂਠ ਵੱਜੀ ਵਧਾਈਆ । ਸਤਿ ਧਰਮ ਦਾ ਪੈਂਡਾ ਗਿਆ ਮੁਕ, ਕਲਜੁਗ ਕੂੜੀ ਕਿਰਿਆ ਰਹੀ ਕੁਰਲਾਈਆ । ਭਰਮੇ ਭੁੱਲਾ ਮਾਨਵ ਮਨੁੱਖ, ਪੜਦਾ ਦੂਈ ਨਾ ਕੋਇ ਚੁਕਾਈਆ । ਅੰਤਰ ਆਤਮ ਮਿਲੇ ਕਿਸੇ ਨਾ ਸੁਖ, ਜਗਤ ਤ੍ਰਿਸ਼ਨਾ ਅੱਗ ਰਹੀ ਤਪਾਈਆ । ਸ਼ਬਦ ਅਗੰਮੀ ਲੱਗੇ ਕੋਈ ਨਾ ਚੋਟ, ਸੋਈ ਸੁਰਤ ਨਾ ਕੋਇ ਉਠਾਈਆ । ਮਿਲੇ ਪ੍ਰਕਾਸ਼ ਨਾ ਨਿਰਮਲ ਜੋਤ, ਅੰਧ ਅੰਧੇਰ ਨਾ ਕੋਇ ਮਿਟਾਈਆ । ਮਨ ਵਾਸਨਾ ਸਾਰੇ ਰਹੇ ਸੋਚ, ਬੁੱਧ ਬਿਬੇਕ ਨਾ ਕੋਇ ਕਰਾਈਆ । ਝਗੜਾ ਪਿਆ ਨੌ ਖੰਡ ਪ੍ਰਿਥਮੀ ਸੱਤ ਦੀਪ ਚੌਦਾਂ ਲੋਕ, ਚੌਦਾਂ ਤਬਕ ਰਹੇ ਕੁਰਲਾਈਆ । ਸਾਚੀ ਬਖ਼ਸ਼ੇ ਕੋਈ ਨਾ ਓਟ, ਸਿਰ ਸਮਰਥ ਹੱਥ ਨਾ ਕੋਇ ਟਿਕਾਈਆ । ਅੰਦਰੋਂ ਨਿਕਲੇ ਕਿਸੇ ਨਾ ਖੋਟ, ਪਤਤ ਪੁਨੀਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਦਇਆ ਕਮਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਕੂੜੀ ਕਿਰਿਆ ਮੇਟ ਪਖੰਡ, ਧਰਮ ਦਵਾਰਾ ਦੇ ਖੁਲ੍ਹਾਈਆ । ਸਚ ਪ੍ਰੇਮ ਦਾ ਬਖ਼ਸ਼ ਅਨੰਦ, ਦੁੱਖ ਦਰਦ ਡੇਰਾ ਢਾਹੀਆ । ਤੇਰੇ ਨਾਮ ਦਾ ਗਾਈਏ ਛੰਦ, ਦੂਜੀ ਵਿਦਿਆ ਨਾ ਕੋਇ ਵਡਿਆਈਆ । ਖੇਲ ਵੇਖ ਆਪਣਾ ਵਰਭੰਡ, ਬ੍ਰਹਿਮੰਡ ਖੋਜ ਖੁਜਾਈਆ । ਬਿਨ ਤੇਰੀ ਕਿਰਪਾ ਸਾਚਾ ਚੜ੍ਹੇ ਨਾ ਕੋਇ ਨੂਰੀ ਚੰਦ, ਕਲਜੁਗ ਅੰਧ ਅੰਧੇਰ ਨਾ ਕੋਇ ਗਵਾਈਆ । ਮਿਹਰਵਾਨ ਹੋ ਕੇ ਆਤਮ ਪਰਮਾਤਮ ਆਪਣੇ ਨਾਮ ਰੰਗ, ਦੁਰਮਤ ਮੈਲ ਦੇ ਧਵਾਈਆ । ਗੁਪਤ ਜਾਹਰ ਵਸ ਸੰਗ, ਸਗਲਾ ਸੰਗ ਬਣਾਈਆ । ਭੇਵ ਖੁਲ੍ਹਾ ਬ੍ਰਹਮ ਹੰ, ਨਿਰਗੁਣ ਨੂਰ ਕਰ ਰੁਸ਼ਨਾਈਆ । ਤ੍ਰਿਸ਼ਨਾ ਮੇਟ ਭੁੱਖ ਨੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਦੇ ਬਣਾਈਆ । ਜਨ ਭਗਤ ਕਹਿਣ ਪ੍ਰਭ ਦੀਨਾਂ ਉਤੇ ਦਇਆ ਕਰ, ਦਿਆਲ ਹੋ ਕੇ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਆਵੇ ਡਰ, ਕਲਜੁਗ ਮਮਤਾ ਮੋਹ ਰਹੀ ਡਰਾਈਆ । ਵਿਕਾਰ ਅਗਨੀ ਵਿਚ ਰਹੇ ਸੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਦਿਵਸ ਰੈਣ ਪੁਕਾਰ ਰਹੇ ਕਰ, ਸਚ ਬੇਨੰਤੀ

ਇਕ ਸੁਣਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗੰਬਰ ਦਿੱਤੇ ਘੱਲ, ਨਾਮ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਲਜੁਗ ਸਭ ਦੇ ਨਾਲ ਕਰੇ ਛਲ, ਕਪਟ ਵਿਕਾਰੀ ਰੂਪ ਵਟਾਈਆ । ਝਗੜਾ ਪਿਆ ਜਲ ਥਲ, ਟਿੱਲੇ ਪਰਬਤ ਰਹੇ ਕੁਰਲਾਈਆ । ਕਿਸੇ ਨਾ ਦਿਸੇ ਨਿਹਚਲ ਧਾਮ ਅਟਲ, ਸਾਚੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹਿਣ ਪ੍ਰਭ ਨਿਰਗੁਣ ਹੋ ਕੇ ਆ, ਸਰਗੁਣ ਦਇਆ ਕਮਾਈਆ । ਸਦੀ ਚੌਧਵੀਂ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸਤਿ ਧਰਮ ਦੀ ਸਾਚੀ ਦੇ ਸਲਾਹ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਕੂੜ ਕੁੜਿਆਰਾ ਡੇਰਾ ਢਾਹ, ਜੂਠ ਝੂਠ ਰਹਿਣ ਨਾ ਪਾਈਆ । ਸਾਚਾ ਮੰਤਰ ਨਾਮ ਇਕ ਦ੍ਰਿੜਾ, ਹਿੰਦੂ ਮੁਸਲਿਮ ਸਿੱਖ ਈਸਾਈ ਮਿਲ ਕੇ ਢੋਲਾ ਗਾਈਆ । ਡੰਕਾ ਦੋ ਜਹਾਨ ਵਜਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕਰ ਸ਼ਨਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸਮਝਾ, ਕਾਇਨਾਤ ਕਲਮਾ ਇਕ ਸੁਣਾਈਆ । ਭੇਵ ਅਭੇਦਾ ਪੜਦਾ ਲਾਹ, ਭਾਂਡਾ ਭਰਮ ਦੇ ਭੰਨਾਈਆ । ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਅੰਧ ਅੰਧੇਰਾ ਦੇ ਗਵਾਈਆ । ਤੇਰਾ ਲੇਖਾ ਬੇਪਰਵਾਹ, ਪਾਰਬ੍ਰਹਮ ਤੇਰੀ ਸਰਨਾਈਆ । ਚਾਰ ਵਰਨ ਅਠਾਰਾਂ ਬਰਨ ਰੋਵਣ ਮਾਰਨ ਧਾਹ, ਹਾਹਾਕਾਰ ਕਰ ਸੁਣਾਈਆ । ਸਾਚੀ ਮੰਜ਼ਲ ਹਕੀਕੀ ਚੜ੍ਹੇ ਕੋਈ ਨਾ, ਨਿਰਗੁਣ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਕਿਰਪਾ ਕਰ ਮਹਿਬੂਬ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਣਵੰਤੇ ਤੇਰਾ ਢੋਲਾ ਰਹੇ ਗਾ, ਗੀਤ ਗੋਬਿੰਦ ਇਕ ਅਲਾਈਆ । ਤੂੰ ਸਭ ਦਾ ਮਾਲਕ ਪ੍ਰਿਤਪਾਲਕ ਅੱਲਾ ਰਾਮ ਵਾਹਿਗੁਰੂ ਖ਼ੁਦਾ, ਖ਼ੁਦੀ ਦਾ ਡੇਰਾ ਦੇ ਢਾਹੀਆ । ਮਹੱਲ ਅਟਲ ਇਕ ਸੁਹਾ, ਜਨ ਭਗਤਾਂ ਅੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਪ੍ਰਭ ਲੋਕਮਾਤ ਆ ਕੇ ਵੇਖ, ਕਲਜੁਗ ਅੰਤਮ ਫੇਰਾ ਪਾਈਆ । ਚਾਰੋਂ ਕੁੰਟ ਵਧਿਆ ਭੇਖ, ਕੂੜ ਪਖੰਡ ਕਰੇ ਲੜਾਈਆ । ਮਾਲਕ ਦਿਸੇ ਨਾ ਕਿਸੇ ਨਰੇਸ਼, ਨਰ ਨਰਾਇਣ ਨਾ ਨਜ਼ਰੀ ਆਈਆ । ਜਿਹੜੀ ਧਾਰ ਬੰਨ੍ਹ ਕੇ ਗਿਆ ਗੋਬਿੰਦ ਦਸ ਦਸਮੇਸ਼, ਪੰਚਮ ਇਕੋ ਰੰਗ ਰੰਗਾਈਆ । ਤਿਸ ਦਾ ਪਾਵੇ ਕੋਈ ਨਾ ਭੇਤ, ਪੜਦਾ ਸਕੇ ਨਾ ਕੋਇ ਉਠਾਈਆ । ਜਿਸ ਕਾਰਨ ਅਰਜਨ ਸਤਿਗੁਰ ਸਿਰ ਵਿਚ ਪਾਈ ਰੇਤ, ਅਗਨੀ ਤਤ ਤਪਾਈਆ । ਤਿਸ ਦਾ ਸਮਝੇ ਕੋਈ ਨਾ ਖੇਲ, ਖ਼ਾਲਕ ਖ਼ਲਕ ਭੇਵ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਚ ਵਰ, ਭਗਤ ਸੁਹਲੇ ਤੇਰਾ ਰਾਹ ਤਕਾਈਆ । ਜਨ ਭਗਤ ਕਹਿਣ ਪ੍ਰਭ ਅੰਤਮ ਵੇਖ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਝਗੜਾ ਪਿਆ ਦੀਨ ਮਜ਼੍ਹਬ ਜਾਤ ਪਾਤ, ਪਤਿਪਰਮੇਸ਼ਵਰ ਤੇਰਾ ਮੇਲ ਨਾ ਕੋਇ ਕਰਾਈਆ । ਸਚ ਧਰਮ ਦੇ ਚੜ੍ਹੇ ਕੋਈ ਨਾ ਰਾਥ, ਮੰਜ਼ਲ ਹਕ ਨਾ ਕੋਇ ਪੁਚਾਈਆ । ਆਤਮ ਪਰਮਾਤਮ ਜੋੜੇ ਕੋਇ ਨਾ ਨਾਤ, ਪਾਰਬ੍ਰਹਮ ਬ੍ਰਹਮ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਸਾਚੀ ਮਿਲੇ ਕਿਸੇ ਨਾ ਦਾਤ, ਧੁਰ ਦੀ ਵਸਤ ਨਾ ਕੋਇ ਵਰਤਾਈਆ । ਕਲਜੁਗ ਭੇਖ ਵੇਖਿਆ ਬਹੁ ਭਾਂਤ, ਚਾਰ ਕੁੰਟ ਹੋਈ ਹਲਕਾਈਆ । ਤੂੰ ਮੇਰਾ ਮੈਂ ਤੇਰਾ ਨਿਰਗੁਣ ਨਿਰਵੈਰ ਆ ਕੇ ਦੱਸ ਆਪਣੀ ਗਾਥ, ਬੋਧ ਅਗਾਧ ਕਰ ਪੜ੍ਹਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਸਮਰਥ, ਜੁਗ ਚੌਕੜੀ ਖੇਲ ਖਿਲਾਈਆ । ਸਤਿਜੁਗ ਸਾਚਾ ਦੱਸ, ਅਗਲਾ ਰੰਗ ਦੇ ਰੰਗਾਈਆ ।

੪੫੯
੨੦

ਮਨ ਵਾਸਨਾ ਕਰ ਦੇ ਵਸ, ਬੁੱਧੀ ਬਿਬੇਕ ਆਪ ਬਣਾਈਆ । ਸਚ ਧਰਮ ਦਾ ਖੋਲ੍ਹ ਹੱਟ, ਨਾਮ ਵਣਜਾਰਾ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਸੱਚਾ ਵਰ, ਭਗਤ ਸੁਹੇਲੇ ਦਰ ਠਾਂਡੇ ਸੀਸ ਨਿਵਾਈਆ । ਜਨ ਭਗਤ ਕਹਿਣ ਪ੍ਰਭੂ ਕਿਰਪਾ ਨਿਧਾਨ, ਪਤਿਪਰਮੇਸ਼ਵਰ ਤੇਰੀ ਆਸ ਰਖਾਈਆ । ਸਚਖੰਡ ਨਿਵਾਸੀ ਹੋ ਨਿਗਾਹਬਾਨ, ਨਿਰਵੈਰ ਆਪਣੀ ਦਇਆ ਕਮਾਈਆ । ਕਲਜੁਗ ਭੁੱਲੇ ਜੀਵ ਬਾਲ ਅੰਞਾਣ, ਮਾਇਆ ਮਮਤਾ ਮੋਹ ਹਲਕਾਈਆ । ਘਰ ਘਰ ਸ਼ਰਅ ਹੋਈ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਆਤਮ ਬ੍ਰਹਮ ਭੁੱਲਿਆ ਗਿਆਨ, ਵਿਦਿਆ ਵਿਚ ਜਗਤ ਜੀਵ ਹਲਕਾਈਆ । ਧਰਮ ਦਿਸੇ ਨਾ ਕਿਸੇ ਨਿਸ਼ਾਨ, ਨਿਸ਼ਾਨਾ ਤੇਰਾ ਗਏ ਭੁਲਾਈਆ । ਕਾਇਆ ਕਾਅਬਾ ਨਜ਼ਰ ਨਾ ਆਏ ਹਕ ਮਕਾਨ, ਮੁਕਾਮੇ ਹਕ ਚੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਕਿਰਪਾ ਕਰ ਜੋਧੇ ਸੂਰਬੀਰ ਨੌਜਵਾਨ, ਮਰਦ ਮਰਦਾਨੇ ਤੇਰੇ ਹੱਥ ਵਡਿਆਈਆ । ਭਗਤ ਸੁਹੇਲੇ ਤੇਰਾ ਰਾਹ ਤੱਕਾਣ, ਬਿਨ ਅੱਖਾਂ ਅੱਖ ਉਠਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨਾ ਧੁਰ ਦਾ ਕਾਹਨ, ਅਬਿਨਾਸ਼ੀ ਕਰਤਾ ਨਜ਼ਰੀ ਆਈਆ । ਅੰਤ ਅਖ਼ੀਰ ਬੇਨਜ਼ੀਰ ਨਾਮ ਨਿਧਾਨਾ ਦੇ ਦਾਨ, ਵਸਤ ਅਮੋਲਕ ਕਾਇਆ ਗੋਲਕ ਦੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭੂ ਦੇ ਦੇ ਵਸਤ ਅਪਾਰ, ਨਾਉਂ ਨਿਰੰਕਾਰਾ ਦੇ ਸਮਝਾਈਆ । ਅੰਤਰ ਨਿਰੰਤਰ ਕਰ ਪਿਆਰ, ਮੁਹੱਬਤ ਆਪਣੇ ਨਾਲ ਜੁੜਾਈਆ । ਸਾਚਾ ਮੰਦਰ ਦੇ ਵਖਾਲ, ਜਿਸ ਘਰ ਬੈਠਾ ਡੇਰਾ ਲਾਈਆ । ਝਗੜਾ ਰਹੇ ਨਾ ਸ਼ਾਹ ਕੰਗਾਲ, ਰਾਓ ਰੰਕ ਇਕੋ ਰੰਗ ਰੰਗਾਈਆ । ਕਿਰਪਾ ਕਰ ਦੀਨਾਂ ਬੰਧੂ ਦੀਨ ਦਿਆਲ, ਦਇਆਨਿਧ ਤੇਰੀ ਆਸ ਰਖਾਈਆ । ਜੁਗ ਚੌਕੜੀ ਬਦਲਦਾ ਆਇਉਂ ਚਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਦੀਨ ਦੁਨੀ ਹੋਈ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਬਿਨ ਮੁਰਸ਼ਦ ਮੁਰੀਦਾਂ ਕੋਇ ਨਾ ਪੁਛੇ ਹਾਲ, ਸਿਰ ਹੱਥ ਨਾ ਕੋਇ ਟਿਕਾਈਆ । ਭਗਤ ਸੁਹੇਲੇ ਵੇਖ ਆਪਣੇ ਲਾਲ, ਗੁਰਮੁਖ ਗੋਦੜੀ ਵਿਚੋਂ ਆਪਣੀ ਗੋਦੀ ਲੈ ਟਿਕਾਈਆ । ਤੂੰ ਆਦਿ ਜੁਗਾਦੀ ਸਦਾ ਪ੍ਰਿਤਪਾਲ, ਪ੍ਰਿਤਪਾਲਕ ਤੇਰੀ ਬੇਪਰਵਾਹੀਆ । ਸਚ ਬੇਨੰਤੀ ਮੰਨ ਸਵਾਲ, ਸਾਰੇ ਝੁਕ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਸੰਤ ਸੁਹੇਲੇ ਜਨ ਭਗਤ ਤੇਰਾ ਬੈਠੇ ਰਾਹ ਤਕਾਈਆ । ਜਨ ਭਗਤ ਕਹਿਣ ਪ੍ਰਭ ਕਿਰਪਾ ਕਰ ਠਾਕਰ, ਸਿਰ ਆਪਣਾ ਹੱਥ ਟਿਕਾਈਆ । ਜਗਤ ਜਹਾਨ ਵੇਖ ਡੂੰਘਾ ਸਾਗਰ, ਬਿਨ ਤੇਰੇ ਪਾਰ ਨਾ ਕੋਇ ਲੰਘਾਈਆ । ਭਾਗ ਲੱਗੇ ਨਾ ਕਾਇਆ ਗਾਗਰ, ਸਾਢੇ ਤਿੰਨ ਹੱਥ ਵੱਜੇ ਨਾ ਕੋਇ ਵਧਾਈਆ । ਨਾਮ ਵਣਜਾਰੇ ਕਰ ਸੱਚੇ ਸੌਦਾਗਰ, ਵਸਤ ਅਮੋਲਕ ਦੇ ਵਰਤਾਈਆ । ਕੋਝੇ ਕਮਲਿਆਂ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਜਨ ਭਗਤ ਸੁਹੇਲੇ ਦਰ ਤੇਰੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਕਿਰਪਨ ਹੋ ਕਿਰਪਾਲ, ਨਿਰਧਨ ਸਰਧਨ ਦਇਆ ਕਮਾਈਆ । ਤੂੰ ਆਦਿ ਜੁਗਾਦੀ ਦੀਨ ਦਿਆਲ, ਠਾਕਰ ਧੁਰ ਦਾ ਬੇਪਰਵਾਹੀਆ । ਸਚ ਪ੍ਰੀਤੀ ਨਿਭੇ ਤੇਰੇ ਨਾਲ, ਏਥੇ ਓਥੇ ਦੋ ਜਹਾਨਾਂ ਸੋਭਾ ਪਾਈਆ । ਤੇਰਾ ਸ਼ਬਦ ਗੁਰੂ ਹੋਵੇ ਦਲਾਲ, ਨਾਮ ਵਿਚੋਲਾ ਲੈ ਬਣਾਈਆ । ਅੰਦਰ ਬਾਹਰ ਵਸ ਨਾਲ, ਖੋਜਣ ਦੀ ਲੋੜ ਰਹੇ ਨਾ ਰਾਈਆ । ਤੇਰੇ ਨਾਮ

ਦਾ ਵੱਜੇ ਤਾਲ, ਅਨਹਦ ਨਾਦੀ ਰਾਗ ਦੇ ਸੁਣਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਬੂੰਦ ਸਵਾਂਤੀ ਦੇ ਪਿਆਲ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਜਲਵਾ ਜੋਤ ਦਾ ਦੇ ਜਮਾਲ, ਨੂਰੋ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਹਰਿ ਸਾਜਣ ਤੇਰੇ ਹੱਥ ਵਡਿਆਈਆ । ਜਨ ਭਗਤ ਕਹਿਣ ਪ੍ਰਭ ਤੇਰਾ ਤੱਕਿਆ ਇਕ ਸਹਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਕਰ ਪਾਰ ਕਿਨਾਰਾ, ਭਵ ਸਾਗਰ ਬੇੜਾ ਦੇ ਤਰਾਈਆ । ਤੇਰੀ ਓਟ ਰੱਖ ਕੇ ਗਏ ਗੁਰੂ ਅਵਤਾਰਾ, ਪੈਗ਼ੰਬਰ ਭਵਿਖਤਾਂ ਵਿਚ ਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਲੈ ਅਵਤਾਰਾ, ਅਮਾਮ ਅਮਾਮਾ ਫੇਰਾ ਪਾਈਆ । ਕੂੜੀ ਕਿਰਿਆ ਮੇਟੇ ਧੁੰਦੂਕਾਰਾ, ਸਾਚਾ ਨੂਰ ਕਰੇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਬਖ਼ਸ਼ੇ ਚਰਨ ਪਿਆਰਾ, ਪ੍ਰੀਤਮ ਹੋ ਕੇ ਆਪਣਾ ਰੰਗ ਰੰਗਾਈਆ । ਅੰਦਰ ਖੋਲ੍ਹ ਕੇ ਬੰਦ ਕਿਵਾੜਾ, ਪੜਦਾ ਓਹਲਾ ਦਏ ਚੁਕਾਈਆ । ਕਰ ਪਰਕਾਸ਼ ਬਹੱਤਰ ਨਾੜਾ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਜਨ ਭਗਤ ਸੁਹੇਲੇ ਭਿੱਖਕ ਹੋ ਕੇ ਆਪਣੀ ਝੋਲੀ ਡਾਹੀਆ । ਜਨ ਭਗਤ ਕਹਿਣ ਪ੍ਰਭ ਆ ਕੇ ਵੇਖ, ਨਿਰਵੈਰ ਦਇਆ ਕਮਾਈਆ । ਮਾਤਲੋਕ ਤੱਕ ਆਪਣਾ ਦੇਸ, ਪਰਦੇਸੀ ਗੁਰਮੁਖ ਤੇਰਾ ਰਾਹ ਤਕਾਈਆ । ਜੋਤੀ ਜਾਮਾ ਧਾਰ ਭੇਖ, ਵੇਸ ਅਵੱਲੜਾ ਆਪ ਵਟਾਈਆ । ਤੇਰਾ ਕੋਈ ਨਾ ਜਾਣੇ ਰੂਪ ਰੰਗ ਰੇਖ, ਪੜਦਾ ਸਕੇ ਨਾ ਕੋਇ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇ ਸੰਦੇਸ਼, ਸੋਹਲਾ ਸਚ ਦੇ ਸਮਝਾਈਆ । ਤੈਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਸਿਰ ਸਕੇ ਨਾ ਕੋਇ ਉਠਾਈਆ । ਤੇਰੇ ਚਰਨ ਕਵਲ ਆਦੇਸ, ਮਸਤਕ ਧੂੜੀ ਟਿੱਕਾ ਖ਼ਾਕ ਰਮਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਨਾਲ ਕਰ ਹੇਤ, ਹਿਤਕਾਰੀ ਹੋ ਕੇ ਆਪਣਾ ਜੋੜ ਜੁੜਾਈਆ । ਤੇਰਾ ਦਰਸ਼ਨ ਤੱਕੀਏ ਨੇਤਨ ਨੇਤ, ਨਿਜ ਨੇਤਰ ਕਰ ਰੁਸ਼ਨਾਈਆ । ਨਾਮ ਨਿਧਾਨਾ ਦੇ ਸੰਦੇਸ਼, ਕਲਜੁਗ ਸੁੱਤਿਆਂ ਲੈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਲੈ ਵਸਾਈਆ । ਜਨ ਭਗਤ ਕਹਿਣ ਅਸੀਂ ਵੇਖ ਵੇਖ ਥੱਕੇ, ਦੂਰ ਦੁਰਾਡੇ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰਾਂ ਕੌਲ ਇਕਰਾਰ ਕਰ ਸੱਚੇ, ਨਿਰਗੁਣ ਹੋ ਕੇ ਫੇਰਾ ਪਾਈਆ । ਤੁਧ ਬਿਨ ਪਤ ਕੋਇ ਨਾ ਰੱਖੇ, ਸਿਰ ਹੱਥ ਨਾ ਕੋਇ ਟਿਕਾਈਆ । ਸਭ ਦੇ ਚੀਥੜ ਪੁਰਾਣੇ ਫਟੇ, ਨਵ ਜੋਬਨ ਰੰਗ ਨਾ ਕੋਇ ਰੰਗਾਈਆ । ਦੁਰਮਤ ਮੈਲ ਨਾ ਕੋਈ ਕਟੇ, ਪਤਤ ਪੁਨੀਤ ਨਾ ਕੋਇ ਵਖਾਈਆ । ਸਾਚਾ ਮਾਰਗ ਚਾਰ ਵਰਨ ਅਠਾਰਾਂ ਬਰਨ ਆਤਮ ਪਰਮਾਤਮ ਕੋਈ ਨਾ ਦੱਸੇ, ਦਹਿ ਦਿਸ਼ਾ ਭੇਵ ਨਾ ਕੋਇ ਖੁਲ੍ਹਾਈਆ । ਕਲਜੁਗ ਰੈਣ ਅੰਧੇਰੀ ਵੇਖ ਮੱਸੇ, ਸਾਚਾ ਚੰਦ ਨਾ ਕੋਇ ਚਮਕਾਈਆ । ਜਨ ਭਗਤ ਕਹਿਣ ਅਸੀਂ ਤੇਰੇ ਚਰਨ ਕਵਲ ਢੱਠੇ, ਇਸ਼ਟ ਇਕੋ ਰਹੇ ਮਨਾਈਆ । ਕਿਰਪਾ ਕਰ ਪੁਰਖ ਸਮਰਥੇ, ਸਾਹਿਬ ਸਤਿਗੁਰ ਤੈਨੂੰ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਿਫ਼ਤਾਂ ਵਾਲਾ ਜਸੇ, ਜਸ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰਾ ਰਹੀ ਗਾਈਆ ।

## ★ ੨੩ ਮਾਘ ਸ਼ਹਿਨਸ਼ਾਹੀ ਸੰਮਤ ੨ ਮਲਕੀਅਤ ਸਿੰਘ ਦੇ ਗ੍ਰਿਹ ਪਿੰਡ ਬਨਵਾਲੀ ★

ਪੁਰਖ ਅਕਾਲ ਕਹੇ ਜਨ ਭਗਤੋ ਗੋਬਿੰਦ ਸੂਰਾ ਰਿਹਾ ਜਾਗ, ਆਲਸ ਨਿੰਦਰਾ ਜਗਤ ਨਾ ਕੋਇ ਰਖਾਇੰਦਾ । ਤੁਹਾਡੇ ਅੰਤਰ ਨਿਰੰਤਰ ਧੁਰ ਮੰਤਰ ਉਪਜਾਵੇ ਇਕ ਵੈਰਾਗ, ਵੈਰੀ ਕੂੜੇ ਅੰਦਰੋਂ ਬਾਹਰ ਕਢਾਇੰਦਾ । ਬਿਨ ਰਸਨਾ ਜਿਹਵਾ ਅੰਮ੍ਰਿਤ ਰਸ ਦੇਵੇ ਸਵਾਦ, ਮਨ ਵਾਸਨਾ ਕੂੜੀ ਕਿਰਿਆ ਅਗਨੀ ਤਤ ਬੁਝਾਇੰਦਾ । ਮਿਹਰਵਾਨ ਹੋ ਕੇ ਮੁਹੱਬਤ ਦੀ ਦੇਵੇ ਦਾਦ, ਆਦਿ ਅੰਤ ਸਿਰ ਆਪਣਾ ਹੱਥ ਟਿਕਾਇੰਦਾ । ਨਵ ਨੌ ਚਾਰ ਦੀ ਰੱਖੇ ਯਾਦ, ਅਭੁੱਲ ਭੁੱਲ ਵਿਚ ਕਦੇ ਨਾ ਆਇੰਦਾ । ਕਲਜੁਗ ਕੂੜੀ ਕਿਰਿਆ ਕਰੇ ਬਰਬਾਦ, ਸਚ ਸੁਚ ਲੋਕਮਾਤ ਪਰਗਟਾਇੰਦਾ । ਤੁਹਾਡੇ ਕਾਇਆ ਮੰਦਰ ਅੰਦਰ ਵਜਾਏ ਰਬਾਬ, ਬਿਨ ਤੰਦ ਸਤਾਰ ਆਪ ਹਿਲਾਇੰਦਾ । ਸਾਚੀ ਬੰਦਨਾ ਸਜਦਾ ਦੱਸੇ ਇਕ ਆਦਾਬ, ਨਮੋਂ ਨਮਸਤੇ ਧੁਰ ਦੀ ਆਪ ਦ੍ਰਿੜਾਇੰਦਾ । ਸਚ ਸਰਨਾਈ ਜਾਓ ਲਾਗ, ਲਾਗਤ ਕਰਤਾ ਨਾ ਕੋਇ ਲਗਾਇੰਦਾ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਗੋਬਿੰਦ ਸਭ ਦੀ ਪਕੜੇ ਵਾਗ, ਚਾਰ ਵਰਨ ਅਠਾਰਾਂ ਬਰਨ ਆਪਣਾ ਹੁਕਮ ਸੁਣਾਇੰਦਾ । ਪਤਤ ਪਾਪੀਆਂ ਦੁਰਮਤ ਮੈਲ ਧੋਵੇ ਦਾਗ਼, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਸੁਣਾਇੰਦਾ । ਪੁਰਖ ਅਕਾਲ ਕਹੇ ਜਨ ਭਗਤੋ ਗੋਬਿੰਦ ਸਤਿਗੁਰ ਰੱਖੇ ਟੇਕ, ਟਿੱਕੇ ਮਸਤਕ ਧੂੜੀ ਦਏ ਲਗਾਈਆ । ਅੰਤਰ ਬਾਹਰ ਕਰੇ ਬਿਬੇਕ, ਪਤਤ ਪੁਨੀਤ ਲਏ ਬਣਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਚਮ ਪੰਚ ਨਾ ਕੋਇ ਹਲਕਾਈਆ । ਸਚਖੰਡ ਦਵਾਰ ਵਖਾਏ ਏਕੋ ਦੇਸ, ਜਿਸ ਘਰ ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕੋ ਰਿਹਾ ਵੇਖ, ਵੇਖਣਹਾਰਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਰਦਾ ਓਹਲਾ ਆਪ ਉਠਾਈਆ । ਪੁਰਖ ਅਕਾਲ ਕਹੇ ਸਾਚੇ ਸੰਤੋ ਸਚ ਦੀ ਵੇਖੋ ਧਾਰ, ਗੋਬਿੰਦ ਇਕੋ ਨਜ਼ਰੀ ਆਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਹਾ ਹੰਢਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪ੍ਰਗਟ ਹੋਵੇ ਵਿਚ ਸੰਸਾਰ, ਤ੍ਰੈ ਪੰਜ ਮੇਲਾ ਸਹਿਜ ਸੁਭਾਈਆ । ਦੀਆ ਬਾਤੀ ਕਮਲਾਪਾਤੀ ਕਰੇ ਆਪ ਉਜਿਆਰ, ਮੰਦਰ ਅੰਦਰ ਏਕਾ ਸੋਭਾ ਪਾਈਆ । ਸੋ ਤੁਹਾਡੀ ਲੇਖੇ ਲਾਏ ਜਨਮ ਜਨਮ ਦੀ ਕੀਤੀ ਕਾਰ, ਪੂਰਬ ਲਹਿਣਾ ਝੋਲੀ ਪਾਈਆ । ਮਾਨਸ ਜਨਮ ਨਾ ਜਾਵੇ ਹਾਰ, ਹਾਰ ਜਿਤ ਵਿਚ ਬਦਲਾਈਆ । ਮੇਲ ਮਿਲਾਏ ਨਾਲ ਏਕੰਕਾਰ, ਇਕ ਇਕੱਲਾ ਧੁਰ ਮਲਾਹੀਆ । ਖੇਵਟ ਖੇਟਾ ਬਣ ਕੇ ਖ਼ਬਰਦਾਰ, ਬੇਖ਼ਬਰਾਂ ਲਏ ਉਠਾਈਆ । ਸਾਚੀ ਮੰਜ਼ਲ ਦੇਵੇ ਚਾੜ੍ਹ, ਘਰ ਘਰਾਨੇ ਵਿਚੋਂ ਬਾਹਰ ਕਢਾਈਆ । ਸਾਚਾ ਦੇ ਕੇ ਦਰਸ ਦੀਦਾਰ, ਦੀਦ ਈਦ ਕਰੇ ਰੁਸ਼ਨਾਈਆ । ਮੇਲਾ ਮਿਲਿਆ ਰਹੇ ਅਗੰਮ ਅਪਾਰ, ਅਥਾਹ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਮੀਤਾ ਸੱਜਣ ਇਕੋ ਇਕ ਜਣਾਈਆ । ਪੁਰਖ ਅਕਾਲ ਕਹੇ ਗੁਰਮੁਖੋ ਗੋਬਿੰਦ ਕਰੋ ਧਿਆਨ, ਸੁਰਤੀ ਸੁਰਤ ਵਿਚੋਂ ਬਦਲਾਈਆ । ਜੋ ਦੇਵਣਹਾਰਾ ਸਚ ਗਿਆਨ, ਅਗਿਆਨ ਅੰਧੇਰਾ ਦਏ ਮਿਟਾਈਆ । ਧਰਮ ਵਖਾਵੇ ਇਕ ਨਿਸ਼ਾਨ, ਜੋ ਦੋ ਜਹਾਨਾਂ ਰਿਹਾ ਝੁਲਾਈਆ । ਗੋਪੀ ਕਾਹਨ ਜਿਸ ਨੂੰ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਸੋ ਜੋਧਾ ਸੂਰਬੀਰ ਬਲਵਾਨ, ਇਕ ਇਕੱਲਾ ਹੁਕਮ ਵਰਤਾਈਆ । ਕਲਜੁਗ ਅੰਤ ਕਰੇ

ਪਹਿਚਾਨ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਸਚ ਪ੍ਰੀਤੀ ਧੁਰ ਦੀ ਨੀਤੀ ਦੇਵੇ ਅਗੰਮਾ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਗੁਰਮੁਖ ਮੂਰਖ ਮੂੜ੍ਹ ਰਹੇ ਨਾ ਕੋਇ ਅੰਞਾਣ, ਸੁਘੜ ਸੁਚੱਜੇ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਹੇਲਾ ਇਕ ਇਕੇਲਾ ਅਕਲ ਕਲਧਰੀ ਆਪਣਾ ਰੰਗ ਰੰਗਾਈਆ । ਪੁਰਖ ਅਕਾਲ ਕਹੇ ਗੁਰਸਿਖੋ ਗੋਬਿੰਦ ਸਿਖਿਆ ਜਾਓ ਸਿਖ, ਸਾਖਿਆਤ ਦਏ ਵਡਿਆਈਆ । ਉਸ ਦਾ ਪੂਰਾ ਹੋਣਾ ਭਵਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਦੋ ਜਹਾਨਾਂ ਹੋਵੇ ਜਿਤ, ਫ਼ਤਹਿ ਡੰਕਾ ਇਕ ਵਜਾਈਆ । ਜਨ ਭਗਤਾਂ ਕਰੇ ਹਿਤ, ਗੁਰਮੁਖਾਂ ਆਪਣੇ ਰੰਗ ਰੰਗਾਈਆ । ਧੁਰ ਦਾ ਮਾਲਕ ਬਣ ਕੇ ਪਿਤ, ਪੂਤ ਸਪੂਤੇ ਆਪਣੇ ਘਰ ਵਸਾਈਆ । ਪੜਦਾ ਲਾਹ ਕੇ ਘਰ ਨਿਜ, ਨਿਜ ਨੇਤਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਆਪਣੀ ਦਇਆ ਕਮਾਈਆ । ਪੁਰਖ ਅਕਾਲ ਕਹੇ ਗੋਬਿੰਦ ਤੱਕੋ ਬੇਨਜ਼ੀਰ, ਜੋ ਨਜ਼ਰੀਆ ਸਭ ਦਾ ਦਏ ਬਦਲਾਈਆ । ਜੋ ਹਰ ਘਟ ਮੰਜ਼ਲ ਚੜ੍ਹ ਕੇ ਬੈਠਾ ਅਖ਼ੀਰ, ਆਖ਼ਰ ਆਪਣਾ ਰੰਗ ਰੰਗਾਈਆ । ਦੀਨ ਦੁਨੀ ਦੀ ਜਿਸ ਬਦਲ ਦੇਣੀ ਤਕਦੀਰ, ਤਕੱਬਰ ਮੇਟੇ ਖ਼ਲਕ ਖ਼ੁਦਾਈਆ । ਜਿਸ ਦੇ ਹੱਥ ਨਾਮ ਖੰਡਾ ਸ਼ਮਸ਼ੀਰ, ਕੂੜੀ ਸ਼ਰਅ ਦਾ ਡੇਰਾ ਦੇਵੇ ਢਾਹੀਆ । ਜਨ ਭਗਤਾਂ ਪਿਆ ਕੇ ਅੰਮ੍ਰਿਤ ਰਸ ਸੀਰ, ਰਸਨਾ ਤੋਂ ਬਾਹਰ ਆਪਣਾ ਰਸ ਚਖਾਈਆ । ਝਗੜਾ ਰਹੇ ਨਾ ਕੋਇ ਅਮੀਰ ਗ਼ਰੀਬ, ਸਭ ਦਾ ਬਣੇ ਪਿਤਾ ਮਾਈਆ । ਜੋ ਗੁਰਸਿਖ ਹੋਇਆ ਅਜ਼ੀਜ਼, ਆਜਜ਼ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਸ਼ਬਦੀ ਧਾਰ ਗੁਰਮੁਖਾਂ ਕਰੇ ਆਪ ਤਸਦੀਕ, ਦੂਜੀ ਸ਼ਹਾਦਤ ਦੀ ਲੋੜ ਰਹੇ ਨਾ ਰਾਈਆ ।



★ ੨੪ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਦਾਨੋ ਦੇ ਗ੍ਰਿਹ ਬਨਵਾਲੀ ★

ਪੁਰਖ ਅਕਾਲ ਕਹੇ ਗੋਬਿੰਦ ਸ਼ਬਦ ਸੂਰਾ ਸਰਬੰਗਾ, ਸਭ ਦਾ ਮਾਲਕ ਨਜ਼ਰੀ ਆਈਆ । ਜਿਸ ਦਾ ਵਸਦਾ ਰਹੇ ਸਦਾ ਪੁਰ ਅਨੰਦਾ, ਅਨੰਦ ਆਪਣੀ ਧਾਰ ਪਰਗਟਾਈਆ । ਪਰਕਾਸ਼ ਹੁੰਦਾ ਰਹੇ ਬਿਨ ਸੂਰੀਆ ਚੰਦਾ, ਬਿਨ ਮੰਡਲ ਮੰਡਪ ਸੋਭਾ ਪਾਈਆ । ਲਗਦਾ ਰਹੇ ਦੋ ਜਹਾਨੋਂ ਚੰਗਾ, ਸਾਚਾ ਨੂਰ ਕਰ ਰੁਸ਼ਨਾਈਆ । ਮੇਟਦਾ ਰਹੇ ਭੇਖ ਪਖੰਡਾ, ਕੂੜੀ ਕਿਰਿਆ ਡੇਰਾ ਢਾਹੀਆ । ਗੁਰਮੁਖਾਂ ਨਾਮ ਅਗੰਮੀ ਦੇਵੇ ਡੰਡਾ, ਸਾਚੇ ਪੌੜੇ ਆਪ ਚੜ੍ਹਾਈਆ । ਦੀਨ ਦਿਆਲ ਬਣ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਸਦਾ ਕਮਾਈਆ । ਮਨ ਵਾਸਨਾ ਮੇਟ ਕੇ ਧੰਦਾ, ਸੁਰਤੀ ਸ਼ਬਦ ਨਾਲ ਜੁੜਾਈਆ । ਦੂਈ ਦਵੈਤੀ ਢਾਹ ਕੇ ਕੰਧਾ, ਕੰਤ ਕੰਤੂਹਲ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਵਿਚ ਸਮਾਈਆ । ਪੁਰਖ ਅਕਾਲ ਕਹੇ ਗੋਬਿੰਦ ਸ਼ਬਦ ਇਕੋ ਪੂਜਾ, ਸਿਲ ਪੂਜਸ ਕੰਮ ਕਿਸੇ ਨਾ ਆਈਆ । ਭਾਉ ਰਹੇ ਨਾ ਦੁਤੀਆ ਦੂਜਾ, ਘਰ ਇਕੋ ਵੱਜੇ ਵਧਾਈਆ । ਸਦਾ ਸਹਾਰਾ ਇਕੇ ਸਤਿਗੁਰ ਦਾ, ਜੋ ਸਤਿ ਸਤਿ ਵਿਚ ਸਮਾਈਆ । ਜਿਸ ਦਾ ਮੰਤਰ ਦੋ ਜਹਾਨ ਫੁਰਦਾ, ਫੁਰਨੇ ਮਨ ਦੇ ਦਏ ਗਵਾਈਆ । ਉਹ ਸੁਖ ਵਖਾਏ ਸਚ ਅਨੰਦਪੁਰ ਦਾ, ਜੋ ਪੁਰੀਆਂ ਲੋਆਂ ਤੋਂ ਬਾਹਰ ਲਿਆ ਬਣਾਈਆ । ਜਿਸ ਗ੍ਰਿਹ ਗਿਆ ਗੁਰਮੁਖ ਕਦੇ ਨਾ ਵਿਛੜਦਾ, ਵਿਛੜਿਆਂ ਸੋਹਣਾ ਜੋੜ ਜੁੜਾਈਆ । ਕਰੇ ਪਿਆਰ ਸਾਚੇ ਮਿਤਰ ਦਾ, ਮਿਤਰ ਪਿਆਰਾ ਜਿਸ ਯਾਰੜੇ ਸੇਜ ਹੰਢਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਇਕ ਸਮਝਾਈਆ । ਪੁਰਖ ਅਕਾਲ ਕਹੇ ਗੋਬਿੰਦ ਸ਼ਬਦ ਸਭ ਦਾ ਸਿਰਤਾਜ, ਸਿਰ ਸਿਰ ਰਿਜ਼ਕ ਸਬਾਈਆ । ਗ਼ਰੀਬ ਨਿਮਾਣਿਆਂ ਗ਼ਰੀਬ ਨਿਵਾਜ਼, ਕੋਝੇ ਕਮਲਿਆਂ ਗਲੇ ਲਗਾਈਆ । ਨਾਮ ਵਸਤ ਅਮੋਲਕ ਦੇਵੇ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਧੁਰ ਧਰਮ ਦੀ ਦੱਸੇ ਗਾਥ, ਵਾਹਵਾ ਇਕੋ ਨਾਮ ਸਮਝਾਈਆ । ਜਿਸ ਦੀ ਮਹਿੰਮਾ ਕਰਦੇ ਕੋਟਨ ਜਾਪ, ਸਿਫ਼ਤਾਂ ਵਿਚ ਸਾਲਾਹੀਆ । ਸੋ ਸ਼ਬਦ ਗੁਰੂ ਗੁਰ ਗੋਬਿੰਦ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਸਭ ਦਾ ਬਣ ਕੇ ਮਾਈ ਬਾਪ, ਗੋਦੀ ਧੁਰ ਦੀ ਲਏ ਸੁਹਾਈਆ । ਗੁਰਮੁਖਾਂ ਚਰਨ ਪ੍ਰੀਤੀ ਜੋੜ ਕੇ ਨਾਤ, ਕੂੜ ਕੁਟੰਬ ਦਏ ਤਜਾਈਆ । ਜਿਧਰ ਵੇਖਣ ਓਧਰ ਵਸੇ ਸਾਥ, ਸਗਲਾ ਸੰਗ ਬਣਾਈਆ । ਨਿਰਗੁਣ ਹੋ ਕੇ ਵਸੇ ਪਾਸ, ਪੁਸ਼ਤ ਪਨਾਹ ਹੱਥ ਟਿਕਾਈਆ । ਗੁਰਮੁਖਾਂ ਦੀ ਮੰਨ ਸਦਾ ਅਰਦਾਸ, ਹਿਰਦੇ ਅੰਦਰ ਡੇਰਾ ਲਾਈਆ । ਸ਼ਬਦ ਸੁਣਾ ਅਗੰਮੀ ਅਨਹਦ ਅਨਾਦ, ਨਾਦੀ ਧੁਨ ਉਪਜਾਈਆ । ਅੰਮ੍ਰਿਤ ਰਸ ਦੇ ਸਵਾਦ, ਕੂੜੀ ਤ੍ਰਿਸ਼ਨਾ ਦਏ ਚੁਕਾਈਆ । ਨਿਰਮਲ ਜੋਤ ਕਰ ਪਰਕਾਸ਼, ਘਰ ਮੰਦਰ ਕਰੇ ਰੁਸ਼ਨਾਈਆ । ਰੂਹ ਬੁਤ ਦੋਵੇਂ ਕਰੇ ਪਾਕ, ਮਿਹਰ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਸੋਭਾ ਪਾਈਆ । ਪੁਰਖ ਅਕਾਲ ਕਹੇ ਗੋਬਿੰਦ ਸ਼ਬਦ ਸਰਬ ਦਾ ਮੀਤਾ, ਮਿਤਰ ਪਿਆਰਾ ਨਜ਼ਰੀ ਆਈਆ । ਜੁਗ ਚੌਕੜੀ ਜੋ ਬਦਲਦਾ ਆਇਆ ਰੀਤਾ, ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਏਥੇ ਓਥੇ ਦੋ ਜਹਾਨਾਂ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਤਪਾਈਆ । ਜਿਸ ਦੀ ਸਿਫ਼ਤ ਕਰੇ ਸ਼ਾਸਤਰ ਸਿਮਰਤ ਵੇਦ ਪੁਰਾਨ ਅਠਾਰਾਂ ਧਿਆਏ ਗੀਤਾ, ਸੋ ਗੋਬਿੰਦ ਧੁਰ ਦਾ ਸੱਚਾ ਮਾਹੀਆ । ਜੋ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਰਖਣਹਾਰਾ ਨੀਤਾ, ਨੀਤੀਵਾਨ ਆਪਣੀ ਖੇਲ ਖਿਲਾਈਆ । ਗੁਰਮੁਖਾਂ ਨਾਲ ਸਦਾ ਲਗਾਏ ਆਤਮ ਧਾਰ ਪ੍ਰੀਤਾ, ਪ੍ਰੀਤਮ ਹੋ ਕੇ ਆਪਣਾ ਰੰਗ ਰੰਗਾਈਆ । ਸੋ ਕਲਜੁਗ ਅੰਤ ਝਗੜਾ ਮੁਕਾਏ ਮੰਦਰ ਮਸੀਤਾ, ਮਸਲਾ ਇਕੋ ਦਏ ਸਮਝਾਈਆ । ਸ਼ਰਅ ਰਹੇ ਨਾ ਦੂਈ ਸ਼ਰੀਕਾ, ਸ਼ਿਰਕਤ ਕੂੜੀ ਦਏ ਕਢਾਈਆ । ਇਕੋ ਤਾਜ ਵੇਖੇ ਸਾਹਿਬ ਜਗਦੀਸਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਭੇਵ ਅਭੇਦਾ ਖੋਲ੍ਹੇ ਬੀਸ ਬੀਸਾ, ਪੜਦਾ ਓਹਲਾ ਦਏ ਉਠਾਈਆ । ਪੰਧ ਮੁਕਾ ਕੇ ਊਚਾਂ ਨੀਚਾਂ, ਮਾਨਵ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਵਸਣਹਾਰ ਨਜ਼ਦੀਕਾ, ਨਿਜ ਘਰ ਨਿਜ ਆਤਮ ਨਿਜ ਗ੍ਰਿਹ ਨਿਜ ਮਾਲਕ ਹੋ ਕੇ ਸੋਭਾ ਪਾਈਆ ।

★ ੨੪ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਤੇਜ ਕੌਰ ਦੇ ਗ੍ਰਿਹ ਬਨਵਾਲੀ ★

ਗੋਬਿੰਦ ਸ਼ਬਦ ਕਹੇ ਮੈਂ ਜੁਗ ਜੁਗ ਲੇਖਾ ਮੇਟਾਂ ਜਗ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਗੁਰਮੁਖਾਂ ਦਰਸ਼ਨ ਦੇਵਾਂ ਉਪਰ ਸ਼ਾਹ ਰਗ, ਨੌਂ ਦਵਾਰੇ ਡੇਰਾ ਢਾਹੀਆ । ਫੜ ਫੜ ਹੰਸ ਬਣਾਵਾਂ ਕੱਗ, ਮਨ ਵਾਸਨਾ ਕਾਗ ਨਾ ਕੋਇ ਕੁਰਲਾਈਆ । ਮਮਤਾ ਮੋਹ ਮੇਟਾਂ ਅੱਗ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਤਪਾਈਆ । ਸਚ ਦਵਾਰੇ ਲਵਾਂ ਸੱਦ, ਘਰ ਸਾਚਾ ਇਕ ਸਮਝਾਈਆ । ਪ੍ਰੇਮ ਪ੍ਰੀਤੀ ਅੰਦਰ ਦੱਸ ਕੇ ਅਗੰਮਾ ਪਦ, ਪਤਿਪਰਮੇਸ਼ਵਰ

ਦਿਆਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਈਆ । ਗੋਬਿੰਦ ਸ਼ਬਦ ਕਹੇ ਮੈਂ ਗੁਰਮੁਖ ਸੱਜਣ ਦੇਵਾਂ ਤਾਰ, ਤਾਰਨਹਾਰਾ ਇਕ ਅਖਵਾਈਆ । ਜੁਗ ਚੌਕੜੀ ਪਾਵਾਂ ਸਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਮਨਾਈਆ । ਭਗਤ ਸੁਹੇਲੇ ਸੱਜਣ ਲਵਾਂ ਉਠਾਲ, ਸੰਤਨ ਆਪਣਾ ਪੜਦਾ ਲਾਹੀਆ । ਗੁਰਮੁਖ ਬਣਾ ਕੇ ਧੁਰ ਦੇ ਲਾਲ, ਮਿਹਰ ਨਜ਼ਰ ਇਕ ਰਖਾਈਆ । ਗੁਰਸਿੱਖਾਂ ਮਾਇਆ ਤੋੜ ਜਗਤ ਜੰਜਾਲ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਰਾਓ ਰੰਕਾਂ ਇਕੋ ਘਰ ਵਸਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਬਣਾਂ ਆਪ ਦਲਾਲ, ਸ਼ਬਦ ਵਿਚੋਲਾ ਆਪਣਾ ਵੇਸ ਵਟਾਈਆ । ਸਚਖੰਡ ਦਵਾਰ ਵਖਾਵਾਂ ਧੁਰ ਦੀ ਸੱਚੀ ਧਰਮਸਾਲ, ਜਿਥੇ ਪੁਰਖ ਅਬਿਨਾਸ਼ੀ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦਏ ਸੁਹਾਈਆ । ਗੋਬਿੰਦ ਸ਼ਬਦ ਕਹੇ ਮੈਂ ਭਗਤਾਂ ਚਾੜ੍ਹਾਂ ਰੰਗ, ਗੁਰਮੁਖਾਂ ਦਿਆਂ ਵਡਿਆਈਆ । ਸੁਹਾਵਾਂ ਆਤਮ ਸੇਜ ਪਲੰਘ, ਜਿਸ ਦੀ ਬਾਢੀ ਬਣਤ ਨਾ ਕੋਇ ਬਣਾਈਆ । ਤੂੰ ਮੇਰਾ ਮੈਂ ਤੇਰਾ ਗਾਵਾਂ ਛੰਦ, ਨਿਰੰਤਰ ਅੰਤਰ ਆਪਣਾ ਨਾਮ ਜਪਾਈਆ । ਬਿਨ ਸੂਰੀਆ ਚੰਦ ਚਾੜ੍ਹ ਕੇ ਚੰਦ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਖ਼ੁਸ਼ੀ ਕਰਾਵਾਂ ਬੰਦ ਬੰਦ, ਬੰਧਨ ਕੂੜਾ ਦਿਆਂ ਤੁੜਾਈਆ । ਨੰਗੀ ਹੋਣ ਨਾ ਦੇਵਾਂ ਕੰਡ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਜੋ ਗੁਰਮੁਖ ਗੁਰਸਿਖ ਮੇਰਾ ਦਵਾਰਾ ਆਵੇ ਲੰਘ, ਸ਼ੌਹ ਦਰਿਆ ਨਾ ਕੋਇ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਘਰ ਇਕ ਸੁਹਾਈਆ । ਗੋਬਿੰਦ ਸ਼ਬਦ ਕਹੇ ਮੈਂ ਗੁਰਸਿਖ ਪਾਰ ਉਤਾਰਾਂ ਪੂਰ, ਪੂਰਬ ਲਹਿਣਾ ਸਦਾ ਚੁਕਾਈਆ । ਸਦ ਵਸਾਂ ਹਾਜ਼ਰ ਹਜ਼ੂਰ, ਦੂਰ ਦੁਰਾਡਾ ਪੰਧ ਮੁਕਾਈਆ । ਨਾਤਾ ਤੋੜ ਕੇ ਕੂੜੋ ਕੂੜ, ਸਚ ਸੁੱਚ ਵਿਚ ਸਮਾਈਆ । ਪ੍ਰੇਮ ਪ੍ਰੀਤੀ ਬਖ਼ਸ਼ ਚਰਨ ਧੂੜ, ਦੁਰਮਤ ਮੈਲ ਦਿਆਂ ਧਵਾਈਆ । ਰੰਗ ਚਾੜ੍ਹ ਅਗੰਮਾ ਗੂੜ੍ਹ, ਲਾਲਨ ਲਾਲ ਲਵਾਂ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਿਧਾਨਾ ਦੇ ਕੇ ਤੁਰੀਆ ਤੋਂ ਪਰੇ ਤੂਰ, ਤੁਰਤ ਆਪਣਾ ਘਰ ਵਖਾਈਆ । ਗੋਬਿੰਦ ਕਹੇ ਮੈਂ ਗੁਰਮੁਖਾਂ ਦਾ ਆਦਿ ਜੁਗਾਦੀ ਸੱਜਣ, ਮੀਤ ਪਿਆਰਾ ਧੁਰ ਦਾ ਨਜ਼ਰੀ ਆਈਆ । ਚਰਨ ਧੂੜ ਕਰਾਵਾਂ ਮਜਣ, ਪਤਤ ਪੁਨੀਤ ਦਿਆਂ ਬਣਾਈਆ । ਲੋਕਮਾਤ ਲੱਜਿਆ ਆਵਾਂ ਰੱਖਣ, ਕਲਜੁਗ ਹੋਵਾਂ ਆਪ ਸਹਾਈਆ । ਬੇੜਾ ਲਾਵਾਂ ਪਤਣ, ਖੇਵਟ ਖੇਟਾ ਹੋ ਕੇ ਸੇਵ ਕਮਾਈਆ । ਗੁਰਮੁਖਾਂ ਦੇ ਅੰਦਰ ਆਵਾਂ ਵਸਣ, ਨਿਜ ਆਤਮ ਬਹਿ ਕੇ ਸੋਭਾ ਪਾਈਆ । ਪੁਰਖ ਅਕਾਲ ਦੀਨ ਦਿਆਲ ਦਾ ਮੇਲਾ ਆਵਾਂ ਦੱਸਣ, ਸਗਲਾ ਸੰਗ ਬਣਾਈਆ । ਤੀਰ ਅਣਿਆਲਾ ਆਵਾਂ ਕਸਣ, ਚਿੱਲਾ ਧੁਰ ਦਾ ਨਾਮ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਮਿਹਰਵਾਨ ਮਹਿਬੂਬ ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਜਨ ਭਗਤ ਗੁਰਮੁਖ ਮੇਰਾ ਮੀਤ, ਆਤਮ ਪਰਮਾਤਮ ਜੋੜ ਜੁੜਾਈਆ । ਘਰ ਵਖਾ ਕੇ ਠਾਂਡਾ ਸੀਤ, ਸਚਖੰਡ ਦਵਾਰ ਦਿਆਂ ਜਣਾਈਆ । ਜਿਥੇ ਬੈਠਾ ਰਹਿਵਾਂ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਝਗੜਾ ਰਹੇ ਨਾ ਊਚ ਨੀਚ, ਜਾਤ ਪਾਤ ਨਾ ਵੰਡ ਵੰਡਾਈਆ । ਇਕੋ ਪੁਰਖ ਅਕਾਲ ਦਾ ਸੋਹਣਾ ਸੁਹੰਜਣਾ ਗੀਤ, ਗਾ ਗਾ ਸ਼ੁਕਰ ਮਨਾਈਆ । ਆਤਮ ਪਰਮਾਤਮ ਦੱਸ ਅਗੰਮੀ ਪ੍ਰੀਤ, ਪਤਿਪਰਮੇਸ਼ਵਰ ਦਿਆਂ ਮਿਲਾਈਆ । ਝਗੜਾ ਰਹੇ ਨਾ

ਮੰਦਰ ਮਸੀਤ, ਦਰਗਾਹ ਸਾਚੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਤਿਗੁਰ ਆਪਣੇ ਹੱਥ ਰੱਖੇ ਵਡਿਆਈਆ । ਗੋਬਿੰਦ ਸਤਿਗੁਰ ਕਹੇ ਗੁਰਮੁਖ ਆ ਵਸ ਮੇਰੇ ਨੇੜੇ, ਨੇਰਨ ਨੇਰਾ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਮੁਕਾਵਾਂ ਝੇੜੇ, ਝਗੜਾ ਅਵਰ ਰਹੇ ਨਾ ਰਾਈਆ । ਗ੍ਰਿਹਿ ਵਖਾਵਾਂ ਸਾਚੇ ਖੇੜੇ, ਬੰਦ ਕਿਵਾੜੀ ਕੁੰਡਾ ਲਾਹੀਆ । ਪੁਰਖ ਅਕਾਲ ਚੜ੍ਹਾਵਾਂ ਬੇੜੇ, ਨਈਆ ਨੌਕਾ ਇਕੋ ਨਾਮ ਵਖਾਈਆ । ਕਲਜੁਗ ਕੂੜੀ ਰੈਣ ਮਿਟ ਜਾਣ ਸਰਬ ਅੰਧੇਰੇ, ਅੰਧ ਅਗਿਆਨ ਦਿਆਂ ਗਵਾਈਆ । ਘਰ ਇਕੋ ਵਸਣ ਗੁਰੂ ਗੁਰ ਚੇਰੇ, ਚੇਲਾ ਗੁਰ ਆਪਣਾ ਖੇਲ ਵਖਾਈਆ । ਭੇਵ ਰਹੇ ਨਾ ਤੇਰੇ ਮੇਰੇ, ਤੂੰ ਮੇਰਾ ਮੈਂ ਤੇਰਾ ਇਕੋ ਰੰਗ ਦਿਆਂ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਸਰਗੁਣ ਆਪ ਸਮਝਾਈਆ । ਗੋਬਿੰਦ ਕਹੇ ਗੁਰਸਿਖ ਤੇਰਾ ਮੇਰਾ ਇਕੋ ਰੂਪ, ਨੂਰ ਨੂਰ ਵਿਚੋਂ ਪਰਗਟਾਈਆ । ਧੁਰ ਦਾ ਮਾਲਕ ਸਭ ਦਾ ਭੂਪ, ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦਾ ਖੇਲ ਚਾਰੇ ਕੂਟ, ਦਹਿ ਦਿਸ਼ਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਮੇਟੇ ਝੂਠ, ਸਤਿ ਧਰਮ ਦਏ ਉਪਜਾਈਆ । ਗੁਰਮੁਖ ਬਣਾਏ ਆਪਣੇ ਪੂਤ, ਧਰਮ ਸਪੂਤੇ ਗੋਦ ਉਠਾਈਆ । ਗ੍ਰਿਹਿ ਵਖਾਏ ਊਚੋ ਊਚ, ਮਹੱਲ ਅਟਲ ਹੋਵੇ ਰੁਸ਼ਨਾਈਆ । ਝਗੜਾ ਰਹੇ ਨਾ ਦੂਤੀਆ ਦੂਜ, ਦੂਆ ਏਕਾ ਪੜਦਾ ਦਏ ਚੁਕਾਈਆ । ਗੁਰਮਖਾਂ ਦੇਵੇ ਸਾਚੀ ਸੂਝ, ਰਮਜ਼ ਸਮਝ ਵਿਚ ਲਗਾਈਆ । ਕਰ ਪਰਕਾਸ਼ ਕਾਇਆ ਪੰਜ ਭੂਤ, ਪੰਚਮ ਸ਼ਬਦ ਧੁਨ ਕਰੇ ਸ਼ਨਵਾਈਆ । ਘਰ ਸਵਾਮੀ ਕਰੇ ਬਿਬੇਕ ਬੁੱਧ, ਠਾਕਰ ਹੋ ਕੇ ਆਪਣੀ ਦਇਆ ਕਮਾਈਆ । ਵਸਤ ਅਮੋਲਕ ਦੇਵੇ ਸਭ ਕੁਛ, ਨਾਮ ਨਿਧਾਨਾ ਝੋਲੀ ਪਾਈਆ । ਜਿਸ ਗੋਬਿੰਦ ਨੂੰ ਯਾਦ ਕਰਦੇ ਰਹੇ ਚਾਰੇ ਜੁਗ, ਸਤਿਜੁਗ ਤਰੇਤਾ ਦਵਾਪਰ ਕਲਜੁਗ ਅੰਤ ਅਖ਼ੀਰ ਧਿਆਨ ਲਗਾਈਆ । ਸੋ ਸਾਹਿਬ ਸੁਹੇਲਾ ਇਕ ਇਕੇਲਾ ਸ਼ਬਦੀ ਧਾਰ ਨਿਰਾਕਾਰ ਨਿਰਵੈਰ ਹੋ ਕੇ ਭਗਤਾਂ ਜਾਏ ਪੁੱਜ, ਦੂਰ ਦੁਰਾਡਾ ਪੰਧ ਮੁਕਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਦੀਨ ਦੁਨੀ ਨਾਲੋਂ ਬਦਲ ਦੇਵੇ ਰੁਖ਼, ਰਹਿਬਰ ਹੋ ਕੇ ਰਸਤਾ ਆਪਣਾ ਆਪ ਸਮਝਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਗੋਦੀ ਲਏ ਚੁੱਕ, ਚਾਰ ਵਰਨ ਅਠਾਰਾਂ ਬਰਨ ਡੇਰਾ ਢਾਹੀਆ । ਸਚ ਦਵਾਰ ਬਣਾ ਕੇ ਆਪਣਾ ਸੁਤ, ਸੋਈ ਸੁਰਤੀ ਲਏ ਜਗਾਈਆ । ਨਾਲ ਮਿਲਾ ਕੇ ਅਬਿਨਾਸ਼ੀ ਅਚੁੱਤ, ਗੁਰਮੁਖ ਚਾਤ੍ਰਿਕ ਤ੍ਰਿਖਾ ਦਏ ਬੁਝਾਈਆ । ਗੋਬਿੰਦ ਸਤਿਗੁਰ ਗੁਰਮੁਖਾਂ ਸਦਾ ਦੇਵੇ ਸੁਖ, ਜਗਤ ਦੁੱਖਾਂ ਡੇਰਾ ਢਾਹੀਆ । ਦੀਨ ਦੁਨੀ ਵਿਚੋਂ ਉਜਲ ਕਰੇ ਮੁਖ, ਜੋ ਗੁਰਮੁਖ ਗੋਬਿੰਦ ਗਾਈਆ । ਸਫ਼ਲ ਕਰੇ ਜਨਨੀ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਅੰਤ ਦੇ ਕੇ ਸਾਚੀ ਓਟ, ਓੜਕ ਆਪਣਾ ਰੰਗ ਚੜ੍ਹਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਆਵਣ ਜਾਵਣ ਲੱਖ ਚੁਰਾਸੀ ਜਨਮ ਮਰਨ ਗੁਰਮੁਖਾਂ ਮੇਟੇ ਸੋਚ, ਆਸਾ ਮਨਸਾ ਪੂਰੀ ਕਰ ਕੇ ਲੋਚ, ਲੋਚਨ ਆਪਣੇ ਨਾਲ ਜੁੜਾਈਆ । ਏਥੇ ਓਥੇ ਦੋ ਜਹਾਨਾਂ ਸਚਖੰਡ ਦਵਾਰੇ ਦੇਵੇ ਧੁਰ ਦੀ ਮੌਜ, ਮਜਲਸ ਪ੍ਰਭ ਦੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਪਰਕਾਸ਼ ਨਿਰਮਲ ਜੋਤ, ਜਨ ਭਗਤਾਂ ਗੁਰਮੁਖਾਂ ਗੁਰਸਿੱਖਾਂ ਸਾਚੇ ਸੰਤਾਂ ਪਾਰ ਕਰਾਏ ਚੌਦਾਂ ਲੋਕ, ਪਰਲੋਕ ਤੋਂ ਪਰੇ ਨਿਰਗੁਣ ਹਰੇ ਨਿਰਵੈਰ ਨਿਰਾਕਾਰ ਆਪਣੇ ਘਰ ਲਏ ਵਸਾਈਆ ।

★ ੨੪ ਮਾਘ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਹਿ ਪਿੰਡ ਪਿਪਲੀ ਜ਼ਿਲਾ ਫਿਰੋਜਪੁਰ ★

ਧੁਰ ਸੰਦੇਸਾ ਦੇਵੇ ਸ੍ਰੀ ਭਗਵਾਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਅਗੰਮੀ ਸ਼ਬਦ ਅਲਾਈਆ । ਨਿਰਗੁਣ ਧਾਰੋਂ ਗੁਰ ਅਵਤਾਰ ਪੈਗ਼ੰਬਰ ਹੋਵੇ ਸਵਾਧਾਨ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹ ਆਪਣਾ ਹੁਕਮ ਵਰਤਾਈਆ । ਬਿਨ ਨੇਤਰ ਲੋਚਨ ਨੈਣ ਅੱਖ ਮਾਰੇ ਧਿਆਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਮਾਤਲੋਕ ਧਿਆਨ ਲਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਰਿਹਾ ਨਾ ਸਤਿ ਗਿਆਨ, ਮਾਇਆ ਮਮਤਾ ਮੋਹ ਵਿਕਾਰ ਹੋਈ ਹਲਕਾਈਆ । ਚਾਰ ਵਰਨ ਅਠਾਰਾਂ ਬਰਨ ਸਿਦਕ ਸਬੂਰੀ ਦਿਸੇ ਨਾ ਕੋਇ ਇਮਾਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦਰਸ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਥੱਕਾ ਜੀਵ ਜੰਤ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ ਗ੍ਰਹਿ ਮੰਦਰ ਅੰਦਰ ਵੇਖਣ ਕੋਇ ਨਾ ਪਾਈਆ । ਦੀਨ ਦੁਨੀ ਊਚ ਨੀਚ ਰਾਓ ਰੰਕ ਜਾਤ ਪਾਤ ਸ਼ਰਅ ਹੋਈ ਸ਼ੈਤਾਨ, ਆਤਮ ਬ੍ਰਹਮ ਪਾਰਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਭਵਿਖਤਾਂ ਵਿਚ ਜੋ ਦੇ ਕੇ ਆਏ ਬਿਆਨ, ਧੁਰ ਸੰਦੇਸਾ ਨਾਮ ਨਿਧਾਨਾ ਸ੍ਰੀ ਭਗਵਾਨਾ ਇਕ ਜਣਾਈਆ । ਤਿਸ ਕਲਮੇ ਦੀ ਕਰੇ ਨਾ ਕੋਇ ਪਹਿਚਾਨ, ਮੰਜ਼ਲ ਹਕ਼ੀਕ਼ੀ ਚੜ੍ਹ ਚੋਟੀ ਜੜ੍ਹ ਭੇਵ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਲੋਕਮਾਤ ਵੇਖੇ ਮਾਰ ਝਾਤ, ਝਾਕੀ ਧੁਰ ਦੀ ਆਪ ਜਣਾਈਆ । ਮਾਨਵ ਮਾਨਵ ਦਿਸੇ ਨਾ ਕੋਇ ਇਤਫ਼ਾਕ, ਪ੍ਰੇਮ ਪ੍ਰੀਤੀ ਸਚ ਨਾ ਕੋਇ ਨਿਭਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਅੰਧੇਰੀ ਰਾਤ, ਨਿਰਗੁਣ ਨੂਰੀ ਚੰਦ ਨਾ ਕੋਇ ਚਮਕਾਈਆ । ਜੋ ਲੇਖਾ ਲਿਖ ਕੇ ਆਏ ਨਾਲ ਸ਼ਾਹੀ ਕਲਮ ਦਵਾਤ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸਚ ਪ੍ਰੇਮ ਦੀ ਪਾ ਕੇ ਆਏ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਨਚਾਈਆ । ਸਿਮਰਨ ਦੱਸ ਕੇ ਆਏ ਪੂਜਾ ਪਾਠ, ਜੋਗ ਅਭਿਆਸ ਜਗਤ ਜੁਗਤ ਜਣਾਈਆ । ਸਚ ਸਰੋਵਰ ਦੱਸ ਕੇ ਆਏ ਤੀਰਥ ਤਾਟ, ਅੰਮ੍ਰਿਤ ਰਸ ਸੋਭਾ ਪਾਈਆ । ਕਲਜੁਗ ਜੀਵ ਜੰਤ ਅੰਤਰ ਨਿਰੰਤਰ ਕਰੇ ਨਾ ਕੋਈ ਵਾਸ, ਨਾਤਾ ਸਾਰੇ ਰਹੇ ਤੁੜਾਈਆ । ਜਾ ਕੇ ਵੇਖੇ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਧਰਨੀ ਧਰਤ ਧਵਲ ਸਦੀ ਚੌਧਵੀਂ ਹੋਈ ਉਦਾਸ, ਬਿਹਬਲ ਹੋ ਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਵੇਖੇ ਦੀਨ ਦੁਨੀ, ਨਵ ਸੱਤ ਖੋਜ ਖੁਜਾਈਆ । ਸਚ ਪੁਕਾਰ ਕਿਸੇ ਨਾ ਜਾਏ ਸੁਣੀ, ਸ਼ਾਹ ਕੰਗਾਲ ਰੋਵਣ ਮਾਰਨ ਧਾਈਆਂ । ਮੰਜ਼ਲ ਚੜ੍ਹਿਆ ਦਿਸੇ ਨਾ ਕੋਇ ਰਿਸ਼ੀ ਮੁਨੀ, ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਕਾਇਆ ਮੰਦਰ ਅੰਦਰ ਕਿਸੇ ਨਾ ਉਪਜੇ ਅਗੰਮੀ ਧੁਨੀ, ਆਤਮਕ ਰਾਗ ਨਾ ਕੋਇ ਸੁਣਾਈਆ । ਜਗਤ ਵਿਦਿਆ ਸ੍ਰਿਸ਼ਟੀ ਬਣੀ ਗੁਣੀ, ਪੜਦਾ ਓਹਲਾ ਅੰਤਰ ਨਾ ਕੋਇ ਉਠਾਈਆ । ਮਾਇਆ ਮਮਤਾ ਮੋਹ ਵਿਚ ਰੁਲੀ, ਧੀਰਜ ਧੀਰ ਨਜ਼ਰ ਕੋਇ ਨਾ ਆਈਆ । ਭਾਗ ਲੱਗਾ ਦਿਸੇ ਨਾ ਕਿਸੇ ਕਾਇਆ ਕੁੱਲੀ, ਮਹੱਲ ਅਟਲ ਸੋਭਾ ਕੋਇ ਨਾ ਪਾਈਆ । ਮਨ ਵਾਸਨਾ ਦ੍ਰਿਸ਼ਟੀ ਭੁੱਲੀ, ਸ੍ਰਿਸ਼ਟੀ ਇਸ਼ਟ ਹਕ ਨਾ ਕੋਇ ਮਨਾਈਆ । ਜਿਹੜੀ ਨਾਮ ਵਸਤ ਦੇ ਕੇ ਆਏ ਅਨਮੁੱਲੀ, ਬਿਨ ਕੀਮਤ ਮਾਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ ਨਿਰਵੈਰ ਨਿਰਾਕਾਰ ਨਿਰੰਕਾਰ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਵੇਖੇ ਆਪਣੇ ਦੀਨ ਮਜ਼੍ਹਬ, ਮਹਿਬੂਬ ਮੁਹੱਬਤ ਵਿਚ ਸੁਣਾਈਆ । ਨਵ ਸੱਤ ਦਿਸੇ ਗ਼ਜ਼ਬ, ਗਹਿਰ ਗੰਭੀਰ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਸਭ ਨੂੰ ਕੀਤਾ ਤੁਅੱਜਬ, ਹੈਰਾਨੀ ਵਿਚ ਲੋਕਾਈਆ । ਮੰਦਰ ਮਸਜਦ ਮੱਠ ਸ਼ਿਵਦਵਾਲੇ ਗੁਰੂਦਵਾਰ ਰਿਹਾ ਕੋਇ ਨਾ ਅਦਬ, ਸੀਸ ਜਗਦੀਸ ਨਾ ਕੋਇ ਨਿਵਾਈਆ । ਸਚ ਦਵਾਰੇ ਚਲੇ ਕਿਸੇ ਨਾ ਕਦਮ, ਕੁਦਰਤ ਦਾ ਕਾਦਰ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਮਨ ਵਾਸਨਾ ਸਾਰੇ ਕਰਨ ਤਸਾਦਮ, ਅਦਲ ਇਨਸਾਫ਼ ਹੱਥ ਕਿਸੇ ਨਾ ਆਈਆ । ਧੁਰ ਦੇ ਨਾਮ ਦੀ ਨਿਰਅੱਖਰ ਧਾਰ ਪੜ੍ਹੇ ਕੋਈ ਨਾ ਗ਼ਜ਼ਲ, ਨਗ਼ਮਾ ਨਾਮ ਨਾ ਕੋਇ ਸੁਣਾਈਆ । ਸਦੀ ਚੌਧਵੀਂ ਸਭ ਦੇ ਸਿਰ ਉਤੇ ਕੂਕੇ ਅਜ਼ਲ, ਕਾਲ ਨਗਾਰਾ ਰਿਹਾ ਵਜਾਈਆ । ਜਾ ਕੇ ਦੀਨ ਦੁਨੀ ਦੀ ਆਦਤ ਇਬਾਦਤ ਵਿਚ ਦਿਓ ਬਦਲ, ਕੂੜੀ ਕਿਰਿਆ ਮੇਟੋ ਕੂੜੀ ਸ਼ਾਹੀਆ । ਲੇਖਾ ਚੁੱਕੇ ਮਕਤੂਲ ਕਾਤਲ, ਕਤਲਗਾਹ ਡੇਰਾ ਢਾਹੀਆ । ਦਰਗਾਹ ਸਾਚੀ ਧਾਮ ਨਿਆਰਾ ਸਚਖੰਡ ਵਖਾਓ ਇਕੋ ਪਤਣ, ਜਿਥੇ ਖੇਵਟ ਖੇਟਾ ਬੈਠਾ ਬੇਪ੍ਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਜਨ ਭਗਤਾਂ ਆਵੇ ਪੈਜ ਰੱਖਣ, ਵੇਸ ਅਨੇਕਾ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਨੌਂ ਖੰਡ ਪ੍ਰਿਥਮੀ ਵੇਖੋ ਦੀਪ ਸੱਤ, ਸਤਿ ਸਤਿਵਾਦੀ ਆਪ ਜਣਾਈਆ । ਕਿਸੇ ਹਿਰਦੇ ਅੰਦਰ ਰਹੀ ਨਾ ਬ੍ਰਹਮ ਮਤ, ਬ੍ਰਹਮ ਪਾਰਬ੍ਰਹਮ ਮਿਲ ਕੇ ਵੱਜੇ ਨਾ ਕੋਇ ਵਧਾਈਆ । ਨਾੜ ਬਹੱਤਰ ਉਬਲੇ ਰੱਤ, ਅਗਨੀ ਤਤ ਸਰਬ ਜਲਾਈਆ । ਨਿਜ ਨੇਤਰ ਗਿਆਨ ਖੁਲ੍ਹੇ ਕਿਸੇ ਨਾ ਅੱਖ, ਪਰਤੱਖ ਮਿਲੇ ਨਾ ਪ੍ਰਭ ਗੋਸਾਈਆ । ਆਤਮ ਪਰਮਾਤਮ ਤੋਂ ਹੋਈ ਵੱਖ, ਪੜਦਾ ਦੂਈ ਨਾ ਕੋਇ ਚੁਕਾਈਆ । ਕਲਜੁਗ ਕੂੜ ਕੁੜਿਆਰ ਖੋਲ੍ਹਿਆ ਹੱਟ, ਮਨ ਵਣਜਾਰਾ ਤ੍ਰਿਸ਼ਨਾ ਰਿਹਾ ਵਰਤਾਈਆ । ਦੂਈ ਦਵੈਤ ਸ਼ਰਅ ਸ਼ਰਾਇਤ ਮੇਟੇ ਕੋਈ ਨਾ ਫੱਟ, ਪੱਟੀ ਨਾਮ ਨਾ ਕੋਇ ਬੰਧਾਈਆ । ਦੁਰਮਤ ਮੈਲ ਚਾਰ ਵਰਨ ਅਠਾਰਾਂ ਬਰਨ ਸਕੇ ਕੋਈ ਨਾ ਕੱਟ, ਕਟਾਕਸ਼ ਤੀਰ ਨਾ ਕੋਇ ਚਲਾਈਆ । ਧੁਰ ਫ਼ਰਮਾਨਾ ਸਚ ਸੰਦੇਸਾ ਸਾਚਾ ਦਿਓ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਨਰ ਨਰੇਸ਼ਾ ਨਿਰਗੁਣ ਇਕੋ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਜਾ ਕੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ, ਧਰਨੀ ਧਰਤ ਧਵਲ ਉਪਰ ਖੋਜ ਖੁਜਾਈਆ । ਪੰਡਤ ਪਾਂਧੇ ਮੁਲਾ ਸ਼ੇਖ ਗ੍ਰੰਥੀ ਪੰਥੀ ਪਾਵੇ ਸਾਰ, ਅੰਦਰ ਵੜ ਕੇ ਮੰਦਰ ਚੜ੍ਹ ਕੇ ਖੋਜ ਖੁਜਾਈਆ । ਸਭ ਦੇ ਅੰਤਰ ਕਾਮ ਕਰੋਧ ਲੋਭ ਮੋਹ ਹੰਕਾਰ, ਸਤਿ ਵਿਚ ਸਤਿ ਨਾ ਕੋਇ ਸਮਾਈਆ । ਪੜ੍ਹ ਪੜ੍ਹ ਥੱਕੇ ਵੇਦ ਚਾਰ, ਪੁਰਾਨ ਅਠਾਰਾਂ ਢੋਲਾ ਗਾਈਆ । ਗੀਤਾ ਗਿਆਨ ਕਰ ਉਚਾਰ, ਅਠਾਰਾਂ ਧਿਆਏ ਡੰਕ ਵਜਾਈਆ । ਅੰਜੀਲ ਕੁਰਾਨਾਂ ਬੋਲ ਨਾਅਰ, ਹਕ਼ੀਕਤ ਹਕ ਹਕ ਸੁਣਾਈਆ । ਬਾਣੀ ਬਾਣ ਅਣਿਆਲਾ ਦੱਸਣ ਜਗਤ ਹਥਿਆਰ, ਮਨ ਕਾ ਮਣਕਾ ਨਾ ਕੋਇ ਭਵਾਈਆ । ਸਭ ਦੇ ਅੰਤਰ ਵਿਸਰਿਆ ਕਰਤਾਰ, ਕੁਦਰਤ ਦਾ ਮਾਲਕ ਨਜ਼ਰ ਕਿਸੇ ਨਾ ਆਈਆ । ਚਾਰ ਕੁੰਟ ਦਿਸੇ ਵਿਭਚਾਰ, ਝਗੜਾ ਪਿਆ ਪੁਰਖ ਨਾਰ, ਪਿਤਾ ਪੂਤ ਨਾ ਕੋਇ ਵਡਿਆਈਆ । ਆਤਮ ਪਰਮਾਤਮ ਮਿਲ ਕੇ ਹੋਏ ਨਾ ਕੋਇ ਮੰਗਲਾਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਕਲਜੁਗ ਜਾ ਕੇ ਕੂੜ ਪਖੰਡ, ਚਾਰੋਂ ਕੁੰਟ ਨਜ਼ਰੀ ਆਈਆ । ਆਤਮ ਸਭ ਦੀ ਹੋਈ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਧੁਰ ਦਾ ਮਿਲੇ ਨਾ ਪਰਮਾਨੰਦ, ਨਿਜਾਨੰਦ ਨਾ ਕੋਇ ਰਸਾਈਆ । ਜੋਤੀ ਨੂਰ ਨਾ ਚਮਕੇ ਚੰਦ, ਅੰਧ ਅੰਧੇਰ ਨਾ ਕੋਇ ਮਿਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਇ ਨਾ ਛੰਦ, ਭਰਮੇ ਭੁਲੀ ਸਰਬ ਲੋਕਾਈਆ । ਦੂਈ ਦਵੈਤੀ ਢਾਹੇ ਕੋਈ ਨਾ ਕੰਧ, ਪੜਦਾ ਅੰਦਰੋਂ ਨਾ ਕੋਇ ਉਠਾਈਆ । ਕਾਇਆ ਚੋਲੀ ਚੜ੍ਹੇ ਕਿਸੇ ਨਾ ਰੰਗ, ਦੁਰਮਤ ਮੈਲ ਨਾ ਕੋਇ ਧਵਾਈਆ । ਆਵਣ ਜਾਵਣ ਲੱਖ ਚੁਰਾਸੀ ਮੁਕੇ ਕਿਸੇ ਨਾ ਪੰਧ, ਲੇਖਾ ਅਗਲਾ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਲਜੁਗ ਅੰਦਰ ਸਤਿਜੁਗ ਦੱਸੇ ਸਾਚੀ ਧਾਰ, ਧਰਮ ਦਵਾਰਾ ਇਕ ਵਖਾਈਆ । ਸਾਚਾ ਸ਼ਬਦ ਬੋਲੋ ਇਕ ਜੈਕਾਰ, ਨਾਮ ਨਿਧਾਨਾ ਦੇਣਾ ਸੁਣਾਈਆ । ਜਾਤ ਪਾਤ ਦੀਨ ਮਜ਼੍ਹਬ ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਝਗੜਾ ਰਹੇ ਨਾ ਵਿਚ ਸੰਸਾਰ, ਆਤਮ ਬ੍ਰਹਮ ਬ੍ਰਹਮ ਵੇਤਾ ਜਣਾਈਆ । ਮਾਨਵ ਮਾਨਵ ਹੋਵੇ ਇਕ ਪਿਆਰ, ਮਨੁੱਖਤਾ ਵਿਚ ਮਨੁੱਖ ਕਰੇ ਨਾ ਕੋਇ ਲੜਾਈਆ । ਸਭ ਦਾ ਇਸ਼ਟ ਹੋਵੇ ਏਕਾ ਏਕੰਕਾਰ, ਅਕਲ ਕਲਧਾਰੀ ਇਕੋ ਨਜ਼ਰੀ ਆਈਆ । ਜਿਸ ਦਾ ਨੂਰ ਜਹੂਰ ਤੇਈ ਅਵਤਾਰ, ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਜੋਤ ਕਰੇ ਰੁਸ਼ਨਾਈਆ । ਭਗਤ ਅਠਾਰਾਂ ਦੇ ਆਧਾਰ, ਸੂਫ਼ੀ ਸੰਤ ਮੇਲ ਮਿਲਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਰਬ ਜੀਆਂ ਦਾ ਸਾਂਝਾ ਯਾਰ, ਪਰਵਰਦਿਗਾਰ ਨੂਰ ਖ਼ੁਦਾਈਆ । ਸਤਿਜੁਗ ਸਾਚਾ ਸਚ ਧਰਮ ਕਰੇ ਜੈਕਾਰ, ਕਲਜੁਗ ਕੂੜ ਕੁੜਿਆਰਾ ਡੇਰਾ ਢਾਹੀਆ । ਹੁਕਮ ਅੰਦਰ ਹੁਕਮ ਵਰਤੇ ਅਗੰਮ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਬ੍ਰਹਮ ਬ੍ਰਹਿਮਾਦ ਦੇਵਣਹਾਰ ਸੱਚਾ ਫ਼ਰਮਾਨ, ਹੁਕਮਰਾਨ ਇਕੋ ਨਜ਼ਰੀ ਆਈਆ ।

### ★ ੨੪ ਮਾਘ ਸ਼ਹਿਨਸ਼ਾਹੀ ਸੰਮਤ ੨ ਜਰਨੈਲ ਸਿੰਘ ਦੇ ਗ੍ਰਿਹ ਪਿੰਡ ਡੁਮਵਾਲੀ ★

ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਕਲਜੁਗ ਕੂੜੀ ਕਿਰਿਆ ਵੇਖੋ ਸਮਾਜ, ਨੌ ਖੰਡ ਪ੍ਰਿਥਮੀ ਸੱਤ ਦੀਪ ਖੋਜ ਖੁਜਾਈਆ । ਮਾਇਆਧਾਰੀ ਭਰਮੇ ਭੁੱਲੇ ਸੰਤ ਸਾਧ, ਮੁੱਲਾ ਸ਼ੇਖ਼ ਪੰਡਤ ਪਾਂਧਾ ਹਕ਼ੀਕ਼ਤ ਵਿਚ ਨਾ ਕੋਇ ਸਮਾਈਆ । ਦੁਰਮਤ ਮੈਲ ਅੰਦਰੋਂ ਧੋਵੇ ਕੋਈ ਨਾ ਦਾਗ਼, ਬਾਹਰੋਂ ਬਗ ਬਪੜਾ ਰੂਪ ਸਰਬ ਵਟਾਈਆ । ਮਨ ਵਾਸਨਾ ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦੀ ਦ੍ਰਿਸ਼ਟੀ ਕਰੇ ਨਾਚ, ਸਾਂਤਕ ਸਤਿ ਨਾ ਕੋਇ ਵਰਤਾਈਆ । ਹਉਮੇ ਹੰਗਤਾ ਲੱਗੀ ਆਂਚ, ਤਨ ਵਜੂਦ ਰਹੀ ਜਲਾਈਆ । ਦਵਾਰੇ ਵਸੇ ਕਿਸੇ ਨਾ ਸਾਚ, ਜੂਠ ਝੂਠ ਘਰ ਘਰ ਡੇਰਾ ਲਾਈਆ । ਸਤਿਗੁਰ ਸ਼ਬਦ ਸਕੇ ਕੋਈ ਨਾ ਵਾਚ, ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਕੂੜੀ ਕਿਰਿਆ ਮੇਟੇ ਨਾ ਕੋਈ ਅੰਧੇਰੀ ਰਾਤ, ਸਦੀ ਚੌਧਵੀਂ ਰਹੀ ਕੁਰਲਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਜੋ ਦੱਸ ਕੇ ਆਏ ਗਾਥ, ਸੋ ਸਿਮਰਨ ਹਿਰਦੇ ਹਰਿਜਨ ਨਾ ਕੋਇ ਵਸਾਈਆ ।

ਪਰਮ ਪੁਰਖ ਪਰਮਾਤਮ ਆਤਮ ਮਿਲੇ ਨਾ ਕੋਇ ਪੁਰਖ ਅਬਿਨਾਸ਼, ਕਰਨੀ ਦਾ ਕਰਤਾ ਨਾਤਾ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹੁਕਮੇ ਅੰਦਰ ਹੁਕਮ ਸਮਝਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਜਾ ਕੇ ਵੇਖੋ ਬਿਨ ਅੱਖਾਂ ਅੱਖ ਖੋਲ੍ਹ, ਧੁਰਦਰਗਾਹੀ ਆਪ ਜਣਾਈਆ । ਸਾਚੇ ਕੰਡੇ ਤੁਲਿਆ ਨਾ ਕੋਇ ਤੋਲ, ਆਪ ਆਪਣਾ ਬੈਠੇ ਗਵਾਈਆ । ਜੋ ਮੇਰੇ ਨਾਮ ਦਾ ਮਾਰ ਕੇ ਆਏ ਢੋਲ, ਦੀਨ ਦੁਨੀ ਜਗਤ ਸੁਣਾਈਆ । ਸੋ ਵਸਤ ਰਹੀ ਨਾ ਕਿਸੇ ਕੋਲ, ਕਾਇਆ ਮਾਟੀ ਭਾਂਡੇ ਖ਼ਾਲੀ ਨਜ਼ਰੀ ਆਈਆ । ਕਲਜੁਗ ਮਨ ਵਾਸਨਾ ਮਾਰਿਆ ਰੋਲ, ਮਮਤਾ ਵਿਚ ਦੁਨੀ ਕੀਤੀ ਹਲਕਾਈਆ । ਇਸ ਦਾ ਭੇਵ ਕੋਈ ਸਮਝ ਨਾ ਸਕੇ ਪਾਂਧਾ ਰੌਲ, ਮੁੱਲਾਂ ਸ਼ੇਖ਼ਾਂ ਰਮਜ਼ ਨਾ ਕੋਇ ਲਗਾਈਆ । ਤੁਸੀਂ ਹਰ ਘਟ ਅੰਤਰ ਜਾ ਕੇ ਵੇਖੋ ਮੌਲ, ਧੁਰ ਦਾ ਮੌਲਾ ਹੁਕਮ ਸੁਣਾਈਆ । ਜੋ ਭਵਿਖਤਾਂ ਵਿਚ ਸਤਿਜੁਗ ਤਰੇਤਾ ਦੁਆਪਰ ਕਲਜੁਗ ਤੁਹਾਡੇ ਨਾਲ ਕੀਤਾ ਕੌਲ, ਇਕਰਾਰਨਾਮਾ ਰਿਹਾ ਵਖਾਈਆ । ਝਗੜਾ ਪਿਆ ਉਪਰ ਦੀਨ ਦੁਨੀ ਧੌਲ, ਧਰਤ ਧਵਲ ਧਰਮ ਦਾ ਰਾਹ ਤਕਾਈਆ । ਕੋਈ ਕਰੇ ਨਾ ਭਾਰ ਹੌਲ, ਮਿਹਰ ਨਜ਼ਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਧਰਤੀ ਦੀ ਸੁਣੋ ਕੂਕ, ਕੂਕ ਕੂਕ ਸੁਣਾਈਆ । ਜਗਤ ਤ੍ਰਿਸ਼ਨਾ ਦਿਤਾ ਫੂਕ, ਅਗਨੀ ਤਤ ਤਪਾਈਆ । ਸਾਂਤ ਰਿਹਾ ਨਾ ਚਾਰ ਕੂਟ, ਕੂੜ ਕੁਟੰਬ ਵੱਜੀ ਵਧਾਈਆ । ਸਤਿ ਧਰਮ ਕਰ ਗਿਆ ਕੂਚ, ਕੂਚਾ ਗਲੀ ਦੇਵੇ ਗਵਾਹੀਆ । ਪ੍ਰੇਮ ਰਿਹਾ ਨਾ ਕਿਸੇ ਕਾਇਆ ਪੰਜ ਤਤ ਭੂਤ, ਭਵਿਖਤ ਆਪਣੀ ਸ਼ਹਾਦਤ ਰਿਹਾ ਭੁਗਤਾਈਆ । ਤੁਹਾਡਾ ਪ੍ਰੇਮ ਪਿਆਰ ਸਭ ਦੇ ਅੰਦਰੋਂ ਗਿਆ ਰੂਠ, ਕਰਵਟ ਸਕੇ ਨਾ ਕੋਇ ਬਦਲਾਈਆ । ਚਾਰ ਵਰਨ ਅਠਾਰਾਂ ਬਰਨ ਨਾਤਾ ਜੁੜਿਆ ਜੂਠ ਝੂਠ, ਪੰਚ ਵਿਕਾਰਾ ਨਾਲ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਜਾ ਕੇ ਵੇਖੋ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਬਚਿਆ ਰਹਿਣ ਕੋਇ ਨਾ ਪਾਈਆ । ਝਗੜਾ ਵੇਖੋ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਏ ਦੁਹਾਈਆ । ਸਾਧਾਂ ਸੰਤਾਂ ਵੇਖੋ ਧੀਰਜ ਜਤ, ਸਤਿ ਸਤਿਵਾਦੀ ਰਿਹਾ ਸਮਝਾਈਆ । ਮਾਨਵ ਜਾਤੀ ਵੇਖੋ ਬ੍ਰਹਮ ਮਤ, ਕਵਣ ਪ੍ਰਭ ਨੂੰ ਮਿਲ ਕੇ ਆਪਣਾ ਰੰਗ ਬਣਾਈਆ । ਮਨ ਵਾਸਨਾ ਅੱਗ ਲੱਗੀ ਵੇਖੋ ਅੱਠ ਤੱਤ, ਤਤਵ ਤਤ ਰਹੀ ਜਲਾਈਆ । ਹੁਕਮ ਦੇਵੇ ਪੁਰਖ ਸਮਰਥ, ਨਾ ਕੋਈ ਮੇਟੇ ਮੇਟ ਮਿਟਾਈਆ । ਆ ਕੇ ਮੈਨੂੰ ਦੱਸਣਾ ਸੱਚ, ਪੜਦਾ ਓਹਲਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਉਠ ਕੇ ਜਾਓ ਨਠ, ਵੇਲਾ ਵਕਤ ਗਿਆ ਆਈਆ । ਕਲਜੁਗ ਕੂੜੀ ਕਿਰਿਆ ਖੇੜਾ ਕਰਨਾ ਭੱਠ, ਭਾਂਡਾ ਭਰਮ ਭੌ ਭੰਨਾਈਆ । ਸਤਿ ਧਰਮ ਦਾ ਨਵਾਂ ਖੋਲ੍ਹਣਾ ਹੱਟ, ਸਤਿਜੁਗ ਸਾਚਾ ਇਕ ਉਪਜਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਇਕੋ ਨਾਮ ਦੇਣਾ ਦੱਸ, ਬਿਨਾ ਪੁਰਖ ਅਕਾਲ ਦੂਜਾ ਇਸ਼ਟ ਨਾ ਕੋਇ ਰਖਾਈਆ । ਜੋ ਗੋਬਿੰਦ ਦੇ ਕੇ ਆਇਆ ਮਤ, ਸੋ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਸਰਗੁਣ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰੋ ਜਾਓ ਬਿਨਾ ਕਦਮ,

ਤਨ ਵਜੂਦ ਨਜ਼ਰ ਕੋਇ ਨਾ ਆਈਆ । ਤੁਹਾਡਾ ਨਹੀਂ ਕੋਈ ਤੱਤਾਂ ਵਾਲਾ ਬਦਨ, ਜੋਤੀ ਸ਼ਬਦੀ ਧਾਰ ਖੇਲ ਖਿਲਾਈਆ । ਜਾ ਕੇ ਮਾਤਲੋਕ ਵੇਖੇ ਵਤਨ, ਬੇਵਤਨਾਂ ਦਿਓ ਸਮਝਾਈਆ । ਕਲਜੁਗ ਕੂੜੀ ਕਿਰਿਆ ਲੱਗੀ ਅਗਨ, ਅੰਤ ਅਖ਼ੀਰ ਨਾ ਕੋਇ ਬੁਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਕਰਨ ਬਹੁ ਯਤਨ, ਯਥਾਰਥ ਧੁਰ ਦਾ ਰੰਗ ਨਾ ਕੋਇ ਰੰਗਾਈਆ । ਬਿਨ ਕਿਰਪਾ ਅੰਤਰ ਆਤਮ ਲੱਗੇ ਕਿਸੇ ਨਾ ਲਗਨ, ਨਿਜ ਨੇਤਰ ਲੋਚਣ ਨੈਣ ਅੱਖ ਨਾ ਕੋਇ ਰੁਸ਼ਨਾਈਆ । ਕੂੜ ਨਗਾਰੇ ਹਰ ਘਟ ਅੰਦਰ ਵੱਜਣ, ਸਤਿ ਧਰਮ ਨਾ ਕੋਇ ਸ਼ਨਵਾਈਆ । ਸਚ ਪ੍ਰੇਮ ਦੀ ਇਕੋ ਜਾ ਕੇ ਦੱਸੋ ਬੰਦਨ, ਬੰਦਗੀ ਸਜਦਾ ਮੇਰਾ ਨਾਮ ਸਮਝਾਈਆ । ਦੀਨ ਦਿਆਲ ਸਾਹਿਬ ਪੁਰਖ ਅਕਾਲ ਸਦਾ ਬਖ਼ਸ਼ੰਦਨ, ਬਖ਼ਸ਼ਣਹਾਰ ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ । ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਹੁਕਮੇ ਅੰਦਰ ਕਰੇ ਨਾ ਕੋਇ ਉਲੰਘਣ, ਭਾਣੇ ਵਿਚ ਸਾਰੇ ਬੈਠਣ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਜਣਾਏ ਇਕੋ ਭਜਨ, ਭਾਓ ਭਾਵ ਭਗਤੀ ਆਪਣੇ ਵਿਚੋਂ ਪਰਗਟਾਈਆ ।

## ★ ੨੪ ਮਾਘ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਕੌਰ ਦੇ ਗ੍ਰਿਹ ਪਿੰਡ ਖੋਪਰ ★



ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਕਰੋ ਸਲਾਹ, ਮਸ਼ਵਰਾ ਨਿਰਗੁਣ ਧਾਰ ਜਣਾਈਆ । ਸ੍ਰਿਸ਼ਟ ਸਬਾਈ ਦੱਸੋ ਰਾਹ, ਰਹਿਬਰ ਹੋ ਕੇ ਪੜਦਾ ਦੇਣਾ ਚੁਕਾਈਆ । ਦੀਨ ਦੁਨੀ ਬਣੋ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸਚ ਜੈਕਾਰਾ ਦੇਣਾ ਸੁਣਾ, ਅਨਸੁਣਤ ਰਾਗ ਅਲਾਈਆ । ਘਰ ਘਰ ਅੰਤਰ ਵੇਖਣਾ ਜਾ, ਨਿਰੰਤਰ ਪੰਧ ਮੁਕਾਈਆ । ਚਾਰ ਜੁਗ ਦੀ ਬਾਣੀ ਬਣੇ ਗਵਾਹ, ਸ਼ਹਾਦਤ ਧੁਰ ਦੀ ਦਏ ਭੁਗਤਾਈਆ । ਲੇਖਾ ਵੇਖਣਾ ਥਾਉਂ ਥਾਂ, ਥਾਨ ਥਨੰਤਰ ਫੋਲ ਫੁਲਾਈਆ । ਪੁਰਖ ਅਕਾਲਾ ਰਿਹਾ ਦ੍ਰਿੜਾ, ਦੀਨ ਦਿਆਲਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਜਣਾਈਆ । ਭੇਵ ਅਭੇਦਾ ਖੋਲ੍ਹੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਹੁਕਮ ਦੇਵੇ ਸਾਖਿਆਤ, ਜਾਹਰ ਜਹੂਰ ਕਰੇ ਸ਼ਨਵਾਈਆ । ਲੱਖ ਚੁਰਾਸੀ ਜੀਵ ਜੰਤ ਵੇਖੋ ਰੂਹ ਬੁਤ ਮਾਟੀ ਖ਼ਾਕ, ਤਨ ਵਜੂਦ ਖੋਜ ਖੁਜਾਈਆ । ਕਵਣ ਦਵਾਰੇ ਖੁਲ੍ਹਾ ਤਾਕ, ਕਵਣ ਗ੍ਰਿਹ ਵੱਜੇ ਸਚ ਵਧਾਈਆ । ਕਵਣ ਕਰੇ ਕੂੜ ਬਲਾਸ, ਕਵਣ ਮਮਤਾ ਵਿਚ ਹਲਕਾਈਆ । ਕਵਣ ਰੱਖੇ ਇਕੋ ਆਸ, ਪਿਆਸ ਪ੍ਰੇਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੁਰਖ ਅਕਾਲਾ ਦੀਨ ਦਿਆਲਾ ਠਾਕਰ ਸਵਾਮੀ ਧੁਰ ਦੀ ਧਾਰਾ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਰਹਿਣ ਦੇਣਾ ਕੋਈ ਨਾ ਪੜਦਾ, ਓਹਲਾ ਨਜ਼ਰ ਕੋਇ ਨਾ ਆਈਆ । ਹਾਲ ਵੇਖਣਾ ਗ੍ਰਿਹ ਗ੍ਰਿਹ ਘਰ ਘਰ ਦਾ, ਬੰਦ ਕਿਵਾੜੀ ਕੁੰਡਾ ਲਾਹੀਆ । ਕੌਣ ਸਾਚਾ ਮੰਤਰ ਨਾਮ ਪੜ੍ਹਦਾ, ਹਿਰਦੇ ਹਰਿ ਵਸਾਈਆ । ਕੌਣ ਭੈ ਵਿਚ ਫਿਰੇ ਡਰਦਾ, ਸੀਸ ਜਗਦੀਸ਼ ਝੁਕਾਈਆ । ਕੌਣ ਅਗਨੀ ਤਤ ਹੋਵੇ ਸੜਦਾ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਕੌਣ ਜਗਤ ਵਿਕਾਰੇ ਹੋਵੇ ਲੜਦਾ, ਖ਼ੁਦੀ ਤਕੱਬਰ ਜੋੜ ਜੁੜਾਈਆ । ਕੌਣ ਮੇਰੀ

ਮੰਜ਼ਲ ਹੋਵੇ ਚੜ੍ਹਦਾ, ਸਾਚੇ ਪੌੜੇ ਆਪਣਾ ਕਦਮ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਖੇਲ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਿਸੇ ਦੀ ਰਹਿਣ ਨਾ ਦੇਣੀ ਖ਼ੁਦੀ, ਖ਼ਾਦਮ ਵੇਖਣੇ ਚਾਈਂ ਚਾਈਆ । ਪਤਤ ਰਹੇ ਕੋਈ ਨਾ ਬੁੱਧੀ, ਵਿਵੇਕੀ ਭੇਵ ਦੇਣਾ ਖੁਲ੍ਹਾਈਆ । ਅੰਤਰ ਫੋਲ ਕੇ ਵੇਖਣੀ ਰੁਚੀ, ਪੜਦਾ ਓਹਲਾ ਆਪ ਉਠਾਈਆ । ਕਲਜੁਗ ਧਾਰ ਰਹੇ ਨਾ ਦੂਜੀ, ਦੁਤੀਆ ਭਾਉ ਦੇਣਾ ਮਿਟਾਈਆ । ਧੁਰ ਪਿਆਰ ਵਿਚ ਰਹੇ ਕੋਈ ਨਾ ਦੁੱਖੀ, ਦੁੱਖ ਸੁਖ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਵੇਖੋ ਧੁਰ ਦੀ ਸਿਖਿਆ, ਸ੍ਰਿਸ਼ਟ ਸਬਾਈ ਫੋਲ ਫੁਲਾਈਆ । ਪੂਰਬ ਵੇਖੋ ਆਪਣਾ ਲਿਖਿਆ, ਭਵਿਖਤ ਦਏ ਗਵਾਹੀਆ । ਮਨ ਵਾਸਨਾ ਜਗ ਜੀਵ ਕਵਣ ਜਿੱਤਿਆ, ਜਾਗਰਤ ਜੋਤ ਵਿਚ ਸਮਾਈਆ । ਪੁਰਖ ਅਕਾਲ ਮੰਨ ਪਿਤਿਆ, ਪਤਿਪਰਮੇਸ਼ਵਰ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਸਾਚਾ ਵਰ, ਹਰਿ ਸਾਜਣ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਉਠ ਕੇ ਜਾਓ ਜਲਦੀ, ਜਲ ਥਲ ਮਹੀਅਲ ਵੇਖ ਵਖਾਈਆ । ਦੀਨ ਦੁਨੀ ਅੱਗ ਬਲਦੀ, ਬਾਲੂ ਰੇਤ ਰਹੀ ਤਪਾਈਆ । ਮਨ ਵਾਸਨਾ ਸਭ ਨੂੰ ਛਲਦੀ, ਅਛਲ ਛਲ ਸਮਝ ਕਿਸੇ ਨਾ ਆਈਆ । ਧਾਰ ਦੱਸੋ ਨਿਹਚਲ ਧਾਮ ਅਟਲ ਦੀ, ਮਾਰਗ ਇਕੋ ਇਕ ਵਖਾਈਆ । ਔਧ ਮੁੱਕੇ ਅੰਤਮ ਕਲਜੁਗ ਕੂੜੇ ਕਲ ਦੀ, ਅੱਗੇ ਅਵਰ ਨਾ ਕੋਇ ਵਡਿਆਈਆ । ਧਾਰ ਪਿਆਓ ਅੰਮ੍ਰਿਤ ਰਸ ਅਗੰਮੀ ਜਲ ਦੀ, ਬੂੰਦ ਸਵਾਂਤੀ ਇਕ ਟਪਕਾਈਆ । ਕਿਸੇ ਖ਼ਬਰ ਨਹੀਂ ਅੱਜ ਕੱਲ ਦੀ, ਭਰਮਾਂ ਵਿਚੋਂ ਭਰਮ ਨਾ ਕੋਇ ਮਿਟਾਈਆ । ਜੋ ਆਤਮ ਪਰਮਾਤਮ ਨਾਲ ਰਲਦੀ, ਤਿਸ ਦਾ ਰਸਤਾ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਜਾਣੇ ਜਲ ਥਲ ਦੀ, ਮਹੀਅਲ ਆਪਣਾ ਹੁਕਮ ਵਰਤਾਈਆ ।



### ★ ੨੫ ਮਾਘ ਸ਼ਹਿਨਸ਼ਾਹੀ ਸੰਮਤ ੨ ਬਲਬੀਰ ਸਿੰਘ ਸਰੇਸ ਵਾਲਾ ਜ਼ਿਲਾ ਫ਼ਿਰੋਜ਼ਪੁਰ ★

ਕਲਜੁਗ ਕੂੜੀ ਕਿਰਿਆ ਵੇਖੋ ਕਰਨੀ, ਆਪਣੀ ਕਾਰ ਕਮਾਈਆ । ਪ੍ਰਭ ਦੀ ਪਏ ਕੋਇ ਨਾ ਸਰਨੀ, ਓਟ ਇਕ ਨਾ ਕੋਇ ਤਕਾਈਆ । ਝਗੜਾ ਪਿਆ ਵਰਨੀ ਬਰਨੀ, ਬ੍ਰਹਮ ਮਤ ਨਾ ਕੋਇ ਸਮਝਾਈਆ । ਆਤਮ ਪਰਮਾਤਮ ਮਿਲੇ ਤੁਕ ਨਾ ਪੜ੍ਹਨੀ, ਸ਼ਾਸਤਰ ਸਿਮਰਤ ਢੋਲੇ ਗਾਈਆ । ਮੰਜ਼ਲ ਹਕ਼ੀਕ਼ੀ ਮਿਲੇ ਨਾ ਚੜ੍ਹਨੀ, ਜਗਤ ਵਾਸਨਾ ਪੰਧ ਨਾ ਕੋਇ ਮੁਕਾਈਆ । ਸਾਚੀ ਤਾਰੀ ਤਰੇ ਨਾ ਕੋਈ ਤਰਨੀ, ਜਗਤ ਸਾਗਰ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵੇਖ ਵਖਾਈਆ । ਸਾਚਾ ਖੇਲ ਕਲਜੁਗ ਕੂੜੀ ਧਾਰ, ਕੂਟ ਕੂਟ ਕੁਰਲਾਈਆ । ਕੂੜ ਕੂੜ ਪਸਾਰ, ਕੁਟੰਬ ਦਏ ਦੁਹਾਈਆ । ਕਿਸੇ ਮਿਲੇ ਨਾ ਮੀਤ ਮੁਰਾਰ, ਹਰਿ ਸੱਜਣ ਧੁਰ ਦਰਗਾਹੀਆ । ਦੀਨ ਦੁਨੀ ਰੋਂਦੀ ਜ਼ਾਰੋ ਜ਼ਾਰ, ਗਿਰਿਆਜ਼ਾਰ ਲੋਕਾਈਆ । ਚਾਰੋਂ ਕੁੰਟ ਧੂੰਆਂਧਾਰ, ਭਰਮੀਆਂ ਭਰਮ ਭੁਲਾਈਆ । ਮਸਤਕ ਧੂੜੀ ਕਿਸੇ ਨਾ ਮਿਲੇ

ਛਾਰ, ਟਿੱਕਾ ਨਾਮ ਨਾ ਕੋਇ ਲਗਾਈਆ । ਸਚ ਦਵਾਰੇ ਦੇਵੇ ਨਾ ਕੋਇ ਆਧਾਰ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਖਿਲਾਈਆ । ਸਾਚਾ ਖੇਲ ਖੇਲਣ ਜੋਗ, ਜੁਗਤੀ ਆਪਣੀ ਆਪ ਬਣਾਈਆ । ਹਉਮੇ ਲਾ ਕੇ ਸ੍ਰਿਸ਼ਟੀ ਰੋਗ, ਹੰਗਤਾ ਵਿਚ ਫਸਾਈਆ । ਘਰ ਘਰ ਦੇ ਕੇ ਚਿੰਤਾ ਸੋਗ, ਗ਼ਮੀ ਵਿਚ ਤਪਾਈਆ । ਸਾਚੀ ਮਿਲੇ ਨਾ ਕਿਸੇ ਮੌਜ, ਹਰਿ ਕਾ ਪ੍ਰੇਮ ਨਾ ਕੋਇ ਕਮਾਈਆ । ਬੁੱਧੀ ਹੋਏ ਨਾ ਕੋਈ ਬੋਧ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਮਨ ਵਾਸਨਾ ਦੁਨੀਆ ਚੁਗੇ ਚੋਗ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਪੁਰਖ ਅਕਾਲ ਮਿਲੇ ਕਿਸੇ ਨਾ ਓਟ, ਸਾਚੀ ਸਰਨ ਨਾ ਕੋਇ ਲਗਾਈਆ । ਬਿਨ ਹਰਿ ਕਿਰਪਾ ਅੰਤਰ ਨਿਕਲੇ ਕਿਸੇ ਨਾ ਖੋਟ, ਖੋਟੇ ਖਰੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖੇਲੇ ਨਿਰਗੁਣ ਜੋਤ, ਜਗਤ ਜੁਗ ਜਗ ਜੀਵ ਸਮਝ ਕਿਸੇ ਨਾ ਆਈਆ ।

★ ੨੫ ਮਾਘ ਸ਼ਹਿਨਸ਼ਾਹੀ ਸੰਮਤ ੨ ਚਰਨਜੀਤ ਕੌਰ ਦੇ ਗ੍ਰਿਹ ਬਹਾਉਦੀ ਜ਼ਿਲਾ ਹਿਸਾਰ ★



ਗੁਰ ਅਵਤਾਰ ਪੈਗ਼ੰਬਰ ਪੂਰਬ ਵੇਖੇ ਭਵਿਖਤ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਆਪ ਜਣਾਈਆ । ਭੇਵ ਅਭੇਦਾ ਖੋਲ੍ਹੋ ਸਬਾਈ ਸ੍ਰਿਸ਼ਟ, ਪੜਦਾ ਓਹਲਾ ਕਾਇਆ ਮਾਟੀ ਤਨ ਵਜੂਦ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਮਝਾਉਣਾ ਏਕਾ ਇਸ਼ਟ, ਇਸ਼ਟ ਦੇਵ ਆਤਮਾ ਪਰਮਾਤਮ ਨਾਲ ਮਿਲਾਈਆ । ਮਨ ਵਾਸਨਾ ਕੂੜੀ ਕਿਰਿਆ ਰਹੇ ਨਾ ਕੋਇ ਭਰਿਸ਼ਟ, ਬੁੱਧ ਬਿਬੇਕ ਦੇਣੀ ਕਰਾਈਆ । ਨਿਜ ਨੇਤਰ ਨਿਜ ਘਰ ਅੰਦਰ ਮੰਦਰ ਵੜ ਕੇ ਲੈਣਾ ਵੇਖ, ਪੜਦਾ ਓਹਲਾ ਕਾਇਆ ਚੋਲਾ ਦੇਣਾ ਉਠਾਈਆ । ਭਰਮੇ ਭੁੱਲਾ ਰਹੇ ਨਾ ਕੋਈ ਪੰਡਤ ਪਾਂਧਾ ਮੁੱਲਾਂ ਸ਼ੇਖ਼, ਜਗਤ ਵਿਦਿਆ ਵਾਸਨਾ ਵਿਚ ਨਾ ਕੋਇ ਹਲਕਾਈਆ । ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਮੰਦਰ ਵੜ ਕੇ ਵੇਖੇ ਜਾ ਦਰਵੇਸ਼, ਦਰ ਦਰ ਘਰ ਘਰ ਏਕਾ ਅਲਖ ਜਗਾਈਆ । ਜਨ ਭਗਤਾਂ ਸੰਗ ਕਰਨਾ ਅਗੰਮਾ ਹੇਤ, ਗੁਰਮੁਖ ਗੁਰਸਿਖ ਹਰਿਜਨ ਸੂਫ਼ੀ ਸੰਤ ਫ਼ਕੀਰ ਆਪਣੇ ਰੰਗ ਰੰਗਾਈਆ । ਜੋ ਸਚ ਪ੍ਰੀਤੀ ਅੰਦਰ ਆਪਣਾ ਆਪ ਕਰ ਕੇ ਬੈਠਾ ਭੇਟ, ਭਜਨ ਬੰਦਗੀ ਸਿਮਰਨ ਪੂਜਾ ਆਪਣੇ ਅੰਤਰ ਰਿਹਾ ਦਸਾਈਆ । ਜਿਸ ਨੂੰ ਜੋਤੀ ਜਲਵਾ ਨਿਰਗੁਣ ਧਾਰਾ ਦੇਣਾ ਤੇਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜਾਂ ਤੱਤਾਂ ਕਰਨੀ ਰੁਸ਼ਨਾਈਆ । ਆਤਮ ਪਰਮਾਤਮ ਸੁਹਾਉਣੀ ਸਾਚੀ ਸੇਜ, ਸ਼ਬਦ ਅਨਾਦੀ ਧੁਨ ਆਤਮਕ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਬੇਪਰਵਾਹ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਆਪਣਾ ਭਵਿਖਤ ਲਓ ਵਿਚਾਰ, ਮਨ ਮਤ ਬੁੱਧੀ ਤੋਂ ਪਰੇ ਦਸਾਈਆ । ਜੋ ਲਿਖ ਕੇ ਆਏ ਸਦਾ ਜੁਗ ਚਾਰ, ਚੌਕੜੀ ਆਪਣਾ ਹੁਕਮ ਵਰਤਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਦੋ ਜਹਾਨ ਦੇਣ ਗਵਾਹੀਆ । ਹੁਕਮ ਸੰਦੇਸ਼ਾ ਸੁਣੋ ਸ੍ਰੀ ਭਗਵਾਨ, ਹਰਿ ਕਰਤਾ ਆਪ ਦ੍ਰਿੜਾਈਆ । ਚਾਰ

ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਮੇਟੋ ਨਿਸ਼ਾਨ, ਸਚ ਧਰਮ ਦਾ ਮਾਰਗ ਦਿਓ ਲਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦ੍ਰਿਸ਼ਟੀ ਅੰਦਰ ਦੇ ਗਿਆਨ, ਏਕਾ ਦੂਜਾ ਭੌ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਠਾਂਡਾ ਸੀਤਾ, ਧੁਰ ਦਾ ਮੀਤਾ ਇਕ ਇਕੱਲਾ ਏਕੰਕਾਰ ਕਰਨੀ ਆਪਣੀ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਦੀਨ ਦੁਨੀ ਬਦਲ ਦਿਓ ਰੀਤ, ਮੰਦਰ ਮਸੀਤ ਭੇਵ ਖੁਲ੍ਹਾਈਆ । ਸਚ ਸੁਨੇਹੜਾ ਦੱਸੋ ਗੀਤ, ਗੋਬਿੰਦ ਗੁਰ ਗੁਰ ਇਕ ਜਣਾਈਆ । ਝਗੜਾ ਰਹੇ ਨਾ ਊਚ ਨੀਚ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਤ੍ਰੈਗੁਣ ਮਾਇਆ ਵਿਚੋਂ ਕਰਨਾ ਅਤੀਤ, ਤ੍ਰੈਭਵਨ ਧਨੀ ਹੁਕਮ ਸੁਣਾਈਆ । ਕਾਇਆ ਮਾਟੀ ਤਨ ਵਜੂਦ ਕਰਨਾ ਠਾਂਡਾ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਮਨ ਵਾਸਨਾ ਸਭ ਦੀ ਲੈਣੀ ਜੀਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਏਕਾ ਰੰਗ ਰੰਗਾਉਣਾ ਹਸਤ ਕੀਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਨ ਦਿਆਲਾ ਪੁਰਖ ਅਕਾਲਾ ਪਰਵਰਦਿਗਾਰ ਸਾਂਝਾ ਯਾਰ ਦਰਗਾਹ ਸਾਚੀ ਮੁਕਾਮੇ ਹਕ ਆਪਣੀ ਸਾਚੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਕਰੋ ਖ਼ਿਆਲ, ਹੁਕਮ ਹੁਕਮ ਵਿਚ ਜਣਾਈਆ । ਕੂੜੀ ਕਿਰਿਆ ਰਹੇ ਨਾ ਕੋਇ ਦਲਾਲ, ਸ਼ਬਦ ਵਿਚੋਲਾ ਇਕ ਬਣਾਈਆ । ਹਕੀਕਤ ਦੱਸਣੀ ਹਕ ਹਲਾਲ, ਬੇਮਿਸਾਲ ਧੁਰ ਦਾ ਰਾਹ ਸਮਝਾਈਆ । ਕਲਜੁਗ ਅੰਦਰ ਸਤਿਜੁਗ ਬਦਲ ਦੇਣੀ ਚਾਲ, ਚਾਲ ਨਿਰਾਲੀ ਇਕ ਵਡਿਆਈਆ । ਜੋ ਸੰਤ ਸੁਹੇਲੇ ਸਤਿਜੁਗ ਤਰੇਤਾ ਦੁਆਪਰ ਕਲਜੁਗ ਧੁਰ ਦੇ ਨਾਮ ਦੀ ਘਾਲਣਾ ਆਏ ਘਾਲ, ਕੀਤੀ ਘਾਲ ਲੇਖੇ ਲੈਣੀ ਲਗਾਈਆ । ਸਚਖੰਡ ਦਵਾਰ ਵਖਾਉਣਾ ਇਕੋ ਧਰਮਸਾਲ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਹਰਿ ਆਪਣਾ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਲੈਣਾ ਖੋਜ, ਹਰਿ ਖੋਜੀ ਰਿਹਾ ਜਣਾਈਆ । ਪ੍ਰੇਮ ਪਿਆਰ ਦਾ ਦੱਸਣਾ ਚੋਜ, ਚੋਜੀ ਪ੍ਰੀਤਮ ਦਏ ਵਡਿਆਈਆ । ਨਿਜ ਨੇਤਰ ਖੋਲ੍ਹਣਾ ਲੋਚ, ਲੋਇਣ ਇਕੋ ਦੇਣਾ ਵਖਾਈਆ । ਆਤਮ ਪਰਮਾਤਮ ਦੇਣੀ ਮੌਜ, ਕੂੜੀ ਕਿਰਿਆ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸਣਾ ਇਕ ਸਲੋਕ, ਸੋਹਲਾ ਧੁਰ ਦਾ ਇਕ ਦ੍ਰਿੜਾਈਆ । ਝਗੜਾ ਰਹੇ ਨਾ ਚੌਦਾਂ ਲੋਕ, ਚੌਦਾਂ ਤਬਕਾਂ ਪੰਧ ਮੁਕਾਈਆ । ਚੌਦਾਂ ਵਿਦਿਆ ਸਕੇ ਕੋਈ ਨਾ ਰੋਕ, ਅਲਿਫ ਯੇ ਵੰਡ ਨਾ ਕੋਇ ਵੰਡਾਈਆ । ਸਚਖੰਡ ਦਵਾਰਾ ਦੱਸਣਾ ਇਕੋ ਧੁਰ ਦਾ ਕੋਟ, ਬੰਕ ਦਵਾਰਾ ਸੱਚਾ ਸੋਭਾ ਪਾਈਆ । ਨਾਮ ਨਿਧਾਨਾ ਘਰ ਘਰ ਅੰਦਰ ਲਾਉਣੀ ਚੋਟ, ਸੋਈ ਸੁਰਤੀ ਜਗਤ ਉਠਾਈਆ । ਨਿਰਮਲ ਪਰਕਾਸ਼ ਕਰਨਾ ਜੋਤ, ਜੋਤੀ ਜਾਤਾ ਰਿਹਾ ਜਣਾਈਆ । ਕਲਜੁਗ ਅੰਤ ਆਲ੍ਹਣਿਉਂ ਕਲਜੁਗ ਜੀਵ ਡਿੱਗੇ ਬੋਟ, ਸ਼ਬਦੀ ਧਾਰ ਕਰ ਪਿਆਰ ਲੈਣੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੋਕ ਪਰਲੋਕ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਆਪਣਾ ਹੁਕਮ ਸੁਣਾਈਆ ।


੪੭੪ ੨੦

## ★ ੨੫ ਮਾਘ ਸ਼ਹਿਨਸ਼ਾਹੀ ਸੰਮਤ ੨ ਫੁਲਜੀਤ ਸਿੰਘ ਦੇ ਗ੍ਰਿਹ ਚੰਧੜ ਕਲਾਂ ★



ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਜਾ ਕੇ ਵੇਖੋ ਮੇਰੇ ਦਾਸ, ਜੋ ਦਾਸਤਾਨ ਮੇਰੀ ਰਹੇ ਸੁਣਾਈਆ । ਜਿਨ੍ਹਾਂ ਦੇ ਅੰਦਰ ਗੁਪਤ ਜਾਹਰ ਵਸਾਂ ਪਾਸ, ਦਿਵਸ ਰੈਣ ਘੜੀ ਪਲ ਆਪਣਾ ਰੰਗ ਰੰਗਾਈਆ । ਨਿਰਮਲ ਨੂਰ ਜੋਤ ਕਰਾਂ ਪਰਕਾਸ਼, ਅੰਧ ਅੰਧੇਰਾ ਕੂੜ ਮਿਟਾਈਆ । ਸ਼ਬਦ ਅਗੰਮੀ ਸੁਣਾਵਾਂ ਨਾਦ, ਅਨਹਦ ਨਾਦੀ ਧੁਨ ਉਪਜਾਈਆ । ਭੇਵ ਖੁਲ੍ਹਾ ਕੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਹੋ ਕੇ ਨਜ਼ਰੀ ਆਈਆ । ਬਿਨ ਰਸਨਾ ਜਿਹਵਾ ਕਰਾਵਾਂ ਯਾਦ, ਸਿਫ਼ਤਾਂ ਵਿਚ ਸਿਫ਼ਤ ਵਡਿਆਈਆ । ਕੂੜੀ ਕਿਰਿਆ ਕਰ ਬਰਬਾਦ, ਸਤਿ ਸਚ ਝੋਲੀ ਪਾਈਆ । ਤ੍ਰੈਗੁਣ ਬੁਝਾਵਾਂ ਆਗ, ਅਗਨੀ ਤਤ ਗਵਾਈਆ । ਘਰ ਮੇਲ ਮਿਲਾਵਾਂ ਸਵਾਮੀ ਕੰਤ ਸੁਹਾਗ, ਪਤਿਪਰਮੇਸ਼ਵਰ ਧੁਰਦਰਗਾਹੀਆ । ਸਾਚਾ ਖੇੜਾ ਹੋਵੇ ਆਬਾਦ, ਰੁੱਤ ਬਸੰਤ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸਮਝਾਈਆ । ਜਨ ਭਗਤ ਵੇਖੇ ਮੇਰਾ ਦਾਸ ਦਾਸੀ, ਦਹਿ ਦਿਸ਼ਾ ਖੋਜ ਖੁਜਾਈਆ । ਦੇਵੇ ਹੁਕਮ ਪੁਰਖ ਅਬਿਨਾਸ਼ੀ, ਕਰਨੀ ਦਾ ਕਰਤਾ ਬੇਪਰਵਾਹੀਆ । ਮੰਡਲ ਮੰਡਪ ਵੇਖੇ ਰਾਸੀ, ਦੋ ਜਹਾਨਾਂ ਖੋਜ ਖੁਜਾਈਆ । ਹਰ ਘਟ ਅੰਦਰ ਮੰਜ਼ਲ ਚੜ੍ਹੇ ਘਾਟੀ, ਨਵ ਦਵਾਰੇ ਪੰਧ ਮੁਕਾਈਆ । ਅੰਮ੍ਰਿਤ ਬੂੰਦ ਵੇਖੇ ਸਵਾਂਤੀ, ਨਿਝਰ ਝਿਰਨਾ ਝਿਰੇ ਕਿਸ ਕਿਸ ਥਾਈਂਆ । ਮੇਲ ਮਿਲਾਵਾ ਕਮਲਾਪਾਤੀ, ਪਤਿ ਪਤਵੰਤਾ ਧੁਰਦਰਗਾਹੀਆ । ਨਾਮ ਸੰਦੇਸ਼ਾ ਦੇਵੇ ਧੁਰ ਦੀ ਪਾਤੀ, ਨਿਰਅੱਖਰ ਅੱਖਰਾਂ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਦਾਸੀ ਦਾਸ ਵੇਖੇ ਮੇਰਾ ਭਗਤ, ਲੱਖ ਚੁਰਾਸੀ ਖੋਜ ਖੁਜਾਈਆ । ਜਿਸ ਦਾ ਸੁਹੰਜਣਾ ਹੋਵੇ ਵਕਤ, ਵੇਲਾ ਵਕਤ ਦਏ ਵਡਿਆਈਆ । ਲੇਖੇ ਲੱਗੀ ਹੋਵੇ ਬੂੰਦ ਰਕਤ, ਪੰਜ ਤਤ ਮਿਲੇ ਵਡਿਆਈਆ । ਅੰਤਰ ਹੋਵੇ ਇਕੋ ਵਸਤ, ਨੂਰੀ ਨੂਰ ਨੂਰ ਰੁਸ਼ਨਾਈਆ । ਬਿਨ ਅੱਖਾਂ ਨਿਜ ਨੇਤਰ ਦੇਣਾ ਦਰਸ, ਤ੍ਰਿਸ਼ਨਾ ਕੂੜ ਜਗਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋ ਜਨ ਹੋਵੇ ਪ੍ਰਭ ਕਾ ਦਾਸ, ਆਪ ਆਪਾ ਭੇਟ ਕਰਾਈਆ । ਚਰਨ ਕਵਲ ਮਿਲੇ ਨਿਵਾਸ, ਜਗਤ ਭੂਮਿਕਾ ਰਹੇ ਨਾ ਰਾਈਆ । ਲੇਖਾ ਮੁਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਅੰਤਮ ਲਹਿਣਾ ਦੇਣਾ ਦੇਵੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਹੋ ਸਹਾਈਆ । ਨਿਰਮਲ ਜੋਤ ਕਰ ਪਰਕਾਸ਼, ਪਰਕਾਸ਼ ਪਰਕਾਸ਼ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਰੰਗ ਰੰਗਾਈਆ । ਗੁਰਮੁਖ ਦਾਸ ਸਾਹਿਬ ਸਤਿਗੁਰ ਦਾ ਚੇਲਾ, ਚੇਲਾ ਗੁਰ ਇਕੋ ਰੰਗ ਸਮਾਈਆ । ਸੁਹੰਜਣਾ ਹੋਵੇ ਗ੍ਰਿਹ ਮੰਦਰ ਵੇਲਾ, ਵਾਹਵਾ ਵੱਜੇ ਨਾਮ ਵਧਾਈਆ । ਧਾਮ ਵਖਾਏ ਇਕ ਨਵੇਲਾ, ਜਿਸ ਘਰ ਬੈਠਾ ਸੋਭਾ ਪਾਈਆ । ਆਦਿ ਨਿਰੰਜਣ ਚਾੜ੍ਹ ਕੇ ਤੇਲਾ, ਜੋਤ ਨਿਰੰਜਣ ਦਏ ਵਡਿਆਈਆ । ਲੇਖਾ ਜਾਣੇ ਇਕ ਇਕੇਲਾ, ਏਕੰਕਾਰਾ ਨੂਰ ਖ਼ੁਦਾਈਆ । ਜੋ ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਸਦਾ ਸੱਜਣ ਸੁਹੇਲਾ, ਸੰਗੀ ਸਾਥੀ ਇਕ ਅਖਵਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਬੇਲਾ, ਸਮੁੰਦ ਸਾਗਰ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਜੋ ਸੰਤ ਸੁਹੇਲਾ ਸਾਹਿਬ ਸਤਿਗੁਰ ਪੁਰਖ ਅਕਾਲ ਦਾ ਬਣੇ ਦਾਸ, ਦਸਤ ਬਦਸਤ ਲਹਿਣਾ ਦਏ

ਚੁਕਾਈਆ । ਪੂਰਬ ਜਨਮ ਕਰਾਏ ਯਾਦ, ਲੇਖਾ ਧੁਰ ਦਾ ਆਪ ਦ੍ਰਿੜਾਈਆ । ਦੂਨੀ ਵਿਚੋਂ ਬਦਲ ਦੇਵੇ ਸਮਾਜ, ਆਤਮ ਪਰਮਾਤਮ ਭੇਵ ਖੁਲ੍ਹਾਈਆ । ਨਾਮ ਨਿਧਾਨ ਸੁਣਾ ਨਾਦ, ਅਨਹਦ ਅਨਰਾਗੀ ਰਾਗ ਸੁਣਾਈਆ । ਹੰਸ ਬਣਾਏ ਫੜ ਫੜ ਕਾਗ, ਮਾਨੁਖ ਮਾਨਵ ਦਇਆ ਕਮਾਈਆ । ਪੜਦਾ ਲਾਹ ਕੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਬ੍ਰਹਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹਿ ਮੰਦਰ ਇਕ ਉਪਜਾਈਆ । ਦਾਸ ਬਣਨ ਦਾ ਜਿਸ ਅੰਤਰ ਦੇਵੇ ਚਾ, ਚਾਉ ਘਨੇਰਾ ਇਕ ਸਮਝਾਈਆ । ਸਾਹਿਬ ਸਤਿਗੁਰ ਬਣੇ ਮਲਾਹ, ਖੇਵਟ ਖੇਟਾ ਧੁਰਦਰਗਾਹੀਆ । ਲੱਖ ਚੁਰਾਸੀ ਵਿਚੋਂ ਲਏ ਤਰਾ, ਰਾਏ ਧਰਮ ਨਾ ਦਏ ਸਜ਼ਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਪਤਤ ਪੁਨੀਤ ਲਏ ਉਠਾਈਆ । ਲਹਿਣਾ ਦੇਣਾ ਦਏ ਮੁਕਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਦਾਸ ਬਣੇ ਜੋ ਸਤਿਗੁਰ ਮੀਤਾ, ਮਿਤਰ ਪਿਆਰਾ ਦਏ ਵਡਿਆਈਆ । ਤਨ ਮਾਟੀ ਕਰੇ ਠਾਂਡਾ ਸੀਤਾ, ਅਗਨੀ ਤਤ ਨਾ ਲਾਗੇ ਰਾਈਆ । ਦਇਆ ਕਮਾਏ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਹੋਏ ਸਹਾਈਆ । ਕੂੜੀ ਕਿਰਿਆ ਅੰਦਰ ਸਤਿ ਬਦਲ ਦਏ ਰੀਤਾ, ਰੀਤੀਵਾਨ ਪੜਦਾ ਆਪ ਚੁਕਾਈਆ । ਲੇਖੇ ਲਾਏ ਪਿਛਲਾ ਪੂਰਬ ਜਨਮ ਬੀਤਾ, ਅੱਗੇ ਚਰਨ ਕਵਲ ਦਏ ਸਰਨਾਈਆ । ਸਾਚਾ ਕਲਮਾ ਨਾਮ ਦੱਸ ਧੁਰ ਹਦੀਸਾ, ਹਜ਼ਰਤ ਹੋ ਕੇ ਕਰੇ ਇਕ ਪੜ੍ਹਾਈਆ । ਲਹਿਣਾ ਦੇਣਾ ਮੁਕਾ ਕੇ ਊਚਾਂ ਨੀਚਾਂ, ਜਾਤ ਅਜਾਤੀ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦਾ ਸੁਹੇਲਾ ਇਕ ਇਕੇਲਾ ਏਕੰਕਾਰ ਆਪਣੀ ਕਾਰ ਕਮਾਈਆ । ਦਾਸ ਬਣਨ ਦਾ ਜਿਸ ਅੰਤਰ ਪਿਆਰ, ਪ੍ਰੇਮਕਾ ਰੂਪ ਲਏ ਬਦਲਾਈਆ । ਤਿਸ ਦਾ ਮੇਲਾ ਮਿਲੇ ਨਰ ਨਿਰੰਕਾਰ, ਨਿਰਾਕਾਰ ਆਪਣਾ ਜੋੜ ਜੁੜਾਈਆ । ਕਾਇਆ ਕਾਅਬੇ ਖੋਲ੍ਹ ਕਿਵਾੜ, ਕੁਦਰਤ ਦਾ ਕਾਦਰ ਭੇਵ ਚੁਕਾਈਆ । ਕਰ ਪਰਕਾਸ਼ ਬਹੱਤਰ ਨਾੜ, ਅੰਧ ਅੰਧੇਰ ਦਏ ਮਿਟਾਈਆ । ਮੰਜ਼ਲ ਦੂਰ ਕਰੇ ਦੁਸ਼ਵਾਰ, ਘਰ ਠਾਕਰ ਸਵਾਮੀ ਮਿਲ ਕੇ ਖ਼ੁਸ਼ੀ ਬਣਾਈਆ । ਗੁਰਮੁਖ ਦਾਸ ਸੰਸਾਰ ਸਾਗਰ ਹੋਵੇ ਪਾਰ, ਨਿਰਮਲ ਕਰਮ ਉਜਾਗਰ ਕਰੇ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਵਿਚ ਸੰਸਾਰ, ਮਹਾਂਸਾਰਥੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਬਣ ਰਥਵਾਹੀ ਰਥ ਚਲਾਈਆ ।



### ★ ੨੬ ਮਾਘ ਸ਼ਹਿਨਸ਼ਾਹੀ ਸੰਮਤ ੨ ਰਘਬੀਰ ਸਿੰਘ ਦੇ ਗ੍ਰਿਹਿ ਚੰਧੜ ਕਲਾਂ ★

ਗੁਰ ਅਵਤਾਰ ਪੈਗ਼ੰਬਰ ਸਾਚੇ ਭਗਤਾਂ ਕਰਨੀ ਪਹਿਚਾਨ, ਕਲਕਾਤੀ ਵਿਚੋਂ ਵੇਖ ਵਖਾਈਆ । ਜਿਨ੍ਹਾਂ ਦੇ ਅੰਤਰ ਇਕ ਧਿਆਨ, ਨਿਜ ਨੇਤਰ ਰਾਹ ਤਕਾਈਆ । ਮਾਲਕ ਮੰਨ ਸ੍ਰੀ ਭਗਵਾਨ, ਦਰ ਠਾਂਡੇ ਸੀਸ ਝੁਕਾਈਆ । ਨਾਤਾ ਤੋੜ ਦੂਨੀ ਜਹਾਨ, ਕੂੜੀ ਕਿਰਿਆ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਣ, ਸੋਹੰ ਸਚ ਵਧਾਈਆ । ਤਿਨ੍ਹਾਂ ਲੇਖਾ ਮੁਕਾਉਣਾ ਜ਼ਿਮੀ ਅਸਮਾਨ, ਦਰਗਾਹ ਸਾਚੀ ਸਚ ਦਵਾਰਾ ਦੇਣਾ ਜਣਾਈਆ ।

ਝਗੜਾ ਰਹੇ ਨਾ ਆਵਣ ਜਾਣ, ਚੁਰਾਸੀ ਪੰਧ ਮੁਕਾਈਆ । ਸਚ ਵਖਾਉਣਾ ਮੰਦਰ ਮਕਾਨ, ਜਿਸ ਗ੍ਰਿਹ ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਅੰਮ੍ਰਿਤ ਰਸ ਦੇਣਾ ਪੀਣ ਖਾਣ, ਤ੍ਰਿਸ਼ਨਾ ਭੁੱਖ ਗਵਾਈਆ । ਚਰਨ ਪ੍ਰੀਤੀ ਧੁਰ ਦੀ ਨੀਤੀ ਦੇਣਾ ਦਾਨ, ਵਸਤ ਅਮੋਲਕ ਇਕ ਵਰਤਾਈਆ । ਝਗੜਾ ਰਹੇ ਨਾ ਜਗਤ ਸ਼ੈਤਾਨ, ਮਨ ਵਾਸਨਾ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਨ ਭਗਤ ਵੇਖੋ ਲੋਕਮਾਤ ਜਗ, ਜਗਜੀਵਣ ਦਾਤਾ ਰਿਹਾ ਜਣਾਈਆ । ਜੋ ਰਾਹ ਤੱਕਣ ਸੂਰੇ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧਿਆਨ ਲਗਾਈਆ । ਦਰਸ ਲੋਚਣ ਉਪਰ ਸ਼ਾਹ ਰਗ, ਨੌ ਦਵਾਰੇ ਜਗਤ ਲੋਕਾਈਆ । ਮੰਜ਼ਲ ਹਕੀਕ਼ੀ ਚੜ੍ਹ ਕੇ ਹੱਦ, ਕੂੜੀ ਕਿਰਿਆ ਡੇਰਾ ਰਹੇ ਢਾਹੀਆ । ਧੁਰ ਦੇ ਨਾਮ ਦਾ ਗਾਉਂਦੇ ਸਦ, ਛੰਦ ਆਤਮ ਪਰਮਾਤਮ ਵੱਜੇ ਵਧਾਈਆ । ਪੁਰਖ ਅਕਾਲ ਦੀ ਬਣ ਗਏ ਯਦ, ਪੁਸ਼ਤ ਪਨਾਹ ਹੱਥ ਦੇਣਾ ਟਿਕਾਈਆ । ਗੁਰਮੁਖ ਰਹਿਣ ਨਹੀਂ ਦੇਣਾ ਕੋਈ ਅਲੱਗ, ਜੁਗ ਜਨਮ ਦਾ ਵਿਛੜਿਆਂ ਲੈਣਾ ਮਿਲਾਈਆ । ਸਚ ਦਵਾਰੇ ਸ਼ਬਦੀ ਹੁਕਮ ਅੰਦਰ ਲੈਣਾ ਸੱਦ, ਹੋਕਾ ਇਕੋ ਇਕ ਸੁਣਾਈਆ । ਨਾਮ ਭੰਡਾਰਾ ਦੇ ਕੇ ਮਦਿ, ਮਧੁਰ ਧੁਨ ਦੇਣੀ ਸੁਣਾਈਆ । ਸ਼ਬਦ ਅਗੰਮੀ ਵਜਾ ਨਦ, ਅਨਹਦ ਨਾਦੀ ਰਾਗ ਉਪਜਾਈਆ । ਬਿਨ ਰਸਨਾ ਜਿਹਵਾ ਦੇਣਾ ਸਵਾਦ, ਬੂੰਦ ਸਵਾਂਤੀ ਮੁਖ ਟਪਕਾਈਆ । ਜਿਸ ਧਾਰ ਵਿਚੋਂ ਨਿਕਲੇ ਆਦਿ, ਅੰਤ ਓਸੇ ਵਿਚ ਦੇਣਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸਾਚੇ ਭਗਤਾਂ ਵੇਖੋ ਮਾਤ, ਧਰਨੀ ਧਰਤ ਧਵਲ ਖੋਜ ਖੁਜਾਈਆ । ਜਿਨ੍ਹਾਂ ਦੇ ਅੰਤਰ ਮੇਰੀ ਯਾਦ, ਨਿਜ ਆਤਮ ਧਿਆਨ ਲਗਾਈਆ । ਬਿਰਹੁ ਵਿਚ ਮਾਰਨ ਆਵਾਜ਼, ਕੂਕ ਕੂਕ ਸੁਣਾਈਆ । ਓਨ੍ਹਾਂ ਦੇ ਅੰਦਰ ਵੜ ਕੇ ਮੰਦਰ ਚੜ੍ਹ ਕੇ ਖੋਲ੍ਹਣਾ ਰਾਜ਼, ਪੜਦਾ ਦੂਈ ਰਹਿਣ ਨਾ ਪਾਈਆ । ਪੰਚ ਵਿਕਾਰਾ ਕਰਨਾ ਬਰਬਾਦ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਨਾ ਕੋਇ ਹਲਕਾਈਆ । ਝਗੜਾ ਮੁਕਾਉਣਾ ਸਵਾਲ ਜਵਾਬ, ਹੁਕਮ ਇਕੋ ਦੇਣਾ ਸੁਣਾਈਆ । ਸ਼ਬਦ ਗੁਰੂ ਕਰ ਇਮਦਾਦ, ਸਤਿਗੁਰ ਪੁਰਖ ਅਕਾਲ ਦੇਣਾ ਮਿਲਾਈਆ । ਸਚਖੰਡ ਦਵਾਰਾ ਬਿਨਾ ਭਗਤਾਂ ਕਦੇ ਨਾ ਹੋਵੇ ਆਬਾਦ, ਦੂਜਾ ਵੜਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦੀ ਦਾਦ, ਵਸਤ ਅਮੋਲਕ ਹੱਥ ਫੜਾਈਆ । ਗੁਰ ਅਵਤਾਰ ਪੈਗ਼ੰਬਰ ਲੋਕਮਾਤ ਸੰਤ ਸੁਹੇਲੇ ਲੈਣੇ ਲੱਭ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਜਿਨ੍ਹਾਂ ਦੇ ਅੰਦਰ ਦੀਨ ਮਜ਼੍ਹਬ ਦੀ ਕੋਈ ਨਾ ਦਿਸੇ ਹੱਦ, ਮੰਜ਼ਲ ਤੱਕਣ ਬੇਪਰਵਾਹੀਆ । ਖ਼ੁਸ਼ੀਆਂ ਵਿਚ ਹੋਵਣ ਗਦ ਗਦ, ਗਦਾਗਰ ਮਨ ਨਾ ਕੋਇ ਭਵਾਈਆ । ਪ੍ਰੇਮ ਪ੍ਰੀਤੀ ਅੰਦਰ ਕੂੜੀ ਵਾਸਨਾ ਕਰਨੀ ਬੱਧ, ਨਾਮ ਖੰਡਾ ਇਕ ਖੜਕਾਈਆ । ਕਰ ਪਰਕਾਸ਼ ਮਾਸ ਨਾੜੀ ਹੱਡ, ਤਤਵ ਤਤ ਨੂਰ ਰੁਸ਼ਨਾਈਆ । ਓਨ੍ਹਾਂ ਵਡਿਆਈ ਦੇਣੀ ਲੋਕਮਾਤ ਜਗ, ਸਦੀ ਚੌਧਵੀਂ ਖੋਜ ਖੁਜਾਈਆ । ਨਾਮ ਪਿਆਲਾ ਦੇਣਾ ਮਧ, ਅੰਮ੍ਰਿਤ ਰਸ ਦੇਣਾ ਚਖਾਈਆ । ਪੋਹ ਨਾ ਸਕੇ ਅਗਨੀ ਅੱਗ, ਤ੍ਰੈਗੁਣ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਜਣਾਈਆ । ਗੁਰ ਅਵਤਾਰ ਪੈਗ਼ੰਬਰ ਸਾਚੇ ਭਗਤਾਂ ਅੰਦਰ ਜਾਣਾ ਵੜ, ਬਣ ਪਾਂਧੀ ਪੰਧ ਮੁਕਾਈਆ । ਸਚ ਦਵਾਰੇ ਜਾਣਾ ਖੜ, ਨਿਜ ਘਰ ਆਪਣਾ ਕਦਮ ਟਿਕਾਈਆ । ਧਰਮ ਦਵਾਰਾ ਖੋਲ੍ਹ ਕੇ ਦਰ, ਪੜਦਾ ਓਹਲਾ ਦੇਣਾ ਚੁਕਾਈਆ ।

ਇਕ ਜੈਕਾਰਾ ਬੋਲ ਕੇ ਹਰਿ, ਹਿਰਦੇ ਅੰਦਰ ਹਰਿ ਜੂ ਦੇਣਾ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਪਿਆਰ ਮੁਹੱਬਤ ਕਰ, ਕਰਮ ਕਾਂਡ ਦਾ ਝਗੜਾ ਦੇਣਾ ਚੁਕਾਈਆ । ਆਤਮ ਪਰਮਾਤਮ ਫੜਾਉਣਾ ਲੜ, ਪਲੂ ਧੁਰ ਦੀ ਗੰਢ ਬੰਧਾਈਆ । ਗੁਰਮੁਖ ਸੰਤ ਸੁਹੇਲਾ ਜਨ ਭਗਤ ਲੈਣਾ ਵਰ, ਨਾਤਾ ਧੁਰ ਦਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਇਕ ਲਿਖਾਈਆ । ਗੁਰ ਅਵਤਾਰ ਪੈਗ਼ੰਬਰ ਗੁਰਮੁਖ ਗੁਰਸਿਖ ਕੋਇ ਨਾ ਵੇਖਿਓ ਗ਼ਰੀਬ, ਜਗਤ ਮਾਇਆ ਨਾ ਕੋਇ ਵਡਿਆਈਆ । ਉਹ ਮੇਰਾ ਨੰਨ੍ਹਾਂ ਬੱਚਾ ਅਜ਼ੀਜ਼, ਜੋ ਦਿਵਸ ਰੈਣ ਧਿਆਨ ਲਗਾਈਆ । ਮਨੁੱਸ਼ਾ ਜਨਮ ਜਿਸ ਨੂੰ ਆਈ ਤਮੀਜ਼, ਤਮੰਨਾ ਕੂੜੀ ਗਿਆ ਗਵਾਈਆ । ਇਕੋ ਝੁਕਾ ਸੀਸ ਜਗਦੀਸ਼, ਸਰ ਸਿਰ ਆਪਣਾ ਭੇਟ ਚੜ੍ਹਾਈਆ । ਇਕੋ ਨਾਮ ਸੁਣੇ ਹਦੀਸ, ਇਕੋ ਢੋਲਾ ਰਿਹਾ ਗਾਈਆ । ਸਦ ਬੈਠਾ ਰਹੇ ਅਤੀਤ, ਤ੍ਰੈਗੁਣ ਪੰਧ ਮੁਕਾਈਆ । ਤੂੰ ਮੇਰਾ ਮੈਂ ਤੇਰਾ ਗਾਵੇ ਗੀਤ, ਹਰਿ ਹਿਰਦੇ ਵਿਚ ਸਮਾਈਆ । ਮਾਨਸ ਜਨਮ ਜਾਵੇ ਜੀਤ, ਜਗ ਜੀਵਣ ਦਾਤਾ ਆਪਣੇ ਰੰਗ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਸ਼ਬਦ ਸੁਨੇਹੜਾ ਦੱਸਣਹਾਰਾ ਠੀਕ, ਠਾਕਰ ਹੋ ਕੇ ਆਪਣਾ ਹੁਕਮ ਮਨਾਈਆ । ਭਗਤ ਸੁਹੇਲਾ ਸੰਤ ਸਾਜਣ ਗੁਰਮੁਖ ਗੁਰਸਿਖ ਜਿਸ ਦੇ ਅੰਤਰ ਨਿਰੰਤਰ ਲੱਗੀ ਆਤਮ ਪਰਮਾਤਮ ਪ੍ਰੀਤ, ਤਿਸ ਪ੍ਰੀਤਮ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਠਾਂਡਾ ਸੀਤ, ਅਗਨੀ ਤਤ ਨਾ ਕੋਇ ਤਪਾਈਆ ।


੪੭੮


੨੦

## ★ ੨੬ ਮਾਘ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਸਿੰਘ ਦੇ ਗ੍ਰਿਹਿ ਚੰਧੜ ਕਲਾਂ ★

ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਜਨ ਭਗਤਾਂ ਦੀਨ ਦੁਨੀ ਮੇਟੋ ਸੋਗ, ਚਿੰਤਾ ਗ਼ਮ ਨਾ ਰਹੇ ਰਾਈਆ । ਜਗਤ ਨਾਤਾ ਤੁਟੇ ਵਿਯੋਗ, ਕੂੜ ਕੁੜਿਆਰਾ ਪੰਧ ਦੇਣਾ ਮੁਕਾਈਆ । ਆਤਮ ਪਰਮਾਤਮ ਹੋਵੇ ਸਚ ਸੰਜੋਗ, ਧੁਰ ਦਾ ਮੇਲਾ ਲੈਣਾ ਮਿਲਾਈਆ । ਚਰਨ ਪ੍ਰੀਤੀ ਦੱਸ ਕੇ ਯੋਗ, ਸਾਚੀ ਜੁਗਤੀ ਦੇਣੀ ਸਮਝਾਈਆ । ਭਾਗ ਲਗਾਉਣਾ ਕਾਇਆ ਮਾਟੀ ਕੋਟ, ਬੰਕ ਦਵਾਰ ਦੇਣਾ ਸੁਹਾਈਆ । ਧੁਰ ਦੇ ਨਾਮ ਦੀ ਲਾ ਕੇ ਚੋਟ, ਸੋਈ ਸੁਰਤੀ ਦੇਣੀ ਉਠਾਈਆ । ਅੰਦਰ ਰਹੇ ਕੋਈ ਨਾ ਖੋਟ, ਕੂੜੀ ਕਿਰਿਆ ਬਾਹਰ ਕਢਾਈਆ । ਆਲ੍ਹਣਿਉਂ ਡਿੱਗੇ ਉਠਾਉਣੇ ਬੋਟ, ਫੜ ਬਾਹੋਂ ਗਲੇ ਲਗਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦੇਣਾ ਚੁਕਾਈਆ । ਅੰਮ੍ਰਿਤ ਰਸ ਦੇਣਾ ਅਗੰਮਾ ਭੋਗ, ਭੋਗ ਬਲਾਸਾਂ ਵਿਚੋਂ ਬਾਹਰ ਕਢਾਈਆ । ਸਚ ਦਵਾਰੇ ਦੀ ਬਖ਼ਸ਼ਣੀ ਮੌਜ, ਮੇਲਾ ਮਹਿਬੂਬ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜਨ ਭਗਤਾਂ ਚਾੜ੍ਹੋ ਅਗੰਮੀ ਰੰਗ, ਰੰਗਤ ਨਜ਼ਰ ਕਿਸੇ ਨਾ ਆਈਆ । ਜੋ ਸਤਿਜੁਗ ਤਰੇਤਾ ਦੁਆਪਰ ਕਲਜੁਗ ਮੰਗਾਂ ਆਏ ਮੰਗ, ਭਿੱਖਕ ਹੋ ਕੇ ਝੋਲੀ ਡਾਹੀਆ । ਤਿਨ੍ਹਾਂ ਮਾਣਸ ਜਨਮ ਬਿਰਥਾ ਮਾਤ ਜਾਏ ਨਾ ਲੰਘ, ਮਾਨਵ ਪੜਦਾ ਦੇਣਾ ਉਠਾਈਆ । ਹੁਕਮ ਦੇਵੇ ਸੂਰਾ ਸਰਬੰਗ, ਹਰਿ ਕਰਤਾ ਧੁਰ ਦਰਗਾਹੀਆ । ਸਚ ਪਿਆਰ

ਮੁਹੱਬਤ ਵਿਚ ਬਖ਼ਸ਼ ਇਕ ਅਨੰਦ, ਅਨੰਦ ਆਤਮਾ ਵਿਚੋਂ ਪਰਗਟਾਈਆ । ਸਾਚਾ ਨੂਰੀ ਚੜ੍ਹੇ ਚੰਦ, ਰਵ ਸਸ ਤੋਂ ਬਿਨਾ ਕਰ ਰੁਸ਼ਨਾਈਆ । ਗੁਰਮੁਖਾਂ ਖ਼ੁਸ਼ੀ ਹੋਏ ਬੰਦ ਬੰਦ, ਬੰਦੀ ਦੇ ਬੰਧਨ ਦਿਓ ਤੁੜਾਈਆ । ਸਚ ਦਵਾਰਾ ਵੇਖਣਾ ਲੰਘ, ਦੂਰ ਦੁਰਾਡਾ ਪੰਧ ਮੁਕਾਈਆ । ਆਤਮ ਸੇਜ ਸੁਹਾਉਣੀ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਕਰਵਟ ਲੈ ਬਦਲਣੀ ਕੰਡ, ਸਨਮੁਖ ਹੋ ਕੇ ਸੋਭਾ ਪਾਈਆ । ਕਿਰਪਾ ਕਰੇ ਦੀਨ ਦਿਆਲ ਸਾਹਿਬ ਬਖ਼ਸ਼ੰਦ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਸਤਿ ਸਤਿਵਾਦੀ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਨ ਭਗਤ ਵੇਖੋ ਮੇਰੇ ਚਾਤ੍ਰਿਕ, ਜੋ ਅੰਤਰ ਰਹੇ ਬਿਲਲਾਈਆ । ਜਾ ਕੇ ਕੂੜੀ ਤ੍ਰਿਸ਼ਨਾ ਮੇਟੋ ਤ੍ਰਿਖ, ਤ੍ਰਿਪਤ ਦਿਓ ਕਰਾਈਆ । ਸਚ ਦਵਾਰ ਮਿਲਿਓ ਧੁਰ ਦੇ ਸਿੱਖ, ਜੋ ਸਿਖਿਆ ਅੰਦਰ ਸਾਖਿਆਤ ਪ੍ਰਭ ਦਾ ਰਾਹ ਤਕਾਈਆ । ਜਿਨ੍ਹਾਂ ਦਾ ਲਹਿਣਾ ਦੇਣਾ ਸਚਖੰਡ ਦਵਾਰਿਉਂ ਦਿਤਾ ਲਿਖ, ਲੋਕਮਾਤ ਸਕੇ ਨਾ ਕੋਇ ਬਦਲਾਈਆ । ਓਨ੍ਹਾਂ ਦਾ ਮਾਲਕ ਪ੍ਰਿਤਪਾਲਕ ਏਕੰਕਾਰਾ ਇਕ, ਅਕਲ ਕਲਧਾਰੀ ਨਜ਼ਰੀ ਆਈਆ । ਜੋ ਅੰਤਰ ਆਤਮ ਪਰਮਾਤਮ ਹੋ ਕੇ ਕਰੇ ਹਿਤ, ਨਿਤ ਨਵਿਤ ਵੇਖ ਵਖਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਲਹਿਣਾ ਦੇਣਾ ਦਏ ਨਜਿੱਠ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਪੁਰਖ ਨਿਰੰਜਣ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਜਨ ਭਗਤਾਂ ਅੰਦਰ ਤੱਕੋ ਮੰਜ਼ਲ ਅਖ਼ੀਰ, ਪੌੜੀ ਪੌੜੀ ਰਾਹ ਨਾ ਕੋਇ ਵਖਾਈਆ । ਜਿਸ ਗ੍ਰਿਹਿ ਮਿਲੇ ਪੀਰਾਂ ਦਾ ਪੀਰ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਗ੍ਰਿਹਿ ਮੰਦਰ ਬਦਲ ਦੇਵੇ ਤਕਦੀਰ, ਹੁਕਮ ਹੁਕਮ ਵਿਚੋਂ ਪਰਗਟਾਈਆ । ਸਾਚੀ ਦੱਸ ਆਪ ਤਦਬੀਰ, ਤਰੀਕਾ ਤਰਾ ਤਰਾ ਸਮਝਾਈਆ । ਸ਼ਰਅ ਕੱਟ ਜ਼ੰਜੀਰ, ਸ਼ਾਮ ਅੰਧੇਰਾ ਦਏ ਗਵਾਈਆ । ਜਿਸ ਮੰਜ਼ਲ ਤੇ ਚਾੜ੍ਹਿਆ ਕਬੀਰ, ਕਾਇਆ ਕਬਰ ਵਿਚੋਂ ਬਾਹਰ ਕਢਾਈਆ । ਰਵਦਾਸ ਦੇ ਵੇਖ ਕੇ ਪਾਟੇ ਚੀਥੜ ਚੀਰ, ਦਰਗਾਹ ਸਾਚੀ ਦਿਤੀ ਮਾਣ ਵਡਿਆਈਆ । ਲੇਖਾ ਮੁਕਾ ਕੇ ਸ਼ਾਹ ਹਕੀਰ, ਹਜ਼ਰਤ ਆਪਣੇ ਰੰਗ ਰੰਗਾਈਆ । ਪੜਦਾ ਖੋਲ੍ਹੋ ਬੇਨਜ਼ੀਰ, ਜਗਤ ਨਜ਼ਰ ਤੋਂ ਪਰੇ ਦੇਣਾ ਵਖਾਈਆ । ਜਿਥੇ ਸਚ ਨਾਮ ਦੀ ਦੌਲਤ ਧਰਮ ਖ਼ਜ਼ਾਨਾ ਜਾਗੀਰ, ਅਤੋਟ ਅਤੁਟ ਰਖਾਈਆ । ਦੇਵਣਹਾਰਾ ਸ਼ਾਹ ਅਮੀਰ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹੇ ਪੁਰਖ ਅਕਾਲ ਜਾ ਕੇ ਵੇਖੋ ਭੁੱਖੇ ਨੰਗੇ, ਵਿਸ਼ਨੂੰ ਸੇਵਾ ਕੰਮ ਕਿਸੇ ਨਾ ਆਈਆ । ਬ੍ਰਹਮੇ ਤੇਰੀ ਬ੍ਰਹਮ ਧਾਰ ਕਰੇ ਦੰਗੇ, ਮਨ ਵਾਸਨਾ ਨਾਲ ਲੜਾਈਆ । ਕਿਉਂ ਧਰਮ ਰਾਏ ਫੜ ਫੜ ਟੰਗੇ, ਦੇਵੇ ਜਗਤ ਸਜ਼ਾਈਆ । ਚੁਰਾਸੀ ਵਿਚੋਂ ਖੋਜੋ ਮੰਦੇ ਚੰਗੇ, ਜਿਨ੍ਹਾਂ ਅੰਦਰ ਪ੍ਰੇਮ ਗੋਸਾਈਂਆ । ਜੋ ਰਸ ਮਾਣੇ ਪਰਮ ਪੁਰਖ ਅਨੰਦੇ, ਸਾਂਤਕ ਸਤਿ ਵਿਚ ਸਮਾਈਆ । ਜਾ ਕੇ ਕੱਟੋ ਕਰਮਾਂ ਦੇ ਫੰਦੇ, ਕੁਕਰਮੀ ਰਹਿਣ ਕੋਇ ਨਾ ਪਾਈਆ । ਕੁਛ ਲੇਖਾ ਲਿਖਿਆ ਵਿਚ ਦੁਆਪਰ ਸੰਜੇ, ਧਿਆਨ ਪ੍ਰਭ ਦੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਲੋਕਮਾਤ ਜਾ ਕੇ ਵੇਖੋ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਜਲ ਥਲ, ਬਨਾਂ ਵਿਚ ਆਪਣਾ ਫੇਰਾ ਪਾਈਆ । ਕਿਉਂ ਸ੍ਰਿਸ਼ਟੀ ਖ਼ਾਕ ਵਿਚ ਗਈ ਰਲ,

ਦ੍ਰਿਸ਼ਟੀ ਵਿਚ ਹਲਕਾਈਆ । ਰੋਗ ਸੋਗ ਕਿਸੇ ਨਾ ਸਕੇ ਟਲ, ਤਕਦੀਰ ਸਕੇ ਨਾ ਕੋਇ ਬਦਲਾਈਆ । ਕਲਜੁਗ ਕਲੂਆ ਕਰੇ ਛਲ, ਮਨ ਚੰਚਲ ਨਾਲ ਮਿਲਾਈਆ । ਕਿਸੇ ਨਾ ਦਿਸੇ ਨਿਹਚਲ ਧਾਮ ਅਟਲ, ਸਚਖੰਡ ਦਵਾਰੇ ਸੋਭਾ ਕੋਇ ਨਾ ਪਾਈਆ । ਕਿਉਂ ਕਰਨੀ ਦਾ ਕਰਤਾ ਭੁਗਤਾਵੇ ਫਲ, ਪੂਰਬ ਲੇਖਾ ਨਾਲ ਮਿਲਾਈਆ । ਕਿਉਂ ਹਰ ਹਿਰਦੇ ਅੰਦਰ ਜਗਤ ਅਗਨੀ ਰਹੀ ਬਲ, ਅੰਮ੍ਰਿਤ ਮੇਘ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਵੇਖੋ ਕਿਉਂ ਦੀਨ ਦੁਨੀ ਗਈ ਭੁੱਲ, ਅਭੁਲ ਸਮਝ ਕੋਇ ਨਾ ਪਾਈਆ । ਦੁੱਖਾਂ ਵਿਚ ਗਈ ਰੁਲ, ਸੁਖ ਸਾਧਨ ਨਾ ਕੋਇ ਬਣਾਈਆ । ਮਾਨਸ ਜਨਮ ਨਾ ਪਏ ਮੁੱਲ, ਸਾਧਨਾ ਸਾਧ ਨਾ ਕੋਇ ਕਰਾਈਆ । ਸਾਚੇ ਕੰਡੇ ਕੋਈ ਨਾ ਜਾਵੇ ਤੁਲ, ਨਾਮ ਵਣਜਾਰਾ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਥੇ ਓਥੇ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਆਕਾਸ਼ ਪਾਤਾਲਾਂ ਗਗਨ ਗਗਨੰਤਰਾਂ ਸੁਲਹਕੁਲ, ਸਹੀ ਸਲਾਮਤ ਸਾਹਿਬ ਸਤਿਗੁਰ ਇਕੋ ਨਜ਼ਰੀ ਆਈਆ ।

★ ੨੯ ਮਾਘ ਸ਼ਹਿਨਸ਼ਾਹੀ ਸੰਮਤ ੨ ਆਸਾ ਸਿੰਘ ਦੇ ਗ੍ਰਹਿ ਪਿੰਡ ਖਾਂਗ ★



ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਲੋਕਮਾਤ ਲਓ ਤੱਕ, ਸੰਤ ਭਗਤ ਗੁਰਮੁਖ ਗੁਰਸਿਖ ਸੂਫ਼ੀ ਫ਼ਕੀਰ ਖੋਜ ਖੁਜਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਣਾ ਹਕੀਕਤ ਹਕ, ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਸਚਖੰਡ ਨਿਵਾਸੀ ਆਪਣਾ ਹੁਕਮ ਮਨਾਈਆ । ਕਵਣ ਅੰਤਰ ਨਿਰੰਤਰ ਹੋ ਕੇ ਮੇਰਾ ਨਾਮ ਰਿਹਾ ਜਪ, ਪੁਰਖ ਅਕਾਲਾ ਦੀਨ ਦਿਆਲਾ ਇਕੋ ਰਾਹ ਤਕਾਈਆ । ਹਿਰਦੇ ਅੰਤਰ ਨਿਰਮੋਹ ਹੋ ਕੇ ਵਸਾਏ ਸੱਚ, ਸਤਿ ਸਤਿਵਾਦੀ ਸੀਸ ਝੁਕਾਈਆ । ਪੜਦਾ ਲਾਹ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਰੂਪ ਰਿਹਾ ਬਣਾਈਆ । ਕਵਣ ਮਨ ਵਾਸਨਾ ਜਗਤ ਤ੍ਰਿਸ਼ਨਾ ਰਿਹਾ ਨੱਚ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵੇਖ ਸਭ ਕੁਛ ਆ ਕੇ ਦੇਣਾ ਦੱਸ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਕਵਣ ਆਤਮ ਅੰਤਰ ਨਿਝਰ ਮਾਣੇ ਰਸ, ਬੂੰਦ ਸਵਾਂਤੀ ਕਵਣ ਟਪਕਾਈਆ । ਧੁਰ ਦਾ ਦਰਸ਼ਨ ਕਰੇ ਨਿਜ ਨੇਤਰ ਖੋਲ੍ਹ ਕੇ ਅੱਖ, ਆਖ਼ਰ ਮੰਜ਼ਲ ਚੜ੍ਹ ਕੇ ਵੇਖੋ ਢੋਲਾ ਗਾਈਆ । ਕਵਣ ਕੂੜੀ ਕਿਰਿਆ ਵਿਕੇ ਜਗਤ ਵਣਜਾਰੇ ਹੱਟ, ਪੜਦਾ ਓਹਲਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਇਕੱਲਾ ਏਕੰਕਾਰ ਇਕੋ ਏਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਨ ਭਗਤ ਸੁਹੇਲੇ ਲੈਣੇ ਲੱਭ, ਗੁਰਮੁਖ ਗੁਰ ਗੁਰ ਖੋਜ ਖੁਜਾਈਆ । ਜਿਨ੍ਹਾਂ ਦੇ ਅੰਤਰ ਵੱਜੇ ਮੇਰੇ ਨਾਮ ਦਾ ਨਦ, ਅਨਰਾਗੀ ਆਪਣਾ ਰਾਗ ਸੁਣਾਈਆ । ਦੀਨ ਦੁਨੀ ਦਾ ਨਾਤਾ ਬੈਠੇ ਛੱਡ, ਛੁੱਟੀ ਕੂੜ ਲੋਕਾਈਆ । ਹੋਇਆ ਪਰਕਾਸ਼ ਕਾਇਆ ਮਾਟੀ ਹੱਡ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਮਿਲ ਕੇ ਮੇਲ ਸੂਰੇ ਸਰਬੱਗ, ਦਰ ਘਰ ਠਾਂਡੇ ਖ਼ੁਸ਼ੀ ਮਨਾਈਆ । ਨੂਰ ਤੱਕਣ ਉਪਰ ਸ਼ਾਹ ਰਗ, ਨਵ ਨੌ ਚਾਰ ਡੇਰਾ ਢਾਹੀਆ । ਤ੍ਰੈਗੁਣ ਪੋਹੇ ਕੋਇ ਨਾ ਅੱਗ, ਮਮਤਾ ਮੋਹ ਨਾ ਕੋਇ ਸਤਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਂਦੇ ਧੁਰ ਦਾ ਸਦ, ਛੰਦ ਇਕੋ

ਨਾਮ ਬਣਾਈਆ । ਪਰਮ ਪੁਰਖ ਦੀ ਬਣ ਕੇ ਯਦ, ਯਦੀ ਮੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਇਕ ਜਣਾਈਆ । ਜਾ ਕੇ ਤੱਕੋ ਪੈਗ਼ੰਬਰ ਗੁਰ ਅਵਤਾਰ, ਅਵਤਰ ਧਾਰੀ ਆਪ ਜਣਾਈਆ । ਕਵਣ ਹਕ਼ੀਕ਼ੀ ਕਰੇ ਪਿਆਰ, ਲਾਸ਼ਰੀਕੀ ਸ਼ਿਰਕਤ ਰਿਹਾ ਗਵਾਈਆ । ਸਾਚੇ ਕਲਮੇ ਦਾ ਕਰੇ ਇਜ਼ਹਾਰ, ਨਾਮ ਨਿਧਾਨਾ ਧੁਰਦਰਗਾਹੀਆ । ਮੰਜ਼ਲ ਦੂਰ ਕਰ ਦੁਸ਼ਵਾਰ, ਦੂਤੀ ਦੁਸ਼ਮਨ ਅੰਦਰੋਂ ਰਿਹਾ ਭਜਾਈਆ । ਮੇਲਾ ਮਿਲਾ ਕੇ ਧੁਰ ਨਿਰੰਕਾਰ, ਨਿਰਗੁਣ ਸਰਗੁਣ ਵਿਚ ਸਮਾਈਆ । ਬਿਨ ਤੇਲ ਬਾਤੀ ਧੁਰ ਦਾ ਦੀਆ ਕਰ ਉਜਿਆਰ, ਕਮਲਾਪਾਤੀ ਮਿਲ ਕੇ ਵੱਜੇ ਵਧਾਈਆ । ਸੋ ਸੰਤ ਸੁਹੇਲਾ ਗੁਰਮੁਖ ਸੱਜਣ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵਿਚੋਂ ਲੈਣਾ ਭਾਲ, ਗ੍ਰਿਹਿ ਗ੍ਰਿਹਿ ਅੰਦਰ ਪੜਦਾ ਓਹਲਾ ਚੁੱਕ ਕੇ ਵੇਖਣਾ ਚਾਈਂ ਚਾਈਆ । ਭੇਵ ਰਹਿਣ ਦੇਣਾ ਨਾ ਕੋਈ ਸ਼ਾਹ ਕੰਗਾਲ, ਸ਼ਹਿਨਸ਼ਾਹ ਸੁਲਤਾਨ ਮਾਲਕ ਖ਼ਾਲਕ ਪ੍ਰਿਤਪਾਲਕ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਚੌਦਾਂ ਤਬਕ ਦਿਸਣ ਬੇਹਾਲ, ਚੌਦਾਂ ਲੋਕ ਰਹੇ ਕੁਰਲਾਈਆ । ਸਾਚੀ ਘਾਲੇ ਨਾ ਕੋਇ ਘਾਲ, ਘਾਇਲ ਦਿਸੇ ਸ੍ਰਿਸ਼ਟੀ ਸਿਰ ਸਿਰ ਚੋਟਾਂ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਲੱਭਣੇ ਗੁਰਸਿਖ ਸੱਜਣ, ਸਾਜਣ ਧੁਰ ਦਾ ਆਪ ਜਣਾਈਆ । ਜੋ ਧੂੜੀ ਕਰਦੇ ਮਜਨ, ਦੁਰਮਤ ਮੈਲ ਧਵਾਈਆ । ਜਿਨ੍ਹਾਂ ਦੇ ਅੰਦਰ ਨੂਰੀ ਦੀਪਕ ਜਗਣ, ਜੋਤੀ ਜੋਤ ਹੋਵੇ ਰੁਸ਼ਨਾਈਆ । ਸਚ ਪ੍ਰੀਤੀ ਪੁਰਖ ਅਕਾਲ ਦੀਨ ਦਿਆਲ ਕੋਲੋਂ ਮੰਗਣ, ਚਰਨ ਕਵਲ ਮਿਲੇ ਸਰਨਾਈਆ । ਕਾਇਆ ਮਾਟੀ ਚੋਲਾ ਤਨ ਵਜੂਦ ਖ਼ਾਕੀ ਰੰਗਣ, ਰੰਗਤ ਇਕੋ ਦੇਣੀ ਵਖਾਈਆ । ਹੁਕਮ ਦੇਵੇ ਸੂਰਾ ਸਰਬੰਗਨ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਜਾ ਕੇ ਇਕੋ ਦੱਸੋ ਬੰਦਨ, ਬੰਦਗੀ ਵਿਚ ਮੁਛੰਦਗੀ ਰਹਿਣ ਕੋਇ ਨਾ ਪਾਈਆ । ਧੁਰ ਦੀ ਚਰਨ ਧੂੜੀ ਟਿੱਕਾ ਲਾਵੇ ਚੰਦਨ, ਜੋਤ ਲਲਾਟੀ ਕਰ ਰੁਸ਼ਨਾਈਆ । ਕੂੜੀ ਕਿਰਿਆ ਕਲਜੁਗ ਕਰਨੀ ਖੰਡਨ, ਖੰਡਾਂ ਪੁਰੀਆਂ ਵਿਚ ਇਕੋ ਹੁਕਮ ਵਰਤਾਈਆ । ਕਿਰਪਾ ਕਰੇ ਦਰਦ ਦੁੱਖ ਭੈ ਭੰਜਨ, ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਇਕੋ ਘਰ ਵਸਾਈਆ । ਸਾਚੇ ਸੰਤਾਂ ਨੇਤਰ ਨਾਮ ਪਾਉਣਾ ਅੰਜਨ, ਵਸਤ ਅਮੋਲਕ ਇਕ ਵਖਾਈਆ । ਕਰੇ ਪਰਕਾਸ਼ ਜੋਤ ਨਿਰੰਜਣ, ਆਦਿ ਨਿਰੰਜਣ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਮਾਲਕ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਗੁਰਮੁਖ ਲੈਣੇ ਜੋੜ, ਜੋੜੀ ਧੁਰ ਦੀ ਆਪ ਬਣਾਈਆ । ਸਚ ਪ੍ਰੀਤੀ ਨਿਭਾਉਣੀ ਤੋੜ, ਅੱਧਵਿਚਕਾਰ ਨਾ ਕੋਇ ਅਟਕਾਈਆ । ਕੂੜ ਵਿਕਾਰੇ ਵਿਚੋਂ ਸ੍ਰਿਸ਼ਟੀ ਦੇਣੀ ਮੋੜ, ਮਨ ਵਾਸਨਾ ਨਾ ਕੋਇ ਹਲਕਾਈਆ । ਕਰਨਾ ਪਰਕਾਸ਼ ਅੰਧ ਘੋਰ, ਜਲਵਾ ਨੂਰ ਕਰ ਰੁਸ਼ਨਾਈਆ । ਜ਼ੋਰ ਰਹੇ ਨਾ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਮਾਇਆ ਮਮਤਾ ਤ੍ਰਿਸ਼ਨ ਅਗਨ ਨਾ ਕੋਇ ਲਗਾਈਆ । ਮਾਨੁਸ਼ ਰਹੇ ਨਾ ਕੋਈ ਢੋਰ, ਰਵਦਾਸ ਚਮਾਰਾ ਦਏ ਗਵਾਹੀਆ । ਮੇਰਾ ਨਾਮ ਸਾਚੀ ਵਸਤ ਲੈ ਜਾਇਓ ਕੋਲ, ਕੁਲ ਮਾਲਕ ਰਿਹਾ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਡੰਕਾ ਵਜਾਉਣਾ ਅਗੰਮੀ ਢੋਲ, ਦੋ ਜਹਾਨਾਂ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧਰਨੀ ਧਰਤ ਧਵਲ ਭਾਰ ਕਰਨਾ ਹੌਲ, ਹੌਲੀ ਹੌਲੀ ਧੁਰ ਦਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਵੇਖਣੇ

ਸਾਚੇ ਸੰਤ, ਸਤਿ ਸਤਿਵਾਦੀ ਭੇਵ ਚੁਕਾਇੰਦਾ । ਜਿਨ੍ਹਾਂ ਦਾ ਪਰਮ ਪੁਰਖ ਪਰਮਾਤਮ ਇਕੋ ਕੰਤ, ਕੰਤੂਹਲ ਸਾਚੀ ਸੇਜ ਸੁਹਾਇੰਦਾ । ਸਾਚੀ ਚੋਲੀ ਚਾੜ੍ਹੇ ਰੰਗ ਬਸੰਤ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਆਪਣੀ ਬਾਣੀ ਧਾਰ ਜਣਾਇੰਦਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਭੇਵ ਖੁਲ੍ਹਾਇੰਦਾ । ਝਗੜਾ ਮੁਕਾ ਕੇ ਬਹਿਸ਼ਤ ਜੱਨਤ, ਸਚਖੰਡ ਦਵਾਰਾ ਇਕ ਵਖਾਇੰਦਾ । ਜਿਥੇ ਖੇਲ ਕਰੇ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਦੂਜੇ ਕਰਨੀ ਪਏ ਨਾ ਕਿਸੇ ਮਿੰਨਤ, ਸਿਰ ਸਮਰਥ ਹੱਥ ਆਪ ਟਿਕਾਇੰਦਾ । ਗੁਰ ਅਵਤਾਰ ਪੈਗ਼ੰਬਰੋ ਸਦੀ ਚੌਧਵੀਂ ਅੰਤ ਅਖ਼ੀਰ ਪ੍ਰੇਮ ਪਿਆਰ ਮੁਹੱਬਤ ਵਿਚ ਸਾਰੇ ਕਰ ਲਓ ਹਿੰਮਤ, ਹੌਸਲਾ ਆਪਣਾ ਨਾਮ ਬੰਨ੍ਹਾਇੰਦਾ । ਸ਼ਰਅ ਸ਼ਰੀਅਤ ਵਿਚ ਕਰੇ ਕੋਈ ਨਾ ਇੱਲਤ, ਆਲਮ ਫ਼ਾਜ਼ਲ ਭਰਮੇ ਭਰਮ ਨਾ ਕੋਇ ਭੁਲਾਇੰਦਾ । ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਸਚਖੰਡ ਦਵਾਰੇ ਸਾਰੇ ਕਰਨ ਪੁਰਖ ਅਕਾਲ ਦੀਨ ਦਿਆਲ ਅੱਗੇ ਮਿੰਨਤ, ਨਿਉਂ ਨਿਉਂ ਦਰ ਠਾਂਡੇ ਸੀਸ ਝੁਕਾਈਆ । ਕਲਜੁਗ ਕੂੜ ਖ਼ੁਆਰੀ ਮੇਟਣੀ ਜ਼ਿੱਲਤ, ਜਾਹਰ ਜਹੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਗਤ ਉਧਾਰਨਾ ਤੇਰੀ ਸਿਫ਼ਤ, ਮਹਿੰਮਾ ਅਗਣਤ ਸਕੇ ਨਾ ਕੋਇ ਗਾਈਆ ।



★ ੨੯ ਮਾਘ ਸ਼ਹਿਨਸ਼ਾਹੀ ਸੰਮਤ ੨ ਬੀਬੀ ਨਿਹਾਲ ਕੌਰ ਦੇ ਗ੍ਰਹਿ ਕਮਾਲ ਪੁਰ ਜ਼ਿਲਾ ਲੁਧਿਆਣਾ ★

ਹਰਿ ਕਿਰਪਾ ਹੋਏ ਸੱਚਾ ਸਨਬੰਧ, ਗੁਰ ਸ਼ਬਦ ਦਏ ਵਡਿਆਈਆ । ਮਿਹਰਵਾਨ ਮਹਿਬੂਬ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਸੰਸਾ ਕਾਇਆ ਮੰਦਰ ਅੰਦਰ ਦਏ ਗਵਾਈਆ । ਨਾਮ ਡੋਰੀ ਟੁੱਟੀ ਪ੍ਰੀਤ ਗੰਢ, ਆਤਮ ਪਰਮਾਤਮ ਸੋਭਾ ਪਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਹੋਏ ਸਹਾਈਆ । ਮੇਟ ਕੇ ਤ੍ਰਿਸ਼ਨਾ ਤਮ, ਕਾਮ ਕਰੋਧ ਦਏ ਚੁਕਾਈਆ । ਝਗੜਾ ਰਹੇ ਨਾ ਖ਼ੁਸ਼ੀ ਗ਼ਮ, ਚਿੰਤਾ ਰੋਗ ਨਾ ਕੋਇ ਸਤਾਈਆ । ਜਿਨ੍ਹਾਂ ਦੇ ਅੰਦਰ ਵੜ ਕੇ ਮੰਦਰ ਚੜ੍ਹ ਕੇ ਕਰੇਂ ਆਪਣਾ ਕੰਮ, ਦਾਮਨ ਹੋ ਕੇ ਜ਼ਾਮਨ ਹੋ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਆਤਮ ਪਰਮਾਤਮ ਨਾਤਾ ਨਿਰਗੁਣ ਸਰਗੁਣ ਸਾਚੀ ਧਾਰ ਬੰਧਾਈਆ । ਪੁਰਖ ਅਕਾਲਾ ਦੇਵੇ ਸ਼ਕਤ, ਸ਼ਖ਼ਸੀਅਤ ਅੰਦਰੋਂ ਦਏ ਬਦਲਾਈਆ । ਜੁਗ ਚੌਕੜੀ ਵੇਖਣਹਾਰਾ ਵੇਲਾ ਵਕਤ, ਨਿਤ ਨਵਿਤ ਖੇਲ ਖਿਲਾਈਆ । ਦਇਆ ਕਮਾਵੇ ਸਾਚੇ ਭਗਤ, ਭਗਵਨ ਆਪਣਾ ਰੰਗ ਚੜ੍ਹਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਦ੍ਰਿਸ਼ਟੀ ਅੰਦਰੋਂ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੇਲਾ ਲਏ ਮਿਲਾਈਆ । ਸੋ ਪੁਰਖ ਨਿਰੰਜਣ ਕਰਨਹਾਰਾ ਮਿਲਾਪ, ਆਤਮ ਪਰਮਾਤਮ ਵੇਖ ਵਖਾਈਆ । ਮਿਹਰਵਾਨ ਹੋ ਕੇ ਦੇਵੇ ਆਪਣਾ ਜਾਪ, ਜਗਜੀਵਣ ਦਾਤਾ ਪੜਦਾ ਓਹਲਾ ਦਏ ਉਠਾਈਆ । ਤ੍ਰੈਗੁਣ ਮਾਇਆ ਮੇਟੇ ਤਾਪ, ਤ੍ਰਿਸ਼ਨਾ ਤ੍ਰਿਪਤ ਦਏ ਕਰਾਈਆ । ਰੂਹ ਬੁਤ ਆਪੇ ਕਰੇ ਪਾਕ, ਪਤਤ ਪੁਨੀਤ ਬਣਾਈਆ । ਅੰਦਰ ਬਾਹਰ ਗੁਪਤ ਜਾਹਰ ਹੋਵੇ ਸਾਥ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਆਤਮ ਪਰਮਾਤਮ ਕਰੇ ਮੇਲਾ, ਮਿਲਣੀ ਜਗਦੀਸ਼ ਆਪਣੇ ਹੱਥ ਰਖਾਈਆ । ਇਕੋ ਰੰਗ ਰੰਗਾਏ ਗੁਰੂ ਗੁਰ ਚੇਲਾ, ਗੋਬਿੰਦ ਆਪਣੀ ਦਇਆ ਕਮਾਈਆ । ਸਾਹਿਬ ਸਵਾਮੀ ਸਦਾ ਸੁਹੇਲਾ ਸੱਜਣ ਇਕੋ ਇਕ ਅਖਵਾਈਆ । ਜੁਗ ਚੌਕੜੀ ਖੇਲੇ ਖੇਲ ਅਵੇਲਾ, ਅਵੱਲੜੀ ਚਾਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਆਤਮ ਪਰਮਾਤਮ ਮੇਲਣ ਦਾ ਢੰਗ, ਹਰਿ ਕਰਤਾ ਆਪ ਦ੍ਰਿੜਾਈਆ । ਅੰਦਰ ਪ੍ਰੇਮ ਪ੍ਰੀਤੀ ਚਾੜ੍ਹ ਕੇ ਰੰਗ, ਤ੍ਰਿਸ਼ਨਾ ਸਚ ਵਲ ਵਧਾਈਆ । ਸੋ ਆਤਮ ਨਿਰਗੁਣ ਨਿਰਵੈਰ ਕੋਲੋਂ ਮੰਗੇ ਮੰਗ, ਆਪਣੀ ਝੋਲੀ ਆਪ ਫਲਾਈਆ । ਦੇਵਣਹਾਰ ਸੂਰਾ ਸਰਬੰਗ, ਸਹਿਜੇ ਸਹਿਜ ਦਏ ਵਰਤਾਈਆ । ਕੂੜ ਵਾਸਨਾ ਰਹੇ ਨਾ ਕੋਇ ਗੰਦ, ਪਰਮਾਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਅਛਲ ਅਛੇਦਾ ਘਰ ਸਾਚੇ ਆਪ ਖੁਲ੍ਹਾਈਆ । ਆਤਮ ਦੇਵੇ ਆਪ ਪਿਆਰ, ਮੁਹੱਬਤ ਇਕ ਜਣਾਈਆ । ਚੋਟ ਅਗੰਮੀ ਮਾਰੇ ਨਿਰੰਕਾਰ, ਨਿਰਗੁਣ ਨਿਰਵੈਰ ਆਪ ਉਠਾਈਆ । ਜੁਗ ਚੌਕੜੀ ਖੇਲ ਕਰਨੇਹਾਰ, ਕਰਤਾ ਪੁਰਖ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ, ਦੱਸ ਕੇ ਆਪਣੀ ਧਾਰ, ਧਰਮ ਦਵਾਰਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਲਏ ਜੁੜਾਈਆ । ਪੁਰਖ ਅਕਾਲ ਕਹੇ ਸੋ ਆਤਮ ਜੁੜਦਾ, ਜਿਸ ਜੋੜੀ ਧੁਰ ਬਣਾਈਆ । ਇਹ ਖੇਲ ਅਗੰਮੀ ਸ਼ਬਦ ਸਤਿਗੁਰ ਦਾ, ਜਿਸ ਦੇ ਹੱਥ ਦਿਤੀ ਵਡਿਆਈਆ । ਉਹ ਲਹਿਣਾ ਦੇਣਾ ਮੁਕਾਵੇ ਅੰਧ ਘੋਰ ਦਾ, ਘੋਰ ਅੰਧੇਰ ਕਰੇ ਰੁਸ਼ਨਾਈਆ । ਲੇਖਾ ਮੁਕਾਵੇ ਮਨ ਠਗ ਚੋਰ ਦਾ, ਚੌਰਸਤਿਆਂ ਵਿਚੋਂ ਬਾਹਰ ਕਢਾਈਆ । ਹੁਕਮ ਦ੍ਰਿੜਾਏ ਆਪਣੇ ਜ਼ੋਰ ਦਾ, ਧੁਰ ਫ਼ਰਮਾਨਾ ਇਕ ਸੁਣਾਈਆ । ਹਿਰਦੇ ਅੰਦਰ ਆਪੇ ਬਹੁੜ ਦਾ, ਬਹੁੜੀ ਕਰਦੇ ਲਏ ਛੁਡਾਈਆ । ਜਿਨ੍ਹਾਂ ਨੂੰ ਆਪਣੇ ਭਾਣੇ ਅੰਦਰ ਤੋਰਦਾ, ਤੁਰੀਆਂ ਤੋਂ ਪਰ੍ਹੇ ਲਏ ਮਿਲਾਈਆ । ਇਹ ਲੇਖਾ ਧੁਰ ਸੰਜੋਗ ਦਾ, ਜੁਗ ਚੌਕੜੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਿਧੀ ਆਪ ਸਮਝਾਈਆ । ਸਾਚੀ ਬਿਧੀ ਸਤਿਗੁਰ ਫ਼ਰਮਾਨ, ਫੁਰਨੇ ਅੰਦਰੋਂ ਬੰਦ ਕਰਾਈਆ । ਚਰਨ ਪ੍ਰੀਤੀ ਇਕ ਧਿਆਨ, ਬੇਨਜ਼ੀਰ ਨਜ਼ਰ ਦਏ ਉਲਟਾਈਆ । ਆਤਮ ਮਿਲਾਵਾ ਹੋਵੇ ਸਾਚੇ ਕਾਹਨ, ਨਾਮ ਬੰਸਰੀ ਇਕ ਸੁਣਾਈਆ । ਸੁਰਤੀ ਮੇਲਾ ਧੁਰ ਦੇ ਰਾਮ, ਕਾਇਆ ਬਨ ਵਿਚੋਂ ਆਪ ਕਰਾਈਆ । ਪੈਗ਼ੰਬਰਾਂ ਵਾਲਾ ਅਗੰਮ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਆਪ ਸੁਣਾਈਆ । ਨਿਰਗੁਣ ਸਰਗੁਣ ਸਤਿਨਾਮ, ਵਾਹਵਾ ਗੁਰੂ ਆਪ ਪਰਗਟਾਈਆ । ਸਤਿਜੁਗ ਬਦਲ ਦੇਵੇ ਵਿਧਾਨ, ਧੁਰ ਦੀ ਕਰਨੀ ਕਾਰ ਕਮਾਈਆ । ਮਨ ਤੋਂ ਪਰੇ ਇਕ ਨਿਸ਼ਾਨ, ਸਹਿਜੇ ਦਏ ਪਰਗਟਾਈਆ । ਬਿਨ ਅੱਖਰਾਂ ਦੇ ਗਿਆਨ, ਅੱਖੀਆਂ ਦੀ ਅੱਖ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਨਾਤਾ ਵਿਚ ਜਹਾਨ, ਜੀਵਣ ਵਿਚੋਂ ਜੀਵਣ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਮਿਲਣ ਦਾ ਮਿਲਾਪ ਆਦਿ ਜੁਗਾਦੀ ਆਪ, ਸ਼ਬਦ ਦਾ ਪਰਤਾਪ, ਅਗੰਮ ਦਾ ਵਾਕ, ਵਾਕਫ਼ਕਾਰ ਕਰਨੀ ਦਾ ਕਰਤਾ, ਕੁਦਰਤ ਦਾ ਮਾਲਕ, ਖ਼ਲਕ ਦਾ ਖ਼ਾਲਕ, ਦ੍ਰਿਸ਼ਟ ਦਾ ਇਸ਼ਟ, ਸ੍ਰਿਸ਼ਟ ਦਾ ਰਾਹ, ਆਤਮ ਦਾ ਮਲਾਹ ਬੇਪਰਵਾਹ ਆਪਣੇ ਨਾਲ ਜੁੜਾਈਆ ।

੪੮੩
੨੦

★ ੨੭ ਮਾਘ ਸ਼ਹਿਨਸ਼ਾਹੀ ਸੰਮਤ ੨ ਹਰਚਰਨ ਕੌਰ ਦੇ ਗ੍ਰਹਿ ਪਿੰਡ ਰੌਲੀ ★

ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਸ੍ਰਿਸ਼ਟ ਸਬਾਈ ਵੇਖੇ ਆਪ, ਅੰਤਰ ਅੰਤਰ ਧਿਆਨ ਲਗਾਈਆ । ਕਵਣ ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਦੇਵੇ ਧੁਰ ਦਾ ਸਾਥ, ਸਗਲਾ ਸੰਗ ਬਣਾਈਆ । ਕਵਣ ਆਤਮ ਪਰਮਾਤਮ ਜਪੇ ਜਾਪ, ਕੂੜੀ ਕਿਰਿਆ ਡੇਰਾ ਢਾਹੀਆ । ਕਵਣ ਰੂਹ ਬੁਤ ਕਰੇ ਸਾਫ਼, ਪਤਤ ਪੁਨੀਤ ਰੂਪ ਵਟਾਈਆ । ਕਵਣ ਬੰਦ ਕਿਵਾੜੀ ਖੋਲ੍ਹ ਕੇ ਤਾਕ, ਨਿਜ ਨੇਤਰ ਅੱਖ ਉਠਾਈਆ । ਕਵਣ ਕੂੜੀ ਕਿਰਿਆ ਜੂਠ ਝੂਠ ਨਾਤਾ ਜੋੜ ਸੱਜਣ ਸਾਕ, ਮਾਇਆ ਮਮਤਾ ਵਿਚ ਹਲਕਾਈਆ । ਕਵਣ ਮਨ ਵਾਸਨਾ ਹੋਇਆ ਗੁਸਤਾਖ਼, ਭੈ ਭੌ ਨਾ ਕੋਇ ਰਖਾਈਆ । ਕਵਣ ਜਗਤ ਵਿਕਾਰੇ ਵਿਕਿਆ ਹਾਟ, ਜੂਠ ਝੂਠ ਝੋਲੀ ਪਾਈਆ । ਜਾ ਕੇ ਵੇਖੇ ਪ੍ਰਿਥਮੀ ਆਕਾਸ਼, ਬ੍ਰਹਿਮੰਡ ਖੰਡ ਧਿਆਨ ਲਗਾਈਆ । ਕਵਣ ਧੁਰ ਦਾ ਸ਼ਬਦ ਰਿਹਾ ਵਾਚ, ਹਰਿ ਹਿਰਦੇ ਵਿਚ ਟਿਕਾਈਆ । ਕਵਣ ਸੇਵਕ ਬਣ ਕੇ ਧੁਰ ਦਾ ਦਾਸ, ਧਰਮ ਦਵਾਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰ ਏਕੰਕਾਰ ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸ੍ਰਿਸ਼ਟ ਸਬਾਈ ਵੇਖੇ ਹਾਲਤ, ਭੇਵ ਅਭੇਦਾ ਦਿਆਂ ਜਣਾਈਆ । ਸਚ ਕਰੇ ਨਾ ਕੋਇ ਇਬਾਦਤ, ਬੰਦਗੀ ਵਿਚ ਬੰਦਾ ਨਾ ਕੋਇ ਸਮਾਈਆ । ਮਮਤਾ ਮੋਹ ਲੱਗੀ ਅਲਾਮਤ, ਆਲਮ ਉਲਮਾ ਸਚ ਅਮਲ ਨਾ ਕੋਇ ਕਮਾਈਆ । ਧੁਰ ਦਾ ਨਾਮ ਮਿਲੇ ਨਾ ਕਿਸੇ ਨਿਆਮਤ, ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤ ਨਾ ਕੋਇ ਪਿਆਈਆ । ਕੂੜੀ ਕਿਰਿਆ ਕਰੇ ਬਗ਼ਾਵਤ, ਬਗ਼ਲਗੀਰ ਕੂੜ ਲੋਕਾਈਆ । ੪੮੪
ਸਤਿ ਧਰਮ ਪਈ ਅਦਾਵਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਸਦੀ ਚੌਧਵੀਂ ਸਭ ਦੇ ਸਿਰ ਤੇ ਕੂਕੇ ਕਿਆਮਤ, ਕਾਲ ਨਗਾਰਾ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਦੀਨ ਦੁਨੀ ਦਾ ਵੇਖੇ ਜਾ ਕੇ ਧਰਮ, ਸਿਦਕ ਈਮਾਨ ਨਜ਼ਰ ਕੋਇ ਨਾ ਆਈਆ । ਮਨ ਵਾਸਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਇਆ ਭਰਮ, ਸ਼ਰਅ ਦਵੈਤ ਪੰਧ ਨਾ ਕੋਇ ਮੁਕਾਈਆ । ਜਨਮ ਕਰਮ ਦਾ ਪੂਰਬ ਲੇਖਾ ਚੁੱਕੇ ਨਾ ਕਿਸੇ ਵਰਨ, ਬਰਨ ਅਠਾਰਾਂ ਰਹੇ ਕੁਰਲਾਈਆ । ਦਰਗਾਹ ਸਾਚੀ ਹਕ ਮੁਕਾਮ ਮਿਲੇ ਕੋਈ ਨਾ ਸਰਨ, ਸਰਨਗਤ ਮਾਤਲੋਕ ਨਾ ਕੋਇ ਜਣਾਈਆ । ਸਚ ਦਵਾਰਾ ਦਿਸੇ ਨਾ ਕੋਇ ਸੱਚਾ ਚਰਨ, ਚਰਨੋਦਕ ਰਸ ਮੁਖ ਨਾ ਕੋਇ ਚੁਆਈਆ । ਨੇਤਰ ਖੁਲ੍ਹਿਆ ਨਹੀਂ ਕਿਸੇ ਹਰਨ ਫਰਨ, ਕਲਜੁਗ ਜੀਵ ਜੰਤ ਸਾਧ ਸੰਤ ਰਹੇ ਕੁਰਲਾਈਆ । ਰਸਨਾ ਜਿਹਵਾ ਬੱਤੀ ਦੰਦ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਅੱਖਰਾਂ ਵਾਲੇ ਢੋਲੇ ਪੜ੍ਹਨ, ਨਿਰਅੱਖਰ ਵਸਤ ਅਮੋਲਕ ਝੋਲੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਦੀਨ ਦੁਨੀ ਦਾ ਵੇਖੇ ਭੋਗ, ਕਾਮਨਾ ਵਿਚ ਲੋਕਾਈਆ । ਸਾਚਾ ਦਿਸੇ ਨਾ ਕੋਇ ਸੰਜੋਗ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਬ੍ਰਹਮ ਧਾਰ ਪਾਰਬ੍ਰਹਮ ਨਾਲੋਂ ਹੋਇਆ ਵਿਯੋਗ, ਵਿਛੜਿਆਂ ਅੱਗੇ ਨਾ ਕੋਇ ਮਿਲਾਈਆ । ਸਾਚਾ ਗਾਏ ਨਾ ਕੋਇ ਸਲੋਕ, ਸੋਹਲਾ ਹਰਿ ਨਾ ਕੋਇ ਸਮਝਾਈਆ । ਝਗੜਾ ਪਿਆ ਚੌਦਾਂ ਲੋਕ, ਚੌਦਾਂ ਤਬਕ ਰਿਹਾ ਕੁਰਲਾਈਆ । ਚੌਦਾਂ ਵਿਦਿਆ ਕਰੇ ਕੋਇ ਨਾ ਖੋਜ, ਅਨੁਭਵ ਪੜਦਾ ਨਾ ਕੋਇ ਉਠਾਈਆ ।

ਸਚ ਦਵਾਰੇ ਮਾਣੇ ਕੋਇ ਨਾ ਮੌਜ, ਮਜਲਸ ਹਕ ਨਾ ਕੋਇ ਵਖਾਈਆ । ਹਉਮੇ ਹੰਗਤਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲੱਗਾ ਰੋਗ, ਦਵੈਤ ਦੂਰ ਨਾ ਕੋਇ ਕਰਾਈਆ । ਨਾਮ ਨਿਧਾਨ ਰਸ ਮਿਲੇ ਕਿਸੇ ਨਾ ਚੋਗ, ਚੁਗਲੀ ਨਿੰਦਿਆ ਅੰਦਰੋਂ ਬਾਹਰ ਨਾ ਕੋਇ ਤਜਾਈਆ । ਸਚ ਪ੍ਰੀਤੀ ਬਖ਼ਸ਼ੇ ਕੋਇ ਨਾ ਜੋਗ, ਜਗਤ ਜੋਗੀਸ਼ਰ ਨਜ਼ਰ ਕੋਇ ਨਾ ਆਈਆ । ਭਾਗ ਲਾਵੇ ਨਾ ਕੋਈ ਬੰਕ ਦਵਾਰੀ ਕੋਟ, ਸਾਢੇ ਤਿੰਨ ਹੱਥ ਨਾ ਕੋਇ ਵਡਿਆਈਆ । ਸ਼ਬਦ ਲੱਗੇ ਨਾ ਕਿਸੇ ਚੋਟ, ਚੋਰੀ ਠੱਗੀ ਸਾਰੇ ਰਹੇ ਕਮਾਈਆ । ਨਜ਼ਰ ਨਾ ਆਏ ਕਿਸੇ ਨਿਰਮਲ ਜੋਤ, ਵਰਨ ਗੋਤ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਫ਼ਰਮਾਨਾ ਹੁਕਮੇ ਅੰਦਰ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਵੇਖੇ ਦੀਨ ਦੁਨੀ ਦਾ ਦਰਦ, ਦੁੱਖਾਂ ਵਿਚ ਰੋਵੇ ਲੋਕਾਈਆ । ਸਚ ਬੇਨੰਤੀ ਸੁਣੇ ਕੋਇ ਨਾ ਅਰਜ਼, ਮਿਹਰ ਨਜ਼ਰ ਨਾ ਕੋਇ ਉਠਾਈਆ । ਕਲਜੁਗ ਰਿਸ਼ੀ ਮੁਨੀ ਮਨ ਵਾਸਨਾ ਰੱਖ ਕੇ ਗ਼ਰਜ਼, ਘਰ ਬਾਰ ਰਹੇ ਤਜਾਈਆ । ਇਹ ਖੇਲ ਪ੍ਰਭ ਦਾ ਅਸਚਰਜ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਆਪਣੀ ਭਵਿਖਤਾਂ ਵਾਲੀ ਵੇਖੇ ਫ਼ਰਦ, ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਿਤੀ ਸਮਝਾਈਆ । ਸਦੀ ਚੌਧਵੀਂ ਸ਼ਰਅ ਕਸਾਈ ਹੋਵੇ ਕਰਦ, ਤਿੱਖੀ ਧਾਰ ਹਰਿ ਦ੍ਰਿੜਾਈਆ । ਕੋਈ ਨਾ ਮੇਟੇ ਦੀਨ ਦੁਨੀ ਗਰਦ, ਅੰਧ ਅੰਧੇਰ ਨਾ ਕੋਇ ਚੁਕਾਈਆ । ਜੋਧੇ ਸੂਰਬੀਰ ਮਰਦਾਨੇ ਬਣੇ ਮਰਦ, ਲੋਕਮਾਤ ਮਾਰੇ ਝਾਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਦੀਨ ਦੁਨੀ ਦਾ ਵੇਖੇ ਝਗੜਾ, ਮਾਨਵ ਮਾਨਵ ਕਰੇ ਲੜਾਈਆ । ਮੂਰਖ ਮੁਗਧ ਹੋਇਆ ਜਗਿਆਸੂ ਸਗਲਾ, ਜਾਗਰਤ ਜੋਤ ਨਾ ਕੋਇ ਜਗਾਈਆ । ਲੇਖਾ ਜਾਣੇ ਨਾ ਕੋਇ ਅਗਲਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਚ ਵਸਤ ਨਾਮ ਅਮੋਲਕ ਕਿਸੇ ਹੱਥ ਨਾ ਆਵੇ ਜੰਗਲਾ, ਜੂਹ ਉਜਾੜ ਪਹਾੜ ਟਿੱਲੇ ਪਰਬਤ ਸਾਰੇ ਰੋਵਣ ਮਾਰਨ ਧਾਈਂਆ । ਕਿਸੇ ਕਾਇਆ ਗੜ੍ਹ ਹੋਵੇ ਨਾ ਚਾਰ ਮੰਗਲਾ, ਗੀਤ ਗੋਬਿੰਦ ਨਾ ਕੋਇ ਸ਼ਨਵਾਈਆ । ਸਚ ਡੰਡਾਵਤ ਸਮਝੇ ਕੋਇ ਨਾ ਬੰਦਨਾ, ਸਜਦੇ ਵਿਚ ਸੀਸ ਜਗਦੀਸ ਨਾ ਕੋਇ ਨਿਵਾਈਆ । ਕਾਇਨਾਤ ਸ੍ਰਿਸ਼ਟ ਸਬਾਈ ਅੰਤਰ ਮਿਲੇ ਕਿਸੇ ਨਾ ਪਰਮਾਨੰਦਨਾ, ਨਿਜਾਨੰਦ ਦਾ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰਦਰਗਾਹੀ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਵੇਖੇ ਦੀਨ ਮਜ਼ਬ ਸਾਰੇ ਰਹੇ ਰੋ, ਨੇਤਰ ਨੈਣਾਂ ਨੀਰ ਵਹਾਈਆ । ਸਚ ਪਰਕਾਸ਼ ਦਿਸੇ ਕਿਸੇ ਨਾ ਲੋ, ਅੰਧ ਅੰਧੇਰ ਨਾ ਕੋਇ ਗਵਾਈਆ । ਅਗਲਾ ਲੇਖਾ ਸਮਝੇ ਨਾ ਕੋ, ਕੂਕ ਕੂਕ ਰਹੇ ਕੁਰਲਾਈਆ । ਦੁਰਮਤ ਮੈਲ ਸਕੇ ਕੋਇ ਨਾ ਧੋ, ਪਤਤ ਪੁਨੀਤ ਨਾ ਕੋਇ ਬਣਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਸਕੇ ਕੋਇ ਨਾ ਚੋ, ਚੋਰ ਯਾਰ ਠੱਗ ਵਿਕਾਰ ਘਰ ਘਰ ਡੇਰਾ ਲਾਈਆ । ਸ੍ਰਿਸ਼ਟੀ ਨਾਲੋਂ ਕਰੇ ਨਾ ਕੋਇ ਨਿਰਮੋਹ, ਮੁਹੱਬਤ ਪ੍ਰਭ ਦੇ ਨਾਲ ਜੁੜਾਈਆ । ਆਤਮ ਪਰਮਾਤਮ ਸਕੇ ਕੋਇ ਨਾ ਛੋਹ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਏਕਾ ਰਾਣਾ ਏਕੰਕਾਰ ਇਕੋ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਵੇਖੇ ਕਾਇਆ ਮੰਦਰ, ਮਾਨਵ ਜਾਤੀ ਖੋਜ ਖੁਜਾਈਆ । ਪੜਦਾ ਚੁੱਕੇ ਅੰਧੇਰੀ ਕੰਦਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਬਜਰ ਕਪਾਟੀ ਤੋੜੇ ਜੰਦਰ, ਤਾਲਾ ਰਹਿਣ ਕੋਇ ਨਾ ਪਾਈਆ ।

ਮਨੂਆ ਦਹਿ ਦਿਸ਼ਾ ਭੱਜੇ ਨਾ ਬੰਦਰ, ਬੰਦਗੀ ਇਕੋ ਦੇਣੀ ਸਮਝਾਈਆ । ਆਤਮ ਰਸ ਦੇਵੇ ਪਰਮਾਨੰਦਨ, ਪਰਮ ਪੁਰਖ ਸਮਝਾਈਆ । ਧੁਰ ਦੀ ਪ੍ਰੀਤ ਟੁੱਟੀ ਸਾਰੇ ਗੰਢਣ, ਨਾਮ ਗੰਢ ਦੇਣੀ ਪਵਾਈਆ । ਦੇਵੇ ਹੁਕਮ ਸੂਰਾ ਸਰਬੰਗਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪ ਜਣਾਈਆ । ਸਚ ਹੁਕਮ ਦੀ ਹੁਕਮ ਅੰਦਰ ਗੁਰ ਅਵਤਾਰ ਪੈਗ਼ੰਬਰ ਕਰੇ ਨਾ ਕੋਇ ਉਲੰਘਣ, ਭਾਣੇ ਅੰਦਰ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਹਿਬ ਸੁਲਤਾਨ ਸੂਰਾ ਸਰਬੰਗਨ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ, ਜਲਵਾਗਰ ਨੂਰ ਖ਼ੁਦਾਈਆ ।

★ ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★

ਗੁਰ ਅਵਤਾਰ ਪੈਗ਼ੰਬਰ ਕਰਨ ਨਿਮਸਕਾਰ, ਡੰਡਾਵਤ ਬੰਦਨਾ ਸਜਦਾ ਸੀਸ ਝੁਕਾਈਆ । ਸਚਖੰਡ ਨਿਵਾਸੀ ਆਦਿ ਜੁਗਾਦੀ ਏਕੰਕਾਰ, ਸੋ ਪੁਰਖ ਨਿਰੰਜਣ ਤੇਰੀ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਤੇਰਾ ਵੇਖ ਠਾਂਡਾ ਦਰਬਾਰ, ਏਕੰਕਾਰ ਵੱਜੇ ਵਧਾਈਆ । ਆਦਿ ਨਿਰੰਜਣ ਤੇਰਾ ਅਗੰਮ ਅਥਾਹ ਜੋਤ ਨੂਰ ਉਜਿਆਰ, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਸ੍ਰੀ ਭਗਵਾਨ ਤੇਰਾ ਹੁਕਮ ਸਦਾ ਸਿਕਦਾਰ, ਪਾਰਬ੍ਰਹਮ ਤੇਰਾ ਭੇਵ ਕੋਇ ਨਾ ਆਈਆ । ਸ਼ਬਦੀ ਸੁਤ ਤੇਰਾ ਦੁਲਾਰ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਅਸੀਂ ਚਾਰ ਜੁਗ ਦੇ ਪਨਹਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਤੇਰਾ ਨਾਮ ਸੰਦੇਸ਼ਾ ਦੇਂਦੇ ਰਹੇ ਵਾਰੋ ਵਾਰ, ਜੁਗ ਚੌਕੜੀ ਵੇਸ ਵਟਾਈਆ । ਨਾਮ ਅਗੰਮੀ ਬੋਲਦੇ ਰਹੇ ਜੈਕਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੇਵ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰਾ ਇਜ਼ਹਾਰ, ਸਿਫ਼ਤਾਂ ਵਿਚ ਸੋਹਲੇ ਢੋਲੇ ਰਾਗ ਅਲਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰਦੇ ਰਹੇ ਵਿਚ ਸੰਸਾਰ, ਪ੍ਰਿਥਮ ਪ੍ਰਿਥਮੀ ਉਪਰ ਸੇਵ ਕਮਾਈਆ । ਲੇਖਾ ਵੇਖਦੇ ਰਹੇ ਲੱਖ ਚੁਰਾਸੀ ਜੀਵ ਜੰਤ ਅੰਦਰ ਬਾਹਰ, ਗੁਪਤ ਜਾਹਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਤੇਰੀ ਇਕ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅੰਤ ਅੰਤ ਇਕ ਨਿਮਸਕਾਰ, ਬੇਅੰਤ ਸੀਸ ਜਗਦੀਸ ਝੁਕਾਈਆ । ਅਸੀਂ ਨਿਕਲੀਏ ਤੇਰੀ ਵਿਚੋਂ ਧਾਰ, ਜਨਣ ਵਾਲੀ ਨਜ਼ਰ ਕੋਇ ਨਾ ਆਈਆ । ਪੰਜ ਤਤ ਹੋਵੇ ਨਾ ਕੋਇ ਆਕਾਰ, ਤ੍ਰੈਗੁਣ ਬੰਧਨ ਨਾ ਕੋਇ ਰਖਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖੀਏ ਅਗੰਮ ਅਪਾਰ, ਅਪਰੰਪਰ ਤੇਰੀ ਸੇਵ ਕਮਾਈਆ । ਤੇਰਾ ਹੁਕਮ ਫ਼ਰਮਾਨਾ ਧੁਰ ਦਰਬਾਰ, ਦਰਗਾਹ ਸਾਚੀ ਨਜ਼ਰੀ ਆਈਆ । ਮੁਕਾਮੇ ਹਕ ਹਕ ਇਕਰਾਰ, ਅਕਲ ਕਲਧਾਰੀ ਤੋੜ ਨਿਭਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਸੰਦੇਸ਼ਾ ਭਵਿਖਤਾਂ ਵਿਚ ਦੇ ਕੇ ਆਏ ਪੁਰਖ ਅਕਾਲ, ਸਾਹਿਬ ਸਵਾਮੀ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੇ ਆਦਿ ਜੁਗਾਦੀ ਬਰਦੇ, ਬੰਦਗੀ ਵਿਚ ਸਦਾ


੪੮੬
੨੦

ਸੀਸ ਨਿਵਾਈਆ । ਅਸੀਂ ਸੇਵਕ ਤੇਰੇ ਘਰ ਦੇ, ਸਚਖੰਡ ਸਾਚੇ ਸੋਭਾ ਪਾਈਆ । ਨਾ ਜੰਮਦੇ ਨਾ ਮਰਦੇ, ਜੀਵਣ ਮਰਨ ਰੂਪ ਨਾ ਕੋਇ ਵਟਾਈਆ । ਤੇਰਾ ਨੂਰ ਹੋ ਕੇ ਕਾਇਆ ਤਤ ਸਰੀਰ ਅੰਦਰ ਵੜਦੇ, ਕਾਇਆ ਮਾਟੀ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਿਰਗੁਣ ਨਿਰਵੈਰ ਢੋਲਾ ਪੜ੍ਹਦੇ, ਦੂਜਾ ਗੀਤ ਨਾ ਕੋਇ ਅਲਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਅਗੰਮ ਅਥਾਹ ਬੇਪਰਵਾਹ ਤੇਰੀ ਸੇਜਾ ਚੜ੍ਹਦੇ, ਦੂਜਾ ਕੰਤ ਨਾ ਕੋਇ ਹੰਢਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਮੂਰਤ ਅਕਾਲ ਤੇਰਾ ਦਰਸ਼ਨ ਕਰਦੇ, ਦੂਜੀ ਦੀਦ ਨਜ਼ਰ ਨਾ ਆਈਆ । ਮਾਲਕ ਰਹੇ ਨਿਹਚਲ ਧਾਮ ਅਟਲ ਦੇ, ਦਰਗਾਹ ਸਾਚੀ ਵੱਜੇ ਵਧਾਈਆ । ਤੇਰੇ ਹੁਕਮ ਅੰਦਰ ਸਦਾ ਰਹੇ ਪਲਦੇ, ਬਿਰਧ ਬਾਲ ਜਵਾਨ ਰੂਪ ਨਾ ਕੋਇ ਬਦਲਾਈਆ । ਅੰਤ ਵੇਖੀਏ ਖੇਲ ਕਲਜੁਗ ਕਲ ਦੇ, ਅਕਲ ਕਲਧਾਰੀ ਤੇਰੇ ਅੱਗੇ ਦੁਹਾਈਆ । ਪੜਦਾ ਲਾਹ ਦੇ ਮਹੀਅਲ ਜਲ ਥਲ ਦੇ, ਟਿੱਲੇ ਪਰਬਤ ਚੋਟੀ ਸਮੁੰਦ ਸਾਗਰ ਡੂੰਘੀ ਧਾਰ ਭਵਰ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਗ੍ਰਿਹ ਮੰਦਰ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਬੇਨੰਤੀ ਕਰ ਮਨਜ਼ੂਰ, ਆਰਜ਼ੂ ਤੇਰੇ ਅੱਗੇ ਰਖਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਹਾਜ਼ਰ ਹਜ਼ੂਰ, ਨਬੀ ਰਸੂਲ ਤੇਰੀ ਸ਼ਰਨਾਈਆ । ਗੁਰ ਅਵਤਾਰਾਂ ਕਰ ਕਬੂਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਚਰਨ ਕਵਲ ਦੇ ਦੇ ਆਪਣੀ ਧੂਲ, ਧੂੜੀ ਟਿੱਕੇ ਮਸਤਕ ਖ਼ਾਕ ਰਮਾਈਆ । ਤੇਰਾ ਆਦਿ ਸਮਝਿਆ ਨਾ ਕਿਸੇ ਮੂਲ, ਅੰਤ ਕਹਿਣ ਕੋਇ ਨਾ ਪਾਈਆ । ਤੂੰ ਸਚਖੰਡ ਨਿਵਾਸੀ ਕੰਤ ਕੰਤੂਹਲ, ਹਰਿ ਕਰਤਾ ਧੁਰਦਰਗਾਹੀਆ । ਜੁਗ ਬਦਲਣਾ ਤੇਰਾ ਅਸੂਲ, ਅਸਲੀਅਤ ਆਪਣੇ ਵਿਚੋਂ ਪਰਗਟਾਈਆ । ਤੇਰਾ ਨਾਮ ਸ਼ਬਦ ਹੁਕਮ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਸਦੀ ਚੌਧਵੀਂ ਕੋਇ ਨਾ ਜਾਏ ਭੂਲ, ਅਭੁਲ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਪੁਰਖ ਸਮਰਥ, ਸਾਹਿਬ ਸਵਾਮੀ ਤੇਰੀ ਓਟ ਤਕਾਈਆ । ਨਿਰਗੁਣ ਧਾਰ ਨਿਰਗੁਣ ਧਾਰੋਂ ਕਰ ਵੱਖ, ਲੋਕਮਾਤ ਬੰਧਨ ਪਾਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨਾਂ ਗਾ ਕੇ ਆਈਏ ਜਸ, ਸਿਫ਼ਤਾਂ ਵਿਚ ਤੇਰਾ ਰਾਗ ਅਲਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਖੋਲ੍ਹ ਕੇ ਆਈਏ ਅੱਖ, ਪਰਤੱਖ ਤੇਰਾ ਨੂਰ ਦਰਸਾਈਆ । ਮਨ ਵਾਸਨਾ ਤੇਰੇ ਨਾਮ ਕਰੀਏ ਵਸ, ਵਾਸਤਾ ਤੇਰੇ ਅੱਗੇ ਪਾਈਆ । ਸਤਿ ਧਰਮ ਦਾ ਖੋਲ੍ਹੀਏ ਹੱਟ, ਚਾਰ ਵਰਨਾਂ ਇਕੋ ਵਸਤ ਵਰਤਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਵੈਤੀ ਰਹੇ ਕੋਇ ਨਾ ਵੱਟ, ਹੱਦ ਹਦੂਦ ਵੰਡ ਨਾ ਕੋਇ ਵੰਡਾਈਆ । ਸਤਿਜੁਗ ਸਾਚਾ ਮਾਰਗ ਆਈਏ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਹਕ਼ੀਕਤ ਵਿਚੋਂ ਤੇਰਾ ਲੱਭੇ ਹਕ, ਕੂੜੀ ਕਿਰਿਆ ਡੇਰਾ ਢਾਹੀਆ । ਭਗਤ ਸੁਹੇਲੇ ਗੁਰਮੁਖ ਸੰਤ ਸਾਚਾ ਰਾਹ ਰਹੇ ਤੱਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਮਿਹਰਵਾਨ ਮਹਿਬੂਬ ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਆਓ ਨੇੜੇ, ਸਹਿਜੇ ਦਿਆਂ ਜਣਾਈਆ । ਪਹਿਲੋਂ ਦੀਨ ਮਜ਼੍ਹਬ ਦੇ ਛੱਡੋ ਝੇੜੇ, ਦੁਤੀਆ ਭਾਉ ਨਾ ਕੋਇ ਰਖਾਈਆ । ਨਿਰਗੁਣ ਧਾਰ ਵਸੋ ਮੇਰੇ ਖੇੜੇ, ਸਚਖੰਡ ਸਾਚੇ ਸੋਭਾ ਪਾਈਆ । ਜਿਹੜਾ ਆਦਿ ਜੁਗਾਦਿ ਜੁਗ ਚੌਕੜੀ ਹਕ਼ੀਕਤ ਹਕ ਨਬੇੜੇ, ਕੂੜੀ ਕਿਰਿਆ ਡੇਰੇ ਢਾਹੀਆ । ਸੋ ਸਵਾਮੀ ਅੰਤਰਜਾਮੀ ਲੇਖਾ ਜਾਣੇ ਜਾਹਰ ਗੁਪਤ

੪੮੭
੨੦

ਅੰਧੇਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਆਓ ਅੱਗੇ, ਬਿਨ ਕਦਮਾਂ ਕਦਮ ਉਠਾਈਆ । ਗੁਰ ਅਵਤਾਰ ਪੈਗ਼ੰਬਰ ਨੇਤਰ ਨੀਵੇਂ ਅੱਗੇ ਵਧੇ, ਬਿਨ ਚਰਨਾਂ ਸੀਸ ਝੁਕਾਈਆ । ਨਿਰਗੁਣ ਧਾਰ ਦੀਪਕ ਜਗੇ, ਜੋਤੀ ਜੋਤ ਹੋਵੇ ਰੁਸ਼ਨਾਈਆ । ਕੋਈ ਕਰੇ ਨਾ ਕਿਸੇ ਨਾਲ ਦਗ਼ੇ, ਜਗਤ ਫ਼ਰੇਬ ਨਾ ਵੰਡ ਵੰਡਾਈਆ । ਤੁਸੀਂ ਸਾਰੇ ਮੇਰੇ ਹੁਕਮੇ ਅੰਦਰ ਬੱਧੇ, ਬੰਦਨਾ ਸਭ ਨੂੰ ਦਿਆਂ ਸਮਝਾਈਆ । ਇਕੋ ਦੇ ਕੇ ਪਰਮਾਨੰਦੇ, ਨਿਜਾਨੰਦ ਵਿਚ ਰਖਾਈਆ । ਜੋ ਲੋਕਮਾਤ ਆਤਮ ਪਰਮਾਤਮ ਪ੍ਰੀਤੀ ਟੁੱਟੀ ਜਾ ਕੇ ਗੰਢੇ, ਸ਼ਬਦੀ ਡੋਰੀ ਤੰਦ ਬੰਧਾਈਆ । ਸਾਂਝਾ ਨਾਮ ਜਾ ਕੇ ਵੰਡੇ, ਅੱਖਰਾਂ ਵੱਖਰੀ ਧਾਰ ਨਾ ਕੋਇ ਸਮਝਾਈਆ । ਜਨ ਭਗਤ ਸੁਹੇਲੇ ਚੁੱਕੇ ਆਪਣੇ ਕੰਧੇ, ਖੇਵਟ ਖੇਟਾ ਹੋ ਕੇ ਸੇਵ ਕਮਾਈਆ । ਸੰਤ ਸੁਹੇਲੇ ਚਾੜ੍ਹੇ ਅਗੰਮੇ ਡੰਡੇ, ਪੌੜੀ ਪੌੜਾ ਮੇਰਾ ਨਾਮ ਲਗਾਈਆ । ਗੁਰਮੁਖ ਨੇਤਰ ਰਹਿਣ ਮੂਲ ਨਾ ਅੰਧੇ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਆਤਮ ਪਰਮਾਤਮ ਧੁਨ ਆਤਮਕ ਰਾਗ ਸੁਣਾਵੇ ਛੰਦੇ, ਸੋਹੰ ਢੋਲਾ ਇਕੋ ਗਾਈਆ । ਗੁਰਸਿੱਖਾਂ ਤਨ ਵਜੂਦ ਕਾਇਆ ਮਾਟੀ ਜਾਵਣ ਰੰਗੇ, ਜਗਤ ਭਬੂਤੀ ਲੋੜ ਰਹੇ ਨਾ ਰਾਈਆ । ਸਭ ਦੀ ਆਸਾ ਇਕੋ ਪੁਰਖ ਅਕਾਲ ਦੀ ਪ੍ਰੇਮ ਪ੍ਰੀਤੀ ਮੰਗੇ, ਦੂਜੀ ਓਟ ਨਾ ਕੋਇ ਤਕਾਈਆ । ਵੇਖੇ ਖੇਲ ਸੂਰੇ ਸਰਬੰਗੇ, ਹਰਿ ਕਰਤਾ ਆਪ ਸਮਝਾਈਆ । ਬਜਰ ਕਪਾਟੀ ਤੋੜੇ ਜਾ ਕੇ ਜੰਦੇ, ਜ਼ਿੰਦਗੀ ਵਿਚੋਂ ਜ਼ਿੰਦਗੀ ਦੇਣੀ ਬਦਲਾਈਆ । ਧਰਨੀ ਧਰਤ ਧਵਲ ਪਾਪ ਅਪਰਾਧਾਂ ਨਾਲ ਕੰਬੇ, ਨੇਤਰ ਰੋ ਰੋ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਸਲਾਹ, ਬਿਨ ਮਸ਼ਵਰੇ ਮਸ਼ਵਰਾ ਇਕ ਬਣਾਈਆ । ਸਾਰੇ ਉਠੇ ਤੱਕੋ ਵੇਖੋ ਲੋਕਮਾਤ ਦਾ ਰਾਹ, ਬਿਨ ਨੇਤਰ ਨੈਣ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਵੇਖੋ ਗਵਾਹ, ਜੋ ਸ਼ਹਾਦਤ ਅੰਤ ਦਏ ਭੁਗਤਾਈਆ । ਜੋ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਦ੍ਰਿਸ਼ਟੀ ਵਿਚ ਸ੍ਰਿਸ਼ਟੀ ਆਏ ਸਮਝਾ, ਨਾਮ ਨਿਧਾਨਾ ਸ੍ਰੀ ਭਗਵਾਨਾ ਕਲਮਾ ਵਾਹਦ ਇਕ ਜਣਾਈਆ । ਜਿਸ ਦੇ ਨਾਲ ਬਖ਼ਸ਼ੇ ਜਾਣ ਸਰਬ ਗੁਨਾਹ, ਕੂੜੀ ਕਿਰਿਆ ਹੋਏ ਫ਼ਨਾਹ, ਮੇਲਾ ਮਿਲੇ ਧੁਰਦਰਗਾਹੀਆ । ਓਸ ਦਾ ਰਿਹਾ ਕੋਈ ਨਾ ਥਾਂ, ਤੀਰਥ ਤਟ ਰੋਵਣ ਮਾਰਨ ਧਾਹ, ਅੱਠ ਸੱਠ ਰਿਹਾ ਕੁਰਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਿਰ ਸਕੇ ਨਾ ਕੋਇ ਉਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਬਿਨਾਸ਼, ਹਰਿ ਕਰਤੇ ਤੇਰੀ ਸ਼ਰਨਾਈਆ । ਹਉਂ ਬਾਲਕ ਨੰਨ੍ਹੇ ਤੇਰੇ ਦਾਸ, ਬੱਚੇ ਬਚਪਨ ਤੇਰੀ ਗੋਦ ਟਿਕਾਈਆ । ਜੁਗ ਚੌਕੜੀ ਵੇਖਿਆ ਖੇਲ ਤਮਾਸ਼, ਹੁਕਮੇ ਅੰਦਰ ਸੇਵ ਕਮਾਈਆ । ਪ੍ਰੇਮ ਪ੍ਰੀਤੀ ਅੰਦਰ ਰੱਖ ਕੇ ਵਾਸ, ਵਾਸਤਾ ਤੇਰੇ ਅੱਗੇ ਪਾਈਆ । ਤੂੰ ਮਾਲਕ ਦਾਤਾ ਗਹਿਰ ਗੰਭੀਰ ਸਰਬ ਗੁਣਤਾਸ, ਬੇਅੰਤ ਤੇਰੀ ਵਡਿਆਈਆ । ਕਲਜੁਗ ਕੂੜੀ ਕਿਰਿਆ ਵੇਖ ਪ੍ਰਿਥਮੀ ਆਕਾਸ਼, ਚੌਦਾਂ ਲੋਕ ਦੇਣ ਦੁਹਾਈਆ । ਚੌਦਾਂ ਤਬਕ ਸਚ ਵਸਤ ਨਾ ਕਿਸੇ ਪਾਸ, ਚੌਦਾਂ ਵਿਦਿਆ ਰਹੀ ਕੁਰਲਾਈਆ । ਚੌਦਸ ਚੰਦ ਨਾ ਦੇਵੇ ਕੋਈ ਸਾਥ, ਅੰਧ ਅੰਧੇਰ ਨਾ ਕੋਇ ਮਿਟਾਈਆ । ਰਸਨਾ ਜਿਹਵਾ ਪੜ੍ਹ ਪੜ੍ਹ ਥੱਕੇ ਸਿਮਰਨ ਪੂਜਾ ਪਾਠ, ਸ਼ਾਸਤਰ ਵੇਦ ਪੁਰਾਨ ਫੋਲ ਫੁਲਾਈਆ । ਤੇਰਾ ਨਾਮ ਖ਼ਜ਼ਾਨਾ ਕਿਸੇ ਨਾ ਮਿਲਿਆ ਹਾਟ, ਵਣਜ ਕਰਨ ਕੋਇ ਨਾ ਆਈਆ ।

੪੮੮
੨੦

ਆਤਮ ਪਰਮਾਤਮ ਜੋੜੇ ਕੋਈ ਨਾ ਨਾਤ, ਪ੍ਰੀਤਮ ਪ੍ਰੇਮ ਨਾ ਕੋਇ ਨਿਭਾਈਆ । ਸਦੀ ਚੌਧਵੀਂ ਕੋਈ ਨਾ ਪੁਛੇ ਕਿਸੇ ਵਾਤ, ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਪੱਲੂ ਆਏ ਛੁਡਾਈਆ । ਦੀਨ ਦੁਨੀ ਦਾ ਝਗੜਾ ਪਿਆ ਜਾਤ ਪਾਤ, ਊਚ ਨੀਚ ਕਰੇ ਲੜਾਈਆ । ਆਤਮ ਸੇਜਾ ਸਾਚਾ ਬਿਸਤਰ ਮਿਲੇ ਕਿਸੇ ਨਾ ਖਾਟ, ਸੁਖਆਸਣ ਸੁਖ ਨਾ ਕੋਇ ਉਪਜਾਈਆ । ਅੰਮ੍ਰਿਤ ਬੂੰਦ ਨਾ ਦੇਵੇ ਕੋਇ ਸਵਾਂਤ, ਅੱਠ ਸੱਠ ਤੀਰਥ ਰਹੇ ਕੁਰਲਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਦਰਸ ਪਾਏ ਨਾ ਕੋਈ ਇਕਾਂਤ, ਸਚ ਸਰੂਪੀ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਕਹੇ ਤੇਈ ਅਵਤਾਰ ਹੋਵੋ ਖ਼ਬਰਦਾਰ, ਖ਼ਬਰ ਅਗਲੀ ਦਿਆਂ ਸੁਣਾਈਆ । ਜਿਸ ਨੂੰ ਸਮਝੇ ਨਹੀਂ ਜੁਗ ਚਾਰ, ਚਾਰੇ ਵੇਦ ਸਾਰ ਨਾ ਆਈਆ । ਬ੍ਰਹਮਾ ਬੋਲ ਨਾ ਸਕਿਆ ਬਿਨਾ ਜ਼ਬਾਨ, ਅੱਖਰ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਸਮਝੇ ਨਾ ਕੋਈ ਗਿਆਨ, ਵਿਦਿਆ ਤੋਂ ਬਾਹਰ ਕਰੇ ਪੜ੍ਹਾਈਆ । ਸੋ ਸੰਦੇਸ਼ਾ ਦੇਵਾਂ ਹੋ ਕੇ ਵਾਲੀ ਦੋ ਜਹਾਨ, ਨਿਰਗੁਣ ਨਿਰਵੈਰ ਕਰਾਂ ਪੜ੍ਹਾਈਆ । ਵੇਖੋ ਪਰੇ ਜ਼ਿਮੀਂ ਅਸਮਾਨ, ਬੇਪਹਿਚਾਨ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੀ ਨਿਰਗੁਣ ਧਾਰੋਂ ਉਠਿਆ ਸੁੱਤਾ, ਆਲਸ ਰਿਹਾ ਕੋਇ ਨਾ ਰਾਈਆ । ਪੁਰਖ ਅਕਾਲ ਦੀਨ ਦਿਆਲ ਸਾਡਾ ਅੰਤ ਅਖ਼ੀਰੀ ਪੈਂਡਾ ਮੁਕਾ, ਅੱਗੇ ਵਕਤ ਰਿਹਾ ਨਾ ਰਾਈਆ । ਤੇਰਾ ਸੁਹੰਜਣਾ ਵੇਲਾ ਢੁੱਕਾ, ਜੋ ਦੀਨ ਦੁਨੀ ਆਏ ਸਮਝਾਈਆ । ਹੁਣ ਭੇਵ ਰਹੇ ਨਾ ਲੁਕਾ, ਪੜਦਾ ਦੇਣਾ ਉਠਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਲੱਖ ਚੁਰਾਸੀ ਭਰਿਆ ਦੁੱਖਾ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਮਨ ਵਾਸਨਾ ਹੋਇਆ ਭੁੱਖਾ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਜਨਨੀ ਭਗਤ ਜਣੇ ਕੋਈ ਨਾ ਕੁੱਖਾ, ਨੂਰ ਨੂਰ ਨਾ ਕੋਇ ਰੁਸ਼ਨਾਈਆ । ਦਸ ਦਸ ਮਾਸ ਸਭ ਨੂੰ ਲਟਕਣਾ ਪਿਆ ਪੁੱਠਾ, ਅਗਨੀ ਤਤ ਤਤ ਤਪਾਈਆ । ਤੂੰ ਕਿਰਪਾ ਕਰ ਅਬਿਨਾਸ਼ੀ ਅਚੁਤਾ, ਕਲਜੁਗ ਅੰਤਮ ਵੇਖ ਵਖਾਈਆ । ਸ੍ਰਿਸ਼ਟੀ ਅੰਤਰ ਤੇਰਾ ਮੰਤਰ ਕੋਈ ਨਾ ਦਿੱਸਾ, ਦਹਿ ਦਿਸ਼ਾ ਕੂੜ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣੀ ਚਿੱਠੀ, ਬਿਨ ਅੱਖਰਾਂ ਦਿਆਂ ਵਖਾਈਆ । ਜਿਹੜੀ ਕਲਮ ਸ਼ਾਹੀ ਕਾਗ਼ਜ਼ ਨਾਲ ਕਦੇ ਨਾ ਲਿਖੀ, ਅੱਖਰਾਂ ਜੋੜ ਨਾ ਕੋਇ ਜੁੜਾਈਆ । ਜਿਸ ਦੀ ਧਾਰ ਅੰਦਰ ਗੁਰ ਅਵਤਾਰ ਪੈਗ਼ੰਬਰ ਪ੍ਰਭ ਦੀ ਸਿੱਖੀ, ਸਿਖਿਆ ਗੋਬਿੰਦ ਇਕ ਦ੍ਰਿੜਾਈਆ । ਉਹ ਖੇਲ ਸਦਾ ਅਨਡਿੱਠੀ, ਜਗ ਨੇਤਰ ਬਾਹਰ ਰਖਾਈਆ । ਪੁਰਖ ਅਕਾਲ ਦੀ ਸਭ ਤੋਂ ਵੱਖਰੀ ਮਿਤੀ, ਮਿਤਰ ਪਿਆਰਾ ਗੋਬਿੰਦ ਦੱਸ ਕੇ ਆਇਆ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਵੇਖ ਲਓ ਚਾਰ ਜੁਗ ਦਾ ਪਿਛਲਾ ਲੇਖ, ਹਰਿ ਕਰਤਾ ਆਪ ਜਣਾਈਆ । ਜਿਸ ਸ਼ਬਦੀ ਧਾਰ ਅੰਦਰ ਬਦਲਦੇ ਰਹੇ ਭੇਸ, ਵੇਸ ਅਨੇਕਾ ਰੂਪ ਵਟਾਈਆ । ਆਉਂਦੇ ਰਹੇ ਲੋਕਮਾਤ ਦੇਸ, ਦਿਸ਼ਾ ਆਪਣੀ ਡੇਰਾ ਲਾਈਆ । ਦਰਸ਼ਨ ਕਰਦੇ ਰਹੇ ਨੇਤ ਨੇਤ, ਨਿਜ ਨੇਤਰ ਅੱਖ ਖੁਲ੍ਹਾਈਆ । ਸਾਚੇ ਨਾਮ ਦਾ ਪੁਛਦੇ ਰਹੇ ਭੇਤ, ਨਿਉਂ ਨਿਉਂ ਸੀਸ ਝੁਕਾਈਆ । ਉਸ ਦਾ ਲੇਖਾ ਅੰਤ ਅਖ਼ੀਰ ਬੇਨਜ਼ੀਰ ਦੱਸ ਕੇ ਗਿਆ ਗੋਬਿੰਦ ਦਸ ਦਸਮੇਸ, ਦੁਸ਼ਟ ਦਮਨ ਆਪਣਾ ਰੂਪ ਬਦਲਾਈਆ ।

੪੮੯
੨੦

ਜਿਸ ਦਾ ਮਾਲਕ ਇਕ ਨਰੇਸ਼, ਨਰ ਨਿਰੰਕਾਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਪੜਦਾ ਆਪ ਉਠਾਈਆ । ਗੁਰ ਅਵਤਾਰ ਪੈਗ਼ੰਬਰੋ ਪਿਛਲੀ ਚਿੱਠੀ ਦਾ ਵੇਖੋ ਮਜ਼ਮੂਨ, ਮਜਮੂਆ ਸਮਝ ਕਿਸੇ ਨਾ ਆਈਆ । ਜਿਸ ਦਾ ਦੋ ਜਹਾਨਾਂ ਤੋਂ ਵਖਰਾ ਕਾਨੂੰਨ, ਕਾਇਦਾ ਰਮਜ਼ ਨਾ ਕੋਇ ਲਗਾਈਆ । ਓਸ ਦੇ ਅੰਤਰ ਇਕ ਅਸੂਲ, ਅਸਲੀਅਤ ਰਿਹਾ ਸਮਝਾਈਆ । ਜਿਸ ਦੇ ਵਿਚੋਂ ਹੁਕਮ ਨਿਕਲੇ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਤੁਹਾਡਾ ਮਾਲਕ ਇਕੋ ਕੰਤ ਕੰਤੂਹਲ, ਹਰਿ ਕਰਤਾ ਧੁਰ ਦਰਗਾਹੀਆ । ਜੋ ਕੁਛ ਲੈਣਾ ਸੋ ਓਸੇ ਤੋਂ ਕਰਨਾ ਵਸੂਲ, ਵਸਲ ਯਾਰ ਇਕੋ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਫ਼ਿਕਰਾ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਨਾਮ ਕਲਮਾ ਸੁਣਿਆ ਕਲਾਮ, ਕਾਇਨਾਤ ਆਏ ਦ੍ਰਿੜਾਈਆ । ਤੈਨੂੰ ਦੱਸ ਕੇ ਸਭ ਤੋਂ ਵੱਖਰਾ ਰਾਮ, ਨਿਆਰਾ ਰਹੇ ਜਣਾਈਆ । ਚੁਰਾਸੀ ਲੱਖ ਦਾ ਮੰਨ ਕੇ ਕਾਹਨ, ਗੋਪੀ ਹੋ ਕੇ ਸੇਵ ਕਮਾਈਆ । ਮੁਕਾਮੇਂ ਹਕ ਦਾ ਮੰਨ ਕੇ ਇਕ ਅਮਾਮ, ਸਜਦਿਆਂ ਵਿਚ ਸੀਸ ਝੁਕਾਈਆ । ਬਰਦੇ ਬਣ ਗ਼ੁਲਾਮ, ਖ਼ਾਦਮ ਹੋ ਕੇ ਧੂੜੀ ਖ਼ਾਕ ਰਮਾਈਆ । ਸਿਦਕ ਸਬੂਰੀ ਰੱਖ ਈਮਾਨ, ਭਰੋਸਾ ਆਏ ਬੰਧਾਈਆ । ਤੇਰੇ ਨਾਮ ਦਾ ਨਗ਼ਮਾ ਬੋਲ ਜ਼ਬਾਨ, ਪਰਾ ਪਸੰਤੀ ਮਧਮ ਬੈਖਰੀ ਕਰੀ ਪੜ੍ਹਾਈਆ । ਲੇਖਾ ਦੱਸ ਕੇ ਜੀਵ ਜਹਾਨ, ਜਹਾਲਤ ਅੰਦਰੋਂ ਦਿਤੀ ਗਵਾਈਆ । ਤੇਰਾ ਸਮਝਾ ਕੇ ਇਕ ਨਿਸ਼ਾਨ, ਨਿਸ਼ਾਨੇ ਕੂੜੇ ਆਏ ਬਦਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਕੇ ਗਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਵਸਤ ਅਮੋਲਕ ਝੋਲੀ ਪਾਈਆ । ਗੁਰ ਅਵਤਾਰ ਪੈਗ਼ੰਬਰੋ ਵਸਤ ਅਮੋਲਕ ਦੇਵਾਂ ਸੋਹੰ ਸੋ, ਸੋਈ ਸੁਰਤ ਦੇਣੀ ਜਗਾਈਆ । ਨਿਰਗੁਣ ਧਾਰ ਜਾਣਾ ਹੋ, ਤਤ ਬੰਧਨ ਨਾ ਕੋਇ ਪਾਈਆ । ਤੁਹਾਡਾ ਭੇਵ ਨਾ ਜਾਣੇ ਕੋ, ਬੁੱਧੀ ਸਮਝ ਸਕੇ ਨਾ ਰਾਈਆ । ਆਪਣੀ ਧਾਰ ਨਿਰਮਲ ਜੋਤ ਦੇਵਾਂ ਲੋ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੋਂ ਬਾਹਰ ਕਰਾਂ ਰੁਸ਼ਨਾਈਆ । ਸ੍ਰਿਸ਼ਟ ਸਬਾਈ ਕਿਸੇ ਨਾਲ ਨਾ ਕਰਿਓ ਧਰੋਹ, ਦਵੈਤ ਵੰਡ ਨਾ ਕੋਇ ਵੰਡਾਈਆ । ਲੱਖ ਚੁਰਾਸੀ ਕਾਇਆ ਮੰਦਰ ਅੰਦਰ ਵੜ ਕੇ ਲੈਣੀ ਟੋਹ, ਆਤਮ ਸੇਜਾ ਫੋਲ ਫੁਲਾਈਆ । ਅੰਮ੍ਰਿਤ ਰਸ ਨਿਝਰ ਧਾਰਾ ਦੇਣਾ ਚੋ, ਬੂੰਦ ਸਵਾਂਤੀ ਇਕ ਟਪਕਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਨਾਲੋਂ ਕਰ ਨਿਰਮੋਹ, ਨਾਤਾ ਇਕੋ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸੁਣੋ ਹੁਕਮ ਬੇਨਜ਼ੀਰ, ਹਰਿ ਕਰਤਾ ਆਪ ਜਣਾਈਆ । ਕਲਜੁਗ ਕਰਨਾ ਅੰਤ ਅਖ਼ੀਰ, ਆਖ਼ਰ ਦਿਆਂ ਸਮਝਾਈਆ । ਦੀਨ ਦੁਨੀ ਦੀ ਬਦਲ ਦੇਣੀ ਤਕਦੀਰ, ਤਦਬੀਰ ਇਕੋ ਇਕ ਵਖਾਈਆ । ਪਹਿਲੋਂ ਆਪਣੇ ਸ਼ਰਅ ਦੇ ਕੱਟੋ ਜ਼ੰਜੀਰ, ਸ਼ਰੀਅਤ ਜਗਤ ਰਹੇ ਨਾ ਰਾਈਆ । ਪੁਰਖ ਅਕਾਲ ਸਭ ਦਾ ਸਾਂਝਾ ਪੀਰ, ਜੋ ਪੈਗ਼ੰਬਰਾਂ ਕਰੇ ਪੜ੍ਹਾਈਆ । ਜਿਸ ਦੀ ਜਗਤ ਨੇਤਰ ਨਜ਼ਰ ਨਾ ਆਏ ਤਸਵੀਰ, ਤਸੱਵਰ ਕਰ ਨਾ ਕੋਇ ਸਮਝਾਈਆ । ਕੂੜੀ ਕਿਰਿਆ ਝਗੜਾ ਮੇਟੋ ਹਸਤ ਕੀੜ, ਊਚ ਨੀਚ ਰਹੇ ਨਾ ਰਾਈਆ । ਮਨ ਵਿਕਾਰ ਰਹੇ ਨਾ ਭੀੜ, ਦੁਰਮਤ ਮੈਲ ਦਿਓ ਧਵਾਈਆ । ਕਾਇਆ ਕੱਪੜ ਮੈਲਾ ਰਹੇ ਕੋਇ ਨਾ ਚੀਰ, ਪਵਿੱਤ ਪਾਕ ਦਿਓ ਬਣਾਈਆ । ਬਿਨਾ ਤੁਹਾਡੇ ਮਾਤਲੋਕ ਵਿਚ ਦਿਸੇ ਨਾ ਕੋਇ ਫ਼ਕੀਰ, ਜੋ ਫ਼ਿਕਰਾ ਧੁਰ ਦਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੪੯੦
੨੦

ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਜਣਾਈਆ । ਗੁਰ ਅਵਤਾਰ ਪੈਗ਼ੰਬਰ ਝੁਕ ਕੇ ਕਰਨ ਸਲਾਮ, ਨਮਸਤੇ ਸੀਸ ਝੁਕਾਈਆ । ਪ੍ਰਭੂ ਸੁਣਿਆ ਤੇਰਾ ਪੈਗ਼ਾਮ, ਪੈਗ਼ੰਬਰਾਂ ਰਹੇ ਨਾ ਕੋਇ ਚਤੁਰਾਈਆ । ਸੀਸ ਨਿਵਾਏ ਬਨਾਂ ਵਾਲਾ ਰਾਮ, ਬੰਸਰੀ ਵਾਲਾ ਕਾਹਨ ਨੈਣ ਉਠਾਈਆ । ਨਾਨਕ ਨਿਰਗੁਣ ਕਰੇ ਪਰਨਾਮ, ਗੋਬਿੰਦ ਸੀਸ ਝੁਕਾਈਆ । ਪੁਰਖ ਅਕਾਲ ਕਲਜੁਗ ਅੰਤ ਬਦਲ ਨਜ਼ਾਮ, ਅਦਲ ਅਦਾਲਤ ਇਕ ਲਗਾਈਆ । ਸਾਡੇ ਨਾਮ ਹੋਏ ਬਦਨਾਮ, ਬਦੀਆਂ ਵਿਚ ਲੋਕਾਈਆ । ਤੈਨੂੰ ਸਕੇ ਨਾ ਕੋਇ ਪਹਿਚਾਨ, ਅੰਦਰ ਵੜ ਕੇ ਮੰਦਰ ਚੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਨੇਤਰ ਰੋਂਦੇ ਵੇਖ ਵੇਦ ਪੁਰਾਨ, ਅੰਜੀਲ ਕੁਰਾਨ ਰਹੀ ਕੁਰਲਾਈਆ । ਖਾਣੀ ਬਾਣੀ ਹੋਈ ਹੈਰਾਨ, ਹਿਰਦੇ ਹਰਿ ਨਾ ਕੋਇ ਵਸਾਈਆ । ਜਗਤ ਵਿਦਿਆ ਹੋਈ ਪਰਧਾਨ, ਮਨ ਅੰਤਰ ਕਰੇ ਲੜਾਈਆ । ਤੇਰਾ ਦਿਸੇ ਨਾ ਕੋਇ ਸਚ ਨਿਸ਼ਾਨ, ਨਿਸ਼ਾਨੇ ਕੂੜੇ ਜਗਤ ਸ਼ਾਹੀਆ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਦਇਆ ਕਮਾਈਆ । ਜੋਧੇ ਸੂਰਬੀਰ ਨੌਜਵਾਨ, ਮਰਦ ਮਰਦਾਨੇ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਦੇ ਦੇ ਪੁਰਖ ਅਗੰਮ, ਅਗੰਮੜਾ ਹੁਕਮ ਜਣਾਈਆ । ਸ੍ਰਿਸ਼ਟੀ ਵੇਖ ਤ੍ਰਿਸ਼ਨਾ ਤਮ, ਕਾਮਨਾ ਵਿਚ ਹਲਕਾਈਆ । ਝਗੜਾ ਦਿਸੇ ਖ਼ੁਸ਼ੀ ਗ਼ਮ, ਚਿੰਤਾ ਸੋਗ ਨਾ ਕੋਇ ਮਿਟਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਹਿਰਦੇ ਵਸਾਏ ਕੋਈ ਨਾ ਜਨ, ਜਨਮ ਵਿਚੋਂ ਜਨਮ ਨਾ ਕੋਇ ਬਦਲਾਈਆ । ਗੜ੍ਹ ਹੰਕਾਰੀ ਭਾਂਡਾ ਸਕੇ ਕੋਈ ਨਾ ਭੰਨ, ਭਰਮ ਭੌ ਨਾ ਕੋਇ ਮਿਟਾਈਆ । ਭਾਗ ਲੱਗਾ ਦਿਸੇ ਕਿਸੇ ਨਾ ਤਨ, ਕੋਟਨ ਕੋਟ ਕਲਜੁਗ ਸਾਧ ਬੈਠੇ ਡੇਰੇ ਲਾਈਆ । ਲੇਖਾ ਜਾਣੇ ਨਾ ਕੋਇ ਹੰ ਬ੍ਰਹਮ, ਪਾਰਬ੍ਰਹਮ ਤੇਰਾ ਦਰਸ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਅੰਤ ਅਖ਼ੀਰ ਸਦੀ ਚੌਧਵੀਂ ਠਾਂਡੇ ਦਰ ਪੁਰਖ ਅਕਾਲ ਪਰਵਰਦਿਗਾਰ ਸਾਂਝੇ ਯਾਰ ਤੇਰੇ ਦਵਾਰੇ ਦਰੋਹੀ ਦਰੋਹੀ ਰੋਈਏ ਛਮ ਛਮ, ਛਹਿਬਰ ਬਿਨ ਅੱਖਾਂ ਨੀਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਆਪਣੀ ਲੋਕਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਹੋਵੋ ਜਵਾਨ, ਜੋਬਨ ਇਕੋ ਦਿਆਂ ਰੰਗਾਈਆ । ਸਾਰੇ ਮੇਰਾ ਇਸ਼ਟ ਮੰਨੋਂ ਈਮਾਨ, ਕਾਮਲ ਮੁਰਸ਼ਦ ਬੇਪਰਵਾਹੀਆ । ਜਿਸ ਦਾ ਸਚਖੰਡ ਦਵਾਰਾ ਧਰਮ ਝੁੱਲੇ ਨਿਸ਼ਾਨ, ਦੂਜਾ ਨਜ਼ਰ ਕੋਇ ਨਾ ਆਈਆ । ਥਿਰ ਘਰ ਖੇਲ ਕਰੇ ਮਹਾਨ, ਗੁਰਮੁਖ ਗੁਰ ਗੁਰ ਮੇਲ ਮਿਲਾਈਆ । ਸੋ ਸੰਦੇਸ਼ਾ ਦੇਵੇ ਧੁਰ ਫ਼ਰਮਾਨ, ਫ਼ਰਮਾਂਬਰਦਾਰਾਂ ਆਪ ਜਣਾਈਆ । ਜਾ ਕੇ ਵੇਖੋ ਜਗਤ ਜਹਾਨ, ਨਵ ਸੱਤ ਖੋਜ ਖੁਜਾਈਆ । ਸਭ ਦੇ ਅੰਦਰ ਸ਼ਰਅ ਵੜੀ ਸ਼ੈਤਾਨ, ਛੁਰੀ ਕੂੜ ਜਗਤ ਕਸਾਈਆ । ਮਾਇਆ ਮਮਤਾ ਕੀਤਾ ਬੇਈਮਾਨ, ਬੇਵਾ ਦਿਸੇ ਲੋਕਾਈਆ । ਤ੍ਰਿਸ਼ਨਾ ਮੇਟੇ ਕੋਈ ਨਾ ਤਾਮ, ਤਮੰਨਾ ਪੂਰ ਨਾ ਕੋਇ ਕਰਾਈਆ । ਘਰ ਘਰ ਹੁੰਦਾ ਵੇਖੋ ਹਰਾਮ, ਹੁਜਰਾ ਹਕ ਨਾ ਕੋਇ ਸੁਹਾਈਆ । ਜੋ ਆਪਣੀ ਦੇ ਕੇ ਆਏ ਕਲਾਮ, ਕਲਮਾ ਮੇਰਾ ਨਾਮ ਸਮਝਾਈਆ । ਉਸ ਦੀ ਕਰੇ ਨਾ ਕੋਈ ਪਹਿਚਾਨ, ਪ੍ਰੀਤਮ ਪ੍ਰੇਮ ਨਾ ਕੋਇ ਲਗਾਈਆ । ਆਪਣਾ ਵੇਖੋ ਵਿਗੜਿਆ ਹੋਇਆ ਵਿਧਾਨ, ਬਦੀਆਂ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਕੀ ਕਰੀਏ ਧਰਤੀ ਜਾ, ਜਗਹ ਨਜ਼ਰ ਕੋਇ ਨਾ ਆਈਆ । ਝਗੜਾ ਪਿਆ ਥਾਉਂ ਥਾਂ, ਥਾਨ ਥਨੰਤਰ ਦਏ ਦੁਹਾਈਆ । ਪਿਆਰ ਰਿਹਾ

ਨਾ ਪੁੱਤਰ ਮਾਂ, ਪਿਤਾ ਪੂਤ ਕਰੇ ਲੜਾਈਆ । ਨਾਰੀ ਕੰਤ ਨਾਤਾ ਰਹੀ ਤੁੜਾ, ਸਾਚਾ ਸੰਗ ਨਾ ਕੋਇ ਬਣਾਈਆ । ਇਹ ਕੀ ਖੇਲ ਕੀਤਾ ਖ਼ੁਦਾ, ਖ਼ੁਦੀ ਤਕੱਬਰੀ ਵਿਚ ਲੋਕਾਈਆ । ਤੂੰ ਆਦਿ ਜੁਗਾਦੀ ਮਿਹਰਵਾਂ, ਮਹਿਬੂਬ ਤੇਰੀ ਸਰਨਾਈਆ । ਗੋਬਿੰਦ ਕਹੇ ਜੁਗ ਬਦਲ ਦੇ ਨਵਾਂ, ਨਵ ਨੌ ਚਾਰ ਪੰਧ ਮੁਕਾਈਆ । ਪੁਰਖ ਅਕਾਲੇ ਤੇਰੀ ਸੇਜੇ ਸਵਾਂ, ਸੁਹੰਜਣੀ ਰੁੱਤ ਬਣਾਈਆ । ਮੈਂ ਵੇਖਾਂ ਘਨੇਰਾ ਚਵਾਂ, ਚਾਓ ਘਨੇਰਾ ਨਜ਼ਰੀ ਆਈਆ । ਸਚ ਸਿੰਘਾਸਣ ਤੇਰੇ ਹੁਕਮ ਅੰਦਰ ਇਕੋ ਬਹਵਾਂ, ਜਿਥੇ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਦਰਵੇਸ਼ ਹੋ ਕੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਮੇਰੇ ਗੋਬਿੰਦ ਸੁਤ ਦੁਲਾਰ, ਸੁਤਿਆਂ ਦਿਆਂ ਜਗਾਈਆ । ਉਠ ਵੇਖ ਮੇਰੇ ਹੁਲਾਰ, ਬ੍ਰਹਿਮੰਡਾਂ ਖੰਡਾਂ ਤੋਂ ਪਾਰ ਦਿਆਂ ਵਖਾਈਆ । ਜਿਸ ਮੰਜ਼ਲ ਚੜ੍ਹਿਆ ਨਾ ਕੋਇ ਚੁਬਾਰ, ਘਰ ਬਹਿਣ ਕੋਇ ਨਾ ਪਾਈਆ । ਤੱਕਿਆ ਨਾ ਕਿਸੇ ਕਿਨਾਰ, ਨਈਆ ਤਟ ਨਾ ਕੋਇ ਲਗਾਈਆ । ਸੋ ਖੇਲ ਕਰੇ ਨਿਰੰਕਾਰ, ਹਰਿ ਕਰਤਾ ਵਡ ਵਡਿਆਈਆ । ਜਿਸ ਦੇ ਹੁਕਮ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸ ਦੇਵਤ ਸਾਰ, ਗੁਰ ਅਵਤਾਰ ਪੈਗ਼ੰਬਰ ਭੱਜਣ ਵਾਹੋ ਦਾਹੀਆ । ਸੇਵਾ ਕਰਨ ਸਦਾ ਜੁਗ ਚਾਰ, ਚਾਰੇ ਖਾਣੀ ਚਾਰੇ ਬਾਣੀ ਚਾਰੇ ਵਰਨਾਂ ਦਏ ਜਣਾਈਆ । ਸੋ ਲੇਖਾ ਜਾਣੇ ਧੁਰ ਦਰਬਾਰ, ਦਰਗਾਹ ਸਾਚੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਪੁਰਖ ਨਿਰੰਜਣ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣੀ ਫੋਲ ਕੇ ਵੇਖੋ ਪੁਸਤਕ, ਪੁਸ਼ਤ ਪਨਾਹ ਹੱਥ ਲਗਾਈਆ । ਜਿਸ ਵਿਚ ਮੇਰੇ ਨਾਮ ਦੀ ਕਰਦੇ ਆਏ ਉਸਤਤ, ਅੱਖਰਾਂ ਨਾਲ ਜੋੜ ਜੁੜਾਈਆ । ਮੈਨੂੰ ਵੇਖ ਕੇ ਦੱਸੋ ਮਨੁੱਸ਼ਾਂ ਵਿਚੋਂ ਕਿਹੜਾ ਤੇਰਾ ਗੁਰਸਿੱਖ, ਗੁਰਮੁਖ ਰੂਪ ਬਦਲਾਈਆ । ਜਿਸ ਦੇ ਅੰਦਰ ਤੁਹਾਡੇ ਵਿਛੋੜੇ ਦਾ ਦੁੱਖ, ਦਰਦ ਪ੍ਰੇਮ ਵਧਾਈਆ । ਮੇਟ ਕੇ ਤ੍ਰਿਸ਼ਨਾ ਭੁੱਖ, ਆਸਾ ਇਕ ਜਣਾਈਆ । ਵੇਖਿਓ ਪੜਦਾ ਓਹਲਾ ਨਾ ਰੱਖਿਓ ਲੁਕ, ਮੈਂ ਹਰ ਘਟ ਵੇਖਣ ਵਾਲਾ ਇਕ ਗੋਸਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰ ਪੈਗ਼ੰਬਰੋ ਤੁਹਾਨੂੰ ਲਿਆ ਮੂਲ ਨਾ ਪੁਛ, ਧਾਰ ਵਿਚੋਂ ਨਾ ਫੇਰ ਪਰਗਟਾਈਆ । ਹੁਣ ਰਹਿਣ ਦੇਣਾ ਨਹੀਂ ਚੁਪ, ਲਹਿਣਾ ਸਭ ਤੋਂ ਮੰਗ ਮੰਗਾਈਆ । ਉਠੋ ਵੇਖੋ ਜਾ ਕੇ ਕਲਜੁਗ ਅੰਧੇਰਾ ਘੁਪ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਤੁਹਾਡੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਵਾਲੀ ਧੁਰ ਦੀ ਬਾਣੀ ਗਈ ਲੁਕ, ਪੜਦਾ ਸਕੇ ਨਾ ਕੋਇ ਉਠਾਈਆ । ਕਿਉਂ ਮੈਂ ਤੁਹਾਨੂੰ ਬਣਾਇਆ ਸੁਤ, ਤੁਹਾਡੇ ਸੁਤ ਗੁਰਸਿਖ ਦਿੱਤੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਬਿਨ ਅੱਖਾਂ ਤੋਂ ਅੱਖਾਂ ਰਹੇ ਪੁੱਟ, ਲੋਕਮਾਤ ਵੇਖ ਵਖਾਈਆ । ਜਿਧਰ ਤੱਕਣ ਓਧਰ ਮਨਮੁਖ, ਗੁਰਮੁਖ ਕੋਟਾਂ ਵਿਚੋਂ ਵਿਰਲਾ ਨਜ਼ਰੀ ਆਈਆ । ਸਭ ਦੀ ਅੰਤਰ ਨਿਰੰਤਰ ਪ੍ਰੀਤੀ ਧਾਰ ਗਈ ਟੁੱਟ, ਰਸਨਾ ਵਾਲੀ ਬਾਹਰੋਂ ਦਿਸੇ ਪੜ੍ਹਾਈਆ । ਪੁਰਖ ਅਕਾਲ ਦੀਨ ਦਿਆਲ ਨਾਲ ਮਿਲ ਕੇ ਹੋਇਆ ਕੋਈ ਨਾ ਖ਼ੁਸ਼, ਪੜ੍ਹ ਪੜ੍ਹ ਵਿਦਿਆ ਝਟ ਲੰਘਾਈਆ । ਪੰਚ ਵਿਕਾਰ ਅੰਦਰੋਂ ਕੱਢਿਆ ਕਿਸੇ ਨਾ ਕੁੱਟ, ਨਾਮ ਖੰਡਾ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਧਾਰ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਲੋਕਮਾਤ ਧਰੋ ਧਿਆਨ, ਦਇਆ ਧਰਮ ਨਜ਼ਰ ਨਾ ਆਈਆ । ਸਾਚਾ ਰਿਹਾ ਨਾ ਕੋਇ ਗਿਆਨ, ਰਸਨਾ ਗੋਸ਼ਟ ਵਿਚ ਲੋਕਾਈਆ । ਮੰਦਰ ਵੇਖੇ ਨਾ ਕੋਈ ਚਤਰ ਸੁਜਾਨ, ਸੋਈ ਸੁਰਤ

ਨਾ ਕੋਇ ਉਠਾਈਆ । ਨਾਦੀ ਸੁਣੇ ਨਾ ਕੋਈ ਧੁਨਕਾਨ, ਅਨਹਦ ਨਾਦ ਨਾ ਕੋਇ ਜਣਾਈਆ । ਨਿਰਮਲ ਜੋਤ ਜਗੇ ਘਰ ਨਾ ਕਿਸੇ ਮਹਾਨ, ਅੰਧ ਅੰਧੇਰ ਨਾ ਕੋਇ ਮਿਟਾਈਆ । ਆਤਮ ਪਰਮਾਤਮ ਮਿਲੇ ਕੋਈ ਨਾ ਆਣ, ਵਿਛੋੜਾ ਪੰਧ ਨਾ ਕੋਇ ਚੁਕਾਈਆ । ਸੁਹਾਏ ਮੰਦਰ ਨਾ ਕੋਇ ਮਕਾਨ, ਸਾਢੇ ਤਿੰਨ ਹੱਥ ਵੱਜੇ ਨਾ ਕੋਇ ਵਧਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਗਾਣ, ਅਨਰਾਗੀ ਰਾਗ ਨਾ ਕੋਇ ਸੁਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਕਿਉਂ ਕਾਇਆ ਮੰਦਰ ਅੰਦਰ ਕਲਜੁਗ ਕੂੜਾ ਵੜਿਆ ਸ਼ੈਤਾਨ, ਸ਼ਰਅ ਕਰੇ ਲੜਾਈਆ । ਕਿਉਂ ਦੀਨ ਦੁਨੀ ਹੋਈ ਬੇਈਮਾਨ, ਬੇਵਾ ਰੂਪ ਬਣਾਈਆ । ਕਿਉਂ ਬਦਲਦਾ ਜਾਏ ਨਜ਼ਾਮ, ਨੌਬਤ ਹਕ ਨਾ ਕੋਇ ਸੁਣਾਈਆ । ਇਕੋ ਵਾਰ ਇਕੱਠੇ ਦੇ ਦਿਉ ਮੈਨੂੰ ਬਿਆਨ, ਸ਼ਬਦ ਇਸ਼ਾਰੇ ਮੰਗ ਮੰਗਾਈਆ । ਨਹੀਂ ਤੇ ਅੰਤ ਅਖ਼ੀਰੀ ਚਰਨੀ ਕਰ ਸਲਾਮ, ਸਜਦੇ ਵਿਚ ਆਪਣਾ ਆਪ ਮਿਟਾਈਆ । ਕਹਿ ਦਿਓ ਸਭ ਕੁਛ ਤੇਰੇ ਹੱਥ ਭਗਵਾਨ, ਸਦੀ ਚੌਧਵੀਂ ਸਾਡੀ ਚਲੇ ਨਾ ਕੋਇ ਚਤੁਰਾਈਆ । ਅਸੀਂ ਦੇ ਦੇ ਆਏ ਬਲੀਦਾਨ, ਜੁਗ ਜੁਗ ਸੇਵ ਕਮਾਈਆ । ਏਸੇ ਕਰ ਕੇ ਤੇਰੇ ਆਗਮਨ ਵਿਚ ਦੱਸ ਦੇ ਆਏ ਜਹਾਨ, ਭਵਿਖਤਾਂ ਵਿਚ ਅਲਾਈਆ । ਕਲਜੁਗ ਅੰਤ ਕੰਤ ਭਗਵੰਤ ਪਰਗਟ ਹੋਵੇ ਵਾਲੀ ਦੋ ਜਹਾਨ, ਜੋ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪੂਰ ਦੇਣਾ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਦੀ ਕਰ ਬਦਲੀ, ਬਦਲਾ ਚੁੱਕੇ ਜਗਤ ਲੋਕਾਈਆ । ਤੂੰ ਪੁਰਖ ਅਕਾਲ ਧੁਰ ਦਾ ਅਦਲੀ, ਇਨਸਾਫ਼ ਤੇਰੇ ਹੱਥ ਨਜ਼ਰੀ ਆਈਆ । ਭਗਤ ਸੁਹੇਲੇ ਗੁਰਮੁਖ ਸੱਜਣ ਸੰਤ ਦੁਲਾਰੇ ਕੱਢ ਲਈਂ, ਲੱਖ ਚੁਰਾਸੀ ਖੋਜ ਖੁਜਾਈਆ । ਸ਼ਬਦੀ ਹੁਕਮ ਅੰਦਰ ਸਚ ਦਵਾਰੇ ਸੱਦ ਲਈਂ, ਸੱਦਾ ਧੁਰ ਦਾ ਇਕ ਸੁਣਾਈਆ । ਪੁਰਖ ਅਕਾਲ ਉਨ੍ਹਾਂ ਪੜਦਾ ਕੱਜ ਲਈਂ, ਜੋ ਤੇਰਾ ਨਾਮ ਧਿਆਈਆ । ਆਪਣੀ ਪ੍ਰੇਮ ਪ੍ਰੀਤੀ ਅੰਦਰ ਬੰਨ੍ਹ ਲਈਂ, ਬੰਦਗੀ ਆਪਣੀ ਦੇਣੀ ਸਮਝਾਈਆ । ਨਿਰਗੁਣ ਹੋ ਕੇ ਨਿਰਗੁਣ ਧਾਰੋਂ ਜੰਮ ਲਈਂ, ਤੱਤਾਂ ਵਾਲੀ ਨਾ ਬਣੀਂ ਜਣੇਂਦੀ ਮਾਈਆ । ਗੁਰਸਿਖਾਂ ਜਨਮ ਪਾਇਆ ਨਹੀਂ ਕਿਸੇ ਚੰਮ ਲਈ, ਆਤਮ ਪਰਮਾਤਮ ਲੈਣਾ ਜੁੜਾਈਆ । ਪੁਰਖ ਅਕਾਲ ਕਲ ਕਲਕੀ ਤੂੰ ਕਲਜੁਗ ਅੰਤਮ ਆਉਣਾ ਆਪਣੇ ਕੰਮ ਲਈ, ਕਲ ਕਲੇਸ਼ ਦੇਣਾ ਗਵਾਈਆ । ਸਭ ਨੂੰ ਆਪਣੇ (ਪ੍ਰੇਮ) ਅੰਦਰ ਰੰਗ ਲਈਂ, ਰੰਗਤ ਇਕੋ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਇਕੋ ਇਕ ਜਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਜਾਵੇ ਮਾਤ, ਆਪਣੀ ਭੂਮੀ ਵੇਖ ਵਖਾਈਆ । ਜਿਥੇ ਵੰਡਾਂ ਵੰਡ ਕੇ ਆਏ ਦੀਨ ਮਜ਼੍ਹਬ ਜਾਤ, ਤਤ ਵਜੂਦ ਹੱਦ ਬਣਾਈਆ । ਲੇਖਾ ਲਿਖ ਕੇ ਕਲਮ ਦਵਾਤ, ਕਾਤਬ ਬਣ ਕੇ ਸੇਵ ਕਮਾਈਆ । ਅਗਲਾ ਦੱਸ ਹਾਲਾਤ, ਹਰ ਹਿਰਦੇ ਆਏ ਜਣਾਈਆ । ਸੋ ਵੇਖੋ ਆਪਣਾ ਜਾ ਕੇ ਭਵਿਖਤਾਂ ਵਾਲਾ ਵਾਕ, ਵਾਕਫ਼ਕਾਰ ਰਿਹਾ ਸਮਝਾਈਆ । ਆਪਣੇ ਆਪਣੇ ਦੀਨ ਮਜ਼੍ਹਬ ਦਾ ਖੋਲ੍ਹੋ ਅੰਦਰੋਂ ਤਾਕ, ਬਜਰ ਕਪਾਟੀ ਪੜਦਾ ਰਹਿਣ ਕੋਇ ਨਾ ਪਾਈਆ । ਸਭ ਦੀ ਪੂਰੀ ਕਰਨੀ ਆਸ, ਨਿਰਾਸਾ ਨਜ਼ਰ ਕੋਇ ਨਾ ਆਈਆ । ਵੇਖਿਓ ਬਣਿਓ ਨਾ ਕੋਈ ਗੁਸਤਾਖ਼, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਸੋ ਪੁਰਖ ਨਿਰੰਜਣ ਹਰ ਘਟ ਅੰਤਰ ਲਏ ਵਾਚ, ਵਾਚਣਹਾਰ ਥਾਉਂ ਥਾਈਂਆ । ਵੇਖਣਹਾਰਾ ਕਾਇਆ ਮਾਟੀ ਪੰਜ ਤਤ ਕਾਚ, ਕੰਚਨ ਗੜ੍ਹ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪਣੇ ਹੱਥ ਰਖਾਈਆ ।


੪੯੩
੨੦

ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਜਾਓਗੇ, ਕਲਜੁਗ ਅੰਤਮ ਆਪਣਾ ਪੰਧ ਮੁਕਾਈਆ । ਲੱਖ ਚੁਰਾਸੀ ਵੇਖ ਵਖਾਓਗੇ, ਨਿਰਗੁਣ ਹੋ ਕੇ ਫੋਲ ਫੁਲਾਈਆ । ਦੀਨ ਮਜ਼੍ਹਬ ਦਾ ਪੰਧ ਮੁਕਾਓਗੇ, ਝਗੜਾ ਜਾਤ ਰਹੇ ਨਾ ਰਾਈਆ । ਸਭ ਨੂੰ ਇਕੋ ਇਸ਼ਟ ਸਮਝਾਓਗੇ, ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਵੰਡ ਨਾ ਕੋਇ ਵੰਡਾਈਆ । ਇਕੋ ਢੋਲਾ ਗਾਓਗੇ, ਜੈਕਾਰਾ ਇਕ ਸੁਣਾਈਆ । ਇਕੋ ਸਜਦਾ ਸੀਸ ਝੁਕਾਓਗੇ, ਡੰਡਾਵਤ ਬੰਦਨਾ ਇਕੋ ਇਕ ਦ੍ਰਿੜਾਈਆ । ਇਕੋ ਗ੍ਰਿਹਿ ਬਹਿ ਖ਼ੁਸ਼ੀ ਮਨਾਓਗੇ, ਮੰਦਰ ਮਸਜਿਦ ਸ਼ਿਵਦਵਾਲਾ ਵੰਡ ਹੱਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਇਕ ਪਰਗਟਾਓਗੇ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਲੋਕਮਾਤ ਜਾਵਾਂਗੇ, ਜਗ ਜੀਵਣ ਦਾਤੇ ਤੇਰੇ ਅੱਗੇ ਸੀਸ ਝੁਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਵਾਂਗੇ, ਗਾ ਗਾ ਜਗਤ ਸੁਣਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਜੋਤ ਸਰੂਪੀ ਤੇਰਾ ਦਰਸ਼ਨ ਪਾਵਾਂਗੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੇਰੇ ਠਾਂਡੇ ਦਰ ਖ਼ੁਸ਼ੀ ਬਣਾਵਾਂਗੇ, ਦੂਜੇ ਮਹੱਲ ਅਟਲ ਨਾ ਕੋਇ ਰੁਸ਼ਨਾਈਆ । ਸਚਖੰਡ ਦਵਾਰਾ ਇਕ ਸੁਹਾਵਾਂਗੇ, ਮੁਕਾਮੇ ਹਕ ਸੋਭਾ ਪਾਈਆ । ਪਰਵਰਦਿਗਾਰ ਤੇਰਾ ਨੂਰ ਚਮਕਾਵਾਂਗੇ, ਅਬਿਨਾਸ਼ੀ ਕਰਤੇ ਤੇਰੀ ਮਾਤ ਰੁਸ਼ਨਾਈਆ । ਪਹਿਲੀ ਚੇਤਰ ਉਠ ਉਠ ਧਾਵਾਂਗੇ, ਚਾਰ ਕੁੰਟ ਪੰਧ ਮੁਕਾਈਆ । ਸੰਮਤ ਸ਼ਹਿਨਸ਼ਾਹੀ ਦਾ ਸ਼ਾਹਾਨਾ ਰੰਗ ਚੜ੍ਹਾਵਾਂਗੇ, ਦੋ ਜਹਾਨਾਂ ਵੱਜੇ ਵਧਾਈਆ । ਤ੍ਰਿਲੋਕੀ ਨੂੰ ਫੜ ਹਿਲਾਵਾਂਗੇ, ਤੀਜਾ ਸਾਲ ਦਏ ਗਵਾਹੀਆ । ਦੇਵਤ ਸੁਰ ਸਰਬ ਜਗਾਵਾਂਗੇ, ਬਚਿਆ ਰਹਿਣ ਕੋਇ ਨਾ ਪਾਈਆ । ਲੋਕਮਾਤ ਚਾਰੇ ਕੁੰਟ ਫੋਲ ਫੁਲਾਵਾਂਗੇ, ਉੱਤਰ ਪੂਰਬ ਪੱਛਮ ਦੱਖਣ ਪੜਦਾ ਲਾਹੀਆ । ਤੇਰੇ ਨਾਮ ਦਾ ਡੰਕਾ ਇਕ ਵਜਾਵਾਂਗੇ, ਅਗੰਮੀ ਰਾਗ ਸੁਣਾਈਆ । ਕੂੜੀ ਕਿਰਿਆ ਜਨ ਭਗਤਾਂ ਨਾਤਾ ਆਪ ਤੁੜਾਵਾਂਗੇ, ਮਮਤਾ ਮੋਹ ਨਾ ਕੋਇ ਹਲਕਾਈਆ । ਤੇਰਾ ਰੰਗ ਮਜੀਠੀ ਹਰਿ ਕਰਤੇ ਇਕ ਰੰਗਾਵਾਂਗੇ, ਦੂਜੀ ਵਾਰ ਉਤਰ ਨਾ ਜਾਈਆ । ਚਾਰੇ ਵਰਨਾਂ ਜੋੜ ਜੁੜਾਵਾਂਗੇ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਸਵਾਮੀ ਤੇਰੇ ਸਰਨ ਮਿਲੇ ਸਰਨਾਈਆ । ਤੇਰੀ ਸਰਨ ਇਕ ਤਕਾਵਾਂਗੇ । ਪ੍ਰਭ ਤੇਰਾ ਢੋਲਾ ਗਾਵਾਂਗੇ । ਸ਼ਬਦ ਵਿਚੋਲਾ ਨਾਮ ਰਖਾਵਾਂਗੇ । ਪੜਦਾ ਓਹਲਾ ਸਰਬ ਉਠਾਵਾਂਗੇ । ਗੁਰਮੁਖਾਂ ਦੇ ਅੰਦਰ ਵੜ ਕੇ, ਅੰਮ੍ਰਿਤ ਜਾਮ ਇਕ ਪਿਆਵਾਂਗੇ । ਸੂਫ਼ੀਆਂ ਦੇ ਦਰ ਤੇ ਖੜ੍ਹ ਕੇ, ਸੁਖ਼ਨ ਇਕ ਸੁਣਾਵਾਂਗੇ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹ ਕੇ, ਆਤਮ ਪਰਮਾਤਮ ਜੋੜ ਜੁੜਾਵਾਂਗੇ । ਅੱਲਾ ਹੂ ਅੱਨਾ ਹੂ ਇਸ ਤੋਂ ਪਰੇ ਤੇਰਾ ਦਰਸ਼ਨ ਕਰ ਕੇ, ਕੁੱਲੀਆਂ ਦੇ ਡੇਰੇ ਢਾਵਾਂਗੇ । ਜੋ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਲੋਕਮਾਤ ਆਏ ਧਰ ਕੇ, ਧਰਮ ਅਸਥਾਨ ਵੇਖ ਵਖਾਵਾਂਗੇ । ਜੋ ਜੀਵ ਪਰਾਣੀ ਜਗਤ ਵਿਦਵਾਨੀ ਤੇਰੇ ਪਿਆਰ ਤੋਂ ਗਏ ਹਰ ਕੇ, ਹਿਰਦੇ ਸਭ ਦੇ ਫੋਲ ਫੁਲਾਵਾਂਗੇ । ਜੋ ਤੇਰੀ ਪ੍ਰੀਤੀ ਅੰਦਰ ਪਰਮਾਤਮ ਆਏ ਮਰਦੇ, ਮੁਰਦੇ ਜੀਵਤ ਜਗਤ ਕਰਾਵਾਂਗੇ । ਸਾਰੇ ਬਣ ਕੇ ਤੇਰੇ ਬਰਦੇ, ਬੰਦੇ ਬੰਦਗੀ ਵਾਲੇ ਉਠਾਵਾਂਗੇ । ਜਿਹੜੇ ਮਨ ਵਾਸਨਾ ਲੜਦੇ, ਸਭ ਨੂੰ ਧਰਮ ਰਾਏ ਨਾਲ ਜੁੜਾਵਾਂਗੇ । ਗੁਰ ਅਵਤਾਰ ਪੈਗ਼ੰਬਰ ਕਹਿਣ ਸੰਮਤ ਸ਼ਹਿਨਸ਼ਾਹੀ ਵਿਚ ਤਿੰਨ ਅਸਾਂ ਸ਼ਾਹ ਸੁਲਤਾਨ ਵੇਖਣੇ ਲੜਦੇ, ਸੁਲਹ ਦੀ ਸਲਾਹ ਪਰੇ ਹਟਾਵਾਂਗੇ । ਇਹ ਖੇਲ ਪੁਰਖ ਅਕਾਲ ਤੇਰੇ ਘਰ ਦੇ, ਦੂਜੇ ਖ਼ਬਰ ਨਾ ਕਿਸੇ ਜਣਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ

ਤੇਰੇ ਸੀਸ ਨਿਵਾਵਾਂਗੇ । ਗੁਰ ਅਵਤਾਰ ਪੈਗ਼ੰਬਰੋ ਜੇ ਦਰ ਮੇਰੇ ਸੀਸ ਨਿਵਾਓਗੇ । ਇਸ਼ਟ ਇਕੋ ਇਕ ਮਨਾਓਗੇ । ਸ੍ਰਿਸ਼ਟ ਸਬਾਈ ਵੇਖ ਵਖਾਓਗੇ । ਲਿਸਟ ਆਪਣੀ ਵੇਖ ਪਛਤਾਓਗੇ । ਕਿਉਂ ਪੰਜ ਤਤ ਸ਼ਰੀਰ ਅੰਦਰ ਆਏ ਭੋਗ ਕੇ ਗ੍ਰਿਹਸਤ, ਵਜੂਦ ਪਾਕ ਨਾ ਕੋਇ ਬਣਾਓਗੇ । ਅੰਤਮ ਕਰ ਕੇ ਓਸ ਨੂੰ ਨਸ਼ਟ, ਨਿਸ਼ਾਨਾ ਮੇਰੇ ਨਾਲ ਚਲਾਓਗੇ । ਮੇਰਾ ਹੁਕਮ ਆਦਿ ਜੁਗਾਦੀ ਸਖ਼ਤ, ਸਿਰ ਅੱਗੇ ਨਾ ਕੋਈ ਉਠਾਓਗੇ । ਅਗਲੇ ਸੰਮਤ ਦਾ ਵੇਖਿਓ ਵਕਤ, ਵਾਕਫ਼ਕਾਰ ਹੋ ਕੇ ਪੜਦੇ ਲਾਹੋਗੇ । ਕੀ ਹਾਲਤ ਹੋਵੇ ਜਗਤ, ਜੁਗਾਂ ਦੇ ਵਿਛੜੇ ਗੁਰਮੁਖ ਮੇਰੇ ਨਾਲ ਮਿਲਾਓਗੇ । ਜਿਨ੍ਹਾਂ ਨੂੰ ਧੁਰ ਦੀ ਧਾਰ ਕਹੇ ਭਗਤ, ਬਿਨ ਭਗਤੀਉਂ ਪਾਰ ਕਰਾਓਗੇ । ਮੇਰੀ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਧਾਰ ਅਗੰਮੀ ਸ਼ਰਤ, ਸ਼ਰਅ ਦੇ ਵਿਚੋਂ ਸੰਤ ਸੁਹੇਲੇ ਬਾਹਰ ਰਖਾਓਗੇ । ਜਿਨ੍ਹਾਂ ਦੇ ਕਾਰਨ ਨਿਰਗੁਣ ਨਿਰਵੈਰ ਹੋ ਕੇ ਆਵਾਂ ਪਰਤ, ਪਤਿਪਰਮੇਸ਼ਵਰ ਮੰਨ ਕੇ ਸੀਸ ਝੁਕਾਓਗੇ । ਨਾ ਕੋਈ ਸੋਗ ਰਹੇ ਨਾ ਹਰਖ, ਚਿੰਤਾ ਗ਼ਮ ਡੇਰਾ ਢਾਓਗੇ । ਨੌ ਸੌ ਚੁਰਾਨਵੇ ਚੌਕੜੀ ਜੁਗ ਤੁਹਾਡੀ ਲੈਣ ਲੱਗਾ ਪਰਖ, ਕਿਸ ਬਿਧ ਆਪਣਾ ਪੂਰਾ ਤੋਲ ਤੁਲਾਓਗੇ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਤੇਰਾ ਖੇਲ ਅਸਚਰਜ, ਅਚਰਜ ਵਿਚ ਅਚਰਜ ਹੋ ਕੇ ਬਿਨ ਸੀਸ ਸੀਸ ਨਿਵਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਇਕੱਲਾ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ ਧੁਰ ਦਰਬਾਰਾ ਆਪ ਦ੍ਰਿੜਾਈਆ । ਪੁਰਖ ਅਕਾਲ ਕਹੇ ਲੋਕਮਾਤ ਕਰੋ ਤਸਦੀਕ, ਹੁਕਮ ਹੁਕਮ ਵਿਚੋਂ ਸੁਣਾਈਆ । ਕਲਜੁਗ ਅੰਧੇਰਾ ਵੇਖੇ ਤਾਰੀਕ, ਨੂਰੀ ਚੰਦ ਨਾ ਕੋਇ ਚਮਕਾਈਆ । ਸਾਚੇ ਨਾਮ ਦੀ ਜੋ ਪਾ ਕੇ ਆਏ ਭੀਖ, ਖ਼ਾਲੀ ਹੱਥ ਦਿਸੇ ਲੋਕਾਈਆ । ਝਗੜਾ ਪਿਆ ਊਚ ਨੀਚ, ਦੀਨ ਮਜ਼੍ਹਬ ਕਰੇ ਲੜਾਈਆ । ਆਤਮ ਪਰਮਾਤਮ ਸਮਝੇ ਨਾ ਕੋਇ ਪ੍ਰੀਤ, ਪਰਮ ਪੁਰਖ ਮੇਲ ਨਾ ਕੋਇ ਮਿਲਾਈਆ । ਸੋਹੰ ਗਾਏ ਕੋਇ ਨਾ ਗੀਤ, ਨਾਨਕ ਨਿਰਗੁਣ ਨਾਲੋਂ ਹੋਈ ਜੁਦਾਈਆ । ਲੇਖਾ ਮੁਕੇ ਨਾ ਕਿਸੇ ਸੀਸ, ਸਿਰ ਸਰ ਦੇਵੇ ਨਾ ਕੋਇ ਵਡਿਆਈਆ । ਘਰ ਮਿਲੇ ਨਾ ਕਿਸੇ ਅਤੀਤ, ਤ੍ਰੈਗੁਣ ਪੰਧ ਨਾ ਕੋਇ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਭ ਨੂੰ ਤੇਰੀ ਉਡੀਕ, ਪਿਛਲਾ ਲੇਖਾ ਗਏ ਭੁਲਾਈਆ । ਕਿਸ ਵੇਲੇ ਆਵੇ ਲਾਸ਼ਰੀਕ, ਸ਼ਿਰਕਤ ਕੂੜੀ ਦਏ ਗਵਾਈਆ । ਸ਼ਬਦ ਵਿਚੋਲਾ ਬਣਾਏ ਬੀਚ, ਦੋ ਜਹਾਨਾਂ ਭੇਵ ਚੁਕਾਈਆ । ਲੱਖ ਚੁਰਾਸੀ ਬਦਲੇ ਨੀਤ, ਮਨ ਵਾਸਨਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਕੀ ਇਸ਼ਾਰਾ ਦਿਤਾ ਪਹਿਲੀ ਚੇਤ, ਚਾਤ੍ਰਿਕ ਹੋ ਕੇ ਧਿਆਨ ਲਗਾਈਆ । ਸਾਨੂੰ ਸਚ ਦਾ ਆਵੇ ਹੇਤ, ਹਿਤਕਾਰੀ ਹੋ ਕੇ ਦੇਣਾ ਸਮਝਾਈਆ । ਬਿਨ ਤੇਰੀ ਕਿਰਪਾ ਖੋਲ੍ਹੇ ਕੋਈ ਨਾ ਭੇਵ ਭੇਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਚਾਰੇ ਖਾਣੀ ਚਾਰੇ ਬਾਣੀ ਪੜਦਾ ਅੱਗੇ ਨਾ ਸਕੇ ਉਠਾਈਆ । ਕੀ ਖੇਲ ਕਰਨਾ ਲੋਕਮਾਤ ਦੇ ਦੇਸ, ਦਸੰਤਰ ਦੇਣਾ ਸਮਝਾਈਆ । ਕੀ ਹੁਕਮ ਕਰਨਾ ਨਰੇਸ਼, ਨਰ ਨਰਾਇਣ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਲ ਕਹੇ ਗੁਰੂ ਅਵਤਾਰ ਪੈਗ਼ੰਬਰ ਨੰਨ੍ਹੇ ਬੱਚੇ, ਬਾਲੇ ਪਿਛਲੇ ਨਜ਼ਰੀ ਆਈਆ । ਤੁਸੀਂ ਮੁਹੱਬਤ ਵਿਚ ਸੱਚੇ, ਪਿਆਰ ਵਿਚ ਵਡਿਆਈਆ । ਕਾਇਆ ਮਾਟੀ ਭਾਂਡੇ ਭੰਨ ਕੇ ਆਏ ਕੱਚੇ, ਤਨ ਵਜੂਦ ਕਰ ਜੁਦਾਈਆ । ਮੇਰੇ ਘਰ ਵਿਚ ਆ ਕੇ ਵਸੇ,

੪੯੫
੨੦

ਸਚਖੰਡ ਜੋਤ ਵਿਚ ਸਮਾਈਆ । ਜਿਥੇ ਕੋਈ ਪਰਕਾਸ਼ ਨਹੀਂ ਰਵ ਸੱਸੇ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੁਨੀਦਾਰੀ ਦੇ ਪਟੇ, ਸੰਸਾਰੀ ਭੰਡਾਰੀ ਸੰਗ ਨਾ ਕੋਇ ਵਖਾਈਆ । ਨਾ ਕੋਈ ਮਨ ਵਾਸਨਾ ਖੁਲ੍ਹੇ ਹੱਟੇ, ਕੂੜ ਵਣਜਾਰਾ ਵਣਜ ਨਾ ਕੋਇ ਜਣਾਈਆ । ਇਕੋ ਮਿਲ ਕੇ ਜੋਤ ਪੁਰਖ ਸਮਰਥੇ, ਸਚਖੰਡ ਬੈਠੇ ਸੋਭਾ ਪਾਈਆ । ਉਠ ਕੇ ਵੇਖੋ ਅੰਤ ਅਖ਼ੀਰ ਕਲਜੁਗ ਤੁਹਾਡੇ ਦੀਨਾਂ ਮਜ਼੍ਹਬਾਂ ਦੇ ਰੱਟੇ, ਝਗੜਾ ਸਕੇ ਨਾ ਕੋਇ ਮੁਕਾਈਆ । ਕੁਛ ਲੇਖਾ ਦੱਸਣਾ ਜੋ ਛੱਬੀ ਪੋਹ ਲਿਖਾਰੀ ਹੱਥ ਫੜਾਏ ਤ੍ਰੈ ਗੱਤੇ, ਗਤ ਮਿਤ ਤੁਹਾਡੀ ਦਿਆਂ ਜਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੁਸੀਂ ਸ੍ਰਿਸ਼ਟੀ ਦੁਨੀਆ ਕਾਇਨਾਤ ਦੇ ਬਣੇ ਰਹੇ ਚੱਚੇ, ਅੱਗੇ ਤੁਹਾਨੂੰ ਸਭ ਦਾ ਬਾਪੂ ਦਿਆਂ ਵਖਾਈਆ । ਤੁਹਾਡੇ ਭਵਿਖਤ ਕਰਨੇ ਸੱਚੇ, ਸਚ ਨਾਲ ਮਿਲਾਈਆ । ਇਕੋ ਧਾਰ ਕਰ ਕੇ ਪੱਕੇ, ਧੁਰ ਦੀ ਗੰਢ ਦੇਣੀ ਪਵਾਈਆ । ਗੁਰ ਅਵਤਾਰ ਪੈਗ਼ੰਬਰ ਦੀਨਾਂ ਮਜ਼੍ਹਬਾਂ ਵਿਚ ਫੇਰ ਕੋਈ ਨਾ ਫਸੇ, ਲੋਕਮਾਤ ਅੱਖ ਨਾ ਕੋਇ ਉਠਾਈਆ । ਪੁਰਖ ਅਕਾਲ ਨੇ ਸਭ ਤੋਂ ਲੈਣਾ ਅਗਲਾ ਹਕੇ, ਹਕ ਆਪਣਾ ਲੈਣਾ ਜਣਾਈਆ । ਜੋ ਹਰ ਹਿਰਦੇ ਵਿਚ ਵਸੇ, ਸੋ ਸਭ ਦਾ ਬਣੇ ਪਿਤਾ ਮਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਭ ਨੂੰ ਇਕੋ ਨੇਤਰ ਤੱਕੇ, ਅੱਖ ਵਿਚੋ ਅੱਖ ਨਾ ਕੋਇ ਬਦਲਾਈਆ । ਜੁਗ ਚੌਕੜੀ ਸਿਫ਼ਤਾਂ ਵਾਲੇ ਸਾਲਾਹਾਂ ਵਿਚ ਗਾ ਕੇ ਆਏ ਟੱਪੇ, ਗਾ ਗਾ ਖ਼ੁਸ਼ੀ ਮਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਹਿਬ ਸੁਲਤਾਨ ਵਾਲੀ ਦੋ ਜਹਾਨ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਿਰਗੁਣ ਸਰਗੁਣ ਧਾਰ ਪੈਜ ਰੱਖੇ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜਨ ਭਗਤਾਂ ਚੀਥੜ ਪੁਰਾਣੇ ਰਹਿਣ ਨਾ ਦੇਵੇ ਫਟੇ, ਓਢਨ ਨਾਮ ਦੁਸ਼ਾਲਾ ਆਪਣਾ ਸੀਸ ਟਿਕਾਈਆ । ਦੂਜੀ ਵਾਰ ਕਿਹਾ
੪੯੬
ਸ਼ਬਦ ਆਇਆ ਗੋਬਿੰਦ ਦੇ ਵੱਟੇ, ਜਿਸ ਦੀ ਸਮਝ ਕੋਇ ਨਾ ਪਾਈਆ । ਸਤਿਗੁਰੂ ਦੀ ਕੀਮਤ ਕੋਈ ਨਾ ਪਾਵੇ ਟਕੇ, ਹੱਟਾਂ ਵਿਚ ਨਾ ਕੋਇ ਵਿਕਾਈਆ । ਕਿਰਪਾ ਕਰ ਕੇ ਮਿਹਰਵਾਨ ਜਿਸ ਵਲ ਤੱਕੇ, ਤਕਦੀਰ ਦਏ ਬਦਲਾਈਆ । ਗੁਰਮੁਖਾਂ ਸਿਮਰਨ ਪੂਜਾ ਪਾਠ ਦੇ ਕਰਨ ਨਾ ਦੇਵੇ ਰੱਟੇ, ਰੋਟੀਨ ਵਿਚ ਆਪਣਾ ਨਾਮ ਜਪਾਈਆ । ਕਿਸੇ ਨੇ ਮੰਨਣੇ ਨਹੀਂ ਸਿਲ ਪੱਥਰ ਵੱਟੇ, ਅੱਖਰਾਂ ਤੋਂ ਬਾਹਰ ਨਿਰਅੱਖਰ ਧਾਰ ਸਮਝਾਈਆ । ਜਿਨ੍ਹਾਂ ਦੇ ਅੰਦਰ ਪੁਰਖ ਅਕਾਲ ਵਸੇ, ਉਹ ਦੂਸਰ ਸੀਸ ਨਾ ਕਦੇ ਝੁਕਾਈਆ । ਜੋ ਅੰਮ੍ਰਿਤ ਨਾਮ ਸਤਿਗੁਰ ਰਸ ਚੱਖੇ, ਤਿਸ ਦੀ ਰਸਨਾ ਨਾ ਹੋਏ ਹਲਕਾਈਆ । ਜੋ ਸਾਹਿਬ ਦਾ ਦਰਸ਼ਨ ਕਰੇ ਆਪਣੀ ਅੱਖੇ, ਉਹ ਅੱਖ ਨਾ ਜਗਤ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥੇ, ਧੁਰ ਸਵਾਮੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਹੁਕਮ ਚੰਗਾ, ਚਾਰ ਜੁਗ ਸਰਨਾਈਆ । ਓਧਰੋਂ ਧਾਹਾਂ ਮਾਰ ਕੇ ਰੋ ਪਈ ਗੰਗਾ, ਨੇਤਰ ਨੈਣਾਂ ਨੀਰ ਵਹਾਈਆ । ਜਮਨਾ ਸੁਰਸਤੀ ਮੁਖ ਕਰ ਕੇ ਨੰਗਾ, ਕੂਕ ਕੂਕ ਸੁਣਾਈਆ । ਗੋਦਾਵਰੀ ਕਹੇ ਗੋਬਿੰਦ ਮੇਰੇ ਅੰਦਰ ਹੁੰਦਾ ਦੰਗਾ, ਦਗ਼ੇਬਾਜ਼ ਬਣੀ ਲੋਕਾਈਆ । ਕੁਛ ਮੇਰਾ ਲੇਖਾ ਲਿਖ ਕੇ ਆਇਓਂ ਉਪਰ ਕੰਢਾ, ਨੰਦੇੜ ਗੰਢ ਪਵਾਈਆ । ਪੰਜ ਵੇਰਾਂ ਫੇਰ ਕੇ ਖੰਡਾ, ਮੇਰੀ ਅੰਦਰੋਂ ਸੁਰਤ ਖੁਲ੍ਹਾਈਆ । ਮੈਂ ਤੈਨੂੰ ਪਹਿਲੋਂ ਸਮਝਣ ਲੱਗੀ ਤੱਤਾਂ ਵਾਲਾ ਬੰਦਾ, ਬੰਦਗੀ ਵਿਚ ਨਾ ਸੀਸ ਨਿਵਾਈਆ । ਤੂੰ ਢੋਲਾ ਗਾਇਆ ਸੋਹੰ ਛੰਦਾ, ਮੈਂ ਆਪਣਾ ਆਪ ਗਈ ਭੁਲਾਈਆ । ਮੇਰੇ ਅੰਤਰ ਆਇਆ ਇਕ ਅਨੰਦਾ, ਜੋ ਅਨੰਦਪੁਰੀ ਤੋਂ ਬਾਹਰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ

ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਵਾਧਾਨ ਹੋਇਆ ਸ਼ੰਕਰ, ਆਪਣੀ ਲੈ ਅੰਗੜਾਈਆ । ਮੇਰਾ ਡੰਕਾ ਵੱਜੇ ਨਾ ਕਿਸੇ ਕੰਕਰ ਕੰਕਰ, ਕਿਨਕਾ ਨਜ਼ਰ ਕੋਇ ਨਾ ਆਈਆ । ਕਲਜੁਗ ਧਰਿਆ ਰੂਪ ਭਿਅੰਕਰ, ਭੂਪਤ ਭੂਪ ਨਾ ਕੋਇ ਚਤੁਰਾਈਆ । ਸਾਚਾ ਰਿਹਾ ਕੋਇ ਨਾ ਮੰਤਰ, ਮੰਤਵ ਹੱਲ ਨਾ ਕੋਇ ਕਰਾਈਆ । ਪੁਰਖ ਅਕਾਲ ਬਣਾਈ ਬਣਤਰ, ਸਭ ਦਾ ਮਾਣ ਰਿਹਾ ਮਿਟਾਈਆ । ਆਪਣਾ ਹੁਕਮ ਦੇ ਨਿਰੰਤਰ, ਸ੍ਰਿਸ਼ਟੀ ਦੀ ਦ੍ਰਿਸ਼ਟੀ ਦਿਤੀ ਬਦਲਾਈਆ । ਪਰਕਾਸ਼ ਹੋਵੇ ਨਾ ਕਿਸੇ ਅੰਧੇਰੀ (ਕੰਦਰ), ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਭਬੂਤੀ ਮਲਿਆਂ ਟੁੱਟੇ ਕਿਸੇ ਨਾ ਜੰਦਰ, ਖ਼ਾਕ ਕੰਮ ਕਿਸੇ ਨਾ ਆਈਆ । ਮਨ ਵਾਸਨਾ ਭਵੇ ਬੰਦਰ, ਬੰਦਗੀ ਤੋਂ ਬਾਹਰ ਵਖਾਈਆ । ਮਸਤਕ ਧੂੜੀ ਲੱਗੇ ਕਿਸੇ ਨਾ ਚੰਦਨ, ਦੁਰਮਤ ਮੈਲ ਨਾ ਕੋਇ ਧਵਾਈਆ । ਸਾਚੀ ਕਰੇ ਕੋਈ ਨਾ ਬੰਦਨ, ਬੰਦੀਖ਼ਾਨੇ ਵਿਚ ਦਿਸੇ ਲੋਕਾਈਆ । ਬਿਨਾ ਪੁਰਖ ਅਕਾਲ ਤੋਂ ਕੋਈ ਨਾ ਆਵੇ ਟੁੱਟੀ ਗੰਢਣ, ਸਾਚਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੰਦੇਸ਼ਾ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਉਠ ਖਲੋਤਾ ਬ੍ਰਹਮਾ, ਪਾਰਬ੍ਰਹਮ ਧਿਆਨ ਲਗਾਈਆ । ਸਾਚਾ ਰਿਹਾ ਕੋਈ ਨਾ ਧਰਮਾ, ਧਰਨੀ ਧਰਤ ਧਵਲ ਕੁਰਲਾਈਆ । ਝਗੜਾ ਪਿਆ ਵਰਨਾਂ ਬਰਨਾਂ, ਅਵਰਨ ਨਾ ਕੋਇ ਵਖਾਈਆ । ਪੁਰਖ ਅਕਾਲ ਦੀ ਰਹੇ ਕੋਈ ਨਾ ਸਰਨਾ, ਕੋਟਨ ਇਸ਼ਟ ਜਗਤ ਮਨਾਈਆ । ਸਾਚੇ ਰਾਹ ਕਿਸੇ ਨਾ ਚੜ੍ਹਨਾ, ਭਰਮੇ ਭੁੱਲੀ ਲੋਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਕਿਸੇ ਨਾ ਪੜ੍ਹਨਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਮਿਲੇ ਵਡਿਆਈ ਨਾ ਪ੍ਰਭੂ ਦੇ ਚਰਨਾਂ, ਸਰਨ (ਨਾ) ਮਿਲੇ ਸਰਨਾਈਆ । ਕਲਜੁਗ ਅੰਤ ਸਰਬ ਕੁਛ ਸਭ ਨੇ ਹਰਨਾ, ਚਲੇ ਨਾ ਕਿਸੇ ਚਤੁਰਾਈਆ । ਬ੍ਰਹਮਾ ਕਹੇ ਮੈਂ ਓਸ ਦਾ ਪੱਲੂ ਫੜਨਾ, ਜੋ ਆਦਿ ਜੁਗਾਦੀ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਵਿਸ਼ਨੂੰ ਕਹੇ ਮੈਂ ਵੇਖਾਂ ਕੀ ਵਿਸ਼ਾਲ, ਵਿਸ਼ਿਆ ਵਿਚ ਲੋਕਾਈਆ । ਸਾਚਾ ਦਿਸੇ ਨਾ ਕੋਈ ਲਾਲ, ਜੋ ਨਾਦੀ ਸੁੱਤ ਅਖਵਾਈਆ । ਤ੍ਰੈਗੁਣ ਮਾਇਆ ਪਿਆ ਜੰਜਾਲ, ਮਾਤਲੋਕ ਨਾ ਕੋਇ ਤੁੜਾਈਆ । ਮਾਨਵ ਜਾਤੀ ਹੋਈ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਸਾਚੀ ਦਿਸੇ ਨਾ ਕੋਈ ਧਰਮਸਾਲ, ਧਰਮ ਦਵਾਰਾ ਸੋਭਾ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਹੋਈ ਕੰਗਾਲ, ਨਾਮ ਧਨ ਨਾ ਕੋਇ ਵਰਤਾਈਆ । ਫਲ ਰਿਹਾ ਨਾ ਕਿਸੇ ਡਾਲ, ਸਿੰਮਲ ਰੁਖ ਲਹਿਰਾਈਆ । ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਕਲੂ ਨਗਾਰਾ ਰਿਹਾ ਵਜਾਈਆ । ਪੁਰਖ ਅਕਾਲ ਬਦਲਣ ਵਾਲਾ ਚਾਲ, ਚਾਲ ਨਿਰਾਲੀ ਆਪਣੀ ਇਕ ਸਮਝਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲਏ ਭਾਲ, ਭਗਤ ਭਗਵਾਨ ਆਪਣੇ ਰੰਗ ਰੰਗਾਈਆ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਖੋਜ ਖੁਜਾਈਆ । ਕਿਰਪਾ ਕਰੇ ਦੀਨਾ ਬੰਧਪ ਦੀਨ ਦਿਆਲ, ਦਇਆਨਿਧ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਕਰਨੀ ਕਰਦਾ, ਕੁਦਰਤ ਦਾ ਮਾਲਕ ਨਜ਼ਰੀ ਆਈਆ । ਕਲਜੁਗ ਅੰਤ ਵੇਸ ਅਗੰਮਾ ਧਰਦਾ, ਧਰਨੀ ਧਰਤ ਧਵਲ ਧੌਲ ਸੁਹਾਈਆ । ਜਿਸ ਦੇ ਅੱਗੇ ਚਾਰਾ ਕੋਈ ਨਾ ਚਲਦਾ, ਚਾਰੋਂ ਕੁੰਟ ਸੀਸ ਨਿਵਾਈਆ । ਸੋ ਖੇਲ ਕਰੇ ਅਗੰਮ ਅਥਾਹ ਅਟੱਲ ਦਾ, ਬੇਅੰਤ ਬੇਪਰਵਾਹੀਆ ।

ਜਨ ਭਗਤ ਅੰਤਰ ਆਤਮ ਸਿੰਘਾਸਣ ਮਲਦਾ, ਸੋਹਣੀ ਸੁਹੰਜਣੀ ਸੇਜ ਸੁਹਾਈਆ । ਝਗੜਾ ਮੁਕਾ ਕੇ ਕੂੜ ਵਿਕਾਰ ਅਛਲ ਛਲ ਦਾ, ਸਤਿ ਸਚ ਦਏ ਸਮਝਾਈਆ । ਸਾਚਾ ਮੰਦਰ ਵਖਾਵੇ ਜਿਥੇ ਜੋਤੀ ਦੀਪਕ ਬਲਦਾ, ਤੇਲ ਬਾਤੀ ਦੀ ਲੋੜ ਰਹੇ ਨਾ ਰਾਈਆ । ਅੰਮ੍ਰਿਤ ਰਸ ਦੇਵੇ ਅਗੰਮੇ ਜਲ ਦਾ, ਪਵਣ ਪਾਣੀ ਤੋਂ ਬਾਹਰ ਲਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਲੇਖਾ ਦੇਣਾ ਪਏ ਅਖ਼ੀਰ, ਆਖ਼ਰ ਸ਼ਬਦੀ ਧਾਰ ਸਮਝਾਈਆ । ਲੋਕਮਾਤ ਘੱਤ ਕੇ ਵੇਖੇ ਵਹੀਰ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸਾਚਾ ਖੇਲ ਬੇਨਜ਼ੀਰ, ਨਜ਼ਰ ਤੋਂ ਪਰੇ ਰਿਹਾ ਜਣਾਈਆ । ਆਪਣੇ ਦੀਨ ਮਜ਼੍ਹਬ ਦੀ ਵੇਖੇ ਜਾਗੀਰ, ਜੋ ਤੁਹਾਡੇ ਹੱਥ ਫੜਾਈਆ । ਮਾਰ ਕੇ ਸ਼ਰਅ ਲਕੀਰ, ਹੱਦ ਦਿਤੀ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, (ਵਰ ਦਾਤਾ) ਸਰਬ ਸਹਿਜ ਸੁਖਦਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਵੇਖੋ ਆਪਣੇ ਕੋਟ, ਬੰਕ ਦਵਾਰੇ ਫੋਲ ਫੁਲਾਈਆ । ਦੀਨ ਦੁਨੀ ਦੀ ਆ ਕੇ ਦੇਣੀ ਰਪੋਟ, ਲੇਖਾ ਹਕੋ ਹਕ ਸੁਣਾਈਆ । ਕਿਸ ਗ੍ਰਿਹਿ ਵੱਜੇ ਸਚ ਨਾਮ ਦੀ ਚੋਟ, ਡੰਕਾ ਸ਼ਬਦ ਸ਼ਨਵਾਈਆ । ਕਿਸ ਅੰਦਰ ਭਰਿਆ ਹੰਕਾਰ ਵਿਕਾਰ ਖੋਟ, ਮਨ ਵਾਸਨਾ ਹਲਕਾਈਆ । ਕਿਸ ਮੰਦਰ ਜਗੇ ਅਗੰਮੀ ਜੋਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਕਿਸ ਘਰ ਹਰਖ ਸੋਗ ਦੀ ਸੋਚ, ਚਿੰਤਾ ਗ਼ਮ ਸਤਾਈਆ । ਕਿਸ ਦਵਾਰੇ ਪ੍ਰਭ ਮਿਲਣ ਦੀ ਮੌਜ, ਆਤਮ ਪਰਮਾਤਮ ਜੋੜ ਜੁੜਾਈਆ । ਕਿਸ ਦਵਾਰੇ ਜਗਤ ਵਾਸਨਾ ਭੋਗ, ਤ੍ਰਿਸ਼ਨਾ ਵਿਚ ਹਲਕਾਈਆ । ਕਿਸ ਦਵਾਰੇ ਝਗੜਾ ਮੁਕਿਆ ਚੌਦਾਂ ਲੋਕ, ਚੌਦਾਂ ਤਬਕ ਡੇਰਾ ਢਾਹੀਆ । ਕਿਸ ਦਵਾਰੇ ਮੇਲ ਮਿਲਾਵਾ ਹੋਵੇ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਮਿਲੇ ਚਾਈਂ ਚਾਈਆ । ਲੋਕਮਾਤ ਗੁਰ ਅਵਤਾਰ ਪੈਗ਼ੰਬਰ ਸਭ ਦੇ ਅੰਦਰ ਕਰੋ ਖੋਜ, ਬਾਹਰ ਵੇਖਣ ਦੀ ਲੋੜ ਰਹੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਹਿਬ ਸਮਰਥ ਤੇਰੀ ਮਹਿੰਮਾ ਅਕਥ ਸਾਨੂੰ ਇਕੋ ਤੇਰੀ ਓਟ, ਓੜਕ ਤੇਰੇ ਅੱਗੇ ਸੀਸ ਨਿਵਾਈਆ । ਸਾਡੀ ਰਹਵੇ ਕੋਈ ਨਾ ਸੋਚ, ਸਮਝ ਤੇਰੇ ਵਿਚ ਸਮਾਈਆ । ਤੇਰਾ ਧੁਰ ਦਾ ਹੁਕਮ ਇਕੋ ਬਹੁਤ, ਫ਼ਰਮਾਨਾ ਦਿਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਗੁਰ ਅਵਤਾਰ ਪੈਗ਼ੰਬਰ ਤੇਰੇ ਨਾਮ ਦਾ ਲੈ ਕੇ ਜੋਗ, ਜਗਤ ਜਗਿਆਸੂਆਂ ਆਏ ਜਣਾਈਆ ।



### ★ ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ★

ਧਰਨੀ ਧਰਤ ਧਵਲ ਕਹੇ ਮੇਰੇ ਕੱਟ ਗੁਨਾਹ, ਗਹਿਰ ਗੰਭੀਰ ਬੇਨਜ਼ੀਰ ਆਪਣੀ ਦਇਆ ਕਮਾਈਆ । ਤੇਰਾ ਨਾਮ ਨਿਧਾਨ ਮਰਦ ਮਰਦਾਨ ਨੌਜਵਾਨ ਸ੍ਰੀ ਭਗਵਾਨ ਇਕ ਸੁਣਾਂ, ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਵੱਜੇ ਵਧਾਈਆ । ਬੋਧ ਅਗਾਧ ਸ਼ਬਦ ਅਨਾਦ ਬ੍ਰਹਮ ਬ੍ਰਹਿਮਾਦ ਸੁਣਾ ਆਪਣੀ ਧੁਨਾ, ਅਨਹਦ ਨਾਦੀ ਆਤਮਕ ਰਾਗ ਸੁਣਾਈਆ । ਜੁਗ ਚੌਕੜੀ ਪਿਛਲੇ ਬਖ਼ਸ਼ ਗੁਨਾਹ, ਸੀਸ ਜਗਦੀਸ ਤੇਰੇ ਕਦਮ ਟਿਕਾਈਆ ।

ਸਦੀ ਚੌਧਵੀਂ ਅੰਤ ਨਾ ਰੁਲਾ, ਮੂਰਖ ਮੁਗਧਾਂ ਤੋਂ ਪੱਲੂ ਦੇਣਾ ਛੁਡਾਈਆ । ਮੈਂ ਤੇਰਾ ਨਾਮ ਨਹੀਂ ਗੌਣਾ ਉਤੇ ਬੁੱਲ੍ਹਾ, ਹਿਰਦੇ ਅੰਦਰ ਇਕ ਆਵਾਜ਼ ਉਠਾਈਆ । ਮਿਹਰਵਾਨ ਮਹਿਬੂਬ ਤੂੰ ਸਾਹਿਬ ਸੁਲਤਾਨਾ ਸੁਲਹ ਕੁਲਾ, ਕੁਲ ਮਾਲਕ ਧੁਰਦਰਗਾਹੀਆ । ਜਗਤ ਜਗਿਆਸੂ ਤੇਰੀ ਧਾਰ ਭੁੱਲਾ, ਅਭੁੱਲ ਵੇਖ ਵਖਾਈਆ । ਤੇਰਾ ਨਾਮ ਭੰਡਾਰਾ ਅੰਮ੍ਰਿਤ ਰਸ ਸਭ ਦੇ ਅੰਦਰੋਂ ਡੁੱਲ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧਰਨੀ ਧਰਤ ਧਵਲ ਕਹੇ ਮੇਰੀ ਅਰਜ਼, ਆਰਜ਼ੂ ਪਿਛਲੀ ਦਿਆਂ ਜਣਾਈਆ । ਜੁਗ ਚੌਕੜੀ ਸਭ ਨੂੰ ਤੇਰੀ ਰਹੀ ਗ਼ਰਜ਼, ਗੁਰ ਅਵਤਾਰ ਪੈਗ਼ੰਬਰ ਓਟ ਤਕਾਈਆ । ਤੂੰ ਗ਼ਰੀਬ ਨਿਮਾਣਿਆਂ ਕੋਝੇ ਕਮਲਿਆਂ ਵੰਡਦਾ ਰਿਹੋਂ ਦਰਦ, ਦੀਨਾਂ ਅਨਾਥਾਂ ਹੋ ਸਹਾਈਆ । ਭਗਤ ਉਧਾਰਨਾ ਤੇਰਾ ਫ਼ਰਜ਼, ਧੁਰ ਦੀ ਖੇਲ ਚਲੀ ਆਈਆ । ਸਾਚੇ ਸੰਤਾਂ ਮਕਰੂਜ਼ ਲਾਹੁਣਾ ਕਰਜ਼, ਹਿਸਾਬ ਬੇਬਾਕ ਦੇਣਾ ਕਰਾਈਆ । ਸ਼ਬਦ ਅਗੰਮੀ ਆਪਣਾ ਨਾਮ ਦੱਸ ਅਨਾਦੀ ਤਰਜ਼, ਤੁਰੀਆ ਤੋਂ ਪਰੇ ਕਰ ਪੜ੍ਹਾਈਆ । ਸਚ ਜੈਕਾਰਾ ਤੇਰਾ ਸੁਣਾਂ ਸ਼ਬਦ ਅਨਾਦੀ ਬੋਲ ਗਰਜ਼, ਕੂਕ ਰਹਿਣ ਕੋਇ ਨਾ ਪਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਮਦਦ ਤੇਰੀ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੇਰਾ ਲੇਖਾ ਦੇਣਾ ਬਦਲਾਈਆ । ਧਰਨੀ ਧਰਤ ਧਵਲ ਕਹੇ ਮੇਰੀ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਰਾਹ ਤੱਕਦੀ ਰਹੀ ਤੇਰਾ ਜੁਗ ਚਾਰ, ਚਾਰੇ ਕੁੰਟ ਅੱਖ ਖੁਲ੍ਹਾਈਆ । ਸੰਦੇਸ਼ਾ ਦੇਂਦੇ ਗਏ ਗੁਰ ਅਵਤਾਰ, ਪੈਗ਼ੰਬਰ ਰਾਹ ਜਣਾਈਆ । ਲੇਖਾ ਲਿਖਦੇ ਗਏ ਆਪਣੀ ਵਾਰ, ਵਾਰਤਾ ਵਿਚ ਲੇਖ ਬਣਾਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰ, ਸੰਸਾਰੀ ਭੰਡਾਰੀ ਦੇਣ ਦੁਹਾਈਆ । ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਕਲਜੁਗ ਵੇਖ ਅੰਧ ਅੰਧਿਆਰ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚਾ ਰਿਹਾ ਨਾ ਕੋਈ ਧਰਮ ਦਵਾਰ, ਕੂੜੀ ਕਿਰਿਆ ਘਰ ਘਰ ਆਪਣਾ ਡੰਕ ਵਜਾਈਆ । ਜਨੋ ਮਰਦ ਕਰੇ ਵਿਭਚਾਰ, ਮਾਇਆ ਮਮਤਾ ਮੋਹ ਹਲਕਾਈਆ । ਸ੍ਰਿਸ਼ਟੀ ਸ਼ਰਅ ਤੋਂ ਹੋਈ ਬਾਹਰ, ਸ਼ਾਇਦ ਤੈਨੂੰ ਮਿਲਣ ਕੋਇ ਨਾ ਆਈਆ । ਖੇਲ ਵਖਾ ਦੇ ਗੁਪਤ ਜਾਹਰ, ਪੜਦਾ ਓਹਲਾ ਦੇ ਚੁਕਾਈਆ । ਸਦੀ ਚੌਧਵੀਂ ਤੇਰੀ ਵਾਰ, ਵਾਹਵਾ ਤੇਰੇ ਹੱਥ ਵਡਿਆਈਆ । ਕੁਦਰਤ ਦੇ ਕਾਦਰ ਕਰਨੀ ਦੇ ਕਰਤੇ ਤੂੰ ਆਦਿ ਜੁਗਾਦੀ ਮੁਖ਼ਤਿਆਰ, ਮੁਫ਼ਤ ਆਪਣੀ ਦਇਆ ਦੇ ਕਮਾਈਆ । ਮੈਂ ਰੋ ਰੋ ਬਿਨ ਅੱਖਾਂ ਕਰਾਂ ਗਿਰਿਆਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਡੰਡਾਵਤ ਵਿਚ ਕਰਾਂ ਨਿਮਸਕਾਰ, ਬੰਦਨਾ ਵਿਚ ਸੀਸ ਝੁਕਾਈਆ । ਬੇਨੰਤੀ ਸੁਣ ਮੇਰੀ ਸਰਕਾਰ, ਜੁਗ ਜੁਗ ਤੇਰੀ ਸ਼ਹਿਨਸ਼ਾਹੀਆ । ਕੂੜੀ ਕਿਰਿਆ ਦੇ ਨਿਵਾਰ, ਝਗੜਾ ਜੂਠ ਰਹੇ ਨਾ ਰਾਈਆ । ਬੇਨੰਤੀ ਤੇਰੇ ਸਚ ਦਰਬਾਰ, ਦਰਗਾਹ ਸਾਚੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਹੌਲਾ ਭਾਰ ਕਰਾਈਆ । ਧਰਨੀ ਧਰਤ ਧਵਲ ਕਹੇ ਮੇਰੀ ਸੁਣ ਲੈ ਕੂਕ, ਨਿਹਕਰਮੀ ਕਰਮ ਕਮਾਈਆ । ਕਲਜੁਗ ਮਾਇਆ ਦਿਤਾ ਫੂਕ, ਬਿਨ ਅਗਨੀ ਅੱਗ ਲਗਾਈਆ । ਧਰਮ ਰਿਹਾ ਨਾ ਕਿਸੇ ਕੂਟ, ਕਾਇਆ ਕੁਟੀਆ ਨਾ ਕੋਇ ਸੁਹਾਈਆ । ਸਾਚਾ ਨਜ਼ਰ ਨਾ ਆਏ ਕੋਇ ਸਪੂਤ, ਪਿਤਾ ਪੁਰਖ ਅਕਾਲ ਨਾ ਕੋਇ ਮਨਾਈਆ । ਝਗੜਾ ਪਿਆ ਕਾਇਆ ਪੰਜ ਭੂਤ, ਤਤ ਵਜੂਦ ਹੋਵੇ ਲੜਾਈਆ । ਪੁਰਖ ਅਕਾਲ ਦੀਨ ਦਿਆਲ ਹੋ ਕੇ ਤੁਠ, ਮਿਹਰ ਨਜ਼ਰ ਇਕ ਉਠਾਈਆ । ਜੋ ਜੁਗ ਚੌਕੜੀ ਤੇਰੇ ਨਾਲੋਂ ਗਏ ਰੁਠ, ਸੋ ਭਗਤ ਸੁਹੇਲੇ ਲੈ ਮਿਲਾਈਆ । ਤੂੰ ਮਾਲਕ ਖ਼ਾਲਕ

ਪ੍ਰਿਤਪਾਲਕ ਅਬਿਨਾਸ਼ੀ ਅਚੁਤ, ਚੇਤਨ ਧਾਰ ਤੇਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਮੇਰੀ ਰੇਖਾ ਦੇ ਬਦਲਾਈਆ । ਧਰਨੀ ਧਰਤ ਧਵਲ ਕਹੇ ਮੈਂ ਕਰਾਂ ਪੁਕਾਰ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਤੇਰੇ ਦਰ ਖੜ੍ਹੀ ਮੁਹਤਾਜ, ਲੋੜਵੰਦ ਧੁਰ ਦੀ ਚਲੀ ਆਈਆ । ਨਿਰਗੁਣ ਹੋ ਕੇ ਰਚਿਆ ਕਾਜ, ਸਰਗੁਣ ਸਾਚਾ ਰਾਹ ਵਖਾਈਆ । ਮੇਰੀ ਅੰਤ ਅਖ਼ੀਰੀ ਰਖ ਲਾਜ, ਲੱਜਿਆ ਦੀਨ ਦੁਨੀ ਗਵਾਈਆ । ਤੂੰ ਸ਼ਾਹ ਸੁਲਤਾਨ ਗੁਰੂ ਮਹਾਰਾਜ, ਪਾਤਸ਼ਾਹ ਤੇਰਾ ਨਾਮ ਸਾਲਾਹੀਆ । ਮੇਰਾ ਡੁੱਬਦਾ ਬੇੜਾ ਪਾਰ ਕਰ ਜਹਾਜ਼, ਜਹਾਲਤ ਕੂੜੀ ਦੇ ਮਿਟਾਈਆ । ਸਤਿ ਧਰਮ ਦਾ ਦੱਸ ਇਕ ਰਿਵਾਜ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਰਹੇ ਨਾ ਰਾਈਆ । ਪ੍ਰੇਮ ਪ੍ਰੀਤੀ ਅੰਦਰ ਪਰਗਟਾ ਆਪਣਾ ਸਮਾਜ, ਸਚ ਸਮਗਰੀ ਝੋਲੀ ਪਾਈਆ । ਭਗਤਾਂ ਭਗਤੀ ਅੰਦਰ ਕਰ ਕਾਜ, ਕੁਦਰਤ ਆਪਣਾ ਰੰਗ ਰੰਗਾਈਆ । ਸ਼ਬਦ ਅਗੰਮੀ ਅੰਦਰ ਦੇ ਆਵਾਜ਼, ਬਾਹਰੋਂ ਸਰਵਣ ਸੁਣਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਧਰਨੀ ਕਹੇ ਮੇਰੀ ਧੂੜੀ ਖ਼ਾਕ ਵੇਖ ਭਸਮ, ਤੇਰੇ ਚਰਨਾਂ ਛੋਹ ਕੇ ਖ਼ੁਸ਼ੀ ਮਨਾਈਆ । ਮੈਂ ਆਦਿ ਜੁਗਾਦੀ ਸਮਝਿਆ ਇਕੋ ਇਸਮ, ਆਲੀਸ਼ਾਨ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਸੌਗੰਦ ਖਾ ਕੇ ਗਏ ਕ਼ਸਮ, ਕਾਇਦੇ ਨਾਲ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਦੂਲ੍ਹਾ ਇਕੋ ਹੋਣਾ ਕੰਤ ਦੁਨੀਆ ਦੀ ਧਾਰ ਖ਼ਸਮ, ਜਿਸਮ ਨਜ਼ਰ ਕੋਇ ਨਾ ਆਈਆ । ਮੈਂ ਰਾਹ ਤੱਕਾਂ ਤੇਰੇ ਪ੍ਰੇਮ ਪ੍ਰੀਤੀ ਵਾਲੇ ਚਸ਼ਮ, ਦੂਰ ਦੁਰਾਡਾ ਧਿਆਨ ਲਗਾਈਆ । ਕਵਣ ਵੇਲਾ ਪਤ ਆਵੇਂ ਰੱਖਣ, ਧੁਰ ਦੇ ਮਾਲਕ ਧੁਰ ਦਰਗਾਹੀਆ । ਲੋਕਮਾਤ ਵੇਖ ਆਪਣਾ ਵਤਨ, ਬੇਵਤਨਾਂ ਲੈ ਉਠਾਈਆ । ਸਦੀ ਚੌਧਵੀਂ ਕਿਸੇ ਨਾ ਚਲੇ ਕੋਈ ਯਤਨ, ਯਥਾਰਥ ਦਿਆਂ ਜਣਾਈਆ । ਕਿਸੇ ਦਾ ਪੂਰਾ ਹੋਏ ਨਾ ਸਿਮਰਨ ਭਜਨ, ਭਜਨ ਬੰਦਗੀ ਵਿਚ ਪੰਧ ਨਾ ਕੋਇ ਮੁਕਾਈਆ । ਕੋਟਨ ਕੋਟ ਘਰ ਬਾਰ ਜਗਤ ਦਵਾਰੇ ਤਜਣ, ਜੰਗਲ ਜੂਹ ਉਜਾੜ ਪਹਾੜਾਂ ਫੇਰਾ ਪਾਈਆ । ਪੁਰਖ ਅਕਾਲ ਦੀਨ ਦਿਆਲ ਬਿਨ ਤੇਰੀ ਕਿਰਪਾ ਕੋਈ ਨਾ ਰੱਖੇ ਲੱਜਨ, ਸਿਰ ਹੱਥ ਨਾ ਕੋਇ ਟਿਕਾਈਆ । ਮਨ ਵਾਸਨਾ ਸ੍ਰਿਸ਼ਟੀ ਹੋਈ ਕਗਨ, ਕਾਗ ਹੰਸ ਨਾ ਕੋਇ ਬਦਲਾਈਆ । ਕੋਟਾਂ ਵਿਚੋਂ ਤੇਰੇ ਭਗਤ ਸੁਹੇਲੇ ਥੋੜ੍ਹੇ ਲੱਭਣ, ਜੋ ਤੇਰਾ ਰਾਹ ਤਕਾਈਆ । ਕਾਇਆ ਮੰਦਰ ਅੰਦਰ ਦੀਪਕ ਜੋਤ ਹੋ ਕੇ ਜਗਣ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਰੇ ਪ੍ਰੇਮ ਪਿਆਰ ਦਾ ਇਕੋ ਮੰਗਦੇ ਸਗਨ, ਸਗਲਾ ਸੰਗ ਬਣਾਈਆ । ਆਤਮ ਪਰਮਾਤਮ ਲੱਗੀ ਰਹੇ ਲਗਨ, ਨਾਤਾ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਈ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਧਰਨੀ ਧਰਤ ਧਵਲ ਕਹੇ ਕਲਜੁਗ ਵਕਤ ਦਿਸੇ ਥੋੜਾ, ਬੈਠਾ ਪੰਧ ਮੁਕਾਈਆ । ਸਾਹਿਬ ਸਵਾਮੀ ਮੇਟ ਅੰਧੇਰਾ ਘੋਰਾ, ਕੂੜੀ ਕਿਰਿਆ ਡੇਰਾ ਢਾਹੀਆ । ਝਗੜਾ ਰਹੇ ਤਤ ਨਾ ਚੋਰਾ, ਚਾਰੋਂ ਕੁੰਟ ਕਰ ਸਫ਼ਾਈਆ । ਭੇਵ ਖੁਲ੍ਹਾ ਦੇ ਤੋਰਾ ਮੋਰਾ, ਮਿਹਰ ਨਜ਼ਰ ਇਕ ਉਠਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਬਣਿਆ ਰਹੇ ਸੱਚਾ ਜੋੜਾ, ਜੋੜੀ ਆਪਣੇ ਨਾਲ ਬਣਾਈਆ । ਸ਼ਬਦ ਅਗੰਮੀ ਬਖ਼ਸ਼ ਅਨਾਦੀ ਘੋੜਾ, ਲੋਆਂ ਪੁਰੀਆਂ ਬਾਹਰ ਦੌੜਾਈਆ । ਮੇਰਾ ਭਾਗ ਕਰ ਮਥੋਰਾ, ਮਿਥਿਆ ਦਿਸੇ ਸਰਬ ਲੋਕਾਈਆ । ਬਸੁਧਾ ਕਹੇ ਮੇਰਾ ਗੋਬਿੰਦ ਵਾਲਾ ਕਾਗ਼ਜ਼ ਅਜੇ ਕੋਰਾ, ਜੋ ਮੈਨੂੰ ਗਿਆ ਫੜਾਈਆ । ਇਕਰਾਰ ਕੌਲ ਕੀਤਾ

ਜਿਸ ਵੇਲੇ ਆਵਾਂ ਬਣ ਕੇ ਬਾਂਕਾ ਛੋਹਰਾ, ਨਵਜੋਬਨ ਰੂਪ ਬਦਲਾਈਆ । ਭੇਵ ਖੁਲ੍ਹਾ ਕੇ ਗਾਵਾਂ ਇਕੋ ਦੋਹਰਾ, ਦੋਹਾਂ ਜੋੜ ਜੁੜਾਈਆ । ਜਨ ਭਗਤਾਂ ਆਪਣੇ ਹੱਥ ਵਿਚ ਰੱਖਾਂ ਡੋਰਾ, ਡੋਰੀ ਪੁਰਖ ਅਕਾਲ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਰਨ ਮੰਗੀ ਇਕ ਸਰਨਾਈਆ । ਧਰਨੀ ਧਰਤ ਧਵਲ ਕਹੇ ਮੇਰੀ ਅਰਦਾਸ, ਬੇਨੰਤੀ ਇਕ ਸੁਣਾਈਆ । ਕਿਰਪਾ ਕਰ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਦੀਨ ਦੁਨੀ ਦੀ ਮੰਜ਼ਲ ਕਰ ਦੇ ਰਾਸ, ਰਸਤਾ ਇਕ ਉਪਜਾਈਆ । ਤੇਰੇ ਉਤੇ ਤੇਰੀ ਸ੍ਰਿਸ਼ਟੀ ਕਰੇ ਵਿਸ਼ਵਾਸ, ਕੂੜ ਵਿਸ਼ਿਆਂ ਦਾ ਡੇਰਾ ਢਾਹੀਆ । ਮੇਰੀ ਪੂਰੀ ਹੋਵੇ ਆਸ, ਤ੍ਰਿਸ਼ਨਾ ਦੇਣੀ ਮਿਟਾਈਆ । ਚਾਰ ਵਰਨ ਅਠਾਰਾਂ ਬਰਨ ਇਕ ਦੂਜੇ ਦਾ ਦੇਵਣ ਸਾਥ, ਮਜ਼੍ਹਬ ਦੀਨ ਨਾ ਕੋਇ ਲੜਾਈਆ । ਤੇਰੇ ਨਾਮ ਦਾ ਨੌ ਖੰਡ ਪ੍ਰਿਥਮੀ ਸੱਤ ਦੀਪ ਹੋਵੇ ਇਕੋ ਪਾਠ, ਪੂਜਾ ਇਕੋ ਦੇ ਜਣਾਈਆ । ਇਕੋ ਤਟ ਕਿਨਾਰਾ ਦਿਸੇ ਘਾਟ, ਇਕੋ ਪਤਣ ਬੈਠਾ ਦਿਸੇ ਧੁਰ ਦਾ ਮਾਹੀਆ । ਮੇਰੀ ਅੰਤ ਅਖ਼ੀਰੀ ਮੇਟ ਦੇ ਵਾਟ, ਵਾਤਾਵਰਨ ਦੇ ਬਦਲਾਈਆ । ਤੇਰੇ ਗ੍ਰਿਹਿ ਨਹੀਂ ਕੋਈ ਘਾਟ, ਘਾਟਾ ਮੇਰਾ ਪੂਰ ਕਰਾਈਆ । ਜਨ ਭਗਤਾਂ ਨਾਲ ਜੋੜ ਕੇ ਨਾਤ, ਰਿਸ਼ਤਾ ਇਕੋ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਧਰਨੀ ਧਰਤ ਧਵਲ ਕਹੇ ਮੈਂ ਤੇਰੀ ਯਾਚਕ, ਯਕੇ ਬਾਅਦ ਦੀਗਰੇ ਸੇਵ ਕਮਾਈਆ । ਮੈਂ ਛੱਡੇ ਵਿਦਿਆ ਦੇ ਵਾਚਕ, ਅੰਤਰ ਧਿਆਨੀ ਵੇਖ ਵਖਾਈਆ । ਕਲਜੁਗ ਮਿਟਾ ਦੇ ਕੂੜਾ ਨਾਟਕ, ਨਟੂਏ ਆਪਣਾ ਸਵਾਂਗ ਬਦਲਾਈਆ । ਇਕੋ ਰੂਪ ਦੱਸ ਦੇ ਵਾਸਤਕ, ਵਸਲ ਦੱਸ ਯਾਰ ਖ਼ੁਦਾਈਆ । ਤੇਰੇ ਤੋਂ ਬਿਨਾ ਰਹੇ ਕੋਈ ਨਾ ਆਸ਼ਕ, ਮਾਸ਼ੂਕ ਮਸ਼ਵਰਾ ਨਾ ਕੋਇ ਬਣਾਈਆ । ਲੇਖੇ ਲਾ ਸਰਬ ਸਵਾਸਥ, ਪਵਣ ਪਵਣ ਖੋਜ ਖੁਜਾਈਆ । ਮਾਨੁਖ ਰਹੇ ਕੋਈ ਨਾ ਨਾਸਤਕ, ਪੜਦਾ ਓਹਲਾ ਦੇ ਚੁਕਾਈਆ । ਤੇਰਾ ਧਰਮ ਦਵਾਰੇ ਇਕੋ ਪਾਠਕ, ਸ਼ਬਦੀ ਸਤਿਗੁਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮਾਰਗ ਦੇ ਸਮਝਾਈਆ । ਧਰਨੀ ਧਰਤ ਧਵਲ ਕਹੇ ਮੇਰਾ ਕਰ ਪੂਰਾ ਇਕਰਾਰ, ਇਕ ਇਕੱਲੇ ਬੇਪਰਵਾਹੀਆ । ਜਿਸ ਤੇਰਾ ਸੱਥਰ ਹੰਢਾਇਆ ਯਾਰ, ਯਾਰਾਨੇ ਵਿਚ ਗਿਆ ਸਮਾਈਆ । ਮੇਰੀ ਰੋਂਦੀ ਦੀ ਸੁਣ ਪੁਕਾਰ, ਪੂਰਨ ਬ੍ਰਹਮ ਗਿਆ ਦ੍ਰਿੜਾਈਆ । ਕਲ ਕਲਕੀ ਲਏ ਅਵਤਾਰ, ਆਉਣਾ ਚਾਈਂ ਚਾਈਂਆ । ਵੇਖਣਾ ਜਗਤ ਜੀਵ ਮੰਝਧਾਰ, ਚਾਰੇ ਕੁੰਟਾਂ ਖੋਜ ਖੁਜਾਈਆ । ਤੇਰੀ ਆਸਾ ਮਨਸਾ ਪੂਰੀ ਕਰੇ ਸੰਸਾਰ, ਸੰਸਾ ਰੋਗ ਦਏ ਚੁਕਾਈਆ । ਸੋਈ ਸੋਈ ਕਰੇ ਖ਼ਬਰਦਾਰ, ਮੋਈ ਮੋਈ ਆਪ ਉਠਾਈਆ । ਜਿਸ ਵੇਲੇ ਦਰੋਹੀ ਦਰੋਹੀ ਕਰੇ ਚਾਰ ਯਾਰ, ਸੰਗ ਮੁਹੰਮਦ ਨਾਲ ਬਣਾਈਆ । ਚੌਦਾਂ ਤਬਕ ਹਾਹਾਕਾਰ, ਸਾਚਾ ਸਬਕ ਨਾ ਕੋਇ ਪੜ੍ਹਾਈਆ । ਮੰਜ਼ਲ ਸਭ ਨੂੰ ਦਿਸੇ ਦੁਸ਼ਵਾਰ, ਦੁਸ਼ਮਣ ਦੂਤੀ ਘਰ ਘਰ ਡੇਰਾ ਲਾਈਆ । ਸਤਿਗੁਰ ਸ਼ਬਦ ਨਾ ਕਰੇ ਕੋਈ ਵਿਚਾਰ, ਵਿਚਲਾ ਭੇਵ ਨਾ ਕੋਇ ਖੁਲ੍ਹਾਈਆ । ਓਸ ਵੇਲੇ ਕਿਰਪਾ ਕਰੇ ਆਪ ਨਿਰੰਕਾਰ, ਨਰ ਨਰਾਇਣ ਧੁਰ ਦਰਗਾਹੀਆ । ਧਰਨੀ ਕਹੇ ਸੋ ਵਕਤ ਪਹੁੰਚਿਆ ਆਣ, ਵੇਲਾ ਦਏ ਗਵਾਹੀਆ । ਕਿਰਪਾ ਕਰ ਮੇਰੇ ਭਗਵਾਨ, ਭਾਗ ਹਿੱਸਾ ਤੇਰੀ ਝੋਲੀ ਪਾਈਆ । ਸਾਚਾ ਬਖ਼ਸ਼ ਇਕ ਦਾਨ, ਦੌਲਤਮੰਦ ਦੇ ਵਰਤਾਈਆ । ਤੂੰ ਸਭ ਦਾ ਮਾਲਕ ਇਕੋ ਕਾਹਨ, ਲੱਖ ਚੁਰਾਸੀ ਆਦਿ ਜੁਗਾਦਿ ਪਰਨਾਈਆ । ਸਤਿਜੁਗ ਸਾਚਾ ਮਾਰਗ ਦੱਸ ਜਹਾਨ, ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ

ਘਰ ਦੇਣਾ ਵਖਾਈਆ । ਧਰਨੀ ਧਰਤ ਧਵਲ ਕਹੇ ਮੇਰੇ ਉਤੇ ਕਰ ਦੇ ਰਹਿਮਤ, ਚਰਨ ਕਵਲ ਸਰਨਾਈਆ । ਮੇਰੀ ਆਸ਼ਾ ਤੇਰੇ ਪਿਆਰ ਵਿਚ ਸਹਿਮਤ, ਸਹਿਮ ਅਗਲਾ ਦੇ ਚੁਕਾਈਆ । ਝਗੜਾ ਰਹੇ ਨਾ ਧੋਤੀ ਤਹਿਮਤ, ਜਗਤ ਵੰਡ ਨਾ ਕੋਇ ਵਡਿਆਈਆ । ਮੂਰਖ ਰਹੇ ਕੋਈ ਨਾ ਅਹਿਮਕ, ਸਭ ਨੂੰ ਸਾਚੀ ਸਿਖਿਆ ਦੇ ਜਣਾਈਆ । ਤੇਰੇ ਨਾਮ ਦੀ ਅਗੰਮ ਨਿਆਮਤ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਟਿਕਾਈਆ । ਤੂੰ ਮਾਲਕ ਸਹੀ ਸਲਾਮਤ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਮੇਟ ਅਲਾਮਤ, ਮਮਤਾ ਮੋਹ ਡੇਰਾ ਢਾਹੀਆ । ਸਤਿਜੁਗ ਸਚ ਬਣਾ ਬਨਾਵਟ, ਘੜਨ ਭੰਨਣਹਾਰ ਸਮਰਥ ਤੇਰੀ ਓਟ ਰਖਾਈਆ । ਦੀਨਾਂ ਮਜ਼੍ਹਬਾਂ ਰਸਮ ਰਿਵਾਜਾਂ ਅੰਦਰ ਮੇਰੀ ਹੋਈ ਥਕਾਵਟ, ਅੱਗੇ ਪੰਧ ਨਾ ਕੋਇ ਰਖਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਜੁਗ ਜੁਗ ਦੱਸ ਕੇ ਗਏ ਕਹਾਵਤ, ਸ਼ਬਦ ਇਸ਼ਾਰੇ ਨਾਲ ਸਮਝਾਈਆ । ਜਿਸ ਵੇਲੇ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਆ ਕੇ ਮੇਟੇ ਅਦਾਵਤ, ਅਦਲ ਇਨਸਾਫ਼ ਇਕ ਕਮਾਈਆ । ਝਗੜਾ ਮਜ਼੍ਹਬ ਨਾ ਦੀਨ ਕਰੇ ਬਗ਼ਾਵਤ, ਬਗ਼ਲਗੀਰ ਸਭ ਨੂੰ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਦੀ ਸ਼ਬਦੀ ਧਾਰ ਦੇ ਜ਼ਮਾਨਤ, ਜ਼ਾਮਨ ਹੋ ਕੇ ਚੁਰਾਸੀ ਵਿਚੋਂ ਪਾਰ ਕਰਾਈਆ ।



★ ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਵਿੰਦਰ ਕੌਰ ਪਿੰਡ ਸਰੇਸ ਵਾਲਾ ★

੫੦੨



ਧਰਨੀ ਧਰਤ ਧਵਲ ਧੌਲ ਕਹੇ ਪ੍ਰਭ ਵੇਖਾਂ ਤੇਰੇ ਮੀਤ, ਮਿਤਰ ਪਿਆਰੇ ਨਰ ਨਿਰੰਕਾਰੇ ਖੋਜ ਖੁਜਾਈਆ । ਜੋ ਕਲਜੁਗ ਅੰਦਰ ਬਦਲਣ ਤੇਰੀ ਰੀਤ, ਖੇਲ ਅਗੰਮਾ ਇਕ ਪਰਗਟਾਈਆ । ਸਦ ਬੈਠੇ ਰਹਿਣ ਅਤੀਤ, ਤ੍ਰੈਗੁਣ ਲੇਖਾ ਜਗਤ ਚੁਕਾਈਆ । ਢੋਲਾ ਗਾਵਣ ਠਾਂਢਾ ਗੀਤ, ਤੂੰ ਮੇਰਾ ਮੈਂ ਤੇਰਾ ਰਹੇ ਸੁਣਾਈਆ । ਧੁਰ ਦਾ ਕਲਮਾ ਸੁਣ ਹਦੀਸ, ਹਜ਼ਰਤ ਇਕੋ ਸੀਸ ਝੁਕਾਈਆ । ਤੇਰਾ ਖੇਲ ਵੇਖ ਜਗਦੀਸ, ਜਗਦੀਸ਼ਰ ਵੱਜੇ ਵਧਾਈਆ । ਜਨ ਭਗਤਾਂ ਅੰਦਰ ਸਚ ਪ੍ਰੀਤ, ਪਾਰਬ੍ਰਹਮ ਬ੍ਰਹਮ ਤੇਰੇ ਨਾਲ ਰਖਾਈਆ । ਮੈਂ ਨਿਤ ਨਵਿਤ ਰਖਦੀ ਰਹੀ ਉਡੀਕ, ਜੁਗ ਚੌਕੜੀ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਜੋ ਕਰ ਕੇ ਗਏ ਨਸੀਹਤ, ਹੁਕਮ ਸੰਦੇਸਾ ਧੁਰ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਕਰੇ ਅਗੰਮੀ ਅਸਲੀਅਤ, ਅਸਲ ਆਪਣਾ ਖੇਲ ਵਖਾਈਆ । ਜਿਸ ਨੇ ਆਤਮ ਧਾਰ ਸਭ ਦੀ ਬਦਲ ਦੇਣੀ ਵਲਦੀਅਤ, ਪਿਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਸਾਚੇ ਭਗਤਾਂ ਆਪਣੇ ਨਾਮ ਦੀ ਕਰ ਵਸੀਅਤ, ਹਕ ਹਕੂਕ ਅਗਲਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ ।

★ ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਜੇਠੂ ਨੰਗਲ ★

ਧਰਨੀ ਧਰਤ ਧਵਲ ਕਹੇ ਤੇਰੇ ਭਗਤਾਂ ਮੰਗਾਂ ਸੰਗ, ਸਾਥੀ ਸਾਚੇ ਦੇ ਉਪਜਾਈਆ । ਕਲਜੁਗ ਔਧ ਰਹੀ ਲੰਘ, ਬੀਤੀ ਸਦੀ ਦਏ ਗਵਾਹੀਆ । ਗੁਰ ਅਵਤਾਰ ਪੈਗ਼ੰਬਰ ਵਜਾ ਕੇ ਗਏ ਮਰਦੰਗ, ਨਾਮ ਢੋਲਾ ਸੋਹਲਾ ਤੇਰਾ ਰਾਗ ਸਮਝਾਈਆ । ਸ਼ਬਦੀ ਧਾਰ ਦੌੜਾ ਕੇ ਗਏ ਤਰੰਗ, ਚਾਰ

ਕੁੰਟ ਦਹਿ ਦਿਸ਼ਾ ਖੋਜ ਖੁਜਾਈਆ । ਖੇਲ ਖੇਲ ਕੇ ਗਏ ਸੂਰਬੀਰ ਭੁਯੰਗ, ਭੁਜਾਂ ਆਪਣਾ ਬਲ ਪਰਗਟਾਈਆ । ਤੇਰੇ ਨਾਮ ਦਾ ਦੱਸ ਕੇ ਗਏ ਅਨੰਦ, ਨਿਜਾਨੰਦ ਵਿਚ ਸਮਝਾਈਆ । ਦੂਈ ਦਵੈਤੀ ਢਾਹ ਕੇ ਕੰਧ, ਨਿਹਕਰਮੀ ਗਏ ਵਡਿਆਈਆ । ਸਚ ਪਰਕਾਸ਼ ਚਾੜ੍ਹ ਕੇ ਚੰਦ, ਚੰਦ ਚਾਂਦਨੀ ਇਕ ਜਣਾਈਆ । ਤੇਰਾ ਖੇਲ ਸੂਰੇ ਸਰਬੰਗ, ਸਦ ਤੇਰੇ ਵਿਚ ਸਮਾਈਆ । ਮੈਂ ਮੰਗਦੀ ਇਕੋ ਮੰਗ, ਧਰਨੀ ਧਰਤ ਧਵਲ ਧੌਲ ਵਾਸਤਾ ਪਾਈਆ । ਦੂਈ ਦਵੈਤੀ ਢਾਹ ਕੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਸਾਚਾ ਢੋਲਾ ਸੋਹਲਾ ਨਗ਼ਮਾ ਨਾਮ ਦੱਸ ਦੇ ਛੰਦ, ਗੀਤ ਸੁਹਾਗੀ ਇਕ ਸੁਣਾਈਆ । ਮੇਰਾ ਖ਼ੁਸ਼ੀ ਹੋਵੇ ਬੰਦ ਬੰਦ, ਬੰਦਨਾ ਵਿਚ ਸੀਸ ਨਿਵਾਈਆ । ਤੇਰੀ ਸਰਨ ਸਰਨਾਈ ਆਵਾਂ ਲੰਘ, ਨਿਮਰਤਾ ਵਿਚ ਬੇਨੰਤੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰ ਦੇਣਾ ਪਰਗਟਾਈਆ ।

★ ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੋਹਣ ਸਿੰਘ ਦੇ ਗ੍ਰਿਹਿ ਪਿੰਡ ਭੋਲੇ ਕੇ ★

ਧਰਨੀ ਧਰਤ ਧਵਲ ਕਹੇ ਮੇਰਾ ਭਗਤਾਂ ਜੋੜਨਾ ਨਾਤਾ, ਨਾਤਵਾਂ ਹੋ ਕੇ ਦਿਆਂ ਦੁਹਾਈਆ । ਪ੍ਰੇਮ ਪ੍ਰੀਤੀ ਰੱਖਣ ਸਾਕਾ, ਸੱਜਣ ਮੇਲਾ ਸਹਿਜ ਸੁਭਾਈਆ । ਮੇਰਾ ਖੁਲ੍ਹਿਆ ਰਹੇ ਤਾਕਾ, ਬੰਦ ਕਿਵਾੜ ਨਾ ਕੋਇ ਕਰਾਈਆ । ਤੇਰਾ ਖੇਲ ਵੇਖਾਂ ਪੁਰਖ ਸਮਰਾਥਾ, ਬਿਨ ਅੱਖਾਂ ਅੱਖ ਉਠਾਈਆ । ਤੇਰੇ ਨਾਮ ਦੀ ਸੁਣ ਕੇ ਗਾਥਾ, ਮੇਰੇ ਅੰਤਰ ਨਿਰੰਤਰ ਬਿਨ ਫ਼ੁਰਨੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇ ਚੜ੍ਹਾਈਆ । ਧਰਨੀ ਧਰਤ ਧਵਲ ਕਹੇ ਮੈਂ ਭਗਤ ਸੁਹੇਲਾ ਵੇਖਾਂ ਤੇਰਾ ਸੱਜਣ, ਧੁਰ ਦਾ ਮੀਤਾ ਨਜ਼ਰੀ ਆਈਆ । ਜਿਨ੍ਹਾਂ ਦੇ ਪੜਦੇ ਆਵੇਂ ਕੱਜਣ, ਨਿਤ ਨਵਿਤ ਵੇਸ ਵਟਾਈਆ । ਤੇਰੀ ਧੂੜੀ ਕਰਨ ਮਜਨ, ਜਗਤ ਸਰੋਵਰ ਨਹਾਵਣ ਕੋਇ ਨਾ ਜਾਈਆ । ਪ੍ਰੇਮ ਪ੍ਰੀਤੀ ਅੰਦਰ ਰਹਿਣ ਮਗਨ, ਮਾਰਗ ਇਕੋ ਦਏ ਸਮਝਾਈਆ । ਤੇਰਾ ਤੱਕ ਅਗੰਮਾ ਵਤਨ, ਵਾਰਤਾ ਤੇਰੀ ਰਹੇ ਗਾਈਆ । ਕਲੂਆ ਕਰੇ ਕੋਈ ਨਾ ਯਤਨ, ਜਾਹਰ ਜਹੂਰ ਹੋਵੇਂ ਸਹਾਈਆ । ਜਿਨ੍ਹਾਂ ਪਤ ਆਇਉਂ ਰੱਖਣ, ਪਤਿਪਰਮੇਸ਼ਵਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲੈਣਾ ਮਿਲਾਈਆ । ਧਰਨੀ ਧਰਤ ਧਵਲ ਧੌਲ ਕਹੇ ਮੇਰਾ ਭਗਤਾਂ ਹੋਵੇ ਮੇਲ, ਮਿਲਣੀ ਜਗਦੀਸ ਕਰਾਈਆ । ਵੇਖਾਂ ਪਰਕਾਸ਼ ਬਿਨ ਬਾਤੀ ਤੇਲ, ਜੋਤੀ ਜੋਤ ਡਗਮਗਾਈਆ । ਘਰ ਠਾਕਰ ਸਵਾਮੀ ਮਿਲੇ ਸੱਜਣ ਸੁਹੇਲ, ਮੀਤਾ ਅਤੀਤਾ ਧੁਰਦਰਗਾਹੀਆ । ਜੋ ਵਸੇ ਧਾਮ ਨਵੇਲ, ਜਿਸ ਦਾ ਅਚਰਜ ਅਗੰਮਾ ਖੇਲ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇ ਚੁਕਾਈਆ ।

★ ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਕੁੰਦਨ ਸਿੰਘ ਦੇ ਗ੍ਰਿਹਿ ਪਿੰਡ ਸ਼ਾਹਪੁਰ ਥੇੜੀ ★

ਧਰਨੀ ਧਰਤ ਧਵਲ ਕਹੇ ਤੇਰੇ ਗੁਰਮਖ ਵੇਖਾਂ ਬਿਨ ਅੱਖਾਂ ਖੋਲ੍ਹ ਕੇ ਅੱਖ, ਆਖ਼ਰ ਇਕੋ ਧਿਆਨ ਲਗਾਈਆ । ਜਿਨ੍ਹਾਂ ਦੇ ਅੰਤਰ ਹੋਵੇਂ

ਪਰਤੱਖ, ਘਰ ਸਵਾਮੀ ਮਿਲਿਆ ਸਾਹਿਬ ਗੋਸਾਈਆ । ਆਤਮ ਕਰ ਕੇ ਆਪਣੇ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਢੋਲਾ ਸਾਂਝਾ ਕਰ ਕੇ ਜਸ, ਵੇਦ ਪੁਰਾਨਾਂ ਪਰੇ ਕਰੇਂ ਪੜ੍ਹਾਈਆ । ਤੇਰਾ ਖੇਲ ਪੁਰਖ ਸਮਰਥ, ਤੇਰੀ ਮਹਿੰਮਾ ਸਦਾ ਅਕਥ, ਜੁਗ ਚੌਕੜੀ ਗਾ ਗਾ ਥੱਕੀ ਤੇਰਾ ਅੰਤ ਕਹਿਣ ਨਾ ਪਾਈਆ । ਜਨ ਭਗਤਾਂ ਹੋਵੇਂ ਵਸ, ਅੰਮ੍ਰਿਤ ਦੇਵੇਂ ਆਪਣਾ ਰਸ, ਸ਼ਬਦ ਤੀਰ ਅਣਿਆਲਾ ਮਾਰੇਂ ਕਸ, ਜਗਤ ਕਿਵਾੜਾ ਪਾਰ ਕਰਾਈਆ । ਨਿਰਗੁਣ ਧਾਰ ਹੋ ਪਰਗਟ, ਕਾਇਆ ਮੰਦਰ ਅੰਦਰ ਖੋਲ੍ਹ ਕੇ ਹੱਟ, ਵਸਤ ਅਮੋਲਕ ਦੇਵੇਂ ਘਤ, ਮਿਹਰਵਾਨ ਮਹਿਬੂਬ ਹੋ ਕੇ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਖੇਲ ਸਦਾ ਅਕਥ, ਰਸਨਾ ਜਿਹਵਾ ਬੱਤੀ ਦੰਦ ਕਹਿਣ ਕੋਇ ਨਾ ਪਾਈਆ । ਧਰਨੀ ਕਹੇ ਤੇਰੇ ਭਗਤਾਂ ਅੰਦਰ ਵੇਖਾਂ ਪੜਦਾ, ਪਾਰਬ੍ਰਹਮ ਪ੍ਰਭ ਭੇਵ ਦੇਣਾ ਖੁਲ੍ਹਾਈਆ । ਜਿਨ੍ਹਾਂ ਨੂੰ ਮਾਰਗ ਮਿਲਿਆ ਤੇਰੇ ਘਰ ਦਾ, ਘਰਾਨੇ ਕੂੜੇ ਗਏ ਤਜਾਈਆ । ਸੋ ਸੰਤ ਸੁਹੇਲਾ ਤੇਰੀ ਮੰਜ਼ਲ ਚੜ੍ਹਦਾ, ਜਗਤ ਦਵਾਰ ਨਾ ਕੋਇ ਅਟਕਾਈਆ । ਸਚ ਦਵਾਰੇ ਏਕੰਕਾਰੇ ਤੇਰੇ ਖੜ੍ਹਦਾ, ਬੰਦ ਕਿਵਾੜਾ ਕੁੰਡਾ ਲਾਹੀਆ । ਝਗੜਾ ਰਹੇ ਨਾ ਸੀਸ ਧੜ ਦਾ, ਲੇਖਾ ਮੁਕੇ ਨਾਰੀ ਨਰ ਦਾ, ਆਤਮ ਪਰਮਾਤਮ ਵੱਜੇ ਵਧਾਈਆ । ਲੇਖਾ ਮੁੱਕੇ ਕਲਜੁਗ ਕੂੜੀ ਕਲ ਦਾ, ਮਨੂਆ ਫਿਰੇ ਕੋਈ ਨਾ ਛਲਦਾ, ਅਛਲ ਅਛੱਲ ਤੇਰੀ ਸੇਵ ਕਮਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਘੱਲਦਾ, ਹੁਕਮੇ ਅੰਦਰ ਆਪਣਾ ਹੁਕਮ ਬਦਲਾਈਆ । ਤੇਰਾ ਖੇਲ ਨਿਹਚਲ ਧਾਮ ਅਟੱਲ ਦਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ ।


੫੦੪ ੨੦

★ ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਹਿ ਪਿੰਡ ਮਨਿਹਾਲਾ ★

ਧਰਨੀ ਕਹੇ ਮੈਂ ਤੇਰੇ ਗੁਰਮੁਖ ਵੇਖੇ ਲਾਲ, ਅਨਮੁੱਲੇ ਨਜ਼ਰੀ ਆਈਆ । ਲੇਖਾ ਮੁਕਾ ਕੇ ਕਾਲ ਮਹਾਂਕਾਲ ਕਲ ਕਲਕੀ ਰਾਹ ਤਕਾਈਆ । ਪੂਰਬ ਜਨਮ ਦੀ ਘਾਲ ਘਾਲ, ਸੇਵਾ ਤੇਰੀ ਝੋਲੀ ਪਾਈਆ । ਸ਼ਬਦ ਗੁਰੂ ਬਣਾ ਦਲਾਲ, ਵਣਜ ਧੁਰ ਦਾ ਵੰਡ ਵੰਡਾਈਆ । ਸਦਾ ਵੇਖੇਂ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਕਲਜੁਗ ਅੰਤ ਬਦਲ ਦੇ ਚਾਲ, ਚਲਤ ਰਹਿਣ ਕੋਇ ਨਾ ਪਾਈਆ । ਸਭ ਦਾ ਹੱਲ ਕਰ ਸਵਾਲ, ਭੇਵ ਅਭੇਦਾ ਦੇ ਖੁਲ੍ਹਾਈਆ । ਇਕ ਵਖਾ ਸੱਚੀ ਧਰਮਸਾਲ, ਧਰਮ ਦਵਾਰਾ ਇਕ ਪਰਗਟਾਈਆ । ਝਗੜਾ ਰਹੇ ਨਾ ਜਗਤ ਜੰਜਾਲ, ਜੀਵਣ ਜੁਗਤ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸੱਜਣ ਧੁਰਦਰਗਾਹੀਆ । ਧਰਨੀ ਧਰਤ ਧਵਲ ਕਹੇ ਮੈਂ ਤੇਰੇ ਭਗਤ ਤੱਕਾਂ ਸੂਰੇ, ਸੂਰੀਆ ਚੰਦ ਜਿਸ ਨੂੰ ਸੀਸ ਨਿਵਾਈਆ । ਉਨ੍ਹਾਂ ਦੇ ਅੰਤਰ ਜੋਤੀ ਨੂਰੇ, ਨੂਰ ਨੁਰਾਨੇ ਡਗਮਗਾਈਆ । ਨਾਤਾ ਤੋੜ ਸ੍ਰਿਸ਼ਟੀ ਵਾਲੇ ਕੂੜੇ, ਕੂੜ ਕੁਟੰਬ ਗਏ ਤਜਾਈਆ । ਤੇਰਾ ਚਰਨ ਕਵਲ ਮਸਤਕ ਲਾ ਕੇ ਧੂੜੇ, ਧੂਲ ਧੁਰ ਦੀ ਖ਼ਾਕ ਰਮਾਈਆ । ਚਤੁਰ ਸੁਘੜ ਸੁਜਾਨ ਵੇਖੇ ਮੂੜ੍ਹੇ, ਮੂਰਖ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੇ ਕੌਲ ਇਕਰਾਰ ਬਚਨ ਸੁਖ਼ਨ ਕੀਤੇ ਪੂਰੇ,

ਪੂਰਬ ਜਨਮਾਂ ਵੇਖ ਵਖਾਈਆ । ਸ਼ਬਦ ਅਨਾਦ ਵੱਜੇ ਤੇਰੀ ਤੂਰੇ, ਤੁਰੀਆ ਤੋਂ ਪਰੇ ਤੇਰੀ ਸਿਖਲਾਈਆ । ਜਿਧਰ ਤੱਕਾਂ ਜਨ ਭਗਤਾਂ ਹਾਜ਼ਰ ਹਜ਼ੂਰੇ, ਸਨਮੁਖ ਬੈਠਾ ਸੋਭਾ ਪਾਈਆ । ਕਾਇਆ ਮਾਟੀ ਤਤ ਵਜੂਦ ਚੋਲੀ ਚਾੜ੍ਹੇ ਰੰਗ ਗੂੜ੍ਹੇ, ਰੰਗ ਅਵੱਲੜਾ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਏਕੰਕਾਰਾ ਪਰਵਰਦਿਗਾਰਾ ਸਾਂਝੇ ਯਾਰਾ ਦੇਣਾ ਵਖਾਈਆ । ਧਰਨੀ ਧਰਤ ਧਵਲ ਕਹੇ ਮੈਂ ਤੇਰੇ ਸੰਤ ਸੁਹੇਲੇ ਵੇਖੇ, ਵੱਖਰੀ ਧਾਰ ਚਲਾਈਆ । ਜਿਨ੍ਹਾਂ ਦੇ ਅੰਦਰ ਇਕੋ ਸੁਰਤੀ ਚੇਤਨ ਹੋ ਕੇ ਚੇਤੇ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਸੁਤ ਅਨਾਦੀ ਬਣ ਕੇ ਬੇਟੇ, ਪਿਤਾ ਪੂਤ ਗੋਦ ਸੁਹਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸੇਜ ਅਗੰਮੀ ਲੇਟੇ, ਆਲਸ ਨਿੰਦਰਾ ਨਜ਼ਰ ਕੋਇ ਨਾ ਆਈਆ । ਰੂਪ ਨਜ਼ਰ ਨਾ ਆਏ ਕੋਈ ਰੇਖੇ, ਅਲੇਖੇ ਵਿਚ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ ।

★ ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਮਿੰਦਰ ਕੌਰ ਦੇ ਗ੍ਰਿਹ ਪਿੰਡ ਚੀਮਾ ★

ਪੁਰਖ ਅਕਾਲ ਕਹੇ ਉਠ ਧਰਨੀ ਧਰਤ ਧਵਲ ਸਵਾਣੀ, ਸੁੱਤੜੀ ਦਿਆਂ ਉਠਾਈਆ । ਤੂੰ ਚਾਰ ਜੁਗ ਦੀ ਸੁਣਦੀ ਆਈ ਬਾਣੀ, ਪਰਾ ਪਸੰਤੀ ਮਧਮ ਬੈਖਰੀ ਵੇਖ ਵਖਾਈਆ । ਭਾਰ ਚੁਕਦੀ ਰਹੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਆਪਣੇ ਕੰਧ ਟਿਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸੁਣਾਉਂਦੀ ਰਹੀ ਕਹਾਣੀ, ਕਹਾਵਤ ਧੁਰਦਰਗਾਹੀਆ । ਅੱਠ ਸੱਠ ਸਰੋਵਰ ਸੀਨੇ ਉਤੇ ਟਿਕਾਉਂਦੀ ਰਹੀ ਪਾਣੀ, ਜਲ ਜਲ ਵਿਚੋਂ ਪਰਗਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੱਭਦੀ ਰਹੀਉਂ ਸ਼ਬਦ ਅਗੰਮੀ ਹਾਣੀ, ਜਿਸ ਦੀ ਆਯੂ ਸਕੇ ਨਾ ਕੋਇ ਸਮਝਾਈਆ । ਜਿਸ ਦੇ ਹੁਕਮੇ ਅੰਦਰ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਖੇਲ ਵਖਾਈਆ । ਜਿਸ ਦੇ ਕਾਰਨ ਗੁਰ ਅਵਤਾਰ ਪੈਗ਼ੰਬਰ ਤੇਰੇ ਉਤੇ ਦੇ ਕੇ ਗਏ ਕੁਰਬਾਨੀ, ਕਬਰਾਂ ਵਾਲੇ ਦੇਣ ਗਵਾਹੀਆ । ਪੁਰਖ ਅਕਾਲ ਦਾ ਖੇਲ ਵੇਖ ਬਿਨਾ ਜਿਸਮ ਇਸਮ ਅਸਮਾਨੀ, ਬਿਨ ਚਸ਼ਮ ਦੀਦ ਰੁਸ਼ਨਾਈਆ । ਸਾਚੀ ਮੰਜ਼ਲ ਤੱਕ ਰੂਹਾਨੀ, ਰਹਿਮਤ ਵਿਚ ਦ੍ਰਿੜ੍ਹਾਈਆ । ਧਰਨੀ ਧਰਤ ਧਵਲ ਧੌਲ ਸਦੀ ਚੌਧਵੀਂ ਤੇਰੀ ਮੁਹੱਬਤ ਹੋਈ ਬੇਗਾਨੀ, ਮੀਤ ਪਿਆਰਾ ਮਿਤ ਨਾ ਕੋਇ ਬਣਾਈਆ । ਨੇਤਰ ਰੋ ਕੇ ਕਹੇ ਆਦਿ ਸ਼ਕਤ ਭਵਾਨੀ, ਭੁਜਾਂ ਵਾਲੀ ਦਏ ਗਵਾਹੀਆ । ਤੇਈ ਅਵਤਾਰ ਤੇਰੇ ਉਤੇ ਖਾ ਕੇ ਗਏ ਮਹਿੰਮਾਨੀ, ਲੋਕਮਾਤ ਫੇਰਾ ਪਾਈਆ । ਪੈਗ਼ੰਬਰ ਰੱਖ ਕੇ ਗਏ ਨਿਸ਼ਾਨੀ, ਮਕਬਰੇ ਕਾਅਬੇ ਵਾਲੇ ਬਣਾਈਆ । ਗੁਰੂ ਉਪਦੇਸ਼ਕ ਬਣੇ ਗਿਆਨੀ, ਵਿਦਿਆ ਬ੍ਰਹਮ ਸਮਝਾਈਆ । ਪੁਰਖ ਅਕਾਲ ਦਾ ਖੇਲ ਜੁਗ ਚੌਕੜੀ ਸਦਾ ਮਹਾਨੀ, ਮਹਿੰਮਾ ਆਪਣੇ ਹੱਥ ਰਖਾਈਆ । ਜਿਸ ਨੂੰ ਸਮਝੇ ਨਾ ਕੋਇ ਵਿਦਵਾਨੀ, ਵਿਦਿਆ ਵਿੱਦਤ ਨਾ ਕੋਇ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਏਕਾ ਏਕੰਕਾਰ ਕੱਟਣਹਾਰ ਗ਼ੁਲਾਮੀ, ਗ਼ੁਰਬਤ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਦਰ ਆਪ ਸੁਹਾਈਆ ।

★ ੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਕੌਰ ਦਿੱਲੀ ★

ਪੁਰਖ ਅਕਾਲ ਕਹੇ ਸੁਣ ਧਰਤੀ, ਧਰਮ ਦਵਾਰਾ ਦਿਆਂ ਵਖਾਈਆ । ਜਿਸ ਦੇ ਜੁਗ ਚੌਕੜੀ ਵਿਛੋੜੇ ਅੰਦਰ ਢੋਲੇ ਰਹੀ ਪੜ੍ਹਦੀ, ਗੀਤਾਂ ਨਾਲ ਵਡਿਆਈਆ । ਵੈਰਾਗਣ ਹੋ ਕੇ ਰਹੀ ਮਰਦੀ, ਬਿਰਹੋਂ ਵਿਚ ਕੁਰਲਾਈਆ । ਅਨਤਾਰੂ ਹੋ ਕੇ ਰਹੀ ਤਰਦੀ, ਜਗਤ ਜਹਾਨ ਵੇਖ ਵਖਾਈਆ । ਉਹ ਖੇਲ ਵਖਾਵੇ ਕਲਜੁਗ ਕੂੜ ਕੁੜਿਆਰੇ ਕਲ ਦੀ, ਕਲਮਿਆਂ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਗ੍ਰਿਹ ਇਕੋ ਜੋਤ ਬਲਦੀ, ਬਲ ਬਾਵਨ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਗ੍ਰਿਹ ਆਪ ਸੁਹਾਈਆ । ਧਰਨੀ ਧਰਤ ਧਵਲ ਉਠ ਵਖਾਵਾਂ ਨੇੜੇ, ਨੇਰਨ ਨੇਰ ਜਣਾਈਆ । ਲੱਖ ਚੁਰਾਸੀ ਭਗਤ ਸੁਹੇਲੇ ਕਿਹੜੇ, ਜੋ ਭਗਵਨ ਵਿਚ ਸਮਾਈਆ । ਚੜ੍ਹ ਕੇ ਸ਼ਬਦੀ ਬੇੜੇ, ਬਿਨ ਵੰਝ ਮੁਹਾਣੇ ਤਾਰੀਆਂ ਲਾਈਆ । ਅੰਤਰ ਹੋਵਣ ਚਾਓ ਘਨੇਰੇ, ਖ਼ੁਸ਼ੀਆਂ ਢੋਲੇ ਗਾਈਆ । ਮੈਂ ਸਦ ਵਸਾਂ ਓਨ੍ਹਾਂ ਦੇ ਵਿਹੜੇ, ਦੂਜੇ ਦਰ ਨਜ਼ਰ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਇਕ ਸੁਹਾਈਆ । ਧਰਨੀ ਧਰਤ ਧਵਲ ਤੇਰੇ ਉਤੇ ਸੁਹਾਇਆ ਮੰਦਰ, ਗੁਰਮੁਖ ਸਾਢੇ ਤਿੰਨ ਹੱਥ ਸੋਭਾ ਪਾਈਆ । ਜਿਸ ਦੇ ਵਸਾਂ ਸਦਾ ਅੰਦਰ, ਅੰਤਸ਼ਕਰਨ ਡੇਰਾ ਢਾਹੀਆ । ਚਾੜ੍ਹ ਅਗੰਮੀ ਰੰਗਣ, ਦੁਰਮਤ ਮੈਲ ਧਵਾਈਆ । ਸਿਖ਼ਾ ਕੇ ਇਕੋ ਬੰਦਨ, ਬੰਦਾ ਬੰਦੀਖਾਨਿਉਂ ਬਾਹਰ ਕਰਾਈਆ । ਝਗੜਾ ਮੁਕਾ ਕੇ ਜੂਹ ਜੰਗਲ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਘਰ ਸਚ ਸੁਣਾ ਕੇ ਮੰਗਲ, ਮੰਗਲਾਚਾਰ ਦਿਆਂ ਵਡਿਆਈਆ । ਸ਼ਰਅ ਤੋੜ ਕੇ ਸੰਗਲ, ਸੰਗ ਆਪਣੇ ਨਾਲ ਬਣਾਈਆ । ਕਰੇ ਖੇਲ ਸੂਰਾ ਸਰਬੰਗਨ, ਹਰਿ ਕਰਤਾ ਧੁਰਦਰਗਾਹੀਆ । ਧਰਨੀ ਧਰਤ ਧਵਲ ਸਾਚੀ ਧੂੜੀ ਦਾ ਲੈ ਲੈ ਚੰਦਨ, ਮਸਤਕ ਆਪ ਰਮਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਨੰਗਨ, ਪੜਦਾ ਓਹਲਾ ਰਹਿਣ ਕੋਇ ਨਾ ਪਾਈਆ । ਕੁਛ ਲਹਿਣਾ ਦੇਣਾ ਵੇਖ ਰਵਦਾਸੇ ਵਾਲੇ ਕੰਗਣ, ਪੰਡਤ ਨਾਲ ਵਡਿਆਈਆ । ਸੋ ਸੂਰਾ ਖੇਲ ਕਰੇ ਵਰਭੰਡਨ, ਬ੍ਰਹਿਮੰਡਨ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ੍ਰਿਹ ਮੰਦਰ ਇਕ ਸੁਹਾਈਆ । ਪੁਰਖ ਅਕਾਲ ਕਹੇ ਮੇਰੇ ਭਗਤਾਂ ਦਾ ਗੁਰੂਦਵਾਰ, ਗੋਬਿੰਦ ਸ਼ਬਦ ਨਜ਼ਰੀ ਆਈਆ । ਜਿਥੇ ਦਿਸੇ ਨਾ ਕੋਈ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਸੂਰੀਆ ਚੰਨ ਨਾ ਕੋਇ ਉਜਿਆਰ, ਰਵ ਸਸ ਨਾ ਕੋਇ ਵਡਿਆਈਆ । ਪਿਤਾ ਪੂਤ ਨਾ ਕੋਇ ਗੁਫ਼ਤਾਰ, ਗੁਫ਼ਤ ਸ਼ਨੀਦ ਨਾ ਕੋਇ ਪੜ੍ਹਾਈਆ । ਰਸਨਾ ਜਿਹਵਾ ਨਾ ਕੋਈ ਜੈਕਾਰ, ਢੋਲਾ ਗੀਤ ਨਾ ਕੋਇ ਸੁਣਾਈਆ । ਕਲਮਾ ਨਗ਼ਮਾ ਕਰੇ ਨਾ ਕੋਇ ਉਜਿਆਰ, ਉਜਰਤ ਮੰਗੇ ਕੋਇ ਨਾ ਥਾਉਂ ਥਾਈਂਆ । ਕਰੇ ਖੇਲ ਆਪ ਕਰਤਾਰ, ਕਰਨੀ ਦਾ ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਚਰਨ ਪ੍ਰੀਤੀ ਬਖ਼ਸ਼ ਪਿਆਰ, ਰੀਤੀ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਸਾਈਆ । ਧਰਨੀ ਧਰਤ ਧਵਲ ਵੇਖ ਮੇਰਿਆਂ ਭਗਤਾਂ ਘਰ, ਮੰਦਰ ਸੋਹਣਾ ਨਜ਼ਰੀ ਆਈਆ । ਜਿਥੇ ਵਸੇ ਨਰਾਇਣ ਨਰ, ਧੁਰ ਕੰਤ ਬੇਪਰਵਾਹੀਆ । ਭੈ ਚੁਕਾਏ ਭੌ ਡਰ, ਭਰਮਾਂ ਗੜ੍ਹ ਤੁੜਾਈਆ । ਸੁਰਤੀ ਸ਼ਬਦੀ ਫੜਾਏ ਲੜ, ਪੱਲੂ ਗੰਢ ਨਾਮ ਪਵਾਈਆ । ਨਿਰਮਲ ਦੀਆ ਬਾਤੀ ਕਮਲਾਪਾਤੀ ਇਕੋ ਧਰ, ਜੋਤੀ ਜਾਤਾ ਕਰੇ ਰੁਸ਼ਨਾਈਆ । ਲਹਿਣਾ

ਦੇਣਾ ਮੁਕਾਏ ਤੇਈ ਅਵਤਰ, ਪੂਰਬ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਪੁਰਖ ਅਕਾਲ ਕਹੇ ਧਰਨੀ ਧਰਤ ਧਵਲ ਸਾਚੇ ਭਗਤ ਦੀ ਮਹਿੰਮਾ ਕਰਦੇ ਪੈਗੰਬਰ ਗੁਰੂ ਅਵਤਾਰ, ਸ਼ਾਸਤਰਾਂ ਨਾਲ ਵਡਿਆਈਆ । ਜਿਨ੍ਹਾਂ ਦਾ ਨਾਉਂ ਸਦਾ ਜੁਗ ਚਾਰ, ਚੌਕੜੀ ਕਰੇ ਰੁਸ਼ਨਾਈਆ । ਸੋ ਸੱਜਣ ਸੁਹੇਲੇ ਵੇਖੀਂ ਵਿਚ ਸੰਸਾਰ, ਹਰਿ ਕਰਤਾ ਆਪ ਵਖਾਈਆ । ਜਿਨ੍ਹਾਂ ਦੇ ਅੰਦਰ ਮੇਰਾ ਦਰਬਾਰ, ਦਰਗਾਹ ਸਾਚੀ ਰੂਪ ਬਦਲਾਈਆ । ਅੱਠੇ ਪਹਿਰ ਨਾਦ ਧੁਨ ਜੈਕਾਰ, ਅਨਰਾਗੀ ਰਾਗ ਸੁਣਾਈਆ । ਸਦ ਅੰਮ੍ਰਿਤ ਮਿਲੇ ਠੰਡਾ ਠਾਰ, ਪ੍ਰੇਮ ਰਸ ਨਾਲ ਵਰਤਾਈਆ । ਨਿਰਗੁਣ ਜੋਤ ਹੋਵੇ ਉਜਿਆਰ, ਨੂਰੋ ਨੂਰ ਕਰੇ ਰੁਸ਼ਨਾਈਆ । ਸਾਚਾ ਭਗਤ ਭਗਵਨ ਦੇ ਆਧਾਰ, ਦੂਜੀ ਓਟ ਨਾ ਕੋਇ ਤਕਾਈਆ । ਪੁਰਖ ਅਕਾਲਾ ਦੀਨ ਦਿਆਲਾ ਦੇਵਣਹਾਰਾ ਸਦਾ ਦੀਦਾਰ, ਨੈਣ ਨਿਰਾਲਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਸਮਰਥ ਹੋ ਟਿਕਾਈਆ । ਧਰਨੀ ਧਰਤ ਧਵਲ ਸਾਚੇ ਭਗਤਾਂ ਲਾ ਚੰਦਨ, ਧੂੜੀ ਖ਼ਾਕ ਰਮਾਈਆ । ਤੇਰੀ ਲੇਖੇ ਲੱਗੇ ਬੰਦਨ, ਬੰਦਗੀ ਇਕ ਜਣਾਈਆ । ਸਚ ਦਵਾਰੇ ਆਈ ਮੰਗਣ, ਭਿੱਖਕ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦੀ ਟੁੱਟੀ ਆਇਆ ਗੰਢਣ, ਨਾਤਾ ਧੁਰ ਦਾ ਜੋੜ ਜੁੜਾਈਆ । ਨਾਮ ਵਜਾਵਣ ਆਇਆ ਮਰਦੰਗਨ, ਸੰਦੇਸ਼ਾ ਇਕੋ ਇਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਸਾਚੇ ਹੁਕਮ ਦੀ ਕਰੇ ਨਾ ਕੋਇ ਉਲੰਘਣ, ਭਾਣੇ ਅੰਦਰ ਭਾਣਾ ਮੰਨ ਕੇ ਸ਼ੁਕਰ ਮਨਾਈਆ । ਇਹ ਖੇਲ ਵਿਚ ਵਰਭੰਡਨ, ਭੰਡੀ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਧੁਰਦਰਗਾਹੀਆ । ਪੁਰਖ ਅਕਾਲ ਕਹੇ ਧਰਨੀ ਧਰਤ ਧਵਲ ਵੇਖ ਮੇਰੇ ਲਾਡਲੇ ਲਾਲ, ਗੁਰਮੁਖ ਨਜ਼ਰੀ ਆਈਆ । ਜਿਨ੍ਹਾਂ ਦੀ ਲੱਖ ਚੁਰਾਸੀ ਵਿਚੋਂ ਕੀਤੀ ਭਾਲ, ਖੋਜੇ ਥਾਉਂ ਥਾਈਂਆ । ਲੇਖਾ ਰਿਹਾ ਨਾ ਸ਼ਾਹ ਕੰਗਾਲ, ਕਮਲੇ ਕੋਝੇ ਗਲੇ ਲਗਾਈਆ । ਪੂਰਾ ਕਰ ਸਵਾਲ, ਅਗਲਾ ਪੜਦਾ ਦਏ ਉਠਾਈਆ । ਜਿਸ ਦੀ ਜੁਗ ਚੌਕੜੀ ਕਰਦੇ ਰਹੇ ਭਾਲ, ਸੋ ਨਿਰਗੁਣ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਏਕੋ ਰੰਗ ਚੜ੍ਹਾਈਆ । ਧਰਨੀ ਧਰਤ ਧਵਲ ਉਠ ਵੇਖ ਜਨ ਭਗਤਾਂ ਅਲੱਗ ਤਰੀਕਾ, ਤਰਾ ਤਰਾ ਸਮਝਾਈਆ । ਜਿਨ੍ਹਾਂ ਦਾ ਮਾਰਗ ਨੀਕਨ ਨੀਕਾ, ਚੜ੍ਹਨ ਕੋਇ ਨਾ ਪਾਈਆ । ਪ੍ਰੇਮ ਪਿਆਰ ਅੰਦਰ ਭੁਗਤਣ ਤਰੀਕਾਂ, ਤਾਰੀਕੀ ਅੰਧੇਰਾ ਨਾ ਕੋਇ ਚੁਕਾਈਆ । ਪੁਰਖ ਅਕਾਲ ਕਹੇ ਮੇਰੇ ਸ਼ਬਦੀ ਹੁਕਮ ਦਾ ਇਕ ਵਸੀਕਾ, ਲੇਖਕ ਇਕੋ ਸੋਭਾ ਪਾਈਆ । ਜਿਸ ਅੱਗੇ ਵਾਸਤਾ ਪਾਏ ਕੁਰਾਨ ਮਜ਼ੀਦਾ, ਮਜ਼ਬੂਰੀ ਆਪਣੀ ਰਹੀ ਸੁਣਾਈਆ । ਪ੍ਰਭ ਭੁੱਲੀ ਤੇਰੀ ਸਰਬ ਹਦੀਸਾ, ਹਜ਼ਰਤ ਰੰਗ ਨਾ ਕੋਇ ਰੰਗਾਈਆ । ਤੇਰਾ ਖੇਲ ਵੇਖਣਾ ਬੀਸ ਬੀਸਾ, ਸਦੀ ਚੌਧਵੀਂ ਆਪਣਾ ਰੰਗ ਚੜ੍ਹਾਈਆ । ਤੇਰਾ ਭਗਤ ਸੁਹੇਲਾ ਸਦਾ ਰਹੇ ਜਗ ਜੀਤਾ, ਜਗਜੀਵਣ ਦਾਤੇ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਝੁਕੇ ਇਕ ਜਗਦੀਸਾ, ਦੂਸਰ ਹੱਥ ਨਾ ਕਿਸੇ ਫੜਾਈਆ ।

★ ੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹ ਪਿੰਡ ਨੂਰ ਪੁਰ ★

ਆਦਿ ਜੁਗਾਦਿ ਜੁਗ ਚੌਕੜੀ ਪੁਰਖ ਅਕਾਲ ਦੀ ਮਰਜ਼ੀ, ਮਰਜ਼ੀ ਅੰਦਰ ਗੁਰ ਅਵਤਾਰ ਪੈਗ਼ੰਬਰ ਲੋਕਮਾਤ ਰੂਪ ਧਰਾਈਆ । ਲੱਖ ਚੁਰਾਸੀ ਆਤਮ ਧਾਰ ਜਿਸ ਨੂੰ ਸਦਾ ਰਹੇ ਗ਼ਰਜ਼ੀ, ਪਾਰਬ੍ਰਹਮ ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਨਿਤ ਨਵਿਤ ਸਾਚੇ ਸੰਤਾਂ ਧੁਰ ਦੇ ਭਗਤਾਂ ਆਸਾ ਮਨਸਾ ਸੁਣੇ ਅਰਜ਼ੀ, ਖ਼ਾਹਿਸ਼ ਖ਼ੁਸੂਸੀਅਤ ਵਿਚੋਂ ਪਰਗਟਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਲੋਕਮਾਤ ਆਵੇ ਬਣ ਕੇ ਦਰਦੀ, ਦੀਨ ਦਿਆਲਾ ਹਰਿ ਗੋਪਾਲਾ ਆਪਣਾ ਵੇਸ ਵਟਾਈਆ । ਜਗ ਵਾਸਨਾ ਕੂੜੀ ਕਿਰਿਆ ਮਮਤਾ ਮੋਹ ਵਿਕਾਰ ਹੰਕਾਰ ਰਹਿਣ ਨਾ ਦੇਵੇ ਫ਼ਰਜ਼ੀ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਨ ਆਤਮਕ ਰਾਗ ਸੁਣਾਈਆ । ਨੌ ਖੰਡ ਪਿਥਮੀ ਸੱਤ ਦੀਪ ਖੇਲ ਵੇਖੇ ਸ੍ਰਿਸ਼ਟ ਸਬਾਈ ਜਗ ਦੀ, ਚਾਰ ਵਰਨ ਅਠਾਰਾਂ ਬਰਨ ਅੰਤਰ ਨਿਰੰਤਰ ਫੋਲ ਫੁਲਾਈਆ । ਕੂੜੀ ਕਿਰਿਆ ਮੇਟੇ ਮਨ ਵਾਸਨਾ ਹੱਦ ਦੀ, ਹਦੂਦ ਮਹਿਦੂਦ ਇਕੋ ਆਪਣਾ ਨਾਮ ਸਮਝਾਈਆ । ਜਿਸ ਦੀ ਖੇਲ ਸਦਾ ਸਚਖੰਡ ਦਵਾਰ ਅਲਗ ਦੀ, ਸੋ ਪੁਰਖ ਅਬਿਨਾਸ਼ੀ ਘਟ ਨਿਵਾਸੀ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪਣੀ ਕਾਰ ਕਮਾਈਆ । ਸਚ ਖ਼ੁਮਾਰੀ ਦੇਵੇ ਨਾਮ ਅਗੰਮੀ ਮਦਿ ਦੀ, ਮਧੁਰ ਧੁਨ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ਜੁਗ ਚੌਕੜੀ ਮਰਜ਼ੀ ਕਰੇ ਨਿਰੰਕਾਰ, ਦੋ ਜਹਾਨ ਹੁਕਮੇ ਅੰਦਰ ਫਿਰਾਈਆ । ਸੇਵਾ ਲਾ ਗੁਰੂ ਅਵਤਾਰ, ਪੈਗ਼ੰਬਰਾਂ ਕਲਮੇ ਦਏ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਕਰ ਕੇ ਖ਼ਬਰਦਾਰ, ਧੁਰ ਸੰਦੇਸ਼ਾ ਨਾਮ ਦ੍ਰਿੜਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਨਿਰਗੁਣ ਨੂਰ ਜੋਤ ਕਰ ਉਜਿਆਰ, ਦੀਆ ਬਾਤੀ ਕਮਲਾਪਾਤੀ ਇਕੋ ਇਕ ਡਗਮਗਾਈਆ । ਸ਼ਬਦ ਅਗੰਮੀ ਦੇ ਅਨਾਦੀ ਧੁਨਕਾਰ, ਅਨਹਦ ਅਨੁਰਾਗੀ ਰਾਗ ਸੁਣਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਪ੍ਰੇਮ ਪ੍ਰੀਤੀ ਅੰਦਰ ਲਏ ਉਠਾਲ, ਮਿਹਰ ਮੁਹੱਬਤ ਵਿਚ ਆਪਣੇ ਰੰਗ ਰੰਗਾਈਆ । ਪੁਰਖ ਅਕਾਲਾ ਦੀਨ ਦਿਆਲਾ ਭਾਗ ਲਗਾਏ ਕਾਇਆ ਮਾਟੀ ਸਾਢੇ ਤਿੰਨ ਹੱਥ ਸੱਚੀ ਧਰਮਸਾਲ, ਧਰਮ ਦਵਾਰ ਏਕੰਕਾਰ ਇਕੋ ਇਕ ਜਣਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਭੇਵ ਅਭੇਦਾ ਅਛਲ ਅਛੇਦਾ ਆਪਣਾ ਦਏ ਖੁਲ੍ਹਾਈਆ । ਮਰਜ਼ੀ ਅੰਦਰ ਮਰੀਜ਼ਾਂ ਦੀ ਮਰਜ਼ ਕਰੇ ਬਹਾਲ, ਜਨਮ ਮਰਨ ਦਾ ਲੱਖ ਚੁਰਾਸੀ ਗੇੜਾ ਦਏ ਮੁਕਾਈਆ । ਸਾਚੀ ਮਰਜ਼ੀ ਸਦਾ ਚਲੇ ਸ੍ਰੀ ਭਗਵਾਨ, ਮਾਨਵ ਮਰਜ਼ੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ, ਅਨਜਾਣਤ ਆਪਣਾ ਭੇਵ ਖੁਲ੍ਹਾਈਆ ।

★ ੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੰਤੋਖ ਸਿੰਘ ਦੇ ਗ੍ਰਿਹ ਨੂਰ ਪੁਰ ★

ਸਾਚੀ ਮਰਜ਼ੀ ਕਰੇ ਭਗਵਾਨ, ਹਰਿ ਕਰਤਾ ਵਡ ਵਡਿਆਈਆ । ਜਨ ਭਗਤਾਂ ਦੇਵੇ ਨਾਮ ਦਾਨ, ਵਸਤ ਅਮੋਲਕ ਇਕ ਵਰਤਾਈਆ । ਅੰਮ੍ਰਿਤ ਰਸ ਬਖ਼ਸ਼ੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਚਰਨ ਪ੍ਰੀਤੀ ਬਖ਼ਸ਼ ਇਕ ਧਿਆਨ, ਆਸਾ ਮਨਸਾ ਵਿਚ ਸਮਾਈਆ । ਆਵਣ

ਜਾਵਣ ਚੁਕਾ ਕੇ ਕਾਣ, ਲੱਖ ਚੁਰਾਸੀ ਡੇਰਾ ਢਾਹੀਆ । ਧਰਮ ਦਵਾਰਾ ਵਖਾ ਨਿਸ਼ਾਨ, ਸਚਖੰਡ ਸਾਚਾ ਦਏ ਸੁਹਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੰਤ ਸੁਹੇਲਾ ਕਰ ਪਰਵਾਨ, ਪਰਮ ਪੁਰਖ ਪਰਮਾਤਮ ਆਤਮ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਰਖਾਈਆ । ਮਰਜ਼ੀ ਕਰੇ ਹਰਿ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦੀ ਧੁਰ ਦਾ ਕੰਤ, ਜੁਗ ਚੌਕੜੀ ਖੇਲ ਖਿਲਾਇੰਦਾ । ਲੇਖਾ ਜਾਣੇ ਕਲਜੁਗ ਅੰਤ, ਸ੍ਰੀ ਭਗਵੰਤ ਲਹਿਣਾ ਸਭ ਦਾ ਵੇਖ ਵਖਾਇੰਦਾ । ਜਨ ਭਗਤਾਂ ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਮੇਲ ਮਿਲਾ ਕੇ ਸਾਚੀ ਸੰਗਤ, ਪੰਚਮ ਨਾਤਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਬੋਧ ਅਗਾਧਾ ਬਣ ਕੇ ਪੰਡਤ, ਨਿਰਅੱਖਰ ਧਾਰ ਅੱਖਰਾਂ ਵਿਚ ਸਮਝਾਇੰਦਾ ।

★ ੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਉਤਮ ਸਿੰਘ ਦੇ ਗ੍ਰਿਹ ਨਾਭਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਕਵਣ ਬਿਧ ਧਰੀਏ ਰੂਪ, ਰੇਖ ਭੇਖ ਸਮਝ ਕਿਸੇ ਨਾ ਆਈਆ । ਪੁਰਖ ਅਕਾਲ ਕਹੇ ਮੇਰੀ ਨਿਰਗੁਣ ਜੋਤ ਹੋਣਾ ਸਤਿ ਸਰੂਪ, ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਆਪਣੀ ਧਾਰ ਜਣਾਈਆ । ਹੁਕਮੇ ਅੰਦਰ ਕਰਨਾ ਕੂਚ, ਕੂਚਾ ਗਲੀ ਲੱਖ ਚੁਰਾਸੀ ਕਾਇਆ ਮਾਟੀ ਵੇਖਣੀ ਥਾਉਂ ਥਾਈਂਆ । ਸੇਵਾ ਕਰਨੀ ਬਣ ਕੇ ਸਚ ਸਪੂਤ, ਪਿਤਾ ਪੁਰਖ ਅਕਾਲ ਇਕ ਸਮਝਾਈਆ । ਪੜਦਾ ਓਹਲਾ ਰਹੇ ਨਾ ਕਾਇਆ ਪੰਜ ਭੂਤ, ਆਤਮ ਪਰਮਾਤਮ ਲੇਖਾ ਦੇਣਾ ਸਮਝਾਈਆ । ਹਰ ਘਟ ਅੰਤਰ ਵੇਖਣਹਾਰਾ ਮੇਰਾ ਸ਼ਬਦ ਅਗੰਮੀ ਦੂਤ, ਦੋ ਜਹਾਨਾਂ ਵਾਲੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰਾਹ ਦੱਸ ਅਗੰਮ ਸੁਖਾਲਾ, ਸੁਖਸਾਗਰ ਦਇਆ ਕਮਾਈਆ । ਝਗੜਾ ਮੁੱਕੇ ਸ਼ਾਹ ਕੰਗਾਲਾ, ਦੀਨ ਦਿਆਲਾ ਹੋ ਸਹਾਈਆ । ਤ੍ਰੈਗੁਣ ਮਾਇਆ ਮਮਤਾ ਤੁੱਟੇ ਜੰਜਾਲਾ, ਜਾਗਰਤ ਜੋਤ ਕਰ ਰੁਸ਼ਨਾਈਆ । ਦੀਨ ਦੁਨੀ ਰਹੇ ਨਾ ਕੋਇ ਬੇਹਾਲਾ, ਬਿਹਬਲ ਹੋ ਨਾ ਕੋਇ ਕੁਰਲਾਈਆ । ਕਾਇਆ ਮੰਦਰ ਅੰਦਰ ਵਖਾ ਸੱਚੀ ਧਰਮਸਾਲਾ, ਧਰਮ ਦਵਾਰ ਇਕੋ ਦੇ ਪਰਗਟਾਈਆ । ਜਿਥੇ ਨਿਰਗੁਣ ਦੀਪ ਹੋਏ ਉਜਾਲਾ, ਅੰਧ ਅੰਧੇਰ ਰਹੇ ਨਾ ਰਾਈਆ । ਫੇਰਨੀ ਪਏ ਕੋਈ ਨਾ ਮਾਲਾ, ਮਨ ਕਾ ਮਣਕਾ ਦੇ ਭਵਾਈਆ । ਗੁਰਮੁਖ ਗੁਰਸਿਖ ਹਰਿਜਨ ਜਨ ਭਗਤ ਵੇਖ ਆਪਣਾ ਬਾਲਾ, ਬਾਲੀ ਬੁਧ ਲੈ ਉਠਾਈਆ । ਨਾਮ ਅਗੰਮੀ ਰਸ ਹਕੀਕੀ ਜਾਮ ਦੇ ਪਿਆਲਾ, ਪੀਆ ਪ੍ਰੀਤਮ ਹੋ ਕੇ ਦਇਆ ਕਮਾਈਆ । ਤੇਰਾ ਨੂਰ ਜਹੂਰ ਦਿਸੇ ਜਗਤ ਨਿਰਾਲਾ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੱਥ ਰੱਖ ਸਾਡੀ ਪੁਸ਼ਤ ਪਨਾਹ, ਪੁਨਹ ਪੁਨਹ ਸੀਸ ਨਿਵਾਈਆ । ਤੇਰਾ ਮਾਰਗ ਦੱਸੀਏ ਰਾਹ, ਰਹਿਬਰ ਹੋ ਕੇ ਸੇਵ ਕਮਾਈਆ । ਸਰਬ ਦਾ ਮਾਲਕ

ਪਰਮਾਤਮ ਜਲਵਾਗਰ ਨੂਰ ਖ਼ੁਦਾ, ਜਹੂਰ ਵਿਚ ਤੇਰੀ ਵਡਿਆਈਆ । ਰਮਜ਼ ਇਸ਼ਾਰਾ ਆਈਏ ਲਾ, ਲਾਸ਼ਰੀਕ ਤੇਰਾ ਭੇਵ ਖੁਲ੍ਹਾਈਆ । ਸੋ ਪੁਰਖ ਨਿਰੰਜਣ ਬਣ ਬੇਪਰਵਾਹ, ਹਰਿ ਪੁਰਖ ਨਿਰੰਜਣ ਪੜਦਾ ਦੇ ਉਠਾਈਆ । ਤੇਰਾ ਲੇਖਾ ਦੋ ਜਹਾਨਾਂ ਥਾਉਂ ਥਾਂ, ਥਾਨ ਥਨੰਤਰ ਤੇਰੀ ਓਟ ਰਖਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਜਗਤ ਮਲਾਹ, ਖੇਵਟ ਖੇਟਾ ਤੂੰ ਹੀ ਨਜ਼ਰੀ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਦਰਦੀਆਂ ਦਰਦ ਵੰਡਾ, ਦੁੱਖ ਕਲੇਸ਼ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਨਾਮ ਸੰਦੇਸ਼ਾ ਦੇਵਾਂ ਧੁਰ ਦਾ ਢੋਲਾ, ਬਿਨ ਢੋਲਕ ਛੈਣੇ ਲੈਣਾ ਗਾਈਆ । ਜੋ ਭਾਗ ਲਗਾਵੇ ਕਾਇਆ ਪੰਜ ਤਤ ਚੋਲਾ, ਚੋਲੀ ਆਪਣੇ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਗਾਉਣਾ ਬੋਲਾ, ਅਨਬੋਲਤ ਰਾਗ ਸੁਣਾਈਆ । ਚਾਰ ਜੁਗ ਦਾ ਕਰਾਂ ਪੂਰਾ ਇਕਰਾਰ ਕੌਲਾ, ਧਰਨੀ ਧਰਤ ਧਵਲ ਦਇਆ ਕਮਾਈਆ । ਹਰ ਘਟ ਰਮਿਆ ਦੱਸੇ ਜਾ ਕੇ ਮੌਲਾ, ਗ੍ਰਿਹ ਗ੍ਰਿਹ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਜਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਸੁਣੋ ਧੁਰ ਦਾ ਵਾਕ ਫ਼ਰਮਾਨ, ਫੁਰਨਿਆਂ ਤੋਂ ਪਰੇ ਕਰੇ ਪੜ੍ਹਾਈਆ । ਅਨੁਭਵ ਦ੍ਰਿਸ਼ਟੀ ਵਿਚ ਕਰ ਪਰਵਾਨ, ਪਰਵਾਨਾ ਧੁਰ ਦਾ ਦਿਆਂ ਜਣਾਈਆ । ਜਿਸ ਦਾ ਲਿਖਤਾਂ ਵਿਚ ਦਿਸੇ ਨਾ ਕੋਇ ਬਿਆਨ, ਇਸ਼ਟਾਂ ਵਿਚੋਂ ਇਸ਼ਟ ਸਭ ਦਾ ਪਿਤਾ ਮਾਈਆ । ਸੋ ਖੇਲ ਕਰੇ ਵਾਲੀ ਦੋ ਜਹਾਨ, ਪ੍ਰਿਤਪਾਲਕ ਨੂਰ ਖ਼ੁਦਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਹੁਕਮੇ ਅੰਦਰ ਹੁਕਮ ਵਰਤਾਈਆ । ਲੇਖਾ ਜਾਣੇ ਜਾਗਰਤ ਜੋਤ ਜੀਵ ਜਹਾਨ, ਘਟ ਭੀਤਰ ਵੇਖੇ ਥਾਉਂ ਥਾਈਂਆ । ਹੁਕਮੇ ਅੰਦਰ ਹੁਕਮ ਕਰ ਬਲਵਾਨ, ਕੂੜੀ ਕਿਰਿਆ ਮੇਟੇ ਨਿਸ਼ਾਨ, ਨਿਸ਼ਾਨਾ ਆਪਣਾ ਨਾਮ ਸਮਝਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਹਉਮੇ ਹੰਗਤਾ ਗੜ੍ਹ ਤੋੜੇ ਅਭਿਮਾਨ, ਕਾਇਆ ਮਕਬਰੇ ਕਰੇ ਸਫਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇਣਾ ਸਚ ਗਿਆਨ, ਸੋ ਸਵਾਮੀ ਅੰਤਰਜਾਮੀ ਸਾਹਿਬ ਸੁਲਤਾਨਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਏਕੰਕਾਰ ਇਕੋ ਇਕ ਦਰਸਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵਸਤ ਅਗੰਮੀ ਦੇ ਦੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਤੇਰੇ ਵਿਚੋਂ ਤੇਰਾ ਉਪਜੇ ਜਾਪ, ਜਗ ਜੀਵਣ ਦਾਤੇ ਦਾਤਾਰ ਆਪਣਾ ਭੇਵ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਮੇਟੇ ਪਾਪ, ਪਤਤ ਪੁਨੀਤ ਦਏ ਬਣਾਈਆ । ਚਿੰਤਾ ਰੋਗ ਰਹੇ ਨਾ ਕੋਇ ਸੰਤਾਪ, ਸੋਈ ਸੁਰਤੀ ਸ਼ਬਦ ਉਠਾਈਆ । ਭਵਿਖਤਾਂ ਵਿਚ ਜੋ ਆਏ ਆਖ, ਆਖ਼ਰ ਸਭ ਦਾ ਲਹਿਣਾ ਦੇਣਾ ਮੁਕਾਈਆ । ਤੂੰ ਸਾਹਿਬ ਪੁਰਖ ਸਮਰਾਥ, ਸਚਖੰਡ ਨਿਵਾਸੀ ਧੁਰ ਦਾ ਪਿਤਾ ਮਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਗਾਉਂਦੇ ਆਏ ਗਾਥ, ਗਾ ਗਾ ਰਾਗ ਅਲਾਈਆ । ਕਲਜੁਗ ਅੰਤ ਦੋਏ ਜੋੜ ਕੇ ਹਾਥ, ਚਰਨ ਕਵਲ ਸੀਸ ਝੁਕਾਈਆ । ਲਹਿਣਾ ਦੇਣਾ ਦੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਰੱਖਣ ਧੁਰ ਦੀ ਆਸ, ਆਸਾ ਵਿਚ ਭਰਵਾਸਾ ਪਰਮ ਪੁਰਖ ਆਪਣਾ ਦੇਣਾ ਸਮਝਾਈਆ ।

## ★ ੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਸਿੰਘ ਦੇ ਗ੍ਰਹਿ ਪਟਿਆਲਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਸਮਰਥ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਤੇਰੀ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਖੇਲ ਤੇਰਾ ਅਕਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੇਵ ਨਾ ਕੋਇ ਖੁਲ੍ਹਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਾਮ ਨਿਧਾਨ ਸ੍ਰੀ ਭਗਵਾਨ ਸਾਹਿਬ ਸਵਾਮੀ ਅੰਤਰਜਾਮੀ ਤੇਰਾ ਆਏ ਦੱਸ, ਬੋਧ ਅਗਾਧ ਨਾਦ ਧੁਨ ਧੁਨ ਆਤਮਕ ਰਾਗ ਸੁਣਾਈਆ । ਭੇਵ ਅਭੇਦਾ ਅਛਲ ਅਛੇਦਾ ਗੁਣਵੰਤੇ ਤੇਰਾ ਗਾ ਕੇ ਆਏ ਜਸ, ਸਿਫ਼ਤਾਂ ਵਿਚ ਲਿਖਤਾਂ ਵਿਚ ਤੇਰੀ ਕਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਚੇ ਸ਼ਾਹ ਸੁਲਤਾਨ, ਸੋ ਪੁਰਖ ਨਿਰੰਜਣ ਤੇਰੀ ਇਕ ਸਰਨਾਈਆ । ਹੁਕਮੇ ਅੰਦਰ ਵੇਖੀਏ ਦੀਨ ਦੁਨੀ ਜਗਤ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ ਫੇਰਾ ਪਾਈਆ । ਭੇਵ ਖੁਲ੍ਹਾਈਏ ਕਾਇਆ ਮਾਟੀ ਚਾਮ, ਦ੍ਰਿਸ਼ਟੀ ਅੰਦਰ ਸ੍ਰਿਸ਼ਟੀ ਪੜਦਾ ਆਪ ਚੁਕਾਈਆ । ਤੇਰਾ ਸੁਣ ਅਗੰਮੀ ਫ਼ਰਮਾਨ, ਨਿਰਗੁਣ ਧਾਰ ਹੋਏ ਸਵਾਧਾਨ, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਇਕੋ ਹੁਕਮ ਧੁਰ ਫ਼ਰਮਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਧਾਰ ਏਕੰਕਾਰ ਪਰਵਰਦਿਗਾਰ ਦੇਣਾ ਜਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਸੁਣੋ ਸੰਦੇਸ਼ਾ ਅਗੰਮ, ਅਗੰਮੜੀ ਖੇਲ ਜਣਾਇੰਦਾ । ਨਾਮ ਨਿਧਾਨਾ ਚੀਨਣਾ ਬਿਨਾ ਰਸਨਾ ਜਿਹਵਾ ਬੱਤੀ ਦੰਦ, ਦਮ ਸਵਾਸ ਸਵਾਸ ਵੰਡ ਨਾ ਕੋਇ ਵੰਡਾਇੰਦਾ । ਖੇਲ ਕਰਨਾ ਬਿਨਾ ਹੱਡ ਮਾਸ ਨਾੜੀ ਚੰਮ, ਚੰਮ ਦ੍ਰਿਸ਼ਟੀ ਡੇਰਾ ਢਾਹਿੰਦਾ । ਕੂੜੀ ਕਿਰਿਆ ਜਗਤ ਵਾਸਨਾ ਖੇੜਾ ਦੇਣਾ ਭੰਨ, ਪਾਰਬ੍ਰਹਮ ਭੇਵ ਅਭੇਦਾ ਆਪ ਖੁਲ੍ਹਾਇੰਦਾ । ਲੇਖਾ ਜਾਨਣਾ ਤਨ ਵਜੂਦ ਸਰਵਣ ਸੁਣੇ ਕੋਈ ਨਾ ਕੰਨ, ਕਾਇਨਾਤ ਅੰਦਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਪੁਰਖ ਅਕਾਲਾ ਦੀਨ ਦਿਆਲਾ ਦਇਆਨਿਧ ਠਾਕਰ ਆਪਣਾ ਹੁਕਮ ਸੁਣਾਇੰਦਾ । ਹੁਕਮ ਸੁਣਾਏ ਸ੍ਰੀ ਭਗਵੰਤ, ਹਰਿ ਭਗਵਨ ਦਇਆ ਕਮਾਈਆ । ਏਕਾ ਦ੍ਰਿੜਾਉਣਾ ਧੁਰ ਦਾ ਮੰਤ, ਗ੍ਰਹਿ ਗ੍ਰਹਿ ਅੰਦਰ ਤਾਲ ਵਜਾਈਆ । ਭੇਵ ਚੁਕਾਉਣਾ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਗੜ੍ਹ ਤੋੜਨਾ ਹਉਮੇ ਹੰਗਤ, ਹੰ ਬ੍ਰਹਮ ਦੇਣਾ ਉਪਜਾਈਆ । ਦੂਜੇ ਦਰ ਹੋਵੇ ਕੋਈ ਨਾ ਮੰਗਤ, ਵਸਤ ਅਮੋਲਕ ਕਾਇਆ ਗੋਲਕ ਦੇਣੀ ਟਿਕਾਈਆ । ਸ਼ਬਦੀ ਧਾਰ ਮਹਿੰਮਾ ਦੱਸ ਅਗਣਤ, ਨਿਰਅੱਖਰ ਵਿਚੋਂ ਅੱਖਰ ਧਾਰ ਦੇਣੀ ਸਮਝਾਈਆ । ਗੁਰਮੁਖ ਵੇਖਣਾ ਧੁਰ ਦਾ ਸੰਤ, ਸਾਹਿਬ ਸਤਿਗੁਰ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਇਕੱਲਾ ਸਚ ਮਹੱਲਾ ਸਚਖੰਡ ਦਰਗਾਹ ਸਾਚੀ ਧਾਮ ਨਿਆਰੇ ਇਕੋ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵਡ ਦਾਤੇ ਬੇਪਰਵਾਹ, ਬੇਪਰਵਾਹੀ ਤੇਰੀ ਨਜ਼ਰੀ ਆਈਆ । ਤੂੰ ਆਦਿ ਜੁਗਾਦੀ ਇਕ ਖ਼ੁਦਾ, ਖ਼ੁਦੀ ਸਭ ਦੀ ਦੇ ਮਿਟਾਈਆ । ਤੇਰੇ ਚਰਨ ਕਵਲ ਧਿਆਨ ਰਹੇ ਲਗਾ, ਸੀਸ ਜਗਦੀਸ ਇਕ ਨਿਵਾਈਆ । ਤੇਰਾ ਲੇਖਾ ਲਿਖੇ ਕੋਈ ਨਾ ਕਲਮ ਸ਼ਾਹ, ਕਾਤਬ ਰੂਪ ਨਾ ਕੋਇ ਧਰਾਈਆ । ਤੂੰ ਜਲਵਾਗਰ ਇਕ ਰੁਸ਼ਨਾ,

ਲੱਖ ਚੁਰਾਸੀ ਰਿਹਾ ਸਮਾਈਆ । ਹੁਕਮੇ ਅੰਦਰ ਹੁਕਮ ਦੇ ਬਦਲਾ, ਬਦਲੀ ਹੋਵੇ ਖ਼ਲਕ ਖ਼ੁਦਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਨਗ਼ਮਾ ਇਕੋ ਦੇ ਸੁਣਾ, ਗੀਤ ਗੋਬਿੰਦ ਤੇਰੀ ਵੱਜੇ ਵਧਾਈਆ । ਹਰ ਘਟ ਰਮਿਆ ਰਾਮ ਨਜ਼ਰੀ ਆ, ਸ਼ਾਮ ਹੋ ਕੇ ਬੰਸਰੀ ਇਕ ਸੁਣਾਈਆ । ਜੀਵ ਜੰਤ ਧੁਰ ਦੀ ਗੋਪੀ ਲੈ ਪਰਨਾ, ਆਤਮ ਪਰਮਾਤਮ ਆਪਣਾ ਜੋੜ ਜੁੜਾਈਆ । ਕਲਜੁਗ ਕੂੜੀ ਕਿਰਿਆ ਦੇ ਖਪਾ, ਮਾਇਆ ਮਮਤਾ ਮੋਹ ਵਿਕਾਰ ਲੋਕਮਾਤ ਰਹਿਣ ਨਾ ਪਾਈਆ । ਤੇਰੇ ਅੱਗੇ ਕਰੀਏ ਸਰਬ ਦੁਆ, ਦੋਏ ਜੋੜ ਸੀਸ ਝੁਕਾਈਆ । ਤੂੰ ਖ਼ਾਲਕ ਖ਼ਲਕ ਆਦਿ ਜੁਗਾਦੀ ਰਹਿਨੁਮਾ, ਰਹਿਮਤ ਤੇਰੀ ਨਜ਼ਰੀ ਆਈਆ । ਨਿਤ ਨਵਿਤ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਬਣਦੇ ਰਹੇ ਪੇਸ਼ਵਾ, ਪੇਸ਼ਤਰ ਤੇਰਾ ਹੁਕਮ ਆਏ ਸੁਣਾਈਆ । ਸੋ ਵੇਲਾ ਵਕਤ ਦੋ ਜਹਾਨਾਂ ਸ੍ਰੀ ਭਗਵਾਨਾ ਗਿਆ ਆ, ਗਹਿਰ ਗੰਭੀਰ ਬੇਨਜ਼ੀਰ ਤੇਰੇ ਹੱਥ ਵਡਿਆਈਆ । ਹਉਂ ਸਰਨ ਸਰਨਾਈ ਸਰਨਗਤ ਤੇਰੀ ਰਹੇ ਤਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਕਵਲ ਚਰਨ ਚਰਨ ਕਵਲ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੂੰ ਸਾਹਿਬ ਪੁਰਖ ਅਗੰਮ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਸਦੀ ਚੌਧਵੀਂ ਬੇੜਾ ਬੰਨ੍ਹ, ਖੇਵਟ ਖੇਟਾ ਹੋ ਕੇ ਆਪਣੀ ਕਾਰ ਕਮਾਈਆ । ਕਰ ਪਰਕਾਸ਼ ਕਾਇਆ ਮਾਟੀ ਸਾਚੇ ਤਨ, ਤਨ ਵਜੂਦ ਕਰ ਰੁਸ਼ਨਾਈਆ । ਨਾਮ ਸੰਦੇਸ਼ਾ ਨਰ ਨਰੇਸ਼ਾ ਇਕ ਸੁਣਾ ਬਿਨਾ ਕੰਨ, ਸਰਵਣਾਂ ਤੋਂ ਪਰੇ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਇਕੋ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਧੁਰ ਦੇ ਮਾਲਕ, ਮਲਕੀਅਤ ਦੀਨ ਦੁਨੀ ਤੇਰੀ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਬਦਲ ਆਦਤ, ਅਦਲ ਅਦਾਲਤ ਆਪ ਕਮਾਈਆ । ਹਿਰਦੇ ਅੰਦਰ ਬਖ਼ਸ਼ ਇਬਾਦਤ, ਨਾਮ ਨਿਧਾਨਾ ਦੇ ਜਣਾਈਆ । ਤੂੰ ਸਦਾ ਸਦਾ ਸਹੀ ਸਲਾਮਤ, ਜਨਮ ਮਰਨ ਵਿਚ ਕਦੇ ਨਾ ਆਈਆ । ਮਮਤਾ ਮੋਹ ਮੇਟ ਅਲਾਮਤ, ਆਲਮ ਉਲਮਾ ਇਲਮ ਇਕੋ ਦੇ ਸਮਝਾਈਆ । ਧੁਰ ਦਾ ਅੰਮ੍ਰਿਤ ਬਖ਼ਸ਼ ਨਿਆਮਤ, ਅਗਨੀ ਤਤ ਦੇ ਬੁਝਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਭੀਤਰ ਕਾਇਆ ਮੰਦਰ ਅੰਦਰ ਗ੍ਰਿਹ ਆਪਣੇ ਨਾਮ ਦੀ ਦੇ ਜ਼ਮਾਨਤ, ਦੀਨ ਦਿਆਲ ਦਇਆਨਿਧ ਆਪਣੀ ਦਇਆ ਕਮਾਈਆ । ਪੰਜਾਂ ਤੱਤਾਂ ਅੰਦਰ ਤੇਰਾ ਆਤਮ ਤੇਰੀ ਅਮਾਨਤ, ਦੂਜੀ ਵਸਤ ਨਜ਼ਰ ਕੋਇ ਨਾ ਆਈਆ । ਤੇਰੀ ਰਹਿਮਤ ਨਾਲ ਮਨੂਆ ਕਰੇ ਨਾ ਕੋਇ ਬਗ਼ਾਵਤ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਹਰਿ ਜਗਦੀਸ਼ ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਪਰਮਾਤਮ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਤੇਰੇ ਨਾਮ ਦਾ ਸਮਝੇ ਨਾ ਕੋਇ ਮਹਾਤਮ, ਮਹਿੰਮਾ ਕਹਿਣ ਕੋਇ ਨਾ ਪਾਈਆ । ਪੜਦਾ ਖੁਲ੍ਹਿਆ ਨਾ ਕਿਸੇ ਸਨਾਤਮ, ਸਤਿ ਦਵਾਰ ਪੜਦਾ ਨਾ ਕੋਇ ਉਠਾਈਆ । ਦਰਸ ਕਰੇ ਕੋਈ ਨਾ ਬਾਤਨ, ਜਾਹਰ ਜਹੂਰ ਨਾ ਕੋਇ ਰੁਸ਼ਨਾਈਆ । ਸਾਚਾ ਘਾਟ ਲੱਭੇ ਕਿਸੇ ਨਾ ਪਾਤਣ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਕਲਜੁਗ ਕੂੜੀ ਕਿਰਿਆ ਮਨਸਾ ਮੋਹ ਨਾ ਮਿਟੇ ਵਾਸਨ, ਵਸਲ ਯਾਰ ਨਾ ਕੋਇ ਵਖਾਈਆ । ਕਿਰਪਾ ਕਰ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤੇ ਤੇਰੀ ਓਟ ਰਖਾਈਆ । ਝਗੜਾ

ਮੁਕਾ ਪ੍ਰਿਥਮੀ ਆਕਾਸ਼ਨ, ਗਗਨ ਗਗਨੰਤਰ ਤੇਰੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਅਰਜ਼ੋਈ ਅੰਦਰ ਆਖਣ, ਬੇਨੰਤੀ ਹਕ ਸੁਣਾਈਆ । ਪੁਰਖ ਅਕਾਲ ਕਹੇ ਮੈਂ ਸੁਣਾਂ ਅਗੰਮੀ ਅਰਜ਼, ਆਰਜ਼ੂ ਸਭ ਦੀ ਵੇਖ ਵਖਾਈਆ । ਨਿਰਗੁਣ ਧਾਰ ਵੰਡਾਂ ਦਰਦ, ਦਰਦੀ ਹੋ ਕੇ ਫੇਰਾ ਪਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਬਦਲਾ ਸਭ ਦਾ ਦਿਆਂ ਚੁਕਾਈਆ । ਚਾਰ ਜੁਗ ਦਾ ਰਹਿਣ ਨਾ ਦੇਵਾਂ ਕਰਜ਼, ਮਕਰੂਜ਼ ਹੋ ਕੇ ਲਹਿਣਾ ਝੋਲੀ ਪਾਈਆ । ਦੀਨ ਦੁਨੀ ਦਾ ਲੇਖਾ ਕਰਾਂ ਨਪੜਦ, ਓਢਣ ਸੀਸ ਨਾ ਕੋਇ ਟਿਕਾਈਆ । ਸਾਚੇ ਨਾਮ ਦਾ ਲਏ ਕੋਈ ਨਾ ਧੜਤ, ਗੁਰ ਗੁਰ ਹੱਟ ਨਾ ਕੋਇ ਵਿਕਾਈਆ । ਸਭ ਦੀ ਪੂਰੀ ਕਰਾਂ ਲਿਖਤ ਪੜ੍ਹਤ, ਭਵਿਖਤਾਂ ਵਿਚੋਂ ਭਵਿਖਤ ਦਿਆਂ ਸਮਝਾਈਆ । ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਆਕਾਸ਼ ਪਾਤਾਲਾਂ ਜ਼ਿਮੀਂ ਅਸਮਾਨਾਂ ਮੰਨਣਾ ਪਏ ਇਕੋ ਇਸ਼ਟ, ਇਸ਼ਟ ਆਤਮਾ ਪਰਮਾਤਮਾ ਇਕ ਜਣਾਈਆ । ਕੁਛ ਲੇਖਾ ਲਹਿਣਾ ਦੇਣਾ ਰਾਮ ਨਾਲ ਵਸ਼ਿਸ਼ਟ, ਵਿਸ਼ਿਆਂ ਤੋਂ ਪਰੇ ਜਿਸ ਦਾ ਵਿਸ਼ਾ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਸਤਿ ਸਤਿਵਾਦੀ ਇਕੋ ਇਕ ਸੁਣਾਈਆ । ਸੁਣੋ ਸੰਦੇਸ਼ਾ ਧੁਰ ਫ਼ਰਮਾਨ, ਹਰਿ ਕਰਤਾ ਆਪ ਦ੍ਰਿੜ੍ਹਾਈਆ । ਜਾ ਕੇ ਵੇਖੋ ਜੀਵ ਜਹਾਨ, ਘਟ ਘਟ ਅੰਤਰ ਫੋਲ ਫੁਲਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਹੋ ਕੇ ਵੇਸ ਵਟਾਈਆ । ਜੋ ਲਿਖ ਕੇ ਆਏ ਬਿਆਨ, ਨਾਤਾ ਜੋੜ ਕਲਮ ਸ਼ਾਹੀਆ । ਉਸ ਦਾ ਲਹਿਣਾ ਦੇਣਾ ਮੁਕਾਏ ਸ੍ਰੀ ਭਗਵਾਨ, ਭਾਗ ਹਿੱਸਾ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਥੇ ਓਥੇ ਦੋ ਜਹਾਨਾਂ ਘਟ ਨਿਵਾਸੀ ਸਰਬ ਜੀਆਂ ਦਾ ਜਾਣੀ ਜਾਣ, ਅਭੁੱਲ ਭੁੱਲ ਵਿਚ ਕਦੇ ਨਾ ਆਈਆ ।



### ★ ੭ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਦੇਵ ਕਿਸ਼ਨ ਦੇ ਗ੍ਰਿਹ ਪਟਿਆਲਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਅਸੀਂ ਕਰ ਕਰ ਥੱਕੇ ਯਤਨ, ਕਲਜੁਗ ਅੰਤ ਸ੍ਰੀ ਭਗਵੰਤ ਸ੍ਰਿਸ਼ਟੀ ਦ੍ਰਿਸ਼ਟੀ ਨਾ ਕੋਇ ਬਦਲਾਈਆ । ਸਚਖੰਡ ਦਵਾਰ ਏਕੰਕਾਰ ਤੱਕੇ ਕੋਈ ਨਾ ਆਪਣਾ ਵਤਨ, ਬੇਵਤਨ ਬੇਪਰਵਾਹ ਹੋਈ ਤੇਰੀ ਲੋਕਾਈਆ । ਸਚ ਕਿਨਾਰਾ ਧਰਮ ਦਵਾਰਾ ਵੇਖੇ ਕੋਈ ਨਾ ਪਤਣ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਧਿਆਨ ਨਾ ਕੋਇ ਲਗਾਈਆ । ਮਨ ਵਾਸਨਾ ਕੂੜੀ ਕਿਰਿਆ ਜਗਤ ਵਿਕਾਰੀ ਹੱਸਣ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਜੂਠ ਝੂਠ ਅਪਰਾਧ ਮੋਹ ਵਿਕਾਰ ਮਮਤਾ ਵਿਚ ਵਸਣ, ਵਸਲ ਯਾਰ ਕਰੇ ਨਾ ਕੋਇ ਖ਼ੁਦਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਉਠ ਉਠ ਨੱਸਣ, ਧੀਰਜ ਧੀਰ ਸਤਿ ਸੰਤੋਖ ਸਾਂਤਕ ਸਤਿ ਨਾ ਕੋਇ ਕਰਾਈਆ । ਤ੍ਰੈਗੁਣ ਮਾਇਆ ਪੰਜ ਤਤ ਸ਼ਰੀਰ ਬੇਨਜ਼ੀਰ ਲਾਈ ਅਗਨ, ਅਗਨੀ ਤਤ ਬੁਝਾ ਬ੍ਰਹਮ ਮਤ ਨਾ ਕੋਇ ਦ੍ਰਿੜ੍ਹਾਈਆ । ਬਿਨ ਸਾਚੇ ਨਾਮ ਓਢਣ ਦੀਨ ਦੁਨੀ ਹੋਈ ਨਗਨ, ਸਮਰਥ ਸਵਾਮੀ ਅੰਤਰਜਾਮੀ ਸੀਸ ਜਗਦੀਸ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਧੁਰ ਦੇ ਮਾਲਕ ਖ਼ਾਲਕ ਪ੍ਰਿਤਪਾਲਕ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸਦੀ ਚੌਧਵੀਂ ਚਾਰ ਵਰਨ ਅਠਾਰਾਂ ਬਰਨ ਫਿਰ ਫਿਰ ਥੱਕੇ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਤੱਕੇ, ਨਿਰਗੁਣ ਹੋ ਕੇ ਗ੍ਰਿਹ ਗ੍ਰਿਹ ਫੋਲ ਫੁਲਾਈਆ । ਪੰਧ ਮੁਕਾ ਕੇ ਵੇਖੇ ਮਦੀਨੇ ਮੱਕੇ, ਧੁਰ ਫ਼ਰਮਾਨੇ ਅੰਦਰ ਸੇਵ ਕਮਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਥੋੜ੍ਹੇ ਦਿਸਦੇ ਸੱਚੇ, ਦੀਨ ਦੁਨੀ ਮਮਤਾ ਮੋਹ ਵਿਚ ਹਲਕਾਈਆ । ਨਿਰਗੁਣ ਧਾਰ ਜੋਤ ਸਰੂਪ ਨਿਜ ਨੈਣ ਕੋਈ ਨਾ ਤੈਨੂੰ ਤੱਕੇ, ਗਿਆਨ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਸਭ ਦੇ ਚੀਥੜ ਦਿਸਣ ਫਟੇ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਚਰਨ ਕਵਲ ਸੀਸ ਨਾ ਕੋਇ ਨਿਵਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਦਿਸਣ ਰੱਟੇ, ਝਗੜਾ ਦਵੈਤ ਨਾ ਕੋਇ ਮਿਟਾਈਆ । ਅੰਤ ਅਖ਼ੀਰ ਬੇਨਜ਼ੀਰ ਜੀਵਾਂ ਜੰਤਾਂ ਸਾਧਾਂ ਸੰਤਾਂ ਪਤ ਕੋਈ ਨਾ ਰੱਖੇ, ਮਿਹਰਵਾਨ ਮਹਿਬੂਬ ਤੁਧ ਬਿਨ ਹੋਏ ਨਾ ਕੋਇ ਸਹਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੇ ਦਰ ਦਵਾਰ ਆਏ ਨੱਸੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਸਤਿ ਧਰਮ ਦਾ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਲੋਕਮਾਤ ਖੋਲ੍ਹ ਇਕੋ ਹੱਟੇ, ਜਗਤ ਵਣਜਾਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲੈ ਬਣਾਈਆ । ਕਲਜੁਗ ਕੂੜੀ ਕਿਰਿਆ ਭਾਂਡੇ ਰਹਿਣ ਨਾ ਦੇ ਕੱਚੇ, ਕੰਚਨ ਗੜ੍ਹ ਗ੍ਰਿਹ ਮੰਦਰ ਦੇ ਸੁਹਾਈਆ । ਮਨ ਵਾਸਨਾ ਮਮਤਾ ਵਿਚ ਮੂਲ ਨਾ ਨੱਚੇ, ਮਨ ਕਾ ਮਣਕਾ ਦੇ ਭਵਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਭ ਕਿਛ ਤੇਰੇ ਹੱਥੇ, ਸਚ ਸਵਾਮੀ ਅੰਤਰਜਾਮੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਤਿਗੁਰ ਤੇਰੀ ਓਟ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਚਾਰੋਂ ਕੁੰਟ ਵਰਤੀ ਕਲ, ਕਲਮਾ ਹਕ ਨਜ਼ਰ ਕਿਸੇ ਆਈਆ । ਸੱਜਣ ਮੀਤ ਕਪਟ ਵਿਕਾਰ ਕਰੇ ਛਲ, ਅਛਲ ਛਲਧਾਰੀ ਤੇਰੀ ਸਮਝ ਕੋਇ ਨਾ ਪਾਈਆ । ਪੂਰਬ ਲਹਿਣਾ ਦੇਣਾ ਲੇਖਾ ਸੰਦੇਸ਼ਾ ਕੁਛ ਦੇ ਕੇ ਗਿਆ ਬਾਵਨ ਬਲ, ਭੇਵ ਅਭੇਦਾ ਅਗੰਮ ਅਥਾਹ ਖੁਲ੍ਹਾਈਆ । ਜਿਸ ਦਾ ਲੇਖਾ ਪਰੇ ਚਾਰ ਵੇਦਾ, ਬ੍ਰਹਮ ਵੇਤਾ ਅੰਤ ਕਹਿਣ ਨਾ ਪਾਈਆ । ਲਿਖਿਆ ਨਾ ਜਾਏ ਕਿਸੇ ਕਿਤੇਬਾ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਸੋ ਪੁਰਖ ਅਕਾਲ ਦੀਨ ਦਿਆਲ ਮੰਦਰ ਅੰਦਰ ਚੜ੍ਹ ਕੇ ਖੋਲ੍ਹ ਆਪਣਾ ਭੇਦਾ, ਭੇਵ ਅਭੇਦ ਦੇਣਾ ਦ੍ਰਿੜਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਕਿਸ ਬਿਧ ਖੇਲੇਂ ਖੇਡਾਂ, ਖ਼ਾਲਕ ਖ਼ਲਕ ਆਪਣਾ ਹੁਕਮ ਵਰਤਾਈਆ । ਆਦਿ ਨਿਰੰਜਣ ਅਬਿਨਾਸ਼ੀ ਕਰਤੇ ਮਿਹਰਵਾਨ ਮੁਹੱਬਤ ਵਿਚ ਦੀਨ ਦੁਨੀ ਦੱਸ ਆਪਣਾ ਦੇਸਾ, ਸਚਖੰਡ ਦਵਾਰਾ ਏਕੰਕਾਰਾ ਇਕੋ ਇਕ ਸਮਝਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਰਹੇਂ ਹਮੇਸ਼ਾ, ਮਰ ਜੀਵਤ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਪ੍ਰਿਥਮੀ ਆਕਾਸ਼ ਗਗਨ ਗਗਨੰਤਰ ਤੇਰੇ ਹੱਥ ਲੇਖਾ, ਲਿਖਤ ਭਵਿਖਤ ਇਸ਼ਟ ਦ੍ਰਿਸ਼ਟ ਵਿਚ ਦੇ ਬਦਲਾਈਆ ।

★ ੭ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਤਵੰਤ ਕੌਰ ਦੇ ਗ੍ਰਿਹ ਪਟਿਆਲਾ ★

ਗੁਰ ਅਵਤਾਰ ਪੈਗੰਬਰ ਗਾਓ ਢੋਲਾ, ਨਵ ਸੱਤ ਅਗੰਮੀ ਰਾਗ ਸੁਣਾਈਆ । ਚਾਰ ਵਰਨਾਂ ਦੱਸੋ ਇਕੋ ਬੋਲਾ, ਅਨਬੋਲਤ ਰਿਹਾ ਦ੍ਰਿੜਾਈਆ । ਸੋਹੰ ਸ਼ਬਦ ਆਤਮ ਪਰਮਾਤਮ ਬਣਾਓ ਵਿਚੋਲਾ, ਵਿਚਲਾ ਭੇਵ ਜਗਤ ਖੁਲ੍ਹਾਈਆ । ਤਨ ਮਾਟੀ ਵਜੂਦ ਰਹੇ ਕੋਈ ਨਾ ਓਹਲਾ, ਪੜਦਾ ਦੇਣਾ ਉਠਾਈਆ । ਹਰ ਘਟ ਰਮਿਆ ਨਜ਼ਰ ਆਵਾਂ ਮੌਲਾ, ਅਮੋਲਕ ਵਸਤ ਦੇਣੀ ਵਰਤਾਈਆ । ਕਲਜੁਗ ਕੂੜੀ ਕਿਰਿਆ ਰਹੇ ਕੋਈ ਨਾ ਗੋਲਾ, ਸਚ ਪ੍ਰੀਤੀ ਦੇਣੀ ਸਮਝਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਸਤਿ ਧਰਮ ਦਾ ਜਾ ਕੇ ਖੇਲੋ ਹੋਲਾ, ਲਾਲ ਗੁਲਾਲਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਸਤਿ ਸਤਿਵਾਦੀ ਇਕੋ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਮੇਰੇ ਨਾਮ ਦਾ ਗਾਓ ਗੀਤ, ਢੋਲਾ ਦੀਨ ਦੁਨੀ ਦਿਓ ਜਣਾਈਆ । ਲੱਖ ਚੁਰਾਸੀ ਕਾਇਆ ਮਾਟੀ ਕਰੋ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਪੜਦਾ ਦੇਣਾ ਉਠਾਈਆ । ਪੁਰਖ ਅਬਿਨਾਸ਼ੀ ਨਜ਼ਰੀ ਆਏ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਆਪਣਾ ਭੇਵ ਖੁਲ੍ਹਾਈਆ । ਲੇਖਾ ਮੁਕੇ ਊਚ ਨੀਚ, ਰਾਓ ਰੰਕ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸਚ ਨਾਮ ਦਾ ਕਰੋ ਜੈਕਾਰ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਸੁਰਤੀ ਸ਼ਬਦ ਹੋਵੇ ਪਿਆਰ, ਪ੍ਰੇਮ ਪ੍ਰੀਤੀ ਇਕ ਵਖਾਈਆ । ਕਲਜੁਗ ਕੂੜੀ ਕਿਰਿਆ ਰਹੇ ਨਾ ਕੋਇ ਵਿਭਚਾਰ, ਦੁਰਮਤ ਮੈਲ ਦੇਣੀ ਧਵਾਈਆ । ਸਾਚੇ ਮੰਦਰ ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਨਿਰਗੁਣ ਨੂਰ ਦੇਣਾ ਦ੍ਰਿੜਾਈਆ । ਅਨਹਦ ਨਾਦ ਧੁਨੀ ਸੁਣੇ ਜੈਕਾਰ, ਸ਼ਬਦ ਅਗੰਮ ਸ਼ਨਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਾਤਾ ਜੋੜ ਸਰਬ ਸੰਸਾਰ, ਸ੍ਰਿਸ਼ਟੀ ਦੀ ਦ੍ਰਿਸ਼ਟੀ ਦੇਣੀ ਬਦਲਾਈਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਉੱਤਰ ਪੂਰਬ ਪੱਛਮ ਦੱਖਣ ਹੋਵੇ ਨਾ ਕੋਇ ਖ਼ੁਆਰ, ਖ਼ਾਲਸ ਇਕੋ ਰੰਗ ਦੇਣਾ ਰੰਗਾਈਆ । ਸਤਿਜੁਗ ਸਾਚਾ ਸਤਿ ਕਰੇ ਪਿਆਰ, ਧਰਮ ਦਵਾਰਾ ਧੁਰ ਦਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਸਾਚੇ ਨਾਮ ਦਾ ਦੱਸੋ ਸਵਾਦ, ਅਨਰਸ ਦਏ ਜਣਾਈਆ । ਜਿਸ ਨੇ ਖੇਲ ਰਚਿਆ ਆਦਿ, ਸੋ ਵੇਖਣਹਾਰ ਬ੍ਰਹਿਮਾਦ, ਜੁਗਾਦਿ ਜੁਗ ਆਪਣਾ ਹੁਕਮ ਵਰਤਾਈਆ । ਵਸਤ ਅਮੋਲਕ ਦੇਵੇ ਦਾਦ, ਹਰਿ ਕਰਤਾ ਆਪ ਵਰਤਾਈਆ । ਸ੍ਰਿਸ਼ਟ ਸਬਾਈ ਮਾਲਕ ਖ਼ਾਲਕ ਪ੍ਰਿਤਪਾਲਕ ਦੱਸੋ ਨਾਮ ਇਕੋ ਗਾਡ, ਰਾਮ ਰਹੀਮ ਇਕੋ ਨਜ਼ਰੀ ਆਈਆ । ਬਿਨ ਸੋਹੰ ਸ਼ਬਦ ਸਤਿਜੁਗ ਅੰਦਰ ਦੂਜੀ ਰਹੇ ਨਾ ਕੋਇ ਆਵਾਜ਼, ਅਜਾਂ ਬਾਂਗ ਨਾ ਕੋਇ ਸੁਣਾਈਆ । ਹੰਸ ਬੁੱਧੀ ਰਹੇ ਨਾ ਕੋਈ ਕਾਗ, ਕਾਗ ਹੰਸ ਰੂਪ ਦੇਣਾ ਬਦਲਾਈਆ । ਮੰਦਰ ਵੜ ਕੇ ਅੰਦਰ ਚੜ੍ਹ ਕੇ ਆਤਮ ਪਰਮਾਤਮ ਖੋਲ੍ਹੋ ਰਾਜ਼, ਪਾਰਬ੍ਰਹਮ ਬ੍ਰਹਮ ਭੇਵ ਦੇਣਾ ਖੁਲ੍ਹਾਈਆ । ਸਤਿ ਧਰਮ ਦਾ ਬਦਲ ਦੇਣਾ ਰਿਵਾਜ, ਸਮਾਜ ਇਕੋ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਧੁਰ ਦਾ ਰਾਣਾ ਇਕੋ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਮੇਰੇ ਨਾਮ ਦਾ ਦਿਓ ਹੋਕਾ, ਹੁਕਮ ਦੇਵੇ ਧੁਰਦਰਗਾਹੀਆ । ਝਗੜਾ ਰਹੇ

ਨਾ ਚੌਦਾਂ ਲੋਕਾ, ਚੌਦਾਂ ਤਬਕ ਭੇਵ ਦੇਣਾ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਚ ਸਲੋਕਾ, ਸੋਹੰ ਢੋਲਾ ਬਿਨ ਢੋਲਕ ਛੈਣੇ ਦੇਣਾ ਖੜਕਾਈਆ । ਸਤਿਜੁਗ ਅੰਤਰ ਨਿਰੰਤਰ ਪੜ੍ਹਨਾ ਪਏ ਕਿਸੇ ਨਾ ਪੋਥਾ, ਬਿਨ ਪੁਸਤਕ ਉਸਤਤ ਮੇਰੀ ਦੇਣੀ ਸਮਝਾਈਆ । ਸ਼ਬਦ ਨਗਾਰੇ ਤਨ ਵਜੂਦ ਲਾ ਕੇ ਚੋਟਾ, ਚੋਟੀ ਚੜ੍ਹ ਕੇ ਪੜਦਾ ਦੇਣਾ ਉਠਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮਾਇਆ ਮਮਤਾ ਮੋਹ ਵਿਕਾਰ ਅੰਦਰ ਰਹੇ ਕੋਇ ਨਾ ਖੋਟਾ, ਕੂੜ ਕਪਟ ਅੰਦਰੋਂ ਦੇਣਾ ਕਢਾਈਆ । ਨਿਰਮਲ ਪਰਕਾਸ਼ ਕਰ ਕੇ ਜੋਤਾ, ਦੀਆ ਬਾਤੀ ਕਮਲਾਪਾਤੀ ਦੇਣਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਗੁਰ ਅਵਤਾਰ ਪੈਗ਼ੰਬਰਾਂ ਦੇਵੇ ਮੌਕਾ, ਹੁਕਮੇ ਅੰਤਰ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਦੱਸੋ ਰਮਜ਼ ਹਕ਼ੀਕ਼ੀ, ਹਕ਼ੀਕ਼ਤ ਵਿਚੋਂ ਦ੍ਰਿੜਾਈਆ । ਪੁਰਖ ਅਕਾਲ ਦੀ ਸਚ ਪ੍ਰੀਤੀ, ਬਿਨਾ ਪ੍ਰੀਤ ਪ੍ਰੀਤਮ ਪਾਰ ਨਾ ਕੋਇ ਕਰਾਈਆ । ਕਲਜੁਗ ਅੰਤਮ ਔਧ ਰਹੀ ਬੀਤੀ, ਸਤਿਜੁਗ ਸਾਚਾ ਲਏ ਅੰਗੜਾਈਆ । ਝਗੜਾ ਚੁਕਣਾ ਹਸਤ ਕੀਟੀ, ਊਚ ਨੀਚ ਇਕੋ ਰੰਗ ਵਖਾਈਆ । ਮਾਇਆ ਮਮਤਾ ਮੋਹ ਨਾ ਰਹੇ ਪਤਤ ਪਨੀਤੀ, ਪਤਤ ਪਾਵਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜੀਵ ਜੰਤ ਪਰਖਣਹਾਰਾ ਨੀਤੀ, ਨੀਤੀਵਾਨ ਸ੍ਰੀ ਭਗਵਾਨ ਆਦਿ ਜੁਗਾਦਿ ਇਕੋ ਇਕ ਨਜ਼ਰੀ ਆਈਆ ।

## ★ ੭ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਕਾਕੋ ਦੇ ਗ੍ਰਿਹਿ ਪਿੰਡ ਚੁਪਕੀ ਜ਼ਿਲਾ ਪਟਿਆਲਾ ★

ਗੁਰ ਅਵਤਾਰ ਪੈਗ਼ੰਬਰ ਸਾਚਾ ਨਾਮ ਵਜਾਓ ਨਗਾਰਾ, ਸੋਹੰ ਢੋਲਾ ਦੇਣਾ ਸਮਝਾਈਆ । ਚਾਰ ਜੁਗ ਤੋਂ ਵੱਖਰਾ ਦੱਸਣਾ ਨਾਅਰਾ, ਨਰ ਨਰਾਇਣ ਰਿਹਾ ਦ੍ਰਿੜਾਈਆ । ਆਤਮ ਦਾ ਪ੍ਰੇਮੀ ਪ੍ਰੀਤਮ ਦੱਸਣਾ ਪਿਆਰਾ, ਪਾਰਬ੍ਰਹਮ ਪ੍ਰਭ ਬ੍ਰਹਮ ਸੱਜਣ ਦੇਣਾ ਸਮਝਾਈਆ । ਨਿਰਗੁਣ ਧਾਰ ਅਗੰਮੀ ਦੇ ਇਸ਼ਾਰਾ, ਸੋਈ ਸੁਰਤ ਦੇਣੀ ਉਠਾਈਆ । ਸ੍ਰਿਸ਼ਟ ਸਬਾਈ ਕਰੇ ਵਣਜ ਸਚ ਵਪਾਰਾ, ਨਾਮ ਵਸਤ ਅਮੋਲਕ ਦੇਣੀ ਵਖਾਈਆ । ਦਰ ਠਾਂਡਾ ਵਖਾਉਣਾ ਧੁਰ ਦਰਬਾਰਾ, ਦਰਗਾਹ ਸਾਚੀ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਢੋਲਾ ਗਾਓ ਗਹਿਰ ਗੰਭੀਰ ਗੁਣੀ ਗਹਿੰਦ, ਸਰਗੁਣ ਧਾਰ ਦਿਓ ਸਮਝਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਆਦਿ ਜੁਗਾਦਿ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰਾ ਰਹਿਮਤ ਆਪਣੀ ਆਪ ਕਮਾਈਆ । ਸੰਤ ਸੁਹੇਲੇ ਗੁਰਮੁਖ ਬਣੋ ਨਾਦੀ ਬਿੰਦ, ਜੋ ਬਿੰਦਰਾਬਨ ਵਾਲਾ ਕਾਹਨ ਗਿਆ ਸਮਝਾਈਆ । ਨਿਝਰ ਧਾਰ ਅੰਮ੍ਰਿਤ ਰਸ ਪੀਓ ਸਾਗਰ ਸਿੰਧ, ਧੁਰ ਪਿਆਲਾ ਇਕੋ ਜਾਮ ਪਿਆਈਆ । ਮਨ ਕਾਮਨਾ ਰਹੇ ਨਾ ਕੋਈ ਚਿੰਦ, ਅਗਨੀ ਅੱਗ ਨਾ ਕੋਇ ਤਪਾਈਆ । ਭਾਗ ਲਗਾਓ ਕਾਇਆ ਮਾਟੀ ਸਾਚੇ ਪਿੰਡ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਗਹਿਰ ਗੰਭੀਰ ਗੁਣੀ ਗਹਿੰਦ, ਧੁਰ ਦਾ ਠਾਕਰ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਸਾਚਾ ਨਾਮ ਦੱਸੋ ਏਕ, ਏਕੰਕਾਰ ਰਿਹਾ ਦ੍ਰਿੜਾਈਆ ।

ਸ੍ਰਿਸ਼ਟ ਸਬਾਈ ਬੁੱਧੀ ਹੋਏ ਬਿਬੇਕ, ਦੁਰਮਤ ਮੈਲ ਧਵਾਈਆ । ਸੁਰਤੀ ਸ਼ਬਦ ਸ਼ਬਦ ਸਤਿਗੁਰ ਧਾਰ ਲਏ ਚੇਤ, ਚਾਤ੍ਰਿਕ ਤ੍ਰਿਖਾ ਬੁਝਾਈਆ । ਪੜਦਾ ਲਾਹੇ ਨੇਤਨ ਨੇਤ, ਨਿਜ ਨੈਣ ਹੋਵੇ ਰੁਸ਼ਨਾਈਆ । ਸਚ ਪ੍ਰੀਤੀ ਇਕੋ ਦੱਸੇ ਹੇਤ, ਹਿਤਕਾਰੀ ਹੋ ਕੇ ਸੇਵ ਕਮਾਈਆ । ਕਲਜੁਗ ਕੂੜੀ ਕਿਰਿਆ ਮਿਟੇ ਰੇਖ, ਭੇਖ ਪਖੰਡ ਦੇਣਾ ਮਿਟਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕੋ ਦੇਵੇ ਸਚ ਸੰਦੇਸ਼, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇ ਸਦਾ ਹਮੇਸ਼, ਸਤਿ ਸਤਿਵਾਦੀ ਆਪਣਾ ਹੁਕਮ ਹੁਕਮ ਵਿਚ ਸਮਝਾਈਆ ।

★ ੭ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਦੇਵ ਸਿੰਘ, ਅਜੈਬ ਸਿੰਘ ਦੇ ਗ੍ਰਿਹਿ ਪਿੰਡ ਬੂਟਾ ਸਿੰਘ ਵਾਲਾ ਜ਼ਿਲਾ ਪਟਿਆਲਾ ★

ਗੁਰ ਅਵਤਾਰ ਪੈਗ਼ੰਬਰ ਵੇਖੋ ਹਰਿ ਹਜ਼ੂਰੀ, ਹਰਿ ਕਰਤਾ ਰਿਹਾ ਦ੍ਰਿੜਾਈਆ । ਨਿਰਗੁਣ ਨੂਰ ਜੋਤ ਪਰਕਾਸ਼ ਤੱਕੋ ਨੂਰੀ, ਨੂਰ ਨੁਰਾਨਾ ਡਗਮਗਾਈਆ । ਅਕਲ ਕਲਧਾਰੀ ਸਚਖੰਡ ਨਿਵਾਸੀ ਦੇਵੇ ਮਨਜ਼ੂਰੀ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਲੋਕਮਾਤ ਚਾਰ ਕੁੰਟ ਦਹਿ ਦਿਸ਼ਾ ਪੰਧ ਮੁਕਾਉਣਾ ਨੇੜ ਦੂਰੀ, ਨਵ ਸੱਤ ਆਪਣਾ ਫੇਰਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਕਿਰਿਆ ਵੇਖਣੀ ਕੂੜੀ, ਪੜਦੇ ਉਹਲਿਉਂ ਪੜਦਾ ਦੇਣਾ ਚੁਕਾਈਆ । ਗੁਰਮੁਖ ਸਾਚੇ ਸੰਤ ਜਨਾਂ ਜਨ ਭਗਤਾਂ ਮਸਤਕ ਲਗਾਉਣੀ ਅਗੰਮੀ ਧੂੜੀ, ਟਿੱਕਾ ਇਕੋ ਨਾਮ ਰਮਾਈਆ । ਨਾਮ ਘਾਲਣਾ ਸਭ ਦੀ ਲੇਖੇ ਲਾਉਣੀ ਮਜ਼ਦੂਰੀ, ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਰਾਈਆ । ਆਸਾ ਮਨਸਾ ਦਰ ਘਰ ਸਾਚੇ ਕਰਨੀ ਪੂਰੀ, ਪੂਰਨ ਬ੍ਰਹਮ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਧੁਰ ਦਾ ਰਾਣਾ ਸ੍ਰੀ ਭਗਵਾਨਾ ਸਚ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਦੀਨ ਦੁਨੀ ਦੇ ਅੰਦਰ ਜਾ ਕੇ ਵੜਨਾ, ਕਾਇਆ ਕਾਅਬੇ ਵੇਖ ਵਖਾਈਆ । ਸਚ ਪਰਕਾਸ਼ ਇਕੋ ਕਰਨਾ, ਨੂਰੀ ਜਲਵਾ ਨੂਰ ਰੁਸ਼ਨਾਈਆ । ਨਾਮ ਨਿਧਾਨ ਸ੍ਰੀ ਭਗਵਾਨ ਨਗ਼ਮਾ ਇਨਾਇਤ ਵਾਲਾ ਪੜ੍ਹਨਾ, ਸ਼ਰਅ ਸ਼ਰੀਅਤ ਡੇਰਾ ਢਾਹੀਆ । ਸਚ ਦਵਾਰ ਏਕੰਕਾਰ ਦੱਸਣੀ ਇਕ ਸਰਨਾ, ਸਰਨਗਤ ਬ੍ਰਹਮਮਤ ਇਕੋ ਸਮਝਾਈਆ । ਝਗੜਾ ਰਹੇ ਨਾ ਜਾਤ ਪਾਤ ਦੀਨ ਮਜ਼੍ਹਬ ਵਰਨਾਂ ਬਰਨਾਂ, ਭੇਵ ਅਭੇਦਾ ਨਿਰੰਤਰ ਅੰਤਰ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਦਾਤਾ ਪੁਰਖ ਬਿਧਾਤਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਸਰਬ ਨਿਮਸਕਾਰ, ਸਚਖੰਡ ਦਵਾਰੇ ਸੀਸ ਨਿਵਾਈਆ । ਨਿਰਗੁਣ ਧਾਰ ਹੋਏ ਖ਼ਬਰਦਾਰ, ਆਲਸ ਨਿੰਦਰਾ ਗ਼ਫ਼ਲਤ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਸਾਡਾ ਲਹਿਣਾ ਦੇਣਾ ਵਖਾ ਪੂਰਬ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੜਦਾ ਦੇ ਉਠਾਈਆ । ਤੇਰੇ ਹੁਕਮ ਅੰਦਰ ਫਿਰੀਏ ਸਰਬ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਆਪਣੇ ਨਾਲ ਮਿਲਾਈਆ । ਗ੍ਰਿਹਿ ਗ੍ਰਿਹਿ ਅੰਦਰ ਮੰਦਰ ਵੜ ਕੇ ਵੇਖੀਏ ਤੇਰੀ ਧਾਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਖੋਜ ਖੁਜਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਗ੍ਰਿਹਿ ਮੰਦਰ ਘਟ ਭੀਤਰ ਪਾਵਣਹਾਰਾ ਸਾਰ, ਸਰਬ ਕਲਾ ਸਮਰਥ ਮਹਿੰਮਾ ਅਕਥ ਤੇਰੀ

ਵਡਿਆਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣਾ ਦੇ ਆਧਾਰ, ਪੁਸ਼ਤ ਪਨਾਹ ਹਰਿ ਜਗਦੀਸ਼ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਤੇਰੇ ਦਰ ਮੰਗ ਮੰਗਾਈਆ । ਪੁਰਖ ਅਕਾਲ ਕਹੇ ਸੁਣੋ ਗੁਰ ਅਵਤਾਰ ਪੈਗ਼ੰਬਰ ਪਰਮ ਪੁਰਖ ਦੀ ਧਾਰ, ਬਿਨ ਅੱਖਰਾਂ ਦਿਆਂ ਸਮਝਾਈਆ । ਦੋ ਜਹਾਨਾਂ ਤੋਂ ਵੱਖਰਾ ਲੇਖਾ ਭੇਵ ਖੋਲ੍ਹਾਂ ਅਗੰਮ ਅਪਾਰ, ਧੁਰ ਸੰਦੇਸ਼ਾ ਇਕ ਸੁਣਾਈਆ । ਜਾਗਰਤ ਜੋਤ ਜੋਤੀ ਜਾਤਾ ਕਰੇ ਉਜਿਆਰ, ਨੂਰ ਨੁਰਾਨਾ ਸ੍ਰੀ ਭਗਵਾਨਾ ਇਕੋ ਇਕ ਡਗਮਗਾਈਆ । ਲੋਕਮਾਤ ਮਾਰ ਝਾਤ ਇਕ ਇਕਾਂਤ ਸ੍ਰਿਸ਼ਟ ਸਬਾਈ ਪਾਵੇ ਸਾਰ, ਸਾਰ ਸ਼ਬਦ ਸਾਰਥੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਾਂਡਾ ਭਰਮ ਭੌ ਭੰਨਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਰਨ ਧਿਆਨ, ਇਕੱਠੇ ਹੋ ਕੇ ਸੀਸ ਨਿਵਾਈਆ । ਕਿਰਪਾ ਕਰ ਮਿਹਰਵਾਨ, ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਵੇਖੀਏ ਵਿਚ ਜਹਾਨ, ਚਾਰ ਕੁੰਟ ਦਹਿ ਦਿਸ਼ਾ ਫੇਲ ਫੁਲਾਈਆ । ਭੇਵ ਖੁਲ੍ਹਾਈਏ ਸ਼ਾਸਤਰ ਸਿਮਰਤ ਵੇਦ ਪੁਰਾਨ, ਖਾਣੀ ਬਾਣੀ ਪੜਦਾ ਮਾਤ ਉਠਾਈਆ । ਸੰਦੇਸ਼ਾ ਦੇਈਏ ਇਕ ਫ਼ਰਮਾਨ, ਫੁਰਨਿਆਂ ਤੋਂ ਬਾਹਰ ਹੋਵੇ ਪੜ੍ਹਾਈਆ । ਜਿਸ ਨੂੰ ਸਮਝੇ ਨਾ ਕੋਇ ਇਨਸਾਨ, ਹਿੰਸਾ ਅਹਿੰਸਾ ਦੋਵੇਂ ਲੇਖਾ ਦਏ ਚੁਕਾਈਆ । ਏਕਾ ਨਾਮ ਤੇਰਾ ਹੋਵੇ ਪਰਧਾਨ, ਪਰਧਾਨਗੀ ਮਿਟੇ ਕੂੜੀ ਸ਼ਾਹੀਆ । ਤੇਰਾ ਆਦਿ ਜੁਗਾਦੀ ਕਲਮਾ ਨੌਜਵਾਨ, ਨੌਬਤ ਹਕ ਹਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਦਵਾਰੇ ਧੁਰ ਦੀ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗਣ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੇਵਣਹਾਰਾ ਅਨੰਦਨ, ਅਨੰਦ ਇਕੋ ਇਕ ਦੇ ਜਣਾਈਆ । ਕਲਜੁਗ ਕੂੜੀ ਕਿਰਿਆ ਢਾਹੀਏ ਕੰਧਨ, ਭਾਂਡਾ ਭਰਮ ਭੌ ਭੰਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਾਚਾ ਛੰਦਨ, ਸੋਹੰ ਕਰੇਂ ਸਚ ਪੜ੍ਹਾਈਆ । ਨਿਰਗੁਣ ਸਰਗੁਣ ਟੁੱਟੀ ਆਵੇਂ ਗੰਢਣ, ਗੰਢਣਹਾਰ ਗੋਪਾਲ ਸਵਾਮੀ ਤੇਰੀ ਬੇਪਰਵਾਹੀਆ । ਤੇਰੇ ਸੰਤਾਂ ਭਗਤਾਂ ਗੁਰਮੁਖਾਂ ਗੁਰਸਿੱਖਾਂ ਜੋਤੀ ਧਾਰ ਮਲੀਏ ਚੰਦਨ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਲੱਖ ਚੁਰਾਸੀ ਜੀਵ ਜੰਤ ਚਾਰ ਵਰਨ ਅਠਾਰਾਂ ਬਰਨ ਇਕੋ ਕਰਨ ਬੰਦਨ, ਸਜਦਾ ਸੀਸ ਜਗਦੀਸ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਮਹਿੰਮਾ ਤੋਹੇ ਬਣ ਆਈਆ । ਪੁਰਖ ਅਕਾਲ ਕਹੇ ਸੁਣੋ ਗੁਰ ਅਵਤਾਰ ਪੈਗ਼ੰਬਰ ਮੇਰੇ ਨੱਢੇ ਬਾਲ, ਧੁਰ ਸੰਦੇਸ਼ਾ ਦਿਆਂ ਜਣਾਈਆ । ਲੋਕਮਾਤ ਮਾਰ ਝਾਤ ਦੀਨ ਦੁਨੀ ਦਾ ਵੇਖੋ ਹਾਲ, ਅੰਤਰਗਤ ਸਭ ਦੀ ਫੋਲ ਫੁਲਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਵੱਜੇ ਤਾਲ, ਕਾਮ ਕਰੋਧ ਲੋਭ ਮੋਹ ਹੰਕਾਰ ਹੋਈ ਹਲਕਾਈਆ । ਅੱਠ ਸੱਠ ਤੀਰਥ ਗੰਗਾ ਗੋਦਾਵਰੀ ਜਮਨਾ ਸਰਸਤੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਰਹੀ ਵਹਾਈਆ । ਕਿਰਪਾ ਕਰ ਪੁਰਖ ਅਕਾਲ, ਸਚ ਬੇਨੰਤੀ ਮੰਨ ਸਵਾਲ, ਅਹਿਵਾਲ ਭਵਿਖਤਾਂ ਵਾਲਾ ਦ੍ਰਿੜ੍ਹਾਈਆ । ਦੀਨ ਦੁਨੀ ਹੋਈ ਬੇਹਾਲ, ਸਭ ਦੇ ਸਿਰ ਤੇ ਕੂਕੇ ਕਾਲ, ਲੇਖੇ ਲੱਗੇ ਕਿਸੇ ਨਾ ਘਾਲ, ਘਾਇਲ ਹੋ ਕੇ ਸਾਰੇ ਰਹੇ ਸੁਣਾਈਆ । ਫਲ ਦਿਸੇ ਕਿਸੇ ਨਾ ਡਾਲ, ਜਗਤ ਰੀਤੀ ਅਵੱਲੜੀ ਚਾਲ, ਸ਼ਬਦ ਸਤਿਗੁਰ

ਨਾ ਮਿਲੇ ਦਲਾਲ, ਜਗਤ ਵਣਜਾਰਾ ਕੰਮ ਕਿਸੇ ਨਾ ਆਈਆ । ਸਤਿਗੁਰ ਸੂਰਾ ਇਕ ਉਠਾਲ, ਜੋ ਸਤਿਜੁਗ ਸਾਚਾ ਕਰੇ ਬਹਾਲ, ਚਰਨ ਪ੍ਰੀਤੀ ਨਿਭਾਏ ਤੇਰੇ ਨਾਲ, ਦੂਜਾ ਦਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਮਾਲਕ ਧੁਰ, ਨੇਤਰ ਰੋਵਣ ਦੇਵਤ ਸੁਰ, ਸੁਰਤੀ ਸ਼ਬਦ ਬਿਨ ਦੀਨ ਮਜ਼੍ਹਬ ਅਦਬ ਨਾਲ ਤੇਰੇ ਨਾਲ ਨਾ ਕੋਇ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਤੱਕੀਏ ਕੀ, ਕਰਤੇ ਕੀਮਤ ਤੇਰੀ ਕੋਇ ਨਾ ਪਾਈਆ । ਸਤਿ ਧਰਮ ਦੀ ਦਿਸੇ ਕੋਇ ਨਾ ਨੀਂਹ, ਨਿਉਂ ਨਿਉਂ ਸੀਸ ਜਗਦੀਸ ਨਾ ਕੋਇ ਝੁਕਾਈਆ । ਝਗੜਾ ਕਿਸੇ ਨਾ ਮੁਕੇ ਸਾਢੇ ਤਿੰਨ ਹੱਥ ਸੀਂ, ਭਗਤ ਸੁਹੇਲਾ ਬਣ ਕੇ ਇਕੇਲਾ ਦਰਸ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਮਨ ਵਾਸਨਾ ਪਈ ਲੀਹ, ਮਾਰਗ ਹਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦੇ ਮਾਲਕ ਸਦਾ ਪ੍ਰਿਤਪਾਲਕ ਖ਼ਾਲਕ ਖ਼ਲਕ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੀਏ ਜਗਤ, ਜੁਗਾਂ ਦੇ ਵਿਛੜੇ ਧਿਆਨ ਲਗਾਈਆ । ਕੋਟਾਂ ਵਿਚੋਂ ਥੋੜ੍ਹੇ ਧੁਰ ਦੇ ਭਗਤ, ਜੋ ਭਗਵਨ ਵਿਚ ਸਮਾਈਆ । ਨਾਮ ਖ਼ੁਮਾਰੀ ਵਿਚ ਹੋਏ ਮਸਤ, ਮਸਤ ਦੀਵਾਨੇ ਕਹੇ ਲੋਕਾਈਆ । ਝਗੜਾ ਮੁਕਾ ਕੇ ਕੀਟ ਹਸਤ, ਹਸਤੀ ਇਕੋ ਵਿਚ ਸਮਾਈਆ । ਨਿਰਗੁਣ ਧਾਰ ਨਿਰਵੈਰ ਤੇਰਾ ਕਰਨ ਦਰਸ, ਜੋਤੀ ਜਾਤੇ ਪੁਰਖ ਬਿਧਾਤੇ ਮਿਲ ਕੇ ਵੱਜੇ ਵਧਾਈਆ । ਪੰਧ ਮੁਕਾ ਕੇ ਫ਼ਰਸ਼ ਅਰਸ਼, ਅਰਸ਼ਾਂ ਤੋਂ ਪਰੇ ਨਿਰਗੁਣ ਹਰੇ ਦਰ ਤੇਰਾ ਨਜ਼ਰੀ ਆਈਆ । ਜਨਮ ਕਰਮ ਦੀ ਮੇਟ ਕੇ ਹਰਸ, ਦਿਵਸ ਰੈਣ ਰਹੇ ਤੜਪ, ਭਟਕਣਾ ਜਗਤ ਦਿਤੀ ਗਵਾਈਆ । ਤਿਨ੍ਹਾਂ ਉਤੇ ਕਰ ਤਰਸ, ਚਿੰਤਾ ਸੋਗ ਰਹੇ ਨਾ ਹਰਖ਼, ਗੁਰਮੁਖ ਬਿਨ ਕਸਵਟੀਉਂ ਲੈਣੇ ਪਰਖ, ਨਾਮ ਨਿਧਾਨਾ ਸ੍ਰੀ ਭਗਵਾਨਾ ਆਪਣੀ ਰਗੜ ਲਗਾਈਆ । ਤੇਰੀ ਮੰਜ਼ਲ ਚੜ੍ਹਦਿਆਂ ਸੰਤ ਸੁਹੇਲਾ ਕੋਈ ਨਾ ਜਾਵੇ ਅਟਕ, ਪੰਚ ਵਿਕਾਰਾ ਕਟਕ ਡੇਰਾ ਦੇਣਾ ਢਾਹੀਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ ਖ਼ਾਲਕ ਖ਼ਲਕ ਸਾਡੀ ਪੂਰੀ ਕਰਨੀ ਸ਼ਰਤ, ਨਿਰਗੁਣ ਧਾਰ ਆਇਉਂ ਪਰਤ, ਲੇਖਾ ਮੁਕਾਉਣਾ ਧਰਨੀ ਧਵਲ ਧਰਤ, ਧੌਲ ਲਹਿਣਾ ਦੇਣਾ ਚੁਕਾਈਆ । ਦੀਨ ਦਿਆਲੇ ਹਰਿ ਗੋਪਾਲੇ ਤੇਰਾ ਖੇਲ ਵੇਖੀਏ ਅਚਰਜ, ਅਚਰਜ ਵਿਚੋਂ ਅਚਰਜ ਆਪਣਾ ਖੇਲ ਦੇਣਾ ਪਰਗਟਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਇਕੋ ਧੁਰ ਦੀ ਤੇਰੀ ਮੱਦਦ ਮੰਗ ਮੰਗਾਈਆ । ਕਲਜੁਗ ਕੂੜੀ ਕਿਰਿਆ ਮੇਟ ਤਸ਼ੱਦਦ, ਤਸੱਵਰ ਆਪਣਾ ਆਪ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰ ਕਹਿਣ ਨਿਰਗੁਣ ਧਾਰ ਸਾਰੇ ਹੋਏ ਤਅੱਜਬ, ਹੈਰਾਨੀ ਵਿਚ ਪਰੇਸ਼ਾਨੀ, ਪਰੇਸ਼ਾਨੀ ਵਿਚ ਬੇਈਮਾਨੀ, ਦੀਨ ਦੁਨੀ ਦਾਮਨ ਹੱਥ ਕਿਸੇ ਨਾ ਆਈਆ ।

★ ੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਮੋਹਰ ਸਿੰਘ ਦੇ ਗ੍ਰਿਹਿ ਪਿੰਡ ਬੂਟਾ ਸਿੰਘ ਵਾਲਾ ★

ਸੋ ਕਹੇ ਮੇਰਾ ਖੇਲ ਸਮਰਥਾ, ਸਦਾ ਸਦਾ ਸਦ ਵਡਿਆਈਆ । ਹੰ ਕਹੇ ਮੈਂ ਗਾਵਾਂ ਤੇਰੀ ਗਾਥਾ, ਖ਼ੁਸ਼ੀਆਂ ਵਿਚ ਸੋਹਲਾ ਗਾਈਆ । ਸੋ ਕਹੇ ਮੈਂ ਵੇਖਾਂ ਬਿਨਾ ਅੱਖਾਂ, ਰਚਨਾ ਆਪਣੀ ਪੜਦਾ ਲਾਹੀਆ । ਹੰ ਕਹੇ ਮੈਂ ਤੇਰੇ ਚਰਨ ਦਵਾਰੇ ਵਸਾਂ, ਦੂਜਾ ਦਰ ਨਜ਼ਰ ਨਾ ਆਈਆ ।

ਸੋ ਕਹੇ ਮੈਂ ਖੋਲ੍ਹਾਂ ਅਗੰਮੀ ਹੱਟਾ, ਵਸਤ ਅਮੋਲਕ ਆਦਿ ਜੁਗਾਦਿ ਵਰਤਾਈਆ । ਹੰ ਕਹੇ ਮੈਂ ਪ੍ਰੇਮ ਪ੍ਰੀਤੀ ਲਾਹਾ ਖੱਟਾਂ, ਖਟਕਾ ਅਵਰ ਰਹੇ ਨਾ ਰਾਈਆ । ਸੋ ਕਹੇ ਮੈਂ ਸਾਚਾ ਦੱਸਾਂ ਜੱਸਾ, ਵੇਦ ਪੁਰਾਨਾਂ ਮਾਤ ਉਪਜਾਈਆ । ਹੰ ਕਹੇ ਮੈਂ ਟੇਕਾਂ ਮੱਥਾ, ਸੀਸ ਜਗਦੀਸ਼ ਝੁਕਾਈਆ । ਸੋ ਕਹੇ ਮੈਂ ਹਰ ਘਟ ਅੰਤਰ ਵਸਾਂ, ਸਚ ਸਿੰਘਾਸਣ ਸੋਭਾ ਪਾਈਆ । ਹੰ ਕਹੇ ਮੈਂ ਤੇਰੇ ਅੱਗੇ ਵਾਸਤਾ ਘੱਤਾਂ, ਨਿਮਰਤਾ ਵਿਚ ਮੰਗ ਮੰਗਾਈਆ । ਕਿਸ ਵੇਲੇ ਮੇਲ ਹੋਵੇ ਕੱਠਾ, ਜੋੜਾ ਜੁੜੇ ਧੁਰਦਰਗਾਹੀਆ । ਪ੍ਰੇਮ ਪਿਆਰ ਹੋਵੇ ਸੱਚਾ, ਸਤਿ ਵਿਚ ਸਮਾਈਆ । ਭਾਗ ਲੱਗੇ ਕਾਇਆ ਮਾਟੀ ਕੱਚਾ, ਕੰਚਨ ਗੜ੍ਹ ਸੁਹਾਈਆ । ਸੋ ਕਹੇ ਇਹ ਖੇਲ ਆਪਣੇ ਹੱਥ ਰੱਖਾਂ, ਦੂਸਰ ਚਲੇ ਨਾ ਕੋਇ ਚਤੁਰਾਈਆ । ਨਵ ਨੌ ਚਾਰ ਭੇਵ ਕਿਸੇ ਨਾ ਦੱਸਾਂ, ਦਹਿ ਦਿਸ਼ਾ ਨਾ ਕੋਇ ਸ਼ਨਵਾਈਆ । ਜਿਉਂ ਭਾਵੇ ਤਾਂ ਆਪਣੀ ਖੇਲ ਵਖਾਵਾਂ ਬਿਨ ਅੱਖਾਂ, ਆਖ਼ਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਹੰ ਕਹੇ ਮੈਂ ਤੇਰਾ ਨੂਰ, ਅਵਰ ਕੋਇ ਨਾ ਪਿਤਾ ਮਾਈਆ । ਸੋ ਕਹੇ ਮੈਂ ਸਰਬ ਕਲਾ ਭਰਪੂਰ, ਦੇਵਣਹਾਰਾ ਅਗੰਮ ਅਥਾਹੀਆ । ਦੋਹਾਂ ਮਿਲ ਕੇ ਬਣੇ ਏਕਾ ਪੂਰ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਹਜ਼ੂਰ, ਹਾਜ਼ਰ ਹੋ ਕੇ ਖ਼ੁਸ਼ੀ ਬਣਾਈਆ । ਝਗੜਾ ਰਹੇ ਨਾ ਕੋਇ ਕੂੜ, ਕੂੜ ਕੁਟੰਬ ਦੇਵਾਂ ਮਿਟਾਈਆ । ਸਾਚੀ ਦੇ ਕੇ ਅਗੰਮੀ ਧੂੜ, ਧੁਰ ਦਾ ਲੇਖਾ ਦਿਆਂ ਬਣਾਈਆ । ਸਚ ਪ੍ਰੀਤੀ ਬਖ਼ਸ਼ ਸਰੂਰ, ਸੁਰਤੀ ਆਪਣੀ ਧਾਰ ਮਿਲਾਈਆ । ਤੂੰ ਰਹਿਣਾ ਸਦਾ ਮਸ਼ਕੂਰ, ਸ਼ੁਕਰੀਏ ਵਿਚ ਢੋਲੇ ਗਾਈਆ । ਤੇਰਾ ਦਿਸੇ ਨਾ ਕੋਇ ਕਸੂਰ, ਝਗੜਾ ਤਤ ਨਾ ਕੋਇ ਚਤੁਰਾਈਆ । ਨਵ ਨੌ ਚਾਰ ਪਿਛੋਂ ਹੋਵੇ ਮਨਜ਼ੂਰ, ਮਹਿਬੂਬ ਹੋ ਕੇ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸੋ ਕਹੇ ਮੈਂ ਸਾਹਿਬ ਸਵਾਮੀ, ਸਰਬ ਕਲਾ ਅਖਵਾਈਆ । ਹੰ ਕਹੇ ਮੈਂ ਤੇਰਾ ਨੂਰ ਨਿਸ਼ਾਨੀ, ਜਗਤ ਜਹਾਨ ਸੋਭਾ ਪਾਈਆ । ਦੋਹਾਂ ਮਿਲ ਕੇ ਖੇਲੇ ਖੇਲ ਦੋ ਜਹਾਨੀ, ਤਤ ਵਜੂਦ ਵੱਜੇ ਵਧਾਈਆ । ਸਚ ਸੰਦੇਸ਼ਾ ਅਗੰਮੀ ਬਾਣੀ, ਬਾਵਨ ਅੱਖਰਾਂ ਬਾਹਰ ਪੜ੍ਹਾਈਆ । ਬੋਧ ਅਗਾਧ ਅਕਥ ਕਹਾਣੀ, ਸਿਫ਼ਤੀ ਢੋਲਾ ਗਾਈਆ । ਲਹਿਣਾ ਦੇਣਾ ਵੇਖਾਂ ਤੇਰੀ ਤਰਲ ਜਵਾਨੀ, ਜੋਬਨ ਧੁਰ ਦਾ ਇਕ ਵਖਾਈਆ । ਜੂਹ ਦਿਸੇ ਨਾ ਕੋਇ ਬੇਗਾਨੀ, ਘਰ ਇਕੋ ਇਕ ਪਰਗਟਾਈਆ । ਜਿਥੇ ਝਗੜਾ ਨਹੀਂ ਜ਼ਿਮੀਂ ਅਸਮਾਨੀ, ਬ੍ਰਹਿਮੰਡ ਵੰਡ ਨਾ ਕੋਇ ਵੰਡਾਈਆ । ਤੇਰਾ ਮੇਰਾ ਨੂਰ ਇਕ ਨੂਰਾਨੀ, ਨਿਰਗੁਣ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਵਖਾਈਆ । ਹੰ ਕਹੇ ਮੈਂ ਤੇਰਾ ਹਾਜੀ, ਹੁਜ਼ਰਾ ਦੇ ਵਖਾਈਆ । ਸੋ ਕਹੇ ਮੈਂ ਮਾਲਕ ਆਦੀ, ਅਦਲ ਇਨਸਾਫ਼ ਕਮਾਈਆ । ਦੋਹਾਂ ਮਿਲ ਕੇ ਝਗੜਾ ਚੁੱਕੇ ਹਕੀਕੀ ਇਸ਼ਕ ਮਿਜ਼ਾਜੀ, ਮਜ਼੍ਹੇ ਤੋਂ ਬਾਹਰ ਆਪਣਾ ਆਪ ਪਰਗਟਾਈਆ । ਸਿਫ਼ਤ ਗਾਵੇ ਨਾ ਕੋਇ ਰਬਾਬੀ, ਤੰਦ ਸਤਾਰ ਨਾ ਕੋਇ ਚਤੁਰਾਈਆ । ਮੇਲਾ ਕਿਸੇ ਨਾ ਅਵਰ ਅਹਿਬਾਬੀ, ਸੱਜਣ ਇਕੋ ਨਜ਼ਰੀ ਆਈਆ । ਲੇਖਾ ਮੁਕੇ ਸਵਾਲ ਜਵਾਬੀ, ਨੂਰ ਨੂਰ ਵਿਚ ਸਮਾਈਆ । ਜਿਸ ਦੀ ਆਸਾ ਰੱਖੀ ਨਾਨਕ ਵਿਚ ਬਗ਼ਦਾਦੀ, ਬਗ਼ਲਗੀਰ ਹੋ ਕੇ ਗਿਆ ਦ੍ਰਿੜਾਈਆ । ਸੋ ਹੋਵੇ ਹੰ ਇਮਦਾਦੀ, ਦੂਜਾ ਸਾਥੀ ਨਾ ਕੋਇ ਸਮਝਾਈਆ । ਮਹੱਲ ਸੋਹੇ ਇਕ ਮਹਿਰਾਬੀ, ਮੁਹੱਬਤ ਮਹਿਬੂਬ ਵਾਲੀ ਪਰਗਟਾਈਆ । ਅੱਖਰ ਵਡਿਆਈ ਨਾ ਕੋਇ ਕਿਤਾਬੀ, ਸ਼ਾਹੀ ਤੋਂ ਪਰੇ ਸੱਚੀ ਸ਼ਹਿਨਸ਼ਾਹੀਆ ।


੫੨੦
੨੦

ਜੋੜ ਦਿਸੇ ਨਾ ਕੋਇ ਲੁਆਬੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਸੋ ਕਹੇ ਮੇਰਾ ਹਕ ਸੰਦੇਸ਼ਾ, ਹਕੀਕਤ ਦਏ ਜਣਾਈਆ । ਹੰ ਕਹੇ ਮੈਂ ਸਭ ਕੁਛ ਦੇਖਾ, ਤੇਰੀ ਬੇਪਰਵਾਹੀਆ । ਜੋਤੀ ਧਾਰ ਬਦਲੀ ਰੇਖਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਅੰਤਰ ਰੱਖਿਆ ਆਪਣਾ ਭੇਤਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਨਵ ਨੌ ਚਾਰ ਨਾ ਕੀਤਾ ਚੇਤਾ, ਪੜਦਾ ਓਹਲਾ ਨਾ ਕੋਇ ਉਠਾਈਆ । ਫਿਰ ਕੇ ਵੇਖਿਆ ਦੇਸ ਪਰਦੇਸਾ, ਦੋ ਜਹਾਨਾਂ ਪੰਧ ਮੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੁਕਿਆ ਠੇਕਾ, ਪਟੇਦਾਰੀ ਪੰਧ ਮੁਕਾਈਆ । ਅੱਲਾ ਵਾਹਿਗੁਰੂ ਰਾਮ ਓਮ ਰਿਹਾ ਕੋਈ ਨਾ ਨੇਤਾ, ਨਿਤ ਨਵਿਤ ਆਪਣਾ ਫੇਰਾ ਪਾਈਆ । ਜੁਗ ਚੌਕੜੀ ਬਦਲਦਾ ਰਿਹਾ ਵੇਸਾ, ਭੇਖਾ ਧਾਰੀ ਬੇਪਰਵਾਹੀਆ । ਹੰ ਕਹੇ ਬਿਨ ਮੇਰੇ ਤੇਰੀ ਕਰੀ ਕਿਸੇ ਨਾ ਭੇਟਾ, ਭੱਟ ਸਾਰੇ ਗਏ ਗਾਈਆ । ਮੈਂ ਆਦਿ ਜੁਗਾਦੀ ਸ਼ਬਦੀ ਧਾਰ ਵਿਚੋਂ ਨਿਕਲਿਆਂ ਤੇਰਾ ਬੇਟਾ, ਜਿਸ ਨੂੰ ਦੂਜੀ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰਦਰਗਾਹੀ ਤੇਰੀ ਆਸ ਰਖਾਈਆ । ਸੋ ਕਹੇ ਮੈਂ ਸਰਬ ਸਵਾਮੀ ਮੀਤ, ਮਾਲਕ ਇਕ ਅਖਵਾਈਆ । ਹੰ ਕਹੇ ਮੇਰੇ ਬਿਨਾ ਚੱਲੇ ਨਾ ਕੋਇ ਰੀਤ, ਚੁਰਾਸੀ ਕੰਮ ਕਿਸੇ ਨਾ ਆਈਆ । ਦੋਹਾਂ ਮਿਲ ਕੇ ਬਣੇ ਇਕੋ ਗੀਤ, ਸੋਹੰ ਢੋਲਾ ਧੁਰਦਰਗਾਹੀਆ । ਬਿਨ ਭਗਤਾਂ ਕਿਸੇ ਨਾ ਬਣੇ ਮੀਤ, ਸੱਜਣ ਸੰਗ ਨਾ ਕੋਇ ਰਖਾਈਆ । ਝਗੜਾ ਰੱਖੇ ਨਾ ਊਚ ਨੀਚ, ਰਾਓ ਰੰਕ ਆਪਣੇ ਘਰ ਵਸਾਈਆ । ਸਭ ਨੂੰ ਕਰੇ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਇਕੋ ਦੱਸ ਹਕ ਪ੍ਰੀਤ, ਪ੍ਰੀਤਮ ਧੁਰ ਦਾ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਪੁਰਖ ਨਿਰੰਜਣ ਹੰ ਕਰੇ ਆਪ ਬਖ਼ਸ਼ੀਸ਼, ਬਖ਼ਸ਼ਿਸ਼ ਦੀ ਧਾਰ ਬਖ਼ਸ਼ਿਸ਼ ਵਿਚ ਆਪਣੇ ਨਾਲ ਰਖਾਈਆ ।



### ★ ੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਚਾਨਣ ਸਿੰਘ ਦੇ ਗ੍ਰਿਹਿ ਪਿੰਡ ਹੰਡੋਲਾ ਜ਼ਿਲਾ ਕਰਨਾਲ ★

ਆਤਮ ਪਰਮਾਤਮ ਮਿਲਾਪ ਹੋਵੇ ਇਸ ਹਿਸਾਬ, ਜਿਸ ਹਿਸਾਬ ਨੂੰ ਕੁਤਬਖਾਨਾ ਨਾ ਕੋਇ ਛਪਵਾਈਆ । ਜਿਸ ਦਾ ਹਿੱਸਾ ਵੰਡ ਨਾ ਹੋਵੇ ਕੋਈ ਬਾਬ, ਹਿੰਦਸਿਆਂ ਵਾਲਾ ਰੂਪ ਨਾ ਕੋਇ ਪਰਗਟਾਈਆ । ਜਿਸ ਦਾ ਲੇਖਾ ਲਿਖੇ ਨਾ ਕੋਈ ਕਲਮ ਦਵਾਤ, ਸ਼ਾਹੀ ਸ਼ਾਹਕਾਰ ਨਾ ਕੋਇ ਵਡਿਆਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਮਹਿੰਮਾ ਸਿਫ਼ਤ ਗਾਉਂਦੇ ਕੋਟਨ ਕੋਟ ਜਾਪ, ਰਸਨਾ ਜਿਹਵਾ ਬੱਤੀ ਦੰਦ ਢੋਲਾ ਰਾਗ ਅਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਲੇਖਾ ਧੁਰ ਦਾ ਜਾਣੇ ਪਾਕੀ ਪਾਕ, ਪਤਤ ਪੁਨੀਤ ਨੂਰ ਖ਼ੁਦਾਈਆ । ਆਤਮ ਪਰਮਾਤਮ ਮੇਲਾ ਮਿਲੇ ਹਰਿ ਜਗਦੀਸ਼ਰ ਆਪ, ਆਪ ਆਪਣਾ ਪੜਦਾ ਅੰਦਰੋਂ ਦਏ ਉਠਾਈਆ । ਤ੍ਰੈਗੁਣ ਮਾਇਆ ਪੰਜ ਤਤ ਵਿਕਾਰਾ ਤ੍ਰੈ ਰਹੇ ਕੋਈ ਨਾ ਤਾਪ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਅਗਨੀ ਅੱਗ ਦਏ ਬੁਝਾਈਆ । ਗ੍ਰਿਹਿ ਮੰਦਰ ਅੰਦਰ ਨਿਰੰਤਰ ਨੂਰੀ ਦਰਸ ਦੇਵੇ ਸਾਖਿਆਤ, ਮਨ ਸਾਜਸ਼ ਡੇਰਾ ਦੇਵੇ ਢਾਹੀਆ । ਦਿਵਸ ਰੈਣ ਅੱਠੇ ਪਹਿਰ ਜੋਤੀ ਜਾਤਾ ਪੁਰਖ ਬਿਧਾਤਾ ਕਰੇ ਪਰਕਾਸ਼, ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋ ਸਾਹਿਬ ਸਤਿਗੁਰ

ਜਨ ਹੋਵੇ ਦਾਸੀ ਦਾਸ, ਹੰਕਾਰੀ ਗੜ੍ਹ ਜਗਤ ਜੁਗ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਮੇਲਾ ਲਏ ਮਿਲਾਈਆ । ਆਤਮ ਪਰਮਾਤਮ ਮਿਲਣਾ ਹਿਸਾਬ ਨੀਕਣ ਨੀਕਾ, ਖ਼ਤੋ ਕਤਾਬਤ ਦੀ ਲੋੜ ਰਹੇ ਨਾ ਰਾਈਆ । ਇਕੋ ਸਤਿਗੁਰ ਨਾਲ ਲੱਗੇ ਸਚ ਪ੍ਰੀਤਾ, ਪ੍ਰੀਤਮ ਹੋ ਕੇ ਆਪਣਾ ਘਰ ਵਖਾਈਆ । ਤਨ ਮਾਟੀ ਕਰੇ ਠਾਂਡਾ ਸੀਤਾ, ਸੀਤਲ ਧਾਰ ਨਿਝਰ ਬੂੰਦ ਸਵਾਂਤੀ ਦਏ ਟਪਕਾਈਆ । ਠਾਕਰ ਹੋ ਕੇ ਮਿਲੇ ਅਗੰਮੀ ਮੀਤਾ, ਅਲਖ ਅਗੋਚਰ ਅਗੰਮ ਅਥਾਹ ਨਿਹਕਰਮੀ ਕਰਮ ਕਾਂਡ ਦਏ ਖਪਾਈਆ । ਸਾਚਾ ਦੇ ਕੇ ਨਿਰਗੁਣ ਧਾਰ ਅਗੰਮੀ ਕਲਮਾ ਹਕ ਹਦੀਸਾ, ਹਜ਼ੂਰ ਹਜ਼ਰਤਾਂ ਇਕ ਪੜ੍ਹਾਈਆ । ਲਹਿਣਾ ਦੇਣਾ ਮੁਕਾਏ ਹਰਿਜਨ ਜੀਵ ਜੀ ਕਾ, ਜੀਵਤ ਜਨਮ ਮਰਨ ਵਿਚ ਬਦਲਾਈਆ । ਮਨ ਵਾਸਨਾ ਰਹਿਣ ਨਾ ਦੇਵੇ ਕੋਇ ਸ਼ਰੀਕਾ, ਸ਼ਿਰਕਤ ਅੰਦਰੋਂ ਦਏ ਕਢਾਈਆ । ਇਕੋ ਸ਼ਬਦ ਸਤਿਗੁਰ ਹੱਥ ਹਕ ਤੌਫ਼ੀਕਾ, ਤੋਹਫ਼ਾ ਦੇਵੇ ਧੁਰਦਰਗਾਹੀਆ । ਆਸਾ ਮਨਸਾ ਪੂਰੀ ਕਰੇ ਉਮੀਦਾ, ਆਮਦ ਵਿਚ ਖ਼ੁਸ਼ਾਮਦ ਵਿਚ ਮੁਰਸ਼ਦ ਮੁਰੀਦਾਂ ਰੰਗ ਰੰਗਾਈਆ । ਜੇ ਪਿਆਰ ਨਾਲ ਵਿਹਾਰ ਨਾਲ ਧਾਰ ਨਾਲ ਇਕੋ ਵਾਰ ਅੰਦਰੋਂ ਬਾਹਰੋਂ ਸਿੱਧਾ ਕਰ ਲਓ ਦੀਦਾ, ਦੀਦਾ ਦਾਨਿਸਤਾ ਜੋਤੀ ਜਾਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਹਿਸਾਬ ਅੰਦਰ ਦੱਸੇ ਆਪਣੀ ਕਰਨੀ, ਕਰਤੇ ਹੱਥ ਵਡਿਆਈਆ । ਤੂੰ ਮੇਰਾ ਮੈਂ ਤੇਰਾ ਜਿਨ੍ਹਾਂ ਤੁਕ ਅਨਾਦੀ ਪੜ੍ਹਨੀ, ਬ੍ਰਹਿਮਾਦੀ ਵੇਖ ਵਖਾਈਆ । ਸਾਹਿਬ ਸਵਾਮੀ ਲਾ ਕੇ ਆਪਣੀ ਸਰਨੀ, ਸਰਨਗਤ ਦਏ ਸਮਝਾਈਆ । ਕੂੜੀ ਕਿਰਿਆ ਅੰਦਰੋਂ ਝੜਨੀ, ਮਨ ਵਿਕਾਰਾ ਦੇਵੇ ਮੁਕਾਈਆ । ਮੰਜ਼ਲ ਇਕੋ ਹਕੀਕੀ ਚੜ੍ਹਨੀ, ਨੌਂ ਦਵਾਰੇ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਆਤਮ ਪਰਮਾਤਮ ਪਰਮਾਤਮ ਆਤਮ ਆਪਣੇ ਵਿਚ ਸਮਾਈਆ । ਹਿਸਾਬ ਕਹੇ ਆਤਮ ਪਰਮਾਤਮ ਵੇਖਾਂ ਮਿਲਦਾ ਚੰਗਾ, ਚਾਰੋਂ ਕੁੰਟ ਖੋਜ ਖੁਜਾਈਆ । ਜਿਉਂ ਤ੍ਰਬੈਣੀ ਦੀ ਧਾਰ ਗੰਗਾ, ਜਮਨਾ ਸਰਸਤੀ ਆਪਣਾ ਆਪ ਆਪਣੇ ਵਿਚ ਛੁਪਾਈਆ । ਸੋ ਸਾਹਿਬ ਸਤਿਗੁਰ ਗੁਰਮੁਖਾਂ ਦੇਵੇ ਇਕ ਅਨੰਦਾ, ਨਿਜ ਆਤਮ ਅਨੰਦ ਵਖਾਈਆ । ਬਿਨ ਸੂਰਜ ਚੰਦ ਚਾੜ੍ਹ ਕੇ ਚੰਦਾ, ਜੋਤੀ ਚੰਦ ਕਰੇ ਰੁਸ਼ਨਾਈਆ । ਬਿਨ ਬੰਦਗੀਉਂ ਬਣਾ ਕੇ ਬੰਦਾ, ਬੰਦਨਾ ਧੁਰ ਦੀ ਦਏ ਸਮਝਾਈਆ । ਮਨ ਵਿਕਾਰੀ ਰਹਿਣ ਨਾ ਦੇਵੇ ਗੰਦਾ, ਦੁਰਮਤ ਮੈਲ ਦਏ ਧਵਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮਾ, ਪਾਰਬ੍ਰਹਮ ਵਿਚ ਸਮਾਈਆ । ਪੁਰਖ ਅਕਾਲ ਦੀਨ ਦਿਆਲ ਆਦਿ ਬਣਾਇਆ ਆਤਮ ਪਰਮਾਤਮ ਛੰਦਾ, ਸ਼ਾਮ ਸੁੰਦਰ ਜਿਸ ਨੂੰ ਕਹਿ ਕੇ ਝਟ ਲੰਘਾਈਆ । ਜਿਸ ਦੀ ਧਾਰ ਨਾਲ ਗੁਰ ਅਵਤਾਰ ਪੈਗ਼ੰਬਰ ਤੋੜ ਕੇ ਬਜਰ ਕਪਾਟੀ ਜੰਦਾ, ਜ਼ਿੰਦਗੀ ਆਪਣੀ ਗਏ ਬਦਲਾਈਆ । ਸੋ ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਨਾਦ ਅਨਾਦੀ ਧੁਨ ਉਪਜੰਦਾ, ਅਨਰਾਗੀ ਰਾਗ ਸੁਣਾਈਆ । ਜੋ ਸਚ ਸਰਨਾਈ ਬੇਪਰਵਾਹੀ ਚਰਨ ਕਵਲ ਤਕੰਦਾ, ਤਾਕਤ ਨਾਲ ਸਦਾਕਤ ਨਾਲ ਬਿਨ ਇਬਾਦਤ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜਨਮ ਦੇ ਵਿਛੜੇ ਮੇਲ ਮਿਲਾਈਆ । ਆਤਮ ਪਰਮਾਤਮ ਜਾਵੇ ਮਿਲ, ਮਿਲਣੀ ਹਰਿ ਜਗਦੀਸ ਕਰਾਈਆ । ਝਗੜਾ ਰਹੇ ਨਾ ਤੀਜੇ ਤਿਲ, ਲੋਇਣ ਤੀਜੇ ਪੜਦਾ ਦਏ ਉਠਾਈਆ । ਪ੍ਰੇਮ ਪ੍ਰੀਤੀ ਸਾਚੀ ਰੀਤੀ ਅੰਦਰ ਜਗਤ ਵਿਕਾਰਾ ਜਾਏ ਹਿੱਲ, ਦਰ ਘਰ ਠਾਂਡੇ ਮੁਖ

੫੨੨
੨੦

ਛੁਪਾਈਆ । ਜੋ ਰਸ ਮਾਨਣ ਦੀ ਕਰਦੇ ਢਿਲ, ਮਨ ਵਾਸਨਾ ਉਨ੍ਹਾਂ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਮੇਲਾ ਭਗਤਾਂ ਨਾਲ ਰਖਾਈਆ । ਆਤਮ ਪਰਮਾਤਮ ਆਦਿ ਜੁਗਾਦੀ ਜੋੜਾ, ਜੋੜੀ ਹਰਿ ਜਗਦੀਸ ਬਣਾਈਆ । ਜਿਨ੍ਹਾਂ ਕਰੇ ਭਾਗ ਮਥੋਰਾ, ਮਿਥਿਆ ਸ੍ਰਿਸ਼ਟੀ ਦਏ ਗਵਾਈਆ । ਲੇਖਾ ਮੁਕਾ ਕੇ ਪੰਜਾਂ ਚੋਰਾ, ਚੋਰੀ ਚੋਰੀ ਆਪਣਾ ਘਰ ਉਪਜਾਈਆ । ਪੰਧ ਮੁਕਾ ਕੇ ਅੰਧੇਰ ਘੋਰਾ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਕਰ ਪਰਕਾਸ਼ ਥੋੜ੍ਹਾ ਥੋੜ੍ਹਾ, ਜੋਤ ਨਿਰੰਜਣ ਡਗਮਗਾਈਆ । ਅੰਮ੍ਰਿਤ ਬੂੰਦ ਸਵਾਂਤੀ ਰਸ ਦੇ ਕੇ ਭੋਰਾ ਭੋਰਾ, ਭਰਮ ਭਾਂਡਾ ਦਏ ਭੰਨਾਈਆ । ਸਾਚੇ ਭਗਤਾਂ ਦੀ ਸਦ ਆਪੇ ਰੱਖ ਕੇ ਲੋੜਾ, ਲੋੜੀਂਦਾ ਸਾਜਣ ਲਏ ਮਿਲਾਈਆ । ਜਿਨ੍ਹਾਂ ਕਿਰਪਾ ਕਰ ਕੇ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ" ਦੇਵੇ ਸਾਚਾ ਦੋਹਰਾ, ਦੂਏ ਦਾ ਏਕਾ ਏਕੇ ਦਾ ਏਕੰਕਾਰ ਇਕੋ ਰੰਗ ਰੰਗਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਾਇਆ ਪੰਜ ਤਤ ਵਜੂਦ ਨਿਰਗੁਣ ਧਾਰ ਨਾ ਹੋਏ ਵਿਛੋੜਾ, ਸਰਗੁਣ ਨਾਤਾ ਤੁੱਟੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਤੇਰਾ ਮੇਰਾ, ਮੈਂ ਮਮਤਾ ਡੇਰਾ ਦੇਵੇ ਢਾਹੀਆ ।

## ★ ੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਰਨੈਲ ਸਿੰਘ, ਜਰਨੈਲ ਸਿੰਘ ਦੇ ਗ੍ਰਹਿ ਪਿੰਡ ਖਰਕਾ ਜ਼ਿਲਾ ਕਰਨਾਲ ★



ਗੁਰ ਅਵਤਾਰ ਪੈਗ਼ੰਬਰ ਸੰਦੇਸ਼ਾ ਸੁਣੋ ਧੁਰ ਦਾ, ਧੁਰਦਰਗਾਹੀ ਕਰਤਾ ਆਪ ਜਣਾਈਆ । ਝਗੜਾ ਰਹੇ ਨਾ ਕਿਸੇ ਦੇਵਤ ਸੁਰ ਦਾ, ਰਿਖ ਮੁਨ ਮੁਨੀਸ਼ਰ ਤਪੀਸ਼ਰ ਵੰਡ ਨਾ ਕੋਇ ਵੰਡਾਈਆ । ਸਚ ਸੁਨੇਹੜਾ ਇਕੋ ਪੁਰਖ ਅਕਾਲ ਸਤਿਗੁਰ ਦਾ, ਗੁਰੂ ਗੁਰਦੇਵ ਸਵਾਮੀ ਅੰਤਰਜਾਮੀ ਆਪ ਸੁਣਾਈਆ । ਜਿਸ ਦਾ ਮੰਤਰ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਫੁਰਨਾ ਫੁਰਦਾ, ਸੁਰਤੀ ਸ਼ਬਦੀ ਮੇਲਾ ਮੇਲੇ ਸਹਿਜ ਸੁਭਾਈਆ । ਸੋ ਨਾਤਾ ਤੋੜੇ ਕਲਜੁਗ ਕੂੜ ਕੁੜਿਆਰੀ ਕਿਰਿਆ ਕੂੜ ਦਾ, ਸਤਿ ਧਰਮ ਦੇਵੇ ਮਾਣ ਵਡਿਆਈਆ । ਵੇਖੋ ਖੇਲ ਪੁਰਖ ਅਬਿਨਾਸ਼ੀ ਕਰਤੇ ਹਾਜ਼ਰ ਹਜ਼ੂਰ ਦਾ, ਹਜ਼ਰਤ ਹੋ ਕੇ ਕਰੇ ਅਗੰਮ ਪੜ੍ਹਾਈਆ । ਵਕਤ ਸੁਹੰਜਣਾ ਤੱਕੋ ਅਬਿਨਾਸ਼ੀ ਅਚੁਤ ਨੂਰ ਦਾ, ਨਰ ਨਰਾਇਣ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਖੇਲ ਧੁਰ ਦੇ ਖ਼ਾਲਕ, ਸਾਹਿਬ ਸਵਾਮੀ ਆਪ ਵਖਾਈਆ । ਸਚਖੰਡ ਦਵਾਰ ਏਕੰਕਾਰ ਇਕ ਇਕੱਲਾ ਲਾ ਅਦਾਲਤ, ਪਰਵਰਦਿਗਾਰ ਸਾਂਝਾ ਯਾਰ ਪੜਦਾ ਓਹਲਾ ਦਏ ਉਠਾਈਆ । ਕੂੜੀ ਕਿਰਿਆ ਮਨ ਵਾਸਨਾ ਰਹੇ ਨਾ ਕੋਇ ਅਦਾਵਤ, ਅਦਲ ਇਨਸਾਫ਼ ਲੇਖਾ ਜਾਣੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਖੇਲ ਪੁਰਖ ਅਥਾਹ ਅਗੰਮ, ਅਗੰਮੜੀ ਕਾਰ ਕਮਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਫੋਲ ਫੁਲਾਇੰਦਾ । ਲੇਖੇ ਲਾਵੇ ਆਤਮ ਪਰਮਾਤਮ ਪਵਣ ਸਵਾਮੀ ਦਮ, ਦਾਮਨਗੀਰ ਬੇਨਜ਼ੀਰ ਆਪਣੀ ਕਾਰ ਕਮਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਮੇਲ ਮਿਲਾ ਕੇ ਹਰਿਜਨ, ਭਗਤ ਭਗਵੰਤ ਆਪਣੇ ਰੰਗ ਰੰਗਾਇੰਦਾ । ਕਰ ਪਰਕਾਸ਼ ਤਨ ਵਜੂਦ ਕਾਇਆ ਮਾਟੀ ਚੰਮ, ਚੰਦ ਚਾਂਦਨਾ ਇਕੋ

ਇਕ ਡਗਮਗਾਇੰਦਾ । ਭੇਵ ਖੁਲ੍ਹਾਏ ਅੰਤ ਅਖ਼ੀਰ ਆਤਮ ਪਰਮਾਤਮ ਹੰ ਬ੍ਰਹਮ, ਧਰਮ ਦੀ ਧਾਰ ਏਕੰਕਾਰ ਆਪਣੀ ਕਲ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਇਕੋ ਇਕ ਸੁਣਾਇੰਦਾ । ਗੁਰ ਅਵਤਾਰ ਪੈਗ਼ੰਬਰ ਸੁਣੋ ਹੁਕਮ ਅੰਦਰ ਫ਼ਰਮਾਨ, ਫ਼ੁਰਨਿਆਂ ਤੋਂ ਬਾਹਰ ਦਿਆਂ ਜਣਾਈਆ । ਜਿਸ ਦੀ ਕਰੇ ਨਾ ਕੋਇ ਪਹਿਚਾਨ, ਸੋ ਬੇਪਹਿਚਾਨ ਆਪਣਾ ਹੁਕਮ ਵਰਤਾਈਆ । ਲੇਖਾ ਜਾਣ ਦੋ ਜਹਾਨ, ਜੀਵਣ ਜੁਗਤ ਰਿਹਾ ਦ੍ਰਿੜਾਈਆ । ਹੁਕਮ ਸੰਦੇਸ਼ਾ ਨਰ ਨਰੇਸ਼ਾ ਦੇਵਣਹਾਰਾ ਇਕ ਗਿਆਨ, ਅਗਿਆਨ ਅੰਧੇਰਾ ਕਲਜੁਗ ਕੂੜੀ ਕਿਰਿਆ ਵਿਚੋਂ ਬਾਹਰ ਕਢਾਇੰਦਾ । ਮਨ ਮਨਸਾ ਰਹੇ ਨਾ ਕੋਇ ਅਭਿਮਾਨ, ਬੇਈਮਾਨ ਸ਼ਰਅ ਸ਼ੈਤਾਨ ਆਪ ਮਿਟਾਇੰਦਾ । ਲੇਖਾ ਜਾਣੇ ਹਰ ਘਟ ਵਸਿਆ ਰਾਮ, ਸ਼ਬਦ ਸੰਦੇਸ਼ਾ ਦੇਵੇ ਇਕ ਪੈਗ਼ਾਮ, ਪੀਰ ਪੈਗ਼ੰਬਰ ਹੁਕਮੇ ਅੰਦਰ ਹੁਕਮ ਇਕ ਵਰਤਾਇੰਦਾ । ਨਾਮ ਹਕੀਕੀ ਲਾਸ਼ਰੀਕੀ ਸ਼ਾਇਦ ਮੁਸ਼ਾਹਿਦ ਵਿਚ ਦੇਵੇ ਇਕ ਜਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕੁਦਰਤ ਦਾ ਕਾਦਰ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਵੇਖੀ ਹਕ ਹਕ਼ੀਕ਼ਤ, ਹੁਕਮ ਸੁਣਿਆ ਧੁਰਦਰਗਾਹੀਆ । ਦੀਨ ਦੁਨੀ ਦੀ ਮੇਟੇ ਕਵਣ ਸ਼ਰੀਕਤ, ਸ਼ਰਅ ਵਿਚੋਂ ਸ਼ਰਅ ਦਏ ਬਦਲਾਈਆ । ਸਾਚੇ ਨਾਮ ਦੀ ਦੱਸੇ ਅਸਲੀਅਤ, ਅਸਲ ਵਸਲ ਯਾਰ ਤੇਰਾ ਪਿਆਰ ਨਜ਼ਰੀ ਆਈਆ । ਜੁਗ ਚੌਕੜੀ ਅਸੀਂ ਕਰ ਕੇ ਆਏ ਵਸੀਅਤ, ਲੇਖਾ ਭਵਿਖਤ ਵਿਚ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਅਖ਼ੀਰ ਬੇਨਜ਼ੀਰ ਪੁਰਖ ਅਕਾਲ ਦੀਨ ਦਿਆਲ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਭ ਦੀ ਬਣੇ ਇਕ ਵਲਦੀਅਤ, ਵਲਦ ਵਾਲਦਾ ਦੂਜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਦਰ ਦਰਵੇਸ਼ ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮਾਤਲੋਕ ਵੇਖੀ ਤੇਰੀ ਝਲਕ, ਝੱਲੀ ਕੀਤੀ ਜਗਤ ਲੋਕਾਈਆ । ਸਤਿ ਰਿਹਾ ਨਾ ਕਿਸੇ ਖ਼ਲਕ, ਖ਼ਾਲਕ ਤੇਰੇ ਹੱਥ ਵਡਿਆਈਆ । ਬਦਲ ਨਾ ਸਕਿਆ ਪਲਕ, ਪਲਕਾਂ ਦੇ ਪਿਛੇ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਨਾਮ ਖ਼ੁਮਾਰੀ ਚੜ੍ਹੀ ਕਿਸੇ ਨਾ ਮਸਤ, ਦੀਵਾਨਾ ਦਰ ਨਾ ਕੋਇ ਸੁਹਾਈਆ । ਮਨ ਵਿਕਾਰਾ ਕਰੇ ਨਾ ਕੋਈ ਨਸ਼ਟ, ਨਸ਼ਿਆ ਵਿਚ ਡੁੱਬੀ ਕੂੜ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੋਏ ਜੋੜ ਕੇ ਹਸਤ, ਹਸਤੀ ਵਿਚ ਮਸਤੀ ਦੇ ਵਖਾਈਆ । ਤੇਰਾ ਖੇਲ ਉਪਰ ਅਰਸ਼ ਕਿਰਪਾ ਕਰ ਉਪਰ ਫ਼ਰਸ਼, ਸਦੀ ਚੌਧਵੀਂ ਆਵੇ ਤਰਸ, ਰਹਿਮਤ ਵਿਚ ਰਹਿਮ ਦੇਣਾ ਕਮਾਈਆ । ਜੋ ਸੰਤ ਸੁਹੇਲੇ ਗੁਰਮੁਖ ਸੱਜਣ ਜਨ ਭਗਤ ਬਿਰਹੋਂ ਵਿਛੋੜੇ ਵਿਚ ਰਹੇ ਤੜਪ, ਤਿਨ੍ਹਾਂ ਅੰਤਰ ਮੇਲਾ ਲੈਣਾ ਮਿਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਬਿਨਾਸ਼ੀ ਘਟ ਨਿਵਾਸੀ ਨਿਰਗੁਣ ਜੋਤ ਖੇਲ ਵੇਖਣਾ ਪਰਤ, ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਰਹੇ ਭਟਕ, ਅੰਤ ਅਖ਼ੀਰ ਪੂਰੀ ਕਰ ਸ਼ਰਤ, ਲੇਖਾ ਮੁਕਾ ਧਰਨੀ ਧਰਤ ਧਵਲ ਉਤੇ ਫ਼ਰਸ਼, ਫ਼ੈਸਲਾ ਧੁਰ ਦਾ ਹਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਵੰਡ ਦਰਦ, ਦੁਖੀਆਂ ਦੁੱਖ ਆਪਣੇ ਵਿਚ ਸਮਾਈਆ ।


੫੨੪
੨੦

## ★ ੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹਿ ਕੌਮੀ ਫ਼ਾਰਮ ਜ਼ਿਲਾ ਕਰਨਾਲ ★



ਪੁਰਖ ਅਕਾਲ ਗੁਰ ਅਵਤਾਰ ਪੈਗ਼ੰਬਰਾਂ ਦੇਵੇ ਥਾਪੀ, ਪੁਸ਼ਤ ਪਨਾਹ ਬੇਪਰਵਾਹ ਆਪਣਾ ਹੱਥ ਟਿਕਾਈਆ । ਚਾਰ ਜੁਗ ਦਾ ਪੂਰਬ ਹੁਕਮ ਸੰਦੇਸ਼ਾ ਦੇਵੇ ਸੁਣਾਏ ਅਗੰਮੀ ਸਾਖੀ, ਸਾਖਿਆਤ ਹੋ ਕੇ ਪੜਦਾ ਓਹਲਾ ਆਪ ਉਠਾਈਆ । ਨਿਰਗੁਣ ਨਿਰਵੈਰ ਨਿਰਾਕਾਰ ਦੋ ਜਹਾਨਾਂ ਪੜਦਾ ਲਾਹ ਕੇ ਤਾਕੀ, ਭੇਵ ਅਭੇਦਾ ਅਛਲ ਅਛੇਦਾ ਅਗਲਾ ਦਏ ਚੁਕਾਈਆ । ਨਿਰਗੁਨ ਨਿਰਗੁਣ ਨਿਰਵੈਰ ਮੰਨੋ ਆਖੀ, ਆਖ਼ਰ ਆਪਣਾ ਖੇਲ ਦ੍ਰਿੜਾਈਆ । ਲੋਕਮਾਤ ਮਾਰ ਝਾਤੇ ਜੀਵ ਜੰਤ ਸਾਧ ਸੰਤ ਵੇਖੋ ਪਤਤ ਪਾਪੀ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਆਪ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਵੇਖਣੀ ਅੰਧੇਰੀ ਰਾਤੀ, ਪਰਭਾਤੀ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਹਰਿ ਨਰਾਇਣ ਇਕੋ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਜਾ ਕੇ ਕਰਿਓ ਅਗੰਮ ਖ਼ਿਆਲ, ਜਗਤ ਬੁੱਧੀ ਨਾ ਕੋਇ ਚਤੁਰਾਈਆ । ਜੋ ਸੰਦੇਸ਼ਾ ਦੇ ਕੇ ਆਏ ਅਹਿਵਾਲ, ਅੱਵਲ ਅੱਲਾ ਨੂਰ ਖ਼ੁਦਾਈਆ । ਤਿਸ ਦਾ ਤੱਕਣਾ ਜਾ ਜਮਾਲ, ਜਾਹਰ ਜਹੂਰ ਕਰੇ ਰੁਸ਼ਨਾਈਆ । ਸਾਚੇ ਭਗਤਾਂ ਵੇਖਣੀ ਕੀਤੀ ਘਾਲ, ਜੋ ਘਾਇਲ ਹੋ ਕੇ ਧੁਰ ਦਾ ਨਾਮ ਧਿਆਈਆ । ਤ੍ਰੈਗੁਣ ਮਾਇਆ ਤੋੜ ਜੰਜ਼ਾਲ, ਜੀਵਣ ਜੁਗਤ ਦੇਣੀ ਸਮਝਾਈਆ । ਝਗੜਾ ਰਹੇ ਨਾ ਸ਼ਾਹ ਕੰਗਾਲ, ਊਚ ਨੀਚ ਰਾਓ ਰੰਕ ਇਕੋ ਘਰ ਪਰਗਟਾਈਆ । ਸਚਖੰਡ ਦਵਾਰ ਏਕੰਕਾਰ ਇਕੋ ਦੱਸਣੀ ਸੱਚੀ ਧਰਮਸਾਲ, ਧਰਮ ਆਤਮ ਪਰਮਾਤਮ ਦੇਵੇ ਮਾਣ ਵਡਿਆਈਆ । ਕਲਜੁਗ ਅੰਦਰ ਸਤਿਜੁਗ ਕਰਨਾ ਬਹਾਲ, ਬੇਹਾਲ ਵੇਖਣੀ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਸਾਹਿਬ ਸਤਿਗੁਰ ਅਕਲ ਕਲਧਾਰੀ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਲੱਖ ਚੁਰਾਸੀ ਅੰਦਰ ਜਾਣਾ ਵਸ, ਵਸਲ ਵੇਖਣਾ ਯਾਰ ਖ਼ੁਦਾਈਆ । ਬ੍ਰਹਿਮੰਡਾਂ ਖੰਡਾਂ ਪਾਰ ਜਾਣਾ ਨੱਸ, ਰਹਿਬਰ ਹੋ ਕੇ ਰਿਹਾ ਜਣਾਈਆ । ਨਵ ਨੌ ਚਾਰ ਤੱਕਣਾ ਏਕਾ ਅੱਖ, ਏਕੰਕਾਰ ਹੁਕਮੇ ਅੰਦਰ ਹੁਕਮ ਸਮਝਾਈਆ । ਕਿਸ ਗ੍ਰਿਹਿ ਨੂਰ ਹੋਵੇ ਪਰਤੱਖ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਜੋਤੀ ਜੋਤ ਡਗਮਗਾਈਆ । ਹਕ਼ੀਕ਼ਤ ਵਿਚੋਂ ਖੋਜਣਾ ਹਕ, ਸਤਿ ਸਚ ਨਾਲ ਸਮਝਾਈਆ । ਦੇਵੇ ਹੁਕਮ ਪੁਰਖ ਸਮਰਥ, ਸਾਹਿਬ ਸਵਾਮੀ ਅੰਤਰਜਾਮੀ ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਈਆ । ਮਨੂਆ ਸਵਾਂਗੀ ਸਵਾਂਗ ਕਰੇ ਕੋਈ ਨਾ ਨਟ, ਜਗਤ ਕੂੜ ਨਾ ਕੋਇ ਲੜਾਈਆ । ਪੜਦਾ ਲਾਹੁਣਾ ਅੱਠ ਸੱਠ, ਮੰਦਰ ਮਸਜਿਦ ਸ਼ਿਵਦਵਾਲੇ ਵੇਖਣਾ ਮੱਠ, ਕਾਇਆ ਬੰਕ ਦਵਾਰ ਕੂਟ ਗ੍ਰਿਹਿ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਨਿਰੰਕਾਰਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸ੍ਰਿਸ਼ਟੀ ਦੀ ਦ੍ਰਿਸ਼ਟੀ ਲੈਣੀ ਫੋਲ, ਫੁਰਨਾ ਵੇਖਣਾ ਥਾਉਂ ਥਾਈਂਆ । ਹਰ ਘਟ ਅੰਦਰ ਜਾਣਾ ਮੌਲ, ਮੌਲਾ ਧੁਰ ਦਾ ਹੁਕਮ ਸੁਣਾਈਆ । ਜੋ ਪੂਰਬ ਸਭ ਦੇ ਨਾਲ ਕੀਤਾ ਕੌਲ, ਇਕਰਾਰ ਪਿਛਲਾ ਯਾਦ ਕਰਾਈਆ । ਸੋ ਲਹਿਣਾ ਦੇਣਾ ਚੁਕਾਉਣਾ ਉਪਰ ਧੌਲ, ਧਰਨੀ ਧਰਤ ਧਵਲ ਰੋਵੇ ਮਾਰੇ ਧਾਹੀਆ । ਧੁਰ ਫ਼ਰਮਾਨਾ ਸ੍ਰੀ ਭਗਵਾਨਾ ਏਕੰਕਾਰ ਇਕੋ ਸੁਣਾਏ ਬੋਲ, ਅਨਬੋਲਤ ਆਪਣਾ ਨਾਮ ਜਣਾਈਆ । ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਦਹਿ ਦਿਸ਼ਾ ਧਰਮ ਦਵਾਰੇ ਵੱਜੇ ਢੋਲ, ਡੰਕਾ ਦੱਸੇ ਧੁਰ ਦਰਗਾਹੀਆ । ਸਚ

੫੨੫
੨੦

ਦਵਾਰ ਵਿਚ ਸੰਸਾਰ ਸਤਿ ਸਮਗਰੀ ਨਾਮ ਦੇਣਾ ਖੋਲ੍ਹ, ਖ਼ਾਲਕ ਖ਼ਲਕ ਬਿਨ ਧਾਰ ਪਲਕ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਦੀਨ ਦੁਨੀ ਲੈਣੀ ਭਾਲ, ਭੱਜਣਾ ਵਾਹੋ ਦਾਹੀਆ । ਵਾਸਨਾ ਵੇਖਣੀ ਸ਼ਾਹ ਕੰਗਾਲ, ਭੇਵ ਅਭੇਦਾ ਆਪ ਖੁਲ੍ਹਾਈਆ । ਸਭ ਦਾ ਦੱਸਣਾ ਸਚਖੰਡ ਦਵਾਰੇ ਹਾਲ, ਹਾਲ ਅਹਿਵਾਲ ਵਿਚੋਂ ਬਦਲਾਈਆ । ਸਦੀ ਚੌਧਵੀਂ ਬਣ ਦਲਾਲ, ਪੜਦਾ ਓਹਲਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੀਨ ਦੁਨੀ ਬਦਲਦਾ ਆਇਆ ਚਾਲ, ਚਾਲ ਨਿਰਾਲੀ ਜੋਤ ਅਕਾਲੀ ਅਕਲ ਕਲਧਾਰੀ ਆਪਣੇ ਹੱਥ ਰਖਾਈਆ ।

★ ੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਣ ਸਿੰਘ ਦੇ ਗ੍ਰਿਹ ਅਜੀਤ ਨਗਰ ਜ਼ਿਲਾ ਕਰਨਾਲ ★

ਗੁਰ ਅਵਤਾਰ ਪੈਗ਼ੰਬਰ ਆਪਣੀ ਵੇਖੋ ਨਾਮ ਦੀ ਕੁੰਜੀ, ਸਦੀ ਚੌਧਵੀਂ ਕੰਮ ਕਿਸੇ ਨਾ ਆਈਆ । ਜੋ ਖੇਲ ਦੱਸਦੇ ਆਏ ਚੌਂਹ ਜੁਗੀਂ, ਜੁਗ ਚੌਕੜੀ ਕਰ ਵਡਿਆਈਆ । ਅੰਤ ਓਸ ਦੀ ਔਧ ਪੁੱਗੀ, ਸਮਾਂ ਰਿਹਾ ਸਮਝਾਈਆ । ਕਿਉਂ ਕਾਇਆ ਮੰਦਰ ਅੰਦਰ ਧਾਰ ਹੋਈ ਦੂਜੀ, ਨਾਮ ਨਾਲੋਂ ਹਰਾਮ ਆਪਣਾ ਜ਼ੋਰ ਵਖਾਈਆ । ਇਹ ਰਮਜ਼ ਦੱਸੋ ਗੁੱਝੀ, ਗੁਰ ਅਵਤਾਰ ਪੈਗ਼ੰਬਰ ਆਪਣਾ ਪੜਦਾ ਲਾਹੀਆ । ਕਿਉਂ ਦੀਨ ਦੁਨੀ ਬਦਲੀ ਰੁਚੀ, ਮਨ ਵਾਸਨਾ ਹੋਈ ਹਲਕਾਈਆ । ਆਤਮ ਰਹੀ ਕੋਈ ਨਾ ਸੁੱਚੀ, ਸਚ ਮਾਰਗ ਨਾ ਕੋਇ ਦਸਾਈਆ । ਵਸਤ ਅਮੋਲਕ ਗਈ ਲੁੱਟੀ, ਖ਼ਾਲੀ ਭੰਡਾਰੇ ਨਜ਼ਰੀ ਆਈਆ । ਸਵਾਣੀ ਰਹੀ ਕਿਉਂ ਸੁਰਤ ਸੁੱਤੀ, ਸ਼ਬਦੀ ਜਾਗ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਰਿਹਾ ਜਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਆਪਣਾ ਆਪਣਾ ਅੱਖਰਾਂ ਵਾਲਾ ਗਿਆਨ, ਸਿਫ਼ਤਾਂ ਵਾਲਾ ਜੋ ਸਿਫ਼ਤਾਂ ਵਿਚ ਸਾਲਾਹੀਆ । ਕਲਜੁਗ ਅਖ਼ੀਰ ਕੂੜੀ ਕਿਰਿਆ ਹੋਈ ਪਰਧਾਨ, ਸ਼ਰਅ ਵਿਚ ਸ਼ੈਤਾਨ ਕਰੇ ਲੜਾਈਆ । ਕਲਮਾ ਰਿਹਾ ਨਾ ਕਿਸੇ ਜ਼ਬਾਨ, ਨਾਮ ਨਿਧਾਨ ਨਾ ਕੋਇ ਧਿਆਈਆ । ਮਾਇਆ ਮਮਤਾ ਕਰੇ ਹੈਰਾਨ, ਲੋਭ ਮੋਹ ਕਰੇ ਲੜਾਈਆ । ਕਿਧਰ ਗਏ ਹੁਕਮਰਾਨ, ਦੀਨ ਮਜ਼੍ਹਬਾਂ ਸਾਰ ਕੋਇ ਨਾ ਪਾਈਆ । ਵੇਖੋ ਆਪਣਾ ਕਾਇਨਾਤ ਕਲਮਾ ਕਲਾਮ, ਕਾਇਮ ਮੁਕਾਮ ਰਿਹਾ ਜਣਾਈਆ । ਕਿਉਂ ਪੁਰਖ ਅਕਾਲ ਹੋਣ ਲੱਗਾ ਬਦਨਾਮ, ਬਦੀ ਨੇਕੀ ਵੰਡ ਨਾ ਕੋਇ ਵੰਡਾਈਆ । ਕਿਉਂ ਭੇਟਾ ਅੰਦਰ ਹੋ ਕੇ ਆਏ ਕੁਰਬਾਨ, ਹੁਕਮੇਂ ਸੀਸ ਕਟਾਈਆ । ਜ਼ਰਾ ਵੇਖੋ ਜਗਤ ਨਿਸ਼ਾਨ, ਸ਼ਮਸ਼ਾਨ ਦਿਸੇ ਲੋਕਾਈਆ । ਫ਼ਰਕ ਰਿਹਾ ਨਾ ਇਨਸਾਨ ਹੈਵਾਨ, ਗੁਣ ਨਿਧਾਨ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਦੁਨੀਆ ਭੁੱਲੀ, ਭਰਮ ਵਿਚ ਭਰਮਾਈਆ । ਕਿਉਂ ਵਸਤ ਅਮੋਲਕ ਡੁੱਲ੍ਹੀ, ਹਰਿ ਰਸ ਨਾ ਕੋਇ ਚਖਾਈਆ । ਕਿਉਂ ਅੱਗ ਲੱਗੀ ਕਾਇਆ ਕੁੱਲੀ, ਤ੍ਰੈਗੁਣ ਮਾਇਆ ਰਹੀ ਤਪਾਈਆ । ਕਿਉਂ ਮਮਤਾ ਮੋਹ ਵਿਚ ਰੁਲੀ, ਹੰਕਾਰ ਵਿਕਾਰ ਵਿਚ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੇ ਹੁਕਮ ਨਾਲ ਡਰਾਈਆ । ਗੁਰ ਅਵਤਾਰ ਪੈਗ਼ੰਬਰ ਕਿਉਂ ਦੀਨ ਮਜ਼੍ਹਬ ਹੋਏ ਬੇਦੀਨ, ਸਾਬਤ ਧਰਮ ਨਾ ਕੋਇ ਰਖਾਈਆ । ਕਿਉਂ ਤੁਹਾਡੇ ਉਤੋਂ ਗਿਆ ਯਕੀਨ, ਯਕੇ ਬਾਅਦ ਦੀਗਰੇ ਵੇਖੋ ਧਿਆਨ ਲਗਾਈਆ । ਕਿਉਂ ਨਾ ਮੈਨੂੰ ਕਰਨ ਤਸਲੀਮ, ਸਿਰ ਸਜਦਿਆਂ ਵਿਚ ਝੁਕਾਈਆ । ਕਿਉਂ ਬੁੱਧੀ ਹੋਈ ਮਲੀਨ, ਮਲੇਛ ਰੂਪ ਵਟਾਈਆ । ਕਿਉਂ ਨੇਤਰ ਹੋਏ ਨਾਬੀਨ, ਅੱਖ ਪਰਤੱਖ ਨਾ ਕੋਇ ਖੁਲ੍ਹਾਈਆ । ਕਿਉਂ ਝਗੜਾ ਨਰ ਮਦੀਨ, ਮੁੱਦਾ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਿਉਂ ਦੀਨ ਦੁਨੀ ਹੋਈ ਬੇਡਰ, ਖ਼ਤਰਾ ਖ਼ੌਫ਼ ਰਿਹਾ ਨਾ ਰਾਈਆ । ਕਿਉਂ ਤੁਹਾਡਾ ਛੁੱਟਾ ਲੜ, ਪਲੂ ਸ਼ਬਦ ਨਾ ਕੋਇ ਫੜਾਈਆ । ਕਿਉਂ ਹੰਕਾਰੀ ਬਣਿਆ ਗੜ੍ਹ, ਘਰ ਘਰ ਕੂੜ ਵੱਜੀ ਵਧਾਈਆ । ਕਿਉਂ ਅੱਗ ਲੱਗੀ ਬਹੱਤਰ ਨੜ, ਤ੍ਰਿਸ਼ਨਾ ਮੋਹ ਹਲਕਾਈਆ । ਕਿਉਂ ਭੁੱਲਿਆ ਧੁਰ ਦਾ ਦਰ, ਸਾਚਾ ਰਾਹ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਿਉਂ ਦੀਨ ਦੁਨੀ ਪਿਆ ਭਰਮ, ਹੰਕਾਰੀ ਗੜ੍ਹ ਨਾ ਕੋਇ ਤੁੜਾਈਆ । ਕਿਉਂ ਝਗੜਾ ਪਿਆ ਕਰਮ, ਕਾਂਡ ਨਾ ਕੋਇ ਗਵਾਈਆ । ਕਿਉਂ ਨੇਤਰ ਰੋਂਦੇ ਵਰਨ, ਬਰਨ ਰਹੇ ਕੁਰਲਾਈਆ । ਕਿਉਂ ਭੁੱਲੀ ਪ੍ਰਭ ਦੀ ਸਰਨ, ਸੀਸ ਜਗਦੀਸ ਨਾ ਕੋਇ ਝੁਕਾਈਆ । ਕਿਉਂ ਤੁਹਾਡੇ ਛੁੱਟੇ ਚਰਨ, ਚਰਨੋਦਕ ਹੱਥ ਕਿਸੇ ਨਾ ਆਈਆ । ਕਿਉਂ ਜਗਤ ਆਸ਼ਾ ਢੋਲੇ ਪੜ੍ਹਨ, ਹਿਰਦੇ ਹਰਿ ਨਾ ਕੋਇ ਵਸਾਈਆ । ਕਿਉਂ ਮੰਜ਼ਲ ਧੁਰ ਦੀ ਸਚ ਦਵਾਰ ਨਾ ਚੜ੍ਹਨ, ਕੂੜੀ ਕਿਰਿਆ ਬੰਧਨ ਪਾਈਆ । ਕਿਉਂ ਨਿਰਗੁਣ ਧਾਰ ਦਰਸ ਨਾ ਕਰਨ, ਇਸ਼ਟ ਅੱਖਰਾਂ ਵਾਲਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਫ਼ਰਮਾਨਾ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਸ੍ਰਿਸ਼ਟੀ ਹੋਈ ਥੋਥੀ, ਸਤਿ ਨਜ਼ਰ ਕੋਇ ਨਾ ਆਈਆ । ਕਿਉਂ ਅਖ਼ੀਰੀ ਓਟ ਰੱਖੀ ਉਤੇ ਪੋਥੀ, ਪਰਮ ਪੁਰਖ ਦਾ ਦਰਸ ਕੋਇ ਨਾ ਪਾਈਆ । ਕਿਉਂ ਅੱਖਰਾਂ ਵਾਲੀ ਸੋਚ ਸੋਚੀ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਕਿਉਂ ਆਸ਼ਾ ਰੱਖੀ ਉਤੇ ਨਾਥ ਤਰਲੋਕੀ, ਤਰਲੋਕੀ ਤੋਂ ਬਾਹਰ ਧਿਆਨ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੋਕ ਪਰਲੋਕੀ, ਜਗਤ ਜਹਾਨ ਨਿਰਗੁਣ ਧਾਰ ਵੇਖ ਵਖਾਈਆ ।



੫੨੭ ੨੦

★ ੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੁਰਜੀਤ ਕੌਰ ਦੇ ਗ੍ਰਿਹਿ ਅਜੀਤ ਨਗਰ ★

ਗੁਰ ਅਵਤਾਰ ਪੈਗ਼ੰਬਰ ਵੇਖੋ ਦੀਨ ਦੁਨੀ ਦਵਾਰ, ਚਾਰ ਕੁੰਟ ਦਹਿ ਦਿਸ਼ਾ ਨਵ ਖੰਡ ਫੇਰਾ ਪਾਈਆ । ਕਲਜੁਗ ਕੂੜੀ ਕਿਰਿਆ ਤੱਕੋ ਰੈਣ ਅੰਧਿਆਰ, ਸਤਿ ਧਰਮ ਸਚ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਵਰਨ ਬਰਨ ਮਨ ਵਾਸਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਇਆ ਵਿਭਚਾਰ, ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਆਤਮ ਪਰਮਾਤਮ ਨਿਰਗੁਣ ਜੋਤ ਬਿਨ ਵਰਨ ਗੋਤ ਨਜ਼ਰ ਨਾ ਆਏ ਨਿਰੰਕਾਰ, ਪੁਰਖ

ਅਬਿਨਾਸ਼ੀ ਘਟ ਨਿਵਾਸੀ ਮਿਲ ਕੇ ਵੱਜੇ ਨਾ ਕਿਸੇ ਵਧਾਈਆ । ਹਉਮੇ ਹੰਗਤਾ ਕੂੜੀ ਕਿਰਿਆ ਗ੍ਰਿਹਿ ਗ੍ਰਿਹਿ ਦਿਸੇ ਵਿਭਚਾਰ, ਤਨ ਮਾਟੀ ਖ਼ਾਕ ਪੰਜ ਤਤ ਵਜੂਦ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਸਚਖੰਡ ਨਿਵਾਸੀ ਏਕੰਕਾਰ ਏਕੋ ਏਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਦੀਨ ਮਜ਼੍ਹਬ ਵੇਖੇ ਲੋਕਮਾਤ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਅੰਮ੍ਰਿਤ ਰਸ ਕਿਸੇ ਮਿਲੇ ਨਾ ਬੂੰਦ ਸਵਾਂਤ, ਕੂੜ ਕਾਮਨਾ ਹੋਈ ਹਲਕਾਈਆ । ਸਤਿ ਧਰਮ ਰਿਹਾ ਨਾ ਕਿਸੇ ਜਮਾਤ, ਸਾਚਾ ਨਾਤਾ ਅਬਿਨਾਸ਼ੀ ਕਰਤੇ ਨਾ ਕੋਇ ਜੁੜਾਈਆ । ਜੋ ਨਾਮ ਸੰਦੇਸ਼ਾ ਕਲਮਾ ਦੇ ਕੇ ਆਏ ਪੈਗ਼ਾਮ, ਹਜ਼ਰਤ ਪੀਰ ਪੈਗ਼ੰਬਰ ਗੁਰ ਅਵਤਾਰ ਢੋਲਾ ਗਾਈਆ । ਸ਼ਬਦ ਹਕੀਕੀ ਦੇ ਕੇ ਆਏ ਜਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਬੇਪਰਵਾਹ, ਪਰਵਰਦਿਗਾਰ ਤੇਰੀ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਸੇਵਾ ਆਏ ਕਮਾ, ਹੁਕਮੇ ਅੰਦਰ ਤੇਰਾ ਹੁਕਮ ਸੁਣਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਤੇਰਾ ਢੋਲਾ ਆਏ ਗਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਲੋਕਮਾਤ ਸਮਝਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਭੇਵ ਆਏ ਖੁਲ੍ਹਾ, ਪੜਦਾ ਓਹਲਾ ਜੀਵ ਜਗਤ ਜਗਦੀਸ਼ਰ ਤੇਰਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੂੰ ਬੇਅੰਤ ਮਾਇਆ ਦਿਤੀ ਪਾ, ਗ਼ਫ਼ਲਤ ਵਿਚ ਭੁੱਲੀ ਸਰਬ ਲੋਕਾਈਆ । ਸਤਿ ਧਰਮ ਰਿਹਾ ਕਿਸੇ ਨਾ ਥਾਂ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਰਹੇ ਕੁਰਲਾਈਆ । ਪਾਕ ਪਵਿਤ ਪਵਿਤ੍ਰ ਭੂਮਿਕਾ ਰਿਹਾ ਕੋਈ ਨਾ ਥਾਂ, ਅੱਠ ਸੱਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਰੋ ਰੋ ਰਹੀ ਕੁਰਲਾਈਆ । ਜੀਵ ਜੰਤ ਸਾਧ ਸੰਤ ਸਦੀ ਚੌਧਵੀਂ ਮਨ ਵਾਸਨਾ ਭਰੀ ਗੁਨਾਹ, ਪਵਿਤ ਪਾਕ ਪੁਨੀਤ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਾਰੇ ਤੇਰਾ ਤੱਕਦੇ ਰਾਹ, ਬਿਨ ਅੱਖਾਂ ਅੱਖ ਖੁਲ੍ਹਾਈਆ । ਮਿਹਰਵਾਨ ਮਹਿਬੂਬ ਮੁਹੱਬਤ ਅੰਦਰ ਜੋਤੀ ਜਾਮਾ ਵੇਸ ਵਟਾ, ਲੋਕਮਾਤ ਕਰ ਰੁਸ਼ਨਾਈਆ । ਤੂੰ ਸਚਖੰਡ ਨਿਵਾਸੀ ਦਰਗਾਹ ਸਾਚੀ ਮੁਕਾਮੇ ਹਕ ਕੁਲ ਮਾਲਕ ਸ਼ਹਿਨਸ਼ਾਹ, ਹੁਕਮਰਾਨ ਇਕੋ ਨਜ਼ਰੀ ਆਈਆ । ਕਲਜੁਗ ਅੰਦਰ ਸਤਿਜੁਗ ਸਾਚਾ ਮਾਰਗ ਦੇ ਲਾ, ਮਾਇਆ ਮਮਤਾ ਮੋਹ ਜਗਤ ਵਿਕਾਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਅਰਦਾਸ, ਬਿਨ ਸੀਸ ਸੀਸ ਝੁਕਾਈਆ । ਕਿਰਪਾ ਕਰ ਸਰਬ ਗੁਣਤਾਸ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਸਦੀ ਬੀਸਵੀਂ ਚਾਰ ਵਰਨ ਅਠਾਰਾਂ ਬਰਨ ਕੂੜੀ ਕਿਰਿਆ ਵੇਖੀ ਰਾਸ, ਮਨ ਵਾਸਨਾ ਨਟੂਆ ਨਾਚ ਨਚਾਈਆ । ਸਚ ਵਸਤ ਤੇਰਾ ਨਾਮ ਰਹੀ ਕਿਸੇ ਨਾ ਪਾਸ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਧਿਆਨ ਨਾ ਕੋਇ ਲਗਾਈਆ । ਪਿਤਾ ਪੂਤ ਕਰੇ ਘਾਤ, ਨਾਰ ਕੰਤ ਨਾ ਦੇਵੇ ਸਾਥ, ਸੱਜਣ ਮੀਤ ਸੰਗ ਨਾ ਕੋਇ ਨਿਭਾਈਆ । ਚਾਰੋਂ ਕੁੰਟ ਦਿਸੇ ਅੰਧੇਰੀ ਰਾਤ, ਸਾਚੀ ਰਹੀ ਨਾ ਕੋਈ ਜਮਾਤ, ਦੀਨ ਦੁਨੀ ਕਰੇ ਲੜਾਈਆ । ਪੁਰਖ ਅਕਾਲ ਕਲਜੁਗ ਅੰਤ ਸ੍ਰੀ ਭਗਵੰਤ ਵੇਖ ਆਪਣਾ ਖੇਲ ਤਮਾਸ਼, ਖ਼ਾਲਕ ਖ਼ਲਕ ਉਪਰ ਫ਼ਲਕ ਜ਼ਿਮੀ ਜ਼ਮਾਂ ਧਿਆਨ ਲਗਾਈਆ । ਮਿਹਰਵਾਨ ਮਹਿਬੂਬ ਹੋ ਕੇ ਜਨ ਭਗਤਾਂ ਸੰਤਾਂ ਉਤੇ ਕਰ ਤਰਸ, ਗੁਰਮੁਖ ਗੁਰਸਿਖ ਹਰਿਜਨ ਭਗਤ ਪ੍ਰੇਮ

ਪ੍ਰੀਤੀ ਅੰਦਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਅੱਗੇ ਝੋਲੀ ਡਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਦੱਸੀਏ ਹਰਿ ਜੂ ਕੂਕ, ਕੂਕ ਕੂਕ ਸੁਣਾਈਆ । ਝਗੜਾ ਪਿਆ ਕਾਇਆ ਪੰਜ ਤਤ ਕਲਬੂਤ, ਦੀਨ ਮਜ਼੍ਹਬ ਭਰਮ ਨਾ ਕੋਇ ਮਿਟਾਈਆ । ਵਾਹਦ ਲਾਸ਼ਰੀਕ ਤੇਰਾ ਦੇਵੇ ਨਾ ਕੋਇ ਸਬੂਤ, ਏਕੰਕਾਰ ਇਕ ਇਕੱਲਾ ਨਜ਼ਰ ਕਿਸੇ ਨਾ ਆਈਆ । ਕਿਰਪਾ ਨਿਧਾਨ ਠਾਕਰ ਸਵਾਮੀ ਕਲਜੁਗ ਕੂੜੀ ਕਿਰਿਆ ਕਰ ਨੇਸਤੋ ਨਾਬੂਦ, ਨਵ ਨੌਂ ਚਾਰ ਦਾ ਲੇਖਾ ਦੇ ਮੁਕਾਈਆ । ਸਤਿਜੁਗ ਸਾਚਾ ਸਤਿ ਧਰਮ ਦਾ ਦੇ ਵਜੂਦ, ਵਾਸਤਾ ਆਪਣੇ ਨਾਲ ਰਖਾਈਆ । ਸਦੀ ਚੌਧਵੀਂ ਕੂੜੀ ਕਿਰਿਆ ਹੁਕਮੇ ਅੰਦਰ ਕਰ ਮੌਕੂਫ਼, ਧੁਰ ਫ਼ਰਮਾਨਾ ਇਕ ਸੁਣਾਈਆ । ਸਾਚੇ ਨਾਮ ਦਾ ਚਾਰ ਵਰਨ ਅਠਾਰਾਂ ਬਰਨ ਵਾਸਤੇ ਬਦਲ ਦੇ ਹਰੂਫ਼, ਮਸਰੂਫ਼ ਆਪਣੇ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਸ੍ਰੀ ਭਗਵਾਨ ਦਰ ਤੇਰੇ ਠਾਂਡੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਸਾਡਾ ਚੁੱਕਿਆ ਜਾਏ ਵਕਤ, ਵਾਰ ਥਿਤ ਦਏ ਗਵਾਹੀਆ । ਤੇਰਾ ਲੇਖਾ ਹੋਵੇ ਵਿਚ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰਮੁਖ ਸੱਜਣ ਵੇਖ ਭਗਤ, ਸੰਤ ਸੁਹੇਲੇ ਆਪ ਉਠਾਈਆ । ਨਿਰਗੁਣ ਧਾਰ ਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਧਾ ਸੂਰਬੀਰ ਮਰਦਾਨਾ ਬਣ ਮਰਦ, ਮਦਦ ਤੇਰੀ ਮੰਗ ਮੰਗਾਈਆ । ਕੂੜ ਕਸਾਈ ਬਣੀ ਕਰਦ, ਕਤਲਗਾਹ ਦਿਸੇ ਲੋਕਾਈਆ । ਦੀਨਾਂ ਅਨਾਥਾਂ ਵੰਡੇ ਕੋਈ ਨਾ ਦਰਦ, ਦੁਖੀਆਂ ਦੁੱਖ ਦੂਰ ਨਾ ਕੋਇ ਕਰਾਈਆ । ਚਾਰੋਂ ਕੁੰਟ ਦਿਸੇ ਤਸ਼ੱਦਦ, ਸਾਂਤਕ ਸਤਿ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਣਾ ਧੁਰ ਦਾ ਦਾਨ, ਦਇਆਵਾਨ ਦੀਨ ਦਿਆਲ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣਾ ਰੰਗ ਦੇਣਾ ਰੰਗਾਈਆ ।



### ★ ੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ ਗੜ੍ਹੀ ਲਾਂਗਰੀ ਜ਼ਿਲਾ ਕੁਰਕਸ਼ੇਤਰ ★

ਹਰਚਰਨ ਸਿੰਘ ਦੀ ਇਕੋ ਪੁਰਖ ਅਕਾਲ ਪਿਤਾ ਮਾਤਾ, ਜਗਤ ਜਨਨੀ ਤੱਤਾਂ ਸੇਵ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਦਾ ਦੇਵੇ ਸਾਥਾ, ਜੁਗ ਚੌਕੜੀ ਸਾਚਾ ਸੰਗ ਨਿਭਾਈਆ । ਸ਼ਬਦੀ ਧਾਰ ਚੜ੍ਹਾਏ ਆਪਣੇ ਰਾਥਾ, ਮੰਜ਼ਲ ਪਾਰ ਕਰਾਏ ਬੇਪਰਵਾਹੀਆ । ਗੁਰਮੁਖ ਗੁਰਸਿਖ ਕਦੇ ਆਵੇ ਨਾ ਵਿਚ ਘਾਟਾ, ਕਮੀ ਰਹਿਣ ਕੋਇ ਨਾ ਪਾਈਆ । ਧੰਨ ਭਾਗ ਜੋ ਭਗਤ ਸੁਹੇਲਾ ਆਪਣੇ ਜਨਮ ਦੀ ਪੂਰੀ ਕਰ ਕੇ ਜਾਏ ਵਾਟਾ, ਤਨ ਵਜੂਦ ਮਾਟੀ ਖ਼ਾਕ ਵਿਚ ਰੁਲਾਈਆ । ਜਾ ਕੇ ਮਿਲੇ ਵਿਚ ਨਿਰਗੁਣ ਨੂਰ ਜੋਤ ਪਰਕਾਸ਼ਾ, ਪਰਕਾਸ਼ ਪਰਕਾਸ਼ ਵਿਚ ਸਮਾਈਆ । ਜੇ ਤੁਸਾਂ ਹਰਚਰਨ ਦੀ ਬਣਨਾ ਮਾਤਾ, ਅੰਦਰੋਂ ਗ਼ਮੀ ਦੇਣੀ ਕਢਾਈਆ । ਓਸ ਦਾ ਓਸ ਦੇ ਨਾਲ ਨਾਤਾ, ਜੋ ਭਗਤਾਂ ਸਦਾ ਗੋਦ ਵਿਚ ਟਿਕਾਈਆ । ਦੀਨ ਦੁਨੀ ਦਾ ਮੰਨਣਾ ਨਹੀਂ ਆਖਾ, ਪਤਿਪਰਮੇਸ਼ਵਰ ਤੁਹਾਡਾ ਸਦਾ ਸਹਾਈਆ । ਇਹ ਫਲ ਲੱਗਾ ਜਗਤ ਡਾਲ ਮਿਲੀ ਅਗੰਮੀ ਦਾਤਾ, ਦਾਤਾਰ ਹੋ ਕੇ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਆਪਣੇ ਘਰ ਵਸਾਈਆ ।

ਹਰਚਰਨ ਸਿੰਘ ਜਗਤ ਨਹੀਂ ਮਰਿਆ, ਮਰ ਜੀਵਤ ਰੂਪ ਵਟਾਈਆ । ਭਗਤਾਂ ਵਿਚ ਭਗਤੀ ਰੂਪ ਹਰਿਆ, ਹਰਿ ਮਿਲਿਆ ਸੱਜਣ ਬੇਪਰਵਾਹੀਆ । ਜਗਤ ਜਹਾਨ ਦੁਤਰ ਤਰਿਆ, ਸਚਖੰਡ ਬਹਿ ਕੇ ਖ਼ੁਸ਼ੀ ਮਨਾਈਆ । ਜਿਸ ਨੇ ਇਕ ਵਾਰ ਸੋਹੰ ਢੋਲਾ ਪੜ੍ਹਿਆ, ਮਾਤ ਗਰਭ ਫੇਰ ਕਦੇ ਨਾ ਆਈਆ । ਮੰਜ਼ਲ ਹਕੀਕੀ ਚੜ੍ਹਿਆ, ਆਵਣ ਜਾਵਣ ਪੰਧ ਚੁਕਾਈਆ । ਖੇਲ ਅਗੰਮਾ ਪੁਰਖ ਅਕਾਲ ਦੀਨ ਦਿਆਲ ਆਪਣਾ ਆਪੇ ਕਰਿਆ, ਕਰਨੀ ਦੇ ਕਰਤੇ ਆਪਣੇ ਘਰ ਲਿਆ ਬੁਲਾਈਆ । ਮਾਤਾ ਦਾ ਜਨਮਿਆ ਹੋਇਆ ਸਰੀਰ ਅਗਨੀ ਵਿਚ ਸੜਿਆ, ਆਤਮਾ ਪਰਮਾਤਮਾ ਵਿਚ ਸਮਾਈਆ । ਓਸ ਮੰਜ਼ਲ ਤੇ ਚੜ੍ਹਿਆ, ਜਿਥੇ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਦਰ ਠਾਂਡੇ ਲਏ ਟਿਕਾਈਆ । ਗੁਰਮੁਖ ਕਦੇ ਨਾ ਜੰਮਦਾ ਮਰਦਾ, ਮਰਦ ਮਰਦਾਨਾ ਨਜ਼ਰੀ ਆਈਆ । ਇਹ ਖੇਲ ਪੁਰਖ ਅਕਾਲ ਦੇ ਘਰ ਦਾ, ਰੀਤੀ ਗੁਰਮੁਖਾਂ ਨਾਲ ਬਣਾਈਆ । ਜੋ ਅੰਦਰ ਵੜ ਕੇ ਫੜਦਾ, ਨਾਤਾ ਧੁਰ ਦਾ ਮੇਲ ਮਿਲਾਈਆ । ਦਰਵਾਜ਼ਾ ਖੋਲ੍ਹ ਕੇ ਆਪਣੇ ਘਰ ਦਾ, ਗੁਰਮੁਖ ਸਹਿਜੇ ਲਏ ਲੰਘਾਈਆ । ਇਹ ਲਹਿਣਾ ਦੇਣਾ ਨਾਤਾ ਨਰਾਇਣ ਨਰ ਦਾ, ਨਾਰ ਕੰਤ ਜੀਵ ਜੰਤ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਘਰ ਵਸਾਈਆ । ਹਰਚਰਨ ਸਿੰਘ ਦੀ ਸਦਾ ਜੋਬਨ ਵਰਗੀ ਜਵਾਨੀ, ਵਰਗ ਜਗਤ ਨਾ ਕੋਇ ਲਗਾਈਆ । ਓਸ ਦਾ ਨਾਮ ਚਾਰ ਜੁਗ ਦੀ ਭਗਤਾਂ ਵਿਚ ਰਹੇ ਨਿਸ਼ਾਨੀ, ਨਿਸ਼ਾਨੇ ਕੂੜੇ ਜਗਤ ਮਿਟਾਈਆ । ਬਖ਼ਸ਼ਿਸ਼ ਵਿਚ ਰਹਿਮਤ ਵਿਚ ਦਾਨ ਦਿਤਾ ਧੁਰ ਦੇ ਦਾਨੀ, ਦਇਆਵਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਦਰੋਂ ਕੱਢ ਕੇ ਜਾਏ ਪਰੇਸ਼ਾਨੀ, ਪਰਮਾਨੰਦ ਆਪਣਾ ਅਨੰਦ ਵਖਾਈਆ । ਹਰਚਰਨ ਸਿੰਘ ਦਾ ਪਿਛਲਾ ਲੇਖਾ, ਲਿਖਤ ਵਿਚ ਵਡਿਆਈਆ । ਇਹ ਰਾਏ ਬੁਲਾਰ ਦਾ ਬੇਟਾ, ਗੰਢ ਨਾਨਕ ਨਾਲ ਰਖਾਈਆ । ਜਿਸ ਨੇ ਨਿਮਸਕਾਰ ਵਿਚ ਆਪਣਾ ਆਪ ਪੇਸ਼ ਕੀਤਾ, ਪ੍ਰੇਮ ਅੰਦਰੇ ਅੰਦਰ ਵਧਾਈਆ । ਨਿਰਗੁਣ ਧਾਰ ਕਰਕੇ ਹੇਤਾ, ਹਿਤਕਾਰੀ ਹੋ ਕੇ ਦਿਤਾ ਸਮਝਾਈਆ । ਤੂੰ ਵਸਣਾ ਓਸ ਦੇਸਾ, ਜਿਸ ਘਰ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖਾ ਲਿਆ ਜਾਣ, ਹਰਿ ਕਰਤਾ ਵਡ ਵਡਿਆਈਆ । ਗੁਰਮੁਖ ਬਾਲੀ ਬੁੱਧ ਨਾ ਹੋਵੇ ਅੰਞਾਣ, ਜੋਬਨਵੰਤਾ ਸੋਭਾ ਪਾਈਆ । ਜਿਸ ਦਾ ਮੰਦਰ ਇਕ ਮਕਾਨ, ਸਚਖੰਡ ਦਵਾਰਾ ਨਜ਼ਰੀ ਆਈਆ । ਜੋਤੀ ਜੋਤ ਮਿਲ ਕੇ ਮੇਲਾ ਮਿਲਿਆ ਵਾਲੀ ਦੋ ਜਹਾਨ, ਜਗਤ ਜਹਾਨ ਨਾਤਾ ਗਿਆ ਤੁੜਾਈਆ । ਮਾਤ ਪਿਤ ਕੋਈ ਨਾ ਹੋਵੇ ਹੈਰਾਨ, ਭੈਣ ਭਈਆ ਭਾਣਾ ਮੰਨ ਕੇ ਖ਼ੁਸ਼ੀਆਂ ਵਿਚ ਸ਼ੁਕਰ ਮਨਾਈਆ । ਅੱਗੇ ਬੱਚਿਆਂ ਉਤੇ ਪੁਰਖ ਅਕਾਲ ਹੋਵੇ ਮਿਹਰਵਾਨ, ਛੋਟਿਆਂ ਦੁੱਖ ਨਾ ਲੱਗੇ ਰਾਈਆ । ਸੁਖੀ ਸੁਖ ਸ਼ਾਂਤ ਮਿਲੇ ਵਿਚ ਜਹਾਨ, ਨਿਸ਼ਾਨ ਧਰਮ ਦਏ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਰਧ ਬਾਲਾਂ ਨੌਜਵਾਨਾਂ ਜੀਵਣ ਹਯਾਤੀ ਦਾ ਦੇ ਕੇ ਜਾਵੇ ਦਾਨ, ਜ਼ਿੰਦਗੀ ਵਿਚੋਂ ਜ਼ਿੰਦਗੀ ਅੱਗੇ ਹੋਰ ਬਦਲਾਈਆ ।


੫੩੦
੨੦

★ ੧੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਮੋਹਣ ਸਿੰਘ ਦੇ ਗ੍ਰਹਿ ਗੜ੍ਹੀ ਲਾਂਗਰੀ ਜ਼ਿਲਾ ਕੁਰਕਸ਼ੇਤਰ ★

ਗੁਰ ਅਵਤਾਰ ਪੈਗ਼ੰਬਰ ਟੁੱਟੀ ਦੇਣੀ ਗੰਢ, ਪੁਰਖ ਅਕਾਲ ਦੀਨ ਦਿਆਲ ਸਚਖੰਡ ਨਿਵਾਸੀ ਰਿਹਾ ਜਣਾਈਆ । ਗੁਰਮੁਖ ਸਾਚੇ ਸੰਤਾਂ ਅੰਦਰ ਬਖ਼ਸ਼ਣਾ ਇਕ ਅਨੰਦ, ਸੂਫ਼ੀਆਂ ਧੁਰ ਦਾ ਮੇਲ ਮਿਲਾਈਆ । ਨਿਰਗੁਣ ਨੂਰ ਜੋਤ ਚਾੜ੍ਹਨਾ ਚੰਦ, ਰਵ ਸਸ ਦਾ ਲੇਖਾ ਦੇਣਾ ਮੁਕਾਈਆ । ਭੇਵ ਖੁਲਾਉਣਾ ਪਾਰਬ੍ਰਹਮ ਹੰ, ਆਤਮ ਪਰਮਾਤਮ ਝਗੜਾ ਦੇਣਾ ਚੁਕਾਈਆ । ਮਨ ਵਿਕਾਰਾ ਕੂੜੀ ਕਿਰਿਆ ਗ੍ਰਹਿ ਅੰਦਰ ਕਰਨਾ ਖੰਡ ਖੰਡ, ਜੂਠ ਝੂਠ ਅਪਰਾਧ ਡੇਰਾ ਦੇਣਾ ਢਾਹੀਆ । ਸਚ ਭੰਡਾਰਾ ਅੰਮ੍ਰਿਤ ਰਸ ਨਿਝਰ ਧਾਰ ਦੇਣਾ ਵੰਡ, ਬੂੰਦ ਸਵਾਂਤੀ ਇਕ ਇਕਾਂਤੀ ਦਰ ਠਾਂਡੇ ਆਪ ਚੁਆਈਆ । ਸਚ ਦਵਾਰ ਏਕੰਕਾਰ ਮੰਜ਼ਲ ਹਕੀਕੀ ਜਾਣਾ ਲੰਘ, ਨਵ ਦਵਾਰ ਈੜਾ ਪਿੰਗਲ ਸੁਖਮਨ ਟੇਢੀ ਬੰਕ ਝਗੜਾ ਦੇਣਾ ਮੁਕਾਈਆ । ਪ੍ਰੇਮ ਪ੍ਰੀਤੀ ਮੁਹੱਬਤ ਵਿਚ ਦੇਣਾ ਪਰਮਾਨੰਦ, ਨਿਜਾਨੰਦ ਵਿਚ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਧੁਰ ਦਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸੰਤ ਸੁਹੇਲੇ ਲੈਣੇ ਖੋਜ, ਮਾਤਲੋਕ ਧਿਆਨ ਲਗਾਈਆ । ਜੋ ਅੰਤਰ ਆਤਮ ਪਰਮਾਤਮ ਲੋਚਾ ਰਹੇ ਲੋਚ, ਲੋਚਨ ਨੈਣ ਗਿਆਨ ਨੇਤਰ ਦੇਣਾ ਖੁਲ੍ਹਾਈਆ । ਸ਼ਬਦ ਅਨਾਦੀ ਧੁਨ ਦੇਣੀ ਅਗਾਧ ਬੋਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਦੱਸ ਸਲੋਕ, ਸੋਹਲਾ ਢੋਲਾ ਇਕੋ ਦੇਣਾ ਸਮਝਾਈਆ । ਪਰਵਰਦਿਗਾਰ ਸਾਂਝਾ ਯਾਰ ਪੁਰਖ ਅਕਾਲ ਦੀਨ ਦਿਆਲ ਦੱਸ ਕੇ ਅਗੰਮੀ ਓਟ, ਸਚ ਦਵਾਰਾ ਧੁਰ ਦਾ ਦੇਣਾ ਵਖਾਈਆ । ਕਾਇਆ ਮਾਟੀ ਅੰਦਰ ਨਿਰੰਤਰ ਪਰਕਾਸ਼ ਕਰਨਾ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਰਿਹਾ ਸਮਝਾਈਆ । ਝਗੜਾ ਰਹੇ ਨਾ ਕੋਈ ਵਰਨ ਗੋਤ, ਦੀਨ ਮਜ਼੍ਹਬ ਊਚ ਨੀਚ ਕਰੇ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਦੀਨ ਦੁਨੀ ਦਾ ਅੰਤਰ ਕਰੋ ਪਾਕ, ਪਤਤ ਪੁਨੀਤ ਦਿਓ ਬਣਾਈਆ । ਬੰਦ ਕਿਵਾੜੀ ਖੋਲ੍ਹੋ ਤਾਕ, ਪੜਦਾ ਓਹਲਾ ਦਿਓ ਚੁਕਾਈਆ । ਸ਼ਬਦ ਅਗੰਮੀ ਅਨਹਦ ਨਾਦੀ ਵਜਾਓ ਨਾਦ, ਅਨਰਾਗੀ ਰਾਗ ਸੁਣਾਈਆ । ਅੰਮ੍ਰਿਤ ਬੂੰਦ ਦਿਓ ਸਵਾਂਤ, ਅਗਨੀ ਤਤ ਦਿਓ ਬੁਝਾਈਆ । ਸੋਈ ਸੁਰਤੀ ਜਾਏ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਹੰਸ ਬੁੱਧੀ ਕੋਈ ਨਾ ਹੋਵੇ ਕਾਗ, ਵਿਸ਼ਟਾ ਕੂੜ ਨਾ ਕੋਇ ਫੁਲਾਈਆ । ਭੇਵ ਖੁਲ੍ਹਾਓ ਕਾਇਆ ਮਾਟੀ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਇਕੋ ਰੰਗ ਰੰਗਾਈਆ । ਸਾਚਾ ਸਜਦਾ ਡੰਡਾਵਤ ਬੰਦਨਾ ਦੱਸੋ ਹਕ ਆਦਾਬ, ਹਕ਼ੀਕਤ ਵਿਚ ਲਾਸ਼ਰੀਕ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰੂ ਅਵਤਾਰ ਪੈਗ਼ੰਬਰ ਦੀਨ ਦੁਨੀ ਦਾ ਅੰਦਰ ਵੇਖੋ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਸ਼ਰਅ ਕੂੜ ਰਹੇ ਨਾ ਕੋਇ ਸ਼ੈਤਾਨ, ਸਤਿ ਧਰਮ ਦੇਣਾ ਪਰਗਟਾਈਆ । ਪੁਰਖ ਅਕਾਲ ਹੋਵੇ ਸਭ ਦਾ ਨਿਗਾਹਬਾਨ, ਨਿਰਵੈਰ ਹੋ ਕੇ ਵੇਖ ਵਖਾਈਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਹੋਈ ਹੈਰਾਨ, ਹੈਰਾਨੀ ਅੰਦਰ ਸਰਬ ਲੋਕਾਈਆ । ਜਾ ਕੇ ਸਿਦਕ ਸਬੂਰੀ ਦੱਸੋ ਹਕ ਈਮਾਨ, ਧਰਮ ਦਵਾਰਾ ਇਕੋ ਦਿਓ ਵਖਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸੰਦੇਸ਼ਾ ਦੇਵੇ ਧੁਰ ਦਾ ਹੁਕਮਰਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਕਾਰ ਕਮਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਦੀਨ ਦੁਨੀ ਦਾ ਅੰਦਰ ਕਰੋ ਸਾਫ਼, ਅੰਮ੍ਰਿਤ ਮੇਘ ਇਕ ਬਰਸਾਈਆ । ਮਨੂਆ ਰਹੇ ਨਾ ਕੋਇ ਗੁਸਤਾਖ਼, ਬੁੱਧੀ ਬਿਬੇਕ ਦੇਣੀ ਕਰਾਈਆ । ਚਾਰ ਵਰਨ ਅਠਾਰਾਂ ਬਰਨ ਅੰਦਰ ਵੜ ਕੇ ਖੋਲ੍ਹੋ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਅੰਮ੍ਰਿਤ ਬੂੰਦ ਦਿਓ ਸਵਾਂਤ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਨਿਰਮਲ ਜੋਤ ਕਰੋ ਪਰਕਾਸ਼, ਅੰਧ ਅੰਧੇਰ ਰਹੇ ਨਾ ਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਾਚੇ ਘਰ ਵਖਾਓ ਸਾਥ, ਗ੍ਰਿਹ ਮੰਦਰ ਸੋਭਾ ਪਾਈਆ । ਝਗੜਾ ਰਹੇ ਨਾ ਤਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਏਕਾ ਰੰਗ ਦੇਣਾ ਰੰਗਾਈਆ । ਇਹ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪ ਸਮਝਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕੂੜੀ ਕਿਰਿਆ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰੋਂ ਦੇਣੀ ਧੋ, ਦੁਰਮਤ ਮੈਲ ਰਹੇ ਨਾ ਰਾਈਆ । ਮਾਇਆ ਮਮਤਾ ਮੋਹ ਵਿਕਾਰ ਵਿਚੋਂ ਕਰਨਾ ਨਿਰਮੋਹ, ਮੁਹੱਬਤ ਪੁਰਖ ਅਕਾਲ ਨਾਲ ਸਮਝਾਈਆ । ਪੰਚ ਵਿਕਾਰਾ ਘਟ ਭੀਤਰ ਰਹੇ ਕੋਈ ਨਾ ਗਰੋਹ, ਗ੍ਰਿਹ ਗ੍ਰਿਹ ਮੇਟਣਾ ਚਾਈਂ ਚਾਈਂਆ । ਸਚ ਪਰਕਾਸ਼ ਦੀ ਕਰਨੀ ਲੋ, ਲੋਇਣ ਨੇਤਰ ਨਿਜ ਦੇਣਾ ਖੁਲ੍ਹਾਈਆ । ਸਾਚਾ ਬੀਜ ਦੇਣਾ ਬੋ, ਮਿਹਰਵਾਨ ਮਹਿਬੂਬ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹੁਕਮੇ ਅੰਦਰ ਹੁਕਮ ਰਿਹਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਲੱਖ ਚੁਰਾਸੀ ਕਾਇਆ ਕੱਪੜ ਅੰਤਰ ਵੇਖੋ ਹੋਇਆ ਪਲੀਤ, ਪਵਿਤ ਪਾਕ ਦੇਣਾ ਕਰਾਈਆ । ਕਲਜੁਗ ਅੰਦਰ ਸਾਚੀ ਬਦਲ ਕੇ ਰੀਤ, ਮਾਰਗ ਧੁਰ ਦੇਣਾ ਸਮਝਾਈਆ । ਝਗੜਾ ਮੁਕਾ ਕੇ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਇਕੋ ਰੰਗ ਵਖਾਉਣਾ ਮੰਦਰ ਮੱਠ ਸ਼ਿਵਦਵਾਲਾ ਮਸੀਤ, ਗੁਰੂਦਵਾਰਾ ਇਕੋ ਇਕ ਬੇਪਰਵਾਹੀਆ । ਜਿਸ ਘਰ ਝਗੜਾ ਰਹੇ ਨਾ ਕੋਇ ਊਚ ਨੀਚ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਸਾਚੇ ਨਾਮ ਦੀ ਈਸਾ ਮੂਸਾ ਮੁਹੰਮਦ ਕਰੋ ਤਬਲੀਕ, ਪੈਗ਼ਾਮ ਪੈਗ਼ੰਬਰ ਹੋ ਕੇ ਇਕ ਸੁਣਾਈਆ । ਸਭ ਦੀ ਆਸਾ ਮਨਸਾ ਪੂਰੀ ਕਰਾਂ ਉਮੀਦ, ਸਦੀ ਚੌਧਵੀਂ ਲੇਖਾ ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਪੁਰਖ ਅਕਾਲ ਕਹੇ ਮੇਰੇ ਹੱਥ ਇਕ ਤੌਫ਼ੀਕ, ਵਾਹਦ ਆਪਣਾ ਹੁਕਮ ਸੁਣਾਈਆ । ਤੁਸੀਂ ਜੁਗ ਚੌਕੜੀ ਬਾਲੇ ਨੱਢੇ ਬੱਚੇ ਮੇਰੇ ਅਜ਼ੀਜ਼, ਜੋਤ ਨੂਰ ਵਿਚੋਂ ਹੋਏ ਰੁਸ਼ਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਚਾ ਕਲਮਾ ਇਕੋ ਦੱਸੇ ਹਦੀਸ, ਹਜ਼ਰਤਾਂ ਦਾ ਹਜ਼ਰਤ ਕਰੇ ਅਗੰਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪਣਾ ਇਕ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰ ਸ੍ਰਿਸ਼ਟ ਸਬਾਈ ਦਿਓ ਇਕ ਸਿਖਿਆ, ਸਾਖਿਆਤ ਸ੍ਰੀ ਭਗਵੰਤ ਰਿਹਾ ਜਣਾਈਆ । ਆਪਣਾ ਪੂਰਬ ਭਵਿਖਤ ਵੇਖੋ ਲਿਖਿਆ, ਵੇਲਾ ਵਾਰ ਵਕਤ ਥਿਤ ਨਾਲ ਵਡਿਆਈਆ । ਸਭ ਦੀ ਪੂਰੀ ਕਰਨੀ ਇਛਿਆ, ਤ੍ਰਿਸ਼ਨਾ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰੋਂ ਆਪੇ ਫੁੱਟਿਆ, ਏਥੇ ਓਥੇ ਦੋ ਜਹਾਨਾਂ ਤਤ ਵਜੂਦ ਤਨ ਮਾਟੀ ਖ਼ਾਕ ਜਨਮ ਕਰਮ ਨਿਹਕਰਮੀ ਕਰਮ ਨਾ ਕੋਇ ਵੰਡਾਈਆ ।

੫੩੨
੨੦

ਜਨਮ ਕਰਮ ਦਾ ਲੇਖਾ ਪਾਰ, ਆਵਣ ਜਾਵਣ ਲੱਖ ਚੁਰਾਸੀ ਰਹੇ ਨਾ ਰਾਈਆ । ਚਾਰੇ ਖਾਣੀ ਵਿਚੋਂ ਹੋਇਆ ਬਾਹਰ, ਅੰਡਜ ਜੇਰਜ ਉਤਭਜ ਸੇਤਜ ਵੰਡ ਨਾ ਕੋਇ ਵੰਡਾਈਆ । ਧਰਮ ਰਾਏ ਨਾ ਵੇਖੇ ਕੋਇ ਦਵਾਰ, ਚਿਤਰ ਗੁਪਤ ਨਾ ਲੇਖ ਜਣਾਈਆ । ਲਾੜੀ ਮੌਤ ਨਾ ਕਰੇ ਸ਼ਿੰਗਾਰ, ਦੂਲ੍ਹਾ ਵਿਆਹਵਣ ਕੋਇ ਨਾ ਆਈਆ । ਜਿਨ੍ਹਾਂ ਨਾਤਾ ਜੁੜਿਆ ਨਾਲ ਕਰਤਾਰ, ਕਰਨੀ ਦਾ ਕਰਤਾ ਦਏ ਵਡਿਆਈਆ । ਕਾਇਆ ਮੰਦਰ ਅੰਦਰ ਪਾਵੇ ਸਾਰ, ਸਾਢੇ ਤਿੰਨ ਹੱਥ ਪੜਦਾ ਦਏ ਉਠਾਈਆ । ਅੰਮ੍ਰਿਤ ਰਸ ਦੇਵੇ ਠੰਡਾ ਠਾਰ, ਨਾਮ ਨਿਧਾਨਾ ਜਾਮ ਪਿਆਈਆ । ਕੂੜੀ ਕਿਰਿਆ ਦੇਵੇ ਨਿਵਾਰ, ਹਉਮੇ ਹੰਗਤਾ ਗੜ੍ਹ ਤੁੜ੍ਹਾਈਆ । ਮੰਜ਼ਲ ਅਗਲੀ ਕੱਟ ਦੁਸ਼ਵਾਰ, ਦੂਤੀ ਦੁਸ਼ਮਣ ਦਏ ਖਪਾਈਆ । ਆਤਮ ਪਰਮਾਤਮ ਦੱਸ ਕੇ ਇਕ ਜੈਕਾਰ, ਨਾਅਰਾ ਧੁਰ ਦਾ ਆਪ ਅਲਾਈਆ । ਮਰਨ ਤੋਂ ਪਹਿਲਾਂ ਮਾਨਸ ਜਨਮ ਪੈਜ ਦਏ ਸਵਾਰ, ਕਰਮ ਦਾ ਲੇਖਾ ਦਏ ਚੁਕਾਈਆ । ਅੰਤ ਕੰਤ ਭਗਵੰਤ ਵੇਖੇ ਵਿਗਸੇ ਵੇਖਣਹਾਰ, ਦੋ ਜਹਾਨਾਂ ਵਾਲੀ ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਸ਼ਬਦ ਸਤਿਗੁਰ ਅੰਦਰ ਬਾਹਰ ਗੁਪਤ ਜਾਹਰ ਸਦਾ ਵਸੇ ਨਾਲ, ਵਿਛੋੜੇ ਵਿਚ ਜੋੜਾ ਰਹਿਣ ਕੋਇ ਨਾ ਪਾਈਆ । ਮਿਹਰਵਾਨ ਮਹਿਬੂਬ ਸਚਖੰਡ ਲੈ ਕੇ ਜਾਵੇ ਸੱਚੀ ਧਰਮਸਾਲ, ਦਰਗਾਹ ਸਾਚੀ ਇਕੋ ਧਾਮ ਵਸਾਈਆ । ਜਿਥੇ ਝਗੜਾ ਨਹੀਂ ਸ਼ਾਹ ਕੰਗਾਲ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਬਿਨ ਭਗਤਾਂ ਕਿਸੇ ਨਾ ਮਿਲੇ ਉਹ ਦਵਾਰ, ਦਵਾਰਕਾ ਵਾਸੀ ਜਿਥੇ ਬੈਠੇ ਆਸਣ ਲਾਈਆ । ਜੁਗ ਚੌਕੜੀ ਨਿਤ ਨਵਿਤ ਆਦਿ ਜੁਗਾਦਿ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪੁਰਖ ਅਕਾਲਾ ਦੀਨ ਦਿਆਲਾ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ, ਸੂਫ਼ੀ ਸੰਤ ਫ਼ਕੀਰਾਂ ਜਨ ਭਗਤਾਂ ਆਪਣੀ ਗੋਦੀ ਲਏ ਉਠਾਲ, ਏਥੇ ਓਥੇ ਦੋ ਜਹਾਨਾਂ ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਵਸਣ ਇਕ ਮਕਾਨ, ਕਾਇਆ ਮਕਬਰੇ ਵਿਚੋਂ ਮਹਿਬੂਬ ਹੋ ਕੇ ਆਪਣੇ ਨਾਲ ਮਿਲਾਈਆ ।

★ ੧੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਜਰਨੈਲ ਸਿੰਘ ਦੇ ਗ੍ਰਹਿ ਪਿੰਡ ਸਤੌਰਾ ਜ਼ਿਲਾ ਕਰਨਾਲ ★

ਗੁਰ ਅਵਤਾਰ ਪੈਗ਼ੰਬਰ ਸਾਚਾ ਤੱਕਣਾ ਭਗਤ ਘਰਾਨਾ, ਨਵ ਸੱਤ ਵਿਚੋਂ ਖੋਜ ਖੁਜਾਈਆ । ਜਿਥੇ ਦਿਸੇ ਨਾ ਕੋਇ ਬੇਗਾਨਾ, ਇਕੋ ਰੰਗ ਰੰਗਾਈਆ । ਝੁੱਲੇ ਧਰਮ ਨਿਸ਼ਾਨਾ, ਸਚ ਦਵਾਰ ਪਰਗਟਾਈਆ । ਦਰਸ ਸ੍ਰੀ ਭਗਵਾਨਾ, ਹਰਸ ਕੂੜੀ ਦਏ ਗਵਾਈਆ । ਗੁਣ ਗਾਉਣਾ ਨਾਮ ਨਿਧਾਨਾ, ਸੋਹੰ ਢੋਲਾ ਇਕ ਸਮਝਾਈਆ । ਜਿਸ ਨੂੰ ਨਾਪੇ ਨਾ ਕੋਇ ਪੈਮਾਨਾ, ਵਜ਼ਨ ਵਿਚ ਤੋਲ ਨਾ ਕੋਇ ਤੁਲਾਈਆ । ਵਿਦਿਆ ਤੋਂ ਬਾਹਰ ਗਿਆਨਾ, ਅੱਖਰਾਂ ਤੋਂ ਦੂਰ ਪੜ੍ਹਾਈਆ । ਕਲਮਿਆਂ ਦਾ ਹਕ ਕਲਾਮਾ, ਕਾਇਨਾਤ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਵੇਖਣਾ ਦਵਾਰਾ ਏਕ, ਏਕੰਕਾਰਾ ਜਣਾਈਆ । ਜਿਸ ਗ੍ਰਹਿ ਭਗਤਾਂ ਮਿਲੇ ਟੇਕ, ਸਹਾਰਾ ਧੁਰਦਰਗਾਹੀਆ । ਕੂੜਾ ਮਿਟੇ ਭੇਖ, ਸਤਿ ਵੱਜੇ ਵਧਾਈਆ । ਗੁਰਮੁਖਾਂ ਕਹੇ ਹੇਤ, ਗੁਰਸਿੱਖਾਂ ਰੰਗ ਰੰਗਾਈਆ । ਸਚ ਦਵਾਰੇ ਦਾ ਖੋਲ੍ਹੇ ਭੇਤ, ਪੜਦਾ ਆਪ ਉਠਾਈਆ । ਨਜ਼ਰੀ ਆਵੇ ਨੇਤਨ ਨੇਤ, ਹਰਿ ਠਾਕਰ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚੀ ਕਾਰੇ ਆਪ ਲਗਾਈਆ । ਗੁਰ ਅਵਤਾਰ ਪੈਗ਼ੰਬਰ ਵੇਖਣਾ ਦਵਾਰਾ ਸੱਚ, ਹਰਿ ਸੱਜਣ ਆਪ ਸਮਝਾਈਆ । ਜਿਥੇ ਭਾਗ ਲੱਗੇ ਕਾਇਆ ਕੰਚਨ ਕੱਚ, ਗੜ੍ਹ ਇਕ ਸੁਹਾਈਆ । ਕਿਰਪਾ ਕਰੇ ਪੁਰਖ ਸਮਰਥ, ਸਾਹਿਬ ਸਵਾਮੀ ਬੇਪਰਵਾਹੀਆ । ਨਾਮ ਭੰਡਾਰਾ ਦਏ ਵਥ, ਅਮੋਲਕ ਆਪ ਵਰਤਾਈਆ । ਭਗਤਾਂ ਸਾਂਝਾ ਕਰ ਕੇ ਜਸ, ਸੋਹੰ ਰਾਗ ਅਲਾਈਆ । ਦੇ ਕੇ ਨਾਮ ਰਸ, ਰਸਤਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਜਨ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਵਕਤ ਸੁਹਾਵਣਾ, ਰੁਤੜੀ ਨਾਲ ਵਡਿਆਈਆ । ਭਗਤਾਂ ਪੂਰੀ ਹੋਵੇ ਭਾਵਨਾ, ਪਰਮ ਪੁਰਖ ਦਇਆ ਕਮਾਈਆ । ਮੇਘ ਬਰਸੇ ਅਗੰਮੀ ਸਾਵਣਾ, ਨਿਗਾਹ ਨਰ ਨਰਾਇਣ ਉਠਾਈਆ । ਮਾਤਲੋਕ ਬਣੇ ਜ਼ਾਮਨਾ, ਦਾਮਨ ਆਪਣੇ ਗੰਢ ਪਵਾਈਆ । ਕੂੜੀ ਕਿਰਿਆ ਮੇਟ ਸ਼ਾਮਨਾ, ਸ਼ਰਅ ਸ਼ਰੀਅਤ ਵਿਚੋਂ ਬਾਹਰ ਰਖਾਈਆ । ਜੁਗ ਜਨਮ ਦੀ ਪੂਰੀ ਕਰ ਕੇ ਭਾਵਨਾ, ਪਾਰਬ੍ਰਹਮ ਬ੍ਰਹਮ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਗੁਰਮੁਖ ਸੱਜਣ ਰਾਵਣਾ, ਤਿਸ ਦਾ ਲੇਖਾ ਜਗਤ ਵਾਸਨਾ ਵਿਚ ਰਹੇ ਨਾ ਰਾਈਆ ।



## ★ ੧੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੌਦਾਗਰ ਸਿੰਘ ਦੇ ਗ੍ਰਹਿ ਪਿੰਡ ਭੱਠ ਮਾਜਰਾ ਜ਼ਿਲਾ ਕਰਨਾਲ ★

ਜਨ ਭਗਤਾਂ ਅੰਤਰ ਵੇਖ ਪ੍ਰੇਮ ਰਸ, ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀ ਬਣਾਈਆ । ਸੁਣਦੇ ਪੁਰਖ ਅਕਾਲ ਦਾ ਜਸ, ਦੇਵਣ ਚਾਰ ਕੁੰਟ ਵਡਿਆਈਆ । ਕਿਰਪਾ ਕੀਤੀ ਪੁਰਖ ਸਮਰਥ, ਆਪਣੀ ਬੂਝ ਬੁਝਾਈਆ । ਨਾਮ ਭੰਡਾਰਾ ਦੇ ਕੇ ਵਥ, ਵਸਤ ਅਮੋਲਕ ਇਕ ਵਰਤਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਅੰਧ ਅੰਧੇਰਾ ਦਿਤਾ ਗਵਾਈਆ । ਪਰਗਟ ਸਾਖਿਆਤ ਨਜ਼ਰ ਆਏ ਪਰਤੱਖ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਰੈਣ ਅੰਧੇਰੀ ਮੇਟ ਕੇ ਮਸ, ਨੂਰੀ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਿੰਮਾ ਦੱਸ ਨਾਮ ਅਕਥ, ਧੁਰ ਦੀ ਸਿਖਿਆ ਇਕ ਸਮਝਾਈਆ । ਜਨ ਭਗਤਾਂ ਵੇਖ ਪ੍ਰੇਮ ਪਿਆਰ, ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀ ਮਨਾਈਆ । ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਧਾਰ, ਵੇਦ ਪੁਰਾਨਾਂ ਤੋਂ ਪਰੇ ਸਚ ਸ਼ਨਵਾਈਆ । ਸ਼ਾਸਤਰਾਂ ਤੋਂ ਦੂਰ ਜਿਨ੍ਹਾਂ ਇਜ਼ਹਾਰ, ਮੰਜ਼ਲ ਹਕ਼ੀਕ਼ੀ ਰਾਹ ਤਕਾਈਆ । ਜਿਥੇ ਅੱਖਰ ਸਕੇ ਨਾ ਕੋਈ ਵਿਚਾਰ, ਨਿਰਅੱਖਰ ਧਾਰ ਦ੍ਰਿੜਾਈਆ । ਸੋ ਲੇਖਾ ਜਾਣੇ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਭਗਤ ਸੁਹੇਲੇ ਰਿਹਾ ਉਭਾਰ, ਗੁਰਮੁਖ ਗੁਰ ਗੁਰ ਰੰਗ ਰੰਗਾਈਆ । ਮੰਜ਼ਲ ਕੱਟ ਕੂੜ ਦੁਸ਼ਵਾਰ, ਮਮਤਾ ਮੋਹ ਰਿਹਾ ਮਿਟਾਈਆ । ਸਾਚੀ ਸਿਖਿਆ ਇਕ ਸਿਖ਼ਾਲ, ਸੋਹੰ ਸੋਹਲਾ ਰਾਗ ਅਲਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਆਪਣੇ ਘਰ ਵਸਾਈਆ । ਸ਼ਬਦ ਸਤਿਗੁਰ ਬਣਾ ਦਲਾਲ, ਜੁਗ ਵਿਛੜੇ ਜੋੜ ਜੁੜਾਈਆ । ਪੁਛੱਣਹਾਰਾ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਦਇਆ ਕਮਾਈਆ । ਸਚ ਦਵਾਰਾ ਸਮਝਾ ਸੱਚੀ ਧਰਮਸਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਜਨ ਭਗਤਾਂ ਅੰਦਰ ਵੇਖ ਹਕ਼ੀਕ਼ੀ

ਪ੍ਰੇਮ, ਪਰਮ ਪੁਰਖ ਸੀਸ ਨਿਵਾਈਆ । ਜਨ ਭਗਤ ਪੂਰਾ ਨਿਭਾਵਣ ਨੇਮ, ਸਾਚਾ ਸੰਗ ਨਿਭਾਈਆ । ਜੋ ਗੋਬਿੰਦ ਸਿਖਿਆ ਮਿਲੀ ਉਤੇ ਕੁੰਡ ਹੇਮ, ਹਿਮਾਚਲ ਆਂਚਲ ਦਏ ਗਵਾਹੀਆ । ਜੋ ਨਾਦ ਸੁਣਿਆ ਚੌਦਾਂ ਰਤਨਾਂ ਵਿਚੋਂ ਕਾਮਧੇਨ, ਧਰਮ ਦੀ ਧਾਰ ਇਕ ਦ੍ਰਿੜਾਈਆ । ਜੋ ਉਪਦੇਸ ਦਿਤਾ ਨਿਰਗੁਣ ਧਾਰ ਭਗਤ ਬੇਣ, ਬੈਣੀ ਪੱਟੀ ਇਕ ਪੜ੍ਹਾਈਆ । ਸੋ ਖੇਲ ਵੇਖੀਏ ਨੈਣ, ਕਲਜੁਗ ਚਾਰੋਂ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤਾਂ ਅੰਦਰ ਵੇਖਿਆ ਨੂਰ, ਨੁਰਾਨਾ ਨੂਰ ਚਮਕ ਚਮਕਾਈਆ । ਬੇੜਾ ਭਰਿਆ ਵੇਖਿਆ ਪੂਰ, ਪਾਰਬ੍ਰਹਮ ਪ੍ਰਭ ਆਪਣੇ ਕੰਧ ਉਠਾਈਆ । ਜਗ ਨੇਤਰ ਤੱਕਿਆ ਹਜ਼ੂਰ, ਹਜ਼ਰਤ ਧੁਰਦਰਗਾਹੀਆ । ਨਾਤਾ ਤੋੜ ਕੇ ਕਿਰਿਆ ਕੂੜ, ਗੁਰਮੁਖ ਕੁਟੰਬ ਰਿਹਾ ਤਰਾਈਆ । ਪੰਧ ਮੁਕਾ ਕੇ ਨੇੜਾ ਦੂਰ, ਘਰ ਸਾਚਾ ਇਕ ਸੁਹਾਈਆ । ਜਨਮ ਜਨਮ ਦਾ ਕਰਮ ਕਰਮ ਦਾ ਕੱਟ ਕਸੂਰ, ਕਾਮਲ ਮੁਰਸ਼ਦ ਆਪਣਾ ਰੰਗ ਰੰਗਾਈਆ । ਅਗਨੀ ਤਤ ਨਾ ਤਪੇ ਤੰਦੂਰ, ਅੰਮ੍ਰਿਤ ਮੇਘ ਇਕ ਬਰਸਾਈਆ । ਸਾਚਾ ਸ਼ਬਦ ਭੰਡਾਰਾ ਦੇ ਭਰਪੂਰ, ਅਤੋਟ ਅਤੁਟ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋਹਣਾ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤਾਂ ਅੰਦਰ ਵੇਖੀ ਧਾਰ ਅਨੋਖੀ, ਸ੍ਰਿਸ਼ਟੀ ਦ੍ਰਿਸ਼ਟੀ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਲੱਭਦੇ ਕੋਟਨ ਕੋਟੀ, ਜੰਗਲ ਜੂਹ ਉਜਾੜ ਪਹਾੜ ਫੇਰੀਆਂ ਪਾਈਆ । ਸੋ ਪੁਰਖ ਅਕਾਲ ਦੀਨ ਦਿਆਲ ਚੜ੍ਹ ਕੇ ਬੈਠਾ ਚੋਟੀ, ਸਚ ਦਵਾਰੇ ਸੋਭਾ ਪਾਈਆ । ਅੰਦਰੋਂ ਕੱਢੇ ਵਾਸਨਾ ਖੋਟੀ, ਕੂੜੀ ਕਿਰਿਆ ਡੇਰਾ ਢਾਹੀਆ । ਕਰੇ ਪ੍ਰਕਾਸ਼ ਨਿਰਮਲ ਜੋਤੀ, ਅੰਧ ਅੰਧੇਰਾ ਰਿਹਾ ਮੁਕਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਲੇਖਾ ਲਿਖਦਾ ਜਾਏ ਰਵੀਦਾਸ ਚਮਾਰਾ ਮੋਚੀ, ਜਨਮ ਜਨਮ ਦਾ ਗੇੜ ਮੁਕਾਈਆ । ਸਾਚੀ ਮੰਜ਼ਲ ਦੱਸ ਕੇ ਸੌਖੀ, ਰਹਿਬਰ ਹੋ ਕੇ ਰਸਤੇ ਪਾਈਆ । ਕਿਸੇ ਨੂੰ ਪੜ੍ਹਨੀ ਪਏ ਨਾ ਪੋਥੀ, ਪੁਸਤਕ ਆਪਣਾ ਨਾਮ ਸਮਝਾਈਆ । ਝਗੜਾ ਮੁਕਾ ਕੇ ਚੌਦਾਂ ਲੋਕੀ, ਨਾਮ ਸ਼ਬਦ ਸਲੋਕੀ ਇਕ ਸੁਣਾਈਆ । ਅੰਤ ਅਖ਼ੀਰ ਬੇਨਜ਼ੀਰ ਸਚਖੰਡ ਦਵਾਰੇ ਬਖ਼ਸ਼ੇ ਇਕੋ ਓਟੀ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪਣਾ ਘਰ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜਨ ਭਗਤਾਂ ਅੰਦਰ ਮਾਰ ਕੇ ਵੇਖਣੀ ਝਾਤ, ਬਹੁ ਰੰਗਾ ਭੇਖ ਵਟਾਈਆ । ਜਿਨ੍ਹਾਂ ਦਾ ਮੇਲਾ ਅੰਤਰ ਨਿਰੰਤਰ ਕਮਲਾਪਾਤ, ਪਤਿਪਰਮੇਸ਼ਵਰ ਮਿਲ ਕੇ ਵੱਜੀ ਵਧਾਈਆ । ਦੀਨ ਦੁਨੀ ਦਾ ਰਿਹਾ ਕੋਈ ਨਾ ਦਾਸ, ਝਗੜਾ ਛੱਡਿਆ ਜਗਤ ਲੋਕਾਈਆ । ਪੰਧ ਮੁਕਾ ਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਇਕੋ ਤੱਕ ਨਿਰਮਲ ਜੋਤ ਪ੍ਰਕਾਸ਼, ਨੂਰ ਨੂਰ ਵਿਚ ਸਮਾਈਆ । ਆਵਣ ਜਾਵਣ ਲੱਖ ਚੁਰਾਸੀ ਕਰ ਕੇ ਬੰਦ ਖ਼ਲਾਸ, ਬੰਦੀਖ਼ਾਨਾ ਰਹੇ ਤੁੜਾਈਆ । ਸਦਾ ਸੁਹੇਲਾ ਇਕ ਇਕੇਲਾ ਪੁਰਖ ਅਕਾਲ ਦੀਨ ਦਿਆਲ ਸਦਾ ਵਸੇ ਪਾਸ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜਨਮ ਕਰਮ ਦਾ ਲਹਿਣਾ ਦੇਣਾ ਲੇਖਾ ਪੂਰਬ ਪੂਰਾ ਕਰੇ ਕਾਗ਼ਜ ਸ਼ਾਹੀ ਨਾਲ ਕਲਮ ਦਵਾਤ, ਅੱਖਰਾਂ ਨਾਲ ਅੱਖਰ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸੁਹੇਲਾ ਇਕ ਇਕੇਲਾ ਘਰ ਸਾਚੇ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੁਰਮੁਖਾਂ ਅੰਦਰ ਵੇਖਿਆ ਇਕੋ ਰੰਗ, ਰੰਗਤ ਨਜ਼ਰ ਕਿਸੇ ਨਾ ਆਈਆ । ਤੂੰ ਮੇਰਾ ਮੈਂ

ਤੇਰਾ ਢੋਲਾ ਗਾਉਂਦੇ ਛੰਦ, ਸੰਸਾ ਰੋਗ ਰਹੇ ਮੁਕਾਈਆ । ਨਿਜ ਆਤਮ ਪਰਮਾਤਮ ਲੈ ਕੇ ਧੁਰ ਦਾ ਅਨੰਦ, ਰਸ ਇਕੋ ਵੇਖ ਵਖਾਈਆ । ਝਗੜਾ ਮੁਕਾ ਕੇ ਕੂੜੀ ਕਿਰਿਆ ਮਨ ਵਾਸਨਾ ਗੰਦ, ਸੁਗੰਧ ਪ੍ਰਭ ਕਾ ਨਾਮ ਹਿਰਦੇ ਰਹੇ ਟਿਕਾਈਆ । ਸਚ ਪ੍ਰਕਾਸ਼ ਦਾ ਤੱਕ ਕੇ ਚੰਦ, ਨੂਰ ਨੂਰ ਵਿਚ ਰੁਸ਼ਨਾਈਆ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦਗੀ ਵਿਚ ਇਕੋ ਸੀਸ ਝੁਕਾਈਆ । ਜਿਨ੍ਹਾਂ ਦਾ ਲਹਿਣਾ ਦੇਣਾ ਲੇਖਾ ਦੇਵੇ ਦੀਨ ਦਿਆਲ ਪੁਰਖ ਬਖ਼ਸ਼ੰਦ, ਬਖ਼ਸ਼ਿਸ਼ ਵਿਚ ਰਹਿਮਤ ਆਪ ਕਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜੁਗ ਜਨਮ ਵਿਛੜੀ ਲੱਖ ਚੁਰਾਸੀ ਵਿਚੋਂ ਲਏ ਗੰਢ, ਸ਼ਬਦ ਡੋਰੀ ਤੰਦ ਨਿਰਗੁਨ ਸਰਗੁਣ ਧਾਰ ਆਪ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਮੇਟੇ ਪੰਧ, ਪਾਂਧੀ ਹੋ ਕੇ ਗ੍ਰਿਹ ਗ੍ਰਿਹ ਘਰ ਘਰ ਸਭ ਦਾ ਪੰਧ ਮੁਕਾਈਆ ।



## ★ ੧੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਿਹ ਪਿੰਡ ਠੀਕਰੀ ਜ਼ਿਲਾ ਕਰਨਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੇ ਭਗਤਾਂ ਵੇਖਿਆ ਅੰਦਰ, ਬੰਕ ਦਵਾਰਾ ਏਕੰਕਾਰ ਸੋਹਣਾ ਨਜ਼ਰੀ ਆਈਆ । ਪਰਕਾਸ਼ ਤੱਕਿਆ ਨੂਰ ਜਹੂਰ ਬਿਨਾ ਸੂਰੀਆ ਚੰਦਰ, ਚੰਦ ਚਾਂਦਨਾ ਇਕੋ ਨਜ਼ਰੀ ਆਈਆ । ਸੋਭਾਵੰਤ ਸੁਹਾਵਣਾ ਦਿਸਿਆ ਅਗੰਮੀ ਮੰਦਰ, ਮੰਦ ਵਾਸਨਾ ਰੂਪ ਨਾ ਕੋਇ ਵਖਾਈਆ । ਭਾਗ ਲੱਗਾ ਵੇਖਿਆ ਡੂੰਘੀ ਕੰਦਰ, ਗੰਧ ਸੁਗੰਧ ਹਿੱਸਾ ਵੰਡ ਨਾ ਕੋਇ ਵੰਡਾਈਆ । ਬਜਰ ਕਪਾਟੀ ਖੁਲ੍ਹਾ ਤੱਕਿਆ ਜੰਦਰ, ਜ਼ਿੰਦਗੀ ਵਿਚੋਂ ਜ਼ਿੰਦਗੀ ਰਹੇ ਬਦਲਾਈਆ । ਮਨੂਆ ਮਨ ਨਾ ਭਟਕੇ ਬੰਦਰ, ਬੰਦਨਾ ਬੰਦਗੀ ਇਕੋ ਧੁਰ ਦੀ ਨਜ਼ਰੀ ਆਈਆ । ਪੁਰਖ ਅਕਾਲ ਦੇ ਲੱਗੇ ਅੰਗਣ, ਅੰਗੀਕਾਰ ਇਕੋ ਧੁਰਦਰਗਾਹੀਆ । ਸਚ ਪ੍ਰੀਤੀ ਧੁਰ ਦੀ ਦੌਲਤ ਮੰਗਣ, ਚਰਨ ਕਵਲ ਧਿਆਨ ਲਗਾਈਆ । ਕਾਇਆ ਮਾਟੀ ਅੰਤਰ ਵੇਖੀ ਅਨੋਖੀ ਰੰਗਣ, ਬਾਹਰੋਂ ਰੰਗਤ ਨਾ ਕੋਇ ਸਮਝਾਈਆ । ਤੇਰੇ ਵਿਚ ਸਮਾਏ ਪਰਮਾਨੰਦਨ, ਪਰਾ ਪਸੰਤੀ ਮਧਮ ਬੈਖਰੀ ਪੰਧ ਗਏ ਮੁਕਾਈਆ । ਆਤਮ ਪਰਮਾਤਮ ਨਿਰਗੁਣ ਧਾਰ ਬਣ ਕੇ ਸੰਗਣ, ਸਗਲਾ ਸੰਗ ਇਕੋ ਇਕ ਰਖਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਤਿਗੁਰ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਭਗਤਾਂ ਤੱਕਿਆ ਇਕ ਮੁਨਾਰ, ਮੁਨੀ ਰਿਖੀ ਸਮਝ ਕੋਇ ਨਾ ਪਾਈਆ । ਜਿਸ ਘਰ ਨਿਰਗੁਣ ਜੋਤ ਦੀਆ ਬਾਤੀ ਇਕ ਉਜਿਆਰ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਸਚ ਦਵਾਰ ਏਕੰਕਾਰ ਸੋਭਿਆ ਤੇਰੇ ਨਾਲ, ਨਾਲਸ਼ ਮਮਤਾ ਦਿਤੀ ਚੁਕਾਈਆ । ਇਕੋ ਰੰਗ ਤੱਕੇ ਸ਼ਾਹ ਕੰਗਾਲ, ਸੂਰੇ ਸਰਬੰਗੇ ਤੇਰੀ ਯਾਦ ਵਿਚ ਢੋਲਾ ਗਾਈਆ । ਜਲਵਾਗਰ ਵੇਖਿਆ ਅਗੰਮ ਜਮਾਲ, ਪ੍ਰਕਾਸ਼ ਦਾ ਪ੍ਰਕਾਸ਼ ਸੋਭਾ ਪਾਈਆ । ਜਿਸ ਦਾ ਦੇ ਨਾ ਸਕੇ ਕੋਈ ਅਹਿਵਾਲ, ਕਥਨੀ ਕਥ ਨਾ ਸਕੇ ਰਾਈਆ । ਸੋ ਸਚ ਦਵਾਰਾ ਵੇਖਿਆ ਜਨ ਭਗਤਾਂ ਅੰਦਰ ਧਰਮਸਾਲ, ਧਰਮ ਦਵਾਰਾ ਧੁਰ ਦਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਕਰਤੇ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ

ਜਨ ਭਗਤਾਂ ਅੰਦਰ ਤੱਕਿਆ ਨੂਰ ਨੁਰਾਨਾ, ਚਸ਼ਮ ਤੋਂ ਬਾਹਰ ਇਸਮ ਨਜ਼ਰੀ ਆਈਆ । ਜਿਸ ਘਰ ਰਿਹਾ ਨਾ ਕੋਇ ਬੇਗਾਨਾ, ਵੈਰੀ ਮਿਤਰ ਤੇਰੇ ਵਿਚ ਸਮਾਈਆ । ਗਾ ਕੇ ਧੁਰ ਤਰਾਨਾ, ਤੁਰੀਆ ਤੋਂ ਅਗਲਾ ਪੰਧ ਮੁਕਾਈਆ । ਵੇਖ ਕੇ ਧਰਮ ਨਿਸ਼ਾਨਾ, ਬੈਠੇ ਸੀਸ ਝੁਕਾਈਆ । ਲੱਖ ਚੁਰਾਸੀ ਦਾ ਇਕੋ ਪੁਰਖ ਅਕਾਲ ਬਣ ਕੇ ਕਾਹਨਾ, ਸਖ਼ੀ ਹੋ ਕੇ ਸਾਖਿਆਤ ਸੇਵ ਕਮਾਈਆ । ਮਸਤ ਖ਼ੁਮਾਰੀ ਵਿਚ ਹੋ ਦੀਵਾਨਾ, ਦੀਦਾ ਦਾਨਿਸਤਾ ਤੇਰਾ ਦਰਸ਼ਨ ਪਾਈਆ । ਤੂੰ ਸਾਹਿਬ ਸਵਾਮੀ ਆਦਿ ਜੁਗਾਦਿ ਜੁਗ ਚੌਕੜੀ ਮਿਹਰਵਾਨਾ, ਮੁਹੱਬਤ ਵਿਚ ਮਹਿਬੂਬ ਦਏ ਸ਼ਰਨਾਈਆ । ਤੇਰਾ ਸੰਤ ਸੁਹੇਲਾ ਨੌਜਵਾਨਾ, ਜੋਬਨਮਤਾ ਸੋਹਣਾ ਨਜ਼ਰੀ ਆਈਆ । ਜੋ ਤੇਰੇ ਨਾਮ ਦਾ ਵਜਾਏ ਇਕ ਦਮਾਮਾ, ਦਮਾਂ ਦਾ ਡੰਕਾ ਨਾਲ ਉਪਜਾਈਆ । ਤਿਨ੍ਹਾਂ ਦਾ ਲਹਿਣਾ ਦੇਣਾ ਚੁਕਾਉਣਾ ਵਿਚ ਜਹਾਨਾ, ਜਹਾਲਤ ਕੂੜ ਰਹੇ ਨਾ ਰਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨਾ, ਸਤਿ ਧਰਮ ਤੇਰੀ ਸਰਨਾਈਆ । ਜਨ ਭਗਤਾਂ ਦਾ ਵੇਖਿਆ ਆਸ਼ਿਆਨਾ, ਸਚ ਦਵਾਰੇ ਚਰਨ ਕਵਲ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਮਨਸਾ ਵਿਚ ਕੁਰਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਚੇ ਭਗਤਾਂ ਅੰਦਰ ਲਿਆ ਤੱਕ, ਝਗੜਾ ਤਕਦੀਰ ਰਿਹਾ ਨਾ ਰਾਈਆ । ਮਿਲ ਕੇ ਹਕ਼ੀਕ਼ਤ ਹਕ, ਹੁਕਮ ਧੁਰ ਦਾ ਮੰਨਣ ਚਾਈਂ ਚਾਈਂਆ । ਨਿਸ਼ਾਨਾ ਵੇਖ ਕੇ ਯਕ, ਸਿਰ ਸਰ ਬੈਠੇ ਝੁਕਾਈਆ । ਸ਼ਬਦ ਅਗੰਮੀ ਸੁਣ ਕੇ ਖ਼ਤ, ਖ਼ਤਾ ਆਪਣੀ ਮੁਆਫ਼ ਕਰਾਈਆ । ਤੂੰ ਜਾਨਣਹਾਰਾ ਮਿਤ ਗਤ, ਧੁਰ ਦਾ ਮਾਲਕ ਨੂਰ ਖ਼ੁਦਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਿਸ ਦੀ ਰੱਖੇ ਪਤ, ਪਤਿਪਰਮੇਸ਼ਵਰ ਮਿਹਰ ਨਜ਼ਰ ਉਠਾਈਆ । ਤੇਰਾ ਭਗਤ ਕਦੇ ਨਾ ਹੋਵੇ ਤੈਥੋਂ ਵੱਖ, ਵੱਖਰਾ ਘਰ ਨਾ ਕੋਇ ਸੁਹਾਈਆ । ਬਿਨ ਭਗਤਾਂ ਤੋਂ ਤੇਰਾ ਗਾਏ ਕੋਈ ਨਾ ਜਸ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਅਬਿਨਾਸ਼ੀ ਕਰਤਾ ਖ਼ੁਸ਼ੀਆਂ ਵਿਚ ਪਿਆ ਹੱਸ, ਹਸਤੀ ਵਿਚੋਂ ਆਪਣੀ ਹਸਤੀ ਬਦਲਾਈਆ । ਗੁਰ ਅਵਤਾਰ ਪੈਗ਼ੰਬਰੋ ਕਲਜੁਗ ਅੰਤ ਹਰਿ ਭਗਤ ਸੁਹੇਲੇ ਲਵਾਂ ਰੱਖ, ਰੱਖਕ ਹੋ ਕੇ ਰੱਛਿਆ ਕਰਾਂ ਥਾਉਂ ਥਾਈਂਆ । ਜੋ ਤੂੰ ਮੇਰਾ ਮੈਂ ਤੇਰਾ ਗਾਉਂਦੇ ਜਸ, ਵੇਦ ਪੁਰਾਨਾਂ ਤੋਂ ਪਰੇ ਦਿਆਂ ਸਮਝਾਈਆ । ਸੋ ਸਾਚੇ ਗ੍ਰਿਹਿ ਮੰਦਰ ਅੰਦਰ ਧੁਰ ਘਰਾਨੇ ਰਹੇ ਵਸ, ਜਿਥੇ ਛੱਪਰ ਛੰਨ ਨਜ਼ਰ ਨਾ ਆਈਆ । ਤੇਜ ਨਹੀਂ ਕੋਈ ਰਵ ਸਸ, ਜੋਤੀ ਨੂਰ ਡਗਮਗਾਈਆ । ਜਨ ਭਗਤਾਂ ਦੇ ਕੇ ਪੂਰਬ ਹਕ, ਹਕ਼ੀਕ਼ਤ ਅਗਲੀ ਦਿਆਂ ਸਮਝਾਈਆ । ਮੇਲ ਮਿਲਾ ਕੇ ਨਾਲ ਪੁਰਖ ਸਮਰਥ, ਮਹਿੰਮਾ ਅਕਥ ਕਥ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਹੋ ਪਰਗਟ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੰਗ ਜਨ ਭਗਤਾਂ ਆਪ ਚੜ੍ਹਾਈਆ ।

### ★ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਵਰਿਆਮ ਸਿੰਘ ਦੇ ਗ੍ਰਿਹਿ ਠੀਕਰੀ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੇ ਵਸਤ ਅਨਮੁਲੀ, ਬਿਨ ਕੀਮਤ ਕਰਤੇ ਵਰਤਾਈਆ । ਗੁਰਮੁਖ ਧਾਰ ਰਹੇ ਕੋਈ ਨਾ ਭੁੱਲੀ, ਅਭੁੱਲ ਦੇਣਾ ਸਮਝਾਈਆ । ਭਾਗ ਲਗਾਉਣਾ ਕਾਇਆ ਕੁੱਲੀ, ਮੰਜ਼ਲ ਦੇਣੀ ਵਡਿਆਈਆ । ਸ੍ਰਿਸ਼ਟ ਸਬਾਈ ਮਨ ਵਾਸਨਾ ਰੁਲੀ, ਕੂੜੀ ਕਿਰਿਆ

ਵਿਚ ਹਲਕਾਈਆ । ਸਚ ਨਾਮ ਦੀ ਅੰਮ੍ਰਿਤ ਧਾਰ ਦੇ ਅਗੰਮੀ ਚੁਲੀ, ਚੋਲਾ ਕਾਇਆ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਦਾਤ ਅਗੰਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵਸਤ ਦੇ ਆਪਣੀ ਦਾਤ, ਦਾਤੇ ਦਾਨੀ ਦਇਆ ਕਮਾਈਆ । ਆਤਮ ਪਰਮਾਤਮ ਬੱਝੇ ਨਾਤ, ਇਸ਼ਟ ਇਕੋ ਦੇਣਾ ਵਖਾਈਆ । ਤੇਰਾ ਨੂਰ ਸਭ ਨੂੰ ਨਜ਼ਰੀ ਆਏ ਜਾਤ, ਵਰਨ ਬਰਨ ਨਾ ਕੋਇ ਰਖਾਈਆ । ਤਤ ਸਰੀਰ ਕਰ ਪਾਕ, ਵਜੂਦ ਮਹਿਬੂਬ ਹੋਵੇ ਸਫ਼ਾਈਆ । ਜਨ ਭਗਤਾਂ ਖੇੜਾ ਕਰ ਆਬਾਦ, ਬੂਟਾ ਧੁਰ ਦਾ ਨਾਮ ਲਗਾਈਆ । ਸੁਤਿਆਂ ਮਾਰ ਆਵਾਜ਼, ਜਾਗਦਿਆਂ ਰੰਗ ਚੜ੍ਹਾਈਆ । ਬਦਲ ਦੇ ਸਮਾਜ, ਸਮੇਂ ਨਾਲ ਆਪਣਾ ਭੇਵ ਖੁਲ੍ਹਾਈਆ । ਜਨ ਭਗਤਾਂ ਸ਼ੌਹ ਦਰਿਆ ਡੁੱਬੇ ਕਦੇ ਨਾ ਜਹਾਜ਼, ਭਾਰ ਆਪਣੇ ਕੰਧ ਉਠਾਈਆ । ਤੂੰ ਆਦਿ ਜੁਗਾਦੀ ਸ਼ਹਿਨਸ਼ਾਹ ਪਾਤਸ਼ਾਹ ਮਹਾਰਾਜ, ਪਰਵਰਦਿਗਾਰ ਤੇਰੀ ਇਕ ਸਰਨਾਈਆ । ਜੁਗ ਚੌਕੜੀ ਤੇਰੇ ਮੁਹਤਾਜ, ਲੋੜਵੰਦ ਦਿਸੇ ਲੋਕਾਈਆ । ਤੇਰਾ ਹੁਕਮ ਬੋਧ ਅਗਾਧ, ਵਿਦਿਆ ਤੋਂ ਪਰੇ ਪੜ੍ਹਾਈਆ । ਤੇਰੇ ਨਾਮ ਦਾ ਇਕ ਰਬਾਬ, ਰਮਜ਼ ਧੁਰ ਦੀ ਦੇ ਲਗਾਈਆ । ਨਿਰਗੁਣ ਧਾਰ ਸਾਜਣ ਸਾਜ, ਸੱਜਣ ਹੋ ਕੇ ਹੋ ਸਹਾਈਆ । ਕੂੜ ਕੁਟੰਬ ਨਾ ਰਹੇ ਵਿਵਾਦ, ਵਿਖ ਅੰਮ੍ਰਿਤ ਦੇ ਬਣਾਈਆ । ਜੋ ਸਰਨਾਈ ਤੇਰੀ ਜਾਏ ਲਾਗ, ਲਗਨ ਆਪਣੇ ਨਾਲ ਬਣਾਈਆ । ਸਿਰ ਸਵਾਮੀ ਰੱਖਣਾ ਹਾਥ, ਪੁਸ਼ਤ ਪੁਨਾਹ ਟਿਕਾਈਆ । ਆਤਮ ਪਰਮਾਤਮ ਗੌਂਦੇ ਰਹਿਣ ਗਾਥ, ਗਾ ਗਾ ਖ਼ੁਸ਼ੀ ਬਣਾਈਆ । ਕਿਰਪਾ ਕਰ ਪੁਰਖ ਸਮਰਾਥ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਤੇਰਾ ਖੇਲ ਅਲੱਖਣਾ ਲਾਖ, ਲਖ ਸਕੇ ਕੋਇ ਨਾ ਰਾਈਆ । ਜੋ ਸਿਫ਼ਤਾਂ ਵਿਚ ਗਏ ਆਖ, ਆਖ਼ਰ ਸਭ ਦਾ ਪੂਰ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਰਿਹਾ ਝਾਕ, ਬਿਨ ਅੱਖਾਂ ਅੱਖ ਉਠਾਈਆ । ਜਨ ਭਗਤਾਂ ਚਰਨ ਧੂੜੀ ਦੇ ਖ਼ਾਕ, ਮਿੱਟੀ ਖ਼ਾਕ ਵਿਚੋਂ ਬਾਹਰ ਕਢਾਈਆ । ਸਦਾ ਖੋਲ੍ਹ ਕੇ ਰੱਖ ਤਾਕ, ਬੰਦ ਕਿਵਾੜੀ ਕੁੰਡਾ ਲਾਹੀਆ । ਨਿਰਗੁਣ ਜੋਤ ਹੋਵੇ ਪਰਕਾਸ਼, ਸਚ ਉਜਾਲਾ ਇਕ ਪਰਗਟਾਈਆ । ਪੂਰੀ ਕਰਨੀ ਆਸ, ਅਸਲ ਵਿਚ ਆਪਣਾ ਭੇਵ ਖੁਲ੍ਹਾਈਆ । ਸਦਾ ਸੁਹੇਲ` ਵਸਣਾ ਪਾਸ, ਜਗਤ ਵਿਛੋੜਾ ਦੇਣਾ ਕਟਾਈਆ । ਤੇਰੇ ਪਿਆਰ ਦੀ ਰਹੇ ਇਕ ਪਰਭਾਤ, ਸੰਧਿਆ ਰੂਪ ਨਾ ਕੋਇ ਬਦਲਾਈਆ । ਏਥੇ ਓਥੇ ਬਣਿਆ ਰਹੇ ਨਾਤ, ਨਾਤਵਾਂ ਹੋ ਕੇ ਸਕੇ ਨਾ ਕੋਇ ਤੁੜਾਈਆ । ਨਾਮ ਭੰਡਾਰਾ ਤੇਰਾ ਡੂੰਘਾ ਖਾਤ, ਦੇਂਦਿਆਂ ਤੋਟ ਕੋਇ ਨਾ ਆਈਆ । ਹਉਂ ਸੇਵਕ ਤੇਰੇ ਮੁਹਤਾਜ, ਮੁਹੱਬਤ ਵਿਚ ਸਮਾਈਆ । ਸਾਡੀ ਕਬੂਲ ਕਰਨੀ ਨਮਾਜ਼, ਰੋਜ਼ਾ ਰਜ਼ਾ ਵਿਚ ਰਖਾਈਆ । ਸਾਡਾ ਲੇਖੇ ਲਾਉਣਾ ਆਦਾਬ, ਅਦਬ ਨਾਲ ਵਡਿਆਈਆ । ਸਾਚੇ ਨਾਮ ਦਾ ਦੇ ਸਵਾਦ, ਰਸ ਕੂੜਾ ਦੇਣਾ ਕਢਾਈਆ । ਜਨ ਭਗਤਾਂ ਰੱਖਣੀ ਲਾਜ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਲੂਲ੍ਹਾ ਲੰਗੜਾ ਰਹੇ ਨਾ ਕੋਇ ਅਪਾਹਜ, ਦੂਜੇ ਦਰ ਨਾ ਮੰਗਣ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਅੰਦਰ ਹੋਣਾ ਵਿਸਮਾਦ, ਲੂੰ ਲੂੰ ਅੰਦਰ ਆਪਣਾ ਪ੍ਰੇਮ ਰੰਗਾਈਆ ।

੫੩੮ ੨੦

### ★ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਣਧੀਰ ਸਿੰਘ ਦੇ ਗ੍ਰਿਹ ਅਰਨਾਏ ਜ਼ਿਲਾ ਕਰਨਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਸ਼ਰਅ ਛੁਰੀ ਕਸਾਈ ਬਣੀ ਕਰਦ, ਪਾਰਬ੍ਰਹਮ ਪਤਿਪਰਮੇਸ਼ਵਰ ਕਤਲਗਾਹ ਦਿਸੇ ਲੋਕਾਈਆ । ਦੀਨ ਦੁਨੀ ਵੇਖ ਹੋਏ ਅਸੀਂ ਅਸਚਰਜ, ਅਚਰਜ ਲੀਲਾ ਪੁਰਖ ਅਕਾਲ ਦੀਨ ਦਿਆਲ ਆਪਣੀ ਕੀ ਵਰਤਾਈਆ । ਚਾਰ ਵਰਨ ਅਠਾਰਾਂ ਬਰਨ ਗ਼ਰੀਬ ਨਿਮਾਣਿਆਂ ਵੰਡੇ ਕੋਇ ਨਾ ਦਰਦ, ਰੋਗ ਸੋਗ ਚਿੰਤਾ ਗ਼ਮ ਨਾ ਕੋਇ ਮਿਟਾਈਆ । ਜੋਧਾ ਸੂਰਬੀਰ ਮਰਦਾਨਾ ਨਜ਼ਰ ਆਏ ਕੋਇ ਨਾ ਮਰਦ, ਭਰਮੇ ਭੁੱਲੀ ਸਰਬ ਲੋਕਾਈਆ । ਮਿਹਰਵਾਨ ਮਹਿਬੂਬ ਜੁਗ ਚੌਕੜੀ ਪੂਰਬ ਸਾਡੀ ਪੂਰੀ ਕਰ ਸ਼ਰਤ, ਸ਼ਰੀਅਤ ਦੇ ਮਾਲਕ ਖ਼ਾਲਕ ਪ੍ਰਿਤਪਾਲਕ ਆਪਣੀ ਦਇਆ ਕਮਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰੇ ਅੱਗੇ ਅਗੰਮੀ ਅਰਜ਼, ਨਿਹਕਰਮੀ ਆਪਣਾ ਕਰਮ ਦੇਣਾ ਜਣਾਈਆ । ਕਲਜੁਗ ਕੂੜੀ ਕਿਰਿਆ ਦੋ ਜਹਾਨਾਂ ਮੇਟਣੀ ਗਰਦ, ਗਹਿਰ ਗੰਭੀਰ ਬੇਨਜ਼ੀਰ ਆਪਣੀ ਅੱਖ ਖੁਲ੍ਹਾਈਆ । ਸਚਖੰਡ ਦਵਾਰ ਏਕੰਕਾਰ ਦਰਗਾਹ ਸਾਚੀ ਕੂਕ ਪੁਕਾਰ ਕਹੀਏ ਗਰਜ, ਬਿਨ ਤੇਰੀ ਗਰਜ਼ ਮਨਸਾ ਪੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਪ੍ਰੀਤਮ ਧੁਰ ਦੇ ਯਾਰ, ਆਦਿ ਨਿਰੰਜਣ ਦਰਦ ਦੁੱਖ ਭੰਜਨ ਦੀਨਾਂ ਨਾਥ ਤੇਰੀ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਸਰਗੁਣ ਧਾਰ ਹੋਇਆ ਅੰਧਿਆਰ, ਨਿਰਗੁਣ ਨੂਰ ਨੂਰ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਚਾਰ ਕੁੰਟ ਦਿਸੇ ਦੁਖਿਆਰ, ਦੀਨ ਦਿਆਲ ਹਰਿ ਗੋਪਾਲ ਅੰਮ੍ਰਿਤ ਰਸ ਨਿਝਰ ਧਾਰ ਨਾ ਕੋਇ ਚੁਆਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾਮ ਸਤਿ ਹੋਈ ਹਾਹਾਕਾਰ, ਮਿਹਰਵਾਨ ਸਿਰ ਹੱਥ ਨਾ ਕੋਇ ਟਿਕਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਸਚ ਤੌਫ਼ੀਕ ਦੇ ਵਿਚ ਸੰਸਾਰ, ਰਫ਼ੀਕ ਹੋ ਕੇ ਆਪਣਾ ਸੰਗ ਬਣਾਈਆ । ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਤੇਰਾ ਖੇਲ ਅਗੰਮ ਅਪਾਰ, ਅਲੱਖ ਅਗੋਚਰ ਤੇਰੇ ਹੱਥ ਵਡਿਆਈਆ । ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਬੇਖ਼ਬਰਾਂ ਕਰ ਖ਼ਬਰਦਾਰ, ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਆਵਾਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਅਬਿਨਾਸ਼ੀ ਕਰਤੇ ਆਪਣੀ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੁਧ ਬਿਨ ਦੂਜਾ ਦਿਸੇ ਨਾ ਕੋਇ ਮੀਤ, ਕੂੜ ਕੁਟੰਬ ਹੋਇਆ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਦੀਨ ਦੁਨੀ ਦੀ ਬਦਲ ਦੇ ਰੀਤ, ਮਿਹਰ ਨਜ਼ਰ ਨੈਣ ਅੱਖ ਉਠਾਈਆ । ਤਨ ਮਾਟੀ ਖ਼ਾਕੀ ਕਰ ਠਾਂਡਾ ਸੀਤ, ਅਗਨੀ ਤਤ ਨਾ ਕੋਇ ਜਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਕਰਦੇ ਗਏ ਉਡੀਕ, ਭਵਿਖਤਾਂ ਵਿਚ ਤੇਰਾ ਧਿਆਨ ਲਗਾਈਆ । ਅੰਤ ਆਸਾ ਮਨਸਾ ਪੂਰੀ ਕਰ ਉਮੀਦ, ਆਮਦ ਖ਼ੁਸ਼ਾਮਦ ਤੇਰੇ ਅੱਗੇ ਤੇਰੀ ਵਸਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਪਣੇ ਨਾਮ ਦਾ ਖੋਲ੍ਹ ਰਾਜ਼, ਰਾਜ਼ਕ ਰਿਜ਼ਕ ਰਹੀਮ ਤੇਰੀ ਇਕ ਸਰਨਾਈਆ । ਸਾਚੇ ਸ਼ਬਦ ਦਾ ਕਰ ਆਗ਼ਾਜ਼, ਗ਼ਰਜ਼ ਪਿਛਲੀ ਪੂਰਬ ਰਹੇ ਨਾ ਰਾਈਆ । ਝਗੜਾ ਚੁੱਕੇ ਜਗਤ ਨਮਾਜ਼, ਸਜਦਿਆਂ ਤੋਂ ਪਰੇ ਸਿਖਿਆ ਦੇਣੀ ਸਮਝਾਈਆ । ਰਸੂਲਾਂ ਤੋਂ ਬਾਹਰ ਦਿਸੇ ਤੇਰਾ ਆਦਾਬ,

੫੩੯
੨੦

ਜਿਸ ਨੂੰ ਕਲਮਾ ਕਾਇਨਾਤ ਨਾ ਕੋਇ ਸਮਝਾਈਆ । ਸਚ ਮਹਿਰਾਬ ਮਹਿਬੂਬ ਹੋ ਕੇ ਵਜਾ ਇਕ ਰਬਾਬ, ਨਾਮ ਤੰਦੀ ਤੰਦ ਸਿਤਾਰ ਹਿਲਾਈਆ । ਸਚ ਦਵਾਰ ਏਕੰਕਾਰ ਬਖ਼ਸ਼ ਇਕ ਅਗੰਮੀ ਆਵਾਜ਼, ਅਨਬੋਲਤ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਪਤਿਪਰਮੇਸ਼ਵਰ ਪਰਮ ਪੁਰਖ ਆਪਣੀ ਧਾਰ ਬਤਾਈਆ । ਗੁਰ ਅਵਤਾਰ ਪੈਗ਼ੰਬਰ ਵਸਲ ਮੰਗਣ ਤੇਰਾ ਜ਼ਾਹਰ ਬਾਤਨ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਜਣਾਈਆ । ਸਚਖੰਡ ਦਵਾਰੇ ਕੂਕ ਕੂਕ ਆਖਣ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼ਣ, ਬ੍ਰਹਿਮੰਡ ਖੰਡ ਤੇਰੀ ਓਟ ਵਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਮੰਜ਼ਲ ਪੂਰੀ ਕਰਦਾ ਰਿਹੋਂ ਘਾਟਨ, ਹੁਕਮੇ ਅੰਦਰ ਆਪਣਾ ਹੁਕਮ ਬਦਲਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਕੂੜੀ ਕਿਰਿਆ ਮੇਟ ਵਾਟਨ, ਸਤਿਜੁਗ ਸੱਚਾ ਮਾਰਗ ਦੇ ਵਖਾਈਆ । ਗੁਰਮੁਖ ਸੰਤ ਸੁਹੇਲੇ ਤੇਰੇ ਮਮਤਾ ਮੋਹ ਵਿਚੋਂ ਜਾਗਣ, ਜਾਗਰਤ ਜੋਤ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਤਨ ਵਜੂਦ ਲੱਗੀ ਬੁੱਝੇ ਆਗਨ, ਅਗਨੀ ਤਤ ਨਾ ਕੋਇ ਤਪਾਈਆ । ਆਤਮ ਪਰਮਾਤਮ ਮਿਲ ਕੇ ਹੋਏ ਸਚ ਸੁਹਾਗਣ, ਨਾਰ ਕੰਤ ਭਗਵੰਤ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਚ ਬਣਾ ਸਾਜਨ, ਸਤਿ ਧਰਮ ਦਾ ਮਾਰਗ ਇਕ ਵਖਾਈਆ ।


੫੪੦ ੨੦

## ★ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਨਿਰੰਜਣ ਸਿੰਘ ਦੇ ਗ੍ਰਹਿ ਫ਼ਾਰਮ ★

ਗੁਰ ਅਵਤਾਰ ਪੈਗ਼ੰਬਰ ਤੱਕਣ ਸ੍ਰਿਸ਼ਟੀ ਭੁੱਲੀ ਬ੍ਰਹਮ ਮਤ, ਪਾਰਬ੍ਰਹਮ ਪ੍ਰਭ ਧਿਆਨ ਨਾ ਕੋਇ ਲਗਾਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਆਏ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਸ਼ਬਦੀ ਧਾਰ ਗਿਆਨ ਨੇਤਰ ਖੋਲ੍ਹ ਕੇ ਆਏ ਅੱਖ, ਨੈਣ ਇਕੋ ਇਕ ਵਡਿਆਈਆ । ਨਾਮ ਨਿਧਾਨ ਵਸਾ ਕੇ ਆਏ ਕਾਇਆ ਮਾਟੀ ਕੱਚ, ਕੰਚਨ ਗੜ੍ਹ ਸੁਹਾਈਆ । ਸੋ ਸਾਚੀ ਵਸਤ ਰਹੀ ਕਿਸੇ ਪਾਸ ਨਾ ਵਥ, ਮਾਇਆ ਮਮਤਾ ਮੋਹ ਵਿਚ ਸ੍ਰਿਸ਼ਟੀ ਹਲਕਾਈਆ । ਚਾਰ ਕੁੰਟ ਦਹਿ ਦਿਸ਼ਾ ਮਿਲੇ ਕੋਈ ਨਾ ਸੱਚ, ਜੂਠ ਝੂਠ ਰਿਹਾ ਡੰਕ ਵਜਾਈਆ । ਮਨ ਵਾਸਨਾ ਦੀਨ ਦੁਨੀ ਰਹੀ ਨੱਚ, ਜਗਤ ਤ੍ਰਿਸ਼ਨਾ ਮੋਹ ਹਲਕਾਈਆ । ਭਾਗ ਲੱਗੇ ਕਿਸੇ ਨਾ ਕਾਇਆ ਮਾਟੀ ਰੱਤ, ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਫਿਰੀ ਦਰੋਹੀ ਨਵ ਸੱਤ, ਨਵ ਨੌ ਚਾਰ ਜੁਗ ਬਹੁੜੀ ਬਹੁੜੀ ਕੂਕ ਕੁਰਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਿਰਪਾ ਕਰ ਪੁਰਖ ਸਮਰਥ, ਦੀਨ ਦਿਆਲ ਸਰਬ ਪ੍ਰਿਤਪਾਲ ਤੇਰੀ ਆਸ ਰਖਾਈਆ । ਸਤਿ ਸੰਤੋਖ ਧੀਰਜ ਰਿਹਾ ਕੋਈ ਨਾ ਯਤ, ਯਥਾਰਥ ਤੇਰਾ ਨਾਮ ਨਾ ਕੋਇ ਧਿਆਈਆ । ਆਤਮ ਪਰਮਾਤਮ ਹੋ ਕੇ ਵੱਖ, ਪੜਦਾ ਅੰਧ ਅੰਧੇਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਾਮ ਭੰਡਾਰਾ ਖੋਲ੍ਹ ਹੱਟ, ਦਇਆਵਾਨ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ੍ਰਿਸ਼ਟੀ ਅੰਤਰ ਭਰਿਆ ਵਿਖ, ਰਸ ਅੰਮ੍ਰਿਤ ਨਾ ਕੋਇ ਚਖਾਈਆ । ਤਾਮਨਾ ਲੱਗੀ ਤ੍ਰਿਖ, ਤ੍ਰਿਸ਼ਨਾ

ਨਾ ਕੋਇ ਬੁਝਾਈਆ । ਸਾਚਾ ਰਿਹਾ ਕੋਈ ਨਾ ਸਿੱਖ, ਸਿਖਿਆ ਸਤਿਗੁਰ ਗਏ ਗਵਾਈਆ । ਜੋ ਸ਼ਬਦ ਧਾਰ ਗੋਬਿੰਦ ਗਿਆ ਲਿਖ, ਪੰਚਮ ਮਿਲ ਵੱਜੇ ਨਾ ਕੋਇ ਵਧਾਈਆ । ਇਸ਼ਟ ਬਣਿਆ ਪੱਥਰ ਇੱਟ, ਦ੍ਰਿਸ਼ਟ ਅੱਖਰਾਂ ਵਿਚ ਫਸਾਈਆ । ਮਾਨਸ ਜਨਮ ਲਏ ਕੋਈ ਨਾ ਜਿਤ, ਹਰਦੀ ਦਿਸੇ ਲੋਕਾਈਆ । ਦੀਨ ਦਿਆਲ ਮੰਨੇ ਕੋਈ ਨਾ ਇਕ, ਏਕੰਕਾਰ ਮਿਲਣ ਕੋਇ ਨਾ ਜਾਈਆ । ਜਗਤ ਵਾਸਨਾ ਕੂੜੀ ਕਿਰਿਆ ਭਾਰ ਚੁੱਕਿਆ ਪਿਠ, ਸਾਚਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਹੋਈ ਪਗ਼ਲੀ, ਬੌਰੀ ਦੁਨੀਆ ਨਜ਼ਰੀ ਆਈਆ । ਕੋਈ ਸਾਰ ਨਾ ਪਾਵੇ ਅਗਲੀ, ਪੜਦਾ ਕੂੜ ਨਾ ਕੋਇ ਉਠਾਈਆ । ਮਨ ਵਾਸਨਾ ਗਲ ਵਿਚ ਪਾਈ ਬਗ਼ਲੀ, ਬਗ਼ਲਗੀਰ ਕੂੜ ਨਜ਼ਰੀ ਆਈਆ । ਪੁਰਖ ਅਕਾਲ ਤੇਰੇ ਬਿਨਾ ਕਰੇ ਕੋਇ ਨਾ ਬਦਲੀ, ਕਲਜੁਗ ਪੰਧ ਨਾ ਕੋਇ ਚੁਕਾਈਆ । ਸ਼ਰਅ ਤੋੜੇ ਕੋਇ ਨਾ ਸੰਗਲੀ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ੍ਰਿਸ਼ਟ ਸਬਾਈ ਨੇਤਰ ਹੋਈ ਹੀਣ, ਕਵਲ ਨੈਣ ਨਜ਼ਰ ਕਿਸੇ ਨਾ ਆਈਆ । ਝਗੜਾ ਪਿਆ ਨਰ ਮਦੀਨ, ਆਤਮ ਮੁੱਦਾ ਸਮਝੇ ਕੋਇ ਨਾ ਰਾਈਆ । ਰਾਓ ਰੰਕ ਹੋਏ ਗ਼ਮਗੀਨ, ਸਾਂਤਕ ਸਤਿ ਨਾ ਕੋਇ ਕਰਾਈਆ । ਜਗਤ ਵਾਸਨਾ ਹੋ ਅਧੀਨ, ਦਿਵਸ ਰੈਣ ਭੱਜਣ ਥਾਉਂ ਥਾਈਂਆ । ਸਚ ਦਵਾਰ ਦੀ ਭੁੱਲੀ ਇਕ ਤਾਲੀਮ, ਚੌਦਾਂ ਵਿਦਿਆ ਚਾਰ ਵਰਨ ਹਲਕਾਈਆ । ਮਾਇਆ ਮਮਤਾ ਬੁੱਧੀ ਕੀਤੀ ਮਲੀਨ, ਮੁਲੱਮਾ ਕੰਚਨ ਰੂਪ ਨਾ ਕੋਇ ਵਟਾਈਆ । ਸਚ ਦਵਾਰਾ ਕਰੇ ਨਾ ਕੋਇ ਤਸਲੀਮ, ਤਸਬੀਆਂ ਮਾਲਾ ਵਾਲੇ ਰਹੇ ਕੁਰਲਾਈਆ । ਤੇਰਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਕਦੀਮ, ਕੁਦਰਤ ਦੇ ਮਾਲਕ ਤੇਰੀ ਬੇਪਰਵਾਹੀਆ । ਸਾਡਾ ਭਰੋਸਾ ਸਚ ਯਕੀਨ, ਯਾਦ ਵਿਚ ਤੇਰੀ ਓਟ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਰੰਗ ਦੇ ਅਗੰਮ ਨਵੀਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦੇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਨਾਮ ਦਿਸੇ ਨਾ ਸੱਚ, ਰਸਨਾ ਜਿਹਵਾ ਜਗਤ ਹਲਕਾਈਆ । ਭਾਗ ਲੱਗੇ ਨਾ ਕਿਸੇ ਕਾਇਆ ਮਾਟੀ ਕੱਚ, ਕੂੜਾ ਪੜਦਾ ਦੇ ਉਠਾਈਆ । ਧਰਮ ਦਵਾਰੇ ਦਿਸੇ ਕੋਈ ਨਾ ਸਤਿ, ਸਤਿ ਪੁਰਖ ਨਿਰੰਜਣ ਤੇਰਾ ਰਾਹ ਨਾ ਕੋਇ ਤਕਾਈਆ । ਨਾੜੀ ਨਾੜੀ ਉਬਲੇ ਰੱਤ, ਅਗਨੀ ਤਤ ਨਾ ਕੋਇ ਬੁਝਾਈਆ । ਜੋ ਮਾਰਗ ਆਏ ਦੱਸ, ਗੁਰ ਅਵਤਾਰ ਪੈਗ਼ੰਬਰ ਕਹਿਣ ਤਿਸ ਚਲੇ ਨਾ ਕੋਇ ਰਜ਼ਾਈਆ । ਕਿਰਪਾ ਕਰ ਪੁਰਖ ਸਮਰਥ, ਸ਼ਹਿਨਸ਼ਾਹ ਤੇਰੀ ਆਸ ਰਖਾਈਆ । ਦੀਨ ਦੁਨੀ ਕਰ ਆਪਣੇ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਕਲਜੁਗ ਰੈਣ ਅੰਧੇਰੀ ਮੇਟ ਮਸ, ਨਿਰਗੁਣ ਨੂਰੀ ਜੋਤ ਕਰ ਰੁਸ਼ਨਾਈਆ । ਜਨ ਭਗਤਾਂ ਆਪਣੇ ਮਿਲਣ ਦੀ ਦੇ ਅੱਖ, ਅੱਖਰਾਂ ਤੋਂ ਬਾਹਰ ਵਿਦਿਆ ਦੇ ਸਮਝਾਈਆ । ਤੂੰ ਮੇਰਾ ਮੈਂ ਤੇਰਾ ਗਾਵਣ ਸਾਰੇ ਜਸ, ਸਿਫ਼ਤਾਂ ਵਿਚ ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਮਹਿੰਮਾ ਅਕਥ ਇਕ ਪਰਗਟਾਈਆ ।

★ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਮੇਜ ਸਿੰਘ ਦੇ ਗ੍ਰਿਹਿ ਥਾਨੇਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਆਤਮ ਪਰਮਾਤਮ ਤੇਰਾ ਢੋਲਾ ਹੋਵੇ ਪੜ੍ਹਦੀ, ਗੀਤ ਗਹਿਰ ਗੰਭੀਰ ਇਕੋ ਗਾਈਆ । ਸਦਾ ਦਰਵੇਸ਼ ਮੰਗਤੀ ਰਹੇ ਤੇਰੇ ਦਰ ਦੀ, ਦੂਸਰ ਘਰ ਕਦੇ ਨਾ ਜਾਈਆ । ਬਿਰਹੁ ਵਿਛੋੜੇ ਅੰਦਰ ਭਾਣਾ ਰਹੇ ਜਰਦੀ, ਨੇਤਰ ਲੋਚਣ ਨੈਣ ਅੱਖ ਰਾਹ ਤਕਾਈਆ । ਪਿਆਰ ਮੁਹੱਬਤ ਵਿਚ ਮੰਜ਼ਲ ਅਗੰਮੀ ਰਹੇ ਚੜ੍ਹਦੀ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਠਾਂਡੇ ਦਰ ਦਰਵੇਸ਼ ਹੋ ਕੇ ਬਣੇ ਬਰਦੀ, ਬੰਦਗੀ ਵਿਚ ਆਪਣਾ ਆਪ ਨਿਵਾਈਆ । ਸਾਰ ਪਾਵੇ ਪੁਰਖ ਅਕਾਲ ਤੇਰੇ ਘਰ ਦੀ, ਗ੍ਰਿਹਿ ਮੰਦਰ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਵੱਜਦੀ ਰਹੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੀ ਆਤਮਾ ਤੇਰਾ ਰੱਖੇ ਇਸ਼ਟ, ਦੂਸਰ ਸੀਸ ਨਾ ਕਦੇ ਨਿਵਾਈਆ । ਨਾਤਾ ਕੂੜਾ ਤੋੜ ਸ੍ਰਿਸ਼ਟ, ਮੁਹੱਬਤ ਤੇਰੇ ਨਾਲ ਬੰਧਾਈਆ । ਤੂੰ ਮਿਹਰਵਾਨ ਹੋ ਕੇ ਖੁਲ੍ਹੀ ਰੱਖੀਂ ਦ੍ਰਿਸ਼ਟ, ਮਿਹਰ ਨਿਗਾਹ ਨਾਲ ਪਾਰ ਕਰਾਈਆ । ਝਗੜਾ ਰਹੇ ਨਾ ਕਿਸੇ ਸਵਰਗ ਬਹਿਸ਼ਤ, ਦੋਜ਼ਖ਼ ਅੱਗ ਨਾ ਕੋਇ ਤਪਾਈਆ । ਨਾਮ ਖ਼ੁਮਾਰੀ ਇਕੋ ਦੇਵੀਂ ਮਸਤ, ਮੁਸ਼ਕਲ ਸਾਰੀ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲ ਦੀਨ ਦਿਆਲ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੀ ਆਤਮਾ ਤੇਰੀ ਮੰਨੇ ਈਨ, ਹੁਕਮੇ ਅੰਦਰ ਸੇਵ ਕਮਾਈਆ । ਝਗੜਾ ਰਹੇ ਨਾ ਮਜ਼੍ਹਬ ਦੀਨ, ਜਾਤ ਪਾਤ ਨਾ ਵੰਡ ਵੰਡਾਈਆ । ਸਚ ਦਵਾਰੇ ਕਰ ਯਕੀਨ, ਯਾਦ ਵਿਚ ਆਪਣਾ ਆਪ ਲਗਾਈਆ । ਪਰਵਰਦਿਗਾਰ ਸਾਂਝਾ ਯਾਰ ਕਰ ਤਸਲੀਮ, ਤਸਬੀ ਮਾਲਾ ਮਣਕੇ ਦਏ ਗਵਾਈਆ । ਤੇਰਾ ਵੇਖੇ ਮਹੱਲ ਅਟਲ ਸ਼ਾਨ ਅਜ਼ੀਮ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਨਿਰਗੁਣ ਨੂਰ ਜੋਤ ਪਰਕਾਸ਼ ਕਦੀਮ, ਕੁਦਰਤ ਦੇ ਮਾਲਕ ਤੇਰੀ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਰਵੇਸ਼ ਢਹਿ ਪਏ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੀ ਆਤਮਾ ਤੇਰਾ ਮਾਣੇ ਰਸ, ਰਸਨਾ ਰਸ ਨਾ ਕੋਇ ਵਡਿਆਈਆ । ਤੇਰਾ ਨੂਰ ਤੇਰਾ ਪਰਕਾਸ਼, ਤੇਰੇ ਵਿਚ ਸਮਾਈਆ । ਤੇਰਾ ਮਾਰਗ ਤੇਰੀ ਅੱਖ, ਨਿਜ ਨੇਤਰ ਦੇਣਾ ਖੁਲ੍ਹਾਈਆ । ਤੂੰ ਸਾਹਿਬ ਸਰਬ ਕਲਾ ਸਮਰਥ, ਤੇਰੇ ਹੱਥ ਵਡਿਆਈਆ । ਇਕੋ ਨਾਮ ਨਿਧਾਨਾ ਦੱਸ, ਜੀਵ ਆਤਮਾ ਤੇਰਾ ਢੋਲਾ ਗਾਈਆ । ਹਿੱਸਾ ਕਰੇ ਕੋਈ ਨਾ ਵੱਖ, ਜੁਜ਼ ਵੰਡ ਨਾ ਕੋਇ ਵੰਡਾਈਆ । ਤੇਰੀ ਮਹਿੰਮਾ ਸਦਾ ਅਕਥ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਅੰਤ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਦਾ ਖੋਲ੍ਹ ਹੱਟ, ਦਰ ਦਰਵਾਜ਼ਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੀ ਆਤਮਾ ਇਕੋ ਜਪੇ ਜਾਪ, ਬਹੁ ਵੰਡ ਨਾ ਕੋਇ ਵੰਡਾਈਆ । ਤੂੰ ਧੁਰ ਦਾ ਬਣਨਾ ਸਾਕ, ਸੱਜਣ ਨੂਰ ਅਲਾਹੀਆ । ਮਨੂਆ ਰਹੇ ਨਾ ਕੋਇ ਗੁਸਤਾਖ, ਬੁੱਧ ਬਿਬੇਕ ਦੇਣੀ ਕਰਾਈਆ । ਨਿਹਕਰਮੀ ਹੋ ਕੇ ਕਰਮਾਂ ਲੈਣਾ ਵਾਚ, ਪੜਦਾ ਓਹਲਾ ਦੇਣਾ ਉਠਾਈਆ । ਤੁਝ ਬਿਨ ਦੂਜਾ ਨਜ਼ਰ ਨਾ ਆਵੇ ਕੋਈ ਸਾਕ, ਸੱਜਣ ਹੋਣਾ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਤੇਰੇ ਅੱਗੇ ਅਰਦਾਸ, ਬੇਨੰਤੀ ਦਿਤੀ ਸੁਣਾਈਆ । ਹਰ ਘਟ ਅੰਦਰ ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰ ਦੇ ਮਿਟਾਈਆ । ਸਰਬ ਵਿਆਪੀ ਤੇਰਾ ਵੇਖੀਏ ਵਡ ਪਰਤਾਪ,

ਲੱਖ ਚੁਰਾਸੀ ਜੀਵ ਜੰਤ ਇਕੋ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਵ ਜਾਤੀ ਤਤ ਸਰੀਰ ਵਜੂਦ ਅੰਤਰ ਨਿਰੰਤਰ ਕਰ ਪਾਕ, ਪਤਤ ਪੁਨੀਤ ਦੇ ਬਣਾਈਆ ।

★ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਭਾਨ ਸਿੰਘ ਦੇ ਗ੍ਰਹਿ ਨਾਨਕ ਪੁਰਾ ਜ਼ਿਲਾ ਕਰਨਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਆਪਣੇ ਨਾਮ ਦੀ ਦੇ ਅਗੰਮੀ ਚਮਕ, ਨੂਰ ਨੁਰਾਨੇ ਨੂਰ ਕਰ ਰੁਸ਼ਨਾਈਆ । ਕਰ ਪਰਕਾਸ਼ ਜ਼ਿਮੀਂ ਅਸਮਾਨ ਉਪਰ ਫ਼ਲਕ, ਦੋ ਜਹਾਨਾਂ ਡਗਮਗਾਈਆ । ਲੱਖ ਚੁਰਾਸੀ ਅੰਤਰ ਨਿਰੰਤਰ ਵੇਖ ਆਪਣੀ ਖ਼ਲਕ, ਖ਼ੁਦ ਮਾਲਕ ਵੇਸ ਵਟਾਈਆ । ਜੋਤ ਸਰੂਪ ਮਿਹਰਵਾਨ ਮਹਿਬੂਬ ਖੋਲ੍ਹ ਪਲਕ, ਪਤਿਪਰਮੇਸ਼ਵਰ ਆਪਣੀ ਕਰਵਟ ਲੈ ਬਦਲਾਈਆ । ਸਦੀ ਚੌਧਵੀਂ ਅੰਤ ਅਖ਼ੀਰ ਸਭ ਦੀ ਮੇਟ ਹਰਸ, ਹਵਸ ਤਪਸ਼ ਜਗਤ ਦੇ ਬੁਝਾਈਆ । ਸੰਤ ਸੁਹੇਲੇ ਸੂਫ਼ੀ ਫ਼ਕੀਰ ਰਹੇ ਤਰਸ, ਮਿਹਬਾਨ ਬੀਦੋ ਜਲਵਾਗਰ ਆਪਣਾ ਨੂਰ ਕਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਰਹੇ ਕੋਈ ਨਾ ਅਟਕ, ਨਾਮ ਖੰਡਾ ਤੇਜ ਪਰਚੰਡਾ ਬ੍ਰਹਿਮੰਡਾਂ ਦੇ ਚਮਕਾਈਆ । ਸਚ ਸੁਹੰਜਣਾ ਆਦਿ ਨਿਰੰਜਣਾ ਨਿਰਵੈਰ ਕਰ ਆਪਣਾ ਵਕਤ, ਜਗਤ ਦੁਹੇਲਾ ਵੇਲਾ ਰਹੇ ਨਾ ਰਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨਾਂ ਉਪਰ ਅਰਸ਼, ਅਜ਼ੀਮ ਆਜ਼ਮ ਤੇਰੇ ਹੱਥ ਵਡਿਆਈਆ । ਕਿਰਪਾ ਨਿਧਾਨ ਠਾਕਰ ਸਵਾਮੀ ਮਿਹਰਵਾਨ ਦੀਨ ਦੁਨੀ ਵੇਖ ਆਪਣਾ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਗੋਦ ਉਠਾ ਗੁਰਮੁਖ ਗੁਰਸਿਖ ਸੁਹੇਲੇ ਭਗਤ, ਭਗਵਨ ਹੋ ਕੇ ਭਾਗ ਕਾਇਆ ਮਾਟੀ ਦੇ ਲਗਾਈਆ । ਊਚ ਨੀਚ ਰਾਓ ਰੰਕ ਰਹੇ ਕੋਈ ਨਾ ਫ਼ਰਕ, ਫ਼ਿਕਰਾ ਢੋਲਾ ਸੋਹਲਾ ਨਾਮ ਇਕੋ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਜਣ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਪਣੀ ਖੇਲ ਦੱਸ ਕਰਤਾਰ, ਕੁਦਰਤ ਕਾਦਰ ਧੁਰ ਦਾ ਧਰਮ ਦੇ ਜਣਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਤੇਰਾ ਨੂਰ ਜਹੂਰ ਲੱਭਦੇ ਰਹੇ ਵਿਚ ਸੰਸਾਰ, ਸੰਸਾਰੀ ਭੰਡਾਰੀ ਬਣ ਬਣ ਪਾਂਧੀ ਰਾਹੀਆ । ਖੋਜਦੇ ਰਹੇ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੜਦੇ ਮਾਤ ਉਠਾਈਆ । ਸਿਫ਼ਤਾਂ ਵਿਚ ਕਰਦੇ ਰਹੇ ਇਜ਼ਹਾਰ, ਕਥਨੀ ਕਥ ਕਥ ਢੋਲੇ ਗਾਈਆ । ਸਚ ਦਵਾਰੇ ਮੰਗਦੇ ਰਹੇ ਭਿਖਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲੋਕਮਾਤ ਵੇਸ ਵਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਮੰਨਦੇ ਰਹੇ ਮੱਦਦਗਾਰ, ਦੂਜਾ ਸੰਗ ਨਾ ਕੋਇ ਬਣਾਈਆ । ਦਰ ਦਰਵੇਸ਼ ਹੋ ਕੇ ਕੂਕ ਰਹੇ ਪੁਕਾਰ, ਦਰੋਹੀ ਦਰੋਹੀ ਨਾਮ ਖ਼ੁਦਾਈਆ । ਜਗਤ ਵਾਸਨਾ ਮੇਟ ਅੰਧ ਅੰਧਿਆਰ, ਦੁਰਗੰਧੀ ਸੁਗੰਧੀ ਵਿਚ ਬਦਲਾਈਆ । ਚਾਰ ਵਰਨ ਅਠਾਰਾਂ ਬਰਨ ਆਤਮ ਪਰਮਾਤਮ ਦੱਸ ਇਕ ਜੈਕਾਰ, ਹਾਹਾਕਾਰ ਰਹੇ ਨਾ ਕੋਇ ਲੋਕਾਈਆ । ਨਵ ਸੱਤ ਦਿਸੇ ਤੇਰਾ ਖ਼ਿਦਮਤਗਾਰ, ਸੀਸ ਜਗਦੀਸ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਅੰਤਰਜਾਮੀ ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਚੇ ਨਾਮ ਦੀ ਦੇ ਦੇ ਧੀਰ, ਧੀਰਜ ਧਰਮ ਨਾਲ ਬੰਧਾਈਆ । ਸ਼ਰਅ

ਕੱਟ ਜ਼ੰਜੀਰ, ਨਾਮ ਡੋਰੀ ਤੰਦ ਬੰਧਾਈਆ । ਕੂੜ ਕੁੜਿਆਰਾ ਮੇਟ ਅਖ਼ੀਰ, ਆਖ਼ਰ ਆਪਣਾ ਰੰਗ ਰੰਗਾਈਆ । ਮੁਹੱਬਤ ਵਿਚ ਬਦਲ ਦੇ ਤਕਦੀਰ, ਤਦਬੀਰ ਦੀਨ ਦੁਨੀ ਸਮਝਾਈਆ । ਇਕੋ ਰੰਗ ਰੰਗਾ ਸ਼ਾਹ ਹਕੀਰ, ਬੇਨਜ਼ੀਰ ਮਿਹਰ ਨਜ਼ਰ ਉਠਾਈਆ । ਸਦੀ ਚੌਧਵੀਂ ਕਟੀ ਜਾਏ ਭੀੜ, ਔਖੀ ਘਾਟੀ ਪੰਧ ਮੁਕਾਈਆ । ਨੇਤਰ ਰੋਵੇ ਕੋਇ ਨਾ ਨੀਰ, ਛਹਿਬਰ ਕੂੜ ਨਾ ਕੋਇ ਲਗਾਈਆ । ਅੰਮ੍ਰਿਤ ਰਸ ਨਿਝਰ ਧਾਰਾ ਬਖ਼ਸ਼ ਆਪਣਾ ਸੀਰ, ਸੁਰਤੀ ਸ਼ਬਦ ਨਾਲ ਮਿਲਾਈਆ । ਤੂੰ ਦਾਤਾ ਦਾਨੀ ਮਾਲਕ ਖ਼ਾਲਕ ਪ੍ਰਿਤਪਾਲਕ ਗਹਿਰ ਗੰਭੀਰ, ਧੁਰ ਦਾ ਠਾਕਰ ਇਕੋ ਨਜ਼ਰੀ ਆਈਆ । ਹਉਂ ਬਾਲਕ ਤੇਰੇ ਅਧੀਨ, ਸੇਵਕ ਸੇਵਕ ਹੋ ਕੇ ਸੇਵ ਕਮਾਈਆ । ਤੇਰਾ ਲੇਖਾ ਯਾਮੁਬੀਨ, ਮੁਫ਼ਲਿਸਾਂ ਲੈ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਦੇ ਤਾਲੀਮ, ਸਾਚਾ ਨਾਮ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਕਦੀਮ, ਕਾਦਰ ਕਰਤੇ ਕਰਨੀ ਤੇਰੀ ਇਕੋ ਨਜ਼ਰੀ ਆਈਆ ।

### ★ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੋਹਣ ਸਿੰਘ ਦੇ ਗ੍ਰਿਹਿ ਨਾਨਕ ਪੁਰਾ ★



ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਧੁਰ ਦੇ ਮੁਰਸ਼ਦ, ਮੁਰੀਦ ਦੀਦ ਅੰਦਰ ਤੇਰਾ ਰਾਹ ਤਕਾਈਆ । ਜਨ ਭਗਤ ਲੋਕਮਾਤ ਤੇਰੀ ਕਰਦੇ ਉਲਫ਼ਤ, ਸਿਫ਼ਤਾਂ ਅੰਦਰ ਤੇਰਾ ਨਾਮ ਵਡਿਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੇ ਮਿਲਣ ਦੀ ਓਨ੍ਹਾਂ ਦੇ ਫ਼ੁਰਸਤ, ਹੁਕਮ ਧੁਰ ਦਾ ਇਕ ਸੁਣਾਈਆ । ਕੋਟਾਂ ਵਿਚੋਂ ਵਿਰਲਾ ਦਿਸਦਾ ਕੋਈ ਗੁਰਮੁਖ, ਗੁਰਸਿਖ ਤੇਰੇ ਵਿਚ ਸਮਾਈਆ । ਜਨਮ ਕਰਮ ਦਾ ਸਦਾ ਮੇਟਣਾ ਦੁੱਖ, ਦੁਖੀਆਂ ਦਰਦ ਆਪ ਵੰਡਾਈਆ । ਜਗਤ ਤ੍ਰਿਸ਼ਨਾ ਰਹੇ ਨਾ ਭੁੱਖ, ਸਾਂਤਕ ਸਤਿ ਦੇਣਾ ਕਰਾਈਆ । ਤੂੰ ਸਾਹਿਬ ਸੁਲਤਾਨਾ ਅਬਿਨਾਸ਼ੀ ਅਚੁਤ, ਪਾਰਬ੍ਰਹਮ ਬੇਪਰਵਾਹੀਆ । ਬਿਨ ਤੇਰੀ ਕਿਰਪਾ ਕਿਸੇ ਮਿਲੇ ਨਾ ਸੁਖ, ਸਚ ਵਿਚ ਨਾ ਕੋਇ ਸਮਾਈਆ । ਸੰਤ ਸੁਹੇਲੇ ਰੱਖ ਕੇ ਤੇਰੀ ਓਟ, ਆਸਾ ਕੂੜੀ ਗਏ ਤਜਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਡਗਮਗਾਈਆ । ਰਾਹ ਤੱਕਣ ਤੇਰਾ ਮਾਤਲੋਕ, ਨਿਤ ਨਵਿਤ ਵੇਖ ਵਖਾਈਆ । ਗਾ ਕੇ ਢੋਲਾ ਸੋਹੰ ਸਚ ਸਲੋਕ, ਆਪਣੀ ਖ਼ੁਸ਼ੀ ਬਣਾਈਆ । ਨਾਮ ਖ਼ੁਮਾਰੀ ਅੰਦਰ ਕਰ ਮਦਹੋਸ਼, ਜਗਤ ਸੋਚ ਦੀ ਸਮਝ ਰਹੇ ਨਾ ਰਾਈਆ । ਜਿਨ੍ਹਾਂ ਦੀ ਅੰਤਰ ਆਸ਼ਾ ਰਹੀ ਲੋਚ, ਲੋਚਨ ਨੈਣ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਗਲਾ ਸੰਗ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤ ਸੁਹੇਲੇ ਵੇਖ ਆਪ, ਨਿਰਗੁਣ ਹੋ ਕੇ ਦਇਆ ਕਮਾਈਆ । ਬਿਨ ਤੇਰੀ ਕਿਰਪਾ ਹੋਏ ਕੋਈ ਨਾ ਪਾਕ, ਪਤਿਤ ਪੁਨੀਤ ਨਾ ਕੋਇ ਬਣਾਈਆ । ਕਿਰਪਾਲ ਦਿਆਲ ਹੋ ਕੇ ਖੋਲ੍ਹ ਤਾਕ, ਪੜਦਾ ਅੰਦਰੋਂ ਦੇ ਉਠਾਈਆ । ਤੂੰ ਆਦਿ ਜੁਗਾਦੀ ਆਤਮ ਪਰਮਾਤਮ ਸੱਜਣ ਸਾਕ, ਮਿਤਰ ਪਿਆਰਾ ਇਕੋ ਨਜ਼ਰੀ ਆਈਆ । ਬਿਨ ਤੇਰੇ ਨਾਮ ਅਵਰ ਦਿਸੇ ਕੋਈ ਨਾ ਗਾਥ, ਵਿਦਿਆ ਵਿਚ ਨਾ ਕੋਇ ਵਡਿਆਈਆ । ਸਚ ਪ੍ਰੀਤੀ ਜੋੜ ਦੇ ਨਾਤ, ਨਰ ਨਰਾਇਣ ਬਖ਼ਸ਼ ਇਕ ਸਰਨਾਈਆ । ਭਵਿਖਤਾਂ ਵਿਚ ਤੇਰਾ ਫ਼ਰਮਾਨਾ

ਆਏ ਆਖ, ਸੰਦੇਸ਼ਾ ਦੇ ਕੇ ਧੁਰਦਰਗਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਲੇਖਾ ਜਾਣੇ ਕਮਲਾਪਾਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦਰਬਾਰੀ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤਾਂ ਆਸ ਚਿਰ ਕੀ, ਚਿਰੀਂ ਵਿਛੁੰਨੇ ਲੈ ਮਿਲਾਈਆ । ਤੇਰੀ ਖੇਲ ਅਗੰਮੀ ਧੁਰ ਦੀ, ਥਿਰ ਘਰ ਸਾਚੇ ਲੈਣੇ ਟਿਕਾਈਆ । ਸਚ ਪ੍ਰੀਤੀ ਦੇਣੀ ਪ੍ਰੀਤਮ ਪਿਰ ਦੀ, ਪੀਆ ਹੋ ਕੇ ਵੇਖ ਵਖਾਈਆ । ਜੋਤ ਤੱਕਣੀ ਧਾਰ ਨਿਰ ਦੀ, ਨਿਰਵੈਰ ਨੂਰ ਦੇਣਾ ਚਮਕਾਈਆ । ਅੰਮ੍ਰਿਤ ਬੂੰਦ ਸਵਾਂਤੀ ਹੋਵੇ ਕਿਰਦੀ, ਨਿਝਰ ਝਿਰਨਾ ਦੇਣਾ ਝਿਰਾਈਆ । ਸੁਰਤੀ ਮਨ ਵਾਸਨਾ ਚਾਰ ਕੁੰਟ ਦਹਿ ਦਿਸ਼ਾ ਨਾ ਹੋਵੇ ਫਿਰਦੀ, ਆਤਮ ਪਰਮਾਤਮ ਮੇਲਾ ਲੈਣਾ ਮਿਲਾਈਆ । ਬਿਨ ਤੇਰੇ ਦੀਨ ਦਿਆਲ ਕੋਈ ਨਾ ਬਣੇ ਦਰਦੀ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਅਸੀਂ ਆਸਾ ਰੱਖੀ ਤੇਰੇ ਘਰ ਦੀ, ਘਰਾਨੇ ਆਪਣੇ ਗਏ ਤਜਾਈਆ । ਇਕੋ ਮਿਹਰ ਮਹਿਬੂਬ ਮੰਗੀਏ ਸਾਚੇ ਹਰਿ ਦੀ, ਹਿਰਦੇ ਅੰਦਰ ਆਪਣਾ ਰੰਗ ਰੰਗਾਈਆ । ਦੀਨ ਦੁਨੀ ਕਲਜੁਗ ਅੰਤ ਵੇਖ ਸੜਦੀ, ਅਗਨੀ ਤਤ ਨਾ ਕੋਇ ਬੁਝਾਈਆ । ਸ਼ਰਅ ਮੁਕੇ ਨਾ ਚੋਟੀ ਜੜ੍ਹ ਦੀ, ਮੱਧ ਭੇਵ ਨਾ ਕੋਇ ਖੁਲ੍ਹਾਈਆ । ਜੋ ਆਤਮ ਪਰਮਾਤਮ ਤੇਰਾ ਨਾਮ ਸੋਹੰ ਢੋਲਾ ਪੜ੍ਹਦੀ, ਤਿਨ੍ਹਾਂ ਆਪਣਾ ਗ੍ਰਹਿ ਮੰਦਰ ਦੇਣਾ ਵਖਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਅਛਲ ਛਲ ਦੀ, ਅਛਲ ਅਛੱਲ ਆਪਣਾ ਹੁਕਮ ਦੇਣਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਾਚੀ ਧਾਰ ਸਦਾ ਨਿਹਚਲ ਧਾਮ ਅਟਲ ਦੀ, ਅਟਲ ਪਦਵੀ ਜਨ ਭਗਤਾਂ ਝੋਲੀ ਦੇਣੀ ਪਾਈਆ ।

## ★ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੰਤਾ ਸਿੰਘ ਤਰਨ ਤਾਰਨ ★

ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤ ਦਵਾਰੇ ਦੀਪਕ ਜਗਿਆ ਦੀਆ, ਤੇਲ ਬਾਤੀ ਬਾਹਰੋਂ ਨਜ਼ਰੀ ਆਈਆ । ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਆਪਣਾ ਕਰ ਹੀਆ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਦਇਆ ਕਮਾਈਆ । ਨਿਰਮਲ ਕਰ ਭਗਤ ਭਗਵਾਨ ਅੰਤਰ ਨਿਰੰਤਰ ਜੀਆ, ਜੀਵਣ ਜੁਗਤ ਜਾਗਰਤ ਜੋਤ ਕਰ ਰੁਸ਼ਨਾਈਆ । ਭਾਗ ਲਗਾ ਕਾਇਆ ਮਾਟੀ ਸਾਢੇ ਤਿੰਨ ਹੱਥ ਸੀਆ, ਸਾਹਿਬ ਸਵਾਮੀ ਅੰਤਰਜਾਮੀ ਮਿਹਰ ਨਜ਼ਰ ਉਠਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨਾਂ ਪੀਆ, ਪ੍ਰੀਤਮ ਪਿਆਰਾ ਧੁਰ ਦਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਕੀ ਕਹੇ ਦੀਆ ਬਾਤੀ, ਬਾਤਨ ਆਪਣਾ ਹਾਲ ਸੁਣਾਈਆ । ਸੁਹੰਜਣੀ ਦਿਸੇ ਲੋਕਮਾਤ ਰਾਤੀ, ਰੁਤੜੀ ਜਗਤ ਵਾਲੀ ਬਦਲਾਈਆ । ਸੰਦੇਸ਼ਾ ਸੁਨੇਹੜਾ ਦੇਵੇ ਗੋਬਿੰਦ ਵਾਲੀ ਪਾਤੀ, ਪਤਣ ਬੈਠਾ ਵੇਖੇ ਧੁਰ ਦਰਗਾਹੀਆ । ਮੰਜ਼ਲ ਔਖੀ ਪੂਰੀ ਕਰੇ ਕੋਈ ਨਾ ਘਾਟੀ, ਹਕ ਹਕੀਕਤ ਨਜ਼ਰ ਕਿਸੇ ਨਾ ਆਈਆ । ਤੇਰਾ ਨੂਰ ਨਜ਼ਰ ਨਾ ਆਏ ਸਾਖਿਆਤੀ, ਸਾਹਿਬ ਸਵਾਮੀ ਅੰਤਰਜਾਮੀ ਦਰਸ ਕੋਇ ਨਾ ਪਾਈਆ । ਮਿਹਰਵਾਨ ਮਹਿਬੂਬ ਮੁਹੱਬਤ

ਵਿਚ ਬਦਲ ਦੇ ਹਯਾਤੀ, ਗੁਰਮੁਖ ਗੁਰਸਿਖ ਹਰਿਜਨ ਆਪਣੇ ਰੰਗ ਰੰਗਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਨਿਰਗੁਣ ਧਾਰ ਬਣ ਇਮਦਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਕਹੇ ਦੀਪਕ ਵਾਲੀ ਬੱਤੀ, ਪਾਰਬ੍ਰਹਮ ਭੇਵ ਦੇਣਾ ਜਣਾਈਆ । ਮਾਲਕ ਮੰਗਦੀ ਇਕੋ ਕਮਲਾਪਾਤੀ, ਪਤਿਪਰਮੇਸ਼ਵਰ ਹੋ ਕੇ ਲੈਣਾ ਪਰਨਾਈਆ । ਗੁਰਮੁਖਾਂ ਨਿਰਗੁਣ ਧਾਰ ਬਣਾਉਣੀ ਆਪਣੀ ਸਖ਼ੀ, ਸਾਜਣ ਹੋ ਕੇ ਸੰਗ ਬਣਾਈਆ । ਦਰਸ ਦਿਖਾਉਣਾ ਨਿਜ ਨੇਤਰ ਲੋਚਨ ਨੈਣ ਅਗੰਮੀ ਅੱਖੀ, ਗਿਆਨ ਨੂਰ ਕਰ ਰੁਸ਼ਨਾਈਆ । ਸਾਚੇ ਮੰਦਰ ਗ੍ਰਹਿ ਵਹੀਰ ਦੇਣੀ ਘੱਤੀ, ਨਿਰਵੈਰ ਹੋ ਕੇ ਆਪਣਾ ਪੰਧ ਮੁਕਾਈਆ । ਨਾਮ ਭੰਡਾਰਾ ਅਨਮੋਲ ਬਖ਼ਸ਼ਣਾ ਰਤੀ, ਰਤਨ ਅਮੋਲਕ ਹੀਰਾ ਗੁਰਮੁਖ ਲੈਣਾ ਉਪਜਾਈਆ । ਮਨ ਵਾਸਨਾ ਚਾਰ ਕੁੰਟ ਦਹਿ ਦਿਸ਼ਾ ਜਨ ਭਗਤ ਰਹੇ ਨਾ ਨੱਠੀ, ਸ਼ਬਦ ਡੋਰੀ ਤੰਦ ਲੈਣਾ ਬੰਧਾਈਆ । ਕਲਜੁਗ ਕੂੜ ਕੁੜਿਆਰਾ ਦਿਸੇ ਹੱਟੀ, ਵਣਜਾਰਾ ਮਨੂਆ ਮਨਸਾ ਆਪਣੀ ਸੰਗ ਰਲਾਈਆ । ਤੇਰੇ ਨਾਮ ਦੀ ਪੜ੍ਹੇ ਕੋਈ ਨਾ ਪੱਟੀ, ਨਿਰਅੱਖਰ ਧਾਰ ਸਮਝ ਕਿਸੇ ਨਾ ਆਈਆ । ਕਿਰਪਾ ਕਰ ਪੁਰਖ ਸਮਰਥੀ, ਮਿਹਰਵਾਨ ਦਇਆ ਕਮਾਈਆ । ਤੇਰੀ ਸਿਫ਼ਤ ਢੋਲਾ ਗਾਏ ਕੋਈ ਨਾ ਭੱਟੀ, ਕਾਤਬ ਕਲਮ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰੀ ਓਟ ਤਕਾਈਆ ।



## ★ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਅਵਤਾਰ ਸਿੰਘ ਚਬੇਵਾਲ ਜ਼ਿਲਾ ਹੁਸ਼ਿਆਰ ਪੁਰ ★



ਗੁਰ ਅਵਤਾਰ ਪੈਗ਼ੰਬਰ ਕਹਿਣ ਦੀਵਾ ਬੱਤੀ ਕਰੇ ਲੋ, ਲੋਆਂ ਪੁਰੀਆਂ ਤੋਂ ਬਾਹਰ ਤੇਰੀ ਰੁਸ਼ਨਾਈਆ । ਨਿਰਗੁਣ ਧਾਰ ਆਪੇ ਆਇਓਂ ਹੋ, ਹੋਕਾ ਸ਼ਬਦ ਨਾਮ ਸਮਝਾਈਆ । ਜਨ ਭਗਤਾਂ ਸੰਗ ਆਪਣਾ ਕਰ ਮੋਹ, ਮੁਹੱਬਤ ਆਤਮ ਪਰਮਾਤਮ ਲੈਣਾ ਜੁੜਾਈਆ । ਤੁਧ ਬਿਨ ਭੇਵ ਜਾਣੇ ਅਵਰ ਨਾ ਕੋ, ਕੋਟ ਬ੍ਰਹਿਮੰਡ ਖੰਡ ਰੋਵਣ ਮਾਰਨ ਧਾਈਆ । ਤੇਰਾ ਨਾਮ ਸੰਦੇਸ਼ਾ ਸੁਣ ਕੇ ਸੋਹੰ ਸੋ, ਸਰਬ ਸਵਾਮੀ ਅੰਤਰਜਾਮੀ ਤੇਰੀ ਯਾਦ ਇਕੋ ਦੋ ਜਹਾਨਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲੇ ਦੀਨ ਦਿਆਲੇ ਘਟ ਨਿਵਾਸੀ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਆ ਰੱਖੇ ਖ਼ਾਹਿਸ਼, ਭੇਵ ਅਭੇਦ ਜਣਾਈਆ । ਪੁਰਖ ਅਕਾਲ ਪੂਰੀ ਕਰਨੀ ਆਸ, ਆਸਾ ਮਨਸਾ ਆਪਣੇ ਵਿਚ ਸਮਾਈਆ । ਸਾਚੇ ਭਗਤਾਂ ਕਰ ਤਲਾਸ਼, ਤਾਲਾ ਅੰਦਰੋਂ ਦੇਣਾ ਤੁੜਾਈਆ । ਕਿਸੇ ਨੂੰ ਸ਼ਿਵ ਤੱਕਣਾ ਨਾ ਪਏ ਉਪਰ ਕੈਲਾਸ਼, ਬ੍ਰਹਮੇ ਦਾ ਬ੍ਰਹਮ ਪੜਦਾ ਦੇਣਾ ਉਠਾਈਆ । ਨਿਰਗੁਣ ਧਾਰ ਅੰਦਰ ਕਰ ਕੇ ਵਾਸ, ਵਾਸਤਾ ਆਪਣੇ ਨਾਲ ਕਰਾਈਆ । ਬਾਹਰ ਦੇ ਦੀਪਕ ਨਾਲੋਂ ਤੇਰੀ ਜੋਤ ਦਾ ਸਦਾ ਰਹੇ ਪਰਕਾਸ਼, ਦਿਵਸ ਰੈਣ ਇਕੋ ਨੂਰ ਰੁਸ਼ਨਾਈਆ । ਸਭ ਦੀ ਆਸਾ ਮਨਸਾ ਪੂਰੀ ਹੋਵੇ ਆਸ, ਅਸਲ ਵਿਚ ਵਸਲ ਯਾਰ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ ।

## ★ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਦੀਦਾਰ ਸਿੰਘ ਦੇ ਗ੍ਰਹਿ ਭਾਮ ਜ਼ਿਲਾ ਗੁਰਦਾਸਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਦੀਵਾ ਬਾਤੀ ਕਰੇ ਕੀ ਚਮਕ, ਚੰਦ ਚਾਂਦਨਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਵੇਖ ਚਾਰ ਕੁੰਟ ਅਹਿਮਕ, ਭਰਮੇ ਭੁੱਲੀ ਸਰਬ ਲੋਕਾਈਆ । ਕੋਟਾਂ ਵਿਚੋਂ ਤੇਰੀ ਕਿਰਪਾ ਨਾਲ ਤੇਰਾ ਭਗਤ ਸੁਹੇਲਾ ਤੇਰੇ ਨਾਲ ਹੋਵੇ ਸਹਿਮਤ, ਸਮੇਂ ਦੇ ਮਾਲਕ ਮਿਹਰ ਨਜ਼ਰ ਲੈਣੀ ਉਠਾਈਆ । ਖ਼ਲਕ ਦੇ ਖ਼ਾਲਕ ਕਰਨੀ ਰਹਿਮਤ, ਸਿਰ ਆਪਣਾ ਹੱਥ ਟਿਕਾਈਆ । ਜੁਗ ਜਨਮ ਦੀ ਲੇਖੇ ਲਾਉਣੀ ਮਿਹਨਤ, ਸਚ ਮਜ਼ਦੂਰੀ ਮੁੱਦਤਾਂ ਦੀ ਝੋਲੀ ਪਾਈਆ । ਜਗਤ ਵਾਸਨਾ ਕੂੜੀ ਕਿਰਿਆ ਰਹੇ ਨਾ ਕੋਈ ਅਲਾਮਤ, ਸਹੀ ਸਲਾਮਤ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚਾ ਇਕੋ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਕੂੜੀ ਕਿਰਿਆ ਦੀਪਕ ਹੋਣ ਲੱਗਾ ਗੁੱਲ, ਅੰਧ ਅੰਧੇਰਾ ਦਏ ਦੁਹਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰੋਂ ਤੇਰਾ ਨਾਮ ਗਿਆ ਭੁੱਲ, ਭਰਮ ਵਿਚ ਭਰਮ ਰਿਹਾ ਕੁਰਲਾਈਆ । ਭਾਗ ਲੱਗਾ ਦਿਸੇ ਨਾ ਕਿਸੇ ਕੁਲ, ਕੁਲ ਮਾਲਕ ਕਲਮਾ ਹਕ ਨਾ ਕੋਇ ਸੁਣਾਈਆ । ਭੰਡਾਰਾ ਹੱਥ ਨਾ ਆਵੇ ਵਸਤ ਅਨਮੋਲਕ ਅਨਮੁਲ, ਕੀਮਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜਗਤ ਦੇ ਮਾਲਕ, ਜੁਗ ਚੌਕੜੀ ਤੇਰਾ ਖੇਲ ਅਭੁੱਲ, ਭੁੱਲਿਆਂ ਮਾਰਗ ਰਸਤੇ ਲੈਣਾ ਪਾਈਆ ।



## ★ ੧੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਰੂਪ ਸਿੰਘ ਦੇ ਗ੍ਰਹਿ ਢੁੱਡੀ ਜ਼ਿਲਾ ਫ਼ਰੀਦਕੋਟ ★

ਗੁਰ ਅਵਤਾਰ ਪੈਗ਼ੰਬਰ ਕਹਿਣ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤ (ਦੀਪਕ) ਵੇਖਿਆ ਜਗਦਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਸਤਿ ਪਰਕਾਸ਼ ਬਣਾਵੇ ਲੋਕਮਾਤ ਜਗ ਦਾ, ਜਗਤ ਜਗਿਆਸੂ ਜੀਵਾਂ ਰਾਹ ਜਣਾਈਆ । ਰਸਤਾ ਵਖਾਵੇ ਧੁਰ ਦਰਗਾਹ ਸਚ ਦਾ, ਸਤਿ ਧਰਮ ਇਕ ਅਪਨਾਈਆ । ਲੇਖਾ ਮੁਕਾਵੇ ਮੱਕੇ ਕਾਅਬੇ ਵਾਲੇ ਹੱਜ ਦਾ, ਹਜ਼ਰਤ ਘਰ ਵਿਚ ਇਕ ਪਰਗਟਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਰਾਹ ਦੱਸਦਾ, ਤੂੰ ਮੇਰਾ ਮੈਂ ਤੇਰਾ ਕਰ ਪੜ੍ਹਾਈਆ । ਗ੍ਰਹਿ ਵੇਖੇ ਹਕੀਕ਼ਤ ਹਕ ਦਾ, ਮੰਦਰ ਧੁਰ ਦੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਬਿਨ ਭਗਤਾਂ ਹੋਏ ਨਾ ਕਦੇ ਪਰਕਾਸ਼, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਪੁਰਖ ਅਕਾਲ ਉਤੇ ਕਰੇ ਨਾ ਕੋਇ ਵਿਸ਼ਵਾਸ਼, ਵਿਸ਼ਵ ਰੰਗ ਨਾ ਕੋਇ ਰੰਗਾਈਆ । ਸਾਚਾ ਬਣੇ ਨਾ ਕੋਈ ਸੇਵਕ ਦਾਸ, ਯਾਚਕ ਖ਼ਾਦਮ ਰੂਪ ਨਾ ਕੋਇ ਵਟਾਈਆ । ਮੰਜ਼ਲ ਪੌੜੀ ਚੜ੍ਹੇ ਕੋਈ ਨਾ ਘਾਟ, ਜਗਤ ਦਵਾਰਾ ਪੰਧ ਨਾ ਕੋਇ ਮੁਕਾਈਆ । ਆਤਮ ਪਰਮਾਤਮ ਬਣਾਏ ਨਾ ਕੋਇ ਸਾਥ, ਸਗਲਾ ਸੰਗ ਨਾ ਕੋਇ ਜੁੜਾਈਆ । ਸੋਹੰ ਢੋਲਾ ਗਾਏ ਕੋਈ ਨਾ ਗਾਥ, ਅੱਖਰਾਂ ਵਾਲੀ ਜਗਤ ਪੜ੍ਹਾਈਆ । ਪੁਰਖ ਅਕਾਲ ਮੰਨੇ ਨਾ ਕੋਈ ਪਿਤਾ ਮਾਤ, ਪਤਿਪਰਮੇਸ਼ਵਰ ਕੰਤ ਕੰਤੂਹਲ ਨਾ ਕੋਇ ਵਡਿਆਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਆਪਣਾ ਭੇਵ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤਾਂ ਬਿਨਾ ਚਲੇ ਕੋਇ ਨਾ ਰਾਹ, ਰਹਿਬਰ ਮਿਲੇ ਨਾ ਕੋਇ ਵਡਿਆਈਆ । ਧੁਰ ਦੀ ਸਿਫ਼ਤ ਸਕੇ ਕੋਈ ਨਾ ਗਾ, ਨਾਮ ਨਿਧਾਨ ਨਾ ਕੋਇ ਸ਼ਨਵਾਈਆ । ਪੁਰਖ ਅਕਾਲ ਨਿਰਗੁਣ ਧਾਰ ਨਾ ਜਾਵੇ ਆ, ਲੋਕਮਾਤ ਨਾ ਕੋਇ ਰੁਸ਼ਨਾਈਆ । ਸ਼ਬਦੀ ਗੁਰ ਨਾ ਬਣੇ ਮਲਾਹ, ਬੇੜਾ ਸ਼ੌਹ ਨਾ ਪਾਰ ਕਰਾਈਆ । ਕੋਟ ਜਨਮ ਦੇ ਬਖ਼ਸ਼ੇ ਨਾ ਕੋਇ ਗੁਨਾਹ, ਪਤਤ ਪੁਨੀਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ ।

★ ੧੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਿਹ ਰੂਪੋ ਵਾਲ ਜ਼ਿਲਾ ਹੁਸ਼ਿਆਰ ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਬਿਨ ਭਗਤਾਂ ਚਲੇ ਨਾ ਕੋਇ ਚਾਲ, ਦੀਨ ਦੁਨੀ ਨਾ ਕੋਇ ਸਮਝਾਈਆ । ਪੁਰਖ ਅਕਾਲ ਬਿਨਾ ਮੁਰੀਦਾਂ ਪੁਛੇ ਕਿਸੇ ਨਾ ਹਾਲ, ਦਰ ਦਰਵੇਸ਼ ਨਾ ਰੂਪ ਵਟਾਈਆ । ਝਗੜਾ ਮੁਕੇ ਨਾ ਸ਼ਾਹ ਕੰਗਾਲ, ਇਕੋ ਰੰਗ ਨਾ ਕੋਇ ਸਮਾਈਆ । ਸਾਚੇ ਮੰਦਰ ਕਰੇ ਕੋਈ ਨਾ ਭਾਲ, ਤਨ ਮਾਟੀ ਖੋਜਣ ਕੋਇ ਨਾ ਪਾਈਆ । ਤਨ ਵਜੂਦ ਵੇਖੇ ਨਾ ਕੋਇ ਧਰਮਸਾਲ, ਨਵ ਨੌ ਪੰਧ ਨਾ ਕੋਇ ਮੁਕਾਈਆ । ਘਰ ਸਵਾਮੀ ਮਿਲੇ ਨਾ ਕਿਸੇ ਆਣ, ਮਹੱਲ ਅਟਲ ਨਾ ਕੋਇ ਰੁਸ਼ਨਾਈਆ । ਨਾਤਾ ਤੋੜੇ ਨਾ ਕੂੜ ਜਹਾਨ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਬਿਨ ਭਗਤਾਂ ਕੰਮ ਨਾ ਆਏ ਸ੍ਰੀ ਭਗਵਾਨ, ਸਾਚੇ ਘਰ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਤ ਸੁਹੇਲੇ ਇਕ ਇਕੱਲਾ ਆਪਣੇ ਘਰ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਚੀ ਕਰੇ ਕੋਈ ਨਾ ਭਗਤੀ, ਬਿਨਾ ਭਗਤਾਂ ਭਗਵਨ ਮਿਲਣ ਕੋਇ ਨਾ ਆਈਆ । ਜਗਤ ਖੇਲ ਵੇਖੀ ਜੁਗ ਜੁਗ ਦੀ, ਜੀਵਣ ਦਾਤਾ ਪੜਦਾ ਨਾ ਕੋਇ ਉਠਾਈਆ । ਤਾਮਸ ਵੇਖੀ ਕਾਮ ਕਰੋਧ ਲੋਭ ਮੋਹ ਹੰਕਾਰ ਅਗਨੀ ਅੱਗ ਦੀ, ਅਗਲਾ ਭੇਵ ਨਾ ਕੋਇ ਚੁਕਾਈਆ । ਧੁਨ ਸੁਣੇ ਨਾ ਕੋਇ ਅਗੰਮੀ ਨਦ ਦੀ, ਅਨਰਾਗੀ ਰਾਗ ਨਾ ਕੋਇ ਅਲਾਈਆ । ਹਦੂਦ ਮੁਕੇ ਨਾ ਜਗਤ ਵਾਸਨਾ ਜਗ ਦੀ, ਜਾਗਰਤ ਜੋਤ ਕਰੇ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜੋ ਆਤਮਾ ਪਰਮਾਤਮਾ ਨਾਲ ਲੱਗਦੀ, ਲਗ ਮਾਤਰ ਦਾ ਲੇਖਾ ਜਾਏ ਚੁਕਾਈਆ । ਸਦ ਓਸੇ ਧਾਰ ਵਸਦੀ, ਜਿਸ ਵਿਚੋਂ ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਵੇਖਣ ਖੇਲ ਸਦਾ ਪਰਤੱਖ ਦੀ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਹੋਏ ਸਹਾਈਆ । ਕਲਜੁਗ ਅੰਤ ਘੜੀ ਜਿਸ ਦੀ ਜਸ ਦੀ, ਵੇਦ ਪੁਰਾਨਾਂ ਤੋਂ ਬਾਹਰ ਸਿਫ਼ਤ ਸਾਲਾਹੀਆ । ਨਾਮ ਖ਼ੁਮਾਰੀ ਦੇਵੇ ਆਪਣੇ ਨਾਮ ਮਦਿ ਦੀ, ਮਧੁਰ ਧੁਨ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਮੰਦਰ ਦਏ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਬਿਨ ਭਗਤਾਂ ਰੱਖੇ ਕੋਈ ਨਾ ਆਸ, ਮੇਲਾ ਮਿਲੇ ਨਾ ਬੇਪਰਵਾਹੀਆ । ਰਾਹ ਤੱਕੇ ਨਾ ਕੋਇ ਪੁਰਖ ਅਬਿਨਾਸ਼, ਨਿਜ ਨੇਤਰ ਨੈਣ ਅੱਖ ਨਾ ਕੋਇ ਉਠਾਈਆ । ਸਾਚਾ ਬਣੇ ਕੋਈ ਨਾ ਸਾਥ, ਸਗਲਾ ਸੰਗ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਗਾਵੇ ਕੋਈ ਨਾ ਗਾਥ, ਚਾਰ

ਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਏ ਗਵਾਹੀਆ । ਨਿਰਗੁਣ ਸਰਗੁਣ ਧਾਰ ਬਦਲੇ ਨਾ ਕੋਇ ਸਮਾਜ, ਸਮਗਰੀ ਸਚ ਨਾ ਕੋਇ ਵਰਤਾਈਆ । ਅੰਦਰ ਵੜ ਕੇ ਖੋਲ੍ਹੇ ਕੋਇ ਨਾ ਰਾਜ਼, ਮਮਤਾ ਮੋਹ ਨਾ ਕੋਇ ਮਿਟਾਈਆ । ਅਗੰਮੀ ਸੁਣਾਏ ਕੋਈ ਨਾ ਨਾਦ, ਅਨਹਦ ਨਾਦੀ ਨਾਦ ਵਜਾਈਆ । ਸੋਈ ਸੁਰਤੀ ਕਿਸੇ ਨਾ ਜਾਵੇ ਜਾਗ, ਆਲਸ ਨਿੰਦਰਾ ਨਾ ਕੋਇ ਮਿਟਾਈਆ । ਬਿਨ ਭਗਤਾਂ ਲੋਕਮਾਤ ਮਿਟੇ ਨਾ ਕਿਸੇ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਗ੍ਰਿਹਿ ਵਸਾਈਆ । ਜਨ ਭਗਤ ਕਹਿਣ ਗੁਰ ਅਵਤਾਰ ਪੈਗ਼ੰਬਰ ਸੁਣੋ ਮੀਤ, ਧੁਰ ਦੀ ਧਾਰ ਦਈਏ ਜਣਾਈਆ । ਪ੍ਰਭ ਦੀ ਕਿਰਪਾ ਨਾਲ ਬਦਲੀਏ ਰੀਤ, ਹੁਕਮੇ ਅੰਦਰ ਸੇਵ ਕਮਾਈਆ । ਇਕ ਦੀ ਪ੍ਰੀਤੀ ਅੰਦਰ ਭੁੱਲ ਗਿਆ ਮੰਦਰ ਮਸੀਤ, ਮੰਦਰ ਮਸਜਿਦ ਮੱਠ ਆਸ ਰਹੀ ਨਾ ਰਾਈਆ । ਸੁਣ ਕੇ ਅਗੰਮਾ ਗੀਤ, ਗੋਬਿੰਦ ਵਿਚ ਸਮਾਈਆ । ਝਗੜਾ ਮੁਕ ਗਿਆ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਮਜ਼੍ਹਬਾਂ ਵਾਲੀ ਦੂਰ ਕੀਤੀ ਲੀਕ, ਲਕੀਰ ਫ਼ਕੀਰ ਨਾ ਕੋਇ ਅਖਵਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸੀਂ ਸਾਡੀ ਕਰੋ ਤਸਦੀਕ, ਸ਼ਹਾਦਤ ਆਪਣੀ ਦਿਓ ਭੁਗਤਾਈਆ । ਪੁਰਖ ਅਕਾਲ ਨੂੰ ਜਾ ਕੇ ਦੱਸੋ ਠੀਕ, ਠਾਕਰ ਤੇਰੇ ਭਗਤ ਤੇਰੇ ਵਿਚ ਸਮਾਈਆ । ਜਿਨ੍ਹਾਂ ਦਾ ਇਕੋ ਕਲਮਾ ਨਾਮ ਹਦੀਸ, ਇਕੋ ਨਗ਼ਮਾ ਨਾਮ ਸੁਣਾਈਆ । ਸਦ ਬੈਠੇ ਰਹਿਣ ਅਤੀਤ, ਤ੍ਰੈਗੁਣ ਭੈ ਨਾ ਕੋਇ ਜਣਾਈਆ । ਪੰਜ ਤਤ ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਸਦਾ ਇਕੋ ਰੱਖ ਕੇ ਚੀਤ, ਚੇਤਨ ਸੁਰਤੀ ਆਪ ਕਰਾਈਆ । ਅਸੀਂ ਵੇਖ ਕੇ ਓਨ੍ਹਾਂ ਦੀ ਨੀਤ, ਖ਼ੁਸ਼ੀਆਂ ਅੰਦਰ ਆਪਣੀ ਖ਼ੁਸ਼ੀ ਬਣਾਈਆ । ਪੁਰਖ ਅਕਾਲ ਦੀਨ ਦਿਆਲ ਸਾਡੀ ਪੂਰੀ ਕਰ ਵਸੀਅਤ, ਪੂਰਬ ਲਹਿਣਾ ਲੇਖਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡਾ ਧੁਰ ਦਾ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਬਿਨ ਜਨ ਭਗਤਾਂ ਕੋਇ ਨਾ ਖੋਲ੍ਹੇ ਭੇਵ, ਰਾਜ਼ ਗੁਫ਼ਤ ਸ਼ਨੀਦ ਨਾ ਕੋਇ ਸ਼ਨਵਾਈਆ । ਬਿਨਾ ਭਗਤਾਂ ਤੋਂ ਪੁਰਖ ਅਕਾਲ ਨਾਮ ਦੇਵੇ ਕਿਸੇ ਨਾ ਮੁਫ਼ਤ, ਭਜਨ ਬੰਦਗੀਆਂ ਵਿਚ ਲਾਈ ਲੋਕਾਈਆ । ਸੰਤ ਸੁਹੇਲਾ ਰਹਿਣ ਨਾ ਦੇਵੇ ਕੋਈ ਸੁਸਤ, ਸੁੱਤਿਆਂ ਲਏ ਜਗਾਈਆ । ਨਾਮ ਨਿਧਾਨਾ ਦੇ ਦਰੁਸਤ, ਦੂਰ ਦੁਰਾਡੇ ਮੇਲ ਮਿਲਾਈਆ । ਕੂੜ ਵਿਕਾਰ ਰਹਿਣ ਨਾ ਦੇਵੇ ਕੁਸ਼ਟ, ਕੰਚਨ ਕਾਇਆ ਗੜ੍ਹ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਵਸਤ ਅਮੋਲ ਅਮੁੱਲ ਅਤੁਲ ਆਪਣੀ ਆਪ ਵਰਤਾਈਆ ।



### ★ ੧੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਿਸ਼ਨ ਸਿੰਘ, ਸੇਵਾ ਸਿੰਘ ਦੇ ਗ੍ਰਿਹਿ ਗੁੜਗਾਓਂ ★

ਜਨ ਭਗਤ ਕਹਿਣ ਪ੍ਰਭ ਕਿਰਪਾ ਕੀਤੀ ਆਪ, ਪਾਰਬ੍ਰਹਮ ਪਤਿਪਰਮੇਸ਼ਵਰ ਦਇਆ ਕਮਾਈਆ । ਸਵੱਛ ਸਰੂਪੀ ਦਰਸ਼ਨ ਦਿਤਾ ਸਾਖਿਆਤ, ਨਿਰਵੈਰ ਨਿਰਾਕਾਰ ਨਿਰੰਕਾਰ ਨਿਰਗੁਣ ਜੋਤ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸਿਆ ਪਾਠ, ਸੋਹੰ ਢੋਲਾ ਸ਼ਬਦ ਵਿਚੋਲਾ

ਇਕ ਉਪਜਾਈਆ । ਪਾਰਬ੍ਰਹਮ ਬ੍ਰਹਮ ਜੋੜ ਕੇ ਧੁਰ ਦਾ ਨਾਤ, ਦੁਈ ਦਵੈਤੀ ਸ਼ਰਅ ਸ਼ਰਾਇਤੀ ਲੇਖਾ ਰਿਹਾ ਚੁਕਾਈਆ । ਹੋਏ ਸਹਾਈ ਅਨਾਥਾਂ ਨਾਥ, ਦੀਨਾਂ ਨਾਥਾਂ ਦੀਨ ਦਿਆਲ ਆਪਣੇ ਰੰਗ ਰੰਗਾਈਆ । ਸਾਚੀ ਮੰਜ਼ਲ ਚੜ੍ਹਾ ਕੇ ਧੁਰ ਦੇ ਘਾਟ, ਪਤਣ ਦਵਾਰਾ ਇਕੋ ਇਕ ਵਖਾਈਆ । ਕਲਜੁਗ ਕੂੜੀ ਕਿਰਿਆ ਮੇਟ ਰੈਣ ਅੰਧੇਰੀ ਰਾਤ, ਨਿਰਗੁਣ ਸਾਚਾ ਚੰਦ ਨੂਰ ਕਰੇ ਰੁਸ਼ਨਾਈਆ । ਗੁਰਮੁਖ ਸਾਚੇ ਸੰਤ ਜਨਾਂ ਲੇਖੇ ਲਾਵੇ ਪਵਣ ਸਵਾਸ, ਦਮਾਂ ਦਮ ਦਾਮਨ ਆਪਣਾ ਲਏ ਫੜਾਈਆ । ਸਾਢੇ ਤਿੰਨ ਹੱਥ ਕਾਇਆ ਮਾਟੀ ਅੰਦਰ ਪਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਰੂਪ ਦਰਸਾਈਆ । ਮੁਹੱਬਤ ਵਿਚ ਮਹਿਬੂਬ ਮਿਹਰਵਾਨ ਪੂਰੀ ਕਰੇ ਆਸ, ਜਗਤ ਨਿਰਾਸਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਜਨ ਭਗਤ ਕਹਿਣ ਪ੍ਰਭ ਪੂਰੀ ਕੀਤੀ ਆਸ, ਆਸਾ ਪੁੰਨੀ ਨਜ਼ਰੀ ਆਈਆ । ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਕਰਨਾ ਨਾ ਪਿਆ ਤਲਾਸ਼, ਚਾਰ ਕੁੰਟ ਦਹਿ ਦਿਸ਼ਾ ਉਠ ਨਾ ਕੋਇ ਧਾਈਆ । ਪੁਰਖ ਅਕਾਲਾ ਦੀਨ ਦਿਆਲਾ ਘਟ ਭੀਤਰ ਕਾਇਆ ਮੰਦਰ ਅੰਦਰ ਗ੍ਰਿਹ ਵਸਿਆ ਪਾਸ, ਪਰਮ ਪੁਰਖ ਪਰਮਾਤਮ ਆਤਮ ਆਪਣਾ ਸੰਗ ਬਣਾਈਆ । ਧਰਮ ਦਵਾਰ ਏਕੰਕਾਰ ਇਕ ਇਕੱਲਾ ਦੇ ਸੱਚਾ ਵਿਸ਼ਵਾਸ਼, ਵਿਸ਼ਨ ਬ੍ਰਹਮਾ ਸ਼ਿਵ ਲੇਖਾ ਰਿਹਾ ਮੁਕਾਈਆ । ਭੇਵ ਅਭੇਦਾ ਅਛਲ ਅਛੇਦਾ ਖੋਲ੍ਹੇ ਬਿਨਾ ਕਲਮ ਦਵਾਤ, ਲੇਖ ਅਲੇਖਾ ਧੁਰ ਦਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਸਚ ਦਵਾਰੇ ਆਪ ਮਿਲਾਈਆ । ਜਨ ਭਗਤ ਕਹਿਣ ਪ੍ਰਭ ਮਿਹਰ ਕਰੇ ਮਿਹਰਵਾਨ, ਨਜ਼ਰੀਆ ਅੰਦਰੋਂ ਦਏ ਬਦਲਾਈਆ । ਬਿਨਾ ਭੂਮਿਕਾ ਤੋਂ ਦੇਵੇ ਆਪਣਾ ਧੂੜੀ ਦਾਨ, ਬਿਨ ਮਸਤਕ ਲੇਖਾ ਲਿਖੇ ਕਲਮ ਸ਼ਾਹੀਆ । ਸਤਿ ਦਵਾਰ ਏਕੰਕਾਰ ਵਖਾਏ ਹਕ ਨਿਸ਼ਾਨ, ਹਕੀਕਤ ਲਾਸ਼ਰੀਕ ਆਪਣੀ ਆਪ ਸਮਝਾਈਆ । ਧੁਰ ਸੰਦੇਸੇ ਅੰਦਰ ਦੇਵਣਹਾਰ ਫ਼ਰਮਾਨ, ਫੁਰਨਿਆਂ ਤੋਂ ਪਰੇ ਪਰਾ ਪਸੰਤੀ ਮਧਮ ਬੈਖਰੀ ਆਪਣੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਲ ਆਪਣੇ ਹੱਥ ਰਖਾਈਆ । ਜਨ ਭਗਤ ਕਹਿਣ ਪ੍ਰਭ ਦੇਵਣਹਾਰਾ ਦੇਵਣ ਯੋਗ, ਜੁਗ ਚੌਕੜੀ ਜਿਸ ਦੇ ਹੁਕਮੇ ਅੰਦਰ ਸੇਵ ਕਮਾਈਆ । ਜਨ ਭਗਤ ਸੁਹੇਲੇ ਕਰ ਕੇ ਧੁਰ ਸੰਯੋਗ, ਜਨਮ ਕਰਮ ਦੇ ਵਿਛੜੇ ਜੋੜ ਜੁੜਾਈਆ । ਸਚ ਜੈਕਾਰਾ ਦੱਸ ਅਗੰਮਾ ਸਲੋਕ, ਸੁਲਹਕੁਲ ਕੁਲ ਮਾਲਕ ਆਪਣਾ ਰੰਗ ਰੰਗਾਈਆ । ਭਾਗ ਲਗਾ ਕੇ ਕਾਇਆ ਮਾਟੀ ਚੰਮ ਦ੍ਰਿਸ਼ਟੀ ਅੰਦਰ ਪੋਸ਼, ਸੋਚ ਤੋਂ ਪਰੇ ਆਪਣੀ ਸਮਝ ਦਏ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਧੁਰ ਦੀ ਮੌਜ, ਮਜਲਸ ਭਗਤਾਂ ਵਿਚ ਰਖਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਢੇ ਤਿੰਨ ਹੱਥ ਮੁਨਾਰੇ ਕੋਟ, ਧੁਰ ਦਰਬਾਰਾ ਇਕੋ ਇਕ ਸਮਝਾਈਆ । ਕਰ ਪਰਕਾਸ਼ ਨੂਰ ਨੁਰਾਨੀ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਵੇਖੇ ਥਾਉਂ ਥਾਈਂਆ । ਜਨ ਭਗਤ ਸੁਹੇਲੇ ਕਹਿਣ ਅਬਿਨਾਸ਼ੀ ਕਰਤਾ ਕਰੇ ਗੁਰਮੁਖ ਸਾਚੇ ਸੰਤ ਜਨਾਂ ਦੀ ਖੋਜ, ਖੋਜੀ ਹੋ ਕੇ ਚੋਜੀ ਹੋ ਕੇ ਚੋਲਾ ਆਪਣਾ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਭਗਵਾਨ, ਨਾਮ ਨਿਧਾਨ ਦੇਵੇ ਅਗਾਧ ਬੋਧ, ਬੋਧ ਬੁੱਧੀ ਆਪਣੇ ਰੰਗ ਰੰਗਾਈਆ ।

★ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਿਹਿ ਔਜਲਾ ਜ਼ਿਲਾ ਕਪੂਰਥਲਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤ ਸੁਹੇਲੇ ਥੋੜ੍ਹੇ ਵਿਚੋਂ ਖਰਬ ਅਰਬ, ਚਾਰ ਕੁੰਟ ਨਜ਼ਰੀ ਆਈਆ । ਜਿਨ੍ਹਾਂ ਦਾ ਪੁਰਖ ਅਕਾਲ ਏਕੰਕਾਰ ਵੰਡੇ ਦਰਦ, ਦੀਨਾਂ ਨਾਥ ਦਰਦ ਦੁੱਖ ਭੈ ਭੰਜਨ ਆਪਣੀ ਦਇਆ ਕਮਾਈਆ । ਮਾਇਆ ਮਮਤਾ ਮੋਹ ਛੁਡਾ ਕੇ ਲਾਲਚ ਦਰਬ, ਦਗ਼ਾ ਦੀਨ ਦੁਨੀ ਦਾ ਲੇਖਾ ਰਿਹਾ ਮੁਕਾਈਆ । ਮਨ ਹੰਕਾਰ ਤੋੜ ਕੇ ਗਰਬ, ਗਰਭਵਾਸ ਦਾ ਝਗੜਾ ਰਿਹਾ ਚੁਕਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮੁਦਤਾਂ ਦੇ ਵਿਛੜੇ ਜੋੜ ਜੁੜਾਈਆ । ਪੂਰਬ ਜਨਮ ਦੀ ਆਸਾ ਮਨਸਾ ਬੇਨੰਤੀ ਮੰਨ ਕੇ ਅਰਜ਼, ਆਜਜ਼ ਅਜ਼ੀਜ਼ ਆਪਣੀ ਗੋਦ ਉਠਾਈਆ । ਜਿਨ੍ਹਾਂ ਛੁਰੀ ਹਲਾਲ ਕਰੇ ਕੋਈ ਨਾ ਕਰਦ, ਲੱਖ ਚੁਰਾਸੀ ਕਤਲਗਾਹ ਵਿਚੋਂ ਬਾਹਰ ਕਢਾਈਆ । ਏਕਾ ਨਾਮ ਸੰਦੇਸਾ ਦੇਵੇ ਗਰਜ, ਗ਼ਰੂਰ ਦੀਨ ਦੁਨੀ ਦਏ ਮੁਕਾਈਆ । ਮਾਨਸ ਜਨਮ ਮਿਹਰ ਵਿਚ ਹੋਣ ਨਾ ਦੇਵੇ ਹਰਜ, ਹਿਰਦੇ ਅੰਦਰ ਵਸ ਕੇ ਆਪਣਾ ਰੰਗ ਰੰਗਾਈਆ । ਕਰ ਖੇਲ ਜਗਤ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਜੁਗ ਚੌਕੜੀ ਪਿਛਲੀ ਕੱਢ ਕੇ ਫ਼ਰਦ, ਲੇਖੇ ਸਭ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ ।

★ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਤਨ ਸਿੰਘ ਹਰਨਾਮ ਸਿੰਘ ਦੇ ਗ੍ਰਿਹਿ ਨੂਰ ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤਾਂ ਅੰਦਰ ਵੇਖੀ ਨਿਰਮਲ ਬੁਧ, ਬੁੱਧ ਦੀ ਆਸਾ ਪੂਰ ਕਰਾਈਆ । ਲੇਖੇ ਲਾ ਕੇ ਕ੍ਰਿਸ਼ਨ ਵਾਲਾ ਯੁੱਧ, ਝਗੜਾ ਦੀਨ ਦੁਨੀ ਚੁਕਾਈਆ । ਰਾਮ ਦੀ ਰਮਜ਼ ਜਾਣੇ ਕੁਛ, ਜੋ ਬਨਵਾਸੀ ਹੋ ਕੇ ਅੰਤਰ ਅੰਤਰ ਸੁਣਾਈਆ । ਬਲ ਦੀ ਧਾਰਾ ਰਹੀ ਕੁੱਦ, ਬਾਵਨ ਨਾਲ ਲਏ ਅੰਗੜਾਈਆ । ਦੁਰਗਾ ਦੱਸ ਰਹੀ ਕੁਝ, ਇਸ਼ਾਰਾ ਪਿਛਲਾ ਯਾਦ ਕਰਾਈਆ । ਮੂਸਾ ਚਰਨਾਂ ਵਿਚੋਂ ਉਠ, ਨੇਤਰ ਨੀਰ ਵਹਾਈਆ । ਈਸਾ ਕਹੇ ਲੇਖਾ ਦੇ ਕੁਛ, ਕਸ਼ਮਕਸ਼ ਦਿੱਸੇ ਜਗਤ ਲੋਕਾਈਆ । ਮੁਹੰਮਦ ਕਹੇ ਮੇਰੀ ਪੂਰੀ ਕਰ ਤੁਕ, ਸਦੀ ਚੌਧਵੀਂ ਵੰਡ ਵੰਡਾਈਆ । ਨਾਨਕ ਨਿਰਗੁਣ ਕਹੇ ਕਲਜੁਗ ਧਾਰ ਵੇਖ ਲੁੱਟ, ਤੇਰਾ ਨਾਮ ਲੁੱਟੇ ਕੂੜ ਲੋਕਾਈਆ । ਗੋਬਿੰਦ ਕਹੇ ਮੇਰੀ ਆਸਾ ਮਨਸਾ ਕਰ ਖ਼ੁਸ਼, ਨਿਰਗੁਣ ਹੋ ਕੇ ਵੇਖ ਵਖਾਈਆ । ਲੇਖ ਚੁਕਾ ਜਨ ਭਗਤ ਲਾਡਲੇ ਸੁਤ, ਗੁਰਮੁਖ ਆਪਣੇ ਰੰਗ ਰੰਗਾਈਆ । ਸਭ ਦਾ ਅੰਤ ਅਖ਼ੀਰ ਪੈਂਡਾ ਰਿਹਾ ਮੁੱਕ, ਅੱਗੇ ਹੁਕਮ ਨਾ ਕੋਇ ਵਡਿਆਈਆ । ਸ੍ਰਿਸ਼ਟ ਸਬਾਈ ਮੇਟ ਦੁੱਖ, ਦੁਖੀਆਂ ਦਰਦ ਵੰਡਾਈਆ । ਜਨ ਭਗਤਾਂ ਉਜਲ ਕਰ ਮੁਖ, ਮੁਖੀਏ ਆਪਣੇ ਘਰ ਵਸਾਈਆ । ਪੜਦਾ ਰਹੇ ਨਾ ਓਹਲਾ ਲੁਕ, ਲੋਕ ਪਰਲੋਕ ਡੰਕਾ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਠਾਂਡੇ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਵੱਖਰਾ ਵੇਖ ਗਿਆਨ, ਅਗਿਆਨਤਾ ਦਿਤੀ ਮਿਟਾਈਆ । ਧਰਮ ਦਾ ਵੇਖ ਨਿਸ਼ਾਨ, ਨਿਸ਼ਾਨੇ ਗਏ ਭੁਲਾਈਆ । ਜੋਤੀ ਨੂਰ ਮਹਾਨ, ਰਵ ਸਸ ਸ਼ਰਮਾਈਆ । ਕਾਗਦ ਕਲਮ ਨਾ ਦੇਵੇ ਕੋਇ ਬਿਆਨ, ਆਗਮਨ ਤੇਰਾ ਸਮਝ ਕੋਇ ਨਾ ਪਾਈਆ । ਤੂੰ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਦੋਹਰੀ ਖੇਲ ਪਰਗਟਾਈਆ । ਤੇਰਾ

ਵੱਖਰਾ ਅੱਖਰਾਂ ਤੋਂ ਕਲਾਮ, ਕਾਇਨਾਤ ਕਲਮਾ ਸਮਝ ਕੋਇ ਨਾ ਪਾਈਆਂ । ਕੋਟਾਂ ਵਿਚੋਂ ਸੰਤ ਸੁਹੇਲੇ ਤੇਰੇ ਗ਼ੁਲਾਮ, ਸੇਵਕ ਹੋ ਕੇ ਸੇਵ ਕਮਾਈਆ । ਅਸੀਂ ਸਾਰੇ ਹੋਏ ਬਦਨਾਮ, ਬੈਠੇ ਮੁਖ ਭਵਾਈਆ । ਕੂੜੀ ਕਿਰਿਆ ਕਰਨੀ ਦੇ ਕਰਤੇ ਕਰ ਕਤਲੇਆਮ, ਕਾਤਲ ਮਕਤੂਲ ਆਪਣਾ ਰੂਪ ਧਰਾਈਆ । ਮਨ ਵਾਸਨਾ ਸ੍ਰਿਸ਼ਟ ਸਬਾਈ ਕਰਦੇ ਨੀਲਾਮ, ਖ਼ਰੀਦਦਾਰ ਗੁਰ ਅਵਤਾਰ ਪੈਗ਼ੰਬਰ ਤੇਰੇ ਦਰ ਤੇ ਬੈਠੇ ਸੋਭਾ ਪਾਈਆ । ਬਦਲ ਦੇ ਨਜ਼ਾਮ, ਨੌਬਤ ਆਪਣਾ ਨਾਮ ਸੁਣਾਈਆ । ਤੇਰੇ ਹੱਥ ਦੋ ਜਹਾਨਾਂ ਇੰਤਜ਼ਾਮ, ਹੁਕਮ ਧੁਰ ਦਾ ਇਕ ਮਨਾਈਆ । ਤੇਰਾ ਸੰਦੇਸਾ ਨਵ ਸੱਤ ਹੋਏ ਪਰਵਾਨ, ਪਰਵਾਨਾ ਆਪਣਾ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ ।

★ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਭਗਵਾਨ ਸਿੰਘ ਉੜਮੁੜ ਟਾਂਡਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਭਗਤਾਂ ਵੇਖੀ ਅੰਦਰ ਪ੍ਰੀਤ, ਬਾਹਰੋਂ ਸਮਝ ਕਿਸੇ ਨਾ ਆਈਆ । ਤੇਰੀ ਧਾਰ ਸਦਾ ਅਤੀਤ, ਤ੍ਰੈਗੁਣ ਵੰਡ ਨਾ ਕੋਇ ਵੰਡਾਈਆ । ਤੂੰ ਮਾਲਕ ਸ੍ਰਿਸ਼ਟ ਸਬਾਈ ਜਗ ਜੀਤ, ਜਗਜੀਵਣ ਦਾਤਾ ਕਹਿ ਕੇ ਤੇਰਾ ਸ਼ੁਕਰ ਮਨਾਈਆ । ਤੂੰ ਹੁਕਮਰਾਨ ਜਗਦੀਸ਼, ਜਗਦੀਸ਼ਰ ਦੋ ਜਹਾਨ ਅਖਵਾਈਆ । ਲੱਖ ਚੁਰਾਸੀ ਪਰਖੇਂ ਨੀਤ, ਨੀਤੀਵਾਨ ਨੂਰ ਖ਼ੁਦਾਈਆ । ਕਲਜੁਗ ਅੰਤ ਸਤਿਜੁਗ ਧਾਰਾ ਬਦਲ ਬੀਚ, ਵਿਚਲਾ ਪੜਦਾ ਦੇ ਉਠਾਈਆ । ਜੋ ਗੰਢ ਰੱਖੀ ਪੀਚ, ਵਿਸ਼ਨ ਬ੍ਰਹਮਾ ਸ਼ਿਵ ਤੇਰੇ ਹੱਥ ਫੜਾਈਆ । ਜਿਸ ਦੀ ਚਾਰ ਜੁਗ ਕਰਦੇ ਰਹੇ ਉਡੀਕ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੱਖ ਖੁਲ੍ਹਾਈਆ । ਸੋ ਵੇਲਾ ਵਕਤ ਵੇਖ ਤਾਰੀਖ਼, ਤਵਾਰੀਖ਼ ਜਿਸ ਨੂੰ ਸਕੇ ਨਾ ਕੋਇ ਸਮਝਾਈਆ । ਸਾਰੇ ਦਰ ਤੇ ਮੰਗਦੇ ਭੀਖ, ਭਿੱਖਕ ਹੋ ਕੇ ਝੋਲੀ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਭਗਤ ਵੇਖੇ ਅੰਦਰ ਦੇ ਖੋਜੀ, ਖੋਜਤ ਖੋਜਤ ਧਿਆਨ ਲਗਾਈਆ । ਤੂੰ ਮਾਲਕ ਤੱਕਿਆ ਚੋਜੀ, ਕਾਇਆ ਚੋਲਾ ਰਿਹਾ ਸੁਹਾਈਆ । ਤੇਰਾ ਝਗੜਾ ਨਹੀਂ ਜੰਞੂ ਬੋਦੀ, ਟਿੱਕਾ ਵੰਡ ਨਾ ਕੋਇ ਵੰਡਾਈਆ । ਚਾਰ ਵਰਨ ਅਠਾਰਾਂ ਬਰਨ ਰੱਖੀਂ ਗੋਦੀ, ਗੋਬਿੰਦ ਹੋ ਕੇ ਆਪਣੀ ਗੋਦ ਉਠਾਈਆ । ਬਿਨ ਗੁਰਮੁਖਾਂ ਕਿਸੇ ਨਾ ਦਿਤੀ ਸੋਝੀ, ਸੋਚ ਸਮਝ ਵਿਚ ਰੱਖੀ ਸਰਬ ਲੋਕਾਈਆ । ਤੇਰੀ ਯਾਦ ਕਰਦੇ ਗਏ ਵੇਦੀ ਸੋਢੀ, ਨਾਅਰਾ ਜੈਕਾਰਾ ਤੇਰਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭੈ ਭੌ ਦਿੱਸੇ ਲੋਕ ਪਰਲੋਕੀ, ਸਲੋਕ ਇਕੋ ਦੇਣਾ ਸੁਣਾਈਆ ।

★ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਰੇਸ਼ਮ ਸਿੰਘ ਦੇ ਗ੍ਰਿਹ ਖਹਿਰਾ ਮਜਾ ਜ਼ਿਲਾ ਜਲੰਧਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਆਸਾ ਮਨਸਾ ਪੂਰੀ ਕਰ ਦੇ ਮੰਗ, ਮਾਂਗਤ ਭਿਖਾਰੀ ਦਰਵੇਸ਼ ਧੁਰ ਦੇ ਧਿਆਨ ਲਗਾਈਆ । ਨੌ

ਸੌ ਚੁਰਾਨਵੇ ਚੌਕੜੀ ਜੁਗ ਬੀਤ ਗਏ ਲੰਘ, ਬਣ ਬਣ ਨਿਤ ਨਵਿਤ ਪਾਂਧੀ ਰਾਹੀਆ । ਸਿਫ਼ਤੀ ਨਾਮ ਢੋਲੇ ਗਾ ਗਾ ਲੋਕਮਾਤ ਅਗੰਮੀ ਛੰਦ, ਅੱਖਰ ਕਾਗ਼ਜ਼ ਸ਼ਾਹੀ ਨਾਲ ਜੋੜ ਜੁੜਾਈਆ । ਅਗੰਮ ਅਥਾਹ ਬੇਪਰਵਾਹ ਤੇਰਾ ਮਾਣ ਕੇ ਗਏ ਅਨੰਦ, ਨਿਜਾਨੰਦ ਵਿਚੋਂ ਪਰਮਾਨੰਦ ਦਿਤਾ ਵਖਾਈਆ । ਭੇਵ ਖੋਲ੍ਹਿਆ ਬ੍ਰਹਮ ਹੰ, ਹਮਸਾਜਣ ਹੋ ਕੇ ਆਪਣਾ ਘਰ ਵਖਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਹੋਏ ਤੰਗ, ਸਗਲਾ ਸੰਗ ਦੀਨ ਦੁਨੀ ਨਾ ਕੋਇ ਬਣਾਈਆ । ਸਾਡਾ ਅੰਤ ਅਖ਼ੀਰ ਬੇਨਜ਼ੀਰ ਨਾ ਹੋਵੇ ਭੰਗ, ਬ੍ਰਹਿਮੰਡ ਖੰਡ ਮਿਲ ਕੇ ਤੇਰਾ ਵਾਸਤਾ ਪਾਈਆ । ਨਿਰਗੁਣ ਜੋਤ ਅਗੰਮ ਪਰਕਾਸ਼ ਨੂਰੀ ਚਾੜ੍ਹ ਚੰਦ, ਸੁਕਲਾ ਕਿਸ਼ਨਾ ਪੱਖ ਵੰਡ ਨਾ ਕੋਇ ਵੰਡਾਈਆ । ਸ਼ਬਦ ਅਨਾਦ ਧੁਨ ਬ੍ਰਹਿਮਾਦ ਜਣਾ ਬਿਨਾ ਬੱਤੀ ਦੰਦ, ਰਸਨਾ ਤੋਂ ਬਾਹਰ ਆਪਣਾ ਰਸ ਦੇ ਵਖਾਈਆ । ਕਰਵਟ ਲੈ ਕਰਨੀ ਦੇ ਕਰਤੇ ਬਦਲ ਆਪਣੀ ਕੰਡ, ਸਨਮੁਖ ਹੋ ਕੇ ਬਿਨਾ ਮਨੁਸ਼ ਮਨੁੱਖ ਆਪਣਾ ਦਰਸ ਵਖਾਈਆ । ਸਚ ਪ੍ਰੀਤ ਠਾਂਡੇ ਸੀਤ ਤੇਰੇ ਨਾਲ ਗਈ ਹੰਢ, ਬਖ਼ਸ਼ੰਦ ਹੋ ਕੇ ਬਖ਼ਸ਼ਿਸ਼ ਰਹਿਮਤ ਸਾਡੀ ਝੋਲੀ ਪਾਈਆ । ਯਾਦ ਆਈ ਵਿਸ਼ਨ ਬ੍ਰਹਮਾ ਧਾਰ ਪ੍ਰੇਮ ਵਾਲੀ ਗੰਢ, ਨਿਰਗੁਣ ਅੰਦਰ ਨਿਰਗੁਣ ਸੋਭਾ ਪਾਈਆ । ਨਿਰਵੈਰ ਹੋ ਕੇ ਸਚ ਮੁਹੱਬਤ ਵਿਚ ਮਹਿਬੂਬ ਪਿਆਰੇ ਰੰਗ, ਧੁਰ ਦੇ ਮਾਲਕ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਬੈਠੇ ਆਸ ਲਗਾਈਆ ।



★ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਮੰਡਿਆਣੀ ਜ਼ਿਲਾ ਲੁਧਿਆਣਾ ★



ਗੁਰ ਅਵਤਾਰ ਪੈਗ਼ੰਬਰ ਕਹਿਣ ਧੁਰ ਦੇ ਮਾਲਕ ਵੇਖ ਮੰਗੀਏ ਕੀ, ਕੀਮਤ ਪਿਛਲੀ ਨਾ ਕੋਇ ਚੁਕਾਈਆ । ਝਗੜਾ ਪਿਆ ਸਾਢੇ ਤਿੰਨ ਹੱਥ ਮਾਟੀ ਖ਼ਾਕੀ ਸੀਂ, ਸਾਵਲ ਸੁੰਦਰ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਧਾਰ ਨਿਝਰ ਰਸ ਬਰਖੇ ਨਾ ਕੋਇ ਅਗੰਮਾ ਮੀਂਹ, ਜਗਤ ਪਿਆਸ ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਨਿਰਮਲ ਕਰੇ ਨਾ ਕੋਇ ਜੀਆ ਜੀ, ਜੀਵਤ ਜੀਵਣ ਮਿਰਤੂ ਤੋਂ ਪਹਿਲੋਂ ਮਿਰਤਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ, ਸਾਡਾ ਹੋਇਆ ਮਾਂਗਤ ਵੇਲਾ, ਜੁਗ ਚੌਕੜੀ ਆਸਾ ਮਨਸਾ ਲਹਿਣਾ ਪੂਰ ਕਰਾਈਆ । ਜੋਤ ਸ਼ਬਦ ਧਾਰ ਗੁਰੂ ਗੁਰ ਚੇਲਾ, ਚੇਲਾ ਗੁਰ ਏਕਾ ਰੰਗ ਸਮਾਈਆ । ਸਮਰਥ ਸਵਾਮੀ ਅੰਤਰਜਾਮੀ ਨਜ਼ਰ ਆ ਧੁਰ ਸੁਹੇਲਾ, ਧਰਮ ਦਵਾਰ ਏਕੰਕਾਰ ਇਕੋ ਇਕ ਪਰਗਟਾਈਆ । ਜੁਗ ਚੌਕੜੀ ਸਦ ਵਸਿਆ ਰਿਹੋਂ ਨਵੇਲਾ, ਚੁਰਾਸੀ ਅੰਦਰ ਵੜ ਕੇ, ਮੰਦਰ ਚੜ੍ਹ ਕੇ ਆਪਣਾ ਨੂਰ ਜੋਤ ਛੁਪਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਧਾਰ ਕੁਦਰਤ ਦੇ ਯਾਰ ਆਏ ਫੜ ਕੇ, ਵਾਹਦ ਲਾਸ਼ਰੀਕ ਤੇਰਾ ਢੋਲਾ ਗਾਈਆ । ਤਤ ਵਜੂਦ ਮਾਟੀ ਖ਼ਾਕ ਛੱਡ ਕੇ ਜੀਵਤ ਹੋਏ ਮਰ ਕੇ, ਜੀਵਣ ਤੇਰੀ ਝੋਲੀ ਪਾਈਆ । ਧੁਰਦਰਗਾਹੀ ਬੇਪਰਵਾਹੀ ਖੋਲ੍ਹ ਭੇਵ ਆਪਣੇ ਘਰ ਦੇ, ਘਰਾਨਾ ਗ੍ਰਿਹ ਮੰਦਰ ਨਿਜ ਦਵਾਰ ਏਕੰਕਾਰ ਆਪਣਾ ਇਕ ਪਰਗਟਾਈਆ । ਜੋ ਕਲਜੁਗ ਅੰਤ ਅਖ਼ੀਰ ਬੇਨਜ਼ੀਰ ਭਗਤ ਸੁਹੇਲੇ ਤੇਰਾ ਸੋਹਲਾ ਪੜ੍ਹਦੇ, ਨਾਮ ਨਿਧਾਨ ਨੌਜਵਾਨ ਮਰਦ ਮਰਦਾਨ

ਤੇਰਾ ਰਾਗ ਅਲਾਈਆ । ਸੀਸ ਜਗਦੀਸ ਤੇਰੇ ਚਰਨ ਕਵਲਾਂ ਧਰਦੇ, ਧਰਨੀ ਧਰਤ ਧਵਲ ਉਪਰ ਤੇਰੀ ਆਸ ਰਖਾਈਆ । ਓਨ੍ਹਾਂ ਦੇ ਕਾਰਜ ਆਤਮ ਪਰਮਾਤਮ ਪਰਮਾਤਮ ਆਤਮ ਮਿਲ ਕੇ ਕਰ ਦੇ, ਕਦੀਮ ਦੇ ਮਾਲਕ ਕੁਦਰਤ ਦੇ ਖ਼ਾਲਕ ਖ਼ਲਕ ਦੇ ਸਾਲਸ ਜ਼ਾਮਨ ਹੋ ਕੇ ਵੇਖ ਵਖਾਈਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਰਵ ਸਸ ਸੂਰੀਆ ਚੰਦ ਤੈਥੋਂ ਡਰਦੇ, ਲੋਕ ਪਰਲੋਕ ਸਲੋਕ ਸਿਰ ਸਕੇ ਨਾ ਕੋਇ ਉਠਾਈਆ । ਸ੍ਰੀ ਭਗਵਾਨ ਜੀਵ ਜਹਾਨ ਨਾਮ ਨਿਧਾਨ ਨਵਾਂ ਘਾੜਤ ਘੜ ਦੇ, ਘੜ੍ਹਨ ਭੰਨਣਹਾਰ ਸਮਰਥ ਮਹਿੰਮਾ ਅਕਥ ਦੇ ਕੇ ਵਥ, ਵਾਸਤਾ ਆਪਣੇ ਨਾਲ ਰਖਾਈਆ । ਤੇਰੇ ਖੇਲ ਵੇਖੀਏ ਆਦਿ ਜੁਗਾਦੀ ਨਿਹਕਲੰਕ ਨਰਾਇਣ ਨਰ ਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਉਪਜਾਈਆ ।

★ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਾਜ ਕੌਰ ਦੇ ਗ੍ਰਹਿ ਜਲੌਂਦ ਜ਼ਿਲਾ ਲੁਧਿਆਣਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਜੁਗ ਚੌਕੜੀ ਤੇਰਾ ਜਪ ਜਪ ਥੱਕੇ ਜਾਪ, ਅੱਖਾਂ ਅੱਖਰਾਂ ਨਾਲ ਮਿਲਾਈਆ । ਤੈਨੂੰ ਦੱਸਦੇ ਆਏ ਪਵਿੱਤ ਪਾਕ, ਪਤਤਾਂ ਪੁਨੀਤ ਬਣਾਈਆ । ਸ਼ਬਦ ਅਗੰਮੀ ਮਾਰਦੇ ਆਏ ਆਵਾਜ਼, ਬਿਨ ਰਾਗਾਂ ਨਾਦਾਂ ਸ਼ਬਦ ਰਾਗ ਅਲਾਈਆ । ਮਿਹਰਵਾਨ ਮਿਹਰ ਨਜ਼ਰ ਕਰ ਵੇਖ ਅੰਧੇਰੀ ਰਾਤ, ਕਲਜੁਗ ਕਾਲੀ ਧਾਰ ਚਾਰੋਂ ਕੁੰਟ ਅੰਧੇਰਾ ਛਾਈਆ । ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਦਹਿ ਦਿਸ਼ਾ ਸਾਚੀ ਦਿਸੇ ਨਾ ਕੋਇ ਜਮਾਤ, ਸਚ ਮਿਲਾਪ ਸਾਚੇ ਘਰ ਨਾ ਕੋਇ ਰਖਾਈਆ । ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਵਸਤ ਅਮੋਲਕ ਕਰ ਅਨਾਇਤ, ਗੁਫ਼ਤ ਸ਼ਨੀਦ ਆਪਣੀ ਆਪ ਟਿਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਧੁਰ ਦਾ ਹੁਕਮ ਕਰ ਹਦਾਇਤ, ਹਦੀਸ ਕਲਮਾ ਅਬਲੀਸਾਂ ਦੇ ਸਮਝਾਈਆ । ਸਦੀ ਚੌਧਵੀਂ ਅੰਤ ਅਖ਼ੀਰ ਸਾਡੀ ਪੂਰੀ ਹੋਈ ਸ਼ਰਾਇਤ, ਸ਼ਰਅ ਸ਼ਰੀਅਤ ਤੇਰੀ ਝੋਲੀ ਪਾਈਆ । ਤੇਰਾ ਨੂਰ ਨਜ਼ਰ ਆਏ ਏਕੰਕਾਰ ਇਕੋ ਵਾਹਦ, ਵਾਹਦ ਕਲਮਾ ਨਗ਼ਮਾ ਨਾਮ ਨਿਧਾਨ ਦੇਣਾ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਹੋਇਆ ਅਹਿਦ, ਅਹਿਦਨਾਮਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਮਿਹਰਵਾਨਾ ਤੇਰੇ ਅੱਗੇ ਟਿਕਾਈਆ । ਤੇਰਾ ਹੁਕਮ ਬਦਲ ਦੇਵੇ ਤਰੀਕਾ ਕਾਨੂੰਨ ਕਵਾਇਦ, ਕਾਇਦਾ ਬਾਕਾਇਦਾ ਅਲੈਹਦਾ ਆਪਣੇ ਹੁਕਮ ਵਿਚ ਸਮਾਈਆ । ਵਕਤ ਸਮਾਂ ਅੱਗੇ ਹੋਰ ਨਾ ਹੋਵੇ ਜ਼ਾਇਦ, ਜ਼ਾਹਦ ਮਸ਼ਾਹਦ ਧੁਰ ਦਾ ਹੁਕਮ ਦੇਣਾ ਵਰਤਾਈਆ । ਪੁਰਖ ਅਕਾਲੇ ਦੀਨ ਦਿਆਲੇ ਜੁਗ ਚੌਕੜੀ ਅੰਤ ਅਖ਼ੀਰ ਕੱਢ ਨਤਾਇਜ, ਅਦਲ ਅਦਾਲਤ ਆਪਣੀ ਇਕ ਲਗਾਈਆ । ਲੱਖ ਚੁਰਾਸੀ ਜੀਵ ਜੰਤ ਕਿਸੇ ਨਾਲ ਕਰੀਂ ਨਾ ਕੋਈ ਰਿਆਇਤ, ਬੇਅਸੂਲੀ ਅੰਦਰ ਕਰੀਂ ਨਾ ਕੁਛ ਅਨਾਇਤ, ਅਸਲ ਵਿਚ ਆਪਣਾ ਵਸਲ ਯਾਰ ਦੇਣਾ ਕਰਾਈਆ । ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਤੇਰੀ ਮੰਗਦੇ ਹਮਾਇਤ, ਹਮਸਾਜਣ ਵੱਡ ਰਾਜ ਰਾਜਨ ਸ਼ਾਹੋ ਭੂਪ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਤੇਰਾ ਭਗਤ ਸੁਹੇਲਾ ਗੁਰਮੁਖ ਗੁਰਸਿਖ ਸੰਤ ਸਾਜਣ ਰਹੇ ਨਾ ਕੋਈ ਨਾਲਾਇਕ, ਨਾਲਿਸ਼ ਵਿਚ ਆਤਸ਼ ਜਗਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਸੀਸ ਨਿਵਾਈਆ । ਗੁਰ

ਅਵਤਾਰ ਪੈਗ਼ੰਬਰ ਕਹਿਣ ਲਹਿਣਾ ਦੇਣਾ ਮੁਕਾ ਦੇ ਸਭ ਦਾ ਮੂਲ, ਅਮੁੱਲ ਮੁੱਲ ਕੀਮਤ ਆਪੇ ਪਾਈਆ । ਤੇਰਾ ਹੁਕਮ ਕੋਈ ਨਾ ਜਾਵੇ ਭੁਲ, ਅਭੁੱਲ ਭੁਲਿਆਂ ਦੇਣਾ ਸਮਝਾਈਆ । ਸਤਿਜੁਗ ਸਾਚਾ ਮਾਰਗ ਇਕੋ ਦੱਸ ਅਸੂਲ, ਅਸਲ ਵਿਚ ਤੇਰੀ ਨਸਲ ਆਤਮ ਨੂਰ ਨਜ਼ਰੀ ਆਈਆ । ਤੇਰਾ ਨਾਮ ਸੰਦੇਸ਼ਾ ਹੁਕਮ ਇਕ ਮਾਅਕੂਲ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਲਹਿਣਾ ਦੇਣਾ ਝਗੜਾ ਮੁਕਾਉਣਾ ਕਾਤਲ ਮਕਤੂਲ, ਫ਼ਜ਼ੂਲ ਵਕਤ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਤੇਰਾ ਕਰਦੇ ਹਿਤ, ਤੂੰ ਠਾਕਰ ਸਵਾਮੀ ਏਥੇ ਓਥੇ ਦੋ ਜਹਾਨਾਂ ਪਿਤ, ਜਨ ਭਗਤਾਂ ਅੰਦਰ ਪ੍ਰੇਮ ਧਾਰ ਏਕੰਕਾਰ ਸ਼ਬਦੀ ਲਾਉਣੀ ਖਿੱਚ, ਨਿਰਗੁਣ ਧਾਰ ਕਾਇਆ ਮਾਟੀ ਮੰਦਰ ਵੜਨਾ ਵਿਚ, ਵਿਚਲਾ ਭੇਵ ਵਡ ਦੇਵੀ ਦੇਵ ਬਿਨ ਸੇਵ ਗੁਰਮੁਖਾਂ ਲੇਖੇ ਦੇਣਾ ਲਾਈਆ ।

## ★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਹੰਸ ਰਾਜ ਦੇ ਗ੍ਰਿਹ ਮਕੇਰੀਆਂ ਜ਼ਿਲਾ ਹੁਸ਼ਿਆਰ ਪੁਰ ★



ਸ਼ਬਦ ਕਹੇ ਮੈਂ ਤੇਰਾ ਸੁਤ ਦੁਲਾਰ, ਆਦੀ ਨਾਦੀ ਇਕ ਅਖਵਾਈਆ । ਥਿਰ ਘਰ ਮੇਰਾ ਦਵਾਰ, ਸਚਖੰਡ ਤੇਰਾ ਦਰਸ਼ਨ ਪਾਈਆ । ਵਿਸ਼ਨ ਕਹੇ ਮੇਰੀ ਵਿਸ਼ਵ ਧਾਰ, ਧੁਰ ਦੀ ਸੇਵਾ ਨਜ਼ਰੀ ਆਈਆ । ਬ੍ਰਹਮਾ ਕਹੇ ਮੇਰਾ ਬ੍ਰਹਮ ਪਸਾਰ, ਤੇਰਾ ਜੋਤ ਨੂਰ ਰੁਸ਼ਨਾਈਆ । ਸ਼ੰਕਰ ਕਹੇ ਮੈਂ ਖੇਲ ਖੇਲਾਂ ਧੂੰਆਂਧਾਰ, ਸੰਘਾਰ ਕਰਾਂ ਲੋਕਾਈਆ । ਤ੍ਰੈਗੁਣ ਕਹੇ ਮੈਂ ਬਖ਼ਸ਼ੀਸ਼ ਰਹਿਮਤ ਵਿਚ ਕਰਾਂ ਪਿਆਰ, ਪ੍ਰੀਤਮ ਤੇਰੀ ਆਸ ਰਖਾਈਆ । ਪੰਜ ਤਤ ਕਹਿਣ ਤੇਰੇ ਹੁਕਮ ਦਾ ਆਕਾਰ, ਅਕਲ ਕਲਧਾਰੀ ਤੇਰਾ ਖੇਲ ਧੁਰਦਰਗਾਹੀਆ । ਪਰਕਿਰਤੀ ਕਹੇ ਮੈਂ ਵੇਖਾਂ ਵੇਖਣਹਾਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਨਿਰਅੱਖਰ ਕਹੇ ਮੇਰੇ ਉਤੇ ਕੀਤਾ ਉਪਕਾਰ, ਅਗੰਮੀ ਆਵਾਜ਼ ਜਣਾਈਆ । ਬਖ਼ਸ਼ੀਸ਼ ਕਰ ਅਗੰਮ ਅਪਾਰ, ਅਪਰੰਪਰ ਦਿਤੀ ਵਡਿਆਈਆ । ਸਮਾਂ ਕਹੇ ਜਾਵਾਂ ਬਲਿਹਾਰ, ਜੁਗ ਚੌਕੜੀ ਮੇਰਾ ਅੰਗ ਬਦਲਾਈਆ । ਵਿਦਿਆ ਕਹੇ ਤੇਰਾ ਆਧਾਰ, ਵੇਦਾਂ ਨਾਲ ਸਾਲਾਹੀਆ । ਸਰਗੁਣ ਕਹੇ ਤੇਰਾ ਜੋਤ ਨੂਰ ਉਜਿਆਰ, ਅੰਧ ਅੰਧੇਰਾ ਅੰਧ ਨਾ ਕੋਇ ਵਖਾਈਆ । ਪੁਰਖ ਅਕਾਲ ਕਹੇ ਪ੍ਰਿਥਮੀ ਆਕਾਸ਼ ਮੇਰਾ ਸੰਸਾਰ, ਜਲ ਥਲ ਬੂੰਦ ਸਵਾਂਤੀ ਚਰਨ ਧੂੜੀ ਛਾਰ, ਸ਼ਹਿਨਸ਼ਾਹ ਆਪਣੀ ਇਕ ਪਰਗਟਾਈਆ । ਧਰਨੀ ਧਰਤ ਧਵਲ ਦੇ ਆਧਾਰ, ਹੁਕਮੇ ਅੰਦਰ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਸਮਝਾਈਆ । ਸ਼ਬਦ ਕਹੇ ਮੈਂ ਤੇਰਾ ਨਾਦ, ਅਨਾਦੀ ਇਕ ਅਖਵਾਈਆ । ਵਿਸ਼ਨ ਕਹੇ ਮੈਂ ਤੇਰੀ ਯਾਦ, ਹਰ ਘਟ ਸੇਵ ਕਮਾਈਆ । ਬ੍ਰਹਮਾ ਕਹੇ ਮੈਂ ਤੇਰਾ ਰਾਜ਼, ਜਲਵਾ ਨੂਰ ਅਖਵਾਈਆ । ਸ਼ੰਕਰ ਕਹੇ ਮੈਂ ਤੇਰਾ ਸਾਧ, ਸਾਧਨਾ ਕਰਾਂ ਜਗਤ ਲੋਕਾਈਆ । ਤ੍ਰੈਗੁਣ ਕਹੇ ਮੈਂ ਤੇਰੀ ਦਾਦ, ਦਾਅਵੇ ਨਾਲ ਮੰਗ ਮੰਗਾਈਆ । ਪੰਜ ਤਤ ਕਹਿਣ ਅਸੀਂ ਕਾਇਆ ਖੇੜਾ ਕਰੀਏ ਆਬਾਦ, ਸੋਹਣੀ ਬਣਤ ਬਣਾਈਆ । ਪਰਕਿਰਤੀ ਕਹੇ ਮੇਰੇ ਬਿਨਾ

ਬਣੇ ਨਾ ਕੋਇ ਸਵਾਦ, ਰਸਨਾ ਰਸ ਨਾ ਕੋਇ ਜਣਾਈਆ । ਨਿਰਅੱਖਰ ਕਹੇ ਮੇਰੇ ਬਿਨਾ ਆਏ ਨਾ ਕੋਇ ਆਵਾਜ਼, ਜਗਤ ਬਣਤ ਨਾ ਕੋਇ ਬਣਾਈਆ । ਵਿਦਿਆ ਕਹੇ ਮੈਂ ਸਾਚੀ ਸਾਜਣਾ ਲਈ ਸਾਜ, ਸੱਜਣ ਮਿਲਿਆ ਬੇਪਰਵਾਹੀਆ । ਸਰਗੁਣ ਕਹੇ ਮੇਰਾ ਨਿਰਗੁਣ ਦੇਵਣਹਾਰਾ ਦਾਤ, ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਖੇਲੇ ਖੇਲ ਤਮਾਸ਼, ਪੁਰਖ ਅਕਾਲ ਏਕਾ ਨੂਰ ਇਲਾਹੀਆ ।

★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਮੁਲਖ ਰਾਜ ਦੇ ਗ੍ਰਿਹ ਮਕੇਰੀਆਂ ਜ਼ਿਲਾ ਹੁਸ਼ਿਆਰ ਪੁਰ ★

ਸ਼ਬਦ ਕਹੇ ਮੈਂ ਆਦੀ ਸੁਤ, ਜਾਗਤ ਸੋਵਤ ਰੂਪ ਨਾ ਕੋਇ ਵਟਾਈਆ । ਵਿਸ਼ਨ ਕਹੇ ਮੈਂ ਧਾਰ ਅਬਿਨਾਸ਼ੀ ਅਚੁਤ, ਚਾਤ੍ਰਿਕ ਹੋ ਕੇ ਇਕੋ ਆਸ ਰਖਾਈਆ । ਬ੍ਰਹਮਾ ਕਹੇ ਮੈਂ ਹੁਕਮੇ ਅੰਦਰ ਸ੍ਰਿਸ਼ਟੀ ਕਰਾਂ ਉਤਪਤ, ਚਾਰੇ ਖਾਣੀ ਸੋਭਾ ਪਾਈਆ । ਸ਼ੰਕਰ ਕਹੇ ਮੈਂ ਰਹਿਣ ਨਾ ਦੇਵਾਂ ਕੋਈ ਦੁੱਖ, ਕਾਇਆ ਮਾਟੀ ਤਨ ਵਜੂਦ ਕਰਾਂ ਸਫ਼ਾਈਆ । ਤ੍ਰੈਗੁਣ ਮਾਇਆ ਕਹੇ ਮੈਂ ਕਿਸੇ ਦਵਾਰੇ ਕਦੇ ਨਾ ਜਾਵਾਂ ਮੁਕ, ਪਰਧਾਨ ਹੋ ਕੇ ਭੱਜਾਂ ਵਾਹੋ ਦਾਹੀਆ । ਪੰਜ ਤਤ ਕਹਿਣ ਬਿਨ ਸਾਡੇ ਬਣੇ ਕੋਈ ਨਾ ਬੁਤ, ਤਨ ਸਰੀਰ ਨਾ ਕੋਇ ਰਖਾਈਆ । ਪਰਕਿਰਤੀ ਕਹੇ ਮੇਰੇ ਨਾਲ ਸਭ ਕੁਛ, ਪੰਛੀ ਮਿਲ ਕੇ ਵੱਜੇ ਵਧਾਈਆ । ਧੁਰ ਆਵਾਜ਼ ਕਹੇ ਪ੍ਰਭ ਦਾ ਪੈਂਡਾ ਕਦੇ ਨਾ ਜਾਵੇ ਮੁਕ, ਅੰਤ ਕਹਿਣ ਕੋਇ ਨਾ ਪਾਈਆ । ਨਿਰਗੁਣ ਸਰਗੁਣ ਧਾਰ ਆਪੇ ਉਠ, ਅਕਲ ਕਲ ਆਪਣੀ ਕਾਰ ਕਮਾਈਆ । ਖੇਲ ਅੰਦਰ ਖੇਲੇ ਖੇਲ ਸਭ ਕੁਛ, ਭੇਵ ਅਭੇਦਾ ਆਪਣੇ ਵਿਚ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਚੜ੍ਹਾਈਆ । ਸ਼ਬਦ ਸੁਤ ਕਹੇ ਮੈਂ ਏਕੰਕਾਰ ਦਾ ਇਕ ਦੁਲਾਰਾ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਵਿਸ਼ਨ ਕਹੇ ਮੈਂ ਵਿਸ਼ਵ ਕਰਾਂ ਪਿਆਰਾ, ਵਾਸਤਕ ਆਪਣਾ ਆਪ ਸੇਵ ਲਗਾਈਆ । ਬ੍ਰਹਮਾ ਕਹੇ ਮੈਂ ਵੇਖ ਬ੍ਰਹਮ ਪਸਾਰਾ, ਪਾਰਬ੍ਰਹਮ ਨਿਉਂ ਨਿਉਂ ਲਾਗਾਂ ਪਾਈਆ । ਸ਼ੰਕਰ ਕਹੇ ਮੈਂ ਲਹਿਣਾ ਦੇਣਾ ਚੁਕਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਆਪਣੇ ਨਾਲ ਮਿਲਾਈਆ । ਤ੍ਰੈਗੁਣ ਕਹੇ ਮੇਰਾ ਸੁਹਾਵਾ ਸਦਾ ਰਹੇ ਦਿਹਾੜਾ, ਦਿਵਹਾੜੀ ਸੌ ਸੌ ਵਾਰ ਪੁਰਖ ਅਕਾਲ ਮਨਾਈਆ । ਪੰਜ ਤਤ ਕਹੇ ਮੇਰਾ ਲੱਗੇ ਇਹ ਅਖਾੜਾ, ਤਨ ਮਾਟੀ ਖ਼ਾਕ ਵਜੂਦ ਮਨ ਦਿਆਂ ਨਚਾਈਆ । ਪਰਕਿਰਤੀ ਕਹੇ ਮੇਰਾ ਲੇਖਾ ਨੌ ਦਵਾਰਾ, ਵਾਸਨਾ ਵਿਚ ਆਸਾਂ ਦਿਆਂ ਮਿਲਾਈਆ । ਮੇਰੇ ਹੁਕਮ ਦਾ ਹੋਰ ਨਜ਼ਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਉਪਾਈਆ । ਮੇਰੇ ਪ੍ਰੇਮ ਦਾ ਇਕ ਇਸ਼ਾਰਾ, ਆਸਾ ਮਨਸਾ ਹਿੰਸਾ ਵਿਚ ਵੇਖਾਂ ਜਗਤ ਲੋਕਾਈਆ । ਬੁੱਧੀ ਤੋਂ ਪਰੇ ਖੇਲ ਅਪਾਰਾ, ਅਪਰੰਪਰ ਸਵਾਮੀ ਦਿਤਾ ਸਮਝਾਈਆ । ਨਿਰਅੱਖਰ ਧਾਰੋਂ ਜਿਸ ਵੇਲੇ ਸੁਣਾਂ ਜੈਕਾਰਾ, ਮੂਰਛਾ ਹੋ ਕੇ ਆਪਣਾ ਆਪ ਮਿਟਾਈਆ । ਇਹ ਲੇਖਾ ਲਿਖਣ ਤੋਂ ਬਾਹਰਾ, ਜੁਗ ਚੌਕੜੀ ਸਕਿਆ ਨਾ ਕੋਇ ਪਰਗਟਾਈਆ । ਖੋਜਦੇ ਗਏ ਗੁਰ ਅਵਤਾਰਾ, ਪੈਗ਼ੰਬਰ ਆਪਣੀ ਅੱਖ ਪਰਤੱਖ ਖੁਲ੍ਹਾਈਆ । ਕਾਗਦ ਕਲਮ ਸ਼ਾਹੀ ਨਾਲ ਦੇ ਕੇ ਗਏ ਇਸ਼ਾਰਾ, ਸ਼ਰਅ ਵਿਚ ਸ਼ਰੀਅਤ ਆਪਣੀ ਬੰਦ ਕਰਾਈਆ । ਵਿਦਿਆ ਦਾ ਲੇਖ ਅੱਖਰਾਂ ਦਵਾਰਾ, ਬੁੱਧੀ ਦਾ ਮਾਣ ਨੇਕੀ ਬਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਧੁਰ ਦਾ ਕਰਤਾ ਆਪਣੇ ਹੱਥ ਰਖਾਈਆ ।

## ★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਪ੍ਰੇਮ ਦਿਆਲ ਦੇ ਗ੍ਰਿਹ ਮੇਰਠ ★

ਸ਼ਬਦ ਸੁਤ ਕਹੇ ਮੈਂ ਧੁਰ ਦਾ ਦੂਲ੍ਹਾ, ਆਦਿ ਜੁਗਾਦੀ ਏਕ ਲਿਆ ਉਪਜਾਈਆ । ਵਿਸ਼ਨ ਕਹੇ ਮੈਂ ਹੁਕਮੇ ਅੰਦਰ ਕਦੇ ਨਾ ਭੂਲਾ, ਅਭੁਲ ਹੋ ਕੇ ਸੇਵ ਕਮਾਈਆ । ਬ੍ਰਹਮਾ ਕਹੇ ਬ੍ਰਹਮ ਧਾਰ ਮੇਰਾ ਮੂਲਾ, ਮੂਲ ਮੰਤਰ ਮਿਲਿਆ ਧੁਰ ਦਾ ਨਾਮ ਜੋ ਧੁਰਦਰਗਾਹੀ ਦਿਤਾ ਦ੍ਰਿੜਾਈਆ । ਸ਼ੰਕਰ ਕਹੇ ਮੇਰੇ ਕੋਲ ਸ਼ਰਅ ਦੀ ਤ੍ਰਿਸੂਲਾ, ਤ੍ਰੈਭਵਨ ਧਨੀ ਆਪਣੀ ਦਾਤ ਮੇਰੀ ਝੋਲੀ ਪਾਈਆ । ਤ੍ਰੈਗੁਣ ਕਹੇ ਮੇਰਾ ਗੁੰਚਾ ਸੋਹਣਾ ਫੂਲਾ, ਪੱਤ ਪੰਖੜੀ ਨਜ਼ਰ ਕਿਸੇ ਨਾ ਆਈਆ । ਪੰਜ ਤਤ ਕਹਿਣ ਮੇਰਾ ਆਦਿ ਆਪਣਾ ਇਕ ਅਸੂਲਾ, ਅਸਲ ਨਸਲ ਦਿਤੀ ਜਣਾਈਆ । ਪਰਕਿਰਤੀ ਕਹੇ ਮੇਰਾ ਰੰਗ ਵੇਖੇ ਕੰਤ ਕੰਤੂਹਲਾ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਹੁਕਮ ਇਕ ਮਾਅਕੂਲਾ, ਮੁਕੰਮਲ ਆਪਣੀ ਕਾਰ ਕਮਾਈਆ । ਨਿਰਅੱਖਰ ਧਾਰੋਂ ਸਚ ਪ੍ਰੇਮ ਦਾ ਦੇਵੇ ਝੂਲਾ, ਝਲਕ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ ਨਰ ਨਰੇਸ਼ ਏਕੰਕਾਰ ਇਕੋ ਇਕ ਸਮਝਾਈਆ । ਸ਼ਬਦ ਸੁਤ ਕਹੇ ਮੈਂ ਸਤਿ ਸਤਿਵਾਦ, ਸਤਿ ਧਾਰਾ ਵਿਚ ਸਮਾਈਆ । ਵਿਸ਼ਨ ਕਹੇ ਮੈਂ ਸੇਵਾ ਕਰਾਂ ਆਦਿ, ਆਦਿ ਜੁਗਾਦਿ ਜੁਗ ਚੌਕੜੀ ਹੁਕਮੇ ਸੀਸ ਨਿਵਾਈਆ । ਬ੍ਰਹਮਾ ਕਹੇ ਮੇਰਾ ਨੂਰ ਪਰਕਾਸ਼, ਬ੍ਰਹਮ ਬ੍ਰਹਿਮਾਦ ਪਾਰਬ੍ਰਹਮ ਦਿਤੀ ਮਾਣ ਵਡਿਆਈਆ । ਸ਼ੰਕਰ ਕਹੇ ਮੇਰੇ ਤੋਂ ਪਰੇ ਨਹੀਂ ਕੋਈ ਜਲਾਦ, ਜੋ ਘੜਿਆ ਭੰਨ ਵਖਾਈਆ । ਤ੍ਰੈਗੁਣ ਕਹੇ ਮੇਰੇ ਬਿਨਾ ਪੰਜ ਤਤ ਕਦੇ ਨਾ ਹੋਣ ਆਬਾਦ, ਖੇੜਾ ਘਰ ਨਾ ਕੋਇ ਸੁਹਾਈਆ । ਨਿਰਅੱਖਰ ਧਾਰ ਕਹੇ ਮੇਰੇ ਬਿਨ ਖੋਲ੍ਹੇ ਕੋਈ ਨਾ ਰਾਜ਼, ਅਗੰਮ ਆਵਾਜ਼ ਨਾ ਕੋਇ ਪਰਗਟਾਈਆ । ਵਿਦਿਆ ਕਹੇ ਮੇਰੇ ਬਿਨਾ ਕਰੇ ਨਾ ਕੋਇ ਸਵਾਲ ਜਵਾਬ, ਲਿਖਤ ਪੜ੍ਹਤ ਬਿਨਾ ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਪੁਰਖ ਅਕਾਲ ਕਹੇ ਮੈਂ ਸਭ ਨੂੰ ਦੇਵਣਹਾਰਾ ਦਾਤ, ਦਾਤਾ ਦਾਨੀ ਧੁਰ ਦਾ ਇਕ ਅਖਵਾਈਆ । ਸਾਰੇ ਮੇਰਾ ਨਿੱਕਾ ਜਿਹਾ ਸਮਾਜ, ਸਮਾਜ ਵਿਚੋਂ ਖੋਲ੍ਹ ਕੇ ਰਾਜ਼, ਗੁਰ ਅਵਤਾਰ ਪੈਗ਼ੰਬਰ ਲਵਾਂ ਪਰਗਟਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਦੇਵਾਂ ਦਾਤ, ਦਾਨੀ ਹੋ ਕੇ ਆਪ ਵਰਤਾਈਆ । ਕਲਜੁਗ ਅੰਤ ਅਖ਼ੀਰੀ ਸਾਰੇ ਵੇਖੋ ਹੁਕਮੇ ਅੰਦਰ ਪਈ ਰੈਣ ਅੰਧੇਰੀ ਰਾਤ, ਰੁਤੜੀ ਰੁੱਤ ਨਾ ਕੋਇ ਬਦਲਾਈਆ । ਵਿਸ਼ਨ ਬ੍ਰਹਮਾ ਸ਼ਿਵ ਬਿਨ ਅੱਖਾਂ ਲਵੇ ਝਾਕ, ਮਾਇਆ ਤਤ ਮਨ ਮਤ ਬੁਧ ਪਈ ਲੜਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਸਾਖਿਆਤ, ਸਾਹਿਬ ਸੁਲਤਾਨਾ ਇਕ ਸਮਝਾਈਆ । ਵਿਦਿਆ ਦਾ ਲੇਖਾ ਲਿਖਿਆ ਕਲਮ ਦਵਾਤ, ਕਲਜੁਗ ਅੰਤਮ ਕੰਮ ਕਿਸੇ ਨਾ ਆਈਆ । ਕਰੇ ਖੇਲ ਪੁਰਖ ਅਬਿਨਾਸ਼, ਇਕ ਇਕੱਲਾ ਏਕੰਕਾਰਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮੇ ਅੰਦਰ ਹੁਕਮ ਕਰ ਰਾਇਜ, ਰਾਜਨ ਰਾਜ ਆਪਣਾ ਹੁਕਮ ਵਰਤਾਈਆ ।

## ★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਨਿਰੰਜਣ ਸਿੰਘ ਦੇ ਗ੍ਰਿਹ ਅਜਿਤਵਾਲ ਜ਼ਿਲਾ ਫ਼ਿਰੋਜ਼ਪੁਰ ★

ਸੁਤ ਸ਼ਬਦ ਕਹੇ ਮੈਂ ਧੁਰ ਦਾ ਸੰਗੀ, ਮਾਂਗਤ ਇਕੋ ਦਰ ਦਾ ਨਜ਼ਰੀ ਆਈਆ । ਵਿਸ਼ਨੂੰ ਕਹੇ ਮੇਰਾ ਭੰਡਾਰਾ ਮਿਲਿਆ ਵਸਤ ਅਨਮੰਗੀ,

ਪੁਰਖ ਅਕਾਲ ਦਿਤਾ ਵਰਤਾਈਆ । ਬ੍ਰਹਮਾ ਕਹੇ ਮੇਰੀ ਬ੍ਰਹਮ ਧਾਰ ਵਿਚ ਵਰਭੰਡੀ, ਸ੍ਰਿਸ਼ਟੀ ਦਾ ਸਰੂਪ ਨਜ਼ਰੀ ਆਈਆ । ਸ਼ੰਕਰ ਕਹੇ ਮੈਂ ਜੀਵਣ ਢਾਹ ਲਵਾਂ ਕੰਢੀ, ਥਿਰ ਰਹਿਣ ਕੋਇ ਨਾ ਪਾਈਆ । ਤ੍ਰੈਗੁਣ ਕਹੇ ਮੈਂ ਪਾਵਾਂ ਜਗਤ ਫੰਦੀ, ਤੰਦ ਸਕੇ ਨਾ ਕੋਇ ਕਟਾਈਆ । ਪੰਜ ਤਤ ਕਹਿਣ ਸਾਡਾ ਅਗੰਮਾ ਖ਼ਾਨਾਬੰਦੀ, ਬਾਂਦੀ ਹੋਵੇ ਜਗਤ ਲੋਕਾਈਆ । ਪਰਕਿਰਤੀ ਕਹੇ ਮੈਂ ਸਭ ਤੋਂ ਚੰਗੀ, ਬਿਨ ਮੇਰੇ ਚਲੇ ਨਾ ਕੋਇ ਚਤੁਰਾਈਆ । ਨਿਰਅੱਖਰ ਧਾਰ ਕਹੇ ਮੇਰੀ ਧਾਰ ਧੁਰ ਸੁਗੰਧੀ, ਸਤਿ ਸਰੂਪ ਵਿਚੋਂ ਪਰਗਟਾਈਆ । ਸਰਗੁਣ ਕਹੇ ਇਕੋ ਹੁਕਮ ਦੀ ਵੇਖ ਪਾਬੰਦੀ, ਆਪ ਆਪਣਾ ਭੇਟ ਕਰਾਈਆ । ਪੁਰਖ ਅਕਾਲ ਕਹੇ ਮੇਰੀ ਆਦਿ ਜੁਗਾਦੀ ਖੇਲ ਜੁਗ ਚੌਕੜੀ ਡੰਡੀ, ਮਾਰਗ ਇਕੋ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਚੜ੍ਹਾਈਆ । ਸਤਿਗੁਰ ਸ਼ਬਦ ਕਹੇ ਮੇਰਾ ਆਦਿ ਅਨਾਦੀ ਏਕਾ ਰੰਗ, ਰੰਗਤ ਸਕੇ ਨਾ ਕੋਇ ਬਦਲਾਈਆ । ਧੁਰ ਦਵਾਰਿਉਂ ਮੰਗੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲ ਬਣ ਬਖ਼ਸ਼ੰਦ, ਰਹਿਮਤ ਆਪਣੀ ਦਿਤੀ ਕਮਾਈਆ । ਪਰਮਾਤਮ ਆਤਮ ਬਖ਼ਸ਼ ਕੇ ਸੋਹੰ ਧਾਰ ਛੰਦ, ਸਾਚਾ ਮੇਲਾ ਲਿਆ ਮਿਲਾਈਆ । ਸੁਰਤੀ ਸ਼ਬਦੀ ਪਾ ਕੇ ਗੰਢ, ਆਤਮ ਪਰਮਾਤਮ ਜੋੜ ਜੁੜਾਈਆ । ਨਿਰਵੈਰ ਹੋ ਦੇਵੇ ਨਾ ਕੰਡ, ਕਰਵਟ ਆਪਣੀ ਨਾ ਕੋਇ ਬਦਲਾਈਆ । ਸਦਾ ਸੁਹੇਲਾ ਹੋ ਕੇ ਸੰਗ, ਆਪਣਾ ਸਾਥ ਵਖਾਈਆ । ਸਚ ਪ੍ਰੇਮ ਦਾ ਦੇ ਕੇ ਅਨੰਦ, ਅਨੰਦ ਆਪਣੇ ਵਿਚੋਂ ਪਰਗਟਾਈਆ । ਸਚ ਨੂਰ ਦਾ ਚਾੜ੍ਹ ਕੇ ਚੰਦ, ਚੰਦ ਚਾਂਦਨੀ ਅੱਖ ਬਦਲਾਈਆ । ਸਚ ਦਵਾਰਾ ਏਕੰਕਾਰਾ ਲੰਘ, ਗ੍ਰਿਹਿ ਆਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਸੁਤ ਕਹੇ ਮੈਂ ਆਦਿ ਜੁਗਾਦੀ ਸਤਿਗੁਰ ਸੱਚਾ, ਦੂਜਾ ਨਜ਼ਰ ਕੋਇ ਨਾ ਆਈਆ । ਮੇਰਾ ਪੁਰਖ ਅਕਾਲ ਨਾਲ ਕੌਲ ਪੱਕਾ, ਕੱਚੀ ਗੰਢ ਨਾ ਕੋਇ ਪਵਾਈਆ । ਏਥੇ ਓਥੇ ਦੋ ਜਹਾਨਾਂ ਲੋਕਮਾਤ ਬ੍ਰਹਿਮੰਡ ਖੰਡ ਸੱਚਾ, ਕੂੜੀ ਕਿਰਿਆ ਪਰੇ ਹਟਾਈਆ । ਮੈਂ ਭਾਗ ਲਗਾਵਾਂ ਜਨ ਭਗਤਾਂ ਕਾਇਆ ਮਾਟੀ ਕੱਚਾ, ਕੰਚਨ ਗੜ੍ਹ ਦਿਆਂ ਸੁਹਾਈਆ । ਕਿਸੇ ਹੱਥ ਨਾ ਆਵਾਂ ਮੰਦਰ ਮਸੀਤ ਮਦੀਨਾ ਮੱਕਾ, ਗੁਰਦਵਾਰੇ ਵੇਖਣ ਕੋਇ ਨਾ ਪਾਈਆ । ਮੇਰਾ ਖੇਲ ਅਗੰਮ ਅਥਾਹ ਬੇਪਰਵਾਹ ਰਖਾਇਆ ਹਕਾ, ਹਕੀਕਤ ਆਪਣੇ ਵਿਚੋਂ ਸਮਝਾਈਆ । ਮੈਂ ਨਿਰਗੁਣ ਧਾਰ ਜੋਤ ਨਿਰੰਕਾਰ ਨਾਲ ਕਰ ਕੇ ਮਤਾ, ਮਤ ਮਤਾਂਤਰ ਜਗਤ ਦਿਆਂ ਚੁਕਾਈਆ । ਮੇਰਾ ਕਿਸੇ ਨੂੰ ਸਮਝ ਨਾ ਆਵੇ ਪਤਾ, ਪਤਿਪਰਮੇਸ਼ਵਰ ਸਚ ਸਿੰਘਾਸਣ ਉਪਰ ਆਪ ਟਿਕਾਈਆ । ਜਿਸ ਦੇ ਚਾਰ ਜੁਗ ਸ਼ਾਸਤਰ ਵੇਦ ਪੁਰਾਨ ਜਗਤ ਗਿਆਨ ਕਰਦੇ ਕਥਾ, ਕਥਨ ਤੋਂ ਬਾਹਰ ਕਥ ਸਕੇ ਕੋਇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਸੇਵਾ ਕਰਦੇ ਯਥਾਰਥ ਯਥਾ, ਯਦਪ ਆਪਣਾ ਆਪ ਭੇਟ ਚੜ੍ਹਾਈਆ । ਕਲਮ ਸ਼ਾਹੀ ਅੱਖਰ ਕਾਗ਼ਜ਼ ਮਿਲ ਕੇ ਮੇਰੀ ਕਰਦੇ ਕਥਾ, ਕਥਨੀ ਨਾਲ ਅਕਥ ਕਹਾਣੀ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਧੁਰ ਸ਼ਬਦ ਕਹੇ ਮੈਂ ਧੁਰ ਦਾ ਧਰਮ, ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਨਿਹਕਰਮੀ ਧਾਰ ਜਗਤ ਵਾਸਨਾ ਨਹੀਂ ਕੋਈ ਕਰਮ, ਕਾਂਡਾਂ ਦਾ ਹਿੱਸਾ ਨਾ ਕੋਇ ਬਣਾਈਆ । ਮੇਰਾ ਇਕੋ ਪਰਮ ਪੁਰਖ ਨਾਲ ਪਰਨ, ਪਰਮਾਤਮ ਆਤਮ ਦੇਣਾ ਮਿਲਾਈਆ । ਦੀਨ ਦੁਨੀ ਦੇ ਮਾਲਕ ਖ਼ਾਲਕ ਪ੍ਰਿਤਪਾਲਕ ਤੇਰੇ ਤਕਣੇ ਚਰਨ, ਚਰਨੋਦਕ ਆਪਣੇ ਮੁਖ ਚੁਆਈਆ । ਤੂੰ ਖ਼ਾਲਕ ਖ਼ਲਕ ਦਾ ਮਾਲਕ ਕਰਨੀ ਕਰਨ, ਕੁਦਰਤ ਦਾ ਕਰਤਾ

ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਸੋਹੰ ਢੋਲਾ ਪੜ੍ਹਨ, ਜੋ ਅੰਤਰ ਆਤਮ ਪਰਮਾਤਮ ਮੇਲਾ ਰਿਹਾ ਮਿਲਾਈਆ । ਬਿਨ ਪੌੜੀ ਡੰਡੇ ਮੰਜ਼ਲ ਸਾਚੀ ਚੜ੍ਹਨ, ਬਿਨ ਭਜਨ ਬੰਦਗੀ ਦਰਸ਼ਨ ਦੇ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰੀ ਆਦਿ ਜੁਗਾਦਿ ਜੁਗ ਚੌਕੜੀ ਬਦਲਦੀ ਜਾਏ ਪੂਜਾ, ਪੂਜਸ ਪੂਜਸ ਸਮਝ ਕਿਸੇ ਨਾ ਆਈਆ । ਮੇਰੇ ਅੰਤਰ ਦੁਤੀਆ ਭਾਉ ਨਹੀਂ ਕੋਈ ਦੂਜਾ, ਵੇਸ ਅਨੇਕਾ ਰੂਪ ਵਟਾਈਆ । ਧੁਰ ਦਾ ਫ਼ਰਮਾਨ ਸ਼ਬਦ ਅਗੰਮ ਨਾਮ ਨਿਧਾਨ ਦੱਸਾਂ ਗੁਝਾ, ਅਨੁਭਵ ਆਪਣਾ ਪੜਦਾ ਆਪ ਚੁਕਾਈਆ । ਸਚ ਦਵਾਰਾ ਏਕੰਕਾਰਾ ਹਰਿ ਨਿਰੰਕਾਰਾ ਜਨ ਭਗਤ ਵਿਰਲੇ ਸੁਝਾ, ਜਿਸ ਅੰਤਰ ਨਿਰੰਤਰ ਆਪਣਾ ਪੜਦਾ ਦਿਤਾ ਉਠਾਈਆ । ਰਸਨਾ ਰਸ ਦੱਸ ਨਾ ਸਕੇ ਜਿਉਂ ਰਸ ਗੂੰਗਾ, ਅਨਰਸ ਆਪਣੀ ਧਾਰ ਆਪਣੇ ਵਿਚੋਂ ਪਰਗਟਾਈਆ । ਮੇਰਾ ਰੂਪ ਰੰਗ ਰੇਖ ਨਜ਼ਰ ਨਾ ਆਏ ਜਗਤ ਢੂੰਡਾ, ਢੂੰਡ ਢੂੰਡ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਬੁਤ ਰੂਹ ਦਾ, ਮਸੀਹ ਦਾ ਮਾਲਕ ਵਸੀਅ ਹੋ ਕੇ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੀ ਸਮਝੇ ਨਾ ਕੋਇ ਕਾਲਮ, ਹਿੱਸਾ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਬਹੁ ਵਿਦਿਆ ਵਾਲੇ ਆਲਮ, ਇਲਮ ਨਾਲ ਆਪਣਾ ਅਮਲ ਬਣਾਈਆ । ਪ੍ਰੇਮ ਪ੍ਰੀਤੀ ਮੁਹੱਬਤ ਵਿਚ ਦੱਸ ਕੇ ਗਏ ਬਾਲਮ, ਬਾਲੀ ਬੁਧ ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਵੇਸ ਅਨੇਕਾ ਮੇਰੀ ਵੱਖਰੀ ਚਾਲਨ, ਚਾਰ ਜੁਗ ਦੀ ਧਾਰਾ, ਆਪਣੇ ਵਿਚ ਛੁਪਾਈਆ । ਮੇਰਾ ਖੇਲ ਸਦਾ ਨਿਰਾਲਮ, ਨਿਰਾਕਾਰ ਹੋ ਕੇ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਸੂਫ਼ੀ ਸੰਤ ਫ਼ਕੀਰ ਸਜਦਿਆਂ ਵਿਚ ਮੁਰਸ਼ਦ ਮੰਨ ਕੇ ਮੈਨੂੰ ਭਾਲਣ, ਮੁਰੀਦ ਹੋ ਕੇ ਮੁਰਦਾ ਰੂਪ ਬਣਾਈਆ । ਮੇਰਾ ਲੇਖਾ ਲਹਿਣਾ ਦੇਣਾ ਦੋ ਜਹਾਨਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਹੁਕਮੇ ਅੰਦਰ ਫਿਰਾਈਆ । ਆਦਿ ਜੁਗਾਦਿ ਜੁਗ ਚੌਕੜੀ ਕੋਟਾਂ ਵਿਚੋਂ ਜਨ ਭਗਤਾਂ ਅੰਤਰ ਦੇਵਾਂ ਚਾਨਣ, ਜੋਤੀ ਜਾਤਾ ਪੁਰਖ ਬਿਧਾਤਾ, ਮਿਲ ਕੇ ਆਪਣਾ ਨੂਰ ਕਰਾਂ ਰੁਸ਼ਨਾਈਆ । ਨਿਰਗੁਣ ਧਾਰ ਸਰਗੁਣ ਫੜਾਵਾਂ ਦਾਮਨ, ਦਾਮਨਗੀਰ ਹੋ ਕੇ ਦਮਾਂ ਦਾ ਲੇਖਾ ਦਿਆਂ ਮੁਕਾਈਆ । ਝਗੜਾ ਮੁਕਾਵੇ ਹੋ ਕੇ ਪਤਤ ਪਾਵਨ, ਪੁਨੀਤ ਪਵਿੱਤ ਪਤਿਤ ਦਏ ਕਰਾਈਆ । ਜਿਸ ਨੂੰ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਸਿਫ਼ਤਾਂ ਰਾਗਾਂ ਨਾਦਾਂ ਕਲਮਿਆਂ ਵਿਚ ਗਾਵਣ, ਨਗ਼ਮਿਆਂ ਵਿਚ ਨਾਮ ਨਿਧਾਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਿਮੰਡ ਖੰਡ ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਸਦਾ ਸੀਸ ਝੁਕਾਵਣ, ਲੋਕ ਪਰਲੋਕ ਬੈਠੇ ਧਿਆਨ ਲਗਾਈਆ ।

### ★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਪ੍ਰੇਮੀ ਦੇਵੀ ਦੇ ਗ੍ਰਿਹਿ ਝੰਡੇ ਕੈਂਪ ਜੰਮੂ ★

ਸ਼ਬਦ ਕਹੇ ਮੇਰਾ ਲੇਖ ਅਗੰਮੀ ਲਿਖਿਆ, ਅੱਖਰਾਂ ਵਾਲਾ ਰੂਪ ਨਾ ਕੋਇ ਵਖਾਈਆ । ਜਿਥੋਂ ਗੁਰ ਅਵਤਾਰ ਪੈਗ਼ਬਰਾਂ ਮਿਲਦੀ ਸਿਖਿਆ, ਧੁਰ ਅਗੰਮੀ ਆਵਾਜ਼ ਸੁਣਾਈਆ । ਸਚ ਭੰਡਾਰਾ ਦੇਵਾਂ ਭਿੱਛਿਆ, ਵਸਤ ਅਮੋਲਕ ਇਕ ਵਰਤਾਈਆ । ਨੇਤਰ ਨੈਣ ਕਿਸੇ ਨਾ ਵੇਖਿਆ, ਲੋਚਣ

ਅੱਖ ਦਰਸ ਕੋਇ ਨਾ ਪਾਈਆ । ਭੇਵ ਰੱਖ ਸਦਾ ਅਨਡਿਠਿਆ, ਅਨਡਿਠੜੀ ਕਾਰ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦੇ ਕੇ ਚਿੱਠੀਆਂ, ਸੰਦੇਸੇ ਲੋਕਮਾਤ ਜਗਤ ਜੁਗਤ ਸਮਝਾਈਆ । ਭੇਵ ਰਖਾਵਾਂ ਵੱਡਿਆਂ ਨਿੱਕਿਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ । ਸ਼ਬਦ ਸਤਿਗੁਰ ਕਹੇ ਮੇਰਾ ਕੋਈ ਨਾ ਜਾਣੇ ਓਹਲਾ, ਪੜਦਾ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਭਾਗ ਲਗਾਵਾਂ ਕਾਇਆ ਮਾਟੀ ਚੋਲਾ, ਸ੍ਰਿਸ਼ਟੀ ਅੰਦਰ ਦ੍ਰਿਸ਼ਟੀ ਦਿਆਂ ਬਦਲਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾਵਾਂ ਅਗੰਮ ਸੋਹਲਾ, ਸੋ ਸਵਾਮੀ ਹੋ ਕੇ ਅੰਤਰ ਆਤਮ ਪੜਦਾ ਲਾਹੀਆ । ਇਕ ਇਕੇਲਾ ਸੰਗੀ ਬਹੁ ਰੰਗੀ ਹੋ ਕੇ ਵਸਾਂ ਕੋਲਾ, ਨੇਰਨ ਨੇਰਾ ਆਪਣਾ ਪੰਧ ਮੁਕਾਈਆ । ਨਵ ਨੌ ਚਾਰ ਪਿਛੋਂ ਪੁਰਖ ਅਕਾਲ ਦੀਨ ਦਿਆਲ ਨਾਲ ਮਿਲ ਕੇ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਸੁਣਾਵਾਂ ਢੋਲਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰਾ ਧੁਰ ਦਾ ਇਕ ਜੈਕਾਰ, ਜੈ ਜੈ ਕਾਰ ਗੁਰ ਅਵਤਾਰ ਪੈਗ਼ੰਬਰ ਰਹੇ ਗਾਈਆ । ਮੇਰਾ ਆਦਿ ਜੁਗਾਦੀ ਇਕ ਦਵਾਰ, ਗੁਰ ਅਵਤਾਰ ਪੈਗ਼ੰਬਰ ਦਰ ਦਰ ਆਪਣੀ ਅਲਖ ਜਗਾਈਆ । ਮੇਰਾ ਇਕ ਇਕੱਲਾ ਸਚ ਮਨਾਰ, ਗੁਰ ਅਵਤਾਰ ਪੈਗ਼ੰਬਰ ਜੁਗ ਚੌਕੜੀ ਤਨ ਮਾਟੀ ਖ਼ਾਕ ਹੰਢਾਈਆ । ਸਤਿਗੁਰ ਸ਼ਬਦ ਕਹੇ ਮੇਰਾ ਲੱਖ ਚੁਰਾਸੀ ਇਕ ਦੀਦਾਰ, ਗੁਰ ਅਵਤਾਰ ਪੈਗ਼ੰਬਰ ਇਸ਼ਟ ਦੇਵ ਸਿਫ਼ਤਾਂ ਵਾਲੇ ਢੋਲਿਆਂ ਵਿਚ ਅਲਾਈਆ । ਸ਼ਬਦੀ ਧਾਰ ਕਹੇ ਮੇਰਾ ਲੇਖਾ ਅਗੰਮ ਅਪਾਰ, ਅਲਖ ਅਗੋਚਰ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਸਜਦਿਆਂ ਵਿਚ ਕਰਦੇ ਨਿਮਸਕਾਰ, ਨਮਸਤੇ ਵਿਚ ਡੰਡਾਵਤ ਡੰਡਾਵਤ ਵਿਚ ਆਪਣਾ ਆਪ ਭੇਟ ਚੜ੍ਹਾਈਆ । ਮੈਂ ਕੁਦਰਤ ਦਾ ਮਾਲਕ ਖ਼ਲਕ ਦਾ ਖ਼ਾਲਕ ਮੇਰਾ ਯਾਰ, ਜਾਹਰ ਜਹੂਰ ਆਪਣਾ ਖੇਲ ਵਖਾਈਆ । ਜੁਗ ਚੌਕੜੀ ਨਿਤ ਨਵਿਤ ਹੁਕਮੇ ਨਾਲ ਬਦਲ ਦੇਵੇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਮੈਂ ਦੇਵਣਹਾਰਾ ਦਾਨ, ਦਾਤਾ ਦਾਨੀ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਝੋਲੀਆਂ ਅੱਗੇ ਡਾਹਣ, ਖ਼ਾਲੀ ਭੰਡਾਰੇ ਲੈਣ ਭਰਾਈਆ । ਮੈਂ ਬਣਿਆ ਰਹਿਵਾਂ ਕਾਹਨਾਂ ਦਾ ਕਾਹਨ, ਬੰਸਰੀ ਵਾਲੇ ਕਾਹਨ ਸਾਰੇ ਸੀਸ ਨਿਵਾਈਆ । ਸਭ ਘਟ ਵਸਿਆ ਰਾਮ, ਰਾਮ ਨਿਆਰਾ ਮੇਰੀ ਧਾਰ ਧਾਰ ਵਿਚੋਂ ਪਰਗਟਾਈਆ । ਮੇਰਾ ਰੂਪ ਅਗੰਮਾ ਮੇਰਾ ਲੇਖਾ ਘਨੱਈਆ ਸ਼ਾਮ, ਸਾਵਲ ਸੁੰਦਰ ਮੇਰਾ ਹੁਕਮੀ ਵੇਸ ਵਟਾਈਆ । ਹੁਕਮੇ ਅੰਦਰ ਹੁਕਮ ਕਰੇ ਇੰਤਜ਼ਾਮ, ਬਦਨਾਮ ਵੇਖੇ ਜਗਤ ਲੋਕਾਈਆ । ਸ਼ਰਅ ਦਾ ਕਲਾਮ ਕਲਮਿਆਂ ਦਾ ਅਮਾਮ, ਕਾਇਨਾਤ ਦਾ ਮਾਲਕ ਦਾਤਾ ਧੁਰਦਰਗਾਹੀਆ । ਸਤਿ ਦਾ ਇਸਲਾਮ ਸਚ ਦਾ ਪੈਗ਼ਾਮ, ਪੈਗ਼ੰਬਰਾਂ ਰਸੂਲਾਂ ਨਬੀਆਂ ਨਾਇਬ ਹੋ ਕੇ ਕਰਾਂ ਸਿਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਭਗਵਾਨ, ਆਦਿ ਜੁਗਾਦੀ ਦਰਗਾਹ ਸਾਚੀ ਸਚਖੰਡ ਦਵਾਰੇ ਇਕ ਨਿਸ਼ਾਨ, ਨਿਸ਼ਾਨੇ ਅੰਦਰ ਆਪਣਾ ਨਾਉਂ ਸ਼ਬਦ ਸਤਿਗੁਰ ਰੂਪ ਪਰਗਟਾਈਆ ।

★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਅਮਰਜੀਤ ਕੌਰ ਜਗਜੀਤ ਸਿੰਘ ਸਰਮੈਲ ਸਿੰਘ ਸਲੀਮ ਪੁਰ ਜ਼ਿਲਾ ਹੁਸ਼ਿਆਰ ਪੁਰ ★

ਸਤਿਗੁਰ ਸ਼ਬਦ ਕਹੇ ਕੋਟਨ ਕੋਟ ਖੋਜੀ ਬਣੇ ਹਿਸਾਬੀ, ਮੇਰਾ ਭੇਵ ਕਿਸੇ ਨਾ ਆਈਆ । ਮੇਰੀ ਤੱਕ ਕੇ ਮੰਜ਼ਲ ਮਹਿਰਾਬੀ, ਮਹਿਬੂਬ ਮੰਨ ਕੇ ਸੀਸ ਨਿਵਾਈਆ । ਹੁਕਮੇ ਅੰਦਰ ਗੁਰ ਅਵਤਾਰ ਪੈਗ਼ੰਬਰ ਬਣੇ ਰਹੇ ਇਨਕਲਾਬੀ, ਫ਼ਰਮਾਂਬਰਦਾਰ ਹੋ ਕੇ ਸੇਵ ਕਮਾਈਆ । ਦੀਨ ਦੁਨੀ ਦੀ ਆਪਣੇ ਹੁਕਮੇ ਅੰਦਰ ਰੱਖ ਕੇ ਬਾਜ਼ੀ, ਬਾਜ਼ੀਗਰ ਹੋ ਕੇ ਦੋ ਜਹਾਨ ਡੰਕ ਵਜਾਈਆ । ਆਸਾ ਮਨਸਾ ਜਗਤ ਧਾਰ ਬਣਾ ਸਮਾਜੀ, ਸਮਾਂ ਸਮੇਂ ਨਾਲ ਟਕਰਾਈਆ । ਜੁਗ ਚੌਕੜੀ ਨਿਤ ਨਵਿਤ ਸਾਚੀ ਵਸਤ ਬਿਨ ਭਗਤ ਕਿਸੇ ਨਾ ਲਾਧੀ, ਲੱਭ ਲੱਭ ਥੱਕੇ ਸਰਬ ਲੋਕਾਈਆ । ਮੈਂ ਆਦਿ ਜੁਗਾਦਿ ਨਿਤ ਨਵਿਤ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਨਿਰਗੁਣ ਸਰਗੁਣ ਬਣਿਆ ਰਹਾਂ ਪਾਂਧੀ, ਬਿਨ ਕਦਮ ਕਦੀਮ ਦਾ ਪੈਂਡਾ ਆਪ ਮੁਕਾਈਆ । ਮੇਰੀ ਧਾਰ ਏਕੰਕਾਰ ਨਾਲ ਬਾਂਧੀ, ਬੰਦਨਾ ਵਿਚੋਂ ਬੰਦਨਾ ਗੁਰ ਅਵਤਾਰ ਪੈਗ਼ੰਬਰਾਂ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸਮਝਾਈਆ । ਸਤਿਗੁਰ ਸ਼ਬਦ ਕਹੇ ਮੇਰੀ ਖੋਜ ਕਿਸੇ ਨਾ ਆਵੇ ਹੱਥ, ਖੋਜਤ ਖੋਜਤ ਜੁਗ ਚੌਕੜੀ ਗਏ ਵਿਹਾਈਆ । ਮੇਰੀ ਮਹਿੰਮਾ ਜਾਣੇ ਨਾ ਕੋਇ ਅਕਥ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗੁਰ ਅਵਤਾਰ ਪੈਗ਼ੰਬਰ ਇਸ਼ਾਰੇ ਨਾਲ ਸਮਝਾਈਆ । ਜਗਤ ਵਿਦਿਆ ਗਾ ਨਾ ਸਕੇ ਜਸ, ਕਲਮ ਸ਼ਾਹੀ ਲੇਖ ਨਾ ਕੋਇ ਪਰਗਟਾਈਆ । ਮਿਹਰਵਾਨ ਹੋ ਕੇ ਜਿਸ ਦੇਵਾਂ ਆਪਣਾ ਰਸ, ਰਸਤੇ ਦਾ ਰਹਿਬਰ ਹੋ ਕੇ ਅੰਤਰ ਅੱਖ ਖੁਲ੍ਹਾਈਆ । ਤਿਸ ਦਾ ਮੇਲਾ ਹੋਵੇ ਜਗਤ ਕਿਰਿਆ ਤੋਂ ਬਾਹਰ ਝਬ, ਜਬ ਆਪਣਾ ਰੰਗ ਰੰਗਾਈਆ । ਆਸਾ ਮਨਸਾ ਲਹਿਣਾ ਦੇਣਾ ਲੇਖਾ ਪੂਰ ਕਰਾਂ ਹੱਬ, ਹੁੱਬੇ ਵਤਨ ਦਾ ਯਾਰ ਮਹਿਬੂਬ ਇਕੋ ਨਜ਼ਰੀ ਆਈਆ । ਸਚ ਦਵਾਰ ਕਦੇ ਨਾ ਕਰਾਂ ਅਲੱਗ, ਵੱਖਰਾ ਘਰ ਨਾ ਕੋਇ ਬਣਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਚੜ੍ਹ ਕੇ ਤੂੰ ਮੇਰਾ ਮੈਂ ਤੇਰਾ ਸੁਣਾਵਾਂ ਛਦ, ਢੋਲਾ ਇਕੋ ਇਕ ਪਰਗਟਾਈਆ । ਜਗਤ ਵਿਕਾਰਾ ਕੂੜ ਹੰਕਾਰਾ ਕਰਾਂ ਬਧ, ਬੰਦਨਾ ਵਿਚ ਬੰਦਗੀ ਇਕੋ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਆਦਿ ਜੁਗਾਦੀ ਮੰਗਤੇ, ਮਾਂਗਤ ਹੋ ਕੇ ਝੋਲੀ ਡਾਹੀਆ । ਸਚ ਪ੍ਰੀਤੀ ਅੰਦਰ ਸਰਗੁਣ ਧਾਰ ਆਪਣਾ ਰੰਗਦੇ, ਨਿਰਗੁਣ ਨਿਰਾਕਾਰ ਵੇਖ ਕੇ ਖ਼ੁਸ਼ੀ ਬਣਾਈਆ । ਕਰ ਪਰਕਾਸ਼ ਅਗੰਮੀ ਚੰਦ ਦੇ, ਸੂਰੀਆ ਚੰਦ ਦਾ ਲੇਖਾ ਦੇਣਾ ਮੁਕਾਈਆ । ਢੋਲੇ ਗਾ ਸੋਹੰ ਛੰਦ ਦੇ, ਸੰਸਾਰੀ ਨਾਮ ਸਿਫ਼ਤਾਂ ਵਿਚ ਵਡਿਆਈਆ । ਰਸ ਮਾਣ ਅਗੰਮੀ ਸੇਜ ਪਲੰਘ ਦੇ, ਬਿਨ ਪਾਵਾ ਚੂਲ ਸਚ ਸਿੰਘਸਣ ਸੋਭਾ ਪਾਈਆ । ਝਗੜੇ ਮੁਕਾ ਕੇ ਕੂੜ ਕੁੜਿਆਰੇ ਮਨ ਦੇ, ਮਨਸਾ ਮੋਹ ਵਿਕਾਰ ਹੰਕਾਰ ਜਗਤ ਨਾਤਾ ਕੂੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਭੇਵ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਉਚ ਮਹਿਰਾਬੀ, ਮਹਿਬੂਬ ਮਿਲ ਕੇ ਵੱਜੇ ਵਧਾਈਆ । ਮੇਰਾ ਪਰਮ ਪੁਰਖ ਦਾ ਇਕ ਆਦਾਬੀ, ਅਦਬ ਨਾਲ ਗੁਰ ਅਵਤਾਰ ਪੈਗ਼ੰਬਰ ਦਿਆਂ ਸਮਝਾਈਆ । ਜੁਗ ਚੌਕੜੀ ਨਿਤ ਨਵਿਤ ਬਦਲ ਦਿਆਂ ਸ਼ਤਾਬੀ, ਸ਼ਾਇਰਾਂ ਵਾਲੀ ਸ਼ਰਅ ਦਿਆਂ ਉਲਟਾਈਆ । ਲੇਖਾ ਰੱਖ

ਕੇ ਪਰੇ ਹਕੀਕੀ ਤੇ ਮਿਜਾਜੀ, ਮਜਾਰ ਤੋਂ ਪਰੇ ਮਜ਼ਾ ਆਪਣਾ ਦਿਆਂ ਚਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਜਨ ਭਗਤਾਂ ਆਪਣੇ ਮਿਲਣ ਦੀ ਸਿੱਧੀ ਦੇਵਾਂ ਆਜ਼ਾਦੀ, ਮਿਹਰ ਨਜ਼ਰ ਨਾਲ ਮਿਹਰ ਵਿਚ ਸਮਾਈਆ । ਤਨ ਵਜੂਦ ਮਾਟੀ ਖ਼ਾਕੀ ਹੋਣ ਨਾ ਦਿਆਂ ਬਰਬਾਦੀ, ਉਜੜਾ ਖੇੜਾ ਨੇੜਨ ਨੇੜਾ ਹੋ ਕੇ ਆਪੇ ਵੇਖ ਵਖਾਈਆ । ਗੁਰਮਖਾਂ ਅੰਦਰ ਧਾਰ ਰੱਖ ਕੇ ਸਾਦੀ, ਸਾਧਨਾ ਸਾਚੀ ਦਿਆਂ ਜਣਾਈਆ । ਜਿਨ੍ਹਾਂ ਦਾ ਮੇਲਾ ਆਦਿ ਜੁਗਾਦਿ ਜੁਗ ਚੌਕੜੀ ਮੇਰਾ ਆਦੀ, ਆਦਮ ਹਵਾ ਜਿਸ ਨੂੰ ਸੀਸ ਨਿਵਾਈਆ । ਕੁਛ ਲਹਿਣਾ ਦੇਣਾ ਪਿਛਲਾ ਲੇਖੇ ਵਿਚ ਰਿਹਾ ਜਿਸ ਵੇਲੇ ਮੁਹੰਮਦ ਦੀ ਹੋਈ ਸ਼ਾਦੀ, ਵਕਤ ਸੁਹੰਜਣਾ ਆਪਣਾ ਰੰਗ ਰੰਗਾਈਆ । ਇਕ ਗਾਵਣ ਵਾਲਾ ਢਾਡੀ, ਰਾਗ ਆਪਣਾ ਰਿਹਾ ਸੁਣਾਈਆ । ਤੇਰਾ ਕੋਈ ਚੰਗਾ ਨਹੀਂ ਜਾਪਦਾ ਜਾਂਵੀ, ਲਾੜੇ ਤੇਰਾ ਲਾੜਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਇਹ ਖੇਲ ਅਪਾਰਾ, ਤੀਸ ਬਤੀਸ ਸਕੇ ਕੋਇ ਨਾ ਗਾਈਆ । ਕੁਰਾਨ ਸ਼ਰੀਫ਼ ਵਿਚ ਇਸ਼ਾਰਾ, ਬਿਆਨ ਦੇਵੇ ਤੇਈਵਾਂ ਸਪਾਰਾ, ਸ਼ਪਰੋ ਸੀਲਾ ਨਜ਼ਰੀ ਆਈਆ । ਖੇਲ ਹੋਇਆ ਅਪਾਰਾ, ਵੇਖਣ ਵਾਲਾ ਨਜ਼ਾਰਾ, ਮੁਹੰਮਦ ਦਾ ਇਸ਼ਾਰਾ, ਮਹਿਬੂਬ ਵਲ ਧਿਆਨ ਲਗਾਈਆ । ਕੁਦਰਤ ਦਾ ਅਖਾੜਾ, ਫ਼ੁਰਸਤ ਦਾ ਦਿਹਾੜਾ, ਉਲਫ਼ਤ ਦਾ ਵਾੜਾ, ਮੰਗਣ ਆਇਆ ਚਾਈਂ ਚਾਈਂਆ । ਲੱਕੜਹਾਰਾ ਜਿਸ ਦੇ ਮੋਢੇ ਉਤੇ ਉਤੇ ਕੁਹਾੜਾ, ਮਸਤਕ ਖਿੜੀ ਹੋਈ ਗੁਲਜ਼ਾਰਾ, ਮਹਿਕ ਪ੍ਰੇਮ ਪ੍ਰੀਤੀ ਵਿਚੋਂ ਪਰਗਟਾਈਆ । ਉਸ ਦਾ ਸਾਥੀ ਸੱਜਣ ਜੋ ਰੰਗਦਾਰ ਲਲਾਰਾ, ਇੱਕੀ ਸਾਲ ਉਮਰ ਕਵਾਰਾ, ਰਫ਼ੀਕ ਨਾਮ ਲੈ ਕੇ ਸਾਰੇ ਗਾਈਆ । ਓਸ ਦੇ ਅੰਤਰ ਆਈ ਵਿਚਾਰਾ, ਮੁਹੰਮਦ ਦੇ ਸਿਰ ਤੇ ਬੰਨ੍ਹਾਂ ਦਸਤਾਰਾ, ਮੇਰਾ ਅੱਗੇ ਵਧੇ ਪਿਆਰਾ, ਰੰਗ ਅੱਖਾਂ ਵਿਚ ਛੁਪਾਈਆ । ਕਿਰਪਾ ਕਰੀ ਪਰਵਰਦਿਗਾਰਾ, ਫ਼ੁਰਨਾ ਦਿਤਾ ਧੁਰ ਦਰਬਾਰਾ, ਵੇਖ ਨੂਰ ਜੋਤ ਇਸ਼ਾਰਾ, ਅਜੇ ਬਣ ਨਾ ਵਣਜਾਰਾ, ਤੇਰਾ ਲੇਖਾ ਹੋਰ ਉਧਾਰਾ, ਜਨਮ ਲੈਣਾ ਦੂਜੀ ਵਾਰਾ, ਪਰਗਟ ਹੋਵੇਂ ਵਿਚ ਸੰਸਾਰਾ, ਅਮਾਮ ਅਮਾਮਾਂ ਹੋਵੇ ਸਿਕਦਾਰਾ, ਕਲ ਕਲਕੀ ਲੈ ਅਵਤਾਰਾ, ਜਿਸ ਦਾ ਮੁਹੰਮਦ ਨੂੰ ਸਹਾਰਾ, ਉਹ ਤੇਰਾ ਲੇਖੇ ਲਾਏ ਵਾੜਾ, ਰੰਗ ਚਾੜ੍ਹ ਅਪਰ ਅਪਾਰਾ, ਹੁਕਮ ਆਪਣਾ ਇਕ ਵਰਤਾਈਆ । ਸੋ ਲਹਿਣਾ ਦੇਣਾ ਦੇਵੇ ਵਿਚ ਸੰਸਾਰਾ, ਨਿਰਗੁਣ ਜੋਤ ਨੂਰ ਉਜਿਆਰਾ, ਭੇਵ ਖੁਲ੍ਹਾਏ ਧੁਰ ਦਰਬਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਦਰ ਲੇਖ ਮੁਕਾਈਆ । ਮੁਹੰਮਦ ਅੰਦਰ ਆਈ ਯਾਦ, ਮਹਿਬੂਬ ਦਿਤਾ ਸੁਣਾਈਆ । ਮੈਂ ਸੁਣੀ ਅਗੰਮੀ ਆਵਾਜ਼, ਰਾਜ਼ ਦਿਆਂ ਖੁਲ੍ਹਾਈਆ । ਬਿਨ ਕਲਮਿਉਂ ਪੜ੍ਹ ਨਮਾਜ਼, ਸਜਦਾ ਦਿਤਾ ਕਰਾਈਆ । ਪਰਵਰਦਿਗਾਰ ਖੋਲ੍ਹੀ ਜਾਗ, ਸਦੀ ਚੌਧਵੀਂ ਦਿਤੀ ਵਖਾਈਆ । ਜਿਸ ਦੇ ਉਤੇ ਤੇਰਾ ਨਾਜ਼, ਉਹ ਖੇਲ ਕਰੇ ਆਪ ਜਿਸ ਨੂੰ ਮੂਸਾ ਮੰਨਿਆ ਬਾਪ, ਈਸਾ ਕਰ ਕੇ ਓਸੇ ਦਾ ਜਾਪ, ਨੂਰ ਖ਼ੁਦਾ ਖ਼ੁਦ ਵਿਚ ਸਮਾਈਆ । ਸੋ ਬੁਤ ਕਰੇ ਪਾਕ, ਰੂਹ ਕਰੇ ਸਾਫ਼, ਅੰਦਰ ਖੋਲ੍ਹੇ ਤਾਕ, ਮੇਟੇ ਪਿਛਲੀ ਵਾਟ, ਮੰਜ਼ਲ ਪੂਰੀ ਕਰੇ ਘਾਟ, ਲੇਖਾ ਧੁਰ ਦਾ ਦਏ ਚੁਕਾਈਆ । ਮੁਹੰਮਦ ਅੰਦਰ ਆਈ ਆਸਾ, ਇਛਿਆ ਲਈ ਪਰਗਟਾਈਆ । ਇਹ ਖੇਲ ਅਗੰਮ ਤਮਾਸ਼ਾ, ਵੇਲਾ ਵਕਤ ਦਏ ਗਵਾਹੀਆ । ਪੁਰਖ ਅਕਾਲ ਕਿਹਾ ਮੈਂ ਜੁਗ ਚੌਕੜੀ ਨਿਤ ਨਵਿਤ ਲਹਿਣਾ ਦੇਣਾ ਸਭ ਦਾ ਪੂਰਾ ਕਰਾਂ ਘਾਟਾ, ਘਾਟਾ ਰਹਿਣ ਕੋਇ ਨਾ ਪਾਈਆ । ਕਰਨੀ ਦਾ ਕਰਤਾ ਹੋ ਕੇ ਲੋਕਮਾਤ ਮਾਰਾਂ ਵਾਟਾ, ਪਾਂਧੀ ਹੋ ਕੇ ਆਪਣਾ

ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਮੁਹੰਮਦ ਕਿਹਾ ਮੇਰਾ ਓਸ ਦੇ ਨਾਲ ਪਿਆਰ, ਜੋ ਪ੍ਰੀਤੀ ਅੰਦਰੋਂ ਰਿਹਾ ਵਖਾਈਆ । ਜਿਸ ਨੇ ਖ਼ੁਸ਼ੀਆਂ ਨਾਲ ਲਿਆਂਦੀ ਦਸਤਾਰ, ਦਸਤ ਆਪਣੇ ਰਿਹਾ ਉਠਾਈਆ । ਪਰਵਰਦਿਗਾਰ ਕਿਹਾ ਇਹ ਤੇਰੇ ਅੱਗੇ ਦਾ ਉਧਾਰ, ਵਾਧਾ ਤੇਰੇ ਨਾਲ ਮਿਲਾਈਆ । ਜਿਸ ਵੇਲੇ ਪਰਗਟ ਹੋ ਕੇ ਆਵਾਂ ਸਾਂਝਾ ਯਾਰ, ਚਾਰ ਯਾਰੀ ਲੇਖਾ ਦਿਆਂ ਚੁਕਾਈਆ । ਮਿਹਰਵਾਨ ਹੋ ਕੇ ਮਹਿਬੂਬ ਹੋ ਕੇ ਮੁਹੱਬਤ ਵਿਚ ਓਸੇ ਦੇ ਸਿਰ ਬਖ਼ਸ਼ਾਂ ਇਹ ਦਸਤਾਰ, ਜਿਸ ਦੀ ਦਸਤੀ ਦਸਤਾਵੇਜ਼ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਸਿਖ ਪੂਰਬ ਲਹਿਣੇ ਦੇ ਕਰ ਅਜ਼ੀਜ਼, ਅਜ਼ੀਮ ਆਜ਼ਮ ਦੇਵੇ ਮਾਣ ਵਡਿਆਈਆ ।

★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਿਕਰਮ ਸਿੰਘ ਦੇ ਗ੍ਰਹਿ ਤਖਾਣ ਵਧ ਜ਼ਿਲਾ ਫ਼ਿਰੋਜ਼ਪੁਰ ★

ਸਤਿਗੁਰ ਸ਼ਬਦ ਕਹੇ ਹੁਕਮ ਦੇਵੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਬਣੇ ਮਲਾਹ, ਖੇਵਟ ਖੇਟਾ ਧੁਰ ਦਾ ਬੇਟਾ ਲਏ ਉਪਜਾਈਆ । ਅੱਗੇ ਕਰੇ ਨਾ ਕੋਈ ਸਲਾਹ, ਮਸ਼ਵਰਿਆਂ ਵਿਚ ਮਤਾ ਨਾ ਕੋਇ ਪਕਾਈਆ । ਹੁਕਮੇ ਅੰਦਰ ਸੀਸ ਦਿਓ ਝੁਕਾ, ਅੱਖ ਪਰਤੱਖ ਸਾਹਮਣੇ ਨਾ ਕੋਇ ਉਠਾਈਆ । ਸਜਦਿਆਂ ਵਿਚ ਕਰੋ ਦੁਆ, ਕਬੂਲ ਕਰੇ ਧੁਰ ਗੋਸਾਈਂਆ । ਨਿਰਵੈਰ ਹੋ ਕੇ ਪਕੜੇ ਬਾਂਹ, ਬਲ ਆਪਣਾ ਨਾਲ ਰਖਾਈਆ । ਜਾ ਕੇ ਵੇਖੇ ਜ਼ਿਮੀਂ ਅਸਮਾਂ, ਆਸਣ ਸਿੰਘਾਸਣ ਰਿਹਾ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਸ਼ੇਸ਼ ਬੁੱਧੀ ਹੋਈ ਕਾਂ, ਮਨਮਤ ਰਹੀ ਕੁਰਲਾਈਆ । ਪਾਕ ਪਵਿਤ ਪਤਤ ਕਰੇ ਨਾ ਕੋਈ ਨਾਂ, ਨਾਮ ਨਿਧਾਨਾ ਹੱਥ ਕਿਸੇ ਨਾ ਆਈਆ । ਸੱਜਣ ਸੁਹੇਲਾ ਬਣ ਕੇ ਸਿਰ ਦੇਵੇ ਨਾ ਕੋਈ ਠੰਡੀ ਛਾਂ, ਕਲਜੁਗ ਅਗਨੀ ਤਤ ਰਹੀ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਧੁਰ ਫ਼ਰਮਾਨਾ ਇਕੋ ਇਕ ਦ੍ਰਿੜਾਈਆ ।

★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਨਿਰਵੈਰ ਸਿੰਘ ਨਿਰੰਜਣ ਸਿੰਘ ਦੇ ਗ੍ਰਹਿ ਲੁਧਿਆਣਾ ਕੂਚਾ ਨੰਬਰ ੯ ★

ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਆਪਣਾ ਆਪਣਾ ਬੰਨ੍ਹੋ ਭਾਰ, ਭਾਰਤ ਖੰਡ ਪਹਿਲੀ ਵੰਡ ਵੰਡਾਈਆ । ਨਵ ਨੌ ਖੋਲ੍ਹ ਕਿਵਾੜ, ਪੜਦਾ ਓਹਲਾ ਰਿਹਾ ਚੁਕਾਈਆ । ਜੰਗਲ ਜੂਹ ਵੇਖਣਾ ਪਹਾੜ, ਟਿੱਲੇ ਪਰਬਤ ਫੋਲ ਫੋਲਾਈਆ । ਹੁਕਮੇ ਅੰਦਰ ਕਰਨੀ ਸੱਚੀ ਕਾਰ, ਕਰਨੀ ਦਾ ਕਰਤਾ ਆਪ ਸਮਝਾਈਆ । ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਜੋ ਬਾਕੀ ਰਿਹਾ ਉਧਾਰ, ਲਹਿਣੇ ਵਿਚੋਂ ਲਹਿਣਾ ਦੇਣੇ ਵਿਚੋਂ ਦੇਣਾ ਵੇਖ ਵਖਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਖੇਲ ਕਰੇ ਸੱਚੀ ਸਰਕਾਰ, ਕਰਨੀ ਦਾ ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਵਾਰ ਸਚ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ

ਆਪਣੇ ਆਪਣੇ ਵੇਖੇ ਬਸਤੇ, ਬਸਤੀ ਲੋਕਮਾਤ ਫੋਲ ਫੋਲਾਈਆ । ਜੋ ਮਾਰਗ ਰਹੇ ਦੱਸਦੇ, ਦਹਿ ਦਿਸ਼ਾ ਕਰ ਪੜ੍ਹਾਈਆ । ਇਸ਼ਾਰੇ ਕਰਦੇ ਰਹੇ ਅਗੰਮੀ ਅੱਖ ਦੇ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਵਣਜਾਰੇ ਬਣਦੇ ਰਹੇ ਮੇਰੇ ਨਾਮ ਹੱਟ ਦੇ, ਧਰਮ ਤਰਾਜ਼ੂ ਹੱਥ ਉਠਾਈਆ । ਭੇਵ ਖੁਲ੍ਹਾਉਂਦੇ ਰਹੇ ਪੁਰਖ ਸਮਰਥ ਦੇ, ਖਾਣੀ ਬਾਣੀ ਨਾਦ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਭਰੇ ਜਸ ਦੇ, ਢੋਲਿਆਂ ਵਿਚੋਂ ਸੋਹਲੇ ਸੋਹਣਾ ਰਾਗ ਅਲਾਈਆ । ਚਾਰ ਕੁੰਟ ਦਹਿ ਦਿਸ਼ਾ ਵਰਨ ਬਰਨ ਤਨ ਵਜੂਦ ਵੇਖੇ ਤਪਦੇ, ਅਗਨੀ ਅੱਗ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਇਕ ਸਮਝਾਈਆ ।

★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਿਹ ਪਿੰਡ ਅਜਨੌਦ ਜ਼ਿਲਾ ਲੁਧਿਆਣਾ ★

ਗੁਰ ਅਵਤਾਰ ਪੈਗ਼ੰਬਰ ਇਕੋ ਵਾਰ ਕਰੋ ਤਿਆਰੀ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਨਾਲ ਰਲਾਓ ਬ੍ਰਹਮਾ ਵਿਸ਼ਨ ਸ਼ਿਵ ਸੰਸਾਰੀ, ਭੰਡਾਰੀ ਸੰਘਾਰੀ ਬਚਿਆ ਰਹਿਣ ਕੋਇ ਨਾ ਪਾਈਆ । ਉੱਤਰ ਪੂਰਬ ਪੱਛਣ ਦੱਖਣ ਚਾਰ ਕੁੰਟ ਦਹਿ ਦਿਸ਼ਾ ਵੇਖੋ ਇਕੋ ਵਾਰੀ, ਏਕੰਕਾਰਾ ਧੁਰ ਦਰਬਾਰਾ ਦਰ ਘਰ ਸਾਚੇ ਰਿਹਾ ਸਮਝਾਈਆ । ਕਲਜੁਗ ਕੂੜੀ ਕਿਰਿਆ ਵਰਨ ਬਰਨ ਅੰਦਰ ਵੇਖਣੀ ਜੂਠ ਝੂਠ ਯਾਰੀ, ਮਮਤਾ ਦਾ ਮੋਹ ਵਿਕਾਰ ਹੰਕਾਰ ਬਚਿਆ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਰੈਣ ਮੇਟਣੀ ਕਲਜੁਗ ਅੰਤ ਅੰਧਿਆਰੀ, ਗਿਆਨ ਨੇਤਰ ਨਿਜ ਲੋਚਨ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਠਾਕਰ ਸਵਾਮੀ ਹੋ ਕੇ ਹੁਕਮ ਸੁਣਾਈਆ ।



★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਦੀਪ ਸਿੰਘ ਦੇ ਗ੍ਰਿਹ ਪਿੰਡ ਦਬੁਰਜੀ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਅੱਗੇ ਕਰਨੀ ਨਹੀਂ ਦੇਰ, ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਰਿਹਾ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਸਮਰਥ ਸਵਾਮੀ ਕਰੇ ਮਿਹਰ, ਮਹਿਬੂਬ ਮੁਹੱਬਤ ਵਿਚ ਮਾਅਕੂਲ ਹੁਕਮ ਸੁਣਾਈਆ । ਹੁਕਮੇ ਅੰਦਰ ਸਵਾਧਾਨ ਹੋ ਦਲੇਰ, ਭੈ ਭਉ ਭਿਆਨਕ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਕੁਟੰਬ ਮੇਟਣਾ ਗੇੜ, ਗੇੜਾ ਧੁਰ ਦਾ ਦੇਣਾ ਦਵਾਈਆ । ਮਨ ਵਾਸਨਾ ਕਰੇ ਕੋਈ ਨਾ ਹੇਰ ਫੇਰ, ਫੁਰਤੀ ਨਾਲ ਸੁਰਤੀ ਦੇਣੀ ਜਗਾਈਆ । ਤੁਹਾਡਾ ਮਾਲਕ ਖ਼ਾਲਕ ਪ੍ਰਿਤਪਾਲਕ ਸਤਿਗੁਰ ਸ਼ਬਦ ਇਕੋ ਸ਼ੇਰ, ਭਬਕ ਵਿਚ ਚੌਦਾਂ ਤਬਕ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਰਤਾ ਹੋ ਕੇ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਉਠੋ ਬਲਧਾਰ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਲਹਿਣਾ ਦੇਣਾ ਜੀਵ ਜੰਤ ਵੇਖੋ ਸੰਸਾਰ, ਲੱਖ ਚੁਰਾਸੀ ਫੋਲ ਫੋਲਾਈਆ । ਜਿਸ ਦੀ ਯਾਦ ਵਿਚ ਬੀਤੇ ਜੁਗ ਚਾਰ, ਫ਼ਰਿਆਦ ਵਿਚ ਬੇਨੰਤੀਆਂ ਕਰ ਸੁਣਾਈਆ । ਸੋ ਲੇਖਾ ਜਾਣੇ ਧੁਰ ਦਰਬਾਰ ਹਰਿ ਕਰਤਾਰ, ਕਰਨੀ ਦਾ ਕਰਤਾ ਇਕ ਅਖਵਾਈਆ । ਸਦੀ ਚੌਧਵੀਂ ਸਭ ਦੀ ਕਰੇ ਸੰਭਾਲ, ਲੇਖਾ ਜਾਣੇ ਸ਼ਾਹ ਕੰਗਾਲ, ਦੀਨ ਦੁਨੀ ਖੋਜ ਖੁਜਾਈਆ । ਗੁਰਮੁਖ

ਭਗਤ ਸੁਹੇਲੇ ਸੰਤ ਸਾਜਣ ਵੇਖੇ ਆਪਣੇ ਲਾਲ, ਬੇਹਾਲ ਕੂਕੇ ਕੂੜ ਲੋਕਾਈਆ । ਦੀਨਾਂ ਬੰਧਪ ਦਇਆ ਵਿਚ ਹੋਏ ਦਿਆਲ, ਦੀਨਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਾਰਗ ਦੱਸੇ ਇਕ ਵਿਸ਼ਾਲ, ਵਿਸ਼ਿਆਂ ਵਿਚੋਂ ਵਿਸ਼ਾ ਸਾਚਾ ਨਾਮ ਧੁਰ ਦਾ ਇਕ ਜਣਾਈਆ ।

★ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੂੜ ਸਿੰਘ ਦੇ ਗ੍ਰਿਹ ਪਿੰਡ ਪੁਰੀਆਂ ਜ਼ਿਲਾ ਗੁਰਦਾਸਪੁਰ ★

ਪੁਰਖ ਅਕਾਲ ਕਹੇ ਸਭ ਦੀ ਆਸਾ ਮਨਸਾ ਕਰਾਂ ਪੂਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖ ਵਖਾਈਆ । ਨਿਰਗੁਣ ਧਾਰ ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਰਹਾਂ ਹਾਜ਼ਰ ਹਜ਼ੂਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਵਖਾਈਆ । ਮਨ ਵਾਸਨਾ ਹਉਮੇ ਹੰਗਤਾ ਕੂੜੀ ਕਿਰਿਆ ਗੜ੍ਹ ਤੋੜਾਂ ਜ਼ਰੂਰ, ਵਿਕਾਰ ਹੰਕਾਰ ਦੀਨ ਦੁਨੀ ਲੋਕਮਾਤ ਰਹਿਣ ਕੋਇ ਨਾ ਪਾਈਆ । ਲੱਖ ਚੁਰਾਸੀ ਵਿਚੋਂ ਜੀਵ ਜੰਤ ਸਾਧ ਸੰਤ ਆਤਮ ਰਸੀਏ ਕਰਾਂ ਕਬੂਲ, ਕਾਇਆ ਕਾਅਬਾ ਹਕ ਦੋਆਬਾ ਇਕੋ ਇਕ ਏਕੰਕਾਰ ਹੋ ਕੇ ਦਿਆਂ ਜਣਾਈਆ । ਸਚ ਦਵਾਰ ਏਕੰਕਾਰ ਨਿਰਗੁਣ ਧਾਰ ਹੋ ਕੇ ਕਰਾਂ ਮਨਜ਼ੂਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਸਤਿ ਧਰਮ ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਮਾਨਵ ਬੰਨ੍ਹਾਂ ਇਕ ਅਸੂਲ, ਅਸਲ ਵਸਲ ਦੇਵਾਂ ਯਾਰ ਖ਼ੁਦਾਈਆ । ਆਤਮ ਪਰਾਮਤਮ ਨਾਤਾ ਜੋੜ ਕੇ ਕੰਤ ਕੰਤੂਹਲ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਘਟ ਨਿਵਾਸਨ ਏਕਾ ਏਕ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਨਰ ਨਰੇਸ਼ਾ ਦੋ ਜਹਾਨ ਸ੍ਰੀ ਭਗਵਾਨ ਪਰਵਰਦਿਗਾਰ ਸਾਂਝਾ ਯਾਰ ਇਕ ਸਮਝਾਈਆ । ਪੁਰਖ ਅਕਾਲ ਕਹੇ ਮੈਂ ਆਦਿ ਜੁਗਾਦਿ ਸਚਖੰਡ ਨਿਵਾਸੀ ਅਦਲੀ, ਅਦਲ ਅਦਾਲਤ ਮੁਕਾਮੇ ਹਕ ਇਕੋ ਇਕ ਲਗਾਈਆ । ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਕਰਦਾ ਆਵਾਂ ਬਦਲੀ, ਤਬਾਦਲੇ ਵਿਚ ਧਰਨੀ ਧਰਤ ਧਵਲ ਆਪਣੀ ਖੇਲ ਖਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤ ਅਖ਼ੀਰ ਪੰਧ ਮੁਕੇ ਮਜ਼ਲੋ ਮਜ਼ਲੀ, ਮੰਜ਼ਲ ਹਕੀਕੀ ਲਾਸ਼ਰੀਕੀ ਇਕੋ ਦਿਆਂ ਵਖਾਈਆ । ਜਿਸ ਕਾਰਨ ਗੁਰ ਅਵਤਾਰ ਪੈਗ਼ੰਬਰਾਂ ਧਾਰ ਸਦ ਲਈ, ਧੁਰ ਸੰਦੇਸ਼ਾ ਨਰ ਨਰੇਸ਼ਾ ਨਾਮ ਨਿਧਾਨਾ ਸ੍ਰੀ ਭਗਵਾਨਾ ਇਕੋ ਇਕ ਸਮਝਾਈਆ । ਹੁਕਮੇ ਅੰਦਰ ਖੇਲ ਖੇਲਣਾ ਸਮਰਥ ਪੁਰਖ ਸ੍ਰਿਸ਼ਟ ਸਬਾਈ ਜਗ ਲਈ, ਜਾਗਰਤ ਜੋਤ ਬਿਨ ਵਰਨ ਗੋਤ ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਭੀਤਰ ਗ੍ਰਿਹ ਮੰਦਰ ਤਨ ਮਾਟੀ ਕਾਇਆ ਵਜੂਦ ਵੇਖੇ ਥਾਉਂ ਥਾਈਂਆ ।

★ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਾਵਾ ਸਿੰਘ ਦੇ ਗ੍ਰਿਹ ਪਿੰਡ ਪੁਰੀਆਂ ★

ਪੁਰਖ ਅਕਾਲ ਕਹੇ ਸਾਚੇ ਨਾਮ ਦਾ ਵੱਜੇ ਇਕ ਨਗ਼ਾਰਾ, ਨੌਬਤ ਧੁਰ ਦੀ ਦਿਆਂ ਸੁਣਾਈਆ । ਜਿਸ ਨੂੰ ਕਾਗਦ ਕਲਮ ਸ਼ਾਹੀ ਕੋਇ ਨਾ

ਲਿਖਣਹਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਬੈਠੇ ਸੀਸ ਨਿਵਾਈਆ । ਲਹਿਣਾ ਦੇਣਾ ਜੀਵ ਜੰਤ ਸਾਧ ਸੰਤ ਕਲਜੁਗ ਅੰਤ ਸ੍ਰੀ ਭਗਵੰਤ ਲੇਖੇ ਲਾਉਣਾ ਵਿਚ ਸੰਸਾਰਾ, ਸੰਸਾਰੀ ਭੰਡਾਰੀ (ਸੰਘਾਰੀ) ਮਿਲ ਕੇ ਸਾਰੇ ਦੇਣ ਗਵਾਹੀਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰ ਇਕ ਉਜਿਆਰਾ, ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਅੰਧ ਅੰਧੇਰ ਦਏ ਮਿਟਾਈਆ । ਲੇਖਾ ਜਾਣੇ ਸਚਖੰਡ ਨਿਵਾਸੀ ਧੁਰ ਦਰਬਾਰਾ, ਦਰਗਾਹ ਸਾਚੀ ਮੁਕਾਮੇ ਹਕ ਇਕੋ ਇਕ ਕਰੇ ਸ਼ਨਵਾਈਆ । ਜੋ ਆਦਿ ਜੁਗਾਦਿ ਨਿਤ ਨਵਿਤ ਹੁਕਮ ਸੰਦੇਸਾ ਦੇਂਦਾ ਰਿਹਾ ਗੁਰੂ ਅਵਤਾਰਾ, ਪੈਗ਼ੰਬਰਾਂ ਕਲਮਾ ਕਾਇਨਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਘਟ ਨਿਵਾਸਨ ਇਕੋ ਇਕ ਵੇਖ ਵਖਾਈਆ । ਪੁਰਖ ਅਕਾਲ ਕਹੇ ਮੇਰਾ ਹੁਕਮ ਅਗੰਮ ਅਥਾਹ, ਦੋ ਜਹਾਨ ਨਾ ਕੋਇ ਮੇਟੇ ਮੇਟ ਮਿਟਾਈਆ । ਸਾਚਾ ਸ਼ਬਦ ਏਕੰਕਾਰ ਇਕ ਬਣਾ ਮਲਾਹ, ਖੇਵਟ ਖੇਟਾ ਹੋ ਕੇ ਲੱਖ ਚੁਰਾਸੀ ਦੀਨ ਦੁਨੀ ਖੋਜ ਖੁਜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਦੱਸੇ ਇਕ ਰਾਹ, ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਨਿਰੰਜਣ ਏਕਾ ਜੋਤੀ ਨੂਰ ਕਰ ਰੁਸ਼ਨਾਈਆ । ਵੇਖੇ ਵਿਗਸੇ ਟਿੱਲੇ ਪਰਬਤ ਚੋਟੀ ਜਲ ਥਲ ਅਸਗਾਹ, ਸਮੁੰਦ ਸਾਗਰ ਡੂੰਘੀ ਖਾਈ ਫੋਲ ਫੋਲਾਈਆ । ਘਟ ਨਿਵਾਸੀ ਕਾਇਆ ਮੰਦਰ ਅੰਦਰ ਨਿਰੰਤਰ ਹੋ ਕੇ ਪੜਦਾ ਦੇਵੇ ਲਾਹ, ਪਾਰਬ੍ਰਹਮ ਬ੍ਰਹਮ ਭੇਵ ਆਪਣਾ ਦਏ ਜਣਾਈਆ । ਧੁਰ ਸੰਦੇਸਾ ਨਰ ਨਰੇਸ਼ਾ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਏ ਸੁਣਾ, ਸਰਵਣ ਸਰੋਤਾ ਸੁਣਨ ਦੀ ਲੋੜ ਰਹੇ ਨਾ ਰਾਈਆ । ਦੀਆ ਬਾਤੀ ਕਮਲਾਪਾਤੀ ਇਕੋ ਜੋਤੀ ਜਾਤਾ ਦਏ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਰਸ ਬੂੰਦ ਸਵਾਂਤੀ ਗੁਰਮੁਖ ਠਾਂਡੇ ਦਰ ਦਏ ਪਿਲਾ, ਪੀਵਤ ਜੀਵਤ ਰੂਪ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਲੇਖਾ ਜਾਣੇ ਦੋ ਜਹਾਂ, ਮਿਹਰਵਾਨ ਮਹਿਬੂਬ ਆਪਣੀ ਕਲ ਵਰਤਾਈਆ ।

### ★ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਵਿੰਦਰ ਸਿੰਘ ਦੇ ਗ੍ਰਹਿ ਪਿੰਡ ਚੰਦ ਪੁਰਾਣਾ ਜ਼ਿਲਾ ਫ਼ਿਰੋਜ਼ਪੁਰ ★

ਜਨ ਭਗਤ ਕਹਿਣ ਪ੍ਰਭ ਕਿਰਪਾ ਕਰ ਆਪ, ਆਪਣੀ ਦਇਆ ਕਮਾਈਆ । ਜੁਗ ਜਨਮ ਦਾ ਰਹੇ ਕੋਈ ਨਾ ਪਾਪ, ਪਤਤ ਪੁਨੀਤ ਦੇ ਬਣਾਈਆ । ਭਾਗ ਲਗਾ ਤਨ ਮਾਟੀ ਵਜੂਦ ਖ਼ਾਕ, ਖ਼ਾਲਸ ਆਪਣਾ ਰੰਗ ਚੜ੍ਹਾਈਆ । ਨਿਰਗੁਣ ਸਰਗੁਣ ਹੋ ਸਾਥ, ਧੁਰ ਦਾ ਸੰਗ ਬਣਾਈਆ । ਆਤਮ ਪਰਮਾਤਮ ਦੱਸ ਜਾਪ, ਜਗਜੀਵਣ ਦਾਤੇ ਭੇਵ ਖੁਲ੍ਹਾਈਆ । ਝਗੜਾ ਮੁਕੇ ਤ੍ਰੈਗੁਣ ਮਾਇਆ ਤੀਨੋਂ ਤਾਪ, ਤਪਸ਼ ਅਗਨੀ ਦੇ ਗਵਾਈਆ । ਮਿਹਰ ਨਿਗਾਹ ਵਿਚ ਮਹਿਬੂਬ ਰੱਖ ਹਾਥ, ਪੁਸ਼ਤ ਪਨਾਹ ਆਪ ਟਿਕਾਈਆ । ਸਭ ਦਾ ਪੂਰਾ ਕਰ ਭਵਿਖਤ ਵਾਕ, ਲੇਖਾ ਚੁਕਾ ਧੁਰਦਰਗਾਹੀਆ । ਚਰਨ ਪ੍ਰੀਤੀ ਇਕੋ ਰਹੇ ਨਾਤ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਵੱਡੀ ਵਡਿਆਈਆ ।

★ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਚੰਦਾ ਸਿੰਘ ਦੇ ਗ੍ਰਿਹ ਲਲਤੋਂ ਕਲਾਂ ਜ਼ਿਲਾ ਲੁਧਿਆਣਾ ★

ਜਨ ਭਗਤ ਕਹਿਣ ਆਪਣਾ ਬਖ਼ਸ਼ ਆਪੇ ਨਾਮ, ਨਾਉਂ ਨਿਧਾਨਾ ਦੇ ਜਣਾਈਆ । ਸਚ ਹਕੀਕੀ ਦੇ ਜਾਮ, ਰਸ ਖ਼ੁਮਾਰੀ ਨਾਮ ਚੜ੍ਹਾਈਆ । ਮਹਬੱਤ ਦੇ ਤੁਆਮ, ਤ੍ਰਿਸਨਾ ਭੁੱਖ ਮਿਟਾਈਆ । ਹਉਂ ਬਰਦੇ ਤੇਰੇ ਗ਼ੁਲਾਮ, ਸੇਵਕ ਧੁਰ ਦੇ ਨਜ਼ਰੀ ਆਈਆ । ਸਾਚੀ ਮੰਜ਼ਲ ਦੱਸ ਆਸਾਨ, ਔਖੀ ਘਾਟੀ ਨਾ ਕੋਇ ਚੜ੍ਹਾਈਆ । ਤੂੰ ਆਦਿ ਜੁਗਾਦੀ ਧੁਰ ਦਾ ਰਾਮ, ਰਮੱਈਆ ਹੋ ਕੇ ਮੇਲ ਮਿਲਾਈਆ । ਤੇਰੇ ਚਰਨ ਕਵਲ ਇਕ ਪਰਨਾਮ, ਬੰਦਗੀ ਵਿਚ ਸੀਸ ਝੁਕਾਈਆ । ਹਉਂ ਬਾਲਕ ਨੱਢੇ ਨਾਦਾਨ, ਬਾਲੀ ਬੁਧ ਰਹੇ ਕੁਰਲਾਈਆ । ਤੂੰ ਆਦਿ ਜੁਗਾਦੀ ਦੇਵਣਹਾਰਾ ਦਾਨ, ਨਾਮ ਭੰਡਾਰਾ ਇਕ ਵਰਤਾਈਆ । ਸਚ ਸੰਦੇਸਾ ਨਰ ਨਰੇਸ਼ਾ ਦੇ ਫ਼ਰਮਾਨ, ਫੁਰਨਿਆਂ ਵਿਚੋਂ ਸੁਰਤੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ ।

★ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਿਹ ਪਿੰਡ ਵਾਹਗੇ ਜ਼ਿਲਾ ਹੁਸ਼ਿਆਰ ਪੁਰ ★

ਗੁਰ ਅਵਤਾਰ ਪੈਗ਼ੰਬਰ ਤੇਰੇ ਅੱਗੇ ਕਰਨ ਅਰਦਾਸ, ਜਨ ਭਗਤ ਰਹੇ ਜਣਾਈਆ । ਸੰਤ ਸੁਹੇਲੇ ਤੱਕਣ ਤੇਰੀ ਆਸ, ਰਾਹ ਅਗੰਮੜਾ ਦੇ ਵਖਾਈਆ । ਤੂੰ ਸਾਹਿਬ ਸਵਾਮੀ ਹੋ ਕੇ ਵਸਣਾ ਪਾਸ, ਅੰਤਰਜਾਮੀ ਪੜਦਾ ਦੇਣਾ ਉਠਾਈਆ । ਮਨ ਵਾਸਨਾ ਕੂੜੀ ਕਿਰਿਆ ਕਰਨੀ ਘਾਤ, ਘਰ ਆਪਣਾ ਦੇਣਾ ਜਣਾਈਆ । ਜਿਥੇ ਵੱਜੇ ਅਗੰਮੀ ਨਾਦ, ਧੁਨ ਨਾਦ ਸ਼ਨਵਾਈਆ । ਸੋ ਲਹਿਣਾ ਦੇਣਾ ਮੁਕਾਉਣਾ ਕੂੜੀ ਕਿਰਿਆ ਜਗਤ ਰਿਵਾਜ, ਸਮਾਜ ਅਗਲਾ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦਵਾਰਿਉਂ ਝੋਲੀ ਦੇਣੀ ਭਰਾਈਆ ।

★ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਾਜਾ ਰਾਮ ਦੇ ਗ੍ਰਿਹ ਲਾਜਪਤ ਨਗਰ, ਦਿੱਲੀ ★

ਜਨ ਭਗਤ ਕਹਿਣ ਸਚ ਭੰਡਾਰਾ ਕਰ ਭਰਪੂਰ, ਊਣਤਾ ਰਹਿਣ ਕੋਇ ਨਾ ਪਾਈਆ । ਤੂੰ ਮਾਲਕ ਸਾਹਿਬ ਹਜ਼ੂਰ, ਸ਼ਹਿਨਸ਼ਾਹ ਅਖਵਾਈਆ । ਸਾਡੇ ਬਖ਼ਸ਼ ਸਰਬ ਕਸੂਰ, ਮਨ ਗ਼ਰੂਰ ਦੇ ਤੁੜਾਈਆ । ਜੁਗ ਜਨਮ ਦੇ ਤੇਰੇ ਮਜ਼ਦੂਰ, ਨਾਮ ਅਗੰਮੀ ਸੇਵ ਕਮਾਈਆ । ਕਲਜੁਗ ਮਮਤਾ ਰਹੇ ਕੋਈ ਨਾ ਕੂੜ, ਜੂਠ ਝੂਠ ਦੇਣਾ ਮਿਟਾਈਆ । ਸਾਚੀ ਬਖ਼ਸ਼ ਕੇ ਚਰਨ ਧੂੜ, ਦੁਰਮਤ ਮੈਲ ਦੇਣੀ ਧਵਾਈਆ । ਲੇਖੇ ਮੁਕੌਣੇ ਮੂਰਖ ਮੂੜ੍ਹ, ਮੁਗਧ ਲੈਣੇ ਸਮਝਾਈਆ । ਆਸਾ ਮਨਸਾ ਕਰਨੀ ਪੂਰ, ਪੂਰਨ ਬ੍ਰਹਮ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਸਾਚਾ ਦੇਣਾ ਸਮਝਾਈਆ ।

★ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੨ ਜਗਤ ਸਿੰਘ ਦੇ ਗ੍ਰਿਹ ਪਿੰਡ ਚਮਨਾਉਂ, ਪੌੜੀ ਗੜ੍ਹਵਾਲ ★

ਜਨ ਭਗਤ ਕਹਿਣ ਪੁਰਖ ਅਕਾਲ ਬਖ਼ਸ਼ ਦੇ ਦਾਤ, ਦਇਆਵਾਨ ਦਇਆ ਕਮਾਈਆ । ਅੰਤ ਅਖ਼ੀਰੀ ਪੁਛ ਵਾਤ, ਵਾਸਤਾ ਤੇਰੇ ਅੱਗੇ ਪਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਤੂੰ ਮੇਰਾ ਮੈਂ ਤੇਰਾ ਬਿਨਾ ਰਸਨਾ ਤੋਂ ਅੰਦਰ ਬਖ਼ਸ਼ ਆਪਣੀ ਗਾਥ, ਅੱਠੇ ਪਹਿਰ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਸਾਡੀ ਲੇਖੇ ਲਾ ਸੁਰਤੀ, ਕਲਜੁਗ ਸੁੱਤਿਆਂ ਆਪ ਜਗਾਈਆ । ਤੇਰੀ ਖੇਲ ਵੇਖੀਏ ਧੁਰ ਦੀ, ਸਚਖੰਡ ਨਿਵਾਸੀ ਦੇਣੀ ਵਖਾਈਆ । ਮਿਹਰ ਹੋਵੇ ਪੂਰੇ ਸਤਿਗੁਰ ਦੀ, ਸਾਹਿਬ ਸਵਾਮੀ ਦਇਆ ਕਮਾਈਆ । ਮੁਹੱਬਤ ਰਹੇ ਨਾ ਕੋਈ ਕੂੜ ਦੀ, ਜੂਠ ਝੂਠ ਡੇਰਾ ਦੇਣਾ ਢਾਹੀਆ । ਆਸਾ ਮਨਸਾ ਪੂਰੀ ਹੋਵੇ ਬਖ਼ਸ਼ਿਸ਼ ਕਰਨੀ ਚਰਨ ਧੂੜ ਦੀ, ਟਿੱਕੇ ਮਸਤਕ ਖ਼ਾਕ ਰਮਾਈਆ । ਬੁੱਧ ਬਿਬੇਕ ਕਰਨੀ ਗੁਰਮੁਖ ਮੁਗਧ ਮੂੜ੍ਹ ਦੀ, ਮੂਰਖ ਰਹਿਣ ਕੋਇ ਨਾ ਪਾਈਆ । ਬੇੜੀ ਪਤਣ ਪਾਰ ਕਰਾਉਣੀ ਜਨ ਭਗਤਾਂ ਦੇ ਪੂਰ ਦੀ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਅਸੀਂ ਖੇਲ ਵੇਖਣੀ ਹਾਜ਼ਰ ਹਜ਼ੂਰ ਦੀ, ਹਰਿ ਕਰਤੇ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਫ਼ਾ ਅੰਤ ਉਠੌਣੀ ਕਲਜੁਗ ਮਲੇਛ ਕੂੜ ਦੀ, ਕੁਟੰਬ ਮੋਹ ਰਹਿਣ ਨਾ ਪਾਈਆ ।



★ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੨ ਅਵਤਾਰ ਸਿੰਘ ਦੇ ਗ੍ਰਿਹ ਸ਼ਾਸਤਰੀ ਨਗਰ ਕਾਨਪੁਰ ਨਗਰ ★

ਜਨ ਭਗਤ ਕਹਿਣ ਪ੍ਰਭ ਪੂਰੀ ਕਰ ਮਨਸਾ, ਮਾਨਸ ਮਾਨੁਖ ਜਨਮ ਆਪਣੇ ਲੇਖੇ ਪਾਈਆ । ਸੋਹੰ ਸਾਚੀ ਧਾਰ ਰੂਪ ਬਣਾ ਹੰਸਾ, ਹਸਤੀ ਵਿਚੋਂ ਹਸਤੀ ਦੇ ਬਦਲਾਈਆ । ਪਰਮਾਤਮ ਆਤਮ ਤੇਰਾ ਨੂਰ ਨੂਰਾਨੀ ਅੰਸਾ, ਜੋਤੀ ਜਾਤੇ ਪੁਰਖ ਬਿਧਾਤੇ ਕਰ ਰੁਸ਼ਨਾਈਆ । ਤੂੰ ਠਾਕਰ ਸਵਾਮੀ ਧੁਰ ਦਾ ਨਿਰਗੁਣ ਧਾਰ ਕੰਤਾ, ਕੰਤ ਕੰਤੂਹਲ ਸਚ ਅਸੂਲ ਆਪਣਾ ਦੇ ਸਮਝਾਈਆ । ਮਨ ਵਾਸਨਾ ਕੂੜੀ ਕਿਰਿਆ ਗੜ੍ਹ ਰਹੇ ਨਾ ਹਉਮੇ ਹੰਗਤਾ, ਹੰ ਬ੍ਰਹਮ ਪੜਦਾ ਓਹਲਾ ਦੇਣਾ ਚੁਕਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਲਹਿਣਾ ਦੇਣਾ ਭਗਤ ਸੁਹੇਲੇ ਜਨ ਕਾ, ਜਨਮ ਮਰਨ ਦਾ ਲੇਖਾ ਦੇ ਮੁਕਾਈਆ । ਲੇਖਾ ਵੇਖ ਕਾਇਆ ਮਾਟੀ ਸਾਢੇ ਤਿੰਨ ਹੱਥ ਤਨ ਕਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਅਗਨੀ ਤਤ ਦੇਣੀ ਬੁਝਾਈਆ । ਕਰ ਪਰਕਾਸ਼ ਅਗੰਮੀ ਚੰਨ ਕਾ, ਰਵ ਸਸ ਸੂਰੀਆ ਚੰਨ ਲੋੜ ਰਹੇ ਨਾ ਰਾਈਆ । ਝਗੜਾ ਰਹੇ ਨਾ ਜਗਤ ਵਾਸਨਾ ਛੱਪਰ ਛੰਨ ਕਾ, ਮਹੱਲ ਅਟਲ ਉਚ ਮਨਾਰ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਇਕੋ ਦੇਣਾ ਵਖਾਈਆ । ਲੇਖਾ ਰਹੇ ਨਾ ਚਿੰਤਾ ਸੋਗ ਹਰਖ ਗ਼ਮ ਕਾ, ਕਾਮ ਕਰੋਧ ਲੋਭ ਮੋਹ ਹੰਕਾਰ ਵਿਕਾਰ ਅੰਦਰੋਂ ਦੇਣਾ ਕਢਾਈਆ । ਇਕੋ ਨਾਮ ਜੈਕਾਰਾ ਸ਼ਬਦੀ ਧਾਰਾ ਦੇ ਧੰਨ ਧੰਨ ਧੰਨ ਕਾ, ਧਰਮ ਦਵਾਰ ਧੁਰ ਦਰਬਾਰ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਸੁਹੇਲੇ ਦਰ ਠਾਂਡੇ ਮੰਗ ਮੰਗਾਈਆ । ਜਨ

ਭਗਤ ਕਹਿਣ ਠਾਕਰ ਸਵਾਮੀ ਧੁਰ ਦੇ ਮੀਤ, ਜਾਗਰਤ ਜੋਤ ਬਿਨ ਵਰਨ ਗੋਤ ਰੁਸ਼ਨਾਈਆ । ਤੇਰਾ ਨਾਮ ਕਲਮਾ ਧੁਰ ਦਾ ਸੁਣੀਏ ਇਕ ਹਦੀਸ, ਹਜ਼ਰਤਾਂ ਦੇ ਹਜ਼ਰਤ ਪੈਗੰਬਰਾਂ ਦੇ ਪੈਗੰਬਰ ਇਕੋ ਦੱਸ ਹਕ ਪੜ੍ਹਾਈਆ । ਆਸਾ ਮਨਸਾ ਜੁਗ ਚੌਕੜੀ ਪੂਰੀ ਕਰ ਉਮੀਦ, ਆਮਦ ਵਿਚ ਤੇਰੇ ਗ੍ਰਿਹਿ ਵੱਜੇ ਵਧਾਈਆ । ਤੇਰਾ ਜਲਵਾ ਨੂਰ ਨੂਰਾਨਾ ਤੱਕੀਏ ਬਿਨਾ ਅੱਖ ਦੀਦ, ਨਿਜ ਨੇਤਰ ਲੋਚਣ ਇਕੋ ਦੇਣਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਸਿਫ਼ਤਾਂ ਵਿਚ ਤੇਰੀ ਰੱਖ ਕੇ ਗਏ ਉਡੀਕ, ਭਵਿਖਤਾਂ ਵਿਚ ਆਪਣਾ ਧਿਆਨ ਲਗਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਲਜੁਗ ਅੰਧੇਰਾ ਮੇਟ ਤਾਰੀਕ, ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਦੇ ਰੰਗਾਈਆ । ਰਸਨਾ ਜਿਹਵਾ ਬੱਤੀ ਦੰਦ ਸੋਹਲਾ ਢੋਲਾ ਤੇਰਾ ਨਾਉਂ ਨਿਰੰਕਾਰਾ ਗਾਵੇ ਗੀਤ, ਗੀਤ ਗੋਬਿੰਦ ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਸਚ ਤੌਫ਼ੀਕ ਵਿਚ ਦੇਣਾ ਸਮਝਾਈਆ । ਝਗੜਾ ਮੁੱਕੇ ਜਗਤ ਵਾਸਨਾ ਕਾਇਆ ਮੰਦਰ ਮਸੀਤ, ਕਾਇਆ ਕਾਅਬਾ ਹਕ ਦੋਆਬਾ ਆਬੇ ਹਯਾਤ ਜਾਮ ਪਿਆਈਆ । ਏਕੰਕਾਰ ਨਿਰਗੁਣ ਧਾਰ ਆਤਮ ਪਰਮਾਤਮ ਸੱਜਣ ਸਚ ਪ੍ਰੀਤ, ਪ੍ਰੀਤਮ ਹੋ ਕੇ ਪ੍ਰੇਮੀ ਪ੍ਰੇਮਿਕਾ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਸੁਹੇਲੇ ਦਰ ਠਾਂਡੇ ਸੀਸ ਨਿਵਾਈਆ । ਜਨ ਭਗਤ ਕਹਿਣ ਪ੍ਰਭ ਬਖ਼ਸ਼ ਦੇ ਨਾਮ ਅਮੁੱਲਾ ਰਸ, ਰਸਤਾ ਇਕੋ ਨਜ਼ਰੀ ਆਈਆ । ਜਗਤ ਵਾਸਨਾ ਮਨੂਆ ਹੋਵੇ ਵਸ, ਵਾਸਤਾ ਤੇਰੇ ਨਾਲ ਜੁੜਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇਂ ਪਰਤੱਖ, ਨਿਰਗੁਣ ਜੋਤ ਡਗਮਗਾਈਆ । ਤੇਰੇ ਨਾਮ ਦਾ ਵੱਜੇ ਨਦ, ਅਨਹਦ ਨਾਦੀ ਨਾਦ ਸੁਣਾਈਆ । ਸੰਤ ਸੁਹੇਲੇ ਗੁਰਮੁਖ ਮੀਤ ਮੁਰਾਰੇ ਠਾਂਡੇ ਦਰਬਾਰੇ ਲੈਣੇ ਸੱਦ, ਸੱਦਾ ਇਕੋ ਨਾਮ ਸੰਦੇਸਾ ਹੁਕਮ ਜਣਾਈਆ । ਪੂਰਬ ਲਹਿਣਾ ਦੇਣਾ ਚੁਕਾਉਣਾ ਸਦੀ ਚੌਧਵੀਂ ਲੋਕਮਾਤ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਤੂੰ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਖੇਲ ਕਰੇਂ ਸੂਰਾ ਸਰਬਗ, ਬੇਅੰਤ ਕੰਤ ਭਗਵੰਤ ਤੇਰੀ ਬੇਪਰਵਾਹੀਆ । ਤੇਰਾ ਨੂਰ ਨੂਰਾਨਾ ਸ਼ਾਹ ਸੁਲਤਾਨਾ ਤੱਕੀਏ ਉਪਰ ਸ਼ਾਹ ਰਗ, ਧੁਰ ਦਰਬਾਰੇ ਏਕੰਕਾਰੇ ਆਪਣਾ ਪੜਦਾ ਦੇਣਾ ਉਠਾਈਆ । ਭਾਗ ਲਗਾ ਕਾਇਆ ਮਾਟੀ ਸਾਢੇ ਤਿੰਨ ਹੱਥ, ਹੱਡ ਨਾੜੀ ਨਾੜੀ ਨਿਰਗੁਣ ਨੂਰ ਕਰ ਰੁਸ਼ਨਾਈਆ । ਹਉਂ ਸੇਵਕ ਬਾਲਕ ਖ਼ਾਲਕ ਪ੍ਰਿਤਪਾਲਕ ਤੇਰੀ ਦਿਸਦੇ ਯਦ, ਯਥਾਰਥ ਪਦਾਰਥ ਨਾਮ ਧੁਰ ਦਾ ਝੋਲੀ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਸੁਹੇਲਾ ਰਹੇ ਨਾ ਕੋਇ ਅਲੱਗ, ਆਤਮ ਪਰਮਾਤਮ ਪਰਮਾਤਮ ਆਤਮ ਨਾਤਾ ਆਪਣੇ ਘਰ ਜੁੜਾਈਆ । ਜਨ ਭਗਤ ਕਹਿਣ ਪ੍ਰਭ ਵਸਤ ਅਮੋਲਕ ਪਾ ਕੇ ਝੋਲੀ, ਝਲਕ ਆਪਣੀ ਦੇ ਵਖਾਈਆ । ਹਉਂ ਸੇਵਕ ਆਤਮ ਤੇਰੀ ਗੋਲੀ, ਆਦਿ ਜੁਗਾਦੀ ਨਿਤ ਨਵਿਤ ਤੇਰਾ ਰਾਹ ਤਕਾਈਆ । ਧੰਨ ਭਾਗ ਕਲਜੁਗ ਅੰਤਮ ਦੱਸੀ ਆਪਣੀ ਬੋਲੀ, ਤੂੰ ਮੇਰਾ ਮੈਂ ਤੇਰਾ ਪੜਦਾ ਓਹਲਾ ਦੇਣਾ ਚੁਕਾਈਆ । ਚਰਨਗਤ ਸਰਨਾਈ ਸਰਨਗਤ ਘੋਲ ਘੋਲੀ, ਆਪ ਆਪਾ ਵਾਰ ਵਖਾਈਆ । ਕਾਇਆ ਭਾਗ ਲਗਾ ਦੇ ਚੀਥੜ ਚੋਲੀ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਤੇਰੀ ਧਾਰ ਪਿਆਰ ਮੁਹੱਬਤ ਵਿਚ ਆਤਮ ਪਰਮਾਤਮ ਮੌਲੀ, ਮੌਲਾ ਹੋ ਕੇ ਮੇਲ ਮਿਲਾਉਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ, ਭਗਤ ਸੁਹੇਲੇ ਤੇਰਾ ਰਾਹ ਤਕਾਈਆ । ਜਨ ਭਗਤ ਕਹਿਣ ਪ੍ਰਭ ਕਿਰਪਾ ਕਰ ਕਿਰਪਾ ਨਿਧਾਨ,


੫੬੯
੨੦

ਕਿਰਪਨ ਹੋ ਕੇ ਸੀਸ ਨਿਵਾਈਆ । ਜੁਗ ਚੌਕੜੀ ਬਦਲਦਾ ਆਇਉਂ ਵਿਧਾਨ, ਹੁਕਮੇਂ ਅੰਦਰ ਹੁਕਮ ਸਮਝਾਈਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਵੇਖ ਸ਼ੈਤਾਨ, ਸ਼ਰਅ ਸ਼ਰੀਅਤ ਵਿਚ ਦਏ ਦੁਹਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਇਸ਼ਟੀ ਇਸ਼ਟ ਦੇਵ ਸਕੇ ਨਾ ਕੋਇ ਪਹਿਚਾਨ, ਮਹਿਬੂਬ ਮਿਲ ਕੇ ਤਨ ਵਜੂਦ ਕਰੇ ਨਾ ਕੋਇ ਸਫ਼ਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਲੇਖਾ ਜਾਣੇਂ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਆਕਾਸ਼ ਪਾਤਾਲ ਗਗਨ ਗਗਨੰਤਰ ਜਿਮੀਂ ਅਸਮਾਨ ਖੋਜ ਖੁਜਾਈਆ । ਧੁਰ ਸੰਦੇਸਾ ਏਕਾ ਏਕਾ ਵਾਰ ਦੇ ਦੇ ਨੌਜਵਾਨ, ਮਰਦ ਮਰਦਾਨ ਹੁਕਮੇ ਅੰਦਰ ਆਪਣਾ ਹੁਕਮ ਲੋਕਮਾਤ ਦੇ ਬਦਲਾਈਆ । ਭਗਤ ਸੁਹੇਲੇ ਸੰਤ ਸੱਜਣ ਗੁਰਮੁਖ ਗੁਰਸਿਖ ਸੂਫ਼ੀ ਫ਼ਕੀਰ ਬੇਨਜ਼ੀਰ ਦਰ ਤੇਰੇ ਮੰਗਦੇ ਦਾਨ, ਚਰਨ ਕਵਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਅਖ਼ੀਰ ਹੋਣਾ ਮਿਹਰਵਾਨ, ਨਿਗਾਹਬਾਨ ਹੋ ਕੇ ਆਪਣਾ ਰੰਗ ਰੰਗਾਈਆ ।

## ★ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਿਰਪਾ ਸਿੰਘ ਦੇ ਗ੍ਰਿਹ ਕਾਨਪੁਰ ★

ਪੁਰਖ ਅਕਾਲ ਕਹੇ ਜਨ ਭਗਤਾਂ ਆਦਿ ਜੁਗਾਦਿ ਦੇਵਾਂ ਨਾਮ ਸੰਤੋਖ, ਸਤਿ ਧਰਮ ਵਿਚ ਸਮਾਈਆ । ਚਿੰਤਾ ਮਿਟਾ ਕੇ ਹਰਖ ਸੋਗ, ਗ਼ਮੀ ਵਿਚੋਂ ਗ਼ਮਖ਼ਾਰ ਲਵਾਂ ਬਣਾਈਆ । ਪਰੇਮ ਪ੍ਰੀਤੀ ਦੇ ਕੇ ਆਤਮ ਪਰਮਾਤਮ ਜੋਗ, ਜੁਗਤੀ ਜਗਤ ਜਹਾਨਾਂ ਬਾਹਰ ਦ੍ਰਿੜਾਈਆ । ਹਉਮੇ ਹੰਗਤਾ ਕੱਟ ਕੇ ਰੋਗ, ਹੰ ਬ੍ਰਹਮ ਭੇਵ ਖੁਲ੍ਹਾਈਆ । ਸਚ ਦਵਾਰੇ ਕਰ ਸੰਜੋਗ, ਸੋਈ ਸੁਰਤੀ ਸ਼ਬਦ ਮਿਲਾਈਆ । ਠਾਂਡੇ ਦਰ ਬਖ਼ਸ਼ ਕੇ ਮੌਜ, ਮਜਲਸ ਆਪਣੇ ਨਾਲ ਰਖਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਚੇ ਕੋਟ, ਕੂੜ ਕੁਟੰਬ ਦਿਆਂ ਗਵਾਈਆ । ਤ੍ਰਿਸਨਾ ਤ੍ਰਿਖਾ ਨਾ ਰਹੇ ਖੋਟ, ਸੋਚ ਸਮਝ ਦਾ ਡੇਰਾ ਢਾਹੀਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਈਆ । ਪੁਰਖ ਅਕਾਲ ਕਹੇ ਜਨ ਭਗਤਾਂ ਸਚ ਦਸਾ ਕੇ ਧੀਰਜ ਧਰਮ, ਦਇਆਵਾਨ ਦਇਆ ਕਮਾਈਆ । ਲੇਖਾ ਮੁਕਾ ਕੇ ਕਾਂਡ ਕਰਮ, ਕਿਰਿਆ ਧੁਰ ਦੀ ਇਕ ਵਖਾਈਆ । ਲੇਖੇ ਲਾ ਕੇ ਮਾਨਸ ਜਨਮ, ਝਗੜਾ ਅਗਲਾ ਦਿਆਂ ਮੁਕਾਈਆ । ਸਚ ਪ੍ਰੀਤੀ ਤੋੜ ਨਿਭਾ ਕੇ ਪਰਨ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਇਕ ਸਰਨਾਈ ਬਖ਼ਸ਼ੇ ਏਕੰਕਾਰਾ ਚਰਨ, ਚਰਨੋਦਕ ਧੁਰ ਦਾ ਜਾਮ ਪਿਆਈਆ । ਸੋ ਸੰਤ ਸੁਹੇਲੇ ਹਕ਼ੀਕ਼ੀ ਮੰਜ਼ਲ ਚੜਨ, ਜਗਤ ਦਵਾਰੇ ਪਾਰ ਕਰਾਈਆ । ਬਿਨ ਵਰਨ ਗੋਤ ਦਰਸ਼ਨ ਕਰਨ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਪੁਰਖ ਅਕਾਲ ਕਹੇ ਜਨ ਭਗਤਾਂ ਅੰਤਰ ਬਖ਼ਸ਼ਾਂ ਏਕਾ ਰੰਗ, ਰੰਗਤ ਧੁਰ ਦੀ ਆਪ ਚੜ੍ਹਾਈਆ । ਨਾਮ ਨਿਧਾਨ ਵਜਾ ਮਰਦੰਗ, ਮੁਰਦੇ ਮੁਰੀਦ ਵਿਚ ਸਮਾਈਆ । ਮੁਰਸ਼ਦ ਹੋ ਕੇ ਲਾਵਾਂ ਅੰਗ, ਅੰਗੀਕਾਰ ਇਕ ਅਖਵਾਈਆ । ਸੰਤ ਸੁਹੇਲਾ ਬਣਾ ਧੁਰ ਦਾ ਫ਼ਰਜ਼ੰਦ, ਫ਼ਰਮਾਂਬਰਦਾਰ ਫ਼ਰਮਾਨੇ ਵਿਚ ਕਰਾਈਆ । ਨਿਜ ਆਤਮ ਦੇ ਕੇ ਸਚ ਅਨੰਦ, ਤ੍ਰਿਸਨਾ ਕੂੜੀ ਭੁੱਖ ਮਿਟਾਈਆ । ਝਗੜਾ ਮੁਕਾ ਕੇ ਜੀਉ ਪਿੰਡ ਬ੍ਰਹਿਮੰਡ, ਘਰ ਠਾਂਡਾ

ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਦਰ ਦੇਵੇ ਵਡਿਆਈਆ । ਪੁਰਖ ਅਕਾਲ ਕਹੇ ਜਨ ਭਗਤਾਂ ਚਿੰਤਾ ਗ਼ਮ ਨਾ ਰਹੇ ਸੋਗ, ਹਰਖ ਨਜ਼ਰ ਕੋਇ ਨਾ ਆਈਆ । ਭੇਵ ਮੁਕਾ ਕੇ ਲੋਕ ਪਰਲੋਕ, ਓਹਲਾ ਅੰਦਰੋਂ ਦਿਆਂ ਚੁਕਾਈਆ । ਸਤਿ ਸਤਿਵਾਦੀ ਦੱਸ ਸਲੋਕ, ਸੋਹਲਾ ਇਕੋ ਇਕ ਸੁਣਾਈਆ । ਮੁਕਤੀ ਤੋਂ ਪਰੇ ਦੇ ਕੇ ਮੌਜ, ਮੌਜੂਦਾ ਹੋ ਕੇ ਵੇਖ ਵਖਾਈਆ । ਜਨ ਭਗਤਾਂ ਕਰਨੀ ਪਏ ਨਾ ਖੋਜ, ਖੋਜਤ ਖੋਜਤ ਆਪਣੇ ਰੰਗ ਰੰਗਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਪਰਮ ਪੁਰਖ ਪਰਮਾਤਮ ਆਤਮ ਕਰਦਾ ਰਹੇ ਚੋਜ, ਨਿਰਾਲੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕੋ ਇਕ ਸੁਹਾਈਆ । ਪੁਰਖ ਅਕਾਲ ਕਹੇ ਜਨ ਭਗਤਾਂ ਕੱਟ ਕੇ ਮਾਇਆ ਮਮਤਾ, ਹਮ ਸਾਜਣ ਲਵਾਂ ਬਣਾਈਆ । ਗੜ੍ਹ ਤੋੜ ਕੇ ਹਉਮੇ ਹੰਗਤਾ, ਨਿਵਣ ਸੁ ਅੱਖਰ ਕਰਾਂ ਪੜ੍ਹਾਈਆ । ਅੰਗੀਕਾਰ ਕਰ ਕੇ ਆਪਣੇ ਅੰਗ ਦਾ, ਅੰਗਣ ਆਪਣੇ ਲਵਾਂ ਟਿਕਾਈਆ । ਭੰਡਾਰਾ ਦੇ ਕੇ ਅਗੰਮੀ ਅਨੰਦ ਦਾ, ਨਿਜਾਨੰਦ ਕਰਾਂ ਰਸਾਈਆ । ਪਰਕਾਸ਼ ਦੇ ਅਗੰਮੀ ਚੰਦ ਦਾ, ਸੀਤਲ ਧਾਰਾ ਇਕ ਸਮਝਾਈਆ । ਭੇਵ ਖੁਲ੍ਹਾ ਕੇ ਬੰਦਗੀ ਵਿਚੋਂ ਬੰਦ ਬੰਦ ਦਾ, ਬੰਦਨਾ ਇਕੋ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਅਮਿਉਂ ਰਸ ਆਪਣਾ ਇਕ ਚੁਆਈਆ । ਪੁਰਖ ਅਕਾਲ ਕਹੇ ਜਨ ਭਗਤ ਤ੍ਰਿਸ਼ਨਾ ਪੂਰੀ ਕਰਾਂ ਤ੍ਰਿਪਤ, ਤ੍ਰੈਗਣ ਅਤੀਤਾ ਦਏ ਵਡਿਆਈਆ । ਸਚ ਸਵਾਮੀ ਬਣ ਕੇ ਇਸ਼ਟ, ਇਸ਼ਟ ਆਤਮਾ ਇਕ ਸਮਝਾਈਆ । ਤਤ ਵਜੂਦ ਖੇਲ ਸ੍ਰਿਸ਼ਟੀ ਗ੍ਰਿਹਸਤ, ਕਾਇਆ ਮਾਟੀ ਵੱਜੇ ਵਧਾਈਆ । ਮਿਹਰਵਾਨ ਹੋ ਕੇ ਮੁਹੱਬਤ ਵਿਚ ਖੋਲ੍ਹਾਂ ਦ੍ਰਿਸ਼ਟ, ਦੀਦ ਈਦ ਕਰਾਂ ਰੁਸ਼ਨਾਈਆ । ਸ਼ਬਦੀ ਧਾਰ ਲੇਖਾ ਲਿਖਤ, ਵਸ਼ਿਸ਼ਟ ਰਾਮ ਗੁਣ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਦ੍ਰਿੜਾਈਆ । ਪੁਰਖ ਅਕਾਲ ਕਹੇ ਜਨ ਭਗਤਾਂ ਨਿਰੰਤਰ ਦੱਸਾਂ ਰਾਮ, ਰਹਿਮਤ ਆਪਣੀ ਇਕ ਕਮਾਈਆ । ਘਰ ਦਾ ਬਣ ਕੇ ਘਨੱਈਆ ਸ਼ਾਮ, ਸ਼ਾਮ ਸੁੰਦਰ ਸੋਭਾ ਪਾਈਆ । ਪੈਗ਼ੰਬਰ ਬਣ ਅਮਾਮ, ਧੁਰ ਦਾ ਅਮਲ ਦਿਆਂ ਦ੍ਰਿੜਾਈਆ । ਕਲਮਾ ਦੇ ਕਲਾਮ, ਨਗ਼ਮਾ ਇਕ ਸੁਣਾਈਆ । ਭਾਗ ਲਗਾ ਕੇ ਕਾਇਆ ਬੰਕ ਮਕਾਨ, ਮਕਬਰਿਆਂ ਵਿਚੋਂ ਬਾਹਰ ਕਢਾਈਆ । ਪ੍ਰੇਮ ਪ੍ਰੀਤੀ ਅੰਦਰ ਕਰਨਾ ਸਚ ਇੰਤਜਾਮ, ਜੁਗ ਚੌਕੜੀ ਗੁਰ ਗੁਰ ਧਾਰ ਦੇ ਕੇ ਨਾਮ, ਨਮਸਤੇ ਵਿਚੋਂ ਨਮੋ ਦਿਆਂ ਪਰਗਟਾਈਆ । ਮੰਜ਼ਲ ਦੱਸ ਆਸਾਨ, ਅਸਲ ਵਸਲ ਯਾਰ ਕਰਾਈਆ । ਕੁਦਰਤ ਦਾ ਕਰ ਦਾਮ, ਦਾਮਨ ਹੋ ਕੇ ਗੰਢ ਪਵਾਈਆ । ਹੁਕਮ ਸੰਦੇਸ਼ਾ ਨਰ ਨਰੇਸ਼ਾ ਦੇ ਬਿਆਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਵਡਿਆਈ ਦੇਵੇ ਮਾਣ, ਅਭਿਮਾਨ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਕਹੇ ਜਨ ਭਗਤਾਂ ਅੰਤਰ ਆਤਮ ਕਰਾਂ ਠੰਡਾ, ਮੇਘ ਧੁਰ ਦਾ ਇਕ ਬਰਸਾਈਆ । ਲੱਖ ਚੁਰਾਸੀ ਅੰਤਮ ਪਾਰ ਕਰ ਕੇ ਕੰਢਾ, ਕੰਢੀ ਬੈਠੀ ਬੈਠਾ ਸਭ ਨੂੰ ਪਾਰ ਕਰਾਈਆ । ਦੀਨ ਦਿਆਲ ਬਣ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪਣੀ ਇਕ ਵਰਤਾਈਆ । ਆਦਿ ਅੰਤ ਮੱਧ ਨਿਤ ਨਵਿਤ ਦੇਂਦਾ ਆਇਆ ਛੰਦਾ, ਸੋਹੰ ਢੋਲਾ ਬਣ ਵਿਚੋਲਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਧਾਰ ਏਕੰਕਾਰ ਇਕੋ ਇਕ ਸੁਣਾਈਆ । ਪੁਰਖ ਅਕਾਲ ਕਹੇ ਭਗਤਾਂ ਦੇ ਕੇ ਧੀਰਜ ਜਤ, ਯਥਾਰਥ ਆਪਣਾ ਭੇਵ ਖੁਲ੍ਹਾਈਆ । ਬਿਨਾ ਵਿਦਿਆ ਦੇ ਕੇ ਬ੍ਰਹਮ ਮਤ, ਬਿਨਾ ਅੱਖਰਾਂ ਅੱਖਰ ਦਿਆਂ ਪੜ੍ਹਾਈਆ । ਨਾਮ ਚੜ੍ਹਾ ਕੇ ਆਪਣੇ ਰਥ, ਰਥਵਾਹੀ ਹੋ ਕੇ ਸੇਵ ਕਮਾਈਆ । ਪ੍ਰੇਮ ਪ੍ਰੀਤੀ ਅੰਦਰ ਦੱਸ ਕੇ ਜਸ, ਵੇਦ ਪੁਰਾਨਾਂ ਖਹਿੜਾ ਦਿਆਂ ਚੁਕਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਸ੍ਰਿਸ਼ਟੀ ਦ੍ਰਿਸ਼ਟੀ ਦੇਵਾਂ ਬਦਲਾਈਆ । ਆਦਿ ਜੁਗਾਦਿ ਜੁਗ ਚੌਕੜੀ ਸਭ ਕੁਛ ਮੇਰੇ ਹੱਥ, ਕਰਨ ਕਰਾਵਣਹਾਰ ਕਰਤਾ ਕੁਦਰਤ ਦਾ ਮਾਲਕ ਨਜ਼ਰੀ ਆਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਰੱਖਕ ਹੋ ਕੇ ਰਛਕ ਹੋ ਕੇ ਰੱਖਿਆ ਕਰਾਂ ਥਾਈਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸਤਿ ਦਵਾਰਾ ਇਕੋ ਇਕ ਵਖਾਈਆ । ਪੁਰਖ ਅਕਾਲ ਕਹੇ ਜਨ ਭਗਤਾਂ ਅੰਦਰ ਦੇ ਕੇ ਧੀਰਜ ਧੀਰ, ਧਰਮ ਦਵਾਰਾ ਇਕ ਵਖਾਈਆ । ਰਵਦਾਸਾ ਵੇਖ ਕੇ ਪਾਟੜ ਚੀਰ, ਅੰਦਰ ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਨਾਮ ਦੀ ਖਿੱਚ ਲਕੀਰ, ਰਾਹ ਇਕੋ ਇਕ ਵਖਾਈਆ । ਜਿਸ ਗ੍ਰਿਹਿ ਬਦਲ ਜਾਏ ਤਕਦੀਰ, ਤਕੱਬਰ ਦਏ ਚੁਕਾਈਆ । ਝਗੜਾ ਰਹੇ ਨਾ ਸ਼ਾਹ ਹਕੀਰ, ਇਕੋ ਰੰਗ ਰੰਗਾਈਆ । ਨਜ਼ਰੀ ਆਏ ਬੇਨਜ਼ੀਰ, ਨਿਗਾਹ ਨਜ਼ਰ ਦਏ ਬਦਲਾਈਆ । ਲੇਖੇ ਲਾ ਕੇ ਦਰ ਮਾਂਗਤ ਫ਼ਕੀਰ, ਫ਼ਿਕਰਾ ਆਪਣਾ ਇਕ ਸੁਣਾਈਆ । ਜਨ ਭਗਤਾਂ ਅੰਦਰ ਬਦਲਣ ਨਾ ਦੇਵੇ ਜ਼ਮੀਰ, ਗੰਭੀਰ ਹੋ ਕੇ ਗਹਿਰ ਗਵਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਅੰਤ ਅਖ਼ੀਰ, ਆਖ਼ਰ ਆਪਣੀ ਕਾਰ ਆਪਣੇ ਵਿਚ ਸਮਾਈਆ ।



## ★ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਦਿਤ ਸਿੰਘ ਦੇ ਗ੍ਰਿਹਿ ਕਾਨਪੁਰ ★

ਜਨ ਭਗਤ ਕਹਿਣ ਪ੍ਰਭ ਇਕੋ ਭੁੱਖ ਪਿਆਸ, ਬੇਆਸ ਦਏ ਗਵਾਹੀਆ । ਧੁਰ ਸੁਹੇਲੇ ਵਸਣਾ ਸਦਾ ਪਾਸ, ਇਕ ਇਕੱਲੇ ਆਪਣੀ ਦਇਆ ਕਮਾਈਆ । ਚਰਨ ਪ੍ਰੀਤੀ ਪੂੰਜੀ ਬਖ਼ਸ਼ਣੀ ਰਾਸ, ਰਸਤਾ ਮਾਰਗ ਆਪਣਾ ਦੇਣਾ ਦਰਸਾਈਆ । ਲੇਖੇ ਲਾਉਣਾ ਪਵਣ ਸਵਾਸ, ਸਾਹ ਸਾਹ ਤੇਰੀ ਯਾਦ ਨਜ਼ਰੀ ਆਈਆ । ਤੂੰ ਦਾਤਾ ਦਾਨੀ ਸਰਬ ਗੁਣਤਾਸ, ਗੁਣਵੰਤਾ ਵਡ ਵਡਿਆਈਆ । ਅਗੰਮ ਅਥਾਹ ਅਲਖਣਾ ਅਲਾਖ, ਬੇਅੰਤ ਬੇਪਰਵਾਹ ਸ਼ਹਿਨਸ਼ਾਹੀਆ । ਚਰਨ ਪ੍ਰੀਤੀ ਜੋੜਨਾ ਧੁਰ ਦਾ ਨਾਤ, ਨਿਧਾਨ ਆਪਣੇ ਰੰਗ ਰੰਗਾਈਆ । ਆਤਮ ਪਰਮਾਤਮ ਤੇਰੀ ਜਾਤ, ਦੂਜਾ ਵੇਸ ਨਾ ਕੋਇ ਵਟਾਈਆ । ਸੋ ਸਿਮਰਨ ਦੱਸਣਾ ਜੋ ਤੇਰੀ ਅਗੰਮੀ ਗਾਥ, ਜਿਸ ਨੂੰ ਬਦਲੇ ਨਾ ਕੋਇ ਲੋਕਾਈਆ । ਜਿਸ ਦਾ ਜੁਗ ਚੌਕੜੀ ਕਰੇ ਨਾ ਕੋਈ ਘਾਤ, ਕਾਤਲ ਮਕਤੂਲ ਨਾ ਰੂਪ ਵਟਾਈਆ । ਸਦਾ ਬਣਿਆ ਰਹੇ ਵਿਸ਼ਵਾਸ਼, ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਰੂਹ ਬੁਤ ਦੋਵੇਂ ਕਰੇ ਪਾਕ, ਪਤਤ ਪੁਨੀਤ ਦਏ ਬਣਾਈਆ । ਗ੍ਰਿਹਿ ਮੰਦਰ ਅੰਦਰ ਖੋਲ੍ਹੇ ਤਾਕ, ਪੜਦਾ ਤਨ ਵਜੂਦ ਚੁਕਾਈਆ । ਤੇਰਾ ਦਰਸ ਹੋਵੇ ਸਾਖਿਆਤ, ਸਖ਼ੀਆਂ ਦਾ ਰੂਪ ਲੈਣਾ ਅਪਣਾਈਆ । ਮਹੱਲ ਅਟਲ ਵੇਖੀਏ ਮਹਿਰਾਬ, ਮਹਿਬੂਬ ਮਿਲ ਕੇ ਵੱਜੇ ਵਧਾਈਆ । ਸਮਰਥ ਸਵਾਮੀ ਪੜ੍ਹਨੀ ਪਏ ਨਾ ਕੋਇ

ਕਿਤਾਬ, ਕੁਤਬਖ਼ਾਨਿਆਂ ਦਾ ਲੇਖਾ ਦੇਣਾ ਚੁਕਾਈਆ । ਕੋਈ ਵਜਾਉਣੀ ਨਾ ਪਏ ਰਬਾਬ, ਤੰਦ ਸਿਤਾਰ ਆਪਣੀ ਦੇਣੀ ਹਿਲਾਈਆ । ਕੋਈ ਵੇਖਣਾ ਨਾ ਪਏ ਹਿੱਸਾ ਬਾਬ, ਨਾਮ ਨਿਧਾਨ ਸ੍ਰੀ ਭਗਵਾਨ ਦੇਣਾ ਸਮਝਾਈਆ । ਅੱਗੇ ਮੰਗੇ ਨਾ ਕੋਇ ਜਵਾਬ, ਸਿਰ ਆਪਣਾ ਹੱਥ ਦੇਣਾ ਟਿਕਾਈਆ । ਚੁਰਾਸੀ ਵਿਚ ਆਉਣਾ ਨਾ ਪਏ ਜਨਮ ਤੋਂ ਬਾਅਦ, ਆਬਾਦ ਖੇੜਾ ਦੇਣਾ ਕਰਾਈਆ । ਸਾਚਾ ਰਸ ਅਗੰਮੀ ਦੇਣਾ ਸਵਾਦ, ਅਨਰਸ ਆਪਣਾ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਠਾਂਡੇ ਆਸ ਰਖਾਈਆ । ਜਨ ਭਗਤ ਕਹਿਣ ਵਸਤ ਦੇ ਅਲਾਹ ਬੀ ਖ਼ੈਰ, ਮਿਹਬਾਨ ਬੀਦੋ ਤੇਰੀ ਇਕ ਸਰਨਾਈਆ । ਨਿਰਗੁਣ ਧਾਰ ਬਖ਼ਸ਼ਿਸ਼ ਵਿਚ ਕਰ ਮਿਹਰ, ਮੁਹੱਬਤ ਦੇ ਮਹਿਬੂਬ ਆਪਣਾ ਰੰਗ ਰੰਗਾਈਆ । ਤੇਰੇ ਦਵਾਰੇ ਦੀ ਦੋ ਜਹਾਨਾਂ ਤੋਂ ਪਰੇ ਹੋਵੇ ਸੈਰ, ਦਰ ਦਰਵਾਜ਼ਾ ਦੇਣਾ ਖੁਲ੍ਹਾਈਆ । ਜਗਤ ਵਾਸਨਾ ਸੰਗ ਰਹੇ ਨਾ ਕੋਇ ਐਰ ਗ਼ੈਰ, ਕੂੜੀ ਕਿਰਿਆ ਡੇਰਾ ਦੇਣਾ ਢਾਹੀਆ । ਤੇਰੇ ਪ੍ਰੇਮ ਪਿਆਰ ਦੀ ਉਪਜੇ ਇਕੋ ਲਹਿਰ, ਲਹਿਰ ਲਹਿਰ ਵਿਚੋਂ ਪਰਗਟਾਈਆ । ਝਗੜਾ ਰਹੇ ਨਾ ਕੋਈ ਗ਼ੈਰ, ਵਿਕਾਰ ਹੰਕਾਰ ਦੇਣਾ ਖਪਾਈਆ । ਖ਼ੁਸ਼ੀ ਬਖ਼ਸ਼ਣੀ ਅੱਠੇ ਪਹਿਰ, ਘੜੀ ਪਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦੀ ਆਸਾ ਮਨਸਾ ਪੂਰ ਕਰਾਈਆ । ਜਨ ਭਗਤ ਕਹਿਣ ਪ੍ਰੇਮ ਪ੍ਰੀਤੀ ਦੇ ਵਥ, ਵਾਸਤਕ ਇਕੋ ਮੰਗ ਮੰਗਾਈਆ । ਤੇਰਾ ਨਾਮ ਸੁਣੀਏ ਅਕਥ, ਕਥਨੀ ਕਥਾ ਕਰਨ ਦੀ ਲੋੜ ਰਹੇ ਨਾ ਰਾਈਆ । ਨਿਰਾਲਾ ਆਅਲਾ ਆਲਮ ਤੋਂ ਬਾਹਰ ਦੱਸ ਰਸ, ਰਸਤਾ ਵਾਬਸਤਾ ਹੋ ਕੇ ਆਪਣਾ ਦੇ ਸਮਝਾਈਆ । ਹਕ਼ੀਕ਼ਤ ਵਿਚੋਂ ਹੁਕਮ ਨਾਲ ਦੇ ਹਕ, ਮਿਹਰਵਾਨ ਹੋ ਕੇ ਮਿਹਰ ਨਿਗਾਹ ਉਠਾਈਆ । ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਤੇਰਾ ਰਾਹ ਰਹੇ ਤੱਕ, ਪਰਤੱਖ ਰੂਪ ਮਿਲ ਗਹਿਰ ਗੰਭੀਰ ਗੋਸਾਈਆ । ਤੇਰਾ ਨੂਰ ਜਹੂਰ ਨਜ਼ਰੀ ਆਏ ਸਚ, ਕੂੜੀ ਕਿਰਿਆ ਡੇਰਾ ਢਾਹੀਆ । ਭਾਗ ਲੱਗੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਸਚ ਮਹੱਲੇ ਚੜ੍ਹ ਦੇਣਾ ਸੁਹਾਈਆ । ਮਨੂਆ ਚਾਰ ਕੁੰਟ ਦਹਿ ਦਿਸ਼ਾ ਜਗਤ ਵਾਸਨਾ ਮੂਲ ਨਾ ਪਏ ਨੱਚ, ਨਟੂਆ ਸਵਾਂਗੀ ਆਪਣਾ ਸਵਾਂਗ ਨਾ ਕੋਇ ਵਰਤਾਈਆ । ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਸਭ ਕੁਛ ਤੇਰੇ ਹੱਥ, ਦੇਵਣਹਾਰ ਦੇ ਦੇ ਖ਼ੁਸ਼ੀ ਬਣਾਈਆ । ਜਨ ਭਗਤ ਕਹਿਣ ਕਿਰਪਾ ਕਰ ਪੁਰਖ ਸਮਰਥ, ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਗ੍ਰਿਹ ਮੰਦਰ ਅੰਦਰ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਸੁਹੇਲਾ ਤੇਰਾ ਦਾਸਨ ਦਾਸ, ਸੇਵਕ ਹੋ ਕੇ ਆਪਣੀ ਸੇਵ ਕਮਾਈਆ । ਜਨ ਭਗਤ ਕਹਿਣ ਦੇਂਦਿਆਂ ਆਵੇ ਕੋਈ ਨਾ ਤੋਟ, ਅਤੁਟ ਭੰਡਾਰ ਦੇ ਵਰਤਾਈਆ । ਤੇਰੇ ਨਾਮ ਦੀ ਲੱਗੇ ਚੋਟ, ਸੋਈ ਸੁਰਤੀ ਦੇ ਉਠਾਈਆ । ਕੂੜੀ ਕਿਰਿਆ ਰਹੇ ਨਾ ਅੰਦਰ ਵਾਸਨਾ ਖੋਟ, ਮਨ ਕਾ ਮਣਕਾ ਦੇ ਭਵਾਈਆ । ਤੇਰਾ ਇਕੋ ਨਾਮ ਜੈਕਾਰਾ ਬਿਨ ਸਰਵਣਾਂ ਸੁਣਿਆਂ ਜਾਏ ਸਲੋਕ, ਸੋਹਲਾ ਢੋਲਾ ਇਕੋ ਨਾਦ ਕਰ ਸ਼ਨਵਾਈਆ । ਬਿਨ ਨੇਤਰ ਲੋਚਣ ਨੈਣ ਤੇਰਾ ਜਲਵਾ ਤੱਕੀਏ ਜੋਤ, ਪਰਕਾਸ਼ ਨਾਲ ਪਰਕਾਸ਼ ਦੇਣਾ ਵਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਰਖਦੇ ਆਏ ਓਟ ਕੋਟੀ ਕੋਟ, ਜਗਤ ਵਿਕਾਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਗਤ ਵਿਛੋੜਾ ਮੇਟਣੀ ਸੋਚ, ਸਮਝ ਰਮਜ਼ ਨਾਲ ਬਦਲਾਈਆ ।

ਜਨ ਭਗਤ ਕਹਿਣ ਸਾਚੀ ਵਸਤ ਅਮੋਲਕ ਦੇ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਅਸੀਂ ਕੋਈ ਮੰਗਦੇ ਨਹੀਂ ਵਡਿਆਈ ਵਾਲੀ ਕਰਾਮਾਤ, ਕਰਮਾਂ ਦਾ ਲੇਖਾ ਦੇਣਾ ਮੁਕਾਈਆ । ਦਿਵਸ ਰੈਣ ਅੱਠੇ ਪਹਿਰ ਪ੍ਰੇਮ ਪਿਆਰ ਦੀ ਰਹੇ ਪਰਭਾਤ, ਸੰਧਿਆ ਰੂਪ ਨਜ਼ਰ ਕੋਇ ਨਾ ਆਈਆ । ਸੋਈ ਸੁਰਤੀ ਸ਼ਬਦੀ ਧਾਰ ਪਏ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਅਗਨੀ ਤਤ ਜਲਾਏ ਨਾ ਕੋਈ ਆਗ, ਮਾਇਆ ਮਮਤਾ ਡੇਰਾ ਦੇਣਾ ਢਾਹੀਆ । ਅੰਤਰ ਅੰਤਰ ਤੇਰਾ ਉਪਜੇ ਇਕ ਵੈਰਾਗ, ਵੈਰੀ ਦੂਤ ਦੁਸ਼ਟ ਕਾਇਆ ਮੰਦਰ ਅੰਦਰ ਬਾਹਰ ਕਢਾਈਆ । ਦੀਨ ਦੁਨੀ ਹੋਵੇ ਤਿਆਗ, ਸਚ ਸਰਨਾਈ ਜਾਈਏ ਲਾਗ, ਲਾਗਤ ਬਿਨ ਸਵਾਗਤ ਕਰਨਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਬਣਨ ਤੇਰਾ ਸਮਾਜ, ਸਮੇਂ ਦੇ ਯਾਚਕ ਹੋ ਕੇ ਮੰਗ ਮੰਗਾਈਆ । ਜਨ ਭਗਤ ਕਹਿਣ ਆਪਣੀ ਦੇ ਦੇ ਪ੍ਰੇਮ ਪਿਆਰ ਦੀ ਝਲਕ, ਝੱਲੀ ਦਿਸੇ ਜਗਤ ਲੋਕਾਈਆ । ਪੜਦਾ ਲਾਹ ਉਪਰ ਫ਼ਲਕ, ਨੂਰ ਨੁਰਾਨਾ ਕਰ ਰੁਸ਼ਨਾਈਆ । ਤੇਰਾ ਲੇਖਾ ਵੇਖੀਏ ਵਿਚ ਖ਼ਲਕ, ਖ਼ਾਲਕ ਮਖ਼ਲੂਕ ਖੋਜ ਖੁਜਾਈਆ । ਵਿਛੋੜਾ ਹੋਵੇ ਨਾ ਘੜੀ ਪਲਕ, ਪਲਕਾਂ ਦੇ ਪਿਛੇ ਬਹਿ ਕੇ ਆਪਣਾ ਨੂਰ ਕਰ ਰੁਸ਼ਨਾਈਆ । ਖੇਲ ਵਖਾ ਫ਼ਰਸ਼ ਅਰਸ਼, ਅਰਸ਼ੀ ਪ੍ਰੀਤਮ ਆਪਣੀ ਦਇਆ ਕਮਾਈਆ । ਜਨ ਭਗਤਾਂ ਜਨਮ ਮਰਨ ਦੀ ਰਹੇ ਕੋਈ ਨਾ ਹਰਸ, ਹਵਸ ਅਗਲੀ ਦੇਣੀ ਮਿਟਾਈਆ । ਰਹਿਮਤ ਵਿਚ ਰਹਿਮਾਨ ਆ ਕੇ ਕਰ ਤਰਸ, ਪੁਰਖ ਅਕਾਲ ਦੀਨ ਦਿਆਲ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਦੋਹਾਂ ਇਕੋ ਜਿਹੀ ਸਾਂਝੀ ਗ਼ਰਜ਼, ਗ਼ਰਜ਼ਵੰਦ ਦੋਵੇਂ ਨਜ਼ਰੀ ਆਈਆ । ਜਨ ਭਗਤਾਂ ਭਗਵੰਤ ਹੋ ਕੇ ਮੰਨ ਅਰਜ਼, ਆਰਜ਼ੂ ਅਰਦਾਸ ਬੇਨੰਤੀ ਤੇਰੇ ਅੱਗੇ ਸੁਣਾਈਆ । ਸੰਤ ਉਧਾਰਨਾ ਤੇਰਾ ਫ਼ਰਜ਼, ਗੁਰਮੁਖ ਗੁਰ ਗੁਰ ਗੋਦ ਉਠਾਈਆ । ਕਲਜੁਗ ਅੰਤ ਸਦੀ ਚੌਧਵੀਂ ਖੇਲ ਵੇਖ ਅਸਚਰਜ, ਚਾਰ ਕੁੰਟ ਦਹਿ ਦਿਸ਼ਾ ਨਵ ਨੌਂ ਚਾਰ ਰਿਹਾ ਕੁਰਲਾਈਆ । ਦੀਨਾਂ ਅਨਾਥਾਂ ਵੰਡੇ ਕੋਈ ਨਾ ਦਰਦ, ਦੁਖੀਆਂ ਦੁੱਖ ਨਾ ਕੋਇ ਮਿਟਾਈਆ । ਜੋਧਾ ਸੂਰ ਮਰਦਾਨਾ ਬਣ ਮਰਦ, ਬੀਰ ਰਸ ਆਪਣਾ ਦੇ ਚਖਾਈਆ । ਛੁਰੀ ਸ਼ਰਅ ਹਲਾਲ ਕਰੇ ਕਿਸੇ ਨਾ ਕਰਦ, ਕਤਲਗਾਹ ਦਾ ਲੇਖਾ ਦੇਣਾ ਮੁਕਾਈਆ । ਸਚਖੰਡ ਦਵਾਰ ਏਕੰਕਾਰ ਆਪਣੀ ਬਿਨ ਅੱਖਰਾਂ ਵਾਲੀ ਵੇਖ ਫ਼ਰਦ, ਬਿਨ ਹਰਫ਼ ਹਰੂਫ਼ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਵੈਰ ਹੋ ਕੇ ਵੇਖ ਪਰਤ, ਪਤਿਪਰਮੇਸ਼ਵਰ ਪਾਰਬ੍ਰਹਮ ਬ੍ਰਹਮ ਮੇਲਾ ਗੁਰਮੁਖ ਧਾਰ ਲੈਣਾ ਮਿਲਾਈਆ ।

### ★ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਸਿੰਘ ਦੇ ਗ੍ਰਹਿ ਲਾਲ ਬੰਗਲਾ ਕਾਨਪੁਰ ★

ਜਨ ਭਗਤ ਕਹਿਣ ਦੀਨ ਦਿਆਲ ਪੁਰਖ ਸਮਰਥੇ, ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰੀ ਓਟ ਤਕਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਨੌਂ ਚਾਰ ਫਿਰ ਫਿਰ ਥੱਕੇ, ਸਰਗੁਣ ਨਿਰਗੁਣ ਤੇਰੇ ਬਣੇ ਪਾਂਧੀ ਰਾਹੀਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਹੋਏ ਹੱਕੇ ਬੱਕੇ, ਹਕੀਕ਼ਤ ਹਕ ਨਾ ਕੋਇ ਦ੍ਰਿੜਾਈਆ । ਸਚ ਨਿਸ਼ਾਨਾ ਸ੍ਰੀ ਭਗਵਾਨਾ ਏਕੰਕਾਰ ਤੇਰਾ ਕੋਈ ਨਾ ਦੱਸੇ, ਦਹਿ ਦਿਸ਼ਾ ਦੀਨ ਦੁਨੀ

੫੭੫
੨੦

ਹਲਕਾਈਆ । ਝਗੜਾ ਪਿਆ ਮੰਦਰ ਮਸਜਦ ਸ਼ਿਵਦਵਾਲੇ ਮੱਠੇ, ਗੁਰਦਵਾਰ ਗੁਰ ਗੁਰ ਨੂਰ ਨਾ ਕੋਇ ਰੁਸ਼ਨਾਈਆ । ਫਿਰੀ ਦਰੋਹੀ ਗੰਗਾ ਗੋਦਾਵਰੀ ਜਮਨਾ ਸੁਰਸਤੀ ਤੀਰਥ ਅੱਠ ਸੱਠੇ, ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਮੁਖ ਨਾ ਕੋਇ ਚੁਆਈਆ । ਮਣਕਾ ਮਣਕਾ ਮਨ ਵਾਸਨਾ ਜਗਤ ਸਾਧੂ ਤੇਰਾ ਨਾਮ ਰਹੇ ਰਟੇ, ਰਤਨ ਅਮੋਲਕ ਕਾਇਆ ਗੋਲਕ ਹੱਥ ਕਿਸੇ ਨਾ ਆਈਆ । ਮਾਨਸ ਜਨਮ ਮਾਨੁਖ ਜਾਤੀ ਮਿਲਦਾ ਜਾਏ ਘੱਟੇ, ਕਰਨੀ ਦੇ ਕਰਤੇ ਕੀਮਤ ਅੰਤ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਤੁਧ ਬਿਨ ਪੈਜ ਕੋਈ ਨਾ ਰੱਖੇ, ਸਿਰ ਹੱਥ ਸਮਰਥ ਚਾਰ ਕੁੰਟ ਨਾ ਕੋਇ ਟਿਕਾਈਆ । ਹਉਂ ਬਾਲਕ ਸੇਵਕ ਸਰਨ ਸਰਨਾਈ ਇਕੋ ਤੇਰੀ ਢੱਠੇ, ਸਿਰ ਸਰ ਤੇਰੀ ਭੇਟ ਚੜ੍ਹਾਈਆ । ਆਦਿ ਨਿਰੰਜਣ ਜੋਤ ਪਰਕਾਸੇ ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਮੇਟ ਰੱਟੇ, ਨਾਮ ਨਿਧਾਨਾ ਮਰਦ ਮਰਦਾਨਾ ਨੌਜਵਾਨਾ ਇਕੋ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਦਰ ਤੇਰੇ ਅਲਖ ਜਗਾਈਆ । ਜਨ ਭਗਤ ਕਹਿਣ ਪ੍ਰਭ ਦੇਵਣਹਾਰੇ ਧੁਰ ਦੇ ਸਵਾਮੀ, ਸਵਾਲੀ ਹੋ ਕੇ ਅਲਖ ਜਗਾਈਆ । ਲੱਖ ਚੁਰਾਸੀ ਜੀਵ ਜੰਤ ਅੰਤਰਜਾਮੀ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਆਪਣਾ ਹਾਲ ਦੱਸੇ ਬੇਜ਼ਬਾਨੀ, ਊਚੀ ਕੂਕ ਕੂਕ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਪਰਧਾਨ ਹੋਈ ਮਾਇਆ ਮਮਤਾ ਰਾਣੀ, ਹੰਕਾਰ ਵਿਕਾਰ ਘਰ ਘਰ ਆਪਣਾ ਡੰਕ ਵਜਾਈਆ । ਸਤਿ ਧਰਮ ਦਿਸੇ ਨਾ ਕੋਇ ਨਿਸ਼ਾਨੀ, ਨਿਸ਼ਾਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਪਣਾ ਗਈ ਭੁਲਾਈਆ । ਸਿੰਘ ਸਵਾਰ ਹੌਕਾ ਲਏ ਅਸ਼ਟਭੁਜ ਭਵਾਨੀ, ਸ਼ਸਤਰ ਬਸਤਰ ਆਪਣੇ ਆਪ ਵਖਾਈਆ । ਕਿਰਪਾ ਕਰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਧੁਰ ਸੁਲਤਾਨੀ, ਸੁਲਹਕੁਲ ਮਿਹਰ ਨਜ਼ਰ ਉਠਾਈਆ । ਸਾਧਾਂ ਸੰਤਾਂ ਅੰਦਰ ਮੰਜ਼ਲ ਰਹੀ ਨਾ ਕੋਈ ਰੁਹਾਨੀ, ਰੂਹ ਬੁਤ ਪਤਤ ਪੁਨੀਤ ਨਾ ਕੋਇ ਬਣਾਈਆ । ਰਸਨਾ ਜਿਹਵਾ ਬੱਤੀ ਦੰਦ ਮਨ ਵਾਸਨਾ ਸਾਰੇ ਪੜ੍ਹਦੇ ਬਾਣੀ, ਬਾਣ ਅਨਿਆਲਾ ਤੀਰ ਬਜਰ ਕਪਾਟੀ ਪਾਰ ਨਾ ਕੋਇ ਕਰਾਈਆ । ਝਗੜਾ ਵੇਖਿਆ ਚਾਰੇ ਖਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਜਨ ਭਗਤ ਕਹਿਣ ਪ੍ਰਭ ਦੀਨ ਦੁਨੀ ਦੀ ਵੇਖ ਅੰਤਰ ਧਾਰ ਬੁੱਧੀ, ਬਿਬੇਕ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਹੋਈ ਦੁੱਖੀ, ਵਰਨ ਬਰਨ ਰਹੇ ਕੁਰਲਾਈਆ । ਆਸਾ ਤ੍ਰਿਸ਼ਨਾ ਵਿਚ ਭੁੱਖੀ, ਤ੍ਰਿਪਤ ਕਰ ਨਾ ਕੋਇ ਸਮਝਾਈਆ । ਭਾਗ ਲੱਗੇ ਨਾ ਕਿਸੇ ਕੁੱਖੀ, ਭਗਤ ਜਨਮੇ ਕੋਇ ਨਾ ਮਾਈਆ । ਮਨ ਵਿਕਾਰਾ ਕੂੜਾ ਜਾਮ ਪੀਂਦੇ ਘੁੱਟੀਂ, ਅਨਰਸ ਹੱਥ ਕਿਸੇ ਨਾ ਆਈਆ । ਸਮਰਥ ਸਵਾਮੀ ਤੇਰੇ ਕੋਲੋਂ ਕੋਈ ਧਾਰ ਨਹੀਂ ਗੁੱਝੀ, ਪੜਦਾ ਓਹਲਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲੇ ਦੀਨ ਦਿਆਲੇ ਮਿਹਰਵਾਨ ਮਹਿਬੂਬ ਆਪਣਾ ਫੇਰਾ ਪਾਈਆ । ਜਨ ਭਗਤ ਕਹਿਣ ਪ੍ਰਭ ਆਪਣੇ ਨਾਮ ਦਾ ਦੇ ਇਕ ਇਸ਼ਾਂਰਾ, ਐਸ਼ੋ ਇਸ਼ਰਤ ਕੂੜਾ ਦੇ ਮਿਟਾਈਆ । ਕਲਜੁਗ ਅੰਤ ਅਖ਼ੀਰ ਦਿਸੇ ਕਿਨਾਰਾ, ਨਈਆ ਨੌਕਾ ਡੋਲੇ ਥਾਉਂ ਥਾਈਂਆ । ਖੇਵਟ ਖੇਟਾ ਬਣ ਪਰਵਰਦਿਗਾਰਾ, ਬੇਪਰਵਾਹ ਆਪਣਾ ਫੇਰਾ ਪਾਈਆ । ਸਾਚਾ ਮਾਰਗ ਦੀਨ ਦੁਨੀ ਦੱਸ ਅਪਾਰਾ, ਅਪਰੰਪਰ ਸਵਾਮੀ ਹੋ ਕੇ ਦੇ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਗਾਵਣ ਇਕ ਜੈਕਾਰਾ, ਜੈਕਾਰੇ ਅੰਦਰ ਤੇਰੀ ਧਾਰ ਨਜ਼ਰੀ ਆਈਆ । ਜਿਸ ਦਾ ਲੇਖਾ ਕਾਗਦ ਕਲਮ ਨਾ

ਲਿਖਣਹਾਰਾ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੋ ਲਹਿਣਾ ਦੇਣਾ ਵੇਖ ਸਰਬ ਸੰਸਾਰਾ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪੜਦਾ ਲਾਹੀਆ । ਭਗਤ ਵਛਲ ਤੇਰਾ ਨਾਉਂ ਗਿਰਵਰ ਗਿਰਧਾਰਾ, ਗਹਿਰ ਗੰਭੀਰ ਆਪਣੀ ਦਇਆ ਕਮਾਈਆ । ਜਨ ਭਗਤ ਸੁਹੇਲਾ ਇਕ ਇਕੇਲਾ ਦਰ ਠਾਂਡੇ ਤੇਰੇ ਕਰੇ ਨਿਮਸਕਾਰਾ, ਨਮੋਂ ਨਮੋਂ ਜਗਦੀਸ਼ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਾਰਬ੍ਰਹਮ ਪ੍ਰਭ ਆਪਣਾ ਭੇਵ ਦੇਣਾ ਖੁਲ੍ਹਾਈਆ । ਜਨ ਭਗਤ ਕਹਿਣ ਪ੍ਰਭ ਆ ਕੇ ਵੇਖ ਦੀਨ ਦੁਨੀ ਲੋਕਮਾਤ, ਮਾਤਰ ਭੂਮੀ ਦਏ ਦੁਹਾਈਆ । ਸ੍ਰਿਸ਼ਟ ਸਬਾਈ ਬੁੱਧੀ ਹੋਈ ਕਾਗ, ਹੰਸ ਰੂਪ ਨਾ ਕੋਇ ਵਖਾਈਆ । ਨਿਜ ਨੇਤਰ ਖੁਲ੍ਹੀ ਕਿਸੇ ਨਾ ਜਾਗ, ਆਲਸ ਨਿੰਦਰਾ ਪੜਦਾ ਨਾ ਕੋਇ ਉਠਾਈਆ । ਧੁਰ ਦਾ ਨਜ਼ਰ ਆਏ ਨਾ ਕੋਈ ਸਾਧ, ਜੋ ਸੰਦੇਸ਼ਾ ਤੇਰਾ ਨਾਮ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਵਧਿਆ ਵਿਵਾਦ, ਵਿਖ ਅੰਮ੍ਰਿਤ ਰੂਪ ਨਾ ਕੋਇ ਬਣਾਈਆ । ਪਵਿਤ੍ਰ ਰਿਹਾ ਨਾ ਕੋਈ ਸਮਾਜ, ਅਗੰਮ ਸ਼ਬਦ ਸੁਣੇ ਨਾ ਕੋਇ ਨਾਦ, ਬੋਧ ਅਗਾਧ ਕਰੇ ਨਾ ਕੋਇ ਪੜ੍ਹਾਈਆ । ਕੂੜੀ ਕਿਰਿਆ ਬਦਲ ਦੇ ਰਾਜ, ਇਕੋ ਸੀਸ ਜਗਦੀਸ ਤੇਰੇ ਸੋਹੇ ਤਾਜ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਹੁਕਮ ਦੇਣਾ ਵਰਤਾਈਆ । ਜਨ ਭਗਤਾਂ ਰੱਖ ਲਾਜ, ਕੂੜੀ ਕਿਰਿਆ ਬੇੜਾ ਡੋਬ ਜਹਾਜ਼, ਸ਼ੌਹ ਦਰਿਆ ਧੱਕਾ ਦੇਣਾ ਲਗਾਈਆ । ਸਤਿ ਧਰਮ ਧਰਨੀ ਧਰਤ ਧਵਲ ਚਲਾ ਰਿਵਾਜ, ਆਤਮ ਪਰਮਾਤਮ ਹੋਵੇ ਕਾਜ, ਸੁਰਤੀ ਸ਼ਬਦ ਪਵੇ ਰਾਸ, ਗੋਪੀ ਕਾਹਨ ਆਤਮ ਪਰਮਾਤਮ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਦੋ ਜਹਾਨ ਸ੍ਰੀ ਭਗਵਾਨ ਤੇਰੀ ਮੰਗਣ ਇਮਦਾਦ, ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸਭ ਬੈਠੇ ਸੀਸ ਨਿਵਾਈਆ ।

## ★ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਮਾਇਓ ਅਮੀਂ ਸ਼ਾਹ ਖਾਲੜਾ ★

ਜਨ ਭਗਤਾਂ ਪੋਹ ਨਾ ਸਕੇ ਤ੍ਰੈਗੁਣ ਮਾਇਆ, ਮਮਤਾ ਮੋਹ ਵਿਕਾਰ ਰਹਿਣ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਹੋਏ ਸਹਾਇਆ, ਸਮਰਥ ਸਵਾਮੀ ਅੰਤਰਜਾਮੀ ਸਿਰ ਆਪਣਾ ਹੱਥ ਟਿਕਾਈਆ । ਚਰਨ ਕਵਲ ਕਵਲ ਚਰਨ ਉਪਰ ਧਰਤੀ ਧਵਲ ਦਏ ਸਰਨਾਇਆ, ਸਰਨਗਤ ਇਕੋ ਇਕ ਵਖਾਈਆ । ਕਾਇਆ ਮੰਦਰ ਅੰਦਰ ਦਏ ਸੁਹਾਇਆ, ਸੋਭਾਵੰਤ ਸ੍ਰੀ ਭਗਵੰਤ ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸ਼ਬਦੀ ਦਾਮਨ ਪਲੂ ਲਏ ਫੜਾਇਆ, ਆਤਮ ਪਰਮਾਤਮ ਆਪਣੀ ਗੰਢ ਪਵਾਈਆ । ਆਵਣ ਜਾਵਣ ਲੱਖ ਚੁਰਾਸੀ ਫੰਦ ਦਏ ਕਟਾਇਆ, ਰਾਏ ਧਰਮ ਦਏ ਨਾ ਕੋਇ ਸਜ਼ਾਈਆ । ਸਚਖੰਡ ਦਵਾਰ ਏਕੰਕਾਰ ਏਕਾ ਮੰਦਰ ਦਏ ਵਖਾਇਆ, ਜਿਸ ਗ੍ਰਹਿ ਮੰਦਰ ਅੰਦਰ ਵਸੇ ਬੇਪਰਵਾਹੀਆ । ਆਦਿ ਅੰਤ ਸਗਲਾ ਸੰਗ ਆਪਣੇ ਨਾਲ ਰਖਾਇਆ, ਨਾਤਾ ਤੋੜ ਕੂੜਾ ਦੀਨ ਦੁਨੀ ਜਗਤ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਘਰ ਵਸਾਈਆ । ਜਨ ਭਗਤਾਂ ਨੇੜ ਨਾ ਆਵੇ ਮਮਤਾ ਮੋਹ ਕੂੜ, ਜਗਤ ਵਿਕਾਰੇ ਵਿਚੋਂ ਬਾਹਰ

ਕਢਾਈਆ । ਚਰਨ ਪ੍ਰੀਤੀ ਬਖ਼ਸ਼ ਸਾਚੀ ਧੂੜ, ਮਸਤਕ ਟਿੱਕਾ ਨਾਮ ਖ਼ਾਕ ਰਮਾਈਆ । ਕਾਇਆ ਚੋਲੀ ਚਾੜ੍ਹੇ ਆਪਣਾ ਅਗੰਮਾ ਰੰਗ ਗੂੜ੍ਹ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕੋਟ ਜਨਮ ਦੇ ਮੁਆਫ਼ ਕਰੇ ਕਸੂਰ, ਪਤਤ ਪੁਨੀਤ ਦਏ ਕਰਾਈਆ । ਆਤਮ ਜੋਤੀ ਬਖ਼ਸ਼ੇ ਸਾਚਾ ਨੂਰ, ਅੰਧ ਅੰਧੇਰਾ ਅੰਦਰੋਂ ਬਾਹਰ ਕਢਾਈਆ । ਨਾਮ ਖ਼ੁਮਾਰੀ ਨਿਝਰ ਝਿਰਨਾ ਅੰਮ੍ਰਿਤ ਰਸ ਦੇਵੇ ਸਚ ਸਰੂਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਵਖਾਈਆ । ਜਨ ਭਗਤ ਸੁਹੇਲਾ ਰਹਿਣ ਨਾ ਦੇਵੇ ਕੋਈ ਦੂਰ, ਦੂਰ ਦੁਰਾਡਾ ਨੇਰਨ ਨੇਰਾ ਦਰ ਘਰ ਠਾਂਡੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ ਠਾਂਡਾ ਸੀਤਾ ਆਪਣਾ ਘਰ ਵਖਾਈਆ । ਜਨ ਭਗਤਾਂ ਵੱਖਰਾ ਰੂਪ ਨਾ ਜਾਣੇ ਕੋਇ ਨਰ ਨਾਰੀ, ਨਰ ਨਰਾਇਣ ਆਪਣੇ ਰੰਗ ਰੰਗਾਈਆ । ਏਕਾ ਆਤਮ ਜੋਤ ਆਦਿ ਪੁਰਖ ਨਿਰੰਕਾਰੀ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਨਿਤ ਨਵਿਤ ਵੇਖੇ ਵਿਗਸੇ ਧੁਰ ਦਰਬਾਰੀ, ਹਰਿ ਕਰਤਾ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਮਿਹਰਵਾਨ ਮਹਿਬੂਬ ਗ਼ਰੀਬਾਂ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜਾਏ ਤਾਰੀ, ਤਾਰਨਹਾਰ ਸਮਰਥ ਸ਼ਬਦ ਸਤਿਗੁਰ ਇਕੋ ਨਜ਼ਰੀ ਆਈਆ । ਜਨਮ ਕਰਮ ਦਾ ਰਹੇ ਨਾ ਕੋਇ ਗੁਨਾਹਗਾਰੀ, ਜੋ ਚਰਨ ਸਰਨ ਕਰੇ ਨਿਮਸਕਾਰੀ, ਕੋਟ ਜਨਮ ਦੀ ਦੁਰਮਤ ਮੈਲ ਦਏ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਇਕੋ ਇਕ ਵਖਾਈਆ । ਜਨ ਭਗਤਾਂ ਦੁਰਮਤ ਮੈਲ ਦੇਵੇ ਕੱਟ, ਕਟਾਕਸ਼ ਆਪਣਾ ਨਾਮ ਲਗਾਈਆ । ਸਚ ਦਵਾਰ ਵਖਾ ਕੇ ਹੱਟ, ਨਾਮ ਵਣਜਾਰੇ ਲਏ ਕਰਾਈਆ । ਨਿਝਰ ਧਾਰਾ ਅੰਮ੍ਰਿਤ ਦੇ ਕੇ ਰਸ, ਰਸਤਾ ਆਪਣਾ ਦਏ ਵਖਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਖੋਲ੍ਹ ਕੇ ਅੱਖ, ਪਰਤੱਖ ਰੂਪ ਮਿਲੇ ਗੋਸਾਈਆ । ਤੂੰ ਮੇਰਾ ਮੈਂ ਤੇਰਾ ਆਦਿ ਜੁਗਾਦੀ ਸੋਹੰ ਢੋਲਾ ਦੱਸ, ਦਹਿ ਦਿਸ਼ਾ ਤੋਂ ਵੱਖਰਾ ਮਾਰਗ ਦਏ ਜਣਾਈਆ । ਮਨ ਵਾਸਨਾ ਸ਼ਬਦੀ ਧਾਰ ਕਰੇ ਵੱਸ, ਵਸਲ ਦੇਵੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਭਗਤਨ ਮੀਤਾ ਇਕੋ ਇਕ ਏਕੰਕਾਰਾ ਨਜ਼ਰੀ ਆਈਆ । ਜਨ ਭਗਤ ਉਧਾਰੇ ਬਿਰਧ ਬਾਲ, ਜੋਬਨਵੰਤਾ ਆਪਣੇ ਰੰਗ ਰੰਗਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਰਾਉ ਰੰਕ ਇਕੋ ਘਰ ਵਸਾਈਆ । ਨਾਮ ਭੰਡਾਰਾ ਦੇ ਕੇ ਧੁਰ ਦਾ ਮਾਲ, ਅਨਮੁੱਲੜੀ ਦੌਲਤ ਆਪ ਵਰਤਾਈਆ । ਗੁਰਮੁਖਾਂ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਏਥੇ ਓਥੇ ਦੋ ਜਹਾਨਾਂ ਪਰਮ ਪੁਰਖ ਪਤਿਪਰਮੇਸ਼ਵਰ ਵਸੇ ਨਾਲ, ਦਿਵਸ ਰੈਣ ਸਗਲਾ ਸੰਗ ਬਣਾਈਆ । ਸਚਖੰਡ ਦਵਾਰਾ ਏਕੰਕਾਰਾ ਇਕੋ ਦੱਸ ਕੇ ਸੱਚੀ ਧਰਮਸਾਲ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜਨ ਭਗਤਾਂ ਚਰਨਾਂ ਹੇਠ ਦਬਾਈਆ । ਤ੍ਰੈਗੁਣ ਮਾਇਆ ਜਗਤ ਰੀਤੀ ਰਹੇ ਨਾ ਕੋਇ ਜੰਜਾਲ, ਮੰਦਰ ਮਸੀਤੀ ਲੇਖਾ ਦਏ ਮੁਕਾਈਆ । ਘਰ ਠਾਕਰ ਸਵਾਮੀ ਮਾਲਕ ਮਿਲੇ ਆਣ, ਖ਼ਾਲਕ ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਜੋ ਜਨਮ ਜਨਮ ਪੂਰਬ ਘਾਲਣਾ ਆਏ ਘਾਲ, ਤਿਨ੍ਹਾਂ ਕਰਮ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਬਣ ਪ੍ਰਿਤਪਾਲ, ਦੀਨ ਦਿਆਲ ਹੋ ਕੇ ਵੇਖ ਵਖਾਈਆ ।

★ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਤਵੰਤ ਕੌਰ ਦੇ ਗ੍ਰਿਹਿ ਕਾਨਪੁਰ ★



ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗੰਬਰੋ ਜਨ ਭਗਤਾਂ ਦੇਵਾਂ ਅਗੰਮੀ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਬਿਨਾ ਅੱਖਰਾਂ ਤੋਂ ਦੇ ਕੇ ਸ਼ਬਦ ਗਿਆਨ, ਅਗਿਆਨ ਅੰਧੇਰਾ ਦਿਆਂ ਮਿਟਾਈਆ । ਬਿਨਾ ਜਗਤ ਨੇਤਰਾਂ ਤੋਂ ਬਖ਼ਸ਼ਾਂ ਨੂਰ ਮਹਾਨ, ਜੋਤੀ ਜੋਤ ਡਗਮਗਾਈਆ । ਬਿਨ ਰਸਨਾ ਤੋਂ ਅੰਮ੍ਰਿਤ ਰਸ ਦੇਵਾਂ ਪੀਣ ਖਾਣ, ਨਿਝਰ ਝਿਰਨਾ ਇਕ ਝਿਰਾਈਆ । ਬਿਨ ਨਿਸ਼ਾਨਿਉਂ ਧਰਮ ਨਿਸ਼ਾਨਾ ਵਖਾਵਾਂ ਝੁਲਦਾ ਦਿਸੇ ਦੋ ਜਹਾਨ, ਸ੍ਰਿਸ਼ਟੀ ਤੋਂ ਪਰੇ ਦ੍ਰਿਸ਼ਟੀ ਤੋਂ ਬਾਹਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਜਨ ਭਗਤ ਸੁਹੇਲੇ ਕਰਾਂ ਠੰਡੇ ਠਾਰ, ਅਗਨੀ ਤਤ ਬੁਝਾਈਆ । ਲਹਿਣਾ ਦੇਣਾ ਚੁਕਾ ਕੇ ਪੂਰਬਲੇ ਜੁਗ ਚਾਰ, ਨਿਹਕਰਮੀ ਹੋ ਕੇ ਆਪਣਾ ਕਰਮ ਕਮਾਈਆ । ਲੱਖ ਚੁਰਾਸੀ ਵਿਚੋਂ ਭਾਲ, ਦੀਨ ਦੁਨੀ ਵਿਚੋਂ ਖੋਜ ਖੁਜਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਮੁਰਸ਼ਦ ਹੋ ਕੇ ਮੁਰੀਦਾਂ ਪੁਛੇ ਹਾਲ, ਅਹਿਵਾਲ ਪਿਛਲਾ ਦਏ ਗਵਾਹੀਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਸਭ ਦੇ ਸਿਰ ਤੇ ਕੂਕੇ ਕਾਲ, ਕੂੜ ਨਗ਼ਾਰਾ ਰਿਹਾ ਵਜਾਈਆ । ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰੇ ਕਰਨ ਸਰਬ ਸਵਾਲ, ਸਵਾਲੀ ਹੋ ਕੇ ਆਪਣਾ ਹਾਲ ਸੁਣਾਈਆ । ਲੇਖਾ ਜਾਣੇ ਸਚਖੰਡ ਨਿਵਾਸੀ ਪੁਰਖ ਅਕਾਲ, ਅਕਲ ਕਲਧਾਰੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪਣੇ ਹੱਥ ਰਖਾਈਆ । ਜਨ ਭਗਤ ਕਹਿਣ ਪ੍ਰਭ ਸਾਡੀ ਆਦਿ ਅਨਾਦੀ ਮੰਗ, ਬ੍ਰਹਿਮਾਦ ਖੋਜ ਖੁਜਾਈਆ । ਤੂੰ ਦਾਤਾ ਦਾਨੀ ਦੇਵਣਹਾਰ ਸੂਰਾ ਸਰਬੰਗ, ਸ਼ਹਿਨਸ਼ਾਹ ਇਕ ਅਖਵਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਕਲਜੁਗ ਕੂੜੀ ਕਿਰਿਆ ਕਰ ਭੰਗ, ਭਗਵਨ ਹੋ ਕੇ ਆਪਣੀ ਅੱਖ ਉਠਾਈਆ । ਤੇਰਾ ਨਾਮ ਸ਼ਬਦ ਅਗੰਮ ਅਥਾਹ ਬੇਪਰਵਾਹ ਵੇਖੀਏ ਤਰੰਗ, ਤੁਰੀਆ ਤੋਂ ਪਰੇ ਤੁਰਤ ਆਪਣਾ ਹੁਕਮ ਦੇ ਸੁਣਾਈਆ । ਦੋ ਜਹਾਨ ਸ਼ਬਦ ਦਮਾਮਾ ਵੱਜੇ ਮਰਦੰਗ, ਬ੍ਰਹਿਮੰਡਾਂ ਖੰਡਾਂ ਆਲਸ ਨਿੰਦਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਵੇਖ ਆਪਣੇ ਚੰਦ, ਚਾਰ ਕੁੰਟ ਦਹਿ ਦਿਸ਼ਾ ਫੇਲ ਫੁਲਾਈਆ । ਪੁਰਖ ਅਕਾਲ ਕਹੇ ਮੈਂ ਭਗਤ ਸੁਹੇਲੇ ਵੇਖਾਂ ਲੋਕਮਾਤ ਜਗ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਸੰਤ ਸੁਹੇਲੇ ਹੰਸ ਬਣਾਵਾਂ ਕਗ, ਮਾਣਕ ਮੋਤੀ ਸੋਹੰ ਹੰਸਾ ਚੋਗ ਚੁਗਾਈਆ । ਜਗਤ ਵਾਸਨਾ ਕੂੜੀ ਕਿਰਿਆ ਪਾਰ ਕਰ ਕੇ ਹੱਦ, ਮਹਿਬੂਬ ਹੋ ਕੇ ਮੁਹੱਬਤ ਵਿਚ ਮਿਲਾਈਆ । ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਹੋ ਕੇ ਵਜਾਵਾਂ ਨਦ, ਅਨਹਦ ਨਾਦੀ ਨਾਦ ਸੁਣਾਈਆ । ਸਚ ਦਵਾਰ ਏਕੰਕਾਰ ਨਿਰਗੁਣ ਧਾਰ ਹੋ ਕੇ ਗੁਰਮੁਖ ਗੁਰ ਗੁਰ ਚੇਲੇ ਲਵਾਂ ਸੱਦ, ਧੁਰ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਜਣਾਈਆ । ਭਗਤ ਸੁਹੇਲਾ ਇਕ ਇਕੇਲਾ ਜੀਵ ਜਗਤ ਰਹੇ ਨਾ ਕੋਇ ਅਲਪਗ, ਕੂੜੀ ਕਿਰਿਆ ਕੁਕਰਮ ਕਰਮ ਚਰਮ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਆਪਣਾ ਖੇਲ ਵਖਾਈਆ । ਜਨ ਭਗਤ ਕਹਿਣ ਤੇਰਾ ਖੇਲ ਅਨੋਖਾ ਪੁਰਖ ਅਕਾਲ ਲੈਣਾ ਤੱਕ, ਤਕਦੀਰ ਦੇਣੀ ਬਦਲਾਈਆ । ਚਾਰ ਜੁਗ ਦਾ ਗੁਰ ਅਵਤਾਰ ਪੈਗ਼ੰਬਰਾਂ ਲਹਿਣਾ ਦੇਣਾ ਝੋਲੀ ਪੌਣਾ ਹਕ,

ਹਕ਼ੀਕਤ ਵਿਚੋਂ ਲਾਸ਼ਰੀਕ ਆਪਣਾ ਪੜਦਾ ਦੇਣਾ ਉਠਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਮੰਜ਼ਲ ਮੰਜ਼ਲ ਸਾਰੇ ਗਏ ਥੱਕ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਕਿਰਪਾ ਕਰ ਮਿਹਰਵਾਨ ਸ੍ਰੀ ਭਗਵਾਨ ਪੁਰਖ ਸਮਰਥ, ਮਹਿੰਮਾ ਅਕਥ ਇਕ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੇਰੇ ਨਾਮ ਦਾ ਇਕੋ ਹੋਵੇ ਜਸ, ਸਿਫ਼ਤਾਂ ਵਿਚ ਤੇਰਾ ਢੋਲਾ ਗਾਈਆ । ਤੇਰਾ ਮਾਨਵ ਤੈਥੋਂ ਰਹੇ ਕੋਈ ਨਾ ਵੱਖ, ਵੱਖਰਾ ਘਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਰਸ, ਰਸੀਆ ਹੋ ਕੇ ਅੰਮਿਉਂ ਆਪਣਾ ਦੇਣਾ ਬਰਖਾਈਆ । ਪੁਰਖ ਅਕਾਲ ਕਹੇ ਮੈਂ ਦੇਵਾਂ ਨਾਮ ਅਗੰਮ ਅਥਾਹ, ਕਾਤਬ ਲਿਖਣ ਕੋਇ ਨਾ ਪਾਈਆ । ਜਿਸ ਨਾਲ ਦੀਨ ਦੁਨੀ ਦਾ ਬਦਲ ਜਾਏ ਰਾਹ, ਰਹਿਬਰ ਹੋ ਕੇ ਵੇਖ ਵਖਾਈਆ । ਸਦੀ ਚੌਧਵੀਂ ਅੰਤ ਅਖ਼ੀਰ ਦੀਨ ਦੁਨੀ ਦਾ ਬਣਾਂ ਮਲਾਹ, ਖੇਵਟ ਖੇਟਾ ਹੋ ਕੇ ਬੇੜਾ ਆਪਣੇ ਕੰਧ ਉਠਾਈਆ । ਸਤਿਜੁਗ ਸਾਚਾ ਮਾਰਗ ਲਾ ਕੇ ਨਵਾਂ, ਨਵ ਸੱਤ ਕਰਾਂ ਰੁਸ਼ਨਾਈਆ । ਜਨ ਭਗਤਾਂ ਦੀ ਆਤਮ ਸੇਜੇ ਨਿਰਗੁਣ ਧਾਰ ਹੋ ਕੇ ਸਵਾਂ, ਸਾਰ ਸ਼ਬਦ ਆਪਣਾ ਹੁਕਮ ਵਰਤਾਈਆ । ਪਵਣ ਸਵਾਸ ਜਨ ਭਗਤਾਂ ਲੇਖੇ ਲਾਵਾਂ ਦਮਾਂ, ਦਾਮਨ ਹੋ ਕੇ ਜ਼ਾਮਨ ਹੋ ਕੇ ਆਪਣੀ ਗੰਢ ਪਵਾਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨਾਂ ਢੋਲਾ ਕਹਵਾਂ, ਲੱਖ ਚੁਰਾਸੀ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਏਕਾ ਮਾਣ, ਅਭਿਮਾਨ ਕੂੜਾ ਅੰਦਰੋਂ ਬਾਹਰ ਕਢਾਈਆ ।



੫੭੯ ੨੦

★ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਬਖ਼ਸ਼ ਸਿੰਘ ਦੇ ਗ੍ਰਿਹ ਮਹੂ ਜ਼ਿਲਾ ਲਖਨਊ ★

ਧਰਨੀ ਧਰਤ ਧਵਲ ਧੌਲ ਕਹੇ ਮੇਰੇ ਵਡ ਵਡ ਭਾਗ, ਵਡਭਾਗੀ ਪਾਇਆ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰਿਉਂ ਆਓ ਭਾਜ, ਨਿਰਗੁਣ ਨੂਰ ਨਿਰਵੈਰ ਹੋ ਕੇ ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਛੱਡ ਕੇ ਆਓ ਸਮਾਜ, ਦੋ ਜਹਾਨਾਂ ਆਪਣਾ ਪੰਧ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੁਰਖ ਅਕਾਲ ਦਾ ਵੇਖੋ ਸਮਾਜ, ਸਾਚੀ ਧਾਰ ਇਕ ਦ੍ਰਿੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੁਣੋ ਅਗੰਮੀ ਆ ਕੇ ਨਾਦ, ਪਾਰਬ੍ਰਹਮ ਪਤਿਪਰਮੇਸ਼ਵਰ ਏਕੰਕਾਰਾ ਇਕ ਵਜਾਈਆ । ਜ਼ਿਮੀਂ ਅਸਮਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਖੋਲ੍ਹੋ ਜਾਗ, ਜਾਗਰਤ ਜੋਤ ਬਿਨ ਵਰਨ ਗੋਤ ਇਕ ਇਕੱਲਾ ਰਿਹਾ ਵਖਾਈਆ । ਪੰਜ ਤਤ ਤ੍ਰੈਗੁਣ ਆਪਣੀ ਬੁਝਾ ਕੇ ਆਉਣਾ ਆਗ, ਅੰਮ੍ਰਿਤ ਮੇਘ ਬੇਪਰਵਾਹ ਆਪਣੀ ਧਾਰ ਰਿਹਾ ਵਖਾਈਆ । ਭਗਤ ਸੰਤ ਸੂਫ਼ੀ ਫ਼ਕੀਰ ਵੇਖੋ ਆ ਕੇ ਧੁਰ ਦਾ ਕੰਤ ਸੁਹਾਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਨੂਰ ਖ਼ੁਦਾਈਆ । ਜਿਸ ਨੇ ਖੇਲ ਖੇਲਿਆ ਅਗੰਮ ਅਥਾਹ ਬੇਪਰਵਾਹ ਆਦਿ, ਜੁਗ ਚੌਕੜੀ ਬ੍ਰਹਮ ਬ੍ਰਹਿਮਾਦ ਆਪਣੀ ਧਾਰ ਚਲਾਈਆ । ਸ਼ਬਦ ਅਗੰਮੀ ਬੋਧ ਅਗਾਧ ਸੁਣਾਵਣਹਾਰਾ ਅਨਰਾਗੀ ਰਾਗ, ਬਿਨ ਰਸਨਾ ਜਿਹਵਾ ਬੱਤੀ ਦੰਦ ਸੋਹਲੇ ਢੋਲੇ ਧੁਰ ਦੇ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਧਰਨੀ ਧਰਤ ਧਵਲ ਧੌਲ ਕਹੇ ਮੇਰੀ ਪੁਰਖ ਅਕਾਲ ਖੋਲ੍ਹੀ ਅੱਖ, ਬਿਨ ਨੇਤਰ ਨੈਣ ਦਿਤਾ ਖੁਲ੍ਹਾਈਆ । ਮੈਂ ਅੰਤਰ ਧਾਰਾ

ਬੋਲਾਂ ਸੱਚ, ਸੁਨੇਹੜਾ ਦੇਵਾਂ ਧੁਰਦਰਗਾਹੀਆ । ਜਿਸ ਨੂੰ ਜੁਗ ਚੌਕੜੀ ਨਿਰਗੁਣ ਸਰਗੁਣ ਧਾਰ ਗੁਰ ਅਵਤਾਰ ਪੈਗ਼ੰਬਰ ਗਏ ਸੱਦ, ਨਾਮ ਸੰਦੇਸ਼ਾ ਦੇ ਕੇ ਦੋ ਜਹਾਨਾਂ ਧਿਆਨ ਲਗਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਕਰੇ ਖੇਲ ਸੂਰਾ ਸਰਬਗ, ਸ਼ਾਹ ਸੁਲਤਾਨਾ ਨਿਗਾਹਬਾਨਾ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਵਰਤਾਈਆ । ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰੋ ਕਿਉਂ ਸੋਹੀ ਮੇਰੀ ਧਰਤ, ਧਰਮ ਦਵਾਰਾ ਨਜ਼ਰੀ ਆਈਆ । ਕੁਛ ਰਾਮ ਵਸ਼ਿਸ਼ਟ ਪਾਈ ਸ਼ਰਤ, ਸ਼ਰਅ ਸਮਝ ਕਿਸੇ ਨਾ ਆਈਆ । ਸਪਤ ਰਿਖੀ ਕਰ ਕੇ ਏਥੇ ਦਰਸ, ਆਪਣੀ ਤ੍ਰਿਸ਼ਨਾ ਭੁੱਖ ਮਿਟਾਈਆ । ਬ੍ਰਹਮਾ ਨਵ ਦਿਨ ਰਿਹਾ ਭਟਕ, ਸ਼ੰਕਰ ਛੇ ਦਿਨ ਅੱਖ ਨਾ ਕੋਇ ਉਠਾਈਆ । ਵਿਸ਼ਨੂੰ ਵਿਸ਼ਵ ਧਾਰ ਅੰਮ੍ਰਿਤ ਬਰਖ, ਵਿਸ਼ੇਸ਼ ਆਪਣਾ ਗੁਣ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਸਮਝਾਈਆ । ਧਰਨੀ ਕਹੇ ਮੇਰੇ ਅੰਤਰ ਵੇਖੋ ਚਾਓ ਘਨੇਰਾ, ਘਨੱਈਆ ਧੁਰ ਦਾ ਦਏ ਵਡਿਆਈਆ । ਮੈਂ ਸਤਿਜੁਗ ਤਰੇਤਾ ਦੁਆਪਰ ਕਲਜੁਗ ਬੈਠੀ ਰਹੀ ਕਰ ਕੇ ਜੇਰਾ, ਚਾਰ ਜੁਗ ਇਕ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੈਨੂੰ ਦੇ ਕੇ ਗਏ ਸੁਨੇਹੜਾ, ਸ਼ਾਸਤਰ ਸਿਮਰਤ ਵੇਦ ਪੁਰਾਨਾਂ ਤੋਂ ਬਾਹਰ ਕਰ ਪੜ੍ਹਾਈਆ । ਜਿਸ ਵੇਲੇ ਸਦੀ ਚੌਧਵੀਂ ਕਲਜੁਗ ਅੰਤ ਅਖ਼ੀਰ ਹੋਇਆ ਅੰਧੇਰਾ, ਚਾਰ ਵਰਨ ਅਠਾਰਾਂ ਬਰਨ ਨਿਜ ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਪਰਮ ਪੁਰਖ ਪਰਮਾਤਮ ਪਾਰਬ੍ਰਹਮ ਪਤਿਪਰਮੇਸ਼ਵਰ ਜੋਤੀ ਜਾਤਾ ਪੁਰਖ ਬਿਧਾਤਾ ਮਾਰੇ ਆਪਣਾ ਫੇਰਾ, ਅਕਲ ਕਲਧਾਰੀ ਆਪਣਾ ਵੇਸ ਵਟਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰਾ ਧਰਮ ਦਵਾਰ ਖੁਲ੍ਹਾ ਕਰੇ ਵਿਹੜਾ, ਕੂੜ ਕੁੜਿਆਰ ਜਗਤ ਵਿਭਚਾਰ ਹੰਕਾਰ ਰਹਿਣ ਕੋਇ ਨਾ ਪਾਈਆ । ਸੋ ਵਕਤ ਸੁਹੰਜਣਾ ਆਦਿ ਪੁਰਖ ਅਬਿਨਾਸ਼ੀ ਕਰਤਾ ਦੱਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਪੜਦਾ ਆਪ ਉਠਾਈਆ । ਧਰਨੀ ਧਰਤ ਧਵਲ ਕਹੇ ਮੇਰਾ ਅੰਤਰ ਹੋਇਆ ਖ਼ੁਸ਼ਹਾਲ, ਖ਼ੁਸ਼ੀ ਦੋ ਜਹਾਨ ਨਜ਼ਰੀ ਆਈਆ । ਕਿਰਪਾ ਕਰੀ ਦੀਨ ਦਿਆਲ, ਦਇਆਨਿਧ ਵੇਖ ਵਖਾਈਆ । ਜਿਸ ਦੀ ਯਾਦ ਵਿਚ ਜੁਗ ਚੌਕੜੀ ਬੀਤੇ ਕਾਲ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਅੱਗੇ ਕਰਦੇ ਗਏ ਸਵਾਲ, ਭਿੱਖਕ ਹੋ ਕੇ ਧੁਰ ਦੀ ਮੰਗ ਮੰਗਾਈਆ । ਸੋ ਲੇਖਾ ਜਾਣੇ ਸਚ ਸਵਾਮੀ ਆਦਿ ਜੁਗਾਦੀ ਮੇਰੇ ਦਵਾਰੇ ਸੱਚੀ ਧਰਮਸਾਲ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦਏ ਸਮਝਾਈਆ । ਧਰਨੀ ਕਹੇ ਮੈਨੂੰ ਆਈ ਯਾਦ, ਚਾਰ ਜੁਗ ਦਾ ਲੇਖ ਸਮਝਾਈਆ । ਰਾਮ ਵਸ਼ਿਸ਼ਟ ਕੀਤੀ ਫ਼ਰਿਆਦ, ਅੰਤਰ ਅੰਤਰ ਇਕ ਸੁਣਾਈਆ । ਜਿਸ ਖੇੜੇ ਨੂੰ ਕਰ ਸਕਿਆ ਨਾ ਕੋਈ ਆਬਾਦ, ਆਬਾਦੀ ਜਗਤ ਨਾ ਕੋਇ ਵਧਾਈਆ । ਗਾ ਸਕਿਆ ਕੋਈ ਨਾ ਰਾਗ, ਛੱਤੀ ਰਾਗ ਰਹੇ ਕੁਰਲਾਈਆ । ਸੁਣ ਸਕਿਆ ਨਾ ਕੋਈ ਨਾਦ, ਜਗਤ ਤਾਲ ਨਾ ਕੋਇ ਵਡਿਆਈਆ । ਸਮਝਾ ਸਕਿਆ ਨਾ ਕੋਈ ਸਮਾਜ, ਪੜਦਾ ਓਹਲਾ ਨਾ ਕੋਇ ਉਠਾਈਆ । ਸੋ ਖੇਲ ਵੇਖਿਆ ਤਮਾਸ਼, ਪੁਰਖ ਅਕਾਲ ਰਿਹਾ ਵਖਾਈਆ । ਜਿਸ ਦਾ ਲੇਖਾ ਬੋਧ ਅਗਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ

ਧੁਰਦਰਗਾਹੀਆ । ਵਸ਼ਿਸ਼ਟ ਕਿਹਾ ਸੁਣ ਦਸਰਥ ਬੇਟੇ ਰਾਮ, ਸਚ ਸੰਦੇਸ਼ਾ ਦਿਆਂ ਦ੍ਰਿੜਾਈਆ । ਤੇਰਾ ਰੂਪ ਹੋਣਾ ਘਨੱਈਆ ਸ਼ਾਮ, ਸਾਵਲ ਸੁੰਦਰ ਖੇਲ ਖਿਲਾਈਆ । ਵੇਸ ਵਟਾਉਣਾ ਪੈਗ਼ੰਬਰਾਂ ਦੇਣਾ ਪੈਗ਼ਾਮ, ਈਸਾ ਮੂਸਾ ਰੰਗ ਚੜ੍ਹਾਈਆ । ਮੁਹੰਮਦ ਦੇਣਾ ਜਾਮ, ਕਲਮਾ ਹਕ ਸਮਝਾਈਆ । ਨਾਨਕ ਨਿਰਗੁਣ ਦੇਣਾ ਇਕੋ ਨਾਮ, ਨਾਉਂ ਨਿਰੰਕਾਰਾ ਆਪ ਸੁਣਾਈਆ । ਇਕ ਦਸ ਦਾ ਖੇਲ ਮਹਾਨ, ਦਹਿ ਦਿਸ਼ਾ ਵੱਜੇ ਵਧਾਈਆ । ਗੋਬਿੰਦ ਸੂਰਾ ਨੌਜਵਾਨ, ਸੁਤ ਦੁਲਾਰਾ ਇਕ ਪਰਗਟਾਈਆ । ਜਿਸ ਦਾ ਲਹਿਣਾ ਦੇਣਾ ਹੋਣਾ ਵਿਚ ਜਹਾਨ, ਦੀਨ ਦੁਨੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਆਪ ਵਡਿਆਈਆ । ਵਸ਼ਿਸ਼ਟ ਕਿਹਾ ਸੁਣ ਰਾਮ ਦੁਲਾਰੇ, ਅਗਲਾ ਲੇਖਾ ਦਿਆਂ ਦ੍ਰਿੜਾਈਆ । ਜਿਸ ਵੇਲੇ ਲੋਕਮਾਤ ਬੀਤੇ ਜੁਗ ਚਾਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਚਾਰ ਵਰਨ ਅਠਾਰਾਂ ਬਰਨ ਹੋਣੇ ਦੁਖਿਆਰੇ, ਧੀਰਜ ਧੀਰ ਨਾ ਕੋਇ ਧਰਾਈਆ । ਮਾਇਆ ਮਮਤਾ ਗੜ੍ਹ ਬਣਨਾ ਹੰਕਾਰੇ, ਹੰ ਬ੍ਰਹਮ ਨਾ ਕੋਇ ਸਮਝਾਈਆ । ਜੂਠ ਝੂਠ ਸਾਧ ਸੰਤ ਹੋਣੇ ਵਣਜਾਰੇ, ਹਕੀਕਤ ਹਕ ਨਾ ਕੋਇ ਵਖਾਈਆ । ਕਾਗਦ ਕਲਮ ਲੇਖਾ ਲਿਖ ਸਕੇ ਨਾ ਕੋਇ ਨਿਰੰਕਾਰੇ, ਭੇਵ ਅਭੇਦ ਸਕੇ ਨਾ ਕੋਇ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਅੰਤ ਦੇਵੇ ਨਾ ਕੋਇ ਸਹਾਰੇ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ਼ਾ ਇਕ ਸੁਣਾਈਆ । ਰਾਮ ਕਿਹਾ ਦੱਸ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਕੀ ਲੇਖਾ ਹੋਣਾ ਸ੍ਰਿਸ਼ਟ, ਦੀਨ ਦੁਨੀ ਪੜਦਾ ਦੇਣਾ ਲਾਹੀਆ । ਕੀ ਪੁਰਖ ਅਕਾਲ ਦਾ ਹੋਣਾ ਇਸ਼ਟ, ਦੇਵ ਆਤਮਾ ਦੇਣਾ ਸਮਝਾਈਆ । ਕਿਹੜਾ ਲੇਖਾ ਭਵਿਖਤ, ਭਵਿਖਤ ਦਾ ਬਿਨ ਅੱਖਰਾਂ ਦੇਣਾ ਲਿਖਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪੜਦਾ ਓਹਲਾ ਦੇਣਾ ਚੁਕਾਈਆ । ਵਸ਼ਿਸ਼ਟ ਕਿਹਾ ਮੇਰਾ ਇਕ ਸੰਦੇਸ਼, ਸੰਧਿਆ ਤੋਂ ਬਾਹਰ ਦਿਆਂ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਜਿਸ ਧਾਰ ਬਦਲਿਆ ਭੇਸ, ਵੇਸ ਅਨੇਕ ਵਟਾਈਆ । ਓਸੇ ਦਾ ਅੰਤ ਅਖ਼ੀਰ ਜਾਮਾ ਹੋਣਾ ਦਸ ਦਸਮੇਸ਼, ਦਹਿ ਦਿਸ਼ਾ ਕਰੇ ਸ਼ਨਵਾਈਆ । ਚਾਰ ਵਰਨਾਂ ਦੇਣੀ ਟੇਕ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਬਣ ਕੇ ਖੇਵਟ ਖੇਟ, ਬੇੜਾ ਜਗਤ ਜਹਾਨ ਚਲਾਈਆ । ਪੁਰਖ ਅਕਾਲ ਦਾ ਬਣਨਾ ਬੇਟ, ਪਿਤਾ ਇਕੋ ਇਕ ਮਨਾਈਆ । ਨਿਰਗੁਣ ਧਾਰ ਕਰਨਾ ਹੇਤ, ਤੱਤਾਂ ਵਾਲੀ ਜਗਤ ਜੁਦਾਈਆ । ਖੇਲਣਾ ਖੇਲ ਅਗੰਮੇ ਦੇਸ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਅੱਖਾਂ ਵਾਲਾ ਲਏ ਕੋਈ ਨਾ ਵੇਖ, ਜੋਤੀ ਜੋਤ ਜੋਤ ਰੁਸ਼ਨਾਈਆ । ਸੋ ਦੇਵੇ ਸਚ ਸੰਦੇਸ਼, ਨਾਮ ਨਿਧਾਨਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਵਖਾਈਆ । ਧਰਨੀ ਕਹੇ ਜਿਸ ਵੇਲੇ ਰਾਮ ਵਸ਼ਿਸ਼ਟ ਕੀਤੀ ਬਾਤ, ਭੂਮਿਕਾ ਇਹੋ ਨਜ਼ਰੀ ਆਈਆ । ਨਾ ਦਿਵਸ ਨਾ ਰਾਤ, ਘੜੀ ਪਲ ਸਮਝ ਕੋਇ ਨਾ ਪਾਈਆ । ਨਾ ਕੋਈ ਕਲਮ ਸ਼ਾਹੀ ਕਾਗ਼ਜ਼ ਲਿਖੇ ਗਾਥ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਨਾ ਕੋਈ ਤੀਜਾ ਦਿਸੇ ਸਾਥ, ਸਗਲਾ ਸੰਗ ਨਾ ਕੋਇ ਬਣਾਈਆ । ਇਹ ਖੇਲ ਅਗੰਮ ਅਥਾਹ ਪੁਰਖ ਅਬਿਨਾਸ਼, ਹਰਿ ਕਰਤਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਧਰਨੀ ਕਹੇ ਮੈਂ ਸੁਣ ਕੇ ਬਾਤ ਲਿਆ ਪੁਛ, ਰਾਮ ਵਸ਼ਿਸ਼ਟ

ਦੇਣਾ ਜਣਾਈਆ । ਤੁਸਾਂ ਦੋਹਾਂ ਨੇ ਜਾਣਾ ਉਠ, ਤਨ ਵਜੂਦ ਪੰਧ ਮੁਕਾਈਆ । ਮੈਨੂੰ ਅਗਲਾ ਭੇਵ ਦੱਸੋ ਕੁਛ, ਹੋ ਨਿਮਾਣੀ ਸੀਸ ਨਿਵਾਈਆ । ਦੋਹਾਂ ਨੇ ਮਿਲ ਕੇ ਸਾਂਝੀ ਪੜ੍ਹੀ ਤੁਕ, ਸੋਹੰ ਢੋਲਾ ਦਿਤਾ ਗਾਈਆ । ਧਰਨੀ ਤੇਰਾ ਪੁਰਖ ਅਕਾਲ ਮੇਟੇ ਦੁੱਖ, ਕਲਜੁਗ ਵੇਲਾ ਅੰਤਮ ਨਜ਼ਰੀ ਆਈਆ । ਜਿਸ ਨੇ ਗੋਬਿੰਦ ਸੂਰਾ ਬਣਾਉਣਾ ਆਪਣਾ ਸੁਤ, ਸੁਤ ਦੁਲਾਰਾ ਇਕੋ ਲਏ ਪਰਗਟਾਈਆ । ਇਹ ਖੇਲ ਅਬਿਨਾਸ਼ੀ ਅਚੁਤ, ਹਰਿ ਕਰਤਾ ਆਪ ਕਰਾਈਆ । ਸੰਮਤ ਸ਼ਹਿਨਸ਼ਾਹੀ ਸੁਹਾਏ ਤੇਰੀ ਰੁੱਤ, ਵਾਰ ਥਿਤ ਸਮਝ ਕਿਸੇ ਨਾ ਆਈਆ । ਰਾਮ ਵਸ਼ਿਸ਼ਟ ਕਿਹਾ ਧਰਨੀ ਹੁਣ ਕਰ ਜਾ ਚੁੱਪ, ਅੱਗੇ ਬਚਨ ਨਾ ਕੋਇ ਬਣਾਈਆ । ਤੇਰਾ ਲੇਖਾ ਸਾਡੇ ਨਾਲੋਂ ਜਾਵੇ ਟੁੱਟ, ਟੁੱਟੀ ਗੰਢ ਪੁਰਖ ਅਕਾਲ ਨਾਲ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੈਨੂੰ ਹੋਰ ਦਿਓ ਦਿਲਾਸਾ, ਧੀਰਜ ਧੀਰ ਇਕ ਬੰਨ੍ਹਾਈਆ । ਮੈਂ ਵੇਖਾਂ ਖੇਲ ਤਮਾਸ਼ਾ, ਨਿਰਗੁਣ ਸਰਗੁਣ ਵੱਜੇ ਵਧਾਈਆ । ਮੇਰੀ ਪੂਰੀ ਹੋਵੇ ਆਸਾ, ਮਨਸਾ ਮਨਸਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਰਾਮ ਵਸ਼ਿਸ਼ਟ ਕਿਹਾ ਸੁਣ ਦਈਏ ਧੀਰ, ਧਰਮ ਦਵਾਰ ਵਖਾਈਆ । ਕਲਜੁਗ ਅੰਤ ਵੇਖ ਅਖ਼ੀਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਵੇਲੇ ਰਿਹਾ ਨਾ ਕੋਈ ਪੈਗ਼ੰਬਰ ਪੀਰ, ਪਰਾ ਪਸੰਤੀ ਮਧਮ ਬੈਖਰੀ ਚਲੇ ਨਾ ਕੋਇ ਚਤੁਰਾਈਆ । ਸ਼ਰਅ ਤੋੜੇ ਨਾ ਕੋਇ ਜ਼ੰਜੀਰ, ਚਾਰ ਕੁੰਟ ਹਲਕਾਈਆ । ਤੇਰਾ ਲਹਿਣਾ ਦੇਣਾ ਲੇਖਾ ਦੇਵੇ ਬੇਨਜ਼ੀਰ, ਮਿਹਰ ਨਜ਼ਰ ਆਪਣੀ ਇਕ ਉਠਾਈਆ । ਬਦਲ ਦੇਵੇ ਤਕਦੀਰ, ਤਦਬੀਰ ਇਕ ਸਮਝਾਈਆ । ਤੇਰਾ ਕੁਛ ਲੇਖਾ ਲਿਖ ਕੇ ਜਾਣਾ ਕਬੀਰ, ਜੁਲਾਹਾ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਮੈਨੂੰ ਦੱਸੋ ਇਕ ਕਹਾਣੀ, ਕਹਾਵਤ ਜਗਤ ਰਹੇ ਨਾ ਰਾਈਆ । ਕੀ ਖੇਲੇ ਖੇਲ ਸ਼ਾਹ ਸੁਲਤਾਨੀ, ਪਤਿਪਰਮੇਸ਼ਵਰ ਬੇਪਰਵਾਹੀਆ । ਵਸ਼ਿਸ਼ਟ ਕਿਹਾ ਗੋਬਿੰਦ ਦਾ ਗੁਰਮੁਖ ਤੇਰੀ ਇਕ ਨਿਸ਼ਾਨੀ, ਨਿਸ਼ਾਨਾ ਅਗਲਾ ਇਕ ਸਮਝਾਈਆ । ਜਿਸ ਦੇ ਅੰਦਰ ਬਿਰਹੋਂ ਕਾਨੀ, ਤੀਰ ਅਣਿਆਲਾ ਆਪ ਚਲਾਈਆ । ਓਨ੍ਹਾਂ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਬਣੇ ਆਪ ਬਾਨੀ, ਸਹਾਰਾ ਕਿਨਾਰਾ ਤੇਰਾ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਰਾਮ ਕਿਹਾ ਮੈਂ ਹੋਰ ਕੁਛ ਲਿਆ ਤੱਕ, ਲੇਖਾ ਅਗਲਾ ਦਿਆਂ ਸਮਝਾਈਆ । ਧਰਨੀ ਖੇਲ ਕਰਨਾ ਪੁਰਖ ਸਮਰਥ, ਨਾ ਕੋਈ ਮੇਟੇ ਮੇਟ ਮਿਟਾਈਆ । ਗੋਬਿੰਦ ਧਾਰ ਕਰ ਪਰਗਟ, ਜੋਤੀ ਜਾਤਾ ਜਲਵਾ ਨੂਰ ਕਰੇ ਰੁਸ਼ਨਾਈਆ । ਵਸਤ ਅਮੋਲਕ ਦੇ ਕੇ ਵੱਥ, ਨਾਮ ਭੰਡਾਰਾ ਇਕ ਭਰਾਈਆ । ਭੇਵ ਅਭੇਦਾ ਖੋਲ੍ਹ ਕੇ ਸੱਚ, ਸਾਚਾ ਮਾਰਗ ਇਕ ਵਖਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈਕਾਰਾ ਬੋਲ ਕੇ ਇਕ ਅਲੱਖ, ਅਲਖ ਅਗੋਚਰ ਆਪ ਸਮਝਾਈਆ । ਦੀਨ ਦੁਨੀ ਤੋਂ ਖੇਲ ਕਰਨਾ ਵੱਖ, ਪੰਚਮ ਮੇਲਾ ਸਹਿਜ ਸੁਭਾਈਆ । ਪੁਰੀ ਅਨੰਦ ਦੇ ਅੰਦਰ ਜਾਣਾ ਵਸ, ਵਾਸਤਾ ਪੁਰਖ ਅਕਾਲ ਨਾਲ ਜੁੜਾਈਆ । ਅੰਤਮ ਸਭ ਕੁਛ ਜਾਣਾ ਛੱਡ, ਖ਼ਾਲੀ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਉਪਜਾਈਆ । ਧਰਨੀ ਕਹੇ ਕੁਛ ਹੋਰ ਅਗਲਾ ਦੱਸ ਭੇਵ, ਪੜਦਾ ਰਹੇ ਨਾ ਰਾਈਆ । ਤੂੰ ਵੱਡਾ ਦੇਵੀ ਦੇਵ,



੫੮੨ ੨੦

ਦੇਵਤ ਸੁਰ ਤੇਰੀ ਸਰਨਾਈਆ । ਮੈਂ ਵੇਖਾਂ ਧਾਮ ਨਿਹਚਲ ਨਿਹਕੇਵ, ਅਟਲ ਮਹੱਲ ਮਿਲੇ ਵਡਿਆਈਆ । ਜਿਸ ਨੂੰ ਗਾ ਨਾ ਸਕੇ ਕੋਈ ਰਸਨਾ ਜਿਹਵ, ਕਲਮ ਸ਼ਾਹੀ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਫ਼ਰਮਾਨ ਸ੍ਰੀ ਭਗਵਾਨ ਇਕ ਇਕੱਲਾ ਏਕੰਕਰਾ ਅਗੰਮ ਅਪਾਰਾ ਅਲਖ ਅਗੋਚਰ ਆਪਣਾ ਆਪ ਜਣਾਈਆ । ਰਾਮ ਕਹੇ ਸੁਣ ਧਰਤੀ ਅਗਲਾ ਦੱਸਾਂ ਹਾਲ, ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਜਿਸ ਵੇਲੇ ਕਲਜੁਗ ਕੂੜੀ ਕਿਰਿਆ ਹੋਈ ਕਾਲ, ਕਾਮ ਕਰੋਧ ਲੋਭ ਮੋਹ ਹੰਕਾਰ ਜਗਤ ਹਲਕਾਈਆ । ਸਚ ਦਵਾਰੇ ਰਿਹਾ ਕਿਸੇ ਨਾ ਨਾਮ, ਨਾਮ ਨਿਰੰਕਾਰਾ ਨਜ਼ਰ ਕਿਸੇ ਨਾ ਆਈਆ । ਪੈਗ਼ੰਬਰਾਂ ਸੁਣੇ ਨਾ ਕੋਈ ਪੈਗ਼ਾਮ, ਸੁਲਹਕੁਲ ਮੇਲ ਨਾ ਕੋਇ ਮਿਲਾਈਆ । ਚਾਰ ਵਰਨ ਅਠਾਰਾਂ ਬਰਨ ਹੋਏ ਹਰਾਮ, ਹਿਰਦੇ ਹਰਿ ਨਾ ਕੋਇ ਵਸਾਈਆ । ਕੂੜੀ ਕਿਰਿਆ ਕਰਨਾ ਕਤਲੇਆਮ, ਕਾਤਲ ਮਕਤੂਲ ਸਕੇ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਲਏ ਪਰਗਟਾਈਆ । ਧਰਨੀ ਕਹੇ ਕਿਵੇਂ ਵੇਲਾ ਹੋਏ ਸੁਹੰਜਣਾ, ਮੈਨੂੰ ਦਿਉ ਦ੍ਰਿੜਾਈਆ । ਕਿਸ ਬਿਧ ਮਿਲੇ ਦਰਦ ਦੁਖ ਭੈ ਭੰਜਨਾ, ਵੱਡ ਦਾਤਾ ਬੇਪਰਵਾਹੀਆ । ਮੇਰੇ ਨੇਤਰ ਪਾਵੇ ਅਗੰਮੀ ਨਾਮ ਅੰਜਨਾ, ਅਗਿਆਨ ਅੰਧੇਰ ਮਿਟਾਈਆ । ਘਰ ਸਵਾਮੀ ਠਾਕਰ ਵੇਖਾਂ ਸੱਜਣਾ, ਮਿਤਰ ਪਿਆਰਾ ਧੁਰਦਰਗਾਹੀਆ । ਤ੍ਰੇਤਾ ਦੁਆਪਰ ਜਿਸ ਦੇ ਹੁਕਮੇ ਅੰਦਰ ਲੰਘਣਾ, ਕਲਜੁਗ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਸ ਬਿਧ ਆਪਣਾ ਖੇਲ ਕਰਾਈਆ । ਰਾਮ ਕਿਹਾ ਮੈਨੂੰ ਐਉਂ ਰਿਹਾ ਜਾਪ, ਸਚ ਦਿਆਂ ਸੁਣਾਈਆ । ਪੁਰਖ ਅਕਾਲ ਕਰਨਾ ਪਰਕਾਸ਼, ਗੋਬਿੰਦ ਜਲਵਾ ਨੂਰ ਰੁਸ਼ਨਾਈਆ । ਭੇਵ ਖੋਲ੍ਹਣਾ ਕਾਇਆ ਮਾਟੀ ਖ਼ਾਕ, ਪੰਜ ਤਤ ਵੱਜੇ ਵਧਾਈਆ । ਨਜ਼ਰੀ ਆਉਣਾ ਸਾਖਿਆਤ, ਸਵੱਛ ਸਰੂਪੀ ਰੂਪ ਵਟਾਈਆ । ਰੂਹ ਬੁਤ ਕਰਨੇ ਪਾਕ, ਪਤਤ ਪੁਨੀਤ ਬਣਾਈਆ । ਜਨ ਭਗਤਾਂ ਹੋਣਾ ਦਾਸ, ਗੁਰਮੁਖਾਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਧਰਨੀ ਕਹੇ ਮੈਨੂੰ ਆਇਆ ਨਹੀਂ ਯਕੀਨ, ਧੀਰਜ ਮੇਰੀ ਦੇ ਧਰਾਈਆ । ਮੈਨੂੰ ਦੱਸ ਉਹ ਤਾਲੀਮ, ਜਿਸ ਨੂੰ ਸਿਖ ਕੇ ਖ਼ੁਸ਼ੀ ਮਨਾਈਆ । ਰਾਮ ਕਿਹਾ ਤੂੰ ਇਕੋ ਕਰ ਤਸਲੀਮ, ਦੂਜੇ ਨਜ਼ਰ ਕਿਸੇ ਨਾ ਆਈਆ । ਕਦੇ ਨਾ ਹੋਵੇ ਗ਼ਮਗੀਨ, ਹਰਖ ਸੋਗ ਵੰਡ ਨਾ ਕੋਇ ਵੰਡਾਈਆ । ਨਾ ਨਰ ਨਾ ਮਦੀਨ, ਜੋਤੀ ਜਲਵਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹੁਕਮ ਸੰਦੇਸ਼ਾ ਇਕ ਸੁਣਾਈਆ । ਧਰਨੀ ਅੱਗੋਂ ਫੇਰ ਕਿਹਾ ਬੋਲ, ਉਚੀ ਕੂਕ ਕੂਕ ਸੁਣਾਈਆ । ਮੇਰਾ ਅੰਤ ਅਖ਼ੀਰੀ ਪੜਦਾ ਖੋਲ੍ਹ, ਭੇਵ ਰਹੇ ਨਾ ਰਾਈਆ । ਕਿਸ ਬਿਧ ਪੁਰਖ ਅਕਾਲ ਆਵੇ ਉਪਰ ਧੌਲ, ਨਿਰਗੁਣ ਹੋ ਕੇ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਸਮਝੇ ਕੋਈ ਨਾ ਪੰਡਤ ਪਾਂਧਾ ਰੌਲ, ਜਗਤ ਵਿਦਿਆ ਨਾ ਕੋਇ ਵਡਿਆਈਆ । ਜਿਸ ਦਾ ਗੁਰ ਅਵਤਰ ਪੈਗ਼ੰਬਰਾਂ ਵਜਾਉਣਾ ਢੋਲ, ਸੰਦੇਸ਼ੇ ਨਿਰਗੁਣ ਸਰਗੁਣ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਰਾਮ ਕਿਹਾ ਧਰਨੀ ਜ਼ਰਾ ਕਰ ਧਿਆਨ, ਅਗਲਾ ਲੇਖ ਦਿਆਂ ਸਮਝਾਈਆ । ਕੀ ਖੇਲ ਕਰੇ ਸ੍ਰੀ ਭਗਵਾਨ, ਗੋਬਿੰਦ ਸੂਰਾ ਭੇਜੇ ਨੌਜਵਾਨ, ਮਰਦ ਮਰਦਾਨਾ ਸਿਰ ਆਪਣਾ ਹੱਥ ਟਿਕਾਈਆ । ਪੁਰੀ ਅਨੰਦ ਕਿਲਾ ਬਣਾਏ ਮਹਾਨ, ਮਹਿੰਮਾ ਕਥ ਕਥ ਸਮਝਾਈਆ । ਗੁਰਮੁਖ

੫੮੪
੨੦

ਸੂਰੇ ਨੌਜਵਾਨ, ਸੰਤ ਸੁਹੇਲੇ ਗੋਦ ਟਿਕਾਈਆ । ਅੰਤ ਸੰਦੇਸ਼ਾ ਦੇਵੇ ਆਪ ਮਿਹਰਵਾਨ, ਧੁਰ ਦੀ ਧਾਰ ਜਣਾਈਆ । ਦੀਨ ਦੁਨੀ ਦਾ ਕੂੜ ਛੱਡ ਨਿਸ਼ਾਨ, ਨਿਸ਼ਾਨੇ ਪੁਰਖ ਅਕਾਲ ਬਣਾਈਆ । ਮਮਤਾ ਮੋਹ ਵਿਕਾਰ ਰਹੇ ਨਾ ਨਾਲ, ਹੰਕਾਰ ਗੜ੍ਹ ਦਏ ਤੁੜਾਈਆ । ਇਕੋ ਓਟ ਰੱਖ ਅਕਾਲ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਂਡਾ ਭਰਮ ਭਉ ਭੰਨਾਈਆ । ਰਾਮ ਕਿਹਾ ਧਰਨੀ ਸੁਣ ਹੋਰ ਬਚਨ ਅਮੋਲ, ਅਮੁਲ ਦਿਆਂ ਜਣਾਈਆ । ਜਿਸ ਦਾ ਤੋਲੇ ਕੋਈ ਨਾ ਤੋਲ, ਅਤੋਲ ਅਤੁਲ ਆਪਣੇ ਹੱਥ ਰਖਾਈਆ । ਗੋਬਿੰਦ ਵਜਾਉਣਾ ਅਗੰਮੀ ਢੋਲ, ਡੰਕਾ ਵੱਜੇ ਧੁਰਦਰਗਾਹੀਆ । ਸਭ ਦੇ ਪੜਦੇ ਦੇਣੇ ਖੋਲ੍ਹ, ਸੋਇਆ ਕੋਈ ਨਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹੁਕਮੇ ਅੰਦਰ ਹੁਕਮ ਬਦਲਾਈਆ । ਰਾਮ ਕਹੇ ਇਕ ਹੋਰ ਆਈ ਵਿਚਾਰ, ਵਿਚਰਨ ਦੀ ਲੋੜ ਰਹੀ ਨਾ ਰਾਈਆ । ਧਰਨੀ ਰੋ ਕੇ ਕਰੀ ਨਿਮਸਕਾਰ, ਨਿਉਂ ਨਿਉਂ ਸੀਸ ਨਿਵਾਈਆ । ਕੁਛ ਕਿਰਪਾ ਕਰ ਮੇਰੇ ਗਿਰਵਰ ਗਿਰਧਾਰ, ਗਹਿਰ ਗੰਭੀਰ ਪੜਦਾ ਦੇ ਚੁਕਾਈਆ । ਕੀ ਖੇਲ ਕਰੇ ਗੋਬਿੰਦ ਪ੍ਰਭ ਦਾ ਸੁਤ ਦੁਲਾਰ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਰਾਮ ਕਿਹਾ ਇਹ ਹੁਕਮ ਅਗੰਮ ਅਪਾਰ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜਿਸ ਨੇ ਛੱਡ ਦੇਣਾ ਸੰਸਾਰ, ਨਾਤਾ ਕੂੜ ਦੇਣਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਇਕ ਰੰਗਾਈਆ । ਧਰਨੀ ਕਿਹਾ ਬਚਨ ਇਕ ਦੱਸ ਅਖ਼ੀਰ, ਆਖ਼ਰ ਮੰਗ ਮੰਗਾਈਆ । ਕਿਸ ਬਿਧ ਆਏ ਮੈਨੂੰ ਦੇਵੇ ਧੀਰ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਉਹ ਮਾਲਕ ਗਹਿਰ ਗੰਭੀਰ, ਬੇਨਜ਼ੀਰ ਬੇਪਰਵਾਹੀਆ । ਜੁਗ ਚੌਕੜੀ ਬਦਲ ਸਰਬ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਜਿਸ ਨੇ ਖੰਡਾ ਹੱਥ ਫੜਾਉਣਾ ਗੋਬਿੰਦ ਇਕ ਸ਼ਮਸ਼ੀਰ, ਸ਼ਰਅ ਜ਼ੰਜੀਰ ਕਟਾਈਆ । ਏਕੰਕਾਰ ਇਕੋ ਪਾ ਲਕੀਰ, ਸ਼ਾਹ ਹਕੀਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦੇਣਾ ਤੇਰੀ ਝੋਲੀ ਪਾਈਆ । ਧਰਨੀ ਕਹੇ ਮੈਨੂੰ ਅੱਜੇ ਨਹੀਂ ਆਇਆ ਸੰਤੋਖ, ਸਤਿ ਦੇ ਸਮਝਾਈਆ । ਕਿਸ ਬਿਧ ਮੇਟੇ ਮੇਰਾ ਹਰਖ ਸੋਗ, ਚਿੰਤਾ ਗ਼ਮ ਗਵਾਈਆ । ਰਾਮ ਕਿਹਾ ਇਹ ਪ੍ਰਭ ਦਾ ਸਭ ਤੋਂ ਵੱਖਰਾ ਚੋਜ, ਚੋਜੀ ਪ੍ਰੀਤਮ ਹੋ ਕੇ ਦਇਆ ਕਮਾਈਆ । ਜਿਸ ਦਾ ਖੇਲ ਲੋਕ ਪਰਲੋਕ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਤੂੰ ਰੱਖਣੀ ਓਸ ਦੀ ਓਟ, ਅੰਤਮ ਓੜਕ ਓਹੋ ਲੇਖੇ ਲਾਈਆ । ਜਿਸ ਦਾ ਹੋਣਾ ਇਕ ਸਲੋਕ, ਸੋਹੰ ਢੋਲਾ ਸ਼ਹਿਨਸ਼ਾਹੀਆ । ਤੇਰੀ ਕਰਨੀ ਦਾ ਕਰਤਾ ਜਾਣੇ ਜੋਗ, ਜੋ ਜੋਗੀਸ਼ਰਾਂ ਤੇਰੇ ਦਰ ਬਹਾਈਆ । ਮਿਹਰਵਾਨ ਹੋ ਕੇ ਜਾਵੇ ਪਹੁੰਚ, ਪਾਰਬ੍ਰਹਮ ਆਪਣਾ ਫੇਰਾ ਪਾਈਆ । ਜਿਸ ਦਾ ਭਾਣਾ ਹੁਕਮ ਕੋਈ ਨਾ ਸਕੇ ਰੋਕ, ਗੁਰ ਅਵਤਾਰ ਪੈਗ਼ੰਬਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵੇਖ ਵਖਾਈਆ । ਰਾਮ ਕਹੇ ਆਹ ਵੇਖ ਲਿਖਿਆ ਲੇਖ, ਬਿਨ ਅੱਖਰਾਂ ਦਿਆਂ ਸਮਝਾਈਆ । ਨਿਰਗੁਣ ਧਾਰ ਆਵੇ ਤੇਰੇ ਦੇਸ, ਦਿਸ਼ਾ ਦਸੰਤਰ ਫੋਲ ਫੁਲਾਈਆ । ਲੇਖਾ ਬਣਾਵੇ ਗੋਬਿੰਦ ਦਸ ਦਸਮੇਸ਼, ਆਪ ਆਪਣਾ ਪੜਦਾ ਲਾਹੀਆ । ਜਿਸ ਨੇ ਸੁਤ ਦੁਲਾਰੇ ਕਰਨੇ ਭੇਟ, ਬੰਸ ਸਰਬੰਸ ਲੇਖੇ ਪਾਈਆ । ਨਜ਼ਰੀ ਆਉਣਾ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਈਆ । ਧਰਨੀ ਕਹੇ ਮੈਨੂੰ ਅਗਲਾ ਦੇ ਭਰੋਸਾ, ਭਰਮ ਰਹੇ ਨਾ ਰਾਈਆ । ਰਾਮ ਕਿਹਾ

ਪੁਰਖ ਅਕਾਲ ਦੇ ਹੱਥ ਵਿਚ ਮੌਕਾ, ਮੁਕੰਮਲ ਆਪਣੀ ਕਾਰ ਕਮਾਈਆ । ਜਿਸ ਦਾ ਲਹਿਣਾ ਦੇਣਾ ਲੋਕ ਪਰਲੋਕਾ, ਜ਼ਿਮੀਂ ਅਸਮਾਨਾਂ ਹੋਏ ਸਹਾਈਆ । ਮੰਜ਼ਲ ਚੜ੍ਹ ਕੇ ਵੇਖੇ ਅਗੰਮੀ ਕੋਠਾ, ਚੋਟੀ ਆਪਣੀ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਮ ਕਿਹਾ ਗੋਬਿੰਦ ਸੂਰਾ ਖੇਲ ਖਿਲਾਵੇਗਾ । ਪੁਰਖ ਅਕਾਲਾ ਦੀਨ ਦਿਆਲਾ ਇਸ਼ਟ ਮਨਾਵੇਗਾ । ਪੁਰੀ ਅਨੰਦ ਸੂਰਾ ਸਰਬਗ ਇਕ ਵਸਾਵੇਗਾ । ਚਾੜ੍ਹ ਕੇ ਜੋਤੀ ਚੰਦ, ਅੰਧ ਅੰਧੇਰ ਮਿਟਾਵੇਗਾ । ਅੰਤਰ ਆਤਮ ਪਰਮਾਤਮ ਗਾ ਕੇ ਛੰਦ, ਸੋਹੰ ਨਾਦ ਵਜਾਵੇਗਾ । ਜਨ ਭਗਤਾਂ ਚਾੜ੍ਹ ਅਗੰਮੀ ਰੰਗ, ਦੁਰਮਤ ਮੈਲ ਆਪ ਧਵਾਵੇਗਾ । ਅੰਤ ਅਖ਼ੀਰੀ ਛੱਡ ਕੇ ਸੰਗ, ਮਾਤਾ ਗੁਜਰੀ ਬਚਨ ਅਲਾਵੇਗਾ । ਜਿਨ੍ਹਾਂ ਦੇ ਨਾਲ ਮੇਰੀ ਗਈ ਹੰਢ, ਉਨ੍ਹਾਂ ਦਾ ਲੇਖਾ ਪੁਰਖ ਅਕਾਲ ਬਣਾਵੇਗਾ । ਕੋਈ ਨਾ ਪਾਵੇ ਬੰਦੀ ਬੰਦ, ਬੰਦਨਾ ਇਕੋ ਇਕ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵੇਗਾ । ਮਿਹਰ ਨਜ਼ਰ ਹਰਿ ਉਠਾਏਗਾ । ਦੀਨ ਦਿਆਲ ਦਇਆ ਕਮਾਏਗਾ । ਪੁਰੀ ਅਨੰਦ ਵਕਤ ਸੁਹਾਏਗਾ । ਗੋਬਿੰਦ ਸੂਰਾ ਖੇਲ ਰਚਾਏਗਾ । ਮਾਤਾ ਗੁਜਰੀ ਬਚਨ ਸੁਣਾਏਗਾ । ਦਾਸ ਦਾਸੀਆਂ ਵੰਡ ਵੰਡਾਏਗਾ । ਮੰਡਲ ਰਾਸੀਆਂ ਖੋਜ ਖੁਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਏਗਾ । ਧਰਨੀ ਕਹੇ ਰਾਮ ਉਹ ਕਿਹੜੀ ਹੋਵੇ ਦਾਸੀ, ਗੋਬਿੰਦ ਦੀ ਮੈਨੂੰ ਦੇ ਸਮਝਾਈਆ । ਕਿਹੜੀ ਚੜ੍ਹੇ ਘਾਟੀ, ਮੰਜ਼ਲ ਵੇਖੇ ਬੇਪਰਵਾਹੀਆ । ਕਿਸ ਬਿਧ ਮੰਨੀ ਆਖੀ, ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਮ ਕਿਹਾ ਗੋਬਿੰਦ ਦਾਸੀ ਇਕ ਪਰਿਵਾਰ, ਸੱਤ ਅੱਠ ਦਾ ਨਜ਼ਰੀ ਆਈਆ । ਚਾਰ ਗੁਜਰੀ ਦੇ ਸੇਵਾਦਾਰ, ਤਿੰਨ ਚਾਰ ਗੋਬਿੰਦ ਸੇਵ ਕਮਾਈਆ । ਉਨ੍ਹਾਂ ਦੀ ਸੁਣ ਪੁਕਾਰ, ਦੇਵੇ ਮਾਣ ਵਡਿਆਈਆ । ਜਿਨ੍ਹਾਂ ਨੂੰ ਵੇਖਣ ਆਉਣਾ ਗੁਰੂ ਅਵਤਾਰ, ਪੈਗ਼ੰਬਰ ਫੇਰਾ ਪਾਈਆ । ਜਿਸ ਵੇਲੇ ਅਨੰਦਪੁਰੀ ਤੋਂ ਹੋਣੇ ਬਾਹਰ, ਸਭ ਨੇ ਤਨ ਜਾਣੇ ਤਜਾਈਆ । ਗੋਬਿੰਦ ਨੇ ਖੰਡੇ ਨਾਲ ਮਸਤਕ ਧੂੜੀ ਲਾਉਣੀ ਛਾਰ, ਮਸਤਕ ਟਿੱਕਾ ਆਪਣਾ ਨਾਮ ਬਣਾਈਆ । ਓਦੋਂ ਧਰਤੀ ਤੂੰ ਕਰੀਂ ਪੁਕਾਰ, ਖੁਲ੍ਹੜੀ ਮੇਂਢੀ ਕੇਸ ਵਖਾਈਆ । ਕੁਛ ਲਹਿਣਾ ਦੇਣਾ ਦੁਰਗਾ ਦਾ ਉਧਾਰ, ਅਸ਼ਟਭੁਜ ਰਾਹ ਤਕਾਈਆ । ਇਹ ਖੇਲ ਦੱਸਾਂ ਅਪਾਰ, ਅਪਰੰਪਰ ਹੋ ਕੇ ਆਪ ਜਣਾਈਆ । ਮੰਗੀ ਮੰਗ ਚਰਨ ਦਵਾਰ, ਨਿਮਾਣੀ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸੁਣਾਈਆ । ਧਰਨੀ ਕਹੇ ਉਹ ਕਿਹੋ ਜਿਹਾ ਹੋਵੇ ਵੇਲਾ, ਰਾਮ ਮੈਨੂੰ ਦੇ ਸਮਝਾਈਆ । ਵਸ਼ਿਸ਼ਟ ਕਿਹਾ ਜਿਸ ਵੇਲੇ ਨਾਤਾ ਟੁੱਟਣ ਲੱਗਾ ਗੁਰੂ ਚੇਲਾ, ਚੇਲਾ ਗੁਰੂ ਬੈਠਣ ਮੁਖ ਭਵਾਈਆ । ਪੁਰਖ ਅਕਾਲ ਦੀਨ ਦਿਆਲ ਇਕੋ ਹੋਵੇ ਸੱਜਣ ਸੁਹੇਲਾ, ਦੂਜਾ ਸੰਗ ਨਾ ਕੋਇ ਰਖਾਈਆ । ਅਬਿਨਾਸ਼ੀ ਕਰਤਾ ਖੇਲੇ ਖੇਲ ਹੋ ਨਵੇਲਾ, ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਮ ਕਹੇ ਉਹ ਵੇਲਾ ਆਉਣਾ ਜਲਦੀ, ਜੁਗ ਬੀਤਦਿਆਂ ਵਕਤ ਨਾ ਲੱਗੇ ਰਾਈਆ । ਚਾਰ ਕੁੰਟ ਅੱਗ ਹੋਣੀ ਬਲਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਖੇਲ ਵੇਖਣੀ ਕਲਜੁਗ ਕਲ ਦੀ, ਕਲਕਾਤੀ ਰਾਜੇ ਹੋਣ ਕਸਾਈਆ । ਇਹ ਧਾਰ ਨਿਹਚਲ ਧਾਮ ਅਟੱਲ ਦੀ, ਪੁਰਖ ਅਕਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ


੫੮੫
੨੦

ਸਰਨਾਈਆ । ਧਰਨੀ ਕਹੇ ਕੀ ਮੰਗਾਂ ਮੰਗ, ਮੋਹੇ ਦੇ ਜਣਾਈਆ । ਰਾਮ ਕਿਹਾ ਜਿਸ ਵੇਲੇ ਅਨੰਦਪੁਰੀ ਤੋਂ ਬਾਹਰ ਹੋਵੇ ਜੰਗ, ਖੰਡਾ ਖੜਗ ਸਾਰ ਟਕਰਾਈਆ । ਗੁਜਰੀ ਨੇ ਰੋ ਕੇ ਪਾਉਣੀ ਡੰਡ, ਕੂਕ ਕੂਕ ਸੁਣਾਈਆ । ਸੱਤਾਂ ਅੱਠਾਂ ਦਾਸ ਦਾਸੀਆਂ ਦਾ ਹੋਣਾ ਸੰਗ, ਚਲਣ ਵਾਹੋ ਦਾਹੀਆ । ਦਰਵਾਜ਼ਿਉਂ ਨੌ ਕਦਮ ਤੇ ਸਭ ਦਾ ਪੂਰਾ ਹੋਣਾ ਦਮ, ਸਵਾਸ ਸਾਹ ਰਹਿਣ ਕੋਇ ਨਾ ਪਾਈਆ । ਨਾਤਾ ਤੁੱਟੇ ਮਾਟੀ ਚੰਮ, ਤਨ ਵਜੂਦ ਸੰਗ ਨਾ ਕੋਇ ਨਿਭਾਈਆ । ਧਰਨੀ ਤੂੰ ਰੋ ਕੇ ਛੰਮ ਛੰਮ, ਗੋਬਿੰਦ ਚਰਨਾਂ ਸੀਸ ਦੇਣਾ ਝੁਕਾਈਆ । ਮੇਰੀ ਮੇਟ ਦੇ ਤ੍ਰਿਸ਼ਨਾ ਗ਼ਮ, ਚਿੰਤਾ ਦੇਣੀ ਚੁਕਾਈਆ । ਮੈਨੂੰ ਦੱਸ ਕੇ ਗਿਆ ਵਸ਼ਿਸ਼ਟ ਰਾਮ, ਸੰਦੇਸ਼ਾ ਇਕ ਸੁਣਾਈਆ । ਤੇਰਾ ਲਹਿਣਾ ਦੇਣਾ ਚੁਕਾਏ ਸ੍ਰੀ ਭਗਵਾਨ, ਕਲਜੁਗ ਅੰਤਮ ਵੇਖ ਵਖਾਈਆ । ਦਰ ਤੇਰੇ ਮੰਗਣ ਆਈ ਦਾਨ, ਵਸਤ ਅਮੋਲਕ ਦੇ ਵਰਤਾਈਆ । ਗੋਬਿੰਦ ਕਿਹਾ ਨੌਜਵਾਨ, ਸੂਰਬੀਰ ਸਮਝਾਈਆ । ਮੈਂ ਹੋਇਆ ਮਿਹਰਵਾਨ, ਮਹਿਬੂਬ ਨਾਲ ਮਿਲ ਕੇ ਵਸਤ ਦਿਆਂ ਵਰਤਾਈਆ । ਮੇਰੇ ਗੁਰਮੁਖ ਮੇਰੇ ਦਰ ਹੋਏ ਪਰਵਾਨ, ਪਰਵਾਨੇ ਧੁਰ ਦੇ ਹੱਥ ਫੜਾਈਆ । ਫੇਰ ਮਾਨਸ ਜਨਮ ਦਿਆਂ ਤੱਤਾਂ ਵਾਲਾ ਇਨਸਾਨ, ਹਿੰਸਾ ਵੰਡ ਨਾ ਕੋਇ ਵੰਡਾਈਆ । ਧਰਨੀ ਤੇਰੇ ਦਵਾਰੇ ਚਲ ਕੇ ਆਵਣ ਝੁਲਾਵਣ ਸਚ ਨਿਸ਼ਾਨ, ਧਰਮ ਦਵਾਰਾ ਇਕ ਪਰਗਟਾਈਆ । ਵੱਡੇ ਛੋਟੇ ਬਾਲ ਅੰਞਾਣ, ਇਕੋ ਰੰਗ ਰੰਗਾਈਆ । ਜਿਨ੍ਹਾਂ ਮੁਹੱਬਤ ਵਿਚ ਦਿਤਾ ਬਲੀਦਾਨ, ਬਲ ਦੇ ਪਿਛਲੇ ਵਿਛੜੇ ਬਾਵਨ ਧਾਰ ਨਜ਼ਰੀ ਆਈਆ । ਕੁਛ ਲਹਿਣਾ ਦੇਣਾ ਨਾਲ ਕ੍ਰਿਸ਼ਨ ਕਾਹਨ, ਸੁਦਾਮੇ ਦੇ ਸੱਜਣ ਰਹੇ ਅਖਵਾਈਆ । ਸੋ ਗੁਰਮੁਖ ਹੋਣੇ ਪਰਵਾਨ, ਬੇਪਰਵਾਹ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਧਰਨੀ ਵਹਾ ਕੇ ਅੱਖੋਂ ਨੀਰ, ਹਾਲ ਬੇਹਾਲ ਸੁਣਾਈਆ । ਗੋਬਿੰਦ ਕਿਹਾ ਕਲਜੁਗ ਵੇਖ ਵਕਤ ਅਖ਼ੀਰ, ਆਖ਼ਰ ਦਿਆਂ ਦ੍ਰਿੜਾਈਆ । ਸ਼ਾਂਤ ਰਹੇ ਨਾ ਕੋਇ ਜ਼ਮੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਚਾਰ ਵਰਨਾਂ ਨਾ ਦਿਸੇ ਧੀਰ, ਲੋਭ ਮੋਹ ਹੰਕਾਰ ਹੋਏ ਹਲਕਾਈਆ । ਸਭ ਦੇ ਪਾਟੇ ਬਾਹਰ ਦਿਸਣ ਚੀਰ, ਓਢਣ ਸੀਸ ਨਾ ਕੋਇ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਜਗਤ ਵੇਖਣ ਵਹੀਰ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਪੂਰ ਕਰਾਈਆ । ਗੁਰੂ ਗੋਬਿੰਦ ਕਿਹਾ ਆਹ ਲੈ ਜਾ ਮੇਰੀ ਪ੍ਰੀਤ, ਪ੍ਰੀਤਮ ਹੋ ਕੇ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਵਿਚੋਂ ਸਤਿਜੁਗ ਬਦਲੀ ਰੀਤ, ਪੁਰਖ ਅਕਾਲ ਨਾਲ ਮਿਲ ਕੇ ਵੱਜੀ ਵਧਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਹੋਣਾ ਗੀਤ, ਦੂਜਾ ਨਾਦ ਨਾ ਕੋਇ ਸ਼ਨਵਾਈਆ । ਸਾਚੇ ਸੇਵਕ ਤੈਨੂੰ ਕਰਾਂ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਤੂੰ ਉਨ੍ਹਾਂ ਦੀ ਰੱਖੀਂ ਉਡੀਕ, ਨੇਤਰ ਲੋਚਨ ਅੱਖ ਖੁਲ੍ਹਾਈਆ । ਜਿਸ ਵੇਲੇ ਕਲਜੁਗ ਅੰਧੇਰਾ ਹੋਇਆ ਤਾਰੀਕ, ਸਾਚਾ ਚੰਦ ਨਾ ਕੋਇ ਚਮਕਾਈਆ । ਪਿਤਾ ਪੁੱਤ ਬਣੇ ਸ਼ਰੀਕ, ਨਾਰ ਕੰਤ ਕਰੇ ਲੜਾਈਆ । ਤਿਸ ਵੇਲੇ ਗੁਰ ਅਵਤਾਰ ਪੈਗ਼ੰਬਰ ਸਾਰੇ ਕਰਨ ਆਉਣ ਤਸਦੀਕ, ਸ਼ਹਾਦਤ ਲੋਕਮਾਤ ਭੁਗਤਾਈਆ । ਸੋ ਧਰਨੀ ਤੇਰੀ ਝੋਲੀ ਪਾਵਾਂ ਭੀਖ, ਗੁਰਮੁਖ ਗੁਰ ਗੁਰ ਆਪਣੀ ਗੋਦ ਉਠਾਈਆ । ਜਿਨ੍ਹਾਂ ਦਾ ਅੰਤਰ ਕਰਨਾਂ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਬਿਰਹੋਂ ਵਿਛੋੜੇ ਅੰਦਰ ਨਿਕਲਨੀ ਚੀਕ, ਰੋ ਰੋ ਖ਼ੁਸ਼ੀ ਬਣਾਈਆ । ਸਭ ਦੀ ਆਸਾ ਮਨਸਾ ਪੂਰੀ ਕਰਨੀ ਉਮੀਦ, ਲੇਖਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਈਆ । ਧਰਨੀ ਕਹੇ ਮੈਂ

ਹੋਈ ਖ਼ੁਸ਼, ਖ਼ੁਸ਼ੀਆਂ ਢੋਲਾ ਗਾਈਆ । ਪੁਰਖ ਅਕਾਲ ਸੁਹਾਉਣੀ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਗੁਰਮੁਖ ਭੇਜਣੇ ਆਪਣੇ ਸੁਤ, ਜਿਨ੍ਹਾਂ ਗੋਬਿੰਦ ਨਾਲ ਕੁੜਮਾਈਆ । ਜੋਤੀ ਧਾਰੋਂ ਪੈਣੇ ਉਠ, ਲੱਖ ਚੁਰਾਸੀ ਨਾ ਕੋਇ ਭਵਾਈਆ । ਪੁਰਖ ਅਕਾਲ ਜਾਣਾ ਤੁਠ, ਦੀਨ ਦਿਆਲ ਹੋਏ ਸਹਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਦੇ ਕੇ ਘੁੱਟ, ਬੂੰਦ ਸਵਾਂਤੀ ਆਪ ਟਪਕਾਈਆ । ਉਨ੍ਹਾਂ ਬਦਲ ਕੇ ਆਪਣਾ ਰੁਖ਼, ਮੇਰੇ ਗ੍ਰਿਹ ਜਾਣਾ ਆਈਆ । ਮੈਂ ਗੋਦੀ ਲਵਾਂ ਚੁੱਕ, ਖ਼ੁਸ਼ੀਆਂ ਨਾਲ ਉਠਾਈਆ । ਫਿਰ ਗੋਬਿੰਦ ਕੋਲੋਂ ਲਵਾਂ ਪੁਛ, ਭੇਵ ਦੱਸ ਧੁਰ ਦੇ ਮਾਹੀਆ । ਕਿਉਂ ਸਾਥੋਂ ਗਿਉਂ ਰੁਠ, ਦੂਰ ਦੁਰਾਡਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੋਬਿੰਦ ਕਿਹਾ ਨਾਲ ਪਿਆਰ, ਸਿਰ ਆਪਣਾ ਹੱਥ ਟਿਕਾਈਆ । ਜਾਹ ਵੇਖ ਆਪਣਾ ਘਰ ਬਾਰ, ਘਰਾਨਾ ਤੇਰਾ ਦਿਆਂ ਬਣਾਈਆ । ਗੁਰਮੁਖ ਮੇਰਾ ਸਦਾ ਤਿਆਰ, ਸੂਰਬੀਰ ਨਜ਼ਰੀ ਆਈਆ । ਮੈਨੂੰ ਇਕੋ ਜਿਹਾ ਪੁਰਖ ਨਾਰ, ਨਾਰੀ ਪੁਰਖ ਵੰਡ ਨਾ ਕੋਇ ਵੰਡਾਈਆ । ਇਹੋ ਸੱਤਾਂ ਅੱਠਾਂ ਦਾ ਪਰਵਾਰ, ਸੇਵਾਦਾਰ ਧੁਰ ਦਾ ਨਜ਼ਰੀ ਆਈਆ । ਇਹ ਗੁਲਸ਼ਨ ਦੀ ਬਹਾਰ, ਫੁਲਵਾੜੀ ਮਹਿਕੇ ਧੁਰਦਰਗਾਹੀਆ । ਧਰਨੀ ਤੇਰਾ ਕਰਜ਼ ਦੇਣਾ ਉਤਾਰ, ਪੂਰਬ ਲਹਿਣਾ ਝੋਲੀ ਪਾਈਆ । ਵਸ਼ਿਸ਼ਟ ਰਾਮ ਵੇਖੇ ਅੱਖ ਉਘਾੜ, ਘੜੀ ਸੁਲੱਖਣੀ ਸੋਭਾ ਪਾਈਆ । ਜਿਸ ਦੀ ਆਈ ਅੰਤਮ ਵਾਰ, ਵਾਰਤਾ ਸਭ ਦੀ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਦਏ ਵਖਾਈਆ । ਧਰਨੀ ਕਹੇ ਮੈਂ ਵੇਖਿਆ ਆਪਣਾ ਪਰਿਵਾਰਾ, ਪਰਮ ਪੁਰਖ ਦਿਤਾ ਵਖਾਈਆ । ਜਿਸ ਦਾ ਗੋਬਿੰਦ ਨਾਲ ਉਧਾਰਾ, ਸੋਹਣਾ ਝੋਲੀ ਪਾਈਆ । ਵੱਡਿਆਂ ਨਿੱਕਿਆਂ ਇਕੋ ਜਿਹਾ ਸਹਾਰਾ, ਭੇਵ ਅਭੇਦਾ ਵਿਚ ਨਾ ਕੋਇ ਰਖਾਈਆ । ਬੱਚਿਆਂ ਦਾ ਰੋਣਾ ਅਨੰਦ ਪੁਰੀ ਦਾ ਅਖ਼ੀਰ ਨਜ਼ਾਰਾ, ਨਜ਼ਰ ਵਿਚੋਂ ਨਜ਼ਰ ਦਿਤੀ ਬਦਲਾਈਆ । ਖ਼ੁਸ਼ੀਆਂ ਦਾ ਦਿਹਾੜਾ, ਗੁਰਮੁਖਾਂ ਦਾ ਅਖਾੜਾ, ਗੁਰ ਅਵਤਾਰ ਪੈਗ਼ੰਬਰਾਂ ਦਾ ਵਿਹਾਰਾ, ਧਰਮ ਦਵਾਰਾ ਧਰਤੀ ਦਿਤਾ ਸੁਹਾਈਆ । ਨਾਮ ਦਾ ਵਣਜਾਰਾ, ਪ੍ਰੇਮ ਦਾ ਸਹਾਰਾ, ਜੋਤ ਦਾ ਉਜਿਆਰਾ, ਸ਼ਬਦ ਦਾ ਨਗ਼ਾਰਾ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਧਰਨੀ ਧਰਤ ਧਵਲ ਕਹੇ ਮੇਰਾ ਪੂਰਾ ਹੋਇਆ ਕੌਲ, ਇਕਰਾਰ ਪਿਛਲਾ ਰਿਹਾ ਨਾ ਰਾਈਆ । ਮੇਰੀ ਫੁਲਵਾੜੀ ਗਈ ਮੌਲ, ਮੌਲਾ ਹੋ ਕੇ ਵੇਖ ਵਖਾਈਆ । ਪੜਦਾ ਰਿਹਾ ਕੋਈ ਨਾ ਉਹਲ, ਅੰਧ ਅੰਧੇਰਾ ਦਿਤਾ ਗਵਾਈਆ । ਦੂਰ ਦੁਰਾਡਾ ਚਲ ਕੇ ਆਇਆ ਕੋਲ, ਨਿਰਗੁਣ ਆਪਣਾ ਪੰਧ ਮੁਕਾਈਆ । ਅੰਮ੍ਰਿਤ ਰਸ ਨਿਝਰ ਧਾਰਾ ਅਗੰਮੀ ਦੇ ਕੇ ਜਾਏ ਪਾਹੁਲ, ਬੂੰਦ ਸਵਾਂਤੀ ਗੋਬਿੰਦ ਆਪ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਿਧਾਨ ਨੌਜਵਾਨ ਕਾਇਆ ਮੰਦਰ ਅੰਦਰ ਵਜਾ ਕੇ ਜਾਏ ਅਗੰਮੀ ਢੋਲ, ਸੋਈ ਸੁਰਤੀ ਆਪ ਉਠਾਈਆ । ਧਰਨੀ ਕਹੇ ਕਿਉਂ ਵੱਡਿਆਂ ਛੋਟਿਆਂ ਨਿਕਲੀ ਚੀਕ, ਬਿਹਬਲ ਹੋ ਕੇ ਕੁਰਲਾਈਆ । ਗੋਬਿੰਦ ਦੀ ਧਾਰ ਗੋਬਿੰਦ ਆਮਦ ਦੀ ਉਮੀਦ, ਅਮਲਾਂ ਤੋਂ ਬਾਹਰ ਦਏ ਵਖਾਈਆ । ਬਿਨ ਨੇਤਰਾਂ ਤੋਂ ਨਿਜ ਨੈਣ ਦੀ ਦੀਦ, ਦਰਸ਼ਨ ਇਕੋ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਮੈਂ ਵੇਖਿਆ ਖੇਲ ਅਪਾਰ, ਅਪਰੰਪਰ ਸਵਾਮੀ ਦਿਤਾ ਵਖਾਈਆ । ਜਿਸ ਦਾ ਰਾਹ ਤੱਕਦੀ ਰਹੀ ਜੁਗ ਚਾਰ,

੫੮੭
੨੦

ਚੌਕੜੀ ਆਪਣੀ ਅੱਖ ਖੁਲ੍ਹਾਈਆ । ਜਿਸ ਦੇ ਮੰਗਤੇ ਗੁਰ ਅਵਤਾਰ, ਪੈਗ਼ੰਬਰ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਭਿਖਾਰ, ਦਰ ਬੈਠੇ ਅਲਖ ਜਗਾਈਆ । ਸੋ ਕੁਦਰਤ ਦਾ ਕਾਦਰ ਵੇਖਿਆ ਵਿਚ ਸੰਸਾਰ, ਨਿਰਗੁਣ ਦਾਤਾ ਜੋਤੀ ਜਾਤਾ ਡਗਮਗਾਈਆ । ਭਗਤਾਂ ਦਾ ਲਹਿਣਾ ਦੇਣਾ ਦੇਵਣ ਆਇਆ ਉਧਾਰ, ਗੋਬਿੰਦ ਵਿਚੋਲਾ ਸ਼ਬਦੀ ਸੋਭਾ ਪਾਈਆ । ਗੁਰਬਖ਼ਸ਼ ਸਿੰਘ ਇਹ ਤੇਰਾ ਨਹੀਂ ਪੁਰਖ ਅਕਾਲ ਦਾ ਪਰਿਵਾਰ, ਪਤਿਪਰਮੇਸ਼ਵਰ ਅੰਤਰ ਅੰਤਰ ਆਤਮ ਹੋਏ ਸਹਾਈਆ । ਦਿਵਸ ਰੈਣ ਜਾਗਤ ਸੋਵਤ ਆਪਣਾ ਦਰਸ ਦਏ ਦਿਖਾਲ, ਫ਼ਰਸ਼ ਉਤੇ ਹਰਸ ਦਏ ਮਿਟਾਈਆ । ਧਰਨੀ ਉਤੇ ਧਰਮ ਦਵਾਰਾ ਸਚਖੰਡ ਦੀ ਸੱਚੀ ਬਣੀ ਰਹੇ ਧਰਮਸਾਲ, ਧੁਰ ਦਾ ਲੇਖਾ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਵੇਖੇ ਆਪਣੇ ਲਾਲ, ਦੀਨ ਦਿਆਲ ਹੋ ਕੇ ਆਪਣੀ ਗੋਦ ਉਠਾਈਆ ।

★ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੨ ਮਹਿਲ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨ੍ਹਪੁਰ ★

ਸੋ ਪੁਰਖ ਨਿਰੰਜਣ ਦੇਵੇ ਮਾਣ, ਹਰਿ ਕਰਤਾ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਹੋਏ ਮਿਹਰਵਾਨ, ਨਿਰਗੁਣ ਦਾਤਾ ਧੁਰਦਰਗਾਹੀਆ । ਏਕੰਕਾਰਾ ਬਖ਼ਸ਼ੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਆਦਿ ਨਿਰੰਜਣ ਹੋ ਮਿਹਰਵਾਨ, ਜੋਤੀ ਜਾਤਾ ਜੋਤ ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਮਰਦ ਮਰਦਾਨ, ਧੁਰ ਦਾ ਜੋਧਾ ਇਕ ਅਖਵਾਈਆ । ਅਬਿਨਾਸ਼ੀ ਕਰਤਾ ਬਣ ਕੇ ਕਾਹਨ, ਲੇਖਾ ਜਾਣੇ ਥਾਉਂ ਥਾਈਂਆ । ਪਾਰਬ੍ਰਹਮ ਹੋ ਪਰਧਾਨ, ਹੁਕਮੇ ਅੰਦਰ ਹੁਕਮ ਵਰਤਾਈਆ । ਲੇਖਾ ਜਾਣੇ ਜੀਵ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਹੁਕਮ ਸੰਦੇਸ਼ਾ ਦੇ ਕੇ ਇਕ ਫ਼ਰਮਾਨ, ਫਰਮਾਂਬਰਦਾਰ ਲਏ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਰ ਕੇ ਸਵਾਧਾਨ, ਸਚ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਆਣ, ਧੁਰ ਦਾ ਮਾਲਕ ਆਪ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਿਨ ਅੱਖਾਂ ਕਰੋ ਪਹਿਚਾਨ, ਨਿਜ ਨੇਤਰ ਅੱਖ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਵੇਖੋ ਗਿਆਨ, ਭੇਵ ਅਭੇਦ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸੁਣਾਈਆ । ਸੋ ਪੁਰਖ ਨਿਰੰਜਣ ਠਾਂਡਾ ਸੀਤਾ, ਹਰਿ ਕਰਤਾ ਆਪ ਜਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਆਪਣੀ ਰੀਤਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਖੋਜ ਖੁਜਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਰਖੋ ਨੀਤਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੇਖ ਵਖਾਈਆ । ਝਗੜਾ ਪਿਆ ਹਸਤ ਕੀਟਾ, ਆਤਮ ਬ੍ਰਹਮ ਭੇਵ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਪੰਜ ਤਤ ਤਪੇ ਅੰਗੀਠਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਤਿ ਧਰਮ ਦੀ ਦਿਸੇ ਕੋਈ ਨਾ ਰੀਤਾ, ਕਲਜੁਗ ਕੂੜ ਵੱਜੇ ਵਧਾਈਆ । ਤਨ ਵਜੂਦ ਕਰੇ ਨਾ ਕੋਈ ਪਤਤ ਪੁਨੀਤਾ, ਪਤਤ ਪਾਵਣ ਮੇਲ ਨਾ ਕੋਈ ਮਿਲਾਈਆ । ਰਸਨਾ ਜਿਹਵਾ ਗਾ ਗਾ ਥੱਕੇ ਰਾਮ ਸੀਤਾ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸੁਣਾਈਆ । ਹਰਿ ਪੁਰਖ ਨਿਰੰਜਣ ਕਹੇ ਵੇਖੋ ਦੀਨ ਦੁਨੀ ਦਾ ਹਾਲ, ਗੁਰ ਅਵਤਾਰ ਪੈਗ਼ੰਬਰਾਂ ਅੱਖ ਖੁਲ੍ਹਾਈਆ । ਸਾਚੀ ਦਿਸੇ ਨਾ ਕੋਇ ਧਰਮਸਾਲ, ਧਰਮ ਦਵਾਰਾ

੫੮੮
੨੦

ਧਰਮ ਨਾ ਕੋਇ ਪਰਗਟਾਈਆ । ਕਲਜੁਗ ਕੂੜੀ ਕਿਰਿਆ ਚਲੀ ਅਵੱਲੜੀ ਚਾਲ, ਸਾਚਾ ਮਾਰਗ ਨਜ਼ਰ ਕਿਸੇ ਨਾ ਆਈਆ । ਸਭ ਦੇ ਸਿਰ ਤੇ ਕੂਕੇ ਕਾਲ, ਕੂੜ ਨਗਾਰਾ ਰਿਹਾ ਵਜਾਈਆ । ਜੀਵ ਜੰਤ ਹੋਏ ਬੇਹਾਲ, ਸਾਧ ਸੰਤ ਰਹੇ ਕੁਰਲਾਈਆ । ਫਲ ਦਿਸੇ ਨਾ ਕਿਸੇ ਡਾਲ, ਲੱਖ ਚੁਰਾਸੀ ਸਿਮਲ ਰੂਪ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਏਕੰਕਾਰ ਕਹੇ ਗੁਰ ਅਵਤਾਰ ਪੈਗੰਬਰ ਸੁਣੋ ਸੰਦੇਸ਼ਾ ਏਕ, ਏਕੰਕਾਰਾ ਹੋ ਕੇ ਦਿਆਂ ਦ੍ਰਿੜਾਈਆ । ਸਾਚੀ ਦਿਸੇ ਕਿਸੇ ਨਾ ਟੇਕ, ਧੂੜੀ ਟਿੱਕੇ ਮਸਤਕ ਨਾ ਕੋਈ ਲਾਈਆ । ਬੁੱਧੀ ਦਿਸੇ ਨਾ ਕਿਸੇ ਬਿਬੇਕ, ਪਤਤ ਪੁਨੀਤ ਨਾ ਕੋਇ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਵਧਿਆ ਭੇਖ, ਪੜਦਾ ਓਹਲਾ ਸਕੇ ਨਾ ਕੋਇ ਉਠਾਈਆ । ਸਚ ਸਵਾਮੀ ਕਿਸੇ ਨਾ ਦਿਸੇ ਨੇਤਨ ਨੇਤ, ਨਿਜ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਆਤਮ ਪਰਮਾਤਮ ਕਰੇ ਕੋਈ ਨਾ ਹੇਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਮਾਇਆ ਮਮਤਾ ਮੋਹ ਵਿਕਾਰ ਖੇਡਨ ਖੇਡ, ਹਉਮੇ ਹੰਗਤਾ ਗੜ੍ਹ ਬਣਾਈਆ । ਜਿਸ ਕਾਰਨ ਤੁਹਾਨੂੰ ਦਿਤਾ ਭੇਜ, ਸ੍ਰਿਸ਼ਟੀ ਦੀ ਦ੍ਰਿਸ਼ਟੀ ਕਿਉਂ ਲੋਕਮਾਤ ਵਿਚ ਭਰਮ ਭੁਲਾਈਆ । ਸਾਚੀ ਮਾਣੇ ਕੋਈ ਨਾ ਸੇਜ, ਪਤਿਪਰਮੇਸ਼ਵਰ ਅੰਗ ਨਾ ਕੋਇ ਲਗਾਈਆ । ਜੋਤੀ ਜਲਵਾ ਮਿਲੇ ਨਾ ਤੇਜ, ਅੰਧ ਅੰਧੇਰੇ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਆਦਿ ਨਿਰੰਜਣ ਕਹੇ ਗੁਰ ਅਵਤਾਰ ਬਿਨ ਨੇਤਰ ਲੋਚਨ ਨੈਣ ਲਓ ਤੱਕ, ਹਰਿ ਕਰਤਾ ਆਪ ਦ੍ਰਿੜਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਪਾਂਧੀ ਬਣ ਬਣ ਗਏ ਥੱਕ, ਅੰਤ ਅਖ਼ੀਰ ਰਹੇ ਕੁਰਲਾਈਆ । ਹਕੀਕਤ ਮਿਲੇ ਕਿਸੇ ਨਾ ਹਕ, ਲਾਸ਼ਰੀਕ ਜੋੜ ਨਾ ਕੋਇ ਜੁੜਾਈਆ । ਸਾਚਾ ਵਣਜ ਕਰਾਏ ਕੋਈ ਨਾ ਹੱਟ, ਕੂੜੀ ਕਿਰਿਆ ਚਾਰੋਂ ਕੁੰਟ ਨਜ਼ਰੀ ਆਈਆ । ਨੇਤਰ ਰੋਵਣ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰਦਵਾਰ ਦੇਣ ਦੁਹਾਈਆ । ਦਰੋਹੀ ਤੇਰੇ ਨਾਮ ਕਿਰਪਾ ਕਰ ਪੁਰਖ ਸਮਰਥ, ਵਾਹਿਦ ਤੇਰੀ ਓਟ ਤਕਾਈਆ । ਝਗੜਾ ਪਿਆ ਦੀਨ ਦੁਨੀ ਜਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਮਨ ਵਾਸਨਾ ਲੱਗੀ ਅੱਗ, ਤ੍ਰੈਗੁਣ ਤਤ ਨਾ ਕੋਇ ਬੁਝਾਈਆ । ਬਿਨ ਕਾਅਬਿਉਂ ਕਾਇਆ ਮੰਦਰ ਅੰਦਰ ਕਰਾਏ ਕੋਇ ਨਾ ਹੱਜ, ਹਕ ਮਹਿਬੂਬ ਮਿਲਣ ਕੋਇ ਨਾ ਪਾਈਆ । ਧੁਨ ਆਤਮਕ ਸੁਣੇ ਕੋਈ ਨਾ ਨਦ, ਜਗਤ ਸੁਰੰਗੇ ਸਾਰੇ ਰਹੇ ਗਾਈਆ । ਲੇਖਾ ਜਾਣੇ ਪੁਰਖ ਸਮਰਥ, ਵਡ ਦਾਤਾ ਧੁਰਦਰਗਾਹੀਆ । ਜਿਸ ਦੀ ਮਹਿੰਮਾ ਸਦਾ ਅਕਥ, ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕੋ ਇਕ ਸੁਣਾਈਆ । ਅਬਿਨਾਸ਼ੀ ਕਰਤਾ ਕਹੇ ਸੁਣੋ ਹੁਕਮ ਫ਼ਰਮਾਨ, ਫਰਮਾਂਬਰਦਾਰਾਂ ਦਿਆਂ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕੋਲੋਂ ਗਿਆ ਗਿਆਨ, ਸਿਖਿਆ ਸਚ ਨਜ਼ਰ ਨਾ ਆਈਆ । ਕੂੜੀ ਕਿਰਿਆ ਵਧੀ ਸ਼ੈਤਾਨ, ਸ਼ਰਅ ਕਰਮ ਕਰੇ ਲੜਾਈਆ । ਦੀਆ ਬਾਤੀ ਨੂਰੀ ਜੋਤ ਜਗਾਏ ਕੋਈ ਨਾ ਆਣ, ਅੰਧ ਅੰਧੇਰ ਨਾ ਕੋਇ ਮਿਟਾਈਆ । ਸਾਚਾ ਛੰਦ ਸੁਣੇ ਨਾ ਕੋਈ ਧੁਨਕਾਨ, ਆਤਮਕ ਅੰਤਰ ਨਾ ਕੋਇ ਉਪਜਾਈਆ । ਅੰਮ੍ਰਿਤ ਰਸ ਕਿਸੇ ਨਾ ਮਿਲੇ ਪੀਣ ਖਾਣ, ਵਰਨ ਗੋਤ ਦਹਿ ਦਿਸ਼ਾ ਫਿਰੇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰਾ ਸਾਂਝੇ ਯਾਰਾ ਖੇਲ ਇਕੋ ਇਕ ਦਰਸਾਈਆ ।

ਅਬਿਨਾਸ਼ੀ ਕਰਤਾ ਕਹੇ ਸੁਣੋ ਸਚ ਸੰਦੇਸ਼, ਸਚਖੰਡ ਦਵਾਰਿਉਂ ਦਿਆਂ ਜਣਾਈਆ । ਤੁਸੀਂ ਚਾਰ ਜੁਗ ਦੇ ਲੋਕਮਾਤ ਬਣੇ ਨਰੇਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਦੀਨਾਂ ਮਜ਼੍ਹਬਾਂ ਵਿਚ ਕਰਦੇ ਰਹੇ ਹੇਤ, ਆਤਮ ਪਰਮਾਤਮ ਖੋਜ ਖੁਜਾਈਆ । ਪੁਰਖ ਅਕਾਲ ਦੱਸਦੇ ਰਹੇ ਨੇਤਨ ਨੇਤ, ਹਰ ਘਟ ਬੈਠਾ ਡੇਰਾ ਲਾਈਆ । ਅੰਦਰ ਵੜ ਕੇ ਮੰਜ਼ਲ ਚੜ੍ਹ ਕੇ ਕਾਇਆ ਕਾਅਬੇ ਦੱਸਦੇ ਰਹੇ ਭੇਤ, ਸਾਢੇ ਤਿੰਨ ਹੱਥ ਬੰਕ ਦਵਾਰਾ ਇਕ ਸੁਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਲਮ ਸ਼ਾਹੀ ਕਾਗ਼ਜ਼ ਅੱਖਰਾਂ ਨਾਲ ਲਿਖਦੇ ਗਏ ਲੇਖ, ਕਾਤਬ ਹੋ ਕੇ ਮੇਰੀ ਸੇਵ ਕਮਾਈਆ । ਕਿਉਂ ਕਲਜੁਗ ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਵਧਿਆ ਭੇਖ, ਮਾਇਆ ਮਮਤਾ ਮੋਹ ਹੋਇਆ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਜਣਾਈਆ । ਪਾਰਬ੍ਰਹਮ ਕਹੇ ਸੁਣੋ ਹੁਕਮ ਹੁਕਮਰਾਨ, ਧੁਰਦਰਗਾਹੀ ਆਪ ਜਣਾਈਆ । ਲੋਕ ਪਰਲੋਕ ਵੇਖੋ ਮਾਰ ਧਿਆਨ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਜੋ ਕਲਮਾ ਦੇ ਕੇ ਆਏ ਕਲਾਮ, ਕਾਇਨਾਤ ਵਿਚ ਸੁਣਾਈਆ । ਜੋ ਦੱਸ ਆਏ ਸ਼ਰਅ ਇਸਲਾਮ, ਇਸਮ ਸਾਚਾ ਇਕ ਸਮਝਾਈਆ । ਜੋ ਜਪਾ ਕੇ ਆਏ ਨਾਮ, ਰਸਨਾ ਜਿਹਵਾ ਮਨ ਕਾ ਮਣਕਾ ਭਵਾਈਆ । ਜੋ ਦੇ ਕੇ ਆਏ ਪੈਗ਼ਾਮ, ਸੰਦੇਸ਼ਾ ਧੁਰਦਰਗਾਹੀਆ । ਜੋ ਕਰਕੇ ਆਏ ਇੰਤਜ਼ਾਮ, ਹੁਕਮੇ ਅੰਦਰ ਹੁਕਮ ਜਣਾਈਆ । ਕਿਉਂ ਸਦੀ ਚੌਧਵੀਂ ਸਾਰੇ ਹੋਏ ਬਦਨਾਮ, ਬਦੀ ਘਰ ਘਰ ਡੇਰਾ ਲਾਈਆ । ਹੁਕਮ ਸੰਦੇਸ਼ਾ ਦੇਵੇ ਸ੍ਰੀ ਭਗਵਾਨ, ਧੁਰ ਫ਼ਰਮਾਨਾ ਇਕ ਸੁਣਾਈਆ । ਉਠੋ ਵੇਖੋ ਜੀਵ ਜਹਾਨ, ਕਾਇਆ ਮਾਟੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣਿਆ ਹੁਕਮ ਅਗੰਮ, ਅਗੰਮੜੇ ਦਿਤਾ ਦ੍ਰਿੜਾਈਆ । ਕਲਜੁਗ ਅੰਤ ਅਖ਼ੀਰ ਸਮਝਣਾ ਆਪਣਾ ਕੰਮ, ਨਿਹਕਰਮੀ ਦਿਤਾ ਸਮਝਾਈਆ । ਅਸੀਂ ਮੰਗਦੇ ਨਹੀਂ ਕਾਇਆ ਮਾਟੀ ਚੰਮ, ਪੰਜ ਤਤ ਤਤ ਨਾ ਕੋਈ ਵਡਿਆਈਆ । ਲਹਿਣਾ ਦੇਣਾ ਨਹੀਂ ਪਵਣ ਸਵਾਸੀ ਦਮ, ਤਨ ਵਜੂਦ ਨਾ ਵੇਸ ਵਟਾਈਆ । ਕਿਰਪਾ ਕਰਨੀ ਸ੍ਰੀ ਭਗਵਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਜਗਦੀਸ਼, ਜਗਦੀਸ਼ਰ ਤੇਰੇ ਹੱਥ ਵਡਿਆਈਆ । ਧੁਰ ਦੇ ਕਰਤੇ ਕਰ ਬਖ਼ਸ਼ੀਸ਼, ਰਹਿਮਤ ਮਿਹਰ ਨਜ਼ਰ ਧੁਰ ਦੀ ਝੋਲੀ ਪਾਈਆ । ਦੋ ਜਹਾਨਾਂ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵੇਖੀਏ ਠੀਕ, ਠਾਕਰ ਤੇਰੀ ਸਾਚੀ ਸੇਵ ਕਮਾਈਆ । ਦੀਨ ਦੁਨੀ ਅੰਤਰ ਨਿਰੰਤਰ ਤੱਕੀਏ ਅਤੀਤ, ਤ੍ਰੈਗੁਣ ਅੰਤਰ ਪੜਦਾ ਫੋਲ ਫੁਲਾਈਆ । ਕਵਣ ਸੰਤ ਸੁਹੇਲਾ ਜਨ ਭਗਤ ਤੇਰਾ ਗਾਵੇ ਗੀਤ, ਆਤਮ ਪਰਮਾਤਮ ਰਾਗ ਅਲਾਈਆ । ਗ੍ਰਿਹਿ ਗ੍ਰਿਹਿ ਵੇਖੇ ਮੰਦਰ ਮਸੀਤ, ਮੁੱਲਾਂ ਮੁਸਾਇਕ ਪੰਡਤ ਪਾਂਧੇ ਖੋਜ ਖੁਜਾਈਆ । ਕਵਣ ਤੇਰੀ ਮੰਨੇ ਹਦੀਸ, ਹਜ਼ਰਤ ਸੀਸ ਨਿਵਾਈਆ । ਅੰਤਰ ਆਤਮ ਰੱਖ ਕੇ ਬੈਠਾ ਉਡੀਕ, ਮਨਸਾ ਮਨਸਾ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੀਏ ਆਪਣਾ ਜਗ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਨਿਰਗੁਣ ਧਾਰ ਜੋਤ ਸਰੂਪੀ ਜਾਈਏ ਭੱਜ, ਬਿਨ ਕਦਮਾਂ ਆਪਣਾ ਪੰਧ ਮੁਕਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤ ਸੁਹੇਲੇ ਲਈਏ ਲੱਭ, ਸੂਫ਼ੀ

ਸੰਤ ਫ਼ਕੀਰ ਫੋਲ ਫੁਲਾਈਆ । ਜੋ ਜਗਤ ਵਾਸਨਾ ਕੂੜੀ ਕਿਰਿਆ ਪਾਰ ਕਰ ਕੇ ਬੈਠੇ ਹੱਦ, ਦਰ ਠਾਂਡੇ ਅਲਖ ਜਗਾਈਆ । ਤੇਰਾ ਨੂਰ ਜਹੂਰ ਤੱਕਿਆ ਉਪਰ ਸ਼ਾਹ ਰਗ, ਜਗਤ ਦਵਾਰੇ ਡੇਰਾ ਢਾਹੀਆ । ਨਾਮ ਖ਼ੁਮਾਰੀ ਪੀ ਕੇ ਮਦ, ਮਧੁਰ ਧੁਨ ਸੁਣ ਕੇ ਖ਼ੁਸ਼ੀ ਮਨਾਈਆ । ਮਨ ਵਾਸਨਾ ਕਰ ਅਲੱਗ, ਸਮਰਥ ਤੇਰੇ ਦਰ ਤੇ ਬਹਿ ਕੇ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀਏ ਕਲਜੁਗ ਲੋਕਮਾਤ, ਸਦੀ ਚੌਧਵੀਂ ਅੰਤ ਅਖ਼ੀਰ ਖੋਜ ਖੁਜਾਈਆ । ਕਿਉਂ ਚਾਰ ਕੁੰਟ ਦਹਿ ਦਿਸ਼ਾ ਹੋਈ ਅੰਧੇਰੀ ਰਾਤ, ਸਾਚਾ ਨੂਰੀ ਚੰਦ ਨਾ ਕੋਇ ਚਮਕਾਈਆ । ਕਿਉਂ ਝਗੜਾ ਪਿਆ ਦੀਨ ਮਜ਼੍ਹਬ ਜਾਤ ਪਾਤ, ਕਲਮਾ ਕਾਇਨਾਤ ਹਕ ਨਾ ਕੋਇ ਸਮਝਾਈਆ । ਕਿਉਂ ਆਤਮ ਸੇਜਾ ਸੋਏ ਕੋਈ ਨਾ ਖਾਟ, ਸਚ ਸਿੰਘਾਸਣ ਨਜ਼ਰ ਕਿਸੇ ਨਾ ਆਈਆ । ਕਿਉਂ ਆਵਣ ਜਾਵਣ ਲੱਖ ਚੁਰਾਸੀ ਮੇਟੇ ਕੋਈ ਨਾ ਵਾਟ, ਤੇਰੇ ਧਰਮ ਦਵਾਰੇ ਚੜ੍ਹ ਕੇ ਤੇਰਾ ਦਰਸ਼ਨ ਪਾਈਆ । ਕਿਉਂ ਰਸਨਾ ਜਿਹਵਾ ਬੱਤੀ ਦੰਦ ਹਿੰਦੂ ਮੁਸਲਿਮ ਸਿੱਖ ਈਸਾਈ ਪੜ੍ਹ ਪੜ੍ਹ ਥੱਕੇ ਗਾਥ, ਆਤਮ ਅੰਤਰ ਨਿਜਾਨੰਦ ਪਰਮਾਨੰਦ ਵਿਚ ਨਾ ਕੋਇ ਸਮਾਈਆ । ਕਿਉਂ ਕੂੜ ਕੁੜਿਆਰਾ ਚਾਰ ਕੁੰਟ ਦਹਿ ਦਿਸ਼ਾ ਖੁਲ੍ਹਿਆ ਹਾਟ, ਮਮਤਾ ਮੋਹ ਵਿਕਾਰ ਘਰ ਘਰ ਡੇਰਾ ਲਾਈਆ । ਕਿਉਂ ਖੇਲ ਹੋਇਆ ਸਵਾਂਗੀ ਬਾਜ਼ੀਗਰ ਨਟੂਆ ਨਾਟ, ਸਾਚਾ ਰਾਹ ਨਜ਼ਰ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਅਸੀਂ ਵੇਖੀਏ ਖੇਲ ਤਮਾਸ਼, ਤਬਾ ਕੂੜੀ ਫੋਲ ਫੁਲਾਈਆ । ਪਤਿਪਰਮੇਸ਼ਵਰ ਪਰਵਰਦਿਗਾਰ ਸਾਡੀ ਪੂਰੀ ਕਰਨੀ ਆਸ, ਆਹਿਸਤਾ ਆਹਿਸਤਾ ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵਿਚੋਂ ਤੇਰੇ ਭਗਤ ਕਰੀਏ ਤਲਾਸ਼, ਕਾਇਆ ਮੰਦਰ ਫੋਲ ਫੁਲਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਤੇਰੇ ਮਿਲਣ ਦੀ ਆਸ, ਪਿਆਸ ਪ੍ਰੇਮ ਵਾਲੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਲੋਕਮਾਤ ਦੀ ਧਾਰ, ਧਰਨੀ ਧਰਤ ਧਵਲ ਦਿਆਂ ਸਮਝਾਈਆ । ਸਾਚਾ ਰਿਹਾ ਨਾ ਕਿਸੇ ਪਿਆਰ, ਮੁਹੱਬਤ ਕੂੜੀ ਦਿਸੇ ਲੋਕਾਈਆ । ਨਾਤਾ ਤੁੱਟਿਆ ਕੰਤ ਭਤਾਰ, ਸੱਜਣ ਯਾਰ ਸੰਗ ਨਾ ਤੋੜ ਨਿਭਾਈਆ । ਚਾਰੋਂ ਕੁੰਟ ਹਾਹਾਕਾਰ, ਮਾਇਆ ਮਮਤਾ ਮੋਹ ਹਲਕਾਈਆ । ਜੋ ਸੰਦੇਸਾ ਦੇ ਕੇ ਆਏ ਵਾਰੋ ਵਾਰ, ਭਵਿਖਤਾਂ ਵਿਚ ਸੁਣਾਈਆ । ਸੋ ਲਹਿਣਾ ਦੇਣਾ ਲੇਖਾ ਜਾਣੇ ਆਪ ਨਿਰੰਕਾਰ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਸਦੀ ਚੌਧਵੀਂ ਅੰਤ ਅਖ਼ੀਰ ਸਭ ਦੇ ਖ਼ਾਲੀ ਦਿਸਣ ਮਜ਼ਾਰ, ਮਕਬਰੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਪੁਰਖ ਅਕਾਲ ਕਹੇ ਜਾ ਕੇ ਵੇਖੋ ਦੀਨ ਦੁਨੀ ਦੀ ਅੰਦਰੋ ਅੰਦਰ ਹਾਲਤ, ਅਹਿਵਾਲ ਪਹਿਲਾਂ ਦਿਆਂ ਜਣਾਈਆ । ਮਨ ਕਾਮਨਾ ਕੂੜੀ ਲੱਗੀ ਅਲਾਮਤ, ਆਲਮ ਇਲਮ ਸਕੇ ਨਾ ਕੋਇ ਮਿਟਾਈਆ । ਮਨ ਹੰਕਾਰੀ ਕਰੇ ਬਗ਼ਾਵਤ, ਗ੍ਰਿਹਿ ਗ੍ਰਿਹਿ ਕਰੇ ਲੜਾਈਆ । ਸਾਚਾ ਦਿਸੇ ਨਾ ਕੋਈ ਸਹੀ ਸਲਾਮਤ, ਜੋ ਸਾਹਿਬ ਮਿਲ ਕੇ ਖ਼ੁਸ਼ੀ ਮਨਾਈਆ । ਜਾ ਕੇ ਵੇਖੋ ਦੀਨ ਮਜ਼੍ਹਬ ਸਭ ਦੀ ਜ਼ਬਤ ਹੋਈ ਜ਼ਮਾਨਤ, ਅੱਖਰੀ ਨਾਮ ਸੰਗ ਨਾ ਕੋਇ ਬਣਾਈਆ । ਅੰਤ ਅਖ਼ੀਰ ਆਉਣ ਵਾਲੀ ਕਿਆਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਹੁਕਮ ਪ੍ਰਭੂ ਆਦਿ

ਜੁਗਾਦੀ ਸਚ, ਨਾ ਕੋਈ ਮੇਟੇ ਮੇਟ ਮਿਟਾਈਆ । ਅਸੀਂ ਲੱਖ ਚੁਰਾਸੀ ਵੇਖੀਏ ਕਾਇਆ ਮਾਟੀ ਭਾਂਡੇ ਕੱਚ, ਚਾਰੇ ਖਾਣੀ ਫੋਲ ਫੁਲਾਈਆ । ਜੋ ਮਾਰਗ ਦੀਨ ਦੁਨੀ ਆਏ ਦੱਸ, ਕਿਉਂ ਮਾਨਵ ਜਾਤੀ ਗਈ ਭੁਲਾਈਆ । ਨਿਜ ਨੇਤਰ ਖੁਲ੍ਹੇ ਕਿਸੇ ਨਾ ਅੱਖ, ਲੋਚਣ ਹੋਏ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਕਰ ਕੇ ਵੱਖ, ਕੂੜ ਘਰਾਨਾ ਰਹੇ ਵਸਾਈਆ । ਬਿਨ ਤੇਰੀ ਕਿਰਪਾ ਪੁਰਖ ਸਮਰਥ, ਸਚ ਦਵਾਰੇ ਮਿਲੇ ਨਾ ਕੋਇ ਵਡਿਆਈਆ । ਕਲਜੁਗ ਅੰਤ ਅਖ਼ੀਰ ਬੁਰਜ ਹੰਕਾਰੀ ਜਾਣਾ ਢੱਠ, ਚਾਰ ਕੁੰਟ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਤੇਰੀ ਬੇਪਰਵਾਹੀਆ । ਪੁਰਖ ਅਕਾਲ ਕਹੇ ਮੇਰਾ ਹੁਕਮ ਅਗੰਮ ਅਥਾਹ, ਆਦਿ ਜੁਗਾਦਿ ਦਿਆਂ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਬਣਾਏ ਮਲਾਹ, ਸਤਿਜੁਗ ਤਰੇਤਾ ਦੁਆਪਰ ਕਲਜੁਗ ਹੁਕਮ ਵਰਤਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਲਿਖਾ, ਸੰਦੇਸ਼ ਨਰੇਸ਼ ਧੁਰ ਫ਼ਰਮਾਨੇ ਆਪ ਸੁਣਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਭੁੱਲੀ ਰਾਹ, ਰਹਿਬਰ ਹੋ ਕੇ ਕਿਉਂ ਬੈਠੇ ਮੁਖ ਛੁਪਾਈਆ । ਆਪਣੇ ਆਪਣੇ ਦੀਨ ਮਜ਼੍ਹਬ ਅੰਤ ਅਖ਼ੀਰੀ ਲਓ ਬਚਾ, ਬਚਪਨ ਆਪਣੇ ਰੰਗ ਰੰਗਾਈਆ । ਇਕੋ ਢੱਈਆ ਬਾਕੀ ਦਿਸੇ ਹੁਕਮ ਦੇਣਾ ਬੇਪਰਵਾਹ, ਨਾ ਕੋਈ ਮੇਟੇ ਮੇਟ ਮਿਟਾਈਆ । ਸਭ ਦੀ ਸਫਾ ਦੇਣੀ ਉਠਾ, ਲੋਕਮਾਤ ਰਹਿਣ ਕੋਇ ਨਾ ਪਾਈਆ । ਅਗਲਾ ਜੁਗ ਚਲਣਾ ਨਵਾਂ, ਸਤਿਜੁਗ ਸਾਚੇ ਮਿਲੇ ਵਡਿਆਈਆ । ਧੁਰ ਫ਼ਰਮਾਨਾ ਇਕੋ ਕਹਿਵਾਂ, ਸੰਦੇਸਾ ਧੁਰਦਰਗਾਹੀਆ । ਅੰਤ ਅਖ਼ੀਰ ਬੇਨਜ਼ੀਰ ਪੁਰਖ ਅਕਾਲ ਦੀਨ ਦਿਆਲ ਇਕੋ ਰਹਿਵਾਂ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਭ ਦੀ ਆਤਮ ਸੇਜੇ ਸਵਾਂ, ਜੋਤੀ ਜਾਤਾ ਹੋ ਕੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੀਏ ਬੰਦੇ ਖ਼ਾਕੀ, ਖ਼ਾਲਸ ਤੇਰਾ ਹੁਕਮ ਸਮਝਾਈਆ । ਕੀ ਖੇਲ ਹੋਣਾ ਇਤਫ਼ਾਕੀ, ਬੇਪਰਵਾਹ ਦਿਤਾ ਦ੍ਰਿੜਾਈਆ । ਔਖੀ ਮੰਜ਼ਲ ਦਿਸੇ ਘਾਟੀ, ਅਗਲਾ ਪੰਧ ਨਾ ਕੋਇ ਚੁਕਾਈਆ । ਤੇਰੀ ਯਾਦ ਕਰਦੇ ਰਹੇ ਪੁਰਖ ਅਬਿਨਾਸ਼ੀ, ਜੁਗ ਚੌਕੜੀ ਧਿਆਨ ਲਗਾਈਆ । ਤੂੰ ਨੂਰ ਨੁਰਾਨਾ ਹਰ ਘਟ ਨਿਵਾਸੀ, ਗ੍ਰਿਹਿ ਗ੍ਰਿਹਿ ਸੋਭਾ ਪਾਈਆ । ਕੁਛ ਲੇਖਾ ਸਾਡੇ ਕੋਲ ਤੇਰਾ ਗੋਬਿੰਦ ਵਾਲੀ ਪਾਤੀ, ਪਤ੍ਰਕਾ ਧੁਰ ਦੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਗੋਬਿੰਦ ਪਾਤੀ ਦੱਸੇ ਕੀ, ਕਾਗਜ ਕਲਮ ਲਿਖਣ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਜੜ੍ਹ ਉਖੇੜੀ (ਨੀਂਹ), ਲੋਕਮਾਤ ਰਹਿਣ ਨਾ ਪਾਈਆ । ਸਾਚੇ ਧਰਮ ਦਾ ਧਰਮ ਦਵਾਰੇ ਬੀਜਣਾ ਬੀ, ਉਤਪਤ ਆਪਣਾ ਨਾਮ ਕਰਾਈਆ । ਝਗੜਾ ਮੁਕਾ ਕੇ ਸਾਢੇ ਤਿੰਨ ਹੱਥ ਸੀਂ, ਮਹੱਲ ਅਟਲ ਕਰੇ ਰੁਸ਼ਨਾਈਆ । ਧਰਨੀ ਧਰਤ ਧੌਲ ਘਰਾਨਾ ਕਰ ਵਸੀਹ, ਨੌਜਵਾਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦੇ ਠਾਕਰ ਤੇਰੀ ਓਟ ਤਕਾਈਆ । ਚਿੱਠੀ ਕਹੇ ਮੇਰਾ ਲੇਖ ਪੱਤਰ, ਪੱਤਰਿਆਂ ਤੋਂ ਬਾਹਰ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਧਾਰੋਂ ਆਵੇ ਉਤਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਨੇ ਸ਼ਬਦ ਦੁਲਾਰਾ ਇਕੋ ਬਣੌਣਾ ਪੁੱਤਰ, ਪੂਤ ਸਪੂਤਾ ਨਾਉਂ ਧਰਾਈਆ । ਧੁਰਦਰਗਾਹੀ ਚੁੱਕੇ ਕੁੱਛੜ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੫੯੨
੨੦

ਕਰ, ਆਪਣੀ ਕਰਨੀ ਆਪ ਕਮਾਈਆ । ਆਪਣੀ ਕਰਨੀ ਕਰੇ ਕਰਤਾਰ, ਹਰਿ ਕਰਤਾ ਬੇਪਰਵਾਹੀਆ । ਸ਼ਬਦ ਸੁਤ ਇਕ ਉਠਾਲ, ਹੁਕਮੇਂ ਅੰਦਰ ਹੁਕਮ ਮਨਾਈਆ । ਕਲਜੁਗ ਕੂੜੀ ਕਿਰਿਆ ਲੇਖਾ ਵੇਖ ਸ਼ਾਹ ਕੰਗਾਲ, ਬਚਿਆ ਰਹਿਣ ਕੋਇ ਨਾ ਪਾਈਆ । ਭਗਤਾਂ ਦੱਸ ਸਚ ਸੱਚੀ ਧਰਮਸਾਲ, ਧੁਰ ਦਰਬਾਰਾ ਇਕ ਵਖਾਈਆ । ਜਿਸ ਗ੍ਰਿਹਿ ਦੀਪਕ ਜਗੇ ਬੇਮਿਸਾਲ, ਮਿਸਲ ਵਿਚ ਨਾ ਕੋਇ ਸਮਝਾਈਆ । ਦੇ ਸਕੇ ਨਾ ਕੋਇ ਅਹਿਵਾਲ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਿੱਠੀ ਦਾ ਅਨੋਖਾ ਲੇਖ, ਜਗਤ ਲਿਖਤ ਨਾ ਕੋਇ ਵਡਿਆਈਆ । ਜਿਸ ਵਿਚ ਅਗੰਮੜਾ ਭੇਤ, ਅਨੁਭਵ ਦ੍ਰਿਸ਼ਟੀ ਆਪ ਦ੍ਰਿੜਾਈਆ । ਦੀਨ ਦਿਆਲ ਭਗਤਾਂ ਕਰਨਾ ਹੇਤ, ਜੋਤੀ ਜਾਤਾ ਵੇਸ ਵਟਾਈਆ । ਸਚ ਸਵਾਮੀ ਸੁਹਾਵਣੀ ਸੇਜ, ਸਿੰਘਾਸਣ ਆਸਣ ਇਕ ਰਖਾਈਆ । ਜੋਤੀ ਜਲਵਾ ਦੇ ਕੇ ਤੇਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਰਤਾਈਆ । ਧੁਰ ਦੀ ਖੇਲ ਕਹੇ ਮੇਰਾ ਸਮਝੇ ਕੋਈ ਨਾ ਸਮਾਂ, ਸਮਾਪਤ ਹੁੰਦੀ ਵੇਖੇ ਲੋਕਾਈਆ । ਮੈਂ ਜੁਗ ਬਦਲਦੀ ਆਈ ਨਿਤ ਨਵਾਂ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਰਹਿਣ ਕੋਇ ਨਾ ਪਾਈਆ । ਮੈਂ ਸ਼ਬਦ ਧਾਰ ਬਦਲਦੀ ਆਈ ਅੱਖਰਾਂ ਵਿਚ ਦਮਾਂ, ਦਾਮਨਗੀਰ ਹੋ ਕੇ ਪੰਧ ਮੁਕਾਈਆ । ਮੈਂ ਸਦੀ ਚੌਧਵੀਂ ਫਿਰਾਂ ਨਾਲ ਚਵਾਂ, ਚਾਓ ਘਨੇਰਾ ਇਕੋ ਨਜ਼ਰੀ ਆਈਆ । ਕਰਨੀ ਕਹੇ ਮੈਂ ਵੇਖਿਆ ਕਰਤਾ, ਕੁਦਰਤ ਦਾ ਮਾਲਕ ਬੇਪਰਵਾਹੀਆ । ਜੋ ਆਦਿ ਜੁਗਾਦੀ ਖੇਲ ਕਰਦਾ, ਨਿਤ ਨਵਿਤ ਵੇਸ ਵਟਾਈਆ । ਸ਼ਬਦ ਅਗੰਮੀ ਢੋਲਾ ਪੜ੍ਹਦਾ, ਅਨਰਾਗੀ ਰਾਗ ਸੁਣਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਮਾਤ ਧਰਦਾ, ਥਿਰ ਰਹਿਣ ਕੋਇ ਨਾ ਪਾਈਆ । ਜੋ ਸਾਂਝਾ ਯਾਰ ਕਦੀਮ ਚਿਰ ਦਾ, ਜਿਸ ਦਾ ਅੰਤ ਕੋਇ ਨਾ ਪਾਈਆ । ਉਹ ਭੇਵ ਖੁਲ੍ਹਾਵੇ ਘਰ ਥਿਰ ਦਾ, ਸੰਤ ਸੁਹੇਲੇ ਆਪ ਉਠਾਈਆ । ਲੇਖਾ ਜਾਣੇ ਧੁਰ ਦੇ ਪਿਰ ਦਾ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਜਨ ਭਗਤਾਂ ਦੱਸ ਕੇ ਸਾਚਾ ਹਿਰਦਾ, ਹਰ ਘਟ ਵਸਿਆ ਨਜ਼ਰੀ ਆਈਆ । ਜਿਥੇ ਅੰਮ੍ਰਿਤ ਝਿਰਨਾ ਝਿਰਦਾ, ਬੂੰਦ ਸਵਾਂਤੀ ਇਕ ਟਪਕਾਈਆ । ਅੰਧ ਅੰਧੇਰ ਲੇਖਾ ਨਿਬੜਦਾ, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਲਹਿਣਾ ਦੇਣਾ ਮੁਕਾ ਦੇ ਗੋਬਿੰਦ ਵਾਲੇ ਟੱਬਰ ਦਾ, ਦਾਸ ਦਾਸੀ ਸੋਭਾ ਪਾਈਆ । ਇਹ ਖੇਲ ਅਗੰਮੀ ਸ਼ੇਰ ਬੱਬਰ ਦਾ, ਜਿਸ ਦੀ ਭਬਕ ਝੱਲੇ ਨਾ ਕੋਇ ਲੋਕਾਈਆ । ਕਲਜੁਗ ਅੰਤਮ ਸਮਾਂ ਵੇਖੇ ਅਦਲ ਦਾ, ਇਨਸਾਫ਼ ਆਪਣੇ ਹੱਥ ਜਣਾਈਆ । ਕਲਜੁਗ ਅੰਦਰ ਸਤਿਜੁਗ ਜਨ ਭਗਤਾਂ ਵੇਖਣਾ ਬਦਲਦਾ, ਬਦੀ ਦਾ ਲੇਖਾ ਦਏ ਮੁਕਾਈਆ । ਪ੍ਰਭ ਦਾ ਭੇਵ ਪੌਣਾ ਕੋਈ ਮਾਣ ਨਹੀਂ ਵਡਿਆਈ ਵਾਲੀ ਅਕਲ ਦਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਪ੍ਰਭ ਦਾ ਰੂਪ ਰੰਗ ਨਹੀਂ ਕਿਸੇ ਸ਼ਕਲ ਦਾ, ਸ਼ੱਕ ਵਿਚ ਰੱਖੇ ਸਰਬ ਲੋਕਾਈਆ । ਜਿਨ੍ਹਾਂ ਦਾ ਨਾਤਾ ਜੋੜੇ ਆਤਮਾ ਪਰਮਾਤਮਾ ਤੁਅੱਲਕ ਦਾ, ਨਾਤਾ ਆਪਣੇ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਖੋਲ੍ਹਣੀ ਆਪਣੀ ਅੱਖ, ਅੱਖਰਾਂ ਤੋਂ ਬਾਹਰ ਕਰਾਂ ਪੜ੍ਹਾਈਆ । ਵੇਖਣਾ ਪੁਰਖ ਸਮਰਥ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਮਹਿੰਮਾ ਆਦਿ ਜੁਗਾਦਿ ਅਕਥ, ਕਥਨੀ ਕਥ ਨਾ ਸਕੇ ਰਾਈਆ । ਜੁਗ ਚੌਕੜੀ ਚਲਾਵੇ ਰਥ, ਬਣ ਰਥਵਾਹੀ ਸੇਵ ਕਮਾਈਆ ।

ਕਲਜੁਗ ਅੰਤਮ ਹੋ ਪਰਗਟ, ਜੋਤੀ ਨੂਰ ਕਰੇ ਰੁਸ਼ਨਾਈਆ । ਸਚ ਦਵਾਰਾ ਖੋਲ੍ਹ ਕੇ ਹੱਟ, ਨਾਮ ਭੰਡਾਰਾ ਇਕ ਵਰਤਾਈਆ । ਸੰਤ ਸੁਹੇਲੇ ਮੇਲ ਕੇ ਸਚ, ਸੱਜਣ ਧੁਰ ਦੇ ਲਏ ਬਣਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਸੁਹਾਈਆ । ਲੇਖੇ ਲਾ ਕੇ ਪੰਜ ਤਤ ਰੱਤ, ਰਤਨ ਅਮੋਲਕ ਹੀਰੇ ਦਏ ਬਣਾਈਆ । ਗੁਰਮੁਖਾਂ ਆਪੇ ਜਾਣੇ ਮਿਤ ਗਤ, ਗ੍ਰਿਹ ਮੰਦਰ ਸੋਭਾ ਪਾਈਆ । ਦੇਵਣਹਾਰਾ ਬ੍ਰਹਮ ਮਤ, ਵਿਦਿਆ ਇਕੋ ਇਕ ਜਣਾਈਆ । ਚਰਨ ਪ੍ਰੀਤੀ ਜੋੜ ਕੇ ਨਤ, ਕੂੜੀ ਸ੍ਰਿਸ਼ਟੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਰੰਗ ਰੰਗਾਈਆ । ਰੰਗ ਕਹੇ ਮੈਂ ਭਗਤਾਂ ਜੋਗਾ, ਜੋਗੀ ਜਤੀਆਂ ਸਤੀਆਂ ਨਜ਼ਰ ਕੋਇ ਨਾ ਆਈਆ । ਪ੍ਰਭ ਦੀ ਕਿਰਪਾ ਨਾਲ ਸਦ ਰੰਗਦਾ ਰਿਹਾ ਚੋਗ਼ਾ, ਰੂਪ ਰੰਗ ਸਕੇ ਨਾ ਕੋਇ ਬਦਲਾਈਆ । ਕਲਜੁਗ ਅੰਤ ਲੱਖ ਚੁਰਾਸੀ ਵਿਚੋਂ ਥੋੜ੍ਹਿਆਂ ਦਿਤਾ ਮੌਕਾ, ਜਿਨ੍ਹਾਂ ਮਿਲ ਕੇ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪਣੇ ਰੰਗ ਰੰਗਾਈਆ । ਰੰਗ ਕਹੇ ਮੈਂ ਚੜ੍ਹਾਂ ਚਲੂਲ, ਚਾਰ ਵਰਨਾਂ ਸਮਝ ਕਿਸੇ ਨਾ ਆਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਏਕਾ ਕੰਤ ਕੰਤੂਹਲ, ਕਰਨੀ ਦਾ ਕਰਤਾ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਕਦੇ ਨਾ ਜਾਵੇ ਭੂਲ, ਭੁੱਲਿਆਂ ਮਾਰਗ ਲਾਈਆ । ਜੁਗ ਚੌਕੜੀ ਬਦਲਣਾ ਜਿਸ ਦਾ ਸਚ ਅਸੂਲ, ਅਸਲੀਅਤ ਵਿਚ ਆਪਣਾ ਹੁਕਮ ਵਰਤਾਈਆ । ਕੋੜ੍ਹਿਆਂ ਕਮਲਿਆਂ ਗ਼ਰੀਬ ਨਿਮਾਣਿਆਂ ਕਰੇ ਕਬੂਲ, ਜੋ ਜਨ ਚਲ ਆਏ ਸਰਨਾਈਆ । ਮਸਤਕ ਟਿੱਕਾ ਧੂੜੀ ਦੇਵੇ ਧੂਲ, ਧਰਮ ਦਵਾਰਾ ਏਕੰਕਾਰ ਇਕੋ ਇਕ ਵਖਾਈਆ । ਸਭ ਦਾ ਆਦਿ ਅੰਤ ਜੁਗਾ ਜੁਗੰਤ ਜਾਣੇ ਮੂਲ, ਮੁਰਦੇ ਮੁਰੀਦ ਆਪਣੇ ਰੰਗ ਰੰਗਾਈਆ । ਗੁਰਮੁਖ ਸਾਚੇ ਸੰਤ ਜਨ ਸਚ ਦਵਾਰਿਉਂ ਆਪਣੀ ਕਰਨੀ ਕਰਨ ਵਸੂਲ, ਦੇਵਣਹਾਰ ਧੁਰਦਰਗਾਹੀਆ । ਜਿਸ ਦਾ ਸ਼ਬਦ ਨਾਮ ਹੁਕਮ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਵੇਖਿਆ ਆਦਿ ਜੁਗਾਦੀ ਏਕ, ਏਕੰਕਾਰਾ ਨਜ਼ਰੀ ਆਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਰੱਖਦੇ ਗਏ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜਨ ਭਗਤਾਂ ਕਰੇ ਬੁੱਧ ਬਿਬੇਕ, ਬੁੱਧੀ ਆਪਣਾ ਭੇਵ ਖੁਲ੍ਹਾਈਆ । ਤ੍ਰੈਗੁਣ ਮਾਇਆ ਲਾਏ ਨਾ ਸੇਕ, ਅਗਨੀ ਤਤ ਨਾ ਕੋਇ ਬੁਝਾਈਆ । ਜਨਮ ਕਰਮ ਦੀ ਬਦਲ ਦੇਵੇ ਰੇਖ, ਮਿਹਰ ਨਜ਼ਰ ਇਕ ਉਠਾਈਆ । ਸਦਾ ਵਸੇ ਸਚਖੰਡ ਆਪਣੇ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਕਲਜੁਗ ਅੰਤ ਜੋਤੀ ਧਾਰ ਜਾ ਕੇ ਦਿਤੀ ਭੇਜ, ਗੋਬਿੰਦ ਰੰਗ ਰੰਗਾਈਆ । ਮਾਛੂਵਾੜਾ ਦੱਸ ਕੇ ਸੁਹੰਜਣੀ ਸੇਜ, ਯਾਰੜਾ ਦਏ ਸੁਹਾਈਆ । ਕੁਛ ਪੂਰੀ ਅਨੰਦ ਦਾ ਲੇਖ, ਅੰਤ ਅੰਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਪੂਰੀ ਅਨੰਦ ਕਹੇ ਮੈਨੂੰ ਯਾਦ ਆਈ ਦਿਸਿਆ ਵਕਤ ਸੁਹੇਲਾ, ਕਰਿਆ ਖੇਲ ਬੇਪਰਵਾਹੀਆ । ਰੰਗ ਚੜ੍ਹਿਆ ਗੁਰੂ ਗੁਰ ਚੇਲਾ, ਚਾਰ ਕੁੰਟ ਪਈ ਦੁਹਾਈਆ । ਸੱਜਣ ਸੰਗ ਨਾ ਕੋਇ ਅਲਬੇਲਾ, ਲੇਖਾ ਜਾਣੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਪੂਰੀ ਅਨੰਦ ਕਹੇ ਮੈਂ ਵੇਖਾਂ ਓਹ ਵਕਤ, ਸੁਹੰਜਣਾ ਨਜ਼ਰੀ

ਆਈਆ । ਜਿਸ ਵੇਲੇ ਗੋਬਿੰਦ ਲੇਖਾ ਦਿਤਾ ਦਾਸ ਦਾਸੀਆਂ ਫ਼ਕਤ, ਚਾਰ ਤਿੰਨ ਚਾਰ ਵੱਜੀ ਵਧਾਈਆ । ਓਹ ਬੰਸ ਸਰਬੰਸਾ ਸੋਹਣਾ ਲੱਗੇ ਜਗਤ, ਜਗਜੀਵਣ ਦਾਤਾ ਵੇਖ ਵਖਾਈਆ । ਜਿਸ ਨੂੰ ਆਦਿ ਕਹਿੰਦਾ ਭਗਤ, ਜੁਗਾਦਿ ਦਏ ਵਡਿਆਈਆ । ਲੇਖੇ ਲੱਗੇ ਬੂੰਦ ਰਕਤ, ਤਨ ਵਜੂਦ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰੀ ਅਨੰਦ ਕਹੇ ਜਿਸ ਵੇਲੇ ਦਾਸੀ ਦਾਸ ਵਿਛੜਨ ਲੱਗਾ ਪਰਿਵਾਰ, ਬੰਸ ਸੋਹਣਾ ਨਜ਼ਰੀ ਆਈਆ । ਕਿਲੇ ਤੋਂ ਬਾਹਰ ਬੋਲ ਜੈਕਾਰ, ਨਾਅਰਾ ਇਕੋ ਦਿਤਾ ਸੁਣਾਈਆ । ਉਨੀਂ ਸਾਲ ਦਾ ਨੌਜਵਾਨ, ਬੱਚੀ ਬੱਚਾ ਨਾ ਕੋਇ ਵਡਿਆਈਆ । ਉਸ ਦੇ ਅੰਤਰ ਆਈ ਵਿਚਾਰ, ਧਿਆਨ ਅੰਦਰੇ ਅੰਦਰ ਟਿਕਾਈਆ । ਗੋਬਿੰਦ ਦਾ ਸੋਹਣਾ ਦਿਸੇ ਸ਼ਿੰਗਾਰ, ਕਲਗੀ ਤੋੜਾ ਸੋਭਾ ਪਾਈਆ । ਤਨ ਸ਼ਸਤਰਾਂ ਵਾਲੇ ਹਥਿਆਰ, ਬਸਤਰ ਤਨ ਚਮਕਾਈਆ । ਕਿਸ ਵੇਲੇ ਗਲ ਇਸ ਦੇ ਪਾਵਾਂ ਇਕ ਹਾਰ, ਆਪਣੀ ਖ਼ੁਸ਼ੀ ਬਣਾਈਆ । ਚਰਨਾਂ ਉਤੇ ਕਰਾਂ ਨਿਮਸਕਾਰ, ਧੂੜੀ ਖ਼ਾਕ ਰਮਾਈਆ । ਅੱਗੋਂ ਗੋਬਿੰਦ ਸ਼ਬਦੀ ਕਰ ਪਿਆਰ, ਸਹਿਜੇ ਦਿਤਾ ਦ੍ਰਿੜਾਈਆ । ਬੱਚਿਓ ਤੁਹਾਡਾ ਮੇਰਾ ਰਿਹਾ ਉਧਾਰ, ਲਹਿਣਾ ਪੁਰਖ ਅਕਾਲ ਹੱਥ ਫੜਾਈਆ । ਜਿਸ ਵੇਲੇ ਆਵਾਂ ਦੂਜੀ ਵਾਰ, ਨਿਰਗੁਣ ਨੂਰੀ ਜੋਤ ਕਰ ਰੁਸ਼ਨਾਈਆ । ਰਾਮ ਵਸ਼ਿਸ਼ਟ ਦਾ ਲੇਖਾ ਪੂਰਾ ਕਰਨਾ ਵਿਚ ਸੰਸਾਰ, ਜੋ ਧਰਨੀ ਧਰਤ ਗਿਆ ਸਮਝਾਈਆ । ਸਭ ਦਾ ਲਹਿਣਾ ਦੇਣਾ ਦੇਵਾਂ ਵਾਰੋ ਵਾਰ, ਵਾਰਤਾ ਪਿਛਲੀ ਆਪ ਦੁਹਰਾਈਆ । ਤੁਹਾਡਾ ਇਕੱਠਾ ਕਰਾਂ ਪਰਿਵਾਰ, ਪਿਛਲੇ ਸਾਥੀ ਮੇਲ ਮਿਲਾਈਆ । ਓਨ੍ਹਾਂ ਵਿਚੋਂ ਮਹਿਲ ਸਿੰਘ ਰਹਿ ਗਿਆ ਬਾਹਰ, ਜਿਸ ਕਾਰਨ ਹਾਰ ਹੱਥ ਨਾ ਆਈਆ । ਇਹ ਖੇਲ ਅਪਰ ਅਪਾਰ, ਪ੍ਰਭ ਆਪਣੇ ਵਿਚ ਛੁਪਾਈਆ । ਸਭ ਨੂੰ ਮੰਜ਼ਲ ਪੌੜੇ ਇਕੋ ਚਾੜ੍ਹ, ਦਰ ਠਾਂਡੇ ਦਏ ਵਡਿਆਈਆ । ਅਗਲਾ ਲੇਖਾ ਹੋਰ ਕਰਤਾਰ, ਗੋਬਿੰਦ ਦਾ ਸਾਥੀ ਸ਼ਾਹ ਅਸਵਾਰ, ਜੋ ਸਗਲਾ ਸੰਗ ਬਣਾਈਆ । ਉਸ ਦਾ ਥੋੜ੍ਹਾ ਜਿਹਾ ਇਜ਼ਹਾਰ, ਲੇਖੇ ਵਿਚ ਕਰਨਾ ਜਾਹਰ, ਅਗਲਾ ਲੇਖਾ ਲਿਖੇ ਕੋਇ ਨਾ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਾਹ ਅਸਵਾਰ ਸੂਰਾ ਗੋਬਿੰਦ ਦਾ ਸਿੱਖ ਦੁਲਾਰਾ, ਨਾਮ ਗੁਪਤ ਵਿਚ ਰਖਾਈਆ । ਓਸ ਦੇ ਅੰਦਰੋਂ ਆਇਆ ਇਕ ਇਸ਼ਾਰਾ, ਫੁਰਨੇ ਵਿਚ ਮੰਗ ਮੰਗਾਈਆ । ਜੇ ਦਾਸ ਦਾਸੀਆਂ ਕੀਤਾ ਪਾਰ ਕਿਨਾਰਾ, ਮੇਰਾ ਲੇਖਾ ਦੇ ਮੁਕਾਈਆ । ਜੇ ਤੂੰ ਆਉਣਾ ਨਿਰਗੁਣ ਧਾਰ ਦੂਜੀ ਵਾਰਾ, ਮੇਰਾ ਨਾਤਾ ਜੋੜ ਜੁੜਾਈਆ । ਮੇਲ ਮੇਲਣਾ ਅਗੰਮ ਅਪਾਰਾ, ਅਲਖ ਅਗੋਚਰ ਖੇਲ ਖਿਲਾਈਆ । ਦੇਣਾ ਸੀਸ ਜਗਦੀਸ ਪਿਆਰਾ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਬਿਨਾਸ਼ੀ ਵੇਖੇ ਵਿਗਸੇ ਵੇਖਣਹਾਰਾ, ਅਭੁੱਲ ਭੁੱਲ ਕਦੇ ਨਾ ਜਾਈਆ । ਸਭ ਦਾ ਪੂਰਾ ਕਰੇ ਸ਼ਬਦੀ ਦਿਤਾ ਲਾਰਾ, ਲੇਖਾ ਲੇਖੇ ਵਿਚ ਰਖਾਈਆ । ਸੁਰਸਤੀ ਦਾ ਨੂਰ ਕਰ ਪਿਆਰਾ, ਵਸਤੀ ਭਗਤਾਂ ਵਿਚ ਬਣਾਈਆ । ਓਸੇ ਹਾਰ ਦਾ ਹਾਰ ਸ਼ਿੰਗਾਰਾ, ਸ਼ਿੰਗਾਰ ਆਪਣਾ ਹੁਕਮ ਜਣਾਈਆ । ਏਸੇ ਕਾਰਨ ਖਿੱਚ ਕੇ ਲਿਆਏ ਵਿਚ ਦਵਾਰਾ, ਦੂਜੇ ਸਮਝ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਥੇ ਓਥੇ ਦੋ ਜਹਾਨਾਂ ਪਾਵੇ ਸਾਰਾ, ਮਹਾਂਸਾਰਥੀ ਧੁਰ ਦੀ ਸੇਵਾ ਆਪਣੀ ਆਪ ਕਮਾਈਆ ।


੫੯੫ ੨੦

★ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਓਮ ਪਰਕਾਸ਼ ਕਾਲਰੇ ਦੇ ਗ੍ਰਿਹ ਜੰਗ ਪੁਰਾ ਨਵੀਂ ਦਿੱਲੀ ★

ਜਨ ਭਗਤਾਂ ਬਖ਼ਸ਼ੇ ਚਰਨ ਧੂੜੀ, ਨਾਮ ਟਿੱਕੇ ਮਸਤਕ ਲਾਈਆ । ਨਾਤਾ ਤੁੱਟੇ ਮਮਤਾ ਮੋਹ ਵਿਕਾਰ ਆਸਾ ਕੂੜੀ, ਜੂਠ ਝੂਠ ਰਹਿਣ ਨਾ ਪਾਈਆ । ਸਚ ਪ੍ਰੀਤੀ ਰੰਗ ਚੜ੍ਹਾ ਦੇ ਤਨ ਮਾਟੀ ਖ਼ਾਕ ਗੂੜ੍ਹੀ, ਦੁਰਮਤ ਮੈਲ ਅੰਦਰੋਂ ਬਾਹਰ ਕਢਾਈਆ । ਨਾਮ ਨਿਧਾਨ ਸ੍ਰੀ ਭਗਵਾਨ ਅੰਮ੍ਰਿਤ ਰਸ ਸਚ ਦੇਵੇ ਸਰੂਰੀ, ਬਿਨ ਦੀਨ ਮਜ਼੍ਹਬ ਆਪਣੇ ਰੰਗ ਰੰਗਾਈਆ । ਸਵੱਛ ਸਰੂਪ ਸ਼ਾਹੋ ਭੂਪ ਏਕੰਕਾਰ ਦਿਸੇ ਹਾਜ਼ਰ ਹਜ਼ੂਰੀ, ਨਿਰਗੁਣ ਨਿਰੰਕਾਰ ਨਿਰਾਕਾਰ ਸਨਮੁਖ ਹੋ ਕੇ ਸੋਭਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਭਗਤ ਸੁਹੇਲੇ ਤਾਰੇ ਜ਼ਰੂਰੀ, ਜ਼ਰੂਰਤ ਜਗਤ ਜਨਮ ਜੁਗ ਚੌਕੜੀ ਪੂਰਬ ਵੇਖ ਵਖਾਈਆ । ਗੁਰਮੁਖਾਂ ਕਰੇ ਬੁੱਧ ਬਿਬੇਕ ਮਨ ਮਤ ਬੁਧ ਮੂਰਖ ਰਹੇ ਨਾ ਕੋਇ ਮੂੜ੍ਹੀ, ਸੁਚੱਜੇ ਧੁਰ ਦੇ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ ।

★ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਘਰ ਸ਼ਕੂਰ ਬਸਤੀ ਨਵੀਂ ਦਿੱਲੀ ★

ਜਨ ਭਗਤਾਂ ਬਖ਼ਸ਼ੇ ਨਾਮ ਨਿਧਾਨ ਸਤਿ, ਸਤਿ ਸਤਿ ਦਇਆ ਕਮਾਈਆ । ਬਿਨ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦੇ ਕੇ ਬ੍ਰਹਮ ਮਤ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਭੇਵ ਦਏ ਖੁਲ੍ਹਾਈਆ । ਭਾਗ ਲਗਾ ਕੇ ਤਨ ਵਜੂਦ ਕਾਇਆ ਮਾਟੀ ਸਾਢੇ ਤਿੰਨ ਹੱਥ ਕੱਚ, ਕੰਚਨ ਗੜ੍ਹ ਮਹੱਲ ਅਟਲ ਚੜ੍ਹ, ਸਚ ਦਵਾਰੇ ਖੜ੍ਹ, ਘਰ ਇਕੋ ਦਏ ਸਮਝਾਈਆ । ਮਨੂਆ ਜਗਤ ਵਾਸਨਾ ਦਹਿ ਦਿਸ਼ਾ ਚਾਰ ਕੁੰਟ ਨਾ ਜਾਏ ਨੱਚ, ਸ਼ਬਦੀ ਡੋਰੀ ਇਕੋ ਨਾਮ ਬੰਧਾਈਆ । ਇਕੋ ਨਾਮ ਜੈਕਾਰਾ ਸਚ ਦਵਾਰਾ ਇਕੋ ਦੱਸ ਅਲੱਖ, ਅਲਖ ਅਗੋਚਰ ਅਗੰਮ ਅਥਾਹ ਆਪਣੀ ਦਇਆ ਕਮਾਈਆ । ਭੇਵ ਖੁਲ੍ਹਾਏ ਗ੍ਰਿਹ ਮੰਦਰ ਹਰ ਘਟ, ਪੜਦਾ ਓਹਲਾ ਬਣ ਵਿਚੋਲਾ ਧੁਰ ਦਾ ਸੋਹਲਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਮੇਲੇ ਸਹਿਜ ਸੁਭਾਈਆ ।

★ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਵਰਣ ਸਿੰਘ ਦੇ ਗ੍ਰਿਹ ਪਿੰਡ ਖੇੜੀ ਜ਼ਿਲਾ ਪਟਿਆਲਾ ★

ਜਨ ਭਗਤਾਂ ਹੋਏ ਕਿਰਪਾਲ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਵਖਾਏ ਸੱਚੀ ਧਰਮਸਾਲ, ਬੰਕ ਦਵਾਰਾ ਏਕੰਕਾਰਾ ਇਕੋ ਦਏ ਵਡਿਆਈਆ । ਚਰਨ ਪ੍ਰੀਤੀ ਸਾਚੀ ਰੀਤੀ ਦੱਸੇ ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਬੈਠੇ ਸੀਸ ਨਿਵਾਈਆ । ਜੁਗ ਚੌਕੜੀ ਨਿਤ ਨਵਿਤ ਜੋ ਬਦਲਦਾ ਆਇਆ ਚਾਲ, ਚਾਲ ਨਿਰਾਲੀ ਜੋਤ ਅਕਾਲੀ ਅਕਲ ਕਲਧਾਰੀ ਆਪਣੀ ਬਣਤ ਜਣਾਈਆ । ਮੁਰਸ਼ਦ ਹੋ ਕੇ ਮੁਰੀਦਾਂ ਵੇਖੇ ਹਾਲ, ਮੁੱਦਤਾਂ ਦੇ ਵਿਛੜੇ ਵਿਛੋੜੇ ਵਿਚੋਂ ਆਪਣੇ ਨਾਲ ਮਿਲਾਈਆ । ਸਭ ਦੀ ਲੇਖੇ ਲਾਏ ਪੂਰਬ ਜਨਮ ਕਰਮ ਦੀ ਕੀਤੀ ਘਾਲ, ਮਿਹਰਵਾਨ ਹਰਿ ਨਜ਼ਰ ਬਿਨ ਨੈਣ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਸਾਚੇ ਰੰਗ ਆਪ ਰੰਗਾਈਆ ।

★ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਦੇ ਗ੍ਰਿਹਿ ਅਰਜਨ ਨਗਰ ਜਲੰਧਰ ★

ਜਨ ਭਗਤਾਂ ਪ੍ਰਭ ਦੇਵੇ ਆਦਿ ਜੁਗਾਦੀ ਏਕਾ ਜੋਗ, ਜੁਗ ਚੌਕੜੀ ਬਦਲੀ ਵੇਖੇ ਜਗਤ ਲੋਕਾਈਆ । ਸਾਚੇ ਸੰਤਾਂ ਕਰ ਕੇ ਧੁਰ ਸੰਯੋਗ, ਆਤਮ ਪਰਮਾਤਮ ਲੇਖਾ ਸਹਿਜ ਸੁਭਾਈਆ । ਗੁਰਮੁਖਾਂ ਕੱਟ ਕੇ ਆਤਮ ਹਉਮੇ ਰੋਗ, ਹੰ ਬ੍ਰਹਮ ਦਏ ਸਮਝਾਈਆ । ਗੁਰਸਿੱਖਾਂ ਕਰ ਪਰਕਾਸ਼ ਨਿਰਮਲ ਜੋਤ, ਵਰਨ ਗੋਤ ਡੇਰਾ ਢਾਹੀਆ । ਮੌਜੀਆਂ ਦੱਸ ਕੇ ਆਪਣੀ ਮੌਜ, ਮਜਲਸ ਆਪਣੇ ਨਾਲ ਰਖਾਈਆ । ਨਿਰਗੁਣ ਨਿਰਾਧਾਰ ਨਿਰਾਕਾਰ ਸ਼ਬਦੀ ਦੱਸ ਕੇ ਆਪਣੀ ਗੋਝ, ਜਗਤ ਵਿਦਿਆ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੱਸਣਹਾਰਾ ਇਕ ਸਲੋਕ, ਸੋਹਲਾ ਢੋਲਾ ਬਣ ਵਿਚੋਲਾ ਆਪਣਾ ਆਪ ਸੁਣਾਈਆ । ਜਨ ਭਗਤਾਂ ਦੇਵੇ ਨਾਮ ਅਨਡਿਠੀ ਵਥ, ਵਸਤੂ ਬਾਹਰ ਨਜ਼ਰ ਕਿਸੇ ਨਾ ਆਈਆ । ਜਿਸ ਦੀ ਮਹਿੰਮਾ ਗੁਰ ਅਵਤਾਰ ਪੈਗ਼ੰਬਰ ਗਏ ਦੱਸ, ਦਸ ਅੱਠ ਵੰਡ ਵੰਡਾਈਆ । ਸੋ ਭਗਤ ਸੁਹੇਲੇ ਭਗਤੀ ਅੰਦਰ ਮੇਲੇ ਹੱਸ ਹੱਸ, ਹਸਤੀ ਵਿਚ ਮਸਤੀ ਨਾਮ ਖ਼ੁਮਾਰੀ ਦਏ ਚੜ੍ਹਾਈਆ । ਕਲਜੁਗ ਕੂੜੀ ਕਿਰਿਆ ਮਾਇਆ ਮੋਹ ਵਿਕਾਰ ਖੇੜਾ ਕਰ ਕੇ ਭੱਠ, ਅਗਨੀ ਤਤ ਦਏ ਬੁਝਾਈਆ । ਸਚ ਕਿਨਾਰਾ ਏਕੰਕਾਰਾ ਇਕੋ ਦੱਸੇ ਤਟ, ਨਈਆ ਨੌਕਾ ਨਾਮ ਇਕੋ ਇਕ ਸਮਝਾਈਆ । ਦਰ ਆਇਆ ਦੁਰਮਤ ਮੈਲ ਦੇਵੇ ਕੱਟ, ਨਾਮ ਨਿਧਾਨਾ ਸ੍ਰੀ ਭਗਵਾਨਾ ਤੀਰ ਅਣਿਆਲਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋ ਪੁਰਖ ਨਿਰੰਜਣ ਦੀਨਾਂ ਨਾਥ ਦਰਦ ਦੁੱਖ ਭੈ ਭੰਜਨ, ਭਵ ਸਾਗਰ ਕਾਇਆ ਗਾਗਰ ਵਿਚੋਂ ਪਾਰ ਕਰਾਈਆ ।


੫੯੭ ੨੦

★ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਚਰਨ ਸਿੰਘ ਦੇ ਗ੍ਰਿਹਿ ਪਿੰਡ ਜਟੂਆ ਜ਼ਿਲਾ ਸੰਗਰੂਰ ★

ਜਨ ਭਗਤਾਂ ਆਪਣਾ ਦੱਸੇ ਸਚ ਘਰਾਣਾ, ਗਹਿਰ ਗੰਭੀਰ ਬੇਨਜ਼ੀਰ ਪੜਦਾ ਓਹਲਾ ਦਏ ਚੁਕਾਈਆ । ਜਿਸ ਗ੍ਰਿਹਿ ਧੁਰ ਦਾ ਝੁਲਦਾ ਸਚ ਨਿਸ਼ਾਨਾ, ਨਿਸ਼ਾਵਰ ਗੁਰ ਅਵਤਾਰ ਪੈਗ਼ੰਬਰ ਆਪਣਾ ਆਪ ਕਰਾਈਆ । ਇਕੋ ਨੂਰ ਜੋਤ ਪਰਕਾਸ਼ ਸ੍ਰੀ ਭਗਵਾਨਾ, ਭਾਗ ਹਿੱਸਾ ਦੂਜਾ ਵੰਡ ਨਾ ਕੋਇ ਵੰਡਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਰੂਪ ਦਿਸੇ ਕਾਹਨਾ, ਨਾਮ ਬੰਸਰੀ ਅਗੰਮ ਅਥਾਹ ਇਕੋ ਇਕ ਸੁਣਾਈਆ । ਨਿਰਾਕਾਰਾ ਨਰ ਨਿਰੰਕਾਰਾ ਨਿਆਰਾ ਦਿਸੇ ਰਾਮਾ, ਰਮੱਈਆ ਰਾਮ ਸਭ ਨੂੰ ਰਿਹਾ ਸਮਝਾਈਆ । ਸੋ ਲਹਿਣਾ ਦੇਣਾ ਲੇਖਾ ਜਾਣੇ ਕਲਜੁਗ ਜੀਵ ਜਗਤ ਜਹਾਨਾ, ਜਾਗਰਤ ਜੋਤ ਕਰ ਰੁਸ਼ਨਾਈਆ । ਜਨ ਭਗਤ ਵੇਖੇ ਲੋਕਮਾਤ ਮਾਰ ਧਿਆਨਾ, ਸਾਚੇ ਸੰਤਾਂ ਪੜਦਾ ਆਪ ਉਠਾਈਆ । ਗੁਰਮੁਖਾਂ ਦੇ ਕੇ ਆਤਮ ਪਰਮਾਤਮ ਧੁਰ ਦਾ ਗਾਣਾ, ਨਾਦ ਅਨਾਦੀ ਨਾਦ ਸੁਣਾਈਆ । ਗੁਰਸਿੱਖਾਂ ਬਣ ਕੇ ਜਾਣੀ ਜਾਣਾ, ਅਨਜਾਣਤ ਆਪਣਾ ਭੇਵ ਖੁਲ੍ਹਾਈਆ । ਕੂੜੀ ਕਿਰਿਆ ਮਾਇਆ ਮਮਤਾ ਗੜ੍ਹ ਤੋੜ ਅਭਿਮਾਨਾ, ਸਾਚਾ ਮਾਰਗ ਇਕ ਵਖਾਈਆ । ਸ਼ਰਅ ਰਹੇ ਨਾ ਕੋਇ ਸ਼ੈਤਾਨਾ, ਸ਼ਰੀਅਤ ਅਸਲੀਅਤ ਵਿਚੋਂ ਸਮਝਾਈਆ । ਅੰਮ੍ਰਿਤ ਰਸ ਦੇ ਕੇ ਪੀਣਾ ਖਾਣਾ, ਕੂੜੀ ਕਿਰਿਆ ਅਗਨ ਬੁਝਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਮਹਿਬੂਬ ਭਗਤ

ਵਛਲ ਸ੍ਰੀ ਭਗਵਾਨਾ, ਪੁਰਖ ਅਕਾਲਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣਾ, ਜਾਨਤ ਅਨਜਾਨਤ ਅਣਡਿੱਠ ਆਪਣੀ ਖੇਲ ਕਰਾਈਆ ।

★ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਿਹਿ ਪਿੰਡ ਭਗਵਾਨ ਪੁਰਾ ਜ਼ਿਲਾ ਜਲੰਧਰ ★

ਜਨ ਭਗਤਾਂ ਮੰਜ਼ਲ ਦੇ ਕੇ ਅਗੰਮੀ ਚੋਟੀ, ਚੇਟਕ ਆਪਣਾ ਆਪ ਲਗਾਈਆ । ਕਰ ਪਰਕਾਸ਼ ਨਿਰਮਲ ਜੋਤੀ, ਜੋਤ ਜੋਤ ਰੁਸ਼ਨਾਈਆ । ਅੰਤਰ ਕੱਢ ਕੇ ਵਾਸਨਾ ਖੋਟੀ, ਖੋਟੇ ਖਰੇ ਲਵਾਂ ਬਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਗ੍ਰਿਹਿ ਬਣਾ ਕੇ ਗੋਤੀ, ਵਰਨ ਬਰਨ ਡੇਰਾ ਢਾਹੀਆ । ਗੁਰਮੁਖ ਆਤਮ ਰਹੇ ਕੋਈ ਨਾ ਸੋਤੀ, ਸ਼ਬਦ ਇਸ਼ਾਰੇ ਨਾਲ ਉਠਾਈਆ । ਨਾਮ ਨਿਧਾਨ ਸੁਣਾ ਕੇ ਧੁਰ ਸਲੋਕੀ, ਸੁਲਹਕੁਲ ਦਿਆਂ ਮਿਲਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਸੂਫ਼ੀ ਸੰਤ ਫ਼ਕੀਰ ਮਾਣਕ ਮੋਤੀ, ਅਨਮੁਲੜਾ ਲਾਲ ਆਪਣੀ ਝੋਲੀ ਪਾਈਆ । ਜਿਸ ਦੀ ਸ਼ਹਾਦਤ ਦਿਵਸ ਰੈਣ ਦੇਵੇ ਰਵਦਾਸ ਚਮਿਆਰਾ ਮੋਚੀ, ਮੌਜੂਦਾ ਹੋ ਕੇ ਆਪਣੀ ਕਾਰ ਕਮਾਈਆ । ਸਾਹਿਬ ਸਮਰਥ ਉਨ੍ਹਾਂ ਬਣਿਆ ਖੋਜੀ, ਜਿਨ੍ਹਾਂ ਦਾ ਮਾਲਕ ਇਕੋ ਚੋਜੀ, ਪ੍ਰੀਤਮ ਮਿਲ ਕੇ ਵੱਜੇ ਵਧਾਈਆ । ਹਉਮੇ ਦਾ ਰਹੇ ਕੋਈ ਨਾ ਰੋਗੀ, ਚਿੰਤਾ ਗ਼ਮ ਰਹੇ ਨਾ ਸੋਗੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਧੁਰ ਸੰਜੋਗੀ, ਵਿਯੋਗ ਜਨਮ ਜਨਮ ਦਾ ਗਏ ਗਵਾਈਆ ।

★ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਸ਼ਰੀਫ਼ ਗੜ੍ਹ ਜ਼ਿਲਾ ਕਰਨਾਲ ★

ਜਨ ਭਗਤ ਕਹਿਣ ਪ੍ਰਭ ਕੂੜੀ ਕਿਰਿਆ ਕਲਜੁਗ ਮੇਟ ਦੇ ਦੁੱਖ, ਮਾਇਆ ਮਮਤਾ ਮੋਹ ਵਿਕਾਰ ਦੇ ਗਵਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਜਗਤ ਵਾਸਨਾ ਪੂਰੀ ਕਰ ਭੁੱਖ, ਤ੍ਰੈਗੁਣ ਅਤੀਤੇ ਠਾਂਡੇ ਸੀਤੇ ਆਪਣੀ ਦਇਆ ਕਮਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਨਿਰਗੁਣ ਨਿਰਵੈਰ ਆਪਣੀ ਗੋਦੀ ਚੁੱਕ, ਪਰਮ ਪੁਰਖ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਏਕਾ ਇਹਨਾਂ ਆਪਣੇ ਨਾਮ ਦੀ ਦੱਸ ਤੁਕ, ਪਾਰਬ੍ਰਹਮ ਬ੍ਰਹਮ ਮੇਲਾ ਲੈ ਮਿਲਾਈਆ । ਝਗੜਾ ਰਹੇ ਨਾ ਚਾਰ ਕੁੰਟ ਦਹਿ ਦਿਸ਼ਾ ਮਾਨਵ ਮਨੁੱਖ, ਮਾਨਸ ਆਪਣਾ ਪੜਦਾ ਦੇ ਉਠਾਈਆ । ਸਦੀ ਚੌਧਵੀਂ ਅੰਤ ਅਖ਼ੀਰ ਕਲਜੁਗ ਕੂੜੀ ਕਿਰਿਆ ਪੈਂਡਾ ਜਾਏ ਮੁਕ, ਸਤਿਜੁਗ ਸਾਚਾ ਧਰਮ ਦਰ ਦਵਾਰੇ ਲੈ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਮਰਥ ਸਵਾਮੀ ਅੰਤਰਜਾਮੀ ਦਰ ਤੇਰੇ ਆਸ ਰਖਾਈਆ । ਜਨ ਭਗਤ ਕਹਿਣ ਪ੍ਰਭ ਆਪਣੀ ਸ੍ਰਿਸ਼ਟੀ ਅੰਦਰ ਆ ਕੇ ਵੇਖ, ਕਲਜੁਗ ਕੂੜ ਰਿਹਾ ਕੁਰਲਾਈਆ । ਜੂਠ ਝੂਠ ਵਧਿਆ ਭੇਖ, ਸਤਿ ਧਰਮ ਨਿਸ਼ਾਨ ਨਾ ਕੋਈ ਝੁਲਾਈਆ । ਮਮਤਾ ਮੋਹ ਵਿਕਾਰ ਵਧਿਆ ਹੇਤ, ਗੜ੍ਹ ਹੰਕਾਰ ਨਾ ਕੋਇ ਤੁੜਾਈਆ । ਤੇਰਾ ਦਰਸ

ਕੋਈ ਪਾਏ ਨਾ ਨੇਤਨ ਨੇਤ, ਨਿਜ ਨੇਤਰ ਲੋਚਣ ਨੈਣ ਅੱਖ ਨਾ ਕੋਈ ਖੁਲ੍ਹਾਈਆ । ਜੋ ਗੁਰ ਅਵਤਾਰ ਪੈਗ਼ੰਬਰ ਸਤਿਜੁਗ ਤਰੇਤਾ ਦੁਆਪਰ ਕਲਜੁਗ ਦਿਤੇ ਭੇਜ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗਏ ਲਿਖਾਈਆ । ਤਿਨ੍ਹਾਂ ਮਿਲ ਕੇ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਤੇਰੀ ਮਾਣੇ ਕੋਈ ਨਾ ਅਗੰਮੀ ਸੇਜ, ਸਚਖੰਡ ਦਵਾਰ ਏਕੰਕਾਰ ਨਜ਼ਰ ਕਿਸੇ ਨਾ ਆਈਆ । ਕਿਰਪਾ ਨਿਧਾਨ ਹੋ ਕੇ ਵੇਖ ਲੋਕਮਾਤ ਆਪਣਾ ਦੇਸ, ਧਰਨੀ ਧਰਤ ਧਵਲ ਨੇਤਰ ਰੋ ਰੋ ਰਹੀ ਕੁਰਲਾਈਆ । ਪਿਤਾ ਪੂਤ ਨਾ ਰਿਹਾ ਹੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਦੀਨ ਦੁਨੀ ਦੀ ਸੁਣ ਪੁਕਾਰ, ਨਿਉਂ ਨਿਉਂ ਸੀਸ ਨਿਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਏ ਦੁਖਿਆਰ, ਵਿਭਚਾਰ ਕਰੇ ਲੜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕਰਨ ਹਾਹਾਕਾਰ, ਧੁਰ ਦਾ ਧਰਮ ਨਾ ਕੋਇ ਪਰਗਟਾਈਆ । ਕਾਗ਼ਜ਼ ਕਲਮ ਸ਼ਾਹੀ ਲੇਖਾ ਲਿਖ ਕੇ ਗਏ ਨਿਰਗੁਣ ਸਰਗੁਣ ਤੇਰੀ ਧਾਰ, ਬੋਧ ਅਗਾਧ ਸ਼ਬਦ ਨਾਦ ਸ਼ਨਵਾਈਆ । ਸਰਗੁਣ ਦਾ ਲਹਿਣਾ ਦੇਣਾ ਸਕੇ ਨਾ ਕੋਇ ਵਿਚਾਰ, ਬੁੱਧੀ ਬਿਬੇਕ ਨਾ ਕੋਇ ਕਰਾਈਆ । ਮਨ ਵਾਸਨਾ ਕੂੜੀ ਕਿਰਿਆ ਹਉਮੇ ਹੰਗਤਾ ਵਧਿਆ ਹੰਕਾਰ, ਭਗਤ ਪ੍ਰੇਮ ਪਾਰਬ੍ਰਹਮ ਤੇਰਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਸਚ ਦਵਾਰ ਇਕੋ ਤੇਰਾ ਨਜ਼ਰੀ ਆਈਆ । ਜਨ ਭਗਤ ਕਹਿਣ ਪ੍ਰਭ ਸਦੀ ਚੌਧਵੀਂ ਵੇਖ ਅੰਤ ਅਖ਼ੀਰ, ਆਖ਼ਰ ਤੇਰਾ ਧਿਆਨ ਲਗਾਈਆ । ਮਾਨਵ ਜਾਤੀ ਅੰਦਰੋਂ ਬਦਲ ਗਈ ਜ਼ਮੀਰ, ਜਾਹਰ ਜਹੂਰ ਤੇਰਾ ਦਰਸ ਕੋਇ ਨਾ ਪਾਈਆ । ਸ਼ਰਅ ਸ਼ਰੀਅਤ ਕਟੇ ਨਾ ਕੋਇ ਜ਼ੰਜੀਰ, ਹਿੰਦੂ ਮੁਸਲਿਮ ਸਿੱਖ ਈਸਾਈ ਝਗੜਾ ਪਿਆ ਥਾਉਂ ਥਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਝਿਰੇ ਕੋਇ ਨਾ ਨੀਰ, ਬੂੰਦ ਸਵਾਂਤੀ ਮੁਖ ਨਾ ਕੋਇ ਚੁਆਈਆ । ਹਉਮੇਂ ਹੰਗਤਾ ਸ੍ਰਿਸ਼ਟੀ ਲੱਗੀ ਪੀੜ, ਦੀਨਾਂ ਅਨਾਥਾਂ ਗ਼ਰੀਬ ਨਿਮਾਣਿਆਂ ਦਰਦ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਦਵਾਰੇ ਧੁਰ ਦਰਬਾਰੇ ਦਰ ਤੇਰੇ ਅਲਖ ਜਗਾਈਆ ।



★ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੰਤਾ ਸਿੰਘ ਦੇ ਗ੍ਰਿਹ ਪਿੰਡ ਸ਼ਰੀਫ਼ ਗੜ੍ਹ ਜ਼ਿਲਾ ਕਰਨਾਲ ★

ਪੁਰਖ ਅਕਾਲ ਕਹੇ ਜਨ ਭਗਤ ਨਾ ਕਰ ਗਿਰਿਆਜ਼ਾਰ, ਗ੍ਰਿਹ ਗ੍ਰਿਹ ਵੇਖ ਵਖਾਈਆ । ਅੰਤ ਅਖ਼ੀਰ ਬੇਨਜ਼ੀਰ ਪਾਵਾਂ ਸਾਰ, ਸਰਬ ਕਲਾ ਸਮਰਥ ਮਹਿੰਮਾ ਅਕਥ ਦਿਆਂ ਦ੍ਰਿੜਾਈਆ । ਕੂੜੀ ਕਿਰਿਆ ਰਹਿਣ ਨਾ ਦੇਵਾਂ ਵਿਚ ਸੰਸਾਰ, ਮਾਇਆ ਮਮਤਾ ਮੋਹ ਵਿਕਾਰ ਦਿਆਂ ਮਿਟਾਈਆ । ਲਹਿਣਾ ਦੇਣਾ ਪੂਰਬ ਲੇਖਾ ਚੁਕਾਵਾਂ ਗੁਰੂ ਅਵਤਾਰ ਪੈਗ਼ੰਬਰਾਂ ਕੋਲੋਂ ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਫੋਲ ਫੁਲਾਈਆ । ਕਿਉਂ ਦੀਨ ਦੁਨੀ ਦੀਨਾਂ ਮਜ਼੍ਹਬਾਂ ਵਾਲੀ ਗਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਇਸ਼ਟ ਦੇਵ ਅੰਦਰ ਮਿਲੇ ਨਾ ਮੀਤ ਮੁਰਾਰ, ਮੰਤਰ ਨਿਰੰਤਰ ਸਚ ਨਾ ਕੋਇ ਸਮਝਾਈਆ । ਸਾਚਾ ਢੋਲਾ ਬਣ ਵਿਚੋਲਾ ਸ਼ਬਦੀ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਪੁਰਖ ਅਕਾਲ ਕਹੇ ਜਨ ਭਗਤੋ ਪ੍ਰਭ ਵੇਖਣਹਾਰਾ ਲੋਕਮਾਤ, ਦੋ ਜਹਾਨਾਂ ਖੋਜ ਖੁਜਾਈਆ ।

ਅੰਤ ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸੋਹੰ ਗਾਥ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਝਗੜਾ ਰਹੇ ਨਾ ਦੀਨ ਮਜ਼੍ਹਬ ਜਾਤ ਪਾਤ, ਊਚ ਨੀਚ ਰਾਓ ਰੰਕ ਇਕੋ ਰੰਗ ਰੰਗਾਈਆ । ਸਰਬ ਜੀਆਂ ਦਾ ਸਾਂਝਾ ਦਿਸੇ ਏਕੰਕਾਰ ਇਕ ਇਕੱਲਾ ਕਮਲਾਪਾਤ, ਪਰਵਰਦਿਗਾਰ ਸਾਂਝਾ ਯਾਰ ਦੋ ਜਹਾਨਾਂ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਰਖਦੇ ਗਏ ਆਸ, ਸੋ ਸਵਾਮੀ ਅੰਤਰਜਾਮੀ ਲੱਖ ਚੁਰਾਸੀ ਵੇਖੇ ਥਾਉਂ ਥਾਈਆਂ । ਜਨ ਭਗਤਾਂ ਬੁਝਾਏ ਜਨਮ ਕਰਮ ਦੀ ਲੱਗੀ ਪਿਆਸ, ਤ੍ਰਿਸ਼ਨਾ ਤ੍ਰਿਖਾ ਤ੍ਰਿਪਤ ਵਿਚ ਬਦਲਾਈਆ । ਨਿਰਗੁਣ ਨੂਰ ਜੋਤੀ ਜਾਤਾ ਕਰ ਪਰਕਾਸ਼, ਕਲਜੁਗ ਅੰਧ ਅਗਿਆਨ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲੇਖੇ ਲਾਵੇ ਪਵਣ ਸਵਾਸ, ਸਾਹ ਸਾਹ ਜੋ ਹਰਿ ਹਰਿ ਰਹੇ ਧਿਆਈਆ । ਪੁਰਖ ਅਕਾਲ ਕਹੇ ਜਨ ਭਗਤ ਵੇਲਾ ਵਕਤ ਵੇਖ ਅੰਤ, ਅੰਤਸ਼ਕਰਨ ਪ੍ਰਭ ਸਭ ਦਾ ਵੇਖ ਵਖਾਈਆ । ਕਰੇ ਖੇਲ ਸ੍ਰੀ ਭਗਵੰਤ, ਪਾਰਬ੍ਰਹਮ ਆਪਣਾ ਹੁਕਮ ਚਲਾਈਆ । ਝਗੜਾ ਰਹੇ ਨਾ ਜੀਵ ਜੰਤ, ਮਾਨਵ ਮਾਨਵ ਆਪਣਾ ਭੇਵ ਖੁਲ੍ਹਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਦਰਸਾਈਆ । ਬੋਧ ਅਗਾਧਾ ਬਣ ਕੇ ਪੰਡਤ, ਚਾਰ ਵਰਨ ਅਠਾਰਾਂ ਬਰਨ ਦਏ ਸਮਝਾਈਆ । ਸਚ ਸਵਾਮੀ ਅੰਤਰਜਾਮੀ ਮਿਲ ਕੇ ਧੁਰ ਦਾ ਕੰਤ, ਸੁਰਤੀ ਸ਼ਬਦ ਮੇਲਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਅਛਲ ਅਛੇਦਾ ਚਾਰ ਵੇਦਾਂ ਤੋਂ ਬਾਹਰ ਦਏ ਸਮਝਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਜਨ ਭਗਤ ਤੱਕਣ ਰਾਹ, ਰਹਿਬਰ ਧੁਰ ਦਾ ਇਕੋ ਨਜ਼ਰੀ ਆਈਆ । ਸਭ ਦਾ ਲਹਿਣਾ ਦੇਣਾ ਪੂਰਬ ਲੇਖਾ ਦੇਣਾ ਚੁਕਾ, ਪੂਰਬਲਾ ਰਹਿਣ ਕੋਇ ਨਾ ਪਾਈਆ । ਕਲਜੁਗ ਅੰਦਰ ਸਤਿਜੁਗ ਸਾਚਾ ਮਾਰਗ ਦੇਣਾ ਲਾ, ਦੀਨ ਦੁਨੀ ਦੀ ਰੀਤੀ ਨੀਤੀ ਵਿਚੋਂ ਦੇਣੀ ਬਦਲਾਈਆ । ਨਾਮ ਸੰਦੇਸਾ ਧੁਰ ਫ਼ਰਮਾਨ ਇਕ ਸੁਣਾ, ਚਾਰ ਕੁੰਟ ਕਰਨੀ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਧਰਮ ਆਦੀ ਕਰਮ ਬ੍ਰਿਹਮਾਦੀ ਵਰਨ ਦੇਣਾ ਦ੍ਰਿੜਾਈਆ । ਪੁਰਖ ਅਕਾਲ ਕਹੇ ਜਨ ਭਗਤੋ ਅੰਤ ਅਖ਼ੀਰ ਸਭ ਦੀ ਸੁਣਾਂ ਪੁਕਾਰ, ਲੱਖ ਚੁਰਾਸੀ ਅੰਤਰ ਨਿਰੰਤਰ ਵੇਖ ਵਖਾਈਆ । ਜੋ ਸੰਦੇਸ਼ਾ ਦੇ ਕੇ ਗਏ ਗੁਰ ਅਵਤਾਰ, ਪੈਗ਼ੰਬਰ ਸੁਨੇਹੜਿਆਂ ਵਿਚ ਸੁਣਾਈਆ । ਸੋ ਲਹਿਣਾ ਦੇਣਾ ਪੂਰਬ ਕਰਜ਼ਾ ਦਿਆਂ ਉਤਾਰ, ਮਕਰੂਜ਼ ਹੋ ਕੇ ਆਪਣਾ ਫਰਜ਼ ਨਿਭਾਈਆ । ਕਲਜੁਗ ਭੇਖ ਕੂੜੀ ਕਿਰਿਆ ਮੇਟ ਵਿਚ ਸੰਸਾਰ, ਊਚ ਨੀਚ ਰਾਓ ਰੰਕ ਇਕੋ ਕਰੇ ਧਰਮ ਜੈਕਾਰ, ਧੁਰ ਦਰਬਾਰ ਇਕ ਵਖਾਈਆ । ਨੌਂ ਖੰਡ ਸੱਤ ਦੀਪ ਸੁਣਾ ਕੇ ਹਾਹਾਕਾਰ, ਹਉਮੇ ਹੰਗਤਾ ਗੜ੍ਹ ਦਏ ਤੁੜਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਦੱਸ ਕੇ ਸਤਿ ਜੈਕਾਰ, ਇਸ਼ਟ ਦੇਵ ਸਵਾਮੀ ਆਤਮ ਪਰਮਾਤਮ ਆਪਣਾ ਰੂਪ ਦਰਸਾਈਆ । ਜਿਸ ਦਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਲੇਖਾ ਲਿਖਣਹਾਰ, ਬੇਅੰਤ ਬੇਅੰਤ ਕਹਿ ਕੇ ਸਾਰੇ ਸੀਸ ਨਿਵਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਾਂਝਾ ਯਾਰ ਕਲ ਕਲਕੀ ਲਏ ਅਵਤਾਰ, ਨਿਹਕਲੰਕ ਆਪਣਾ ਨਾਉਂ ਡੰਕ ਦਏ ਵਜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਕਰੇ ਖਬਰਦਾਰ, ਆਲਸ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਸ੍ਰੀ ਭਗਵਾਨ ਇਕੋ ਇਕ ਸੁਣਾਈਆ । ਪੁਰਖ ਅਕਾਲ ਕਹੇ ਜਨ ਭਗਤੋ ਸ਼ਬਦੀ ਹੁਕਮ ਕਰੇ ਖ਼ਬਰਦਾਰ, ਬੇਖ਼ਬਰਾਂ ਆਪ ਸੁਣਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰ, ਉਜਾਲਾ ਕਰੇ ਸਰਬ ਲੋਕਾਈਆ । ਭਗਤ ਵਛਲ ਬਣ ਖ਼ਿਦਮਤਗਾਰ, ਖ਼ਾਦਮ ਹੋ ਕੇ ਆਪਣੀ ਸੇਵ ਕਮਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਉਠਾਲ, ਗੁਰ ਸ਼ਬਦੀ ਮੇਲਾ ਧੁਰਦਰਗਾਹੀਆ । ਕਲਜੁਗ ਅੰਦਰ ਸਤਿਜੁਗ ਦੇਵੇ ਅਵੱਲੜੀ ਚਾਲ, ਜਗਤ ਬੁੱਧੀ ਸਮਝ ਕੋਇ ਨਾ ਪਾਈਆ । ਲੇਖਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਰਾਓ ਰੰਕ ਇਕੋ ਘਰ ਬਹਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਧਰਮ ਦਵਾਰਾ ਵਖਾ ਕੇ ਸੱਚੀ ਧਰਮਸਾਲ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਲਹਿਣਾ ਦੇਣਾ ਦਏ ਮੁਕਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਗ੍ਰਿਹਿ ਭੀਤਰ ਕਾਇਆ ਮੰਦਰ ਤੋੜ ਕੇ ਜੰਦਰ ਨਿਜ ਆਤਮ ਪਰਮਾਤਮ ਹੋ ਕੇ ਮਿਲੇ ਆਣ, ਪਵਣ ਸਵਾਸੀ ਮੰਡਲ ਰਾਸੀ ਖੇਲ ਪੁਰਖ ਅਬਿਨਾਸ਼ੀ ਮੇਟੇ ਪਿਛਲੀ ਵਾਟੀ, ਘਾਟੀ ਅਗਲੀ ਮੰਜ਼ਲ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰ ਨਿਰਮਲ ਜੋਤ ਬਿਨ ਵਰਨ ਗੋਤ ਜਗਾ ਕੇ ਕਮਲਾਪਾਤੀ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ ।



### ★ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੰਤਾ ਸਿੰਘ ਦੇ ਗ੍ਰਿਹਿ ਪਿੰਡ ਮੁਗ਼ਲ ਮਾਜਰਾ ★

ਜਨ ਭਗਤ ਕਹਿਣ ਪ੍ਰਭ ਮੇਟ ਕੂੜੀ ਸ਼ਾਹੀ, ਕਲਜੁਗ ਕਿਰਿਆ ਦੇ ਖਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਲਾ ਦੇ ਸੁਹਾਈ, ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਧਿਆਨ ਲਗਾਈਆ । ਸਾਚੇ ਸੰਤ ਕਹਿਣ ਦੀਨ ਦਿਆਲ ਹੋ ਸਹਾਈ, ਸਮਰਥ ਸਵਾਮੀ ਅੰਤਰਜਾਮੀ ਤੇਰੀ ਓਟ ਤਕਾਈਆ । ਗੁਰਮੁਖ ਕਹਿਣ ਗੁਰ ਸ਼ਬਦ ਸਤਿਗੁਰ ਦੇ ਗਵਾਹੀ, ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਦਇਆ ਦੇ ਕਮਾਈਆ । ਗੁਰਸਿਖ ਕਹਿਣ ਗੋਬਿੰਦ ਸੂਰੇ ਤੇਰੀ ਆਸ ਤਕਾਈ, ਚਾਰ ਵਰਨ ਅਠਾਰਾਂ ਬਰਨ ਡੇਰਾ (ਦੇ) ਢਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਧੁਰ ਦੀ ਜੋਤ ਕਰ ਰੁਸ਼ਨਾਈ, ਅੰਧ ਅਗਿਆਨ ਦੇ ਮਿਟਾਈਆ । ਸਾਚਾ ਨਾਮ ਸ਼ਬਦ ਧੁਨ ਉਪਜੇ ਸ਼ਨਵਾਈ, ਅਨਹਦ ਅਨਾਦੀ ਆਪਣਾ ਰਾਗ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਅਠਾਰਾਂ ਬਰਨ ਦਏ ਦੁਹਾਈ, ਸਾਂਤਕ ਸਤਿ ਬ੍ਰਹਮ ਮਤ ਪਾਰਬ੍ਰਹਮ ਪਤਿਪਰਮੇਸ਼ਵਰ ਕਾਇਆ ਮਾਟੀ ਅੰਦਰ ਨਜ਼ਰ ਕਿਸੇ ਨਾ ਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜਨ ਭਗਤ ਸਹਿ ਨਾ ਸਕਣ ਜੁਦਾਈ, ਨਿਜ ਨੇਤਰ ਲੋਚਨ ਨੈਣ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦੀਨ ਦਿਆਲ ਮਿਹਰ ਨਜ਼ਰ ਨੈਣ ਉਠਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਕੂੜੀ ਕਿਰਿਆ ਸ਼ੌਹ ਦਰਿਆ ਦੇ ਰੋੜ੍ਹ, ਸਤਿਜੁਗ ਸਾਚਾ ਮਾਤ ਦੇ ਉਪਜਾਈਆ । ਸੁਰਤੀ ਸ਼ਬਦੀ ਅੰਤਰ ਨਿਰੰਤਰ ਕਰ ਜੋੜ, ਮਨ ਵਾਸਨਾ ਮੋਹ ਵਿਕਾਰ ਡੇਰਾ ਢਾਹੀਆ । ਕਰ ਪਰਕਾਸ਼ ਅੰਧੇਰੇ ਘੋਰ, ਦੀਵਾ ਬਾਤੀ ਕਮਲਾਪਾਤੀ ਇਕੋ ਦੇ ਟਿਕਾਈਆ । ਝਗੜਾ ਰਹੇ ਨਾ ਕਾਮ ਕਰੋਧ ਲੋਭ ਮੋਹ ਹੰਕਾਰ ਮਨ ਵਾਸਨਾ ਚੋਰ,

ਮਾਇਆ ਮਮਤਾ ਹਉਮੇ ਹੰਗਤਾ ਕੂੜਾ ਗੜ੍ਹ ਦੇ ਤੁੜਾਈਆ । ਸਾਹਿਬ ਸਤਿਗੁਰ ਪੁਰਖ ਅਕਾਲੇ ਦੀਨ ਦਿਆਲੇ ਤੇਰੀ ਪ੍ਰੀਤੀ ਲੱਗੀ ਨਿਭੇ ਤੋੜ, ਮੰਝਧਾਰ ਅਧਵਿਚਕਾਰ ਵਿਚ ਸੰਸਾਰ ਨਾ ਕੋਇ ਤੁੜਾਈਆ । ਏਥੇ ਓਥੇ ਦੋ ਜਹਾਨਾਂ ਤੇਰੇ ਹੱਥ ਵਿਚ ਡੋਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਪੈਂਡਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਾਜਣ ਮੀਤ ਮੁਰਾਰ, ਇਕ ਇਕੱਲੇ ਏਕੰਕਾਰ, ਅਕਲ ਕਲਧਾਰੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਕੂੜਾ ਮੇਟ ਪਸਾਰਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਤੇਰਾ ਏਕਾ ਨਾਮ ਨੂਰ ਹੋਵੇ ਉਜਿਆਰਾ, ਚਾਰ ਵਰਨ ਅਠਾਰਾਂ ਬਰਨ ਖ਼ੁਸ਼ੀ ਮਨਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਨਾਮ ਦਾ ਇਕੋ ਹੋਵੇ ਜੈਕਾਰਾ, ਹਿੰਦੂ ਮੁਸਲਿਮ ਸਿੱਖ ਈਸਾਈ ਤੇਰਾ ਨਾਮ ਧਿਆਈਆ । ਦੀਨ ਮਜ਼੍ਹਬ ਜਾਤ ਪਾਤ ਝਗੜਾ ਰਹੇ ਨਾ ਜੀਵ ਗਵਾਰਾ, ਬੁੱਧ ਬਿਬੇਕ ਸ਼ਬਦ ਟੇਕ ਦੇ ਕਰਾਈਆ । ਮਾਨਸ ਜਨਮ ਮਾਨੁਖ ਜਾਤੀ ਮਨੁੱਖਤਾ ਵਿਚ ਜਾਏ ਸਵਾਰਾ, ਸਵਾਰਥ ਪਰਮਾਰਥ ਆਪਣਾ ਨਾਮ ਦੇ ਦ੍ਰਿੜਾਈਆ । ਦੀਨ ਦੁਨੀ ਅੰਤਰ ਨਿਰੰਤਰ ਕਾਇਆ ਮੰਦਰ ਅੰਦਰ ਮੇਟ ਧੁੰਦੂਕਾਰਾ, ਦੀਪਕ ਦੀਆ ਕਮਲਾਪਾਤੀ ਇਕ ਇਕਾਂਤੀ ਦੇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਸੁਹੇਲੇ ਸਾਜਣ ਮੀਤ ਠਾਂਡੇ ਸੀਤ ਦਰ ਤੇਰੇ ਇਕ ਅਰਜ਼ੋਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਕੂੜੀ ਕਿਰਿਆ ਅੰਤ ਅਖ਼ੀਰੀ ਕਰ ਖ਼ਤਮ, ਖ਼ਤਾ ਸਭ ਦੀ ਮੁਆਫ ਕਰਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆ ਵੇਖ ਆਪਣਾ ਪਤਣ, ਪਤਿਪਰਮੇਸ਼ਵਰ ਗੁਰ ਅਵਤਾਰ ਪੈਗ਼ੰਬਰ ਸਾਰੇ ਬੈਠੇ ਧਿਆਨ ਲਗਾਈਆ । ਅੰਤ ਅਖ਼ੀਰ ਬੇਨਜ਼ੀਰ ਚਾਰੇ ਖਾਣੀ ਚਲੇ ਕੋਈ ਨਾ ਯਤਨ, ਯਥਾਰਥ ਤੇਰਾ ਮੇਲ ਨਾ ਕੋਈ ਮਿਲਾਈਆ । ਤੇਰਾ ਨੂਰ ਜੋਤ ਪ੍ਰਕਾਸ਼ ਨੇਤਰ ਕਲਜੁਗ ਜੀਵ ਮੂਲ ਨਾ ਤੱਕਣ, ਪੁਸਤਕ ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਸਚਖੰਡ ਤੇਰੇ ਦਵਾਰੇ ਵਸਣ, ਵਾਸਤਾ ਵਾਬਸਤਾ ਹੋ ਕੇ ਤੇਰੇ ਨਾਲ ਜੁੜਾਈਆ । ਪਰਵਰਦਿਗਾਰ ਸਾਂਝੇ ਯਾਰ ਆਦਿ ਨਿਰੰਜਣ ਉਨ੍ਹਾਂ ਪਤ ਆਇਆ ਰੱਖਣ, ਰੱਖਕ ਹੋ ਕੇ ਹੋ ਸਹਾਈਆ । ਚਰਨ ਧੂੜ ਧੁਰ ਦਾ ਕਰਾ ਮਜਨ, ਮਾਟੀ ਖ਼ਾਕ ਬਿਨ ਜੋਤ ਲਲਾਟੀ ਕਰ ਰੁਸ਼ਨਾਈਆ । ਦਰਗਾਹ ਸਾਚੀ ਧਾਮ ਨਿਆਰੇ ਇਕੋ ਦੱਸੀਂ ਧੁਰ ਦਾ ਸੱਜਣ, ਦੂਜਾ ਮੀਤ ਮੁਰਾਰਾ ਨਜ਼ਰ ਕੋਇ ਨਾ ਆਈਆ । ਜਨ ਭਗਤ ਸੁਹੇਲੇ ਲੋਕਮਾਤ ਆਤਮ ਪਰਮਾਤਮ ਰਸ ਚੱਖਣ, ਹੋਕਾ ਸਚ ਸਲੋਕਾ ਤੇਰਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਾਰ ਕੁੰਟ ਦਹਿ ਦਿਸ਼ਾ ਮਾਇਆ ਮਮਤਾ ਦੇ ਗਵਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਚਾਰੋਂ ਕੁੰਟ ਪਾਇਆ ਜ਼ੋਰ, ਜੋਰੂ ਜ਼ਰ ਕਰੇ ਲੜਾਈਆ । ਮਨ ਵਾਸਨਾ ਮੇਟ ਸਕੇ ਕੋਈ ਨਾ ਸ਼ੋਰ, ਸ਼ਰਅ ਵਿਚ ਸ਼ਰੀਅਤ ਹੋਈ ਹਲਕਾਈਆ । ਪੰਜ ਵਿਕਾਰੇ ਖੇਲ ਕਰਿਆ ਅੰਧਘੋਰ, ਨਿਰਗੁਣ ਸਾਚਾ ਨੂਰ ਚੰਦ ਨਾ ਕੋਇ ਚਮਕਾਈਆ । ਬਿਨ ਤੇਰੀ ਕਿਰਪਾ ਆਤਮ ਪਰਮਾਤਮ ਸਕੇ ਕੋਈ ਨਾ ਜੋੜ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਹੱਥ ਫੜਾ ਕੇ ਗਏ ਡੋਰ, ਜੁਗ ਚੌਕੜੀ ਲੋਕਮਾਤ ਸੇਵ ਕਮਾਈਆ । ਤੂੰ ਕਲਜੁਗ ਅੰਤ ਸ੍ਰੀ ਭਗਵੰਤ ਨਿਗਾਹਵਾਨ ਹੋ ਕੇ ਕਰ ਗ਼ੌਰ, ਗਹਿਰ ਗੰਭੀਰ ਬੇਨਜ਼ੀਰ ਨੌਂ ਖੰਡ ਪ੍ਰਿਥਮੀ ਸੱਤ ਦੀਪ ਸ੍ਰਿਸ਼ਟੀ ਦ੍ਰਿਸ਼ਟੀ ਵੇਖ ਵਖਾਈਆ । ਠਾਂਡੇ ਦਰ ਧੁਰ ਦਰਬਾਰ ਤੇਰੀ ਸਾਚੀ ਲੋੜ, ਲੋੜੀਂਦੇ ਸਾਜਣ ਆਪਣਾ ਮੇਲਾ ਲੈਣਾ ਮਿਲਾਈਆ ।

੬੦੨
੨੦

ਨਿਰਗੁਣ ਧਾਰੋਂ ਨਿਰੰਕਾਰ ਨਿਰਵੈਰ ਹੋ ਕੇ ਬਹੁੜ, ਬਹੁੜੀ ਬਹੁੜੀ ਕਰ ਕੇ ਗੁਰਮੁਖ ਸੰਤ ਸੁਹੇਲੇ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤਰ ਧੁਰ ਦਾ ਫੁਰਨਾ ਫੁਰੇ ਫੇਰ, ਮਨ ਵਾਸਨਾ ਚਾਰ ਕੁੰਟ ਦਹਿ ਦਿਸ਼ਾ ਨਾ ਉਠ ਉਠ ਧਾਈਆ ।

### ★ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਆਸਾ ਸਿੰਘ ਦੇ ਗ੍ਰਿਹਿ ਪਿੰਡ ਕਲਸਾਣੀ ਜ਼ਿਲਾ ਕਰਨਾਲ ★

ਸਤਿਗੁਰ ਸ਼ਬਦ ਨਾਮ ਪ੍ਰੀਤੀ ਦੇਵੇ ਗੱਫਾ, ਅਨਮੁੱਲੀ ਦਾਤ ਵਸਤ ਅਮੋਲਕ ਕਾਇਆ ਝੋਲੀ ਅੰਦਰ ਟਿਕਾਈਆ । ਬਦਲਣਾ ਪਏ ਨਾ ਕੋਈ ਪੜ੍ਹ ਕੇ ਵਰਕਾ ਸਫਾ, ਮਿਹਰਵਾਨ ਮਹਿਬੂਬ ਹੋ ਕੇ ਨਾਦ ਧੁਨ ਸ਼ਬਦ ਕਰੇ ਸ਼ਨਵਾਈਆ । ਪਿਆਰ ਮੁਹੱਬਤ ਵਿਚ ਕਰ ਕੇ ਗੁਰਮੁਖ ਪੱਕਾ, ਪਾਰਬ੍ਰਹਮ ਪਤਿਪਰਮੇਸ਼ਵਰ ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਭਾਗ ਲਗਾਵੇ ਸਾਢੇ ਤਿੰਨ ਹੱਥ ਕਾਇਆ ਮਾਟੀ ਭਾਂਡਾ ਕੱਚਾ, ਕੰਚਨ ਗੜ੍ਹ ਅੰਦਰ ਵੜ ਮੰਦਰ ਚੜ੍ਹ ਸਚ ਦਵਾਰ ਦਏ ਸੁਹਾਈਆ । ਗੁਰਮੁਖਾਂ ਨਾਮ ਭੰਡਾਰਾ ਦੇ ਕੇ ਰਤੀ ਨਾਲੋਂ ਰਤਨ ਅਮੋਲਕ ਰੱਤਾ, ਰੁੱਤ ਅਗਲੀ ਦਏ ਉਪਜਾਈਆ । ਅੰਦਰ ਬਾਹਰ ਗੁਪਰ ਜਾਹਰ ਸਾਜਣ ਮੀਤ ਬਣ ਕੇ ਸਖ਼ਾ, ਸਾਹਿਬ ਸੁਹੇਲਾ ਇਕ ਅਕੇਲਾ ਆਪਣਾ ਰੰਗ ਰੰਗਾਈਆ । ਬਿਨਾ ਸਾਹਿਬ ਸਤਿਗੁਰ ਜਗਤ ਵਣਜ ਵਿਚੋਂ ਕਿਸੇ ਨਾ ਹੋਵੇ ਨਫਾ, ਕੋਟਨ ਕੋਟ ਵਪਾਰੀ ਖੁਆਰੀ ਵਿਚ ਬੈਠੇ ਰੋਵਣ ਮਾਰਨ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਗੱਫਾ ਦੇਵੇ ਧੁਰ ਦਾ ਨਾਦ, ਅਨਾਦੀ ਨਾਦ ਸੁਣਾਈਆ । ਗੁਰਮੁਖ ਸੁਰਤੀ ਜਾਏ ਜਾਗ, ਜਗ ਜੀਵਣ ਦਾਤਾ ਆਪ ਉਠਾਈਆ । ਬਿਰਹੁ ਵਿਛੋੜੇ ਦੇਵੇ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਮਨ ਮਨਕਾ ਫੇਰ ਕੇ ਕਾਇਆ ਮੰਦਰ ਅੰਦਰੋਂ ਆਪਣਾ ਵਖਾਏ ਇਕ ਤਿਆਗ, ਜੰਗਲ ਜੂਹ ਉਜਾੜ ਪਹਾੜ ਦਾ ਝਗੜਾ ਦਏ ਮੁਕਾਈਆ । ਹੰਸ ਬਣਾਏ ਫੜ ਫੜ ਕਾਗ, ਕਾਗ ਹੰਸਾ ਮਾਣਕ ਮੋਤੀ ਸੋਹੰ ਚੋਗ ਚੁਗਾਈਆ । ਰੀਤੀ ਨੀਤੀ ਅੰਦਰੋਂ ਦੂਜਾ ਬਦਲ ਦੇਵੇ ਸਮਾਜ, ਸਮਗਰੀ ਜੋਤ ਅਕਗਰੀ ਆਪਣੀ ਇਕ ਵਖਾਈਆ । ਸਤਿਗੁਰ ਪੂਰਾ ਅੰਦਰ ਵੜ ਕੇ, ਨੌ ਦਵਾਰੇ ਪਾਰ ਕਰ ਕੇ, ਈੜਾ ਪਿੰਗਲ ਸੁਖਮਨਾ ਪੈਰਾਂ ਹੇਠ ਛਡ ਕੇ, ਸ਼ਰਅ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਸਮਝਾਈਆ । ਗੱਫਾ ਕਹੇ ਮੈਂ ਸੁਣਾ ਨਾਦ ਅਗੰਮਾ ਸ਼ਬਦ, ਅਨਰਾਗੀ ਦਏ ਸੁਣਾਈਆ । ਝਗੜਾ ਰਹੇ ਨਾ ਦੀਨ ਮਜ਼੍ਹਬ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਇਕੋ ਪੁਰਖ ਅਕਾਲ ਦੀਨ ਦਿਆਲ ਆਤਮ ਪਰਮਾਤਮ ਕਰਨਾ ਸਿੱਖੇ ਅਦਬ, ਆਦਾਬ ਵਿਚ ਸਜਦਿਆਂ ਸੀਸ ਝੁਕਾਈਆ । ਸਾਹਿਬ ਸਤਿਗੁਰ ਸੂਰਾ ਹਾਜ਼ਰ ਹਜ਼ੂਰਾ ਲੇਖਾ ਜਾਣੇ ਪੂਰਬ ਅਦਮ, ਆਲਮੀਨ ਆਲਮ ਧੁਰਦਰਗਾਹੀਆ । ਕਿਰਪਾ ਨਿਧਾਨ ਹੋ ਕੇ ਅੰਤਰ ਅੰਤਰ ਕੂੜੀ ਧਾਰ ਦੇਵੇ ਬਦਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਲਿਖਾਈਆ ।

## ★ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਰੈਣ ਸਿੰਘ ਦੇ ਘਰ ਪਿੰਡ ਕਲਸਾਣੀ ਜ਼ਿਲਾ ਕਰਨਾਲ ★

ਗੱਫਾ ਕਹੇ ਮੈਂ ਸਤਿਗੁਰ ਹੱਥ, ਦੂਸਰ ਨਜ਼ਰ ਕਦੇ ਨਾ ਆਈਆ । ਸਦਾ ਦੇਵੇ ਭਗਤਾਂ ਵੱਥ, ਗੁਰਮਖਾਂ ਝੋਲੀ ਪਾਈਆ । ਜੋ ਬਿਨ ਰਸਨਾ ਲੈਣ ਚਖ, ਰਸ ਧੁਰ ਦਾ ਦਏ ਵਖਾਈਆ । ਹਕੀਕਤ ਵਿਚੋਂ ਨਜ਼ਰੀ ਆਏ ਹਕ, ਨਾਅਰਾ ਅਲੱਖ ਇਕ ਲਗਾਈਆ । ਮਨ ਵਾਸਨਾ ਕਰ ਕੇ ਵੱਖ, ਬੁੱਧ ਬਿਬੇਕ ਦਏ ਪ੍ਰਗਟਾਈਆ । ਧੁਨ ਆਤਮਕ ਰਾਗ ਸੁਣਾ ਕੇ ਅਨਹਦ, ਨਾਦੀ ਨਾਦ ਕਰੇ ਸ਼ਨਵਾਈਆ । ਨਿਰਮਲ ਜੋਤ ਪਏ ਜਗ, ਨੂਰ ਨੁਰਾਨਾ ਡਗਮਗਾਈਆ । ਤ੍ਰੈਗੁਣ ਮਾਇਆ ਮੇਟੇ ਅੱਗ, ਅਗਨੀ ਤਤ ਨਾ ਕੋਇ ਜਲਾਈਆ । ਦਰਸ ਵਖਾ ਕੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਭੇਵ ਖੁਲ੍ਹਾਈਆ । ਜਾਮ ਪਿਆ ਕੇ ਧੁਰ ਦੀ ਮਦਿ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਗ ਇਕ ਅਲਾਈਆ ।

## ★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਦੇ ਗ੍ਰਿਹ ਪਿੰਡ ਚਿਬਾਹ ਕਰਨਾਲ ★

ਅਨਹਦ ਸ਼ਬਦ ਕਹੇ ਮੇਰੀ ਆਦਿ ਜੁਗਾਦੀ ਧੁਰ ਦੀ ਧੁਨੀ, ਜਗਤ ਹੱਦ ਤੋਂ ਬਾਹਰ ਕਰਾਂ ਸ਼ਨਵਾਈਆ । ਮੇਰੀ ਆਵਾਜ਼ ਰਾਜ਼ ਅੰਦਰ ਬਿਨ ਭਗਤਾਂ ਕਿਸੇ ਨਾ ਸੁਣੀ, ਸੋ ਵਕਤ ਵੇਖ ਜਗਤ ਲੋਕਾਈਆ । ਰਸਨਾ ਨਾਲ ਗਾਉਂਦੇ ਗਏ ਗਾਵਤ ਗਾਵਤ ਗੁਣੀ, ਸਿਫ਼ਤਾਂ ਵਿਚ ਢੋਲੇ ਗਾਈਆ । ਕੋਟਾਂ ਵਿਚੋਂ ਗੁਰਮੁਖ ਸੰਤ ਸੁਹੇਲੇ ਸ਼ਬਦ ਸਤਿਗੁਰ ਲਏ ਚੁਨੀ, ਲੱਖ ਚੁਰਾਸੀ ਵਿਚੋਂ ਵੇਖ ਵਖਾਈਆ । ਜਿਸ ਖੇਲ ਨੂੰ ਸਮਝ ਸਕੇ ਨਾ ਕੋਈ ਰਿਖੀ ਮੁਨੀ, ਪੜਦਾ ਓਹਲਾ ਨਾ ਕੋਈ ਉਠਾਈਆ । ਓਹ ਸਤਿਗੁਰ ਧਾਰ ਦੀ ਸਾਚੀ ਧੁਨੀ, ਪਿਆਰ ਪਿਆਰ ਵਿਚੋਂ ਪ੍ਰਗਟਾਈਆ । ਗਾਈ ਜਾਏ ਕਦੇ ਨਾ ਬੁੱਲੀਂ, ਰਸਨਾ ਨਾਲ ਨਾ ਕੋਇ ਚਤੁਰਾਈਆ । ਸੁਣੀ ਜਾਏ ਨਾ ਸਰਵਨ ਕੰਨੀਂ, ਅਨਬੋਲਤ ਨਾਦ ਵਜਾਈਆ । ਖੇਲ ਹੋਵੇ ਕਾਇਆ ਕੁੱਲੀ, ਸਾਢੇ ਤਿੰਨ ਹੱਥ ਸੋਭਾ ਪਾਈਆ । ਇਹ ਵਸਤ ਸਦਾ ਅਨਮੁੱਲੀ, ਬਿਨ ਸਤਿਗੁਰ ਪੂਰੇ ਕਾਇਆ ਝੋਲੀ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਵ ਆਪ ਖੁਲ੍ਹਾਈਆ । ਅਨਹਦ ਸ਼ਬਦ ਅਨਾਦੀ ਧੁਰ ਦਾ, ਹਰਿ ਕਰਤਾ ਆਪ ਸੁਣਾਈਆ । ਗੁਰਮੁਖ ਮੁਰੀਦ ਹੋਵੇ ਮੁਰਦਾ, ਮਰ ਜੀਵਤ ਰੂਪ ਵਟਾਈਆ । ਰਾਗ ਸੁਣੇ ਅਗੰਮੀ ਸੁਰ ਦਾ, ਸੁਰਤੀ ਸ਼ਬਦ ਨਾਲ ਜੁੜਾਈਆ । ਇਹ ਸੰਦੇਸ਼ਾ ਗੋਬਿੰਦ ਦੱਸਿਆ ਅਨੰਦਪੁਰ ਦਾ, ਗੁਰਮੁਖਾਂ ਪੜਦਾ ਆਪ ਚੁਕਾਈਆ । ਜੋ ਸਾਹਿਬ ਸਤਿਗੁਰ ਪ੍ਰੀਤੀ ਅੰਦਰ ਜੁੜਦਾ, ਮਮਤਾ ਮੋਹ ਵਿਕਾਰ ਗਵਾਈਆ । ਉਸ ਦੇ ਅੰਤਰ ਨਿਰੰਤਰ ਸ਼ਬਦ ਅਨਾਦੀ ਫੁਰਨਾ ਫੁਰਦਾ, ਮਨੂਆ ਮਨ ਨਾ ਕੋਇ ਵਡਿਆਈਆ । ਇਹ ਲੇਖਾ ਆਦਿ ਜੁਗਾਦਿ ਸਤਿਗੁਰ ਦਾ, ਜਨ ਭਗਤਾਂ ਝੋਲੀ ਪਾਈਆ । ਜਿਨ੍ਹਾਂ ਦਾ ਲੇਖਾ ਬਣਿਆ ਧੁਰ ਦਾ, ਧੁਰ ਮਸਤਕ ਦਏ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਾਦ ਇਕ ਉਪਜਾਈਆ । ਅਨਹਦ ਸ਼ਬਦ ਸਦਾ ਵੈਰਾਗੀ, ਬਿਰਹੋਂ ਵਿਚੋਂ ਨਜ਼ਰੀ ਆਈਆ । ਜਗਤ ਵਾਸਨਾ ਰਹੇ ਤਿਆਗੀ, ਤ੍ਰੈਗੁਣ ਡੇਰਾ ਢਾਹੀਆ । ਸੁਣੇ ਅਗੰਮੀ ਆਵਾਜ਼ੀ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜਿਸ

ਨੂੰ ਗਾਏ ਕੋਇ ਨਾ ਢਾਡੀ, ਜਗਤ ਤਾਲ ਨਾ ਕੋਇ ਸ਼ਨਵਾਈਆ । ਇਹ ਖੇਲ ਸਤਿਗੁਰ ਬਾਜ਼ੀ, ਬਾਜ਼ਾਂ ਵਾਲਾ ਗੁਰਮੁਖ ਅੰਦਰ ਸਹਿਜੇ ਗਿਆ ਟਿਕਾਈਆ । ਜੋ ਗੁਰਸਿਖ ਸੱਚੇ ਸਤਿਗੁਰ ਨੂੰ ਪਿਆਰ ਨਾਲ ਕਰ ਲਏ ਰਾਜ਼ੀ, ਰਮਜ਼ ਨਾਲ ਸਮਝ ਦਏ ਬਦਲਾਈਆ । ਅਨਹਦ ਸ਼ਬਦ ਸੁਣੇ ਨਾਲ ਆਜ਼ਾਦੀ, ਬੰਧਨ ਰਹਿਣ ਕੋਇ ਨਾ ਪਾਈਆ । ਸੋ ਹੋਵੇ ਵਡ ਵਡਭਾਗੀ, ਭਾਗ ਪੂਰਬ ਲੇਖਾ ਲਹਿਣਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਨ ਅਨਹੱਦ ਨਾਦੀ ਨਾਦ ਦਰ ਆਦਿ ਜੁਗਾਦੀ, ਰਬਾਬੀ ਅਹਿਬਾਬ ਬਿਨ ਤੰਦ ਸਿਤਾਰ ਸੁਰਤੀ ਸ਼ਬਦ ਤਾਲ ਵਜਾਈਆ ।

★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਦੇ ਗ੍ਰਿਹ ਕਲੋਨੀ ਨੰਬਰ ੧ ਹਜ਼ਾਰੀ ਬਾਗ ★

ਜਨ ਭਗਤਾਂ ਲੇਖਾ ਕਰੇ ਪੂਰ, ਪੂਰਬ ਸਭ ਦਾ ਲੇਖੇ ਲਾਈਆ । ਸਚ ਦਵਾਰ ਕਰ ਮਨਜ਼ੂਰ, ਘਰ ਬਾਹਰ ਦਏ ਵਡਿਆਈਆ । ਨਾਤਾ ਰਹੇ ਨਾ ਕਿਰਿਆ ਕੂੜ, ਪਰਮਾਤਮ ਆਤਮ ਵੱਜੇ ਵਧਾਈਆ । ਜਨਮ ਜਨਮ ਦਾ ਕੱਟ ਕਸੂਰ, ਕੁਕਰਮ ਕਰਮ ਦਾ ਡੇਰਾ ਢਾਹੀਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਨਾਮ ਨਿਧਾਨਾ ਇਕ ਸੁਣਾਈਆ । ਸੋਹੰ ਸ਼ਬਦ ਸਤਿ ਸਰੂਰ, ਸੋਈ ਸੁਰਤੀ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਾਜ਼ਰ ਹਜ਼ੂਰ ਮਿਹਰ ਨਜ਼ਰ ਇਕ ਤਕਾਈਆ ।



★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਰਦਾਰਾ ਸਿੰਘ ਦੇ ਗ੍ਰਿਹ, ਪਿੰਡ ਰੌਣੀ ਜ਼ਿਲਾ ਲੁਧਿਆਣਾ ★

ਜਨ ਭਗਤਾਂ ਲਹਿਣਾ ਦੇਣਾ ਪੂਰਬ ਲੇਖੇ ਲਾਵੇ, ਲਾਗਤ ਲੱਗੇ ਕੋਇ ਨਾ ਰਾਈਆ । ਕਲਜੁਗ ਕੂੜੀ ਕਿਰਿਆ ਮੇਟੇ ਦਾਅਵੇ, ਦਾਅਵਤ ਗੁਰਮੁਖਾਂ ਘਰ ਖਾਈਆ । ਰਾਓ ਰੰਕ ਕਰ ਕੇ ਸਾਂਵੇਂ, ਗੁਰਮੁਖ ਰੰਗ ਚੜ੍ਹਾਈਆ । ਸਾਚੀ ਚਰਨ ਧੂੜੀ ਜੋ ਸੰਤ ਸੁਹੇਲਾ ਨਹਾਵੇ, ਦੁਰਮਤ ਮੈਲ ਧਵਾਈਆ । ਸਚ ਦਵਾਰ ਚਰਨ ਪ੍ਰੀਤੀ ਮੱਲ ਕੇ ਜਾਵੇ, ਸਚਖੰਡ ਸਾਚੇ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਇਕੋ ਗਾਵੇ, ਗਾ ਗਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਘਰ ਆਪ ਵਸਾਈਆ । ਜਨ ਭਗਤਾਂ ਪ੍ਰਭ ਪੂਰਬ ਦੇਵੇ ਲੇਖਾ, ਲੇਖ ਆਪਣੇ ਹੁਕਮ ਬਣਾਈਆ । ਮਿਹਰ ਕਰੇ ਬਣ ਕੇ ਧੁਰ ਦਾ ਨੇਤਾ, ਸਿਰ ਆਪਣਾ ਹੱਥ ਟਿਕਾਈਆ । ਪਿਆਰ ਦੱਸੇ ਧੁਰ ਦਾ ਹੇਤਾ, ਸਾਚਾ ਨਾਮ ਇਕ ਸਮਝਾਈਆ । ਜੁਗ ਚੌਕੜੀ ਵਿਛੜਿਆਂ ਕੀਤਾ ਚੇਤਾ, ਚੇਤਨ ਕਰ ਕੇ ਆਪਣਾ ਭੇਵ ਖੁਲ੍ਹਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਚੇ ਦੇਸਾ, ਦਿਸ਼ਾ ਧੁਰ ਦੀ ਦਏ ਸਮਝਾਈਆ । ਨਿਰਗੁਣ ਨੂਰ ਜੋਤ ਕਰ ਪਰਵੇਸ਼ਾ, ਪਰਮੇਸ਼ਵਰ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਘਰ ਆਪ ਵਸਾਈਆ । ਜਨ ਭਗਤਾਂ ਪ੍ਰਭ ਇਕੋ ਦੇਵੇ ਮਾਣ, ਵੱਡਾ ਛੋਟਾ ਰਹਿਣ ਕੋਇ ਨਾ ਪਾਈਆ । ਸਭ ਦਾ ਸਾਂਝਾ ਬਣ ਸ੍ਰੀ ਭਗਵਾਨ, ਭਾਗ ਹਿੱਸਾ ਧੁਰ ਦਾ ਆਪ ਵਰਤਾਈਆ । ਜੋ ਸਾਚਾ

ਢੋਲਾ ਧੁਰ ਦਾ ਗਾਣ, ਰਸਨਾ ਜਿਹਵਾ ਰਸ ਚਖਾਈਆ । ਧਰਨੀ ਧਰਤ ਧਰਮ ਝੁਲਾਏ ਸਚ ਨਿਸ਼ਾਨ, ਨਿਸ਼ਾਨਾ ਆਪਣਾ ਇਕ ਉਪਜਾਈਆ । ਬਿਰਹੁ ਵੈਰਾਗ ਅੰਦਰ ਦੇਵੇ ਗਿਆਨ, ਅਗਿਆਨ ਅੰਧੇਰ ਮਿਟਾਈਆ । ਸੰਤ ਸੁਹੇਲੇ ਕਰ ਪਰਵਾਨ, ਪਰਮ ਪੁਰਖ ਪ੍ਰਭ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਾਕਾ ਸਿੰਘ ਦੇ ਗ੍ਰਿਹ ਪਿੰਡ ਲਿਭੜਾ ★

ਜਨ ਭਗਤਾਂ ਦੇਵੇ ਪੂਰਬ ਧਾਰ, ਧਰਨੀ ਧਰਤ ਧੌਲ ਧਵਲ ਵਡਿਆਈਆ । ਲਹਿਣਾ ਦੇਣਾ ਵੇਖ ਸਰਬ ਸੰਸਾਰ, ਸ੍ਰਿਸ਼ਟੀ ਵਿਚੋਂ ਗੁਰਮੁਖ ਰੰਗ ਰੰਗਾਈਆ । ਮਾਨਸ ਜਨਮ ਨਾ ਆਵੇ ਹਾਰ, ਹਿਰਦੇ (ਹਰਿ) ਵਸਾਈਆ । ਨਿਰਗੁਣ ਸਰਗੁਣ ਕਰ ਪਿਆਰ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਜੋਤੀ ਜਾਤਾ ਖੋਲ੍ਹ ਕਿਵਾੜ, ਪੜਦਾ ਅੰਦਰੋਂ ਦਏ ਉਠਾਈਆ । ਸਦਾ ਸੁਹੇਲਾ ਹੋ ਕੇ ਵਸੇ ਨਾਲ, ਘਰ ਠਾਂਡੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਚੜ੍ਹਾਈਆ ।

★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਇੰਦਰ ਸਿੰਘ ਦੇ ਗ੍ਰਿਹ ਹਰਬੰਸ ਪੁਰਾ ਜ਼ਿਲਾ ਪਟਿਆਲਾ ★

ਸਾਚਾ ਰੰਗ ਚਾੜ੍ਹੇ ਅਗੰਮੀ, ਅਲਖ ਅਗੋਚਰ ਦਇਆ ਕਮਾਈਆ । ਭਾਗ ਲੱਗੇ ਕਾਇਆ ਮਾਟੀ ਚੰਮੀ, ਚਾਰ ਵਰਨ ਵੱਜੇ ਵਧਾਈਆ । ਲੇਖਾ ਮੁਕਾਵੇ ਹਰਖ ਸੋਗ ਗ਼ਮੀ, ਗ਼ਮਖ਼ਾਰ ਹੋ ਕੇ ਦਇਆ ਕਮਾਈਆ । ਅਗਲੀ ਧਾਰ ਦੱਸੇ ਨਵੀਂ, ਨਵ ਜੋਬਨ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਦਰ ਦਏ ਵਡਿਆਈਆ ।

★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਮੇਜ ਸਿੰਘ ਦੇ ਗ੍ਰਿਹ ਪਿੰਡ ਹਰਬੰਸ ਪੁਰਾ ਜ਼ਿਲਾ ਪਟਿਆਲਾ ★

ਸਾਚਾ ਦਰ ਸੁਹੰਜਣਾ, ਗੁਰਮੁਖਾਂ ਦਏ ਆਧਾਰ । ਪਰਮ ਪੁਰਖ ਆਦਿ ਨਿਰੰਜਣਾ, ਜੋਤੀ ਜਾਤਾ ਨੂਰ ਉਜਿਆਰ । ਦੀਨਾਂ ਅਨਾਥਾਂ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਕਰੇ ਪਾਰ । ਚਰਨ ਧੂੜ ਦੇ ਕੇ ਮਜਨਾ, ਦੁਰਮਤ ਮੈਲ ਦਏ ਉਤਾਰ । ਜਿਸ ਆਦਿ ਅੰਤ ਜੁਗਾ ਜੁਗੰਤ ਪੜਦਾ ਕੱਜਣਾ, ਸੋ ਸਵਾਮੀ ਵੇਖੇ ਵਿਗਸੇ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਹਰਿਜਨ ਪੈਜ ਦਏ ਸਵਾਰ ।

★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਿਹ ਪਿੰਡ ਹਰਬੰਸ ਪੁਰਾ ਜ਼ਿਲਾ ਪਟਿਆਲਾ ★

ਪੈਜ ਸਵਾਰੇ ਆਪ ਪ੍ਰਭ, ਪਾਰਬ੍ਰਹਮ ਵੱਡੀ ਵਡਿਆਈਆ । ਗੁਰਮੁਖ ਸੁਹੇਲੇ ਲੋਕਮਾਤ ਵਿਚੋਂ ਲੱਭ, ਖੋਜਤ ਖੋਜਤ ਆਪਣੇ ਰੰਗ ਰੰਗਾਈਆ । ਨਾਮ ਖ਼ੁਮਾਰੀ ਦੇ ਕੇ ਧੁਰ ਦੀ ਮਦਿ, ਮਧੁਰ ਧੁਨ ਇਕ ਸੁਣਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਮੇਟ ਕੇ ਹੱਦ, ਘਰ ਸਾਂਝਾ ਦਏ ਸਮਝਾਈਆ । ਜਿਥੇ ਬੋਧ ਅਗਾਧ ਸ਼ਬਦੀ ਵੱਜੇ ਨਦ, ਦੂਜਾ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਜਣ ਧੁਰਦਰਗਾਹੀਆ ।

★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਨਸੀਬ ਕੌਰ ਦੇ ਗ੍ਰਿਹ ਪਿੰਡ ਹਰਬੰਸ ਪੁਰਾ ਜ਼ਿਲਾ ਪਟਿਆਲਾ ★

ਹਰਿ ਸੱਜਣ ਸਾਹਿਬ ਧੁਰ ਦਾ ਮੀਤਾ, ਮਰਨ ਜੀਵਣ ਵਿਚ ਕਦੇ ਨਾ ਆਈਆ । ਜਨ ਭਗਤਾਂ ਲੇਖਾ ਦੇਵੇ ਧੁਰ ਦਾ ਕੀਤਾ, ਕਰਨੀ ਕਰਤਾ ਦਇਆ ਕਮਾਈਆ । ਝਗੜਾ ਮੁਕਾ ਕੇ ਊਚਾ ਨੀਚਾ, ਰਾਓ ਰੰਕਾਂ ਹੋਏ ਸਹਾਈਆ । ਧੁਰ ਦਵਾਰਾ ਦੱਸ ਕੇ ਅਨਡੀਠਾ, ਅਗਨੀ ਤਤ ਬੁਝਾਈਆ । ਭੇਵ ਖੁਲ੍ਹਾ ਕੇ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਪੜਦਾ ਦਏ ਉਠਾਈਆ । ਜਨ ਭਗਤਾਂ ਮਾਰਗ ਦੱਸ ਸ੍ਰਿਸ਼ਟ ਸਬਾਈ ਅਗੰਮੀ ਰੀਤਾ, ਰਹਿਬਰ ਹੋ ਕੇ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਮਾਲਕ ਇਕ ਅਖਵਾਈਆ ।

★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਅਮਰੋ ਦੇ ਗ੍ਰਿਹ ਪਿੰਡ ਹਰਬੰਸ ਪੁਰਾ ਜ਼ਿਲਾ ਪਟਿਆਲਾ ★

ਧੁਰ ਦਾ ਮਾਲਕ ਕਹੇ ਭਗਤ ਮੇਰਾ ਨੂਰ, ਨੂਰੀ ਚੰਦ ਨਜ਼ਰੀ ਆਈਆ । ਜਿਨ੍ਹਾਂ ਦਾ ਲੇਖਾ ਮਾਤ ਜ਼ਰੂਰ, ਜ਼ੱਰੇ ਜ਼ੱਰੇ ਵਿਚੋਂ ਸਮਝਾਈਆ । ਕਾਇਆ ਮਾਟੀ ਕਰ ਭਰਪੂਰ, ਭਰਮ ਭੁਲੇਖਾ ਬਾਹਰ ਕਢਾਈਆ । ਸਤਿ ਸਚ ਮਾਟੀ ਕੱਚ ਅੰਮ੍ਰਿਤ ਰਸ ਦੇਵੇ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਗੜ੍ਹ ਰਹੇ ਨਾ ਹੰਕਾਰ ਗ਼ਰੂਰ, ਗ੍ਰਿਹ ਮੰਦਰ ਅੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਪਾਰ ਕਰਾਏ ਨਾਮ ਬੇੜੇ ਚਾੜ੍ਹ ਕੇ ਆਪਣੇ ਪੂਰ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਲੇਖਾ ਦਏ ਮੁਕਾਈਆ ।

★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਿਹ ਪਿੰਡ ਰੋੜਾ ਜ਼ਿਲਾ ਪਟਿਆਲਾ ★

ਜਨ ਭਗਤ ਸਦਾ ਜਗ ਜੀਵੇ, ਜਸ ਸ਼ਬਦ ਨਾਮ ਮਿਲੇ ਵਡਿਆਈਆ । ਨਾਮ ਨਿਧਾਨ ਅਮਿਉ ਰਸ ਪੀਵੇ, ਪੀਵਤ ਜੀਵਤ ਜਗ ਤ੍ਰਿਸ਼ਨਾ

ਭੁੱਖ ਮਿਟਾਈਆ । ਹਰਿ ਸਰਨਾਈ ਸਾਚੀ ਥੀਵੇ, ਸਰਨਗਤ ਸਾਚੀ ਨਜ਼ਰੀ ਆਈਆ । ਜੁਗ ਚੌਕੜੀ ਜਨ ਭਗਤ ਪ੍ਰਭੂ ਦੇ ਦੀਵੇ, ਪਰਕਾਸ਼ ਕਰੇ ਦੀਨ ਦੁਨੀ ਲੋਕਾਈਆ । ਸਾਚੀ ਮਸਤੀ ਅੰਦਰ ਰਹਿਣ ਖੀਵੇ, ਖੇਵਟ ਖੇਟਾ ਹੋ ਕੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਜਨ ਭਗਤ ਪ੍ਰਭੂ ਦਾ ਨਿਸ਼ਾਨਾ ਸੱਚਾ, ਸਚ ਭਗਤਾਂ ਵਿਚ ਸਮਾਈਆ । ਭਾਗ ਲਗਾਵੇ ਕਾਇਆ ਮਾਟੀ ਕੱਚਾ, ਕੱਚੇ ਪੱਕੇ ਦਏ ਬਣਾਈਆ । ਨਾਮ ਭੰਡਾਰਾ ਦੇ ਕੇ ਵੱਥਾ, ਵਸਤੂ ਆਪਣੀ ਇਕ ਵਰਤਾਈਆ । ਭੇਵ ਖੋਲ੍ਹ ਕੇ ਯੋਗ ਯਥਾ, ਯਥਾਰਥ ਆਪਣੇ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਦੱਸ ਕੇ ਕਥਾ, ਕਥਨੀ ਦਾ ਲੇਖਾ ਦਏ ਚੁਕਾਈਆ । ਮੇਲ ਮਿਲਾ ਕੇ ਪੁਰਖ ਸਮਰਥਾ, ਸਚ ਦਵਾਰ ਆਪ ਸੁਹਾਈਆ । ਜਨ ਭਗਤ ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਫਿਰੇ ਨਾ ਨੱਠਾ, ਕੂੜੀ ਕਿਰਿਆ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਬਣਾਏ ਆਪਣਾ ਬੱਚਾ, ਪੂਤ ਸਪੂਤਾ ਆਪਣੇ ਘਰ ਵਸਾਈਆ ।


੬੦੮
੨੦

★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਦੇ ਗ੍ਰਿਹ ਪਿੰਡ ਬਰਕਤ ਪੁਰਾ ਜ਼ਿਲਾ ਪਟਿਆਲਾ ★

ਜਨ ਭਗਤਾਂ ਪ੍ਰਭ ਬਦਲ ਦੇਵੇ ਜਨਮ, ਮਿਹਰ ਨਜ਼ਰ ਇਕ ਉਠਾਈਆ । ਲੇਖਾ ਰਹੇ ਨਾ ਕੋਇ ਕਾਂਡ ਕਰਮ, ਕੂੜੀ ਕਿਰਿਆ ਡੇਰਾ ਢਾਹੀਆ । ਪ੍ਰਭ ਪ੍ਰੀਤੀ ਦੱਸੇ ਸਾਚਾ ਧਰਮ, ਵਰਨ ਬਰਨ ਜਾਤ ਪਾਤ ਪੰਧ ਮੁਕਾਈਆ । ਅਬਿਨਾਸ਼ੀ ਕਰਤਾ ਧੁਰ ਦੀ ਸਰਨ, ਸਿਰ ਆਪਣਾ ਹੱਥ ਰਖਾਈਆ । ਸਾਚੀ ਸਿਖਿਆ ਧੁਰ ਦਾ ਨਾਮ ਦੇਵੇ ਪੜ੍ਹਨ, ਸੋਹਲਾ ਢੋਲਾ ਇਕੋ ਇਕ ਸੁਣਾਈਆ । ਸੋ ਗੁਰਮੁਖ ਸੱਜਣ ਸੰਤ ਸੁਹੇਲੇ ਧੁਰ ਦੀ ਮੰਜ਼ਲ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਨਿਰਗੁਣ ਨਿਰਵੈਰ ਨਿਰਾਕਾਰ ਪੁਰਖ ਅਕਾਲ ਦਰਸ਼ਨ ਕਰਨ, ਜੋਤੀ ਜਾਤਾ ਵੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਦਰ ਵਡਿਆਈਆ । ਜਨ ਭਗਤ ਪ੍ਰਭ ਦਾ ਆਦਿ ਜੁਗਾਦਿ ਸੰਗੀ, ਜੁਗ ਜੁਗ ਲੋਕਮਾਤ ਮਿਲੇ ਵਡਿਆਈਆ । ਮੰਜ਼ਲ ਹਕੀਕੀ ਜਾਏ ਲੰਘੀ, ਕੂੜ ਦਵਾਰੇ ਡੇਰਾ ਢਾਹੀਆ । ਮਨੂਆ ਝਗੜਾ ਕਰੇ ਨਾ ਕੋਇ ਫ਼ਰੰਗੀ, ਸਾਂਤਕ ਸਤਿ ਦਏ ਕਰਾਈਆ । ਨੇਤਰ ਅੱਖ ਰਹੇ ਨਾ ਅੰਧੀ, ਦਿਬ ਲੋਚਨ ਦਏ ਖੁਲ੍ਹਾਈਆ । ਰਸ ਦੇ ਕੇ ਪਰਮਾਨੰਦੀ, ਸੁਖ ਆਤਮ ਪਰਮਾਤਮ ਪਰਗਟਾਈਆ । ਆਵਣ ਜਾਵਣ ਲੱਖ ਚੁਰਾਸੀ ਰਹੇ ਨਾ ਕੋਇ ਪਾਬੰਦੀ, ਰਾਏ ਧਰਮ ਨਾ ਦਏ ਸਜ਼ਾਈਆ । ਕਾਇਆ ਮਾਟੀ ਸਦਾ ਰੱਖੇ ਠੰਡੀ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਸਨਬੰਧੀ ਇਕੋ ਨਜ਼ਰੀ ਆਈਆ । ਜਨ ਭਗਤ ਸਦ ਪ੍ਰਭ ਦਾ ਰਹੇ ਸੇਵਾਦਾਰ, ਸਿਰ ਸਿਰ ਸੇਵ ਕਮਾਈਆ । ਬਣਿਆ ਰਹੇ ਬਰਖ਼ੁਰਦਾਰ, ਬਾਲਾ ਨੱਢਾ ਰੂਪ ਵਟਾਈਆ । ਅੰਮ੍ਰਿਤ ਰਸ ਪੀਂਦਾ ਰਹੇ ਅਪਰ ਅਪਾਰ, ਨਿਝਰ ਝਿਰਨਾ ਬੂੰਦ ਸਵਾਂਤੀ ਇਕ ਟਪਕਾਈਆ । ਗਾਉਂਦਾ ਰਹੇ ਤੂੰ ਮੇਰਾ ਮੈਂ ਤੇਰਾ ਜੈਕਾਰ, ਵੱਜਦੀ ਰਹੇ ਵਧਾਈਆ । ਸਾਚੀ ਮੰਜਲ ਚੜ੍ਹ ਕੇ ਵੇਖੇ ਅਗੰਮ ਅਪਾਰ, ਅਲਖ ਅਗੋਚਰ ਇਕੋ ਨਜ਼ਰੀ ਆਈਆ । ਜਿਸ ਦੀ ਸਿਫਤ ਕਰਦੇ ਰਹੇ ਗੁਰੂ

ਅਵਤਾਰ, ਪੈਗ਼ੰਬਰ ਢੋਲਿਆਂ ਵਿਚ ਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦਾ ਕਰਦੇ ਰਹੇ ਇਜ਼ਹਾਰ, ਸੋ ਸਵਾਮੀ ਅੰਤਰਜਾਮੀ ਜਨ ਭਗਤਾਂ ਕਾਇਆ ਮੰਦਰ ਦਏ ਸੁਹਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰ, ਅੰਧ ਅਗਿਆਨ ਦਏ ਗਵਾਈਆ । ਸਚ ਦਵਾਰੇ ਕਰ ਪਿਆਰ, ਸਚਖੰਡ ਏਕੰਕਾਰਾ ਇਕੋ ਦਏ ਵਖਾਈਆ । ਸ਼ਬਦ ਅਗੰਮੀ ਅਨਹਦ ਨਾਦੀ ਧੁਨ ਦੇਵੇ ਜੈਕਾਰ, ਜਗਤ ਰਾਗ ਨਾ ਕੋਇ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਉਪਰ ਹੋਏ ਆਪ ਦਿਆਲ, ਦੀਨਨ ਆਪਣੇ ਰੰਗ ਰੰਗਾਈਆ । ਜਨ ਭਗਤਾਂ ਪ੍ਰਭ ਸਦਾ ਸੁਹਾਏ ਰੁੱਤ, ਪੱਤ ਟਹਿਣੀ ਆਪ ਮਹਿਕਾਈਆ । ਧਰਮ ਦਵਾਰ ਬਣਾ ਕੇ ਸੁਤ, ਅਪਰਾਧਾਂ ਵਿਚੋਂ ਬਾਹਰ ਕਢਾਈਆ । ਉਲਟਾ ਹੋਣ ਨਾ ਦੇਵੇ ਗਰਭ ਰੁੱਖ, ਨੌਂ ਦਸ ਅਗਨ ਨਾ ਕੋਇ ਤਪਾਈਆ । ਲੇਖੇ ਲਾਏ ਜਾਮਾ ਮਾਨਸ ਮਨੁੱਖ, ਲੱਖ ਚੁਰਾਸੀ ਪੰਧ ਮੁਕਾਈਆ । ਜਨਮ ਕਰਮ ਦਾ ਰਹਿਣ ਨਾ ਦੇਵੇ ਦੁੱਖ, ਦੁਖੀਆਂ ਆਪਣਾ ਦਰਦ ਵੰਡਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਿਝਰ ਧਾਰਾ ਸਾਚਾ ਦੇਵੇ ਸੁਖ, ਸੁਖ ਸਾਗਰ ਵਿਚ ਸਮਾਈਆ । ਉਜਲ ਕਰੇ ਤਤ ਵਜੂਦ ਮਾਤ ਮੁਖ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਬਿਨਾਸ਼ੀ ਅਚੁਤ, ਚਾਰ ਜੁਗ ਜਨ ਭਗਤ ਸੁਹੇਲੇ ਆਪਣੀ ਗੋਦੀ ਚੁੱਕ, ਸੁਖ ਧੁਰ ਦਾ ਇਕ ਵਖਾਈਆ ।





★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਮੇਵਾ ਸਿੰਘ ਦੇ ਗ੍ਰਿਹਿ ਪਿੰਡ ਕਲੌਂਦੀ ਜ਼ਿਲਾ ਅੰਬਾਲਾ ★

੨੦

ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤ ਮਿਲਦੇ ਸ੍ਰੀ ਭਗਵਾਨ, ਦੂਜਾ ਸੰਗ ਨਾ ਕੋਇ ਬਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਿਖ ਕੇ ਸਚ ਗਿਆਨ, ਅਗਿਆਨ ਅੰਧੇਰਾ ਅੰਦਰੋਂ ਦੇਣ ਕਢਾਈਆ । ਸਤਿ ਧਰਮ ਦਾ ਸਚਖੰਡ ਦਵਾਰੇ ਝੁਲਦਾ ਵੇਖਣ ਨਿਸ਼ਾਨ, ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਡੇਰਾ ਢਾਹੀਆ । ਖ਼ੁਸ਼ੀਆਂ ਵਿਚ ਸਦਾ ਗਾਉਂਦੇ ਰਹਿਣ ਗਾਣ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਸਵੱਛ ਸਰੂਪ ਸ਼ਾਹੋ ਭੂਪ ਘਰ ਸਵਾਮੀ ਦਰਸ਼ਨ ਪਾਣ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਖੋਜਣ ਕੋਇ ਨਾ ਜਾਈਆ । ਅੰਮ੍ਰਿਤ ਰਸ ਕਾਇਆ ਮੰਦਰ ਅੰਦਰ ਮਿਲੇ ਪੀਣ ਖਾਣ, ਮਨ ਵਾਸਨਾ ਮੋਹ ਵਿਕਾਰ ਹੰਕਾਰ ਤ੍ਰਿਸ਼ਨਾ ਦਏ ਬੁਝਾਈਆ । ਆਵਣ ਜਾਵਣ ਲੱਖ ਚੁਰਾਸੀ ਝਗੜਾ ਮੁੱਕੇ ਜ਼ਿਮੀਂ ਅਸਮਾਨ, ਪਾਰਬ੍ਰਹਮ ਪਤਿ ਪਰਮੇਸ਼ਵਰ ਜੋਤੀ ਜੋਤ ਜੋਤ ਸਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸੰਤ ਸੁਹੇਲੇ ਗੁਰਮੁਖ ਸੱਜਣ ਵੇਖੇ ਆਣ, ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਫੇਰਾ ਪਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਸ਼ਬਦੀ ਦੇ ਕੇ ਗਏ ਬਿਆਨ, ਧੁਰ ਫ਼ਰਮਾਨਾ ਭਵਿਖਤਾਂ ਵਿਚ ਦ੍ਰਿੜਾਈਆ । ਸੋ ਲਹਿਣਾ ਦੇਣਾ ਲੇਖਾ ਚੁਕਾਵੇ ਵਿਚ ਜਗਤ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਦਰਗਾਹ ਸਾਚੀ ਧਾਮ ਨਿਆਰੇ ਸਚਖੰਡ ਦੇਵੇ ਮਾਣ, ਕੂੜ ਅਭਿਮਾਨ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿਜਨ ਆਪਣੇ ਘਰ ਵਸਾਈਆ । ਆਦਿ ਜੁਗਾਦਿ ਜੁਗ ਚੌਕੜੀ ਭਗਤ ਭਗਵਾਨ ਵਸਦੇ ਰਹਿਣ ਇਕੋ ਗ੍ਰਿਹਿ, ਸਚ ਦਵਾਰ ਸੋਭਾ ਪਾਈਆ ।

ਧੁਨ ਨਾਦ ਅਗੰਮੀ ਆਵਾਜ਼ ਇਕੋ ਕਹੇ, ਸੋਹੰ ਢੋਲਾ ਸਾਚਾ ਗਾਈਆ । ਕੂੜੀ ਕਿਰਿਆ ਮਮਤਾ ਮੋਹ ਵਿਕਾਰ ਕਰ ਕੇ ਲੈ, ਸਤਿ ਸਚ ਧਰਮ ਇਕ ਉਪਜਾਈਆ । ਕਰੇ ਪਰਕਾਸ਼ ਸ਼ਕਤੀ ਸ਼ਵੈ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਝਗੜਾ ਮੇਟੇ ਦਵੈਤੀ ਦਵੈ, ਮਮਤਾ ਮੋਹ ਵਿਕਾਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਦਰ ਰਖਾਈਆ । ਭਗਤ ਭਗਵਾਨ ਨਿਰਗੁਣ ਸਰਗੁਣ ਧਾਰ ਰਹਿਣ ਵਸਦੇ, ਵਸਲ ਅਸਲ ਦੇਵੇ ਯਾਰ ਖ਼ੁਦਾਈਆ । ਨਾਮ ਭੰਡਾਰੇ ਮਿਲਣ ਰਸ ਦੇ, ਰਸ ਧੁਰ ਦਾ ਇਕ ਚਵਾਈਆ । ਸ਼ਬਦੀ ਗੀਤ ਢੋਲੇ ਗਾਉਂਦੇ ਰਹਿਣ ਜਸ ਦੇ, ਸੋਹੰ ਰਾਗ ਅਗੰਮ ਅਥਾਹੀਆ । ਖੇਲ ਵੇਖਦੇ ਰਹਿਣ ਪਰਮ ਪੁਰਖ ਸਮਰਥ ਦੇ, ਪਤਿਪਰਮੇਸ਼ਵਰ ਆਪਣਾ ਪੜਦਾ ਦਏ ਉਠਾਈਆ । ਸਚ ਪ੍ਰੀਤੀ ਅੰਦਰ ਰਹਿਣ ਹੱਸਦੇ, ਹਸਤੀ ਵਿਚੋਂ ਹਸਤੀ ਲੈਣ ਬਦਲਾਈਆ । ਤੱਕ ਪਰਕਾਸ਼ ਨਿਜ ਨੇਤਰ ਲੋਚਨ ਨੈਣ ਅੱਖ ਦੇ, ਆਖ਼ਰ ਮੰਜ਼ਲ ਚੜ੍ਹ ਕੇ ਪ੍ਰਭ ਦਾ ਦਰਸ਼ਨ ਪਾਈਆ । ਵਣਜਾਰੇ ਬਣੇ ਰਹਿਣ ਸਾਚੇ ਹੱਟ ਦੇ, ਜਿਸ ਗ੍ਰਿਹ ਇਕੋ ਨਾਮ ਖ਼ਜ਼ਾਨਾ ਰਿਹਾ ਵਰਤਾਈਆ । ਜਨ ਭਗਤਾਂ ਮਜ਼ੇ ਮੁਕ ਜਾਣ ਤੀਰਥ ਅੱਠ ਸੱਠ ਦੇ, ਅੰਮ੍ਰਿਤ ਆਤਮ ਸਚ ਸਰੋਵਰ ਇਕ ਇਸ਼ਨਾਨ ਕਰਾਈਆ । ਪੈਂਡੇ ਰਹਿਣ ਨਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦੇ, ਕਾਇਆ ਕਾਅਬਾ ਕੁਦਰਤ ਦਾ ਮਾਲਕ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੀ ਗੋਦ ਉਠਾਈਆ । ਭਗਤ ਭਗਵਾਨ ਕਲਜੁਗ ਅੰਤ ਅਖ਼ੀਰ ਰਾਹ ਰਹੇ ਤੱਕ, ਵੇਲਾ ਵਕਤ ਦਏ ਗਵਾਹੀਆ । ਸਦੀ ਚੌਧਵੀਂ ਗਈ ਥੱਕ, ਮੁਹੰਮਦ ਰੋ ਕੇ ਮਾਰੇ ਧਾਹੀਆ । ਗੁਰ ਅਵਤਾਰ ਪੈਗ਼ੰਬਰ ਉਚੀ ਕੂਕ ਦੱਸਣ ਸਚ, ਸਚਖੰਡ ਦਵਾਰੇ ਹਾਲ ਹਾਲ ਕਰ ਸੁਣਾਈਆ । ਕਿਰਪਾ ਕਰ ਪੁਰਖ ਸਮਰਥ, ਮਿਹਰਵਾਨ ਮਹਿਬੂਬ ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵਿਚੋਂ ਜੁਗ ਜਨਮ ਦੇ ਵਿਛੜੇ ਜਨ ਭਗਤ ਸੁਹੇਲੇ ਰੱਖ, ਰੱਖਿਆ ਕਰੇ ਥਾਉਂ ਥਾਈਂਆ । ਜੋ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਰਹੇ ਜਪ, ਤਿਨ੍ਹਾਂ ਜਨਮ ਮਰਨ ਆਪਣੇ ਲੇਖੇ ਪਾਈਆ । ਝਗੜਾ ਰਹੇ ਨਾ ਦੀਨ ਮਜ਼ਬ ਜਾਤ ਪਾਤ ਕੂੜੀ ਕਿਰਿਆ ਕਰਨੀ ਵੱਖ, ਮਾਇਆ ਮਮਤਾ ਮੋਹ ਅੰਦਰੋਂ ਦੇਣਾ ਕਢਾਈਆ । ਸਚ ਦਵਾਰ ਏਕੰਕਾਰ ਨਿਰਗੁਣ ਧਾਰ ਜੋਤ ਸਰੂਪ ਸ਼ਾਹੋ ਭੂਪ ਤੇਰੇ ਚਰਨ ਕਵਲ ਜਾਣ ਢੱਠ, ਬਾਹੋਂ ਫੜ ਅੰਦਰ ਵੜ ਮੰਜ਼ਲ ਚੜ੍ਹ ਸਚ ਦਵਾਰ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰੀ ਮਹਿੰਮਾ ਸਦਾ ਅਕਥ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਅਭੇਦਾ ਕਹਿਣ ਕੋਇ ਨਾ ਪਾਈਆ ।



★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਪੰਜਾਬ ਕੌਰ ਦੇ ਗ੍ਰਿਹ ਪਿੰਡ ਕਲੌਂਦੀ ਜ਼ਿਲਾ ਅੰਬਾਲਾ ★

ਜਨ ਭਗਤ ਪੁਰਖ ਅਕਾਲ ਦਾ ਇਕੋ ਜਾਪ, ਜੋ ਆਦਿ ਜੁਗਾਦਿ ਜੁਗ ਚੌਕੜੀ ਸਕੇ ਨਾ ਕੋਇ ਬਦਲਾਈਆ । ਅੰਤਰ ਆਤਮ ਦੇਵੇ ਸੱਚਾ ਸਾਥ, ਸਗਲਾ ਸੰਗ ਕਾਇਆ ਮੰਦਰ ਅੰਦਰ ਆਪ ਨਿਭਾਈਆ । ਅੰਮ੍ਰਿਤ ਧਾਰ ਬਖ਼ਸ਼ੇ ਨਿਝਰ ਬੂੰਦ ਸਵਾਂਤ, ਕੂੜੀ ਕਿਰਿਆ ਪੰਚ ਵਿਕਾਰਾ ਅਗਨੀ ਤਤ ਬੁਝਾਈਆ । ਧੁਨ ਆਤਮਕ ਉਪਜਾਏ ਸਾਚਾ ਰਾਗ, ਅਨਹਦ ਨਾਦੀ ਧੁਨ ਕਰੇ ਸ਼ਨਵਾਈਆ । ਨਿਰਮਲ ਨੂਰੀ ਜੋਤ ਕਰੇ ਪਰਕਾਸ਼, ਅਗਿਆਨ

ਅੰਧੇਰਾ ਅੰਦਰੋਂ ਦਏ ਕਢਾਈਆ । ਲੇਖੇ ਲਾਏ ਪਵਣ ਸਵਾਸ ਸਵਾਸ, ਸਾਹ ਸਾਹ ਆਪਣੇ ਵਿਚ ਸਮਾਈਆ । ਵਸਤ ਦੇਵੇ ਧੁਰ ਦੀ ਦਾਤ, ਦੀਨ ਦਿਆਲ ਦਇਆਵਾਨ ਨਿਰਗੁਣ ਧਾਰ ਝੋਲੀ ਪਾਈਆ । ਝਗੜਾ ਮੁਕਾ ਕੇ ਦੀਨ ਮਜ਼੍ਹਬ ਜਾਤ ਪਾਤ, ਊਚ ਨੀਚ ਰਾਓ ਰੰਕ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਇਕੋ ਘਰ ਵਖਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਧੁਰ ਦੀ ਦੇਵੇ ਗਾਥ, ਸੋਹੰ ਢੋਲਾ ਸ਼ਬਦ ਵਿਚੋਲਾ ਦੋ ਜਹਾਨਾਂ ਨਜ਼ਰੀ ਆਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਮੇਲੇ ਕਮਲਾਪਾਤ, ਪਤਿਪਰਮੇਸ਼ਵਰ ਪਾਰਬ੍ਰਹਮ ਅਗੰਮ ਅਥਾਹ ਜੋੜ ਜੁੜਾਈਆ । ਕਲਜੁਗ ਕੂੜੀ ਕਿਰਿਆ ਰਹਿਣ ਨਾ ਦੇਵੇ ਅੰਧੇਰੀ ਰਾਤ, ਸਤਿ ਧਰਮ ਦਾ ਸੱਚਾ ਰਾਹ ਸ਼ਬਦੀ ਸਤਿਗੁਰ ਬਣ ਮਲਾਹ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਧੁਰ ਦੀ ਭਿੱਛਿਆ ਨਾਮ ਭੰਡਾਰਾ ਅਨਮੋਲ ਅਮੁੱਲ ਜਨ ਭਗਤਾਂ ਝੋਲੀ ਪਾਈਆ । ਜਨ ਭਗਤ ਦਰ ਠਾਂਡੇ ਦੇਵੇ ਮਾਣ ਵਡਿਆਈ, ਹਰਿ ਵੱਡਾ ਵਡ ਵਡਿਆਈਆ । ਅੰਤਰ ਆਤਮ ਨਿਰੰਤਰ ਪਰਮਾਤਮ ਕਦੇ ਨਾ ਹੋਵੇ ਜੁਦਾਈ, ਧੁਰ ਸੰਜੋਗੀ ਮੇਲਾ ਮੇਲੇ ਸਹਿਜ ਸੁਭਾਈਆ । ਇਕ ਇਕੱਲਾ ਏਕੰਕਾਰਾ ਹਰਿ ਨਿਰੰਕਾਰਾ ਘਟ ਭੀਤਰ ਕਰੇ ਰੁਸ਼ਨਾਈ, ਰੋਸ਼ਨ ਜ਼ਮੀਰ ਬੇਨਜ਼ੀਰ ਆਪਣੇ ਦਰ ਵਖਾਈਆ । ਨਾਮ ਧੁਨ ਸ਼ਬਦ ਅਨਾਦ ਵੱਜਦੀ ਰਹੇ ਵਧਾਈ, ਚਿੰਤਾ ਗ਼ਮ ਹਰਖ਼ ਸੋਗ ਨੇੜ ਕੋਇ ਨਾ ਆਈਆ । ਜਨ ਭਗਤ ਸੁਹੇਲੇ ਹਰਿ ਜਸ ਗਾਉਂਦੇ ਚਾਈਂ ਚਾਈਂ, ਚਾਓ ਘਨੇਰਾ ਕਾਇਆ ਮੰਦਰ ਅੰਦਰ ਨਜ਼ਰੀ ਆਈਆ । ਜਿਨ੍ਹਾਂ ਕਾਰਨ ਪੁਰਖ ਅਕਾਲ ਦੀਨ ਦਿਆਲ ਨਿਰਗੁਣ ਸਰਗੁਣ ਹੋ ਕੇ ਮਾਰੇ ਫੇਰਾ, ਪਤਿਪਰਮੇਸ਼ਵਰ ਬੇਪਰਵਾਹ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕੱਟਣਹਾਰਾ ਲੱਖ ਚੁਰਾਸੀ ਗੇੜਾ, ਆਵਣ ਜਾਵਣ ਪਤਤ ਪਾਵਣ ਆਪਣੇ ਲੇਖੇ ਪਾਈਆ । ਜਨ ਭਗਤਾਂ ਗੇੜਾ ਰਹਿਣ ਨਾ ਦੇਵੇ ਜਮ ਦੀ ਫਾਸੀ, ਫ਼ੈਸਲਾ ਧੁਰ ਦਾ ਹਕ ਸੁਣਾਈਆ । ਚਾਰੇ ਖਾਣੀ ਨਾਤਾ ਤੋੜ ਲੱਖ ਚੁਰਾਸੀ, ਚਾਰ ਕੁੰਟ ਆਪ ਹੋਏ ਸਹਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮੰਜ਼ਲ ਦੇਵੇ ਸਾਚੀ, ਆਤਮ ਪਰਮਾਤਮ ਮੇਲ ਮਿਲਾਏ ਸਹਿਜ ਸੁਭਾਈਆ । ਭਾਗ ਲਗਾਏ ਕਾਇਆ ਮਾਟੀ, ਸਾਢੇ ਤਿੰਨ ਹੱਥ ਦੇਵੇ ਮਾਣ ਵਡਿਆਈਆ । ਕਲਜੁਗ ਕੂੜੀ ਕਿਰਿਆ ਰਹਿਣ ਨਾ ਦੇਵੇ ਅੰਧੇਰੀ ਰਾਤੀ, ਸਤਿ ਪਰਕਾਸ਼ ਪੁਰਖ ਅਬਿਨਾਸ਼ ਨਿਰਗੁਣ ਜੋਤ ਨੂਰ ਕਰੇ ਰੁਸ਼ਨਾਈਆ । ਜਨ ਭਗਤ ਸੁਹੇਲੇ ਸਚ ਦਵਾਰ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਬਣਾ ਕੇ ਸੇਵਕ ਦਾਸਨ ਦਾਸੀ, ਦਾਸਤਾਨ ਅਗਲੀ ਦਏ ਸਮਝਾਈਆ । ਪੂਰਬ ਜਨਮ ਲਹਿਣਾ ਦੇਣਾ ਲੇਖਾ ਦੇਵੇ ਬਾਕੀ, ਮਿਹਰਵਾਨ ਮਹਿਬੂਬ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਮਾਨਸ ਜਨਮ ਮੰਜ਼ਲ ਚੜ੍ਹਾਏ ਏਕਾ ਘਾਟੀ, ਸਚਖੰਡ ਦਵਾਰ ਏਕੰਕਾਰ ਇਕੋ ਦਏ ਵਖਾਈਆ ।



★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਚੈਂਚਲ ਸਿੰਘ ਦੇ ਗ੍ਰਹਿ ਪਿੰਡ ਮਹੌਣ ਜ਼ਿਲਾ ਲੁਧਿਆਣਾ ★

ਸਤਿਗੁਰ ਕਿਰਪਾ ਪੂਜਾ ਸਿਮਰਨ ਸੱਚਾ ਢੰਗ, ਚਾਰ ਵਰਨ ਅਠਾਰਾਂ ਬਰਨ ਇਕੋ ਰੂਪ ਦਰਸਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ

ਅੰਤਰ ਆਤਮ ਚਾੜ੍ਹੇ ਰੰਗ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਭੇਵ ਖੁਲ੍ਹਾਈਆ । ਸ਼ਬਦ ਨਾਦ ਧੁਨ ਅਨਹਦ ਅਨਾਦੀ ਵਜਾਏ ਮਰਦੰਗ, ਭੇਵ ਅਭੇਦਾ ਅਛਲ ਅਛੇਦਾ ਕਾਇਆ ਮਾਟੀ ਸਾਢੇ ਤਿੰਨ ਹੱਥ ਸਰੀਰ ਬੇਨਜ਼ੀਰ ਆਪਣਾ ਨੂਰ ਕਰੇ ਰੁਸ਼ਨਾਈਆ । ਮਨ ਕਾ ਮਣਕਾ ਫੇਰ ਪੜਦਾ ਲਾਹੇ ਹੰ ਬ੍ਰਹਮ, ਆਤਮ ਪਰਮਾਤਮ ਪਰਮਾਤਮ ਆਤਮ ਘਰ ਸਾਚੇ ਨਜ਼ਰੀ ਆਈਆ । ਪੰਜ ਵਿਕਾਰਾ ਗੜ੍ਹ ਹੰਕਾਰਾ ਤਨ ਮਾਟੀ ਖ਼ਾਕੀ ਵਜੂਦ ਕਰੇ ਕੋਈ ਨਾ ਜੰਗ, ਤ੍ਰਿਸ਼ਨਾ ਤ੍ਰਿਖਾ ਅਗਨੀ ਜਗਤ ਨਾ ਕੋਇ ਸਤਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਤਿਜੁਗ ਤਰੇਤਾ ਦੁਆਪਰ ਕਲਜੁਗ ਬਿਨ ਪੁਰਖ ਅਕਾਲ ਦੀਨ ਦਿਆਲ ਕਿਸੇ ਨਾ ਢਾਹੀ ਅੰਧੇਰੀ ਕੰਧ, ਮਾਲਾ ਮਣਕੇ ਸਾਰੇ ਦੇਣ ਦੁਹਾਈਆ । ਕੋਟਨ ਕੋਟ ਸਾਧ ਸੰਤ ਜੀਵ ਜੰਤ ਰਸਨਾ ਜਿਹਵਾ ਗਾ ਗਾ ਥੱਕੇ ਬੱਤੀ ਦੰਦ, ਸ਼ਾਸਤਰ ਸਿਮਰਤ ਪੂਜਾ ਪਾਠ ਜੋਗ ਅਭਿਆਸ ਤਤ ਸਾਧਨ ਵਿਚ ਲੋਕਾਈਆ । ਏਕਾ ਏਕ ਦੇਵੇ ਟੇਕ ਕਰੇ ਬੁੱਧ ਬਿਬੇਕ ਅੰਮ੍ਰਿਤ ਰਸ ਦੇਵੇ ਨਿਝਰ ਧਾਰ ਵਗਾਏ ਪਰਮਾਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਹਿਬੂਬ ਸਿਰ ਆਪਣਾ ਹੱਥ ਰਖਾਈਆ । ਸਤਿਗੁਰ ਸ਼ਬਦ ਆਦਿ ਜੁਗਾਦੀ ਸਾਚੀ ਪੂਜਾ, ਸਿਮਰਨ ਇਸਤਰੀ ਪੁਰਸ਼ ਸਮਝ ਕੋਇ ਨਾ ਪਾਈਆ । ਜਿਸ ਦੇ ਅੰਦਰ ਭਾਓ ਰਹੇ ਨਾ ਕੋਈ ਦੁਤੀਆ ਦੂਜਾ, ਮਨ ਵਾਸਨਾ ਦਹਿ ਦਿਸ਼ਾ ਨਾ ਉਠ ਉਠ ਧਾਈਆ । ਘਰ ਸਵਾਮੀ ਅੰਤਰਜਾਮੀ ਨੇਤਰ ਲੋਚਣ ਨੈਣ ਖੋਲ੍ਹੇ ਤੀਜਾ, ਤ੍ਰੈਗੁਣ ਮਾਇਆ ਪੜਦਾ ਦਏ ਉਠਾਈਆ । ਬਿਨ ਸਤਿਗੁਰ ਸ਼ਬਦ ਕੋਈ ਨਾ ਬਣੇ ਸਾਚਾ ਮੀਤਾ, ਸਗਲਾ ਸੰਗ ਨਾ ਕੋਇ ਨਿਭਾਈਆ । ਗਾ ਗਾ ਥੱਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਧਿਆਏ ਅਠਾਰਾਂ ਗੀਤਾ, ਸੋਹਲੇ ਢੋਲੇ ਰਾਗਾਂ ਨਾਦਾਂ ਜਗਤ ਵਿਚ ਸ਼ਨਵਾਈਆ । ਮਾਲਾ ਮਣਕਾ ਸਿਮਰਨ ਪੂਜਾ ਜਗਤ ਵਾਸਨਾ ਗੁਰ ਅਵਤਾਰ ਪੈਗ਼ੰਬਰਾਂ ਜਗਤ ਚਲਾਈ ਰੀਤਾ, ਰੀਤੀਵਾਨ ਸ੍ਰੀ ਭਗਵਾਨ ਅੰਤਰ ਨਿਰੰਤਰ ਆਪਣਾ ਭੇਵ ਆਪਣੇ ਹੱਥ ਰਖਾਈਆ । ਜਿਸ ਉਪਰ ਮਿਹਰਵਾਨ ਹੋਵੇ ਜਗਤ ਜਗਦੀਸਾ, ਲੇਖਾ ਮੁਕਾਵੇ ਹਸਤ ਕੀਟਾ, ਦੇਵੇ ਨਾਮ ਸਦਾ ਅਨਡੀਠਾ, ਜਿਸ ਨੂੰ ਅੱਖਰ ਸਾਰੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਸਚ ਦਵਾਰਿਉਂ ਆਪ ਪਰਗਟਾਈਆ । ਨਾਮ ਸਿਮਰਨ ਪੂਜਾ ਪਾਠ ਪੜ੍ਹ ਪੜ੍ਹ ਥੱਕੇ, ਮਾਨਵ ਮਨੁੱਖ ਮਾਨਸ ਚਾਰ ਕੁੰਟ ਦਹਿ ਦਿਸ਼ਾ ਰਹੇ ਕੁਰਲਾਈਆ । ਸਚ ਵਸਤ ਕਿਸੇ ਨਾ ਮਿਲੇ ਹਕ਼ੀਕਤ ਹਕੇ, ਅਸਲ ਵਿਚੋਂ ਵਸਲ ਯਾਰ ਨਾ ਕੋਇ ਕਰਾਈਆ । ਨਿਜ ਨੇਤਰ ਲੋਚਣ ਨੈਣ ਜਲਵਾਗਰ ਨੂਰ ਕੋਇ ਨਾ ਤੱਕੇ, ਸਵੱਛ ਸਰੂਪੀ ਨਜ਼ਰ ਕਿਸੇ ਨਾਂ ਆਈਆ । ਜਗਤ ਅਧਾਰ ਵਿਚ ਰਸਨਾ ਜਿਹਵਾ ਲਾਏ ਰੱਟੇ, ਗਾ ਗਾ ਆਪਣਾ ਰਾਗ ਅਲਾਈਆ । ਸਾਚਾ ਸਿਮਰਨ ਜਿਸ ਨੂੰ ਰਸਨਾ ਜਿਹਵਾ ਕੋਈ ਨਾ ਜਪੇ, ਮਾਲਾ ਮਣਕਾ ਹੱਥ ਨਾ ਕੋਇ ਉਠਾਈਆ । ਜਿਸ ਦੀ ਧਾਰ ਵਿਚੋਂ ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਅੰਤਰਜਾਮੀ ਪਰਵਰਦਿਗਾਰ ਸਾਂਝਾ ਯਾਰ ਕਾਇਆ ਮੰਦਰ ਅੰਦਰ ਨਿਜ ਗ੍ਰਿਹਿ ਆਪੇ ਲੱਭੇ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਅੰਮ੍ਰਿਤ ਰਸ ਨਾਮ ਨਿਧਾਨ ਦੇਵੇ ਸਚ ਵਸਤ ਜਾਮ ਪਿਆਲਾ ਮਦੇ, ਮਧੁਰ ਧੁਨ ਅਨਰਾਗੀ ਆਪਣਾ ਰਾਗ ਸੁਣਾਈਆ । ਕੋਟਾਂ ਵਿਚੋਂ ਸੰਤ ਭਗਤ ਗੁਰਮੁਖ ਗੁਰਸਿਖ ਸਤਿਗੁਰ ਸ਼ਬਦ ਪੂਰਬ ਜਨਮ ਆਪਣੇ ਕਾਰਨ ਆਪ ਲੱਭੇ, ਖੋਜਤ ਖੋਜਤ ਵੇਖੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਸਿਮਰਨ ਸਿਮਰਤੀਆਂ ਤੋਂ ਬਾਹਰ ਦਏ ਸਮਝਾਈਆ ।

ਸਿਮਰਨ ਪੂਜਾ ਜਗਤ ਮਾਲਾ, ਹੱਥਾਂ ਪੋਟਿਆਂ ਨਾਲ ਸੇਵ ਕਮਾਈਆ । ਬਿਨ ਸਾਹਿਬ ਸਤਿਗੁਰ ਕੋਇ ਤੋੜ ਨਾ ਸਕੇ ਜਗਤ ਜੰਜਾਲਾ, ਬਿਨ ਗੁਰੂ ਗੁਰਦੇਵ ਅੰਤਰ ਆਤਮ ਪੜਦਾ ਨਾ ਕੋਈ ਲਾਹੀਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਜੀਵ ਜਹਾਨ ਹੋਇਆ ਅੰਦਰੋਂ ਕਾਲਾ, ਕਾਲਖ ਟਿੱਕਾ ਦੁਰਮਤ ਮੈਲ ਨਾ ਕੋਇ ਧੁਆਈਆ । ਬਣ ਵੈਰਾਗੀ ਜਗਤ ਤਿਆਗੀ ਜਿੰਨਾਂ ਚਿਰ ਜੀਵ ਨਾ ਹੋਏ ਬੇਹਾਲਾ, ਕੰਤ ਸੁਹਾਗੀ ਮਿਲਣ ਕਿਸੇ ਨਾ ਆਈਆ । ਮਨ ਵਿਕਾਰ ਕੂੜ ਵਿਚਾਰ ਛੱਡ ਹੰਕਾਰ ਕਾਇਆ ਮੰਦਰ ਅੰਦਰ ਬਣਾਵੇ ਸੱਚੀ ਧਰਮਸਾਲਾ, ਧਰਮ ਦਵਾਰਾ ਇਕੋ ਇਕ ਸੋਭਾ ਪਾਈਆ । ਸਮਰਥ ਸਵਾਮੀ ਅੰਤਰਜਾਮੀ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸੇ ਰਾਹ ਸੁਖਾਲਾ, ਸਾਚਾ ਮੰਤਰ ਨਿਰੰਤਰ ਜੁਗਾਂ ਜੁਗੰਤਰ ਆਪਣੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸਿਮਰਨ ਅਨਦ੍ਰਿਸ਼ਟੀ ਦ੍ਰਿਸ਼ਟ ਵਿਚੋਂ ਪਰਗਟਾਈਆ । ਸਚ ਸਿਮਰਨ ਪੂਜਾ ਪਾਠ ਜਿਸ ਕਰਨ ਦਾ ਚਾਓ, ਅੰਤਰ ਅੰਤਰ ਇਕ ਧਿਆਨ ਲਗਾਈਆ । ਸਾਹਿਬ ਸਤਿਗੁਰ ਪੁਰਖ ਅਕਾਲਾ ਦੀਨ ਦਿਆਲਾ ਇਕ ਮਨਾਓ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਗੋਬਿੰਦ ਵਿਚੋਲਾ ਸ਼ਬਦ ਭੀਤਰ ਭੀਤਰ ਵਿਚ ਰਖਾਓ, ਸੁਰਤੀ ਸੋਈ ਲਏ ਉਠਾਈਆ । ਮਨ ਵਾਸਨਾ ਮੋਹ ਵਿਕਾਰਾ ਸਤਿਗੁਰ ਝੋਲੀ ਪਾਓ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਬਿਨ ਮਾਲਾ ਮਣਕੇ ਸਿਮਰਨ ਅਜਪਾ ਜਾਪ ਵੇਖ ਵਖਾਓ, ਸਮਾਪਤ ਹੋਵੇ ਵਿਚ ਲੋਕਾਈਆ । ਪੁੱਤਰ ਧੀ ਜਗਤ ਵਾਸਨਾ ਵਿਚ ਨਾ ਕਦੇ ਭਰਮਾਓ, ਬਾਹਰੋਂ ਦ੍ਰਿਸ਼ਟੀ ਆਪਣੇ ਵਿਚ ਸਮਾਈਆ । ਕਾਇਆ ਮੰਦਰ ਸਾਚਾ ਕਾਅਬਾ ਇਕ ਸੁਹਾਓ, ਮੁਕਾਮੇ ਹਕ ਵੱਜੇ ਵਧਾਈਆ । ਚਰਨ ਕਵਲ ਪ੍ਰੀਤੀ ਆਦਿ ਜੁਗਾਦੀ ਰੀਤੀ ਧੁਰ ਦੀ ਨੀਤੀ ਇਕ ਅਪਣਾਓ, ਅਪਰੰਪਰ ਸਵਾਮੀ ਆਪਣਾ ਭੇਵ ਦਏ ਖੁਲ੍ਹਾਈਆ । ਜਗਤ ਦਵਾਰੇ ਨੌਂ ਤਜਾਓ, ਸੁਖਮਨ ਟੇਢੀ ਬੰਕ ਈੜਾ ਪਿੰਗਲ ਮੂੰਹ ਦੇ ਭਾਰ ਸੁਟਾਈਆ । ਸੁਰਤੀ ਡੋਰੀ ਸ਼ਬਦ ਸਤਿਗੁਰ ਹੱਥ ਫੜਾਓ, ਅੰਮ੍ਰਿਤ ਰਸ ਨਿਝਰ ਧਾਰਾ ਚਖ, ਬੂੰਦ ਸਵਾਂਤੀ ਕਵਲ ਨਾਭ ਟਪਕਾਓ, ਅਨਹਦ ਨਾਦੀ ਧੁਨ ਬਿਨ ਸਰਵਣ ਕੰਨ ਘਰ ਸਾਚੇ ਸੁਣ ਕੇ ਖ਼ੁਸ਼ੀ ਮਨਾਓ । ਨਿਰਗੁਣ ਜੋਤੀ ਕਮਲਾਪਾਤੀ ਆਤਮ ਪਰਕਾਸ਼ ਬ੍ਰਹਮ ਨਿਵਾਸ ਮੰਡਲ ਰਾਸ ਗੋਪੀ ਕਾਹਨ ਖੇਲ ਖਿਲਾਓ । ਸਚ ਸਿੰਘਾਸਣ ਆਤਮ ਸੇਜਾ, ਪ੍ਰੇਮ ਪ੍ਰੀਤੀ ਬਸਤਰ ਇਕ ਵਿਛਾਓ । ਮਾਣ ਮੋਹ ਅਭਿਮਾਨ ਤਜ, ਪਰਮ ਪੁਰਖ ਪਰਮਾਤਮ ਚਰਨ ਧਿਆਨ ਲਗਾਓ । ਤੂੰ ਠਾਕਰ ਦੀਨ ਦੁਨੀ ਵੇਖ ਗਹਿਰ ਗੰਭੀਰਾ ਡੂੰਘਾ ਸਾਗਰ, ਤੁੱਧ ਬਿਨ ਦੇਵੇ ਕੋਈ ਨਾ ਆਦਰ, ਵਾਸਨਾ ਆਪਣੀ ਇਕ ਰਖਾਓ । ਬਿਨ ਮਾਲਾ ਮਣਕੇ ਮੰਦਰ ਆਪਣੇ ਚੜ੍ਹ ਕੇ, ਦਰਸ ਕਰੋ ਸਚਖੰਡ ਦਵਾਰੇ ਖੜ੍ਹ ਕੇ, ਜਿਥੇ ਮਿਲੇ ਵਡਿਆਈਆ । ਮਾਨਸ ਜਨਮ ਲੱਖ ਚੁਰਾਸੀ ਵਿਚੋਂ ਮਿਲਿਆ ਚਾਰੇ ਖਾਣੀ ਜੂਨੀਆਂ ਵਿਚ ਫਿਰ ਕੇ, ਸਤਿਗੁਰ ਸ਼ਬਦ ਮਿਲਾਵਾ ਕਰੋ ਵਾਸ ਵੇਖੋ ਘਰ ਥਿਰ ਕੇ, ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਹਰਿਜਨ ਸਾਚੇ ਆਪੇ ਮੇਲ ਮਿਲਾਈਆ ।



ਜਨ ਭਗਤੋ ਜੇ ਮਨ ਕਾ ਮਣਕਾ ਲਉ ਫੇਰ, ਮਨਸਾ ਮੋਹ ਜਗਤ ਮਿਟਾਈਆ । ਸਾਹਿਬ ਤੱਕੋ ਨੇਰਨ ਨੇਰ, ਦੂਰ ਦੁਰਾਡਾ ਪੰਧ ਮੁਕਾਈਆ । ਆਵਣ ਜਾਵਣ ਜੋ ਕੱਟਣਹਾਰਾ ਗੇੜ, ਲੱਖ ਚੁਰਾਸੀ ਡੇਰਾ ਢਾਹੀਆ । ਸੋ ਸਤਿਗੁਰ ਦੀਨ ਦਿਆਲਾ ਗੁਰਮੁਖਾਂ ਉਤੇ ਕਰਦਾ ਸਦਾ ਮਿਹਰ, ਜੋ

ਅੱਠੇ ਪਹਿਰ ਦਿਵਸ ਰੈਣ ਇਕੋ ਧਿਆਨ ਲਗਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਮੇਟੇ ਅੰਧੇਰ, ਸਤਿ ਧਰਮ ਸਤਿ ਸਤਿ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੂਜਾ ਸਿਮਰਨ ਕਹੇ ਅਸੀਂ ਆਦਿ ਜੁਗਾਦੀ ਦਾਸ, ਜੁਗ ਜੁਗ ਪ੍ਰਭ ਦੀ ਸੇਵ ਕਮਾਈਆ । ਜਿੰਨਾਂ ਚਿਰ ਕਿਰਪਾ ਕਰੇ ਨਾ ਪੁਰਖ ਅਬਿਨਾਸ਼, ਸਾਡੀ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੈਗੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਮ ਨਿਧਾਨਾ ਸ਼ਬਦ ਅਗੰਮੀ ਗਏ ਆਖ, ਅੱਖਰਾਂ ਵਿਚ ਸਿਫ਼ਤ ਸਾਲਾਹੀ ਢੋਲੇ ਗਾਈਆ । ਜਿਸ ਦੀ ਸਿਫ਼ਤ ਨਾਲ ਸਾਚੇ ਰੰਗ ਦਾ ਹੋਵੇ ਪਰਕਾਸ਼, ਧੌਲ ਆਕਾਸ਼ ਪੰਧ ਮੁਕਾਈਆ । ਸਾਚੇ ਸੰਤ ਗੁਰਮੁਖ ਗੁਰਸਿਖ ਅੰਤਰ ਅੰਤਰ ਪ੍ਰੇਮ ਪਿਆਰ ਦੀ ਰੱਖਣ ਇਕ ਆਸ, ਤ੍ਰਿਸ਼ਨਾ ਮੁਹੱਬਤ ਵਿਚ ਬਦਲਾਈਆ । ਉਨ੍ਹਾਂ ਦਾ ਲੇਖੇ ਲਾਵੇ ਸਾਹਿਬ ਜਾਪ, ਜਗ ਜੀਵਣ ਦਾਤਾ ਵੇਖ ਵਖਾਈਆ । ਝਗੜਾ ਮੁਕਾ ਕੇ ਤ੍ਰੈਗੁਣ ਤੀਨੋਂ ਤਾਪ, ਤਪਦੇ ਹਿਰਦੇ ਸ਼ਾਂਤ ਕਰਾਈਆ । ਜਨਮ ਕਰਮ ਦਾ ਰਹੇ ਕੋਈ ਨਾ ਪਾਪ, ਦੁਰਮਤ ਮੈਲ ਧਵਾਈਆ । ਦਰਸ਼ਨ ਵਖਾਏ ਸਾਖਿਆਤ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਓਨ੍ਹਾਂ ਮਾਲਾ ਮਣਕਿਆਂ ਦਾ ਰਹੇ ਨਾ ਕੋਇ ਪਸ਼ਚਾਤਾਪ, ਚਿੰਤਾ ਗ਼ਮ ਨਾ ਕੋਇ ਸਤਾਈਆ । ਜਿਨ੍ਹਾਂ ਸਾਹਿਬ ਸਤਿਗੁਰ ਅੱਗੇ ਭੇਟਾ ਕੀਤਾ ਆਪਣਾ ਆਪ, ਵਸਤ ਅਮੋਲਕ ਓਸੇ ਦੀ ਝੋਲੀ ਪਾਈਆ । ਸੋ ਕਿਰਪਾ ਕਰ ਕੇ ਅੰਦਰ ਦੇਵਣਹਾਰਾ ਪਰਕਾਸ਼, ਪਰਕਾਸ਼ਤ ਹੋ ਕੇ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਹ ਬੁਤ ਪੁਨੀਤ ਕਰੇ ਪਵਿਤ ਪਾਕ, ਪਤਤ ਉਧਾਰੀ ਦਇਆ ਕਮਾਈਆ ।



★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਭਾਗ ਸਿੰਘ, ਪਾਖਰ ਸਿੰਘ ਦੇ ਗ੍ਰਿਹ ਪਿੰਡ ਫਰਾਲਾ ਜ਼ਿਲਾ ਜਲੰਧਰ ★

ਜਨ ਭਗਤੋ ਪ੍ਰਭ ਬਖ਼ਸ਼ੇ ਚਰਨ ਕਵਲ ਇਕ ਧਿਆਨੀ, ਧਿਆਨ ਗਿਆਨ ਜੁਗ ਚੌਕੜੀ ਜਿਸ ਦਾ ਰਾਹ ਤਕਾਈਆ । ਸਚ ਪਿਆਰ ਧੁਰ ਮੁਹੱਬਤ ਨਾਮ ਵਸਤ ਦੇਵੇ ਇਕ ਨਿਸ਼ਾਨੀ, ਨਾਉਂ ਨਿਰੰਕਾਰਾ ਪਰਵਰਦਿਗਾਰਾ ਇਕ ਇਕੱਲਾ ਆਪ ਪਰਗਟਾਈਆ । ਜੁਗ ਚੌਕੜੀ ਨਿਤ ਨਵਿਤ ਜੋਬਨਵੰਤ ਸਦਾ ਚੜ੍ਹਦੀ ਰੱਖੇ ਜਵਾਨੀ, ਬਿਰਧ ਬਾਲ ਰੂਪ ਨਾ ਕੋਇ ਬਦਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦੀ ਸਿਫ਼ਤ ਹੋਵੇ ਦੋ ਜਹਾਨੀ, ਸੋ ਸਰਗੁਣ ਨਿਰਗੁਣ ਆਪਣੀ ਖੇਲ ਵਖਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਜਨ ਭਗਤਾਂ ਦੇਵੇ ਠੰਡਾ ਪਾਣੀ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹ ਅਗੰਮ ਅਥਾਹ ਆਪਣੀ ਦਇਆ ਕਮਾਈਆ । ਝਗੜਾ ਰਹਿਣ ਨਾ ਦੇਵੇ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ, ਖਾਲਸ ਆਪਣਾ ਰੂਪ ਦਏ ਸਮਝਾਈਆ । ਭੇਵ ਅਭੇਦਾ ਅਛਲ ਅਛੇਦਾ ਪੜਦਾ ਲਾਹੇ ਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਭੂਪ ਬਿਨ ਰੰਗ ਰੂਪ ਅਨਡਿਠ ਆਪਣੀ ਕਾਰ ਕਮਾਈਆ । ਗੁਰਮੁਖਾਂ ਕਾਇਆ ਮੰਦਰ ਅੰਦਰ ਗੜ੍ਹ ਤੋੜੇ ਅਭਿਮਾਨੀ, ਧੁਰ ਦੀ ਬਾਣੀ ਸਾਚਾ ਰਾਗ ਸੁਣਾਈਆ । ਮਿਹਰਵਾਨ ਮਿਹਰ ਨਿਗਾਹ ਨਾਲ ਬਖ਼ਸ਼ੇ ਪਦ ਨਿਰਬਾਣੀ, ਸਚਖੰਡ ਦਵਾਰਾ ਏਕੰਕਾਰਾ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ ।

### ★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਕੌਰ ਦੇ ਗ੍ਰਹਿ ਪਿੰਡ ਖੇੜਾ ਜ਼ਿਲਾ ਜਲੰਧਰ ★

ਜਨ ਭਗਤਾਂ ਪ੍ਰਭ ਦੇਵੇ ਨਾਮ ਅਤੁਟ, ਦੂਸਰ ਦਰ ਮੰਗਣ ਕੋਇ ਨਾ ਜਾਈਆ । ਅੰਮ੍ਰਿਤ ਜਾਮ ਪਿਆਏ ਅਗੰਮਾ ਘੁਟ, ਮਨ ਵਾਸਨਾ ਕੂੜੀ ਤ੍ਰਿਸ਼ਨਾ ਦਏ ਮਿਟਾਈਆ । ਆਵਣ ਜਾਵਣ ਲੱਖ ਚੁਰਾਸੀ ਨਾਤਾ ਜਾਏ ਛੁੱਟ, ਲਿਵ ਛੁਟਕੀ ਫੇਰ ਲਗਾਈਆ । ਅੰਮ੍ਰਿਤ ਜਾਮ ਸ੍ਰੀ ਭਗਵਾਨ ਨਿਝਰ ਧਾਰੋਂ ਦੇਵੇ ਘੁਟ, ਬੂੰਦ ਸਵਾਂਤੀ ਕਮਲਾਪਾਤੀ ਆਪ ਚੁਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਾਚਾ ਸੁਖ, ਸੁਖ਼ਨ ਸੱਜਣ ਇਕੋ ਦਏ ਸਮਝਾਈਆ । ਪੜਦਾ ਓਹਲਾ ਰਹਿਣ ਨਾ ਦੇਵੇ ਕੋਈ ਲੁਕ, ਸਵੱਛ ਸਰੂਪੀ ਸ਼ਾਹੋ ਭੂਪੀ ਆਪਣਾ ਦਰਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਦਵਾਰਾ ਠਾਂਡਾ ਦਰਬਾਰਾ ਧਾਮ ਨਿਆਰਾ ਇਕੋ ਇਕ ਸੁਹਾਈਆ । ਜਨ ਭਗਤੋ ਪ੍ਰਭ ਦੇਵੇ ਨਾਮ ਖ਼ੁਮਾਰੀ ਸ਼ਬਦ ਪ੍ਰੀਤੀ ਮਦ, ਮੰਦ ਭਾਗ ਦਏ ਮਿਟਾਈਆ । ਸਾਚਾ ਢੋਲਾ ਸੁਣਾ ਕੇ ਧੁਨ ਆਤਮਕ ਰਾਗ ਛਦ, ਛੰਦ ਸਦ ਆਪ ਸੁਣਾਈਆ । ਜਗਤ ਵਾਸਨਾ ਕੂੜੀ ਮੇਟ ਕੇ ਹੱਦ, ਹਦੂਦ ਮਹਿਬੂਬ ਉਚ ਅਰੂਜ਼ ਆਪਣੀ ਦਏ ਵਖਾਈਆ । ਕਰ ਪਰਕਾਸ਼ ਨਿਰਮਲ ਜੋਤ ਉਪਰ ਸ਼ਾਹ ਰਗ, ਸਚ ਦਵਾਰ ਨਿਰਮਲ ਜੋਤ ਕਰੇ ਰੁਸ਼ਨਾਈਆ । ਬਿਨ ਮੱਕੇ ਕਾਅਬਿਉਂ ਕਰਾ ਕੇ ਧੁਰ ਦਾ ਹੱਜ, ਮਹਿਬੂਬ ਮੁਹੱਬਤ ਵਿਚ ਸਾਚਾ ਹੁਜਰਾ ਦਏ ਸੁਹਾਈਆ । ਜਨ ਭਗਤ ਰਹਿਣ ਨਾ ਦੇਵੇ ਕਦੇ ਅਲੱਗ, ਆਤਮ ਪਰਮਾਤਮ ਪਰਮਾਤਮ ਆਤਮ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੇਲਾ ਲੇਖਾ ਜਾਣ ਗੁਰੂ ਗੁਰ ਚੇਲਾ, ਚੇਲਾ ਗੁਰੂ ਗੋਬਿੰਦ ਧਾਰ ਵਖਾਈਆ ।


੬੧੫
੨੦

### ★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਸੁਰਿੰਦਰ ਸਿੰਘ ਦੇ ਗ੍ਰਹਿ ਪਿੰਡ ਜੰਡਿਆਲਾ ਜ਼ਿਲਾ ਜਲੰਧਰ ★

ਜਨ ਭਗਤਾਂ ਪ੍ਰਭ ਦੇਵੇ ਇਕੋ ਵਸਤ ਬਿਨ ਰੂਪ ਰੇਖ ਰੰਗ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਤਮ ਸੇਜਾ ਸੁਹਾ ਧੁਰ ਪਲੰਘ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਬਿਨ ਤਾਲ ਤਲਵਾੜਿਉਂ ਵੱਜੇ ਧਰਮ ਮਰਦੰਗ, ਸੁਰ ਸਮਝ ਕੋਇ ਨਾ ਪਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਪੜਦਾ ਦਏ ਉਠਾਈਆ । ਕੂੜੀ ਕਿਰਿਆ ਮੇਟ ਕੇ ਤ੍ਰਿਸ਼ਨਾ ਤਮ, ਤਾਮਸ ਸਾਂਤਕ ਰਾਜਸ ਰਜੋ ਤਮੋ ਸਤੋ ਆਪਣਾ ਖੇਲ ਵਖਾਈਆ । ਗੜ੍ਹ ਹੰਕਾਰੀ ਭਾਂਡਾ ਭਰਮ ਦੇਵੇ ਭੰਨ, ਪਰਮ ਪੁਰਖ ਪਰਮਾਤਮ ਆਤਮ ਆਪਣਾ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ ਧੁਰ ਦਰਬਾਰ ਦੇਵਣਹਾਰ ਇਕ ਅਖਵਾਈਆ ।

### ★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੨ ਬਲਬੀਰ ਕੌਰ ਦੇ ਗ੍ਰਹਿ ਪਿੰਡ ਜੰਡਿਆਲਾ ਜ਼ਿਲਾ ਜਲੰਧਰ ★

ਜਨ ਭਗਤਾਂ ਨਾਮ ਭੰਡਾਰਾ ਦੇ ਕੇ ਹੋਵੇ ਖ਼ੁਸ਼, ਖ਼ੁਸ਼ਹਾਲੀ ਅੰਦਰ ਲਾਲੀ ਲਾਲਣ ਇਕੋ ਆਪਣਾ ਨਾਮ ਚੜ੍ਹਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਚਾਰ ਵਰਨਾਂ ਵਿਚੋਂ ਜਨ ਭਗਤ ਸੁਹੇਲੇ ਲਏ ਪੁਛ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਪੜਦਾ ਓਹਲਾ ਰਹਿਣ ਨਾ ਦੇਵੇ ਲੁਕ,

ਲਾਇਕ ਨਾਲਾਇਕ ਵੇਖੇ ਥਾਉਂ ਥਾਈਆ । ਸਚ ਦਵਾਰ ਏਕੰਕਾਰ ਜਨ ਭਗਤ ਸੁਹੇਲੇ ਬਣਾ ਕੇ ਆਪਣੇ ਸੁਤ, ਸੋਈ ਸੁਰਤੀ ਆਪ ਉਠਾਈਆ । ਉਜਲ ਕਰੇ ਮਾਤ ਮੁਖ, ਦੁਰਮਤ ਮੈਲ ਪਾਪਾਂ ਦਏ ਧਵਾਈਆ । ਜਿਨ੍ਹਾਂ ਪ੍ਰੇਮ ਪਿਆਰ ਮੁਹੱਬਤ ਵਿਚ ਕਲਜੁਗ ਅੰਤ ਅਖ਼ੀਰ ਬੇਨਜ਼ੀਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੜ੍ਹੀ ਤੁਕ, ਤੁਰਤ ਦਰਗਾਹ ਸਾਚੀ ਧਾਮ ਨਿਆਰੇ ਸਚਖੰਡ ਦਏ ਵਡਿਆਈਆ । ਜਨ ਭਗਤ ਮੰਜ਼ਲ ਮੰਜ਼ਲ ਰਾਹ ਵਿਚ ਕਦੇ ਨਾ ਜਾਏ ਰੁਕ, ਰੁਕਾਵਟ ਵਿਚ ਬਨਾਵਟ, ਬਨਾਵਟ ਵਿਚ ਥਕਾਵਟ, ਥਕਾਵਟ ਵਿਚ ਰੂਪ ਨਾ ਕੋਇ ਬਦਲਾਈਆ । ਦਰਗਾਹ ਸਾਚੀ ਧਾਮ ਨਿਆਰੇ ਪੁਰਖ ਅਕਾਲ ਬਣਾ ਕੇ ਆਪਣੇ ਸੁਤ, ਸੋਵਤ ਜਾਗਤ ਜਾਗਤ ਸੋਵਤ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਨਾਮ ਭੰਡਾਰਾ ਦੇ ਕੇ ਘੁਟ, ਓਟ ਆਪਣੀ ਇਕੋ ਇਕ ਸਮਝਾਈਆ ।

### ★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਗਣੇਸ਼ਾ ਸਿੰਘ ਦੇ ਗ੍ਰਹਿ ਪਿੰਡ ਕੋਟ ਕਲਾਂ ਜ਼ਿਲਾ ਜਲੰਧਰ ★

ਬਿਆਸ ਕਹੇ ਪ੍ਰਭ ਤੇਰੇ ਬਲ ਬਲ ਜਾਵਾਂ, ਬਲਿਹਾਰੀ ਸੀਸ ਨਿਵਾਈਆ । ਢੋਲਾ ਗੀਤ ਖ਼ੁਸ਼ੀ ਦਾ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਜਨ ਭਗਤਾਂ ਵੇਖਾਂ ਨਾਲ ਚਾਵਾਂ, ਚਾਓ ਘਨੇਰਾ ਦੇਣਾ ਪਰਗਟਾਈਆ । ਸਚ ਬੇਨੰਤੀ ਇਕ ਸੁਣਾਵਾਂ, ਪਿਛਲੀ ਯਾਦ ਆਈਆ । ਗੁਰਮੁਖਾਂ ਦਾ ਤੋਲ ਕਰ ਦੇ ਸਾਵਾਂ, ਊਣਾ ਰਹਿਣ ਕੋਇ ਨਾ ਪਾਈਆ । ਤੇਰੇ ਉਪਰ ਸਭ ਦਾ ਦਾਅਵਾ, ਝਗੜੇ ਕੂੜੇ ਦਿਤੇ ਤਜਾਈਆ । ਕਰ ਪਿਆਰ ਜਿਉਂ ਪੁਤਰਾਂ ਮਾਵਾਂ, ਮਾਂ ਪੁੱਤਰ ਤੋਂ ਪਰੇ ਤੇਰੀ ਧਾਰ ਨਜ਼ਰੀ ਆਈਆ । ਜਿਥੇ ਮਿਲਦੀਆਂ ਠੰਡੀਆਂ ਛਾਵਾਂ, ਸਿਰ ਸਮਰਥ ਹੱਥ ਦੇਣਾ ਟਿਕਾਈਆ । ਜੁਗ ਚੌਕੜੀ ਤੇਰਾ ਖੇਲ ਵੇਖਣ ਆਵਾਂ, ਨਿਤ ਨਵਿਤ ਧਿਆਨ ਲਗਾਈਆ । ਗੁਰਮੁਖਾਂ ਪਕੜੀਂ ਆਪੇ ਬਾਹਵਾਂ, ਬਲ ਆਪਣਾ ਆਪ ਪਰਗਟਾਈਆ । ਕੋਈ ਰਹਿ ਨਾ ਜਾਵੇ ਨਿਥਾਵਾਂ, ਜੋ ਦਰ ਤੇਰੇ ਸੀਸ ਨਿਵਾਈਆ । ਦੁਨੀਦਾਰ ਨਾ ਵੇਖੀਂ ਕਾਵਾਂ, ਗੁਰਮੁਖ ਹੰਸ ਲੈਣਾ ਤਰਾਈਆ । ਬਿਆਸ ਕਹੇ ਮੈਂ ਆਸ ਵਿਚ ਤੇਰਾ ਰਾਹ ਤਕਾਵਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡਾ ਧੁਰ ਦਾ ਇਕ ਸੁਹਾਈਆ ।

### ★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਧਰਮਜੀਤ ਸਿੰਘ ਦੇ ਗ੍ਰਹਿ ਪਿੰਡ ਠੱਕਰਵਾਲ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਤੱਕ ਤੱਕ ਥੱਕਾ, ਥਕਾਵਟ ਮੇਰੇ ਅੰਤਰ ਆਈਆ । ਜੁਗ ਜੁਗ ਮੈਨੂੰ ਮਿਲਦਾ ਰਿਹਾ ਧੱਕਾ, ਸਗਲਾ ਸੰਗ ਨਾ ਕੋਇ ਬਣਾਈਆ । ਗੁਰ ਅਵਤਾਰ ਪੈਗ਼ੰਬਰ ਫੇਰ ਗਏ ਅੱਖਾਂ, ਧੁਰ ਦਾ ਜੋੜ ਨਾ ਕੋਇ ਜੁੜਾਈਆ । ਮੈਂ ਕਲਜੁਗ ਅੰਤ ਵਾਸਤਾ ਘੱਤਾਂ, ਨਿਉਂ ਨਿਉਂ ਸੀਸ ਝੁਕਾਈਆ । ਸਚ ਵਿਥਿਆ ਆਪਣੀ ਦੱਸਾਂ, ਦਹਿ ਦਿਸ਼ਾ ਤੋਂ ਬਾਹਰ ਦਿਆਂ ਸੁਣਾਈਆ । ਇਕੋ ਓਟ ਤੇਰੀ ਰੱਖਾਂ, ਦੂਜਾ ਇਸ਼ਟ ਨਾ ਕੋਇ

ਮਨਾਈਆ । ਕਿਰਪਾ ਕਰ ਪੁਰਖ ਸਮਰਥਾ, ਸਾਹਿਬ ਸਵਾਮੀ ਧੁਰ ਦਾ ਆਇਆ ਧੁਰਦਰਗਾਹੀਆ । ਮੈਂ ਕੋਈ ਸੇਵਾ ਨਹੀਂ ਕਰ ਸਕਦਾ ਹੱਥਾਂ, ਲੱਤਾਂ ਨਾਲ ਪੰਧ ਨਾ ਕੋਇ ਮੁਕਾਈਆ । ਮੈਂ ਕੋਈ ਵਧਾਈਆਂ ਨਹੀਂ ਜਟਾਂ, ਧੂੜੀ ਖ਼ਾਕ ਨਾ ਕੋਇ ਰਮਾਈਆ । ਮੈਂ ਕੋਈ ਲਵਾਈਆਂ ਨਹੀਂ ਇੱਟਾਂ, ਛੱਪਰ ਛੰਨ ਨਾ ਕੋਇ ਛੁਹਾਈਆ । ਮੇਰੇ ਅੰਦਰ ਤੇਰੇ ਪ੍ਰੇਮ ਦੀਆਂ ਖਿੱਚਾਂ, ਅੱਠੇ ਪਹਿਰ ਰਾਹ ਤਕਾਈਆ । ਮੈਂ ਮੁਹੱਬਤ ਵਿਚ ਨਿੱਕਾ, ਪ੍ਰੇਮ ਵਿਚ ਆਪਣਾ ਆਪ ਵਟਾਈਆ । ਤੂੰ ਪੁਰਖ ਅਕਾਲ ਧੁਰ ਦਾ ਪਿਤਾ, ਪਤਿਪਰਮੇਸ਼ਵਰ ਸ਼ਹਿਨਸ਼ਾਹੀਆ । ਮੇਰੀ ਪੂਰੀ ਕਰ ਕੇ ਇੱਛਾ, ਜਨ ਭਗਤ ਲੈ ਤਰਾਈਆ । ਚਾਰ ਕੁੰਟ ਬਿਨ ਭਗਤਾਂ ਸਚ ਕੋਈ ਨਾ ਦਿਸਾ, ਜੋ ਇਸ਼ਟ ਤੇਰਾ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ ।

## ★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਠਾਕਰੀ ਦੇ ਗ੍ਰਹਿ ਪਿੰਡ ਫ਼ਰਾਲਾ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਆਦਿ ਆਦਿ ਦਾ ਆਸਾਵੰਦ, ਤ੍ਰਿਸਨਾ ਪੂਰ ਨਾ ਕੋਇ ਕਰਾਈਆ । ਮੇਰੇ ਗਾ ਗਾ ਥੱਕ ਗਏ ਬਿਨਾ ਦੰਦਾਂ ਤੋਂ ਦੰਦ, ਬਿਨਾ ਜਿਹਵਾ ਤੋਂ ਜਿਹਵਾ ਰਸਨ ਹਲਕਾਈਆ । ਮੈਨੂੰ ਸਮਝ ਨਾ ਆਇਆ ਤੇਰਾ ਅਗੰਮੀ ਛੰਦ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਨਾਉਂ ਗਏ ਬਦਲਾਈਆ । ਅੰਤ ਮੇਟ ਕੇ ਆਪਣਾ ਪੰਧ, ਸਾਰੇ ਬੈਠੇ ਮੁਖ ਛੁਪਾਈਆ । ਕਿਰਪਾ ਕਰ ਬਦਲ ਆਪਣੀ ਕੰਡ, ਕਰਵਟ ਆਪਣੇ ਵਿਚੋਂ ਬਦਲਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਗਿਆ ਲੰਘ, ਵਕਤ ਅਖ਼ੀਰੀ ਹੋ ਸਹਾਈਆ । ਜਨ ਭਗਤਾਂ ਬੇੜਾ ਡੁੱਬੇ ਨਾ ਕਿਸੇ ਧਾਰ ਮੰਝ, ਮੌਜੂਦਾ ਹੋ ਕੇ ਲੈ ਤਰਾਈਆ । ਨੇਤਰਹੀਣ ਰਹੇ ਕੋਈ ਨਾ ਅੰਧ, ਅੰਧੇ ਆਪਣੇ ਲੇਖੇ ਪਾਈਆ । ਕਰ ਪਰਕਾਸ਼ ਧੁਰ ਦੇ ਚੰਦ, ਚਾਂਦਨਾ ਆਪਣਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਸਭ ਦੇ ਹੱਥ ਟਿਕਾਈਆ ।

## ★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਰਣਜੀਤ ਸਿੰਘ ਦੇ ਗ੍ਰਹਿ ਪਿੰਡ ਵਡਾਲਾ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਵੇਖਣੀ ਭਗਤਾਂ ਦੀ ਨਿੱਕੀ ਜਿਹੀ ਬਸਤੀ, ਜਿਸ ਦਾ ਵਾਸਦੇਵ ਧਿਆਨ ਲਗਾਈਆ । ਜਿਸ ਦੀ ਆਸ ਰੱਖੀ ਸੁਕਦੇਵ ਮੁਨੀ ਵਿਚ ਆਪਣੀ ਹੱਸਤੀ, ਹੱਸਦਿਆਂ ਹੱਸਦਿਆਂ ਪ੍ਰਭ ਤੋਂ ਮੰਗ ਮੰਗਾਈਆ । ਵੇਦ ਵਿਆਸ ਪਲਕ ਉਠਾਈ ਅੱਖ ਦੀ, ਪ੍ਰਤੱਖ ਪੜਦਾ ਇਕ ਚੁਕਾਈਆ । ਕਲਜੁਗ ਅੰਤ ਅਖ਼ੀਰ ਘੜੀ ਵੇਖੀ ਜਸ ਦੀ, ਸਿਫ਼ਤਾਂ ਨਾਲ ਢੋਲੇ ਗਾਈਆ । ਬਿਆਸ ਕਹੇ ਉਹ ਖੇਲ ਸੁਹਾਵਣੀ ਹੋਵੇ ਅੱਜ ਦੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕੁਛ ਧਾਰਾ ਰਾਮ ਜਾਣੇ ਵੇਦ ਰਿਗ ਦੀ, ਰਘੁਪਤ ਹੋ ਕੇ ਆਪ ਸਮਝਾਈਆ । ਕੁਛ ਲੇਖਣੀ ਦਿਸੇ ਬਿਧਨਾ ਦੀ ਬਿਧ ਦੀ, ਬੰਦਗੀ ਵਿਚ ਸੀਸ ਨਿਵਾਈਆ । ਕੁਛ ਆਸਾ ਦੁਰਗਾ ਦੀ ਜ਼ਿੱਦ ਦੀ, ਖੰਡੇ ਖੜਗ ਭਗੌਤੀਆਂ ਵਿਚ ਸਮਾਈਆ । ਕੁਛ ਆਸਾ ਗੋਬਿੰਦ ਦੀ ਅੰਤਰ ਵਿਚਾਰ ਗਿੱਧ ਦੀ, ਜੋ ਨਿਉਂ ਕੇ ਸੀਸ ਨਿਵਾਈਆ । ਖੇਲ ਵੇਖਣੀ ਅੰਤ ਅਖ਼ੀਰ ਪੁਰਖ ਅਕਾਲ ਇੱਕ ਦੀ, ਜੋ ਏਕੰਕਾਰ ਆਪਣਾ

ਨਾਉਂ ਪ੍ਰਗਟਾਈਆ । ਬਿਆਸ ਕਹੇ ਮੇਰੀ ਮਨਸਾ ਪੁਰਾਣੀ ਸਿੱਕ ਦੀ, ਸਿਖ਼ਰ ਚੋਟੀ ਚੜ੍ਹ ਕੇ ਦਿਆਂ ਦੁਹਾਈਆ । ਜਨ ਭਗਤਾਂ ਮੇਲਾ ਮੇਲੀਂ ਆਪਣੇ ਹਿਤ ਲਈ, ਹਿੱਤਕਾਰੀ ਹੋ ਕੇ ਆਪਣੇ ਅੰਗ ਲਗਾਈਆ । ਜਿਨ੍ਹਾਂ ਲੱਖ ਚੁਰਾਸੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਜਿਤ ਲਈ, ਹਾਰ ਤੇਰੇ ਚਰਨਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦਰਬਾਰੇ ਮੰਗ ਮੰਗਾਈਆ ।

★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਤਲਵਿੰਦਰ ਸਿੰਘ ਦੇ ਗ੍ਰਿਹਿ, ਪਿੰਡ ਵਡਾਲਾ ਜ਼ਿਲਾ ਜੰਲਧਰ ★

ਬਿਆਸ ਕਹੇ ਜਨ ਭਗਤ ਰਹੇ ਕੋਈ ਨਾ ਬੇਵਾ, ਆਤਮ ਪਰਮਾਤਮ ਲੈਣ ਪ੍ਰਨਾਈਆ । ਪਿਛਲੇ ਚਾਰ ਜੁਗ ਦੀ ਸੇਵਾ, ਕਲਜੁਗ ਅੰਤਮ ਲੇਖੇ ਪਾਈਆ । ਤੂੰ ਵਸਣਹਾਰਾ ਸਚਖੰਡ ਧਾਮ ਨਿਹਚਲ ਨਿਹਕੇਵਾ, ਨਰ ਨਰਾਇਣ ਤੇਰੀ ਬੇਪਰਵਾਹੀਆ । ਅੰਮ੍ਰਿਤ ਰਸ ਆਪਣੀ ਧਾਰ ਵਿਚੋਂ ਦੇ ਮੇਵਾ, ਮਾਲਕ ਹੋ ਕੇ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਤੈਨੂੰ ਮੰਨਦੇ ਗਏ ਅਲਖ ਅਭੇਵਾ, ਕਥਨੀ ਕਥ ਸਕੇ ਕੋਇ ਨਾ ਰਾਈਆ । ਜਨ ਭਗਤਾਂ ਸਿਫ਼ਤਾਂ ਵਿਚ ਗਾਏ ਕੋਈ ਨਾ ਜਿਹਵਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਤੂੰ ਆਦਿ ਜੁਗਾਦਿ ਦੋ ਜਹਾਨਾਂ ਦੇਵੀ ਦੇਵਾ, ਦੇਵਤ ਸੁਰ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਹਿਬ ਤੇਰੀ ਇਕ ਸਰਨਾਈਆ ।



★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਗੁਰਦੀਪ ਕੌਰ ਦੇ ਗ੍ਰਿਹਿ ਪਿੰਡ ਪਬਮਾ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਜੁਗ ਚੌਕੜੀ ਰੱਖੀ ਉਡੀਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੇਰੀ ਆਸਾ ਮਨਸਾ ਪੂਰੀ ਕਰ ਉਮੀਦ, ਪੂਰਬ ਲਹਿਣਾ ਝੋਲੀ ਪਾਈਆ । ਜਿਸ ਕਾਰਨ ਗੋਬਿੰਦ ਦੇ ਅਨੰਦਪੁਰ ਛੱਡਣ ਲੱਗਿਆਂ ਸਵਾ ਪਹਿਰ ਗਲੋਂ ਲਾਹੀ ਕਮੀਜ, ਤਨ ਖ਼ਾਕੀ ਨਗਨ ਵਖਾਈਆ । ਕੋਈ ਕਰ ਨਾ ਸਕਿਆ ਓਸਦੀ ਤਮਹੀਦ, ਬਿਆਨ ਵਿਚ ਬਿਆਨ ਨਾ ਕੋਇ ਸੁਣਾਈਆ । ਕੀ ਗੁਰਮੁਖਾਂ ਕੀਤੀ ਵਸੀਅਤ, ਬਿਨ ਅੱਖਰਾਂ ਦਿਤੀ ਲਿਖਾਈਆ । ਉਹਦਾ ਲੇਖਾ ਜਾਣੇ ਨਾ ਕੋਇ ਅਸਲੀਅਤ, ਕਾਗ਼ਜ਼ ਕਲਮ ਸ਼ਾਹੀ ਚੱਲੇ ਨਾ ਕੋਇ ਚਤੁਰਾਈਆ । ਬਿਆਸ ਕਹੇ ਤੇਰੀ ਆਦਿ ਜੁਗਾਦਿ ਭਗਤਾਂ ਨਾਲ ਮੇਰੀ ਵਲਦੀਅਤ, ਪਿਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਸਾਚੀ ਸਿਖਿਆ ਨਾਮ ਨਿਧਾਨਾ ਦੇ ਨਸੀਹਤ, ਨਾਲਾਇਕ ਲਾਇਕ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਮ ਦਵਾਰਾ ਵੇਖ ਵਖਾਈਆ ।

★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਿਹਿ ਪਿੰਡ ਢੱਡੇ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਕੀ ਦੱਸਾਂ ਦਾਸਤਾਨ, ਆਪਣਾ ਖੇਲ ਆਪੇ ਵੇਖ ਵਖਾਈਆ । ਜਨ ਭਗਤਾਂ ਤੇਰੇ ਉਤੇ ਮਾਣ, ਅਭਿਮਾਨ ਅੰਦਰ ਨਾ ਕੋਇ

ਵਖਾਈਆ, ਤੇਰੇ ਨਾਮ ਦਾ ਗਾਉਂਦੇ ਗਾਣ, ਗਾ ਗਾ ਸ਼ੁਕਰ ਮਨਾਈਆ । ਅੱਠੇ ਪਹਿਰ ਰੱਖਣ ਧਿਆਨ, ਸੁਰਤੀ ਸੁਰਤ ਵਿਚੋਂ ਬਦਲਾਈਆ । ਤੈਨੂੰ ਮੰਨਦੇ ਧੁਰ ਦਾ ਕਾਹਨ, ਗੁਰਮੁਖ ਗੋਪੀ ਹੋ ਕੇ ਸੇਵ ਕਮਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨ, ਦਾਤਾ ਦਾਨੀ ਧੁਰਦਰਗਾਹੀਆ । ਕਲਜੁਗ ਅੰਤ ਕਰ ਪਰਵਾਨ, ਪਰਮ ਪੁਰਖ ਆਪਣੀ ਗੋਦ ਉਠਾਈਆ । ਅੱਠੇ ਪਹਿਰ ਰਹਿਣਾ ਨਿਗਾਹਵਾਨ, ਦਿਵਸ ਰੈਣ ਹੋ ਸਹਾਈਆ । ਨੇੜੇ ਆਵੇ ਨਾ ਕੋਇ ਸ਼ੈਤਾਨ, ਸ਼ਰਅ ਕਰੇ ਨਾ ਕੋਇ ਲੜਾਈਆ । ਜਨ ਭਗਤਾਂ ਏਕਾ ਆਪਣਾ ਰਾਗ ਸੁਣਾ ਧੁਰ ਦੀ ਧੁਨਕਾਨ, ਧਰਮ ਦਵਾਰਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਸੀਸ ਨਿਵਾਈਆ । ਬਿਆਸ ਕਹੇ ਸਭ ਦੀ ਪੂਰੀ ਕਰ ਕੇ ਸ਼ਰਤ, ਸ਼ਰਤੀਆਂ ਆਪਣਾ ਲੇਖਾ ਦੇ ਮੁਕਾਈਆ । ਜਿਹੜੀ ਮੰਗ ਮੰਗੀ ਰਾਮ ਕੋਲੋਂ ਭਰਤ, ਬਨਬਾਸ ਜਾਦਿਆਂ ਸੀਸ ਨਿਵਾਈਆ । ਗ਼ਰੀਬ ਨਿਮਾਣਿਆਂ ਵੰਡਣਾ ਦਰਦ, ਦੁੱਖੀਆਂ ਦੁੱਖ ਗਵਾਈਆ । ਜਨ ਭਗਤਾਂ ਕਬੂਲ ਕਰ ਅਰਜ਼, ਦਰ ਠਾਂਡੇ ਸੀਸ ਨਿਵਾਈਆ । ਵਿਛੋੜਾ ਰਹੇ ਕੋਈ ਨਾ ਮਰਜ਼, ਮਰੀਜ਼ ਸ਼ਫ਼ਾ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਬਿਆਸ ਕਹੇ ਮੈਂ ਬਹੁ ਕੁਛ ਵੇਖਿਆ ਤੱਕ, ਪੂਰਬਲੇ ਜੁਗ ਧਿਆਨ ਲਗਾਈਆ । ਕਿਸੇ ਪੂਰਾ ਨਾ ਕੀਤਾ ਹਕ, ਹੁਕਮ ਵਿਚ ਸਾਰੇ ਗਏ ਤੇਰੀ ਸੇਵ ਕਮਾਈਆ । ਕੁਛ ਵੇਦ ਵਿਆਸਾ ਪਾ ਕੇ ਗਿਆ ਸ਼ੱਕ, ਸੰਦੇਸ਼ਾ ਹੌਲੀ ਜਿਹੀ ਉਪਜਾਈਆ । ਲਕੀਰ ਕੱਢਕੇ ਨਾਲ ਨੱਕ, ਧਰਤੀ ਉਤੇ ਸਤਿ ਨਿਸ਼ਾਨ ਬਣਾਈਆ । ਜਿਸ ਵੇਲੇ ਧਰਮ ਦਾ ਰਿਹਾ ਕੋਈ ਨਾ ਜਸ, ਵੇਦ ਪੁਰਾਨ ਨਾ ਕੋਇ ਵਡਿਆਈਆ । ਉਸ ਵੇਲੇ ਆਵੇ ਪੁਰਖ ਸਮਰਥ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜਗ ਨੇਤਰ ਸਕੇ ਕੋਈ ਨਾ ਲੱਭ, ਖੋਜਤ ਖੋਜਤ ਸ੍ਰਿਸ਼ਟ ਸਬਾਈਆ । ਸੋ ਭਗਤਾਂ ਲਏ ਸੱਦ, ਕਿਰਪਾ ਕਰਕੇ ਮੇਲ ਮਿਲਾਈਆ । ਲਹਿਣਾ ਦੇਣਾ ਮੂਲ ਚੁਕਾਵੇ ਹੱਭ, ਹਮਵਤਨ ਹਮਸਾਜਣ ਲਏ ਬਣਾਈਆ । ਅੱਗੇ ਰਹਿਣ ਨਾ ਦੇਵੇ ਅਲਗ, ਵੱਖਰਾ ਦਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚੜ੍ਹਾਈਆ । ਬਿਆਸ ਕਹੇ ਆਪਣੀ ਬਖ਼ਸ਼ਿਸ਼ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਵਿਚ ਲਹਿਣਾ ਦੇ ਮੁਕਾਈਆ । ਕੁਛ ਲੇਖਾ ਯਾਦ ਆਇਆ ਮੁਹੰਮਦ ਦੱਸੀ ਹਦੀਸ, ਹਜ਼ਰਤ ਹਕ ਕਰੀ ਪੜ੍ਹਾਈਆ । ਉਸ ਨੂੰ ਨਜ਼ਰ ਆਇਆ ਖ਼ਫੀਫ, ਕਫੀਫ ਕਫ਼ਨ ਤੋਂ ਬਾਹਰ ਸੋਭਾ ਪਾਈਆ । ਤੂੰ ਬਣਾਕੇ ਆਪਣਾ ਅਜ਼ੀਜ਼, ਇਸਮ ਆਜ਼ਮ ਦਿਤਾ ਸਮਝਾਈਆ । ਉਸ ਵੇਲੇ ਮੁਹੰਮਦ ਨੇ ਢਾਈ ਮਿੰਟ ਗਲੋਂ ਲਾਹੀ ਕਮੀਜ਼, ਸਜਦਾ ਤੇਰੇ ਮਸਤਕ ਸੀਸ ਨਿਵਾਈਆ । ਅੰਦਰੋਂ ਬਿਰਹੋਂ ਦੀ ਨਿਕਲੀ ਚੀਕ, ਉਚੀ ਕੂਕ ਕੂਕ ਸੁਣਾਈਆ । ਆਪਣੇ ਹੁਕਮ ਦੀ ਕਰ ਤਸਦੀਕ, ਤੋਬਾ ਤੋਬਾ ਦਏ ਦੁਹਾਈਆ । ਪੁਰਖ ਅਕਾਲ ਕਿਹਾ ਪੁੱਠੇ ਸਿੱਧੇ ਨੱਕ ਦੀ ਕੱਢ ਲੀਕ, ਸੱਤ ਸੱਤ ਚੌਦਾਂ ਅੰਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਮੇਰਾ ਲੇਖ ਕੁਛ ਤੇਰੇ ਵਿਚ ਖ਼ੀਸਾ, ਜੇਬ ਜਿਸ ਨੂੰ ਕਹੇ ਲੋਕਾਈਆ । ਓਸ ਦੇ ਉਤੇ ਬਿਆਨ ਦਿਤਾ ਕੁਛ ਈਸਾ, ਇਸ਼ਟ ਤੇਰਾ ਇਕ ਜਣਾਈਆ । ਸਦੀ ਬੀਸਵੀਂ ਸਭ ਨੇ ਪਾਉਣਾ ਆਪਣਾ ਕੀਤਾ, ਕਰਨੀ ਦਾ ਕਰਤਾ ਦਏ ਸਜ਼ਾਈਆ । ਬਿਨ ਭਗਤਾਂ ਕੋਈ ਨਾ ਰਹੇ ਜੀਵਣ ਵਿਚੋਂ ਜੀਤਾ, ਜ਼ਿੰਦਗੀ ਵਾਲੀ ਦੁਨੀਆ ਅੰਤ ਫ਼ਨਾਹ ਨਜ਼ਰੀ ਆਈਆ । ਤੂੰ ਸੁਣਾਈ ਇਕ ਕੁਨੀਤਾ, ਕੁਨ ਦਿਤਾ ਦ੍ਰਿੜਾਈਆ ।


੬੧੯
੨੦

ਕੁਛ ਲਹਿਣਾ ਮਸੀਹ ਨਾਲੋਂ ਮੂਸਾ ਹੋਰ ਵਧੀਕਾ, ਵਾਧਾ ਦਿਆਂ ਜਣਾਈਆ । ਆਸ ਰੱਖ ਕੇ ਬੈਠਾ ਉਮੀਦਾ, ਆਮਦ ਵਿਚ ਨੈਣ ਉਠਾਈਆ । ਰਾਜ਼ ਖੋਲ੍ਹ ਪੋਸ਼ੀਦਾ, ਪੁਸ਼ਕਰ ਦਾ ਲੇਖਾ ਨਾਲ ਮਿਲਾਈਆ । ਨੂਰ ਤੱਕਾਂ ਤੇਰਾ ਦੀਦਾ, ਦਾਸਤਾਨ ਅਗਲੀ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਬਿਆਸ ਕਹੇ ਪ੍ਰਭ ਆਪਣੀ ਫੋਲ ਕੇ ਵੇਖ ਜੇਬ, ਜਾਇਜ਼ ਲੇਖਾ ਦੇ ਸਮਝਾਈਆ । ਜਿਸ ਨੂੰ ਸਮਝੇ ਨਾ ਕੋਈ ਕਤੇਬ, ਗ੍ਰੰਥ ਗ੍ਰਹਿ ਨਾ ਕੋਇ ਪਰਗਟਾਈਆ । ਜਿਸ ਦੇ ਵਿਚ ਨਹੀਂ ਕੋਇ ਫਰੇਬ, ਦਗ਼ਾ ਰੂਪ ਨਾ ਕੋਇ ਵਟਾਈਆ । ਕੁਛ ਲੇਖਾ ਯਾਦ ਆਇਆ ਸਪਤ ਰਿਖੀਆਂ ਕੱਟਿਆ ਇਕ ਸੇਬ, ਸਭਾ ਆਪਣੀ ਇਕ ਲਗਾਈਆ । ਓਸ ਵਿਚੋਂ ਆਵਾਜ਼ ਆਈ ਪ੍ਰਭ ਦਾ ਨਾਮ ਸਮਝ ਸਕੇ ਨਾ ਕੋਈ ਚਾਰ ਵੇਦ, ਬ੍ਰਹਮਾ ਕਹਿਣ ਕੋਈ ਨਾ ਪਾਈਆ । ਚਾਰੋਂ ਕੁੰਟ ਹੋਇਆ ਜੋਤੀ ਤੇਜ, ਨੂਰ ਨੂਰ ਰੁਸ਼ਨਾਈਆ । ਸੋਹਣੀ ਦਿਸੀ ਸੇਜ, ਸਿੰਘਾਸਣ ਬੇਪਰਵਾਹੀਆ । ਜਿਸ ਧਾਰੋਂ ਗੁਰ ਅਵਤਾਰ ਪੈਗ਼ੰਬਰ ਦੇਵੇਂ ਭੇਜ, ਪੜਦਾ ਦਿਤਾ ਉਠਾਈਆ । ਅੰਤ ਕਰ ਕੇ ਆਪਣਾ ਹੇਤ, ਅਗੰਮ ਸ਼ਬਦ ਦਿਤਾ ਸੁਣਾਈਆ । ਕੁਛ ਲਹਿਣਾ ਦੇਣਾ ਵੇਖੇ ਲੋਕਮਾਤ ਦੇਸ, ਚਾਰੇ ਦਿਸ਼ਾ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਬਿਆਸ ਕਹੇ ਮੈਨੂੰ ਯਾਦ ਆਈ ਪਿਛਲੀ ਤੇਰੀ ਸ਼ਬਦ ਕਹਾਣੀ, ਸ਼ਮਾਂ ਧੁਰ ਦੀ ਹੋਏ ਰੁਸ਼ਨਾਈਆ । ਕੁਛ ਆਸਾ ਰੱਖੀ ਹਰੀ ਚੰਦ ਦੀ ਸਵਾਣੀ, ਰਾਣੀ ਤਾਰਾ ਧਿਆਨ ਲਗਾਈਆ । ਕੁਛ ਸੁਣੀ ਧਰੂ ਨੇ ਤੇਰੀ ਅਗੰਮੀ ਬਾਣੀ, ਬਾਲੀ ਬੁਧ ਮਿਲੀ ਵਡਿਆਈਆ । ਕੁਛ ਸ਼ੰਕਰ ਬਖ਼ਸ਼ਿਆ ਨਿਝਰ ਅੰਮ੍ਰਿਤ ਪਾਣੀ, ਆਪਣਾ ਰਸ ਦਿਤਾ ਵਖਾਈਆ । ਤੇਰਾ ਖੇਲ ਦੋ ਜਹਾਨੀ, ਜੈਂਹ ਜੈਂਹ ਵੇਖਾਂ ਸੋਭਾ ਪਾਈਆ । ਕਲਜੁਗ ਅੰਤ ਜਨ ਭਗਤਾਂ ਰਹੇ ਨਾ ਕੋਇ ਪਰੇਸ਼ਾਨੀ, ਪ੍ਰਸ਼ਨ ਸਭ ਦੇ ਵੇਖ ਵਖਾਈਆ । ਤੇਰੀ ਆਤਮਾ ਨਹੀਂ ਬੇਗਾਨੀ, ਦਰ ਆਪਣੇ ਲੈਣਾ ਜੁੜਾਈਆ । ਤੇਰੀ ਸੱਧਰਾਂ ਭਰੀ ਜਵਾਨੀ, ਜੁਗ ਚੌਕੜੀ ਜੋਬਨਵੰਤੀ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਨਿਸ਼ਾਨੀ, ਨਿਸ਼ਾਨੇ ਜਗਤ ਗਏ ਸਮਝਾਈਆ । ਕਲਜੁਗ ਅੰਤ ਕਰ ਪਰਵਾਨੀ, ਮਹਿਬੂਬ ਸਿਰ ਆਪਣਾ ਹੱਥ ਟਿਕਾਈਆ । ਤੇਰੇ ਮਿਲਣ ਦੀ ਅਖ਼ੀਰ ਮੰਜ਼ਲ ਇਕ ਰੁਹਾਨੀ, ਤੇਰੇ ਦਰਸ਼ਨ ਵਿਚ ਵਡਿਆਈਆ । ਤੇਰੇ ਦਵਾਰੇ ਦੀ ਤੇਰੇ ਘਰ ਮਨਜ਼ੂਰ ਹੋਏ ਮਹਿੰਮਾਨੀ, ਮਹਿੰਮਾਨ ਗੁਰਮੁਖ ਨਜ਼ਰੀ ਆਈਆ । ਸਭ ਦਾ ਲੇਖਾ ਵੇਖ ਮਸਤਕ ਵਿਚ ਪੇਸ਼ਾਨੀ, ਪੇਸ਼ਤਰ ਆਪਣਾ ਭੇਵ ਖੁਲ੍ਹਾਈਆ । ਜਗਤ ਜਨਮ ਦੀ ਲੇਖੇ ਲਾ ਕੁਰਬਾਨੀ, ਕਰਮਾਂ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਬਣਾ ਧੁਰ ਦੇ ਅਨਾਮੀ, ਇਨਾਮ ਵਿਚ ਪੈਗ਼ਾਮ ਆਪਣਾ ਆਪ ਸੁਣਾਈਆ ।

★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਕੌਰ ਦੇ ਗ੍ਰਹਿ ਪਿੰਡ ਜੰਡਿਆਲਾ ਜ਼ਿਲਾ ਜਲੰਧਰ ★

ਬਿਆਸ ਕਹੇ ਜਨ ਭਗਤਾਂ ਪਿਛੇ ਮਾਰੀ ਵਾਟਾ, ਪਾਂਧੀ ਬਣ ਕੇ ਪੰਧ ਮੁਕਾਈਆ । ਜਨਮ ਕਰਮ ਦਾ ਪੂਰਾ ਕਰ ਦੇ ਘਾਟਾ, ਦੇਂਦਿਆਂ ਤੋਟ ਕੋਇ ਨਾ ਆਈਆ । ਜਨ ਭਗਤਾਂ ਕਿਰਪਾ ਕਰ ਦੇ ਦੀਨ ਦਿਆਲ ਪੁਰਖ ਅਬਿਨਾਸ਼ਾ, ਆਪਣੀ ਦਇਆ ਕਮਾਈਆ । ਵਸਤ ਅਮੋਲਕ ਪਾ ਦੇ

ਕਾਇਆ ਬਾਟਾ, ਭੰਡਾਰੀ ਹੋ ਕੇ ਵੇਖ ਵਖਾਈਆ । ਜਨ ਭਗਤ ਰਹੇ ਨਾ ਕੋਈ ਨਿਰਾਸਾ, ਆਸਾ ਸਭ ਦੀ ਪੂਰ ਕਰਾਈਆ । ਤੇਰਾ ਬਣਿਆ ਰਹੇ ਭਰਵਾਸਾ, ਭਰਮ ਗੜ੍ਹ ਦੇਣਾ ਤੁੜਾਈਆ । ਬ੍ਰਹਿਮੰਡ ਖੰਡ ਤੇਰਾ ਮੰਨਦੇ ਆਖਾ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਸਭ ਦੀਆਂ ਪੁਛਣਹਾਰਾ ਵਾਤਾ, ਵਾਕਫ਼ਕਾਰ ਦੀਨ ਦੁਨੀ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਰਨ ਵਿਚ ਸਾਚਾ ਸੀਸ ਨਿਵਾਈਆ । ਬਿਆਸ ਕਹੇ ਤੇਰੇ ਕੋਲ ਭੰਡਾਰਾ ਅਮੁੱਲ, ਅਨਮੁੱਲ ਦੇ ਵਰਤਾਈਆ । ਭਾਗ ਲਗਾ ਭਗਤਾਂ ਕੁਲ, ਕੁਲ ਤੇਰੀ ਵੱਜੇ ਵਧਾਈਆ । ਜਨਮ ਜਨਮ ਦੀ ਬਖ਼ਸ਼ ਭੁੱਲ, ਅਭੁੱਲ ਹੋ ਸਹਾਈਆ । ਸੰਤ ਸੁਹੇਲਾ ਕੋਈ ਨਾ ਜਾਵੇ ਰੁਲ, ਰੁਲਦਿਆਂ ਲੈ ਉਠਾਈਆ । ਸਚ ਤਰਾਜ਼ੂ ਤੋਲ ਦੇ ਤੋਲ, ਵਜ਼ਨ ਮਹਿਸੂਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਫੁਲਵਾੜੀ ਤੇਰੇ ਟਹਿਕਦੇ ਫੁੱਲ, ਬਿਨਾਂ ਭਗਤਾਂ ਤੇਰੀ ਕੁਲ ਨਾ ਅੱਗੇ ਚਲਾਈਆ ।

★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਮੱਖਣ ਸਿੰਘ, ਤੇਜਇੰਦਰ ਸਿੰਘ ਦੇ ਗ੍ਰਿਹ ਪਿੰਡ ਵਡਾਲਾ ਜ਼ਿਲਾ ਜਲੰਧਰ ★



ਜਨ ਭਗਤਾਂ ਕਿਰਪਾ ਕਰੇ ਦੀਨ ਦਿਆਲ, ਸੋ ਸਵਾਮੀ ਅੰਤਰਜਾਮੀ ਵੇਖ ਵਖਾਈਆ । ਲੱਖ ਚੁਰਾਸੀ ਵਿਚੋਂ ਭਾਲ, ਮਾਨਸ ਮਾਨੁਖ ਆਪਣੇ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਵਖਾ ਸੱਚੀ ਧਰਮਸਾਲ, ਸਚ ਦਵਾਰਾ ਏਕੰਕਾਰਾ ਇਕੋ ਇਕ ਸਮਝਾਈਆ । ਮੁਹੱਬਤ ਵਿਚ ਉਪਜਾ ਗੁਰਮੁਖ ਆਪਣੇ ਲਾਲ, ਨਾਮ ਨਿਧਾਨਾ ਰੰਗ ਚੜ੍ਹਾਈਆ । ਕੂੜੀ ਕਿਰਿਆ ਮਾਇਆ ਮਮਤਾ ਮੋਹ ਮੇਟ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਨਿਰਗੁਣ ਸਰਗੁਣ ਵਸੇ ਸਦਾ ਨਾਲ, ਸਦਾ ਸੁਹੇਲਾ ਇਕ ਅਕੇਲਾ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲਹਿਣਾ ਦੇਣਾ ਲੇਖੇ ਲਾਈਆ । ਜਨ ਭਗਤ ਏਕਾ ਰੰਗ ਰੰਗੇ ਸਦਾ ਸਦਾ ਸਦ, ਮਜੀਠੀ ਆਪ ਚੜ੍ਹਾਈਆ । ਧੁਨ ਰਾਗ ਸੁਣਾ ਅਨਹਦ, ਜਗਤ ਸ਼ਾਸਤਰਾਂ ਤੋਂ ਬਾਹਰ ਕਰੇ ਪੜ੍ਹਾਈਆ । ਅੰਮ੍ਰਿਤ ਜਾਮ ਪਿਆਏ ਨਿਝਰ ਝਿਰਨਾ ਘਟ, ਬੂੰਦ ਸਵਾਂਤੀ ਆਪ ਟਪਕਾਈਆ । ਦਿੱਬ ਨੇਤਰ ਗਿਆਨ ਖੋਲ੍ਹੇ ਅੱਖ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਘਰ ਸਾਹਿਬ ਸਵਾਮੀ ਪੁਰਖ ਅਕਾਲ ਦੀਨ ਦਿਆਲ ਮਿਲੇ ਸਚ, ਜਨ ਭਗਤਾਂ ਪੜਦਾ ਓਹਲਾ ਅੰਤਰ ਦਏ ਉਠਾਈਆ । ਮਿਲੇ ਵਡਿਆਈ ਤਤ ਵਜੂਦ ਕਾਇਆ ਮਾਟੀ ਕੱਚ, ਕੰਚਨ ਗੜ੍ਹ ਸੁਹੰਜਣਾ ਆਦਿ ਨਿਰੰਜਣਾ ਦਏ ਕਰਾਈਆ । ਸਦਾ ਸੁਹੇਲਾ ਇਕ ਅਕੇਲਾ ਜਨ ਭਗਤਾਂ ਸਿਰ ਤੇ ਰੱਖੇ ਹੱਥ, ਬਾਲ ਬਿਰਧ ਜਵਾਨ ਭੈ ਰਹਿਣ ਕੋਇ ਨਾ ਪਾਈਆ । ਨਾਮ ਭੰਡਾਰਾ ਦੇ ਕੇ ਸਾਚੀ ਵਥ, ਧਨ ਖ਼ਜ਼ੀਨਾ ਇਕ ਪਰਗਟਾਈਆ । ਹੁਕਮੇ ਅੰਦਰ ਸਦਾ ਰੱਖ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜਾਪ ਜਪਾਈਆ । ਲੱਖ ਚੁਰਾਸੀ ਜਮ ਦੀ ਫਾਸੀ ਕੱਟ, ਰਾਏ ਧਰਮ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਹਰਿਜਨ ਵੇਖੇ ਸੱਜਣ ਸੰਤ, ਸ੍ਰੀ ਭਗਵੰਤ ਪੜਦਾ ਓਹਲਾ ਆਪ ਉਠਾਈਆ ।

★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਸਮਾ ਕੌਰ ਦੇ ਗ੍ਰਿਹਿ ਪਿੰਡ ਸੁਨੜ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਜੁਗ ਚੌਕੜੀ ਤੱਕਦਾ ਰਿਹਾ ਸਾਧ, ਜੋ ਸਾਧਨਾ ਵਿਚ ਨਿਰਗੁਣ ਸਰਗੁਣ ਤੇਰਾ ਧਿਆਨ ਲਗਾਈਆ । ਅੰਤਰ ਨਿਰੰਤਰ ਤੇਰਾ ਮੰਤਰ ਕਰਦੇ ਰਹੇ ਯਾਦ, ਰਸਨਾ ਜਿਹਵਾ ਦੰਦ ਨਾ ਕੋਇ ਹਿਲਾਈਆ । ਆਸਾ ਤੱਕਦੇ ਰਹੇ ਸ਼ਬਦ ਵੱਜੇ ਅਗੰਮੀ ਨਾਦ, ਧੁਨ ਆਤਮਕ ਰਾਗ ਸੁਣਾਈਆ । ਪੁਰਖ ਅਕਾਲ ਭੇਵ ਖੁਲ੍ਹਾ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਕੂੜੀ ਕਿਰਿਆ ਮਨ ਵਾਸਨਾ ਅੰਦਰੋਂ ਨਿਕਲੇ ਵਿਵਾਦ, ਜਗਤ ਹੰਕਾਰਾ ਗੜ੍ਹ ਦੇ ਤੁੜਾਈਆ । ਸਾਚੇ ਮੰਦਰ ਡੂੰਘੀ ਕੰਦਰ ਖੋਲ੍ਹ ਦੇਵੇ ਰਾਜ਼, ਰਾਜ਼ਕ ਰਹੀਮ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਤਿਪਰਮੇਸ਼ਵਰ ਤੇਰਾ ਧਿਆਨ ਲਗਾਈਆ ।

★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਬਚਨ ਕੌਰ ਦੇ ਗ੍ਰਿਹਿ ਪਿੰਡ ਬੋਪਾਰਾਏ ਜ਼ਿਲਾ ਜਲੰਧਰ ★

ਬਿਆਸ ਕਹੇ ਮੈਂ ਜੁਗ ਚੌਕੜੀ ਤੱਕਦਾ ਰਿਹਾ ਸੰਤ, ਸਾਹਿਬ ਸਤਿਗੁਰ ਸਾਜਨ ਜੋ ਤੇਰਾ ਧਿਆਨ ਲਗਾਈਆ । ਜਲਧਾਰ ਵੜ ਵੜ ਖੋਜਦੇ ਗਏ ਕੰਤ, ਖੋਜਿਆਂ ਹੱਥ ਕਿਸੇ ਨਾ ਆਈਆ । ਪੜ੍ਹ ਪੜ੍ਹ ਥੱਕੇ ਤੇਰਾ ਅੱਖਰਾਂ ਵਾਲਾ ਮੰਤ, ਮੰਤਵ ਹੱਲ ਨਾ ਕੋਇ ਕਰਾਈਆ । ਗੜ੍ਹ ਤੁੱਟਾ ਨਾ ਹਉਮੇ ਹੰਗਤ, ਹੰ ਬ੍ਰਹਮ ਭੇਵ ਕੋਇ ਨਾ ਪਾਈਆ । ਸਾਚੇ ਨਾਮ ਦੀ ਮਿਲੀ ਕਿਸੇ ਨਾ ਸਨਦ, ਸਾਚਾ ਰੰਗ ਨਾ ਕੋਈ ਰੰਗਾਈਆ । ਝਗੜਾ ਪਿਆ ਰਿਹਾ ਬਹਿਸ਼ਤ ਜੰਨਤ, ਸਵਰਗਾਂ ਡੇਰਾ ਕੋਇ ਨਾ ਢਾਹੀਆ । ਗੁਰ ਅਵਤਾਰ ਪੈਗ਼ੰਬਰ ਤੇਰੇ ਅੱਗੇ ਕਰਦੇ ਗਏ ਮਿੰਨਤ, ਨਿਉਂ ਨਿਉਂ ਸਜਦਿਆਂ ਵਿਚ ਸੀਸ ਝੁਕਾਈਆ । ਚਾਰ ਜੁਗ ਦੀ ਖਾਣੀ ਬਾਣੀ ਤੇਰੀ ਸਿਫ਼ਤਾਂ ਵਾਲੀ ਲਿਖਤ, ਸੰਦੇਸ਼ਿਆਂ ਵਿਚ ਸੱਦਾ ਹੋਕਾ ਨਾਮ ਸੁਣਾਈਆ । ਤੇਰਾ ਲੱਭ ਸਕਿਆ ਕੋਈ ਨਾ ਇਸ਼ਟ, ਇਸ਼ਟ ਆਤਮਾ ਪਰਮਾਤਮਾ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਹਰਿਜਨ ਸਾਚੇ ਲੇਖੇ ਲੈਣੇ ਲਾਈਆ । ਬਿਆਸ ਕਹੇ ਮੈਂ ਜੁਗ ਜੁਗ ਤੇਰੇ ਤੱਕਦਾ ਰਿਹਾ ਸੰਤ ਫ਼ਕੀਰ, ਫ਼ਿਕਰਾ ਤੇਰਾ ਢੋਲਾ ਗਾਈਆ । ਘੱਤਦੇ ਰਹੇ ਵਹੀਰ, ਚਾਰ ਕੁੰਟ ਭੱਜਣ ਵਾਹੋ ਦਾਹੀਆ । ਬਦਲਦੇ ਰਹੇ ਜ਼ਮੀਰ, ਮਨ ਮਤ ਬੁੱਧੀ ਤੋਂ ਪਰੇ ਅੱਖ ਖੁਲ੍ਹਾਈਆ । ਲੱਭਦੇ ਰਹੇ ਤਦਬੀਰ, ਤੇਰਾ ਤਰੀਕਾ ਨਾਮ ਧੁਰਦਰਗਾਹੀਆ । ਝਗੜਾ ਤੱਕਦੇ ਰਹੇ ਸ਼ਾਹ ਹਕੀਰ, ਸ਼ਰਅ ਵਿਚ ਨਾ ਕੋਇ ਲੜਾਈਆ । ਕਿਸ ਬਿਧ ਤੇਰੀ ਨਜ਼ਰ ਆਵੇ ਤਸਵੀਰ, ਬਿਨ ਰੂਪ ਰੰਗ ਰੇਖ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਅਕਲ ਕਲਧਾਰੀ ਜੋਤ ਨਿਰੰਕਾਰੀ ਜੋਤੀ ਜਾਤੇ ਪੁਰਖ ਬਿਧਾਤੇ ਤੇਰੀ ਓਟ ਤਕਾਈਆ ।



੬੨੨ ੨੦

★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਭਜਨ ਕੌਰ ਦੇ ਗ੍ਰਿਹ ਜਮਸ਼ੇਰ ਜ਼ਿਲਾ ਜਲੰਧਰ ★

ਬਿਆਸ ਕਹੇ ਪ੍ਰਭ ਕਲਜੁਗ ਅੰਤ ਅਖ਼ੀਰ ਤੋੜ ਦੇ ਬੰਧਨ, ਬੰਦਗੀ ਆਪਣੀ ਦੇ ਸਮਝਾਈਆ । ਧੂੜੀ ਟਿੱਕਾ ਮਸਤਕ ਨਾਮ ਲਾ ਅਗੰਮਾ ਚੰਦਨ, ਪੜਦਾ ਓਹਲਾ ਕਾਇਆ ਮੰਦਰ ਅੰਦਰ ਦੇ ਚੁਕਾਈਆ । ਲੱਖ ਚੁਰਾਸੀ ਆਵਣ ਜਾਵਣ ਪਤਤ ਪਾਵਨ ਰਹੇ ਕੋਈ ਨਾ ਫੰਦਨ, ਫਾਸੀ ਜਮ ਗਲ ਨਾ ਕੋਇ ਲਟਕਾਈਆ । ਤੂੰ ਸਾਹਿਬ ਸਮਰਥ ਦੀਨ ਦਿਆਲ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਰਹਿਮਤ ਆਪਣੀ ਦੇ ਕਮਾਈਆ । ਸਦੀ ਚੌਧਵੀਂ ਅੰਤ ਦਰ ਠਾਂਡੇ ਤੇਰੇ ਵਸਤ ਅਮੋਲਕ ਮੰਗਣ, ਨਾਮ ਨਿਧਾਨ ਸ੍ਰੀ ਭਗਵਾਨ ਆਪਣਾ ਦੇਣਾ ਵਰਤਾਈਆ । ਦਰਗਾਹ ਸਾਚੀ ਧਾਮ ਨਿਆਰਾ ਦਰ ਦਰਵਾਜ਼ਾ ਤੇਰਾ ਲੰਘਣ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਚਰਨਾਂ ਹੇਠਾਂ ਦੱਬਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡਾ ਦੇਣਾ ਸੁਹਾਈਆ ।

★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਕੌਰ ਦੇ ਘਰ ਪਿੰਡ ਕਾਲਾ ਸੰਘਾ ਜ਼ਿਲਾ ਜਲੰਧਰ ★




ਬਿਆਸ ਕਹੇ ਜਨ ਭਗਤ ਲੈ ਜਾ ਆਪਣੇ ਦਵਾਰ, ਦਵਾਰਕਾ ਵਾਸੀ ਜਿਥੇ ਬੈਠੇ ਸੀਸ ਨਿਵਾਈਆ । ਬੰਦਨਾ ਡੰਡਾਵਤ ਸਜਦੇ ਕਰਦੇ ਗੁਰੂ ਅਵਤਾਰ, ਪੈਗ਼ੰਬਰ ਸਿਰ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਭਿਖਾਰ, ਦਰ ਤੇਰੇ ਅਲਖ ਜਗਾਈਆ । ਨਿਰਗੁਣ ਜੋਤ ਕਮਲਾਪਾਤੀ ਤੇਰੀ ਹੋਏ ਉਜਿਆਰ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਘਰ ਕਾਗਦ ਕਲਮ ਕੋਈ ਨਾ ਲਿਖਣਹਾਰ, ਕਾਤਬ ਰੂਪ ਨਾ ਕੋਇ ਧਰਾਈਆ । ਸੋ ਮਹੱਲ ਅਟਲ ਉਚ ਅਗੰਮ ਅਥਾਹ ਦਏ ਵਖਾਲ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਜਿਥੇ ਝਗੜਾ ਰਹੇ ਨਾ ਸ਼ਾਹ ਕੰਗਾਲ, ਊਚ ਨੀਚ ਜਾਤ ਪਾਤ ਭਰਮ ਨਾ ਕੋਇ ਭੁਲਾਈਆ । ਧਰਮ ਦਵਾਰਾ ਇਕੋ ਦਿਸੇ ਧੁਰ ਦੀ ਧਰਮਸਾਲ, ਚਾਰ ਵਰਨਾਂ ਅਠਾਰਾਂ ਬਰਨਾਂ ਜਿਸ ਧਾਰ ਵਿਚ ਮਿਲ ਕੇ ਤੇਰਾ ਰੂਪ ਸਮਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਆਪਣਾ ਫੇਰਾ ਪਾਈਆ । ਕਲਜੁਗ ਅੰਦਰ ਸਤਿਜੁਗ ਬਦਲ ਦੇ ਚਾਲ, ਚਾਲ ਨਿਰਾਲੀ ਜੋਤ ਅਕਾਲੀ ਆਪਣੀ ਕਲ ਦੇ ਪਰਗਟਾਈਆ । ਜੀਵ ਜੰਤ ਮੁਰਦੇ ਸਾਰੇ ਦੇ ਜਵਾਲ, ਨਾਮ ਰਸ ਅੰਮ੍ਰਿਤ ਅੰਮਿਉਂ ਜਾਮ ਪਿਆਈਆ । ਜਨ ਭਗਤਾਂ ਪੂਰਬ ਜਨਮ ਦੀ ਲੇਖੇ ਲਾ ਘਾਲ, ਲਹਿਣਾ ਦੇਣਾ ਧੁਰ ਦਾ ਝੋਲੀ ਪਾਈਆ । ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਜੋ ਭਵਿਖਤਾਂ ਵਿਚ ਦਿਤਾ ਅਹਿਵਾਲ, ਹਾਲ ਸਭ ਦਾ ਖੋਜ ਖੁਜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੀਨਾ ਬੰਧਪ ਦੀਨ ਦਿਆਲ, ਰੱਖਕ ਹੋ ਕੇ ਆਪ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਦਾ ਡੰਕਾ ਇਕੋ ਵੱਜੇ ਤਾਲ, ਤਾਰ ਸਤਾਰ ਨਿਰਗੁਣ ਨਿਰੰਕਾਰ ਨਿਰਾਕਾਰ ਸੁਰਤੀ ਸ਼ਬਦੀ ਸ਼ਬਦ ਸੁਰਤ ਦੇਣਾ ਹਿਲਾਈਆ ।

ਸ਼ਹਿਨਸ਼ਾਹੀ ਸੰਮਤ ੨ (੨੦੨੩ ਬਿਕ੍ਰਮੀ) ਦੀ ਲਿਖਤ ਖ਼ਤਮ

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।

### ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ (੨੦੨੪ ਬਿਕ੍ਰਮੀ) ਹਰਿ ਭਗਤ ਦਵਾਰ ਜੇਠਵਾਲ ★

ਪਹਿਲੀ ਚੇਤ ਕਹੇ ਪੁਰਖ ਅਕਾਲ ਗੁਰ ਅਵਤਾਰ ਪੈਗ਼ੰਬਰ ਆ ਗਏ ਤੇਰੇ ਬੱਚੇ, ਸੰਮਤ ਸ਼ਹਿਨਸ਼ਾਹੀ ਤਿੰਨ ਤ੍ਰਿਲੋਕੀ ਆਏ ਤਜਾਈਆ । ਜੁਗ ਚੌਕੜੀ ਤੇਰੇ ਹੁਕਮ ਅੰਦਰ ਕੌਲ ਇਕਰਾਰ ਕੀਤੇ ਪੱਕੇ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਨਾਮ ਸੰਦੇਸੇ ਲੋਕਮਾਤ ਦੇ ਕੇ ਆਏ ਸੱਚੇ, ਧੁਰ ਫ਼ਰਮਾਨ ਸ੍ਰੀ ਭਗਵਾਨ ਤੇਰਾ ਇਕ ਸਮਝਾਈਆ । ਕਾਇਆ ਮਾਟੀ ਨਾਤਾ ਤੋੜ ਕੇ ਭਾਂਡੇ ਕੱਚੇ, ਜੋਤੀ ਜਾਤੇ ਪੁਰਖ ਬਿਧਾਤੇ ਤੇਰੀ ਧਾਰ ਵਿਚ ਸਮਾਈਆ । ਦਰ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਵੇਖ ਸਰਬ ਇਕੱਠੇ, ਦੁਤੀਆ ਰੂਪ ਨਾ ਕੋਇ ਵਟਾਈਆ । ਸਚ ਸਰਨਾਈ ਬੇਪਰਵਾਹੀ ਧੁਰਦਰਗਾਹੀ ਤੇਰੀ ਢੱਠੇ, ਮਾਣ ਵਡਿਆਈ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਦੀਗਰੇ ਬਾਦ ਥਕੇ, ਯਾਦ ਵਿਚ ਨਾਦ ਤੇਰਾ ਗਏ ਵਜਾਈਆ । ਸੋ ਸਵਾਮੀ ਅੰਤਰਜਾਮੀ ਦਰ ਠਾਂਡੇ ਆਏ ਸੱਦੇ, ਹੁਕਮ ਸੁਣਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਖ਼ੁਸ਼ੀ ਮਨਾਈਆ । ਪਹਿਲੀ ਚੇਤ ਕਹੇ ਆਹ ਆ ਗਏ ਗੁਰ ਅਵਤਾਰ ਪੈਗ਼ੰਬਰ ਤੇਰੇ ਸੂਰਬੀਰ, ਬੀਰਤਾ ਆਪਣੀ ਚਾਰ ਜੁਗ ਵਖਾਈਆ । ਸਚਖੰਡ ਦਵਾਰੇ ਆਏ ਘੱਤ ਕੇ ਬਿਨ ਕਦਮਾਂ ਵਹੀਰ, ਬੇਨਜ਼ੀਰ ਤੇਰਾ ਪੰਧ ਮੁਕਾਈਆ । ਪਿਛਲੀ ਸਾਫ਼ ਕਰਦੇ ਲਕੀਰ, ਫ਼ਕੀਰ ਰਹਿਣ ਕੋਇ ਨਾ ਪਾਈਆ । ਹੁਕਮੇ ਅੰਦਰ ਹੁਕਮ ਬਦਲ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜਾਈਆ । ਸ਼ਰਅ ਦਾ ਰਹੇ ਨਾ ਕੋਇ ਜਜ਼ੀਰ, ਮਜ਼੍ਹਬ ਵੰਡ ਨਾ ਕੋਇ ਵਖਾਈਆ । ਤੂੰ ਸ਼ਾਹ ਸੁਲਤਾਨ ਸ੍ਰੀ ਭਗਵਾਨ ਗਹਿਰ ਗੰਭੀਰ, ਗਹਿਰ ਗਵਰ ਤੇਰੇ ਹੱਥ ਵਡਿਆਈਆ । ਪਿਛਲਾ ਲਹਿਣਾ ਮੁਕਾ ਕਦੀਮ, ਕੁਦਰਤ ਦੇ ਮਾਲਕ ਆਪਣਾ ਹੁਕਮ ਸੁਣਾਈਆ । ਤੇਰਾ ਮੰਦਰ ਰੰਗੀਏ ਸਚ ਅਜ਼ੀਮ, ਆਲੀਸ਼ਾਨ ਦੋ ਜਹਾਨ ਨਜ਼ਰੀ ਆਈਆ । ਜਿਸ ਵਿਚ ਕਰੇ ਨਾ ਕੋਇ ਤਰਮੀਮ, ਧਾਰਾ ਵਿਚ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪਹਿਲੀ ਚੇਤ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੇ ਤੇਰੇ ਸੁਤ ਦਵਾਰੇ, ਸੁਤਿਆਂ ਲਿਆ ਉਠਾਈਆ । ਪੁਰਖ ਅਕਾਲ ਦੀਨ ਦਿਆਲ ਮੈਂ ਤੱਕਦਾ ਰਿਹਾ ਨਜ਼ਾਰੇ, ਨਿਰਗੁਣ ਤੇਰਾ ਖੇਲ ਵੇਖ ਖ਼ੁਸ਼ੀ ਮਨਾਈਆ । ਮੇਰੇ ਇਸ਼ਾਰਿਆਂ ਵਿਚ ਕੋਟਨ ਵਾਰ ਮੇਟੇ ਜੁਗ ਚਾਰੇ, ਸਤਿਜੁਗ ਤਰੇਤਾ ਦਵਾਪਰ ਕਲਜੁਗ ਆਪਣਾ ਪੰਧ ਮੁਕਾਈਆ । ਅਨਗਿਣਤ ਵੇਖੇ ਵਿਸ਼ਨ


੬੨੪
੨੦

ਬ੍ਰਹਮਾ ਸ਼ਿਵ ਦੇਵਤ ਸੁਰ ਵਣਜਾਰੇ, ਨਿਤ ਨਵਿਤ ਆਪਣੀ ਦਇਆ ਕਮਾਈਆ । ਕੋਟਨ ਕੋਟ ਗੁਰ ਅਵਤਾਰ ਪੈਗ਼ੰਬਰ ਕਾਗ਼ਜ਼ ਕਲਮ ਸ਼ਾਹੀ ਕਾਦਰ ਕੁਦਰਤ ਵਿਚ ਕਾਗ਼ਜ਼ ਬਣੇ ਲਿਖਾਰੇ, ਅੱਖਰਾਂ ਵੰਡ ਵੰਡਾਈਆ । ਹੁਕਮੇ ਅੰਦਰ ਚਲਦੇ ਵੇਖੇ ਸੂਰਜ ਚੰਦ ਸਿਤਾਰੇ, ਸੜ੍ਹਾ ਬਿਨ ਪਤਾ ਆਪਣੀ ਕਾਰ ਕਮਾਈਆ । ਜਲ ਥਲ ਸਮੁੰਦ ਸਾਗਰ ਵੇਖੇ ਪਰਬਤ ਟਿਲੇ ਉਚ ਮਨਾਰੇ, ਪਨਘਟ ਤੇਰਾ ਰਾਹ ਤਕਾਈਆ । ਸੂਫ਼ੀ ਸੰਤ ਫ਼ਕੀਰ ਭਗਤ ਜਨ ਦਰ ਦਰਵੇਸ਼ ਤੱਕੇ ਭਿਖਾਰੇ, ਇਛਿਆ ਵਿਚ ਭਿਛਿਆ ਮੰਗ ਮੰਗਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਆਦਿ ਮਧ ਪੂਰੇ ਹੋਏ ਨਾ ਲਾਰੇ, ਸਹਾਰੇ ਵਿਚ ਖੇਲ ਖਿਲਾਈਆ । ਕਲਜੁਗ ਅੰਤ ਖੇਲ ਨਿਆਰੇ, ਜਿਸ ਦੀ ਪਾਵੇ ਕੋਈ ਨਾ ਸਾਰੇ, ਗੁਰ ਅਵਤਾਰ ਪੈਗ਼ੰਬਰ ਖੜ੍ਹੇ ਦਵਾਰੇ, ਦੋਏ ਜੋੜ ਸੀਸ ਨਿਵਾਈਆ । ਚਾਰੇ ਬਾਣੀ ਕੂਕਾਂ ਮਾਰੇ, ਚਾਰੇ ਖਾਣੀ ਵੇਖ ਅਖਾੜੇ, ਚਾਰੇ ਜੁਗ ਕੱਢਣ ਹਾੜੇ, ਨਿਉਂ ਨਿਉਂ ਸੀਸ ਨਿਵਾਈਆ । ਤੇਰਾ ਲੇਖਾ ਧੁਰ ਦਰਬਾਰੇ, ਜਿਥੇ ਜਗੇ ਜੋਤ ਅਗੰਮ ਅਪਾਰੇ, ਸ਼ਾਹ ਪਾਤਸ਼ਾਹ ਨਜ਼ਰੀ ਆਏ ਇਕ ਸਰਕਾਰੇ, ਦੂਜਾ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਸਮਝਾਈਆ । ਪਹਿਲੀ ਚੇਤ ਕਹੇ ਮੈਂ ਜੁਗ ਚੌਕੜੀ ਸਭ ਦੀ ਵੇਖੀ ਚਿੰਤਾ ਚਿਖਾ, ਗ਼ਮਖ਼ਾਰ ਗ਼ਮ ਦੂਰ ਨਾ ਕੋਇ ਕਰਾਈਆ । ਤੇਰਾ ਹੁਕਮ ਸੰਦੇਸਾ ਨਰ ਨਰੇਸ਼ਾ ਜੁਗ ਚੌਕੜੀ ਤੇਰੇ ਹੁਕਮੇ ਅੰਦਰ ਲਿਖਾ, ਨਾਤਾ ਜਗਤ ਨਾਲ ਜੁੜਾਈਆ । ਤੇਰੇ ਨੂਰ ਜਹੂਰ ਚਮਤਕਾਰਿਆਂ ਵਿਚ ਦਿਸਾ, ਬੇਅੰਤ ਆਪਣਾ ਪੜਦਾ ਨਾ ਮੂਲ ਉਠਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਚਾੜ੍ਹ ਕੇ ਉਤੇ ਚਿਖਾ, ਅਗਨੀ ਤਤ ਦਿਤਾ ਤਪਾਈਆ । ਸਭ ਦੇ ਅੰਦਰ ਆਪਣੇ ਆਉਣ ਦੀ ਪਰਗਟ ਕਰਕੇ ਇੱਛਾ, ਆਸਾ ਹੋਰ ਵਧਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਮੰਗਦੇ ਗਏ ਭਿੱਛਾ, ਭਿੱਖਕ ਹੋ ਕੇ ਝੋਲੀ ਡਾਹੀਆ । ਤੇਰਾ ਹਕ ਦਵਾਰਾ ਏਕੰਕਾਰਾ ਚਰਨਾ ਤੋਂ ਅੱਗੇ ਕਿਸੇ ਨਾ ਡਿੱਠਾ, ਬੇਅੰਤ ਕਹਿ ਕੇ ਧੂੜੀ ਖ਼ਾਕ ਰਮਾਈਆ । ਸਾਰੇ ਮੰਨ ਕੇ ਗਏ ਪਿਤਾ, ਜਿਸ ਨੇ ਤਨ ਵਜੂਦ ਮਾਟੀ ਜੋਤੀ ਸ਼ਬਦ ਧਾਰ ਦਿਤਾ, ਜਨਮ ਜਨਮ ਨਾਲ ਮਿਲਾਈਆ । ਥੋੜਾ ਥੋੜਾ ਹਿੱਸਾ ਵੰਡ ਕੇ ਕਿੱਤਾ, ਕੇਤੀ ਹੁਕਮ ਗਏ ਸੁਣਾਈਆ । ਅੰਤ ਅਖ਼ੀਰ ਦੇ ਕੇ ਪਿੱਛਾ, ਪਸਚਾਤਾਪ ਵਿਚੋਂ ਬਾਹਰ ਕਢਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਜਗਤ ਨਿਸ਼ਾਨੀ ਵਾਲਾ ਚਿੱਠਾ, ਅੱਖਰਾਂ ਨਾਲ ਸੁਣਾਈਆ । ਜੋ ਟਕਿਆਂ ਨਾਲ ਜਗਤ ਵਣਜਾਰਿਆਂ ਹੱਥ ਵਿਕਾ, ਕੀਮਤ ਠੱਗਾਂ ਵਾਲੀ ਰਖਾਈਆ । ਜਗਤ ਸ਼ਾਹੀ ਦਾ ਬਦਲਦਾ ਰਿਹਾ ਸਿੱਕਾ, ਹਕੂਮਤ ਹੁਕਮ ਵਿਚ ਵਟਾਈਆ । ਗੁਰ ਅਵਤਾਰ ਪੈਗ਼ੰਬਰ ਤੈਨੂੰ ਦੱਸ ਕੇ ਗਏ ਹਿੱਕਾ, ਇੱਕਾ ਨਾਉਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਸਮਝਾਈਆ । ਪਹਿਲੀ ਚੇਤ ਕਹੇ ਗੁਰ ਅਵਤਾਰ ਪੈਗ਼ੰਬਰ ਵੇਖ ਆਪਣੇ ਜੋਧੇ, ਬਾਂਕੇ ਸੋਹਣੇ ਨਜ਼ਰੀ ਆਈਆ । ਜਿਨ੍ਹਾਂ ਨੇ ਨਿਤ ਨਵਿਤ ਤੇਰੇ ਅਰਦਾਸੇ ਸੋਧੇ, ਕਲਮਿਆਂ ਵਿਚ ਸੀਸ ਨਿਵਾਈਆ । ਤਨ ਸਰੀਰ ਬਸਤਰ ਪਾ ਕੇ ਚੋਗੇ, ਵਜੂਦ ਗਏ ਹੰਢਾਈਆ । ਗਾ ਕੇ ਸਚ ਸਲੋਕੇ, ਸੋਹਲੇ ਜਗਤ ਸੁਣਾਈਆ । ਚਰਨ ਕਵਲ ਤੇਰੇ ਧੋ ਕੇ, ਚਰਨੋਧਕ ਰਸਨਾ ਮੁਖ ਲਗਾਈਆ । ਨਿਰਗੁਣ ਨਿਰਗੁਣ ਧਾਰ ਹੋ ਕੇ, ਏਕਾ ਤੇਰਾ ਨਾਮ ਸੁਣਾ ਅੰਤ ਸ੍ਰਿਸ਼ਟੀ ਵਿਚੋਂ ਗਏ ਰੋ ਕੇ, ਭਾਣਾ ਮੰਨ ਧੁਰਦਰਗਾਹੀਆ । ਸਭ ਨੂੰ ਇਕੱਠੇ ਦਿਤੇ ਮੌਕੇ, ਹੁਕਮ ਸੰਦੇਸਾ ਇਕ ਸੁਣਾਈਆ । ਜਿਸ ਵੇਲੇ ਪ੍ਰਗਟ ਹੋਵਾਂ ਨਿਰਮਲ ਜੋਤ ਹੋ ਕੇ, ਤਨ ਸ਼ਰੀਰ ਨਾ ਕੋਇ ਰਖਾਈਆ । ਚਾਰ ਜੁਗ ਦਾ ਲਹਿਣਾ

ਦੇਣਾ ਸਭ ਤੋਂ ਖੋਹ ਕੇ, ਖ਼ਾਲਸ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਜੋ ਬੀਜ ਆਏ ਬੋ ਕੇ, ਸਭ ਦਾ ਲਹਿਣਾ ਵੇਖ ਵਖਾਈਆ । ਜੋ ਢੋਆ ਆਏ ਢੋ ਕੇ, ਲੋਕਮਾਤ ਧਰਾਈਆ । ਸਭ ਨੂੰ ਅੰਤਰ ਵੇਖਾਂ ਜੋਹ ਕੇ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਪਹਿਲੀ ਚੇਤ ਕਹੇ ਆਪਣੇ ਗੁਰ ਅਵਤਾਰ ਪੈਗ਼ੰਬਰ ਵੇਖ ਸੂਰਬੀਰ ਸੁਲਤਾਨ, ਮਹਾਰਾਜੇ ਪਲਕਾਂ ਵਾਲੇ ਨਜ਼ਰੀ ਆਈਆ । ਤੇਰੀ ਮੰਨਦੇ ਰਹੇ ਆਣ, ਸਿਰ ਸਕਿਆ ਨਾ ਕੋਇ ਉਠਾਈਆ । ਤੇਰੇ ਨਾਮ ਦਾ ਦੱਸਦੇ ਗਏ ਵਿਧਾਨ, ਜਗਤ ਵਿਦਿਆ ਨਾਲ ਕੁੜਮਾਈਆ । ਅੱਖਰਾਂ ਵਾਲਾ ਦੇ ਕੇ ਗਿਆਨ, ਸਿਫ਼ਤਾਂ ਨਾਲ ਸਾਲਾਹੀਆ । ਸੰਦੇਸਿਆਂ ਵਿਚ ਕਹਿ ਕੇ ਗਏ ਮਿਹਰਵਾਨ, ਮਹਿਬੂਬ ਧੁਰਦਰਗਾਹੀਆ । ਦੀਨ ਮਜ਼੍ਹਬ ਵੰਡ ਵਿਚ ਜਹਾਨ, ਮਾਨਵ ਮਾਨਵ ਨਾਲ ਲੜਾਈਆ । ਤੈਨੂੰ ਦੱਸ ਕੇ ਬੇਪਹਿਚਾਨ, ਰੂਪ ਰੰਗ ਤੋਂ ਬਾਹਰ ਗਏ ਦ੍ਰਿੜਾਈਆ । ਚੱਕਰ ਚਿੰਨ੍ਹ ਨਾ ਕੋਇ ਨਿਸ਼ਾਨ, ਨੇਤਰ ਨੈਣ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਪਹਿਲੀ ਚੇਤ ਕਹੇ ਆਪਣੇ ਗੁਰ ਅਵਤਾਰ ਪੈਗ਼ੰਬਰ ਵੇਖ ਜੋ ਕਰਦੇ ਗਏ ਯਾਦ, ਯਦ ਤੇਰੀ ਨਜ਼ਰੀ ਆਈਆ । ਜਿਸ ਕਾਰਨ ਤੂੰ ਰਚਨਾ ਰਚੀ ਆਦਿ, ਮਧ ਆਪਣਾ ਹੁਕਮ ਵਰਤਾਈਆ । ਅੰਤ ਦੱਸਿਆ ਨਾ ਕਿਸੇ ਜੁਗਾਦਿ, ਪੜਦਾ ਅੱਗੇ ਨਾ ਕੋਇ ਉਠਾਈਆ । ਹੁਕਮੀ ਸੁਣ ਤੇਰੀ ਆਵਾਜ਼, ਸ਼ਬਦੀ ਢੋਲੇ ਗਾਈਆ । ਬਿਨ ਕਿਰਪਾ ਖੋਲ੍ਹਿਆ ਕਿਸੇ ਨਾ ਰਾਜ਼, ਬਿਨ ਰਹਿਮਤ ਰੰਗ ਨਾ ਕੋਇ ਚੜ੍ਹਾਈਆ । ਬਿਨ ਹੁਕਮ ਸੁਣੇ ਕੋਈ ਨਾ ਨਾਦ, ਧੁਨ ਧਰਮ ਨਾ ਕੋਇ ਜਣਾਈਆ । ਬਿਨ ਸੰਦੇਸੇ ਕੋਈ ਨਾ ਜਾਏ ਜਾਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਤੇਰਾ ਸੋਹਣਾ ਜਿਹਾ ਸਮਾਜ, ਗੁਰ ਅਵਤਾਰ ਪੈਗ਼ੰਬਰ ਨਜ਼ਰੀ ਆਈਆ । ਜਿਹੜਾ ਕਦੇ ਨਾ ਹੋਵੇ ਬਰਬਾਦ, ਜੜ੍ਹ ਸਕੇ ਨਾ ਕੋਇ ਉਖੜਾਈਆ । ਤੇਰੇ ਨਾਮ ਦਾ ਕਰਦੇ ਸਿਮਰਨ ਪੂਜਾ ਪਾਠ, ਨਾਮ ਨਿਆਜ਼ ਤੇਰਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਉਠਾਈਆ । ਪਹਿਲੀ ਚੇਤ ਕਹੇ ਕਿਉਂ ਗੁਰ ਅਵਤਾਰ ਪੈਗ਼ੰਬਰ ਸੱਦੇ, ਸਚ ਦੇ ਜਣਾਈਆ । ਕਿਉਂ ਵਿਸ਼ਨ ਬ੍ਰਹਮਾ ਸ਼ਿਵ ਦਸਤ ਬੱਧੇ, ਬੰਦਨਾ ਸੀਸ ਨਿਵਾਈਆ । ਕਿਉਂ ਦੀਪਕ ਨਿਰਮਲ ਜੋਤ ਜਗੇ, ਤਤ ਸਰੀਰ ਨਾ ਕੋਇ ਵਡਿਆਈਆ । ਕਿਉਂ ਗੁਰ ਅਵਤਾਰ ਪੈਗ਼ੰਬਰ ਲੋਕਮਾਤ ਕੋਈ ਨਾ ਭੱਜੇ, ਚਾਰ ਕੁੰਟ ਫੇਰਾ ਪਾਈਆ । ਕਿਉਂ ਮੰਜਲ ਚੜ੍ਹੇ ਨਾ ਕੋਈ ਉਪਰ ਸ਼ਾਹ ਰਗੇ, ਪਰਦਾ ਸਕੇ ਨਾ ਕੋਇ ਹਟਾਈਆ । ਕਿਉਂ ਆਤਮ ਰਸ ਮਿਲੇ ਨਾ ਮਜ਼ੇ, ਰਸਨਾ ਸਵਾਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਭਰਮ ਦੇਣਾ ਮਿਟਾਈਆ । ਪੁਰਖ ਅਕਾਲ ਕਹੇ ਸੁਣ ਚੇਤ ਮੇਰੇ ਸਪੂਤੇ, ਧੁਰ ਸ਼ਬਦ ਦਿਆਂ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਮੇਰੇ ਬੂਟੇ, ਚੋਟੀ ਜੜ੍ਹ ਆਪਣੇ ਹੱਥ ਰਖਾਈਆ । ਮਾਤਲੋਕ ਹੁਕਮੇ ਅੰਦਰ ਘੱਲਾਂ ਅੰਦਰ ਧਰਤੀ ਵਾਲੀ ਕੂਟੇ, ਕੁਟੀਆ ਤਨ ਵਜੂਦ ਬਣਾਈਆ । ਸਚ ਪ੍ਰੇਮ ਦੇ ਦੇ ਕੇ ਹੂਟੇ, ਹੁਲਾਰਾ ਦੋ ਜਹਾਨ ਰਖਾਈਆ । ਆਪਣੇ ਨਾਮ ਦੀ ਭਿਛਿਆ ਪਾਵਾਂ ਇਹਨਾਂ ਦੇ ਠੂਠੇ, ਵਸਤ ਅਗੰਮ ਵਰਤਾਈਆ । ਬੰਦ ਕਰਾ ਕੇ ਕਾਇਆ ਵਾਲੇ ਕੂਜ਼ੇ, ਹੁਕਮੇ ਅੰਦਰ ਫਿਰਾਈਆ । ਭੇਵ ਖੁਲ੍ਹਾ ਕੇ ਗੂਝੇ, ਸ਼ਬਦੀ ਧੁਨ ਸ਼ਨਵਾਈਆ । ਏਸੇ ਕਾਰਨ ਮੇਰੀਆਂ ਸਿਫ਼ਤਾਂ ਅੰਦਰ ਕੂਕੇ, ਕੂਕ ਕੂਕ ਸੁਣਾਈਆ । ਕਿਸੇ ਸਮਝ ਨਾ ਆਈ ਦੂਜੇ, ਪੜਦਾ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਮੇਰੀ ਜੋਤ ਧਾਰ ਦਾ ਨੂਰ, ਨੁਰਾਨਾ ਇਕ ਚਮਕਾਈਆ । ਨਾਮ ਭੰਡਾਰਾ ਕਰ ਭਰਪੂਰ, ਭਰਮ ਗੜ੍ਹ ਤੁੜਾਈਆ । ਪ੍ਰੇਮ ਖ਼ੁਮਾਰੀ ਦੇ ਸਰੂਰ, ਸਤਿ ਵਿਚ ਰਖਾਈਆ । ਸਾਚੀ ਦੇ ਤੂਰ, ਧੁਨ ਨਾਦ ਸ਼ਨਵਾਈਆ । ਹੁਕਮੇ ਅੰਦਰ ਕਰ ਮਜਬੂਰ, ਭਾਣਾ ਸ੍ਰਿਸ਼ਟ ਮਨਾਈਆ । ਅੰਤਮ ਨਾਤਾ ਤੋੜ ਕੇ ਕਾਇਆ ਪੰਜ ਤਤ ਕੂੜ, ਆਪਣੇ ਵਿਚ ਸਮਾਈਆ । ਜੋ ਲੇਖਾ ਲਿਖ ਕੇ ਜਾਣ ਜ਼ਰੂਰ, ਜ਼ਰੂਰਤ ਧੁਰ ਦੀ ਇਕ ਸਮਝਾਈਆ । ਇਕ ਅਕਾਲ ਕਰ ਮਸ਼ਹੂਰ, ਮਸ਼ਵਰੇ ਸ਼ਬਦ ਗੁਰੂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਵਾਸੀ ਮੇਰੇ ਘਰ ਦੇ, ਘਰਾਨਾ ਇਕੋ ਨਜ਼ਰੀ ਆਈਆ । ਜੁਗ ਚੌਕੜੀ ਬਣ ਕੇ ਬਰਦੇ, ਬੰਦਗੀ ਲੋਕਮਾਤ ਦ੍ਰਿੜਾਈਆ । ਸਾਚੀ ਮੰਜ਼ਲ ਦੀਨ ਦੁਨੀ ਦੀ ਚੜ੍ਹਦੇ, ਉੱਤਰ ਪੂਰਬ ਪੱਛਮ ਦੱਖਣ ਪੰਧ ਮੁਕਾਈਆ । ਹੁਕਮ ਦਾ ਢੋਲਾ ਇਕੋ ਪੜ੍ਹਦੇ, ਜੋ ਹੁਕਮ ਵਿਚ ਸਮਝਾਈਆ । ਜਗਤ ਵਿਕਾਰੇ ਨਾਲ ਲੜਦੇ, ਹੰਕਾਰਾ ਗੜ੍ਹ ਤੁੜਾਈਆ । ਇਕੋ ਸਚ ਸੰਦੇਸ਼ ਵਿਚਰਦੇ, ਵਿਚਲਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਖੇਲ ਇਕ ਸੁਣਾਈਆ । ਅਗਲਾ ਖੇਲ ਬਣ ਸਰੋਤਾ, ਪੁਰਖ ਅਕਾਲ ਦਏ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਮੇਰੀ ਧਾਰ ਵਿਚ ਲਾ ਲਾ ਥੱਕੇ ਗੋਤਾ, ਆਦਿ ਅੰਤ ਕਹਿਣ ਕੋਇ ਨਾ ਪਾਈਆ । ਹੁਕਮੇ ਅੰਦਰ ਦੇ ਕੇ ਗਏ ਹੋਕਾ, ਸੰਦੇਸਾ ਧੁਰਦਰਗਾਹੀਆ । ਇਕੋ ਗਾ ਕੇ ਗਏ ਸਲੋਕਾ, ਸੋਹਲਾ ਢੋਲਾ ਇਕ ਜਣਾਈਆ । ਕਲਜੁਗ ਅੰਤ ਅਖ਼ੀਰ ਨਵ ਨੌ ਚਾਰ ਪਿਛੋਂ ਪੁਰਖ ਅਕਾਲ ਆਪਣੇ ਹੱਥ ਰੱਖੇ ਮੌਕਾ, ਦੂਸਰ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਸਾਚੀ ਖੇਲ ਕਰੇ ਹਰਿ ਕਰਤਾ, ਮਾਲਕ ਧੁਰਦਰਗਾਹੀਆ । ਨਿਰਵੈਰ ਹੋ ਕੇ ਨੂਰ ਧਰਦਾ, ਜੋਤੀ ਜਾਤਾ ਡਗਮਗਾਈਆ । ਜਿਸ ਦਾ ਨਾਮ ਢੋਲਾ ਗੀਤ ਕਲਮਾ ਗੁਰ ਅਵਤਾਰ ਪੈਗ਼ੰਬਰ ਪੜ੍ਹਦਾ, ਸਰਗੁਣ ਹੋ ਸਲਾਹੀਆ । ਸੋ ਪੂਰਬ ਲੇਖਾ ਲਹਿਣਾ ਪਿਛਲਾ ਵੇਖੇ ਚਿਰ ਦਾ, ਜੁਗ ਚੌਕੜੀ ਖੋਜ ਖੁਜਾਈਆ । ਕੁਛ ਕੌਲ ਇਕਰਾਰ ਸ਼ਬਦੀ ਸੁਤ ਘਰ ਥਿਰ ਦਾ, ਸਚਖੰਡ ਨਿਵਾਸੀ ਦਏ ਦ੍ਰਿੜਾਈਆ । ਜਿਸ ਕਾਰਨ ਨਿਰਵੈਰ ਹੋ ਕੇ ਫਿਰਦਾ, ਨਿਰਾਕਾਰ ਵੇਸ ਵਟਾਈਆ । ਉਸ ਦਾ ਗੇੜਾ ਅੱਗੇ ਗਿੜਦਾ, ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਪਹਿਲੀ ਚੇਤ ਸੁਣ, ਗੁਰ ਅਵਤਾਰ ਪੈਗ਼ੰਬਰ ਦਰ ਹੋਏ ਇਕੱਠੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਭ ਦੇ ਖੋਲ੍ਹ ਚੌਹ ਜੁਗਾਂ ਦੇ ਹੁਕਮਦਾਰੀ ਦੇ ਪਟੇ, ਪਟਨੇ ਵਾਲਾ ਸਭ ਦੀ ਕਰੇ ਅਗਵਾਈਆ । ਉਚੀ ਕੂਕ ਸੁਣਾਵੇ ਗੁਰ ਅਵਤਾਰ ਪੈਗ਼ੰਬਰੋ ਤੁਹਾਡੀ ਕੀਮਤ ਪੈ ਗਈ ਵਿਚ ਟਕੇ, ਅੱਖਰਾਂ ਵਾਲੇ ਗੁਰੂ ਹੱਟਾਂ ਵਿਚ ਵਿਕਾਈਆ । ਸਭ ਦੇ ਚੀਥੜ ਵੇਖੇ ਫਟੇ, ਧੁਰ ਦਾ ਰੰਗ ਨਾ ਕੋਇ ਰੰਗਾਈਆ । ਤੁਸੀਂ ਗੁਰ ਅਵਤਾਰ ਪੈਗ਼ੰਬਰ ਬਣ ਗਏ ਬਾਣੀਆਂ ਵਾਲੇ ਵੱਟੇ, ਜੋਧਾ ਸੂਰਬੀਰ ਨਾ ਕੋਇ ਅਖਵਾਈਆ । ਆਪਣਿਆਂ ਦੀਨਾਂ ਮਜ਼ਬਾਂ ਨੂੰ ਵੇਖੋ ਤੁਹਾਡਿਆਂ ਸਿੱਖਾਂ ਮੁਰੀਦਾਂ ਦੇ ਅੰਦਰ ਮਨ ਨੇ ਪਾਏ ਰੱਟੇ, ਝਗੜੇ ਵਿਚ ਲੋਕਾਈਆ । ਤੁਹਾਡੇ ਹੁੰਦਿਆਂ ਉਨ੍ਹਾਂ ਦੀ ਮੈਲ ਕੋਈ ਨਾ ਕਟੇ, ਪਤਤ ਪੁਨੀਤ ਨਾ ਕੋਇ ਬਣਾਈਆ । ਨੂਰ ਦਿਸੇ ਨਾ ਕਿਸੇ ਅੱਖੇ, ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਜੇ ਤੁਸੀਂ ਮੁਰਸ਼ਦ ਉਨ੍ਹਾਂ ਦੇ ਪੱਕੇ, ਮੁਰੀਦ ਪੱਕੇ ਲਓ ਬਣਾਈਆ । ਕਾਹਨੂੰ ਸਦੀ ਚੌਧਵੀਂ

ਸਾਰੇ ਖਾਂਦੇ ਧੱਕੇ, ਮੱਕੇ ਮਦੀਨੇ ਸਾਰ ਕੋਇ ਨਾ ਪਾਈਆ । ਵੇਖੇ ਆਪਣੇ ਮੰਦਰ ਮਸਜਿਦ ਸ਼ਿਵਦਵਾਲੇ ਮੱਠੇ, ਬਿਨ ਅੱਖਾਂ ਅੱਖ ਖੁਲ੍ਹਾਈਆ । ਠਗ ਚੋਰ ਯਾਰ ਅੰਦਰ ਫਿਰਦੇ ਨੱਠੇ, ਹਰਾਮਖੋਰ ਅੱਖ ਬਦਲਾਈਆ । ਬਹੂ ਬੇਟੀਆਂ ਰਹੇ ਤੱਕੇ, ਪੰਡਤ ਪਾਂਧੇ ਮੁੱਲਾ ਸ਼ੇਖ ਗ੍ਰੰਥੀ ਪੰਥੀ ਪਈ ਦੁਹਾਈਆ । ਅੱਗੇ ਬਣੇ ਨਾ ਕੋਇ ਗੁਰ ਅਵਤਾਰ ਪੈਗ਼ੰਬਰ ਕੱਚੇ, ਕੱਚੀ ਯਾਰੀ ਨਾ ਕੋਇ ਨਿਭਾਈਆ । ਏਸੇ ਕਾਰਨ ਮੈਂ ਅੰਤ ਅਖ਼ੀਰ ਪੁਰਖ ਅਕਾਲ ਦੇ ਫ਼ੈਸਲੇ ਦੱਸੇ, ਜੋ ਮਾਛੂਵਾੜੇ ਗਿਆ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਰੇ ਕਰਨੇ ਇਕੱਠੇ, ਲੇਖਾ ਮੰਗੇ ਥਾਉਂ ਥਾਈਂਆ । ਹੁਣ ਕਿਹੜੀ ਕੂਟੇ ਜਾਵੇ ਨੱਠੇ, ਭੱਜਿਆਂ ਰਾਹ ਨਜ਼ਰ ਨਾ ਆਈਆ । ਚਾਰੋਂ ਕੁੰਟ ਅਗਨੀ ਮੱਚੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਔਖੀ ਧਾਰ ਵਿਚ ਫਸੇ, ਫਸਿਆਂ ਨਾ ਕੋਇ ਛੁਡਾਈਆ । ਵਿਚੋਂ ਮੁਹੰਮਦ ਉਠ ਕੇ ਹੱਸੇ, ਤਾਲੀ ਹੱਥਾਂ ਦਿਤੀ ਵਜਾਈਆ । ਸਦੀ ਚੌਧਵੀਂ ਮੇਰੀ ਉਮਤ ਪਈ ਡੂੰਘੇ ਖਤੇ, ਆਪਣਾ ਹਿਸਾਬ ਰਿਹਾ ਮੁਕਾਈਆ । ਅਸੀਂ ਇਨ੍ਹਾਂ ਕੋਲੋਂ ਅੱਕੇ, ਜਿਨ੍ਹਾਂ ਨੂੰ ਪਰਵਰਦਿਗਾਰ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰੋ ਹੁਣ ਖੇਲ ਦੱਸੋ ਅਗਲੀ, ਪਿਛਲੀ ਕੀਤੀ ਪ੍ਰਭ ਨੇ ਮੰਗ ਮੰਗਾਈਆ । ਟਿੱਲੇ ਪਰਬਤ ਤੱਕੋ ਜੰਗਲੀਂ, ਕੂਟਾਂ ਦਿਸ਼ਾਂ ਫੋਲ ਫੁਲਾਈਆ । ਆਪਣੀ ਆਪਣੀ ਫੋਲੋ ਬਗ਼ਲੀ, ਬਗ਼ਲਗੀਰ ਰਿਹਾ ਸੁਣਾਈਆ । ਜਿਸ ਕਾਰਨ ਤੁਹਾਨੂੰ ਭੇਜਿਆ ਜਗਤ ਲਈ, ਜੁਗਤ ਜਗਤ ਦ੍ਰਿੜਾਈਆ । ਮੁਰੀਦਾਂ ਲਿਆਉਣਾ ਮੁਰਸ਼ਦ ਦੇ ਹੱਜ ਲਈ, ਸਾਚਾ ਕਾਅਬਾ ਇਕ

੬੨੮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਆਪਣਾ ਹੁਕਮ ਜਣਾਈਆ । ਪਹਿਲੀ ਚੇਤ ਸੁਣ ਉਠ ਸੁਤਿਆ ਜਾਗ, ੬੨੮

੨੦ ਹਰਿ ਕਰਤਾ ਆਪ ਜਗਾਈਆ । ਗੋਬਿੰਦ ਕਹੇ ਇਕ ਮੇਰੀ ਸੁਣ ਆਵਾਜ਼, ਬੇਪਹਿਚਾਨ ਦਿਆਂ ਸੁਣਾਈਆ । ਪਹਿਲੀ ਚੇਤ ਕਹੇ ਮੈਨੂੰ ਖੋਲ੍ਹ ਕੇ ੨੦

ਦੱਸੋ ਰਾਜ਼, ਪੜਦਾ ਇਕ ਉਠਾਈਆ । ਮੈਨੂੰ ਪੂਰਬ ਲਹਿਣਾ ਸਭ ਦਾ ਯਾਦ, ਭੁੱਲ ਕੋਇ ਨਾ ਜਾਈਆ । ਮੈਂ ਸਭ ਦੇ ਸੁਣੇ ਨਾਦ, ਜੋ ਧੁਨਾਂ ਵਿਚ ਸ਼ਨਵਾਈਆ । ਉਸ ਦਾ ਖੇਲ ਵੇਖਣਾ ਆਜ, ਜੋ ਭਵਿਖਤਾਂ ਵਿਚ ਦ੍ਰਿੜਾਈਆ । ਤੱਕਾਂ ਸਚ ਤਮਾਸ਼, ਹੁਕਮ ਧੁਰਦਰਗਾਹੀਆ । ਆਪਣੀ ਦੱਸੋ ਸਾਰੇ ਖ਼ਾਹਿਸ਼, ਆਸਾ ਕੀ ਵਧਾਈਆ । ਕੀ ਕੁਛ ਤੁਹਾਡੇ ਅੰਤ ਕੋਲ ਪਾਸ, ਵਸਤ ਦਿਓ ਜਣਾਈਆ । ਮੇਰਾ ਦਿਹਾੜਾ ਆਇਆ ਖ਼ਾਸ, ਖ਼ਾਲਸ ਹੋ ਕੇ ਸਮਝਾਈਆ । ਮੈਂ ਰੱਖ ਕੇ ਬੈਠਾ ਰਿਹਾ ਵਿਸ਼ਵਾਸ, ਵਿਸ਼ਵ ਅੰਦਰ ਧਿਆਨ ਲਗਾਈਆ । ਜਿਸ ਵੇਲੇ ਮੇਰਾ ਕੀਤਾ ਪਰਕਾਸ਼, ਬ੍ਰਹਮੇ ਦੇ ਮੁਖ ਵਿਚੋਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਪਹਿਲੀ ਚੇਤ ਕਹੇ ਮੈਨੂੰ ਦਿਸਦੀ ਪਿਛਲੀ ਯਾਦ ਪੁਰਾਣੀ, ਪੂਰਬ ਦਿਆਂ ਦ੍ਰਿੜਾਈਆ । ਇਹ ਸ਼ਬਦ ਸਤਿਗੁਰੂ ਕਹਾਣੀ, ਤੱਤਾਂ ਵਾਲੀ ਨਾ ਕੋਇ ਚਤੁਰਾਈਆ । ਇਹਨੂੰ ਸਮਝੇ ਨਾ ਵਿਸ਼ਨੂੰ ਵਾਲੀ ਲੱਛਮੀ ਸਵਾਣੀ, ਸਵਾਂਗ ਆਪਣਾ ਜੋ ਵਟਾਈਆ । ਬ੍ਰਹਮੇ ਪਾਰਬ੍ਰਹਮ ਤੋਂ ਸੁਣੀ ਕਹਾਣੀ, ਸੁਰਸਤੀ ਰੋ ਕੇ ਦਏ ਦੁਹਾਈਆ । ਪਾਰਬਤੀ ਸ਼ੰਕਰ ਦੀ ਬਣ ਕੇ ਰਾਣੀ, ਸ਼ੰਭੂ ਅੱਗੇ ਵਾਸਤਾ ਪਾਈਆ । ਤ੍ਰੈਗੁਣ ਬਣ ਵੱਡੀ ਵਿਦਵਾਨੀ, ਆਪਣੇ ਗੁਣਾਂ ਵਿਚ ਸਮਝਾਈਆ । ਪੰਜ ਤਤ ਖੇਲ ਮਹਾਨੀ, ਤਤਵ ਤਤ ਵਿਚ ਸਮਾਈਆ । ਪਹਿਲੀ ਚੇਤ ਕਹੇ ਮੇਰੀ ਮੰਜ਼ਲ ਉਹ ਰੁਹਾਨੀ, ਰੂਹ ਬੁਤ ਤੋਂ ਬਾਹਰ ਨਜ਼ਰੀ ਆਈਆ । ਮੈਂ ਜਦ ਵਸਾਂ ਤਦ ਵੱਸਾ ਜੂਹ ਬੇਗਾਨੀ, ਹੂਬਹੂ ਪ੍ਰਭ ਦੇ ਵਿਚ ਸਮਾਈਆ । ਮੇਰਾ ਲੇਖਾ ਜਾਣੇ ਕੋਈ ਨਾ ਕਲਮ ਕਾਨੀ, ਕਾਇਨਾਤ ਨਾ ਕੋਇ

ਸੁਣਾਈਆ । ਮੇਰੀ ਉਹ ਕਲਾਮ ਅਮਾਮੀ, ਅਮਲਾਂ ਤੋਂ ਰਹਿਤ ਨਜ਼ਰੀ ਆਈਆ । ਗੁਰ ਅਵਤਾਰ ਪੈਗੰਬਰਾਂ ਦਾ ਲੇਖਾ ਸੁਣਦਾ ਰਿਹਾ ਜਬਾਨੀ, ਜਿਹਵਾ ਨਾਲ ਚਤੁਰਾਈਆ । ਮੈਂ ਫਿਰਦਾ ਰਿਹਾ ਜ਼ਿਮੀਂ ਅਸਮਾਨੀ, ਆਸਣ ਆਪਣਾ ਸਦ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਰਿਹਾ ਸੁਣਾਈਆ । ਚੇਤ ਕਹੇ ਤੁਸੀਂ ਕੱਲ ਹੋਏ ਤੇਈ ਅਵਤਾਰ, ਭਲਕ ਸਮਝ ਕਿਸੇ ਨਾ ਆਈਆ । ਤੁਸੀਂ ਭਲਕ ਛੱਡ ਗਏ ਸੰਸਾਰ, ਮੈਂ ਸਾਲ ਬਸਾਲਾ ਆਪਣਾ ਰੰਗ ਵਖਾਈਆ । ਮੇਰੀ ਨਿਤ ਖਿੜਦੀ ਰਹੇ ਗੁਲਜ਼ਾਰ, ਖਿਜ਼ਾਂ ਬਸੰਤ ਰੂਪ ਬਣਾਈਆ । ਤੁਸੀਂ ਪੈਗੰਬਰ ਬਣਦੇ ਰਹੇ ਯਾਰ, ਪਰਵਰਦਿਗਾਰ ਇਕ ਮਨਾਈਆ । ਫੇਰ ਛੱਡ ਕੇ ਗਏ ਸੰਸਾਰ, ਸਾਥੀ ਨਜ਼ਰ ਕੋਇ ਨਾ ਆਈਆ । ਗੁਰੂ ਦਸ ਕਰ ਕੇ ਗਏ ਇੰਤਜ਼ਾਰ, ਨਿਮਸਕਾਰ ਸੀਸ ਝੁਕਾਈਆ । ਤਤ ਸਰੀਰ ਪੂਰਾ ਕਰ ਇਕਰਾਰ, ਬੇਨਜ਼ੀਰ ਵਿਚ ਸਮਾਈਆ । ਮੈਂ ਸਭ ਦੇ ਨਾਲ ਕਰਦਾ ਰਿਹਾ ਤਕਰਾਰ, ਹੁਕਮੇ ਵਿਚ ਹੁਕਮ ਬਦਲਾਈਆ । ਮੇਰਾ ਉਹ ਸੁਹੰਜਣਾ ਵਾਰ, ਜਿਸ ਵਾਰ ਦੀ ਵਾਰਤਾ ਅਜੇ ਤੱਕ ਨਾ ਕਿਸੇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚੇਤ ਕਹੇ ਮੈਂ ਆਇਆ ਮੰਗਲਵਾਰ, ਆਪਣਾ ਮੰਗਲਾਚਾਰ ਦਿਆਂ ਦ੍ਰਿੜਾਈਆ । ਪ੍ਰਭ ਨੂੰ ਨਿਮਸਕਾਰ ਕਰਦੇ ਰਹੇ ਤੇਈ ਅਵਤਾਰ, ਮੇਰਾ ਤਿਉਹਾਰ ਸਾਰੇ ਜਗਤ ਮਨਾਈਆ । ਮੂਸਾ ਤੂੰ ਏਸੇ ਦਿਨ ਹੋਇਆ ਉਜਿਆਰ, ਈਸਾ ਇਸਮ ਇਕ ਸਮਝਾਈਆ । ਮੁਹੰਮਦ ਨੂੰ ਖ਼ਾਬ ਦਿਤਾ ਵਖਾਲ, ਹਮਦ ਇਕ ਸ਼ਨਵਾਈਆ । ਨਾਨਕ ਮੇਲ ਨਿਰਗੁਣ ਧਾਰ, ਜੋਤ ਨੂਰ ਰੁਸ਼ਨਾਈਆ । ਗੋਬਿੰਦ ਆਪਾ ਲਿਆ ਸੰਭਾਲ, ਪੁਰਖ ਅਕਾਲ ਵੱਜੀ ਵਧਾਈਆ । ਦੁਸ਼ਟ ਦਮਨ ਏਸੇ ਦਿਵਸ ਨਹਾਤਾ ਓਸ ਤਾਲ, ਜਿਸ ਨੂੰ ਸੁਹਾਵਾ ਆਪ ਬਣਾਈਆ । ਜਿਸ ਦੀ ਜੁਗ ਚੌਕੜੀ ਕਰਦੇ ਗਏ ਭਾਲ, ਸੇਵਕ ਹੋ ਕੇ ਸੇਵ ਕਮਾਈਆ । ਮੰਨਦੇ ਆਏ ਸਵਾਲ, ਬੇਨੰਤੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਇਕ ਸਮਝਾਈਆ । ਚੇਤ ਕਹੇ ਮੇਰੀ ਆਈ ਮੰਗਲਵਾਰੀ, ਵਾਰਤਾ ਦਿਆਂ ਜਣਾਈਆ । ਜਿਹੜਾ ਪੁਰਖ ਅਕਾਲ ਰਿਹਾ ਇਸ਼ਤਿਹਾਰੀ, ਚਾਰ ਜੁਗ ਫੜਨ ਕੋਇ ਨਾ ਪਾਈਆ । ਖੋਜੀ ਖੋਜ ਖੋਜਦੇ ਰਹੇ ਵਾਰੋ ਵਾਰੀ, ਸਤਿਜੁਗ ਤਰੇਤਾ ਦਵਾਪਰ ਕਲਜੁਗ ਆਪਣਾ ਪੰਧ ਮੁਕਾਈਆ । ਕਾਗਦ ਕਲਮ ਸ਼ਾਹੀ ਲਿਖਦੇ ਰਹੇ ਲਿਖਾਰੀ, ਕਾਤਬ ਹੋ ਕੇ ਸੇਵ ਕਮਾਈਆ । ਜਿਸ ਦਾ ਨੂਰ ਆਦਿ ਜੁਗਾਦਿ ਸਦਾ ਉਜਿਆਰੀ, ਨਿਤ ਨਵਿਤ ਡਗਮਗਾਈਆ । ਕਲਜੁਗ ਅੰਤਮ ਖੇਲ ਕਰੇ ਅਪਾਰੀ, ਅਪਰੰਪਰ ਸਵਾਮੀ ਬੇਪਰਵਾਹੀਆ । ਨਿਰਗੁਣ ਨੂਰ ਜੋਤ ਕਰ ਉਜਿਆਰੀ, ਸਤਿ ਦਵਾਰੇ ਸੋਭਾ ਪਾਈਆ । ਜਿਸ ਦਾ ਗੋਬਿੰਦ ਸ਼ਬਦ ਅਧਾਰੀ, ਤਨ ਵਜੂਦ ਮਿਲੀ ਵਡਿਆਈਆ । ਪੂਰਨ ਪੂਰਨ ਬ੍ਰਹਮ ਪਸਾਰੀ, ਪਾਰਬ੍ਰਹਮ ਖੇਲ ਖਿਲਾਈਆ । ਗੋਬਿੰਦ ਲਹਿਣਾ ਦੇਣਾ ਉਧਾਰੀ, ਪੂਰਬ ਝੋਲੀ ਪਾਈਆ । ਅੱਗੇ ਖੇਲ ਹੋਣੀ ਅਪਾਰੀ, ਅਪਰ ਅਪਾਰ ਦਏ ਦ੍ਰਿੜਾਈਆ । ਸੰਮਤ ਸ਼ਹਿਨਸ਼ਾਹੀ ਤਿੰਨ ਕਰੇ ਤਿਆਰੀ, ਤ੍ਰੈਗੁਣ ਦਾਤੇ ਸੇਵ ਕਮਾਈਆ । ਖ਼ਬਰਦਾਰ ਕਰ ਸੰਸਾਰੀ ਭੰਡਾਰੀ, ਸੋਇਆ ਰਹਿਣ ਕੋਇ ਨਾ ਪਾਈਆ । ਸ਼ੰਕਰ ਕਰੇ ਨਾ ਕੋਇ ਗ਼ਦਾਰੀ, ਜੋ ਘੜਿਆ ਭੰਨ ਵਖਾਈਆ । ਬਚਿਆ ਰਹੇ ਨਾ ਕੋਇ ਅਵਤਾਰੀ, ਪੈਗੰਬਰਾਂ ਲਏ ਜਗਾਈਆ । ਗੁਰੂਆਂ ਕਰ ਉਸਾਰੀ, ਸ਼ੁਰੂ ਦੀ ਖੇਲ ਬਣਾਈਆ । ਨਵ ਨੌਂ ਚਾਰ ਪਿਛੋਂ ਆਈ ਵਾਰੀ, ਸੰਮਤ ਸ਼ਹਿਨਸ਼ਾਹੀ ਵਡਿਆਈਆ । ਰਸਨਾ ਦਾ ਰਹੇ ਨਾ ਕੋਇ ਪਰਚਾਰੀ, ਪਰਚਾ ਸ਼ਬਦ ਦੇਣਾ ਪਾਈਆ । ਦੀਨਾ ਮਜ਼ਬਾਂ ਲੈਣਾ ਉਠਾਲੀ, ਹੁਕਮ ਸੰਦੇਸਾ ਇਕ ਸੁਣਾਈਆ । ਅਗਲੇ

ਖੇਲ ਦੀ ਵੇਖੇ ਚਾਲੀ, ਚਾਲ ਨਿਰਾਲੀ ਆਪ ਜਣਾਈਆ । ਜੋ ਗੋਬਿੰਦ ਘਾਲ ਘਾਲੀ, ਤਿਸ ਦਾ ਲਹਿਣਾ ਦੇਣਾ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਬਣੇ ਸਵਾਲੀ, ਦਰ ਠਾਂਡੇ ਸੀਸ ਨਿਵਾਈਆ । ਤੇਰਾ ਖੇਲ ਜੋਤ ਅਕਾਲੀ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਬੁੱਧੀ ਬਾਲੀ, ਅਕਲ ਸ਼ਕਲ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇਣਾ ਸੁਣਾਈਆ । ਸੁਣਾਏ ਹੁਕਮ ਧੁਰ ਸਵਾਮੀ, ਸਮੇਂ ਸਮੇਂ ਵਡਿਆਈਆ । ਲੇਖਾ ਜਾਣੇ ਅੰਤਰਜਾਮੀ, ਅੰਤਰਗਤ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣੀ ਪੂਰੀ ਕਰੋ ਭਵਿਖਤ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਲੋਕਮਾਤ ਵੇਖੋ ਜਾ ਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੋਲਾਈਆ । ਅੱਠ ਸੱਠ ਤੀਰਥ ਵੇਖੋ ਪਾਣੀ, ਤਟ ਕਿਨਾਰੇ ਰਹਿਣ ਕੋਇ ਨਾ ਪਾਈਆ । ਸੁਰਤੀ ਸ਼ਬਦੀ ਵੇਖੋ ਹਾਣੀ, ਗ੍ਰਹਿ ਗ੍ਰਹਿ ਪੜਦਾ ਲਾਹੀਆ । ਚਤਰ ਸੁਘੜ ਸੁਚੱਜੀ ਵੇਖੋ ਸਵਾਣੀ, ਜੋ ਪਤਿਪਰਮੇਸ਼ਵਰ ਕੰਤ ਹੰਢਾਈਆ । ਪ੍ਰੇਮ ਪ੍ਰੀਤੀ ਅੰਦਰ ਵੇਖੋ ਨੱਢੀ ਬਾਲੀ, ਅਵਾਣੀ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣਾ ਵੇਖੋ ਕੌਲ ਇਕਰਾਰ, ਇਕ ਇਕੱਲਾ ਰਿਹਾ ਦ੍ਰਿੜਾਈਆ । ਕਲਜੁਗ ਨਾਲ ਕਰਿਓ ਨਾ ਕੋਇ ਤਕਰਾਰ, ਝਗੜੇ ਵਿਚ ਨਾ ਕੋਇ ਲੜਾਈਆ । ਦੀਨ ਦੁਨੀ ਵੇਖੋ ਆਪਣਾ ਸੰਸਾਰ, ਸੰਸਾਰੀ ਭੰਡਾਰੀ ਨਾਲ ਮਿਲਾਈਆ । ਪਹਿਲੀ ਚੇਤ ਰੁੱਤ ਆ ਗਈ ਬਹਾਰ, ਸੁਹੰਜਣੀ ਰੂਪ ਬਦਲਾਈਆ । ਇਕੋ ਹੁਕਮ ਦੇਣਾ ਅੰਤ ਅਖ਼ੀਰੀ ਵਾਰ, ਵਾਰਸ ਬਣ ਕੇ ਜਾਓ ਚਾਈਂ ਚਾਈਂਆ । ਇਹ ਖ਼ੁਸ਼ੀਆਂ ਦਾ ਤਿਉਹਾਰ, ਕਰੋ ਆਪਣਾ ਵਿਵਹਾਰ, ਲੋਕਮਾਤ ਸਾਚੀ ਕਾਰ ਕਮਾਈਆ । ਆਪਣੇ ਆਪਣੇ ਲਓ ਉਠਾਲ, ਝਗੜਾ ਛੱਡ ਕੇ ਸ਼ਾਹ ਕੰਗਾਲ, ਮੇਲ ਹੋਣਾ ਦੀਨ ਦਿਆਲ , ਦੀਨ ਦੁਨੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸੁਣੋ ਹੁਕਮ ਬਿਨ ਕਲਮ ਸ਼ਾਹੀ ਲੇਖ, ਦਸਤ ਵੰਡ ਨਾ ਕੋਇ ਵੰਡਾਈਆ । ਜਾ ਕੇ ਵੇਖੋ ਦੀਨ ਮਜ਼੍ਹਬ ਦਾ ਦੇਸ, ਜੋ ਦਿਸ਼ਾ ਆਏ ਵੰਡਾਈਆ । ਮੂੰਡ ਮੁੰਡਾਏ ਤੱਕੋ ਧਾਰੀ ਕੇਸ, ਬੋਦੀ ਜੰਞੂ ਸਭ ਦਾ ਫੋਲ ਫੁਲਾਈਆ । ਸ਼ਰਅ ਸੁੰਨਤ ਤੱਕੋ ਤੱਕੋ ਝੂਠਾ ਭੇਸ, ਭੇਖ ਅੰਦਰੋਂ ਖੋਜ ਖੁਜਾਈਆ । ਲੇਖ ਤੱਕੋ ਆਪਣਾ ਜੋ ਲਿਖ ਕੇ ਆਇਆ ਦਸ ਦਸਮੇਸ਼, ਅੱਗੇ ਸਕੇ ਨਾ ਕੋਇ ਮਿਟਾਈਆ । ਹੁਕਮ ਦੇਵੇ ਇਕ ਨਰੇਸ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹੁਕਮ ਇਕੋ ਇਕ ਸੁਣਾਈਆ । ਪਹਿਲੀ ਚੇਤ ਸਚ ਜਣਾਵਾਂਗਾ । ਅੰਤ ਅਖ਼ੀਰੀ ਹੁਕਮ ਦ੍ਰਿੜਾਵਾਂਗਾ । ਗੁਰ ਅਵਤਾਰ ਪੈਗ਼ੰਬਰ ਮਾਤ ਘਲਵਾਂਗਾ । ਕੂੜੀ ਕਿਰਿਆ ਵੇਖ ਕੇ ਆਵਣ ਅਡੰਬਰ, ਹਿਸਾਬ ਕਿਤਾਬ ਸਰਬ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਵਾਂਗਾ । ਗੁਰ ਅਵਤਾਰ ਪੈਗ਼ੰਬਰੋ ਹੋਵੋ ਖ਼ਬਰਦਾਰ, ਪਿਛਲੀ ਖ਼ਬਰ ਸੁਣਾਈਆ । ਜੋਧੇ ਸੂਰਬੀਰ ਬਣੋ ਸਰਦਾਰ, ਸੱਦਾ ਦੇਵੇ ਧੁਰਦਰਗਾਹੀਆ । ਲੱਖ ਚੁਰਾਸੀ ਵੇਖਣੀ ਅੰਦਰ ਬਾਹਰ, ਨਿਰਗੁਣ ਸਰਗੁਣ ਫੋਲ ਫੁਲਾਈਆ । ਚੋਟੀ ਪਰਬਤ ਟਿੱਲੇ ਤੱਕਣਾ ਜੰਗਲ ਪਹਾੜ, ਜੂਹਾਂ ਕੰਦਰ ਫੇਰਾ ਪਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਤੱਕਣੇ ਪੁਰਖ ਨਾਰ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਲੇਖਾ ਲਿਖਣਾ ਪਾਪੀ ਅਪਰਾਧੀ ਗੁਨਾਹਗਾਰ, ਜੂਠਾ ਝੂਠਾ


੬੩੦ ੨੦

ਬਚਿਆ ਰਹਿਣ ਕੋਇ ਨਾ ਪਾਈਆ । ਸੰਤ ਭਗਤ ਖੋਜਣੇ ਨਾਲ ਪਿਆਰ, ਪ੍ਰੇਮ ਵਿਚੋਂ ਪ੍ਰੇਮ ਪ੍ਰਗਟਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖਣਾ ਆਪਣੀ ਧਾਰ, ਧਰਨੀ ਧਰਤ ਧਵਲ ਵੇਸ ਵਟਾਈਆ । ਅੰਤ ਅਖ਼ੀਰ ਬੇਨਜ਼ੀਰ ਸਭ ਦੇ ਸਿਰ ਤੇ ਦਏ ਪਿਆਰ, ਪ੍ਰੀਤਮ ਹੋ ਕੇ ਪ੍ਰੇਮ ਜਣਾਈਆ । ਪਿਛਲਾ ਲੇਖਾ ਵੇਖੋ ਜਿਸ ਦੇ ਵਿਚ ਥਿਤ ਮਿਲੀ ਸੋਲਾਂ ਹਾੜ, ਅੱਗੇ ਹੋਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਸੁਣੋ ਸਚ ਨਾਮ ਦੀ ਥਾਪੀ, ਪੁਸ਼ਤ ਪਨਾਹ ਦਿਆਂ ਲਗਾਈਆ । ਤੁਹਾਡਾ ਹੁਣ ਨਹੀਂ ਤਨ ਖਾਕੀ, ਪੰਜ ਤਤ ਨਾ ਵੰਡ ਵੰਡਾਈਆ । ਹੁਕਮੇ ਵਾਲੀ ਗੋਬਿੰਦ ਪਾਤੀ, ਪਤਰਕਾ ਦਿਤੀ ਸੁਣਾਈਆ । ਸ਼ਬਦੀ ਘੋੜੇ ਚੜ੍ਹੋ ਰਾਕੀ, ਰਕਬਾ ਖ਼ਲਕ ਖ਼ੁਦਾਈ ਦੇਣਾ ਮਿਟਾਈਆ । ਸਾਚੀ ਚਾਲ ਰੱਖਣੀ ਬਾਂਕੀ, ਕਦਮ ਕਦਮ ਨਾ ਕੋਇ ਬਦਲਾਈਆ । ਤੁਹਾਡੀ ਪੂਰੀ ਕਰਾਂ ਭਵਿਖਤ ਵਾਕੀ, ਵਾਕਫਕਾਰ ਅਗਲੇ ਦਿਆਂ ਬਣਾਈਆ । ਜਿਹੜੀ ਕਥਾ ਅਜੇ ਨਹੀਂ ਵਾਚੀ, ਸੋ ਵਾਚਕ ਗਿਆਨ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਨਿਮਸਕਾਰ, ਨਮਸਤੇ ਸਜਦਾ ਸੀਸ ਨਿਵਾਈਆ । ਤੇਰੀ ਰਹਿਮਤ ਪਰਵਰਦਿਗਾਰ, ਖ਼ਿਦਮਤਗਾਰ ਮੰਗ ਮੰਗਾਈਆ । ਮਿਹਰ ਨਜ਼ਰ ਲੈਣੀ ਉਠਾਲ, ਸ਼ਾਹ ਕੰਗਾਲ ਲੈਣੇ ਤਰਾਈਆ । ਹਉਂ ਬਾਲਕ ਤੇਰੇ ਲਾਲ, ਨੰਨ੍ਹੇ ਬੱਚੇ ਸੋਭਾ ਪਾਈਆ । ਖੇਲ ਵੇਖੀਏ ਜਗਤ ਜੰਜਾਲ, ਲੋਕਮਾਤ ਫੇਰਾ ਪਾਈਆ । ਸੰਤ ਸੁਹੇਲੇ ਲਈਏ ਭਾਲ, ਗੁਰਮੁਖ ਖੋਜ ਖੁਜਾਈਆ । ਜਗਤ ਅਵੱਲੜੀ ਵੇਖੀਏ ਚਾਲ, ਕੂੜ ਕੁੜਿਆਰ ਪੜਦਾ ਲਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੱਕੀਏ ਧਰਮਸਾਲ, ਅੱਠ ਸੱਠ ਭੱਜੀਏ ਵਾਹੋ ਦਾਹੀਆ । ਕਵਣ ਹੁਕਮ ਧੁਰ ਦਾ ਰਿਹਾ ਪਾਲ, ਕਵਣ ਮਨਮਤ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਇਕ ਸੁਣਾਈਆ । ਪੁਰਖ ਅਕਾਲ ਕਹੇ ਤੁਸੀਂ ਵੇਖੋ ਦੀਨ ਦੁਨੀ ਦਾ ਹਾਲ, ਮੈਂ ਹਾਲਤ ਦਿਆਂ ਬਦਲਾਈਆ । ਝਗੜਾ ਪਾਵਾਂ ਸ਼ਾਹ ਕੰਗਾਲ, ਨੌ ਖੰਡ ਦਏ ਦੁਹਾਈਆ । ਫਲ ਰਹਿਣ ਨਾ ਦੇਵਾਂ ਕਿਸੇ ਡਾਲ, ਪੱਤ ਟਹਿਣੀ ਆਪ ਹਿਲਾਈਆ । ਸ਼ਾਹ ਸੁਲਤਾਨ ਹੋਏ ਜ਼ਵਾਲ, ਬੇਹਾਲ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਤੁਸਾਂ ਭੱਜਣਾ ਵਾਹੋ ਦਾ, ਚਾਰੇ ਕੁੰਟਾਂ ਫੋਲ ਫੁਲਾਈਆ । ਮੈਂ ਦੀਨ ਦੁਨੀ ਦਿਆਂ ਹਿਲਾ, ਦੀਨਾਂ ਮਜ਼੍ਹਬਾਂ ਵਿਚ ਲੜਾਈਆ । ਅੱਲਾ ਵਾਹਿਗੁਰੂ ਰਾਮ ਇਕ ਦੂਜੇ ਨਾਲ ਦਿਆਂ ਲੜਾ, ਖ਼ੁਦਾ ਖ਼ੁਦ ਖ਼ੁਦੀ ਵਿਚ ਆਪਣਾ ਫੇਰਾ ਪਾਈਆ । ਕਲਜੁਗ ਜੋਬਨ ਦਿਆਂ ਵਧਾ, ਸਿਰ ਆਪਣਾ ਹੱਥ ਟਿਕਾਈਆ । ਕੂੜ ਨਗ਼ਾਰਾ ਦਿਆਂ ਵਜਾ, ਡੰਕਾ ਝੂਠ ਨਾਲ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਸੁਣ ਲਓ ਸਖ਼ਤ, ਸਖ਼ਤੀ ਨਾਲ ਦ੍ਰਿੜਾਈਆ । ਬੜਾ ਔਖਾ ਸੰਭਲਣਾ ਵਕਤ, ਵਿਅਕਤੀ ਦੇਣ ਦੁਹਾਈਆ । ਕੋਟਾਂ ਵਿਚੋਂ ਚੋਟਾਂ ਵਿਚੋਂ ਪ੍ਰਭ ਦਾ ਵਿਰਲਾ ਹੋਣਾ ਭਗਤ, ਜਿਸ ਆਪਣਾ ਰੰਗ ਰੰਗਾਈਆ । ਸਾਧਾਂ ਸੰਤਾਂ ਅੰਦਰ ਰਹਿਣ ਨਹੀਂ ਦੇਣੀ ਕਿਸੇ ਸ਼ਕਤ, ਸ਼ੱਕ ਸਭ ਨੂੰ ਦੇਣਾ ਪਵਾਈਆ । ਪੂਰੀ ਦੀਨ ਦੁਨੀ ਦਾ ਉਲਟਾ ਕਰ ਕੇ ਤਖ਼ਤ, ਗੁਰੂ ਬੱਚੇ ਦੇਣੇ ਬਦਲਾਈਆ । ਲਹਿਣਾ ਦੇਣਾ ਦਸਤ ਬਦਸਤ, ਜਗਤ ਉਧਾਰ ਨਾ ਕੋਇ ਰਖਾਈਆ । ਜਨ ਭਗਤ ਕੱਟ ਕੇ ਜਨਮ ਮਰਨ ਦਾ ਕਸ਼ਟ, ਕਸ਼ਟ

ਰੋਗ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪਹਿਲੀ ਚੇਤ ਕਹੇ ਕਿਉਂ ਆਇਆ ਸੰਮਤ ਤਿੰਨ, ਸ਼ਹਿਨਸ਼ਾਹੀ ਨਾਉਂ ਧਰਾਈਆ । ਪੁਰਖ ਅਕਾਲ ਕਹੇ ਮੈਂ ਸਭ ਦਾ ਲਹਿਣਾ ਦੇਣਾ ਲੈਣਾ ਗਿਣ ਗਿਣ, ਦੋ ਜਹਾਨਾਂ ਵੇਖ ਵਖਾਈਆ । ਸਤਿਜੁਗ ਦਾ ਸਾਚਾ ਪ੍ਰਗਟ ਕਰਨਾ ਚਿੰਨ, ਧੁਰ ਦਾ ਨੂਰ ਕਰ ਰੁਸ਼ਨਾਈਆ । ਦੀਨ ਦੁਨੀ ਧਰਨੀ ਧਰਤ ਧਵਲ ਲੈਣੀ ਮਿਣ, ਪੈਮਾਇਸ਼ ਗੁਰ ਅਵਤਾਰ ਪੈਗ਼ੰਬਰਾਂ ਹੱਥ ਫੜਾਈਆ । ਹੁਕਮੀ ਖੇਲ ਆਪਣਾ ਕਰਨਾ ਖਿਨ, ਖ਼ਾਲਕ ਖ਼ਲਕ ਸਮਝੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਜਣਾਏ ਤਿੰਨ ਦਿਨ, ਤ੍ਰੈਭਵਨ ਧਨੀ ਆਪਣਾ ਹੁਕਮ ਵਰਤਾਈਆ । ਪਹਿਲੀ ਚੇਤ ਕਹੇ ਕੀ ਖੇਲ ਹੋਵੇ ਸ੍ਰਿਸ਼ਟੀ, ਸ੍ਰੇਸ਼ਟ ਦੇ ਸਮਝਾਈਆ । ਪੁਰਖ ਅਕਾਲ ਕਹੇ ਝਗੜਾ ਪੈਣਾ ਟਾਂਕ ਜਿਸਤੀ, ਇਕ ਦੋ ਸਮਝ ਕਿਸੇ ਨਾ ਆਈਆ । ਧੁਰ ਦੀ ਧਾਰ ਕਿਸੇ ਨਾ ਦਿਸਦੀ, ਜਗਤ ਵਿਦਿਆ ਹੋਏ ਹਲਕਾਈਆ । ਅੱਗੇ ਸਫਾ ਉਠਣੀ ਕਿਸ ਕਿਸ ਦੀ, ਕ਼ਿਸਮਤ ਕਵਣ ਬਦਲਾਈਆ । ਜਗਤ ਲੋਕਾਈ ਵੇਖਣੀ ਪਿਟਦੀ, ਪਟਨੇ ਵਾਲਾ ਖ਼ੁਸ਼ੀ ਮਨਾਈਆ । ਜਿਸ ਦੀ ਧਾਰ ਅਗੰਮੀ ਚਿਟ ਦੀ, ਬਿਨ ਅੱਖਰਾਂ ਲੇਖ ਵਖਾਈਆ । ਕੁਛ ਖੇਲ ਰਵਦਾਸ ਦੀ ਇੱਟ ਦੀ, ਜਿਸ ਮਿਲੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਸਾਚੀ ਕਰਨੀ ਕਾਰ ਕਮਵਾਂਗਾ । ਗੁਰ ਅਵਤਾਰ ਪੈਗ਼ੰਬਰ ਖੇਲ ਰਚਾਵਾਂਗਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਲ ਵਰਤਾਵਾਂਗਾ । ਭਗਤ ਸੁਹੇਲੇ ਗੁਰਮੁਖ ਚੁਣ, ਸਾਚਾ ਨੂਰ ਜੋਤ ਚਮਕਾਵਾਂਗਾ । ਲੱਖ ਚੁਰਾਸੀ ਵੇਖ ਗੁਣ ਅਵਗੁਣ, ਪੜਦਿਆਂ ਅੰਦਰੋਂ ਪੜਦੇ ਆਪ ਉਠਾਵਾਂਗਾ । ਗੁਰ ਅਵਤਾਰ ਪੈਗ਼ੰਬਰਾਂ ਕੀਮਤ ਪਾ ਕੇ ਮੁੱਲ, ਅਮੁੱਲ ਆਪਣੀ ਕਾਰ ਕਮਾਵਾਂਗਾ । ਚਾਰ ਵਰਨ ਅਠਾਰਾਂ ਬਰਨ ਸਮਝਾ ਇਕੋ ਕੁਲ, ਆਤਮ ਪਰਮਾਤਮ ਆਪਣੇ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਵਾਂਗਾ । ਸਾਚਾ ਹੁਕਮ ਇਕ ਸੁਣਾਏਗਾ । ਦੀਨ ਦਿਆਲ ਦਇਆ ਕਮਾਏਗਾ । ਹੋ ਕਿਰਪਾਲ ਵੇਖ ਵਖਾਏਗਾ । ਬੇਮਿਸਾਲ ਵੇਸ ਵਟਾਏਗਾ । ਜਗਤ ਅਵੱਲੜੀ ਚਾਲ ਚਲਾਏਗਾ । ਜਗਤ ਦਲਾਲ ਰਹਿਣ ਕੋਇ ਨਾ ਪਾਏਗਾ । ਗੁਰ ਅਵਤਾਰ ਪੈਗ਼ੰਬਰ ਛੱਡ ਜਗਤ ਧਰਮਸਾਲ, ਸਚਖੰਡ ਸਾਚੇ ਸਚ ਵਿਚ ਸਮਾਏਗਾ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਡੰਕ ਵਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਏਗਾ । ਧੁਰ ਦਾ ਹੁਕਮ ਇਕ ਸੁਣਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਮਿਟਾਵਾਂਗਾ । ਸਤਿਜੁਗ ਸਾਚਾ ਰਾਹ ਚਲਾਵਾਂਗਾ । ਆਪਣਾ ਤੋਲ ਆਪੇ ਤੋਲੋ, ਕੰਡਾ ਤਰਾਜ਼ੂ ਨਾਮ ਹੱਥ ਫੜਾਵਾਂਗਾ । ਸਾਰੇ ਮਿਲਕੇ ਇਕ ਧੁਰ ਦਾ ਨਾਮ ਬੋਲੋ, ਸੋਹੰ ਸੋਹਲਾ ਇਕ ਸੁਣਾਵਾਂਗਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਰਨ ਅਠਾਰਾਂ ਪੜਦਾ ਖੋਲ੍ਹੋ, ਦੀਨਾਂ ਮਜ਼੍ਹਬਾਂ ਝਗੜਾ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਦਰ ਇਕ ਦਰਸਾਵਾਂਗਾ । ਸਾਚਾ ਦਰ ਇਕ ਦਰਸਾਏਗਾ । ਦਰਗਾਹ ਸਾਚੀ ਭੇਵ ਚੁਕਾਏਗਾ । ਸਚਖੰਡ ਦਵਾਰੇ ਪੜਦਾ ਆਪ ਉਠਾਏਗਾ । ਮੁਕਾਮੇ ਹਕ ਸੋਭਾ ਪਾਏਗਾ । ਲਾਸ਼ਰੀਕ ਨੂਰ ਚਮਕਾਏਗਾ । ਪੁਰਖ ਅਕਾਲ ਨਜ਼ਰੀ ਆਏਗਾ । ਪਰਵਰਦਿਗਾਰ ਸਾਂਝਾ ਯਾਰ ਅਖਵਾਏਗਾ । ਪਾਰਬ੍ਰਹਮ ਪਤਿਪਰਮੇਸ਼ਵਰ ਜੋਤੀ ਜਾਤਾ ਡਗਮਗਾਏਗਾ । ਚਾਰ ਕੁੰਟ ਦਹਿ ਦਿਸ਼ਾ ਨਾਮ ਸੰਦੇਸ਼ਾ ਇਕ ਸੁਣਾਏਗਾ ।

ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਤਾਲ ਵੰਡੇ ਕੋਈ ਨਾ ਹਿੱਸਾ, ਹਿਸਾਬ ਕਿਤਾਬ ਪਿਛਲਾ ਸਰਬ ਮੁਕਾਏਗਾ । ਪ੍ਰੇਮ ਪ੍ਰੀਤੀ ਸਾਚੀ ਰੰਗਤ ਸਭ ਦੇ ਅੰਦਰ ਲਾ ਕੇ ਖਿੱਚਾ, ਖਿੱਚ ਆਪਣੀ ਇਕ ਸਮਝਾਏਗਾ । ਪੁਰਖ ਅਕਾਲ ਬਣ ਕੇ ਪਿਤਾ, ਪਤਿਪਰਮੇਸ਼ਵਰ ਜੋੜ ਜੁੜਾਏਗਾ । ਜਿਹੜਾ ਮਾਰਗ ਕਿਸੇ ਨਹੀਂ ਡਿੱਠਾ, ਸੋ ਅਗਲਾ ਰਾਹ ਵਖਾਏਗਾ । ਫੜ ਕੇ ਬਾਹੋਂ ਵੱਡਾ ਨਿੱਕਾ, ਘਰ ਇਕੋ ਇਕ ਸੁਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਸ਼ਾਹ ਸੁਲਤਾਨਾ ਇਕ ਸੁਣਾਏਗਾ । ਸਚ ਸੁਨੇਹੜਾ ਇਕ ਸੁਣਾਵਾਂਗਾ । ਸੱਸੇ ਉਪਰ ਹੋੜਾ ਭੇਵ ਖੁਲ੍ਹਾਵਾਂਗਾ । ਹੰ ਬ੍ਰਹਮ ਆਪੇ ਬਹੁੜਾ, ਪਾਰਬ੍ਰਹਮ ਜੋਤ ਚਮਕਾਵਾਂਗਾ । ਸ਼ਾਹ ਸੁਲਤਾਨਾਂ ਧੱਕਾ ਲੱਗਣਾ ਥੋੜ੍ਹਾ, ਰੂਸਾ ਚੀਨਾ ਡੰਡ ਪਵਾਵਾਂਗਾ । ਡੂੰਘੀ ਧਾਰ ਫੇਰ ਕੇ ਘੋੜਾ, ਫਰੰਗੀ ਵਾਗਾਂ ਨਾਲ ਹਿਲਾਵਾਂਗਾ । ਮੁਹੰਮਦ ਦੱਸ ਕੇ ਜਵਾਬ ਕੋਰਾ, ਸਦੀ ਚੌਧਵੀਂ ਭੇਵ ਚੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਇਕ ਵਖਾਂਵਾਗਾ । ਚੇਤ ਕਹੇ ਕੀ ਖੇਲ ਪ੍ਰਭੂ ਕਰਾਵੇਂਗਾ । ਪੁਰਖ ਅਕਾਲ ਕਹੇ ਜਨ ਭਗਤਾਂ ਕਰ ਕੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਵਾਂਗਾ । ਦੀਨ ਦੁਨੀ ਦਾ ਹੋਣਾ ਖੇਤ, ਖੇਲ ਆਪਣੀ ਇਕ ਰਚਾਵਾਂਗਾ । ਸਚ ਦਵਾਰ ਪਰਗਟਾ ਕੇ ਦੇਸ, ਦਿਸ਼ਾ ਆਪਣੀ ਇਕ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਵਾਂਗਾ । ਸਚ ਸੰਦੇਸ਼ ਦੀ ਸੁਣ ਕੇ ਬਾਤ, ਬਾਵਨ ਲਈ ਅੰਗੜਾਈਆ । ਸੁਣ ਸਾਹਿਬ ਮੇਰੇ ਕਮਲਾਪਾਤ, ਤੇਰਾ ਮੇਰਾ ਮੇਰਾ ਤੇਰਾ ਰੂਪ ਇਕੋ ਨਜ਼ਰੀ ਆਈਆ । ਪਿਛਲਾ ਲੇਖਾ ਕਰ ਯਾਦ, ਬਲ ਨਗਰੀ ਵਿਚ ਸਮਝਾਈਆ । ਬੱਚਿਆਂ ਵਾਲੀ ਫ਼ਰਿਆਦ, ਤੇਰੀ ਝੋਲੀ ਪਾਈਆ । ਤੇਰਾਂ ਸੌ ਸਤਾਸੀ ਸਾਧ, ਬੈਠੇ ਰਾਹ ਤਕਾਈਆ । ਜਿਹੜਾ ਤੇਰਾ ਨਾਂ ਅੱਲ੍ਹਾ ਵਾਹਿਗੁਰੂ ਰਾਮ ਯਾਦ ਨਹੀਂ ਕਰਦੇ ਲੈ ਕੇ ਨਾਉਂ ਗਾਡ, ਹੋਰ ਦਾ ਹੋਰ ਬੈਠੇ ਬਦਲਾਈਆ । ਉਹਨਾਂ ਦੀ ਭਗਤੀ ਮੂਲ ਓਹਨਾਂ ਦੀ ਆਵਾਜ਼, ਜੋ ਸ੍ਰਿਸ਼ਟੀ ਵਿਚੋਂ ਵੱਖਰੀ ਦਿਤੀ ਸਮਝਾਈਆ । ਸਚ ਬਣਾ ਸਮਾਜ, ਧੁਰ ਸਮਗਰੀ ਦਿਤੀ ਟਿਕਾਈਆ । ਓਹਨਾਂ ਦੇ ਲਹਿਣੇ ਦਾ ਦੇ ਜਵਾਬ, ਮੰਗਣਹਾਰੇ ਮਾਂਗਤ ਬੈਠੇ ਡੇਰੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਚੇਤ ਕਹੇ ਮੈਂ ਭਰਦਾ ਹਾਮੀ, ਹਮਸਾਜਣ ਹੋ ਕੇ ਰਿਹਾ ਜਣਾਈਆ । ਤੂੰ ਪੁਰਖ ਅਕਾਲ ਅੰਤਰਜਾਮੀ, ਘਟ ਭੀਤਰ ਵੇਖ ਵਖਾਈਆ । ਜੁਗ ਚੌਕੜੀ ਸਦਾ ਨਿਹਕਾਮੀ, ਕਰਮ ਕਾਂਡ ਨਾ ਕੋਇ ਵਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਤੇਰੀ ਸਿਫ਼ਤਾਂ ਵਾਲੀ ਸੁਣੀ ਬਾਣੀ, ਜੋ ਢੋਲਿਆਂ ਰਾਗਾਂ ਨਾਦਾਂ ਵਿਚ ਸੁਣਾਈਆ । ਇਸ਼ਾਰਿਆਂ ਵਿਚ ਤੇਰੀ ਦੱਸਦੇ ਗਏ ਨਿਸ਼ਾਨੀ, ਭਵਿਖਤਾਂ ਵਿਚ ਅਲਾਈਆ । ਸੋ ਸਾਹਿਬ ਸੁਲਤਾਨ ਕਲਜੁਗ ਅੰਤਮ ਕਰ ਮਿਹਰਬਾਨੀ, ਮਹਿਬੂਬ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਬਾਵਨ ਕਹੇ ਮੇਰੇ ਬਾਵਨ, ਬਾਵਨ ਬਾਵਨ ਨਜ਼ਰੀ ਆਈਆ । ਜਿਹੜੇ ਬਾਲੇ ਨੱਢੇ ਤੈਨੂੰ ਗਾਵਣ, ਤੇਰੇ ਵਿਚ ਸਮਾਈਆ । ਤੇਰਾ ਧਿਆਨ ਲਗਾਵਣ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੇਰਾ ਪ੍ਰੇਮ ਪਿਆਰ ਖਾਵਣ, ਜਗਤ ਭੋਜਨ ਨਾ ਕੋਇ ਵਡਿਆਈਆ । ਤੂੰ ਬਣ ਕੇ ਬੁੱਢਾ ਬ੍ਰਾਹਮਣ, ਬਲ ਦਵਾਰੇ ਡੇਰਾ ਲਾਈਆ । ਪਿਛਲੇ ਰਿਸ਼ੀ ਬਣੇ ਵਿਚ ਜ਼ਾਮਨ, ਜੰਮੂ ਵਾਲੇ ਦੇਣ ਗਵਾਹੀਆ । ਤੇਰਾ ਨਾਉਂ ਪਤਤ ਪਾਵਨ, ਪੁਨੀਤ ਦੇ ਕਰਾਈਆ । ਇਕ ਹੋਰ ਵੇਖ ਨਿਸ਼ਾਨਨ, ਨਿਸ਼ਾਨੀ

ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇ ਚੁਕਾਈਆ । ਬਾਵਣ ਕਹੇ ਰਾਜੇ ਬਲ ਦਾ ਵੇਖ ਚੋਬਦਾਰ, ਕਲੀਆਂ ਵਾਲਾ ਕਮੀਜ਼ ਨਜ਼ਰੀ ਆਈਆ । ਹੱਥ ਵਿਚ ਨੇਜ਼ਾ ਓਹ ਹਥਿਆਰ, ਜੋ ਦਰਬਾਨਾਂ ਦਏ ਫੜਾਈਆ । ਅੱਗੇ ਹੋ ਕੇ ਹੋ ਜਾ ਜਾਹਰ, ਜਿਸ ਨੂੰ ਸ਼ਬਦ ਵਿਚ ਲਿਆ ਮੰਗਾਈਆ । ਇਹ ਕੋਈ ਰਸਨਾ ਦਾ ਨਹੀਂ ਤਕਰਾਰ, ਲਿਖ ਕੇ ਹੁਕਮ ਨਾ ਕੋਈ ਪੁਚਾਈਆ । ਪਿਛਲਾ ਉਧਾਰ, ਸਾਹਮਣੇ ਰਿਹਾ ਚੁਕਾਈਆ । ਓਹ ਪੰਜੇ ਹੋ ਜਾਓ ਖ਼ਬਰਦਾਰ, ਭੈਣ ਭਾਈ ਲਓ ਅੰਗੜਾਈਆ । ਤੁਹਾਡੇ ਨਾਲ ਬਣੀ ਬਹਾਰ, ਸੋਹਣਾ ਰੂਪ ਵਖਾਈਆ । ਤੁਹਾਡਾ ਕਰਜ਼ਾ ਦਿਆਂ ਉਤਾਰ, ਬਾਕੀ ਆਪਣੇ ਵਿਚ ਨਾ ਕੋਇ ਛੁਪਾਈਆ । ਜਿਨ੍ਹਾਂ ਪਿਛੇ ਗੁਰਮੁਖੋ ਤੁਹਾਡੇ ਘਰ ਘਰ ਦਾ ਖਾਧਾ ਆਹਾਰ, ਦਰ ਦਰ ਫੇਰਾ ਪਾਈਆ । ਏਸ ਵੇਲੇ ਨੂੰ ਤੱਕਦੇ ਰਹੇ ਗੁਰੂ ਅਵਤਾਰ, ਪੈਗੰਬਰ ਅੱਖ ਖੁਲ੍ਹਾਈਆ । ਇਸ ਤੋਂ ਅਗਲਾ ਵੇਖੋ ਸਾਲ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਰੋਂਦੇ ਫਿਰਨੇ ਸ਼ਾਹ ਕੰਗਲ, ਸ਼ਰਅ ਵਿਚ ਦੁਹਾਈਆ । ਓਹਨਾਂ ਦੀ ਕਰਾਂ ਸੰਭਾਲ, ਜਿਨ੍ਹਾਂ ਸੁੱਤਿਆਂ ਲਿਆ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਹੇ ਕੁਛ ਹੋਰ ਕੀਤਾ ਕੌਲ, ਅਜੇ ਤਕ ਨਾ ਕੋਇ ਸਮਝਾਈਆ । ਜਿਸ ਵੇਲੇ ਨਿਰਗੁਣ ਹੋ ਕੇ ਆਵੇਂ ਉਪਰ ਧੌਲ, ਧਰਮ ਦਾ ਰੂਪ ਬਦਲਾਈਆ । ਕੁਛ ਲੇਖਾ ਰੱਖਿਆ ਗੋਬਿੰਦ ਨਾਲ ਜੋ ਜਦ ਅੰਤਰ ਦਿਤੀ ਪਾਹੁਲ, ਅੰਮ੍ਰਿਤ ਰਸ ਚੁਆਈਆ । ਕੁਛ ਲਹਿਣਾ ਦੇਣਾ ਜੋ ਹਰਬੰਸ ਸਿੰਘ ਨੇ ਬੰਨ੍ਹ ਕੇ ਲਿਆਂਦੇ ਚੌਲ, ਜੋ ਗੋਬਿੰਦ ਦਾ ਜੋੜਾ ਝਾੜ ਕੇ ਖ਼ੁਸ਼ੀ ਮਨਾਈਆ । ਕਿਸੇ ਨਾਲ ਮਾਰਨਾ ਨਹੀਂ ਰੋਲ, ਰੌਲੇ ਵਿਚੋਂ ਭਗਤ ਲੈਣੇ ਤਰਾਈਆ । ਸਭ ਦਾ ਲਹਿਣਾ ਦੇਣਾ ਫੋਲ, ਕੁਤਬਖਾਨਾ ਸਭ ਦਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਖੇਲ ਆਪ ਜਣਾਈਆ । ਬਾਵਨ ਕਹੇ ਵੇਖ ਪੰਜੇ ਨੰਨ੍ਹੇ ਬੱਚੇ, ਬਾਲ ਅਵਸਥਾ ਨਜ਼ਰੀ ਆਈਆ । ਉਹ ਅੰਤਮ ਹੋਏ ਸੱਚੇ, ਸਾਜਣ ਮਿਲਿਆ ਧੁਰਦਰਗਾਹੀਆ । ਤੇਰੇ ਰਾਹ ਰਹੇ ਤੱਕੇ, ਬਿਨ ਅੱਖਾਂ ਅੱਖ ਉਠਾਈਆ । ਲੇਖੇ ਲਾਉਣੇ ਤਤ ਅੱਠੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਭੇਵ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਬਾਵਨ ਕਹੇ ਓਹ ਵੱਡੀ ਕੰਨਿਆ, ਜਗਤ ਮਿਲੀ ਵਡਿਆਈਆ । ਜਿਸ ਦਾ ਪਿਆਰ ਮੁਹੱਬਤ ਵਿਚ ਮੰਨਿਆ, ਮੋਹ ਵਿਚ ਸਰਨਾਈਆ । ਫੇਰਾ ਮਾਰਿਆ ਘਰ ਘਰ ਛੱਪਰ ਛੰਨਿਆ, ਕੋਝੇ ਕਮਲਿਆਂ ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਭੇਵ ਸਮਝਾਇਆ ਨਹੀਂ ਜਗਤ ਨੇਤਰ ਅੰਨ੍ਹਿਆਂ, ਵਿਦਵਾਨਾਂ ਪੜਦਾ ਆਪ ਰਖਾਈਆ । ਜਿਸ ਦਾ ਵਿਵਹਾਰ ਤਿਉਹਾਰ ਸਦਾ ਜੁਗ ਚੱਲਿਆ, ਚਲਤ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਬਾਵਨ ਕਹੇ ਚਾਰ ਭੈਣਾਂ ਤੇ ਇਕ ਵੀਰ, ਪੰਜਾਂ ਰੰਗ ਰੰਗਾਈਆ । ਜਨ ਭਗਤਾਂ ਘਰ ਘਰ ਘੱਤ ਵਹੀਰ, ਦੂਤੀ ਦੁਸ਼ਮਣ ਮੇਲ ਮਿਲਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕੱਟ ਸ਼ਰਅ ਜਜ਼ੀਰ, ਊਚ ਨੀਚ ਰੰਗ ਰੰਗਾਈਆ । ਅੰਦਰੋਂ ਬਦਲ ਸਰਬ ਤਕਦੀਰ, ਤਦਬੀਰ ਇਕ ਸਮਝਾਈਆ । ਸਤਿਗੁਰ ਸ਼ਬਦ ਬਣ ਅਗੰਮਾ ਪੀਰ, ਪਰਾ ਪਸੰਤੀ ਮੱਧਮ ਬੈਖਰੀ ਤੋਂ ਪਰੇ ਕੀਤੀ ਪੜ੍ਹਾਈਆ । ਜਿਸ ਮੰਜ਼ਲ ਤੇ ਚੜ੍ਹਿਆ ਕਬੀਰ, ਕਬਰਾਂ ਦਾ ਲੇਖਾ ਗਿਆ ਮੁਕਾਈਆ । ਸੋ ਮਾਰਗ ਦਿਤਾ ਭਗਤਾਂ ਅਖ਼ੀਰ, ਦੋ ਅੱਖਰਾਂ ਨਾਮ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਰਨਗਤ ਇਕ ਸਮਝਾਈਆ । ਬਾਵਨ ਕਹੇ ਵੇਖ ਬਾਲੀ ਬਾਲਾ, ਬਚਪਨ ਖੋਜ ਖੁਜਾਈਆ । ਉਹ ਬੱਚੇ ਨੱਢੇ ਤੇਰੇ ਪ੍ਰੇਮ ਦੀ ਅੰਤਰ ਰੱਖਦੇ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਜਿਨ੍ਹਾਂ ਦੇ ਕਾਰਨ ਮਾਰਗ ਕਰ ਸੁਖਾਲਾ, ਗੁਰਮੁਖਾਂ ਦੇ ਵਡਿਆਈਆ । ਰਹੇ ਨਾ ਜਗਤ ਜੰਜਾਲਾ, ਚੁਰਾਸੀ ਵਿਚ ਨਾ ਕੋਇ ਭਵਾਈਆ । ਝਗੜਾ ਰਹੇ ਨਾ ਕਾਲ ਮਹਾਂਕਾਲਾ, ਰਾਏ ਧਰਮ ਨਾ ਦਏ ਸਜ਼ਾਈਆ । ਉਨ੍ਹਾਂ ਦਾ ਦੱਸੇ ਅਹਿਵਾਲਾ, ਜੋ ਬਾਵਨ ਭੋਜਨ ਤਿਆਰ ਕਰ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੁਰਖ ਅਕਾਲ ਕਹੇ ਸੁਣ ਬਾਵਨ ਮੇਰੇ ਸਤਿ ਸਰੂਪ, ਬਹੁਰੰਗਾ ਦਿਆਂ ਜਣਾਈਆ । ਉਹ ਬਾਲੇ ਮੇਰੇ ਮੇਰੇ ਪੂਤ, ਪਿਤਾ ਪੁਰਖ ਅਕਾਲ ਮਨਾਈਆ । ਜਿਨ੍ਹਾਂ ਨੇ ਪਿਆਰ ਦੀ ਮਾਲਾ ਬ੍ਰਹਮੇ ਸ਼ਿਵ ਦਾ ਸਤਿ ਬਣਨਾ ਸੂਤ, ਸੂਤਰਧਾਰੀ ਆਪ ਦ੍ਰਿੜਾਈਆ । ਲੇਖੇ ਲਾਉਣੇ ਸ਼ਾਹ ਕੰਗਾਲਾ, ਕੋਝੇ ਕਮਲੇ ਗੋਦ ਉਠਾਈਆ । ਸੋਹੰ ਦੱਸ ਕੇ ਨਾਮ ਸੁਖਾਲਾ, ਮੰਤਰ ਅੰਤਰ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬਾਵਨ ਕਹੇ ਮੇਰੀ ਅੰਤ ਪੁਕਾਰ, ਨਿਉਂ ਨਿਉਂ ਸੀਸ ਨਿਵਾਈਆ । ਮੇਰਾ ਲਹਿਣਾ ਦਿਤਾ ਉਤਾਰ, ਕਰਜ਼ਾ ਮੂਲ ਚੁਕਾਈਆ । ਕੀ ਭਗਤਾਂ ਦਿਤਾ ਆਧਾਰ, ਧੁਰ ਦੀ ਭੇਟ ਚੜ੍ਹਾਈਆ । ਕੀ ਆਇਆ ਤੈਨੂੰ ਸਵਾਦ, ਸਚ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸ੍ਰੀ ਭਗਵਾਨ ਕਹੇ ਸੁਣ ਬਾਵਨ ਸਚ ਪਿਆਰੇ, ਸਤਿ ਦਿਆਂ ਸਮਝਾਈਆ । ਜੋ ਭਗਤਾਂ ਦਿਤਾ ਅਹਾਰੇ, ਆਹਰ ਵਿਚ ਦਿਤਾ ਲਗਾਈਆ । ਮੈਨੂੰ ਸਵਾਦ ਨਹੀਂ ਆਇਆ ਕੋਟਨ ਕੋਟ ਜੁਗ ਵਿਚ ਸੰਸਾਰੇ, ਰਸਨਾ ਰਸ ਨਾ ਕੋਇ ਵਡਿਆਈਆ । ਜਨ ਭਗਤ ਰਾਹ ਤੱਕਦੇ ਰਹੇ ਆਪਣੀ ਅੱਖ ਉਘਾੜੇ, ਦਿਨ ਦਿਹਾੜੇ ਵੇਖ ਵਖਾਈਆ । ਜਿਹੜੇ ਪਦਾਰਥ ਵਿਸ਼ਨੂੰ ਕਰ ਨਹੀਂ ਸਕਿਆ ਤਿਆਰੇ, ਜਗਤ ਬੀਜ ਨਾ ਕੋਇ ਉਪਜਾਈਆ । ਉਹ ਮਿਲੇ ਭਗਤਾਂ ਦੇ ਪਿਆਰੇ, ਮੈਂ ਖਾ ਖਾ ਖ਼ੁਸ਼ੀ ਮਨਾਈਆ । ਸਿਰਫ਼ ਇਕ ਵਾਰ ਸਤਾਈ ਪੋਹ ਥੋੜ੍ਹਾ ਖਾ ਕੇ ਗਏ ਗੁਰ ਅਵਤਾਰੇ, ਵਿਸ਼ਨ ਬ੍ਰਹਮਾ ਸ਼ਿਵ ਤੁਹਾਡੇ ਹੱਥ ਕੁਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਬਾਵਨ ਇਹ ਖਾਣਾ ਸ਼ਬਦੀ ਧਾਰ, ਜੋ ਸ਼ਬਦ ਵਿਚ ਸੁਣਾਈਆ । ਰਵਿਦਾਸ ਦਾ ਘਰ ਵੇਖ ਅਪਾਰ, ਗੁਰਮੁਖ ਗ੍ਰਿਹਿ ਵੱਜੇ ਵਧਾਈਆ । ਸੰਦੇਸੇ ਵਿਚ ਦਿਤਾ ਸਿਖ਼ਾਲ, ਸਿਖਿਆ ਇਕ ਦ੍ਰਿੜਾਈਆ । ਕੁਛ ਖਾਣਾ ਦਿਉ ਖਵਾਲ, ਗਿਣਤੀ ਗਣਤ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਸਚ ਖਾਣਾ ਇਕ ਅਗੰਮਾ, ਆਗਮਨ ਵਿਚ ਸੁਣਾਈਆ । ਜਿਸ ਨੂੰ ਗਾਏ ਕੋਈ ਨਾ ਦਮਾ, ਰਸਨਾ ਨਾ ਕੋਇ ਵਡਿਆਈਆ । ਰਸ ਮਾਣੇ ਕੂੜ ਨਾ ਚੰਮਾ, ਚੰਮ ਦ੍ਰਿਸ਼ਟੀ ਨਾ ਕੋਇ ਸਮਝਾਈਆ । ਸਮਝਾ ਸਕੇ ਕੋਈ ਨਾ ਅੰਮਾਂ, ਦੂਸਰੀ ਮਤ ਨਾ ਕੋਇ ਅਖਵਾਈਆ । ਭੇਵ ਪਾ ਨਾ ਸਕੇ ਬ੍ਰਹਮਾ, ਬ੍ਰਹਮ ਮਤ ਅੰਤ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਬਾਵਨ ਕੀ ਖਾਣਾ ਦੱਸਾਂ ਪਕਵਾਨ, ਭਗਤਾਂ ਪੱਕਾ ਲਿਆ ਬਣਾਈਆ । ਖ਼ੁਸ਼ੀਆਂ ਅੰਦਰ ਢੋਲੇ ਗਾਣ, ਤੂੰ ਮੇਰਾ ਮੈਂ ਤੇਰਾ ਵੱਜੇ ਵਧਾਈਆ । ਚਰਨ ਕਵਲ ਧਿਆਨ ਲਗਾਣ, ਨੇਤਰ ਨੈਣਾਂ ਨੀਰ ਵਹਾਈਆ । ਨਾਤਾ ਤੋੜ ਕੇ ਜੀਵ ਜਹਾਨ, ਪੁਰਖ ਅਕਾਲ ਇਕ ਮਨਾਈਆ । ਬਾਕੀ ਰੁੱਸ ਗਏ ਸਰਬ ਮਹਿੰਮਾਨ, ਗੁਰਮੁਖਾਂ ਨਾਲ

ਪ੍ਰੇਮ ਵਧਾਈਆ । ਇਹ ਖੇਲ ਬੜਾ ਮਹਾਨ, ਜੁਗ ਚੌਕੜੀ ਨਾ ਕਦੇ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਨਿਰਗੁਣ ਨਿਰਵੈਰ ਨਿਰੰਕਾਰ ਹੋ ਕੇ ਕਰੇ ਆਨ, ਦੂਜੇ ਸਮਝ ਨਾ ਕੋਇ ਸਮਝਾਈਆ । ਬੇਨੰਤੀ ਕਰ ਪਰਵਾਨ, ਪਰਵਾਨੇ ਪਿਛਲੇ ਵੇਖ ਵਖਾਈਆ । ਦੇ ਕੇ ਧੁਰ ਫ਼ਰਮਾਨ, ਧਰਮ ਦੀ ਧਾਰ ਦਿਤੀ ਦ੍ਰਿੜਾਈਆ । ਸ਼ਬਦੀ ਦੇ ਕੇ ਗਿਆਨ, ਸੁਰਤੀ ਸੁਰਤ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਝੋਲੀ ਪਾਈਆ । ਬਾਵਨ ਕਹੇ ਮੈਂ ਵੇਖਿਆ ਖੇਲ ਅਪਾਰਾ, ਅਪਰੰਪਰ ਦਿਤਾ ਵਖਾਈਆ । ਜੁਗ ਚੌਕੜੀ ਨਿਆਰਾ, ਸ਼ਾਸਤਰਾਂ ਬਾਹਰ ਪੜ੍ਹਾਈਆ । ਪੂਰਬ ਦੇ ਅਧਾਰਾ, ਲੇਖਾ ਆਪ ਮੁਕਾਈਆ । ਪੰਚਾਂ ਮੇਲ ਧੁਰ ਦਰਬਾਰਾ, ਦਰਗਾਹ ਸਾਚੀ ਰੰਗ ਚੜ੍ਹਾਈਆ । ਜਨਮ ਜਨਮ ਦਾ ਕਰਜ਼ ਉਤਾਰਾ, ਮਕਰੂਜ਼ ਖ਼ੁਸ਼ੀ ਮਨਾਈਆ । ਬਖ਼ਸ਼ਿਸ਼ ਵਿਚ ਬਖ਼ਸ਼ ਚਰਨ ਪਿਆਰਾ, ਚਰਨੋਦਕ ਜਾਮ ਪਿਆਈਆ । ਕਾਗ਼ਜ਼ ਕਲਮ ਬਣ ਲਿਖਾਰਾ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਰਿਖੀਆਂ ਦਾ ਅਧਾਰਾ, ਸਭ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਹੇ ਜਨ ਭਗਤੋ ਵੇਖਿਆ ਵਿਵਹਾਰ, ਵਿਵਹਾਰੀ ਦਿਤਾ ਵਖਾਈਆ । ਕਰਿਆ ਖੇਲ ਅਪਾਰ, ਅਪਰੰਪਰ ਬੇਪਰਵਾਹੀਆ । ਪਾਂਧੀ ਬਣ ਕੇ ਆਇਆ ਪੰਧ ਮਾਰ, ਪੈਂਡਾ ਜਗਤ ਮੁਕਾਈਆ । ਜਿਨ੍ਹਾਂ ਦੇ ਗ੍ਰਿਹ ਖਾਧਾ ਆਹਾਰ, ਪਿਆਰ ਅਗਲਾ ਲਿਆ ਬਣਾਈਆ । ਜਨਮ ਲੈਣਾ ਪਏ ਨਾ ਦੂਜੀ ਵਾਰ, ਚੁਰਾਸੀ ਵਿਚ ਨਾ ਕੋਇ ਭਵਾਈਆ । ਇਕ ਨਾਲ ਤਾਰੇ ਪਰਿਵਾਰ, ਪਰਮ ਪੁਰਖ ਬੇਪਰਵਾਹੀਆ । ਭਗਤਾਂ ਦਾ ਸ਼ਿੰਗਾਰ, ਸੋਹਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਦੇਵੇ ਵਡਿਆਈਆ । ਜਨ ਭਗਤੋ ਤੁਸੀਂ ਦੋ ਜਹਾਨਾਂ ਵਿਚ ਅਮੀਰ, ਅਮਰਾਪਦ ਦਿਆਂ ਵਖਾਈਆ । ਪੁਰਖ ਅਕਾਲਾ ਬਣ ਗ਼ਰੀਬ, ਘਰ ਘਰ ਫੇਰੀ ਆਇਆ ਪਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਪੂਰੀ ਕਰ ਉਮੀਦ, ਆਸਾ ਮਨਸਾ ਵਿਚ ਸਮਾਈਆ । ਸਿੱਧੀ ਕਰ ਕੇ ਦੀਦ, ਦੀਦ ਨੂਰ ਕਰੇ ਰੁਸ਼ਨਾਈਆ । ਗ੍ਰਿਹ ਗ੍ਰਿਹ ਸੋਹੰ ਢੋਲਾ ਗਾਇਆ ਗੀਤ, ਮੰਦਰ ਮਸੀਤ ਪੰਧ ਮੁਕਾਈਆ । ਅੱਗੇ ਮਾਰਗ ਦੱਸ ਅਖ਼ੀਰ (ਠੀਕ), ਤ੍ਰੈਗੁਣ ਲੇਖਾ ਦਏ ਚੁਕਾਈਆ । ਜਿਨ੍ਹਾਂ ਦੀ ਵਿਛੋੜੇ ਅੰਦਰ ਪਿਆਰ ਅੰਦਰ ਮੁਹੱਬਤ ਵਿਚ ਨਿਕਲੀ ਚੀਕ, ਚਾਕਰ ਹੋ ਕੇ ਸੇਵ ਕਮਾਈਆ । ਗੁਰਮੁਖ ਰਿਹਾ ਕੋਈ ਨਾ ਨੀਚ, ਨੀਚੋਂ ਊਚ ਦਏ ਬਣਾਈਆ । ਸ਼ਬਦੀ ਡੋਰੀ ਗੰਢ ਲਈ ਪੀਚ, ਸੁਰਤੀ ਨਾਤਾ ਲਿਆ ਜੁੜਾਈਆ । ਜਨ ਭਗਤੋ ਕਿਸੇ ਦਵਾਰੇ ਮੰਗਣ ਨਾ ਜਾਇਓ ਭੀਖ, ਬਿਨਾਂ ਪੁਰਖ ਅਕਾਲ ਤੋਂ ਦੇਵਣ ਵਾਲਾ ਨਜ਼ਰ ਕੋਇ ਨਾ ਆਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਉਡੀਕ, ਜੁਗ ਚੌਕੜੀ ਰਾਹ ਤਕਾਈਆ । ਸੋ ਠਾਕਰ ਆਇਆ ਠੀਕ, ਠੋਕਰ ਨਾਮ ਦਏ ਲਗਾਈਆ । ਥੋੜ੍ਹਾ ਜਿਹਾ ਸਮਾਂ ਕਟ ਲਉ ਵਟ ਕਸੀਸ, ਕਸਰ ਸਾਰੀ ਦਏ ਕਢਾਈਆ । ਤੁਹਾਡੀ ਅੰਦਰੋਂ ਸਾਫ਼ ਕਰ ਦਏ ਨੀਤ, ਨਿਗਾਹਵਾਨ ਹੋ ਕੇ ਕਰੇ ਸਫ਼ਾਈਆ । ਗੁਰਮੁਖ ਰਹਿਣ ਨਹੀਂ ਦੇਣਾ ਕੋਈ ਪੁਨੀਤ, ਪਵਿਤ੍ਰ ਦੇਣਾ ਬਣਾਈਆ । ਇਕੋ ਨਾਮ ਦੀ ਕਰ ਬਖ਼ਸ਼ੀਸ਼, ਭੰਡਾਰਾ ਦੇਣਾ ਭਰਾਈਆ । ਭਗਤ ਉਧਾਰਨ ਦੀ ਪ੍ਰਭ ਨੂੰ ਸਦਾ ਰੀਝ, ਬਿਨ ਭਗਤਾਂ ਮਿਲਣ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਬਾਵਨ ਕਹੇ ਕੀ ਖਾਧਾਂ ਰੁੱਖਾ ਸੁੱਕਾ, ਸਚ ਦੇ ਦ੍ਰਿੜਾਈਆ । ਪੁਰਖ ਅਕਾਲ ਕਹੇ ਮੈਂ ਵੇਖ ਕੇ ਆਪਣਿਆਂ ਪੁੱਤਾਂ, ਸਭ ਕੁਛ ਦਿਤਾ ਭੁਲਾਈਆ ।

੬੩੬
੨੦

ਓਨ੍ਹਾਂ ਨੂੰ ਆਪਣੀ ਗੋਦੀ ਚੁੱਕਾਂ, ਜਿਨ੍ਹਾਂ ਨੂੰ ਕਮਲਾ ਕਹੇ ਲੋਕਾਈਆ । ਮਿਹਰਵਾਨ ਹੋ ਕੇ ਤੁੱਠਾਂ, ਰਾਤੀਂ ਸੁੱਤਿਆਂ ਦਰਸ ਦਿਖਾਈਆ । ਅੱਗੇ ਭੇਵ ਰਹਿਣ ਨਹੀਂ ਦੇਣਾ ਗੁੱਝਾ, ਸ਼ਾਹ ਸੁਲਤਾਨਾਂ ਦਿਆਂ ਹਿਲਾਈਆ । ਵੇਖਿਓ ਦੀਨ ਦੁਨੀ ਵਿਚ ਪੈਣੀਆਂ ਪੁਛਾਂ, ਕਿੱਥੇ ਵਸੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਹੇ ਪ੍ਰਭੂ ਤੇਰਾ ਕਿਸ ਬਿਧ ਭਗਤਾਂ ਥਾਲ ਪਰੋਸਾ, ਪਰਮ ਪੁਰਖ ਦੇ ਦ੍ਰਿੜਾਈਆ । ਕੀ ਖਾਣਾ ਦਿਤਾ ਕੋਸਾ, ਅਗਨੀ ਨਾਲ ਤਪਾਈਆ । ਸ੍ਰੀ ਭਗਵਾਨ ਕਹੇ ਮੈਨੂੰ ਪ੍ਰੇਮ ਪਿਆਰ ਮਿਲਿਆ ਬਹੁਤਾ, ਜਿਸ ਦਾ ਤੋਲ ਨਾ ਕੋਇ ਤੁਲਾਈਆ । ਮੈਂ ਛੱਡ ਕੇ ਚੌਦਾਂ ਲੋਕਾਂ, ਚੌਦਾਂ ਤਬਕਾਂ ਡੇਰਾ ਢਾਹੀਆ । ਛੱਡ ਕੇ ਮੰਦਰ ਮਸਜਿਦ ਸ਼ਿਵਦਵਾਲੇ ਕੋਠਾ, ਤਟ ਕਿਨਾਰਾ ਪੰਧ ਮੁਕਾਈਆ । ਗੁਰਮੁਖਾਂ ਦੇ ਅੰਦਰ ਵੜ ਕੇ ਦਿਤਾ ਹੋਕਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸੋਹੰ ਦੱਸ ਸਲੋਕਾ, ਧੁਰ ਦੀ ਕਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪਿਛਲਾ ਰਿਹਾ ਚੁਕਾਈਆ । ਬਾਵਨ ਕਹੇ ਮੈਂ ਨਹੀਂ ਮੰਨਦਾ, ਮੇਰੀ ਤਸੱਲੀ ਦੇ ਕਰਾਈਆ । ਪੁਰਖ ਅਕਾਲ ਕਹੇ ਮੈਂ ਭਗਤ ਪਹਿਲੋਂ ਆਪਣੀ ਧਾਰੋਂ ਜਣਦਾ, ਜੋਤੀ ਨੂਰ ਵਿਚੋਂ ਪਰਗਟਾਈਆ । ਫੇਰ ਮਾਲਕ ਬਣਾ ਤਨ ਦਾ, ਬ੍ਰਹਮ ਨਾਲ ਵਡਿਆਈਆ । ਛੱਡ ਵਸੇਰਾ ਛੱਪਰ ਛੰਨ ਦਾ, ਦਰ ਘਰ ਠਾਂਡੇ ਡੇਰਾ ਲਾਈਆ । ਪਰਕਾਸ਼ ਦੇ ਕੇ ਆਪਣੇ ਨੂਰੀ ਚੰਨ ਦਾ, ਜੋਤੀ ਜੋਤ ਡਗਮਗਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ ਦਾ, ਪਾਰਬ੍ਰਹਮ ਰੂਪ ਪਰਗਟਾਈਆ । ਮੇਰਾ ਕੋਈ ਨਾਤਾ ਨਹੀਂ ਮਾਟੀ ਚੰਮ ਦਾ, ਆਤਮ ਪਰਮਾਤਮ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਧੁਰ ਦਰਬਾਰਾ ਪਰਵਰਦਿਗਾਰਾ ਸਾਂਝਾ ਯਾਰਾ ਇਕ ਸੁਣਾਈਆ । ਬਾਵਨ ਕਹੇ ਦੱਸ ਉਨ੍ਹਾਂ ਦਾ ਹਿਸਾਬ, ਕੁਛ ਲੇਖਾ ਦੇ ਵਖਾਈਆ । ਪੁਰਖ ਅਕਾਲੇ ਦੀਨ ਦਿਆਲੇ ਆਪਣੀ ਕੱਢ ਉਹ ਕਿਤਾਬ, ਜੋ ਬਿਨ ਅੱਖਰਾਂ ਦਿਤੀ ਲਿਖਾਈਆ । ਰੱਖੀ ਕਿਸ ਮਹਿਰਾਬ, ਕਵਣ ਦਵਾਰੇ ਦਿਤੀ ਟਿਕਾਈਆ । ਜਿਸ ਵਿਚੋਂ ਸ਼ਬਦ ਅਗੰਮੀ ਨਿਕਲੇ ਆਵਾਜ਼, ਰਸਨਾ ਜਿਹਵਾ ਨਾ ਕੋਇ ਹਿਲਾਈਆ । ਪੁਰਖ ਅਕਾਲ ਕਹੇ ਨਾ ਸਵਾਲ ਤੇ ਨਾ ਜਵਾਬ, ਨਾ ਦਿਸ਼ਾ ਤੇ ਨਾ ਮਹਿਰਾਬ, ਨਾ ਅੱਖਰ ਤੇ ਨਾ ਹਿਸਾਬ, ਨਾ ਸਿਤਾਰ ਨਾ ਰਬਾਬ, ਜੋ ਕੁਛ ਵੇਖੇ ਤੇ ਆਪਾ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਭਗਤਾਂ ਦਾ ਭਗਵਾਨ ਭਗਵਾਨ ਭਗਤਾਂ ਦਾ ਬਾਪ, ਬਾਪ ਦਾ ਨਾਮ ਉਨ੍ਹਾਂ ਦਾ ਜਾਪ, ਪ੍ਰਭੂ ਦਾ ਪਰਤਾਪ, ਪਰਤਾਪ ਧਰਮ ਦਾ ਸਾਕ, ਇਖਲਾਕ ਆਪਣਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਚੁਕਾਈਆ । ਚੇਤ ਕਹੇ ਮੇਰੇ ਅੰਦਰ ਆ ਗਈ ਚਿੰਤਾ, ਕੁਛ ਮੈਨੂੰ ਦੇ ਦ੍ਰਿੜਾਈਆ । ਕੀ ਅੱਗੇ ਕੁਛ ਸਾਧਾਂ ਵਿਚ ਰਹਿਣ ਦੇਵੇਂ ਕਿਣਕਾ, ਕਿ ਖ਼ਾਲੀ ਭਾਂਡੇ ਕਰ ਵਖਾਈਆ । ਪੁਰਖ ਅਕਾਲ ਕਹੇ ਬਾਵਨ ਇਹ ਮੇਰਾ ਖੇਲ ਸਿਰਫ਼ ਤਿੰਨ ਦਿਨ ਦਾ, ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਇਸ਼ਟ ਦਿਆਂ ਬਦਲਾਈਆ । ਮੈਂ ਕੋਈ ਕਦਮਾਂ ਨਾਲ ਪੈਮਾਨਿਆਂ ਨਾਲ ਡਿਗਰੀਆਂ ਨਾਲ ਕਦੇ ਨਹੀਂ ਮਿਣਦਾ, ਮੇਰਾ ਪੈਮਾਨਾ ਬੇਇਮਾਨਾ ਨਜ਼ਰ ਕਿਸੇ ਨਾ ਆਈਆ । ਜਗਤ ਬਦਲਨਾ ਮੇਰਾ ਖੇਲ ਛਿਨ ਦਾ, ਗੁਰ ਅਵਤਾਰ ਪੈਗ਼ੰਬਰ ਏਸੇ ਕਰ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਚੇਤ ਕਹੇ ਮੇਰਾ ਲੇਖਾ ਆਵੇ ਪਿਛਲਾ ਅੱਗੇ ਅੱਖਾਂ, ਨੈਣ ਮੂੰਦ ਦਿਆਂ ਦ੍ਰਿੜਾਈਆ । ਜਿਸ ਵੇਲੇ ਗੋਬਿੰਦ

੬੩੭
੨੦

ਸੁੱਤਾ ਸੇਜ ਉਤੇ ਰੱਖਾਂ, ਖ਼ੁਸ਼ੀਆਂ ਆਸਣ ਲਾਈਆ । ਮੈਂ ਵੇਖ ਵੇਖ ਹੱਸਾਂ, ਦੋਹਾਂ ਹੱਥਾਂ ਤਾਲੀ ਵਜਾਈਆ । ਵੇਖੋ ਪੁਰਖ ਅਕਾਲ ਦਾ ਬੱਚਾ, ਮਾਛੂਵਾੜੇ ਡੇਰਾ ਲਾਈਆ । ਓਸੇ ਵੇਲੇ ਗੋਬਿੰਦ ਨੇ ਮੇਰੇ (ਸਿਰ ਤੇ ਹੱਥ ਰੱਖਾ), ਮੇਰੀ ਸੁਰਤ ਦਿਤੀ ਬਦਲਾਈਆ । ਜਾਂ ਮੈਂ ਏਧਰ ਤੱਕਿਆ ਪ੍ਰੇਮ ਦਾ ਮਿਲ ਗਿਆ ਗੱਫਾ, ਗੁਫ਼ਤ ਸ਼ਨੀਦ ਦੀ ਲੋੜ ਰਹੀ ਨਾ ਰਾਈਆ । ਮੈਂ ਕੌਲ ਵਿਚ ਇਕਰਾਰ ਵਿਚ ਪਿਆਰ ਵਿਚ ਯਾਰ ਦੇ ਨਾਲ ਹੋ ਗਿਆ ਪੱਕਾ, ਪੱਕੀ ਅਗਲੀ ਲਈ ਕਰਾਈਆ । ਗੋਬਿੰਦ ਤੂੰ ਗੁਰੂ ਨਹੀਂ ਹੋਣਾ ਕੱਚਾ, ਪੁਰਖ ਅਕਾਲ ਕਿਹਾ ਮੈਂ ਤੇਰੇ ਕੋਲੋਂ ਕਦੇ ਨਾ ਨੱਸਾ, ਵਿਛੋੜਾ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋਹਣੀ ਰੁੱਤ ਸੁਹਾਈਆ । ਚੇਤ ਕਹੇ ਮੇਰੀ ਆ ਗਈ ਰੁੱਤ ਬਸੰਤੀ, ਮੈਂ ਦੇਵਾਂ ਮਾਣ ਵਡਿਆਈਆ । ਮੈਂ ਵੇਖਾਂ ਧੁਰ ਦਾ ਕੰਤੀ, ਹਰਿ ਕੰਤਾ ਬੇਪਰਵਾਹੀਆ । ਜਿਸ ਦੀ ਧਾਰ ਖੇਲ ਬੇਐਬ ਨੂਰ ਵਿਚ ਬੇਅੰਤੀ, ਬੇਵਾ ਸਮਝ ਕੋਇ ਨਾ ਪਾਈਆ । ਵਿਦਿਆ ਵਿਚ ਪੜ੍ਹੇ ਕਿਆ ਕੋਈ ਪੰਡਤੀ, ਗੁਰ ਅਵਤਾਰ ਪੈਗ਼ੰਬਰ ਕੀ ਸਮਝਾਈਆ । ਜਿਨ੍ਹਾਂ ਦੀ ਧਾਰ ਓਸੇ ਵਿਚੋਂ ਜੰਮਦੀ, ਅੰਤ ਓਸੇ ਵਿਚ ਸਮਾਈਆ । ਉਹ ਖ਼ਬਰ ਕੀ ਜਾਨਣ ਓਸ ਪ੍ਰਭ ਦੇ ਕੰਮ ਦੀ, ਜੋ ਦੋਏ ਜੋੜ ਵਾਸਤਾ ਪਾਈਆ । ਜਿਨ੍ਹਾਂ ਦੀ ਧਾਰ ਮਾਟੀ ਚੰਮ ਦੀ, ਤਨ ਵਜੂਦ ਨਾਲ ਕੁੜਮਾਈਆ । ਉਹ ਕੀ ਖੇਲ ਸਮਝਣ ਸ੍ਰੀ ਭਗਵਨ ਦੀ, ਜੋ ਭਗਤਾਂ ਦੇ ਅੰਦਰ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਛਲ ਅਛੱਲ ਦੀ, ਵਲ ਛਲ ਆਪਣੇ ਵਿਚੋਂ ਪਰਗਟਾਈਆ । ਬਾਵਨ ਕਹੇ ਪੁਰਖ ਅਕਾਲ ਨਾ ਬਣ ਬਾਵਾ, ਭੇਖਾਧਾਰੀ ਭੇਖ ਬਣਾਈਆ । ਤੇਰੇ ਉਤੇ ਸਭ ਨੇ ਰੱਖਿਆ ਦਾਅਵਾ, ਗੁਰ ਅਵਤਾਰ ਪੈਗ਼ੰਬਰ ਉਡੀਕ ਰਖਾਈਆ । ਕਲਜੁਗ ਅੰਤਮ ਸਭ ਦਾ ਪੂਰਬ ਲੇਖਾ ਵੇਖ ਲੈ ਨਾਵਾਂ, ਨਵ ਨੌ ਚਾਰ ਖੋਜ ਖੁਜਾਈਆ । ਕਲਜੁਗ ਅੰਤ ਸਦੀ ਚੌਧਵੀਂ ਥੋੜ੍ਹੀਆਂ ਦਿਸੀਆਂ ਮਾਂਵਾਂ, ਜੋ ਭਗਤ ਸੁਹੇਲੇ ਜਣ ਕੇ ਤੇਰੀ ਝੋਲੀ ਪਾਈਆ । ਉਨ੍ਹਾਂ ਦਾ ਤੋਲ ਆਪਣੇ ਨਾਲ ਕਰ ਦੇ ਸਾਵਾਂ, ਕੰਡਾ ਤਰਾਜ਼ੂ ਅਵਰ ਨਾ ਕੋਇ ਵਟਾਈਆ । ਮੈਂ ਵੇਖਾਂ ਨਾਲ ਚਾਵਾਂ, ਖ਼ੁਸ਼ੀਆਂ ਰੰਗ ਚੜ੍ਹਾਈਆ । ਬਾਵਨ ਕਿਹਾ ਜਿਸ ਵੇਲੇ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਵਾਂ, ਢੋਲ ਮਿਲਦਾ ਧੁਰ ਦਾ ਮਾਹੀਆ । ਜਿਸ ਦੀਆਂ ਭਗਤਾਂ ਥੱਲੇ ਬਾਹਵਾਂ, ਭੁਜਾਂ ਉਤੇ ਰਖਾਈਆ । ਉਹ ਤੱਕੇ ਉਨ੍ਹਾਂ ਦਿਆਂ ਰਾਹਵਾਂ, ਰਸਤੇ ਖੋਜ ਖੁਜਾਈਆ । ਜਨ ਭਗਤੋ ਤੁਹਾਨੂੰ ਕੱਢਿਆਂ ਵਿਚੋਂ ਡਾਰ ਕਾਵਾਂ, ਕਾਗਾਂ ਤੋਂ ਹੰਸ ਦਿਤਾ ਬਣਾਈਆ । ਜਿਨ੍ਹਾਂ ਬੱਚਿਆਂ ਦੇ ਪਿਛੇ ਤੁਹਾਡੇ ਘਰ ਘਰ ਜਾ ਕੇ ਖਾਵਾਂ, ਦਰ ਦਰ ਭੋਗ ਲਗਾਈਆ । ਉਨ੍ਹਾਂ ਨੂੰ ਦਰਗਾਹ ਸਚਖੰਡ ਦਵਾਰ ਸਵਾਵਾਂ, ਜਿਥੇ ਸੁੱਤਿਆਂ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਕਿਹਾ ਇਹ ਮੈਨੂੰ ਨਹੀਂ ਮਨਜ਼ੂਰ ਤੇਰੀ ਮਜ਼ਦੂਰੀ, ਜੋ ਭਗਤਾਂ ਸੇਵ ਕਮਾਈਆ । ਬਾਹਰੋਂ ਤਨ ਦੀ ਪ੍ਰੀਤ ਕੂੜੀ, ਜੱਫੀਆਂ ਦੀ ਲੋੜ ਨਾ ਕੋਇ ਰਖਾਈਆ । ਕਿਸੇ ਕੰਮ ਨਹੀਂ ਔਣੀ ਖਾਧੀ ਤਲੀ ਹੋਈ ਪੂੜੀ, ਘਿਰਤ ਨਾਲ ਚਤੁਰਾਈਆ । ਜਿੰਨਾਂ ਚਿਰ ਪੁਰਖ ਅਕਾਲ ਦੀਨ ਦਿਆਲ ਗੁਰਮੁਖਾਂ ਦੇ ਅੰਦਰ ਚਾੜ੍ਹੇਂ ਰੰਗਤ ਨਾ ਗੂੜ੍ਹੀ, ਨਿਰਗੁਣ ਜੋਤ ਨਾ ਕਰੇਂ ਰੁਸ਼ਨਾਈਆ । ਆਪਣਾ ਦਰਸ ਨਾ ਦੇਵੇਂ ਨੂਰੀ, ਰਾਤੀਂ ਸੁਤਿਆਂ ਆਪ ਉਠਾਈਆ । ਓਨਾਂ ਚਿਰ ਆਸਾ ਨਹੀਂ ਹੁੰਦੀ ਪੂਰੀ, ਤ੍ਰਿਸ਼ਨਾ ਸਕੇ ਨਾ ਕੋਇ ਬੁਝਾਈਆ । ਇਹ ਦੁਨੀਆ ਹੋਵੇ ਕੂੜੀ, ਨਾਤਾ ਤੁੱਟੇ ਲੋਕਾਈਆ । ਜੇ ਮਸਤਕ ਲਾਵੇਂ ਟਿੱਕਾ ਧੂੜੀ, ਦੁਰਮਤ ਮੈਲ ਅੰਦਰੋਂ ਬਾਹਰ ਧਵਾਈਆ । ਪ੍ਰਭੂ ਤੈਨੂੰ ਸਾਰੇ ਯਾਦ ਕਰਦੇ

ਤੇਰੇ ਬਿਨਾਂ ਭਗਤਾਂ ਦੀ ਕਰੇ ਨਾ ਕੋਇ ਮਸ਼ਹੂਰੀ, ਲੱਜਿਆ ਰੱਖਣ ਕੋਇ ਨਾ ਆਈਆ । ਕੀ ਹੋਇਆ ਜੇ ਮੂਸੇ ਨੂੰ ਸੁੱਟਿਆ ਕੋਹਤੂਰੀ, ਮੂੰਹ ਦੇ ਭਾਰ ਗਿਰਾਈਆ । ਜਨ ਭਗਤ ਚਾਹੁੰਦੇ ਸਾਨੂੰ ਮੰਜ਼ਲ ਇਕੋ ਜਿਹੀ ਕਰ ਦੇ ਨੇੜ ਦੂਰੀ, ਵਿਛੋੜਾ ਰਹੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਖਲੋਤੇ ਕਦ ਦੇ, ਰੈਣ ਰਹੀ ਵਿਹਾਈਆ । ਪੁਰਖ ਅਕਾਲ ਕਹੇ ਤੁਸੀਂ ਕਿਸ ਨੂੰ ਲੱਭਦੇ, ਮੈਨੂੰ ਦਿਉ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਭੁੱਖੇ ਤੇਰੇ ਨੱਦ ਦੇ, ਆਪਣਾ ਨਾਮ ਦੇ ਜਣਾਈਆ । ਪੁਰਖ ਅਕਾਲ ਕਹੇ ਵੇਖੋ ਵਣਜਾਰੇ ਨਾ ਬਣਿਓ ਜਗ ਦੇ, ਤੱਤਾਂ ਨਾਲ ਪ੍ਰੀਤ ਵਧਾਈਆ । ਪੁਜਾਰੀ ਨਾ ਬਣਿਓ ਅੱਗ ਦੇ, ਤ੍ਰਿਸ਼ਨਾ ਨਾਲ ਰਖਾਈਆ । ਤੁਸਾਂ ਹੁਕਮ ਸੁਣਨੇ ਹਕੀਕ਼ਤ ਹਕ ਦੇ, ਸੰਦੇਸ਼ਾ ਇਕ ਦ੍ਰਿੜਾਈਆ । ਪਹਿਲੋਂ ਦੀਨ ਮਜ਼੍ਹਬਾਂ ਦੇ ਝਗੜੇ ਜਾਣੇ ਛੱਡ ਕੇ, ਲੋਕਮਾਤ ਫੇਰ ਫੇਰਾ ਪਾਈਆ । ਅੱਗੇ ਲੇਖੇ ਰਹਿਣ ਨਹੀਂ ਦੇਣੇ ਅੱਡ ਅੱਡ ਦੇ, ਵੰਡਾਂ ਵੰਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਾਉਗੇ ਕਿਹੜੀ ਕੂਟ, ਸਚ ਸੰਦੇਸ਼ਾ ਦਿਆਂ ਦ੍ਰਿੜਾਈਆ । ਸਾਰੇ ਕਹਿਣ ਅਸੀਂ ਸਾਰੇ ਤੇਰੇ ਸਪੂਤ, ਪਿਤਾ ਪੂਤ ਤੇਰੇ (ਅੱਗੇ) ਇਕ ਅਰਜ਼ੋਈਆ । ਤੇਰੇ ਹੁਕਮ ਨਾਲ ਕਰਨੀ ਖੋਜ ਗਲੀ (ਕੂਚ), ਖੋਜ ਵੇਖੀਏ ਜਗਤ ਲੋਕਾਈਆ । ਸਾਡੇ ਵਿਚ ਰਹੇ ਨਾ ਕੋਈ ਦੂਜ, ਦੁਤੀਆ ਭਾਉ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਵਾਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰੋ ਆਹ ਲਉ ਅਗੰਮੀ ਪਾਤੀ, ਬਿਨ ਪਤ੍ਰਕਾ ਦਿਆਂ ਜਣਾਈਆ । ਜਾ ਕੇ ਵੇਖੋ ਅੰਧੇਰੀ ਰਾਤੀ, ਕਲਜੁਗ ਕੂੜ ਵੱਜੀ ਵਧਾਈਆ । ਸਾਚਾ ਦਿਸੇ ਕੋਇ ਨਾ ਸਾਥੀ, ਧੁਰ ਦਾ ਸੰਗ ਨਾ ਕੋਇ ਬਣਾਈਆ । ਤੁਹਾਡੇ ਨਾਮ ਦਾ ਰਿਹਾ ਕੋਇ ਨਾ ਪਾਠੀ, ਕਲਮਾ ਹਕ ਨਾ ਕੋਇ ਦ੍ਰਿੜਾਈਆ । ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਅਧਵਾਟੇ ਬੈਠੀ ਲੋਕਾਈਆ । ਕਲਜੁਗ ਖੇਲ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਬਿਰਹੋਂ ਤੀਰ ਨਿਸ਼ਾਨੇ ਮਾਰੇ ਕੋਇ ਨਾ ਕਾਤੀ, ਕੂੜੀ ਕਿਰਿਆ ਕਤਲ ਨਾ ਕੋਇ ਕਰਾਈਆ । ਕਿਸੇ ਘਰ ਦਿਸੇ ਨਾ ਦੀਵਾ ਬਾਤੀ, ਕਮਲਾਪਾਤੀ ਮਿਲਣ ਕੋਇ ਨਾ ਆਈਆ । ਜਾ ਕੇ ਘਰ ਘਰ ਮਾਰੋ ਝਾਤੀ, ਨੌਂ ਦਵਾਰੇ ਪਰੇ ਫੋਲ ਫੁਲਾਈਆ । ਵਸਤ ਹੱਥ ਆਵੇ ਕਿਸੇ ਨਾ ਸਾਚੀ, ਸੁਚ ਸੰਜਮ ਬੈਠੀ ਮੁਖ ਛੁਪਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਕਰੇ ਨਾ ਕੋਈ ਕਿਸੇ ਦੀ ਰਾਖੀ, ਚੋਬਦਾਰ ਖ਼ਬਰਦਾਰੀ ਦਾ ਡੰਕ ਨਾ ਕੋਇ ਵਜਾਈਆ । ਗੁਰ ਅਵਤਾਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਥੋੜ੍ਹੇ ਸਮੇਂ ਦੇ ਕਰਕੇ ਭੇਜੇ ਅਲਾਟੀ, ਆਰਡਰ ਧੁਰ ਦਾ ਇਕ ਸੁਣਾਈਆ । ਦੀਨਾਂ ਮਜ਼੍ਹਬਾਂ ਦੇ ਬਣ ਕੇ ਗਾਡੀ, ਰਸਤਾ ਛੋਟਾ ਇਹ ਪਰਗਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦੇ ਬਣ ਕੇ ਢਾਡੀ, ਢੋਲੇ ਰਾਗਾਂ ਨਾਦਾਂ ਵਿਚ ਸੁਣਾਈਆ । ਜੀਵਾਂ ਜੰਤਾਂ ਦੇ ਬਣ ਇਮਦਾਦੀ, ਮਦਦ ਕਰ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਕਰਨਾ ਲੋਕਮਾਤ, ਸਾਨੂੰ ਦੇ ਸਮਝਾਈਆ । ਕੁਛ ਪਹਿਲੇ ਲਿਖ ਕੇ ਆਏ ਕਲਮ ਦਵਾਤ, ਗ੍ਰੰਥਾਂ ਵੰਡ ਵੰਡਾਈਆ । ਦੀਨ ਦੁਨੀ ਕੀ ਕਰ ਕੇ ਆਏ ਬਾਤ, ਮਜ਼੍ਹਬਾਂ ਰੰਗ ਰੰਗਾਈਆ । ਸ਼ਰਅ ਦੀ ਦੇ ਕੇ ਆਏ ਦਾਤ, ਆਪਣਾ ਹੁਕਮ ਮਨਾਈਆ । ਮੰਜ਼ਲ ਮੁੱਕੀ ਨਾ ਕਿਸੇ ਵਾਟ, ਪੜਦਾ ਅੱਗੇ ਨਾ ਕੋਇ ਚੁਕਾਈਆ ।

ਪੜ੍ਹ ਪੜ੍ਹ ਥੱਕੇ ਰਸਨਾ ਜਿਹਵਾ ਤੇ (ਵਧਿਆ ਵਾਦ ਵਿਵਾਦ), ਵਿਦਿਆ ਵਿਚ ਹਲਕਾਈਆ । ਘਰ ਸਵਾਮੀ ਠਾਕਰ ਅੰਤਰਜਾਮੀ ਕਿਸੇ ਨਾ ਮਿਲਿਆ ਕਮਲਾਪਾਤ, ਪਤਿਪਰਮੇਸ਼ਵਰ ਦਰਸ ਨਾ ਕਿਸੇ ਵਖਾਈਆ । ਦਰੋਹੀ ਝਗੜਾ ਪਾ ਕੇ ਆਏ ਜਾਤ ਪਾਤ, ਮਾਨਵ ਮਾਨਵ ਨਾਲ ਲੜਾਈਆ । ਪਰਵਰਦਿਗਾਰ ਸਾਂਝੇ ਯਾਰ ਤਨ ਮਾਟੀ ਖ਼ਾਕੀ ਵਜੂਦ ਹੋਇਆ ਨਾ ਕਿਸੇ ਪਾਕ, ਪਤਤ ਪੁਨੀਤ ਨਾ ਕੋਇ ਕਰਾਈਆ । ਜਿਧਰ ਵੇਖਿਆ ਜਿਧਰ ਤੱਕਿਆ ਤੇਰਾ ਝਗੜਾ ਫ਼ਸਾਦ, ਫ਼ੈਸਲਾ ਸਚ ਨਾ ਕੋਇ ਕਰਾਈਆ । ਕੁਛ ਲੇਖਾ ਲਿਖਿਆ ਨਾਨਕ ਨੇ ਵਿਚ ਬਗ਼ਦਾਦ, ਬਗ਼ਲ ਵਿਚ ਬਗ਼ਲਗੀਰ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੁਰਖ ਅਕਾਲ ਕਹੇ ਸੁਣ ਸ਼ਹਿਨਸ਼ਾਹੀ ਸੰਮਤ ਦੇ ਚੇਤ, ਤਿੰਨਾਂ ਲੋਕਾਂ ਤੋਂ ਬਾਹਰ ਦਿਆਂ ਦ੍ਰਿੜਾਈਆ । ਜਿਸ ਵੇਲੇ ਬ੍ਰਹਮੇ ਸੁਤ ਨੇ ਕੀਤਾ ਹੇਤ, ਸੰਤ ਕੁਮਾਰ ਅੱਖ ਖੁਲ੍ਹਾਈਆ । ਬਰਾਹ ਨੇ ਤੱਕਿਆ ਨੇਤ, ਯਗੈਪੁਰਸ਼ ਹਾਵ ਗ਼ਰੀਬ ਨਰਾਇਣ ਦਿਤੀ ਵਡਿਆਈਆ । ਕਪਲ ਮੁਨ ਕਰ ਕੇ ਭੇਟ, ਦੱਤਾਤ੍ਰੇ ਧਿਆਨ ਲਗਾਈਆ । ਰਿਖਵਦੇਵ ਦੱਸਿਆ ਭੇਤ, ਪਿਰਥੂ ਪੜਦਾ ਲਾਹੀਆ । ਮਤਸ ਵਖਾਈ ਖੇਡ, ਕੱਛਪ ਰੰਗ ਰੰਗਾਈਆ । ਧਨੰਤਰ ਲਿਖਿਆ ਲੇਖ, ਬਾਵਨ ਹੁਕਮ ਸੁਣਾਈਆ । ਬਾਵਨ ਮੰਗਣ ਆਇਆ ਕਰ ਕੇ ਹੇਤ, ਪੂਰਬ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਦਏ ਪਰਗਟਾਈਆ । ਬਾਵਨ ਕਹੇ ਮੇਰਾ ਕੋਈ ਨਹੀਂ ਹੋਰ ਚਰਚਾ, ਇਕੋ ਮੰਗ ਮੰਗਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਅੱਗੇ ਜੋ ਆਪਣੇ ਨਾਮ ਦਾ ਪਾਇਆ ਪਰਚਾ, ਜੁਗ ਚੌਕੜੀ ਹੱਲ ਨਾ ਕੋਇ ਕਰਾਈਆ । ਏਸੇ ਨੂੰ ਸਮਝ ਕੇ ਆਪਣਾ ਖਰਚਾ, ਲੋਕਮਾਤ ਝਟ ਲੰਘਾਈਆ । ਮੈਨੂੰ ਆਇਆ ਕੁਛ ਹਰਖਾ, ਬਾਵਨ ਰਿਹਾ ਸੁਣਾਈਆ । ਓਹ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰੇ ਸਾਂਝੇ ਯਾਰੇ ਕੁਛ ਭੇਵ ਖੋਲ੍ਹ ਆਪਣੇ ਘਰ ਦਾ, ਭੇਦ ਦੇ ਦ੍ਰਿੜਾਈਆ । ਕਿਸ ਬਿਧ ਭਗਤਾਂ ਦੀ ਆਤਮ ਵਰਦਾ, ਰੂਪ ਧਰੇ ਨਰਾਇਣ ਨਰ ਦਾ, ਸਾਚੀ ਮੰਜ਼ਲ ਉਤੇ ਚੜ੍ਹਦਾ, ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦਾ, ਸੁਰਤੀ ਸ਼ਬਦ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਕਿਉਂ ਖਾਣਾ ਖਾਵੇਂ ਘਰ ਘਰ ਦਾ, ਦਰ ਦਰ ਆਪਣੀ ਅਲਖ ਜਗਾਈਆ । ਬਾਵਨ ਕਹੇ ਕਿਉਂ ਘਰ ਘਰ ਅਲਖ ਜਗਾਉਣਾ ਏਂ । ਦਰ ਦਰ ਡੰਕ ਵਜਾਉਣਾ ਏਂ । ਰਾਓ ਰੰਕ ਸਮਝਾਉਣਾ ਏਂ । ਇਕੋ ਨਾਦ ਵਜਾਉਣਾ ਏਂ । ਬ੍ਰਹਿਮਾਦ ਆਪ ਉਠਾਉਣਾ ਏਂ । ਭਗਤਾਂ ਰਾਜ਼ ਖੁਲ੍ਹਾਉਣਾ ਏਂ । ਬੰਧਨਾ ਵਿਚੋਂ ਕਢਾਉਣਾ ਏਂ । ਫੰਦਨਾ ਮਾਤ ਤੁੜਾਉਂਦਾ ਏਂ । ਨੂਰੀ ਚੰਦਨਾ ਇਕ ਚਮਕਾਉਂਦਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਉਂਦਾ ਏਂ । ਬਾਵਨ, ਨਵ ਨੌਂ ਚਾਰ ਪਿਛੋਂ ਆਪਣੀ ਦਇਆ ਕਮਾਵਾਂਗਾ । ਜਿਹੜਾ ਭੇਵ ਤੁਸਾਂ ਨਾ ਖੁਲ੍ਹਵਾਇਆ, ਆਪਣਾ ਨਾਮ ਸਮਝਾਵਾਂਗਾ । ਜਿਸ ਦੇ ਦਵਾਰੇ ਸਾਰੇ ਵਿਕੋ, ਹੱਟ ਓਹੋ ਇਕ ਖੁਲ੍ਹਾਵਾਂਗਾ । ਜਿਸ ਦਰ ਤੇ ਜੁਗ ਚੌਕੜੀ ਸਰਬ ਨੱਜਿਠੋ, ਸੋ ਪੜਦਾ ਆਪ ਉਠਾਵਾਂਗਾ । ਜਿਸ ਨੂੰ ਯਾਦ ਕਰਨਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ, ਸੋ ਨਿਹਕਲੰਕ ਅਖਵਾਵਾਂਗਾ । ਜਿਸ ਦਾ ਨਾਮ ਕਲਮਾ ਗਾ ਕੇ ਦੋਹੱਥੜਾ ਮਾਰ ਕੇ ਪਿਟੋ, ਪਟਨੇ ਵਾਲੇ ਨਾਲ ਜੋੜ ਜੁੜਾਵਾਂਗਾ । ਜਿਸ ਦੇ ਚਰਨਾਂ ਵਿਚ ਲਿਟੋ, ਲਿਟਾਂ ਵਾਲਿਓ ਲਟਕਦੇ ਫੜ ਉਠਾਵਾਂਗਾ । ਇਹ ਖੇਲ ਮੇਰਾ ਅਨਡਿੱਠੋ, ਅਨਡਿੱਠੜੀ ਕਾਰ ਕਮਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਦੂਜਾ ਸੰਗ ਨਾ ਕੋਈ ਰਲਾਵਾਂਗਾ । ਕਿਉਂ ਸੰਗ ਨਹੀਂ ਦੂਜਾ ਰੱਖਦਾ, ਪ੍ਰਭ ਸਾਚੇ ਦੇ ਦ੍ਰਿੜਾਈਆ । ਮੈਨੂੰ ਰਹਿਣਾ ਚੰਗਾ ਵੱਖ ਦਾ, ਘਰ ਠਾਂਡੇ ਡੇਰਾ ਲਾਈਆ । ਮੇਰਾ ਨਬੇੜਾ ਹਕ਼ੀਕ਼ਤ ਹਕ ਦਾ, ਹੁਕਮੇ ਵਿਚ ਸਮਝਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰੋ ਝਗੜਾ ਪੈ ਜਾਏ ਦੀਨ ਮਜ਼੍ਹਬ ਸ਼ੱਕ ਦਾ, ਸ਼ੰਕਰ ਬ੍ਰਹਮਾ ਵਿਸ਼ਨ ਚਲੇ ਨਾ ਕੋਇ ਚਤੁਰਾਈਆ । ਚਾਰ ਜੁਗ ਮੇਰਾ ਰਾਹ ਤੱਕਦਾ, ਚਾਰੇ ਖਾਣੀ ਅੱਖ ਖੁਲ੍ਹਾਈਆ । ਚਾਰੇ ਬਾਣੀ ਖੇਲ ਕਰੇ ਭੱਟ ਦਾ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਓਸ ਵੇਲੇ ਪੁਰਖ ਅਕਾਲ ਦਾ ਸਾਦਾ ਜਿਹਾ ਰੂਪ ਹੁੰਦਾ ਕਿਸੇ ਜੋਬਨ ਵਾਲੇ ਜੱਟ ਦਾ, ਜਿਸ ਦਾ ਭੇਵ ਕੋਇ ਨਾ ਪਾਈਆ । ਇਹ ਭੰਡਾਰਾ ਇਹ ਖ਼ਜ਼ਾਨਾ ਓਸੇ ਦੇ ਹੱਟ ਦਾ, ਜਿਥੇ ਤੋਟ ਰਹੇ ਨਾ ਰਾਈਆ । ਬਿਨ ਭਗਤਾਂ ਤੋਂ ਲਾਹਾ ਕੋਇ ਨਾ ਖਟਦਾ, ਖਟਕੇ ਵਿਚ ਲੋਕਾਈਆ । ਕਲਜੁਗ ਜੀਵਾਂ ਨਸ਼ਾ ਦਿਤਾ ਕੂੜੇ ਗਟ ਗਟ ਦਾ, ਹਲਕ ਤੋਂ ਥੱਲੇ ਹਲਕਾ ਦਿਤਾ ਕਰਾਈਆ । ਗੁਰਮੁਖਾਂ ਪਿਆਲਾ ਦਿਤਾ ਅਗੰਮੇ ਤੀਰਥ ਤਟ ਦਾ, ਨਿਝਰ ਧਾਰਾ ਵਿਚੋਂ ਪਰਗਟਾਈਆ । ਜਨ ਭਗਤ ਓਸੇ ਦਾ ਰਸ ਚੱਟਦਾ, ਜਿਸ ਦਾ ਰਸਤਾ ਵੇਖੇ ਖ਼ੁਦਾਈਆ । ਇਹ ਖੇਲ ਅਲੱਖਣੇ ਅਲਖ ਦਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਜੋ ਨਿਤ ਨਵਿਤ ਹਰ ਘਟ ਅੰਦਰ ਵਸਦਾ, ਵਸਲ ਦੇਵੇ ਯਾਰ ਖ਼ੁਦਾਈਆ । ਜਨ ਭਗਤਾਂ ਪੈਜ ਰਖਦਾ, ਹੋਏ ਅੰਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਚੁਕਾਈਆ । ਬਾਵਨ ਕਹੇ ਕੀ ਪਰੋਸੇ ਥਾਲ, ਕੀ ਤੈਨੂੰ ਦਿਤਾ ਖਵਾਈਆ । ਕਿਉਂ ਕਲਜੁਗ ਅੰਦਰ ਸਤਿਜੁਗ ਬਦਲੀ ਚਾਲ, ਚਾਲ ਨਿਰਾਲੀ ਇਕ ਪਰਗਟਾਈਆ । ਕਿਉਂ ਭਗਤ ਸੁਹੇਲੇ ਲਏ ਉਠਾਲ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸਵਾਈਆ । ਕਿਉਂ ਏਕਾ ਰੰਗ ਰੰਗਾਏ ਸ਼ਾਹ ਕੰਗਾਲ, ਦੀਨਾਂ ਮਜ਼੍ਹਬਾਂ ਡੇਰਾ ਢਾਹੀਆ । ਕਿਉਂ ਮਾਰਗ ਦੱਸਿਆ ਸੁਖਾਲ, ਸੋਹੰ ਢੋਲਾ ਦਿਤਾ ਪੜ੍ਹਾਈਆ । ਕਿਉਂ ਤੋੜ ਕੇ ਮਾਇਆ ਜੰਜਾਲ, ਜਨ ਭਗਤਾਂ ਨਾਤਾ ਲਿਆ ਜੁੜਾਈਆ । ਪੁਰਖ ਅਕਾਲ ਆਪਣਾ ਖੋਲ੍ਹ ਕੇ ਦੱਸ ਅਹਿਵਾਲ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਹਿਣ ਕੋਇ ਨਾ ਪਾਈਆ । ਕਿਉਂ ਭਗਤਾਂ ਨੇ ਛੱਡ ਦਿਤੀ ਇੱਟਾਂ ਪੱਥਰਾਂ ਵਾਲੀ ਧਰਮਸਾਲ, ਮਿੱਟੀ ਓਤੇ ਮਸਤਕ ਨਾ ਕੋਇ ਘਸਾਈਆ । ਪੁਰਖ ਅਕਾਲ ਕਹੇ ਉਹ ਬਣ ਗਏ ਮੇਰੇ ਲਾਲ, ਜਿਨ੍ਹਾਂ ਦਾ ਮੁਖ ਗੋਬਿੰਦ ਪੂੰਝਿਆ ਨਾਲ ਰੁਮਾਲ, ਸ਼ਾਹ ਕੰਗਾਲ ਰਹਿਣ ਕੋਇ ਨਾ ਪਾਈਆ । ਵੜ ਗਏ ਓਸ ਸੱਚੀ ਧਰਮਸਾਲ, ਜਿਥੇ ਦੀਪਕ ਜੋਤ ਜਗੇ ਬੇਮਿਸਾਲ, ਸੂਰਜ ਚੰਦ ਨਜ਼ਰ ਕੋਇ ਨਾ ਆਈਆ । ਉਨ੍ਹਾਂ ਦਾ ਇਕੋ ਬੜਾ ਦਲਾਲ, ਬਣ ਵਣਜਾਰਾ ਲਏ ਭਾਲ, ਲੱਖ ਚੁਰਾਸੀ ਵਿਚੋਂ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਨਿਤ ਨਵਿਤ ਕਰ ਕਰ ਹਿਤ, ਅਬਿਨਾਸ਼ੀ ਅਚੁਤ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਲਾਸ਼ਰੀਕ ਹਕ ਤੌਫ਼ੀਕ, ਆਪਣਾ ਰੰਗ ਰੰਗਾਈਆ । ਪੈਗ਼ੰਬਰ ਕਹਿਣ ਪਰਵਰਦਿਗਾਰ ਤੇਰਾ ਕਲਮਾ ਪੜ੍ਹਦੇ ਨਬੀ ਰਸੂਲ, ਰਸਮ ਧੁਰ ਦੀ ਚਲੀ ਆਈਆ । ਤੇਰਾ ਸਜਦਾ ਕਰ ਕਬੂਲ, ਕਿਬਲ, ਤੇਰਾ ਧਿਆਨ ਲਗਾਈਆ । ਤੇਰਾ ਫ਼ਰਮਾਨਾ ਸੁਣ ਮਾਕੂਲ, ਮੁਕੰਮਲ ਕਾਇਨਾਤ ਦ੍ਰਿੜਾਈਆ । ਤੇਰੇ ਚਰਨਾਂ ਦੀ ਲੈ ਕੇ ਧੂਲ, ਮਸਤਕ ਟਿੱਕੇ ਨਾਮ ਛੁਹਾਈਆ । ਕਿਉਂ ਬਦਲਦਾ ਜਾਏਂ ਅਸੂਲ, ਅਸਲ ਦੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸੀਂ ਸਮਝ ਨਾ ਸਕੇ ਕੌਣ ਕਾਤਲ ਤੇ ਕੌਣ ਮਕਤੂਲ, ਮੁਕਤੀਆਂ ਵਿਚ ਮੁਕਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਦ੍ਰਿੜਾਈਆ । ਚੇਤ ਕਹੇ ਮੈਨੂੰ ਚਾਓ ਘਨੇਰਾ, ਘਨਈਆ ਸ਼ਾਮ ਗਿਆ ਦ੍ਰਿੜਾਈਆ । ਜਿਸ ਵੇਲੇ ਠਾਕਰ ਸਵਾਮੀ ਆਏ ਮੇਰਾ, ਮਿਹਰਵਾਨ ਵੇਸ ਵਟਾਈਆ । ਉਸ ਦਾ ਭੇਵ ਜਾਣੇ ਕਿਹੜਾ, ਪੜਦਾ ਸਕੇ ਨਾ ਕੋਇ ਉਠਾਈਆ । ਜਿਨ ਗੁਰ ਅਵਤਾਰ ਪੈਗ਼ੰਬਰ ਇਕੱਠਾ ਪੂਰ ਕਰ ਕੇ ਇਕ ਚੜਾਉਣਾ ਬੇੜਾ, ਨਈਆ ਨੌਕਾ ਜਗਤ ਰਹਿਣ ਕੋਇ ਨਾ ਪਾਈਆ । ਦੀਨ ਮਜ਼੍ਹਬ ਦਾ ਰਹਿਣ ਨਾ ਦੇਵੇ ਝੇੜਾ, ਝਗੜਾ ਮੁਕੇ ਜਗਤ ਲੋਕਾਈਆ । ਚਾਰ ਵਰਨ ਅਠਾਰਾਂ ਬਰਨ ਇਕ ਵਸਾਵੇ ਖੇੜਾ, ਦਰ ਠਾਂਡਾ ਇਕ ਸੁਹਾਈਆ । ਆਤਮ ਪਰਮਾਤਮ ਨੂੰ ਨੇੜੇ ਕਰ ਕੇ ਕਹੇ ਤੂੰ ਮੇਰਾ ਮੈਂ ਤੇਰਾ, ਘਰ ਦੋਹਾਂ ਦਾ ਇਕੋ ਡੇਰਾ, ਅੱਗੇ ਹੋ ਜਾਏ ਹਕ ਨਬੇੜਾ, ਵਿਹੜਾ ਸਾਂਝਾ ਨਜ਼ਰੀ ਆਈਆ । ਪੁਰਖ ਅਕਾਲ ਦਾ ਨਾਮ ਬਬੇਰਾ, ਜਿਥੇ ਨਾ ਕੋਈ ਗੁਰੂ ਨਾ ਕੋਈ ਚੇਰਾ, ਜੋਤੀ ਜੋਤ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਧੁਰਦਰਗਾਹੀਆ । ਪੁਰਖ ਅਕਾਲ ਕਹੇ ਨਾ ਕੋਈ ਮੁਰੀਦ ਤੇ ਨਾ ਕੋਈ ਮੁਰਸ਼ਦ, ਮੁਰਦਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੇ ਕੋਲ ਪੁਰਖ ਅਕਾਲ ਦੀ ਉਲਫ਼ਤ, ਇਕੋ ਨਾਮ ਧਿਆਈਆ । ਉਨ੍ਹਾਂ ਨੂੰ ਜਨਮ ਮਰਨ ਦੀ ਨਹੀਂ ਫ਼ੁਰਸਤ, ਜੂਨੀਆਂ ਵਿਚ ਨਾ ਕਦੇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰਾ ਇਕ ਵਖਾਈਆ । ਨਾ ਕੋਈ ਨਾਮ ਨਾ ਕੋਈ ਕਲਮਾ, ਢੋਲਾ ਰਸਨਾ ਕੋਇ ਨਾ ਗਾਈਆ । ਨਾ ਕੋਈ ਵਹਿਮ ਤੇ ਨਾ ਕੋਈ ਭਰਮਾ, ਚਿੰਤਾ ਗ਼ਮ ਨਾ ਕੋਇ ਸਤਾਈਆ । ਨਾ ਕੋਈ ਜਾਤ ਨਾ ਕੋਈ ਬਰਨਾ, ਨਾ ਕੋਈ ਵਰਨਾਂ ਵੰਡ ਵੰਡਾਈਆ । ਜਿਨ੍ਹਾਂ ਨੂੰ ਇਕੋ ਪੁਰਖ ਅਕਾਲ ਦੀ ਮਿਲ ਗਈ ਸਰਨਾ, ਦੂਜੇ ਸੀਸ ਨਾ ਕੋਇ ਨਿਵਾਈਆ । ਓਸ ਮੰਜ਼ਲ ਉਤੇ ਭਗਤਾਂ ਚੜ੍ਹਨਾ, ਜਿਥੇ ਗੁਰ ਅਵਤਾਰ ਪੈਗ਼ੰਬਰ ਬੈਠੇ ਰਾਹ ਤਕਾਈਆ । ਓਥੇ ਅੱਲਾ ਵਾਹਿਗੁਰੂ ਰਾਮ ਕਿਸੇ ਨਹੀਂ ਪੜ੍ਹਨਾ, ਅੱਖਰਾਂ ਨਾਲ ਨਾ ਕੋਇ ਲਿਖਾਈਆ । ਭਗਤੋ ਬਿਨਾ ਅਕਾਲ ਜੋਤ ਵਿਚ ਕਿਸੇ ਨਹੀਂ ਰਲਣਾ, ਤੱਤਾਂ ਵਾਲਾ ਗੁਰੂ ਕੰਮ ਕਿਸੇ ਨਾ ਆਈਆ । ਗੁਰਮੁਖ ਕਦੇ ਮਾਤ ਨਹੀਂ ਮਰਨਾ, ਮਰ ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਸਰਨਾਈਆ । ਚੇਤ ਕਹੇ ਕਿਉਂ ਆਇਆ ਭੱਜਾ, ਆਪਣਾ ਪੰਧ ਮੁਕਾਈਆ । ਕੁਛ ਇਸ ਦੀ ਦੱਸ ਵਜਹ, ਭੇਵ ਦੇ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਤੇਰੀ ਮੰਨਦੇ ਰਜ਼ਾ, ਹੁਕਮੇ ਵਿਚ ਸੀਸ ਨਿਵਾਈਆ । ਪੁਰਖ ਅਕਾਲ ਕਹੇ ਮੈਂ ਭਗਤਾਂ ਦੇ ਦਵਾਰਿਉਂ ਉਨ੍ਹਾਂ ਦੇ ਪਕਵਾਨ ਦਾ ਲੈਣ ਆਇਆ ਮਜ਼ਾ, ਮਜ਼ਾਕ ਦੁਨੀਆ ਨਾਲ ਉਡਾਈਆ । ਜਿਨ੍ਹਾਂ ਨੂੰ ਦੇਣੀ ਕਿਸੇ ਨਹੀਂ ਸਜ਼ਾ, ਧਰਮ ਰਾਏ ਨਾ ਅੱਖ ਉਠਾਈਆ । ਓਨ੍ਹਾਂ ਦੇ ਪ੍ਰੇਮ ਪਿਆਰ ਦਾ ਬੱਧਾ, ਚਲਿਆ ਧੁਰਦਰਗਾਹੀਆ । ਦਰਸ ਦੇ ਕੇ ਉਪਰ ਸ਼ਾਹ ਰਗਾ, ਨੌਂ ਦਵਾਰੇ ਲੇਖਾ ਦਿਤਾ ਮੁਕਾਈਆ । ਗੁਰਸਿੱਖਾਂ ਪੜ੍ਹਨਾ ਪਏ ਨਾ ਕ ਖ ਗ, ਘਰ ਇਕੋ ਦੇਣਾ ਸਮਝਾਈਆ । ਜਿਥੇ ਨਾ ਕੋਈ ਪਿੱਛਾ ਤੇ ਨਾ ਕੋਈ ਅੱਗਾ, ਇਕੋ ਰੰਗ ਸਮਾਈਆ । ਦੀਪਕ ਜੋਤ ਪਰਕਾਸ਼ ਇਕੋ ਜਗਾ, ਆਕਾਸ਼ ਤੋਂ ਬਾਹਰ ਰੁਸ਼ਨਾਈਆ । ਜਨ ਭਗਤਾਂ ਉਥੇ ਦਿਤਾ ਨਹੀਂ ਕੋਈ ਦਗ਼ਾ, ਏਥੇ ਫ਼ਰੇਬਾਂ ਤੋਂ ਬਾਹਰ ਕਢਾਈਆ । ਦੁਆਬੇ ਵਾਲਿਓ ਰਹਿਣ ਨਹੀਂ ਦਿੰਦਾ ਇਕੱਲਾ, ਮਾਲਵੇ ਵਾਲਿਓ ਬਹੁਤਾ ਵਿਚ ਗੱਫਾ, ਮੁੱਲ ਸਭ ਦਾ ਬਿਨ ਕੀਮਤ ਦਿਆਂ ਚੁਕਾਈਆ । ਜੰਮੂ ਵਾਲਿਓ ਤੁਹਾਡਾ ਤੇਰਾਂ ਸੌ ਸਤਾਸੀ ਦਾ ਜੱਥਾ, ਬਾਵਨ ਵੇਲੇ ਦਾ ਸੋਭਾ ਪਾਈਆ । ਮਾਝੇ ਵਾਲਿਓ ਤੁਸੀਂ ਗੋਬਿੰਦ ਦਾ ਭੁੱਲਿਆ ਭੱਥਾ, ਤੀਰ ਕਮਾਨ

ਨਜ਼ਰ ਨਾ ਆਈਆ । ਬਿਆਸ ਕਰ ਕੇ ਠੱਠਾ, ਹਉਕਿਆਂ ਨਾਲ ਜਣਾਈਆ । ਧੁਰ ਦਾ ਸ਼ਬਦ ਆਦਿ ਦਾ ਸਤਿਗੁਰ ਦੋ ਜਹਾਨਾਂ ਦਾ ਸਕਾ, ਸੱਜਣ ਆਪਣੇ ਵੇਖ ਵਖਾਈਆ । ਜ਼ਰਾ ਖੋਲ੍ਹ ਕੇ ਵੇਖੋ ਅੱਖਾਂ, ਭੇਵ ਤੁਹਾਡਾ ਤੁਹਾਡੇ ਵਿਚੋਂ ਦੱਸਾਂ, ਬਾਹਰੋਂ ਲੱਭਣ ਦੀ ਲੋੜ ਰਹੇ ਨਾ ਰਾਈਆ । ਪ੍ਰੇਮ ਵਿਚ ਹਿਰਦੇ ਅੰਦਰ ਵਸਾਂ, ਹੰਕਾਰ ਵਿਚ ਮਨੂਆ ਹੋ ਕੇ ਨੱਚਾਂ, ਵਿਭਚਾਰ ਵਿਚ ਨਾਤਾ ਕਰ ਕੇ ਕੱਚਾ, ਧਿਆਨ ਵਿਚ ਬਣਾ ਕੇ ਆਪਣਾ ਬੱਚਾ, ਲੇਖਾ ਅਗਲਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਬਾਵਨ ਕਹੇ ਕੁਛ ਪੁਕਾਰ ਕਰੇ ਥਾਲੀ ਗਲਾਸ, ਜਿਸ ਵਿਚ ਜਲ ਅੰਨ ਦਿਆਂ ਟਿਕਾਈਆ । ਕੁਛ ਇਸ ਦਾ ਲੇਖਾ ਦੱਸ ਖ਼ਾਸ, ਸਹਿਜੇ ਦੇ ਸਮਝਾਈਆ । ਕਿਉਂ ਆਇਆ ਤੇਰੇ ਉਤੇ ਵਿਸ਼ਵਾਸ਼, ਵਿਸ਼ਿਆਂ ਤੋਂ ਬਾਹਰ ਵੱਜੇ ਵਧਾਈਆ । ਪੁਰਖ ਅਕਾਲ ਕਹੇ ਬਾਵਨ ਇਹ ਬਲ ਦੇ ਅੰਦਰ ਦੀ ਬਾਤ, ਜਿਸ ਦੇ ਚਰਨ ਵਿਚ ਇਕੋ ਲੇਖੇ ਲੱਗੀ ਰਾਤ, ਬਾਕੀ ਜੀਵਣ ਜੀਵਣ ਵਿਚ ਗਵਾਈਆ । ਜਿਸ ਵੇਲੇ ਵੇਲਾ ਆਇਆ ਪਰਭਾਤ, ਨਿਰਗੁਣ ਧਾਰ ਨੇ ਕੀਤੀ ਬਾਤ, ਜ਼ਰਾ ਵੇਖ ਉਠ ਇਕਾਤ, ਇਕ ਅਕੱਲਾ ਨਜ਼ਰੀ ਆਈਆ । ਜਿਸ ਦੇ ਕੋਲ ਅਗੰਮੀ ਆਂਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਬੇਪਰਵਾਹੀਆ । ਸੰਮਤ ਸ਼ਹਿਨਸ਼ਾਹੀ ਕਹੇ ਮੈਂ ਆਇਆ ਤੀਜਾ, ਤ੍ਰੈਗੁਣ ਵੇਖ ਵਖਾਈਆ । ਕਲਜੁਗ ਲਾੜਾ ਸੋਹਣਾ ਬਣਿਆ ਜੀਜਾ, ਘਰ ਘਰ ਫੇਰਾ ਪਾਈਆ । ਜੂਠ ਝੂਠ ਜਗਤ ਵਿਕਾਰ ਓਸ ਦਾ ਦਿਸੇ ਗੀਗਾ, ਬਚਪਨ ਵਿਚ ਖੇਲ ਖਿਲਾਈਆ । ਮਾਇਆ ਮਮਤਾ ਮੋਹ ਵਿਕਾਰ ਕਰੇ ਓਸ ਦੀਆਂ ਰੀਝਾਂ, ਗੜ੍ਹ ਹੰਕਾਰ ਸੋਹਣਾ ਘਰ ਬਣਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਪਤੀਜਾ, ਪਤਿਪਰਮੇਸ਼ਵਰ ਗਿਆ ਭੁਲਾਈਆ । ਪਿਛਲਾ ਸਮਾਂ ਪਿਛੇ ਬੀਤਾ, ਅੱਗੇ ਬਦਲਦੀ ਜਾਏ ਰੀਤਾ, ਨਾ ਕੋਈ ਸੱਜਣ ਰਹੇ ਨਾ ਮੀਤਾ, ਚਾਰੋਂ ਕੁੰਟ ਤਪੇ ਅੰਗੀਠਾ, ਕੌੜਾ ਮਨੂਆ ਹੋਵੇ ਰੀਠਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗਲਾ ਰਿਹਾ ਜਣਾਈਆ । ਲੇਖਾ ਅਗਲਾ ਆਵੇ ਅੱਗੇ, ਅੱਗੋਂ ਪਿਛੇ ਧਿਆਨ ਲਗਾਈਆ । ਜਿਸ ਦਾ ਖੇਲ ਓਸੇ ਨੂੰ ਫੱਬੇ, ਦੂਜਾ ਵੰਡ ਨਾ ਕੋਇ ਵੰਡਾਈਆ । ਬਾਵਨ ਕਹੇ ਤੇਰੇ ਆਏ ਸੱਦੇ, ਹੁਕਮੇ ਅੰਦਰ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦੇ ਮੁਕਾਈਆ । ਸਭ ਦਾ ਲੇਖਾ ਕਰਦੇ ਪੂਰਾ, ਪ੍ਰਭ ਤੇਰੀ ਬੇਪਰਵਾਹੀਆ । ਕਲਜੁਗ ਕਾਰਜ ਰਹੇ ਨਾ ਅਧੂਰਾ, ਅੱਧਵਾਟੇ ਨਾ ਕੋਇ ਰਖਾਈਆ । ਝਗੜਾ ਮੇਟ ਦੇ ਕਿਰਿਆ ਕੂੜਾ, ਕੂੜ ਕੁਟੰਬ ਦੇਣਾ ਗਵਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹਾ, ਬੁੱਧ ਬਿਬੇਕ ਆਪ ਕਰਾਈਆ । ਸਚ ਪ੍ਰੀਤ ਬਖ਼ਸ਼ ਦੇ ਧੂੜਾ, ਟਿੱਕੇ ਮਸਤਕ ਨਾਮ ਰਮਾਈਆ । ਨਜ਼ਰੀ ਆ ਹਾਜ਼ਰ ਹਜ਼ੂਰਾ, ਹਜ਼ਰਤ ਹੋ ਕੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਕਹੇ ਸੁਣੋ ਅਗੰਮੀ ਆਵਾਜ਼, ਅਜ਼ਾਂ ਬਾਂਗ ਤੋਂ ਬਾਹਰ ਨਜ਼ਰੀ ਆਈਆ । ਜਿਸ ਦੇ ਅੰਤਰ ਨਿਰੰਤਰ ਦਾ ਰਾਜ਼, ਮੰਤਰ ਇਕ ਦ੍ਰਿੜਾਈਆ । ਭੇਵ ਬੋਧ ਅਗਾਧ, ਬੁੱਧੀ ਤੋਂ ਪਰੇ ਸਮਝਾਈਆ । ਕਲਜੁਗ ਕਿਰਿਆ ਕੂੜ ਵੇਖ ਸਮਾਜ, ਸਮਗਰੀ ਸਚ ਦੇ ਵਰਤਾਈਆ । ਜਨ ਭਗਤਾਂ ਦਾ ਲੇਖੇ ਲਾ ਕੇ ਖਾਜ, ਆਹਾਰ ਪਵਿਤ੍ਰ ਦੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਆਪ ਮਿਲਾਈਆ ।

ਧੁਰ ਦਾ ਮੇਲਾ ਕਰੇ ਮਿਲਾਪ, ਮਿਲਣੀ ਜਗਦੀਸ਼ ਕਰਾਈਆ । ਸਤਿਜੁਗ ਸਚ ਦਾ ਦੇ ਕੇ ਸਾਚਾ ਜਾਪ, ਜਗ ਜੀਵਣ ਦਾਤਾ ਹੋਏ ਸਹਾਈਆ । ਸਚ ਸੰਦੇਸ਼ਾ ਦੇ ਕੇ ਆਪ, ਆਪ ਆਪਣਾ ਭੇਵ ਚੁਕਾਈਆ । ਧੁਰਦਰਗਾਹੀ ਬਣ ਕੇ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਏਥੇ ਓਥੇ ਦੇ ਕੇ ਸਾਥ, ਸਗਲਾ ਸੰਗ ਨਿਭਾਈਆ । ਸਭ ਦੀ ਪੂਰੀ ਕਰ ਕੇ ਆਸ, ਤ੍ਰਿਸ਼ਨਾ ਦਏ ਮਿਟਾਈਆ । ਲੇਖੇ ਲਾ ਕੇ ਜਲ ਦਾ ਇਕ ਗਲਾਸ, ਤ੍ਰਿਸ਼ਨਾ ਤ੍ਰਿਖਾ ਦਏ ਗਵਾਈਆ । ਜੋ ਪਕਵਾਨ ਲਿਆ ਚਾਖ, ਚਸਕਾ ਅਗਲਾ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਆਪਣਾ ਆਪ ਚੁਕਾਈਆ । ਆਪਣਾ ਲਹਿਣਾ ਦੇਣਾ ਦੇਵਣ ਯੋਗ, ਜੁਗਤੀ ਆਪਣੇ ਹੱਥ ਰਖਾਈਆ । ਜਨ ਭਗਤਾਂ ਘਰ ਘਰ ਲਾ ਕੇ ਭੋਗ, ਗੁਰ ਦਰਸ਼ਨ ਮਿਲੇ ਮਾਣ ਵਡਿਆਈਆ । ਕਸ਼ਮੀਰ ਦਾ ਮੇਲਾ ਧੁਰ ਸੰਜੋਗ, ਜਗਜੀਤ ਵੱਜੇ ਵਧਾਈਆ । ਜਿਸ ਦਾ ਨਾਮ ਗਾਇਆ ਇਕ ਸਲੋਕ, ਸੁਖਵੰਤ ਸੁਖ ਉਪਜਾਈਆ । ਦਵਿੰਦਰ ਗਿਆ ਪਹੁੰਚ, ਬਾਲੀ ਬਾਲਾ ਸੋਭਾ ਪਾਈਆ । ਜਨ ਭਗਤਾਂ ਦੀ ਮੇਟ ਕੇ ਜਨਮ ਮਰਨ ਦੀ ਸੋਚ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਪ੍ਰਭ ਦੇਵੀਂ ਤਾਰ, ਤੁਰਤ ਆਪਣੀ ਦਇਆ ਕਮਾਈਆ । ਭਗਤਾਂ ਦੇ ਘਰ ਦਾ ਪੂਰਾ ਕਰ ਵਿਹਾਰ, ਵਿਵਹਾਰੀ ਹੋਣਾ ਸਹਾਈਆ । ਤੇਰਾ ਅਗਲਾ ਖੇਲ ਨਿਆਰ, ਨਿਰੰਕਾਰ ਨਜ਼ਰੀ ਆਈਆ । ਜੋ ਵਕਤ ਸੁਹਾਉਣਾ ਸਤਾਰਾਂ ਹਾੜ, ਵਦੀ ਸੁਦੀ ਵਿਚ ਨਾ ਕੋਇ ਰਖਾਈਆ । ਜਨ ਭਗਤ ਸੁਹੇਲੇ ਲੈਣੇ ਉਭਾਰ, ਅੰਤਰ ਆਪਣਾ ਨਾਮ ਦ੍ਰਿੜਾਈਆ । ਕਰ ਕੇ ਖ਼ਬਰਦਾਰ, ਆਲਸ ਨਿੰਦਰਾ ਵਿਚੋਂ ਲੈਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਸਾਖਿਆਤ, ਨਿਰਗੁਣ ਧਾਰ ਸੋਭਾ ਪਾਈਆ । ਜੋ ਦੁਸ਼ਟ ਦਮਨ ਗਿਆ ਆਖ, ਹੇਮ ਕੁੰਡ ਆਵਾਜ਼ ਸੁਣਾਈਆ । ਮਾਲਾ ਮਣਕਾ ਜਿਸ ਦੇ ਵਿਚ ਨਾ ਕੋਇ ਸੁਰਾਖ, ਉਪਰ ਸੁਰਖ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸੱਚਾ ਸਾਥ, ਨਾਤਾ ਸਕੇ ਨਾ ਕੋਇ ਤੁੜਾਈਆ । ਅੰਦਰ ਬਾਹਰ ਕਰਨਾ ਪਵਿਤ੍ਰ ਪਾਕ, ਪੁਨੀਤ ਪਤਿਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸੋਹੰ ਧਾਰ ਕਹੇ ਮੇਰਾ ਫੇਰ ਮਾਲਾ ਮਣਕਾ, ਮਨ ਦੀ ਕਰਾਂ ਸਫ਼ਾਈਆ । ਕੁਛ ਲੇਖਾ ਸਰੀਰ ਤਨ ਕਾ, ਉਹ ਵੀ ਦਿਆਂ ਦ੍ਰਿੜਾਈਆ । ਝਗੜਾ ਰਹੇ ਨਾ ਜੀਵਣ ਜਨ ਕਾ, ਜਮ ਦੰਡ ਨਾ ਕੋਇ ਲਗਾਈਆ । ਸੁਣਨਾ ਪਏ ਨਾ ਰਾਗ ਕੰਨ ਕਾ, ਸਰਵਣਾਂ ਤੋਂ ਪਰੇ ਕਰਾਂ ਸ਼ਨਵਾਈਆ । ਹੋਵੇ ਪਰਕਾਸ਼ ਅਗੰਮੀ ਚੰਨ ਕਾ, ਨੂਰ ਜੋਤ ਡਗਮਗਾਈਆ । ਭਰਮ ਰਹੇ ਨਾ ਹੰ ਬ੍ਰਹਮ ਕਾ, ਬਰਨ ਇਕੋ ਨੂਰ ਦਰਸਾਈਆ । ਨਾਤਾ ਤੋੜ ਕੇ ਮਾਟੀ ਚੰਮ ਕਾ, ਵਰਨ ਬਰਨ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਹੋਰ ਸੁਣਾਈਆ । ਸੋਹੰ ਕਹੇ ਮੇਰਾ ਰੂਪ ਕਮਲਾਪਾਤੀ, ਪਤਿਪਰਮੇਸ਼ਵਰ ਦਿਤਾ ਬਣਾਈਆ । ਮੈਂ ਨਾਤਾ ਜੋੜਨਾ ਭਗਤਾਂ ਦੀ ਉਤੇ ਛਾਤੀ, ਸ਼ਹਿਨਸ਼ਾਹ ਹੁਕਮ ਰਿਹਾ ਸੁਣਾਈਆ । ਅਗਲਾ ਬਣਨਾ ਸਾਥੀ, ਪਿਛਲਾ ਪੰਧ ਮੁਕਾਈਆ । ਮੰਜ਼ਲ ਚੜ੍ਹਨਾ ਘਾਟੀ, ਪੌੜਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੋਹੰ ਧਾਰ ਕਹੇ ਮੈਨੂੰ ਕੋਈ ਨਾ ਜਾਣਿਉਂ ਅੱਖਰ, ਅੱਖਰਾਂ ਤੋਂ ਪਰੇ ਨਜ਼ਰੀ ਆਈਆ । ਜਿਸ ਦਵਾਰੇ ਗੋਬਿੰਦ ਵਿਛਾਇਆ ਸੱਥਰ,

ਮੂਲਾਂ ਸੇਜ ਹੰਢਾਈਆ । ਜਿਸ ਦੀ ਜਾਤ ਪਾਤ ਕੋਈ ਚਿਹਨ ਨਹੀਂ ਚੱਕਰ, ਵਰਨ ਬਰਨ ਨਾ ਕੋਇ ਅਖਵਾਈਆ । ਸੋਹੰ ਕਹੇ ਮੈਂ ਓਸੇ ਦਾ ਮਹਿਬੂਬ ਓਸੇ ਦਾ ਫ਼ੱਕਰ, ਓਸੇ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਸੋਹੰ ਧਾਰ ਕਹੇ ਜਿਸ ਵੇਲੇ ਗੋਬਿੰਦ ਕਰੀ ਆਰਜ਼ੂ, ਅਰਜ਼ ਦਿਤੀ ਸੁਣਾਈਆ । ਸੱਜਾ ਉਪਰ ਕਰਕੇ ਬਾਜ਼ੂ, ਬਾਜ਼ਾਂ ਵਾਲੇ ਆਵਾਜ਼ ਲਗਾਈਆ । ਪੁਰਖ ਅਕਾਲ ਤੇਰੇ ਹੱਥ ਤਰਾਜ਼ੂ, ਤੋਲਣਹਾਰਾ ਨਾਨਕ ਗਿਆ ਦ੍ਰਿੜਾਈਆ । ਬਿਨ ਤੇਰੀ ਕਿਰਪਾ ਬਣੇ ਕੋਈ ਨਾ ਸਾਧੂ, ਸਾਧਨਾ ਸਕੇ ਨਾ ਕੋਇ ਕਰਾਈਆ । ਜਗਤ ਭੇਖ ਵੇਖਣੇ ਵਾਧੂ, ਵਾਧਾ ਹੋਵੇ ਲੋਕਾਈਆ । ਕੁਛ ਬਚਨ ਦੱਸ ਕੇ ਗਿਆ ਦਾਦੂ, ਗੋਬਿੰਦ ਇਸ਼ਾਰੇ ਨਾਲ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਬਣਨਾ ਜਾਦੂ, ਸਾਧ ਸੰਤ ਜਗਤ ਵਾਸਨਾ ਹੋਏ ਹਲਕਾਈਆ । ਸਦੀ ਚੌਧਵੀਂ ਅੰਤ ਅਖ਼ੀਰ ਨਾ ਕੋਈ ਪੈਗ਼ੰਬਰ ਨਾ ਪੀਰ ਨਾ ਕੋਈ ਦੇਵੇ ਕਿਸੇ ਧੀਰ ਨਾ ਕੋਈ ਰਹੇ ਆਗੂ, ਆਗਮਨ ਵਿਚ ਰਾਹ ਤੱਕੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸੋਹੰ ਕਹੇ ਮੈਨੂੰ ਨਾ ਸਮਝਿਓ ਅੱਖਰਾਂ ਵਾਲਾ ਸ਼ਬਦ, ਜਿਹਵਾ ਨਾਲ ਗਾਉਣ ਵਾਲਾ ਮੈਨੂੰ ਨਾ ਕੋਇ ਵਡਿਆਈਆ । ਨਾ ਕੋਈ ਮੇਰਾ ਦੀਨ ਨਾ ਕੋਇ ਮਜ਼੍ਹਬ, ਜਾਤ ਵਿਚ ਸ਼ਰਅ ਨਾ ਕੋਇ ਬਣਾਈਆ । ਮੈਂ ਇਕੋ ਪੁਰਖ ਅਕਾਲ ਦਾ ਕਰਾਂ ਅਦਬ, ਆਦਾਬ ਵਿਚ ਸੀਸ ਝੁਕਾਈਆ । ਓਸ ਦੇ ਵੇਖਾਂ ਚਰਨ ਕਦਮ, ਕਦੀਮ ਤੋਂ ਮੇਰੀ ਰੀਤੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸੋਹੰ ਧਾਰ ਕਹੇ ਮੈਂ ਕਦੇ ਨਹੀਂ ਸੁੱਤੀ, ਜੁਗ ਚੌਕੜੀ ਚਲੀ ਆਈਆ । ਮੇਰੀ ਇਕੋ ਨਾਲ ਰੁਚੀ, ਜਿਸ ਰਚਨਾ ਦਿਤੀ ਰਚਾਈਆ । ਮੈਂ ਆਤਮਾ ਓਸ ਦੀ ਸੁੱਚੀ, ਸੋਹਣੀ ਸਵਾਣੀ ਸੋਭਾ ਪਾਈਆ । ਮੈਂ ਮਾਤਲੋਕ ਕਰਨ ਆਈ ਬੁੱਤੀ, ਤਨ ਵਜੂਦ ਸੇਵ ਕਮਾਈਆ । ਤੱਤਾਂ ਅੰਦਰ ਲੁਕੀ, ਵੇਖਣ ਕੋਇ ਨਾ ਪਾਈਆ । ਧੰਨ ਭਾਗ ਜੇ ਮੇਰੀ ਵਾਤ ਪੁਛੀ, ਚਲ ਕੇ ਆਇਆ ਧੁਰਦਰਗਾਹੀਆ । ਮੈਂ ਹੁਣ ਨਹੀਂ ਜਾਣਾ ਲੁੱਟੀ, ਠੱਗ ਚੋਰ ਸਾਰੇ ਦੇਣੇ ਭਜਾਈਆ । ਮੈਂ ਹੁਣ ਨਹੀਂ ਰਹਿਣਾ ਰੁੱਠੀ, ਪ੍ਰਭ ਮਿਲ ਕੇ ਵੱਜੇ ਵਧਾਈਆ । ਮੈਂ ਕਿਸੇ ਨਹੀਂ ਲੁਕਣਾ ਗੁੱਠੀਂ, ਪੜਦੇ ਵਿਚ ਨਾ ਕੋਇ ਛੁਪਾਈਆ । ਮੈਂ ਫਿਰਨਾ ਅੱਡੀ ਉਚੀ, ਦੋ ਜਹਾਨਾਂ ਭੱਜਾਂ ਵਾਹੋ ਦਾਹੀਆ । ਮੇਰੀ ਆਸਾ ਮਨਸਾ ਪੂਰ ਕੀਤੀ ਅੱਗੇ ਰਹਵਾਂ ਮੂਲ ਨਾ ਦੁੱਖੀ, ਦਰਦਾਂ ਦਾ ਡੇਰਾ ਢਾਹੀਆ । ਜਨ ਭਗਤੋ ਤੁਸੀਂ ਵਸਣਾ ਸਦਾ ਸੁਖੀ, ਸੁਖ ਸਾਗਰ ਵਿਚ ਸਮਾਈਆ । ਪ੍ਰਭ ਨਾਲ ਮਿਲ ਕੇ ਫੇਰ ਆਉਣਾ ਨਹੀਂ ਕਿਸੇ ਦੀ ਕੁੱਖੀ, ਅਗਨੀ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸੋਹੰ ਧਾਰ ਕਹੇ ਜਨ ਭਗਤੋ ਕਿਉਂ ਹੱਥ ਨੂੰ ਪਾਉਣਾ ਛੱਲਾ, ਭੇਵ ਦਿਆਂ ਖੁਲ੍ਹਾਈਆ । ਜਿਸ ਵੇਲੇ ਮੁਹੰਮਦ ਨੂੰ ਆਪਣਾ ਨਾਮ ਦੱਸਿਆ ਅੱਲਾ, ਨੂਰ ਕੀਤਾ ਰੁਸ਼ਨਾਈਆ । ਪੁਰਖ ਅਕਾਲ ਇਸ਼ਾਰਾ ਦਿਤਾ ਚੌਦਾਂ ਤਬਕ ਨਿੱਕਾ ਜਿਹਾ ਮਹੱਲਾ, ਉਂਗਲੀ ਪਹਿਲੀ ਲਈ ਉਠਾਈਆ । ਮੁਹੰਮਦ ਨੇ ਬੇਸੁਰਤੀ ਵਿਚ ਕਿਹਾ ਤੇਰਾ ਹੋ ਜਾਏ ਭਲਾ, ਜਿਸ ਮੈਨੂੰ ਕੁਛ ਦਿਤਾ ਦ੍ਰਿੜਾਈਆ । ਪਰਵਰਦਿਗਾਰ ਕਿਹਾ ਮੇਰੇ ਹੁਕਮ ਦਾ ਪੈਣਾ ਹੱਲਾ, ਹੁਕਮ ਚਲੇ ਧੁਰਦਰਗਾਹੀਆ । ਓਸ ਵੇਲੇ ਜਗਤ ਜਹਾਨ ਹੋਣਾ ਝੱਲਾ, ਸੁਰਤੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਮੁਹੰਮਦ ਕਿਹਾ ਇਹ ਕੀ ਕੀਤਾ ਬਿਆਨ, ਮਾਲਕ ਦੇ ਜਣਾਈਆ ।

ਮੈਂ ਨੰਨ੍ਹਾ ਤੇਰਾ ਅੰਞਾਣ, ਅੱਲਾ ਤੇਰੀ ਵਡਿਆਈਆ । ਪਰਵਰਦਿਗਾਰ ਕਿਹਾ ਤੈਨੂੰ ਦੇਵਾਂ ਇਕ ਨਿਸ਼ਾਨ, ਉਂਗਲੀ ਗੰਢ ਪਵਾਈਆ । ਇਹਨੂੰ ਚੁੰਮ ਨਾਲ ਜ਼ਬਾਨ, ਰਸਨਾ ਚਾਰੋਂ ਤਰਫ ਘੁੰਮਾਈਆ । ਫੇਰ ਤੈਨੂੰ ਲਿਖਣੀ ਦੱਸਾਂ ਕੁਰਾਨ, ਕਲਮ ਏਥੇ ਏਸੇ ਹੱਥ ਫੜਾਈਆ । ਕਲਮ ਦੇ ਪਿਛੇ ਰੱਖਾਂ ਸ਼ੈਤਾਨ, ਸ਼ਰਅ ਵਿਚ ਫਸਾਈਆ । ਤੇਰਾ ਨਾਤਾ ਜਗਤ ਜਹਾਨ, ਇਸਮ ਵਿਚ ਜਣਾਈਆ । ਕ਼ਸਮ ਵਿਚ ਮਹਿਬਾਨ, ਬੀਦੋ ਆਪਣੀ ਖੇਲ ਖਿਲਾਈਆ । ਬੀ ਖੈਰ ਯਾ ਅੱਲਾਹ ਅਲਾਹੀ ਨੂਰ ਰਹਿਮਾਨ, ਰਹਿਮਤ ਦਏ ਕਮਾਈਆ । ਸਾਬਤ ਰਹੇ ਨਾ ਕੋਇ ਈਮਾਨ, ਅਮਲ ਛੱਡੇ ਲੋਕਾਈਆ । ਸੁਣ ਮੇਰਾ ਫ਼ਰਮਾਨ, ਕਲਮਾ ਇਕ ਜਣਾਈਆ । ਅੱਖੀਂ ਮੀਟ ਮਾਰ ਧਿਆਨ, ਅੱਗਾ ਦਿਆਂ ਵਖਾਈਆ । ਸਦੀ ਚੌਧਵੀਂ ਨਜ਼ਰ ਆਈ ਹੋਇਆ ਹੈਰਾਨ, ਹੈਰਾਨੀ ਵਿਚ ਕੁਰਲਾਈਆ । ਦੀਨ ਦੁਨੀ ਹੋਈ ਬੇਈਮਾਨ, ਬੇਵਾ ਰੂਪ ਵਟਾਈਆ । ਪੀਰ ਪੈਗ਼ੰਬਰ ਛੱਡ ਗਏ ਮੈਦਾਨ, ਸ਼ਾਹ ਅਲੀ ਨਾ ਕੋਇ ਸਹਾਈਆ । ਮਹੀਨਾ ਰੋਂਦਾ ਵੇਖਿਆ ਰਮਜ਼ਾਨ, ਨੇਤਰ ਨੀਰ ਵਹਾਈਆ । ਬੀਸ ਤੀਸ ਨੈਣ ਸ਼ਰਮਾਣ, ਅੱਖ ਨਾ ਕੋਇ ਉਠਾਈਆ । ਹੋ ਕੇ ਨਿਗਾਹਬਾਨ, ਪਰਵਰਦਿਗਾਰ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਧੁਰ ਫ਼ਰਮਾਨ ਆਇਆ ਇਹ ਛਦ ਨਾ ਵੇਖ ਛਾਪ, ਜਗਤ ਮੁੰਦਰੀ ਨਾ ਰੂਪ ਵਟਾਈਆ । ਸ੍ਰਿਸ਼ਟੀ ਵਿਚ ਵਧਣਾ ਪਾਪ, ਪਤਤ ਹੋਵੇ ਲੋਕਾਈਆ । ਅਵਤਾਰ ਪੈਗ਼ੰਬਰਾਂ ਦਾ ਭੁੱਲਣਾ ਜਾਪ, ਅਗਲਿਆਂ ਗੁਰੂਆਂ ਦੀ ਨਾ ਕੋਇ ਵਡਿਆਈਆ । ਰੂਹ ਬੁਤ ਰਹਿਣਾ ਕੋਇ ਨਾ ਪਾਕ, ਕੂੜੀ ਕਿਰਿਆ ਹੋਏ ਹਲਕਾਈਆ । ਗੁਰ ਗੁਰ ਤੁਟਣਾ ਸਾਕ, ਜਿਸਮ ਜਿਸਮ ਖ਼ੁਸ਼ੀ ਮਨਾਈਆ । ਇਸਮ ਇਸਮ ਨਾ ਕੋਇ ਇਤਫਾਕ, ਅਜ਼ੀਜ਼ ਸਿਰ ਨਾ ਕੋਇ ਝੁਕਾਈਆ । ਮੁਰੀਦ ਹੋਣੇ ਗੁਸਤਾਖ਼, ਮੁਰਸ਼ਦ ਬੈਠਣ ਸਿਰ ਛੁਪਾਈਆ । ਓਸ ਵੇਲੇ ਕੁਛ ਮੁਹੰਮਦਾ ਖੇਲ ਕਰਨਾ ਆਪ, ਠੋਕਰ ਤੇਰੇ ਸੀਸ ਟਿਕਾਈਆ । ਤੁਸੀਂ ਮੇਰੇ ਫ਼ਰਮਾਨਿਆਂ ਦੀ ਮਾਤਲੋਕ ਭੇਜਣ ਵਾਲੇ ਡਾਕ, ਚਿੱਠੀ ਰਸੈਣ ਨਜ਼ਰੀ ਆਈਆ । ਉਹ ਕੁਰਾਨ ਮਜੀਦ ਖ਼ੱਤ ਨਹੀਂ ਖ਼ਤੂਤ ਨਹੀਂ ਸਤਿ ਨਹੀਂ ਸਬੂਤ ਨਹੀਂ ਨਿੱਕਾ ਜਿਹਾ ਕਾਟ, ਛੋਟੇ ਜਿਹੇ ਕਟੜੇ ਵਿਚ ਦੇਣਾ ਸੁਣਾਈਆ । ਜਿਸ ਵੇਲੇ ਬੇਈਮਾਨੀ ਦੀ ਵਧੀ ਜਮਾਤ, ਫੇਰ ਮੇਰੇ ਆਉਣ ਦਾ ਹੋਵੇ ਇਤਫ਼ਾਕ, ਦੀਨ ਦੁਨੀ ਵਿਚ ਹੋਵੇ ਨਫ਼ਾਕ, ਗੁਸਤਾਖ਼ ਸਾਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਜਣਾਈਆ । ਮੁਹੰਮਦ ਕਿਹਾ ਦੱਸ ਮੇਰੇ ਮਹਿਬੂਬ, ਮੁਹੱਬਤ ਵਿਚ ਜਣਾਈਆ । ਤੇਰੇ ਆਉਣ ਦਾ ਕੀ ਸਬੂਤ, ਭੇਵ ਦੇ ਖੁਲ੍ਹਾਈਆ । ਤੇਰਾ ਅਰਸ਼ ਇਕ ਅਰੂਜ, ਦਰਗਾਹ ਸਾਚੀ ਸੋਭਾ ਪਾਈਆ । ਪਰਵਰਦਿਗਾਰ ਕਿਹਾ ਮੈਂ ਕਰ ਕੇ ਆਪਣਾ ਕੂਚ, ਕੂਚਾ ਗਲੀ ਦੋ ਜਹਾਨ ਵੇਖ ਵਖਾਈਆ । ਪਕੜ ਉਠਾਵਾਂ ਆਪਣੇ ਪੂਤ, ਸਪੂਤੇ ਨਾਲ ਮਿਲਾਈਆ । ਮੁਹੰਮਦਾ ਜਬਰਾਈਲ ਮੇਕਾਈਲ ਇਜ਼ਰਾਈਲ ਅਸਰਾਫ਼ੀਲ ਫੇਰ ਮੈਂ ਰੱਖਣੇ ਨਹੀਂ ਕੋਈ ਦੂਤ, ਸਿੱਧਾ ਆਪਣਾ ਨਾਮ ਜਪਾਈਆ । ਜਿਧਰ ਵੇਖਣ ਓਧਰ ਮੌਜੂਦ, ਤੁਹਾਡੇ ਸਾਰੇ ਹੁਕਮ ਕਰਨੇ ਮੌਕੂਫ਼, ਪਿਛਲਾ ਲੇਖਾ ਰਹੇ ਨਾ ਰਾਈਆ । ਮੇਰਾ ਮੁਰੀਦ ਦੀਦ ਵਿਚ ਰਹੇ ਨਾ ਕੋਇ ਬੇਵਕੂਫ਼, ਬੇਵਾ ਨੂੰ ਸੇਵਾ ਵਿਚ ਲਗਾਈਆ । ਹਜ਼ਰਤ ਈਸਾ ਕਹੇ ਤੇਰੇ ਕੋਲ ਕੀ ਪਰੂਫ਼, ਮੈਨੂੰ ਦੇ ਦ੍ਰਿੜਾਈਆ । ਨੂਰ ਇਲਾਹੀ ਕਿਹਾ ਤੁਹਾਡੇ ਸਾਰੇ ਲੈ ਕੇ ਹਕੂਕ, ਹੁਕਮ ਨਾਲ ਹਕੂਮਤ ਦਿਆਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ । ਛੱਲਾ ਕਹੇ ਕਿਉਂ ਮੇਰਾ ਬਣਿਆ ਨਾਤਾ,

ਭਗਤਾਂ ਨਾਲ ਵਡਿਆਈਆ । ਜਿਸ ਵੇਲੇ ਗੋਬਿੰਦ ਪੰਜਾਂ ਛਕਾਇਆ ਅੰਮ੍ਰਿਤ ਬਾਟਾ, ਲੋਹਾ ਛੱਲਾ ਉਂਗਲੀ ਨਾਲ ਛੁਹਾਈਆ । ਕਰ ਕੇ ਪੂਰਾ ਘਾਟਾ, ਲਹਿਣਾ ਝੋਲੀ ਪਾਈਆ । ਪਿਛਲੀ ਮੁਕਾ ਕੇ ਵਾਟਾ, ਅਗਲਾ ਹੁਕਮ ਦ੍ਰਿੜਾਈਆ । ਜਿਸ ਵੇਲੇ ਆਵੇ ਪੁਰਖ ਸਮਰਾਥਾ, ਮੇਰਾ ਦਾਤਾ ਧੁਰਦਰਗਾਹੀਆ । ਦੀਨ ਦੁਨੀ ਦਾ ਬਦਲਣਾ ਸਾਕਾ, ਸਾਚੀ ਕਾਰ ਕਮਾਈਆ । ਧੁਰ ਦੇ ਨਾਮ ਦਾ ਦੱਸ ਕੇ ਪਾਠਾ, ਪੂਜਾ ਦੇਣੀ ਸਮਝਾਈਆ । ਲਹਿਣਾ ਮੁਕਾ ਕੇ ਅੱਠ ਸਾਠਾ, ਅੰਮ੍ਰਿਤ ਸਰੋਵਰ ਦੇਣਾ ਨੁਹਾਈਆ । ਕਰ ਪਰਕਾਸ਼ ਜੋਤ ਲਲਾਟਾ, ਨੂਰ ਨੂਰ ਦੇਣਾ ਚਮਕਾਈਆ । ਮਾਰ ਕੇ ਮੰਜ਼ਲ ਵਾਟਾ, ਪੰਧ ਦੇਣਾ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਦਏ ਰੰਗਾਈਆ । ਗੋਬਿੰਦ ਕਹੇ ਇਹ ਛੱਲਾ ਪਾਣਾ ਲੋਹਾ ਤਾਰ, ਤਾਰਨਹਾਰਾ ਵੇਖ ਵਖਾਈਆ । ਜਿਸ ਨੇ ਲਹਿਣਾ ਦੇਣਾ ਮੁਕਾਉਣਾ ਜੁਗ ਚੌਕੜੀ ਵਾਰੋ ਵਾਰ, ਵਾਰਤਾ ਆਪਣੀ ਦਏ ਜਣਾਈਆ । ਭਗਤਾਂ ਕਰੇ ਪਿਆਰ, ਮਿਹਰਵਾਨ ਹੋ ਸਹਾਈਆ । ਸਭ ਕਿਛ ਆਪਣੇ ਕਰ ਅਖਤਿਆਰ, ਮੁਖਤਿਆਰਨਾਮੇ ਹੁਕਮ ਵਿਚ ਦ੍ਰਿੜਾਈਆ । ਕਰ ਕੇ ਖੇਲ ਅਪਾਰ, ਬਦਲ ਕੇ ਜਗਤ ਵਿਕਾਰ, ਬੋਲ ਕੇ ਇਕ ਜੈਕਾਰ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਕਮਾਈਆ । ਛੱਲਾ ਕਹੇ ਮੈਨੂੰ ਪਾਇਓ ਸੱਜੇ ਹੱਥ, ਉਂਗਲੀ ਪਹਿਲੀ ਨਜ਼ਰੀ ਆਈਆ । ਇਸ ਦਾ ਲਹਿਣਾ ਨਾਲ ਜੋ ਬੇਟਾ ਰਾਮ ਦਸਰਥ, ਬਨਵਾਸੀ ਨਜ਼ਰੀ ਆਈਆ । ਉਹ ਰੱਖੇ ਸਦਾ ਸਾਥ, ਆਪਣੇ ਨਾਲ ਵਡਿਆਈਆ । ਜਿਸ ਵੇਲੇ ਗਿਆ ਭੀਲਣੀ ਪਾਸ, ਉਂਗਲੀ ਉਤੋਂ ਦਿਤਾ ਲਾਹੀਆ । ਓਸ ਬਚਨ ਪੁਛਿਆ ਖ਼ਾਸ, ਸ਼ਬਦ ਇਸ਼ਾਰੇ ਮੰਗ ਮੰਗਾਈਆ । ਰਾਮ ਕਿਹਾ ਮੈਂ ਭਗਤਾਂ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਸਾਚੀ ਦੱਸਾਂ ਬਾਤ, ਬਾਤਨ ਆਪ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤ ਅਖ਼ੀਰ ਆਵੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਓਸ ਵੇਲੇ ਜਨ ਭਗਤਾਂ ਪ੍ਰਭ ਬਖ਼ਸ਼ਿਸ਼ ਕਰੇ ਦਾਤ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਖੇਲ ਵਖਾਈਆ । ਛੱਲਾ ਕਹੇ ਮੈਨੂੰ ਕੋਈ ਨਾ ਕਹੋ ਰਿੰਗ, ਪ੍ਰੇਮ ਪ੍ਰੀਤ ਵਿਚ ਬਣਾਈਆ । ਮੈਂ ਬਦਲ ਦੇਣੇ ਦੁਨੀਦਾਰ ਦੇ ਕਿੰਗ, ਕਿੰਗਰੇ ਕਿੰਗਰੇ ਮਰਦੰਗ ਵਜਾਈਆ । ਕੂੜੀ ਕਿਰਿਆ ਦਾ ਕਰਨਾ ਐਂਡ, ਹੁਕਮ ਧੁਰਦਰਗਾਹੀਆ । ਭਗਤਾਂ ਦੇ ਭਗਤ ਬਣਾਉਣੇ ਫਰੈਂਡ, ਈਸਾ ਦਏ ਗਵਾਹੀਆ । ਜਿਸ ਦਾ ਨਿਸ਼ਾਨਾ ਜਾਣੇ ਕੋਈ ਨਾ ਹੈਡ, ਹੈਟ ਟੋਪ ਦਏ ਨਾ ਕੋਇ ਗਵਾਹੀਆ । ਧੁਰ ਸੰਦੇਸ਼ਾ ਕਰਨਾ ਸੈਂਡ, ਸੈਡ ਸਟਾਰਮ ਵਿਚ ਜਣਾਈਆ । ਕੋਈ ਪੜਦਾ ਓਹਲਾ ਰਹਿਣ ਨਹੀਂ ਦੇਣਾ ਬੀਹਾਈਂਡ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਨਾ ਕੋਈ ਮਾਈਨਸ ਕਰੇ ਨਾ ਮਾਈਂਡ, ਮਿਡਲ ਦਾ ਲੇਖਾ ਦੇਣਾ ਚੁਕਾਈਆ । ਈਸਾ ਕਹੇ ਮੈਨੂੰ ਯਾਦ ਆਈ ਇਕ ਲਾਈਟ, ਗੌਡ ਨੇ ਹੁਕਮ ਦਿਤਾ ਕੁਆਇਟ, ਜਿਸ ਨੂੰ ਕੋਈ ਲਿਖ ਨਾ ਸਕੇ ਰਾਈਟ, ਅੰਤਰ ਅੰਤਰ ਨਿਰੰਤਰ ਨਿਰੰਤਰ ਮੰਤਰ ਦੀ ਹੋਣੀ ਫ਼ਾਈਟ, ਡਾਈਡ ਵੇਖਣੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਪਰਵਾਹ ਆਪਣੀ ਕਾਰ ਕਮਾਈਆ । ਰਿੰਗ ਕਹੇ ਮੈਨੂੰ ਕੋਈ ਨਾ ਕਿਹੋ ਰਾਉਂਡ, ਮੇਰੀ ਸਮਝ ਕਿਸੇ ਨਾ ਆਈਆ । ਮੇਰਾ ਖੇਲ ਹੋਣਾ ਵਿਚ ਗਰਾਊਂਡ, ਗੌਡ ਗੁਡ ਹੁਕਮ ਸੁਣਾਈਆ । ਦੁਨੀਆ ਸ੍ਰਿਸ਼ਟੀ ਕਾਇਨਾਤ ਵਰਲਡ ਵੇਖਣੀ ਵਿਚ ਗਰਾਊਂਡ, ਫਰਾਗ ਡਾਗ ਵਾਂਗ ਨਚਾਈਆ । ਕਿਸੇ ਨੇ ਸੁਣਿਆ ਨਹੀਂ ਆਵਾਜ਼ ਕਿ ਸਾਉਂਡ, ਸੁਨ ਤੋਂ

ਮੁਨ ਮੁਨ ਤੋਂ ਧੁਨ ਧੁਨ ਤੋਂ ਗੁਣ ਨਾ ਕੋਇ ਜਣਾਈਆ । ਸਾਰੇ ਹੁਕਮ ਤੋਂ ਹੋਣੇ ਆਊਟ, ਪੀਰ ਪੈਗ਼ੰਬਰ ਰਹਿਣਾ ਕੋਈ ਨਹੀਂ ਟਾਊਟ, ਟੱਕਿਆਂ ਵਾਲੇ ਸਾਰੇ ਦੇਣੇ ਭਜਾਈਆ । ਦੀਨ ਦੁਨੀ ਹੋਈ ਬਲਾਈਂਡ, ਰਿੰਗ ਕਹੇ ਮੇਰਾ ਲੇਖਾ ਨਾਲ ਰਘੁਪਤ, ਰਘੁਬੰਸੀਓ ਦਿਆਂ ਜਣਾਈਆ । ਮੈਨੂੰ ਲੱਭਦਾ ਗਿਆ ਸੁਰਪਤ, ਇੰਦ ਇੰਦਰਾਸਣ ਉਤੇ ਖੋਜ ਖੁਜਾਈਆ । ਮੇਰੇ ਵਿਚ ਭਰੀ ਉਹ ਗੁਰਮਤ, ਜਿਹੜੀ ਗੋਬਿੰਦ ਗੁਰਮੁਖਾਂ ਦੇ ਵਿਚ ਟਿਕਾਈਆ । ਅੱਗੇ ਧੀਰਜ ਦੇਣਾ ਉਹ ਸਤਿ, ਜੋ ਸਤਿਗੁਰ ਸ਼ਬਦ ਨਾਲ ਜੁੜਾਈਆ । ਦੁਰਮਤ ਮੈਲ ਅੰਦਰੋਂ ਕੱਢ, ਕੂੜੀ ਕਿਰਿਆ ਲੇਖਾ ਦਏ ਗਵਾਈਆ । ਅੰਤ ਅਖ਼ੀਰ ਬੇਨਜ਼ੀਰ ਪਤ ਲਏ ਰੱਖ, ਪਤਿਪਰਮੇਸ਼ਵਰ ਧੁਰਦਰਗਾਹੀਆ । ਛੱਲਾ ਕਹੇ ਮੈਂ ਬੋਲਾਂ ਸਚ, ਹੁਕਮ ਧੁਰ ਦਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦਏ ਵਖਾਈਆ । ਸੋਹੰ ਧਾਰ ਕਹੇ ਜਨ ਭਗਤੋ ਆਇਓ ਸੋਹਣੇ ਬਣ ਕੇ ਚਿੱਟੇ, ਸ਼ਬਦੀ ਰੰਗ ਰੰਗਾਈਆ । ਆਪਣੇ ਜਨਮ ਜਨਮ ਦੇ ਨਿਕਲਦੇ ਵੇਖਿਓ ਸਿੱਟੇ, ਸਿੱਟੇਬਾਜ਼ੀ ਰਹੇ ਨਾ ਜਗਤ ਲੋਕਾਈਆ । ਇਕੋ ਰੰਗ ਰੰਗਾਏ ਵੱਡੇ ਨਿੱਕੇ, ਬਿਰਧ ਬਾਲ ਮਿਲੇ ਵਡਿਆਈਆ । ਤੁਹਾਡੇ ਕਾਰਨ ਚੜ੍ਹ ਕੇ ਚਿਖੇ, ਚਿੰਤਾ ਤੁਹਾਡੀ ਦਿਤੀ ਗਵਾਈਆ । ਜੇ ਗੁਰਮੁਖ ਆ ਕੇ ਇਕੋ ਨਾਅਰਾ ਸਿੱਖੇ, ਦੂਜੀ ਪੜ੍ਹਨੀ ਨਾ ਪਏ ਪੜ੍ਹਾਈਆ । ਮੰਜ਼ਲ ਓਸ ਹਕੀਕੀ ਟਿਕੇ, ਜਿਥੇ ਸਕੇ ਨਾ ਕੋਇ ਉਠਾਈਆ । ਸਚ ਸਿੰਘਾਸਣ ਧੁਰ ਦੇ ਲਿਟੇ, ਪ੍ਰਭ ਚਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਚੇਤ ਰੁੱਤ ਸੁਹਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਨਵ ਨੌਂ ਚਾਰ ਪਿਛੋਂ ਆਇਆ ਭੌਂਦਾ, ਭਵਜਲ ਵਿਚ ਵੇਖਾਂ ਜਗਤ ਲੋਕਾਈਆ । ਜੁਗ ਚੌਕੜੀ ਆਪਣੀ ਨੀਂਦੇ ਸੌਂਦਾ, ਮੈਨੂੰ ਸਕੇ ਨਾ ਕੋਇ ਉਠਾਈਆ । ਜਿਸ ਵੇਲੇ ਪੁਰਖ ਅਕਾਲ ਆਪਣਾ ਢੋਲਾ ਗਾਉਂਦਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰ ਲਗਾਈਆ । ਲੇਖਾ ਮੁਕਾਵੇ ਜੁਗ ਚੌਕੜੀ ਮੈਂ ਹਉਂ ਦਾ, ਹੰਕਾਰ ਗੜ੍ਹ ਤੁੜਾਈਆ । ਮੈਂ ਵੇਖਾਂ ਖੇਲ ਚਾਓ ਦਾ, ਚਾਓ ਘਨੇਰਾ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਦਿਤੀ ਲਗਾਈਆ । ਸੰਮਤ ਕਹੇ ਮੇਰਾ ਕੋਈ ਨਾ ਜਾਣੇ ਸਮਾਚਾਰ, ਗੁਰ ਅਵਤਾਰ ਪੈਗ਼ੰਬਰ ਧੁਰ ਦਾ ਐਡੀਟਰ ਸਕੇ ਨਾ ਕੋਇ ਸਮਝਾਈਆ । ਨਾ ਕੋਈ ਟੀਚਰ ਸਿਖਿਆ ਸਕੇ ਸਿਖ਼ਾਲ, ਵਨ ਟੂ ਥ੍ਰੀ ਫੋਰ ਹੋਰ ਦਾ ਹੋਰ ਨਾ ਕੋਇ ਸਮਝਾਈਆ । ਪੜ੍ਹਨ ਵਾਲੇ ਸਾਰੇ ਦਿਸਦੇ ਚੋਰ, ਚੋਰੀ ਚੋਰੀ ਯਾਦ ਕਰ ਕੇ ਮਸਲੇ ਜਗਤ ਜਣਾਈਆ । ਜਨ ਭਗਤੋ ਜਿਸ ਵੇਲੇ ਪ੍ਰਭ ਨੂੰ ਪਏ ਤੁਹਾਡੀ ਲੋੜ, ਨਿਰਗੁਣ ਹੋ ਕੇ ਆਵਾਂ ਚਾਈਂ ਚਾਈਂਆ । ਜਦ ਤੱਕੋ ਤੇ ਨਵਾਂ ਨਕੋਰ, ਬੁੱਢਾ ਬਾਲਾ ਰੂਪ ਨਾ ਕੋਇ ਵਟਾਈਆ । ਜਿਸ ਨਾਲ ਲਾਈ ਓਸ ਨਾਲ ਨਿਭਾਵੇ ਤੋੜ, ਅਧਵਿਚਕਾਰ ਨਾ ਕੋਇ ਤੁੜਾਈਆ । ਜੁਗ ਚੌਕੜੀ ਵਿਛੜਿਆਂ ਨਾਤਾ ਲਿਆ ਜੋੜ, ਲੋੜੀਂਦਾ ਸਾਜਣ ਹੋ ਕੇ ਜੋੜ ਜੁੜਾਈਆ । ਜ਼ਰਾ ਤੱਕ ਕੇ ਵੇਖੋ ਨਾਲ ਗ਼ੌਰ, ਪਲਕਾਂ ਤੋਂ ਪਿਛੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਈਆ । ਸੰਮਤ ਕਹੇ ਮੈਂ ਕਲਜੁਗ ਕੂੜ ਕਰਨਾ ਸਮਾਪਤ, ਸਭ ਨੂੰ ਦਿਆਂ ਜਣਾਈਆ । ਸਤਿ ਧਰਮ ਕਰਨਾ ਸਥਾਪਤ, ਸੰਸਥਾ ਜਗਤ ਜਣਾਈਆ । ਮਮਤਾ ਮੋਹ ਰਹਿਣ ਨਹੀਂ ਦੇਣੀ ਅਲਾਮਤ, ਆਲਮਾਂ ਇਲਮ ਦੇਣਾ ਗਵਾਈਆ । ਜਨ ਭਗਤਾਂ ਦੇ ਕੇ ਨਾਮ ਨਿਆਮਤ, ਨਰ ਨਿਰੰਕਾਰ ਨਾਲ ਮਿਲਾਈਆ । ਜਨ ਭਗਤੋ ਕਦੀ ਕਿਸੇ ਦੀ ਕਰਿਓ ਨਾ ਖ਼ੁਸ਼ਾਮਦ, ਜਗਤ ਦਵਾਰਾ ਮੰਗਣ ਕੋਇ ਨਾ ਜਾਈਆ ।

ਦੀਨਾਂ ਮਜ਼੍ਹਬਾਂ ਵਿਚ ਬਗ਼ਾਵਤ, ਸਹੀ ਸਲਾਮਤ ਧੁਰਦਰਗਾਹੀਆ । ਤੁਹਾਡੀ ਸਤਿਗੁਰ ਸ਼ਬਦ ਦੀ ਦੇ ਕੇ ਜ਼ਮਾਨਤ, ਬਰੀ ਅੱਗੇ ਤੋਂ ਅੱਗੇ ਲਏ ਕਰਾਈਆ । ਓਥੇ ਏਥੇ ਕਿਸੇ ਦੀ ਕਿਆ ਚਲੇ ਲਿਆਕਤ, ਬੁੱਧੀ ਵਾਲੀ ਸੋਝੀ ਕੰਮ ਕਿਸੇ ਨਾ ਆਈਆ । ਜਿਨ੍ਹਾਂ ਦੀ ਆਪ ਕਰੇ ਰਫਾਕਤ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਦਏ ਰੰਗਾਈਆ । ਸੰਮਤ ਕਹੇ ਮੇਰਾ ਇਕੋ ਸੰਦੇਸ਼ਾ, ਸਦੀਆਂ ਦਿਆਂ ਵਿਛੜਿਆਂ ਦਿਆਂ ਸੁਣਾਈਆ । ਭਗਤ ਉਧਾਰਨਾ ਪ੍ਰਭ ਦਾ ਪੇਸ਼ਾ, ਪੇਸ਼ੀਨਗੋਈਆਂ ਵਿਚ ਅਵਤਾਰ ਗੁਰੂ ਪੈਗ਼ੰਬਰ ਗਏ ਸਮਝਾਈਆ । ਜਿਸ ਦਾ ਇਕੋ ਸਚਖੰਡ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਕਲਜੁਗ ਅੰਤ ਵਟਾ ਕੇ ਵੇਸਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਦਾ ਪੂਰਾ ਕਰ ਕੇ ਠੇਕਾ, ਠਾਕਰ ਹੋ ਕੇ ਅੱਗੇ ਆਪਣਾ ਹੁਕਮ ਵਰਤਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਭੇਟਾ, ਬੇਟਾ ਗੋਬਿੰਦ ਸ਼ਬਦ ਇਕੋ ਸੋਭਾ ਪਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਖੇਵਟ ਖੇਟਾ, ਖਟਕੇ ਤੋਂ ਪਾਰ ਦਏ ਲੰਘਾਈਆ । ਜਿਸ ਨੂੰ ਯਾਦ ਕੀਤਾ ਅਰਜਨ ਜਿਸ ਵੇਲੇ ਸਿਰ ਵਿਚ ਪਈ ਰੇਤਾ, ਨੇਤਾ ਧੁਰ ਦਾ ਮੰਨ ਕੇ ਧਿਆਨ ਲਗਾਈਆ । ਓਸ ਦਿਤਾ ਇਕ ਸੰਦੇਸ਼ਾ, ਸ਼ਬਦ ਸ਼ਬਦ ਵਿਚੋਂ ਪਰਗਟਾਈਆ । ਜਨ ਭਗਤਾਂ ਕਰਨ ਆਵਾਂ ਹੇਤਾ, ਗੁਰ ਅਵਤਾਰ ਪੈਗ਼ੰਬਰ ਭਾਣੇ ਵਿਚ ਸਮਾਈਆ । ਜਗਤ ਨਿਰਾਲੀ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਤੋਂ ਬਾਹਰ ਅਗੰਮੀ ਧੁਰ ਦੀ ਖੇਡਾ, ਖਿਲਾੜੀ ਹੋ ਕੇ ਆਪ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਕਾਰਨ ਲੋਕਮਾਤ ਜਨ ਭਗਤਾਂ ਭੇਜਾ, ਸੋ ਭਜਨ ਬਣ ਸੱਜਣ ਸਾਚਾ ਦਏ ਸਮਝਾਈਆ ।

### ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਮਹਿੰਦਰ ਸਿੰਘ ਪਿੰਡ ਝੰਮਟ ★

ਸੰਮਤ ਸ਼ਹਿਨਸ਼ਾਹੀ ਕਹੇ ਪ੍ਰਭ ਭਗਤ ਉਧਾਰ, ਉਦਰ ਵਿਚ ਫਿਰ ਨਾ ਕੋਇ ਆਈਆ । ਜਿਨ੍ਹਾਂ ਤੇਰੇ ਨਾਮ ਦਾ ਬੋਲਿਆਂ ਜੈਕਾਰ, ਨਾਅਰਾ ਦਿਤਾ ਲਗਾਈਆ । ਜਨਮ ਮਰਨ ਤੋਂ ਕਰ ਬਾਹਰ, ਲੱਖ ਚੁਰਾਸੀ ਪੰਧ ਮੁਕਾਈਆ । ਨਿਜ ਨੇਤਰ ਲੋਚਨ ਦਿੰਦਾ ਰਿਹਾ ਦੀਦਾਰ, ਅੱਖ ਪਰਤੱਖ ਖੁਲ੍ਹਾਈਆ । ਧੁਰ ਦਾ ਬਣ ਕੇ ਸੱਜਣ ਮੀਤ ਮੁਰਾਰ, ਮਿਤਰ ਪਿਆਰਾ ਹੋ ਕੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

### ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਬਚਨ ਕੌਰ ਪਿੰਡ ਝੰਮਟ ★

ਜਨ ਭਗਤਾਂ ਦੇ ਸਹਾਰਾ, ਸਿਰ ਆਪਣਾ ਹੱਥ ਰਖਾਈਆ । ਪਤਿਪਰਮੇਸ਼ਵਰ ਸਾਂਝੇ ਯਾਰਾ, ਤੇਰੇ ਹੱਥ ਵਡਿਆਈਆ । ਤੇਰੇ ਨਾਮ ਦਾ ਇਕ ਅਧਾਰਾ, ਦੂਜੀ ਓਟ ਨਾ ਕੋਇ ਰਖਾਈਆ । ਠਾਂਡਾ ਦੇ ਧੁਰ ਦਰਬਾਰਾ, ਸਚਖੰਡ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਹਰਿ, ਸਚ ਤੇਰੀ ਸਰਨਾਈਆ ।

## ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਕੁਲਵੰਤ ਸਿੰਘ ਬਸਤੀ ਪਠਾਣਾ ★

ਸੰਮਤ ਕਹੇ ਜਨ ਭਗਤਾਂ ਦੇ ਮਾਣ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੇ ਨਾਮ ਦਾ ਆਏ ਇਕ ਗਿਆਨ, ਅਗਿਆਨ ਅੰਧੇਰਾ ਦੇ ਚੁਕਾਈਆ । ਤੇਰੇ ਧਰਮ ਦਾ ਵੇਖਣ ਨਿਸ਼ਾਨ, ਨਿਸ਼ਾਨੇ ਜਗਤ ਜਾਣ ਭੁਲਾਈਆ । ਤੇਰਾ ਗੀਤ ਢੋਲਾ ਭਗਤ ਇਕੋ ਗਾਣ, ਪ੍ਰੀਤ ਤੇਰੇ ਵਿਚ ਸਮਾਈਆ । ਤੂੰ ਦਾਤਾ ਦਾਨੀ ਆਦਿ ਜੁਗਾਦੀ ਮਿਹਰਵਾਨ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗਲਾ ਦੇਣਾ ਮੁਕਾਈਆ । ਅਗਲਾ ਲੇਖਾ ਮੁਕਾਵੇ ਭਗਤ, ਭਗਵਾਨ ਹੋ ਸਹਾਈਆ । ਝਗੜਾ ਰਹੇ ਨਾ ਕੂੜੇ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਤੇਰਾ ਨਿਵਾਸ ਉਤੇ ਅਰਸ਼, ਫ਼ਰਸ਼ ਤੇਰੀ ਓਟ ਤਕਾਈਆ । ਮਿਹਰਵਾਨ ਕਰ ਤਰਸ, ਰਹਿਮਤ ਵਿਚ ਰਹਿਮ ਦੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਹਰਿ, ਦਰ ਠਾਂਡੇ ਮੰਗ ਮੰਗਾਈਆ ।

## ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਗੁਰਬੰਸ ਕੌਰ ਪਿੰਡ ਚੱਬਾ ਜ਼ਿਲਾ ਅੰਮ੍ਰਿਤਸਰ ★

ਦਰ ਠਾਂਡਾ ਤੇਰਾ ਦਰਬਾਰਾ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਵਸੇ ਇਕ ਇਕੱਲਾ ਏਕੰਕਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਨਿਰਗੁਣ ਜੋਤ ਹੋਵੇ ਉਜਿਆਰਾ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਤਖ਼ਤ ਨਿਵਾਸੀ ਸ਼ਾਹ ਸਿਕਦਾਰਾ, ਸ਼ਹਿਨਸ਼ਾਹ ਹੋ ਕੇ ਡੇਰਾ ਲਾਈਆ । ਤੇਰਾ ਹੁਕਮ ਚਲੇ ਸਦਾ ਜੁਗ ਚਾਰਾ, ਚੌਕੜੀ ਮੇਟੇ ਨਾ ਕੋਇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਹਰਿ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

## ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਜੁਗਿੰਦਰ ਕੌਰ ਲੋਟੇ ਕਲੋਨੀ ਜ਼ਿਲਾ ਅੰਬਾਲਾ ★

ਤੁਧ ਬਿਨ ਦੂਜਾ ਦਿਸੇ ਨਾ ਅਵਰ, ਰੂਪ ਅਨੂਪ ਨਾ ਕੋਇ ਪਰਗਟਾਈਆ । ਤੂੰ ਮਾਲਕ ਗਹਿਰ ਗਵਰ, ਗੰਭੀਰ ਤੇਰੀ ਸਰਨਾਈਆ । ਜਨ ਭਗਤ ਕਰ ਕੇ ਬੈਠੇ ਸਬਰ, ਸੰਤੋਖ ਤੇਰਾ ਨਾਮ ਪਰਗਟਾਈਆ । ਤੂੰ ਸੂਰਬੀਰ ਬਹਾਦਰ ਸ਼ੇਰ ਬੱਬਰ, ਭਬਕ ਨਾਮ ਦੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੁਕਾਉਣਾ ਕਾਇਆ ਮਾਟੀ ਕਬਰ, ਕਾਅਬਾ ਇਕੋ ਦੇਣਾ ਸੁਹਾਈਆ ।

## ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਬਾਲ ਸਿੰਘ ਪਿੰਡ ਭਗਵਾਂ ਜ਼ਿਲਾ ਅੰਮ੍ਰਿਤਸਰ ★

ਤੇਰਾ ਕਾਅਬਾ ਹਕ ਮਹਿਰਾਬ, ਮਹਿਬੂਬ ਬੇਪਰਵਾਹੀਆ । ਜਿਥੇ ਨਜ਼ਰ ਨਾ ਆਏ ਕੋਈ ਆਫ਼ਤਾਬ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਮਿਤਰ ਦਿਸੇ ਅਹਿਬਾਬ, ਸੱਜਣ ਸੰਗ ਨਾ ਕੋਇ ਨਿਭਾਈਆ । ਨਾ ਕੋਈ ਤੰਦ ਸਿਤਾਰ ਵੱਜੇ ਰਬਾਬ, ਸੁਰ ਤਾਲ ਨਾ ਕੋਇ ਜਣਾਈਆ ।

ਨਾ ਕੋਈ ਭੁੰਨ ਖਾਏ ਕਬਾਬ, ਅਗਨੀ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਾਚੇ ਨਾਮ ਦਾ ਦੇਣਾ ਇਕ ਸਵਾਦ, ਅਨਰਸ ਆਪਣਾ ਆਪ ਚਖਾਈਆ ।

★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਉਤਮ ਚੰਦ ਪਿੰਡ ਤਲਵਾੜਾ ਜ਼ਿਲਾ ਹੁਸ਼ਿਆਰ ਪੁਰ ★

ਅਨਰਸ ਤੇਰਾ ਸਦਾ ਅਨਡਿੱਠ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਦੇਵੇ ਕਰ ਕੇ ਹਿਤ, ਪ੍ਰੇਮ ਪਿਆਰ ਵਿਚ ਬੁਲਾਇੰਦਾ । ਮਨ ਠਗੌਰੀ ਕਰੇ ਨਾ ਚਿਤ, ਚੇਤਨ ਸੁਰਤੀ ਆਪ ਉਠਾਇੰਦਾ । ਦਰਸ਼ਨ ਦੇ ਕੇ ਨਿਤ ਨਵਿਤ, ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਣਾ ਸਭ ਕਿਛ, ਧੁਰ ਦੀ ਸਾਚੀ ਮੰਗ ਮੰਗਾਇੰਦਾ ।

★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਮੁਣਸ਼ੀ ਰਾਮ ਪਿੰਡ ਮਿਆਨੀ ਜ਼ਿਲਾ ਹੁਸ਼ਿਆਰ ਪੁਰ ★

ਧੁਰ ਦਰਗਾਹ ਦੀ ਸਾਚੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰੇ ਨਾਮ ਦਾ ਮਿਲੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਦੇਣੀ ਸਮਝਾਈਆ । ਪੜਦਾ ਰਹੇ ਨਾ ਹੰ ਬ੍ਰਹਮ, ਪਾਰਬ੍ਰਹਮ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੁਕਾਉਣਾ ਖ਼ੁਸ਼ੀ ਗ਼ਮ, ਚਿੰਤਾ ਦੇਣੀ ਬਾਹਰ ਕਢਾਈਆ ।



★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਪਰਕਾਸ਼ੋ ਪਿੰਡ ਸਾਲੋਵਾਲ ਜ਼ਿਲਾ ਗੁਰਦਾਸਪੁਰ ★

ਚਿੰਤਾ ਗ਼ਮ ਨਾ ਰਹੇ ਹਰਖ਼, ਸੋਗ ਵਿਚ ਨਾ ਕੋਇ ਸਮਾਈਆ । ਨਿਰਗੁਣ ਧਾਰ ਦੇਣਾ ਦਰਸ, ਜੋਤੀ ਜੋਤ ਡਗਮਗਾਈਆ । ਭਗਤਾਂ ਉਪਰ ਕਰਨਾ ਤਰਸ, ਮਿਹਰਵਾਨ ਹੋਣਾ ਸਹਾਈਆ । ਬੇਨੰਤੀ ਮਨਜ਼ੂਰ ਕਰਨੀ ਅਰਜ਼, ਆਰਜ਼ੂ ਤੇਰੇ ਅੱਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਆਉਣਾ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ ।

★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਪੁੰਨੀ ਸਾਲੋਵਾਲ ਜ਼ਿਲਾ ਗੁਰਦਾਸਪੁਰ ★

ਪਤਿਪਰਮੇਸ਼ਵਰ ਦੀਨ ਦਿਆਲ, ਦਇਆਨਿਧ ਤੇਰੀ ਸਰਨਾਈਆ । ਤੂੰ ਠਾਕਰ ਹਉਂ ਕੰਗਾਲ, ਸੇਵਕ ਆਪਣਾ ਲੈਣਾ ਬਣਾਈਆ । ਨਾਮ ਭੰਡਾਰਾ ਦੇਣਾ ਸੱਚਾ ਧਨ ਮਾਲ, ਮਾਲਕ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ ।

## ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਮਨਜੀਤ ਸਿੰਘ ਦੀਦਾਰੇ ਵਾਲਾ ਫ਼ਿਰੋਜ਼ਪੁਰ ★

ਦਰ ਤੇਰੇ ਰੱਖੀ ਆਸ, ਆਸਾ ਪੂਰ ਦੇਣੀ ਕਰਾਈਆ । ਮਮਤਾ ਮਨ ਨਾ ਰਹੇ ਪਿਆਸ, ਪ੍ਰੇਮ ਪਿਆਲਾ ਜਾਮ ਦੇਣਾ ਪਿਆਈਆ । ਮਨੂਆ ਮਨ ਨਾ ਰਹੇ ਗੁਸਤਾਖ਼, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦੇਣਾ ਸਾਖਿਆਤ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ ।

## ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਜਰਨੈਲ ਸਿੰਘ ਪਿੰਡ ਸਲਾਂ ਵਾਲੀ ਤਲਵੰਡੀ ਜ਼ਿਲਾ ਹੁਸ਼ਿਆਰ ਪੁਰ ★

ਨਿਰਗੁਣ ਜੋਤ ਤੇਰਾ ਨੂਰ, ਨੂਰ ਨੁਰਾਨੇ ਸੋਭਾ ਪਾਈਆ । ਆਸਾ ਮਨਸਾ ਭਗਤਾਂ ਪੂਰ, ਪੂਰਨ ਬ੍ਰਹਮ ਦੇਣਾ ਸਮਝਾਈਆ । ਨਾਦ ਉਪਜਾ ਸਾਚੀ ਤੂਰ, ਤੁਰੀਆ ਤੋਂ ਪਰੇ ਕਰ ਪੜ੍ਹਾਈਆ । ਸੂਲੀ ਚੜ੍ਹਨਾ ਨਾ ਪਏ ਵਾਂਗ ਮਨਸੂਰ, ਮਨਸਾ ਵਿਚ ਅੰਸ ਲੈਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।



## ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਗੁਰਚਰਨ ਸਿੰਘ ਜੰਮੂ ★

ਸਿਰ ਹੱਥ ਰੱਖਣਾ ਸਵਾਮੀ, ਸਦਾ ਸਦਾ ਧਿਆਨ ਲਗਾਈਆ । ਤੇਰਾ ਲੇਖਾ ਕੋਈ ਨਾ ਜਾਣੇ ਪਾਰ ਗਰਾਮੀ, ਪਰਾ ਪਸੰਤੀ ਮਧਮ ਬੈਖਰੀ ਸਮਝ ਕੋਇ ਨਾ ਆਈਆ । ਤੂੰ ਮਾਲਕ ਧੁਰ ਅਮਾਮੀ, ਸਚ ਦਵਾਰੇ ਸੋਭਾ ਪਾਈਆ । ਜਨ ਭਗਤਾਂ ਕੱਟ ਸਰਬ ਗ਼ੁਲਾਮੀ, ਚਾਕਰ ਆਪਣੇ ਲੈਣਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਨਜ਼ਰੀ ਆਈਆ ।

## ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਅਜੀਤ ਸਿੰਘ ਜੰਮੂ ★

ਦਰ ਤੇਰਾ ਦਿਸੇ ਸੁਹੰਜਣਾ, ਸੋਭਾਵੰਤ ਸਤਿਵਾਦੀ ਸਤਿ । ਕਿਰਪਾ ਕਰ ਆਦਿ ਨਿਰੰਜਣਾ, ਜਨ ਭਗਤਾਂ ਦੇ ਬ੍ਰਹਮ ਮਤ । ਤੂੰ ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਵਸਤ ਅਮੋਲਕ ਦੇ ਸਚ । ਤੇਰੇ ਨਾਮ ਦਾ ਨੇਤਰ ਪਏ ਅੰਜਨਾ, ਕੂੜੀ ਕਿਰਿਆ ਦੁਰਮਤ ਮੈਲ ਕੱਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਪੁਰਖ ਸਮਰਥ ।

## ★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਸੰਤ ਰਾਮ ਪਿੰਡ ਗੋਕਲੇ ਚਕ ਜੰਮੂ ★

ਸਮਰਥ ਸਵਾਮੀ ਅੰਤਰ ਬਿਧ ਜਾਣ, ਤੇਰੇ ਹੱਥ ਵਡਿਆਈਆ । ਭਗਤ ਸੁਹੇਲੇ ਮਾਤ ਪਛਾਣ, ਬੇਪਛਾਣ ਦਇਆ ਕਮਾਈਆ । ਆਪਣੇ

ਨਾਮ ਦੀ ਪਾ ਆਣ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸਾਰੇ ਗਾਣ, ਗਾ ਗਾ ਖ਼ੁਸ਼ੀ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦੀ ਨਾਦੀ ਹੋਣਾ ਮਿਹਰਵਾਨ, ਮਿਹਰ ਨਜ਼ਰ ਨਾਲ ਤਕਾਈਆ ।

★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਦੀਪ ਕੌਰ ਫ਼ਤਹਿ ਨੰਗਲ ਗੁਰਦਾਸਪੁਰ ★

ਮਿਹਰ ਨਜ਼ਰ ਤੱਕ ਮਹਿਬੂਬ, ਮੁਹੱਬਤ ਵਿਚ ਸਰਨਾਈਆ । ਤੇਰਾ ਇਕੋ ਅਰਸ਼ ਅਰੂਜ਼, ਆਲੀਸ਼ਾਨ ਸੋਭਾ ਪਾਈਆ । ਜਿਥੇ ਭਗਤ ਰਹਿਣ ਮਹਿਫੂਜ਼, ਦੁੱਖ ਦਰਦ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਾਸਨਾ ਮੇਟ ਹਦੂਦ, ਹੱਦ ਆਪਣੀ ਦੇ ਸਮਝਾਈਆ ।

★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਗੁਰਦਿਤ ਸਿੰਘ ਪਿੰਡ ਰਾਮ ਦਵਾਲੀ ਜ਼ਿਲਾ ਅੰਮ੍ਰਿਤਸਰ ★

ਸਾਚੀ ਹੱਦ ਦੱਸ ਹਦੂਦ, ਜਿਥੇ ਵੰਡ ਨਾ ਕੋਇ ਵੰਡਾਈਆ । ਝਗੜਾ ਰਹੇ ਨਾ ਕੋਇ ਤਨ ਕਲਬੂਤ, ਜਿਸਮ ਇਸਮ ਨਾ ਕੋਇ ਬਦਲਾਈਆ । ਇਕੋ ਰੰਗ ਦਿਸੇ ਚਾਰੇ ਕੂਟ, ਦਹਿ ਦਿਸ਼ਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਚੁਕਾਉਣਾ ਕਾਇਆ ਪੰਜ ਭੂਤ, ਭੁਲੇਖਾ ਅੰਦਰੋਂ ਬਾਹਰ ਕਢਾਈਆ ।



★ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਮਹਿੰਦਰ ਕੌਰ ਪਿੰਡ ਸੂਸਾਣਾ ਜ਼ਿਲਾ ਹੁਸ਼ਿਆਰ ਪੁਰ ★

ਭੁਲੇਖਾ ਰਹੇ ਨਾ ਕਾਇਆ ਅੰਦਰ, ਅੰਤਸ਼ਕਰਨ ਦੇਣਾ ਬਦਲਾਈਆ । ਕੂੜੀ ਕਿਰਿਆ ਤੋੜ ਕੇ ਜੰਦਰ, ਜੀਵਣ ਵਿਚੋਂ ਜੀਵਣ ਦੇਣਾ ਸਮਝਾਈਆ । ਮਨੂਆ ਮਨ ਨਾ ਰਹੇ ਬੰਦਰ, ਸ਼ਬਦ ਡੋਰੀ ਦੇਣਾ ਬੰਧਾਈਆ । ਭਾਗ ਲਗਾਉਣਾ ਕਾਇਆ ਕੰਦਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਜਨ ਭਗਤ ਸੁਹੇਲੇ ਦਰ ਤੇਰਾ ਆਏ ਮੰਗਣ, ਦਰ ਠਾਂਡੇ ਸੀਸ ਨਿਵਾਈਆ । ਕਿਰਪਾਲ ਹੋ ਕੇ ਚਾੜ੍ਹ ਰੰਗਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਮਨਜ਼ੂਰ ਕਰ ਬੰਦਨ, ਬੰਦਗੀ ਵਿਚ ਬੰਦਨਾ ਬੰਦੀ ਛੋੜ ਆਪਣੇ ਲੇਖੇ ਪਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਗੁਰਨਾਮ ਕੌਰ ਪਿੰਡ ਸੂਸਾਣਾ ਜ਼ਿਲਾ ਹੁਸ਼ਿਆਰ ਪੁਰ ★

ਕਲਜੁਗ ਆਯੂ ਲੱਖ ਚਾਰ ਹਜ਼ਾਰ ਬੱਤੀ, ਸ਼ਾਸਤਰਾਂ ਵਾਲੇ ਦੇਣ ਗਵਾਹੀਆ । ਜਿਨ੍ਹਾਂ ਅੱਖਰਾਂ ਨੇ ਪੁਰਖ ਅਕਾਲ ਵੇਖਿਆ ਨਹੀਂ ਕਮਲਾਪਾਤੀ,

ਨਿਰਗੁਣ ਨੂਰ ਨਾ ਦਰਸ ਪਾਈਆ । ਸੰਦੇਸ਼ਿਆਂ ਵਾਲੀ ਸਮਝਾਉਂਦੇ ਜਗਤ ਪਾਤੀ, ਪਤ੍ਰਕਾ ਧੁਰ ਦੀ ਇਕ ਉਪਜਾਈਆ । ਇਹ ਖੇਲ ਸਾਹਿਬ ਸਮਰਥੀ, ਹਰਿ ਕਰਤਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਕਲਜੁਗ ਆਯੂ ਅੱਖਰਾਂ ਵੰਡ, ਸ਼ਾਸਤਰ ਸ਼ਰਅ ਵਿਚ ਸਮਝਾਈਆ । ਭੇਵ ਜਾਣੇ ਨਾ ਕੋਇ ਸੂਰਾ ਸਰਬੰਗ, ਪੜਦਾ ਸਕੇ ਨਾ ਕੋਇ ਉਠਾਈਆ । ਜਿਸ ਦੇ ਹੁਕਮੇ ਅੰਦਰ ਜੁਗ ਚੌਕੜੀ ਰਹੇ ਲੰਘ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ ।

## ★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਜਸਵੰਤ ਸਿੰਘ ਪਿੰਡ ਭਾਮ ਜ਼ਿਲਾ ਹੁਸ਼ਿਆਰ ਪੁਰ ★

ਕਲਜੁਗ ਆਯੂ ਦੱਸ ਰਹੇ ਬੇਅੰਤ, ਸਿਫ਼ਤਾਂ ਨਾਲ ਵਡਿਆਈਆ । ਜਿਸ ਦਾ ਲਹਿਣਾ ਦੇਣਾ ਆਦਿ ਅੰਤ, ਜੁਗ ਚੌਕੜੀ ਹੁਕਮ ਵਰਤਾਈਆ । ਜੋ ਭਗਤ ਉਧਾਰੇ ਸਾਚੇ ਸੰਤ, ਸਤਿਗੁਰ ਆਪਣੀ ਦਇਆ ਕਮਾਈਆ । ਜੋ ਲੇਖਾ ਜਾਣੇ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋ ਆਦਿ ਜੁਗਾਦਾ ਬੋਧ ਅਗਾਧਾ ਪੰਡਤ, ਧੁਰ ਦੀ ਸਿਖਿਆ ਦਏ ਸਮਝਾਈਆ । ਸੋ ਲੇਖਾ ਜਾਣੇ ਬੇਅੰਤ, ਬੇਪਰਵਾਹ ਬੇਪਰਵਾਹੀਆ । ਜਿਸ ਵੇਲੇ ਅਰਜਨ ਲਿਖਣ ਲੱਗਾ ਗੁਰੂ ਗ੍ਰੰਥ, ਜਗਤ ਨੇਤਰ ਬੰਦ ਕਰਾਈਆ । ਮੇਲਾ ਮਿਲਿਆ ਨਾਲ ਕੰਤ, ਪਤਿਪਰਮੇਸ਼ਵਰ ਜੋੜ ਜੁੜਾਈਆ । ਓਧਰੋਂ ਮਿਲੀ ਇਕੋ ਸੰਥ, ਸਿਖਿਆ ਇਕ ਸੁਣਾਈਆ । ਕੂੜੀ ਕਿਰਿਆ ਲਹਿਣਾ ਚੁੱਕੇ ਚਾਰ ਲੱਖ ਸਹੰਸ, ਭੇਵ ਅਭੇਵ ਵਿਚੋਂ ਪਰਗਟਾਈਆ । ਜਿਸ ਵੇਲੇ ਗੋਬਿੰਦ ਵਾਰਿਆ ਆਪਣਾ ਬੰਸ, ਸਰਬੰਸ ਦਏ ਲੁਟਾਈਆ । ਵਰ ਦੇਵੇ ਚਾਰ ਵਰਨਾਂ ਪੰਥ, ਬਰਨ ਅਠਾਰਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ ।

## ★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਪ੍ਰੀਤਮ ਕੌਰ ਬੁਢੇ ਕੋਟ ਗੁਰਦਾਸਪੁਰ ★

ਸਾਚੀ ਕਰਨੀ ਕਰੇ ਕਰਤਾਰ, ਕਲਜੁਗ ਆਯੂ ਦਏ ਸਮਝਾਈਆ । ਸ਼ਬਦ ਸੰਦੇਸ਼ਾ ਧੁਰ ਦਰਬਾਰ, ਨਰ ਹਰਿ ਸਾਚਾ ਆਪ ਸੁਣਾਈਆ । ਗੋਬਿੰਦ ਸੂਰਾ ਕਰ ਤਿਆਰ, ਡੰਕਾ ਇਕੋ ਇਕ ਵਜਾਈਆ । ਕਲਜੁਗ ਹੋ ਕੇ ਖ਼ਬਰਦਾਰ, ਆਪਣੇ ਬਲ ਲਏ ਅੰਗੜਾਈਆ । ਪੁਰਖ ਅਕਾਲ ਵੇਖਣਹਾਰ, ਨਿਰਗੁਣ ਦਾਤਾ ਬੇਪਰਵਾਹੀਆ । ਜਿਸ ਦੀ ਜੁਗ ਚੌਕੜੀ ਵੱਖਰੀ ਕਾਰ, ਸ਼ਾਸਤਰ ਸਿਮਰਤ ਸਮਝ ਕੋਇ ਨਾ ਪਾਈਆ । ਗੁਰ ਅਵਤਾਰ ਕਰਨ ਨਿਮਸਕਾਰ, ਪੈਗ਼ੰਬਰ ਸੀਸ ਝੁਕਾਈਆ । ਸੋ ਲੇਖਾ ਜਾਣੇ ਧੁਰ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ ।


੬੫੪
੨੦

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਪਰਤਾਪ ਸਿੰਘ ਪਿੰਡ ਸਣੀਆਂ ਵਾਲਾ ★

ਧੁਰ ਸੰਦੇਸ਼ਾ ਕਹੇ ਜਿਸ ਵੇਲੇ ਗੋਬਿੰਦ ਕਸਿਆ ਕਮਰਕਸਾ, ਕਾਸਦ ਸ਼ਬਦੀ ਨਜ਼ਰੀ ਆਈਆ । ਜਿਸ ਦੀਆਂ ਵੇਖਣ ਵਾਲੀਆਂ ਨਹੀਂ ਅੱਖਾਂ, ਮੁਖ ਦੰਦ ਨਾ ਸਿਫ਼ਤ ਸਾਲਾਹੀਆ । ਫ਼ਰਮਾਨਾ ਦੇਵੇ ਧੁਰ ਦਾ ਸੱਚਾ, ਸੁਨੇਹੜਾ ਇਕ ਜਣਾਈਆ । ਸੁਣ ਮੇਰੇ ਲਾਡਲੇ ਬੱਚਾ, ਬੱਚਿਆ ਲੇਖਾ ਤੇਰੀ ਝੋਲੀ ਪਾਈਆ । ਕਲਜੁਗ ਕੂੜੀ ਕਿਰਿਆ ਭਾਂਡਾ ਕੱਚਾ, ਤੇਰੇ ਚਰਨਾਂ ਹੇਠ ਦਬਾਈਆ । ਗੋਬਿੰਦ ਖਿੜ ਖਿੜਾ ਕੇ ਹੱਸਾ, ਤਲੀ ਤਲੀ ਨਾਲ ਠਕਰਾਈਆ । ਪੁਰਖ ਅਕਾਲ ਆਇਆ ਨੱਸਾ, ਨਿਰਗੁਣ ਨਿਰਵੈਰ ਨੂਰ ਜੋਤ ਕਰ ਰੁਸ਼ਨਾਈਆ । ਉਠ ਵੇਖ ਮਦੀਨਾ ਮੱਕਾ, ਕਾਅਬੇ ਪੜਦਾ ਲਾਹੀਆ । ਮੁਹੰਮਦ ਸੁਖ਼ਨ ਕਹੇ ਸੱਚਾ, ਕੂਕ ਕੂਕ ਸੁਣਾਈਆ । ਪਰਵਰਦਿਗਾਰ ਸੋਲਾਂ ਸਹੰਸ ਜੋ ਲੇਖਾ ਤੇਰਾ ਢਕਾ, ਗੋਬਿੰਦ ਚਿੱਲੇ ਨਾਲ ਉਠਾਈਆ । ਸ਼ਬਦੀ ਮੈਨੂੰ ਲਿਖ ਦੇ ਪਟਾ, ਫ਼ਰਮਾਂਬਰਦਾਰੀ ਸੇਵ ਕਮਾਈਆ । ਚੌਦਾਂ ਸਦ ਤੇਰਾ ਲਾਹਾ ਖੱਟਾ, ਖਟਕਾ ਮੇਟ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਣਾ ਆਪ ਸਮਝਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਸਰਦਾਰਾ ਸਿੰਘ ਪਿੰਡ ਰੋੜੇ ਫ਼ਿਰੋਜ਼ਪੁਰ ★

ਕਲਜੁਗ ਕਹੇ ਮੇਰੀ ਆਯੂ ਹਜ਼ਾਰ ਬੱਤੀ ਲੱਖ ਚਾਰ, ਚਾਰੇ ਵੇਦ ਦੇਣ ਗਵਾਹੀਆ । ਚਾਰੇ ਕੁੰਟ ਕਰੇ ਪੁਕਾਰ, ਉੱਤਰ ਪੂਰਬ ਪੱਛਮ ਦੱਖਣ ਕੂਕ ਸੁਣਾਈਆ । ਚਾਰੇ ਵਰਨ ਹਾਹਾਕਾਰ, ਧੀਰਜ ਧੀਰ ਨਾ ਕੋਇ ਰਖਾਈਆ । ਚਾਰੇ ਖਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਚਾਰੇ ਬਾਣੀ ਕਰੇ ਪੁਕਾਰ, ਪਰਾ ਪਸੰਤੀ ਮਧਮ ਬੈਖਰੀ ਦਏ ਦੁਹਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਦੇਣਾ ਪੂਰ ਦਏ ਕਰਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਸ਼ਾਮ ਸਿੰਘ ਪਿੰਡ ਨੰਗਲ ਜ਼ਿਲਾ ਫ਼ਿਰੋਜ਼ਪੁਰ ★

ਕਲਜੁਗ ਕਹੇ ਮੇਰੀ ਆਯੂ ਤੇਰੇ ਹੁਕਮ ਵਾਲੀ ਲੰਬੀ ਸੱਚੀ, ਕਰਮ ਧਾਰ ਦੇ ਸਮਝਾਈਆ । ਜੋ ਤੈਨੂੰ ਭਾਵੇ ਅੱਛੀ, ਚੰਗੀ ਤਰਾ ਦ੍ਰਿੜਾਈਆ । ਕੁਛ ਲੇਖਾ ਜਾਣ ਜਿਸ ਵੇਲੇ ਮਤਸਯ ਰੂਪ ਵਟਾਇਆ ਮੱਛੀ, ਧੜ ਮਾਨਵ ਨਜ਼ਰੀ ਆਈਆ । ਕੁਛ ਲੇਖਾ ਵੇਖ ਜਿਸ ਵੇਲੇ ਮੂਸੇ ਪਈ ਗ਼ਸ਼ੀ, ਕੋਹਤੂਰ ਵਡਿਆਈਆ । ਕੁਛ ਪੜਦਾ ਖੋਲ੍ਹ ਜਿਸ ਵੇਲੇ ਮੁਹੰਮਦ ਬਵੰਜਾ ਸਾਲ ਦਾੜ੍ਹੀ ਕੀਤੀ ਰਤੀ, ਅਗਲਾ ਰੰਗ ਰੰਗਾਈਆ । ਕੁਛ ਸੰਦੇਸ਼ਾ ਬੋਲ ਜਿਸ ਵੇਲੇ ਨਾਨਕ ਪਾਂਧੇ ਪੜ੍ਹਾਈ ਪੱਟੀ, ਬਿਨ ਅੱਖਰਾਂ ਅੱਖਰ ਵਡਿਆਈਆ । ਕੁਛ ਪੂਰਾ ਤੋਲ ਤੋਲ ਜਿਸ ਵੇਲੇ ਅਰਜਨ ਗੁਰ ਕਲਮ ਕਾਗ਼ਜ਼ ਉਤੇ ਰੱਖੀ, ਦਰ ਸਾਚੇ ਸੀਸ ਨਿਵਾਈਆ । ਕੁਛ ਪੜਦਾ ਫੋਲ ਜਿਸ ਵੇਲੇ ਗੋਬਿੰਦ ਮੰਗ ਮੰਗੀ, ਝੋਲੀ ਆਪਣੀ ਅੱਗੇ ਡਾਹੀਆ । ਜਿਸ ਕਾਰਨ ਖੇਲ ਹੋਣਾ ਬਹੁਰੰਗੀ, ਭੇਵ ਕੋਇ ਨਾ ਪਾਈਆ । ਪੁਰਖ ਅਕਾਲ ਕਹੇ ਕਲਜੁਗ ਤੇਰਾ ਲੇਖ ਹੁਕਮੇ ਅੰਦਰ ਮੁਕਾਵਾਂ ਲੱਖ ਚਾਰ ਹਜ਼ਾਰ ਪੰਜੀ, ਨਿਰਗੁਣ ਹੋ

ਕੇ ਆਪਣੇ ਵਿਚ ਛੁਪਾਈਆ । ਕਰਾਂ ਖੇਲ ਸੂਰਾ ਸਰਬੰਗੀ, ਪਰਗਟ ਹੋ ਕੇ ਧੁਰਦਰਗਾਹੀਆ । ਕਲਜੁਗ ਤੇਰੀ ਧਾਰ ਮੇਟਾਂ ਦੋ ਰੰਗੀ, ਕੁੜੰਗੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਤੇਜ ਕੌਰ ਪਿੰਡ ਵਲੂਰ, ਜ਼ਿਲਾ ਫ਼ਿਰੋਜ਼ਪੁਰ ★

ਕਲਜੁਗ ਕਹੇ ਸੁਣ ਮੇਰੇ ਧੁਰ ਦੇ ਯਾਰ, ਦਰ ਤੇਰੇ ਸੀਸ ਨਿਵਾਈਆ । ਮੈਥੋਂ ਭੋਗੇ ਨਹੀਂ ਜਾਣੇ ਲੱਖ ਚਾਰ, ਬੱਤੀ ਹਜ਼ਾਰ ਨਾ ਸੇਵ ਕਮਾਈਆ । ਮੈਂ ਸੂਰਬੀਰ ਬਣਾਂ ਸਿਕਦਾਰ, ਦਰ ਠਾਂਡੇ ਮੰਗ ਮੰਗਾਈਆ । ਝਗੜਾ ਰੱਖਾਂ ਨਾਲ ਗੁਰੂ ਅਵਤਾਰ, ਪੈਗ਼ੰਬਰਾਂ ਦਿਆਂ ਹਲਾਈਆ । ਸ਼ਾਸਤਰਾਂ ਦੀ ਸ਼ਰਅ ਕਰਾਂ ਖੁਆਰ, ਇਹ ਦੇਣੀ ਮਾਣ ਵਡਿਆਈਆ । ਪੜ੍ਹਨ ਸੁਣਨ ਵਾਲੇ ਕਰਨ ਵਿਭਚਾਰ, ਸਾਂਤਕ ਸਤਿ ਧੀਰਜ ਧੀਰ ਨਾ ਕੋਇ ਰਖਾਈਆ । ਸਾਧਾਂ ਸੰਤਾਂ ਅੰਦਰ ਵਾੜ ਦਿਆਂ ਕਾਮ ਕਰੋਧ ਲੋਭ ਮੋਹ ਹੰਕਾਰ, ਸਿੰਘਾਸਣਾਂ ਉਤੇ ਆਸਣ ਦੇਵਾਂ ਡੁਲਾਈਆ । ਦ੍ਰਿਸ਼ਟੀ ਸਰਬ ਕਰਾਂ ਵਿਭਚਾਰ, ਕੁਕਰਮ ਨਾਲ ਕੁੜਮਾਈਆ । ਸੁਹਾਵੇ ਕੋਈ ਨਾ ਸੱਚਾ ਤਾਲ, ਧਰਮਸਾਲ ਨਾ ਕੋਇ ਵਡਿਆਈਆ । ਪੂਰੀ ਹੋਵੇ ਨਾ ਕਿਸੇ ਘਾਲ, ਕੋਟਨ ਕੋਟ ਭੱਜਣ ਵਾਹੋ ਦਾਹੀਆ । ਤ੍ਰੈਗੁਣ ਪਾ ਕੇ ਸਰਬ ਜੰਜਾਲ, ਜਗਜੀਵਣ ਦਾਤਾ ਦਿਆਂ ਭੁਲਾਈਆ । ਪ੍ਰਭੂ ਤੇਰੀ ਸੇਵਾ ਕਰਾਂ ਕਮਾਲ, ਬਹੁਤਾ ਸਮਾਂ ਥੋੜ੍ਹੇ ਵਿਚ ਭੁਗਤਾਈਆ । ਤੂੰ ਮੰਨ ਬੇਨੰਤੀ ਮੇਰਾ ਸਵਾਲ, ਦਰ ਠਾਂਡੇ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ ।



★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਗੁਰਮੇਜ਼ ਕੌਰ ਪਿੰਡ ਮੱਖਣ ਵਿੰਡੀ ਜ਼ਿਲਾ ਅੰਮ੍ਰਿਤਸਰ ★

ਕਲਜੁਗ ਕਹੇ ਮੈਂ ਵੇਖਾਂ ਤੇਰੀ ਧੁਰ ਦੀ ਪੁਰੀ, ਮਿਹਰਵਾਨ ਦਇਆ ਕਮਾਈਆ । ਆਪਣੇ ਨਾਮ ਦੀ ਦੇ ਦੇ ਇਕ ਪੁੜੀ, ਅੰਦਰ ਮੇਰੇ ਦੇ ਟਿਕਾਈਆ । ਹੱਥ ਫੜਾ ਦੇ ਦਵੈਤ ਵਾਲੀ ਛੁਰੀ, ਸ੍ਰਿਸ਼ਟ ਜ਼ਿਬਹ ਦਿਆਂ ਕਰਾਈਆ । ਅਬਿਨਾਸ਼ੀ ਕਰਤੇ ਮੈਂ ਦੁਨੀਆ ਕਰਨੀ ਨਿਗੁਰੀ, ਸ਼ਾਸਤਰਾਂ ਦੀ ਚੱਲਣ ਨਾ ਦੇਵਾਂ ਕੋਇ ਚਤੁਰਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਅੰਦਰ ਧੀ ਭੈਣ ਕੋਈ ਨਾ ਜਾਣੇ ਕੁੜੀ, ਨੇਤਰ ਅੱਖ ਨਾ ਕੋਇ ਸ਼ਰਮਾਈਆ । ਓਸ ਵੇਲੇ ਮੇਰੀ ਬੇੜੀ ਜਾਵੇ ਰੁੜ੍ਹੀ, ਬਹੁਤਾ ਪੰਧ ਨਾ ਕੋਇ ਨਾ ਵਖਾਈਆ । ਕੋਟਾਂ ਵਿਚੋਂ ਤੇਰੇ ਭਗਤ ਦੀ ਸੁਰਤੀ ਹੋਵੇ ਜੁੜੀ, ਜੋੜੀ ਧੁਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਸੁਰਿੰਦਰ ਕੌਰ ਐਚ ਐਮ ਟੀ ਪੰਚੂਆ ਡਿਸਪੈਂਸਰੀ ਪਿੰਡ ਛੀਨਾ ਵਾਲੀ ਜ਼ਿਲਾ ਅੰਮ੍ਰਿਤਸਰ ★

ਕਲਜੁਗ ਕਹੇ ਪ੍ਰਭੂ ਮੈਂ ਬਣਨਾ ਮੰਗਤਾ, ਮੇਰੀ ਝੋਲੀ ਦੇਣੀ ਭਰਾਈਆ । ਮੈਂ ਦੀਨ ਦੁਨੀ ਗੜ੍ਹ ਬਣਾਵਾਂ ਹੰਗਤਾ, ਹੰ ਬ੍ਰਹਮ ਸਰਬ ਭੁਲਾਈਆ ।

ਮੇਰਾ ਝਗੜਾ ਤਨ ਵਜੂਦ ਕਾਇਆ ਮਾਟੀ ਹੋਵੇ ਜੰਗ ਦਾ, ਜੋਧੇ ਅੰਦਰੋਂ ਲਵਾਂ ਪਰਗਟਾਈਆ । ਕਿਸੇ ਦੇ ਅੰਦਰ ਰਸ ਰਹਿਣ ਨਾ ਦੇਵਾਂ ਅਨੰਦ ਦਾ, ਸੁੱਖ ਵਿਚ ਨਾ ਕੋਇ ਸਮਾਈਆ । ਨਿਸ਼ਾਨਾ ਅੰਦਰੋਂ ਮਿਟਾਵਾਂ ਸੂਰੀਆ ਚੰਦ ਦਾ, ਤਾਰਾ ਮੰਡਲ ਨਾ ਕੋਇ ਰੁਸ਼ਨਾਈਆ । ਪੜਦਾ ਪਾ ਕੇ ਦਵੈਤੀ ਕੰਧ ਦਾ, ਭਰਮਾਂ ਵਿਚ ਦਿਆਂ ਭੁਲਾਈਆ । ਪੁਰਖ ਅਕਾਲ ਦੀਨ ਦਿਆਲ ਕੂੜੀ ਕਿਰਿਆ ਵਿਚ ਚਾਰ ਲੱਖ ਮੈਥੋਂ ਨਾ ਲੰਘਦਾ, ਹਜ਼ਾਰ ਬੱਤੀ ਨਾ ਸੇਵ ਕਮਾਈਆ । ਮੈਨੂੰ ਰਸਤਾ ਦੱਸ ਮੇਰੇ ਪੰਧ ਦਾ, ਛੇਤੀ ਦਿਆਂ ਵਖਾਈਆ । ਤੂੰ ਸਦਾ ਟੁੱਟੀਆਂ ਗੰਢਦਾ, ਵਡ ਦਾਤਾ ਬੇਪਰਵਾਹੀਆ । ਤੇਰਾ ਲੇਖਾ ਕੋਟ ਬ੍ਰਹਿਮੰਡ ਦਾ, ਪੁਰੀ ਲੋਅ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਮਿਲਖਾ ਸਿੰਘ ੩੬ ਜੇ੦ ਬੀ੦ ਪਿੰਡ ਗੰਗਾ ਨਗਰ ★

ਪੁਰਖ ਅਕਾਲ ਕਿਹਾ ਸੁਣ ਕਲਜੁਗ ਮੇਰੇ ਨੰਨ੍ਹੇ ਬਾਲ, ਹੁਕਮ ਦਿਆਂ ਸੁਣਾਈਆ । ਜਗਤ ਚਲਣੀ ਅਵੱਲੜੀ ਚਾਲ, ਨਿਰਾਲੀ ਇਕ ਦਰਸਾਈਆ । ਦ੍ਰਿਸ਼ਟੀ ਕਰਨੀ ਬੇਹਾਲ, ਸ੍ਰਿਸ਼ਟੀ ਸੁਧ ਰਹੇ ਨਾ ਰਾਈਆ । ਝਗੜਾ ਪਾਉਣਾ ਨਾਲ ਗੁਰੂ ਅਵਤਾਰ, ਪੈਗ਼ੰਬਰਾਂ ਦੇਣਾ ਹਿਲਾਈਆ । ਗ੍ਰੰਥਾਂ ਸਕੇ ਨਾ ਕੋਇ ਵਿਚਾਰ, ਵਿਦਿਆ ਜਗਤ ਕਰ ਹਲਕਾਈਆ । ਸ਼ਾਸਤਰਾਂ ਰਹੇ ਨਾ ਕੋਇ ਪਿਆਰ, ਆਸਤਕ ਨਾਸਤਕ ਰੂਪ ਵਟਾਈਆ । ਮਮਤਾ ਵਿਚ ਕਰਨੇ ਗ੍ਰਿਫ਼ਤਾਰ, ਮੋਹ ਵਿਚ ਫਸਾਈਆ । ਸੰਨਿਆਸੀ ਰਹੇ ਨਾ ਕੋਇ ਆਚਾਰ, ਸੁਰਤ ਸ਼ਬਦ ਨਾ ਕੋਇ ਜੁੜਾਈਆ । ਚਾਰ ਕੁੰਟ ਸਤਿ ਧਰਮ ਦਾ ਥੋੜ੍ਹਾ ਅਖਤਿਆਰ, ਮੁਖਤਿਆਰ ਮੈਨੂੰ ਦਿਤਾ ਬਣਾਈਆ । ਮੁਹੱਬਤ ਰਹੇ ਨਾ ਕਿਸੇ ਯਾਰ, ਨਾਰ ਕੰਤ ਪਵੇ ਲੜਾਈਆ । ਮਾਤ ਪਿਤ ਪਿਤਾ ਪੂਤ ਕੋਇ ਨਾ ਦੇਵੇ ਧਾਰ, ਧਰਮ ਦਵਾਰਾ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸੁਣ ਕੇ ਬਚਨ ਲੱਖ ਚਾਰ ਪਿਆ ਰੋ, ਹਜਾਰ ਬੱਤੀ ਦਏ ਦੁਹਾਈਆ । ਕਲਜੁਗ ਅੱਗੇ ਗਿਆ ਹੋ, ਹੋਕਾ ਦੇ ਸੁਣਾਈਆ । ਪੁਰਖ ਅਕਾਲ ਕਿਹਾ ਤੁਸਾਂ ਦੋਹਾਂ ਹੋਣਾ ਨਿਰਮੋਹ, ਮੁਹੱਬਤ ਜਗਤ ਨਾ ਕੋਇ ਬਣਾਈਆ । ਮੈਂ ਸਾਚਾ ਢੋਆ ਦੇਵਾਂ ਢੋਅ, ਵੇਲੇ ਵਕਤ ਨਾਲ ਦੇਵਾਂ ਵਡਿਆਈਆ । ਸਤਿ ਧਰਮ ਈਮਾਨ ਇਸ਼ਟ ਦ੍ਰਿਸ਼ਟੀ ਵਿਚੋਂ ਸਭ ਦਾ ਲਵਾਂ ਖੋਹ, ਖ਼ਾਲੀ ਕਰਾਂ ਲੋਕਾਈਆ । ਗੁਰੂ ਚੇਲਾ ਇਕ ਦੂਜੇ ਨਾਲ ਕਰੇ ਧਰੋਹ, ਦਰੋਹੀ ਦਰੋਹੀ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਵਚਿੰਤ ਕੌਰ ਪਿੰਡ ਰੁੜਕਾ ਜ਼ਿਲਾ ਜਲੰਧਰ ★

ਸਚ ਸੰਦੇਸ਼ਾ ਸੁਣਾਵੇ ਇਕ ਇਕੱਲਾ, ਇਕੋ ਵਾਰ ਦ੍ਰਿੜਾਈਆ । ਜਿਸ ਨੂੰ ਮੰਨਦੇ ਧੁਰ ਦਾ ਅੱਲਾ, ਆਲਮੀਨ ਅਖਵਾਈਆ । ਸਚ ਸੰਦੇਸ਼ਾ ਤਿਸ ਨੇ ਘੱਲਾ, ਮੁਹੰਮਦ ਦਿਤਾ ਜਣਾਈਆ । ਸਦੀ ਚੌਧਵੀਂ ਫੜ ਲੈ ਪੱਲਾ, ਗੰਢ ਨਿਰਗੁਣ ਧਾਰ ਪਵਾਈਆ । ਫੇਰ ਹੋਣਾ ਅਛਲ ਅਛੱਲਾ, ਵਲ ਛਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ ।


੬੫੭
੨੦

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਅਜੀਤ ਕੌਰ ਪਿੰਡ ਕੜਾਲਾ ਜ਼ਿਲਾ ਕਪੂਰਥਲਾ ★

ਚਾਰ ਲੱਖ ਬੱਤੀ ਹਜ਼ਾਰ ਰੋ ਕੇ ਮਾਰੇ ਧਾਹ, ਹਾਏ ਉਫ਼ ਸੁਣਾਈਆ । ਸ਼ਾਸਤਰ ਸਿਮਰਤ ਸਾਡਾ ਭੇਵ ਜਾਣੇ ਕੋਈ ਨਾ, ਪੜਦਾ ਅੰਦਰੋਂ ਨਾ ਕੋਇ ਉਠਾਈਆ । ਬਾਹਰੋਂ ਲਿਖਤੀ ਬਣੇ ਗਵਾਹ, ਨਿਰਗੁਣ ਧਾਰ ਲਹਿਣਾ ਦੇਣਾ ਨਾ ਕੋਇ ਭੁਗਤਾਈਆ । ਬਹੁੜੀ ਪ੍ਰਭ ਨੇ ਆਪਣਾ ਹੁਕਮ ਦੇਣਾ ਵਰਤਾ, ਸਾਡੀ ਚਲੇ ਨਾ ਕੋਇ ਚਤੁਰਾਈਆ । ਲੇਖਾ ਜਾਣੇ ਨੂਰੀ ਖ਼ੁਦਾ, ਖ਼ੁਦ ਮਾਲਕ ਧੁਰਦਰਗਾਹੀਆ । ਜਿਤਨੀ ਆਯੂ ਚਾਹੇ ਉਤਨੀ ਲਏ ਭੁਗਤਾ, ਹੁਕਮੇ ਅੰਦਰ ਹੁਕਮ ਬਦਲਾਈਆ । ਜਿਵੇਂ ਪਾਪੀਆਂ ਤੋਂ ਭਗਤ ਲਏ ਬਣਾ, ਮਿਹਰ ਨਜ਼ਰ ਉਠਾਈਆ । ਏਸੇ ਤਰਹ ਕਲਜੁਗ ਦੀ ਦੁਰਮਤ ਮੈਲ ਛੇਤੀ ਦਏ ਧਵਾ, ਜੋ ਚਲ ਆਇਆ ਸਰਨਾਈਆ । ਜਿਸ ਨੇ ਚਾਰ ਲੱਖ ਹਜ਼ਾਰ ਬੱਤੀ ਦਿਤੇ ਲਿਖਾ, ਓਸੇ ਨੇ ਅੱਗੇ ਸਭ ਦਾ ਲੇਖਾ ਦੇਣਾ ਮੁਕਾਈਆ । ਮੁਹੰਮਦ ਬਣਾਇਆ ਗਵਾਹ, ਨਾਨਕ ਨਿਰਗੁਣ ਨਾਲ ਰਲਾ, ਗੋਬਿੰਦ ਸ਼ਹਾਦਤ ਇਕ ਬਣਾਈਆ । ਜਿਸ ਨੂੰ ਸਮਝੇ ਕੋਈ ਨਾ ਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਕਰਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਹਜ਼ਾਰਾ ਸਿੰਘ ਪਿੰਡ ਪੰਡੋਰੀ ਜ਼ਿਲਾ ਅੰਮ੍ਰਿਤਸਰ ★

ਸ਼ਾਸਤਰਾਂ ਉਤੇ ਜੋ ਲਿਖਿਆ, ਉਹ ਲੇਖ ਅੱਗੇ ਨਾ ਕੁਛ ਬਤਾਈਆ । ਓਸੇ ਨੂੰ ਪੜ੍ਹ ਪੜ੍ਹ ਆਪ ਲੈਂਦੇ ਸਿਖਿਆ, ਸਾਖਿਆਤ ਪ੍ਰਭ ਦਾ ਦਰਸ ਕੋਇ ਨਾ ਪਾਈਆ । ਜਿਸ ਨੇ ਜਗਤ ਜਹਾਨ ਦੱਸਿਆ ਮਿਥਿਆ, ਜਿਸ ਵੇਲੇ ਚਾਹੇ ਜੁਗ ਦਏ ਬਦਲਾਈਆ । ਆਪਣਾ ਖੇਲ ਆਪੇ ਨਜਿਠਿਆ, ਜੁਗ ਚੌਕੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਚਰਨੋ ਪਿੰਡ ਭੁੱਸੇ ਜ਼ਿਲਾ ਅੰਮ੍ਰਿਤਸਰ ★

ਜੇ ਪੁਛੋ ਪ੍ਰਭ ਕਿਉਂ ਕਰੇ ਜਲਦੀ, ਛੇਤੀ ਵਕਤ ਮੁਕਾਈਆ । ਹੁਕਮੇ ਅੰਦਰ ਚਾਰ ਕੁੰਟ ਅੱਗ ਬਲਦੀ, ਸ਼ਾਸਤਰ ਸਕੇ ਨਾ ਕੋਇ ਸਮਝਾਈਆ । ਕਿਸੇ ਖ਼ਬਰ ਨਹੀਂ ਅਗਲੇ ਪਲ ਦੀ, ਪੜਦਾ ਸਕੇ ਨਾ ਕੋਇ ਉਠਾਈਆ । ਇਹ ਧਾਰ ਨਿਹਚਲ ਧਾਮ ਅਟਲ ਦੀ, ਦਰਗਾਹ ਸਾਚੀ ਸਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦ੍ਰਿੜਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਬੰਸ ਸਿੰਘ ਚੌਕ ਮੋਨੀ ਕਰੋੜੀ ਗਲੀ ਬੂਟਾ ਸਿੰਘ ਵਾਲੀ ਜ਼ਿਲਾ ਅੰਮ੍ਰਿਤਸਰ ★

ਸਾਚਾ ਹੁਕਮ ਕਹੇ ਮੈਂ ਆ ਗਿਆ, ਆਇਆ ਧੁਰਦਰਗਾਹ । ਕਲਜੁਗ ਸਿਖਿਆ ਜੋ ਸਿਖ਼ਾ ਗਿਆ, ਨਿਰਗੁਣ ਸਰਗੁਣ ਬਣ ਮਲਾਹ । ਗੁਰ ਅਵਤਾਰਾਂ ਜੋ ਲੜਾ ਗਿਆ, ਪੈਗ਼ੰਬਰਾਂ ਝਗੜਾ ਪਾ । ਸ਼ਾਸਤਰਾਂ ਦੇ ਪਿਛੋਂ ਅੰਜੀਲ ਬਾਈਬਲ ਜੋ ਲਿਖਾ ਗਿਆ, ਸਿਫ਼ਤਾਂ ਨਾਲ ਸਾਲਾਹ ।

ਗੁਰੂ ਗ੍ਰੰਥ ਗੰਢ ਪਵਾ ਗਿਆ, ਅਗਲਾ ਰੰਗ ਚੜ੍ਹਾ । ਜੋ ਗੋਬਿੰਦ ਵੇਸ ਵਟਾ ਗਿਆ, ਵਰਨਾਂ ਬਰਨਾਂ ਡੇਰਾ ਢਾਹ । ਜਿਸ ਤਰ੍ਹਾ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਭ ਦੇ ਉਤੇ ਚੋਟੀ ਆਪ ਰਖਾ ਗਿਆ, ਮੁੱਛ ਦਾਹੜੀ ਕੇਸ ਸੁਹਾ । ਏਸੇ ਤਰ੍ਹਾਂ ਕਲਜੁਗ ਵਿਚੋਂ ਸਤਿਜੁਗ ਆਪ ਬਦਲਾ ਰਿਹਾ, ਜਿਸ ਨੂੰ ਸਮਝੇ ਕੋਈ ਨਾ । ਓਸੇ ਦਾ ਹੁਕਮ ਜੋ ਹੁਕਮੇ ਅੰਦਰ ਸਭ ਕੁਛ ਲਿਖਾ ਰਿਹਾ, ਲੇਖਾ ਅਗਲਾ ਮੇਟੇ ਕੋਈ ਨਾ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਭ ਕੁਛ ਬਣਾ ਰਿਹਾ, ਆਪੇ ਸਭ ਦੇ ਪੜਦੇ ਦਏ ਉਠਾ । ਕਿਉਂ ਹਰ ਘਟ ਦੇ ਅੰਦਰ ਡੇਰਾ ਲਾ ਲਿਆ, ਬ੍ਰਹਮ ਰੂਪ ਰੁਸ਼ਨਾ । ਧੁਰ ਦਾ ਸ਼ਬਦ ਇਕ ਆਵਾਜ਼ ਸੁਣਾ ਰਿਹਾ, ਲੱਖ ਚੁਰਾਸੀ ਨਾਲ ਆਪਣਾ ਇਕ ਉਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਮਹਿੰਦਰ ਸਿੰਘ ਪਿੰਡ ਬੁਘੇ ਜ਼ਿਲਾ ਅੰਮ੍ਰਿਤਸਰ ★

ਜੇ ਪੁਛੋ ਕਲਜੁਗ ਦੀ ਕੀ ਨਿਸ਼ਾਨੀ, ਅੰਤ ਦਿਆਂ ਸਮਝਾਈਆ । ਸਭ ਦੀ ਜੂਹ ਹੋਈ ਬੇਗਾਨੀ, ਘਰ ਦਾ ਮਾਲਕ ਨਜ਼ਰ ਕੋਇ ਨਾ ਆਈਆ । ਆਪਣਾ ਭੇਵ ਸਮਝੇ ਨਾ ਕੋਇ ਪ੍ਰਾਣੀ, ਸ਼ਾਸਤਰ ਪੁਰਾਨ ਪੜ੍ਹ ਕੇ ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਜਿਹੜੀ ਮੰਜ਼ਲ ਪ੍ਰਭ ਨੇ ਰੱਖੀ ਆਸਾਨੀ, ਤਿਸ ਪਿਛੇ ਦੀਵਾਨੀ ਹੋਏ ਲੋਕਾਈਆ । ਇਹ ਖੇਲ ਨਿਰਮਲ ਨਿਰਵੈਰ ਰੁਹਾਨੀ, ਰੂਹ ਬੁਤ ਮਿਲ ਕੇ ਵੱਜੇ ਵਧਾਈਆ । ਸ਼ਾਸਤਰ ਰੂਪ ਜਿਵੇਂ ਤਤ ਵਜੂਦ ਜਿਸਮਾਨੀ, ਜੋ ਹੋਵਣ ਵਾਲਾ ਫ਼ਾਨੀ, ਜੋ ਵਿਦਿਆ ਦਾ ਵਿਦਵਾਨੀ, ਬ੍ਰਹਮ ਗਿਆਨੀ ਦੀ ਪਰੇ ਧਾਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਭਜਨ ਸਿੰਘ ਪਿੰਡ ਧੰਗਾਲੀ ਜ਼ਿਲਾ ਜੰਮੂ ★

ਕਲਜੁਗ ਦੇ ਅੰਤਮ ਕੀ ਹੋਵੇ ਵਿਹਾਰ, ਸਾਰੇ ਮਸਤਕ ਹੱਥ ਰੱਖ ਕੇ ਸੋਚਾਂ ਵਿਚ ਸੋਚ ਰਹੇ ਟਿਕਾਈਆ । ਕੋਈ ਅੰਦਰ ਵੜ ਕੇ ਮੰਦਰ ਚੜ੍ਹ ਕੇ ਸਚ ਦਵਾਰੇ ਪਾਵੇ ਕੋਈ ਨਾ ਸਾਰ, ਮਹਾਂਸਾਰਥੀ ਕੀ ਕੀ ਆਪਣੀ ਬਣਤ ਬਣਾਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਕੋਟਨ ਕੋਟ ਉਤਰੇ ਪਾਰ, ਲੇਖਾ ਸਭ ਦਾ ਦਏ ਮੁਕਾਈਆ । ਕਰਮ ਕੁਕਰਮ ਧਰਮ ਅਧਰਮ ਵੇਖੇ ਵੇਖਣਹਾਰ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਉਪਜਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਸਵਰਨੋ ਪਿੰਡ ਕਿਰਤੋ ਵਾਲ ਢਾਏ ਵਾਲ ਜ਼ਿਲਾ ਅੰਮ੍ਰਿਤਰ ★

ਕਲਜੁਗ ਅੰਤ ਅਖ਼ੀਰੀ ਕਿਉਂ ਆਇਆ ਆਖ਼ਰ, ਅੱਖਰ ਦੇਣ ਦੁਹਾਈਆ । ਜਿਸ ਵੇਲੇ ਗੋਬਿੰਦ ਪਹਿਲੇ ਦਿਨ ਨੀਲੇ ਉਤੇ ਪਾਈ ਪਾਖਰ,

ਆਸਣ ਇਕ ਸੁਹਾਈਆ । ਓਸ ਵੇਲੇ ਪੁਰਖ ਅਕਾਲ ਬਣ ਕੇ ਕਾਤਬ, ਬਿਨ ਅੱਖਰਾਂ ਜੋੜ ਦਿਤਾ ਜੁੜਾਈਆ । ਨਿਰਗੁਣ ਧਾਰ ਬਣ ਕੇ ਵਾਕਫ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਕੂੜੀ ਕਿਰਿਆ ਵਧਾਉਣੀ ਤਾਕਤ, ਜ਼ੋਰ ਬਲ ਨਾਲ ਉਪਜਾਈਆ । ਜਿਸ ਨੇ ਛੇਤੀ ਛੇਤੀ ਵਿਦਵਾਨਾਂ ਦੀ ਬਦਲ ਦੇਣੀ ਲਿਆਕਤ, ਅਕਲ ਦੀ ਚਲੇ ਨਾ ਕੋਇ ਚਤੁਰਾਈਆ । ਦੀਨ ਦੁਨੀਆ ਕਰਨੀ ਸਾਕਤ, ਨਿੰਦਕ ਦੁਸ਼ਟ ਦੁਰਾਚਾਰ ਬਦਲਾਈਆ । ਸੱਚਾ ਰਹੇ ਕੋਈ ਨਾ ਆਸ਼ਕ, ਮਾਸ਼ੂਕ ਮਸ਼ਵਰਾ ਨਾ ਕੋਇ ਸਮਝਾਈਆ । ਕੁਛ ਹੋਰ ਲੇਖਾ ਜਿਸ ਵੇਲੇ ਵਿਸ਼ਨੂੰ ਚਰਨ ਧਰਿਆ ਉਤੇ ਬਾਸ਼ਕ, ਸ਼ੇਸ਼ ਦਿਤੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਤਾਰਾ ਸਿੰਘ ਪਿੰਡ ਗੁੰਮਟੀ ਜ਼ਿਲਾ ਬਠਿੰਡਾ ★

ਕਲਜੁਗ ਕਹੇ ਬਾਸ਼ਕ ਮਾਰ ਰਿਹਾ ਫੂਕ, ਸਾਂਗੋਂ ਪਾਂਗ ਰਿਹਾ ਹਿਲਾਈਆ । ਕਲਜੁਗ ਥੱਲੇ ਰਿਹਾ ਕੂਕ, ਕੂਕ ਕੂਕ ਸੁਣਾਈਆ । ਵੇਖੋ ਖੇਲ ਪੰਜ ਭੂਤ, ਤਤ ਵਜੂਦ ਹੋਵੇ ਲੜਾਈਆ । ਝਗੜਾ ਦਿਸੇ ਚਾਰੇ ਕੂਟ, ਸਾਂਤਕ ਸਤਿ ਨਾ ਕੋਇ ਕਰਾਈਆ । ਸ਼ਾਸਤਰ ਸਿਮਰਤ ਜਿਸ ਦਾ ਦੇਂਦੇ ਗਏ ਸਬੂਤ, ਸਿਫ਼ਤਾਂ ਵਿਚ ਸਾਲਾਹੀਆ । ਉਹ ਮਾਲਕ ਮਹਿਬੂਬ, ਮਿਹਰਵਾਨ ਅਖਵਾਈਆ । ਕਲਜੁਗ ਕੂੜੀ ਕਿਰਿਆ ਮੇਟੇ ਹੋ ਮੌਜੂਦ, ਨਿਰਗੁਣ ਆਪਣਾ ਵੇਸ ਵਟਾਈਆ । ਅੰਤ ਕਰਕੇ ਨੇਸਤੋ ਨਾਬੂਦ, ਜੜ੍ਹ ਦਏ ਉਖੜਾਈਆ । ਸਤਿਜੁਗ ਉਠਾਵੇ ਆਪਣਾ ਪੂਤ, ਸਪੂਤਾ ਇਕ ਜਗਾਈਆ । ਨਾਲ ਦੇ ਕੇ ਸ਼ਬਦ ਦੂਤ, ਦੋ ਜਹਾਨਾਂ ਦਏ ਫਿਰਾਈਆ । ਪਿਛਲਾ ਲੇਖਾ ਕਰ ਮੌਕੂਫ਼, ਕੁਫ਼ਲ ਅੰਦਰੋਂ ਤਾਲੇ ਦਏ ਖੁਲ੍ਹਾਈਆ । ਭਾਗ ਲਗਾ ਕੇ ਕਾਇਆ ਕੂਟ, ਕੁਟੀਆ ਸਾਚੀ ਕਰੇ ਰੁਸ਼ਨਾਈਆ । ਝਗੜਾ ਮੁਕਾ ਕੇ ਜੂਠ ਝੂਠ, ਸਤਿ ਸਚ ਵਿਚ ਸਮਾਈਆ । ਮਿਹਰਵਾਨ ਆਪੇ ਤੁਠ, ਦਇਆਵਾਨ ਦਇਆ ਕਮਾਈਆ । ਭਾਗ ਲਗਾ ਕੇ ਕਾਇਆ ਮਾਟੀ ਬੁਤ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਕਿਸ਼ਨ ਜੀਤ ਸਿੰਘ ਪਿੰਡ ਲੁਹਾਰਾ ਜ਼ਿਲਾ ਜਲੰਧਰ ★

ਪੁਰਖ ਅਕਾਲ ਕਹੇ ਮੇਰਾ ਖੇਲ ਅਨੋਖਾ, ਅਨੁਭਵ ਵਿਚ ਰਖਾਈਆ । ਸਿਫ਼ਤਾਂ ਵਾਲਾ ਸ਼ਾਸਤਰ ਸਿਮਰਤ ਵੇਦ ਪੁਰਾਨ ਧੁਰ ਦਾ ਪੋਥਾ, ਗ੍ਰੰਥਾਂ ਨਾਲ ਵਡਿਆਈਆ । ਮੇਰੇ ਨਾਮ ਦਾ ਦੇਵਣਹਾਰਾ ਹੋਕਾ, ਜੋ ਸੰਦੇਸ਼ਾ ਦਿਆਂ ਸੁਣਾਈਆ । ਅੱਗੇ ਦਾ ਜਾਣੇ ਕੋਈ ਨਾ ਮੌਕਾ, ਕੀ ਕਰਤਾ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟੀ ਦ੍ਰਿਸ਼ਟੀ ਦਏ ਬਦਲਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਮੋਹਣ ਸਿੰਘ ਪਿੰਡ ਕਾਦੀਆਂ ਜ਼ਿਲਾ ਗੁਰਦਾਸਪੁਰ ★

ਜੁਗ ਬਦਲਣਾ ਧੁਰ ਦੀ ਰੀਤ, ਰੀਤੀਵਾਨ ਜਣਾਈਆ । ਰਾਤੀ ਸੁਤਿਆਂ ਦਿਨੇ ਉਠਦਿਆਂ ਸਭ ਦੀ ਬਦਲ ਦੇਵੇ ਨੀਤ, ਬਦਲੀ ਵਿਚ ਦੇਰ ਨਾ ਕੋਈ ਲਗਾਈਆ । ਸਵਾਮੀ ਹੋ ਕੇ ਵਸੇ ਚੀਤ, ਚੇਤਨ ਕਰ ਕੇ ਲਏ ਜਗਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਸੋਹੰ ਧਾਰ ਵਿਚ ਸਮਾਈਆ । ਨਿਰਗੁਣ ਨਿਰਵੈਰ ਨਿਰਾਕਾਰ ਅਤੀਤ, ਠਾਂਡੇ ਸੀਤ ਦਏ ਕਰਾਈਆ । ਮਨ ਵਾਸਨਾ ਗੁਰਮੁਖ ਜਾਵਣਾ ਜੀਤ, ਜਗਤ ਜੋਗ ਜੁਗਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਗਿਆਨ ਚੰਦ ਪੂਨਾ ਸ਼ਹਿਰ ★

ਚਾਰ ਲੱਖ ਹਜ਼ਾਰ ਬੱਤੀ ਹੁਕਮੇ ਅੰਦਰ ਮੁਕੇ ਪੰਧ, ਸਾਲ ਬਸਾਲ ਰੂਪ ਨਾ ਕੋਇ ਵਟਾਈਆ । ਇਹ ਖੇਲ ਸੂਰੇ ਸਰਬੰਗ, ਆਦਿ ਜੁਗਾਦਿ ਆਪਣੇ ਹੱਥ ਰਖਾਈਆ । ਸਤਿਜੁਗ ਸਾਚਾ ਦਏ ਅਨੰਦ, ਅਨੰਦ ਆਤਮਾ ਵਿਚ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਸਭ ਦਾ ਹੋਵੇ ਛੰਦ, ਨੌ ਖੰਡ ਦਏ ਸਮਝਾਈਆ । ਕੂੜੀ ਕਿਰਿਆ ਮੇਟੇ ਪੰਧ, ਸਤਿ ਸਚ ਜਗਤ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਪਰਗਟਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਨਰਿੰਦਰ ਜੀਤ ਕੌਰ ਪਿੰਡ ਖਤਿਆਰ ਪੁਰ ਜ਼ਿਲਾ ਸ਼ਾਹਜਹਾਨ ਪੁਰ ਯੂ० ਪੀ० ★

ਸਤਿਜੁਗ ਸਾਚਾ ਮਾਤਲੋਕ ਜਾਵੇ ਲੱਗ, ਲਾਗਤ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਅੰਦਰ ਪ੍ਰੇਮ ਸਤਾਰ ਜਾਏ ਵੱਜ, ਅਨਹਦ ਨਾਦੀ ਨਾਦ ਸੁਣਾਈਆ । ਬਿਨ ਮੱਕੇ ਕਾਅਬਿਉਂ ਕਾਇਆ ਕਾਅਬੇ ਹੋਵੇ ਹੱਜ, ਹਜ਼ਰਤ ਮਿਲੇ ਧੁਰਦਰਗਾਹੀਆ । ਅੰਮ੍ਰਿਤ ਜਾਮ ਨਿਝਰ ਧਾਰ ਪਿਆਏ ਰੱਜ, ਕੂੜੀ ਤ੍ਰਿਸ਼ਨਾ ਭੁੱਖ ਮਿਟਾਈਆ । ਆਤਮ ਪਰਮਾਤਮ ਪਰਮਾਤਮ ਆਤਮ ਏਕਾ ਰੂਪ ਰੰਗ, ਰੰਗਤ ਆਪਣੀ ਦਏ ਚੜ੍ਹਾਈਆ । ਸੇਜ ਸੁਹੰਜਣੀ ਵੇਖ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਸ਼ਬਦ ਅਨਾਦ ਵਜਾ ਮਰਦੰਗ, ਮਰਦ ਮਰਦਾਨਾ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸੰਦੇਸ਼ਾ ਇਕ ਸੁਣਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਸਰਜੀਤ ਕੌਰ ਪਿੰਡ ਵੇਗੇ ਪੁਰ ਜ਼ਿਲਾ ਅੰਮ੍ਰਿਤਸਰ ★

ਨਾਮ ਸੰਦੇਸ਼ਾ ਦੇਵੇ ਹਰ ਘਟ ਭੀਤਰ, ਗ੍ਰਿਹ ਗ੍ਰਿਹ ਆਪ ਜਣਾਈਆ । ਕੰਚਨ ਸੋਨਾ ਕਰੇ ਪੀਤਲ, ਪੀਤ ਪੀਤੰਬਰ ਆਪ ਸੁਹਾਈਆ । ਧੁਰਦਰਗਾਹੀ ਠਾਕਰ ਮੀਤਲ, ਮਿਤਰ ਪਿਆਰਾ ਦਇਆ ਕਮਾਈਆ । ਸਾਚੇ ਨਾਮ ਦਾ ਦੱਸ ਕੀਰਤਨ, ਕਿਰਤੀਆਂ ਕਿਰਤ ਇਕ ਸਮਝਾਈਆ ।

ਹੁਕਮੇ ਅੰਦਰ ਲੱਖ ਚਾਰ ਹਜ਼ਾਰ ਬੱਤੀ ਬੀਤਨ, ਬੈਤੁਲ ਧਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੋਹਣਾ ਇਕ ਉਪਜਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਗੁਰਦਾਸ ਮਲ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ★

ਘਰ ਸੋਹਣਾ ਸੁਹੰਜਣਾ, ਠਾਂਡਾ ਧੁਰ ਦਰਬਾਰ । ਜਿਸ ਗ੍ਰਿਹਿ ਪਰਕਾਸ਼ ਹੋਵੇ ਆਦਿ ਨਿਰੰਜਣਾ, ਨਿਰਗੁਣ ਨੂਰ ਨੂਰ ਉਜਿਆਰ । ਠਾਕਰ ਸਵਾਮੀ ਵਸੇ ਦਰਦ ਦੁੱਖ ਭੈ ਭੰਜਨਾ, ਪਤਿਪਰਮੇਸ਼ਵਰ ਪਰਵਰਦਿਗਾਰ । ਓਸੇ ਦੇ ਹੁਕਮੇ ਅੰਦਰ ਕਲਜੁਗ ਮਾਤ ਲੰਘਣਾ, ਸਿਰ ਸਕੇ ਨਾ ਕੋਇ ਉਠਾਲ । ਸਤਿਜੁਗ ਸਾਚਾ ਦੀਪਕ ਜਗਣਾ, ਅੰਧ ਅੰਧੇਰਾ ਮਿਟੇ ਗੁਬਾਰ । ਡੰਕਾ ਵੱਜੇ ਵਿਚ ਬ੍ਰਹਿਮੰਡਨਾ, ਵਰਭੰਡ ਕਰੇ ਖ਼ਬਰਦਾਰ । ਲੇਖਾ ਧੁਰ ਸੂਰੇ ਸਰਬੰਗਨਾ, ਖੇਲ ਕਰੇ ਨਿਰਗੁਣ ਨਿਰਵੈਰ ਨਿਰਾਕਾਰ । ਸਚ ਪਰਕਾਸ਼ ਦੇਵੇ ਚੰਦਨਾ, ਕਾਇਆ ਮਾਟੀ ਹੋ ਉਜਿਆਰ । ਸ੍ਰਿਸ਼ਟ ਸਬਾਈ ਦੱਸੇ ਬੰਦਨਾ, ਬੰਦੀਖਾਨਾ ਤੋੜ ਗੜ੍ਹ ਹੰਕਾਰ । ਨਾਮ ਭੰਡਾਰਾ ਸਾਚਾ ਵੰਡਨਾ, ਦੀਨ ਦੁਨੀ ਬਣਾਏ ਯਾਰ । ਪਿਛਲੀ ਕਿਰਿਆ ਮੁੱਕੇ ਬੰਦਨਾ, ਅਗਲਾ ਸਤਿ ਧਰਮ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ ।



★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਰੋਸ਼ਨ ਲਾਲ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ★

ਕਰਤਾਰ ਕਹੇ ਮੈਂ ਕਰਨੀ ਦਾ ਕਰਤਾ, ਕੁਦਰਤ ਮੇਰੀ ਧਾਰ ਨਜ਼ਰੀ ਆਈਆ । ਜੁਗ ਚੌਕੜੀ ਮੇਰਾ ਬਰਦਾ, ਦਰ ਠਾਂਡੇ ਸੀਸ ਨਿਵਾਈਆ । ਹੁਕਮੇ ਅੰਦਰ ਘਲਦਾ, ਹੁਕਮੇ ਅੰਦਰ ਸਦ ਵਖਾਈਆ । ਜਿਵੇਂ ਮਾਤਾ ਕੁੱਖੋਂ ਬਾਲ ਜੰਮਦਾ, ਆਯੂ ਵੱਡੀ ਛੋਟੀ ਕਰ ਵਖਾਈਆ । ਜਿਵੇਂ ਭਰਵਾਸਾ ਨਹੀਂ ਕਿਸੇ ਮਾਟੀ ਚੰਮ ਤਨ ਦਾ, ਆਯੂ ਮਾਨਵ ਸੌ ਸਾਲ ਤੋੜ ਨਾ ਕੋਇ ਨਿਭਾਈਆ । ਏਸੇ ਤਰ੍ਹਾਂ ਕਲਜੁਗ ਕੂੜੀ ਕਿਰਿਆ ਹੁਕਮੇ ਅੰਦਰ ਭੰਨਦਾ, ਹੁਕਮਰਾਨ ਧੁਰਦਰਗਾਹੀਆ । ਜੋ ਪੁਰਖ ਅਕਾਲ ਕੱਚਾ ਨਹੀਂ ਕੰਨ ਦਾ, ਆਪਣੀ ਕਰਨੀ ਕਾਰ ਕਮਾਈਆ । ਜਿਸ ਨੂੰ ਗੁਰ ਅਵਤਾਰ ਪੈਗੰਬਰ ਮੰਨਦਾ, ਨਾਮ ਨਿਧਾਨ ਢੋਲਾ ਗਾਈਆ । ਓਹ ਖੇਲ ਕਰੇ ਆਪਣਾ ਕੰਮ ਦਾ, ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਿਲਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਮਾਇਆ ਰਾਮ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ★

ਸਤਿਜੁਗ ਸਾਚਾ ਜੋ ਕਰੇ ਆਪ ਪਰਚਲਤ, ਚਲਿੱਤ੍ਰ ਮੇਟੇ ਕੂੜ ਲੋਕਾਈਆ । ਸੋ ਲੇਖਾ ਜਾਣੇ ਹਲਤ ਪਲਤ, ਅੰਤਰ ਬਾਹਰ ਵੇਖ ਵਖਾਈਆ । ਸ੍ਰਿਸ਼ਟੀ ਨੂੰ ਗਿਆਨ ਦੇਵੇ ਫੁਰਨੇ ਤੋਂ ਪਹਿਲੋਂ ਪਲਕ, ਪਲਕ ਵਿਚੋਂ ਖ਼ਲਕ ਦਏ ਸਮਝਾਈਆ । ਜੋ ਕਰੇ ਪਰਕਾਸ਼ ਉਤੇ ਫ਼ਲਕ, ਧਰਨੀ ਧਰਤ ਧਵਲ

ਸੁਹਾਈਆ । ਭਗਤਾਂ ਨਾਲ ਕਰ ਕੇ ਸਾਂਝਾ ਤੁਅੱਲਕ, ਨਾਤਾ ਬਿਧਾਤਾ ਲਏ ਜੁੜਾਈਆ । ਜੋਤੀ ਨੂਰ ਦੀ ਦੇ ਕੇ ਡਲ੍ਹਕ, ਅਗਿਆਨ ਅੰਧੇਰ ਮਿਟਾਈਆ । ਮਿਹਰ ਕਰ ਨਿਰਗੁਣ ਨਿਗਾਹਵਾਨ ਆਉਂਣ ਨਹੀਂ ਦਿੰਦਾ ਅਗਲੀ ਭਲਕ, ਛਿਨ ਵਿਚ ਆਪਣਾ ਭੇਦ ਚੁਕਾਈਆ । ਜਿਸ ਵੇਲੇ ਸਤਿਜੁਗ ਸਾਚੇ ਸਚ ਧਰਮ ਦਾ ਦਿਤਾ ਤਿਲਕ, ਟਿੱਕਾ ਦੇਣਾ ਲਗਾਈਆ । ਭਗਤ ਸੁਹੇਲਾ ਕੋਈ ਨਾ ਜਾਵੇ ਖਿਸਕ, ਸ਼ਬਦ ਡੋਰੀ ਨਾਲ ਜੁੜਾਈਆ । ਜੋ ਸੰਦੇਸ਼ਾ ਦੇ ਕੇ ਗਿਆ ਰਾਮ ਵਸ਼ਿਸ਼ਟ, ਭੇਦ ਅਭੇਦ ਖੁਲ੍ਹਾਈਆ । ਸ੍ਰਿਸ਼ਟੀ ਦੀ ਖੋਲ੍ਹੇ ਦ੍ਰਿਸ਼ਟ, ਪੜਦਾ ਆਪ ਚੁਕਾਈਆ । ਭਾਵੇਂ ਕੋਈ ਸਾਧੂ ਸਨਿਆਸੀ ਵੈਰਾਗੀ ਤਿਆਗੀ ਬੈਰਾਗੀ ਜਟਾ ਜੂਟ ਧਾਰੀ ਭਾਵੇਂ ਕੋਈ ਭੋਗਣ ਵਾਲਾ ਗ੍ਰਿਹਸਤ, ਸਮਝ ਸਹਿਜੇ ਦਏ ਸਮਝਾਈਆ । ਜੇ ਮਿਹਰਵਾਨ ਮਿਹਰ ਕਰੇ ਪਾਰ ਕਰੇ ਮੂਰਖ ਮੂੜ੍ਹੇ ਨਿੰਦਕ, ਪਤਤ ਪਾਪੀਆਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਹੁਕਮ ਨਾਲ ਸਮਝਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਸੁਰਿੰਦਰ ਪਾਲ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ★

ਸਾਚਾ ਹੁਕਮ ਧੁਰ ਦਾ ਫੁਰਨਾ, ਫੁਰਤੀ ਨਾਲ ਸਰਬ ਉਠਾਈਆ । ਸਤਿਗੁਰ ਸ਼ਬਦ ਨੂੰ ਕਦੇ ਪਏ ਨਾ ਤੁਰਨਾ, ਲੱਖ ਚੁਰਾਸੀ ਅੰਦਰ ਵੜ ਕੇ ਸੁਤਿਆਂ ਲਏ ਉਠਾਈਆ । ਜਿਸ ਦਵਾਰ ਜਾਏ ਓਸ ਘਰੋਂ ਖ਼ਾਲੀ ਕਦੇ ਪਏ ਨਾ ਮੁੜਨਾ, ਪ੍ਰੇਮ ਪ੍ਰੀਤੀ ਲੈ ਕੇ ਆਈਆ । ਸਾਚੇ ਸੰਤਾਂ ਭਗਤਾਂ ਸਤਿ ਨਾਲ ਸਦਾ ਪਏ ਜੁੜਨਾ, ਜੋ ਸਤਿ ਵਿਚ ਸਮਾਏ ਪ੍ਰਭ ਦਾ ਦਰਸ਼ਨ ਪਾਏ, ਤਿਨ੍ਹਾਂ ਦੇ ਕਲਜੁਗ ਨੇੜ ਨਾ ਆਏ, ਸਤਿਜੁਗ ਰੂਪ ਨਾ ਕੋਇ ਬਦਲਾਏ, ਇਕੋ ਰੰਗ ਵਖਾਈਆ । ਮੂਰਖ ਮੁਗਧ ਸਮਝਾਏ, ਪਤਤ ਪਾਪੀ ਤਰਾਏ ਦੁਸ਼ਟ ਦੁਰਾਚਾਰੀ ਉਠਾਏ, ਗੁਰਮੁਖ ਕਰਮਚਾਰੀ ਕਰਮ ਕਾਂਡ ਤੋਂ ਬਾਹਰ ਲੇਖੇ ਲਾਈਆ । ਸਤਿਜੁਗ ਸਾਚੀ ਰੁੱਤ ਸੁਹਾਏ, ਅਬਿਨਾਸ਼ੀ ਅਚੁੱਤ ਵੇਖ ਵਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਈਆ ।

★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਜੁਗਿੰਦਰ ਕੌਰ ਪਿੰਡ ਭੋਲੇ ਜ਼ਿਲਾ ਜਲੰਧਰ ★

ਸਤਿਜੁਗ ਸਾਚਾ ਮਾਰਗ ਦੱਸੇ ਧਰਮ, ਦਵਾਰਾ ਇਕੋ ਦਏ ਦ੍ਰਿੜਾਏ । ਮਾਨਵ ਜਾਤੀ ਤੇਰਾ ਨੂਰ ਨਿਰਾਲਾ ਬ੍ਰਹਮ, ਪਾਰਬ੍ਰਹਮ ਰੁਸ਼ਨਾਏ । ਸਾਚੀ ਪ੍ਰੀਤੀ ਤੇਰਾ ਕਰਮ, ਦੂਜੀ ਵੰਡ ਨਾ ਕੋਇ ਵੰਡਾਏ । ਕੂੜਾ ਗੜ੍ਹ ਰਹੇ ਨਾ ਭਰਮ, ਪੜਦਾ ਆਪ ਚੁਕਾਏ । ਸਤਿਜੁਗ ਸਾਚੇ ਦੇ ਕੇ ਜਨਮ, ਆਪ ਬਣੇ ਜਣੇਂਦੀ ਮਾਏ । ਲੇਖਾ ਮੇਟ ਕੇ ਵਰਨ ਬਰਨ, ਸਾਚਾ ਰੰਗ ਇਕ ਰੰਗਾਏ । ਹਰਿ ਕਰਤਾ ਕਰਨੀ ਕਰਨ, ਕੁਦਰਤ ਵੇਖ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਇਕ ਖੁਲ੍ਹਾਏ ।

### ★ ੨ ਚੇਤ ਸ਼ਹਿਨਸ਼ਾਹੀ ਸੰਮਤ ੩ ਗੁਰਤਖ਼ਤ ਸਿੰਘ ਪਿੰਡ ਲੋਂਡੂਵਾਲ ਜ਼ਿਲਾ ਲੁਧਿਆਣਾ ★

ਸੱਚ ਦਵਾਰਾ ਖੋਲ੍ਹਣਾ, ਹਰਿ ਕਰਤੇ ਹੋ ਦਿਆਲ । ਨਾਮ ਜੈਕਾਰਾ ਇਕ ਬੋਲਣਾ, ਨਾਲ ਰਲਾ ਕੇ ਭਗਤ ਸੁਹੇਲੇ ਲਾਲ । ਸਾਚੇ ਕੰਡੇ ਤਰਾਜ਼ੂ ਤੋਲਨਾ, ਸੰਤ ਸੁਹੇਲਾ ਸੱਜਣ ਉਠਾਲ । ਕੋਈ ਰਹੇ ਨਾ ਪੜਦਾ ਉਹਲਨਾ, ਝਗੜਾ ਮੁਕਣਾ ਸ਼ਾਹ ਕੰਗਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਧਰਮ ਆਪ ਵਿਰੋਲਨਾ, ਮੱਥ ਸਰਬ ਸੰਸਾਰ । ਕਲਜੁਗ ਆਯੂ ਕੂੜੀ ਕਿਰਿਆ ਨਾਲ ਰਹੀ ਲੁਕ, ਜਗਤ ਅਪਰਾਧਾਂ ਦਿਤਾ ਖਪਾਈਆ । ਜਿਸ ਦਾ ਲੇਖਾ ਓਸੇ ਦਾ ਸੁਖ, ਸਾਗਰ ਗਹਿਰ ਗੰਭੀਰ ਪਰਗਟਾਈਆ । ਕਲਜੁਗ ਬਦਲਣ ਵਿਚ ਸਤਿਜੁਗ ਪਰਗਟਾਉਣ ਵਿਚ ਕਰੇ ਨਾ ਕੋਈ ਦੁੱਖ, ਕਲੇਸ਼ ਵਿਚ ਕਲਪਣਾ ਨਾ ਕੋਇ ਵਧਾਈਆ । ਇਹ ਲੇਖਾ ਓਹਦਾ ਜਿਸ ਨੇ ਲੱਖ ਚੁਰਾਸੀ ਜੀਵ ਜੰਤ ਬਣਾਏ ਨਾਲ ਮਾਨਸ ਮਨੁੱਖ, ਤਤ ਵਜੂਦ ਮਾਟੀ ਖ਼ਾਕ ਦਿਤੀ ਵਡਿਆਈਆ । ਸੋ ਧਰਮ ਦਵਾਰਾ ਏਕ ਏਕੰਕਾਰਾ ਵਖਾਏ ਸਚ ਸੁਚ, ਸਤਿ ਸਤਿ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਨਿਰਵੈਰ ਨਿਰਾਕਾਰ ਪਰਵਰਦਿਗਾਰ ਸਾਂਝਾ ਯਾਰ ਧੁਰ ਦਰਬਾਰ ਧਰਮ ਨਿਸ਼ਾਨਿਓਂ ਕਦੇ ਨਾ ਜਾਵੇ ਉਕ, ਅਣਿਆਲਾ ਤੀਰ ਚਲਾਈਆ ।

### ★ ੩ ਚੇਤ ਸ਼ਹਿਨਸ਼ਾਹੀ ਸੰਮਤ ੩ ਸਾਧੂ ਸਿੰਘ ਪਿੰਡ ਝਾਮਕੇ ਜ਼ਿਲਾ ਅੰਮ੍ਰਿਤਸਰ ★

ਮਿਹਰ ਕਰੇ ਪ੍ਰਭ ਇਕੋ ਦਾਤਾ, ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਜੀਵ ਜੰਤ ਗਿਆਤਾ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗਾਉਂਦੀ ਗਾਥਾ, ਅੱਖਰ ਸੋਹਲੇ ਢੋਲੇ ਰਾਗਾਂ ਨਾਦਾਂ ਵਿਚ ਕਰਨ ਸ਼ਨਵਾਈਆ । ਤਿਸ ਦਾ ਹੁਕਮ ਸੰਦੇਸ਼ਾ ਨਿਰਗੁਣ ਸਰਗੁਣ ਦੋ ਜਹਾਨਾਂ ਹੋਵੇ ਸਾਚਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਹੁਕਮ ਸੁਣਾਈਆ । ਗੁਰਮੁਖ ਸਾਚੇ ਸੰਤ ਜਨਾਂ ਅੰਤਰ ਆਤਮ ਮਿਟੇ ਅੰਧੇਰੀ ਰਾਤਾ, ਦੂਈ ਦਵੈਤੀ ਪੜਦਾ ਲਾਹੀਆ । ਜਨਮ ਜਨਮ ਦਾ ਕਰਮ ਕਰਮ ਦਾ ਪੂਰਬ ਲੇਖੇ ਵਿਚੋਂ ਪੂਰਾ ਕਰੇ ਘਾਟਾ, ਮਿਹਰ ਨਜ਼ਰ ਨਿਗਾਹਬਾਨ ਆਪ ਉਠਾਈਆ । ਆਵਣ ਜਾਵਣ ਲੱਖ ਚੁਰਾਸੀ ਪਤਤ ਪਾਵਣ ਮੇਟੇ ਵਾਟਾ, ਮਾਤ ਗਰਭ ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਇਕੱਲਾ ਏਕੰਕਾਰ ਧੁਰ ਦਰਬਾਰ ਆਪ ਦ੍ਰਿੜਾਈਆ । ਮਿਹਰ ਨਜ਼ਰ ਕਰੇ ਭਗਵਾਨ, ਹਰਿ ਕਰਤਾ ਵਡ ਵਡਿਆਈਆ । ਸੰਤ ਸੁਹੇਲੇ ਮਾਤ ਪਛਾਣ, ਗੁਰਮੁਖ ਆਪਣੇ ਰੰਗ ਰੰਗਾਈਆ । ਗੁਰਸਿੱਖਾਂ ਦੇ ਕੇ ਧੁਰ ਦਾ ਦਾਨ, ਨਾਮ ਭੰਡਾਰਾ ਝੋਲੀ ਪਾਈਆ । ਧੁਨ ਆਤਮਕ ਰਾਗ ਦੇਵੇ ਧੁਨਕਾਨ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਰਸ ਬਖ਼ਸ਼ੇ ਪੀਣ ਖਾਣ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਘਰ ਸਵਾਮੀ ਠਾਕਰ ਮਿਲੇ ਆਣ, ਗ੍ਰਿਹ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਮਿਹਰਵਾਨ ਮਹਿਬੂਬ ਮੁਹੱਬਤ ਆਪਣੀ ਇਕ ਦ੍ਰਿੜਾਈਆ । ਮਿਹਰਵਾਨ ਮਿਹਰ ਕਹੇ ਸਰਬ ਸਵਾਮੀ, ਨਰ ਨਰਾਇਣ ਨਜ਼ਰੀ ਆਈਆ । ਜੋ ਲੱਖ ਚੁਰਾਸੀ ਕਾਇਆ ਮੰਦਰ ਅੰਦਰ ਘਰ ਭੀਤਰ ਅੰਤਰਜਾਮੀ, ਗ੍ਰਿਹਿ ਲੇਖਾ ਵੇਖ ਵਖਾਈਆ । ਸੋ ਸਚ ਸੁਹੇਲਾ ਇਕ ਅਕੇਲਾ ਅਗੰਮ ਅਥਾਹ ਸੁਣਾਏ ਆਪਣੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਧਰਮ ਦਵਾਰ ਏਕੰਕਾਰ ਵਖਾਏ ਸਚ ਨਿਸ਼ਾਨੀ, ਜਗਤ ਨਿਸ਼ਾਨਾ ਕੂੜਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰ ਮਿਹਰ ਨਜ਼ਰ ਉਠਾਈਆ । ਕਰੇ ਮਿਹਰ ਧੁਰ ਦਾ ਸੱਜਣ, ਹਰਿ ਕਰਤਾ ਧੁਰਦਰਗਾਹੀਆ । ਸਚ ਪ੍ਰੀਤੀ ਬਖ਼ਸ਼ੇ ਧੁਰ ਦਾ ਮਜਨ, ਕੂੜੀ ਦੁਰਮਤ ਮੈਲ ਧਵਾਈਆ । ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਪੜਦੇ ਆਵੇ ਕੱਜਣ, ਲੋਕਮਾਤ ਵੇਸ ਅਨੇਕਾ ਰੂਪ ਵਟਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਮਾਰਗ ਆਵੇ ਦੱਸਣ, ਸਤਿ ਸਤਿਵਾਦੀ ਸਤਿ ਕਰੇ ਪੜ੍ਹਾਈਆ । ਗ੍ਰਿਹਿ ਮੰਦਰ ਅੰਦਰ ਨਿਜ ਆਤਮ ਪਰਮਾਤਮ ਦੇਵੇ ਸਚ ਅਨੰਦਨ, ਰਸ ਇਕੋ ਇਕ ਵਖਾਈਆ । ਆਵਣ ਜਾਵਣ ਪਤਤ ਪਾਵਨ ਤੋੜੇ ਬੰਧਨ, ਜਮ ਕੀ ਫਾਸੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਮਿਹਰਵਾਨ ਮਿਹਰ ਕਰੇ ਹਰਿ ਕਰਤਾਰ, ਕੁਦਰਤ ਦਾ ਮਾਲਕ ਨਜ਼ਰੀ ਆਈਆ । ਜਿਸ ਦਵਾਰੇ ਵਿਸ਼ਨ ਬ੍ਰਹਮਾ ਸ਼ਿਵ ਖੜ੍ਹੇ ਭਿਖਾਰ, ਦੇਵਤ ਸੁਰ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਦੀਦਾਰ, ਕਾਗਤ ਕਲਮ ਸ਼ਾਹੀ ਲਿਖਣਹਾਰ, ਕਾਤਬ ਆਪਣੀ ਸੇਵ ਕਮਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਪਨਿਹਾਰ, ਜੁਗ ਚੌਕੜੀ ਸੇਵ ਕਮਾਈਆ । ਤ੍ਰੈਗੁਣ ਮਾਇਆ ਪੰਜ ਤਤ ਦੇਵਣਹਾਰ ਆਧਾਰ, ਸਚ ਸਵਾਮੀ ਆਪਣੀ ਦਇਆ ਕਮਾਈਆ । ਵਸਤ ਅਮੋਲਕ ਕਾਇਆ ਗੋਲਕ ਦੇਵੇ ਡਾਰ, ਨਾਮ ਨਿਧਾਨਾ ਸ੍ਰੀ ਭਗਵਾਨਾ ਇਕੋ ਇਕ ਵਰਤਾਈਆ । ਝਗੜਾ ਰਹਿਣ ਨਾ ਦੇਵੇ ਠੱਗ ਚੋਰ ਯਾਰ, ਕਾਮ ਕਰੋਧ ਲੋਭ ਮੋਹ ਅੰਦਰੋਂ ਬਾਹਰ ਕਢਾਈਆ । ਨੌਂ ਦਵਾਰੇ ਪੈਂਡਾ ਮੁਕੇ ਭਾਰ, ਸੁਖਮਨ ਟੇਢੀ ਬੰਕ ਝਗੜਾ ਦਏ ਮੁਕਾਈਆ । ਈੜਾ ਪਿੰਗਲ ਹੋਵੇ ਸ਼ਰਮਸਾਰ, ਅਗਿਆਨ ਅੰਧੇਰ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਰਸ ਦੇ ਕੇ ਠੰਡਾ ਠਾਰ, ਬੂੰਦ ਸਵਾਂਤੀ ਕਮਲਪਾਤਾ ਇਕ ਚੁਆਈਆ । ਸ਼ਬਦ ਨਾਦ ਦੇ ਸੱਚੀ ਧੁਨਕਾਰ, ਅਨਬੋਲਤ ਰਾਗ ਅਲਾਈਆ । ਜੋਤੀ ਨੂਰ ਕਰ ਉਜਿਆਰ, ਸਚ ਜਹੂਰ ਦਏ ਵਖਾਈਆ । ਮਿਹਰ ਵਿਚ ਸਭ ਕੁਛ ਬਖ਼ਸ਼ਣਹਾਰ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਆਦਿ ਨਿਰੰਜਣ ਨੂਰ ਕਰੇ ਰੁਸ਼ਨਾਈਆ । ਮਿਹਰ ਪ੍ਰਭ ਦੀ ਜੋ ਰਿਹਾ ਲੋੜ, ਅੰਤਰ ਅੰਤਰ ਧਿਆਨ ਲਗਾਈਆ । ਤਿਸ ਸਤਿਗੁਰ ਸ਼ਬਦ ਜੋੜੇ ਜੋੜ, ਸੁਰਤੀ ਅਕਾਲ ਮੂਰਤ ਨਾਲ ਮਿਲਾਈਆ । ਲੱਗੀ ਪ੍ਰੀਤ ਨਿਭਾਵੇ ਤੋੜ, ਕੂੜੀ ਕਿਰਿਆ ਕਰ ਸਫ਼ਾਈਆ । ਝਗੜਾ ਰਹੇ ਨਾ ਮੋਰ ਤੋਰ, ਬ੍ਰਹਮ ਪਾਰਬ੍ਰਹਮ ਵਿਚ ਮਿਲਾਈਆ । ਕਰੇ ਪਰਕਾਸ਼ ਅੰਧੇਰੇ ਘੋਰ, ਨੂਰੀ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗ੍ਰਿਹਿ ਇਕ ਵਖਾਈਆ । ਮਿਹਰ ਅੰਦਰ ਕਰੇ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਸਚ ਦਵਾਰ ਵਖਾਏ ਸੱਚੀ ਧਰਮ ਨਿਸ਼ਾਨੀ, ਨਿਸ਼ਾਨਾ ਤੇਰਾ ਇਕ ਚਲਾਈਆ । ਬਖ਼ਸ਼ਣਹਾਰ ਪਦ ਨਿਰਬਾਣੀ, ਤ੍ਰੈਗੁਣ ਅਤੀਤਾ ਧੁਰਦਰਗਾਹੀਆ । ਜਿਸ ਦਾ ਖੇਲ ਜਗਤ ਮਹਾਨੀ, ਮਹਿੰਮਾ ਅਕਥ ਨਾ ਕੋਇ ਗਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਖ਼ਾਲਕ ਪ੍ਰਿਤਪਾਲਕ ਇਕ ਅਖਵਾਈਆ । ਮਿਹਰ ਕਰੇ ਹਰਿ ਮਿਹਰ ਦਾ ਦਾਤਾ, ਦਇਆਵਾਨ ਵਡਿਆਈਆ । ਦਰਸ ਵਖਾ ਕੇ ਇਕ ਇਕਾਂਤਾ, ਘਰ ਸਾਜਨ ਬੇਪਰਵਾਹੀਆ । ਮਨ ਵਾਸਨਾ ਕੂੜੀ ਕਿਰਿਆ ਤੋੜੇ ਨਾਤਾ, ਸਤਿ ਸਚ ਇਕ ਸਮਝਾਈਆ । ਜਨ ਭਗਤਾਂ ਪੂਰੀਆਂ ਕਰੇ ਆਸਾ, ਨਿਰਾਸਾ ਰਹਿਣ ਕੋਈ ਨਾ ਪਾਈਆ । ਇਹ ਖੇਲ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਕਾਰ ਕਮਾਈਆ । ਗੁਰਮੁਖਾਂ ਦੇਵੇ ਧੁਰ ਦਾ ਸਾਥਾ, ਗੁਰਸਿਖ ਆਪਣਾ ਰੰਗ ਰੰਗਾਈਆ । ਜੋ ਸਤਿਗੁਰ ਸ਼ਬਦ ਮੰਨੇ ਆਖਾ, ਨਿਉਂ ਨਿਉਂ ਸੀਸ ਨਿਵਾਈਆ । ਤਿਸ ਦਾ ਅੰਦਰੋਂ ਖੋਲ੍ਹੇ ਤਾਕਾ, ਬਜਰ ਕਪਾਟੀ ਦਏ ਤੁੜਾਈਆ । ਦਰਸ ਵਖਾਏ ਸਾਖਿਆਤਾ, ਹਰਿ ਸੱਜਣ ਸ਼ਹਿਨਸ਼ਾਹੀਆ । ਪੂਰਾ ਕਰੇ ਅਗਲਾ ਪੰਧ ਪਿਛਲੀਆਂ ਵਾਟਾਂ, ਅਧਵਾਟੇ ਰਹਿਣ ਕੋਈ ਨਾ ਪਾਈਆ । ਮਿਹਰ ਅੰਦਰ ਮਿਹਰਵਾਨ ਹਰਿ ਕਰਤਾ ਜਨ ਸਾਚੇ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਹਰਿ ਮਿਹਰਵਾਨ ਵਰਨ ਬਰਨ ਜਾਤਾ ਪਾਤਾ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਆਪਣੇ ਵਿਚ ਸਮਾਈਆ ।

### ★ ੩ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਭਜਨ ਕੌਰ ਦੇ ਗ੍ਰਿਹ ਪਿੰਡ ਭਗਵਾਨ ਪੁਰਾ ਜ਼ਿਲਾ ਅੰਮ੍ਰਿਤਸਰ ★

ਚੇਤ ਕਰੇ ਮੋਹੇ ਚਾਓ ਘਨੇਰਾ, ਅੰਦਰ ਮੰਦਰ ਵੱਜੇ ਹਕ ਵਧਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਬੰਨ੍ਹਣ ਵਾਲਾ ਬੇੜਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖਣ ਵਾਲਾ ਆਪਣਾ ਖੇੜਾ, ਪੁਰੀਆਂ ਲੋਆਂ ਆਕਾਸ਼ ਪਾਤਾਲ ਗਗਨ ਗਗਨੰਤਰ ਫੋਲ ਫੁਲਾਈਆ । ਵਕਤ ਅਖ਼ੀਰੀ ਬੇਨਜ਼ੀਰੀ ਲਾਸ਼ਰੀਕ ਕਰੇ ਨੇੜਨ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਪਹਿਲੀ ਚੇਤ ਕਹੇ ਮੈਂ ਜਾਵਾਂ ਬਲਿਹਾਰ, ਪ੍ਰਭ ਦੇਵਣਹਾਰ ਵਡਿਆਈਆ । ਨਿਰਗੁਣ ਨੂਰ ਜੋਤ ਕਰ ਉਜਿਆਰ, ਆਤਮ ਪਰਮਾਤਮ ਪੜਦਾ ਦਏ ਉਠਾਈਆ । ਭਗਤ ਸੁਹੇਲਾ ਬਣ ਕੇ ਮੀਤ ਮੁਰਾਰ, ਗੁਰ ਚੇਲਾ ਆਪਣੇ ਰੰਗ ਰੰਗਾਈਆ । ਸ਼ਬਦ ਸੰਦੇਸ਼ਾ ਨਰ ਨਰੇਸ਼ਾ ਦੇਵੇ ਏਕੰਕਾਰ, ਇਕ ਇਕੱਲਾ ਆਪ ਦ੍ਰਿੜਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਵਸਣਹਾਰਾ ਠਾਂਡੇ ਦਰਬਾਰ, ਪਰਵਰਦਿਗਾਰ ਨੂਰ ਖ਼ੁਦਾਈਆ । ਲਹਿਣਾ ਦੇਣਾ ਵੇਖ ਗੁਰੂ ਅਵਤਾਰ, ਪੈਗ਼ੰਬਰਾਂ ਭੇਵ ਅਭੇਦਾ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਾਰ ਕਮਾਈਆ । ਚੇਤ ਕਰੇ ਮੇਰੇ ਅੰਤਰ ਅੰਤਰ ਆਵੇ ਖ਼ੁਸ਼ੀ, ਨਿਰੰਤਰ ਮਿਲੇ ਬੇਪਰਵਾਹੀਆ । ਦੀਨ ਦਿਆਲ ਠਾਕਰ ਸਵਾਮੀ ਦੀਨ ਦੁਨੀ ਦੀ ਬਦਲ ਦੇਣੀ ਰੁਚੀ, ਰਚਨਾ ਆਪਣੀ ਦੇਣੀ ਸਮਝਾਈਆ । ਮਨ ਵਿਕਾਰੀ ਕੂੜੀ ਸ੍ਰਿਸ਼ਟੀ ਬੁੱਧ ਬਿਬੇਕ ਕਰਨੀ ਸੁੱਚੀ, ਸਤਿ ਧਰਮ ਨਿਹਕਰਮੀ ਹੋ ਕੇ ਆਪਣਾ ਕਰਮ ਦੇਣਾ ਸਮਝਾਈਆ । ਸੁਰਤੀ ਰਹੇ ਕੋਇ ਨਾ ਸੁੱਤੀ, ਸ਼ਬਦੀ ਡੰਕ ਰਾਓ ਰੰਕ ਕਰੇ ਸ਼ਨਵਾਈਆ । ਅਗਲੀ ਰਮਜ਼ ਰਹੇ ਨਾ ਗੁੱਝੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕੋ ਇਕ ਵਖਾਈਆ । ਪਹਿਲੀ

ਚੇਤ ਕਹੇ ਮੈਂ ਵੇਖਿਆ ਪਰਵਰਦਿਗਾਰ, ਬੇਪਰਵਾਹ ਨੂਰ ਖ਼ੁਦਾਈਆ । ਜੋ ਵਸੇ ਸਚਖੰਡ ਸੱਚੇ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜੁਗ ਚੌਕੜੀ ਨਿਤ ਨਵਿਤ ਆਦਿ ਜੁਗਾਦਿ ਲੇਖਾ ਜਾਣੇ ਸਰਬ ਸੰਸਾਰ, ਮਹਾਂਸਾਰਥੀ ਆਪਣੀ ਖੇਲ ਖਿਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਜੋਤੀ ਜਾਤਾ ਹੋ ਉਜਿਆਰ, ਪੁਰਖ ਬਿਧਾਤਾ ਆਪਣਾ ਹੁਕਮ ਵਰਤਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਜਨ ਭਗਤ ਲਏ ਭਾਲ, ਸੂਫ਼ੀ ਫ਼ਕੀਰ ਆਪ ਉਠਾਈਆ । ਸਾਚਾ ਮਾਰਗ ਦੱਸ ਸੁਖਾਲ, ਨਾਤਾ ਤੋੜ ਕਲਜੁਗ ਕੂੜੀ ਕਿਰਿਆ ਸ਼ਾਹ ਕੰਗਾਲ, ਦਲਾਲ ਇਕੋ ਧੁਰ ਦਾ ਨਾਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਧੁਰ ਦਰਬਾਰਾ ਇਕੋ ਇਕ ਸੁਹਾਈਆ । ਚੇਤ ਕਹੇ ਮੈਂ ਖ਼ੁਸ਼ੀਆਂ ਵਿਚ ਤੱਕਾਂ ਰਾਹ, ਬਿਨ ਅੱਖਾਂ ਅੱਖ ਉਠਾਈਆ । ਸਾਹਿਬ ਸਤਿਗੁਰ ਸ਼ਬਦ ਗੋਬਿੰਦ ਮਿਲੇ ਮਲਾਹ, ਬੇੜਾ ਨਈਆ ਨੌਕਾ ਜਗਤ ਸਾਗਰ ਵਿਚੋਂ ਪਾਰ ਕਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸੇ ਸਚ ਸਲਾਹ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਜਨਮ ਕਰਮ ਦੇ ਕਟੇ ਪਤਤ ਪਾਪੀਆਂ ਗੁਨਾਹ, ਪੁਨੀਤ ਬਿਨ ਮੰਦਰ ਮਸੀਤ ਲਏ ਬਣਾਈਆ । ਸਾਚਾ ਮਾਰਗ ਦਏ ਵਖਾ, ਜਿਥੇ ਵਸੇ ਬੇਪਰਵਾਹ, ਮੰਜ਼ਲ ਹਕੀਕੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਲੇਖਾ ਬਣਾ ਅਗਲਾ, ਧੁਰ ਪੂਰਬ ਲਹਿਣਾ ਦਏ ਚੁਕਾਈਆ । ਚੇਤ ਕਹੇ ਮੈਂ ਵੇਖ ਹੋਵਾਂ ਖ਼ੁਸ਼ਹਾਲ, ਪੁਰਖ ਅਕਾਲ ਅਗੰਮੀ ਖੇਲ ਖਿਲਾਈਆ । ਕਲਜੁਗ ਕੂੜੀ ਕਿਰਿਆ ਤੋੜੇ ਮਾਤ ਜੰਜਾਲ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪਣਾ ਹੁਕਮ ਵਰਤਾਈਆ । ਚਾਰ ਵਰਨ ਅਠਾਰਾਂ ਬਰਨ ਕਾਇਆ ਮੰਦਰ ਵਖਾਏ ਸੱਚੀ ਧਰਮਸਾਲ, ਧੁਰ ਦਾ ਕਾਅਬਾ ਇਕ ਜਣਾਈਆ । ਜਿਸ ਗ੍ਰਿਹ ਦੀਪਕ ਜੋਤ ਜਗੇ ਬੇਮਿਸਾਲ, ਮਿਸਲ ਵਿਚ ਮਸਲਾ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਧੁਨ ਆਤਮਕ ਰਾਗ ਅਲਾਈਆ । ਚੇਤ ਕਹੇ ਮੇਰੇ ਅੰਤਰ ਆਏ ਅਗੰਮ ਵਿਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਕੋਇ ਨਾ ਪਾਈਆ । ਜੋ ਗੋਬਿੰਦ ਕੀਤਾ ਕੌਲ ਇਕਰਾਰ, ਬਿਨ ਕਲਮ ਸ਼ਾਹੀ ਕਾਗ਼ਜ਼ ਲੇਖ ਲਿਖਾਈਆ । ਸੋ ਜਾਣੇ ਸਤਿ ਪੁਰਖ ਨਿਰੰਜਣ ਆਪਣੀ ਧਾਰ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਨਿਰਗੁਣ ਨਿਰਵੈਰ ਹੋਵੇ ਉਜਿਆਰ, ਅਜੂਨੀ ਰਹਿਤ ਵੇਸ ਵਟਾਈਆ । ਨਵ ਨੌ ਚਾਰ ਪਾਵੇ ਸਾਰ, ਸਾਜਣ ਬਣ ਕੇ ਧੁਰਦਰਗਾਹੀਆ । ਭਗਤ ਸੁਹੇਲੇ ਲਏ ਉਠਾਲ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਬਣੇ ਧੁਰਦਰਗਾਹੀਆ । ਝਗੜਾ ਮੁਕਾ ਕੇ ਕਾਲ ਮਹਾਂਕਾਲ, ਸਵਾਲ ਆਪਣਾ ਹੱਲ ਕਰਾਈਆ । ਚੇਤ ਕਹੇ ਮੈਂ ਦੇਣਾ ਸਰਬ ਅਹਿਵਾਲ, ਧੁਰ ਦਰਬਾਰਿਉਂ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਕਮਾਲ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪਣਾ ਭੇਵ ਆਪਣੇ ਵਿਚ ਰਖਾਈਆ ।

## ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਪ੍ਰੀਤੋ ਦੇ ਗ੍ਰਿਹ ਪਿੰਡ ਸਠਿਆਲਾ ਜ਼ਿਲਾ ਅੰਮ੍ਰਿਤਸਰ ★

ਦਰਸ਼ਨ ਕਰਨ ਜੋ ਆਈ ਸਤਿਗੁਰ ਸੰਗਤ, ਗੁਰਮੁਖ ਗੁਰਸਿਖ ਸੰਗੀ ਸਾਥੀ ਨਾਲ ਰਲਾਈਆ । ਤਨ ਵਜੂਦ ਕਾਇਆ ਮਾਟੀ ਖ਼ਾਕੀ ਅੰਦਰ ਬਾਹਰ ਚਾੜ੍ਹੇ ਰੰਗਤ, ਨਾਮ ਨਿਧਾਨਾ ਸ੍ਰੀ ਭਗਵਾਨਾ ਆਪਣਾ ਰੰਗ ਚੜ੍ਹਾਈਆ । ਮੋਹ ਵਿਕਾਰ ਕੂੜੀ ਕਿਰਿਆ ਤੋੜੇ ਗੜ੍ਹ ਹੰਗਤ, ਸਤਿ ਸਚ ਬ੍ਰਹਮ ਮਤ ਇਕ ਸਮਝਾਈਆ । ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਬੋਧ ਅਗਾਧਾ ਇਕੋ ਪੰਡਤ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਧੁਰ ਦੀ ਸਿਖਿਆ ਇਕ ਸਮਝਾਈਆ । ਸੰਤ ਸੁਹੇਲੇ ਸਾਜਣ ਮੀਤ ਬਿਨ ਪੁਰਖ ਅਕਾਲ ਦੀਨ ਦਿਆਲ ਦੂਜੇ ਦਰ ਨਾ ਹੋਵਣ ਮੰਗਤ, ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਸ਼ਬਦੀ ਧਾਰ ਵਸਤ ਅਮੋਲਕ ਕਾਇਆ ਗੋਲਕ ਸਰਬ ਆਪ ਟਿਕਾਈਆ । ਝਗੜਾ ਮੁਕਾਵੇ ਦੋਜ਼ਖ਼ ਬਹਿਸ਼ਤ ਜੰਨਤ, ਜਾਗਰਤ ਜੋਤ ਬਿਨ ਵਰਨ ਗੋਤ ਸਤਿ ਸਰੂਪ ਸ਼ਾਹੋ ਭੂਪ ਇਕ ਦਰਸਾਈਆ । ਮੇਲ ਮਿਲਾਏ ਦਇਆ ਕਮਾਏ ਪਤਿਪਰਮੇਸ਼ਵਰ ਧੁਰ ਦੇ ਕੰਤ, ਸੰਤ ਸਾਜਣ ਧੁਰ ਦਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ, ਇਕ ਇਕੱਲਾ ਏਕੰਕਾਰ, ਅਕਲ ਕਲਧਾਰੀ ਆਪਣਾ ਆਪ ਜਣਾਈਆ । ਦਰਸ਼ਨ ਕਰਨ ਜੋ ਸੰਗਤ ਆਈ ਕਰ ਇਕੱਠ, ਸੋਹਣਾ ਸਤਿਗੁਰ ਰੂਪ ਬਣਾਈਆ । ਧੀਰਜ ਸੰਤੋਖ ਅੰਤਰ ਮਿਲੇ ਹੱਠ, ਕੂੜੀ ਕਿਰਿਆ ਮਮਤਾ ਮੋਹ ਵਿਕਾਰ ਮਿਟਾਈਆ । ਸ਼ਬਦ ਅਗੰਮੀ ਧੁਨ ਅਨਾਦੀ ਵੱਜੇ ਸੱਟ, ਆਤਮਕ ਰਾਗ ਇਕ ਸੁਣਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਸਚ ਦਵਾਰਿਉਂ ਦੇਵੇ ਝੱਟ, ਅਮਿਉਂ ਰਸ ਆਪਣਾ ਜਾਮ ਪਿਆਈਆ । ਦੁਰਮਤ ਮੈਲ ਨੌ ਦਵਾਰਿਉਂ ਜਾਵੇ ਕੱਟ, ਕਟੜਾ ਕਾਇਆ ਗੜ੍ਹ ਇਕ ਸੁਹਾਈਆ । ਜਿਸ ਗ੍ਰਿਹਿ ਠਾਕਰ ਸਵਾਮੀ ਪੁਰਖ ਅਕਾਲਾ ਰਿਹਾ ਵਸ, ਦੀਨ ਦਿਆਲਾ ਸੋਭਾ ਪਾਈਆ । ਨਿਜ ਨੇਤਰ ਲੋਚਨ ਖੋਲ੍ਹ ਕੇ ਅੱਖ, ਪਰਤੱਖ ਮਿਲੇ ਹਰਿ ਗੁਸਾਈਆ । ਗੁਰਮੁਖਾਂ ਨਾਲੋਂ ਕਦੇ ਨਾ ਹੋਵੇ ਵੱਖ, ਗੁਰਸਿੱਖਾਂ ਸੰਗ ਨਾ ਕਦੇ ਤੁੜਾਈਆ । ਦਿਵਸ ਰੈਣ ਅੱਠੇ ਪਹਿਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਗ੍ਰਿਹਿ ਮੰਦਰ ਵੇਖ ਵਖਾਈਆ । ਦਰਸ਼ਨ ਕਰਨ ਖਾਤਰ ਹਰਿ ਸੰਗਤ ਹੋਇਆ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਸਾਹਿਬ ਸਤਿਗੁਰ ਦਾ ਪ੍ਰੇਮ ਪ੍ਰੀਤੀ ਅੰਦਰ ਕਰਨਾ ਜਾਪ, ਜਗ ਜੀਵਣ ਦਾਤਾ ਦਏ ਮਾਣ ਵਡਿਆਈਆ । ਨਾਤਾ ਤੋੜੇ ਤ੍ਰੈਗੁਣ ਕੂੜੀ ਕਿਰਿਆ ਜਗਤ ਸੰਤਾਪ, ਪਤਤ ਪੁਨੀਤ ਦਏ ਬਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬਣਾ ਕੇ ਧੁਰ ਦਾ ਸਾਥ, ਸਗਲਾ ਸੰਗ ਸੂਰਾ ਸਰਬੰਗ ਆਪਣਾ ਆਪ ਜਣਾਈਆ । ਜਨਮ ਜਨਮ ਦਾ ਕਰਮ ਕਰਮ ਦਾ ਲੇਖਾ ਲਹਿਣਾ ਦੇਣਾ ਪੂਰਾ ਕਰ ਕੇ ਘਾਟ, ਪੱਤਨ ਧੁਰ ਦਾ ਸੱਜਣ ਇਕ ਵਖਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਹੋਵੇ ਦਾਸੀ ਦਾਸ, ਸੇਵਕ ਯਾਚਕ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਪਰਕਾਸ਼, ਅਗਿਆਨ ਅੰਧੇਰਾ ਦਏ ਮਿਟਾਈਆ । ਹਰਿ ਸੰਗਤ ਸਦ ਦਰਸ਼ਨ ਰਹੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲ ਦੀਨ ਦਿਆਲ ਦੇਵੇ ਇਕ ਅਨੰਦ, ਅਨੰਦ ਆਪਣੇ ਵਿਚੋਂ ਪ੍ਰਗਟਾਈਆ । ਗੁਰਮੁਖ ਗੁਰਸਿਖ ਹਰਿ ਸੱਜਣ ਵੇਖ ਅਗੰਮੀ ਨੂਰੀ ਚੰਦ, ਜੋਤੀ ਜੋਤ ਕਰੇ ਰੁਸ਼ਨਾਈਆ । ਖ਼ੁਸ਼ੀ ਕਰਾ ਕੇ ਬੰਦ ਬੰਦ, ਬੰਦਗੀ ਬੰਦਨਾ ਇਕ ਦ੍ਰਿੜਾਈਆ । ਬਿਨ ਸਤਿਗੁਰ ਪਿਆਰ ਜੀਵਣ ਲੋਕਮਾਤ ਕਿਸੇ

੬੬੯ ੨੦

ਦਾ ਨਾ ਜਾਵੇ ਹੰਢ, ਤਨ ਵਜੂਦ ਮਾਟੀ ਖ਼ਾਕੀ ਪੋਚੀ ਪਾਚੀ ਕੰਮ ਕਿਸੇ ਨਾ ਪਾਈਆ । ਜੋ ਸਚ ਦਵਾਰ ਧੁਰ ਦਰਬਾਰ ਦਰ ਠਾਂਡਾ ਜਾਏ ਲੰਘ, ਮੰਜ਼ਲ ਵਿਚੋਂ ਆਪਣੀ ਮੰਜ਼ਲ ਲਏ ਬਦਲਾਈਆ । ਅੰਤਰ ਨਿਰੰਤਰ ਮੰਤਰ ਗਾਏ ਛੰਦ, ਸੰਸਾ ਰੋਗ ਚੁਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਮਾਦੀ ਸ਼ਬਦ ਅਨਾਦੀ ਪਾਏ ਗੰਢ, ਭੇਖ ਪਖੰਡ ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੰਗਤ ਵਿਚ ਹਰਿ ਸੱਜਣ ਸਦ ਸਮਾਈਆ । ਹਰਿ ਸੰਗਤ ਤਨ ਵਜੂਦ ਬਾਹਰੋਂ ਦਰਸ ਕੋਈ ਨਾ ਲੋੜੇ, ਦਰਸ਼ਨ ਇਕੋ ਦਿਆਂ ਦ੍ਰਿੜਾਈਆ । ਸੁਰਤੀ ਸ਼ਬਦ ਸਤਿਗੁਰ ਜੋੜੇ, ਜੋੜੀ ਬਣੇ ਧੁਰਦਰਗਾਹੀਆ । ਦਰ ਆਇਆਂ ਗ਼ਰੀਬ ਨਿਵਾਜ਼ ਕਦੀ ਕਿਸੇ ਨਾ ਮੋੜੇ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਕਰੇ ਪਰਕਾਸ਼ ਅੰਧ ਘੋਰੇ, ਜਲਵਾ ਨੂਰ ਕਰੇ ਰੁਸ਼ਨਾਈਆ । ਝਗੜਾ ਮੁਕਾਏ ਠੱਗ ਚੋਰੇ, ਚੁਰਾਸੀ ਦਾ ਲੇਖਾ ਦਏ ਮੁਕਾਈਆ । ਅੰਤ ਕੰਤ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਅੰਤਰਜਾਮੀ ਹੋ ਕੇ ਬਹੁੜੇ, ਹਰਿਜਨ ਗੁਰਮੁਖ ਸੰਤ ਸਾਜਣ ਸਤਿ ਮੁਹੱਬਤ ਵਿਚ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਹਰਿ ਸੰਗਤ ਹਰਿ ਹਰਿ ਰੰਗ ਵਖਾਈਆ । ਹਰਿ ਸੰਗਤ ਜੋ ਆਈ ਚਲ, ਕਦਮ ਕਦਮ ਪੰਧ ਮੁਕਾਈਆ । ਪੁਰਖ ਅਕਾਲ ਤਿਨ੍ਹਾਂ ਦੇ ਵੱਲ, ਵਲਵਲੇ ਅੰਦਰੋਂ ਵੇਖ ਵਖਾਈਆ । ਤਤ ਵਿਕਾਰ ਛੁਡਾ ਦੇ ਛਲ, ਕੂੜ ਕੁੜਿਆਰਾ ਪੈਂਡਾ ਦੇਣਾ ਮੁਕਾਈਆ । ਸਚ ਦਵਾਰਾ ਲੈਣਾ ਮੱਲ, ਬਿਨ ਗੋਬਿੰਦ ਪੁਰਖ ਅਕਾਲ ਦੂਜਾ ਇਸ਼ਟ ਨਾ ਕੋਇ ਮਨਾਈਆ । ਜੋ ਵਸੇ ਜਲ ਥਲ, ਮਹੀਅਲ ਆਪਣੀ ਕਾਰ ਕਮਾਈਆ । ਕਰੇ ਪਰਕਾਸ਼ ਘੜੀ ਪਲ, ਆਦਿ ਜੁਗਾਦਿ ਵੱਜੇ ਵਧਾਈਆ । ਨਿਹਚਲ ਧਾਮ ਬੈਠਾ ਮੱਲ, ਸਚ ਸਿੰਘਾਸਣ ਸੋਭਾ ਪਾਈਆ । ਸੋ ਆਤਮ ਪਰਮਾਤਮ ਸਤਿ ਸਰੂਪ ਹੋ ਕੇ ਜਾਏ ਰਲ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਮੇਲ ਮਿਲਾਈਆ । ਸਚ ਪ੍ਰੇਮ ਦਾ ਸ਼ਬਦ ਅਗੰਮੀ ਅੰਮ੍ਰਿਤ ਨਾਮ ਧੁਰ ਦਾ ਦੇਵੇ ਫਲ, ਫਲੀਭੂਤ ਸਰਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਧੁਰ ਦਰਬਾਰਾ ਇਕੋ ਇਕ ਦ੍ਰਿੜਾਈਆ । ਹਰਿ ਦਰਸ਼ਨ ਸਦਾ ਹਰਿ ਸੰਗਤ ਅੰਦਰ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜਿਸ ਸੁਹਾਇਆ ਸਾਢੇ ਤਿੰਨ ਹੱਥ ਨੌ ਦਵਾਰੇ ਦਾ ਮੰਦਰ, ਮੰਦਰ ਦੇ ਅੰਦਰ ਕੰਦਰ ਆਪਣੀ ਲਈ ਬਣਾਈਆ । ਕਿਰਪਾ ਨਿਧਾਨ ਕਿਰਪਾ ਕਰ ਕੇ ਗੁਰਮੁਖਾਂ ਤੋੜਨ ਲੱਗਾ ਜੰਦਰ, ਜ਼ਿੰਦਗੀ ਵਿਚੋਂ ਜ਼ਿੰਦਗੀ ਆਪਣੇ ਨਾਲ ਬਣਾਈਆ । ਮਨ ਵਾਸਨਾ ਕੂੜੀ ਕਿਰਿਆ ਦਹਿ ਦਿਸ਼ਾ ਭਵੇ ਮੂਲ ਨਾ ਬੰਦਰ, ਬੰਦਗੀ ਵਿਚ ਮਛੰਦਗੀ ਇਕੋ ਦਏ ਸਮਝਾਈਆ । ਪੈਂਡਾ ਮੁਕਾ ਕੇ ਪ੍ਰਕਾਸ਼ ਸੂਰੀਆ ਚੰਦਰ, ਨੂਰੀ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਸਾਚੀ ਵਸਤ ਅਮੋਲਕ ਅਗੰਮ ਅਥਾਹ ਬੇਪਰਵਾਹ ਕੋਲੋਂ ਗੁਰਮੁਖ ਸਦਾ ਮੰਗਣ, ਮਾਂਗਤ ਹੋ ਕੇ ਆਪਣੀ ਝੋਲੀ ਡਾਹੀਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਦੀਨ ਦਿਆਲਾ ਵਡ ਕਿਰਪਾਲਾ ਪ੍ਰੇਮ ਪ੍ਰੀਤੀ ਚਾੜ੍ਹੇ ਰੰਗਣ, ਰੰਗ ਅਨਡਿੱਠੜਾ ਆਪ ਚੜ੍ਹਾਈਆ । ਹਰਿ ਸੰਗਤ ਹਰਿ ਸਤਿਗੁਰ ਮਿਲ ਹਰਿ ਦਵਾਰੇ ਦੋਹਾਂ ਦੀ ਸਾਂਝੀ ਇਕੋ ਜਿਹੀ ਬੰਦਨ, ਬੰਦਿਆਂ ਵਰਗਾ ਬੰਦਾ ਬੰਦੀਖ਼ਾਨੇ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਰਗੁਣ ਨਿਰਗੁਣ ਨਿਰਗੁਣ ਸਰਗੁਣ ਕਰੇ ਖੇਲ ਸੂਰਾ ਸਰਬੰਗਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਦਾ ਮਾਲਕ ਇਕ ਅਖਵਾਈਆ ।

੬੭੦
੨੦

## ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਤੇਜਾ ਸਿੰਘ ਦੇ ਗ੍ਰਿਹ ਪਿੰਡ ਸਠਿਆਲਾ ਜ਼ਿਲਾ ਅੰਮ੍ਰਿਤਸਰ ★

ਪੁਰਖ ਅਕਾਲ ਸੁਣੇ ਬਿਆਨ, ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਸ੍ਰਿਸ਼ਟੀ ਉਤੇ ਵੇਖੇ ਮਾਰ ਧਿਆਨ, ਚਾਰ ਕੁੰਟ ਦਹਿ ਦਿਸ਼ਾ ਅੱਖ ਖੁਲ੍ਹਾਈਆ । ਹਿਰਦੇ ਅੰਦਰ ਰਿਹਾ ਨਾ ਕਿਸੇ ਗਿਆਨ, ਕੂੜੀ ਕਿਰਿਆ ਜਗਤ ਹਲਕਾਈਆ । ਨੇਤਰ ਰੋਂਦੇ ਸ਼ਾਸਤਰ ਸਿਮਰਤ ਦੇਵ ਪੁਰਾਨ, ਅੰਜੀਲ ਕੁਰਾਨ ਦਏ ਦੁਹਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਈ ਮਹਾਨ, ਮਹਿਬੂਬ ਮਿਲ ਕੇ ਖ਼ੁਸ਼ੀ ਨਾ ਕੋਇ ਬਣਾਈਆ । ਮਨ ਵਾਸਨਾ ਸ਼ਰਅ ਫਿਰੇ ਸੈਤਾਨ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕੀਤੀ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਸਚਖੰਡ ਨਿਵਾਸੀ ਇਕ ਸੁਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਵੇਖੇ ਲੋਕਮਾਤ ਉਤੇ ਧਰਤ, ਧਰਨੀ ਧਵਲ ਰਹੀ ਕੁਰਲਾਈਆ । ਝਗੜਾ ਪਿਆ ਉਤੇ ਫ਼ਰਸ਼, ਅੱਲਾਹ ਵਾਹਿਗੁਰੂ ਰਾਮ ਦਿਸੇ ਲੜਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਧੁਰ ਦੇ ਕਰਮ ਦੀ ਵੇਖੇ ਆਪਣੀ ਫ਼ਰਦ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰ ਫ਼ਰਮਾਨਾ ਸ੍ਰੀ ਭਗਵਾਨਾ ਜੋ ਸਰਗੁਣ ਧਾਰ ਨਿਰਗੁਣ ਨਿਰਵੈਰ ਅੱਗੇ ਕਰ ਕੇ ਆਏ ਅਰਜ਼, ਨਿਰਵੈਰ ਕੋਲੋਂ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਧੁਰ ਫ਼ਰਮਾਨਾ ਵੇਖੇ ਪੂਰਬ ਇਤਹਾਸ, ਹਰਿ ਕਰਤਾ ਆਪ ਦ੍ਰਿੜਾਈਆ । ਜਿਸ ਵਿਚ ਹੁਕਮ ਸੰਦੇਸਾ ਲਿਖਿਆ ਖ਼ਾਸ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਮਝ ਕੋਇ ਨਾ ਪਾਈਆ । ਜਿਸ ਵੇਲੇ ਕਲਜੁਗ ਅੰਤ ਸਦੀ ਚੌਧਵੀਂ ਹੋਏ ਅੰਧੇਰੀ ਰਾਤ, ਸਾਚਾ ਨੂਰੀ ਚੰਦ ਨਾ ਕੋਇ ਚਮਕਾਈਆ । ਦੀਨ ਮਜ਼੍ਹਬ ਝਗੜਾ ਮੇਟੇ (ਨਾ ਕੋਇ) ਜਾਤ ਪਾਤ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਕਰੇ ਲੜਾਈਆ । ਸਾਚੀ ਵਸਤ ਨਾਮ ਅਮੋਲਕ ਰਹੇ ਕਿਸੇ ਨਾ ਪਾਸ, ਸਾਧ ਸੰਤ ਸ੍ਰੀ ਭਗਵੰਤ ਧੁਰ ਦੇ ਕੰਤ ਮਿਲਣ ਕੋਇ ਨਾ ਆਈਆ । ਆਤਮ ਪਰਮਾਤਮ ਪਾਰਬ੍ਰਹਮ ਪਤਿਪਰਮੇਸ਼ਵਰ ਜੋੜੇ ਕੋਈ ਨਾ ਨਾਤ, ਸੁਰਤੀ ਸ਼ਬਦੀ ਮੇਲਾ ਮੇਲੇ ਕੋਇ ਨਾ ਨਾ ਤਨ ਵਜੂਦ ਵੱਜੇ ਵਧਾਈਆ । ਜੋ ਭਵਿਖਤਾਂ ਵਿਚ ਗਏ ਆਖ, ਲੇਖਾਂ ਵਿਚ ਲੇਖਾ ਲਿਖਿਆ ਸਾਖਿਆਤ, ਕਲਮ ਦਵਾਤ ਸ਼ਾਹੀ ਜੋੜ ਨਾ ਕੋਇ ਜੁੜਾਈਆ । ਸੋ ਲਹਿਣਾ ਦੇਣਾ ਮੰਗੇ ਪੁਰਖ ਅਬਿਨਾਸ਼, ਸ਼ਾਹੋ ਭੂਪ ਸਰਬ ਗੁਣ ਤਾਸ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਆਪਣੇ ਮਜ਼੍ਹਬ ਦੀਨ ਇਸਲਾਮ, ਲੱਖ ਚੁਰਾਸੀ ਅੰਦਰ ਵੜ ਕੇ ਕਾਇਆ ਮੰਦਰ ਫੋਲ ਫੁਲਾਈਆ । ਮਨ ਵਾਸਨਾ ਕੂੜੀ ਕਿਰਿਆ ਮਮਤਾ ਮੋਹ ਸਚ ਵਿਗੜਿਆ ਨਜ਼ਾਮ, ਨੌਬਤ ਨਾਮ ਹਕ ਨਾ ਕੋਇ ਸੁਣਾਈਆ । ਜਗਤ ਵਿਦਿਆ ਦ੍ਰਿਸ਼ਟੀ ਹੋਈ ਪਰਧਾਨ, ਸਵਾਨ ਵਾਂਗ ਫਿਰੇ ਹਲਕਾਈਆ । ਸਚ ਮਹਿਬੂਬ ਦਾ ਦੇਵੇ ਨਾ ਕੋਈ ਗਿਆਨ, ਅੰਤਰ ਆਤਮ ਨਿਰੰਤਰ ਨਿਰਵੈਰ ਭੇਵ ਨਾ ਕੋਇ ਖੁਲ੍ਹਾਈਆ । ਕੂੜੀ ਕਿਰਿਆ ਜੂਠ ਝੂਠ ਅਪਰਾਧ ਡੰਕ ਵਜਾਏ ਆਣ, ਸੋਈ ਸੁਰਤੀ ਨਾ ਕੋਈ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਆਪਣੀ ਧਰਨੀ, ਧਰਤੀ ਉਪਰ ਧਿਆਨ ਲਗਾਈਆ । ਝਗੜਾ ਪਿਆ ਵਰਨੀ ਬਰਨੀ, ਪਾਰਬ੍ਰਹਮ ਬ੍ਰਹਮ ਭੇਵ ਕੋਇ ਨਾ ਪਾਈਆ । ਸਚ ਦਵਾਰਾ ਏਕੰਕਾਰਾ ਆਏ ਕੋਈ ਨਾ ਚਰਨੀ, ਸ਼ਾਸਤਰ ਸਿਮਰਤ

ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਆਪਣਾ ਵਕਤ ਲੰਘਾਈਆ । ਸਾਚੀ ਮੰਜ਼ਲ ਦਰਗਾਹ ਸਾਚੀ ਮਿਲੇ ਕਿਸੇ ਨਾ ਚੜ੍ਹਨੀ, ਜਗਤ ਵਿਕਾਰ ਪੰਧ ਨਾ ਕੋਇ ਮੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਪੱਟੀ ਮਿਲੇ ਕਿਸੇ ਨਾ ਪੜ੍ਹਨੀ, ਅੱਖਰਾਂ ਵਾਲੀ ਵਿਦਿਆ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਧਾਰ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਆਪਣਾ ਲਾਹ ਕੇ ਵੇਖੇ ਪੜਦਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪ ਜਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਦੀਨ ਦੁਨੀ ਲੋਕਮਾਤ ਵੇਖੇ ਸੜਦਾ, ਅਗਨੀ ਅੱਗ ਤਤਵ ਤਤ ਨਾ ਕੋਇ ਬੁਝਾਈਆ । ਭੇਵ ਕੋਇ ਨਾ ਖੋਲ੍ਹੇ ਮੇਰੇ ਘਰ ਦਾ, ਗ੍ਰਿਹ ਮੰਦਰ ਅੰਦਰ ਪੜਦਾ ਨਾ ਕੋਇ ਚੁਕਾਈਆ । ਭਾਣਾ ਕੋਈ ਨਾ ਦਿਸੇ ਜਰਦਾ, ਸੀਸ ਜਗਦੀਸ ਨਾ ਕੋਇ ਨਿਵਾਈਆ । ਸਚ ਦਵਾਰੇ ਸਚਖੰਡ ਕੋਈ ਨਾ ਵੜਦਾ, ਅਧਵਾਟੀ ਦਿਸੇ ਲੋਕਾਈਆ । ਮਿਲੇ ਮੇਲ ਨਾ ਨਿਰਗੁਣ ਨਿਰਾਕਾਰ ਨਿਰਵੈਰ ਨਿਰੰਕਾਰ ਨਿਰ ਦਾ, ਟੁੱਟੀ ਗੰਢ ਨਾ ਕੋਇ ਪਵਾਈਆ । ਰਸਨਾ ਜਿਹਵਾ ਬੱਤੀ ਦੰਦ ਜੀਵ ਜਹਾਨ ਜਗਤ ਜਗਿਆਸੂ ਹੋਵੇ ਪੜ੍ਹਦਾ, ਭਗਤ ਭਗਵਨ ਵਿਚ (ਮਿਲ ਕੇ) ਭਗਵਾਨ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਹੁਕਮਰਾਨ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਆਪਣੇ ਖੋਲ੍ਹ ਕੇ ਵੇਖੇ ਬਸਤੇ, ਹਰਿ ਕਰਤਾ ਆਪ ਦ੍ਰਿੜਾਈਆ । ਜਿਸ ਵਿਚੋਂ ਦੀਨਾਂ ਮਜ਼੍ਹਬਾਂ ਦੇ ਤੁਹਾਨੂੰ ਦੱਸੇ ਰਸਤੇ, ਮਾਨਵ ਮਾਨਵ ਵੰਡ ਵੰਡਾਈਆ । ਫ਼ੁਰਨੇ ਇਸ਼ਾਰੇ ਦੱਸੇ ਅਗੰਮੀ ਇਕ ਦੇ, ਨਿਜ ਨੇਤਰ ਲੋਚਣ ਨੈਣ ਅੱਖ ਨਾ ਕੋਈ ਖੁਲ੍ਹਾਈਆ । ਨਾਮ ਭੰਡਾਰੇ ਦਿਤੇ ਸਚ ਦੇ, ਰਾਮ ਅੱਲਾ ਸਤਿਨਾਮ ਵਾਹਿਗੁਰੂ ਆਪ ਵਰਤਾਈਆ । ਕਿਉਂ ਕੂੜੇ ਹੋਏ ਕਾਇਆ ਭਾਂਡੇ ਮਾਟੀ ਕੱਚ ਦੇ, ਕੰਚਨ ਗੜ੍ਹ ਨਾ ਕੋਈ ਸੁਹਾਈਆ । ਮਨ ਵਾਸਨਾ ਅੰਦਰ ਜੀਵ ਜੰਤ ਜਗਿਆਸੂ ਸਾਧ ਸੰਤ ਫਿਰਦੇ ਨੱਚਦੇ, ਤ੍ਰਿਸਨਾ ਤ੍ਰਿਪਤ ਨਾ ਕੋਈ ਕਰਾਈਆ । ਵਸੇਰੇ ਮੁੱਕੇ ਨਾ ਆਤਮ ਪਰਮਾਤਮ ਅਲੱਗ ਦੇ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਨਰ ਨਰੇਸ਼ਾ ਇਕ ਇਕੱਲਾ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਪੁਰਖ ਅਕਾਲ ਮੰਗੇ ਸਭ ਤੋਂ ਬਾਕੀ, ਚਾਰ ਜੁਗ ਦਾ ਲੇਖਾ ਦੇਣਾ ਵਖਾਈਆ । ਕੀ ਸਿਖਿਆ ਦਿਤੀ ਤਨ ਵਜੂਦ ਖ਼ਾਕੀ, ਕਵਣ ਮੰਤਰ ਆਏ ਦ੍ਰਿੜਾਈਆ । ਕਵਣ ਜਾਮ ਪਿਆਇਆ ਬਣ ਕੇ ਸਾਕੀ, ਅੰਮ੍ਰਿਤ ਜਾਮ ਪਿਆਈਆ । ਕਿਸ ਬਿਧ ਪੜਦਾ ਲਾਹਿਆ ਬਜਰ ਕਪਾਟੀ ਖੋਲ੍ਹ ਤਾਕੀ, ਨਿਰੰਤਰ ਮੇਰਾ ਅੰਤਰ ਦੇ ਸਮਝਾਈਆ । ਕਵਣ ਰਸ ਬੂੰਦ ਚਵਾਈ ਸਵਾਂਤੀ, ਅਗਨੀ ਤਤ ਬੁਝਾਈਆ । ਕਿਸ ਬਿਧ ਜਗਾ ਕੇ ਆਏ ਨਿਰਗੁਣ ਜੋਤ ਦੀਆ ਬਾਤੀ, ਘਰ ਘਰ ਵਿਚ ਕਰ ਰੁਸ਼ਨਾਈਆ । ਕਿਸ ਬਿਧ ਹੁਕਮ ਸੰਦੇਸਾ ਮੰਨ ਕੇ ਆਏ ਆਖੀ, ਆਖ਼ਰ ਵਿਚ ਆਪਣਾ ਤਨ ਵਜੂਦ ਤਜਾਈਆ । ਕੀ ਲੇਖਾ ਲਿਖ ਕੇ ਆਏ ਕਲਮ ਦਵਾਤੀ, ਨਾਮ ਸਿਫ਼ਤਾਂ ਵਿਚ ਸਾਲਾਹੀਆ । ਕੀ ਰੰਗ ਚੜ੍ਹਾਏ ਤਨ ਪੋਸ਼ਾਕੀ, ਪਰਾ ਪਸੰਤੀ ਮਧਮ ਬੈਖਰੀ ਕਰੀ ਕੀ ਪੜ੍ਹਾਈਆ । ਕੀ ਮੰਜ਼ਲ ਦੱਸ ਕੇ ਆਏ ਘਾਟੀ, ਰਹਿਬਰ ਜਗਤ ਅਖਵਾਈਆ । ਸੋ ਲਹਿਣਾ ਦੇਣਾ ਸਚ ਦਵਾਰ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਮੰਗੇ ਹੁਕਮ ਇਖ਼ਲਾਕੀ, ਇਤਫ਼ਾਕੀ ਆਪਣੀ ਕਾਰ ਕਮਾਈਆ । ਕਿਉਂ ਕਲਜੁਗ ਅੰਤ ਅਖ਼ੀਰ ਦੀਨ ਦੁਨੀਆ ਬਦਲੀ ਹਯਾਤੀ, ਹਦਾਇਤ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ


੬੭੧ ੨੦

ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਸਾਚਾ ਰਾਣਾ ਧੁਰ ਦਰਬਾਰੇ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਦੁਨੀਆ ਭੁੱਲੀ, ਮੈਨੂੰ ਦਿਉ ਸਮਝਾਈਆ । ਭਾਗ ਲੱਗੇ ਨਾ ਕਾਇਆ ਕੁੱਲੀ, ਸਾਢੇ ਤਿੰਨ ਹੱਥ ਨਾ ਕੋਇ ਵਡਿਆਈਆ । ਕਿਉਂ ਕੂੜ ਅੰਧੇਰੀ ਝੁੱਲੀ, ਮਨਕਾ ਸਿਮਰਨ ਪੂਜਾ ਪਾਠ ਕੰਮ ਕਿਸੇ ਨਾ ਆਈਆ । ਕਿਉਂ ਅੰਮ੍ਰਿਤ ਧਾਰ ਡੁੱਲ੍ਹੀ, ਨਿਝਰ ਧਾਰ ਰਸ ਨਾ ਕੋਇ ਚਖਾਈਆ । ਕਿਉਂ ਮਮਤਾ ਮੋਹ ਵਿਕਾਰ ਵਿਚ ਰੁਲੀ, ਸਚ ਸਿੰਘਾਸਣ ਚੜ੍ਹ ਕੇ ਪ੍ਰਭ ਦਾ ਦਰਸ ਕੋਇ ਨਾ ਪਾਈਆ । ਕਿਉਂ ਜਗਤ ਵਿਕਾਰਾ ਲਾਇਆ ਬੁੱਲੀਂ, ਆਬੇ ਹਯਾਤ ਜਾਮ ਨਾ ਕੋਇ ਪਿਆਈਆ । ਕਿਉਂ ਕੂੜੇ ਕੰਡੇ ਤੁਲੀ, ਸਚ ਤਰਾਜੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲਹਿਣਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਕਲਜੁਗ ਕੂੜੀ ਕਿਰਿਆ ਕੀਤਾ ਜ਼ੋਰ, ਜੋਰੂ ਜ਼ਰ ਰਿਹਾ ਕੁਰਲਾਈਆ । ਝਗੜਾ ਪਾਇਆ ਅੰਦਰ ਪੰਜ ਚੋਰ, ਸ਼ਰਅ ਸ਼ੈਤਾਨ ਕਰੇ ਲੜਾਈਆ । ਕਿਉਂ ਚਾਰ ਕੁੰਟ ਹੋਇਆ ਅੰਧੇਰਾ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਕਿਉਂ ਤੁਸਾਂ ਤੁਰਤ ਸ਼ਬਦ ਨਾ ਬੰਨ੍ਹੀ ਡੋਰ, ਆਤਮ ਜੋੜ ਜੁੜਾਈਆ । ਇਸ ਦਾ ਉਤਰ ਦਿਓ ਮੋੜ, ਸਚ ਸੰਦੇਸੇ ਮੰਗ ਮੰਗਾਈਆ । ਮੈਂ ਅਗਲਾ ਖੇਲ ਕਰਨਾ ਕੁਛ ਹੋਰ, ਜਿਸ ਦੀ ਚਾਰ ਜੁਗ ਸਮਝ ਕੋਇ ਨਾ ਪਾਈਆ । ਕਲਜੁਗ ਅੰਦਰ ਸਤਿਜੁਗ ਦੇਣਾ ਤੋਰ, ਤੁਰਤ ਆਪਣੀ ਕਾਰ ਕਮਾਈਆ । ਆਪਣਾ ਨਾਮ ਸੰਦੇਸਾ ਦੇ ਕੇ ਨਵਾਂ ਨਕੋਰ, ਚਾਰ ਜੁਗ ਦਾ ਲਹਿਣਾ ਦੇਣਾ ਮੁਕਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਬੋਲ, ਅਨਬੋਲਤ ਰਾਗ ਦੇਣਾ ਸਮਝਾਈਆ । ਸਚ ਭੰਡਾਰਾ ਆਦਿ ਜੁਗਾਦਿ ਮੇਰੇ ਕੋਲ, ਜੁਗ ਚੌਕੜੀ ਨਿਰਗੁਣ ਧਾਰ ਸਰਗੁਣ ਰਿਹਾ ਵਰਤਾਈਆ । ਸਚ ਜੈਕਾਰਾ ਧੁਰ ਦਾ ਨਾਅਰਾ ਪੜਦਾ ਦੇਵੇ ਖੋਲ੍ਹ, ਖ਼ਾਲਕ ਖ਼ਲਕ ਦੇ ਪਿਛੇ ਆਪ ਸਮਝਾਈਆ । ਸਦੀ ਚੌਧਵੀਂ ਰਹੇ ਨਾ ਕੋਇ ਅਨਭੋਲ, ਧੁਰ ਦਾ ਡੰਕ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਸ੍ਰੀ ਭਗਵੰਤ ਧੁਰ ਦਾ ਕੰਤ ਦੇਵੇ ਸ਼ਬਦ ਨਾਮ ਅਨਮੋਲ, ਅਨਮੁਲੜੀ ਵਸਤ ਸਤਿਜੁਗ ਦਸਤ ਧਰਮ ਅਰਥ ਝੋਲੀ ਪਾਈਆ । ਜੋ ਸਤਿਗੁਰ ਨਾਮ ਪਿਆਰ ਦਾ ਰੋਗੀ, ਮਾਨਵ ਮਾਨੁਖ ਨਜ਼ਰੀ ਆਈਆ । ਜੋ ਅੰਤਰ ਆਤਮ ਰਸ ਦਾ ਭੋਗੀ, ਸਚ ਸੁਖ ਰਾਹ ਤਕਾਈਆ । ਜੋ ਨਿਰਗੁਣ ਨਿਰਵੈਰ ਧਾਰ ਪੜ੍ਹੇ ਪੋਥੀ, ਬਿਨ ਅੱਖਰਾਂ ਆਵਾਜ਼ ਅਲਾਈਆ । ਤਿਸ ਦਾ ਹੋਵੇ ਮੇਲ ਸੰਜੋਗੀ, ਧੁਰ ਮੇਲਾ ਲਏ ਮਿਲਾਈਆ । ਪੁਰਖ ਅਕਾਲ ਚੁੱਕੇ ਗੋਦੀ, ਬਿਨ ਭੁਜਾਂ ਭੁਜਾਂ ਟਿਕਾਈਆ । ਅੰਤਰ ਆਤਮਾ ਜਾਏ ਸੋਧੀ, ਪਤਤ ਪਵਿਤ ਦਏ ਬਣਾਈਆ । ਪੰਧ ਮੁਕਾਏ ਲੋਕ ਪਰਲੋਕੀ, ਦੋ ਜਹਾਨਾਂ ਡੇਰਾ ਢਾਹੀਆ । ਪਿਛਲੀ ਰਹਿਣ ਨਾ ਦੇਵੇ ਸੋਝੀ, ਸਮਝ ਵਿਚੋਂ ਬਾਹਰ ਕਢਾਈਆ । ਪੰਧ ਮੁਕਾ ਕੇ ਜਗਤ ਤ੍ਰੈਲੋਕੀ, ਬ੍ਰਹਿਮੰਡਾਂ ਖੰਡਾਂ ਲਹਿਣਾ ਦੇਣਾ ਦਏ ਦਵਾਈਆ । ਅੰਤ ਮਿਲਾ ਕੇ ਓਸ ਨਿਰਮਲ ਜੋਤੀ, ਜੋਤ ਜੋਤ ਵਿਚ ਸਮਾਈਆ । ਜਿਥੇ ਭਗਤ ਭਗਵਾਨ ਦੀ ਇਕੋ ਗੋਤੀ, ਦੂਜਾ ਨਜ਼ਰ ਕੋਇ ਨਾ ਆਈਆ । ਲੱਭਣੀ ਪਏ ਨਾ ਕੋਇ ਕੋਠੀ, ਜਗਤ ਸਿੰਘਾਸਣ ਨਾ ਕੋਇ ਵਿਛਾਈਆ । ਖਾਣੀ ਪਏ ਨਾ ਕੋਇ ਰੋਟੀ, ਤ੍ਰਿਸਨਾ ਤ੍ਰਿਖਾ ਨਾ ਕੋਇ ਤਪਾਈਆ । ਪ੍ਰੇਮ ਵਿਚ ਪ੍ਰੇਮਕਾ ਰਹੇ ਨਾ ਸੋਤੀ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਰੋਗ ਦਏ ਗਵਾਈਆ । ਜਨ ਭਗਤ ਰੋਗ ਜਾਏ ਲਥ, ਵਸੂਰਾ ਰਹਿਣ ਕੋਇ ਨਾ ਪਾਈਆ ।


੬੭੨
੨੦

ਜਿਸ ਉਪਰ ਕਿਰਪਾ ਕਰੇ ਪੁਰਖ ਸਮਰਥ, ਮਿਹਰ ਨਜ਼ਰ ਉਠਾਈਆ । ਸਾਚਾ ਮਾਰਗ ਕਾਇਆ ਮੰਦਰ ਅੰਦਰ ਵੜ ਕੇ ਦੇਵੇ ਦੱਸ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਧੁਨ ਆਤਮਕ ਰਾਗ ਸੁਣਾਏ ਆਪਣੀ ਸਦ, ਛੰਦ ਅਗਲਾ ਦਏ ਜਣਾਈਆ । ਜਗਤ ਦਵਾਰਾ ਰਹੇ ਕੋਈ ਨਾ ਹੱਦ, ਮਨ ਵਿਕਾਰਾ ਡੇਰਾ ਢਾਹੀਆ । ਨਿਝਰ ਝਿਰਨਾ ਅੰਮ੍ਰਿਤ ਦੇਵੇ ਆਪਣਾ ਰਸ, ਰਸਤਾ ਅਗਲਾ ਦਏ ਖੁਲ੍ਹਾਈਆ । ਮੋਹ ਵਿਕਾਰ ਹੰਕਾਰ ਗ਼ਦਾਰ ਅੰਦਰੋਂ ਜਾਏ ਨੱਸ, ਸਾਂਤਕ ਸਤਿ ਸਤਿ ਕਰਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਪੜਦਾ ਦਏ ਚੁਕਾਈਆ । ਨਾਮ ਨਿਧਾਨ ਮਾਰ ਕੇ ਸੱਟ, ਸੋਈ ਸੁਰਤੀ ਲਏ ਉਠਾਈਆ । ਘਰ ਜੋਤ ਕਰ ਪਰਗਟ, ਨੂਰ ਨੂਰ ਵਿਚ ਰੁਸ਼ਨਾਈਆ । ਕਿਰਪਾਲ ਹੋ ਕੇ ਦਿਆਲ ਹੋ ਕੇ ਰੋਗੀ ਦਾ ਰੋਗ ਦੇਵੇ ਕੱਟ, ਦਵੈਤ ਰਹਿਣ ਨਾ ਦੇਵੇ ਫੱਟ, ਭਾਗ ਲਗਾਵੇ ਕਾਇਆ ਮੱਟ, ਜੋਤ ਜਗਾਵੇ ਲਟ ਲਟ, ਅੰਧ ਅੰਧੇਰ ਦਏ ਗਵਾਈਆ । ਜਿਹੜਾ ਰੋਗੀ ਰੋਗ ਵਾਲਾ ਹੋਵੇ ਸਚ, ਤਿਸ ਭਾਗ ਲੱਗੇ ਕਾਇਆ ਮਾਟੀ ਕੱਚ, ਪੁਰਖ ਅਕਾਲ ਦੀਨ ਦਿਆਲ ਸਤਿਗੁਰ ਪੂਰਾ ਲੂੰ ਲੂੰ ਅੰਦਰ ਜਾਏ ਰਚ, ਸਾਢੇ ਤਿੰਨ ਹੱਥ ਸਾਢੇ ਤਿੰਨ ਕਰੋੜ ਰੋਮ ਰੋਮ ਬੈਠੇ ਸੀਸ ਨਿਵਾਈਆ । ਜੋ ਰੋਗੀ ਹੋਵੇ ਬਿਮਾਰ, ਰਾਹ ਤੱਕੇ ਨੈਣ ਉਠਾਈਆ । ਤਿਸ ਦੀ ਪਾਵੇ ਨਾ ਕੋਇ ਸਾਰ, ਚਾਰੇ ਕੁੰਟਾਂ ਵੇਖ ਵਖਾਈਆ । ਭਗਤ ਉਧਾਰਨਾ ਨਿਰਗੁਣ ਦੀ ਕਾਰ, ਜੁਗ ਚੌਕੜੀ ਵੇਸ ਵਟਾਈਆ । ਸੁਤਿਆਂ ਲਏ ਉਠਾਲ, ਆਲਸ ਨਿੰਦਰਾ ਦਏ ਮਿਟਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਏਕਾ ਘਰ ਵਖਾਈਆ । ਜੋਤੀ ਜਲਵਾ ਦੇ ਜਮਾਲ, ਅੰਧ ਅਗਿਆਨ ਦੂਰ ਕਰਾਈਆ । ਸਾਚੇ ਪ੍ਰੇਮ ਦੀ ਅਗੰਮੀ ਪੁੜੀ ਧਰਮ ਮਰੀਜ਼ ਨੂੰ ਦੇਵੇ ਖਵਾਲ, ਜਿਸ ਦੇ ਖਾਧਿਆਂ ਖਾਵੰਦ ਦਾ ਵਿਛੋੜਾ ਰਹੇ ਨਾ ਰਾਈਆ । ਉਹ ਗੁਰਮੁਖ ਗੁਰਸਿਖ ਸੱਜਣ ਮੀਤ ਮੁਰਾਰ ਪ੍ਰਭ ਦਾ ਲਾਲ, ਲਾਲਨ ਲਾਲ ਆਪਣਾ ਰੰਗ ਰੰਗਾਈਆ । ਲੈ ਕੇ ਜਾਵੇ ਸਚਖੰਡ ਸਚੀ ਧਰਮਸਾਲ, ਜਿਥੇ ਗੁਰ ਅਵਤਾਰ ਪੈਗ਼ੰਬਰ ਨਿਰਗੁਣ ਜੋਤ ਬਿਨ ਵਰਨ ਗੋਤ ਬੈਠੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੋਗੀ ਅੰਦਰ ਪ੍ਰਭ ਦਾ ਮੋਜੀ, ਬੁੱਧੀ ਤੋਂ ਪਾਰ ਸੋਝੀ ਰੋਜ਼ੀ ਪ੍ਰਭ ਦਾ ਨਾਮ ਖਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਹਜਾਰਾ ਸਿੰਘ ਦੇ ਗ੍ਰਹਿ ਪਿੰਡ ਖੱਬੇ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੀਨ ਦੁਨੀ ਵੇਖ ਹੋਏ ਹੈਰਾਨ, ਚਾਰ ਕੁੰਟ ਦਹਿ ਦਿਸ਼ਾ ਅੰਧੇਰਾ ਛਾਈਆ । ਚਾਰ ਵਰਨ ਅਠਾਰਾਂ ਬਰਨ ਸਾਬਤ ਰਿਹਾ ਨਾ ਕਿਸੇ ਦਾ ਧਰਮ ਈਮਾਨ, ਸਚ ਸੁਚ ਸੰਜਮ ਹਕ ਨਾ ਕੋਇ ਕਮਾਈਆ । ਮਨ ਵਾਸਨਾ ਕੂੜੀ ਕਿਰਿਆ ਮਮਤਾ ਮੋਹ ਵਿਕਾਰ ਵਧਿਆ ਸ਼ੈਤਾਨ, ਸ਼ਰਅ ਸ਼ਰੀਅਤ ਮਾਨਵ ਕਾਬਲੀਅਤ ਦਿਤੀ ਮਿਟਾਈਆ । ਸੱਜਣ ਮੀਤ ਪਿਤਾ ਪੂਤ ਹੋਏ ਬੇਈਮਾਨ, ਸਾਚਾ ਸੰਗ ਸੂਰੇ ਸਰਬੰਗ ਨਾ ਕੋਇ ਨਿਭਾਈਆ । ਜੋ ਸ਼ਾਸਤਰ ਸਿਮਰਤ ਵੇਦ ਪੁਰਾਨ ਰਾਹੀਂ ਦੱਸ ਕੇ ਆਏ ਰੀਤ, ਧੁਰ ਸੰਦੇਸ਼ਾ ਨਰ ਨਰੇਸ਼ਾ ਨਰ ਨਿਰੰਕਾਰ ਤੇਰਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਫਿਰੇ ਦਰੋਹੀ ਮੰਦਰ ਮਸੀਤ, ਸ਼ਿਵਦਵਾਲਾ ਮੱਠ ਕੂਕ ਕੂਕ ਸੁਣਾਈਆ । ਨੇਤਰ ਰੋਵੇ ਜਾਤ ਪਾਤ ਦੀਨ ਮਜ਼੍ਹਬ ਊਚ ਨੀਚ, ਰਾਓ ਰੰਕ ਸਾਂਤਕ ਸਤਿ ਨਾ ਕੋਇ ਕਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਈ ਨਾ ਗੀਤ, ਪਾਰਬ੍ਰਹਮ

ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਠੀਕ, ਆਵਣ ਜਾਵਣ ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਚਲੇ ਕੋਈ ਨਾ ਚਾਰਾ, ਕਲਜੁਗ ਆਪਣੀ ਕਲ ਵਰਤਾਈਆ । ਚਾਰੋਂ ਕੁੰਟ ਦਿਸੇ ਧੂੰਆਂਧਾਰਾ, ਤੇਰਾ ਨਾਮ ਸਾਚਾ ਚੰਦ ਨਾ ਕੋਇ ਚਮਕਾਈਆ । ਧੁਰ ਦਾ ਸ਼ਬਦ ਨਾ ਕਿਸੇ ਵਿਚਾਰਾ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਅੰਮ੍ਰਿਤ ਰਸ ਮਿਲੇ ਨਾ ਕਿਸੇ ਠੰਡਾ ਠਾਰਾ, ਅੱਠ ਸੱਠ ਤੀਰਥ ਦੇਣ ਦੁਹਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕੂੜੀ ਕਿਰਿਆ ਦਿਸੇ ਵਿਭਚਾਰਾ, ਕਾਮ ਕਰੋਧ ਲੋਭ ਮੋਹ ਵਿਕਾਰ ਹੰਕਾਰ ਹਲਕਾਈਆ । ਪੁਰਖ ਅਕਾਲ ਦੀਨ ਦਿਆਲ ਸਚਖੰਡ ਨਿਵਾਸੀ ਪਰਵਰਦਿਗਾਰ ਸਾਂਝੇ ਯਾਰ ਤੇਰਾ ਦਿਸੇ ਨਾ ਕਿਸੇ ਦਰਬਾਰਾ, ਦਰਗਾਹ ਸਾਚੀ ਹਕ ਮੁਕਾਮੇ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬੀਸ ਬੀਸੇ ਹਰਿ ਜਗਦੀਸੇ ਤੇਰੀ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਅੰਤਮ ਦਿਸੇ ਹੱਦ, ਦੋਏ ਜੋੜ ਸੀਸ ਨਿਵਾਈਆ । ਕਲਜੁਗ ਕੂੜ ਨਗਾਰਾ ਰਿਹਾ ਵੱਜ, ਚਾਰ ਕੁੰਟ ਦਹਿ ਦਿਸ਼ਾ ਕਰੇ ਸ਼ਨਵਾਈਆ । ਸਾਚਾ ਕਰੇ ਕੋਈ ਨਾ ਹੱਜ, ਕਾਇਆ ਕਾਅਬਾ ਨਾ ਕੋਇ ਰੁਸ਼ਨਾਈਆ । ਧੁਨ ਆਤਮਕ ਸੁਣੇ ਕੋਈ ਨਾ ਨਦ, ਅਨਹਦ ਨਾਮ ਨਾ ਕੋਇ ਸ਼ਨਵਾਈਆ । ਸਚ ਦਵਾਰ ਏਕੰਕਾਰ ਬਹੇ ਕੋਈ ਨਾ ਸਜ, ਸਾਜਣ ਮੀਤ ਤੇਰਾ ਨਾਮ ਗੀਤ ਸੰਗੀਤ ਤਾਲ ਨਾ ਕੋਇ ਵਜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੈਥੋਂ ਹੋਈ ਅੱਡ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਤਨ ਵਜੂਦ ਕਾਇਆ ਮਾਟੀ ਖ਼ਾਲੀ ਦਿਸਣ ਹੱਡ, ਨਾਮ ਰਬਾਬ ਹਕ ਅਹਿਬਾਬ ਸਾਚੀ ਤਾਰ ਨਾ ਕੋਇ ਹਿਲਾਈਆ । ਸਾਹਿਬ ਸਵਾਮੀ ਅੰਤਰਜਾਮੀ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਾਡਾ ਨਾ ਕੋਈ ਸਵਾਲ ਨਾ ਕੋਈ ਜਵਾਬ, ਬੇਆਬ ਬੇਆਬ ਸਾਰੇ ਰਹੇ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਭੁਲਿਆ ਸਭ ਨੂੰ ਸਜਦਾ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਧਰਮ ਦਵਾਰ ਦਾ ਰਿਹਾ ਨਾ ਕੋਈ ਬਰਦਾ, ਖ਼ਾਦਮ ਹੋ ਕੇ ਸਾਚੀ ਸੇਵ ਨਾ ਕੋਇ ਕਮਾਈਆ । ਮਾਲਕ ਬਣਿਆ ਨਾ ਕੋਈ ਤੇਰੇ ਘਰ ਦਾ, ਸਚ ਦਵਾਰੇ ਵੜਨ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਵਿਚ ਜੀਵ ਜਹਾਨ ਜਾਏ ਹੜ੍ਹਦਾ, ਨਈਆ ਨੌਕਾ ਨਾਮ ਹੱਥ ਕਿਸੇ ਨਾ ਆਈਆ । ਸਚ ਸਵਾਮੀ ਸਮਰਥ ਕੰਤ ਭਗਵੰਤ ਹੋ ਕੇ ਨਾ ਵਰਦਾ, ਕੂੜਾ ਨਾਤਾ ਜੁੜਿਆ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਅਲਖ ਜਗਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਆਪਣੇ ਅੱਗੇ ਕਰੋ ਹੱਥ, ਬਿਨ ਹੱਥਾਂ ਹੱਬ ਉਠਾਈਆ । ਅਗਲਾ ਲੇਖਾ ਦੇਵਾਂ ਦੱਸ, ਬਿਨ ਵਿਦਿਆ ਬਿਨ ਅੱਖਰਾਂ ਕਰ ਪੜ੍ਹਾਈਆ । ਸਦੀ ਚੌਧਵੀਂ ਅੰਤ ਅਖ਼ੀਰ ਸਭ ਦਾ ਲਹਿਣਾ ਦੇਣਾ ਹੋਣਾ ਬੱਸ, ਪਿਛਲੇ ਬਸਤੇ ਦੇਣੇ ਬੰਧਾਈਆ । ਅਗਲਾ ਹੁਕਮ ਦੇਣਾ ਯਕ, ਯਾਦ ਧੁਰ ਦੀ ਇਕ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਮਾਰਗ ਇਕੋ ਦੇਣਾ ਦੱਸ, ਸ਼ਤਰੀ ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਕੂੜੀ ਕਿਰਿਆ ਮਮਤਾ ਮੋਹ ਵਿਕਾਰ ਦੁਰਮਤ ਮੈਲ ਦੇਣੀ ਕੱਟ, ਸਤਿ ਸਚ ਅੰਦਰ ਦੇਣਾ ਟਿਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਧਰਮ ਵਣਜਾਰੇ ਖੋਲ੍ਹਣਾ ਹੱਟ, ਲੱਖ ਚੁਰਾਸੀ ਜੀਵ ਜੰਤ ਵਸਤ ਅਮੋਲਕ ਦਏ ਵਰਤਾਈਆ । ਵਿਸ਼ਨ

੬੭੪ ੨੦

ਬ੍ਰਹਮਾ ਸ਼ਿਵ ਦੇਵਤ ਸੁਰ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਲੋਕ ਪਰਲੋਕ ਚੌਦਾਂ ਲੋਕ ਆਵਣ ਨੱਠ, ਈਸਾ ਮੂਸਾ ਮੁਹੰਮਦ ਸੀਸ ਜਗਦੀਸ ਝੁਕਾਈਆ । ਏਕਾ ਨਾਅਰਾ ਏਕੰਕਾਰਾ ਦੋ ਜਹਾਨਾ ਬਿਨ ਰਸਨਾ ਜਿਹਵਾ ਗੀਤ ਗੋਬਿੰਦ ਬੋਲਣਾ ਸਚ, ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰਾ ਦਏ ਸਮਝਾਈਆ । ਸਤਿਜੁਗ ਸਾਚੀ ਧਾਰ ਏਕੰਕਾਰ ਲੋਕਮਾਤ ਦੇਵੇ ਰੱਖ, ਨਿਰਗੁਣ ਨੂਰ ਜੋਤ ਕਰ ਪ੍ਰਤੱਖ, ਪਾਰਬ੍ਰਹਮ ਪਤਿਪਰਮੇਸ਼ਵਰ ਸ਼ਬਦੀ ਧਾਰ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਨਰ ਨਰੇਸ਼ਾ ਨਰ ਨਰਾਇਣ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਪੁਰਖ ਅਕਾਲ ਦਾ ਹੁਕਮ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਬਦਲ ਆਪਨੀ ਤਕਦੀਰ, ਤਦਬੀਰ ਆਪਨੀ ਦੇ ਦ੍ਰਿੜਾਈਆ । ਚਾਰ ਕੁੰਟ ਦਹਿ ਦਿਸ਼ਾ ਸ਼ਰਅ ਕੱਟ ਜਜ਼ੀਰ, ਸ਼ਾਹ ਹਕੀਰ ਇਕੋ ਰੰਗ ਰੰਗਾਈਆ । ਮੰਜ਼ਲ ਦੱਸ ਅਖ਼ੀਰ, ਆਖ਼ਰ ਆਪਣਾ ਹਕੀਕੀ ਮੇਲਾ ਲੈ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਰਿਹਾ ਨਾ ਭਉ, ਭੈ ਵਿਚ ਨਾ ਕੋਇ ਲੋਕਾਈਆ । ਝਗੜਾ ਰਿਹਾ ਨਾ ਮੈਂ ਹਉਂ, ਹੰਕਾਰ ਗੜ੍ਹ ਸ੍ਰਿਸ਼ਟ ਉਪਜਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਭੁੱਲਿਆ ਸਭ ਨੂੰ ਨਾਉਂ, ਨਾਉਂ ਨਿਰੰਕਾਰਾ ਨਾ ਕੋਇ ਗਾਈਆ । ਵਿਭਚਾਰ ਹੋਵੇ ਥਾਈਂ ਥਾਉਂ, ਥਾਨ ਥਾਨੰਤਰ ਦੇਣ ਦੁਹਾਈਆ । ਹੰਸ ਬੁੱਧੀ ਹੋਈ ਕਾਉਂ, ਕਾਗ ਵਾਂਗ ਕੁਰਲਾਈਆ । ਭਾਗ ਲੱਗਾ ਨਾ ਕਿਸੇ ਕਾਇਆ ਮਾਟੀ ਸਾਢੇ ਤਿੰਨ ਹੱਥ ਗਾਉਂ, ਧਰਮ ਮੰਦਰ ਨਜ਼ਰ ਕਿਸੇ ਨਾ ਆਈਆ । ਪ੍ਰਭ ਮਿਲਣ ਦਾ ਰੱਖੇ ਕੋਈ ਨਾ ਚਾਓ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹ ਕੇ ਆਪਣਾ ਝਟ ਲੰਘਾਈਆ । ਦੀਨ ਦੁਨੀ ਪਰਮਾਰਥ ਸਵਾਰਥ ਭੁੱਲੀ ਆਪਣਾ ਰਾਹੋ, ਰਹਿਬਰ ਲੇਖਾ ਯਾਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਪੁਰਖ ਅਕਾਲ ਦੀਨ ਦਿਆਲ ਗੁਰ ਅਵਤਾਰ ਪੈਗ਼ੰਬਰ ਦਰ ਤੇਰੇ ਅਰਜ਼ ਸੁਣਾਈਆ । ਪੁਰਖ ਅਕਾਲ ਕਹੇ ਸੁਣੋ ਸੰਦੇਸਾ ਅਗੰਮ ਫ਼ਰਮਾਨ, ਚਾਰ ਜੁਗ ਲੇਖ ਲਿਖਤ ਨਾ ਕੋਇ ਬਣਾਈਆ । ਕੂੜੀ ਕਿਰਿਆ ਬਦਲ ਦੇਣਾ ਵਿਧਾਨ, ਸਤਿਜੁਗ ਸਾਚਾ ਰਾਹ ਚਲਾਈਆ । ਸਚ ਦਵਾਰਾ ਏਕੰਕਾਰਾ ਇਕੋ ਦੱਸਣਾ ਧਰਮ ਅਸਥਾਨ, ਜਿਥੇ ਪੂਜਾ ਹੋਵੇ ਬੇਪਹਿਚਾਨ, ਝਗੜਾ ਰਹਿਣ ਨਹੀਂ ਦੇਣਾ ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਲੇਖਾ ਦੇਣਾ ਮੁਕਾਈਆ । ਆਤਮ ਪਰਮਾਤਮ ਪਾਰਬ੍ਰਹਮ ਪਤਿਪਰਮੇਸ਼ਵਰ ਢੋਲੇ ਸਾਰੇ ਗਾਣ, ਤੂੰ ਮੇਰਾ ਮੈਂ ਤੇਰਾ ਇਕੋ ਨਾਮ ਵੱਜੇ ਵਧਾਈਆ । ਸਚ ਸੰਦੇਸਾ ਨਰ ਨਰੇਸ਼ਾ ਹੁਕਮੇ ਅੰਦਰ ਫ਼ਰਮਾਨਾ ਦੇਣਾ ਜ਼ਿਮੀਂ ਅਸਮਾਨ, ਜ਼ਾਮਨ ਹੋ ਕੇ ਆਪਨੀ ਕਾਰ ਕਮਾਈਆ । ਸਤਿ ਧਰਮ ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਝੁੱਲਣਾ ਇਕ ਨਿਸ਼ਾਨ, ਧਰਮ ਦਵਾਰਾ ਏਕੰਕਾਰਾ ਇਕੋ ਇਕ ਪਰਗਟਾਈਆ । ਜਿਸ ਗ੍ਰਹਿ ਮੰਦਰ ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਇਸ਼ਟ ਮੰਨਣ ਆਣ, ਦੂਜਾ ਰਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਸ੍ਰੀ ਭਗਵੰਤ ਧੁਰ ਦਾ ਕੰਤ ਦੇਵਣਹਾਰਾ ਮਣੀਆਂ ਮੰਤ, ਮੰਤਰ ਅੰਤਰ ਨਿਰੰਤਰ ਜੀਵ ਜੰਤ ਸਾਧ ਸੰਤ ਆਪ ਸਮਝਾਈਆ ।


੬੭੫
੨੦

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਜੋਤ ਸ਼ਬਦ ਅਧਾਰ ਮਹਾਰਾਜ ਪੂਰਨ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਖ਼ੁਸ਼ੀ ਮਨਾਵਣ ਚਾਰ ਜੁਗ ਦੇ ਪਿਛਲੇ ਭਗਤ, ਭਗਵੰਤ ਮਿਲ ਕੇ ਖ਼ੁਸ਼ੀ ਮਨਾਈਆ । ਕਿਰਪਾ ਕਰ ਵਾਲੀ ਅਰਸ਼, ਅਰਸ਼ੀ ਪ੍ਰੀਤਮ ਤੇਰੀ ਇਕ ਸਰਨਾਈਆ । ਨਿਗਾਹਵਾਨ ਹੋ ਉਪਰ ਧਰਤ, ਧਵਲ ਦੇ ਵਡਿਆਈਆ । ਜੋ ਤੇਰੇ ਦਰਸ ਰਹੇ ਤਰਸ, ਨੇਤਰ ਲੋਚਨ ਨੈਣ ਰਾਹ ਤਕਾਈਆ । ਉਨ੍ਹਾਂ ਮੇਟ ਅੰਦਰੋਂ ਤੜਪ, ਭਟਕਨ ਦੇ ਗਵਾਈਆ । ਆਹ ਭਰੇ ਕੋਈ ਨਾ ਸਰਦ, ਸਾਂਤਕ ਸਤਿ ਦੇ ਵਰਤਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਬੇਪ੍ਰਵਾਹ ਅਖਵਾਈਆ । ਸਚ ਬੇਨੰਤੀ ਸੁਣ ਅਰਜ਼, ਦਰ ਠਾਂਡੇ ਸੀਸ ਨਿਵਾਈਆ । ਜਨ ਭਗਤਾਂ ਵੰਡ ਆਪਣਾ ਦਰਦ, ਦਰਦੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਅਮਰਜੀਤ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ ★

ਪਿਛਲੇ ਭਗਤ ਦੇਣ ਸੰਦੇਸ਼ਾ, ਖ਼ੁਸ਼ੀਆਂ ਵਿਚ ਜਣਾਈਆ । ਤੇਰੀ ਬੇਪਰਵਾਹੀ ਨਰ ਨਰੇਸ਼ਾ, ਸਚ ਸੱਚੀ ਸ਼ਹਿਨਸ਼ਾਹੀਆ । ਕਲਜੁਗ ਅੰਤਮ ਖੇਲ ਨਿਰਾਲਾ ਵੇਖਾ, ਵੇਖ ਵੇਖ ਵੱਜੇ ਵਧਾਈਆ । ਧੁਰ ਫ਼ਰਮਾਨ ਸੁਣਿਆ ਉਪਦੇਸ਼ਾ, ਚਾਰ ਜੁਗ ਤੋਂ ਬਾਹਰ ਕਰੀ ਪੜ੍ਹਾਈਆ । ਨਿਰਵੈਰ ਹੋ ਕੇ ਮਿਲਿਓ ਇਕੋ ਨੇਤਾ, ਨਿਜ ਨੇਤਰ ਅੱਖ ਖੁਲ੍ਹਾਈਆ । ਬਿਨ ਪੂਜਾ ਪਾਠ ਬੰਦਗੀਉਂ ਲਹਿਣਾ ਲੀਤਾ, ਪੂਰਬ ਜਨਮ ਦੇ ਵਿਛੜੇ ਲਏ ਮਿਲਾਈਆ । ਲੱਖ ਚੁਰਾਸੀ ਵਿਚ ਨਾ ਭੁਲਿਆ ਚੇਤਾ, ਅਭੁੱਲ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਸੁਰਜੀਤ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੈਥੋਂ ਬਲਿਹਾਰ, ਆਪ ਆਪਣਾ ਘੋਲ ਘੁਮਾਈਆ । ਤੇਰਾ ਖੇਲ ਅਗੰਮ ਅਪਾਰ, ਕਥਨੀ ਕਥ ਨਾ ਸਕੇ ਰਾਈਆ । ਜੁਗ ਚੌਕੜੀ ਵੇਖੇ ਸੰਸਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਨਿਰਗੁਣ ਲੱਭਦੇ ਰਹੇ ਵਿਚ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਖੋਜ ਖੁਜਾਈਆ । ਖੋਜਦੇ ਰਹੇ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਰਾਹ ਤਕਾਈਆ । ਕਲਜੁਗ ਅੰਤ ਕਿਰਪਾ ਕੀਤੀ ਮਹਾਨ, ਮਿਹਰਵਾਨ ਪ੍ਰਭ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਵੇਖੇ ਆਣ, ਗੁਰ ਚੇਲੇ ਬੂਝ ਬੁਝਾਈਆ । ਸਤਿ ਦੇ ਇਕ ਗਿਆਨ, ਅਗਿਆਨ ਅੰਧੇਰਾ ਦਿਤਾ ਮਿਟਾਈਆ । ਤੂੰ ਮੇਰਾ ਮੈਂ ਤੇਰਾ ਢੋਲੇ ਸਾਰੇ ਗਾਣ, ਸਭ ਦੇ ਅੰਤਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦਵਾਰ ਦਰ ਤੇਰੇ ਮਿਲੇ ਵਡਿਆਈਆ ।

੬੧੬
੨੦

## ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬਿਸ਼ਨ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਕਲਜੁਗ ਵੇਖਿਆ ਖੇਲ ਨਿਰਾਲਾ, ਨਿਰਗੁਣ ਤੇਰੀ ਵਡ ਵਡਿਆਈਆ । ਸਾਚਾ ਮਾਰਗ ਦੱਸ ਸੁਖਾਲਾ, ਕਲਜੁਗ ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਤ੍ਰੈਗੁਣ ਤੋੜ ਜੰਜ਼ਾਲਾ, ਬ੍ਰਹਮ ਮਤ ਇਕ ਸਮਝਾਈਆ । ਕਾਇਆ ਮੰਦਰ ਵਖਾ ਸੱਚੀ ਧਰਮਸਾਲਾ, ਪੜਦਾ ਓਹਲਾ ਦਿਤਾ ਉਠਾਈਆ । ਮੁਰਸ਼ਦ ਹੋ ਕੇ ਮੁਰੀਦਾਂ ਪੁਛ ਹਾਲਾ, ਹਾਲਤ ਵੇਖੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ ।

## ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਰਣਜੀਤ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਸੁਹੰਜਣਾ ਦਿਸਿਆ ਤਰੀਕਾ, ਤਾਕਤਵਰ ਦਿਤਾ ਦ੍ਰਿੜਾਈਆ । ਮਾਰਗ ਵਖਾਇਆ ਨੀਕਨ ਨੀਕਾ, ਨਿਜ ਘਰ ਆਪਣੀ ਤਾੜੀ ਲਾਈਆ । ਦੀਨ ਮਜ਼੍ਹਬਾਂ ਤੋੜ ਸ਼ਰੀਕਾ, ਸ਼ਰਾਰਤ ਅੰਦਰੋਂ ਦਿਤੀ ਕਢਾਈਆ । ਆਪਣੀ ਦੱਸ ਹਕ ਤੌਫ਼ੀਕ਼ਾ, ਯਕ ਹੁਕਮ ਇਕ ਸੁਣਾਈਆ । ਤ੍ਰੈਗੁਣ ਧਨੀ ਬਣ ਅਤੀਤਾ, ਤ੍ਰੈਭਵਨ ਡੇਰਾ ਢਾਹੀਆ । ਤੇਰਾ ਕੋਇ ਨਾ ਮੇਟੇ ਕੀਤਾ, ਹਰਿ ਕਰਤੇ ਤੇਰੀ ਸਰਨਾਈਆ ।



## ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਜਾਗੀਰ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰੀ ਵੇਖੀ ਅਗੰਮੀ ਕਿਰਪਾ, ਕਿਰਪਾਲ ਤੇਰੀ ਵਡਿਆਈਆ । ਜਨ ਭਗਤਾਂ ਜਨਮ ਮਰਨ ਦੀ ਕੱਟ ਕੇ ਬਿਪਤਾ, ਬਿਮਲ ਰੂਪ ਦਿਤਾ ਬਣਾਈਆ । ਮਾਰਗ ਦੱਸ ਕੇ ਸਾਚੇ ਸਿੱਖ ਦਾ, ਸਿਖਿਆ ਇਕੋ ਦਿਤੀ ਦ੍ਰਿੜਾਈਆ । ਇਸ਼ਟ ਮੰਨਣਾ ਪੁਰਖ ਅਕਾਲ ਇਕ ਦਾ, ਏਕੰਕਾਰ ਸੀਸ ਝੁਕਾਈਆ । ਜੋ ਹਰ ਘਟ ਅੰਦਰ ਦਿਸਦਾ, ਲੱਖ ਚੁਰਾਸੀ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ ।

## ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਸੁਰਜੀਤ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਜਨ ਭਗਤ ਕਹਿਣ ਤੇਰੀ ਵੇਖੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਦੇ ਕੇ ਨਾਮ ਨਿਸ਼ਾਨੀ, ਨਿਸ਼ਾਨੇ ਪਿਛਲੇ ਦਿਤੇ ਭੁਲਾਈਆ । ਮਾਰਗ ਦੱਸ ਕੇ ਆਲਮੇ ਜਾਵਦਾਨੀ, ਰਾਹ ਇਕੋ ਦਿਤਾ ਸਮਝਾਈਆ । ਜਿਸ ਦੀ ਮੰਜ਼ਲ ਹਕ ਆਸਾਨੀ, ਮੁਸ਼ਕਲ ਅੱਗੇ ਨਾ ਕੋਇ ਟਿਕਾਈਆ । ਜੂਹ ਰਹੇ ਨਾ ਕੋਇ ਬੇਗਾਨੀ, ਬੇਵਾ ਰੂਪ ਨਾ ਕੋਇ ਅਖਵਾਈਆ । ਘਰ ਮਿਲੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਥੇ ਜੋਬਨ ਮਿਲਦਾ ਨਵੀਂ ਜਵਾਨੀ, ਬਿਰਧ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖਵਾ ਆਪਣੀ ਮਹਿੰਮਾਨੀ, ਮਿਹਰ ਨਜ਼ਰ ਇਕ ਉਠਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਦਲੀਪ ਸਿੰਘ ਦੇ ਗ੍ਰਹਿ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਜਨ ਭਗਤ ਕਹਿਣ ਤੇਰੇ ਚਰਨ ਕਵਲ ਬਲਿਹਾਰ, ਆਪਾ ਘੋਲ ਘੁਮਾਈਆ । ਜਿਸ ਖੋਲ੍ਹਿਆ ਸਚ ਦਵਾਰ, ਦਰਗਾਹ ਸਾਚੀ ਰੂਪ ਬਦਲਾਈਆ । ਬਖ਼ਸ਼ ਕੇ ਹਕ ਪਿਆਰ, ਪ੍ਰੀਤਮ ਪ੍ਰੀਤੀ ਇਕ ਦ੍ਰਿੜਾਈਆ । ਸੰਤ ਸੁਹੇਲੇ ਗੁਰਮੁਖ ਭਾਲ, ਹਰਿਜਨ ਆਪਣੇ ਰੰਗ ਰੰਗਾਈਆ । ਮੁਹੱਬਤ ਵਿਚ ਬਣਾ ਕੇ ਲਾਲ, ਸਪੂਤੇ ਗੋਦ ਉਠਾਈਆ । ਜਗਤ ਜੁਗਤ ਦੀ ਬਦਲ ਕੇ ਚਾਲ, ਮਾਰਗ ਅਗਲਾ ਦਿਤਾ ਸਮਝਾਈਆ । ਕਰਿਆ ਖੇਲ ਕਲ ਕਮਾਲ, ਕਾਮਲ ਮੁਰਸ਼ਦ ਆਪਣੇ ਹੱਥ ਰੱਖ ਵਡਿਆਈਆ । ਸਤਿਗੁਰ ਸ਼ਬਦ ਬਣ ਦਲਾਲ, ਵਣਜ ਇਕੋ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਜੀਤ ਸਿੰਘ ਦੇ ਗ੍ਰਹਿ ਜੇਠੂਵਾਲ ★

ਜਨ ਭਗਤ ਵਡ ਕਹੇ ਦਾਤੇ ਬੇਪਰਵਾਹ, ਬੇਪਰਵਾਹੀ ਤੇਰੀ ਨਜ਼ਰੀ ਆਈਆ । ਜਨ ਭਗਤ ਬਣ ਮਲਾਹ, ਖੇਵਟ ਖੇਟੇ ਬੇੜਾ ਆਪਣੇ ਕੰਧ ਉਠਾਈਆ । ਸਾਚਾ ਮਾਰਗ ਦੱਸ ਨਵਾਂ, ਸਾਂਝ ਆਪਣੇ ਨਾਲ ਰਖਾਈਆ । ਦਰਗਾਹ ਸਾਚੀ ਲਾ ਕੇ ਨਾਵਾਂ, ਨਰ ਨਰਾਇਣ ਦਿਤੀ ਵਡਿਆਈਆ । ਜਨ ਭਗਤ ਗੁਰਮੁਖ ਰਲੇ ਨਾ ਡਾਰ ਕਾਵਾਂ, ਕਾਗ ਹੰਸ ਦਿੱਤੇ ਬਣਾਈਆ । ਮੇਲ ਮਿਲਾਈਂ ਨਾਲ ਚਾਵਾਂ, ਚਾਉ ਘਨੇਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।



★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਸੁਲੱਖਣ ਸਿੰਘ ਦੇ ਗ੍ਰਹਿ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਖੇਲ ਅਗੰਮ ਅਪਾਰ, ਅਪਰੰਪਰ ਸਵਾਮੀ ਨਜ਼ਰੀ ਆਈਆ । ਕਿਰਪਾ ਕੀਤੀ ਵਿਚ ਸੰਸਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਦੇ ਉਧਾਰ, ਉਦਰ ਦਾ ਲੇਖਾ ਦੇ ਮੁਕਾਈਆ । ਸਤਿ ਨਾਮ ਦੱਸ ਜੈਕਾਰ, ਸ਼ਬਦ ਇਕੋ ਇਕ ਸੁਣਾਈਆ । ਨਵ ਨੌ ਚਾਰ ਤੋਂ ਕਰ ਕੇ ਪਾਰ, ਪਰਮ ਪੁਰਖ ਆਪਣਾ ਮੇਲ ਮਿਲਾਈਆ । ਜਨਮ ਮਰਨ ਦਾ ਦੁੱਖ ਨਿਵਾਰ, ਚੁਰਾਸੀ ਫੰਦ ਕਟਾਈਆ । ਸਾਚਾ ਦੱਸ ਕੇ ਮੰਗਲਾਚਾਰ, ਧੁਰ ਦਾ ਸੋਹਲਾ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦ੍ਰਿੜਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਭਾਨ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਖੇਲ ਅਜੀਬ, ਅਜਬ ਨਿਰਾਲਾ ਨਜ਼ਰੀ ਆਈਆ । ਜਨ ਭਗਤਾਂ ਦੇ ਕੇ ਇਕ ਨਸੀਹਤ, ਧੁਰ ਫ਼ਰਮਾਨਾ ਸਚ ਸੁਣਾਈਆ । ਆਤਮ ਪਰਮਾਤਮ ਜਾਣੋ ਅਸਲੀਅਤ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਪੁਰਖ ਅਕਾਲ ਸੱਚੀ ਵਲਦੀਅਤ, ਆਦਿ ਜੁਗਾਦੀ ਨਜ਼ਰੀ

ਆਈਆ । ਇਸ ਦੇ ਵਿਚ ਵੱਡ ਕਾਬਲੀਅਤ, ਕਾਮਲ ਮੁਰਸ਼ਦ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਦਲ ਦਿਤੀ ਤਬੀਅਤ, ਤਬੀਬ ਹੋ ਕੇ ਵੇਖ ਵਖਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਪ੍ਰੀਤਮ ਸਿੰਘ ਤੇ ਵਰਿਆਮ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਮਾਰਗ ਵੇਖਿਆ ਸੱਚਾ, ਸਚ ਤੇਰੀ ਸ਼ਰਨਾਈਆ । ਭਾਗ ਲਗਾਵੇ ਕਾਇਆ ਮਾਟੀ ਕੱਚਾ, ਕੰਚਨ ਗੜ੍ਹ ਵਡਿਆਈਆ । ਦਰਸ ਦਿਖਾਈਂ ਅੰਦਰਲੀ ਅੱਖਾ, ਪਰਤੱਖ ਰੂਪ ਗੁਸਾਈਆ । ਹਕੀਕ਼ਤ ਵੇਖੀਂ ਹਕਾ, ਕੂੜੀ ਕਿਰਿਆ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਉਪਾਈਆ । ਜਨ ਭਗਤ ਕਹਿਣ ਤੇਰਾ ਵੇਖਿਆ ਧੁਰ ਦਾ ਰਸ, ਜੋ ਰਸਤਾ ਦਏ ਦ੍ਰਿੜਾਈਆ । ਬਿਨ ਵਾਸਨਾ ਕਰ ਕੇ ਵੱਸ, ਵਾਸਤਾ ਆਪਣੇ ਨਾਲ ਰਖਾਈਆ । ਪ੍ਰੇਮ ਪ੍ਰੀਤੀ ਅੰਦਰ ਰਚ, ਰਚਨਾ ਆਪਣੀ ਦਈਂ ਸਮਝਾਈਆ । ਬੋਲ ਜੈਕਾਰਾ ਇਕ ਅਲੱਖ, ਅਲਖ ਅਗੋਚਰ ਦਿਤਾ ਸਮਝਾਈਆ । ਆਤਮ ਪਰਮਾਤਮ ਰਹੇ ਕੋਈ ਨਾ ਵੱਖ, ਧੁਰ ਦਾ ਨਾਤਾ ਜੋੜ ਜੁੜਾਈਆ । ਧਰਮ ਦਵਾਰ ਖੋਲ੍ਹ ਕੇ ਹੱਟ, ਵਣਜਾਰਾ ਹੋ ਕੇ ਵਸਤ ਵਰਤਾਈਆ । ਤੇਰਾ ਖੇਲ ਪੁਰਖ ਸਮਰਥ, ਸਚ ਦਵਾਰੇ ਸੋਭਾ ਪਾਈਆ । ਭਗਤ ਸੁਹੇਲੇ ਜੋੜ ਕੇ ਹੱਥ, ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ ।


੬੭੯ ੨੦

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਠਾਂਡਾ ਦਰਬਾਰਾ, ਦਰਗਾਹ ਸਾਚੀ ਨਜ਼ਰੀ ਆਈਆ । ਜਿਥੇ ਦੀਪਕ ਜੋਤ ਉਜਿਆਰਾ, ਤੇਲ ਬਾਤੀ ਨਾ ਕੋਇ ਵਖਾਈਆ । ਨਾ ਕੋਈ ਰਸਨਾ ਜਿਹਵਾ ਗਾਵੇ ਮੰਗਲਾਚਾਰਾ, ਸ਼ਬਦ ਅਨਾਦੀ ਧੁਨ ਪਰਗਟਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਸੋਭਾ ਪਾਈਆ । ਲੇਖਾ ਜਾਣ ਗੁਰੂ ਅਵਤਾਰਾ, ਪੈਗ਼ੰਬਰਾਂ ਆਪਣੀ ਕਾਰ ਸਮਝਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਲੈ ਅਵਤਾਰਾ, ਅਵਤਰਾ ਆਪਣਾ ਭੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਈਸ਼ਰ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰੀ ਆਦਿ ਜੁਗਾਦੀ ਵੇਖੀ ਧੁਰ ਦੀ ਵਾਦੀ, ਵਾਅਦਾ ਆਪਣਾ ਪੂਰ ਕਰਾਈਆ । ਜਨ ਭਗਤਾਂ ਬਣ ਇਮਦਾਦੀ, ਨਿਰਗੁਣ ਹੋ ਕੇ ਆਪਣਾ ਭੇਵ ਖੁਲ੍ਹਾਈਆ । ਸਾਚੀ ਸਿਖਿਆ ਦੇ ਅਹਿਲਾਦੀ, ਅਲਹਿਦਾ ਆਪਣੀ ਕਾਰ ਕਮਾਈਆ । ਜਨਮ ਕਰਮ ਦੀ ਪੂਰੀ ਕਰ ਕੇ ਬਾਜ਼ੀ, ਡੰਕ ਆਪਣਾ ਇਕ ਸੁਣਾਈਆ । ਮਨੂਆ ਰਹੇ ਕੋਇ ਨਾ ਗ਼ਾਜ਼ੀ, ਗਹਿਰ ਗੰਭੀਰ ਭੈ ਵਖਾਈਆ । ਪਿਛਲਾ ਲੇਖ ਚੁਕਾ ਕੇ ਮਾਜ਼ੀ, ਮਹਿਬੂਬ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਅਗਲਾ ਇਕ ਖੁਲ੍ਹਾਈਆ ।

### ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬੰਤਾ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਡੂੰਘਾ ਵੇਖਿਆ ਰਾਜ਼, ਰਿਜ਼ਕ ਰਹੀਮ ਰਾਜ਼ਕ ਤੇਰੀ ਵਡਿਆਈਆ । ਜਨ ਭਗਤਾਂ ਸਾਜਣਾ ਲਈ ਸਾਜ, ਸਾਜਣ ਹੋ ਕੇ ਹੋ ਸਹਾਈਆ । ਲੇਖਾ ਚੁਕਾ ਕੇ ਵੁਜ਼ੂ ਨਿਮਾਜ਼, ਸਜਦਾ ਇਕੋ ਦਿਤਾ ਸਮਝਾਈਆ । ਜਗਤ ਜੁਗ ਬਦਲ ਕੇ ਸਮਾਜ, ਸਮਗਰੀ ਇਕੋ ਦਿਤੀ ਵਖਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਧੁਰ ਦੀ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ ।

### ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਇੰਦਰ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰੀ ਸੋਹਣੀ ਵੇਖੀ ਕਰਨੀ, ਕੁਦਰਤ ਕਾਦਰ ਵਿਚ ਨਜ਼ਰੀ ਆਈਆ । ਜੋ ਭਗਤ ਸੁਹੇਲੇ ਲੱਗੇ ਤੇਰੀ ਸਰਨੀ, ਸਰਨਗਤ ਇਕੋ ਦਿਤੀ ਵਡਿਆਈਆ । ਇਕੋ ਤੁਕ ਪਏ ਪੜ੍ਹਨੀ, ਪਾਠਸ਼ਾਲਾ ਕਾਇਆ ਮੰਦਰ ਦਿਤਾ ਸੁਹਾਈਆ । ਇਕੋ ਮੰਜ਼ਲ ਪਏ ਚੜ੍ਹਨੀ, ਤੇਰੇ ਚਰਨ ਕਵਲ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਏਕੰਕਾਰ ਧਰਮ ਦਵਾਰ ਦਰ ਠਾਂਡੇ ਆਸ ਰਖਾਈਆ ।



੬੮੦
੨੦

### ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਤਾਰਾ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰੀ ਵੇਖੀ ਵੱਡੀ ਨਿੱਕੀ ਸਿਖਿਆ, ਸਾਖਿਆਤ ਦਿਤੀ ਦ੍ਰਿੜਾਈਆ । ਜਨ ਭਗਤਾਂ ਪਾ ਕੇ ਧੁਰ ਦੀ ਭਿਛਿਆ, ਭਰਪੂਰ ਰਿਹਾ ਵਖਾਈਆ । ਚਾਰੋਂ ਕੁੰਟ ਇਕੋ ਨੂਰ ਦਿਸਿਆ, ਜੋਤੀ ਜਾਤਾ ਡਗਮਗਾਈਆ । ਜੋ ਵਰਨ ਬਰਨ ਜਾਤ ਪਾਤ ਵਿਚ ਕਦੇ ਨਾ ਜਾਵੇ ਭਿਟਿਆ, ਪਾਰਬ੍ਰਹਮ ਬ੍ਰਹਮ ਆਪਣਾ ਰੂਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ ।

### ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਚਰਨ ਸਿੰਘ ਦੇ ਗ੍ਰਿਹ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਵੇਖਿਆ ਖੇਲ ਅਪਾਰਾ, ਅਪਰੰਪਰ ਸਵਾਮੀ ਤੇਰੀ ਬੇਪਰਵਾਹੀਆ । ਅਸੀਂ ਰੁਲਦੇ ਆਏ ਵਿਚ ਸੰਸਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਧ ਆਪਣਾ ਫੇਰਾ ਪਾਈਆ । ਛਿੰਨ ਭੰਗਰ ਤੇਰਾ ਵੇਖਦੇ ਰਹੇ ਨਜ਼ਾਰਾ, ਜੋਤੀ ਜੋਤ ਜੋਤ ਨਾਲ ਰੁਸ਼ਨਾਈਆ । ਕਲਜੁਗ ਅੰਤ ਤੇਰਾ ਖੇਲ ਅਪਰ ਅਪਾਰਾ, ਅਪਰੰਪਰ ਸਵਾਮੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਮ ਦਵਾਰ ਵੱਜੇ ਵਧਾਈਆ ।

### ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਜਰਨੈਲ ਸਿੰਘ ਦੇ ਗ੍ਰਿਹ ਜੇਠੂਵਾਲ ★

ਜਨ ਭਗਤ ਕਹਿਣ ਤੇਰੀ ਵੇਖੀ ਚਾਲ ਨਿਰਾਲੀ, ਬਾਂਕੇ ਸੋਹਣੀ ਨਜ਼ਰੀ ਆਈਆ । ਤੇਰਾ ਖੇਲ ਜੋਤ ਅਕਾਲੀ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਜਿਸ ਭਗਤ ਸਾਚੇ ਸੁਰਤ ਉਠਾਲੀ, ਸੋਈ ਆਪ ਜਗਾਈਆ । ਆਪਣੇ ਪ੍ਰੇਮ ਦੀ ਦੇ ਕੇ ਲਾਲੀ, ਕੂੜੀ ਕਿਰਿਆ ਦਿਤੀ ਧਵਾਈਆ । ਤ੍ਰੈਗੁਣ ਨਾਤਾ ਤੋੜ ਜੰਜਾਲੀ, ਜਾਗਰਤ ਜੋਤ ਕਰੀ ਰੁਸ਼ਨਾਈਆ । ਸਾਚੇ ਦਰ ਬਣਾ ਸਵਾਲੀ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਨਜ਼ਰੀ ਆਈਆ ।

### ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਪਰਕਾਸ਼ ਕੌਰ ਦੇ ਗ੍ਰਿਹ ਜੇਠੂਵਾਲ ★

ਜਨ ਭਗਤ ਕਹਿਣ ਤੂੰ ਮਾਲਕ ਧੁਰਦਰਗਾਹ, ਦਰਗਾਹ ਸਾਚੀ ਸੋਭਾ ਪਾਈਆ । ਜੁਗ ਜੁਗ ਕਰਦਾ ਰਿਹੋਂ ਨਿਆਂ, ਲੋਕਮਾਤ ਅਦਲ ਅਦਾਲਤ ਇਕ ਵਖਾਈਆ । ਤੇਰਾ ਲੇਖਾ ਬੇਪਰਵਾਹ, ਬੇਪਰਵਾਹੀ ਵਿਚ ਆਪਣਾ ਹੁਕਮ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਤੇਰਾ ਲਾਉਂਦੇ ਰਹੇ ਧਿਆਨ, ਦਿਵਸ (ਰੈਣ) ਸੇਵਾ ਵਿਚ ਵਕਤ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁੱਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।



੬੮੧ ੨੦

### ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬਿਸ਼ਨ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਜਨ ਭਗਤ ਕਹਿਣ ਤੁਧ ਬਿਨ ਅਵਰ ਨਾ ਦਿਸੇ ਦੂਜਾ, ਦੁਤੀਆ ਭਉ ਨਜ਼ਰ ਕਿਸੇ ਨਾ ਆਈਆ । ਜਿਸ ਬਿਧ ਜਨ ਭਗਤਾਂ ਭੇਵ ਖੁਲ੍ਹਾ ਗੁਝਾ, ਰਮਜ਼ ਸਮਝ ਨਾਲ ਮਿਲਾਈਆ । ਪੜਦਾ ਓਹਲਾ ਰਿਹਾ ਨਾ ਲੁਕਾ, ਲਾਇਕ ਨਾਲਾਇਕ ਆਪਣੇ ਰੰਗ ਰੰਗਾਈਆ । ਉਜਲ ਕਰ ਕੇ ਮੁੱਖਾ, ਦੁਰਮਤ ਮੈਲ ਕਰੀ ਸਫ਼ਾਈਆ । ਪਿਆਰ ਨਾਲ ਬਣਾ ਕੇ ਆਪਣਾ ਸੁੱਤਾ, ਸੁਤ ਦੁਲਾਰੇ ਗੋਦ ਉਠਾਈਆ । ਜੁਗ ਜਨਮ ਦਾ ਰਿਹਾ ਕੋਈ ਨਾ ਰੁੱਠਾ, ਫੜ ਬਾਹੋਂ ਗਲੇ ਲਗਾਈਆ । ਤੇਰਾ ਖੇਲ ਅਬਿਨਾਸ਼ੀ ਅਚੁੱਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ ।

### ★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਪ੍ਰੀਤਮ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਸੁਣਿਆ ਇਕ ਸਲੋਕ, ਸੋਹਲਾ ਧੁਰਦਰਗਾਹੀਆ । ਜਿਸ ਦਾ ਮੇਲਾ ਨਾਲ ਨਿਰਮਲ ਜੋਤ, ਤਤ ਤੱਤ ਨਾ ਕੋਇ ਵਖਾਈਆ । ਝਗੜਾ ਰਹੇ ਨਾ ਵਰਨ ਗੋਤ, ਗੌਤਮ ਬੁੱਧ ਬੁੱਧੀ ਤੋਂ ਬਾਹਰ ਗਿਆ ਸਮਝਾਈਆ । ਜਿਥੇ ਸਮਝ ਸਕੇ ਨਾ ਕੋਈ ਸੋਚ, ਸੋਚ ਸੋਚ

ਦਿਤੀ ਦਰਸਾਈਆ । ਜੋ ਤੇਰੇ ਦਰਸ਼ਨ ਨੂੰ ਰਹੇ ਲੋਚ, ਜੁਗ ਚੌਕੜੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਮ ਦਵਾਰਾ ਏਕੰਕਾਰਾ ਏਕਾ ਤੇਰਾ ਦੇਣਾ ਵਖਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਡਾ੦ ਮਾਣਕ ਸਿੰਘ ਅੰਮ੍ਰਿਤਸਰ ★

ਜਨ ਭਗਤ ਕਹਿਣ ਤੇਰਾ ਵੇਖਿਆ ਹੁਕਮ ਅਪਾਰ, ਫ਼ਰਮਾਨਾ ਧੁਰਦਰਗਾਹੀਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਸਿਰ ਸਕੇ ਨਾ ਕੋਇ ਉਠਾਲ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਚਲੇ ਨਾ ਕੋਇ ਚਤੁਰਾਈਆ । ਅੰਤਮ ਹੋ ਕੇ ਆਪ ਦਿਆਲ, ਦੀਨਨ ਦਇਆ ਕਮਾਈਆ । ਭਗਤ ਸੁਹੇਲੇ ਵੇਖ ਲਾਲ, ਲਾਲਨ ਆਪਣਾ ਪੜਦਾ ਲਾਹੀਆ । ਜਗਤ ਅਵੱਲੜੀ ਚਲ ਕੇ ਚਾਲ, ਭੇਵ ਅਭੇਦ ਦਿਤਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਬੰਸ ਸਿੰਘ ਬਸਤੀ ਅੱਡਾ ਜ਼ਿਲਾ ਜਲੰਧਰ ★

ਜਨ ਭਗਤ ਕਹਿਣ ਭਗਤਾਂ ਦੱਸਿਆ ਆਪਣਾ ਰਾਹ, ਰਹਿਮਤ ਦਿਤੀ ਕਮਾਈਆ । ਧੁਰਦਰਗਾਹੀ ਮੇਲਾ ਲਿਆ ਮਿਲਾ, ਮਿਲਾਵਟ ਵਿਚ ਨਾ ਕੋਇ ਰਖਾਈਆ । ਸਤਿਗੁਰ ਸ਼ਬਦ ਬਣਾ ਗਵਾਹ, ਸ਼ਹਾਦਤ ਆਪਣੀ ਇਕ ਭੁਗਤਾਈਆ । ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾ, ਫਿਰਤ ਫਿਰਤ ਹਰਿ ਸੱਜਣ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬੰਦਨ ਸੀਸ ਨਿਵਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬੰਤਾ ਸਿੰਘ ਯੂ੦ ਪੀ੦ ★

ਜਨ ਭਗਤ ਕਹਿਣ ਤੇਰੀ ਵੇਖੀ ਹਕ ਬੰਦਗੀ, ਬੰਦਨਾ ਦਿਤੀ ਦ੍ਰਿੜਾਈਆ । ਦੂਸਰ ਰਹੇ ਨਾ ਕੋਇ ਮਸ਼ੰਦਗੀ, ਮੁਸ਼ਕਲ ਹੱਲ ਕਰਾਈਆ । ਧਾਰ ਵੱਖਰੀ ਰਹੇ ਨਾ ਹੰ ਬ੍ਰਹਮ ਦੀ, ਪਾਰਬ੍ਰਹਮ ਸਰਨਾਈਆ । ਕਰ ਪਰਕਾਸ਼ ਅਗੰਮੇ ਚੰਨ ਦੀ, ਨੂਰ ਨੂਰ ਵਿਚੋਂ ਰੁਸ਼ਨਾਈਆ । ਲੇਖੇ ਲਾਈਂ ਜੋ ਭਗਤ ਜਨ ਜਨਣੀ ਜਨ ਦੀ, ਜਨਮ ਤੋਂ ਬਾਹਰ ਹੋਵੀਂ ਸਹਾਈਆ । ਆਸ ਪੂਰ ਕਰਾਈ ਪ੍ਰਿਥੂ ਵਾਲੇ ਅੰਨ ਦੀ, ਗ੍ਰਿਹਿ ਗ੍ਰਿਹਿ ਭੋਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਗੁਰਦਿਤ ਸਿੰਘ ਦੇ ਗ੍ਰਿਹ ਪਿੰਡ ਰਾਮ ਦਵਾਲੀ ਜ਼ਿਲਾ ਅੰਮ੍ਰਿਤਸਰ ★

ਜਨ ਭਗਤ ਕਹਿਣ ਤੂੰ ਕਰਨੀ ਕਰਤਾ ਕੁਦਰਤ ਦਾ ਮਾਲਕ, ਸ਼ਹਿਨਸ਼ਾਹ ਅਖਵਾਈਆ । ਕਲਜੁਗ ਅੰਤਮ ਬਣ ਕੇ ਸਾਲਸ, ਫ਼ੈਸਲਾ ਧੁਰ ਦਾ ਇਕ ਸੁਣਾਈਆ । ਜਨ ਭਗਤ ਸੁਹੇਲੇ ਵੇਖ ਕੇ ਸਾਲਸ, ਮਾਟੀ ਖ਼ਾਕ ਵਿਚੋਂ ਬਾਹਰ ਕਢਾਈਆ । ਕੂੜੀ ਨਿੰਦਰਾ ਮੇਟ ਕੇ ਆਲਸ, ਅਸਲੀਅਤ ਦਿਤੀ ਸਮਝਾਈਆ । ਧਰਮ ਦਵਾਰ ਬਣਾ ਕੇ ਬਾਲਕ, ਬਚਪਨ ਆਪਣੀ ਗੋਦ ਰਖਾਈਆ । ਸਦਾ ਸੁਹੇਲਾ ਬਣ ਪ੍ਰਿਤਪਾਲਕ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਕੁੰਦਨ ਸਿੰਘ ਪਿੰਡ ਪੰਡੋਰੀ ਵੜੈਚ ਜ਼ਿਲਾ ਅੰਮ੍ਰਿਤਸਰ ★

ਜਨ ਭਗਤ ਕਹਿਣ ਤੂੰ ਕਰਨੀ ਦਾ ਕਰਤਾ, ਏਕੰਕਾਰਾ ਇਕ ਅਖਵਾਈਆ । ਨਾ ਜੰਮੇ ਨਾ ਮਰਦਾ, ਜਨਮ ਮਰਨ ਵੇਸ ਨਾ ਕੋਇ ਵਟਾਈਆ । ਸਚਖੰਡ ਦਵਾਰੇ ਵੜਦਾ, ਸਚ ਸਿੰਘਾਸਣ ਸੋਭਾ ਪਾਈਆ । ਦੀਪਕ ਜੋਤ ਹੋ ਕੇ ਬਲਦਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸ਼ਬਦ ਸੰਦੇਸ਼ੇ ਘਲਦਾ, ਜੁਗ ਚੌਕੜੀ ਪੜ੍ਹਾਈਆ । ਮਾਲਕ ਬਣ ਕੇ ਨਿਹਚਲ ਧਾਮ ਅਟੱਲ ਦਾ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰਾ ਸੋਹਣਾ ਨਜ਼ਰੀ ਆਈਆ ।



★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬਲਜਿੰਦਰ ਕੌਰ ਦੇ ਗ੍ਰਿਹ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਦਰ ਸੋਹਣਾ, ਬਾਡੀ ਬਣਤ ਨਾ ਕੋਇ ਬਣਾਈਆ । ਤੇਰਾ ਰੂਪ ਅਨੂਪ ਸਤਿ ਸਰੂਪ ਮੋਹਣਾ, ਜੋ ਮੋਹੇ ਜਗਤ ਲੋਕਾਈਆ । ਜਿਸ ਜਗਤ ਵਿਕਾਰ ਦੁਰਮਤ ਮੈਲ ਪਾਪਾਂ ਕੱਪੜ ਭਗਤਾਂ ਧੋਣਾ, ਅੰਦਰ ਬਾਹਰ ਕਰੀ ਸਫ਼ਾਈਆ । ਅੰਮ੍ਰਿਤ ਰਸ ਨਿਝਰ ਧਾਰ ਚੋਣਾ, ਬੂੰਦ ਸਵਾਂਤੀ ਇਕ ਟਪਕਾਈਆ । ਕਰੇ ਪਰਕਾਸ਼ ਤੀਜੇ ਲੋਇਣਾ, ਅੱਖ ਪਰਤੱਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਦਵਿੰਦਰ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਮਾਰਗ ਦਿਸੇ ਸੌਖਾ, ਸੋਹਣਾ ਸੱਚਾ ਨਜ਼ਰੀ ਆਈਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਪੜ੍ਹਨਾ ਪਏ ਕੋਈ ਨਾ ਪੋਥਾ, ਇਕੋ ਢੋਲਾ ਦਿਤਾ ਸਮਝਾਈਆ । ਜੋ ਭਾਗ ਲਗਾਏ ਕਾਇਆ ਮਾਟੀ ਕੋਠਾ, ਬਿਨ ਛੱਪਰ ਛੰਨ ਵੱਜੇ ਵਧਾਈਆ । ਕਰੇ ਪਰਕਾਸ਼ ਨਿਰਮਲ ਜੋਤਾ, ਨਿਰਗੁਣ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਸਰਜੀਤ ਸਿੰਘ, ਗੁਰਸ਼ਰਨ ਸਿੰਘ ਸੁਲਤਾਨ ਵਿੰਡ ਗੇਟ ਅੰਮ੍ਰਿਤਸਰ ★

ਜਨ ਭਗਤ ਕਹਿਣ ਤੂੰ ਧੁਰਦਰਗਾਹੀ ਰੰਗ ਰੰਗੀਲਾ, ਮਾਧੋ ਧੁਰ ਦਾ ਨਜ਼ਰੀ ਆਈਆ । ਜਨ ਭਗਤਾਂ ਕਲਜੁਗ ਅੰਤਮ ਬਣ ਵਸੀਲਾ, ਵਾਸਤਾ ਆਪਣੇ ਨਾਲ ਜੁੜਾਈਆ । ਉਚਾਂ ਨੀਚਾਂ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਇਕੱਠਾ ਕਰ ਕਬੀਲਾ, ਬੰਸ ਸਰਬੰਸ ਦਿਤਾ ਸੁਹਾਈਆ । ਜਗਤ ਨਿਮਾਣਿਆਂ ਬਣ ਵਸੀਲਾ, ਵਸਤੂ ਆਪਣੀ ਧਾਰ ਸਮਝਾਈਆ । ਝਗੜਾ ਰਿਹਾ ਨਾ ਨਰ ਮਦੀਨਾ, ਨਾਰੀ ਪੁਰਸ਼ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰਾ ਦਿਤਾ ਵਖਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਰਾਜ ਕੌਰ ਪਿੰਡ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ★

ਜਨ ਭਗਤ ਕਹਿਣ ਅਸਾਂ ਵੇਖਿਆ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਸਤਿ ਧਰਮ ਦਾ ਸਚ ਖੋਲ੍ਹ ਦਰਵਾਜ਼ਾ, ਦਰਗਾਹ ਸਾਚੀ ਪੜਦਾ ਰਿਹਾ ਉਠਾਈਆ । ਜਨ ਭਗਤਾਂ ਰੱਖਣਹਾਰਾ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਨਿਰਗੁਣ ਵੇਸ ਅਗੰਮਾ ਲੋਕਮਾਤ ਮਾਝਾ, ਮਜਲਸ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਬੰਧਾਈਆ ।



੬੮੪ ੨੦

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਨਾਜ਼ਰ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰੀ ਸਾਚੀ ਧਾਰਾ, ਧਰਨੀ ਧਰਤ ਧੌਲ ਨਜ਼ਰੀ ਆਈਆ । ਚਾਰ ਵਰਨਾਂ ਇਕ ਪਿਆਰਾ, ਮੁਹੱਬਤ ਬੇਪਰਵਾਹੀਆ । ਉਚਾਂ ਨੀਚਾਂ ਝਗੜਾ ਮੁਕਾਵੀਂ ਵਿਚ ਸੰਸਾਰਾ, ਸਾਚੀ ਸਿਖਿਆ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਬੋਲ ਜੈਕਾਰਾ, ਆਤਮ ਪਰਮਾਤਮ ਜੋੜ ਜੁੜਾਈਆ । ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹੱਲਾ ਉਚ ਅਟੱਲਾ ਇਕੋ ਇਕ ਦਿਸਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਜਗਜੀਤ ਸਿੰਘ ਦੇ ਗ੍ਰਿਹਿ ਜੇਠੂਵਾਲ ★

ਜਨ ਭਗਤ ਕਹਿਣ ਦਰ ਤੇਰੇ ਨਿਮਸਕਾਰ, ਨਮੋਂ ਨਮੋਂ ਸੀਸ ਨਿਵਾਈਆ । ਦਰ ਤੇਰੇ ਖੜ੍ਹੇ ਭਿਖਾਰ, ਭਿੱਛਿਆ ਦੇਣੀ ਵਰਤਾਈਆ । ਰਾਹ ਤਕਦੇ ਰਹੇ ਨਵ ਨੌ ਚਾਰ, ਜੁਗ ਚੌਕੜੀ ਧਿਆਨ ਲਗਾਈਆ । ਕਵਣ ਵੇਲਾ ਕਲ ਕਲਕੀ ਲਏ ਅਵਤਾਰ, ਨਿਰਗੁਣ ਦਾਤਾ ਬੇਪਰਵਾਹੀਆ । ਜੋ ਪੈਜ ਜਾਏ ਸਵਾਰ, ਸਵਾਰਥ ਆਪਣੇ ਨਾਲ ਰਖਾਈਆ । ਜਗਤ ਸਮਾਜ ਵਿਚੋਂ ਕੱਢ ਕੇ ਬਾਹਰ, ਘਰ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦਏ ਚੁਕਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਗੁਰਮੀਤ ਸਿੰਘ ਦੇ ਗ੍ਰਹਿ ਜੇਠੂਵਾਲ ★

ਜਨ ਭਗਤ ਕਹਿਣ ਪੂਰਬ ਲਹਿਣਾ ਦਿਤਾ, ਦੇਵਣਹਾਰ ਵਡਿਆਈਆ । ਭਗਤਾਂ ਪੂਰੀ ਕਰੇ ਇੱਛਾ, ਇੱਛਾ ਪੂਰਨ ਆਪ ਅਖਵਾਈਆ । ਸਚ ਦਵਾਰੇ ਆਪੇ ਦਿੱਸਾ, ਪੜਦਾ ਓਹਲਾ ਉਠਾਈਆ । ਨਜ਼ਰੀ ਆਇਆ ਇਕ ਦਾ ਹਿੱਕਾ, ਹਿਕਮਤ ਆਪਣੀ ਇਕ ਜਣਾਈਆ । ਰੂਪ ਧਾਰ ਕੇ ਵੱਡਿਉਂ ਨਿੱਕਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੁਰਮੁਖਾਂ ਬਣ ਕੇ ਧੁਰ ਦਾ ਪਿਤਾ, ਪਤਿਪਰਮੇਸ਼ਵਰ ਸੀਸ ਸੁਹਾਈਆ । ਅੱਗੇ ਕਦੇ ਨਾ ਦੇਵੇ ਪਿੱਛਾ, ਪਿਛੋਂ ਪੁਸ਼ਤ ਪਨਾਹ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਏ ਧਾਮ ਇਕ ਅਨਡਿੱਠਾ, ਅਨਡਿੱਠੜੀ ਕਾਰ ਕਮਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬਲਵਿੰਦਰ ਕੌਰ ਦੇ ਗ੍ਰਹਿ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਤੇਰਾ ਅਵੱਲਾ ਵੇਖਿਆ ਸਵਾਂਗ, ਸਵਾਂਗੀ ਦਿਤਾ ਵਖਾਈਆ । ਜਨ ਭਗਤਾਂ ਪੂਰੀ ਕਰ ਕੇ ਤਾਂਘ, ਤ੍ਰਿਸ਼ਨਾ ਦਿਤੀ ਮਿਟਾਈਆ । ਅੱਗੇ ਦੇਣੀ ਪਏ ਕਿਸੇ ਨਾ ਬਾਂਗ, ਵੁਜ਼ੂ ਨਿਮਾਜ਼ ਨਾ ਕੋਇ ਵਡਿਆਈਆ । ਜਗਤ ਵਜੌਣਾ ਪਏ ਕੋਈ ਨਾ ਨਾਦ, ਸੰਖਾਂ ਧੁਨ ਨਾ ਕੋਇ ਸ਼ਨਵਾਈਆ । ਖੜਕੌਣਾ ਪਏ ਕੋਈ ਨਾ ਸਾਜ, ਸਾਜਣ ਇਕੋ ਨਜ਼ਰੀ ਆਈਆ । ਕਾਇਆ ਮੰਦਰ ਅੰਦਰ ਮਾਰ ਆਵਾਜ਼, ਧੁਰ ਦਾ ਮੇਲਾ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ ।



★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਭਜਨ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਜਨ ਭਗਤ ਕਹਿਣ ਤੇਰਾ ਸੋਹਣਾ ਵੇਖਿਆ ਤਿਉਹਾਰ, ਦਿਹਾੜਾ ਨਜ਼ਰੀ ਆਈਆ । ਤੇਰਾ ਪਾਕ ਪਵਿਤ੍ਰ ਆਹਾਰ, ਹਰਿ ਹਿਰਦੇ ਕਰੇ ਸਫ਼ਾਈਆ । ਤੇਰਾ ਸਚ ਧਰਮ ਪਰਚਾਰ, ਪਰਚੂਨ ਦੇ ਵਣਜਾਰੇ ਦੇ ਮਿਟਾਈਆ । ਤੇਰਾ ਨਾਮ ਸ਼ਬਦ ਜੈਕਾਰ, ਦੋ ਜਹਾਨਾਂ ਕਰੇ ਸ਼ਨਵਾਈਆ । ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਸੋਹਣਾ ਨਜ਼ਰੀ ਆਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਕਰਮ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ ★

ਜਨ ਭਗਤ ਕਹਿਣ ਦਰ ਸੋਹਣਾ ਦਿਸੇ ਸੁਹੰਜਣਾ, ਸੋਭਾਵੰਤ ਰਮਣੀਕ । ਕਰ ਕਿਰਪਾ ਆਦਿ ਨਿਰੰਜਣਾ, ਤੇਰੇ ਵਿਚ ਹਕ ਤੌਫ਼ੀਕ । ਤੂੰ ਦਾਤਾ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਵਿਚ ਅਤੀਤ । ਤੇਰੀ ਧੂੜੀ ਹੋਵੇ ਮਜਨਾ, ਲੇਖਾ ਰਹੇ ਨਾ ਊਚ ਨੀਚ । ਤੂੰ ਆਤਮ ਪੜਦਾ ਕਜਣਾ, ਆਪਣਾ ਮਾਰਗ ਦੱਸ ਬਾਰੀਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਜਨ ਭਗਤਾਂ ਕਰ ਤਸਦੀਕ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਜਗੀਰ ਕੌਰ ਪਿੰਡ ਕਾਠਗੜ੍ਹ ਜ਼ਿਲਾ ਪਟਿਆਲਾ ★

ਜਨ ਭਗਤਾਂ ਕਰ ਤਸਦੀਕ ਦੇ ਸ਼ਹਾਦਤ, ਸ਼ਾਦਿਆਨੇ ਦੇ ਵਜਾਈਆ । ਤੇਰੇ ਨਾਮ ਦੀ ਕਰਨ ਇਕ ਇਬਾਦਤ, ਅਵਲ ਅੱਲਾ ਨਜ਼ਰੀ ਆਏ ਨੂਰ ਖ਼ੁਦਾਈਆ । ਤੇਰੇ ਮੁਹੱਬਤ ਪਿਆਰ ਦੀ ਉਨ੍ਹਾਂ ਅੰਤਰ ਇਕ ਅਮਾਨਤ, ਅਮਲਾਂ ਦੇ ਵਿਚ ਰੱਖੀ ਛੁਪਾਈਆ । ਤੂੰ ਕਿਰਪਾ ਕਰ ਸਹੀ ਸਲਾਮਤ, ਸਾਹਿਬ ਤੇਰੀ ਬੇਪਰਵਾਹੀਆ । ਤੇਰਾ ਨਾਮ ਰਸ ਮੁਖ ਚੁਆਵਣ ਅਗੰਮ ਨਿਆਮਤ, ਨਿਜ ਨੇਤਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਜ਼ਰ ਇਕ ਉਠਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਸਤਪਾਲ ਫ਼ਰੀਦਾਬਾਦ ★

ਪੁਰਖ ਅਕਾਲ ਕਿਹਾ, ਜਨ ਭਗਤੋ ਦਇਆ ਕਮਾਵਾਂਗਾ । ਜੋ ਜਨਮ ਜਨਮ ਦਾ ਵਿਛੜ ਰਿਹਾ, ਤਿਸ ਆਪਣਾ ਮੇਲ ਕਰਾਵਾਂਗਾ । ਜਿਸ ਇਕ ਵਾਰ ਮੇਰਾ ਨਾਮ ਲਿਆ, ਲੱਖ ਚੁਰਾਸੀ ਵਿਚੋਂ ਬਾਹਰ ਕਢਾਵਾਂਗਾ । ਜੋ ਇਕ ਵਾਰੀ ਮੇਰੀ ਸਰਨ ਪਿਆ, ਸਚਖੰਡ ਦਵਾਰ ਟਿਕਾਵਾਂਗਾ । ਜੋ ਇਕ ਵਾਰ ਮੇਰੀ ਜੂਹ ਗਿਆ, ਜਾਗਰਤ ਜੋਤ ਵਿਚ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਠਾਂਡੇ ਰੰਗ ਰੰਗਾਵਾਂਗਾ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਬੀਬੀ ਬਿੰਦਰ ਕੌਰ ਪਿੰਡ ਕੜਿਆਲਾ ਜ਼ਿਲਾ ਅੰਮ੍ਰਿਤਸਰ ★

ਦਰ ਠਾਂਡਾ ਇਕ ਦਰਸਾਵਾਂਗਾ । ਬ੍ਰਹਿਮੰਡ ਪੰਧ ਚੁਕਾਵਾਂਗਾ । ਟੁੱਟੀ ਗੰਢ ਜੋੜ ਜੁੜਾਵਾਂਗਾ । ਪਰਮਾਨੰਦ ਵਿਚ ਟਿਕਾਵਾਂਗਾ । ਜਿਸ ਗਾਇਆ ਸੋਹੰ ਛੰਦ, ਬੰਦੀ ਬੰਦ ਨਾ ਕੋਇ ਰਖਾਵਾਂਗਾ । ਉਹ ਲੱਗਾ ਮੇਰੇ ਅੰਗ, ਅੰਗੀਕਾਰ ਆਪ ਹੋ ਜਾਵਾਂਗਾ । ਸਤਿਜੁਗ ਚਾੜ੍ਹ ਕੇ ਨਵਾਂ ਚੰਦ, ਭਗਤ ਸੁਹੇਲੇ ਆਪ ਚਮਕਾਵਾਂਗਾ । ਜਿਨ੍ਹਾਂ ਦਵਾਰਿਉਂ ਭੋਜਨ ਖਾਧਾ ਮੰਗ, ਮੰਗਲ ਉਨ੍ਹਾਂ ਦਾ ਢੋਲਾ ਗਾਵਾਂਗਾ । ਸਾਚੀ ਮੰਜ਼ਲ ਜਾਵਾਂ ਲੰਘ, ਅੰਦਰ ਇਕੋ ਇਕ ਸੁਹਾਵਾਂਗਾ । ਜਿਥੇ ਆਤਮ ਸੇਜ ਪਲੰਘ, ਸਚ ਸਿੰਘਾਸਣ ਸੋਭਾ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਮਾਵੇਗਾ । ਦੀਨ ਦਿਆਲ ਵੇਖ ਵਖਾਵੇਗਾ । ਭਗਤ ਸੁਹੇਲੇ ਮੇਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਸਰਬ ਚੁਕਾਵੇਗਾ । ਪੂਰਬ ਲਹਿਣਾ ਚੁਕਾਵਣ ਆਇਆ, ਹਰਿ ਸੱਜਣ ਧੁਰ ਦਾ ਮੀਤ । ਜਗਤ ਤ੍ਰਿਸ਼ਨਾ ਮੇਟੇ ਮਾਇਆ, ਮਮਤਾ ਮੋਹ ਵਿਚੋਂ ਕਰੇ ਅਤੀਤ । ਜਨ ਭਗਤ ਸੁਹੇਲੇ ਜੋੜ ਜੁੜਾਇਆ, ਸਤਿਜੁਗ ਸਚ ਚਲਾਈ ਰੀਤ । ਬਾਵਨ ਦਾ ਲਹਿਣਾ ਦੇਣਾ ਪੂਰ ਕਰਾਇਆ, ਬਲ ਦੀ ਤੋੜ ਨਿਭਾਈ ਪ੍ਰੀਤ । ਬੱਚਿਆਂ ਦਾ ਬਚਨ ਲੇਖੇ ਲਾਇਆ, ਰਹਿਮਤ ਕਰ ਬਖ਼ਸ਼ੀਸ਼ । ਸਤਿਜੁਗ ਦੇ ਅੰਤ ਦਾ ਭੋਜਨ ਕਲਜੁਗ ਅੰਤਮ ਖਾਇਆ, ਖਾ ਕੇ ਗਾਇਆ ਭਗਤਾਂ ਦਾ ਗੀਤ । ਪਿਛਲਾ ਕਰਜ਼ਾ ਮਕਰੂਜ਼ ਲਾਹਿਆ, ਬੈਠ ਕੇ



੬੮੬
੨੦

ਧਾਮ ਅਤੀਤ । ਸੰਮਤ ਸ਼ਹਿਨਸ਼ਾਹੀ ਤਿੰਨ ਵੱਜੇ ਵਧਾਇਆ, ਕਰਿਆ ਖੇਲ ਪ੍ਰਭੂ ਅਨਡੀਠ । ਚਾਰ ਚੇਤ ਦੀ ਰੁੱਤ ਸੁਹਾਇਆ, ਸੁਹੰਜਣੀ ਦਿਸੇ ਪੁਨੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਪ੍ਰੀਤ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਜੁਗਿੰਦਰ ਕੌਰ ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ ★

ਚਾਰ ਚੇਤ ਕਹੇ ਕਿਉਂ ਮੇਰੇ ਵਿਚ ਹੋਵੇ ਅਰਦਾਸਾ, ਅੰਤ ਅਰਦਾਸ ਸੁਧਾਈਆ । ਇਹ ਨੌ ਸੌ ਚੁਰਾਨਵੇ ਚੌਕੜੀ ਜੁਗ ਦਾ ਤਮਾਸ਼ਾ, ਤਮਾ ਦੇ ਵਿਚੋਂ ਬਾਹਰ ਰਖਾਈਆ । ਜਿਸ ਦਾ ਖੋਲ੍ਹ ਨਾ ਸਕੇ ਕੋਈ ਖ਼ੁਲਾਸਾ, ਖ਼ਾਲਸ ਸਕੇ ਨਾ ਕੋਇ ਸਮਝਾਈਆ । ਲਹਿਣਾ ਦੇਣਾ ਜਾਣੇ ਪੁਰਖ ਅਬਿਨਾਸ਼ਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਜਨਮ ਜਨਮ ਦਾ ਭਗਤਾਂ ਪੂਰਾ ਕੀਤਾ ਘਾਟਾ, ਲਹਿਣਾ ਮੂਲ ਮੁਕਾਈਆ । ਵੱਡਿਆਂ ਛੋਟਿਆਂ ਊਚਾਂ ਨੀਚਾਂ ਇਕੋ ਆਤਮ ਬ੍ਰਹਮ ਜੋੜ ਕੇ ਨਾਤਾ, ਇਕੋ ਦਿਤੀ ਮਾਣ ਵਡਿਆਈਆ । ਸਚ ਪ੍ਰੇਮ ਪਿਆਰ ਦਾ ਭੋਜਨ ਖਾਧਾ, ਖ਼ੁਸ਼ੀਆਂ ਵਿਚ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਤਰਿਪਤ ਕੌਰ ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ ★

ਚਾਰ ਚੇਤ ਕਹੇ ਜਨ ਭਗਤਾਂ ਦਾ ਲੇਖੇ ਲਾਉਣਾ ਰੁੱਖਾ ਸੁੱਖਾ, ਜੋ ਭੇਟਾ ਦਿਤਾ ਕਰਾਈਆ । ਜਨਮ ਜਨਮ ਦਾ ਮੇਟਣਾ ਦੁੱਖਾ, ਦਲਿੱਦ੍ਰ ਦਿਤਾ ਗਵਾਈਆ । ਉਜਲ ਕਰਨਾ ਮੁਖਾ, ਮੁਖ ਢੋਲੇ ਸਿਫ਼ਤ ਸਾਲਾਹੀਆ । ਏਥੇ ਓਥੇ ਦੋ ਜਹਾਨ ਬਣਾਉਣੇ ਆਪਣੇ ਪੁੱਤਾ, ਪਤਿਪਰਮੇਸ਼ਵਰ ਗੋਦ ਉਠਾਈਆ । ਜੇ ਤੂੰ ਮਿਹਰਵਾਨ ਹੋ ਕੇ ਤੁੱਠਾ, ਕੋਝਿਆਂ ਕਮਲਿਆਂ ਲੈਣਾ ਤਰਾਈਆ । ਗੁਰਮੁਖਾਂ ਨਾਲ ਕਦੇ ਕਰੀਂ ਨਾ ਗ਼ੁੱਸਾ, ਗ਼ੁੱਸਾ ਜੁਸੇ ਵਿਚੋਂ ਬਾਹਰ ਕਢਾਈਆ । ਸਦਾ ਭਗਤਾਂ ਦੇ ਪਿਆਰ ਦਾ ਰਹੀਂ ਭੁੱਖਾ, ਪ੍ਰੀਤੀ ਵਿਚ ਪ੍ਰੀਤਮ ਪ੍ਰੇਮ ਵਰਤਾਈਆ । ਅੰਤ ਅਖ਼ੀਰ ਵੇਲਾ ਉਹ ਢੁਕਾ, ਜਿਸ ਦਾ ਜੁਗ ਚੌਕੜੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਕਸ਼ਮੀਰ ਸਿੰਘ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ★

ਪੁਰਖ ਅਕਾਲ ਕਹੇ ਮੇਰਾ ਪੂਰਾ ਹੋਇਆ ਵਿਹਾਰ, ਵਾਹਵਾ ਵੱਜੀ ਵਧਾਈਆ । ਸਭ ਦਾ ਲਹਿਣਾ ਦਿਤਾ ਉਤਾਰ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਬਾਵਨ ਆ ਕੇ ਕਰ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਬਲ ਕਹੇ ਮੈਂ ਹੋਇਆ ਖ਼ਬਰਦਾਰ, ਆਪਣੀ ਲੈ ਅੰਗੜਾਈਆ । ਆਪਣੀ ਕਰਨੀ ਕਰ ਬਹਾਲ, ਗੁਰਮੁਖ ਬਿਹਬਲ ਹੋ ਨਾ ਕੋਇ ਕੁਰਲਾਈਆ । ਜੇ ਖਾਣ ਪੀਣ ਦਾ ਕਰਜ਼ਾ ਦਿਤਾ ਉਤਾਰ, ਸਚ ਪ੍ਰੇਮ ਦਾ ਉਧਾਰ ਬਾਕੀ ਨਜ਼ਰੀ ਆਈਆ । ਸਾਚੇ ਭਗਤਾਂ ਸਦਾ ਗੋਦ ਰੱਖੀਂ ਬਹਾਲ, ਦਰਗਾਹ ਸਾਚੀ ਧਾਮ ਸੁਹਾਈਆ । ਜਿਨ੍ਹਾਂ ਖ਼ੁਸ਼ੀਆਂ ਨਾਲ ਤੈਨੂੰ ਦਿਤਾ ਖਵਾਲ,

ਪੱਕਾ ਭੋਜਨ ਭਾਜੀਆਂ ਵਿਚ ਮਿਲਾਈਆ । ਉਨ੍ਹਾਂ ਦਾ ਹੋਣ ਨਾ ਦੇਵੀਂ ਜ਼ਵਾਲ, ਜਗਤ ਜ਼ਾਵੀਏ ਵਿਚੋਂ ਬਾਹਰ ਕਢਾਈਆ । ਐਂਗਲ ਆਫ਼ ਡੀਸੈਂਟ ਕੋਈ ਨਾ ਡਿਗਰੀ ਕਰੇ ਵਿਚਾਰ, ਪੈਮਾਨਾ ਪੈਮਾਇਸ਼ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਜਾਗੀਰ ਸਿੰਘ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ★

ਪੁਰਖ ਅਕਾਲ ਕਹੇ ਸੁਣ ਬਾਵਨ, ਬਾਰ ਬਾਰ ਸਮਝਾਈਆ । ਮੈਂ ਬਣ ਕੇ ਪਤਤ ਪਾਵਨ, ਪਾਪੀਆਂ ਰਿਹਾ ਤਰਾਈਆ । ਫੜਾ ਕੇ ਆਪਣਾ ਦਾਮਨ, ਦਮਾਂ ਦਾ ਲੇਖਾ ਪੂਰ ਕਰਾਈਆ । ਬਣ ਕੇ ਧੁਰ ਦਾ ਜ਼ਾਮਨ, ਦਰਗਾਹ ਸਾਚੀ ਦਿਆਂ ਟਿਕਾਈਆ । ਵਖਾ ਕੇ ਸਚ ਨਿਸ਼ਾਨਨ, ਨਿਸ਼ਾਨਾ ਇਕ ਇਕੋ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

★ ੪ ਚੇਤ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਵਿਚ ਜੇਠੂਵਾਲ ★



ਸਿਰ ਰੱਖਾਂ ਹੱਥ ਆਪਣਾ ਆਪ, ਆਪਣੀ ਦਇਆ ਕਮਾਈਆ । ਜਿਨ੍ਹਾਂ ਜਪਿਆ ਧੁਰ ਦਾ ਜਾਪ, ਜਗ ਜੀਵਣ ਦਾਤਾ ਓਟ ਤਕਾਈਆ । ਉਹ ਅੰਤਰ ਕਰ ਕੇ ਪਾਕ, ਪਵਿਤ੍ਰ ਦਿਆਂ ਵਖਾਈਆ । ਬਾਹਰੋਂ ਦਿਸਣ ਮਾਟੀ ਪੁਤਲੇ ਖ਼ਾਕ, ਅੰਤਰ ਨੂਰ ਜੋਤ ਰੁਸ਼ਨਾਈਆ । ਬਾਵਨ ਇਸ ਦਾ ਲੇਖਾ ਦੱਸਣਾ ਪਹਿਲੀ ਵਸਾਖ, ਜੋ ਗੋਬਿੰਦ ਆਸ ਰਖਾਈਆ । ਕੀ ਅੱਗੇ ਹੋਣਾ ਪਾਠ, ਕੀ ਢੋਲਾ ਜਗਤ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖੇ ਲਾਏ ਗ੍ਰਿਹਿ ਗ੍ਰਿਹਿ ਪਕਵਾਨ, ਚੌਦਾਂ ਮਾਸ ਪੂਰਾ ਕਰ ਕੇ ਪੂਰਬ ਦਾਨ, ਮਿਹਰਵਾਨ ਆਪਣੀ ਦਇਆ ਕਮਾਈਆ । ਪਰਸਾਦ ਕਹੇ ਆਪਣੀ ਰਸਨਾ ਲਾ ਭੋਗ, ਭਗਵਨ ਦਇਆ ਕਮਾਈਆ । ਤੇਰਾ ਦਰਸ ਹੋਵੇ ਅਮੋਘ, ਪੜਦਾ ਦੇਣਾ ਚੁਕਾਈਆ । ਤੇਰੇ ਨਾਮ ਦਾ ਮਿਲੇ ਜੋਗ, ਜੁਗਤੀ ਇਕ ਦਰਸਾਈਆ । ਗੁਰਮੁਖ ਰਾਹ ਤੱਕੇ ਨਾ ਚੌਦਾਂ ਲੋਕ, ਚੌਦਾਂ ਤਬਕ ਪੰਧ ਮੁਕਾਈਆ । ਜਿਨ੍ਹਾਂ ਤੇਰਾ ਗਾਇਆ ਸਚ ਸਲੋਕ, ਸੋਹੰ ਢੋਲਾ ਧੁਰਦਰਗਾਹੀਆ । ਉਨ੍ਹਾਂ ਕਦੇ ਨਹੀਂ ਤਨ ਤੈਥੋਂ ਮੰਗਣੀ ਮੋਖ, ਸਵਰਗ ਬਹਿਸ਼ਤ ਦੀ ਆਸ ਨਾ ਕੋਇ ਰਖਾਈਆ । ਕਰ ਕਿਰਪਾ ਅੰਤਮ ਮੇਲਣਾ ਆਪਣੀ ਜੋਤ, ਜਿਥੋਂ ਹੋਵੇ ਨਾ ਕਦੇ ਜੁਦਾਈਆ । ਇਹ ਉਨ੍ਹਾਂ ਬੱਚਿਆਂ ਦੀ ਅਖ਼ੀਰੀ ਚੋਗ, ਜੋ ਬਾਵਨ ਦਵਾਰੇ ਆਸ ਰਖਾਈਆ । ਸੋ ਵੇਲਾ ਵਕਤ ਗਿਆ ਪਹੁੰਚ, ਰਵਦਾਸ ਚਮਾਰਾ ਦਏ ਗਵਾਹੀਆ । ਹਰਿ ਸੰਗਤ ਵਖਾ ਆਪਣੀ ਮੌਜ, ਮੁਆਵਜ਼ਾ ਪਿਛਲਾ ਦੇ ਚੁਕਾਈਆ । ਤੇਰੀ ਕਰਨੀ ਨਾ ਪਏ ਖੋਜ, ਖ਼ੁਦ ਖੋਜ ਕੇ ਲੈ ਉਠਾਈਆ । ਜਨ ਭਗਤਾਂ ਤੋਂ ਭੋਗ ਲਗਾਏ ਨਹੀਂ ਜਾਣੇ ਰੋਜ਼, ਇਕ ਵਾਰ ਦਾ ਲੇਖਾ ਦਰਗਾਹ ਸਾਚੀ ਲੈਣਾ ਪਾਈਆ । ਅੱਗੇ ਵੇਖਦੇ ਰਹਿਣ ਤੇਰੇ ਚੋਜ, ਚੋਜੀ ਪ੍ਰੀਤਮ ਤੇਰੀ ਖ਼ੁਸ਼ੀ ਮਨਾਈਆ । ਭਗਤਾਂ ਉਤੇ ਭਗਤੀ ਦਾ ਸੁੱਟੀਂ ਕਦੇ ਨਾ ਬੋਝ, ਮਿਹਰ

ਨਜ਼ਰ ਨਾਲ ਪਾਰ ਕਰਾਈਆ । ਹਉਮੇਂ ਦਾ ਰਹੇ ਕੋਈ ਨਾ ਰੋਗ, ਹੰਗਤਾ ਦੇਣੀ ਗਵਾਈਆ । ਜਿਨ੍ਹਾਂ ਤੇਰੇ ਭੋਗ ਦਾ ਇਕ ਅਰਦਾਸਾ ਲਿਆ ਸੋਧ, ਸਵਾਸਾ ਉਨ੍ਹਾਂ ਦਾ ਲੇਖੇ ਪਾਈਆ । ਗੁਰਮੁਖਾਂ ਨਾਲ ਕਰੀਂ ਨਾ ਕਦੇ ਕਰੋਧ, ਲੋਭ ਵਿਚ ਕਦੇ ਨਾ ਆਈਆ । ਸਦਾ ਬਖ਼ਸ਼ੀਂ ਆਪਣੀ ਮੌਜ, ਮਜਲਸ ਆਪਣੀ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਾਵਨ ਕਹੇ ਮੇਰਾ ਲਹਿਣਾ ਮੁਕਿਆ ਉਧਾਰ, ਉਦਮ ਕੀਤਾ ਬੇਪਰਵਾਹੀਆ । ਉਨ੍ਹਾਂ ਬੱਚਿਆਂ ਪਾਈ ਸਾਰ, ਜੋ ਚਾਰ ਭੈਣਾਂ ਤੇ ਇਕ ਭਾਈਆ । ਅੰਤਮ ਲੇਖਾ ਪੂਰਾ ਕਰ ਵਿਵਹਾਰ, ਹਰਿ ਸੰਗਤ ਦਿਤੀ ਵਡਿਆਈਆ । ਜੁਗ ਚੌਕੜੀ ਦਾ ਲਹਿਣਾ ਦੇ ਉਧਾਰ, ਅਦਲ ਇਨਸਾਫ਼ ਦਿਤਾ ਕਰਾਈਆ । ਆਪਣਾ ਗੁਲਸ਼ਨ ਵੇਖ ਬਹਾਰ, ਟਹਿਣੀ ਪੱਤ ਫੁੱਲ ਮਹਿਕਾਈਆ । ਜੋ ਭਗਤ ਸੁਹੇਲੇ ਕੀਤੀ ਖ਼ਿਦਮਤਗਾਰ, ਖਾਦਮ ਆਪਣੀ ਝੋਲੀ ਪਾਈਆ । ਅੱਗੇ ਤਸਾਦਮ ਹੋਵੇ ਵਿਚ ਸੰਸਾਰ, ਝਗੜੇ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਬਾਵਨ ਕਹੇ ਜਿਨ੍ਹਾਂ ਦਾ ਅੱਜ ਹੋਇਆ ਵਿਵਹਾਰ, ਬਾਵਨ ਦੇ ਸਾਥੀ ਸਾਰੇ ਨਜ਼ਰੀ ਆਈਆ । ਕੋਈ ਸੱਜਣ ਮੀਤ ਮੁਰਾਰ, ਕੋਈ ਮਾਤ ਪਿਤ ਅਖਵਾਈਆ । ਕੋਈ ਭੈਣਾਂ ਭਈਆ ਨਾਰ, ਕੋਈ ਸੁਤ ਦੁਲਾਰ ਵਡਿਆਈਆ । ਕੁਛ ਉਹ ਜਿਨ੍ਹਾਂ ਨੇ ਬਾਵਨ ਦਾ ਕੀਤਾ ਦੀਦਾਰ, ਨੇਤਰ ਦਰਸ਼ਨ ਪਾਈਆ । ਕੁਛ ਉਹ ਜਿਨ੍ਹਾਂ ਪੰਜਾਂ ਨੇ ਭੋਜਨ ਕੀਤਾ ਤਿਆਰ, ਸੋਹਣਾ ਪ੍ਰੇਮ ਵਧਾਈਆ । ਉਹ ਕੰਨਿਆਂ ਬਾਲ ਅੰਞਾਣ, ਤੇਰਵੇਂ ਸਾਲ ਖ਼ੁਸ਼ੀ ਮਨਾਈਆ । ਜਿਸ ਦਾ ਜ਼ਾਮਨ ਵਿਚ ਚਮਿਆਰ, ਗੁਰਮੁਖ ਰੂਪ ਬਦਲਾਈਆ । ਓਸੇ ਗੁਰਦਰਸ਼ਨ ਦਾ ਵਿਵਹਾਰ, ਛੋਟਿਆਂ ਵੱਡਿਆਂ ਮਿਲੀ ਵਡਿਆਈਆ । ਸਾਚੀ ਸਭਾ ਦਾ ਜਨ ਭਗਤ ਬਣ ਸ਼ਿੰਗਾਰ, ਰੂਪ ਅਨੂਪ ਬਦਲਾਈਆ । ਵੱਡੇ ਛੋਟੇ ਇਕ ਦਵਾਰ, ਦਰ ਦਵਾਰਾ ਧੁਰ ਦਾ ਇਕ ਵਖਾਈਆ । ਜਨ ਭਗਤ ਚੁਰਾਸੀ ਵਿਚ ਜਨਮ ਲਏ ਨਾ ਵਿਚ ਸੰਸਾਰ, ਫਾਸੀ ਗਲ ਨਾ ਕੋਇ ਲਟਕਾਈਆ । ਪੁਰਖ ਅਕਾਲ ਆਪਣਾ ਦੇ ਇਤਬਾਰ, ਬੇਇਤਬਾਰੀ ਦੇ ਗਵਾਈਆ । ਰਾਤੀ ਸੁਤਿਆਂ ਫੜ ਉਠਾਲ, ਦਰਸ ਦੀਦ ਈਦ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਬਾਵਨ ਕਹੇ ਮੇਰੀ ਕੰਨੀ ਹੋਈ ਸਾਫ਼, ਪਲੂ ਮੈਲ ਰਹੀ ਨਾ ਰਾਈਆ । ਜੋ ਸਹਿਜੇ ਗਿਆ ਆਖ, ਪ੍ਰਭ ਦਾਤਾ ਪੂਰ ਕਰਾਈਆ । ਮੈਂ ਓਸੇ ਦਾ ਨਿਵਾਸ, ਸ਼ਾਖ਼ ਨਿਰਗੁਣ ਵਿਚ ਸਮਾਈਆ । ਜਿਸ ਦੀ ਕੋਈ ਨਾ ਸਮਝੇ ਬਾਤ, ਬਾਤਨ ਕਰੇ ਪੜ੍ਹਾਈਆ । ਜਨ ਭਗਤੋ ਜੁਗ ਚੌਕੜੀ ਦੀ ਭਗਤੀ ਨਾਲੋਂ ਅਜ ਦੀ ਚੰਗੀ ਰਾਤ, ਰੁਤਬਾ ਦੇਵੇ ਧੁਰਦਰਗਾਹੀਆ । ਕਿਸੇ ਕੰਮ ਨਾ ਆਉਂਦੀ ਜੇ ਥੋੜ੍ਹੀ ਬਹੁਤੀ ਮਿਲ ਜਾਵੇ ਕਰਾਮਾਤ, ਜਗਤ ਕਰਮਾਂ ਵਿਚ ਫਸਾਈਆ । ਧੰਨ ਵਡਿਆਈ ਜਿਨ੍ਹਾਂ ਦਾ ਪੁਰਖ ਅਕਾਲ ਜੋੜਿਆ ਨਾਤ, ਨਾਤਾ ਆਪਣੇ ਨਾਲ ਬਣਾਈਆ । ਦਰਸ਼ਨ ਦੇ ਕੇ ਸਾਖਿਆਤ, ਸਖ਼ੀਆਂ ਦਾ ਮੰਗਲ ਆਪ ਸੁਣਾਈਆ । ਜਨ ਭਗਤ ਅੰਤ ਰਹਿਣ ਨਾ ਦੇਵੇ ਕੋਈ ਉਦਾਸ, ਉਦਾਸੀ ਵਿਚੋਂ ਸਵਾਸੀ ਹੋਏ ਸਹਾਈਆ । ਜਨ ਭਗਤੋ ਗੁਰਮੁਖੋ ਗੁਰਸਿੱਖੋ ਤੁਸੀਂ ਏਸ ਜਨਮ ਦੀ ਭਗਤੀ ਵਿਚੋਂ ਹੋਏ ਪਾਸ, ਪਰਚਾ ਮਿਹਰ ਨਜ਼ਰ ਇਕ ਪਾਈਆ । ਲੇਖਾ ਮੰਗਿਆ ਨਹੀਂ ਹਿਸਾਬ ਵਿਚ ਕਿਸੇ ਕਲਮ ਦਵਾਤ, ਅੱਖਰਾਂ ਹਿੰਦਸਿਆਂ ਵਿਚ ਨਾ ਪੁਛ ਪੁਛਾਈਆ । ਆਪੇ ਬਖ਼ਸ਼ ਕੇ ਆਪਣੇ ਪ੍ਰੇਮ ਦੀ ਦਾਤ, ਆਪੇ ਲਹਿਣੇ ਦੇਵੇ ਪਾਈਆ । ਤੁਹਾਡੇ ਹਿੱਸੇ ਇਕੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦੇ ਕੇ ਦਾਤ, ਗਾਥ ਆਪਣੀ ਦਿਤੀ ਦ੍ਰਿੜਾਈਆ ।

ਇਸ ਤੋਂ ਵੱਡੀ ਕੋਈ ਧਾਰ ਨਹੀਂ ਪੂਜਾ ਪਾਠ, ਸਿਮਰਨ ਦੀ ਲੋੜ ਰਹੇ ਨਾ ਰਾਈਆ । ਜੋ ਪੰਜ ਵਾਰਾਂ ਦੇਵੇ ਆਖ, ਪੰਜ ਤੱਤਾਂ ਦਾ ਲੇਖਾ ਜਾਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਪ੍ਰੇਮ ਪਿਆਰ ਨਾਲ ਤੁਹਾਡੇ ਕੋਲ ਕਰੇ ਇਹ ਨਿੱਕੀ ਜਿਹੀ ਬਾਤ, ਜਿਸ ਬਾਤ ਵਿਚੋਂ ਕਮਲਾਪਾਤ ਨਜ਼ਰੀ ਆਈਆ ।

★ "ਚਾਰ ਮਾਘ ਸੰਮਤ ਸ਼ਹਿਨਸ਼ਾਹੀ ਇਕ ਤੋਂ ਲੈ ਕੇ ਚਾਰ ਚੇਤ ਸੰਮਤ ਸ਼ਹਿਨਸ਼ਾਹੀ ਤਿੰਨ ਤੱਕ ਚੌਦਾਂ ਮਹੀਨੇ ਹਰਿ ਭਗਤ ਦੇ ਗ੍ਰਿਹਿ ਜਾ ਕੇ ਭੋਗ ਲਗਾਇਆ ਅਤੇ ਬਾਵਨ ਦਾ ਕੀਤਾ ਕੌਲ ਪੂਰ ਕਰਾਇਆ, ਜਿਹੜਾ ਬਲ ਸਮੇਂ ਓਸਨੇ ਚਾਰ ਭੈਣਾਂ ਤੇ ਇਕ ਭਰਾ ਨੂੰ ਬਲ ਨਗਰੀ ਵਿਚ ਵਰ ਦਿਤਾ ਸੀ । ਜਿਨ੍ਹਾਂ ਦਾ ਹੁਣ ਜਨਮ ਦਾ ਨਾਮ ਗੁਰਦਰਸ਼ਨ ਕੌਰ, ਦਵਿੰਦਰ ਕੌਰ, ਕਸ਼ਮੀਰ ਕੌਰ, ਜਗਜੀਤ ਕੌਰ, ਸੁਖਵੰਤ ਕੌਰ ਹਨ ।" ★

### ★ ਪਹਿਲੀ ਵਿਸਾਖ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਵਿਚ ਪਿੰਡ ਜੇਠੂਵਾਲ ★

ਆਦਿ ਪੁਰਖ ਧੁਰ ਦੇ ਜਨਾਬ, ਸ਼ਬਦ ਸਤਿਗੁਰ ਤੇਰਾ ਰਿਹਾ ਜਣਾਈਆ । ਅਗਲਾ ਪਿਛਲਾ ਵੇਖ ਹਿਸਾਬ, ਆਦਿ ਮਧ ਫੋਲ ਫੁਲਾਈਆ । ਬਿਨ ਅੱਖਰਾਂ ਵਾਲੀ ਖੋਲ੍ਹ ਕਿਤਾਬ, ਕਾਤਬ ਜੋ ਲਿਖੀ ਬਿਨ ਕਲਮ ਸ਼ਾਹੀਆ । ਕਰਾਂ ਬੇਨੰਤੀ ਵਿਚ ਇਕ ਆਵਾਜ਼, ਰਾਗਾਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਆਪਣਾ ਫੋਲ ਫੁਲਾਈਆ । ਆਦਿ ਪੁਰਖ ਸੁਣ ਮੇਰੀ ਅਰਜ਼, ਸਤਿਗੁਰ ਸ਼ਬਦ ਰਿਹਾ ਜਣਾਈਆ । ਕਿਉਂ ਸ਼ਰਅ ਛੁਰੀ ਬਣਾਈ ਕਰਦ, ਕਤਲਗਾਹ ਆਪ ਪਰਗਟਾਈਆ । ਤੈਨੂੰ ਕਦੇ ਨਾ ਆਇਆ ਦਰਦ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਪੂਰਬ ਫੋਲ ਕੇ ਵੇਖ ਫ਼ਰਦ, ਪੜਦਾ ਆਪਣਾ ਆਪ ਉਠਾਈਆ । ਸਾਚਾ ਖੇਲ ਦੱਸਾਂ ਅਸਚਰਜ, ਅਚਰਜ ਲੀਲਾ ਤੇਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਪਰਗਟਾਈਆ । ਆਦਿ ਪੁਰਖ ਧੁਰ ਦੇ ਸਵਾਮੀ, ਤੇਰੇ ਅੱਗੇ ਇਕ ਅਰਜ਼ੋਈਆ । ਗੁਰ ਅਵਤਾਰ ਪੈਗ਼ੰਬਰਾਂ ਵੇਖ ਆਪਣੀ ਆਬਾਦੀ, ਗਿਣਤੀ ਬਿਨਾ ਹਿੰਦਸਿਆਂ ਦੇ ਸਮਝਾਈਆ । ਸਿਫ਼ਤ ਕਰਾਉਣ ਦੀ ਤੈਨੂੰ ਪੈ ਗਈ ਵਾਦੀ, ਵਾਅਦਿਆਂ ਵਿਚ ਸਾਰੇ ਰਿਹਾ ਭਰਮਾਈਆ । ਬਿਨ ਮੇਰੇ ਤੇਰਾ ਦੂਜਾ ਸੁਤ ਨਜ਼ਰ ਨਾ ਆਵੇ ਕੋਈ ਨਾਦੀ, ਨਾਦ ਸਿਫ਼ਤਾਂ ਸੁਰਾਂ ਵਾਲਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਮੰਗਣ ਲੱਗਾ ਦਾਤ, ਦਾਤੇ ਲੈਣਾ ਧਿਆਨ ਲਗਾਈਆ । ਤੇਰਾ ਮੇਰਾ ਕੌਲ ਇਕੋ ਵਾਕ, ਵਾਕਫ਼ਕਾਰ ਦੂਜਾ ਨਜ਼ਰ ਕੋਇ ਨਾ ਆਈਆ । ਨਿਰਗੁਣ ਨਿਰਗੁਣ ਸੱਚਾ ਸਾਥ, ਆਦੀ ਸੰਗ ਬਣਾਈਆ । ਮੈਂ ਸਿਫ਼ਤਾਂ ਵਾਲੀ ਕਦੇ ਨਾ ਗਾਵਾਂ ਗਾਥ, ਰਾਗਾਂ ਵਿਚ ਨਾ ਕੋਇ ਵਡਿਆਈਆ । ਪੜਦਾ ਖੋਲ੍ਹ ਕੇ ਵੇਖ ਆਪ, ਆਪਣੇ ਵਿਚੋਂ ਆਪ ਪਰਗਟਾਈਆ । ਕਵਣ ਪੂਤ ਕਵਣ ਬਾਪ, ਕਵਣ ਗੋਦੀ ਰਿਹਾ ਸੁਹਾਈਆ । ਕਵਣ ਸਿਫ਼ਤ

ਕਵਣ ਜਾਪ, ਕਵਣ ਰਿਹਾ ਸਾਲਾਹੀਆ । ਕਵਣ ਸੱਜਣ ਕਵਣ ਸਾਕ, ਕਵਣ ਸੰਗ ਨਿਭਾਈਆ । ਕਵਣ ਹੁਕਮ ਕਵਣ ਵਾਕ, ਕਵਣ ਫ਼ਰਮਾਨ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੋਜ ਖੁਜਾਈਆ । ਸਤਿਗੁਰ ਸ਼ਬਦ ਕਹੇ ਜ਼ਰਾ ਵੇਖ ਆਪਣਾ ਹਿੱਸਾ, ਗੰਢ ਧੁਰ ਦੀ ਇਕ ਖੁਲ੍ਹਾਈਆ । ਜਿਹੜਾ ਲੇਖ ਅਗੰਮੀ ਲਿਖਾ, ਆਦਿ ਮੱਧ ਨਾ ਕਿਸੇ ਦ੍ਰਿੜਾਈਆ । ਬਣਦਾ ਰਿਹੋਂ ਵੱਡਾ ਨਿੱਕਾ, ਰੂਪ ਅਨੂਪ ਵੇਸ ਵਟਾਈਆ । ਸਿਫ਼ਤਾਂ ਵਾਲਾ ਲਿਖਦਾ ਰਿਹੋਂ ਚਿੱਠਾ, ਆਪ ਆਪਣਾ ਆਪਣੇ ਨਾਲ ਪਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਸਤਿਗੁਰ ਸ਼ਬਦ ਕਹੇ ਸੁਣ ਸਾਹਿਬ ਧੁਰ ਸਵਾਮੀ, ਧਰਮ ਦਵਾਰੇ ਦਿਆਂ ਜਣਾਈਆ । ਤੂੰ ਮੇਰਾ ਅੰਤਰਜਾਮੀ, ਮੈਂ ਸਭ ਨੂੰ ਦਿਆਂ ਸਮਝਾਈਆ । ਕਿਉਂ ਉਪਜੇ ਤੇਰੀ ਬਾਣੀ, ਕਵਣ ਧਾਰ ਪਰਗਟਾਈਆ । ਕਿਉਂ ਨਹੀਂ ਲੇਖਾ ਰੱਖਿਆ ਜ਼ਬਾਨੀ, ਕਿਉਂ ਕਲਮ ਸ਼ਾਹੀ ਜੋੜ ਜੁੜਾਈਆ । ਕਿਉਂ ਰਮਜ਼ ਉਪਜਾਈ ਰੁਹਾਨੀ, ਰਹਿਮਤ ਆਪ ਕਮਾਈਆ । ਕਿਉਂ ਵਸੇਂ ਜੂਹ ਬੇਗਾਨੀ, ਤੱਤਾਂ ਵਿਚ ਸਮਾਈਆ । ਕਿਉਂ ਤਤ ਕਰੇਂ ਕੁਰਬਾਨੀ, ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਦੇ ਦਰਸਾਈਆ । ਸਤਿਗੁਰ ਸ਼ਬਦ ਕਹੇ ਕਿਉਂ ਬਣਦਾ ਰਿਹੋਂ ਮਲਾਹ, ਖੇਵਟ ਖੇਟਾ ਰੂਪ ਵਟਾਈਆ । ਕਿਉਂ ਬਦਲਦਾ ਰਿਹੋਂ ਸਲਾਹ, ਹੁਕਮ ਹੁਕਮ ਨਾਲ ਜਣਾਈਆ । ਕਿਉਂ ਨਿਰਗੁਣ ਹੁੰਦਾ ਰਿਹੋਂ ਰੁਸ਼ਨਾ, ਸਰਗੁਣ ਸੋਭਾ ਪਾਈਆ । ਕਿਉਂ ਗੁਰੂ ਅਵਤਾਰ ਪੈਗ਼ੰਬਰ ਰਿਹੋਂ ਅਖਵਾ, ਕੀ ਤੇਰੀ ਵਡਿਆਈਆ । ਕਿਉਂ ਹਰ ਘਟ ਰਿਹਾ ਸਮਾ, ਲੱਖ ਚੁਰਾਸੀ ਡੇਰਾ ਲਾਈਆ । ਕਿਉਂ ਸਿਫ਼ਤੀ ਢੋਲੇ ਰਿਹਾ ਗਾ, ਚਾਰੇ ਬਾਣੀ ਡੰਕ ਵਜਾਈਆ । ਕਿਉਂ ਲੌਂਦਾ ਰਹੇਂ ਸਭ ਨੂੰ ਦਾਅ, ਦਰਦੀ ਹੋ ਨਾ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਸੁਣਾਈਆ । ਸਤਿਗੁਰ ਸ਼ਬਦ ਕਹੇ ਕੀ ਤੇਰੀ ਮਰਿਆਦਾ, ਆਦਿ ਮੱਧ ਸਮਝ ਕਿਸੇ ਨਾ ਆਈਆ । ਕੀ ਤੇਰੀ ਆਵਾਜ਼ਾ, ਜੁਗ ਜੁਗ ਗੁਰ ਅਵਤਾਰ ਪੈਗ਼ੰਬਰਾਂ ਕਰੇਂ ਪੜ੍ਹਾਈਆ । ਕੀ ਤੇਰਾ ਸਮਾਜਾ, ਸਾਚਾ ਮਾਰਗ ਦੇ ਦਰਸਾਈਆ । ਕੀ ਤੇਰਾ ਰਵਾਜਾ, ਰਸਮ ਕੀ ਬਣਾਈਆ । ਕੀ ਤੇਰਾ ਕਾਜਾ, ਕਰਨੀ ਕੀ ਕਮਾਈਆ । ਕੀ ਤੇਰਾ ਵਾਜਾ, ਅਗੰਮੀ ਸੁਰ ਹਿਲਾਈਆ । ਕੀ ਤੇਰਾ ਸਵਾਂਗਾ, ਭੇਵ ਦੇਣਾ ਖੁਲ੍ਹਾਈਆ । ਕੀ ਤੇਰਾ ਨਾਮਾ, ਨਿਰੰਕਾਰ ਦੇਣਾ ਜਣਾਈਆ । ਕੀ ਤੇਰਾ ਕਾਮਾ, ਨਿਹਕਰਮੀ ਦੇਣਾ ਵਖਾਈਆ । ਕੀ ਤੇਰਾ ਦਮਾਮਾ, ਘਰ ਸਾਚੇ ਆਪ ਵਜਾਈਆ । ਕੀ ਤੇਰੀ ਪਹਿਚਾਨਾ, ਪੜਦਾ ਦੇਣਾ ਉਠਾਈਆ । ਕੀ ਤੇਰਾ ਗਾਣਾ, ਬਿਨ ਰਸਨਾ ਢੋਲਾ ਅਲਾਈਆ । ਕੀ ਤੇਰਾ ਬਾਣਾ, ਰੂਪ ਅਨੂਪ ਧਰਾਈਆ । ਕੀ ਤੇਰਾ ਫ਼ਰਮਾਨਾ, ਹੁਕਮੇ ਅੰਦਰ ਸੁਣਾਈਆ । ਕੀ ਤੇਰਾ ਕਮਾਨਾ, ਚਿੱਲਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਚੁਕਾਈਆ । ਸਤਿਗੁਰ ਸ਼ਬਦ ਤੂੰ ਕਿਉਂ ਬਣਿਆ ਕਰਤਾ, ਕਰਨੀ ਦੇ ਸਮਝਾਈਆ । ਤੂੰ ਕਿਉਂ ਬਣਿਆ ਹਰਤਾ, ਹਰ ਘਟ ਡੇਰਾ ਲਾਈਆ । ਤੂੰ ਕਿਉਂ ਦੋ ਜਹਾਨਾਂ ਤਰਦਾ, ਭੇਵ ਅਭੇਦ ਖੁਲ੍ਹਾਈਆ । ਤੂੰ ਕਿਉਂ ਨਹੀਂ ਜੰਮਦਾ ਮਰਦਾ, ਨੂਰ ਜੋਤ ਰੁਸ਼ਨਾਈਆ । ਤੂੰ ਕਿਉਂ ਨਹੀਂ ਆਪਣਾ ਆਪ ਪੜ੍ਹਦਾ, ਆਪਣੀ ਸਮਝ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇ ਉਪਾਈਆ । ਸਤਿਗੁਰ ਸ਼ਬਦ ਕਹੇ ਮੈਂ ਬਣਨਾ ਨਹੀਂ ਹੋਛਾ, ਦਲੇਰੀ ਨਾਲ ਦ੍ਰਿੜਾਈਆ । ਤੂੰ ਕਿਉਂ ਬਣੇਂ ਵੱਡਾ ਛੋਟਾ, ਜੁਗ

ਜੁਗ ਵੇਸ ਵਟਾਈਆ । ਕਿਉਂ ਹੋਵੇਂ ਖਰਾ ਖੋਟਾ, ਆਪਣਾ ਆਪ ਬਦਲਾਈਆ । ਕਿਉਂ ਮੰਜ਼ਲ ਚੜ੍ਹੇਂ ਚੋਟਾ, ਸਾਚਾ ਘਰ ਸੁਹਾਈਆ । ਕਿਉਂ ਖੇਲ ਖਿਲਾਏਂ ਲੋਕ ਪਰਲੋਕਾ, ਰਚਨਾ ਰਚਨ ਰਚਾਈਆ । ਕਿਉਂ ਗਾਵੇਂ ਇਕ ਸਲੋਕਾ, ਸਚ ਦੇਣਾ ਸਮਝਾਈਆ । ਕਿਉਂ ਸੁਣਾਏਂ ਆਪਣਾ ਪੋਥਾ, ਸਰਗੁਣ ਕਰ ਪੜ੍ਹਾਈਆ । ਕਿਉਂ ਮੰਦਰ ਸੁਹਾਏਂ ਕੋਠਾ, ਤਤ ਸ਼ਰੀਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਪ ਦੇ ਦਰਸਾਈਆ । ਸਤਿਗੁਰ ਸ਼ਬਦ ਕਹੇ ਕੀ ਪੂੰਜੀ ਤੇਰੀ ਰਾਸ, ਮਿਹਰਵਾਨ ਦੇ ਸਮਝਾਈਆ । ਕੀ ਤੇਰਾ ਖੇਲ ਤਮਾਸ਼, ਸਮਝ ਕੋਇ ਨਾ ਪਾਈਆ । ਕੀ ਤੇਰੀ ਅਗਲੀ ਪਿਛਲੀ ਆਸ, ਪੜਦਾ ਦੇ ਚੁਕਾਈਆ । ਕੀ ਤੇਰੀ ਨਿਰਾਲੀ ਖ਼ਾਹਿਸ਼, ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਸਮਝਾਈਆ । ਪੁਰਖ ਅਕਾਲ ਕਹੇ ਸੁਣ ਮੇਰੇ ਅਗੰਮ ਦੁਲਾਰੇ, ਦੂਲ੍ਹੇ ਦਿਆਂ ਜਣਾਈਆ । ਮੇਰੇ ਖੇਲ ਸਦਾ ਨਿਆਰੇ, ਨਿਰਾਕਾਰ ਹੋ ਨਿਰੰਕਾਰ ਆਪਣੀ ਕਾਰ ਕਮਾਈਆ । ਮੇਰੇ ਹੁਕਮ ਵਾਲੇ ਲਾਰੇ, ਫ਼ਰਮਾਨ ਵਿਚ ਵਡਿਆਈਆ । ਅਨਕ ਕਲ ਦੀ ਧਾਰੇ, ਧਰਮ ਦਵਾਰ ਪਰਗਟਾਈਆ । ਸਚ ਦਵਾਰ ਵਣਜਾਰੇ, ਆਪਣਾ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਆਪਣਾ ਦਏ ਸਮਝਾਈਆ । ਸ਼ਬਦ ਗੁਰ ਤੂੰ ਕਦੇ ਨਾ ਬਣੀਂ ਗੁਰੂ, ਗੁਰਦੇਵ ਨਜ਼ਰ ਨਾ ਆਈਆ । ਤੇਰਾ ਮੇਰਾ ਲੇਖਾ ਕੋਇ ਨਾ ਜਾਣੇ ਸ਼ੁਰੂ, ਪੜਦਾ ਸਕੇ ਨਾ ਕੋਇ ਉਠਾਈਆ । ਤੇਰਾ ਹੁਕਮ ਕਦੇ ਨਾ ਮੁੜੂ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰੀ ਧਾਰ ਤੇਰੇ ਨਾਲ ਜੁੜੂ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਪਿਛਲਾ ਦਏ ਖੁਲ੍ਹਾਈਆ । ਸ਼ਬਦ ਸਤਿਗੁਰ ਇਕੋ ਇਕ ਬਣਾਇਆ, ਤੈਨੂੰ ਦਿਆਂ ਦ੍ਰਿੜਾਈਆ । ਤੇਰੇ ਵਿਚੋਂ ਤੇਰਾ ਨੂਰ ਉਪਜਾਇਆ, ਨੂਰ ਨੂਰ ਨੂਰ ਰੁਸ਼ਨਾਈਆ । ਪੰਜਾਂ ਤੱਤਾਂ ਖੇਲ ਖਿਲਾਇਆ, ਖੇਲ ਬੇਪਰਵਾਹੀਆ । ਕਿਰਨ ਇਕੋ ਇਕ ਟਿਕਾਇਆ, ਜਿਸ ਦੀ ਸਮਝ ਕੋਇ ਨਾ ਪਾਈਆ । ਇਸ਼ਾਰੇ ਵਿਚੋਂ ਇਸ਼ਾਰਾ ਇਕ ਪਰਗਟਾਇਆ, ਸਾਚਾ ਹੁਕਮ ਨਾ ਕਿਸੇ ਸਮਝਾਈਆ । ਰਮਤਾ ਰਮਤਾ ਖੇਲ ਕਰਾਇਆ, ਅਗੰਮਤਾ ਆਪਣੇ ਵਿਚ ਛੁਪਾਈਆ । ਜੰਮਦਾ ਮਰਦਾ ਗੁਰੂ ਨਾ ਕੋਇ ਅਖਵਾਇਆ, ਸਤਿਗੁਰੂ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਸਤਿਗੁਰ ਸ਼ਬਦ ਥੋੜ੍ਹੀ ਕਰ ਵਿਚਾਰ, ਵਿਚਰ ਕੇ ਦਿਆਂ ਜਣਾਈਆ । ਜਿਹੜੇ ਘੱਲੇ ਤੇਈ ਅਵਤਾਰ, ਤ੍ਰੀਮਤ ਵਾਂਗ ਸੇਵ ਕਮਾਈਆ । ਇਨ੍ਹਾਂ ਨੂੰ ਤੇਰਾ ਦਿਤਾ ਇਸ਼ਾਰ, ਤੇਰਾ ਹੁਕਮ ਸੁਣਾਈਆ । ਆਪ ਵੱਸ ਕੇ ਬਾਹਰ, ਦਰਵਾਜ਼ਾ ਅੰਦਰੋਂ ਦਿਤਾ ਖੁਲ੍ਹਾਈਆ । ਕਤਰਾ ਦੇ ਕੇ ਅੰਮ੍ਰਿਤ ਧਾਰ, ਕਾਤਲ ਦਿਤੇ ਪਰਗਟਾਈਆ । ਇਸ਼ਾਰਾ ਦੇ ਕੇ ਨਿਰਾਧਾਰ, ਨਿਰਾਕਾਰ ਖੇਲ ਵਖਾਈਆ । ਪਾ ਨਾ ਸਕਣ ਤੇਰੀ ਸਾਰ, ਸਾਰਥੀ ਸਮਝ ਕੋਇ ਨਾ ਆਈਆ । ਤੱਤਾਂ ਵਿਚ ਕਰ ਪਿਆਰ, ਰੱਤਾਂ ਵਿਚ ਰੰਗ ਰੰਗਾਈਆ । ਮਾਤਾ ਪੱਟਾਂ ਵਿਚ ਸਵਾਲ, ਗੋਦੀ ਗੋਦ ਟਿਕਾਈਆ । ਜਗਤ ਪਾ ਜੰਜਾਲ, ਬੰਸ ਵਿਚ ਵਡਿਆਈਆ । ਖੇਲ ਕਰ ਸ਼ਾਹ ਕੰਗਾਲ, ਆਪਣਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸੁਣਾਈਆ । ਸਤਿਗੁਰ ਸ਼ਬਦ ਜੋ ਤੇਈ ਅਵਤਾਰ ਭੇਜੇ, ਭਜਨ ਬੰਦਗੀ ਤੇਰੀ ਵਿਚ ਲਗਾਈਆ । ਮੇਰੀ ਚੜ੍ਹਿਆ ਕੋਈ ਨਾ ਸੇਜੇ, ਅੰਗੀਕਾਰ ਨਾ ਕੋਇ ਅਖਵਾਈਆ । ਤੱਤਾਂ ਵਾਲੀ ਖੇਲ ਖੇਡੇ, ਨੂਰ ਨਾਲ ਚਮਕਾਈਆ । ਹੁਕਮ ਅੰਦਰ ਤੋਰ ਕੇ ਸੇਧੇ,

ਮਾਰਗ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਇਕ ਦਰਸਾਈਆ । ਸਤਿਗੁਰ ਸ਼ਬਦ ਤੇਰੇ ਪਿਆਰ ਦਾ ਪੌਂਦੇ ਰਹੇ ਕੁੜਤਾ, ਤਨ ਵਜੂਦ ਸ਼ਰੀਰ ਹੰਢਾਈਆ । ਤੇਰੇ ਪਿਆਰ ਦਾ ਫੁਰਨਾ ਫੁਰਦਾ, ਮੇਰਾ ਭੇਵ ਕਿਸੇ ਨਾ ਆਈਆ । ਮੈਂ ਖੇਲ ਖੇਲਦਾ ਰਿਹਾ ਠੱਗ ਚੋਰ ਦਾ, ਚੋਰੀ ਸਭ ਦੇ ਨਾਲ ਕਮਾਈਆ । ਰੂਪ ਬਦਲਦਾ ਰਿਹਾ ਹੋਰ ਹੋਰ ਦਾ, ਨੂਰ ਚਸ਼ਮ ਨਾ ਕੋਇ ਜਣਾਈਆ । ਤੇਰੇ ਹੁਕਮ ਅੰਦਰ ਰਿਹਾ ਤੋਰਦਾ, ਧੁਰ ਦਾ ਮਾਲਕ ਬਣ ਗੁਸਾਈਂਆ । ਖੇਲ ਕਰਦਾ ਰਿਹਾ ਆਪਣੀ ਲੋੜ ਦਾ, ਪੜਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮੈਂ ਕਰਨੀ ਦਾ ਕਰਤਾ, ਕਰਨਹਾਰ ਕਰਤਾਰਾ । ਗੁਰ ਅਵਤਾਰ ਪੈਗ਼ੰਬਰ ਤੇਰਾ ਬਰਦਾ, ਤੂੰ ਮੇਰਾ ਬਰਖ਼ੁਰਦਾਰਾ । ਮੈਂ ਤੇਰਾ ਲਾਹਵਾਂ ਪੜਦਾ, ਤੂੰ ਇਨ੍ਹਾਂ ਕਰੇਂ ਉਜਿਆਰਾ, ਮੈਂ ਮਾਲਕ ਤੇਰੇ ਘਰ ਦਾ, ਤੂੰ ਇਨ੍ਹਾਂ ਦੇਵੇ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੱਸਾਂ ਅਗੰਮ ਅਪਾਰਾ । ਮੇਰਾ ਲੇਖਾ ਸਦਾ ਅਪਾਰ, ਅਪਰੰਪਰ ਹੋ ਕੇ ਦਿਆਂ ਜਣਾਈਆ । ਇਹ ਨਿੱਕੇ ਨਿੱਕੇ ਗੁਰੂ ਅਵਤਾਰ, ਪੈਗ਼ੰਬਰ ਤੇਰਾ ਨੂਰ ਚਮਕਾਈਆ । ਸਭ ਕੁਛ ਦੇ ਕੇ ਤੇਰੇ ਅਖ਼ਤਿਆਰ, ਮੁਖ਼ਤਾਰਨਾਮੇ ਦਿੱਤੇ ਲਿਖਾਈਆ । ਖੇਲ ਕਰਦੇ ਰਹੇ ਸਦਾ ਜੁਗ ਚਾਰ, ਚੌਕੜੀ ਆਪਣੀ ਵੰਡ ਵੰਡਾਈਆ । ਅੱਖਰਾਂ ਨਾਲ ਕਰਦੇ ਰਹੇ ਪਿਆਰ, ਸਿਫ਼ਤਾਂ ਵਿਚ ਸਾਲਾਹੀਆ । ਕਾਤਬ ਬਣ ਲਿਖਾਰ, ਲਿਖ ਕੇ ਦੇਂਦੇ ਰਹੇ ਗਵਾਹੀਆ । ਜੋ ਹੁਕਮ ਦਿਤਾ ਇਸ਼ਾਰ, ਇਸ਼ਾਰੇ ਨਾਲ ਸੁਣਾਈਆ । ਉਹੋ ਗਾਉਂਦੇ ਰਹੇ ਵਿਚ ਸੰਸਾਰ, ਤੇਰੇ ਨਾਮ ਤੋਂ ਬਿਨਾ ਨਾਮ ਬਦਲਾਈਆ । ਜੇ ਮੈਂ ਇਕ ਵਾਰਾਂ ਆਪਣਾ ਦੱਸਾਂ ਦਵਾਰ, ਦਵਾਰਾ ਬਦਲ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਸੁਣ ਸਤਿਗੁਰ ਸ਼ਬਦ ਕੀ ਆਈ ਤੈਨੂੰ ਸੋਚ, ਬਿਨ ਬੁੱਧੀ ਰਿਹਾ ਦ੍ਰਿੜਾਈਆ । ਆਪਣੀ ਮਨਸਾ ਪੂਰੀ ਕਰ ਲੋਚ, ਬਿਨ ਲੋਚਣ ਲੈ ਤਕਾਈਆ । ਜਿਸ ਦੀ ਕਰਦੇ ਰਹੇ ਖੋਜ, ਖੋਜੀ ਬਣ ਜਗਤ ਲੋਕਾਈਆ । ਜੰਮਦੇ ਰਹੇ ਰੋਜ਼, ਰਾਜ਼ਕ ਰਹੀਮ ਬੇਪਰਵਾਹੀਆ । ਦੱਸਦੇ ਰਹੇ ਨਿਰਮਲ ਜੋਤ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜਿਸ ਦੀ ਵਰਨ ਨਹੀਂ ਕੋਈ ਗੋਤ, ਜਾਤ ਪਾਤ ਨਾ ਵੰਡ ਵੰਡਾਈਆ । ਫੇਰ ਕਿਉਂ ਮਜ਼੍ਹਬਾਂ ਦਾ ਸਿਰ ਤੇ ਚੁੱਕ ਕੇ ਗਏ ਬੋਝ, ਆਪਣਾ ਆਪ ਭੁਲਾਈਆ । ਕਿਉਂ ਸਿਫ਼ਤਾਂ ਵਾਲੇ ਨਾਮ ਦਾ ਲਾ ਕੇ ਗਏ ਰੋਗ, ਅੱਖਰਾਂ ਵਿਚ ਮੇਰੀ ਵੰਡ ਵੰਡਾਈਆ । ਕਿਉਂ ਸਭ ਨੇ ਮੰਗਿਆਂ ਇਕੋ ਧੁਰ ਦਾ ਜੋਗ, ਇਕੋ ਸੀਸ ਨਿਵਾਈਆ । ਕਿਉਂ ਹੱਦਾਂ ਬਣਾ ਕੇ ਗਏ ਕਿਲਾ ਕੋਟ, ਕੋਟੀ ਕੋਟ ਭਰਮ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਇਕ ਸੁਣਾਈਆ । ਸਤਿਗੁਰ ਸ਼ਬਦ ਪੈਗ਼ੰਬਰਾਂ ਦਾ ਸੁਣ ਲੈ ਹਾਲ, ਸਹਿਜੇ ਦਿਆਂ ਸੁਣਾਈਆ । ਵੱਖਰੀ ਤੇਰੀ ਚਾਲ, ਨਿਰਾਲੀ ਵੰਡ ਵੰਡਾਈਆ । ਤੱਤਾਂ ਵਾਲਾ ਵਜਾ ਕੇ ਤਾਲ, ਧਰਨੀ ਧਰਤ ਧਵਲ ਧੌਲ ਸੁਹਾਈਆ । ਆਪਣੇ ਨਾਮ ਦਾ ਰੱਖ ਸਵਾਲ, ਨਾਮ ਕਲਮਿਆਂ ਵਿਚ ਬਦਲਾਈਆ । ਇਸ਼ਾਰਿਆਂ ਵਿਚ ਸ਼ਰਅ ਖ਼ੁਆਰ, ਸ਼ਰੀਅਤ ਵਿਚ ਬੰਧਾਈਆ । ਤੇਰੀ ਸਿਫ਼ਤ ਦਾ ਦੇ ਅਹਿਵਾਲ, ਆਪਣਾ ਕਮਾਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ ਇਕ ਸੁਣਾਈਆ । ਸਤਿਗੁਰ ਸ਼ਬਦ ਗੁਰ ਅਵਤਾਰ ਪੈਗ਼ੰਬਰ ਤੇਰਾ ਪਿਛਲਾ ਭਾਈਚਾਰਾ, ਹੁਕਮ ਨਾਲ ਸੁਣਾਈਆ । ਜੋ ਮੰਗਦੇ ਰਹੇ ਤੇਰਾ ਦਵਾਰਾ, ਦਵਾਰਕਾ ਵਾਸੀ ਸੀਸ ਨਿਵਾਈਆ । ਤੂੰ ਵੰਡਦਾ ਰਿਹੋਂ ਭੰਡਾਰਾ, ਥੋੜ੍ਹਾ

ਥੋੜ੍ਹਾ ਝੋਲੀ ਪਾਈਆ । ਦੇਂਦਾ ਰਿਹੋਂ ਚਮਤਕਾਰਾ, ਨੂਰ ਕਿਰਨ ਕਿਰਨ ਰੁਸ਼ਨਾਈਆ । ਬਣਦਾ ਰਿਹੋਂ ਵਣਜਾਰਾ, ਜਗਤ ਵਣਜ ਵੰਡਾਈਆ । ਦੱਸਦਾ ਰਿਹੋਂ ਜੈਕਾਰਾ, ਸਿਫ਼ਤਾਂ ਵਾਲਾ ਨਾਮ ਸਮਝਾਈਆ । ਦੇਂਦਾ ਰਿਹੋਂ ਹੁਲਾਰਾ, ਪਵਣ ਪਵਣ ਬਾਹਰ ਕਢਾਈਆ । ਕਰ ਕੇ ਖੇਲ ਜਗਤ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਸਤਿਗੁਰ ਸ਼ਬਦ ਗੁਰ ਅਵਤਾਰ ਪੈਗ਼ੰਬਰ ਤੇਰੀ ਇਕ ਸਰੰਗੀ, ਤੱਤਾਂ ਵਾਲੀ ਦਿਤੀ ਬਣਾਈਆ । ਵਿਚ ਆਪਣੇ ਪ੍ਰੇਮ ਦੀ ਪਾ ਕੇ ਤੰਦੀ, ਤੰਦ ਰਬਾਬ ਦਿਤੀ ਵਜਾਈਆ । ਮੁਹੱਬਤ ਦੀ ਧਾਰ ਦੱਸ ਕੇ ਚੰਗੀ, ਚੰਗੀ ਕਰੀ ਪੜ੍ਹਾਈਆ । ਤੇਰਾ ਖੇਲ ਦੱਸ ਬਹੁਰੰਗੀ, ਰੰਗਤ ਦਿਤੀ ਰੰਗਾਈਆ । ਹੁਕਮ ਦੀ ਲਾ ਪਾਬੰਦੀ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਜਗਤ ਧਾਰ ਵਹਾ ਕੇ ਕੰਢੀ, ਕਿਨਾਰਾ ਦਿਤਾ ਵਖਾਈਆ । ਬਿਨ ਤੇਰੇ ਮੇਰੇ ਮੰਜ਼ਲ ਕਿਸੇ ਨਾ ਲੱਭੀ, ਤਤ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੱਕਰ ਵਿਚ ਚੱਕਰ ਲਵਾਈਆ । ਸਤਿਗੁਰ ਸ਼ਬਦ ਇਹ ਖੇਲ ਨਿਰਾਲਾ ਚੱਕਰ, ਚਾਕਰ ਸਾਰੇ ਦਿਆਂ ਸਮਝਾਈਆ । ਸਾਰੇ ਕਰਦੇ ਰਹੇ ਯਤਨ, ਯਥਾ ਯੋਗ ਸੇਵ ਕਮਾਈਆ । ਮੈਂ ਤੇਰਾ ਸਭ ਨੂੰ ਦੱਸਿਆ ਪਤਣ, ਨੌਕਾ ਜਗਤ ਨਾਮ ਚੜ੍ਹਾਈਆ । ਆਪ ਬੈਠਾ ਰਿਹਾ ਆਪਣੇ ਵਤਨ, ਬਿਨ ਰੂਪ ਰੰਗ ਸੋਭਾ ਪਾਈਆ । ਨਿਤ ਨਵਿਤ ਸਾਰੇ ਲੱਭਣ, ਰਾਹ ਵੇਖਣ ਥਾਉਂ ਥਾਈਂਆ । ਜਿਹੜੇ ਗੁਰ ਅਵਤਾਰ ਪੈਗ਼ੰਬਰ ਅੱਖਰਾਂ ਵਾਲਾ ਤੇਰਾ ਮੇਰਾ ਨਾਮ ਜਪਣ, ਉਨ੍ਹਾਂ ਤੋਂ ਦੂਰ ਬੈਠਾ ਗੁਸਾਈਂਆ । ਬਿਰਹੋਂ ਵਿਛੋੜੇ ਵਿਚ ਤੜਫਣ, ਵੈਰਾਗੀ ਰੂਪ ਬਣਾਈਆ । ਦਰਸ ਦੀਦਾਰ ਨੂੰ ਭਟਕਣ, ਨੇਤਰ ਮੀਟ ਧਿਆਨ ਲਗਾਈਆ । ਸਤਿਗੁਰ ਸ਼ਬਦ ਤੇਰੇ ਮੇਰੇ ਵਿਚ ਨਹੀਂ ਕੋਈ ਅਟਕਣ, ਜਗਤ ਜਾਪ ਦੀ ਲੋੜ ਰਹੇ ਨਾ ਰਾਈਆ । ਮੈਂ ਤੇਰਾ ਕਿਨਾਰਾ ਤੂੰ ਮੇਰਾ ਪੱਤਨ, ਬਾਕੀ ਸਾਰੇ ਦਿਸਣ ਪਾਂਧੀ ਰਾਹੀਆ । ਪੰਜ ਤਤ ਵਜੂਦ ਅੰਦਰ ਜੋ ਨੱਚਣ, ਸ਼ਬਦ ਇਸ਼ਾਰਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਸਤਿਗੁਰ ਸ਼ਬਦ ਕਹੇ ਮੇਰੀ ਖੇਲ ਪੁਰਾਣੀ, ਪੂਰਬ ਚਲੀ ਆਈਆ । ਕੁਛ ਅਗਲੀ ਦੱਸ ਕਹਾਣੀ, ਕਹਿਕਹਾ ਲਾ ਕੇ ਮੰਗ ਮੰਗਾਈਆ । ਤੇਰੇ ਚਰਨ ਕਵਲ ਮੇਰੀ ਇਕ ਨਿਸ਼ਾਨੀ, ਨਿਸ਼ਾਨਾ ਅਵਰ ਨਾ ਕੋਇ ਤਕਾਈਆ । ਤਤ ਖੇਲ ਹੋਈ ਬੇਗਾਨੀ, ਜਪ ਜੱਗ ਨਾ ਕੋਇ ਵਡਿਆਈਆ । ਕੀ ਤੇਰੀ ਧੁਰ ਦੀ ਬਾਣੀ, ਪਾਰਬ੍ਰਹਮ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਤੱਤਾਂ ਵਾਲਾ ਛੱਡ ਦੇ ਝਗੜਾ, ਸਚ ਸਚ ਦੇ ਦ੍ਰਿੜਾਈਆ । ਕੀ ਖੇਲ ਤੇਰਾ ਅਗਲਾ, ਅਗੰਮ ਦੇਣਾ ਜਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਆਪਣੀ ਧਾਰ ਵਾਲੇ ਸੱਦ ਲੈ, ਸੱਦਾ ਆਪਣਾ ਇਕ ਸੁਣਾਈਆ । ਆਪਣਾ ਨੂਰ ਉਨ੍ਹਾਂ ਵਿਚੋਂ ਲੱਭ ਲੈ, ਲਾਭ ਸਭ ਨੂੰ ਦੇ ਪੁਚਾਈਆ । ਝਗੜਾ ਮੁਕਾ ਲੈ ਪਿਛਲੀ ਹੱਦ ਦਾ, ਦੀਨ ਮਜ਼੍ਹਬ ਮਿਟਾਈਆ । ਫਿਰ ਲੇਖਾ ਦੱਸਾਂ ਸਭ ਦਾ, ਸਹਿਜ ਸਹਿਜ ਜਣਾਈਆ । ਮੇਰਾ ਖੇਲ ਪੰਜ ਤਤ ਨਹੀਂ ਕੋਈ ਪਾਣੀ ਅੱਗ ਦਾ, ਆਸਾ ਅਵਰ ਨਾ ਕੋਇ ਵਧਾਈਆ । ਦੂਸਰ ਨਾਮ ਕੋਈ ਨਾ ਜਪਦਾ, ਜਿਹਵਾ ਵਣਜ ਨਾ ਕੋਇ ਵਡਿਆਈਆ । ਜੇ ਤੂੰ ਸੁੱਤ ਦੁਲਾਰਾ ਇਕੋ ਬੱਪ ਦਾ, ਪਿਤਾ ਪੁਰਖ ਅਕਾਲ ਅਖਵਾਈਆ । ਫੇਰ ਲਹਿਣਾ ਦੇਣਾ ਹਕ ਦਾ, ਹਕ਼ੀਕਤ ਦਏ ਦ੍ਰਿੜਾਈਆ । ਅੱਗੇ ਲੇਖ ਰਹੇ ਨਾ ਸ਼ੱਕ ਦਾ, ਭਰਮ ਦੇਣਾ ਚੁਕਾਈਆ । ਜੋ ਤੇਰਾ ਮੇਰਾ ਨਾਮ ਜਪਦਾ, ਸੋ ਮੇਰੇ ਵਿਚ ਸਮਾਈਆ । ਇਹ

੬੯੪
੨੦

ਖੇਲ ਪੁਰਖ ਸਮਰਥ ਦਾ, ਸਮੇਂ ਨਾਲ ਉਪਜਾਈਆ । ਵੇਲਾ ਨਹੀਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਾਲੇ ਰਥ ਦਾ, ਜੁਗ ਜੁਗ ਵੇਸ ਦੇਸ ਪਰਦੇਸ਼ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਸਤਿਗੁਰ ਸ਼ਬਦ ਕਹੇ ਮੇਰੇ ਗਹਿਰ ਗੰਭੀਰ, ਤੇਰੇ ਹੱਥ ਵਡਿਆਈਆ । ਬਿਨ ਸ਼ਬਦ ਸਤਿਗੁਰੂ ਬਣੇ ਨਾ ਕੋਇ ਸਰੀਰ, ਤਨ ਮਾਟੀ ਵੱਜੇ ਨਾ ਕੋਇ ਵਧਾਈਆ । ਤੇਰਾ ਲੇਖਾ ਬੇਨਜ਼ੀਰ, ਜਗ ਨੇਤਰ ਨਜ਼ਰ ਨਾ ਆਈਆ । ਬਿਨ ਤੇਰੀ ਕਿਰਪਾ ਪੜ੍ਹੇ ਨਾ ਕੋਇ ਤਾਲੀਮ, ਹੁਕਮ ਹਕ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਦਏ ਜਣਾਈਆ । ਸਤਿਗੁਰ ਸ਼ਬਦ ਧੁਰ ਦਾ ਹੁਕਮ ਸਤਿਗੁਰ ਸਾਥੀ, ਸ਼ਬਦ ਗੁਰੂ ਜਸ ਗਾਈਆ । ਗੋਬਿੰਦ ਸ਼ਬਦ ਜੋ ਧੁਰ ਦੀ ਧਾਰ ਆਖੀ, ਬਿਨ ਅੱਖਰਾਂ ਦਿਤੀ ਸਮਝਾਈਆ । ਮੇਰੀ ਆਦਿ ਮਧ ਦੀ ਪਾਤੀ, ਪਤਰਕਾ ਇਕ ਪਰਗਟਾਈਆ । ਜਿਸ ਨੂੰ ਦੂਜਾ ਪੜ੍ਹੇ ਨਾ ਕੋਇ ਜਮਾਤੀ, ਤੁਲਬਾ ਨਜ਼ਰ ਕੋਇ ਨਾ ਆਈਆ । ਲਿਖੇ ਕੋਈ ਨਾ ਬਣ ਕੇ ਸਾਥੀ, ਸਲਾਹਕਾਰ ਨਾ ਕੋਇ ਵਡਿਆਈਆ । ਸ਼ਬਦ ਧਾਰ ਮੇਰੇ ਗੋਬਿੰਦ ਆਪਣੀ ਯਾਦ ਕਰ ਲਾ ਆਖੀ, ਆਖ਼ਰ ਦਿਆਂ ਦ੍ਰਿੜ੍ਹਾਈਆ । ਜਿਸ ਵੇਲੇ ਨੂਰੀ ਧਾਰ ਚੜ੍ਹਿਉਂ ਘਾਟੀ, ਮੰਜ਼ਲ ਆਪਣੀ ਪੂਰ ਕਰਾਈਆ । ਦਰ ਦਵਾਰ ਤੱਕ ਕੇ ਕਮਲਾਪਾਤੀ, ਪਤਿਪਰਮੇਸ਼ਵਰ ਸੀਸ ਨਿਵਾਈਆ । ਢੋਲਾ ਗਾਇਆ ਬਣ ਕੇ ਭਾਟੀ, ਰਾਗ ਧੁਰਦਰਗਾਹੀਆ । ਨਜ਼ਰ ਆਇਆ ਕੋਈ ਨਾ ਢਾਡੀ, ਦੂਜਾ ਨਾਦ ਨਾ ਕੋਇ ਸੁਣਾਈਆ । ਤੇਰਾ ਖੇਲ ਵੇਖ ਬਹੁ ਭਾਂਤੀ, ਭਾਵਨਾ ਆਪਣੀ ਦਿਤੀ ਸਮਝਾਈਆ । ਤੂੰ ਸਾਹਿਬ ਪੁਰਖ ਅਬਿਨਾਸ਼ੀ, ਗਹਿਰ ਗੰਭੀਰ ਗੋਸਾਈਆਂ । ਆਦਿ ਜੁਗਾਦੀ ਮੇਰਾ ਨਾਤੀ, ਪਿਤਾ ਮਾਤੀ ਇਕ ਅਖਵਾਈਆ । ਮੇਰੀ ਮਨ ਅਖ਼ੀਰੀ ਬਾਤੀ, ਬਾਤਨ ਦਿਆਂ ਜਣਾਈਆ । ਗੁਰ ਅਵਤਾਰ ਪੈਗ਼ੰਬਰ ਮਿਟ ਗਏ ਜੋ ਤਨ ਵਜੂਦ ਹੰਡਾਵਣ ਖ਼ਾਕੀ, ਮਾਟੀ ਚੰਮ ਨਜ਼ਰ ਨਾ ਆਈਆ । ਤੇਰਾ ਖੇਲ ਸਦਾ ਬਹੁ ਭਾਂਤੀ, ਭੇਵ ਅਭੇਦਾ ਦਏਂ ਖੁਲ੍ਹਾਈਆ । ਮੇਰੀ ਧਾਰਾ ਅੰਦਰ ਆਸੀ, ਆਸ਼ਾ ਦਿਆਂ ਸੁਣਾਈਆ । ਤੂੰ ਮਾਲਕ ਖ਼ਲਕ ਆਕਾਸ਼ੀ, ਪਰਕਾਸ਼ ਨੂਰ ਖ਼ੁਦਾਈਆ । ਤੂੰ ਕੋਈ ਸਤਿਗੁਰ ਨਹੀਂ ਪਵਣ ਸਵਾਸੀ, ਸਾਹ ਵਿਚ ਸਮਾਈਆ । ਤੇਰੀ ਮੰਜ਼ਲ ਕਦੇ ਮੁਕੇ ਨਾ ਵਾਟੀ, ਅੰਤ ਕਹਿਣ ਕੋਇ ਨਾ ਆਈਆ । ਤੂੰ ਦੀਨ ਦਿਆਲ ਨਾਥ ਅਨਾਥੀ, ਨਿਰਵੈਰ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਵਖਾਈਆ । ਸ਼ਬਦ ਕਹੇ ਮੈਂ ਗੋਬਿੰਦ, ਸਤਿਗੁਰ ਰੂਪ ਜਣਾਈਆ । ਬਿਨ ਮਾਤ ਪਿਤ ਤੋਂ ਤੇਰੀ ਬਿੰਦ, ਨੂਰ ਜੋਤ ਰੁਸ਼ਨਾਈਆ । ਤੂੰ ਗਹਿਰ ਗੰਭੀਰ ਅਗੰਮ ਸਿੰਧ, ਸਾਗਰ ਸਮਝ ਨਾ ਰਾਈਆ । ਹਰਖ਼ ਸੋਗ ਨਾ ਕੋਇ ਚਿੰਦ, ਗ਼ਮ ਨਾ ਕੋਇ ਬਦਲਾਈਆ । ਤਨ ਵਜੂਦ ਸ਼ਰੀਰ ਨਹੀਂ ਕੋਈ ਪਿੰਡ, ਤਤ ਨਜ਼ਰ ਕੋਇ ਨਾ ਆਈਆ । ਤੂੰ ਦਾਤਾ ਗਹਿਰ ਗੰਭੀਰ ਗੁਣੀ ਗਹਿੰਦ, ਸ਼ਹਿਨਸ਼ਾਹ ਅਖਵਾਈਆ । ਤੇਰੇ ਹੱਥ ਰਬਾਬ ਨਹੀਂ ਕੋਈ ਕਿੰਗ, ਮਰਦੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਸ਼ਬਦ ਕਹੇ ਤੂੰ ਜੋਤ ਅਕਾਲਾ, ਅਕਲ ਕਲਾ ਅਖਵਾਈਆ । ਮੇਰਾ ਤੇਰੇ ਅੱਗੇ ਸਵਾਲਾ, ਸਵਾ ਪਹਿਰ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕੋਈ ਦੇ ਨਾ ਸਕੇ ਅਹਿਵਾਲਾ, ਪੜਦਾ ਨਾ ਕੋਇ ਉਠਾਈਆ । ਮੈਂ ਤੇਰਾ ਇਕੋ ਨੱਢਾ ਬਾਲਾ, ਬਾਲਕ ਧੁਰ ਦਾ ਨਜ਼ਰੀ ਆਈਆ । ਸਦ ਵਸਾਂ ਤੇਰੀ ਧਰਮਸਾਲਾ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਮੈਂ

ਕੋਈ ਗਊਆਂ ਚਾਰਨ ਵਾਲਾ ਨਹੀਂ ਗਵਾਲਾ, ਗੋਵਰਧਨ ਹੱਥ ਨਾ ਕੋਇ ਟਿਕਾਈਆ । ਮੈਂ ਕੋਈ ਪਕੜੀ ਨਹੀਂ ਮਾਲਾ, ਸਿਮਰਨ ਵਿਚ ਸਿਮਰਨ ਨਾ ਕੋਇ ਬਣਾਈਆ । ਮੈਂ ਕੋਈ ਘਾਲਣੀ ਨਹੀਂ ਘਾਲਾ, ਆਪਣਾ ਆਪ ਮਿਟਾਈਆ । ਸੱਦ ਵਸਾਂ ਤੇਰੇ ਨਾਲਾ, ਇਹੋ ਆਸ ਰਖਾਈਆ । ਤੂੰ ਮੇਰਾ ਮੈਂ ਤੇਰਾ ਵੱਖਰਾ ਰਹੇ ਨਾ ਕੋਇ ਨਿਰਾਲਾ, ਨਿਰਾਕਾਰ ਆਕਾਰ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪਤਣ ਦੇਣਾ ਸੁਹਾਈਆ । ਗੋਬਿੰਦ ਸ਼ਬਦ ਕਹੇ ਨਾ ਮੈਂ ਗੁਰੂ ਤੇਰਾ ਅਵਤਾਰ, ਨਾ ਪੈਗ਼ੰਬਰ ਨਜ਼ਰੀ ਆਈਆ । ਨਾ ਸ਼ਰਅ ਦਾ ਸਿਕਦਾਰ, ਨਾ ਮਜ਼੍ਹਬਾਂ ਕਰਾਂ ਅਗਵਾਈਆ । ਨਾ ਪੜ੍ਹਾਂ ਤੇਰਾ ਇਸ਼ਤਿਹਾਰ, ਨਾ ਸਿਫ਼ਤਾਂ ਵਿਚ ਵਡਿਆਈਆ । ਨਾ ਕਰਾਂ ਕਦੇ ਪੁਕਾਰ, ਰੋ ਰੋ ਹਾਲ ਸੁਣਾਈਆ । ਨਾ ਬਣਾਂ ਕਦੇ ਲਿਖਾਰ, ਨਾ ਕਾਗ਼ਜ਼ ਕਲਮ ਚਲਾਈਆ । ਨਾ ਮੰਗਾਂ ਕਦੇ ਦਵਾਰ, ਦਰ ਦਰ ਅਲਖ ਜਗਾਈਆ । ਜਦ ਤੂੰ ਇਕ ਵੇਰਾਂ ਮੇਰੇ ਨਾਲ ਪਾ ਲਿਆ ਪਿਆਰ, ਫਿਰ ਟੁੱਟ ਕਦੇ ਨਾ ਜਾਈਆ । ਸਾਂਝਾ ਕਰ ਕੇ ਇਕ ਜੈਕਾਰ, ਆਦੀ ਢੋਲਾ ਦਿਤਾ ਸੁਣਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੇ ਨਹੀਂ ਕੋਈ ਇਖ਼ਤਿਆਰ, ਇਖ਼ਤਲਾਫ਼ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਮਨਾਈਆ । ਸਤਿਗੁਰ ਸ਼ਬਦ ਕਹੇ ਗੋਬਿੰਦ ਧਾਰ ਨਹੀਂ ਗੁਸਤਾਖ਼ੀ, ਗ਼ੁੱਸਾ ਨਾ ਕੋਇ ਰਖਾਈਆ । ਮੈਂ ਆਸ ਦੱਸਾਂ ਸਾਚੀ, ਸਾਜਨ ਦਿਆਂ ਦ੍ਰਿੜਾਈਆ । ਤੇਰੀ ਮੇਰੀ ਧਾਰ ਕਦੇ ਨਾ ਹੋਵੇ ਕਾਚੀ, ਆਦਿ ਅੰਤ ਤੁੱਟ ਕਦੇ ਨਾ ਜਾਈਆ । ਤੂੰ ਮੇਰਾ ਮੈਂ ਤੇਰਾ ਸਾਥੀ, ਸਗਲਾ ਸੰਗ ਨਿਭਾਈਆ । ਬਿਨ ਮੇਰੇ ਪ੍ਰਭੂ ਤੇਰਾ ਬਣੇ ਕੋਈ ਨਾ ਪਾਠੀ, ਤੇਰਾ ਆਦੀ ਨਾਮ ਕੋਇ ਨਾ ਗਾਈਆ । ਜੁਗ ਚੌਕੜੀ ਖੇਲ ਖੇਲਣਾ ਸੂਰਬੀਰਾਂ ਨਾਲ ਰਾਠੀ, ਰਜਵਾੜੇ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਗੋਬਿੰਦ ਸ਼ਬਦ ਕਹੇ ਇਕ ਵੇਖ ਆਪਣਾ ਵਰਕਾ, ਵਾਹਦ ਦਿਆਂ ਜਣਾਈਆ । ਜਿਥੇ ਭੇਵ ਖੁਲ੍ਹੇ ਤੇਰੇ ਘਰ ਦਾ, ਘਰਾਨਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਨਹੀਂ ਕੋਈ ਲੜਦਾ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਨਾ ਕੋਈ ਵੱਖਰਾ ਵੱਖਰਾ ਨਾਮ ਪੜ੍ਹਦਾ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਤੂੰ ਆਦਿ ਅੰਤ ਮਧ ਜੋਤ ਵਿਚੋਂ ਜੋਤੀ ਧਰਦਾ, ਨੂਰ ਵਿਚੋਂ ਰੁਸ਼ਨਾਈਆ । ਜੋ ਚਾਹੇ ਸੋ ਕਰਦਾ, ਕਰਨਹਾਰ ਵਡਿਆਈਆ । ਮੈਂ ਤੇਰੇ ਅੱਗੇ ਨਹੀਂ ਡਰਦਾ, ਭੈ ਤੇਰੇ ਚਰਨਾ ਦਿਤਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਗੋਬਿੰਦ ਸ਼ਬਦ ਕਹੇ ਪ੍ਰਭ ਨੂਰੀ, ਨੂਰਾਨੇ ਬੇਪਰਵਾਹੀਆ । ਮੇਰੀ ਮਨਸਾ ਕਰ ਦੇ ਪੂਰੀ, ਆਸਾ ਤੂੰ ਹੀ ਦਿਤੀ ਉਪਜਾਈਆ । ਮੇਰੀ ਸਤਿ ਦੀ ਦੇ ਮਜ਼ਦੂਰੀ, ਧੁਰ ਦੀ ਝੋਲੀ ਪਾਈਆ । ਮੈਂ ਛੱਡ ਕੇ ਦੁਨੀਆ ਕੂੜੀ, ਕੁਟੰਬ ਦਿਤਾ ਤਜਾਈਆ । ਮਸਤਕ ਲਾ ਕੇ ਤੇਰੀ ਧੂੜੀ, ਧੁਰ ਦਾ ਮੇਲ ਮਿਲਾਈਆ । ਰੰਗਣ ਚਾੜ੍ਹ ਕੇ ਗੂੜ੍ਹੀ, ਗੂੜ੍ਹਾ ਰੰਗ ਰੰਗਾਈਆ । ਅੱਗੇ ਰਹੇ ਨਾ ਕੋਇ ਮਜਬੂਰੀ, ਮੁਸ਼ਕਲ ਹੱਲ ਕਰਾਈਆ । ਬਿਨ ਮੇਰੇ ਕਰੇ ਨਾ ਕੋਇ ਮਸ਼ਹੂਰੀ, ਮਸ਼ਵਰਾ ਲੈਣ ਕੋਇ ਨਾ ਆਈਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਆਪਣੀ ਵਲ੍ਹੇਟ ਕੇ ਗਏ ਪੰਜ ਤਤ ਦੀ ਫੂੜ੍ਹੀ, ਸਫਾ ਨਜ਼ਰ ਕਿਸੇ ਨਾ ਆਈਆ । ਮੱਖਣ ਖਾਂਦੇ ਗਏ ਚੂਰੀ, ਰਸਨਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰੰਗ ਦੇ ਰੰਗਾਈਆ । ਗੋਬਿੰਦ ਸ਼ਬਦ ਕਹੇ ਮੈਂ ਤੇਰਾ ਦੁਲਾਰਾ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਤੂੰ ਮੇਰਾ ਪਰਵਰਦਿਗਾਰਾ,

ਪਰਮ ਪੁਰਖ ਅਖਵਾਈਆ । ਮੇਰੇ ਨਾਲ ਤੇਰਾ ਨਹੀਂ ਕੋਈ ਲਾਰਾ, ਸਮਾਂ ਸਮਾਂ ਵਡਿਆਈਆ । ਲੇਖਾ ਨਹੀਂ ਕੋਈ ਜੁਗ ਚਾਰਾ, ਚਾਰੇ ਵੇਦ ਭੇਵ ਨਾ ਆਈਆ । ਮੈਂ ਤੇਰਾ ਸਮਝਾਂ ਅਗੰਮ ਇਸ਼ਾਰਾ, ਸ਼ਰਅ ਤੋਂ ਬਾਹਰ ਦ੍ਰਿੜਾਈਆ । ਪੂਰਬ ਲਹਿਣਾ ਦੇ ਉਧਾਰਾ, ਅਗਲੀ ਮੰਗ ਨਾ ਕੋਇ ਮੰਗਾਈਆ । ਤੇਰੇ ਪ੍ਰੇਮ ਪਿਆਰ ਦਾ ਉਹ ਦਿਹਾੜਾ, ਦਿਵਸ ਦਿਆਂ ਸਮਝਾਈਆ । ਜਿਸ ਵੇਲੇ ਬਣਾ ਕੇ ਧੁਰ ਦਾ ਲਾੜਾ, ਸਿਰ ਮੇਰੇ ਹੱਥ ਟਿਕਾਈਆ । ਸਚਖੰਡ ਦਵਾਰ ਵਖਾ ਅਖਾੜਾ, ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਆਪਣਾ ਦੇ ਚੁਕਾਈਆ । ਗੋਬਿੰਦ ਸ਼ਬਦ ਕਹੇ ਮੇਰੇ ਦਇਆਨਿਧ ਦਿਆਲੂ, ਦਾਮਨਗੀਰ ਵਡਿਆਈਆ । ਤੈਨੂੰ ਮੈਨੂੰ ਕਿਹੜਾ ਭਾਲੂ, ਲੱਭਿਆਂ ਹੱਥ ਕਿਸੇ ਨਾ ਆਈਆ । ਤੇਰਾ ਵਾਅਦੇ ਵਾਲਾ ਸੰਮਤ ਹੋਇਆ ਚਾਲੂ, ਚਾਲ ਸਭ ਦੀ ਦੇਣੀ ਬਦਲਾਈਆ । ਤੇਰੀ ਘਾਲ ਕਿਹੜਾ ਘਾਲੂ, ਘਾਇਲ ਹੁੰਦੀ ਦਿਸੇ ਲੋਕਾਈਆ । ਤੇਰਾ ਬਚਨ ਕਿਹੜਾ ਪਾਲੂ, ਫ਼ਰਮਾਂਬਰਦਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਮੇਰੀ ਵੇਖ ਵਖਾਈਆ । ਸ਼ਬਦ ਗੋਬਿੰਦ ਕਹੇ ਆਹ ਵੇਖ ਆਪਣਾ ਹੁਕਮਨਾਮਾ, ਹੁਕਮੇ ਵਿਚ ਸੁਣਾਈਆ । ਜਿਸ ਵਿਚ ਰਹੇ ਨਾ ਕੋਇ ਬੇਗਾਨਾ, ਨੂਰ ਇਕੋ ਨਜ਼ਰੀ ਆਈਆ । ਤੇਰਾ ਖੇਲ ਦੋ ਜਹਾਨਾਂ, ਦੋਹਰੀ ਧਾਰ ਪਰਗਟਾਈਆ । ਜਿਸ ਕਾਰਨ ਪਹਿਲੋਂ ਬੱਚਿਆਂ ਦਾ ਦੇ ਕੇ ਗਿਆ ਬਿਆਨਾ, ਕੌਲ ਇਕਰਾਰ ਕਰਾਈਆ । ਉਹ ਆਪਣਾ ਫੋਲ ਕੇ ਵੇਖ ਖ਼ਾਨਾ, ਖ਼ਾਲਕ ਖ਼ਲਕ ਪੜਦਾ ਆਪ ਉਠਾਈਆ । ਜਿਥੇ ਉਪਜੇ ਇਕ ਤਰਾਨਾ, ਤਰ੍ਹਾਂ ਤਰ੍ਹਾਂ ਦਾ ਰਾਗ ਨਾ ਕੋਇ ਅਲਾਈਆ । ਨਜ਼ਰੀ ਆਏ ਸ੍ਰੀ ਭਗਵਾਨਾ, ਭਗਵਨ ਦਾਤਾ ਬੇਪਰਵਾਹੀਆ । ਆਪਣੇ ਹੁਕਮ ਨਾਲ ਆਪਣਾ ਬਦਲ ਦੇ ਜ਼ਮਾਨਾ, ਜਾਹਰ ਜਹੂਰ ਕਰ ਰੁਸ਼ਨਾਈਆ । ਤੇਰਾ ਹੋਏ ਵਕਤ ਸੁਹਾਨਾ, ਸੁਹੰਜਣਾ ਵੇਲਾ ਸੋਭਾ ਪਾਈਆ । ਮੇਰੇ ਕੋਲ ਇਕ ਹੋਰ ਪਰਵਾਨਾ, ਪਰਮ ਪੁਰਖ ਦਿਆਂ ਵਖਾਈਆ । ਜਿਸ ਨੂੰ ਤੱਕਣਾ ਨਾਲ ਧਿਆਨਾ, ਬਿਨ ਅੱਖਾਂ ਅੱਖ ਉਠਾਈਆ । ਉਸ ਦੇ ਵਿਚ ਲਿਖੀ ਕਲਾਮਾ, ਕਲਮਾ ਨੂਰ ਇਲਾਹੀਆ । ਮੇਰਾ ਪ੍ਰੇਮ ਦਾ ਹੋਣਾ ਇਸਲਾਮਾ, ਇਸਮ ਅਵਰ ਨਾ ਕੋਇ ਜਣਾਈਆ । ਝਗੜਾ ਦੁਨੀ ਮੁੱਕੇ ਤਮਾਮਾ, ਤਾਮਸ ਦੇਣੀ ਗਵਾਈਆ । ਤੱਤਾਂ ਵਾਲਾ ਗੁਰੂ ਕਰੇ ਨਾ ਕੋਇ ਹਰਾਮਾ, ਹਰਾਮੀ ਸਾਰੇ ਦੇਣੇ ਮਿਟਾਈਆ । ਆਪਣੇ ਹੱਥ ਲੈ ਕਮਾਨਾ, ਕਾਮਲ ਮੁਰਸ਼ਦ ਇਕ ਅਖਵਾਈਆ । ਗੋਬਿੰਦ ਤੇਰਾ ਮੇਰਾ ਇਕੋ ਹੋਣਾ ਬਾਣਾ, ਬਾਹਮੀ ਨਾਤਾ ਲਿਆ ਜੁੜਾਈਆ । ਤੇਰੀ ਮੇਰੀ ਆਸ਼ਾ ਦੇ ਕੋਟਨ ਫਿਰਨੇ ਰਾਮਾ, ਸ਼ਾਮ ਭੱਜਣ ਵਾਹੋ ਦਾਹੀਆ । ਸਭ ਦਾ ਬਦਲ ਦੇਣਾ ਨਜ਼ਾਮਾ, ਨਾਜ਼ਮ ਇਕੋ ਦੇਣਾ ਸਮਝਾਈਆ । ਗੋਬਿੰਦ ਕਿਹਾ ਮੇਰੇ ਸ਼ਹਿਨਸ਼ਾਹ ਸੁਲਤਾਨਾ, ਸਾਹਿਬ ਤੇਰੀ ਸਰਨਾਈਆ । ਮੇਰਾ ਸਿੱਖ ਰਹੇ ਨਾ ਕਿਸੇ ਦਾ ਗ਼ੁਲਾਮਾ, ਸੇਵਾ ਸੀਸ ਨਾ ਕਿਸੇ ਝੁਕਾਈਆ । ਜੇ ਮਿਲੇ ਤੇ ਤੇਰਾ ਇਕ ਨਿਸ਼ਾਨਾ, ਨਿਸ਼ਾਨੀ ਆਪਣੀ ਦੇਣੀ ਦ੍ਰਿੜਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੇਰਾ ਮੇਰਾ ਸਾਂਝਾ ਹੋਵੇ ਗਾਣਾ, ਦੂਜਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਸ਼ਬਦ ਤੱਤਾਂ ਵਾਲੇ ਗੁਰੂ ਹੋ ਗਏ ਮੁਰਦੇ, ਮੁਰਦਿਆਂ ਫੇਰ ਨਾ ਕੋਇ ਜਵਾਈਆ । ਤੇਰੇ ਮੇਰੇ ਹੁਕਮ ਫਿਰਦੇ ਤੁਰਦੇ, ਦੋ ਜਹਾਨਾਂ ਭੱਜਣ ਵਾਹੋ ਦਾਹੀਆ । ਤੇਰੇ ਬੇੜੇ ਚੜ੍ਹੇ ਕਦੇ ਨਾ ਰੁੜ੍ਹਦੇ, ਜਗਤ ਜਹਾਨ ਨਾ ਕੋਇ ਡੁਬਾਈਆ । ਮੇਰੇ ਦਵਾਰਿਉਂ ਖ਼ਾਲੀ ਕੋਈ ਨਾ ਮੁੜਦੇ, ਜਿਨ੍ਹਾਂ ਆਪਣੀ ਦਇਆ ਕਮਾਈਆ । ਇਹ ਖੇਲ ਦੋਹਾਂ ਦੀ ਲੋੜ ਦੇ,

ਲੋਚਾ ਸਭ ਦੀ ਵੇਖ ਵਖਾਈਆ । ਹੁਕਮ ਰਹਿਣੇ ਨਾ ਰਸਨਾ ਵਾਲੇ ਜ਼ੋਰ ਦੇ, ਸ਼ਬਦੀ ਤੰਦ ਬੰਧਾਈਆ । ਜਿਹੜੇ ਅੱਖਰਾਂ ਨੂੰ ਰਹੇ ਘੋਟਦੇ, ਘੁਟ ਆਪਣੀ ਜਾਨ ਭਰਾਈਆ । ਜਿਹੜੇ ਸ਼ਬਦੀ ਧਾਰ ਰਹੇ ਲੋਚਦੇ, ਲੋਚਣ ਅਗਲਾ ਇਕ ਖੁਲ੍ਹਾਈਆ । ਜਨ ਭਗਤਾਂ ਵਕਤ ਸੁਹਾਉਣੇ ਮੌਜ ਦੇ, ਮਜਲਸ ਪ੍ਰਭ ਦੇ ਨਾਲ ਲਗਾਈਆ । ਬੇਸ਼ਕ ਇਕੋ ਢੋਲਾ ਬੋਲ ਦੇ, ਧੁਰ ਦਾ ਰਾਗ ਸੁਣਾਈਆ । ਇਹ ਵਸਨੀਕ ਹੋ ਗਏ ਓਸ ਦੇ ਕੋਲ ਦੇ, ਜੋ ਇਕ ਇਕੱਲਾ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਇਕ ਸਮਝਾਈਆ । ਗੋਬਿੰਦ ਸ਼ਬਦ ਕਹੇ ਪੁਰਖ ਅਕਾਲ ਉਤਮ ਜਾਤੀ, ਆਦਿ ਅੰਤ ਇਕ ਅਖਵਾਈਆ । ਜਿਸ ਦਾ ਖੇਲ ਬਹੁ ਬਿਧ ਭਾਤੀ, ਭੇਵ ਭਾਵ ਨਾ ਕੋਇ ਦ੍ਰਿੜਾਈਆ । ਮੇਰੀ ਮਨਸਾ ਵਾਲੀ ਪੂਰੀ ਕਰੇ ਆਖੀ, ਆਖ਼ਰ ਦਇਆ ਕਮਾਈਆ । ਸੰਮਤ ਸ਼ਹਿਨਸ਼ਾਹੀ ਤਿੰਨ ਦੀ ਤਿੰਨਾਂ ਲੋਕਾਂ ਤੋਂ ਬਾਹਰ ਵਸਾਖੀ, ਵਸਲ ਮਿਲੇ ਯਾਰ ਖ਼ੁਦਾਈਆ । ਗੁਰਮੁਖਾਂ ਦੇਵੇ ਸਚ ਸੌਗਾਤੀ, ਸਤਿ ਵਸਤ ਵਰਤਾਈਆ । ਚਰਨ ਪ੍ਰੀਤ ਜੋੜ ਕੇ ਨਾਤੀ, ਸੰਗ ਅਗਲਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ਼ਬਦ ਗੋਬਿੰਦ ਕਹੇ ਤੱਤਾਂ ਵਾਲੇ ਗੁਰੂ ਸਾਂਭ, ਸੰਭਲ ਸਕੇ ਕੋਇ ਨਾ ਰਾਈਆ । ਸਾਰੇ ਦਿਸਦੇ ਬਾਂਝ, ਨੂਰ ਨੂਰ ਨਾ ਕੋਇ ਪਰਗਟਾਈਆ । ਸਵਾਂਗੀ ਤੇਰਾ ਸਾਂਗ, ਸਾਰੇ ਰਹੇ ਵਖਾਈਆ । ਕਲਜੁਗ ਅੰਤ ਅਖ਼ੀਰੀ ਕਾਂਗ, ਸਭ ਨੂੰ ਰਹੀ ਰੁੜ੍ਹਾਈਆ । ਹਕ ਸੁਣੇ ਨਾ ਕੋਈ ਬਾਂਗ, ਰਾਜ਼ ਨਿਮਾਜ਼ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੁਰਖ ਅਕਾਲ ਕਹੇ ਮੇਰੇ ਸਤਿਗੁਰ ਸ਼ਬਦ, ਸ਼ਰਅ ਤੇਰੀ ਦਿਆਂ ਬਦਲਾਈਆ ।
੬੯੮ ਅੱਗੇ ਇਕੋ ਦੱਸ ਕੇ ਅਦਬ, ਅਦਲ ਆਪ ਕਮਾਈਆ । ਝਗੜਾ ਮੇਟ ਕੇ ਦੀਨ ਮਜ਼੍ਹਬ, ਮਜ਼ਾ ਆਪਣਾ ਨਾਮ ਚਖਾਈਆ । ਕੂੜੀ ਕਿਰਿਆ ੬੯੮
੨੦ ਕਰ ਕੇ ਜਜ਼ਬ, ਸਤਿ ਸਚ ਦਿਆਂ ਪਰਗਟਾਈਆ । ਮੈਨੂੰ ਲੋੜ ਨਹੀਂ ਕੋਈ ਮਦਦ, ਮੁੱਦਾ ਸਭ ਦਾ ਵੇਖ ਵਖਾਈਆ । ਮਨ ਵਾਸਨਾ ਮੇਟ ਤਸ਼ੱਦਦ, ੨੦
ਅੰਤਰ ਕਰਾਂ ਸਫ਼ਾਈਆ । ਮੋਹ ਵਿਕਾਰ ਕਰ ਕੇ ਹੱਤਕ, ਤੁਅੱਲਕ ਕੂੜ ਦਿਆਂ ਤੁੜਾਈਆ । ਧੁਰ ਫ਼ਰਮਾਨਾ ਦੇ ਕੇ ਸਖ਼ਤ, ਕਲੇਸ਼ ਕਮਬਖ਼ਤ ਦਿਆਂ ਗਵਾਈਆ । ਅੱਗੇ ਇਕੋ ਦਾ ਆਉਂਣਾ ਵਕਤ, ਸਾਚੇ ਵੇਲੇ ਵੱਜੇ ਵਧਾਈਆ । ਜਿਸ ਸ੍ਰਿਸ਼ਟ ਉਪਾਈ ਜਗਤ, ਸੋ ਵੇਖੇ ਬੇਪਰਵਾਹੀਆ । ਮਿਲਣਾ ਸਿੱਧਾ ਆ ਕੇ ਭਗਤ, ਭਗਵਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦਏ ਚੁਕਾਈਆ । ਸਤਿਗੁਰ ਸ਼ਬਦ ਧੁਰ ਦੇ ਬੱਚੇ, ਬੱਚਾ ਇਕੋ ਨਜ਼ਰੀ ਆਈਆ । ਬਾਕੀ ਸਾਰੇ ਭਾਂਡੇ ਕੱਚੇ, ਤਨ ਵਜੂਦ ਸੰਗ ਨਾ ਕੋਇ ਨਿਭਾਈਆ । ਜਿਉਂ ਭਾਵੇ ਤਿਉਂ ਰੱਖੇ, ਰੱਖਿਆ ਕਰ ਕੇ ਥਾਉਂ ਥਾਈਂਆ । ਜੁਗ ਚੌਕੜੀ ਖੇਲ ਪੁਰਖ ਸਮਰਥੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਅੰਤ ਅਖ਼ੀਰ ਬੇਨਜ਼ੀਰ ਸ਼ਬਦ ਦੁਲਾਰੇ ਤੈਨੂੰ ਲਿਆਏ ਉਨ੍ਹਾਂ ਦੇ ਵੱਟੇ, ਜੋ ਵਾਟਾਂ ਗਏ ਮੁਕਾਈਆ । ਸਭ ਦੇ ਪੂਰੇ ਕਰੇ ਅਰਸੇ ਵਾਲੇ ਪਟੇ, ਮੁਣਿਆਦ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਰੰਗ ਰੱਤੇ, ਰਤਨ ਅਮੋਲਕ ਲਏ ਬਣਾਈਆ । ਰਤਨ ਅਮੋਲਕ ਧੁਰ ਦਾ ਹੀਰਾ, ਹਰਿ ਸੱਜਣ ਨਜ਼ਰੀ ਆਈਆ । ਭਗਤ ਵਛਲ ਗਹਿਰ ਗੰਭੀਰ ਗੁਣੀ ਗਹੀਰਾ, ਗੋਬਿੰਦ ਬੇਪਰਵਾਹੀਆ । ਜਿਸ ਦਾ ਨਿਰਗੁਣ ਧਾਰ ਅਗੰਮੀ ਚੀਰਾ, ਸੀਸ ਦਸਤਾਰ ਨਾ ਕੋਇ ਸਮਝਾਈਆ । ਸਿਫ਼ਤ ਗਾਵੇ ਸਿਫ਼ਤਾਂ ਵਾਲਾ ਕਬੀਰਾ,

ਜੋ ਕਬੀਰ ਜੁਲਾਹੇ ਰਿਹਾ ਸਮਝਾਈਆ । ਜਿਸ ਦੀ ਨਜ਼ਰ ਨਾ ਆਏ ਤਸਵੀਰਾ, ਤਸਬੀ ਮਾਲਾ ਨਾ ਕੋਇ ਲਟਕਾਈਆ । ਸ਼ਾਹ ਕੰਗਾਲ ਨਾ ਦਿਸੇ ਅਮੀਰਾ, ਅਮਰਾਪਦ ਇਕ ਜਣਾਈਆ । ਜਿਸ ਦੀ ਮੇਟੇ ਨਾ ਕੋਇ ਲਕੀਰਾ, ਹੁਕਮ ਹੁਕਮ ਨਾ ਕੋਇ ਬਦਲਾਈਆ । ਸੋ ਖੇਲ ਕਰੇ ਬੇਨਜ਼ੀਰਾ, ਮਿਹਰਵਾਨ ਮਹਿਬੂਬ ਧੁਰਦਰਗਾਹੀਆ । ਜਨ ਭਗਤਾਂ ਅੰਮ੍ਰਿਤ ਰਸ ਦੇ ਕੇ ਨੀਰਾ, ਨਿਰਾਕਾਰ ਆਪਣਾ ਰੰਗ ਰੰਗਾਈਆ । ਫ਼ਿਕਰਾ ਪੜ੍ਹਾ ਕੇ ਪੀਰਾਂ ਫ਼ਕੀਰਾ, ਫ਼ਿਕਰ ਅਗਲਾ ਦਿਤਾ ਮੁਕਾਈਆ । ਸਤਿਜੁਗ ਸਾਚੀ ਦੱਸ ਤਦਬੀਰਾ, ਤਰੀਕਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਵਕਤ ਦਏ ਵਡਿਆਈਆ । ਸਤਿਗੁਰ ਸ਼ਬਦ ਤੇਰੀ ਸਾਰੇ ਦੇਣ ਸ਼ਹਾਦਤ, ਗੁਰ ਅਵਤਾਰ ਪੈਗ਼ੰਬਰ ਗਵਾਹ ਨਜ਼ਰੀ ਆਈਆ । ਤੇਰੀ ਅੰਤ ਹੋਵੇ ਇਕ ਇਬਾਦਤ, ਆਵਾਜ਼ ਇਕ ਸੁਣਾਈਆ । ਤੂੰ ਰਹਿਣਾ ਸਹੀ ਸਲਾਮਤ, ਜਨਮ ਮਰਨ ਨਾ ਰੂਪ ਬਦਲਾਈਆ । ਜਨ ਭਗਤਾਂ ਦੇਣੀ ਸਦਾ ਜ਼ਮਾਨਤ, ਦੋ ਜਹਾਨਾਂ ਹੋ ਸਹਾਈਆ । ਕਲਜੁਗ ਅੰਤ ਅੰਤ ਹੋਣੀ ਕਿਆਮਤ, ਕਿਆਮ ਮੁਕਾਮ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਂਭ ਕੇ ਰੱਖੇ ਆਪਣੀ ਅਮਾਨਤ, ਈਮਾਨਦਾਰੀ ਵਿਚ ਆਪਣੇ ਘਰ ਪੁਚਾਈਆ ।



## ★ ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਮੇਰੇ ਨਿਰਵੈਰੀ, ਨਿਰਾਕਾਰ ਨਿਰੰਕਾਰ ਦਿਆਂ ਦ੍ਰਿੜਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਮੈਂ ਦੇਵਣ ਲੱਗਾ ਡਾਇਰੀ, ਦੋ ਜਹਾਨਾਂ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਤੇਰਾ ਭੇਵ ਖੁਲ੍ਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਫਿਰ ਕੇ ਵੇਖੇ ਬਣ ਕੇ ਸ਼ਹਿਰੀ, ਸ਼ਰਅ ਸ਼ਰੀਅਤ ਫੋਲ ਫੁਲਾਈਆ । ਭੇਵ ਅਭੇਦਾ ਅਛਲ ਅਛੇਦਾ ਪਰਮ ਪੁਰਖ ਪਰਮਾਤਮ ਆਤਮ ਸੁਣਾਵਾਂ ਗੰਭੀਰ ਗਹਿਰੀ, ਗਵਰ ਪੜਦਾ ਦਿਆਂ ਉਠਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਤੇਰੇ ਨਾਮ ਦੇ ਬਣੇ ਵੈਰੀ, ਦਵੈਤ ਦਰ ਮਿਲੀ ਵਡਿਆਈਆ । ਸਹੀ ਸਲਾਮਤ ਸਚ ਅਦਾਲਤ ਲਗਾ ਏਕੰਕਾਰ ਆਪਣੀ ਇਕ ਕਚਿਹਰੀ, ਸਚਖੰਡ ਦਵਾਰਾ ਇਕੋ ਇਕ ਸੁਹਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਕਰ ਢੇਰੀ, ਕੂੜੀ ਕਿਰਿਆ ਤੇਰੇ ਅੱਗੇ ਟਿਕਾਈਆ । ਸਤਿ ਸਤਿਵੰਤ ਸ੍ਰੀ ਭਗਵੰਤ ਧੁਰ ਦੇ ਕੰਤ ਕਲਜੁਗ ਅੰਤ ਕਿਉਂ ਲਗਾਈ ਆਪਣੀ ਦੇਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਭੇਵ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੇਰੇ ਭਗਵੰਤ, ਭਗਵਨ ਦਿਆਂ ਜਣਾਈਆ । ਵੇਖਿਆ ਖੇਲ ਤੇਰਾ ਜੁਗਾ ਜੁਗੰਤ, ਨਿਤ ਨਵਿਤ ਤੇਰੇ ਹੁਕਮੇ ਅੰਦਰ ਫੇਰਾ ਪਾਈਆ । ਤੇਰਾ ਨਾਮ ਸੰਦੇਸ਼ਾ ਦੇਂਦਾ ਰਿਹਾ ਮਣੀਆਂ ਮੰਤ, ਜੁਗ ਚੌਕੜੀ ਆਪ ਦ੍ਰਿੜਾਈਆ । ਲੱਖ ਚੁਰਾਸੀ ਨਾਰ ਸੁਹਾਗਣ ਹੰਢਾਉਂਦਾ ਰਿਹਾ ਬਣ ਕੇ ਕੰਤ, ਕੰਤੂਹਲ ਤੇਰੀ ਬੇਪਰਵਾਹੀਆ । ਧਰਮ ਦਵਾਰ ਵਿਚ ਸੰਸਾਰ ਬਣਾਉਂਦਾ ਰਿਹਾ ਅੰਤਸ਼ਕਰਨ ਅੰਤਰ ਸੰਤ, ਸਤਿ ਸਤਿਵਾਦੀ ਭੇਵ ਖੁਲ੍ਹਾਈਆ । ਬੋਧ ਅਗਾਧਾ ਬਣਦਾ ਰਿਹਾ ਪੰਡਤ, ਨਿਰਅੱਖਰ ਅੱਖਰ ਧਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਵਾਰ ਦਰਗਾਹ ਸਾਚੀ ਤੇਰੀ ਰੁੱਤ ਸੁਹਾਈਆ । ਸਤਿਗੁਰ ਸ਼ਬਦ ਕਹੇ ਮੈਂ ਦੇਵਣ ਲੱਗਾ ਇਕ ਰਪੋਟ, ਧਰਮ ਸੰਦੇਸ਼ਾ ਦਿਆਂ ਦ੍ਰਿੜਾਈਆ । ਸਚ ਨਗਾਰੇ ਲਾ ਕੇ ਚੋਟ, ਚੋਟੀ ਚੜ੍ਹ ਕੇ ਸਭ ਨੂੰ ਦਿਆਂ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਗੁਰ ਅਵਤਾਰ ਪੈਗ਼ੰਬਰ ਜੋ ਲੋਕਮਾਤ ਹੋ ਕੇ ਆਏ ਕੋਟੀ ਕੋਟ, ਅਗਣਤ ਤੇਰਾ ਨਿਰਗੁਣ ਸਰਗੁਣ ਰੂਪ ਧਰਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ ਤੇਰੀ ਮਿਲੇ ਵਿਚ ਨਿਰਮਲ ਜੋਤ, ਜੋਤੀ ਜਾਤੇ ਪੁਰਖ ਬਿਧਾਤੇ ਤੇਰੀ ਧਾਰ ਵਿਚ ਸਮਾਈਆ । ਸਭ ਦੇ ਹੁਕਮੇ ਅੰਦਰ ਕੱਢਣ ਲੱਗਾ ਖੋਟ, ਖ਼ੈਰ ਖ਼ੈਰੀਅਤ ਤੇਰੀ ਬੇਪਰਵਾਹੀਆ । ਠੋਕਰਾਂ ਨਾਲ ਹੋਕਰਾਂ ਨਾਲ ਹਿਲਾ ਕੇ ਚੌਦਾਂ ਲੋਕ, ਪਰਲੋਕ ਆਪਣਾ ਪੜਦਾ ਲਾਹੀਆ । ਕਿਸੇ ਦੀ ਰਹਿਣ ਨਹੀਂ ਦੇਣੀ ਸੋਚ, ਸਮਝ ਵਿਚ ਨਾ ਕੋਇ ਵਡਿਆਈਆ । ਤੇਰੇ ਪ੍ਰੇਮ ਦੀ ਮਾਣ ਕੇ ਮੌਜ, ਮੰਜ਼ਲ ਵੇਖੀ ਖ਼ਲਕ ਖ਼ੁਦਾਈਆ । ਕਿਸੇ ਨੂੰ ਸਮਝ ਨਾ ਆਈ ਹੋਸ਼, ਜੁਗ ਚੌਕੜੀ ਗਏ ਫੇਰੀਆਂ ਪਾਈਆ । ਸਚ ਦਵਾਰ ਏਕੰਕਾਰ ਤੇਰੇ ਚਰਨਾਂ ਥੱਲੇ ਗਏ ਪਹੁੰਚ, ਸਨਮੁਖ ਅੱਖ ਨਾ ਕੋਇ ਉਠਾਈਆ । ਤੇਰਾ ਪੂਤ ਸਪੂਤਾ ਨੌਜਵਾਨਾ ਮਰਦ ਮਰਦਾਨਾ ਸੁਤ ਦੁਲਾਰਾ ਏਕਾ ਬਹੁਤ, ਦੂਜਾ ਨਜ਼ਰ ਕੋਇ ਨਾ ਆਈਆ । ਸਰਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਖ਼ਲਕ ਖ਼ਾਲਕ ਮੇਰੇ ਖ਼ੌਂਤ, ਕੰਤ ਕੰਤੂਹਲ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰ ਏਕੰਕਾਰ ਦਰਗਾਹ ਸਾਚੀ ਪੜਦਾ ਦੇਣਾ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਲਾਹੁਣ ਲੱਗਾ ਪੜਦਾ, ਓਹਲਾ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜੋ ਤੇਰਾ ਬਣਦਾ ਰਿਹਾ ਬਰਦਾ, ਬਦਲੀ ਵਿਚ ਤੇਰਾ ਹੁਕਮ ਸੁਣਾਈਆ । ਸੀਸ ਜਗਦੀਸ ਭਾਣਾ ਰਿਹਾ ਜਰਦਾ, ਜਾਹਰ ਜਹੂਰ ਤੇਰੀ ਓਟ ਤਕਾਈਆ । ਤੇਰਾ ਨਾਮ ਸੰਦੇਸ਼ਾ ਸਿਫ਼ਤਾਂ ਵਾਲਾ ਢੋਲਾ ਅੱਖਰ ਰਿਹਾ ਪੜ੍ਹਦਾ, ਜਿਸ ਨੂੰ ਨਾਮ ਕਹੇ ਲੋਕਾਈਆ । ਤੂੰ ਕਿਸੇ ਭੇਵ ਨਾ ਦਿਤਾ ਆਪਣੇ ਘਰ ਦਾ, ਅੰਤ ਕਹਿਣ ਕੋਇ ਨਾ ਆਈਆ । ਤੇਰਾ ਖੇਲ ਅਗੰਮੇ ਹਰਿ ਦਾ, ਹਰਿ ਤੇਰੀ ਬੇਪਰਵਾਹੀਆ । ਜੋ ਉਪਜਿਆ ਸੋ ਰਿਹਾ ਡਰਦਾ, ਭੈ ਭੌ ਵਿਚ ਸ਼ਰਨਾਈਆ । ਸਿਰ ਕਦਮਾਂ ਉਤੇ ਰਿਹਾ ਧਰਦਾ, ਬਿਨ ਸੀਸ ਜਗਦੀਸ ਵਡਿਆਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਨਿਰਗੁਣ ਧਾਰ ਅਰਜ਼ਾਂ ਰਿਹਾ ਕਰਦਾ, ਖ਼ਿਦਮਤਗਾਰ ਸੇਵ ਕਮਾਈਆ । ਮੰਜ਼ਲ ਮੰਜ਼ਲ ਰਿਹਾ ਚੜ੍ਹਦਾ, ਹਕ਼ੀਕ਼ਤ ਹਕ ਰਾਹ ਤਕਾਈਆ । ਤੇਰਾ ਖੇਲ ਅਗੰਮੇ ਨਰ ਦਾ, ਨਰ ਹਰਿ ਕਹਿਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪੜਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਣ ਲੱਗਾ ਭੇਦ, ਭਾਵਨਾ ਧੁਰ ਦੀ ਦਿਆਂ ਜਣਾਈਆ । ਜਿਸ ਨੂੰ ਸਮਝੇ ਨਾ ਕੋਇ ਕਤੇਬ, ਵੇਦ ਵਜਹ ਨਾ ਕੋਇ ਦ੍ਰਿੜਾਈਆ । ਲਿਖ ਸਕਿਆ ਕੋਇ ਨਾ ਲੇਖ, ਕਾਤਬ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੈਗ਼ੰਬਰ ਮਾਣ ਕੇ ਸੇਜ, ਸੱਜਣ ਕਹਿ ਕੇ ਢੋਲਾ ਗਾਈਆ । ਤੇਰੇ ਨੂਰ ਦਾ ਲੈ ਕੇ ਤੇਜ, ਜਲਵਾ ਜੋਤ ਰੁਸ਼ਨਾਈਆ । ਹੁਕਮੇ ਅੰਦਰ ਭੇਜ, ਹੁਕਮੇ ਅੰਦਰ ਵਿਚ ਸਮਾਈਆ । ਮੈਂ ਸਭ ਕੁਛ ਰਿਹਾ ਵੇਖ, ਜੁਗ ਚੌਕੜੀ ਖੇਲ ਖਿਲਾਈਆ । ਧੁਰ ਦਾ ਬਣਿਆ ਧਰਮੀ ਕੋਈ ਨਾ ਨੇਕ, ਨਿੱਕਾ ਨਿੱਕਾ ਆਪਣਾ ਆਪ ਕਰਾਈਆ । ਜੇ ਪੁਰਖ ਅਕਾਲ ਸਭ ਨੂੰ ਦੇਨੋਂ ਆਪਣੀ ਟੇਕ, ਟਿੱਕਾ ਮਸਤਕ ਇਕੋ ਧੂੜੀ ਖ਼ਾਕ ਰਮਾਈਆ । ਫਿਰ ਕਿਉਂ ਵੱਖਰਾ ਵੱਖਰਾ ਦੱਸਦੇ ਦੇਸ, ਦਿਸ਼ਾ ਹਿੱਸਾ ਵੰਡ ਵੰਡਾਈਆ ।


੭੦੦
੨੦

ਕਿਉਂ ਭਰਮ ਭੁਲਾਇਆ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਦੇਵ ਦੇਵਾ ਸਰਨਾਈਆ । ਕਿਉਂ ਨਿਰਗੁਣ ਸਰਗੁਣ ਕੀਤਾ ਹੇਤ, ਅਵਤਰਾ ਕਾਰ ਕਮਾਈਆ । ਕਿਉਂ ਪੈਗ਼ੰਬਰਾਂ ਖੇਲੀ ਖੇਡ, ਖ਼ਾਲਕ ਖ਼ਲਕ ਨੂਰ ਕਰ ਰੁਸ਼ਨਾਈਆ । ਕਿਉਂ ਗੁਰੂ ਗੁਰਦੇਵ ਦਿਤਾ ਤੇਜ, ਸਤਿਗੁਰ ਆਪਣਾ ਨੂਰ ਚਮਕਾਈਆ । ਕਿਉਂ ਨਹੀਂ ਧਾਰ ਦੱਸੀ ਏਕ, ਏਕੰਕਾਰ ਭੇਵ ਖੁਲ੍ਹਾਈਆ । ਸਾਰੇ ਤੇਰੇ ਹੁੰਦੇ ਵੇਖੇ ਭੇਟ, ਆਪ ਆਪਾ ਗਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡਾ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਪਿਛਲਾ ਬੀਤਿਆ ਦੱਸਾਂ ਕਾਲ, ਜੁਗ ਵੰਡ ਨਾ ਕੋਇ ਵੰਡਾਈਆ । ਮੈਂ ਲੇਖਾ ਜਾਣਾਂ ਮਾਜ਼ੀ ਹਾਲ, ਕਦੀਮ ਮੇਰੀ ਬੇਪਰਵਾਹੀਆ । ਜਿਸ ਦਾ ਸਮਝੇ ਨਾ ਕੋਇ ਸਵਾਲ, ਜਵਾਬ ਦੇਣ ਕੋਇ ਨਾ ਆਈਆ । ਸਾਰੇ ਘਾਲਦੇ ਗਏ ਘਾਲ, ਸੇਵਾ ਵਿਚ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਨੰਨ੍ਹੇ ਨੰਨ੍ਹੇ ਬਾਲ, ਬਚਪਨ ਵਿਚ ਆਪਣਾ ਆਪ ਮਿਟਾਈਆ । ਤੇਰੇ ਨਾਮ ਦਾ ਵਜਾਉਂਦੇ ਗਏ ਤਾਲ, ਸੰਦੇਸ਼ਾ ਤੇਰਾ ਮਾਤ ਸੁਣਾਈਆ । ਤ੍ਰੈਗੁਣ ਤੋੜ ਦੇ ਗਏ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਨਾਮ ਸੰਦੇਸ਼ਾ ਸੁਣਾਉਂਦੇ ਗਏ ਵਾਰ, ਅੱਖਰਾਂ ਵਿਚ ਵਡਿਆਈਆ । ਸਿਫ਼ਤਾਂ ਵਿਚ ਕਰਦੇ ਗਏ ਭਾਲ, ਲਿਖਤਾਂ ਵਿਚ ਸਾਲਾਹੀਆ । ਤੇਰਾ ਤੱਕ ਕੇ ਥੋੜ੍ਹਾ ਨੂਰ ਜਮਾਲ, ਜ਼ਾਮਨ ਆਪਣਾ ਆਪ ਕਰਾਈਆ । ਹੁਕਮ ਦੇ ਹੁਕਮੀ ਬਣ ਮਹਿੰਮਾਨ, ਬੇਜ਼ਬਾਨ ਵੇਸ ਵਟਾਈਆ । ਕਲਮਾ ਨਾਮ ਸੰਦੇਸ਼ਾ ਦੇ ਕਲਾਮ, ਸ਼ਬਦੀ ਰਾਗ ਅਲਾਈਆ । ਹੁਜਰਿਆਂ ਵਿਚ ਕਰਨ ਪਹਿਚਾਨ, ਬਿਨ ਨੇਤਰ ਅੱਖ ਖੁਲ੍ਹਾਈਆ । ਧਰਮ ਦੀ ਧਾਰ ਈਮਾਨ, ਅਮਲ ਰਹਿਤ ਸਰਨਾਈਆ । ਬਰਦੇ ਬਣ ਗ਼ੁਲਾਮ, ਖ਼ਾਦਮ ਸੇਵ ਕਮਾਈਆ । ਦੀਨ ਮਜ਼੍ਹਬ ਦਾ ਦੱਸਦੇ ਗਏ ਨਜ਼ਾਮ, ਨੌਬਤ ਹਕ ਜਣਾਈਆ । ਕਲਜੁਗ ਅੰਤ ਹੋਏ ਬਦਨਾਮ, ਬਦੀ ਸਕੇ ਨਾ ਕੋਇ ਮਿਟਾਈਆ । ਹਕੀਕੀ ਦੇ ਸਕੇ ਕੋਈ ਨਾ ਜਾਮ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਲੇਖਾ ਪਿਛਲਾ ਮੁਕਾ ਤਮਾਮ, ਤਮਾ ਤ੍ਰਿਸ਼ਨਾ ਨਾ ਕੋਇ ਵਧਾਈਆ । ਸਭ ਦਾ ਵਿਗੜ ਗਿਆ ਇੰਤਜਾਮ, ਹੁਕਮਰਾਨ ਨਾ ਕੋਇ ਸ਼ਹਿਨਸ਼ਾਹੀਆ । ਧਰਮ ਦਿਸੇ ਨਾ ਕੋਇ ਨਿਸ਼ਾਨ, ਬਾਵਨ ਧਾਰ ਨਾ ਕੋਇ ਝੁਲਾਈਆ । ਅੰਤ ਮੇਰਾ ਇਕ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਦਿਆਂ ਦ੍ਰਿੜਾਈਆ । ਸੁਣ ਬੇਨੰਤੀ ਸ੍ਰੀ ਭਗਵਾਨ, ਭਗਵਨ ਤੇਰੇ ਦਰ ਸ਼ਨਵਾਈਆ । ਦੀਨਾਂ ਬੰਧਪ ਨੌਜਵਾਨ, ਨਰ ਨਰਾਇਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਿਆਂ ਸਮਝਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਆ ਵੇਖ ਆਪਣੇ ਨੰਨ੍ਹੇ ਬੱਚੇ ਭੋਲੇ, ਅਵਤਾਰ ਪੈਗ਼ੰਬਰ ਗੁਰੂ ਦਿਆਂ ਵਖਾਈਆ । ਜਿਹੜੇ ਤੇਰੇ ਨਾਮ ਦੇ ਗਾ ਕੇ ਆਏ ਸੋਹਲੇ, ਢੋਲੇ ਕਲਮਿਆਂ ਵਿਚ ਜਣਾਈਆ । ਜਿਨ੍ਹਾਂ ਦੇ ਅੰਤਰ ਨਿਰਗੁਣ ਹੋ ਕੇ ਮੌਲੇਂ, ਸਰਗੁਣ ਰੰਗ ਰੰਗਾਈਆ । ਭਾਗ ਲਗਾਏਂ ਕਾਇਆ ਚੋਲੇ, ਚੋਜੀ ਪ੍ਰੀਤਮ ਖੇਲ ਖਿਲਾਈਆ । ਸ਼ਬਦੀ ਧਾਰ ਹੋ ਕੇ ਬੋਲੇਂ, ਅਨਬੋਲਤ ਰਾਗ ਅਲਾਈਆ । ਸਦੀ ਚੌਧਵੀਂ ਸਾਰੇ ਡੋਲੇ, ਧੀਰਜ ਧੀਰ ਨਾ ਕੋਇ ਰਖਾਈਆ । ਸਚ ਵਸਤ ਕਿਸੇ ਨਾ ਕੋਲੇ, ਕਾਇਨਾਤ ਦਏ ਦੁਹਾਈਆ । ਦੀਨਾਂ ਮਜ਼੍ਹਬਾਂ ਪਾਏ ਰੌਲੇ, ਸਿਰ ਹੱਥ ਨਾ ਕੋਇ ਉਠਾਈਆ । ਕਰਮ ਕੁਕਰਮ ਹੋਵੇ ਉਪਰ ਧੌਲੇ, ਧਰਮ ਦਵਾਰ ਬੈਠਾ ਮੁਖ ਛੁਪਾਈਆ । ਜਗਤ ਨਈਆ ਸਭ ਦੀ ਡੋਲੇ, ਤਟ ਕਿਨਾਰ ਨਾ ਕੋਇ ਸੁਹਾਈਆ । ਹੁਣ ਤੱਕ ਬੈਠ ਕੇ ਓਹਲੇ, ਆਲਮਗੀਰ ਰਹੇ ਕੁਰਲਾਈਆ । ਬਿਨਾ ਤੇਰੇ ਸ਼ਬਦ ਸਤਿ ਸਚ ਕੋਈ ਨਾ ਬੋਲੇ, ਭਰਮੇ ਭੁੱਲੀ ਜਗਤ ਲੋਕਾਈਆ । ਧਰਮ ਦਵਾਰ ਰਹੇ ਨਾ ਕੋਈ


੭੦੧
੨੦

੭੦੨ ੨੦

ਵਿਚੋਲੇ, ਵਿਚਲਾ ਲੇਖਾ ਗਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਫੋਲ ਫੁਲਾਈਆ । ਸਤਿਗੁਰ ਸ਼ਬਦ ਕਹੇ ਆਪਣੇ ਗੁਰ ਅਵਤਾਰ ਪੈਗ਼ੰਬਰ ਵੇਖ ਨੰਨ੍ਹੇ, ਬਚਪਨ ਤੈਨੂੰ ਦਿਆਂ ਵਖਾਈਆ । ਜਿਹੜੇ ਤੇਰੀ ਮੇਰੀ ਧਾਰ ਅਗੰਮੀ ਜਣੇ, ਜਣੇਂਦੀ ਜੋਤ ਅਗੰਮੀ ਮਾਈਆ । ਏਕਾ ਰਾਗ ਸੁਣਾਇਆ ਬਿਨਾ ਕੰਨੇ, ਅਨਬੋਲਤ ਡੰਕ ਵਜਾਈਆ । ਲੱਗਾ ਭਾਗ ਵਜੂਦ ਤਨੇ, ਤਨ ਮਹਿਬੂਬ ਤੇਰੀ ਸਰਨਾਈਆ । ਅੰਤ ਅਖ਼ੀਰ ਸਭ ਦੇ ਖ਼ਾਲੀ ਦਿਸਦੇ ਕੰਨੇ, ਪੱਲੂ ਗੰਢ ਨਾ ਕੋਇ ਬੰਧਾਈਆ । ਜਿਨ੍ਹਾਂ ਦੇ ਪੰਜ ਤਤ ਠੀਕਰ ਕਾਇਆ ਭੰਨੇ, ਅੰਤ ਜੋਤ ਵਿਚ ਮਿਲਾਈਆ । ਓਨ੍ਹਾਂ ਦਾ ਹੁਕਮ ਕਿਹੜਾ ਮੰਨੇ, ਜੋ ਸਾਖਿਆਤ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਵੇਖ ਆਪਣੀ ਧਾਰ, ਧਰਨੀ ਉਤੇ ਨਜ਼ਰ ਕੋਇ ਨਾ ਆਈਆ । ਜੋਤ ਜੋਤੀ ਦਾ ਸ਼ੁਮਾਰ, ਹਿੰਦਸਾ ਅੰਕ ਵੰਡ ਨਾ ਕੋਇ ਵੰਡਾਈਆ । ਬਿਨ ਤੇਰੀ ਕਿਰਪਾ ਨੂਰ ਨਾ ਕੋਇ ਉਜਿਆਰ, ਜਹੂਰ ਵਿਚ ਨਾ ਕੋਇ ਰੁਸ਼ਨਾਈਆ । ਚਾਰ ਜੁਗ ਦੇ ਪਨਿਹਾਰ, ਪੂਰਬ ਸੇਵਾ ਸੇਵ ਕਮਾਈਆ । ਤੇਰਾ ਖੇਲ ਸੱਚੇ ਠਠਿਆਰ, ਠਾਕਰ ਸਮਝ ਕੋਇ ਨਾ ਪਾਈਆ । ਤੇਰਾ ਲੇਖਾ ਜੁਗ ਚੌਕੜੀ ਚਾਰ, ਚਾਰ ਕੁੰਟ ਤੇਰੀ ਬੇਪਰਵਾਹੀਆ । ਦਰ ਠਾਂਡੇ ਖੜ੍ਹੇ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਸਾਡਾ ਲੇਖਾ ਰਿਹਾ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਦੇਵਣ ਨਾਲ ਗਵਾਹੀਆ । ਖ਼ਿਦਮਤ ਕਰਦੇ ਖ਼ਿਦਮਤਗਾਰ, ਖ਼ਾਦਮ ਹੋ ਕੇ ਤੇਰੀ ਸੇਵ ਕਮਾਈਆ । ਲੇਖਾ ਪੂਰਾ ਹੋਇਆ ਸਤਿਜੁਗ ਤਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਚਾਰ, ਚਾਰ ਵਰਨ ਵਿਚ ਸਮਝਾਈਆ । ਇਨ੍ਹਾਂ ਦਾ ਰਿਹਾ ਨਹੀਂ ਕੋਈ ਇਖ਼ਤਿਆਰ, ਇਖ਼ਤਲਾਫ਼ ਵਿਚ ਲੋਕਾਈਆ । ਦੀਨ ਮਜ਼੍ਹਬ ਜਾਤ ਪਾਤ ਕੂੜੀ ਕਿਰਿਆ ਹੋਇਆ ਵਿਭਚਾਰ, ਧਰਮ ਪਰਚਾਰ ਨਾ ਕੋਇ ਸ਼ਨਵਾਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗ੍ਰੰਥੀ ਹੋਏ ਗੁਨਾਹਗਾਰ, ਗ਼ਫ਼ਲਤ ਵਿਚ ਗਹਿਰੀ ਨੀਂਦ ਸਵਾਈਆ । ਮਤਲਬ ਵਿਚ ਤੇਰਾ ਨਾਮ ਰਹੇ ਉਚਾਰ, ਰਹਿਮਤ ਵਿਚ ਸੀਸ ਨਾ ਕੋਇ ਨਿਵਾਈਆ । ਮੈਂ ਸਭ ਨੂੰ ਕਰਨ ਆਇਆ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਪੁਰਖ ਅਕਾਲ ਦਾ ਸੱਚਾ ਦਰਬਾਰ, ਦਰਗਾਹ ਧੁਰ ਦੀ ਇਕੋ ਨਜ਼ਰੀ ਆਈਆ । ਜਿਥੇ ਨਾਮ ਦਾ ਵਣਜ ਵਪਾਰ, ਦੂਜਾ ਹੱਟ ਨਾ ਕੋਇ ਖੁਲ੍ਹਾਈਆ । ਕਾਗਦ ਕਲਮ ਨਾ ਲਿਖਣਹਾਰ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਨਿਰੰਕਾਰਾ ਏਕੰਕਾਰਾ ਪਰਵਰਦਿਗਾਰਾ ਧੁਰ ਦਰਬਾਰਾ, ਇਕੋ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਮਾਰ ਕੇ ਵੇਖੋ ਧਿਆਨ, ਧਰਮ ਦਵਾਰੇ ਦਿਆਂ ਜਣਾਈਆ । ਸ੍ਰਿਸ਼ਟੀ ਵਿਚ ਰਿਹਾ ਨਾ ਕੋਈ ਈਮਾਨ, ਭਰਮੇ ਭੁੱਲੀ ਕੂੜ ਲੋਕਾਈਆ । ਅੱਖਰਾਂ ਵਾਲਾ ਨਜ਼ਰ ਨਾ ਆਏ ਗਿਆਨ, ਅਗਿਆਨੀ ਦੇਣ ਦੁਹਾਈਆ । ਮਨੂਆ ਮਨ ਫਿਰੇ ਸ਼ੈਤਾਨ, ਸ਼ਰਅ ਵਿਚ ਲੜਾਈਆ । ਸਾਚੀ ਮੰਜ਼ਲ ਮਿਲੇ ਨਾ ਕਿਸੇ ਮਕਾਨ, ਪੜਦਾ ਹਕ ਨਾ ਕੋਇ ਉਠਾਈਆ । ਮਹਿਬੂਬ ਦੀ ਕਰੇ ਨਾ ਕੋਇ ਪਹਿਚਾਨ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਅੰਮ੍ਰਿਤ ਰਸ ਚੱਖੇ ਨਾ ਕੋਇ ਜ਼ਬਾਨ, ਤ੍ਰਿਸ਼ਨਾ ਵਿਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਮੈਂ ਕਰਨਾ ਨਹੀਂ ਲਿਹਾਜ, ਲਹਿਜੇ

ਨਾਲ ਜਣਾਈਆ । ਜੁਗ ਚੌਕੜੀ ਬਦਲ ਦੇਣਾ ਸਮਾਜ, ਸਮੇਂ ਨਾਲ ਸਮਝਾਈਆ । ਗੁਰ ਅਵਤਾਰ ਪੈਗ਼ੰਬਰੋ ਤੱਕੋ ਆਪਣਾ ਰਿਵਾਜ, ਜੋ ਰਸਮ ਦਿਤੀ ਸਿਖਲਾਈਆ । ਸਾਚਾ ਕਰੇ ਨਾ ਕੋਈ ਆਦਾਬ, ਸੀਸ ਜਗਦੀਸ ਨਾ ਕੋਇ ਨਿਵਾਈਆ । ਮਾਇਆ ਕਾਰਨ ਕੂੜੇ ਕਾਜ, ਧਰਨੀ ਧਰਮ ਨਾ ਕੋਇ ਵਖਾਈਆ । ਨਜ਼ਰੀ ਆਏ ਨਾ ਗੁਰੂ ਮਹਾਰਾਜ, ਰਾਜ ਰਾਜਾਨ ਸ਼ਾਹ ਸੁਤਲਾਨ ਦੇਣ ਦੁਹਾਈਆ । ਹੁਜਰਾ ਸੋਹੇ ਨਾ ਕੋਈ ਮਹਿਰਾਬ, ਹਕ਼ੀਕਤ ਹਕ ਨਾ ਕੋਇ ਵਖਾਈਆ । ਨਾਮ ਨਿਧਾਨ ਨਾ ਵੱਜੇ ਰਬਾਬ, ਤੰਦੀ ਤੰਦ ਨਾ ਕੋਇ ਹਿਲਾਈਆ । ਸਾਰੇ ਖੋਲ੍ਹ ਕੇ ਵੇਖੋ ਆਪਣੀ ਜਾਗ, ਜਗਹ ਜਗਹ ਪਈ ਲੜਾਈਆ । ਦੁਰਮਤ ਮੈਲ ਕੋਈ ਨਾ ਧੋਵੇ ਦਾਗ਼, ਅੰਤਰ ਸਾਫ਼ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਵਖਾਈਆ । ਸਤਿਗੁਰ ਸ਼ਬਦ ਕਹੇ ਸੁਣੋ ਤੇਈ ਅਵਤਾਰ, ਇਕੋ ਵਾਰ ਜਣਾਈਆ । ਦੁਨੀਆ ਦੇ ਬਣ ਕੇ ਦੁਨੀਦਾਰ, ਦਾਅਵਾ ਦੁਨੀ ਵਿਚ ਵਖਾਈਆ । ਰਾਮ ਰਾਮ ਦਾ ਬੋਲ ਜੈਕਾਰ, ਕ੍ਰਿਸ਼ਨ ਕ੍ਰਿਸ਼ਨ ਦੇ ਗੀਤ ਸੁਣਾਈਆ । ਓਮ ਓਮ ਦਾ ਦੇ ਅਧਾਰ, ਸ਼ੰਕਰ ਸ਼ੰਕਰ ਡੰਕ ਖੜਕਾਈਆ । ਅੰਤਮ ਸਾਰੇ ਵੇਖੋ ਆਪਣਾ ਨੈਣ ਉਘਾੜ, ਅੱਖ ਪ੍ਰਤੱਖ ਉਠਾਈਆ । ਸਾਢੇ ਤਿੰਨ ਹੱਥ ਕਾਇਆ ਸਭ ਦੀ ਹੋਈ ਉਜਾੜ, ਮੰਦਰ ਦਿਸੇ ਨਾ ਕੋਇ ਰੁਸ਼ਨਾਈਆ । ਦੀਪਕ ਜੋਤੀ ਸਕੇ ਕੋਇ ਨਾ ਬਾਲ, ਵਰਨ ਗੋਤੀ ਭਰਮ ਭੁਲਾਈਆ । ਸੁਰਤੀ ਸੋਤੀ ਸਕੇ ਨਾ ਕੋਇ ਉਠਾਲ, ਸੰਦੇਸ਼ਾ ਸਚ ਨਾ ਕੋਇ ਸੁਣਾਈਆ । ਕਲਜੁਗ ਨੇ ਸਭ ਦੀ ਬਦਲ ਦਿਤੀ ਚਾਲ, ਚਾਲ ਨਿਰਾਲੀ ਦਿਤੀ ਵਖਾਈਆ । ਧਰਮ ਦੀ ਕਰੇ ਕੋਈ ਨਾ ਭਾਲ, ਕੂੜ ਵਿਭਚਾਰ ਵੱਜੇ ਵਧਾਈਆ । ਝਗੜਾ ਪਿਆ ਧਰਮਸਾਲ, ਮੰਦਰ ਮੱਠ ਰਹੇ ਕੁਰਲਾਈਆ । ਅਵਤਾਰ ਗ੍ਰਿਫ਼ਤਾਰ ਕਰੇ ਕਿਸੇ ਨਾ ਆਣ, ਸਗਲਾ ਸੰਗ ਨਾ ਕੋਇ ਨਿਭਾਈਆ । ਇੱਟਾਂ ਪੱਥਰਾਂ ਕਾਗ਼ਜ਼ ਸ਼ਾਹੀਆਂ ਕਰਦੇ ਸਾਰੇ ਨਿਮਸਕਾਰ, ਨਮੋਂ ਨਮੋਂ ਸੀਸ ਝੁਕਾਈਆ । ਨਜ਼ਰ ਆਏ ਨਾ ਕਿਸੇ ਨਿਰਾਕਾਰ, ਜਿਸ ਦਾ ਨੂਰ ਜੋਤ ਰੁਸ਼ਨਾਈਆ । ਸਤਿਗੁਰ ਸ਼ਬਦ ਕਹੇ ਮੈਂ ਸਾਰੇ ਕੀਤੇ ਲਾਚਾਰ, ਲਾਚਾਰੀ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਸੁਣੋ ਪੈਗ਼ੰਬਰ ਮੀਤ, ਮਿਤਰੋ ਦਿਆਂ ਜਣਾਈਆ । ਤੁਹਾਡੀ ਰਹੀ ਨਾ ਧੁਰ ਦੀ ਰੀਤ, ਮਾਰਗ ਸਚ ਨਾ ਕੋਇ ਸਮਝਾਈਆ । ਝਗੜਾ ਪਿਆ ਜਗਤ ਮਸੀਤ, ਮਸਲਾ ਹਕ ਨਾ ਕੋਇ ਸੁਣਾਈਆ । ਮੁੱਲਾ ਦਿਸੇ ਨਾ ਕੋਇ ਅਤੀਤ, ਕੁੱਲਾ ਕੂੜ ਸੋਭਾ ਪਾਈਆ । ਸਦੀ ਚੌਧਵੀਂ ਸਾਰੇ ਹੋਏ ਪਲੀਤ, ਪਲਕ ਅੱਖ ਨਾ ਕੋਇ ਖੁਲ੍ਹਾਈਆ । ਕਲਮਾ ਸਮਝੇ ਕੋਇ ਨਾ ਗੀਤ, ਵਾਹਦ ਨੂਰ ਨਜ਼ਰ ਕੋਇ ਨਾ ਪਾਈਆ । ਮਿਹਰ ਹੋਏ ਨਾ ਕੋਇ ਬਖ਼ਸ਼ੀਸ਼, ਰਹਿਮਤ ਰਹਿਮ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਸਤਿਗੁਰ ਸ਼ਬਦ ਕਹੇ ਉਠੋ ਵੇਖੋ ਸਤਿਗੁਰ ਜਗ, ਜਗਜੀਵਣ ਦਾਤਾ ਦਏ ਵਡਿਆਈਆ । ਚਾਰ ਕੁੰਟ ਲੱਗੀ ਅੱਗ, ਅਗਨੀ ਤਤ ਨਾ ਕੋਇ ਬੁਝਾਈਆ । ਸਾਚਾ ਨਾਮ ਨਾ ਵੱਜੇ ਨਦ, ਅਨਹਦ ਨਾਦੀ ਨਾਦ ਨਾ ਕੋਇ ਸੁਣਾਈਆ । ਪੜਦਾ ਕੋਈ ਨਾ ਸਕੇ ਕੱਜ, ਓਢਣ ਸੀਸ ਨਾ ਕੋਇ ਟਿਕਾਈਆ । ਕਲਜੁਗ ਸੰਤ ਵਾਸਨਾ ਇੰਦਰ ਵਾਲੀ ਭੱਗ, ਭਾਵਨਾ ਭਰਮ ਵਿਚ ਭਰਮਾਈਆ । ਚੜ੍ਹੇ ਕੋਈ ਨਾ ਉਪਰ ਸ਼ਾਹ ਰਗ, ਰਸਤਾ ਮੰਜ਼ਲ ਹੱਥ ਕਿਸੇ ਨਾ ਆਈਆ । ਯਤ ਸਤਿ ਦਾ ਟੁੱਟਿਆ ਤਗ, ਹਠੀਆ ਹਠ ਨਾ ਕੋਇ ਕਮਾਈਆ । ਸਦੀ ਬੀਸਵੀਂ ਤੁਸੀਂ ਸਾਰੇ ਹੋ ਗਏ ਅੱਡ, ਦਾਮਨਗੀਰ


੭੦੩
੨੦

ਦਾਮਨ ਹੱਥ ਨਾ ਕੋਇ ਫੜਾਈਆ । ਹੁਕਮੇ ਅੰਦਰ ਗਏ ਛੱਡ, ਖ਼ਾਲੀ ਹੱਡ ਕਰ ਲੋਕਾਈਆ । ਅੱਗੇ ਹੋ ਕੇ ਵੇਖੇ ਵਧ, ਮਾਤਲੋਕ ਧਿਆਨ ਲਗਾਈਆ । ਕਿਸੇ ਨਾ ਮਿਲੇ ਅਮਰਾਪਦ, ਪਤਿਪਰਮੇਸ਼ਵਰ ਮਿਲਣ ਕੋਇ ਨਾ ਜਾਈਆ । ਕੂੜੀ ਕਿਰਿਆ ਪਏ ਅੰਧੇਰੀ ਖੱਡ, ਫੜ ਬਾਹੋਂ ਪਾਰ ਨਾ ਕੋਇ ਕਢਾਈਆ । ਸਤਿਗੁਰ ਸ਼ਬਦ ਕਹੇ ਮੈਂ ਹੋਵਾਂ ਗਦ ਗਦ, ਗਦਾਗਰ ਦਿਸੇ ਲੋਕਾਈਆ । ਭੇਖਾਧਾਰੀ ਫਿਰਦੇ ਵੱਗ, ਵਾਗੀ ਨਜ਼ਰ ਕੋਇ ਨਾ ਆਈਆ । ਕਿਹੜੀ ਗੱਲੋਂ ਗਏ ਭੱਜ, ਭਜਨ ਬੰਦਗੀ ਵਿਚ ਜਗਤ ਫਸਾਈਆ । ਦੁਰਮਤ ਮੈਲ ਕੋਈ ਨਾ ਧੋਵੇ ਡੱਬ, ਏਕਾ ਰੰਗ ਨਾ ਕੋਇ ਰੰਗਾਈਆ । ਕਿਉਂ ਲਹਿਣਾ ਦੇਣਾ ਮੁਕਿਆ ਹਭ, ਹਮਸਾਜਣ ਸੰਗ ਤੁੜਾਈਆ । ਕਲਜੁਗ ਜੀਵ ਬਪੜੇ ਬੱਗ, ਹੰਸ ਰੂਪ ਨਾ ਕੋਇ ਵਟਾਈਆ । ਮਾਇਆ ਮਮਤਾ ਮੁਖ ਵਿਚ ਦੇ ਕੇ ਡੱਡ, ਡੰਡੌਤ ਆਪਣੀ ਗਏ ਭੁਲਾਈਆ । ਸਭ ਦੀ ਕੀਤੀ ਹੋ ਗਈ ਰੱਦ, ਰਾਹ ਇਕੋ ਬੇਪਰਵਾਹੀਆ । ਕਲਜੁਗ ਕੂੜ ਅੰਧੇਰੀ ਰਹੀ ਵਗ, ਵਾਗਾਂ ਹੱਥ ਨਾ ਕਿਸੇ ਫੜਾਈਆ । ਵੇਖੇ ਖੇਲ ਸੂਰੇ ਸਰਬਗ, ਸੁਰਤੀ ਸਭ ਦੀ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਸਤਿਗੁਰ ਸ਼ਬਦ ਕਹੇ ਸਾਰੇ ਦੱਸੋ ਆਪਣੀ ਨੇਕੀ, ਨਿੱਕਿਆਂ ਵੱਡਿਆਂ ਇਕ ਵਡਿਆਈਆ । ਕਿਸ ਨੇ ਵਿਆਹੀ ਰਾਮ ਰਾਮ ਦੀ ਬੇਟੀ, ਨਾਰ ਕੰਤ ਰੂਪ ਸੁਹਾਈਆ । ਕਿਸ ਨੇ ਮੰਜ਼ਲ ਚੜ੍ਹ ਕੇ ਵੇਖੀ ਛੇਤੀ, ਸ਼ਰਅ ਜ਼ੰਜੀਰ ਕਟਾਈਆ । ਕਿਹੜਾ ਪਰਮ ਪੁਰਖ ਦਾ ਹੋਇਆ ਭੇਤੀ, ਭਰਮਾਂ ਵਿਚੋਂ ਆਪਣਾ ਭਰਮ ਮਿਟਾਈਆ । ਕਿਹੜਾ ਬਣਿਆ ਦੇਸੀ ਕਵਣ ਹੋਇਆ ਪਰਦੇਸੀ, ਕਵਣ ਦੇਸ ਸੁਹਾਈਆ । ਕਿਹੜਾ ਆਪਣੇ ਨਾਮ ਦੀ ਮਾਰ ਕੇ ਗਿਆ ਸ਼ੇਖ਼ੀ, ਅੱਖਰਾਂ ਵਾਲਾ ਨਾਮ ਜਪਾਈਆ । ਕਿਹੜਾ ਕਰ ਕੇ ਜਗਤ ਵਿਚ ਤੇਜ਼ੀ, ਤੇਜ ਆਪਣਾ ਗਿਆ ਵਧਾਈਆ । ਪ੍ਰਭ ਨੇ ਸਭ ਨੂੰ ਡੰਡੀ ਦੱਸੀ ਟੇਢੀ, ਸਿੱਧਾ ਰਾਹ ਨਾ ਕੋਇ ਵਖਾਈਆ । ਕਿਸੇ ਸਮਝੀ ਧਾਰ ਨਾ ਇਹਦੀ, ਜੋ ਏਧਰ ਓਧਰ ਰਿਹਾ ਭਵਾਈਆ । ਥੋੜ੍ਹੀ ਰਮਜ਼ ਲਗਾ ਕੇ ਸੋਢੀ ਵੇਦੀ, ਵੇਦੀ ਸੋਢੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਦੱਸੋ ਜਲਦੀ, ਜਲ ਤਰੰਗ ਦੀ ਲੋੜ ਰਹੇ ਨਾ ਰਾਈਆ । ਏਥੇ ਖੇਲ ਇਕੋ ਗੱਲ ਦੀ, ਗਲਵਕੜੀ ਕੋਇ ਨਾ ਪਾਈਆ । ਧਾਰ ਰਹੇ ਨਾ ਕੋਇ ਛਲ ਦੀ, ਛਲ ਕਪਟ ਨਾ ਕੋਇ ਵਡਿਆਈਆ । ਇਹ ਮਿਸਲ ਮਸਲੇ ਵਾਲੀ ਹੱਲ ਦੀ, ਹਾਲਤ ਆਪਣੀ ਦਿਓ ਜਣਾਈਆ । ਕਿਉਂ ਇਹ ਧਾਰ ਹੋਈ ਕਲਜੁਗ ਕਲ ਦੀ, ਕਲਮੇ ਸਾਰੇ ਦਿਤੇ ਭੁਲਾਈਆ । ਤੁਹਾਡੇ ਹੁੰਦਿਆਂ ਕਿਉਂ ਦੀਨਾਂ ਮਜ਼੍ਹਬਾਂ ਵਾਲੀ ਅੱਗ ਬਲਦੀ, ਕਿਉਂ ਨਾ ਸਕੇ ਬੁਝਾਈਆ । ਕੀ ਤੁਹਾਨੂੰ ਲੱਭੇ ਧਾਰ ਨਾ ਜਲ ਦੀ, ਪ੍ਰਭ ਦਾ ਸੋਮਾਂ ਬੇਪਰਵਾਹੀਆ । ਕੀ ਘੜੀ ਆ ਗਈ ਤੁਹਾਡੇ ਅੰਤਮ ਫਲ ਦੀ, ਜੋ ਭਵਿਖਤਾਂ ਵਿਚ ਸੁਣਾਈਆ । ਕੀ ਤੁਹਾਡੀ ਤਾਕਤ ਨਹੀਂ ਕੋਈ ਚਲਦੀ, ਚਲਤ ਵੇਖੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਦੱਸ ਦਿਓ ਛੇਤੀ, ਸ਼ਰਅ ਆਪਣੀ ਦਿਓ ਸਮਝਾਈਆ । ਕਿਉਂ ਹੋਏ ਮਾਤ ਪਰਦੇਸੀ, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਢੋਲਾ ਗਾਈਆ । ਕਿਉਂ ਨਿਰਗੁਣ ਸਰਗੁਣ ਬਣੇ ਵੇਸੀ, ਚੋਲਾ ਮਾਟੀ ਪੰਜ ਤਤ ਖ਼ਾਕ ਹੰਢਾਈਆ । ਕਿਉਂ ਦਿੱਤੇ ਨਾਮ ਸੰਦੇਸ਼ੀ, ਸੰਧਿਆ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਰਿਹਾ ਮੁਕਾਈਆ । ਗੁਰ ਅਵਤਾਰ ਪੈਗ਼ੰਬਰ

੭੦੪
੨੦

ਕਹਿਣ ਸੁਣ ਸ਼ਬਦ ਧੁਰ ਦੇ ਦੂਲ੍ਹੇ, ਦੁਲਹਨ ਹੋ ਕੇ ਦਈਏ ਜਣਾਈਆ । ਤੇਰੀ ਧਾਰ ਫਲੇ ਫੂਲੇ, ਫੁਲਵਾੜੀ ਤੇਰੀ ਨਜ਼ਰੀ ਆਈਆ । ਤੇਰਾ ਆਦਿ ਤੇਰਾ ਮੂਲੇ, ਅੰਤ ਤੇਰੇ ਹੱਥ ਵਡਿਆਈਆ । ਤੇਰਾ ਨੂਰ ਕੰਤ ਕੰਤੂਹਲੇ, ਕੰਤ ਬੇਪਰਵਾਹੀਆ । ਕੀ ਸਾਥੋਂ ਲਹਿਣਾ ਦੇਣਾ ਵਸੂਲੇ, ਕੀ ਬਾਕੀ ਰਿਹਾ ਕਢਾਈਆ । ਅਸੀਂ ਤੇਰੇ ਹੁਕਮ ਦੇ ਮਾਣਦੇ ਰਹੇ ਝੂਲੇ, ਝਲਕ ਤੇਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ਼ਬਦ ਸਾਡੇ ਸਾਹਿਬ, ਸੁਲਤਾਨ ਤੇਰੀ ਸਰਨਾਈਆ । ਅਸੀਂ ਤੇਰੇ ਬਣੇ ਨਾਇਬ, ਹੁਕਮੇ ਵਿਚ ਵਡਿਆਈਆ । ਅੰਤ ਮਾਤਲੋਕ ਵਿਚੋਂ ਹੋ ਕੇ ਗ਼ਾਇਬ, ਦਰ ਤੇਰੇ ਡੇਰਾ ਲਾਈਆ । ਤੇਰਾ ਖੇਲ ਅਜਬ ਅਜਾਇਬ, ਨਿਰਾਲਾ ਦੇ ਦ੍ਰਿੜਾਈਆ । ਸਾਡੀ ਕਰ ਹਮਾਇਤ, ਮਿਹਰ ਨਜ਼ਰ ਉਠਾਈਆ । ਜੋ ਸ਼ਰਅ ਦੱਸ ਕੇ ਆਏ ਸ਼ਰਾਇਤ, ਕਲਮਿਆਂ ਵਿਚ ਪੜ੍ਹਾਈਆ । ਨਾਮ ਦੀ ਕਰ ਕੇ ਆਏ ਅਨਾਇਤ, ਅੱਖਰਾਂ ਵਿਚ ਸਮਝਾਈਆ । ਸਚ ਦਵਾਰ ਕਰ ਕੇ ਰਿਹਾਇਸ਼, ਮੰਦਰ ਇਕ ਵਖਾਈਆ । ਬ੍ਰਹਿਮੰਡਾਂ ਖੰਡਾਂ ਦੀ ਕਰ ਕੇ ਆਏ ਪੈਮਾਇਸ਼, ਜੋਜਨਾਂ ਵਿਚ ਸਮਝਾਈਆ । ਸਾਡੀ ਕਰ ਨਾ ਅੰਤ ਅਜ਼ਮਾਇਸ਼, ਦਰ ਤੇਰੇ ਸੀਸ ਨਿਵਾਈਆ । ਜੋ ਧੁਰ ਦੀ ਮਿਲੀ ਹਦਾਇਤ, ਸੋ ਮਾਤਲੋਕ ਆਏ ਸੁਣਾਈਆ । ਅਸੀਂ ਧਰਮ ਦਵਾਰ ਦੀ ਤੇਰੇ ਦਰ ਤੇ ਆਈ ਪੰਚਾਇਤ, ਪੰਚਮ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਘਰ ਸੱਜਣ ਮੇਲ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਸੁਣੀ ਅਗੰਮੀ ਆਵਾਜ਼, ਜੋ ਬਿਨ ਅੱਖਰਾਂ ਦਿਤੀ ਸੁਣਾਈਆ । ਇਸ ਵਿਚ ਅਨੋਖਾ ਰਾਜ਼, ਸਮਝੇ ਨਾ ਕੋਇ ਲੋਕਾਈਆ । ਸਾਂਝਾ ਹੋਇਆ ਜਵਾਬ, ਜਵਾਬ ਤਲਬੀ ਨਾ ਕੋਇ ਕਰਾਈਆ । ਜੋ ਭਵਿਖਤਾਂ ਵਿਚ ਲਿਆ ਖ਼ਵਾਬ, ਖ਼ਾਲਸ ਦਿਆਂ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਲੇਖਾ ਵੇਖਣ ਆਇਆ ਆਪ, ਜਿਸ ਆਪਣੀ ਕਾਰ ਕਮਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਕਹਿ ਕੇ ਆਏ ਬਾਪ, ਗੁਰ ਅਵਤਾਰ ਪਿਤਾ ਪੁਰਖ ਅਕਾਲ ਸੁਣਾਈਆ । ਜੋ ਏਥੇ ਓਥੇ ਦੋ ਜਹਾਨਾਂ ਸਦਾ ਪਾਕ, ਪਤਤ ਪੁਨੀਤਾ ਦਏ ਵਡਿਆਈਆ । ਜਿਸ ਦਾ ਚਾਰ ਜੁਗ ਨਿਰਗੁਣ ਸਰਗੁਣ ਧਾਰ ਕਰਦੇ ਆਏ ਪਾਠ, ਸਿਫ਼ਤਾਂ ਵਿਚ ਸਾਲਾਹੀਆ । ਜਿਸ ਨੇ ਦੀਨ ਮਜ਼੍ਹਬ ਨਾਮ ਕਲਮੇ ਧਰਮ ਸ਼ਰਅ ਤੁਹਾਨੂੰ ਕੀਤੇ ਅਲਾਟ, ਅੱਲਾ ਵਾਹਿਗੁਰੂ ਰਾਮ ਆਪਣਾ ਨਾਮ ਸਮਝਾਈਆ । ਛੋਟੇ ਛੋਟੇ ਦੇ ਕੇ ਪਲਾਟ, ਵਖਾ ਕੇ ਜਗਤ ਵਾਲਾ ਘਾਟ, ਜੋਤ ਜਗਾ ਕੇ ਵਿਚ ਲਲਾਟ, ਦੀਵਾ ਬਾਤੀ ਕਮਲਾਪਾਤੀ ਕਰ ਰੁਸ਼ਨਾਈਆ । ਧੀਰਜ ਦੇ ਵਿਸ਼ਵਾਸ਼, ਹੁਕਮ ਸੰਦੇਸ਼ਾ ਦੇ ਕੇ ਖ਼ਾਸ, ਅੱਗੇ ਵਧਾ ਕੇ ਹੋਰ ਆਸ, ਆਹਿਸਤਾ ਆਹਿਸਤਾ ਆਪਣੀ ਕਾਰ ਕਮਾਈਆ । ਹੁਣ ਓਸੇ ਦਾ ਪਰਕਾਸ਼, ਜਿਹੜਾ ਕਦੇ ਨਾ ਹੋਵੇ ਨਾਸ, ਜਿਸ ਨੂੰ ਕਹਿੰਦੇ ਪੁਰਖ ਅਬਿਨਾਸ਼, ਘਟ ਨਿਵਾਸੀ ਨਾਮ ਧਰਾਈਆ । ਜਿਸ ਦੀ ਮੰਡਲ ਪਾਉਂਦੇ ਰਾਸ, ਗੋਪੀ ਕਾਹਨ ਦਾਸੀ ਦਾਸ, ਰਾਮ ਸੀਤਾ ਕੋਟਨ ਚਰਨਾਂ ਪਾਸ, ਨਿਵ ਨਿਵ ਸੀਸ ਨਿਵਾਈਆ । ਉਹ ਵੇਖੇ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਤਿਗੁਰ ਸ਼ਬਦ ਕੀ ਆਇਆ ਮੌਕਾ, ਮੁਕੰਮਲ ਦੇ ਸਮਝਾਈਆ । ਸਾਡੀ ਕਿੱਥੇ ਰਹਿ ਗਈ ਨੌਕਾ, ਜੋ ਨਈਆ ਨਾਮ ਵਾਲੀ ਚਲਾਈਆ । ਸ਼ਬਦ ਕਿਹਾ ਗੋਬਿੰਦ ਦਾ ਢਈਏ ਦਾ ਇਕੋ ਢੌਂਕਾ, ਢੋਲ ਨਾਲ ਸੁਣਾਈਆ । ਜਿਹੜਾ ਛੱਡ ਕੇ ਗਿਆ ਪਟਨਾ ਪੌਂਟਾ, ਪਾਟਲ


੭੦੫
੨੦

ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰੋ ਸਤਿਗੁਰ ਸ਼ਬਦ ਇਕੋ ਬਹੁਤਾ, ਜੋ ਜੁਗ ਚੌਕੜੀ ਆਪਣਾ ਹੁਕਮ ਮਨਾਈਆ । ਜਿਸ ਨੇ ਲੱਖ ਚੁਰਾਸੀ ਕਾਇਆ ਮੰਦਰ ਅੰਦਰ ਮਾਰਿਆ ਆਪਣਾ ਗੋਤਾ, ਗਹਿਰੀ ਭਵਰੀ ਫੋਲ ਫੁਲਾਈਆ । ਜਿਸ ਦਾ ਨਾਮ ਸ਼ਬਦ ਦੋ ਜਹਾਨਾਂ ਇਕੋ ਸੋਟਾ, ਸੱਟ ਧੁਰ ਦੀ ਦਏ ਲਗਾਈਆ । ਕਲਜੁਗ ਜੀਵ ਰਹਿਣ ਨਾ ਦੇਵੇ ਕੋਈ ਖੋਟਾ, ਕੂੜੀ ਕਿਰਿਆ ਕਰੇ ਸਫ਼ਾਈਆ । ਮਾਇਆ ਮਮਤਾ ਭੰਨੇ ਲੋਟਾ, ਲੁਟੀਆ ਸਭ ਦੀ ਦਏ ਰੁੜ੍ਹਾਈਆ । ਜਨ ਭਗਤਾਂ ਅੰਤਰ ਸਚ ਪ੍ਰੇਮ ਪਿਆਰ ਦਾ ਫੇਰਕੇ ਪੋਚਾ, ਦੁਰਮਤ ਮੈਲ ਦਏ ਧਵਾਈਆ । ਗੁਰਮੁਖ ਪੁਰਖ ਅਕਾਲ ਦਾ ਵੇਖੇ ਪੋਤਾ, ਗੁਰਸਿਖ ਗੋਬਿੰਦ ਲਏ ਉਠਾਈਆ । ਜਿਸ ਦੀ ਆਦਿ ਜੁਗਾਦਿ ਜਗਦੀ ਜੋਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਓਸੇ ਦਾ ਹੁਕਮ ਲੋਕ ਪਰਲੋਕਾ, ਚੌਦਾਂ ਤਬਕ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਤਿਗੁਰ ਸ਼ਬਦ ਸਾਡੀ ਅਰਦਾਸ, ਬੇਨੰਤੀ ਇਕ ਸੁਣਾਈਆ । ਆਰਜ਼ੂ ਦਈਏ ਖ਼ਾਸ, ਖ਼ਸੂਸੀਅਤ ਵਿਚ ਸਮਝਾਈਆ । ਜਿਹੜਾ ਲੇਖਾ ਲਿਖਿਆ ਬਿਆਸ, ਬੇਆਸ ਦਿਤੇ ਤਰਾਈਆ । ਜਿਸ ਦੇ ਪ੍ਰੇਮ ਦੀ ਲਗਾ ਪਿਆਸ, ਤ੍ਰਿਸ਼ਨਾ ਦਏ ਮਿਟਾਈਆ । ਜਿਸ ਨੂੰ ਯਾਦ ਕਰਦੇ ਗਏ ਖ਼ਾਸ, ਖ਼ਾਲਸ ਨੂਰ ਖ਼ੁਦਾਈਆ । ਸਾਡਾ ਇਕੋ ਉਤੇ ਵਿਸ਼ਵਾਸ਼, ਜੋ ਵਿਸ਼ਿਆਂ ਤੋਂ ਬਾਹਰ ਪਿਤਾ ਮਾਈਆ । ਜਿਸ ਦੇ ਚਰਨਾਂ ਵਸੀਏ ਪਾਸ, ਕਰਵਟ ਸਕੇ ਨਾ ਕੋਇ ਬਦਲਾਈਆ । ਆਦਿ ਅੰਤ ਨਾ ਹੋਵੇ ਨਾਸ, ਜਨਮ ਮਰਨ ਨਾ ਵੇਸ ਵਟਾਈਆ । ਦਾਤਾ ਦਾਨੀ ਸਰਬ ਗੁਣ ਤਾਸ, ਗਹਿਰ ਗੰਭੀਰ ਅਖਵਾਈਆ । ਪਰਵਰਦਿਗਾਰ ਹੂ ਪਾਕ, ਅੱਲਾ ਸ਼ਹਿਨਸ਼ਾਹੀਆ । ਸਦਾ ਦੇਂਦਾ ਰਹੇ ਸ਼ਾਬਾਸ਼, ਖ਼ੁਸ਼ੀਆਂ ਰੰਗ ਰੰਗਾਈਆ । ਓਸ ਨੂੰ ਇਕ ਆਦਾਬ, ਸਰ ਸਜਦਾ ਸੀਸ ਨਿਵਾਈਆ । ਜਿਸ ਦਾ ਨਾਨਕ ਲੇਖਾ ਦੱਸਿਆ ਬਗ਼ਦਾਦ, ਬਗ਼ਲਗੀਰ ਨੂਰ ਖ਼ੁਦਾਈਆ । ਅੰਤ ਆਉਣਾ ਵਿਚ ਪੰਜਾਬ, ਪੰਜਾਂ ਦਾ ਮਾਲਕ ਬੇਪਰਵਾਹੀਆ । ਜਿਸ ਨੇ ਕਦੇ ਨਹੀਂ ਹੋਣਾ ਬਰਬਾਦ, ਨੇਸਤੋ ਨਾਬੂਦ ਕਰੇ ਲੋਕਾਈਆ । ਅੰਤ ਭਗਤਾਂ ਦੀ ਸੁਣੇ ਫ਼ਰਿਆਦ, ਜੁਗ ਚੌਕੜੀ ਵਿਛੜੇ ਮੇਲ ਮਿਲਾਈਆ । ਅੰਦਰ ਵੜ ਕੇ ਵਜਾਵੇ ਰਬਾਬ, ਤੰਦ ਸਿਤਾਰ ਨਾਮ ਹਿਲਾਈਆ । ਮਿਤਰ ਪਿਆਰਾ ਬਣੇ ਅਹਿਬਾਬ, ਸੱਜਣ ਧੁਰਦਰਗਾਹੀਆ । ਸ਼ਾਹੋ ਭੂਪ ਹੋ ਨਵਾਬ, ਸੀਸ ਜਗਦੀਸ਼ ਤਾਜ ਸੁਹਾਈਆ । ਜਿਸ ਦੀ ਸਭ ਤੋਂ ਪਰੇ ਆਵਾਜ਼, ਰਸਨਾ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅਵਤਾਰ ਪੈਗ਼ੰਬਰ ਕਹਿਣ ਗੁਰ, ਗੁਰ ਆਪਣਾ ਇਕ ਜਣਾਈਆ । ਜੋ ਮਾਲਕ ਦਿਸੇ ਧੁਰ, ਦਰ ਠਾਂਡੇ ਸੋਭਾ ਪਾਈਆ । ਨਿਰਗੁਣ ਧਾਰ ਆਵੇ ਤੁਰ, ਤੁਰਤ ਆਪਣੀ ਖੇਲ ਕਰਾਈਆ । ਜਿਸ ਦਾ ਮੰਤਰ ਜਾਵੇ ਫੁਰ, ਫੁਰਨਾ ਬੇਪਰਵਾਹੀਆ । ਉਸ ਲਹਿਣਾ ਦੇਣਾ ਚੁਕਾਉਣਾ ਜੋ ਛੱਡ ਕੇ ਗਿਆ ਅਨੰਦਪੁਰ, ਪੁਰੀਆਂ ਤੋਂ ਬਾਹਰ ਡੇਰਾ ਲਾਈਆ । ਕਰ ਪਰਕਾਸ਼ ਅੰਧੇਰਾ ਘੋਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਵੇਖੇ ਚੋਰ, ਠੱਗੀ ਫੋਲ ਫੁਲਾਈਆ । ਜਨ ਭਗਤਾਂ ਪਏ ਬਹੁੜ, ਬਹੁੜੀ ਬਹੁੜੀ ਕਰੇ ਲੋਕਾਈਆ । ਨਿਰਗੁਣ ਨਿਰਵੈਰ ਕਰ ਕੇ ਵੇਖੇ ਗ਼ੌਰ, ਗਹਿਰ ਗੰਭੀਰ ਫੋਲ ਫੁਲਾਈਆ । ਜਿਨ੍ਹਾਂ ਨੂੰ ਲੋਕਮਾਤ ਦਿਤਾ ਤੋਰ, ਤੁਰੀਆ ਤੋਂ ਪਰੇ ਕਰ ਪੜ੍ਹਾਈਆ । ਓਨ੍ਹਾਂ ਦੀ ਪੂਰੀ ਕਰੇ ਲੋੜ, ਲੋੜੀਂਦਾ ਸਾਜਨ ਨਜ਼ਰੀ ਆਈਆ । ਨਿਰਗੁਣ ਧਾਰ ਲਏ ਜੋੜ, ਜੋੜੀ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਆਪਣੀ ਆਪਣੀ ਦੱਸੋ ਕਾਰ, ਕਰਨੀ ਕੀ ਕਮਾਈਆ । ਸਾਰੇ ਕਰਨ ਪੁਕਾਰ, ਕੂਕ ਕੂਕ ਸੁਣਾਈਆ । ਰਾਹ ਤਕਦੇ ਗਏ ਪਰਵਰਦਿਗਾਰ, ਏਕੰਕਾਰ ਅੱਖ ਉਠਾਈਆ । ਮੇਲਾ ਮਿਲੇ ਸਾਂਝੇ ਯਾਰ, ਧਰਮ ਦਵਾਰਾ ਸੋਭਾ ਪਾਈਆ । ਜਿਥੇ ਜੋਤ ਨੂਰ ਉਜਿਆਰ, ਸੂਰਜ ਚੰਨ ਨਾ ਕੋਇ ਰੁਸ਼ਨਾਈਆ । ਕਿਰਪਾ ਕਰੇ ਆਪ ਕਰਤਾਰ, ਕੁਦਰਤ ਕਰਤਾ ਦਇਆ ਕਮਾਈਆ । ਸਾਚਾ ਵਣਜ ਦੱਸੇ ਵਪਾਰ, ਸੌਦਾ ਹੱਟ ਵਿਕਾਈਆ । ਹੁਕਮ ਦੇਵੇ ਬਣ ਸਿਕਦਾਰ, ਸੁਲਤਾਨ ਸ਼ਹਿਨਸ਼ਾਹੀਆ । ਬਰਦੇ ਬਣੀਏ ਬਰਖ਼ੁਰਦਾਰ, ਬਰਦੇ ਬਣ ਕੇ ਸੇਵ ਕਮਾਈਆ । ਅਦਲ ਇਨਸਾਫ਼ ਕਰੇ ਸੰਸਾਰ, ਮੁਨਸਫ਼ ਹੋ ਕੇ ਵੇਸ ਵਟਾਈਆ । ਕੂੜੀ ਕਿਰਿਆ ਕਰੇ ਗ੍ਰਿਫ਼ਤਾਰ, ਗੁਫ਼ਤ ਸ਼ਨੀਦ ਖੋਜ ਖੁਜਾਈਆ । ਸਾਚੇ ਸੰਤਾਂ ਲਏ ਉਬਾਰ, ਗੁਰਮੁਖਾਂ ਗੋਦ ਉਠਾਈਆ । ਮਨਮੁਖਾਂ ਦਏ ਦੁਰਕਾਰ, ਰਾਏ ਧਰਮ ਹੱਥ ਫੜਾਈਆ । ਲਹਿਣਾ ਦੇਣਾ ਚੁਕਾਵੇ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਸਾ ਪੂਰ ਕਰਾਈਆ । ਨਿਰਗੁਣ ਨਿਰਵੈਰ ਲਏ ਅਵਤਾਰ, ਜੋਤੀ ਜਾਤਾ ਫੇਰਾ ਪਾਈਆ । ਜਿਸ ਦੀ ਰਮਜ਼ ਸਮਝੇ ਨਾ ਕੋਇ ਸੰਸਾਰ, ਚੌਦਾਂ ਵਿਦਿਆ ਨਾ ਕੋਇ ਵਡਿਆਈਆ । ਦਰੋਹੀ ਦਰੋਹੀ ਕਰੇ ਪੈਗ਼ੰਬਰ ਨਮੋ ਨਮੋ ਗੁਰੂ ਅਵਤਾਰ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਮਿਹਰਵਾਨ ਮਹਿਬੂਬ ਕਰੇ ਅਗੰਮੀ ਆਪਣੀ ਕਾਰ, ਕਰਨੀ ਦਾ ਕਰਤਾ ਹੋਏ ਸਹਾਈਆ । ਸਾਚੇ ਭਗਤਾਂ ਲਏ ਉਠਾਲ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਡੇਰਾ ਢਾਹੀਆ । ਵਰਨ ਬਰਨ ਤੋੜ ਜੰਜ਼ਾਲ, ਜੀਵਣ ਜੁਗਤ ਦਏ ਜਣਾਈਆ । ਆ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਦਾਤਾ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣ ਸਤਿਗੁਰ ਸ਼ਬਦ ਸਵਾਮੀ, ਸਚ ਦਈਏ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਅੰਤਰਜਾਮੀ, ਜੋ ਅੰਤਰ ਨਿਰੰਤਰ ਆਪਣਾ ਮੰਤਰ ਕਰੇ ਪੜ੍ਹਾਈਆ । ਸੰਦੇਸ਼ਿਆਂ ਵਿਚ ਦੱਸਦਾ ਰਿਹਾ ਬਾਣੀ, ਬਾਣ ਨਿਰਾਲਾ ਅਣਿਆਲਾ ਤੀਰ ਚਲਾਈਆ । ਸੁਘੜ ਸਿਆਣੀ ਸੁੱਚਜੀ ਬਣਾਉਂਦਾ ਰਿਹਾ ਸਵਾਣੀ, ਸਿਰ ਆਪਣਾ ਹੱਥ ਟਿਕਾਈਆ । ਆਪਣੀ ਅੰਤ ਕੰਤ ਭਗਵੰਤ ਦੱਸ ਕੇ ਗਿਆ ਨਿਸ਼ਾਨੀ, ਨਿਸ਼ਾਨਾ ਸਭ ਦੇ ਅੰਦਰ ਲਾਈਆ । ਗੁਰ ਅਵਤਾਰ ਪੈਗ਼ੰਬਰੋ ਕਲਜੁਗ ਅੰਤਮ ਸਭ ਦੀ ਜੂਹ ਹੋਣੀ ਬੇਗਾਨੀ, ਨੌ ਖੰਡ ਸੱਤ ਦੀਪ ਮਾਲਕ ਨਜ਼ਰ ਕੋਇ ਨਾ ਆਈਆ । ਆਤਮਾ ਰਹੀ ਨਾ ਕਿਸੇ ਦੀ ਰਾਣੀ, ਬਹੁਤੇ ਕੰਤ ਪਰਨਾਈਆ । ਇਹ ਲੇਖਾ ਲਿਖਿਆ ਨਹੀਂ ਕੋਈ ਜ਼ਬਾਨੀ, ਜ਼ਬਾਨਾਂ ਵਾਲਿਆਂ ਤੋਂ ਦਿਤਾ ਲਿਖਾਈਆ । ਕੁਛ ਮਸਲਾ ਕੁਛ ਅਸਲਾ ਗੋਬਿੰਦ ਦੱਸਿਆ ਜਿਨ ਬੱਚਿਆਂ ਦੀ ਦਿਤੀ ਕੁਰਬਾਨੀ, ਕਰਮਾਂ ਦਾ ਗੇੜ ਚੁਕਾਈਆ । ਪਰਮ ਪੁਰਖ ਦਾ ਮਿਲਣਾ ਨਹੀਂ ਆਸਾਨੀ, ਅਸਲ ਵਿਚ ਆਪਣਾ ਨੂਰ ਕਰੇ ਰੁਸ਼ਨਾਈਆ । ਜਿਸ ਵੇਲੇ ਖ਼ਾਲਕ ਖ਼ਲਕ ਵਿਚ ਸ਼ਰਅ ਦੀ ਕਰੇ ਸ਼ੈਤਾਨੀ, ਸ਼ਰੀਰ ਵਿਚ ਸ਼ਰਾਰਤ ਦਏ ਟਿਕਾਈਆ । ਸਭ ਦੀ ਬੁੱਧੀ ਕਰੇ ਨਾਦਾਨੀ, ਅਕਲ ਆਤਮਾ ਹੋਏ ਹਲਕਾਈਆ । ਮਰਦਾਂ ਵਾਲੀ ਨਾ ਰਹੇ ਜਵਾਨੀ, ਜੋਬਨ ਸਕੇ ਨਾ ਕੋਇ ਹੰਢਾਈਆ । ਚਾਰ ਜੁਗ ਦਾ ਝਗੜਾ ਪਏ ਦੀਵਾਨੀ, ਬਿਨਾ ਸਤਿਗੁਰ ਸ਼ਬਦ ਹੁਕਮ ਨਾ ਕੋਇ ਸੁਣਾਈਆ । ਮੰਜ਼ਲ ਕਿਸੇ ਨਾ ਰਹੇ ਰੁਹਾਨੀ, ਜਿਸਮਾਨੀ ਜਗਤ ਮਿਲੇ ਵਡਿਆਈਆ । ਕਾਮ ਕਰੋਧ ਦੀ ਲਹਿਰ ਹੋਵੇ ਤੁਫਾਨੀ, ਸਾਧਾਂ ਸੰਤਾਂ ਦਏ ਰੁੜ੍ਹਾਈਆ । ਪੰਡਤਾਂ ਰਹੇ ਨਾ ਕੋਇ ਜਜਮਾਨੀ,

ਜਾਮਨੀ ਅੱਗੇ ਨਾ ਕੋਇ ਉਠਾਈਆ । ਚਿੱਲਾ ਚੜ੍ਹੇ ਨਾ ਕਿਸੇ ਕਮਾਨੀ, ਤੀਰ ਬੇਨਜ਼ੀਰ ਨਾ ਕੋਇ ਉਠਾਈਆ । ਰੌਲਾ ਪੈਣਾ ਚਾਰੇ ਖਾਣੀ, ਚਾਰੇ ਬਾਣੀ ਦਏ ਦੁਹਾਈਆ । ਅੱਠ ਸੱਠ (ਪਵਿਤ੍ਰ) ਰਹੇ ਨਾ ਕੋਇ ਪਾਣੀ, ਸਰੋਵਰ ਬੈਠਣ ਮੁਖ ਛੁਪਾਈਆ । ਓਸ ਵੇਲੇ ਪਰਕਾਸ਼ ਹੋਣਾ ਇਕ ਅਸਮਾਨੀ, ਜਿਸ ਨੂੰ ਸਮਝੇ ਨਾ ਕੋਇ ਜਿਸਮਾਨੀ, ਜਿਸ ਨੇ ਅੰਦਰੋਂ ਕੱਢਣੀ ਬੇਈਮਾਨੀ, ਨਿਸ਼ਾਨੀ ਆਪਣੀ ਦੇਣੀ ਦ੍ਰਿੜਾਈਆ । ਕੂੜੀ ਕਿਰਿਆ ਰਹੇ ਨਾ ਗਿਲਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਤਿਗੁਰ ਸ਼ਬਦ ਸੁਣ ਅੰਤ ਅਖ਼ੀਰੀ ਬਾਤ, ਬਾਤਨ ਦਈਏ ਜਣਾਈਆ । ਕਲਜੁਗ ਆਈ ਅੰਧੇਰੀ ਰਾਤ, ਰੈਣ ਆਪਣਾ ਵੇਸ ਵਟਾਈਆ । ਮਨ ਵਾਸਨਾ ਹੋਈ ਕਮਜਾਤ, ਨਾਰ ਵੇਸਵਾ ਭੱਜੇ ਵਾਹੋ ਦਾਹੀਆ । ਸਾਚਾ ਹਰਫ਼ ਨਾ ਲੱਭੇ ਵਿਚੋਂ ਕਿਸੇ ਲੁਗ਼ਾਤ, ਲਗ ਮਾਤਰ ਸਾਰੇ ਗਏ ਭੁਲਾਈਆ । ਖੇੜਾ ਦਿਸੇ ਨਾ ਕੋਈ ਆਬਾਦ, ਗ੍ਰਿਹਿ ਮੰਦਰ ਨਾ ਕੋਇ ਸੁਹਾਈਆ । ਸਾਚਾ ਵੱਜੇ ਨਾ ਕੋਈ ਨਾਦ, ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹਦਿਆਂ ਸੁਣਦਿਆਂ ਸਾਰੇ ਹੋਏ ਬਰਬਾਦ, ਬੰਦਾ ਬੰਦਗੀ ਵਿਚ ਨਾ ਕੋਇ ਸਮਾਈਆ । ਮਾਰਗ ਚਲੇ ਨਾ ਕੋਇ ਸਮਾਜ, ਰਿਵਾਜ ਕਲਜੁਗ ਦਿਤਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਕਰੋ ਹੱਥ ਖੜ੍ਹੇ, ਬਿਨ ਹੱਥਾਂ ਹੱਥ ਉਠਾਈਆ । ਅਸੀਂ ਪਿਛਲੇ ਜੁਗ ਭੋਗੇ ਬੜੇ, ਅੱਗੇ ਲੋੜ ਰਹੀ ਨਾ ਰਾਈਆ । ਅਸੀਂ ਦੀਨ ਮਜ਼੍ਹਬ ਦੇ ਛੱਡੇ ਧੜੇ, ਧਰਮ ਦਾ ਧੜਾ ਇਕ ਅਪਨਾਈਆ । ਜਿਹੜਾ ਅੱਖਰ ਪਿਛਲੇ ਜਨਮ ਦਾ ਗੋਬਿੰਦ ਲੇਖ ਨਰਾਇਣ ਸਿੰਘ ਗੜ੍ਹੀ ਚਮਕੌਰ ਪੜ੍ਹੇ, ਉਹ ਅੱਖਰ ਯਾਦ ਕਿਸੇ ਨਾ ਆਈਆ । ਗੋਬਿੰਦ ਕਿਹਾ ਜਿਸ ਵੇਲੇ ਮੇਰਾ ਮੇਰੇ ਵਿਚ ਜੋਤ ਧਰੇ, ਧਰਨੀ ਉਤੇ ਕਰੇ ਰੁਸ਼ਨਾਈਆ । ਉਸ ਦਾ ਸੁਤ ਕਦੇ ਨਾ ਮਰੇ, ਦੁਲਾਰਾ ਇਕੋ ਨਜ਼ਰੀ ਆਈਆ । ਆਪਣੇ ਨਾਮ ਦੇ ਪਾਵੇ ਕੜੇ, ਕੜੀਆਂ ਕਰਮ ਦੀਆਂ ਦਏ ਕਟਾਈਆ । ਜਿਹੜੇ ਪ੍ਰੇਮ ਪ੍ਰੀਤੀ ਵਿਚ ਜੜੇ, ਜੜ੍ਹ ਉਨ੍ਹਾਂ ਦੀ ਸਚਖੰਡ ਦਵਾਰ ਲਗਾਈਆ । ਅੱਗੇ ਹੋ ਕੇ ਫੜੇ, ਸਨਮੁਖ ਨਜ਼ਰੀ ਆਈਆ । ਮਾਲਕ ਹੋ ਕੇ ਵਰੇ, ਵਾਰਸ ਹੋ ਕੇ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੋਬਿੰਦ ਹੁਕਮ ਦਿਤਾ ਇਕ ਅਖ਼ੀਰ, ਆਖ਼ਰ ਇਕ ਸੁਣਾਈਆ । ਓਸ ਵੇਲੇ ਕੋਲ ਹੋ ਕੇ ਸੁਣਿਆ ਇਕ ਕਬੀਰ, ਕਬਰਾਂ ਦਾ ਲੇਖਾ ਗਿਆ ਮੁਕਾਈਆ । ਹਕ ਦੀ ਪੜ੍ਹ ਤਕਬੀਰ, ਤਦਬੀਰ ਵਿਚ ਧਿਆਨ ਲਗਾਈਆ । ਪੈਗ਼ੰਬਰਾਂ ਦਾ ਪੈਗ਼ੰਬਰ ਪੀਰਾਂ ਦਾ ਪੀਰ, ਨਬੀਆਂ ਦਾ ਨਬੀ, ਰਸੂਲਾਂ ਦਾ ਰਸੂਲ ਨੂਰ ਖ਼ੁਦਾਈਆ । ਜਿਥੇ ਨਾ ਕੋਈ ਸ਼ਰਅ ਨਾ ਜ਼ੰਜੀਰ, ਦੀਨ ਇਸਲਾਮ ਨਾ ਕੋਇ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਗੋਬਿੰਦ ਕਿਹਾ ਮੇਰਾ ਸਚ ਸੰਦੇਸ਼ਾ, ਸਦੀਆਂ ਤੋਂ ਪਹਿਲਾਂ ਦਿਆਂ ਸੁਣਾਈਆ । ਜਿਸ ਵੇਲੇ ਆਵੇ ਨਰ ਨਰੇਸ਼ਾ, ਨਰ ਨਰਾਇਣ ਬੇਪਰਵਾਹੀਆ । ਜਨ ਭਗਤਾਂ ਮੁਕਾ ਕੇ ਲੇਖਾ, ਲਹਿਣਾ ਦੇਣਾ ਝੋਲੀ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਚੁਕਾ ਕੇ ਠੇਕਾ, ਹੁਕਮ ਆਪਣਾ ਇਕ ਸੁਣਾਈਆ । ਸਭ ਦਾ ਸਾਂਝਾ ਕਰੇ ਸੌਹਰਾ ਪੇਕਾ, ਸੌਹਰਾ ਭਈਆ ਆਪੇ ਨਜ਼ਰੀ ਆਈਆ । ਵਸੇ ਅਗੰਮੜੇ ਦੇਸਾ, ਦੇਸੰਤਰ ਖੋਜ ਖੁਜਾਈਆ । ਜੋ ਰਹੇ ਸਦਾ ਹਮੇਸ਼ਾ, ਹਮਸਾਜਣ ਬੇਪਰਵਾਹੀਆ । ਅੰਦਰੋਂ ਕੱਢੇ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ ।

੭੦੯
੨੦

ਜਿਸ ਦਾ ਸ਼ਬਦੀ ਧਾਰ ਗੋਬਿੰਦ ਬੇਟਾ, ਜਗਤ ਜਨਮੇ ਕੋਇ ਨਾ ਮਾਈਆ । ਦੋ ਜਹਾਨਾਂ ਖੇਵਟ ਖੇਟਾ, ਪਤਣ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਇਕ ਉਪਜਾਈਆ । ਗੋਬਿੰਦ ਕਿਹਾ ਮੈਂ ਆਪਣੇ ਸੀਸ ਦਾ ਬਦਲ ਕੇ ਤਾਜ, ਕਲਗੀ ਦਿਤੀ ਚਮਕਾਈਆ । ਜਿਸ ਵੇਲੇ ਭਗਤਾਂ ਦਾ ਬਦਲੇ ਰਿਵਾਜ, ਪੁਰਖ ਅਕਾਲ ਨਾਲ ਵਡਿਆਈਆ । ਦੁਸ਼ਟ ਦਮਨ ਦਾ ਖੋਲ੍ਹਾਂ ਰਾਜ਼, ਪੜਦਾ ਹੇਮ ਕੁੰਟ ਉਠਾਈਆ । ਜਿਹੜੇ ਅੱਖਰਾਂ ਦਾ ਕੀਤਾ ਜਾਪ, ਪੱਥਰਾਂ ਵਿਚ ਵਡਿਆਈਆ । ਵਿਸ਼ਨ ਬ੍ਰਹਮਾ ਦਾ ਲਿਹਾਜ਼, ਪੁਰਖ ਅਕਾਲ ਗੰਢ ਪਵਾਈਆ । ਓਸ ਦਾ ਪਰਤਾਪ, ਪਤਰਕਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਹੇ ਮੈਂ ਸਭ ਕੁਛ ਕਰਦੀ, ਕਰਤੇ ਦਿਤੀ ਵਡਿਆਈਆ । ਆਦਿ ਜੁਗਾਦਿ ਕਦੇ ਨਾ ਮਰਦੀ, ਗੁਰ ਅਵਤਾਰ ਪੈਗ਼ੰਬਰਾਂ ਰਾਹ ਚਲਾਈਆ । ਮੈਂ ਓਸ ਸਾਹਿਬ ਦੀ ਬਰਦੀ, ਜੋ ਆਪਣੀ ਬੰਦਨਾ ਦਏ ਦ੍ਰਿੜਾਈਆ । ਮੈਂ ਓਸ ਦਵਾਰੇ ਚੜ੍ਹਦੀ, ਜਿਥੇ ਇਕੋ ਬੈਠਾ ਧੁਰਦਰਗਾਹੀਆ । ਮੈਂ ਓਸੇ ਦਾ ਢੋਲਾ ਪੜ੍ਹਦੀ, ਦੂਜਾ ਰਾਗ ਨਾ ਕੋਇ ਅਲਾਈਆ । ਇਹ ਖੇਲ ਅਜੇ ਅੱਜ ਕੱਲ ਦੀ, ਜੁਗ ਚੌਕੜੀ ਨਾ ਕੋਇ ਵਿਹਾਈਆ । ਜਿਹੜੀ ਦੁਸ਼ਟ ਦਮਨ ਧਾਰ ਜੋਤ ਤੇਜ ਨਾਲ ਪਲਦੀ, ਪਲਕ ਪਲਕ ਵਿਚ ਰੁਸ਼ਨਾਈਆ । ਸੰਦੇਸ਼ਾ ਧਰਮ ਦਵਾਰ ਘਲਦੀ, ਅਗੰਮ ਅਥਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰਿਹਾ ਵਖਾਈਆ । (ਰੰਗ ਕਹੇ) ਮੈਂ ਸਭ ਨੂੰ ਰੰਗਦਾ, ਮੇਰੀ ਰੰਗਣ ਬੇਪਰਵਾਹੀਆ । ਦਰ ਇਕੋ ਪੁਰਖ ਅਕਾਲ ਮੰਗਦਾ, ਜੋ ਦੇਵਣਹਾਰ (ਅਖਵਾਈਆ) । ਸਚਖੰਡ ਦਵਾਰ ਲੰਘਦਾ, ਦਰਗਾਹ ਸਾਚੀ ਪੜਦਾ ਲਾਹੀਆ । ਜਿਥੇ ਦੀਪ ਅਗੰਮਾ ਜਗਦਾ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਚਰਨਾਂ ਵਿਚ ਵੇਖਣਾ ਢੱਠਦਾ, ਬੈਠੇ ਸੀਸ ਨਿਵਾਈਆ । ਮੇਰਾ ਮਾਲਕ ਮੈਨੂੰ ਹੋਵੇ ਸੱਦਦਾ, ਇਸ਼ਾਰੇ ਨਾਲ ਲਏ ਬੁਲਾਈਆ । ਪੁਰਾਣਾ ਮੇਰਾ ਕੌਲ ਪਤਾ ਨਹੀਂ ਕੱਦ ਦਾ, ਕੁਦਰਤ ਦਾ ਮਲਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਰੰਗ ਕਹੇ ਮੈਂ ਉਹ ਰੰਗੀਲਾ, ਜਿਸ ਦੀ ਰੰਗਤ ਬਖ਼ਸ਼ੀ ਬੇਪਰਵਾਹੀਆ । ਜਿਸ ਵੇਲੇ ਗੁਰ ਅਵਤਾਰ ਬਣਾਉਣ ਲੱਗਾ ਕਬੀਲਾ, ਕਬਰਾਂ ਤੋਂ ਪਹਿਲਾਂ ਆਪਣਾ ਹੁਕਮ ਸੁਣਾਈਆ । ਮੇਰਾ ਨਾਮ ਤੁਹਾਡਾ ਵਸੀਲਾ, ਵਸਲ ਆਪਣਾ ਦਿਤਾ ਸਮਝਾਈਆ । ਮੇਰਾ ਨੂਰ ਛੈਲ ਛਬੀਲਾ, ਬਿਰਧ ਬਾਲ ਨਾ ਰੂਪ ਵਟਾਈਆ । ਜਿਸ ਦੀ ਵੰਡ ਕਰੇ ਨਾ ਕੋਇ ਮਹੀਨਾਂ, ਘੜੀ ਪਲ ਨਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਰੰਗ ਕਹੇ ਮੈਂ ਰੰਗਣ ਯੋਗ, ਮੇਰੇ ਪ੍ਰਭ ਦਿਤੀ ਵਡਿਆਈਆ । ਚਰਨ ਪ੍ਰੀਤੀ ਬਖ਼ਸ਼ ਕੇ ਜੋਗ, ਜੁਗਤ ਦਿਤੀ ਸਮਝਾਈਆ । ਮੈਂ ਕਦੇ ਨਹੀਂ ਵੜਿਆ ਵਿਚ ਚੌਦਾਂ ਲੋਕ, ਚੌਦਾਂ ਤਬਕ ਦਿਤੀ ਵਡਿਆਈਆ । ਕਿਸੇ ਨਹੀਂ ਵੜਿਆ ਕਿਲ੍ਹੇ ਕੋਟ, ਮੰਦਰ ਮੱਠ ਨਾ ਡੇਰਾ ਲਾਈਆ । ਮੈਂ ਕਿਸੇ ਕੋਲ ਨਹੀਂ ਗਿਆ ਪਹੁੰਚ, ਆਪਣਾ ਪੰਧ ਨਾ ਕਦੇ ਮੁਕਾਈਆ । ਇਕੋ ਪ੍ਰੇਮ ਪਿਆਰ ਦੀ ਮਸਤੀ ਵਿਚ ਮਦਹੋਸ਼, ਮਧੁਰ ਧੁਨ ਰਿਹਾ ਗਾਈਆ । ਜਦ ਪ੍ਰਭੂ ਕਿਰਪਾ ਕਰੇ ਜਨ ਭਗਤਾਂ ਦਾ ਰੰਗਾਂ ਪੋਸ਼, ਖਲੜੀ ਅਵੱਲੜੀ ਦਿਆਂ ਬਣਾਈਆ । ਨਹੀਂ ਤੇ ਬੈਠਾ ਰਹਾਂ ਖਾਮੋਸ਼, ਖ਼ੁਸ਼ੀਆਂ ਵਿਚ ਢੋਲਾ ਗਾਈਆ । ਪ੍ਰਭੂ ਤੂੰ ਮੇਰਾ ਮੈਂ ਤੇਰੀ ਜੋਤ, ਦੂਜਾ ਨੂਰ ਨਾ ਕੋਇ ਰੁਸ਼ਨਾਈਆ । ਜੇ ਮੈਥੋਂ ਕਰਾਉਣੀ ਤੇ ਕਰਾਵੀਂ ਭਗਤਾਂ ਖੋਜ, ਦੂਜੇ ਘਰ ਕਦੇ ਨਾ ਜਾਈਆ ।

ਗੁਰ ਅਵਤਾਰ ਪੈਗ਼ੰਬਰ ਹਿੱਸਿਆ ਵਿਚ ਹੱਦਾਂ ਵਿਚ ਕੱਦਾਂ ਵਿਚ ਯੱਦਾਂ ਵਿਚ ਦੇਂਦੇ ਖੋਜ, ਪ੍ਰਭੂ ਤੇਰੀ ਖੋਜ ਹਰ ਘਟ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧੁਰ ਦੇ ਰੰਗ ਤੂੰ ਚੰਗਾ, ਲਾਲ ਆਦੀ ਨਜ਼ਰੀ ਆਈਆ । ਕੁਛ ਉਠ ਰਵਦਾਸ ਮੇਰਾ ਲੇਖਾ ਨਹੀਂ ਨਾਲ ਗੰਗਾ, ਗੰਗੋਤਰੀ ਦਏ ਦੁਹਾਈਆ । ਕਵਣ ਬਲ ਰਾਜੇ ਦਾਨ ਮੰਗਾ, ਬਾਵਨ ਆਸ ਰਖਾਈਆ । ਕੁਛ ਲੇਖਾ ਬਾਲ ਭੁਯੰਗਾ, ਨਿੱਕਿਆਂ ਵੱਡਿਆਂ ਸੋਭਾ ਪਾਈਆ । ਕੁਛ ਲਹਿਣਾ ਗੋਬਿੰਦ ਧਾਰ ਖੰਡਾ, ਖੜਗ ਕਰੇ ਸ਼ਨਵਾਈਆ । ਕੋਈ ਕੌਲ ਪੁਰੀ ਅਨੰਦਾ, ਅਨੰਦ ਅਨੰਦ ਵਿਚੋਂ ਸਮਝਾਈਆ । ਲੇਖਾ ਕੋਈ ਨਾ ਜਾਣੇ ਬੰਦਾ, ਬੰਧਨ ਸਕੇ ਨਾ ਕੋਇ ਤੁੜਾਈਆ । ਖੇਲ ਕਰੇ ਸੂਰਾ ਸਰਬੰਗਾ, ਹਰਿ ਕਰਤਾ ਧੁਰਦਰਗਾਹੀਆ । ਲਹਿਣਾ ਦੇਣਾ ਲੇਖਾ ਦੁਆਬੇ ਵਾਲਿਆਂ ਸੰਦਾ, ਸਨਦ ਮਾਛੂਵਾੜੇ ਦਏ ਗਵਾਹੀਆ । ਨਿੱਕੀ ਚਿਉਂਟੀ ਭੋਜਨ ਇਕ ਡੰਗਾ, ਦਾਣਾ ਗੋਬਿੰਦ ਭੇਟ ਚੜ੍ਹਾਈਆ । ਉਸ ਵੇਲੇ ਵੇਖਣ ਵਾਲਾ ਪੁਰਖ ਅਕਾਲ ਇਕੋ ਪੰਡਾ, ਜੋ ਬੋਧ ਅਗਾਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਬੇਨਜ਼ੀਰ, ਨਜ਼ਰਾਂ ਤੋਂ ਬਾਹਰ ਸੋਭਾ ਪਾਈਆ । ਮੇਰਾ ਲੇਖਾ ਨਾਲ ਦਸਤਗੀਰ, ਦਸਤਬਰਦਾਰ ਕਰਾਂ ਲੋਕਾਈਆ । ਮੇਰਾ ਲੇਖਾ ਨਾਲ ਓਸ ਸ਼ਮਸ਼ੀਰ, ਜੋ ਸ਼ਮਅ ਕੂੜ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਲੇਖਾ ਕਹੇ ਮੇਰਾ ਲੇਖ ਅਵੱਲਾ, ਅੰਤ ਕਹਿਣ ਕੋਇ ਨਾ ਪਾਈਆ । ਪੁਰਖ ਅਕਾਲ ਆਦਿ ਜੁਗਾਦੀ ਇਕ ਇਕੱਲਾ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਧਰਮ ਦਵਾਰ ਸੁਹਾ ਅਟੱਲਾ, ਗੁਰ ਅਵਤਾਰ ਪੈਗ਼ੰਬਰ ਰਿਹਾ ਸੁਹਾਈਆ । ਸਚਖੰਡ ਦਵਾਰ ਵਸਾ ਮਹੱਲਾ, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਨਾਮ ਸੰਦੇਸਾ ਇਕੋ ਘੱਲਾ, ਘਾਇਲ ਕਰੇ ਕੂੜ ਲੋਕਾਈਆ । ਜਿਸ ਦਾ ਨੂਰ ਇਲਾਹੀ ਅੱਲਾ, ਆਲਮ ਕਰੇ ਪੜ੍ਹਾਈਆ । ਦੀਪਕ ਜੋਤ ਹੋ ਕੇ ਬਲਾ, ਜੋਤੀ ਜੋਤ ਡਗਮਗਾਈਆ । ਆਪਣੀ ਧਾਰ ਵਿਚੋਂ ਢਲਾ, ਢਾਲ ਗੋਬਿੰਦ ਹੱਥ ਟਿਕਾਈਆ । ਕੂੜ ਕੁਟੰਬ ਮੇਟ ਕੇ ਦਲਾ, ਦਿਲਬਰ ਆਪਣਾ ਲਿਆ ਮਨਾਈਆ । ਕਰ ਕੇ ਵਲ ਛਲਾ, ਕਲਜੁਗ ਅੰਤਮ ਵੇਸ ਵਟਾਈਆ । ਭਗਤਾਂ ਪ੍ਰੀਤੀ ਅੰਦਰ ਰਲਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਲੇਖਾ ਜਾਣੇ ਜਲਾ ਥਲਾ, ਮਹੱਲ ਅਟਲ ਆਪੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲਹਿਣੇ ਰਿਹਾ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ਼ਬਦ ਗੁਰੂ ਗੁਰਦੇਵ, ਦੇਵ ਆਤਮਾ ਤੇਰੀ ਝੋਲੀ ਪਾਈਆ । ਸਾਡੀ ਪੂਰੀ ਹੋ ਗਈ ਸੇਵ, ਸਮਾਂ ਸੰਗ ਨਾ ਕੋਇ ਨਿਭਾਈਆ । ਬੋਲਣ ਵਾਲੀ ਰਹੀ ਕੋਈ ਨਾ ਜਿਹਵ, ਤਨ ਮਾਟੀ ਖ਼ਾਕੀ ਗਏ ਹੰਢਾਈਆ । ਸਾਡਾ ਮਾਲਕ ਅਲਖ ਅਭੇਵ, ਅਗੋਚਰ ਸ਼ਹਿਨਸ਼ਾਹੀਆ । ਜਿਸ ਦੀ ਕਰਦੇ ਆਏ ਸੇਵ, ਸੇਵਕ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸੁਣਾਈਆ । ਸਾਚਾ ਹੁਕਮ ਦੇਵੇ ਸੁਲਤਾਨ, ਸਤਿਗੁਰ ਦਾਤਾ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਅੱਗੇ ਨਾ ਕੋਈ ਬਿਆਨ, ਲਿਖਤ ਪੜ੍ਹਤ ਨਾ ਕੋਇ ਜਣਾਈਆ । ਓਸ ਦੇ ਅੱਗੇ ਸੌਂਪਿਆ ਈਮਾਨ, ਜਿਸ ਧਰਮ ਦਿਤਾ ਦ੍ਰਿੜਾਈਆ । ਅਸੀਂ ਰਹੇ ਨਾ ਗੋਪੀਆਂ ਵਾਲੇ ਕਾਹਨ, ਸੀਤਾ ਰਾਮ ਨਾ ਡੰਕ ਵਜਾਈਆ । ਮਸਲਾ ਰਿਹਾ ਨਾ ਕੋਈ ਅਮਾਮ, ਨੌਬਤ ਨਾਮ ਨਾ ਕੋਇ ਸ਼ਨਵਾਈਆ । ਪ੍ਰਭ ਦੀ ਸੇਜੇ ਸਭ ਨੇ ਸੌਣਾ ਕਰਨਾ ਇਕ

ਬਿਸਰਾਮ, ਸੇਜ ਸੁਹੰਜਣੀ ਸੋਭਾ ਪਾਈਆ । ਅੱਗੇ ਇਕੋ ਸਭ ਦਾ ਹੋਣਾ ਹੁਕਮਰਾਨ, ਜੋ ਹੁਕਮ ਆਪ ਜਣਾਈਆ । ਜਨ ਭਗਤਾਂ ਕਰੇ ਪਹਿਚਾਨ, ਨਵ ਸੱਤ ਵੇਖੇ ਥਾਉਂ ਥਾਈਆ । ਸਾਨੂੰ ਦੇਣਾ ਨਾ ਪਏ ਪੈਗ਼ਾਮ, ਅੱਖਰਾਂ ਵਿਚ ਅੱਖਰ ਸਮਝਾਈਆ । ਜਿਸ ਨੇ ਬਦਲ ਦੇਣਾ ਨਿਜ਼ਾਮ, ਹੁਕਮ ਇਕ ਵਰਤਈਆ । ਕਲਜੁਗ ਅੰਤਮ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਆਪਣੀ ਦੱਸ ਆਪ ਪਹਿਚਾਨ, ਗੁਰਮੁਖ ਸੁਤਿਆਂ ਲਏ ਜਗਾਈਆ । ਝਗੜਾ ਮੁਕਾ ਕੇ ਜ਼ਿਮੀਂ ਅਸਮਾਨ, ਗਗਨ ਗਗਨੰਤਰ ਡੇਰਾ ਢਾਹੀਆ । ਧਰਮ ਵਖਾ ਕੇ ਇਕ ਨਿਸ਼ਾਨ, ਨਿਸ਼ਾਨੇ ਸਾਰੇ ਦਏ ਭੁਲਾਈਆ । ਨਾਮ ਦੱਸ ਕੇ ਆਪਣਾ ਨੌਜਵਾਨ, ਨਵ ਸੱਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਹੋਏ ਖ਼ਲਾਸ, ਖ਼ਲਾਸੀ ਲਈ ਕਰਾਈਆ । ਸਭ ਕੁਛ ਸੌਂਪ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਝੋਲੀ ਪਾਈਆ । ਇਕੱਠੇ ਸਚਖੰਡ ਕਰ ਕੇ ਵਾਸ, ਦਰਗਾਹ ਬੈਠੇ ਡੇਰਾ ਲਾਈਆ । ਨਿਰਗੁਣ ਜੋਤ ਵੇਖੀਏ ਪਰਕਾਸ਼, ਕਲਜੁਗ ਅੰਤ ਹੋਵੇ ਰੁਸ਼ਨਾਈਆ । ਸਾਡਾ ਲੇਖਾ ਰਹੇ ਨਾ ਕੋਈ ਸ਼ਾਖ਼, ਪੱਤ ਟਹਿਣੀ ਵੰਡ ਨਾ ਕੋਇ ਵੰਡਾਈਆ । ਜਿਉਂ ਭਾਵੇ ਤਿਉਂ ਲਏ ਰਾਖ, ਆਪਣੇ ਹੱਥ ਰੱਖੇ ਵਡਿਆਈਆ । ਗੋਬਿੰਦ ਕਹੇ ਮੈਨੂੰ ਐਂ ਰਿਹਾ ਭਾਖ, ਸ਼ਬਦ ਧਾਰ ਸਮਝਾਈਆ । ਜਿਹੜਾ ਪਿਛਲਾ ਮਹੀਨਾ ਲੰਘਿਆ ਵਸਾਖ, ਵਸਾਖੀ ਗੋਬਿੰਦ ਵਾਲੀ ਮਨਾਈਆ । ਜੇਠ ਉਸ ਦਾ ਪਰਕਾਸ਼, ਜਿਸ ਪੰਜ ਜੇਠ ਖੇਲ ਖਿਲਾਈਆ । ਝਗੜਾ ਮੁਕਾ ਕੇ ਜਾਤ ਪਾਤ, ਨੂਰ ਨੁਰਾਨਾ ਡਗਮਗਾਈਆ । ਜੋਤੀ ਜਾਤਾ ਪਰਗਟ ਹੋ ਕੇ ਆਪ, ਆਪਣੀ ਕਲ ਵਖਾਈਆ । ਜਨ ਭਗਤਾਂ ਕੋਟ ਜਨਮ ਦੇ ਮੇਟ ਕੇ ਪਾਪ, ਪਤਤ ਪੁਨੀਤ ਦਏ ਕਰਾਈਆ । ਹੁਕਮ ਅਗਲਾ ਦੇਵੇ ਸਾਫ਼, ਗੁੰਝਲ ਗੰਢ ਨਾ ਕੋਇ ਪਵਾਈਆ । ਸਭ ਨੇ ਖੋਲ੍ਹ ਕੇ ਰੱਖਣੇ ਤਾਕ, ਕਾਇਆ ਮਾਟੀ ਅੰਦਰ ਕੁੰਡਾ ਲਾਹੀਆ । ਸਾਹਿਬ ਸਤਿਗੁਰ ਚੜ੍ਹਨਾ ਆਪਣੇ ਸ਼ਬਦੀ ਰਾਕ, ਜੇਠ ਮਹੀਨੇ ਘਰ ਘਰ ਫੇਰਾ ਪਾਈਆ । ਰਾਤੀਂ ਸੁਤਿਆਂ ਮਿਲ ਕੇ ਆਵੇ ਆਪ, ਗੁਰਮੁਖ ਗੁਰ ਗੁਰ ਆਪ ਉਠਾਈਆ । ਸ਼ਬਦ ਸੰਦੇਸ਼ੇ ਸਭ ਨੂੰ ਭੇਜੇ ਡਾਕ, ਚਿੱਠੀ ਰਸਾਇਣ ਨਾ ਕੋਇ ਰਖਾਈਆ । ਆਤਮ ਪਰਮਾਤਮ ਜੋੜ ਕੇ ਨਾਤ, ਨਾਤਾ ਅਗਲਾ ਲਏ ਬਣਾਈਆ । ਗੁਰਮੁਖੋ ਤੁਹਾਡੇ ਅੰਤਰ ਅੰਮ੍ਰਿਤ ਮਾਰੇ ਠਾਠ, ਸਰੋਵਰ ਇਕ ਪਰਗਟਾਈਆ । ਤੁਹਾਡੀ ਮੰਜ਼ਲ ਪੂਰੀ ਹੋਈ ਵਾਟ, ਵਟਣਾ ਨਾਮ ਦਾ ਦਏ ਲਗਾਈਆ । ਦੁਰਮਤ ਮੈਲ ਦੇਣੀ ਕਾਟ, ਕਟਾਕਸ਼ ਆਪਣਾ ਨਾਮ ਵਖਾਈਆ । ਜਿਨ੍ਹਾਂ ਸੋਹੰ ਗਾਈ ਗਾਥ, ਜਗਤ ਗਾਥਾ ਤੋਂ ਲਏ ਬਚਾਈਆ । ਧਰਮ ਦਵਾਰ ਦਾ ਦੇਵੇ ਸਾਥ, ਕਰਮ ਗਵਾਰ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਸਮਾਂ ਗਿਆ ਬੀਤ, ਬੀਤੀ ਕੀ ਜਣਾਈਆ । ਅੱਗੇ ਪ੍ਰਭ ਦੀ ਚਲਣੀ ਰੀਤ, ਮੰਦਰ ਮਸੀਤ ਨਾ ਕੋਇ ਵਡਿਆਈਆ । ਜਿਹੜੀ ਵਿਸ਼ਨ ਬ੍ਰਹਮੇਂ ਪਹਿਲੀ ਵਾਰ ਗੰਢ ਲਈ ਪੀਚ, ਦੁਸ਼ਟ ਦਮਨ ਮਣਕਾ ਦਿਤਾ ਭਵਾਈਆ । ਉਸ ਦੀ ਸਾਰੇ ਕਰਦੇ ਗਏ ਉਡੀਕ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੱਖ ਉਠਾਈਆ । ਸੋ ਵਕਤ ਆਇਆ ਨਜ਼ਦੀਕ, ਹਾੜ੍ਹ ਸਤਾਰਾਂ ਸੋਭਾ ਪਾਈਆ । ਮਾਲਾ ਮਣਕੇ ਬੋਲਣ ਠੀਕ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਮਸਤਾਨਿਆਂ ਦੇ ਅੰਦਰੋਂ ਕੱਢਾਂ ਚੀਕ, ਕੂਕ ਕੂਕ ਸੁਣਾਈਆ । ਜਿਨ੍ਹਾਂ ਨੂੰ ਅੱਗੇ ਨਹੀਂ ਆਈ (ਪਰਤੀਤ), ਪੜਦਾ ਦਿਆਂ ਉਠਾਈਆ । ਨਾ ਕੋਈ ਕਲਮਾ ਨਾ ਹਦੀਸ, ਹਜ਼ਰਤਾਂ ਤੋਂ ਪਰੇ ਘਰ ਵਖਾਈਆ । ਜਿਥੇ ਵਸੇ ਹਰਿ ਜਗਦੀਸ਼, ਜਾਗਰਤ


੭੧੧
੨੦

ਜੋਤ ਕਰੇ ਰੁਸ਼ਨਾਈਆ । ਸਭ ਦੀ ਆਸਾ ਮਨਸਾ ਪੂਰੀ ਕਰਾਂ ਉਮੀਦ, ਅਮਰਾਪਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਮਾਲਾ ਕਹੇ ਮੈਂ ਨਹੀਂ ਮੰਨਦੀ, ਜੁਗ ਚੌਕੜੀ ਸਾਰੇ ਗਏ ਜ਼ੋਰ ਲਗਾਈਆ । ਮੈਂ ਸ਼ਿੰਗਾਰ ਬਣੀ ਰਹੀ ਤਨ ਦੀ, ਸਾਧ ਸੰਤ ਦਿਤੇ ਭੁਲਾਈਆ । ਮੈਂ ਚੋਰ ਬਣੀ ਰਹੀ ਕੰਨ ਦੀ, ਜੋ ਕੰਨਾਂ ਵਿਚ ਪ੍ਰਭ ਦਾ ਨਾਮ ਸੁਣਾਈਆ । ਮੈਂ ਖੇਲ ਵੇਖਦੀ ਰਹੀ ਨੇਤਰ ਅੰਨ੍ਹ ਦੀ, ਜੋ ਅੱਖੀਂ ਮੀਟ ਕੇ ਲੱਭਣ ਬੇਪਰਵਾਹੀਆ । ਮੈਂ ਖੋਜ ਖੋਜਦੀ ਰਹੀ ਛੱਪਰ ਛੰਨ ਦੀ, ਜੰਗਲ ਜੂਹ ਫੇਰਾ ਪਾਈਆ । ਜਿਸ ਵੇਲੇ ਸੂਰਤ ਵੇਖੀ ਗੋਬਿੰਦ ਚੰਨ ਦੀ, ਮੇਰੇ ਚੰਨ ਤੋਂ ਚੰਨ ਹੋਵੇ ਰੁਸ਼ਨਾਈਆ । ਉਸ ਵੇਲੇ ਭਗਤੋ ਮੈਂ ਤੁਹਾਡੇ ਵਾਸਤੇ ਆਸਾਂ ਰਹੀ ਮੰਗਦੀ, ਇਕੋ ਤੇਰੀ ਓਟ ਤਕਾਈਆ । ਮੈਂ ਰਾਹ ਤਕਦੀ ਰਹੀ ਸੂਰੇ ਸਰਬੰਗ ਦੀ, ਜੋ ਸੁਰਤੀ ਦਏ ਬਦਲਾਈਆ । ਤੁਹਾਡੀ ਖੇਲ ਹੰ ਬ੍ਰਹਮ ਦੀ, ਪਾਰਬ੍ਰਹਮ ਵਿਚ ਮਿਲਾਈਆ । ਨੌਂ ਸੌ ਚੁਰਾਨਵੇਂ ਚੌਕੜੀ ਪਿਛੋਂ ਜਨ ਭਗਤ ਜਨਣੀ ਪ੍ਰਭ ਦੇ ਹੁਕਮ ਨਾਲ ਜੰਮਦੀ, ਖੇਲ ਜਗਤ ਤੋਂ ਬਾਹਰ ਨਜ਼ਰੀ ਆਈਆ । ਤੁਹਾਡੀ ਘੜੀ ਲੰਘੀ ਗ਼ਮ ਦੀ, ਖ਼ੁਸ਼ੀ ਖ਼ੁਸ਼ੀ ਵਿਚ ਪਰਗਟਾਈਆ । ਤੁਸੀਂ ਆਸ ਨਹੀਂ ਰੱਖਣੀ ਕਿਸੇ ਮਾਟੀ ਚੰਮ ਦੀ, ਚੰਮ ਦ੍ਰਿਸ਼ਟੀ ਦਿਆਂ ਬਦਲਾਈਆ । ਤੁਹਾਡੀ ਉਂਗਲੀ ਓਹੋ ਕੰਮ ਦੀ, ਜੋ ਛੱਲਾ ਸਤਿਗੁਰ ਵਾਲਾ ਪਾਈਆ । ਇੱਕੀ ਮੱਘਰ ਵਾਲੀ ਆਸ ਸੰਮਤ ਸੋਲਾਂ ਵਿਚ ਮੰਗਦੀ, ਕਿਸ਼ਨ ਸਿੰਘ ਦਏ ਗਵਾਈਆ । ਰਵਦਾਸ ਧਾਰ ਇਕ ਡੰਗ ਦੀ, ਚੌਵੀ ਮੱਘਰ ਗੁਰਮੁਖ ਗ੍ਰਿਹਿ ਮਿਲੀ ਵਡਿਆਈਆ । ਮੈਂ ਬਿਨਾ ਭਗਤਾਂ ਬੇੜਾ ਨਾ ਕਿਸੇ ਦਾ ਬੰਨ੍ਹਦੀ, ਭੁੱਖਿਆਂ ਨਾ ਕਦੇ ਰਜਾਈਆ । ਗੁਰਮੁਖੋ ਇਹ ਧਾਰ ਇਕੱਲੇ ਇਕੱਲੇ ਦੀ ਚਲਣੀ ਤੁਹਾਡੇ ਅੰਨ ਦੀ, ਸਵਾ ਸਵਾ ਸੇਰ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਦਏ ਵਡਿਆਈਆ । ਮਾਲਾ ਕਹੇ ਮੈਂ ਹੋਣਾ ਚਿੱਟੀ ਦੁੱਧ, ਦੁੱਧਾ ਧਾਰੀ ਦਿਆਂ ਖਪਾਈਆ । ਓਥੇ ਜਾਣਾ ਪੁੱਜ, ਜਿਥੇ ਬਿਨਾ ਅਕਾਲ ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਦੀ ਨਿਰਮਲ ਹੋਵੇ ਬੁਧ, ਬਿਬੇਕ ਵੇਖ ਖ਼ੁਸ਼ੀ ਮਨਾਈਆ । ਮੇਰਾ ਕਾਰਜ ਹੋਵੇ ਸੁੱਧ, ਸੁਦੀ ਵਦੀ ਨਾ ਕੋਇ ਵਖਾਈਆ । ਅਗਲਾ ਪੈਂਡਾ ਜਾਵੇ ਮੁਕ, ਗੁਰਮੁਖ ਮਾਲਾ ਮਣਕਾ ਨਾ ਕੋਇ ਭਵਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦੀ ਇਕੋ ਤੁਕ, ਦੋ ਜਹਾਨਾਂ ਪਾਰ ਕਰਾਈਆ । ਉਸ ਦਾ ਬਣਾਏ ਦੁਲਾਰਾ ਸੁਤ, ਜੋ ਗੋਬਿੰਦ ਨੂਰ ਕਰੇ ਰੁਸ਼ਨਾਈਆ । ਜਿਸ ਦੇ ਕੋਲ ਸਭ ਕੁਛ, ਕੱਛ ਮੱਛ ਗਿਆ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਮਾਲਾ ਕਹੇ ਕਿਸੇ ਨੂੰ ਨਹੀਂ ਮਾਲੂਮ, ਨਾਮਾਲੂਮ ਦਿਆਂ ਜਣਾਈਆ । ਗੁਰਮੁਖੋ ਤੁਸੀਂ ਬੱਚੇ ਅਜੇ ਮਾਸੂਮ, ਨੰਨ੍ਹੇ ਨਜ਼ਰੀ ਆਈਆ । ਪੁਰਖ ਅਕਾਲ ਦਾ ਸਭ ਤੋਂ ਵੱਖਰਾ ਮਜ਼ਮੂਨ, ਜਿਸ ਨੂੰ ਸਕੇ ਨਾ ਕੋਇ ਪੜ੍ਹਾਈਆ । ਜਿਸ ਨੇ ਬਦਲ ਦੇਣਾ ਕਾਨੂੰਨ, ਦੋ ਜਹਾਨਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਨਜ਼ਰ ਦਏ ਬਦਲਾਈਆ । ਮਾਲਾ ਕਹੇ ਮੈਂ ਆਉਣਾ ਉਸ ਹੱਥ, ਜਿਸ ਹੱਥ ਮਿਲੇ ਵਡਿਆਈਆ । ਮੈਨੂੰ ਵੇਖੇ ਪੁਰਖ ਸਮਰਥ, ਦੂਜੇ ਨਜ਼ਰ ਕਿਸੇ ਨਾ ਆਈਆ । ਭਗਤ ਭਗਵਾਨ ਦਾ ਸਾਂਝਾ ਗਾਵਾਂ ਜਸ, ਸਿਫ਼ਤਾਂ ਵਿਚ ਸਾਲਾਹੀਆ । ਭਗਤਾਂ ਦੀ ਅੰਦਰ ਵੜ ਕੇ ਖੋਲ੍ਹਾਂ ਅੱਖ, ਬਜਰ ਕਪਾਟੀ ਦਿਆਂ ਤੁੜਾਈਆ । ਮਾਲਕ ਵਖਾਵਾਂ ਪ੍ਰਤੱਖ, ਦਾਤਾ ਧੁਰਦਰਗਾਹੀਆ । ਨੌਂ ਖੰਡ ਪ੍ਰਿਥਮੀ ਦੇ ਭਾਂਡੇ ਕਰ ਕੇ ਸੱਖ, ਸਖਣੇ ਸਾਧ ਸੰਤ ਦਿੱਤੇ ਕਰਾਈਆ । ਪ੍ਰਭ ਦਾ

ਸੰਮਤ ਕੋਈ ਨਾ ਸਕੇ ਲਖ, ਲੱਖ ਕਰੋੜੀ ਖ਼ਾਕ ਦੇਣੇ ਮਿਲਾਈਆ । ਜਨ ਭਗਤਾਂ ਖੋਲ੍ਹ ਕੇ ਧਰਮ ਦਾ ਹੱਟ, ਸਚ ਵਣਜਾਰਾ ਜੋੜ ਜੁੜਾਈਆ । ਚਾਰ ਜੁਗ ਜਿਹੜੇ ਗੁਰ ਅਵਤਾਰ ਪੈਗ਼ੰਬਰਾਂ ਤੋਂ ਗਏ ਨੱਠ, ਫੜ ਕੇ ਸਹਿਜੇ ਮੇਲ ਮਿਲਾਈਆ । ਹਾੜ੍ਹ ਸਤਾਰਾਂ ਕਰ ਇਕੱਠ, ਇਕੱਠਿਆਂ ਪੜਦਾ ਦੇਣਾ ਖੁਲ੍ਹਾਈਆ । ਕਰ ਪ੍ਰਕਾਸ਼ ਜੋਤ ਲਟ ਲਟ, ਲਿਟਾਂ ਵਾਲੇ ਸਾਰੇ ਦੇਣੇ ਰੁਲਾਈਆ । ਜਗਤ ਵਾਸਨਾ ਦਾ ਲੇਖਾ ਠੱਪ, ਨਾਮ ਠੱਪਾ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਵੇਲਾ ਦਏ ਸੁਹਾਈਆ । ਮਾਲਾ ਕਹੇ ਜਨ ਭਗਤੋ ਮੈਂ ਆਵਾਂ ਭੱਜੀ, ਭਜਨ ਬੰਦਗੀ ਦਿਆਂ ਕਮਾਈਆ । ਮੇਰੀ ਸਮਝ ਨਾ ਆਈ ਕਿਸੇ ਚਹੁੰ ਜੁਗੀ, ਚਾਰ ਵਰਨ ਅਠਾਰਾਂ ਬਰਨ ਮੇਰੀ ਰਮਜ਼ ਰਹੀ ਗੁੱਝੀ, ਬਿਨ ਗੋਬਿੰਦ ਭੇਵ ਨਾ ਕੋਇ ਖੁਲ੍ਹਾਈਆ । ਮੈਨੂੰ ਫੜ ਕੇ ਅੰਦਰੋਂ ਕਿਸੇ ਦੀ ਧਾਰ ਰਹੇ ਨਾ ਦੂਜੀ, ਦਵੈਤ ਵਿਚ ਨਾ ਕੋਇ ਲੜਾਈਆ । ਮਾਲਕ ਨਾਲ ਮਿਲਾ ਕੇ ਰੁਚੀ, ਰਚਨਾ ਅਗਲੀ ਦਿਆਂ ਵਖਾਈਆ । ਗੁਰਮੁਖ ਧਾਰ ਕਰ ਕੇ ਸੁੱਚੀ, ਸੁਚ ਸੰਜਮ ਦਿਆਂ ਦ੍ਰਿੜਾਈਆ । ਮੈਨੂੰ ਕਦੇ ਕੋਈ ਗੁਰਮੁਖ ਕਿਲੀ ਨਾਲ ਟੰਗੇ ਨਾ ਪੁੱਠੀ, ਬਸਤਿਆਂ ਵਿਚ ਨਾ ਕੋਇ ਬੰਧਾਈਆ । ਸਚ ਪੁਛੋ ਮੈਂ ਜੁਗ ਚੌਕੜੀ ਸਭ ਦੇ ਨਾਲੋਂ ਰਹੀ ਰੁੱਠੀ, ਅੱਖ ਨਾਲ ਅੱਖ ਨਾ ਕੋਇ ਮਿਲਾਈਆ । ਕੋਟਨ ਕੋਟ ਬਹਾ ਕੇ ਵਿਚ ਗੁੱਠੀਂ, ਪੋਟੇ ਪੋਟਿਆਂ ਨਾਲ ਘਸਾਈਆ । ਮੇਰੀ ਯਾਰੀ ਭਗਤਾਂ ਨਾਲੋਂ ਕਦੇ ਨਾ ਟੁੱਟੀ, ਕਬੀਰ ਜੁਲਾਹਾ ਅੰਦਰੋਂ ਦਏ ਗਵਾਹੀਆ । ਰਵਦਾਸ ਚਮਾਰ ਤੋਂ ਇਕ ਦਿਨ ਲੈ ਕੇ ਮੈਂ ਛੁੱਟੀ, ਪੜਦਾ ਚੁੱਕ ਕੇ ਪ੍ਰਭ ਦਾ ਦਰਸ਼ਨ ਪਾਈਆ । ਮੈਂ ਓਸ ਦਿਨ ਦੀ ਗਈ ਲੁੱਟੀ, ਆਪਣਾ ਆਪ ਗਵਾਈਆ । ਮੇਰੀ ਟੁੱਟੀ ਵੇਖੇ ਜੁੱਤੀ, ਭੱਜੀ ਫਿਰਾਂ ਵਾਹੋ ਦਾਹੀਆ । ਜਨ ਭਗਤੋ ਤੁਹਾਡੇ ਘਰਾਂ ਤੋਂ ਖਾ ਕੇ ਰੋਟੀ ਰੁੱਖੀ, ਆਪਣਾ ਝਟ ਲੰਘਾਈਆ । ਮੈਂ ਭਾਗ ਲਗਾਉਣਾ ਓਨ੍ਹਾਂ ਕੁੱਖੀਂ, ਜਿਸ ਕੁੱਖਾਂ ਵਿਚੋਂ ਮਿਲੀ ਵਡਿਆਈਆ । ਜਿਸ ਤੁਹਾਨੂੰ ਅਗਲੇ ਘਰ ਵਸਾਉਣਾ ਸੁਖੀ, ਸਚਖੰਡ ਦਵਾਰੇ ਵੱਜੀ ਵਧਾਈਆ । ਕੁਛ ਲਹਿਣਾ ਹੋਰ ਪੰਜ ਮੁਖੀ, ਪੰਜਾਂ ਨਾਲ ਦਿਆਂ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਮਾਲਾ ਕਹੇ ਮੈਨੂੰ ਨਾ ਕਿਹੋ ਤਸਬੀ, ਮੁਤੱਸਬ ਵਿਚ ਨਾ ਕੋਇ ਲੜਾਈਆ । ਮੈਂ ਪੜ੍ਹਨ ਗਈ ਕਦੀ ਨਹੀਂ ਅਰਬੀ, ਇਲਮ ਵਿਚ ਨਾ ਕੋਇ ਸ਼ਨਵਾਈਆ । ਮੇਰੀ ਵੇਖੀ ਕਿਸੇ ਨਹੀਂ ਵਰਦੀ, ਜੁਗ ਜੁਗ ਵੇਸ ਵਟਾਈਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਮੈਂ ਸਭ ਤੋਂ ਰਹੀ ਡਰਦੀ, ਅੰਦਰ ਵੜ ਕੇ ਝਟ ਲੰਘਾਈਆ । ਕਲਜੁਗ ਵਿਚ ਸ਼ਰਮ ਨਾਲ ਮਰਦੀ, ਮੁੱਲਾਂ ਸ਼ੇਖ ਮੁਸਾਇਕ ਮੈਨੂੰ ਫੜ ਕੇ ਝੂਠੀਆਂ ਕਸਮਾਂ ਰਹੇ ਖਾਈਆ । ਮੈਂ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਅੱਗੇ ਪਾਈ ਆਪਣੀ ਅਰਜ਼ੀ, ਆਰਜ਼ੂ ਇਕੋ ਦਿਤੀ ਸੁਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜੇ ਸਚ ਪੁਛੇਂ ਮੇਰੀ ਭਗਤਾਂ ਨਾਲ ਮਰਜੀ, ਦੂਜੇ ਨਾਲ ਕਦੇ ਨਾ ਕਰਾਂ ਕੁੜਮਾਈਆ । ਮੇਰੇ ਮਣਕੇ ਫੇਰਨੇ ਜਗ ਦੀ ਖੇਲ ਕੂੜ ਕੁੜਿਆਰ ਹੜ੍ਹਦੀ, ਹਉਕਿਆਂ ਨਾਲ ਸੁਣਾਈਆ । ਜੇ ਸਚ ਪੁਛੇਂ ਮੈਂ ਦੁਸ਼ਟ ਦਮਨ ਦੇ ਹੱਥ ਵਿਚ ਤੇਰਾ ਨਾਉਂ ਪੜ੍ਹਦੀ, ਸੋਹੰ ਢੋਲਾ ਗਾਈਆ । ਮੈਨੂੰ ਸੁਰਤ ਖ਼ਬਰ ਪ੍ਰਭੂ ਤੇਰੇ ਘਰ ਦੀ, ਘਰਾਨੇ ਗੁਰਮੁਖਾਂ ਦੇ ਬਹਿ ਦੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਵਿਚ ਲਗਾਈਆ । ਮਾਲਾ ਕਹੇ ਮੈਂ ਹੋਣ ਆਉਣਾ ਸੁਹਾਗਣ, ਆਪਣਾ ਰੂਪ ਬਦਲਾਈਆ । ਜੋ ਗੁਰਮੁਖ ਕਲਜੁਗ ਅੰਤਮ ਜਾਗਣ, ਨਿਜ ਨੇਤਰ ਅੱਖ ਖੁਲ੍ਹਾਈਆ । ਸੁਰਤੀ ਅੰਦਰੋਂ

ਹੋਏ ਵੈਰਾਗਣ, ਵੈਰੀ ਕੂੜ ਮਿਟਾਈਆ । ਮਾਰਨ ਸਚ ਆਵਾਜ਼ਣ, ਸਾਚਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਸਿਰ ਮੇਰੇ ਹੱਥ ਰੱਖੇ ਪਰਵਰਦਿਗਾਰ, ਮਾਲਕ ਧੁਰਦਰਗਾਹੀਆ । ਮੈਂ ਆਵਾਂ ਓਸ ਦਰਬਾਰ, ਜਿਸ ਦਰ ਇਕੋ ਨੂਰ ਨਜ਼ਰੀ ਆਈਆ । ਸੂਫ਼ੀ ਸੰਤ ਫ਼ਕੀਰ ਗਾਵਣ ਹਕ ਜੈਕਾਰ, ਢੋਲਾ ਧੁਰਦਰਗਾਹੀਆ । ਕਰਾਂ ਆ ਕੇ ਨਿਮਸਕਾਰ, ਡੰਡਾਵਤ ਬੰਦਨਾ ਸੀਸ ਨਿਵਾਈਆ । ਤੂੰਹੀ ਮਿਹਰਵਾਨ ਮਾਲਕ ਇਕ ਭਗਵਾਨ, ਜਨ ਭਗਤਾਂ ਦੇ ਪਹਿਚਾਨ, ਬੇਪਹਿਚਾਨ ਪੜਦਾ ਲਾਹੀਆ । ਵਕਤ ਸੁਹੰਜਣਾ ਹੋਵੇ ਆਣ, ਰੁਤੜੀ ਇਕ ਮਹਿਕਾਈਆ । ਸਵਾ ਸੇਰ ਸੋਹੇ ਪਕਵਾਨ, ਪਾਰਬ੍ਰਹਮ ਤੇਰਾ ਜਸ ਸੁਣਾਈਆ । ਅਗਲਾ ਖੇਲ ਹੋਣਾ ਮਹਾਨ, ਜਿਸ ਦਾ ਬਿਆਨ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਲਾ ਕਹੇ ਮੈਂ ਹੋਰ ਦੱਸਾਂ ਵਿਚਾਰ, ਜਿਸ ਨੂੰ ਵਿਚਰੇ ਕੋਈ ਨਾ ਰਾਈਆ । ਜਿਸ ਵੇਲੇ ਚੜ੍ਹੀ ਉਤੇ ਪਹਾੜ, ਆਪਣਾ ਪੰਧ ਮੁਕਾਈਆ । ਵੇਖ ਜੰਗਲ ਪਹਾੜ, ਪ੍ਰਭਾਸ ਰਿਹਾ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਅੱਖ ਰਿਹਾ ਖੁਲ੍ਹਾਈਆ । ਮਾਲਾ ਕਹੇ ਮੈਂ ਚੜ੍ਹ ਗਈ ਓਸ ਚੋਟੀ, ਜਿਥੇ ਚੋਟੀਆਂ ਰਹੇ ਮੁਨਾਈਆ । ਰਾਹ ਤੱਕਣ ਕੋਟਨ ਕੋਟੀ, ਕੁਟੀਆ ਸਮਝ ਕਿਸੇ ਨਾ ਆਈਆ । ਪ੍ਰਭ ਦਾ ਦਿਸੇ ਕੋਈ ਨਾ ਗੋਤੀ, ਜੋਤ ਜੋਤ ਨਾ ਕੋਇ ਰੁਸ਼ਨਾਈਆ । ਥੋੜ੍ਹੀ ਜਿਹੀ ਸਮਝ ਮੈਨੂੰ ਦਿਤੀ ਰਵਦਾਸ ਚਮਾਰੇ ਮੋਚੀ, ਮੁਸ਼ਕਲ ਹੱਲ ਕਰਾਈਆ । ਮੈਂ ਰੱਖ ਕੇ ਹੱਥ ਉਪਰ ਠੋਡੀ, ਸੋਚਾਂ ਵਿਚ ਆਪਣਾ ਆਪ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਵਖਾਈਆ । ਮਾਲਾ ਕਹੇ ਮੇਰਾ ਮਣਕਾ ਪਿਆ ਬੋਲ, ਬ੍ਰਹਮੇ ਸ਼ਿਵ ਰਿਹਾ ਸੁਣਾਈਆ । ਆਉ ਮੇਰੇ ਕੋਲ, ਕੁਲ ਮਾਲਕ ਦਿਆਂ ਦ੍ਰਿੜਾਈਆ । ਜਿਸ ਦੇ ਵਿਚ ਨਹੀਂ ਕੋਈ ਪੋਲ, ਖ਼ਾਲੀ ਘਰ ਨਾ ਕੋਇ ਵਖਾਈਆ । ਤੋਲਣਹਾਰਾ ਧੁਰ ਦੇ ਤੋਲ, ਤੋਲਾ ਇਕੋ ਨਜ਼ਰੀ ਆਈਆ । ਸਦ ਬੈਠਾ ਰਹੇ ਅਡੋਲ, ਦਰਗਾਹ ਸਾਚੀ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਮਾਲਾ ਕਹੇ ਮੇਰੇ ਅੰਦਰ ਲੱਗੀ ਅਗਨ, ਬਿਰਹੋਂ ਰਹੀ ਸਤਾਈਆ । ਜਿਸ ਵੇਲੇ ਹੇਮਕੁੰਡ ਜੋਤੀ ਲੱਗੀ ਜਗਣ, ਨੂਰ ਕਰੇ ਰੁਸ਼ਨਾਈਆ । ਮੈਂ ਕਿਹਾ ਕੁਛ ਲੈ ਕੇ ਜਾਵਾਂ ਸਗਨ, ਭੱਜਾਂ ਚਾਈਂ ਚਾਈਆ । ਪੈਰਾਂ ਤੋਂ ਹੋਵਾਂ ਨਗਨ, ਲਾਲ ਓਢਣ ਸੀਸ ਟਿਕਾਈਆ । ਓਸ ਨੂੰ ਜਾਵਾਂ ਸੱਦਣ, ਜਿਹੜਾ ਵੇਖਿਆਂ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਕਹਿੰਦੇ ਗੋਪਾਲ ਮੋਹਨ ਮੂਰਤ ਮਦਨ, ਨੂਰ ਵਿਚ ਚਮਕਾਈਆ । ਜਿਸ ਦੇ ਨਗਾਰੇ ਦੋ ਜਹਾਨਾਂ ਵੱਜਣ, ਤਾਲ ਤਲਵਾੜਾ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਦਿਤੀ ਲਗਾਈਆ । ਮਾਲਾ ਕਹੇ ਮੈਂ ਲੈ ਕੇ ਸਿਰ ਤੇ ਲਾਲ ਚੁੰਨੀ, ਭੱਜਾਂ ਵਾਹੋ ਦਾਹੀਆ । ਮੈਨੂੰ ਵੇਖਣ ਰਿਖੀ ਮੁਨੀ, ਕੰਦਰਾਂ ਵਿਚ ਅੱਖ ਖੁਲ੍ਹਾਈਆ । ਮੈਂ ਹੱਸ ਕੇ ਕਿਹਾ ਤੁਸੀਂ ਰੋਵੋ ਅੱਖ ਵਿਚ ਦੇ ਘਸੁੰਨੀ, ਲੋਚਣ ਸਕੇ ਨਾ ਕੋਇ ਉਠਾਈਆ । ਤੁਸੀਂ ਲੱਭਦੇ ਪ੍ਰਭ ਨੂੰ ਵਿਚੋਂ ਧੁਨੀ, ਆਸਾ ਵਿਚ ਵਡਿਆਈਆ । ਮੂਰਖੋ (ਤੁਸੀਂ) ਗਾਉਂਦੇ ਨਾਲ ਬੁੱਲੀਂ, ਮੇਰੇ ਮਣਕੇ ਰਹੇ ਘੁੰਮਾਈਆ । ਮੈਂ ਓਸ ਦੇ ਚਰਨਾਂ ਉਤੇ ਰੁਲੀ, ਜਿਹੜਾ ਪ੍ਰਭ ਦੇ ਭਾਣੇ ਵਿਚ ਆਪਣਾ ਆਪ ਲਗਾਈਆ । ਜਿਸ ਦੇ ਉਤੇ ਅੰਮ੍ਰਿਤ ਧਾਰ ਡੁੱਲ੍ਹੀ, ਵਹਿਣ ਵਗੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ

ਕਮਾਈਆ । ਮਾਲਾ ਕਹੇ ਮੈਂ ਜਾਣਾ ਕੋਲ ਦੁਸ਼ਟ ਦਮਨ, ਦਾਮਨ ਅੰਚਲ ਆਪਣਾ ਨਾਲ ਬੰਧਾਈਆ । ਸੋਹਣਾ ਵਖਾਉਣਾ ਜਾ ਕੇ ਚਮਨ, ਗੁਲਸ਼ਨ ਇਕ ਮਹਿਕਾਈਆ । ਜਿਥੇ ਪ੍ਰੇਮ ਦਾ ਹੋਵੇ ਅਮਨ, ਸੁਖ ਸਾਗਰ ਵਿਚ ਸਮਾਈਆ । ਕੂੜੀ ਕਿਰਿਆ ਵਾਲੇ ਕੰਬਣ, ਸਿਰ ਸਕੇ ਨਾ ਕੋਇ ਉਠਾਈਆ । ਓਸ ਦਵਾਰੇ ਦਾ ਕਰਨਾ ਜਾ ਕੇ ਮਜਨ, ਆਪਣਾ ਫੇਰਾ ਪਾਈਆ । ਜਿਥੇ ਲੱਭ ਜਾਏ ਮੇਰਾ ਸੱਜਣ, ਖ਼ੁਸ਼ੀ ਮਨਾਵਾਂ ਚਾਈਂ ਚਾਈਂਆ । ਫੇਰ ਕਿਤੇ ਨਾ ਜਾਵਾਂ ਲੱਭਣ, ਬ੍ਰਹਿਮੰਡ ਖੰਡ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਮਾਲਾ ਕਹੇ ਜਾਂ ਮੈਂ ਕਰੀ ਪਹਿਚਾਨ, ਆਪਣੀ ਅੱਖ ਖੁਲ੍ਹਾਈਆ । ਮੈਂ ਵੇਖ ਕੇ ਹੋਈ ਹੈਰਾਨ, ਮੇਰਾ ਨੈਣ ਰਿਹਾ ਸ਼ਰਮਾਈਆ । ਬਿਨਾ ਤੱਤਾਂ ਤੋਂ ਨੌਜਵਾਨ, ਸੂਰਾ ਸੋਹਣਾ ਨਜ਼ਰੀ ਆਈਆ । ਮੁਹੱਬਤ ਵਿਚ ਮਿਹਰਵਾਨ, ਮਹਿਬੂਬ ਰਿਹਾ ਮਿਲਾਈਆ । ਮੈਂ ਬਣ ਕੇ ਬਾਲ ਨਾਦਾਨ, ਸੀਸ ਦਿਤਾ ਝੁਕਾਈਆ । ਓਸ ਹੱਸ ਕੇ ਕਿਹਾ ਕੀ ਲਿਆਂਦਾ ਪੀਣ ਖਾਣ, ਪੜਦਾ ਦੇ ਉਠਾਈਆ । ਮੈਂ ਅੰਦਰ ਮਾਰਿਆ ਧਿਆਨ, ਨਿਗਾਹ ਚਰਨ ਕਵਲ ਟਿਕਾਈਆ । ਹੱਥ ਆ ਗਏ ਮੇਰੇ ਬਾਦਾਮ, ਦੁਸ਼ਟ ਦਮਨ ਅੱਗੇ ਟਿਕਾਈਆ । ਸਚ ਕਰ ਕੇ ਸਚ ਕੀਤਾ ਪ੍ਰਵਾਨ, ਸਤਿ ਦਿਤਾ ਸਮਝਾਈਆ । ਓ ਮਾਲਾ, ਬਿਨਾ ਮੇਰੇ ਕਿਸੇ ਨਾ ਆਵੇ ਗਿਆਨ, ਤੇਰੀ ਕਰਨੀ ਕੰਮ ਕਿਸੇ ਨਾ ਆਈਆ । ਮੇਰਾ ਗੋਬਿੰਦ ਹੋਵੇ ਨਿਸ਼ਾਨ, ਕਲਗੀ ਵਾਲਾ ਨਾਉਂ ਪਰਗਟਾਈਆ । ਸੁਤ ਦੁਲਾਰਾ ਵਿਚ ਜਹਾਨ, ਮਾਲਕ ਬਣੇ ਧੁਰ ਦਾ ਮਾਹੀਆ । ਚਿੱਲਾ ਲੈ ਕੇ ਤੀਰ ਕਮਾਨ, ਸ਼ਸਤਰ ਧਾਰੀ ਵੇਸ ਵਟਾਈਆ । ਛੱਡ ਕੇ ਮੰਦਰ ਮਕਾਨ, ਦੀਨ ਦੁਨੀ ਦਾ ਪੰਧ ਚੁਕਾਈਆ । ਖ਼ਾਨਦਾਨ ਦਾ ਦੇ ਕੇ ਬਲੀਦਾਨ, ਬੰਸ ਸਰਬੰਸ ਦਏ ਲੁਟਾਈਆ । ਗੁਰਮੁਖਾਂ ਹੋ ਕੇ ਮਿਹਰਵਾਨ, ਆਪਣੀ ਗੋਦ ਉਠਾਈਆ । ਅੱਗੇ ਦੇ ਕੇ ਜਾਵੇ ਫ਼ਰਮਾਨ, ਸੰਦੇਸਾ ਇਕ ਸੁਣਾਈਆ । ਜਿਸ ਵੇਲੇ ਮੇਰਾ ਆਵੇ ਸ੍ਰੀ ਭਗਵਾਨ, ਨਿਰਗੁਣ ਦਾਤਾ ਧੁਰਦਰਗਾਹੀਆ । ਲਹਿਣਾ ਦੇਣਾ ਚੁਕਾਵੇ ਵਿਚ ਜਹਾਨ, ਲੇਖਾ ਅਵਰ ਰਹੇ ਨਾ ਰਾਈਆ । ਇਕ ਦੋ ਦਾ ਮੇਲਾ ਕਰੇ ਆਣ, ਜੋੜਾ ਜੁਟ ਖੋਪਰਾ ਦਏ ਗਵਾਹੀਆ । ਇਹ ਓਸ ਦੀ ਹੋਵੇ ਪਹਿਚਾਣ, ਮਾਛੂਵਾੜੇ ਜਾਏ ਸਮਝਾਈਆ । ਇਕ ਚਿਊਂਟੀ ਕਰ ਪਰਵਾਨ, ਦੋਆਬੇ ਵਾਲਿਆਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਮਾਲਾ ਕਹੇ ਮੈਂ ਗਈ ਖ਼ਾਲੀ ਹੱਥ, ਧੂੜ ਚਰਨਾਂ ਨਜ਼ਰੀ ਆਈਆ । ਦੁਸ਼ਟ ਦਮਨ ਪੁੱਟ ਕੇ ਅੱਖ, ਮੇਰੇ ਵੱਲ ਨੈਣ ਉਠਾਈਆ । ਮੈਂ ਤੱਕਿਆ ਉਪਰ ਛੱਤ, ਛੱਪਰ ਛੰਨ ਨਾ ਕੋਇ ਛੁਹਾਈਆ । ਥੱਲੇ ਵੇਖਿਆ ਝਟ, ਧਰਨੀ ਧਰਤ ਧੌਲ ਧਵਲ ਨਾ ਕੋਇ ਵਡਿਆਈਆ । ਮੇਰੇ ਅੰਤਰ ਵੱਜੀ ਸੱਟ, ਸੁਰਤੀ ਦਿਤੀ ਬਦਲਾਈਆ । ਮੈਂ ਭੱਜ ਕੇ ਗਈ ਨੱਠ, ਚਿੱਟਾ ਰੁਮਾਲ ਹੱਥ ਉਠਾਈਆ । ਚਰਨ ਕਵਲਾਂ ਉਤੇ ਢੱਠ, ਸਾਫ਼ ਸੁਥਰੇ ਕਰ ਕੇ ਧੂੜੀ ਮਸਤਕ ਲਾਈਆ । ਮੇਰੀ ਖੁਲ੍ਹ ਗਈ ਅੱਖ, ਅਗਲਾ ਲੇਖਾ ਦਿਤਾ ਵਖਾਈਆ । ਇਕ ਹੌਲੀ ਜਿਹੀ ਚਪੇੜ ਮਾਰੀ ਝਟ, ਮੇਰਾ ਪਾਸਾ ਦਿਤਾ ਬਦਲਾਈਆ । ਮਾਲਾ ਕਹੇ ਮੈਂ ਦੋਵੇਂ ਹੱਥ ਮਾਰ ਕੇ ਉਤੇ ਪੱਟ, ਦੁਹੱਥੜ ਦਿਤੀ ਲਗਾਈਆ । ਦੁਸ਼ਟ ਦਮਨ ਕਿਹਾ ਕਮਲੀਏ ਵੇਖ ਕਿਨਾਰਾ ਤੱਟ, ਸਦੀ ਬੀਸਵੀਂ ਦਿਤੀ ਸਮਝਾਈਆ । ਪਰਗਟ ਹੋਇਆ ਪੁਰਖ ਸਮਰਥ, ਜਗਤ ਜਗਦੀਸ਼ ਨਜ਼ਰੀ ਆਈਆ । ਜਾਂ ਤੱਕਿਆ ਭਗਤਾਂ ਦੇ ਅੰਦਰ ਰਿਹਾ ਵਸ, ਦੂਜਾ ਥਾਂ ਨਾ ਕੋਇ ਸੁਹਾਈਆ । ਮਾਲਾ ਕਹੇ ਮੇਰੇ ਮਣਕਿਆਂ ਦੀ ਚਾਲ ਹੋ ਗਈ ਬੱਸ, ਅਗਲਾ ਕਦਮ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਾਲਾ ਕਹੇ ਜਿਸ ਵੇਲੇ ਮੈਂ ਖੱਟੀ ਇਹ ਖੱਟੀ, ਮੇਰਾ ਖਟਕਾ ਰਿਹਾ ਨਾ ਰਾਈਆ । ਦੁਸ਼ਟ ਦਮਨ ਨੇ ਮੇਰੀਆ ਅੱਖਾਂ ਉਤੇ ਬੰਨ੍ਹ ਦਿਤੀ ਪੀਲੀ ਪੱਟੀ, ਪਟਨੇ ਦਾ ਲੇਖਾ ਦਿਤਾ ਸਮਝਾਈਆ । ਕਮਲੀਏ ਹੁਣ ਕਦੀ ਨਾ ਭਰੀਂ ਕਿਸੇ ਦੀ ਚੱਟੀ, ਚਾਰ ਜੁਗ ਦਾ ਲੇਖਾ ਦਿਤਾ ਮੁਕਾਈਆ । ਮੈਂ ਚਰਨਾਂ ਉਤੇ ਢੱਠੀ, ਨੇਤਰ ਨੈਣਾਂ ਨੀਰ ਵਹਾਈਆ । ਓਸ ਵੇਲੇ ਇਕ ਦੇ ਕੇ ਸੁੰਢ ਦੀ ਗੱਠੀ, ਮੇਰੇ ਮੁਖ ਨੂੰ ਦਿਤੀ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਮਾਲਾ ਕਹੇ ਮੈਂ ਵੇਖਿਆ ਇਹ ਨਜ਼ਾਰਾ, ਆਪਣੀ ਨਜ਼ਰ ਲਈ ਬਦਲਾਈਆ । ਨਜ਼ਰ ਆਇਆ ਕਲਜੁਗ ਅੰਤ ਕਿਨਾਰਾ, ਕਾਹਨ ਬੈਠੇ ਢੇਰੀਆਂ ਢਾਹੀਆ । ਪੈਗੰਬਰਾਂ ਚਲੇ ਕੋਈ ਨਾ ਚਾਰਾ, ਸਦੀ ਚੌਧਵੀਂ ਦਏ ਦੁਹਾਈਆ । ਧਰਮ ਦਿਸੇ ਨਾ ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰਦੁਆਰਾ, ਗੁਰਦੇਵ ਸਵਾਮੀ ਇਸ਼ਟ ਨਾ ਕੋਇ ਮਨਾਈਆ । ਅੰਮ੍ਰਿਤ ਜਲ ਨਾ ਦਿਸੇ ਠੰਡਾ ਠਾਰਾ, ਅਗਨੀ ਤਤ ਤਪਾਈਆ । ਮੈਂ ਅੰਦਰੇ ਅੰਦਰ ਕਰੀ ਪੁਕਾਰਾ, ਕੂਕ ਕੂਕ ਦਿਤੀ ਦੁਹਾਈਆ । ਕਿਰਪਾ ਕਰ ਮੇਰੇ ਪਰਵਰਦਿਗਾਰਾ, ਤੇਰੇ ਕਦਮਾਂ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਲਾ ਕਹੇ ਜਿਸ ਵੇਲੇ ਮੈਂ ਕਰ ਕੇ ਹਟੀ ਪੁਕਾਰ, ਅੰਤਰ ਅੰਤਰ ਆਵਾਜ਼ ਸੁਣਾਈਆ । ਓਧਰੋਂ ਇਕ ਨੇਤੀ ਆਇਆ ਜਿਸ ਦੀ ਆਯੂ ਬਰਸ ਇਕ ਸੌ ਚਾਰ, ਮਾਲਾ ਮਣਕੇ ਰਿਹਾ ਭਵਾਈਆ । ਮੈਨੂੰ ਕਹਿੰਦਾ ਤੂੰ ਕਿਥੋਂ ਆਈ ਗਵਾਰ, ਜੰਗਲ ਵਿਚ ਆਪਣਾ ਫੇਰਾ ਪਾਈਆ । ਜੇ ਤੂੰ ਹੋਵੇਂ ਨਾਰ ਮੁਟਿਆਰ, ਕੰਦਰਾਂ ਵਿਚ ਸੁਟਾਈਆ । ਬਣ ਕੇ ਵਿਭਚਾਰ, ਤੇਰਾ ਧਰਮ ਦਿਆਂ ਗਵਾਈਆ । ਉਸ ਅੱਗੋਂ ਕਰ ਕੇ ਨਿਮਸਕਾਰ, (ਕਿਹਾ) ਤੂੰ ਮੇਰਾ ਪਿਤਾ ਮਾਈਆ । ਮੈਂ ਉਸ ਦੇ ਚਰਨਾਂ ਤੋਂ ਬਲਿਹਾਰ, ਜਿਹੜਾ ਧਾਰ ਥੱਲੇ ਆਪਣਾ ਸੀਸ ਟਿਕਾਈਆ । ਓਸ ਕਿਹਾ ਤੂੰ ਕਰ ਨਾ ਹੰਕਾਰ, ਮੈਂ ਪੱਤ ਦਿਆਂ ਮਿਟਾਈਆ । ਮੇਰੇ ਮਣਕਿਆਂ ਦਾ ਵੇਖ ਖੜਕਾਰ, ਇਕ ਸੌ ਅੱਠ ਇਕ ਸੌ ਅੱਠ ਰਿਹਾ ਹਿਲਾਈਆ । ਓਧਰੋਂ ਦੁਸ਼ਟ ਦਮਨ ਨੇ ਕਿਹਾ ਪਰੇ ਹਟ ਦੁਰਾਚਾਰ, ਇੱਕੀਆਂ ਤੋਂ ਬਿਨਾ ਮਿਲੇ ਨਾ ਕਿਸੇ ਵਡਿਆਈਆ । ਓਸੇ ਵੇਲੇ ਹੋ ਗਿਆ ਖ਼ਬਰਦਾਰ, ਨੇਤਰ ਨੈਣਾਂ ਨੀਰ ਵਹਾਈਆ । ਚਰਨਾਂ ਉਤੇ ਡਿੱਗਾ ਮੂੰਹ ਦੇ ਭਾਰ, ਮੇਰੀ ਭੁੱਲ ਲੈਣੀ ਬਖ਼ਸ਼ਾਈਆ । ਭਾਵੇਂ ਹੁਣੇ ਦੇ ਮਾਰ, ਭਾਵੇਂ ਆਪ ਆਪਣੇ ਨਾਲ ਸਦਾ ਲੈ ਬਿਤਾਈਆ । ਮੈਨੂੰ ਵੱਖਰਾ ਰਹਿਣਾ ਦੁਸ਼ਵਾਰ, ਦੁਸ਼ਮਣ ਮਨ ਮੇਰਾ ਕਸਾਈਆ । ਤੂੰ ਜਿੱਤਿਆ ਮੈਂ ਗਿਆ ਹਾਰ, ਹਿਰਦੇ ਹਰਿ ਲਿਆ ਵਸਾਈਆ । ਮਾਲਾ ਸੁੱਟੀ ਹੱਥੋਂ ਬਾਹਰ, ਖ਼ਾਲੀ ਤਾੜੀ ਦਿਤੀ ਵਜਾਈਆ । ਦੁਸ਼ਟ ਦਮਨ ਨਾਲ ਫੜ ਕੇ ਪਿਆਰ, ਛਾਤੀ ਨਾਲ ਲਗਾਈਆ । ਤੇਰਾ ਲੇਖਾ ਵਿਚ ਸੰਸਾਰ, ਪ੍ਰਭ ਦੇ ਨਾਲ ਜੁੜਾਈਆ । ਪਿਛਲੀ ਕਰ ਵਿਚਾਰ, ਬਲ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇ ਚੁਕਾਈਆ । ਜੋਗੀ ਕਹੇ ਮੇਰੀ ਆਯੂ ਇਕ ਸੌ ਚਾਰ ਬਰਸ, ਪਿਛਲੀ ਗਈ ਵਿਹਾਈਆ । ਮਣਕਿਆ ਨਾਲ ਰਿਹਾ ਤਰਸ, ਮੇਰੀ ਆਸਾ ਨਾ ਪੂਰ ਕਰਾਈਆ । ਅੱਜ ਸੁੱਟ ਦਿਤੇ ਉਤੇ ਫ਼ਰਸ਼, ਖ਼ਾਕ ਵਿਚ ਮਿਲਾਈਆ । ਮੇਰੀ ਪੂਰੀ ਕਰ ਦੇ ਭਟਕ, ਤੇਰੇ ਹੱਥ ਵਡਿਆਈਆ । ਦੁਸ਼ਟ ਦਮਨ ਕਿਹਾ ਤੂੰ ਰਹਿਣਾ ਬੇਖਟਕ, ਖਟਕਾ ਰਿਹਾ ਨਾ ਰਾਈਆ । ਜਿਸ ਵੇਲੇ ਪੁਰਖ ਅਕਾਲ ਦਾ ਆਵੇ ਵਕਤ, ਵੇਲੇ ਵਕਤ ਨਾਲ ਵਡਿਆਈਆ । ਲਹਿਣਾ ਦੇਣਾ ਪੂਰਾ ਹੋਵੇ ਵਿਚ ਜਗਤ, ਜਗਜੀਵਣ ਦਾਤਾ ਤੇਰਾ ਲੇਖਾ ਦਏ


੭੧੬
੨੦

ਮੁਕਾਈਆ । ਤੈਨੂੰ ਨਾਰੀ ਦਾ ਜਾਮਾ ਪਾਉਣਾ ਪਏ ਫ਼ਕਤ, ਇਹ ਫ਼ਿਕਰਾ ਸਕੇ ਨਾ ਕੋਇ ਬਦਲਾਈਆ । ਜਨਮ ਤੋਂ ਬਾਦ ਤੇਰੀ ਬਾਈ ਦਿਨ ਪਿਛੋਂ ਹੋਣੀ ਮਰਗ, ਮਰਗ ਤੋਂ ਪਰੇ ਸਵਰਗ ਤੋਂ ਪਰ ਸਾਚੇ ਦਰ ਦਏ ਵਡਿਆਈਆ । ਜੋਗੀ ਕਿਹਾ ਹੋਰ ਮੇਰੀ ਅਰਜ਼, ਉਹ ਵੀ ਦਿਆਂ ਸੁਣਾਈਆ । ਪ੍ਰਭ ਦਰਸ਼ਨ ਦੀ ਮੈਨੂੰ ਗ਼ਰਜ਼, ਏਸੇ ਕਰ ਕੇ ਗੁਰਦਰਸ਼ਨ ਘਰ ਜਨਮ ਦਵਾਈਆ । ਮਰਨ ਤੋਂ ਪਹਿਲੋਂ ਕਰੀਂ ਤਰਸ, ਮਿਹਰ ਨਜ਼ਰ ਉਠਾਈਆ । ਮਾਲਾ ਪਈ ਤੜਪ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇਣਾ ਮੁਕਾਈਆ । ਮਾਲਾ ਕਹੇ ਮੇਰੀ ਅਰਜ਼ ਕਰ ਮਨਜ਼ੂਰ, ਮਿਹਰ ਨਜ਼ਰ ਉਠਾਈਆ । ਸਤਿਗੁਰ ਸਦਾ ਬਖ਼ਸ਼ੇ ਕਸੂਰ, ਪਾਪੀਆਂ ਪਾਰ ਲੰਘਾਈਆ । ਤੇਰਾ ਧੁਰ ਦਾ ਇਹ ਦਸਤੂਰ, ਦੁਸ਼ਟਾਂ ਹੋਏਂ ਸਹਾਈਆ । ਤੋੜ ਗੜ੍ਹ ਗ਼ਰੂਰ, ਜਿਸ ਸਿਖਿਆ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦੇਣਾ ਵਖਾਈਆ । ਮਾਲਾ ਕਹੇ ਮੇਰਾ ਰੱਖ ਮਾਣ, ਨਿਮਾਣੀ ਹੋ ਸੁਣਾਈਆ । ਜੇ ਜਨਮ ਦੇਵੇਂ ਵਿਚ ਜਹਾਨ, ਜਹਾਨ ਅਗਲਾ ਤੇਰਾ ਨਜ਼ਰੀ ਆਈਆ । ਜੇ ਹੋਵੇਂ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜ਼ਿੰਦਗੀ ਦਾ ਦੇ ਕੇ ਦਾਨ, ਆਪਣੇ ਰੰਗ ਰੰਗਾਈਆ । ਦੁਸ਼ਟ ਦਮਨ ਕਿਹਾ ਅਗਲਾ ਖੇਲ ਮਹਾਨ, ਗੋਬਿੰਦ ਹੱਥ ਵਡਿਆਈਆ । ਜਿਹੜਾ ਮਾਛੂਵਾੜੇ ਕਰੇ ਕਲਿਆਣ, ਬਣ ਕੇ ਧਰਮ ਗੋਸਾਈਆਂ । ਓਨ੍ਹਾਂ ਜਨਮ ਦੇਵੇਂ ਜਹਾਨ, ਜੋ ਚੀਉਂਟੀ ਰੂਪ ਨਜ਼ਰੀ ਆਈਆ । ਓਨ੍ਹਾਂ ਦਾ ਲਹਿਣਾ ਕਰ ਪਰਵਾਨ, ਸ਼ਬਦ ਸੰਦੇਸੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਕਰਮ ਦਏ ਵਡਿਆਈਆ । ਮਾਲਾ ਕਹੇ ਹੋਵਣ ਵਡ ਭਾਗ, ਵਡ ਭਾਗ ਮਿਲੇ ਵਡਿਆਈਆ । ਜੇ ਤੇਰਾ ਜੋਤ ਜਗੇ ਚਿਰਾਗ਼, ਦੀਪ ਹੋਵੇ ਰੁਸ਼ਨਾਈਆ । ਓਨ੍ਹਾ ਪੋਹ ਨਾ ਸਕੇ ਆਗ, ਅਗਨੀ ਤਤ ਨਾ ਕੋਇ ਤਪਾਈਆ । ਦੂਜਾ ਹੋਰ ਨਹੀਂ ਜੋ ਤੇਰੇ ਤੋਂ ਆਵੇ ਬਾਅਦ, ਤੇਰਾ ਨੂਰ ਧੁਰ ਦਾ ਨਜ਼ਰੀ ਆਈਆ । ਮੁਸ਼ਕਲ ਨਹੀਂ ਇਕ ਖੇੜਾ ਕਰਨਾ ਆਬਾਦ, ਤਨ ਉਜੜਿਆ ਘਰ ਵਸਾਈਆ । ਤੇਰੇ ਪ੍ਰੇਮ ਦਾ ਹੋਵੇ ਸੁਹਾਗ, ਤੇਰਾ ਨੇਮ ਵੱਜੇ ਵਧਾਈਆ । ਮਾਝਾ ਮਾਲਵਾ ਇਕੱਠਾ ਹੋਵੇ ਸਾਕ, ਵਸਤੂ ਸੋਹਣੀ ਭੇਟ ਚੜ੍ਹਾਈਆ । ਪੂਰਬਲੇ ਜਨਮ ਦਾ ਇਤਫ਼ਾਕ, ਮੇਲਾ ਆਪਣੇ ਵਿਚੋਂ ਮਿਲਾਈਆ । ਲਹਿਣਾ ਦੇਣਾ ਕਰ ਬੇਬਾਕ, ਹਿਸਾਬ ਅਗਲਾ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਕਦੀ ਹੋਣ ਨਾ ਦੇਵੇ ਉਦਾਸ, ਉਦਾਸੀ ਵਿਚੋਂ ਜਮ ਕੀ ਫਾਸੀ ਦਏ ਕਟਾਈਆ ।

★ ੨ ਜੇਠ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸਤਿਜੁਗ ਕਹੇ ਪ੍ਰਭ ਮੇਰੀ ਇਕ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਸਤਿ ਧਰਮ ਦਾ ਬਖ਼ਸ਼ ਸੰਗ, ਕੂੜੀ ਕਿਰਿਆ ਪੰਧ ਮੁਕਾਈਆ । ਪ੍ਰੇਮ ਪ੍ਰੀਤੀ ਚਾੜ੍ਹ ਰੰਗ, ਅਨਡਿੱਠੜੇ ਆਪ ਰੰਗਾਈਆ । ਤੇਰਾ ਮੇਲਾ ਹੰ ਬ੍ਰਹਮ, ਪਾਰਬ੍ਰਹਮ ਧੁਰ ਦੇ ਸਚ ਗੋਸਾਈਆਂ । ਜਨ ਭਗਤਾਂ ਦੇ ਜਨਮ, ਜਰਮ ਮੇਰੇ ਨਾਲ ਮਿਲਾਈਆ । ਝਗੜਾ ਮੁਕੇ ਚਾਰ ਵਰਨ, ਬਰਨ ਸ਼ਰਅ ਨਾ ਕੋਇ ਲੜਾਈਆ । ਪੁਰਖ ਅਕਾਲ ਤੇਰੀ ਹੋਵੇ ਸਰਨ, ਦੂਜੀ ਓਟ ਨਾ ਕੋਇ ਰਖਾਈਆ । ਅੰਤਰ ਢੋਲਾ ਸਾਚਾ ਪੜ੍ਹਨ, ਹੁਕਮ ਧੁਰਦਰਗਾਹੀਆ । ਆਪਣਾ ਕੌਲ ਇਕਰਾਰ ਪੂਰਾ ਕਰ ਪਰਨ, ਪਰਮ ਪੁਰਖ

ਸ਼ਹਿਨਸ਼ਾਹੀਆ । ਦਰ ਠਾਂਡੇ ਆਇਆ ਸਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮਾਰਗ ਇਕ ਉਪਜਾਈਆ । ਸਤਿਜੁਗ ਕਹੇ ਪ੍ਰਭ ਬਖ਼ਸ਼ ਸਹਾਰਾ, ਸਹਾਇਤਾ ਤੇਰੀ ਨਜ਼ਰੀ ਆਈਆ । ਸਤਿ ਧਰਮ ਦੀ ਚਲੇ ਧਾਰਾ, ਦਵੈਤ ਅੰਦਰੋਂ ਦੇਣੀ ਚੁਕਾਈਆ । ਘਰ ਮੰਦਰ ਹੋਵੇ ਉਜਿਆਰਾ, ਗ੍ਰਿਹ ਭੀਤਰ ਤੇਰੀ ਰੁਸ਼ਨਾਈਆ । ਤੇਰੇ ਨਾਮ ਦਾ ਇਕ ਜੈਕਾਰਾ, ਜੋਗੀ ਜੋਗੀਸ਼ਰ ਢੋਲਾ ਗਾਈਆ । ਤੂੰ ਸਭ ਦਾ ਸਾਂਝਾ ਯਾਰਾ, ਲਾਸ਼ਰੀਕ ਇਕ ਅਖਵਾਈਆ । ਤੇਰੇ ਦਰ ਮੇਰੀ ਨਮਸਕਾਰਾ, ਡੰਡੌਤ ਬੰਦਨਾ ਸੀਸ ਝੁਕਾਈਆ । ਪਾਰਬ੍ਰਹਮ ਬੇਐਬ ਪਰਵਰਦਿਗਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਦੇਣਾ ਚਲਾਈਆ । ਸਤਿਜੁਗ ਕਹੇ ਪ੍ਰਭ ਮੇਰੀ ਪਾ ਧਰਮ ਦੀ ਗੰਢ, ਧਰਮਾਤਮਾ ਭਗਤ ਲੈ ਪਰਗਟਾਈਆ । ਜਿਨ੍ਹਾਂ ਨਾਲ ਮੇਰੀ ਪ੍ਰੀਤੀ ਜਾਏ ਹੰਢ, ਅੱਗੇ ਡੋਰ ਨਾ ਕੋਇ ਤੁੜਾਈਆ । ਤੇਰੇ ਪ੍ਰਕਾਸ਼ ਦਾ ਚਮਕੇ ਚੰਦ, ਨੂਰ ਨੁਰਾਨਾ ਡਗਮਗਾਈਆ । ਜਿਧਰ ਵੇਖਾਂ ਦਿਸੇ ਸੰਗ, ਸਗਲਾ ਸੰਗ ਬਣਾਈਆ । ਤੇਰੇ ਹੁਕਮ ਦਾ ਹੋਵੇ ਇਕੋ ਕਾਰਜ ਅਨੰਦ, ਅਨੰਦ ਕਾਰਜ ਕਰਮ ਕਾਂਡ ਵਿਚੋਂ ਬਾਹਰ ਕਢਾਈਆ । ਭਾਗ ਲੱਗੇ ਕਾਇਆ ਮਾਟੀ ਕਾਚੀ ਵੰਗ, ਵਾਹਵਾ ਤੇਰੀ ਵੱਜੇ ਵਧਾਈਆ । ਤੂੰ ਸਾਹਿਬ ਸੂਰਾ ਸਰਬੰਗ, ਸੁਰਤੀ ਸੁਰਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰਸਤਾ ਦੇਣਾ ਖੁਲ੍ਹਾਈਆ । ਸਤਿਜੁਗ ਕਹੇ ਮੇਰੀ ਆਸਾ ਮਨਸਾ ਹੁੰਦੀ ਰਹੇ ਪੂਰੀ, ਪੂਰਨ ਬ੍ਰਹਮ ਦੇਣਾ ਦ੍ਰਿੜਾਈਆ । ਜਗਤ ਨਾਤਾ ਸਦਾ ਤੇਰੀ ਹਜ਼ੂਰੀ, ਹਾਜ਼ਰ ਹਰ ਘਟ ਸੋਭਾ ਪਾਈਆ । ਮੇਰੀ ਲੇਖੇ ਲਾਉਣੀ ਮਜ਼ਦੂਰੀ, ਸੇਵਕ ਹੋ ਕੇ ਸੇਵ ਕਮਾਈਆ । ਜਨ ਭਗਤਾਂ ਦੱਸਣਾ ਸ੍ਰਿਸ਼ਟੀ ਦੁਨੀਆ ਕੂੜੀ, ਕੂੜ ਕੁਟੰਬ ਬਿਨ ਤੇਰੀ ਕਿਰਪਾ ਕੰਮ ਕਿਸੇ ਨਾ ਆਈਆ । ਤੇਰੇ ਨਾਮ ਦੀ ਇਕ ਹੋਵੇ ਮਸ਼ਹੂਰੀ, ਮਸ਼ਵਰਾ ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਕਲਾ ਰਹੇ ਨਾ ਕੋਇ ਅਧੂਰੀ, ਅਦਲ ਇਨਸਾਫ਼ ਦੇਣਾ ਵਖਾਈਆ । ਸਾਚੀ ਬਖ਼ਸ਼ ਕੇ ਚਰਨ ਧੂੜੀ, ਟਿੱਕਾ ਨਾਮ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਕਹੇ ਪ੍ਰਭ ਮੈਨੂੰ ਅੰਤ ਦੇ ਦਲਾਸਾ, ਵਾਰ ਪਹਿਲੀ ਮੰਗ ਮੰਗਾਈਆ । ਤੇਰੇ ਚਰਨ ਰਹੇ ਭਰਵਾਸਾ, ਭਰਮ ਮਿਟੇ ਕੂੜ ਲੋਕਾਈਆ । ਮੈਂ ਬਣ ਕੇ ਦਾਸੀ ਦਾਸਾ, ਸੇਵਕ ਸਾਚੀ ਸੇਵ ਕਮਾਈਆ । ਜਨ ਭਗਤਾਂ ਦੇਵਾਂ ਸਾਥਾ, ਸਗਲਾ ਸੰਗ ਨਿਭਾਈਆ । ਜੋ ਸੋਹੰ ਗਾਵਣ ਗਾਥਾ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸਤਿਜੁਗ ਕਹੇ ਮੇਰਾ ਜੋੜ ਰਹੇ ਜੁੜਦਾ, ਭਗਤਾਂ ਨਾਲ ਵਡਿਆਈਆ । ਤੇਰੇ ਦਵਾਰੇ ਖ਼ਾਲੀ ਕੋਈ ਨਾ ਮੁੜਦਾ, ਮੋਹਰ ਆਪਣਾ ਨਾਮ ਦੇਣਾ ਲਗਾਈਆ । ਕੱਟ ਅੰਧੇਰਾ ਅੰਧ ਘੋਰ ਦਾ, ਕੂੜੀ ਕਿਰਿਆ ਮਮਤਾ ਚੋਰ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮਾਰਗ ਦੇਣਾ ਸੁਹਾਈਆ । ਸਤਿਜੁਗ ਕਹੇ ਮੇਰਾ ਮਾਰਗ ਹੋਏ ਸੁਹੇਲਾ, ਸੁਹੰਜਣਾ ਇਕੋ ਨਜ਼ਰੀ ਆਈਆ । ਗੁਰਮੁਖਾਂ ਦਾ ਗੁਰਮੁਖਾਂ ਨਾਲ ਹੋਵੇ ਮੇਲਾ, ਕੂੜੀ ਦਿਸੇ ਜਗਤ ਕੁੜਮਾਈਆ । ਤੇਰੀ ਧਾਰ ਦਾ ਆਤਮ ਹੋਵੇ ਚੇਲਾ, ਪਰਮਾਤਮ ਇਸ਼ਟ ਇਕ ਮਨਾਈਆ । ਤੇਰਾ ਰਾਹ ਹੋਵੇ ਨਵੇਲਾ, ਨਵ ਨੌਂ ਸਮਝ ਕਿਸੇ ਨਾ ਪਾਈਆ । ਤੂੰ ਠਾਕਰ ਸੱਜਣ ਸੁਹੇਲਾ, ਸਾਹਿਬ ਸਤਿਗੁਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਜੁਗ ਕਹੇ ਮੇਰਾ ਲਹਿਣਾ ਤੇਰੇ ਹੱਥ, ਦੇਵਣਹਾਰ ਤੇਰੀ

ਵਡਿਆਈਆ । ਤੂੰ ਸਾਹਿਬ ਪੁਰਖ ਸਮਰਥ, ਸਵਾਮੀ ਧੁਰਦਰਗਾਹੀਆ । ਜਨ ਭਗਤ ਪਿਆਰੇ ਬਖ਼ਸ਼ ਆਪਣਾ ਰਸ, ਰਸਤਾ ਇਕੋ ਦੇਣਾ ਵਖਾਈਆ । ਮਨੂਆ ਮਨ ਕਰ ਕੇ ਵਸ, ਵਾਸਤਾ ਧਰਮ ਦਵਾਰੇ ਆਪ ਜੁੜਾਈਆ । ਸਦ ਤੇਰਾ ਗਾਵਣ ਜਸ, ਸਿਫ਼ਤਾਂ ਨਾਲ ਸਾਲਾਹੀਆ । ਤੂੰ ਵਸਣਹਾਰਾ ਘਟ ਘਟ, ਗ੍ਰਿਹਿ ਗ੍ਰਿਹਿ ਡੇਰਾ ਲਾਈਆ । ਮੇਰਾ ਖੁਲ੍ਹਾ ਰੱਖਣਾ ਹੱਟ, ਵਣਜਾਰਾ ਗੁਰਮੁਖ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਮਾਰਗ ਪਰਮਾਰਥ ਸਵਾਰਥ ਏਕਾ ਦੱਸ, ਟੇਕ ਵਿਚ ਟਿੱਕਾ ਮਸਤਕ ਲਾਈਆ ।

★ ੧੦ ਜੇਠ ਸ਼ਹਿਨਸ਼ਾਹੀ ਸੰਮਤ ੩ ਚੇਲਾ ਸਿੰਘ ਦੇ ਗ੍ਰਿਹਿ ਰੇਜ਼ੀਡੈਂਸੀ ਰੋਡ ਜੰਮੂ ★

ਸਤਿਜੁਗ ਕਹੇ ਮੇਰੀ ਨਮਸਕਾਰ, ਨਮਸਤੇ ਨਮੋਂ ਨਮੋਂ ਸੀਸ ਝੁਕਾਈਆ । ਪਰਮ ਪੁਰਖ ਪਰਮਾਤਮ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਨਿਰਅੱਖਰ ਬਖ਼ਸ਼ ਆਪਣੀ ਧਾਰ, ਅੱਖਰਾਂ ਵਿਚੋਂ ਅੱਖਰ ਦੇ ਬਦਲਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰ, ਉਜਾਲਾ ਦਿਸੇ ਸਰਬ ਲੋਕਾਈਆ । ਹਉਂ ਮਾਲਕ ਖ਼ਾਲਕ ਪ੍ਰਿਤਪਾਲਕ ਤੇਰਾ ਖ਼ਿਦਮਤਗਾਰ, ਸੇਵਕ ਯਾਚਕ ਰੂਪ ਵਟਾਈਆ । ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਆਪਣਾ ਪੜਦਾ ਦੇਣਾ ਉਠਾਈਆ । ਸਚਖੰਡ ਦਵਾਰ ਕਰਾਂ ਪੁਕਾਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਝੋਲੀ ਡਾਹੀਆ । ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਰਹਿਮਤ ਬਖ਼ਸ਼ ਬਖ਼ਸ਼ਣਹਾਰ, ਸਚ ਸਵਾਮੀ ਅੰਤਰਜਾਮੀ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਦਰ ਠਾਂਡੇ ਸੀਸ ਨਿਵਾਈਆ । ਸਤਿਜੁਗ ਕਹੇ ਮੇਰੀ ਬੰਦਨਾ ਡੰਡਾਵਤ, ਸਜਦਾ ਸੀਸ ਝੁਕਾਈਆ । ਮਿਹਰਵਾਨ ਮਹਿਬੂਬ ਸਹੀ ਸਲਾਮਤ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਮੇਟ ਅਲਾਮਤ, ਆਲਮਾਂ ਇਲਮ ਆਪਣਾ ਦੇ ਸਮਝਾਈਆ । ਨਾਮ ਭੰਡਾਰਾ ਬਖ਼ਸ਼ ਇਕ ਨਿਆਮਤ, ਵਸਤ ਅਮੋਲਕ ਦੇ ਵਰਤਾਈਆ । ਪਤਿਪਰਮੇਸ਼ਵਰ ਲੱਖ ਚੁਰਾਸੀ ਜੀਵ ਜੰਤ ਤੇਰੀ ਅਮਾਨਤ, ਸਾਧ ਸੰਤ ਸਤਿ ਧਰਮ ਦੇ ਸਮਝਾਈਆ । ਮਮਤਾ ਮੋਹ ਮੇਟ ਕਿਆਮਤ, ਕਾਲ ਨਗਾਰਾ ਰਿਹਾ ਡਰਾਈਆ । ਮੂਰਖ ਮੂੜ੍ਹ ਵੇਖ ਜੀਵ ਅਨਜਾਣਤ, ਬੁੱਧ ਬਿਬੇਕ ਦੇ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਆਪਣਾ ਨੂਰ ਕਰ ਰੁਸ਼ਨਾਈਆ । ਸਤਿਜੁਗ ਕਹੇ ਪ੍ਰਭ ਸਤਿ ਧਰਮ ਕਰ ਤਾਮੀਰ, ਦਰ ਠਾਂਡੇ ਸੀਸ ਨਿਵਾਈਆ । ਮੰਜ਼ਲ ਚੋਟੀ ਦੇ ਅਖ਼ੀਰ, ਆਖ਼ਰ ਆਪਣਾ ਰੰਗ ਰੰਗਾਈਆ । ਦੀਨ ਦੁਨੀ ਬਦਲ ਦੇ ਤਕਦੀਰ, ਤਦਬੀਰ ਆਪਣਾ ਨਾਮ ਸਮਝਾਈਆ । ਝਗੜਾ ਰਹੇ ਨਾ ਸ਼ਾਹ ਹਕੀਰ, ਹੁਕਮ ਇਕੋ ਇਕ ਸੁਣਾਈਆ । ਅੰਮ੍ਰਿਤ ਆਤਮ ਬਖ਼ਸ਼ ਠਾਂਡਾ ਨੀਰ, ਦੁਰਮਤ ਮੈਲ ਦੇ ਧਵਾਈਆ । ਤੇਰੀ ਓਟ ਤਕਦੇ ਗਏ ਪੈਗ਼ੰਬਰ ਪੀਰ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਕੂੜੀ ਕਿਰਿਆ ਸ਼ਰਅ ਤੋੜ ਜ਼ੰਜੀਰ, ਜ਼ੱਰਾ ਜ਼ੱਰਾ ਕਰ ਰੁਸ਼ਨਾਈਆ । ਲਹਿਣਾ ਦੇਣਾ ਜੁਗ ਚੌਕੜੀ ਮੁਕਾ ਕਦੀਮ, ਅਜ਼ੀਮ ਆਲੀਸ਼ਾਨ ਆਪਣਾ ਨਜ਼ਾਮ ਦੇ ਵਖਾਈਆ । ਸਤਿ ਧਰਮ ਦੀ

ਕਰ ਤਰਮੀਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਸਤਿਜੁਗ ਕਹੇ ਪਰਮ ਪੁਰਖ ਮੇਰੀ ਸਲਾਮ, ਸਹੀ ਸਲਾਮਤ ਸੀਸ ਝੁਕਾਈਆ । ਸਤਿ ਸਤਿਵਾਦੀ ਇਕ ਅਮਾਮ, ਅਮਲਾਂ ਤੋਂ ਰਹਿਤ ਨਿਰਗੁਣ ਨੂਰ ਧੁਰ ਦਰਗਾਹੀਆ । ਦਰ ਬਰਦਾ ਬਣ ਗ਼ੁਲਾਮ, ਚਰਨ ਕਵਲ ਉਪਰ ਧਵਲ ਸੀਸ ਝੁਕਾਈਆ । ਸਾਚਾ ਮਾਰਗ ਦੱਸ ਆਸਾਨ, ਨਿਰਗੁਣ ਹੋ ਮਿਹਰਵਾਨ, ਮਹਿਬੂਬ ਆਪਣੀ ਕਾਰ ਕਮਾਈਆ । ਭਗਤ ਵਛਲ ਭਗਵਾਨ, ਆਤਮ ਦਰਸ ਦੇਣਾ ਜੀਵ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਠਾਂਡੇ ਧਰਮ ਦਵਾਰ ਦਰ ਦਰਵੇਸ਼ ਆਸ ਰਖਾਈਆ ।

### ★ ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਬੀਬੀ ਰਾਮ ਕੌਰ ਦੇ ਗ੍ਰਿਹਿ ਛੰਬ ਜੰਮੂ ★

ਸਤਿਜੁਗ ਕਹੇ ਸ੍ਰੀ ਭਗਵਾਨ ਮੈਂ ਹੋਇਆ ਮੰਗਤਾ, ਦਰ ਠਾਡੇ ਮੰਗ ਮੰਗਾਈਆ । ਕਲਜੁਗ ਕੂੜੀ ਕਿਰਿਆ ਤੋੜ ਗੜ੍ਹ ਹਉਮੇ ਹੰਗਤਾ, ਹੰ ਬ੍ਰਹਮ ਪਾਰਬ੍ਰਹਮ ਦੇ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਧਰਮ ਦਵਾਰ ਬਣੇ ਸੰਗਤਾ, ਭਗਤ ਭਗਵਾਨ ਲੈਣਾ ਪਰਗਟਾਈਆ । ਕੂੜੀ ਕਿਰਿਆ ਕਲ ਕਲੇਸ਼ ਰਹੇ ਨਾ ਭੁੱਖ ਨੰਗਤਾ, ਸਤਿ ਸੰਤੋਖ ਬਿਨ ਵਰਨ ਗੋਤ ਦੇਣਾ ਉਪਜਾਈਆ । ਭੇਵ ਅਭੇਦ ਖੁਲ੍ਹਾਉਣਾ ਸਾਚੇ ਸੰਤਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਪੜਦਾ ਦੇਣਾ ਉਠਾਈਆ । ਲੱਖ ਚੁਰਾਸੀ ਜੀਵ ਜੰਤ ਬਣਨਾ ਧੁਰ ਦਾ ਕੰਤਾ, ਮਾਲਕ ਪ੍ਰਿਤਪਾਲਕ ਖ਼ਾਲਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭਿੱਖਕ ਹੋ ਕੇ ਝੋਲੀ ਡਾਹੀਆ । ਸਤਿਜੁਗ ਕਹੇ ਪ੍ਰਭ ਸਤਿ ਧਰਮ ਫੜਾ ਲੜ, ਪੱਲੂ ਆਪਣਾ ਨਾਮ ਗੰਢ ਪਵਾਈਆ । ਕਾਇਆ ਮੰਦਰ ਅੰਦਰ ਵੇਖ ਵੜ, ਸਾਢੇ ਤਿੰਨ ਹੱਥ ਬੰਕ ਦਵਾਰੀ ਖੋਜ ਖੁਜਾਈਆ । ਭੇਵ ਖੁਲ੍ਹਾ ਚੋਟੀ ਜੜ੍ਹ, ਅਸਥੂਲ ਲੇਖਾ ਦੇ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੀਨ ਦੁਨੀ ਦ੍ਰਿਸ਼ਟੀ ਸ੍ਰਿਸ਼ਟੀ ਅੰਦਰ ਜਾਵੇ ਪੜ੍ਹ, ਜਗਤ ਵਿਦਿਆ ਭਰਮ ਦੇਣਾ ਤੁੜਾਈਆ । ਭਾਗ ਲਗਾਉਣਾ ਕਾਇਆ ਮਾਟੀ ਸਾਚੇ ਘਰ, ਗ੍ਰਿਹਿ ਮੰਦਰ ਦੇਣਾ ਸੁਹਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਮਾਲਕ ਪ੍ਰਿਤਪਾਲਕ ਨਰਾਇਣ ਨਰ, ਸ਼ਰਨਗਤ ਤੇਰੀ ਇਕ ਸਰਨਾਈਆ । ਕਿਰਪਾ ਨਿਧਾਨ ਠਾਕਰ ਸਵਾਮੀ ਗਹਿਰ ਗੰਭੀਰ ਆਪਣੀ ਕਿਰਪਾ ਕਰ, ਬੇਨਜ਼ੀਰ ਨਜ਼ਰ ਮਿਹਰ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਇਕੋ ਨਜ਼ਰੀ ਆਏ ਹਰਿ, ਹਰਿ ਜੂ ਹਰ ਹਿਰਦੇ ਆਪਣਾ ਨਾਮ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਠਾਂਡੇ ਦਰਬਾਰ ਏਕੰਕਾਰ ਏਕਾ ਮੰਗ ਮੰਗਾਈਆ । ਸਤਿਜੁਗ ਕਹੇ ਮੇਰੇ ਪੁਰਖ ਅਕਾਲ ਦੀਨਾਂ ਬੰਧਨ, ਬੰਦਗੀ ਅਰਜ਼ ਮੇਰੀ ਅਰਜ਼ੋਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਹਿਬ ਬਖ਼ਸ਼ੰਦਨ, ਰਹਿਮਤ ਰਹੀਮ ਰਾਮ ਆਪਣੀ ਦੇਣੀ ਕਰਾਈਆ । ਤੇਰਾ ਖੇਲ ਖੇਲ ਕੇ ਗਏ ਤ੍ਰਿਲੋਕੀ ਨੰਦਨ, ਮੁਕੰਦ ਮਨੋਹਰ ਲਖਮੀ ਨਰਾਇਣ ਤੇਰੀ ਵਡ ਵਡਿਆਈਆ । ਸਤਿ ਧਰਮ ਸਤਿ ਸਤਿਵਾਦੀ ਮਸਤਕ


੭੨੦
੨੦

ਟਿੱਕਾ ਲਾ ਚੰਦਨ, ਸੁਗੰਧੀ ਆਪਣਾ ਨਾਮ ਦੇ ਭਰਾਈਆ । ਕਲਜੁਗ ਜੀਵ ਕੂੜ ਕੁੜਿਆਰ ਹੰਕਾਰੀ ਵਿਕਾਰੀ ਆਤਮ ਪਰਮਾਤਮ ਟੁੱਟੀ ਗੰਢਣ, ਨਾਤਾ ਧੁਰ ਦਾ ਦੇ ਬਣਾਈਆ । ਸਚ ਪ੍ਰੇਮ ਪਿਆਰ ਮੁਹੱਬਤ ਵਿਚ ਕਾਇਆ ਚੋਲੀ ਰੰਗਣ, ਅੰਦਰ ਬਾਹਰ ਗੁਪਤ ਜ਼ਾਹਰ ਦੁਰਮਤ ਮੈਲ ਦੇਣੀ ਧਵਾਈਆ । ਸਚ ਦਵਾਰ ਪਰਵਰਦਿਗਾਰ ਧੁਰ ਦਰਬਾਰ ਆਇਆ ਮੰਗਣ, ਹਕ ਮਹਿਬੂਬ ਉਚ ਅਰੂਜ ਅਰਸ਼ ਫ਼ਰਸ਼ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰ ਵਿਚ ਸੰਸਾਰ ਦੇਣਾ ਪਰਗਟਾਈਆ । ਸਤਿਜੁਗ ਕਹੇ ਪੁਰਖ ਅਕਾਲ ਦੀਨ ਦਿਆਲ ਵੇਖੀ ਕਲਜੁਗ ਕੂੜੀ ਕਿਰਿਆ ਕੂੜ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਜਗਤ ਵਿਦਿਆ ਸੁਘੜ ਸਿਆਣੇ ਕੀਤੇ ਮੂਰਖ ਮੂੜ੍ਹ, ਹਿਰਦੇ ਹਰਿ ਸਕੇ ਨਾ ਕੋਇ ਵਸਾਈਆ । ਸ਼ਾਹ ਸੁਲਤਾਨ ਤੇਰਾ ਚਮਕੇ ਕੋਇ ਨਾ ਨੂਰ, ਜਲਵਾ ਜੋਤ ਨਾ ਕੋਇ ਰੁਸ਼ਨਾਈਆ । ਧਰਮ ਦਵਾਰਿਉਂ ਮਨ ਮਨਸਾ ਹੋਈ ਮਫ਼ਰੂਰ, ਨੌਂ ਦਵਾਰ ਫਿਰੇ ਹਲਕਾਈਆ । ਬਿਨ ਤੇਰੀ ਕਿਰਪਾ ਸਾਚੀ ਮਿਲੇ ਨਾ ਚਰਨ ਧੂੜ, ਦੁਰਮਤ ਮੈਲ ਨਾ ਕੋਇ ਧਵਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਹਉਮੇ ਹੰਗਤਾ ਗੜ੍ਹ ਤੋੜ ਗ਼ਰੂਰ, ਗ਼ੁਰਬਤ ਅੰਦਰੋਂ ਦੇ ਕਢਾਈਆ । ਸਦੀ ਚੌਧਵੀਂ ਲੇਖਾ ਲਹਿਣਾ ਦੇਣਾ ਦੇ ਜ਼ਰੂਰ, ਬੀਸ ਬੀਸਾ ਹਰਿ ਜਗਦੀਸਾ ਬੈਠਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਆਪਣਾ ਇਸ਼ਟ ਸਮਝਾਈਆ । ਸਤਿਜੁਗ ਕਹੇ ਮੈਂ ਸਚਖੰਡ ਦਵਾਰੇ ਮੰਗਾਂ ਮੰਗ, ਦਰਗਾਹ ਸਾਚੀ ਸੀਸ ਨਿਵਾਈਆ । ਤੇਰੇ ਹੁਕਮੇ ਅੰਦਰ ਜੁਗ ਚੌਕੜੀ ਰਹੇ ਲੰਘ, ਬੀਤਿਆ ਕਾਲ ਦਏ ਦੁਹਾਈਆ । ਸਚ ਧਰਮ ਦਾ ਮਿਲੇ ਨਾ ਕਿਸੇ ਅਨੰਦ, ਪਰਮਾਨੰਦ ਨਾ ਕੋਇ ਸਮਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਗਾਏ ਕੋਈ ਨਾ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਨਾ ਕੋਇ ਅਲਾਈਆ । ਜਗਤ ਵਿਕਾਰ ਵਾਸਨਾ ਘਰ ਘਰ ਭਰੀ ਕੂੜੀ ਕਿਰਿਆ ਗੰਦ, ਸਚ ਸੁਗੰਧ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਆਤਮ ਨਿਝਰ ਧਾਰ ਸਚ ਦੇਵੇ ਨਾ ਕੋਇ ਅਨੰਦ, ਬਿਨ ਰਸਨਾ ਰਸ ਨਾ ਕੋਇ ਚਖਾਈਆ । ਨਿਰਮਲ ਜੋਤ ਚਮਕੇ ਕੋਈ ਨਾ ਚੰਦ, ਬਿਨ ਸੂਰੀਆ ਹੋਏ ਰੁਸ਼ਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਹਿਬ ਸੁਲਤਾਨ ਹੋ ਮਿਹਰਵਾਨ ਆਪਣਾ ਦੇ ਸੰਗ, ਸਗਲਾ ਸੰਗ ਸੂਰੇ ਸਰਬੰਗ ਆਪਣਾ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਚਾ ਰਾਹ ਵੇਖ ਵਖਾਈਆ । ਸਤਿਜੁਗ ਕਹੇ ਪਰਮ ਪੁਰਖ ਪ੍ਰਭ ਕਰ ਆਪਣੀ ਮਿਹਰਵਾਨੀ, ਮਿਹਰਵਾਨ ਮਿਹਬਾਨ ਬੀਦੋ ਤੇਰੀ ਓਟ ਤਕਾਈਆ । ਕਲਜੁਗ ਕੂੜੀ ਕਿਰਿਆ ਮੇਟ ਸ਼ੈਤਾਨੀ, ਸ਼ਰੀਅਤ ਵਿਚੋਂ ਅਸਲੀਅਤ ਦੇ ਪਰਗਟਾਈਆ । ਜਨ ਭਗਤਾਂ ਮੰਜ਼ਲ ਦੇ ਰੁਹਾਨੀ, ਰੂਹ ਬੁਤ ਦੋਵੇਂ ਕਰ ਸਫ਼ਾਈਆ । ਤੇਰਾ ਜਲਵਾ ਨੂਰ ਅਸਮਾਨੀ, ਜਿਸਮਾਨੀ ਪੜਦਾ ਦੇ ਚੁਕਾਈਆ । ਜੂਹ ਦਿਸੇ ਨਾ ਕੋਇ ਬੇਗਾਨੀ, ਵੈਰੀ ਅੰਦਰੋਂ ਦੇਣੇ ਕਢਾਈਆ । ਚਾਰ ਜੁਗ ਦਾ ਝਗੜਾ ਮੇਟ ਦੀਵਾਨੀ, ਹੁਕਮ ਧੁਰ ਦਾ ਇਕ ਸੁਣਾਈਆ । ਤੇਰਾ ਨਾਮ ਨਿਰੰਕਾਰ ਪਰਗਟ ਹੋਵੇ ਦੋ ਜਹਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਤੇਰਾ ਢੋਲਾ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਦੱਸਣ ਨਾਮ ਨਿਧਾਨੀ, ਨਾਦ ਧੁਰ ਦਾ ਇਕ ਵਜਾਈਆ । ਕਲਜੁਗ ਕੂੜੀ ਕਿਰਿਆ ਮੇਟ ਬੇਈਮਾਨੀ, ਬੇਵਾ ਰਹੇ ਨਾ ਕੋਇ ਲੋਕਾਈਆ । ਸਚ ਦਵਾਰਾ ਦੱਸ ਗ੍ਰਿਹਿ ਇਕ ਪਦ ਨਿਰਬਾਣੀ, ਨਿਰਵੈਰ ਪੁਰਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੭੨੧
੨੦

ਏਕਾ ਦੇਣਾ ਸਾਚਾ ਵਰ, ਸਤਿ ਧਰਮ ਦੇਣਾ ਪਰਗਟਾਈਆ । ਸਤਿਜੁਗ ਕਹੇ ਮੈਂ ਮੰਗਣ ਆਇਆ ਏਕੰਕਾਰ ਏਕ, ਇਕ ਇਕੱਲਾ ਵੇਸ ਵਟਾਈਆ । ਦੀਨ ਦੁਨੀ ਸ੍ਰਿਸ਼ਟ ਸਬਾਈ ਬਖ਼ਸ਼ਣੀ ਆਪਣੀ ਟੇਕ, ਟਿੱਕੇ ਮਸਤਕ ਧੂੜੀ ਦੇ ਰਮਾਈਆ । ਮਨ ਵਾਸਨਾ ਕੂੜੀ ਕਿਰਿਆ ਕਰ ਬੁੱਧ ਬਿਬੇਕ, ਪਤਤ ਪੁਨੀਤ ਦੇ ਕਰਾਈਆ । ਤ੍ਰੈਗੁਣ ਮਾਇਆ ਪੰਜ ਤਤ ਲਾ ਨਾ ਸਕੇ ਸੇਕ, ਅਗਨੀ ਅੱਗ ਦੇਣੀ ਬੁਝਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਚ ਦਵਾਰ ਏਕੰਕਾਰ ਖੋਲ੍ਹਣਾ ਭੇਤ, ਭੇਵ ਆਪਣਾ ਦੇਣਾ ਸਮਝਾਈਆ । ਨਿਜ ਨੇਤਰ ਲੋਚਨ ਨੈਣ ਜਨ ਭਗਤ ਲੈਣ ਵੇਖ, ਘਰ ਸਵਾਮੀ ਅੰਤਰਜਾਮੀ ਨਜ਼ਰੀ ਆਈਆ । ਸੋਹਣਾ ਸੁਹੰਜਣਾ ਆਦਿ ਨਿਰੰਜਣਾ ਤੇਰਾ ਲੱਗੇ ਦੇਸ, ਦਿਸ਼ਾ ਦਸੰਤਰ ਵੰਡ ਨਾ ਕੋਇ ਵੰਡਾਈਆ । ਜੁਗ ਚੌਕੜੀ ਬਦਲਣਾ ਤੇਰਾ ਅਗੰਮਾ ਨਿਰਾਲਾ ਖੇਡ, ਖ਼ਾਲਕ ਖ਼ਲਕ ਆਪਣਾ ਹੁਕਮ ਦੇਣਾ ਵਰਤਾਈਆ । ਜਿਸ ਕਾਰਨ ਗੁਰ ਅਵਤਾਰ ਪੈਗ਼ੰਬਰ ਰਿਹਾ ਭੇਜ, ਲੋਕ ਪਰਲੋਕ ਸੋਹਲਾ ਆਪਣਾ ਨਾਮ ਇਕ ਸੁਣਾਈਆ । ਸੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਘਟ ਨਿਵਾਸੀ ਪੁਰਖ ਅਬਿਨਾਸ਼ੀ ਮਾਨਣੀ ਲੱਖ ਚੁਰਾਸੀ ਸੇਜ, ਆਤਮ ਪਰਮਾਤਮ ਆਪਣਾ ਜੋੜ ਲੈਣਾ ਜੁੜਾਈਆ । ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਵੇਂ ਨੇਤਨ ਨੇਤ, ਨਿਜ ਲੋਚਨ ਨੈਣ ਅੱਖ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਕਹੇ ਮੈਂ ਨਿਉਂ ਨਿਉਂ ਕਰਾਂ ਆਦੇਸ, ਸੀਸ ਜਗਦੀਸ ਇਕ ਝੁਕਾਈਆ ।



★ ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਲਾਲ ਚੰਦ ਦੇ ਗ੍ਰਹਿ ਜੰਮੂ ★

ਸਤਿਜੁਗ ਕਹੇ ਕਿਰਪਾ ਕਰ ਜੋਤ ਨਿਰੰਕਾਰੀ, ਨਿਰਾਕਾਰ ਤੇਰੇ ਹੱਥ ਵਡਿਆਈਆ । ਆਦਿ ਜੁਗਾਦਿ ਤੇਰੀ ਸਿਕਦਾਰੀ, ਦੋ ਜਹਾਨਾਂ ਹੁਕਮ ਮਨਾਈਆ । ਤੇਰਾ ਖੇਲ ਅਗੰਮ ਅਪਾਰੀ, ਅਲਖ ਅਗੋਚਰ ਤੇਰੀ ਸ਼ਹਿਨਸ਼ਾਹੀਆ । ਕਲਜੁਗ ਕੂੜੀ ਕਿਰਿਆ ਗੜ੍ਹ ਤੋੜ ਹੰਕਾਰੀ, ਹਉਮੇ ਹੰਗਤਾ ਦੇ ਮਿਟਾਈਆ । ਤੇਰੇ ਨਾਮ ਦੀ ਹੋਵੇ ਇਕ ਜੈਕਾਰੀ, ਘਰ ਘਰ ਕਾਇਆ ਮੰਦਰ ਅੰਦਰ ਵੱਜੇ ਵਧਾਈਆ । ਦੀਨ ਮਜ਼੍ਹਬ ਝਗੜਾ ਰਹੇ ਨਾ ਕੋਇ ਸੰਸਾਰੀ, ਦੂਈ ਦਵੈਤ ਡੇਰਾ ਢਾਹੀਆ । ਮਾਨਸ ਜਨਮ ਸਭ ਦੀ ਪੈਜ ਦੇ ਸਵਾਰੀ, ਮਿਹਰਵਾਨ ਸਿਰ ਆਪਣਾ ਹੱਥ ਰਖਾਈਆ । ਸਤਿਜੁਗ ਕਹੇ ਕਲਜੁਗ ਪਿਛੋਂ ਮੇਰੀ ਆਵੇ ਵਾਰੀ, ਵਾਰਤਾ ਅਗਲੀ ਦੇ ਦ੍ਰਿੜਾਈਆ । ਸਾਚੇ ਪਿਆਰ ਦੀ ਬਖ਼ਸ਼ ਖ਼ੁਮਾਰੀ, ਬੀਮਾਰੀ ਅੰਦਰੋਂ ਕੂੜ ਮਿਟਾਈਆ । ਤੇਰੇ ਨਾਮ ਦਾ ਹੋਏ ਆਧਾਰੀ, ਆਦਤ ਮਮਤਾ ਦੇ ਬਦਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਲੱਗੇ ਯਾਰੀ, ਯਾਰਾਨੇ ਕੂੜੇ ਦੇ ਚੁਕਾਈਆ । ਖ਼ਾਦਮ ਸੇਵਕ ਹੋ ਕੇ ਸੇਵਾ ਕਰਾਂ ਤੁਮਹਾਰੀ, ਦਰ ਤੇਰੇ ਸੀਸ ਨਿਵਾਈਆ । ਸਚ ਮੁਹੱਬਤ ਬਖ਼ਸ਼ ਆਪ ਪਿਆਰੀ, ਪਰਮ ਪੁਰਖ ਪਰਮਾਤਮ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਪਰਕਾਸ਼ ਬਹੱਤਰ ਨਾੜੀ, ਜੋਤੀ ਨੂਰ ਡਗਮਗਾਈਆ । ਸਤਿਜੁਗ ਕਹੇ ਕਿਰਪਾ ਕਰ ਪ੍ਰੀਤਮ ਚੋਜੀ, ਚਰਨ ਕਵਲ ਧਿਆਨ ਲਗਾਈਆ । ਤੂੰ ਆਦਿ ਜੁਗਾਦਿ ਅਗਾਧ ਬੋਧੀ, ਬੁੱਧੀ ਤੋਂ ਪਰ੍ਹੇ ਤੇਰੀ ਪੜ੍ਹਾਈਆ । ਮੰਜ਼ਲ ਹਕੀਕੀ ਦੇ ਸੋਝੀ, ਸੋਚ ਸਮਝ ਆਪਣੀ ਇਕ ਸਮਝਾਈਆ । ਠਾਕਰ ਬਣ ਕੇ ਧੁਰ ਦਾ ਮੌਜੀ, ਮਜਲਸ ਆਪਣੀ ਦੇ ਵਖਾਈਆ । ਮਮਤਾ ਦਾ ਰਹੇ ਕੋਈ ਨਾ ਰੋਗੀ, ਰੰਗ ਸਾਚਾ ਨਾਮ ਰੰਗਾਈਆ । ਤੇਰੀ ਧੂੜ ਦਾ ਮੂਰਖ ਮੂੜ੍ਹ ਹੋਵੇ ਜੋਗੀ, ਜੋਗੀਸ਼ਰ ਤਪੀਸ਼ਰ ਆਪਣੀ ਸਰਨ ਲਗਾਈਆ ।

ਤੂੰ ਹਰ ਘਟ ਅੰਤਰ ਨਿਰੰਤਰ ਮੰਨਿਆ ਖੋਜੀ, ਖੋਜਤ ਖੋਜਤ ਵੇਖ ਵਖਾਈਆ । ਆਤਮ ਪਰਮਾਤਮ ਮੇਲ ਮਿਲਾਉਣਾ ਤੇਰਾ ਘਰੋਗੀ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤ ਵਿਛੋੜੇ ਵਿਚ ਰਹੇ ਨਾ ਕੋਇ ਵਿਜੋਗੀ, ਪੜਦਾ ਅੰਦਰੋਂ ਦੇਣਾ ਉਠਾਈਆ । ਤੇਰਾ ਨਾਮ ਜੈਕਾਰਾ ਲੋਕ ਪਰਲੋਕ ਸੁਣੇ ਸਲੋਕੀ, ਸੋਹਲਾ ਸਚ ਦੇਣਾ ਸਮਝਾਈਆ । ਸਤਿਜੁਗ ਕਹੇ ਤੇਰੇ ਨਾਮ ਦੀ ਚਾਰ ਜੁਗ ਤੋਂ ਅੱਗੇ ਵੱਖਰੀ ਹੋਵੇ ਪੋਥੀ, ਨਿਰਅੱਖਰ ਅੱਖਰ ਆਪਣਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦੇਣਾ ਸੁਹਾਈਆ । ਸਤਿਜੁਗ ਕਹੇ ਮੇਰੀ ਬੇਨੰਤੀ ਇਕ ਅਰਦਾਸ, ਅਰਜ਼ ਆਰਜ਼ੂ ਨਾਲ ਜਣਾਈਆ । ਸਤਿ ਜੋਤ ਦਾ ਕਰ ਪਰਕਾਸ਼, ਪਰਕਾਸ਼ਤ ਹੋਵੇ ਲੋਕਾਈਆ । ਕੂੜੀ ਕਿਰਿਆ ਅੰਧੇਰ ਜਾਏ ਵਿਨਾਸ, ਅਬਿਨਾਸ਼ੀ ਆਪਣੀ ਅੱਖ ਖੁਲ੍ਹਾਈਆ । ਆਤਮ ਤੇਰੀ ਹੋਵੇ ਦਾਸ, ਪਰਮਾਤਮ ਸਾਚੀ ਸੇਵ ਕਮਾਈਆ । ਚਰਨ ਪ੍ਰੀਤੀ ਦੇ ਵਿਸ਼ਵਾਸ, ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਤੇਰੇ ਮਿਲਣ ਦੀ ਹੋਵੇ ਪਿਆਸ, ਤ੍ਰਿਸ਼ਨਾ ਭੁੱਖ ਦੇਣੀ ਚੁਕਾਈਆ । ਸਾਚੇ ਮੰਡਲ ਵਖਾ ਆਪਣੀ ਰਾਸ, ਗੋਪੀ ਕਾਹਨ ਵੱਜੇ ਵਧਾਈਆ । ਮਾਇਆ ਮਮਤਾ ਕਰ ਘਾਤ, ਘਾਓ ਆਪਣਾ ਨਾਮ ਲਗਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਚ ਹੋਵੇ ਰੁਸ਼ਨਾਈਆ । ਲੇਖਾ ਲਿਖ ਆਪਣੇ ਲੇਖੇ ਵਾਲਾ ਕਲਮ ਦਵਾਤ, ਕਾਤਬ ਅਵਰ ਨਾ ਕੋਇ ਬਣਾਈਆ । ਦੀਨ ਦੁਨੀ ਬਦਲ ਹਾਲਾਤ, ਇਲਮ ਆਲਮ ਇਕ ਜਣਾਈਆ । ਝਗੜਾ ਰਹੇ ਨਾ ਕਾਇਨਾਤ, ਕਲਮਾ ਹਕ ਦੇਣਾ ਸੁਣਾਈਆ । ਸਚ ਬੇਨੰਤੀ ਤੇਰੇ ਪਾਸ, ਪਾਸਾ ਦੀਨ ਦੁਨੀ ਉਲਟਾਈਆ । ਮੇਰੀ ਪੂਰੀ ਕਰਨੀ ਆਸ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਤੜਪਾਈਆ । ਸਤਿਜੁਗ ਕਹੇ ਮੇਰੀ ਇਹੋ ਨਿੱਕੀ ਜਿਹੀ ਬਾਤ, ਬਾਤਨ ਭੇਵ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਮਾਰਗ ਦੇਣਾ ਲਾਈਆ । ਸਤਿਜੁਗ ਕਹੇ ਮੇਰੀ ਬੇਨੰਤੀ ਕਰ ਮਨਜ਼ੂਰ, ਸਾਹਿਬ ਸਵਾਮੀ ਧਿਆਨ ਲਗਾਈਆ । ਤੂੰ ਮਾਲਕ ਹਾਜ਼ਰ ਹਜ਼ੂਰ, ਹਜ਼ਰਤ ਧੁਰਦਰਗਾਹੀਆ । ਕਲਜੁਗ ਲੇਖਾ ਮੁਕਾ ਜ਼ਰੂਰ, ਜਾਹਰ ਜਹੂਰ ਕਰ ਰੁਸ਼ਨਾਈਆ । ਸਤਿਜੁਗ ਤੇਰੇ ਧਰਮ ਦਾ ਬਣੇ ਮਜ਼ਦੂਰ, ਕਰਮ ਦੀ ਕੂੜੀ ਮੈਲ ਧਵਾਈਆ । ਤੇਰੀ ਜੋਤ ਦਾ ਵੇਖ ਕੇ ਨੂਰ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਬਖ਼ਸ਼ ਕਸੂਰ, ਨਿਗਾਹ ਆਪਣੀ ਆਪ ਉਠਾਈਆ । ਸਤਿਜੁਗ ਕਹੇ ਮੈਂ ਮੰਗਦਾ ਥੋੜ੍ਹਾ, ਵਡ ਦਾਤੇ ਤੇਰੀ ਓਟ ਤਕਾਈਆ । ਭਗਤ ਭਗਵਾਨ ਦਾ ਬਣੇ ਜੋੜਾ, ਜੁਗਤੀ ਆਪਣੀ ਦੇਣੀ ਸਮਝਾਈਆ । ਝਗੜਾ ਰਹੇ ਨਾ ਮੇਰਾ ਤੇਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਮਨਜ਼ੂਰ ਹੋਵੇ ਕਲਜੁਗ ਅੰਤ ਸੱਸੇ ਉਪਰ ਹੋੜਾ, ਹੰ ਬ੍ਰਹਮ ਪੜਦਾ ਦੇਣਾ ਉਠਾਈਆ । ਤੇਰਾ ਨਾਉਂ ਸਦਾ ਨਵਾਂ ਨਕੋਰਾ, ਜੁਗ ਚੌਕੜੀ ਬਦਲ ਕਦੇ ਨਾ ਜਾਈਆ । ਕਲਜੁਗ ਕੂੜ ਝਗੜਾ ਮੁਕਾ ਠੱਗਾਂ ਚੋਰਾ, ਮਨ ਮਨਸਾ ਦੇ ਮਿਟਾਈਆ । ਸਚ ਸੁਣਾ ਅਗਲਾ ਆਪਣਾ ਦੋਹਰਾ, ਸੋਹੰ ਢੋਲਾ ਅਗੰਮ ਅਥਾਹੀਆ । ਤੇਰਾ ਹੋਵੇ ਨਾ ਕਦੇ ਵਿਛੋੜਾ, ਵਿਛੜਿਆਂ ਲੈਣਾ ਮਿਲਾਈਆ । ਰਵਦਾਸ ਚਮਾਰ ਜੋ ਢੋਏ ਢੋਰਾ, ਲੇਖੇ ਵਿਚ ਦਏ ਗਵਾਹੀਆ । ਤੇਰਾ ਮੰਤਰ ਫੁਰੇ ਇਕੋ ਫੋਰਾ, ਫੁਰਨੇ ਸਾਰੇ ਦੇਣੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੀ ਧਾਰ ਤੇਰੀ ਲੋੜਾ, ਲੋਇਣ ਆਪਣਾ ਦੇ ਖੁਲ੍ਹਾਈਆ ।

### ★ ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਅਮਰੋ ਦੇਵੀ ਦੇ ਗ੍ਰਿਹਿ ਜੰਮੂ ★

ਸਤਿਜੁਗ ਕਹੇ ਪ੍ਰਭ ਮੇਰੀ ਪੂਰੀ ਕਰ ਦੇ ਇੱਛਾ, ਨਿਰਇੱਛਤ ਆਪਣੀ ਦਇਆ ਕਮਾਈਆ । ਸਾਚੇ ਨਾਮ ਦੀ ਪਾ ਭਿੱਛਾ, ਭਿੱਖਕ ਬਣੇ ਲੋਕਾਈਆ । ਜੋ ਵਿਸ਼ਨ ਬ੍ਰਹਮਾ ਤੇਰਾ ਨਾਮ ਸਿਖ਼ਾ, ਸਿਖਿਆ ਸ੍ਰਿਸ਼ਟੀ ਦੇਣੀ ਦ੍ਰਿੜਾਈਆ । ਜੋ ਵਿਸ਼ਨੂੰ ਧਾਰ ਲਿਖਾ, ਕਲਮ ਸ਼ਾਹੀ ਨਾ ਕੋਇ ਸਮਝਾਈਆ । ਤੂੰ ਪਰਮਾਤਮ ਮਾਲਕ ਧੁਰ ਦਾ ਇੱਕਾ, ਏਕੰਕਾਰ ਨਜ਼ਰੀ ਆਈਆ । ਤੇਰੀ ਧੂੜ ਦਾ ਲੱਗੇ ਟਿੱਕਾ, ਦੁਰਮਤ ਮੈਲ ਦੇਣੀ ਧਵਾਈਆ । ਸਭ ਨੂੰ ਯਾਦ ਕਰਾ ਦੇ ਆਪਣਾ ਪਿੱਛਾ, ਜਿਸ ਘਰ ਵਿਚੋਂ ਦਿਤਾ ਪਰਗਟਾਈਆ । ਪੜਦਾ ਰਹੇ ਨਾ ਵੱਡਾ ਨਿੱਕਾ, ਨੂਰ ਨੂਰ ਕਰ ਰੁਸ਼ਨਾਈਆ । ਮਾਨਸ ਜਨਮ ਸਭ ਦਾ ਜਾਏ ਜਿਤਾ, ਹਾਰ ਹਿਰਦੇ ਵਿਚੋਂ ਦੇਣੀ ਕਢਾਈਆ । ਸਚਖੰਡ ਨਿਵਾਸੀ ਤੂੰ ਸਭ ਦਾ ਧੁਰ ਦਾ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਆਪਣੇ ਹੁਕਮ ਦਾ ਵੇਖ ਚਿੱਠਾ, ਚਿੱਠੀ ਰਸੈਣ ਗੁਰ ਅਵਤਾਰ ਪੈਗੰਬਰ ਗਏ ਸਮਝਾਈਆ । ਖੇਲ ਕਰ ਇਕ ਅਨਡਿੱਠਾ, ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਭੇਵ ਕੋਇ ਨਾ ਪਾਈਆ । ਤੇਰੇ ਚਰਨ ਕਵਲਾਂ ਵਿਚ ਲਿਟਾ, ਧੂੜੀ ਖ਼ਾਕ ਰਿਹਾ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਮ ਦਵਾਰੇ ਆਸ ਰਖਾਈਆ । ਸਤਿਜੁਗ ਕਹੇ ਮੇਰੀ ਧਾਰ ਤੇਰੀ ਗੋਲੀ, ਸਦਾ ਸਦ ਸੇਵ ਕਮਾਈਆ । ਤੇਰੀ ਵਸਤ ਇਕ ਅਨਮੋਲੀ, ਅਨਮੁਲੜੀ ਨਜ਼ਰੀ ਆਈਆ । ਸਭ ਦੀ ਰੰਗ ਕਾਇਆ ਚੋਲੀ, ਚੀਥੜ ਪੁਰਾਣਾ ਦੇ ਬਦਲਾਈਆ । ਆਤਮ ਪਰਮਾਤਮ ਦੱਸ ਕੇ ਬੋਲੀ, ਅਨਬੋਲਤ ਆਪਣਾ ਰਾਗ ਸੁਣਾਈਆ । ਸਚ ਬਹਾਰ ਜਾਏ ਮੌਲੀ, ਮੌਲਾ ਹੋ ਕੇ ਵੇਖ ਵਖਾਈਆ । ਭਾਗ ਲੱਗੇ ਉਪਰ ਧੌਲੀ, ਧਰਨੀ ਧਰਤ ਧਵਲ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਸਤਿਜੁਗ ਕਹੇ ਤੂੰ ਦਾਤਾ ਦੇਵਣ ਯੋਗ, ਜੁਗਤੀ ਆਪਣੀ ਦੇ ਸਮਝਾਈਆ । ਭਗਤ ਭਗਵਾਨ ਹੋਵੇ ਸੰਜੋਗ, ਜੁਗ ਵਿਛੜੇ ਲੈ ਮਿਲਾਈਆ । ਭਾਗ ਲੱਗੇ ਕਾਇਆ ਕੋਟ, ਕਿਲ੍ਹਾ ਗੜ੍ਹ ਬੰਕ ਦਵਾਰ ਦੇਣਾ ਸੁਹਾਈਆ । ਤੇਰੇ ਨੂਰ ਦੀ ਘਰ ਘਰ ਜਗੇ ਜੋਤ, ਪਰਕਾਸ਼ ਹੋਵੇ ਲੋਕਾਈਆ । ਝਗੜਾ ਰਹੇ ਨਾ ਵਰਨ ਗੋਤ, ਜਾਤ ਪਾਤ ਨਾ ਕੋਇ ਲੜਾਈਆ । ਤੂੰ ਸਾਹਿਬ ਸਤਿਗੁਰ ਅਬਿਨਾਸ਼ੀ ਕਰਤਾ ਇਕੋ ਬਹੁਤ, ਬਹੁ ਗੁਰੂਆਂ ਲੇਖਾ ਦੇਣਾ ਮੁਕਾਈਆ । ਕਲਜੁਗ ਅੰਤ ਅਖ਼ੀਰ ਆ ਕੇ ਪਹੁੰਚ, ਪਹਿਚਾਨ ਕਰ ਪੜਦਾ ਦੇਣਾ ਉਠਾਈਆ । ਮਮਤਾ ਰਹੇ ਨਾ ਕੋਈ ਸੋਚ, ਸਮਝ ਬੁੱਧੀ ਨਾ ਕੋਇ ਸਮਝਾਈਆ । ਆਪਣੇ ਮਿਲਣ ਦੀ ਆਸਾ ਮਨਸਾ ਪੂਰੀ ਕਰ ਲੋਚ, ਲੋਚਨ ਅੰਦਰੋਂ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਖ਼ੁਮਾਰੀ ਵਿਚ ਰੱਖ ਮਦਹੋਸ਼, ਮਧੁਰ ਧੁਨ ਆਪਣਾ ਰਾਗ ਸੁਣਾਈਆ ।

### ★ ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਅਜੀਤ ਸਿੰਘ ਦੇ ਗ੍ਰਿਹਿ ਜੰਮੂ ★

ਸਤਿਜੁਗ ਕਹੇ ਪੁਰਖ ਅਬਿਨਾਸ਼ ਮੇਰੇ ਸਮਰਾਥਾ, ਸਮਰਥ ਤੇਰੀ ਵਡਿਆਈਆ । ਹਉਂ ਬਾਲਕ ਨਾਥ ਅਨਾਥਾ, ਦੀਨਨ ਸੀਸ ਝੁਕਾਈਆ ।

ਸਗਲਾ ਮੰਗਾਂ ਧੁਰ ਦਾ ਸਾਥਾ, ਸਚ ਮਿਲੇ ਸਰਨਾਈਆ । ਤੂੰ ਮੇਰਾ ਮੈਂ ਤੇਰਾ ਹੋਵੇ ਪਾਠਾ, ਪਾਠਸ਼ਾਲਾ ਇਕੋ ਦੇ ਵਖਾਈਆ । ਆਤਮ ਜੋਤੀ ਬਣ ਜਾਤਾ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਸਰਬ ਕਲਾ ਕਲ ਗਿਆਤਾ, ਗਿਆਨ ਆਪਣਾ ਦੇਣਾ ਦ੍ਰਿੜਾਈਆ । ਪਾਰਬ੍ਰਹਮ ਬ੍ਰਹਮ ਜੋੜਨਾ ਨਾਤਾ, ਵਿਛੋੜਾ ਪਿਛਲਾ ਦੇਣਾ ਮਿਟਾਈਆ । ਤੇਰਾ ਮਾਰਗ ਨਜ਼ਰੀ ਆਏ ਸਾਚਾ, ਸਚ ਸੰਜਮ ਦੇਣਾ ਵਖਾਈਆ । ਭਾਗ ਲਗਾ ਕਾਇਆ ਮਾਟੀ ਗੜ੍ਹ ਕਾਚਾ, ਕੰਚਨ ਰੂਪ ਦੇ ਵਖਾਈਆ । ਮਨੂਆ ਮਨ ਨਾ ਫਿਰੇ ਨਾਚਾ, ਸੋਈ ਸੁਰਤੀ ਸ਼ਬਦ ਜਗਾਈਆ । ਲਹਿਣਾ ਦੇਣਾ ਮੂਲ ਚੁਕਾ ਹੱਥੋ ਹਾਥਾ, ਉਧਾਰ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਘਰ ਸਚ ਮਿਲੇ ਸਰਨਾਈਆ । ਸਤਿਜੁਗ ਕਹੇ ਮੈਂ ਆਇਆ ਕੀ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗਨ, ਸ਼ਹਿਨਸ਼ਾਹ ਅਖਵਾਈਆ । ਸਚ ਪਿਆਰ ਦੀ ਚਾੜ੍ਹ ਰੰਗਣ, ਰੰਗਤ ਦੇ ਬਦਲਾਈਆ । ਲੇਖਾ ਵੇਖ ਰਵਦਾਸੇ ਮਈਆ ਗੰਗਾ ਵਾਲਾ ਕੰਗਣ, ਵਸਤ ਅਮੋਲਕ ਝੋਲੀ ਪਾਈਆ । ਸੱਚਾ ਬਖ਼ਸ਼ ਇਕ ਅਨੰਦਨ, ਅਨੰਦ ਆਪਣਾ ਦੇ ਵਖਾਈਆ । ਮਿਲੇ ਵਡਿਆਈ ਵਿਚ ਵਰਭੰਡਨ, ਬ੍ਰਹਿਮੰਡ ਹੋਵੇ ਸ਼ਨਵਾਈਆ । ਨੂਰੀ ਜੋਤ ਦਾ ਚਮਕੇ ਚੰਦਨ, ਚੰਦ ਚਾਂਦਨਾ ਸੀਸ ਝੁਕਾਈਆ । ਸਚ ਕਰਮ ਦੀ ਕਰੇ ਨਾ ਕੋਇ ਉਲੰਘਣ, ਆਲਮ ਇਲਮ ਨਾ ਕੋਇ ਭਰਮਾਈਆ । ਧਰਨੀ ਧਰਤ ਧਵਲ ਧੌਲ ਇਕੋ ਹੋਵੇ ਬੰਦਨ, ਬੰਦਗੀ ਆਪਣੀ ਦੇ ਸਮਝਾਈਆ । ਕਲਜੁਗ ਕੂੜੀ ਕਿਰਿਆ ਢਏ ਕੰਧਨ, ਧਰਮ ਦਵਾਰ ਦੇਣਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਖ਼ੁਸ਼ੀ ਵਖਾਈਆ । ਸਤਿਜੁਗ ਕਹੇ ਮੈਂ ਮੰਗਣ ਕੀ ਆਇਆ, ਆਪਣੀ ਇੱਛਾ ਦਿਆਂ ਜਣਾਈਆ । ਕੂੜੀ ਕਿਰਿਆ ਲੇਖਾ ਮੁਕਾ ਤ੍ਰੈਗੁਣ ਮਾਇਆ, ਪੰਚਮ ਪੰਚ ਕਰ ਰੁਸ਼ਨਾਈਆ । ਏਥੇ ਓਥੇ ਦੋ ਜਹਾਨਾਂ ਸਭ ਦੇ ਉਪਰ ਰੱਖ ਸਾਇਆ, ਅਗਨੀ ਤਤ ਨਾ ਕੋਇ ਜਲਾਈਆ । ਤਨ ਵਜੂਦ ਸਾਫ਼ ਕਰ ਦੇ ਕਾਇਆ, ਗੜ੍ਹ ਇਕੋ ਇਕ ਵਖਾਈਆ । ਸਚ ਨਾਮ ਦਾ ਮਰਦੰਗ ਦੇ ਵਜਾਇਆ, ਨਾਦ ਇਕੋ ਇਕ ਸ਼ਨਵਾਈਆ । ਤੇਰਾ ਖੇਲ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਕਲਜੁਗ ਕੂੜੀ ਕਿਰਿਆ ਦੇ ਖਪਾਇਆ, ਸਤਿਜੁਗ ਸਚ ਧਰਮ ਪਰਗਟਾਈਆ । ਦੋਏ ਜੋੜ ਬੰਦਨ ਸੀਸ ਨਿਵਾਇਆ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਅਲਖ ਅਗੋਚਰ ਅਗੰਮ ਅਥਾਹ ਵਡ ਵਡਿਆਇਆ, ਵਾਅਦਾ ਪੂਰਾ ਲੈਣਾ ਕਰਾਈਆ । ਕਾਮਲ ਮੁਰਸ਼ਦ ਮੁਰੀਦਾਂ ਹੋ ਸਹਾਇਆ, ਮਦਦ ਤੇਰੀ ਮੰਗ ਮੰਗਾਈਆ । ਜਲਵਾ ਨੂਰੀ ਕਰ ਰੁਸ਼ਨਾਇਆ, ਰੋਸ਼ਨ ਜ਼ਮੀਰ ਹੋਵੇ ਲੋਕਾਈਆ । ਦਰ ਠਾਂਡੇ ਸੀਸ ਝੁਕਾਇਆ, ਧੂੜੀ ਟਿੱਕਾ ਖ਼ਾਕ ਰਮਾਈਆ । ਵੇਲਾ ਵਕਤ ਦੇ ਸੁਹਾਇਆ, ਸੁਹੰਜਣੀ ਰੁੱਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਠਾਂਡੇ ਮੰਗਾਂ ਦਾਨ, ਦਾਤੇ ਦਾਨੀ ਦਇਆਵਾਨ, ਦਰ ਤੇਰੇ ਧੁਰ ਦੀ ਝੋਲੀ ਡਾਹੀਆ ।

★ ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਗਿਆਨ ਚੰਦ ਖ਼ੈਰੋਵਾਲ ਜੰਮੂ ★

ਸਤਿਜੁਗ ਕਹੇ ਤੂੰ ਸ਼ਹਿਨਸ਼ਾਹ ਸੁਲਤਾਨਾ, ਪਾਤਸ਼ਾਹ ਅਖਵਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਮਾਲਕ ਧੁਰਦਰਗਾਹੀਆ । ਜਲਵਾਗਰ

ਨੂਰ ਨੁਰਾਨਾ, ਸਚਖੰਡ ਤੇਰੀ ਰੁਸ਼ਨਾਈਆ । ਭਗਤ ਵਛਲ ਸ੍ਰੀ ਭਗਵਾਨਾ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਹੋ ਮਿਹਰਵਾਨਾ, ਪੜਦਾ ਦੇ ਉਠਾਈਆ । ਦਰ ਠਾਂਡੇ ਦਿਸੇ ਨਿਮਾਣਾ, ਸਤਿਜੁਗ ਆਪਣੀ ਝੋਲੀ ਡਾਹੀਆ । ਤੂੰ ਪਰਮ ਪੁਰਖ ਬੀਨਾ ਦਾਨਾ, ਹਰਖ ਸੋਗ ਦੇਣਾ ਚੁਕਾਈਆ । ਤੇਰੇ ਧਰਮ ਦਾ ਝੁੱਲੇ ਇਕ ਨਿਸ਼ਾਨਾ, ਨਿਸ਼ਾਨੇ ਕੂੜੇ ਦੇਣੇ ਮਿਟਾਈਆ । ਨਵ ਸੱਤ ਜਪੇ ਇਕੋ ਗਾਨਾ, ਗਹਿਰ ਗੰਭੀਰ ਢੋਲਾ ਬੇਪਰਵਾਹੀਆ । ਮਸਤ ਖ਼ੁਮਾਰੀ ਵਿਚ ਜਨ ਭਗਤ ਰਹੇ ਮਸਤਾਨਾ, ਮਸਤੀ ਵਿਚ ਹਸਤੀ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਘਟ ਜਾਣੀ ਜਾਣਾ, ਜਾਣਨਹਾਰ ਤੇਰੀ ਓਟ ਤਕਾਈਆ ।

★ ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਫੁੱਮਣ ਸਿੰਘ ਦੇ ਗ੍ਰਹਿ ਜੰਮੂ ★

ਸਤਿਜੁਗ ਕਹੇ ਮੈਂ ਸਚ ਦਵਾਰੇ ਪੁਛਦਾ, ਮਾਂਗਤ ਹੋ ਕੇ ਮੰਗ ਮੰਗਾਈਆ । ਆਪਣਾ ਭੇਵ ਦੱਸ ਪ੍ਰਭ ਗੁਝ ਦਾ, ਪੜਦਾ ਅਗਲਾ ਦੇ ਉਠਾਈਆ । ਸਾਚਾ ਮਾਰਗ ਦੱਸ ਸੁਖ ਦਾ, ਦੁੱਖ ਕਲਜੁਗ ਦੇ ਮਿਟਾਈਆ । ਤੇਰਾ ਨਾਮ ਨਿਧਾਨਾ ਉਪਜੇ ਇਕੋ ਤੁਕ ਦਾ, ਏਕੰਕਾਰ ਦੇਣਾ ਪਰਗਟਾਈਆ । ਜਿਸ ਨਾਲ ਲੱਖ ਚੁਰਾਸੀ ਆਵਣ ਜਾਵਣ ਪੈਂਡਾ ਜਾਵੇ ਮੁਕਦਾ, ਜੂਨੀ ਵਿਚ ਨਾ ਕੋਇ ਭਵਾਈਆ । ਵਕਤ ਸੁਹੰਜਣਾ ਹੋਵੇ ਸਾਚੀ ਰੁੱਤ ਦਾ, ਪੱਤ ਟਹਿਣੀ ਆਪ ਮਹਿਕਾਈਆ । ਲੇਖਾ ਰਹੇ ਨਾ ਤ੍ਰਿਸ਼ਨਾ ਭੁੱਖ ਦਾ, ਭਾਵਨਾ ਸਭ ਦੀ ਪੂਰ ਕਰਾਈਆ । ਭਗਤ ਭਗਵਾਨ ਨਾਤਾ ਬਣੇ ਪਿਤਾ ਪੁੱਤ ਦਾ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਤੇਰਾ ਖੇਲ ਵੇਖਾਂ ਅਬਿਨਾਸ਼ੀ ਅਚੁੱਤ ਦਾ, ਚਾਰ ਵਰਨ ਅਠਾਰਾਂ ਬਰਨ ਦੇਣਾ ਸਮਝਾਈਆ । ਭਰਮ ਭੁਲੇਖਾ ਰਹੇ ਨਾ ਲੁਕ ਦਾ, ਆਪਣਾ ਰੰਗ ਦੇਣਾ ਰੰਗਾਈਆ । ਹੋਏ ਪਰਕਾਸ਼ ਤੇਰੀ ਜੋਤ ਦਾ, ਅੰਧ ਅੰਧੇਰਾ ਦੇਣਾ ਮਿਟਾਈਆ । ਮੈਂ ਧੁਰ ਦੀ ਸੋਚ ਸੋਚਦਾ, ਸਚ ਸਚ ਸੁਣਾਈਆ । ਇਕੋ ਦਰਸ ਪੁਰਖ ਅਕਾਲ ਲੋਚਦਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਝਗੜਾ ਰਹੇ ਨਾ ਹਰਖ ਸੋਗ ਦਾ, ਚਿੰਤਾ ਗ਼ਮ ਨਾ ਕੋਇ ਸਤਾਈਆ । ਲੇਖਾ ਬਣੇ ਤੇਰੀ ਮੌਜ ਦਾ, ਮਜਲਸ ਭਗਤਾਂ ਵਿਚ ਬਣਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਜੰਗਲ ਜੂਹ ਉਜਾੜ ਪਹਾੜ ਟਿੱਲੇ ਤੈਨੂੰ ਫਿਰੇ ਕੋਈ ਨਾ ਖੋਜਦਾ, ਕਾਇਆ ਮੰਦਰ ਅੰਦਰ ਪੜਦਾ ਦੇਣਾ ਉਠਾਈਆ । ਪੰਧ ਮੁਕਾਉਣਾ ਲੋਕ ਪਰਲੋਕ ਦਾ, ਸੋਹਲਾ ਸਚ ਸਲੋਕ ਸੁਣਾਈਆ । ਝਗੜਾ ਰਹੇ ਨਾ ਯੋਜਨ ਕੋਸ ਦਾ, ਬ੍ਰਹਿਮੰਡ ਖੰਡ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਸੀਸ ਨਿਵਾਈਆ । ਸਤਿਜੁਗ ਕਹੇ ਮੈਂ ਮੰਗਾਂ ਏਕਾ ਵਸਤ, ਨਾਮ ਧੁਰ ਦਾ ਦੇਣਾ ਦ੍ਰਿੜਾਈਆ । ਜਿਸ ਵਿਚ ਝਗੜਾ ਰਹੇ ਨਾ ਕੀਟ ਹਸਤ, ਊਚ ਨੀਚ ਨਾ ਵੰਡ ਵੰਡਾਈਆ । ਇਕ ਜੈਕਾਰਾ ਹੋਵੇ ਅਰਸ਼ ਫ਼ਰਸ਼, ਦੋ ਜਹਾਨ ਸੋਹਲਾ ਗਾਈਆ । ਮਿਹਰਵਾਨ ਕਰਨਾ ਤਰਸ, ਮਹਿਬੂਬ ਤੇਰੀ ਬੇਪਰਵਾਹੀਆ । ਨਵ ਨੌ ਚਾਰ ਰਿਹਾ ਤੜਪ, ਨਵ ਖੰਡ ਰਿਹਾ ਕੁਰਲਾਈਆ । ਸੱਤ ਦੀਪ ਰਿਹਾ ਭਟਕ, ਸਤਿ ਭਾਵਨਾ ਨਾ ਕੋਇ ਸਮਝਾਈਆ । ਅੰਮ੍ਰਿਤ ਮੇਘ ਇਕੋ ਬਰਸ, ਅਗਨੀ ਅੱਗ ਦੇ


੭੨੬
੨੦

ਗਵਾਈਆ । ਸਚ ਬੇਨੰਤੀ ਮੰਨ ਅਰਜ਼, ਆਰਜ਼ੂ ਦਿਤੀ ਦ੍ਰਿੜਾਈਆ । ਜੁਗ ਚੌਕੜੀ ਬਦਲਣਾ ਤੇਰਾ ਫ਼ਰਜ਼, ਕਲਜੁਗ ਲੇਖਾ ਦੇ ਮੁਕਾਈਆ । ਜਨ ਭਗਤਾਂ ਵੰਡ ਦਰਦ, ਦਰਦੀ ਹੋ ਕੇ ਵੇਖ ਵਖਾਈਆ । ਛੁਰੀ ਸ਼ਰਅ ਰਹੇ ਨਾ ਕਰਦ, ਕਤਲਗਾਹ ਕਰ ਸਫ਼ਾਈਆ । ਮਮਤਾ ਮੋਹ ਮੇਟ ਗਰਦ, ਗਰਦਸ਼ ਰਹੇ ਨਾ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਨਾਲ ਤੇਰੀ ਸ਼ਰਤ, ਸ਼ਰਅ ਵਿਚੋਂ ਸ਼ਰਅ ਦੇ ਬਦਲਾਈਆ । ਨਿਰਵੈਰ ਹੋ ਕੇ ਆਇਉਂ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਭਗਤ ਭਗਵਾਨ ਰਹੇ ਕੋਈ ਨਾ ਫ਼ਰਕ, ਫ਼ਿਕਰਾ ਇਕੋ ਦੇਣਾ ਸੁਣਾਈਆ । ਜਗਤ ਵਾਸਨਾ ਕਰ ਕੇ ਤਰਕ, ਤੁਰਤ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਸਤਿਜੁਗ ਕਹੇ ਮੇਰਾ ਨਿੱਕਾ ਜਿਹਾ ਖ਼ਿਆਲ, ਦਲੀਲ ਦਿਲਬਰ ਦਿਆਂ ਜਣਾਈਆ । ਸਤਿ ਧਰਮ ਦਾ ਦੱਸ ਅਹਿਵਾਲ, ਦੀਨ ਦਿਆਲ ਦਇਆ ਕਮਾਈਆ । ਕਲਜੁਗ ਅੰਤਰ ਨਿਰੰਤਰ ਬਦਲ ਦੇ ਚਾਲ, ਸਤਿ ਧਰਮ ਰਾਹ ਪਰਗਟਾਈਆ । ਤੇਰਾ ਖੇਲ ਪੁਰਖ ਅਕਾਲ, ਅਕਲ ਕਲਧਾਰੀ ਵੇਖ ਵਖਾਈਆ । ਮੈਂ ਨੱਢਾ ਤੇਰਾ ਬਾਲ, ਨੰਨ੍ਹਾ ਹੋ ਕੇ ਸੀਸ ਨਿਵਾਈਆ । ਮੰਨ ਬੇਨੰਤੀ ਸਚ ਸਵਾਲ, ਜਵਾਬ ਵਿਚ ਤੇਰੀ ਸ਼ਰਨਾਈਆ । ਸਾਚਾ ਮਾਰਗ ਦੇ ਵਖਾਲ, ਵੱਖਰੀ ਕਰ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਦੇ ਧਨ ਮਾਲ, ਨਾਮ ਨਿਧਾਨਾ ਝੋਲੀ ਪਾਈਆ । ਚਾਰ ਕੁੰਟ ਦਹਿ ਦਿਸ਼ਾ ਕਰ ਸੰਭਾਲ, ਸੰਬਲ ਬਹਿ ਕੇ ਵੇਖ ਵਖਾਈਆ । ਜਿਥੇ ਪੋਹ ਨਾ ਸਕੇ ਕਾਲ, ਗੁਰਮੁਖ ਆਪਣੇ ਘਰ ਵਸਾਈਆ । ਇਕੋ ਸ਼ਬਦ ਦੇ ਦਲਾਲ, ਵਿਚੋਲਾ ਧੁਰ ਦਾ ਨਜ਼ਰੀ ਆਈਆ । ਜਲਵਾ ਜੋਤ ਹੋਵੇ ਜਮਾਲ, ਜਾਅਲੀ ਰੂਪ ਨਾ ਕੋਇ ਦਰਸਾਈਆ । ਸਚ ਭੰਡਾਰਾ ਇਕ ਖਵਾਲ, ਨਾਮ ਪਦਾਰਥ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਸਤਿਜੁਗ ਕਹੇ ਮੈਂ ਮੰਗਾਂ ਵਸਤ ਅਨੋਖੀ, ਆਸਾ ਆਪਣੀ ਦਿਆਂ ਦ੍ਰਿੜਾਈਆ । ਪਰਮ ਪੁਰਖ ਤੇਰੀ ਮੰਜ਼ਲ ਮਿਲੇ ਸੌਖੀ, ਸਾਚਾ ਮਾਰਗ ਦੇਣਾ ਲਾਈਆ । ਪੜ੍ਹਨੀ ਪਏ ਜਨ ਭਗਤ ਕੋਇ ਨਾ ਪੋਥੀ, ਅੱਖਰ ਇਕੋ ਦੇਣਾ ਸਮਝਾਈਆ । ਜਿਸ ਵਸਤ ਨੂੰ ਲੱਭਦੇ ਕੋਟਨ ਕੋਟੀ, ਕੋਟ ਗੜ੍ਹ ਕਾਇਆ ਬੰਕ ਦੇਣੀ ਵਡਿਆਈਆ । ਮੰਜ਼ਲ ਮਹਿਬੂਬ ਚੜ੍ਹ ਕੇ ਚੋਟੀ, ਚੇਟਕ ਪਿਛਲਾ ਦੇਣਾ ਗਵਾਈਆ । ਗੁਰਮੁਖਾਂ ਅੰਦਰ ਵਾਸਨਾ ਰਹੇ ਕੋਈ ਨਾ ਖੋਟੀ, ਖੋਟੇ ਖਰੇ ਦੇਣੇ ਬਣਾਈਆ । ਆਤਮ ਪਰਮਾਤਮ ਤੇਰਾ ਗੋਤੀ, ਵਰਨ ਬਰਨ ਡੇਰਾ ਢਾਹੀਆ । ਸਚਖੰਡ ਦਵਾਰ ਏਕੰਕਾਰ ਤੇਰੀ ਜਗਦੀ ਰਹੇ ਜੋਤੀ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਤੇਰਾ ਨਾਮ ਸੰਦੇਸ਼ਾ ਸਾਰੇ ਗਾਵਣ ਲੋਕ ਪਰਲੋਕੀ, ਪਰਮ ਪੁਰਖ ਤੇਰੀ ਇਕ ਵਡਿਆਈਆ । ਚਰਨ ਪ੍ਰੀਤ ਸਾਚੀ ਰੀਤ ਇਕੋ ਦੱਸ ਓਟੀ, ਓੜਕ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਪੂਰਾ ਕਰ ਰਵਦਾਸ ਚਮਾਰੇ ਮੋਚੀ, ਗ਼ਰੀਬ ਨਿਮਾਣੇ ਕੋਝੇ ਕਮਲੇ ਆਪਣੇ ਗਲ ਲਗਾਈਆ ।

★ ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਗੁਰਚਰਨ ਸਿੰਘ ਦੇ ਗ੍ਰਹਿ ਜੰਮੂ ★

ਸਤਿਜੁਗ ਕਹੇ ਕਿਰਪਾ ਕਰ ਮੇਰੇ ਮਿਹਰਵਾਨ, ਮਾਲਕ ਖ਼ਾਲਕ ਪ੍ਰਿਤਪਾਲਕ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨ, ਨੌ ਖੰਡ ਪ੍ਰਿਥਮੀ ਸੱਤ ਦੀਪ ਧਰਮ ਦਵਾਰਾ ਇਕ ਪਰਗਟਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਢੋਲਾ ਸੱਚਾ ਗਾਣ, ਗਾਵਤ ਗਾ ਗਾ ਖ਼ੁਸ਼ੀ ਬਣਾਈਆ । ਸਿਦਕ ਸਬੂਰੀ ਸਾਚਾ ਬਖ਼ਸ਼ ਹਕ ਈਮਾਨ, ਬੇਈਮਾਨ ਰਹੇ ਨਾ ਕੋਇ ਲੋਕਾਈਆ । ਧੁਰ ਦਾ ਕਲਮਾ ਦੱਸ ਅਸਲ ਵਿਚ ਇਸਲਾਮ, ਪੈਗ਼ਾਮ ਆਪਣਾ ਇਕ ਸੁਣਾਈਆ । ਧਰਮ ਦਵਾਰਿਉਂ ਦੇ ਦਾਨ, ਵਸਤ ਅਮੋਲਕ ਇਕ ਵਰਤਾਈਆ । ਸਭ ਦਾ ਮਾਲਕ ਨਜ਼ਰੀ ਆ ਕਾਹਨ, ਗੋਪੀ ਲੱਖ ਚੁਰਾਸੀ ਜੀਵ ਜੰਤ ਪਰਨਾਈਆ । ਡੰਕਾ ਵੱਜੇ ਧੁਰ ਦੇ ਰਾਮ, ਰਮਈਆ ਨਈਆ ਆਪਣੀ ਦੇ ਵਖਾਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਇ ਗ਼ੁਲਾਮ, ਸ਼ਰਅ ਸ਼ੈਤਾਨ ਨਾ ਕੋਇ ਲੜਾਈਆ । ਸਾਚਾ ਮਾਰਗ ਦੱਸ ਆਸਾਨ, ਅਸਲ ਵਸਲ ਬਖ਼ਸ਼ ਨੂਰ ਖ਼ੁਦਾਈਆ । ਦਰਗਾਹ ਸਾਚੀ ਤੇਰਾ ਹੋਵੇ ਕਿਆਮ, ਕਿਆਮਤ ਡੇਰਾ ਦੇ ਢਾਹੀਆ । ਸ਼ਬਦ ਹਕ਼ੀਕ਼ੀ ਦੇ ਜਾਮ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਤਿਜੁਗ ਸਾਚੇ ਆਸ ਰਖਾਈਆ । ਸਤਿਜੁਗ ਕਹੇ ਮੇਰੀ ਪੂਰੀ ਕਰ ਆਸਾ, ਮਨਸਾ ਮਮਤਾ ਮੋਹ ਦੇ ਮਿਟਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਬਣੇ ਬੰਸਾ, ਸਰਬੰਸ ਆਪਣਾ ਲੈਣਾ ਪਰਗਟਾਈਆ । ਮਨ ਵਾਸਨਾ ਕੂੜੀ ਕਿਰਿਆ ਹੰਕਾਰੀ ਗੜ੍ਹ ਨਾ ਰਹੇ ਕੰਸਾ, ਸੰਸਾ ਆਪਣਾ ਭੇਵ ਦੇਣਾ ਖੁਲ੍ਹਾਈਆ । ਸਚ ਧਰਮ ਸਚ ਬਣਾ ਬਣਤਾ, ਹਉਮੇ ਹੰਗਤਾ ਡੇਰਾ ਦੇਣਾ ਢਾਹੀਆ । ਬੋਧ ਅਗਾਧਾ ਸ਼ਬਦ ਅਨਾਦਾ ਬਣ ਪੰਡਤਾ, ਪਾਰਬ੍ਰਹਮ ਬ੍ਰਹਮ ਵਿਦਿਆ ਧੁਰ ਦੀ ਦੇਣੀ ਜਣਾਈਆ । ਸਵਾਮੀ ਠਾਕਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਬੈਠਾ ਧਿਆਨ ਲਗਾਈਆ । ਸਤਿਜੁਗ ਕਹੇ ਪ੍ਰਭ ਮੇਰੇ ਮਿਹਰਵਾਨ ਮਹਿਬੂਬ, ਮੁਹੱਬਤ ਤੇਰੀ ਨਜ਼ਰੀ ਆਈਆ । ਸਾਚੇ ਨਾਮ ਦਾ ਦੇ ਸਬੂਤ, ਸਬਰ ਸਬੂਰੀ ਝੋਲੀ ਪਾਈਆ । ਝਗੜਾ ਰਹੇ ਨਾ ਪੰਜ ਤਤ ਕਾਇਆ ਕਲਬੂਤ, ਕਲਮਾ ਇਕੋ ਦੇਣਾ ਦ੍ਰਿੜਾਈਆ । ਹਰ ਘਟ ਨਜ਼ਰੀ ਆ ਮੌਜੂਦ, ਮਜਲਸ ਭਗਤਾਂ ਵਿਚ ਰਖਾਈਆ । ਤੇਰੀ ਮੰਜ਼ਲ ਇਕ ਮਕਸੂਦ, ਜਲਵਾ ਨੂਰ ਹੋਵੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਕਰ ਨੇਸਤੋ ਨਾਬੂਦ, ਸਤਿ ਸਚ ਲੈ ਪਰਗਟਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਦਿਸੇ ਹਦੂਦ, ਮੌਜੂਦ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਤੇਰੀ ਓਟ ਤਕਾਈਆ । ਸਤਿਜੁਗ ਕਹੇ ਮੈਂ ਮੰਗਾਂ ਵਸਤ ਅਪਾਰ, ਅਪਰੰਪਰ ਸਵਾਮੀ ਦੇਣੀ ਝੋਲੀ ਪਾਈਆ । ਤੂੰ ਸਰਬ ਜੀਆਂ ਦਾ ਸਾਂਝਾ ਯਾਰ, ਨਿਰਵੈਰ ਪੁਰਖ ਨਿਰਾਕਾਰ ਵੱਡੀ ਵਡਿਆਈਆ । ਕਲਜੁਗ ਕੂੜੀ ਕਿਰਿਆ ਕਰ ਖ਼ੁਆਰ, ਮਾਇਆ ਮਮਤਾ ਮੋਹ ਵਿਕਾਰ ਦੇ ਗਵਾਈਆ । ਧਰਨੀ ਧਰਤ ਧਵਲ ਧੌਲ ਰਹੇ ਨਾ ਧੂੰਆਂਧਾਰ, ਧਰਮ ਦਵਾਰ ਦੇਣਾ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬੋਲੇ ਸਰਬ ਜੈਕਾਰ, ਇਸ਼ਟ ਦੇਵ ਸਵਾਮੀ ਅੰਤਰਜਾਮੀ ਇਕੋ ਦੇਣਾ ਵਖਾਈਆ । ਤੇਰੀ ਮਹਿੰਮਾ ਸਿਫ਼ਤ ਸਾਲਾਹ ਬੋਧ ਅਗਾਧ ਕਾਗਦ ਕਲਮ ਸ਼ਾਹੀ ਨਾ ਲਿਖਣਹਾਰ, ਕਾਤਬ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੈਗ਼ੰਬਰ ਕਰ ਨਿਮਸਕਾਰ, ਦਰ ਠਾਂਡੇ ਸੀਸ ਝੁਕਾਈਆ ।

ਸਦੀ ਚੌਧਵੀਂ ਦਿਸੇ ਹਾਹਾਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਤੇਰੀ ਓਟ ਤਕਾਈਆ । ਸਤਿਜੁਗ ਕਹੇ ਮੈਂ ਰੱਖੀ ਅਗੰਮੀ ਆਸ, ਤ੍ਰਿਸ਼ਨਾ ਜਗਤ ਨਾ ਕੋਇ ਵਧਾਈਆ । ਸਾਚੇ ਮੰਡਲ ਵੇਖਾਂ ਤੇਰੀ ਰਾਸ, ਗੋਪੀ ਕਾਹਨ ਇਕੋ ਰੰਗ ਵਖਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਗਾਵੇ ਤੇਰੀ ਗਾਥ, ਗਹਿਰ ਗੰਭੀਰ ਬੇਨਜ਼ੀਰ ਤੇਰਾ ਢੋਲਾ ਇਕ ਸੁਣਾਈਆ । ਸਚਖੰਡ ਦਵਾਰ ਏਕੰਕਾਰ ਤੇਰਾ ਦਿਸੇ ਵਾਸ, ਵਾਸਤਾ ਸਭ ਦੇ ਨਾਲ ਜੁੜਾਈਆ । ਤੇਰਾ ਨੂਰ ਹੋਵੇ ਪਰਕਾਸ਼, ਗ੍ਰਹਿ ਭੀਤਰ ਡਗਮਗਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਰੁਤੜੀ ਆਪਣੀ ਦੇ ਸੁਹਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਬਣੇ ਜਮਾਤ, ਨਾਤਾ ਆਤਮ ਪਰਮਾਤਮ ਲੈਣਾ ਬੰਧਾਈਆ । ਮਾਨਵ ਮਾਨਵ ਕਰੇ ਕੋਇ ਨਾ ਬਾਤ, ਪੰਚ ਵਿਕਾਰ ਡੇਰਾ ਅੰਦਰੋਂ ਦੇਣਾ ਢਾਹੀਆ । ਜੋ ਗੁਰ ਅਵਤਾਰ ਪੈਗ਼ੰਬਰ ਗਏ ਆਖ, ਢੋਲੇ ਸਿਫ਼ਤਾਂ ਵਿਚ ਸਾਲਾਹੀਆ । ਸੋ ਪੂਰਾ ਕਰਨਾ ਭਵਿਖਤ ਵਾਕ, ਵੇਲਾ ਵਕਤ ਦਏ ਗਵਾਹੀਆ । ਜਗਤ ਵਿਦਿਆ ਖੋਲ੍ਹ ਨਾ ਸਕੇ ਤਾਕ, ਪੜਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਤੇਰੇ ਦਰ ਮੰਗਾਂ ਇਕ ਇਨਸਾਫ਼, ਅਦਲ ਆਦਲ ਲੈਣਾ ਕਮਾਈਆ । ਮਨੂਆ ਰਹੇ ਨਾ ਕੋਇ ਗੁਸਤਾਖ਼, ਮਮਤਾ ਕੂੜ ਦੇਣੀ ਮਿਟਾਈਆ । ਸਤਿ ਧਰਮ ਕਰ ਪਰਕਾਸ਼, ਨਿਰਗੁਣ ਨੂਰ ਕਰ ਰੁਸ਼ਨਾਈਆ । ਮਾਨਵ ਸਮਝੇ ਤੇਰੀ ਜਾਤ, ਅਜਾਤੀ ਵੰਡ ਨਾ ਕੋਇ ਵੰਡਾਈਆ । ਨਜ਼ਰੀ ਆਵੇ ਇਕ ਪਰਭਾਤ, ਸੰਧਿਆ ਤੇਰਾ ਰਾਹ ਤਕਾਈਆ । ਨੈਣ ਖੋਲ੍ਹ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੜਦਾ ਦੇ ਉਠਾਈਆ । ਸ਼ਬਦ ਅਗੰਮੀ ਸੁਣਾ ਆਵਾਜ਼, ਨਾਦ ਧੁਨ ਕਰ ਸ਼ਨਵਾਈਆ । ਸਤਿ ਧਰਮ ਤੇਰਾ ਮੁਹਤਾਜ, ਬੈਠਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਮਾਰਗ ਦੱਸ ਖ਼ਾਸ, ਖ਼ਾਲਸ ਆਪਣਾ ਰਾਹ ਵਖਾਈਆ । ਸਤਿਜੁਗ ਕਹੇ ਮੈਂ ਰੱਖ ਕੇ ਬੈਠਾ ਉਡੀਕ, ਆਪਣਾ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਕਲਜੁਗ ਅੰਧੇਰਾ ਮੇਟੇ ਤਾਰੀਕ, ਜਲਵਾ ਨੂਰ ਕਰੇ ਰੁਸ਼ਨਾਈਆ । ਤੇਰਾ ਹੁਕਮ ਮੇਰੇ ਜਗਦੀਸ਼, ਜਗਤ ਮਾਲਕ ਨਜ਼ਰੀ ਆਈਆ । ਝਗੜਾ ਚੁੱਕੇ ਬੀਸ ਬੀਸ, ਸਦੀ ਚੌਧਵੀਂ ਹਦੀਸ ਰਹੀ ਕੁਰਲਾਈਆ । ਛਤਰ ਰਹੇ ਨਾ ਕਿਸੇ ਸੀਸ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਸਰਗੁਣ ਦੇਣਾ ਸਮਝਾਈਆ । ਸਤਿਜੁਗ ਕਹੇ ਮੈਂ ਰਾਹ ਰਿਹਾ ਤੱਕ, ਬਿਨ ਅੱਖਾਂ ਅੱਖ ਉਠਾਈਆ । ਕਿਰਪਾ ਕਰ ਪੁਰਖ ਸਮਰਥ, ਦਰ ਠਾਂਡੇ ਮੰਗ ਮੰਗਾਈਆ । ਕਲਜੁਗ ਕੂੜ ਅੰਧੇਰਾ ਜਗਤ ਵਿਕਾਰਾ ਕਰ ਭੱਠ, ਅੱਠ ਸੱਠ ਦੇਣ ਦੁਹਾਈਆ । ਝਗੜਾ ਰਹੇ ਨਾ ਮੰਦਰ ਮਸਜਿਦ ਸ਼ਿਵਦਵਾਲਾ ਮੱਠ, ਗੁਰੂਦਵਾਰ ਨਾ ਕੋਇ ਲੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਖੋਲ੍ਹ ਆਪਣਾ ਹੱਟ, ਮਨੂਆ ਨਟੂਆ ਨਟ ਨਾ ਸਵਾਂਗ ਵਰਤਾਈਆ । ਦੁਰਮਤ ਮੈਲ ਦੇਣੀ ਕਟ, ਕਟਾਕਸ਼ ਆਪਣਾ ਤੀਰ ਨਾਮ ਚਲਾਈਆ । ਸਭ ਦਾ ਲਹਿਣਾ ਦੇਣਾ ਤੇਰੇ ਹੱਥ, ਲੱਖ ਚੁਰਾਸੀ ਬੈਠੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਸੱਚੀ ਸਰਕਾਰ ਇਕੋ ਨਜ਼ਰੀ ਆਈਆ । ਸਤਿਜੁਗ ਕਹੇ ਮੈਂ ਲੈਣੀ ਸਚ ਸਲਾਹ, ਰਹਿਮਤ ਤੇਰੀ ਮੰਗ ਮੰਗਾਈਆ । ਦੋ ਜਹਾਨਾਂ ਬਣ ਮਲਾਹ,

ਬੇੜਾ ਆਪਣੇ ਕੰਧ ਉਠਾਈਆ । ਗੁਰ ਅਵਤਾਰ ਪੈਗ਼ੰਬਰ ਮੇਰੇ ਗਵਾਹ, ਸ਼ਹਾਦਤ ਇਬਾਦਤ ਵਿਚ ਦੇਣ ਭੁਗਤਾਈਆ । ਤੂੰ ਨੂਰ ਨੁਰਾਨਾ ਇਕ ਖ਼ੁਦਾ, ਖ਼ੁਦੀ ਤਕੱਬਰੀ ਦੇ ਮਿਟਾਈਆ । ਤੇਰਾ ਆਤਮ ਤੈਥੋਂ ਨਾ ਹੋਵੇ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਸਾਚਾ ਮਾਰਗ ਇਕ ਸਿਖ਼ਾ, ਸਿਖਿਆ ਦੇਣੀ ਥਾਉਂ ਥਾਈਂਆ । ਕਲਜੁਗ ਜੀਵਾਂ ਬਖ਼ਸ਼ ਗੁਨਾਹ, ਰਹਿਮਤ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਾਲਕ ਪ੍ਰਿਤਪਾਲਕ ਤੁੱਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਤਿਜੁਗ ਕਹੇ ਤੁਧ ਬਿਨ ਦੂਜਾ ਅਵਰ ਨਾ ਦਿਸੇ ਹੋਰ, ਹਰਿ ਜੂ ਆਪਣੀ ਦਇਆ ਦੇਣੀ ਕਮਾਈਆ । ਨਾਮ ਪ੍ਰੀਤੀ ਬਖ਼ਸ਼ ਕੂੜੀ ਕਿਰਿਆ ਰਹੇ ਨਾ ਕੋਈ ਚੋਰ, ਠਗੌਰੀ ਮਨ ਕੋਇ ਨਾ ਪਾਈਆ । ਤੇਰੇ ਹੱਥ ਅਗੰਮੀ ਡੋਰ, ਸ਼ਬਦੀ ਤੰਦ ਲੈਣਾ ਜੁੜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਤੇਰੀ ਲੋੜ, ਮੋਹਰ ਆਪਣਾ ਨਾਮ ਦੇਣਾ ਲਗਾਈਆ । ਮਿਟੇ ਰੈਣ ਅੰਧੇਰਾ ਘੋਰ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਤੇਰੀ ਲੋੜ, ਏਥੇ ਓਥੇ ਦੋ ਜਹਾਨਾਂ ਸ੍ਰੀ ਭਗਵਾਨ ਇਕ ਸਹਾਈਆ ।



੭੩੦
੨੦

## ★ ੧੧ ਜੇਠ ਸ਼ਹਿਨਸ਼ਾਹੀ ਸੰਮਤ ੩ ਪਰਕਾਸ਼ ਚੰਦ ਦੇ ਗ੍ਰਿਹ ਜੰਮੂ ★

ਸਤਿਜੁਗ ਕਹੇ ਪ੍ਰਭੂ ਮੈਂ ਤੇਰਾ ਬਰਦਾ, ਬੰਦਨਾ ਵਿਚ ਸੀਸ ਝੁਕਾਈਆ । ਭਿਖਾਰੀ ਬਣ ਕੇ ਤੇਰੇ ਦਰ ਦਾ, ਅਲਖ ਅਗੋਚਰ ਅਗੰਮ ਅਥਾਹ ਆਪਣੀ ਅਲਖ ਦਿਆਂ ਜਣਾਈਆ । ਜਗਤ ਜੀਵ ਜਹਾਨ ਵੇਖ ਸੜਦਾ, ਮੇਰੀ ਅੰਦਰੋਂ ਨਿਕਲੇ ਧਾਹੀਂਆ । ਤੇਰੀ ਮੰਜ਼ਲ ਕੋਇ ਨਾ ਚੜ੍ਹਦਾ, ਅਧਵਿਚਕਾਰੇ ਲੁਟੀ ਜਾਏ ਲੋਕਾਈਆ । ਸਚ ਦਵਾਰੇ ਕੋਈ ਨਾ ਖੜਦਾ, ਮਹਿਬੂਬ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਦੇਣਾ ਵਖਾਈਆ । ਸਤਿਜੁਗ ਕਹੇ ਮੇਰੇ ਸਾਹਿਬ ਸੂਰੇ ਸਰਬਗ, ਸ਼ਾਹ ਸੁਲਤਾਨ ਤੇਰੀ ਸਰਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਾਚੀ ਕਰਨੀ ਸਾਰੇ ਗਏ ਤੱਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਹੇ ਕੁਰਲਾਈਆ । ਕੂੜ ਨਗ਼ਾਰਾ ਦਹਿ ਦਿਸ਼ਾ ਰਿਹਾ ਵੱਜ, ਵਜਹ ਸਕੇ ਨਾ ਕੋਇ ਸਮਝਾਈਆ । ਸ਼ਾਹ ਸੁਲਤਾਨ ਰਹੇ ਭੱਜ, ਭਜਨ ਬੰਦਗੀ ਕੰਮ ਕਿਸੇ ਨਾ ਆਈਆ । ਕਲਜੁਗ ਕੂੜੀ ਕਿਰਿਆ ਵਿਚੋਂ ਕੱਢ, ਮਿਹਰਵਾਨ ਮਿਹਰ ਨਜ਼ਰ ਅੱਖ ਉਠਾਈਆ । ਆਪਣੀ ਮੰਜ਼ਲ ਦੱਸ ਹੱਦ, ਹਦੂਦ ਪਿਛਲੀ ਦੇ ਮੁਕਾਈਆ । ਜਾਗਰਤ ਜੋਤ ਜਗੇ ਜਗ, ਜਗਜੀਵਣ ਦਾਤੇ ਦੇਣੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਤੈਨੂੰ ਗਏ ਸੱਦ, ਰਾਗਾਂ ਨਾਦਾਂ ਵਿਚ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲੇ ਤੇਰੀ ਯਦ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ ।

★ ੧੩ ਜੇਠ ਸ਼ਹਿਨਸ਼ਾਹੀ ਸੰਮਤ ੩ ਸ਼ੰਕਰ ਆਚਾਰੀਆ ਮੰਦਰ ਸ੍ਰੀਨਗਰ ★

ਧਰਨੀ ਕਹੇ ਮੇਰੀ ਧਾਰ ਪਰਬਤ ਚੋਟੀ, ਪਾਥਰ ਪਾਹਨ ਨਾਲ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਜਗਦੀ ਜੋਤੀ, ਨਿਰਗੁਣ ਨੂਰ ਨਿਰਾਕਾਰ ਰੁਸ਼ਨਾਈਆ । ਸਤਿ ਧਰਮ ਦੀ ਇਕੋ ਓਟੀ, ਸਹਾਰਾ ਦੋ ਜਹਾਨ ਸਮਝਾਈਆ । ਭਗਤ ਭਗਵਾਨ ਦੀ ਪੜ੍ਹੇ ਪੋਥੀ, ਨਿਰਅੱਖਰ ਅੱਖਰ ਵਿਚ ਬਦਲਾਈਆ । ਮੰਜ਼ਲ ਮਿਲੇ ਅਗੰਮੀ ਸੌਖੀ, ਰਹਿਬਰ ਆਪਣਾ ਰਾਹ ਜਣਾਈਆ । ਦੁਰਮਤ ਮੈਲ ਜਾਏ ਧੋਤੀ, ਪਤਤ ਪੁਨੀਤ ਦਏ ਕਰਾਈਆ । ਸੁਰਤੀ ਰਹੇ ਕਿਸੇ ਨਾ ਸੋਤੀ, ਨਾਮ ਡੰਕਾ ਕਰੇ ਸ਼ਨਵਾਈਆ । ਜਿਸ ਭੂਮਿਕਾ ਨੂੰ ਖੋਜਦੇ ਗਏ ਕੋਟਨ ਕੋਟੀ, ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਆਪਣੀ ਧਾਰ ਜਣਾਈਆ । ਓਸ ਦੀ ਖੇਲ ਕਿਸੇ ਨਾ ਸੋਚੀ, ਸਮਝ ਬੁੱਧੀ ਨਾ ਕੋਇ ਚਤੁਰਾਈਆ । ਰਾਹ ਤਕਦੇ ਲੋਕ ਪਰਲੋਕੀ, ਬ੍ਰਹਿਮੰਡ ਖੰਡ ਅੱਖ ਉਠਾਈਆ । ਕੁਛ ਲਹਿਣਾ ਦੇਣਾ ਕ੍ਰਿਸ਼ਨ ਨਾਥ ਤ੍ਰੈਲੋਕੀ, ਲੋਆਂ ਪੁਰੀਆਂ ਬਾਹਰ ਸਮਝਾਈਆ । ਕੁਝ ਆਸਾ ਰਵਦਾਸ ਚਮਾਰੇ ਮੋਚੀ, ਕਬੀਰ ਜੁਲਾਹਾ ਵੇਖ ਵਖਾਈਆ । ਹਰਿ ਗੋਬਿੰਦ ਮਿੱਟੀ ਦੀ ਬਣਾ ਕੇ ਕੋਠੀ, ਸਾਢੇ ਤਿੰਨ ਹੱਥ ਵਖਾਈਆ । ਨਿਰਵੈਰ ਹੋ ਕੇ ਨਿਰਾਕਾਰ ਤੇਰੀ ਧਾਰ ਦਿਸੇ ਬਹੁਤੀ, ਬਹੁ ਰੰਗਾਂ ਵਿਚ ਸਮਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਜਗਤ ਆਯੂ ਬੀਤੀ ਚੋਖੀ, ਚਾਰ ਕੁੰਟ ਹਾਹਾਕਾਰ ਕਰਾਈਆ । ਸਦੀ ਚੌਧਵੀਂ ਸਭ ਉਤੇ ਘੜੀ ਆਉਣੀ ਔਖੀ, ਆਖ਼ਰ ਸਮਝ ਕੋਇ ਨਾ ਪਾਈਆ । ਜਗਤ ਵਿਦਿਆ ਜਿਸ ਮੰਜ਼ਲ ਨਹੀਂ ਪਹੁੰਚੀ, ਹਕੀਕਤ ਹਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਸਮਝਾਈਆ । ਧਰਨੀ ਕਹੇ ਮੇਰੀ ਧਰਨੀ ਧਰਤ, ਧਵਲ ਸੋਭਾ ਪਾਈਆ । ਵਿਸ਼ਨੂੰ ਧਾਰ ਆਵੇ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਬ੍ਰਹਮਾ ਨਾਲ ਸ਼ਰਤ, ਸ਼ੰਕਰ ਦਏ ਵਡਿਆਈਆ । ਲੇਖਾ ਜਾਣ ਫ਼ਰਸ਼ ਅਰਸ਼, ਜ਼ਿਮੀਂ ਅਸਮਾਨ ਖੋਜ ਖੁਜਾਈਆ । ਕਲਜੁਗ ਅੰਤਮ ਕਰ ਕੇ ਤਰਸ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਮੇਰੀ ਆਸਾ ਮਨਸਾ ਮੇਟੇ ਪਿਛਲੀ ਹਰਸ, ਹਵਸ ਦਏ ਗਵਾਈਆ । ਪੂਰਬ ਲਹਿਣਾ ਦੇਵੇ ਕਰਜ, ਮਕਰੂਜ਼ ਆਪ ਚੁਕਾਈਆ । ਸਚ ਜੈਕਾਰ ਦੀ ਬੋਲ ਕੇ ਤਰਜ਼, ਤਰਾਨਾ ਇਕੋ ਦਏ ਸੁਣਾਈਆ । ਤੇਈ ਅਵਤਾਰਾਂ ਹਜ਼ਰਤ ਮੂਸਾ ਈਸਾ ਮੁਹੰਮਦ ਦਸ ਗੁਰੂ ਪੂਰੀ ਕਰੇ ਅਰਜ਼, ਆਰਜ਼ੂ ਪਿਛਲੀ ਖੋਜ ਖੁਜਾਈਆ । ਆਪਣਾ ਖੇਲ ਕਰ ਅਸਚਰਜ, ਅਚਰਜ ਲੀਲਾ ਦਏ ਵਰਤਾਈਆ । ਧਰਨੀ ਤੇਰੀ ਪੂਰੀ ਹੋਵੇ ਗ਼ਰਜ਼, ਗ਼ਰੀਬ ਨਿਵਾਜਾ ਵੇਖ ਵਖਾਈਆ । ਬੀਸ ਬੀਸਾ ਪੂਰਾ ਕਰੇ ਫ਼ਰਜ਼, ਫ਼ੈਸਲਾ ਹਕ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਪੜਦਾ ਦਏ ਉਠਾਈਆ । ਧਰਨੀ ਕਹੇ ਮੇਰਾ ਧਰਮ ਦਵਾਰ, ਦਵਾਰਕਾ ਵਾਸੀ ਦਏ ਵਡਿਆਈਆ । ਭੀਮ ਕਰ ਕੇ ਨਿਮਸਕਾਰ, ਯੁਧਿਸ਼ਟਰ ਦਿਤਾ ਦ੍ਰਿੜਾਈਆ । ਖਿੱਚ ਕੇ ਇਕ ਲਕਾਰ, ਲਕੀਰ ਦਿਤੀ ਬਣਾਈਆ । ਅਗਲਾ ਖੇਲ ਕਰੇ ਕਰਤਾਰ, ਕੁਦਰਤ ਦਾ ਮਾਲਕ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਵਧੇ ਵਿਚ ਸੰਸਾਰ, ਚਾਰ ਵਰਨ ਕਰੇ ਲੜਾਈਆ । ਸਾਚਾ ਧਰਮ ਨਾ ਰਹੇ ਜੈਕਾਰ, ਪ੍ਰੇਮ ਪ੍ਰੀਤੀ ਨਾ ਕੋਇ ਵਖਾਈਆ । ਦੀਨ ਮਜ਼੍ਹਬ ਹੋਏ ਖ਼ੁਆਰ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਧਰਮ ਸਤਿ ਨਾ ਕੋਇ ਪਰਗਟਾਈਆ । ਮੁੱਲਾਂ ਸ਼ੇਖ਼ ਮਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਕਰਨ ਹਾਹਾਕਾਰ, ਅੰਤਰ ਨਿਰੰਤਰ ਮੰਤਰ ਸਚ ਜਾਣ ਭੁਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਮਾਨਵ ਜਾਤੀ ਹੋਏ ਵਿਭਚਾਰ,

ਕਰਮ ਕਾਂਡ ਸਚ ਨਾ ਕੋਇ ਰਖਾਈਆ । ਦ੍ਰਿਸ਼ਟੀ ਅੰਦਰ ਸ੍ਰਿਸ਼ਟੀ ਹੋਵੇ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਮੈਂ ਫੇਰ ਕਰਾਂ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਮੇਰੀ ਪਾਵਣ ਸਾਰ, ਮਹਾਂਸਾਰਥੀ ਵੇਖ ਵਖਾਈਆ । ਸਚ ਸੰਦੇਸ਼ਾ ਦੇਣ ਏਕੰਕਾਰ, ਇਕ ਇਕੱਲੇ ਆਪ ਜਣਾਈਆ । ਕਲਜੁਗ ਕੂੜੀ ਕਿਰਿਆ ਜਗਤ ਵਾਸਨਾ ਵੇਖ ਬਹਾਰ, ਮਾਇਆ ਮਮਤਾ ਮੋਹ ਵਿਚ ਦੀਨ ਦੁਨੀ ਹਲਕਾਈਆ । ਸਾਚਾ ਧਰਮ ਕਰੇ ਨਾ ਕੋਇ ਪਰਚਾਰ, ਪਰਚਾ ਹਕ ਨਾ ਕੋਇ ਵਖਾਈਆ । ਇਸ਼ਟ ਮੰਨੇ ਨਾ ਕੋਇ ਗੁਰੂ ਅਵਤਾਰ, ਪੈਗ਼ੰਬਰਾਂ ਰਾਹ ਨਾ ਕੋਇ ਅਪਨਾਈਆ । ਕਿਰਪਾ ਕਰ ਗਿਰਵਰ ਗਿਰਧਾਰ, ਗਹਿਰ ਗੰਭੀਰ ਖੇਲ ਖਿਲਾਈਆ । ਕਰੇ ਅਰਜ਼ ਮਨਜ਼ੂਰ ਧੁਰ ਦਰਬਾਰ, ਦਰਗਾਹ ਸਾਚੀ ਹੋਏ ਸਹਾਈਆ । ਪਰਵਰਦਿਗਾਰ ਸਾਂਝਾ ਯਾਰ, ਜਲਵਾਗਰ ਨੂਰ ਰੁਸ਼ਨਾਈਆ । ਮਹਿਬਾਨ ਬੀਦੋ ਬੀ ਖ਼ੈਰ ਯਾ ਅੱਲਾ ਵੇਖਣਹਾਰ ਸਰਬ ਸੰਸਾਰ, ਸਰਬ ਸਵਾਮੀ ਅੰਤਰਜਾਮੀ ਪੜਦਾ ਓਹਲਾ ਦਏ ਉਠਾਈਆ । ਵੇਖਣਹਾਰਾ ਵੇਖੇ ਵਿਗਸੇ ਪਾਵੇ ਸਾਰ, ਪਰਬਤ ਚੋਟੀ ਫੋਲ ਫੁਲਾਈਆ । ਹਰਿ ਗੋਬਿੰਦ ਕਰ ਕੇ ਗਿਆ ਪੁਕਾਰ, ਪਾਤੀ ਪਤ੍ਰਕਾ ਬਿਨ ਅੱਖਰਾਂ ਇਕ ਲਿਖਾਈਆ । ਕੁਦਰਤ ਦੇ ਕਾਦਰ ਕਰਨੀ ਦੇ ਕਰਤੇ ਸ੍ਰਿਸ਼ਟੀ ਦੇ ਮਾਲਕ ਭਗਤਾਂ ਦੇ ਭਗਵਾਨ ਤੇਰਾ ਖੇਲ ਅਪਾਰ, ਅਪਰੰਪਰ ਸਵਾਮੀ ਤੇਰੇ ਹੱਥ ਵਡਿਆਈਆ । ਦੁਨੀਆ ਦਾ ਹਾਹਾਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਧਰਨੀ ਕਹੇ ਮੇਰੀ ਆਸਾ ਮਨਸਾ, ਪੂਰਬ ਦਿਆਂ ਜਣਾਈਆ । ਪਿਛਲਾ ਲਹਿਣਾ ਆਦਿ ਅੰਤਾ, ਜੁਗ ਚੌਕੜੀ ਰਾਹ ਤਕਾਈਆ । ਕਵਣ ਵੇਲਾ ਪੁਰਖ ਅਬਿਨਾਸ਼ੀ ਆਵੇ ਧੁਰ ਦਾ ਕੰਤਾ, ਪਤਿਪਰਮੇਸ਼ਵਰ ਵੇਸ ਵਟਾਈਆ । ਸ੍ਰਿਸ਼ਟ ਸਬਾਈ ਦੁਖੀ ਵੇਖੇ ਜੰਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੜ੍ਹ ਤੋੜੇ ਹਉਮੇ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਕੁਛ ਲੇਖਾ ਗੋਬਿੰਦ ਨਾਲ ਕਸ਼ਮੀਰੀ ਪੰਡਤਾ, ਕੇਸ਼ੋ ਬੇਨੰਤੀ ਗਿਆ ਸੁਣਾਈਆ । ਬੀਸ ਬੀਸੇ ਜਗਤ ਜਹਾਨ ਹੋਣਾ ਨੰਗਤਾ, ਓਢਣ ਸੀਸ ਨਾ ਕੋਇ ਟਿਕਾਈਆ । ਕਸ਼ਮੀਰ ਬੇਨਜ਼ੀਰ ਰੂਪ ਧਾਰੇ ਸ੍ਰਿਸ਼ਟ ਸਬਾਈ ਜੰਗ ਦਾ, ਅੰਗ ਦੀਨ ਦੁਨੀ ਦਏ ਹਿਲਾਈਆ । ਓਸ ਵੇਲੇ ਮੇਰਾ ਲਹਿਣਾ ਹੋਵੇ ਸੂਰੇ ਸਰਬੰਗ ਦਾ, ਸ੍ਰਿਸ਼ਟੀ ਖ਼ੁਸ਼ੀਆਂ ਵਿਚ ਆਪਣੀ ਅੱਖ ਖੁਲ੍ਹਾਈਆ । ਸ਼ੰਕਰ ਨੌ ਵਾਰ ਇਸ ਧਾਰ ਉਤੋਂ ਲੰਘਦਾ, ਤ੍ਰਿਸੂਲ ਨਾਲ ਤ੍ਰੈਭਵਨ ਧਨੀ ਗਿਆ ਸਮਝਾਈਆ । ਤੇਰਾ ਲੇਖਾ ਪਰੇ ਹੋਵੇ ਸੂਰਜ ਚੰਦ ਦਾ, ਚੰਦ ਚਾਂਦਨੀ ਨਾ ਕੋਇ ਰੁਸ਼ਨਾਈਆ । ਜੋਤ ਪਰਕਾਸ਼ ਬ੍ਰਹਿਮੰਡ ਖੰਡ ਇਕੋ ਮੰਗਦਾ, ਨਿਰਗੁਣ ਨੂਰ ਡਗਮਗਾਈਆ । ਸੋ ਵੇਲਾ ਵਕਤ ਆਇਆ ਓਸ ਅਨੰਦ ਦਾ, ਜੋ ਅਨੰਦ ਪਰਮਾਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਧੁਰ ਦਾ ਪੂਰ ਕਰਾਈਆ । ਧਰਨੀ ਕਹੇ ਮੇਰੀ ਆਸਾ ਮਨਸਾ ਪੂਰੀ, ਮੇਰੇ ਅੰਤਰ ਮਿਲੇ ਵਡਿਆਈਆ । ਜਲਵਾ ਤੱਕਿਆ ਜੋਤ ਨੂਰੀ, ਨੁਰਾਨਾ ਮਿਲਿਆ ਧੁਰਦਰਗਾਹੀਆ । ਜਿਸ ਨੇ ਲੇਖ ਮੁਕਾਉਣਾ ਜਗਤ ਵਾਸਨਾ ਕੂੜੀ, ਕਿਰਿਆ ਪਿਛਲੀ ਦਏ ਗਵਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧੂੜੀ, ਟਿੱਕੇ ਮਸਤਕ ਨਾਮ ਰਮਾਈਆ । ਚਾਰ ਕੁੰਟ ਦਹਿ ਦਿਸ਼ਾ ਗੜ੍ਹ ਤੋੜ ਗ਼ਰੂਰੀ, ਗ਼ੁਰਬਤ ਅੰਦਰੋਂ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਪੜਦਾ ਦਏ ਉਠਾਈਆ । ਧਰਨੀ ਕਹੇ ਮੇਰਾ ਵਡ ਵਡ ਭਾਗ, ਪਾਇਆ ਪਰਮ ਪੁਰਖ ਬੇਅੰਤ । ਜਿਸ ਨੇ ਕਲਜੁਗ ਕੂੜੀ ਕਿਰਿਆ ਮੇਟਣਾ ਚਿਰਾਗ਼, ਮਾਇਆ ਮਮਤਾ ਮੋਹ ਵਿਕਾਰ ਕਰਨਾ ਅੰਤ । ਦੀਨ ਮਜ਼੍ਹਬ ਜਾਤ ਪਾਤ ਮੇਟਣਾ

ਦਾਗ਼, ਗੜ੍ਹ ਤੋੜਨਾ ਹਉਮੇ ਹੰਗਤ । ਉੱਤਰ ਪੂਰਬ ਪੱਛਮ ਦੱਖਣ ਚਾਰ ਕੁੰਟ ਦਹਿ ਦਿਸ਼ਾ ਸ਼ਬਦੀ ਹੁਕਮ ਲਾਉਣੀ ਆਗ, ਨਾਤਾ ਰਹੇ ਨਾ ਕਿਸੇ ਸੱਜਣ ਸਾਕ, ਸ਼ਾਹ ਸੁਲਤਾਨਾਂ ਜੀਵ ਜਹਾਨਾਂ ਪਕੜੇ ਕੋਈ ਨਾ ਵਾਗ, ਸ਼ਰਅ ਸ਼ਰੀਅਤ ਲੇਖਾ ਹੋਏ ਸ਼ੈਤਾਨਾ । ਮੇਰੀ ਆਸਾ ਮਨਸਾ ਪੂਰੀ ਕਰੇ ਮੇਰਾ ਧੁਰ ਦਾ ਕੰਤ ਸੁਹਾਗ, ਨਵ ਸੱਤ ਸੱਤ ਨਵ ਜਗਤ ਜੀਵ ਹੋਏ ਵੈਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਦੇਣਾ ਧਰਨੀ ਧਰਤ ਧਵਲ ਗੁਰ ਅਵਤਾਰ ਸ਼ਬਦੀ ਧਾਰ ਨਿਰਾਕਾਰ ਨਿਰੰਕਾਰ ਨਿਰਵੈਰ ਪੂਰਾ ਕਰੇ ਨਿਸ਼ਾਨਾ ।



### ★ ੧੪ ਜੇਠ ਸ਼ਹਿਨਸ਼ਾਹੀ ਸੰਮਤ ੩ ਸ਼ਾਹੀ ਚਸ਼ਮਾ ਸ੍ਰੀਨਗਰ ★

ਯਿਹ ਪਾਨੀ ਹੈ ਆਬੇ ਹਯਾਤ, ਚਸ਼ਮਾ ਚਿਰਾਗ਼ ਦਏ ਜਲਾਈਆ । ਆਂਸੂ ਵਹਾ ਨਾ ਹੋ ਬੇਤਾਬ, ਰਹਿਮਤ ਖ਼ੁਦਾ ਦਏ ਕਮਾਈਆ । ਮਿਹਰਵਾਨ ਮਹਿਬੂਬ ਮਿਹਰ ਨਜ਼ਰ ਕਰੇ ਆਪ, ਦਿਲ ਦਰਦ ਦਏ ਮਿਟਾਈਆ । ਪੂਰਾ ਕਰੇ ਖ਼ਵਾਬ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਦੁੱਖ ਰੋਗ ਨਾ ਰਹੇ ਅਜ਼ਾਬ, ਸਜ਼ਾ ਕੂੜ ਨਾ ਕੋਇ ਭੁਗਤਾਈਆ । ਤਨ ਵਜੂਦ ਸੋਹੇ ਮਹਿਰਾਬ, ਕਲਮਾ ਹਕ ਦਏ ਸੁਣਾਈਆ । ਬਖ਼ਸ਼ੇ ਬੇਨਜ਼ੀਰ ਤਨ ਪੋਸ਼ਾਕ, ਅਜ਼ੀਜ਼ ਲਏ ਬਚਾਈਆ । ਪਾਣੀ ਨਾਲ ਤਨ ਹੋਵੇ ਪਾਕ, ਵਜੂਦ ਵਜਦ ਮਿਲੇ ਬੇਪਰਵਾਹੀਆ । ਹਰਸ ਹਵਸ ਵਿਚ ਤੜਪੇ ਨਾ ਬੇਆਬ, ਆਬ ਹਯਾਤੀ ਵਾਲਾ ਕਤਰਾ ਕਤਰਾ ਕਤਰਾ ਦੇਵੇ ਵਡਿਆਈਆ । ਚਸ਼ਮਾ ਚਸ਼ਮਾਏ ਦੀਦ, ਚੇਸ਼ੇ ਚਸਤਾਨ ਨੂਰ ਖ਼ੁਦਾਈਆ । ਮੁਹੰਮਦੇ ਬੇਜ਼ਾਦੇ ਨਵਾਦੇ ਨਵੀਦ, ਨਵਿਸਤੇ ਨਜ਼ਾਕਾਰ ਨੂਰੇ ਇਲਾਹੀਆ । ਹਮਦੋ ਤਮਹੀਦ ਜ਼ਿਆਰਤੇ ਈਦ, ਆਜ਼ਮ ਆਲੀਸ਼ਾਨ ਬੇਪਰਵਾਹੀਆ । ਮੁਗ਼ਲਾਏ ਉਮੀਦ, ਦਾਸਤਾਨੇ ਨਦੀਦ, ਆਸਤਾਨੇ ਵਸੀਦ, ਵਸਲੇ ਵਸੂਕ ਵਸੀਅਤ ਯਾਰ ਖ਼ੁਦਾਈਆ । ਹਜ਼ਰਤੇ ਮਹਿਬੂਬ, ਕੁਲਾਤੇ ਮਹਿਦੂਦ, ਜਜ਼ਬਾਤੇ ਸਬੂਤ, ਸਬਰੇ ਅਰੂਜ, ਅਰਸ਼ੇ ਖ਼ਨੂਸ, ਖ਼ਵਿਸਤੋ ਤਜ਼ਾ, ਤਹਿਜ਼ੀਬੇ ਜ਼ਵਾਂ ਜ਼ਵਾਲੇ ਨਿਸ਼ਾਂ ਦਏ ਮਿਟਾਈਆ । ਮੁਕੱਦਸੇ ਪਾਕ, ਮਿੱਲਤੇ ਇਤਫ਼ਾਕ, ਜ਼ਿੱਲਤੇ ਨਫ਼ਾਕ, ਸ਼ਮੀਮੇ ਸ਼ਮਅ ਸ਼ਮਅ ਰੁਸ਼ਨਾਈਆ । ਇਜ਼ਹਾਰੇ ਇਜ਼ਹਾਰ ਤੌਜ਼ੀਰੇ ਜ਼ਵਾਕ, ਜ਼ੰਜੀਰੇ ਨਕਾਕ, ਲਿਕਜ਼ਲ ਜ਼ਮੀਮੇ, ਜ਼ਨਾਏ ਜ਼ਾਹਦੇ ਜ਼ਮੀਰ, ਜ਼ੋਬੋ ਜ਼ਮਾਏ, ਯਸ਼ਾ ਉਸਤਵਾਏ, ਚੀਂ ਇਸਤੇ ਅਮੀਰ, ਜਾਹਰੇ ਜ਼ਹੀਰ, ਵਾਹਦੇ ਵਹਿਜ਼ੀਦ ਬੇਪ੍ਰਵਾਹੀਆ । ਆਸਾਏ ਉਮੀਦ, ਹਵਸੇ ਖ਼ੁਸ਼ੀਦ, ਸ਼ਾਹਾਨੇ ਆਮਦੀਦ, ਦੁਆਏ ਰਸੀਦ, ਵਾਬਸਤਾ ਤਾਗ਼ੀਜ਼, ਤਾਜ਼ੀਰੇ ਆਜ਼ੀਰੇ ਬੇਖ਼ੁਦਾ ਖ਼ੁਦੀ ਖ਼ੁਦ ਖ਼ਾਦਮ ਹੋਏ ਸਹਾਈਆ ।

### ★ ੧੪ ਜੇਠ ਸ਼ਹਿਨਸ਼ਾਹੀ ਸੰਮਤ ੩ ਪਵਿਤ੍ਰ ਅਸਥਾਨ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਸ੍ਰੀਨਗਰ ★

ਸਤਿਗੁਰ ਸ਼ਬਦ ਧੁਰ ਦਾ ਬਚਨ ਬਲਾਸ, ਨਾਮ ਨਿਧਾਨ ਵੱਜੇ ਵਧਾਈਆ । ਹਰਿ ਗੋਬਿੰਦ ਰੱਖ ਕੇ ਗਿਆ ਆਸ, ਪਾਤਸ਼ਾਹ ਸ਼ਾਹ ਸੱਚਾ ਸ਼ਹਿਨਸ਼ਾਹੀਆ । ਕਰੇ ਖੇਲ ਪੁਰਖ ਅਬਿਨਾਸ਼, ਧੁਰ ਕਰਤਾ ਨੂਰ ਖ਼ੁਦਾਈਆ । ਸਚ ਦਵਾਰੇ ਪਾਵੇ ਰਾਸ, ਮੰਡਲ ਮੰਡਪ ਬ੍ਰਹਿਮੰਡ ਖੰਡ ਪੁਰੀ ਲੋਅ

੭੩੩ ੨੦

ਆਕਾਸ਼ ਪਾਤਾਲ ਖੋਜ ਖੁਜਾਈਆ । ਲੇਖਾ ਵੇਖੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੜਦਾ ਲਾਹੀਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਪੂਰੀ ਕਰੇ ਆਸ, ਆਸਾ ਤ੍ਰਿਸ਼ਨਾ ਸਭ ਦੀ ਮੇਟ ਮਿਟਾਈਆ । ਸਚ ਦਵਾਰੇ ਅਗੰਮੀ ਮੰਜ਼ਲ ਪਹੁੰਚੇ ਘਾਟ, ਨਿਸ਼ਾਨਾ ਇਕੋ ਦਏ ਵਖਾਈਆ । ਜਿਸ ਵੇਲੇ ਹੋਵੇ ਕਲਜੁਗ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਵਰਨ ਬਰਨ ਦੀਨ ਮਜ਼੍ਹਬ ਇਕ ਦੂਜੇ ਦਾ ਕਰੇ ਘਾਤ, ਮਾਰਗ ਸਚ ਰਾਹ ਸਰਬ ਭੁਲਾਈਆ । ਸਦੀ ਚੌਧਵੀਂ ਮੁੱਕਣ ਵਾਲੀ ਹੋਵੇ ਵਾਟ, ਮੁਹੰਮਦ ਨਿਉਂ ਨਿਉਂ ਸੀਸ ਝੁਕਾਈਆ । ਹਰਿ ਗੋਬਿੰਦ ਵੇਖੇ ਖੇਲ ਤਮਾਸ਼, ਗਹਿਰ ਗੰਭੀਰ ਮਿਲ ਕੇ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਦਏ ਦ੍ਰਿੜਾਈਆ । ਸ਼ਬਦੀ ਧਾਰ ਬਚਨ ਬਲਾਸ ਏਕ, ਏਕੰਕਾਰ ਦਏ ਵਡਿਆਈਆ । ਹਰਿ ਗੋਬਿੰਦ ਪੁਰਖ ਅਕਾਲ ਦੀ ਰੱਖ ਕੇ ਟੇਕ, ਸਤਿ ਜੋਤ ਮਸਤਕ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਨਿਰਗੁਣ ਧਾਰ ਧਾਰੇ ਭੇਖ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰਨ ਆਦੇਸ, ਸਚਖੰਡ ਦਵਾਰੇ ਦਰਗਾਹ ਸਾਚੀ ਨਿਉਂ ਨਿਉਂ ਸੀਸ ਝੁਕਾਈਆ । ਸੋ ਸਵਾਮੀ ਅੰਤਰਜਾਮੀ ਕਲਜੁਗ ਅੰਤਮ ਕੂੜੀ ਕਿਰਿਆ ਵੇਖੇ ਰੇਖ, ਰਿਖੀਆਂ ਮੁਨੀਆਂ ਪੜਦਾ ਦਏ ਉਠਾਈਆ । ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਚਲ ਕੇ ਆਵੇ ਏਸ ਅਗੰਮੇ ਦੇਸ, ਜਿਸ ਦੀ ਦਿਸ਼ਾ ਵੰਡ ਸਮਝ ਕਿਸੇ ਨਾ ਆਈਆ । ਜਿਸ ਗ੍ਰਿਹਿ ਤਨ ਮਾਟੀ ਖ਼ਾਕੀ ਪਿਆਰ ਮੁਹੱਬਤ ਵਿਚ ਚੋਲਾ ਕਰੇ ਪੇਸ਼, ਚੋਲਾ ਆਪਣਾ ਲਏ ਬਦਲਾਈਆ । ਪ੍ਰੇਮ ਪਿਆਰ ਮੁਹੱਬਤ ਚਰਨ ਪ੍ਰੀਤੀ ਦੱਸ ਕੇ ਹੇਤ, ਹਰਿ ਗੋਬਿੰਦ ਧੁਰ ਦਾ ਹੁਕਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ



ਸਾਚਾ ਹਰਿ, ਪੂਰਬ ਲੇਖਾ ਆਪ ਸਮਝਾਈਆ । ਬਚਨ ਬਲਾਸ ਕਰਨਾ ਚੰਗਾ, ਗੁਰਮੁਖ ਗੁਰ ਗੁਰ ਵਿਚ ਸਮਾਈਆ । ਹਰਿ ਗੋਬਿੰਦ ਵਜਾਏ ਇਕ ਨਾਮ ਮਰਦੰਗਾ, ਨਾਦ ਧੁਨ ਕਰੇ ਸ਼ਨਵਾਈਆ । ਜਿਸ ਦਵਾਰੇ ਗ਼ਰੀਬ ਨਿਮਾਣੀ ਕੋਝੀ ਕਮਲੀ ਕਾਇਆ ਮਾਟੀ ਚੋਲਾ ਰੰਗਾ, ਰੰਗਤ ਆਪਣਾ ਨਾਮ ਰੰਗਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮਾ, ਪਾਰਬ੍ਰਹਮ ਆਪਣਾ ਪੜਦਾ ਲਾਹੀਆ । ਸੋ ਹਰਿ ਗੋਬਿੰਦ ਆਪਣਾ ਵੇਸ ਧਾਰ ਕੇ ਨਵਾਂ, ਨਿਰਗੁਣ ਨਾਲ ਨਿਰਗੁਣ ਹੋ ਕੇ ਆਪਣਾ ਫੇਰਾ ਪਾਈਆ । ਅੱਗੇ ਬਦਲਣ ਵਾਲਾ ਸਮਾਂ, ਸਮਾਪਤ ਹੁੰਦੀ ਵੇਖੇ ਜਗਤ ਲੋਕਾਈਆ । ਕੁਛ ਆਉਣ ਵਾਲਾ ਸਭ ਨੂੰ ਗ਼ਮਾ, ਜ਼ਿੰਦਗੀ ਚਿੰਤਾ ਵਿਚ ਵਖਾਈਆ । ਪੁਰਖ ਅਕਾਲ ਹਰਿ ਗੋਬਿੰਦ ਦੀ ਧਾਰ ਆਪਣਾ ਨੂਰ ਜਗਾਉਣੀ ਸ਼ਮਅ, ਸ਼ਬੇ ਰੋਜ਼ ਕਰੇ ਰੁਸ਼ਨਾਈਆ । ਗੁਰਮੁਖ ਬਚਨ ਬਲਾਸ ਜਿਸ ਨੇ ਮੰਨਾ, ਮਨ ਦੀ ਮਮਤਾ ਗਿਆ ਮਿਟਾਈਆ । ਹਰਿ ਗੋਬਿੰਦ ਨਾਮ ਭੰਡਾਰਾ ਦੇਵੇ ਧਨਾ, ਪੁਰਖ ਅਕਾਲ ਪੁਸ਼ਤ ਪਨਾਹ ਹੱਥ ਰਖਾਈਆ । ਅੱਜ ਤੋਂ ਕੁਛ ਮਾਰਗ ਚਾਲੂ ਹੋਣਾ ਨਵਾਂ, ਨੌ ਖੰਡ ਪ੍ਰਿਥਮੀ ਆਪਣਾ ਹੁਕਮ ਸੁਣਾਈਆ । ਸਚ ਦਵਾਰ ਵਿਚ ਰਹਿ ਕੇ ਕਿਸੇ ਨੇ ਮਾਇਆ ਦੀ ਨਹੀਂ ਕਰਨੀ ਤਮਾ, ਮਮਤਾ ਅੰਦਰੋਂ ਦੇਣੀ ਕਢਾਈਆ । ਨਹੀਂ ਤੇ ਲੇਖਾ ਦੇਣਾ ਪਏ ਜਮਾਂ, ਰਾਏ ਧਰਮ ਹੱਥ ਫੜਾਈਆ । ਸਤਿਗੁਰ ਧਾਰ ਸ਼ਬਦ ਪਿਆਰ ਜਗਤ ਵਾਸਨਾ ਦੂਰ ਬੰਨਾ, ਕੰਨਾ ਵਿਚ ਸਮਝਾਈਆ । ਵੇਖਿਓ ਗੁਰਮੁਖ ਬਣ ਕੇ ਗੁਰਸਿਖ ਬਣ ਕੇ ਹਰਿਜਨ ਬਣ ਕੇ ਨੇਤਰਹੀਣ ਰਹੇ ਕੋਈ ਨਾ ਅੰਨ੍ਹਾ, ਅੰਧ ਅਗਿਆਨ ਅੰਦਰੋਂ ਦੇਣਾ ਕਢਾਈਆ । ਤੁਹਾਡੇ ਕਾਇਆ ਮੰਦਰ ਅੰਦਰ ਆਪਣੇ ਨੂਰ ਜੋਤ ਪਰਕਾਸ਼ ਦਾ ਚਾੜ੍ਹੇ ਚੰਨਾ, ਦਿਵਸ ਰੈਣ ਅੱਠੇ ਪਹਿਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ

ਭੂਮਿਕਾ ਵੇਖ ਖ਼ੁਸ਼ੀ ਮਨਾਈਆ । ਸਤਿਗੁਰ ਸ਼ਬਦ ਬਚਨ ਬਲਾਸ ਦੀ ਰੀਤ, ਬੋਧ ਅਗਾਧ ਮਿਲੇ ਵਡਿਆਈਆ । ਹਰਿ ਗੋਬਿੰਦ ਧਾਰ ਗੁਰਮੁਖਾਂ ਅੰਦਰੋਂ ਸਾਫ਼ ਕਰੇ ਨੀਤ, ਪਤਤ ਪੁਨੀਤ ਦਏ ਕਰਾਈਆ । ਸਭ ਨੇ ਬੈਠੇ ਰਹਿਣਾ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਸਾਹਿਬ ਸਮਰਥ ਸਭ ਨੂੰ ਬਖ਼ਸ਼ਣਹਾਰ ਬਖ਼ਸ਼ੀਸ਼, ਰਹਿਮਤ ਵਿਚ ਰਹਿਮ ਆਪ ਕਮਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਨਿਤ ਨਵਿਤ ਕਰਦੇ ਗਏ ਉਡੀਕ, ਰਾਹ ਰਹਿਬਰ ਹੋ ਕੇ ਮਾਤ ਟਿਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਵੇਖਣਹਾਰਾ ਹਰਿ ਗੋਬਿੰਦ ਧਾਮ ਅਨਡੀਠ, ਨਿਰਾਲਾ ਜੋਤ ਅਕਾਲਾ ਅਕਲ ਕਲਧਾਰੀ ਦਾਤਾ ਧੁਰਦਰਗਾਹੀਆ । ਜਾਣੀ ਜਾਣ ਸਭ ਕੁਛ ਆਪੇ ਆਪ, ਸਭਨਾਂ ਵਿਚ ਸਮਾਈਆ । ਜਿਸ ਦਾ ਨਿਤ ਨਵਿਤ ਸਤਿਗੁਰ ਧਾਰ ਸ਼ਬਦ ਜਾਪ, ਸੁਰਤੀ ਸੁਰਤ ਦਏ ਖੁਲ੍ਹਾਈਆ । ਗੁਰਮੁਖਾਂ ਕੋਟ ਜਨਮ ਦੇ ਮੇਟ ਕੇ ਪਾਪ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਪਰਮਾਤਮ ਆਤਮ ਬਣਾ ਕੇ ਸਾਕ, ਸੱਜਣ ਹੋਵੇ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹਰਿ ਗੋਬਿੰਦ ਜਿਨ੍ਹਾਂ ਦੇ ਹਿਰਦੇ ਦਾ ਬਣਿਆ ਸਾਕ, ਸੱਜਣ ਕੂੜੇ ਗਏ ਤਜਾਈਆ । ਇਹ ਵੀ ਹਰਿ ਗੋਬਿੰਦ ਦਾ ਵਾਕ, ਜੋ ਲੇਖਾ ਰਿਹਾ ਲਿਖਾਈਆ । ਧੁਰ ਦਾ ਹੁਕਮ ਸ਼ਬਦ ਦੀ ਧਾਰ ਆਵੇ ਇਤਫ਼ਾਕ, ਇਤਫ਼ਾਕੀਆ ਆਪਣਾ ਵੇਸ ਵਟਾਈਆ । ਜਿਸ ਨੂੰ ਬੁੱਧੀਵਾਨ ਸਕੇ ਕੋਇ ਨਾ ਵਾਚ, ਵਾਚਕ ਗਿਆਨੀ ਭੇਵ ਨਾ ਕੋਇ ਖੁਲ੍ਹਾਈਆ । ਇਹ ਸੁਹੰਜਣੀ ਭੂਮਿਕਾ ਗੁਰਮੁਖਾਂ ਦੀ ਸੋਹਣੀ ਗਾਥ, ਭਗਵਨ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਨਜਾਣਤ ਜਾਨਣਹਾਰਾ ਹਰ ਘਟ ਵੇਖ ਵਖਾਈਆ । ਗੁਰਮੁਖ ਕਦੇ ਨਾ ਕਰੇ ਬੱਸ, ਬਸਤਾ ਬੰਨ੍ਹ ਨਾ ਕਦੇ ਵਖਾਈਆ । ਜਿਨ੍ਹਾਂ ਦੇ ਹਿਰਦੇ ਸਤਿਗੁਰ ਗਿਆ ਵਸ, ਉਹ ਢੋਲੇ ਗਾਵਣ ਚਾਈਂ ਚਾਈਂਆ । ਅੰਮ੍ਰਿਤ ਆਤਮ ਨਿਝਰ ਲੈ ਕੇ ਰਸ, ਰਸਨਾ ਦਾ ਸਵਾਦ ਦੇਵੇ ਤਜਾਈਆ । ਨਿਜ ਲੋਚਣ ਖੋਲ੍ਹ ਕੇ ਅੱਖ, ਨਿਰਗੁਣ ਸਰਗੁਣ ਨਾਨਕ ਦਰਸ਼ਨ ਪਾਈਆ । ਹਰਿ ਗੋਬਿੰਦ ਆਪੇ ਹੋ ਜਾਏ ਵਸ, ਗੁਰਮੁਖਾਂ ਦੇ ਅੰਦਰ ਆਪਣਾ ਰੂਪ ਪਰਗਟਾਈਆ । ਸਤਿਗੁਰ ਦਾ ਸ਼ਬਦ ਭੰਡਾਰਾ ਦੋ ਜਹਾਨਾਂ ਦਾ ਹੱਟ, ਲੱਖ ਚੁਰਾਸੀ ਜੀਵ ਜੰਤਾਂ ਰਿਹਾ ਵਰਤਾਈਆ । ਗੁਰਮੁਖੋ ਮਿਲੇ ਤੇ ਮਿਲ ਕੇ ਕੁਛ ਲਾਹਾ ਲਓ ਖੱਟ, ਵੇਲਾ ਗਿਆ ਫੇਰ ਹੱਥ ਕਿਸੇ ਨਾ ਆਈਆ । ਇਹ ਖੇਲ ਪੁਰਖ ਸਮਰਥ, ਧੁਰ ਦੇ ਹੁਕਮ ਨਾਲ ਆਪਣਾ ਹੁਕਮ ਚਲਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਗੁਰੂ ਚੇਲਾ ਚੇਲਾ ਗੁਰੂ ਭਗਤ ਭਗਵਾਨ ਭਗਵਾਨ ਭਗਤ ਦੋਵੇਂ ਇਕ ਦੂਜੇ ਦਾ ਗਾਵਣ ਜਸ, ਸਿਫ਼ਤਾਂ ਵਿਚ ਸਿਫ਼ਤੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਆਪਣਾ ਰੰਗ ਰੰਗਾਈਆ । ਸਾਖ਼ਿਆਤ ਗੁਰੂ ਦਾ ਰੂਪ ਸਦਾ ਸਿੱਖ, ਗੋਬਿੰਦ ਦੇ ਕੇ ਗਿਆ ਵਡਿਆਈਆ । ਜਿਸ ਨੇ ਪੁਰਖ ਅਕਾਲ ਮਨਾਇਆ ਇਕ, ਦੂਸਰ ਸੀਸ ਨਾ ਕਦੇ ਝੁਕਾਈਆ । ਨਾਤਾ ਜੁੜਿਆ ਪਿਤਾ ਪੂਤ ਪਿਤ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਸੋ ਗੁਰ ਗੋਬਿੰਦ ਗੁਰਮੁਖਾਂ ਨਾਲ ਸਦਾ ਕਰੇ ਹਿਤ, ਹਿਰਦੇ ਅੰਦਰ ਵਸ ਕੇ ਰਸ ਅੰਮ੍ਰਿਤ ਜਾਮ ਪਿਆਈਆ । ਗੁਰਮੁਖ ਸਦਾ ਰਹਿਣੇ ਨਿਤ, ਜੁਗ ਚੌਕੜੀ ਵੱਜਦੀ ਰਹੇ ਵਧਾਈਆ । ਆਪਣਾ ਵੇਲਾ ਆਪਣਾ ਵਕਤ ਗੁਰਮੁਖੋ ਆਪੇ ਲੈਣਾ ਨਜਿੱਠ, ਸਤਿਗੁਰ ਪੁਸ਼ਤ ਪਨਾਹ ਸਭ ਦੀ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਵਿਆਪੀ ਹਰ ਘਟ ਅੰਦਰ ਰਿਹਾ ਦਿਸ, ਜੋ ਸਤਿਗੁਰ ਨੇਤਰ ਨਾਲ ਵੇਖੇ ਜਗਤ ਲੋਕਾਈਆ ।

★ ੧੪ ਜੇਠ ਸ਼ਹਿਨਸ਼ਾਹੀ ਸੰਮਤ ੩ ਧਰਮ ਅਰਥ ਰੋਡ ਸ੍ਰੀਨਗਰ ★

ਪਿਛਲਾ ਸਮਾਂ ਬੀਤਿਆ ਵਿਚ ਸੰਸਾਰ, ਸਦੀ ਸਦੀਵੀ ਦਏ ਗਵਾਹੀਆ । ਲਹਿਣਾ ਦੇਣਾ ਪੂਰਾ ਹੋ ਰਿਹਾ ਗੁਰੂ ਅਵਤਾਰ, ਪੈਗ਼ੰਬਰਾਂ ਸੰਗ ਨਿਭਾਈਆ । ਹੁਕਮ ਚਲੇ ਇਕ ਨਿਰੰਕਾਰ, ਪਰਵਰਦਿਗਾਰ ਕਰੇ ਸ਼ਨਵਾਈਆ । ਕਲਮਾ ਹਕ ਹੋਵੇ ਜੈਕਾਰ, ਹਕੀਕਤ ਕਾਇਨਾਤ ਦ੍ਰਿੜਾਈਆ । ਗੱਦੀ ਰਹੇ ਨਾ ਕੋਇ ਵਿਚ ਸੰਸਾਰ, ਗਦਾਗਰ ਹੋਏ ਲੋਕਾਈਆ । ਹੁਕਮ ਮਿਲੇ ਧੁਰ ਦਰਬਾਰ, ਮੁਕਾਮੇ ਹਕ ਸਿਫ਼ਤ ਸਾਲਾਹੀਆ । ਅੱਲਾ ਨੂਰ ਇਕ ਉਜਿਆਰ, ਉਜਾਲਾ ਕਰੇ ਖ਼ਲਕ ਖ਼ੁਦਾਈਆ । ਰਹਿਮਤ ਵਿਚ ਕਰੇ ਪਿਆਰ, ਪਤਿਪਰਮੇਸ਼ਵਰ ਬੇਪਰਵਾਹੀਆ । ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਸ੍ਰਿਸ਼ਟ ਦਾ ਖ਼ਾਲਕ ਪਾਵੇ ਸਾਰ, ਅਦਾਲਤ ਆਪਣੀ ਇਕ ਵਖਾਈਆ । ਜਿਸ ਨੂੰ ਸਜਦੇ ਕਰਦੇ ਗਏ ਪੈਗ਼ੰਬਰ ਗੁਰ ਅਵਤਾਰ, ਨਿਮਸਕਾਰ ਸੀਸ ਜਗਦੀਸ ਝੁਕਾਈਆ । ਸੋ ਸਵਾਮੀ ਅੰਤਰਜਾਮੀ ਨਿਰਗੁਣ ਨੂਰ ਕਰ ਉਜਿਆਰ, ਉਜਾਲਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸਾਚਾ ਲੇਖਾ ਚਲੇ ਕਾਇਨਾਤ, ਦੀਨ ਦੁਨੀ ਵੇਖ ਵਖਾਈਆ । ਚਾਰ ਵਰਨਾਂ ਕਰ ਇਤਫ਼ਾਕ, ਮਾਰਗ ਰਾਹ ਰਹਿਬਰ ਧੁਰ ਦਾ ਦਏ ਸਮਝਾਈਆ । ਪਿਛਲਾ ਲੇਖਾ ਸਭ ਦਾ ਕਰ ਬੇਬਾਕ, ਲਹਿਣਾ ਦੇਣਾ ਝੋਲੀ ਪਾਈਆ । ਇਕੋ ਦੱਸ ਕੇ ਨੂਰੀ ਜਾਤ, ਨੂਰ ਨੂਰ ਕਰੇ ਰੁਸ਼ਨਾਈਆ । ਸਾਚੇ ਕਲਮੇ ਦੀ ਕਰ ਵਜ਼ਾਹਤ, ਵੁਜ਼ੂ ਆਪਣਾ ਦਏ ਦ੍ਰਿੜਾਈਆ । ਝਗੜਾ ਰਹੇ ਨਾ ਕੋਇ ਨਫ਼ਾਕ, ਨਿਸਬਤ ਹਿੱਸਾ ਵੰਡ ਨਾ ਕੋਇ ਵੰਡਾਈਆ । ਸਭ ਦੇ ਹੁਕਮੇ ਅੰਦਰ ਕਰੇ ਤਲਾਕ, ਤਾਲਬ ਆਪਣੇ ਲਏ ਬਣਾਈਆ । ਪੂਰਾ ਕਰ ਭਵਿਖਤ ਵਾਕ, ਵਕਤ ਅਗਲਾ ਦਏ ਸਮਝਾਈਆ । ਇਕੋ ਮੰਜ਼ਲ ਰਹੇ ਘਾਟ, ਪੌੜੀ ਡੰਡਾ ਨਾ ਕੋਇ ਚਤੁਰਾਈਆ । ਇਕੋ ਪੂਜਾ ਸਿਮਰਨ ਦੱਸ ਕੇ ਪਾਠ, ਕਲਮਾ ਲਾਸ਼ਰੀਕ ਇਕ ਸੁਣਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਵਾਟ, ਪੰਧ ਪਿਛਲਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਦੇਵੇ ਧੁਰਦਰਗਾਹੀਆ । ਜਗਤ ਵੇਖੇ ਦੀਨ ਦੁਨੀ ਦੀ ਧਾਰ, ਪੜਦਾ ਦੀਨ ਮਜ਼੍ਹਬ ਉਠਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਪਾਵੇ ਸਾਰ, ਕਾਅਬਾ ਹਕ ਮਹਿਰਾਬਾ ਭੇਵ ਖੁਲ੍ਹਾਈਆ । ਇਕੋ ਜਲਵਾ ਨੂਰ ਦੱਸੇ ਦੀਦਾਰ, ਦੀਦ ਈਦ ਚੰਦ ਆਪ ਚਮਕਾਈਆ । ਲੇਖਾ ਜਾਣ ਧੁਰ ਦਰਬਾਰ, ਪਰਵਰਦਿਗਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਦੇਵੇ ਮਾਣ ਵਡਿਆਈਆ । ਗੱਦੀ ਦਾਰ ਰਹੇ ਕੋਈ ਨਾ ਠਾਕਰ, ਮਾਰਗ ਇਕੋ ਦਏ ਵਖਾਈਆ । ਸਤਿ ਧਰਮ ਦਾ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਦਏ ਧਵਾਈਆ । ਏਕਾ ਵਣਜ ਕਰਾਏ ਦੀਨ ਦੁਨੀ ਸੌਦਾਗਰ, ਵਸਤ ਅਮੋਲਕ ਆਪ ਵਰਤਾਈਆ । ਭਾਗ ਲਗਾਏ ਕਾਇਆ ਮਾਟੀ ਸਾਢੇ ਤਿੰਨ ਹੱਥ ਗਾਗਰ, ਗਹਿਰ ਗੰਭੀਰ ਬੇਨਜ਼ੀਰ ਕਰੇ ਰੁਸ਼ਨਾਈਆ । ਜਨ ਭਗਤਾਂ ਸੰਤ ਸੂਫ਼ੀ ਫ਼ਕੀਰਾਂ ਦੱਸੇ ਆਪ ਆਪਣਾ ਸਾਧਨ, ਮਾਰਗ ਸਿੱਧਾ ਇਕ ਸਮਝਾਈਆ । ਜੋ ਕਾਇਆ ਮੰਦਰ ਅੰਦਰ ਵਜੂਦ ਕਾਅਬੇ ਅੰਦਰ ਮਹਿਬੂਬ ਆਪਣਾ ਆਰਾਧਨ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਕਰੇ ਖੇਲ ਸ਼ਾਹੋ ਭੂਪ ਸ਼ਹਿਨਸ਼ਾਹ ਨਵਾਬਨ, ਨੌਬਤ ਇਕੋ ਹਕ ਨਾਮ ਵਜਾਈਆ । ਸਦੀ ਚੌਧਵੀਂ ਦੁਨੀਆ ਹੋਈ ਬੇਆਬਨ, ਆਬੇਹਯਾਤ ਮੁਖ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ

ਇਕ ਵਖਾਈਆ । ਸਾਚੀ ਗੱਦੀ ਕਦੀ ਨਾ ਹੋਵੇ ਨਾਸ, ਨਾਸਤਕ ਸਕੇ ਨਾ ਕੋਇ ਮਿਟਾਈਆ । ਜਿਸ ਦਾ ਪਰਮ ਪੁਰਖ ਕਰੇ ਪਰਕਾਸ਼, ਜਗਤ ਲੋਚਣ ਨੈਣ ਦਏ ਵਖਾਈਆ । ਹਰਿਜਨ ਕਦੇ ਨਾ ਹੋਵੇ ਉਦਾਸ, ਭਰਮ ਵਿਚ ਨਾ ਕੋਇ ਭਰਮਾਈਆ । ਸਿਮਰਨ ਕਰੇ ਸਵਾਸ ਸਵਾਸ, ਸਾਹਿਬ ਸਤਿਗੁਰ ਰਾਹ ਤਕਾਈਆ । ਸੋ ਸਵਾਮੀ ਖੋਲ੍ਹਣਹਾਰਾ ਜਾਗ, ਅੰਤਰ ਨਿਰੰਤਰ ਪੜਦਾ ਦਏ ਉਠਾਈਆ । ਸਚ ਮੁਹੱਬਤ ਦਾ ਦੇ ਵੈਰਾਗ, ਵੈਰੀ ਅੰਦਰੋਂ ਦਏ ਕਢਾਈਆ । ਤ੍ਰੈਗੁਣ ਬੁਝਾ ਕੇ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਘਰ ਮੇਲ ਕੇ ਕੰਤ ਸੁਹਾਗ, ਦਰ ਠਾਂਡੇ ਜੋੜ ਜੁੜਾਈਆ । ਸ਼ਬਦ ਧੁਨ ਸੁਣਾਏ ਆਵਾਜ਼, ਸੁਤਿਆਂ ਆਪ ਉਠਾਈਆ । ਮੰਦਰ ਚੜ੍ਹ ਕੇ ਖੋਲ੍ਹੇ ਰਾਜ਼, ਰਹਿਮਤ ਹਕ ਕਮਾਈਆ । ਸਾਚਾ ਦਵਾਰਾ ਕਰ ਆਬਾਦ, ਘਰ ਅਗਲਾ ਦਏ ਵਖਾਈਆ । ਗੁਲਸ਼ਨ ਵਖਾਵੇ ਅਗੰਮੀ ਬਾਗ਼, ਜਿਥੇ ਖ਼ਿਜ਼ਾਂ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਗੱਦੀ ਧਰਮ ਧਰਮ ਹਕ ਹਕ ਸਦਾ ਚਲਾਈਆ । ਸਾਚੀ ਗੱਦੀ ਕਦੇ ਨਾ ਜਾਵੇ ਤੁੱਟ, ਸਦ ਤੁੱਟਿਆਂ ਜੋੜ ਜੁੜਾਈਆ । ਧਰਮ ਦਾ ਭਾਗ ਕਦੇ ਨਾ ਜਾਵੇ ਨਿਖੁੱਟ, ਵਰਤੇ ਬੇਪਰਵਾਹੀਆ । ਪ੍ਰਭ ਪਿਆਰ ਦਾ ਪੈਂਡਾ ਕਦੇ ਨਾ ਜਾਵੇ ਮੁਕ, ਮੰਜ਼ਲ ਦਿਸੇ ਧੁਰਦਰਗਾਹੀਆ । ਜਿੰਨਾਂ ਚਿਰ ਪ੍ਰਭੂ ਰਿਹਾ ਖ਼ੁਸ਼, ਆਪਣਾ ਹੁਕਮ ਦਿਤਾ ਵਰਤਾਈਆ । ਅੱਗੇ ਬਦਲ ਕੇ ਧਰਮ ਦਾ ਰੁਖ਼, ਕੂੜ ਕੁੜਿਆਰੇ ਦਿਤੇ ਨਠਾਈਆ । ਤੁਸੀਂ ਆਪਣੀ ਮੰਗੋ ਸੁਖ, ਆਤਮ ਪਰਮਾਤਮ ਨਾਲ ਜੁੜਾਈਆ । ਅੰਦਰ ਓਹਲਾ ਰਹੇ ਨਾ ਲੁਕ, ਮੁਖ ਨੂਰ ਹੋਵੇ ਰੁਸ਼ਨਾਈਆ । ਸਚ ਧਾਰ ਦੀ ਉਪਜੇ ਸੁੱਚ, ਕੂੜ ਕਪਟ ਦੇਣਾ ਮਿਟਾਈਆ । ਜਿਸ ਬੂਟਾ ਲਾਇਆ ਓਸੇ ਦਿਤਾ ਪੁੱਟ, ਗੱਦੀ ਦਾ ਮਾਲਕ ਨਜ਼ਰ ਕੋਇ ਨਾ ਆਈਆ । ਕੇਤੇ ਲੋਕਮਾਤ ਗਏ ਉਠ, ਗੁਰ ਅਵਤਾਰ ਪੈਗ਼ੰਬਰ ਪੀਰ ਪੀਰਾਂ ਫੇਰੀਆਂ ਪਾਈਆ । ਸੰਸਾਰ ਸਾਗਰ ਭਰਿਆ ਦੁੱਖ, ਦੁੱਖਾਂ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਵਰਤੇ ਹੁਕਮ ਸਦਾ ਸੰਸਾਰ (ਜਗ), ਜੁਗ ਚੌਕੜੀ ਦੁਨੀ ਦਾਰ ਨਾਲ ਮਿਲਾਈਆ । ਕਲਜੁਗ ਅਗਨੀ ਲੱਗੀ ਅੱਗ, ਮਾਨਵ ਮਾਨੁਖ ਰਹੀ ਜਲਾਈਆ । ਜਗਤ ਵਿਕਾਰੀ ਗੱਦੀ ਕੋਈ ਨਾ ਬਹੇ ਸਜ, ਭਗਤ ਭਗਵਾਨ ਦਏ ਵਡਿਆਈਆ । ਧਰਮ ਦਾ ਪੂਤ ਰਿਹਾ ਕੋਈ ਨਾ ਅੱਜ, ਅੱਜ ਦਾ ਦਿਵਸ ਦਏ ਗਵਾਹੀਆ । ਅੱਗੇ ਕਾਇਆ ਕਾਅਬੇ ਸਭ ਤੋਂ ਪਹਿਲਾ ਹਜ਼ੂਰੀ ਹੱਜ, ਮੱਕਾ ਮਦੀਨਾ ਸੋਭਾ ਪਾਈਆ । ਜਿਥੇ ਨੂਰੀ ਚਿਰਾਗ਼ ਬਿਨ ਤੇਲ ਬਾਤੀ ਰਿਹਾ ਜਗ, ਸ਼ਮਾਂ ਨੂਰ ਕਰੇ ਰੁਸ਼ਨਾਈਆ । ਗੱਦੀਦਾਰ ਗੱਦੀ ਗਏ ਛੱਡ, ਨਾਤਾ ਤੁੱਟਾ ਜਗਤ ਲੋਕਾਈਆ । ਪਰਮਾਰਥ ਸਵਾਰਥ ਦੋਵੇਂ ਹੋ ਗਏ ਅੱਡ, ਵੱਖਰੀ ਕਾਰ ਕਮਾਈਆ । ਮੰਜ਼ਲ ਪੂਰੀ ਹੋ ਗਈ ਹੱਦ, ਅੱਗੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮੇ ਅੰਦਰ ਹੁਕਮੀ ਕਾਰ ਕਮਾਈਆ । ਸਤਿਗੁਰ ਕਿਰਪਾ ਹੋਵਣ ਠੀਕ, ਦਵਾ ਦਾਰੂ ਦੀ ਲੋੜ ਰਹੇ ਨਾ ਰਾਈਆ । ਅੰਤਰ ਉਪਜੇ ਇਕ ਪ੍ਰੀਤ, ਪਰਾ ਪਸੰਤੀ ਮਧਮ ਬੈਖਰੀ ਆਪਣੀ ਧੁਨ ਸੁਣਾਈਆ । ਸਾਚਾ ਢੋਲਾ ਗਾਉਣਾ ਗੀਤ, ਸੋਹੰ ਅੱਖਰ ਨਿਰਅੱਖਰ ਧਾਰ ਉਪਜਾਈਆ । ਸਤਿ ਧਰਮ ਦੀ ਸਾਚੀ ਚਲੇ ਰੀਤ, ਰੀਤੀਵਾਨ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਖ ਦਰਦ ਦਏ ਗਵਾਈਆ । ਦੁੱਖ ਦਰਦ ਜਾਏ ਲੱਥ, ਕਾਇਆ ਮਾਟੀ ਤਨ ਵਜੂਦ ਹੋਏ ਸਫ਼ਾਈਆ । ਲਹਿਣਾ ਦੇਣਾ ਹੱਥੋ ਹੱਥ, ਆਸਾ ਬੇਨੰਤੀ ਵਿਚ ਪੂਰ ਕਰਾਈਆ । ਸਾਚਾ ਮਾਰਗ

ਇਕੋ ਦੱਸ, ਦਹਿ ਦਿਸ਼ਾ ਦਏ ਬਦਲਾਈਆ । ਵਸਤ ਦੇ ਕੇ ਧੁਰ ਦੇ ਹੱਟ, ਅਮੋਲਕ ਇਕੋ ਇਕ ਵਰਤਾਈਆ । ਨਾਮ ਨਿਧਾਨ ਮਾਰ ਕੇ ਸੱਟ, ਦੁੱਖ ਅੰਦਰੋਂ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦੇ ਕੇ ਹੱਥੋ ਹੱਥ, ਅੰਦਰ ਬਾਹਰ ਗੁਪਤ ਜਾਹਰ ਕਰੇ ਸਫ਼ਾਈਆ । ਸਤਿ ਧਰਮ ਕਹੇ ਮੇਰੇ ਰਾਜਨ ਰਾਜ, ਸ਼ਾਹੋ ਭੂਪ ਤੇਰੀ ਇਕ ਸਰਨਾਈਆ । ਤੇਰੇ ਹੱਥ ਤੇਰਾ ਪਰਤਾਪ, ਵਡ ਪਰਤਾਪੀ ਧੁਰਦਰਗਾਹੀਆ । ਸਚ ਦਵਾਰੇ ਪਰਗਟ ਕਰ ਆਪਣਾ ਜਾਪ, ਜਗਜੀਵਣ ਦਾਤੇ ਦੇ ਸਮਝਾਈਆ । ਸ੍ਰਿਸ਼ਟੀ ਅੰਦਰ ਮੇਟ ਤੀਨੋਂ ਤਾਪ, ਤ੍ਰੈਗੁਣ ਮਾਇਆ ਅਗਨੀ ਤਤ ਤਪਾਈਆ । ਮਮਤਾ ਮੋਹ ਵਿਕਾਰ ਰਹੇ ਨਾ ਪਾਪ, ਪਤਤ ਪੁਨੀਤ ਦਏ ਕਰਾਈਆ । ਦੀਨ ਦੁਨੀ ਦਾ ਬਦਲ ਹਾਲਾਤ, ਹਾਲ ਮਾਜ਼ੀ ਲੇਖਾ ਦਏ ਚੁਕਾਈਆ । ਲਹਿਣਾ ਲਿਖ ਬਿਨ ਕਲਮ ਦਵਾਤ, ਕਾਗ਼ਜ਼ ਕਲਮ ਸ਼ਾਹੀ ਨੇਤਰ ਰੋਵੇ ਮਾਰੇ ਧਾਈਆਂ । ਮਾਨਵ ਜਾਤੀ ਹੋਵੇ ਇਕ ਸਮਾਜ, ਸਮਗਰੀ ਇਕੋ ਇਕ ਵਰਤਾਈਆ । ਆਪਣੀ ਮੁਹੱਬਤ ਦੇ ਕਰ ਮੁਹਤਾਜ, ਕਾਇਨਾਤ ਪੜਦਾ ਦੇ ਉਠਾਈਆ । ਦੂਜਾ ਕਰੇ ਨਾ ਕੋਈ ਸਵਾਲ ਜਵਾਬ, ਮੁਖ਼ਾਤਬ ਆਪਣੇ ਨਾਲ ਕਰਾਈਆ । ਤੇਰੀ ਮੰਜ਼ਲ ਹਕ ਹਕ਼ੀਕ਼ੀ ਮਹਿਰਾਬ, ਮਹਿਬੂਬ ਆਪਣਾ ਨੂਰ ਦੇਣਾ ਚਮਕਾਈਆ । ਸਾਚਾ ਸਜਦਾ ਇਕ ਆਦਾਬ, ਨਮਸਤੇ ਕਹਿ ਕੇ ਨਮਸਕਾਰ ਵਿਚ ਸਰਨਾਈਆ । ਤੰਦ ਸਤਾਰ ਵਜਾ ਰਬਾਬ, ਰਬੀਉਲ ਅਮਾਮ ਤੇਰੀ ਸਰਨਾਈਆ । ਤੇਰਾ ਪਿਆਰ ਬਿਨ ਅਹਿਬਾਬ, ਸੱਜਣ ਮੀਤ ਨਜ਼ਰੀ ਆਈਆ । ਲੇਖਾ ਵੇਖ ਨਾਨਕ ਨਾਲ ਬਗ਼ਦਾਦ, ਬਗ਼ਲਗੀਰ ਪੜਦਾ ਦੇਣਾ ਉਠਾਈਆ । ਦਸਤਗੀਰ ਹੋਣਾ ਦਸਤਯਾਬ, ਆਫ਼ਤਾਬ ਨੂਰ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਸਾਂਝੇ ਯਾਰ ਪਰਵਰਦਿਗਾਰ ਦਰਗਾਹ ਸਾਚੀ ਹਕ਼ੀਕ਼ਤ ਹਕ ਸਾਲਾਹੀਆ । ਸਤਿ ਕਹੇ ਸਤਿ ਧਰਮ ਦਾ ਬਖ਼ਸ਼ ਸਲੂਕ, ਸਾਲਸ ਆਪਣਾ ਨਾਮ ਰਖਾਈਆ । ਨੂਰ ਕਰ ਕਾਇਆ ਕਲਬੂਤ, ਕਾਅਬਾ ਇਕੋ ਇਕ ਵਖਾਈਆ । ਤੇਰਾ ਹੁਕਮ ਇਕ ਮਜਬੂਤ, ਚੌਦਾਂ ਤਬਕ ਨਾ ਕੋਇ ਤੁੜਾਈਆ । ਪਿਛਲਾ ਲੇਖਾ ਕਰ ਮੌਕੂਫ਼, ਮਸਰੂਫ਼ ਆਪਣੇ ਨਾਲ ਕਰਾਈਆ । ਖਤਰਾ ਰਹੇ ਨਾ ਕੋਈ ਖ਼ੌਫ਼, ਭੈ ਡਰ ਨਾ ਕੋਇ ਜਣਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਪਤਿਪਰਮੇਸ਼ਵਰ ਸਭ ਦਾ ਖ਼ੌਂਤ, ਖ਼ਾਵੰਦ ਇਕੋ ਧੁਰਦਰਗਾਹੀਆ । ਸਚ ਦਵਾਰਾ ਜਾਣਾ ਪਹੁੰਚ, ਬੇਪਹਿਚਾਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਤੇਰੀ ਆਸ ਰਖਾਈਆ । ਸਚ ਦਵਾਰ ਕਹੇ ਮੇਰੇ ਮਾਲਕ ਸੁਲਹਕੁਲ, ਕੁਲ ਆਲਮ ਤੇਰਾ ਰਾਹ ਤਕਾਈਆ । ਸਦੀ ਚੌਧਵੀਂ ਸਭ ਦਾ ਲੇਖਾ ਦੇ ਵਿਚ ਕੀਮਤ ਮੁੱਲ, ਮੁੱਲਾਂ ਸ਼ੇਖ਼ ਮਸਾਇਕ ਨੇਤਰ ਨੈਣ ਅੱਖ ਖੁਲ੍ਹਾਈਆ । ਸਾਹਿਬ ਸਵਾਮੀ ਪੁਰਖ ਅਕਾਲ ਇਕ ਅਨਭੁੱਲ, ਭਰਮ ਵਿਚ ਭੁੱਲੀ ਸਰਬ ਲੋਕਾਈਆ । ਆਬੇਹਯਾਤ ਅੰਮ੍ਰਿਤ ਰਸ ਨਿਝਰ ਧਾਰੋਂ ਸਭ ਦੀ ਗਿਆ ਡੁੱਲ੍ਹ, ਬੂੰਦ ਸਵਾਂਤੀ ਮੁਖ ਨਾ ਕੋਇ ਚੁਆਈਆ । ਬਿਨ ਕਿਰਪਾ ਚਾਰ ਕੁੰਟ ਰਹੀ ਰੁਲ, ਧੀਰਜ ਧੀਰ ਨਾ ਕੋਇ ਰਖਾਈਆ । ਮਾਨਵ ਬੂਟਾ ਧਰਮ ਦਾ ਗਿਆ ਹੁੱਲ, ਫਲ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਗ੍ਰਿਹ ਮੰਦਰ ਆਪਣਾ ਪੜਦਾ ਦੇ ਉਠਾਈਆ । ਸਚ ਕਹੇ ਮੇਰੇ ਮਹਿਬੂਬ, ਮੁਹੱਬਤ ਵਿਚ ਮਹਿਵ ਤੇਰਾ ਰਾਹ ਤਕਾਈਆ । ਮੰਜ਼ਲ ਦੱਸ ਉਚ ਅਰੂਜ, ਅਰਸ਼ ਫ਼ਰਸ਼ ਤੇਰੀ ਸਰਨਾਈਆ ।

ਕੂੜੀ ਕਿਰਿਆ ਕਰ ਨੇਸਤੋ ਨਾਬੂਦ, ਜੜ੍ਹ ਮਮਤਾ ਦੇਣੀ ਉਖੜਾਈਆ । ਸਾਂਝੀ ਕਰ ਸਰਬ ਹਦੂਦ, ਸ਼ਿਰਕਤ ਅੰਦਰੋਂ ਦੇਣੀ ਮਿਟਾਈਆ । ਜਹਾਂ ਕਹਾਂ ਦਿਸੇ ਮੌਜੂਦ, ਹਾਜ਼ਰ ਨਾਜ਼ਰ ਨੂਰ ਇਲਾਹੀਆ । ਤੇਰੀ ਮੰਜ਼ਲ ਇਕ ਮਕਸੂਦ, ਮਕਸਦ ਸਭ ਦਾ ਹੱਲ ਕਰਾਈਆ । ਤੇਰਾ ਨੂਰ ਬਿਨ ਵਜੂਦ, ਬਿਨ ਤੱਤਾਂ ਕਰੇ ਰੁਸ਼ਨਾਈਆ । ਪੈਗ਼ੰਬਰ ਦੇਣ ਸਬੂਤ, ਨਬੀਆਂ ਨਾਲ ਗਵਾਹੀਆ । ਲੇਖਾ ਵੇਖ ਜਗਤ ਮਖ਼ਲੂਕ, ਖ਼ਾਲਕ ਖ਼ਾਲਕ ਪੜਦਾ ਲਾਹੀਆ । ਦੀਨ ਦੁਨੀ ਤੇਰੀ ਮਤਲੂਬ, ਮੁਤੱਲਾ ਕਰ ਦੇ ਸਮਝਾਈਆ । ਕੁਛ ਲੇਖਾ ਲਹਿਣਾ ਦੇਣਾ ਝਗੜਾ ਪੈਣਾ ਮਗ਼ਰਬ ਵਿਚ ਜਨੂਬ, ਜਨਾਬੇਆਲੀ ਆਲਾ ਇਕ ਹੁਕਮ ਸੁਣਾਈਆ । ਹਜ਼ਰਤੇ ਹਜ਼ਰਤਾਨੇ ਇਕ ਖਤੂਤ, ਬਿਨ ਅਲਿਫ਼ ਯੇ ਲਿਖਾਈਆ । ਜਿਸ ਨੂੰ ਸਮਝੇ ਨਾ ਕੋਈ ਕਲਬੂਤ, ਕਲਮਾ ਵੰਡ ਨਾ ਕੋਇ ਵੰਡਾਈਆ । ਤਬੱਸਮੇ ਤਲਾਜ਼ੀਨੇ ਜ਼ਵੀਉਲ ਜ਼ਲਾਏ ਜ਼ਾਨੇ ਜ਼ੂਤ, ਜ਼ਿਬੇ ਜ਼ਾਨੇ ਬੇਪਰਵਾਹੀਆ । ਆਸੀ ਨੇ ਨਸ਼ੇ ਕੂਤ, ਕੁਸ਼ਤਾਨੇ, ਪੁਸ਼ਤੇ, ਚੂ, ਚਾਸ਼ੇ, ਜ਼ਜ਼ੀ, ਜਵੇਜ਼ੋਰ, ਜ਼ੀਜ਼ਾ, ਜ਼ਿਆਰੇ ਜਾਹਰੇ ਜਹੂਰੇ ਨੂਰੇ ਨੁਰਾਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖਣਹਾਰਾ ਦਰੇ ਦਰ ਦਰਬਾਰ ਦੀਰਾਨੇ ਇਕ ਦਰਸਾਈਆ ।



★ ੧੫ ਜੇਠ ਸ਼ਹਿਨਸ਼ਾਹੀ ਸੰਮਤ ੩ ਦਰਗਾਹ ਹਜ਼ਰਤ ਬਲ, ਆਸਾਰ ਸ਼ਰੀਫ਼, ਮੌਲਵੀ ਅਬਦੁਲ ਕਬੀਰ ਦੇ ਸਾਥ ਸ੍ਰੀ ਨਗਰ ★

ਸ਼ੁਕਰੀਏ ਅੰਦਰ ਮਿਹਰ ਮਹਿਬੂਬ ਸ਼ੁਕਰਾਨਾ, ਸ਼ਿਕਵਾ ਰਹੇ ਨਾ ਰਾਈਆ । ਪਰਵਰਦਿਗਾਰ ਖ਼ੁਦਾ ਵਾਹਿਦ ਕਿਸੇ ਨਾ ਸਮਝੇ ਬੇਗਾਨਾ, ਸ਼ਿਰਕਤ ਅੰਦਰੋਂ ਬਾਹਰ ਕਢਾਈਆ । ਰਹਿਮਤ ਵਿਚ ਰਹਿਮ ਕਦਮਾਂ ਦਾ ਕਰੇ ਤਿਲਸਮਾਨਾ, ਨੂਰ ਨੂਰ ਨੂਰ ਰੁਸ਼ਨਾਈਆ । ਖ਼ਾਲਕ ਦਾ ਖ਼ਲਕ ਮਖ਼ਲੂਕ ਦਾ ਮਾਲਕ ਸਾਹਿਬ ਸਾਹਿਬ ਇਕ ਸੁਲਤਾਨਾ, ਦੂਜਾ ਜੁਜ਼ ਵੰਡ ਨਾ ਕੋਈ ਵੰਡਾਈਆ । ਅੰਮ੍ਰਿਤ ਦਾ ਅੰਮ੍ਰਿਤ ਇਕ ਨਿਸ਼ਾਨਾ, ਆਬੇਹਯਾਤ ਹਯਾਤੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੁਕਰੀਏ ਅੰਦਰ ਸ਼ੁਕਰੀਆ ਦਏ ਸਮਝਾਈਆ । ਸ਼ੁਕਰੀਏ ਅੰਦਰ ਕਰੋ ਸ਼ੁਕਰ ਗੁਜ਼ਾਰ, ਗੁਜ਼ਾਰਸ਼ ਵਿਚ ਵਡਿਆਈਆ । ਹਜ਼ਰਤ ਮੁਹੰਮਦ ਸਾਹਿਬ ਕਰ ਕੇ ਗਏ ਇਜ਼ਹਾਰ, ਹੁਕਮ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਅਮਾਮਾਂ ਦਾ ਅਮਾਮ ਮਹਿੰਦੀ ਹੋਵੇ ਅਵਤਾਰ, ਸਿਕਦਾਰ ਸਭ ਦਾ ਨਜ਼ਰੀ ਆਈਆ । ਹਿੰਦੂ ਮੁਸਲਿਮ ਸਿੱਖ ਈਸਾਈ ਸਾਂਝਾ ਕਰੇ ਪਿਆਰ, ਦਵੈਤ ਰਹਿਣ ਕੋਇ ਨਾ ਪਾਈਆ । ਵਾਹਦ ਕਲਮਾ ਪੜ੍ਹੇ ਕਾਇਨਾਤ, ਵਾਹਿਦ ਨੂਰ ਇਕ ਰੁਸ਼ਨਾਈਆ । ਸਭ ਦੀ ਇਕੱਠੀ ਹੋਵੇ ਜਮਾਤ, ਵੱਖਰਾ ਰਹਿਣ ਕੋਇ ਨਾ ਪਾਈਆ । ਮੁਕੱਦਸ ਧਾਮ ਮਿਲਣ ਦਾ ਹੋਇਆ ਇਤਫ਼ਾਕ, ਨਫ਼ਾਕ ਅੰਦਰੋਂ ਦੇਣਾ ਕਢਾਈਆ । ਖ਼ੁਦਾਵੰਦ ਕਰੀਮ ਰਹਿਮਤ ਵਿਚ ਬਖ਼ਸ਼ੇ ਇਤਫ਼ਾਕ, ਮੂਏ ਮੁਬਾਰਕ ਸਭ ਨੂੰ ਦਏ ਸਾਲਾਹੀਆ । ਵੇਲਾ ਵਕਤ ਸੁਹੰਜਣਾ ਆਜ, ਸੂਫ਼ੀਆਂ ਨਾਲ ਸੂਫ਼ੀ ਮਿਲ ਕੇ ਢੋਲਾ ਗਾਵਣ ਬੇਪਰਵਾਹੀਆ । ਸ਼ੁਕਰੀਏ ਵਿਚ ਪਰਵਰਦਿਗਾਰ ਦਾ ਇਕ ਅਦਾਬ, ਸੀਸ ਇਕੋ ਇਕ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਕੇ ਦਰਗਾਹ ਸਾਚੀ ਧੁਰਦਰਗਾਹੀ ਦਾ ਦਰੇ ਦਰਬਾਰ ਖ਼ੁਸ਼ੀ ਮਨਾਈਆ । ਸਚ ਸ਼ੁਕਰਾਨੇ ਦਾ ਇਹ ਸਬੂਤ, ਸਬਰ ਸਬੂਰੀ ਇਕੋ ਨਜ਼ਰੀ ਆਈਆ । ਨੂਰ ਉਪਜੇ ਇਕੋ ਕਾਇਆ ਕਾਅਬੇ ਕਲਬੂਤ, ਕਲਮਾ ਇਕੋ ਇਕ ਸ਼ਨਵਾਈਆ । ਹਕ ਖ਼ੁਦਾ ਸਭ ਦਾ ਮਹਿਬੂਬ, ਮਾਲਕ ਬੇਪਰਵਾਹੀਆ । ਜਿਧਰ

੭੩੯
੨੦

ਵੇਖੋ ਓਧਰ ਮੌਜੂਦ, ਇਨਸਾਨ ਇਨਸਾਨਾਂ ਨਾਲ ਮਿਲਾਈਆ । ਜੋ ਕਦੇ ਨਾ ਹੋਵੇ ਨੇਸਤੋ ਨਾਬੂਦ, ਆਬਰੂ ਸਭ ਦੀ ਲਏ ਬਚਾਈਆ । ਥੋੜ੍ਹੇ ਸਮੇਂ ਤਕ ਦੀਨ ਮਜ਼੍ਹਬ ਦੀ ਮੇਟ ਦੇਵੇ ਹਦੂਦ, ਰੰਗ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ ।

ਮਜ਼੍ਹਬ ਸਿਖ਼ਾਤਾ ਹੈ ਖ਼ੁਦਾ ਕੇ ਆਗੇ ਕਰੋ ਦੁਆ, ਰਹਿਮਤ ਮੰਗੋ ਧੁਰਦਰਗਾਹੀਆ । ਮਿਹਰਵਾਨ ਮਹਿਬੂਬ ਕਦੇ ਨਾ ਕਰੇ ਜੁਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਸਭ ਦਾ ਸਾਂਝਾ ਪਿਆਰਾ ਇਕ ਖ਼ੁਦਾ, ਖ਼ੁਦੀ ਅੰਦਰੋਂ ਦਏ ਕਢਾਈਆ । ਕਦਮਾਂ ਉਤੋਂ ਹੋਵੇ ਫ਼ਿਦਾ, ਫ਼ੈਸਲਾ ਹਕ ਦਏ ਸੁਣਾਈਆ । ਓਸ ਦੇ ਕਲਾਮ ਦੀ ਇਕ ਸਦਾ, ਕਲਮਾ ਹਕ ਹਕ ਜਣਾਈਆ । ਵਾਹਿਦ ਮਾਲਕ ਸਭ ਦਾ ਅੱਬਾ, ਨੂਰ ਨੂਰ ਵਿਚੋਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਕੇ ਸਚ ਮੁਹੱਬਤ ਦਾ ਮਜ਼ਾ, ਰਸ ਅਨਰਸ ਦਏ ਵਖਾਈਆ ।

ਪਵਿਤ੍ਰ ਨਾਮ ਆਪ ਦਾ ਅਬਦੁਲ ਕਬੀਰ, ਕਿਬਲ ਅਜ਼ ਦੇਣਾ ਜਣਾਈਆ । ਕਵਣ ਵਕਤ ਕਾਇਨਾਤ ਸ਼ਰਅ ਟੁੱਟੇ ਜ਼ੰਜੀਰ, ਵਾਹਿਦ ਕਲਮਾ ਲੈਣ ਗਾਈਆ । ਸਾਰੀ ਦੁਨੀਆ ਦਾ ਸਾਂਝਾ ਹੋਵੇ ਇਕੋ ਪੀਰ, ਪੈਗ਼ੰਬਰ ਨੂਰ ਖ਼ੁਦਾਈਆ । ਦੱਸੇ ਇੱਕ ਤਦਬੀਰ, ਤਰੀਕਾ ਧੁਰਦਰਗਾਹੀਆ । ਝਗੜਾ ਰਹੇ ਨਾ ਸ਼ਾਹ ਹਕੀਰ, ਇਕੋ ਰੰਗ ਰੰਗਾਈਆ । ਸਾਚਾ ਕਲਮਾ ਪੜ੍ਹੇ ਤਕਬੀਰ, ਤਬਅ ਅੰਦਰੋਂ ਦਏ ਬਦਲਾਈਆ । ਜ਼ਿਬਹ ਕਰੇ ਨਾ ਕੋਇ ਸ਼ਮਸ਼ੀਰ, ਸ਼ਮਅ ਨੂਰ ਕਰੇ ਰੁਸ਼ਨਾਈਆ । ਕੀ ਖੇਲ ਹੋਣਾ ਸਦੀ ਚੌਧਵੀਂ ਅਖ਼ੀਰ, ਹਜ਼ਰਤ ਮੁਹੰਮਦ ਸਾਹਿਬ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ ।



## ★ ਮੌਲਵੀ ਅਬਦੁਲ ਕਬੀਰ ਨੇ ਉਤਰ ਦਿਤਾ ★

ਜ਼ਨਾਬ ਪੂਰਨ ਸਿੰਘ ਜੀ ਮਹਾਰਾਜ ਸੇ ਆਜ ਦਰਗਾਹ ਸ਼ਰੀਫ਼ ਮੇਂ ਮੁਲਾਕਾਤ ਹੁਈ ਔਰ ਹਮ ਨਹਾਇਤ ਖ਼ੁਸ਼ ਹੁਏ ਔਰ ਉਨ ਕੇ ਸਾਥ ਜੋ ਰੁਕਨ ਥੇ ਵੋਹ ਭੀ ਕਾਬਲੇ ਜ਼ਿਕਰ ਔਰ ਕਾਬਲੇ ਮੁਲਾਕਾਤ ਥੇ । ਮੈਂ ਆਜ ਕੇ ਦਿਨ ਕੋ ਖ਼ੁਸ਼ ਨਸੀਬ ਸਮਝਤਾ ਹੂੰ ਕਿ ਮੁਝੇ ਆਪਣੇ ਮੁਹਤਰਮ ਮਹਾਰਾਜ ਪੂਰਨ ਸਿੰਘ ਜੀ ਸੇ ਮੁਲਾਕਾਤ ਹੁਈ ਔਰ ਵਹਿਦਤਉਲਵਜਦ ਕਾ ਮਸਲਾ ਨਹਾਇਤ ਅੱਛੇ ਤਰੀਕੇ ਸੇ ਅਦਾ ਫ਼ਰਮਾ ਕਰ ਤਮਾਮ ਕਾਇਨਾਤ ਕੇ ਇਤਹਾਦ ਕਾ ਦਰਸ ਦੀਆ ਹੈ । ਖ਼ੁਦਾ ਸਭ ਇਨਸਾਨੋਂ ਕੋ ਇਤਹਾਦ ਕੀ ਤੌਫ਼ੀਕ ਬਖ਼ਸ਼ੇ ਔਰ ਸਰਦਾਰ ਹਜ਼ਰਾਤੋਂ ਕੋ ਮੁਸਲਮਾਨੋ ਕੇ ਸਾਥ ਨਹਾਇਤ ਵਾਬਸਤਗੀ ਹੈ ਕਿਉਂਕਿ ਬਾਬਾ ਫ਼ਰੀਦ ਮੀਆਂ ਮੀਰ ਉਨ ਕੇ ਮੁਕੰਮਲ ਤਲੂਕਾਤ ਗੁਰੂ ਗ੍ਰੰਥ ਸਾਹਿਬ ਮੇਂ ਮੌਜੂਦ ਹੈਂ ਔਰ ਮੁਫ਼ੱਸਲ ਮਜ਼ਕੂਰ ਹੈਂ । ਆਖਿਰ ਮੈਂ ਮਹਾਰਾਜ ਪੂਰਨ ਸਿੰਘ ਔਰ ਉਨ ਕੀ ਜਮਾਤ ਕਾ ਸ਼ੁਕਰੀਆ ਅਦਾ ਕਰਤਾ ਹੂੰ ਕਿ ਉਨਹੋਂ ਨੇ ਮੁਝੇ ਮੁਲਾਕਾਤ ਕਾ ਸ਼ਰਫ਼ ਬਖ਼ਸ਼ਾ ਹੈ ।

## ★ ਮਹਾਰਾਜ ਜੀ ਵਲੋਂ ਸਵਾਲ ★

ਕਿਆ ਆਪ ਨੇ ਦੇਖਾ ਹੈ ਜ਼ਲਵਾਗਰ ਕਾ ਉਹ ਦਰਬਾਰ, ਜਿਥੇ ਨੂਰ ਨੂਰ ਰੁਸ਼ਨਾਈਆ । ਵਾਹਿਦ ਕਰੇ ਸੂਫ਼ੀਆਂ ਦਾ ਇੰਤਜਾਰ, ਹਜ਼ਰਤਾਂ ਰਾਹ ਤਕਾਈਆ । ਬਿਨਾ ਗੁਲਸ਼ਨ ਤੋਂ ਰਹੇ ਬਹਾਰ, ਮਹਿਬੂਬ ਆਪਣਾ ਵਜਦ ਦਏ ਵਖਾਈਆ । ਅੱਲਾ ਹੂ ਦਾ ਇਕ ਜੈਕਾਰ, ਨਾਅਰਾ ਧੁਰਦਰਗਾਹੀਆ । ਮਿਲੇ ਮੇਲ ਕਦੀਮੀ ਯਾਰ, ਜੋ ਕੁਦਰਤ ਦਾ ਮਾਲਕ ਨਜ਼ਰੀ ਆਈਆ । ਏਕਾ ਕਲਮੇ ਦਾ ਕਰੇ ਇਜ਼ਹਾਰ, ਲੇਖਾ ਮੁਕਾਏ ਬਿਨ ਕਲਮ ਸ਼ਾਹੀਆ । ਉਸ ਦਰਬਾਰ ਦਾ ਕਰੋ ਕੁਛ ਇਜ਼ਹਾਰ, ਜੋ ਵੇਖਿਆ ਨੂਰ ਇਲਾਹੀਆ । ਸਾਚੀ ਦਰਗਾਹ ਜੇ ਲੈ ਕੇ ਗਏ ਤਸ਼ਰੀਫ਼, ਜਲਵਾ ਜਲਵੇ ਵਿਚ ਸਮਾਈਆ । ਉਸ ਦੀ ਕਰੋ ਤਾਰੀਫ਼, ਸਿਫ਼ਤਾਂ ਨਾਲ ਸਾਲਾਹੀਆ । ਕਿਸ ਪਿਆਰ ਮੁਹੱਬਤ ਵਿਚ ਲੱਗੀ ਪ੍ਰੀਤ, ਕਵਣ ਤਰੀਕਾ ਲਿਆ ਅਪਣਾਈਆ । ਸਾਚਾ ਕਾਅਬਾ ਤੱਕ ਕੇ ਹਜ਼ਰਤ ਹਜ਼ੂਰ ਵਾਲੀ ਮਸੀਤ, ਮਸਲਾ ਇਕੋ ਸੁਣਿਆ ਜਿਸ ਦਾ ਮਸਾਹਿਲ ਜਗਤ ਨਾ ਕੋਇ ਸਮਝਾਈਆ । ਸਿਲਸਲੇ ਵਾਰ ਦੱਸੋ ਤਰਤੀਬ, ਅਜੀਬ ਕੀ ਖੇਲ ਨੂਰ ਅਲਾਹੀਆ । ਜਿਸ ਦੀ ਪੀਰ ਪੈਗ਼ੰਬਰ ਹਜ਼ਰਤ ਹਜ਼ਰਾਤ ਸਾਰੇ ਸਜਦਿਆਂ ਵਿਚ ਪੜ੍ਹਦੇ ਈਦ, ਈਦਗਾਹ ਅਕੀਦਤ ਵਾਲੀ ਨਜ਼ਰੀ ਆਈਆ । ਜ਼ਰਾ ਉਸ ਦੀ ਕਰੋ ਤਾਈਦ, ਜੇ ਦਰਬਾਰ ਵੇਖਿਆ ਧੁਰਦਰਗਾਹੀਆ । ਜੇ ਖ਼ੁਦਾ ਦੇ ਬਣੇ ਅਜ਼ੀਜ਼, ਆਲੀਸ਼ਾਨ ਦਿਉ ਸਮਝਾਈਆ । ਸਭ ਨੂੰ ਆ ਜਾਵੇ ਤਮੀਜ਼, ਹੁਕਮ ਇਕੋ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਛ ਅਗਲਾ ਲੇਖਾ ਵੇਖ ਵਖਾਈਆ । ਸਾਚੀ ਦਰਗਾਹ ਦਾ ਜੇ ਕੀਤਾ ਦੀਦਾਰ, ਦੀਦਾ ਦਾਨਿਸਤਾ ਵੇਖ ਵਖਾਈਆ । ਕੀ ਗੁਲਸ਼ਨ ਦਿਸੇ ਗੁਲਜ਼ਾਰ, ਕੀ ਮਹਿਕ ਮਹਿਕ ਮਹਿਕਾਈਆ । ਕੀ ਖੇਲ ਕਰੇ ਮੁਹੰਮਦ ਯਾਰ, ਹਜ਼ਰਤ ਚਹੁੰ ਯਾਰਾਂ ਵੰਡ ਵੰਡਾਈਆ । ਅੱਲਾ ਹੂ ਅਕਬਰ ਇਕ ਆਵਾਜ਼, ਨਿਮਾਜ਼ ਵਿਚ ਨਿਵਾਜ਼ਸ਼ ਦਏ ਵਖਾਈਆ । ਜ਼ਰਾ ਖੋਲ੍ਹ ਕੇ ਦਸੋ ਆਗ਼ਾਜ਼, ਕੀ ਮਰਤਬਾ ਬੇਪਰਵਾਹੀਆ । ਕੀ ਹੋਵੇ ਉਥੇ ਆਦਾਬ, ਕਵਣ ਸਜਦਾ ਸਰ ਸਿਰ ਝੁਕਾਈਆ । ਮਹਿਬਾਨ ਬੀਦੋ ਬੀਖੈਰ ਯਾ ਅੱਲ੍ਹਾ ਇਲਾਹੀ ਨੂਰ ਨਜ਼ਰੀ ਆਈਆ । ਜੋ ਸਦਾ ਸਦਾ ਸੁਲਹਕੁਲਾ, ਸੱਲਲ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦਾ ਲੇਖਾ ਵੇਖ ਵਖਾਈਆ ।

ਫਿਰ ਫਿਰ ਆਮੀਨ, ਆਮਦ ਵਿਚ ਰਾਹ ਤਕਾਈਆ । ਦਿਲ ਵਿਚ ਦਿਲ ਦਾ ਯਕੀਨ, ਯਕ ਇਕੋ ਨਜ਼ਰੀ ਆਈਆ । ਖ਼ੁਦਾ ਦੀ ਹਕ ਤਾਲੀਮ, ਨਬੀ ਤੁਲਬਿਆਂ ਕਰੇ ਪੜ੍ਹਾਈਆ । ਮਾਲਕ ਧੁਰ ਕਦੀਮ, ਕੁਦਰਤ ਦਾ ਨਜ਼ਰੀ ਆਈਆ । ਹਜ਼ਰਤ ਦਾ ਦਵਾਰਾ ਅਜ਼ੀਮ, ਆਲੀਸ਼ਾਨ ਸੋਭਾ ਪਾਈਆ । ਬਣ ਕੇ ਇਕ ਦੱਸੇ ਮਸਕੀਨ, ਮਸ਼ਵਰਾ ਲੈਣਾ ਪਕਾਈਆ । ਜਿਸ ਦੀ ਹੁੰਦੀ ਸਦਾ ਤਲਕੀਨ, ਹੁਕਮ ਦੇਵੇ ਧੁਰਦਰਗਾਹੀਆ । ਉਹ ਸਦਾ ਸਦਾ ਫਿਰ ਫਿਰ ਲੇਖਾ ਇਕ ਦਾ ਦੋ ਤੇ ਦੋ ਦਾ ਇਕ ਅਮੀਨ, ਆਮਲ ਕਾਮਲ ਤੁਆਰਫ਼ ਵਿਚ ਮੁਰੀਦ ਮੁਰਸ਼ਦ ਜੋੜ ਜੁੜਾਈਆ । ਮੁਰੀਦ ਮੁਰਸ਼ਦ ਹੋਵੇ ਤਲੂਕਾਤ, ਨੂਰੇ ਚਸ਼ਮ ਨੂਰ ਰੁਸ਼ਨਾਈਆ । ਸਾਂਝਾ ਕਰੇ ਜਜ਼ਬਾਤ, ਜੁਜ਼ ਵੰਡ ਨਾ ਕੋਇ ਵੰਡਾਈਆ । ਜਿਸ ਦਾ ਲੇਖਾ ਸਿਫ਼ਤਾਂ ਵਿਚ ਲਿਖਿਆ ਜਾਏ ਕਲਮ ਦਵਾਤ, ਸ਼ਾਹੀ ਅਲਿਫ਼ ਯੇ ਵੰਡ ਵੰਡਾਈਆ । ਸੋ ਮਾਲਕ ਸਭ ਦੇ ਸਾਥ, ਇਕੋ ਨਜ਼ਰੀ ਆਈਆ । ਅੱਜ ਦੀ

ਯਾਦ ਰੱਖਣੀ ਜਮਾਤ, ਸ਼ਬੇ ਰੋਜ਼ ਅਗੰਮੀ ਰਾਤ, ਕਾਇਨਾਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਰਬ ਵਾਕਿਆਤ, ਵਾਕਫ਼ਕਾਰ ਦੀਨ ਦੁਨੀ ਨਜ਼ਰੀ ਆਈਆ ।

ਹਮ ਦੁਆ ਕਰਤੇ ਹੈਂ ਦੁਆਏ ਅਜ਼ੀਰ, ਆਜ਼ਮ ਅਜ਼ੀਮ ਬੇਪਰਵਾਹੀਆ । ਜੋ ਕਾਇਨਾਤ ਕਰੇ ਤਅਮੀਰ, ਖ਼ਾਲਕ ਖ਼ਲਕ ਮਖ਼ਲੂਕ ਧੁਰਦਰਗਾਹੀਆ । ਵੋਹ ਸੁਲਾਹ ਕਰੇ ਕਸ਼ਮੀਰ, ਕਸ਼ਮਕਸ਼ ਦਏ ਗਵਾਈਆ । ਮਿਹਰ ਕਰੇ ਮਿਹਰਵਾਨ ਮਹਿਬੂਬ ਬੇਨਜ਼ੀਰ, ਨਜ਼ਰੀਆ ਅੰਦਰੋਂ ਦਏ ਬਦਲਾਈਆ । ਸਭ ਦੀ ਬਦਲ ਦੇਵੇ ਤਕਦੀਰ, ਹਿੰਦੂ ਮੁਸਲਿਮ ਸਿੱਖ ਈਸਾਈ ਸਭ ਬਣਨ ਭਾਈ ਭਾਈਆ । ਸਭ ਦਾ ਮਾਲਕ ਇਕੋ ਵਾਹਿਦ ਖ਼ੁਦਾਵੰਦ ਕਰੀਮ, ਜਿਸ ਨੂੰ ਅੱਲਾ ਰਾਮ ਵਾਹਿਗੁਰੂ ਕਹਿ ਕੇ ਸਾਰੇ ਰਹੇ ਗਾਈਆ । ਸਾਰੇ ਓਸੇ ਦੇ ਅਜ਼ੀਜ਼, ਅੰਦਰ ਬਖ਼ਸ਼ੇ ਇਕ ਤਮੀਜ਼, ਤਮਾ ਕੂੜੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਮੰਗੇ ਰਹਿਮ ਕਰੇ ਮਾਲਕ ਧੁਰਦਰਗਾਹੀਆ ।

### ★ ਦਰਗਾਹ ਸ਼ਰੀਫ਼ ਵਿਚ ਇਕ ਮੁਸਲਮਾਨ ਨੇ ਦੁੱਧ ਦਿਤਾ ਉਸ ਪਰਥਾਏ ★

ਬਗੈਰ ਚੀਨੀ ਸੇ ਮਿੱਠਾ ਆਇਆ ਸਵਾਦ, ਮਿੱਠਤ ਮਿਲੀ ਬੇਪਰਵਾਹੀਆ । ਪਿਆਰ ਮੁਹੱਬਤ ਦਾ ਗ੍ਰਿਹ ਰਹੇ ਆਬਾਦ, ਖ਼ੁਸ਼ੀਆਂ ਰੰਗ ਰੰਗਾਈਆ । ਹਕੀਕੀ ਮਿਲੇ ਦਾਦ, ਲਾਸ਼ਰੀਕੀ ਰਾਹ ਵਖਾਈਆ । ਖ਼ੁਦਾਵੰਦ ਕਰੀਮ ਤੁਹਾਡੀ ਕਰਦਾ ਰਹੇ ਇਮਦਾਦ, ਮਿਹਰ ਨਜ਼ਰ ਨਜ਼ਰੇ ਨਿਆਜ਼ ਦੇਵੇ ਝੋਲੀ ਪਾਈਆ । ਆਪ ਕੇ ਘਰ ਕਾ ਦੂਧ ਹੈ ਗੋਕਾ, ਸਫੈਦ ਸੋਹਣਾ ਨਜ਼ਰੀ ਆਈਆ । ਉਚੀ ਕੂਕ ਦਿਉ ਹੋਕਾ, ਹਜ਼ਰਤ ਇਕੋ ਮੰਨੋ ਨੂਰ ਖ਼ੁਦਾਈਆ । ਜਿਸ ਦਾ ਵਕਤ ਆ ਗਿਆ ਮੌਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਗ਼ਫ਼ਲਤ ਵਿਚ ਰਹੇ ਕੋਈ ਨਾ ਸੋਤਾ, ਨਿੰਦਰਾ ਲੈਣੀ ਖੁਲ੍ਹਾਈਆ । ਸੰਦੇਸ਼ਾ ਦੇਵੇ ਚੌਦਾਂ ਲੋਕਾ, ਚੌਦਾਂ ਤਬਕਾਂ ਵੱਜੇ ਵਧਾਈਆ । ਅੱਗੇ ਹੋਵੇ ਨਾ ਰੂਪੋਸ਼ਾ, ਪੜਦਾ ਨਕਾਬ ਸਭ ਦੇ ਅੰਦਰੋਂ ਦਏ ਉਠਾਈਆ । ਸਦੀ ਚੌਧਵੀਂ ਪਰਵਰਦਿਗਾਰ ਮਿਲਣ ਦਾ ਸਭ ਨੂੰ ਮੌਕਾ, ਮੁਕੰਮਲ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਖ਼ਲਕ ਵਿਚ ਪਰਗਟਾਈਆ ।

### ★ ੧੫ ਜੇਠ ਸ਼ਹਿਨਸ਼ਾਹੀ ਸੰਮਤ ੩ ਮੁਸਲਮਾਨ ਦਰਵੇਸ਼ ਨਾਲ ਮੰਦਰ ਖੀਰ ਭਵਾਨੀ ਸ੍ਰੀ ਨਗਰ ★

ਖੇਲ ਨਿਰਾਲਾ ਵੇਖੋ ਅਜਬ ਅਜੀਬ, ਅਜਬ ਤਰਾ ਸਮਝਾਈਆ । ਹਿਰਦੇ ਅੰਦਰ ਦੇ ਤਹਿਜ਼ੀਬ, ਤਰੀਕਾ ਦਿਤਾ ਦ੍ਰਿੜਾਈਆ । ਬਾਹਰੋਂ ਮੁਫ਼ਲਿਸ ਦਿਸੇ ਗ਼ਰੀਬ, ਅੰਦਰ ਮੁਹੱਬਤ ਨੂਰ ਅਲਾਹੀਆ । ਪਿਛਲਾ ਲਹਿਣਾ ਦਿਸੇ ਕਦੀਮ, ਪੂਰਬ ਲੇਖਾ ਨਜ਼ਰੀ ਆਈਆ । ਭਗਤਾਂ ਦਾ ਭਗਤੀ ਵਿਚ ਯਕੀਨ, ਯਕੇ ਬਾਅਦ ਦੀਗਰੇ ਹੋਏ ਸਹਾਈਆ । ਜਨਮ ਜਨਮ ਦੀ ਹੁੰਦੀ ਰਹੇ ਤਕਸੀਮ, ਵੰਡ ਤੱਤਾਂ ਵਾਲੀ ਵਖਾਈਆ । ਧੁਰ

ਦੀ ਧਾਰ ਸਦਾ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮਹਿਬੂਬ ਲੇਖਾ ਫਿਰ ਆਮੀਨ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਆਦਿ ਸ਼ਕਤ ਖੇਲ ਨਵੀਨ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਨੂਰ ਅੰਤਰ ਨਿਰੰਤਰ ਨੂਰ ਪਰਕਾਸ਼, ਜੋਤੀ ਜੋਤ ਡਗਮਗਾਈਆ । ਸਾਚੇ ਮੰਡਲ ਅਗੰਮੀ ਰਾਸ, ਗੋਪੀ ਕਾਹਨ ਖ਼ੁਸ਼ੀ ਮਨਾਈਆ । ਨਿਰਾਕਾਰ ਜੋਤ ਪਰਕਾਸ਼, ਵੇਖੇ ਥਾਉਂ ਥਾਈਂਆ । ਪੜਦਾ ਖੋਲ੍ਹੇ ਪੁਰਖ ਅਬਿਨਾਸ਼, ਧੁਰ ਦਾ ਮਾਲਕ ਇਕ ਅਖਵਾਈਆ । ਪੰਡਤ ਜੀ ਕੁਛ ਸਾਚੀ ਦੱਸੋ ਗਾਥ, ਅਰਥਾਂ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਵੇਖ ਵਖਾਈਆ । ਕੀ ਧਾਰ ਆਦਿ ਸ਼ਕਤ ਭਵਾਨੀ, ਦੁਰਗਾ ਇਸ਼ਟ ਦੇਵ ਅਖਵਾਈਆ । ਕੀ ਚਤੁਰਭੁਜ ਨੂਰ ਨੁਰਾਨੀ, ਸ਼ਸਤਰਧਾਰੀ ਸੋਭਾ ਪਾਈਆ । ਸਿੰਘ ਅਸਵਾਰ ਸਦਾ ਜਵਾਨੀ, ਜੋਬਨਵੰਤੀ ਵਡ ਵਡਿਆਈਆ । ਕੀ ਭੇਟਾ ਮੰਗੇ ਕੁਰਬਾਨੀ, ਸੇਵਾ ਕਵਣ ਰੂਪ ਸਮਝਾਈਆ । ਕੀ ਲੇਖਾ ਰੱਖੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਬੰਧਨ ਪਾਈਆ । ਕੀ ਮੰਜ਼ਲ ਦੇਵੇ ਰੁਹਾਨੀ, ਆਤਮ ਬ੍ਰਹਮ ਪੜਦਾ ਲਾਹੀਆ । ਕੀ ਲੇਖਾ ਲਿਖੇ ਕਲਮ ਨਿਸ਼ਾਨੀ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਕੀ ਵੇਦਾਂ ਵੇਖੇ ਪ੍ਰਭੂ ਦੀ ਮਿਹਰਵਾਨੀ, ਪੜਦਾ ਇਕ ਉਠਾਈਆ । ਮਾਰਗ ਵੇਖੋ ਇਕ ਆਸਾਨੀ, ਅਸਲ ਇਕ ਸਮਝਾਈਆ । ਬੋਧ ਵਿਦਿਆ ਦਿਸੇ ਦਿਸੋ ਵਿਦਵਾਨੀ, ਲੇਖਾ ਅਗਲਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਖੇਲੇ ਧੁਰਦਰਗਾਹੀਆ । ਸਾਚੀ ਭੂਮਿਕਾ ਵੇਖੋ ਅਸਥਾਨ, ਧਰਨੀ ਧਰਤ ਧਵਲ ਸੋਭਾ ਪਾਈਆ । ਕਿਉਂ ਹੋਈ ਪਰਵਾਨ, ਮਿਲੀ ਮਾਣ ਵਡਿਆਈਆ । ਪਰਗਟ ਕੀ ਨਿਸ਼ਾਨ, ਨਿਸ਼ਾਨੇ ਦਿਓ ਸਮਝਾਈਆ । ਕਿਸ ਬਿਧ ਇਸ਼ਟ ਹੋਇਆ ਪਰਧਾਨ, ਮਿਲੀ ਮਾਣ ਵਡਿਆਈਆ । ਸ੍ਰਿਸ਼ਟ ਦਾ ਕੀ ਗਿਆਨ, ਬਿਨ ਅੱਖਰਾਂ ਅੱਖਰ ਸਮਝਾਈਆ । ਵਸ਼ਿਸ਼ਟ ਰਾਮ ਦੀ ਕੀ ਪਹਿਚਾਨ, ਤਨ ਸਰੀਰ ਤੋਂ ਬਾਹਰ ਕਰੇ ਰੁਸ਼ਨਾਈਆ । ਸਾਚਾ ਮੰਦਰ ਸੋਹੇ ਮਕਾਨ, ਸ਼ਿਵਾਲਾ ਮੱਠ ਵੱਜੇ ਵਧਾਈਆ । ਕਿਸ ਬਿਧ ਭਗਤੀ ਮਿਲੇ ਦਾਨ, ਭਗਵਨ ਝੋਲੀ ਪਾਈਆ । ਮੁਹੱਬਤ ਵਿਚ ਪਿਆਰ ਦਾ ਦੱਸੋ ਗਿਆਨ, ਨਿਰੰਤਰ ਅੰਤਰ ਦ੍ਰਿਸ਼ਟੀ ਪੜਦਾ ਰਹੇ ਨਾ ਰਾਈਆ ।

★ ੧੬ ਜੇਠ ਸ਼ਹਿਨਸ਼ਾਹੀ ਸੰਮਤ ੩ ਤੇਜ ਭਾਨ ਦੇ ਗ੍ਰਿਹ ਪਿੰਡ ਸ਼ੇਖ਼ਸਰ ਬਖ਼ਸ਼ੀ ਨਗਰ ਮਾਰਕੀਟ ਜ਼ਿਲਾ ਜੰਮੂ ★

ਸਤਿਜੁਗ ਕਹੇ ਮੇਰੇ ਸ਼ਹਿਨਸ਼ਾਹ ਸ਼ਾਹ ਸਵਾਰ, ਸ਼ਾਹੀ ਧੁਰ ਦੀ ਦੇਣੀ ਵਖਾਈਆ । ਏਕੰਕਾਰ ਚਰਨ ਕਵਲ ਕਰਾਂ ਨਿਮਸਕਾਰ, ਨਮਸਤੇ ਸੀਸ ਜਗਦੀਸ ਝੁਕਾਈਆ । ਕਰਨੀ ਦੇ ਕਰਤੇ ਪੁਰਖ ਕਰਤਾਰ, ਪਰਵਰਦਿਗਾਰ ਤੇਰੀ ਵਡਿਆਈਆ । ਦਰ ਠਾਂਡਾ ਵੇਖ ਦਰਬਾਰ, ਦਰਗਾਹ ਸਾਚੀ ਸੀਸ ਝੁਕਾਈਆ । ਬੇਨੰਤੀ ਅਰਜ਼ ਰਿਹਾ ਗੁਜ਼ਾਰ, ਗੁਜਾਰਸ਼ ਵਿਚ ਸ਼ਨਵਾਈਆ । ਨਿਰਗੁਣ ਜੋਤ ਕਰ ਉਜਿਆਰ, ਉਜਾਲਾ ਹੋਵੇ ਜਗਤ ਲੋਕਾਈਆ । ਮੈਂ ਬਣਾਂ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਆਪਣਾ ਰੰਗ ਰੰਗ ਕਰਤਾਰ, ਕੁਦਰਤ ਤੇਰੀ ਨੂਰ ਖ਼ੁਦਾਈਆ । ਤੇਰੇ ਪ੍ਰੇਮ ਦਾ ਹੋਵੇ ਜੈਕਾਰ, ਆਤਮ ਬ੍ਰਹਮ ਸਮਝਾਈਆ । ਕੂੜੀ ਕਿਰਿਆ ਕਰ ਗ੍ਰਿਫ਼ਤਾਰ, ਹੁਕਮ ਧੁਰ ਦਾ ਇਕ ਸਮਝਾਈਆ । ਮੈਂ ਮਮਤਾ ਦੇਣੀ

੭੪੩
੨੦

ਮਾਰ, ਮਰਦ ਜਨ ਇਕ ਵਡਿਆਈਆ । ਤੋਹਫ਼ਾ ਦੇ ਪਰਵਰਦਿਗਾਰ, ਵਸਤ ਅਮੋਲਕ ਝੋਲੀ ਪਾਈਆ । ਸਤਿ ਧਰਮ ਦਾ ਹੋਏ ਵਿਹਾਰ, ਵਿਵਹਾਰੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਕਹੇ ਪੁਰਖ ਅਕਾਲ ਬਖ਼ਸ਼ ਦਰ ਠੰਡਾ, ਸੀਤਲ ਧਾਰ ਇਕ ਪਰਗਟਾਈਆ । ਆਤਮ ਪਰਮਾਤਮ ਪਰਮ ਪੁਰਖ ਦੇ ਅਨੰਦਾ, ਅਨੰਦ ਅਨੰਦ ਵਿਚੋਂ ਵਖਾਈਆ । ਸਚ ਪਰਕਾਸ਼ ਨੂਰੀ ਜੋਤ ਵਖਾ ਚੰਦਾ, ਬ੍ਰਹਿਮੰਡ ਖੰਡ ਹੋਏ ਰੁਸ਼ਨਾਈਆ । ਭੇਵ ਖੁਲ੍ਹਾ ਹੰ ਬ੍ਰਹਮਾ, ਬ੍ਰਹਮ ਹੰ ਦੇਣਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸਾਂਝਾ ਹੋਵੇ ਛੰਦਾ, ਸੰਸਾ ਕੂੜਾ ਦੇਣਾ ਗਵਾਈਆ । ਟੁੱਟੀ ਧਾਰ ਪਾ ਗੰਢਾ, ਗਹਿਰ ਗੰਭੀਰ ਆਪਣਾ ਜੋੜ ਜੁੜਾਈਆ । ਮਨ ਵਾਸਨਾ ਮੇਟ ਦੰਗਾ, ਵਿਭਚਾਰ ਰਹੇ ਨਾ ਕੋਇ ਲੜਾਈਆ । ਤੇਰਾ ਨਾਮ ਅਗੰਮੀ ਖੰਡਾ, ਖੜਗ ਇਕੋ ਨਜ਼ਰੀ ਆਈਆ । ਜਿਸ ਨੂੰ ਸਮਝੇ ਕੋਈ ਨਾ ਬੰਦਾ, ਬਿਨਾ ਬੰਦਗੀ ਭੇਵ ਨਾ ਕੋਇ ਖੁਲ੍ਹਾਈਆ । ਹਰਿਜਨ ਰਹੇ ਕੋਈ ਨਾ ਗੰਦਾ, ਦੁਰਮਤ ਮੈਲ ਦੇਣੀ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰਾ ਇਕ ਪਰਗਟਾਈਆ ।

★ ੧੬ ਜੇਠ ਸ਼ਹਿਨਸ਼ਾਹੀ ਸੰਮਤ ੩ ਰਾਮ ਪਿਆਰੀ ਦੇ ਗ੍ਰਹਿ ਪਿੰਡ ਬਦੀ ਪੁਰ ਜ਼ਿਲਾ ਜੰਮੂ ★

ਸਤਿਜੁਗ ਕਹੇ ਮੈਂ ਮੰਗਾਂ ਧਰਮ ਦਵਾਰ, ਓਟ ਤੇਰੀ ਇਕ ਰਖਾਈਆ । ਚਾਰ ਵਰਨ ਹੋਵੇ ਪਿਆਰ, ਦਵੈਤ ਅੰਦਰੋਂ ਦੇਣੀ ਕਢਾਈਆ । ਸ਼ਰਅ ਛੁਰੀ ਨਾ ਕੋਈ ਕਟਾਰ, ਸ਼ੱਕ ਰਹੇ ਨਾ ਕੋਈ ਲੋਕਾਈਆ । ਤੇਰਾ ਨੂਰ ਹੋਵੇ ਚਮਤਕਾਰ, ਅਹਿਮਕ ਮੂੜ੍ਹ ਦੇਣੇ ਮਿਟਾਈਆ । ਗੁਲਸ਼ਨ ਖਿਲੇ ਸੋ ਬਹਾਰ, ਗੁਲ ਭਗਤ ਲੈਣਾ ਪਰਗਟਾਈਆ । ਦਰ ਤੇਰੇ ਹੋਵੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਤੇਰੀ ਮੁਹੱਬਤ ਦਾ ਤਲਬਗਾਰ, ਰਾਹ ਤੇਰਾ ਇਕ ਤਕਾਈਆ । ਕਿਰਪਾ ਕਰ ਸੱਚੀ ਸਰਕਾਰ, ਸਤਿ ਸਤਿਵਾਦੀ ਹੋ ਸਹਾਈਆ । ਸਤਿਜੁਗ ਕਹੇ ਮੈਂ ਢਹਿ ਪਿਆ ਦਵਾਰ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਇਕੋ ਦੇਣਾ ਸੁਹਾਈਆ । ਸਤਿਜੁਗ ਕਹੇ ਮੇਰੇ ਪਰਮ ਪੁਰਖ ਅਬਿਨਾਸ਼ੀ, ਅਬਿਨਾਸ਼ੀ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਕਰ ਬੰਦ ਖ਼ਲਾਸੀ, ਬੰਦਨਾ ਆਪਣੀ ਦੇ ਸਮਝਾਈਆ । ਸਾਚੇ ਮੰਡਲ ਪਾ ਰਾਸੀ, ਆਤਮ ਪਰਮਾਤਮ ਗੋਪੀ ਕਾਹਨ ਰੂਪ ਬਦਲਾਈਆ । ਹਉਂ ਸੇਵਕ ਤੇਰਾ ਦਾਸ ਦਾਸੀ, ਸਚ ਦਵਾਰੇ ਸੇਵ ਕਮਾਈਆ । ਮਨਸਾ ਪੂਰੀ ਕਰ ਆਸੀ, ਅਸਲ ਆਪਣਾ ਆਪ ਵਖਾਈਆ । ਮੰਜ਼ਲ ਪੌੜੀ ਚੜ੍ਹਿਆ ਘਾਟੀ, ਘਾਟਾ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤਮ ਮੁਕੇ (ਵਾਟੀ), ਪੈਂਡਾ ਪੰਧ ਦੇਣਾ ਮੁਕਾਈਆ । ਸਤਿਜੁਗ ਸਚ ਚਲਾਉਣੀ ਗਾਥੀ, ਗਹਿਰ ਗੰਭੀਰ ਆਪ ਸੁਣਾਈਆ । ਮੈਂ ਮੰਨਾ ਤੇਰੀ ਆਖੀ, ਆਖ਼ਰ ਨਿਉਂ ਨਿਉਂ ਲਾਗਾਂ ਪਾਈਆ । ਉਤਮ ਸ੍ਰੇਸ਼ਟ ਭਗਤਾਂ ਹੋਵੇ ਜਾਤੀ, ਜਾਤ ਆਪਣੀ ਨਾਲ ਮਿਲਾਈਆ । ਦਿਵਸ ਰੈਣ ਰੱਖੀਂ ਪਰਭਾਤੀ, ਸੰਧਿਆ ਰੂਪ ਨਾ ਕੋਇ ਬਦਲਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਕਮਲਾਪਾਤੀ, ਸਚਖੰਡ ਨਿਵਾਸੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਕਲਮਾ ਇਕ ਹੋਵੇ ਸਫ਼ਾਤੀ, ਜਜ਼ਬਾ ਜਜ਼ਬਾਤੀ ਆਪਣਾ ਦੇਣਾ ਪਰਗਟਾਈਆ ।

★ ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਸ਼ਿਵ ਸਿੰਘ ਬਖ਼ਸ਼ੀ ਨਗਰ ਮਾਰਕੀਟ ਪਿੰਡ ਸ਼ੇਖ਼ ਸਰ ਵਾਲਾ ਜੰਮੂ ★

ਸਤਿਜੁਗ ਕਹੇ ਪ੍ਰਭ ਨਿਰਗੁਣ ਧਾਰ ਬਣ ਸਾਕੀ, ਸਗਲਾ ਸੰਗ ਬਣਾਈਆ । ਮੈਂ ਮੰਨਾਂ ਤੇਰੀ ਆਖੀ, ਨਿਰਧਨ ਹੋ ਕੇ ਸੇਵ ਕਮਾਈਆ । ਪੜਦਾ ਖੋਲ੍ਹ ਤਾਕੀ, ਓਹਲਾ ਦੇ ਚੁਕਾਈਆ । ਮੇਲਾ ਮਿਲਾ ਮਾਨਸ ਤਤ ਖ਼ਾਕੀ, ਖ਼ਾਲਸ ਆਪਣੀ ਦਇਆ ਕਮਾਈਆ । ਕਲਜੁਗ ਅੰਤਰ ਬਦਲ ਦੇ ਹਯਾਤੀ, ਆਬੇਹਯਾਤ ਜਾਮ ਪਿਆਈਆ । ਚਰਨ ਪ੍ਰੀਤੀ ਬਖ਼ਸ਼ ਨਾਤੀ, ਨਾਤਾ ਤੁੱਟੇ ਕੂੜ ਲੋਕਾਈਆ । ਲੇਖਾ ਹਿਸਾਬ ਰਹੇ ਨਾ ਬਾਕੀ, ਪੂਰਬ ਦੇਣਾ ਚੁਕਾਈਆ । ਆਤਮ ਬ੍ਰਹਮ ਤੇਰੀ ਜਾਤੀ, ਪਾਰਬ੍ਰਹਮ ਸਰਨਾਈਆ । ਹਉਂ ਸੇਵਕ ਦਾਸਨ ਦਾਸੀ, ਦਰ ਦਵਾਰੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚਾ ਸੋਭਾ ਪਾਈਆ ।

★ ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਰਾਮ ਚੰਦ ਦੇ ਗ੍ਰਿਹ ਬਖ਼ਸ਼ੀ ਨਗਰ ਮਾਰਕੀਟ ਜੰਮੂ ★

ਸਤਿਜੁਗ ਕਹੇ ਆਪਣੇ ਨਾਮ ਦੀ ਦੇ ਮਸਤੀ, ਮਸੱਰਤ ਅੰਦਰ ਦੇ ਵਖਾਈਆ । ਤੂੰ ਮਾਲਕ ਫ਼ਰਸ਼ੀ ਅਰਸ਼ੀ, ਆਅਲਾ ਅਦਨਾ ਲਏ ਉਠਾਈਆ । ਮੈਂ ਮੰਨਾ ਰਜ਼ਾ ਤੇਰੀ ਮਰਜ਼ੀ, ਮਰਜ਼ ਕੂੜੀ ਦੇਣੀ ਮੁਕਾਈਆ । ਬਿਰਹੋਂ ਵੈਰਾਗੀ ਬਣਨਾ ਦਰਦੀ, ਦਰਦਵੰਦ ਤੇਰੀ ਸਰਨਾਈਆ । ਮੇਰੀ ਮਨਜ਼ੂਰ ਕਰ ਅਰਜ਼ੀ, ਆਰਜ਼ੂ ਖ਼ਾਹਿਸ਼ ਦਿਤੀ ਵਖਾਈਆ । ਸਤਿ ਧਰਮ ਦੀ ਕਲਾ ਹੋਵੇ ਚੜ੍ਹਦੀ, ਚਾਰ ਕੁੰਟ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟ ਸਬਾਈ ਢੋਲਾ ਹੋਵੇ ਪੜ੍ਹਦੀ, ਪਤਤ ਪਾਵਨ ਤੇਰਾ ਇਕੋ ਨਾਮ ਧਿਆਈਆ । ਸਾਰ ਪਾਵੀਂ ਘਰ ਘਰ ਦੀ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਤੇਰੀ ਖੇਲ ਨਰਾਇਣ ਨਰ ਦੀ, ਅਵਤਰ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਰਬਾਰਾ ਇਕ ਸੁਹਾਈਆ ।

★ ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਗੁਰਦਿਤ ਸਿੰਘ ਦੇ ਘਰ ਛੰਬ ਵਾਲਾ ਜ਼ਿਲਾ ਜੰਮੂ ★

ਸਤਿਜੁਗ ਕਹੇ ਕਿਰਪਾ ਕਰ ਪ੍ਰਭ ਗੁਣਵੰਤੇ, ਗਹਿਰ ਗੰਭੀਰ ਬੇਪਰਵਾਹੀਆ । ਅਸੀਂ ਤੇਰੇ ਦਰ ਦੇ ਮੰਗਤੇ, ਮਾਂਗਤ ਹੋ ਕੇ ਝੋਲੀ ਡਾਹੀਆ । ਗੜ੍ਹ ਤੋੜ ਹਉਮੇ ਹੰਗਤੇ, ਹਰਿ ਦਵਾਰਾ ਇਕ ਵਖਾਈਆ । ਜਿਸ ਦਵਾਰੇ ਭਗਤ ਸੁਹੇਲੇ ਲੰਘਦੇ, ਸੰਤ ਸਾਜਣ ਮਿਲ ਕੇ ਵੱਜੇ ਵਧਾਈਆ । ਝਗੜੇ ਰਹਿਣ ਨਾ ਬੁੱਧੀ ਮਨ ਦੇ, ਮਮਤਾ ਮੋਹ ਦੇਣਾ ਮਿਟਾਈਆ । ਪਰਕਾਸ਼ ਦੇ ਅਗੰਮੀ ਚੰਨ ਦੇ, ਨੂਰੀ ਚੰਦ ਹੋਵੇ ਰੁਸ਼ਨਾਈਆ । ਸਰੋਤੇ ਰਹਿਣ ਨਾ ਜਗਤ ਮਨ ਦੇ, ਅਨਹਦ ਅਨਾਦੀ ਧੁਨ ਦੇਣੀ ਉਪਜਾਈਆ । ਸਤਿਜੁਗ ਸਾਚਾ ਬੇੜਾ ਬੰਨ੍ਹਦੇ, ਬੰਨ੍ਹਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਵਾਰੇ ਆਸ ਰਖਾਈਆ । ਸਤਿਜੁਗ ਕਹੇ ਪ੍ਰਭ ਦੇ ਦੇ ਨਾਮ ਦਲਾਸਾ,

ਦਿਲਦਾਰ ਦਿਲਬਰ ਆਪਣੀ ਦਇਆ ਕਮਾਈਆ । ਪਰਮ ਪੁਰਖ ਮੇਰੀ ਪੂਰੀ ਕਰ ਆਸਾ, ਤ੍ਰਿਸ਼ਨਾ ਦੇਣੀ ਗਵਾਈਆ । ਲਹਿਣਾ ਦੇਣਾ ਚੁਕਾ ਮਸਤਕ ਮਾਥਾ, ਲੇਖਾ ਅਗਲਾ ਝੋਲੀ ਪਾਈਆ । ਚਾਰ ਵਰਨ ਅਠਾਰਾਂ ਬਰਨ ਗਾਵਣ ਤੇਰੀ ਗਾਥਾ, ਅੱਖਰ ਇਕੋ ਦੇਣਾ ਪੜ੍ਹਾਈਆ । ਮੰਜ਼ਲ ਮੰਜ਼ਲ ਮੁਕੇ ਵਾਟਾ, ਪਾਂਧੀ ਪੰਧ ਨਾ ਕੋਇ ਫਿਰਾਈਆ । ਕਲਜੁਗ ਮੇਟ ਅੰਧੇਰੀ ਰਾਤਾ, ਸਤਿ ਧਰਮ ਸਚ ਕਰ ਰੁਸ਼ਨਾਈਆ । ਹਉਂ ਬਾਲਕ ਅਨਾਥ ਅਨਾਥਾ, ਦੀਨਨ ਹੋ ਕੇ ਦੀਨ ਦਿਆਲ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਕਰ ਬੰਦ ਖ਼ਲਾਸਾ, ਧੁਰ ਦੀ ਬੰਦਗੀ ਵਿਚ ਜਗਤ ਮਛੰਦਗੀ ਦੇ ਗਵਾਈਆ ।

★ ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਖ਼ਜ਼ਾਨ ਸਿੰਘ ਦੇ ਗ੍ਰਿਹ ਰਣਬੀਰ ਸਿੰਘ ਪੁਰਾ ਜ਼ਿਲਾ ਜੰਮੂ ★

ਸਤਿਜੁਗ ਕਹੇ ਕਿਰਪਾ ਕਰ ਧੁਰ ਦੇ ਰਾਮ, ਰਹਿਮਤ ਵਿਚ ਕਲਜੁਗ ਦੇ ਬਦਲਾਈਆ । ਨਿਗਾਹਬਾਨ ਹੋ ਧੁਰ ਦੇ ਸ਼ਾਮ, ਸ਼ਾਮ ਅੰਧੇਰਾ ਦੀਨ ਦੁਨੀ ਦੇ ਮਿਟਾਈਆ । ਨਾਮ ਸੰਦੇਸ਼ਾ ਦੇ ਅਗੰਮੀ ਪੈਗ਼ਾਮ, ਪੈਗ਼ੰਬਰਾਂ ਦੇ ਮਾਲਕ ਹੁਕਮ ਸੁਣਾਈਆ । ਤੇਰਾ ਨਾਮ ਨਿਧਾਨਾ ਮਿਲੇ ਹਕ਼ੀਕੀ ਜਾਮ, ਮਨ ਵਾਸਨਾ ਮਾਇਆ ਮਮਤਾ ਮੋਹ ਦੇ ਮਿਟਾਈਆ । ਭਾਗ ਲਗਾ ਕਾਇਆ ਮਾਟੀ ਚਾਮ, ਮਾਨਵ ਜਾਤੀ ਮਿਲੇ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਾਚੀ ਕਰੇ ਨਾ ਕੋਇ ਪਹਿਚਾਨ, ਪੜਦਾ ਅੰਤਰ ਨਾ ਕੋਇ ਉਠਾਈਆ । ਜੂਠ ਝੂਠ ਕੂੜੀ ਕਿਰਿਆ ਸਾਰੇ ਹੋਏ ਗ਼ੁਲਾਮ, ਗ਼ੁਰਬਤ ਅੰਦਰੋਂ ਬਾਹਰ ਨਾ ਕੋਇ ਕਢਾਈਆ । ਗ੍ਰਿਹ ਗ੍ਰਿਹ ਦਿਸੇ ਚਾਰ ਵਰਨ ਹਰਾਮ, ਅਠਾਰਾਂ ਬਰਨ ਦੇਣ ਦੁਹਾਈਆ । ਸਾਚਾ ਸਜਦਾ ਕਰੇ ਨਾ ਕੋਈ ਸਲਾਮ, ਡੰਡਾਵਤ ਬੰਦਨਾ ਸੀਸ ਜਗਦੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਤੇਰੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਬਖ਼ਸ਼ਿਸ਼ ਕਰ ਧੁਰ ਦੇ ਮੀਤ, ਮਿਤਰ ਪਿਆਰੇ ਤੇਰੀ ਓਟ ਤਕਾਈਆ । ਚਾਰ ਕੁੰਟ ਦਹਿ ਦਿਸ਼ਾ ਏਕਾ ਤੇਰਾ ਨਾਮ ਢੋਲਾ ਹੋਵੇ ਗੀਤ, ਹਰ ਹਿਰਦੇ ਅੰਦਰ ਆਪਣਾ ਨਾਂਉ ਦੇਣਾ ਚਮਕਾਈਆ । ਜਗਤ ਵਾਸਨਾ ਝਗੜਾ ਮੁਕਾ ਮੰਦਰ ਮਸੀਤ, ਕਾਇਆ ਕਾਅਬਾ ਏਕੰਕਾਰ ਇਕੋ ਦੇਣਾ ਵਖਾਈਆ । ਸਤਿ ਧਰਮ ਦੀ ਚਲੇ ਸਾਚੀ ਰੀਤ, ਤੂੰ ਮੇਰਾ ਮੈਂ ਤੇਰਾ ਢੋਲਾ ਜੀਵ ਜੰਤ ਸਾਧ ਸੰਤ ਇਕੋ ਇਕ ਗਾਈਆ । ਸਚ ਦਵਾਰ ਏਕੰਕਾਰ ਬਖ਼ਸ਼ ਆਪਣੀ ਹਕ ਪ੍ਰੀਤ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਪੜਦਾ ਅੰਦਰੋਂ ਦੇਣਾ ਉਠਾਈਆ । ਝਗੜਾ ਰਹੇ ਨਾ ਜਾਤ ਪਾਤ ਊਚ ਨੀਚ, ਰਾਓ ਰੰਕ ਦੀਨ ਮਜ਼੍ਹਬ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਈ ਵੰਡਾਈਆ । ਸਾਚਾ ਕਲਮਾ ਇਕੋ ਦੱਸ ਹਦੀਸ, ਹਜ਼ਰਤਾਂ ਦੇ ਹਜ਼ਰਤ ਹਾਜ਼ਰ ਹਜ਼ੂਰ ਭੇਵ ਦੇਣਾ ਚੁਕਾਈਆ । ਡੰਡੌਤ ਬੰਦਨਾ ਇਕੋ ਹੋਏ ਜਗਤ ਜਗਦੀਸ, ਦੂਸਰ ਸਿਰ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਤੇਰਾ ਨਾਮ ਢੋਲਾ ਗੀਤ ਕਲਮਾ ਇਕੋ ਗਾਈਆ । ਸਤਿਜੁਗ ਕਹੇ ਪ੍ਰਭ ਮਿਹਰਵਾਨ ਹੋ ਨਿਗਾਹਬਾਨ, ਚਾਰ ਕੁੰਟ ਧਿਆਨ ਲਗਾਈਆ । ਕਲਜੁਗ ਕੂੜੀ ਕਿਰਿਆ ਮੇਟ ਸ਼ੈਤਾਨ, ਸ਼ਰਅ ਵਿਚੋਂ ਦੀਨ ਦੁਨੀ ਬਾਹਰ


੭੪੬
੨੦

ਕਢਾਈਆ । ਸਾਚੀ ਮੰਜ਼ਲ ਦੱਸ ਆਸਾਨ, ਰਹਿਮਤ ਵਿਚ ਆਪਣਾ ਰਾਹ ਵਖਾਈਆ । ਨਾਮ ਨਿਧਾਨਾ ਸ੍ਰੀ ਭਗਵਾਨ ਸੁਣਾ ਬਿਨਾ ਕਾਨ, ਧੁਨ ਆਤਮਕ ਆਪਣਾ ਨਾਦ ਕਰ ਸ਼ਨਵਾਈਆ । ਦੀਪਕ ਜੋਤ ਜਗੇ ਘਟ ਸਵਾਮੀ ਤੇਰਾ ਇਕ ਮਹਾਨ, ਤੇਲ ਬਾਤੀ ਕਮਲਾਪਾਤੀ ਲੋੜ ਰਹੇ ਨਾ ਰਾਈਆ । ਬੁੱਧ ਬਿਬੇਕ ਹੋਵੇ ਜੀਵ ਜਗਤ ਜਹਾਨ, ਮਲੇਛ ਰਹਿਣ ਕੋਇ ਨਾ ਪਾਈਆ । ਸ਼ਬਦੀ ਸੁਰਤ ਸੁਰਤ ਸ਼ਬਦ ਮੇਲਾ ਹੋਵੇ ਗੋਪੀ ਕਾਹਨ, ਘਨਈਆ ਨਈਆ ਆਪਣੀ ਦੇ ਚਲਾਈਆ । ਕਲਜੁਗ ਕੂੜੀ ਕਿਰਿਆ ਅੰਤ ਮੇਟ ਨਿਸ਼ਾਨ, ਨਿਸ਼ਾਨੇ ਕੂੜੇ ਦੇ ਚੁਕਾਈਆ । ਸਾਚਾ ਮਾਰਗ ਕਰ ਪ੍ਰਵਾਨ, ਪਰਵਾਨਾ ਆਪਣਾ ਨਾਮ ਦਰ ਦਰ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਤੇਰੀ ਆਸ ਰਖਾਈਆ । ਸਤਿਜੁਗ ਕਹੇ ਪ੍ਰਭ ਵੇਖ ਦੀਨ ਦੁਨੀ ਅੰਧ, ਸਤਿ ਧਰਮ ਨਜਰ ਕੋਇ ਨਾ ਆਈਆ । ਨੂਰੀ ਚਮਕੇ ਕੋਇ ਨਾ ਚੰਦ, ਸੂਰੀਆ ਚੰਨ ਸੀਸ ਨਿਵਾਈਆ । ਸਾਚਾ ਢੋਲਾ ਦੱਸ ਇਕੋ ਛੰਦ, ਸ਼ਹਿਨਸ਼ਾਹ ਕਰ ਪੜ੍ਹਾਈਆ । ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਇਕੋ ਦੇਣੀ ਸਮਝਾਈਆ । ਹਉਮੇ ਹੰਗਤਾ ਹੰਕਾਰ ਵਿਕਾਰ ਦਵੈਤੀ ਢਾਹ ਕੰਧ, ਮਮਤਾ ਮੋਹ ਦੇ ਚੁਕਾਈਆ । ਪੜਦਾ ਰਹੇ ਨਾ ਹੰ ਬ੍ਰਹਮ, ਪਾਰਬ੍ਰਹਮ ਆਪਣਾ ਰੂਪ ਦੇਣਾ ਦਰਸਾਈਆ । ਚਿੰਤਾ ਮਿਟਾ ਹਰਖ ਸੋਗ ਗ਼ਮ, ਗਹਿਰ ਗੰਭੀਰ ਬੇਨਜ਼ੀਰ ਆਪਣਾ ਰੰਗ ਰੰਗਾਈਆ । ਭਾਗ ਲਗਾ ਕਾਇਆ ਮਾਟੀ ਸਾਢੇ ਤਿੰਨ ਹੱਥ ਵਜੂਦ ਤਨ, ਸ਼ਰਅ ਜ਼ੰਜੀਰ ਦੇ ਕਟਾਈਆ । ਨਾਮ ਭੰਡਾਰਾ ਵਸਤ ਅਮੋਲਕ ਬਖ਼ਸ਼ ਇਕੋ ਧਨ, ਧਰਮ ਦਵਾਰ ਦੇ ਵਖਾਈਆ । ਸਦੀ ਚੌਧਵੀਂ ਅੰਤ ਅਖ਼ੀਰ ਪਾਰਬ੍ਰਹਮ ਪਤਿਪਰਮੇਸ਼ਵਰ ਸਤਿ ਧਰਮ ਦਾ ਬੇੜਾ ਬੰਨ੍ਹ, ਕਲਜੁਗ ਕੂੜੀ ਕਿਰਿਆ ਆਪਣੇ ਵਹਿਣ ਦੇਣੀ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਸਾ ਮਨਸਾ ਧੁਰ ਦੀ ਪੂਰ ਕਰਾਈਆ । ਸਤਿਜੁਗ ਕਹੇ ਪ੍ਰਭ ਪੂਰੀ ਕਰ ਆਸਾ ਮਨਸਾ, ਮਨ ਮਮਤਾ ਰਹੇ ਨਾ ਰਾਈਆ । ਜਨ ਭਗਤ ਧਾਰ ਬਣਾ ਸੋਹੰ ਹੰਸਾ, ਸਤਿ ਸਤਿਵਾਦੀ ਆਪਣਾ ਪੜਦਾ ਦੇ ਉਠਾਈਆ । ਜਗਤ ਵਿਕਾਰ ਰਹੇ ਨਾ ਹੰਗਤਾ, ਹਰ ਹਿਰਦੇ ਕਰ ਸਫ਼ਾਈਆ । ਬੋਧ ਅਗਾਧ ਬਣ ਕੇ ਪੰਡਤਾ, ਨਿਰਅੱਖਰ ਆਪਣਾ ਦੇਣਾ ਜਣਾਈਆ । ਦਰ ਦਰਵੇਸ਼ ਹੋ ਕੇ ਮੰਗਤਾ, ਝੋਲੀ ਰਿਹਾ ਡਾਹੀਆ । ਸਚ ਪਿਆਰ ਦੇ ਅਨੰਦ ਦਾ, ਅਨੰਦ ਆਪਣੇ ਵਿਚੋਂ ਪਰਗਟਾਈਆ । ਲਹਿਣਾ ਦੇਣਾ ਮੁਕਾ ਕਲਜੁਗ ਕੂੜੀ ਕਿਰਿਆ ਗੰਦ ਦਾ, ਜੂਠ ਝੂਠ ਡੇਰਾ ਢਾਹੀਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਤੇਰਾ ਹੁਕਮ ਹੋਵੇ ਮੰਨਦਾ, ਸੀਸ ਜਗਦੀਸ ਸਕੇ ਨਾ ਕੋਇ ਉਠਾਈਆ । ਝਗੜਾ ਰਹੇ ਨਾ ਕਾਇਆ ਮਾਟੀ ਪੰਜ ਤਤ ਤਨ ਦਾ, ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ, ਦਰ ਤੇਰੇ ਅਲਖ ਜਗਾਈਆ । ਸਤਿਜੁਗ ਕਹੇ ਕਿਰਪਾ ਕਰ ਮੇਰੇ ਸਾਹਿਬ ਸਤਿਗੁਰ, ਪੁਰਖ ਅਬਿਨਾਸ਼ੀ ਤੇਰੀ ਓਟ ਤਕਾਈਆ । ਲਹਿਣਾ ਦੇਣਾ ਪੂਰਾ ਕਰ ਧੁਰ, ਧੁਰ ਮਸਤਕ ਲੇਖਾ ਦੇ ਬਣਾਈਆ । ਕੌਲ ਇਕਰਾਰ ਯਾਦ ਕਰ ਜੋ ਗੋਬਿੰਦ ਨਾਲ ਕੀਤੇ ਅਨੰਦ ਪੁਰ, ਪੁਰ ਅਨੰਦ ਵਿਚੋਂ ਪੜਦਾ ਦੇ ਚੁਕਾਈਆ । ਤੇਰਾ ਰਾਹ ਤੱਕਣ ਦੇਵਤ ਸੁਰ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਅੱਖ ਖੁਲ੍ਹਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਿਰਗੁਣ ਧਾਰ ਵਿਚੋਂ ਆਪੇ ਤੁਰ, ਤੁਰਤ ਆਪਣਾ ਮੇਲ ਮਿਲਾਈਆ । ਤੇਰਾ ਮੰਤਰ ਨਵ ਨੌ


੭੪੭
੨੦

੭੪੮
੨੦

ਚਾਰ ਫ਼ੁਰਨਾ ਜਾਏ ਫੁਰ, ਮਨ ਵਾਸਨਾ ਚਲੇ ਨਾ ਕੋਇ ਚਤੁਰਾਈਆ । ਕਲਜੁਗ ਅੰਤਮ ਤੇਰੀ ਲੋੜ, ਲੋਚਨ ਨੇਤਰ ਲੋਇਣ ਅੱਖ ਦਿਬ ਅੰਦਰੋਂ ਦੇਣਾ ਖੁਲ੍ਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਵਿਛੜਿਆਂ ਲੈਣਾ ਜੋੜ, ਪਾਰਬ੍ਰਹਮ ਬ੍ਰਹਮ ਮੇਲਾ ਲੈ ਮਿਲਾਈਆ । ਲਹਿਣਾ ਦੇਣਾ ਮੁਕੇ ਕਲਜੁਗ ਅੰਧੇਰਾ ਘੋਰ, ਗ੍ਰਿਹ ਮੰਦਰ ਕਾਇਆ ਅੰਦਰ ਕਰ ਰੁਸ਼ਨਾਈਆ । ਝਗੜਾ ਰਹੇ ਨਾ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਨਿਰਗੁਣ ਨਿਰਵੈਰ ਹੋ ਕੇ ਬਹੁੜ, ਨਿਰਾਕਾਰ ਨਿਰੰਕਾਰ ਸਤਿਜੁਗ ਸਾਚਾ ਗ਼ਰੀਬ ਨਿਵਾਜਾ ਦਰ ਠਾਂਡੇ ਮੰਗ ਮੰਗਾਈਆ ।

### ★ ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਰਣੀਆਂ ਰਾਮ ਦੇ ਘਰ ਪਿੰਡ ਕਲੋਏ ਜ਼ਿਲਾ ਜੰਮੂ ★

ਸਤਿਜੁਗ ਕਹੇ ਮੇਰੀ ਨਿਰਗੁਣ ਧਾਰ ਲਾ ਜੜ੍ਹ, ਬੂਟਾ ਧਰਮ ਦਵਾਰ ਲਹਿਰਾਈਆ । ਨਿਰਅੱਖਰ ਧਾਰ ਤੇਰੀ ਵਿਦਿਆ ਲਵਾਂ ਪੜ੍ਹ, ਅੱਖਰਾਂ ਵਿਚ ਢੋਲਾ ਸਿਫ਼ਤ ਸਾਲਾਹੀਆ । ਸਾਚੇ ਮੰਦਰ ਜਾਵਾਂ ਵੜ, ਤਤ ਸਰੀਰ ਸੋਭਾ ਪਾਈਆ । ਭਗਤ ਸੁਹੇਲੇ ਲਵਾਂ ਫੜ, ਹਰਿਜਨ ਆਪਣਾ ਮੇਲ ਮਿਲਾਈਆ । ਅਲਖ ਜਗਾਵਾਂ ਤੇਰੇ ਦਰ, ਦਰਵੇਸ਼ ਹੋ ਕੇ ਰਿਹਾ ਜਣਾਈਆ । ਕਿਰਪਾ ਕਰ ਨਰਾਇਣ ਨਰ, ਕਲ ਕਲਕੀ ਹੋ ਸਹਾਈਆ । ਸਚ ਨਹਾਵਾਂ ਧੁਰ ਦੇ ਸਰ, ਸਰੋਵਰ ਇਕੋ ਦੇਣਾ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਸਤਿਜੁਗ ਕਹੇ ਮੇਰਾ ਧਰਮ ਦਾ ਲੱਗੇ ਬੂਟਾ, ਝੱਖੜ ਅੰਧੇਰ ਪੋਹ ਸਕੇ ਨਾ ਰਾਈਆ । ਤੇਰੇ ਪ੍ਰੇਮ ਦਾ ਮਿਲੇ ਹੂਟਾ, ਹੁਲਾਰਾ ਇਕੋ ਨਾਮ ਰਖਾਈਆ । ਡੰਕਾ ਵੱਜੇ ਚਾਰੇ ਕੂਟਾ, ਕੁਟੰਬ ਗੁਰਮੁਖ ਦੇਣੇ ਬਣਾਈਆ । ਮੈਂ ਤੇਰਾ ਪੂਤ ਸਪੂਤਾ, ਸੁਤ ਦੁਲਾਰਾ ਇਕ ਅਖਵਾਈਆ । ਸ੍ਰਿਸ਼ਟ ਸਬਾਈ ਵੇਖਣਾ ਗਲੀ ਕੂਚਾ, ਘਰ ਘਰ ਫੇਰਾ ਪਾਈਆ । ਭਾਗ ਲਗਾਵਾਂ ਕਾਇਆ ਮਾਟੀ ਪੰਜ ਤਤ ਭੂਤਾ, ਭਾਸ਼ਾ ਆਪਣੀ ਦੇਣੀ ਸਮਝਾਈਆ । ਖ਼ਾਲੀ ਰਹੇ ਕੋਈ ਨਾ ਠੂਠਾ, ਸਚ ਸਚ ਸਦਾ ਦਿਆਂ ਵਰਤਾਈਆ । ਨਾਤਾ ਤੋੜ ਕੇ ਜੂਠਾ ਝੂਠਾ, ਧੁਰ ਦਾ ਧਰਮ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਤਿ ਧਰਮ ਕਹੇ ਮੈਂ ਮਾਤ ਹੋਵਾਂ ਉਤਪਤ, ਪਤਿਪਰਮੇਸ਼ਵਰ ਤੇਰਾ ਨਾਮ ਜਣਾਈਆ । ਸਤਿ ਸੰਤੋਖ ਧੀਰਜ ਦੇਣਾ ਸਤਿ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ । ਧਰਮ ਪ੍ਰੀਤੀ ਜੋੜ ਨਾ ਨਤ, ਸਾਕ ਸੱਜਣ ਇਕ ਅਖਵਾਈਆ । ਤੂੰ ਮੇਰਾ ਮੈਂ ਤੇਰਾ ਗਾਵਾਂ ਗਥ, ਗਹਿਰ ਗੰਭੀਰ ਦਿਆਂ ਸੁਣਾਈਆ । ਕਲਜੁਗ ਕੂੜੀ ਕਿਰਿਆ ਕਰਕੇ ਸੱਥ, ਸੱਥਰ ਯਾਰੜਾ ਇਕ ਹੰਢਾਈਆ । ਭਗਤ ਸੁਹੇਲੇ ਕਰਾਂ ਵੱਖ, ਲੱਖ ਚੁਰਾਸੀ ਵਿਚੋਂ ਉਠਾਈਆ । ਤੇਰੇ ਮਿਲਣ ਦੀ ਖੁਲ੍ਹੇ ਅੱਖ, ਆਖ਼ਰ ਮੰਜ਼ਲ ਮਿਲੇ ਬੇਪਰਵਾਹੀਆ । ਹਿਰਦੇ ਇਕ ਵਸਾਉਣਾ ਨਾਮ ਸੱਚ, ਸਚ ਦੇਣਾ ਆਪ ਪਰਗਟਾਈਆ । ਝਗੜਾ ਰਹੇ ਨਾ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦੇਣਾ ਸੁਹਾਈਆ । ਲੂੰ ਲੂੰ ਅੰਦਰ ਜਾਣਾ ਰਚ, ਰਚਨਾ ਆਪਣੀ ਦੇਣੀ ਵਖਾਈਆ । ਤੇਰਾ ਹੁਲਾਰਾ ਵੇਖਾਂ ਕਮਲਾਪਤ,

ਪਤਿਪਰਮੇਸ਼ਵਰ ਤੇਰਾ ਰੂਪ ਸਚ ਸਰੂਪ ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, (ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ), ਸਰਬ ਕਲਾ ਸਮਰਥ, ਤੇਰੇ ਨਾਮ ਦੀ ਮਹਿੰਮਾ ਅਕਥ, ਕਥ ਕਥ ਜਸ ਵੇਦ ਪੁਰਾਨਾਂ ਗਾਈਆ ।

★ ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਸੇਵਾ ਰਾਮ ਦੇ ਗ੍ਰਿਹਿ ਪਿੰਡ ਕਲੋਏ ਜ਼ਿਲਾ ਜੰਮੂ ★

ਸਤਿਜੁਗ ਕਹੇ ਮੇਰਾ ਮਉਲੇ ਪੱਤ ਟਹਿਣੀ, ਮਹਿਕ ਤੇਰਾ ਨਾਮ ਨਜ਼ਰੀ ਆਈਆ । ਭਗਤ ਭਗਵਾਨ ਮੇਲਾ ਹੋਵੇ ਸੁਰਤ ਸ਼ਬਦ ਹਾਣੀ, ਅਹਿਵਾਲ ਆਪਣਾ ਦੇਣਾ ਸਮਝਾਈਆ । ਨਾਮ ਚਲੇ ਚਾਰੇ ਖਾਣੀ, ਚਾਰੇ ਬਾਣੀ ਸੀਸ ਝੁਕਾਈਆ । ਅੰਮ੍ਰਿਤ ਜਲ ਬਖ਼ਸ਼ੇ ਅਗੰਮਾ ਪਾਣੀ, ਪੌਣ ਪਾਣੀ ਸੋਭਾ ਪਾਈਆ । ਮੇਰੀ ਹੋਵੇ ਤਰਲ ਜਵਾਨੀ, ਜੋਬਨ ਤੇਰਾ ਇਕ ਹੰਢਾਈਆ । ਸਾਚਾ ਧਰਮ ਦਿਸੇ ਨਿਸ਼ਾਨੀ, ਨਿਸ਼ਾਨਾ ਆਪਣਾ ਦੇਣਾ ਵਖਾਈਆ । ਕਲਜੁਗ ਕੂੜੀ ਕਿਰਿਆ ਕੱਟ ਗ਼ੁਲਾਮੀ, ਜ਼ੰਜੀਰ ਸ਼ਰਅ ਰਹੇ ਨਾ ਰਾਈਆ । ਤੇਰੀ ਮਹਿੰਮਾ ਗਾਵਾਂ ਅਵਾਮੀ, ਅਵਾਮ ਇਕੋ ਦਿਆਂ ਸਮਝਾਈਆ । ਮਨਸਾ ਰਹੇ ਨਾ ਕੋਇ ਸ਼ੈਤਾਨੀ, ਸ਼ਰਅ ਦਿਆਂ ਬਦਲਾਈਆ । ਜੂਹ ਦਿਸੇ ਨਾ ਕੋਇ ਬੇਗਾਨੀ, ਘਰ ਘਰ ਤੇਰੀ ਵੱਜੇ ਵਧਾਈਆ । ਜਨ ਭਗਤਾਂ ਮੰਜ਼ਲ ਮਿਲੇ ਰੁਹਾਨੀ, ਰੂਹ ਬੁਤ ਖ਼ੁਸ਼ੀ ਬਣਾਈਆ । ਤੇਰਾ ਨੂਰ ਚਸ਼ਮ ਅਸਮਾਨੀ, ਰਹਿਮਤ ਮੇਘ ਬਰਸਾਈਆ । ਜੀਵਾਂ ਜੰਤਾਂ ਕੱਟ ਪਰੇਸ਼ਾਨੀ, ਹੁਕਮ ਧੁਰ ਦਾ ਇਕ ਸੁਣਾਈਆ । ਤੇਰਾ ਗ੍ਰਿਹਿ ਵੇਖਾਂ ਆਲਮੇ ਜਾਵਦਾਨੀ, ਮੰਦਰ ਧੁਰ ਦਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦੇਣਾ ਚਮਕਾਈਆ । ਸਤਿਜੁਗ ਕਹੇ ਧਰਮ ਦਾ ਲਾਉਣਾ ਫੁੱਲ, ਫੁੱਲ ਪਰਫੁਲਤ ਦੇਣਾ ਕਰਾਈਆ । ਆਪਣੇ ਦਵਾਰੇ ਪਾ ਕੇ ਮੁੱਲ, ਕੀਮਤ ਨਾਮ ਵਾਲੀ ਚੁਕਾਈਆ । ਭਗਤ ਭਗਵਾਨ ਉਪਜੇ ਸਾਚੀ ਕੁਲ, ਕੁਲ ਮਾਲਕ ਹੋਣਾ ਸਹਾਈਆ । ਤੇਰਾ ਤੈਨੂੰ ਕੋਈ ਨਾ ਜਾਏ ਭੁੱਲ, ਭੁੱਲਿਆਂ ਰਾਹ ਵਖਾਈਆ । ਸਚ ਦਵਾਰਾ ਜਾਏ ਖੁਲ੍ਹ, ਘਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਚਰਨ ਕਵਲਾਂ ਮਿਲੇ ਧੂਲ, ਧੂਲ ਦੀ ਧਾਰ ਦੇਣੀ ਬਦਲਾਈਆ ।

★ ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਕਲੋਏ ਜ਼ਿਲਾ ਜੰਮੂ ★

ਸਤਿਜੁਗ ਕਹੇ ਸਚ ਸੁਗੰਧੀ ਦੇ ਖ਼ੁਸ਼ਬੂ, ਦੁਰਗੰਧੀ ਬਾਹਰ ਕਢਾਈਆ । ਪਵਿਤ੍ਰ ਹੋਵੇ ਬੁਤ ਰੂਹ, ਰਹਿਮਤ ਤੇਰੀ ਨਜ਼ਰੀ ਆਈਆ । ਭਗਤ ਭਗਵਾਨ ਪਰਗਟ ਕਰ ਹੂਬਹੂ, ਹਰਿਜੂ ਆਪਣਾ ਪੜਦਾ ਲਾਹੀਆ । ਜਿਧਰ ਤੱਕਾਂ ਨਜ਼ਰੀ ਆਵੇਂ ਤੂੰ, ਤੂੰ ਹੀ ਤੂੰ ਹੀ ਸਾਰੇ ਢੋਲਾ ਗਾਈਆ । ਸਿਫ਼ਤ ਗੀਤ ਮਹਿੰਮਾ ਗਾਵੇ ਮਾਨਸ ਮੂੰਹ, ਮੁਖ ਉਜਲ ਦੇਣਾ ਕਰਾਈਆ । ਖ਼ਾਲੀ ਰਹੇ ਕੋਈ ਨਾ ਜੂਹ, ਚਾਰੋਂ ਕੁੰਟ ਵੱਜੇ ਵਧਾਈਆ । ਹੋਵੇ ਪਰਕਾਸ਼ ਲੂੰ ਲੂੰ, ਸਾਢੇ ਤਿੰਨ ਕਰੋੜ ਰੁਸ਼ਨਾਈਆ । ਮਾਲਕ ਇਕੋ ਨਜ਼ਰੀ ਆਵੇ ਸਤਿਗੁਰੂ, ਗੁਰਦੇਵ ਸਵਾਮੀ ਬੇਪਰਵਾਹੀਆ । ਬਿਨ ਤੇਰੀ ਕਿਰਪਾ

ਸਤਿਜੁਗ ਮਾਰਗ ਕਦੇ ਨਾ ਤੁਰੂ, ਤਾਰ ਸਿਤਾਰ ਨਾ ਕੋਇ ਹਿਲਾਈਆ । ਨਾਮ ਫੁਰਨਾ ਬਿਨ ਤੇਰੇ ਕਿਸੇ ਨਾ ਫੁਰੂ, ਫ਼ਰਮਾਂਬਰਦਾਰ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਧਾਰੋਂ ਖ਼ਾਲਕ ਖ਼ਲਕ ਕਦੇ ਨਾ ਮੁੜੂ, ਜਿੰਨਾਂ ਚਿਰ ਆਪਣਾ ਪੜਦਾ ਨਾ ਦਏਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਨਜ਼ਰੀ ਆਈਆ । ਸਤਿਜੁਗ ਕਹੇ ਮੇਰੇ ਅੰਦਰ ਭਰ ਦੇ ਰਸ, ਰਸਤਾ ਇਕੋ ਦੇ ਵਖਾਈਆ । ਪਿਛਲਾ ਮਾਰਗ ਹੋਵੇ ਬੱਸ, ਬਸਤੇ ਸਭ ਦੇ ਬੰਨ੍ਹ ਵਖਾਈਆ । ਜਨ ਭਗਤਾਂ ਅੱਗੇ ਖੋਲ੍ਹ ਅੱਖ, ਅੱਖਰਾਂ ਤੋਂ ਬਾਹਰ ਕਰ ਪੜ੍ਹਾਈਆ । ਤੇਰਾ ਢੋਲਾ ਗਾਵਣ ਜਸ, ਸਿਫ਼ਤਾਂ ਨਾਲ ਸਾਲਾਹੀਆ । ਚਰਨ ਦਵਾਰੇ ਆਵਣ ਨੱਸ, ਬਿਨ ਕਦਮਾਂ ਪੰਧ ਮੁਕਾਈਆ । ਸਚ ਜੈਕਾਰਾ ਬੋਲ ਅਲੱਖ, ਅਲਖ ਅਗੋਚਰ ਤੇਰੀ ਮੰਗਣ ਇਕ ਸਰਨਾਈਆ । ਧੀਰਜ ਸੰਤੋਖ ਦੇਣਾ ਤਪ, (ਜਪ) ਇਕੋ ਦੇਣਾ ਜਣਾਈਆ । ਜੋ ਸਰਨਾਈ ਜਾਏ ਢੱਠ, ਤਿਸ ਦਾ ਲੇਖਾ ਦੇਣਾ ਮੁਕਾਈਆ । ਤੂੰ ਸਾਹਿਬ ਪੁਰਖ ਸਮਰਥ, ਸ਼ਹਿਨਸ਼ਾਹ ਨੂਰ ਖ਼ੁਦਾਈਆ । ਤੇਰਾ ਤੇਰੇ ਕੋਲੋਂ ਹੋਵੇ ਕਦੇ ਨਾ ਵੱਖ, ਵੱਖਰੇ ਆਪਣੇ ਨਾਲ ਜੁੜਾਈਆ । ਸਤਿਜੁਗ ਦੋਵੇਂ ਜੋੜ ਕੇ ਹੱਥ, ਸੀਸ ਜਗਦੀਸ ਕਦਮਾਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਧਰਮ ਦਾ ਖੋਲ੍ਹ ਹੱਟ, ਵਸਤ ਅਮੋਲਕ ਆਪਣੀ ਦੇਣੀ ਟਿਕਾਈਆ ।



੭੫੦
੨੦

## ★ ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਵਕੀਲ ਸਿੰਘ ਦੇ ਗ੍ਰਿਹਿ ਪਿੰਡ ਹੰਸਾ ਜ਼ਿਲਾ ਜੰਮੂ ★

ਸਤਿਜੁਗ ਕਹੇ ਪ੍ਰਭ ਕਲਜੁਗ ਕੂੜ ਕੁੜਿਆਰਿਆਂ ਮੇਟ ਹੱਦਾਂ, ਹਿਰਦਾ ਸਭ ਦਾ ਸਾਫ਼ ਕਰਾਈਆ । ਧਰਮ ਰੀਤੀ ਵਿਚ ਸੰਸਾਰ ਵਧਾਂ, ਚਾਰ ਵਰਨਾਂ ਪੰਧ ਮੁਕਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੈਨੂੰ ਇਕੋ ਸੱਦਾਂ, ਅੰਤ ਅਖ਼ੀਰ ਧਿਆਨ ਲਗਾਈਆ । ਤੇਰੇ ਹੁਕਮ ਅੰਦਰ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦੋ ਜਹਾਨ ਬੱਧਾ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਸਦੀ ਚੌਧਵੀਂ ਚਾਰ ਕੁੰਟ ਸ੍ਰਿਸ਼ਟ ਸਬਾਈ ਦ੍ਰਿਸ਼ਟੀ ਅੰਦਰ ਕਰੇ ਦਗ਼ਾ, ਠਗ ਚੋਰ ਯਾਰ ਰੂਪ ਵਟਾਈਆ । ਸਚ ਸਵਾਮੀ ਅੰਤਰਜਾਮੀ ਤੇਰੇ ਨਾਮ ਦਾ ਲਏ ਕੋਈ ਨਾ ਮਜ਼ਾ, ਮਜ਼ਾਕ ਵਿਚ ਬੈਠੇ ਆਪਣੀ ਪੱਤ ਗਵਾਈਆ । ਸਚ ਦਵਾਰ ਪਰਵਰਦਿਗਾਰ ਧੁਰ ਦੇ ਕਾਅਬੇ ਕਰੇ ਕੋਈ ਨਾ ਹੱਜਾ, ਹਜ਼ਰਤ ਹਜ਼ੂਰ ਜਲਵਾ ਨੂਰ ਦਰਸ ਕੋਇ ਨਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਬ੍ਰਹਮ ਧਾਰ ਤੇਰਾ ਨੂਰ ਕਿਸੇ ਨਾ ਲੱਭਾ, ਮਨ ਮਤ ਬੁਧ ਰਹੀ ਕੁਰਲਾਈਆ । ਮਾਇਆ ਮਮਤਾ ਮੋਹ ਵਿਕਾਰ ਜਗਤ ਹੰਕਾਰ ਅੰਧੇਰ ਵਗਾ, ਜੂਠ ਝੂਠ ਆਪਣੀ ਲਹਿਰ ਵਖਾਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਤੇਰੀ ਚਲੇ ਕੋਈ ਨਾ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰਾ ਭੈ ਨਾ ਕੋਇ ਵਖਾਈਆ । ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਸਚ ਵਜਾ ਆਪਣਾ ਨਦਾ, ਅਨਹਦ ਨਾਦੀ ਨਾਦ ਸੁਣਾਈਆ । ਕਰ ਪਰਕਾਸ਼ ਨੌ ਖੰਡ ਪ੍ਰਿਥਮੀਂ ਸੱਤ ਦੀਪ ਜਗਹ ਜਗਹ, ਜਾਗਰਤ ਜੋਤ ਡਗਮਗਾਈਆ । ਜਨ ਭਗਤ ਦਰਸ਼ਨ ਦੇ ਉਪਰ ਸ਼ਾਹ ਰਗਾ, ਸ਼ਹਿਨਸ਼ਾਹ ਬਜ਼ਰ ਕਪਾਟੀ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ

੭੫੧
੨੦

ਤੇਰੀ ਓਟ ਤਕਾਈਆ । ਸਤਿਜੁਗ ਕਹੇ ਪ੍ਰਭ ਕੂੜੀ ਕਿਰਿਆ ਕਲਜੁਗ ਅੰਤਮ ਮੇਟ, ਮਿੱਟੀ ਖ਼ਾਕ ਛਾਣੇ ਜਗਤ ਲੋਕਾਈਆ । ਮਾਇਆ ਮਮਤਾ ਨਾਲ ਭਰਿਆ ਕਿਸੇ ਨਾ ਪੇਟ, ਧੀਰਜ ਧੀਰ ਸਤਿ ਸੰਤੋਖ ਨਜ਼ਰ ਕਿਸੇ ਨਾ ਆਈਆ । ਆਦਿ ਨਿਰੰਜਨ ਕਰਨੀ ਦੇ ਕਰਤੇ ਧਰਨੀ ਧਰਤ ਧਵਲ ਉਪਰ ਬਣ ਖੇਵਟ ਖੇਟ, ਜਗਤ ਮਲਾਹ ਬੇੜਾ ਆਪਣੇ ਕੰਧ ਉਠਾਈਆ । ਸਤਿ ਧਰਮ ਜੀਵ ਜੰਤ ਸਾਧ ਸੰਤ ਜਗਤ ਵਾਸਨਾ ਵਿਚ ਬੈਠੇ ਵੇਚ, ਕਾਇਆ ਮਾਟੀ ਖ਼ਾਲੀ ਭਾਂਡੇ ਦੇਣ ਦੁਹਾਈਆ । ਦੀਨ ਮਜ਼੍ਹਬ ਜਾਤ ਪਾਤ ਵਰਨ ਬਰਨ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਤੀਰਥ ਤਟ ਆਣ ਕੇ ਵੇਖ, ਨਾਰੀ ਪੁਰਸ਼ ਨੀਤੀਵਾਨ ਨਜ਼ਰ ਕੋਇ ਨਾ ਆਈਆ । ਜਗਤ ਵਿਕਾਰੀ ਹੰਕਾਰੀ ਬਣਿਆ ਭੇਖ, ਸਤਿ ਧਰਮ ਦਾ ਰਾਹ ਨਾ ਕੋਇ ਪਰਗਟਾਈਆ । ਸਤਿ ਸਵਾਮੀ ਕਲਜੁਗ ਅੰਤ ਕੂੜੀ ਕਿਰਿਆ ਬਦਲ ਦੇ ਰੇਖ, ਰਿਖੀ ਮੁਨੀ ਆਪਣੀ ਧਾਰ ਦੇਣ ਦੁਹਾਈਆ । ਤੇਰਾ ਸੋਹਣਾ ਲੱਗੇ ਸਤਿ ਸਤਿਵਾਦੀ ਇਕੋ ਸੰਬਲ ਦੇਸ, ਜਿਸ ਗ੍ਰਿਹ ਮੰਦਰ ਅੰਦਰ ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪਣੀ ਬੇਨੰਤੀ ਧੁਰ ਦੀ ਆਰਜ਼ੂ ਗੁਜ਼ਾਰਸ਼ ਵਿਚ ਕੀਤੀ ਪੇਸ਼, ਪੇਸ਼ਤਰ ਪੇਸ਼ੀਨਗੋਈ ਗੁਰ ਅਵਤਾਰ ਪੈਗ਼ੰਬਰ ਗਏ ਜਣਾਈਆ । ਤੂੰ ਸਾਹਿਬ ਸੁਲਤਾਨ ਸਦਾ ਮਿਹਰਵਾਨ ਆਦਿ ਜੁਗਾਦਿ ਜੁਗ ਚੌਕੜੀ ਰਹੇਂ ਹਮੇਸ਼, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਹੁਕਮ ਅੰਦਰ ਤੇਰੀ ਸੇਵ ਕਮਾਈਆ । ਚਰਨ ਕਵਲ ਉਪਰ ਧਵਲ ਡੰਡਾਵਤ ਬੰਦਨਾ ਇਕ ਆਦੇਸ, ਸਜਦਿਆਂ ਵਿਚ ਆਪਣਾ ਸਿਰ ਸਰ ਝੁਕਾਈਆ । ਤੇਰਾ ਰਾਹ ਤੱਕੇ ਵਿਸ਼ਨ ਸ਼ਿਵ ਸ਼ੰਕਰ ਮਹੇਸ਼, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪਣਾ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਸੰਦੇਸ਼, ਸਾਚਾ ਨਾਮ ਇਕ ਸਮਝਾਈਆ । ਸਤਿਜੁਗ ਕਹੇ ਸੁਣ ਬੇਨੰਤੀ ਇਕ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਕਲਜੁਗ ਅੰਤਮ ਲਹਿਣਾ ਦੇਣਾ ਪੂਰਬ ਕਰਜ਼ ਉਤਾਰ, ਲੇਖਾ ਪਿਛਲਾ ਝੋਲੀ ਪਾਈਆ । ਸਤਿਜੁਗ ਦਾ ਸਾਚਾ ਨਾਮ ਤੇਰਾ ਹੋਵੇ ਜੈਕਾਰ, ਹਰ ਹਿਰਦੇ ਅੰਦਰ ਆਪਣਾ ਨੂਰ ਦੇਣਾ ਪਰਗਟਾਈਆ । ਸਾਚਾ ਮੰਦਰ ਸਾਢੇ ਤਿੰਨ ਹੱਥ ਕਾਇਆ ਕਾਅਬੇ ਕਰ ਉਜਿਆਰ, ਦੀਆ ਬਾਤੀ ਕਮਲਾਪਤੀ ਆਪਣਾ ਆਪ ਇਕ ਪਰਗਟਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਬਖ਼ਸ਼ ਠੰਡੀ ਠਾਰ, ਠਾਕਰ ਸਵਾਮੀ ਜਨਮ ਜਨਮ ਦੀ ਤ੍ਰਿਸਨਾ ਭੁੱਖ ਮਿਟਾਈਆ । ਜਨ ਭਗਤ ਸੁਹੇਲੇ ਦੀਨ ਦੁਨੀ ਦੇ ਵਿਚੋਂ ਕੱਢ ਬਾਹਰ, ਜਾਤ ਪਾਤ ਵਰਨ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਨਿਰਗੁਣ ਨੂਰ ਨੂਰ ਕਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਢਹਿ ਪਿਆ ਸਰਨਾਈਆ । ਸਤਿਜੁਗ ਕਹੇ ਪ੍ਰਭ ਕਿਰਪਾ ਕਰ ਮੇਰੇ ਅੰਤਰ, ਬਾਹਰ ਮੰਗ ਨਾ ਕੋਇ ਮੰਗਾਈਆ । ਤੇਰਾ ਰੂਪ ਵੇਖਾਂ ਨਿਰੰਤਰ, ਨਿਗਾਹਬਾਨ ਹੋਣਾ ਸਹਾਈਆ । ਵੱਜੇ ਡੰਕਾ ਗਗਨ ਗਗਨੰਤਰ, ਗਹਿਰ ਗੰਭੀਰ ਬੇਨਜ਼ੀਰ ਪੜਦਾ ਦੇਣਾ ਉਠਾਈਆ । ਤੂੰ ਮੇਰਾ ਮੈਂ ਤੇਰਾ ਇਕੋ ਆਤਮ ਪਰਮਾਤਮ ਹੋਵੇ ਨਿਰੰਤਰ, ਮਨ ਮਨਸਾ ਆਪਣੇ ਵਿਚ ਛੁਪਾਈਆ । ਸਤਿ ਧਰਮ ਦੀ ਸਚ ਸਲਾਹ ਬਣੌਣੀ ਬਣਤਰ, ਸਾਚਾ ਹੁਕਮ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਕਾਇਆ ਕੱਪੜ ਬਦਲ ਦੇ ਬਸਤਰ, ਨੀਲ ਬਸਨ ਬਨਵਾਰੀ ਬਾਵਨਧਾਰੀ ਨਰ ਨਿਰੰਕਾਰੀ ਨਿਰਗੁਣ ਸਰਗੁਣ ਆਪਣਾ ਰੰਗ ਰੰਗਾਈਆ ।

੭੫੧
੨੦

★ ੧੭ ਜੇਠ ਸ਼ਹਿਨਸ਼ਾਹੀ ਸੰਮਤ ੩ ਲਛਮਣ ਸਿੰਘ ਦੇ ਗ੍ਰਹਿ ਪਿੰਡ ਸਈ ਕਲਾਂ ਜ਼ਿਲਾ ਜੰਮੂ ★

ਸਤਿਜੁਗ ਕਹੇ ਤੇਰਾ ਗਾਵਾਂ ਇਕ ਸਲੋਕ, ਸੋਹਲਾ ਸਚ ਨਾਮ ਦ੍ਰਿੜਾਈਆ । ਡੰਕਾ ਵਜਾ ਕੇ ਚੌਦਾਂ ਲੋਕ, ਪਰਲੋਕ ਦਿਆਂ ਸਮਝਾਈਆ । ਪੁਰਖ ਅਕਾਲ ਦੀ ਇਕੋ ਓਟ, ਓੜਕ ਸਭ ਦਾ ਪਿਤਾ ਮਾਈਆ । ਜਿਸ ਦਾ ਪ੍ਰਕਾਸ਼ ਨਿਰਮਲ ਜੋਤ, ਨੂਰ ਜਹੂਰ ਕਰੇ ਰੁਸ਼ਨਾਈਆ । ਦੱਸੇ ਮਨ ਬੁੱਧੀ ਦੀ ਸੋਚ, ਅਕਲ ਚਲੇ ਨਾ ਕੋਇ ਚਤੁਰਾਈਆ । ਮਿਹਰਵਾਨ ਹੋ ਕੇ ਦੱਸੇ ਆਪਣੀ ਖੋਜ, ਮਹਿਬੂਬ ਹੋ ਕੇ ਪੜਦਾ ਦਏ ਉਠਾਈਆ । ਜਿਸ ਦਾ ਭਾਣਾ ਸਕੇ ਕੋਈ ਨਾ ਰੋਕ, ਹੁਕਮੇ ਅੰਦਰ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਅੱਖ ਖੁਲ੍ਹਾਈਆ । ਸਤਿਜੁਗ ਕਹੇ ਬੇਪਰਵਾਹ ਧਰਮ ਦੇ ਦਾਤੇ, ਦਇਆਵਾਨ ਦਇਆ ਆਪਣੀ ਦੇਣੀ ਕਮਾਈਆ । ਬਖ਼ਸ਼ ਅਗੰਮੀ ਆਪਣੀ ਗਾਥੇ, ਗਹਿਰ ਗੰਭੀਰ ਹੋਵੇ ਪੜ੍ਹਾਈਆ । ਕਲਜੁਗ ਮਿਟੇ ਅੰਧੇਰੀ ਰਾਤੇ, ਸਤਿਜੁਗ ਸਾਚਾ ਚੰਦ ਚਮਕਾਈਆ । ਸਭ ਦਾ ਨਜ਼ਰੀ ਆਵੇ ਇਕੋ ਪਿਤ ਮਾਤੇ, ਪਤਿਪਰਮੇਸ਼ਵਰ ਬੇਪਰਵਾਹੀਆ । ਧਰਮ ਦਵਾਰੇ ਜੋੜ ਨਾਤੇ, ਨਰਾਇਣ ਆਪਣਾ ਰੰਗ ਰੰਗਾਈਆ । ਤੇਰਾ ਸ਼ਬਦ ਬਿਨ ਤੇਰੀ ਕਿਰਪਾ ਕੋਈ ਨਾ ਵਾਚੇ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਚੁਕਾ ਮਸਤਕ ਧੁਰ ਦੇ ਮਾਥੇ, ਮਧੁਰ ਧੁਨ ਆਪਣੀ ਇਕ ਸਮਝਾਈਆ ।


੭੫੨
੨੦

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਕੁਲਵੰਤ ਸਿੰਘ ਦੇ ਗ੍ਰਹਿ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਮੈਂ ਪਿਛਲੀ ਵਖਾਵਾਂ ਚਿਟ, ਚਿੱਠੀ ਆਪਣੇ ਅੰਦਰੋਂ ਪ੍ਰਗਟਾਈਆ । ਜਿਸ ਵੇਲੇ ਇਸ ਭੂਮਿਕਾ ਉਤੇ ਆਏ ਸੱਪਤ ਰਿਖ, ਮੁਨੀ ਆਪਣਾ ਫੇਰਾ ਪਾਈਆ । ਅਤਰੀ ਨੂੰ ਆਪਣਾ ਵੇਲਾ ਗਿਆ ਦਿਸ, ਭਾਰਦਵਾਜ ਧਿਆਨ ਲਗਾਈਆ । ਨਜ਼ਰੀ ਆਇਆ ਪੁਰਖ ਅਕਾਲ ਇਕ, ਏਕੰਕਾਰ ਧੁਰਦਰਗਾਹੀਆ । ਜਿਸ ਦੀ ਸਮਝੇ ਕੋਈ ਨਾ ਥਿਤ, ਵਾਰ ਵੰਡ ਨਾ ਕੋਇ ਵੰਡਾਈਆ । ਪਾਰਬ੍ਰਹਮ ਸਭ ਦਾ ਪਿਤ, ਪਤਿਪਰਮੇਸ਼ਵਰ ਦਏ ਗਵਾਹੀਆ । ਜਿਸ ਦਾ ਖੇਲ ਨਵਿਤ ਨਿਤ, ਨਿਰਗੁਣ ਸਰਗੁਣ ਹੁਕਮ ਮਨਾਈਆ । ਸੋ ਕਰਵਟ ਲੈ ਬਦਲੇ ਪਿੱਠ, ਨੂਰੀ ਮੁਖੜਾ ਇਕ ਚਮਕਾਈਆ । ਕਰੇ ਖੇਲ ਜਗਤ ਅਨਡਿੱਠ, ਅਨਡਿੱਠੜੀ ਕਾਰ ਕਮਾਈਆ । ਜਨ ਭਗਤਾਂ ਪਾਵੇ ਭਿੱਛ, ਵਸਤ ਅਮੋਲਕ ਨਾਮ ਵਰਤਾਈਆ । ਮਨਸਾ ਪੂਰੀ ਕਰੇ ਇੱਛ, ਨਿਰਇੱਛਤ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ । ਸਤਿਜੁਗ ਕਹੇ ਸਪਤ ਰਿਖੀ ਲਾਇਆ ਆਸਣ, ਸਤਿ ਵਿਚ ਸਮਾਈਆ । ਧਿਆਨ ਧਰ ਕੇ ਪੁਰਖ ਅਬਿਨਾਸ਼ਣ, ਆਪਣੀ ਅੱਖ ਖੁਲ੍ਹਾਈਆ । ਜੁਗ ਚੌਕੜੀ ਖੇਲ ਤਮਾਸ਼ਣ, ਨਿਰਗੁਣ ਸਰਗੁਣ ਵੱਜਦੀ ਰਹੇ ਵਧਾਈਆ । ਭੇਦ ਖੁਲ੍ਹਾਇਆ ਬਾਤਨ, ਪੜਦਾ ਰਿਹਾ ਨਾ ਰਾਈਆ । ਵੇਸ ਵਟਾ ਕੇ ਪਰਮ ਪੁਰਖ ਪਰਮਾਤਮ, ਜੋਤੀ ਜਾਤਾ ਧੁਰਦਰਗਾਹੀਆ । ਜਿਸ ਨੂੰ ਸਮਝੇ ਕੋਈ ਨਾ ਧਰਮ ਸਨਾਤਨ, ਮਜ਼੍ਹਬ ਵੰਡ ਨਾ ਕੋਇ ਵੰਡਾਈਆ ।

ਨਾਤਾ ਜੋੜੇ ਧੁਰ ਦਾ ਆਤਮ, ਅੰਤਮ ਆਪਣਾ ਰੰਗ ਚੜ੍ਹਾਈਆ । ਧੁਰ ਦਾ ਬਣੇ ਸੱਜਣ ਸਾਕਣ, ਸਰਗੁਣ ਸਰਬੰਧ ਆਪਣੇ ਨਾਲ ਰਖਾਈਆ । ਰੂਹ ਬੁਤ ਕਰੇ ਪਾਕਨ, ਪਤਤ ਪੁਨੀਤ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨੂਰ ਕਰੇ ਪਰਕਾਸ਼ਨ, ਪਰਕਾਸ਼ਤ ਹੋ ਕੇ ਵੇਖ ਵਖਾਈਆ ।

★ ੧੮ ਸ਼ਹਿਨਸ਼ਾਹੀ ਸੰਮਤ ੩ ਬਚਨ ਸਿੰਘ ਦੇ ਗ੍ਰਿਹ ਸਈ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਸਪਤ ਰਿਖੀ ਬੈਠੇ ਆ, ਆਲਮ ਸਮਝ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਏ ਗਾ, ਗਾ ਗਾ ਖ਼ੁਸ਼ੀ ਮਨਾਈਆ । ਕਿਰਪਾ ਕੀਤੀ ਬੇਪਰਵਾਹ, ਪਾਰਬ੍ਰਹਮ ਪੜਦਾ ਦਿਤਾ ਉਠਾਈਆ । ਕਲਜੁਗ ਅੰਤਮ ਦਿਤਾ ਵਖਾ, ਸਾਖਿਆਤ ਵੇਸ ਵਟਾਈਆ । ਜੋਤੀ ਜਾਤਾ ਨੂਰੀ ਖ਼ੁਦਾ, ਖ਼ੁਦ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਲਹਿਣਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਚਾਰ ਕੁੰਟ ਏਕਾ ਡੰਕ ਵਜਾ, ਵਰਨ ਚਾਰ ਕਰੇ ਪੜ੍ਹਾਈਆ । ਸਾਚਾ ਮਾਰਗ ਇਕ ਸਮਝਾ, ਸਮਝ ਬੁੱਧੀ ਦਏ ਬਦਲਾਈਆ । ਲੇਖਾ ਮੁਕਾ ਕੇ ਆਦਮ ਹੱਵਾ, ਰਵਾਂ ਆਪਣਾ ਆਪ ਕਰਾਈਆ । ਜਨ ਭਗਤ ਸੁਹੇਲੇ ਲਏ ਉਠਾ, ਚੁਰਾਸੀ ਆਸੀ ਵਿਚੋਂ ਖੋਜ ਖੁਜਾਈਆ । ਧਰਤੀ ਧਰਤ ਧਵਲ ਦਏ ਸੁਹਾ, ਸੋਭਾਵੰਤ ਚਰਨ ਟਿਕਾਈਆ । ਸਭ ਦਾ ਲਹਿਣਾ ਦੇਣਾ ਲੇਖਾ ਦਏ ਮੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਚਾ ਹੁਕਮ ਇਕ ਸੁਣਾਈਆ ।


੭੫੩ ੨੦

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਖੇਮੋ ਦੇਵੀ ਦੇ ਗ੍ਰਿਹ ਸਈ ਕੈਂਪ ਜੰਮੂ ★

ਸਤਿਜੁਗ ਕਹੇ ਸਪਤ ਰਿਖੀ ਬੈਠ ਕੇ ਕਰਨ ਸਲਾਹ, ਮਸ਼ਵਰਾ ਆਪਣੇ ਨਾਲ ਕਰਾਈਆ । ਵੇਖੋ ਧੁਰ ਦਾ ਇਕ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜਿਸ ਨੂੰ ਜੁਗ ਚੌਕੜੀ ਰਹੇ ਗਾ, ਗੁਰ ਅਵਤਾਰ ਸੀਸ ਨਿਵਾਈਆ । ਸੋ ਸਭ ਦਾ ਪਿਤਾ ਮਾਂ, ਪੁਰਖ ਅਕਾਲ ਸੋਭਾ ਪਾਈਆ । ਕਲਜੁਗ ਅੰਤਮ ਵੇਖੋ ਦੇਵੇ ਸੱਚਾ ਨਾਂ, ਨਾਂਉਂ ਨਿਰੰਕਾਰਾ ਆਪ ਸਮਝਾਈਆ । ਜਨ ਭਗਤਾਂ ਹੋਏ ਸਹਾਈ ਥਾਉਂ ਥਾਂ, ਥਾਨੰਤਰ ਪੜਦਾ ਦਏ ਉਠਾਈਆ । ਜੁਗ ਜਨਮ ਦੇ ਵਿਛੜਿਆਂ ਪਕੜੇ ਬਾਂਹ, ਫੜ ਬਾਹੋਂ ਗੋਦ ਉਠਾਈਆ । ਹੰਸ ਬਣਾਏ ਫੜ ਫੜ ਕਾਂ, ਸੋਹੰ ਹੰਸਾ ਜਾਪ ਜਪਾਈਆ । ਸਾਚਾ ਦੇਵੇ ਇਕ ਮਕਾਂ, ਮੁਕਾਮੇ ਹਕ ਹਕ਼ੀਕ਼ਤ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਰੰਗ ਆਪ ਰੰਗਾਈਆ ।

## ★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਪ੍ਰੇਮੀ ਦੇਵੀ ਦੇ ਗ੍ਰਿਹ ਸਈ ਕੈਂਪ ਜੰਮੂ ★

ਸਤਿਜੁਗ ਕਹੇ ਸਪਤ ਰਿਖੀ ਕਰਨ ਬਾਤ, ਬਾਹਮੀ ਨਾਤਾ ਜੋੜ ਜੁੜਾਈਆ । ਕਲਜੁਗ ਵੇਖਣੀ ਅੰਧੇਰੀ ਰਾਤ, ਪੁਰਖ ਅਕਾਲ ਦਿਤੀ ਵਖਾਈਆ । ਝਗੜਾ ਦਿਸੇ ਜਾਤ ਪਾਤ, ਦੀਨ ਦੁਨੀ ਰਹੀ ਕੁਰਲਾਈਆ । ਧੁੰਦੂਕਾਰ ਹੋਇਆ ਆਕਾਸ਼, ਪਾਤਾਲ ਪੜਦਾ ਨਾ ਕੋਇ ਉਠਾਈਆ । ਰਾਹ ਪਵੇ ਨਾ ਕੋਈ ਰਾਸ, ਰਸਤਾ ਭੁੱਲੇ ਕੂੜ ਲੋਕਾਈਆ । ਧਰਮ ਰਹੇ ਨਾ ਕੋਇ ਵਿਸ਼ਵਾਸ਼, ਵਿਸ਼ੇ ਵਿਕਾਰ ਭਰੀ ਲੋਕਾਈਆ । ਸਚ ਵਸਤ ਨਾ ਹੋਵੇ ਪਾਸ, ਪਾਸਾ ਦੀਨ ਦੁਨੀ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਰੰਗ ਰੰਗਤ ਇਕ ਪਰਗਟਾਈਆ । ਸਤਿਜੁਗ ਕਹੇ ਸਪਤ ਰਿਖੀ ਕਰਨ ਧਿਆਨ, ਧਿਆਨੀ ਧਿਆਨ ਲਗਾਈਆ । ਏਕਾ ਨਾਮ ਸ਼ਬਦ ਸੁਣਨ ਸੱਚਾ ਗਿਆਨ, ਅਗਿਆਨ ਅੰਧੇਰਾ ਸਰਬ ਮਿਟਾਈਆ । ਸ਼ਬਦ ਵੱਜੀ ਸੱਚੀ ਧੁਨਕਾਨ, ਅਨਾਦੀ ਨਾਦ ਸੁਣਾਈਆ । ਕਲਜੁਗ ਅੰਤਮ ਖੇਲ ਹੋਣਾ ਮਹਾਨ, ਮਹਿੰਮਾ ਅਕਥ ਅਕਥ ਦ੍ਰਿੜਾਈਆ । ਪਰਗਟ ਹੋਵੇ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਸਮਝੇ ਨਾ ਕੋਇ ਜੀਵ ਜਹਾਨ, ਵਿਦਵਾਨ ਰਮਜ਼ ਨਾ ਕੋਇ ਲਗਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਪਾਰਬ੍ਰਹਮ ਆਪਣੀ ਧਾਰ ਚਲਾਈਆ । ਭਗਤ ਸੁਹੇਲੇ ਕਰੇ ਪਹਿਚਾਨ, ਸਚ ਦਵਾਰੇ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਦੇਵਣਹਾਰਾ ਦਾਨ, ਦਾਨੀ ਦਾਤਾ ਇਕੋ ਇਕ ਏਕੰਕਾਰ ਨਜ਼ਰੀ ਆਈਆ ।



## ★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਬੇਲਾ ਸਿੰਘ ਦੇ ਗ੍ਰਿਹ ਸਈ ਕੈਂਪ ਜੰਮੂ ★

ਸਪਤ ਸੁਰਿਖ ਕਹਿਣ ਚੰਗੀ ਦਿਸੀ ਭੂਮੀ, ਸਤਿਜੁਗ ਧਾਰ ਸੋਭਾ ਪਾਈਆ । ਜਿਸ ਨੂੰ ਸਮਝੇ ਨਾ ਕੋਇ ਨਜੂਮੀ, ਥਿਤ ਵਾਰ ਨਾ ਵੰਡ ਵੰਡਾਈਆ । ਪ੍ਰਭ ਖੇਲ ਕਰੇ ਨਾਮਾਲੂਮੀ, ਪੜਦਾ ਆਪਣਾ ਆਪ ਉਠਾਈਆ । ਲਹਿਣਾ ਦੇਣਾ ਚੁਕਾਏ ਭਗਤ ਮਾਸੂਮੀ, ਗੁਰਮੁਖ ਬਾਲੇ ਰੰਗ ਰੰਗਾਈਆ । ਸਾਰ ਪਾਵੇ ਨਾ ਕੋਇ ਰਿਖੀ ਮੁਨੀ, ਮੌਨ ਧਾਰੀ ਦੇਣ ਦੁਹਾਈਆ । ਸ੍ਰਿਸ਼ਟ ਸਬਾਈ ਚੋਟੀ ਜਾਏ ਮੁੰਨੀ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਕੋਟਾਂ ਵਿਚੋਂ ਥੋੜ੍ਹੇ ਦਿਸਣ ਪ੍ਰਭ ਭਗਤੀ ਵਿਚ ਗੁਣੀ, ਗਹਿਰ ਗੰਭੀਰ ਗੋਦ ਉਠਾਈਆ । ਜਿਨ੍ਹਾਂ ਦੇ ਅੰਤਰ ਸਾਚੇ ਨਾਮ ਦੀ ਦੇਵੇ ਧੁਨੀ, ਧੁਰ ਦਾ ਰਾਗ ਇਕ ਸੁਣਾਈਆ । ਅੰਮ੍ਰਿਤ ਰਸ ਲਾਏ ਅਗੰਮਾ ਬੁੱਲੀਂ, ਜਗਤ ਤ੍ਰਿਸ਼ਨਾ ਪਿਆਸ ਬੁਝਾਈਆ । ਫੁਲਵਾੜੀ ਇਕੋ ਜਾਏ ਫੁੱਲੀ, ਮੌਲੇ ਰੁੱਤ ਹਰਿ ਰਘੁਰਾਈਆ । ਭਾਗ ਲੱਗੇ ਸਾਚੀ ਕੁੱਲੀ, ਕਲਮ ਸ਼ਾਹੀ ਨਾਲ ਲਿਖਾਈਆ । ਜਗਤ ਅੰਧੇਰੀ ਚਾਰੋਂ ਕੁੰਟ ਝੁੱਲੀ, ਝਲਕ ਕਰੇ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਵਸਤ ਨਾਮ ਅਨਮੁਲੀ, ਕਰਨੀ ਦਾ ਕਰਤਾ ਆਪਣੇ ਹੱਥ ਰਖਾਈਆ ।

### ★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਬੰਤੀ ਦੇਵੀ ਦੇ ਗ੍ਰਿਹਿ ਸਈ ਕੈਂਪ ਜੰਮੂ ★

ਅਤਰੀ ਕਹੇ ਮੈਨੂੰ ਸਾਚੀ ਮਿਲੀ ਇਤਲਾਹ, ਹੁਕਮੇ ਅੰਦਰ ਹੁਕਮ ਸੁਣਾਈਆ । ਸ਼ਬਦੀ ਮਸ਼ਵਰੇ ਦਿਤੀ ਸਲਾਹ, ਹੁਕਮ ਸਾਹਿਬ ਦਿਤਾ ਫ਼ਰਮਾਈਆ । ਕਲਜੁਗ ਅੰਤਮ ਦਿਤਾ ਵਖਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਸ੍ਰਿਸ਼ਟੀ ਭਰੀ ਦਿਸੇ ਗੁਨਾਹ, ਐਬਾਂ ਵਿਚ ਲੋਕਾਈਆ । ਝਗੜਾ ਪਿਆ ਪੁੱਤਰ ਮਾਂ, ਪਿਤਾ ਪੂਤ ਕਰੇ ਲੜਾਈਆ । ਨਾਰ ਕੰਤ ਨਾ ਰਹੀ ਹੰਢਾ, ਬੇਵਫ਼ਾ ਰੂਪ ਵਟਾਈਆ । ਸਾਧ ਸੰਤ ਮਨ ਵਿਕਾਰਾ ਰਹੇ ਵਧਾ, ਹੰਕਾਰ ਗੜ੍ਹ ਬਣਾਈਆ । ਨਜ਼ਰੀ ਆਏ ਨਾ ਕਿਸੇ ਖ਼ੁਦਾ, ਖ਼ਾਦਮ ਰੂਪ ਨਾ ਕੋਇ ਵਖਾਈਆ । ਆਤਮ ਸਭ ਦੀ ਦਿਸੇ ਜੁਦਾ, ਪਰਮਾਤਮ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਕਰ ਇਕਾ, ਸਵਤੰਤਰ ਸੁਤੰਤਰ ਕਰੇ ਲੋਕਾਈਆ ।

### ★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਪਰਤਾਪ ਸਿੰਘ ਦੇ ਗ੍ਰਿਹਿ ਸਈ ਕੈਂਪ ਜੰਮੂ ★

ਭਾਰਦਵਾਜ ਕਹੇ ਮੈਂ ਪੈਂਡਾ ਵੇਖਿਆ ਮੁਕਦਾ, ਕਲਜੁਗ ਆਪਣਾ ਪੰਧ ਮੁਕਾਈਆ । ਜਗਤ ਜਹਾਨ ਵੇਖਿਆ (ਧੁੱਖਦਾ), ਧੂੰਆਂਧਾਰ ਲੋਕਾਈਆ । ਕੋਟਾਂ ਵਿਚੋਂ ਭਗਤਾਂ ਪਿਆਰ ਮਿਲੇ ਸੁਖ ਦਾ, ਸੁਖ਼ਨ ਸੁਣਨ ਧੁਰਦਰਗਾਹੀਆ । ਨਾਮ ਲੈ ਕੇ ਏਕਾ ਤੁਕ ਦਾ, ਤੁਰੀਆ ਤੋਂ ਅੱਗੇ ਡੇਰਾ ਲਾਈਆ । ਜਿਥੇ ਪੈਂਡਾ ਨਹੀਂ ਯੋਜਨ ਕੋਸ ਦਾ, ਹੱਦ ਵੰਡ ਨਾ ਕੋਇ ਵੰਡਾਈਆ । ਪਰਕਾਸ਼ ਹੋਵੇ ਨਿਰਮਲ ਜੋਤ ਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਤਾ ਜੁੜੇ ਅਬਿਨਾਸ਼ੀ ਓਸ ਦਾ, ਜਿਸ ਦੀ ਉਸਤਤ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਗਾਈਆ । ਜੋ ਦੋ ਜਹਾਨਾਂ ਹਰ ਘਟ ਥਾਂ ਨਿਰਗੁਣ ਸਰਗੁਣ ਹੋ ਕੇ ਪਹੁੰਚਦਾ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਪ੍ਰੇਮ ਪ੍ਰੀਤੀ ਸਦਾ ਭਗਤਾਂ ਲੋਚਦਾ, ਲੋਚਣ ਨੈਣ ਅੰਦਰੋਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸ ਦੇਵੇ ਆਪਣੀ ਮੌਜ ਦਾ, ਅੰਮ੍ਰਿਤ ਮੇਘ ਇਕ ਬਰਸਾਈਆ ।

### ★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਦੇਵਾ ਸਿੰਘ ਦੇ ਗ੍ਰਿਹਿ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਭਾਰਦਵਾਜ ਕਹੇ ਮੇਰਾ ਭੇਵ ਖੁਲ੍ਹਾਇਆ ਗੂਝਾ, ਰਮਜ਼ ਅੰਦਰ ਦਿਤੀ ਲਗਾਈਆ । ਭਉ ਰਿਹਾ ਕੋਈ ਨਾ ਦੂਜਾ, ਦੁਤੀਆ ਧਾਰ ਨਾ ਕੋਇ ਬਣਾਈਆ । ਪਿਛਲਾ ਲੇਖਾ ਕਰ ਕੇ ਮੂੰਧਾ, ਨੈਣ ਮੂੰਦ ਦਿਤੀ ਵਡਿਆਈਆ । ਭੇਵ ਖੁਲ੍ਹਾ ਕੇ ਬੁਤ ਰੂਹ ਦਾ, ਰੂਹ ਤੋਂ ਪਰੇ ਦਿਤਾ ਸਮਝਾਈਆ । ਜਿਥੇ ਵਸੇਰਾ ਨਿਰਗੁਣ ਧਾਰ ਹੂਬਹੂ ਦਾ, ਜੋਤੀ ਜਾਤਾ ਡਗਮਗਾਈਆ । ਓਥੇ ਹਿਸਾਬ ਕਿਤਾਬ ਨਹੀਂ ਕਿਸੇ ਗੁਰੂ ਦਾ, ਅੱਖਰਾਂ ਵਾਲੀ ਵੰਡ ਨਾ ਕੋਇ ਵੰਡਾਈਆ । ਸ਼ਬਦ ਸੰਦੇਸ਼ੇ ਵਿਚ ਕਿਹਾ ਤੈਨੂੰ ਖੇਲ ਵਖਾਵਾਂ ਕਲਜੁਗ ਅੰਤ ਸਤਿਜੁਗ ਸ਼ੁਰੂ ਦਾ, ਸ਼ਾਇਦ ਵਿਚ ਨਾ ਕੋਇ ਰਖਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਕਰਨੀ ਆਪ ਕਮਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਪੂਰਨ ਸਿੰਘ ਦੇ ਗ੍ਰਿਹ ਸਈ ਕੈਂਪ ਜ਼ਿਲਾ ਜੰਮੂ ★

ਅਤਰੀ ਕਹੇ ਅਗੰਮੀ ਧਾਰ ਆਈ ਉਤਰ, ਉੱਤਰ ਪੂਰਬ ਪੱਛਮ ਦੱਖਣ ਮੇਰਾ ਭੇਵ ਖੁਲ੍ਹਾਈਆ । ਹੱਸ ਕੇ ਕਿਹਾ ਆ ਲਾਡਲੇ ਪੁੱਤਰ, ਪਿਤਾ ਪੂਤ ਗੋਦ ਉਠਾਈਆ । ਉਠ ਵੇਖ ਕਲਜੁਗ ਪੈਂਡਾ ਲੱਗਾ ਮੁੱਕਣ, ਮੁਕੇ ਵਸਤ ਜਗਤ ਪਰਾਈਆ । ਗੁਰ ਅਵਤਾਰ ਪੈਗ਼ੰਬਰਾਂ ਪ੍ਰਭ ਜੂ ਲੱਗਾ ਪੁਛਣ, ਹੁਕਮੇ ਅੰਦਰ ਹੁਕਮ ਸੁਣਾਈਆ । ਕਲਜੁਗ ਕੂੜ ਕੁੜਿਆਰਾ ਲੱਗਾ (ਮੁੱਕਣ), ਭੱਜੇ ਵਾਹੋ ਦਾਹੀਆ । ਮਾਇਆ ਮਮਤਾ ਬੂਟਾ ਲੱਗਾ ਸੁੱਕਣ, ਪੱਤ ਟਹਿਣੀ ਨਾ ਕੋਇ ਲਹਿਰਾਈਆ । ਸਤਿਗੁਰ ਸ਼ਬਦ ਇਕੋ ਲੱਗਾ ਬੁੱਕਣ, ਭਬਕ ਸ਼ੇਰ ਨਾਮ ਲਗਾਈਆ । ਸੋਹੰ ਢੋਲਾ ਦੱਸ ਕੇ ਅਗੰਮੀ ਤੁੱਕਨ, ਧੁਰ ਦਾ ਹੁਕਮ ਰਿਹਾ ਸੁਣਾਈਆ । ਸੰਤ ਸੁਹੇਲੇ ਆਵੇ ਗੋਦੀ ਚੁੱਕਣ, ਫੜ ਬਾਹੋਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਫ਼ਰਮਾਨਾ ਇਕ ਸੁਣਾਈਆ ।



★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਹੰਸ ਰਾਜ ਦੇ ਗ੍ਰਿਹ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਅਤਰੀ ਕਹੇ ਮੇਰੇ ਅੰਦਰ ਆਈ ਝਲਕ, ਝੱਲਾ ਦਿਤਾ ਬਣਾਈਆ । ਮੈਂ ਤੱਕਿਆ ਉਪਰ ਫ਼ਲਕ, ਬਿਨਾ ਅੱਖਾਂ ਅੱਖ ਖੁਲ੍ਹਾਈਆ । ਮੇਰੇ ਮਸਤਕ ਲੱਗਾ ਤਿਲਕ, ਤਿਲ ਆਪਣਾ ਦਿਤਾ ਵਖਾਈਆ । ਜਗਤ ਖ਼ੁਆਰੀ ਦਿਸੀ ਜ਼ਿੱਲਤ, ਕਲਜੁਗ ਅੰਤਮ ਪਈ ਦੁਹਾਈਆ । ਸਾਚੀ ਕਿਸੇ ਨਾ ਮਿਲੇ ਖ਼ਿੱਲਤ, ਕੱਪੜ ਕੂੜ ਜਗਤ ਹੰਢਾਈਆ । ਪ੍ਰੇਮ ਪਿਆਰ ਰਿਹਾ ਨਾ ਮਿੱਲਤ, ਮੁਹੱਬਤ ਵਿਚ ਮੁਹੱਬਤ ਨਾ ਕੋਇ ਬਣਾਈਆ । ਮਨ ਵਿਕਾਰ ਕਰੇ ਇੱਲਤ, ਸ਼ਰਅ ਵਿਚ ਲੜਾਈਆ । ਨਜ਼ਰੀ ਆਈ ਇਕੋ ਸਿੰਮਤ, ਸਚ ਸਵਾਮੀ ਦਿਤੀ ਸਮਝਾਈਆ । ਬਿਨ ਭਗਤਾਂ ਹੋਵੇ ਨਾ ਕਿਸੇ ਹਿੰਮਤ, ਹਿਰਦੇ ਹਰਿ ਨਾ ਕੋਇ ਵਸਾਈਆ । ਮੈਂ ਨਿਉਂ ਕੇ ਕੀਤੀ ਮਿੰਨਤ, ਸੀਸ ਦਿਤਾ ਝੁਕਾਈਆ । ਅੰਤ ਰਹੀ ਕੋਈ ਨਾ ਚਿੰਨਤ, ਚਿੰਤਾ ਚਿਖਾ ਵਿਚ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਹੁਕਮ ਆਪ ਵਰਤਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਇੰਦਰ ਸਿੰਘ ਦੇ ਗ੍ਰਿਹ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਭਾਰਦਵਾਜ ਕਹੇ ਮੈਂ ਰੋਂਦੀ ਵੇਖੀ ਭੱਦਰ, ਨੈਣਾਂ ਨੀਰ ਵਹਾਈਆ । ਕਲਜੁਗ ਅੰਤਮ ਪੂਰੀ ਹੋਵੇ ਕਿਸੇ ਨਾ ਸੱਧਰ, ਸਧਨਾ ਧਾਰ ਬਣੇ ਨਾ

ਕੋਇ ਲੋਕਾਈਆ । ਜਗਤ ਵਿਭਚਾਰ ਦਿਸੇ ਗ਼ਦਰ, ਗਦਾ ਹੱਥ ਨਾ ਕੋਇ ਉਠਾਈਆ । ਸਤਿ ਧਰਮ ਰਿਹਾ ਨਾ ਕਦਰ, ਕੁਦਰਤ ਕਾਦਰ ਨਾ ਕੋਇ ਮਨਾਈਆ । ਅਦਾਲਤ ਕਰੇ ਕੋਈ ਨਾ ਅਦਲ, ਇਨਸਾਫ਼ ਸਚ ਨਾ ਕੋਇ ਕਮਾਈਆ । ਜਗਤ ਅੰਧੇਰਾ ਛਾਇਆ ਬੱਦਲ, ਧੂੰਆਂਧਾਰ ਕਰੇ ਲੋਕਾਈਆ । ਸਚ ਪ੍ਰੇਮ ਹੋਇਆ ਕਤਲ, ਕੂੜ ਪਰਧਾਨ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਸਭ ਨੂੰ ਕਰੇ ਮੁਅੱਤਲ, ਅੱਗੇ ਹੋ ਨਾ ਕੋਇ ਬਚਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਧੀਰੋ ਦੇਵੀ ਦੇ ਗ੍ਰਿਹ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਸਪਤ ਸੁਰਿਖ ਕਹਿਣ ਸਾਡੀ ਅੰਦਰੋਂ ਖੁਲ੍ਹੀ ਸੁਰਤੀ, ਸੁੱਤਿਆਂ ਲਿਆ ਉਠਾਈਆ । ਧਾਰ ਜਣਾਈ ਪੂਰੇ ਸਤਿਗੁਰ ਦੀ, ਗੁਰੂ ਗੁਰਦੇਵ ਜਿਸ ਨੂੰ ਸੇਵ ਕਰਵਾਈਆ । ਮਾਣ ਵਡਿਆਈ ਰਹੀ ਨਾ ਦੇਵਤ ਸੁਰ ਦੀ, ਸਿਰ ਸਕੇ ਨਾ ਕੋਇ ਉਠਾਈਆ । ਧੁਰ ਦੀ ਧਾਰ ਕਦੇ ਨਾ ਮੁੜਦੀ, ਅੱਗੇ ਹੋ ਨਾ ਕੋਇ ਉਲਟਾਈਆ । ਜਗਤ ਘਾਟ ਵੇਖੀ ਸਤਿ ਧਰਮ ਥੁੜ ਦੀ, ਸਚ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਸ਼ੌਹ ਦਰਿਆਏ ਜਾਏ ਰੁੜ੍ਹਦੀ, ਬਾਹੋਂ ਫੜ ਨਾ ਕੋਇ ਉਠਾਈਆ । ਵਡਿਆਈ ਮੁਕੀ ਭਗਤ ਭਗਵਾਨ ਕੁਲ ਦੀ, ਕੁਲ ਮਾਲਕ ਹੋਏ ਸਹਾਈਆ । ਜੋ ਏਕਾ ਕੰਡੇ ਤੁਲਦੀ, ਅਤੋਲ ਅਤੁਲ ਤਰਾਜ਼ੂ ਆਪਣੇ ਲਏ ਟਿਕਾਈਆ । ਜਿਥੇ ਧਾਰ ਨਹੀਂ ਕੋਈ ਭੁੱਲ ਦੀ, ਭੁੱਲਿਆਂ ਰਾਹ ਵਖਾਈਆ । ਗੁਰਮੁਖਾਂ ਫੁਲਵਾੜੀ ਫੁਲਦੀ, ਮੌਲੇ ਰੁੱਤ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਸ੍ਰਿਸ਼ਟੀ ਵਖਾਏ ਰੁਲਦੀ, ਸਾਜਨ ਸਾਰ ਕੋਇ ਨਾ ਪਾਈਆ ।



੭੫੭ ੨੦

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਰਾਜੋ ਦੇਵੀ ਦੇ ਗ੍ਰਿਹ ਸਈ ਕੈਂਪ ਜੰਮੂ ★

ਸਪਤ ਸੁਰਿਖ ਕਹਿਣ ਅਸੀਂ ਬਦਲਦੀ ਵੇਖੀ ਰੇਖਾ, ਰਖੀਸ਼ਰਾਂ ਦਿਤਾ ਜਣਾਈਆ । ਪੁਰਖ ਅਬਿਨਾਸ਼ੀ ਧਾਰਿਆ ਭੇਖਾ, ਵੇਸ ਆਪਣਾ ਲਿਆ ਵਟਾਈਆ । ਸੰਬਲ ਵਸ ਕੇ ਸਾਚੇ ਦੇਸਾ, ਸਾਢੇ ਤਿੰਨ ਹੱਥ ਕਰੀ ਰੁਸ਼ਨਾਈਆ । ਸਭ ਦਾ ਪੂਰਾ ਕਰ ਰਿਹਾ ਲੇਖਾ, ਲੇਖਾ ਲੇਖੇ ਵਿਚੋਂ ਲੇਖੇ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਅੱਗੇ ਰਹੇ ਕੋਈ ਨਾ ਠੇਕਾ, ਠਾਕਰ ਆਪਣਾ ਹੁਕਮ ਵਰਤਾਈਆ । ਸ਼ਬਦੀ ਸੁਤ ਦੁਲਾਰਾ ਬੇਟਾ, ਹੁਕਮਰਾਨ ਇਕ ਸਮਝਾਈਆ । ਦੋ ਜਹਾਨਾਂ ਬਣੇ ਨੇਤਾ, ਨਿੱਕਿਆਂ ਵੱਡਿਆਂ ਵੇਖ ਵਖਾਈਆ । ਏਕੰਕਾਰ ਇਕੋ ਦੱਸੇ ਟੇਕਾ, ਟਿੱਕਾ ਮਸਤਕ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਸਚਖੰਡ ਸਾਚੇ ਦੇਸਾ, ਪਰਦੇਸ ਆਪਣੇ ਰੰਗ ਰੰਗਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਧਰਮੋ ਦੇਵੀ ਸਈ ਕੈਂਪ ਜ਼ਿਲਾ ਜੰਮੂ ★

ਸਪਤ ਰਿਖ ਕਹਿਣ ਸਾਨੂੰ ਹੁਕਮ ਆਉਂਦਾ, ਆਵੇ ਅਗੰਮੀ ਧਾਰ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਂਦਾ, ਹੋਵੇ ਸ਼ਬਦ ਸੱਚੀ ਧੁਨਕਾਰ । ਸਚ ਫ਼ਰਮਾਨਾ ਇਕ ਸੁਣਾਉਂਦਾ, ਦਰਸ਼ਨ ਪਾਵਾਂ ਸਾਂਝੇ ਯਾਰ । ਚਾਰ ਜੁਗ ਦਾ ਲਹਿਣਾ ਦੇਣਾ ਚੁਕਾਉਂਦਾ, ਲੇਖਾ ਵੇਖੇ ਗੁਰ ਅਵਤਾਰ । ਸਾਚਾ ਮਾਰਗ ਇਕ ਸੁਹਾਉਂਦਾ, ਇਸ਼ਟ ਮੰਨੋ ਏਕੰਕਾਰ । ਭਗਤ ਸੁਹੇਲੇ ਮੇਲ ਮਿਲੌਂਦਾ, ਜਗਤ ਜਗਦੀਸ਼ਰ ਕਰ ਵਿਚਾਰ । ਜੁਗ ਜਨਮ ਦੇ ਵਿਛੜੇ ਮੇਲ ਮਿਲਾਉਂਦਾ, ਟੁੱਟੀ ਗੰਢਣਹਾਰ । ਨਿਰਗੁਣ ਸਰਗੁਣ ਰੰਗ ਰੰਗਾਉਂਦਾ, ਸ਼ਬਦ ਮਿਲਾਵਾ ਦੀਨ ਦਿਆਲ । ਦਰ ਘਰ ਸਾਚਾ ਇਕ ਸੁਹਾਉਂਦਾ, ਨਾਮ ਨਿਧਾਨਾ ਵੱਜੇ ਤਾਲ । ਭਗਤ ਵਛਲ ਆਪ ਅਖਵਾਉਂਦਾ, ਨਰ ਹਰਿ ਨਰਾਇਣ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਅਪਰ ਅਪਾਰ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਚੂੜ੍ਹ ਸਿੰਘ ਦੇ ਗ੍ਰਿਹ ਸਈ ਕੈਂਪ ਜੰਮੂ ★

ਸਪਤ ਸੁਰਿਖ ਕਹਿਣ ਸਾਡੇ ਅੰਤਰ ਧਾਰ ਲੱਭੀ, ਪ੍ਰਭ ਰਮਜ਼ ਦਿਤੀ ਲਗਾਈਆ । ਵਿਚਾਰ ਕਰੋ ਪਰੇ ਬੁੱਧੀ, ਜਿਥੇ ਜਗਤ ਨਾ ਕੋਇ ਪੜ੍ਹਾਈਆ । ਨੇਤਰ ਅੱਖ ਕਰੋ ਉਚੀ, ਟਿੱਲੇ ਪਰਬਤ ਪੰਧ ਮੁਕਾਈਆ । ਜਿਥੇ ਏਕਮ ਧਾਰ ਹੋਵੇ ਸੁੱਚੀ, ਸਚ ਸਰੂਪ ਸਮਾਈਆ । ਜਗਤ ਜੀਵ ਦਿਸੇ ਕੋਇ ਨਾ ਦੁਖੀ, ਦਰਦ ਵਿਚ ਨਾ ਕੋਇ ਤੜਫਾਈਆ । ਵਸਤ ਨਜ਼ਰ ਆਏ ਕੋਇ ਨਾ ਮੁੱਠੀ, ਹਿੱਸਾ ਵੰਡ ਨਾ ਕੋਇ ਵੰਡਾਈਆ । ਦਿਸ਼ਾ ਦਿਸੇ ਕੋਇ ਨਾ ਗੁੱਠੀ, ਉੱਤਰ ਪੂਰਬ ਪੱਛਮ ਦੱਖਣ ਨਾਉਂ ਨਾ ਕੋਇ ਪਰਗਟਾਈਆ । ਇਕੋ ਪੁਰਖ ਅਕਾਲ ਨਾਲ ਹੋਵੇ ਰੁਚੀ, ਮਨਸਾ ਮਨ ਨਾ ਕੋਇ ਵਖਾਈਆ । ਨਾਤਾ ਪ੍ਰੇਮ ਨਾ ਹੋਵੇ ਪੁੱਤੀਂ, ਸਾਕ ਸੱਜਣ ਨਾ ਯਾਦ ਕਰਾਈਆ । ਇਸ਼ਟ ਹੋਵੇ ਨਾ ਕਾਇਆ ਬੁੱਤੀਂ, ਤਟ ਕਿਨਾਰ ਨਾ ਕੋਇ ਸੁਹਾਈਆ । ਆਵਾਜ਼ ਸੁਣੇ ਇਕੋ ਤੁਕੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲਹਿਣਾ ਸਭ ਦਾ ਵੇਖ ਵਖਾਈਆ ।



★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਵਕੀਲ ਸਿੰਘ ਦੇ ਗ੍ਰਿਹ ਸਈ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਸਤਿ ਧਾਰ ਵੇਖੀ ਸਾਚੀ ਰਿਖੀ, ਰੇਖਾ ਧਰਮ ਦੀ ਨਜ਼ਰੀ ਆਈਆ । ਉਤਮ ਹੋਈ ਪ੍ਰਭ ਦੀ ਸਿੱਖੀ, ਸਿਖਿਆ ਸਮਝੀ ਧੁਰਦਰਗਾਹੀਆ । ਪ੍ਰੇਮ ਪਿਆਰ ਦੀ ਬਣ ਕੇ ਇੱਕੀ, ਸਰਗੁਣ ਨਿਰਗੁਣ ਜੋੜ ਜੁੜਾਈਆ । ਜਿਸ ਦੀ ਧਾਰ ਜਹਾਨ ਤਿੱਖੀ, ਤ੍ਰੈਭਵਨ ਧਨੀ ਵਡਿਆਈਆ । ਲੇਖੇ ਲਾਏ ਧਰਨੀ ਖ਼ਾਕ ਮਿੱਟੀ, ਚਰਨ ਧੂੜ ਛੁਹਾਈਆ । ਧਾਰ ਅਗੰਮੀ ਬਖ਼ਸ਼ ਕੇ ਚਿੱਟੀ, ਅੰਧ ਅੰਧੇਰਾ ਦਏ ਗਵਾਈਆ । ਜਗਤ ਸੁਹਾਵਣੀ ਸਾਚੀ ਮਿਤੀ, ਮਿਤਰ ਪਿਆਰਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਚਣਹਾਰਾ ਆਦਿ ਮੱਧ ਦੀ ਆਪਣੀ ਚਿੱਠੀ, ਲੇਖਾ ਵੇਖ ਕੇ ਹੁਕਮ ਸੁਣਾਈਆ ।

## ★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਅੰਗਰੇਜ ਸਿੰਘ ਦੇ ਗ੍ਰਿਹ ਸਈ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਕੁਛ ਮਨਸਾ ਰੱਖੀ ਰਿਖਵ ਦੇਵ, ਅੱਠਾਂ ਤੱਤਾਂ ਧਿਆਨ ਲਗਾਈਆ । ਕਿਰਪਾ ਕਰੇ ਅਲਖ ਅਭੇਵ, ਭੇਦ ਆਪਣਾ ਦਏ ਖੁਲ੍ਹਾਈਆ । ਸਭ ਦੀ ਲੇਖੇ ਲਾਵੇ ਸੇਵ, ਸੇਵਕ ਆਪਣੇ ਖੋਜ ਖੁਜਾਈਆ । ਜਿਨ੍ਹਾਂ ਨੇ ਗਾਇਆ ਰਸਨਾ ਜਿਹਵ, ਹਿਰਦੇ ਅੰਦਰ ਹੱਦ ਬਣਾਈਆ । ਤਿਨ੍ਹਾਂ ਦੇਵੇ ਧਾਮ ਨਿਹਕੇਵ, ਨਿਹਚਲ ਆਪਣਾ ਘਰ ਵਖਾਈਆ । ਰਸ ਦੇ ਕੇ ਅਗੰਮਾ ਮੇਵ, ਤ੍ਰਿਸਨਾ ਭੁੱਖ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵ ਆਤਮਾ ਪਰਮਾਤਮਾ ਆਪਣੇ ਰੰਗ ਰੰਗਾਈਆ ।

## ★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਸੋਭਾ ਸਿੰਘ ਦੇ ਗ੍ਰਿਹ ਸਈ ਕੈਂਪ ਜੰਮੂ ★

ਸਪਤ ਸੁਰਿਖ ਕਹਿਣ ਅਸਾਂ ਕੀਤੀ ਜੋਦੜੀ, ਜਿਸਮ ਜਾਨ ਸੀਸ ਨਿਵਾਈਆ । ਖੇਲ ਵੇਖੀਏ ਤੇਰੀ ਮੌਜ ਦੀ, ਹੁਕਮ ਅਗਲਾ ਦੇਣਾ ਸਮਝਾਈਆ । ਸਾਰੀ ਸ੍ਰਿਸ਼ਟੀ ਤੈਨੂੰ ਖੋਜਦੀ, ਰਸਨਾ ਜਿਹਵਾ ਰਹੇ ਗਾਈਆ । ਕਿੱਥੇ ਖੇਲ ਪ੍ਰਕਾਸ਼ ਧਾਰ ਜੋਤ ਦੀ, ਜੋਤੀ ਜਾਤੇ ਦੇਣੀ ਸਮਝਾਈਆ । ਮੰਜ਼ਲ ਦੱਸ ਆਪਣੀ ਓਟ ਦੀ, ਓੜਕ ਆਪਣਾ ਰੰਗ ਰੰਗਾਈਆ । ਸੱਟ ਉਪਜੇ ਤੇਰੇ ਨਾਮ ਚੋਟ ਦੀ, ਚੋਟੀ ਚੜ੍ਹ ਕੇ ਪੜਦਾ ਲਾਹੀਆ । ਖ਼ੁਮਾਰੀ ਦੇ ਇਕ ਮਦਹੋਸ਼ ਦੀ, ਨਾਦ ਧੁਨ ਆਪਣਾ ਨਾਮ ਸੁਣਾਈਆ । ਕਿਸ ਬਿਧ ਬਦਲੀ ਹੋਵੇ ਕਾਇਆ ਮਾਟੀ ਪੋਸ਼ ਦੀ, ਪੁਸ਼ਤ ਪਨਾਹ ਹੱਥ ਰਖਾਈਆ । ਕੀ ਖੇਲ ਹੋਣੀ ਕਲਜੁਗ ਅੰਤਮ ਮਾਤਲੋਕ ਦੀ, ਲੋਕ ਪ੍ਰਲੋਕ ਧਿਆਨ ਲਗਾਈਆ । ਕੀ ਮਹਿੰਮਾ ਹੋਣੀ ਸਿਫ਼ਤ ਸਲੋਕ ਦੀ, ਸੋਹਲਾ ਧੁਰ ਦਾ ਦੇ ਸੁਣਾਈਆ । ਕੀ ਭਗਤੀ ਹੋਣੀ ਧਰਮ ਪਿਆਰ ਜੋਗ ਦੀ, ਜੁਗਤੀ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇਣਾ ਵਖਾਈਆ । ਸਪਤ ਸੁਰਿਖ ਕਹਿਣ ਕੀ ਧਾਰ ਹੋਣੀ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ ਦੀ, ਇੰਦ ਇੰਦਰਾਸਣ ਦਏ ਬਦਲਾਈਆ । ਕੀ ਧਾਰ ਹੋਣੀ ਭਗਤ ਭਗਵਾਨ ਬਿੰਦ ਦੀ, ਨਿਰਗੁਣ ਸਰਗੁਣ ਵੱਜੇ ਵਧਾਈਆ । ਕੀ ਵਡਿਆਈ ਹੋਣੀ ਭਾਰਤ ਹਿੰਦ ਦੀ, ਭੇਵ ਅਗਲਾ ਦੇ ਖੁਲ੍ਹਾਈਆ । ਕੀ ਸ੍ਰਿਸ਼ਟੀ ਉਤੇ ਘੜੀ ਆਉਣੀ ਚਿੰਦ ਦੀ, ਚਿੰਤਾ ਚਿਖਾ ਗ਼ਮ ਸਤਾਈਆ । ਕਿਸ ਬਿਧ ਪੂਜਾ ਮੁਕਣੀ ਸ਼ਿਵਲਿੰਗ ਦੀ, ਸ਼ਮਅ ਜੋਤ ਨੂਰ ਹੋਵੇ ਰੁਸ਼ਨਾਈਆ । ਕੀ ਧਾਰ ਉਪਜਣੀ ਗਹਿਰ ਗੰਭੀਰ ਗੁਣੀ ਗਹਿੰਦ ਦੀ, ਬੇਨਜ਼ੀਰ ਦੇਣਾ ਦ੍ਰਿੜਾਈਆ । ਕੀ ਅੰਮ੍ਰਿਤ ਧਾਰ ਵਗਣੀ ਸਾਗਰ ਸਿੰਧ ਦੀ, ਦਰ ਘਰ ਸਾਚੇ ਸੋਭਾ ਪਾਈਆ । ਕੀ ਵਡਿਆਈ ਹੋਣੀ ਭਗਤਾਂ ਜੀਉ ਪਿੰਡ ਦੀ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੀ ਬਖ਼ਸ਼ਿਸ਼ ਹੋਣੀ ਸਾਹਿਬ ਬਖ਼ਸ਼ਿੰਦ ਦੀ, ਬਖ਼ਸ਼ਿਸ਼ ਆਪਣੀ ਦੇਣੀ ਸਮਝਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਹਰਨਾਮੋ ਦੇਵੀ ਦੇ ਗ੍ਰਿਹ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਸਪਤ ਸੁਰਿਖ ਕਹਿਣ ਅਸੀਂ ਵੇਖੀ ਧਾਰ ਸਤਿ ਸੰਜੋਗੀ, ਵਿਛੜਿਆਂ ਰਿਹਾ ਮਿਲਾਈਆ । ਪੂਰਬ ਜਨਮ ਦੇ ਤੱਕੇ ਜੋਗੀ, ਜੁਗਤ ਆਪਣੇ ਹੱਥ ਰਖਾਈਆ । ਸਾਚੇ ਰਸ ਬਣਾ ਭੋਗੀ, ਆਤਮ ਪਰਮਾਤਮ ਮੇਲ ਮਿਲਾਈਆ । ਚੁਰਾਸੀ ਦਾ ਰਹਿਣ ਦੇਵੇ ਕੋਈ ਨਾ ਰੋਗੀ, ਜਿਸ ਬਖ਼ਸ਼ੇ ਸਚ ਸਰਨਾਈਆ । ਸਚ ਭੰਡਾਰੇ ਦਾ ਬਣ ਕੇ ਮੋਦੀ, ਮੁੱਦਤਾਂ ਦੇ ਖ਼ਾਲੀ ਦਏ ਭਰਾਈਆ । ਜਿਸ ਤਾਰਨੇ ਵੇਦੀ ਸੋਢੀ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਜਨ ਭਗਤਾਂ ਚੁੱਕੇ ਗੋਦੀ, ਗੋਦਾਵਰੀ ਦਾ ਲਹਿਣਾ ਪੂਰ ਕਰਾਈਆ । ਬਾਲ ਅੰਞਾਣਿਆਂ ਦੇਵੇ ਸੋਝੀ, ਸੋਈ ਸੁਰਤ ਉਠਾਈਆ । ਪੰਧ ਮੁਕਾ ਕੇ ਲੋਕ ਪਰਲੋਕੀ, ਸਲੋਕ ਸਾਚਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਦੇ ਕੇ ਰੋਟੀ, ਸਹਾਰਾ ਇਕੋ ਇਕ ਬਣਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਪ੍ਰੇਮ ਚੰਦ ਦੇ ਗ੍ਰਿਹ ਸਈ ਕੈਂਪ ਜੰਮੂ ★

ਸਤਿਜੁਗ ਕਹੇ ਮੈਨੂੰ ਸਾਰੇ ਕਰਨ ਇਸ਼ਾਰੇ, ਸੰਕੇਤ ਬਿਨ ਅੱਖ ਖੁਲ੍ਹਾਈਆ । ਪ੍ਰਭ ਦੇ ਖੇਲ ਹੋਣੇ ਨਿਆਰੇ, ਨਿਆਂਕਾਰੀ ਵੇਖ ਵਖਾਈਆ । ਕਲਜੁਗ ਲੇਖਾ ਦੇਵੇ ਅੰਤ ਕਿਨਾਰੇ, ਨਈਆ ਦੀਨ ਦੁਨੀ ਖੋਜ ਖੁਜਾਈਆ । ਸਤਿਜੁਗ ਸਾਚਾ ਧਰਮ ਆਪ ਉਧਾਰੇ, ਨਿਹਕਰਮੀ ਕਰਮ ਕਮਾਈਆ । ੭੬੦ ੨੦
ਜਨ ਭਗਤਾਂ ਕਰੇ ਸਚ ਪਿਆਰੇ, ਪ੍ਰੀਤੀ ਆਪਣੀ ਇਕ ਵਖਾਈਆ । ਤੂੰ ਮੇਰਾ ਮੈਂ ਤੇਰਾ ਦੱਸ ਜੈਕਾਰੇ, ਜੀਵਣ ਜੁਗਤ ਦਏ ਬਦਲਾਈਆ । ਖ਼ੁਸ਼ੀ ਮਨਾਵਣ ਗੁਰ ਅਵਤਾਰੇ, ਪੈਗ਼ੰਬਰ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਸਭ ਦਾ ਜਾਣੇ ਧਰਮ ਦਵਾਰੇ, ਦਵਾਰਾ ਇਕੋ ਇਕ ਸੁਹਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਗੁਰ ਅਵਤਾਰ ਪੈਗ਼ੰਬਰ ਸੂਫ਼ੀ ਸੰਤ ਫ਼ਕੀਰ ਸਾਰੇ ਗਏ ਕਹਿੰਦੇ, ਕਹਿਕਹਾ ਲਗਾ ਕੇ ਖ਼ੁਸ਼ੀ ਮਨਾਈਆ । ਸੀਸ ਜਗਦੀਸ਼ ਭਾਣਾ ਗਏ ਸਹਿੰਦੇ, ਸਾਹ ਸਾਹ ਹਰਿ ਹਰਿ ਨਾਮ ਧਿਆਈਆ । ਚਰਨ ਕਵਲ ਸਰਨਾਈ ਸਾਰੇ ਗਏ ਬਹਿੰਦੇ, ਨਿਉਂ ਨਿਉਂ ਸੀਸ ਝੁਕਾਈਆ । ਪ੍ਰਭ ਦਾ ਖੇਲ ਹੋਣਾ ਉੱਤਰ ਪੂਰਬ ਪੱਛਮ ਦੱਖਣ ਚੜ੍ਹਦੇ ਲਹਿੰਦੇ, ਚਾਰ ਕੁੰਟ ਆਪਣਾ ਡੰਕ ਵਜਾਈਆ । ਜਗਤ ਵਿਕਾਰੀ ਕੂੜੀ ਕਿਰਿਆ ਮਹੱਲ ਵੇਖੇ ਢਹਿੰਦੇ, ਮਿੱਟੀ ਖ਼ਾਕ ਖੇਹ ਉਡਾਈਆ । ਨੌ ਖੰਡ ਸੱਤ ਦੀਪ ਇਕੋ ਗਾਹ ਵੇਖੇ ਗਹਿੰਦੇ, ਗਹਿਰ ਗੰਭੀਰ ਆਪਣਾ ਹੁਕਮ ਵਰਤਾਈਆ । ਜਗਤ ਹੁਲਾਰੇ ਵੇਖੇ ਕੋਟੀ ਕੋਟ ਵਾਰੀ ਨੈਂ ਦੇ, ਵਹਿਣ ਮਾਇਆ ਮਮਤਾ ਮੋਹ ਵਿਚ ਵਹਾਈਆ । ਅੰਤ ਅਖ਼ੀਰ ਸਚ ਜੈਕਾਰੇ ਵੇਖੇ ਇਕੋ ਜੈ ਦੇ, ਜੈ ਜੈ ਜੈਕਾਰ ਕਰੇ ਖ਼ੁਦਾਈਆ । ਕੋਟਾਂ ਵਿਚੋਂ ਜਨ ਭਗਤ ਥੋੜ੍ਹੇ ਜੋੜੇ ਰਹਿ ਗਏ, ਰਹਿਬਰ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਪੈ ਦਰ ਪੈ ਦੇ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਰਾਮ ਲਾਲ ਦੇ ਗ੍ਰਹਿ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਅਤਰੀ ਕਹੇ ਮੈਂ ਸੁਣਿਆ ਅਗੰਮੀ ਢੋਲਾ, ਹਰਿ ਸ਼ਬਦ ਹੋਈ ਸ਼ਨਵਾਈਆ । ਸਭ ਤੋਂ ਵੱਖਰਾ ਨਿਰਾਲਾ ਬੋਲਾ, "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਦਿਤਾ ਲਗਾਈਆ । ਮੈਂ ਸੰਤਾਂ ਦਾ ਬਣ ਵਿਚੋਲਾ, ਸਭ ਨੂੰ ਦਿਤਾ ਸੁਣਾਈਆ । ਪੁਰਖ ਅਕਾਲ ਦਾ ਬਣ ਕੇ ਗੋਲਾ, ਡੰਕਾ ਦਿਤਾ ਵਜਾਈਆ । ਦੀਨ ਦਿਆਲ ਦਰ ਬਦਲਦਾ ਵੇਖਿਆ ਚੋਲਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸ੍ਰਿਸ਼ਟੀ ਅੰਦਰ ਪੜਦਾ ਓਹਲਾ, ਭਗਤਾਂ ਨੂਰ ਕਰੇ ਰੁਸ਼ਨਾਈਆ । ਨਾਮ ਨਿਧਾਨ ਬਣਾ ਵਿਚੋਲਾ, ਆਤਮ ਪਰਮਾਤਮ ਜੋੜ ਜੁੜਾਈਆ । ਗੁਰ ਅਵਤਾਰ ਪੈਗ਼ੰਬਰਾਂ ਇਕਰਾਰ ਪੂਰਾ ਕਰੇ ਕੌਲਾ, ਕਵਲ ਨੈਣ ਆਪਣੇ ਰੰਗ ਰੰਗਾਈਆ । ਮਾਣ ਵਡਿਆਈ ਬਖ਼ਸ਼ ਕੇ ਉਪਰ ਧੌਲਾ, ਧਰਮ ਦਵਾਰ ਦਏ ਵਖਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਬਣ ਕੇ ਧੁਰ ਦਾ ਮੌਲਾ, ਮਲਕੁਲਮੌਤ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਵਲ ਅਵੱਲਾ ਇਕੋ ਨਾਮ ਸਮਝਾਈਆ ।



★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਨਾਨਕ ਚੰਦ ਦੇ ਗ੍ਰਹਿ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਸਾਰੇ ਕਰਦੇ ਗਏ ਪੁਕਾਰ, ਹੋਕੇ ਹੁਕਮ ਵਾਲੇ ਸੁਣਾਈਆ । ਕਲਜੁਗ ਅੰਤਮ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਚਾਰ ਕੁੰਟ ਦਿਸੇ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਮਮਤਾ ਮੋਹ ਦਿਸੇ ਵਿਭਚਾਰ, ਕੁਕਰਮ ਕੂੜ ਲੜਾਈਆ । ਨਾਤਾ ਤੁਟੇ ਪੁਰਖ ਨਾਰ, ਨਾਰ ਕੰਤ ਸੇਜ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਤਿਜੁਗ ਕਹੇ ਸਾਰੇ ਗਏ ਕੂਕ, ਕੁੱਲ ਮਾਲਕ ਉਤੇ ਓਟ ਰਖਾਈਆ । ਸਦੀ ਚੌਧਵੀਂ ਜਗਤ ਜਹਾਨ ਸੋਇਆ ਘੂਕ, ਜਾਗਰਤ ਅੱਖ ਨਾ ਕੋਇ ਖੁਲ੍ਹਾਈਆ । ਧਰਮ ਦਵਾਰੇ (ਬਣਿਆ) ਕੋਇ ਨਾ ਪੂਤ, ਪਤਿਪਰਮੇਸ਼ਵਰ ਮਿਲਣ ਕੋਇ ਨਾ ਆਈਆ । ਝਗੜਾ ਰਹੇ ਕਾਇਆ ਪੰਜ ਤਤ ਭੂਤ, ਦੀਨ ਮਜ਼੍ਹਬ ਕਰੇ ਲੜਾਈਆ । ਅੰਮ੍ਰਿਤ ਜਾਮ ਕਿਸੇ ਨਾ ਮਿਲੇ ਘੁਟ, ਰਸਨਾ ਰਸ ਨਾ ਕੋਇ ਚਖਾਈਆ । ਪੁਰਖ ਅਕਾਲ ਨਾਲੋਂ ਸਭ ਦਾ ਨਾਤਾ ਜਾਏ ਤੁੱਟ, ਬਿਨ ਭਗਤਾਂ ਭਗਵਨ ਰੰਗ ਨਾ ਕੋਇ ਰੰਗਾਈਆ । ਜੀਵ ਜਹਾਨ ਭਾਗ ਜਾਣੇ ਨਿਖੁਟ, ਸਾਚੀ ਵਸਤ ਹੱਥ ਨਾ ਕੋਇ ਫੜਾਈਆ । ਕੋਟਾਂ ਵਿਚੋਂ ਸੰਤ ਸੁਹੇਲੇ ਪਰਮ ਪੁਰਖ ਦੇ ਥੋੜ੍ਹੇ ਦਿਸਣੇ ਸੁੱਤ, ਅਪਰਾਧੀ ਦਿਸੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਬਿਨਾਸ਼ੀ ਅਚੁਤ ਚਾਤ੍ਰਿਕ ਹਰਿਜਨ ਆਪਣੇ ਲਏ ਬਣਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਰਵੇਲਾ ਰਾਮ ਦੇ ਗ੍ਰਿਹ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਪੈਗ਼ੰਬਰ ਫ਼ਰਮਾਨ ਦੇਣ ਹਦੀਸੀ ਕਲਮੇ, ਕਾਇਨਾਤ ਦ੍ਰਿੜਾਈਆ । ਖ਼ੁਦ ਖ਼ੁਦਾ ਮਾਤ ਗਰਭ ਕਦੇ ਨਾ ਜਨਮੇ, ਨੂਰ ਨੁਰਾਨਾ ਨੂਰ ਕਰੇ ਰੁਸ਼ਨਾਈਆ । ਕਰੇ ਪਰਕਾਸ਼ ਸੂਫ਼ੀ ਸੰਤ ਫ਼ਕੀਰ ਮਨ ਮੇਂ, ਮਨਸਾ ਆਪਣੇ ਵਿਚ ਸਮਾਈਆ । ਦੀਪਕ ਜੋਤ ਜਗਾਏ ਤਨ ਮੇਂ, ਤ੍ਰੈਗੁਣ ਲੇਖਾ ਦਏ ਮੁਕਾਈਆ । ਸ਼ਬਦ ਅਨਾਦੀ ਰਾਗ ਸੁਣਾਏ ਸੁਰਤੀ ਨਿਰੰਤਰ ਕੰਨ ਮੇਂ, ਬਿਨ ਅੱਖਾਂ ਕਰ ਪੜ੍ਹਾਈਆ । ਆਉਂਣ ਦੇਵੇ ਕਦੇ ਚਿੰਤਾ (ਨਾ) ਗ਼ਮ ਮੇਂ, ਗ਼ਮਖ਼ਾਰ ਹੋਏ ਸਹਾਈਆ । ਰਸ ਦੇਵੇ ਪਵਣ ਸਵਾਸ ਦਮ ਮੇਂ, ਦਾਮਨ ਆਪਣਾ ਇਕ ਫੜਾਈਆ । ਭਾਗ ਲਗਾ ਕੇ ਕਾਇਆ ਮਾਟੀ ਚੰਮ ਮੇਂ, ਚਮਨ ਗੁਲਸ਼ਨ ਆਪਣਾ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਹੁਕਮ ਇਕ ਵਰਤਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਝੰਡੂ ਰਾਮ ਦੇ ਗ੍ਰਿਹ ਪਿੰਡ ਜਿਊੜੀਆਂ ਜ਼ਿਲਾ ਜੰਮੂ ★

ਪੈਗ਼ੰਬਰ ਕਹਿਣ ਅਸੀਂ ਸੁਣਾਇਆ ਰੋਜ਼ੇ ਸ਼ਬ, ਸ਼ਬੀਬ ਸ਼ਬਾਬ ਇਕ ਸਮਝਾਈਆ । ਨੂਰ ਇਲਾਹੀ ਰਹਿਮਾਨੁਲ ਰੱਬ, ਰਹਿਮਤ ਹਕ ਕਮਾਈਆ । ਜਿਸ ਦੀ ਧਾਰ ਅਹਿਨਲ ਹਕ, ਸਰਮਦ ਹਜ਼ਰਤ ਅਲੀ ਗਵਾਹੀਆ । ਦੋਜ਼ਖ਼ ਜਗਤ ਵਖਾਏ ਅੱਗ, ਬਹਿਸ਼ਤ ਬਹਿਸ ਨਾ ਕੋਇ ਰਖਾਈਆ । ਆਵਾਜ਼ੇ ਜ਼ਾਦ ਲਗਾ ਕੇ ਸੱਦ, ਨਾਅਰਾ ਨੂਰ ਅਲਾਹੀਆ । ਵਾਹਿਦ ਵਜਦ ਮੁਹੱਬਤ ਮਹਿਬੂਬ ਦੇਵੇ ਮਦਿ, ਨਜ਼ਰੇ ਮਿਹਰ ਕਰਮ ਉਠਾਈਆ । ਨੂਰ ਉਜਿਆਰ ਹੋ ਕੇ ਆਵੇ ਜਦ, ਜਜ਼ਬਾ ਆਪਣਾ ਇਕ ਪਰਗਟਾਈਆ । ਕਦੀਮ ਅਜ਼ੀਮ ਦਰ ਸਮਝੇ ਕੋਇ ਨਾ ਕੱਦ, ਕੁਦਰਤ ਕਾਦਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸੁਲਤਾਨ ਸੂਰਾ ਸਰਬਗ, ਸਬਬ ਆਪਣਾ ਇਕ ਵਖਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਸ਼ਾਂਤੀ ਦੇਵੀ ਦੇ ਗ੍ਰਿਹ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਪੈਗ਼ੰਬਰ ਕਹਿਣ ਕਦੀਮ ਸੁਣਿਆ ਨਗ਼ਮਾ, ਅਨਾਇਤ ਕੀਤੀ ਧੁਰਦਰਗਾਹੀਆ । ਸੀਸ ਝੁਕਾਉਣਾ ਦੱਸਿਆ ਕਦਮਾ, ਕਾਇਮ ਆਪਣਾ ਹੁਕਮ ਕਰਾਈਆ । ਸੂਫ਼ੀ ਦੱਸਿਆ ਨਿਰਧਨ ਅਦਨਾ, ਆਅਲਾ ਅਵਲ ਨੂਰ ਅਲਾਹੀਆ । ਜਿਸ ਸਚ ਸਰਨਾਈ ਲੱਗਣਾ, ਲਾਗਤ ਕਰਤਾ ਨਾ ਕੋਇ ਵਖਾਈਆ । ਸਚ ਦਵਾਰ ਅਗੰਮੇ ਸੱਦਣਾ, ਸਧਨਾ ਨਿਉਂ ਨਿਉਂ ਲਾਗੇ ਪਾਈਆ । ਭਾਗ ਲਗਾ ਕੇ ਕਾਇਆ ਮਾਟੀ ਬਦਨਾ, ਬਦੀ ਅੰਦਰੋਂ ਦਏ ਕਢਾਈਆ । ਸਚ ਮੁਹੱਬਤ ਪਿਆਰ ਮਹਿਬੂਬ ਚਾੜ੍ਹਕੇ ਰੰਗਣਾ, ਰੰਗ ਇਕੋ ਦਏ ਵਖਾਈਆ । ਜਗਤ ਜਹਾਨ ਪਏ ਨਾ ਮੰਗਣਾ, ਦਰ ਦਰਵੇਸ਼ ਨਾ ਅਲਖ ਜਗਾਈਆ । ਸਚ ਦਵਾਰ ਇਕੋ ਲੰਘਣਾ, ਮੰਜ਼ਲ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਨਾ ਮਰਨਾ ਨਾ ਜੰਮਣਾ, ਜੋਤ ਸਰੂਪੀ ਜੋਤੀ ਜਾਤਾ ਖੇਲ ਵਖਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਬੇਲੂ ਰਾਮ ਦੇ ਗ੍ਰਿਹ ਸਈ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਮੈਨੂੰ ਕਰਦੇ ਆਏ ਸਾਰੇ ਯਾਦ, ਯਾਦ ਵਿਚ ਆਸਾ ਮਾਤ ਰਖਾਈਆ । ਉਚੀ ਕੂਕ ਸੁਣਾਉਂਦੇ ਆਏ ਆਵਾਜ਼, ਨਾਮ ਨਿਧਾਨਾ ਰਾਗ ਅਲਾਈਆ । ਪੁਰਖ ਅਕਾਲ ਦੀਨ ਦਿਆਲ ਮੈਨੂੰ ਕਰੇ ਆਬਾਦ, ਜੜ੍ਹ ਮੇਰੀ ਦਏ ਲਗਾਈਆ । ਭਗਤ ਸੁਹੇਲੇ ਸੱਜਣ ਬਣਾਏ ਸਾਧ, ਸਾਧਨਾ ਅੰਤਰ ਮੇਰੀ ਆਪ ਕਰਾਈਆ । ਨਾਮ ਦੇ ਕੇ ਬੋਧ ਅਗਾਧ, ਅਗਲੀ ਕਰੇ ਸਚ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਵਜਾ ਕੇ ਨਾਦ, ਅਨਹਦ ਆਪਣਾ ਰਾਗ ਸੁਣਾਈਆ । ਸੋਈ ਸੁਰਤੀ ਗੁਰਮੁਖਾਂ ਜਾਏ ਜਾਗ, ਜਗਜੀਵਣ ਦਾਤਾ ਆਪ ਜਗਾਈਆ । ਬਿਰਹੁ ਦੇ ਕੇ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਦੀਨ ਦੁਨੀ ਦਾ ਦੇਵੇ ਤਿਆਗ, ਕੰਤ ਸੁਹਾਗ ਇਕ ਮਿਲਾਈਆ । ਸਚ ਸਰਨਾਈ ਜਾਵਣ ਲਾਗ, ਚਰਨ ਕਵਲ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸਾਜਣ ਰਿਹਾ ਸਾਜ, ਸੱਜਣ ਹੋ ਕੇ ਆਪਣੇ ਘਰ ਵਸਾਈਆ ।


੭੬੩
੨੦

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਗੁਰਾ ਰਾਮ ਦੇ ਗ੍ਰਿਹ ਸਈ ਖੁਰਦ ਸਰਦਾਰੀ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਮੇਰੀਆਂ ਮੰਗਦੇ ਗਏ ਮੰਗਾਂ, ਦਿਨ ਰਾਤ ਤੇਰਾ ਰਾਹ ਤਕਾਈਆ । ਕਲਜੁਗ ਕੂੜੀ ਕਿਰਿਆ ਵੇਖਦੇ ਗਏ ਦੰਗਾ, ਗੁਰ ਅਵਤਾਰ ਪੈਗ਼ੰਬਰ ਦੇਣ ਗਵਾਹੀਆ । ਅਵਤਾਰ ਸੁਣਾਉਂਣ ਪਿਛਲਾ ਛੰਦਾ, ਨਾਮ ਸਿਫ਼ਤਾਂ ਵਾਲਾ ਵਡਿਆਈਆ । ਨੇਤਰ ਨੀਰ ਵਹਾਏ ਗੰਗਾ, ਗੋਦਾਵਰੀ ਜਮਨਾ ਸੁਰਸਤੀ ਧਾਰ ਗੰਗਾ ਛਹਿਬਰ ਇਕੋ ਇਕ ਵਖਾਈਆ । ਸਚ ਦਵਾਰ ਕਿਸੇ ਨਾ ਦਿਸੇ ਠੰਡਾ, ਠਾਕਰ ਦਰਸ ਕੋਇ ਨਾ ਪਾਈਆ । ਬਿਨ ਪੁਰਖ ਅਕਾਲ ਬੰਦਗੀ ਵਿਚ ਪੂਰਾ ਹੋਏ ਕੋਇ ਨਾ ਬੰਦਾ, ਬੰਧਨ ਸਕੇ ਨਾ ਕੋਇ ਕਟਾਈਆ । ਦੀਨ ਦਿਆਲ ਸਦਾ ਬਖ਼ਸ਼ੰਦਾ, ਪਤਤ ਪਾਪੀ ਲਏ ਤਰਾਈਆ । ਸਚ ਦਵਾਰੇ ਦੇਵੇ ਇਕ ਆਨੰਦਾ, ਅਨੰਦ ਆਪਣਾ ਨਾਮ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਇਕ ਵਸੰਦਾ, ਵਿਸ਼ਵ ਆਪਣਾ ਘਰ ਬਣਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਕਿਸ਼ਨ ਲਾਲ ਦੇ ਗ੍ਰਿਹ ਪਿੰਡ ਸਈ ਖੁਰਦ ਸਰਦਾਰੀ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਮੁਰਸ਼ਦ ਦੱਸਦੇ ਗਏ ਮੁਰੀਦਾਂ, ਮੁੱਦਤ ਤੋਂ ਭੇਵ ਖੁਲ੍ਹਾਈਆ । ਜਿਸ ਦੀਆਂ ਮੰਨਦੇ ਗਏ ਈਦਾਂ, ਇਬਾਦਤ ਵਿਚ ਧਿਆਨ

ਲਗਾਈਆ । ਸਾਰੇ ਕਰਦੇ ਰਹਿਣ ਬਕਰੀਦਾਂ, ਛੁਰੀ ਕਰਦ ਉਠਾਈਆ । ਓਸ ਦੀਆਂ ਸਾਰੇ ਰੱਖੇ ਉਮੀਦਾਂ, ਕਾਮਲ ਮੁਰਸ਼ਦ ਨਜ਼ਰੀ ਆਈਆ । ਦਰਸ਼ਨ ਦੇਵੇ ਦੀਦਾਂ, ਦਾਇਮ ਮੁਕਾਮ ਆਪਣਾ ਇਕ ਸਮਝਾਈਆ । ਸਚ ਧਰਮ ਦੀ ਦੱਸੇ ਤਹਿਜ਼ੀਬਾ, ਤਾਲਾ ਅੰਦਰੋਂ ਦਏ ਖੁਲ੍ਹਾਈਆ । ਮੇਲ ਮਿਲਾਏ ਸਚ ਹਬੀਬਾਂ, ਨਾਤਾ ਆਪਣੇ ਨਾਲ ਜੁੜਾਈਆ । ਜੋ ਲੇਖਾ ਲਿਖਿਆ ਕੁਰਾਨ ਮਜੀਦਾਂ, ਮਸਲਾ ਇਕੋ ਦਏ ਸੁਣਾਈਆ । ਸਾਡੀਆਂ ਅੱਖਰਾਂ ਵਾਲੀਆਂ ਨਸੀਹਤਾਂ, ਨਸੀਹਤ ਇਕੋ ਇਕ ਰਖਾਈਆ । ਸ਼ਾਹੀ ਅੱਖਰਾਂ ਨਾਲ ਪਾਈਆਂ ਲੀਕਾਂ, ਕਾਗ਼ਜ਼ ਕਲਮ ਜੋੜ ਜੁੜਾਈਆ । ਸਦੀ ਚੌਧਵੀਂ ਮੁਕਾਮੇ ਹਕ ਸਭ ਨੇ ਭੁਗਤਣੀਆਂ ਅੰਤ ਤਰੀਕਾਂ, ਅਦਾਲਤ ਇਕੋ ਨਜ਼ਰੀ ਆਈਆ । ਓਸ ਵਿਚ ਹੋਣੀਆਂ ਹਕ ਤੌਫ਼ੀਕਾਂ, ਹੁਕਮ ਧੁਰ ਦਾ ਇਕ ਸੁਣਾਈਆ । ਰੂਹਾਂ ਰਹਿਣ ਨਹੀਂ ਦੇਣੀਆਂ ਬਦੀਆਂ ਵਾਲੀਆਂ ਪਲੀਤਾਂ, ਪਾਕ ਪਾਕ ਰਸੂਲਾਂ ਵੇਸ ਵਟਾਈਆ । ਸੂਫ਼ੀਆਂ ਬਖ਼ਸ਼ੇ ਸਚ ਵਸੀਹਤਾਂ, ਹਾਸਲ ਆਪਣਾ ਆਪ ਵਖਾਈਆ । ਚਾਰ ਜੁਗ ਦੀਆਂ ਬਦਲ ਦੇਵੇ ਵਲਦੀਅਤਾਂ, ਵਾਹਿਦ ਵਾਲਦ ਇਕੋ ਨਜ਼ਰੀ ਆਈਆ । ਝਗੜਾ ਮੁਕਾਕੇ ਜਗਤ ਵਾਲੀਆਂ ਮਸੀਤਾਂ, ਕਾਅਬਾ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀਆਂ ਕਰਨਹਾਰ ਤਸਦੀਕਾਂ, ਹੁਕਮ ਆਪਣਾ ਇਕ ਚਲਾਈਆ ।



### ★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਨੰਦੂ ਦੇ ਗ੍ਰਹਿ ਪਿੰਡ ਸਈ ਖੁਰਦ ਸਰਦਾਰੀ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਮੇਰਾ ਤਕਦੇ ਗਏ ਰਸਤਾ, ਰਹਿਬਰ ਰਹਿਜਨ ਦੋਵੇਂ ਧਿਆਨ ਲਗਾਈਆ । ਫੋਲਦੇ ਗਏ ਅਗੰਮ ਦਾ ਬਸਤਾ, ਵਰਕਾ ਸਿਫ਼ਤਾਂ ਵਾਲਾ ਉਲਟਾਈਆ । ਭੰਡਾਰਾ ਲੱਭਦੇ ਗਏ ਅਗੰਮੀ ਰਸ ਦਾ, ਪੜਦਾ ਓਹਲਾ ਚੁੱਕ ਚੁੱਕ ਅੱਖ ਉਠਾਈਆ । ਮੈਂ ਸਭ ਨੂੰ ਵੇਖ ਕੇ ਰਿਹਾ ਹੱਸਦਾ, ਹਸਤੀ ਪ੍ਰਭ ਦੀ ਇਕ ਤਕਾਈਆ । ਖ਼ੁਸ਼ੀਆਂ ਵਿਚ ਰਿਹਾ ਨੱਸਦਾ, ਭੱਜਿਆ ਚਾਈਂ ਚਾਈਂਆ । ਚਾਰ ਜੁਗ ਰਿਹਾ ਦੱਸਦਾ, ਤ੍ਰੇਤਾ ਦੁਆਪਰ ਕਲਜੁਗ ਨਾਲ ਮਿਲਾਈਆ । ਸਭ ਦਾ ਵੇਲਾ ਸਿਫ਼ਤਾਂ ਵਾਲੇ ਜਾਪ ਦਾ, ਜਗਜੀਵਣ ਦਾਤਾ ਧੁਰ ਦਾ ਹੁਕਮ ਮਨਾਈਆ । ਜਿਸ ਵੇਲੇ ਪਰਕਾਸ਼ ਹੋਵੇ ਨਿਰਗੁਣ ਧਾਰ ਆਪ ਦਾ, ਆਪਣਾ ਵੇਸ ਵਟਾਈਆ । ਮੇਰਾ ਲਹਿਣਾ ਦੇਣਾ ਹੋਵੇ ਪਵਿਤ੍ਰ ਪਾਕ ਦਾ, ਪੁਨੀਤਾ ਇਕੋ ਰੰਗ ਵਖਾਈਆ । ਹੁਕਮ ਚਲੇ ਇਨਸਾਫ਼ ਦਾ, ਅਦਲੀ ਅਦਲ ਇਕ ਕਮਾਈਆ । ਝਗੜਾ ਰਹੇ ਨਾ ਮਨ ਗੁਸਤਾਖ਼ ਦਾ, ਮਮਤਾ ਮੋਹ ਦਏ ਗਵਾਈਆ । ਲਹਿਣਾ ਦੇਣਾ ਪੂਰਾ ਹੋਵੇ ਗੁਰ ਅਵਤਾਰ ਪੈਗ਼ੰਬਰ ਹਿਸਾਬ ਦਾ, ਅੰਕੜੇ ਅੰਤਰ ਨਾ ਕੋਇ ਵਖਾਈਆ । ਏਕਾ ਨੂਰ ਚਮਕੇ ਪੁਰਖ ਅਕਾਲ ਧੁਰ ਦੇ ਮਹਾਰਾਜ ਦਾ, ਰਾਜ ਰਾਜਾਨ ਸੀਸ ਨਾ ਕੋਇ ਉਠਾਈਆ । ਵਕਤ ਸੁਹੰਜਣਾ ਹੋਵੇ ਸ਼ਹਿਨਸ਼ਾਹੀ ਤਾਜ ਦਾ, ਤਖ਼ਤ ਨਿਵਾਸੀ ਤਖ਼ਤਾ ਦਏ ਉਲਟਾਈਆ । ਸਜਦਾ ਹੁਕਮ ਹੋਵੇ ਆਦਾਬ ਦਾ, ਅਦਬ ਵਿਚ ਮਖ਼ਲੂਕ ਖ਼ੁਦਾਈਆ । ਵਸਲ ਪੂਰਾ ਕਰੇ ਪੁੰਨ ਸਵਾਬ ਦਾ, ਅਸਲ ਇਕੋ ਇਕ ਜਣਾਈਆ । ਮੁਖ਼ਾਤਬ ਲੇਖਾ ਹੋਵੇ ਖ਼ਤਾਬ ਦਾ, ਖ਼ਿਦਮਤ ਸਭ ਦੀ ਪੂਰ ਕਰਾਈਆ । ਡੰਕਾ ਵੱਜੇ ਇਕ ਜਨਾਬ ਦਾ, ਆਅਲਾ ਅਦਨਾ ਸੀਸ ਝੁਕਾਈਆ । ਆਵਾਜ਼ ਨਿਕਲੇ ਅਗੰਮੀ ਰਬਾਬ ਦਾ, ਅਹਿਬਾਬ ਗੁਫ਼ਤ ਸ਼ਨੀਦ ਕਰੇ ਸ਼ਨਵਾਈਆ । ਗੁਰ ਅਵਤਾਰ ਪੈਗ਼ੰਬਰ ਮਿਲ ਕੇ ਸਚ ਸੰਦੇਸ਼ਾ ਇਕੋ ਆਖਦਾ, ਆਖ਼ਰ ਅੱਖਰ ਇਕ

ਦ੍ਰਿੜਾਈਆ । ਵਕਤ ਸੁਹੰਜਣਾ ਹੋਵੇ ਪੁਰਖ ਅਕਾਲ ਪਰਤਾਪ ਦਾ, ਜਲਵਾ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਸਚਖੰਡ ਨਿਵਾਸੀ ਆਪ ਅਲਾਪਦਾ, ਧਰਮ ਸੰਦੇਸ਼ਾ ਇਕ ਸੁਣਾਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਦੇਵਾ ਸਿੰਘ ਦੇ ਗ੍ਰਿਹ ਸਈ ਕੈਂਪ ਜੰਮੂ ★

ਸਤਿਜੁਗ ਕਹੇ ਦੋ ਜਹਾਨ ਮੇਰਾ ਸ਼ਰਧਾਲੂ, ਸ਼ਰਧਾ ਮਨਸਾ ਇਕ ਰਖਾਈਆ । ਪਰਮ ਪੁਰਖ ਮੇਰਾ ਦਿਆਲੂ, ਦੀਨ ਦਿਆਲ ਦੇਵੇ ਵਡਿਆਈਆ । ਕਿਰਪਾਨਿਧ ਬਣੇ ਕਿਰਪਾਲੂ, ਕਿਰਤੀਆਂ ਆਪਣਾ ਰੰਗ ਰੰਗਾਈਆ । ਨਾਮ ਨਿਧਾਨ ਦੇ ਕੇ ਧੁਰ ਦਾ ਸਾਲੂ, ਸੰਬਲ ਆਪਣਾ ਘਰ ਸੁਹਾਈਆ । ਮੇਰਾ ਮਾਰਗ ਹੋਣਾ ਚਾਲੂ, ਚਾਰ ਵਰਨ ਵੱਜੇ ਵਧਾਈਆ । ਹਰਿ ਭਗਤ ਸੁਹੇਲਾ ਸਾਚੀ ਘਾਲ ਘਾਲੂ, ਘਾਇਲ ਹੁੰਦੀ ਵੇਖਾਂ ਲੋਕਾਈਆ । ਅਗਨੀ ਰੇਤ ਤਪੇ ਬਾਲੂ, ਬਾਲਮ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਪੜਦਾ ਲਾਹੀਆ ।



★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਬੀਬੀ ਬਚਨੋ ਦੇ ਗ੍ਰਿਹ ਸਈ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਮੇਰਾ ਰਾਹ ਤੱਕਦੇ ਪੀਰ ਫ਼ਕੀਰ, ਫ਼ਿਕਰਿਆਂ ਵਿਚ ਢੋਲੇ ਗਾਈਆ । ਮੈਂ ਕੱਟਣੀ ਸ਼ਰਅ ਜ਼ੰਜੀਰ, ਸ਼ਾਇਰਾਂ ਦੀ ਸ਼ਾਇਰੀ ਦੇਣੀ ਗਵਾਈਆ । ਬਦਲ ਕੇ ਤਕਦੀਰ, ਤਦਬੀਰ ਦੇਣੀ ਸਮਝਾਈਆ । ਭੇਵ ਖੁਲ੍ਹਾ ਕੇ ਬੇਨਜ਼ੀਰ, ਨਜ਼ਰੀਆਂ ਨਜ਼ਰ ਦੇਣਾ ਬਦਲਾਈਆ । ਮੇਲ ਮਿਲਾ ਕੇ ਦਸਤਗੀਰ, ਦਸਤ ਬਦਸਤ ਜੋੜ ਜੁੜਾਈਆ । ਨਾਮ ਭੰਡਾਰਾ ਬਖ਼ਸ਼ ਜਾਗੀਰ, ਧਨ ਦੌਲਤ ਇਕ ਵਰਤਾਈਆ । ਆਸਾ ਮਨਸਾ ਪੂਰੀ ਕਰ ਕਬੀਰ, ਕਾਮਲ ਮੁਰਸ਼ਦ ਇਕੋ ਦੇਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੇਰਾ ਦਵਾਰਾ ਕਰੇ ਤਾਮੀਰ, ਪੱਥਰ ਇੱਟ ਨਜ਼ਰ ਕੋਇ ਨਾ ਆਈਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਗੁੜ੍ਹਾ ਰਾਮ ਪਿੰਡ ਸਈ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਮੈਨੂੰ ਲੋਚਦੇ ਸੰਤ ਸੱਜਣ, ਬਣ ਸਾਜਣ ਰਾਹ ਤਕਾਈਆ । ਮੈਂ ਵਾਸ ਕਰਾਉਣਾ ਪ੍ਰਭ ਦੇ ਧੂੜੀ ਮਜਨ, ਦੁਰਮਤ ਮੈਲ ਧਵਾਈਆ । ਜਨ ਭਗਤਾਂ ਆਵਾਂ ਸੱਦਣ, ਸੱਦਾ ਘਰ ਘਰ ਨਾਮ ਸੁਣਾਈਆ । ਲੱਖ ਚੁਰਾਸੀ ਵਿਚੋਂ ਨਿਰਵੈਰ ਹੋ ਕੇ ਆਵਾਂ ਲੱਭਣ, ਹੁਕਮ ਮੰਨ ਕੇ ਧੁਰ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਮਾਲਕ ਬੇਪਰਵਾਹੀਆ ।

★ ੧੮ ਜੇਠ ਸ਼ਹਿਨਸ਼ਾਹੀ ਸੰਮਤ ੩ ਕਿਰਪਾਲ ਸਿੰਘ ਦੇ ਗ੍ਰਹਿ ਸਈ ਕੈਂਪ ਜ਼ਿਲਾ ਜੰਮੂ ★

ਸਤਿਜੁਗ ਕਹੇ ਮੈਨੂੰ ਉਡੀਕਣ ਵੱਡੇ ਛੋਟੇ, ਜ਼ਿਮੀਂ ਅਸਮਾਨ ਧਿਆਨ ਲਗਾਈਆ । ਮੈਂ ਵੇਖਣੇ ਖਰੇ ਖੋਟੇ, ਕਾਇਆ ਕੁਟੀਆ ਸਭ ਦੀ ਫੋਲ ਫੁਲਾਈਆ । ਕੋਟਾਂ ਵਿਚੋਂ ਗੁਰਮੁਖ ਸੰਤ ਸੁਹੇਲੇ ਥੋੜ੍ਹੇ ਚੰਗੇ ਬਹੁਤੇ, ਜੋ ਪ੍ਰਭ ਦਾ ਢੋਲਾ ਗਾਈਆ । ਮਾਇਆ ਮਮਤਾ ਨੀਂਦ ਕਦੇ ਨਾ ਸੋਤੇ, ਸੁਰਤੀ ਸ਼ਬਦ ਵਿਚ ਸਮਾਈਆ । ਮੰਜ਼ਲ ਚੜ੍ਹ ਅਗੰਮੀ ਔਖੇ, ਦਰ ਘਰ ਸਾਚੇ ਸੋਭਾ ਪਾਈਆ । ਜਿਸ ਦਵਾਰੇ ਕੋਈ ਨਾ ਰੋਕੇ, ਰੁਕਮਣੀ ਕ੍ਰਿਸ਼ਨ ਦੀ ਦਏ ਦੁਹਾਈਆ । ਅਜੇ ਤੱਕ ਨਾ ਓਥੇ ਪਹੁੰਚੇ, ਤਨ ਵਜੂਦ ਜਗਤ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਵਡਿਆਈ ਦੇਵੇ ਓਸੇ ਜੋ ਉਸਤਤ ਵਿਚ ਇਸਮ ਇਕੋ ਇਕ ਮਨਾਈਆ ।

★ ੧੯ ਜੇਠ ਸ਼ਹਿਨਸ਼ਾਹੀ ਸੰਮਤ ੩ ਦੌਲਤ ਰਾਮ ਦੇ ਗ੍ਰਹਿ ਪਿੰਡ ਕੋਟਲੀ ਰਾਈਆਂ ਜ਼ਿਲਾ ਜੰਮੂ ★

ਸਤਿਜੁਗ ਕਹੇ ਮੇਰਾ ਧਿਆਨ ਲਾਉਂਦੇ ਗਏ ਨਾਲ ਅੱਖਾਂ, ਅੱਖੀਆਂ ਵਾਲੇ ਆਪਣੀ ਅੱਖ ਖੁਲ੍ਹਾਈਆ । ਵਸੇਰਾ ਕਰ ਕੇ ਕੁੱਲੀਆਂ ਕੱਖਾਂ, ਕਾ ਖਾ ਗਾ ਤੋਂ ਅੱਗੇ ਕਰੀ ਪੜ੍ਹਾਈਆ । ਮੈਂ ਵੇਖ ਤਮਾਸ਼ਾ ਬਹੁ ਹੱਸਾਂ, ਖ਼ੁਸ਼ੀਆਂ ਅੰਦਰ ਆਪਣੀ ਖ਼ੁਸ਼ੀ ਪਰਗਟਾਈਆ । ਇਕ ਸੁਨੇਹੜਾ ਸਭ ਨੂੰ ਦੱਸਾਂ, ਭੇਵ ਅਗਲਾ ਦਿਆਂ ਚੁਕਾਈਆ । ਮੈਂ ਓਸ ਸਰਨਾਈ ਚਰਨਾਂ ਉਪਰ ਢੱਠਾਂ, ਜੋ ਢਾਹ ਢੇਰੀ ਸਭ ਨੂੰ ਖ਼ਾਕ ਬਣਾਈਆ । ਜਿਸ ਨੇ ਭਾਗ ਲਗਾਉਣਾ ਤਤ ਅੱਠਾਂ, ਆਤਮ ਨੂਰ ਪਰਮਾਤਮ ਆਪਣਾ ਨੂਰ ਰੁਸ਼ਨਾਈਆ । ਲੇਖਾ ਜਾਣੇ ਗ੍ਰਹਿ ਮੰਦਰ ਸਵਾਮੀ ਘਰ ਜੱਟਾਂ, ਜਟਾ ਜੂਟਧਾਰੀ ਹੱਥ ਕਿਸੇ ਨਾ ਆਈਆ । ਜੈਕਾਰਾ ਬੋਲ ਅਲੱਖਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਜਿਸ ਦੀ ਚਾਰ ਜੁਗ ਭਾਖਿਆ ਦੇਂਦੇ ਭਖਾ, ਭਵਿਖਤਾਂ ਵਿਚ ਸਾਲਾਹੀਆ । ਉਹ ਆਪਣੀ ਧਾਰ ਵਿਚੋਂ ਆਵੇ ਮਸਾਂ, ਮੱਸਿਆ ਰੈਣ ਅੰਧੇਰੀ ਦਏ ਮਿਟਾਈਆ । ਜਿਸ ਨੂੰ ਖੋਜਦੇ ਕਰੋੜੀ ਲੱਖਾਂ, ਅਨਗਿਣਤ ਧਿਆਨ ਲਗਾਈਆ । ਉਹ ਖੇਲ ਕਰੇ ਪੁਰਖ ਸਮਰਥਾ, ਸਮਰਥ ਸਵਾਮੀ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਸਭ ਨੂੰ ਮਾਰੇ ਧੱਕਾ, ਧਰਮ ਦੀ ਧੀਰ ਨਾ ਕੋਇ ਧਰਾਈਆ । ਲੇਖਾ ਮੁਕਾਵੇ ਮਦੀਨਾ ਮੱਕਾ, ਮਕਬਰੇ ਮੁਰਸ਼ਦਾਂ ਵੇਖ ਵਖਾਈਆ । ਝਗੜਾ ਮੁਕਾਵੇ ਅੱਠ ਸੱਠਾਂ, ਤੀਰਥ ਤਟਾਂ ਡੇਰਾ ਢਾਹੀਆ । ਭੈ ਦ੍ਰਿੜਾਏ ਮੰਦਰ ਮੱਠਾਂ, ਮਸੀਤਾਂ ਮਸਤੀ ਨਾ ਕੋਇ ਬਣਾਈਆ । ਮਾਣ ਗਵਾ ਕੇ ਰਾਗੀਆਂ ਭੱਟਾਂ, ਭਟਕਣਾ ਸਭ ਦੀ ਖੋਜ ਖੁਜਾਈਆ । ਲਾਟਾਂ ਵਾਲੀ ਵੇਖੇ ਜਟਾਂ, ਮੀਢੀ ਸੀਸ ਫੋਲ ਫੁਲਾਈਆ । ਭੇਖ ਸਵਾਂਗ ਰਹੇ ਨਾ ਕੋਈ ਨੱਟਾਂ, ਪ੍ਰਭ ਦਾ ਭਰਮ ਨਾ ਕੋਇ ਭੁਲਾਈਆ । ਸਤਿਜੁਗ ਕਹੇ ਮੈਂ ਸਚ ਦੀ ਕੀਮਤ ਸਚ ਦਵਾਰੇ ਵੱਟਾਂ, ਝੂਠ ਹੱਟ ਨਾ ਕੋਇ ਖੁਲ੍ਹਾਈਆ । ਲਾਹਾ ਭਗਤ ਦਵਾਰੇ ਖੱਟਾਂ, ਭਾਗ ਗੁਰਮੁਖਾਂ ਨਾਲ ਰਖਾਈਆ । ਇਸ ਤੋਂ ਅੱਗੇ ਕੁਛ ਨਹੀਂ ਪਤਾ, ਪਤਿਪਰਮੇਸ਼ਵਰ ਕੀ ਕੀ ਕਾਰ ਕਮਾਈਆ । ਮੈਂ ਨਿੱਕਾ ਨੰਨ੍ਹਾਂ ਨੱਢਾ ਇਕੋ ਬੱਚਾ, ਬਚਪਨ ਓਸੇ ਦੀ ਝੋਲੀ ਪਾਈਆ । ਜਿਸ ਨੇ ਲੱਖ ਚੁਰਾਸੀ ਭਾਂਡਾ ਭੰਨਣਾ ਕੱਚਾ, ਹੁਕਮ ਇਕੋ ਇਕ ਵਰਤਾਈਆ । ਦੋ ਜਹਾਨਾਂ ਪਾ ਕੇ ਨੱਥਾ,

੭੬੬
੨੦

੭੬੭
੨੦

ਬ੍ਰਹਿਮੰਡ ਖੰਡ ਦੇਣੇ ਭਵਾਈਆ । ਗੁਰਮੁਖਾਂ ਲਹਿਣਾ ਦੇਣਾ ਦੇਵੇ ਹਕਾ, ਹਕੀਕ਼ਤ ਆਪਣੀ ਇਕ ਸਮਝਾਈਆ । ਸ਼ਾਹ ਸੁਲਤਾਨਾਂ ਮੁੱਲ ਨਹੀਂ ਪੈਣਾ ਟਕਾ, ਧਰਨੀ ਧਰਤ ਧਵਲ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਤੀਰ ਅਣਿਆਲਾ ਮਾਰੇ ਫੱਟਾ, ਫੱਟ ਘਾਓ ਘਾਇਲ ਕਰੇ ਜਗਤ ਲੋਕਾਈਆ ।

## ★ ੧੯ ਜੇਠ ਸ਼ਹਿਨਸ਼ਾਹੀ ਸੰਮਤ ੩ ਪਰਕਾਸ਼ ਚੰਦ ਦੇ ਗ੍ਰਹਿ ਪਿੰਡ ਮਘੋਵਾਲੀ ਜ਼ਿਲਾ ਜੰਮੂ ★

ਸਤਿਜੁਗ ਕਹੇ ਮੈਨੂੰ ਭਗਤ ਜਨ ਕਰਨ ਪਸੰਦ, ਪਾਤਸ਼ਾਹ ਸ਼ਾਹ ਦਏ ਵਡਿਆਈਆ । ਜਿਨ੍ਹਾਂ ਦੇ ਅੰਦਰ ਉਪਜੇ ਇਕ ਅਨੰਦ, ਸੁਖ ਸਾਗਰ ਕਾਇਆ ਗਾਗਰ ਨਜ਼ਰੀ ਆਈਆ । ਭਗਤੀ ਵਿਚ ਘਸਾਉਣੇ ਪੈਂਦੇ ਨਹੀਂ ਦੰਦ, ਸੋਹੰ ਢੋਲਾ ਗਾ ਕੇ ਮਿਲੇ ਬੇਪ੍ਰਵਾਹੀਆ । ਜੰਗਲ ਜੂਹ ਉਜਾੜ ਪਹਾੜਾ ਨਹੀਂ ਪੈਂਦੇ ਪੰਧ, ਮੁਸਾਫਰਾਂ ਸਫ਼ਰ ਨਾ ਕੋਇ ਜਣਾਈਆ । ਕੂੜ ਕੁੜਿਆਰਾ ਵੇਖਣਾ ਨਹੀਂ ਪੈਂਦਾ ਰੰਗ, ਸਚ ਮਜੀਠੀ ਆਪ ਰੰਗਾਈਆ । ਨਿਰਗੁਣ ਧਾਰ ਜੋਤ ਵੇਖ ਕੇ ਚੰਦ, ਚਮਕ ਅਹਿਮਕਾਂ ਦਏ ਵਖਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਛੰਦ, ਸ਼ਹਿਨਸ਼ਾਹ ਮਿਲ ਕੇ ਖ਼ੁਸ਼ੀ ਮਨਾਈਆ । ਪੜਦਾ ਰਹੇ ਨਾ ਹੰ ਬ੍ਰਹਮ, ਹੰਗਤਾ ਗੜ੍ਹ ਤੁੜਾਈਆ । ਮਾਇਆ ਮੋਹ ਮੇਟ ਕੇ ਮਨਸਾ ਮਨ, ਮਮਤਾ ਅੰਦਰੋਂ ਬਾਹਰ ਕਢਾਈਆ । ਜੋ ਭਗਤ ਸੁਹੇਲਾ ਮੇਰੇ ਸਮੇਂ ਅੰਦਰ ਪਏ ਜੰਮ, ਜਨਨੀ ਜਨ ਸੋਭਾ ਪਾਈਆ । ਤਿਸ ਨਾਮ ਭੰਡਾਰਾ ਮਿਲੇ ਧਨ, ਧਨ ਲੇਖਾ ਲੇਖੇ ਦਏ ਲਗਾਈਆ । ਦੁਖੜਾ ਸਹਿਣਾ ਪਏ ਕੋਈ ਨਾ ਤਨ, ਵਜੂਦ ਵਸਲ ਇਕ ਵਖਾਈਆ । ਗੜ੍ਹ ਹੰਕਾਰੀ ਭਾਂਡਾ ਦੇਵੇ ਭੰਨ, ਭੈ ਭੌ ਵਿਚ ਬਖ਼ਸ਼ੇ ਸਰਨਾਈਆ । ਨਿਰਗੁਣ ਧਾਰ ਸਾਜਨ ਬਣ ਕੇ ਹਮ, ਹਰਿ ਸੱਜਣ ਲਏ ਉਠਾਈਆ । ਚਿੰਤਾ ਸੋਗ ਮੇਟ ਕੇ ਗ਼ਮ, ਗ਼ਮਖਾਰ ਦੇਵੇ ਵਡਿਆਈਆ । ਭਾਗ ਲਗਾ ਕੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਪਰਕਾਸ਼ ਨੇਤਰ ਅੰਨ੍ਹ, ਅੰਧ ਅੰਧੇਰ ਰਹਿਣ ਕੋਇ ਨਾ ਪਾਈਆ ।

## ★ ੧੯ ਜੇਠ ਸ਼ਹਿਨਸ਼ਾਹੀ ਸੰਮਤ ੩ ਮਾਇਆ ਦੇਵੀ ਦੇ ਗ੍ਰਹਿ ਪਿੰਡ ਮਘੋਵਾਲੀ ਜ਼ਿਲਾ ਜੰਮੂ ★

ਸਤਿਜੁਗ ਕਹੇ ਮੈਂ ਕਲਜੁਗ ਅੰਤ ਵੇਖਿਆ ਹੈਰਾਨ, ਹੈਰਤ ਘਰ ਘਰ ਨਜ਼ਰੀ ਆਈਆ । ਮਨ ਵਣਜਾਰਾ ਜਗਤ ਵੇਖਿਆ ਬੇਈਮਾਨ, ਬੇਵਾ ਕੀਤੀ ਸਰਬ ਲੋਕਾਈਆ । ਫਿਰੀ ਦਰੋਹੀ ਸ਼ਰਅ ਸ਼ੈਤਾਨ, ਸੰਜਮ ਸਚ ਨਾ ਕੋਇ ਵਖਾਈਆ । ਮਮਤਾ ਮੋਹ ਯੁੱਧ ਹੋਵੇ ਘਮਸਾਨ, ਕੁਟੰਬ ਕੂੜ ਦਿਸੇ ਲੋਕਾਈਆ । ਸੂਰਬੀਰ ਨਜ਼ਰ ਨਾ ਆਇਆ ਕੋਈ ਨੌਜਵਾਨ, ਖੜਗ ਖੰਡਾ ਨਾਮ ਹੱਥ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਦੇ ਰਹੇ ਆਪਣੇ ਅੰਤ ਬਿਆਨ, ਭਗਵਨ ਅਗੇ ਸੀਸ ਝੁਕਾਈਆ । ਸਾਚਾ ਇਸ਼ਟ ਸਾਡਾ ਮੰਨੇ ਨਾ ਕੋਇ ਵਿਚ ਜਹਾਨ, ਦ੍ਰਿਸ਼ਟ ਅੰਦਰੋਂ ਨਾ ਕੋਇ ਖੁਲ੍ਹਾਈਆ । ਯਾਦ ਰਹੀ ਨਾ ਰਸੂਲਾਂ ਕਲਾਮ, ਅਸਲ ਵਸਲ ਨਾ ਕੋਇ ਸਮਝਾਈਆ । ਬਰਦੇ ਬਰੀ ਹੋ ਗਏ ਗ਼ੁਲਾਮ, ਹੁਕਮੀ ਬੰਧਨ ਜਗਤ

ਤੁੜਾਈਆ । ਕਿਰਪਾ ਕਰ ਧੁਰ ਦੇ ਇਕ ਇਮਾਮ, ਅੰਤ ਤੇਰੀ ਓਟ ਰਖਾਈਆ । ਚੜ੍ਹਾ ਆਪਣਾ ਇਕ ਨਿਸ਼ਾਨ, ਨਿਛਾਵਰ ਨਿਸ਼ਾਨੇ ਤੇਰੇ ਉਤੋਂ ਕਰਾਈਆ । ਧੁੰਦੂਕਾਰਾ ਮੇਟ ਜ਼ਿਮੀਂ ਅਸਮਾਨ, ਗਰਦੋ ਗ਼ੁਬਾਰ ਰਹੇ ਨਾ ਰਾਈਆ । ਮੁਹੱਬਤ ਵਿਚ ਹੋ ਮਿਹਰਵਾਨ, ਮਹਿਬੂਬ ਆਪਣੀ ਦਇਆ ਕਮਾਈਆ । ਭਗਤ ਸੁਹੇਲੇ ਵਿਚੋਂ ਪਹਿਚਾਨ, ਬੇਪਹਿਚਾਨ ਨਜ਼ਰੀ ਆਈਆ । ਨੌ ਖੰਡ ਪ੍ਰਿਥਮੀ ਦਿਸੇ ਬੀਆਬਾਨ, ਰੰਗਤ ਰੰਗ ਨਾ ਕੋਇ ਰੰਗਾਈਆ । ਤੂੰ ਦਾਤਾ ਦਾਤਾਰ ਸ੍ਰੀ ਭਗਵਾਨ, ਸਾਕਾਰ ਨਿਰਾਕਾਰ ਆਪਣਾ ਖੇਲ ਵਖਾਈਆ । ਧੁਰ ਦਾ ਮਾਰਗ ਦੱਸ ਆਸਾਨ, ਆਸ਼ਾ ਸਭ ਦੀ ਵੇਖ ਵਖਾਈਆ । ਤੇਰੇ ਉਤੋਂ ਸਾਰੇ ਹੁੰਦੇ ਗਏ ਕੁਰਬਾਨ, ਕਰਬਲੇ ਵਿਚ ਕਾਅਬੇ ਵਾਲੇ ਸੀਸ ਨਿਵਾਈਆ । ਸਦੀ ਚੌਧਵੀਂ ਚੌਦਾਂ ਤਬਕਾਂ ਖ਼ਾਲੀ ਦਿਸੇ ਮੈਦਾਨ, ਵਾਰਸ ਵਾਲੀ ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਦੇਣਾ ਦਾਨ, ਨਾਮ ਨਿਧਾਨ ਆਪਣਾ ਇਕ ਵਰਤਾਈਆ ।

★ ੧੯ ਜੇਠ ਸ਼ਹਿਨਸ਼ਾਹੀ ਸੰਮਤ ੩ ਦੇਵੀ ਸਿੰਘ ਦੇ ਗ੍ਰਿਹ ਪਿੰਡ ਮਘੋਵਾਲੀ ਜ਼ਿਲਾ ਜੰਮੂ ★

ਸਤਿਜੁਗ ਕਹੇ ਕਲਜੁਗ ਪੈਂਡਾ ਜਾਏ ਮੁਕਦਾ, ਮੁੱਖੀਆ ਨਜ਼ਰ ਕੋਇ ਨਾ ਆਈਆ । ਜਗਤ ਸੰਸਾਰ ਭਰਿਆ ਦਿਸੇ ਦੁੱਖ ਦਾ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਭਾਗ ਉਦੇ ਹੋਵੇ ਨਾ ਕਿਸੇ ਕੁੱਖ ਦਾ, ਜਨਣੀ ਜਨ ਨਾ ਕੋਇ ਵਡਿਆਈਆ । ਕਿਸੇ ਦਾ ਘੇਰਾ ਮੁਕੇ ਨਾ ਉਲਟੇ ਰੁੱਖ ਦਾ, ਅਗਨੀ ਗਰਭ ਨਾ ਕੋਇ ਬੁਝਾਈਆ । ਗ਼ਰੀਬ ਨਿਮਾਣਿਆਂ ਗੋਦੀ ਕੋਈ ਨਾ ਚੁੱਕਦਾ, ਚਾਰ ਵਰਨ ਰਹੇ ਕੁਰਲਾਈਆ । ਝਗੜਾ ਪਿਆ ਪਿਉ ਪੁੱਤ ਦਾ, ਮਾਤ ਪਿਤ ਦਏ ਦੁਹਾਈਆ । ਵੇਲਾ ਮਿਲੇ ਨਾ ਕਿਸੇ ਸੁਖ ਦਾ, ਸੁਖ਼ਨ ਸਾਰੇ ਗਏ ਭੁਲਾਈਆ । ਪੁਰਖ ਅਕਾਲ ਅਗੰਮੀ ਧਾਰੋਂ ਆਪੇ ਉਠਦਾ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਪੜਦਾ ਆਪ ਚੁਕਾਈਆ । ਸਤਿਜੁਗ ਕਹੇ ਕਲਜੁਗ ਹੁੰਦਾ ਜਾਂਦਾ ਬਤੀਤ, ਬੀਤੀ ਕਹਾਣੀ ਦਏ ਦੁਹਰਾਈਆ । ਜਗਤ ਮਾਨਵ ਹੁੰਦਾ ਜਾਏ ਪਲੀਤ, ਪਲਕ ਖ਼ਲਕ ਨਾ ਕੋਇ ਖੁਲ੍ਹਾਈਆ । ਝਗੜਾ ਵਧਦਾ ਜਾਏ ਊਚ ਨੀਚ, ਨੀਚ ਊਚ ਨੀਚ ਨਾ ਕੋਇ ਬਣਾਈਆ । ਮਾਇਆ ਮਮਤਾ ਸ੍ਰਿਸ਼ਟੀ ਰਹੀ ਪੀਸ, ਸਿਰ ਸਕੇ ਨਾ ਕੋਇ ਉਠਾਈਆ । ਸਾਚਾ ਕਲਮਾ ਭੁੱਲਿਆ ਹਦੀਸ, ਹਜ਼ਰਤ ਹਰਿ ਨਾ ਕੋਇ ਮਿਲਾਈਆ । ਦ੍ਰਿਸ਼ਟੀ ਦਿਸੇ ਨਾ ਕੋਈ ਸੁਰਜੀਤ, ਜੀਵਣ ਮਰਨ ਸਮਝ ਕਿਸੇ ਨਾ ਆਈਆ । ਸਚ ਦਵਾਰੇ ਰਹੀ ਨਾ ਕੋਈ ਪ੍ਰੀਤ, ਪਤਿਪਰਮੇਸ਼ਵਰ ਓਟ ਨਾ ਕੋਇ ਤਕਾਈਆ । ਸਾਜਣ ਦਿਸੇ ਨਾ ਕੋਈ ਮੀਤ, ਮਿਤਰ ਸੰਗ ਨਾ ਕੋਇ ਰਖਾਈਆ । ਸਿਰ ਝੁਕੇ ਨਾ ਕੋਈ ਜਗਦੀਸ, ਜਗਤ ਵਾਸਨਾ ਜੀਵ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਬਦਲ ਕੇ ਆਪਣੀ ਪੀਠ, ਪਾਸਾ ਦੀਨ ਦੁਨੀ ਵਲੋਂ ਬਦਲਾਈਆ ।

★ ੧੯ ਜੇਠ ਸ਼ਹਿਨਸ਼ਾਹੀ ਸੰਮਤ ੩ ਲਛਮੀ ਦੇਵੀ ਦੇ ਗ੍ਰਿਹ ਪਿੰਡ ਸੀੜ ਜ਼ਿਲਾ ਜੰਮੂ ★

ਸਤਿਜੁਗ ਕਹੇ ਕੂਕ ਪੁਕਾਰੇ ਜਬਰਾਈਲ ਫਰਿਸ਼ਤਾ, ਫ਼ਰਸ਼ ਅਰਸ਼ ਮੱਧ ਰਿਹਾ ਕੁਰਲਾਈਆ । ਹਜ਼ਰਤ ਦੀਨ ਦੁਨੀ ਟੁੱਟਣ ਲੱਗਾ ਰਿਸ਼ਤਾ, ਮੁਹੰਮਦ ਮੁਸਾਹਿਬ ਹੋ ਕੇ ਰਿਹਾ ਸੁਣਾਈਆ । ਸਦੀ ਚੌਧਵੀਂ ਵਕਤ ਮੁਕਿਆ ਆਹਿਸਤਾ ਆਹਿਸਤਾ, ਵੇਲਾ ਵਕਤ ਨੇੜੇ ਆਈਆ । ਪਰਵਰਦਿਗਾਰ ਖੇਲ ਕਰੇ ਦੀਦਾ ਦਾਨਿਸਤਾ, ਮੁਕਾਮ ਆਪਣਾ ਇਕ ਸਮਝਾਈਆ । ਲਹਿਣਾ ਮੁਕੇ ਦੋਜ਼ਖ਼ ਬਹਿਸ਼ਤਾ, ਲੇਖਾ ਪੂਰਬ ਫੋਲ ਫੋਲਾਈਆ । ਪੜਦਾ ਲਾਹਵੇ ਰਸਨਾ ਜਿਹਵਾ ਵਾਲੇ ਇਸ਼ਟਾ, ਅੱਖਰ ਆਖ਼ਰ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਆਪ ਕਰਾਈਆ । ਜਬਰਾਈਲ ਕਹੇ ਕੀ ਦੇਵਾਂ ਮੈਂ ਪੈਗ਼ਾਮ, ਪੈਗ਼ੰਬਰ ਸਜਦਾ ਸੀਸ ਝੁਕਾਈਆ । ਧੂੰਆਂਧਾਰ ਜ਼ਿਮੀਂ ਅਸਮਾਨ, ਇਸਮ ਨਜ਼ਰ ਕਿਸੇ ਨਾ ਆਈਆ । ਵਿਕਾਰ ਯੁੱਧ ਹੋਵੇ ਘਮਸਾਨ, ਘੁੰਮਣ ਘੇਰ ਭਵਰ ਨਜ਼ਰੀ ਆਈਆ । ਮੈਂ ਵੇਖ ਕੇ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਛਾਈਆ । ਸਫਾ ਉਲਟਦੀ ਜਾਏ ਕੁਰਾਨ, ਕੁਰਹ ਕਾਇਆ ਕਾਅਬਾ ਕਿਬਲ ਕਾਬਲ ਭੇਵ ਕੋਇ ਨਾ ਪਾਈਆ । ਚਾਰ ਕੁੰਟ ਦਿਸੇ ਵੈਰਾਨ, ਵੈਰੀ ਮੁਰੀਦ ਮੁਰਸ਼ਦ ਰੂਪ ਵਟਾਈਆ । ਨਦੀ ਨੂਹ ਚੜ੍ਹੇ ਤੁਫਾਨ, ਮੁੱਲਾਂ ਸ਼ੇਖ ਤਵਾਯਫ਼ ਰੂਪ ਗਏ ਬਦਲਾਈਆ । ਨਜ਼ਦੀਕੀ ਦਿਸੇ ਨਾ ਕੋਇ ਮਹਿੰਮਾਨ, ਨਾਤਾ ਕੂੜ ਕੂੜ ਹੋਇਆ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਰਿਹਾ ਵਰਤਾਈਆ । ਜਬਰਾਈਲ ਕਹੇ ਮੈਂ ਕੀ ਦੱਸਾਂ ਸਵਾਲ, ਜਵਾਬ ਤਲਬਦਾਰੀ ਵਿਚ ਲੋਕਾਈਆ । ਮੁਹੰਮਦ ਪੂਰਾ ਹੋਣ ਲੱਗਾ ਖ਼ਵਾਬ, ਖ਼ਵਾਬ ਖ਼ਬਰ ਰਿਹਾ ਸੁਣਾਈਆ । ਪਰਵਰਦਿਗਾਰ ਦੇਣ ਵਾਲਾ ਆਜ਼ਾਬ, ਅਸਮਤ ਸਭ ਦੀ ਰਿਹਾ ਲੁਟਾਈਆ । ਸ਼ਾਹੋ ਭੂਪ ਬਣ ਨਵਾਬ, ਨੌਬਤ ਆਪਣਾ ਨਾਮ ਸਮਝਾਈਆ । ਕੌਲ ਪੂਰਾ ਕਰੇ ਬਗ਼ਦਾਦ, ਨਾਨਕ ਬਗ਼ਲਗੀਰ ਵਡਿਆਈਆ । ਸ਼ਰਅ ਹੁੰਦੀ ਦਿਸੇ ਆਜ਼ਾਦ, ਆਜਿਜ਼ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਹੁਕਮ ਏਕੰਕਾਰਾ ਏਕਾ ਵਾਹਿਦ, ਅਹਿਦ ਆਪਣਾ ਪੂਰ ਕਰਾਈਆ ।

★ ੧੯ ਜੇਠ ਸ਼ਹਿਨਸ਼ਾਹੀ ਸੰਮਤ ੩ ਮਾਇਆ ਕੌਰ ਦੇ ਗ੍ਰਿਹ ਪਿੰਡ ਸੀੜ ਜ਼ਿਲਾ ਜੰਮੂ ★

ਸਤਿਜੁਗ ਕਹੇ ਪੈਗ਼ੰਬਰ ਕਰਦੇ ਵੇਖੇ ਚਰਚਾ, ਚਰਚਾਂ ਤੋਂ ਪਰੇ ਆਪਣਾ ਆਸਣ ਲਾਈਆ । ਪਰਵਰਦਿਗਾਰ ਪਾਇਆ ਅਗੰਮੀ ਪਰਚਾ, ਜਿਸ ਦਾ ਹੱਲ ਸਮਝ ਕੋਇ ਨਾ ਪਾਈਆ । ਭੇਵ ਖੁਲ੍ਹਾਇਆ ਸਾਡਾ ਦਰਜਾ, ਤਰਤੀਬ ਵਾਰ ਦਿਤਾ ਸਮਝਾਈਆ । ਆਪਣਾ ਵੇਖੋ ਅਗਲਾ ਖਰਚਾ, ਵਸਤ ਗੰਢ ਕਵਣ ਬੰਨ੍ਹਾਈਆ । ਫਿਰੀ ਦੁਹਾਈ ਉਤੇ ਫ਼ਰਸ਼ਾਂ, ਫ਼ਲਕ ਖ਼ਲਕ ਕੂਕ ਕੂਕ ਸੁਣਾਈਆ । ਧੁਰ ਦਾ ਮਾਲਕ ਉਪਰ ਅਰਸ਼ਾਂ, ਅਰਸ਼ੀ ਪ੍ਰੀਤਮ ਵੇਖ ਵਖਾਈਆ । ਸਦੀ ਚੌਧਵੀਂ ਸਭ ਦੀਆਂ ਪੂਰੀਆਂ ਕਰਨ ਲੱਗਾ ਹਰਸਾਂ, ਹਵਸ ਸਭ ਦੀ ਮੇਟ ਮਿਟਾਈਆ । ਜਿਸ ਨੂੰ ਯਾਦ ਕਰਦੇ ਰਹੇ ਮਹੀਨਿਆਂ ਵਿਚ ਬਰਸਾਂ, ਬਰਸੀ ਆਪਣੀ ਰਿਹਾ ਵਖਾਈਆ । ਦੀਨ ਦੁਨੀ ਦੀਆਂ ਮੇਟਣ ਵਾਲਾ ਮਰਜ਼ਾਂ, ਤਬੀਬ ਦਾਤਾ ਧੁਰਦਰਗਾਹੀਆ ।

ਸਭ ਦੀਆਂ ਮਨਜ਼ੂਰ ਕਰ ਕੇ ਅਰਜ਼ਾਂ, ਆਰਜ਼ਾਂ ਦਾ ਲੇਖਾ ਵੇਖ ਵਖਾਈਆ । ਮਜ਼੍ਹਬਾਂ ਦੀਆਂ ਰਹਿਣ ਨਹੀਂ ਦੇਣੀਆਂ ਗ਼ਰਜਾਂ, ਉਮਤੀ ਵੰਡ ਨਾ ਕੋਇ ਵੰਡਾਈਆ । ਕਲਮ ਸ਼ਾਹੀ ਸਾਂਝੀਆਂ ਕਰ ਕੇ ਤਰਜਾਂ, ਤਾਰ ਸਿਤਾਰ ਦੇਣੀ ਹਿਲਾਈਆ । ਜਿਸ ਦੀਆਂ ਦੋ ਜਹਾਨ ਗ਼ਰਜਾਂ, ਆਸਾਂ ਵਿਚ ਬੈਠੇ ਰਾਹ ਤਕਾਈਆ । ਉਹ ਸਾਚੀ ਸਿਖਿਆ ਦੇਵੇ ਜ਼ਨਾ ਮਰਦਾਂ, ਜ਼ੰਜੀਰ ਸ਼ਰਅ ਆਪ ਕਟਾਈਆ । ਕਸਾਈਆਂ ਕੋਲ ਰਹਿਣ ਨਾ ਦੇਵੇ ਕਰਦਾਂ, ਕਤਲਗਾਹ ਨਾ ਕੋਇ ਵਖਾਈਆ । ਜੁਗ ਚੌਕੜੀ ਕੱਢ ਕੇ ਪਿਛਲੀਆਂ ਫ਼ਰਦਾਂ, ਫ਼ੈਸਲੇ ਹਕ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਘਰ ਘਰ ਦਾ, ਗ੍ਰਿਹਾ ਗ੍ਰਿਹ ਦਰ ਸਾਰੇ ਫੋਲ ਫੋਲਾਈਆ ।

★ ੧੯ ਜੇਠ ਸ਼ਹਿਨਸ਼ਾਹੀ ਸੰਮਤ ੩ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਸੀੜ ਜ਼ਿਲ੍ਹਾ ਜੰਮੂ ★

ਸਤਿਜੁਗ ਕਹੇ ਪਰਮ ਪੁਰਖ ਆਪਣੀ ਪਰਗਟ ਕਰ ਇਕ ਨਿਸ਼ਾਨੀ, ਨਿਸ਼ਾਨੇ ਦੋ ਜਹਾਨ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਜੂਹ ਦੱਸ ਕੇ ਗਏ ਬੇਗਾਨੀ, ਸਚਖੰਡ ਨਿਵਾਸੀ ਦਰਗਾਹ ਸਾਚੀ ਆਪਣੀ ਖੇਲ ਖਿਲਾਈਆ । ਤੇਰਾ ਭੇਵ ਅਭੇਦ ਖੋਲ੍ਹਦੇ ਗਏ ਸ਼ਾਸਤਰ ਸਿਮਰਤ ਵੇਦ ਪੁਰਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲਾ ਸੋਹਲਾ ਰਾਗ ਸੁਣਾਈਆ । ਅੰਤਮ ਝਗੜਿਆਂ ਵਿਚ ਵੇਖਿਆ ਚਾਰ ਕੁੰਟ ਦਹਿ ਦਿਸ਼ਾ ਚਾਰੇ ਖਾਣੀ, ਚਾਰੇ ਬਾਣੀ ਸਤਿ ਸਤਿਵਾਦੀ ਰਾਹ ਭੁੱਲੀ ਜਗਤ ਲੋਕਾਈਆ । ਸੁਰਤੀ ਸ਼ਬਦ ਮਿਲੇ ਮੇਲ ਨਾ ਸਾਚੇ ਮੰਦਰ ਧੁਰ ਦੇ ਹਾਣੀ, ਹਿਰਦੇ ਹਰਿ ਨਰ ਨਰਾਇਣ ਨਾ ਕੋਇ ਵਸਾਈਆ । ਚਾਰ ਵਰਨ ਅਠਾਰਾਂ ਬਰਨ ਅੰਮ੍ਰਿਤ ਰਸ ਮਿਲੇ ਕਿਸੇ ਨਾ ਪਾਣੀ, ਨਿਝਰ ਝਿਰਨਾ ਬੂੰਦ ਸਵਾਂਤੀ ਮੁਖ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ ।

★ ੧੯ ਜੇਠ ਸ਼ਹਿਨਸ਼ਾਹੀ ਸੰਮਤ ੩ ਭਗਤ ਸਿੰਘ ਦੇ ਗ੍ਰਿਹ ਪਿੰਡ ਕੀਰ ਜ਼ਿਲਾ ਜੰਮੂ ★

ਸਤਿਜੁਗ ਕਹੇ ਸਚਖੰਡ ਤੇਰਾ ਖੇਲ ਅਵੱਲਾ, ਕਾਮਲ ਮੁਰਸ਼ਦ ਨਜ਼ਰੀ ਆਈਆ । ਸਤਿਜੁਗ ਕਹੇ ਸਚ ਧਰਮ ਦਾ ਫੜਾ ਇਕੋ ਪੱਲਾ, ਪਲਕ ਆਪਣੀ ਲੈ ਬਦਲਾਈਆ । ਭੇਵ ਖੁਲ੍ਹਾ ਅਲਾਹੀ ਨੂਰ ਅੱਲਾ, ਪਰਵਰਦਿਗਾਰ ਤੇਰੀ ਕਰੇ ਨਾ ਕੋਇ ਬੇਵਫ਼ਾਈਆ । ਚੌਦਾਂ ਤਬਕ ਬਿਨ ਸਾਚੇ ਕਲਮੇ ਸਬਕ ਹੋਇਆ ਝੱਲਾ, ਝਲਕ ਤੇਰੀ ਨਜ਼ਰ ਕੋਇ ਨਾ ਪਾਈਆ । ਜੋ ਸੰਦੇਸ਼ ਨਰ ਨਰੇਸ਼ ਭਵਿਖਤਾਂ ਵਿਚ ਘੱਲਾ, ਸੋ ਘਾਇਲ ਕਰੇ ਜਗਤ ਲੋਕਾਈਆ । ਕਲਜੁਗ ਕੂੜ ਕੁੜਿਆਰ ਚਾਰ ਕੁੰਟ ਦਹਿ ਦਿਸ਼ਾ ਫਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਦਰ ਦਰਵੇਸ਼ ਆਪਣੀ ਆਸ ਰਖਾਈਆ । ਸਤਿਜੁਗ ਕਹੇ ਮੇਰੇ ਦੀਨ ਦੁਨੀ ਦੇ ਮਾਲਕ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਆਦਤ, ਅਦਲ ਇਨਸਾਫ਼ ਆਪਣਾ ਇਕ ਕਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਵਾਹਿਦ ਦੱਸ ਇਬਾਦਤ, ਸਾਚਾ ਰਾਹ ਇਕ ਸਮਝਾਈਆ । ਮਮਤਾ ਮਨ ਵਿਕਾਰ ਰਹੇ ਨਾ ਕੋਈ ਅਲਾਮਤ, ਇਲਮ ਆਲਮਾਂ ਪੜਦਾ

ਦੇਣਾ ਉਠਾਈਆ । ਸਦੀ ਚੌਧਵੀਂ ਅੰਤ ਅਖ਼ੀਰ, ਬੇਨਜ਼ੀਰ ਲਾਸ਼ਰੀਕ ਇਕੋ ਦੇਣੀ ਹਕ ਜ਼ਮਾਨਤ, ਜ਼ਾਮਨੀ ਅਵਰ ਨਾ ਕੋਇ ਭਰਾਈਆ । ਤੇਰਾ ਨਾਉਂ ਨਿਰੰਕਾਰ ਨਿਰਾਕਾਰ ਇਕੋ ਹੋਵੇ ਸਚ ਨਿਆਮਤ, ਫਲ ਅੰਮ੍ਰਿਤ ਰਸ ਦੇਣਾ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਕਰਮ ਕਾਂਡ ਦੀ ਮੇਟ ਬਗ਼ਾਵਤ, ਬਗ਼ਲਗੀਰ ਹਮਸਾਜਣ ਸ਼ਾਹੋ ਭੂਪ ਵਡ ਰਾਜ ਰਾਜਨ ਰਹਿਮਤ ਆਪਣੀ ਇਕ ਕਮਾਈਆ ।



### ★ ਪਹਿਲੀ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸਤਿਗੁਰ ਸ਼ਬਦ ਕਰੇ ਖ਼ਬਰਦਾਰੀ, ਸਚਖੰਡ ਦਵਾਰ ਧੁਰ ਦੀ ਖ਼ਬਰ ਬੇਖ਼ਬਰ ਸੁਣਾਈਆ । ਨਿਰਗੁਣ ਨੂਰ ਜੋਤ ਜੋਤ ਉਜਿਆਰੀ, ਅਕਲ ਕਲਧਾਰੀ ਆਪਣੀ ਕਾਰ ਕਮਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸਿਕਦਾਰੀ, ਭੂਪਤ ਭੂਪ ਨੂਰ ਅਲਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਲੇਖਾ ਜਾਣੇ ਆਪਣੀ ਧਾਰੀ, ਭੇਵ ਅਭੇਦਾ ਪੜਦਾ ਓਹਲਾ ਆਪ ਉਠਾਈਆ । ਨਰ ਨਰੇਸ਼ਾ ਨਿਰਾਕਾਰ ਏਕੰਕਾਰੀ, ਬੇਪਰਵਾਹ ਬੇਪਰਵਾਹੀ ਦਏ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਰੇ ਤਿਆਰੀ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸੁਣੋ ਹੁਕਮ ਸੰਦੇਸਾ ਏਕ, ਏਕੰਕਾਰ ਦਏ ਦ੍ਰਿੜਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਵੇਸ, ਰੂਪ ਅਨੂਪ ਸ਼ਾਹੋ ਭੂਪ ਲਏ ਵਟਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜਿਸ ਦੀ ਰੱਖਦੇ ਆਏ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦੋ ਜਹਾਨ ਸ੍ਰੀ ਭਗਵਾਨ ਰਿਹਾ ਵੇਖ, ਦਰਗਾਹ ਸਾਚੀ ਪੜਦਾ ਓਹਲਾ ਆਪ ਚੁਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਮਾਦੀ ਸ਼ਬਦ ਅਨਾਦੀ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਧਾਰ ਨਿਰਵੈਰ ਨਿਰਾਕਾਰ ਨਿਰੰਕਾਰ ਭਗਤ ਵਛਲ ਜਨ ਭਗਤਾਂ ਕਰੇ ਹੇਤ, ਨੇਤਨ ਨੇਤ ਦਰਸ ਦਿਖਾਈਆ । ਲੋਕਮਾਤ ਮਾਰ ਝਾਤ ਵੇਖੋ ਅਗੰਮੀ ਇਸ਼ਟ ਦਾ ਖੇਲ, ਖ਼ਾਲਕ ਖ਼ਲਕ ਆਪ ਖਿਲਾਈਆ । ਜੋਤੀ ਜਲਵਾ ਨੂਰ ਨੁਰਾਨਾ ਦੇ ਕੇ ਤੇਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰੇ ਰੁਸ਼ਨਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਤਮ ਪਰਮਾਤਮ ਗੁਰਮੁਖਾਂ ਮਾਣ ਕੇ ਸੇਜ, ਸੱਜਣ ਆਦਿ ਨਿਰੰਜਣ ਦਰ ਦਵਾਰਾ ਏਕੰਕਾਰਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਨਰ ਹਰਿ ਇਕੋ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਉਠੋ ਕਰੋ ਤਿਆਰੀ, ਤ੍ਰੈਗੁਣ ਅਤੀਤਾ ਦਏ ਵਡਿਆਈਆ । ਲੇਖਾ ਵੇਖੋ ਆਪਣਾ ਵਾਰੋ ਵਾਰੀ, ਵਾਰਤਾ ਪਿਛਲੀ ਸਰਬ ਦੁਹਰਾਈਆ । ਜੁਗ ਚੌਕੜੀ ਜਿਸ ਦੀ ਕਰਦੇ ਰਹੇ ਇੰਤਜ਼ਾਰੀ, ਆਮਦ ਵਿਚ ਖ਼ੁਸ਼ਾਮੰਦ ਸੇਵ ਕਮਾਈਆ । ਸੋ ਪੁਰਖ ਅਕਾਲਾ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰੀ, ਵਾਹਿਦ ਲਾਸ਼ਰੀਕ ਜਲਵਾ ਨੂਰ ਕਰੇ ਰੁਸ਼ਨਾਈਆ । ਜਗਤ ਅੰਧੇਰਾ ਮੇਟਣਹਾਰ ਰਾਤ ਕਾਲੀ ਧਾਰੀ, ਧਰਮ ਦਵਾਰਾ ਇਕ ਸੁਹਾਈਆ । ਲਹਿਣਾ ਦੇਣਾ ਚੁਕਾਏ ਸਦੀ ਚੌਧਵੀਂ

ਕਲਜੁਗ ਅੰਤ ਸ੍ਰੀ ਭਗਵੰਤ ਬੀਸ ਬੀਸਾ ਹਰਿ ਜਗਦੀਸਾ ਸ਼ਾਹੋ ਭੂਪ ਵਡ ਸਿਕਦਾਰੀ, ਧੁਰ ਫ਼ਰਮਾਨਾ ਨੌਜਵਾਨਾ ਮਰਦ ਮਰਦਾਨਾ ਆਪ ਦ੍ਰਿੜਾਈਆ । ਜਿਸ ਦਾ ਲੇਖਾ ਲਿਖ ਨਾ ਸਕੇ ਕੋਈ ਕਾਗ਼ਜ਼ ਕਲਮ ਸ਼ਾਹੀ ਕਾਤਬ ਬਣ ਲਿਖਾਰੀ, ਕਾਇਨਾਤ ਪੜਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਅੰਤਰ ਨਿਰੰਤਰ ਆਪਣਾ ਪੜਦਾ ਰਿਹਾ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਲੋਕਮਾਤ ਮਸ, ਤਰੀਕ ਅੰਧੇਰਾ ਨਜ਼ਰੀ ਆਈਆ । ਕਿਰਪਾ ਕਰੇ ਪੁਰਖ ਸਮਰਥ, ਪਾਰਬ੍ਰਹਮ ਆਪਣਾ ਵੇਸ ਵਟਾਈਆ । ਜਿਸ ਦਾ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵਰਨਾਂ ਬਰਨਾਂ ਵਿਚ ਗਾਉਂਦੇ ਆਏ ਜਸ, ਸਿਫ਼ਤਾਂ ਵਿਚ ਢੋਲੇ ਗੀਤ ਅਲਾਈਆ । ਸੋ ਆਪਣੀ ਧਾਰ ਆਦਿ ਨਿਰੰਜਣ ਹੋ ਪ੍ਰਗਟ, ਏਕਾ ਨੂਰ ਕਰੇ ਰੁਸ਼ਨਾਈਆ । ਸਚ ਦਵਾਰਾ ਏਕੰਕਾਰਾ ਵਿਚ ਸੰਸਾਰਾ ਖੋਲ੍ਹ ਕੇ ਆਪਣਾ ਹੱਟ, ਵਸਤ ਅਮੋਲਕ ਧਰਮ ਦਵਾਰੇ ਆਪ ਵਖਾਈਆ । ਸਚ ਸਵਾਮੀ ਅੰਤਰਜਾਮੀ ਗ੍ਰਿਹਿ ਭੀਤਰ ਕਾਇਆ ਮੰਦਰ ਆਪਣਾ ਮਾਰਗ ਦੱਸ, ਸਾਚਾ ਮਾਰਗ ਇਕ ਸਮਝਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਨਿਜ ਨੇਤਰ ਖੋਲ੍ਹ ਕੇ ਅੱਖ, ਪ੍ਰਤੱਖ ਮੇਲਾ ਮੇਲੇ ਧੁਰ ਗੋਸਾਈਆ । ਜਿਹੜਾ ਵਕਤ ਸੁਹੰਜਣਾ ਨਿਤ ਨਵਿਤ ਰਹੇ ਤੱਕ, ਸੋ ਹਕ਼ੀਕ਼ਤ ਵੇਖੇ ਹਕ, ਹਰਿ ਕਰਤਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਵਾਰਾ ਇਕ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਅਗੰਮੀ ਧਾਰ, ਧਰਨੀ ਧਰਤ ਧਵਲ ਵਡਿਆਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਨਿਰਗੁਣ ਨੂਰ ਕਰੇ ਉਜਿਆਰ, ਜੋਤੀ ਜਾਤਾ ਡਗਮਗਾਈਆ । ਜਨ ਭਗਤਾਂ ਕਰ ਪਿਆਰ, ਪ੍ਰੇਮ ਪ੍ਰੀਤੀ ਇਕ ਸਿਖਾਈਆ । ਰਾਹ ਦੱਸ ਏਕੰਕਾਰ, ਅਕਲ ਕਲਧਾਰੀ ਆਪਣੀ ਕਾਰੇ ਲਾਈਆ । ਤੂੰ ਮੇਰਾ ਮੈਂ ਤੇਰਾ ਬੋਲ ਜੈਕਾਰ, ਨਾਤਾ ਆਤਮ ਪਰਮਾਤਮ ਰਿਹਾ ਮਿਲਾਈਆ । ਸਚ ਸੰਦੇਸਾ ਦੇ ਕੇ ਵਿਚ ਸੰਸਾਰ, ਸੋਈ ਸੁਰਤੀ ਆਪ ਉਠਾਈਆ । ਲਹਿਣਾ ਦੇਣਾ ਪੂਰਬ ਕਰਜ਼ਾ ਦਏ ਉਤਾਰ, ਮਿਹਰ ਨਜ਼ਰ ਬੇਨਜ਼ੀਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਸਰਨਾਈਆ । ਸਤਿਗੁਰ ਸ਼ਬਦ ਕਹੇ ਵੇਖੋ ਉਠ ਕੇ ਇਕ ਨਜ਼ਾਰਾ, ਮਿਹਰ ਨਜ਼ਰੀਆ ਰਿਹਾ ਬਦਲਾਈਆ । ਨਿਰਗੁਣ ਨਿਰਵੈਰ ਲਏ ਅਵਤਾਰਾ, ਅਵਤਰਾ ਆਪਣੀ ਕਾਰ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਹੋ ਉਜਿਆਰਾ, ਜਗਤ ਅੰਧੇਰ ਰਿਹਾ ਗਵਾਈਆ । ਸਦੀ ਚੌਧਵੀਂ ਪਾਵੇ ਸਾਰਾ, ਈਸਾ ਮੂਸਾ ਮੁਹੰਮਦ ਨੇਤਰ ਨੈਣਾਂ ਅੱਖ ਖੁਲ੍ਹਾਈਆ । ਬਾਕੀ ਰਹੇ ਨਾ ਤੇਈ ਅਵਤਾਰਾ, ਧਰਮ ਦਵਾਰਾ ਇਕ ਪ੍ਰਗਟਾਈਆ । ਲਹਿਣਾ ਦੇਣਾ ਪੂਰਾ ਕਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਵੇਖੋ ਖੇਲ ਅਗੰਮੀ ਨੂਰ, ਹਰਿ ਕਰਤਾ ਆਪ ਕਰਾਈਆ । ਜੋ ਸਰਬ ਕਲਾ ਭਰਪੂਰ, ਭਾਂਡਾ ਭਰਮ ਭੌ ਭੰਨਾਈਆ । ਜਿਸ ਦਾ ਸਤਿ ਸਤਿਵਾਦੀ ਦਸਤੂਰ, ਸਚ ਸਚ ਸਮਝਾਈਆ । ਜੁਗ ਚੌਕੜੀ ਜਿਸ ਲੇਖੇ ਲਾਏ ਪੂਰ, ਨਈਆ ਨੌਕਾ ਆਪਣਾ ਨਾਮ ਚਲਾਈਆ । ਸੋ ਸਵਾਮੀ ਹੋ ਕੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਆਇਆ ਵਕਤ, ਬਿਨਾ ਅੱਖਰਾਂ ਦਿਆਂ ਜਣਾਈਆ । ਜਲਵਾ ਤੱਕੋ ਵਿਚ ਜਗਤ, ਜਗਜੀਵਣ ਦਾਤਾ ਖੇਲ ਖਿਲਾਈਆ ।


੭੭੨
੨੦

੭੭੩ ੨੦

ਜਿਸ ਦੀ ਸਰਗੁਣ ਧਾਰ ਸਾਰੇ ਸ਼ਕਤ, ਸ਼ਰਅ ਹੁਕਮ ਵਿਚ ਮਨਾਈਆ । ਜੋ ਦਿਸੇ ਉਤੇ ਫ਼ਰਸ਼, ਅਰਸ਼ ਆਪਣੀ ਕਾਰ ਕਮਾਈਆ । ਜਨ ਭਗਤਾਂ ਦੇਵੇ ਦਰਸ, ਪੜਦਾ ਓਹਲਾ ਅੱਖ ਖੁਲ੍ਹਾਈਆ । ਨਿਰਵੈਰ ਹੋ ਕੇ ਆਏ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਸਭ ਦੀ ਪੂਰੀ ਕਰੇ ਸ਼ਰਤ, ਸ਼ਰਅ ਅਗਲੀ ਰਿਹਾ ਦ੍ਰਿੜਾਈਆ । ਜਨ ਭਗਤ ਸੁਹੇਲਾ ਕੋਈ ਨਾ ਜਾਏ ਭਟਕ, ਭਾਵਨਾ ਭਾਓ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਪ੍ਰਭ ਸੁਣਿਆ ਤੁਹਾਡਾ ਹਾੜ੍ਹਾ, ਜੁਗ ਜੁਗ ਧਿਆਨ ਲਗਾਈਆ । ਲੇਖਾ ਵੇਖੇ ਧੁਰ ਦਰਬਾਰਾ, ਦਰਗਾਹ ਸਾਚੀ ਫੋਲ ਫੁਲਾਈਆ । ਜਿਥੇ ਅਵਰ ਨਾ ਕੋਇ ਲਿਖਾਰਾ, ਕਾਤਬ ਰੂਪ ਨਾ ਕੋਇ ਧਰਾਈਆ । ਸੋ ਸ਼ਹਿਨਸ਼ਾਹ ਸਮਰਥ ਪੁਰਖ ਨਿਆਰਾ, ਨਿਰਾਕਾਰਾ ਫੋਲ ਫੁਲਾਈਆ । ਲਹਿਣਾ ਦੇਣਾ ਪੂਰਾ ਕਰੇ ਅਧਾਰਾ, ਅਧਿਆਤਮ ਖੋਜੇ ਥਾਉਂ ਥਾਈਆ । ਪਰਗਟ ਹੋ ਵਿਚ ਸੰਸਾਰਾ, ਸੰਸਾਰੀ ਭੰਡਾਰੀ ਲੇਖ ਰਿਹਾ ਮੁਕਾਈਆ । ਸ਼ੰਕਰ ਪਾਵੇ ਸਾਰਾ, ਸਾਹਿਬ ਸੁਲਤਾਨ ਹੋਏ ਸਹਾਈਆ । ਉਠੋ ਵੇਖੋ ਨੈਣ ਲੋਚਨ ਕਰੋ ਦੀਦਾਰਾ, ਦਰ ਘਰ ਇਕੋ ਇਕ ਖੁਲ੍ਹਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬੋਲੇ ਜੈਕਾਰਾ, ਜੈ ਜੈ ਕਾਰ ਨੂਰ ਇਲਾਹੀਆ । ਪਰਵਰਦਿਗਾਰ ਸਾਚਾ ਯਾਰਾ, ਤੌਫ਼ੀਕ ਹਕ ਸਮਝਾਈਆ । ਸਦੀ ਚੌਧਵੀਂ ਪਾਰ ਕਿਨਾਰਾ, ਹਕ ਇਮਾਮ ਇਕ ਸਿਕਦਾਰਾ, ਚੋਟੀ ਸਭ ਦੀ ਫੋਲ ਫੁਲਾਈਆ । ਲੇਖਾ ਦੇਣਾ ਜਨ ਭਗਤਾਂ ਅਪਰ ਅਪਾਰਾ, ਅਪਰੰਪਰ ਸਵਾਮੀ ਹੋਏ ਸਹਾਈਆ । ਉਠੋ ਵੇਖੋ ਤੱਕੋ ਦਿਵਸ ਸਤਾਰਾਂ ਹਾੜ੍ਹਾ ਹਰਿ ਹਿਰਦੇ ਹਰਿਜੂ ਡੇਰਾ ਲਾਈਆ । ਭੇਵ ਰਹੇ ਪੁਰਖ ਨਾ ਨਾਰਾ, ਬਿਰਧ ਬਾਲ ਵੰਡ ਨਾ ਕੋਈ ਵੰਡਾਈਆ । ਸਭ ਦਾ ਸਾਂਝਾ ਕਰੇ ਪਿਆਰਾ, ਅਪਰੰਪਰ ਬਣ ਕੇ ਆਪ ਵਣਜਾਰਾ, ਸੌਦਾ ਇਕੋ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਉਠੋ ਵੇਖੋ ਖੇਲ ਅਗੰਮ, ਅਲਖ ਅਗੋਚਰ ਆਪ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਮੈਂ ਤੱਕਿਆ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਆਪ ਬਦਲਾਈਆ । ਨਾਤਾ ਤੋੜ ਵਜੂਦ ਤਨ, ਤੱਤਾਂ ਦਾ ਲੇਖਾ ਦਿਤਾ ਮੁਕਾਈਆ । ਦੀਨ ਮਜ਼੍ਹਬ ਦਾ ਹਰਖ ਸੋਗ ਰਹੇ ਨਾ ਕੋਈ ਗ਼ਮ, ਕਾਇਨਾਤ ਦਾ ਕਲਮਾ ਇਕੋ ਦਏ ਸਮਝਾਈਆ । ਜਿਸ ਦਾ ਨੂਰ ਓਸੇ ਦਾ ਚੰਨ, ਜਹੂਰ ਆਪਣਾ ਰਿਹਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਸੁਣੋ ਸੰਦੇਸਾ, ਹਰਿ ਸੱਦਾ ਇਕ ਜਣਾਈਆ । ਨਿਰਗੁਣ ਧਾਰ ਬਦਲ ਕੇ ਵੇਸਾ, ਭੇਖਾਧਾਰੀ ਭੇਖ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਕੇ ਠੇਕਾ, ਅਗਲਾ ਲਹਿਣਾ ਦਏ ਚੁਕਾਈਆ । ਆਤਮ ਪਰਮਾਤਮ ਧੁਰ ਦਾ ਬਣ ਕੇ ਨੇਤਾ, ਨਿਰਗੁਣ ਨਿਰਗੁਣ ਦਏ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਲਉ ਚੇਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਸਾਚਾ ਮਣਕਾ ਕਰਨਾ ਭੇਟਾ, ਜਿਸ ਦੀ ਗੰਢ ਨਾ ਕੋਇ ਖੁਲ੍ਹਾਈਆ । ਜਿਸ ਦਾ ਲੇਖਾ ਜਾਣੇ ਸਤਿਗੁਰ ਸ਼ਬਦ ਪੁਰਖ ਅਕਾਲ ਦਾ ਬੇਟਾ, ਗੋਬਿੰਦ ਵੱਜਦੀ ਰਹੇ ਵਧਾਈਆ । ਜਨ ਭਗਤਾਂ ਪੂਰਾ ਕਰਨਾ ਲੇਖਾ, ਲਿਖਿਆ ਲੇਖ ਖੋਜ ਖੁਜਾਈਆ । ਸਚ ਦਵਾਰ ਸੁਹਾਉਣਾ ਦੇਸਾ, ਕੂੜਾ ਨਾਤਾ ਜਗਤ ਤਜਾਈਆ । ਜਿਸ ਦਾ ਭਗਤ ਉਧਾਰਨਾ ਪੇਸ਼ਾ, ਸੋ ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਸਚ ਸਿੰਘਾਸਣ ਸਾਚੇ ਲੇਟਾ, ਮੰਦਰ ਇਕੋ ਇਕ ਵਡਿਆਈਆ । ਕਲਜੁਗ ਅੰਤਮ ਬਣ ਕੇ ਧੁਰ ਦਾ ਖੇਟਾ, ਖੇਵਟ

ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਰੋ ਸ਼ਤਾਬੀ, ਸ਼ਰਅ ਵਿਚੋਂ ਬਾਹਰ ਸਮਝਾਈਆ । ਲੇਖਾ ਜਾਣੋ ਨਾਨਕ ਵਾਲਾ ਬਗਦਾਦੀ, ਬਗ਼ਲਗੀਰ ਦਿਸੇ ਖ਼ੁਦਾਈਆ । ਜਿਸ ਦਾ ਇਕੋ ਨੂਰ ਇਮਦਾਦੀ, ਆਮਦ ਵਿਚ ਰਾਹ ਤਕਾਈਆ । ਉਸ ਦਾ ਲਹਿਣਾ ਦੇਣਾ ਪੂਰਾ ਕਰਨਾ ਮਾਜ਼ੀ, ਹਾਲ ਦਾ ਲੇਖਾ ਦਏ ਸਮਝਾਈਆ । ਜਿਸ ਨੂੰ ਸਮਝੇ ਕੋਇ ਨਾ ਮੁਲਾ ਸ਼ੇਖ਼ ਕਾਜ਼ੀ, ਅੱਖਰਾਂ ਵਿਚ ਵੰਡ ਨਾ ਕੋਇ ਵੰਡਾਈਆ । ਗਾ ਸਕੇ ਨਾ ਕੋਈ ਭੱਟ ਰਬਾਬੀ, ਤੰਦ ਸਿਤਾਰ ਨਾ ਕੋਇ ਜਣਾਈਆ । ਸਮਝ ਆਵੇ ਨਾ ਇਸ਼ਕ ਹਕ਼ੀਕੀ ਮਜ਼ਾਜੀ, ਮਜ਼ੇ ਤੋਂ ਬਾਹਰ ਧਾਰ ਪਰਗਟਾਈਆ । ਜਨ ਭਗਤਾਂ ਨਾਲ ਹੋ ਕੇ ਰਾਜ਼ੀ, ਰਜ਼ਾ ਆਪਣੀ ਵਿਚ ਰਖਾਈਆ । ਧੁਰਦਰਗਾਹ ਦਾ ਬਣ ਕੇ ਬਾਡੀ, ਤਨ ਵਜੂਦ ਕਰੇ ਸਫ਼ਾਈਆ । ਸ਼ਬਦੀ ਧਾਰ ਬਣਾ ਕੇ ਨਾਦੀ, ਨਾਦ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਹੋਵੇ ਸਵਾਧਾਨ, ਵੇਲਾ ਵਕਤ ਲਏ ਅੰਗੜਾਈਆ । ਜਿਸ ਨੇ ਝਗੜਾ ਰਹਿਣ ਨਹੀਂ ਦੇਣਾ ਗੋਪੀ ਕਾਹਨ, ਸੀਤਾ ਰਾਮ ਆਪਣੇ ਵਿਚ ਸਮਾਈਆ । ਸ਼ਰਅ ਰਹੇ ਨਾ ਕੋਈ ਸ਼ੈਤਾਨ, ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਾਰੇ ਤਅੱਜਬ ਨਾ ਹੋਇਓ ਹੈਰਾਨ, ਹੈਰਾਨੀ ਵਿਚ ਨਾ ਕੋਇ ਆਈਆ । ਇਹ ਖੇਲ ਸ੍ਰੀ ਭਗਵਾਨ, ਕਰਨੀ ਦਾ ਕਰਤਾ ਆਪ ਕਮਾਈਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਵਿਧਾਨ, ਵਾਹਿਦ ਆਪਣਾ ਹੁਕਮ ਮਨਾਈਆ । ਸਾਚਾ ਧਰਮ ਦੱਸ ਇਸਲਾਮ, ਇਸਮ ਆਜ਼ਮ ਇਕ ਪਰਗਟਾਈਆ । ਮੁਹੱਬਤ ਵਿਚ ਹੋ ਕੇ ਮਿਹਰਵਾਨ, ਮਹਿਬੂਬ ਕਰੇ ਰੁਸ਼ਨਾਈਆ । ਝਗੜਾ ਮੁਕਾ ਕੇ ਜ਼ਿਮੀਂ ਅਸਮਾਨ, ਚੌਦਾਂ ਲੋਕ ਚੌਦਾਂ ਤਬਕ ਡੇਰਾ ਢਾਹੀਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਧੁਰ ਦਾ ਦੇ ਕੇ ਨਾਮ ਨਿਧਾਨ, ਵਸਤ ਅਮੋਲਕ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪ੍ਰਵਾਨ, ਪਰਵਾਨੇ ਪਿਛਲੇ ਫੋਲ ਫੁਲਾਈਆ । ਲੇਖਾ ਮੁਕਾਏ ਸ੍ਰੀ ਭਗਵਾਨ, ਅਨਡਿੱਠ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰੇ ਸੋਭਾ ਪਾਈਆ । ਸਤਿਗੁਰ ਸ਼ਬਦ ਕਹੇ ਮੈਂ ਸੁਣਾਵਾਂ ਸਚ ਸੰਗੀਤ, ਸਗਲੇ ਸੰਗੀਓ ਦਿਆਂ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣੀ ਪਿਛਲੀ ਛੱਡਿਓ ਰੀਤ, ਮੰਦਰ ਮਸੀਤ ਨਾ ਕੋਇ ਵਡਿਆਈਆ । ਸਤਿਗੁਰ ਸਾਚਾ ਸਚ ਧਰਮ ਸਾਚੀ ਦੇਵੇ ਨੀਤ, ਨੀਤੀਵਾਨ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਦਾ ਦੱਸਣਾ ਗੀਤ, ਆਤਮ ਪਰਮਾਤਮ ਲਏ ਪਰਨਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਮਨਸਾ ਪੂਰੀ ਕਰੇ ਉਡੀਕ, ਤ੍ਰਿਸਨਾ ਪਿਛਲੀ ਦਏ ਗਵਾਈਆ । ਸੋ ਵਕਤ ਸੁਹੇਲਾ ਇਕ ਅਕੇਲਾ ਵਕਤ ਆਏ ਨਜ਼ਦੀਕ, ਦੂਰ ਦੁਰਾਡਾ ਆਪਣਾ ਪੰਧ ਮੁਕਾਈਆ । ਜਨ ਭਗਤੋ ਲੋਕਮਾਤ ਦਿਵਸ ਹਾੜ੍ਹ ਸਤਾਰਾਂ ਠੀਕ, ਠਾਕਰ ਹੋ ਕੇ ਆਪਣੀ ਕਾਰ ਕਮਾਈਆ । ਝਗੜਾ ਰਹਿਣ ਨਾ ਦੇਵੇ ਊਚ ਨੀਚ, ਰਾਓ ਰੰਕ ਕਰੇ ਤਬਲੀਕ, ਪ੍ਰੀਤ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਹਕ ਨਸੀਹਤ ਵਸੀਅਤ ਸਭ ਦੀ ਫੋਲ ਫੋਲਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਤੱਕਿਓ ਇਕੋ ਹਸਤੀ, ਜੋ ਹਸਤ ਕੀਟ ਰਿਹਾ ਸਮਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾ ਨਾਮ ਖ਼ੁਮਾਰੀ ਮਸਤੀ, ਮਸਤ ਦੀਵਾਨੇ ਦਏ ਬਣਾਈਆ । ਜਿਸ ਭਗਤਾਂ ਸਾਢੇ ਤਿੰਨ ਹੱਥ ਸੁਹਾਉਣੀ ਬਸਤੀ, ਕਾਇਆ ਗੜ੍ਹ ਕਰੇ ਰੁਸ਼ਨਾਈਆ । ਮਾਲਕ ਮਿਲੇ ਧੁਰ

੭੭੪
੨੦

ਦਾ ਅਰਸ਼ੀ, ਫ਼ਰਸ਼ੀ ਖ਼ਲਕ ਰੂਪ ਬਦਲਾਈਆ । ਬ੍ਰਹਮਾ ਸ਼ਿਵ ਗੋਬਿੰਦ ਵਾਲੀ ਤੁਹਾਥੋਂ ਮੰਗੀ ਉਹ ਪਰਚੀ, ਜਿਹੜੀ ਰਾਹ ਜਾਂਦਾ ਗਿਆ ਫੜਾਈਆ । ਜਿਸ ਉਤੇ ਖੇਲ ਪ੍ਰਭੂ ਦੇ ਘਰ ਦੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਧਾਰ ਅਛਲ ਅਛੱਲ ਦੀ, ਵਲ ਛਲ ਆਪਣੀ ਧਾਰ ਕਮਾਈਆ ।

## ★ ੧੯ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਗੁਰ ਅਵਤਾਰ ਪੈਗ਼ੰਬਰ ਦਰਸ਼ਨ ਕਰਨ ਆਏ ਪੈਰ ਦੱਬੇ, ਦਾਅਵਾ ਪਿਛਲਾ ਨਾਲ ਰਖਾਈਆ । ਜਿਹੜਾ ਪੁਰਖ ਅਕਾਲ ਕਿਸੇ ਨਾ ਲੱਭੇ, ਜੁਗ ਚੌਕੜੀ ਰਾਹ ਤਕਾਈਆ । ਗੁਰ ਅਵਤਾਰ ਪੈਗ਼ੰਬਰ ਹੁਕਮੇ ਅੰਦਰ ਬੱਧੇ, ਬੰਦਨਾ ਆਪਣੀ ਦਿਤੀ ਦ੍ਰਿੜਾਈਆ । ਦੀਨ ਮਜ਼੍ਹਬਾਂ ਵੰਡ ਕੇ ਹੱਦੇ, ਹਿੱਸੇ ਝੋਲੀਆਂ ਵਿਚ ਟਿਕਾਈਆ । ਜਗਤ ਜੈਕਾਰ ਨਾ ਕਹਿਣ ਕਦੇ, ਕਦੀਮ ਦਾ ਲੇਖਾ ਦਏ ਦ੍ਰਿੜਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੁਗ ਜਨਮ ਦੇ ਵਿਛੜੇ ਸੱਦੇ, ਹੁਕਮ ਧੁਰ ਦਾ ਇਕ ਸੁਣਾਈਆ । ਸਦਾ ਰਹੇ ਤੁਹਾਡੇ ਅੱਗੇ, ਅਗਲਾ ਲੇਖਾ ਆਪ ਬਣਾਈਆ । ਦਰਸ ਦੀਦਾਰ ਦੇ ਦੇਵੇ ਮਜ਼ੇ, ਮਜ਼ਾਕ ਵੇਖੇ ਜਗਤ ਲੋਕਾਈਆ । ਜੋ ਸਰਨ ਸਰਨਾਈ ਲੱਗੇ, ਸਗਨ ਨਾਲ ਆਪਣੇ ਘਰ ਬਹਾਈਆ । ਵਿਛੋੜਾ ਮੂਲ ਨਾ ਦੇਵੇ ਕਦੇ, ਕਦਮਾਂ ਵਿਚ ਲਏ ਟਿਕਾਈਆ । ਦੀਪਕ ਹੋ ਕੇ ਜਗੇ, ਜਗਤ ਨਿਰਾਲੀ ਚਾਲ ਦਿਤੀ ਪਰਗਟਾਈਆ । ਸਚ ਦਵਾਰ ਦੇ ਮਾਲਕ ਹਰਿ ਭਗਤ ਬਣਾ ਕੇ ਵੱਡੇ, ਵਡਿਆਈ ਆਪਣੇ ਹੱਥ ਰਖਾਈਆ । ਭਗਤ ਪਿਆਰ ਵਿਚ ਕਹੇ ਆਉ ਮੇਰੇ ਲਾਡਲੇ ਡੱਡੇ, ਡੰਡਾਵਤ ਸਭ ਤੋਂ ਵੱਖਰੀ ਦਿਆਂ ਸਮਝਾਈਆ । ਤੁਹਾਡੀ ਦਾਗ਼ ਲੱਗੇ ਕਦੇ ਨਾ ਪੱਗੇ, ਪਗੜੀਆਂ ਵਾਲਿਆਂ ਗੁਰੂਆਂ ਦਾ ਲੇਖਾ ਦਿਤਾ ਮੁਕਾਈਆ । ਅੰਤਕਾਲ ਜਗਤ ਨਗਾਰੇ ਓਹਦੇ ਵੱਜੇ, ਜਿਸ ਨੂੰ ਵਾਜਾਂ ਮਾਰ ਕੇ ਸਾਰੇ ਗਏ ਗਾਈਆ । ਲਹਿਣਾ ਦੇਣਾ ਲੇਖ ਮੁਕਾ ਕੇ ਜੱਗੇ, ਹਮਸਾਜਣ ਧਾਮ ਦਰਸਾਈਆ । ਗੁਰਮੁਖਾਂ ਨਾਲ ਕਦੇ ਨਾ ਕਰੇ ਦਗ਼ੇ, ਦਗ਼ੇਬਾਜ਼ ਨਿਆਰੇ ਧਾਮ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਦਰਸ ਦੀਦਾਰ ਦੀ ਮੰਗੇ ਪ੍ਰੇਮ ਪ੍ਰੀਤੀ ਮੋਖਾ, ਮੁਖ ਮਸਤਕ ਵੇਖ ਖ਼ੁਸ਼ੀ ਮਨਾਈਆ । ਚਿੰਤਾ ਗ਼ਮ ਮਿਟਾ ਕੇ ਹਰਖ ਸੋਗਾ, ਦੁੱਖ ਦਲਿਦ੍ਰ ਡੇਰਾ ਢਾਹੀਆ । ਅਗਲਾ ਵਕਤ ਰਹਿਣ ਨਾ ਦੇਵੇ ਔਖਾ, ਸੁਖ ਸਾਗਰ ਵਿਚ ਸਮਾਈਆ । ਦੂਰ ਦੁਰਾਡਾ ਨੇਰਨ ਨੇਰੇ ਹੋ ਕੇ ਪਹੁੰਚਾ, ਪੰਚਮ ਮੀਤਾ ਧੁਰਦਰਗਾਹੀਆ । ਗੋਬਿੰਦ ਲਾ ਕੇ ਆਪਣਾ ਢੌਕਾ, ਢਈਏ ਦਾ ਲੇਖਾ ਰਿਹਾ ਮੁਕਾਈਆ । ਨਾਮ ਨਿਧਾਨ ਚਲਾ ਕੇ ਨੌਕਾ, ਹਰਿਜਨ ਸਾਚੇ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ । ਦਰਸ ਕਰਨ ਨਾਲ ਕਿਸੇ ਨਾ ਮਿਲਦਾ, ਜੁਗ ਚੌਕੜੀ ਰੋਵੇ ਧਾਹੀਂ ਮਾਰੇ ਦੇਵੇ ਹਾਲ ਦੁਹਾਈਆ । ਬਿਨ ਭਗਤਾਂ ਮਹਿਬੂਬ ਮਾਲਕ ਮੇਲਾ ਕਰੇ ਕਿਸੇ ਨਾ ਦਿਲ ਦਾ, ਦਲਿਦ੍ਰੀ ਵੇਖੇ ਜਗਤ ਲੋਕਾਈਆ । ਇਹ ਖੇਲ ਅਗੰਮੀ ਛਿੰਨ ਦਾ, ਵਿਸ਼ਨ ਬ੍ਰਹਮਾ ਸ਼ਿਵ ਸ਼ੰਕਰ ਤੋਂ ਪਰੇ ਰਿਹਾ ਦ੍ਰਿੜਾਈਆ । ਇਹ ਨੂਰ ਅਲਾਹੀ ਆਪਣੇ ਚਿੰਨ ਦਾ, ਚੱਕਰ ਚਿਹਨ ਵਰਨ ਬਰਨ ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਖ਼ੁਸ਼ੀ ਸੁਭਾਗ ਦਿਹਾੜਾ ਲੇਖਾ ਹੋਵੇ ਦਿਨ ਦਾ, ਦਹਿ ਦਿਸ਼ਾ ਖੋਜ


੭੭੫
੨੦

ਖੁਜਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨੌ ਸੌ ਚੁਰਾਨਵੇ ਚੌਕੜੀ ਜੁਗ ਭਗਤਾਂ ਵਾਸਤੇ ਰਿਹਾ ਗਿਣਦਾ, ਜਗਤ ਤ੍ਰਿਸਨਾ ਅਵਰ ਨਾ ਕੋਇ ਰਖਾਈਆ । ਨਿਰਗੁਣ ਧਾਰ ਨਿਰਵੈਰ ਨਿਰਾਕਾਰ ਨਿਰੰਕਾਰ ਹੋ ਕੇ ਮਿਲਦਾ, ਖਿੱਲਤ ਨਾਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਡਿਆਈਆ । ਦਰਸ ਕਰਨ ਜੋ ਆਏ ਆਜ, ਅੱਗੇ ਅਜ਼ਲ ਤੋਂ ਲਏ ਬਚਾਈਆ । ਫ਼ੈਸਲੇ ਵਾਲਾ ਸੁਣ ਕੇ ਸਵਾਲ ਜਵਾਬ, ਜਵਾਬ ਤਲਬੀ ਸਭ ਦੀ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰੋ ਜਿਸ ਦਾ ਲੈਂਦੇ ਰਹੇ ਖਵਾਬ, ਪੜਦਾ ਅਗਲਾ ਦਏ ਚੁਕਾਈਆ । ਜਨ ਭਗਤਾਂ ਦੀ ਧੁਰਦਰਗਾਹੀ ਖੋਲ੍ਹ ਕਿਤਾਬ, ਬਿਨ ਅੱਖਰਾਂ ਲੇਖਾ ਦਏ ਦ੍ਰਿੜਾਈਆ । ਧੁਰਦਰਗਾਹ ਦਾ ਦੇ ਕੇ ਆਬ, ਅੰਮ੍ਰਿਤ ਰਸ ਇਕ ਚਖਾਈਆ । ਮੇਲ ਮਿਲਾਏ ਆਪ ਮਹਾਰਾਜ, ਰਾਜਨ ਰਾਜ ਚਲੇ ਨਾ ਕੋਇ ਚਤੁਰਾਈਆ । ਮਾਣ ਵਡਿਆਈ ਗੁਰਸਿਖ ਸੰਤ ਸੁਹੇਲੇ ਸਚ ਸਾਧ, ਜਿਨ੍ਹਾਂ ਚਰਨ ਕਵਲ ਸਰਨ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਦਰਸ ਕਰਨ ਦੀ ਜੋ ਆਏ ਖ਼ਾਤਰ, ਖ਼ਤਰਾ ਗਏ ਮੁਕਾਈਆ । ਗੋਬਿੰਦ ਲੇਖੇ ਲੱਗੀ ਅਗੰਮੀ ਪਾਤਰ, ਲਹਿਣਾ ਪੁਰਖ ਅਕਾਲ ਦਏ ਦਰਸਾਈਆ । ਸੰਤ ਸੁਹੇਲੇ ਬਣਾਏ ਚਾਤਰ, ਚਾਤਰਿਕ ਆਪਣੇ ਲਏ ਪਰਗਟਾਈਆ । ਸਤਿ ਦਵਾਰ ਦੱਸ ਕੇ ਪਾਤਨ, ਨਈਆ ਨੌਕਾ ਨਾਮ ਚੜ੍ਹਾਈਆ । ਜਨਮ ਕਰਮ ਦੀ ਪੂਰੀ ਕਰ ਕੇ ਆਸਨ, ਆਸ਼ਾ ਇਛਿਆ ਵਿਚ ਸਮਾਈਆ । ਸਚ ਦਵਾਰੇ ਕਰ ਕੇ ਵਾਸਨ, ਵਾਸਤਾ ਇਕੋ ਨਾਲ ਜੁੜਾਈਆ । ਮੰਜ਼ਲ ਪੌੜੀ ਚਾੜ੍ਹ ਕੇ ਘਾਟਨ, ਗ੍ਰਿਹਿ ਮੰਦਰ ਦਏ ਵਖਾਈਆ । ਜਨ ਭਗਤੋ ਜਿਹੜਾ ਖੇਲ ਅੱਗੇ ਰੱਖਿਆ ਬਾਤਨ, ਓਸ ਦਾ ਪੜਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਾਕਾਰ ਬਣ ਕੇ ਸੱਜਣ ਸਾਕਣ, ਸਖ਼ੀਆਂ ਦਾ ਲੇਖਾ ਇਕੋ ਨਜ਼ਰੀ ਆਈਆ ।



## ★ ੧੯ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਦਰਸ਼ਨ ਸਿੰਘ ਲਿਖੇ ਲਿਖਾਰੀ, ਗੁਰਦਾਸ ਗਵੀਦੁ ਗੁਵਿਦ ਗਾਇਦ ਰਾਹ ਤਕਾਈਆ । ਜੋ ਹੁਕਮ ਮਿਲਿਆ ਧੁਰ ਨਿਰੰਕਾਰੀ, ਨਿਰਾਧਾਰੀ ਦਿਤਾ ਦ੍ਰਿੜਾਈਆ । ਅਸੀਂ ਵੇਖ ਕੇ ਆਏ ਸ੍ਰਿਸ਼ਟੀ ਦ੍ਰਿਸ਼ਟੀ ਸਾਰੀ, ਖੋਜੀ ਬੋਧੀ ਵੇਖੀ ਜਗਤ ਲੋਕਾਈਆ । ਧਰਮ ਦਾ ਰਿਹਾ ਨਾ ਕੋਇ ਆਚਾਰੀ, ਵਿਭਚਾਰੀ ਕਿਰਿਆ ਕਰਮ ਕਮਾਈਆ । ਜਗਤ ਦੁਹਾਗਣ ਦਿਸੇ ਨਾਰੀ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਧਰਮ ਦਵਾਰ ਨਾ ਕੋਇ ਜੈਕਾਰੀ, ਹਾਹਾਕਾਰ ਖ਼ਲਕ ਖ਼ੁਦਾਈਆ । ਪੈਜ ਰਿਹਾ ਨਾ ਕੋਇ ਸਵਾਰੀ, ਚਰਨ ਧਿਆਨ ਨਾ ਕੋਇ ਟਿਕਾਈਆ । ਸਿਲ ਪੁਜਸ ਵੇਖੀ ਖ਼ੁਆਰੀ, ਧਰਮ ਅਸਥਾਨ ਸ੍ਰੀ ਭਗਵਾਨ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਫਿਰਦੇ ਫਿਰਦੇ ਥੱਕੇ, ਬਣ ਕੇ ਪਾਂਧੀ ਰਾਹੀਆ । ਹੁਕਮੇ ਅੰਦਰ ਹੋ ਕੇ ਪੱਕੇ, ਪਾਰਬ੍ਰਹਮ ਦਰ ਬੈਠੇ ਸੀਸ ਨਿਵਾਈਆ । ਜੋ ਬਚਨ ਕਰੀਏ ਸੱਚੇ, ਸਤਿ ਨਾਲ ਸੁਣਾਈਆ । ਅਸੀਂ ਬ੍ਰਹਿਮੰਡ ਖੰਡ ਸਾਰੇ ਕੱਛੇ, ਬਿਨ ਕਦਮਾਂ

੭੭੭
੨੦

ਕਦਮ ਉਠਾਈਆ । ਚਾਰ ਕੁੰਟਾਂ ਫਿਰੇ ਨੱਸੇ, ਰਸਤਾ ਵੇਖਿਆ ਜਗਤ ਲੋਕਾਈਆ । ਵਿਕਾਰ ਹੰਕਾਰ ਵਿਚ ਮਨ ਵਾਸਨਾ ਅੰਦਰ ਫਸੇ, ਫ਼ੈਸਲਾ ਹਕ ਨਾ ਕੋਇ ਸੁਣਾਈਆ । ਮਮਤਾ ਮੋਹ ਵਿਚ ਗ੍ਰਸੇ, ਗ੍ਰਹਿਸਤੀ ਵਿਭਚਾਰ ਰੂਪ ਵਟਾਈਆ । ਰਸਨਾ ਜਿਹਵਾ ਖਾਂਦੇ ਵੇਖੇ ਵੱਛੇ ਕੱਟੇ, ਛੁਰੀਆਂ ਰੂਪ ਬਗ਼ਲ ਕਸਾਈਆ । ਸਭ ਦੇ ਚੀਥੜ ਪੁਰਾਣੇ ਫਟੇ, ਓਢਣ ਸੀਸ ਨਾ ਕੋਇ ਟਿਕਾਈਆ । ਸਾਡੇ ਨਾਮ ਦੀ ਕੀਮਤ ਪੌਂਦੇ ਟਕੇ, ਹੱਟੋ ਹੱਟ ਵਿਕਾਈਆ । ਦੀਨ ਮਜ਼੍ਹਬ ਇਕ ਦੂਜੇ ਨੂੰ ਕਰਦੇ ਠੱਠੇ, ਠੋਕਰਾਂ ਨਾਲ ਠੁਕਰਾਈਆ । ਸਾਡੀ ਮਾਣ ਵਡਿਆਈ ਕੋਈ ਨਾ ਰੱਖੇ, ਸਚ ਪ੍ਰੇਮ ਨਾ ਕੋਇ ਬਣਾਈਆ । ਅਸੀਂ ਵੇਖ ਕੇ ਆਏ ਨਿਰਗੁਣ ਅੱਖੇ, ਸਰਗੁਣ ਸਾਰੇ ਬੈਠੇ ਭੁਲਾਈਆ । ਪ੍ਰਭੂ ਕਿਉਂ ਧੋਖੇ ਵਿਚ ਰੱਖੇਂ, ਸਚ ਦਈਏ ਸੁਣਾਈਆ । ਸਾਡੇ ਪੂਰੇ ਹੋਏ ਲੋਕਮਾਤ ਦੇ ਪਟੇ, ਪਟਨੇ ਵਾਲਾ ਕਰੇ ਅਗਵਾਈਆ । ਮਾਣ ਰਿਹਾ ਨਾ ਤੀਰਥ ਅੱਠ ਸੱਠੇ, ਸੱਠ ਸਾਲ ਦੀ ਆਯੂ ਸਭ ਦੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੁਰਦਾਸ ਦੱਸ ਕੀ ਕੁਛ ਲਿਖਤ, ਗੁਰਦੇਵ ਕੋਲ ਸਮਝਾਈਆ । ਗੁਰਦਾਸ ਕਹੇ ਤੁਹਾਡੀ ਓਸ ਕੋਲ ਫ਼ਰਿਸਤ, ਜੋ ਫ਼ੈਸਲਾ ਹਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਤੁਸੀਂ ਭੋਗਣ ਵਾਲੇ ਗ੍ਰਹਿਸਤ, ਤੱਤਾਂ ਨਾਲ ਵਡਿਆਈਆ । ਕਿਉਂ ਕਲਜੁਗ ਅੰਤਮ ਸਾਰੇ ਰਹੇ ਖ਼ਿਸਕ, ਪੱਲੂ ਆਪਣਾ ਰਹੇ ਛੁਡਾਈਆ । ਕੁਛ ਯਾਦ ਕਰੋ ਜਗ ਆਬਾਦ ਕਰੋ ਆਪਣੇ ਮੱਸਤਕ ਲੱਗਾ ਵੇਖੋ ਤਿਲਕ, ਮਣਕੇ ਵਾਲੀ ਉਂਗਲੀ ਫੇਰ ਨਾ ਕੋਇ ਘਸਾਈਆ । ਤੁਹਾਡਾ ਲਹਿਣਾ ਦੇਣਾ ਨਹੀਂ ਟਾਂਕ ਨਹੀਂ ਜਿਸਤ, ਇਕ ਦੋ ਨਾ ਵੰਡ ਵੰਡਾਈਆ । ਤੁਸੀਂ ਵੜੇ ਨਹੀਂ ਕਿਸੇ ਬਹਿਸ਼ਤ, ਸਵਰਗਾਂ ਵਿਚ ਸੰਨ੍ਹ ਨਾ ਕੋਇ ਲਗਾਈਆ । ਜ਼ਰਾ ਤੱਕੋ ਅਗੰਮੀ ਇਸ਼ਟ, ਅਸ਼ਟਾਬਕਰ ਦਏ ਗਵਾਹੀਆ । ਕੁਛ ਲੇਖਾ ਯਾਦ ਕਰੋ ਜਿਸ ਵੇਲੇ ਮਾਤਲੋਕ ਦੇ ਮਿਲਦੇ ਰਹੇ ਟਿਕਟ, ਰਾਹ ਧਰਮ ਦਾ ਇਕ ਜਣਾਈਆ । ਚੋਟੀਆਂ ਉਤੇ ਪੈਕਟ ਵਿਚ ਬੰਦ ਹੋ ਕੇ ਸੁਹਾਉਂਦੇ ਰਹੇ ਆਪਣੀ ਪਿਕਟ, ਦਵਾਰ ਧਰਮ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦਰਸਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁਣ ਦੱਸਿਆ ਬਣਿਆ ਸੱਚ, ਸਚ ਸਚ ਦ੍ਰਿੜਾਈਆ । ਪੜਦਾ ਰਹੇ ਨਾ ਕਾਇਆ ਕੱਚ, ਓਹਲਾ ਦੇਣਾ ਮਿਟਾਈਆ । ਪ੍ਰਭ ਦਾ ਹੁਕਮ ਮੰਨਣਾ ਪੱਕ, ਜਿਸ ਪੁਖਤਾ ਦਿਤਾ ਸੁਣਾਈਆ । ਹਕ਼ੀਕਤ ਲੱਭੀ ਕਿਤੋਂ ਨਾ ਹਕ, ਹੁਕਮ ਸੁਣੇ ਨਾ ਕੋਇ ਧੁਰਦਰਗਾਹੀਆ । ਸਭ ਦੇ ਉਤੇ ਪੈ ਗਿਆ ਸ਼ੱਕ, ਸਹਿੰਸਾ ਭਰਮ ਨਾ ਕੋਇ ਮਿਟਾਈਆ । ਜਾਂ ਅੰਦਰ ਵੇਖਿਆ ਤੱਕ, ਤਕਦੀਰ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੁਕਮ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਫਿਰੇ ਛੇਤੀ ਛੇਤੀ, ਛਤਰਧਾਰੀ ਖੋਜ ਖੁਜਾਈਆ । ਤੇਰੇ ਹੁਕਮੇ ਅੰਦਰ ਦੀਨ ਦੁਨੀ ਦੇ ਹੋਏ ਭੇਤੀ, ਭਵਰਾਂ ਵਿਚ ਚਰਨ ਟਿਕਾਈਆ । ਪ੍ਰਭੂ ਸਾਡੀ ਕਿਸੇ ਯਾਦ ਰਹੀ ਨਾ ਨੇਕੀ, ਨਿੱਕੇ ਵੱਡੇ ਸਾਰੇ ਰਹੇ ਭੁਲਾਈਆ । ਮਨ ਵਾਸਨਾ ਜਗਤ ਦਵਾਰ ਦੀ ਬੇਟੀ, ਕਲਜੁਗ ਜੀਵਾਂ ਗਈ ਪਰਨਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਵਿਚ ਵੇਖੀ, ਸੋਹਣਾ ਨਾਚ ਨਚਾਈਆ । ਸਾਧ ਸੰਤ ਬਣ ਬਹੁ ਭੇਖੀ, ਭਗਵਨ ਭਟਕਣਾ ਵਿਚ ਭਵਾਈਆ । ਤੇਰੇ ਦਵਾਰਿਉਂ ਸਾਰੇ ਹੋਏ ਪਰਦੇਸੀ, ਕਾਰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀ ਚਾਰ ਕੁੰਟ ਦੀ ਕੂਟ, ਕੁਟੀਆ ਨਜ਼ਰ ਕੋਇ

ਨਾ ਆਈਆ । ਦਹਿ ਦਿਸ਼ਾ ਸਭ ਦੇ ਅੰਦਰ ਝੂਠ, ਸਤਿ ਸਚ ਨਾ ਕੋਇ ਸਮਝਾਈਆ । ਤੇਰਾ ਨਜ਼ਰ ਨਾ ਆਇਆ ਕੋਈ ਪੂਤ, ਪਿਤਾ ਪੁਰਖ ਅਕਾਲ ਨਾ ਕੋਇ ਮਨਾਈਆ । ਅਸੀਂ ਕਰ ਕੇ ਆਏ ਕੂਚ, ਕੂਚਾ ਗਲੀ ਖੋਜ ਖੁਜਾਈਆ । ਸਭ ਦੇ ਅੰਤਰ ਦਿਸੇ ਦੂਜ, ਦੁਤੀਆ ਭਾਉ ਨਾ ਕੋਇ ਮਿਟਾਈਆ । ਤੇਰੇ ਹੁਕਮੇ ਅੰਦਰ ਸਭ ਕੁਛ ਲਿਆ ਬੂਝ, ਮਨ ਮਤ ਬੁਧ ਅੰਦਰ ਵੇਖ ਵਖਾਈਆ । ਖ਼ਾਲੀ ਦਿਸੇ ਕਾਇਆ ਪੰਜ ਤਤ ਭੂਤ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇਣਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੁਰਦਾਸ ਕੀ ਦੇਣਾ ਲਿਖ, ਲਿਖਤ ਪਿਛਲੀ ਦਏ ਗਵਾਹੀਆ । ਬਿਨਾ ਗੋਬਿੰਦ ਤੋਂ ਗੋਬਿੰਦ ਦਾ ਰਹੇ ਕੋਈ ਨਾ ਸਿੱਖ, ਸਿਖਿਆ ਜਗਤ ਨਾ ਕੋਇ ਵਡਿਆਈਆ । ਬਿਨਾ ਭਗਤ ਤੋਂ ਭਗਤ ਰਹੇ ਨਾ ਰਿਖ, ਮੁਨੀ ਮੋਨ ਨਾ ਕੋਇ ਸਰਨਾਈਆ । ਸਾਚਾ ਮੰਨੇ ਇਸ਼ਟ ਕੋਈ ਨਾ ਇਕ, ਜਿਸ ਵਿਚ ਅਨੇਕ ਗਏ ਸਮਾਈਆ । ਮਨ ਦੀ ਸੁਰਤੀ ਅੰਦਰ ਸਾਰੇ ਰਹੇ ਟਿਕ, ਟਿੱਕਾ ਮਸਤਕ ਧੂੜੀ ਖ਼ਾਕ ਨਾ ਕੋਇ ਰਮਾਈਆ । ਗੋਬਿੰਦ ਕਹੇ ਮੇਰੇ ਕੋਲ ਪਿਛਲੀ ਤੇਰੀ ਚਿੱਟ, ਚਿੱਠੀ ਰਿਹਾ ਵਖਾਈਆ । ਆਪਣਾ ਖੇਲ ਆਪੇ ਨਜਿੱਠ, ਇਹ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਸਾਰੇ ਰਹੇ ਪਿੱਟ, ਕੂਕ ਕੂਕ ਸੁਣਾਈਆ । ਅੱਗੇ ਹਾਲ ਦੱਸੀਏ ਕਿਸ, ਕ਼ਿਸਮਤ ਸਕੇ ਨਾ ਕੋਇ ਬਦਲਾਈਆ । ਅਸੀਂ ਕੌਡੀਆਂ ਉਤੋਂ ਗਏ ਵਿੱਕ, ਕੀਮਤ ਮੁੱਲ ਰਿਹਾ ਨਾ ਰਾਈਆ । ਬ੍ਰਹਮ ਪਿਆਰ ਕਰੇ ਕੋਈ ਨਾ ਹਿਤ, ਹਿਤਕਾਰੀ ਰੂਪ ਨਾ ਕੋਇ ਵਖਾਈਆ । ਸਦੀ ਚੌਧਵੀਂ ਸਾਰੇ ਦੇ ਗਏ ਪਿੱਠ, ਕਰਵਟ ਵਿਚ ਕਰਵਟ ਆਪ ਬਦਲਾਈਆ । ਹੁਣ ਪੁਛੀਏ ਕਿਸ ਕਿਸ, ਕ਼ਿਸਮ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਅਸੀਂ ਲੱਗੇ ਲਿਖਾਵਣ, ਲੇਖਾ ਕਲਮ ਬਣਾਈਆ । ਗੁਰਦਾਸ ਕਿਹਾ ਕੀ ਮੈਨੂੰ ਆਵੇ ਸੁਣਾਵਣ, ਸੁਨੇਹੜਾ ਧਾਮ ਧੁਰਦਰਗਾਹੀਆ । ਪੁਰਖ ਅਕਾਲ ਕਹੇ ਇਹ ਆਪਣੀ ਕਰਨੀ ਆਏ ਕਰਾਵਣ, ਬਦਲੀ ਆਪ ਕਰਾਈਆ । ਹੁਣ ਇਹ ਮੇਰੀ ਧਾਰ ਵਿਚ ਆਣਾ ਚਾਹਵਣ, ਨਾਤਾ ਛੱਡਣ ਜਗਤ ਲੋਕਾਈਆ । ਅਗਲਾ ਸਮਾਂ ਮੇਰੀ ਜੋਤ ਵਿਚ ਸਮਾਵਣ, ਸਿਰ ਸਕੇ ਨਾ ਕੋਇ ਉਠਾਈਆ । ਲਹਿਣਾ ਅਵਰ ਨਾ ਜਾਣੇ ਗੁਣ ਅਵਗੁਣ, ਗੁਣ ਅਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡੀ ਕੀ ਰਿਪੋਰਟ, ਸਚ ਦਿਓ ਸੁਣਾਈਆ । ਸਾਰੇ ਕਹਿਣ ਅਸੀਂ ਵੇਖੇ ਕਿਲੇ ਕੋਟ, ਬੰਕ ਦਵਾਰੇ ਫੋਲ ਫੁਲਾਈਆ । ਸਾਚਾ ਨੂਰ ਨਾ ਮਿਲਿਆ ਜੋਤ, ਪ੍ਰਕਾਸ਼ ਅੰਧ ਨਾ ਕੋਇ ਮਿਟਾਈਆ । ਸਾਡੇ ਅੰਦਰ ਪੈ ਗਈ ਸੋਚ, ਸਮਝ ਨਾਲ ਨਾ ਕੋਇ ਸਮਝਾਈਆ । ਇਹ ਪ੍ਰਭੂ ਤੇਰਾ ਅਗੰਮੀ ਚੋਜ, ਨਿਰਾਲੇ ਪ੍ਰੀਤਮ ਦਿਤਾ ਕਰਾਈਆ । ਸਾਨੂੰ ਲਾਏ ਸ੍ਰਿਸ਼ਟੀ ਦੀ ਵਿਚ ਖੋਜ, ਆਪ ਬੈਠਾ ਹੁਕਮ ਸੁਣਾਈਆ । ਕਲਜੁਗ ਅੰਤਮ ਸਾਡੇ ਵਸ ਦਾ ਨਹੀਂ ਰੋਗ, ਰੋਗੀ ਕੀਤੀ ਸਰਬ ਲੋਕਾਈਆ । ਫਿਰ ਕੇ ਵੇਖੇ ਚੌਦਾਂ ਲੋਕ, ਲੁਕਿਆ ਰਹਿਣ ਕੋਇ ਨਾ ਪਾਈਆ । ਬਿਨ ਤੇਰਿਆਂ ਭਗਤਾਂ ਤੇਰਾ ਗਾਏ ਨਾ ਕੋਇ ਸਲੋਕ, ਸੋਹਲਾ ਸਚ ਨਾ ਕੋਇ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਅਸੀਂ ਓਸ ਦਵਾਰੇ ਗਏ ਪਹੁੰਚ, ਨਿਰਗੁਣ ਧਾਰ ਪੰਧ ਮੁਕਾਈਆ । ਸਾਡੀ ਮਨਸਾ ਰਹੀ ਕੋਈ ਨਾ ਲੋਚ, ਲੋਚਣ ਅੱਖ ਨਾ ਕੋਇ ਵਡਿਆਈਆ । ਅਸਾਂ ਸਮਾਂ ਵੇਖਿਆ ਬਹੁਤ, ਜੁਗ ਚੌਕੜੀ ਪੰਧ ਮੁਕਾਈਆ । ਅੰਤਮ

ਹੋ ਕੇ ਤੇਰੀ ਗੋਤ, ਤੇਰੇ ਵਿਚ ਸਮਾਈਆ । ਤੂੰ ਦਾਤਾ ਨਿਰਮਲ ਜੋਤ, ਨਿਰਗੁਣ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਸਭ ਝਾਕੀ, ਪੜਦਾ ਰਿਹਾ ਨਾ ਰਾਈਆ । ਵੇਖਿਆ ਤਨ ਵਜੂਦ ਖ਼ਾਕੀ, ਜਿਸਮਾਂ ਇਸਮਾਂ ਫੋਲ ਫੁਲਾਈਆ । ਕਿਸੇ ਗ੍ਰਿਹਿ ਮਿਲਿਆ ਨਾ ਕਮਲਾਪਾਤੀ, ਪਤਿਪਰਮੇਸ਼ਵਰ ਸੋਭਾ ਪਾਈਆ । ਚਾਰੋ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਮਾਇਆ ਕਾਰਨ ਬਣ ਗਏ ਪਾਠੀ, ਪੂਜਾ ਟਕਿਆਂ ਨਾਲ ਕਮਾਈਆ । ਮੁੱਲਾਂ ਸ਼ੇਖ ਕੂੜੇ ਕਾਜ਼ੀ, ਕ਼ਸਮਾਂ ਝੂਠੀਆਂ ਰਹੇ ਖਾਈਆ । ਹਕ਼ੀਕ਼ਤ ਦਾ ਨਜ਼ਰ ਨਾ ਆਇਆ ਕੋਈ ਨਿਮਾਜ਼ੀ, ਰੋਜ਼ਾ ਰੱਖ ਕੇ ਵਕਤ ਗਵਾਈਆ । ਕਾਅਬੇ ਚੜ੍ਹਿਆ ਕੋਈ ਨਾ ਹਾਜੀ, ਹਜ਼ਰਤ ਸੀਸ ਨਾ ਕੋਇ ਝੁਕਾਈਆ । ਦੀਨ ਦੁਨੀ ਹੋਈ ਦਾਗ਼ੀ, ਦਗ਼ੇ ਵਿਚ ਲੋਕਾਈਆ । ਸਭ ਦੀ ਹਾਰਦੀ ਦਿਸੇ ਬਾਜ਼ੀ, ਬਾਜ਼ਾਂ ਵਾਲਾ ਹਾਲ ਰਿਹਾ ਸੁਣਾਈਆ । ਸਚ ਦਵਾਰ ਰਿਹਾ ਕੋਇ ਨਾ ਰਾਗੀ, ਢੱਡਾਂ ਕੂੜੀਆਂ ਰਹੇ ਖੜਕਾਈਆ । ਪੁਰਖ ਅਕਾਲ ਇਕੋ ਬਣ ਜਾਏ ਸਭ ਦਾ ਗਾਡੀ, ਗਾਰਡੀਅਨਾਂ ਦਾ ਲੇਖਾ ਦਏ ਮੁਕਾਈਆ । ਕੂੜ ਕੁੜਿਆਰਾਂ ਦੀ ਵਧ ਗਈ ਆਬਾਦੀ, ਸਤਿ ਸਚ ਬੈਠਾ ਸੀਸ ਝੁਕਾਈਆ । ਅਸੀਂ ਕਿਸੇ ਦੇ ਰਹੇ ਨਾ ਇਮਦਾਦੀ, ਸਗਲਾ ਸੰਗ ਨਾ ਕੋਇ ਬਣਾਈਆ । ਐਵੇਂ ਫਿਰਕੇ ਆਏ ਬਣਕੇ ਪਾਂਧੀ, ਫੇਰਾ ਜਗਤ ਲੋਕਾਈਆ । ਬਿਨ ਤੇਰੀ ਕਿਰਪਾ ਸਰਬ ਜੀਆਂ ਪਤ ਜਾਂਦੀ, ਹੋਵੇ ਨਾ ਕੋਇ ਸਹਾਈਆ । ਚਾਰੋਂ ਕੁੰਟ ਅੰਧੇਰਾ ਦਿਸੇ ਆਂਧੀ, ਚੰਦ ਨੂਰ ਨਾ ਕੋਇ ਚਮਕਾਈਆ । ਮਨ ਵਾਸਨਾ ਹੋਈ ਫਾਂਦੀ, ਬੰਧਨ ਸਾਰੇ ਰਹੀ ਪਾਈਆ । ਕੋਟਾਂ ਵਿਚੋਂ ਗੁਰਮੁਖ ਤੇਰਾ ਬਾਂਦੀ, ਜੋ ਬੰਦਨਾ ਤੇਰੀ ਸੀਸ ਨਿਵਾਈਆ । ਤੇਰਾ ਖੇਲ ਅਵੱਲੜਾ ਸਵਾਂਗੀ, ਸਵਾਂਗ ਆਪਣਾ ਦੇ ਵਖਾਈਆ । ਸਾਡੀ ਆਸਾ ਥੱਕੀ ਮਾਂਦੀ, ਧਰਮ ਪੁੰਨ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਦੱਸੀਏ ਜਗਤ ਆਦਤ, ਅਮਲ ਛੱਡਿਆ ਜਗਤ ਲੋਕਾਈਆ । ਬਿਨ ਤੇਰੀ ਕਿਰਪਾ ਸਭ ਤੇ ਆਏ ਕਿਆਮਤ, ਕਿਆਮਗਾਹ ਨਜ਼ਰ ਕੋਇ ਨਾ ਆਈਆ । ਕੋਟਾਂ ਵਿਚੋਂ ਭਗਤ ਤੇਰੇ ਅਮਾਨਤ, ਸਹੀ ਸਲਾਮਤ ਸੋਭਾ ਪਾਈਆ । ਅਸੀਂ ਸਿਰਫ਼ ਇਹਨਾਂ ਦੀ ਦੇਣੀ ਜ਼ਮਾਨਤ, ਜਿਹੜੇ ਚਰਨ ਤੇਰੀ ਸਰਨਾਈਆ । ਸਾਚਾ ਬਖ਼ਸ਼ ਨਾਮ ਨਿਆਮਤ, ਰਸ ਆਪਣਾ ਦੇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਮੈਨੂੰ ਲਿਖਤੀ ਦਿਓ ਬਿਆਨ, ਲੇਖਾ ਬਿਨ ਕਲਮ ਸ਼ਾਹੀਆ । ਤੇਈ ਅਵਤਾਰ ਕਹਿਣ ਸਾਡੇ ਭਗਵਾਨ, ਸ੍ਰੀ ਸਰ ਤੈਨੂੰ ਸੀਸ ਝੁਕਾਈਆ । ਨੌ ਖੰਡ ਪ੍ਰਿਥਮੀ ਵਿਚੋਂ ਸਾਨੂੰ ਤੇਈਆਂ ਇਕਾਸੀਆਂ ਉਤੇ ਥੋੜ੍ਹਾ ਜਿਹਾ ਮਾਣ, ਜੋ ਸਾਡਾ ਧਿਆਨ ਲਗਾਈਆ । ਜਿਨ੍ਹਾ ਵਿਚੋਂ ਤਿੰਨ ਤੈਨੂੰ ਪਰਵਾਨ, ਭਾਈ ਗੁਰਦਾਸ ਦਏ ਗਵਾਹੀਆ । ਬਾਕੀ ਦਾ ਸਾਫ਼ ਦਿਸੇ ਨਿਸ਼ਾਨ, ਨਿਸ਼ਾਨੇ ਗਏ ਭੁਲਾਈਆ । ਹਜ਼ਰਤ ਮੂਸਾ ਈਸਾ ਮੁਹੰਮਦ ਕਹੇ ਬੱਤੀਆਂ ਦਾ ਸਾਬਤ ਈਮਾਨ, ਬੱਤੀ ਦੰਦ ਨਾਲ ਵਡਿਆਈਆ । ਇਕ ਤੇਰੀ ਕਰੇ ਕਲਿਆਨ, ਕਲਮਾ ਇਕੋ ਤੇਰਾ ਗਾਈਆ । ਇਸ ਨੇ ਰੋਜ਼ਾ ਰੱਖਿਆ ਨਹੀਂ ਵਿਚ ਰਮਜ਼ਾਨ ਨਿਮਾਜ਼ ਵਿਚ ਨਾ ਸੀਸ ਝੁਕਾਈਆ । ਕਦੀ ਬੋਲਿਆ ਨਹੀਂ ਨਾਲ ਜ਼ਬਾਨ, ਮੁਖ ਰਾਗ ਨਾ ਕੋਇ ਅਲਾਈਆ । ਸਦ ਤੇਰਾ ਸੁਣਦਾ ਰਹੇ ਪੈਗ਼ਾਮ, ਕਲਾਮ ਨੂਰ ਅਲਾਹੀਆ । ਤੇਰਾ ਖੇਲ ਵਡਾ ਅਮਾਮ, ਮਹਿਜ਼ ਤੈਨੂੰ ਦਿਤਾ ਦ੍ਰਿੜਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ


੭੭੯
੨੦

ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਗੁਰੂ ਦਸ ਕਹਿਣ ਕੀ ਦੱਸੀਏ ਪਾਰਬ੍ਰਹਮ, ਪ੍ਰਭੂ ਤੇਰੀ ਵਡਿਆਈਆ । ਇਕ ਸੌ ਪੰਜ ਦਾ ਸਾਬਤ ਦਿਸੇ ਧਰਮ, ਜਿਨ੍ਹਾਂ ਨੂੰ ਧਰਮ ਮਿਲੀ ਵਡਿਆਈਆ । ਇਕਾਨਵਿਆਂ ਦਾ ਗੋਬਿੰਦ ਨਾਲ ਜਨਮ, ਚੌਦਾਂ ਨਾਨਕ ਸੰਗ ਨਿਭਾਈਆ । ਬਾਕੀ ਸਭ ਦੇ ਅੰਦਰ ਭਰਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਾਡੇ ਨੇਤਰ ਆਵੇ ਸ਼ਰਮ, ਨੈਣ ਅੱਖ ਸ਼ਰਮਾਈਆ । ਤੇਰਾ ਹੁਕਮ ਕਲਜੁਗ ਕੂੜੀ ਕਿਰਿਆ ਬਦਲ ਦਿਤਾ ਕਰਮ, ਧੀਰਜ ਧੀਰ ਨਾ ਕੋਇ ਧਰਾਈਆ । ਅਸੀਂ ਮੇਟ ਕੇ ਆਏ ਵਰਨ ਬਰਨ, ਵਰਨਾਂ ਬਰਨਾਂ ਲੱਗੀ ਜਗਤ ਲੜਾਈਆ । ਗੋਬਿੰਦ ਲੇਖਾ ਦੱਸ ਕੇ ਆਇਆ ਤੇਰੇ ਚਰਨ, ਆਪਣੀ ਪੂਜਾ ਨਾ ਕੋਈ ਕਰਾਈਆ । ਸਚ ਦਾ ਦੱਸਿਆ ਪੜ੍ਹਨ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਜੋ ਤੇਰਾ ਦਰਸ਼ਨ ਕਰਨ, ਉਹਨਾ ਜਨਮੇ ਕਦੇ ਨਾ ਮਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਹਿਣ ਰਲਕੇ, ਰਲਾ ਵਿਚ ਰਹਿਣ ਨਾ ਪਾਈਆ । ਇਕੋ ਦੀਪਕ ਜੋਤੀ ਜਲ ਕੇ, ਤੇਰਾ ਨੂਰ ਕਰੇ ਰੁਸ਼ਨਾਈਆ । ਅਸੀਂ ਖੇਲ ਵੇਖੀਏ ਜਲ ਥਲ ਕੇ, ਦੋ ਜਹਾਨਾਂ ਫੋਲ ਫੁਲਾਈਆ । ਗੁਰਮੁਖ ਸੰਤ ਸੁਹੇਲੇ ਤੱਕੇ ਜੋ ਤੇਰੀ ਸਰਨੀ ਪਲਦੇ, ਪਲਕ ਨਾ ਝੱਲਣ ਜੁਦਾਈਆ । ਜਿਨ੍ਹਾ ਦੇ ਲਹਿਣੇ ਦੇਣੇ ਕਲਜੁਗ ਕਲ ਦੇ, ਕਲ ਕਲਕੀ ਤੇਰੀ ਓਟ ਤਕਾਈਆ । ਅਸੀਂ ਤੇਰਾ ਹੁਕਮ ਸੰਦੇਸੇ ਰਹੇ ਘਲਦੇ, ਜੁਗ ਜਗਤ ਸੁਣਾਈਆ । ਅੰਤਮ ਤੇਰੇ ਵਿਚ ਰਲਦੇ, ਨਾਤਾ ਤੋੜ ਖ਼ਲਕ ਖ਼ੁਦਾਈਆ । ਹੁਣ ਮਸਲੇ ਨਹੀਂ ਹੱਲ ਦੇ, ਹਾਲਤ ਰਹੇ ਜਣਾਈਆ । ਤੇਰਾ ਭਾਣਾ ਰਹੇ ਝਲਦੇ, ਸਿਰ ਸਕਿਆ ਨਾ ਕੋਇ ਉਠਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀਆ ਵੇਖੀ ਖ਼ਾਲੀ, ਖ਼ਾਲੀ ਕੀਤੀ ਖ਼ਲਕ ਖ਼ੁਦਾਈਆ । ਬਿਨ ਤੇਰੇ ਅੱਗੇ ਰਹੇ ਕੋਈ ਨਾ ਮਾਲੀ, ਗ਼ੁੰਚਾ ਗੁਲ ਨਾ ਕੋਇ ਖਿਲਾਈਆ । ਚਾਰ ਜੁਗ ਅਸਾਂ ਘਾਲ ਘਾਲੀ, ਬਹੁ ਤੇਰੀ ਸੇਵ ਕਮਾਈਆ । ਤੇਰੇ ਨਾਮ ਦੀ ਕਰਦੇ ਰਹੇ ਦਲਾਲੀ, ਜਗ ਵਣਜਾਰੇ ਰੂਪ ਬਦਲਾਈਆ । ਅੰਤਮ ਦਰ ਤੇ ਖੜ੍ਹੇ ਸਵਾਲੀ, ਆਪਣਾ ਹਾਲ ਸੁਣਾਈਆ । ਵੇਲਾ ਵਕਤ ਵੇਖ ਹਾਲੀ, ਮਾਜ਼ੀ ਆਪਣੀ ਨਿਗਾਹ ਟਿਕਾਈਆ । ਤੇਰੀ ਮੁਹੱਬਤ ਮਿਲੇ ਨਾ ਭਾਲੀ, ਸਾਚਾ ਸੰਗ ਨਾ ਕੋਇ ਬਣਾਈਆ । ਕਲਜੁਗ ਰੈਣ ਅੰਧੇਰੀ ਕਾਲੀ, ਕਲਮਿਆਂ ਵਾਲੇ ਦਿਤੇ ਭੁਲਾਈਆ । ਪੱਤ ਰਹੇ ਕਿਸੇ ਨਾ ਡਾਲੀ, ਸਿੰਮਲ ਰੁੱਖ ਦੇਣ ਦੁਹਾਈਆ । ਤੇਰੀ ਚਾਲ ਪ੍ਰਭੂ ਨਿਰਾਲੀ, ਜੁਗ ਚੌਕੜੀ ਬਦਲਦੀ ਆਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦੇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਪਣੇ ਦਿਤੇ ਬਤਾ, ਬਹੁਤਿਆਂ ਵਿਚੋਂ ਥੋੜ੍ਹੇ ਨਜ਼ਰੀ ਆਈਆ । ਜਿਹੜੇ ਮੰਨਣ ਸਾਡੀ ਰਜ਼ਾ, ਰਾਹ ਤੇਰਾ ਰਹੇ ਤਕਾਈਆ । ਤੂੰ ਵਾਹਿਦ ਇਕ ਖ਼ੁਦਾ, ਖ਼ੁਦ ਖ਼ਬਰ ਦੇ ਪੁਚਾਈਆ । ਤੇਰੇ ਨਾਮ ਦੀ ਗਾਉਣ ਸਦਾ, ਢੋਲਾ ਧੁਰਦਰਗਾਹੀਆ । ਅੱਗੇ ਚਲਾ ਆਪਣੀ ਰਜ਼ਾ, ਰਾਜ਼ਕ ਰਹੀਮ ਹੋ ਸਹਾਈਆ । ਤੇਰਾ ਨਾਮ ਵਡ ਅਲਾਹ, ਅੱਲਾ ਆਪਣੀ ਕਾਰ ਕਮਾਈਆ । ਸਾਚਾ ਮਾਰਗ ਦੱਸ ਰਾਹ, ਰਹਿਬਰ ਇਕੋ ਬਣ ਗੋਸਾਈਆਂ । ਸਾਚੇ ਭਗਤਾਂ ਲੈ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਅਗਲਾ ਮਾਰਗ ਦੇ ਲਗਾ, ਹੁਕਮ ਆਪਣਾ ਇਕ ਦ੍ਰਿੜਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਦੱਸਿਆ ਹਾਲ ਹਕੀਕੀ, ਹਕ ਦਿਤਾ ਜਣਾਈਆ । ਪ੍ਰਭੂ ਥੋੜ੍ਹਿਆਂ ਦੀ ਵੇਖੀ ਪ੍ਰੀਤੀ, ਇਕ

ਸਤ ਨਾਲ ਸਮਝਾਈਆ । ਅੱਗੇ ਭਗਤਾਂ ਦੀ ਰੱਖਣੀ ਰੀਤੀ, ਜੋ ਮੰਦਰ ਮਸੀਤੀ ਰਹੇ ਤਜਾਈਆ । ਤੇਰੀ ਖੇਲ ਸਦਾ ਅਨਡਿਠੀ, ਜੁਗ ਚੌਕੜੀ ਚਲੀ ਆਈਆ । ਲਹਿਣਾ ਦੇਣਾ ਪੂਰਾ ਕਰ ਦੇ ਚਿਉਂਟੀ, ਗੁਰਮੁਖ ਗੁਰ ਗੁਰ ਰੰਗ ਰੰਗਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇਣਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੁਰ ਗੋਬਿੰਦ, ਤੇਰੇ ਨਾਲ ਵਡਿਆਈਆ । ਤੇਰਾ ਲੇਖਾ ਗਹਿਰ ਗੰਭੀਰ ਸਾਗਰ ਸਿੰਧ, ਕਲਮ ਸ਼ਾਹੀ ਨਾ ਕੋਈ ਸਮਝਾਈਆ । ਤੂੰ ਮਾਲਕ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਈਆ । ਸਭ ਦੀ ਮਿਟਾ ਦੇ ਚਿੰਦ, ਚਿੰਤਾ ਦੇ ਚੁਕਾਈਆ । ਤੇਰਾ ਰੂਪ ਧਾਰ ਸਿੰਘ, ਜਿਸ ਦੀ ਵੰਡ ਨਾ ਕਿਸੇ ਵੰਡਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਮੈਂ ਕਰਾਂ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਪ੍ਰਭੂ ਤੇਰਾ ਖੇਲ ਅਪਾਰ, ਜੁਗ ਚੌਕੜੀ ਵੇਖ ਵਖਾਈਆ । ਅਸੀਂ ਸਾਰੇ ਵੇਖ ਕੇ ਆਏ ਤੇਰਾ ਸੰਸਾਰ, ਬਣ ਕੇ ਪਾਂਧੀ ਰਾਹੀਆ । ਸਾਚੇ ਪ੍ਰੇਮੀ ਲਏ ਭਾਲ, ਲੇਖੇ ਵਿਚ ਦਿਤੇ ਜਣਾਈਆ । ਅੱਗੇ ਆਪ ਕਰ ਸੰਭਾਲ, ਹੱਥ ਤੇਰੇ ਵਡਿਆਈਆ । ਲੇਖਾ ਜਾਣ ਸ਼ਾਹ ਕੰਗਾਲ, ਊਚਾਂ ਨੀਚਾਂ ਡੇਰਾ ਢਾਹੀਆ । ਧੁਰ ਬੇਨੰਤੀ ਇਕ ਮਹਿਬਾਨ, ਸਵਾਲ ਜਵਾਬ ਨਾ ਕੋਇ ਵਖਾਈਆ । ਅੱਗੋਂ ਬੋਲ ਕਿਹਾ ਭਗਵਾਨ, ਸ਼ਬਦ ਸਚ ਸ਼ਨਵਾਈਆ । ਗੁਰ ਅਵਤਾਰ ਪੈਗ਼ੰਬਰ ਬੋਲ ਬਿਨਾ ਜ਼ਬਾਨ, ਸੀਸ ਨਿਵਾ ਕੇ ਸੀਸ ਝੁਕਾਈਆ । ਕਿਉਂ ਸਾਡਾ ਇਸ਼ਟ ਇਕ ਈਮਾਨ, ਮਾਲਕ ਨੂਰ ਖ਼ੁਦਾਈਆ । ਦੀਨ ਮਜ਼੍ਹਬ ਸ਼ਰਅ ਨਾ ਰਹੇ ਸ਼ੈਤਾਨ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਸਭ ਦਾ ਸਾਂਝਾ ਇਕ ਅਸਥਾਨ, ਦਰ ਦਵਾਰ ਇਕੋ ਸੋਭਾ ਪਾਈਆ । ਮਾਲਕ ਨੌਜਵਾਨ, ਸੂਰਬੀਰ ਅਖਵਾਈਆ । ਜਿਹੜਾ ਕਲਜੁਗ ਅੰਤਮ ਆਵੇ ਵਿਚ ਮੈਦਾਨ, ਮਦਦ ਮੰਗ ਨਾ ਕੋਇ ਮੰਗਾਈਆ । ਝਗੜਾ ਮੁਕਾ ਜ਼ਿਮੀਂ ਅਸਮਾਨ, ਦੋ ਜਹਾਨਾਂ ਖੇਲ ਵਖਾਈਆ । ਸਾਚੇ ਨਾਮ ਦਾ ਬਣਾ ਵਿਧਾਨ, ਹੁਕਮ ਆਪਣਾ ਇਕ ਚਲਾਈਆ । ਸਾਚੇ ਭਗਤਾਂ ਕਰ ਪਰਵਾਨ, ਪਰਵਾਨੇ ਧੁਰ ਦੇ ਦਏ ਫੜਾਈਆ । ਸੁਰਤੀ ਸ਼ਬਦੀ ਮੇਲਾ ਮੇਲੇ ਹਾਣੀ ਹਾਣ, ਜੋਤੀ ਧੁਰ ਦੀ ਜੋੜ ਜੁੜਾਈਆ । ਸਾਚਾ ਬਣ ਅਗੰਮੀ ਕਾਹਨ, ਗੋਪੀ ਬਿਨਾ ਗਵਾਲਿਆਂ ਲਏ ਪ੍ਰਨਾਈਆ । ਸਾਚਾ ਹੋ ਕੇ ਸਚ ਅਮਾਮ, ਅਮਲਾਂ ਦੇ ਅਮਲ ਰਿਹਾ ਬਦਲਾਈਆ । ਦੇ ਕੇ ਧੁਰ ਫ਼ਰਮਾਨ, ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਸਾਚੇ ਭਗਤਾਂ ਨਾਲ ਤੁਹਾਡਾ ਨਿਸ਼ਾਨ, ਬਿਨਾ ਨਿਸ਼ਾਨੇ ਨਿਸ਼ਾਨਾ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਕੀ ਤੇਰਾ ਨਿਸ਼ਾਨਾ, ਨਿਸ਼ਾਨਿਆਂ ਵਾਲੇ ਦੇ ਜਣਾਈਆ । ਪੁਰਖ ਅਕਾਲ ਕਹੇ ਮੇਰਾ ਭਗਤ ਕਦੇ ਨਾ ਹੋਵੇ ਬੇਗਾਨਾ, ਦੂਜਾ ਰੂਪ ਨਾ ਕੋਇ ਵਟਾਈਆ । ਉਹਦਾ ਖੇਲ ਜਗਤ ਜਹਾਨਾ, ਜਿਸਮ ਜ਼ਮੀਰ ਨਾ ਕੋਇ ਬਦਲਾਈਆ । ਅੰਤਰ ਬਾਹਰ ਗਾਵੇ ਮੇਰਾ ਗਾਣਾ, ਸਾਚਾ ਢੋਲਾ ਇਕ ਸਾਲਾਹੀਆ । ਧੁਰ ਦਰਗਾਹੇ ਦੇਵੇ ਮਾਣਾ, ਮਾਹੀ ਹੋ ਕੇ ਮੁਹੱਬਤ ਵਿਚ ਖੋਜ ਖੁਜਾਈਆ । ਵੇਲਾ ਵਕਤ ਕਰਾਂ ਸੁਹਾਨਾ, ਸੋਹਣਾ ਰੰਗ ਰੰਗਾਈਆ । ਪ੍ਰਗਟ ਹੋ ਕੇ ਵਿਚ ਜਹਾਨਾ, ਜਹਾਲਤ ਕੂੜੀ ਦਿਆਂ ਮਿਟਾਈਆ । ਅੰਤਮ ਆਵਾਂ ਵਿਚ ਮੈਦਾਨਾ, ਡੰਕਾ ਇਕੋ ਇਕ ਵਜਾਈਆ । ਕਰੇ ਖੇਲ ਆਪ ਮਹਾਨਾ, ਮਹਿੰਮਾ ਅਕਥ ਅਕਥ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸਾਂ ਸੋਲਾਂ ਹਾੜ੍ਹ ਫੇਰ ਹੋਣਾ ਰਵਾਨਾ, ਲੋਕਮਾਤ ਰਾਹ ਤਕਾਈਆ । ਆਪਣੇ ਆਪਣੇ ਨਾਮ ਦਾ ਲੈ ਕੇ ਜਾਇਓ ਨਾਲ ਪੈਮਾਨਾ,



੭੮੧
੨੦

ਪੈਮਾਇਸ਼ ਅਗਲੀ ਦਏ ਸਮਝਾਈਆ । ਜਿਸ ਨਵਾਂ ਬਣਾਉਣਾ ਭਗਤਾਂ ਦਾ ਖਾਨਾ, ਖਾਨਗਾਹ ਨਜ਼ਰ ਕੋਇ ਨਾ ਆਈਆ । ਏਕਾ ਡੰਕ ਵਜਾਉਣਾ ਦਮਾਮਾ, ਦਮਾਂ ਦਾ ਲਹਿਣਾ ਦੇਣਾ ਮੁਕਾਈਆ । ਤੁਸਾਂ ਉਤਰਨਾ ਉਤੋਂ ਅਸਮਾਨਾਂ, ਜ਼ਿਮੀਂ ਉਤੇ, ਆਪਣਾ ਆਪ ਟਿਕਾਈਆ । ਮੈਂ ਪਹਿਰ ਕੇ ਜੋਤੀ ਜਾਮਾ, ਸ਼ਬਦੀ ਗੋਬਿੰਦ ਨਾਲ ਉਠਾਈਆ । ਸਾਚਾ ਮਾਰਗ ਦੱਸਣਾ ਆਸਾਨਾ, ਅਸਲ ਦੇਣਾ ਜਣਾਈਆ । ਆਓ ਤੱਕੋ ਲੱਖ ਚੁਰਾਸੀ ਦਾ ਧਰਮ ਦਾ ਕਾਹਨਾ, ਜਿਸ ਦੀ ਗੋਪੀ ਅੰਗ ਨਾ ਕੋਈ ਲਗਾਈਆ । ਜਿਸ ਦਾ ਭਗਤੀ ਨਾਲ ਭਰਿਆ ਨਾ ਕਦੇ ਖ਼ਜ਼ਾਨਾ, ਜੁਗ ਜੁਗ ਭਗਤਾਂ ਸਦ ਆਪ ਵਰਤਾਈਆ । ਓਸ ਨੇ ਬਦਲ ਦੇਣਾ ਜ਼ਮਾਨਾ, ਹੁਕਮੇ ਅੰਦਰ ਹੁਕਮ ਸੁਣਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਹੁਕਮ ਨਾਲ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਲੋ ਚਲੀਏ ਜਗ, ਪ੍ਰਭੂ ਰੀਤੀ ਵੇਖ ਵਖਾਈਆ । ਸਚ ਦਵਾਰਾ ਵੇਖੀਏ ਸਜ, ਜਿਥੇ ਸੱਜਣ ਧੁਰਦਰਗਾਹੀਆ । ਗੁਰਦਾਸ ਕਿਹਾ ਰਾਹ ਵਿਚ ਵੇਖੋ ਲੱਗੀ ਅੱਗ, ਚੌਦਾਂ ਤਬਕ ਰਹੇ ਕੁਰਲਾਈਆ । ਮੇਰੀ ਕਲਮ ਨੇ ਰਸਤਾ ਬੰਦ ਕੀਤਾ ਸ਼ਾਹ ਰਗ, ਰਵਦਾਸ ਚਮਿਆਰਾ ਨਾਲ ਗਵਾਹੀਆ । ਕਲਜੁਗ ਹੰਸ ਬੁੱਧੀ ਹੋਈ ਕੱਗ, ਸਾਚਾ ਰੰਗ ਨਾ ਕੋਈ ਰੰਗਾਈਆ । ਅੱਗੇ ਖੇਲ ਸੂਰਾ ਸਰਬਗ ਹਰਿ ਕਰਤਾ ਆਪ ਦ੍ਰਿੜਾਈਆ । ਜਿਸ ਨੇ ਭਗਤ ਸੁਹੇਲੇ ਸੱਦ, ਸੱਦਾ ਸ਼ਬਦ ਹੁਕਮ ਸੁਣਾਈਆ । ਪ੍ਰੇਮ ਪ੍ਰੀਤੀ ਅੰਦਰ ਲਏ ਬੱਧ, ਬੰਦਨਾ ਇਕੋ ਦਿਤੀ ਜਣਾਈਆ । ਦੀਨ ਦੁਨੀ ਨਾਲੋਂ ਕਰ ਅਲੱਗ, ਅਗੰਮ ਕਥਾ ਰਿਹਾ ਸੁਣਾਈਆ । ਆਓ ਇਕੋ ਕਰੋ ਹੱਜ, ਬਿਨ ਕਾਅਬੇ ਕਾਅਬਾ ਰਿਹਾ ਪ੍ਰਗਟਾਈਆ । ਪੁਰਖ ਅਕਾਲ ਲਓ ਲੱਭ, ਗੋਬਿੰਦ ਮਿਲੇ ਧੁਰਦਰਗਾਹੀਆ । ਰਾਮ ਦਵਾਰੇ ਬਹੋ ਸਜ, ਕਾਹਨਾ ਬੰਸਰੀ ਦਏ ਸੁਣਾਈਆ । ਸਾਚੀ ਮੰਜ਼ਲ ਕਰੋ ਹੱਜ, ਮਹਿਬੂਬ ਤੱਕੋ ਨੂਰ ਖ਼ੁਦਾਈਆ । ਜਗਤ ਵਿਹਾਰ ਦਿਓ ਛੱਡ, ਛੁੱਟੇ ਕੂੜ ਲੋਕਾਈਆ । ਜਨ ਭਗਤੋ ਨਾਅਰਾ ਲਾਓ ਅੱਡ, ਵੱਖਰਾ ਰਹਿਣ ਕੋਈ ਨਾ ਪਾਈਆ । ਸਤਿਗੁਰ ਮਾਲਕ ਇਕ ਸਰਬਗ, ਅਲਪਗਾਂ ਲਏ ਤਰਾਈਆ । ਕੋਈ ਰਹੇ ਨਾ ਬਗੜਾ ਬਪ, ਕੂੜ ਵੇਸ ਨਜ਼ਰ ਨਾ ਆਈਆ । ਸਭ ਦਾ ਲਹਿਣਾ ਮੇਟੇ ਹੱਬ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਪਰਗਟਾਈਆ । ਸਚ ਹੁਕਮ ਆਪ ਪਰਗਟਾਵਾਂਗਾ । ਗੁਰ ਅਵਤਾਰ ਪੈਗ਼ੰਬਰਾਂ ਸਰਬ ਵਖਾਵਾਂਗਾ । ਜਗਤ ਰੀਤੀ ਨੀਤੀ ਆਪ ਬਦਲਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਗੰਢ ਜੋ ਗਈ ਪੀਚੀ, ਜਨ ਭਗਤਾਂ ਕੋਲੋਂ ਖੁਲ੍ਹਾਵਾਂਗਾ । ਸੋਹਣੀ ਫੁਲਵਾੜੀ ਲਾ ਬਗ਼ੀਚੀ, ਗੋਬਿੰਦ ਆਪਣਾ ਫੇਰਾ ਪਾਵਾਂਗਾ । ਜਿਹੜਾ ਖ਼ੂਨ ਕੱਢਿਆ ਵਿਚੋਂ ਚੀਚੀ, ਚੰਮ ਦ੍ਰਿਸ਼ਟੀਆਂ ਵਿਚੋਂ ਬਦਲਾਵਾਂਗਾ । ਤੁਸੀਂ ਅਗਲਾ ਸਾਲ ਕੱਢਣਾ ਵੱਟ ਕਸੀਸੀ, ਕਚੀਚੀ ਸਭ ਦੀ ਆਪ ਖੁਲ੍ਹਾਵਾਂਗਾ । ਤੁਹਾਡੀ ਤੁੱਟਣ ਨਾ ਦੇਵੇ ਪ੍ਰੀਤੀ, ਪੱਤਰੀਆਂ ਦੇ ਉਤੋਂ ਲੇਖਾ ਸਰਬ ਮੁਕਾਵਾਂਗਾ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਵਾਂਗਾ । ਗੁਰ ਅਵਤਾਰ ਪੈਗ਼ੰਬਰ ਨਾਲ ਲਿਆਵਾਂਗਾ । ਨਿਰਗੁਣ ਧਾਰ ਨੂਰ ਚਮਕਾਵਾਂਗਾ । ਸ਼ਬਦ ਨਾਦ ਧੁਨ ਸੁਣਾਵਾਂਗਾ । ਜਨ ਭਗਤੋ ਤੁਹਾਡੇ ਬਣਾ ਕੇ ਅਗਲੇ ਗੁਣ, ਪਿਛਲਾ ਲੇਖਾ ਸਾਫ਼ ਕਰਾਵਾਂਗਾ । ਅਗਲਾ ਲਹਿਣਾ ਮੁਕਾ ਕੇ ਹੁਣ, ਹਾਂ ਹੂੰ ਪੰਧ ਮੁਕਾਵਾਂਗਾ । ਜੇ ਲੱਖ ਚੁਰਾਸੀ ਵਿਚੋਂ ਲਏ ਚੁਣ, ਅੱਗੇ ਆਪਣੇ ਰੰਗ ਰੰਗਾਵਾਂਗਾ । ਹੋਰ ਰਹੇ ਨਾ ਕੋਈ ਰਿਖ ਮੁਨ, ਸਭ ਦਾ ਮਾਣ ਭਗਤਾਂ ਆਪ ਦਵਾਵਾਂਗਾ । ਸਤਿਜੁਗ ਸਾਚੀ ਚਲੇ ਕੁਲ, ਮਾਲਕ ਹੋ ਕੇ ਪਾਰ ਲਗਾਵਾਂਗਾ । ਗੁਰਮੁਖ ਕੋਈ ਨਾ

ਜਾਏ ਰੁਲ, ਜਿਸ ਦੇ ਮਾਲਾ ਹੱਥ ਫੜਾਵਾਂਗਾ । ਗੁਰ ਅਵਤਾਰ ਪੈਗ਼ੰਬਰ ਤੁਹਾਡਾ ਤੋਲ ਨਾ ਸਕਣ ਤੋਲ, ਤੋਲਾ ਇਕੋ ਨਜ਼ਰੀ ਆਵਾਂਗਾ । ਤੁਸਾਂ ਗਾਉਣਾ ਸੋਹੰ ਬੋਲ, ਅੰਦਰ ਵੜ ਕੇ ਆਪ ਬਦਲਾਵਾਂਗਾ । ਦੋ ਜਹਾਨਾਂ ਵੱਜੇ ਢੋਲ, ਡੰਕਾ ਇਕੋ ਹੱਥ ਉਠਾਵਾਂਗਾ । ਜਿਧਰ ਤੱਕੇ ਵਸਾਂ ਕੋਲ, ਨੇੜਾ ਦੂਰ ਪੰਧ ਮੁਕਾਵਾਂਗਾ । ਸਚ ਦਵਾਰ ਤੁਹਾਡਾ ਖੋਲ੍ਹ, ਜਨ ਭਗਤੋ ਦੋ ਜਹਾਨ ਆਪ ਪਰਗਟਾਵਾਂਗਾ । ਤੁਸਾਂ ਬੈਠੇ ਰਹਿਣਾ ਅਡੋਲ, ਨੌ ਖੰਡ ਆਪਣੀ ਕਾਰ ਕਮਾਵਾਂਗਾ । ਹਰ ਹਿਰਦੇ ਅੰਦਰ ਮੌਲ, ਮੌਲੀ ਤੰਦ ਗੰਢ ਪਵਾਵਾਂਗਾ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਸਚ ਰੰਗਾਵਾਂਗਾ । ਸਾਚਾ ਰੰਗ ਇਕ ਰੰਗਾਵਾਂਗਾ । ਲੱਖ ਚੁਰਾਸੀ ਵਿਚੋਂ ਪਰਗਟਾਵਾਂਗਾ । ਗੁਰ ਅਵਤਾਰ ਪੈਗ਼ੰਬਰਾਂ ਸੋਹਣੇ (ਸੰਗ), ਭਗਤ ਭਗਤੀ ਰੂਪ ਵਖਾਵਾਂਗਾ । ਜਿਹੜੇ ਕਿਸੇ ਦੇ ਕੋਲੋਂ ਨਹੀਂ ਕੁਛ ਮੰਗਦੇ (ਮੰਗ), ਉਹਨਾਂ ਦੀ ਝੋਲੀ ਆਪ ਭਰਾਵਾਂਗਾ । ਤੁਹਾਡੀ ਸੁਰਤੀ ਨਾਲ ਜਾਵੇ ਹੰਢ, ਪਿਛਲੀਆਂ ਤੁੱਟੀਆਂ ਅੱਗੇ ਨਾਲ ਜੁੜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਦੀ ਖੋਲ੍ਹ ਕੇ ਗੰਢ, ਜਨ ਭਗਤੋ ਗੰਢ ਤੁਹਾਡੀ ਜੋੜ ਜੁੜਾਵਾਂਗਾ । ਸਚ ਪਿਆਰ ਦੀ ਦੇ ਕੇ ਗੰਢ, ਪੱਲੂ ਆਪਣੇ ਨਾਲ ਜੁੜਾਵਾਂਗਾ । ਜਨ ਭਗਤੋ ਵੇਲਾ ਯਾਦ ਰੱਖਣਾ ਸਾਢੇ ਪੰਜ, ਪੰਜਾਂ ਦੇ ਪੰਜੇ ਆਪ ਲਗਾਵਾਂਗਾ । ਇੱਕੀਆਂ ਇੱਕੀਆਂ ਦਾ ਹੋਵੇ ਸੰਗ, ਗੋਬਿੰਦ ਦੀ ਇਕੀ ਸਰਬ ਵਖਾਵਾਂਗਾ । ਇਸਤਰੀ ਪੁਰਸ਼ ਇਕੋ ਰੂਪ ਨੂਰ ਚੰਦ, ਬਿਰਧ ਬਾਲ ਨਾ ਵੰਡ ਵੰਡਾਵਾਂਗਾ । ਜਿਹੜਾ ਮਾਰ ਕੇ ਆਇਆ ਪੰਧ, ਪਾਂਧੀ ਹੋ ਕੇ ਪਾਰ ਲੰਘਾਵਾਂਗਾ । ਤੁਸਾਂ ਸੋਹੰ ਗਾਉਣਾ ਛੰਦ, ਤੁਹਾਡੇ ਮਨ ਕਾ ਮਣਕਾ ਆਪ ਭਵਾਵਾਂਗਾ । ਇੱਕੀ ਕਦਮ ਜਾਣਾ ਲੰਘ, ਇਕੀ ਇਕ ਵੰਡ ਵੰਡਾਵਾਂਗਾ । ਛੋਟਿਆਂ ਬਾਲਿਆਂ ਅੰਦਰ ਦੇ ਕੇ ਅਨੰਦ, ਬਿਨਾ ਮਣਕੇ ਤੋਂ ਮਮਤਾ ਮੋਹ ਚੁਕਾਵਾਂਗਾ । ਓਹਨਾਂ ਦੀ ਆਤਮ ਸੇਜ ਸੁਹਾ ਪਲੰਘ, ਸਾਢੇ ਤਿੰਨ ਸਾਲ ਤੋਂ ਅੰਦਰ ਛੋਟਿਆਂ ਸਭ ਦੇ ਅੰਦਰ ਡੇਰਾ ਲਾਵਾਂਗਾ । ਜਿਨ੍ਹਾਂ ਬਿਰਧਾਂ ਨੂੰ ਚਲਦਿਆਂ ਚਲਦਿਆਂ ਆ ਜਾਏ ਖੰਘ, ਓਹਨਾਂ ਦੇ ਸਵਾਸੇ ਆਪ ਚਲਾਵਾਂਗਾ । ਜਿਨ੍ਹਾਂ ਨੇ ਕਰਨਾ ਵਿਚ ਪਖੰਡ, ਉਹਨਾਂ ਨੂੰ ਸੱਠ ਦਿਨ ਤੋਂ ਬਹੁਤੀ ਉਮਰ ਨਾ ਹੋਰ ਭੁਗਤਾਵਾਂਗਾ । ਇਹ ਵੇਖਣ ਵਾਲਾ ਇਕੋ ਅਨੰਦ, ਭੇਖੀਆਂ ਭੇਖਾਧਾਰੀਆਂ ਭੇਖ ਗਵਾਵਾਂਗਾ । ਓਹ ਜਨ ਭਗਤੋ ਕਿਸੇ ਨੂੰ ਝੂਠ ਦਾ ਖਾਣ ਦੇਣਾ ਨਹੀਂ ਇਕ ਡੰਗ, ਡੰਡਾ ਆਪਣੇ ਹੱਥ ਉਠਾਵਾਂਗਾ । ਓਸ ਦਵਾਰੇ ਦੇਵਾਂ ਟੰਗ, ਜਿਥੋਂ ਜੁਗ ਚੌਕੜੀ ਜੂਨੀਆਂ ਵਿਚ ਭਵਾਵਾਂਗਾ । ਜਿਸ ਕਾਰਨ ਮਾਰਨ ਆਇਆ ਪੰਧ, ਸੋ ਗੁਰ ਅਵਤਾਰ ਪੈਗ਼ੰਬਰਾਂ ਖੇਲ ਵਖਾਵਾਂਗਾ । ਅੱਗੇ ਕਰ ਕੇ ਆਪਣੇ ਵਿਚ ਬੰਦ, ਬੰਦਿਆਂ ਤੋਂ ਬੰਦੇ ਆਪਣੇ ਫੇਰ ਬਣਾਵਾਂਗਾ । ਕਿਸੇ ਨੇ ਸਤਾਰਾਂ ਹਾੜ੍ਹ ਨੂੰ ਕਰਨੀ ਨਹੀਂ ਕੋਈ ਸੰਗ, ਸੋਹੰ ਢੋਲਾ ਸਭ ਦੀ ਰਸਨਾ ਵਿਚੋਂ ਕਢਾਵਾਂਗਾ । ਜਿਹੜਾ ਧੋਖੇ ਨਾਲ ਹਿਲਾਵੇ ਦੰਦ, ਉਹਦੇ ਦੰਦਾਂ ਤੋਂ ਪਿਛੇ ਸਾਹ ਰਖਾਵਾਂਗਾ । ਜੋ ਲੇਖਾ ਗਿਆ ਸਮਝਾ ਕੇ ਪੁਰੀ ਅਨੰਦ, ਅਨੰਦ ਪੁਰੀ ਦਾ ਵਾਸੀ ਹੋ ਕੇ ਅਨੰਦ ਪੁਰੀ ਫੇਰ ਵਸਾਵਾਂਗਾ । ਜਿਥੇ ਗੁਰਮੁਖ ਚਮਕੇ ਚੰਦ, ਓਥੇ ਗੋਬਿੰਦ ਨਜ਼ਰੀ ਆਵਾਂਗਾ । ਤੁਸੀਂ ਮੇਰੇ ਤੇ ਮੈਂ ਤੁਹਾਡਾ ਅੰਗ, ਅੰਗੀਕਾਰ ਆਪ ਹੋ ਜਾਵਾਂਗਾ । ਭਗਤ ਉਧਾਰਨਾ ਪ੍ਰਭ ਦਾ ਵੱਖਰਾ ਢੰਗ, ਢਾਡੀਆਂ ਕੋਲੋਂ ਰਾਗ ਨਾ ਕੋਈ ਅਲਾਵਾਂਗਾ । ਤੁਹਾਡਾ ਲੇਖਾ ਰਹੇ ਨਾ ਕਰੀਰ ਜੰਡ, ਜੇਰਜ ਅੰਡ ਵਿਚੋਂ ਬਾਹਰ ਕਢਾਵਾਂਗਾ । ਤੁਸਾਂ ਇਕੋ ਗਾਉਣਾ ਛੰਦ, ਛਿੰਦੇ ਬੱਚੇ ਆਪ ਬਣਾਵਾਂਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਵਾਂਗਾ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਵੇਂ ਚਲੇ ਧਾਰ, ਧਰਨੀ ਉਪਰ ਦੇ ਸਮਝਾਈਆ ।

੭੮੩
੨੦

ਪੁਰਖ ਅਕਾਲ ਕਹੇ ਸਾਚੀ ਵੇਖਣੀ ਨਿਗਾਹ ਮਾਰ, ਨਿਗਾਹਬਾਨ ਨਾਲ ਰਲਾਈਆ । ਇਕੀਆਂ ਦਾ ਸਿਕਦਾਰ, ਇਕੋ ਇਕ ਨਜ਼ਰੀ ਆਈਆ । ਜੰਮੂ ਵਾਲਿਆਂ ਕਰ ਖ਼ਬਰਦਾਰ, ਸਭ ਤੋਂ ਅੱਗੇ ਦਏ ਲਗਾਈਆ । ਮਾਝੇ ਵਾਲਿਆਂ ਸੁਰਤ ਸੰਭਾਲ, ਪਲੂ ਧਰਮ ਦੀ ਗੰਢ ਪਵਾਈਆ । ਦਿੱਲੀ ਇਟਾਰਸੀ ਪੂਨਾ ਕਾਨਪੁਰ ਮਾਹੂ ਪੈਜ ਸਵਾਰ, ਜੋੜੀ ਧੁਰ ਦੀ ਜੋੜ ਜੁੜਾਈਆ । ਦੁਆਬੇ ਵਾਲਿਆਂ ਪੁਛ ਕੇ ਹਾਲ, ਪਸਚਾਤਾਪ ਦਏ ਮੁਕਾਈਆ । ਮਾਲਵੇ ਵਾਲਿਆਂ ਕਰ ਖ਼ਿਆਲ, ਪਿਛੋਂ ਧੱਕਾ ਆਪ ਲਗਾਈਆ । ਇਹ ਖੇਲ ਕਰੇ ਕਰਤਾਰ, ਆਪਣੀ ਕਾਰ ਕਮਾਈਆ । ਗੋਬਿੰਦ ਫੇਰ ਕਰੇ ਸਵਾਲ, ਸ਼ਬਦੀ ਹੁਕਮ ਸਮਝਾਈਆ । ਪ੍ਰਭ ਅਗਲਾ ਲੇਖਾ ਦੇ ਵਖਾਲ, ਕਿਸ ਬਿਧ ਬਦਲੇਂ ਜਗਤ ਲੋਕਾਈਆ । ਅਬਿਨਾਸ਼ੀ ਕਰਤਾ ਦਏ ਅਹਿਵਾਲ, ਹਵਾਲਾ ਅਗਲਾ ਇਕ ਜਣਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨਹਾਰ ਸਦਾ ਪ੍ਰਿਤਪਾਲ, ਪ੍ਰਿਤਪਾਲਕ ਪਾਲਕੀ ਆਪਣੀ ਇਕ ਬਦਲਾਈਆ ।

★ ੧੭ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਜਲੂਸ ਚੱਲਣ ਦੇ ਸਮੇਂ ਲਿਖਤ ★

ਸਤਾਰਾਂ ਹਾੜ੍ਹ ਧੁਰ ਦਰਗਾਹੋਂ ਆਏ ਅਵਤਾਰ ਪੈਗ਼ੰਬਰ ਗੁਰ, ਗੋਬਿੰਦ ਸ਼ਬਦੀ ਧਾਰ ਰੂਪ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਦੇਵਤ ਸੁਰ, ਮੁਨ ਜਨ ਬਿਨ ਅੱਖਾਂ ਅੱਖ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਠੱਗ ਚੋਰ, ਮਾਇਆ ਮਮਤਾ ਮੋਹ ਵਿਕਾਰ ਮਿਟਾਈਆ । ਮਨ ਵਾਸਨਾ ਰਹਿਣ ਨਾ ਦੇਣਾ ਸ਼ੋਰ, ਸ਼ਰਅ ਦੀ ਸ਼ਰਮ ਦੇਣੀ ਬਦਲਾਈਆ । ਸਾਚੇ ਮਾਰਗ ਚਾਰ ਵਰਨ ਅਠਾਰਾਂ ਬਰਨ ਦੇਣਾ ਤੋਰ, ਤੁਰੀਆ ਤੋਂ ਪਰੇ ਅਗਲਾ ਅਮਰਾਪਦ ਸਮਝਾਈਆ । ਤੁਸੀਂ ਆਤਮ ਪਰਮਾਤਮ ਨਹੀਂ ਕੋਈ ਹੋਰ, ਜੋਤੀ ਨੂਰ ਨੂਰ ਰੁਸ਼ਨਾਈਆ । ਸੋ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਸ਼ਬਦ ਅਗੰਮੀ ਬੰਨ੍ਹੇ ਡੋਰ, ਦੋ ਜਹਾਨ ਸ੍ਰੀ ਭਗਵਾਨ ਨਿਰਗੁਣ ਧਾਰ ਵੇਖ ਵਖਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਨਿਰਵੈਰ ਨਿਰਾਕਾਰ ਸਾਂਝਾ ਯਾਰ ਸਚਖੰਡ ਦਵਾਰਾ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੀਏ ਖੇਲ ਮਹਾਨਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਦਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੱਖਰਾਂ ਵਾਲਾ ਗਾਉਂਦੇ ਆਏ ਗਾਣਾ, ਸਿਫ਼ਤਾਂ ਵਾਲੇ ਢੋਲੇ ਜਗਤ ਸੁਣਾਈਆ । ਸੋ ਪੁਰਖ ਅਬਿਨਾਸ਼ੀ ਘਟ ਨਿਵਾਸੀ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਜੋਤ ਪਹਿਰ ਕੇ ਬਾਣਾ, ਨਿਰਵੈਰ ਹੋ ਕੇ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਅੰਤ ਅਖ਼ੀਰ, ਬੇਨਜ਼ੀਰ ਸ਼ਬਦ ਅਗੰਮੀ ਧੁਰ ਦਾ ਬਣ ਅਮਾਮਾ, ਧੁਰ ਫ਼ਰਮਾਨਾ ਇਕ ਜਣਾਈਆ । ਜਗਤ ਜਹਾਨ ਮੇਟੇ ਰਾਜਾ ਰਾਣਾ, ਨਾਮ ਖੰਡਾ ਵਿਚ ਪੁਰੀਆਂ ਲੋਆਂ ਆਪ ਚਮਕਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਸਭ ਨੂੰ ਮੰਨਣਾ ਪਏ ਭਾਣਾ, ਸੀਸ ਜਗਦੀਸ ਅੱਗੇ ਸਕੇ ਨਾ ਕੋਇ ਉਠਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਨੌ ਸੌ ਚੁਰਾਨਵੇਂ ਚੌਕੜੀ ਜੁਗ ਕਰਦੇ ਰਹੇ ਉਡੀਕ, ਬਿਨ ਅੱਖਾਂ ਅੱਖ ਉਠਾਈਆ । ਧਰਮ ਦਵਾਰੇ ਮੰਗਦੇ ਰਹੇ ਬਖ਼ਸ਼ੀਸ਼,

ਚਰਨ ਕਵਲ ਧਿਆਨ ਲਗਾਈਆ । ਨਿਰਗੁਣ ਧਾਰ ਚਲਾਈ ਆਪਣੀ ਰੀਤ, ਆਤਮ ਪਰਮਾਤਮ ਆਪਣਾ ਭੇਵ ਖੁਲ੍ਹਾਈਆ । ਸਤਿਜੁਗ ਸਾਚੇ ਝਗੜਾ ਰਹੇ ਨਾ ਮੰਦਰ ਮਸੀਤ, ਸ਼ਿਵਦਵਾਲਾ ਵੰਡ ਨਾ ਕੋਇ ਵੰਡਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਗਾਵਣ ਗੀਤ, ਮਾਨਵ ਜਾਤੀ ਮੰਦਰ ਤਨ ਵਜੂਦ ਦੇਣਾ ਵਖਾਈਆ । ਝਗੜਾ ਰਹੇ ਨਾ ਊਚ ਨੀਚ, ਰਾਓ ਰੰਕ ਏਕਾ ਰੰਗ ਵਖਾਈਆ । ਸਤਿ ਸਤਿਵਾਦੀ ਤੇਰੇ ਦਰ ਤੇ ਮੰਗਦੇ ਆਏ ਭੀਖ, ਭੁੱਖਿਆਂ ਭਿੱਛਿਆ ਝੋਲੀ ਦੇਣੀ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦੇ ਕੰਤ, ਆਤਮ ਕਰਨੀ ਠਾਂਡੀ ਸੀਤ, ਤ੍ਰੈਗੁਣ ਮਾਇਆ ਪੰਜ ਤਤ ਪੰਜ ਵਿਕਾਰ ਨਾ ਕੋਇ ਜਲਾਈਆ । ਸਾਚਾ ਕਲਮਾ ਧੁਰ ਦਾ ਨਾਮ ਸ਼ਬਦ ਅਗੰਮੀ ਦੱਸਣੀ ਇਕ ਹਦੀਸ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਘਟ ਅੰਤਰ ਨਿਰੰਤਰ ਕਰਵਟ ਬਦਲ ਆਪਣੀ ਪੀਠ, ਸਨਮੁਖ ਹੋ ਕੇ ਨੂਰ ਨੂਰ ਕਰ ਰੁਸ਼ਨਾਈਆ । ਸਚ ਦਵਾਰਾ ਠਾਂਡੇ ਦਰਬਾਰ ਪਰਵਰਦਿਗਾਰ ਸਾਂਝੇ ਯਾਰ ਰਹਿਮਤ ਵਿਚ ਕਰ ਬਖ਼ਸ਼ੀਸ਼, ਮਿਹਰ ਨਜ਼ਰ ਬੇਨਜ਼ੀਰ ਆਪਣੀ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਾੜ੍ਹ ਸਤਾਰਾਂ ਅਸੀਂ ਪਹੁੰਚੇ ਠੀਕ, ਠਾਕਰ ਪਿਛਲਾ ਲੇਖਾ ਮੂਲ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆ ਗਏ ਤੇਰੇ ਸੱਦੇ, ਸ਼ਬਦੀ ਨੂਰ ਜੋਤ ਰੁਸ਼ਨਾਈਆ । ਤੇਰੇ ਹੁਕਮੇ ਅੰਦਰ ਬੱਧੇ, ਦਰ ਠਾਂਡੇ ਸੀਸ ਝੁਕਾਈਆ । ਅਸਾਂ ਮਾਰਗ ਤੇਰੇ ਪਿਛਲੇ ਬਦਲਦੇ ਵੇਖਣੇ ਅੱਗੇ, ਅਗਲਾ ਰਾਹ ਇਕ ਸਮਝਾਈਆ । ਕਿਸ ਬਿਧ ਭਗਤਾਂ ਦਰ ਦਰਸ ਦੇਵੇਂ ਉਪਰ ਸ਼ਾਹ ਰਗੇ, ਨੌਂ ਦਵਾਰੇ ਡੇਰਾ ਢਾਹੀਆ । ਤੇਰੇ ਨਾਮ ਦਾ ਡੰਕਾ ਹਰ ਘਟ ਹਿਰਦੇ ਅੰਦਰ ਵੱਜੇ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਅੰਮ੍ਰਿਤ ਨਾਮ ਭੰਡਾਰਾ ਦੇਵੇ ਧਰਮ ਦੀ ਧਾਰ ਮਧੇ, ਮਧੁਰ ਖ਼ੁਮਾਰੀ ਇਕ ਚੜ੍ਹਾਈਆ । ਸਤਿ ਪਰਕਾਸ਼ ਵੇਖਣੇ ਚਾਰ ਕੁੰਟ ਵਿਚ ਜਗੇ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਬਿਨ ਤੇਰੀ ਕਿਰਪਾ ਤੇਰਾ ਦਵਾਰ ਕਿਸੇ ਨਾ ਲੱਭੇ, ਖੋਜ ਖੋਜ ਥੱਕੀ ਲੋਕਾਈਆ । ਸਦੀ ਚੌਧਵੀਂ ਹੋਏ ਸਾਰੇ ਹੱਕੇ ਬੱਕੇ, ਬੀਸ ਬੀਸਾ ਦਏ ਗਵਾਹੀਆ । ਕੋਟਾਂ ਵਿਚੋਂ ਸੰਤ ਸੁਹੇਲੇ ਤੇਰੇ ਸੰਗ ਥੋੜ੍ਹੇ ਹੋਏ ਇਕੱਠੇ, ਜਿਨ੍ਹਾਂ ਦੇ ਆਤਮ ਪਰਮਾਤਮ ਵੱਜੇ ਵਧਾਈਆ । ਦੀਨਾਂ ਮਜ਼੍ਹਬਾਂ ਦੇ ਮੇਟ ਕੇ ਰੱਟੇ, ਰੱਟਨ ਤੇਰੀ ਇਕ ਲਗਾਈਆ । ਸਮਾਜ ਜਗਤ ਵਿਹਾਰ ਪਿਛਲੇ ਛੱਡੇ, ਛੱਡੀ ਕੂੜ ਲੋਕਾਈਆ । ਮੰਜ਼ਲ ਇਕ ਹਕ਼ੀਕ਼ੀ ਲੰਘੇ, ਜਿਥੇ ਮਿਲਦਾ ਬੇਪਰਵਾਹੀਆ । ਆਤਮ ਸੇਜ ਸੁਹਾਵੀਂ ਪਲੰਘੇ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜਿਥੇ ਲੋੜ ਰਹੇ ਨਾ ਕਿਸੇ ਪੰਡੇ, ਬੋਧ ਅਗਾਧ ਕਰ ਪੜ੍ਹਾਈਆ । ਤੇਰਾ ਭਗਤ ਤੇਰਾ ਪ੍ਰੇਮ ਇਕੋ ਮੰਗੇ, ਮਨ ਕਾ ਮਣਕਾ ਦੇਣਾ ਭਵਾਈਆ । ਆਸਾ ਮਨਸਾ ਪੂਰੀ ਕਰਾ ਜਮਨਾ ਸੁਰਸਤੀ ਗੋਦਾਵਰੀ ਗੰਗੇ, ਤੀਰਥ ਤਟ ਦੇਣ ਦੁਹਾਈਆ । ਕਲਜੁਗ ਜੀਵ ਬਿਨ ਸਤਿਗੁਰ ਸ਼ਬਦ ਹੋਏ ਅੰਧੇ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਪੂਰੀ ਹੋਵੇ ਮਨਸਾ, ਮਮਤਾ ਜਗਤ ਰਹੇ ਨਾ ਰਾਈਆ । ਤੇਰਾ ਭਗਤ ਸੁਹੇਲਾ ਹੰਸਾ, ਨਾਮ ਮਾਣਕ ਮੋਤੀ ਚੋਗ ਚੁਗਾਈਆ । ਮਨ ਹੰਕਾਰੀ ਰਹਿਣ ਨਹੀਂ ਦੇਣਾ ਕੰਸਾ, ਕਾਹਨ ਆਪਣਾ ਡੰਕ ਦੇਣਾ ਸੁਣਾਈਆ । ਰਾਮ ਰਘੁਵੰਸ ਸੁਹੌਣਾ ਬੰਸਾ, ਸੀਤਾ ਸੁਰਤੀ ਜੋੜ ਜੁੜਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਸਜਦਾ ਕਰੇ ਵਾਰ ਅਗਣਤਾ, ਧੂੜੀ ਖ਼ਾਕੀ ਖ਼ਾਕ ਰਮਾਈਆ । ਨਾਨਕ ਗੋਬਿੰਦ ਦਵਾਰ

ਬਣ ਕੇ ਸਾਚੀ ਸੰਗਤਾ, ਸੰਗ ਮਿਲਿਆ ਧੁਰਦਰਗਾਹੀਆ । ਕਲਜੁਗ ਅੰਤ ਅਖ਼ੀਰ ਸਮਾਂ ਜਾਏ ਲੰਘਦਾ, ਜਗਤ ਵਿਦਿਆ ਸਮਝ ਕੋਇ ਨਾ ਆਈਆ । ਜਨ ਭਗਤਾਂ ਭੇਵ ਖੋਲ੍ਹਣਾ ਹੰ ਬ੍ਰਹਮ ਦਾ, ਪਾਰਬ੍ਰਹਮ ਆਪਣਾ ਨੂਰ ਚਮਕਾਈਆ । ਪਰਕਾਸ਼ ਕਰਨਾ ਨੂਰੀ ਚੰਦ ਦਾ, ਸੂਰੀਆ ਚੰਦ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹੇ ਜਨ ਭਗਤੋ ਤੁਹਾਡੇ ਪਿਛੇ ਸਤਿਜੁਗ ਤ੍ਰੇਤਾ ਦੁਆਪਰ ਆਇਆ ਮੰਗਦਾ, ਦਰ ਠਾਂਡੇ ਅਲਖ ਜਗਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਪ੍ਰੀਤੀ ਤੁਹਾਡੀ ਕਾਇਆ ਅੰਦਰ ਬਾਹਰ ਮੰਗਦਾ, ਰਮਜ਼ ਇਕੋ ਇਕ ਲਗਾਈਆ । ਇਕ ਇਕ ਮਣਕਾ ਵਾਰਸ ਬਣਿਆ ਅਗਲੇ ਪੰਧ ਦਾ, ਰਾਹ ਵਿਚ ਨਾ ਕੋਇ ਅਟਕਾਈਆ । ਆਦੀ ਲੇਖਾ ਬ੍ਰਹਮਾ ਸ਼ਿਵ ਧਾਰ ਗੰਢਦਾ, ਜਿਸਦਾ ਭੇਵ ਨਾ ਕੋਇ ਸਮਝਾਈਆ । ਤੁਸਾਂ ਰਸ ਲੈਣਾ ਪੁਰਖ ਅਕਾਲ ਅਨੰਦ ਦਾ, ਪਰਮਾਨੰਦ ਵਿਚ ਸਮਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਜਗਤ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਣ ਆਏ ਖੇਲ ਮਹਾਨ, ਮਹਿੰਮਾ ਅਕਥ ਨਾ ਕੋਇ ਸੁਣਾਈਆ । ਜਿਸ ਨੂੰ ਸਮਝੇ ਨਾ ਵਿਦਿਆ ਦਾ ਗਿਆਨ, ਅੱਖਰਾਂ ਵਿਚ ਲੇਖ ਨਾ ਕੋਇ ਪਰਗਟਾਈਆ । ਕਾਤਬ ਦਏ ਨਾ ਕੋਇ ਨਿਸ਼ਾਨ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਸ਼ਾਸਤਰ ਸਿਮਰਤ ਹੋਏ ਹੈਰਾਨ, ਵੇਦ ਪੁਰਾਨ ਅੱਖ ਸ਼ਰਮਾਈਆ । ਏਕਾ ਹੁਕਮ ਦੇਵੇ ਹੁਕਮਰਾਨ, ਜੋ ਨਿਰਗੁਣ ਦਾਤਾ ਧੁਰਦਰਗਾਹੀਆ । ਜਿਸ ਦੀ ਸਾਰੇ ਕਰਦੇ ਆਏ ਕਲਿਆਣ, ਨਾਮ ਕਲਮਾ ਢੋਲੇ ਗਾਈਆ । ਦਰ ਤੇ ਮੰਗਦੇ ਆਏ ਦਾਨ, ਭਿਖਾਰੀ ਹੋ ਕੇ ਝੋਲੀ ਡਾਹੀਆ । ਭਵਿਖਤਾਂ ਵਿਚ ਦੇਂਦੇ ਆਏ ਬਿਆਨ, ਲਿਖਤਾਂ ਵਿਚ ਇਕ ਸੰਦੇਸ਼ ਸੁਣਾਈਆ । ਸੋ ਖੇਲ ਖੇਲੇ ਵਾਲੀ ਦੋ ਜਹਾਨ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਅਸੀਂ ਉਸ ਦਾ ਸੁਣਨ ਆਏ ਫ਼ਰਮਾਨ, ਜੋ ਭਗਤਾਂ ਕਰੇ ਪੜ੍ਹਾਈਆ । ਜਨ ਭਗਤੋ ਆਤਮ ਪਰਮਾਤਮ ਧੁਰ ਦਾ ਨਾਤਾ ਗੋਪੀ ਕਾਹਨ, ਤੱਤਾਂ ਤੋਂ ਪਰੇ ਸੰਗ ਨਿਭਾਈਆ । ਸੋ ਸਵਾਮੀ ਅੰਤਰਜਾਮੀ ਹੰ ਬ੍ਰਹਮ ਦੇਵੇ ਮਾਣ, ਸ੍ਰੀ ਭਗਵਾਨ ਆਪਣਾ ਰੂਪ ਸਮਝਾਈਆ । ਖ਼ੁਸ਼ੀਆਂ ਵਿਚ ਗੁਰ ਅਵਤਾਰ ਪੈਗ਼ੰਬਰ ਹਾੜ੍ਹ ਸਤਾਰਾਂ ਧੁਰ ਦਾ ਢੋਲਾ ਇਕੋ ਗਾਣ, ਜਨ ਭਗਤਾਂ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤੀ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਦੇ ਵਿਚ ਜਹਾਨ, ਜਗਤ ਬਦਲੀ ਸਮਝ ਸਕੇ ਨਾ ਕੋਇ ਇਨਸਾਨ, ਮਿਹਰਵਾਨ ਧੁਰ ਦੀ ਕਰਨੀ ਕਰਤਾ ਆਪ ਕਮਾਈਆ ।



੭੮੬ ੨੦

## ★ ੧੭ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ਜਲੂਸ ਦੀ ਸਮਾਪਤੀ ਸਮੇਂ ਦਾ ਸ਼ਬਦ ★

ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖਿਆ ਅਜਬ ਨਜ਼ਾਰਾ, ਜਿਸ ਨੇ ਨਜ਼ਰੀਆ ਦਿਤਾ ਬਦਲਾਈਆ । ਨਿਰਗੁਣ ਨੂਰ ਹੋਇਆ ਉਜਿਆਰਾ, ਜੋਤੀ ਜਾਤਾ ਪੁਰਖ ਬਿਧਾਤਾ ਧੁਰ ਦਰਗਾਹੀਆ । ਜਿਸ ਦਾ ਸੋਹੇ ਸਚਖੰਡ ਧਰਮ ਦਵਾਰਾ, ਮੁਕਾਮੇ ਹਕ ਨੂਰ ਰੁਸ਼ਨਾਈਆ । ਸ਼ਬਦੀ ਬੋਲੇ ਸਚ ਜੈਕਾਰਾ, ਦੂਜਾ ਰਾਗ ਨਾ ਕੋਇ ਸੁਣਾਈਆ । ਚਾਰ ਜੁਗ ਜਿਸ ਦੀਆਂ ਗਾਉਂਦੇ ਆਏ ਵਾਰਾਂ, ਰਾਗਾਂ ਨਾਦਾਂ ਵਿਚ ਸਾਲਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਧਾਰ ਲਏ ਅਵਤਾਰਾ, ਅਵਤਰ ਆਪਣੀ ਕਾਰ ਕਮਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਸਚ ਜੈਕਾਰਾ, ਜੈ

ਜੈ ਕਾਰ ਇਕ ਸ਼ਨਵਾਈਆ । ਨਵ ਨੌ ਖੋਲ੍ਹ ਕੇ ਭਗਤ ਦਵਾਰਾ, ਭਗਵਨ ਆਪਣਾ ਭੇਵ ਖੁਲ੍ਹਾਈਆ । ਸਾਚੇ ਸੰਤਾਂ ਕਰੇ ਪਿਆਰਾ, ਸਤਿ ਸਤਿਵਾਦੀ ਪੜਦਾ ਲਾਹੀਆ । ਗੁਰਮੁਖ ਗੁਰ ਗੁਰ ਦੇਵੇ ਹੁਲਾਰਾ, ਸ਼ਬਦੀ ਆਪਣਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖਿਆ ਸਚਖੰਡ ਦਾ ਰੰਗ, ਰੰਗਤ ਧੁਰ ਦੀ ਨਜ਼ਰੀ ਆਈਆ । ਆਤਮ ਪਰਮਾਤਮ ਹੋਇਆ ਸੰਗ, ਨਿਰਗੁਣ ਨਿਰਗੁਣ ਵੱਜੇ ਵਧਾਈਆ । ਸਚ ਦਵਾਰਾ ਏਕੰਕਾਰਾ ਗਿਆ ਲੰਘ, ਮੰਜ਼ਲ ਆਪਣੀ ਪੰਧ ਮੁਕਾਈਆ । ਜਿਥੇ ਜਗਤ ਵਿਕਾਰਾ ਕਰੇ ਕੋਈ ਨਾ ਜੰਗ, ਮਮਤਾ ਮੋਹ ਨਾ ਕੋਇ ਵਖਾਈਆ । ਸ਼ਬਦ ਅਨਾਦੀ ਵੱਜੇ ਮਰਦੰਗ, ਧੁਨ ਆਤਮਕ ਰਾਗ ਸੁਣਾਈਆ । ਸਭ ਤੋਂ ਵੱਖਰਾ ਦੱਸ ਕੇ ਢੰਗ, ਭਗਤ ਸੁਹੇਲੇ ਰਿਹਾ ਉਠਾਈਆ । ਅੰਤਰ ਆਤਮ ਨਿਰੰਤਰ ਬਖ਼ਸ਼ ਕੇ ਇਕ ਉਮੰਗ, ਮਨਸਾ ਅਗਲੀ ਦਏ ਸਮਝਾਈਆ । ਸਚ ਸੁਹੰਜਣੀ ਸੇਜਾ ਵੇਖੋ ਪਲੰਘ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਕਰੇ ਪਰਕਾਸ਼ ਸੂਰੀਆ ਚੰਦ, ਨਿਰਗੁਣ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀ ਹਾੜ੍ਹ ਸਤਾਰਾਂ



ਥਿਤ, ਸੰਮਤ ਸ਼ਹਿਨਸ਼ਾਹੀਆ । ਪੁਰਖ ਅਕਾਲਾ ਧੁਰ ਦਾ ਮਿਤ, ਦੀਨ ਦਿਆਲਾ ਦਇਆ ਕਮਾਈਆ । ਪਰਵਰਦਿਗਾਰ ਸਾਂਝਾ ਕਰੇ ਹਿਤ, ਰਹੀਮ ਰਹਿਮਤ ਆਪ ਕਮਾਈਆ । ਜਨ ਭਗਤਾਂ ਬਣ ਕੇ ਮਾਤ ਪਿਤ, ਗੋਦ ਸੁਹੰਜਣੀ ਇਕ ਸੁਹਾਈਆ । ਤੂੰ ਮੇਰਾ ਮੈਂ ਤੇਰਾ ਸਾਚੀ ਸਭ ਨੂੰ ਦੇਵੇ ਸਿਖ, ਵਰਨ ਬਰਨ ਨਾ ਕੋਇ ਰਖਾਈਆ । ਅੰਤਮ ਦੇਵੇ ਕਦੇ ਨਾ ਪਿੱਠ, ਪਰਮਾਤਮ ਮੇਲਾ ਹਰ ਘਟ ਥਾਈਂਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਦਾ ਕਾਰਜ ਲਏ ਨਜਿੱਠ, ਅਵਰ ਦੀ ਲੋੜ ਰਹੇ ਨਾ ਰਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਦੇਂਦਾ ਆਇਆ ਭਿੱਖ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸੇਵ ਲਗਾਈਆ । ਜਿਸਦੀ ਮਹਿੰਮਾ ਅੰਦਰ ਕਥਾ ਕਹਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲਈ ਲਿਖ, ਕਲਮ ਸ਼ਾਹੀ ਕਾਗ਼ਜ਼ ਜੋੜ ਜੁੜਾਈਆ । ਸੋ ਖੇਲ ਕਰੇ ਇਕ ਅਨਡਿੱਠ, ਜਿਸ ਦਾ ਭੇਵ ਕਿਸੇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਖੋਜ ਸਵਾ ਗਿੱਠ, ਰਾਮ ਵਸ਼ਿਸ਼ਟੀ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਵੇਖੇ ਭਗਤ ਸੁਹੇਲੇ, ਸਖ਼ੀਆਂ ਮਿਲ ਕੇ ਵੱਜੇ ਵਧਾਈਆ । ਏਕਾ ਰੰਗ ਰੰਗੇ ਗੁਰੂ ਗੁਰ ਚੇਲੇ, ਚੇਲਾ ਗੁਰ ਭੇਵ ਨਾ ਰਾਈਆ । ਜਿਸ ਨੂੰ ਕਹਿੰਦੇ ਵਸੇ ਧਾਮ ਨਵੇਲੇ, ਸੋ ਹਰ ਘਟ ਅੰਦਰ ਆਪਣਾ ਨੂਰ ਕਰੇ ਰੁਸ਼ਨਾਈਆ । ਸੰਤ ਕੰਤ ਬਣਾਏ ਆਪ ਸੁਹੇਲੇ, ਸਾਜਣ ਹੋ ਕੇ ਵੇਖ ਵਖਾਈਆ । ਅਚਰਜ ਖੇਲ ਪ੍ਰਭੂ ਪ੍ਰਭ ਖੇਲੇ, ਖ਼ਾਲਕ ਖ਼ਲਕ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਦੀਨ ਮਜ਼੍ਹਬ ਦੇ ਪਾਉਂਦੇ ਆਏ ਹਿੱਸੇ, ਮਾਨਵ ਮਾਨਵ ਵੰਡ ਵੰਡਾਈਆ । ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਗੌਡ ਤੇਰੇ ਸਿਫ਼ਤਾਂ ਵਾਲੇ ਕਿੱਸੇ, ਜੁਗ ਚੌਕੜੀ ਧੁਰ ਦਾ ਹੁਕਮ ਸੁਣਾਈਆ । ਅੱਖਰਾਂ ਵਿਚ ਪੱਥਰਾਂ ਵਿਚ ਸਤਰਾਂ ਦੱਸ ਕੇ ਆਏ ਪੁਰਖ ਅਕਾਲ ਪਾਰਬ੍ਰਹਮ ਪਤਿਪਰਮੇਸ਼ਵਰ ਧੁਰ ਦਾ ਸਵਾਮੀ ਇਕੇ, ਏਕੰਕਾਰ ਨਿਰਾਕਾਰ ਇਕ ਅਖਵਾਈਆ । ਜਿਸ ਦੇ ਹੁਕਮ ਸੰਦੇਸ਼ੇ ਖਾਣੀ ਬਾਣੀ ਵਿਚ ਲਿਖੇ, ਲਿਖਤ ਭਵਿਖਤ ਨਾਲ ਵਡਿਆਈਆ । ਸੋ ਅੰਤ ਕੰਤ ਭਗਵੰਤ

੭੮੭
੨੦

ਸਦੀ ਚੌਧਵੀਂ ਕਲਜੁਗ ਸਭ ਦੇ ਕੱਢੇ ਸਿੱਟੇ, ਸਿੱਟੇਬਾਜ਼ੀ ਕੂੜੀ ਵੇਖ ਵਖਾਈਆ । ਦੀਨ ਦੁਨੀ ਦੀ ਧਾਰ ਵੇਖੇ ਮਸਜਿਦ ਮੰਦਰ ਸ਼ਿਵਦਵਾਲੇ ਇੱਟੇ, ਗੁਰੂਦਵਾਰ ਬਿਨ ਪੱਥਰ ਪਾਣੀ ਧਾਰ ਫੋਲ ਫੁਲਾਈਆ । ਨੌਂ ਖੰਡ ਸ਼ਬਦ ਧਾਰ ਇਕ ਅਕੇਲਾ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸਿੱਖੇ, ਆਤਮ ਪਰਮਾਤਮ ਨਾਲ ਮਿਲਾਈਆ । ਸੋ ਮਨ ਵਿਕਾਰ ਕਾਇਆ ਮਾਟੀ ਸਾਢੇ ਤਿੰਨ ਹੱਥ ਖੇੜਾ ਜਿਤੇ, ਨੌਂ ਦਵਾਰ ਦਾ ਅੰਦਰੋਂ ਬਾਹਰੋਂ ਡੇਰਾ ਢਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਏ ਲੋਕਮਾਤ, ਮਤਾ ਧੁਰ ਦਾ ਇਕ ਪਕਾਈਆ । ਵੇਖਣਾ ਖੇਲ ਕਮਲਾਪਾਤ, ਪਤਿਪਰਮੇਸ਼ਵਰ ਕਰਨੀ ਕੀ ਕਮਾਈਆ । ਨਿਰਗੁਣ ਹੋ ਕੇ ਕਰੇ ਖੇਲ ਤਮਾਸ਼, ਸਰਗੁਣ ਗੋਪੀ ਕਾਹਨ ਨਚਾਈਆ । ਸੀਤਾ ਰਾਮ ਖੇਲ ਵੇਖੀਏ ਵਿਚ ਪਰਭਾਸ, ਜੰਗਲ ਜੂਹ ਪਹਾੜ ਉਜਾੜ ਟਿੱਲੇ ਪਰਬਤ ਖੋਜ ਖੁਜਾਈਆ । ਲਹਿਣਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੜਦਾ ਦਏ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਜਿਸ ਦੀ ਗਾਉਂਦੇ ਗਾਥ, ਢੋਲਾ ਸੋਹਲਾ ਰਾਗ ਇਕੋ ਇਕ ਸੁਣਾਈਆ । ਸੋ ਸਾਹਿਬ ਸਤਿਗੁਰ ਸ਼ਬਦੀ ਦਾਤਾ ਸਭ ਦਾ ਬਦਲ ਦੇਵੇ ਸਮਾਜ, ਸਮਗਰੀ ਆਪਣਾ ਨਾਮ ਵਰਤਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਕਰੇ ਅਗੰਮੀ ਕਾਜ, ਕਰਨੀ ਦਾ ਕਰਤਾ ਜੋੜ ਜੁੜਾਈਆ । ਕਲਜੁਗ ਕੂੜੀ ਕਿਰਿਆ ਜਨ ਭਗਤ ਰਹੇ ਨਾ ਕੋਈ ਮੁਹਤਾਜ, ਪੂਜਾ ਪਾਠ ਸਿਮਰਨ ਜੋਗ ਅਭਿਆਸ ਇਕੋ ਦਏ ਸਮਝਾਈਆ । ਮਾਲਾ ਮਣਕਾ ਮਨ ਕਾ ਕਰ ਕੇ ਦਾਸੀ ਦਾਸ, ਦਾਸਤਾਨ ਨਾਮ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਹੁਕਮ ਸਮਝਾਈਆ ।
੭੮੮ ੨੦
ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਦੀਨ ਮਜ਼੍ਹਬ ਦੇ ਕਰ ਕੇ ਆਏ ਝੇੜੇ, ਝਗੜਾ ਪਾਇਆ ਵਿਚ ਲੋਕਾਈਆ । ਵੰਡ ਕਰ ਕੇ ਕਾਇਆ ਖੇੜੇ, ਕਲਮੇ ਨਾਮ ਦਿਤੇ ਬਦਲਾਈਆ । ਮੰਦਰ ਮਸੀਤ ਬਣਾਏ ਦਿਹੁਰੇ, ਸ਼ਿਵਦਵਾਲੇ ਵੰਡ ਵੰਡਾਈਆ । ਨਿਰਗੁਣ ਧਾਰਾ ਕਰ ਕੇ ਹੇਰੇ ਫੇਰੇ, ਸ੍ਰਿਸ਼ਟੀ ਦ੍ਰਿਸ਼ਟੀ ਦਿਤੀ ਭੁਲਾਈਆ । ਜਨ ਭਗਤਾਂ ਦੀਨ ਦਿਆਲ ਕਰ ਕੇ ਮਿਹਰੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਾਇਆ ਮੰਦਰ ਅੰਦਰ ਕਰ ਕੇ ਹਕ ਨਬੇੜੇ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਇਕੋ ਰੰਗ ਰੰਗਾਏ ਸੰਝ ਸਵੇਰੇ, ਸੰਧਿਆ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੇ ਸੱਜਣ ਗੁਰਮੁਖ ਪ੍ਰਭ ਦੇ ਸਾਰੇ, ਪ੍ਰੇਮ ਇਕੋ ਰਹੇ ਮਨਾਈਆ । ਜਿਨ੍ਹਾਂ ਦੇ ਅੰਦਰ ਨਾਮ ਨਗਾਰੇ, ਤੁਰੀਆ ਦੀ ਧਾਰ ਰਹੇ ਸਮਝਾਈਆ । ਅਮਰਾਪਦ ਦੇ ਹਕ ਨਜ਼ਾਰੇ, ਬਿਨ ਤਤ ਵਜੂਦ ਸਮਝਾਈਆ । ਬਿਨਾ ਸ਼ਮਅ ਦੀਪਕ ਜੋਤ ਹੋਏ ਉਜਿਆਰੇ, ਜੋ ਸਾਚਾ ਨੂਰ ਡਗਮਗਾਈਆ । ਬਿਨ ਰਾਗਾਂ ਨਾਦਾਂ ਸੁਣਾਏ ਆਪਣੀ ਧੁਨਕਾਰੇ, ਜਿਸ ਦੀ ਸਮਝ ਨਾ ਕੋਇ ਜਣਾਈਆ । ਸੋ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਕਰੇ ਖੇਲ ਅਪਾਰੇ, ਅਲਖ ਅਗੋਚਰ ਆਪਣਾ ਰੂਪ ਵਟਾਈਆ । ਸੰਤ ਸੁਹੇਲੇ ਕਰ ਕੇ ਇਕੱਠੇ ਇਕ ਦਵਾਰੇ, ਦਵਾਰਕਾ ਵਾਸੀ ਦਾ ਲਹਿਣਾ ਰਿਹਾ ਮੁਕਾਈਆ । ਜਿਹੜੀ ਮੰਗ ਮੰਗੀ ਸੀਤਾ ਰਾਮ ਪਰਭਾਸ ਵਿਚਕਾਰੇ, ਪ੍ਰਭੂ ਦੇਵੇ ਮਾਣ ਵਡਿਆਈਆ । ਜਿਸ ਕਾਰਨ ਮੂਸਾ ਡਿੱਗਾ ਮੂੰਹ ਦੇ ਭਾਰੇ, ਕੋਹਤੂਰ ਹੋਈ ਰੁਸ਼ਨਾਈਆ । ਜਿਸ ਕਾਰਨ ਈਸਾ ਸਲੀਵ ਦੇ ਲਏ ਹੁਲਾਰੇ, ਹਬੀਬ ਵੇਖੇ ਧੁਰਦਰਗਾਹੀਆ । ਮੁਹੰਮਦ ਬੋਲ ਕੇ ਹਕ ਜੈਕਾਰੇ, ਨਾਅਰਾ ਹਕ ਹਕ ਸੁਣਾਈਆ । ਨਾਨਕ

੭੮੮ ੨੦

੭੮੯
੨੦

ਗੋਬਿੰਦ ਬਣ ਵਣਜਾਰੇ, ਵਜਹ ਪ੍ਰਭ ਦੀ ਗਏ ਸਮਝਾਈਆ । ਬਿਨ ਸਾਚੇ ਭਗਤਾਂ ਮੰਜ਼ਲ ਚੜ੍ਹੇ ਨਾ ਕੋਇ ਚੁਬਾਰੇ, ਚੌਥੇ ਪਦ ਨਾ ਕੋਇ ਸਮਾਈਆ । ਪੜ੍ਹ ਪੜ੍ਹ ਥੱਕਣ ਜੀਵ ਗਵਾਰੇ, ਮਨ ਮਨਸਾ ਮਮਤਾ ਵਿਚ ਹਲਕਾਈਆ । ਅੱਖਰਾਂ ਤੋਂ ਬਾਹਰ ਖੇਲ ਨਿਰੰਕਾਰੇ, ਨਿਰਅੱਖਰ ਆਪਣੀ ਕਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖਿਆ ਖੇਲ ਅਜੀਬ, ਅਜਬ ਨਿਰਾਲਾ ਦਿਤਾ ਵਖਾਈਆ । ਜਿਸ ਦੀ ਕਰਦੇ ਆਏ ਤਾਈਦ, ਹੁਕਮ ਸੰਦੇਸ਼ੇ ਜਗਤ ਪਰਗਟਾਈਆ । ਆਸਾ ਮਨਸਾ ਰਖਦੇ ਆਏ ਉਮੀਦ, ਭਵਿਖਤਾਂ ਵਿਚ ਜਣਾਈਆ । ਜਿਸ ਦੇ ਪਿਛੇ ਤਨ ਮਾਟੀ ਖ਼ਾਕੀ ਕਰ ਕੇ ਆਏ ਸ਼ਹੀਦ, ਸ਼ਹਾਦਤ ਨਾਮ ਵਾਲੀ ਭੁਗਤਾਈਆ । ਸੋ ਸਾਹਿਬ ਸਵਾਮੀ ਹਰਿ ਜਗਦੀਸ਼, ਕਲ ਕਰਤਾ ਵੇਸ ਵਟਾਈਆ । ਜਿਸ ਦਾ ਕਲਮਾ ਇਕ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਲੇਖਾ ਜਾਣੇ ਸਦੀ ਬੀਸਵੀਂ ਬੀਸ, ਬਿਸਮਿਲ ਹੋ ਕੇ ਵੇਖ ਵਖਾਈਆ । ਸਾਚਾ ਦੱਸ ਕੇ ਢੋਲਾ ਗੀਤ, ਗਹਿਰ ਗੰਭੀਰ ਰਿਹਾ ਮਿਲਾਈਆ । ਸਤਿ ਧਰਮ ਚਲਾਉਣੀ ਰੀਤ, ਵਰਨ ਬਰਨ ਨਾ ਕੋਇ ਲੜਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਸੋਭਾ ਪਾਈਆ । ਸਤਿਗੁਰ ਸ਼ਬਦ ਮਿਲੇ ਅਤੀਤ, ਤ੍ਰੈਗੁਣ ਲੇਖਾ ਦਏ ਮੁਕਾਈਆ । ਜਨ ਭਗਤਾਂ ਮਾਨਸ ਜਨਮ ਜਾਣਾ ਜੀਤ, ਜਿਨ੍ਹਾਂ ਜਾਗਰਤ ਜੋਤ ਕਰੇ ਰੁਸ਼ਨਾਈਆ । ਝਗੜਾ ਮੁਕਾ ਕੇ ਹਸਤ ਕੀਟ, ਇਕੋ ਰੰਗ ਦਏ ਰੰਗਾਈਆ । ਸਾਚਾ ਕਲਮਾ ਦੱਸ ਹਦੀਸ, ਹਦੂਦ ਪਿਛਲੀ ਦਏ ਗਵਾਈਆ । ਜਿਸ ਦੀ ਯਾਦ ਅੰਦਰ ਜੁਗ ਚੌਕੜੀ ਗਏ ਬੀਤ, ਸੋ ਭੇਵ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖਿਆ ਪ੍ਰਭ ਦਾ ਖੇਲ ਅਗੰਮਾ, ਅਲਖ ਅਗੋਚਰ ਦਏ ਵਡਿਆਈਆ । ਕਰੇ ਖੇਲ ਤਨ ਮਾਟੀ ਚੰਮਾ, ਚੰਮ ਦ੍ਰਿਸ਼ਟੀ ਰਿਹਾ ਬਦਲਾਈਆ । ਜਨ ਭਗਤਾਂ ਮੇਟ ਕੇ ਹਰਖ਼ ਗ਼ਮਾ, ਚਿੰਤਾ ਸੋਗ ਤੋਂ ਬਾਹਰ ਰਖਾਈਆ । ਝਗੜਾ ਰਹੇ ਨਾ ਕੋਇ ਮਾਟੀ ਚੰਮਾ, ਆਤਮ ਪਰਮਾਤਮ ਸਭ ਦਾ ਨੂਰ ਖ਼ੁਦਾਈਆ । ਦੀਨ ਮਜ਼੍ਹਬ ਦਾ ਰਹੇ ਕੋਈ ਨਾ ਬੰਨਾ, ਬੰਦਗੀ ਇਕੋ ਰਿਹਾ ਜਣਾਈਆ । ਸਾਚਾ ਨਾਮ ਸੁਣਾਵੇ ਬਿਨਾ ਕੰਨਾਂ, ਸੁਰਤੀ ਸ਼ਬਦ ਨਾਲ ਮਿਲਾਈਆ । ਗੁਰਮੁਖ ਨੇਤਰਹੀਣ ਰਹੇ ਕੋਈ ਨਾ ਅੰਨ੍ਹਾ, ਨਿਜ ਲੋਚਨ ਕਰੇ ਰੁਸ਼ਨਾਈਆ । ਮਨ ਵਾਸਨਾ ਦੇਵੇ ਡੰਨਾ, ਨਾਮ ਖੰਡਾ ਹੱਥ ਚਮਕਾਈਆ । ਸੰਤ ਸੁਹੇਲਾ ਪਾਰ ਉਤਰੇ ਜਿਉਂ ਜੱਟ ਗ਼ਰੀਬ ਧੰਨਾ, ਮਿਹਰਵਾਨ ਸਿਰ ਮਿਹਰ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੀ ਸੁਣੀ ਧੁਰ ਦੀ ਸਿਖਿਆ, ਲੇਖਾ ਅਵਰ ਨਾ ਕੋਇ ਜਣਾਈਆ । ਜਗਤ ਜਹਾਨ ਜਾਣੋ ਮਿਥਿਆ, ਤਨ ਵਜੂਦ ਡੇਰਾ ਢਾਹੀਆ । ਪੁਰਖ ਅਕਾਲ ਧੁਰ ਦਾ ਮਿਤਿਆ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਹੜਾ ਖੇਲ ਕਰੇ ਨਿਤ ਨਵਿਤਿਆ, ਜੁਗ ਚੌਕੜੀ ਵੇਸ ਵਟਾਈਆ । ਸਾਚੇ ਸੰਤਾਂ ਕਰੇ ਹਿੱਤਿਆ, ਅੰਤਰ ਆਤਮ ਜੋੜ ਜੁੜਾਈਆ । ਲੇਖਾ ਮੁਕਾਵੇ ਵੱਡਿਆਂ ਨਿੱਕਿਆ, ਬਿਰਧ ਬਾਲਾਂ ਭੇਵ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਏ ਦਵਾਰੇ ਸਚ, ਮਿਲੇ ਸਚ ਵਡਿਆਈਆ । ਜਿਥੇ ਝਗੜਾ ਦਿਸੇ ਨਾ ਮਾਟੀ ਕੱਚ, ਕੰਚਨ ਗੜ੍ਹ ਇਕੋ ਦਏ ਵਖਾਈਆ । ਮਨੂਆ ਨੌ ਦਵਾਰੇ ਨਾ ਜਾਏ ਨੱਚ, ਮਮਤਾ ਮੋਹ ਨਾ ਕੋਇ ਹਲਕਾਈਆ । ਸਿੱਧਾ ਭਗਤਾਂ ਖੋਲ੍ਹੇ ਅੰਦਰੋਂ ਅੱਖ, ਗਿਆਨ ਨੇਤਰ

ਨੇਤੀ ਹੋ ਕੇ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਵਾਂ ਜਸ, ਧੁਰ ਦਾ ਨਾਮ ਸਿਫ਼ਤ ਸਾਲਾਹੀਆ । ਅੰਮ੍ਰਿਤ ਨਾਮ ਭੰਡਾਰਾ ਦੇਵੇ ਰਸ, ਨਿਝਰ ਝਿਰਨਾ ਇਕ ਝਿਰਾਈਆ । ਸਾਚੇ ਨਾਮ ਦਾ ਖੋਲ੍ਹ ਕੇ ਹੱਟ, ਧੁਰ ਭੰਡਾਰਾ ਇਕ ਵਰਤਾਈਆ । ਜੀਵਣ ਦੀ ਮੰਜ਼ਲ ਜਗਤ ਦਾ ਅੰਤਮ ਦੱਸ ਕੇ ਤਟ, ਕਿਨਾਰਾ ਇਕੋ ਦਏ ਸਮਝਾਈਆ । ਜਿਥੇ ਜੈਕਾਰਾ ਹੋਵੇ ਅਲੱਖ, ਡੰਡਾਵਤ ਬੰਦਨਾ ਸਜਦਾ ਸੀਸ ਨਜ਼ਰੀ ਆਈਆ । ਖੇਲ ਖੇਲ ਪੁਰਖ ਸਮਰਥ, ਨਿਰਗੁਣ ਨਿਰਵੈਰ ਸ਼ਹਿਨਸ਼ਾਹੀਆ । ਜਿਸ ਨੂੰ ਕਹਿੰਦੇ ਪਰਮੇਸ਼ਵਰ ਪਤਿ, ਪਤਿਪਰਮੇਸ਼ਵਰ ਨਜ਼ਰੀ ਆਈਆ । ਉਹ ਪਰਤ ਕੇ ਆਇਆ ਵੱਤ, ਵਤਨ ਮਾਤਲੋਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤ ਹਿਰਦੇ ਅੰਦਰ ਧਿਆਉਂਦੇ, ਗਿਆਨ ਧਿਆਨ ਵਿਚ ਲਗਾਈਆ । ਧਿਆਨ ਗਿਆਨ ਵਿਚ ਸਮਾਉਂਦੇ, ਸ਼ਰਅ ਸ਼ਰਅ ਵਿਚੋਂ ਬਦਲਾਈਆ । ਬਿਨ ਰਸਨਾ ਅਗੰਮੀ ਗੀਤ ਗਾਉਂਦੇ, ਗਹਿਰ ਗੰਭੀਰ ਅਲਾਹੀਆ । ਨਿਜ ਨੇਤਰ ਦਰਸ਼ਨ ਪਾਉਂਦੇ, ਜੋਤੀ ਨੂਰ ਨੂਰ ਰੁਸ਼ਨਾਈਆ । ਬਾਹਰੋਂ ਨਿਰਮਲ ਚਿੱਟੇ ਨਜ਼ਰੀ ਆਉਂਦੇ, ਦੁਰਮਤ ਮੈਲ ਧਵਾਈਆ । ਅੰਤਰ ਪਾਰਬ੍ਰਹਮ ਮਨਾਉਂਦੇ, ਪ੍ਰੇਮ ਪ੍ਰੇਮ ਵਿਚ ਸਮਾਈਆ । ਮੰਜ਼ਲ ਮੰਜ਼ਲ ਕਦਮ ਟਿਕਾਉਂਦੇ, ਧਰਨੀ ਧਰਤ ਧਵਲ ਸੋਭਾ ਪਾਈਆ । ਪਿਛਲਾ ਲਹਿਣਾ ਦੇਣਾ ਮੂਲ ਚੁਕਾਉਂਦੇ, ਕਰਮਾਂ ਦਾ ਰੋਗ ਰਹੇ ਨਾ ਰਾਈਆ । ਅਕਲ ਕਲਧਾਰੀ ਇਕ ਮਨਾਉਂਦੇ, ਕਰਨੀ ਦੇ ਕਰਤੇ ਸੀਸ ਨਿਵਾਈਆ । ਸਾਂਝੇ ਯਾਰ ਦਰਸ਼ਨ ਪਾਉਂਦੇ, ਜਗਤ ਗੁਰੂ ਡੇਰਾ ਢਾਹੀਆ । ਦੂਰ ਦੁਰਾਡੇ ਨੇਰਨ ਨੇਰੇ ਆਉਂਦੇ, ਅੰਡਜ ਜੇਰਜ ਉਤਭੁਜ ਸੇਤਜ ਲੱਖ ਚੁਰਾਸੀ ਡੇਰਾ ਢਾਹੀਆ । ਸਚ ਸਵਾਮੀ ਦਰਸ਼ਨ ਪਾਉਂਦੇ, ਅੰਤਰਜਾਮੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤਾਂ ਹੱਥ ਵਿਚ ਵੇਖੀ ਮਾਲਾ, ਮਾਲਕ ਮਿਲਿਆ ਧੁਰਦਰਗਾਹੀਆ । ਜੋ ਤ੍ਰੈਗੁਣ ਮਾਇਆ ਤੋੜੇ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਾਇਆ ਮੰਦਰ ਵਖਾਏ ਸੱਚੀ ਧਰਮਸਾਲਾ, ਦੀਵਾ ਬਾਤੀ ਕਮਲਾਪਾਤੀ ਨਿਰਗੁਣ ਜੋਤ ਦਏ ਚਮਕਾਈਆ । ਝਗੜਾ ਰਹੇ ਨਾ ਕਾਲ ਮਹਾਂਕਾਲਾ, ਕਰਮ ਕਾਂਡ ਦਾ ਡੇਰਾ ਢਾਹੀਆ । ਜਨਮ ਮਰਨ ਦਾ ਹੱਲ ਹੋਵੇ ਸਵਾਲਾ, ਆਵਣ ਜਾਵਣ ਲੇਖਾ ਦਏ ਮੁਕਾਈਆ । ਜਿਸ ਨੂੰ ਕਹਿੰਦੇ ਪੁਰਖ ਅਕਾਲਾ, ਅਕਲ ਕਲਧਾਰੀ ਧੁਰਦਰਗਾਹੀਆ । ਜਿਸ ਦਾ ਨੂਰ ਅਸ਼ਟਭੁਜ ਜੋਤ ਜਵਾਲਾ, ਨੂਰ ਨੁਰਾਨਾ ਸੋਭਾ ਪਾਈਆ । ਸੋ ਤ੍ਰੈਭਵਨ ਧਨੀ ਹੋ ਕੇ ਮਿਹਰਵਾਨਾ, ਮਹਿਬੂਬ ਆਪਣੀ ਕਾਰ ਕਮਾਈਆ । ਜਨ ਭਗਤਾਂ ਬੰਨ੍ਹ ਕੇ ਧੁਰ ਦਾ ਗਾਨਾ, ਵਿਸ਼ਨ ਬ੍ਰਹਮਾ ਸ਼ਿਵ ਆਸਾ ਪੂਰ ਕਰਾਈਆ । ਜਿਨ੍ਹਾਂ ਨੇ ਮਿਲ ਕੇ ਗਾਇਆ ਧੁਰ ਦਾ ਗਾਣਾ, ਸੋਹੰ ਢੋਲਾ ਇਕ ਅਲਾਈਆ । ਜਿਸ ਨੂੰ ਨਾਪ ਸਕੇ ਨਾ ਪੈਮਾਨਾ, ਪੈਮਾਇਸ਼ ਵਿਚ ਨਾ ਕੋਇ ਲਿਆਈਆ । ਸਮਝ ਸਕੇ ਨਾ ਕੋਇ ਇਨਸਾਨਾ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਧੁਰ ਦਾ ਮਾਣ ਦੇਵੇ ਨਾਮ ਨਿਧਾਨਾ, ਨਿਸ਼ਾਨਾ ਇਕੋ ਇਕ ਦੇਵੇ ਲਗਾਈਆ । ਜਿਸ ਦਵਾਰਿਉਂ ਪਰਗਟ ਹੋਵੇ ਕ੍ਰਿਸ਼ਨਾ ਰਾਮਾ, ਰਾਮ ਰਾਮਾ ਓਸੇ ਦਾ ਜਸ ਗਾਈਆ । ਉਹ ਲੇਖਾ ਲਹਿਣਾ ਜਾਣੇ ਦੋ ਜਹਾਨਾਂ, ਲੱਖ ਚੁਰਾਸੀ ਫੋਲ ਫੁਲਾਈਆ । ਕਲਜੁਗ ਅੰਤਮ ਜੋਤ ਸਰੂਪੀ ਪਹਿਰੇ ਬਾਣਾ, ਬਾਵਨ ਭੇਖ ਲਿਆ ਬਦਲਾਈਆ । ਕੂੜੀ ਕਿਰਿਆ ਮੇਟੇ ਜਗਤ ਨਿਸ਼ਾਨਾ, ਧਰਮ ਦਵਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਈਆ ।

੭੯੦
੨੦

ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਸਤਾਰਾਂ ਹਾੜ੍ਹ ਰਾਤੀ, ਰੁਤੜੀ ਧਰਮ ਮਹਿਕਾਈਆ । ਖੇਲ ਕਰੇ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਨੇ ਆਪਣੇ ਬਣਾਉਣੇ ਧਰਮ ਦੇ ਸਾਥੀ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥੀ, ਪੜਦਾ ਅੰਦਰੋਂ ਦਏ ਚੁਕਾਈਆ । ਜਨ ਭਗਤੋ ਤੁਸੀਂ ਸ੍ਰੀ ਭਗਵਾਨ ਦੇ ਆਦਿ ਜੁਗਾਦੀ ਜਮਾਤੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੰਗ ਨਿਭਾਈਆ । ਤੁਹਾਡਾ ਖੇਲ ਸਦਾ ਬਹੁ ਭਾਂਤੀ, ਧਰੂ ਪ੍ਰਹਿਲਾਦ ਦੇਵੇ ਗਵਾਹੀਆ । ਕਬੀਰ ਜੁਲਾਹੇ ਸੁਣੋ ਸਾਖੀ, ਰਵਿਦਾਸ ਚਮਾਰ ਢੋਲਾ ਗਾਈਆ । ਜਨਕ ਤੱਕਿਆ ਸਾਖਿਆਤੀ, ਸਾਹਿਬ ਸਵਾਮੀ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਪਾਤੀ, ਪਤ੍ਰਕਾ ਨਾਮ ਲਿਖਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਬਦਲ ਦੇਵੇ ਹਯਾਤੀ, ਹਰਿ ਮੰਦਰ ਇਕੋ ਇਕ ਵਖਾਈਆ । ਸੋ ਕਲਜੁਗ ਅੰਤਮ ਝਗੜਾ ਮੇਟੇ ਕਾਇਨਾਤੀ, ਕਲਮਾ ਧੁਰ ਦਾ ਇਕ ਪਰਗਟਾਈਆ । ਨਿਰਗੁਣ ਜੋਤ ਜਗਾਏ ਨੂਰ ਕਰੇ ਅਗੰਮੀ ਬਾਤੀ, ਦੀਪਕ ਤੇਲ ਲੋੜ ਰਹੇ ਨਾ ਰਾਈਆ । ਕਰੇ ਖੇਲ ਪੁਰਖ ਅਬਿਨਾਸ਼ੀ, ਅਬਿਨਾਸ਼ੀ ਆਪਣੀ ਕਾਰ ਕਮਾਈਆ । ਜੋ ਹਰ ਘਟ ਅੰਦਰ ਹੋਇਆ ਵਾਸੀ, ਵਸਲ ਦੇਵੇ ਯਾਰ ਖ਼ੁਦਾਈਆ । ਰੂਹ ਬੁਤ ਕਰੇ ਪਾਕਨ ਪਾਕੀ, ਪਤਤ ਪੁਨੀਤ ਦਏ ਬਣਾਈਆ । ਜਨ ਭਗਤੋ ਤੁਹਾਡਾ ਮੇਲ ਹੋਇਆ ਇਤਫ਼ਾਕੀ, ਫ਼ਾਕੇ ਵਿਚ ਮਰੇ ਲੋਕਾਈਆ । ਸਾਚੀ ਮੰਜ਼ਲ ਚੜ੍ਹਨਾ ਘਾਟੀ, ਜਗਤ ਜਹਾਨ ਪੰਧ ਮੁਕਾਈਆ । ਆਵਣ ਜਾਵਣ ਮੇਟ ਕੇ ਵਾਟੀ, ਲੱਖ ਚੁਰਾਸੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਭੁਗਤਾਈਆ । ਗੁਰ ਅਵਤਾਰ ਕਹਿਣ ਮਾਲਾ ਮਣਕਾ ਕਰੇ ਪੁਕਾਰ, ਅੰਦਰੇ ਅੰਦਰ ਧਿਆਨ ਲਗਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਨਿਰਗੁਣ ਨਿਰਵੈਰ ਤੇਰੇ ਹੱਥ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਤੇਰਾ ਕਰਦੇ ਰਹੇ ਸ਼ਿੰਗਾਰ, ਰਿਸ਼ੀ ਮੁਨੀ ਆਪਣੇ ਨਾਲ ਮਿਲਾਈਆ । ਮੇਰੇ ਮਣਕਿਆਂ ਦੀ ਪਾਉਂਦੇ ਰਹੇ ਛਣਕਾਰ, ਜੰਗਲਾਂ ਵਿਚ ਹਿਲਾਈਆ । ਮੈਨੂੰ ਲੈ ਕੇ ਵੜਦੇ ਰਹੇ ਡੂੰਘੀ ਗ਼ਾਰ, ਕੰਦਰਾਂ ਵਿਚ ਡੇਰਾ ਲਾਈਆ । ਅੱਖੀਂ ਮੀਟ ਕੇ ਕਰਦੇ ਹਾਹਾਕਾਰ, ਦਰੋਹੀ ਦਰੋਹੀ ਨੂਰ ਖ਼ੁਦਾਈਆ । ਇਲਮ ਆਲਮ ਵਿਚ ਗਏ ਹਾਰ, ਆਲਮ ਇਲਮ ਭੇਵ ਕੋਇ ਨਾ ਪਾਈਆ । ਮੈਂ ਜੁਗ ਚੌਕੜੀ ਹੁੰਦੀ ਰਹੀ ਖੁਆਰ, ਮੂਰਖ ਮੂੜ੍ਹ ਧੱਕੇ ਰਹੇ ਲਗਾਈਆ । ਮੈਨੂੰ ਫੜ ਕੇ ਕਰਨ ਜਗਤ ਵਿਭਚਾਰ, ਮਾਇਆ ਮਮਤਾ ਮੋਹ ਵਿਕਾਰ ਹਲਕਾਈਆ । ਸਾਚਾ ਮੰਦਰ ਕਰੇ ਨਾ ਕੋਈ ਉਜਿਆਰ, ਘਰ ਸਵਾਮੀ ਮਿਲਣ ਕੋਇ ਨਾ ਪਾਈਆ । ਮੈਂ ਸਦੀ ਚੌਧਵੀਂ ਹੋਈ ਬੜੀ ਦੁਖਿਆਰ, ਮੁੱਲਾ ਸ਼ੇਖ਼ ਮੁਸਾਇਕ ਮੇਰਾ ਮਸਲਾ ਹੱਲ ਨਾ ਕੋਇ ਕਰਾਈਆ । ਪੰਡਤ ਪਾਂਧੇ ਗਏ ਹਾਰ, ਗ੍ਰੰਥੀ ਗਿਰਹਾ ਨਾ ਕੋਇ ਵਖਾਈਆ । ਸਾਚਾ ਮਿਲੇ ਨਾ ਕੋਇ ਮੀਤ ਮੁਰਾਰ, ਪ੍ਰੀਤੀ ਸਚ ਨਾ ਕੋਇ ਕਮਾਈਆ । ਮੈਂ ਅੰਤਮ ਕਰਾਂ ਪੁਕਾਰ, ਰੋ ਰੋ ਹਾਲ ਸੁਣਾਈਆ । ਸਮਾਜਾਂ ਵਾਲੇ ਕਰਨ ਖੁਆਰ, ਹੰਗਤਾ ਵਿਚ ਜਗਤ ਲੜਾਈਆ । ਮੈਨੂੰ ਪ੍ਰਭੂ ਤੇਰੇ ਭਗਤ ਚਾਹੀਦੇ ਦੋ ਚਾਰ, ਲੱਖ ਚੁਰਾਸੀ ਵੱਜੇ ਵਧਾਈਆ । ਇਨ੍ਹਾਂ ਦਾ ਨਾਤਾ ਜੋੜ ਮੇਰੇ ਨਾਲ, ਜਿਨ੍ਹਾਂ ਦੇ ਨਾਲ ਮੇਰੇ ਮਨ ਦੀ ਨਾਲਿਸ਼ ਰਹੀ ਨਾ ਰਾਈਆ । ਮੈਂ ਸੁਣਾਵਾਂ ਆਪਣਾ ਹਾਲ, ਹਾਲਤ ਇਕ ਬਤਾਈਆ । ਕਲਜੁਗ ਅੰਤਮ ਹੋਏ ਕੰਗਾਲ, ਨਾਮ ਧਨ ਪਲੂ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾ ਕੋਇ ਉਠਾਈਆ । ਮਾਲਾ ਕਹੇ ਮੇਰੇ ਭਗਵੰਤ, ਭਗਵਨ ਤੇਰੀ ਸਰਨਾਈਆ । ਸਭ ਦਾ ਤੋੜ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ ।

ਤੂੰ ਇਕੋ ਬੋਧ ਅਗਾਧਾ ਪੰਡਤ, ਵਿਦਿਆ ਤੇਰੀ ਸੇਵ ਕਮਾਈਆ । ਸਭ ਦੇ ਅੰਤਰ ਨਿਰੰਤਰ ਦੱਸ ਇਕੋ ਮੰਤ, ਫੁਰਨਾ ਮਨ ਦਾ ਬੰਦ ਕਰਾਈਆ । ਦਰ ਦਰਵੇਸ਼ ਕਰਦਾ ਮਿੰਨਤ, ਸੀਸ ਜਗਦੀਸ ਇਕ ਝੁਕਾਈਆ । ਚਾਰੇ ਦਿਸ਼ਾ ਵੇਖ ਕੇ ਸਿੰਮਤ, ਦੀਨ ਦੁਨੀ ਲਈ ਤਕਾਈਆ । ਸਾਚੀ ਰਹੇ ਕਿਸੇ ਨਾ ਖ਼ਿੱਲਤ, ਖ਼ਾਲਕ ਖ਼ਲਕ ਨਾ ਕੋਇ ਮਨਾਈਆ । ਜਗਤ ਖ਼ੁਆਰੀ ਦਿਸੇ ਜ਼ਿੱਲਤ, ਦੁਰਮਤ ਮੈਲ ਨਾ ਕੋਇ ਧਵਾਈਆ । ਮੇਰੀ ਅੰਤ ਅਖ਼ੀਰ ਮੰਨ ਲੈ ਮਿੰਨਤ, ਸਚ ਦਵਾਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਤਮ ਧਾਰ ਬਖ਼ਸ਼ ਆਪਣੀ ਮਿੱਲਤ, ਮਿਲਾਵਟ ਨਜ਼ਰ ਕੋਇ ਨਾ ਆਈਆ ।

ਸਤਿਗੁਰੂ ਸੰਤ ਸੁਹੇਲਾ ਸਚ ਸਿਪਾਹੀ, ਜਿਸ ਦਾ ਸਿਪਾਹਸਾਲਾਰ ਇਕੋ ਨਜ਼ਰੀ ਆਇੰਦਾ । ਅਰਜਨ ਯੁਧਿਸ਼ਟਰ ਦੇਣ ਗਵਾਹੀ, ਸ਼ਹਾਦਤ ਲਛਮਣ ਕੋਲੋਂ ਭੁਗਤਾਇੰਦਾ । ਗੋਬਿੰਦ ਫੜ ਕੇ ਬਣਾਇਆ ਧੁਰ ਦਾ ਰਾਹੀ, ਰਸਤਾ ਇਕ ਜਣਾਇੰਦਾ । ਜਿਸ ਦਾ ਨਿਸ਼ਾਨਾ ਉਕੇ ਕਦੇ ਨਾਹੀਂ, ਤੀਰ ਅਣਿਆਲਾ ਇਕ ਲਗਾਇੰਦਾ । ਬਜਰ ਕਪਾਟੀ ਪਾਰ ਕਰਾਏ ਸਹਿਜ ਸੁਭਾਈ, ਸੁਖਮਨ ਟੇਢੀ ਬੰਕ ਆਪ ਲੰਘਾਇੰਦਾ । ਈੜਾ ਪਿੰਗਲ ਪੰਧ ਮੁਕਾਈ, ਰਸਤਾ ਅਗਲਾ ਆਪ ਸਮਝਾਇੰਦਾ । ਸਾਚਾ ਨੂਰ ਕਰੇ ਰੁਸ਼ਨਾਈ, ਨਿਜ ਨੇਤਰ ਡਗਮਗਾਇੰਦਾ । ਅੰਮ੍ਰਿਤ ਰਸ ਜਾਮ ਪਿਆਈ, ਤ੍ਰਿਸ਼ਨਾ ਭੁੱਖ ਗਵਾਇੰਦਾ । ਜਿਸ ਨੇ ਬਣਨਾ ਧਰਮ ਸਿਪਾਹੀ, ਵਰਦੀ ਧੁਰ ਦੀ ਨਾਮ ਪਹਿਨਾਇੰਦਾ । ਜਿਸ ਦਾ ਲਿਬਾਸ ਸਮਝੇ ਕੋਈ ਨਾਹੀਂ, ਸੋ ਜਮ ਕੀ ਫਾਸ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਤਿਗੁਰ ਸਿਪਾਹੀ ਕਦੇ ਨਾ ਫੜੇ ਖੰਡਾ, ਤਲਵਾਰ ਧਾਰ ਨਾ ਕੋਇ ਚਮਕਾਈਆ । ਉਹ ਸ਼ਬਦੀ ਰੂਪ ਉਤਰੇ ਵਿਚ ਬ੍ਰਹਿਮੰਡਾਂ, ਪੁਰੀਆਂ ਲੋਆਂ ਖੋਜ ਖੁਜਾਈਆ । ਲੱਖ ਚੁਰਾਸੀ ਵਿਚੋਂ ਇਕੋ ਪ੍ਰਭ ਦਾ ਪਿਆਰ ਲੱਭੇ ਚੰਗਾ, ਦੂਜੀ ਰੀਤ ਨਾ ਕੋਇ ਜਣਾਈਆ । ਉਸ ਦੇ ਅੰਦਰ ਅੰਮ੍ਰਿਤ ਧਾਰ ਵਹੇ ਗੰਗਾ, ਗੋਦਾਵਰੀ ਸੇਵ ਕਮਾਈਆ । ਸੋ ਸਵਾਮੀ ਹੋਵੇ ਸੰਗਾ, ਸਾਜਣ ਹੋ ਕੇ ਤੋੜ ਨਿਭਾਈਆ । ਜੁਗ ਜੁਗ ਸੰਤ ਸਿਪਾਹੀ ਕੂੜੀ ਕਿਰਿਆ ਦਾ ਮੇਟੇ ਦੰਗਾ, ਮਨ ਵਿਕਾਰ ਹੰਕਾਰ ਦਏ ਗਵਾਈਆ । ਅੰਮ੍ਰਿਤ ਆਤਮ ਦੇਵੇ ਅਨੰਦਾ, ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਜੇ ਕਿਸੇ ਨੇ ਵੇਖਣਾ ਸਿਪਾਹੀਓ ਇਹ ਸੱਤ ਰੰਗ ਦਾ ਡੰਡਾ, ਜਿਸ ਨੇ ਡੰਡੌਤ ਦੀਨ ਦੁਨੀ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਕਹੇ ਸਿਪਾਹੀ ਕਦੇ ਨਾ ਫੜੇ ਬੰਦੂਕ, ਨਿਸ਼ਾਨਾ ਅੱਖ ਨਾ ਕੋਇ ਟਿਕਾਈਆ । ਉਹ ਬਿਨਾ ਅੱਖਾਂ ਤੋਂ ਵੇਖੇ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਈਆ । ਜਦ ਆਵੇ ਤੇ ਮੇਟੇ ਜੂਠ ਝੂਠ, ਕੂੜੀ ਕਿਰਿਆ ਦਏ ਮਿਟਾਈਆ । ਚਾਰ ਵਰਨਾਂ ਕਰ ਕੇ ਸੂਤ, ਸਤਿ ਪੁਰਖ ਦਏ ਮਿਲਾਈਆ । ਬਣਾਏ ਸਾਚੇ ਪੂਤ, ਪਿਤਾ ਪੁਰਖ ਅਕਾਲ ਦੇਵੇ ਵਖਾਈਆ । ਝਗੜਾ ਰਹਿਣ ਨਾ ਦੇਵੇ ਨੀਚ ਊਚ, ਊਚ ਨੀਚ ਏਕਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਿਪਾਹੀ ਨੌਜਵਾਨ, ਜੋਬਨਵੰਤਾ ਨਜ਼ਰੀ ਆਈਆ । ਜਿਸ ਦੇ ਹੱਥ ਨਾਮ ਕਮਾਨ, ਚਿੱਲਾ ਤੀਰ ਕਮਾਨ ਚੜ੍ਹਾਈਆ । ਕੂੜੀ ਕਿਰਿਆ ਤੋੜ ਗ਼ੁਮਾਨ, ਗ਼ੁਰਬਤ ਅੰਦਰੋਂ ਬਾਹਰ



੭੯੨
੨੦

ਕਢਾਈਆ । ਝਗੜਾ ਮਿਟਾ ਦੇਵੇ ਜ਼ਿਮੀਂ ਅਸਮਾਨ, ਚੌਦਾਂ ਲੋਕਾਂ ਚੌਦਾਂ ਤਬਕਾਂ ਪੰਧ ਮੁਕਾਈਆ । ਅੰਤਰ ਨਿਰੰਤਰ ਵਖਾ ਕੇ ਸਚ ਮਕਾਨ, ਕਾਇਆ ਕਾਅਬਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿਪਾਹੀ ਆਪ ਪਰਗਟਾਈਆ । ਸਚ ਸਿਪਾਹੀ ਹੋਵੇ ਸੰਤ ਜੋਧਾ, ਸੂਰਬੀਰ ਨਜ਼ਰੀ ਆਈਆ । ਜਿਸ ਦੇ ਅੰਦਰ ਹੋਵੇ ਗਿਆਨ ਬੋਧਾ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਇਕੋ ਨਾਮ ਗਾਵੇ ਸਲੋਕਾ, ਸੋਹੰ ਢੋਲਾ ਧੁਰਦਰਗਾਹੀਆ । ਜੋ ਕਲਜੁਗ ਦੇ ਅੰਤ ਸਦੀ ਚੌਧਵੀਂ ਸੰਤ ਸਿਪਾਹੀ ਦੇ ਮਿਲਣ ਦਾ ਮਿਲ ਗਿਆ ਮੌਕਾ, ਬਣ ਕੇ ਦਿਓ ਵਖਾਈਆ । ਓਥੇ ਚਲੇ ਕੋਈ ਨਾ ਸੋਚਾ, ਸਮਝ ਦਾ ਲੇਖਾ ਦਏ ਮੁਕਾਈਆ । ਸਤਿਗੁਰ ਦੇ ਚਰਨ ਲੱਗ ਕੇ ਜਨ ਭਗਤੋ ਸਿਪਾਹੀ ਬਣਨਾ ਨਹੀਂ ਕੋਈ ਔਖਾ, ਜਿਸ ਦੀ ਪਿੱਠ ਉਤੇ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਸਿਪਾਹੀ ਕਹੇ ਮੈਂ ਲੈਣੀ ਓਹ ਸਿਖਿਆ, ਜਿਹੜੀ ਚਾਰ ਜੁਗ ਨਾ ਕਿਸੇ ਸਮਝਾਈਆ । ਲੈਣੀ ਓਹ ਭਿੱਛਿਆ, ਜਿਹੜੀ ਹੱਥਾਂ ਨਾਲ ਨਾ ਕੋਈ ਵਰਤਾਈਆ । ਦੇਣੀ ਓਹ ਸਿਖਿਆ, ਜਿਸ ਦਾ ਹਰਫ਼ ਨਜ਼ਰ ਕੋਈ ਨਾ ਆਈਆ । ਜਿਸ ਦੇ ਨਾਲ ਦੋ ਜਹਾਨ ਜਾਵੇ ਜਿੱਤਿਆ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਸਾਚਾ ਸਿਪਾਹੀ ਕਦੇ ਨਾ (ਵਢਾਵੇ ਪਿਠਿਆ), ਸਨਮੁਖ ਆਪਣੇ ਪਿਆਰ ਦੀ ਸ਼ਹਾਦਤ ਦਏ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਸੰਤ ਸਿਪਾਹੀ ਹੋਇਆ ਸੂਰਬੀਰ, ਅੰਦਰੋਂ ਬਲ ਪਰਗਟਾਈਆ । ਤੇਰੇ ਅੰਤਰ ਫੜ ਲਾਵੇ ਨਾਮ ਤੀਰ, ਮਨ ਦਾ ਡੇਰਾ ਦੇਣਾ ਢਾਹੀਆ । ਇਹ ਤਨ ਵਜੂਦ ਤੇਰੀ ਜਾਗੀਰ, ਆਤਮ ਪਰਮਾਤਮ ਮਿਲ ਕੇ ਲੈਣੀ ਬਣਾਈਆ । ਜੇ ਸੰਤ ਸਿਪਾਹੀ ਨਾ ਹੁੰਦਾ ਕਬੀਰ, ਕਬਰਾਂ ਦਾ ਲੇਖਾ ਕਵਣ ਮੁਕਾਈਆ । ਸ਼ਰਅ ਦਾ ਕਟੇ ਕੌਣ ਜ਼ੰਜੀਰ, ਸ਼ਾਸਤਰਾਂ ਤੋਂ ਬਾਹਰ ਕਰੇ ਕਵਣ ਪੜ੍ਹਾਈਆ । ਮਿਹਰ ਨਜ਼ਰ ਨਾਲ ਬਦਲੇ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਸੰਤ ਸਿਪਾਹੀਓ ਤੁਹਾਡਾ ਇਕ ਪਾਤਸ਼ਾਹ ਤੁਸੀਂ ਓਸ ਦੇ ਸਾਰੇ ਵਜ਼ੀਰ, ਤਸਵੀਰ ਆਪਣੇ ਅੰਦਰ ਲਓ ਟਿਕਾਈਆ । ਜਗਤ ਵਲੋਂ ਦਿਸੋ ਹਕੀਰ, ਹੁਕਮ ਮੰਨੋ ਚਾਈਂ ਚਾਈਂਆ । ਸਾਚੇ ਸੰਤਾਂ ਦੀ ਪ੍ਰੇਮ ਨਾਲ ਪਿਆਰ ਨਾਲ ਮੁਹੱਬਤ ਨਾਲ ਬਦਲ ਦੇਵੇ ਜ਼ਮੀਰ, ਜ਼ਾਮਨ ਹੋ ਕੇ ਆਪਣਾ ਪੱਲੂ ਲਏ ਫੜਾਈਆ । ਫ਼ਿਕਰਿਆਂ ਵਾਲੇ ਅੱਖਰਾਂ ਵਾਲੇ ਪੱਥਰਾਂ ਵਾਲੇ ਕਦੇ ਨਾ ਬਣਿਓ ਫ਼ਕੀਰ, ਚਿੰਤਾ ਵਿਚ ਝਟ ਨਾ ਕੋਈ ਲੰਘਾਈਆ । ਜੇ ਓਸ ਦੇ ਨਾਮ ਦੀ ਬਿਨ ਲਾਈਨ ਤੋਂ ਵੇਖੇ ਲਕੀਰ, ਨਾਲਾਇਕ ਤੋਂ ਲਾਇਕ ਦਏ ਬਣਾਈਆ । ਜਿਸ ਨੂੰ ਕਟੇ ਨਾ ਕੋਇ ਸਮਸ਼ੀਰ, ਤਲਵਾਰ ਧਾਰ ਵੰਡ ਨਾ ਕੋਇ ਵੰਡਾਈਆ । ਬਿਨਾ ਸੰਤ ਸਿਪਾਹੀ ਬਣਿਆ ਲੱਭਦੀ ਨਹੀਂ ਮੰਜ਼ਲ ਅਖ਼ੀਰ, ਮਿਲੇ ਮੇਲ ਨਾ ਬੇਪਰਵਾਹੀਆ । ਇਹ ਸੰਤ ਸਿਪਾਹੀ ਦੀ ਵੇਖੋ ਬੰਨ੍ਹਦੀ ਧੀਰ, ਧਿਆਨੀ ਧਿਆਨ ਨਾਲ ਲਗਾਈਆ । ਨਿਰਗੁਣ ਧਾਰਾ ਸਦਾ ਸੱਚੀ ਗੁਣੀ ਗਹੀਰ, ਸਚ ਸਚ ਵੇਖ ਵਖਾਈਆ । ਜੇ ਅਜੇ ਤੱਕ ਨਹੀਂ ਆਈ ਧੀਰ, ਅੰਦਰੋਂ ਉਤੋਂ ਦਏ ਵਖਾਈਆ । ਜਿਹੜੀ ਕਥਾ ਕਹਾਣੀ ਕਿਸੇ ਨਹੀਂ ਦੱਸੀ ਪੀਰ, ਸੋ ਸਾਹਿਬ ਸੁਲਤਾਨ ਦਏ ਦ੍ਰਿੜਾਈਆ । ਜਿਹੜੀ ਸਵਾਣੀ ਸਤਿਗੁਰ ਨਾਲ ਨਹੀਂ ਮਿਲੀ ਅਖ਼ੀਰ, ਉਹਦਾ ਨਾਤਾ ਲਏ ਜੁੜਾਈਆ । ਜੇ ਤੁਹਾਨੂੰ ਪ੍ਰੀਤ ਲੱਗੇ ਸੱਚੀ ਵਾਂਗ ਕਬੀਰ, ਮੇਲਾ ਸਹਿਜੇ ਲਵਾਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਜੇ ਤੁਸਾਂ ਨੇ ਪ੍ਰੇਮ ਪਿਆਰ ਅੰਦਰ ਹੱਥ ਜੋੜੇ, ਜੋੜੀ ਧੁਰ ਦੀ ਦਿਆਂ ਬਣਾਈਆ ।

੭੯੩
੨੦

ਜਿਥੇ ਪਹੁੰਚ ਨਾ ਸਕਣ ਅਸਵ ਘੋੜੇ, ਹਾਥੀ ਗਜ ਨਾ ਕੋਇ ਵਡਿਆਈਆ । ਜਿਥੇ ਗਾਉਂਦੇ ਨਹੀਂ ਸੋਹਲੇ ਢੋਲੇ, ਰਾਗਾਂ ਨਾਲ ਨਾਦ ਨਾ ਕੋਇ ਵਜਾਈਆ । ਜਿਥੇ ਨਹੀਂ ਕੋਈ ਠੱਗ ਚੋਰੇ, ਤਤ ਵਜੂਦ ਨਾ ਕੋਇ ਵਖਾਈਆ । ਸਤਿਗੁਰ ਸ਼ਬਦ ਸੰਤ ਸਿਪਾਹੀਆਂ ਨੂੰ ਆਪੇ ਬਹੁੜੇ, ਭੈ ਭਿਆਨਕ ਵਿਚ ਹੋਏ ਆਪ ਸਹਾਈਆ । ਸੂਰਬੀਰ ਬਹਾਦਰ ਕੂੜੀ ਕਿਰਿਆ ਦੇ ਦਿਨ ਰਹਿ ਗਏ ਥੋੜ੍ਹੇ, ਸਾਚੇ ਸਿਪਾਹੀਆਂ ਮਿਲ ਕੇ ਡੇਰਾ ਦੇਣਾ ਢਾਹਿਆ । ਤੁਹਾਡੀ ਮੰਜ਼ਲ ਵਿਚ ਕੋਈ ਨਾ ਅਟਕਾਵੇ ਰੋੜੇ, ਰੂਹ ਬੁਤ ਦੀ ਅੰਦਰੋਂ ਕਰੇ ਸਫ਼ਾਈਆ । ਆਤਮ ਪਰਮਾਤਮ ਮਿਲ ਕੇ ਦੋਵੇਂ ਹੋ ਜਾਣ ਕੋਰੇ, ਕੂੜੀ ਕਿਰਿਆ ਰਹੇ ਨਾ ਰਾਈਆ । ਤੁਸੀਂ ਨੌਜਵਾਨ ਬਣ ਕੇ ਧੁਰ ਦੇ ਛੋਹਰੇ, ਸ਼ਮਅ ਆਪਣੀ ਲਉ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸਿਪਾਹੀ ਸੱਚਾ ਲੇਖਾ ਦਏ ਸਮਝਾਈਆ । ਸੰਤ ਸਿਪਾਹੀ ਹੱਥਾਂ ਨਾਲ ਕਦੇ ਨਹੀਂ ਲੜਦਾ, ਘਸੁੰਨ ਮੁੱਕੀ ਨਾ ਕੋਇ ਲਗਾਈਆ । ਓਹ ਓਸ ਮੰਜ਼ਲ ਤੇ ਚੜ੍ਹਦਾ, ਜਿਥੇ ਕਦਮ ਨਾ ਕੋਇ ਟਿਕਾਈਆ । ਸ਼ਬਦ ਧਾਰ ਨਾਲ ਮਨ ਵਿਕਾਰ ਫੜਦਾ, ਫੜ ਕੇ ਮੂੰਹ ਦੇ ਭਾਰ ਸੁਟਾਈਆ । ਪ੍ਰੇਮ ਨਾਲ ਕਹੇ ਤੂੰ ਰੂਪ ਓਸ ਹਰਿ ਦਾ, ਜੋ ਹਰ ਹਿਰਦੇ ਡੇਰਾ ਲਾਈਆ । ਤੂੰ ਵਿਛੜਿਆਂ ਚਿਰ ਦਾ, ਚੁਰਾਸੀ ਵਿਚ ਭੱਜੇਂ ਵਾਹੋ ਦਾਹੀਆ । ਜੇ ਕਦੇ ਵੇਖੇਂ ਘਰ ਸਾਹਿਬ ਥਿਰ ਦਾ, ਬੁਝੇ ਥਿੜਕਿਆਂ ਪਾਰ ਲੰਘਾਈਆ । ਅੱਗੇ ਹੁਣ ਵੇਖਿਓ ਗੇੜਾ ਕਿਵੇਂ ਗਿੜਦਾ, ਭਗਤ ਸੁਹੇਲੇ ਸੰਤ ਸਿਪਾਹੀ ਸਾਰੇ ਲਏ ਉਠਾਈਆ । ਧਿਆਨ ਕਰੇ ਗਿਆਨ ਕਰੇ ਆਪਣੀ ਮਿਹਰ ਦਾ, ਮੁਹੱਬਤ ਦਾ ਮਹਿਬੂਬ
੭੯੪ ਇਕੋ ਨਜ਼ਰੀ ਆਈਆ । ਜਿਹੜਾ ਰੂਪ ਧਰਿਆ ਸ਼ੇਰ ਦਾ, ਭਬਕ ਆਪਣੀ ਦਏ ਸਮਝਾਈਆ । ਪੂਰਨ ਹੋ ਕੇ ਸਾਚੇ ਸੰਤਾਂ ਕਿਵੇਂ ਘੇਰ ਦਾ, ਘਿਰਨਾ ੭੯੪
੨੦ ਅੰਦਰੋਂ ਦਏ ਕਢਾਈਆ । ਪੂਰਬ ਜਨਮ ਵੇਖ ਕੇ ਮਨ ਦੇ ਮਣਕੇ ਫੇਰਦਾ, ਕਰਮ ਦਾ ਲੇਖਾ ਰਿਹਾ ਝੋਲੀ ਪਾਈਆ । ਅੰਦਰ ਮੰਦਰ ਕਾਇਆ ੨੦
ਕਾਅਬੇ ਇਕੋ ਰੰਗ ਵਖਾਏ ਸੰਝ ਸਵੇਰ ਦਾ, ਘੜੀ ਪਲ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਿਪਾਹੀਓ ਤੁਹਾਡੇ ਪਿਛੇ ਨੌ ਖੰਡ ਪ੍ਰਿਥਮੀ ਉਤੇ ਰਾਜ ਰਾਜਾਨਾਂ ਸ਼ਰਅ ਸ਼ੈਤਾਨ ਦੀ ਛੇੜ ਛੇੜਦਾ, ਜੂਹ ਬੇਗਾਨੀ ਸਾਰਿਆਂ ਰਿਹਾ ਵਖਾਈਆ ।

ਜਨ ਭਗਤੋ ਮੇਲ ਮਿਲਿਆ ਸ੍ਰੀ ਭਗਵੰਤ, ਭਗਵਨ ਆਪਣੇ ਰੰਗ ਰੰਗਾਈਆ । ਪਵਿਤ੍ਰ ਸਾਫ਼ ਕਰੇ ਅੰਤਸ਼ਕਰਨ ਅੰਤ, ਅੰਤਰ ਆਤਮਾ ਕਰ ਰੁਸ਼ਨਾਈਆ । ਸਚ ਸਵਾਮੀ ਮਿਲ ਕੇ ਧੁਰ ਦਾ ਕੰਤ, ਸੇਜ ਸੁਹੰਜਣੀ ਦਏ ਸੁਹਾਈਆ । ਸ਼ਬਦ ਧਾਰ ਬਣਾ ਕੇ ਸੰਤ, ਸਤਿ ਸਤਿਵਾਦੀ ਜੋੜ ਜੁੜਾਈਆ । ਨਿਰਾਕਾਰ ਬਣਾ ਕੇ ਪੰਡਤ, ਅਗੰਮ ਅਥਾਹ ਕਰੇ ਪੜ੍ਹਾਈਆ । ਸਤਿਜੁਗ ਸਾਚੀ ਬਣਾ ਕੇ ਸੰਗਤ, ਸਤਿ ਧਰਮ ਇਕ ਪਰਗਟਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਜਣਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਕੋਈ ਨਿੰਦਕ, ਠੱਗੀ ਠੱਗ ਨਾ ਕੋਇ ਕਮਾਈਆ । ਮਨ ਕਲਪਣਾ ਕਰੇ ਕੋਈ ਨਾ ਇੱਲਤ, ਸ਼ਰਅ ਵਿਚ ਨਾ ਕੋਇ ਲੜਾਈਆ । ਸਰਬ ਦੀ ਸਾਂਝੀ ਕਰੇ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਇਕੋ ਘਰ ਵਖਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹੋਵੇ ਮਿੱਲਤ, ਮੇਲਾ ਮਿਲੇ ਸਹਿਜ ਸੁਭਾਈਆ । ਹਰਖ਼ ਸੋਗ ਗ਼ਮ ਨਾ ਰਹੇ ਚਿੰਤ, ਅਗਨੀ ਤਤ ਨਾ ਕੋਇ ਤਪਾਈਆ । ਪ੍ਰਭ ਮਿਲਿਆਂ ਦੂਜੇ ਅੱਗੇ ਕਰਨੀ ਪਏ ਨਾ ਮਿੰਨਤ, ਦਰ ਦਰ ਸੀਸ ਨਾ ਕੋਇ ਨਿਵਾਈਆ ।

ਗੁਰਮੁਖੇ ਸਾਚੀ ਮੰਜ਼ਲ ਚੜ੍ਹਨਾ ਆਪਣੀ ਹਿੰਮਤ, ਮਾਰਗ ਲੈਣਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਜਨ ਭਗਤ ਤੇਰੇ ਅੰਤਰ ਦੇਵੇ ਭਗਤੀ, ਭਾਵਨਾ ਪ੍ਰਭ ਆਪਣੇ ਨਾਲ ਮਿਲਾਈਆ । ਤੇਰੀ ਆਤਮਾ ਨੂਰ ਅਗੰਮੀ ਸ਼ਕਤੀ, ਸ਼ਾਖ਼ ਧੁਰ ਦੀ ਨਜ਼ਰੀ ਆਈਆ । ਤੇਰਾ ਮਾਲਕ ਖ਼ਾਲਕ ਇਕੋ ਅਰਸ਼ੀ, ਸ਼ਾਹ ਸੁਲਤਾਨ ਵਡ ਵਡਿਆਈਆ । ਦੇਵੇ ਮਾਣ ਵਡਿਆਈ ਉਪਰ ਧਰਤੀ, ਧਰਨੀ ਧਰਤ ਧਵਲ ਵੱਜੇ ਵਧਾਈਆ । ਤੈਨੂੰ ਸਮਝ ਆਵੇ ਆਪਣੇ ਘਰ ਦੀ, ਪੜਦਾ ਅੰਦਰੋਂ ਦਏ ਉਠਾਈਆ । ਠੰਡੀ ਧਾਰ ਮਿਲੇ ਸਰੋਵਰ ਸਰ ਦੀ, ਨਿਝਰ ਝਿਰਨਾ ਦਏ ਝਿਰਾਈਆ । ਜਿਹੜੀ ਕਾਮਨੀ ਕਲਪਣਾ ਵਿਚ (ਹੜ੍ਹਦੀ), ਹੜ੍ਹ ਦੇ ਵਹਿਣ ਦਏ ਵਹਾਈਆ । ਦੀਨ ਦੁਨੀ ਵੇਖੇ ਸੜਦੀ, ਚਾਰ ਕੁੰਟ ਅਗਨੀ ਤਤ ਤਪਾਈਆ । ਬਿਨ ਭਗਤਾਂ ਆਤਮ ਪਰਮਾਤਮ ਢੋਲਾ ਕੋਇ ਨਾ ਪੜ੍ਹਦੀ, ਸਾਚਾ ਗੀਤ ਨਾ ਕੋਇ ਅਲਾਈਆ । ਵੇਖੇ ਖੇਲ ਅਗੰਮੇ ਘਰ ਦੀ, ਜੋ ਹਰ ਹਿਰਦਾ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਰਮ ਇਕ ਵਖਾਈਆ । ਜਨ ਭਗਤੋ ਸਾਚਾ ਵੇਖੋ ਇਕੋ ਧਰਮ, ਧਰਮ ਆਤਮਾ ਇਕ ਸਮਝਾਈਆ । ਜਿਸਦੀ ਜਾਤ ਪਾਤ ਨਹੀਂ ਕੋਈ ਵਰਨ, ਬਰਨ ਵੰਡ ਨਾ ਕੋਇ ਵੰਡਾਈਆ । ਜੋ ਸੰਤ ਸੁਹੇਲੇ ਇਕੋ ਨਾਮ ਨਿਧਾਨਾ ਪੜ੍ਹਨ, ਸ੍ਰੀ ਭਗਵਾਨਾ ਰਾਹ ਤਕਾਈਆ । ਸੋ ਮੰਜ਼ਲ ਲਾਸ਼ਰੀਕੀ ਹਕ ਹਕ਼ੀਕ਼ੀ ਚੜ੍ਹਨ, ਵਾਹਵਾ ਮਿਲ ਕੇ ਵੱਜੇ ਵਧਾਈਆ । ਸਚ ਦਵਾਰੇ ਬਣ ਵਣਜਾਰੇ ਕਰੋ ਪ੍ਰਣ, ਮਨ ਮਮਤਾ ਦੂਰ ਕਰਾਈਆ । ਇਕੋ ਪੁਰਖ ਅਕਾਲ ਦੀਨ ਦਿਆਲ ਦੇ ਪਰਸਣੇ ਚਰਨ, ਚਰਨੋਦਕ ਲੈਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਵਖਾਈਆ । ਜਨ ਭਗਤੋ ਤੁਸਾਂ ਸੁਣਿਆ ਸਚ ਸੰਦੇਸ਼ਾ, ਸੰਤ ਸੁਹੇਲੇ ਰਿਹਾ ਜਣਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਦਾ ਰਹੇ ਹਮੇਸ਼ਾ, ਜੋਤੀ ਜਾਤਾ ਪੁਰਖ ਅਬਿਨਾਸ਼ੀ ਸਚਖੰਡ ਨਿਵਾਸੀ ਧੁਰਦਰਗਾਹੀਆ । ਸੋ ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਜੂਠ ਝੂਠ ਮੁਕਾ ਕੇ ਲੇਖਾ, ਦੇਸ ਪਰਦੇਸਾ ਖੋਜ ਖੁਜਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਆਤਮ ਪਰਮਾਤਮ ਕਰਾ ਕੇ ਏਕਾ, ਇਕੋ ਕਾਇਆ ਮੰਦਰ ਦਏ ਵਖਾਈਆ । ਜਿਸ ਦੇ ਅੰਤਰ ਰਹੇ ਬੁਧ ਬਿਬੇਕਾ, ਵਿਵੇਕੀ ਆਪਣੀ ਖੇਲ ਕਰਾਈਆ । ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਹੋਵੇ ਸਭ ਦਾ ਨੇਤਾ, ਨਿਜ ਨੇਤਰ ਲੋਚਣ ਨੈਣ ਅੱਖ ਦਏ ਖਲ੍ਹਾਈਆ । ਕੂੜ ਕੁਟੰਬ ਚਾਰ ਕੁੰਟ ਮੁੱਕੇ ਅੰਤਮ ਠੇਕਾ, ਠਾਕਰ ਹੋ ਕੇ ਅੰਤਮ ਸਭ ਦਾ ਲਹਿਣਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਈਆ । ਜਨ ਭਗਤੋ ਸਚ ਦਵਾਰਾ ਵੇਖੋ ਏਕ, ਏਕੰਕਾਰ ਇਕ ਪਰਗਟਾਈਆ । ਜਿਥੇ ਭਗਤਾਂ ਮਿਲੇ ਟੇਕ, ਟਿੱਕੇ ਮਸਤਕ ਧੂੜੀ ਨਾਮ ਲਗਾਈਆ । ਜੂਠਾ ਝੂਠਾ ਨਹੀਂ ਕੋਈ ਭੇਖ, ਭਰਮ ਵਿਚ ਕਰਮ ਨਾ ਕੋਇ ਜਣਾਈਆ । ਸੋ ਤੁਹਾਨੂੰ ਸਾਚੀ ਦੱਸੇ ਇਕ ਆਦੇਸ, ਅਦਲ ਇਨਸਾਫ਼ ਦਏ ਦ੍ਰਿੜਾਈਆ । ਜਿਸ ਦਾ ਪਿਆਰ ਮੁਹੱਬਤ ਵਿਚ ਵਸਦਾ ਰਹੇ ਸਚਖੰਡ ਦੇਸ, ਦਰਗਾਹ ਸਾਚੀ ਹਕ ਮੁਕਾਮੇ ਮੁਕੰਮਲ ਆਪਣੀ ਕਾਰ ਕਮਾਈਆ । ਲੇਖਾ ਜਾਣੇ ਵਿਸ਼ਨ ਬ੍ਰਹਮਾ ਸ਼ਿਵ ਗਣਪਤ ਗਣੇਸ਼, ਦੇਵਤ ਸੁਰ ਸੁਰਪਤ ਇੰਦ ਇੰਦਰਾਸਣ ਸਚ ਸਿੰਘਾਸਣ ਖੋਜ ਖੁਜਾਈਆ । ਸੋ ਸਭ ਦੀ ਸੁਰਤੀ ਕਰੇ ਬਿਬੇਕ, ਜਿਹੜਾ ਅਕਾਲ ਮੂਰਤੀ ਮੂਰਤੀ ਆਪਣੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ ।


੭੯੫
੨੦

ਜਨ ਭਗਤੋ ਜੋ ਸੰਦੇਸ਼ਾ ਦਿਤਾ ਅੰਦਰੋਂ ਲਾਲ, ਲਾਲ ਰੂਪ ਅੰਦਰੋਂ ਦਏ ਵਖਾਈਆ । ਜਿਸ ਦੀ ਕਾਇਆ ਮੰਦਰ ਸੱਚੀ ਧਰਮਸਾਲ, ਮੰਦਰ ਧੁਰ ਦਾ ਵੱਜੇ ਵਧਾਈਆ । ਦੀਪਕ ਜੋਤੀ ਜਗੇ ਬੇਮਿਸਾਲ, ਮਿਸਲ ਦਾ ਮਸਲਾ ਸਕੇ ਨਾ ਕੋਇ ਸਮਝਾਈਆ । ਜਿਸ ਦਾ ਲਹਿਣਾ ਪਿਛਲਾ ਮਾਜ਼ੀ ਸੋ ਲੇਖਾ ਵੇਖੇ ਹਾਲ, ਅਗਲਾ ਪੜਦਾ ਦਏ ਖੁਲ੍ਹਾਈਆ । ਭੇਵ ਖੁਲ੍ਹਾਏ ਅਗਲੇ ਸਾਲ, ਆਗਮਨ ਵਿਚ ਰਾਹ ਤੱਕੇ ਜਗਤ ਲੋਕਾਈਆ । ਜਿਸ ਲੇਖ ਲਿਖਾਉਣਾ ਸ਼ਾਹ ਕੰਗਾਲ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਦੀਨ ਦੁਨੀ ਦਾ ਬਦਲ ਦੇਣਾ ਵਿਧਾਨ, ਵਿਦਿਆ ਦਾ (ਉਦੇਸ਼) ਦੇਣਾ ਬਦਲਾਈਆ । ਇਕੋ ਨਾਮ ਨਿਧਾਨਾ ਸਭ ਨੂੰ ਕਰਨਾ ਪਏ ਪਰਵਾਨ, ਪਰਵਾਨਾ ਧੁਰ ਦਾ ਸ਼ਬਦ ਸੁਣਾਈਆ । ਜਨ ਭਗਤ ਜੋਧਾ ਸੂਰਬੀਰ ਨੌਜਵਾਨ, ਮਰਦ ਮਰਦਾਨਾ ਲਏ ਉਠਾਈਆ । ਸੰਦੇਸ਼ਾ ਦੇਵੇ ਰਾਤੀਂ ਸੁਤਿਆਂ ਆਣ, ਬਿਨਾ ਕੰਨਾਂ ਰਾਗ ਸੁਣਾਈਆ । ਲੇਖਾ ਜਾਣੇ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਜਿਹੜਾ ਸਤਿਜੁਗ ਤਰੇਤਾ ਦੁਆਪਰ ਕਲਜੁਗ ਬਣਿਆ ਰਿਹਾ ਬੇਪਹਿਚਾਨ, ਸੋ ਪੜਦਾ ਓਹਲਾ ਬਣ ਵਿਚੋਲਾ ਸ਼ਬਦੀ ਢੋਲਾ ਦਏ ਸੁਣਾਈਆ । ਦੇਵਣਹਾਰਾ ਸਾਚਾ ਦਾਨ, ਦੀਦਾ ਦਾਨਿਸਤਾ ਨਜ਼ਰੀ ਆਈਆ । ਸਚ ਸਖ਼ੀ ਦਾ ਬਣ ਕੇ ਧੁਰ ਦਾ ਕਾਹਨ, ਘਨੱਈਆ ਬਣ ਨਈਆ ਸ੍ਰਿਸ਼ਟੀ ਦ੍ਰਿਸ਼ਟੀ ਦਏ ਚਲਾਈਆ । ਜਿਸ ਨੂੰ ਹਜ਼ਰਤਾਂ ਪੈਗ਼ੰਬਰਾਂ ਮੰਨਿਆ ਅਮਾਮ, ਅਮਲਾਂ ਦਾ ਲੇਖਾ ਵੇਖ ਵਖਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਜਗਤ ਜ਼ੰਜੀਰ ਸ਼ਾਹ ਹਕੀਰ ਦਏ ਮਿਟਾਈਆ । ਤੂੰ ਮੇਰਾ ਮੈਂ ਤੇਰਾ ਨੂਰੀ ਨੂਰ ਦਾ ਹੋਏ ਇਸਲਾਮ, ਇਸਮ ਆਜ਼ਮ ਦਏ ਜਣਾਈਆ । ਬਿਨਾ ਅੱਖਰਾਂ ਤੋਂ ਦੱਸ ਕਲਾਮ, ਕਲਮਾ ਇਕੋ ਦਏ ਵਖਾਈਆ । ਜਿਨ੍ਹਾਂ ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਕੀਤਾ ਬਦਨਾਮ, ਓਮ ਕਹਿ ਕੇ ਝਗੜਾ ਰਹੇ ਪਾਈਆ । ਉਨ੍ਹਾਂ ਦੇ ਕਾਇਆ ਮੰਦਰ ਅੰਦਰੋਂ ਹਰਾਮੀ ਨਜ਼ਰ ਕੋਇ ਨਾ ਆਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਦੇ ਦੇਣਾ ਪੈਗ਼ਾਮ, ਦੋ ਜਹਾਨਾਂ ਕਰ ਸ਼ਨਵਾਈਆ । ਮੰਜ਼ਲ ਦੱਸ ਕੇ ਇਕ ਆਸਾਨ, ਗੁਰਮੁਖ ਵਿਅਕਤੀ ਵੇਖ ਕਿਸਾਨ, ਕ਼ਿਸਮਤ ਸਭ ਦੀ ਦੇਣੀ ਬਦਲਾਈਆ । ਝਗੜਾ ਮੁਕੇ ਦੀਨ ਦੁਨੀ ਤਮਾਮ, ਤਮਾ ਦਾ ਕਰੇ ਕੋਈ ਨਾ ਮਾਣ, ਅਮਾਮ ਇਕੋ ਦੇਣਾ ਦਰਸਾਈਆ । ਲੇਖਾ ਸਮਝਾ ਅੰਜੀਲ ਕੁਰਾਨ, ਪੜਦਾ ਲਾਹੇ ਵੇਦ ਪੁਰਾਨ, ਸ਼ਾਸਤਰਾਂ ਦੀ ਜੜ੍ਹ ਬਿਨ ਅੱਖਰ ਪੜ੍ਹ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕੋ ਇਕ ਪਰਗਟਾਈਆ । ਸਚ ਸੰਦੇਸ਼ਾ ਦਿਤਾ ਹੇਰਾਂ ਲਾਲ , ਲਾਲ ਰੂਪ ਰਿਹਾ ਸਮਝਾਈਆ । ਸਭ ਦਾ ਮਾਲਕ ਇਕੋ ਮਹਿਬੂਬ, ਪਾਤਸ਼ਾਹ ਧੁਰਦਰਗਾਹੀਆ । ਜਿਸ ਦੇ ਨਾਮ ਦਾ ਡੰਕਾ ਵੱਜੇ ਚਾਰੇ ਕੂਟ, ਕਾਇਆ ਕੁਟੀਆ ਸਭ ਦੀ ਫੋਲ ਫੁਲਾਈਆ । ਲੋਕਮਾਤ ਵਿਚੋਂ ਕੱਢ ਦੇਵੇ ਜੂਠ ਝੂਠ, ਸੰਤ ਸੁਹੇਲੇ ਦਏ ਉਠਾਈਆ । ਜਿਨ੍ਹਾਂ ਦੇ ਪੈਰੀਂ ਕੋਈ ਤਸਮਿਆਂ ਵਾਲੇ ਹੋਣੇ ਨਹੀਂ ਬੂਟ, ਨਾਮ ਦਾ ਡੰਡਾ ਦਏ ਲਗਾਈਆ । ਸੁਰਤੀ ਦੇਵੇ ਕਾਇਆ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰੇ ਰੁਸ਼ਨਾਈਆ । ਕੁਛ ਲਹਿਣਾ ਦੇਣਾ ਜਾਣੇ ਸ੍ਰੀ ਭਗਵਾਨ , ਜਿਸ ਦਾ ਜਸ ਰਵ ਸਸ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੌ ਖੰਡ ਪ੍ਰਿਥਮੀ ਸੱਤ ਦੀਪ ਸਾਚਾ ਹੁਕਮ ਆਪ ਸੁਣਾਈਆ । ਸਾਚਾ ਹੁਕਮ ਚਲੇ ਏਕੰਕਾਰ, ਅਕਲ ਕਲਧਾਰੀ ਆਪ ਜਣਾਈਆ । ਵੇਖੋ ਪੁਰਖ ਅਕਾਲ, ਅਕਲ ਕਲਧਾਰੀ ਵੇਸ ਵਟਾਈਆ । ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚਾਰ, ਗੁਰ ਅਵਤਾਰ

੭੯੬
੨੦

ਪੈਗ਼ੰਬਰਾਂ ਆਪਣਾ ਹੁਕਮ ਸੁਣਾਈਆ । ਸੋ ਭਗਤ ਸੁਹੇਲਾ ਇਕ ਅਕੇਲਾ ਪਰਗਟ ਹੋਵੇ ਅਗੰਮ ਅਪਾਰ, ਅਲਖ ਅਗੋਚਰ ਪੜਦਾ ਦਏ ਉਠਾਈਆ । ਜਨ ਭਗਤਾਂ ਬਖ਼ਸ਼ ਕੇ ਇਕ ਪਿਆਰ, ਸਾਚਾ ਮੰਦਰ ਇਕ ਵਖਾਈਆ । ਜਿਥੇ ਗੁਰਮੁਖ ਸੋਹੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਕੂੜੀ ਬਦਲ ਦੇਵੇ ਚਾਲ, ਸਤਿ ਧਰਮ ਦੀ ਕਰੇ ਸੰਭਾਲ, ਚਾਰ ਵਰਨ ਕਰੇ ਪ੍ਰਿਤਪਾਲ, ਬਾਲਕ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਜਨ ਭਗਤੋ ਭਗਤੀ ਦਾ ਵੇਖੋ ਮੂਲ, ਅਨਮੁੱਲ ਆਪ ਸਮਝਾਈਆ । ਸ਼ੰਕਰ ਦੀ ਤੱਕੋ ਤਰਸੂਲ, ਜੋ ਤ੍ਰੈਗੁਣ ਲੇਖਾ ਦਏ ਮੁਕਾਈਆ । ਧੁਰ ਦਾ ਬਚਨ ਨਾ ਜਾਣਾ ਭੂਲ, ਅਨਭੁਲ ਦਏ ਵਡਿਆਈਆ । ਸਤਿਗੁਰ ਚਰਨ ਏਕੋ ਧੂਲ, ਧੂੜੀ ਟਿੱਕਾ ਖ਼ਾਕ ਰਮਾਈਆ । ਸਭ ਦਾ ਮਾਲਕ ਇਕ ਕੰਤੂਹਲ, ਕੰਤ ਨੂਰ ਖ਼ੁਦਾਈਆ । ਜਿਸ ਨੇ ਬਦਲ ਦੇਣਾ ਅਸੂਲ, ਅਸਲੀ ਇਕੋ ਰਾਹ ਵਖਾਈਆ । ਦੀਨਾਂ ਮਜ਼੍ਹਬਾਂ ਮੰਗੇ ਨਾ ਕੋਇ ਮਾਸੂਲ, ਕਾਇਆ ਕਰਮ ਨਾ ਕੋਇ ਜਣਾਈਆ । ਧੁਰ ਦਾ ਹੁਕਮ ਦੇਵੇ ਮਾਕੂਲ, ਚਾਰ ਕੁੰਟ ਨਾ ਕੋਇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਹੁਕਮ ਆਪ ਸੁਣਾਈਆ । ਜਨ ਭਗਤੋ ਕਰੋ ਧਿਆਨ, ਅਧਿਆਤਮਕ ਭੇਵ ਖਲ੍ਹਾਇੰਦਾ । ਅੱਖਰਾਂ ਤੋਂ ਪਰੇ ਦੇਵਾਂ ਗਿਆਨ, ਅਗਿਆਨ ਰਹਿਣ ਕੋਇ ਨਾ ਪਾਇੰਦਾ । ਸਤਿ ਧਰਮ ਦਾ ਇਕ ਨਿਸ਼ਾਨ, ਨਿਸ਼ਾਨਾ ਨਰ ਨਰਾਇਣ ਝੁਲਾਇੰਦਾ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਅੱਖ ਨਾ ਕੋਇ ਉਠਾਇੰਦਾ । ਗੁਰ ਅਵਤਾਰ ਪੈਗ਼ੰਬਰ ਕਰਨ ਪਰਵਾਨ, ਪਰਾ ਪਸੰਤੀ ਮਧਮ ਬੈਖਰੀ ਵੰਡ ਨਾ ਕੋਇ ਵੰਡਾਇੰਦਾ । ਚਾਰੇ ਖਾਣੀ ਚਾਰੇ ਬਾਣੀ ਦਿਸੇ ਬੇਜ਼ਬਾਨ, ਜ਼ੇਰ ਜ਼ਬਰ ਵੰਡ ਨਾ ਕੋਇ ਵੰਡਾਇੰਦਾ । ਸੋ ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਆਪਣੀ ਕਾਰ ਕਮਾਇੰਦਾ । ਚਾਰ ਕੁੰਟ ਦਹਿ ਦਿਸ਼ਾ ਹੋਏ ਹੈਰਾਨ, ਹੈਰਾਨੀ ਅੰਦਰੋਂ ਬਾਹਰ ਨਾ ਕੋਇ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਜਨ ਭਗਤੋ ਜੋ ਬੋਲਿਆ ਧਰਮ ਪਿਆਰ, ਰਸਨਾ ਜਿਹਵਾ ਗਾਈਆ । ਤਿਸ ਦਾ ਅੰਤਰ ਇਕ ਆਧਾਰ, ਨਿਰੰਤਰ ਨੂਰ ਚਮਕਾਈਆ । ਨਿਮੰਤਰਣ ਵਿਚ ਆਏ ਦਰਬਾਰ, ਭਗਤ ਦਵਾਰੇ ਸੋਭਾ ਪਾਈਆ । ਪੂਰਬ ਜਨਮ ਦਾ ਲਹਿਣਾ ਰਿਹਾ ਉਤਾਰ, ਮਕਰੂਜ਼ ਕਰਜ਼ਾ ਰਿਹਾ ਚੁਕਾਈਆ । ਮੁਨੀ ਵਸ਼ਿਸ਼ਟ ਦਾ ਦੇ ਉਧਾਰ, ਰਾਮ ਗੁਫ਼ਤਾਰ ਨਾਲ ਸ਼ਨਵਾਈਆ । ਅਯੁਧਿਆ ਦਾ ਹੱਕਦਾਰ, ਦਸਰਥ ਦਾ ਰਥਵਾਹੀਆ । ਸੇਵਾ ਕੀਤੀ ਨੌ ਬਰਸ ਮਹੀਨੇ ਚਾਰ, ਕੁਸ਼ੱਲਿਆ ਨਿਤ ਨਿਤ ਸੀਸ ਨਿਵਾਈਆ । ਸੁਮਿਤਰੀ ਦੇ ਕੇ ਇਕ ਪਿਆਰ, ਸਹਿਜੇ ਦਿਤਾ ਸਮਝਾਈਆ । ਲਛਮਣ ਰਾਮ ਜੋੜ ਅਪਾਰ, ਅਪਰੰਪਰ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਜਨ ਭਗਤੋ ਭੇਵ ਅਭੇਦਾ ਦੱਸੇ ਆਪ, ਆਪ ਆਪਣੀ ਦਇਆ ਕਮਾਈਆ । ਜਿਸ ਦਾ ਰਾਮ ਰਾਮ ਨਾਲ ਸਾਥ, ਰਾਮ ਰਾਮ ਵਿਚ ਸਮਾਈਆ । ਓਸ ਦੱਸ ਕੇ ਆਪਣੀ ਗਾਥ, ਗਾਥਾ ਅਗਲੀ ਦਿਤੀ ਦ੍ਰਿੜਾਈਆ । ਮਹੀਨਾ ਨਜ਼ਰ ਆਵੇ ਵਿਸਾਖ, ਥਿਤ ਪੰਜਵੀਂ ਸੋਭਾ ਪਾਈਆ । ਸਾਢੇ ਤਿੰਨ ਦਾ ਵਕਤ ਅੰਧੇਰੀ ਰਾਤ, ਨਗਰੀ ਅਯੁਧਿਆ ਵੱਜੀ ਵਧਾਈਆ । ਰਾਮ ਨੇ ਸਹਿਜੇ ਕੀਤੀ ਬਾਤ, ਹੰਸਮੁਖ ਦਿਤਾ ਸੁਣਾਈਆ । ਉਠ ਵੇਖ ਮੇਰੇ ਭਰਾਤ, ਭਰਾਤਾ ਦਿਆਂ ਜਣਾਈਆ । ਕਲਜੁਗ ਕੂੜੀ ਦਿਸੇ ਜਮਾਤ, ਅੰਤ ਸਰਬ ਦੁੱਖਦਾਈਆ । ਨਾਤਾ ਜੁੜਿਆ ਕਿਸੇ ਨਾ ਕਮਲਾਪਾਤ, ਕਮਲ ਨੈਣ ਦਰਸ

੭੯੭
੨੦

ਕੋਇ ਨਾ ਪਾਈਆ । ਤੇਰੀ ਹੋਰ ਵਧਾਵਾਂ ਆਸ, ਤ੍ਰਿਸ਼ਨਾ ਆਪ ਮਿਲਾਈਆ । ਤੱਕ ਉਪਰ ਮੇਰੇ ਆਕਾਸ਼, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜਿਥੇ ਨਹੀਂ ਕੋਈ ਜਾਤ ਪਾਤ, ਵਰਨ ਬਰਨ ਨਾ ਕੋਈ ਦਰਸਾਈਆ । ਇਕੋ ਮਾਲਕ ਪੁਰਖ ਸਮਰਾਥ, ਸਭ ਦਾ ਦਾਤਾ ਇਕ ਅਖਵਾਈਆ । ਓਹ ਵੇਖਣਹਾਰ ਖੇਲ ਤਮਾਸ਼, ਜੁਗ ਜੁਗ ਵੇਸ ਵਟਾਈਆ । ਜਿਸ ਨੇ ਕਲਜੁਗ ਅੰਤਮ ਜੋਤ ਕਰਨੀ ਪਰਕਾਸ਼, ਤਤਵ ਤਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਰਾਮ ਕਿਹਾ ਸੁਣ ਮੇਰੇ ਮੀਤ, ਮਿਤਰ ਪਿਆਰੇ ਦਿਆਂ ਜਣਾਈਆ । ਜਿਸ ਵੇਲੇ ਤ੍ਰੇਤਾ ਦੁਆਪਰ ਗਿਆ ਬੀਤ, ਰੀਤੀਵਾਨ ਨਜ਼ਰ ਕੋਇ ਨਾ ਆਈਆ । ਝਗੜਾ ਪੈਣਾ ਮੰਦਰ ਮਸੀਤ, ਮਸਲਾ ਹੱਲ ਨਾ ਕੋਇ ਕਰਾਈਆ । ਖੇਲ ਮੁਕੇ ਨਾ ਊਚ ਨੀਚ, ਨੀਚੋਂ ਊਚ ਨਾ ਕੋਇ ਬਣਾਈਆ । ਓਸ ਵੇਲੇ ਖੇਲ ਕਰਨਾ ਹਰਿ ਜਗਦੀਸ਼, ਜਗਦੀਸ਼ਰ ਆਪਣਾ ਫੇਰਾ ਪਾਈਆ । ਜਿਸ ਦੇ ਆਦਿ ਜੁਗਾਦਿ ਜੁਗ ਚੌਕੜੀ ਛਤਰ ਝੁੱਲੇ ਸੀਸ, ਸ਼ਾਹ ਪਾਤਸ਼ਾਹ ਸੁਲਤਾਨ ਹੁਕਮ ਸੁਣਾਈਆ । ਸਦੀ ਬੀਸਵੀਂ ਹੋਵੇ ਠੀਕ, ਠਾਕਰ ਪਰਗਟੇ ਧੁਰਦਰਗਾਹੀਆ । ਤੂੰ ਉਸ ਦੀ ਰੱਖਣੀ ਉਡੀਕ, ਮਾਨਸ ਮਾਨਸ ਜਨਮ ਬਦਲਾਈਆ । ਪਹਿਲੇ ਜਗਤ ਦੀ ਦੇਵੇ ਪ੍ਰੀਤ, ਪ੍ਰੀਤ ਵਿਚੋਂ ਪ੍ਰੀਤਮ ਆਪਣੀ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦਏ ਦ੍ਰਿੜਾਈਆ । ਪੂਰਬ ਲਹਿਣਾ ਦੱਸੇ ਇਕ, ਅਕਲ ਕਲਧਾਰੀ ਆਪ ਜਣਾਈਆ । ਜਿਹੜਾ ਬਿਨ ਅੱਖਰਾਂ ਤੋਂ ਰਾਮ ਨੇ ਲਿਖਿਆ ਲੇਖ, ਲੇਖਾ ਸਕੇ ਨਾ ਕੋਇ ਮਿਟਾਈਆ । ਕਲਜੁਗ ਅੰਤਮ ਧਾਰ ਕੇ ਆਪਣਾ ਭੇਖ, ਵੇਸ ਅਵੱਲਾ ਲਿਆ ਕਰਾਈਆ । ਜਨ ਭਗਤਾਂ ਮਾਣ ਕੇ ਸੇਜ, ਸਿੰਘਾਸਣ ਇਕੋ ਰਿਹਾ ਸੁਹਾਈਆ । ਸਚ ਪ੍ਰੀਤੀ ਕਰ ਕੇ ਹੇਤ, ਮੁਹੱਬਤ ਆਪਣੇ ਨਾਲ ਪਰਨਾਈਆ । ਧੁਰ ਦਾ ਬਣ ਕੇ ਖੇਵਟ ਖੇਟ, ਨਈਆ ਨਾਮ ਜਗਤ ਚਲਾਈਆ । ਧੁਰ ਫ਼ਰਮਾਨਾ ਦੇ ਸੰਦੇਸ਼, ਸੁਤਿਆਂ ਲਿਆ ਉਠਾਈਆ । ਜਿਸ ਕਾਰਨ ਬੱਤਰਾ ਹੋਇਆ ਪੇਸ਼, ਪਿਛਲਾ ਜਨਮ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸੁਣ ਰੂਪ ਲਾਲ ਬੱਤਰਾ, ਬਹੱਤਰ ਨਾੜੀ ਵੱਜੇ ਵਧਾਈਆ । ਸਾਚੀ ਕਾਇਆ ਦਾ ਅੰਦਰੋਂ ਫੋਲੇ ਤੇਰਾ ਪੱਤਰਾ, ਸਚ ਦਏ ਵਖਾਈਆ । ਜਿਹੜਾ ਲੇਖ ਲੱਭਾ ਨਹੀਂ ਵਿਚੋਂ ਢਾਈ ਸਤਰਾ, ਸਤ੍ਰਾ ਤੋਂ ਉਤੋਂ ਦਏ ਦ੍ਰਿੜਾਈਆ । ਜਿਥੇ ਲੇਖਾ ਨਹੀਂ ਕੋਈ ਸਿਲ ਪੱਥਰਾ, ਬਜਰ ਕਪਾਟੀ ਪੜਦਾ ਦਏ ਉਠਾਈਆ । ਜਨਮ ਮਰਨ ਦਾ ਨਹੀਂ ਖ਼ਤਰਾ, ਲੱਖ ਚੁਰਾਸੀ ਡੇਰਾ ਢਾਹੀਆ । ਅੱਗੇ ਰਹਿਣ ਨਾ ਦੇਵੇ ਵੱਖਰਾ, ਦੂਜੇ ਘਰ ਨਾ ਕੋਇ ਬਿਠਾਈਆ । ਜਿਸ ਮੰਜ਼ਲ ਤੇ ਜਗਤ ਜੀਵ ਨਹੀਂ ਕੋਈ ਅਪੜਾ, ਸਹਿਜੇ ਦੇਣਾ ਪੁਚਾਈਆ । ਗੁਰਮੁਖ ਬਾਹਰੋਂ ਰਹੇ ਕੋਈ ਨਾ ਬਗ਼ਲਾ ਬਪਰਾ, ਹੰਸ ਰੂਪ ਵੱਜੇ ਵਧਾਈਆ । ਕੁਛ ਝਗੜਾ ਵੇਖੋ ਵਿਚ ਬਸਰਾ, ਬਸਤੀ ਸਭ ਦੀ ਫੋਲ ਫੁਲਾਈਆ । ਨੌ ਖੰਡ ਪ੍ਰਿਥਮੀ ਦਾ ਕੱਢ ਕੇ ਨੰਬਰ ਖ਼ਸਰਾ, ਹੱਦ ਹਦੂਦ ਦੇਣੀ ਜਣਾਈਆ । ਸ੍ਰੀ ਭਗਵਾਨ ਕੋਲ ਦੋ ਜਹਾਨਾਂ ਛਜਰਾ, ਜਿਸ ਦੀ ਲਾਈਨ ਲਕੀਰ ਸਮਝ ਕਿਸੇ ਨਾ ਆਈਆ । ਕਲਜੁਗ ਕੂੜੀ ਕਿਰਿਆ ਕਰੇ ਪੱਧਰਾ, ਪਦਮਾਂ ਦਾ ਲੇਖਾ ਦਏ ਮੁਕਾਈਆ । ਜਨ ਭਗਤੋ ਤੁਹਾਡੀਆਂ ਪੂਰੀਆਂ ਕਰ ਕੇ ਸੱਧਰਾ, ਸਦਾ ਸੰਗ ਦਏ ਰਖਾਈਆ । ਜਗਤ ਜਹਾਨ ਵੇਖੋ ਗ਼ਦਰਾ, ਗਦਾਗਰ ਬਣੇ ਲੋਕਾਈਆ । ਮਾਨਵ ਫਿਰੇ ਵਾਂਗ ਡੰਗਰਾ, ਢੋਰ ਭੱਜਣ ਵਾਹੋ ਦਾਹੀਆ । ਕਿਸੇ ਦਾ ਰਹਿਣਾ ਨਹੀਂ ਦੀਨ ਮਜ਼੍ਹਬ ਦਾ ਜੰਗਲਾ, ਚਾਰ ਦੀਵਾਰੀ ਕੂੜੀ ਨਜ਼ਰ ਕੋਇ ਨਾ ਆਈਆ । ਪਰਕਾਸ਼ ਬਦਲਣਾ

ਸੂਰੀਆ ਚੰਦ ਦਾ, ਮੰਡਲ ਮੰਡਪ ਵੇਸ ਵਟਾਈਆ । ਪ੍ਰਭੂ ਨੇ ਵੇਖ ਵਖਾਉਣਾ ਡੂੰਘੀ ਕੰਦਰਾ, ਟਿੱਲੇ ਪਰਬਤ ਭੱਜੇ ਵਾਹੋ ਦਾਹੀਆ । ਜਨ ਭਗਤੋ ਤੁਹਾਡੇ ਅੰਦਰ ਕਾਇਆ ਮੰਦਰ ਤੋੜ ਕੇ ਜੰਦਰਾ, ਜ਼ਿੰਦਗੀ ਦਾ ਜੀਵਨ ਦੇਣਾ ਬਦਲਾਈਆ । ਤੁਹਾਡਾ ਤਨ ਵਜੂਦ ਬਣਾਕੇ ਮਥਰਾ ਬਨ ਬਿੰਦਰਾ, ਸੁਰਤੀ ਸ਼ਬਦੀ ਗੋਪੀ ਕਾਹਨ ਦੇਣਾ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਧਰਮ ਇਕ ਪਰਗਟਾਈਆ । ਜਨ ਭਗਤੋ ਪ੍ਰਭ ਦਾ ਹੋਵੇ ਧਰਮ ਦਵਾਰਾ, ਧਰਮ ਇਕੋ ਇਕ ਸਮਝਾਈਆ । ਸ਼ਰਅ ਦਾ ਰਹੇ ਨਾ ਕੋਇ ਵਣਜਾਰਾ, ਸ਼ਰੀਅਤ ਬੈਠੇ ਮੁਖ ਛੁਪਾਈਆ । ਕੂੜੀ ਕਿਰਿਆ ਕਰੇ ਕਿਨਾਰਾ, ਸ਼ੌਹ ਦਰਿਆਏ ਦਏ ਰੁੜ੍ਹਾਈਆ । ਸਤਿ ਧਰਮ ਦਾ ਹੋਵੇ ਜੈਕਾਰਾ, ਸਤਿਜੁਗ ਸਾਚਾ ਲਏ ਅੰਗੜਾਈਆ । ਪ੍ਰੇਮ ਪ੍ਰੀਤੀ ਭਗਤੀ ਮਿਲੇ ਹਕ ਪਿਆਰਾ, ਪ੍ਰੇਮੀ ਪ੍ਰੀਤਮ ਇਕ ਸਿਖਾਈਆ । ਖੇਲ ਕਰੇ ਗੁਪਤ ਜਾਹਰਾ, ਅੰਦਰ ਬਾਹਰ ਪੜਦਾ ਲਾਹੀਆ । ਜਿਸ ਨੂੰ ਸਜਦੇ ਕਰਦੇ ਨਮੋਂ ਨਮੋਂ ਨਮਸਤੇ ਵਿਚ ਡੰਡਾਵਤ ਪੈਗ਼ੰਬਰ ਗੁਰ ਅਵਤਾਰਾ, ਸਚ ਦਵਾਰੇ ਸੀਸ ਝੁਕਾਈਆ । ਸੋ ਲਹਿਣਾ ਦੇਣਾ ਲੇਖਾ ਜਾਣੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਨਾਲ ਮਿਲਾਈਆ । ਸਚ ਪ੍ਰੀਤੀ ਧੁਰ ਦੀ ਰੀਤੀ ਲੋਕਮਾਤ ਚਲੇ ਆਪਣੀ ਵਾਰਾ, ਵਾਰਤਾ ਅਗਲੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਧਾਰ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਖ਼ਲਕ ਖ਼ੁਦਾਈ ਆਪ ਦ੍ਰਿੜਾਈਆ । ਜਨ ਭਗਤੋ ਵੇਖੋ ਹਕ ਮਹਿਬੂਬ, ਸੂਫ਼ੀ ਸੰਤਾਂ ਮੇਲ ਮਿਲਾਇੰਦਾ । ਜਿਸ ਦਾ ਅਰਸ਼ ਇਕ ਅਰੂਜ, ਆਲੀਸ਼ਾਨ ਸੋਭਾ ਪਾਇੰਦਾ । ਮੰਜ਼ਲ ਦੇਵੇ ਇਕ ਮਕਸੂਦ, ਮਸਲਾ ਇਕੋ ਇਕ ਦ੍ਰਿੜਾਇੰਦਾ । ਜਿਸ ਦੀ ਸਿਫ਼ਤ ਕਰੇ ਹਜ਼ਾਰਾ ਦਰੂਦ, ਹਜ਼ਰਤ ਹੋ ਕੇ ਫੋਲ ਫੁਲਾਇੰਦਾ । ਕਲਜੁਗ ਅੰਤਮ ਸਦੀ ਚੌਧਵੀਂ ਕੂੜੀ ਕਿਰਿਆ ਸ਼ਰਅ ਕਰੇ ਨੇਸਤੋ ਨਾਬੂਦ, ਨਾਮ ਡੰਕਾ ਇਕ ਸੁਣਾਇੰਦਾ । ਝਗੜਾ ਰਹੇ ਨਾ ਏਕਾ ਦੂਜ, ਦੁਤੀਆ ਭਾਉ ਮੇਟ ਮਿਟਾਇੰਦਾ । ਚਾਰ ਵਰਨਾਂ ਦੇ ਕੇ ਏਕਾ ਸੂਝ, ਮਨ ਬੁੱਧੀ ਤੋਂ ਪਰੇ ਆਪ ਪੜ੍ਹਾਇੰਦਾ । ਭਾਗ ਲਗਾ ਕੇ ਕਾਇਆ ਪੰਜ ਤਤ ਕਲਬੂਤ, ਕਲਮਾ ਇਕੋ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਪਣੀ ਕੂਟ, ਦਿਸ਼ਾ ਭਗਤਾਂ ਫੋਲ ਫੁਲਾਇੰਦਾ ।



### ★ ੧੮ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਮਾਲਾ ਕਹੇ ਮੈਂ ਸਚ ਦਵਾਰਾ ਬੈਠੀ ਮੱਲੀ, ਨਾਮਾਲੂਮ ਦਿਆਂ ਜਣਾਈਆ । ਬਿਰਹੋਂ ਵੈਰਾਗਣ ਹੋ ਕੇ ਝੱਲੀ, ਝਲਕ ਤੱਕੀ ਬੇਪਰਵਾਹੀਆ । ਜੁਗ ਚੌਕੜੀ ਕੋਟਾਂ ਦੀ ਲੈਂਦੀ ਰਹੀ ਬਲੀ, ਤਨ ਮਾਟੀ ਖ਼ਾਕ ਦਿਤੇ ਸੁਕਾਈਆ । ਕਿਸੇ ਨੂੰ ਲੱਭਣ ਨਹੀਂ ਦਿਤੀ ਯਾਰ ਵਾਲੀ ਗਲੀ, ਗਲਵਕੜੀ ਗਲ ਨਾ ਕੋਇ ਪਾਈਆ । ਤਸਬੀ ਫੜ ਕੇ ਹੌਕਾ ਭਰਿਆ ਅਲੀ, ਅੱਲ੍ਹਾ ਅੱਗੇ ਸੀਸ ਨਿਵਾਈਆ । ਤੇਰੀ ਖੇਲ ਹੋਵੇ ਭਲੀ, ਭਰਮ ਗੜ੍ਹ ਤੁੜਾਈਆ । ਮੈਂ ਝਗੜਾ ਵੇਖਿਆ ਦਲੀ, ਦਲਿਦਰਾਂ ਸੰਗ ਰਖਾਈਆ । ਸੂਫ਼ੀ ਸੀਸ ਰੱਖੇ ਕੋਈ ਨਾ ਤਲੀ, ਤਲਵਾਰ ਖੰਜਰ ਰਹੀ ਡਰਾਈਆ । ਪਰਵਰਦਿਗਾਰ ਮਿਹਰਵਾਨ ਨਹੀਂ ਛਲੀ, ਅਛਲ ਛੱਲਧਾਰੀ ਆਪਣਾ ਵੇਸ ਵਟਾਈਆ । ਜਿਹੜੀ ਵਸਤ ਅਮੋਲਕ ਸਚ ਪਿਆਰ ਵਾਲੀ ਘੱਲੀ, ਘਰ ਘਰ ਦਿਤੀ

ਵਰਤਾਈਆ । ਉਹ ਮਾਇਆ ਮਮਤਾ ਮੋਹ ਵਿਚ ਰਲੀ, ਰਸਤਾ ਪਿਛਲਾ ਗਈ ਭੁਲਾਈਆ । ਭਾਗ ਲੱਗੇ ਕਿਸੇ ਨਾ ਕਾਇਆ ਮਾਟੀ ਖੱਲੀ, ਖ਼ਲਕ ਖ਼ਾਲਕ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚੜ੍ਹਾਈਆ । ਮਾਲਾ ਕਹੇ ਮੇਰੀ ਜੁਗ ਜਨਮ ਦੀ ਆਸਾ ਪੁੰਨੀ, ਪਾਇਆ ਪਰਮ ਪੁਰਖ ਕਰਤਾਰ । ਜਿਸ ਨੇ ਧੁਰ ਦਰਬਾਰ ਪੁਕਾਰ ਸੁਣੀ, ਸੁਣ ਪੁਕਾਰ ਲਿਆ ਅਵਤਾਰ । ਲੱਖ ਚੁਰਾਸੀ ਵਿਚੋਂ ਹਰਿ ਸੰਗਤ ਸਾਚੀ ਚੁਣੀ, ਚਾਰ ਵਰਨਾਂ ਦਏ ਅਧਾਰ । ਨਾਮ ਨਿਧਾਨ ਦੀ ਲਾ ਕੇ ਧੁਨੀ, ਜਗਤ ਮੇਟੇ ਧੂੰਆਂਧਾਰ । ਲਹਿਣਾ ਦੇਣਾ ਵੇਖੇ ਜਗਤ ਜਗਿਆਸੂ ਸੁੰਨੀ, ਸੋਭਾਵੰਤ ਹਰਿ ਸਿਕਦਾਰ । ਭਾਗ ਲਗਾਵੇ ਆਪਣੀ ਕੁੱਲੀ, ਕਲਮੇ ਦਾ ਕਰਮ ਕਰੇ ਨਾ ਕੋਇ ਵਿਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਇਕ ਦਵਾਰ । ਮਾਲਾ ਕਹੇ ਮੈਂ ਵੇਖਿਆ ਆਦਿ ਜੁਗਾਦੀ ਮਾਲਕ, ਮਲਕ ਮਲਕ ਖੇਲ ਖਿਲਾਈਆ । ਧਾਰ ਬਣਾਉਂਦਾ ਰਿਹਾ ਖ਼ਲਕ, ਖ਼ਾਲਕ ਖ਼ਲਕ ਵਿਚ ਸਮਾਈਆ । ਵਾਸਾ ਰੱਖ ਕੇ ਉਪਰ ਫ਼ਲਕ, ਫ਼ਰਮਾਨਾ ਧੁਰ ਦਾ ਦਏ ਫ਼ਰਮਾਈਆ । ਕਲਜੁਗ ਅੰਤਮ ਪੂਰੀ ਕਰ ਕੇ ਸ਼ਰਤ, ਸ਼ਰਅ ਰਿਹਾ ਬਦਲਾਈਆ । ਨਿਰਗੁਣ ਧਾਰ ਆਇਆ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਗ਼ਰਜ਼, ਗ਼ਰੀਬ ਨਿਮਾਣੇ ਗੋਦ ਉਠਾਈਆ । ਤੂੰ ਮੇਰਾ ਮੈਂ ਤੇਰਾ ਰਾਗ ਦੱਸ ਕੇ ਅਗੰਮੀ ਤਰਜ਼, ਨਾਦ ਇਕੋ ਦਿਤਾ ਵਜਾਈਆ । ਮੈਂ ਵੇਖ ਕੇ ਹੈਰਾਨ ਹੋਈ ਅਸਚਰਜ, ਅਚਰਜ ਲੀਲਾ ਕੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਮਾਲਾ ਕਹੇ ਮੈਂ ਵੇਖਿਆ ਸ਼ਹਿਨਸ਼ਾਹ ਮਲੂਕ, ਮਾਲਕ ਧੁਰ ਦਰਗਾਹੀਆ । ਸਚ ਪ੍ਰੀਤੀ ਬਖ਼ਸ਼ ਸਲੂਕ, ਸੁਲਾਹਕੁਲ ਨਜ਼ਰੀ ਆਈਆ । ਭੇਵ ਚੁਕਾ ਕੇ ਚਾਰੇ ਕੂਟ, ਦਹਿ ਦਿਸ਼ਾ ਕਰੇ ਸ਼ਨਵਾਈਆ । ਜਨ ਭਗਤਾਂ ਅੰਦਰ ਰਹਿਣ ਨਾ ਦੇਵੇ ਜੂਠ ਝੂਠ, ਦਰ ਪੜਦਾ ਦਏ ਉਠਾਈਆ । ਇਕੋ ਰੰਗ ਰੰਗਾਏ ਤਾਣਾ ਪੇਟਾ ਸੂਤ, ਸੂਤਰਧਾਰੀ ਹੋਏ ਸਹਾਈਆ । ਸਚ ਦਵਾਰ ਬਖ਼ਸ਼ੇ ਰਸੂਖ਼, ਰੁਖ਼ਸਤ ਜਗਤ ਵਲੋਂ ਦਵਾਈਆ । ਪਿਛਲਾ ਹੁਕਮ ਕਰ ਮਨਸੂਖ਼, ਅਗਲਾ ਡੰਕਾ ਦਏ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਰਿਹਾ ਉਠਾਈਆ । ਮਾਲਾ ਕਹੇ ਮੈਂ ਵੇਖ ਹੋਈ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਰਾਗ ਅਲਾਈਆ । ਪ੍ਰਭ ਪਾਇਆ ਦੀਨ ਦਿਆਲ, ਦੀਨਾਂ ਦਇਆ ਕਮਾਈਆ । ਭਗਤ ਸੁਹੇਲੇ ਤੱਕੇ ਲਾਲ, ਲਾਲਣ ਆਪਣੇ ਰੰਗ ਰੰਗਾਈਆ । ਧਰਮ ਦਵਾਰ ਸੱਚੀ ਧਰਮਸਾਲ, ਘਰ ਠਾਂਡਾ ਇਕ ਸੁਹਾਈਆ । ਜਿਥੇ ਪੋਹ ਨਾ ਸਕੇ ਕਾਲ, ਅਗਨੀ ਤਤ ਨਾ ਕੋਇ ਤਪਾਈਆ । ਸਭ ਦੀ ਪੂਰੀ ਕਰੇ ਘਾਲ, ਤਪਸਵੀ ਤਪ ਨਾ ਕੋਇ ਬਣਾਈਆ । ਜਗਤ ਰੀਤੀ ਬਦਲ ਕੇ ਚਾਲ, ਆਤਮ ਪਰਮਾਤਮ ਜੋੜ ਜੁੜਾਈਆ । ਦੇ ਕੇ ਨਾਮ ਸ਼ਬਦ ਵਿਸ਼ਾਲ, ਵਿਸ਼ਿਆ ਦਾ ਲਹਿਣਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਮਾਲਾ ਕਹੇ ਮੈਂ ਵੇਖਿਆ ਭਗਤ ਭਗਵਾਨ ਦਾ ਮਿਲਾਪ, ਮਿਲਣ ਵਾਲਾ ਨਜ਼ਰ ਕੋਇ ਨਾ ਆਈਆ । ਦੋਹਾਂ ਦਾ ਸਾਂਝਾ ਤੱਕਿਆ ਜਾਪ, ਜਗਤ ਦੀ ਲੋੜ ਰਹੀ ਨਾ ਰਾਈਆ । ਇਕੋ ਚੰਗੀ ਲੱਗੀ ਬਾਤ, ਜੋ ਬਾਤਨ ਪੜਦਾ ਰਹੀ ਉਠਾਈਆ । ਸੁਹੰਜਣੀ ਹੋਈ ਰਾਤ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਗੁਰਮੁਖਾਂ ਦਿਤੀ ਦਾਤ, ਦਾਤੇ ਦਾਨੀ ਆਪ ਵਰਤਾਈਆ । ਸਿਖਿਆ ਦਿਤੀ ਸਾਖਿਆਤ, ਸਹਿਜ ਦਿਤਾ ਸਮਝਾਈਆ । ਹਰਿ ਭਗਤ ਬਣਿਉਂ ਨਾਰ ਨਾ ਕੋਈ ਕਮਜਾਤ, ਬਿਨਾ ਕੰਤ ਕੰਤੂਹਲ ਸਾਚੀ ਸੇਜ ਨਾ ਕੋਇ

੮੦੧
੨੦

ਸੁਹਾਈਆ । ਕਲਜੁਗ ਕੂੜੀ ਕਿਰਿਆ ਪਾਉਣੀ ਵਫ਼ਾਤ, ਫ਼ਾਤਿਆ ਪੜ੍ਹੇ ਸਰਬ ਲੋਕਾਈਆ । ਲੇਖਾ ਜਾਣੇ ਤਲੂਹ ਆਫ਼ਤਾਬ, ਖ਼ਾਲਕ ਖ਼ਲਕ ਉਪਰ ਕਰੇ ਰੁਸ਼ਨਾਈਆ । ਮਾਲਾ ਕਹੇ ਮੇਰਾ ਉਸ ਦੇ ਚਰਨ ਇਕ ਆਦਾਬ, ਜੋ ਅਦਬ ਨਾਲ ਭਗਤਾਂ ਦਏ ਵਡਿਆਈਆ । ਅਗੇ ਰਹੇ ਨਾ ਕੋਇ ਅਜ਼ਾਬ, ਅਜਬ ਦਾ ਲੇਖਾ ਦਏ ਚੁਕਾਈਆ । ਸਤਿਜੁਗ ਨਵੀਂ ਸਾਜਨਾ ਸਾਜ, ਸਾਜਣ ਗੁਰਮੁਖ ਜੋੜ ਜੁੜਾਈਆ । ਖੇਲੇ ਖੇਲ ਏਕੰਕਾਰਾ ਇਕੋ ਵਾਹਿਦ, ਵਾਹਵਾ ਜਿਸ ਦੀ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਰਿਹਾ ਉਠਾਈਆ । ਮਾਲਾ ਕਹੇ ਮੈਂ ਦੋਵੇਂ ਹੱਥ ਮਲਦੀ, ਆਪਣੀ ਖ਼ੁਸ਼ੀ ਬਣਾਈਆ । ਖੇਲ ਵੇਖ ਪਿਛਲੇ ਕਲੂ ਦੀ, ਕਲਮੇ ਕਲਾਮ ਗਈ ਭੁਲਾਈਆ । ਜਿਸ ਵੇਲੇ ਹਰਿ ਸੰਗਤ ਚਲਦੀ, ਚਾਲ ਚਲਣ ਸੋਹਣਾ ਨਜ਼ਰੀ ਆਈਆ । ਅੰਦਰੋਂ ਧਾਰ ਨਿਕਲੇ ਕਪਟ ਛਲ ਦੀ, ਵਿਸ਼ਿਆਂ ਦਾ ਵਿਸ਼ਾ ਦਏ ਬਦਲਾਈਆ । ਵਸਤ ਮਿਲੇ ਅਗੰਮੇ ਫਲ ਦੀ, ਫੁੱਲ ਫੁਲਵਾੜੀ ਆਪ ਮਹਿਕਾਈਆ । ਆਸ਼ਾ ਪੂਰੀ ਹੋਈ ਬਲ ਦੀ, ਬਾਵਨ ਦਏਂ ਗਵਾਹੀਆ । ਗੋਬਿੰਦ ਧਾਰ ਰਹੇ ਚਲਦੀ, ਚਲਤ ਵੇਖੇ ਲੋਕਾਈਆ । ਜੋ ਆਤਮ ਪਰਮਾਤਮ ਵਿਚ ਰਲਦੀ, ਰਾਹ ਇਕੋ ਇਕ ਤਕਾਈਆ । ਉਸ ਦੇ ਅੰਦਰ ਜੋਤੀ ਬਲਦੀ, ਜੋਤੀ ਜਾਤਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਰਿਹਾ ਚੜ੍ਹਾਈਆ । ਮਾਲਾ ਕਹੇ ਮੇਰਾ ਲਹਿਣਾ ਦੇਣਾ ਮੁਕਾਇਆ ਭਗਤਾਂ, ਭਗਤੀ ਪੂਰੀ ਦਿਤੀ ਕਰਾਈਆ । ਧੁਰ ਦਾ ਹੁਕਮ ਸੁਣਾਇਆ ਨਾਲ ਅਰਥਾਂ, ਅਰਥੀ ਦੀ ਲੋੜ ਰਹੀ ਨਾ ਰਾਈਆ । ਨਿਰਗੁਣ ਧਾਰ ਵੇਖੀ ਹਰ ਥਾਂ, ਥਾਨ ਥਨੰਤਰ ਸੋਭਾ ਪਾਈਆ । ਇਕੋ ਰੰਗ ਚੜ੍ਹਾਇਆ ਨਾਰੀ ਮਰਦਾਂ, ਮਦਦ ਲੈ ਕੇ ਧੁਰ ਦਰਗਾਹੀਆ । ਸਤਿਜੁਗ ਸਾਚਾ ਲਾਹਿਆ ਪੜਦਾ, ਓਹਲਾ ਦਿਤਾ ਉਠਾਈਆ । ਰਾਹ ਦਸਾਇਆ ਧੁਰ ਦੇ ਘਰ ਦਾ, ਜਿਥੇ ਮਿਲੇ ਧੁਰ ਦਰਗਾਹੀਆ । ਜੋ ਸੋਹੰ ਢੋਲਾ ਪੜਦਾ, ਮਾਲਾ ਕਹੇ ਮੈਂ ਉਸ ਦੇ ਚਰਨਾਂ ਸੀਸ ਝੁਕਾਈਆ । ਜੋ ਗੁਰਮੁਖ ਇਕ ਵਾਰ ਮੈਨੂੰ ਫੜਦਾ, ਮੁੜ ਕੇ ਫੜਨ ਦੀ ਲੋੜ ਰਹੇ ਨਾ ਰਾਈਆ । ਸਾਹਿਬ ਸੁਲਤਾਨ ਜਿਸ ਨੂੰ ਨਿਰਗੁਣ ਹੋ ਕੇ ਵਰਦਾ, ਸੋ ਸਰਗੁਣ ਹੋ ਕੇ ਆਪਣਾ ਕੰਤ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਖੁਲ੍ਹਾਏ ਅਗਲੇ ਦਰ ਦਾ, ਦਰ ਦਰਵੇਸ਼ਾਂ ਲਏ ਬੁਲਾਈਆ ।

### ★ ੧੮ ਹਾੜ੍ਹ ਸ਼ਹਿਨਸ਼ਾਹੀ ਸੰਮਤ ੩ ਰਾਤ ਦੇ ਸਮੇਂ ★

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸਚ ਸਤਿ ਤੇਰੀ ਸ਼ਹਿਨਸ਼ਾਹੀਆ । ਹਰਿ ਪੁਰਖ ਨਿਰੰਜਣ ਹੁਕਮਰਾਨ, ਹੁਕਮ ਤੇਰਾ ਧੁਰਦਰਗਾਹੀਆ । ਏਕੰਕਾਰੇ ਨੌਜਵਾਨ, ਤੇਰਾ ਰੂਪ ਅਨੂਪ ਇਲਾਹੀਆ । ਆਦਿ ਨਿਰੰਜਣ ਵਡ ਬਲਵਾਨ, ਸੂਰਬੀਰ ਤੇਰੀ ਵਡਿਆਈਆ । ਅਬਿਨਾਸ਼ੀ ਕਰਤੇ ਖੇਲ ਮਹਾਨ, ਨਿਰਵੈਰ ਆਪਣੀ ਕਾਰ ਕਮਾਈਆ । ਸ੍ਰੀ ਭਗਵਾਨ ਵਡ ਬਲਵਾਨ, ਸਚ ਪਰਧਾਨਗੀ ਆਪ ਕਮਾਈਆ । ਪਾਰਬ੍ਰਹਮ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਸਚਖੰਡ ਦਵਾਰਾ ਖੋਲ੍ਹ ਮਹਾਨ, ਮਿਹਰ ਆਪਣੀ ਇਕ ਕਮਾਈਆ । ਥਿਰ ਘਰ ਬਖ਼ਸ਼ ਅਗੰਮਾ ਮਾਣ, ਨਿਗਾਹਬਾਨ ਵੇਖ ਵਖਾਈਆ । ਸ਼ਬਦੀ ਧਾਰ ਨੌਜਵਾਨ, ਸਚ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ

ਰੂਪ ਆਪ ਪਰਗਟਾਈਆ । ਸੋ ਪੁਰਖ ਨਿਰੰਜਣ ਗਹਿਰ ਗੰਭੀਰ, ਗੁਰ ਆਪਣੀ ਖੇਲ ਖਿਲਾਈਆ । ਹਰਿ ਪੁਰਖ ਨਿਰੰਜਣ ਬੇਨਜ਼ੀਰ, ਨਜ਼ਰ ਤੋਂ ਪਰੇ ਕਰੇ ਰੁਸ਼ਨਾਈਆ । ਏਕੰਕਾਰਾ ਲੇਖ ਜਾਣ ਸ਼ਾਹ ਹਕੀਰ, ਹੁਕਮ ਆਪਣਾ ਇਕ ਵਰਤਾਈਆ । ਆਦਿ ਨਿਰੰਜਣ ਧੁਰ ਦਾ ਪੀਰ, ਪਰਾ ਪਸੰਤੀ ਮਧਮ ਬੈਖਰੀ ਕਰੇ ਪੜ੍ਹਾਈਆ । ਸ੍ਰੀ ਭਗਵਾਨ ਬਖ਼ਸ਼ਣਹਾਰਾ ਧੀਰ, ਧੀਰਜ ਧਰਮ ਧਾਰ ਪਰਗਟਾਈਆ । ਅਬਿਨਾਸ਼ੀ ਕਰਤਾ ਚੋਟੀ ਮੰਜ਼ਲ ਚੜ੍ਹ ਬੈਠਾ ਅਖ਼ੀਰ, ਅਕਲ ਕਲਧਾਰੀ ਆਪਣੀ ਕਾਰ ਕਮਾਈਆ । ਪਾਰਬ੍ਰਹਮ ਪ੍ਰਭ ਬਣ ਕੇ ਦਸਤਗੀਰ, ਦਸਤ ਦਸਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਪਰਗਟਾਈਆ । ਸਾਚਾ ਖੇਲ ਕਰੇ ਹਰਿ ਮੀਤਾ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਸਹਿਜ ਅਣਡੀਠਾ, ਧੁਰ ਫ਼ਰਮਾਨਾ ਇਕ ਸੁਣਾਈਆ । ਦੋ ਜਹਾਨਾਂ ਬਦਲਣੀ ਰੀਤਾ, ਗੁਰ ਅਵਤਾਰ ਪੈਗ਼ੰਬਰ ਨਾਲ ਰਲਾਈਆ । ਸਚ ਦਵਾਰ ਵਖਾਉਣਾ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਤਪਾਈਆ । ਝਗੜਾ ਮਿਟਾਉਣਾ ਊਚਾ ਨੀਚਾ, ਆਤਮ ਬ੍ਰਹਮ ਇਕ ਸਮਝਾਈਆ । ਸਾਚਾ ਕਲਮਾ ਦੱਸੇ ਹਦੀਸਾ, ਹਜ਼ਰਤ ਹੋ ਕੇ ਕਰੇ ਪੜ੍ਹਾਈਆ । ਪਰਗਟ ਹੋ ਕੇ ਜਗਤ ਜਗਦੀਸਾ, ਜਗਦੀਸ਼ਰ ਆਪਣਾ ਰਾਹ ਚਲਾਈਆ । ਲਹਿਣਾ ਦੇਣਾ ਪੂਰਾ ਕਰੇ ਮੁਹੰਮਦ ਮੂਸਾ ਈਸਾ, ਅਸਲ ਦਾ ਅਸਲ ਨੂਰ ਖ਼ੁਦਾਈਆ । ਗੁਰ ਅਵਤਾਰ ਪੈਗ਼ੰਬਰਾਂ ਝੋਲੀ ਪਾਏ ਪਿਛਲਾ ਕੀਤਾ, ਕਰਨੀ ਕਰਤਾ ਆਪ ਕਮਾਈਆ । ਰੂਪ ਧਾਰ ਕੇ ਨੀਕਣ ਨੀਕਾ, ਵਡ ਵੱਡਾ ਦਏ ਵਡਿਆਈਆ । ਕੂੜੀ ਕਿਰਿਆ ਬਦਲੇ ਨਾਮ ਨਾਲ ਤਰੀਕਾ, ਸ਼ਰਅ ਢੰਗ ਨਜ਼ਰ ਕਿਸੇ ਨਾ ਆਈਆ । ਹੁਕਮ ਰਹੇ ਨਾ ਰਾਮ ਸੀਤਾ, ਰਾਧਾ ਕ੍ਰਿਸ਼ਨ ਨਾ ਕੋਇ ਸ਼ਨਵਾਈਆ । ਲੇਖਾ ਰਹੇ ਨਾ ਮੰਦਰ ਮਸੀਤਾ, ਮਸਲਾ ਹਕ ਦਏ ਦ੍ਰਿੜਾਈਆ । ਧੁਰ ਦਾ ਕਲਮਾ ਦਏ ਹਦੀਸਾ, ਹਾਜ਼ਰ ਹੋ ਕੇ ਕਰੇ ਪੜ੍ਹਾਈਆ । ਪੰਧ ਮੁਕਾਏ ਬੀਸ ਬੀਸਾ, ਬਿਸਤਰ ਸਭ ਦੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਸਾਚਾ ਖੇਲ ਕਰੇ ਕਰਤਾਰ, ਕਰਨੀ ਕਰਤਾ ਆਪ ਦ੍ਰਿੜਾਈਆ । ਜਿਸ ਨੂੰ ਲੱਭਦੇ ਰਹੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੱਖ ਖੁਲ੍ਹਾਈਆ । (ਬੰਦਨਾ) ਕਰਦੇ ਆਏ ਵਿਚ ਸੰਸਾਰ, ਨਿਮਸਕਾਰ ਸਜਦਿਆਂ ਵਿਚ ਸੀਸ ਝੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਾਣੀ ਬੋਲ ਕਰਦੀ ਆਈ ਇਜ਼ਹਾਰ, ਸੋ ਜਾਹਰ ਜਹੂਰ ਕਰੇ ਰੁਸ਼ਨਾਈਆ । ਜਿਸ ਦੇ ਸਭ ਕੁਛ ਅਖਤਿਆਰ, ਇਖ਼ਲਾਕ ਕੂੜਾ ਦਏ ਮਿਟਾਈਆ । ਧਰਮ ਦਾ ਨਾਮ ਬੋਲ ਜੈਕਾਰ, ਅੱਲਾ ਵਾਹਿਗੁਰੂ ਨਾਮ ਇਕੋ ਬੋਲ ਸਮਝਾਈਆ । ਸਾਚਾ ਮੰਦਰ ਇਕ ਵਖਾਲ, ਦਰ ਦਵਾਰਾ ਇਕ ਸੁਹਾਈਆ । ਜਿਥੇ ਵਸਣ ਸ਼ਾਹ ਕੰਗਾਲ, ਊਚ ਨੀਚ ਦਾ ਝਗੜਾ ਰਹੇ ਨਾ ਰਾਈਆ । ਦੀਪਕ ਜੋਤੀ ਜਗੇ ਬੇਮਿਸਾਲ, ਦੀਵਾ ਬਾਤੀ ਕਮਲਾਪਾਤੀ ਇਕੋ ਡਗਮਗਾਈਆ । ਜਨ ਭਗਤਾਂ ਪੂਰੀ ਕਰੇ ਘਾਲ ਹੱਲ ਹੋਏ ਸੁਆਲ, ਸਮੇਂ ਦਾ ਲੇਖਾ ਦਏ ਮੁਕਾਈਆ । ਦੀਨਾਂ ਬੰਧਪ ਹੋਏ ਦਿਆਲ, ਦਰ ਦਰਵੇਸ਼ਾਂ ਕਰੇ ਪ੍ਰਿਤਪਾਲ, ਪ੍ਰਿਤਪਾਲਕ ਖ਼ਾਲਕ ਸਾਲਸ ਹੋ ਕੇ ਆਪਣੀ ਕਾਰ ਕਮਾਈਆ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਬਣ ਕੇ ਦੀਨ ਦਿਆਲ, ਦਇਆਨਿਧ ਠਾਕਰ ਸਵਾਮੀ ਇਕੋ ਹੋਏ ਸਹਾਈਆ । ਕਲਜੁਗ ਅੰਤਮ ਬਦਲ ਦੇਵੇ ਚਾਲ, ਸਤਿਜੁਗ ਸਾਚੀ ਸੁਹਾਏ ਧਰਮਸਾਲ, ਧਰਮ ਦਵਾਰਾ ਏਕੰਕਾਰਾ ਇਕੋ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹੱਲਾ ਹਰਿ ਕਰਤਾਰ ਇਕ ਵਖਾਈਆ । ਹਰਿ ਕਰਤਾ ਧੁਰ ਕਰਤਾਰ, ਮਿਹਰਵਾਨ ਮਹਿਬੂਬ ਇਕ

੮੦੨
੨੦

ਵਖਾਇੰਦਾ । ਨਿਰਗੁਣ ਨੂਰ ਜੋਤ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਸ਼ਬਦੀ ਧੁਨ ਨਾਦ ਜੈਕਾਰ, ਦੋ ਜਹਾਨਾਂ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰ, ਦੇਵਤ ਸੁਰ ਸਰਬ ਉਠਾਇੰਦਾ । ਲਹਿਣਾ ਦੇਣਾ ਮੂਲ ਚੁਕਾ ਗੁਰੂ ਅਵਤਾਰ, ਪੈਗ਼ੰਬਰ ਕਦਮਾਂ ਉਪਰ ਆਪ ਸੁਟਾਇੰਦਾ । ਉਠੋ ਵੇਖੋ ਨੇਤਰ ਖੋਲ੍ਹੋ ਵਿਚ ਸੰਸਾਰ, ਸੰਸਾਰੀ ਭੰਡਾਰੀ ਬਚਿਆ ਰਹਿਣ ਕੋਇ ਨਾ ਪਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਲਏ ਅਵਤਾਰ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਕਲ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਹੱਲਾ ਇਕੋ ਇਕ ਸੁਹਾਇੰਦਾ । ਸਚ ਮਹੱਲ ਸੁਹਾਏ ਆਪ, ਆਪ ਆਪਣੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਜਗਜੀਵਣ ਦਾਤਾ ਹੋਏ ਸਹਾਈਆ । ਦੂਜਾ ਨਜ਼ਰ ਨਾ ਆਏ ਪੂਜਾ ਪਾਠ, ਸਿਮਰਨ ਜੋਗ ਅਭਿਆਸ ਨਾ ਕੋਇ ਵਖਾਈਆ । ਰੂਹ ਬੁਤ ਕਰ ਕੇ ਪਾਕ, ਪਤਤ ਪੁਨੀਤ ਦਏ ਬਣਾਈਆ । ਬੰਦ ਕਿਵਾੜੀ ਕਾਇਆ ਮੰਦਰ ਅੰਦਰ ਖੋਲ੍ਹ ਕੇ ਤਾਕ, ਨੂਰ ਨੂਰ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬਣਾਏ ਇਕੋ ਸੱਜਣ ਸਾਕ, ਸਾਕ ਸੈਣ ਹੋਏ ਇਕੋ ਸਹਾਈਆ । ਭਗਤ ਭਗਵਾਨ, ਇਕ ਦੂਜੇ ਦੇ ਹੋਵਣ ਦਾਸ, ਦਾਸਤਾਨ ਅਗਲੀ ਦਏ ਦ੍ਰਿੜਾਈਆ । ਸਚ ਦਵਾਰ ਏਕੰਕਾਰ ਨਿਰਾਕਾਰ ਕਰੇ ਵਾਸ, ਪਰਕਾਸ਼ ਆਪਣਾ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਦਰ ਇਕ ਖੁਲ੍ਹਾਈਆ । ਸਚ ਕਹੇ ਮੇਰਾ ਖੁਲ੍ਹਿਆ ਦਰਵਾਜ਼ਾ, ਦਰਵੇਸ਼ ਮਿਲੇ ਵਡਿਆਈਆ । ਕਿਰਪਾ ਕਰੇ ਗ਼ਰੀਬ ਨਿਵਾਜਾ, ਹਰਿ ਕਰਤਾ ਸ਼ਹਿਨਸ਼ਾਹੀਆ । ਜਿਸ ਨੇ ਆਦਿ ਜੁਗਾਦਿ ਜੁਗ ਚੌਕੜੀ ਜੀਵ ਜੰਤ ਸਾਧ ਸੰਤ ਗੁਰ ਅਵਤਾਰ ਪੈਗ਼ੰਬਰ ਲੱਖ ਚੁਰਾਸੀ ਸਾਜਣ ਸਾਜਾ, ਵਿਸ਼ਨ ਬ੍ਰਹਮਾ ਸ਼ਿਵ ਹੁਕਮੇ ਅੰਦਰ ਸੇਵਾ ਲਾਈਆ । ਸੋ ਸਵਾਮੀ ਅੰਤਰਜਾਮੀ ਨਿਰਗੁਣ ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਫਿਰੇ ਭਾਜਾ, ਜੋਤੀ ਜਾਤਾ ਸਭ ਨੂੰ ਵੇਖ ਵਖਾਈਆ । ਕਲਜੁਗ ਅੰਤ ਅੰਤਸ਼ਕਰਨ ਸਭ ਦਾ ਰਚਿਆ ਕਾਜਾ, ਕਰਨੀ ਦਾ ਕਰਤਾ ਆਪਣੀ ਕਾਰ ਕਮਾਈਆ । ਚਾਰ ਵਰਨ ਅਠਾਰਾਂ ਬਰਨ ਦਹਿ ਦਿਸ਼ਾ ਨਵ ਸੱਤ ਮਿਟੇ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚਮਕਾਈਆ । ਗੁਰਮੁਖ ਸਾਚੇ ਸੰਤ ਜਨਾਂ ਪੂਰਬ ਜਨਮ ਦੀਆਂ ਪੂਰੀਆਂ ਕਰੇ ਆਸਾਂ, ਅਸਲ ਵਿਚ ਆਪਣਾ ਨੂਰ ਦਰਸਾਈਆ । ਘਰ ਘਰ ਮੰਦਰ ਅੰਦਰ ਗੋਪੀ ਕਾਹਨ ਵਖਾਵੇ ਸਾਚੀ ਰਾਸਾ, ਮੰਡਲ ਮੰਡਪ ਵੱਜੇ ਇਕ ਵਧਾਈਆ । ਝਗੜਾ ਮੁਕਾਏ ਦੀਨਾਂ ਮਜ਼੍ਹਬਾਂ ਜਾਤਾਂ ਪਾਤਾਂ, ਪਤਣ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਾਚਾ ਮੇਲਾ ਕਰੇ ਆਪ, ਆਪਣੀ ਦਇਆ ਆਪ ਕਮਾਇੰਦਾ । ਨਿਰਗੁਣ ਧਾਰ ਵਡ ਪਰਤਾਪ, ਪਰਮ ਪੁਰਖ ਵੇਸ ਵਟਾਇੰਦਾ । ਸਾਚੀ ਧੁਰ ਦੀ ਲੈ ਸੌਗ਼ਾਤ, ਨਾਮ ਅਨਮੁੱਲਾ ਆਪ ਵਰਤਾਇੰਦਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਗਹਿਰ ਗੰਭੀਰ ਭੇਵ ਖੁਲ੍ਹਾਇੰਦਾ । ਸਚ ਧਰਮ ਚਲਾਵੇ ਰਾਥ, ਕਲਜੁਗ ਕੂੜੀ ਕਿਰਿਆ ਡੇਰਾ ਢਾਇੰਦਾ । ਜਨ ਭਗਤਾਂ ਪੂਰੀ ਕਰ ਕੇ ਆਸ, ਆਸਣ ਇਕੋ ਇਕ ਵਖਾਇੰਦਾ । ਕਿਸੇ ਲੱਭਣਾ ਪਏ ਨਾ ਵਿਚ ਪਰਭਾਸ, ਜੰਗਲ ਜੂਹ ਨਾ ਕੋਇ ਫਿਰਾਇੰਦਾ । ਕਿਰਪਾ ਕਰੇ ਸਰਬ ਗੁਣਤਾਸ, ਗੁਣਵੰਤਾ ਵੇਖ ਵਖਾਇੰਦਾ । ਸਾਚੀ ਮੰਜ਼ਲ ਦੇ ਕੇ ਘਾਟ, ਘਾਟਾ ਪੂਰਬ ਜਨਮ ਕਰਮ ਦਾ ਝੋਲੀ ਪਾਇੰਦਾ । ਆਵਣ ਜਾਵਣ ਲੱਖ ਚੁਰਾਸੀ ਮੇਟ ਕੇ ਵਾਟ, ਵਟਣਾ ਆਪਣਾ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਇੰਦਾ । ਸਾਚਾ ਹੁਕਮ


੮੦੩
੨੦

ਦੇਵੇ ਫ਼ਰਮਾਨ, ਫੁਰਨਾ ਅੰਦਰੋਂ ਬੰਦ ਕਰਾਈਆ । ਭਗਤਾਂ ਮੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਖੰਡਾ ਖੜਗ ਨਾ ਕੋਇ ਕਿਰਪਾਨ, ਕਿਰਪਾਨਿਧ ਹੋਏ ਸਹਾਈਆ । ਜੋਧਾ ਸੂਰਬੀਰ ਨੌਜਵਾਨ, ਨੌਬਤ ਆਪਣਾ ਨਾਮ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਰੇ ਸਵਾਧਾਨ, ਸੁਤਿਆਂ ਲਏ ਉਠਾਈਆ । ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਵਖਾਈਆ । ਚਾਰ ਜੁਗ ਜੋ ਗਾਉਂਦੇ ਆਏ ਗਾਨ, ਰਸਨਾ ਜਿਹਵਾ ਢੋਲੇ ਸਿਫ਼ਤ ਸਾਲਾਹੀਆ । ਸਾਰੇ ਓਸ ਦੀ ਲਾਓ ਮੀਜ਼ਾਨ, ਗਿਣ ਗਿਣ ਦਿਓ ਸਮਝਾਈਆ । ਕਿਸ ਦਾ ਕਾਇਮ ਰਿਹਾ ਧਿਆਨ, ਕਵਣ ਅਸਲ ਰੂਪ ਵਟਾਈਆ । ਕਵਣ ਕਰਦਾ ਰਿਹਾ ਪਛਾਣ, ਬਿਨ ਅੱਖਰਾਂ ਕਰ ਪੜ੍ਹਾਈਆ । ਕਿਹੜਾ ਦੇਂਦਾ ਰਿਹਾ ਗਿਆਨ, ਅਗਿਆਨੀਆਂ ਅੰਧ ਅਗਿਆਨ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਹੁਕਮ ਸੁਣਾਈਆ । ਸਚ ਦਵਾਰੇ ਹੁਕਮ ਦੇਵੇ ਏਕ, ਏਕੰਕਾਰ ਆਪ ਸੁਣਾਈਆ । ਕਲਜੁਗ ਅੰਤ ਚਾਰ ਕੁੰਟ ਕਿਉਂ ਵਧਿਆ ਭੇਖ, ਭੇਖਾਧਾਰੀ ਡੇਰਾ ਲਾਈਆ । ਤ੍ਰੈਗੁਣ ਕਿਉਂ ਲਾਏ ਸੇਕ, ਪੰਜ ਤਤ ਰਹੀ ਜਲਾਈਆ । ਗੁਰ ਅਵਤਾਰ ਪੈਗ਼ੰਬਰ ਅੰਦਰ ਵੜ ਕੇ ਦੱਸੋ ਹੇਤ, ਪੜਦਾ ਓਹਲਾ ਦੇਣਾ ਉਠਾਈਆ । ਜਿਸ ਕਾਰਨ ਅਰਜਨ ਸੀਸ ਵਿਚ ਪਵਾਈ ਰੇਤ, ਤੱਤੀ ਤਵੀ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਕਰਨੀ ਕਹੇ ਸੁਣ ਮੇਰੀ ਅਰਜ਼, ਆਰਜ਼ੂ ਦਿਆਂ ਦ੍ਰਿੜਾਈਆ । ਭਗਤ ਉਧਾਰਨਾ ਤੇਰਾ ਫ਼ਰਜ਼, ਫ਼ਰਮਾਂਬਰਦਾਰ ਲੈਣੇ ਬਣਾਈਆ । ਸਭ ਦੀ ਪੂਰੀ ਕਰਨੀ ਆਸਾ ਮਨਸਾ ਗ਼ਰਜ਼, ਗ਼ਰੀਬ ਨਿਮਾਣੇ ਗੋਦ ਉਠਾਈਆ । ਆਪਣੀ ਖੇਲ ਦੱਸਣੀ ਅਸਚਰਜ, ਅਚਰਜ ਲੀਲਾ ਆਪ ਵਖਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਮੁਦੱਤਾਂ ਦੇ ਵਿਛੜੇ ਲੈਣੇ ਮਿਲਾਈਆ । ਸ਼ਰਅ ਛੁਰੀ ਪੋਹੇ ਕਿਸੇ ਨਾ ਕਰਦ, ਕਾਤਲ ਮਕਤੂਲ ਦੋਹਾਂ ਹੋਣਾ ਸਹਾਈਆ । ਨਵ ਨੌ ਚਾਰ ਦੀ ਵੇਖ ਲਾ ਫ਼ਰਦ, ਬਿਨਾ ਅੱਖਰਾਂ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਹੁਕਮ ਕਹੇ ਮੇਰਾ ਹੁਕਮ ਸੱਚਾ, ਸਚ ਦਿਆਂ ਦ੍ਰਿੜਾਈਆ । ਕਲਜੁਗ ਅੰਤਮ ਵੇਖ ਕਾਇਆ ਮਾਟੀ ਭਾਂਡਾ ਕੱਚਾ, ਕੂੜੀ ਕਿਰਿਆ ਫੋਲ ਫੁਲਾਈਆ । ਕਵਣ ਦਵਾਰੇ ਧਰਮ ਦੀ ਦਿਸੇ ਸੱਤਾ, ਸੱਤ ਦੀਪ ਪੜਦਾ ਦੇਣਾ ਲਾਹੀਆ । ਕਵਣ ਨਾਮ ਰੰਗਣ ਆਪਣਾ ਚੋਲਾ ਕਰ ਕੇ ਬੈਠਾ ਰੱਤਾ, ਰਤਨ ਅਮੋਲਕ ਤੇਰਾ ਸੋਭਾ ਪਾਈਆ । ਕਵਣ ਮੁਹੱਬਤ ਅੰਦਰ ਫਿਰੇ ਨੱਠਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਕਵਣ ਸੇਵਾ ਕਰੇ ਹੱਥਾਂ, ਚਾਕਰ ਖ਼ਾਕ ਰੂਪ ਬਦਲਾਈਆ । ਕਵਣ ਦਰਸ਼ਨ ਪਾਏ ਅੱਖਾਂ, ਨੇਤਰ ਲੋਚਨ ਨੈਣ ਆਪ ਖੁਲ੍ਹਾਈਆ । ਕਵਣ ਰਾਗ ਗਾਏ ਵਾਂਗ ਭੱਟਾਂ, ਭਟਨਾਗਰ ਆਪਣਾ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨ ਕਹੇ ਤੇਈ ਅਵਤਾਰ ਆਓ ਅੱਗੇ, ਅਗਲਾ ਭੇਵ ਖੁਲ੍ਹਾਈਆ । ਪਿਛਲੇ ਚਾਰ ਜੁਗ ਦੇ ਵੇਖੋ ਮਜ਼ੇ, ਮਜ਼੍ਹਬਾਂ ਵੱਲ ਧਿਆਨ ਲਗਾਈਆ । ਜਿਸ ਕਾਰਨ ਸਾਰੇ ਨੱਸੇ, ਸ਼ਬਦ ਹੁਕਮ ਦ੍ਰਿੜਾਈਆ । ਸਾਚੀ ਧਾਰੋਂ ਆਏ ਭੱਜੇ, ਆਪਣਾ ਪੰਧ ਮੁਕਾਈਆ । ਨਿਰਗੁਣ ਧਾਰ ਸੰਗ ਸਜੇ, ਸਾਜਣ ਇਕੋ ਜੋੜ ਜੁੜਾਈਆ । ਜ਼ਰਾ ਤੱਕੋ ਕਿਹੜਾ ਸੰਤ ਬਿਨ ਮੇਰੀ ਕਿਰਪਾ ਚੜ੍ਹਿਆ ਉਪਰ ਸ਼ਾਹ ਰਗੇ, ਨੌ ਦਵਾਰੇ ਪੰਧ ਮੁਕਾਈਆ । ਕਵਣ ਤੁਹਾਡੇ ਪਿਆਰ ਅੰਦਰ ਆਪਣੀ ਸੁਰਤੀ ਬੱਧੇ, ਬੰਦਨਾ ਇਕੋ ਸੀਸ ਨਿਵਾਈਆ । ਕਿਹੜੀ ਕਾਰੇ ਲਾਏ ਧੰਦੇ, ਧਰਮ

੮੦੪
੨੦

ਦੇਣਾ ਸਮਝਾਈਆ । ਕਿਉਂ ਤੁਹਾਡੇ ਹੁੰਦਿਆਂ ਇਸ਼ਟਾਂ ਵਾਲੇ ਹੋਏ ਗੰਦੇ, ਮਨ ਮਮਤਾ ਵਿਚ ਹਲਕਾਈਆ । ਅੱਖਾਂ ਨਾਲ ਵਖਾਵੇ ਚੰਗੇ, ਜਿਹੜੇ ਪ੍ਰਭ ਨੂੰ ਸੀਸ ਝੁਕਾਈਆ । ਪ੍ਰੇਮ ਧਾਰ ਹੋਵਣ ਠੰਡੇ, ਅਗਨੀ ਤਤ ਨਾ ਕੋਇ ਤਪਾਈਆ । ਮੰਜ਼ਲ ਪੌੜੀ ਚੜ੍ਹਨ ਡੰਡੇ, ਹਕ ਹਕੀਕਤ ਖੋਜ ਖੁਜਾਈਆ । ਜਿਥੇ ਪਰਕਾਸ਼ ਨਹੀਂ ਸੂਰੀਆ ਚੰਦੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਦੀਨ ਮਜ਼੍ਹਬ ਨਾ ਕੋਈ ਪਾਬੰਦੇ, ਰਾਮ ਕ੍ਰਿਸ਼ਨ ਸੀਸ ਨਾ ਕੋਇ ਝੁਕਾਈਆ । ਪੱਥਰਾਂ ਵਾਲਾ ਮੰਦਰ ਕੋਈ ਨਾ ਲੰਘੇ, ਮੱਠਾਂ ਮੱਥਾ ਨਾ ਕੋਇ ਘਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਸੁਣੋ ਨਾਲ ਸਖ਼ਤੀ, ਸਾਖਿਆਤ ਦਿਆਂ ਦ੍ਰਿੜਾਈਆ । ਆਪਨਾ ਖੋਜੋ ਜਗਤ ਵਿਅਕਤੀ, ਵੇਖੋ ਥਾਈਂ ਥਾਈਆ । ਬਿਨਾ ਪ੍ਰਭ ਦੇ ਕਿਸ ਦੀ ਪੂਰੀ ਹੋਈ ਭਗਤੀ, ਭਗਵਨ ਮਿਲ ਕੇ ਖ਼ੁਸ਼ੀ ਮਨਾਈਆ । ਨਿਰਗੁਣ ਜੋਤ ਲੈ ਕੇ ਸ਼ਕਤੀ, ਸ਼ਰਅ ਦਾ ਬੰਧਨ ਗਿਆ ਕਟਾਈਆ । ਮਿਲ ਕੇ ਪ੍ਰੀਤਮ ਅਰਸ਼ੀ, ਅਰਸ਼ਾਂ ਤੋਂ ਪਰੇ ਡੇਰਾ ਲਾਈਆ । ਮਨਜ਼ੂਰ ਕਰਾਏ ਅਰਜ਼ੀ, ਆਰਜ਼ੂ ਆਪਨੀ ਰਿਹਾ ਵਖਾਈਆ । ਸਾਰ ਪਾ ਕੇ ਸਾਚੇ ਘਰ ਦੀ, ਪੜਦਾ ਓਹਲਾ ਰਿਹਾ ਚੁਕਾਈਆ । ਧਾਰ ਵੇਖ ਨਰਾਇਣ ਨਰ ਦੀ, ਨਿਰੰਕਾਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਧੁਰ ਦਾ ਲੇਖਾ ਮੰਗ ਮੰਗਾਈਆ । ਤੇਈ ਅਵਤਾਰ ਕਰੋ ਜਲਦੀ, ਆਪਨਾ ਲੇਖਾ ਦਿਓ ਦ੍ਰਿੜਾਈਆ । ਚਾਰੋਂ ਕੁੰਟ ਅਗਨੀ ਬਲਦੀ, ਕਿਉਂ ਨਾ ਮਾਤ ਸਕੇ ਬੁਝਾਈਆ । ਇਹ ਖੇਲ ਨਹੀਂ ਕੋਟੀ ਕੋਟ ਕਲ ਦੀ, ਕਪਟ ਵਿਚ ਵੇਖੋ ਲੋਕਾਈਆ । ਸਾਰ ਪਾਓ ਜਲ ਥਲ ਦੀ, ਮਹੀਅਲ ਪੜਦਾ ਦਿਓ ਉਠਾਈਆ । ਖੇਲ ਵੇਖੋ ਘੜੀ ਘੜੀ ਪਲ ਪਲ ਦੀ, ਪਲਕ ਦੇ ਪਿਛੇ ਕੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸੁਣੋ ਸੰਦੇਸ਼ਾ ਆਪਨੀ ਵੇਖੋ ਸੰਧੀ, ਸਨਦ ਸਭ ਦੀ ਰਿਹਾ ਜਣਾਈਆ । ਕਿਉਂ ਮਨ ਵਾਸਨਾ ਕੂੜੀ ਕਿਰਿਆ ਹੋਈ ਗੰਦੀ, ਕਰਮ ਕਾਂਡ ਵਿਚ ਹਲਕਾਈਆ । ਕਿਉਂ ਸ਼ਰਅ ਦੀ ਪਾ ਪਾਬੰਦੀ, ਪਾਰਬ੍ਰਹਮ ਨਾ ਮੇਲ ਮਿਲਾਈਆ । ਕਿਉਂ ਨਾ ਤੰਦ ਸਤਾਰ ਵੱਜੇ ਤੰਦੀ, ਤਲਵਾੜਾ ਦਿਸੇ ਧੁਰਦਰਗਾਹੀਆ । ਕਿਉਂ ਆਤਮ ਹੋਈ ਰੰਡੀ, ਹਰਿ ਕੰਤ ਨਾ ਕੋਇ ਹੰਢਾਈਆ । ਜ਼ਰਾ ਆਪਨੀ ਆਪਨੀ ਫਿਰ ਕੇ ਵੇਖੋ ਲੋਕਮਾਤ ਡੰਡੀ, ਡੰਡਾਵਤ ਤੁਹਾਡੀ ਗਏ ਭੁਲਾਈਆ । ਚਾਰ ਕੁੰਟ ਦਿਸੇ ਪਾਖੰਡੀ, ਜੂਠ ਝੂਠ ਵੱਜੀ ਵਧਾਈਆ । ਸੀਸ ਭਾਰ ਚੁੱਕਿਆ ਨਾ ਆਪਨੀ ਕੰਧੀਂ, ਹੱਥ ਖ਼ਾਲੀ ਰਹੇ ਕਰਾਈਆ । ਸੀਤਾ ਸੁਰਤੀ ਵਾਹ ਕੇ ਬੈਠੀ ਰਹੀ ਕੰਘੀ, ਨੇਤਰ ਨੈਣਾਂ ਕਲਜੁਗ ਕੱਜਲ ਧਾਰ ਸੁਹਾਈਆ । ਤਨ ਸ਼ਿੰਗਾਰ (ਬਣਦੀ) ਰਹੀ ਚੰਗੀ, ਚਾਰੋਂ ਕੁੰਟ ਵੇਖ ਵਖਾਈਆ । ਕਿਸੇ ਨਾ ਮਿਲਿਆ ਧੁਰ ਦਾ ਸੰਗੀ, ਸਗਲਾ ਸੰਗ ਨਾ ਕੋਇ ਬਣਾਈਆ । ਮਨੂਆ ਮਨ ਬਣ ਫ਼ਰੰਗੀ, ਘਰ ਘਰ ਕਰੇ ਲੜਾਈਆ । ਕਿਉਂ ਨਾਮ ਦੀ ਹੋਈ ਤੰਗੀ, ਤੰਗਦਸਤ ਲੋਕਾਈਆ । ਕਿਥੇ ਗਈ ਭਵਾਨੀ ਚੰਡੀ, ਚੰਡਾਲਾਂ ਕਰੇ ਨਾ ਕੋਇ ਸਫ਼ਾਈਆ । ਕਿਉਂ ਨੇਤਰ ਅੱਖ ਹੋਈ ਅੰਨ੍ਹੀ, ਨੈਣ ਨਾ ਕੋਇ ਰੁਸ਼ਨਾਈਆ । ਚੁਰਾਸੀ ਕੱਟੇ ਕੋਇ ਨਾ ਫੰਦੀ, ਫਾਸੀ ਗਲੋਂ ਨਾ ਕੋਇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਤੇਈ ਅਵਤਾਰ ਕਹਿਣ ਪ੍ਰਭ ਸਾਨੂੰ ਲੈਣ ਦੇ ਝਾਕ, ਝਾਕੀ ਚਾਰ ਕੁੰਟ ਵਖਾਈਆ । ਆਪਨਾ ਖੋਲ੍ਹ ਲੈਣ ਦੇ ਤਾਕ, ਪੜਦਾ ਪੜਦੇ ਵਿਚੋਂ ਉਠਾਈਆ । ਜਿਧਰ ਵੇਖੀਏ ਦਿਸੇ ਕੋਈ ਨਾ ਸਾਕ, ਸੱਜਣ ਸੰਗ ਨਾ ਕੋਇ ਨਿਭਾਈਆ । ਸਤਿ

ਧਰਮ ਹੋਇਆ ਨਾਸ, ਜਗਤ ਬ੍ਰਹਮ ਮਤ ਨਾ ਕੋਇ ਦ੍ਰਿੜਾਈਆ । ਨਿਰਗੁਣ ਨੂਰ ਨਾ ਕੋਇ ਪਰਕਾਸ਼, ਅੰਧ ਅੰਧੇਰਾ ਗਿਆ ਛਾਈਆ । ਲੇਖੇ ਲੱਗੇ ਕਿਸੇ ਨਾ ਪਵਣ ਸਵਾਸ, ਸਾਹ ਸਾਹ ਨਾ ਕੋਇ ਸਮਾਈਆ । ਕੂੜੀ ਜਗਤ ਪੈਂਦੀ ਵੇਖੀ ਰਾਸ, ਗੋਪੀ ਕਾਹਨ ਬਣ ਕੇ ਤੇਰਾ ਸਾਂਗ ਵਰਤਾਈਆ । ਸੀਤਾ ਰਾਮ ਬਣ ਕੇ ਫਿਰਨ ਵਿਚ ਪਰਭਾਸ, ਭਾਂਡਾ ਭਰਮ ਨਾ ਕੋਇ ਭੰਨਾਈਆ । ਤੇਈ ਅਵਤਾਰ ਕਹਿਣ ਅਸੀਂ ਤੇਰੇ ਦਾਸ, ਦਾਸਤਾਨ ਸਾਰੇ ਰਹੇ ਸੁਣਾਈਆ । ਜੇ ਵੇਖੀਏ ਉਪਰ ਤੇਰਾ ਪਰਕਾਸ਼, ਆਕਾਸ਼ਾਂ ਤੋਂ ਪਰੇ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਅਵਤਾਰ ਕਹਿਣ ਕੀ ਦਿਸੇ ਉਪਰ ਧਰਤ, ਧਨ ਦੀ ਲੋੜ ਰਹੀ ਨਾ ਰਾਈਆ । ਸਾਡੀ ਪੂਰੀ ਹੋਈ ਸ਼ਰਤ, ਸ਼ਰਅ ਦਾ ਲੇਖਾ ਦੇ ਮੁਕਾਈਆ । ਸਾਡੀ ਇਕੋ ਇਕ ਅਰਜ਼, ਬੇਨੰਤੀ ਰਹੇ ਸੁਣਾਈਆ । ਤੇਰੇ ਕੋਲ ਸਭ ਦੀ ਫਰਦ, ਪਿਛਲਾ ਪੜਦਾ ਲਏ ਚੁਕਾਈਆ । ਗ਼ਰੀਬ ਨਿਮਾਣਿਆਂ ਵੰਡ ਦਰਦ, ਦੁਖੀਆਂ ਅਨਾਥਾਂ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸ੍ਰੀ ਭਗਵਾਨ ਕਹੇ ਵੇਖੋ ਮੁਹੰਮਦ ਮੂਸਾ ਈਸਾ, ਅਮਲ ਦਿਆਂ ਦ੍ਰਿੜਾਈਆ । ਕਲਮਿਆਂ ਵਾਲੀ ਖੋਜ ਹਦੀਸਾ, ਹਜ਼ਰਤ ਤੋਂ ਪੜਦੇ ਆਪ ਚੁਕਾਈਆ । ਕੀ ਕਹੇ ਕੁਰਾਨ ਮਜੀਦਾ, ਤੀਸ ਬਤੀਸਾ ਕਰੇ ਪੜ੍ਹਾਈਆ । ਕੀ ਲਹਿਣਾ ਦੇਣਾ ਈਦਾ, ਅਦਮ ਏਤਮਾਦ ਦਿਆਂ ਦ੍ਰਿੜਾਈਆ । ਕੀ ਤੁਹਾਡੇ ਨਾਲ ਕੌਲ ਕੀਤਾ ਪੋਸ਼ੀਦਾ, ਸਹਿਜੇ ਦੇਣਾ ਸਮਝਾਈਆ । ਕੀ ਲੈ ਕੇ ਹਕ ਰਸੀਦਾ, ਰਸਤਾ ਆਏ ਦ੍ਰਿੜਾਈਆ । ਕਿਉਂ ਸਿੱਧਾ ਨਹੀਂ ਕਰਦੇ ਦੀਦਾ, ਦਾਇਰਾ ਵੇਖੋ ਦੀਨ ਮਜ਼੍ਹਬ ਗੋਸਾਈਆ । ਕਿਉਂ ਰਾਜ਼ ਹੋਇਆ ਪੇਚੀਦਾ, ਪੜਦਾ ਓਹਲਾ ਦਿਓ ਉਠਾਈਆ । ਵੇਖੋ ਤੁਹਾਡੇ ਉਤੇ ਰਿਹਾ ਨਾ ਕਿਸੇ ਦਾ ਅਕੀਦਾ, ਅਕਲ ਦੀ ਜਗਤ ਚਲੇ ਚਤੁਰਾਈਆ । ਨਜ਼ਰ ਆਏ ਨਾ ਕੋਈ ਮੀਤਾ, ਨਸਲ ਤੁਹਾਡੀ ਗਈ ਨਸ ਬਦਲਾਈਆ । ਤੁਹਾਡੇ ਕੋਲ ਜਿਹੜੀ ਵਸੀਅਤਾ, ਵਸਲ ਦੇ ਯਾਰ ਖ਼ੁਦਾਈਆ । ਜਿਸ ਨੇ ਸਭ ਦੀਆਂ ਬਦਲ ਦੇਣੀਆਂ ਤਬੀਅਤਾਂ, ਤਬ੍ਹਾ ਦਿਤੀ ਬਦਲਾਈਆ । ਲੇਖਾ ਮੁਕਾਏ ਕਾਅਬੇ ਵਾਲੀਆਂ ਮਸੀਤਾ, ਮਸਲਾ ਆਪਣਾ ਦੇਣਾ ਸਮਝਾਈਆ । ਸਭ ਦਾ ਖ਼ਾਲੀ ਕਰ ਕੇ ਸ਼ੀਸਾ, ਖ਼ਸਮ ਨੇ ਪੜਦਾ ਦੇਣਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਦੱਸੋ ਜਗ ਹਾਲਤ, ਨਿਰਗੁਣ ਨਿਰਵੈਰ ਮੰਗ ਮੰਗਾਈਆ । ਕਿਉਂ ਧਰਮ ਦੇ ਅੰਦਰ ਹੋਈ ਜਹਾਲਤ, ਨਾਨਕ ਗੋਬਿੰਦ ਦਿਓ ਸਮਝਾਈਆ । ਤੁਸੀਂ ਦੱਸ ਕੇ ਆਏ ਇਕ ਨਿਰੰਕਾਰ ਸਹੀ ਸਲਾਮਤ, ਪੁਰਖ ਅਕਾਲ ਸਭ ਦਾ ਪਿਤਾ ਮਾਈਆ । ਧਰਮ ਦੀ ਧਾਰ ਜਗਤ ਅਮਾਨਤ, ਅਮਲਾਂ ਵਿਚ ਖ਼ਲਕ ਖ਼ੁਦਾਈਆ । ਸਦੀ ਚੌਧਵੀਂ ਸਾਰੇ ਕਰੇ ਖਿਆਨਤ, ਕਰਨੀ ਕਾਰ ਨਾ ਕੋਇ ਕਮਾਈਆ । ਬਾਣੀ ਪੜ੍ਹ ਪੜ੍ਹ ਕਿਉਂ ਮਨੂਆ ਕਰੇ ਬਗ਼ਾਵਤ, ਤਨ ਵਜੂਦ ਕਰੇ ਲੜਾਈਆ । ਕਿੱਥੇ ਗਈ ਨਾਮ ਵਾਲੀ ਸਖ਼ਾਵਤ, ਜੋ ਸਖ਼ੀਆਂ ਦੇ ਕਾਹਨ ਦਏ ਮਿਲਾਈਆ । ਦੱਸੋ ਕਿਸ ਦੀ ਦੇਣੀ ਜ਼ਮਾਨਤ, ਅੰਤਮ ਲਓ ਛੁਡਾਈਆ । ਫ਼ਰਜ਼ੀ ਖੇਲ ਨਹੀਂ ਬਨਾਵਟ, ਧੁਰ ਦਾ ਮਾਲਕ ਆਪ ਜਣਾਈਆ । ਤਨ ਵਜੂਦ ਨਹੀਂ ਸਜਾਵਟ, ਕੱਪੜਾ ਓਢਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਹੋਏ ਇਕੱਠੇ, ਅੱਖ ਇਕੋ ਵਾਰ ਉਠਾਈਆ । ਜਿਸ ਕਾਰਨ ਲੋਕਮਾਤ ਗਏ ਨੱਠੇ, ਜੁਗ ਜੁਗ ਆਪਣਾ ਵੇਸ ਵਟਾਈਆ । ਮੇਰੇ ਨਾਮ ਦੇ ਦੇ

੮੦੬
੨੦

ਕੇ ਆਏ ਪਤੇ, ਪਤਿਪਰਮੇਸ਼ਵਰ ਇਕ ਸਮਝਾਈਆ । ਜੋ ਹਰ ਘਟ ਅੰਦਰ ਵਸੇ, ਸਭ ਤੋਂ ਨਿਰਾਲਾ ਜੋਤ ਅਕਾਲਾ ਸਚਖੰਡ ਨਿਵਾਸੀ ਧੁਰਦਰਗਾਹੀਆ । ਸੋ ਕਿਸ ਬਿਧ ਕਲਜੁਗ ਅੰਤ ਮੇਟੇ ਰੈਣ ਅੰਧੇਰੀ ਮੱਸੇ, ਮਸਲਾ ਸਭ ਦਾ ਹੱਲ ਕਰਾਈਆ । ਕੰਤ ਭਗਵੰਤ ਨਿਰਗੁਣ ਸਰਗੁਣ ਪਤਿ ਰੱਖੇ, ਪਤਿਪਰਮੇਸ਼ਵਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਓ ਹੋਈਏ ਸਰਬ ਭਰਾ, ਭਰਮ ਵੇਖੀਏ ਸਰਬ ਲੋਕਾਈਆ । ਜੋ ਸ਼ਰਅ ਆਏ ਸਮਝਾ, ਧਰਮ ਆਏ ਦ੍ਰਿੜਾਈਆ । ਜੋ ਨਾਮ ਆਏ ਜਪਾ, ਅੱਖਰਾਂ ਵਿਚ ਲਿਖਾਈਆ । ਜੋ ਮਾਰਗ ਆਏ ਲਗਾ, ਮਾਨਸ ਮਾਨਸ ਵੰਡ ਵੰਡਾਈਆ । ਜੋ ਡੰਕੇ ਆਏ ਵਜਾ, ਢੋਲੇ ਨਾਦ ਸ਼ਨਵਾਈਆ । ਜੋ ਦਵਾਰੇ ਆਏ ਉਪਜਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਨਾਉਂ ਧਰਾਈਆ । ਜੋ ਦੱਸ ਕੇ ਆਏ ਨਾਮ ਜੁਦਾ ਜੁਦਾ, ਹਿੱਸੇ ਅੱਖਰਾਂ ਵਾਲੇ ਪਾਈਆ । ਅੱਜ ਓਸੇ ਤੋਂ ਸਾਰੇ ਹੋਈਏ ਫ਼ਿਦਾ, ਕੁਰਬਾਨੀ ਦੀ ਲੋੜ ਰਹੇ ਨਾ ਰਾਈਆ । ਹਕ ਮਾਲਕ ਉਹ ਖ਼ਾਲਕ ਪ੍ਰਿਤਪਾਲਕ ਓਹ ਦਾਤਾ ਬੇਪਰਵਾਹ, ਪਰਵਰਦਿਗਾਰ ਇਕ ਅਖਵਾਈਆ । ਜਲਵਾਗਰ ਖ਼ੁਦਾ, ਖ਼ੁਦੀ ਦਾ ਡੇਰਾ ਢਾਹੀਆ । ਸਾਰੇ ਚਲੀਏ ਉਹਦੀ ਵਿਚ ਰਜ਼ਾ, ਰਮਜ਼ ਨਾਲ ਰਮਜ਼ ਲਏ ਮਿਲਾਈਆ । ਜਿਸ ਨੇ ਸਾਰੀ ਸ੍ਰਿਸ਼ਟੀ ਦੇਣੀ ਪੜ੍ਹਾ, ਅੰਦਰ ਵੜ ਕੇ ਕਰੇ ਪੜ੍ਹਾਈਆ । ਸਾਚਾ ਬੇੜਾ ਦੇਣਾ ਚਲਾ, ਨੌਕਾ ਆਪਣਾ ਨਾਉਂ ਰਖਾਈਆ । ਇਕੋ ਰਬਾਬ ਦੇਣੀ ਵਜਾ, ਤੰਦ ਸਤਾਰ ਦਏ ਹਿਲਾਈਆ । ਜੋ ਰਵਿਆ ਸਵਾਸ ਸਾਹ ਸਾਹ, ਸਾਹਿਬ ਧੁਰਦਰਗਾਹੀਆ । ਓਸੇ ਨੂੰ ਕਿਹਾ ਅੱਲਾ ਅਲਾਹ, ਆਲਮੀਨ ਨੂਰ ਖ਼ੁਦਾਈਆ । ਸਜਦਿਆਂ ਵਿਚ ਆਏ ਸੀਸ ਝੁਕਾ, ਮਕਤਬਾਂ ਵਿਚ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਹੇ ਕੀ ਕਰਨਾ, ਕਰਮ ਕਾਂਡ ਦਿਓ ਦ੍ਰਿੜਾਈਆ । ਕਿਹੜਾ ਪਲੂ ਫੜਨਾ, ਪਲਕ ਪਲਕ ਵਿਚ ਰੁਸ਼ਨਾਈਆ । ਕਿਹੜਾ ਅੱਖਰ ਪੜ੍ਹਨਾ, ਨਿਰਅੱਖਰ ਖੋਜ ਖੁਜਾਈਆ । ਕਿਹੜੇ ਗ੍ਰਿਹਿ ਵੜਨਾ, ਦਰ ਸਾਚੇ ਵੱਜੇ ਵਧਾਈਆ । ਕਵਣ ਮਿਲੇ ਸਰਨਾ, ਸਰਨਗਤ ਕਵਣ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੇ ਇਕੋ ਚਰਨਾਂ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਮਿਲ ਕੇ ਢੋਲਾ ਪੜ੍ਹਨਾ, ਨਿਰਗੁਣ ਦੀ ਨਿਰਗੁਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁਣ ਸੁਣੀਏ ਅਗਲਾ ਨਾਉਂ, ਨਰ ਨਿਰੰਕਾਰ ਰਿਹਾ ਦ੍ਰਿੜਾਈਆ । ਵਸੀਏ ਓਸ ਗਾਉਂ, ਜਿਥੇ ਭਗਤ ਸੁਹੇਲੇ ਸੋਭਾ ਪਾਈਆ । ਤੱਕੀਏ ਇਕੋ ਪਿਤਾ ਮਾਉਂ, ਪਾਰਬ੍ਰਹਮ ਨੂਰ ਖ਼ੁਦਾਈਆ । ਮਾਣੀਏ ਠੰਡੀ ਛਾਂਉਂ, ਅਗਨੀ ਤਤ ਨਾ ਕੋਇ ਤਪਾਈਆ । ਓਸ ਦਾ ਵੇਖੀਏ ਇਕੋ ਰਾਹੋ, ਜੋ ਰਹਿਬਰਾਂ ਦਏ ਵਖਾਈਆ । ਖ਼ੁਦੀ ਦਾ ਮਾਲਕ ਇਕ ਖ਼ੁਦਾਓ, ਖ਼ਾਦਮ ਹੋ ਕੇ ਸੀਸ ਨਿਵਾਈਆ । ਜੋ ਓਸ ਨੇ ਸਾਨੂੰ ਭੇਜਿਆ ਧੁਰਦਰਗਾਹੋਂ, ਧੁਰੀ ਆਪਣੀ ਉਤੇ ਭਵਾਈਆ । ਫਿਰ ਲੈ ਗਿਆ ਫੜ ਕੇ ਬਾਹੋਂ, ਤੱਤਾਂ ਨਾਲੋਂ ਕਰ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਰੀਏ ਇਕ ਸਲਾਹ, ਮਸ਼ਵਰਾ ਆਪਣੇ ਨਾਲ ਮਿਲਾਈਆ । ਸਾਰੇ ਮੰਨੀਏ ਇਕ ਰਜ਼ਾ, ਸਿਰ ਸਾਹਿਬ ਇਕ ਝੁਕਾਈਆ । ਖ਼ੁਸ਼ੀ ਹੋਈਏ ਜੇ ਪੁਰਖ ਅਕਾਲ ਬਣਿਆ ਇਕ ਮਲਾਹ, ਬੇੜਾ ਆਪਣੇ ਕੰਧ ਟਿਕਾਈਆ । ਅਸੀਂ ਇਹਨਾਂ ਦੀ ਸ਼ਹਾਦਤ ਦਈਏ ਭੁਗਤਾ, ਜੋ ਭਗਤ

ਸਹੇਲੇ ਪ੍ਰਭ ਦਾ ਨਾਮ ਧਿਆਈਆ । ਆਪਣਾ ਪੱਲੂ ਲਈਏ ਛੁਡਾ, ਲੋਕਮਾਤ ਨਾ ਰਾਹ ਤਕਾਈਆ । ਜਿਸ ਨੇ ਜਗਤ ਜਹਾਨ ਲਿਆ ਉਪਜਾ, ਓਸੇ ਦੀ ਝੋਲੀ ਪਾਈਆ । ਓਹ ਚਲਾਵੇ ਜਿਵੇਂ ਰਜ਼ਾ, ਆਪਣਾ ਹੁਕਮ ਵਰਤਾਈਆ । ਅਸੀਂ ਵੇਖੀਏ ਥਾਉਂ ਥਾਂ, ਕਿਸ ਬਿਧ ਨੌ ਖੰਡ ਪ੍ਰਿਥਮੀ ਸੱਤ ਦੀਪ ਲਏ ਸਮਝਾਈਆ । ਵੇਖ ਕੇ ਕਹੀਏ ਵਾਹੋ ਵਾ, ਵਾਹਵਾ ਤੇਰੀ ਬੇਪ੍ਰਵਾਹੀਆ । ਏਸੇ ਕਰ ਕੇ ਤੈਨੂੰ ਕਿਹਾ ਅਲਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁਣ ਕਰੀਏ ਮਨਜ਼ੂਰ, ਹੁਕਮ ਮੰਨੀਏ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਪ੍ਰਭ ਮੇਟੇ ਅੱਗੇ ਫ਼ਤੂਰ, ਸਾਡਾ ਜ਼ੁਮਾ ਰਹੇ ਨਾ ਰਾਈਆ । ਮਾਇਆ ਮਮਤਾ ਭਰਿਆ ਪੂਰ, ਨਈਆ ਆਪੇ ਦਏ ਡੁਬਾਈਆ । ਅਸੀਂ ਬੇਨੰਤੀ ਕਰੀਏ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਈਆ । ਪ੍ਰਭੂ ਜਨ ਭਗਤਾਂ ਦੇ ਬਖ਼ਸ਼ੀਂ ਸਰਬ ਕਸੂਰ, ਦੁਖੀਆਂ ਦਰਦ ਗਵਾਈਆ । ਉਹ ਤੇਰੇ ਤੇਰਾ ਦਿਸੇ ਨੂਰ, ਨੂਰ ਨੂਰ ਰੁਸ਼ਨਾਈਆ । ਤੇਰੇ ਨਾਮ ਦੀ ਸੁਣਦੇ ਤੂਰ, ਤੁਰੀਆ ਤੋਂ ਪਰੇ ਖੋਜ ਖੁਜਾਈਆ । ਦਰ ਬਰਦੇ ਬਣ ਮਜ਼ਦੂਰ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਸਰਬ ਕਲਾ ਭਰਪੂਰ, ਸ਼ਹਿਨਸ਼ਾਹ ਵਡਿਆਈਆ । ਹੋਣਾ ਸਹਾਈ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਜੋ ਚੜ੍ਹ ਕੇ ਗਏ ਤੇਰੇ ਪੂਰ, ਬੇੜਾ ਪਾਰ ਲੰਘਾਈਆ । ਜਿਨ੍ਹਾਂ ਦਾ ਰਾਹ ਤੱਕੇ ਮਨਸੂਰ, ਅਹਿਨੁਲਹਕ ਢੋਲਾ ਗਾਈਆ । ਸ਼ੰਕਰ ਸੁੱਟ ਕੇ ਆਪਣੀ ਤ੍ਰਿਸੂਲ, ਮਣਕਾ ਹੱਥ ਰਿਹਾ ਫੜਾਈਆ । ਬ੍ਰਹਮਾ ਕੌਲ ਨਾ ਗਿਆ ਭੂਲ, ਵਿਸ਼ਨੂੰ ਵਿਸ਼ਵ ਸੇਵ ਕਮਾਈਆ । ਇਹਨਾਂ ਦਾ ਲਹਿਣਾ ਦੇਣਾ ਦੇਣਾ ਮੂਲ, ਲੇਖਾ ਪਿਛਲਾ ਝੋਲੀ ਪਾਈਆ । ਅਦਲ ਅਦਾਲਤ ਕਰਨੀ ਤੇਰਾ ਅਸੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਝਗੜਾ ਛੱਡਿਆ ਕਦੀਮ, ਕੁਦਰਤ ਦੇ ਮਾਲਕ ਤੇਰੀ ਸਰਨਾਈਆ । ਕਲਜੁਗ ਅੰਤਮ ਕਰ ਦੇ ਤਰਮੀਮ, ਤਰੀਕਾ ਆਪਣਾ ਇਕ ਦ੍ਰਿੜਾਈਆ । ਤੇਰਾ ਮਾਰਗ ਸਦਾ ਮਹੀਨ, ਜਗ ਨੇਤਰ ਨਜ਼ਰ ਨਾ ਆਈਆ । ਅਸੀਂ ਸਾਰੇ ਕਰੀਏ ਯਕੀਨ, ਯਕੇ ਬਾਦ ਦੀਗਰੇ ਸੀਸ ਝੁਕਾਈਆ । ਸਭ ਤੋਂ ਉਤਮ ਸੋਹੰ ਤੇਰੀ ਤਾਲੀਮ, ਜੋ ਜਨਮ ਤੋਂ ਪਹਿਲੋਂ ਸਭ ਨੂੰ ਦਏਂ ਸਮਝਾਈਆ । ਤੇਰਿਆਂ ਭਗਤਾਂ ਕਹੀਏ ਆਫ਼ਰੀਨ, ਖ਼ੁਸ਼ੀਆਂ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਕਰ ਮਨਜ਼ੂਰ ਦੁਆ, ਦੋਹਰੀ ਧਾਰ ਜਣਾਈਆ । ਕਲਜੁਗ ਕੂੜੀ ਕਿਰਿਆ ਮੇਟ ਵਬਾ, ਆਦਮ ਹਵਾ ਸਾਰ ਰਹੀ ਨਾ ਆਈਆ । ਸਾਚਾ ਨਾਮ ਕਰ ਰਵਾਂ, ਹੁਕਮ ਹੁਕਮ ਵਿਚ ਸੁਣਾਈਆ । ਤੇਰਾ ਜਗ ਵੇਖੀਏ ਨਵਾਂ, ਤੇਰੇ ਨਾਮ ਵੱਜੇ ਵਧਾਈਆ । ਸਭ ਦਾ ਬਦਲ ਦੇ ਸਮਾਂ, ਸਮਾਪਤ ਹੋਏ ਲੋਕਾਈਆ । ਮਨੂਆ ਕੂੜ ਰਹੇ ਨਾ ਪੰਮਾਂ, ਗੋਬਿੰਦ ਧੋਖਾ ਰਹਿਣ ਕੋਈ ਨਾ ਪਾਈਆ । ਇਸ਼ਟ ਰਹੇ ਕੋਈ ਨਾ ਚੰਮਾ, ਚਮਨ ਗੁਲਸ਼ਨ ਆਪਣਾ ਦੇ ਮਹਿਕਾਈਆ । ਦੀਨ ਮਜ਼੍ਹਬ ਰਹੇ ਨਾ ਬੰਨਾਂ, ਹੱਦ ਹਦੂਦ ਨਾ ਕੋਇ ਵੰਡਾਈਆ । ਜਨ ਭਗਤਾਂ ਨੂੰ ਕਹੇ ਪ੍ਰਭੂ ਆ ਮੇਰਿਆ ਚੰਨਾਂ, ਪਿਤਾ ਹੋ ਕੇ ਪੂਤ ਗੋਦ ਉਠਾਈਆ । ਆਪਣਾ ਨਾਮ ਸੁਣਾ ਬਿਨਾ ਕੰਨਾ, ਸਰੋਤੇ ਅੰਦਰੋਂ ਲੈ ਬਣਾਈਆ । ਮਮਤਾ ਦੀ ਰਹੇ ਕੋਈ ਨਾ ਤਮਾ, ਤਾਮਸ ਦੇਣੀ ਕਢਾਈਆ । ਪਵਣ ਸਵਾਸ ਵੇਖੋ ਦਮਾਂ, ਦਾਮਨ ਆਪਣਾ ਨਾਮ ਫੜਾਈਆ । ਹਰਖ ਸੋਗ ਰਹੇ ਨਾ ਗ਼ਮਾਂ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਝੋਲੀ ਪਾਈਆ ।

ਪੁਰਖ ਅਕਾਲ ਕਹੇ ਸੁਣੋ ਗੁਰ ਪੈਗ਼ੰਬਰ ਅਵਤਾਰ, ਸੰਦੇਸਾ ਧੁਰਦਰਗਾਹੀਆ । ਜਿਸ ਕਾਰਨ ਆਇਆ ਵਿਚ ਸੰਸਾਰ, ਨਿਰਗੁਣ ਹੋ ਕੇ ਵੇਸ ਵਟਾਈਆ । ਸੋ ਲੇਖਾ ਦੱਸਾਂ ਅਗੰਮ ਅਪਾਰ, ਅਲਖ ਅਗੋਚਰ ਭੇਵ ਖੁਲ੍ਹਾਈਆ । ਪੂਰਬ ਜਨਮ ਦੇ ਵਿਛੜੇ ਲਏ ਭਾਲ, ਲੱਖ ਚੁਰਾਸੀ ਵਿਚੋਂ ਖੋਜ ਖੋਜਾਈਆ । ਭਗਤ ਸੁਹੇਲੇ ਬਣਾ ਕੇ ਆਪਣੇ ਲਾਲ, ਲਾਲਨ ਲਾਲ ਰੰਗ ਰੰਗਾਈਆ । ਮੁਰਸ਼ਦ ਹੋ ਕੇ ਪੁਛਿਆ ਹਾਲ, ਮੁਰੀਦਾਂ ਆਪਣਾ ਜੋੜ ਜੁੜਾਈਆ । ਸਭ ਦੀ ਲੇਖੇ ਲਾ ਕੇ ਪੂਰਬ ਘਾਲ, ਜਨਮ ਕਰਮ ਦਾ ਲਹਿਣਾ ਝੋਲੀ ਪਾਈਆ । ਅੰਮ੍ਰਿਤ ਸੁਹਾ ਕੇ ਤਾਲ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਦਰ ਮੰਦਰ ਇਕ ਵਖਾਲ, ਭਗਤ ਦਵਾਰਾ ਸੋਭਾ ਪਾਈਆ । ਜਿਥੇ ਵਸਣ ਸ਼ਾਹ ਕੰਗਾਲ, ਇਕੋ ਰੰਗ ਰਿਹਾ ਰੰਗਾਈਆ । ਇਸ ਤੋਂ ਪਰੇ ਨਹੀਂ ਕੋਈ ਧਰਮਸਾਲ, ਧਰਮ ਦਵਾਰਾ ਨਜ਼ਰ ਕੋਇ ਨਾ ਆਈਆ । ਜਿਸ ਗ੍ਰਿਹਿ ਪਰਗਟ ਹੋਵੇ ਦੀਨ ਦਿਆਲ, ਗ਼ਰੀਬ ਨਿਮਾਣੇ ਗਲੇ ਲਗਾਈਆ । ਏਥੇ ਉਥੇ ਦੋ ਜਹਾਨ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਸਭ ਤੋਂ ਵੱਖਰੀ ਨਿਰਾਲੀ ਦੱਸ ਕੇ ਚਾਲ, ਚਾਰੋਂ ਕੁੰਟ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਗੁਰ ਅਵਤਾਰ ਪੈਗ਼ੰਬਰੋ ਮੇਰੇ ਵੇਖੋ ਸੱਜਣ ਮੀਤ, ਭਗਤੀ ਵਿਚ ਵਡਿਆਈਆ । ਜਿਨ੍ਹਾ ਦੇ ਅੰਦਰ ਵਸਿਆ ਇਕੋ ਗੀਤ, ਸੋਹੰ ਢੋਲਾ ਦਿਤਾ ਸਮਝਾਈਆ । ਉਹ ਨਾਤਾ ਛੱਡ ਗਏ ਮੰਦਰ ਮਸੀਤ, ਕਾਇਆ ਕਾਅਬਾ ਖ਼ੁਸ਼ੀ ਮਨਾਈਆ । ਜਗਤ ਵਾਸਨਾ ਹੋ ਅਤੀਤ, ਤ੍ਰੈਗੁਣ ਅਤੀਤਾ ਵੇਖ ਵਖਾਈਆ । ਆਤਮ ਪਰਮਾਤਮ ਲਾ ਕੇ ਪ੍ਰੀਤ, ਪ੍ਰੀਤਮ ਇਕੋ ਰਹੇ ਮਨਾਈਆ । ਪਿਛਲਾ ਲੇਖਾ ਸਭ ਦਾ ਗਿਆ ਬੀਤ, ਅਗਲਾ ਮਾਰਗ ਇਕ ਦ੍ਰਿੜਾਈਆ । ਸਭ ਦੀ ਗੰਢ ਗਈ ਪੀਚ, ਬ੍ਰਹਮਾ ਸ਼ਿਵ ਦਏ ਗਵਾਹੀਆ । ਅੱਜ ਤੋਂ ਭਗਤ ਕੋਈ ਨਾ ਰਹੇ ਨੀਚ, ਨੀਚਾਂ ਤੋਂ ਊਚ ਦਿਤੇ ਬਣਾਈਆ । ਨਾ ਕੋਈ ਹਸਤ ਰਿਹਾ ਨਾ ਕੀਟ, ਕੀਟਾਂ ਦੇ ਕੀਟ ਦਿਤੇ ਤਰਾਈਆ । ਸੋ ਮਾਨਸ ਜਨਮ ਗਏ ਜੀਤ, ਜਿਨ੍ਹਾਂ ਮਿਲਿਆ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖਿਓ ਮੇਰਾ ਖੇਲ ਅਗੰਮ ਕਾ, ਅਗੰਮੜੀ ਕਾਰ ਕਮਾਈਆ । ਜਿਸ ਭਗਤ ਨੇ ਫੇਰਿਆ ਮਣਕਾ ਮਨ ਕਾ, ਮਨ ਕਾ ਰੂਪ ਬਦਲਾਈਆ । ਮੈਂ ਜ਼ਿਮੇਵਾਰ ਹੋਇਆ ਇਨ੍ਹਾਂ ਦੇ ਤਨ ਕਾ, ਆਤਮ ਅੰਦਰੋਂ ਖੋਜ ਖੁਜਾਈਆ । ਰੂਪ ਬਣਾਵਾਂ ਸਾਚੇ ਜਨ ਕਾ, ਜਨ ਜਨਨੀ ਦੇਵਾਂ ਵਡਿਆਈਆ । ਝਗੜਾ ਰਹਿਣ ਨਾ ਦੇਵਾਂ ਮਨ ਕਾ, ਮਮਤਾ ਮੋਹ ਮਿਟਾਈਆ । ਲੇਖਾ ਮੁਕ ਜਾਏ ਸ਼ਰਅ ਗ਼ਮ ਦਾ, ਗ਼ਮੀ ਵਿਚ ਖ਼ੁਸ਼ੀ ਦਿਆਂ ਬਦਲਾਈਆ । ਭੇਵ ਖੁਲ੍ਹਾ ਕੇ ਨਿਰੰਤਰ ਬ੍ਰਹਮ ਦਾ, ਪਾਰਬ੍ਰਹਮ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਜਿਨ੍ਹਾਂ ਪਹਿਨਿਆ ਛੱਲਾ, ਸ਼ਾਲਾ ਦਿਤੀ ਵਡਿਆਈਆ । ਓਨ੍ਹਾਂ ਦੀ ਸੇਵਾ ਕਰੇ ਤੁਹਾਡਾ ਅੱਲਾ, ਅਲਹਿਦਾ ਰਹਿਣ ਕੋਇ ਨਾ ਪਾਈਆ । ਪ੍ਰਭ ਦਾ ਭਗਤ ਕਦੇ ਨਾ ਹੋਵੇ ਇਕੱਲਾ, ਨਿਰਗੁਣ ਸਦਾ ਸੰਗ ਨਿਭਾਈਆ । ਜਿਸ ਆਤਮ ਫੜਾਇਆ ਆਪਣਾ ਪੱਲਾ, ਪਲੂ ਗੰਢ ਨਾ ਕੋਇ ਖੁਲ੍ਹਾਈਆ । ਸ੍ਰਿਸ਼ਟੀ ਨਾਲ ਕਰ ਕੇ ਵਲ ਛਲਾ, ਅਛਲ ਛੱਲ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰੋ ਜਿਨ੍ਹਾਂ ਨੇ ਫੜੀ ਇੱਕੀਆਂ ਮਣਕਿਆਂ ਵਾਲੀ ਮਾਲਾ, ਮਾਲਕ ਧੁਰ ਦਾ ਦਏ ਵਡਿਆਈਆ । ਉਹ ਕੋਈ ਰਿਹਾ ਨਾ ਅਦਨਾ ਆਅਲਾ, ਇਕੋ ਰੰਗ ਦਿਤੇ

ਰੰਗਾਈਆ । ਜਿਸ ਨੂੰ ਤੁਸੀਂ ਕਹਿੰਦੇ ਖ਼ੁਦਾ ਤਆਲਾ, ਉਹ ਇਨ੍ਹਾਂ ਦੇ ਤਾਲੇ ਅੰਦਰੋਂ ਦਏ ਖੁਲ੍ਹਾਈਆ । ਆਪ ਬਣਾ ਕੇ ਆਪਣੇ ਬਾਲਾ, ਗੋਦੀ ਧੁਰ ਦੀ ਦਏ ਟਿਕਾਈਆ । ਚਾਰ ਜੁਗ ਤੋਂ ਵੱਖਰੀ ਚਲਾ ਕੇ ਚਾਲਾ, ਚਾਲ ਨਿਰਾਲੀ ਇਕ ਪਰਗਟਾਈਆ । ਸਾਚਾ ਮੰਤਰ ਇਕ ਸੁਖਾਲਾ, ਸੋ ਪੁਰਖ ਨਿਰੰਜਣ ਦਿਤਾ ਸਮਝਾਈਆ । ਕਲਜੁਗ ਕੂੜੀ ਕਿਰਿਆ ਦਾਗ਼ ਰਹੇ ਨਾ ਕਾਲਾ, ਦੁਰਮਤ ਮੈਲ ਆਪ ਧਵਾਈਆ । ਸਚ ਦਵਾਰ ਸਚ ਸੱਚੀ ਧਰਮਸਾਲਾ, ਦਰ ਇਕੋ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੈਗ਼ੰਬਰੋ ਜਿਨ੍ਹਾਂ ਮਾਲਾ ਲਈ ਫੜ, ਦੋਹਾਂ ਹੱਥਾਂ ਵਿਚ ਲਟਕਾਈਆ । ਉਹ ਮੰਜ਼ਲ ਪ੍ਰਭ ਦੀ ਗਏ ਚੜ੍ਹ, ਰਾਹ ਵਿਚ ਨਾ ਕੋਇ ਅਟਕਾਈਆ । ਤੋੜ ਕੇ ਕੂੜਾ ਗੜ੍ਹ, ਘਰ ਸਾਚੇ ਸੋਭਾ ਪਾਈਆ । ਬਿਨ ਅੱਖਰਾਂ ਤੋਂ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਪੜ੍ਹ, ਬ੍ਰਹਮ ਪਾਰਬ੍ਰਹਮ ਮਿਲ ਕੇ ਵੱਜੇ ਵਧਾਈਆ । ਬਿਨਾ ਸਰੋਵਰ ਨਹਾਵਣ ਸਾਚੇ ਸਰ, ਜਿਥੇ ਸੁਰਸਤੀ ਜਮਨਾ ਗੰਗਾ ਗੋਦਾਵਰੀ ਨਜ਼ਰ ਕੋਇ ਨਾ ਆਈਆ । ਨਾ ਕੋਈ ਕਿਲਾ ਕੋਟ ਦਿਸੇ ਗੜ੍ਹ, ਬੰਕ ਦਵਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰੋ ਆਓ ਵੇਖੋ ਭਗਤਾਂ ਜੋਤੀ, ਜੋਤ ਇਕੋ ਨਜ਼ਰੀ ਆਈਆ । ਪਰਮ ਪੁਰਖ ਦੇ ਮਾਣਕ ਮੋਤੀ, ਇਕੇ ਸਿੱਪ ਵਿਚੋਂ ਬਾਹਰ ਕਢਾਈਆ । ਧਰਮ ਦੇ ਬਣ ਗਏ ਗੋਤੀ, ਗੌਤਮ ਨੈਣਾਂ ਨੀਰ ਵਹਾਈਆ । ਰਵਦਾਸ ਚਮਾਰਾ ਮੋਚੀ, ਮੁਸ਼ਕਲ ਸਭ ਦੀ ਹੱਲ ਕਰਾਈਆ । ਬਟਵਾਰਾ ਕੱਢ ਕੇ ਵਾਸਨਾ ਖੋਟੀ, ਖੋਟੇ ਖਰੇ ਨਾਲ ਰਲਾਈਆ । ਰਵਦਾਸ ਚੜ੍ਹ ਕੇ ਮੰਜ਼ਲ ਚੋਟੀ, ਚੋਟ ਸ਼ਬਦ ਕਰੇ ਸ਼ਨਵਾਈਆ । ਬਿਦਰ ਸੁਦਾਮੇ ਲੋੜ ਰਹੀ ਨਾ ਧੋਤੀ ਬੋਦੀ, ਬੋਧ ਅਗਾਧ ਕਰੀ ਪੜ੍ਹਾਈਆ । ਸਭ ਦਾ ਠਾਕਰ ਇਕੋ ਮੌਜੀ, ਪ੍ਰਭ ਮਿਲਿਆ ਧੁਰਦਰਗਾਹੀਆ । ਜਿਸ ਨੇ ਵੱਖਰੀ ਖੋਜ ਖੋਜੀ, ਸੰਤ ਸੁਹੇਲੇ ਲਏ ਉਠਾਈਆ । ਆਪਣੇ ਨਾਮ ਦੀ ਦੇ ਕੇ ਰੋਜ਼ੀ, ਭੁੱਖਿਆਂ ਦਿਤਾ ਰਜਾਈਆ । ਓ ਗੁਰਮੁਖੋ ਤੁਹਾਥੋਂ ਵੱਡਾ ਨਹੀਂ ਕੋਈ ਜੋਗੀ, ਜੁਗਤੀ ਪ੍ਰਭ ਨੇ ਦਿਤੀ ਸਮਝਾਈਆ । ਤੁਹਾਥੋਂ ਵੱਡਾ ਨਹੀਂ ਕੋਈ ਵਿਜੋਗੀ, ਜਿਨ੍ਹਾਂ ਨੇ ਭੈਣ ਭਰਾ ਦਿਤੇ ਤਜਾਈਆ । ਤੁਹਾਡੇ ਤੋਂ ਵੱਡਾ ਨਹੀਂ ਕੋਈ ਬੇਦੀ ਸੋਢੀ, ਜੋ ਇਕੋ ਪੁਰਖ ਅਕਾਲ ਧਿਆਨ ਲਗਾਈਆ । ਤੁਹਾਡੇ ਤੋਂ ਵੱਡਾ ਬਿਰਹੁ ਦਾ ਦਿਸੇ ਨਾ ਕੋਈ ਰੋਗੀ, ਜੋ ਵਿਛੋੜੇ ਅੰਦਰ ਰਾਹ ਤਕਾਈਆ । ਜਿਨ੍ਹਾਂ ਨੂੰ ਪ੍ਰਭ ਨੇ ਦਿਤੀ ਸੋਝੀ, ਸੁਤਿਆਂ ਲਿਆ ਉਠਾਈਆ । ਅੱਗੇ ਖ਼ੁਸ਼ੀਆਂ ਨਾਲ ਬੈਠਿਓ ਵਿਚ ਗੋਦੀ, ਗੋਦਾਵਰੀ ਕੰਢੇ ਗੋਬਿੰਦ ਦੇ ਕੇ ਗਿਆ ਗਵਾਹੀਆ । ਤੁਹਾਡੀ ਖਾਤਰ ਨਿਰਗੁਣ ਧਾਰ ਨਿਰਗੁਣ ਨਾਨਕ ਕੋਲੋਂ ਚਲਾਇਆ ਖ਼ਾਨਾ ਮੋਦੀ, ਮੁੱਦਤਾਂ ਦਾ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰ ਅਵਤਾਰ ਪੈਗ਼ੰਬਰੋ ਆਓ ਵੇਖੋ ਮਾਲਾ ਕੀ ਕੁਛ ਕਹਿੰਦੀ, ਕਹਿ ਕਹਿ ਰਹੀ ਸੁਣਾਈਆ । ਜਾਂ ਤੱਕਿਆ ਤੇ ਭਗਤਾਂ ਚਰਨਾਂ ਢਹਿੰਦੀ, ਢਹਿ ਢਹਿ ਸੀਸ ਨਿਵਾਈਆ । ਨੀਵੀਂ ਹੋ ਹੋ ਬਹਿੰਦੀ, ਨੇਤਰ ਨੈਣ ਅੱਖ ਸ਼ਰਮਾਈਆ । ਜਿਹੜੀ ਧਾਰ ਜੁਗ ਜੁਗ ਭਾਣਾ ਸਹਿੰਦੀ, ਸਦ ਭਾਣੇ ਵਿਚ ਸਮਾਈਆ । ਇਨ੍ਹਾਂ ਦੇ ਚਰਨ ਧੂੜ ਮਾਲਾ ਕਹੇ ਮੈਨੂੰ ਲੱਗੇ ਮਹਿੰਦੀ, ਰੰਗ ਰੰਗੀਲਾ ਰੰਗ ਰੰਗਾਈਆ । ਜਿਨ੍ਹਾਂ ਦਾ ਰਾਹ ਜੁਗ ਚੌਕੜੀ ਰਹੀ ਵੇਂਹਦੀ, ਬਿਨ ਨੈਣਾ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਖੁਲ੍ਹਾਈਆ । ਮਾਲਾ ਕਹੇ ਮੇਰੀ ਪੂਰੀ ਹੋਈ ਮੁਨਿਆਦ, ਮੁਨੀਆਂ ਰਿਖੀਆਂ ਤੋਂ ਖਹਿੜਾ ਲਿਆ ਛੁਡਾਈਆ ।

ਮੇਰੇ ਵੱਡੇ ਹੋਏ ਭਾਗ, ਭਗਤਾਂ ਹੱਥ ਵਿਚ ਲਈ ਟਿਕਾਈਆ । ਮੈਂ ਅੰਦਰੋਂ ਗਈ ਜਾਗ, ਸੋਈ ਸੁੱਤੀ ਨੇ ਅੱਖ ਖੁਲ੍ਹਾਈਆ । ਆਇਆ ਇਕ ਵੈਰਾਗ, ਵੈਰਾਗਣ ਹੋ ਕੇ ਦਿਆਂ ਦੁਹਾਈਆ । ਜਿਨ੍ਹਾਂ ਨੂੰ ਮਿਲਿਆ ਕੰਤ ਸੁਹਾਗ, ਪ੍ਰਭ ਦਾਤਾ ਬੇਪਰਵਾਹੀਆ । ਇਨ੍ਹਾਂ ਦਾ ਬਦਲ ਦਿਤਾ ਸਮਾਜ, ਅੰਦਰ ਵੜ ਕੇ ਆਪ ਸਮਝਾਈਆ । ਸੁਣਾਈ ਅਗੰਮੀ ਆਵਾਜ਼, ਢੋਲਾ ਧੁਰਦਰਗਾਹੀਆ । ਕਿਸੇ ਨੂੰ ਪੜ੍ਹਨੀ ਪਏ ਨਾ ਕੋਈ ਨਮਾਜ਼, ਮਸੱਲਾ ਹੇਠ ਨਾ ਕੋਇ ਵਿਛਾਈਆ । ਇਕੋ ਬਖ਼ਸ਼ ਕੇ ਆਪਣੀ ਦਾਤ, ਦਾਤੇ ਦਾਨੀ ਦਿਤਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣੀ ਗਾਥ, ਗਹਿਰ ਗੰਭੀਰ ਹੋਵੇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗ੍ਰਹਿ ਆਪ ਵਖਾਈਆ । ਮਾਲਾ ਕਹੇ ਮੇਰੇ ਅੰਤਰ ਆਈ ਖ਼ੁਸ਼ਹਾਲੀ, ਖ਼ੁਸ਼ੀਆਂ ਵਿਚ ਜਣਾਈਆ । ਮੇਰੇ ਤਨ ਵਜੂਦ ਚੜ੍ਹੀ ਲਾਲੀ, ਲਾਲ ਰੰਗ ਦਿਤਾ ਰੰਗਾਈਆ । ਜਨ ਭਗਤਾਂ ਪੂਰੀ ਹੋਈ ਘਾਲ ਘਾਲੀ, ਘਾਲਣਾ ਵਿਚ ਪਏ ਲੋਕਾਈਆ । ਗੁਰਮੁਖੋ ਮੈਨੂੰ ਫੇਰਨਾ ਪਏ ਨਾ ਵਾਰ ਬਾਹਲੀ, ਬਹੁਤਾ ਹਿੱਸਾ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਪੂਰ ਕਰਾਈਆ । ਮਾਲਾ ਕਹੇ ਜਨ ਭਗਤੋ ਤੁਹਾਡਾ ਹਰਿਆ ਹੋਇਆ ਵਿਵਹਾਰ, ਵਿਵਹਾਰੀ ਦਿਤਾ ਕਰਾਈਆ । ਫੇਰ ਮਾਲਾ ਫੇਰਨੀ ਪਏ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਤੋਂ ਪਰੇ ਦਿਤਾ ਪਹੁੰਚਾਈਆ । ਜਨਮ ਲੈਣਾ ਪਏ ਨਾ ਦੂਜੀ ਵਾਰ, ਮਾਤ ਗਰਭ ਨਾ ਅਗਨ ਤਪਾਈਆ । ਕਿਸੇ ਨੂੰ ਕਰਨੀ ਪਏ ਨਾ ਨਿਮਸਕਾਰ, ਚਰਨ ਧੂੜ ਨਾ ਕੋਇ ਰਮਾਈਆ । ਤੁਹਾਡਾ ਭਾਂਡਾ ਘੜਨਾ ਨਹੀਂ ਕਿਸੇ ਘੁਮਿਆਰ, ਠਠਿਆਰ ਚੱਕ ਨਾ ਕੋਇ ਭਵਾਈਆ । ਕਾਇਆ ਮੰਦਰ ਵਿਚੋਂ ਕੱਢ ਕੇ ਸਚਖੰਡ ਮੰਦਰ ਲੈਣਾ ਬਹਾਲ, ਦਵਾਰਾ ਇਕੋ ਇਕ ਸੁਹਾਈਆ । ਤੁਹਾਡੀ ਖ਼ੁਸ਼ੀਆਂ ਦੀ ਵੱਜਣੀ ਛਾਲ, ਬ੍ਰਹਿਮੰਡਾਂ ਦਾ ਪੰਧ ਮੁਕਾਈਆ । ਜਿਸ ਗ੍ਰਹਿ ਵਸੇ ਸਿੰਘ ਪਾਲ, ਪਾਰਬ੍ਰਹਮ ਵਿਚ ਸਮਾਈਆ । ਜਗਦੀਸ਼ਾ ਮਨਜੀਤਾ ਵਸੇ ਨਾਲ, ਸਵਰਨ ਸਵਰਨ ਰੂਪ ਦਰਸਾਈਆ । ਪੰਜਵਾਂ ਮਿਲ ਕੇ ਨਾਲ ਗੁਰਦਿਆਲ, ਨਾਨਕ ਲੇਖਾ ਪੂਰ ਕਰਾਈਆ । ਪੰਚ ਪਰਵਾਨ ਹੋਏ ਪਰਧਾਨ, ਪੰਚੇ ਦਰਗਾਹ ਸੋਹਣ ਪਾਈਆ । ਪੰਜਾਂ ਦਾ ਝੁਲਦਾ ਇਕ ਨਿਸ਼ਾਨ, ਪੰਚਮ ਗੁਰੂ ਦਏ ਗਵਾਹੀਆ । ਪੰਜਾਂ ਦੇ ਪਿਛੇ ਜਾਣੇ ਪਿਛਲੇ ਲਾਲ, ਜੋ ਗੁਰਮੁਖ ਸੋਹਣੇ ਨਜ਼ਰੀ ਆਈਆ । ਹਾੜ੍ਹ ਸਤਾਰਾਂ ਲਏ ਭਾਲ, ਸੰਮਤ ਸ਼ਹਿਨਸ਼ਾਹੀ ਤਿੰਨ ਦਏ ਗਵਾਈਆ । ਤੁਹਾਡੀ ਪੂਰੀ ਕੀਤੀ ਘਾਲ, ਕਲਮਿਆਂ ਦੀ ਲੋੜ ਰਹੇ ਨਾ ਰਾਈਆ । ਅੰਤਮ ਗੋਦੀ ਲਏ ਸਵਾਲ, ਜਿਥੇ ਸੁੱਤਿਆਂ ਨਾ ਕੋਇ ਉਠਾਈਆ । ਗੁਰਮੁਖੋ ਹੋਰ ਬਣਾਇਓ ਨਾ ਕੋਈ ਦਲਾਲ, ਟਕਿਆਂ ਵਾਲਾ ਗੁਰੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਵਸਾਈਆ । ਮਾਲਾ ਕਹੇ ਮੈਂ ਹੱਥ ਰਹਿ ਗਈ ਮਲਦੀ, ਪਸਚਾਤਾਪ ਵਿਚ ਪਛਤਾਈਆ । ਮੈਨੂੰ ਸਮਝ ਨਾ ਆਈ ਕਲ ਦੀ, ਕੀ ਕਲਜੁਗ ਵਿਚ ਖੇਲ ਖਿਲਾਈਆ । ਮੈਂ ਧਾਰ ਨਾ ਸਮਝੀ ਇਕ ਗੱਲ ਦੀ, ਕਿਉਂ ਗਲਵਕੜੀ ਭਗਤਾਂ ਨਾਲ ਪਾਈਆ । ਮੈਨੂੰ ਰਮਜ਼ ਨਾ ਦਿਸੀ ਪਿਛਲੀ ਬਲ ਦੀ, ਬਾਵਨ ਕੀ ਕੀ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਦ੍ਰਿੜਾਈਆ । ਮਾਲਾ ਕਹੇ ਮੇਰੀ ਰੋਣ ਲੱਗੀ ਅੱਖੀ, ਹੰਝੂਆਂ ਹਾਰ ਬਣਾਈਆ । ਜਿਸ ਵੇਲੇ ਮੇਰੇ ਭਗਤਾਂ ਮੇਰੀ ਧਾਰ ਦੱਸੀ, ਸੋਹੰ ਅੱਖਰ ਦਿਤੇ ਲਿਖਾਈਆ । ਮੈਂ ਮੂੰਹ ਦੇ ਭਾਰ ਢੱਠੀ, ਆਪਣਾ ਆਪ ਮਿਟਾਈਆ । ਵੇਖੀ ਜੁਗ ਜਨਮ ਦੀ ਸੰਗਤ ਹੋਈ ਕੱਠੀ, ਇਕੱਠਿਆਂ ਇਕੋ ਰੰਗ ਚੜ੍ਹਾਈਆ । ਜਿਹੜੀ

ਚਾਰ ਜੁਗ ਕਿਸੇ ਨਹੀਂ ਪੜ੍ਹਾਈ ਪੱਟੀ, ਪ੍ਰਭ ਪਟਨੇ ਵਾਲੇ ਨਾਲ ਮਿਲ ਕੇ ਦਿਤੀ ਸਮਝਾਈਆ । ਇਹੋ ਖੇਲ ਲੱਗੀ ਅੱਛੀ, ਅੱਛੀ ਤਰਾ ਵੇਖ ਵਖਾਈਆ । ਮੈਨੂੰ ਕਥਾ ਕਹਾਣੀ ਯਾਦ ਆਈ ਜਿਸ ਵੇਲੇ ਪ੍ਰਭ ਸਰਗੁਣ ਰੂਪ ਧਰਿਆ ਮੱਛੀ, ਮੱਛ ਆਪਣਾ ਨਾਮ ਪਰਗਟਾਈਆ । ਓਸ ਵੇਲੇ ਲੈ ਕੇ ਇਕ ਰੱਸੀ, ਰਸਮ ਅਗਲੀ ਦਿਤੀ ਭੁਗਤਾਈਆ । ਮੈਂ ਏਸੇ ਕਾਰਨ ਆਈ ਨੱਸੀ, ਭੱਜੀ ਵਾਹੋ ਦਾਹੀਆ । ਭਗਤਾਂ ਨਾਲ ਮਿਲ ਕੇ ਪ੍ਰਭ ਵੇਖਾਂ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਓਸ ਦੇ ਚਰਨਾਂ ਹੋਵਾਂ ਸਤੀ, ਸਤਿ ਆਪਣਾ ਇਕ ਦ੍ਰਿੜਾਈਆ । ਗੁਰਮੁਖ ਫੇਰ ਭਰੇ ਕੋਈ ਨਾ ਚੱਟੀ, ਸਜ਼ਾ ਕੁਝ ਨਾ ਕੋਇ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਕਰਨੀ ਲੇਖੇ ਪਾਈਆ । ਮਾਲਾ ਕਹੇ ਮੇਰੀ ਪੂਰੀ ਹੋ ਗਈ ਮਨਸਾ, ਆਸਾ ਰਹੀ ਨਾ ਰਾਈਆ । ਗੁਰਮੁਖ ਵੇਖਿਆ ਹੰਸਾ, ਜੋ ਸੋਹੰ ਢੋਲਾ ਗਾਈਆ । ਭਗਤ ਭਗਵਾਨ ਦਾ ਬਣਿਆ ਬੰਸਾ, ਬੰਸਰੀ ਵਾਲੇ ਸੇਵ ਕਮਾਈਆ । ਮੇਰੇ ਅੰਦਰ ਰਿਹਾ ਕੋਈ ਨਹੀਂ ਸੰਸਾ, ਸ਼ੱਕ ਵਿਚ ਨਾ ਕੋਇ ਜਣਾਈਆ । ਦੂਈ ਦਵੈਤ ਰਹੀ ਨਾ ਹਿੰਸਾ, ਰੰਗ ਇਕੋ ਦਿਤਾ ਰੰਗਾਈਆ । ਜਨ ਭਗਤਾਂ ਉਤੇ ਕਰ ਕੇ ਪੂਰਾ ਨਿਸਚਾ, ਇਤਬਾਰ ਆਪਣਾ ਲਿਆ ਜਮਾਈਆ । ਸਾਚਾ ਰੂਪ ਵੇਖਿਆ ਧੁਰ ਦੇ ਸਿੱਖ ਦਾ, ਖੁਲ੍ਹੇ ਦਾੜ੍ਹੇ ਖ਼ੁਸ਼ੀ ਮਨਾਈਆ । ਜਿਸ ਵੇਲੇ ਲਿਖਾਰੀ ਲੇਖ ਲਿਖਦਾ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਝਗੜਾ ਰਿਹਾ ਨਾ ਮੰਦਰ ਇੱਟ ਦਾ, ਪੱਥਰਾਂ ਵੰਡ ਨਾ ਕੋਇ ਵੰਡਾਈਆ । ਲਹਿਣਾ ਮੁਕਿਆ ਗੋਬਿੰਦ ਚਿਟ ਦਾ, ਜੋ ਬ੍ਰਹਮਾ ਸ਼ਿਵ ਗਿਆ ਫੜਾਈਆ । ਮਾਲਾ ਕਹੇ ਜਨ ਭਗਤੋ ਜੋ ਪ੍ਰਭ ਦੇ ਚਰਨੀ ਟਿੱਕਦਾ, ਧੂੜੀ ਟਿੱਕਾ ਖ਼ਾਕ ਰਮਾਈਆ । ਉਹ ਪਿਆਰਾ ਹੋ ਜਾਵੇ ਇਕ ਦਾ, ਏਕੰਕਾਰ ਹੋਏ ਸਹਾਈਆ । ਆਵਣ ਜਾਵਣ ਝਗੜਾ ਮੁਕ ਜਾਏ ਨਿਤ ਦਾ, ਲੱਖ ਚੁਰਾਸੀ ਰਹੇ ਨਾ ਰਾਈਆ । ਉਹ ਬੱਚਾ ਬਣ ਜਾਏ ਓਸੇ ਪਿਤ ਦਾ, ਜਿਸ ਨੂੰ ਪਤਿਪਰਮੇਸ਼ਵਰ ਕਹਿ ਕੇ ਸਾਰੇ ਗਾਈਆ । ਓਹਲਾ ਰਹੇ ਨਾ ਕਿਸੇ ਪਿਠ ਦਾ, ਕਰਵਟ ਅੱਗੇ ਨਾ ਕੋਇ ਬਦਲਾਈਆ । ਸਚ ਦਵਾਰੇ ਸਾਚੇ ਟਿਕਦਾ, ਮੰਜ਼ਲ ਮਿਲੇ ਧੁਰਦਰਗਾਹੀਆ । ਲੱਖ ਚੁਰਾਸੀ ਵਿਚੋਂ ਲਹਿਣਾ ਦੇਣਾ ਕਿਸ ਕਿਸ ਦਾ, ਮਾਲਾ ਕਹੇ ਕੌਣ ਕ਼ਿਸਮਤ ਲਏ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜੋ ਭਗਤ ਭਗਤ ਦਵਾਰੇ ਵਸਦਾ, ਦਿਸ਼ਾਂ ਦੇ ਦੇਸ਼ ਗਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਸਾਈਆ । ਮਾਲਾ ਕਹੇ ਮੈਂ ਖ਼ੁਸ਼ੀਆਂ ਨਾਲ ਹੱਸਣਾ, ਹੱਸ ਹੱਸ ਦਿਆਂ ਜਣਾਈਆ । ਜਨ ਭਗਤੋ ਤੁਸਾਂ ਸ੍ਰੀ ਭਗਵਾਨ ਨਾਲ ਵਸਣਾ, ਦੋਹਾਂ ਦੀ ਸੋਹਣੀ ਲੱਗੇ ਕੁੜਮਾਈਆ । ਸਾਂਝੀ ਕਰਨੀ ਅੱਖਣਾ, ਅੱਖ ਅੱਖ ਨਾਲ ਜੁੜਾਈਆ । ਕੋਈ ਗ੍ਰਿਹਿ ਰਹੇ ਨਾ ਸੱਖਣਾ, ਹਰਿ ਜੂ ਹਰ ਘਟ ਡੇਰਾ ਲਾਈਆ । ਪਿੱਛਾ ਦੇ ਮੂਲ ਨਹੀਂ ਨੱਸਣਾ, ਆਪਣਾ ਮੁਖ ਭਵਾਈਆ । ਮਦਿ ਮਾਸ ਨਹੀਂ ਰਸਨਾ ਚਖਣਾ, ਚਾਹ ਚਰਮ ਦਏ ਬਦਲਾਈਆ । ਜਿਹੜਾ ਕਿਸੇ ਨੂੰ ਲੱਭਣਾ ਨਹੀਂ ਪੌਂਟੇ ਪਟਨਾ, ਉਹ ਤੁਹਾਡੇ ਅੰਦਰ ਡੇਰਾ ਲਾਈਆ । ਮਾਨਸ ਜਨਮ ਦਾ ਲਾਹਾ ਖੱਟਣਾ, ਖੋਟੇ ਖਰੇ ਲਏ ਬਣਾਈਆ । ਸੋਹੰ ਢੋਲਾ ਇਕੋ ਰਟਣਾ, ਰੱਟੇ ਕੂੜੇ ਦਏ ਮਿਟਾਈਆ । ਸਚਖੰਡ ਦਵਾਰੇ ਵਸਣਾ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਮਾਲਾ ਕਹੇ ਛੱਡਿਓ ਝਗੜੇ ਜਗਤ ਕਾਅਬੇ, ਜਗਤ ਦਿਸ਼ਾ ਨਾ ਕੋਇ ਵਖਾਈਆ । ਜਿਹੜੇ ਚਲ ਕੇ ਆਏ ਵਿਚੋਂ ਦੋਆਬੇ, ਮਾਲਵੇ ਨਾਲ ਮਿਲ ਕੇ ਵੱਜੀ ਵਧਾਈਆ । ਗੁਰਮੁਖ ਪਰਗਟ ਹੋਏ ਮਾਝੇ, ਜੰਮੂ ਦਾ ਜ਼ਾਮਨ ਧੁਰਦਰਗਾਹੀਆ ।

ਦਿੱਲੀ ਇਟਾਰਸੀ ਜਿਸ ਨੇ ਸਾਧੇ, ਕਾਨਪੁਰ ਕਾਹਨ ਕਰੇ ਰੁਸ਼ਨਾਈਆ । ਮਹੂ ਮਹਿਬੂਬ ਦੇ ਕੇ ਆਬੇ, ਆਬੇਯਾਤ ਦਏ ਪਿਆਈਆ । ਗੁੜਗਾਉਂ ਗੁਰ ਕੇ ਸ਼ਬਦ ਸਾਧੇ, ਸਤਿਗੁਰ ਦੇਵੇ ਮਾਣ ਵਡਿਆਈਆ । ਪ੍ਰਿਤਪਾਲਕ ਹੋ ਕੇ ਲੱਖ ਚੁਰਾਸੀ ਵਿਚੋਂ ਕਾਢੇ, ਫੜ ਬਾਹੋਂ ਪਾਰ ਕਰਾਈਆ । ਜਿਨ੍ਹਾਂ ਨੇ ਸਵਾ ਸੇਰ ਦੇ ਭੋਜਨ ਖਾਧੇ, ਭਜਨ ਬੰਦਗੀ ਲੋੜ ਰਹੀ ਨਾ ਰਾਈਆ । ਇਸ ਦਾ ਲੇਖਾ ਅੰਗਦ ਨੂੰ ਇਕ ਦਿਨ ਦੱਸਿਆ ਨਾਨਕ ਬਾਬੇ, ਬਾਬਲ ਦੀ ਦਿਤੀ ਗਵਾਹੀਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਦੇ ਨਾਮ ਸ੍ਰਿਸ਼ਟੀ ਦੇ ਹਿਰਦੇ ਵਿਚੋਂ ਗਵਾਚੇ, ਲੱਭਿਆਂ ਹੱਥ ਕੋਇ ਨਾ ਆਈਆ । ਓਸ ਵੇਲੇ ਮੈਂ ਆਤਮਾ ਦੇ ਬਦਲ ਦੇਣੇ ਸਾਰੇ ਚਾਚੇ, ਚਾਚੂ ਰਹਿਣ ਕੋਇ ਨਾ ਪਾਈਆ । ਆਪ ਆਪਣੀ ਸਾਧਨਾ ਸਾਧੇ, ਸਤਿਗੁਰ ਦਾਤਾ ਧੁਰਦਰਗਾਹੀਆ । ਨਿਰਗੁਣ ਨੂਰ ਜੋਤ ਜਗਾ ਕੇ, ਜਾਗਰਤ ਜੋਤ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾ ਕੇ, ਭਗਤ ਸੁਹੇਲੇ ਲਏ ਉਠਾਈਆ । ਇਕੋ ਦਿਨ ਮਾਲਾ ਹੱਥ ਫੜਾ ਕੇ, ਜਨਮ ਦਾ ਲੇਖਾ ਦਏ ਮੁਕਾਈਆ । ਪਿਛੋਂ ਸ੍ਰਿਸ਼ਟੀ ਨੇ ਗਾਉਣੇ ਸਾਕੇ, ਗਾਇਆਂ ਹੱਥ ਕੁਛ ਨਾ ਆਈਆ । ਜੋ ਆਏ ਗਏ ਦਰਸ਼ਨ ਪਾ ਕੇ, ਪਾਕ ਪਵਿਤ੍ਰ ਦਿਤੇ ਬਣਾਈਆ । ਜਿਹੜੇ ਗੁਰਮੁਖ ਘਰ ਬੈਠੇ ਧਿਆਨ ਲਗਾ ਕੇ, ਅਗਲੇ ਪੈਂਡੇ ਦਿਤੇ ਚੁਕਾਈਆ । ਜੋ ਚਰਨ ਧੂੜ ਸਰੋਵਰ ਗਏ ਨਹਾ ਕੇ, ਦੁਰਮਤ ਮੈਲ ਧਵਾਈਆ । ਜੋ ਠੱਗੀ ਚੋਰੀ ਗਏ ਕਮਾ ਕੇ, ਲੱਖ ਚੁਰਾਸੀ ਵਿਚ ਭਵਾਈਆ । ਕਿਉਂ ਮਾਲਵੇ ਵਾਲਿਆਂ ਨੂੰ ਇਕੱਠਾ ਕੀਤਾ ਆਵਾਜ਼ ਲਗਾ ਕੇ, ਇਨ੍ਹਾਂ ਵਿਚੋਂ ਇੱਕੀਆਂ ਦੀ ਮੌਤ ਅਗਲੇ ਮਹੀਨੇ ਨਜ਼ਰੀ ਆਈਆ । ਸੇਵਾ ਨਾਲ ਜਗਤ ਬਚਾ ਕੇ, ਬੱਚਿਆਂ ਦੇ ਬੱਚੇ ਨਾਲ ਰਲਾਈਆ । ਸਾਚਾ ਖੇਲ ਆਪ ਖਲਾ ਕੇ, ਖ਼ੁਸ਼ੀਆਂ ਵਿਚ ਦਏ ਵਡਿਆਈਆ । ਜਨ ਭਗਤੋ ਜਾਣਾ ਸ਼ੁਕਰ ਮਨਾ ਕੇ, ਚਿੰਤਾ ਗ਼ਮ ਨਾ ਕੋਇ ਰਖਾਈਆ । ਜਿਸ ਨੇ ਤੁਹਾਨੂੰ ਦਰਸ਼ਨ ਦਿਤਾ ਆ ਕੇ, ਅਕਲਾਂ ਵਾਲਿਆਂ ਹੱਥ ਕਿਸੇ ਨਾ ਆਈਆ । ਜਗਤ ਵਲੋਂ ਤੁਸਾਂ ਪਾਇਆ ਆਪਣਾ ਆਪ ਗਵਾ ਕੇ, ਤਾਅਨੇ ਦੇਵੇ ਕੂੜ ਲੋਕਾਈਆ । ਪੁਰਖ ਅਕਾਲ ਵੇਲਾ ਜਾਏ ਸੁਹਾ ਕੇ, ਸੋਹਣੀ ਸਾਚੀ ਬਣਤ ਬਣਾਈਆ । ਭਗਤ ਸੁਹੇਲੇ ਭਗਤੀ ਵਿਚ ਸਮਾ ਕੇ, ਸਮਰਥ ਹੋਏ ਸਹਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਨਾਮ ਜਪਾ ਕੇ, ਜਾਪਾਂ ਤੋਂ ਦਿਤਾ ਛੁਡਾਈਆ । ਸਾਚੀ ਮੰਜ਼ਲ ਇਕ ਚੜ੍ਹਾ ਕੇ, ਦਰਗਾਹ ਸਾਚੀ ਦਿਤਾ ਟਿਕਾਈਆ । ਅੰਤਮ ਜੋਤੀ ਜੋਤ ਮਿਲਾ ਕੇ, ਜੋਤ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਲਾ ਮਣਕੇ ਸਭ ਦੇ ਹੱਥੋਂ ਸੁਟਾ ਕੇ, ਅੱਗੇ ਸੁਤਿਆਂ ਆਪ ਜਗਾਈਆ । ਚਰਨ ਪ੍ਰੀਤੀ ਇਕ ਦਰਸਾ ਕੇ, ਦਰਸ ਦੀਦਾਰ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਾੜ੍ਹ ਸਤਾਰਾਂ ਸਭ ਦਾ ਵਕਤ ਸੁਹਾ ਕੇ, ਸੁਹੰਜਣੇ ਗੁਰਮੁਖ ਲਏ ਬਣਾਈਆ ।

## ★ ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਲੇਖ ਰਿਹਾ ਨਾ ਬਾਕੀ, ਬਕਤਾ ਰੂਪ ਨਾ ਕੋਇ ਪਰਗਟਾਈਆ । ਤਨ ਵਜੂਦ ਪੰਜ ਤਤ ਰਿਹਾ ਨਾ ਮਾਟੀ ਖ਼ਾਕੀ, ਖ਼ਾਕ ਵੇਖੀ ਜਗਤ ਲੋਕਾਈਆ । ਘੋੜਾ ਸ਼ਬਦ ਨਾਮ ਰਿਹਾ ਨਾ ਰਾਕੀ, ਅਸਵ ਸ਼ਾਹ ਸਵਾਰ ਨਾ ਕੋਇ ਦੌੜਾਈਆ । ਸੇਵਕ ਜਨ ਨਜ਼ਰ

ਨਾ ਆਏ ਦਾਸੀ, ਦਾਸਤਾਨ ਨਾ ਕੋਇ ਦੁਹਰਾਈਆ । ਮੰਜ਼ਲ ਮਹਿਬੂਬ ਮਿਲੇ ਨਾ ਕੋਇ ਘਾਟੀ, ਦਰਵਾਜ਼ਾ ਦਰ ਨਾ ਕੋਇ ਖੁਲ੍ਹਾਈਆ । ਨਿਰਗੁਣ ਧਾਰ ਦਿਸੇ ਕੋਈ ਨਾ ਸਾਥੀ, ਸਰਗੁਣ ਸੰਗ ਨਾ ਕੋਇ ਨਿਭਾਈਆ । ਸ਼ਬਦੀ ਸਤਿਗੁਰ ਮੰਨੀ ਕੋਈ ਨਾ ਆਖੀ, ਆਖ਼ਰ ਪੈਂਡਾ ਗਏ ਮੁਕਾਈਆ । ਜਗਤ ਵਾਸਨਾ ਵੇਖ ਗੁਸਤਾਖ਼ੀ, ਗ਼ੁੱਸਾ ਗ਼ਮ ਜਗਤ ਦੁਹਾਈਆ । ਕਟੇ ਕੋਇ ਨਾ ਜਮ ਕੀ ਫ਼ਾਸੀ, ਫ਼ੈਸਲਾ ਹਕ ਨਾ ਕੋਇ ਸੁਣਾਈਆ । ਮਨ ਵਿਕਾਰ ਮਮਤਾ ਮਦਿਰਾ ਮਾਸੀ, ਮਸਲਾ ਹੱਲ ਨਾ ਕੋਇ ਕਰਾਈਆ । ਤੇਰਾ ਨੂਰ ਨਜ਼ਰ ਆਏ ਨਾ ਜੋਤ ਪਰਕਾਸ਼ੀ, ਪਰਕਾਸ਼ ਤੱਕੇ ਨਾ ਖ਼ਲਕ ਖ਼ੁਦਾਈਆ । ਨੇਤਰਹੀਣ ਹੋਏ ਆਕਾਸ਼ੀ, ਆਕਾਸ਼ ਪਾਤਾਲਾਂ ਪੰਧ ਨਾ ਕੋਇ ਚੁਕਾਈਆ । ਜੁਗ ਚੌਕੜੀ ਤੇਰੀ ਗਾ ਗਾ ਥੱਕੇ ਸਾਖ਼ੀ, ਸਾਖਿਆਤ ਨਜ਼ਰ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੀ ਸ਼ਰਅ ਦੀ ਮੰਨੀ ਆਖੀ, ਆਖ਼ਰ ਲੇਖਾ ਰਹੇ ਮੁਕਾਈਆ । ਨਿਰਅੱਖਰ ਧਾਰ ਵੇਖੀਏ ਤੇਰੀ ਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਕਥਨੀ ਕਥ ਨਾ ਸਕੇ ਬਾਤੀਂ, ਬਾਤਨ ਭੇਵ ਨਾ ਕੋਇ ਖੁਲ੍ਹਾਈਆ । ਜੀਵਣ ਜੁਗਤ ਨਾ ਰਿਹਾ ਹਯਾਤੀ, ਜਗਤ ਜੋਗ ਨਾ ਕੋਇ ਵਡਿਆਈਆ । ਪੰਡਤ ਰਿਹਾ ਨਾ ਧਰਮ ਦਾ ਕਾਸ਼ੀ, ਕਾਅਬਾ ਕਿਬਲ ਨਾ ਕੋਇ ਖੁਲ੍ਹਾਈਆ । ਮੰਡਲ ਦਿਸੇ ਕੋਈ ਨਾ ਰਾਸੀ, ਗੋਪੀ ਕਾਹਨ ਨਾ ਨਾਚ ਨਚਾਈਆ । ਤੇਰੀ ਧਾਰ ਕਿਸੇ ਨਾ ਵਾਚੀ, ਵਾਚਕ ਕਰੇ ਨਾ ਕੋਇ ਪੜ੍ਹਾਈਆ । ਢੋਲਾ ਗਾਵੇ ਕੋਈ ਨਾ ਬਾਡੀ, ਬਕਤਾ ਵਿਚ ਸਾਰੇ ਦੇਣ ਦੁਹਾਈਆ । ਤੇਰਾ ਖੇਲ ਪੁਰਖ ਅਬਿਨਾਸ਼ੀ, ਅਕਲ ਕਲਧਾਰੀ ਸਮਝ ਕੋਇ ਨਾ ਆਈਆ । ਨਮਸਕਾਰ ਦੋਏ ਜੋੜ ਕੇ ਮਸਤਕ ਮਾਥੀ, ਧੂੜੀ ਬਿਨ ਧਰਤੀ ਧਰਨ ਧਵਲ ਸੁਹਾਈਆ । ਅਗੰਮ ਅਥਾਹ ਸੁਣਕੇ ਗਾਥੀ, ਗਹਿਰ ਗੰਭੀਰ ਖੋਜ ਖੁਜਾਈਆ । ਸੁਰਤੀ ਸ਼ਬਦ ਕਿਸੇ ਨਾ ਜਾਗੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਜਗਤ ਸਾਧ ਬਣਿਆ ਨਾ ਕੋਇ ਵੈਰਾਗੀ, ਵੈਰੀ ਅੰਦਰੋਂ ਬਾਹਰ ਨਾ ਕੋਇ ਕਢਾਈਆ । ਇਸ਼ਟ ਕਰੇ ਕੋਈ ਨਾ ਰਾਖੀ, ਸਿਰ ਹੱਥ ਨਾ ਕੋਇ ਟਿਕਾਈਆ । ਚਾਰੋਂ ਕੁੰਟ ਦਿਸੇ ਉਦਾਸੀ, ਮੁਸਕਰਾਹਟ ਵਿਚ ਮੁਸ਼ਕਲ ਹੱਲ ਨਾ ਕੋਇ ਕਰਾਈਆ । ਭੇਵ ਚੁੱਕੇ ਨਾ ਆਨ ਬਾਟੀ, ਪੜਦਾ ਅੰਤਰ ਨਾ ਕੋਇ ਲਾਹੀਆ । ਕਿਰਪਾ ਕਰ ਕਮਲਾਪਾਤੀ, ਪਤਣ ਬੈਠੇ ਸੀਸ ਨਿਵਾਈਆ । ਲੇਖ ਵੇਖ ਅਗੰਮੀ ਰਾਤੀ, ਰੁਤੜੀ ਆਪਣੇ ਨਾਲ ਮਿਲਾਈਆ । ਝਗੜਾ ਰਹੇ ਨਾ ਕਾਗ਼ਜਾਤੀ, ਕਲਮ ਸ਼ਾਹੀ ਕਰ ਸਫ਼ਾਈਆ । ਹੁਕਮ ਰਹੇ ਨਾ ਹੁਕਮ ਵਾਲੀ ਗਾਥੀ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਤੇਰੀ ਖੇਲ ਵੇਖੀਏ ਡਾਹਢੀ, ਡੰਡਾਉਤ ਇਕੋ ਦੇਣੀ ਦ੍ਰਿੜਾਈਆ । ਦਰੋਹੀ ਤੇਰਾ ਸੋਹਲਾ ਗਾ ਸਕਿਆ ਕੋਈ ਨਾ ਢਾਡੀ, ਗੁਰ ਅਵਤਾਰ ਪੈਗ਼ੰਬਰ ਢੱਡਾਂ ਤਨ ਗਏ ਵਜਾਈਆ । ਤੇਰੇ ਰੂਪ ਦਾ ਨਜ਼ਰ ਆਇਆ ਕੋਇ ਨਾ ਬਾਡੀ, ਬਾਡੀ ਗਾਡ ਤੇਰੇ ਸਾਰੇ ਸੇਵ ਕਮਾਈਆ । ਅੰਤ ਵੇਖੇ ਓਸੇ ਖਾਡੀ, ਜਿਸ ਦੀ ਖੰਦਕ ਨਾ ਕਿਸੇ ਖੁਦਾਈਆ । ਤੇਰਾ ਨੂਰ ਅਗੰਮੀ ਆਦੀ, ਅੰਤ ਕਹਿਣ ਕੋਇ ਨਾ ਪਾਈਆ । ਤੇਰਾ ਹੁਕਮ ਇਕ ਸ਼ਹਿਜ਼ਾਦੀ, ਸ਼ਹਿਜ਼ਾਦਾ ਇਕੋ ਰਿਹਾ ਸੁਣਾਈਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਆਬਾਦੀ, ਆਬਾਦ ਕਾਰੀ ਧੁਰ ਦੀ ਵੰਡ ਵੰਡਾਈਆ । ਬਿਨ ਲੇਖੇ ਯਾਦ ਰੱਖੇ ਯਾਦੀ, ਯਦਪ ਆਪਣੀ ਕਾਰ ਸਮਝਾਈਆ । ਨਿਰਗੁਣ ਧਾਰ ਵਡ ਸਵਾਂਗੀ, ਸਗਲੀ ਆਪਣੀ ਕਾਰ ਕਮਾਈਆ । ਤੇਰੀ ਖੇਲ ਸਦਾ ਦੋਆਬੀ, ਮਹਿਰਾਬੀ ਮਹਿਬੂਬ ਨੂਰ ਖ਼ੁਦਾਈਆ । ਤੇਰਾ ਹੁਕਮ ਤਲਬ ਜਵਾਬੀ, ਤਾਲਬ ਇਲਮ ਸਾਰੇ ਸੀਸ ਨਿਵਾਈਆ । ਲੇਖਾ ਦੇ ਸਕੇ ਨਾ ਕੋਇ ਹਿਸਾਬੀ, ਗਿਣਤੀ ਵਿਚ ਗਿਣਤ ਨਾ ਕੋਇ ਗਿਣਾਈਆ । ਪਾਰਬ੍ਰਹਮ

ਪਤਿਪਰਮੇਸ਼ਵਰ ਦਿਸੇ ਨਾ ਕੋਇ ਇਮਦਾਦੀ, ਕਾਮਲ ਨਜ਼ਰ ਕੋਇ ਨਾ ਆਈਆ । ਤੇਰਾ ਸ਼ਬਦ ਸਦਾ ਇਤਹਾਦੀ, ਇਤਆਦਕ ਜੋੜ ਜੁੜਾਈਆ । ਤੇਰਾ ਨੂਰ ਸਦਾ ਅਨਾਦੀ, ਨਾਦਾਂ ਰਿਹਾ ਵਜਾਈਆ । ਤੇਰੀ ਰਹਿਮਤ ਮਨਸਾ ਅੰਦਰ ਖਾਧੀ, ਤ੍ਰਿਸਨਾ ਤ੍ਰਿਖਾ ਬੁਝਾਈਆ । ਕਲਜੁਗ ਅੰਤਮ ਮਾਰੀ ਆਵਾਜ਼ੀ, ਸੰਦੇਸਾ ਨਾਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਸਭ ਦੀ ਮਨਸੂਖ਼ ਹੋਈ ਆਰਾਜ਼ੀ, ਅਰਜ਼ ਆਰਜ਼ੂ ਅੱਗੇ ਰਹੇ ਨਾ ਰਾਈਆ । ਹੁਕਮ ਬਦਲ ਦੇਣਾ ਮਾਜ਼ੀ, ਮਜ਼ਾ ਅਗਲਾ ਆਪ ਚਖਾਈਆ । ਤੁਸੀਂ ਖ਼ੁਸ਼ੀ ਰਹੋ ਹੁਣ ਰਾਜ਼ੀ, ਰਜ਼ਾਮੰਦੀ ਵਿਚ ਸੀਸ ਝੁਕਾਈਆ । ਇਕੋ ਦਰ ਦੇ ਬਣੋ ਹਾਜੀ, ਨਮਾਜ਼ੀ ਨਮੋ ਸੀਸ ਝੁਕਾਈਆ । ਜਿਹੜੀ ਆਪਣੇ ਨਾਮ ਦੀ ਮੇਰੇ ਦਰ ਤੋਂ ਦਿਤੀ ਭਾਜੀ, ਭਜਨ ਬੰਦਗੀ ਵਿਚ ਸਮਝਾਈਆ । ਉਹ ਵੀ ਚਰਨ ਕਵਲ ਵਿਚ ਆ ਗਈ, ਆਗਿਆ ਵਿਚ ਸੀਸ ਨਿਵਾਈਆ । ਲੇਖਾ ਰਿਹਾ ਨਾ ਛੱਤੀ ਰਾਗੀ, ਰਗ ਸਭ ਦੀ ਸਾਫ਼ ਕਰਾਈਆ । ਨਾਮ ਦਾ ਰਹਿਣ ਦੇਣਾ ਕੋਈ ਨਹੀਂ ਬਾਗ਼ੀ, ਬਾਂਗ ਅਜ਼ਾਂ ਨਾ ਕੋਇ ਵਡਿਆਈਆ । ਲੇਖਕ ਬਣਿਓ ਨਾ ਕੋਇ ਦਿਮਾਗ਼ੀ, ਦਮਾਂ ਦਾ ਲੇਖਾ ਦਿਤਾ ਮੁਕਾਈਆ । ਮਾਲਕ ਬਣ ਕੇ ਧੁਰ ਦਾ ਗਾਡੀ, ਗਾਰਡੀਅਨ ਸਾਰੇ ਦਿਤੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਿਸੇ ਚਲੇ ਨਾ ਕੋਇ ਇਸਤਿਕਰਾਰੀਆ ਹਕ, ਮਾਲਕ ਨਜ਼ਰ ਕੋਇ ਨਾ ਆਈਆ । ਬਿਨਾ ਕਲਮ ਸ਼ਾਹੀ ਤੋਂ ਸਭ ਦਾ ਲੇਖਾ ਹੋਏ ਫ਼ੱਕ, ਰਹਿਨ ਬੈ ਨਾ ਕੋਇ ਵਡਿਆਈਆ । ਇਕੋ ਹੁਕਮ ਅੰਦਰ ਦਿਤਾ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਅੱਗੇ ਨਿਰਗੁਣ ਧਾਰ ਜਾਵੇ ਵਸ, ਵਾਸਤਾ ਜਗਤ ਨਾਲੋਂ ਤੁੜਾਈਆ । ਨਾਉਂ ਨਿਰੰਕਾਰਾ ਲਓ ਜਪ, ਅੱਖਰਾਂ ਵਾਲੀ ਸਿਫ਼ਤ ਨਾ ਕੋਇ ਸਾਲਾਹੀਆ । ਨਾਤਾ ਤੋੜ ਪ੍ਰੀਤਮ ਨਵ ਸੱਤ, ਘਟ ਆਪਣੇ ਰਿਹਾ ਵਖਾਈਆ । ਤਤ ਵਜੂਦ ਰਿਹਾ ਨਾ ਅੱਠ, ਰਕਤ ਬੂੰਦ ਨਾ ਜੋੜ ਜੁੜਾਈਆ । ਖੇਲ ਵੇਖੋ ਇਕ ਅਲੱਖ, ਜਿਸ ਦਾ ਲੇਖ ਨਾ ਕੋਇ ਲਿਖਾਈਆ । ਪਰਗਟ ਹੋ ਪੁਰਖ ਸਮਰਥ, ਸਭ ਦੀ ਕਰੇ ਸਫ਼ਾਈਆ । ਨਿਮਸਕਾਰ ਕਰੋ ਝਟ, ਝਟਕਾ ਹਲਾਲੀ ਕਿਸੇ ਦੀ ਦੇਵੇ ਨਾ ਕੋਇ ਗਵਾਹੀਆ । ਦੀਨਾਂ ਮਜ਼੍ਹਬਾਂ ਵਾਲਾ ਮੇਟਣਾ ਫੱਟ, ਪੱਟੀ ਇਕੋ ਨਾਮ ਬੰਧਾਈਆ । ਧਰਮ ਦਵਾਰ ਵੇਖੋ ਹੱਟ, ਹਟਵਾਣੇ ਸਫਾ ਲਓ ਉਠਾਈਆ । ਇਕੋ ਕਲਮਾ ਲੈਣਾ ਰਟ, ਇਕੋ ਢੋਲਾ ਨਾਮ ਸਾਲਾਹੀਆ । ਇਕੋ ਖੇਲ ਵੇਖਣਾ ਸਚ, ਸਤਿ ਸਤਿਵਾਦੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸਤਿ ਧਾਰ ਦੀ ਵੇਖੋ ਪੱਕੀ, ਪੁਖਤਾ ਸਭ ਨੂੰ ਰਿਹਾ ਬਣਾਈਆ । ਧੁਰ ਦਾ ਮਾਲਕ ਕਮਲਾਪਤੀ, ਪਤਿਪਰਮੇਸ਼ਵਰ ਜੋਤ ਨੂਰ ਰੁਸ਼ਨਾਈਆ । ਇਕੋ ਦਰਸ਼ਨ ਕਰੋ ਅੱਖੀ, ਨੇਤਰ ਲੋਚਣ ਅੱਖ ਖੁਲ੍ਹਾਈਆ । ਇਕੋ ਕਾਹਨ ਦੀ ਬਣ ਕੇ ਸਖ਼ੀ, ਸਖ਼ਾਵਤ ਵਿਚ ਝੋਲੀ ਡਾਹੀਆ । ਜਿਸ ਨੇ ਕਥਾ ਕਹਾਣੀ ਦੱਸੀ, ਜੁਗ ਚੌਕੜੀ ਕਰੀ ਪੜ੍ਹਾਈਆ । ਸਿਫ਼ਤਾਂ ਵਾਲੇ ਨਾਮ ਪੜ੍ਹਾ ਕੇ ਪੱਟੀ, ਪਟਨੇ ਪਟਾ ਗਿਆ ਲਿਖਾਈਆ । ਸਦੀ ਚੌਧਵੀਂ ਸਭ ਦਾ ਲੇਖਾ ਪੈਣਾ ਨੱਟੀ, ਨਟੂਆਂ ਆਪਣਾ ਸਾਂਗ ਵਰਤਾਈਆ । ਜਿਸ ਦਾ ਭੇਵ ਪਾਏ ਕੋਈ ਨਾ ਰਤੀ, ਰੱਤ ਸਭ ਦੀ ਦਏ ਸੁਕਾਈਆ । ਅੱਗੇ ਤੋਂ ਗੁਰ ਅਵਤਾਰ ਪੈਗ਼ੰਬਰ ਕਰੇ ਨਾ ਕੋਇ ਕਿਸੇ ਦੀ ਗਤੀ, ਸਿਰ ਹੱਥ ਨਾ ਕੋਇ ਟਿਕਾਈਆ । ਪੁਰਖ ਅਕਾਲ ਦਾ ਲੇਖਾ ਕਥਾ ਕਹਾਣੀ ਦੋ ਜਹਾਨਾਂ ਸੱਚੀ, ਮਰਦ ਮਰਦਾਨਾ ਆਪ ਦ੍ਰਿੜ੍ਹਾਈਆ । ਸੰਸਾਰ ਧਾਰ ਨਿਰਗੁਣ ਆਪੇ ਰਿਹਾ ਕਟੀ, ਕਟਾਕਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਆਪਣਾ ਪੂਰਾ ਵੇਖੇ ਅਹਿਦ, ਅਦਾਲਤ ਇਕੋ ਇਕ ਜਣਾਈਆ । ਵੇਲਾ ਫੇਰ ਮਿਲੇ ਨਾ ਸ਼ਾਇਦ, ਸ਼ਾਹ ਸੁਲਤਾਨ ਰਿਹਾ ਜਣਾਈਆ । ਧੁਰ ਦਾ ਹੁਕਮ ਹੋਣਾ ਰਾਇਜ, ਰਈਅਤ ਨਾਮ ਦਏ ਬਦਲਾਈਆ । ਸਭ ਦਾ ਸ਼ਬਦੀ ਹੁਕਮ ਕੱਢ ਨਤਾਇਜ, ਲੇਖਾ ਵੱਖੋ ਵੱਖ ਵਖਾਈਆ । ਜੋ ਬਖ਼ਸ਼ਿਸ਼ ਨਾਮ ਕੀਤਾ ਅਨਾਇਤ, ਰਹਿਮਤ ਵਿਚ ਵਰਤਾਈਆ । ਤੁਸੀਂ ਓਸ ਦੀ ਕਰਦੇ ਆਏ ਹਮਾਇਤ, ਹਮਸਾਜਣ ਹੋ ਕੇ ਸੰਗ ਬਣਾਈਆ । ਕਲਜੁਗ ਅੰਤਮ ਕੋਈ ਨਾ ਕਰੇ ਰਵਾਇਤ, ਰਵਾਦਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਕਰੋ ਧਿਆਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪ ਜਣਾਈਆ । ਜੁਗ ਚੌਕੜੀ ਅੱਖਰਾਂ ਵਾਲਾ ਗਿਆਨ, ਸਤਰਾਂ ਵਿਚ ਸੜ੍ਹਾ ਦਿਤੀ ਸਮਝਾਈਆ । ਮਾਰਗ ਦੱਸ ਜੀਵ ਜਹਾਨ, ਰਸਤਾ ਰਹਿਬਰ ਇਕ ਦ੍ਰਿੜਾਈਆ । ਹੁਕਮ ਦੇ ਕੇ ਹੁਕਮਰਾਨ, ਹੁਕਮੇ ਅੰਦਰ ਸਰਬ ਭਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਦਲਦਾ ਆਇਆ ਨਜ਼ਾਮ, ਨੌਬਤ ਜੁਗੋ ਜੁਗ ਸੁਣਾਈਆ । ਕਿਸੇ ਦਾ ਮਾਣ ਰਹੇ ਨਾ ਅਭਿਮਾਨ, ਕਲਾਮ ਕਲਮਿਆਂ ਪੜਦਾ ਉਠਾਈਆ । ਸਰਬ ਬਣਾ ਆਪਣੇ ਗ਼ੁਲਾਮ, ਧੁਰ ਸੰਦੇਸ਼ਾ ਦਿਤਾ ਸੁਣਾਈਆ । ਮਾਲਕ ਬਣ ਕੇ ਹਕ ਅਮਾਮ, ਆਮਦ ਆਪਣੀ ਦਿਤੀ ਸਮਝਾਈਆ । ਲੇਖਾ ਦੱਸ ਕੇ ਸ਼ਮਅ ਤੋਂ ਦੂਰ ਰਹਿਣ ਵਾਲਾ ਸ਼ਾਮ, ਅੰਧ ਅੰਧੇਰ ਪਰੇ ਕਰੇ ਰੁਸ਼ਨਾਈਆ । ਜਿਸ ਦਾ ਲੇਖਾ ਸਮਝੇ ਨਾ ਕੋਇ ਇਨਸਾਨ, ਬੁੱਧੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਆਪਣਾ ਪਿਛਲਾ ਲੇਖਾ, ਲਿਖਤ ਭਵਿਖਤ ਦਏ ਗਵਾਹੀਆ । ਜੋ ਵਸੇ ਦਰਗਾਹ ਸਾਚੀ ਸਚਖੰਡ ਦੇਸਾ, ਬਿਨਾ ਦੇਹ ਤੋਂ ਦੇਹ ਬਦਲਾਈਆ । ਰੂਪ ਰੰਗ ਸਮਝੇ ਕੋਈ ਨਾ ਰੇਖਾ, ਰਿਖੀ ਮੁਨੀ ਰਹੇ ਕੁਰਲਾਈਆ । ਮੁੰਡ ਮੁੰਡਾਏ ਨਾ ਧਾਰੀ ਕੇਸਾ, ਚੋਟੀ ਸੀਸ ਨਾ ਕੋਇ ਕਟਾਈਆ । ਜਿਸ ਨੂੰ ਪੂਜੇ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਗਣਪਤ ਗਣੇਸ਼ਾ, ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇ ਕੇ ਨਾਮ ਸੰਦੇਸ਼ਾ, ਸੱਦੇ ਦੀਨ ਦੁਨੀ ਜਣਾਈਆ । ਚਾਰ ਵਰਨ ਦਾ ਦੇ ਕੇ ਠੇਕਾ, ਠਾਕਰ ਹੋ ਕੇ ਦਿਤਾ ਸਮਝਾਈਆ । ਅੰਤਮ ਵੇਖੇ ਸਾਰੇ ਕਰ ਕੇ ਏਕਾ, ਏਕੰਕਾਰ ਸਭ ਦਾ ਪਿਤਾ ਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰ ਲਓ ਚੇਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਤੁਹਾਨੂੰ ਘੱਲਿਆ ਅਗੇਤਾ ਪਛੇਤਾ, ਉੱਤਰ ਪੂਰਬ ਪੱਛਮ ਦੱਖਣ ਹੁਕਮ ਸੁਣਾਈਆ । ਇਕੋ ਸ਼ਬਦ ਅਗੰਮੀ ਗੋਬਿੰਦ ਧਾਰ ਪੁਰਖ ਅਕਾਲ ਦਾ ਬੇਟਾ, ਜਿਸ ਨੂੰ ਜਨਮੇ ਨਾ ਕੋਇ ਮਾਈਆ । ਉਹ ਆਦਿ ਜੁਗਾਦੀ ਧੁਰ ਦਾ ਖੇਵਟ ਖੇਟਾ, ਖਟੀਆ ਉਤੇ ਸੌਣ ਕਦੇ ਨਾ ਆਈਆ । ਪਲੰਘ ਦੋਸ਼ਾਲੇ ਉਤੇ ਕਦੇ ਨਾ ਲੇਟਾ, ਤਕੀਆ ਸੀਸ ਨਾ ਕੋਇ ਰਖਾਈਆ । ਗੁਰ ਅਵਤਾਰ ਪੈਗ਼ੰਬਰੋ ਜਦ ਤੱਕੋ ਤੇ ਸਭ ਦਾ ਨੇਤਾ, ਨੇਤਰਾਂ ਤੋਂ ਪਰੇ ਡੇਰਾ ਲਾਈਆ । ਜਿਸ ਦੇ ਕੋਲੋਂ ਅੱਖਰਾਂ ਵਾਲਾ ਪੁਛਦੇ ਆਏ ਲੇਖਾ, ਭਵਜਲ ਪਾਰ ਦਾ ਰਾਹ ਤਕਾਈਆ । ਚਰਨ ਕਵਲ ਦਰ ਦਵਾਰ ਜਿਸ ਦਿਤਾ ਸਚਖੰਡ ਦੇਸਾ, ਆਪਣਾ ਮੁਖ ਨਾ ਕਿਸੇ ਵਖਾਈਆ । ਨਾ ਪਰਗਟ ਕਰਨ ਵਾਲਾ ਦੱਸਿਆ ਪੇਟਾ, ਜਿਸ ਪੇਟ ਵਿਚੋਂ ਗੁਰ ਅਵਤਾਰ ਪੈਗ਼ੰਬਰ ਲਏ ਪਰਗਟਾਈਆ । ਸਭ ਨੂੰ ਥੋੜ੍ਹਾ ਥੋੜ੍ਹਾ ਦੇ ਕੇ ਹਿੱਸਾ, ਹਸਤੀ ਜਗਤ ਵਾਲੀ ਬਣਾਈਆ । ਫਿਰ ਆਪਣੇ ਹੁਕਮ ਅੰਦਰ ਖਿਚਾ, ਖ਼ੈਰਖ਼ਾਹ ਬਣੀ ਨਾ ਕੋਇ ਲੋਕਾਈਆ ।



੮੧੬
੨੦

ਆਓ ਖੇਲ ਵੇਖੋ ਇਕ ਅਨਡਿੱਠਾ, ਅਨਡਿੱਠੜਾ ਦਿਆਂ ਦ੍ਰਿੜਾਈਆ । ਜਿਹੜੀ ਜਗਤ ਜਹਾਨ ਦੇ ਕੇ ਆਏ ਸਿੱਖਾ, ਸਿੱਖਾਂ ਦੇ ਅੰਦਰੋਂ ਕਰ ਨਾ ਸਕੀ ਸਫ਼ਾਈਆ । ਮੁਰਸ਼ਦੋ ਤੀਰ ਮਾਰਿਆ ਜੋ ਮੁਰਦਿਆਂ ਅੰਦਰ ਤਿੱਖਾ, ਬਿਨਾ ਤੀਰ ਤਲਵਾਰ ਲੜਾਈਆ । ਜਿਸ ਦਾ ਨੂਰ ਧਾਰ ਅਗੰਮੀ ਨਿੱਕਾ, ਨਿਰਗੁਣ ਨਿਰਵੈਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣਾ ਦੇਸ, ਇਕੋ ਦਿਆਂ ਦ੍ਰਿੜਾਈਆ । ਵਰਕਿਆਂ ਵਾਲਾ ਮੇਰੇ ਅੱਗੇ ਰੱਖ ਦਿਓ ਉਪਦੇਸ਼, ਜੋ ਅੱਖਰਾਂ ਵਿਚ ਜੁਗੋ ਜੁਗ ਬਦਲਾਈਆ । ਮਾਲਕ ਤੱਕੋ ਇਕ ਨਰੇਸ਼, ਨਿਰਾਕਾਰ ਅਖਵਾਈਆ । ਜਿਸ ਦਾ ਆਦਿ ਜੁਗਾਦਿ ਹੇਤ, ਪ੍ਰੇਮ ਵਿਚ ਵਡਿਆਈਆ । ਸ਼ਬਦ ਅਗੰਮੀ ਦੱਸੇ ਭੇਤ, ਭੇਵ ਅਭੇਦ ਖੁਲ੍ਹਾਈਆ । ਸਚਖੰਡ ਦਵਾਰੇ ਧਰਮ ਦਵਾਰੇ ਬਣ ਜਾਓ ਏਕ, ਝਗੜਾ ਦੀਨ ਮਜ਼੍ਹਬ ਤਜਾਈਆ । ਸ਼ਰਅ ਦਾ ਰਹਿਣ ਦੇਣਾ ਨਹੀਂ ਕੋਈ ਰੇਟ, ਰਿਟ ਵਿਚ ਮੁਨਿਆਦ ਨਾ ਕੋਇ ਵਧਾਈਆ । ਸਭ ਨੂੰ ਇਕੋ ਮੰਨਣੀ ਪਏ ਟੇਕ, ਟਿੱਕੇ ਮਸਤਕ ਉਤੋਂ ਲੈਣੇ ਲਾਹੀਆ । ਆਪਣਾ ਆਪ ਆਪੇ ਕਰ ਦਿਓ ਭੇਟ, ਭੇਟਾ ਅੱਗੇ ਲੈਣ ਕੋਇ ਨਾ ਜਾਈਆ । ਇਕੋ ਧੁਰ ਦਾ ਮਾਲਕ ਰਹੇ ਸੇਠ, ਜੋ ਦਾਤਾ ਧੁਰਦਰਗਾਹੀਆ । ਹੁਣ ਇੰਤਜ਼ਾਰ ਕਰਨਾ ਪਏ ਕਿਸੇ ਨਾ ਵੇਟ, ਵੀਟੋ ਵਿਚ ਆਪਣਾ ਹੁਕਮ ਸੁਣਾਈਆ । ਕਿਸੇ ਨੇ ਖਾਣ ਨੂੰ ਲੱਭਣੇ ਨਹੀਂ ਜਗਤ ਮਿਠਾਈਆਂ ਵਾਲੇ ਕੇਕ, ਕਿਲਕ ਸਭ ਦੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰੋ ਕਰੋ ਕਦਮਬੋਸ਼ੀ, ਲਹਿਣਾ ਕਦੀਮ ਚੁਕਾਈਆ । ਜਿਸ ਦੀ ਚਾਰ ਜੁਗ ਤੱਕਦੇ ਆਏ ਖ਼ਮੋਸ਼ੀ, ਸ਼ਬਦੀ ਸ਼ਬਦ ਨਾ ਕੋਇ ਅਲਾਈਆ । ਜਿਸ ਦੀ ਸਿਫ਼ਤਾਂ ਵਾਲੀ ਪੜ੍ਹਦੇ ਆਏ ਪੋਥੀ, ਚਾਰ ਜੁਗ ਜਣਾਈਆ । ਜਿਸ ਦੇ ਨਾਮ ਦੀ ਫੜਦੇ ਆਏ ਸੋਟੀ, ਰਾਹ ਜਗਤ ਵਿਚ ਪਰਗਟਾਈਆ । ਜਿਸ ਦੀ ਜਗਦੇ ਆਏ ਜੋਤੀ, ਪੰਜ ਤਤ ਰੁਸ਼ਨਾਈਆ । ਜਿਸ ਦੀ ਸਿਰ ਤੇ ਰੱਖਦੇ ਆਏ ਬੋਦੀ, ਧੋਤੀ ਜੰਞੂ ਨਾਲ ਵਡਿਆਈਆ । ਜਿਸ ਦੀ ਮੰਜ਼ਲ ਦੱਸਦੇ ਆਏ ਔਖੀ, ਰਹਿਬਰ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਭੇਵ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਹੁਕਮ ਇਕ ਇਸ਼ਤਿਹਾਰੀ, ਇਸ਼ਾਰੇ ਨਾਲ ਸਮਝਾਈਆ । ਜਿਸ ਨੂੰ ਮਨਸੂਖ਼ ਕਰੇ ਨਾ ਕੋਇ ਸਰਕਾਰੀ, ਆਅਲਾ ਅਦਨਾ ਨਾ ਕੋਇ ਵਡਿਆਈਆ । ਜਿਸ ਦੀ ਇਕੋ ਅਦਾਕਾਰੀ, ਅਦਲ ਇਨਸਾਫ਼ ਵਿਚ ਲਏ ਨਾ ਕੋਇ ਗਵਾਹੀਆ । ਜੋ ਸਭ ਦਾ ਜੋਤ ਆਧਾਰੀ, ਜੋਤੀ ਜਾਤਾ ਧੁਰਦਰਗਾਹੀਆ । ਜਿਸ ਦੇ ਚਾਰ ਜੁਗ ਬਣੇ ਰਹੇ ਵਗਾਰੀ, ਵਾਗਾਂ ਓਸੇ ਹੱਥ ਫੜਾਈਆ । ਕਰਦੇ ਰਹੇ ਤਾਬਿਆਦਾਰੀ, ਨਿਉਂ ਨਿਉਂ ਸੀਸ ਝੁਕਾਈਆ । ਕਾਗ਼ਜ਼ਾਂ ਵਾਲੇ ਬਣ ਲਿਖਾਰੀ, ਅੱਖਰਾਂ ਵਾਲੀ ਕਰੀ ਪੜ੍ਹਾਈਆ । ਦੱਸ ਕੇ ਆਏ ਜੋਤ ਨਿਰੰਕਾਰੀ, ਨਿਰਾਕਾਰ ਨੂਰ ਇਲਾਹੀਆ । ਜਿਸ ਨੇ ਤੁਹਾਡੇ ਨਾਲ ਲਗਾਈ ਯਾਰੀ, ਨਿਭਾ ਕੇ ਅੰਤਮ ਦਿਤੀ ਵਖਾਈਆ । ਤੁਹਾਡੀ ਭਵਿਖਤਾਂ ਦੀ ਉਧਾਰੀ, ਸਹਿਜੇ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਵੇਂ ਛੱਡੀਏ ਕਬਜ਼ਾ, ਹੁਕਮ ਕਵਣ ਬਦਲਾਈਆ । ਬੜੀ ਮੁਸ਼ਕਲ ਨਾਲ ਬਣਾਏ ਮਜ਼੍ਹਬਾ, ਤਨ ਵਜੂਦ ਕਰ ਲੜਾਈਆ । ਪੁਰਖ ਅਕਾਲ ਕਰੇਂ ਕਿਉਂ ਗ਼ਜ਼ਬਾ, ਧੁਰ ਦੀ ਧਾਰ ਹੁਕਮ ਸੁਣਾਈਆ । ਤੇਰਾ ਖੇਲ ਅਜੀਬ ਅਜਬਾ, ਨਿਰਾਕਾਰ ਨਜ਼ਰੀ ਆਈਆ । ਸਾਨੂੰ ਬੜਾ ਲੱਗਾ ਸਦਮਾ, ਸੱਦ

ਕੇ ਦਿਤਾ ਸੁਣਾਈਆ । ਅਸੀਂ ਝੁਕਦੇ ਤੇਰੇ ਕਦਮਾਂ, ਕੁਦਰਤ ਦੇ ਮਾਲਕ ਹੋ ਸਹਾਈਆ । ਤੇਰੀਆਂ ਗਾਉਂਦੇ ਆਏ ਨਜ਼ਮਾਂ, ਸਿਫ਼ਤਾਂ ਵਿਚ ਸਾਲਾਹੀਆ । ਦੱਸਦੇ ਆਏ ਰਮਜ਼ਾਂ, ਇਸ਼ਰਿਆਂ ਵਿਚ ਪਰਗਟਾਈਆ । ਕਿਉਂ ਸਾਡੀਆਂ ਬੰਦ ਕੀਤੀਆਂ ਨਬਜ਼ਾਂ, ਨਬੀ ਰਸੂਲ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਉਂ ਹੁਕਮ ਦੇਵੇਂ ਸਖ਼ਤ, ਸਖ਼ਤੀ ਨਾਲ ਦ੍ਰਿੜਾਈਆ । ਕੀ ਓਹੋ ਆ ਗਿਆ ਵਕਤ, ਜਿਸ ਦੀ ਪੇਸ਼ੀਨਗੋਈ ਆਏ ਸੁਣਾਈਆ । ਸਾਡਾ ਲੇਖਾ ਮੁਕਣ ਲੱਗਾ ਜਗਤ, ਨਾਤਾ ਤੁੱਟੇ ਲੋਕਾਈਆ । ਗੋਬਿੰਦ ਕਿਹਾ ਗੁਰ ਅਵਤਾਰ ਪੈਗ਼ੰਬਰੋ ਪ੍ਰਭ ਨੇ ਪਰਗਟ ਕਰਨੇ ਆਪਣੇ ਭਗਤ, ਭਗਵਨ ਦਇਆ ਕਮਾਈਆ । ਸਾਡੀ ਸਭ ਦੀ ਪੂਰੀ ਹੋ ਗਈ ਸ਼ਰਤ, ਸ਼ਰਅ ਦਾ ਲੇਖਾ ਰਿਹਾ ਮੁਕਾਈਆ । ਚਲੋ ਹੁਣ ਇਕੱਠੇ ਹੋਈਏ ਉਤੇ ਅਰਸ਼, ਫ਼ਰਸ਼ ਦਾ ਝਗੜਾ ਰਿਹਾ ਛੁਡਾਈਆ । ਦੀਨ ਮਜ਼੍ਹਬ ਕਰੀਏ ਤਰਕ, ਤੁਰਤ ਓਸੇ ਦਾ ਢੋਲਾ ਗਾਈਆ । ਜਿਸ ਦਾ ਖੇਲ ਸਦਾ ਅਸਚਰਜ, ਅਚਰਜ ਲੀਲਾ ਰਿਹਾ ਵਰਤਾਈਆ । ਗ਼ੌਰ ਨਾਲ ਤੱਕੋ ਨਾ ਉਹ ਜ਼ਨਾਨੀ ਨਾ ਉਹ ਮਰਦ, ਮਰਦ ਮਰਦਾਨਾ ਇਕੋ ਨਜ਼ਰੀ ਆਈਆ । ਜਿਸ ਦਾ ਪਿਆਰ ਭਗਤਾਂ ਦਾ ਦਰਦ, ਗੁਰਮੁਖਾਂ ਗੋਦ ਟਿਕਾਈਆ । ਕਿਸੇ ਦਾ ਹੋਣ ਨਾ ਦੇਵੇ ਹਰਜ, ਹਰਜਾਨੇ ਸਭ ਦੇ ਝੋਲੀ ਪਾਈਆ । ਸਾਡੀ ਪੂਰੀ ਕਰਕੇ ਗ਼ਰਜ਼, ਗ਼ਰੀਬਾਂ ਹੋਏ ਸਹਾਈਆ । ਜਿਹੜੇ ਨਾਮ ਦੇ ਢੋਲੇ ਗਾਏ ਨਾਲ ਤਰਜ਼, ਤਰਾ ਤਰਾ ਨਾਲ ਸਮਝਾਈਆ । ਜੋ ਬੇਨੰਤੀ ਕਰਦੇ ਆਏ ਅਰਜ਼, ਨਮਸਤਿਆਂ ਵਿਚ ਸੀਸ ਨਿਵਾਈਆ । ਓਸੇ ਕਾਰਨ ਆਇਆ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਪਿਛਲੀ ਆਪਣੀ ਹਦਾਇਤ, ਹਰਿ ਕਰਤਾ ਆਪ ਦ੍ਰਿੜਾਈਆ । ਜੋ ਬਖ਼ਸ਼ਿਸ਼ ਕੀਤੀ ਅਨਾਇਤ, ਰਹਿਮਤ ਝੋਲੀ ਪਾਈਆ । ਉਸ ਦੀ ਕਰ ਅਸ਼ਾਇਤ, ਇਸ਼ਾਰੇ ਨਾਲ ਦ੍ਰਿੜਾਈਆ । ਆਪਣੇ ਦੀਨਾਂ ਮਜ਼੍ਹਬਾਂ ਦੀ ਕਰੋ ਪੈਮਾਇਸ਼, ਵੇਖੋ ਖ਼ਲਕ ਖ਼ੁਦਾਈਆ । ਕਵਣ ਮੁਕਾਮੇ ਹਕ ਕਰੇ ਰਿਹਾਇਸ਼, ਸਚਖੰਡ ਦਵਾਰੇ ਡੇਰਾ ਲਾਈਆ । ਆਪਣੀ ਕਰਨੀ ਦੀ ਕਰੋ ਅਜ਼ਮਾਇਸ਼, ਪੜਦਾ ਆਪਣਾ ਆਪ ਚੁਕਾਈਆ । ਸਦੀ ਚੌਧਵੀਂ ਸਭ ਦੀ ਵੇਖ ਲਈ ਨੁਮਾਇਸ਼, ਨਮੂਨਾ ਪਸੰਦ ਨਾ ਕੋਇ ਕਰਾਈਆ । ਲੇਖਾ ਲਿਖਿਆ ਨਾਲ ਕਲਮ ਦਵਾਇਤ, ਦਾਅਵੇਦਾਰ ਦੇਣੇ ਮਿਟਾਈਆ । ਹੁਣ ਸਾਰੇ ਬਣਨਾ ਪਏ ਇਕ ਜਮਾਇਤ, ਇਕੋ ਹੁਕਮ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਬਿਨ ਅੱਖਰਾਂ ਬੋਲਣ ਬੋਲੀ, ਅਨਬੋਲਤ ਰਾਗ ਅਲਾਈਆ । ਕੀ ਖੇਲ ਉਪਰ ਧੌਲੀ, ਧਰਨੀ ਧਰਤ ਧਵਲ ਵਖਾਈਆ । ਕਿਸ ਦੀ ਰੁੱਤ ਅਗੰਮੀ ਮੌਲੀ, ਮੌਲਾ ਹੋ ਕੇ ਦਏ ਵਡਿਆਈਆ । ਮੁਹੰਮਦ ਕਿਹਾ ਮੇਰੀ ਰੁਪਈਏ ਵਿਚੋਂ ਰਹਿ ਗਈ ਪੌਲੀ, ਪੌਲੀ ਉਹ ਵੀ ਲਏ ਗਵਾਈਆ । ਮੂਸਾ ਕਿਹਾ ਮੈਥੋਂ ਫੇਰ ਨਹੀਂ ਪੈਂਦੀ ਰੌਲੀ, ਹੋਕਾ ਦੇ ਨਾ ਕੋਇ ਜਣਾਈਆ । ਈਸੇ ਕਿਹਾ ਮੇਰੀ ਗੰਢ ਅਜੇ ਨਾ ਖੋਲ੍ਹੀ, ਸਲੀਬ ਸਾਫ਼ ਨਾ ਕੋਇ ਕਰਾਈਆ । ਨਾਨਕ ਕਿਹਾ ਸਭ ਦੀ ਖ਼ਾਲੀ ਹੋਈ ਤੌਲੀ, ਜਿਸ ਦੀ ਤਲਬ ਨਾ ਕੋਇ ਦ੍ਰਿੜਾਈਆ । ਗੋਬਿੰਦ ਕਿਹਾ ਜਿਹੜੀ ਧਾਰ ਪ੍ਰਭੂ ਨੇ ਡੋਲ੍ਹੀ, ਬਣਤ ਅਗਲੀ ਲਈ ਬਣਾਈਆ । ਮੈਨੂੰ ਲੋੜ ਰਹੀ ਨਾ ਦੇਣ ਦੀ ਪਾਹੁਲੀ, ਰਸਨਾ ਰਸ ਨਾ ਕੋਇ ਚਖਾਈਆ । ਨਾਮ ਪਿਆਲਾ ਪਿਆਇਆ ਬਿਨਾ ਕੌਲੀ, ਕਵਲ ਨਾਭ ਦਿਤਾ ਉਲਟਾਈਆ । ਜਿਸ ਦੀ ਸੂਰਤ ਕਾਲੀ ਗੋਰੀ ਕਦੇ ਸੌਲੀ, ਸੁੰਦਰ

੮੧੮
੨੦

ਸ਼ਾਮ ਕੋਟਨ ਦਏ ਬਣਾਈਆ । ਉਸ ਦੀ ਸਮਝ ਕੇ ਇਕੋ ਬੋਲੀ, ਬੁਲਾਰੇ ਸਾਰੇ ਗਏ ਭੁਲਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡੇ ਨਾਮ ਦੀ ਧਾਰਾ ਚਾਰ ਜੁਗ ਦੀ ਪਰਾਉਹਣੀ, ਰੈਣ ਕੱਟ ਕੇ ਆਪਣਾ ਪੰਧ ਮੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਦੀ ਹਾੜ੍ਹੀ ਸੌਣੀ, ਰੁੱਤ ਸਮੇਂ ਨਾਲ ਬਦਲਾਈਆ । ਅੱਗੇ ਮੁਣਿਆਦ ਨਾ ਕਿਸੇ ਵਧੌਣੀ, ਵਾਧਾ ਵਿਚ ਨਾ ਕੋਇ ਕਰਾਈਆ । ਪੁਰਖ ਅਕਾਲ ਨੇ ਆਪਣੀ ਖੇਲ ਵਖਾਉਣੀ, ਕਲਾਧਾਰ ਲਏ ਅੰਗੜਾਈਆ । ਆਤਮ ਪਰਮਾਤਮ ਆਪਣੇ ਰੰਗ ਰੰਗਾਉਣੀ, ਰੰਗਤ ਇਕ ਵਖਾਈਆ । ਕਰਮਾਂ ਦੀ ਰਹੇ ਨਾ ਕੋਇ ਅੜਾਉਣੀ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਸਾਧਾਂ ਦੀ ਹੋਣੀ ਨਹੀਂ ਕੋਈ ਛਾਉਣੀ, ਛਹਿਬਰ ਆਪਣਾ ਨਾਮ ਲਗਾਈਆ । ਜਨ ਭਗਤਾਂ ਦੀ ਪੂਰੀ ਕਰ ਕੇ ਭਾਉਣੀ, ਭਾਵ ਭੇਵ ਦਏ ਸਮਝਾਈਆ । ਗੁਰਮੁਖਾਂ ਦੀ ਰੁੱਸੀ ਆਤਮਾ ਆਪ ਮਨਾਉਣੀ, ਆਪਣੀ ਗੋਦ ਉਠਾਈਆ । ਇਹ ਕੋਈ ਖੇਲ ਨਹੀਂ ਕਾਂ ਤੇ ਕੌਣੀ, ਜੋ ਕਲਜੁਗ ਵਿਚ ਖੰਭ ਜਾਏ ਹਿਲਾਈਆ । ਜਿਨ੍ਹਾਂ ਦੀ ਕਰਨੀ ਓਨ੍ਹਾਂ ਦੀ ਝੋਲੀ ਪਾਉਣੀ, ਬਿਨਾ ਭਜਨ ਬੰਦਗੀ ਪਾਰ ਲੰਘਾਈਆ । ਕੋਈ ਕਿਤਾਬ ਹਿਸਾਬ ਵਿਚ ਨਹੀਂ ਪੜ੍ਹਾਉਣੀ, ਅੱਖਰਾਂ ਵਾਲੀ ਨਾ ਕੋਇ ਲੜਾਈਆ । ਪਿਛਲੀ ਕਥਾ ਨਹੀਂ ਕੋਈ ਦੁਹਰਾਉਣੀ, ਸਤਰਾਂ ਉਤੇ ਉਂਗਲਾਂ ਨਾ ਕੋਇ ਫਰਾਈਆ । ਦਰ ਆਈ ਦਰਵੇਸ਼ਾਂ ਵਾਲੀ ਸੰਗਤ ਪਾਰ ਲੰਘਾਉਣੀ, ਅੱਗੇ ਹੋ ਨਾ ਕੋਇ ਅਟਕਾਈਆ । ਅੰਮ੍ਰਿਤ ਰਸ ਦੀ ਧਾਰ ਚੁੰਘਾਉਣੀ, ਬਿਨਾ ਮਾਤਾ ਦੇ ਸੀਰ ਦਏ ਪਿਆਈਆ । ਜੁਗ ਜਨਮ ਦੀ ਵਿਛੜੀ ਗੁਰਸਿਖ ਆਸਾ ਆਪ ਪਰਚਾਉਣੀ, ਪਰਚਾ ਨਾਮ ਵਾਲਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੁਤੜੀ ਰੁਤ ਸੁਹਾਉਣੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਸਾਡੀ ਮੁਕ ਜਾਵੇ ਹਦੀਸਾ, ਹੱਦ ਜਲਦੀ ਗਈ ਆਈਆ । ਗੋਬਿੰਦ ਸ਼ਬਦ ਕਹੇ ਸਭ ਦਾ ਖ਼ਾਲੀ ਹੋਇਆ ਖ਼ੀਸਾ, ਮਾਤਲੋਕ ਵਿਚੋਂ ਖ਼ਿਸਕੋ ਚਾਈਂ ਚਾਈਂਆ । ਜਿਹੜਾ ਪਿਛਲਾ ਵਕਤ ਬੀਤਾ, ਓਸੇ ਦੀ ਖ਼ੁਸ਼ੀ ਲਓ ਮਨਾਈਆ । ਅੱਗੇ ਲਿਹਾਜ਼ ਨਾ ਹੋਣਾ ਮੂਸਾ ਈਸਾ, ਮੁਹੰਮਦਾ ਤੇਰੀ ਚਲੇ ਨਾ ਕੋਇ ਸਫ਼ਾਈਆ । ਰਾਮ ਕ੍ਰਿਸ਼ਨ ਜੀ ਆਪਣੀ ਮੇਰੀ ਝੋਲੀ ਪਾ ਦਿਓ ਰੀਤਾ, ਸੀਤਾ ਸੁਰਤੀ ਦੇਣ ਨਾ ਆਇਓ ਵਧਾਈਆ । ਨਾਨਕ ਗੋਬਿੰਦ ਇਕੋ ਅੰਮ੍ਰਿਤ ਰਸ ਪੀਤਾ, ਪੀਤ ਪੀਤੰਬਰ ਲੈਣਾ ਸੁਹਾਈਆ । ਜੋ ਮਰਜ਼ੀ ਸੋ ਪੁਰਖ ਅਕਾਲ ਨੇ ਕੀਤਾ, ਕਰਤਬ ਤੁਹਾਡੇ ਵੇਖੇ ਥਾਉਂ ਥਾਈਂਆ । ਤੁਹਾਡੀਆਂ ਮਨਸਾ ਪੂਰੀਆਂ ਕਰ ਉਡੀਕਾਂ, ਓੜਕ ਆਪਣੇ ਵਿਚ ਮਿਲਾਈਆ । ਗੁਰ ਅਵਤਾਰ ਪੈਗ਼ੰਬਰੋ ਚਾਰ ਜੁਗ ਵਿਚ ਤੁਸੀਂ ਮੇਰੇ ਨਾਮ ਦਾ ਕਰ ਨਾ ਸਕੇ ਟੀਕਾ, ਧੁਰ ਦਾ ਹੁਕਮ ਨਾ ਕੋਇ ਸਮਝਾਈਆ । ਕੀ ਹੋਇਆ ਜੇ ਭੇਵ ਦੱਸਦੇ ਰਹੇ ਜੀਅ ਕਾ, ਜੀਵ ਤੋਂ ਬਾਹਰ ਮੇਰੀ ਰੁਸ਼ਨਾਈਆ । ਲੰਮੀਆਂ ਲੰਮੀਆਂ ਦੱਸ ਦੇ ਆਏ ਤਾਰੀਖ਼ਾਂ, ਤਰੀਕੇ ਨਾਲ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਗੁਰੂ ਗ੍ਰੰਥ ਬਣਾ ਕੇ ਮਾਤਲੋਕ ਵਸਨੀਕਾ, ਗਵਾਹੀ ਸ਼ਹਾਦਤ ਵਾਲੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਮਿਹਰ ਮਿਹਰਵਾਨ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਤੁਸੀਂ ਪ੍ਰਭ ਦੇ ਨਾਮ ਦੇ ਰਹੇ ਫ਼ਰੋਸ਼, ਫ਼ਰੋਖ਼ਤ ਕਰ ਕੇ ਆਏ ਵਿਚ ਲੋਕਾਈਆ । ਨਾਮ ਦੇ ਅੰਦਰ ਤੁਹਾਨੂੰ ਚੜ੍ਹਦਾ ਰਿਹਾ ਜੋਸ਼, ਜੋਸ਼ ਵਿਚ ਝਗੜਾ ਕੀਤਾ ਲੋਕਾਈਆ । ਦੀਨ ਮਜ਼੍ਹਬ ਦਾ ਲਾ ਕੇ ਦੋਸ਼, ਦੋਸ਼ੀ ਦੋਸ਼ੀਆਂ ਵਿਚੋਂ ਪਰਗਟਾਈਆ । ਆਪ ਬੈਠ ਕੇ ਅਡੋਲ ਖ਼ਾਮੋਸ਼, ਖ਼ਾਹਮਖਾਹ ਸਭ ਨੂੰ ਦਿਤਾ ਫਸਾਈਆ । ਆਪ ਹੋ ਕੇ ਰੂਪੋਸ਼, ਸਭ ਦੀ ਪੁਸ਼ਤ ਪਨਾਹ

ਦਿਤੀ ਠੁਕਰਾਈਆ । ਕਿਸੇ ਨੂੰ ਅੱਖਰਾਂ ਵਾਲਾ ਦੱਸ ਕੇ ਕੋਸ਼, ਸਿਫ਼ਤਾਂ ਵਿਚ ਸਫ਼ੇ ਦਿਤੇ ਉਲਟਾਈਆ । ਕਿਸੇ ਨੂੰ ਦੱਸ ਕੇ ਦਰਦ ਵਾਲਾ ਨਿਰਦੋਸ਼, ਦੋਸ਼ੀਆਂ ਦਏ ਸਮਝਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਮਾਟੀ ਚੰਮ ਦਾ ਬਦਲ ਕੇ ਪੋਸ਼, ਪੋਸ਼ੀਦਾ ਹੋ ਕੇ ਆਪਣਾ ਹੁਕਮ ਵਰਤਾਈਆ । ਵੇਖਿਓ ਹੁਣ ਕਰਿਓ ਨਾ ਕੋਈ ਰੋਸ, ਰੋਸੇ ਦੇਣੇ ਗਵਾਈਆ । ਝਗੜਾ ਰੱਖਿਓ ਨਾ ਚੌਦਾਂ ਲੋਕ, ਚੌਦਾਂ ਤਬਕ ਵੰਡ ਨਾ ਕੋਇ ਵੰਡਾਈਆ । ਜਿਹੜਾ ਵਕਤ ਭੋਗ ਲਿਆ ਬਹੁਤ, ਸ਼ੁਕਰ ਕਰ ਕੇ ਸੀਸ ਨਿਵਾਈਆ । ਅੱਗੇ ਸਾਰੇ ਗਾਇਓ ਇਕ ਸਲੋਕ, ਸੋਹਲਾ ਧੁਰਦਰਗਾਹੀਆ । ਜਿਸ ਨੂੰ ਜਾਣੇ ਕੋਈ ਨਾ ਪੰਡਤ ਕੋਕ, ਕੂਕ ਕੂਕ ਨਾ ਕੋਇ ਸੁਣਾਈਆ । ਜਿਸ ਦਾ ਸੌਦਾ ਸਦਾ ਰੋਕ, ਉਧਾਰ ਦਾ ਲਹਿਣਾ ਰਿਹਾ ਮੁਕਾਈਆ । ਗਿਰਜਿਆਂ ਵਿਚ ਲੱਭਿਓ ਕੋਈ ਨਾ ਪੋਪ, ਪੁੱਤਰੋ ਤੁਹਾਨੂੰ ਦਿਤਾ ਸਮਝਾਈਆ । ਹੁਕਮ ਧੁਰ ਦਾ ਦਿਤਾ ਠੋਕ, ਠਾਕਰ ਪੱਥਰ ਨਜ਼ਰ ਕੋਇ ਨਾ ਆਈਆ । ਕਿਸੇ ਲੱਭਿਓ ਨਾ ਕਿਲੇ ਕੋਟ, ਮੰਦਰ ਮੱਠ ਨਾ ਨੈਣ ਉਠਾਈਆ । ਅੱਗੇ ਹੋਣੀ ਨਹੀਂ ਕੋਈ ਛੋਟ, ਛੁੱਟੀ ਦੇਣ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਪ੍ਰਭੂ ਤੂੰ ਸਭ ਦਾ ਇਕੋ ਅੱਬਾ, ਮਾਲਕ ਨਜ਼ਰੀ ਆਈਆ । ਕੀ ਤੇਰਾ ਖੇਲ ਆਦਿ ਅੰਤ ਮਧਾ, ਜੁਗ ਚੌਕੜੀ ਵੇਸ ਵਟਾਈਆ । ਤੇਰਾ ਸਚ ਸੁਨੇਹੜਾ ਸੱਦਾ, ਕੀ ਹੁਕਮੇ ਅੰਦਰ ਸੁਣਾਈਆ । ਪੁਰਖ ਅਕਾਲ ਕਿਹਾ ਇਕੋ ਸ਼ਬਦੀ ਮੇਰਾ ਬੱਚਾ, ਜਿਸ ਦਾ ਬਚਪਨ ਆਪਣੀ ਝੋਲੀ ਪਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸੀਂ ਉਸ ਦਾ ਨੂਰ ਭਾਂਡਾ ਕੱਚਾ, ਜੋ ਤਨ ਵਜੂਦ ਵਿਚ ਟਿਕਾਈਆ । ਆਪਣੇ ਪ੍ਰੇਮ ਦਾ ਦੇ ਕੇ ਰਸਾ, ਰਸਨਾ ਵਿਚੋਂ ਕੀਤੀ ਪੜ੍ਹਾਈਆ । ਹੁਕਮੇ ਅੰਦਰ ਮੈਨੂੰ ਕਹਿ ਕੇ ਅੱਛਾ, ਜਗਤ ਲੇਖ ਆਏ ਲਿਖਾਈਆ । ਮੈਂ ਤੁਹਾਡੇ ਅੰਦਰ ਵਸਾ, ਵਸ ਕੇ ਦਿਤਾ ਵਖਾਈਆ । ਜਿਸ ਵੇਲੇ ਵਿਚੋਂ ਨੱਸਾ, ਤੁਹਾਡਾ ਸੰਗ ਰਿਹਾ ਨਾ ਰਾਈਆ । ਤੁਹਾਡਾ ਤਨ ਮਿੱਟੀ ਘੱਟਾ, ਖ਼ਾਕ ਜਗਤ ਉਡਾਈਆ । ਦੀਨ ਮਜ਼੍ਹਬ ਦਾ ਪਵਾ ਕੇ ਰੱਟਾ, ਰਾਹ ਵੱਖਰਾ ਦਿਤਾ ਦਰਸਾਈਆ । ਆਪਣੇ ਨਾਮ ਦਾ ਦੇ ਕੇ ਇਕ ਇਕ ਟਕਾ, ਟੱਕਰ ਦਿਤੀ ਵਖਾਈਆ । ਕਿਸੇ ਨੂੰ ਸੂਰ ਖਵਾਇਆ ਕਿਸੇ ਨੂੰ ਖਵਾਇਆ ਕੱਟਾ, ਕਟਕ ਸਭ ਦੇ ਉਤੇ ਚੜ੍ਹਾਈਆ । ਸਭ ਦਾ ਫੋੜ ਕੇ ਮਾਟੀ ਮੱਟਾ, ਮਟਕ ਰਹਿਣ ਦਿਤੀ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਕੋਈ ਸੂਰਮਾ ਹੱਥ ਮਾਰ ਕੇ ਦੱਸੋ ਉਪਰ ਪੱਟਾ, ਬਿਨਾ ਪਟਣੇ ਵਾਲੇ ਤੋਂ ਜੋੜ ਨਾ ਕੋਇ ਜੁੜਾਈਆ । ਜਿਸ ਦੇ ਉਤੇ ਮੈਂ ਆਪਣਾ ਲਾਇਆ ਠੱਪਾ, ਤੂੰ ਮੇਰਾ ਮੈਂ ਤੇਰਾ ਦਿਤਾ ਲਿਖਾਈਆ । ਇਕੋ ਨਾਮ ਪਰਗਟ ਕਰ ਕੇ ਸੋਹੰ ਟੱਪਾ, ਟਾਪੂਆਂ ਦਾ ਝਗੜਾ ਦਿਤਾ ਚੁਕਾਈਆ । ਨਾ ਕੋਈ ਸਿਲ ਪੂਜੇ ਨਾ ਵੱਟਾ, ਨਾ ਕੋਈ ਮੰਦਰਾਂ ਲੱਭੇ ਮੱਠਾਂ, ਨਾ ਕੋਈ ਅੱਖਰਾਂ ਕਰੇ ਕੱਠਾ, ਨਾ ਕੋਈ ਤੀਰਥਾਂ ਫਿਰੇ ਨੱਠਾ, ਨਾ ਕੋਈ ਰਾਗ ਗਾਵੇ ਮਿਲ ਕੇ ਭੱਟਾਂ, ਨਾ ਕੋਈ ਕਿਸੇ ਤੋਂ ਲੈਣ ਜਾਵੇ ਮਤਾਂ, ਨਾ ਕੋਈ ਅਗਨ ਤਪਾਵੇ ਤੱਤਾਂ, ਨਾ ਕੋਈ ਕਿਸੇ ਦਵਾਰੇ ਝਾੜੂ ਦੇਵੇ ਹੱਥਾਂ, ਜਨ ਭਗਤਾਂ ਇਕੋ ਬਚਨ ਦੱਸਾਂ ਸੱਚਾ, ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਸਾਡਾ ਰਿਹਾ ਨਾ ਜ਼ੋਰ, ਜੋਰੂ ਜ਼ਰ ਬਦਲਾਈਆ । ਪੁਰਖ ਅਕਾਲ ਕਹੇ ਆਪਣਾ ਵੇਖੋ ਅੰਧੇਰਾ ਘੋਰ, ਘੋਰ ਕਲਜੁਗ ਫੋਲ ਫੋਲਾਈਆ । ਤੁਹਾਡੇ ਮੁਰੀਦ ਤੁਹਾਡੇ ਚੇਲੇ ਹੋਏ ਚੋਰ, ਚੋਰੀ ਤੁਹਾਡੇ ਨਾਲ ਕਮਾਈਆ । ਅੰਦਰੋਂ ਪ੍ਰੀਤੀ ਸਕੇ ਕੋਈ ਨਾ ਜੋੜ, ਬਾਹਰੋਂ

ਸਾਰੇ ਸੀਸ ਝੁਕਾਈਆ । ਜਿਸ ਮਾਰਗ ਤੁਸੀਂ ਆਏ ਤੋਰ, ਤੁਰੀਆ ਪਦ ਦੀ ਕਰ ਪੜ੍ਹਾਈਆ । ਓਸ ਮੰਜ਼ਲ ਚੜ੍ਹਿਆ ਕੋਈ ਨਾ ਤੋੜ, ਤੁੱਟੀ ਗੰਢ ਨਾ ਕੋਇ ਪਵਾਈਆ । ਏਸੇ ਕਾਰਨ ਸਭ ਨੂੰ ਪੁਰਖ ਅਕਾਲ ਦੀ ਪਈ ਲੋੜ, ਲੋਹੜੇ ਵਿਚ ਲੋਕਾਈਆ । ਜ਼ਰਾ ਤੱਕ ਕੇ ਵੇਖੋ ਨਾਲ ਗ਼ੌਰ, ਮੰਦਰ ਮਸੀਤ ਦਏ ਦੁਹਾਈਆ । ਕਿਸੇ ਨਾ ਮੰਤਰ ਫੁਰੇ ਫੁਰਨਾ ਫੋਰ, ਫੁਰਨਾ ਮਨ ਨਾ ਕੋਇ ਬੰਧਾਈਆ । ਕਲਜੁਗ ਕਾਇਆ ਅੰਦਰੋਂ ਹੋਰ ਤੇ ਬਾਹਰੋਂ ਹੋਰ, ਹੋਰ ਦਾ ਹੋਰ ਰੂਪ ਬਦਲਾਈਆ । ਝੂਠ ਮਾਰਦੇ ਸੰਤ ਕਹਿਣ ਸਾਨੂੰ ਅੰਦਰ ਸ਼ਬਦ ਹੋਵੇ ਘਨਘੋਰ, ਸੰਖ ਧੁਨ ਸ਼ਬਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਆਪਣਾ ਵੇਖੋ ਇਕ ਸਮਾਜ, ਸਮਝ ਜਗਤ ਫੋਲ ਫੋਲਾਈਆ । ਜੋ ਦੱਸ ਕੇ ਆਏ ਰਿਵਾਜ, ਰਵਾਇਤ ਵਿਚ ਦ੍ਰਿੜਾਈਆ । ਕਰ ਕੇ ਆਏ ਕਾਜ, ਨਾਤਾ ਸਚ ਮਿਲਾਈਆ । ਉਸ ਦਾ ਰਿਹਾ ਨਾ ਕੋਇ ਮੁਹਤਾਜ, ਝਗੜਾ ਪਿਆ ਕੂੜ ਲੋਕਾਈਆ । ਸਾਬਤ ਰਿਹਾ ਨਾ ਕੋਈ ਸਾਧ, ਸਾਧਨਾ ਸਿੱਧ ਨਾ ਕੋਇ ਬਣਾਈਆ । ਸਾਢੇ ਤਿੰਨ ਹੱਥ ਤਨ ਵਜੂਦ ਦੀ ਵਖਾਲੇ ਵਾਲੀ ਬਣਾ ਕੇ ਸਮਾਧ, ਬਾਹਰੋਂ ਨੇਤਰ ਬੰਦ ਕਰਾਈਆ । ਸੁਰਤੀ ਘੁੰਮੇ ਵਿਚ ਦਿਮਾਗ਼, ਦਿਮਾਗ ਮਨ ਦੇ ਨਾਲ ਲੜਾਈਆ । ਮਨ ਦਾ ਸਮਝੇ ਨਾ ਕੋਇ ਹਿਸਾਬ, ਚਾਰੋਂ ਕੁੰਟ ਰਿਹਾ ਭਵਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸੀਂ ਦੱਸੋ ਕਿਹੜਾ ਸਾਚੇ ਅਸਵ ਘੋੜੇ ਚੜ੍ਹ ਕੇ ਗਿਆ ਚਰਨ ਦੇ ਕੇ ਵਿਚ ਰਕਾਬ, ਰੁੱਕਾ ਹੁਕਮ ਨਾਮ ਸੁਣਾਈਆ । ਕਿਸ ਸਿੱਖ ਨੇ ਤੁਹਾਨੂੰ ਕੀਤਾ ਆਦਾਬ, ਬਿਨਾ ਸਜਦਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਰਿਹਾ ਸਮਝਾਈਆ । ਗੁਰੂ ਅਵਤਾਰ ਪੈਗ਼ੰਬਰ ਕਹਿਣ ਤੈਨੂੰ ਦੱਸੀਏ ਕੀ ਹਿਸਾਬ, ਕੁਤਬਖ਼ਾਨਾ ਨਜ਼ਰ ਕੋਇ ਨਾ ਆਈਆ । ਹਕੀਕੀ ਦਿਸੇ ਨਾ ਕੋਇ ਮਹਿਰਾਬ, ਮਹਿਬੂਬ ਵਸਲ ਨਾ ਕੋਇ ਵਖਾਈਆ । ਸਜਦਾ ਨਜ਼ਰ ਨਾ ਆਏ ਕੋਈ ਆਦਾਬ, ਅਦਲ ਇਨਸਾਫ਼ ਨਾ ਕੋਇ ਕਮਾਈਆ । ਮਿਤਰ ਪਿਆਰਾ ਨਜ਼ਰ ਆਏ ਨਾ ਕੋਇ ਅਹਿਬਾਬ, ਰਬਾਬ ਸਤਾਰ ਨਾ ਕੋਇ ਹਿਲਾਈਆ । ਬਿਨਾ ਰਸਨਾਂ ਤੋਂ ਬੰਦ ਹੋਇਆ ਜਵਾਬ, ਕਾਇਨਾਤ ਕਲਮਾ ਕਲਾਮ ਨਾ ਕੋਇ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਪੈਗ਼ੰਬਰੋ ਕਿਹੜੀ ਪੜ੍ਹੀ ਅਲਿਫ਼, ਮੁਤਬਰਕ ਮੈਨੂੰ ਦਿਓ ਜਣਾਈਆ । ਜਿਸ ਦਾ ਲੇਖਾ ਯਕਤਰਫ਼, ਦਿਸ਼ਾ ਵੰਡ ਨਾ ਕੋਇ ਵੰਡਾਈਆ । ਜੋ ਸਭ ਦੇ ਨਾਲ ਹੋ ਜਾਏ ਸਰਫ਼, ਸਫ਼ੇ ਪੰਨੇ ਨਾ ਗਣਤ ਗਣਾਈਆ । ਨੂਰੀ ਨੂਰ ਰਹੇ ਨਾ ਫ਼ਰਕ, ਫ਼ਿਕਰਾ ਦਏ ਜਣਾਈਆ । ਪੂਰੀ ਕਰੇ ਸ਼ਰਤ, ਸ਼ਰਅ ਸ਼ਰਅ ਪਰਗਟਾਈਆ । ਧਾਮ ਵਖਾਏ ਉਪਰ ਅਰਸ਼, ਆਲੀਸ਼ਾਨ ਇਕ ਬਣਾਈਆ । ਰਹਿਮਤ ਕਰੇ ਤਰਸ, ਨਿਗਾਹ ਨਿਗਾਹਬਾਨ ਨਾਲ ਮਿਲਾਈਆ । ਓਸ ਅਲਿਫ਼ ਦਾ ਕਿਹੜਾ ਫ਼ਰਜ਼, ਫ਼ਰਮਾਂਬਰਦਾਰ ਦਿਓ ਦ੍ਰਿੜਾਈਆ । ਕੀ ਖ਼ੁਦਾ ਨੂੰ ਪਈ ਗ਼ਰਜ਼, ਗ਼ਰਜ਼ ਉਸ ਦੀ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਦੇਣਾ ਸੁਣਾਈਆ । ਪੈਗ਼ੰਬਰ ਕਹਿਣ ਅਸਾਂ ਅਲਿਫ਼ ਪੜ੍ਹੀ ਆਲਮੀਨ, ਇਲਮ ਨਜ਼ਰ ਕੋਇ ਨਾ ਆਈਆ । ਜਿਸ ਦੇ ਵਿਚ ਤੇਰੀ ਤਾਲੀਮ, ਤਾਲਬ ਇਲਮਾਂ ਨਾ ਕੋਇ ਸਮਝਾਈਆ । ਉਹ ਵਸੇ ਘਰ ਅਜ਼ੀਮ, ਆਲੀਸ਼ਾਨ ਰੂਪ ਦਰਸਾਈਆ । ਜਿਹੜੀ ਆਦਿ ਤੋਂ ਸਦਾ ਕਦੀਮ, ਕੁਦਰਤ ਦੇ ਮਾਲਕ ਤੇਰੀ ਧਾਰ ਨਜ਼ਰੀ ਆਈਆ । ਓਸੇ ਉਤੇ ਕਰ ਯਕੀਨ, ਲੋਕਮਾਤ

੮੨੧
੨੦

ਤੇਰੀ ਦਈਏ ਗਵਾਹੀਆ । ਜਿਹੜੀ ਬਦਲ ਨਾ ਸਕੇ ਕਦੇ ਕਦੀਮ, ਕਾਇਦਾ ਆਪਣਾ ਇਕ ਪਰਗਟਾਈਆ । ਓਸੇ ਦੇ ਹੋ ਅਧੀਨ, ਆਅਲਾ ਅਦਨਾ ਸੀਸ ਨਿਵਾਈਆ । ਤੂੰ ਕਰਤਾ ਇਕ ਕਰੀਮ, ਕਾਦਰ ਨੂਰ ਖ਼ੁਦਾਈਆ । ਤੇਰੀ ਦਰਗਾਹ ਕਰੀਏ ਤਸਲੀਮ, ਤਸਬੀ ਮਾਲਾ ਨਾ ਕੋਇ ਲਟਕਾਈਆ । ਜਿਸ ਦਾ ਸਭ ਤੋਂ ਵੱਖਰਾ ਸੀਨ, ਨਜ਼ਾਰਾ ਨਜ਼ਰੀਆ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦੇ ਸਮਝਾਈਆ । ਪੈਗ਼ੰਬਰ ਕਹਿਣ ਤੇਰੇ ਅਲਿਫ਼ ਦਾ ਕੀ ਇਰਾਦਾ, ਧੁਰ ਦੇ ਮਾਲਕ ਦੇਣਾ ਸਮਝਾਈਆ । ਪੁਰਖ ਅਕਾਲ ਕਿਹਾ ਇਸ ਦੇ ਨਾਲ ਕਰੋ ਵਾਇਦਾ, ਵਾਹਦ ਹੋ ਕੇ ਭੇਵ ਖੁਲ੍ਹਾਈਆ । ਜੁਗ ਬਦਲਨਾ ਜਿਸ ਦਾ ਕਾਇਦਾ, ਕਵਾਇਦ ਕਾਨੂੰਨ ਰਿਹਾ ਦ੍ਰਿੜਾਈਆ । ਸਭ ਤੋਂ ਵੱਖਰਾ ਹੋ ਅਲਾਹਿਦਾ, ਅਲਹਿਦਗੀ ਵਿਚ ਪੜਦਾ ਦਏ ਚੁਕਾਈਆ । ਸ਼ਬਦੀ ਧਾਰ ਕਰ ਮੁਆਇਦਾ, ਮੁਅੱਜ਼ਜ਼ ਆਜ਼ਜ਼ ਲਏ ਪਰਗਟਾਈਆ । ਇਕੋ ਸ਼ਬਦੀ ਧਾਰ ਬਣਾ ਨੁਮਾਇੰਦਾ, ਸ਼ਬੇ ਰੋਜ਼ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਪੈਗ਼ੰਬਰੋ ਸੁਣੋ ਹੁਕਮ ਆਲੀਜਾਹ, ਅੱਲਾ ਆਲਮੀਨ ਦ੍ਰਿੜਾਈਆ । ਜਿਸ ਨੂੰ ਕਹਿੰਦੇ ਵਾਹਦ ਖ਼ੁਦਾ, ਖ਼ਾਲਕ ਖ਼ਲਕ ਨੂਰ ਖ਼ੁਦਾਈਆ । ਉਸ ਦਾ ਹੁਕਮ ਇਕੋ ਸਦਾ, ਸਦਾ ਸਦ ਦਏ ਸੁਣਾਈਆ । ਚਾਰੋਂ ਕੁੰਟ ਰਹੇ ਗ਼ਦਾਗਰ ਗ਼ਦਾ, ਫ਼ਕੀਰ ਫ਼ਿਕਰਾ ਢੋਲਾ ਗਾਈਆ । ਸਦੀ ਚੌਧਵੀਂ ਦੇਵੇ ਮਜ਼ਾ, ਮਜ਼ਾਕ ਦੀਨ ਦੁਨੀ ਉਡਾਈਆ । ਤੁਸਾਂ ਚੱਲਣਾ ਓਸ ਦੀ ਰਜ਼ਾ, ਰਹਿਮਤ ਵਿਚ ਹੁਕਮ ਸੁਣਾਈਆ । ਚੌਦਾਂ ਤਬਕ ਵੇਖੋ ਕਜ਼ਾ, ਕਿਆਮਤ ਆਪਣਾ ਵੇਸ ਬਦਲਾਈਆ । ਜਿਸ ਦੀ ਸਮਝੇ ਕੋਈ ਨਾ ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ਪੈਗ਼ੰਬਰ ਕਹਿਣ ਸਾਡੀ ਇਕੋ ਇਕ ਆਸ਼ਾ, ਅਰਸ਼ੀ ਪ੍ਰੀਤਮ ਧਿਆਨ ਲਗਾਈਆ । ਮੁਹੰਮਦ ਖ਼ੁਸ਼ੀਆਂ ਨਾਲ ਕੀਤਾ ਹਾਸਾ, ਹਸਤੀ ਵੇਖ ਖ਼ੁਸ਼ੀ ਬਣਾਈਆ । ਚੌਦਾਂ ਤਬਕ ਖੋਲ੍ਹ ਖ਼ੁਲਾਸਾ, ਖੁਲ੍ਹੀ ਨਿਗਾਹ ਦਿਤੀ ਵਧਾਈਆ । ਇਕ ਕਲਮਾ ਅਗੰਮੀ ਆਖਾ, ਆਖ਼ਰ ਦਿਤਾ ਦ੍ਰਿੜਾਈਆ । ਜਿਸ ਦਾ ਲੇਖ ਕਿਸੇ ਨਾ ਭਾਖਾ, ਪੜਦਾ ਸਕਿਆ ਨਾ ਕੋਇ ਉਠਾਈਆ । ਸੰਦੇਸ਼ਾ ਦੇ ਕੇ ਧੁਰ ਜਣਾਇਆ ਆਪਾ, ਆਪਣਾ ਹੁਕਮ ਸੁਣਾਈਆ । ਕਲਜੁਗ ਅੰਤਮ ਵੇਖਾਂ ਖੇਲ ਤਮਾਸ਼ਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਰਾ ਪੂਰਾ ਕਰਾਂ ਖ਼ਵਾਬਾ, ਹੁਕਮ ਹੁਕਮ ਵਿਚ ਬਦਲਾਈਆ । ਧੁਰ ਦਾ ਮਾਲਕ ਹੋ ਕੇ ਆਕਾ, ਇਕੋ ਇਕ ਨੂਰ ਰੁਸ਼ਨਾਈਆ । ਸੂਫ਼ੀਆਂ ਸਾਫ਼ ਖੋਲ੍ਹ ਕੇ ਤਾਕਾ, ਤਕਦੀਰ ਤਦਬੀਰ ਨਾਲ ਬਦਲਾਈਆ । ਮੰਜ਼ਲ ਚੜ੍ਹ ਕੇ ਵੇਖਾਂ ਵਾਟਾ, ਵਾਰਸ ਹੋ ਕੇ ਖੋਜ ਖੁਜਾਈਆ । ਇਕੋ ਨੂਰ ਕਰਾਂ ਪਰਕਾਸ਼ਾ, ਦੋ ਜਹਾਨਾਂ ਚੰਦ ਚਮਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬਣ ਕੇ ਸਾਥਾ, ਸਗਲਾ ਸੰਗ ਨਿਭਾਈਆ । ਨਾ ਕਲਮਾ ਰਹੇ ਨਾ ਗਾਥਾ, ਨਾ ਪੂਜਾ ਪਾਠ ਸਰਨਾਈਆ । ਨਾ ਸੀਸ ਝੁਕੇ ਨਾ ਮਾਥਾ, ਨਾ ਵੁਜ਼ੂ ਵਿਚ ਚਤੁਰਾਈਆ । ਮੁਹੰਮਦਾ ਜਿਸ ਨੇ ਮੰਨ ਲਿਆ ਮੇਰਾ ਆਖਾ, ਆਖ਼ਰ ਮੰਜ਼ਲ ਦਿਆਂ ਪੁਚਾਈਆ । ਜਿਥੇ ਮਜ਼੍ਹਬ ਨਹੀਂ ਕੋਈ ਜਾਤਾ, ਸ਼ਰਅ ਦੀ ਕਰੇ ਨਾ ਕੋਇ ਲੜਾਈਆ । ਨਾ ਕੋਈ ਦਿਵਸ ਨਾ ਕੋਈ ਰਾਤਾ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਨਾਰ ਕੰਤ ਨਾ ਸੇਜ ਸੁਹਾਈਆ । ਨਾ ਕੋਈ ਕਲਮਾ ਨਾ ਕੋਈ ਪੂਜਾ ਨਾ ਕੋਈ ਪਾਠਾ, ਨਾ ਕੋਈ ਮੰਦਰ ਮਸਜਿਦ ਮੱਠ ਰਾਹ ਤਕਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਸਾਕਾ, ਸੱਜਣ ਸੈਣ ਨਾ ਕੋਇ ਬਣਾਈਆ । ਇਕੋ

ਮੇਲ ਕਮਲਾਪਾਤਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਰਬ ਕਲਾ ਸਮਰਾਥਾ, ਭੰਡਾਰ ਅਤੋਟ ਅਤੁੱਟ ਵਰਤਾਈਆ । ਓਸ ਵੇਲੇ ਸਭ ਦੀਆਂ ਪੂਰੀਆਂ ਕਰਾਂ ਆਸ਼ਾ, ਆਹਿਸਤਾ ਆਹਿਸਤਾ ਵੇਖ ਵਖਾਈਆ । ਗੋਪੀਆਂ ਵਾਲੀਆਂ ਰਹਿਣ ਨਾ ਦੇਵਾਂ ਰਾਸਾਂ, ਝੂਠਾ ਕਾਹਨ ਨਾ ਕੋਇ ਨਚਾਈਆ । ਤੀਰਥਾਂ ਉਤੇ ਮਾਰਨੀਆਂ ਪੈਣ ਨਾ ਵਾਟਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਕਾਇਆ ਅੰਦਰ ਦੇਵਾਂ ਵਹਾਈਆ । ਕਾਖਾ ਦੀਆਂ ਪੜ੍ਹਨੀਆਂ ਨਾ ਪੈਣ ਜਮਾਤਾਂ, ਸੋਹੰ ਅੱਖਰ ਇਕ ਸਮਝਾਈਆ । ਧਰਮ ਦਵਾਰ ਦਾ ਖੋਲ੍ਹ ਦੇ ਖਾਤਾ, ਖ਼ਤਰੇ ਵਿਚੋਂ ਬਾਹਰ ਕਢਾਈਆ । ਗੁਰ ਅਵਤਾਰ ਪੈਗ਼ੰਬਰਾਂ ਸਭ ਦਾ ਬਾਹਮੀ ਜੋੜ ਕੇ ਨਾਤਾ, ਨਾਤਵਾਂ ਸਾਰੇ ਲਵਾਂ ਉਠਾਈਆ । ਲੱਖ ਚੁਰਾਸੀ ਅੰਦਰ ਵੜ ਕੇ ਝਾਕਾਂ, ਝਾਕੀ ਭਗਤਾਂ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀਆਂ ਪੂਰੀਆਂ ਕਰੇ ਆਸਾਂ, ਖ਼ਾਹਿਸ਼ਾਂ ਖ਼ਾਸ ਆਪਣੇ ਵਿਚ ਮਿਲਾਈਆ ।



### ★ ੬ ਸਾਵਣ ਸ਼ਹਿਨਸ਼ਾਹੀ ਸੰਮਤ ੩ ਕਪੂਰ ਸਿੰਘ ਦੇ ਗ੍ਰਹਿ ਮੋਗਾ ਜ਼ਿਲਾ ਫ਼ਿਰੋਜ਼ਪੁਰ ★

ਪੁਰਖ ਅਕਾਲ ਕਹੇ ਸੁਣ ਸਤਿਗੁਰ ਸੱਚੇ, ਸ਼ਬਦੀ ਧਾਰ ਤੇਰੀ ਵਡਿਆਈਆ । ਸਤਿਜੁਗ ਦੁਲਾਰੇ ਉਠ ਅਗੰਮੀ ਬੱਚੇ, ਪਾਰਬ੍ਰਹਮ ਪਤਿਪਰਮੇਸ਼ਵਰ ਰਿਹਾ ਉਠਾਈਆ । ਭਗਤ ਸੁਹੇਲੇ ਵੇਖ ਜੋ ਦੀਨ ਦੁਨੀ ਰਾਹ ਰਹੇ ਤੱਕੇ, ਤਕਦੀਰ ਤਦਬੀਰ ਪ੍ਰਭ ਦੇ ਹੱਥ ਫੜਾਈਆ । ਸਚ ਪ੍ਰੀਤੀ ਅੰਦਰ ਫਿਰਦੇ ਨੱਸੇ, ਚਾਰ ਕੁੰਟ ਦਹਿ ਦਿਸ਼ਾ ਪੰਧ ਮੁਕਾਈਆ । ਮਿਹਰ ਮੁਹੱਬਤ ਵਿਚ ਹੰਸਮੁਖ ਹੋ ਕੇ ਹੱਸੇ, ਹਸਤੀ ਹਸਤੀ ਵਿਚੋਂ ਬਦਲਾਈਆ । ਨਿਜ ਨੇਤਰ ਲੋਚਣ ਰਾਹ ਤੱਕਣ ਅੱਖੇ, ਆਖ਼ਰ ਆਪਣੀ ਅੱਖ ਖੁਲ੍ਹਾਈਆ । ਸਚ ਦਵਾਰ ਏਕੰਕਾਰ ਬੈਠੇ ਧਰਮ ਦਵਾਰ ਪਤਣ ਪਤੇ, ਪਰਾ ਪਸੰਤੀ ਮਧਮ ਬੈਖਰੀ ਡੇਰਾ ਢਾਹੀਆ । ਅੰਮ੍ਰਿਤ ਧਾਰ ਅਗੰਮ ਅਪਾਰ ਏਕਾ ਦੱਸੇ ਰਸੇ, ਰਸਤਾ ਵਾਬਸਤਾ ਹੋ ਕੇ ਦੇਣਾ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਉਪਜਾਈਆ । ਸਤਿਜੁਗ ਸਾਚੇ ਉਠ ਦੁਲਾਰੇ, ਸ਼ਬਦੀ ਦੂਲ੍ਹਾ ਨਾਲ ਮਿਲਾਈਆ । ਲੋਕਮਾਤ ਵੇਖ ਵਿਚ ਸੰਸਾਰੇ, ਮਹਾਂਸਾਰਥੀ ਦੇਵੇ ਮਾਣ ਵਡਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਿਰਪਾ ਧਾਰੇ, ਨਰ ਨਰਾਇਣ ਨਰ ਹਰਿ ਆਪਣੀ ਦਇਆ ਕਮਾਈਆ । ਖੇਲ ਕਰਾਏ ਭਗਤ ਵਛਲ ਗਿਰਵਰ ਗਿਰਧਾਰੇ, ਗਹਿਰ ਗੰਭੀਰ ਬੇਨਜ਼ੀਰ ਅੰਤਰ ਨਿਰੰਤਰ ਪੜਦਾ ਦਏ ਉਠਾਈਆ । ਸਦੀ ਚੌਧਵੀਂ ਹਾਹਾਕਾਰੇ, ਬੀਸ ਬੀਸਾ ਨੇਤਰ ਨੈਣਾਂ ਨੀਰ ਵਹਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਦਵਾਰੇ, ਤਨ ਨਗਾਰੇ ਚੋਟ ਨਾ ਕੋਇ ਲਗਾਈਆ । ਨਿਰਮਲ ਜੋਤ ਨਾ ਜੋਤ ਜੋਤੀ ਜਗਤ ਉਜਿਆਰੇ, ਅਜ਼ਲ ਕਜ਼ਲ ਨਾ ਕੋਇ ਬਦਲਾਈਆ । ਗਾਵਤ ਗਾ ਗਾ ਦਮਾਂ ਵਾਲੇ ਜੀਵ ਹਾਰੇ, ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ਼ਾ ਇਕ ਸਮਝਾਈਆ । ਸਤਿਜੁਗ ਸਾਚੇ ਉਠ ਹੋ ਤਿਆਰ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਜਨ ਭਗਤਾਂ ਜਾ ਕੇ ਕਰ ਨਿਮਸਕਾਰ, ਬਿਨ ਸੀਸ ਸੀਸ ਝੁਕਾਈਆ । ਦਰ ਦਰਵੇਸ਼ਾ ਬਣ ਭਿਖਾਰ, ਭਿੱਖਕ ਹੋ ਕੇ ਆਪਣੀ ਝੋਲੀ ਡਾਹੀਆ । ਉਚੀ ਕੂਕ ਕੂਕ ਪੁਕਾਰ, ਸੋਹਲਾ ਢੋਲਾ ਧੁਦਰਗਾਹੀਆ । ਲਹਿਣਾ

ਦੇਣਾ ਮੂਲ ਵੇਖ ਸੰਸਾਰ, ਸੰਸਾਰੀ ਭੰਡਾਰੀ ਤੇਰੀ ਦੇਣ ਗਵਾਹੀਆ । ਸ਼ੰਕਰ ਹੋਇਆ ਖ਼ਬਰਦਾਰ, ਤ੍ਰਿਸੂਲ ਤਰਾ ਤਰਾ ਉਠਾਈਆ । ਕਰਨੀ ਦਾ ਕਰਤਾ ਖੇਲ ਕਰੇ ਕਰਤਾਰ, ਕੁਦਰਤ ਦਾ ਮਾਲਕ ਆਪਣੀ ਕਾਰ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਉੱਤਰ ਪੂਰਬ ਪੱਛਮ ਦੱਖਣ ਦੇਣਾ ਉਤਾਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਮਝਾਈਆ । ਗੁਰਮੁਖਾਂ ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਦੂਤੀ ਦੁਸ਼ਮਣ ਅੰਦਰੋਂ ਦੇਣੇ ਕਢਾਈਆ । ਇਕੋ ਸਤਿਗੁਰ ਸ਼ਬਦ ਹੋਵੇ ਪਿਆਰ, ਪੀਆ ਪ੍ਰੀਤਮ ਮਿਲੇ ਧੁਰਦਰਗਾਹੀਆ । ਜਿਸ ਦੀ ਵਿਦਿਆ ਵਿਚ ਵਿਦਤ ਪਾ ਸਕੇ ਨਾ ਕੋਈ ਸਾਰ, ਅੱਖਰਾਂ ਵਿਚ ਅੱਖ ਨਾ ਕੋਇ ਖੁਲ੍ਹਾਈਆ । ਸੋ ਸਵਾਮੀ ਅੰਤਰਜਾਮੀ ਤੈਨੂੰ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪੁਚਾਈਆ । ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਪੁਕਾਰ, ਪੁਨਹ ਪੁਨਹ ਸੀਸ ਜਗਦੀਸ਼ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕੋ ਇਕ ਸੁਣਾਈਆ । ਸਤਿਜੁਗ ਸਾਚੇ ਉਠ ਹੋ ਸਵਾਧਾਨ, ਹਰਿ ਸਤਿਗੁਰ ਆਪ ਉਠਾਈਆ । ਲੱਖ ਚੁਰਾਸੀ ਆਤਮ ਪਰਮਾਤਮ ਮੇਲ ਅਗੰਮਾ ਕਾਹਨ, ਸੁਰਤੀ ਮੇਲਾ ਹੋਵੇ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਗਾਨ, ਜਗਤ ਵਿਦਿਆ ਅਵਰ ਨਾ ਕੋਇ ਪੜ੍ਹਾਈਆ । ਕਾਇਆ ਮੰਦਰ ਨਜ਼ਰੀ ਆਏ ਹਕ਼ੀਕ਼ਤ ਵਾਲਾ ਮਕਾਨ, ਲਾਸ਼ਰੀਕ ਸ਼ਿਰਕਤ ਵਿਚੋਂ ਬਾਹਰ ਦੇਣਾ ਸਮਝਾਈਆ । ਸਚ ਸੰਦੇਸ਼ਾ ਦੇਣਾ ਇਕ ਅਮਾਮ, ਕਾਮਲ ਮੁਰਸ਼ਦ ਦੱਸਣਾ ਧੁਰਦਰਗਾਹੀਆ । ਦੋ ਜਹਾਨ ਸੁਣਾਉਣਾ ਧੁਰ ਪੈਗ਼ਾਮ, ਪੈਗ਼ੰਬਰਾਂ ਕਰ ਪੜ੍ਹਾਈਆ । ਸਤਿ ਧਰਮ ਦਾ ਝੁਲਾਉਣਾ ਇਕ ਨਿਸ਼ਾਨ, ਸਤਿ ਸਤਿਵਾਦੀ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ਼ਾ ਇਕ ਉਪਜਾਈਆ । ਸਤਿਜੁਗ ਸਾਚੇ ਉਠ ਕਰ ਦਲੇਰੀ, ਦਇਆਵਾਨ ਦਇਆ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਪਾ ਫੇਰੀ, ਫ਼ਰਮਾਂਬਰਦਾਰ ਹੋ ਕੇ ਸੇਵ ਕਮਾਈਆ । ਮਨ ਵਾਸਨਾ ਆਪਣੀ ਕਰ ਚੇਰੀ, ਚਿਰਾਂ ਦੇ ਵਿਛੜੇ ਲੈਣੇ ਮਿਲਾਈਆ । ਭਗਤ ਭਗਵਾਨ ਜਗਤ ਜਹਾਨ ਨਾ ਲਾਵਣ ਡੇਰੀ, ਡੰਡਾਵਤ ਬੰਦਨਾ ਇਕੋ ਦੇਣੀ ਦ੍ਰਿੜ੍ਹਾਈਆ । ਸਤਿ ਧਰਮ ਦੀ ਸਚ ਮਲਾਹ ਚਲਾਵੇ ਬੇੜੀ, ਨਈਆ ਨੌਕਾ ਇਕੋ ਇਕ ਪਰਗਟਾਈਆ । ਕੋਟਾਂ ਵਿਚੋਂ ਗੁਰਮੁਖ ਸਖ਼ੀ ਚੜ੍ਹੇ ਕਿਹੜੀ ਕਿਹੜੀ, ਕੂੜ ਕੁਟੰਬ ਦਾ ਨਾਤਾ ਮਾਤ ਤੁੜਾਈਆ । ਗੁਰਮੁਖਾਂ ਬਸਤਰ ਰੰਗਣੇ ਪਏ ਨਾ ਨਾਲ ਗੇਰੀ, ਗਊ ਗ਼ਰੀਬ ਨਿਮਾਣਿਆਂ ਹੋਏ ਆਪ ਸਹਾਈਆ । ਨਿਰਗੁਣ ਧਾਰ ਨਿਰਵੈਰ ਹੋ ਕੇ ਪਾਈ ਫੇਰੀ, ਨਿਰਾਕਾਰ ਹੋ ਕੇ ਕਰੇ ਰੁਸ਼ਨਾਈਆ । ਜਨ ਭਗਤਾਂ ਇਕੋ ਰੰਗ ਵਖਾਏ ਸੰਝ ਸਵੇਰੀ, ਸੰਧਿਆ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਸਤਿਜੁਗ ਸਾਚੇ ਸਚ ਦਵਾਰ ਬਣ ਕਾਮਾ, ਕਰਮਾਂ ਤੋਂ ਰਹਿਤ ਰਿਹਾ ਦ੍ਰਿੜ੍ਹਾਈਆ । ਧੁਰ ਸੰਦੇਸ਼ਾ ਦੇ ਪੈਗ਼ਾਮਾ, ਚਾਰੇ ਬਾਣੀ ਤੋਂ ਬਾਹਰ ਦੇਣਾ ਸਮਝਾਈਆ । ਜਿਸ ਕਾਰਨ ਨਿਰਗੁਣ ਧਾਰ ਪਹਿਰਿਆ ਬਾਣਾ, ਬਾਵਨ ਲਹਿਣਾ ਦੇਣਾ ਲੇਖਾ ਝੋਲੀ ਪਾਈਆ । ਸਤਿ ਸਰੂਪੀ ਹੋ ਕੇ ਰਾਮਾ, ਸੀਤਾ ਸੁਰਤੀ ਸਤਿ ਰਿਹਾ ਪਰਨਾਈਆ । ਸ਼ਬਦੀ ਧਾਰ ਬਣ ਕੇ ਕਾਹਨਾ, ਗੋਪੀ ਗੁਰ ਗੁਰ ਅੰਗ ਲਗਾਈਆ । ਨੂਰ ਨੁਰਾਨਾ ਬਣ ਅਮਾਮਾਂ, ਅਮਲਾਂ ਤੋਂ ਰਹਿਤ ਵੇਖੇ ਖ਼ਲਕ ਖ਼ੁਦਾਈਆ । ਕਲਜੁਗ ਰੈਣ ਅੰਧੇਰੀ ਮੇਟੇ ਸ਼ਾਮਾ, ਸ਼ਮਅ ਗੁਲ ਹੋਵੇ ਥਾਉਂ ਥਾਈਂਆ । ਜੋਧਾ ਸੂਰਬੀਰ ਮਰਦ ਮਰਦਾਨਾ, ਮੁੱਦਾ ਸਭ ਦਾ ਫੋਲ ਫੋਲਾਈਆ । ਨੌ ਖੰਡ

ਪ੍ਰਿਥਮੀ ਸੱਤ ਦੀਪ ਕਰੇ ਵੈਰਾਨਾ, ਵੈਰੀ ਗ੍ਰਿਹਿ ਗ੍ਰਿਹਿ ਕਰੇ ਲੜਾਈਆ । ਸਦੀ ਚੌਧਵੀਂ ਬਦਲ ਦੇਵੇ ਜ਼ਮਾਨਾ, ਨਾਮ ਜ਼ਮਾਨਤ ਸਭ ਦੀ ਜ਼ਬਤ ਕਰਾਈਆ । ਦੀਨ ਮਜ਼੍ਹਬ ਨਾ ਰਹੇ ਇਸਲਾਮਾ, ਇਸਮ ਆਜ਼ਮ ਇਕੋ ਦਏ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਦਿਸੇ ਨਾ ਕੋਇ ਬੇਗਾਨਾ, ਆਤਮ ਬ੍ਰਹਮ ਪੜਦਾ ਓਹਲਾ ਆਪ ਉਠਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣਾ ਗਾਣਾ, ਗਾ ਗਾ ਆਪਣਾ ਰੰਗ ਰੰਗਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਉਪਜਾਏ ਤਰਾਨਾ, ਤ੍ਰੀਆ ਤ੍ਰੀਮਤ ਕੂੜੀ ਧਾਰ ਦਏ ਖਪਾਈਆ । ਜਨ ਭਗਤ ਸੁਹੇਲਾ ਹੋਵੇ ਮਸਤੀ ਵਿਚ ਦੀਵਾਨਾ, ਦੀਵਾ ਬਾਤੀ ਕਮਲਾਪਾਤੀ ਇਕੋ ਇਕ ਕਰੇ ਰੁਸ਼ਨਾਈਆ । ਮੁਹੱਬਤ ਵਿਚ ਮਹਿਬੂਬ ਹੋਵੇ ਮਿਹਰਵਾਨਾ, ਮਾਲਕ ਖ਼ਾਲਕ ਪ੍ਰਿਤਪਾਲਕ ਇਕ ਗੋਸਾਈਆ । ਸਾਚੇ ਜਾਮ ਦਾ ਖੋਲ੍ਹ ਕੇ ਮੈਖ਼ਾਨਾ, ਆਬੇਹਯਾਤ ਧੁਰ ਦਾ ਜਾਮ ਦਏ ਪਿਲਾਈਆ । ਸਾਚਾ ਮਾਰਗ ਦੱਸ ਆਸਾਨਾ, ਇਨਸਾਨਾਂ ਹਿੰਸਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸਤਿਜੁਗ ਸਾਚੇ ਲੋਕਮਾਤ ਉਠ ਤੱਕ, ਤੱਕਵਾ ਇਕੋ ਇਕ ਰਖਾਈਆ । ਤੇਰੀ ਝੋਲੀ ਪਾਵੇ ਤੇਰਾ ਹਕ, ਹਕ਼ੀਕ਼ਤ ਅਗਲੀ ਦਏ ਸਮਝਾਈਆ । ਮਿਹਰਵਾਨ ਪੁਰਖ ਸਮਰਥ, ਸਮਾਂ ਸਮੇਂ ਵਿਚੋਂ ਬਦਲਾਈਆ । ਧੁਰ ਦਾ ਹੁਕਮ ਮਹਿੰਮਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਸਤਿ ਸਚ ਚਲਾਉਣਾ ਰਥ, ਰਥਵਾਹੀ ਹੋ ਕੇ ਦੇਵੇ ਮਾਣ ਵਡਿਆਈਆ । ਜਨ ਭਗਤਾਂ ਅੰਦਰੋਂ ਖੋਲ੍ਹਣੀ ਅੱਖ, ਆਖ਼ਰ ਇਕੋ ਨੂਰ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਸਾਰੇ ਗਾਉਂਦੇ ਹੋਵਣ ਜਸ, ਸਿਫ਼ਤ ਸਾਲਾਹਾਂ ਵਿਚ ਵਡਿਆਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਖੇੜਾ ਕਰਨਾ ਭੱਠ, ਅਗਨੀ ਤਤ ਜਗਤ ਵਿਕਾਰ ਦੇਣਾ ਤਪਾਈਆ । ਗੁਰਮੁਖਾਂ ਦੇ ਕੇ ਬ੍ਰਹਮ ਮਤ, ਮੇਲਾ ਸਹਿਜੇ ਦੇਣਾ ਕਰਾਈਆ । ਘਰ ਮਿਲੇ ਕਮਲਾਪਤਿ, ਪਤਿਪਰਮੇਸ਼ਵਰ ਧੁਰਦਰਗਾਹੀਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਪਤ ਲਏ ਰੱਖ, ਰੱਖਕ ਹੋ ਕੇ ਰੱਛਿਆ ਕਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਕੋਲੋਂ ਕਦੇ ਨਾ ਹੋਵੇ ਵੱਖ, ਵੱਖਰੀ ਅੱਖਰਾਂ ਤੋਂ ਪਰੇ ਕਰੇ ਪੜ੍ਹਾਈਆ ।



★ ੭ ਸਾਵਣ ਸ਼ਹਿਨਸ਼ਾਹੀ ਸੰਮਤ ੩ ਸੁਰੈਣ ਸਿੰਘ ਦੇ ਗ੍ਰਿਹਿ ਨਿਧਾਂ ਵਾਲੀ ★

ਸਤਿ ਕਹੇ ਜਨ ਭਗਤਾਂ ਪੂਰੀ ਕਰਾਂ ਮਨਸਾ, ਮਮਤਾ ਮੋਹ ਵਿਕਾਰ ਮਿਟਾਈਆ । ਸੋਹੰ ਜਾਪ ਜਪਾਵਾਂ ਹੰਸਾ, ਬੁੱਧੀ ਕਾਗ ਦਿਆਂ ਬਦਲਾਈਆ । ਭਗਤ ਭਗਵਾਨ ਬਣਾਵਾਂ ਬੰਸਾ, ਗ੍ਰਿਹਿ ਮੰਦਰ ਅੰਦਰ ਇਕੋ ਵੱਜੇ ਵਧਾਈਆ । ਮਨ ਹੰਕਾਰ ਰਹੇ ਨਾ ਕੰਸਾ, ਕੂੜੀ ਕਿਰਿਆ ਡੇਰਾ ਢਾਹੀਆ । ਕਰ ਪਰਕਾਸ਼ ਵਿਚੋਂ ਸਹੰਸਾ, ਸਹਿਜ ਗੁਣ ਦਿਆਂ ਸਮਝਾਈਆ । ਗੜ੍ਹ ਤੋੜ ਹਉਮੇ ਹੰਗਤਾ, ਹੰ ਬ੍ਰਹਮ ਭੇਵ ਖੁਲ੍ਹਾਈਆ । ਝਗੜਾ ਮੁਕਾ ਕੇ ਜਗਤ ਵਿਕਾਰੀ ਮਨ ਕਾ, ਮੰਦਰ ਸੋਹਣਾ ਇਕ ਸੁਹਾਈਆ । ਲਹਿਣਾ ਚੁਕਾਵਾਂ ਸਾਢੇ ਤਿੰਨ ਹੱਥ ਕਾਇਆ ਤਨ ਕਾ, ਤਤਵ ਤਤ ਭੇਵ ਖੁਲ੍ਹਾਈਆ । ਪਰਕਾਸ਼ ਹੋਵੇ ਆਤਮ ਬ੍ਰਹਮ ਕਾ, ਪਾਰਬ੍ਰਹਮ ਪੜਦਾ ਇਕ ਉਠਾਈਆ । ਲੇਖਾ ਮੁਕੇ ਆਵਣ ਜਾਵਣ ਲੱਖ ਚੁਰਾਸੀ ਜਨਮ ਕਾ, ਭਾਂਡਾ ਭਰਮ

ਭੌ ਭੰਨਾਈਆ । ਫਲ ਮਿਲੇ ਪ੍ਰਭ ਸਰਨਾਈ ਸਰਨ ਕਾ, ਸਰਨਗਤ ਇਕੋ ਇਕ ਵਖਾਈਆ । ਨੇਤਰ ਖੋਲ੍ਹ ਹਰਨ ਫਰਨ ਕਾ, ਫ਼ਰਮਾਂਬਰਦਾਰ ਵੇਖ ਵਖਾਈਆ । ਮਾਰਗ ਦੱਸਾਂ ਅਗੰਮੀ ਮੰਜ਼ਲ ਚੜ੍ਹਨ ਕਾ, ਪੌੜੀ ਡੰਡਾ ਇਕੋ ਇਕ ਪਰਗਟਾਈਆ । ਵਕਤ ਸੁਹੇਲਾ ਹੋਵੇ ਤੂੰ ਮੇਰਾ ਮੈਂ ਤੇਰਾ ਢੋਲਾ ਸੋਹਲਾ ਪੜ੍ਹਨ ਕਾ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਮਾਰਗ ਦੱਸ ਚਾਰ ਵਰਨ ਏਕਾ ਧਰਮ ਕਾ, ਦਰਹਮ ਬਰਹਮ ਕੂੜੀ ਕਿਰਿਆ ਦਿਆਂ ਕਰਾਈਆ । ਸਮਾਂ ਵਖਾਵਾਂ ਸਚ ਦਵਾਰੇ ਖੜਨ ਕਾ, ਬੰਦ ਕਿਵਾੜੀ ਕੁੰਡਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਸਤਿ ਕਹੇ ਮੈਂ ਦੇਵਾਂ ਸਚ ਸਬੂਤ, ਸਿਦਕ ਸਬੂਰੀ ਸਾਬਰ ਇਕ ਜਣਾਈਆ । ਭਾਗ ਲਗਾ ਕੇ ਕਾਇਆ ਮਾਟੀ ਪੰਜ ਤਤ ਕਲਬੂਤ, ਪੜਦਾ ਓਹਲਾ ਬਣ ਵਿਚੋਲਾ, ਅੰਦਰੋਂ ਦਿਆਂ ਉਠਾਈਆ । ਨਿਰਗੁਣ ਜੋਤ ਨਿਰਾਕਾਰ ਮੇਲ ਮਹਿਬੂਬ, ਮੁਹੱਬਤ ਵਿਚ ਮਹਿਵ ਆਪਣਾ ਘਰ ਵਖਾਈਆ । ਜਿਸ ਦਾ ਆਲੀਸ਼ਾਨ ਉਚ ਅਰੂਜ, ਅਰਸ਼ ਫ਼ਰਸ਼ ਸਮਝ ਕਿਸੇ ਨਾ ਆਈਆ । ਹਕੀਕੀ ਦੱਸ ਮੰਜ਼ਲ ਮਕਸੂਦ, ਮੁਕਾਮੇ ਹਕ ਹੋਏ ਰੁਸ਼ਨਾਈਆ । ਪੜ੍ਹਨਾ ਪਏ ਨਾ ਹਜ਼ਾਰਾ ਦਰੂਦ, ਹਜਰਤਾਂ ਦਾ ਲੇਖਾ ਦਿਆਂ ਚੁਕਾਈਆ । ਭਾਗ ਲਗਾ ਕੇ ਕਾਇਆ ਮਾਟੀ ਤਨ ਵਜੂਦ, ਵਜਦ ਵਿਚ ਵਸਲ ਇਕੋ ਦਿਆਂ ਕਰਾਈਆ । ਜਗਤ ਵਾਸਨਾ ਕੂੜੀ ਕਿਰਿਆ ਰਹੇ ਨਾ ਕੋਇ ਹਦੂਦ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਏਕੰਕਾਰਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜੀ ਕਿਰਿਆ ਕਰ ਨੇਸਤੋ ਨਾਬੂਦ, ਸਤਿ ਸਚ ਲਏ ਪਰਗਟਾਈਆ । ਸਤਿ ਕਹੇ ਮੈਂ ਦੇਵਾਂ ਸਾਥ ਸਗਲਾ, ਸੰਗੀ ਸਾਥੀ ਇਕੋ ਦਿਆਂ ਮਿਲਾਈਆ । ਭੇਵ ਖੁਲ੍ਹਾਵਾਂ ਪਾਰਬ੍ਰਹਮ ਬ੍ਰਹਮ ਧਾਰ ਅਗਲਾ, ਪੜਦਾ ਓਹਲਾ ਕਾਇਆ ਮੰਦਰ ਅੰਦਰ ਰਹਿਣ ਕੋਇ ਨਾ ਪਾਈਆ । ਖੋਜਣਾ ਪਏ ਨਾ ਕਿਸੇ ਟਿੱਲੇ ਪਰਬਤ ਚੋਟੀ ਜੰਗਲਾ, ਕਾਇਆ ਮੰਦਰ ਅੰਦਰ ਇਕੋ ਵੱਜੇ ਵਧਾਈਆ । ਨਾਮ ਭੰਡਾਰਾ ਬਣ ਭਿਖਾਰਾ ਪਏ ਨਾ ਮੰਗਣਾ, ਅਨਮੁੱਲੀ ਦਾਤ ਅਨਡਿੱਠੀ ਝੋਲੀ ਪਾਈਆ । ਸਚ ਪ੍ਰੀਤੀ ਚਾੜ੍ਹ ਅਗੰਮੀ ਰੰਗਣਾ, ਰੰਗਤ ਵਿਚ ਹਉਮੇ ਹੰਗਤਾ ਗੜ੍ਹ ਤੁੜਾਈਆ । ਸਚ ਦਵਾਰਾ ਸਚ ਸਵਾਮੀ ਇਕੋ ਪਏ ਲੰਘਣਾ, ਚਾਰ ਕੁੰਟ ਦਹਿ ਦਿਸ਼ਾ ਨਾ ਕੋਇ ਭਰਮਾਈਆ । ਸਚ ਪ੍ਰੀਤੀ ਚਰਨ ਧੂੜੀ ਮਸਤਕ ਟਿੱਕਾ ਲਾਵੇ ਚੰਦਨਾ, ਦੁਰਮਤ ਮੈਲ ਅੰਦਰ ਬਾਹਰ ਕਰੇ ਸਫ਼ਾਈਆ । ਵੇਲਾ ਵਕਤ ਏਥੇ ਓਥੇ ਦੋ ਜਹਾਨਾਂ ਹੋਏ ਸੁਹੰਜਣਾ, ਸੋਭਾਵੰਤ ਸ੍ਰੀ ਭਗਵੰਤ ਧੁਰ ਦਾ ਕੰਤ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਕਹੇ ਮੈਂ ਆਦਿ ਜੁਗਾਦੀ ਮੀਤਾ, ਮਿਤਰ ਪਿਆਰਾ ਏਕੰਕਾਰਾ ਇਕੋ ਦਿਆਂ ਵਖਾਈਆ । ਜੁਗ ਚੌਕੜੀ ਬਦਲਣਾ ਜਿਸ ਦੀ ਰੀਤਾ, ਰਹਿਬਰ ਹੋ ਕੇ ਰਹਜ਼ਨਾਂ ਕਰੇ ਸਫ਼ਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤ੍ਰੈਗੁਣ ਮਾਇਆ ਪੰਜ ਤਤ ਵੇਖੇ ਅੰਗੀਠਾ, ਕਾਇਆ ਮੰਦਰ ਅੰਦਰ ਭੇਵ ਅਭੇਦਾ ਆਪ ਖੁਲ੍ਹਾਈਆ । ਨਿਤ ਨਵਿਤ ਜੁਗ ਚੌਕੜੀ ਵੇਖਣਹਾਰਾ ਨੀਚਨ ਨੀਚਾ, ਊਚੋ ਊਚ ਅਗੰਮ ਅਥਾਹ ਆਪਣਾ ਵੇਸ ਵਟਾਈਆ । ਪੂਰਬ ਲਹਿਣਾ ਲੇਖ ਚੁਕਾਏ ਘਟ ਨਿਵਾਸੀ ਬਨਬਾਸੀ ਰਾਮ ਸੀਤਾ, ਸਖ਼ੀ ਕਾਹਨ ਆਪਣੀ ਕਾਰ ਕਮਾਈਆ । ਝਗੜਾ ਰਹਿਣ ਨਾ ਦੇਵੇ ਕੋਈ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਮਸੀਤਾ, ਮਸਲਾ ਅਸਲਾ ਇਕੋ ਇਕ ਪਰਗਟਾਈਆ । ਜਨ ਭਗਤਾਂ ਯਾਦ ਆਉਣ ਨਾ ਦੇਵੇ ਪਿਛਲਾ ਵਕਤ ਬੀਤਾ, ਬਾਤਨ ਵਿਚ ਬੈਤੁਲਮੁਕੱਦਸ ਧਾਮ ਇਕ ਸੁਹਾਈਆ ।


੮੨੬
੨੦

ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰ ਕੇ ਠਾਂਡਾ ਸੀਤਾ, ਅਗਨੀ ਤਤ ਕਾਇਆ ਕੱਚ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਸਚ ਕਰੇ ਬਖ਼ਸ਼ੀਸ਼ਾ, ਬਖ਼ਸ਼ਿਸ਼ ਰਹਿਮਤ ਸਹਿਮਤ ਸਹਿਮਤ ਹੋ ਕੇ ਸਮਾਂ ਆਪਣੇ ਨਾਲ ਰਖਾਈਆ ।

★ ੭ ਸਾਵਣ ਸ਼ਹਿਨਸ਼ਾਹੀ ਸੰਮਤ ੩ ਸੁਲੱਖਣ ਸਿੰਘ ਦੇ ਗ੍ਰਹਿ ਰੁਕਨਾ ਮੂੰਗਲਾ ਜ਼ਿਲਾ ਫ਼ਿਰੋਜ਼ਪੁਰ ★

ਸਤਿ ਕਹੇ ਮੈਂ ਭਗਤਾਂ ਕਰਾਂ ਹੇਤ, ਪ੍ਰਭੂ ਪ੍ਰੀਤਮ ਨਾਲ ਮਿਲਾਈਆ । ਦਰਸ ਕਰਾਵਾਂ ਨੇਤਨ ਨੇਤ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਅੰਦਰ ਵੜ ਕੇ ਦੇਵਾਂ ਭੇਤ, ਕਾਇਆ ਕਾਅਬਾ ਪੜਦਾ ਆਪ ਚੁਕਾਈਆ । ਮਨ ਵਾਸਨਾ ਕੂੜੀ ਕਿਰਿਆ ਕਰਾਂ ਖੇਤ, ਰਣਭੂਮੀ ਨਾਮ ਖੰਡਾ ਚਮਕਾਈਆ । ਤ੍ਰੈਗੁਣ ਮਾਇਆ ਲਾ ਨਾ ਸਕੇ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਸਚਖੰਡ ਦਵਾਰ ਦਸਾਵਾਂ ਇਕੋ ਦੇਸ, ਜਿਸ ਘਰ ਵਸੇ ਬੇਪਰਵਾਹੀਆ । ਨਾਮ ਨਿਧਾਨਾ ਦਏ ਸੰਦੇਸ਼, ਅੱਖਰ ਵੱਖਰ ਕਰੇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਲਿਖ ਕੇ ਲੇਖ, ਆਤਮ ਪਰਮਾਤਮ ਪਰਮਾਤਮ ਆਤਮ ਬੰਧਨ ਆਪੇ ਪਾਈਆ । ਸਤਿ ਧਰਮ ਦੀ ਸਾਚੀ ਦੱਸ ਖੇਡ, ਸਤਿਜੁਗ ਸਾਚਾ ਰਾਹ ਚਲਾਈਆ । ਚਾਰ ਵਰਨ ਅਠਾਰਾਂ ਬਰਨ ਏਕਾ ਨਾਮ ਦੱਸ ਕੇ ਰਸਨਾ ਜਿਹਵ, ਕਲਮਾ ਕਾਇਨਾਤ ਇਕ ਪੜ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੱਸ ਕੇ ਧੁਰ ਦਾ ਦੇਵੀ ਦੇਵ, ਦੇਵਤ ਸੁਰ ਜਿਸ ਨੂੰ ਸੀਸ ਝੁਕਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਮਿਲਾਵਾਂ ਸਚਖੰਡ ਨਿਵਾਸੀ ਨਿਹਕੇਵ, ਨਿਹਚਲ ਆਸਣ ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਸਤਿ ਕਹੇ ਮੈਂ ਭਗਤਾਂ ਦੱਸਾਂ ਸਤਿ, ਸਤਿ ਸਤਿਵਾਦੀ ਪ੍ਰਭੂ ਮਿਲਾਈਆ । ਅੰਤਰ ਨਿਰੰਤਰ ਦੇ ਕੇ ਬ੍ਰਹਮ ਮਤ, ਪੜਦਾ ਦੂਈ ਦਵੈਤ ਉਠਾਈਆ । ਧੀਰਜ ਸੰਤੋਖ ਦੇ ਕੇ ਸਤਿ, ਸੁਤਿਆਂ ਦੇਵਾਂ ਉਠਾਈਆ । ਸਾਚਾ ਮਾਰਗ ਇਕੋ ਦੱਸ, ਦਹਿ ਦਿਸ਼ਾ ਦੀਨ ਦੁਨੀ ਸਮਝਾਈਆ । ਜਨ ਭਗਤਾਂ ਖੋਲ੍ਹ ਕੇ ਅੰਦਰੋਂ ਅੱਖ, ਨਿਜ ਨੈਣ ਨੂਰ ਦਿਆਂ ਚਮਕਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਗਾਵਣ ਜਸ, ਢੋਲਾ ਧੁਰ ਦਾ ਸਿਫ਼ਤ ਸਾਲਾਹੀਆ । ਹਕੀਕ਼ਤ ਵਿਚੋਂ ਸਭ ਦੀ ਝੋਲੀ ਪਾਵਾਂ ਹਕ, ਹੁਕਮ ਧੁਰ ਦਾ ਇਕ ਮਨਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਸ੍ਰਿਸ਼ਟੀ ਗਈ ਥੱਕ, ਦ੍ਰਿਸ਼ਟੀ ਅੰਦਰ ਭਾਰ ਨਾ ਕੋਇ ਉਠਾਈਆ । ਸਦੀ ਚੌਧਵੀਂ ਲੇਖਾ ਦੱਸ, ਪੁਰਖ ਸਮਰਥ ਪਾਰਬ੍ਰਹਮ ਪਤਿਪਰਮੇਸ਼ਵਰ ਭੇਵ ਦਿਆਂ ਖੁਲ੍ਹਾਈਆ । ਜਿਸ ਦਾ ਸਚ ਦਵਾਰ ਇਕੋ ਇਕ ਹੱਟ, ਗੁਰ ਅਵਤਾਰ ਪੈਗ਼ੰਬਰਾਂ ਵਣਜ ਰਿਹਾ ਕਰਾਈਆ । ਸੋ ਸੱਜਣ ਸੁਹੇਲਾ ਇਕ ਇਕੇਲਾ ਏਕੰਕਾਰ ਹੋ ਪਰਗਟ, ਪਤਿਪਰਮੇਸ਼ਵਰ ਆਪਣਾ ਰੂਪ ਬਦਲਾਈਆ । ਨਾਮ ਅਗੰਮੀ ਸ਼ਬਦ ਨਿਧਾਨਾ ਮਾਰੇ ਸੱਟ, ਠੋਕਰ ਠਾਕਰ ਆਪ ਲਗਾਈਆ । ਕਲਜੁਗ ਕੂੜੀ ਕਿਰਿਆ ਹਉਮੇ ਹੰਗਤਾ ਬੁਰਜ ਜਾਵੇ ਢੱਠ, ਸਚ ਸੁਚ ਮਿਲੇ ਮਾਣ ਵਡਿਆਈਆ । ਝਗੜਾ ਰਹੇ ਨਾ ਤੀਰਥ ਅੱਠ ਸੱਠ, ਪਾਵੇ ਸਾਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰ ਗੁਰ ਗੁਰ ਪੜਦਾ ਲਾਹੀਆ । ਨਿਰਗੁਣ ਧਾਰ ਨਿਰਵੈਰ ਨਿਰੰਕਾਰ ਖੇਲ ਕਰੇ ਬਾਜ਼ੀਗਰ ਨਟ, ਸਵਾਂਗੀ ਬਹੁਰੰਗਾ ਆਪਣਾ ਖੇਲ ਵਖਾਈਆ । ਜਿਸ ਦੀ ਮਹਿੰਮਾ ਸਿਫ਼ਤ ਕਲਮਾ ਕਾਇਨਾਤ ਕੋਈ ਗਾ ਨਾ ਸਕੇ ਭੱਟ,


੮੨੭
੨੦

ਭਟਕਨਾ ਸਭ ਦੀ ਦਏ ਚੁਕਾਈਆ । ਸੰਤ ਸੁਹੇਲੇ ਗੁਰਮੁਖ ਗੁਰ ਗੁਰ ਕਰ ਇਕੱਠ, ਇਕੱਠਾ ਲਹਿਣਾ ਦੇਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ ਮਹਿੰਮਾ ਅਕਥ, ਬੋਧ ਅਗਾਧ ਬੁੱਧੀ ਤੋਂ ਪਰੇ ਕਰੇ ਪੜ੍ਹਾਈਆ ।

### ★ ੭ ਸਾਵਣ ਸ਼ਹਿਨਸ਼ਾਹੀ ਸੰਮਤ ੩ ਰਾਮ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ਛਾਉਣੀ ★

ਸਤਿਜੁਗ ਕਹੇ ਮਿਹਰਵਾਨ ਮਹਿਬੂਬ ਤੇਰੇ ਹੁਕਮੇ ਅੰਦਰ ਉਠਾਂ, ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਤੇਰੀ ਸੇਵ ਕਮਾਈਆ । ਭਗਤ ਸੁਹੇਲਾ ਇਕ ਇਕੇਲਾ ਨੌਜਵਾਨ ਮਰਦ ਮਰਦਾਨ ਹੋ ਕੇ ਤੁਠਾਂ, ਨਵ ਨੌ ਚਾਰ ਅੰਦਰ ਬਾਹਰ ਗੁਪਤ ਜ਼ਾਹਰ ਪੜਦਾ ਦਿਆਂ ਉਠਾਈਆ । ਜਾਮ ਹਕ਼ੀਕ਼ੀ ਅੰਮ੍ਰਿਤ ਰਸ ਜਨ ਭਗਤਾਂ ਦੇਵਾਂ ਬਿਨ ਘੁੱਟਾਂ, ਗਹਿਰ ਗੰਭੀਰ ਬੇਨਜ਼ੀਰ ਕਾਇਆ ਮੰਦਰ ਅੰਦਰ ਆਪ ਟਿਕਾਈਆ । ਜੋਤੀ ਸ਼ਬਦੀ ਧਾਰ ਦੋ ਜਹਾਨ ਸ੍ਰੀ ਭਗਵਾਨ ਵੇਖਾਂ ਚਾਰ ਕੁੰਟ ਧਰਨੀ ਧਰਤ ਧਵਲ ਗੁੱਠਾਂ, ਆਕਾਸ਼ ਪਰਕਾਸ਼ ਬ੍ਰਹਿਮੰਡ ਖੰਡ ਪੁਰੀ ਲੋਅ ਫੋਲ ਫੁਲਾਈਆ । ਗੁਰਮੁਖ ਗੁਰਸਿਖ ਹਰਿਜਨ ਸੰਤ ਸੁਹੇਲੇ ਸੱਜਣ ਜਾ ਜਾ ਪੁਛਾਂ, ਦਿਵਸ ਰੈਣ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਈਆ । ਸਤਿਜੁਗ ਕਹੇ ਪ੍ਰਭ ਤੇਰੇ ਹੁਕਮ ਅੰਦਰ ਜਾਵਾਂ ਨੱਸ, ਨਿਰਗੁਣ ਧਾਰ ਨਿਰਵੈਰ ਲੈ ਅੰਗੜਾਈਆ । ਗੁਰਮੁਖ ਸਾਚੇ ਸੰਤ ਜਨਾਂ ਪੂਰੀ ਕਰਾਂ ਆਸ, ਆਸਾ ਤ੍ਰਿਸ਼ਨਾ ਮਾਇਆ ਮਮਤਾ ਮੋਹ ਅੰਦਰੋਂ ਬਾਹਰ ਕਢਾਈਆ । ਆਤਮ ਪਰਮਾਤਮ ਸਾਚੇ ਮੰਡਲ ਵਖਾਵਾਂ ਤੇਰੀ ਰਾਸ, ਗੋਪੀ ਕਾਹਨ ਇਕੋ ਗ੍ਰਿਹ ਸੋਭਾ ਪਾਈਆ । ਨਿਰਗੁਣ ਜੋਤ ਬਿਨ ਵਰਨ ਗੋਤ ਕਰਾਂ ਪਰਕਾਸ਼, ਆਤਮ ਬ੍ਰਹਮ ਪਾਰਬ੍ਰਹਮ ਦਿਆਂ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਸਾਚੀ ਦੱਸ ਕੇ ਗਾਥ, ਸੋਹਲਾ ਢੋਲਾ ਬਣ ਵਿਚੋਲਾ ਇਕੋ ਇਕ ਸੁਣਾਈਆ । ਸਚ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਤੇਰਾ ਖੋਲ੍ਹਾਂ ਹਾਟ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਇਕੋ ਇਕ ਖੁਲ੍ਹਾਈਆ । ਸ਼ਾਹੋ ਭੂਪ ਸਤਿ ਸਰੂਪ ਸਚਖੰਡ ਦਵਾਰ ਦੱਸਾਂ ਤੇਰਾ ਰਾਜ, ਦਰਗਾਹ ਸਾਚੀ ਮੁਕਾਮੇ ਹਕ ਹਕ਼ੀਕ਼ਤ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਕੂੜੀ ਕਿਰਿਆ ਬਦਲ ਦੇਣਾ ਸਮਾਜ, ਸਚ ਸਮਗਰੀ ਜੋਤ ਇਕਗਰੀ ਇਕੋ ਇਕ ਪਰਗਟਾਈਆ । ਸਤਿਜੁਗ ਕਹੇ ਮੇਰੇ ਪਰਮ ਪੁਰਖ ਪਾਰਬ੍ਰਹਮ ਦੀਨ ਦਿਆਲਾ, ਦਇਆਨਿਧ ਤੇਰੀ ਇਕ ਸਰਨਾਈਆ । ਸਚਖੰਡ ਨਿਵਾਸੀ ਹੋਣਾ ਮੇਰਾ ਇਕ ਰਖਵਾਲਾ, ਰੱਖਕ ਹੋ ਕੇ ਰੱਛਿਆ ਕਰਨੀ ਥਾਉਂ ਥਾਈਂਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਹੁਕਮੇ ਅੰਦਰ ਤ੍ਰੈਗੁਣ ਮਾਇਆ ਤੋੜਾਂ ਜਗਤ ਜੰਜਾਲਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਸਤਿ ਧਰਮ ਦਾ ਸਾਚਾ ਮਾਰਗ ਦੱਸਾਂ ਰਹਿਬਰਾਂ ਰਾਹ ਸੁਖਾਲਾ, ਮਨ ਵਿਕਾਰਾ ਰਹਜ਼ਨ ਰਹਿਣ ਕੋਇ ਨਾ ਪਾਈਆ । ਧੁਰਦਰਗਾਹੀ ਬੇਪਰਵਾਹੀ ਤੇਰੀ ਨਜ਼ਰ ਆਵੇ ਇਕੋ ਧਰਮਸਾਲਾ, ਧਰਮ ਦਵਾਰ ਏਕੰਕਾਰ ਵਿਚ ਸੰਸਾਰ ਦੇਣਾ ਸਮਝਾਈਆ । ਜਿਸ ਧਾਰੋਂ ਨਿਕਲੇ ਆਦਿ ਸ਼ਕਤ ਜੋਤੀ ਜਲਵਾ ਨੂਰ ਜਵਾਲਾ, ਅਸ਼ਟਭੁਜ ਸਿੰਘ ਸਵਾਰ ਰੂਪ ਬਦਲਾਈਆ । ਗੁਰ ਅਵਤਾਰ ਪੈਗ਼ੰਬਰ


੮੨੮
੨੦

ਜਿਸ ਦਾ ਦੇਂਦੇ ਗਏ ਅਹਿਵਾਲਾ, ਅਨਰਾਗੀ ਹੋ ਕੇ ਆਪਣਾ ਰਾਗ ਅਲਾਈਆ । ਸੋ ਸਾਹਿਬ ਸਤਿਗੁਰ ਲੇਖਾ ਜਾਣੇ ਦੋ ਜਹਾਨਾਂ, ਸ੍ਰੀ ਭਗਵਾਨਾ ਆਪਣੀ ਕਾਰ ਕਮਾਈਆ । ਮੇਰੇ ਉਪਰ ਹੋਣਾ ਮਿਹਰਵਾਨਾ, ਸਤਿਜੁਗ ਸਾਚਾ ਨਿਉਂ ਨਿਉਂ ਲਾਗੇ ਪਾਈਆ । ਕਲਜੁਗ ਕੂੜੀ ਕਿਰਿਆ ਜੂਠ ਝੂਠ ਹੋਵੇ ਰਵਾਨਾ, ਧਰਨੀ ਧਰਤ ਧਵਲ ਧੌਲ ਰਹਿਣ ਕੋਇ ਨਾ ਪਾਈਆ । ਧੂੰਆਂਧਾਰ ਰਹੇ ਨਾ ਜ਼ਿਮੀਂ ਅਸਮਾਨਾ, ਏਕਾ ਜਲਵਾ ਨੂਰ ਚੰਦ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਗਾਏ ਸਾਚਾ ਗਾਣਾ, ਗਾਵਤ ਗਾਵਤ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਆਪ ਸੁਣਾਈਆ । ਸਤਿਜੁਗ ਸਾਚਾ ਕਹੇ ਮੈਂ ਤੇਰਾ ਫ਼ਰਮਾਂਬਰਦਾਰ, ਸੇਵਕ ਧੁਰ ਦਾ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤਿਆ ਵਿਚ ਸੰਸਾਰ, ਸੰਸਾਰੀ ਭੰਡਾਰੀ ਨੇਤਰ ਰੋਵਣ ਮਾਰਨ ਧਾਹੀਆ । ਗੁਰ ਅਵਤਾਰ ਪੈਗ਼ੰਬਰ ਬਣ ਭਿਖਾਰ, ਦਰ ਤੇਰੇ ਠਾਂਡੇ ਬੈਠੇ ਸੀਸ ਝੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪਾਏ ਕੋਇ ਨਾ ਸਾਰ, ਸਮਝ ਵਿਚ ਰਮਜ਼ ਨਾ ਕੋਇ ਲਗਾਈਆ । ਅੱਠ ਸੱਠ ਤੀਰਥ ਤਟ ਕਿਨਾਰ ਰਿਹਾ ਨਾ ਕੋਇ ਪਿਆਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣ ਅੱਖ ਸ਼ਰਮਾਈਆ । ਬੀਸ ਬੀਸੇ ਹਰਿ ਜਗਦੀਸੇ ਤੁਧ ਬਿਨ ਪਾਏ ਕੋਇ ਨਾ ਸਾਰ, ਕਲਜੁਗ ਕਾਇਆ ਕੱਪੜ ਦੁਰਮਤ ਮੈਲ ਨਾ ਕੋਇ ਧਵਾਈਆ । ਦੀਆ ਬਾਤੀ ਕਮਲਾਪਾਤੀ ਗ੍ਰਿਹ ਮੰਦਰ ਅੰਦਰ ਕਰੇ ਨਾ ਕੋਇ ਉਜਿਆਰ, ਜਗਤ ਅੰਧੇਰਾ ਅੰਧ ਅਗਿਆਨ ਨਾ ਕੋਇ ਮਿਟਾਈਆ । ਮੈਂ ਨੰਨ੍ਹਾਂ ਬੱਚਾ ਤੇਰਾ ਸੇਵਾਦਾਰ, ਸਤਿਜੁਗ ਸਾਚਾ ਨਿਉਂ ਨਿਉਂ ਸੀਸ ਝੁਕਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰਾ ਇਖ਼ਤਿਆਰ, ਹੁਕਮੇ ਅੰਦਰ ਹੁਕਮ ਦੇ ਬਦਲਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਦੇਣਾ ਪਰਗਟਾਈਆ । ਜਿਸ ਨੂੰ ਸਜਦਿਆਂ ਵਿਚ ਸਾਰੇ ਕਰਨ ਨਿਮਸਕਾਰ, ਨਮੋਂ ਨਮੋਂ ਸੀਸ ਜਗਦੀਸ਼ ਝੁਕਾਈਆ । ਤੇਰੇ ਹੁਕਮ ਦਾ ਹੋਵੇ ਇਕ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਤੇਰੇ ਚਰਨ ਕਵਲ ਬਲਿਹਾਰ, ਬਲ ਬਲ ਆਪਣਾ ਆਪ ਵਖਾਈਆ । ਮੰਜ਼ਲ ਮੰਜ਼ਲ ਮੁਸ਼ਕਲ ਰਹੇ ਨਾ ਕੋਈ ਵਿਚ ਸੰਸਾਰ, ਸਾਗਰ ਸਿੰਧ ਧੁਰ ਦੀ ਪਾਰ ਕਰਾਈਆ । ਕਲਜੁਗ ਕੂੜੀ ਕਿਰਿਆ ਮੇਟ ਮਾਇਆ ਮਮਤਾ ਮੋਹ ਹੱਟ ਬਾਜ਼ਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਦਰ ਠਾਂਡੇ ਮੰਗ ਮੰਗਾਈਆ । ਸਤਿਜੁਗ ਕਹੇ ਮੈਂ ਤੇਰਾ ਬੱਚਾ ਬਾਲ ਨਿਧਾਨਾ, ਬਾਲ ਅਵਸਥਾ ਸੀਸ ਨਿਵਾਈਆ । ਕਿਰਪਾ ਕਰ ਸ੍ਰੀ ਭਗਵਾਨਾ, ਤੇਰੀ ਓਟ ਤਕਾਈਆ । ਸਤਿ ਧਰਮ ਦਾ ਝੁੱਲੇ ਇਕ ਨਿਸ਼ਾਨਾ, ਨਿਸ਼ਾਨੇ ਨਸ਼ਿਆਂ ਵਾਲੇ ਬਦਲਾਈਆ । ਲੱਖ ਚੁਰਾਸੀ ਨਜ਼ਰੀ ਆ ਇਕੋ ਕਾਹਨਾ, ਸ਼ਬਦ ਬੰਸਰੀ ਧੁਨ ਕਰ ਸ਼ਨਵਾਈਆ । ਪੈਗ਼ੰਬਰਾਂ ਦਾ ਪੈਗ਼ੰਬਰ ਦੇ ਪੈਗ਼ਾਮਾ, ਧੁਰ ਕਲਾਮਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਧੁਰ ਦਰਬਾਰੇ ਦਰ ਠਾਂਡੇ ਅਲਖ ਜਗਾਈਆ । ਸਤਿਜੁਗ ਸਾਚਾ ਕਹੇ ਪੁਰਖ ਅਕਾਲ ਦੀਨ ਦਿਆਲ ਪਾ ਦੇ ਭਿੱਖਿਆ, ਦਰ ਦਰਵੇਸ਼ ਦਰ ਕੁਰਲਾਈਆ । ਸਾਚੇ ਨਾਮ ਦੀ ਦੇ ਦੇ ਸਿਖਿਆ, ਸਿੱਖ ਸਤਿਗੁਰ ਨਾਲ ਮਿਲਾਈਆ । ਜਿਹੜਾ ਲੇਖਾ ਗੋਬਿੰਦ ਬਿਨ ਅੱਖਰਾਂ ਮਾਛੂਵਾੜੇ ਲਿਖਿਆ, ਕਾਗ਼ਜ਼ ਕਲਮ ਵੰਡ ਨਾ ਕੋਇ ਵੰਡਾਈਆ । ਉਹ ਨਿਰਗੁਣ ਧਾਰ ਵਖਾ ਦੇ ਅਗੰਮੀ ਚਿਟਿਆ, ਜਿਸ ਦਾ ਮਜ਼ਮੂਨ ਕਾਨੂੰਨ ਵਿਚ ਨਾ

ਕੋਇ ਪਰਗਟਾਈਆ । ਬਿਨ ਤੇਰੀ ਕਿਰਪਾ ਚਾਰ ਜੁਗ ਕਿਸੇ ਨਾ ਦਿਸਿਆ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਕੇ ਨਾ ਕੋਇ ਸਮਝਾਈਆ । ਸੋ ਅੰਤ ਅਖੀਰ ਬੇਨਜ਼ੀਰ ਜਨ ਭਗਤਾਂ ਦੇ ਹਿੱਸਿਆ, ਹਸਤੀ ਵਿਚ ਮਸਤੀ ਆਪਣਾ ਨਾਮ ਰਖਾਈਆ । ਕਰਵਟ ਲੈ ਬਦਲ ਲੈ ਪਿਠਿਆ, ਸਨਮੁਖ ਹੋ ਕੇ ਜਲਵਾ ਨੂਰ ਕਰ ਰੁਸ਼ਨਾਈਆ । ਬਿਨ ਤੇਰੀ ਕਿਰਪਾ ਕਲਜੁਗ ਅੰਤ ਅਖ਼ੀਰ ਨਾ ਜਾਏ ਨਜਿੱਠਿਆ, ਲਹਿਣਾ ਦੇਣਾ ਦੇਣਾ ਲੈਣਾ ਸਕੇ ਨਾ ਕੋਇ ਮੁਕਾਈਆ । ਤੂੰ ਪੁਰਖ ਅਕਾਲ ਸਮਰਥ ਸਵਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦਾ ਪਿਤਿਆ, ਪਤਤ ਉਧਾਰਨ ਇਕੋ ਨਜ਼ਰੀ ਆਈਆ । ਜਗਤ ਬਾਜ਼ਾਰ ਹੱਟ ਕਦੇ ਨਾ ਵਿਕਿਆ, ਕਰਤੇ ਤੇਰੀ ਕੀਮਤ ਕੋਇ ਨਾ ਪਾਈਆ । ਤੇਰਾ ਖੇਲ ਸਦਾ ਅਨਡਿੱਠਿਆ, ਜਗ ਨੇਤਰ ਸਕੇ ਨਾ ਕੋਇ ਦਰਸਾਈਆ । ਧੁਰਦਰਗਾਹੀ ਬਣ ਮਿਤਿਆ, ਮਿਤਰ ਪਿਆਰੇ ਸਾਂਝੇ ਯਾਰੇ ਹਰੀ ਦਵਾਰੇ ਆਪਣਾ ਰੰਗ ਰੰਗਾਈਆ । ਜਨ ਭਗਤਾਂ ਸਾਚੇ ਸੰਤਾਂ ਸਤਿ ਧਰਮ ਦੀ ਪਾ ਭਿੱਛਿਆ, ਵਸਤ ਅਮੋਲਕ ਨਾਮ ਨਿਧਾਨਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਮੁਕਾਉਣਾ ਵੱਡਿਆਂ ਨਿੱਕਿਆਂ, ਲੇਖੇ ਵਿਚੋਂ ਲੇਖਾ ਆਪਣਾ ਦੇਣਾ ਸਮਝਾਈਆ ।

### ★ ੮ ਸਾਵਣ ਸ਼ਹਿਨਸ਼ਾਹੀ ਸੰਮਤ ੩ ਗੁਰਦੇਵ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ਛਾਉਣੀ ★

ਸਤਿਜੁਗ ਕਹੇ ਸਾਚੀ ਦੇ ਧਰਮ ਦੀ ਦਾਤ, ਦੋ ਜਹਾਨਾਂ ਮਿਲੇ ਮਾਣ ਵਡਿਆਈਆ । ਕਲਜੁਗ ਮੇਟਾਂ ਅੰਧੇਰੀ ਰਾਤ, ਕੂੜੀ ਕਿਰਿਆ ਅੰਦਰ ਕਰ ਰੁਸ਼ਨਾਈਆ । ਧੁਰ ਦਾ ਨਾਮ ਪਰਗਟਾਵਾਂ ਸਾਚ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਭਾਗ ਲੱਗੇ ਕਾਇਆ ਮਾਟੀ ਕਾਚ, ਕੰਚਨ ਗੜ੍ਹ ਸਾਢੇ ਤਿੰਨ ਹੱਥ ਸੋਭਾ ਪਾਈਆ । ਆਤਮ ਪਰਮਾਤਮ ਇਕੋ ਨਜ਼ਰੀ ਆਏ ਨਾਤ, ਜਗਤ ਵਰਨ ਬਰਨ ਨਾ ਕੋਇ ਲੜਾਈਆ । ਸਚ ਪ੍ਰੀਤੀ ਧੁਰਦਰਗਾਹ ਜੁੜੇ ਨਾਤ, ਪਤਿਪਰਮੇਸ਼ਵਰ ਮਿਲੇ ਬੇਪਰਵਾਹੀਆ । ਜੋ ਗੁਰ ਅਵਤਾਰ ਪੈਗ਼ੰਬਰ ਜੁਗ ਚੌਕੜੀ ਗਏ ਆਖ, ਅੱਖਰਾਂ ਵਿਚ ਤੇਰੀ ਸਿਫ਼ਤ ਸਾਲਾਹੀਆ । ਸੋ ਖੇਲ ਵਖਾਵਾਂ ਸਾਖਿਆਤ, ਸਾਹਿਬ ਸਤਿਗੁਰ ਤੇਰਾ ਨੂਰ ਹੋਵੇ ਰੁਸ਼ਨਾਈਆ । ਜਨ ਭਗਤਾਂ ਮਿਲੇ ਆਬੇਹਯਾਤ, ਸੂਫ਼ੀ ਸੰਤ ਫ਼ਕੀਰਾਂ ਫ਼ਿਕਰਾ ਇਕੋ ਇਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਪੂਰੀ ਕਰ ਆਸ, ਆਹਿਸਤਾ ਆਹਿਸਤਾ ਦਰ ਠਾਂਡੇ ਮੰਗ ਮੰਗਾਈਆ । ਹੋਵੇ ਪਰਕਾਸ਼ ਪ੍ਰਿਥਮੀ ਆਕਾਸ਼, ਤ੍ਰੈਲੋਕ ਸਲੋਕ ਇਕ ਸੁਣਾਈਆ । ਸਾਚੇ ਮੰਡਲ ਸੁਹੰਜਣੀ ਹੋਵੇ ਰਾਸ, ਗੋਪੀ ਕਾਹਨ ਸੁਰਤੀ ਸ਼ਬਦੀ ਵੱਜੇ ਨਾਦ, ਹਉਂ ਬਾਲਕ ਹਉਂ ਹਾਂ ਤੇਰਾ ਦਾਸ, ਯਾਚਕ ਹੋ ਕੇ ਧਰਮ ਦੀ ਸੇਵ ਕਮਾਈਆ । ਸਾਚੀ ਮੰਜ਼ਲ ਵੇਖਾਂ ਚੜ੍ਹ ਕੇ ਘਾਟ, ਤਟ ਕਿਨਾਰਾ ਇਕੋ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਨਾਉਂ ਨਿਰੰਕਾਰਾ ਉਪਜੇ ਸਾਚੀ ਗਾਥ, ਗਹਿਰ ਗੰਭੀਰ ਬੇਨਜ਼ੀਰ ਇਕੋ ਹੁਕਮ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਤੇਰੀ ਆਸ ਰਖਾਈਆ । ਸਤਿਜੁਗ ਕਹੇ ਪ੍ਰਭ ਪਰਮ ਪੁਰਖ ਚਾੜ੍ਹ ਰੰਗ, ਰੰਗਤ ਅਗਲੀ ਦੇ ਵਖਾਈਆ । ਭੇਵ ਖੁਲ੍ਹਾ ਬ੍ਰਹਮ ਹੰ, ਹੰਗਤਾ ਅੰਦਰੋਂ ਗੜ੍ਹ ਤੁੜਾਈਆ । ਨਿਰਗੁਣ ਧਾਰ ਨਿਰਗੁਣ ਹੋਵੇ ਸੰਗ, ਦੋ ਜਹਾਨਾਂ ਸੰਗ ਬਣਾਈਆ । ਨਾਮ ਨਿਧਾਨ ਵੱਜੇ

ਮਰਦੰਗ, ਧੁਨੀ ਨਾਦ ਕਰੇ ਸ਼ਨਵਾਈਆ । ਦੂਈ ਦਵੈਤ ਭਰਮਾਂ ਢਾਹ ਕੰਧ, ਕੰਚਨ ਗੜ੍ਹ ਬੰਕ ਦੇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟ ਸਬਾਈ ਜਣਾ ਛੰਦ, ਸਹਿਸਾ ਰੋਗ ਰਹੇ ਨਾ ਰਾਈਆ । ਬਿਨ ਰਸਨਾ ਜੇਹਵਾ ਬੱਤੀ ਦੰਦ ਦੇ ਅਨੰਦ, ਅੰਤਰ ਆਤਮ ਆਪਣਾ ਰਸ ਚਖਾਈਆ । ਕਰਵਟ ਲੈ ਬਦਲ ਕੇ ਕੰਡ, ਸਨਮੁਖ ਹੋ ਕੇ ਸਤਿ ਸਰੂਪ ਕਰ ਸ਼ਨਵਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਪਾ ਠੰਡ, ਕਲਜੁਗ ਵਿਚ ਅਗਨੀ ਤਤ ਨਾ ਕੋਇ ਤਪਾਈਆ । ਸਤਿ ਧਰਮ ਕਹੇ ਇਕੋ ਤੇਰੇ ਨਾਮ ਦੀ ਹੋਵੇ ਸੁਗੰਧ, ਚਾਰ ਕੁੰਟ ਦਹਿ ਦਿਸ਼ਾ ਇਕ ਮਹਿਕਾਈਆ । ਨਿਜ ਆਤਮ ਦੇ ਆਪਣਾ ਅਨੰਦ, ਅਨੰਦ ਇਕੋ ਇਕ ਵਖਾਈਆ । ਨਿਰਮਲ ਜੋਤ ਚਮਕੇ ਚੰਦ, ਕਲਜੁਗ ਅੰਧ ਅੰਧੇਰ ਦੇਣਾ ਮਿਟਾਈਆ । ਤੇਰਾ ਖੇਲ ਵੇਖਾਂ ਵਿਚ ਵਰਭੰਡ, ਬ੍ਰਹਿਮੰਡ ਵੱਜੇ ਵਧਾਈਆ । ਸਚ ਦਵਾਰ ਏਕੰਕਾਰ ਆਪਣਾ ਲੰਘ, ਨੌ ਦਵਾਰ ਖ਼ਾਕੀ ਮਾਟੀ ਡੇਰਾ ਢਾਹੀਆ । ਸੁਰਤ ਸਵਾਣੀ ਹੋਣ ਨਾ ਦੇਵੀਂ ਰੰਡ, ਕੰਤ ਸੁਹਾਗੀ ਆਪਣੀ ਦਇਆ ਕਮਾਈਆ । ਦੀਨ ਦਿਆਲ ਸਾਹਿਬ ਬਣ ਬਖ਼ਸ਼ੰਦ, ਰਹਿਮਤ ਮੇਰੀ ਝੋਲੀ ਪਾਈਆ । ਸਤਿਜੁਗ ਕਹੇ ਸਤਿ ਦਵਾਰ ਭਿਖਾਰੀ ਹੋ ਕੇ ਰਿਹਾ ਮੰਗ, ਮਾਂਗਤ ਹੋ ਕੇ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੂਰੇ ਸਰਬੰਗ ਸਾਹਿਬ ਸੁਲਤਾਨ ਜਗਤ ਜਹਾਨ ਤੇਰੀ ਓਟ ਤਕਾਈਆ ।

## ★ ੨੯ ਸਾਵਣ ਸ਼ਹਿਨਸ਼ਾਹੀ ਸੰਮਤ ੩ ਦਿੱਲੀ ਦਰਬਾਰ ਵਿਖੇ ★



ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸੇਵਕ ਉਸ ਦੇ, ਜਿਸ ਦੀ ਉਸਤਤ ਜੁਗ ਚੌਕੜੀ ਨਿਰਗੁਣ ਸਰਗੁਣ ਧਾਰ ਪਰਗਟਾਈਆ । ਰੂਪ ਧਰਦੇ ਰਹੇ ਜੋਤੀ ਧਾਰ ਸ਼ਬਦੀ ਸੁਤ ਦੇ, ਧੁਰ ਫ਼ਰਮਾਨਾ ਦੋ ਜਹਾਨਾਂ ਸ਼ਬਦ ਨਿਸ਼ਾਨਾ ਇਕ ਸਮਝਾਈਆ । ਏਥੇ ਓਥੇ ਰਹੇ ਪੁਛਦੇ, ਨਰ ਨਿਰੰਕਾਰ ਅੱਗੇ ਨਿਰਗੁਣ ਧਾਰ ਸੀਸ ਨਿਵਾਈਆ । ਕਿਸ ਬਿਧ ਨਵ ਨੌ ਚਾਰ ਪੈਂਡੇ ਮੁੱਕਦੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਪੜਦੇ ਉਹਲੇ ਰਹਿਣ ਕੋਇ ਨਾ ਲੁਕ ਦੇ, ਭੇਵ ਅਭੇਦਾ ਅਛਲ ਅਛੇਦਾ ਦੇ ਖੁਲ੍ਹਾਈਆ । ਕਾਇਆ ਮਾਟੀ ਭਾਂਡੇ ਵੇਖ ਸਚ ਦੇ, ਸਚ ਸੰਜਮ ਇਕ ਸਮਝਾਈਆ । ਮਾਇਆ ਮਮਤਾ ਮੋਹ ਵਿਕਾਰਾ ਜੀਵ ਜਹਾਨ ਰਹੇ ਕੁੱਠਦੇ, ਅਗਨੀ ਤਤ ਤੱਤ ਵਜੂਦ ਵਿਚ ਜਲਾਈਆ । ਮਨ ਹੋ ਕੇ ਲੱਖ ਚੁਰਾਸੀ ਵਿਚੋਂ ਤੇਰੇ ਨਾਲ ਰਹੇ ਰੁੱਸਦੇ, ਆਤਮ ਪਰਮਾਤਮ ਨਾਤਾ ਨਾ ਕੋਇ ਜੁੜਾਈਆ । ਆਪਣੀ ਕਰਨੀ ਆਪਣੇ ਵਿਚੋਂ ਲੁੱਟਦੇ, ਮਨ ਹੰਕਾਰੀ ਵਿਕਾਰੀ, ਆਪਣੇ ਨਾਲ ਮਿਲਾਈਆ । ਝਗੜੇ ਮੇਟੇ ਨਾ ਕੋਇ ਤੇਰੇ ਵਿਛੋੜੇ ਦੁੱਖ ਦੇ, ਦਰਦੀਆਂ ਦਰਦ ਨਾ ਕੋਇ ਗਵਾਈਆ । ਕਿਉਂ ਜਾਮੇਂ ਬਦਲਦੇ ਰਹੇ ਮਨੁੱਖ ਦੇ, ਦੇਵਤ ਮਾਨਵ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੋ ਦੇਣਾ ਸਾਚਾ ਵਰ, ਦਰਗਾਹ ਸਾਚੀ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਨੂਰ ਓਸ ਅਲਾਹ ਦੇ, ਜੋ ਅੱਲਾ ਆਲਮੀਨ ਅਖਵਾਈਆ । ਅਸੀਂ ਵਣਜਾਰੇ ਆਦਿ ਜੁਗਾਦਿ ਸਿਫ਼ਤ ਸਾਲਾਹ ਦੇ, ਢੋਲੇ ਮਹਿੰਮਾ ਰਾਗਾਂ ਨਾਦਾਂ ਵਿਚ ਗਾਈਆ । ਵਣਜਾਰੇ ਬਣੇ ਰਹੇ ਨਿਰਗੁਣ ਧਾਰ ਜਗਤ ਮਲਾਹ ਦੇ, ਜੋ ਨਈਆ ਨੌਕਾ ਆਪਣਾ ਨਾਮ ਚਲਾਈਆ । ਖਾਦਮ ਸੇਵਕ ਹੋ ਕੇ ਆਪਣੇ ਬੇਪਰਵਾਹ ਦੇ, ਜੋ ਪਾਰਬ੍ਰਹਮ ਬ੍ਰਹਮ ਆਪਣੀ ਸੇਵਾ ਰਿਹਾ ਲਗਾਈਆ । ਮਾਲਕ

ਬਣਦੇ ਰਹੇ ਦੀਨਾਂ ਮਜ਼੍ਹਬਾਂ ਵਾਲੇ ਰਾਹ ਦੇ, ਰਹਿਬਰ ਹੋ ਕੇ ਰਸਤਿਆਂ ਵੰਡ ਵੰਡਾਈਆ । ਭਿਖਾਰੀ ਬਣੇ ਰਹੇ ਧੁਰਦਰਗਾਹੀ ਅਗੰਮੀ ਸ਼ਾਹ ਦੇ, ਜੋ ਸ਼ਹਿਨਸ਼ਾਹ ਦੇਵਣਹਾਰ ਇਕ ਅਖਵਾਈਆ । ਰਾਗ ਸੁਣਾਉਂਦੇ ਰਹੇ ਓਸ ਦੇ ਰਾਹ ਦੇ, ਜੋ ਨਾਉਂ ਨਿਰੰਕਾਰਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਓਸੇ ਦੀ ਧਾਰ, ਜੋ ਧੁਰ ਦਾ ਮਾਲਕ ਇਕ ਅਖਵਾਇੰਦਾ । ਜਿਸ ਦਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵੇਸ ਵਟਾਇੰਦਾ । ਨਿਰਗੁਣ ਸਰਗੁਣ ਲਏ ਅਵਤਾਰ, ਤ੍ਰੈਗੁਣ ਅਤੀਤਾ ਭੇਵ ਮਿਟਾਇੰਦਾ । ਜਿਸ ਦੀ ਮਹਿੰਮਾ ਕਾਗ਼ਜ਼ ਕਲਮ ਨਾ ਲਿਖਣਹਾਰ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਇੰਦਾ । ਸੋ ਸਵਾਮੀ ਅੰਤਰਜਾਮੀ ਆਤਮ ਪਰਮਾਤਮ ਸਾਚਾ ਯਾਰ, ਨਾਤਾ ਇਕੋ ਇਕ ਵਖਾਇੰਦਾ । ਜੁਗ ਚੌਕੜੀ ਕਰਦੇ ਆਏ ਇਜ਼ਹਾਰ, ਸਿਫ਼ਤਾਂ ਨਾਲ ਸਿਫ਼ਤੀ ਸਿਫ਼ਤ ਸਾਲਾਹਿੰਦਾ । ਜਗਤ ਧਾਰ ਕਰਾ ਕੇ ਆਏ ਅਧਾਰ, ਵਿਵਹਾਰ ਵਿਚ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲਏ ਅਵਤਾਰ, ਨਿਰਾਕਾਰ ਆਪਣਾ ਰੂਪ ਵਟਾਇੰਦਾ । ਆਪਣੇ ਹੱਥ ਲਏ ਅਖਤਿਆਰ, ਅਖ਼ਤਰ ਬਖ਼ਤਰ ਦੁਖ਼ਤਰ ਨਜ਼ਰ ਕੋਇ ਨਾ ਆਇੰਦਾ । ਜਨਨੀ ਜਣ ਨਾ ਸਕੇ ਵਿਚ ਸੰਸਾਰ, ਸੰਸਾਰੀ ਭੰਡਾਰੀ ਦਰ ਸੀਸ ਨਿਵਾਇੰਦਾ । ਲੇਖਾ ਲੇਖ ਕਰੇ ਆਪਣੇ ਸਚ ਦਰਬਾਰ, ਧੁਰ ਦਰਬਾਰਾ ਏਕੰਕਾਰਾ ਇਕੋ ਇਕ ਪਰਗਟਾਇੰਦਾ । ਜਿਸ ਦੀ ਜਗਤ ਵਿਦਿਆ ਕੋਇ ਨਾ ਪਾਵੇ ਸਾਰ, ਮਹਾਂਸਾਰਥੀ ਆਪਣਾ ਖੇਲ ਖਿਲਾਇੰਦਾ । ਭਗਤ ਵਛਲ ਬਣ ਗਿਰਧਾਰ, ਗਹਿਰ ਗੰਭੀਰ ਬੇਨਜ਼ੀਰ ਆਪਣਾ ਰੰਗ ਰੰਗਾਇੰਦਾ । ਉੱਤਰ ਪੂਰਬ ਪੱਛਮ ਦੱਖਣ ਚਾਰ ਕੁੰਟ ਦਹਿ ਦਿਸ਼ਾ ਪਾਵੇ ਸਾਰ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਇੰਦਾ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਅੰਤ ਕੰਤ ਭਗਵੰਤ ਚਰਨ ਕਵਲ ਨਿਮਸਕਾਰ, ਨਮਸਤੇ ਵਿਚ ਰਸਤੇ ਸਭ ਦੇ ਆਪ ਬਦਲਾਇੰਦਾ । ਏਕਾ ਹੁਕਮ ਦੱਸੇ ਧੁਰ ਦਰਬਾਰ, ਦਰਗਾਹ ਸਾਚੀ ਕਰਨੀ ਕਾਰ ਆਪਣੇ ਹੱਥ ਰਖਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰ, ਉਜਰਤ ਲੇਖਾ ਸਭ ਦਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਕਰ ਕੇ ਆਰ ਪਾਰ, ਹੁਕਮੇ ਅੰਦਰ ਇਕ ਸਿਕਦਾਰ, ਸ਼ਾਹੋ ਸ਼ਾਹ ਆਪ ਪਰਗਟਾਇੰਦਾ ।

### ★ ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਸਚਖੰਡ ਦਵਾਰ ਦਰਗਾਹ ਵੇਖੇ ਧੁਰ, ਧੁਰਦਰਗਾਹੀ ਬੇਪਰਵਾਹੀ ਆਪ ਜਣਾਇੰਦਾ । ਅਵਤਾਰ ਪੈਗ਼ੰਬਰ ਉਠੇ ਗੁਰ, ਗਹਿਰ ਗੰਭੀਰ ਬੇਨਜ਼ੀਰ ਧੁਰ ਫ਼ਰਮਾਨਾ ਇਕ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਅੰਗੜਾਈ ਲਉ ਦੇਵਤ ਸੁਰ, ਸਾਹਿਬ ਸੁਲਤਾਨ ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਆਪ ਜਗਾਇੰਦਾ । ਸ਼ਬਦ ਅਗੰਮੀ ਵੇਖੇ ਚੜ੍ਹ ਕੇ ਘੋੜ, ਦੋ ਜਹਾਨਾਂ ਮਰਦ ਮਰਦਾਨਾ ਪੜਦਾ ਆਪ ਉਠਾਇੰਦਾ । ਤੱਕੋ ਖੇਲ ਨਿਰਾਲਾ ਅੰਤਮ ਹੋਰ, ਹਰਿ ਕਰਤਾ ਕਰਨੀ ਦਾ ਮਾਲਕ ਪ੍ਰਿਤਪਾਲਕ ਖ਼ਾਲਕ ਆਪਣਾ ਪੜਦਾ ਆਪ ਚੁਕਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ

੮੩੨
੨੦

ਧਾਰ ਜਿਸ ਦੇ ਹੁਕਮੇ ਅੰਦਰ ਡੋਰ, ਨਿਰਵੈਰ ਨਿਰਾਕਾਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪ ਸੁਣਾਇੰਦਾ । ਪੈਗ਼ੰਬਰ ਗੁਰ ਵੇਖੇ ਬਿਨਾ ਅੱਖਾਂ ਅਵਤਾਰ, ਹਰਿ ਅਵਤਰੀ ਆਪ ਜਣਾਇੰਦਾ । ਜੁਗ ਚੌਕੜੀ ਲਹਿਣਾ ਦੇਣਾ ਰਿਹਾ ਉਤਾਰ, ਲੇਖਾ ਅਵਰ ਰਹੇ ਨਾ ਰਾਈਆ । ਸ਼ਬਦੀ ਸ਼ਬਦ ਸੁਣੇ ਜੈਕਾਰ, ਧੁਨ ਅਗੰਮੀ ਆਪ ਪਰਗਟਾਈਆ । ਜਿਸ ਦਾ ਕਾਤਬ ਬਣੇ ਨਾ ਕੋਇ ਲਿਖਾਰ, ਕਾਗ਼ਜ਼ ਕਲਮ ਸ਼ਾਹੀ ਨਾ ਕੋਇ ਵਡਿਆਈਆ । ਸਿਫ਼ਤਾਂ ਵਿਚ ਨਾ ਕੋਇ ਇਜ਼ਹਾਰ, ਕਥਨੀ ਕਥ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਸ੍ਰੀ ਭਗਵੰਤ, ਹਰਿ ਕਰਤਾ ਵਡ ਵਡਿਆਈਆ । ਲੇਖ ਜਣਾਏ ਧੁਰ ਦਾ ਕੰਤ, ਕੰਤ ਕੰਤੂਹਲ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰੋ ਜਿਸ ਬਣਾਈ ਤੁਹਾਡੀ ਬਣਤ, ਘੜਨ ਭੰਨਣਹਾਰ ਆਪਣੇ ਹੱਥ ਰੱਖੇ ਵਡਿਆਈਆ । ਜਿਸ ਦਾ ਢੋਲਾ ਨਾਮ ਗਾਉਂਦੇ ਆਏ ਜੁਗਾ ਜੁਗੰਤ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੰਦੇਸ਼ਾ ਰਾਗ ਅਲਾਈਆ । ਭੇਵ ਖੁਲ੍ਹਾਉਂਦੇ ਆਏ ਮਣੀਆਂ ਮੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਉਠੋ ਵੇਖੋ ਗੁਰੂ ਅਵਤਾਰ ਪੈਗ਼ੰਬਰਾਂ ਰਿਹਾ ਸੁਣਾਈਆ । ਕਲਜੁਗ ਬਦਲਦੀ ਜਾਏ ਧਾਰ, ਧਰਨੀ ਧਰਤ ਧਵਲ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਕਰੇ ਖੇਲ ਅਗੰਮ ਅਪਾਰ, ਅਪਰੰਪਰ ਸਵਾਮੀ ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਸਭ ਦਾ ਰਿਹਾ ਵਿਚਾਰ, ਨਿਹਕਰਮੀ ਹੋ ਕੇ ਕਰਮਾਂ ਕਰੇ ਸਫ਼ਾਈਆ । ਲੇਖਾ ਜਾਣੇ ਧੁਰ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਰਿਹਾ ਦ੍ਰਿੜਾਈਆ । ਸਚ ਸੰਦੇਸ਼ਾ ਦੇਵੇ ਇਕ ਇਕੱਲਾ, ਏਕੰਕਾਰ ਵੱਡੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਵੇਖੋ ਮੇਰਾ ਸਚ ਮਹੱਲਾ, ਚਾਰ ਦੀਵਾਰੀ ਛੱਪਰ ਛੰਨ ਸ਼ਹਿਨਸ਼ਾਹ ਨਾ ਕੋਇ ਬਣਾਈਆ । ਦੀਪਕ ਜੋਤੀ ਧਾਰ ਵਿਚੋਂ ਬਲਾ, ਬਲਧਾਰੀ ਰਿਹਾ ਪਰਗਟਾਈਆ । ਨਿਤ ਨਵਿਤ ਖੇਲ ਕਰਦਾ ਰਿਹਾ ਅਛਲ ਅਛੱਲਾ, ਚਾਰ ਜੁਗ ਸਮਝ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਨਿਰਗੁਣ ਧਾਰ ਸਭ ਨਾਲੋਂ ਛੁਡਾ ਕੇ ਪੱਲਾ, ਪਿਛਲੀ ਰੀਤੀ ਰਿਹਾ ਬਦਲਾਈਆ । ਸ਼ਬਦੀ ਹੁਕਮ ਸੁਣਾ ਕੇ ਇਕੋ ਹੱਲਾ, ਹਾਲਤ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰੋ ਉਠੋ ਵੇਖੋ ਕਰ ਧਿਆਨ, ਹਰਿ ਧਿਆਨੀ ਆਪ ਜਣਾਈਆ । ਮੇਰੇ ਧਰਮ ਦਾ ਵੇਖੋ ਨਿਸ਼ਾਨ, ਨਿਸ਼ਾਨੀ ਰਿਹਾ ਬਦਲਾਈਆ । ਸਖ਼ੀਆਂ ਵੇਖੋ ਮਿਲਦਾ ਕਾਹਨ, ਮਿਹਰਵਾਨ ਮਹਿਬੂਬ ਇਕ ਗੁਸਾਈਆ । ਜਿਹੜਾ ਬੋਲੇ ਨਾ ਕਦੇ ਰਸਨਾ ਨਾਲ ਜ਼ਬਾਨ, ਬੱਤੀ ਦੰਦ ਨਾ ਕੋਇ ਹਿਲਾਈਆ । ਜਿਸ ਦਾ ਇਸ਼ਟ ਧਰਮ ਨਾ ਕੋਇ ਈਮਾਨ, ਸਜਦਾ ਸੀਸ ਨਾ ਕੋਇ ਝੁਕਾਈਆ । ਅੰਕੜਿਆਂ ਵਿਚ ਲਾ ਸਕੇ ਨਾ ਕੋਇ ਮੀਜ਼ਾਨ, ਹਿੰਦਸਿਆਂ ਵੰਡ ਨਾ ਕੋਇ ਵੰਡਾਈਆ । ਸੋ ਖੇਲ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਹੋਏ ਹੈਰਾਨ, ਹੈਰਾਨੀ ਸਭ ਦੇ ਅੰਦਰ ਆਈਆ । ਕੀ ਖੇਲ ਹੋਇਆ ਵਿਚ ਜਹਾਨ, ਲੋਕਮਾਤ ਵੱਜੀ ਵਧਾਈਆ । ਪੁਰਖ ਅਕਾਲ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸਭ ਦਾ ਬਦਲ ਦਿਤਾ ਵਿਧਾਨ, ਵਾਧਾ ਆਪਣਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੮੩੩
੨੦

ਕਿਰਪਾ ਕਰ, ਕਰਨੀ ਦਾ ਕਰਤਾ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਖੋਲ੍ਹੇ ਅੱਖ, ਆਖ਼ਰ ਆਪ ਜਣਾਈਆ । ਪ੍ਰਭ ਦਾ ਖੇਲ ਵੇਖੇ ਪਰਤੱਖ, ਪਾਰਬ੍ਰਹਮ ਰਿਹਾ ਦ੍ਰਿੜਾਈਆ । ਜਗਤ ਨਜ਼ਾਰਾ ਤੱਕੇ ਸਚ, ਸਚ ਦਿਆਂ ਸਮਝਾਈਆ । ਲੂੰ ਲੂੰ ਅੰਦਰ ਗਿਆ ਰਚ, ਜਨ ਭਗਤਾਂ ਡੇਰਾ ਲਾਈਆ । ਹਕ਼ੀਕ਼ਤ ਦੱਸ ਕੇ ਹਕ, ਹੁਕਮ ਦਿਤਾ ਸੁਣਾਈਆ । ਇਕੋ ਮੰਨਣਾ ਪੁਰਖ ਸਮਰਥ, ਦੂਜਾ ਇਸ਼ਟ ਨਾ ਕੋਇ ਵਡਿਆਈਆ । ਨਾਮ ਭੰਡਾਰਾ ਦੇ ਕੇ ਹੱਟ, ਖ਼ਾਲੀ ਦਿਤੇ ਭਰਾਈਆ । ਸ਼ਬਦ ਅਗੰਮੀ ਲਾ ਕੇ ਸੱਟ, ਸੁੱਤੇ ਲਏ ਉਠਾਈਆ । ਦੁਰਮਤ ਮੈਲ ਕਟ, ਪਤਤ ਪੁਨੀਤ ਦਏ ਬਣਾਈਆ । ਮਾਇਆ ਮਮਤਾ ਮਿਟਾ ਕੇ ਹੱਦ, ਘਰ ਸਾਚਾ ਇਕ ਵਖਾਈਆ । ਸ੍ਰੀ ਭਗਵਾਨ ਬਣਾ ਯਦ, ਜਨ ਭਗਤ ਲਏ ਬਣਾਈਆ । ਆਪਣੇ ਹੁਕਮੇ ਅੰਦਰ ਸੱਦ, ਸੰਦੇਸ਼ਾ ਇਕੋ ਰਿਹਾ ਸੁਣਾਈਆ । ਵੱਖਰਾ ਰਹੇ ਨਾ ਕੋਇ ਅੱਡ, ਘਰ ਠਾਂਡੇ ਵੱਜੇ ਵਧਾਈਆ । ਦਇਆ ਕਰੇ ਸੂਰਾ ਸਰਬਗ, ਮਿਹਰਵਾਨ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਲੱਗੀ ਅੱਗ, ਅੰਤਮ ਸਕੇ ਨਾ ਕੋਇ ਬੁਝਾਈਆ । ਕੀ ਹਾਲਤ ਹੋਈ ਜਗ, ਜਗਜੀਵਣ ਦਾਤਾ ਰਿਹਾ ਸੁਣਾਈਆ । ਬਿਨ ਭਗਤਾਂ ਕਿਸੇ ਨਾ ਮਿਲਣਾ ਅਮਰਾਪਦ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ । ਸਭ ਦੀ ਪਿਛਲੀ ਕੀਤੀ ਹੋਣੀ ਰੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਸੁਣੋ ਏਕ, ਹਰਿ ਕਰਤਾ ਆਪ ਜਣਾਈਆ । ਜਨ ਭਗਤਾਂ ਬਖ਼ਸ਼ਣੀ ਇਕੋ ਟੇਕ, ਟਿੱਕੇ ਮਸਤਕ ਖ਼ਾਕ ਰਮਾਈਆ । ਅੰਤਰ ਕਰ ਆਪ ਬਿਬੇਕ, ਦੁਰਮਤ ਮੈਲ ਧਵਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਜਲਾਈਆ । ਜਨ ਭਗਤਾਂ ਵਖਾਣੀ ਇਕੋ ਸੇਜ, ਸਚਖੰਡ ਪੜਦਾ ਲਾਹੀਆ । ਜਿਸ ਘਰ ਰਹਵਾਂ ਹਮੇਸ਼, ਆਦਿ ਅੰਤ ਸਮਾਈਆ । ਜਨਮ ਕਰਮ ਦੀ ਮੇਟਾਂ ਰੇਖ, ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਰਿਹਾ ਵਖਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਤੱਕੋ ਰਾਹ, ਹਰਿ ਰਹਿਬਰ ਆਪ ਜਣਾਈਆ । ਵਕਤ ਸੁਹਾਉਣਾ ਗਿਆ ਆ, ਵੱਜੇ ਹਕ਼ੀਕ਼ਤ ਹਕ ਵਧਾਈਆ । ਸਾਰੇ ਢੋਲਾ ਲਉ ਗਾ, ਜੋ ਨਿਰਗੁਣ ਦਿਤਾ ਸਮਝਾਈਆ । ਬਿਨ ਸੀਸ ਤੋਂ ਸੀਸ ਲਉ ਝੁਕਾ, ਨੈਣ ਅੱਖ ਨਾ ਕੋਇ ਉਠਾਈਆ । ਮੰਨੋ ਇਕ ਰਜ਼ਾ, ਰਹਿਮਤ ਕਰੇ ਬੇਪਰਵਾਹੀਆ । ਵਾਹਦ ਸਚ ਖ਼ੁਦਾ, ਖ਼ੁਦ ਮਾਲਕ ਰਿਹਾ ਦ੍ਰਿੜਾਈਆ । ਸਾਚਾ ਮਾਰਗ ਹੋਣਾ ਰਵਾਂ, ਰਹਿਮਤ ਆਪ ਕਮਾਈਆ । ਖੇਲ ਵੇਖੋ ਨਵਾਂ, ਨਵ ਨੌਂ ਚਾਰ ਪੰਧ ਮੁਕਾਈਆ । ਸ਼ਬਦੀ ਹੁਕਮੇ ਅੰਦਰ ਕਹਿਵਾਂ, ਰਸਨਾ ਨਾ ਕੋਇ ਪੜ੍ਹਾਈਆ । ਸਚ ਸਿੰਘਾਸਣ ਧੁਰ ਦੇ ਬਹਵਾਂ, ਆਸਨ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਨੂੰ ਕਰਨ ਇਸ਼ਾਰਾ, ਬਿਨ ਅੱਖਾਂ ਅੱਖ ਉਠਾਈਆ । ਵੇਖੋ ਰਲ ਨਜ਼ਾਰਾ, ਹਰਿ ਕਰਤਾ ਆਪ ਵਖਾਈਆ । ਜਿਸ ਨੂੰ ਕਹਿੰਦੇ ਰਹੇ ਨਰ ਨਿਰੰਕਾਰਾ, ਨਿਰਗੁਣ ਨਿਰਵੈਰ ਨੂਰ ਖ਼ੁਦਾਈਆ । ਓਹ ਹੋਇਆ ਇਕ ਉਜਿਆਰਾ, ਉਜਲ ਸਭ ਨੂੰ ਦਏ ਕਰਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਧੁਰਦਰਗਾਹੀਆ । ਜਿਸ ਦਾ ਹੁਕਮ ਨਾ ਕਿਸੇ ਵਿਚਾਰਾ, ਵਿਚਰ ਵਿਚਰ ਥੱਕੇ ਜਗਤ ਲੋਕਾਈਆ । ਸੋ ਦੇਵਣਹਾਰ ਸਹਾਰਾ, ਸਹਾਇਕ ਇਕੋ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਨਈਆ ਨੌਕਾ ਮਾਇਆ ਮਮਤਾ ਮੋਹ ਡੁਬਾਈਆ । ਸਾਚਾ ਮਾਰਗ ਦੱਸ ਸੰਸਾਰਾ, ਮਹਾਂਸਰਬੀ ਵੇਖ

੮੩੪
੨੦

੮੩੫
੨੦

ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਚਲੇ ਕੋਈ ਨਾ ਚਾਰਾ, ਚਾਰੇ ਜੁਗ ਵੇਲਾ ਰਿਹਾ ਵਿਹਾਈਆ । ਅਗਲਾ ਹੁਕਮ ਚਲੇ ਸੱਚੀ ਸਰਕਾਰਾ, ਹਰਿ ਕਰਤਾ ਆਪ ਦ੍ਰਿੜਾਈਆ । ਸਾਰੇ ਮਿਲ ਕੇ ਕਰੋ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਕਾਲ ਚੌਵੀਵਾਂ ਅਵਤਾਰਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਨੇ ਭਗਤਾਂ ਦਾ ਖੋਲ੍ਹਿਆ ਭਗਤ ਦਵਾਰਾ, ਭਗਵਨ ਆਪ ਪਰਗਟਾਈਆ । ਮਾਰਗ ਲਾ ਕੇ ਅਪਰੰਮਪਾਰਾ, ਅਪਰਾਧੀ ਦਿਤੇ ਤਰਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਲਹਿਣਾ ਦੇਣਾ ਸਤਾਰਾਂ ਹਾੜ੍ਹਾ, ਹਾੜਿਆਂ ਵਿਚੋਂ ਪੂਰ ਕਰਾਈਆ । ਸਾਚੇ ਭਗਤ ਦਾ ਚਮਕਦਾ ਵੇਖੋ ਤਾਰਾ, ਤਾਰਾ ਸਿੰਘ ਪਹਿਲੀ ਵੇਰਾਂ ਦਰਸ਼ਨ ਪਾਈਆ । ਜੋ ਬਣਕੇ ਆਇਆ ਧਰਮ ਦਵਾਰ ਦਾ ਲਾੜਾ, ਲਾੜੀ ਮੌਤ ਨਾ ਕੋਇ ਪਰਨਾਈਆ । ਦੁਆਬੇ ਵਾਲਿਆਂ ਲਾ ਅਖਾੜਾ, ਨੌ ਜਨਮ ਦਾ ਲੇਖਾ ਦਿਤਾ ਚੁਕਾਈਆ । ਦਰਸ਼ਨ ਕਰਕੇ ਏਕੰਕਾਰਾ, ਇਕ ਇਕੱਲਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਭਗਤ, ਭਗਵਨ ਰਿਹਾ ਦ੍ਰਿੜਾਈਆ । ਜਿਸ ਨੂੰ ਮਾਣ ਵਡਿਆਈ ਦਿਤੀ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਤੁਹਾਡੀ ਪੂਰੀ ਕਰਕੇ ਸ਼ਰਤ, ਸ਼ਰਅ ਦਿਤੀ ਬਦਲਾਈਆ । ਪਿਛਲਾ ਲੇਖਾ ਰਿਹਾ ਨਾ ਫ਼ਰਸ਼, ਅਰਸ਼ ਤੱਕੇ ਨੂਰ ਅਲਾਹੀਆ । ਉਧਾਰ ਰਿਹਾ ਕੋਈ ਨਾ ਕਰਜ਼, ਲੇਖਾ ਦਿਤਾ ਮੁਕਾਈਆ । ਇਹੋ ਖੇਲ ਪ੍ਰਭੂ ਅਸਚਰਜ, ਜੋ ਜੁਗ ਜੁਗ ਆਪ ਵਰਤਾਈਆ । ਸਭ ਦੀ ਮੇਰੇ ਕੋਲ ਫ਼ਰਦ, ਪਾਰਬ੍ਰਹਮ ਰਿਹਾ ਦ੍ਰਿੜਾਈਆ । ਸਮੇਂ ਨਾਲ ਮਨਜ਼ੂਰ ਕਰਾਂ ਅਰਜ਼, ਆਰਜ਼ੂ ਸਭ ਦੀ ਲੇਖੇ ਲਾਈਆ । ਤੁਹਾਡੀ ਭਗਤਾਂ ਰਹੀ ਨਾ ਗਰਜ਼, ਗ਼ਰੀਬ ਨਿਮਾਣਿਆਂ ਹੋਏ ਆਪ ਸਹਾਈਆ । ਜਨ ਭਗਤਾਂ ਮਾਰੇ ਕੋਈ ਨਾ ਮਰਜ਼, ਮਰੀਜ਼ ਬਣੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਰਿਹਾ ਵਖਾਈਆ । ਪੁਰਖ ਅਕਾਲ ਕਹੇ ਔਹ ਵੇਖੋ ਮੇਰਾ ਦੁਲਾਰਾ ਸੁਤ, ਸੁੱਤਿਆਂ ਰਿਹਾ ਜਗਾਈਆ । ਬਣ ਕੇ ਧਾਰ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਰਿਹਾ ਕਰਾਈਆ । ਮੈਨੂੰ ਮਿਲਿਆ ਉਹ ਸੁਖ, ਜਿਸ ਦੀ ਸੁਗੰਧੀ ਸਦਾ ਮਹਿਕਾਈਆ । ਪਹਿਲੀ ਵਾਰਾਂ ਪਹਿਲਾ ਸਿੱਖ, ਸਿਖਿਆ ਸਭ ਨੂੰ ਰਿਹਾ ਦ੍ਰਿੜਾਈਆ । ਜਨ ਭਗਤੋ ਮੈਂ ਭਗਤ ਦਵਾਰਿਉਂ ਗਿਆ ਨਹੀਂ ਉਠ, ਮਰਿਆਂ ਵਿਚ ਨਾ ਮਰਨ ਰਖਾਈਆ । ਮੇਰਾ ਮਾਲਕ ਗਿਆ ਤੁਠ, ਜੋ ਆਪਣੀ ਗੋਦ ਉਠਾਈਆ । ਸਚਖੰਡ ਦਾ ਬੂਟਾ ਚੁੱਕ, ਦਰਗਾਹ ਸਾਚੀ ਰਿਹਾ ਟਿਕਾਈਆ । ਅੰਮ੍ਰਿਤ ਜਾਮ ਦੇ ਕੇ ਘੁਟ, ਘੁੱਟ ਆਪਣੇ ਗਲੇ ਲਗਾਈਆ । ਰਾਹ ਵਿਚ ਜਾਂਦਿਆਂ ਜਿਸ ਵੇਲੇ ਮੈਂ ਸੋਹੰ ਪੜ੍ਹੀ ਤੁਕ, ਰਾਏ ਧਰਮ ਸੀਸ ਨਿਵਾਈਆ । ਸ਼ੰਕਰ ਲਿਆ ਪੁਛ, ਖ਼ੁਸ਼ੀ ਨਾਲ ਬੁਲਾਈਆ । ਬ੍ਰਹਮਾ ਬਦਲ ਕੇ ਆਪਣਾ ਰੁਖ਼, ਭੱਜਿਆ ਵਾਹੋ ਦਾਹੀਆ । ਵਿਸ਼ਨੂੰ ਰਹਿ ਨਾ ਸਕਿਆ ਚੁੱਪ, ਕੂਕ ਕੂਕ ਰਿਹਾ ਦ੍ਰਿੜਾਈਆ । ਮੈਂ ਕਿਹਾ ਮੈਨੂੰ ਇਕੋ ਓਸ ਦੀ ਓਟ, ਜੋ ਓੜਕ ਸਭ ਦਾ ਪਿਤਾ ਮਾਈਆ । ਓਸੇ ਵੇਲੇ ਪੁਰਖ ਅਕਾਲਾ ਦੀਨ ਦਿਆਲਾ ਗਿਆ ਪਹੁੰਚ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰ ਰਿਹਾ ਟਿਕਾਈਆ । ਸਚ ਦਰ ਵੇਖਿਆ ਚੰਗਾ, ਸੋਹਣਾ ਨਜ਼ਰੀ ਆਈਆ । ਨਾ ਕੋਇ ਢੋਲ ਵੱਜੇ ਮਰਦੰਗਾ, ਨਾ ਕੋਇ ਰਸਨਾ ਰਾਗ ਸੁਣਾਈਆ । ਨਾ ਕੋਇ ਤੀਰਥ ਦਿਸੇ ਗੰਗਾ, ਨਾ ਕੋਇ ਮੱਠ ਕਰੇ ਰੁਸ਼ਨਾਈਆ । ਨਾ ਕੋਇ ਵੰਡ ਹੋਵੇ ਬ੍ਰਹਿਮੰਡਾ, ਖੰਡਾ ਖੜਗ ਨਾ ਕੋਇ ਖੜਕਾਈਆ । ਨਾ ਕੋਇ ਸੂਰੀਆ ਨਾ

ਕੋਈ ਚੰਦਾ, ਨਾ ਕੋਈ ਪੱਖ ਰਿਹਾ ਬਦਲਾਈਆ । ਨਾ ਕੋਇ ਤਨ ਵਜੂਦ ਅੰਗਾ, ਨਾ ਕੋਈ ਬਸਤਰ ਤਨ ਛੁਹਾਈਆ । ਨਾ ਕੋਇ ਮੁਲਾਂ ਸ਼ੇਖ਼ ਪੰਡਾ, ਨਾ ਕੋਇ ਸ਼ਾਸਤਰ ਰਿਹਾ ਪੜ੍ਹਾਈਆ । ਨਾ ਕੋਈ ਮੰਜ਼ਲ ਪੌੜੀ ਡੰਡਾ, ਨਾ ਕੋਇ ਜੋਗ ਧਿਆਨ ਕਰਾਈਆ । ਇਕੋ ਵੇਖਿਆ ਸਾਹਿਬ ਬਖ਼ਸ਼ੰਦਾ, ਪਾਰਬ੍ਰਹਮ ਬ੍ਰਹਮ ਗੁਸਾਈਆ । ਦੇਵਣਹਾਰਾ ਸਚ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਰਿਹਾ ਵਖਾਈਆ । ਗੁਰਮੁਖ ਵੇਖ ਸੱਚਾ ਘਰਾਨਾ, ਹਰਿ ਕਰਤਾ ਆਪ ਵਖਾਈਆ । ਜਿਥੇ ਵੱਜੇ ਅਗੰਮ ਤਰਾਨਾ, ਤੁਰੀਆ ਤੋ ਪਰੇ ਰਿਹਾ ਸੁਣਾਈਆ । ਦੂਸਰ ਦਿਸੇ ਨਾ ਕੋਇ ਬੇਗਾਨਾ, ਵੰਡਣ ਵੰਡ ਨਾ ਕੋਇ ਵੰਡਾਈਆ । ਇਕੋ ਨੂਰ ਜੋਤ ਨਿਸ਼ਾਨਾ, ਨਿਰਵੈਰ ਰਿਹਾ ਝੁਲਾਈਆ । ਇਕੋ ਕਮਲਾਪਤ ਸਭ ਦਾ ਕਾਹਨਾ, ਕਵਲ ਨੈਣ ਨੈਣ ਖੁਲ੍ਹਾਈਆ । ਇਕੋ ਮਰਦ ਇਕੋ ਮਰਦਾਨਾ, ਦੂਜਾ ਰੂਪ ਨਾ ਕੋਇ ਬਦਲਾਈਆ । ਇਕੋ ਹਕੀਕਤ ਹਕ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਈਆ । ਇਕੋ ਸ਼ਾਹੋ ਭੂਪ ਸੁਲਤਾਨਾ, ਮਹਿਬੂਬ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਜਿਸਦੇ ਦਰ ਹੋਏ ਪਰਵਾਨਾ, ਪੜਦੇ ਸਭ ਦੇ ਰਿਹਾ ਉਠਾਈਆ । ਜਿਧਰ ਵੇਖਾਂ ਉਧਰ ਗਾਉਂਦੇ ਗਾਣਾ, ਤੂੰ ਮੇਰਾ ਮੈਂ ਤੇਰਾ ਦੂਸਰ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਬਣਤ ਬਣਾਈਆ । ਜਨ ਭਗਤ ਕਹੇ ਮੈਂ ਸਿੰਘ ਉਹ ਤਾਰਾ, ਜਿਸ ਦੀ ਤਰਾ ਤਰਾ ਵਡਿਆਈਆ । ਮੈਂ ਛੱਡ ਕੇ ਭਗਤ ਦਵਾਰਾ, ਭਗਤੋ ਭਗਤਾਂ ਰਾਹ ਵਖਾਈਆ । ਕੋਈ ਭੁੱਲੇ ਨਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਅੱਗੇ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਸੇਵਾਦਾਰਾ, ਦਰ ਬੈਠੇ ਸੀਸ ਨਿਵਾਈਆ । ਨਿਉਂ ਨਿਉਂ ਕਰ ਰਹੇ ਨਿਮਸਕਾਰਾ, ਸਜਦਿਆਂ ਵਿਚ ਸੀਸ ਝੁਕਾਈਆ । ਮੈਂ ਵੇਖ ਕੇ ਅਜਬ ਨਜ਼ਾਰਾ, ਤੁਹਾਨੂੰ ਰਿਹਾ ਸੁਣਾਈਆ । ਆਓ ਵੇਖੋ ਮੇਰਾ ਏਕੰਕਾਰਾ, ਜੋ ਇਕ ਇਕੱਲਾ ਦਏ ਵਡਿਆਈਆ । ਵੇਖਿਓ ਮੈਨੂੰ ਕੋਈ ਨਾ ਕਿਹੋ ਮਾੜਾ, ਚੰਗਾ ਕਰ ਕੇ ਢੋਲਾ ਲੈਣਾ ਗਾਈਆ । ਮੈਂ ਨੌਂ ਜਨਮ ਦਾ ਫੜਿਆ ਹੋਇਆ ਲਾੜਾ, ਸ਼ਬਦੀ ਘੋੜਾ ਲਿਆ ਚੜ੍ਹਾਈਆ । ਸੁਣ ਲਈਂ ਮੇਰੀ ਰਵਦਾਸ ਚਮਾਰਾ, ਗੁਰਮੁਖਾਂ ਦਿਆਂ ਸੁਣਾਈਆ । ਪਰਮਾਤਮਾ ਨਾਲੋਂ ਤੇਰੇ ਨਾਲ ਚੰਗਾ ਹੁੰਦਾ ਵੇਖਿਆ ਬਿਵਹਾਰਾ, ਬਿਵਹਾਰੀ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਰਿਹਾ ਉਠਾਈਆ । ਤਾਰਾ ਸਿੰਘ ਕਹੇ ਮੈਂ ਵੇਖਿਆ ਖੇਲ ਅਜੀਬ, ਅਜਬ ਦਿਆਂ ਜਣਾਈਆ । ਇੰਦਰ ਸ਼ਿਵ ਦੀ ਵੇਖ ਤਰਤੀਬ, ਬ੍ਰਹਮੇ ਮਿਲੀ ਵਡਿਆਈਆ । ਸ਼ਬਦੀ ਧਾਰ ਪ੍ਰਭੂ ਕਰੀਬ, ਨਿਸਬਤ ਵੰਡ ਨਾ ਕੋਇ ਵੰਡਾਈਆ । ਸਾਂਝੀ ਦੱਸ ਪ੍ਰੀਤ, ਪ੍ਰੀਤਮ ਰਿਹਾ ਜਣਾਈਆ । ਪੁਰੀ ਲੋਅ ਸਾਰੇ ਗਾਓ ਗੀਤ, ਸੋਹੰ ਢੋਲਾ ਧੁਰਦਰਗਾਹੀਆ । ਝਗੜਾ ਰਹੇ ਨਾ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਸਭ ਦੇ ਪਰਮਾਤਮਾ ਵਸਿਆ ਬੀਚ, ਬਿਚਲਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਰਿਹਾ ਸੁਹਾਈਆ । ਮੈਂ ਵੇਖਿਆ ਘਰ ਅਨੋਖਾ, ਅੱਛੀ ਤਰਾ ਜਣਾਈਆ । ਜਿਥੇ ਕੋਈ ਨਹੀਂ ਧੋਖਾ, ਧੁਖਦਿਆਂ ਅਗਨ ਬੁਝਾਈਆ । ਜਨ ਭਗਤੋ ਪ੍ਰਭ ਨੇ ਮਾਰਗ ਦਿਤਾ ਸੌਖਾ, ਸਹਿਜੇ ਲਏ ਉਠਾਈਆ । ਕੋਈ ਪੜ੍ਹਨਾ ਪਏ ਨਾ ਪੋਥਾ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਕੋਈ ਰੱਖਣਾ ਪਏ ਨਾ ਰੋਜ਼ਾ, ਨਮਾਜ਼ਾਂ ਵਿਚ ਨਾ ਵਕਤ ਲੰਘਾਈਆ । ਜਿਹੜਾ ਹੋ ਗਿਆ ਪ੍ਰਭੂ ਜੋਗਾ, ਜੁਗਾਂ ਦਾ ਲਹਿਣਾ ਦਏ ਮੁਕਾਈਆ । ਸੋਹੰ ਨਾਮ

ਦਾ ਦੇ ਕੇ ਚੋਗਾ, ਚੁਗ਼ਲੀ ਨਿੰਦਿਆ ਤੋਂ ਬਾਹਰ ਕਢਾਈਆ । ਮੈਂ ਭਗਤ ਦਵਾਰੇ ਦੇਵਾਂ ਆਣ ਕੇ ਹੋਕਾ, ਹੁਕਮ ਧੁਰ ਦਾ ਇਕ ਸੁਣਾਈਆ । ਮੈਂ ਰਾਹ ਵਿਚ ਜਾਂਦਿਆਂ ਕਵਿਤਾ ਲਿਖੀ ਚੌਦਾਂ ਲੋਕਾਂ, ਲੁਕਿਆਂ ਦਿਆਂ ਸੁਣਾਈਆ । ਹੱਥ ਤੇ ਹੱਥ ਮਾਰ ਕੇ ਰਿਹਾ ਕਹਿ ਕਿਸੇ ਨੂੰ ਮਿਲਿਆ ਨਹੀਂ ਅੱਗੇ ਇਹ ਮੌਕਾ, ਮੁਕੰਮਲ ਮਿਲੇ ਧੁਰਦਰਗਾਹੀਆ । ਜਿਹੜਾ ਭਗਤਾਂ ਸਾਫ਼ ਕਰੇ ਆਪ ਆਪਣਾ ਕੋਠਾ, ਕੁਟੀਆ ਤਨ ਵਜੂਦ ਸੁਹਾਈਆ । ਮੈਂ ਇਸ਼ਾਰਾ ਦੇ ਕੇ ਨਾਲ ਪੋਟਾ, ਸਭ ਨੂੰ ਗਿਆ ਦ੍ਰਿੜਾਈਆ । ਕਿਸੇ ਕੰਮ ਨਹੀਂ ਆਉਣਾ ਜਗਤ ਵੁਜ਼ੂ ਵਾਲਾ ਲੋਟਾ, ਲੁੱਟੀ ਜਾਏ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਮੈਂ ਵੇਖਿਆ ਖੇਲ ਨਿਰਾਲਾ, ਨਿਰਾਕਾਰ ਵਖਾਈਆ । ਜਿਸ ਵੇਲੇ ਮਿਲਿਆ ਸਿੰਘ ਪਾਲਾ, ਪਲਕ ਆਪਣੀ ਆਪ ਬਦਲਾਈਆ । ਇਸ਼ਾਰਾ ਦਿਤਾ ਅੱਗੋਂ ਗੁਰਦਿਆਲਾ, ਸਹਿਜ ਨਾਲ ਸਮਝਾਈਆ । ਬੈਠ ਦੋਹਾਂ ਵਿਚਾਲਾ, ਹਾਲ ਦਿਤਾ ਸੁਣਾਈਆ । ਵੇਖੇ ਖੇਲ ਜਗਦੀਸ਼ ਨਿਰਾਲਾ, ਜਗਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਮੈਂ ਦੋਹਾਂ ਦੇ ਬਹਿ ਗਿਆ ਵਿਚ, ਆਪਣੀ ਖ਼ੁਸ਼ੀ ਬਣਾਈਆ । ਜਾਂ ਵੇਖਿਆ ਤੇ ਰੂਪ ਇਕ, ਜੋਤ ਨੂਰ ਰੁਸ਼ਨਾਈਆ । ਸਾਹਿਬ ਸੁਲਤਾਨ ਗਿਆ ਦਿਸ, ਜੋ ਜਗਤ ਵੇਸ ਵਟਾਈਆ । ਧਿਆਨ ਮਾਰਿਆ ਸਭ ਨੂੰ ਸੁੱਤਾ ਦੇ ਕਰ ਪਿੱਠ, ਬਿਨ ਭਗਤਾਂ ਨਜ਼ਰ ਕਿਸੇ ਨਾ ਆਈਆ । ਜਨ ਭਗਤੋ ਤੁਹਾਡੇ ਭਗਤ ਦਵਾਰੇ ਦੀ ਇੱਟ, ਰਵਦਾਸ ਨਾਲ ਸਫ਼ਾਈਆ । ਗੋਬਿੰਦ ਦੀ ਬਿਨਾ ਅੱਖਰਾਂ ਵਾਲੀ ਚਿਟ, ਚਾਤ੍ਰਿਕ ਆਪਣੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਸਾਚਾ ਭੇਵ ਆਪ ਖੁਲ੍ਹਾਉਂਦਾ ਏ । ਦੀਨ ਦਿਆਲ ਦਇਆ ਕਮਾਉਂਦਾ ਏ । ਪੜਦਾ ਓਹਲਾ ਆਪ ਚੁਕਾਉਂਦਾ ਏ । ਸਚਖੰਡ ਦਵਾਰ ਸੁਹਾਉਂਦਾ ਏ । ਨਿਰਾਕਾਰ ਜੋਤ ਜਗਾਉਂਦਾ ਏ । ਸਚ ਸਿੰਘਸਣ ਸੋਭਾ ਪਾਉਂਦਾ ਏ । ਜਨ ਭਗਤਾਂ ਰਾਹ ਤਕਾਉਂਦਾ ਏ । ਗੁਰ ਅਵਤਾਰ ਪੈਗ਼ੰਬਰ ਆਪ ਸਮਝਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਉਂਦਾ ਏ । ਸਾਚਾ ਹੁਕਮ ਇਕ ਵਰਤਾਵੇਗਾ । ਗਹਿਰ ਗੰਭੀਰ ਖੇਲ ਖਿਲਾਵੇਗਾ । ਬੇਨਜ਼ੀਰ ਪੜਦਾ ਉਠਾਵੇਗਾ । ਸ਼ਾਹ ਹਕੀਰ ਰੰਗ ਰੰਗਾਵੇਗਾ । ਸ਼ਰਅ ਜ਼ੰਜੀਰ ਤੋੜ, ਮਾਰਗ ਇਕੋ ਇਕ ਵਖਾਵੇਗਾ । ਅੰਮ੍ਰਿਤ ਆਤਮ ਬਖ਼ਸ਼ੇ ਸੀਰ, ਜਗਤ ਤ੍ਰਿਸ਼ਨਾ ਰੋਗ ਗਵਾਵੇਗਾ । ਸਿੰਘ ਤਾਰਾ ਕਹੇ ਮੈਂ ਮਿਲਿਆ ਨਾਲ ਕਬੀਰ, ਕਬਰਾਂ ਦਾ ਹਾਲ ਸਰਬ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਇਕ ਸੁਹਾਵਾਂਗਾ । ਘਰ ਸਾਚਾ ਇਕ ਸੁਹਾਏਗਾ । ਅਬਿਨਾਸ਼ੀ ਕਰਤਾ ਦਇਆ ਕਮਾਏਗਾ । ਦਰ ਦਰ ਦਾ ਲੇਖ ਮੁਕਾਏਗਾ । ਘਰ ਘਰ ਦਾ ਭੇਵ ਖੁਲ੍ਹਾਏਗਾ । ਜੋ ਸੋਹੰ ਢੋਲਾ ਪੜ੍ਹਦਾ, ਸੋ ਸਚਖੰਡ ਆਪ ਲਿਆਏਗਾ । ਬਿਨ ਪੌੜੀ ਮੰਜ਼ਲ ਚੜ੍ਹਦਾ, ਪੁਰਖ ਅਬਿਨਾਸ਼ੀ ਗੋਦ ਬਹਾਏਗਾ । ਜਨ ਭਗਤੋ ਮੈਂ ਬੁੱਢਾ ਹੋ ਕੇ ਆਇਆ ਤਰਦਾ, ਸ਼ੌਹ ਦਰਿਆ ਨਾ ਕੋਇ ਅਟਕਾਏਗਾ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪਾਰ ਆਇਆ ਕਰਦਾ, ਅੱਗੇ ਹੋ ਨਾ ਕੋਇ ਅਟਕਾਏਗਾ । ਜਿਸ ਵੇਲੇ ਖੇਲ ਵੇਖਿਆ ਸਚਖੰਡ ਦਵਾਰੇ ਘਰ ਦਾ, ਘਰ ਸੋਹਣਾ ਇਕ ਸੁਹਾਏਗਾ । ਅਬਿਨਾਸ਼ੀ ਕਰਤਾ ਵੇਖਿਆ ਵਰਦਾ, ਖੌਂਤ ਕੰਤ ਸੋਭਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਵਿਚ ਸਮਾਏਗਾ । ਜਨ ਭਗਤੋ ਦੱਸਾਂ ਹਾਲ, ਕਥਾ ਅਗੰਮ ਜਣਾਈਆ । ਮੰਨਿਓ

ਇਕ ਸਵਾਲ, ਸਵਾਲੀ ਰਿਹਾ ਦ੍ਰਿੜਾਈਆ । ਕਿਸੇ ਨੂੰ ਖਾਏ ਕੋਈ ਨਾ ਕਾਲ, ਮਹਾਂਕਾਲ ਨਾ ਭੈ ਵਖਾਈਆ । ਮੈਂ ਹੈਰਾਨ ਹੋਇਆ ਮੇਰੀ ਕਰਦਾ ਆਇਆ ਸੰਭਾਲ, ਹਰ ਘਟ ਹੋ ਸਹਾਈਆ । ਮੈਂ ਹੱਥਾਂ ਦਾ ਕੰਗਾਲ, ਧਨੀ ਦਿਤਾ ਬਣਾਈਆ । ਮੈਨੂੰ ਚੰਗੀ ਲੱਗੀ ਚਾਲ, ਜਿਹੜੀ ਬਿਨ ਭਗਤੀਉਂ ਪਾਰ ਲੰਘਾਈਆ । ਸਿੱਧਾ ਲੈ ਕੇ ਜਾਵੇ ਸਚਖੰਡ ਸੱਚੀ ਧਰਮਸਾਲ, ਅਧਵਿਚਕਾਰ ਨਾ ਕੋਇ ਅਟਕਾਈਆ । ਏਕਾ ਹੱਥ ਵਿਚ ਰੱਖਿਆ ਉਹ ਰੁਮਾਲ, ਜਿਸ ਦੀ ਗੋਬਿੰਦ ਦਏ ਗਵਾਹੀਆ । ਜਿਸ ਵੇਲੇ ਉਤੇ ਪਾਉਂਦੇ ਲਾਲ ਦੋਸ਼ਾਲ, ਓਸੇ ਵੇਲੇ ਹੋਏ ਸਹਾਈਆ । ਫੇਰ ਬੁੱਢਾ ਨੱਢਾ ਇਕੋ ਜਿਹੀ ਮਾਰੇ ਛਾਲ, ਆਪਣਾ ਬਲ ਧਰਾਈਆ । ਸ਼ਬਦ ਸਤਿਗੁਰ ਹੋਵੇ ਨਾਲ, ਨਾਲਾਇਕ ਲਾਇਕ ਲਏ ਬਣਾਈਆ । ਕੋਟਨ ਕੋਟ ਰੂਪ ਵਜਦੇ ਵੇਖੇ ਤਾਲ, ਤਲਵਾੜੇ ਦੇਣ ਦੁਹਾਈਆ । ਰਾਹ ਵਿਚ ਰੋਂਦੇ ਵੇਖੇ ਗੋਰਖ ਮਛੰਦਰ ਵਰਗੇ ਦਲਾਲ, ਦਰਦੀ ਦਰਦ ਨਾ ਕੋਇ ਵੰਡਾਈਆ । ਸਾਧ ਸੰਤ ਲੇਟੇ ਵੇਖੇ ਆਪਣੀ ਉਤੇ ਖਾਲ, ਖ਼ਾਲਸ ਰੂਪ ਨਾ ਕੋਇ ਬਦਲਾਈਆ । ਅੱਗੇ ਹੋ ਕੇ ਰੋ ਕੇ ਕਿਹਾ ਰਵਾਲ, ਸੰਮਤ ਚੌਂਦਾ ਦਾ ਹਾਲ ਦੇ ਸਮਝਾਈਆ । ਕੀ ਗੋਬਿੰਦ ਬਦਲੀ ਚਾਲ, ਵੇਸ ਲਿਆ ਵਟਾਈਆ । ਤਾਰਾ ਸਿੰਘ ਕਹੇ ਮੈਂ ਹੱਸ ਕੇ ਕਿਹਾ ਸ਼ਾਸਤਰਾਂ ਵੇਦਾਂ ਵਿਚੋਂ ਭਾਲ, ਕਿਉਂ ਮੈਥੋਂ ਪੁਛ ਪੁਛਾਈਆ । ਮੈਂ ਕੋਈ ਕਿਸੇ ਦੀ ਘਾਲਣੀ ਨਹੀਂ ਘਾਲ, ਐਵੇਂ ਆਪਣਾ ਨਾ ਵਕਤ ਲੰਘਾਈਆ । ਮੈਂ ਓਥੇ ਪਹੁੰਚਣਾ ਜਿਥੇ ਮੇਰੀ ਆਪ ਕਰੇ ਪਹਿਚਾਨ, ਦੂਜਾ ਮਿਲਣ ਕੋਇ ਨਾ ਆਈਆ । ਜੇ ਮਿਲਿਆ ਤੇ ਮਿਲਣਾ ਨਾਲ ਸ੍ਰੀ ਭਗਵਾਨ, ਦੂਜੇ ਹੱਥ ਨਾ ਕਦੇ ਮਿਲਾਈਆ । ਜੋ ਆਦਿ ਜੁਗਾਦਿ ਗੁਰ ਅਵਤਾਰ ਪੈਗ਼ੰਬਰਾਂ ਦਾ ਕਾਹਨ, ਗੁਰਮੁਖ ਸਖ਼ੀਆਂ ਸਦਾ ਪਰਨਾਈਆ । ਮੈਂ ਓਸੇ ਦਾ ਨਿਸ਼ਾਨ, ਨਿਸ਼ਾਨਾ ਬਣ ਕੇ ਚਲਿਆ ਪਾਸ ਧੁਰਦਰਗਾਹੀਆ । ਲੋਕਮਾਤ ਵਿਚ ਬਣਿਆ ਰਿਹਾ ਮਹਿੰਮਾਨ, ਪਰਾਹੁਣਿਆਂ ਵਾਂਗ ਝਟ ਲੰਘਾਈਆ । ਹੁਣ ਮੰਜ਼ਲ ਮਿਲੀ ਆਸਾਨ, ਚੜ੍ਹਿਆ ਚਾਈਂ ਚਾਈਂਆ । ਮੈਂ ਸੌਣਾ ਜਾ ਕੇ ਨਾਲ ਆਰਾਮ, ਬਿਨਾ ਚਰਨ ਤੋਂ ਚਰਨ ਘੁਟਨੇ ਉਤੇ ਟਿਕਾਈਆ । ਨਾਲੇ ਵੇਖਾਂ ਆਪਣਾ ਜਜਮਾਨ, ਬ੍ਰਾਹਮਣ ਹੋ ਕੇ ਪਿਛਲਾ ਹਾਲ ਸੁਣਾਈਆ । ਜਨ ਭਗਤੋ ਤੁਹਾਡੀ ਓਥੇ ਵੀ ਕਰਿਆ ਕਰੂੰ ਕਲਿਆਣ, ਸਭ ਦੇ ਹਾਲ ਸੁਣਾਈਆ । ਅਕਾਲ ਪੁਰਖ ਕੁਛ ਕਹਿ ਰਿਹਾ ਤਾਰਾ ਸਿੰਘ ਜੇ ਤੇਰੇ ਪਿਛੋਂ ਬੰਤਾ ਸਿੰਘ ਲੈ ਆਵਾਂ ਕਪਤਾਨ, ਕਿਸੇ ਨੂੰ ਕੋਈ ਰੋਸ ਰਹੇ ਨਾ ਰਾਈਆ । ਮੈਂ ਹੱਸ ਕੇ ਕਿਹਾ ਪ੍ਰਭੂ ਮੈਂ ਬ੍ਰਾਹਮਣ ਬੜਾ ਸ਼ੈਤਾਨ, ਠੱਗੀ ਰਵਦਾਸ ਨਾਲ ਰਖਾਈਆ । ਪੁੱਠੇ ਸਿੱਧੇ ਪਕੜ ਕੇ ਕਾਨ, ਫਿਰ ਵੀ ਆਪਣਾ ਦਾਉ ਲਗਾਈਆ । ਅੱਗੇ ਮੰਗਦਾ ਰਿਹਾ ਠੱਗਦਾ ਰਿਹਾ ਜਜਮਾਨ, ਜ਼ਾਮਨ ਤੈਨੂੰ ਵਿਚ ਬਣਾਈਆ । ਹੁਣ ਤੇਰੇ ਦਵਾਰੇ ਪਹੁੰਚਿਆ ਆਣ, ਮੇਰਾ ਪਿਛਲਾ ਲੇਖਾ ਝੋਲੀ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਆਸ ਰਖਾਈਆ । ਤਾਰਾ ਸਿੰਘ ਕਹੇ ਮੈਂ ਬ੍ਰਾਹਮਣ ਉਹ ਪੰਡਾ, ਪਿਛਲੀ ਦਿਆਂ ਜਣਾਈਆ । ਜਿਸ ਦੇ ਹੱਥ ਵਿਚ ਹੁੰਦਾ ਡੰਡਾ, ਤੇਰੀ ਡੰਡੌਤ ਕਰ ਕੇ ਠੱਗੀ ਨਾਲ ਝਟ ਲੰਘਾਈਆ । ਗੰਗਾ ਦਾ ਯਾਦ ਕਰ ਲਾ ਕੰਢਾ, ਚਾਲੀ ਵੀਹ ਦੇਣ ਗਵਾਹੀਆ । ਮੈਂ ਪਿੰਡਿਉਂ ਹੋ ਕੇ ਨੰਗਾ, ਤੇਰਾ ਜਸ ਸੁਣਾਈਆ । ਜੇ ਪ੍ਰਭੂ ਤੂੰ ਪਹਿਲੋਂ ਹੁੰਦਾ ਚੰਗਾ, ਨੌ ਜਨਮ ਨਾ ਮਿਲਦੀ ਸਜ਼ਾਈਆ । ਤੂੰ ਬੜਾ ਗੋਸਾਈਂ ਠੰਡਾ, ਗਹਿਰ ਗੰਭੀਰ ਅਖਵਾਹੀਆ । ਆਹ ਖੋਲ੍ਹ ਲੈ ਆਪਣੀਆਂ ਗੰਢਾਂ, ਤੇਰੇ ਅੱਗੇ ਰਿਹਾ ਟਿਕਾਈਆ । ਹੁਣ ਮੈਂ ਕੋਈ ਬੰਦਗੀ ਕਰਨ ਵਾਲਾ ਨਹੀਂ ਬੰਦਾ, ਨਾ ਤੱਤਾਂ ਵਿਚ ਟਿਕਾਈਆ । ਤੂੰ ਮੇਰਾ ਨੂਰ ਮੈਂ ਤੇਰਾ ਚੰਦਾ, ਬਿਨਾ ਚੰਦ ਨਾ ਹੋਵੇ ਰੁਸ਼ਨਾਈਆ । ਜੋਤੀ

੮੩੮ ੨੦

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਛ ਲੇਖਾ ਦੇ ਸੁਣਾਈਆ । ਪੁਰਖ ਅਕਾਲ ਕਹੇ ਸੁਣ ਮੇਰੇ ਬੱਚੇ, ਗੁਰਮੁਖ ਦਿਆਂ ਦ੍ਰਿੜਾਈਆ । ਤੇਰੇ ਨਾਤੇ ਤੋੜ ਕੇ ਕਾਇਆ ਕੱਚੇ, ਕੰਚਨ ਗੜ੍ਹ ਦਿਤਾ ਸੁਹਾਈਆ । ਪ੍ਰੇਮ ਪ੍ਰੀਤੀ ਬੰਧਨ ਪਾ ਕੇ ਪੱਕੇ, ਪਾਰਬ੍ਰਹਮ ਬ੍ਰਹਮ ਆਪਣੇ ਵਿਚ ਮਿਲਾਈਆ । ਅੱਗੇ ਖੇਲ ਵੇਖਣੇ ਅੱਛੇ, ਅੱਛੀ ਤਰਾ ਰਿਹਾ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਲਾਹੁਣੇ ਨਸ਼ੇ, ਖ਼ੁਮਾਰੀ ਮਮਤਾ ਦੇਣੀ ਮਿਟਾਈਆ । ਭਗਤ ਸੁਹੇਲੇ ਵੇਖ ਕੇ ਸੱਚੇ, ਸਾਜਣ ਆਪਣੇ ਲੈਣੇ ਬਣਾਈਆ । ਮਾਰਗ ਧੁਰ ਦੇ ਦੇਣੇ ਦੱਸੇ, ਦਹਿ ਦਿਸ਼ਾ ਕਰ ਪੜ੍ਹਾਈਆ । ਤਨ ਵਜੂਦ ਸਾਫ਼ ਕਰਨੇ ਅੱਠੇ, ਅਪ ਤੇਜ ਵਾਏ ਪ੍ਰਿਥਮੀਂ ਆਕਾਸ਼ ਮਨ ਮਤ ਬੁਧ ਨਾਲ ਮਿਲਾਈਆ । ਸ਼ਰਅ ਦੁਨੀ ਦੇ ਮੇਟਣੇ ਰੱਟੇ, ਰੱਟਨ ਇਕੋ ਨਾਮ ਜਣਾਈਆ । ਗੁਰ ਅਵਤਾਰ ਪੈਗ਼ੰਬਰ ਦੇ ਪੂਰੇ ਕਰ ਕੇ ਪਟੇ, ਪਟਨੇ ਵਾਲੇ ਤੋਂ ਦੇਣਾ ਲਿਖਵਾਈਆ । ਸਭ ਨੂੰ ਮਾਰਗ ਇਕੋ ਦੱਸੇ, ਦਿਸ਼ਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰਾ ਇਕ ਖੁਲ੍ਹਾਈਆ । ਪੁਰਖ ਅਕਾਲ ਤੇਰਾ ਵੇਖਿਆ ਦਵਾਰਾ ਧਰਮ, ਦਰ ਠਾਂਡੇ ਵੱਜੀ ਵਧਾਈਆ । ਜਿਥੇ ਲੇਖਾ ਨਹੀਂ ਕਰਮ, ਨਿਹਕਰਮੀ ਪੜਦਾ ਦਿਤਾ ਚੁਕਾਈਆ । ਫੇਰ ਨਾ ਹੋਵੇ ਜਨਮ, ਜਨਮੇ ਕੋਈ ਨਾ ਮਾਈਆ । ਇਕੋ ਮਿਲੇ ਸਰਨ, ਸਰਨਗਤ ਧੁਰਦਰਗਾਹੀਆ । ਇਕੋ ਢੋਲਾ ਮਿਲੇ ਪੜ੍ਹਨ, ਤੂੰ ਮੇਰਾ ਮੈਂ ਤੇਰਾ ਦੂਜੀ ਵੰਡ ਨਾ ਕੋਇ ਵੰਡਾਈਆ । ਇਕੋ ਮੰਜ਼ਲ ਮਿਲੇ ਚੜ੍ਹਨ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਪੁਰਖ ਅਕਾਲ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਆਵੇ ਫੜਨ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਪਾਈਆ । ਕੀ ਲੇਖਾ ਲੇਖੇ ਪਾਵੇਂਗਾ । ਦਰ ਠਾਂਡੇ ਆਪ ਬਹਾਵੇਂਗਾ । ਥੱਕੇ ਮਾਂਦੇ ਗੋਦ ਟਿਕਾਵੇਂਗਾ । ਆਉਂਦੇ ਜਾਂਦੇ ਖੇਲ ਵਖਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਕਰਨੀ ਕਾਰ ਕਮਾਵੇਂਗਾ । ਪੁਰਖ ਅਕਾਲ ਆਪ ਸੁਣਾਉਂਦਾ ਏ । ਭੇਵ ਅਭੇਵ ਇਕ ਖੁਲਾਉਂਦਾ ਏ । ਪੜਦਾ ਓਹਲਾ ਆਪ ਚੁਕਾਉਂਦਾ ਏ । ਗੁਰਮੁਖ ਸਾਚੇ ਆਪ ਉਠਾਉਂਦਾ ਏ । ਦਰਗਾਹ ਸਾਚੀ ਆਪ ਫਿਰਾਉਂਦਾ ਏ । ਸਚ ਸਿੰਘਸਣ ਇਕ ਸੁਹਾਉਂਦਾ ਏ । ਜੋਤੀ ਜਾਤਾ ਵੇਸ ਵਟਾਉਂਦਾ ਏ । ਪੁਰਖ ਬਿਧਾਤਾ ਕਲ ਵਰਤਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਭੇਵ ਆਪ ਖੁਲਾਉਂਦਾ ਏ । ਅਗਲਾ ਭੇਵ ਸਚ ਖੁਲਾਵਾਂਗਾ । ਪੜਦਾ ਓਹਲਾ ਆਪ ਉਠਾਵਾਂਗਾ । ਬਣ ਵਿਚੋਲਾ ਵੇਸ ਵਟਾਵਾਂਗਾ । ਸ਼ਬਦੀ ਢੋਲਾ ਰਾਗ ਅਲਾਵਾਂਗਾ । ਮੌਲਾ ਹੋ ਕੇ ਵੇਖ ਵਖਵਾਂਗਾ । ਧਰਨੀ ਧਰਤ ਧਵਲ ਧੌਲਾ ਭਾਗ ਲਗਾਵਾਂਗਾ । ਗੁਰ ਅਵਤਾਰ ਪੈਗ਼ੰਬਰਾਂ ਕੀਤਾ ਕੌਲਾ ਤੋੜ ਨਿਭਾਵਾਂਗਾ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜੋ ਰੌਲਾ ਆਪ ਪਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਵਾਂਗਾ । ਤਾਰਾ ਸਿੰਘ ਕਹੇ ਮੈਂ ਇਕ ਲੇਖ ਲਿਖਿਆ ਕਿਸੇ ਘਰ ਨਾ ਰਹੇ ਤਵਾ ਪਰਾਤ, ਪੁਰਾਤਨ ਦਿਆਂ ਜਣਾਈਆ । ਸ੍ਰੀ ਭਗਵਾਨ ਜੇ ਨਿੱਕੀ ਜਿਹੀ ਮੰਨ ਲਏਂ ਬਾਤ, ਤੈਨੂੰ ਦਿਆਂ ਦ੍ਰਿੜਾਈਆ । ਮੈਂ ਹੋ ਕੇ ਆਇਆ ਇਕਾਂਤ, ਛੱਡੀ ਜਗਤ ਲੋਕਾਈਆ । ਜੋਤ ਸਰੂਪੀ ਮਾਰ ਝਾਤ, ਝਗੜਾ ਰਹੇ ਨਾ ਰਾਈਆ । ਸਾਚਿਆਂ ਭਗਤਾਂ ਦਾ ਵਖਾ ਦੇ ਖਾਤ, ਲੇਖਾ ਦੇ ਦ੍ਰਿੜਾਈਆ । ਜੇ ਉਹ ਤੇਰੇ ਤੇ ਤੇਰੀ ਉਹ ਜਾਤ, ਕਿਉਂ ਕਰੇਂ ਮਾਤ ਜੁਦਾਈਆ । ਪਹਿਲੋਂ ਆਪਣਿਆਂ ਭਗਤਾਂ ਨੂੰ ਕਰ ਪਾਕ, ਅੰਦਰ ਵੜ ਕੇ ਕਰ ਸਫ਼ਾਈਆ । ਮੈਂ ਭਗਤਾਂ ਵਲੋਂ ਨੁਮਾਇੰਦਾ ਆਇਆ ਤੇਰੀ


੮੩੯
੨੦

ਪਹਿਲੀ ਪੱਟੀ ਪੜ੍ਹ ਕੇ ਪਹਿਲੀ ਵਿਚ ਜਮਾਤ, ਦੂਜੀ ਪੱਟੀ ਨਾ ਕੋਇ ਸਮਝਾਈਆ । ਜੇ ਤੂੰ ਸੋਹੰ ਦੱਸੀ ਗਾਥ, ਕਿਉਂ ਅੰਦਰ ਵੜ ਕੇ ਬੈਠਾ ਮੁਖ ਛੁਪਾਈਆ । ਮੈਂ ਹੁਣ ਕੋਈ ਮਿੱਟੀ ਨਹੀਂ ਹੋਣਾ ਖ਼ਾਕ, ਝਗੜਾ ਰਿਹਾ ਨਾ ਰਾਈਆ । ਮੈਂ ਹੱਥ ਬੰਨ੍ਹ ਕੇ ਨਹੀਂ ਹੋਣਾ ਦਾਸ, ਚਰਨਾਂ ਉਤੇ ਨਾ ਸੀਸ ਨਿਵਾਈਆ । ਤੂੰ ਮੇਰਾ ਮੈਂ ਤੇਰਾ ਤੂੰ ਮੇਰੇ ਪਾਸ, ਪੜਦਾ ਓਹਲਾ ਰਿਹਾ ਨਾ ਰਾਈਆ । ਉਠ ਵੇਖ ਜਿਹੜੇ ਲੋਕਮਾਤ ਤੇਰੀ ਰੱਖ ਕੇ ਬੈਠੇ ਆਸ, ਅੱਠੇ ਪਹਿਰ ਧਿਆਨ ਲਗਾਈਆ । ਤੈਨੂੰ ਸਾਰੇ ਕਹਿੰਦੇ ਬਾਪ, ਜਨਮ ਵਾਲੀ ਇਕੋ ਮਾਈਆ । ਮੈਂ ਥੋੜ੍ਹਾ ਥੋੜ੍ਹਾ ਲੇਖਾ ਲਿਖਦਾ ਰਿਹਾ ਨਾਲ ਕਲਮ ਦਵਾਤ, ਨਾਤਾ ਤੇਰੇ ਨਾਲ ਰਖਾਈਆ । ਤੂੰ ਅੰਦਰ ਵੜ ਕੇ ਦੱਸੀ ਜਾਚ, ਮੈਂ ਯਾਚਕ ਹੋ ਕੇ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਮੰਨ ਇਕ ਅਰਜ਼ੋਈਆ । ਗੁਰਮੁਖ ਕਹੇ ਓ ਧੁਰ ਦੇ ਭਗਵਾਨ, ਸੱਚੇ ਦਿਆਂ ਦ੍ਰਿੜਾਈਆ । ਸਚਖੰਡ ਨਿਵਾਸੀ ਆਪਣੇ ਪਿਆਰਿਆਂ ਨੂੰ ਦੇ ਦਾਨ, ਨਾਮ ਭੰਡਾਰਾ ਝੋਲੀ ਪਾਈਆ । ਜਿਨ੍ਹਾਂ ਨੂੰ ਤੇਰੇ ਉਤੇ ਮਾਣ, ਅਭਿਮਾਨ ਅੰਦਰੋਂ ਦੇਣਾ ਕਢਾਈਆ । ਤੇਰੇ ਸ਼ਬਦ ਦੀ ਸੁਣਨ ਧੁਨਕਾਨ, ਜਗਤ ਰਾਗਾਂ ਸੁਣਨ ਕੋਇ ਨਾ ਜਾਈਆ । ਆਪਣਾ ਮਾਰਗ ਦੇ ਆਸਾਨ, ਕਿਉਂ ਜੰਗਲਾਂ ਵਿਚ ਫਿਰਾਈਆ । ਤੂੰ ਕਾਹਨਾਂ ਦਾ ਕਾਹਨ, ਤੇਰੇ ਉਤੇ ਜਿਨ੍ਹਾਂ ਦਾ ਈਮਾਨ, ਮੁਰੀਦ ਆਪਣੀ ਗੋਦ ਉਠਾਈਆ । ਤਾਰਾ ਸਿੰਘ ਕਹੇ ਮੈਂ ਵੇਖ ਕੇ ਹੋ ਗਿਆ ਹੈਰਾਨ, ਹੈਰਾਨੀ ਮੇਰੇ ਅੰਤਰ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਲੈਣੀ ਉਠਾਈਆ । ਗੁਰਸਿਖ ਕਹੇ ਮੇਰਾ ਹਾੜਾ, ਦਰੋਹੀ ਦਿਆਂ ਜਣਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰੇ ਸਾਂਝੇ ਯਾਰੇ ਜਨ ਭਗਤਾਂ ਵੇਖ ਮਾਤ ਅਖਾੜਾ, ਖੜ੍ਹੇ ਤੇਰਾ ਰਾਹ ਤਕਾਈਆ । ਤੇਰਾ ਨੂਰ ਤੱਕਾਂ ਕਦੇ ਨਾ ਥੱਕਾਂ ਵੇਖਾਂ ਵਿਚ ਬਹੱਤਰ ਨਾੜਾ, ਨਾੜੀ ਨਾੜੀ ਤੇਰਾ ਰੂਪ ਨਜ਼ਰੀ ਆਈਆ । ਮੰਨ ਭਗਤਾਂ ਦਾ ਇਸ਼ਾਰਾ, ਦੇਦੇ ਧੁਰ ਦਾ ਨਾਮ ਨਜ਼ਾਰਾ, ਕਲਜੁਗ ਕਰਦੇ ਪਾਰ ਕਿਨਾਰਾ, ਨਈਆ ਨੌਕਾ ਆਪਣਾ ਨਾਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਦੇ ਵਖਾਈਆ । ਗੁਰਮੁਖ ਕਹੇ ਕੀ ਪ੍ਰਭੂ ਤੂੰ ਹੋ ਗਿਆ ਬੁੱਢਾ, ਬਲ ਰਿਹਾ ਨਾ ਰਾਈਆ । ਕੀ ਪ੍ਰਭੂ ਤੂੰ ਹੋ ਗਿਆ ਡੁੱਡਾ, ਭੱਜ ਸਕੇਂ ਨਾ ਰਾਈਆ । ਕੀ ਪ੍ਰਭੂ ਤੂੰ ਡਰੇਂ ਕੋਲੋਂ ਯੁੱਧਾ, ਗੁਰ ਅਵਤਾਰ ਪੈਗ਼ੰਬਰਾਂ ਸਦਾ ਲੜਾਈਆ । ਕੀ ਤੂੰ ਨਹੀਂ ਵੇਖਦਾ ਕੀ ਹਾਲ ਹੁੰਦਾ ਉਤੇ ਬਸੁੱਧਾ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਕੀ ਤੂੰ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਵਿਚੋਂ ਲੈਣ ਗਿਝਾ ਭੁੱਗਾ, ਹਿੱਸਾ ਆਪਣੀ ਝੋਲੀ ਪਾਈਆ । ਤੂੰ ਲਾਰਾ ਦੇਂਦਾ ਆਇਆ ਚੌਂਹ ਜੁਗਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਪਾਰ ਕਰਾਈਆ । ਤੇਰਾ ਭਗਤਾਂ ਨਾਲੋਂ ਵਿਛੋੜੇ ਵਾਲਾ ਅਜੇ ਪੈਂਡਾ ਨਾ ਮੁੱਕਾ, ਮੁਕੰਮਲ ਦੇ ਸੁਣਾਈਆ । ਕਿਹੜੀ ਗੱਲੋਂ ਸਚਖੰਡ ਦਵਾਰੇ ਲੁਕਾ, ਕਿਉਂ ਨਾ ਨਿਰਗੁਣ ਜੋਤ ਕਰੇਂ ਰੁਸ਼ਨਾਈਆ । ਪ੍ਰਭੂ ਹੁਣ ਦਾ ਭਗਤ ਤੇਰੇ ਅੱਗੇ ਕੋਈ ਨਹੀਂ ਡਾਹਵੇਗਾ ਹੁੱਕਾ, ਚਿਲਮ ਅੱਗੇ ਨਾ ਕੋਇ ਟਿਕਾਈਆ । ਕੋਈ ਨਾ ਤਨ ਭਬੂਤ ਖ਼ਾਕ ਮਲੇਗਾ ਸੁੱਕਾ, ਮੱਥੇ ਤਿਲਕ ਨਾ ਕੋਇ ਵਖਾਈਆ । ਕੋਈ ਨਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਮੱਥਾ ਟੇਕੇ ਹੋ ਕੇ ਪੁੱਠਾ, ਸ਼ਾਸਤਰਾਂ ਓਟ ਨਾ ਕੋਇ ਤਕਾਈਆ । ਕੋਈ ਨਾ ਸਾਧਾਂ ਸੰਤਾਂ ਕੋਲ ਜਾ ਕੇ ਜਾਏ ਲੁੱਟਾ, ਆਪਣਾ ਭੇਟ ਕਰਾਈਆ । ਜਾ ਕੇ ਮਿਲ ਆਪਣਿਆਂ ਪੁੱਤਾਂ, ਜੋ ਬੱਚੇ ਤੇਰਾ ਰਾਹ ਤਕਾਈਆ । ਜੇ ਮੈਂ ਤੇਰੀ ਜਗਹ ਹੋਵਾਂ ਤੇ ਸਭ ਨੂੰ ਗੋਦੀ ਚੁੱਕਾਂ, ਆਪਣੇ ਗਲੇ ਲਗਾਈਆ । ਫੇਰ ਪੈਣ ਨਾ ਦੇਵਾਂ ਮਾਵਾਂ ਦੀਆਂ

ਕੁੱਖਾਂ, ਅਗਨੀ ਕੁੰਡ ਨਾ ਕੋਇ ਤਪਾਈਆ । ਓਥੇ ਜਾ ਕੇ ਸੁੱਟਾਂ, ਜਿਥੇ ਜਨਮੇ ਕੋਇ ਨਾ ਮਾਈਆ । ਓਨ੍ਹਾ ਨਾਲੋਂ ਕਦੇ ਨਾ ਟੁੱਟਾਂ, ਜੋ ਤੇਰਾ ਢੋਲਾ ਗਾਈਆ । ਜੇ ਮੈਂ ਤਕੜਾ ਹੋਵਾਂ ਤਾਰਾ ਸਿੰਘ ਕਹੇ ਪ੍ਰਭੂ ਤੇਰਾ ਗਲ ਘੁੱਟਾਂ, ਤੈਨੂੰ ਸਮਝ ਦਿਆਂ ਸਮਝਾਈਆ । ਤੂੰ ਨਹੀਂ ਜਾਣਦਾ ਕੀ ਹੁੰਦਾ ਵਿਛੋੜੇ ਦਾ ਦੁੱਖਾ, ਗੁਰਮੁਖ ਵਿਛੜਿਆ ਕਿਵੇਂ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਆਪ ਲੈ ਅੰਗੜਾਈਆ । ਗੁਰਮਖ ਕਹੇ ਪ੍ਰਭ ਨਾ ਕਰ ਆਪਣੀ ਮਰਜ਼ੀ, ਭਗਤ ਮਰੀਜ਼ ਦੇਣ ਦੁਹਾਈਆ । ਵੇਖੀਂ ਕਿਤੇ ਸਤਿਗੁਰੂ ਨਾ ਬਣੀਂ ਫ਼ਰਜ਼ੀ, ਫ਼ੈਸਲਾ ਹਕ ਦੇਣਾ ਜਣਾਈਆ । ਸਾਚੇ ਪ੍ਰੇਮੀਆਂ ਦਾ ਹੋਵੀਂ ਗ਼ਰਜ਼ੀ, ਗ਼ਰਜ਼ ਆਪਣੇ ਨਾਲ ਮਿਲਾਈਆ । ਮੈਂ ਲਿਖਾਉਣ ਲੱਗਾ ਸ਼ਬਦੀ ਧਾਰ ਅਗੰਮੀ ਅਰਜ਼ੀ, ਆਰਜ਼ੂ ਇਕ ਸੁਣਾਈਆ । ਜਿੰਨਾਂ ਚਿਰ ਜਨ ਭਗਤਾਂ ਬਣੇਂ ਨਾ ਦਰਦੀ, ਦੁੱਖੀਆਂ ਦੁੱਖ ਗਵਾਈਆ । ਓਨ੍ਹਾਂ ਚਿਰ ਮੇਰੀ ਧਾਰ ਰਹੇਗੀ ਲੜਦੀ, ਵਾਸਤਾ ਤੇਰੇ ਅੱਗੇ ਪਾਈਆ । ਪੁਰਖ ਅਕਾਲ ਕਿਹਾ ਮੈਂ ਕਦੇ ਨਾ ਹੋਵਾ ਅਲਗਰਜ਼ੀ, ਸਹਿਜੇ ਦਿਆਂ ਸੁਣਾਈਆ । ਜਿਹੜੀ ਆਤਮਾ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਹੋਈ ਪੜ੍ਹਦੀ, ਪੜਦਿਆਂ ਦੇ ਅੰਦਰ ਚੜ੍ਹ ਕੇ ਲਵਾਂ ਮਿਲਾਈਆ । ਇਹ ਖੇਲ ਮੇਰੀ ਆਪਣੇ ਘਰ ਦੀ, ਘਰ ਘਰ ਵਿਚ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਦੇਵਾਂ ਸਰਨਾਈਆ । ਗੁਰਮੁਖ ਕਹੇ ਮੈਂ ਸਭ ਕੁਛ ਤੈਨੂੰ ਕਹਿਣਾ, ਕਹਿ ਕੇ ਦਿਆਂ ਸੁਣਾਈਆ । ਜਾ ਕੇ ਵੇਖ ਆਪਣੇ ਨੈਣਾਂ, ਬਿਨ ਅੱਖਾ ਅੱਖ ਖੁਲ੍ਹਾਈਆ । ਮੁਸ਼ਕਲ ਹੋ ਗਿਆ ਭਗਤਾਂ ਜਗਤ ਵਾਸੀਆਂ ਵਿਚ ਬਹਿਣਾ, ਸਾਚਾ ਸੰਗ ਨਾ ਕੋਇ ਬਣਾਈਆ । ਇਕੋ ਭਾਣਾ ਤੇਰਾ ਸਹਿਣਾ, ਇਹੋ ਆਸਾ ਰਹੇ ਤਕਾਈਆ । ਆਪਣੇ ਨਾਮ ਦਾ ਪਾ ਦੇ ਗਹਿਣਾ, ਸਚ ਸ਼ਿੰਗਾਰ ਵਖਾਈਆ । ਪੂਰਬ ਜਨਮ ਦਾ ਦੇ ਦੇ ਲਹਿਣਾ, ਮਾਨਸ ਜਨਮ ਵੱਜੇ ਵਧਾਈਆ । ਤੇਰਾ ਲੇਖਾ ਕੋਈ ਨਾ ਜਾਣੇ ਸ਼ਾਸਤਰ ਸਿਮਰਤ ਵੇਦ ਪੁਰਾਨ ਰਮਾਇਣਾ, ਖਾਣੀ ਬਾਣੀ ਢੋਲੇ ਸਿਫ਼ਤਾਂ ਵਾਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਬੈਠ ਜਾ ਸਦਾ ਅਤੀਤ, ਪੁਰਖ ਅਕਾਲ ਰਿਹਾ ਜਣਾਈਆ । ਪਿਛਲਾ ਵੇਲਾ ਗਿਆ ਬੀਤ, ਅੱਗੇ ਦਿਆਂ ਮਾਣ ਵਡਿਆਈਆ । ਸਤਿ ਦਵਾਰਾ ਦੱਸ ਕੇ ਠਾਂਡਾ ਸੀਤ, ਅਗਨੀ ਤਤ ਦਿਆਂ ਬੁਝਾਈਆ । ਇਕੋ ਘਰ ਵਖਾ ਕੇ ਹਸਤ ਕੀਟ, ਊਚ ਨੀਚ ਮੇਲ ਮਿਲਾਈਆ । ਆਤਮ ਪਰਮਾਤਮ ਦੱਸ ਕੇ ਗੀਤ, ਸੋਹੰ ਢੋਲਾ ਇਕ ਸੁਣਾਈਆ । ਨਾਤਾ ਤੋੜ ਕੇ ਮੰਦਰ ਮਸੀਤ, ਕਾਇਆ ਕਾਅਬਾ ਕਰ ਪਰਗਟਾਈਆ । ਆਪ ਵਸਾਂ ਅੰਤਰ ਨਿਰੰਤਰ ਬੀਚ, ਜੋਤੀ ਨੂਰ ਕਰ ਰੁਸ਼ਨਾਈਆ । ਲੇਖ ਮੁਕਾ ਕੇ ਬੀਸ ਬੀਸ, ਬਿਸਤਰੇ ਸਭ ਦੇ ਦਿਆਂ ਬੰਧਾਈਆ । ਹੁਕਮ ਚੱਲੇ ਇਕ ਜਗਦੀਸ, ਜਾਗਰਤ ਜੋਤ ਕਰ ਰੁਸ਼ਨਾਈਆ । ਇਹ ਖੇਲ ਅਗੰਮੀ ਅਨਡੀਠ, ਜਗਤ ਬੁੱਧੀ ਸਮਝ ਕੋਇ ਨਾ ਪਾਈਆ । ਜਨ ਭਗਤਾਂ ਨਾਲ ਬਣਾ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਇਕੋ ਕਲਮਾ ਦੱਸ ਹਦੀਸ, ਹਰ ਹਿਰਦੇ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਅਗੰਮੀ ਅਨਡੀਠ, ਅਨਡਿੱਠੜੀ ਕਾਰ ਨਰ ਨਿਰੰਕਾਰ ਆਪਣੇ ਹੱਥ ਰਖਾਈਆ ।

★ ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਪਿੰਡ ਜੇਠੂਵਾਲ ★

ਬ੍ਰਹਿਮੰਡ ਖੰਡ ਖ਼ੁਸ਼ੀ ਮਨਾਉਣ, ਖ਼ੁਸ਼ਖ਼ਬਰੀ ਇਕ ਸੁਣਾਈਆ । ਪੁਰਖ ਅਬਿਨਾਸ਼ੀ ਦਰਸ਼ਨ ਪਾਉਣ, ਪਾਰਬ੍ਰਹਮ ਪ੍ਰਭ ਮਿਲ ਕੇ ਵੱਜੇ ਵਧਾਈਆ । ਬਿਨ ਕਦਮਾਂ ਸੀਸ ਝੁਕਾਉਣ, ਸਰ ਮਸਤਕ ਟਿੱਕੇ ਖ਼ਾਕ ਰਮਾਈਆ । ਬਿਰਹੁ ਵੈਰਾਗੀ ਨੇਤਰ ਨੈਣਾਂ ਨੀਰ ਵਹਾਉਣ, ਛਹਿਬਰ ਵੇਖੇ ਧੁਰਦਰਗਾਹੀਆ । ਅਬਿਨਾਸ਼ੀ ਕਰਤਾ ਲੱਗਾ ਫ਼ਰਮਾਉਣ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਮਿਲੇ ਹੁਕਮ ਉਣੰਜਾ ਪੌਣ, ਪਵਣ ਪਾਣੀ ਸੇਵ ਕਮਾਈਆ । ਹੁਕਮੇ ਅੰਦਰ ਹੁਕਮ ਆਇਆ ਬਦਲਾਉਣ, ਬਦਲੀ ਅਦਲ ਵਿਚ ਰਖਾਈਆ । ਇਕੋ ਕਲਮਾ ਆਇਆ ਦ੍ਰਿੜਾਉਣ, ਨਾਮ ਨਿਧਾਨਾ ਇਕ ਸੁਣਾਈਆ । ਸੋਹੰ ਢੋਲਾ ਆਇਆ ਜਪਾਉਣ, ਜਗਜੀਵਤ ਜੀਵ ਲਏ ਤਰਾਈਆ । ਸਾਚਾ ਮੰਦਰ ਆਇਆ ਸੁਹਾਉਣ, ਸਵਾਮੀ ਹੋ ਕੇ ਸੋਭਾ ਪਾਈਆ । ਭਗਤ ਸੁਹੇਲੇ ਆਇਆ ਬਚਾਉਣ, ਬੱਚੇ ਆਪਣੀ ਗੋਦ ਉਠਾਈਆ । ਅੰਮ੍ਰਿਤ ਜਾਮ ਆਇਆ ਪਿਆਉਣ, ਬੂੰਦ ਸਵਾਂਤੀ ਆਪ ਟਪਕਾਈਆ । ਦਰ ਦਰਵਾਜ਼ਾ ਆਇਆ ਖੁਲਾਉਣ, ਗ਼ਰੀਬ ਨਿਵਾਜਾ ਵੇਖ ਵਖਾਈਆ । ਜੁਗ ਜਨਮ ਦਿਆਂ ਵਿਛੜਿਆਂ ਆਇਆ ਮਿਲਾਉਣ, ਹਰਿ ਮਿਲਾਪੀ ਹੋਏ ਸਹਾਈਆ । ਜਗਤ ਵਿਛੋੜਾ ਆਇਆ ਕਟਾਉਣ, ਕਟਾਕਸ਼ ਆਪਣਾ ਨਾਮ ਲਗਾਈਆ । ਧਰਮ ਦਵਾਰੇ ਆਇਆ ਬਹੌਣ, ਅਗਲਾ ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਆਇਆ ਜਗੌਣ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਬ੍ਰਹਿਮੰਡ ਖੰਡ ਕਹਿਣ ਅਸੀਂ ਵੇਖ ਹੋਏ ਖ਼ੁਸ਼ਹਾਲ, ਖ਼ੁਸ਼ਖ਼ਬਰੀ ਬੇਖ਼ਬਰਾਂ ਖ਼ਬਰ ਸੁਣਾਈਆ । ਭਗਤ ਵਛਲ ਦੀਨਾਂ ਦਾ ਗੋਪਾਲ, ਗੋਬਿੰਦ ਮੇਲਾ ਮੇਲੇ ਸਹਿਜ ਸੁਭਾਈਆ । ਨਿਰਗੁਣ ਸਰਗੁਣ ਬਣ ਰਖਵਾਲ, ਜਗਤ ਜਹਾਨ ਹੋਏ ਸਹਾਈਆ । ਸਚ ਦਵਾਰਾ ਖੋਲ੍ਹ ਸੱਚੀ ਧਰਮਸਾਲ, ਧਰਮ ਦਾ ਮਾਰਗ ਇਕ ਪਰਗਟਾਈਆ । ਜਿਸ ਦਾ ਦੇਂਦੇ ਰਹੇ ਅਹਿਵਾਲ, ਗੁਰ ਅਵਤਾਰ ਪੈਗ਼ੰਬਰ ਰਾਗ ਸੁਣਾਈਆ । ਸੋ ਲੇਖਾ ਜਾਣੇ ਸ਼ਾਹ ਕੰਗਾਲ, ਹਰਿ ਕਰਤਾ ਧੁਰਦਰਗਾਹੀਆ । ਪਰਗਟ ਹੋ ਕੇ ਧੁਰ ਸੁਲਤਾਨ, ਸੁਤਿਆਂ ਲਏ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਲੈ ਕੇ ਆਪ ਕਮਾਨ, ਕਮਾਨ ਚਿੱਲਾ ਤੀਰ ਇਕੋ ਨਾਮ ਪਰਗਟਾਈਆ । ਹੁਕਮੇ ਅੰਦਰ ਸੁਣਨਾ ਪਏ ਫ਼ਰਮਾਨ, ਫਰਮਾਂਬਰਦਾਰ ਸਾਰੇ ਲਏ ਕਰਾਈਆ । ਹਰਿਜਨ ਰਹਿਣ ਨਾ ਦੇਵੇ ਕੋਈ ਨਾਦਾਨ, ਨਿਜ ਨੇਤਰ ਕਰੇ ਰੁਸ਼ਨਾਈਆ । ਕਾਮ ਵਾਸਨਾ ਮੇਟੇ ਕੂੜ ਸ਼ੈਤਾਨ, ਸ਼ਰਅ ਦਏ ਬਦਲਾਈਆ । ਹਿੰਸਾ ਦਾ ਰੋਗੀ ਰਹੇ ਨਾ ਕੋਇ ਇਨਸਾਨ, ਆਸਾ ਮਨਸਾ ਆਪਣੇ ਨਾਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਦੱਸ ਪਹਿਚਾਨ, ਬੇਪਹਿਚਾਨਾਂ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਬ੍ਰਹਿਮੰਡ ਖੰਡ ਕਹਿਣ ਅਸੀਂ ਵੇਖੇ ਵੱਜਦੇ ਢੋਲ ਮਰਦੰਗੇ, ਮਰਦਾਨਗੀ ਇਕੋ ਦੀ ਨਜ਼ਰੀ ਆਈਆ । ਕੋਟਨ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਵੇਖੇ ਪੈਰੀਂ ਨੰਗੇ, ਬਿਨ ਦਿਸ਼ਾ ਭੱਜਣ ਵਾਹੋ ਦਾਹੀਆ । ਜੁਗ ਚੌਕੜੀ ਜਗਤ ਜਹਾਨ ਜੀਵਾਂ ਵਿਚ ਲੰਘੇ, ਸਮਾਂ ਕਾਲ ਆਪਣਾ ਰੂਪ ਬਦਲਾਈਆ । ਜਗਤ ਵਾਸਨਾ ਉਡਦੇ ਰਹੇ ਪਤੰਗੇ, ਭਵਰੇ ਭਵਰਾਂ ਵਿਚ ਭਵਾਈਆ । ਮਾਨਸ ਮਾਨੁਖ ਤਤ ਸ਼ਰੀਰ ਵਜੂਦ ਵੇਖੇ ਬੰਦੇ, ਬੰਦਗੀ ਵਿਚ ਬੈਠੇ ਸੀਸ ਨਿਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਖੇਲ ਕੀਤੇ ਬਹੁ ਢੰਗੇ, ਭੇਵ ਸਮਝੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਾਚੇ ਗ੍ਰਿਹ ਦਏ ਵਡਿਆਈਆ । ਬ੍ਰਹਿਮੰਡ ਖੰਡ ਕਹਿਣ ਅਸਾਂ ਸੁਣਿਆ ਧੁਰ ਦਾ ਢੋਲਾ, ਢੋਲ ਮਾਹੀ ਦਿਤਾ ਸੁਣਾਈਆ । ਸ਼ਬਦੀ ਧਾਰ ਬਣ ਵਿਚੋਲਾ, ਸਤਿਗੁਰ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਦੱਸ ਕੇ ਬੋਲਾ, ਬੋਲੀ ਜਗਤ ਦਿਤੀ ਬਦਲਾਈਆ । ਪੜਦਾ ਰਹੇ ਕੋਈ ਨਾ ਓਹਲਾ, ਅੰਤਰ ਆਤਮ ਵੇਖ ਵਖਾਈਆ । ਸਦਾ ਵਸਣਹਾਰਾ ਕੋਲਾ, ਕਵਲ ਕੌਲ ਬੂੰਦ ਟਪਕਾਈਆ । ਭਾਗ ਲਗਾ ਕੇ ਕਾਇਆ ਮਾਟੀ ਚੋਲਾ, ਚੋਜੀ ਪ੍ਰੀਤਮ ਵੇਖੇ ਥਾਉਂ ਥਾਈਂਆ । ਸਚ ਦਵਾਰਾ ਏਕੰਕਾਰ ਹੋ ਕੇ ਆਪ ਖੋਲ੍ਹਾ, ਖ਼ਾਲਕ ਖ਼ਲਕ ਦਏ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਾ ਕੇ ਰੌਲਾ, ਰਹਿਬਰ ਰਾਹੀਆਂ ਦਏ ਭੁਲਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਕੇ ਕੌਲਾ, ਕਵਲ ਨੈਣ ਕਰੇ ਰੁਸ਼ਨਾਈਆ । ਧਰਨੀ ਧਰਤ ਧਵਲ ਭਾਰ ਕਰ ਕੇ ਹੌਲਾ, ਹੌਲੀ ਹੌਲੀ ਹਰ ਹਿਰਦੇ ਕਰੇ ਸਫ਼ਾਈਆ । ਸਾਚੇ ਨਾਮ ਦਾ ਦੇ ਝਕੋਲਾ, ਪਵਣ ਠੰਡੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਕਰਾਈਆ । ਬ੍ਰਹਿਮੰਡ ਖੰਡ ਕਹਿਣ ਅਸੀਂ ਨੱਚੇ ਟੱਪੇ ਕੁੱਦੇ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਪ੍ਰਭ ਦੀ ਰਮਜ਼ ਕਿਹੜਾ ਬੁੱਝੇ, ਸਮਝ ਵਿਚ ਸਮਝ ਨਾ ਕੋਇ ਰਖਾਈਆ । ਜਿਹੜੇ ਖੇਲ ਕੀਤੇ ਗੁੱਝੇ, ਗਹਿਰ ਗੰਭੀਰ ਆਪਣੀ ਕਾਰ ਕਮਾਈਆ । ਸੋ ਸਵਾਮੀ ਕਰਨੇ ਉਘੇ, ਉਗਣ ਆਥਣ ਵੱਜੇ ਵਧਾਈਆ । ਜਨ ਭਗਤ ਸੁਹੇਲੇ ਉਠਾਏ ਸੁੱਤੇ, ਸੋਈ ਸੁਰਤੀ ਆਪ ਜਗਾਈਆ । ਪਿਆਰ ਮੁਹੱਬਤ ਆਤਮ ਪਰਮਾਤਮ ਕਹੇ ਨਾਤਾ ਜੁੜਿਆ ਪਿਤਾ ਪੁੱਤੇ, ਪਤਿਪਰਮੇਸ਼ਵਰ ਹੋਏ ਸਹਾਈਆ । ਦਰ ਦਰ ਘਰ ਘਰ ਜਾ ਕੇ ਪੁਛੇ, ਪੁਸ਼ਤ ਪੁਨਾਹ ਹੱਥ ਟਿਕਾਈਆ । ਨਾਤਾ ਤੋੜ ਕੇ ਕਾਇਆ ਮਾਟੀ ਜੁੱਸੇ, ਜਿਸਮ ਵਿਚ ਇਸਮ ਆਪਣਾ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਬ੍ਰਹਿਮੰਡ ਖੰਡ ਕਹਿਣ ਕੀ ਕਰੀਏ ਇਜ਼ਹਾਰ, ਕਥਨੀ ਕਥ ਨਾ ਸਕੇ ਰਾਈਆ । ਵੇਖਿਆ ਖੇਲ ਸੱਚੀ ਸਰਕਾਰ, ਹਰਿ ਕਰਤਾ ਰਿਹਾ ਜਣਾਈਆ । ਸੰਤ ਸੁਹੇਲੇ ਮਾਤ ਉਭਾਰ, ਭਗਤ ਭਗਵੰਤ ਜੋੜ ਜੁੜਾਈਆ । ਜਿਸ ਨੂੰ ਲੱਭਦੇ ਰਹੇ ਜੁਗ ਚਾਰ, ਚਾਰੇ ਖਾਣੀ ਖੋਜ ਖੁਜਾਈਆ । ਚਾਰੇ ਬਾਣੀ ਸਿਫ਼ਤਾਂ ਵਾਲੇ ਬੋਲੇ ਜੈਕਾਰ, ਅੱਖਰਾਂ ਵਾਲੇ ਰਾਗ ਅਲਾਈਆ । ਸੋ ਸਵਾਮੀ ਅੰਤਰਜਾਮੀ ਗੁਰਮੁਖਾਂ ਪਾਏ ਸਾਰ, ਸਰਬ ਵਿਆਪੀ ਦਇਆ ਕਮਾਈਆ । ਗ਼ਰੀਬ ਨਿਮਾਣਿਆਂ ਮੁਫ਼ਲਿਸਾਂ ਫੜ ਬਾਹੋਂ ਲਾਏ ਪਾਰ, ਪਾਰ ਕਿਨਾਰਾ ਇਕ ਵਖਾਈਆ । ਜਿਥੇ ਭਗਤ ਸੁਹੇਲੇ ਥੋੜ੍ਹੇ ਰਹਿੰਦੇ ਦੋ ਚਾਰ, ਬਹੁ ਗਿਣਤੀ ਵੰਡ ਨਾ ਕੋਇ ਵੰਡਾਈਆ । ਸਚ ਦਵਾਰਾ ਖੋਲ੍ਹ ਕਿਵਾੜ, ਪੜਦਾ ਓਹਲਾ ਆਪ ਉਠਾਈਆ । ਨਿਰਗੁਣ ਜੋਤ ਨੂਰ ਕਰ ਉਜਿਆਰ, ਜੋਤ ਜੋਤੀ ਵਿਚ ਮਿਲਾਈਆ । ਜੋਤੀ ਜੋਤ ਦਏ ਆਧਾਰ, ਪੂਰਬ ਲਹਿਣਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਬ੍ਰਹਿਮੰਡ ਖੰਡ ਕਹਿਣ ਅਸੀਂ ਵੇਖਿਆ ਰਸਤਾ ਰਾਹ, ਬਿਨ ਅੱਖਾਂ ਅੱਖ ਖੁਲ੍ਹਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਨ ਭਗਤਾਂ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਕਿਸੇ ਤੋਂ ਲਏ ਨਾ ਕੋਇ ਸਲਾਹ, ਹੁਕਮੇ ਅੰਦਰ ਹੁਕਮ ਜਣਾਈਆ । ਚਰਨ ਕਵਲ ਦੇ ਪਨਾਹ, ਸਿਰ ਆਪਣਾ ਹੱਥ ਟਿਕਾਈਆ । ਮਿਹਰ ਨਜ਼ਰ ਨਾਲ ਬਖ਼ਸ਼ੇ ਗੁਨਾਹ, ਦੁਰਮਤ ਮੈਲ ਧਵਾਈਆ । ਸਜਦਿਆਂ ਵਿਚ ਕਰਨੀ ਨਾ ਪਏ ਦੁਆ, ਕਲਮਿਆਂ ਵਿਚ ਕਲਾਮ ਨਾ ਕੋਇ ਪੜ੍ਹਾਈਆ । ਅਬਿਨਾਸ਼ੀ ਕਰਤਾ ਸਹਿਜੇ ਮਿਲੇ ਆ, ਆਪਣਾ ਫੇਰਾ


੮੪੩ ੨੦

ਪਾਈਆ । ਸੰਤ ਸੁਹੇਲੇ ਲਏ ਤਰਾ, ਬੈਤਰਨੀ ਦਾ ਲੇਖਾ ਦਏ ਮੁਕਾਈਆ । ਸਚ ਦਵਾਰੇ ਦਏ ਬਹਾ, ਘਰ ਇਕੋ ਇਕ ਵਡਿਆਈਆ । ਜਿਸ ਗ੍ਰਿਹਿ ਵਸੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨੀ ਦਾ ਕਰਤਾ ਸਭ ਕਿਛ ਰਿਹਾ ਕਰਾ, ਕਾਰਨ ਸਕੇ ਨਾ ਕੋਇ ਸਮਝਾਈਆ ।

★ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਸਮਝ ਨਾ ਆਇਆ ਨੁਕਤਾ, ਨਈਆ ਨੌਕਾ ਰਹੀ ਨਾ ਰਾਈਆ । ਜੁਗ ਚੌਕੜੀ ਪੈਂਡਾ ਗਿਆ ਮੁੱਕਦਾ, ਪਾਂਧੀ ਬਣ ਕੇ ਆਪਣਾ ਪੰਧ ਮੁਕਾਈਆ । ਕਿਸੇ ਭੇਵ ਪਾਇਆ ਨਾ ਅਗਲੀ ਤੁਕ ਦਾ, ਸੋਹੰ ਤੋਂ ਅੱਗੇ ਕਰੀ ਨਾ ਕਿਸੇ ਪੜ੍ਹਾਈਆ । ਜੋ ਉਪਜਿਆ ਸੋ ਰਿਹਾ ਪੁਛਦਾ, ਦਰ ਠਾਂਡੇ ਸੀਸ ਝੁਕਾਈਆ । ਸੁਤ ਦੁਲਾਰਾ ਬਣਿਆ ਰਿਹਾ ਉਸ ਦਾ, ਜਿਸ ਦੀ ਉਸਤਤ ਕਰ ਕੇ ਆਪਣਾ ਝਟ ਲੰਘਾਈਆ । ਗੋਬਿੰਦ ਰੂਪ ਧਰ ਦੁਲਾਰੇ ਸੁਤ ਦਾ, ਸੂਰਤ ਸਾਬਤ ਇਕ ਪਰਗਟਾਈਆ । ਭਵਿਖਤ ਦੱਸ ਅਗਲੀ ਰੁੱਤ ਦਾ, ਰੁਤੜੀ ਰੰਗ ਰੰਗਾਈਆ । ਭੇਵ ਖੋਲ੍ਹ ਸਚ ਸੁਚ ਦਾ, ਸੰਜਮ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਦਮਾਂ ਉਤੋਂ ਵਾਰੇ ਕਦੀਮ, ਕਿਆਮਤ ਦਏ ਦੁਹਾਈਆ । ਸ਼ਾਹ ਸੁਲਤਾਨ ਵੇਖ ਅਜ਼ੀਮ, ਅਜ਼ਮਤ ਬੈਠੀ ਸੀਸ ਨਿਵਾਈਆ । ਜੋ ਜੁਗ ਚੌਕੜੀ ਕਰਦਾ ਆਇਆ ਤਰਮੀਮ, ਤਰਾ ਤਰਾ ਸਮਝਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਦੀਨ ਮਜ਼੍ਹਬ ਵੰਡ ਤਕਸੀਮ, ਹਿੱਸਿਆਂ ਵਿਚ ਹਿੱਸਾ ਆਪਣਾ ਪਾਈਆ । ਖੇਲ ਵੇਖ ਨਰ ਮਦੀਨ, ਮੁੱਦਤ ਤੋਂ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਦੱਸੀਏ ਖੇਲ ਪੁਰਾਣੀ, ਵੇਦ ਪੁਰਾਨ ਰਹੇ ਕੁਰਲਾਈਆ । ਸਭ ਦੀ ਜੂਹ ਹੋਈ ਬੇਗਾਨੀ, ਬੇਗਾਨੀ ਦਿਸੇ ਲੋਕਾਈਆ । ਸਚ ਰਹੀ ਨਾ ਕੋਈ ਨਿਸ਼ਾਨੀ, ਨਿਸ਼ਾਨੇ ਨਸ਼ਿਆਂ ਵਿਚ ਭੁਲਾਈਆ । ਜਗਤ ਕੂੜ ਹੋਈ ਗ਼ੁਲਾਮੀ, ਗ਼ਮਖ਼ਾਰ ਨਾ ਕੋਇ ਮਿਲਾਈਆ । ਸਦੀ ਚੌਧਵੀਂ ਸਭ ਦੀ ਹੋਈ ਬਦਨਾਮੀ, ਬਦੀ ਬਦਲਾ ਸਭ ਦੀ ਝੋਲੀ ਪਾਈਆ । ਸਜਦਿਆਂ ਵਿਚ ਫਿਰੇ ਬੇਈਮਾਨੀ, ਬੇਵਾ ਕੂਕੇ ਖ਼ਲਕ ਖ਼ੁਦਾਈਆ । ਗੁਰਮਤ ਕਰ ਕੇ ਨਾਫ਼ਰਮਾਨੀ, ਫ਼ਰਮਾਂਬਰਦਾਰ ਦਿਤੇ ਭੁਲਾਈਆ । ਕਲਜੁਗ ਬਾਲ ਅਵਸਥਾ ਬਦਲ ਗਈ ਜਵਾਨੀ, ਬੁੜ੍ਹੇਪਾ ਆਪਣੀ ਲਏ ਅੰਗੜਾਈਆ । ਨੇਤਰ ਰੋਂਦੇ ਵੇਖੇ ਪਵਣ ਪਾਣੀ, ਅਗਨੀ ਅਗਲਾ ਹਾਲ ਸੁਣਾਈਆ । ਤੇਰਾ ਖੇਲ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਸਮਝ ਕਿਸੇ ਨਾ ਆਈਆ । ਮੰਜ਼ਲ ਰਹੀ ਨਾ ਕਿਸੇ ਰੁਹਾਨੀ, ਰੂਹ ਬੁਤ ਹੋਈ ਜੁਦਾਈਆ । ਜਨ ਭਗਤਾਂ ਮੰਜ਼ਲ ਮਾਰਗ ਦੱਸ ਆਸਾਨੀ, ਅਸਲ ਆਪਣਾ ਰੰਗ ਚੜ੍ਹਾਈਆ । ਮਿਹਰ ਨਿਗਾਹ ਨਾਲ ਕਰ ਮਿਹਰਵਾਨੀ, ਮਹਿਰਮ ਆਪਣੇ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਘਟ ਹੋ ਜਾਣ ਜਾਣੀ, ਜਾਣਨਹਾਰ ਜਨਮ ਦਿਤਾ ਬਦਲਾਈਆ ।

★ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸੋਹਣ ਸਿੰਘ ਦੇ ਘਰ ਸ਼ਾਹ ਬੁੱਕਰ ਜ਼ਿਲਾ ਫ਼ਿਰੋਜ਼ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਸੁਹੰਜਣਾ ਹੋਇਆ ਵੇਲਾ, ਵਕਤ ਵਾਰ ਥਿਤ ਲੋਕਮਾਤ ਸਮਝ ਕਿਸੇ ਨਾ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਖੇਲੇ ਖੇਲ ਅਗੰਮ ਅਥਾਹ ਇਕ ਇਕੇਲਾ, ਏਕੰਕਾਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਸਾਂਝਾ ਯਾਰ ਦਇਆ ਕਮਾਈਆ । ਸਚ ਸਵਾਮੀ ਅੰਤਰਜਾਮੀ ਸ਼ਾਹੋ ਭੂਪ ਸਾਜਨ ਬਣ ਕੇ ਭਗਤ ਸੁਹੇਲਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਨਿਜ ਆਤਮ ਪਰਮਾਤਮ ਜੋਤੀ ਸ਼ਬਦੀ ਧਾਰ ਕਰ ਕੇ ਮੇਲਾ, ਈਸ਼ ਜੀਵ ਜਗਦੀਸ਼ ਦੇਵੇ ਮਾਣ ਵਡਿਆਈਆ । ਅੰਤ ਅਖ਼ੀਰ ਬੇਨਜ਼ੀਰ ਅਚਰਜ ਧਾਰ ਅਗੰਮੀ ਖੇਲ ਖੇਲਾ, ਖ਼ਾਲਕ ਖ਼ਲਕ ਮਖ਼ਲੂਕ ਮੁਫ਼ਲਿਸ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਬੇਅੰਤ ਬੇਪਰਵਾਹ ਆਪਣਾ ਪੜਦਾ ਆਪ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਕਰੀਏ ਸਿਫ਼ਤ ਸਾਲਾਹ, ਸਾਜਣ ਇਕੋ ਧੁਰਦਰਗਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦਾ ਢੋਲਾ ਆਏ ਗਾ, ਕਲਮਾ ਨਾਮ ਸ਼ਰਅ ਸ਼ਰੀਅਤ ਹੁਕਮੇ ਅੰਦਰ ਵੰਡ ਵੰਡਾਈਆ । ਸੋ ਸਵਾਮੀ ਅੰਤਰਜਾਮੀ ਸਭ ਦਾ ਦਿਸੇ ਆਦਿ ਜੁਗਾਦੀ ਇਕ ਮਲਾਹ, ਨਈਆ ਨੌਕਾ ਆਪਣਾ ਨਾਮ ਦੋ ਜਹਾਨਾਂ ਇਕ ਚਲਾਈਆ । ਜਲਵਾਗਰ ਨੂਰੀ ਨੂਰ ਇਲਾਹੀ ਅਲਾਹ ਇਕ ਖ਼ੁਦਾ, ਧੁਰ ਦਾ ਕਾਹਨਾ ਮਰਦ ਮਰਦਾਨਾ ਦੋ ਜਹਾਨਾਂ ਸੋਭਾ ਪਾਈਆ । ਭੇਵ ਅਭੇਦਾ ਅਛਲ ਅਛੇਦਾ ਸਚ ਦਵਾਰ ਏਕੰਕਾਰ ਇਕ ਇਕੱਲਾ ਰਿਹਾ ਖੁਲ੍ਹਾ, ਬਿਨ ਨੇਤਰ ਲੋਚਨ ਨੈਣ ਅੱਖ ਪਰਤੱਖ ਜੋਤੀ ਧਾਰ ਨੂਰ ਕਰੇ ਰੁਸ਼ਨਾਈਆ । ਸਿਫ਼ਤੀ ਢੋਲੇ ਰਸਨਾ ਜਿਹਵਾ ਤਨ ਵਜੂਦ ਮਾਨਸ ਮਾਨੁਖ ਸਾਰੇ ਰਹੇ ਗਾ, ਅੰਤਰ ਦ੍ਰਿਸ਼ਟੀ ਸ੍ਰਿਸ਼ਟੀ ਇਸ਼ਟੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਉਂ ਵਾਰੀ ਸਦਕੇ ਘੋਲੀ, ਘਾਇਲ ਆਪਣਾ ਆਪ ਕਰਾਈਆ । ਜਿਸ ਦੀ ਤਨ ਵਜੂਦ ਲੋਕਮਾਤ ਹੰਢਾ ਕੇ ਆਏ ਚੋਲੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣਾ ਰੰਗ ਰੰਗਾਈਆ । ਸੋ ਸ਼ਾਹ ਸੁਲਤਾਨਾਂ ਸ੍ਰੀ ਭਗਵਾਨਾ ਨਿਰਗੁਣ ਧਾਰ ਸ਼ਬਦੀ ਸ਼ਬਦ ਜਣਾ ਕੇ ਬੋਲੀ, ਅਨਬੋਲਤ ਆਪਣਾ ਰਾਗ ਸੁਣਾਈਆ । ਧਰਮ ਦਵਾਰਾ ਏਕੰਕਾਰਾ ਅਗੰਮ ਅਪਾਰਾ ਵਿਚ ਸੰਸਾਰਾ ਰਿਹਾ ਖੋਲ੍ਹੀ, ਖ਼ੁਦੀ ਤਕੱਬਰ ਜਗਤ ਮਾਣ ਹੰਕਾਰ ਵਿਭਚਾਰ ਡੇਰਾ ਢਾਹੀਆ । ਆਤਮ ਪਰਮਾਤਮ ਸਚ ਦਵਾਰ ਬਣਾ ਕੇ ਗੋਲੀ, ਸੇਵਕ ਸੇਵਾ ਸੇਵਾਦਾਰ ਇਕੋ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਇਕਰਾਰ ਕੌਲੀ, ਕਵਲ ਨਾਭੀ ਦੋ ਦੋਆਬੀ ਅੰਮ੍ਰਿਤ ਜਾਮ ਹਕੀਕੀ ਰਸ ਬਿਨ ਰਸਨਾ ਜਿਹਵਾ ਆਪ ਚਖਾਈਆ । ਮੇਲ ਮਿਲਾਏ ਹਕ ਮਹਿਬੂਬ ਮੁਹੱਬਤ ਵਿਚ ਹੁਜਰਾ ਹਕ ਮਹਿਰਾਬੀ, ਮਹਿਤਾਬ ਆਫ਼ਤਾਬ ਨੂਰੇ ਜ਼ਰ ਜਾਹਰ ਜਹੂਰ ਕਰੇ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਹੱਲ ਅਟਲ ਕਮਲਾਪਾਤੀ ਬਿਨ ਤੇਲ ਬਾਤੀ ਕਰੇ ਇਕ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਦੱਸੀਏ ਕੀ ਨਜ਼ਾਰਾ, ਬੇਨਜ਼ੀਰ ਨਜ਼ਰ ਰਿਹਾ ਬਦਲਾਈਆ । ਸਦੀ ਚੌਧਵੀਂ ਦਿਸੇ ਅੰਤ ਕਿਨਾਰਾ, ਨਈਆ ਨੌਕਾ ਸਭ ਦੀ ਰਿਹਾ ਡੁਲਾਈਆ । ਵਾਹਦ ਕਲਮਾ ਦੱਸੇ ਪਰਵਰਦਿਗਾਰਾ, ਜਲਵਾਗਰ ਨੂਰ ਖ਼ੁਦਾਈਆ ।

ਏਕੰਕਾਰਾ ਹੋ ਉਜਿਆਰਾ, ਉਜਰਤ ਸਭ ਦੀ ਝੋਲੀ ਪਾਈਆ । ਭਗਤ ਵਛਲ ਬਣ ਗਿਰਵਰ ਗਿਰਧਾਰਾ, ਗਹਿਰ ਗੰਭੀਰ ਆਪਣਾ ਪੜਦਾ ਦਏ ਉਠਾਈਆ । ਸਤਿਜੁਗ ਸਾਚਾ ਸਤਿ ਧਰਮ ਸਤਿ ਸਤਿਵਾਦੀ ਲਾਏ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਦਰ ਬੈਠੇ ਸੀਸ ਝੁਕਾਈਆ । ਦੇਵਤ ਸੁਰ ਕਰਨ ਨਿਮਸਕਾਰਾ, ਸਿਰ ਸਕੇ ਨਾ ਕੋਇ ਉਠਾਈਆ । ਸ਼ਾਹੋ ਭੂਪ ਇਕ ਸਿਕਦਾਰਾ, ਹੁਕਮ ਦੇਵੇ ਥਾਉਂ ਥਾਈਂਆ । ਕਲਜੁਗ ਕੂੜੀ ਕਿਰਿਆ ਮੇਟ ਮਾਇਆ ਮਮਤਾ ਮੋਹ ਵਿਕਾਰਾ, ਦੁਰਾਚਾਰੀ ਦਰ ਦੇਵੇ ਦੁਰਕਾਈਆ । ਸਾਚੀ ਸਿਖਿਆ ਚਾਰ ਵਰਨ ਅਠਾਰਾਂ ਬਰਨ ਏਕੋ ਨਰ ਨਰਾਇਣ ਦੇਵੇ ਨਰ ਨਾਰਾ, ਮਰਦੋ ਜਨ ਇਕੋ ਰੰਗ ਰੰਗਾਈਆ । ਜਨ ਭਗਤਾਂ ਪੈਜ ਜਾਏ ਸਵਾਰਾ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣਾ ਜਾਮ ਨਾਮ ਪਿਆਈਆ । ਸਦਾ ਸੁਹੇਲਾ ਸਾਚੀ ਦੇ ਕੇ ਸਚ ਖ਼ੁਮਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤ ਵੇਖੇ ਹਕ਼ੀਕ਼ੀ, ਹੁਕਮ ਮੰਨਣ ਧੁਰਦਰਗਾਹੀਆ । ਆਤਮ ਪਰਮਾਤਮ ਲਾ ਕੇ ਪ੍ਰੀਤੀ, ਪ੍ਰੀਤਮ ਆਪਣਾ ਰਹੇ ਮਨਾਈਆ । ਕਲਜੁਗ ਕੂੜੀ ਕਿਰਿਆ ਬਦਲ ਕੇ ਰੀਤੀ, ਨੀਤੀ ਅਗਲੀ ਲਈ ਪਰਗਟਾਈਆ । ਕਰੇ ਖੇਲ ਜਗਤ ਸਵਾਮੀ ਆਪ ਅਨਡੀਠੀ, ਅਨਡਿੱਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੀਏ ਬਿਨਾ ਅੱਖਾਂ, ਆਖ਼ਰ ਅਖ਼ੀਰ ਧਿਆਨ ਲਗਾਈਆ । ਭਗਵਾਨ ਭਗਤਾਂ ਸਦਾ ਸਖ਼ਾ, ਸਖ਼ੀ ਸੁਲਤਾਨ ਧੁਰਦਰਗਾਹੀਆ । ਦੇਵੇ ਮਾਣ ਵਡਿਆਈ ਵਿਚੋਂ ਕਰੋੜੀ ਲੱਖਾਂ, ਹਰਿਜਨ ਸਾਚੇ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲਾ ਦੀਨ ਦਿਆਲਾ ਦੇਵੇ ਸਚ ਸੰਦੇਸ਼ਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਰਹੇ ਹਮੇਸ਼ਾ, ਏਥੇ ਓਥੇ ਦੋ ਜਹਾਨਾਂ ਸੰਗ ਨਿਭਾਈਆ । ਜਨ ਭਗਤਾਂ ਮੇਲ ਮਿਲਾਏ ਬਣ ਕੇ ਧੁਰ ਦਾ ਨੇਤਾ, ਨੇਤਰ ਲੋਚਨ ਨੈਣ ਅੱਖ ਅੰਦਰੋਂ ਦਏ ਖੁਲ੍ਹਾਈਆ । ਘਰ ਬਾਰ ਵਖਾਏ ਗ੍ਰਿਹਿ ਮੰਦਰ ਇਕ ਸਚ ਦਵਾਰ ਧੁਰ ਦਾ ਦੇਸਾ, ਦਿਸ਼ਾ ਦੂਜੀ ਵੰਡ ਨਾ ਕੋਇ ਵੰਡਾਈਆ । ਜਿਥੇ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਸ਼ੰਕਰ ਸੀਸ ਜਗਦੀਸ਼ ਝੁਕਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਕਰਦੇ ਇਕ ਆਦੇਸਾ, ਨਮੋਂ ਨਮਸਤੇ ਡੰਡਾਵਤ ਬਿਨ ਸਜਦੇ ਸੀਸ ਝੁਕਾਈਆ । ਸੋ ਸਾਹਿਬ ਸੁਲਤਾਨਾ ਵਾਲੀ ਦੋ ਜਹਾਨਾਂ ਜੋਤੀ ਨੂਰ ਮਹਾਨਾ ਸ਼ਬਦੀ ਧਾਰ ਤਰਾਨਾ, ਤੁਰੀਆ ਤੋਂ ਪਰੇ ਕਰੇ ਪੜ੍ਹਾਈਆ । ਧਰਮ ਭੂਮਿਕਾ ਦੱਸ ਇਕ ਅਸਥਾਨਾ, ਲੇਖ ਚੁਕਾ ਕੇ ਗੋਪੀ ਕਾਹਨਾ, ਘਨੱਈਆ ਨਈਆ ਸਈਆ ਇਕੋ ਇਕ ਪਰਗਟਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਨਾ, ਸਤਿਜੁਗ ਸਾਚਾ ਧਰਮ ਧਰਮ ਉਪਜਾਏ ਵਿਚ ਜਹਾਨਾ, ਦੀਨ ਇਮਾਨਾ ਇਕੋ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੀਨ ਦਿਆਲ ਜੋਤੀ ਧਾਰ ਸ਼ਬਦੀ ਸਤਿਗੁਰ ਪਹਿਰਿਆ ਬਾਣਾ, ਬਾਣ ਅਣਿਆਲਾ ਆਪਣਾ ਨਾਮ ਚਲਾਈਆ । ਜਿਸ ਨੇ ਜ਼ਿਮੀਂ ਅਸਮਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸੁਰ ਅਸੁਰ ਬਦਲ ਦੇਣਾ ਜ਼ਮਾਨਾ, ਜ਼ਾਮਨੀ ਵਿਚ ਜ਼ਾਮਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੮੪੬ ੨੦

ਆਦਿ ਜੁਗਾਦਿ ਜੁਗ ਚੌਕੜੀ ਜੋਧਾ ਸੂਰਬੀਰ ਬਲੀ ਬਲਵਾਨਾ, ਬਲਧਾਰੀ ਜੋਤ ਨਿਰੰਕਾਰੀ ਨਿਰਾਕਾਰ ਨਿਰਵੈਰ ਹੁਕਮੇ ਅੰਦਰ ਆਪਣਾ ਹੁਕਮ ਵਰਤਾਈਆ ।

★ ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਕਰਨੈਲ ਸਿੰਘ ਦੇ ਗ੍ਰਹਿ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਸਮਰਥ, ਸਮਰਥ ਸਵਾਮੀ ਅੰਤਰਜਾਮੀ ਤੇਰੇ ਹੱਥ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੀ ਮਹਿੰਮਾ ਸਕੇ ਨਾ ਕੋਈ ਕਥ, ਗੀਤ ਗੋਬਿੰਦ ਗਹਿਰ ਗੰਭੀਰ ਬੇਨਜ਼ੀਰ ਸ਼ਾਹ ਹਕੀਰ ਸਮਝ ਕੋਇ ਨਾ ਪਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਤਿਜੁਗ ਸਾਚਾ ਮਾਰਗ ਦੱਸ, ਦੋ ਜਹਾਨਾ ਮਰਦ ਮਰਦਾਨਾ ਏਕਾ ਕਰ ਪੜ੍ਹਾਈਆ । ਨਿਜ ਨੇਤਰ ਲੋਚਨ ਨੈਣ ਨਿਰੰਕਾਰ ਨਿਰਾਕਾਰ ਖੋਲ੍ਹ ਅੱਖ, ਪਰਤੱਖ ਰੂਪ ਸ਼ਾਹੋ ਭੂਪ ਆਪਣਾ ਇਕ ਦਰਸਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਰਹੇ ਕੋਈ ਨਾ ਵੱਖ, ਤਨ ਵਜੂਦ ਮਾਟੀ ਹਾਟੀ ਸਚ ਕਰ ਸਫ਼ਾਈਆ । ਕਲਜੁਗ ਕੂੜ ਕੁੜਿਆਰ ਵਿਚ ਸੰਸਾਰ ਖੇੜਾ ਕਰ ਭੱਠ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਗੜ੍ਹ ਦੇਣਾ ਤੁੜਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਤੇਰੇ ਹੁਕਮੇ ਅੰਦਰ ਆਏ ਨਠ, ਬਣ ਬਣ ਪਾਂਧੀ ਫੇਰਾ ਪਾਈਆ । ਅੰਤ ਅਖ਼ੀਰ ਬੇਨਜ਼ੀਰ ਠਾਂਡੇ ਦਰਬਾਰੇ ਰਹੇ ਦੱਸ, ਦਹਿ ਦਿਸ਼ਾ ਖੋਜ ਖੁਜਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡਾ ਰਿਹਾ ਕੋਈ ਨਾ ਵੱਸ, ਵਾਸਤਾ ਵਾਬਸਤਾ ਹੋ ਕੇ ਤੇਰੇ ਅੱਗੇ ਪਾਈਆ । ਤੇਰਾ ਹੁਕਮ ਏਕੰਕਾਰ ਏਕਾ ਚਲੇ ਸੱਚ, ਸਚ ਸੰਦੇਸ਼ਾ ਨਰ ਨਰੇਸ਼ਾ ਦੇਣਾ ਦ੍ਰਿੜਾਈਆ । ਤੇਰੀ ਹਕੀਕਤ ਵੇਖੀਏ ਹਕ, ਹੁਕਮ ਹਾਕਮ ਧੁਰ ਦਾ ਦੇਣਾ ਸੁਣਾਈਆ । ਸਾਚੇ ਧਰਮ ਦਾ ਧਰਮ ਆਤਮ ਹੋ ਕੇ ਖੋਲ੍ਹ ਹੱਟ, ਵਣਜਾਰਾ ਵਣਜ ਇਕ ਕਰਾਈਆ । ਤੂੰ ਮੇਰਾ ਮੈਂ ਤੇਰਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਲੈਣ ਰਟ, ਰਈਅਤ ਵੇਖ ਖ਼ਲਕ ਖ਼ੁਦਾਈਆ । ਸਾਚਾ ਧੀਰਜ ਨਾਮ ਦੇ ਸੰਤੋਖ ਜਤ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇ ਝੱਟ, ਝਟਕਾ ਹਲਾਲੀ ਨਜ਼ਰ ਕੋਇ ਨਾ ਆਈਆ । ਦੂਈ ਦਵੈਤ ਸ਼ਰਅ ਸ਼ਰੀਅਤ ਸਦੀ ਚੌਧਵੀਂ ਮੇਟ ਫੱਟ, ਪੱਟੀ ਨਾਮ ਸ੍ਰੀ ਭਗਵਾਨ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਤੇਰੇ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਆਪਣੀ ਚਾੜ੍ਹ ਅਗੰਮੀ ਰੰਗਣ, ਜਗਤ ਰੰਗਣ ਲੋੜ ਰਹੇ ਨਾ ਰਾਈਆ । ਤੇਰੇ ਨਾਮ ਡੰਕੇ ਦਵਾਰ ਬੰਕੇ ਘਰ ਘਰ ਸ਼ਬਦ ਅਨਾਦੀ ਵੱਜਣ, ਸਚ ਸੰਦੇਸ਼ਾ ਧੁਰਦਰਗਾਹੀ ਇਕੋ ਦੇਣਾ ਸੁਣਾਈਆ । ਸੰਤ ਸੁਹੇਲੇ ਭਗਤ ਭਗਵਾਨ ਤੈਨੂੰ ਸੱਦਣ, ਸਚ ਦਵਾਰ ਏਕੰਕਾਰ ਤੇਰਾ ਰਾਹ ਤਕਾਈਆ । ਤੇਰੀ ਸਰਨਾਈ ਬੇਪਰਵਾਹੀ ਨੂਰ ਖ਼ੁਦਾਈ ਜਗਤ ਜਗਿਆਸੂ ਲੱਗਣ, ਜਾਗਰਤ ਜੋਤ ਬਿਨ ਵਰਨ ਗੋਤ, ਏਕਾ ਨੂਰ ਦੇਣਾ ਚਮਕਾਈਆ । ਮਾਇਆ ਮਮਤਾ ਮਨ ਮੋਹ ਵਿਕਾਰ ਤੋੜ ਕੇ ਹੱਦਨ, ਹੱਦ ਹਦੂਦ ਕਰ ਮਹਿਦੂਦ ਚਰਨ ਕਵਲ ਉਪਰ ਧਵਲ ਬਖ਼ਸ਼ ਇਕ ਸਰਨਾਈਆ । ਸਚ ਨਗਾਰੇ ਨੌਂ ਖੰਡ ਪ੍ਰਿਥਮੀ ਵੱਜਣ, ਅਨਹਦ ਨਾਦੀ ਆਪਣਾ ਰਾਗ ਸੁਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਪੜਦੇ ਆਇਉਂ ਕੱਜਣ, ਓਢਣ ਸੀਸ ਜਗਦੀਸ਼ ਇਕੋ ਦੇਣਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ

੮੪੭
੨੦

ਦਵਾਰੇ ਧੁਰ ਦੀ ਆਸ ਤਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਨੌਜਵਾਨ ਸੂਰੇ, ਸੁਰ ਨਰ ਬੈਠੇ ਸੀਸ ਨਿਵਾਈਆ । ਕੌਲ ਇਕਰਾਰ ਭਵਿਖਤਾਂ ਵਾਲੇ ਕਰ ਪੂਰੇ, ਲਿਖਤਾਂ ਵਿਚੋਂ ਲੇਖ ਦੇ ਬਦਲਾਈਆ । ਪੰਧ ਮੁਕਾ ਕਲਜੁਗ ਕੂੜੀ ਕਿਰਿਆ ਨੇੜ ਦੂਰੇ, ਦੂਰ ਦੁਰਾਡੇ ਆਪਣਾ ਫੇਰਾ ਪਾਈਆ । ਨਵ ਨੌ ਚਾਰ ਰਹਿਣ ਕੋਈ ਨਾ ਝੇੜੇ, ਝਗੜਾ ਦੀਨ ਦੁਨੀ ਦੇਣਾ ਚੁਕਾਈਆ । ਜਨ ਭਗਤਾਂ ਵਸਾ ਸਾਚੇ ਖੇੜੇ, ਖਿੜਕੀ ਕੁੰਡਾ ਕਾਇਆ ਮੰਦਰ ਅੰਦਰ ਦੇਣਾ ਖੁਲ੍ਹਾਈਆ । ਨਿਰਗੁਣ ਧਾਰ ਜੋਤ ਨਿਰਾਕਾਰ ਨਿਰਵੈਰ ਹੋ ਕੇ ਮਾਰ ਫੇਰੇ, ਫਿਰਤ ਫਿਰਤ ਗੁਰਮੁਖ ਗੁਰਸਿਖ ਹਰਿਜਨ ਆਪਣੇ ਖੋਜ ਖੁਜਾਈਆ । ਸੰਤ ਸੁਹੇਲੇ ਆਦਿ ਜੁਗਾਦੀ ਤੇਰੇ ਚੇਰੇ, ਚੇਲਾ ਗੁਰ ਇਕੋ ਘਰ ਵਸਾਈਆ । ਪੁਰਖ ਅਗੰਮ ਅਥਾਹ ਬੇਪਰਵਾਹ ਜਨ ਭਗਤਾਂ ਬੰਨ੍ਹ ਬੇੜੇ, ਨਈਆ ਨੌਕਾ ਨਾਮ ਨਿਧਾਨ ਸ੍ਰੀ ਭਗਵਾਨ ਇਕ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਗੀਤ ਜਣਾ ਤੇਰੇ ਮੇਰੇ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਹਕੀਕਤ ਹਕ ਕਰ ਨਬੇੜੇ, ਝਗੜਾ ਅਵਰ ਰਹੇ ਨਾ ਰਾਈਆ ।

## ★ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਜਰਨੈਲ ਸਿੰਘ ਦੇ ਗ੍ਰਿਹ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਹੋਈ ਅੰਤਰ ਹੈਰਾਨੀ, ਹਰੀ ਹਰਿ ਅਚਰਜ ਖੇਲ ਰਚਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਵੇਖੀਏ ਕੂੜ ਨਿਸ਼ਾਨੀ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਮੰਜ਼ਲ ਰਹੀ ਨਾ ਕਿਸੇ ਰੂਹਾਨੀ, ਰੂਹ ਬੁਤ ਵੱਜੇ ਨਾ ਕੋਇ ਵਧਾਈਆ । ਮਾਇਆ ਮਮਤਾ ਮੋਹ ਵਿਕਾਰ ਆਈ ਤੁਗ਼ਿਆਨੀ, ਜੂਠ ਝੂਠ ਵਹਿਣ ਵਹਾਈਆ । ਧੁਰ ਦਾ ਸ਼ਬਦ ਅਗੰਮੀ ਸੁਣੇ ਕੋਈ ਨਾ ਬਾਣੀ, ਬਾਵਨ ਧਾਰ ਪੜਦਾ ਸਕੇ ਨਾ ਕੋਇ ਉਠਾਈਆ । ਮਨ ਵਾਸਨਾ ਮਮਤਾ ਮੋਹ ਜਗਤ ਤ੍ਰਿਸ਼ਨਾ ਹੋਈ ਬੇਈਮਾਨੀ, ਬੇਵਾ ਦਿਸੇ ਖ਼ਲਕ ਖ਼ੁਦਾਈਆ । ਨਾਮ ਨਿਧਾਨਾ ਤੀਰ ਵੱਜੇ ਕੋਈ ਨਾ ਕਾਨੀ, ਕਾਇਨਾਤ ਕਲਮਾ ਹਕ ਨਾ ਕੋਇ ਸੁਣਾਈਆ । ਸਚ ਸੰਦੇਸ਼ਾ ਭੁੱਲਿਆ ਸ਼ਾਹ ਸੁਲਤਾਨੀ, ਪਾਰਬ੍ਰਹਮ ਪਤਿਪਰਮੇਸ਼ਵਰ ਸੀਸ ਨਾ ਕੋਇ ਝੁਕਾਈਆ । ਝਗੜਾ ਪਿਆ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭੁੱਲਿਆ ਹਰਿ ਹਰਿ ਨਾਉਂ, ਨਰ ਨਿਰੰਕਾਰ ਮਿਲਣ ਕੋਇ ਨਾ ਆਈਆ । ਖ਼ਾਲੀ ਫੋਕਟ ਦਿਸੇ ਸਾਰੇ ਥਾਉਂ, ਥਨੰਤਰ ਅੰਤਰ ਵੱਜੇ ਨਾ ਕੋਇ ਵਧਾਈਆ । ਝਗੜਾ ਵੇਖਿਆ ਤਨ ਵਜੂਦ ਮਾਟੀ ਕੱਚ ਗਰਾਉਂ, ਮਨ ਮਤ ਬੁਧ ਕਰੇ ਲੜਾਈਆ । ਸਿਰ ਦੇਵੇ ਨਾ ਕੋਇ ਕਿਸੇ ਠੰਡੀ ਛਾਉਂ, ਸ਼ਹਿਨਸ਼ਾਹ ਸ਼ਾਹ ਸੁਲਤਾਨਾਂ ਨਜ਼ਰ ਕਿਸੇ ਨਾ ਆਈਆ । ਦੂਈ ਦਵੈਤ ਮੇਟੇ ਕੋਈ ਨਾ ਘਾਉ, ਘਾਇਲ ਕੀਤੀ ਕੂੜ ਲੋਕਾਈਆ । ਸਦੀ ਚੌਧਵੀਂ ਪਕੜੇ ਕੋਈ ਨਾ ਬਾਹੋਂ, ਪੈਗ਼ੰਬਰ ਬੈਠੇ ਸੀਸ ਨਿਵਾਈਆ । ਭਰਮੇ ਭੁੱਲੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰਾਹੋਂ, ਮਾਰਗ ਪੰਧ ਸਮਝ ਕਿਸੇ ਨਾ ਆਈਆ । ਮਨ ਵਾਸਨਾ ਹੰਸ ਹੋਈ ਕਾਉਂ, ਕਾਗ ਵਾਂਗ ਕੁਰਲਾਈਆ । ਚਾਰ ਕੁੰਟ ਦਹਿ ਦਿਸ਼ਾ ਕਰੇ ਕੋਇ ਨਾ ਹਕ ਨਿਆਉਂ, ਧੁਰ ਸੰਦੇਸ਼ ਨਾ ਕੋਇ ਸੁਣਾਈਆ । ਤੇਰਾ ਖੇਲ ਪ੍ਰਭੂ ਅਗੰਮ ਅਥਾਹੋ,

੯੪੯
੨੦

ਅਥਵਾ ਭੇਵ ਕੋਇ ਨਾ ਪਾਈਆ । ਕਲਜੁਗ ਅੰਤ ਜਨ ਭਗਤ ਨਿਉਂ ਨਿਉਂ ਲਾਗਣ ਪਾਉਂ, ਪਾਰਬ੍ਰਹਮ ਪ੍ਰਭ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਹਾਲਤ ਦੱਸੀਏ ਜਗ, ਜਗਹ ਜਗਹ ਪਈ ਦੁਹਾਈਆ । ਗ੍ਰਿਹ ਮੰਦਰ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਾਚੀ ਮੰਜ਼ਲ ਚੜ੍ਹ ਕੇ ਕਰੇ ਕੋਈ ਨਾ ਹੱਜ, ਹੁਜਰਾ ਹਕ ਨਾ ਕੋਇ ਸੁਹਾਈਆ । ਮਨ ਵਾਸਨਾ ਸਾਰੇ ਰਹੇ ਭੱਜ, ਭਜਨ ਬੰਦਗੀ ਕੰਮ ਕਿਸੇ ਨਾ ਆਈਆ । ਸਾਡੀ ਕਰਨੀ ਹੋ ਗਈ ਰੱਦ, ਰਈਅਤ ਰਹੀ ਨਾ ਖ਼ਲਕ ਖ਼ੁਦਾਈਆ । ਸ਼ਨਵਾਈ ਸਨਮ ਸੁਣੇ ਕੋਈ ਨਾ ਨਦ, ਸ਼ਾਦਿਆਨੇ ਸ਼ਰਅ ਸ਼ਰੀਅਤ ਵਿਚ ਦ੍ਰਿੜਾਈਆ । ਅੰਤ ਅਖ਼ੀਰ ਬੇਨਜ਼ੀਰ ਵੇਖ ਹੱਦ, ਹਜ਼ਰਤ ਹਜ਼ੂਰ ਫੇਰਾ ਪਾਈਆ । ਜਨ ਭਗਤ ਸੁਹੇਲੇ ਤੇਰੀ ਯਦ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਬਿਰਹੁ ਵਿਛੋੜੇ ਵੈਰਾਗ ਅੰਦਰ ਆਤਮ ਧਾਰ ਰਹੇ ਸੱਦ, ਪਰਮਾਤਮ ਪੁਨਹ ਪੁਨਹ ਸੀਸ ਨਿਵਾਈਆ । ਸਚ ਸਵਾਮੀ ਅੰਤਰਜਾਮੀ ਪਰਗਟ ਹੋ ਉਪਰ ਸ਼ਾਹ ਰਗ, ਰਹਿਮਤ ਆਪਣੀ ਆਪ ਕਮਾਈਆ । ਸਾਚਾ ਮਾਰਗ ਏਕੰਕਾਰ ਏਕਾ ਦੱਸ, ਦਹਿ ਦਿਸ਼ਾ ਪੰਧ ਮੁਕਾਈਆ । ਨਿਰਗੁਣ ਜੋਤ ਕਰ ਪਰਕਾਸ਼, ਪਰਕਾਸ਼ਤ ਹੋਵੇ ਜਗਤ ਲੋਕਾਈਆ । ਜਨਮ ਜਨਮ ਦੀ ਪੂਰੀ ਕਰ ਆਸ, ਅਸਲ ਆਪਣਾ ਰੂਪ ਦਰਸਾਈਆ । ਤੇਰਾ ਨਾਉਂ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਜਨ ਭਗਤ ਸੁਹੇਲੇ ਤੇਰੀ ਜਾਤ, ਅਜਾਤੀ ਰੂਪ ਨਾ ਕੋਇ ਦ੍ਰਿੜਾਈਆ । ਲੇਖੇ ਲਾ ਪਵਣ ਸਵਾਸ, ਸਾਹ ਸਾਹ ਤੇਰਾ ਨਾਮ ਧਿਆਈਆ । ਝਗੜਾ ਮੁਕੇ ਪ੍ਰਿਥਮੀਂ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਸਦਾ ਸੁਹੇਲੇ ਵਸ ਪਾਸ, ਪਾਸੇ ਵਿਚ ਆਪਣੀ ਕਰਵਟ ਲੈ ਬਦਲਾਈਆ । ਅੰਤ ਅਖ਼ੀਰ ਪਤ ਰਾਖ, ਰੱਖਕ ਹੋ ਸਚ ਗੋਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲੇ ਤੇਰੀ ਸ਼ਾਖ਼, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰਾ ਨੂਰੇ ਨਜ਼ਰ ਲਹਿਰਾਈਆ ।

★ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਬਲਵੰਤ ਸਿੰਘ ਦੇ ਗ੍ਰਿਹ ਤਲਵੰਡੀ ਜਲੇਖਾਂ ਜ਼ਿਲਾ ਫ਼ਿਰੋਜ਼ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਵੇਖ ਕਲਜੁਗ ਕਲ, ਕਾਤੀ ਕੂੜ ਲੋਕਾਈਆ । ਮਨ ਵਾਸਨਾ ਕੂੜੀ ਕਿਰਿਆ ਸਭ ਨੂੰ ਰਹੀ ਛਲ, ਅਛਲ ਛੱਲ ਤੇਰੀ ਯਾਦ ਕਿਸੇ ਨਾ ਆਈਆ । ਸਚ ਦਵਾਰ ਨਜ਼ਰ ਨਾ ਆਵੇ ਕਿਸੇ ਮਹੱਲ ਅਟਲ, ਮਹਿਬੂਬ ਮਿਲ ਕੇ ਮੁਹੱਬਤ ਹਕ ਨਾ ਕੋਇ ਕਮਾਈਆ । ਦੂਈ ਦਵੈਤ ਸ਼ਰਅ ਸ਼ਰੀਅਤ ਰਹੀ ਸੱਲ, ਤੀਰ ਨਿਰਾਲਾ ਲੱਗਾ ਖ਼ਲਕ ਖ਼ੁਦਾਈਆ । ਨਾਮ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਏਕਾ ਘਲ, ਦੋ ਜਹਾਨ ਮਰਦ ਮਰਦਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਾਰਬ੍ਰਹਮ ਸਮਰਥ ਪੁਰਖ ਸਵਾਮੀ, ਸਤਿ ਸਚ ਤੇਰੀ ਸਰਨਾਈਆ । ਲੱਖ ਚੁਰਾਸੀ ਜੀਵ ਜੰਤ ਆਤਮ ਅੰਤਰ ਜਾਣ ਜਾਣੀ, ਬੇਪਰਵਾਹ ਤੇਰੀ ਬੇਪਰਵਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬੋਧ ਅਗਾਧ ਭੁੱਲੀ ਤੇਰੀ ਬਾਣੀ, ਨਾਮ ਨਿਧਾਨ


੮੪੯
੨੦

ਸ੍ਰੀ ਭਗਵਾਨ ਸ਼ਬਦ ਅਨਾਦ ਧੁਨ ਸੁਣੇ ਨਾ ਕੋਇ ਸ਼ਨਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮਿਹਰਵਾਨ ਕਰ ਮਿਹਰਵਾਨੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਕਰ ਪਰਕਾਸ਼ ਨਿਰਗੁਣ ਜੋਤ ਜਲਵਾਗਰ ਨੁਰਾਨੀ, ਅੰਧ ਅੰਧੇਰਾ ਸੰਝ ਸਵੇਰਾ ਇਕੋ ਰੰਗ ਰੰਗਾਈਆ । ਜਨ ਭਗਤਾਂ ਸਾਚੇ ਸੰਤਾਂ ਸਚ ਦਵਾਰਾ ਬਖ਼ਸ਼ ਇਕੋ ਪਦ ਨਿਰਬਾਣੀ, ਨਿਰਵੈਰ ਪੁਰਖ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਮੇਟ ਰੈਣ ਅੰਧੇਰੀ ਕਾਲੀ, ਕਲਮਾ ਕਾਇਨਾਤ ਇਕੋ ਦੇ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਤੇਰੀ ਘਾਲ ਘਾਲੀ, ਸੇਵਕ ਹੋ ਕੇ ਦਰ ਠਾਂਡੇ ਸੇਵ ਕਮਾਈਆ । ਸਦੀ ਚੌਧਵੀਂ ਸਤਿ ਸਤਿਵਾਦੀ ਬ੍ਰਹਿਮਾਦੀ ਤੇਰੀ ਚਾਲ ਨਿਰਾਲੀ, ਅਕਲ ਕਲਧਾਰੀ ਸਮਝ ਸਚ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਫਲ ਰਿਹਾ ਨਾ ਕਿਸੇ ਡਾਲੀ, ਸਿੰਮਲ ਰੁੱਖ ਜੀਵ ਜੰਤ ਰਹੇ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਤੇਰੇ ਦਰ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਦੀ ਪਾ ਸਾਰ, ਪਾਰਬ੍ਰਹਮ ਪ੍ਰਭ ਤੇਰੀ ਇਕ ਸਰਨਾਈਆ । ਤੇਰਾ ਲਹਿਣਾ ਦੇਣਾ ਸਦਾ ਜੁਗ ਚੌਕੜੀ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰਾ ਰਾਹ ਤਕਾਈਆ । ਖਾਣੀ ਬਾਣੀ ਤੇਰੀ ਧਾਰ, ਹੁਕਮੇ ਅੰਦਰ ਹੁਕਮ ਦੇਣਾ ਸੁਣਾਈਆ । ਸਚ ਸੰਦੇਸ਼ਾ ਤਰੇਤਾ ਦੁਆਪਰ ਕਲਜੁਗ ਦੇਣਾ ਏਕਾ ਏਕੰਕਾਰ, ਇਕ ਇਕੱਲਾ ਆਪਣਾ ਨਾਮ ਦੇਣਾ ਪਰਗਟਾਈਆ । ਸਤਿਜੁਗ ਸਾਚਾ ਜੀਉ ਪਿੰਡ ਤਨ ਕਾਚਾ ਮਾਰਗ ਦੇ ਵਖਾਲ, ਸੋਈ ਸੁਰਤੀ ਅਕਾਲ ਮੂਰਤ ਆਪਣੀ ਦੇ ਅੰਗੜਾਈਆ । ਤੇਰਾ ਲੇਖਾ ਅਗੰਮ ਅਪਾਰ, ਨਾ ਕੋਇ ਜਾਣੇ ਵਿਚ ਸੰਸਾਰ, ਮਨ ਮਤ ਬੁੱਧ ਚਲੇ ਨਾ ਕੋਇ ਚਤੁਰਾਈਆ । ਸਤਿ ਸਵਾਮੀ ਅੰਤਰਜਾਮੀ ਨਿਰਗੁਣ ਨੂਰ ਜੋਤ ਕਰ ਉਜਿਆਰ, ਸ਼ਬਦ ਅਨਾਦੀ ਨਾਦ ਧੁਨ ਆਤਮਕ ਰਾਗ ਸ਼ਨਵਾਈਆ । ਤੇਰੇ ਦਰ ਠਾਂਡੇ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਬਣੇ ਭਿਖਾਰ, ਭਿੱਖਕ ਹੋ ਕੇ ਆਪਣੀ ਝੋਲੀ ਡਾਹੀਆ । ਸਤਿਜੁਗ ਸਾਚਾ ਸਚ ਕਰੇ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਤੋੜ ਗੜ੍ਹ ਹੰਕਾਰ, ਜੂਠ ਝੂਠ ਲੋਕਮਾਤ ਰਹਿਣ ਨਾ ਪਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਂਝਾ ਬਖ਼ਸ਼ ਇਕ ਪਿਆਰ, ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਮੇਲਾ ਲੈਣਾ ਮਿਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰਦਰਗਾਹੀ ਪਰਵਰਦਿਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਧੁਰ ਦਾ ਘਰ, ਜਿਸ ਗ੍ਰਿਹਿ ਵੱਜੇ ਸਚ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਮੇਟ ਅੰਤ ਅੰਧੇਰਾ, ਅੰਧ ਆਤਮ ਕਰ ਰੁਸ਼ਨਾਈਆ । ਸਚ ਦਵਾਰੇ ਕਰ ਹਕ ਨਬੇੜਾ, ਹਕ਼ੀਕ਼ਤ ਆਪਣੀ ਦੇ ਸਮਝਾਈਆ । ਦੀਨ ਮਜ਼੍ਹਬ ਦਾ ਰਹੇ ਕੋਈ ਨਾ ਝੇੜਾ, ਝਗੜਾ ਮਿਟੇ ਖ਼ਲਕ ਖ਼ੁਦਾਈਆ । ਚਾਰ ਵਰਨ ਅਠਾਰਾਂ ਬਰਨ ਏਕਾ ਰੰਗ ਰੰਗਾ ਸੰਝ ਸਵੇਰਾ, ਪਰਕਾਸ਼ ਪਰਕਾਸ਼ ਵਿਚੋਂ ਕਰ ਰੁਸ਼ਨਾਈਆ । ਸਾਹਿਬ ਸਤਿਗੁਰ ਸ਼ਬਦ ਸਵਾਮੀ ਬੰਨ੍ਹ ਬੇੜਾ, ਨਈਆ ਨੌਕਾ ਇਕੋ ਨਾਮ ਚੜ੍ਹਾਈਆ । ਜਨ ਭਗਤਾਂ ਭਾਗ ਲਗਾ ਸਾਢੇ ਤਿੰਨ ਹੱਥ ਕਾਇਆ ਮਾਟੀ ਖੇੜਾ, ਪੜਦਾ ਓਹਲਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਾਚੀ ਏਕਾ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਤੇਰੇ ਅੱਗੇ ਅਰਦਾਸ, ਪੁਨਹ ਪੁਨਹ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ

ਜੋਤ ਕਰ ਪਰਕਾਸ਼, ਸ਼ਬਦੀ ਚੰਦ ਚੰਦ ਨੂਰ ਚਮਕਾਈਆ । ਤੇਰਾ ਰਾਹ ਤੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਸਾਚੇ ਮੰਡਲ ਪਾ ਰਾਸ, ਗੋਪੀ ਕਾਹਨ ਆਪਣਾ ਨਾਉਂ ਧਰਾਈਆ । ਦੀਨ ਦੁਨੀ ਝਗੜਾ ਮੇਟ ਵਿਚ ਲੋਕਮਾਤ, ਗੋਬਿੰਦ ਸ਼ਬਦ ਡੰਕਾ ਇਕ ਸ਼ਨਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਿਰਗੁਣ ਸਭ ਨੂੰ ਦੱਸ ਆਪਣੀ ਜਾਤ, ਦੂਜਾ ਰਹਿਣ ਕੋਇ ਨਾ ਪਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਸ਼ਬਦ ਅਗੰਮੀ ਦੇ ਗਾਥ, ਰਸਨਾ ਜਿਹਵਾ ਢੋਲਾ ਬੱਤੀ ਦੰਦ ਸਿਫ਼ਤ ਸਾਲਾਹੀਆ । ਗੁਰ ਅਵਤਾਰ ਪੈਗ਼ੰਬਰਾਂ ਅੰਤ ਅਖ਼ੀਰੀ ਪੂਰਾ ਕਰ ਭਵਿਖਤ ਵਾਕ, ਵਾਕਿਆ ਵੇਖ ਜਗਤ ਲੋਕਾਈਆ । ਤਨ ਵਜੂਦ ਮਾਟੀ ਖ਼ਾਕੀ ਅੰਤਰ ਰਿਹਾ ਕੋਈ ਨਾ ਪਾਕ, ਪਤਤ ਹੋ ਕੇ ਸਾਰੇ ਦੇਣ ਦੁਹਾਈਆ । ਬਿਨ ਤੇਰੀ ਕਿਰਪਾ ਕੋਈ ਨਾ ਮੇਟੇ ਅੰਧੇਰੀ ਰਾਤ, ਕਲਜੁਗ ਕੂੜੀ ਕਿਰਿਆ ਕੂੜ ਨਾ ਕੋਇ ਗਵਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਸਤਿਜੁਗ ਸਾਚੀ ਧਰਮ ਦਵਾਰਿਉਂ ਦੇ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜੀਵ ਜੰਤ ਆਤਮ ਅੰਤਰ ਨਿਰੰਤਰ ਆਪਣਾ ਨਿਰਗੁਣ ਧਾਰ ਜੋੜਨਾ ਨਾਤ, ਸਰਗੁਣ ਆਪਣਾ ਰੰਗ ਰੰਗਾਈਆ ।



★ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸੁਰੈਣ ਸਿੰਘ ਦੇ ਗ੍ਰਿਹਿ ਨਿਧਾਂ ਵਾਲਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਇਕ ਸਹਾਰਾ, ਸਈਆ ਇਕੋ ਨਜ਼ਰੀ ਆਈਆ । ਜਗਜੀਵਣ ਦਾਤੇ ਜਗਤ ਦ੍ਰਿਸ਼ਟੀ ਦਾ ਵੇਖ ਕਿਨਾਰਾ, ਸ੍ਰਿਸ਼ਟੀ ਆਪਣਾ ਪੜਦਾ ਲਾਹੀਆ । ਅਸੀਂ ਸੇਵਕ ਰਹੇ ਵਾਰੋ ਵਾਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਡੰਡਾਵਤ ਬੰਦਨਾ ਕਰਦੇ ਰਹੇ ਨਿਮਸਕਾਰਾ, ਸਜਦਿਆਂ ਵਿਚ ਸੀਸ ਜਗਦੀਸ ਨਿਵਾਈਆ । ਕਾਗ਼ਜ਼ ਕਲਮ ਸ਼ਾਹੀ ਬਣਦੇ ਰਹੇ ਲਿਖਾਰਾ, ਕਾਤਬ ਹੋ ਕੇ ਕੁਤਬਖ਼ਾਨੇ ਦਿਤੇ ਭਰਾਈਆ । ਨਿਤ ਨਵਿਤ ਬੋਲਦੇ ਰਹੇ ਤੇਰਾ ਨਾਮ ਜੈਕਾਰਾ, ਜੁਗ ਚੌਕੜੀ ਸੋਹਲੇ ਢੋਲੇ ਰਾਗ ਨਾਦ ਸੁਣਾਈਆ । ਦੀਨ ਮਜ਼੍ਹਬ ਦਾ ਵਣਜ ਕਰਦੇ ਰਹੇ ਵਿਚ ਸੰਸਾਰਾ, ਹੁਕਮੇ ਅੰਦਰ ਹੁਕਮ ਮਨਾਈਆ । ਦਰ ਠਾਂਡਾ ਵੇਖ ਤੇਰਾ ਦਰਬਾਰਾ, ਅਲਖ ਅਗੋਚਰ ਅਗੰਮ ਅਥਾਹ ਮੰਗੀ ਇਕ ਸਰਨਾਈਆ । ਕਲਜੁਗ ਅੰਤ ਅਖੀਰ ਬੇਨਜ਼ੀਰ ਦੇ ਸਹਾਰਾ, ਸਹਾਇਕ ਨਾਇਕ ਆਪਣਾ ਫੇਰਾ ਪਾਈਆ । ਸ੍ਰਿਸ਼ਟੀ ਰੂਪ ਨਾ ਰਹੇ ਦੋ ਧਾਰਾ, ਨਿਰਗੁਣ ਸਰਗੁਣ ਆਪਣਾ ਰੰਗ ਰੰਗਾਈਆ । ਧਰਨੀ ਧਰਤ ਧਵਲ ਧੌਲ ਖੋਲ੍ਹ ਇਕ ਦਵਾਰਾ, ਦੁਰਾਚਾਰ ਕਰ ਸਫ਼ਾਈਆ । ਤੇਰਾ ਨਾਉਂ ਭਗਤ ਵਛਲ ਗਿਰਵਰ ਗਿਰਧਾਰਾ, ਗਹਿਰ ਗੰਭੀਰ ਤੇਰੀ ਬੇਨਜ਼ੀਰ ਨਜ਼ਰ ਨਜ਼ਰ ਕਿਸੇ ਨਾ ਆਈਆ । ਆਦਿ ਅੰਤ ਤੇਰਾ ਜੋਤੀ ਸ਼ਬਦੀ ਧਾਰ ਇਕ ਅਵਤਾਰਾ, ਅਵਤਰੀ ਸਾਰੇ ਸੀਸ ਨਿਵਾਈਆ । ਨਾਮ ਖੰਡਾ ਸ਼ਬਦੀ ਸ਼ਬਦ ਖੜਗ ਕਟਾਰਾ, ਕਟਾਕਸ਼ ਆਪਣਾ ਦੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਉਂ ਸੇਵਕ ਬਾਲਕ ਧੁਰ

ਦੇ ਬਰਦੇ, ਬਦਲੀ ਵਿਚ ਅਦਲੀ ਸੀਸ ਨਿਵਾਈਆ । ਲੋਕਮਾਤ ਮਾਰ ਝਾਤ ਖੇਲ ਵੇਖ ਆਪਣੇ ਘਰ ਦੇ, ਨੌ ਖੰਡ ਪ੍ਰਿਥਮੀ ਸੱਤ ਦੀਪ ਪੜਦਾ ਓਹਲਾ ਆਪ ਉਠਾਈਆ । ਜਨ ਭਗਤਾਂ ਅੰਤਰ ਆਤਮ ਖੋਲ੍ਹ ਅਗੰਮੀ ਪੜਦੇ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਚੁਕਾਈਆ । ਜਲ ਥਲ ਮਹੀਅਲ ਸਮੁੰਦ ਸਾਗਰ ਟਿੱਲੇ ਪਰਬਤ ਸੰਤ ਸੁਹੇਲੇ ਵੇਖ ਚੜ੍ਹਦੇ, ਚਾਰ ਕੁੰਟ ਦਹਿ ਦਿਸ਼ਾ ਆਪਣਾ ਫੇਰਾ ਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਭਗਤ ਭਗਵਾਨ ਢੋਲੇ ਤੇਰੇ ਪੜ੍ਹਦੇ, ਗੀਤ ਸੰਗੀਤ ਤ੍ਰੈਗੁਣ ਅਤੀਤ ਧੁਰ ਦੇ ਮੀਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚੇ ਵੱਜਦੀ ਰਹੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖ ਆਪਣਾ ਕਲਮਾ ਨਾਮ, (ਨਾਮ) ਨਿਧਾਨ ਇਕੋ ਮੰਗ ਮੰਗਾਈਆ । ਤੇਰਾ ਦੱਸਦੇ ਰਹੇ ਪੈਗ਼ਾਮ, ਸੰਦੇਸ਼ਾ ਨਾਮ ਸ਼ਬਦ ਦ੍ਰਿੜਾਈਆ । ਸਦੀ ਚੌਧਵੀਂ ਤੇਰੀ ਕਰੇ ਨਾ ਕੋਈ ਪਹਿਚਾਨ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮਾਇਆ ਮਮਤਾ ਸ਼ਾਸਤਰ ਸਿਮਰਤ ਵੇਦ ਪੁਰਾਨ, ਕਲਜੁਗ ਕੂੜੀ ਕਿਰਿਆ ਕੀਤੇ ਗ਼ੁਲਾਮ, ਬੰਦੀਖ਼ਾਨੇ ਵਿਚੋਂ ਬੰਧਨ ਸਕੇ ਨਾ ਕੋਇ ਤੁੜਾਈਆ । ਮੰਜ਼ਲ ਹਕ਼ੀਕ਼ੀ ਲਾਸ਼ਰੀਕ ਤੇਰਾ ਪੀਵੇ ਕੋਈ ਨਾ ਜਾਮ, ਨਿਝਰ ਝਿਰਨਾ ਬੂੰਦ ਸਵਾਂਤੀ ਕਵਲ ਨਾਭੀ ਮੁਖ ਨਾ ਕੋਇ ਖੁਲ੍ਹਾਈਆ । ਨਿਰਗੁਣ ਜੋਤ ਬਿਨ ਵਰਨ ਗੋਤ ਨਜ਼ਰ ਨਾ ਆਵੇ ਅਰਸ਼ੀ ਫ਼ਰਸ਼ੀ ਤੇਰਾ ਭਾਨ, ਰਵ ਸਸ ਸੂਰੀਆ ਚੰਦ ਨੇਤਰ ਲੋਚਣ ਨੈਣ ਅੱਖ ਨਾ ਕੋਇ ਉਠਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸਾਰੇ ਹੋਏ ਹੈਰਾਨ, ਹਿਰਦੇ ਹਰਿ ਨਾ ਕੋਇ ਵਸਾਈਆ । ਭਾਗ ਲੱਗਾ ਦਿਸੇ ਨਾ ਕਿਸੇ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਨਾ ਕੋਇ ਬਦਲਾਈਆ । ਚਾਰ ਕੁੰਟ ਦਹਿ ਦਿਸ਼ਾ ਹੋਏ ਬਦਨਾਮ, ਬਦੀ ਨੇਕੀ ਵੰਡ ਨਾ ਕੋਇ ਵੰਡਾਈਆ । ਸਾਹਿਬ ਸੁਲਤਾਨ ਨੌਜਵਾਨ ਧੁਰ ਦਾ ਦੇ ਇਕ ਫ਼ਰਮਾਨ, ਫ਼ੁਰਨੇ ਕੂੜੇ ਬੰਦ ਕਰਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗੀਤ ਰਾਗ ਅਨਾਦੀ ਸਾਰੇ ਗਾਣ, ਵਿਸਮਾਦੀ ਹੋ ਕੇ ਬਿਸਮਿਲ ਆਪਣਾ ਆਪ ਕਰਾਈਆ । ਜਨ ਭਗਤ ਸੁਹੇਲੇ ਸਚ ਸਵਾਮੀ ਵੇਖ ਆਣ, ਅਨਕ ਕਲਧਾਰੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿਵਾਦੀ ਦੇ ਏਕੋ ਦਾਨ, ਏਕੰਕਾਰ ਤੇਰੇ ਹੱਥ ਵਡਿਆਈਆ ।



### ★ ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਹਰੀ ਸਿੰਘ ਦੇ ਗ੍ਰਿਹਿ ਬਸਤੀ ਖ਼ਲੀਲ ਜ਼ਿਲਾ ਫ਼ਿਰੋਜ਼ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਅੰਧੀ, ਅੰਤਰ ਆਤਮ ਨੂਰ ਨੁਰਾਨਾ ਨੂਰ ਨਾ ਕੋਇ ਚਮਕਾਈਆ । ਸਦੀ ਚੌਧਵੀਂ ਲਿਖਤ ਭਵਿਖਤ ਸਾਡੀ ਪੂਰੀ ਹੋਈ ਸੰਧੀ, ਸਾਖਿਆਤ ਕਾਇਨਾਤ ਪਰਵਰਦਿਗਾਰ ਸਾਂਝਾ ਯਾਰ ਰਿਹਾ ਕਰਾਈਆ । ਦੀਨ ਮਜ਼੍ਹਬ ਉਤੇ ਰਹੀ ਨਾ ਕੋਈ ਪਾਬੰਦੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਆਤਮ ਪਰਮਾਤਮ ਟੁੱਟੀ ਡੋਰ ਜਾਵੇ ਕੋਈ ਨਾ ਗੰਢੀ, ਗੰਢਣਹਾਰ ਗੋਪਾਲ ਸਵਾਮੀ ਆਪਣੀ ਖੇਲ ਵਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਭਾਰ ਉਠਾਏ ਕੋਇ ਨਾ ਕੰਧੀ, ਸ਼ੌਹ ਦਰਿਆ ਬੇੜਾ ਨਈਆ ਨੌਕਾ ਪਾਰ ਨਾ ਕੋਇ ਕਰਾਈਆ । ਜੀਵ ਜੰਤ ਕਾਇਆ ਮਾਟੀ ਪੁਰਾਣਾ ਚੀਥੜ ਤਨ ਵਜੂਦ ਦਿਸੇ ਅੰਗੀ, ਅੰਗੀਕਾਰ ਹਰਿ ਨਿਰੰਕਾਰ ਅੰਗ ਨਾ ਕੋਇ ਲਗਾਈਆ ।

ਨਾਮ ਨਿਧਾਨ ਵਿਚ ਜਹਾਨ ਵਜਾਏ ਨਾ ਕੋਇ ਮਰਦੰਗੀ, ਮਧੁਰ ਧੁਨ ਅਗੰਮੀ ਰਾਗ ਨਾ ਕੋਇ ਸੁਣਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਪਵਣ ਦਿਸੇ ਕੋਈ ਨਾ ਠੰਡੀ, ਅਗਨੀ ਤਤ ਨਾ ਕੋਇ ਬੁਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਧਾਰ ਮਨ ਵਾਸਨਾ ਹੋਈ ਬਹੁ ਰੰਗੀ, ਬੁੱਧ ਬਿਬੇਕ ਪਤਤ ਪੁਨੀਤ ਨਾ ਕੋਇ ਕਰਾਈਆ । ਜਗਤ ਵਾਸਨਾ ਖ਼ਾਹਿਸ਼ ਹੋਈ ਕੁਰੰਗੀ, ਕਾਗਦ ਕਲਮ ਸ਼ਾਹੀ ਪੜਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਵੇਖਿਆ ਖੇਲ ਫ਼ਰਸ਼ੀ, ਫ਼ਰਿਸ਼ਤੇ ਸਾਰੇ ਦੇਣ ਦੁਹਾਈਆ । ਹੁਕਮ ਦੇਵੇ ਏਕੰਕਾਰਾ ਇਕੋ ਅਰਸ਼ੀ, ਦੋ ਜਹਾਨਾਂ ਧੁਰ ਦੀ ਬਾਣੀ ਅਣਿਆਲਾ ਤੀਰ ਚਲਾਈਆ । ਧਾਰ ਪਰਗਟ ਹੋਵੇ ਏਕਾ ਏਕੰਕਾਰ ਨਰ ਦੀ, ਨੌਜਵਾਨਾ ਮਰਦ ਮਰਦਾਨਾ ਆਪਣਾ ਵੇਸ ਵਟਾਈਆ । ਕਰੇ ਖੇਲ ਅਗੰਮ ਅਪਾਰ ਅਛਲ ਅਛੱਲ ਦੀ, ਬੇਅੰਤ ਬੇਪਰਵਾਹ ਆਪਣਾ ਹੁਕਮ ਵਰਤਾਈਆ । ਲੇਖਾ ਜਾਣੇ ਬ੍ਰਹਿਮੰਡ ਖੰਡ ਦੋ ਜਹਾਨ ਖੇਲ ਵੇਖੇ ਜਲ ਥਲ ਦੀ, ਮਹੀਅਲ ਆਪਣਾ ਫੇਰਾ ਪਾਈਆ । ਜੁਗ ਚੌਕੜੀ ਕਿਸੇ ਸਮਝ ਨਾ ਆਈ ਘੜੀ ਪਲ ਦੀ, ਪਲਕ ਅੰਦਰ ਖ਼ਲਕ ਖ਼ਾਲਕ ਸ੍ਰਿਸ਼ਟ ਸਬਾਈ ਦਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁਕਮ ਸੁਣੀਏ ਇਕ ਜਗਦੀਸ਼, ਜਗਦੀਸ਼ਰ ਦਏ ਵਡਿਆਈਆ । ਲੇਖਾ ਚੁੱਕੇ ਬੀਸ ਬੀਸ, ਬਿਸਵਾ ਵੰਡ ਨਾ ਕੋਇ ਵੰਡਾਈਆ । ਝਗੜਾ ਮੁੱਕੇ ਦੀਨ ਦੁਨੀ ਹਦੀਸ, ਹਜ਼ਰਤ ਬੈਠੇ ਸੀਸ ਝੁਕਾਈਆ । ਛਤਰ ਝੁੱਲੇ ਇਕੋ ਸੀਸ, ਸ਼ਾਹ ਪਾਤਸ਼ਾਹ ਡੰਕਾ ਨਾਮ ਜਣਾਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨ ਗਾਵਣ ਗੀਤ, ਬ੍ਰਹਿਮੰਡ ਖੰਡ ਵੱਜੇ ਹਕ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਖੇਲ ਕਰੇ ਆਪ ਅਨਡੀਠ, ਅਨਡਿੱਠੜੀ ਕਾਰ ਕਮਾਈਆ । ਜਨ ਭਗਤਾਂ ਸਤਿਜੁਗ ਸਾਚੀ ਦੱਸ ਕੇ ਰੀਤ, ਪਤਤ ਪੁਨੀਤ ਲਏ ਬਣਾਈਆ । ਲੇਖਾ ਮੁਕਾ ਕੇ ਹਸਤ ਕੀਟ, ਊਚਾਂ ਨੀਚਾਂ ਏਕਾ ਘਰ ਵਸਾਈਆ । ਅੰਤ ਅਖ਼ੀਰ ਬੇਨਜ਼ੀਰ ਦੋ ਜਹਾਨਾਂ ਕਰੇ ਆਪ ਤਫ਼ਤੀਸ਼, ਹੁਕਮੇ ਅੰਦਰ ਹੁਕਮ ਫੋਲ ਫੁਲਾਈਆ । ਸਾਚੇ ਨਾਮ ਦੀ ਦੇ ਤਬਲੀਕ, ਚੌਦਾਂ ਤਬਕਾਂ ਕਰੇ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਆਸਾ ਮਨਸਾ ਪੂਰੀ ਹੋਵੇ ਉਮੀਦ, ਖ਼ੁਸ਼ਾਮਦ ਵਿਚ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੱਸ ਇਕ ਪ੍ਰੀਤ, ਪ੍ਰੀਤਮ ਹੋਕੇ ਆਪਣਾ ਰੰਗ ਰੰਗਾਈਆ ।


੬੫੩
੨੦

★ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸੁਲੱਖਣ ਸਿੰਘ ਦੇ ਗ੍ਰਹਿ ਰੁਕਨਾ ਮੂੰਗਲਾ ਜ਼ਿਲਾ ਫ਼ਿਰੋਜ਼ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਧੁਰ ਦੇ ਮਾਲਕ, ਪਾਰਬ੍ਰਹਮ ਪਤਿ ਪਰਮੇਸ਼ਵਰ ਪਰਵਰਦਿਗਾਰ ਤੇਰੀ ਸਰਨਾਈਆ । ਦੀਨ ਦੁਨੀ ਦੇ ਮਾਲਕ ਖ਼ਾਲਕ ਪ੍ਰਿਤਪਾਲਕ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰਾ ਧਿਆਨ ਲਗਾਈਆ । ਨਿਰਗੁਣ ਸਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬਣ ਸਾਲਸ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਫੇਰਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਨਿੰਦਰਾ ਲਾਹ ਕੂੜੀ ਆਲਸ, ਮਾਇਆ ਮਮਤਾ ਮੋਹ

ਵਿਕਾਰ ਦੇ ਮਿਟਾਈਆ । ਚਾਰ ਵਰਨ ਅਠਾਰਾਂ ਬਰਨ ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਦੇ ਖ਼ਾਲਸ, ਖ਼ਾਕਸਾਰ ਖ਼ਾਦਮ ਆਦਮ ਆਪਣੇ ਲੈ ਬਣਾਈਆ । ਲੱਖ ਚੁਰਾਸੀ ਜੀਵ ਜੰਤ ਸਰਗੁਣ ਰੂਪ ਤੇਰਾ ਬਾਲਕ, ਪਿਤਾ ਪੂਤ ਭਗਵੰਤ ਕੰਤ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰ ਏਕੰਕਾਰ ਇਕੋ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਬਖ਼ਸ਼ ਸਾਚੀ ਟੇਕ, ਟਿੱਕਾ ਮਸਤਕ ਨਾਮ ਲਗਾਈਆ । ਆਤਮ ਪਰਮਾਤਮ ਧਾਰ ਕਰ ਏਕ, ਏਕੰਕਾਰ ਆਪਣਾ ਰੰਗ ਵਖਾਈਆ । ਲੋਕਮਾਤ ਸੁਹਾ ਸੁਹੰਜਣਾ ਦੇਸ, ਦਿਸ਼ਾ ਆਪਣੀ ਵੰਡ ਵੰਡਾਈਆ । ਦੋ ਜਹਾਨਾਂ ਬਣ ਨਰ ਨਰੇਸ਼, ਨਰ ਨਰਾਇਣ ਤੇਰੀ ਸਰਨਾਈਆ । ਲੇਖੇ ਲਾ ਮੂੰਡ ਮੁੰਡਾਏ ਧਾਰੀ ਕੇਸ, ਦਸ ਦਸਮੇਸ ਆਪਣਾ ਫੇਰਾ ਪਾਈਆ । ਸਾਹਿਬ ਸੁਲਤਾਨ ਆਦਿ ਜੁਗਾਦਿ ਤੇਰਾ ਹੁਕਮ ਚਲੇ ਏਕ, ਇਕ ਇਕੱਲੇ ਦੇ ਵਡਿਆਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਹੋਵੇ ਭੇਟ, ਭਟਕਨਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਤੱਕੀਏ ਇਕ ਸਹਾਰਾ, ਸਈਆ ਸਾਹਿਬ ਸੁਲਤਾਨ ਇਕੋ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਕਰ ਪਾਰ ਕਿਨਾਰਾ, ਨਈਆ ਨੌਕਾ ਆਪਣੇ ਨਾਮ ਚੜ੍ਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਤਿ ਸਤਿਵਾਦੀ ਤੇਰਾ ਹੋਵੇ ਇਕ ਜੈਕਾਰਾ, ਬ੍ਰਹਮ ਬ੍ਰਹਿਮਾਦੀ ਬ੍ਰਹਮ ਪੜਦਾ ਦੇ ਚੁਕਾਈਆ । ਨਿਰਮਲ ਦੀਆ ਕਮਲਾਪਾਤੀ ਕਰ ਉਜਿਆਰਾ, ਨੂਰ ਨੁਰਾਨਾ ਕਰ ਰੁਸ਼ਨਾਈਆ । ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਦੇ ਕੇ ਆਏ ਤੇਰਾ ਇਸ਼ਾਰਾ, ਸ੍ਰਿਸ਼ਟੀ ਵਿਚ ਸ਼ਰਅ ਸ਼ਰੀਅਤ ਦੇ ਬਦਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਕਰ ਇਕ ਪਿਆਰਾ, ਧੁਰਦਰਗਾਹੀ ਆਪਣਾ ਰੰਗ ਰੰਗਾਈਆ । ਜਨ ਭਗਤਾਂ ਮੰਜ਼ਲ ਚੜ੍ਹ ਕੇ ਜੋਤੀ ਨੂਰ ਦੇ ਚਮਤਕਾਰਾ, ਅੰਧ ਅੰਧੇਰਾ ਅੰਦਰੋਂ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਪ੍ਰਭ ਮੀਤਨ ਮੀਤ, ਮਿਤਰ ਪਿਆਰੇ ਤੇਰੀ ਇਕ ਸਰਨਾਈਆ । ਸਤਿਜੁਗ ਸਾਚੀ ਦੱਸ ਅਗੰਮੀ ਰੀਤ, ਰਹਿਬਰ ਹੋ ਕੇ ਆਪਣਾ ਰਾਹ ਵਖਾਈਆ । ਬ੍ਰਹਿਮੰਡ ਖੰਡ ਇਕੋ ਗਾਵਣ ਤੇਰਾ ਗੀਤ, ਢੋਲਾ ਕਲਮਾ ਦੇ ਦ੍ਰਿੜਾਈਆ । ਲੱਖ ਚੁਰਾਸੀ ਕਾਇਆ ਮਾਟੀ ਕਰ ਠਾਂਡੀ ਸੀਤ, ਕਲਜੁਗ ਅਗਨੀ ਅੱਗ ਬੁਝਾਈਆ । ਪਤਿਤਾਂ ਪਾਪੀਆਂ ਕਰ ਪਤਤ ਪੁਨੀਤ, ਪਾਵਨ ਹੋ ਸਹਾਈਆ । ਤੇਰਾ ਨਾਉਂ ਜਗਤ ਜਗਦੀਸ਼, ਜਗਦੀਸ਼ਰ ਦੇਣੀ ਮਾਣ ਵਡਿਆਈਆ । ਏਕੋ ਛਤਰ ਝੁੱਲੇ ਤੇਰੇ ਸੀਸ, ਛਤਰਧਾਰੀ ਨਿਉਂ ਨਿਉਂ ਲਾਗਣ ਪਾਈਆ । ਝਗੜਾ ਰਹੇ ਨਾ ਹਸਤ ਕੀਟ, ਊਚਾਂ ਨੀਚਾਂ ਪੈਂਡਾ ਦੇਣਾ ਮੁਕਾਈਆ । ਰਹਿਮਤ ਵਿਚ ਸਹਿਮਤ ਹੋ ਕੇ ਆਪਣਾ ਨਾਮ ਕਰ ਬਖ਼ਸ਼ੀਸ਼, ਬਖ਼ਸ਼ਣਹਾਰੇ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਧੁਰ ਦਰਬਾਰ ਦਰਗਾਹ ਸਾਚੀ ਦਰ ਦਰਵੇਸ਼ ਹੋ ਕੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਮੰਗੋ ਦਵਾਰ ਏਕ, ਪੈਗ਼ੰਬਰਾਂ ਨਾਲ ਮਿਲਾਈਆ । ਸਚ ਦਵਾਰ ਦੀ ਮਿਲੇ ਟੇਕ, ਟਿੱਕੇ ਮਸਤਕ ਧੂੜ ਛੁਹਾਈਆ । ਨਜ਼ਾਰਾ ਤੱਕੋ ਸਚਖੰਡ ਧੁਰ ਦੇ ਦੇਸ, ਦਿਸ਼ਾ ਆਪਣੀ ਵੰਡ ਵੰਡਾਈਆ । ਜਿਸ ਘਰ ਰਹਿਣਾ ਸਦਾ ਹਮੇਸ਼, ਗ੍ਰਿਹਿ ਮੰਦਰ ਸੋਭਾ ਪਾਈਆ । ਕਲਮ ਸ਼ਾਹੀ ਬਣੇ ਕੋਈ ਨਾ ਲੇਖ, ਅੱਖਰਾਂ ਸਿਫ਼ਤ ਨਾ ਕੋਇ ਸਾਲਾਹੀਆ । ਤੂੰ

ਮੇਰਾ ਮੈਂ ਤੇਰਾ ਦੱਸ ਕੇ ਭੇਤ, ਪੜਦਾ ਦਿਆਂ ਉਠਾਈਆ । ਸਚ ਪ੍ਰੀਤੀ ਕਰਨਾ ਹੇਤ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰੋ ਏਕਾ ਏਕ ਕਰੋ ਅਰਦਾਸ, ਆਦਿ ਅੰਤ ਵਡਿਆਈਆ । ਜੁਗ ਚੌਕੜੀ ਖੇਲ ਤਮਾਸ਼, ਹਰਿ ਕਰਤਾ ਵੇਖ ਵਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਵੇਖੀ ਰਾਸ, ਗੋਪੀ ਕਾਹਨ ਜੋੜ ਜੁੜਾਈਆ । ਲੱਖ ਚੁਰਾਸੀ ਜੀਵ ਜੰਤ ਸਭ ਦੇ ਵਸਾਂ ਪਾਸ, ਗ੍ਰਿਹ ਮੰਦਰ ਅੰਦਰ ਡੇਰਾ ਲਾਈਆ । ਕਿਸੇ ਹੱਥ ਨਾ ਆਵਾਂ ਉਤੋਂ ਕੈਲਾਸ਼, ਪਰਬਤ ਚੋਟੀਆਂ ਰੋਵਣ ਮਾਰਨ ਧਾਹੀਂਆ । ਸਦੀ ਚੌਧਵੀਂ ਸਾਰੇ ਵੇਖੋ ਹਾਲਾਤ, ਦੀਨ ਦੁਨੀ ਫੇਲ ਫੁਲਾਈਆ । ਕੀ ਝਗੜਾ ਪਿਆ ਮਾਤ, ਮਤਲਬ ਪਿਛਲਾ ਦਿਓ ਦ੍ਰਿੜਾਈਆ । ਲੋਚਣ ਵੇਖੋ ਵਾਕਿਆਤ, ਵਾਕਫ਼ਕਾਰ ਕਰਾਂ ਖ਼ਲਕ ਖ਼ੁਦਾਈਆ । ਨਿਰਗੁਣ ਹੋ ਕੇ ਦੇਵਾਂ ਸਾਥ, ਸਗਲਾ ਸੰਗ ਬਣਾਈਆ । ਕੀ ਕਲਮਾ ਦੇ ਕੇ ਆਏ ਗਾਥ, ਅਲਿਫ਼ ਯੇ ਵੰਡ ਵੰਡਾਈਆ । ਕੀ ਬਖ਼ਸ਼ ਕੇ ਆਏ ਆਬੇਹਯਾਤ, ਹਯਾਤੀ ਦੀਨ ਦੁਨੀ ਬਦਲਾਈਆ । ਕੀ ਲਿਖ ਕੇ ਆਏ ਕਿਤਾਬ, ਤੀਸ ਬਤੀਸਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਲੇਖਾ ਪੂਰਬ ਮਾਜ਼ੀ, ਮਜਲਸ ਸਭ ਨੂੰ ਦਿਆਂ ਜਣਾਈਆ । ਕੀ ਝਗੜਾ ਮੁੱਲਾ ਕਾਜ਼ੀ, ਕਜ਼ਾ ਸਭ ਦੇ ਸਿਰ ਤੇ ਛਾਈਆ । ਸਾਚਾ ਸੁਤ ਬਣੇ ਕੋਇ ਨਾ ਨਾਦੀ, ਨਾਦ ਧੁਨ ਨਾ ਕੋਇ ਉਪਜਾਈਆ । ਸ਼ਰਅ ਵਿਚ ਹੋਏ ਸਾਰੇ ਰਾਜ਼ੀ, ਦਗ਼ਾ ਤੁਹਾਡੇ ਨਾਲ ਕਮਾਈਆ । ਸਦੀ ਚੌਧਵੀਂ ਕਿਉਂ ਬਣੇ ਇਮਦਾਦੀ, ਆਮਦ ਵਿਚ ਖ਼ੁਸ਼ਾਮਦ ਵਿਚ ਸਿਰ ਸਕੇ ਨਾ ਕੋਇ ਉਠਾਈਆ । ਸਦੀ ਚੌਧਵੀਂ ਆਪਣੀ ਹਾਰਦੀ ਵੇਖੋ ਬਾਜ਼ੀ, ਬਾਜ਼ੀਗਰ ਸਵਾਂਗੀ ਆਪਣਾ ਸਵਾਂਗ ਵਟਾਈਆ । ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਹੰਕਾਰ ਰਹਿਣ ਨਹੀਂ ਦੇਣਾ ਗ਼ਾਜ਼ੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ਼ਾ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਅੰਤਰ ਵੇਖੋ ਬਾਤਲ, ਬੈਤਲ ਧਾਮ ਨਜ਼ਰ ਕੋਇ ਨਾ ਆਈਆ । ਸ਼ਰਅ ਛੁਰੀ ਬਣੀ ਸ਼ਰੀਅਤ ਵਾਲੀ ਕਾਤਲ, ਮਕਤੂਲ ਸਮਝ ਕੋਇ ਨਾ ਪਾਈਆ । ਪਰਵਰਦਿਗਾਰ ਸਮਝੇ ਕੋਈ ਨਾ ਜਾਤਨ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਕਾਇਨਾਤ ਕਲਮਾ ਦਿਸੇ ਕੋਈ ਨਾ ਸਾਥਨ, ਸਗਲਾ ਸੰਗ ਨਾ ਕੋਇ ਨਿਭਾਈਆ । ਰੂਹ ਬੁਤ ਰਿਹਾ ਨਾ ਪਾਕੀ ਪਾਕਨ, ਪਤਤ ਹੋ ਕੇ ਦੇਣ ਦੁਹਾਈਆ । ਸਭ ਦਾ ਲੇਖਾ ਲੱਗਾ ਪਾਟਨ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਪੈਗ਼ੰਬਰ ਕਹਿਣ ਸਾਡੇ ਪਰਵਰਦਿਗਾਰ ਖ਼ੁਦਾ, ਖ਼ੁਦੀ ਤੇਰੀ ਝੋਲੀ ਪਾਈਆ । ਹਉਂ ਬਰਦੇ ਹੋਏ ਫ਼ਿਦਾ, ਖ਼ਾਦਮ ਹੋ ਕੇ ਸੀਸ ਝੁਕਾਈਆ । ਨਿਰਗੁਣ ਧਾਰ ਨਾ ਹੋ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਜੁਗ ਚੌਕੜੀ ਖੇਲ ਕਰਨਾ ਤੇਰੀ ਅਦਾ, ਆਦਤ ਵਿਚ ਇਬਾਦਤ ਦੇ ਬਦਲਾਈਆ । ਤੇਰਾ ਖੇਲ ਮਹਿਬੂਬ ਮਿਹਰਵਾਂ, ਮੁਹੱਬਤ ਵਿਚ ਬੈਠੇ ਸੀਸ ਝੁਕਾਈਆ । ਸਾਡੀ ਰਹੀ ਨਾ ਬਾਂਗ ਅਜ਼ਾਂ, ਅਜ਼ੀਮ ਆਲੀਸ਼ਾਨ ਤੇਰੀ ਇਕ ਸਰਨਾਈਆ । ਤੂੰ ਚਸ਼ਮੇ ਨੂਰ ਨੂਰੇ ਰਵਾਂ, ਨਜ਼ੀਰੇ ਨਜ਼ਾਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਇਕ ਵਰ, ਦਰ ਤੇਰੇ ਅਲਖ ਜਗਾਈਆ । ਪੈਗ਼ੰਬਰ ਕਹਿਣ ਸਾਡਾ ਸਜਦਾ ਇਕ ਕਲਾਮ, ਕਲਮੇ ਦੇ ਮਾਲਕ ਤੇਰੀ ਸਰਨਾਈਆ । ਆਪ ਵੇਖ ਆਪਣਾ ਅਵਾਮ,

ਅਮਲਾਂ ਖੋਜ ਖੁਜਾਈਆ । ਤੁਆਰਫ਼ ਵਿਚ ਸਫ਼ਾਰਸ਼ ਵਿਚ ਇਬਾਰਤ ਵਿਚ ਦੇਂਦੇ ਰਹੇ ਪੈਗ਼ਾਮ, ਅੱਖਰਾਂ ਨਾਲ ਵਡਿਆਈਆ । ਸਦੀ ਚੌਧਵੀਂ ਵਿਗੜਦਾ ਜਾਏ ਨਜ਼ਾਮ, ਨੌਬਤ ਹਕ ਨਾ ਕੋਇ ਵਜਾਈਆ । ਤੇਰੇ ਦਰ ਦਾ ਦਿਸੇ ਨਾ ਕੋਇ ਗ਼ੁਲਾਮ, ਬਾਗ਼ੀ ਹੋਈ ਖ਼ਲਕ ਖ਼ੁਦਾਈਆ । ਹਕੀਕੀ ਪੀਏ ਕੋਈ ਨਾ ਜਾਮ, ਹਯਾਤੀ ਵਿਚੋਂ ਹਯਾਤੀ ਬਦਲ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਾਚੀ ਸਚ ਦਵਾਰ ਤੇਰਾ ਝੁੱਲੇ ਇਕ ਨਿਸ਼ਾਨ, ਨਿਸ਼ਾਨੇ ਸਾਰੇ ਦੇ ਬਦਲਾਈਆ । ਪੈਗ਼ੰਬਰ ਕਹਿਣ ਤੇਰਾ ਹੁਕਮ ਇਕ ਤਸਲੀਮ, ਤਸਬੀ ਮਾਲਾ ਤੇਰੇ ਹੱਥ ਫੜਾਈਆ । ਤੂੰ ਮਾਲਕ ਧੁਰ ਕਦੀਮ, ਕੁਦਰਤ ਦਾ ਕਰਤਾ ਆਪ ਅਖਵਾਈਆ । ਤੇਰਾ ਮਾਰਗ ਸਦਾ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਾਨੂੰ ਤੇਰੇ ਉਤੇ ਯਕੀਨ, ਯਕੇ ਬਾਅਦ ਦੀਗ਼ਰੇ ਸਾਰੇ ਦੇਣ ਗਵਾਹੀਆ । ਅਸੀਂ ਸਿਫ਼ਤਾਂ ਵਿਚ ਕਰੀਏ ਆਫ਼ਰੀਨ, ਆਫ਼ਤਾਬ ਤੋਂ ਪਰੇ ਤੇਰੀ ਰੁਸ਼ਨਾਈਆ । ਤੇਰੀ ਨਿਰਾਲੀ ਨਿਰਾਕਾਰ ਤਾਲੀਮ, ਤੁਲਬੇ ਧੁਰਦੇ ਦੇ ਪੜ੍ਹਾਈਆ । ਝਗੜਾ ਮੁਕਾ ਨਰ ਮਦੀਨ, ਮਦੀਨੇ ਦੇ ਮਾਲਕ ਕਾਅਬਾ ਦੋਆਬਾ ਦੇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਪੈਗ਼ੰਬਰ ਕਹਿਣ ਪੀਰਾਂ ਦੇ ਪੀਰ, ਪਰਾ ਪਸੰਤੀ ਮਧਮ ਬੈਖਰੀ ਤੇਰੀ ਸਾਰ ਕੋਇ ਨਾ ਪਾਈਆ । ਧੁਰਦਰਬਾਰੀ ਦਸਤਗੀਰ, ਦਸਤ ਬਰਦਾਰ ਕਰ ਲੋਕਾਈਆ । ਝਗੜਾ ਰਹੇ ਨਾ ਸ਼ਾਹ ਹਕੀਰ, ਹਕੀਕੀ ਕਲਮਾ ਦੇ ਸਮਝਾਈਆ । ਮਨੂਆ ਮਨ ਨਾ ਰਹੇ ਸ਼ਰੀਰ, ਸ਼ਿਰਕਤ ਅੰਦਰੋਂ ਦੇ ਗਵਾਈਆ । ਹੁਕਮ ਨਾਲ ਬਦਲ ਤਕਦੀਰ, ਤਕਵਾ ਆਪਣਾ ਇਕ ਸਮਝਾਈਆ । ਬੰਧਨ ਰਹੇ ਨਾ ਕੋਇ ਜ਼ੰਜੀਰ, ਕੁਫ਼ਲ ਸਭ ਦੇ ਤੋੜ ਤੁੜਾਈਆ । ਤੂੰ ਮਾਲਕ ਗਹਿਰ ਗੰਭੀਰ, ਗਵਰ ਤੇਰੀ ਸਰਨਾਈਆ । ਤੇਰਾ ਨਾਉਂ ਬੇਨਜ਼ੀਰ, ਨਜ਼ਰ ਆਪਣੀ ਲੈ ਬਦਲਾਈਆ । ਬਿਨਾ ਫ਼ਿਕਰਿਉਂ ਬਣਾ ਫ਼ਕੀਰ, ਫ਼ਾਕਾਕਸ਼ੀ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੰਗਣ ਇਕ ਰੰਗਾਈਆ । ਪੈਗ਼ੰਬਰ ਕਹਿਣ ਕਦਮਬੋਸੀ ਸਲਾਮ, ਦੁਆ ਦਾਊਦ ਵਿਚ ਸਰਨਾਈਆ । ਧੁਰ ਦੇ ਮਾਲਕ ਇਕ ਅਮਾਮ, ਇਬਨੁਲਵਕਤ ਤੇਰੀ ਵਡਿਆਈਆ । ਹਜ਼ਰਤੇ ਨਸ਼ੀਂ ਤੇਰਾ ਪੈਗ਼ਾਮ, ਕਸ਼ਤੇ ਕਦਾਰ ਤੇਰੀ ਸਰਨਾਈਆ । ਦਹਿਸ਼ਤੇ ਦੋ ਜਹਾਨ, ਦਹਿਜ਼ੀਨ ਦਮੇ ਦਮ ਦਮਾਦੇ ਰਜ਼ੀਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮਿਹਰ ਮੁਹੱਬਤ ਆਪਣੀ ਇਕ ਪਰਗਟਾਈਆ । ਪੈਗ਼ੰਬਰ ਕਹਿਣ ਤੇਰੇ ਕਦਮ ਕਦਮਬੋਸੀ, ਬਸਤਾ ਬਗ਼ਲ ਨਾ ਕੋਇ ਉਠਾਈਆ । ਹਕ ਹਕੀਕ਼ਤ ਵਾਲੀ ਬਖ਼ਸ਼ ਖ਼ਾਮੋਸ਼ੀ, ਅਸਲੀਅਤ ਆਪਣੀ ਇਕ ਦ੍ਰਿੜਾਈਆ । ਉਮਤ ਹੋਈ ਦੋਸ਼ੀ, ਦਰੋਹੀ ਤੇਰਾ ਨਾਮ ਖ਼ੁਦਾਈਆ । ਮੰਜ਼ਲ ਰਹੀ ਕੋਈ ਨਾ ਸੌਖੀ, ਚੌਦਾਂ ਤਬਕ ਰੋਵਣ ਮਾਰਨ ਧਾਈਆ । ਚੜ੍ਹਿਆ ਕੋਈ ਨਾ ਅਗੰਮੀ ਚੋਟੀ, ਪੜਦਾ ਸਕਿਆ ਨਾ ਕੋਇ ਉਠਾਈਆ । ਮਨ ਵਾਸਨਾ ਹੋਈ ਖੋਟੀ, ਖਟਕਾ ਦਿਸੇ ਅੰਦਰ ਲੋਕਾਈਆ । ਪਰਵਰਦਿਗਾਰ ਬਿਨ ਤੇਰੀ ਕਿਰਪਾ ਦੁਰਮਤ ਮੈਲ ਨਾ ਜਾਏ ਧੋਤੀ, ਪਤਤ ਪੁਨੀਤ ਨਾ ਕੋਇ ਬਣਾਈਆ । ਅੱਲਾ ਹੂ ਅੱਨਾ ਹੂ ਤੇਰੀ ਰਮਜ਼ ਕਿਸੇ ਨਾ ਸੋਚੀ, ਵਾਹਦ ਲਾਸ਼ਰੀਕ ਸ਼ਿਰਕਤ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੀ ਧਾਰ ਸਚ ਦਵਾਰ ਖੇਲ ਵੇਖੇ ਲੋਕ ਪਰਲੋਕੀ, ਸਲੋਕੀ ਸੋਹਲਾ ਇਕ ਸਮਝਾਈਆ ।


੮੫੬
੨੦

## ★ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਗੁਰਦੇਵ ਕੌਰ ਦੇ ਗ੍ਰਿਹ ਗੋਲੇ ਵਾਲਾ ਜ਼ਿਲਾ ਫ਼ਿਰੋਜ਼ਪੁਰ ★

ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰੇ ਰਹੇ ਝੁਕ, ਨਿਉਂ ਨਿਉਂ ਸੀਸ ਜਗਦੀਸ਼ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਤੇਰੇ ਸੁਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰੀ ਸੇਵ ਕਮਾਈਆ । ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਮਿਹਰਵਾਨ ਮਹਿਬੂਬ ਹੋ ਕੇ ਤੁਠ, ਮਿਹਬਾਨ ਬੀਦੋ ਆਪਣੀ ਦਇਆ ਕਮਾਈਆ । ਪੜਦਾ ਓਹਲਾ ਅੰਤਰ ਬਾਹਰ ਨਿਰੰਤਰ ਰਹੇ ਕੋਈ ਨਾ ਲੁਕ, ਨਿਰਵੈਰ ਨਿਰਾਕਾਰ ਨਿਰੰਕਾਰ ਭੇਵ ਅਭੇਦਾ ਦੇ ਖੁਲ੍ਹਾਈਆ । ਦੋ ਜਹਾਨ ਸ੍ਰੀ ਭਗਵਾਨ ਲੋਕ ਪਰਲੋਕ ਵੇਖ ਦੁੱਖ, ਦੀਨ ਦੁਨੀ ਦਿਆਲ ਠਾਕਰ ਸਵਾਮੀ ਤੇਰਾ ਰਾਹ ਤਕਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗਹਿਰ ਗੰਭੀਰ ਆਪਣੀ ਗੋਦੀ ਚੁੱਕ, ਆਤਮ ਪਰਮਾਤਮ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਜੋੜ ਜੁੜਾਈਆ । ਸਚ ਦਵਾਰ ਏਕੰਕਾਰ ਧੁਰ ਦੀ ਧਾਰ ਕਿਸੇ ਦੇ ਕੋਲ ਰਹੀ ਨਾ ਕੁਛ, ਕੱਛ ਮੱਛ ਬੈਠੇ ਸੀਸ ਨਿਵਾਈਆ । ਸਦੀ ਚੌਧਵੀਂ ਅੰਤ ਅਖ਼ੀਰ ਸਭ ਦੇ ਫ਼ਾਨੀ ਹੋਏ ਕਾਇਆ ਮਾਟੀ ਭਾਂਡੇ ਬੁਤ, ਬੁਤਖਾਨੇ ਬੇਵਾ ਹੋ ਕੇ ਰਹੇ ਕੁਰਲਾਈਆ । ਤੇਰਾ ਖੇਲ ਜੋਤ ਅਕਾਲਾ ਦੀਨ ਦਿਆਲਾ ਅਦਭੁਤ, ਭੂਤ ਭਵਿਖ ਪੜਦਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਾਚੀ ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧੁਰ ਦੀ ਬਖ਼ਸ਼ ਅਗੰਮੀ ਦਾਦ, ਦਾਤੇ ਦਾਨੀ ਤੇਰੀ ਇਕ ਸਰਨਾਈਆ । ਦਰ ਦਰਵੇਸ਼ ਮੰਗਣ ਇਕ ਇਮਦਾਦ, ਆਮਦ ਵਿਚ ਆਪਣੀ ਕਰ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਮੇਟ ਅੰਧੇਰੀ ਰਾਤ, ਰੁਤੜੀ ਆਪਣੇ ਰੰਗ ਰੰਗਾਈਆ । ਸਾਚਾ ਕਲਮਾ ਬਖ਼ਸ਼ ਕਾਇਨਾਤ, ਨਾਉਂ ਨਿਰੰਕਾਰਾ ਇਕ ਸਮਝਾਈਆ । ਕਾਇਆ ਮਾਟੀ ਅੰਦਰ ਕਰ ਜੋਤ ਪਰਕਾਸ਼, ਨੂਰ ਨੁਰਾਨਾ ਡਗਮਗਾਈਆ । ਜਨ ਭਗਤਾਂ ਪੂਰੀ ਕਰ ਮਨਸਾ ਵਿਚੋਂ ਆਸ, ਆਹਿਸਤਾ ਆਹਿਸਤਾ ਪੜਦਾ ਦੇ ਉਠਾਈਆ । ਤੂੰ ਦਾਤਾ ਦਾਨੀ ਗਹਿਰ ਗੰਭੀਰ ਸਰਬ ਗੁਣਤਾਸ, ਗੁਣਵੰਤਾ ਇਕ ਅਖਵਾਈਆ । ਸਾਚੇ ਮੰਡਲ ਵਖਾ ਬਿਨ ਗੋਪੀ ਕਾਹਨ ਰਾਸ, ਸੁਰਤੀ ਸ਼ਬਦੀ ਆਪਣਾ ਨਾਚ ਨਚਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਦ ਵਸੇ ਤੇਰੇ ਪਾਸ, ਪਾਸਾ ਕਰਵਟ ਆਪਣਾ ਲੈ ਬਦਲਾਈਆ । ਤੇਰਾ ਤੱਕੀਏ ਖੇਲ ਤਮਾਸ਼, ਖ਼ਾਲਕ ਖ਼ਲਕ ਮਖ਼ਲੂਕ ਪੜਦਾ ਦੇ ਉਠਾਈਆ । ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਖੇਲ ਵੇਖ ਵਿਚ ਪਰਭਾਸ, ਸਮੁੰਦ ਸਾਗਰ ਡੂੰਘੀ ਕੰਦਰ ਫੋਲ ਫੁਲਾਈਆ । ਤੇਰਾ ਰਾਹ ਤੱਕਣ ਕੋਟਨ ਕੋਟ ਪ੍ਰਿਥਮੀ ਆਕਾਸ਼, ਅਕਲ ਕਲਧਾਰੀ ਤੇਰਾ ਭੇਵ ਕਿਸੇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਤੇਰੀ ਜਾਤ, ਅਜਾਤੀ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਮਾਲਕ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚ ਹਕ਼ੀਕਤ ਦੇ ਹਕ, ਹਕੂਕ ਆਪਣਾ ਇਕ ਸਮਝਾਈਆ । ਹਰ ਘਟ ਅੰਦਰ ਉਪਜੇ ਬ੍ਰਹਮ ਮਤ, ਮਨਮਤ ਲੇਖਾ ਦੇਣਾ ਮੁਕਾਈਆ । ਨਾੜ ਬਹੱਤਰ ਉਬਲੇ ਕੋਈ ਨਾ ਰੱਤ, ਰਤਨ ਅਮੋਲਕ ਕਾਇਆ ਗੋਲਕ ਦੇਣਾ ਟਿਕਾਈਆ । ਜਨ ਭਗਤਾਂ ਜਾਣ ਮਿਤ ਗਤ, ਘਰ ਠਾਂਡੇ ਪੜਦਾ ਆਪ ਚੁਕਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਬੂੰਦ ਸਵਾਂਤੀ ਦੇ ਰਸ, ਨਾਭੀ ਕਵਲ ਨੈਣ ਆਪ ਉਲਟਾਈਆ । ਏਥੇ ਓਥੇ ਦੋ ਜਹਾਨਾਂ ਸ੍ਰੀ ਭਗਵਾਨਾ ਬਣ ਕਮਲਾਪਤਿ, ਪਤਿਪਰਮੇਸ਼ਵਰ ਆਪੇ ਹੋ ਸਹਾਈਆ । ਚਾਰ ਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ

ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਸੰਦੇਸ਼ਿਆਂ ਵਾਲੇ ਸੁਣਦੇ ਰਹੇ ਤੇਰੇ ਖ਼ਤ, ਖ਼ਤੋ ਕਤਾਬਤ ਵਿਚ ਕਾਤਬ ਕਲਮਿਆਂ ਵਾਲਾ ਲੇਖਾ ਗਏ ਜਣਾਈਆ । ਅੰਤ ਕੰਤ ਭਗਵੰਤ ਸਭ ਦੀ ਹਦੂਦ ਮੇਟ ਹੱਦ, ਹਦੀਸ ਆਪਣੀ ਇਕ ਸਮਝਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਚਲੇ ਤੇਰੀ ਯਦ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਖੇਲ ਵਖਾ ਸੂਰੇ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ਼ਾਹੀ ਕੂੜੀ ਕਿਰਿਆ ਦੇਣੀ ਮਿਟਾਈਆ ।

★ ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਕਿਰਪਾਲ ਸਿੰਘ ਦੇ ਗ੍ਰਹਿ ਪਿੰਡ ਗੋਲੇ ਵਾਲਾ ਜ਼ਿਲਾ ਫ਼ਿਰੋਜ਼ਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੇਵੇ ਅਗੰਮੀ ਭਜਨ, ਨਾਦ ਧੁਨ ਸ਼ਬਦ ਅਗੰਮ ਅਥਾਹ ਸ਼ਨਵਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪੁਰਖ ਅਕਾਲਾ ਏਕੰਕਾਰਾ ਬਣ ਕੇ ਸੱਜਣ, ਪਰਵਰਦਿਗਾਰ ਸਾਂਝਾ ਯਾਰ ਬਿਨ ਅਲਿਫ਼ ਯੇ ਕਰੇ ਪੜ੍ਹਾਈਆ । ਬਿਨ ਕਾਇਆ ਤਤ ਸਰੀਰ ਵਜੂਦ ਨਿਰਾਕਾਰ ਚਾੜ੍ਹ ਕੇ ਆਪਣੀ ਰੰਗਣ, ਰੰਗ ਰੰਗੀਲਾ ਅਨਡਿੱਠੜੀ ਆਪਣੀ ਕਾਰ ਕਮਾਈਆ । ਦਰ ਦਰਵੇਸ਼ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਭਿਖਾਰੀ ਮੰਗਣ, ਸੀਸ ਜਗਦੀਸ਼ ਕਲਮੇ ਬਿਨ ਝੁਕਾਈਆ । ਲੇਖਾ ਜਾਣੇ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੂਰਾ ਸਰਬੰਗਨ, ਆਦਿ ਨਿਰੰਜਣ ਆਦਿ ਅਨਾਦੀ ਆਪਣੀ ਕਾਰ ਕਮਾਈਆ । ਭੇਵ ਅਭੇਦਾ ਖੋਲ੍ਹ ਬ੍ਰਹਿਮੰਡ ਖੰਡ ਬਹਿਮੰਡਨ, ਵੰਡਣ ਵੰਡ ਆਪ ਆਪਣੀ ਆਪਣੇ ਵਿਚ ਛੁਪਾਈਆ । ਸਚ ਦਵਾਰੇ ਠਾਂਡੇ ਦਰਬਾਰ ਦਰਗਾਹ ਸਾਚੀ ਲਾਵੇ ਅੰਗਣ, ਅੰਗੀਕਾਰ ਏਕੰਕਾਰ ਏਕਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਏਕਾ ਓਟ, ਓੜਕ ਆਪਣਾ ਪੜਦਾ ਦੇ ਉਠਾਈਆ । ਤੇਰਾ ਪਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਪੁਰਖ ਬਿਧਾਤੇ ਤੇਰੀ ਆਦਿ ਜੁਗਾਦਿ ਜੁਗ ਚੌਕੜੀ ਸਦਾ ਰੁਸ਼ਨਾਈਆ । ਦੀਨ ਦਿਆਲ ਤੇਰੀ ਕਰ ਨਾ ਸਕੇ ਕੋਈ ਸੋਚ, ਸਮਝ ਵਿਚ ਸਮਝ ਦਏ ਦੁਹਾਈਆ । ਕਲਜੁਗ ਅੰਤ ਕੰਤ ਭਗਵੰਤ ਦੀਨ ਦੁਨੀ ਕਰ ਖੋਜ, ਖਾਣੀ ਬਾਣੀ ਆਪਣਾ ਪੜਦਾ ਦੇ ਉਠਾਈਆ । ਬਿਨ ਤੇਰੀ ਕਿਰਪਾ ਮਿਲੇ ਕਿਸੇ ਨਾ ਧੁਰ ਦੀ ਮੌਜ, ਮਜਲਸ ਭਗਤਾਂ ਆਪਣੀ ਦੇ ਸਮਝਾਈਆ । ਝਗੜਾ ਰਹੇ ਨਾ ਲੋਕ ਪਰਲੋਕ, ਧੁਰ ਸਲੋਕ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਦਰ ਦਰਵੇਸ਼ ਦਰ ਠਾਂਡੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੂੰ ਦਾਤਾ ਬੇਪਰਵਾਹ, ਸਦ ਬੇਪਰਵਾਹੀ ਵਿਚ ਸਮਾਈਆ । ਸਤਿਜੁਗ ਸਾਚਾ ਮਾਰਗ ਦੇ ਲਗਾ, ਲਗ ਮਾਤਰ ਸਮਝ ਕੋਇ ਨਾ ਪਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਦੇ ਇਕ ਅਲਾਹ, ਅੱਲਾ ਵਾਹਿਗੁਰੂ ਤੇਰੀ ਓਟ ਤਕਾਈਆ । ਵਾਹਦ ਜੁਮਲਾ ਬਿਨ ਅੱਖਰਾਂ ਤੋਂ ਦੇ ਪੜ੍ਹਾ, ਨਿਰਅੱਖਰ ਤੇਰੀ ਕਰੇ ਸ਼ਨਵਾਈਆ । ਗੁਰ ਅਵਤਾਰ ਪੈਗ਼ੰਬਰ ਸ਼ਹਾਦਤਾਂ ਵਿਚ ਤੇਰੇ ਗਵਾਹ, ਭਗਵਨ ਭਗਵਨ ਵੇਲਾ ਵਕਤ ਦੇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਵਾਰ ਉਚ ਮਹੱਲ ਅਟਲ ਮਨਾਰ ਦਰਗਾਹ ਸਾਚੀ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਰਗਾਹ ਸਾਚੀ ਦੇ ਸਾਚੇ

ਮਾਲਕ, ਮਾਇਆ ਮਮਤਾ ਮੋਹ ਦੇ ਮਿਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੇ ਵਡ ਖ਼ਾਲਕ, ਗਹਿਰ ਗੰਭੀਰ ਬੇਨਜ਼ੀਰ ਤੇਰੀ ਸਰਨਾਈਆ । ਨਿਰਧਨ ਸਰਧਨ ਕਰੇਂ ਪ੍ਰਿਤਪਾਲਕ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਵੇਸ ਵਟਾਈਆ । ਕਲਜੁਗ ਕੂੜੀ ਕਿਰਿਆ ਨਿੰਦਰਾ ਮੇਟ ਆਲਸ, ਅਰਸ਼ ਫ਼ਰਸ਼ ਵੱਜੇ ਤੇਰੀ ਵਧਾਈਆ । ਹਰਿ ਸੰਤ ਸੁਹੇਲੇ ਗੁਰਮੁਖ ਸੱਜਣ ਮੀਤ ਮੁਰਾਰੇ ਕਰ ਖ਼ਾਲਸ, ਆਤਮ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਆਤਮ ਪਰਮਾਤਮ ਤੇਰਾ ਨੰਨ੍ਹਾ ਬਾਲਕ, ਬਲਧਾਰੀ ਆਪਣਾ ਮੇਲਾ ਲੈਣਾ ਕਰਾਈਆ । ਸਦੀ ਚੌਧਵੀਂ ਦਿਸੇ ਕੋਈ ਨਾ ਸਾਲਸ, ਸਾਲ ਬਸਾਲਾ ਸਾਰੇ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਕਲਮੇ ਦੀ ਸੁਣੀਏ ਇਕ ਇਬਾਦਤ, ਆਬਰੂ ਅੰਬਰਾਂ ਦਏ ਬਣਾਈਆ ।

## ★ ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਖੇਮ ਸਿੰਘ ਦੇ ਗ੍ਰਹਿ ਕੋਟ ਕਪੂਰਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੀਨ ਦਿਆਲ ਧੁਰ ਦੇ ਕਮਲਾਪਾਤੀ, ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਤੇਰੀ ਬੇਪਰਵਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਿਰਗੁਣ ਜੋਤ ਤੇਰੀ ਪਰਕਾਸ਼ੀ, ਸ਼ਬਦੀ ਨਾਦ ਅਨਾਦੀ ਇਕ ਉਪਜਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਬਣਦਾ ਰਿਹੋਂ ਸਾਥੀ, ਮਹਾਂਸਾਰਥੀ ਹੋ ਕੇ ਆਪਣੀ ਕਾਰ ਕਮਾਈਆ । ਨਾਮ ਸੰਦੇਸ਼ਾ ਨਰ ਨਰੇਸ਼ਾ ਨਿਰਅੱਖਰ ਦੇਂਦਾ ਰਿਹੋਂ ਧੁਰ ਦੀ ਪਾਤੀ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਆਕਾਸ਼ ਪਾਤਾਲਾਂ ਆਪਣਾ ਹੁਕਮ ਵਰਤਾਈਆ । ਧਰਨੀ ਧਰਤ ਧਵਲ ਧੌਲ ਧਰਮ ਦਵਾਰ ਤੇਰੀ ਮੰਨਦੇ ਰਹੇ ਆਖੀ, ਸੀਸ ਜਗਦੀਸ਼ ਸ਼ਾਹ ਹਕੀਰ ਬੇਨਜ਼ੀਰ ਇਕੋ ਇਕ ਝੁਕਾਈਆ । ਸਾਚੀ ਮੰਜ਼ਲ ਚੜ੍ਹ ਕੇ ਅਗੰਮੀ ਅਗੰਮ ਅਥਾਹ ਬੇਪਰਵਾਹ ਤੇਰੀ ਘਾਟੀ, ਧੁਰ ਦਰਬਾਰਾ ਧਾਮ ਨਿਆਰਾ ਏਕੰਕਾਰਾ ਇਕੋ ਇਕ ਸੁਹਾਈਆ । ਨਵ ਨੌ ਚਾਰ ਮਿਟਦੀ ਜਾਏ ਚਾਰ ਜੁਗ ਦੀ ਵਾਟੀ, ਮਾਰਗ ਪੰਧ ਆਪਣੇ ਲੇਖੇ ਲੈਣਾ ਲਾਈਆ । ਤੂੰ ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਸਾਖਿਆਤੀ, ਜਾਹਰ ਜਹੂਰ ਕਰ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਦੀਨ ਦੁਨੀ ਮੇਟ ਅੰਧੇਰੀ ਰਾਤੀ, ਨਿਰਗੁਣ ਨੂਰੀ ਚੰਦ ਜੋਤ ਜੋਤ ਕਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰ ਆਸੀ, ਮਾਇਆ ਮਮਤਾ ਮੋਹ ਵਿਕਾਰ ਜਗਤ ਹੰਕਾਰ ਦੇ ਮਿਟਾਈਆ । ਤੇਰਾ ਖੇਲ ਆਦਿ ਜੁਗਾਦੀ, ਜੁਗ ਚੌਕੜੀ ਤੇਰੀ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦੇ ਕੰਤ ਕੋਟਾਂ ਵਿਚੋਂ ਥੋੜ੍ਹੀ ਦਿਸੇ ਭਗਤਾਂ ਦੀ ਆਬਾਦੀ, ਸੰਤ ਸੁਹੇਲਾ ਬਿਨ ਤੇਰੀ ਕਿਰਪਾ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਝਗੜਾ ਰਹੇ ਨਾ ਕੋਇ ਸ਼ਰਅ ਸ਼ਰੀਅਤ ਮੁੱਲਾ ਕਾਜ਼ੀ, ਰਜ਼ਾ ਵਿਚ ਕਜ਼ਾ ਸਭ ਨੂੰ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵਡ ਦਾਤੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਭੁੱਲੀ ਤੇਰਾ ਰਾਹ, ਰਹਿਮਤ ਹਕ ਨਾ ਕੋਇ ਕਮਾਈਆ । ਅਸੀਂ ਨਿਰਗੁਣ ਸਰਗੁਣ ਬਣੇ ਸਰਬ ਗਵਾਹ, ਹਕ ਅਦਾਲਤ ਵੇਖ ਵਖਾਈਆ । ਬਿਨ ਕਲਮ ਸ਼ਾਹੀ ਦਈਏ ਬਿਆਂ, ਧੁਰ ਦਾ ਹੁਕਮ ਇਕ ਪਰਗਟਾਈਆ । ਸਤਿ ਧਰਮ ਰਿਹਾ

ਕੋਈ ਨਾ ਥਾਂ, ਥਾਨ ਥਨੰਤਰ ਰੋਵਣ ਮਾਰਨ ਧਾਹੀਆ । ਮਾਨਵ ਖਾ ਖਾ ਥੱਕੇ ਸੂਰ ਗਾਂ, ਗਾਵਤ ਗਾ ਤੇਰਾ ਸ਼ੁਕਰ ਨਾ ਕੋਇ ਮਨਾਈਆ । ਸਦੀ ਚੌਧਵੀਂ ਅੰਤ ਅਖ਼ੀਰ ਪਕੜੇ ਕੋਈ ਨਾ ਬਾਂਹ, ਧੁਰ ਦਾ ਸੰਗੀ ਸੰਗ ਨਾ ਕੋਇ ਰਖਾਈਆ । ਕਲਜੁਗ ਜੀਵਾਂ ਹੰਸ ਬੁੱਧੀ ਹੋਈ ਕਾਂ, ਕਾਗ ਵਾਂਗ ਕੁਰਲਾਈਆ । ਨਾਤਾ ਤੁੱਟਾ ਪੁੱਤਰਾਂ ਮਾਂ, ਪਿਤਾ ਪੂਤ ਗੋਦ ਨਾ ਕੋਇ ਸੁਹਾਈਆ । ਤੇਰਾ ਖੇਲ ਵੇਖਿਆ ਸ਼ਹਿਨਸ਼ਾਹ ਵਾਲੀ ਦੋ ਜਹਾਂ, ਜਹਾਲਤ ਨਾਲ ਭਰੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧੁਰ ਦੇ ਪਾਰਬ੍ਰਹਮ ਭਗਵੰਤ, ਭਗਵਨ ਤੇਰੀ ਓਟ ਤਕਾਈਆ । ਸਾਚਾ ਨਾਤਾ ਤੁੱਟਾ ਧੁਰ ਦੇ ਕੰਤ, ਨਰ ਨਾਰੀ ਸੁਹਾਗੀ ਰੂਪ ਨਾ ਕੋਇ ਵਖਾਈਆ । ਮੰਜ਼ਲ ਹਕ਼ੀਕੀ ਚੜ੍ਹਿਆ ਦਿਸੇ ਕੋਈ ਨਾ ਸੰਤ, ਲਾਸ਼ਰੀਕੀ ਰੂਪ ਨਾ ਕੋਇ ਬਦਲਾਈਆ । ਝਗੜਾ ਵੇਖਿਆ ਦੀਨ ਦੁਨੀ ਜੀਵ ਜੰਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਪੜ੍ਹੇ ਕੋਈ ਨਾ ਮੰਤ, ਅੰਤਰ ਨਿਰੰਤਰ ਪਾਰਬ੍ਰਹਮ ਬ੍ਰਹਮ ਪੜਦਾ ਸਕੇ ਨਾ ਕੋਇ ਉਠਾਈਆ । ਸਾਡੇ ਅੰਤਰ ਹੈਰਾਨੀ ਵਾਲੀ ਆਈ ਚਿੰਤ, ਪਰੇਸ਼ਾਨੀ ਵਿਚ ਪਰਵਰਦਿਗਾਰ ਦਿਤਾ ਸੁਣਾਈਆ । ਸਦੀ ਚੌਧਵੀਂ ਦਰ ਦਰਵੇਸ਼ ਹੋ ਕੇ ਕਰੀਏ ਮਿੰਨਤ, ਆਰਜ਼ੂ ਅਰਜ਼ ਇਕ ਦ੍ਰਿੜਾਈਆ । ਧੁਰ ਦੇ ਮਾਲਕ ਖ਼ਾਲਕ ਪ੍ਰਿਤਪਾਲਕ ਸਾਡੀ ਰਹੀ ਕੋਈ ਨਾ ਹਿੰਮਤ, ਹਮਸਾਜਨ ਹੋ ਕੇ ਦਈਏ ਜਣਾਈਆ । ਤੇਰੀ ਦੁਨੀਆ ਤੇਰੀ ਹੋਈ ਨਿੰਦਕ, ਧੁਰ ਦਾ ਢੋਲਾ ਗੀਤ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਚਾਰ ਕੁੰਟ ਦਹਿ ਦਿਸ਼ਾ ਵੇਖ ਆਪਣੀ ਸਿੰਮਤ, ਸਮਾਂ ਆਪਣਾ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਤੇਰੇ ਚਾਰ ਜੁਗ ਦੇ ਮੁਖਤਿਆਰ, ਮੁਖਤਾਰਨਾਮੇ ਤੇਰੇ ਅੱਗੇ ਟਿਕਾਈਆ । ਜਿਸ ਦਾ ਕਰਦੇ ਆਏ ਇੰਤਜ਼ਾਰ, ਨਿਤ ਨਵਿਤ ਅੱਖ ਉਠਾਈਆ । ਸੋ ਵੇਖੀਏ ਸਾਂਝਾ ਯਾਰ, ਕੁਦਰਤ ਦਾ ਮਾਲਕ ਨੂਰ ਇਲਾਹੀਆ । ਹੁਕਮ ਸੰਦੇਸ਼ਾ ਦੇਵੇ ਆਪਣੀ ਧਾਰ, ਸ਼ਬਦੀ ਡੰਕਾ ਇਕ ਸ਼ਨਵਾਈਆ । ਸ਼ਾਹ ਸੁਲਤਾਨਾਂ ਰਾਓ ਰੰਕਾਂ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਸਚ ਦਵਾਰ ਏਕੰਕਾਰ ਖੋਲ੍ਹੇ ਆਪ ਕਿਵਾੜ, ਪੜਦਾ ਓਹਲਾ ਬਣ ਵਿਚੋਲਾ ਅੰਦਰੋਂ ਦਏ ਚੁਕਾਈਆ । ਕਰੇ ਪਰਕਾਸ਼ ਬਹੱਤਰ ਨਾੜ, ਤਨ ਵਜੂਦ ਹਕ ਮਹਿਬੂਬ ਏਕਾ ਨੂਰ ਕਰ ਰੁਸ਼ਨਾਈਆ । ਸਭ ਦਾ ਲਹਿਣਾ ਦੇਣਾ ਪੂਰਬ ਕਰਜ਼ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖੇ ਚਾਈਂ ਚਾਈਆ । ਜਿਸ ਦਾ ਲੇਖਾ ਕਾਗਦ ਕਲਮ ਸ਼ਾਹੀ ਨਾ ਲਿਖਣਹਾਰ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੋ ਸਵਾਮੀ ਅੰਤਰਜਾਮੀ ਨਿਰਗੁਣ ਨੂਰ ਜੋਤ ਕਰੇ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਅੰਤਮ ਬੇੜਾ ਕਰੇ ਪਾਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਕਰੇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਦੇ ਕੇ ਏਕਾ ਨਾਮ ਜੈਕਾਰ, ਹਕ਼ੀਕ਼ਤ ਵਾਲਾ ਕਲਮਾ ਹਕ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਧਰਨੀ ਧਰਤ ਧਵਲ ਧੌਲ ਖੋਲ੍ਹ ਇਕ ਕਿਵਾੜ, ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਇਕੋ ਘਰ ਵਖਾਈਆ । ਸੰਤ ਸੁਹੇਲਾ ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਬੇਨਜ਼ੀਰ ਪੜਦਾ ਆਪਣਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਸਾਚੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖ ਆਪਣਾ

ਖੇਲ ਤਮਾਸ਼ਾ, ਤਮਾ ਜਗਤ ਰਹੀ ਨਾ ਰਾਈਆ । ਨਿਰਗੁਣ ਧਾਰ ਕਰਵਟ ਵਿਚ ਬਦਲ ਲੈ ਪਾਸਾ, ਆਪ ਆਪਣੀ ਲੈ ਅੰਗੜਾਈਆ । ਜੁਗ ਚੌਕੜੀ ਤੇਰਾ ਲਿਖਦੇ ਆਏ ਖ਼ੁਲਾਸਾ, ਸਿਫ਼ਤਾਂ ਵਿਚ ਢੋਲੇ ਸੁਣਾਈਆ । ਸਾਚੇ ਮੰਡਲ ਪਾ ਰਾਸਾ, ਬਿਨ ਗੋਪੀ ਕਾਹਨ ਨਾਚ ਦੇਣਾ ਨਚਾਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨ ਹੋਵੇ ਤੇਰੀ ਗਾਥਾ, ਢੋਲਾ ਸੋਹਲਾ ਇਕੋ ਰਾਗ ਉਪਜਾਈਆ । ਚਾਰ ਵਰਨ ਅਠਾਰਾਂ ਬਰਨ ਨਿਰਗੁਣ ਜੋਤ ਬਿਨ ਵਰਨ ਗੋਤ ਤੇਰਾ ਸਿਮਰਨ ਕਰਨ ਪੂਜਾ ਪਾਠਾ, ਪਾਠਸ਼ਾਲਾ ਕਾਇਆ ਬੰਕ ਦਵਾਰ ਦੇਣਾ ਵਖਾਈਆ । ਨਜ਼ਰੀ ਆਵੇ ਸਾਖਿਆਤਾ ਤੇਰਾ ਨੂਰ ਅਲਾਹੀ ਕਾਅਬਾ, ਹੁਜਰਾ ਹਕ ਹਕ ਮਹਿਬੂਬ ਦੇਣਾ ਪਰਗਟਾਈਆ । ਸਦ ਵੱਜਦਾ ਰਹੇ ਤੇਰੇ ਨਾਮ ਦਾ ਇਕੋ ਨਾਦਾ, ਅਨਹਦ ਨਾਦੀ ਨਾਦ ਦੇਣਾ ਸੁਣਾਈਆ । ਸਭ ਨੂੰ ਆਪਣੇ ਵਿਚ ਰੱਖਣਾ ਵਿਸਮਾਦਾ, ਬਿਸਮਿਲ ਹੋ ਕੇ ਆਪਣਾ ਖੇਲ ਪਰਗਟਾਈਆ । ਤੇਰਾ ਭੇਵ ਅਭੇਵ ਬੋਧ ਅਗਾਧਾ, ਅਗਾਧ ਬੋਧ ਆਪਣਾ ਲੇਖਾ ਦੇਣਾ ਸਮਝਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਸਮਾਜਾ, ਸਾਹਿਬ ਸੁਲਤਾਨ ਮਿਹਰ ਨਜ਼ਰ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਵਡ ਰਾਜਨ ਰਾਜਾ, ਰਾਜ ਜੋਗ ਜੁਗਤੀ ਜਗਤ ਭਗਤ ਆਪਣੀ ਦੇ ਸਮਝਾਈਆ ।

★ ੨੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਹਰਚੰਦ ਸਿੰਘ ਦੇ ਗ੍ਰਿਹ ਹਰਰਾਏ ਪੁਰ ਜ਼ਿਲਾ ਬਠਿੰਡਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਗਹਿਰ ਗੰਭੀਰ ਬੇਨਜ਼ੀਰ ਪ੍ਰਭੂ ਗੁਣਵੰਤ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਵਡ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰੀ ਮਹਿੰਮਾ ਸਦਾ ਅਗਣਤ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਮਝ ਕਿਸੇ ਨਾ ਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਜੋਤੀ ਜਾਤੇ ਅਗੰਮੀ ਧਾਰ ਆਦਿ ਅਨਾਦੀ ਕੰਤ, ਭਗਤ ਭਗਵਨ ਭਗਵਾਨ ਤੇਰੀ ਵਡ ਵਡਿਆਈਆ । ਜੁਗ ਚੌਕੜੀ ਨਿਰਗੁਣ ਸਰਗੁਣ ਹੁਕਮੇ ਅੰਦਰ ਤੇਰਾ ਗਾਉਂਦੇ ਆਏ ਮੰਤ, ਸ੍ਰਿਸ਼ਟੀ ਦ੍ਰਿਸ਼ਟੀ ਤੇਰੀ ਧਾਰ ਪਰਗਟਾਈਆ । ਨਿਤ ਨਵਿਤ ਤੇਰਾ ਰਾਹ ਤੱਕਦੇ ਰਹੇ ਤੇਰੇ ਅਗੰਮੀ ਸੰਤ, ਗੁਰਮੁਖ ਗੁਰਸਿਖ ਹਰਿਜਨ ਨਿਜ ਨੇਤਰ ਲੋਚਨ ਨੈਣ ਅੱਖ ਉਠਾਈਆ । ਦੇ ਵਡਿਆਈ ਪਾਰਬ੍ਰਹਮ ਪਤਿਪਰਮੇਸ਼ਵਰ ਸਰਬ ਸਵਾਮੀ ਅੰਤਰਜਾਮੀ ਵਿਚ ਜੀਵ ਜੰਤ, ਜਾਗਰਤ ਜੋਤ ਬਿਨ ਵਰਨ ਗੋਤ ਨਿਰਗੁਣ ਨਿਰਾਕਾਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਦਵਾਰੇ ਤੇਰਾ ਤੇਰੇ ਰਾਹ ਤਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮਿਹਰਵਾਨ ਪ੍ਰਭੂ ਕਰ ਮਿਹਰਵਾਨੀ, ਮਜਲਸ ਆਪਣੀ ਦੇ ਦ੍ਰਿੜਾਈਆ । ਸਾਚੀ ਮੰਜ਼ਲ ਦੇ ਆਸਾਨੀ, ਅਸਲ ਵਿਚ ਵਸਲ ਯਾਰ ਆਪਣਾ ਇਕ ਕਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸ ਫਾਨੀ, ਥਿਰ ਨਜ਼ਰ ਕੋਇ ਨਾ ਆਈਆ । ਸਰਬ ਜੀਆਂ ਘਟ ਵੇਖਣਹਾਰੇ ਜਾਣ ਜਾਣੀ, ਪੜਦਾ ਓਹਲਾ ਅੰਤਰ ਨਿਰੰਤਰ ਦੇ ਚੁਕਾਈਆ । ਜਗਤ ਜਗਿਆਸੂਆਂ ਰਹੇ ਨਾ ਕੋਇ ਪਰੇਸ਼ਾਨੀ, ਪਰਮ ਪੁਰਖ ਪਰਮਾਤਮ ਆਤਮ ਮੇਲਾ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰਾ ਖੇਲ ਜੋਤ ਨੁਰਾਨੀ, ਨੂਰੋ ਨੂਰ ਜਹੂਰ ਜਾਹਰ ਆਪਣਾ ਇਕ ਕਰਾਈਆ ।

## ★ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਜਸਵੰਤ ਸਿੰਘ ਦੇ ਗ੍ਰਿਹ ਪਿੰਡ ਰਾਜੇਆਣਾ ਜ਼ਿਲਾ ਫ਼ਿਰੋਜ਼ਪੁਰ ★

ਆਦਿ ਜੁਗਾਦੀ ਹਰਿ ਸੰਗਤ ਨਾਤਾ, ਆਤਮ ਪਰਮਾਤਮ ਖੇਲ ਖਿਲਾਈਆ । ਨਿਰਗੁਣ ਸਰਗੁਣ ਬਖ਼ਸ਼ੇ ਦਾਤਾ, ਦਾਤਾ ਦਾਨੀ ਬੇਪਰਵਾਹੀਆ । ਤਤ ਵਜੂਦ ਵੇਖੇ ਖੇਲ ਤਮਾਸ਼ਾ, ਨਾਰ ਕੰਤ ਸੋਭਾ ਪਾਈਆ । ਮਾਤ ਪਿਤ ਭਾਈ ਬਣਨ ਸੱਜਣ ਸਾਕਾ, ਜਗਤ ਵੰਡ ਨਾ ਕੋਇ ਵੰਡਾਈਆ । ਵੇਖਣਹਾਰਾ ਆਪ ਤਮਾਸ਼ਾ, ਪਾਰਬ੍ਰਹਮ ਨੂਰ ਖ਼ੁਦਾਈਆ । ਸਭ ਦਾ ਬਣ ਕੇ ਰਾਖਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਆਪ ਰੰਗਾਈਆ । ਹਰਿ ਸੰਗਤ ਆਦਿ ਜੁਗਾਦੀ ਇਕ ਮਿਲਾਪ, ਤਨ ਵਜੂਦ ਦਏ ਵਡਿਆਈਆ । ਪੁਰਖ ਅਕਾਲ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਨਾ ਕੋਈ ਪੁੰਨ ਨਾ ਕੋਈ ਪਾਪ, ਪਤਤ ਪੁਨੀਤ ਦਏ ਵਡਿਆਈਆ । ਤਨ ਵਜੂਦ ਜੋ ਮਾਟੀ ਖ਼ਾਕ, ਥਿਰ ਨਜ਼ਰ ਕੋਇ ਨਾ ਆਈਆ । ਜੁਗ ਜਨਮ ਦੀ ਜੁਗ ਚੌਕੜੀ ਨਿਰਗੁਣ ਸਰਗੁਣ ਪੂਰੀ ਕਰਦਾ ਆਵੇ ਆਸ, ਜਿਸ ਨੂੰ ਸਮਝੇ ਕੋਈ ਨਾ ਰਾਈਆ । ਇਹ ਖੇਲ ਅਗੰਮ ਤਮਾਸ਼, ਪਾਰਬ੍ਰਹਮ ਬ੍ਰਹਮ ਵੇਤਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਉਪਜਾਈਆ । ਹਰਿ ਸੰਗਤ ਸਤਿਗੁਰ ਏਕਾ ਰੰਗ, ਸਤਿਗੁਰ ਏਕਾ ਰੰਗ ਸਮਾਈਆ । ਏਕਾ ਸੇਜ ਇਕ ਪਲੰਘ, ਏਕਾ ਜੋੜ ਜੁੜਾਈਆ । ਏਕਾ ਪ੍ਰੇਮ ਇਕ ਅਨੰਦ, ਏਕਾ ਸੁਖ ਵਖਾਈਆ । ਜੁਗ ਜੁਗ ਜਨਮ ਕਰਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲਣਹਾਰਾ ਵਿਚ ਬ੍ਰਹਿਮੰਡ, ਅਛਲ ਛਲ ਆਪਣਾ ਰੂਪ ਬਦਲਾਈਆ । ਹਰਿ ਸੰਗਤ ਨਾਤਾ ਅਗੰਮ ਅਥਾਹ, ਜਗਤ ਬੁੱਧੀ ਸਮਝੇ ਕੋਇ ਨਾ ਰਾਈਆ । ਜਿਸ ਨੇ ਜੁਗ ਚੌਕੜੀ ਚਲਾਏ ਰਾਹ, ਭਗਤ ਸੰਤ ਜੁਗਤ ਜਗਤ ਲਏ ਅਪਨਾਈਆ । ਗੁਰ ਅਵਤਾਰ ਪੈਗ਼ੰਬਰ ਉਪਜਾ, ਤਨ ਵਜੂਦ ਖੇਲ ਖਿਲਾਈਆ । ਨਾਰੀ ਕੰਤ ਰੂਪ ਬਣਾ, ਨਾਤਾ ਪੰਜ ਤਤ ਜੁੜਾਈਆ । ਸਭ ਦਾ ਲਹਿਣਾ ਦੇਣਾ ਵੇਖੇ ਥਾਉਂ ਥਾਂ, ਦੇਵਣਹਾਰ ਵਡ ਵਡਿਆਈਆ । ਰਾਮਾ ਕ੍ਰਿਸ਼ਨਾ ਗਿਆ ਧਿਆ, ਧਿਆਨ ਧਿਆਨ ਵਿਚੋਂ ਪਰਗਟਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਭ ਦੇ ਬਖ਼ਸ਼ਣਹਾਰ ਗੁਨਾਹ, ਗੁਣਾਂ ਦਾ ਮਾਲਕ ਇਕ ਅਖਵਾਈਆ । ਜਿਸ ਨੂੰ ਕਹਿੰਦੇ ਨੂਰੀ ਅਲਾਹ ਖ਼ੁਦਾ, ਖ਼ੁਦ ਮਾਲਕ ਧੁਰਦਰਗਾਹੀਆ । ਜਿਸ ਵਿਚ ਜੀਵ ਜੰਤ ਸਾਰੇ ਜਾਣ ਸਮਾ, ਬਚਿਆ ਕੋਇ ਰਹਿਣ ਨਾ ਪਾਈਆ । ਕਰਨੀ ਦਾ ਕਰਤਾ ਲਹਿਣਾ ਦੇਣਾ ਦੇਵੇ ਥਾਉਂ ਥਾਂ, ਪੂਰਬ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਆਪਣੇ ਰੰਗ ਆਪਣੇ ਵਿਚੋਂ ਪਰਗਟਾਈਆ । ਸੰਗਤ ਨਾਲ ਨਾਤਾ ਉਹ, ਓੜਕ ਜਿਸ ਨੂੰ ਸਮਝੇ ਕੋਇ ਨਾ ਰਾਈਆ । ਜੁਗ ਜਨਮ ਦਾ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਜਾਣੇ ਮੋਹ, ਮੁਹੱਬਤ ਖੋਜੇ ਥਾਉਂ ਥਾਈਆ । ਆਪਣੀ ਧਾਰ ਧਰਨੀ ਧਰਤ ਧਵਲ ਉਪਰ ਕਰ ਕੇ ਸੋ, ਹੰ ਬ੍ਰਹਮ ਕਰੇ ਕੁੜਮਾਈਆ । ਤਨ ਵਜੂਦ ਮਾਟੀ ਖ਼ਾਕ ਅੰਤਰਜਾਮੀ ਹੋ ਕੇ ਜਾਵੇ ਛੋਹ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਪੂਰਬ ਲੇਖਾ ਨਾਨਕ ਗੋਬਿੰਦ ਰੰਗ ਰੰਗਾਈਆ । ਜਿਸ ਨੂੰ ਜੀਵ ਜੰਤ ਜਗਤ ਜਗਿਆਸੂ ਕੋਈ ਸਮਝ ਨਾ ਸਕੇ ਧਰੋਹ, ਧਰੂ ਦਾ ਪੜਦਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਬਖ਼ਸ਼ਣਹਾਰਾ ਲੋ, ਪਰਕਾਸ਼ ਵਿਚੋਂ ਪਰਕਾਸ਼ ਲਏ ਪਰਗਟਾਈਆ । ਹਰਿ ਸੰਗਤ ਨਾਤਾ ਕਿਸੇ ਦੀ ਸਮਝ ਨਾ ਆਏ ਵਿਚ ਦਲੀਲ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਹਰਿ

੮੬੩ ੨੦

ਸੰਗਤ ਸਤਿਗੁਰ ਕਦੇ ਨਾ ਹੋਏ ਜ਼ਲੀਲ, ਜ਼ਿਲਤ ਖ਼ੁਆਰੀ ਆਪਣੀ ਝੋਲੀ ਪਾਈਆ । ਜਿਸ ਦੀ ਦਰਗਾਹ ਸਾਚੀ ਕਰੇ ਅਪੀਲ, ਅਪਰੰਪਰ ਸਵਾਮੀ ਦਏ ਵਡਿਆਈਆ । ਜਿਸ ਨੇ ਬਸਤਰ ਪਹਿਨੇ ਨੀਲ, ਸੋ ਖੇਲ ਕਰੇ ਖ਼ਾਲਕ ਖ਼ਲਕ ਖ਼ਲੀਲ, ਖ਼ਾਦਮ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹਰਿ ਸੰਗਤ ਨਾਤਾ ਦੀਨ ਦੁਨੀ ਤੋਂ ਬਾਹਰ, ਬਹੁਰੂਪੀ ਆਪਣੀ ਖੇਲ ਖਿਲਾਇੰਦਾ । ਲਹਿਣਾ ਦੇਣਾ ਗੁਪਤ ਜਾਹਰ, ਜਾਹਰ ਜਹੂਰ ਵੇਸ ਵਟਾਇੰਦਾ । ਜਿਸ ਦਾ ਲੇਖਾ ਓਸੇ ਦੀ ਧਾਰ, ਧਰਨੀ ਧਰਤ ਧਵਲ ਉਪਰ ਸੋਭਾ ਪਾਇੰਦਾ । ਜਿਸ ਦੀ ਯਾਦ ਪਿੱਛੇ ਰਹੀ ਜੁਗ ਚਾਰ, ਚਾਰਜਾ ਆਰਜਾ ਖ਼ਾਰਜਾ ਖ਼ਾਲਸ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵਖਾਵੇ ਇਕ ਘਰ, ਜਿਸ ਘਰ ਵਿਚ ਨਾਰੀ ਪੁਰਸ਼ ਵੰਡ ਨਾ ਕੋਇ ਵੰਡਾਇੰਦਾ । ਹੁਕਮੇ ਅੰਦਰ ਪੂਰਨ ਪੂਤ, ਪਿਤਾ ਪੂਤ ਵਡਿਆਈਆ । ਹੁਕਮੇ ਅੰਦਰ ਦਿਸ਼ਾ ਕੂਟ, ਸੇਵਕ ਸੇਵ ਲਗਾਈਆ । ਹੁਕਮੇ ਅੰਦਰ ਤਨ ਵਜੂਦ, ਭਾਂਡਾ ਜਗਤ ਵਖਾਈਆ । ਹੁਕਮੇ ਅੰਦਰ ਪੰਜ ਭੂਤ, ਭੱਜੇ ਵਾਹੋ ਦਾਹੀਆ । ਹੁਕਮੇ ਅੰਦਰ ਚੁੱਕੇ ਚੂਕ, ਲੇਖਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੂਰਨ ਸਿੰਘ ਕੀ ਤਤ ਵਿਚਾਰਾ, ਤਤ ਸਾਰ ਨਾ ਰਾਈਆ । ਕਰੇ ਖੇਲ ਅਗੰਮ ਅਪਾਰਾ, ਜਿਸ ਦੇ ਹੱਥ ਵਡਿਆਈਆ । ਲਹਿਣਾ ਦੇਣਾ ਸਦਾ ਜੁਗ ਚਾਰਾ, ਜੁਗ ਜੁਗ ਸੇਵ ਕਮਾਈਆ । ਚਾਰ ਦਿਨ ਦਾ ਸ਼ਰੀਰ ਵਣਜਾਰਾ, ਥਿਰ ਨਜ਼ਰ ਕੋਇ ਨਾ ਆਈਆ । ਸ਼ਬਦੀ ਧਾਰ ਧੁਰ ਜੈਕਾਰਾ, ਪੁਰਖ ਅਕਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਰਿਹਾ ਭਵਾਈਆ । ਹੁਕਮੇ ਅੰਦਰ ਹੁਕਮ ਭਗਵਾਨ, ਹਰਿ ਕਰਤਾ ਆਪ ਦ੍ਰਿੜਾਇੰਦਾ । ਲੇਖਾ ਲਹਿਣਾ ਦੇਣਾ ਵਿਚ ਜਹਾਨ, ਦੋ ਜਹਾਨਾਂ ਵਾਲੀ ਭੇਵ ਖੁਲ੍ਹਾਇੰਦਾ । ਧੁਰ ਸੰਦੇਸ਼ਾ ਦੇਵੇ ਆਣ, ਸਦੀਆਂ ਦਾ ਪੜਦਾ ਲਾਹਿੰਦਾ । ਤਤ ਵਜੂਦ ਬਾਲ ਅੰਞਾਣ, ਸਮਝ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਰਬ ਭਵਾਇੰਦਾ । ਪੂਰਨ ਸਿੰਘ ਜਗਤ ਨਾਂ, ਤਤ ਖ਼ਾਕੀ ਮਾਟੀ ਨਜ਼ਰੀ ਆਈਆ । ਜਿਸ ਨੇ ਸਦਾ ਰਹਿਣਾ ਨਾ, ਸਮਾਂ ਜਗਤ ਜਾਏ ਵਿਹਾਈਆ । ਪੁਰਖ ਅਕਾਲ ਸਭ ਦਾ ਪਿਤਾ ਮਾਂ, ਗੋਦੀ ਬੱਚੇ ਰਿਹਾ ਉਠਾਈਆ । ਜਿਸ ਦਾ ਗੁਰਮੁਖੋ ਤੁਸੀਂ ਸਾਰੇ ਨਿਸ਼ਾਂ, ਓਸ ਪਾਰਬ੍ਰਹਮ ਦੀ ਸਾਰੇ ਸਰਨ ਤਕਾਈਆ । ਜੋ ਭੁੱਲਿਆਂ ਭੁੱਲ ਦਏ ਬਖ਼ਸ਼ਾ, ਬਖ਼ਸ਼ਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੋਤੀ ਧਾਰ ਵਡ ਵਡਿਆਈਆ ।

★ ੩੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਮੰਗਲ ਸਿੰਘ ਦੇ ਗ੍ਰਿਹ ਪੱਖੋਵਾਲ ਜ਼ਿਲਾ ਲੁਧਿਆਣਾ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਅਰਜ਼ੋਈ, ਆਜਜ਼ ਹੋ ਕੇ ਸੀਸ ਨਿਵਾਈਆ । ਜੁਗ ਚੌਕੜੀ ਤੇਰੇ ਨਾਮ ਦੀ ਦਿਤੀ ਦਰੋਹੀ, ਦੋ ਜਹਾਨਾਂ ਹੁਕਮ ਸੁਣਾਈਆ । ਕਲਜੁਗ ਅੰਤ ਗੁਰਮੁਖ ਸੰਤ ਦਿਸੇ ਕੋਈ ਕੋਈ, ਕੋਟਨ ਕੋਟੀ ਖੋਜ ਖੋਜਾਈਆ । ਧਰਨੀ ਧਰਤ ਧਵਲ ਧੌਲ ਨੇਤਰ ਨੈਣਾਂ ਰਹੀ ਰੋਈ, ਹੰਝੂਆਂ ਅੱਖੀਆਂ ਹਾਰ ਬਣਾਈਆ । ਅੰਮ੍ਰਿਤ ਧਾਰ ਰਸ ਸਵਾਂਤੀ ਬੂੰਦ ਕਿਸੇ ਨਾ ਚੋਈ, ਚਾਰ ਵਰਨ ਅਠਾਰਾਂ ਬਰਨ ਅੱਗ ਨਾ ਕੋਇ

ਬੁਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਪਣੀ ਪਤ ਬੈਠੀ ਖੋਈ, ਖ਼ਾਲਕ ਮਾਲਕ ਪ੍ਰਿਤਪਾਲਕ ਤੇਰੀ ਮੰਗੇ ਨਾ ਕੋਇ ਸਰਨਾਈਆ । ਤਨ ਵਜੂਦ ਕਾਇਨਾਤ ਦੁਨੀਆ ਅੰਤਰ ਟੋਹੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖਿਆ ਲੱਖ ਚੁਰਾਸੀ ਕਾਇਆ ਮੰਦਰ, ਬੰਕ ਦਵਾਰੇ ਫੋਲ ਫੁਲਾਈਆ । ਚਾਰੋਂ ਕੁੰਟ ਅੰਧੇਰੀ ਕੰਦਰ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਮਨ ਵਾਸਨਾ ਕੂੜੀ ਕਿਰਿਆ ਬੈਠੀ ਅੰਦਰ, ਘਰ ਸਾਚੇ ਡੇਰਾ ਲਾਈਆ । ਬਜਰ ਕਪਾਟੀ ਕੋਈ ਨਾ ਤੋੜੇ ਜੰਦਰ, ਪੜਦਾ ਸਕੇ ਨਾ ਕੋਇ ਉਠਾਈਆ । ਕਾਇਆ ਕਾਅਬਾ ਹੋਇਆ ਖੰਡਰ, ਸਾਚਾ ਮੰਦਰ ਨਾ ਕੋਇ ਸੁਹਾਈਆ । ਪਰਕਾਸ਼ ਦਿਸੇ ਨਾ ਸੂਰੀਆ ਚੰਦਰ, ਮੰਡਲ ਮੰਡਪ ਨਾ ਕੋਇ ਵਡਿਆਈਆ । ਘਟ ਮਿਲੇ ਨਾ ਪਰਮਾਨੰਦਨ, ਨਿਜਾਨੰਦ ਨਾ ਕੋਇ ਸਮਾਈਆ । ਤੇਰੀ ਚਰਨ ਧੂੜੀ ਮਸਤਕ ਲਾਏ ਕੋਈ ਨਾ ਚੰਦਨ, ਧੁਰ ਦਾ ਟਿੱਕਾ ਖ਼ਾਕ ਨਾ ਕੋਇ ਰਮਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਅੱਗੇ ਇਕੋ ਬੰਦਨ, ਬੰਦਗੀ ਦੇ ਮਾਲਕ ਸਚ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਟੁੱਟੀ ਆ ਗੰਢਣ, ਗੰਢਣਹਾਰ ਗੋਪਾਲ ਸਵਾਮੀ ਅੰਤਰਜਾਮੀ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਲੱਖ ਚੁਰਾਸੀ ਵੇਖਿਆ ਕਾਇਆ ਕਾਅਬਾ ਤਤ, ਤਤਵ ਨਜ਼ਰ ਕੋਇ ਨਾ ਆਈਆ । ਸਭ ਨੂੰ ਭੁੱਲੀ ਪਾਰਬ੍ਰਹਮ ਤੇਰੀ ਬ੍ਰਹਮ ਮਤ, ਮਨ ਮਤ ਕਰੇ ਲੜਾਈਆ । ਕਿਰਪਾ ਕਰ ਮਹਿਬੂਬ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਜਨ ਭਗਤਾਂ ਸੰਤਾਂ ਨਿਜ ਨੇਤਰ ਖੋਲ੍ਹ ਅੱਖ, ਪੜਦਾ ਅੰਤਰ ਨਿਰੰਤਰ ਦੇ ਉਠਾਈਆ । ਸਾਖਿਆਤ ਪਰਗਟ ਹੋ ਪਰਤੱਖ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਮੇਲਾ ਲੈਣਾ ਮਿਲਾਈਆ । ਸਚ ਸਵਾਮੀ ਅੰਤਰਜਾਮੀ ਦੇਣਾ ਧੁਰ ਦਾ ਰਸ, ਰਸਤਾ ਮਾਰਗ ਇਕੋ ਦੇਣਾ ਵਖਾਈਆ । ਸਚ ਦਵਾਰਾ ਬਖ਼ਸ਼ਣਾ ਹਕੀਕਤ ਹਕ, ਦੂਜਾ ਰਾਹ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਪਣਾ ਬਖ਼ਸ਼ ਇਕ ਦਰਬਾਰ, ਦਰਗਾਹ ਸਾਚੀ ਵੱਜੇ ਵਧਾਈਆ । ਦੀਨ ਦੁਨੀ ਕਰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਤੇਰਾ ਡੰਕਾ ਵੱਜੇ ਅਗੰਮ ਅਪਾਰ, ਅਲਖ ਅਗੋਚਰ ਤੇਰੇ ਨਾਮ ਹੋਵੇ ਵਡਿਆਈਆ । ਸਾਚਾ ਮੰਤਰ ਕਰ ਜੈਕਾਰ, ਅੰਤਰ ਨਿਰੰਤਰ ਪੜਦਾ ਲਾਹੀਆ । ਖ਼ੁਦੀ ਗ਼ਫ਼ਲਤ ਰਹੇ ਨਾ ਵਿਚ ਸੰਸਾਰ, ਅਸਮਤ ਲੁੱਟੇ ਨਾ ਕੋਇ ਲੋਕਾਈਆ । ਸਰਬ ਜੀਆਂ ਦਾ ਬਣ ਕੇ ਸਾਂਝਾ ਯਾਰ, ਯਾਦ ਅਗਲੀ ਦੇ ਕਰਾਈਆ । ਕਾਇਆ ਮਾਟੀ ਸਾਢੇ ਤਿੰਨ ਹੱਥ ਮੰਦਰ ਕਰ ਉਜਿਆਰ, ਦੀਪਕ ਜੋਤੀ ਜਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅੰਤਰ ਆਤਮ ਦੇ ਦੇ ਆਪਣਾ ਰਸ, ਸੁਖ ਸਾਗਰ ਵਿਚ ਸਮਾਈਆ । ਭਗਤ ਭਗਵਾਨ ਕਰ ਲਾ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਰੇ ਗਾਵਣ ਜਸ, ਵੇਦ ਪੁਰਾਨਾਂ ਲੋੜ ਰਹੇ ਨਾ ਰਾਈਆ । ਨਿਰਗੁਣ ਧਾਰ ਨਿਰਾਕਾਰ ਨਿਰੰਕਾਰ ਹੋ ਪਰਗਟ, ਹਰ ਘਟ ਅੰਤਰ ਆਪਣਾ ਪੜਦਾ ਦੇਣਾ ਚੁਕਾਈਆ । ਤੇਰਾ ਜੋਤ ਪਰਕਾਸ਼ ਨੂਰ ਹੋਵੇ ਲਟ ਲਟ,

ਲਾਟਾਂ ਵਾਲੀ ਨਿਉਂ ਨਿਉਂ ਲਾਗੇ ਪਾਈਆ । ਤੂੰ ਸਰਬ ਕਲਾ ਸਮਰਥ, ਵਡ ਦਾਤਾ ਨੂਰ ਖ਼ੁਦਾਈਆ । ਸਭ ਦੀ ਝੋਲੀ ਪਾ ਹਕ਼ੀਕਤ ਵਾਲਾ ਹਕ, ਅਸਲੀਅਤ ਅਸਲ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਥੇ ਓਥੇ ਦੋ ਜਹਾਨਾਂ ਸਭ ਕਿਛ ਤੇਰੇ ਵੱਸ, ਵਾਸਤਾ ਵਾਬਸਤਾ ਹੋ ਕੇ ਆਪਣੇ ਨਾਲ ਜੁੜਾਈਆ ।

★ ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਕਰਮ ਸਿੰਘ ਦੇ ਗ੍ਰਿਹ ਪਖੋਵਾਲ ਜ਼ਿਲਾ ਲੁਧਿਆਣਾ ★

ਗੁਰ ਅਵਤਾਰ ਪੈਗ਼ੰਬਰੋ ਪ੍ਰਭ ਨੇ ਲੇਖਾ ਚੁਕਾਉਣਾ ਪੂਰਬ ਮਾਜ਼ੀ, ਮਜ਼੍ਹਬ ਦੀਨ ਏਕਾ ਆਪਣਾ ਰੰਗ ਰੰਗਾਈਆ । ਸ਼ਰਅ ਛੁਰੀ ਚਲਾਉਣ ਵਾਲਾ ਜਗਤ ਰਹੇ ਕੋਇ ਨਾ ਕਾਜ਼ੀ, ਕਾਦਰ ਕੁਦਰਤ ਆਪਣਾ ਹੁਕਮ ਇਕ ਵਰਤਾਈਆ । ਧਰਨੀ ਧਰਤ ਧਵਲ ਧੌਲ ਮਲਕੀਅਤ ਰਹੇ ਨਾ ਕਿਸੇ ਦੀ ਅਰਾਜ਼ੀ, ਮਨਸੂਖ ਸਭ ਨੂੰ ਆਪ ਕਰਾਈਆ । ਮਨ ਹੰਕਾਰੀ ਚਾਰ ਕੁੰਟ ਦਹਿ ਦਿਸ਼ਾਂ ਰਹੇ ਨਾ ਗ਼ਾਜ਼ੀ, ਗ਼ਜ਼ਬ ਆਪਣਾ ਨਾਮ ਪਰਗਟਾਈਆ । ਜਗਤ ਵਣਜ ਕਰੇ ਨਾ ਕੋਈ ਹਾਜੀ, ਹਾਜਤ ਸਭ ਦੀ ਖੋਜ ਖੁਜਾਈਆ । ਜਿਸ ਨੇ ਆਦਿ ਮਧ ਜਗਤ ਖੇਲ ਸਾਜਣਾ ਸਾਜੀ, ਲੱਖ ਚੁਰਾਸੀ ਵੰਡ ਵੰਡਾਈਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ਼ਬਦ ਅਗੰਮੀ ਚੜ੍ਹ ਕੇ ਤਾਜੀ, ਹਾਜਰ ਵੇਖੇ ਖ਼ਲਕ ਖ਼ੁਦਾਈਆ । ਨਾਮ ਸੰਦੇਸ਼ਾ ਦੇਵਣਹਾਰਾ ਧੁਰ ਇਕ ਅਨਾਦੀ, ਨਾਦ ਧੁਨ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰੋ ਹੁਕਮ ਵਰਤੇ ਇਕ ਨਿਰੰਕਾਰ, ਵਰਤਮਾਨ ਵਾਰਤਾ ਦਏ ਬਦਲਾਈਆ । ਫ਼ੁਰਨੇ ਫ਼ਰਮਾਂਬਰਦਾਰ ਬਣਾਏ ਧੁਰ ਫ਼ਰਮਾਨ, ਮਨ ਚੰਚਲ ਰਹਿਣ ਕੋਇ ਨਾ ਪਾਈਆ । ਸਾਚਾ ਮੰਦਰ ਦੱਸ ਅਗੰਮ ਮਕਾਨ, ਮੱਕਾ ਕਾਅਬਾ ਪੰਧ ਮੁਕਾਈਆ । ਸਚ ਸੰਦੇਸਾ ਦੇ ਕੇ ਨਾਮ ਨਿਧਾਨ, ਸੋਈ ਸੁਰਤੀ ਸਰਬ ਜਗਾਈਆ । ਏਕਾ ਮੰਨੋ ਦ੍ਰਿਸ਼ਟ ਇਸ਼ਟ ਦਾ ਕਾਹਨ, ਵਸ਼ਿਸ਼ਟ ਰਾਮ ਜਿਸ ਨੂੰ ਸੀਸ ਝੁਕਾਈਆ । ਆਤਮ ਪਰਮਾਤਮ ਗ੍ਰਿਹਸਤ ਹੋਵੇ ਪਰਧਾਨ, ਨਾਤਾ ਨਾਰ ਕੰਤ ਜੁੜਾਈਆ । ਮੰਜ਼ਲ ਤੱਕੋ ਹਕ਼ੀਕ਼ੀ ਆਣ, ਪੜਦਾ ਓਹਲਾ ਅੰਤਰ ਉਠਾਈਆ । ਸਚ ਸੰਦੇਸਾ ਗਾਵੋ ਏਕਾ ਗਾਨ, ਢੋਲਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰੋ ਅਗਲਾ ਸੁਣਨਾ ਇਕ ਸੰਦੇਸਾ, ਸੰਧਿਆ ਨਜ਼ਰ ਕੋਇ ਨਾ ਆਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਕਰਦੇ ਆਏ ਆਦੇਸਾ, ਸੀਸ ਜਗਦੀਸ ਸਜਦਿਆਂ ਵਿਚ ਝੁਕਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਮੰਨਦੇ ਰਹੇ ਹਮੇਸ਼ਾ, ਹਮਸਾਜਨ ਬਣ ਕੇ ਧੁਰ ਦਾ ਸੰਗ ਨਿਭਾਈਆ । ਸੋ ਅੰਤਰਜਾਮੀ ਪੁਰਖ ਬਿਧਾਤਾ ਕਰ ਕੇ ਆਪਣਾ ਵੇਸਾ, ਰੂਪ ਅਨੂਪਾ ਰਿਹਾ ਪਰਗਟਾਈਆ । ਲਹਿਣਾ ਦੇਣਾ ਚੁਕਾਏ ਗੋਬਿੰਦ ਦਸ ਦਸਮੇਸਾ, ਦਹਿ ਦਿਸ਼ਾ ਪੜਦਾ ਆਪ ਉਠਾਈਆ । ਚਾਰ ਵਰਨ ਅਠਾਰਾਂ ਬਰਨ ਮਾਰਗ ਦੱਸ ਕੇ ਏਕਾ, ਏਕੰਕਾਰ ਰਿਹਾ ਮਿਲਾਈਆ । ਜਨ ਭਗਤਾਂ ਦੱਸ ਕੇ ਧੁਰ ਦੀ ਟੇਕਾ, ਟਕਿਆਂ ਦੀ ਕੀਮਤ ਰਿਹਾ ਗਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ

ਸਚ ਦਵਾਰ ਦੀ ਭੇਟਾ, ਭਜਨ ਬੰਦਗੀ ਏਸੇ ਵਿਚ ਸਮਾਈਆ । ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਧੁਰ ਦਾ ਖੇਵਟ ਖੇਟਾ, ਪਾਰ ਕਿਨਾਰਾ ਵਿਚ ਸੰਸਾਰਾ ਏਕੰਕਾਰਾ ਆਪ ਕਰਾਈਆ । ਜਨ ਭਗਤ ਬਣਾ ਕੇ ਨਿਰਗੁਣ ਧਾਰ ਸਾਚਾ ਬੇਟਾ, ਪਿਤਾ ਪੂਤ ਗੋਦ ਉਠਾਈਆ । ਜੁਗ ਚੌਕੜੀ ਪੂਰਬ ਜਨਮ ਅਜਨਮ ਦਾ ਪੂਰਾ ਕਰ ਕੇ ਲੇਖਾ, ਕਰਮ ਕਾਂਡ ਦਾ ਪੈਂਡਾ ਰਿਹਾ ਮੁਕਾਈਆ । ਅੰਤਮ ਲੈ ਕੇ ਜਾਵੇ ਸਚਖੰਡ ਸਾਚੇ ਦੇਸਾ, ਜਿਸ ਗ੍ਰਹਿ ਮੰਦਰ ਅੰਦਰ ਏਕੋ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਵਿਸ਼ਨੂੰ ਭਗਵਾਨ, ਏਕਾ ਬਣ ਕੇ ਧੁਰ ਦਾ ਨੇਤਾ, ਨਿਤ ਨਵਿਤ ਕਰ ਕਰ ਹਿਤ ਭਗਤਨ ਆਪਣੇ ਰੰਗ ਰੰਗਾਈਆ ।

★ ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸਰਦਾਰਾ ਸਿੰਘ ਗ੍ਰਹਿ ਪੱਖੋਵਾਲ ਜ਼ਿਲਾ ਲੁਧਿਆਣਾ ★

ਗੁਰ ਪੈਗ਼ੰਬਰ ਸੁਣੋ ਅਵਤਾਰ, ਹਰਿ ਅਵਤਾਰੀ ਆਪ ਦ੍ਰਿੜਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸੰਸਾਰੀ ਭੰਡਾਰੀ ਜੁਗ ਜੁਗ ਸੇਵ ਕਮਾਈਆ । ਸ਼ੰਕਰ ਹੁਕਮੇ ਅੰਦਰ ਕਰਦਾ ਰਿਹਾ ਸ਼ਿੰਘਾਰ, ਸੇਵਕ ਹੋ ਕੇ ਆਪਣੀ ਸੇਵ ਲਗਾਈਆ । ਨਿਰਗੁਣ ਨਿਰਵੈਰ ਨਿਰਾਕਾਰ ਖੇਲ ਕਰਦਾ ਰਿਹਾ ਕਰਤਾਰ, ਕੁਦਰਤ ਦਾ ਕਾਦਰ ਖ਼ਲਕ ਦਾ ਖ਼ਾਲਕ ਫ਼ਲਕ ਉਪਰ ਆਪਣਾ ਹੁਕਮ ਵਰਤਾਈਆ । ਨਾਮ ਸੰਦੇਸੇ ਦੇਂਦਾ ਰਿਹਾ ਵਾਰੋ ਵਾਰ, ਵਾਰਸ ਹੋ ਕੇ ਆਪਣਾ ਹੁਕਮ ਚਲਾਈਆ । ਸਰਗੁਣ ਧਾਰ ਸਭ ਦੀ ਸੁਣਦਾ ਰਿਹਾ ਪੁਕਾਰ, ਘਟ ਭੀਤਰ ਅੰਤਰ ਨਿਰੰਤਰ ਵੇਖ ਵਖਾਈਆ । ਕਾਗ਼ਜ਼ ਕਲਮ ਸ਼ਾਹੀ ਨਾਲ ਕਰਾਉਂਦਾ ਆਇਆ ਇਜ਼ਹਾਰ, ਜਾਹਰ ਜਹੂਰ ਆਪਣੀ ਕਲ ਵਰਤਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਸਭ ਨੂੰ ਕਰੇ ਖ਼ਬਰਦਾਰ, ਬੇਖ਼ਬਰਾਂ ਆਪ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਖੋਲ੍ਹੋ ਬੰਦ ਕਿਵਾੜ, ਇਸ਼ਟ ਇਕੋ ਇਕ ਸਮਝਾਈਆ । ਜਿਸ ਨੂੰ ਕਰਦੇ ਆਏ ਨਿਮਸਕਾਰ, ਸਜਦਿਆਂ ਵਿਚ ਸੀਸ ਝੁਕਾਈਆ । ਕਲਮਿਆਂ ਵਿਚ ਸੁਣਦੇ ਆਏ ਗੁਫ਼ਤਾਰ, ਗੁਫ਼ਤ ਸ਼ਨੀਦ ਦਰਸ਼ਨ ਕਰ ਨੂਰ ਇਲਾਹੀਆ । ਅੰਤ ਉਸੇ ਦੀ ਆ ਗਈ ਵਾਰ, ਵਾਰਤਾ ਪਿਛਲੀ ਦਏ ਭੁਲਾਈਆ । ਭਗਤ ਸੁਹੇਲਾ ਬਣ ਕੇ ਏਕਾ ਏਕੰਕਾਰ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰੋ ਧੁਰ ਦਾ ਹੁਕਮ ਇਕ ਹਜ਼ੂਰੀ, ਹਜ਼ਰਤਾਂ ਰਿਹਾ ਸਮਝਾਈਆ । ਸੂਫ਼ੀ ਸੰਤ ਫ਼ਕੀਰਾਂ ਅੱਗੇ ਚੜ੍ਹਨਾ ਪਏ ਕਿਸੇ ਨਾ ਸੂਲੀ, ਸੁਲਹਕੁਲ ਆਪਣਾ ਰੰਗ ਦਏ ਰੰਗਾਈਆ । ਜੋ ਸਤਿਜੁਗ ਤਰੇਤਾ ਦਵਾਪਰ ਕਲਜੁਗ ਆਤਮ ਪ੍ਰੀਤਮ ਧਾਰ ਨਾਲੋਂ ਰਹੀ ਭੁੱਲੀ, ਜੁਗ ਜਨਮ ਦੀ ਵਿਛੜੀ ਆਪਣੇ ਨਾਲ ਮਿਲਾਈਆ । ਭਾਗ ਲਗਾਏ ਕਾਇਆ ਕਾਅਬੇ ਧਰਮ ਦਵਾਰ ਸਾਢੇ ਤਿੰਨ ਹੱਥ ਬੰਕ ਦਵਾਰ ਕੁੱਲੀ, ਵਜੂਦ ਮਹਿਬੂਬ ਆਪਣਾ ਭੇਵ ਖੁਲ੍ਹਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਮੁਖ ਚੁਆਏ ਬਿਨਾ ਬੁੱਲੀਂ, ਅਨਰਸ ਰਸ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਏਕੰਕਾਰ ਇਕੋ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਪਾਰਬ੍ਰਹਮ ਦੀ ਤਕਣੀ ਧਾਰ, ਧਰਨੀ ਧਰਤ ਧਵਲ ਤੋਂ ਪਰੇ ਰਿਹਾ ਸਮਝਾਈਆ । ਜਿਸ ਨੂੰ ਸਮਝੇ ਨਾ ਕੋਇ ਵਿਚ ਸੰਸਾਰ, ਸੰਸਾਰੀ ਭੰਡਾਰੀ ਬੈਠੇ ਸੀਸ ਨਿਵਾਈਆ । ਜਿਸ ਦੇ ਰਹੇ

ਖ਼ਿਦਮਤਗਾਰ ਖ਼ਾਦਮ ਹੋ ਕੇ ਸੇਵ ਕਮਾਈਆ । ਸੋ ਹੁਕਮ ਹਾਕਮ ਦੇਵੇ ਅਗੰਮ ਅਪਾਰ, ਅਲਖ ਅਲੱਖਣਾ ਆਪਣੀ ਅਲਖ ਜਗਾਈਆ । ਜਿਸ ਨੂੰ ਕਾਗਦ ਕਲਮ ਨਾ ਲਿਖਣਹਾਰ, ਕਾਤਬ ਮਿਲੇ ਨਾ ਕਿਸੇ ਵਡਿਆਈਆ । ਜੋ ਸੰਦੇਸਾ ਨਰ ਨਰੇਸ਼ਾ ਦੇ ਕੇ ਆਏ ਵਾਰੋ ਵਾਰ, ਕਲਮਿਆਂ ਵਿਚ ਕਾਇਨਾਤ ਦ੍ਰਿੜਾਈਆ । ਤਿਸ ਦਾ ਲਹਿਣਾ ਦੇਣਾ ਅੰਤ ਕੰਤ ਭਗਵੰਤ ਦਏ ਨਿਵਾਰ, ਭਗਵਾਨ ਆਪਣਾ ਹੁਕਮ ਆਪ ਵਰਤਾਈਆ । ਉਠੋ ਵੇਖੋ ਸ੍ਰਿਸ਼ਟੀ ਦ੍ਰਿਸ਼ਟੀ ਕਰੋ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਭਰਮੇ ਭਰਮ ਭੁੱਲਾ ਜੀਵ ਗਵਾਰ, ਗਵਾਹ ਸ਼ਹਾਦਤ ਤੁਹਾਡੀ ਇਕ ਭੁਗਤਾਈਆ । ਜਿਸ ਦਾ ਕਰਦੇ ਰਹੇ ਇੰਤਜ਼ਾਰ, ਇੰਤਜ਼ਾਮਾਂ ਦਾ ਮਾਲਕ ਵੇਖੋ ਧੁਰਦਰਗਾਹੀਆ । ਸਭ ਦਾ ਲਹਿਣਾ ਦੇਣਾ ਪੂਰਬ ਕਰਮ ਦਾ ਕਰਜ਼ਾ ਦਏ ਉਤਾਰ, ਅਗਲਾ ਲੇਖਾ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਧੁਰਦਰਗਾਹੀ ਸੱਚੀ ਸਰਕਾਰ, ਸਤਿ ਸਚ ਸਚ ਸਤਿ ਸਤਿ ਸਚ ਕਾਇਆ ਮਾਟੀ ਕੱਚ ਆਪਣਾ ਹੁਕਮ ਵਰਤਾਈਆ ।

★ ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸਾਧੂ ਸਿੰਘ ਦੇ ਗ੍ਰਿਹ ਪੱਖੋਵਾਲ ਜ਼ਿਲਾ ਲੁਧਿਆਣਾ ★

ਗੁਰ ਅਵਤਾਰ ਪੈਗ਼ੰਬਰੋ ਹੁਕਮ ਚੱਲੇ ਰਾਜਨ ਰਾਜ, ਭੂਪਤ ਭੂਪ ਦਇਆ ਕਮਾਈਆ । ਧੁਰ ਸੰਦੇਸਾ ਮਾਰੇ ਇਕ ਆਵਾਜ਼, ਅਜ਼ਾਂ ਬਾਂਗ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਬਣਾ ਕੇ ਧੁਰ ਸਮਾਜ, ਸਮਗਰੀ ਨਾਮ ਭੰਡਾਰਾ ਝੋਲੀ ਪਾਈਆ । ਨੱਈਆ ਨੌਕਾ ਚਲਾ ਕੇ ਆਪਣਾ ਧੁਰ ਦਾ ਇਕ ਜਹਾਜ਼, ਭਗਤ ਸੁਹੇਲੇ ਸੰਗ ਰਖਾਈਆ । ਸਤਿਜੁਗ ਅੰਤਰ ਸਤਿ ਧਰਮ ਦਾ ਚਲੇ ਇਕ ਰਿਵਾਜ, ਕਿਰਿਆ ਕੂੜ ਨਾ ਕੋਇ ਚਤੁਰਾਈਆ । ਨਾਮ ਨਿਧਾਨਾ ਭੇਵ ਅਭੇਦਾ ਖੋਲ੍ਹੇ ਬੋਧ ਅਗਾਧ, ਬੁੱਧੀ ਤੋਂ ਪਰੇ ਸਰਬ ਪੜ੍ਹਾਈਆ । ਤੁਹਾਡਾ ਲੇਖਾ ਪਿਛਲਾ ਕਰਾਵੇ ਯਾਦ, ਯਾਦਾਸ਼ਤ ਆਪਣੇ ਨਾਲ ਬਣਾਈਆ । ਪੜਦਿਆਂ ਵਿਚੋਂ ਖੋਲ੍ਹ ਕੇ ਆਪਣਾ ਰਾਜ਼, ਰਾਜ਼ਕ ਰਹੀਮ ਦਏ ਸਮਝਾਈਆ । ਕਲਮਿਆ ਵਾਲੀ ਛੱਡੋ ਨਿਮਾਜ਼, ਸਜਦਿਆਂ ਵਾਲਾ ਜਗਤ ਸੀਸ ਝੁਕਾਈਆ । ਮਾਲਕ ਤੱਕੋ ਇਕ ਨਵਾਬ, ਜੋ ਨੌਬਤ ਹਕ ਵਜਾਈਆ । ਜੋ ਦੇਵਣਹਾਰ ਸਰਬ ਇਮਦਾਦ, ਇਮਦਾਦੀ ਬੇਪਰਵਾਹੀਆ । ਉਜੜੇ ਖੇੜੇ ਕਰੇ ਆਬਾਦ, ਗੁਲਸ਼ਨ ਗੁਲ ਆਪ ਮਹਿਕਾਈਆ । ਸਾਚਾ ਸਜਦਾ ਦੱਸੇ ਆਦਾਬ, ਆਅਲਾ ਅਦਨਾ ਏਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਪਾਰਬ੍ਰਹਮ ਦੀ ਗੱਦੀ, ਗੋਦੀ ਸਭ ਨੂੰ ਰਿਹਾ ਟਿਕਾਈਆ । ਦੀਨ ਦੁਨੀ ਜਿਸ ਦੇ ਹੁਕਮੇ ਅੰਦਰ ਬੱਧੀ, ਬੰਧਨਾਂ ਦਾ ਲੇਖਾ ਰਿਹਾ ਮੁਕਾਈਆ । ਜਿਸ ਦਾ ਰਾਹ ਤੱਕੇ ਚੌਧਵੀਂ ਸਦੀ, ਸਦੀਆਂ ਦੀ ਭੁੱਲੀ ਅੱਖ ਉਠਾਈਆ । ਦੋਵੇਂ ਹੱਥ ਦਸਤ ਜੋੜ ਕੇ ਬੱਧੀ, ਬੰਦਨਾ ਵਿਚ ਸੀਸ ਨਿਵਾਈਆ । ਤੇਰੇ ਹੁਕਮ ਦੀ ਮੰਨ ਕੇ ਇਕ ਪਾਬੰਦੀ, ਪਾਉਂ ਛੂਹ ਕੇ ਖ਼ੁਸ਼ੀ ਬਣਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤ ਤੇਰੇ ਸਨਬੰਧੀ, ਮੇਰੇ ਉਤੇ ਸੋਭਾ ਪਾਈਆ । ਜਗਤ ਸ੍ਰਿਸ਼ਟੀ ਨੇਤਰ ਅੰਧੀ, ਅੰਧ ਅਗਿਆਨ ਨਾ ਕੋਇ ਗਵਾਈਆ । ਕਲਜੁਗ ਕੂੜੀ ਕਿਰਿਆ ਢਹਿੰਦੀ ਵੇਖਾਂ ਕੰਧੀ, ਕੰਧੇ ਭਾਰ ਨਾ ਕੋਇ

ਟਿਕਾਈਆ । ਸਤਿਜੁਗ ਸਚ ਦਰ ਸਚ ਦੀ ਵੇਖਾਂ ਡੰਡੀ, ਡੰਡਾਵਤ ਇਕੋ ਨਜ਼ਰੀ ਆਈਆ । ਮਨ ਵਾਸਨਾ ਕੂੜ ਰਹੇ ਨਾ ਗੰਦੀ, ਮੰਦਰ ਕਾਇਆ ਬੰਕ ਦੇਣਾ ਸੁਹਾਈਆ । ਜਿਥੇ ਲੋੜ ਰਹੇ ਨਾ ਚੰਦ ਨਵਚੰਦੀ, ਨਿਰਗੁਣ ਨੂਰ ਤੇਰਾ ਰੁਸ਼ਨਾਈਆ । ਦੁਤੀਆ ਧਾਰ ਜਾਏ ਨਾ ਵੰਡੀ, ਵਰਭੰਡੀ ਨਾ ਕੋਇ ਲੜਾਈਆ । ਮਮਤਾ ਮੋਹ ਨਾ ਦਿਸੇ ਪਾਖੰਡੀ, ਕਪਟ ਕੂੜ ਨਾ ਕੋਇ ਚਤੁਰਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰਾ ਢੋਲਾ ਗੀਤ ਇਕੋ ਹੋਵੇ ਛੰਦੀ, ਸ਼ਹਿਨਸ਼ਾਹ ਸ਼ਾਹ ਸੁਲਤਾਨ ਰਾਓ ਰੰਕ ਮਿਲ ਕੇ ਗਾਈਆ । ਤੂੰ ਸਾਹਿਬ ਸੂਰਾ ਸਰਬੰਗੀ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਹੋਈ ਸੰਧੀ, ਸਨਦ ਤੇਰੇ ਅੱਗੇ ਸਾਰੇ ਰਹੇ ਟਿਕਾਈਆ ।

★ ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਸਰਵਨ ਸਿੰਘ ਦੇ ਗ੍ਰਿਹ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ★

ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਵੇਲਾ ਰਿਹਾ ਗੁਜ਼ਰ, ਗੁਜ਼ਾਰਸ਼ ਕਰੋ ਅੱਗੇ ਧੁਰਦਰਗਾਹੀਆ । ਤੁਹਾਡਾ ਰਹੇ ਕੋਈ ਨਾ ਉਜ਼ਰ, ਹੁਕਮ ਮੰਨੋ ਸ਼ਹਿਨਸ਼ਾਹੀਆ । ਜਿਸ ਨੇ ਭਾਵਨਾ ਰਹਿਣ ਨਹੀਂ ਦੇਣੀ ਦੁੱਤਰ, ਦੁਤੀਆ ਭਾਉ ਮਿਟਾਈਆ । ਨਿਰਗੁਣ ਧਾਰ ਅਗੰਮੀ ਉਤਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਨ ਭਗਤ ਸੁਹੇਲੇ ਬਣਾ ਕੇ ਆਪਣੇ ਪੁੱਤਰ, ਪਤਿਪਰਮੇਸ਼ਵਰ ਗੋਦ ਉਠਾਈਆ । ਤੁਸਾਂ ਵੇਖ ਕੇ ਕਰਨਾ ਸ਼ੁਕਰ, ਵਾਹਵਾ ਤੇਰੀ ਵਡ ਵਡਿਆਈਆ । ਲੁਕਿਆ ਰਹੇ ਨਾ ਕੋਈ ਕਿਸੇ ਨੁੱਕਰ, ਕੋਨਾ ਕੋਨਾ ਫੋਲ ਫੋਲਾਈਆ । ਝਗੜਾ ਮੇਟ ਦੁਨੀ ਦਾ ਦੁੱਖੜ, ਦਰਦੀਆਂ ਦਰਦ ਵੰਡਾਈਆ । ਗੁਰਮੁਖਾਂ ਕਰ ਕੇ ਉਜਲ ਮੁੱਖੜ, ਮੁਫ਼ਤ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਚਲਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਖੇਲ ਅਗੰਮਾ ਇਕ, ਏਕੰਕਾਰ ਦ੍ਰਿੜਾਈਆ । ਜਿਸ ਦਾ ਲੇਖ ਭਵਿਖਤ ਆਏ ਲਿਖ, ਨਾਤਾ ਜਗਤ ਨਾਲ ਬੰਧਾਈਆ । ਸੋ ਸਭ ਦੀ ਮਨਸਾ ਆਸਾ ਪੂਰੀ ਕਰੇ ਇੱਛ, ਇੱਛਿਆ ਸਭ ਦੀ ਖੋਜ ਖੋਜਾਈਆ । ਜਨ ਭਗਤਾਂ ਜਗਜੀਵਣ ਦਾਤਾ ਆਏ ਦਿਸ, ਦੂਜੀ ਦਿਸ਼ਾ ਵੰਡ ਨਾ ਕੋਇ ਵੰਡਾਈਆ । ਧਰਮ ਦਵਾਰ ਦਾ ਬਣ ਕੇ ਪਿਤ, ਪਿਤਾ ਪੂਤ ਗੋਦ ਉਠਾਈਆ । ਸਦ ਦਰਸਨ ਦੇਵੇ ਨਿਤ, ਨਿਜ ਨੈਣ ਕਰੇ ਰੁਸ਼ਨਾਈਆ । ਹਰਿ ਸੰਤ ਸੁਹੇਲੇ ਬਣਾ ਕੇ ਆਪਣੇ ਸਿੱਖ, ਸਿਖਿਆ ਧੁਰ ਦੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਹੱਥ ਰੱਖੇ ਉਪਰ ਪਿਠ, ਮਿਹਰ ਨਜ਼ਰ ਆਪ ਉਠਾਈਆ ।

★ ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਭਗਵਾਨ ਕੌਰ ਦੇ ਗ੍ਰਿਹ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ★

ਗੁਰ ਅਵਤਾਰ ਪੈਗ਼ੰਬਰੋ ਸੁਣਿਓ ਹੁਕਮ ਧੁਰ ਅਕਾਲਾ, ਅਕਲ ਕਲਧਾਰੀ ਏਕੰਕਾਰੀ ਆਪ ਜਣਾਈਆ । ਨਾਮ ਸੰਦੇਸ਼ਾ ਦੇਵੇ ਧੁਰ ਨਿਰਾਲਾ,



੯੬੮
੨੦

ਨਿਰਾਕਾਰ ਨਿਰਵੈਰ ਆਪਣਾ ਆਪ ਪਰਗਟਾਈਆ । ਦੀਨ ਦੁਨੀ ਮਾਰਗ ਦੱਸੇ ਸੁਖਾਲਾ, ਸੁਖ ਆਤਮ ਪਰਮਾਤਮ ਨਾਲ ਜੁੜਾਈਆ । ਚਾਰ ਜੁਗ ਦੀ ਬਦਲ ਦੇਵੇ ਚਾਲਾ, ਹੁਕਮੇ ਅੰਦਰ ਆਪਣਾ ਹੁਕਮ ਵਰਤਾਈਆ । ਸਚ ਦਵਾਰਾ ਖੋਲ੍ਹੇ ਏਕਾ ਏਕ ਧਰਮਸਾਲਾ, ਚਾਰ ਵਰਨ ਮਿਲੇ ਵਡਿਆਈਆ । ਸ੍ਰਿਸ਼ਟ ਸਬਾਈ ਬਣ ਕੇ ਆਪ ਦਲਾਲਾ, ਧਰਮ ਵਣਜਾਰਾ ਇਕ ਅਖਵਾਈਆ । ਤੂੰ ਮੇਰਾ ਮੈਂ ਤੇਰਾ ਅੰਤਰ ਆਤਮ ਪਾਵੇ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਗੁਰਮੁਖ ਸੰਤ ਸੁਹੇਲਾ ਗੋਦ ਉਠਾਏ ਆਪਣਾ ਬਾਲਾ, ਬਚਪਨ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਰਨ ਸਰਨਾਈਆ । ਗੁਰ ਅਵਤਾਰ ਪੈਗ਼ੰਬਰੋ ਸੁਣਨਾ ਨਾਮ ਅਥਾਹ, ਅਥਵਾ ਅਰਥ ਜਿਸਦਾ ਚਾਰ ਜੁਗ ਨਾ ਕਿਸੇ ਸਮਝਾਈਆ । ਜੋ ਅੰਧੇ ਪਾਵੇ ਰਾਹ, ਸੁੱਤਿਆਂ ਜਗਤ ਉਠਾਈਆ । ਜਲਵਾ ਨੂਰ ਦੱਸ ਖ਼ੁਦਾ, ਖ਼ੁਦ ਮਾਲਕ ਦਏ ਮਿਲਾਈਆ । ਸਿਰਜਣਹਾਰ ਸੱਚਾ ਪਾਤਸ਼ਾਹ, ਸ਼ਹਿਨਸ਼ਾਹ ਵਡ ਵਡਿਆਈਆ । ਜਿਸ ਨੂੰ ਜੁਗ ਚੌਕੜੀ ਸਾਰੇ ਰਹੇ ਧਿਆ, ਬਿਨ ਸੀਸ ਸੀਸ ਨਿਵਾਈਆ । ਸੋ ਵੇਖੇ ਹਰ ਘਟ ਥਾਂ, ਲੱਖ ਚੁਰਾਸੀ ਖੋਜ ਖੋਜਾਈਆ । ਜਨ ਭਗਤਾਂ ਦੇ ਕੇ ਆਪਣਾ ਨਾਂ, ਨਾਮ ਨਿਧਾਨਾ ਇਕ ਸਮਝਾਈਆ । ਫੜ ਕੇ ਹੰਸ ਬਣਾ ਕੇ ਕਾਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਕਰੇ ਪਿਆਰ ਜਿਉਂ ਪੁੱਤਰਾਂ ਮਾਂ, ਪਿਤਾ ਪੂਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਕਰੇ ਹਕ ਨਿਆਂ, ਅਦਲ ਅਦਾਲਤ ਆਪਣੇ ਹੱਥ ਰਖਾਈਆ ।


੮੬੯
੨੦

★ ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਨਾਜ਼ਰ ਸਿੰਘ ਦੇ ਗ੍ਰਿਹ ਪਿੰਡ ਪੱਖੋਵਾਲ ਜਿਲਾ ਲੁਧਿਆਣਾ ★

ਗੁਰ ਅਵਤਾਰ ਪੈਗ਼ੰਬਰੋ ਪ੍ਰਭ ਖੇਲ ਵੇਖਿਓ ਅਗੰਮ, ਅਗੰਮੜੀ ਕਾਰ ਕਮਾਈਆ । ਕਿਸ ਬਿਧ ਮੇਟੇ ਤ੍ਰਿਸਨਾ ਤਮ, ਤਾਮਸ ਸਾਂਤਕ ਰੂਪ ਬਦਲਾਈਆ । ਭਾਗ ਲਗਾਵੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਚਿੰਤਾ ਸੋਗ ਮੁਕਾ ਕੇ ਗ਼ਮ, ਖ਼ੁਸ਼ੀ ਆਪਣਾ ਰੰਗ ਚੜ੍ਹਾਈਆ । ਨਿਹਕਰਮੀ ਹੋ ਕੇ ਕਰੇ ਆਪਣਾ ਕੰਮ, ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਮੇਲ ਕਰਾਏ ਆਤਮ ਬ੍ਰਹਮ, ਪਾਰਬ੍ਰਹਮ ਵਡ ਵਡਿਆਈਆ । ਚਾਰ ਵਰਨ ਸਾਂਝਾ ਦੱਸ ਕੇ ਧਰਮ, ਧਰਮ ਦਵਾਰਾ ਇਕ ਪਰਗਟਾਈਆ । ਜਿਥੇ ਪਰਖ ਨਾ ਹੋਵੇ ਕਾਇਆ ਮਾਟੀ ਚਰਮ, ਆਤਮ ਵੱਜੇ ਵਧਾਈਆ । ਜਨ ਭਗਤਾਂ ਲੇਖੇ ਲੱਗੇ ਮਾਨਸ ਜਰਮ, ਜਨਮ ਆਪਣੀ ਝੋਲੀ ਪਾਈਆ । ਸੋ ਆਪਣਾ ਕਰੇ ਖੇਲ ਪਿਤਾ ਪੁਰਖ ਪਰਮ, ਪਾਰਬ੍ਰਹਮ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖਿਓ ਹੁਕਮ ਅਟਲ, ਅਟਲ ਪਦਵੀ ਇਕ ਵਖਾਈਆ । ਸੰਦੇਸਾ ਦੇਵਾਂ ਜਲ ਥਲ, ਮਹੀਅਲ ਆਪ ਦ੍ਰਿੜਾਈਆ । ਪੜਦੇ ਲਾਹਵਾਂ ਜੰਗਲ ਜੂਹ ਉਜਾੜ ਪਹਾੜ ਟਿਲੇ ਪਰਬਤ ਝਲ, ਝਲਕ ਆਪਣੀ ਇਕ ਵਖਾਈਆ । ਕਲਜੁਗ ਕੂੜੀ ਕਿਰਿਆ ਮੇਟਾਂ ਕਲ, ਕਾਲਖ ਟਿੱਕਾ ਦੁਰਮਤ ਮੈਲ ਧਵਾਈਆ । ਦੂਈ ਦਵੈਤ ਕਾ ਮੇਟ ਕੇ ਸਲ, ਸਲਲ ਆਪਣਾ ਰੰਗ ਚੜ੍ਹਾਈਆ । ਜੋਧਾ ਸੂਰਬੀਰ ਧਾਰ ਕੇ ਬਲ, ਬਲ ਬਾਵਨ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ

ਹਰਿ ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖਿਓ ਧੁਰ ਦੀ ਇਕ ਅਦਾਲਤ, ਅਦਲੀ ਅਦਲ ਇਨਸਾਫ਼ ਕਮਾਈਆ । ਕਲਜੁਗ ਕੂੜੀ ਕਿਰਿਆ ਕੱਢੇ ਅਲਾਮਤ, ਕੂੜ ਅਮਲਾਂ ਤੋਂ ਰਹਿਤ ਕਰੇ ਲੋਕਾਈਆ । ਸਾਚੀ ਦੱਸੇ ਇਕ ਇਬਾਦਤ, ਨਾਮ ਡੰਕਾ ਧੁਰ ਸ਼ਨਵਾਈਆ । ਜਨ ਭਗਤਾਂ ਦੇ ਕੇ ਸ਼ਬਦ ਜ਼ਮਾਨਤ, ਜਗਤ ਜਹਾਨੋਂ ਲਏ ਛੁਡਾਈਆ । ਧਰਮ ਦਵਾਰ ਦੀ ਬਣਾ ਅਮਾਨਤ, ਘਰ ਸਾਚੇ ਲਏ ਟਿਕਾਈਆ । ਕਰੇ ਖੇਲ ਅਨਪਛਾਣਤ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਤੁਸੀ ਕਹਿੰਦੇ ਰਹੇ ਸਹੀ ਸਲਾਮਤ, ਸੋ ਸਾਹਿਬ ਸਵਾਮੀ ਆਪਣੀ ਕਲ ਵਰਤਾਈਆ । ਮਨ ਵਾਸਨਾ ਰਹਿਣ ਨਾ ਦੇਵੇ ਬਗ਼ਾਵਤ, ਬਗ਼ਲਗੀਰ ਸਭ ਨੂੰ ਦਏ ਬਣਾਈਆ । ਸਤਿ ਧਰਮ ਦੀ ਸਚ ਬਣਾ ਬਨਾਵਟ, ਬਾਵਨ ਅੱਖਰੀ ਭੇਵ ਚੁਕਾਈਆ । ਤੁਹਾਡੀ ਪੂਰੀ ਕਰ ਥਕਾਵਟ, ਆਪਣੇ ਵਿਚ ਸਮਾਈਆ । ਸਾਚਾ ਢੋਲਾ ਗੀਤ ਦੱਸੇ ਆਪ ਗਾਵਤ, ਗਾ ਗਾ ਦਏ ਸਮਝਾਈਆ । ਮਿਹਰਵਾਨ ਹੋ ਕੇ ਕਰੇ ਸਖ਼ਾਵਤ, ਸੁਖ਼ਨ ਆਪਣਾ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਚ ਦਵਾਰੇ ਦੇਵੇ ਮਿਹਰ ਮੁਹੱਬਤ ਦੀ ਇਕ ਦਾਅਵਤ, ਦਾਅਵੇ ਨਾਲ ਆਪਣਾ ਨਾਮ ਚਖਾਈਆ ।



## ★ ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਪਿੰਡ ਮੁੰਡੀਆਂ ★

੯੦੭
੨੦

ਗੁਰ ਅਵਤਾਰ ਪੈਗ਼ੰਬਰੋ ਅਗਲਾ ਖੇਲ ਵੇਖਣਾ ਭਗਵੰਤ, ਸ੍ਰੀ ਭਗਵਾਨ ਆਪ ਕਰਾਈਆ । ਜਿਸ ਦਾ ਲਹਿਣਾ ਆਦਿ ਅੰਤ, ਜੁਗਾ ਜੁਗੰਤ ਹੁਕਮ ਵਰਤਾਈਆ । ਸੋ ਸੰਤ ਸੁਹੇਲੇ ਆਪ ਉਠਾਵੇ ਧੁਰ ਦਾ ਕੰਤ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਪੜਦਾ ਦਏ ਉਠਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਬਣਾ ਕੇ ਧਰਮ ਦੀ ਸੰਗਤ, ਦੀਨਾਂ ਮਜ਼੍ਹਬਾਂ ਡੇਰਾ ਢਾਹੀਆ । ਨਿਰਗੁਣ ਧਾਰ ਬੋਧ ਅਗਾਧਾ ਬਣ ਕੇ ਪੰਡਤ, ਸਾਚੀ ਸਿਖਿਆ ਇਕ ਸਮਝਾਈਆ । ਕਲਜੁਗ ਕੂੜੀ ਕਿਰਿਆ ਕਰ ਕੇ ਅੰਤ, ਸਤਿਜੁਗ ਸਾਚਾ ਰਾਹ ਵਖਾਈਆ । ਧਰਮ ਦਵਾਰ ਬਣਾ ਬਣਤ, ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਖੇਲ ਹਰਿ ਕਰਤਾਰ, ਹਰਿ ਕਰਤਾ ਆਪ ਵਰਤਾਈਆ । ਜਿਸ ਦੀ ਮਹਿੰਮਾ ਕਰਦੇ ਆਏ ਜੁਗ ਚਾਰ, ਸਤਿਜੁਗ ਤਰੇਤਾ ਦਵਾਪਰ ਕਲਜੁਗ ਸਿਫ਼ਤਾਂ ਵਿਚ ਸਾਲਾਹੀਆ । ਸ਼ਬਦ ਸੰਦੇਸੇ ਲਿਖਦੇ ਆਏ ਵਾਰੋ ਵਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਢੋਲੇ ਗੀਤ ਸੁਣਾਈਆ । ਨਿਰਗੁਣ ਸਰਗੁਣ ਬਣਦੇ ਆਏ ਖ਼ਿਦਮਤਗਾਰ, ਸੇਵਕ ਹੋ ਕੇ ਧੁਰ ਦੀ ਸੇਵ ਕਮਾਈਆ । ਨਾਮ ਸੰਦੇਸੇ ਦੇਂਦੇ ਆਏ ਵਾਰੋ ਵਾਰ, ਜਗਤ ਅੱਖਰਾਂ ਵਿਚ ਵਡਿਆਈਆ । ਸੋ ਸਵਾਮੀ ਅੰਤਰਜਾਮੀ ਨਿਰਗੁਣ ਜੋਤ ਕਰੇ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਵਡ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸਾਚੀ ਸਿਖਿਆ ਦਏ ਸਿਖ਼ਾਲ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਪੜਦਾ ਆਪ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਾਤਾ ਜੋੜ ਕੇ ਕਾਇਆ ਧਰਮ ਸੱਚੀ ਧਰਮਸਾਲ, ਬੰਦ

ਕਿਵਾੜੀ ਪੜਦਾ ਓਹਲਾ ਦਏ ਚੁਕਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਤੋੜਣਹਾਰਾ ਕੂੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿਜੁਗ ਸਾਚਾ ਮਾਰਗ ਦੱਸ ਸੁਖਾਲ, ਸਾਹ ਸਾਹ ਆਪਣਾ ਨਾਮ ਸਮਾਈਆ । ਜਿਸ ਦੀ ਅੱਖਰਾਂ ਵਿਚ ਕਰਦੇ ਰਹੇ ਭਾਲ, ਸਿਫ਼ਤਾਂ ਵਿਚ ਢੋਲੇ ਗੀਤ ਸੁਣਾਈਆ । ਸੋ ਸਾਹਿਬ ਸੁਲਤਾਨ ਨੌਜਵਾਨ ਖੇਲ ਕਰੇ ਕਮਾਲ, ਕਾਲ ਮਹਾਂਕਾਲ ਹੁਕਮੇ ਅੰਦਰ ਸਰਬ ਭਵਾਈਆ । ਜਨ ਭਗਤ ਸੁਹੇਲੇ ਵੇਖ ਕੇ ਆਪਣੇ ਲਾਲ, ਲੱਖ ਚੁਰਾਸੀ ਵਿਚੋਂ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਏਕੰਕਾਰਾ ਇਕੋ ਘਰ ਵਖਾਈਆ । ਗੁਰ ਅਵਤਾਰ ਪੈਗ਼ੰਬਰ ਸੁਣਨਾ ਹੁਕਮ ਏਕੰਕਾਰ, ਇਕ ਇਕੱਲਾ ਆਪ ਦ੍ਰਿੜਾਈਆ । ਨੌ ਖੰਡ ਪ੍ਰਿਥਮੀ ਕਰੇ ਧਰਮ ਜੈਕਾਰ, ਕੂੜ ਮਲੇਛੀ ਬੁੱਧ ਮੁਕਾਈਆ । ਸਚ ਨਿਸ਼ਾਨਾ ਦੋ ਜਹਾਨਾਂ ਦੇਵੇ ਚਾੜ੍ਹ, ਚਾਰ ਕੁੰਟ ਡੰਕਾ ਨਾਮ ਵਜਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਕਰੇ ਪਰਕਾਸ਼ ਬਹੱਤਰ ਨਾੜ, ਨਾੜੀ ਨਾੜੀ ਦੀਪਕ ਜੋਤ ਕਰੇ ਰੁਸ਼ਨਾਈਆ । ਭਾਗ ਲਗਾਏ ਮੰਦਰ ਅੰਦਰ ਕਾਇਆ ਡੂੰਘੀ ਗਾਰ, ਗਹਿਰ ਗੰਭੀਰ ਬੇਨਜ਼ੀਰ ਆਪਣਾ ਵੇਸ ਵਟਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਾਂਝਾ ਦੱਸ ਕੇ ਇਕ ਪਿਆਰ, ਊਚ ਨੀਚ ਰਾਓ ਰੰਕ ਲੇਖਾ ਦਏ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਾਂਝਾ ਹੋਏ ਜੈਕਾਰ, ਸੋਹੰ ਢੋਲਾ ਸ਼ਬਦ ਵਿਚੋਲਾ ਮੌਲਾ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਤਿ ਸਤਿਵਾਦੀ ਸਤਿ ਧਰਮ ਦਾ ਲਹਿਣਾ ਦੇਣਾ ਦੇਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਿਉਂ ਨਿਉਂ ਸੀਸ ਨਿਵਾਈਆ ।


੯੭੧
੨੦

★ ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੩ ਗੁਰਦੇਵ ਸਿੰਘ ਦੇ ਗ੍ਰਹਿ ਪਿੰਡ ਘੜੂਆਂ ★

ਗੁਰ ਅਵਤਾਰ ਪੈਗ਼ੰਬਰ ਏਕਾ ਏਕ ਕਰੋ ਜੈਕਾਰ, ਜੈ ਜੈਕਾਰ ਵਿਚ ਸਮਾਈਆ । ਸਚਖੰਡ ਦਵਾਰ ਏਕੰਕਾਰ ਕਰੋ ਨਿਮਸਕਾਰ, ਸੀਸ ਜਗਦੀਸ ਆਪ ਝੁਕਾਈਆ । ਸਚ ਦਵਾਰੇ ਬਣ ਕੇ ਖ਼ਿਦਮਤਗਾਰ, ਸੇਵਾਦਾਰ ਧੁਰ ਦੀ ਸੇਵ ਕਮਾਈਆ । ਧੁਰ ਦਾ ਸ਼ਬਦ ਵਡ ਬਲਕਾਰ, ਗੋਬਿੰਦ ਜੋਧਾ ਰੂਪ ਬਦਲਾਈਆ । ਹੁਕਮ ਦੇਵੇ ਅਗੰਮ ਅਪਾਰ, ਪਰਵਰਦਿਗਾਰ ਧੁਰਦਰਗਾਹੀਆ । ਜਿਸ ਨੂੰ ਮੇਟੇ ਨਾ ਕੋਈ ਵਿਚ ਸੰਸਾਰ, ਬ੍ਰਹਿਮੰਡ ਖੰਡ ਆਪਣਾ ਡੰਕ ਦਏ ਵਜਾਈਆ । ਧਰਨੀ ਧਰਤ ਧਵਲ ਧੌਲ ਦਏ ਅਧਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਲਹਿਣਾ ਦੇਣਾ ਪੂਰਬ ਕਰਜ਼ਾ ਦਏ ਉਤਾਰ, ਖ਼ਾਲੀ ਝੋਲੀ ਸਰਬ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰੋ ਗਾਓ ਅਗੰਮੀ ਗੀਤ, ਹਰਿ ਕਰਤਾ ਆਪ ਦ੍ਰਿੜਾਈਆ । ਸਚ ਦਵਾਰੇ ਵਸੋ ਸਦਾ ਅਤੀਤ, ਤ੍ਰੈਭਵਨ ਧਨੀ ਰਿਹਾ ਸਮਝਾਈਆ । ਝਗੜਾ ਛੱਡੋ ਮੰਦਰ ਮਸੀਤ, ਮਸਤ ਖ਼ੁਮਾਰੀ ਨਾਮ ਰਖਾਈਆ । ਪਿਛਲਾ ਲੇਖਾ ਪਿਛੇ ਗਿਆ ਬੀਤ, ਅੱਗੇ ਵੱਜੇ ਸਚ ਵਧਾਈਆ । ਕਰੇ ਖੇਲ ਸਾਹਿਬ ਅਨਡੀਠ, ਅਨਡਿੱਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਇਕ ਇਕੱਲਾ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਨਾਮ ਗਾਓ ਆਦਿ

ਨਿਰੰਜਣ, ਆਦੀ ਅਨਾਦੀ ਬ੍ਰਹਮ ਬ੍ਰਹਿਮਾਦੀ ਦਏ ਸਮਝਾਈਆ । ਖੇਲੇ ਖੇਲ ਦੀਨਾ ਨਾਥ ਦਰਦ ਦੁੱਖ ਭੈ ਭੰਜਨ, ਭਵ ਸਾਗਰ ਵੇਖੇ ਜਗਤ ਲੋਕਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਸਚ ਦਵਾਰੇ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਕਰਨੀ ਦਾ ਕਰਤਾ ਕੁਦਰਤ ਦਾ ਕਾਦਰ, ਮੁਹੱਬਤ ਦਾ ਮਹਿਬੂਬ ਫ਼ਲਕ ਖ਼ਲਕ ਕਰੇ ਰੁਸ਼ਨਾਈਆ । ਜਿਸ ਦਾ ਹੁਕਮ ਹੁਕਮਾਂ ਵਿਚੋਂ ਹੋਣਾ ਸਾਦਰ, ਸਿਦਕ ਸਬੂਰੀ ਇਕ ਦ੍ਰਿੜਾਈਆ । ਸ਼ਬਦੀ ਗੋਬਿੰਦ ਪਰਗਟ ਕਰ ਕੇ ਜੋਧਾ ਸੂਰਬੀਰ ਬਹਾਦਰ, ਨਾਮ ਖੰਡਾ ਤੇਜ਼ ਪਰਚੰਡਾ ਵਿਚ ਬ੍ਰਹਿਮੰਡਾਂ ਵਰਭੰਡਾਂ ਆਪ ਚਮਕਾਈਆ । ਦੀਨ ਦੁਨੀ ਦਾ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਜੋ ਅੱਠਸੱਠ ਰਹੀ ਫੈਲ ਤੀਰਥ ਤਟਾਂ ਕਾਇਆ ਹੱਟਾਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਇਕ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰ ਗਾਵੇ ਨਾਮ ਪ੍ਰਭ ਭਗਵੰਤ, ਹਰਿ ਕਰਤਾ ਆਪ ਦ੍ਰਿੜਾਈਆ । ਜਿਸ ਦਾ ਆਦਿ ਜੁਗਾਦਿ ਏਕਾ ਮੰਤ, ਮੰਤਵ ਸਭ ਦੇ ਹੱਲ ਕਰਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਜੁਗ ਚੌਕੜੀ ਭਗਤ ਉਧਾਰੇ ਆਪਣੇ ਸੰਤ, ਸੂਫ਼ੀ ਸਫ਼ਰਾਂ ਵਿਚੋਂ ਬਾਹਰ ਕਢਾਈਆ ।ਮਹਿੰਮਾ ਦੱਸ ਕੇ ਬੋਧ ਅਗਾਧ ਇਕ ਅਗਣਤ, ਪੜਦਾ ਓਹਲਾ ਅੰਦਰੋਂ ਦਏ ਚੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾ ਕੇ ਨਾਰ ਕੰਤ, ਸੇਜ ਸੁਹੰਜਣੀ ਆਦਿ ਨਿਰੰਜਣੀ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਸਚ ਦਵਾਰ ਏਕੋ ਏਕ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਨਾਮ ਗਾਓ ਸ੍ਰੀ ਭਗਵਾਨ, ਭਗਵਨ ਰਿਹਾ ਦ੍ਰਿੜਾਈਆ । ਜਿਸ ਦਾ ਝੁਲਦਾ ਆਦਿ ਜੁਗਾਦਿ ਨਿਸ਼ਾਨ, ਜੁਗ ਚੌਕੜੀ ਰਿਹਾ ਵਖਾਈਆ । ਗੁਰ ਅਵਤਾਰੇ ਮੰਨਣੀ ਪਏ ਸਭ ਨੂੰ ਆਣ, ਆਨਨ ਫ਼ਾਨਨ ਸਭ ਦੇ ਲੇਖੇ ਦਏ ਮੁਕਾਈਆ । ਸ਼ਬਦੀ ਹੁਕਮ ਦੇਵੇ ਸਤਿਗੁਰ ਅਗੰਮ ਫ਼ਰਮਾਨ, ਫ਼ੁਰਨੇ ਸਭ ਦੇ ਬੰਦ ਕਰਾਈਆ । ਸਾਚਾ ਦੱਸ ਕੇ ਧਰਮ ਈਮਾਨ, ਇਸ਼ਟ ਦੇਵ ਇਕੋ ਇਕ ਦ੍ਰਿੜਾਈਆ । ਧੁਰ ਦਾ ਹੁਕਮ ਦੇਵੇ ਹੁਕਮਰਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਨਿਰਗੁਣ ਧਾਰ ਜੋਤ ਨਿਰੰਕਾਰ ਪਰਗਟ ਹੋ ਵਿਚ ਜਹਾਨ, ਪੂਰਬ ਲਹਿਣਾ ਲੇਖਾ ਸਭ ਦਾ ਪੂਰਾ ਕਰੇ ਆਣ, ਜੀਵ ਜੰਤ ਜਗਤ ਜੁਗਤ ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਪ ਮਹਾਨ, ਮਹਿੰਮਾ ਅਕਥ ਪੁਰਖ ਸਮਰਥ ਬੋਧ ਅਗਾਧ ਅਗੰਮ ਅਥਾਹ ਬੇਪਰਵਾਹ ਆਪਣੀ ਇਕ ਜਣਾਈਆ ।



## ★ ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੩ ਸੁਰਜੀਤ ਸਿੰਘ ਦੇ ਗ੍ਰਿਹ ਪਿੰਡ ਘੜੂਆਂ ★

ਅੱਸੂ ਕਹੇ ਮੈਂ ਆਦਿ ਜੁਗਾਦਿ ਆਸਾਵੰਦ, ਖ਼ਾਹਿਸ਼ ਆਪਣੇ ਵਿਚ ਰਖਾਈਆ । ਸ਼ਬਦੀ ਹੁਕਮ ਹੋ ਪਾਬੰਦ, ਬੰਦਗੀ ਵਿਚ ਆਪਣਾ ਸੀਸ ਝੁਕਾਈਆ । ਜੁਗ ਚੌਕੜੀ ਗਏ ਲੰਘ, ਕਾਲ ਬਿਤਾਏ ਅਗੰਮ ਅਥਾਹੀਆ । ਸਦਾ ਸਦਾ ਸਦ ਮੰਗਦਾ ਰਿਹਾ ਮੰਗ, ਨਿਵ ਨਿਵ ਸੀਸ ਝੁਕਾਈਆ ।

ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਤੇਰਾ ਖੇਲ ਅਗੰਮਾ ਵੇਖਾਂ ਵਿਚ ਵਰਭੰਡ, ਬ੍ਰਹਿਮੰਡ ਵੱਜੇ ਵਧਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣਿਆ ਰਹੇ ਸੰਗ, ਨਾਤਾ ਧੁਰ ਦਾ ਇਕ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਅੱਸੂ ਕਹੇ ਮੈਂ ਆਸਾਵੰਤ, ਅਸਲ ਵਸਲ ਵੇਖਾਂ ਯਾਰ ਖ਼ੁਦਾਈਆ । ਮੇਲਾ ਹੋਵੇ ਧੁਰ ਭਗਵੰਤ, ਜਿਸ ਭਗਵਨ ਨੂੰ ਭਗਵਤ ਰਹੀ ਗਾਈਆ । ਨੇਤਰ ਲੋਚਣ ਰਾਹ ਤਕੌਂਦੇ ਸੰਤ, ਸੱਜਣ ਖੋਜਣ ਥਾਉਂ ਥਾਈਂਆ । ਸੋ ਆਪਣਾ ਖੇਲ ਕਰੇ ਅਗਣਤ, ਮਹਿੰਮਾ ਅਕਥ ਕਥ ਦ੍ਰਿੜਾਈਆ । ਧਰਮ ਦਵਾਰ ਦਾ ਦੇ ਕੇ ਏਕਾ ਮੰਤ, ਮੰਤਰ ਫੁਰਨੇ ਆਪਣੇ ਵਿਚ ਸਮਾਈਆ । ਬੋਧ ਅਗਾਧਾ ਬਣ ਕੇ ਪੰਡਤ, ਧਰਮ ਧਾਰ ਧੁਰ ਦੀ ਕਰੇ ਪੜ੍ਹਾਈਆ । ਸਚ ਪ੍ਰੀਤੀ ਬਖ਼ਸ਼ੇ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਕਰੇ ਅੰਤ, ਅੰਤਸ਼ਕਰਨ ਸਭ ਦੀ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਦ੍ਰਿੜਾਈਆ । ਅੱਸੂ ਕਹੇ ਮੈਂ ਵੇਖਾਂ ਅਜਬ ਨਜ਼ਾਰਾ, ਦੀਨ ਦੁਨੀ ਤੋਂ ਬਾਹਰ ਤਕਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਪੜਦਾ ਲਾਹ ਕੇ ਸਚਖੰਡ ਸੱਚੇ ਦਰਬਾਰਾ, ਦਰਗਾਹ ਸਾਚੀ ਹੁਕਮ ਵਰਤਾਈਆ । ਬਿਨਾ ਸੀਸ ਜਗਦੀਸ ਝੁਕਦੇ ਗੁਰ ਅਵਤਾਰਾ, ਪੈਗ਼ੰਬਰ ਸਜਦਿਆਂ ਵਿਚ ਸਰ ਚਰਨ ਕਵਲ ਟਿਕਾਈਆ । ਤੂੰ ਮੇਰਾ ਮੈਂ ਤੇਰਾ ਲਾਵਣ ਇਕੋ ਨਾਅਰਾ, ਹਕ ਹਕੀਕਤ ਵਿਚ ਸਮਾਈਆ । ਠਾਂਡੇ ਦਰ ਕਰਨ ਪੁਕਾਰਾ, ਉਚੀ ਕੂਕ ਕੂਕ ਸੁਣਾਈਆ । ਤੇਰਾ ਖੇਲ ਪਰਵਰਦਿਗਾਰਾ, ਜੁਗ ਚੌਕੜੀ ਸਮਝ ਕੋਇ ਨਾ ਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰਾ, ਸਾਹਿਬ ਸੁਲਤਾਨ ਸ੍ਰੀ ਭਗਵਾਨ ਤੇਰੀ ਤੱਕੀ ਇਕ ਸਰਨਾਈਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਹੋਇਆ ਧੂੰਆਂਧਾਰਾ, ਅਗਨੀ ਅੱਗ ਨਾ ਕੋਇ ਬੁਝਾਈਆ । ਨੇਤਰ ਰੋਵਣ ਜਗਤ ਜੀਵ ਬੁੱਧੀਵਾਨ ਗਵਾਰਾ, ਗਹਿਰ ਗੰਭੀਰ ਬੇਨਜ਼ੀਰ ਆਪਣਾ ਪੜਦਾ ਦੇ ਉਠਾਈਆ । ਬਿਨ ਤੇਰੀ ਕਿਰਪਾ ਧਰਮ ਦਵਾਰ ਮਿਲੇ ਨਾ ਕਿਸੇ ਅਧਾਰਾ, ਉਦਰ ਹੋਏ ਨਾ ਕੋਇ ਸਹਾਈਆ । ਕਾਗਦ ਕਲਮ ਲਿਖ ਲਿਖ ਸ਼ਾਹੀ ਥੱਕੀ ਤੇਰਾ ਵਿਸਥਾਰਾ, ਵਿਸ਼ਿਆਂ ਵਿਚ ਦ੍ਰਿੜਾਈਆ । ਤੇਰਾ ਜਲਵਾ ਨੂਰੀ ਕਰੇ ਨਾ ਕੋਇ ਉਜਿਆਰਾ, ਅਜ਼ੀਮ ਆਲੀਸ਼ਾਨ ਹਕ ਮੁਕਾਮ ਦਰ ਦਵਾਰ ਨਾ ਕੋਇ ਵਖਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਹੋ ਮਿਹਰਵਾਨ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਸੰਤ ਸੁਹੇਲੇ ਕਰ ਪਰਵਾਨ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਤੇਰਾ ਧਰਮ ਝੁੱਲੇ ਨਿਸ਼ਾਨ, ਕੂੜ ਕੁਕਰਮ ਦੇ ਮਿਟਾਈਆ । ਆਤਮ ਪਰਮਾਤਮ ਬਣ ਕਾਹਨ, ਨਾਮ ਬੰਸਰੀ ਇਕ ਸੁਣਾਈਆ । ਮੇਰੀ ਆਸਾ ਮਨਸਾ ਰਾਹ ਤੇਰਾ ਤੱਕੇ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਆਪਣਾ ਖੇਲ ਦੇਣਾ ਵਖਾਈਆ । ਅੱਸੂ ਕਹੇ ਤੇਰਾ ਲੇਖਾ ਜੁਗ ਚੌਕੜੀ ਪਿਛੋਂ ਮੈਂ ਸੁਣਾਉਣਾ ਜੀਵ ਜਹਾਨ, ਸ਼ਬਦ ਸੰਦੇਸੇ ਵਿਚ ਪਰਗਟਾਈਆ । ਭਵਿਖਤਾਂ ਵਾਲਾ ਲਿਖਤਾਂ ਵਾਲਾ ਇਸ਼ਟਾਂ ਵਾਲਾ ਦ੍ਰਿਸ਼ਟਾਂ ਵਾਲਾ ਸ੍ਰਿਸ਼ਟੀ ਉਤੇ ਸ੍ਰੇਸ਼ਟ ਵਕਤ ਪਹੁੰਚਿਆ ਆਣ, ਵਾਰ ਥਿਤ ਬਿਨ ਘੜੀ ਪਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਧੁਰ ਦਾ ਘਰ, ਗ੍ਰਿਹ ਮੰਦਰ ਅੰਦਰ ਸਤਿ ਸਵਾਮੀ ਅੰਤਰਜਾਮੀ ਤੇਰਾ ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਏਕਾ ਡੰਕਾ ਰਾਓ ਰੰਕਾ ਜੀਵ ਜੰਤ ਸਾਧ ਸੰਤ ਦੀਨ ਦੁਨੀ ਜਗਤ ਸੁਣਾਈਆ ।

੯੭੩
੨੦

★ ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਰੀ ਗੁਰਮੁਖ ਸਖ਼ੀਓ ਪ੍ਰਭ ਆਇਆ ਵੇਖੋ ਜੱਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਈਓ ਪੈਂਡਾ ਮੁਕਾਓ ਭੱਜ ਭੱਜ, ਭਜਨ ਬੰਦਗੀ ਦਾ ਲੇਖਾ ਰਿਹਾ ਚੁਕਾਈਆ । ਸਚ ਦਵਾਰੇ ਬਹੋ ਸਜ, ਸੱਜਣ ਮਿਲੇ ਧੁਰਦਰਗਾਹੀਆ । ਘਰ ਮਹਿਬੂਬ ਕਰਾਏ ਹੱਜ, ਹੁਜਰਾ ਇਕੋ ਇਕ ਸੁਹਾਈਆ । ਨਾਮ ਨਿਧਾਨ ਵਜਾ ਕੇ ਨਦ, ਨਗ਼ਮਾ ਧੁਰ ਦਾ ਦਏ ਪਰਗਟਾਈਆ । ਕੂੜੀ ਕਿਰਿਆ ਅੰਦਰੋਂ ਕੱਢ, ਮਮਤਾ ਮੋਹ ਦਏ ਮੁਕਾਈਆ । ਧੁਰ ਸੰਦੇਸਾ ਸੁਣਾ ਕੇ ਛਦ, ਆਤਮ ਪਰਮਾਤਮ ਜੋੜ ਜੁੜਾਈਆ । ਜਗਤ ਵਿਕਾਰਾ ਕਰ ਕੇ ਬੱਧ, ਬੰਦਗੀ ਇਕੋ ਇਕ ਰਖਾਈਆ । ਦੀਨ ਦੁਨੀ ਨਾਲੋਂ ਕਰ ਅਲੱਗ, ਧਾਮ ਸੁਹੰਜਣਾ ਆਦਿ ਨਿਰੰਜਣਾ ਕਰੇ ਇਕ ਰੁਸ਼ਨਾਈਆ । ਜਿਸ ਦਾ ਡੰਕਾ ਰਾਓ ਰੰਕਾਂ ਅੰਦਰ ਜਾਣਾ ਵੱਜ, ਵਜਹ ਸਮਝ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਰੀ ਗੁਰਮੁਖ ਸਖ਼ੀ ਉਠ ਵੇਖ ਅਗੰਮੀ ਕਾਹਨ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਝੁੱਲੇ ਧਰਮ ਨਿਸ਼ਾਨ, ਦੋ ਜਹਾਨਾਂ ਆਪ ਪਰਗਟਾਈਆ । ਬਿਨਾ ਅੱਖਰਾਂ ਤੋਂ ਦੇ ਕੇ ਗਿਆਨ, ਅਗਿਆਨ ਅੰਧੇਰਾ ਦਏ ਚੁਕਾਈਆ । ਮੰਜ਼ਲ ਅਗੰਮ ਦੇਵੇ ਮਹਾਨ, ਮਹਿੰਮਾ ਅਕਥ ਕਥ ਸਮਝਾਈਆ । ਸਚ ਸੰਦੇਸਾ ਦੇਵੇ ਏਕਾ ਆਣ, ਏਕੰਕਾਰ ਵੱਡੀ ਵਡਿਆਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਕਲਿਆਣ, ਸਿਫ਼ਤਾਂ ਵਿਚ ਸਾਲਾਹੀਆ । ਸੋ ਪਰਗਟ ਹੋ ਕੇ ਵਿਚ ਜਹਾਨ, ਜਹਾਲਤ ਰਿਹਾ ਗਵਾਈਆ । ਨਾਮ ਅਗੰਮਾ ਦੇ ਕੇ ਦਾਨ, ਦਾਤਾ ਹੋ ਕੇ ਦਇਆ ਕਮਾਈਆ । ਉਠ ਸੰਦੇਸਾ ਸੁਣ ਇਕ ਫ਼ਰਮਾਨ, ਸੁੱਤੀ ਲੈ ਅੰਗੜਾਈਆ । ਮਾਲਕ ਵੇਖ ਨੌਜਵਾਨ, ਮਰਦ ਮਰਦਾਨਾ ਫੇਰੀ ਪਾਈਆ । ਏਥੇ ਓਥੇ ਹਾਣੀ ਹਾਣ, ਬਿਰਧ ਬਾਲ ਨਾ ਰੂਪ ਵਖਾਈਆ । ਸਚਖੰਡ ਦਵਾਰ ਤੈਨੂੰ ਕਰੇ ਪਰਧਾਨ, ਘਰ ਠਾਂਡੇ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਰੀ ਗੁਰਮੁਖ ਸਖ਼ੀ ਵੇਖ ਪ੍ਰਭੂ ਪ੍ਰਭ ਠਾਕਰ, ਹਰਿ ਕਰਤਾ ਵਡ ਵਡਿਆਈਆ । ਜੋ ਬਣਿਆ ਜੋਧਾ ਸੂਰਬੀਰ ਬਹਾਦਰ, ਬਲਧਾਰੀ ਨੂਰ ਖ਼ੁਦਾਈਆ । ਜਿਸ ਨੂੰ ਕਹਿੰਦੇ ਕਰੀਮ ਕਾਦਰ, ਕੁਦਰਤ ਦਾ ਮਾਲਕ ਇਕ ਅਖਵਾਈਆ । ਸੋ ਬੇੜਾ ਪਾਰ ਕਰੇ ਸਮੁੰਦ ਸਾਗਰ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਭਗਤ ਸਹੇਲੇ ਬਣਾ ਕੇ ਆਜਜ਼, ਅਜ਼ੀਜ਼ ਆਪਣੀ ਗੋਦ ਉਠਾਈਆ । ਮਨੂਆ ਕਰੇ ਕੋਈ ਨਾ ਸਾਜ਼ਸ਼, ਸ਼ਰਅ ਦਾ ਲੇਖਾ ਰਿਹਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਦਏ ਰੰਗਾਈਆ । ਰੀ ਸਖ਼ੀ ਉਠ ਵੇਖ ਸਵਾਮੀ ਧੁਰ ਦਾ, ਧੁਰ ਲੇਖਾ ਦਏ ਸਮਝਾਈਆ । ਜਿਸ ਦਾ ਸਾਥੀ ਵਾਸੀ ਅਨੰਦ ਪੁਰ ਦਾ, ਪੁਰੀਆਂ ਦਾ ਪੜਦਾ ਰਿਹਾ ਚੁਕਾਈਆ । ਜਿਸ ਦਾ ਰੂਪ ਸੱਚੇ ਸਤਿਗੁਰ ਦਾ, ਨੂਰ ਨਿਰਗੁਣ ਜੋਤ ਰੁਸ਼ਨਾਈਆ । ਆਪਣੀ ਕਰਨੀ ਕਰਨੋਂ ਕਦੇ ਨਾ ਮੁੜਦਾ, ਜੁਗ ਚੌਕੜੀ ਹੁਕਮ ਸੁਣਾਈਆ । ਜਿਸ ਦਾ ਸਤਿਜੁਗ ਤਰੇਤਾ ਦਵਾਪਰ ਕਲਜੁਗ ਮੰਤਰ ਆਇਆ ਫੁਰਦਾ, ਹੁਕਮ ਸੰਦੇਸੇ ਧੁਰ ਸੁਣਾਈਆ । ਉਹ ਖੇਲ ਕਰੇ ਆਪਣੀ ਲੋੜ ਦਾ, ਹੁਕਮੇ ਅੰਦਰ ਹੁਕਮ ਬਦਲਾਈਆ । ਕਮਲੀਏ ਕੋਝੀਏ ਜੁਗ ਜਨਮ ਦੇ ਵਿਛੜਿਆਂ ਨੂੰ ਜੋੜਦਾ, ਜੋੜੀ ਆਪਣੇ ਨਾਲ ਬਣਾਈਆ । ਸਾਥ ਦੇਵੇ ਅਗਲਾ ਤੋੜ ਦਾ, ਟੁੱਟੀ ਗੰਢ ਵਖਾਈਆ । ਜਿਸ ਦਾ ਖੇਲ ਜੁਗ ਜੁਗ ਹੋਰ ਦਾ, ਨਵਾਂ ਨਕੋਰ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ


੮੭੪ ੨੦

ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਖਾਈਆ । ਰੀ ਸਖ਼ੀ ਗੁਰਮੁਖ ਉਠ ਵੇਖ ਸਾਜਣ ਮੀਤ, ਮਿਤਰ ਪਿਆਰਾ ਨਜ਼ਰੀ ਆਈਆ । ਸੁਘੜ ਸੁਚੱਜੀ ਬਣ ਕੇ ਗਾ ਗੀਤ, ਆਪਣੀ ਖ਼ੁਸ਼ੀ ਪਰਗਟਾਈਆ । ਤੇਰਾ ਝਗੜਾ ਛੁਡਾ ਦਏ ਮੰਦਰ ਮਸੀਤ, ਕਾਇਆ ਕਾਅਬਾ ਇਕ ਵਡਿਆਈਆ । ਤੇਰੀ ਜਾਤ ਰਹੇ ਨਾ ਨੀਚ, ਊਚੋ ਊਚ ਆਪ ਵਖਾਈਆ । ਧੁਰ ਦੀ ਬਖ਼ਸ਼ ਚਰਨ ਪ੍ਰੀਤ, ਪ੍ਰੀਤਮ ਹੋ ਕੇ ਮਿਲੇ ਚਾਈਂ ਚਾਈਂਆ । ਪਿਛਲਾ ਲੇਖਾ ਸਭ ਦਾ ਗਿਆ ਬੀਤ, ਅੱਗੇ ਬਾਤਨ ਕਰੇ ਆਪ ਰੁਸ਼ਨਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਉਡੀਕ, ਸੋ ਮਾਲਕ ਖ਼ਾਲਕ ਪ੍ਰਿਤਪਾਲਕ ਵੇਸ ਵਟਾਈਆ । ਜਿਸ ਨੇ ਬਦਲ ਦੇਣੀ ਸਰਬ ਤਵਾਰੀਖ਼, ਰੇਖਾ ਆਪਣੀ ਇਕ ਵਖਾਈਆ, ਸੋ ਅੰਤ ਕੰਤ ਭਗਵੰਤ ਸਭ ਦੀ ਕਰਨ ਆਇਆ ਤਸਦੀਕ, ਨਿਰਗੁਣ ਹੋ ਕੇ ਪੰਧ ਮੁਕਾਈਆ । ਕਮਲੀਏ ਬਿਰਹੁ ਵਿਛੋੜੇ ਵਿਚ ਮਾਰ ਲੈ ਚੀਕ, ਚਿੱਕੜ ਗਾਰੇ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਘਰ ਦਏ ਵਖਾਈਆ । ਰੀ ਸਖ਼ੀ ਗੁਰਮੁਖ ਆਪਣਾ ਲਾਹ ਪੜਦਾ, ਪਰਵਰਦਿਗਾਰ ਆਪ ਜਣਾਈਆ । ਖੇਲ ਵੇਖ ਆਪਣੇ ਘਰ ਦਾ, ਘਰ ਘਰ ਵਿਚ ਵੱਜੇ ਵਧਾਈਆ । ਰਾਹ ਦੱਸੇ ਤੇਰੇ ਦਰ ਦਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਜਿਥੇ ਦੀਪਕ ਜੋਤ ਜਗਦਾ, ਨੂਰੋ ਨੂਰ ਨੂਰ ਰੁਸ਼ਨਾਈਆ । ਓਥੇ ਭਾਂਬੜ ਨਹੀਂ ਕੋਈ ਅੱਗ ਦਾ, ਅਗਨੀ ਤੇਜ ਪਰਚੰਡ ਨਾ ਕੋਇ ਚਮਕਾਈਆ । ਵਸੇਰਾ ਰਹੇ ਕਦੇ ਨਾ ਅੱਡ ਦਾ, ਦੂਜਾ ਮੰਦਰ ਨਾ ਕੋਇ ਸੁਹਾਈਆ । ਧੁਰ ਦਾ ਮਾਲਕ ਹਰਿ ਭਗਤ ਸਵਾਣੀ ਕਦੇ ਨਾ ਛੱਡਦਾ, ਨਾਤਾ ਜਗਤ ਨਾ ਕੋਇ ਤੁੜਾਈਆ । ਅੰਗੀਕਾਰ ਹੋ ਕੇ ਜਿਸ ਦੇ ਨਾਲ ਲਗਦਾ, ਆਤਮ ਪਰਮਾਤਮ ਵਿਚ ਸਮਾਈਆ । ਪੂਰਬ ਲਹਿਣਾ ਦੇਣਾ ਦੇਵੇ ਹਕੀਕਤ ਹਕ ਦਾ, ਹੁਕਮ ਸੁਣਾਏ ਧੁਰਦਰਗਾਹੀਆ । ਬਿਨ ਅੱਖਾਂ ਤੋਂ ਸਦਾ ਰਹੇ ਤੱਕਦਾ, ਜੁਗ ਚੌਕੜੀ ਖੋਜ ਖੁਜਾਈਆ । ਗਵਾਰਨੇ ਕਦੀ ਭੁੱਲੀਂ ਨਾ ਏਸ ਵੇਸ ਕੀਤਾ ਜੱਟ ਦਾ, ਜਟਾ ਜੂਟ ਸਾਰੇ ਦਿਤੇ ਭੁਲਾਈਆ । ਇਹ ਮਾਲਕ ਅਗੰਮੇ ਹੱਟ ਦਾ, ਜਿਥੇ ਗੁਰ ਅਵਤਾਰ ਪੈਗ਼ੰਬਰ ਝੋਲੀਆਂ ਡਾਹੀਆ । ਲੈ ਭੰਡਾਰਾ ਧੁਰ ਦੇ ਸਤਿ ਦਾ, ਸਤਿ ਸਤਿਵਾਦੀ ਆਪ ਵਰਤਾਈਆ । ਨਾਤਾ ਤੋੜ ਦੇ ਕੂੜੀ ਰੱਤ ਦਾ, ਰਤਨ ਅਮੋਲਕ ਆਪ ਬਣਾਈਆ । ਮਾਰਗ ਇਕੋ ਇਕ ਦੱਸਦਾ, ਦਰਦੀ ਹੋ ਕੇ ਦਰਦ ਵੰਡਾਈਆ । ਆਦਿ ਜੁਗਾਦਿ ਭੁੱਖਾ ਸਚ ਪ੍ਰੇਮ ਜੱਸ ਦਾ, ਵੇਦ ਪੁਰਾਨ ਦੇਣ ਦੁਹਾਈਆ । ਜੋ ਇਸ਼ਾਰਾ ਸਮਝੇ ਓਸ ਦੀ ਅੱਖ ਦਾ, ਆਖ਼ਰ ਆਪਣੇ ਘਰ ਟਿਕਾਈਆ । ਜਿਥੇ ਅੱਖਰਾਂ ਵਾਲਾ ਨਾਮ ਕੋਈ ਨਹੀਂ ਰਟਦਾ, ਧੁਰ ਦੀ ਧਾਰ ਧਾਰ ਪਰਗਟਾਈਆ । ਦੱਸੇ ਖੇਲ ਪੁਰਖ ਸਮਰਥ ਦਾ, ਸਮਰਥ ਸਵਾਮੀ ਆਪਣੀ ਕਾਰ ਵਰਤਾਈਆ । ਜਨ ਭਗਤਾਂ ਕੋਲੋਂ ਕਦੇ ਨਾ ਨੱਸਦਾ, ਕਰਵਟ ਲੈ ਨਾ ਮੁਖ ਬਦਲਾਈਆ । ਸਦ ਨਾਤਾ ਜੋੜੇ ਯਕ ਦਾ, ਪਰਮ ਪੁਰਖ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ , । ਰੀ ਸਖ਼ੀ ਗੁਰਮੁਖ ਵੇਖ ਮਹੀਨਾ ਆਇਆ ਅੱਸੂ, ਅਸਲ ਵਸਲ ਯਾਰ ਕਰਾਈਆ । ਅੱਗੇ ਇਹਦੇ ਬਿਨਾ ਮਾਰਗ ਕੋਈ ਨਾ ਦੱਸੂ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਕਲਜੁਗ ਖੇਲ ਵੇਖ ਲੈ ਨੱਟੂ, ਨਟੂਆ ਸਾਂਗ ਵਰਤਾਈਆ । ਬਿਨਾ ਪੁਰਖ ਅਕਾਲ ਦੁਰਮਤ ਮੈਲ ਕੋਇ ਨਾ ਕੱਟੂ, ਕੱਟੇ ਵੱਛੇ ਖਾਣ ਵਾਲੇ ਸਾਰੇ ਲੈਣ ਸਜ਼ਾਈਆ । ਕੂੜੀ ਕਿਰਿਆ ਨਿਰਗੁਣ ਧਾਰ ਏਕੰਕਾਰ ਜਗਤ ਜਹਾਨ ਜੜ੍ਹ ਪੱਟੂ, ਪਟਨੇ ਵਾਲਾ ਨਾਲ ਮਿਲ ਕੇ ਆਪਣਾ ਰੰਗ ਵਖਾਈਆ । ਗੁਰਮੁਖ ਗੋਦ ਉਠਾਏ ਆਪ ਬਣਾ ਕੇ ਬੱਚੂ, ਬਚਪਨ ਆਪਣੇ ਨਾਲ ਰਖਾਈਆ । ਆਪਣੀ ਕਰਨੀ ਕਰਨੋਂ ਕਦੇ ਨਾ

ਹਟੂ, ਹਰਿ ਕਰਤਾ ਵੱਡ ਵਡਿਆਈਆ । ਗੁਰਮੁਖੇ ਪਿੱਛਾ ਦੇ ਕਦੇ ਨਾ ਨੱਠੂ, ਸਦਾ ਸਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਰੀ ਸਖ਼ੀ ਗੁਰਮੁਖ ਵੇਖ ਆਇਆ ਅੱਸੂ ਮਹਾਨਾ, ਮਹਿੰਮਾ ਅਕਥ ਕਥ ਵਡਿਆਈਆ । ਜਨ ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ ਭੀਨਾ, ਭਿੰਨੜੀ ਰੈਣ ਨਾਲ ਮਿਲਾਈਆ । ਗੁਰਮੁਖਾਂ ਠਾਂਡਾ ਕਰੇ ਸੀਨਾ, ਅੰਤਰ ਅੰਤਸ਼ਕਰਨ ਦਏ ਬਦਲਾਈਆ । ਜਿਨ੍ਹਾਂ ਨੇ ਸ਼ਬਦ ਅਗੰਮੀ ਇਕੋ ਚੀਨਾ, ਚਿੰਤਾ ਗ਼ਮਾਂ ਤੋਂ ਬਾਹਰ ਰਖਾਈਆ । ਸਚ ਦਵਾਰੇ ਕਰ ਅਧੀਨਾ, ਅਦਨੇ ਆਅਲਾ ਰਿਹਾ ਤਰਾਈਆ । ਜਿਸ ਦਾ ਰਾਹ ਤੱਕਦੇ ਆਏ ਕਦੀਮਾ, ਕੁਦਰਤ ਦਾ ਮਾਲਕ ਫੇਰਾ ਪਾਈਆ । ਜਿਸ ਨੂੰ ਕਹਿੰਦੇ ਯਾ ਮੁਬੀਨਾ, ਨਾਅਰਾ ਹਕ ਹਕ ਸੁਣਾਈਆ । ਉਸ ਦੇ ਉਤੇ ਰੱਖੇ ਯਕੀਨਾ, ਯਕੇ ਬਾਅਦ ਦੀਗਰੇ ਸਭ ਦੀ ਕਰੇ ਸਫ਼ਾਈਆ । ਜਿਸ ਦਾ ਝਗੜਾ ਨਹੀਂ ਨਰ ਮਦੀਨਾ, ਆਤਮ ਪਰਮਾਤਮ ਧੁਰ ਦਾ ਜੋੜ ਜੁੜਾਈਆ । ਬਖ਼ਸ਼ਿਸ਼ ਵਿਚ ਹੋਵੇ ਨਾ ਕਦੇ ਕਮੀਨਾ, ਰਹਿਮਤ ਵਿਚ ਰਹੀਮ ਦਏ ਮਿਲਾਈਆ । ਅਰਸ਼ ਦਾ ਮਾਲਕ ਖੇਲ ਕਰੇ ਫ਼ਰਸ਼ ਉਤੇ ਜ਼ਮੀਨਾ, ਜ਼ਾਮਨੀ ਆਪਣੀ ਨਾਲ ਰਖਾਈਆ । ਜਨ ਭਗਤ ਬਣਾ ਕੇ ਧੁਰ ਨਗੀਨਾ, ਨਗ਼ਮਿਆਂ ਦਾ ਖਹਿੜਾ ਦਏ ਮੁਕਾਈਆ । ਜਗਤ ਸਮਾਜ ਦੀ ਕਰਨ ਆਇਆ ਤਰਮੀਮਾ, ਧੁਰ ਦੀ ਧਾਰ ਆਪ ਪਰਗਟਾਈਆ । ਜਗਤ ਜਹਾਨ ਦਿਸੇ ਗ਼ਮਗੀਨਾ, ਖ਼ੁਸ਼ੀਆਂ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਈਆ । ਰੀ ਸਖ਼ੀ ਗੁਰਮੁਖ ਉਠ ਨੇਤਰ ਖੋਲ੍ਹ ਅੱਖ, ਅੱਖਰਾਂ ਤੋਂ ਪਰੇ ਦਿਆਂ ਦ੍ਰਿੜਾਈਆ । ਧੁਰ ਦਾ ਮਾਲਕ ਮਹਿਬੂਬ ਪਰਤੱਖ, ਪਤੀਬਰਤਾ ਹੋ ਕੇ ਸੇਵ ਕਮਾਈਆ । ਚਰਨ ਚਰਨੋਦਕ ਇਕ ਅੰਮ੍ਰਿਤ ਰਸ ਚਖ, ਬਿਨ ਰਸਨਾ ਜਿਹਵਾ ਸਵਾਦ ਦਏ ਸਮਝਾਈਆ । ਖ਼ੁਸ਼ੀਆਂ ਅੰਦਰ ਖ਼ੁਸ਼ਖ਼ਬਰੀ ਸੁਣ ਕੇ ਹੱਸ, ਹੱਸਤੀ ਵੇਖ ਧੁਰਦਰਗਾਹੀਆ । ਜਿਸ ਦੇ ਕਦਮਾਂ ਉਤੇ ਇਕ ਵਾਰ ਜਾਈਏ ਢੱਠ, ਮੁੜ ਕੇ ਢਹਿਣ ਦੀ ਲੋੜ ਰਹੇ ਨਾ ਰਾਈਆ । ਸਾਰੇ ਪਾਰ ਕਰਾ ਦਏ ਤੀਰਥ ਤਟ, ਨਈਆ ਨੌਕਾ ਨਾਮ ਚੜ੍ਹਾਈਆ । ਮਿਹਰਵਾਨ ਹੋ ਕੇ ਕਿਰਪਾ ਕਰੇ ਝਟ, ਝਟਕੇ ਹਲਾਲੀ ਵਾਲਾ ਨਜ਼ਰ ਕੋਇ ਨਾ ਆਈਆ । ਓਸ ਕੋਲੋਂ ਲਾਹਾ ਲਈਏ ਖੱਟ, ਜੋ ਖਟਕੇ ਰਿਹਾ ਗਵਾਈਆ । ਜਿਧਰ ਵੇਖੋ ਵਸੇ ਘਟ ਘਟ, ਗ੍ਰਿਹਿ ਗ੍ਰਿਹਿ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਮਾਰਗ ਧਰਮ ਲਗਾਉਣਾ ਸੱਚ, ਸਚ ਸੁਚ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਸਰਨਾਈਆ । ਰੀ ਸਖ਼ੀ ਗੁਰਮੁਖ ਧੁਰ ਦੀ ਧਾਰ ਸਹੇਲੀ, ਅੰਕ ਸੁਹੇਲੜੀਏ ਦਿਆਂ ਜਣਾਈਆ । ਵੇਖ ਸਾਹਿਬ ਸਵਾਮੀ ਅਲਬੇਲੜਾ ਬੇਲੀ, ਬਾਲਕ ਬਿਰਧਾਂ ਰਿਹਾ ਤਰਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਬਣ ਗਏ ਚੇਲੀ, ਚਿੱਲੇ ਤੀਰ ਕਮਾਨਾਂ ਕੰਧਿਆਂ ਉਤੇ ਦਿਤੇ ਟਿਕਾਈਆ । ਉਸ ਨੇ ਧਾਰ ਅਗੰਮੀ ਅਚਰਜ ਲੋਕਮਾਤ ਕਰ ਖੇਲੀ, ਖ਼ਾਲਕ ਖ਼ਲਕ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਰਿਹਾ ਮੇਲੀ, ਚਿਰੀ ਵਿਛੁੰਨੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਦਏ ਵਡਿਆਈਆ । ਰੀ ਸਖ਼ੀ ਗੁਰਮੁਖ ਨਾ ਬਣ ਕੋਝੀ ਕਮਲੀ, ਕਮਲਾਪਤ ਦਏ ਸਰਨਾਈਆ । ਜਿਸ ਕਾਰਨ ਤੇਰੀ ਧਾਰ ਜੰਮ ਲਈ, ਜੰਮਣ ਮਰਨ ਵਿਚੋਂ ਬਾਹਰ ਕਢਾਈਆ । ਜੇ ਜੀਣਾ ਤੇ ਓਸੇ ਦੇ ਦਮ ਲਈ, ਦੂਜੀ ਆਸ ਨਾ ਕੋਇ ਤਕਾਈਆ । ਜੇ ਮਿਲਣਾ ਪ੍ਰੇਮ ਦੇ ਕੰਮ ਲਈ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੯੧੧
੨੦

ਆਪਣਾ ਪੜਦਾ ਰਿਹਾ ਚੁਕਾਈਆ । ਰੀ ਸਖ਼ੀ ਗੁਰਮੁਖ ਤੂੰ ਵੇਖ ਅਗੰਮੀ ਮਾਲਕ, ਦਾਤਾ ਧੁਰਦਰਗਾਹੀਆ । ਜਿਸ ਨੇ ਲਾਹੁਣਾ ਨਿੰਦਰਾ ਆਲਸ, ਝਗੜਾ ਦੇਣਾ ਮੁਕਾਈਆ । ਆਤਮ ਪਰਮਾਤਮ ਮਾਰਗ ਦੱਸ ਕੇ ਖ਼ਾਲਸ, ਧੁਰ ਦਾ ਰੰਗ ਰੰਗਾਈਆ । ਮਮਤਾ ਮੋਹ ਰਹੇ ਨਾ ਲਾਲਸ, ਲਾਲ ਗੁਲਾਲਾ ਰੰਗ ਰੰਗਾਈਆ । ਕੂੜੀ ਕਿਰਿਆ ਮਸਤਕ ਸਾਫ਼ ਕਰੇ ਕਾਲਖ, ਕਲਗੀ ਵਾਲਾ ਦਏ ਵਡਿਆਈਆ । ਪੁਰਖ ਅਕਾਲ ਬਣ ਪ੍ਰਿਤਪਾਲਕ, ਪਾਲਣਹਾਰ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਇਕ ਸੁਹਾਈਆ । ਰੀ ਸਖ਼ੀ ਗੁਰਮੁਖ ਅੱਸੂ ਵੇਖ ਅਸਵ ਅਸਵਾਰ, ਸ਼ਾਹ ਸ਼ਹਾਨਾ ਨਜ਼ਰੀ ਆਈਆ । ਜੋ ਜੁਗ ਜੁਗ ਭਗਤਾਂ ਪੈਜ ਰਿਹਾ ਸੁਆਰ, ਮਿਹਰ ਨਜ਼ਰ ਇਕ ਉਠਾਈਆ । ਸੋ ਨਿਰਗੁਣ ਜੋਤ ਕਰੇ ਉਜਿਆਰ, ਉਜਰਤ ਮੂਲ ਨਾ ਲਾਵੇ ਰਾਈਆ । ਜੋ ਪ੍ਰੇਮ ਨਾਲ ਇਕ ਵਾਰ ਕਰ ਜਾਏ ਨਮਸਕਾਰ, ਨਿਉਂ ਨਿਉਂ ਸੀਸ ਨਿਵਾਈਆ । ਉਸ ਦਾ ਬੇੜਾ ਕਰ ਦਏ ਪਾਰ, ਪਾਰਬ੍ਰਹਮ ਬ੍ਰਹਮ ਆਪਣੇ ਵਿਚ ਮਿਲਾਈਆ । ਦਰ ਆਇਆਂ ਕਦੇ ਦਰ ਨਾ ਦੇਵੇ ਦੁਰਕਾਰ, ਦੁਰਮਤ ਮੈਲ ਦਏ ਧਵਾਈਆ । ਉਠ ਕੇ ਵੇਖ ਸਚੀ ਸਰਕਾਰ, ਹਰਿ ਕਰਤਾ ਨੂਰ ਇਲਾਹੀਆ । ਠਾਂਡੇ ਦਰ ਬਣ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਚਰਨ ਕਵਲ ਜਾ ਬਲਹਾਰ, ਬਲਿਹਾਰੀ ਆਪਣਾ ਸਤਿਗੁਰੂ ਇਕ ਮਨਾਈਆ । ਜਨਮ ਲੈਣਾ ਪਏ ਨਾ ਦੂਜੀ ਵਾਰ, ਤੱਤਾਂ ਨਾਲ ਨਾ ਕੋਇ ਕੁੜਮਾਈਆ । ਮਹੱਲ ਅਟਲ ਵੇਖ ਉਚ ਮਨਾਰ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਨੂੰ ਕਹਿੰਦੇ ਸਚਖੰਡ ਦਵਾਰ, ਮੁਕਾਮੇ ਹਕ ਵਡਿਆਈਆ । ਏਕਾ ਨੂਰ ਜੋਤ ਹੋਵੇ ਉਜਿਆਰ, ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲਾ ਦੀਨ ਦਿਆਲਾ ਗੁਰਮੁਖ ਸਖ਼ੀ ਤੇਰਾ ਸਦਾ ਕਰੇ ਇੰਤਜ਼ਾਰ, ਦਰ ਘਰ ਬੈਠਾ ਰਾਹ ਤਕਾਈਆ । ਕਲਜੁਗ ਅੰਤ ਕਰੇ ਪਿਆਰ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਸਚ ਜੈਕਾਰ, ਨਾਤਾ ਲਿਆ ਜੁੜਾਈਆ । ਇਹ ਖੇਲ ਅਗੰਮ ਅਪਾਰ, ਅੱਗੇ ਸਮਝੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਚਿੰਨ੍ਹ ਦੱਸੇ ਆਸਾਰ, ਅਸਲ ਦਾ ਅਸਲ ਅਸਲ ਆਪਣਾ ਆਪ ਪਰਗਟਾਈਆ ।

### ★ ੨ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਪੁਰਖ ਅਕਾਲ ਆਦਿ ਜੁਗਾਦੀ ਏਕਾ ਕਾਹਨ, ਘਨੱਈਆ ਦਾ ਮਾਲਕ ਨਜ਼ਰੀ ਆਈਆ । ਜਿਸ ਦਾ ਅਥਾਹ ਅਗੰਮ ਅਸਥਾਨ, ਭੂਮਿਕਾ ਸਮਝ ਕੋਇ ਨਾ ਪਾਈਆ । ਸ਼ਾਹੋ ਭੂਪ ਬਣ ਸੁਲਤਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਨਿਰਗੁਣ ਹੋ ਕੇ ਸਰਗੁਣ ਦੇਂਦਾ ਰਹੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਹੁਕਮੇ ਅੰਦਰ ਸ਼ਬਦ ਸੰਦੇਸ਼ਾ ਦੇਵੇ ਆਣ, ਅਨਕ ਕਲਧਾਰੀ ਆਪਣਾ ਫੇਰਾ ਪਾਈਆ । ਸਾਚਾ ਮਾਰਗ ਪੰਧ ਕਰ ਪਰਧਾਨ, ਰਾਹ ਇਕੋ ਇਕ ਵਖਾਈਆ । ਆਤਮ ਬ੍ਰਹਮ ਦੇ ਗਿਆਨ, ਆਤਮ ਪਰਮਾਤਮ ਜੋੜੀ ਲਏ ਜੁੜਾਈਆ । ਧਰਮ ਝੁਲਾਏ ਇਕ ਨਿਸ਼ਾਨ, ਨਿਸ਼ਾਨਾ ਆਪਣਾ ਨਾਮ ਵਖਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਇਸਮ ਆਜ਼ਮ ਇਕ ਪਰਗਟਾਈਆ । ਲਹਿਣਾ ਦੇਵੇ ਜੀਵ ਜਹਾਨ, ਜੋਬਨਵੰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪਣਾ ਇਕ ਚੜ੍ਹਾਈਆ । ਸੋ

ਸਾਹਿਬ ਸਵਾਮੀ ਧੁਰ ਦਾ ਰਾਮ, ਰਮਤਾ ਰਮਤਾ ਖੇਲ ਖਿਲਾਈਆ । ਸਚਖੰਡ ਨਿਵਾਸੀ ਬਣ ਕੇ ਬਿਨ ਤੱਤਾਂ ਵਾਲਾ ਸ਼ਾਮ, ਸ਼ਮਅ ਜੀਵ ਜਗਤ ਜਗਾਈਆ । ਸੰਦੇਸ਼ਿਆਂ ਵਿਚ ਦੇ ਕੇ ਇਕ ਪੈਗ਼ਾਮ, ਨਰ ਨਰੇਸ਼ ਹੁਕਮ ਵਰਤਾਈਆ । ਜਨ ਭਗਤਾਂ ਬਖ਼ਸ਼ ਹਕੀਕੀ ਜਾਮ, ਜ਼ਾਮਨ ਹੋ ਕੇ ਲਏ ਤਰਾਈਆ । ਸਾਚੀ ਮੰਜ਼ਲ ਦੱਸ ਆਸਾਨ, ਰਾਹ ਇਕੋ ਇਕ ਵਖਾਈਆ । ਜਿਥੇ ਮਸਲਾ ਅੰਜੀਲ ਕੁਰਾਨ, ਕਾਇਆ ਕਾਅਬਾ ਪੜਦਾ ਦਏ ਚੁਕਾਈਆ । ਬੋਲਣਾ ਪਏ ਨਾ ਨਾਲ ਜ਼ਬਾਨ, ਉਚੀ ਕੂਕ ਨਾ ਕੋਇ ਦ੍ਰਿੜਾਈਆ । ਸਚ ਪ੍ਰੀਤੀ ਦੇ ਕੇ ਦਾਨ, ਦਾਨਸ਼ਮੰਦ ਲਏ ਬਣਾਈਆ । ਅੰਤਰ ਆਤਮ ਪੂਰਾ ਕਰ ਕੇ ਕਾਮ, ਕਾਮ ਤ੍ਰਿਸ਼ਨਾ ਦਏ ਗਵਾਈਆ । ਸਚ ਦਵਾਰ ਬਣਾ ਗ਼ੁਲਾਮ ਗਹਿਰ ਗੰਭੀਰ ਹੋਏ ਸਹਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਇਕ ਪਹਿਚਾਨ, ਬੇਪਹਿਚਾਨ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਵਖਾਈਆ । ਹਰਿ ਪੁਰਖ ਨਿਰੰਜਣ ਆਦਿ ਜੁਗਾਦੀ ਸੱਜਣ, ਸਾਜਣਾ ਜਗਤ ਵੇਖ ਵਖਾਈਆ । ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਧਵਾਈਆ । ਬਾਹਰੋਂ ਸਾਫ਼ ਕਰੇ ਬਦਨ, ਅੰਤਰ ਮਨ ਵਿਕਾਰ ਰਹੇ ਨਾ ਰਾਈਆ । ਜਨ ਭਗਤ ਕਰੇ ਕੋਈ ਨਾ ਯਤਨ, ਮਿਹਰ ਨਿਗਾਹ ਨਾਲ ਆਪਣਾ ਰੰਗ ਚੜ੍ਹਾਈਆ । ਦੇਸ ਲੈ ਕੇ ਜਾਏ ਆਪਣੇ ਵਤਨ, ਜਿਸ ਨੂੰ ਬੇਵਤਨ ਕਹੇ ਲੋਕਾਈਆ । ਜੋ ਆਏ ਸਤਿਗੁਰ ਦਵਾਰੇ ਪਤਣ, ਪਤਤ ਪੁਨੀਤ ਲਏ ਕਰਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰਨ ਆਇਆ ਬਚਨ, ਬੱਚੇ ਨੱਢੇ ਸਾਰੇ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਜੜ੍ਹ ਆਇਆ ਪੱਟਣ, ਪਾਟਲ ਹੁਕਮੇ ਅੰਦਰ ਹੁਕਮ ਮਨਾਈਆ । ਗੁਰਮੁਖਾਂ ਤੀਰ ਨਿਰਾਲੇ ਆਇਆ ਫੱਟਣ, ਅਣਿਆਲਾ ਆਪ ਚਲਾਈਆ । ਸੰਤ ਸੁਹੇਲੇ ਜਗਤ ਸਮਾਜ ਛੱਡਣ, ਘਰ ਇਕੋ ਵੱਜੇ ਵਧਾਈਆ । ਧਰਮ ਦਵਾਰਾ ਧੁਰ ਦਾ ਮੰਗਣ, ਜਿਸ ਗ੍ਰਿਹਿ ਬਹਿ ਕੇ ਸੋਭਾ ਪਾਈਆ । ਅੰਤਰ ਬਾਹਰ ਚੜ੍ਹੇ ਰੰਗਣ, ਰੰਗਤ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਪੁਰਖ ਅਕਾਲਾ ਦੀਨ ਦਿਆਲਾ ਧੁਰ ਘਰ ਦਾ ਅੰਤਰਜਾਮੀ, ਅੰਤਰ ਨਿਰੰਤਰ ਦਏ ਵਡਿਆਈਆ । ਬੋਧ ਅਗਾਧ ਦੱਸ ਕੇ ਅਗੰਮੀ ਬਾਣੀ, ਬਾਵਨ ਦੀ ਧਾਰ ਪੂਰ ਕਰਾਈਆ । ਜਨ ਭਗਤ ਉਪਜਾ ਕੇ ਮਾਤ ਨਿਸ਼ਾਨੀ, ਨਿਸ਼ਾਨੇ ਆਪਣੇ ਲਏ ਪਰਗਟਾਈਆ । ਸਭ ਦਾ ਹੋ ਕੇ ਜਾਣ ਜਾਣੀ, ਜਾਣਕਾਰੀ ਆਪਣੀ ਦਏ ਕਰਾਈਆ । ਜਿਸ ਨੂੰ ਸਮਝ ਨਾ ਸਕੇ ਚਾਰ ਖਾਣੀ, ਖ਼ਾਲਸ ਗੁਰਮੁਖ ਰੰਗ ਰੰਗਾਈਆ । ਏਕਾ ਦੇ ਕੇ ਪਦ ਨਿਰਬਾਣੀ, ਨਿਰਬਾਣ ਪਦ ਇਕ ਸਮਝਾਈਆ । ਜਿਥੇ ਜਗੇ ਜੋਤ ਨੁਰਾਨੀ, ਨੂਰ ਨੁਰਾਨਾ ਨਜ਼ਰੀ ਆਈਆ । ਜਨ ਭਗਤਾਂ ਮੇਲਾ ਹੋਵੇ ਨਾਲ ਆਸਾਨੀ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਦਏ ਮੁਕਾਈਆ । ਏਕੰਕਾਰ ਧੁਰ ਦਾ ਪ੍ਰੀਤਮ ਪਿਆਰਾ, ਪੀਆ ਇਕੋ ਨਜ਼ਰੀ ਆਈਆ । ਜਿਸ ਦਾ ਦੋ ਜਹਾਨ ਸਹਾਰਾ, ਸਿਰ ਸਭ ਦੇ ਹੱਥ ਟਿਕਾਈਆ । ਜੁਗ ਚੌਕੜੀ ਪਾਰ ਕਰਦਾ ਆਇਆ ਕਿਨਾਰਾ, ਨਈਆ ਨੌਕਾ ਆਪਣੀ ਇਕ ਪਰਗਟਾਈਆ । ਸਚ ਧਰਮ ਦਾ ਬੋਲਦਾ ਆਇਆ ਜੈਕਾਰਾ, ਜੈ ਜੈ ਕਾਰ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਲੈ ਆਪ ਅਵਤਾਰਾ, ਆਪਣਾ ਵੇਸ ਵਟਾਈਆ । ਜਿਸ ਨੂੰ ਝੁਕ ਝੁਕ ਗੁਰ ਅਵਤਾਰ ਪੈਗ਼ੰਬਰ ਕਰਨ ਨਿਮਸਕਾਰਾ, ਸਜਦਿਆਂ ਵਿਚ ਹਦੀਸ ਢੋਲਾ ਗਾਈਆ । ਸੋ ਸਾਹਿਬ ਭਗਤ ਵਛਲ ਜਨ ਭਗਤਾਂ

੮੯੮
੨੦

ਦਏ ਅਧਾਰਾ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਆਦਿ ਨਿਰੰਜਣ ਆਦੀ ਪੁਰਖ, ਪੁਰਖੋਤਮ ਨਜ਼ਰੀ ਆਈਆ । ਜਿਸ ਦਾ ਨਾਮ ਸੰਦੇਸ਼ਾ ਚਲੇ ਤੁਰਤ, ਤੁਰੀਆ ਤੋਂ ਪਰੇ ਕਰੇ ਪੜ੍ਹਾਈਆ । ਨੂਰ ਉਪਜਾ ਕੇ ਅਕਾਲ ਮੂਰਤ, ਪੜਦਾ ਓਹਲਾ ਇਕ ਰਖਾਈਆ । ਜਿਸ ਦੀ ਜਗਤ ਸਮਝ ਸਕਿਆ ਕੋਈ ਨਾ ਸੂਰਤ, ਸੂਰਤਵੰਦ ਨੂਰ ਇਲਾਹੀਆ । ਦੇ ਕੇ ਨਾਮ ਅਗੰਮੀ ਤੂਰਤ, ਰਾਗਾਂ ਦਾ ਲੇਖਾ ਦਏ ਮੁਕਾਈਆ । ਕਾਇਆ ਚੋਲੀ ਚਾੜ੍ਹ ਕੇ ਰੰਗ ਗੂੜ੍ਹਤ, ਦੁਰਮਤ ਮੈਲ ਧਵਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹਤ, ਮੁਫ਼ਤ ਆਪਣਾ ਨਾਮ ਝੋਲੀ ਪਾਈਆ । ਗੁਰਮੁਖਾਂ ਬਖ਼ਸ਼ ਕੇ ਚਰਨ ਧੂੜਤ, ਟਿੱਕੇ ਧੁਰ ਦੇ ਖ਼ਾਕ ਰਮਾਈਆ । ਸਭ ਦੀ ਆਸਾ ਮਨਸਾ ਪੂਰਤ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਪੰਧ ਮੁਕਾ ਕੇ ਨੇੜਾ ਦੂਰਤ, ਦੂਰ ਦੁਰਾਡਾ ਵੇਖ ਵਖਾਈਆ । ਮੇਲ ਮਿਲਾਏ ਹਾਜ਼ਰ ਹਜ਼ੂਰਤ, ਹਰ ਹਿਰਦੇ ਕਰ ਰੁਸ਼ਨਾਈਆ । ਅੰਦਰੋਂ ਕੱਢ ਕੂੜ ਕਦੂਰਤ, ਬੰਕ ਦਵਾਰ ਕਰੇ ਸਫ਼ਾਈਆ । ਜਗਤ ਜਹਾਨ ਦੀ ਬਦਲ ਜਮਹੂਰਤ, ਹੁਕਮ ਆਪਣਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਕਿਰਿਆ ਤੋੜੇ ਗੜ੍ਹ ਗ਼ਰੂਰਤ, ਗ਼ੁਰਬਤ ਰਹਿਣ ਕੋਇ ਨਾ ਪਾਈਆ ।



★ ੩ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਹਜ਼ਰਤ ਮੁਹੰਮਦ ਕਹੇ ਆ ਗਿਆ ਤਿੰਨ ਅੱਸੂ, ਅਸਲ ਪ੍ਰਭ ਦਾ ਹੁਕਮ ਜਣਾਈਆ । ਹੈਰਾਨ ਹੋ ਕੇ ਕਿਹਾ ਮਸੀਹ ਯਸੂ, ਯੇ ਅਲਿਫ਼ ਤੋਂ ਬਾਹਰ ਤਕਾਈਆ । ਮੂਸਾ ਕਹੇ ਕੀ ਖੇਲ ਦੱਸੂ, ਧੁਰ ਦਾ ਹੁਕਮ ਦ੍ਰਿੜਾਈਆ । ਤੇਈ ਅਵਤਾਰ ਕਹਿਣ ਕਿਸ ਦਵਾਰੇ ਵਸੂ, ਗ੍ਰਿਹ ਮੰਦਰ ਇਕ ਸੁਹਾਈਆ । ਗੁਰ ਦਸ ਕਹਿਣ ਕਿਹੜੀ ਰਚਨਾ ਰਚੂ, ਰਚਣਹਾਰਾ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਸੁਣੋ ਦੁਲਾਰੇ ਬੱਚੂ, ਸਭ ਨੂੰ ਦਿਆਂ ਸਮਝਾਈਆ । ਬਿਨ ਕਦਮਾਂ ਤੋਂ ਬ੍ਰਹਿਮੰਡ ਖੰਡ ਕੱਛੂ, ਕਸ਼ਮਕਸ਼ ਵੇਖੇ ਜਗਤ ਲੋਕਾਈਆ । ਕੁਛ ਵਾਸਤਾ ਪਾਇਆ ਰਾਮ ਅੱਗੇ ਲੱਛੂ, ਲਛਮਣ ਧਿਆਨ ਲਗਾਈਆ । ਬਲਰਾਮ ਕ੍ਰਿਸ਼ਨ ਨੂੰ ਕਿਹਾ ਕਲਜੁਗ ਕਿਸ ਬਿਧ ਨੱਠੂ, ਸਚ ਦੇਣਾ ਸਮਝਾਈਆ । ਮੂਸਾ ਕਹੇ ਹਾਏ ਸਭ ਦੀ ਜੜ੍ਹ ਪੱਟੂ, ਪੇੜ ਪੁਰਾਣਾ ਰਹਿਣ ਕੋਇ ਨਾ ਪਾਈਆ । ਈਸਾ ਕਹੇ ਕਿਸੇ ਨੂੰ ਰਹਿਣ ਨਹੀਂ ਦੇਣਾ ਭਾੜੇ ਦਾ ਟੱਟੂ, ਬੋਝ ਜਗਤ ਨਾ ਕੋਇ ਉਠਾਈਆ । ਮੁਹੰਮਦ ਕਹੇ ਕਿਹੜੀ ਦਿਸ਼ਾ ਨੱਠੂ, ਚੌਦਾਂ ਤਬਕ ਨਾ ਕੋਇ ਵਡਿਆਈਆ । ਸਤਿਗੁਰ ਸ਼ਬਦ ਕਹੇ ਸਭ ਨੂੰ ਭਵਾਵੇ ਵਾਂਗ ਲੱਟੂ, ਡੋਰੀ ਇਕੋ ਵਾਰ ਖਿਚਾਈਆ । ਨਾਨਕ ਕਿਹਾ ਕਿਸ ਦੇ ਨਾਲ ਹੱਸੂ, ਹਸਤੀ ਇਕ ਪਰਗਟਾਈਆ । ਗੋਬਿੰਦ ਕਿਹਾ ਆਪਣੀ ਧਾਰ ਨਾਲ ਵਸੂ, ਬਾਕੀ ਕਰੇ ਸਰਬ ਜੁਦਾਈਆ । ਮੁਹੰਮਦ ਕਿਹਾ ਕੀ ਕੁਛ ਖਾਊ ਪੀਊ ਛਕੂ, ਸ਼ਹਿਨਸ਼ਾਹ ਧੁਰਦਰਗਾਹੀਆ । ਈਸਾ ਕਹੇ ਤੋਬਾ ਸਭ ਦਾ ਬੰਨ੍ਹੂ ਮੱਕੂ, ਮੁਕੰਮਲ ਹੁਕਮ ਜਣਾਈਆ । ਮੂਸਾ ਕਹੇ ਕਿਹੜਾ ਨਾਮ ਰਟੂ, ਰੱਟਾ ਸਰਬ ਚੁਕਾਈਆ । ਤੇਈ ਅਵਤਾਰ ਕਹਿਣ ਸਭ ਦੀਆਂ ਡੋਰਾਂ ਕੱਟੂ, ਖੰਡਾ ਤੇਜ਼ ਧਾਰ ਚਮਕਾਈਆ । ਸਤਿਗੁਰ ਸ਼ਬਦ ਕਹੇ ਸਭ ਨੂੰ ਆਪਣੇ ਖ਼ਾਨੇ ਵਿਚ ਸੱਟੂ, ਸਿਰ ਸਕੇ ਨਾ ਕੋਇ ਉਠਾਈਆ । ਨਾਨਕ ਕਿਹਾ ਆਪਣੀ ਕਰਨੀ ਤੋਂ ਕਦੇ ਨਾ ਹਟੂ, ਹਟਵਾਣੇ

ਸਾਰੇ ਲਏ ਖਪਾਈਆ । ਗੋਬਿੰਦ ਕਿਹਾ ਇਕ ਅੰਮ੍ਰਿਤ ਨਿਰਾਲਾ ਝੱਟੂ, ਜਾਮ ਅਗੰਮੀ ਦਏ ਪਿਆਈਆ । ਮੁਹੰਮਦ ਕਿਹਾ ਕੀ ਹੱਟ ਬਾਜ਼ਾਰੋਂ ਵੱਟੂ, ਸਭ ਦੀ ਕੀਮਤ ਚੁਕਾਈਆ । ਈਸਾ ਕਿਹਾ ਮੈਂ ਓਸ ਦੇ ਚਰਨਾਂ ਢੱਠੂ, ਢਹਿ ਕੇ ਸੀਸ ਨਿਵਾਈਆ । ਮੂਸਾ ਕਹੇ ਦੋ ਜਹਾਨ ਕੋਈ ਨਾ ਬਚੂ, ਲੇਖਾ ਵੇਖੇ ਥਾਉਂ ਥਾਈਂਆ । ਸਤਿਗੁਰ ਸ਼ਬਦ ਕਹੇ ਮੈਂ ਖਿੜ ਖਿੜ ਹੱਸੂੰ, ਹੱਸਤੀ ਇਕੋ ਨਜ਼ਰ ਆਵੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਈਆ । ਮੁਹੰਮਦ ਕਹੇ ਮੈਨੂੰ ਵਖਾਵਣ ਲੱਗਾ ਕੌਣ, ਬਿਨ ਅੱਖਾਂ ਅੱਖ ਪਰਗਟਾਈਆ । ਯਸੂ ਕਹੇ ਮੈਨੂੰ ਠੋਕਰਾਂ ਨਾਲ ਲੱਗਾ ਹਿਲਾਉਣ, ਸੁੱਤਿਆਂ ਅੱਖ ਖੁਲ੍ਹਾਈਆ । ਮੂਸਾ ਆਖੇ ਚਾਰ ਕੁੰਟ ਲੱਗਾ ਭਵਾਉਣ, ਦਿਸ਼ਾ ਰਹਿਣ ਕੋਇ ਨਾ ਪਾਈਆ । ਤੇਈ ਅਵਤਾਰ ਕਹਿਣ ਸਾਨੂੰ ਲੱਗਾ ਕੁਛ ਸੁਣਾਉਣ, ਹੁਕਮ ਧੁਰਦਰਗਾਹੀਆ । ਨਾਨਕ ਨਿਰਗੁਣ ਕਹੇ ਮੈਨੂੰ ਲੱਗਾ ਵਖਾਉਣ, ਦੋ ਜਹਾਨਾਂ ਜਗਤ ਸ਼ਾਹੀਆ । ਗੋਬਿੰਦ ਕਹੇ ਮੈਨੂੰ ਲੱਗਾ ਬੁਲਾਉਣ, ਇਸ਼ਾਰੇ ਨਾਲ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਬੱਚਿਓ, ਨਹੀਂ ਤੁਹਾਡਾ ਸਭ ਕੁਛ ਲੱਗਾ ਮੁਕਾਉਣ, ਮੁਕਾਬਲਾ ਰਹਿਣ ਕੋਇ ਨਾ ਪਾਈਆ । ਓਧਰੋਂ ਨੇਤਰ ਰੋ ਪਈ ਧੌਣ, ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਪਰਗਟਾਈਆ । ਮੁਹੰਮਦ ਕਹੇ ਯਾਮੁਬੀਨ ਮੇਰੇ ਅੱਲਾ, ਅਲਾਹ ਤੇਰੀ ਸਰਨਾਈਆ । ਈਸਾ ਕਹੇ ਕਿਉਂ ਕੁਰਲਾਵੇਂ ਇਕੱਲਾ, ਕਲਮੇ ਵਾਲਿਆ ਦਏਂ ਦੁਹਾਈਆ । ਮੂਸਾ ਕਹੇ ਭਰਾਵੋ ਮੈਨੂੰ ਵੀ ਫੜ ਲੈਣ ਦਿਓ ਪੱਲਾ, ਭੈ ਮੇਰੇ ਅੰਦਰ ਆਈਆ । ਤੇਈ ਅਵਤਾਰ ਕਹਿਣ ਅਸੀਂ ਛੱਡ ਦਿਤੇ ਜਲ ਥਲਾ, ਜੰਗਲਾਂ ਵਿਚ ਨਾ ਕੋਇ ਵਡਿਆਈਆ । ਨਾਨਕ ਨਿਰਗੁਣ ਕਹੇ ਤੇਰਾ ਹੋਵੇ ਭਲਾ, ਤੇਰੀ ਬੇਪਰਵਾਹੀਆ । ਗੋਬਿੰਦ ਕਹੇ ਮੈਂ ਸਨਮੁਖ ਹੋ ਕੇ ਖਲਾ, ਚਰਨ ਧਿਆਨ ਲਗਾਈਆ । ਸਤਿਗੁਰ ਸ਼ਬਦ ਕਹੇ ਸਾਰੇ ਕਰੋ ਪੁਰਖ ਅਕਾਲ ਹੋ ਗਿਆ ਝੱਲਾ, ਝਲਕ ਸਭ ਦੀ ਆਪਣੇ ਵਿਚ ਮਿਲਾਈਆ । ਮੁਹੰਮਦ ਕਹੇ ਮੈਥੋਂ ਹੁਕਮ ਨਹੀਂ ਜਾਂਦਾ ਠੱਲਾ, ਅੱਗੇ ਹੋ ਨਾ ਕੋਇ ਅਟਕਾਈਆ । ਈਸਾ ਕਹੇ ਮੈਂ ਨਿੱਕਾ ਜਿਹਾ ਡਲਾ, ਰੁੜ੍ਹਦਿਆਂ ਅੱਗੇ ਨਾ ਕੋਇ ਅਟਕਾਈਆ । ਮੂਸਾ ਕਹੇ ਕਿਧਰੋਂ ਬੋਲ ਦਿਤਾ ਹੱਲਾ, ਹੁਕਮ ਆਪਣਾ ਕਟਕ ਚੜ੍ਹਾਈਆ । ਤੇਈ ਅਵਤਾਰ ਕਹਿਣ ਸਾਡਾ ਸਾਹ ਨਾ ਪੈਂਦਾ ਵਿਚ ਖੱਲਾ, ਖ਼ਬਰੇ ਕੀ ਕੀ ਹੋਰ ਸੁਣਾਈਆ । ਨਾਨਕ ਕਹੇ ਮੇਰਾ ਬੱਲਿਉਂ ਘਸ ਗਿਆ ਤਲਾ, ਫਿਰ ਫਿਰ ਸੇਵ ਕਮਾਈਆ । ਗੋਬਿੰਦ ਕਹੇ ਕੁਛ ਮੇਰਾ ਲੇਖ ਹੋਇਆ ਜਿਸ ਵੇਲੇ ਮੇਲ ਕੀਤਾ ਡੱਲਾ, ਲੇਖਾ ਲਿਖਿਆ ਬਿਨ ਸ਼ਾਹੀਆ । ਸਤਿਗੁਰ ਸ਼ਬਦ ਕਹੇ ਸਭ ਦੇ ਨਾਲ ਕੀਤਾ ਵਲ ਛਲਾ, ਨਾਮ ਛੁਣਛਣੇ ਸਭ ਦੇ ਹੱਥ ਫੜਾਈਆ । ਮੁਹੰਮਦ ਕਹੇ ਮੈਨੂੰ ਕਹਿੰਦਾ ਮੈਂ ਤੇਰਾ ਅੱਲ੍ਹਾ, ਨੂਰ ਨੂਰ ਵਿਚੋਂ ਚਮਕਾਈਆ । ਈਸਾ ਕਹੇ ਮੈਂ ਤੈਨੂੰ ਆਪਣਾ ਆਪ ਬਣਾ ਕੇ ਘੱਲਾ, ਘਾਇਲ ਕਰ ਲੋਕਾਈਆ । ਮੂਸਾ ਕਹੇ ਮੈਂ ਝਲਕ ਨੂਰ ਕੀਤਾ ਝੱਲਾ, ਸੁੱਧ ਰਹੀ ਨਾ ਰਾਈਆ । ਤੇਈ ਅਵਤਾਰ ਕਹਿਣ ਸਾਨੂੰ ਕੱਛਾਂ ਮੱਛਾਂ ਨੂੰ ਪਾ ਕੇ ਵਿਚ ਡੱਲਾਂ, ਡੰਡਾਉਤ ਡੰਡੇ ਨਾਲ ਕਰਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਪੁਰਖ ਅਕਾਲ ਦਾ ਬਚਨ ਤੁਸੀਂ ਸੁਣਦੇ ਰਹੇ ਬਿਨਾ ਕੰਨਾਂ, ਕਿਉਂ ਕੰਨਾਂ ਨਾਲ ਜਗਤ ਸੁਣਾਈਆ । ਓ ਨੱਢਿਓ ਬੱਚਿਓ ਧੁਰ ਸਵਾਮੀ ਨੂੰ ਤੁਸਾਂ ਕਰ ਕੇ ਅੰਨ੍ਹਾਂ, ਅੱਖਰਾਂ ਦੀ ਕੀਤੀ ਚਤੁਰਾਈਆ । ਦੀਨਾਂ ਮਜ਼੍ਹਬਾਂ ਦਾ ਪਾ ਕੇ ਬੰਨਾ, ਬੰਦਗੀ ਵਿਚ ਬੰਦੇ ਦਿਤੇ ਰੁਲਾਈਆ । ਮੁਹੰਮਦ ਕਹੇ ਮੇਰੇ ਕੁਰਾਨ ਦਾ ਤੀਜਾ ਪੰਨਾ, ਨਾਵੀਂ ਸਤਰ ਸਤਹ ਦਏ ਹਿਲਾਈਆ । ਈਸਾ ਕਹੇ ਮੈਂ ਇਕ ਦਿਨ ਤੱਕਿਆ

੮੮੦
੨੦

ਸੀ ਵੱਲ ਚੰਨਾ, ਆਪਣੀ ਅੱਖ ਉਠਾਈਆ । ਮੇਰਾ ਮਾਹੀ ਆਇਆ ਭੰਨਾ, ਫੜ ਕੇ ਕੰਨੋਂ ਚਾਰੋਂ ਕੁੰਟ ਦਿਤਾ ਭਵਾਈਆ । ਮੂਸਾ ਕਹੇ ਮੈਂ ਨੂਰ ਵੇਖਿਆ ਵਿਚ ਤਨਾ, ਮੁੱਠੀ ਅੱਖਾਂ ਉਤੇ ਟਿਕਾਈਆ । ਤੇਈ ਅਵਤਾਰ ਕਹਿਣ ਸਾਡੇ ਅੰਦਰ ਵਜਾਏ ਟੱਲਾ, ਆਵਾਜ਼ ਆਪਣੀ ਆਪ ਸੁਣਾਈਆ । ਨਾਨਕ ਕਹੇ ਮੇਰਾ ਮਨਾਇਆ ਮੰਨਾ, ਮਾਨਸ ਦੀ ਜਾਤ ਦਿਤੀ ਸਮਝਾਈਆ । ਗੋਬਿੰਦ ਕਹੇ ਮੈਂ ਕੋਈ ਪੜ੍ਹਿਆ ਨਹੀਂ ਮੁਕਤਾ ਕੰਨਾ, ਸਿਹਾਰੀ ਬਿਹਾਰੀ ਨਾ ਓਟ ਤਕਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਤੁਹਾਨੂੰ ਸਾਰਿਆਂ ਨੂੰ ਲਾ ਕੇ ਵਿਚ ਤਮਾ, ਦੀਨਾਂ ਮਜ਼੍ਹਬਾਂ ਵਿਚ ਦਿਤਾ ਅੜਾਈਆ । ਮੁਹੰਮਦ ਕਹੇ ਮੈਨੂੰ ਪੈ ਗਿਆ ਗ਼ਮਾ, ਹਾਏ ਕੀ ਦਿਤਾ ਸੁਣਾਈਆ । ਈਸਾ ਕਹੇ ਹੁਣ ਕੀ ਖੇਲ ਹੋਣਾ ਨਵਾਂ, ਸਾਡੀ ਚਲੀ ਨਾ ਕੋਇ ਚਤੁਰਾਈਆ । ਮੂਸਾ ਕਹੇ ਕਿਸ ਦੀ ਕਰਨੀ ਹੋਣੀ ਰਵਾਂ, ਰਵਾਨਗੀ ਸਾਡੇ ਹੱਥ ਫੜਾਈਆ । ਤੇਈ ਅਵਤਾਰ ਕਹਿਣ ਭਰਾਵੋ ਕੋਈ ਵਸਾਹ ਨਹੀਂ ਜੇ ਦਮਾਂ, ਦਾਮਨਗੀਰ ਜੇ ਪੱਲੂ ਲਏ ਛੁਡਾਈਆ । ਨਾਨਕ ਨਿਰਗੁਣ ਕਹੇ ਇਹ ਓਸੇ ਦਾ ਕੰਮਾ, ਜੋ ਆਪਣੀ ਕਾਰ ਕਮਾਈਆ । ਗੋਬਿੰਦ ਕਹੇ ਨਾ ਹਰਖ਼ ਸੋਗ ਨਾ ਗ਼ਮਾ, ਖ਼ੁਸ਼ੀਆਂ ਸੀਸ ਨਿਵਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਸਰੀਰ ਤੁਹਾਡੀ ਮਾਤਾ ਪਿਤਾ ਜੰਮਾ, ਮੇਰਾ ਨੂਰ ਮੇਰਾ ਜਹੂਰ ਤੁਹਾਡੇ ਵਿਚ ਕਰੇ ਰੁਸ਼ਨਾਈਆ । ਤੁਹਾਨੂੰ ਦੇ ਕੇ ਮਾਟੀ ਚੰਮਾ, ਖਾਟਾਂ ਉਤੇ ਦਿਤਾ ਸਵਾਈਆ । ਮੁਹੰਮਦ ਕਹੇ ਹਾਏ ਮੇਰੀਏ ਅੰਮਾਂ, ਅੰਮੜੀ ਨਜ਼ਰ ਕੋਇ ਨਾ ਆਈਆ । ਈਸਾ ਕਹੇ ਕਿਸ ਦੇ ਕੋਲੋਂ ਮੰਗਾਂ, ਆਪਣੀ ਝੋਲੀ ਡਾਹੀਆ । ਮੂਸਾ ਕਹੇ ਮੇਰੀਆਂ ਥੱਕ ਗਈਆਂ ਟੰਗਾਂ, ਭੱਜਿਆ ਵਾਹੋ ਦਾਹੀਆ । ਤੇਈ ਅਵਤਾਰ ਕਹਿਣ ਹੁਣ ਕਿਹੜੀ ਵਖਾਈਏ ਗੰਗਾ, ਗੰਗੋਤਰੀ ਨਜ਼ਰ ਕੋਇ ਨਾ ਆਈਆ । ਨਾਨਕ ਨਿਰਗੁਣ ਕਹੇ ਓਸੇ ਦਾ ਖੇਲ ਚੰਗਾ, ਜੋ ਓਸੇ ਰਿਹਾ ਭਾਈਆ । ਗੋਬਿੰਦ ਕਹੇ ਜੇ ਸਾਰੀ ਸ੍ਰਿਸ਼ਟੀ ਅੰਦਰ ਮਚਾ ਦਏ ਦੰਗਾ, ਮੇਰੀ ਖ਼ੁਸ਼ੀ ਬਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਸਦਾ ਬਹੁ ਰੰਗਾ, ਭੇਵ ਕੋਇ ਨਾ ਪਾਈਆ । ਮੁਹੰਮਦ ਕਹੇ ਮੈਨੂੰ ਬੁੱਢੇ ਨੂੰ ਦੇ ਦਿਓ ਡੰਡਾ, ਹੌਲੀ ਹੌਲੀ ਤੁਰ ਕੇ ਪੰਧ ਮੁਕਾਈਆ । ਈਸਾ ਕਹੇ ਮੈਂ ਟੋਹ ਕੇ ਵੇਖਿਆ ਆ ਗਿਆ ਕੰਢਾ, ਕਿਨਾਰਾ ਅਗਲਾ ਨਜ਼ਰੀ ਆਈਆ । ਮੂਸਾ ਕਹੇ ਮੈਂ ਸੁਣ ਕੇ ਹੋ ਗਿਆ ਠੰਡਾ, ਬਲ ਰਿਹਾ ਨਾ ਰਾਈਆ । ਤੇਈ ਅਵਤਾਰ ਕਹਿਣ ਸਾਡੀਆਂ ਖੋਹ ਲਈਆਂ ਸਭ ਵੰਡਾਂ, ਹਿੱਸਾ ਨਜ਼ਰ ਕੋਇ ਨਾ ਆਈਆ । ਨਾਨਕ ਕਹੇ ਨਿਰਗੁਣ ਹੁਣ ਕਿਸੇ ਨੂੰ ਪੂਜਣ ਦੇਣਾ ਨਹੀਂ ਕਰੀਰਾਂ ਜੰਡਾਂ, ਸੀਸ ਅਵਰ ਨਾ ਕੋਇ ਨਿਵਾਈਆ । ਗੋਬਿੰਦ ਕਹੇ ਮੈਂ ਛੁਡਾਉਣਾ ਲੁਹਾਰ ਤਰਖਾਣ ਦਾ ਖੰਡਾ, ਖੰਡਰਾਂ ਵਿਚ ਆਪਣਾ ਆਪ ਪਰਗਟਾਈਆ । ਸਤਿਗੁਰ ਸ਼ਬਦ ਕਹੇ ਓ ਗੁਰ ਅਵਤਾਰ ਪੈਗ਼ੰਬਰੋ ਪੁਰਖ ਅਕਾਲ ਦਾ ਖੇਲ ਜੋਤੀ ਨੂਰ ਸ਼ੈਤਾਨੀ ਵਿਚ ਬੰਦਾ, ਗੰਦਾ ਸਭ ਨੂੰ ਰਿਹਾ ਕਰਾਈਆ । ਮੁਹੰਮਦ ਕਹੇ ਮੇਰਾ ਸਿਰ ਨੰਗਾ, ਗਰਮੀ ਰਹੀ ਸਤਾਈਆ । ਈਸਾ ਕਹੇ ਮੈਨੂੰ ਹੋ ਲੈਣ ਦੇ ਠੰਡਾ, ਉਹ ਆਬੇਹਯਾਤ ਨਜ਼ਰ ਕੋਇ ਨਾ ਆਈਆ । ਮੂਸਾ ਕਹੇ ਬਿਰਥਾ ਗਿਆ ਧੰਦਾ, ਪਿਛਲੀ ਕੀਤੀ ਰਹੀ ਨਾ ਰਾਈਆ । ਤੇਈ ਅਵਤਾਰ ਕਹਿਣ ਬਹੁੜੀ ਕੋਈ ਰਹਿਣ ਨਹੀਂ ਦਿਤਾ ਪੰਡਾ, ਬੋਧ ਅਗਾਧ ਕਰੇ ਨਾ ਕੋਇ ਪੜ੍ਹਾਈਆ । ਨਾਨਕ ਕਹੇ ਸਤਿ ਪੁਰਖ ਦਾ ਸਤਿ ਧਰਮ ਦਾ ਵੇਖੋ ਝੰਡਾ, ਇਕੋ ਨਜ਼ਰੀ ਆਈਆ । ਗੋਬਿੰਦ ਕਹੇ ਇਹ ਮੇਰਾ ਲੇਖ ਮੰਗਾ, ਸਭ ਨੂੰ ਮਿਲੇ ਵਡਿਆਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਪ੍ਰਭ ਦਾ ਖੇਲ ਸਦਾ ਦੋ ਰੰਗਾ, ਭੇਵ ਅਭੇਦ ਨਾ ਕਿਸੇ ਦ੍ਰਿੜਾਈਆ । ਮੁਹੰਮਦ ਕਹੇ ਮੈਨੂੰ ਕਿਸ ਕਿਹਾ ਗ਼ੁਲਾਮ, ਨਫ਼ਰ ਕਰ

ਕੇ ਰਿਹਾ ਬੁਲਾਈਆ । ਈਸਾ ਕਹੇ ਮੈਨੂੰ ਕਰ ਲੈਣ ਦੇ ਸਲਾਮ, ਆ ਗਿਆ ਧੁਰਦਰਗਾਹੀਆ । ਮੂਸਾ ਕਹੇ ਸੱਜਣੋ ਮੈਂ ਹੋਰ ਸੁਣੀ ਕਲਾਮ, ਕਲਮਾ ਦਿਤਾ ਬਦਲਾਈਆ । ਤੇਈ ਅਵਤਾਰ ਕਹਿਣ ਫੇਰ ਕੌਣ ਜਪੂਗਾ ਰਾਮ, ਰਮਤਾ ਰਮਤਾ ਸਭ ਦੀ ਕਰੇ ਸਫ਼ਾਈਆ । ਨਾਨਕ ਨਿਰਗੁਣ ਕਹੇ ਇਹ ਓਸੇ ਦੀ ਸ਼ਾਨ ਮਹਾਨ, ਜੋ ਸ਼ਹਿਨਸ਼ਾਹ ਅਖਵਾਈਆ । ਗੋਬਿੰਦ ਕਹੇ ਜਿਸ ਨੇ ਛੱਡ ਦਿਤੇ ਤੀਰ ਕਮਾਨ, ਚਿੱਲਿਆਂ ਹੱਥ ਨਾ ਕੋਇ ਲਗਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਇਹ ਖੇਲ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਮੁਹੰਮਦ ਕਹੇ ਕੀ ਵੇਲਾ ਹੋਇਆ ਫ਼ਜਰ, ਫ਼ਜ਼ਲ ਅੱਲਾ ਰਿਹਾ ਕਮਾਈਆ । ਈਸਾ ਕਹੇ ਮੁਹੰਮਦਾ ਰੋਂਦੀ ਫਿਰਦੀ ਅਜ਼ਲ, ਰੋ ਰੋ ਕੁਰਲਾਈਆ । ਮੂਸਾ ਕਹੇ ਨੇੜੇ ਆ ਗਈ ਮੁਕਾ ਕੇ ਮਜ਼ਲ, ਗ਼ਜ਼ਲ ਆਪਣੀ ਰਹੀ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਪਣਾ ਆਪਣਾ ਵੇਖੋ ਵਜ਼ਨ, ਕਵਣ ਕਵਣ ਭਾਰ ਉਠਾਈਆ । ਨਾਨਕ ਕਹੇ ਅਸੀਂ ਸਾਰੇ ਬਣੇ ਰਹੇ ਕਜ਼ਨ, ਕਜ਼ਾ ਕੋਲੋਂ ਸਰੀਰ ਨਾ ਸਕੇ ਬਚਾਈਆ । ਗੋਬਿੰਦ ਕਹੇ ਮੇਰਾ ਓਸ ਦੇ ਨਾਲ ਪਰਨ, ਜੋ ਪਰਾਣਪਤ ਨਜ਼ਰੀ ਆਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਅੱਗੇ ਵਾਸਤੇ ਇਕੋ ਸਾਰੇ ਕਬੂਲ ਕਰੋ ਸਰਨ, ਸ਼ਰਨ ਇਕੋ ਮੰਗ ਮੰਗਾਈਆ । ਮੁਹੰਮਦ ਕਹੇ ਕਿਸ ਬਿਧ ਛੱਡਾਂ ਚੌਦਾਂ ਲੋਕ, ਹਾਏ ਹਾਏ ਕਰ ਸੁਣਾਈਆ । ਈਸਾ ਕਹੇ ਕਾਹਨੂੰ ਮੰਗੀ ਵੀਹਵੀਂ ਸਦੀ ਬਹੁਤ, ਉਨੀਸਾ ਪੰਧ ਚੁਕਾਈਆ । ਮੂਸਾ ਕਹੇ ਮੈਂ ਸੋਚ ਨਾ ਸਕਿਆ ਸੋਚ, ਪਰਵਰਦਿਗਾਰ ਕੀ ਹੁਕਮ ਵਰਤਾਈਆ । ਤੇਈ ਅਵਤਾਰ ਕਹਿਣ ਅਸੀਂ ਕੱਢ ਨਾ ਸਕੇ ਖੋਟ, ਦੀਨ ਦੁਨੀ ਸਾਫ਼ ਕਰਾਈਆ । ਨਾਨਕ ਨਿਰਗੁਣ ਕਹੇ ਇਹ ਪ੍ਰਭ ਦੇ ਅਗੰਮੀ ਚੋਜ, ਚੋਜੀ ਹੋ ਕੇ ਆਪ ਕਰਾਈਆ । ਗੋਬਿੰਦ ਕਹੇ ਨਾ ਹਰਖ ਕੋਈ ਨਾ ਸੋਗ, ਚਿੰਤਾ ਗ਼ਮ ਨਾ ਕੋਇ ਰਖਾਈਆ । ਸਤਿਗੁਰ ਸ਼ਬਦ ਕਹੇ ਬੱਚੂ ਤੁਹਾਨੂੰ ਸਾਰਿਆਂ ਨੂੰ ਸ੍ਰਿਸ਼ਟੀ ਵਾਲਾ ਭੋਗਾਇਆ ਭੋਗ, ਬਚਿਆ ਰਹਿਣ ਕੋਇ ਨਾ ਪਾਈਆ । ਅੱਗੇ ਪੀਹੜੀ ਕਿਸੇ ਚੱਲਣ ਨਹੀਂ ਦਿਤੀ ਦੋਹਤ ਪੋਤ, ਬੰਸਾਵਲੀ ਨਾ ਕੋਇ ਅਖਵਾਈਆ । ਤੁਹਾਡੇ ਵੇਖ ਕੇ ਵਿਦਿਆ ਵਾਲੇ ਕੋਸ਼, ਕਿਛ ਆਪਣਾ ਹਾਲ ਸੁਣਾਈਆ । ਤੱਤਾਂ ਵਾਲਾ ਦੇ ਕੇ ਤੁਹਾਨੂੰ ਪੋਸ਼, ਪੱਛਮ ਦੱਖਣ ਉੱਤਰ ਪੂਰਬ ਦਿਤਾ ਭਵਾਈਆ । ਓਦੋਂ ਤੁਹਾਨੂੰ ਆਉਣ ਨਹੀਂ ਦਿਤੀ ਸੋਚ, ਕਿਉਂ ਮਜ਼੍ਹਬਾਂ ਵਿਚ ਫਸਾਈਆ । ਸਚਖੰਡ ਦੇ ਆਲ੍ਹਣੇ ਵਿਚੋਂ ਕੱਢ ਕੇ ਬੋਟ, ਚੋਗ ਜਗਤ ਵਾਲੀ ਚੁਗਾਈਆ । ਅੱਖਰਾਂ ਵਾਲਾ ਦੱਸ ਕੇ ਜੋਗ, ਮਾਲਾ ਮਣਕਿਆਂ ਵਾਲੀ ਦ੍ਰਿੜਾਈਆ । ਨੂਰ ਦੇ ਕੇ ਆਪਣੀ ਜੋਤ, ਚੰਨ ਕੀਤਾ ਰੁਸ਼ਨਾਈਆ । ਇਸ਼ਾਰੇ ਦੇ ਕੇ ਲੋਕ ਪਰਲੋਕ, ਸੰਦੇਸੇ ਦਿਤੇ ਸੁਣਾਈਆ । ਤੁਸਾਂ ਓਹੋ ਸਮਝਿਆ ਬਹੁਤ, ਆਪਣੀ ਖ਼ੁਸ਼ੀ ਬਣਾਈਆ । ਸਾਨੂੰ ਭੰਡਾਰਾ ਮਿਲਿਆ ਅਤੋਟ, ਅਤੁਟ ਦਿਤਾ ਵਰਤਾਈਆ । ਇਹ ਤੁਹਾਨੂੰ ਛੋਟੀ ਜਿਹੀ ਦਿਤੀ ਸੀ ਮੋਖ, ਮੁਖ਼ਤਾਰਨਾਮਾ ਹੱਥ ਨਾ ਕਿਸੇ ਫੜਾਈਆ । ਸਤਿਗੁਰ ਸ਼ਬਦ ਕਹੇ ਮੈਂ ਤੁਹਾਡੇ ਅੰਦਰੋਂ ਭਾਂਡੇ ਲਏ ਪੋਚ, ਮਿਹਰ ਨਿਗਾਹ ਫਿਰਾਈਆ । ਦੇ ਕੇ ਨੇਤਰ ਇਕੋ ਲੋਚ, ਅੱਖ ਨਾਲ ਮਿਲਾਈਆ । ਕੱਢ ਕੇ ਹਰਖ਼ ਸੋਗ, ਸਗਲ ਰਮਿਆ ਦਿਤਾ ਵਖਾਈਆ । ਤੁਹਾਨੂੰ ਜਜਮਾਨ ਬਣਾ ਕੇ ਪਰੋਹਤ, ਪਰਾਹੁਣੇ ਜਗਤ ਵਖਾਈਆ । ਸਾਢੇ ਤਿੰਨ ਕਰੋੜ ਖੋਲ੍ਹ ਕੇ ਸੋਤ, ਸੁਤਿਆਂ ਸ਼ਬਦ ਸ਼ਨਵਾਈਆ । ਉਹ ਫੇਰ ਸਭ ਨੂੰ ਕਰ ਕੇ ਫ਼ੌਤ, ਫ਼ੈਸਲਾ ਦਿਤਾ ਕਰਾਈਆ । ਮੁਹੰਮਦ ਕਹੇ ਐ ਖ਼ੁਦਾ ਕੀ ਅਸੀਂ ਵੀ ਮਰੇ ਨਾਲ ਮੌਤ, ਮਲਕੁਲ ਮੌਤ ਦਏ ਸਜ਼ਾਈਆ । ਈਸਾ ਕਹੇ ਕੀ ਮੈਂ ਫਾਸੀ ਚੜ੍ਹਿਆ ਨਾਲ ਸ਼ੌਕ, ਸਲੀਬ ਗਲ ਲਟਕਾਈਆ । ਮੂਸਾ ਕਹੇ ਮੇਰੀ ਦਿਸੇ ਕੋਈ ਨਾ ਪਹੁੰਚ, ਅੱਗਾ ਨਜ਼ਰ ਕੋਇ ਨਾ

੮੮੨
੨੦

ਆਈਆ । ਤੇਈ ਅਵਤਾਰ ਕਹਿਣ ਅਸੀਂ ਸਾਰੇ ਗਏ ਔਂਤ, ਸਾਡਾ ਬੱਚਾ ਸੀਸ ਤਾਜ ਨਾ ਕੋਇ ਟਿਕਾਈਆ । ਨਾਨਕ ਨਿਰਗੁਣ ਕਹੇ ਮੈਂ ਪ੍ਰਭ ਦੀ ਮੰਨ ਕੇ ਧੌਂਸ, ਸਿਰ ਲਿਆ ਝੁਕਾਈਆ । ਗੋਬਿੰਦ ਕਿਹਾ ਮੈਂ ਸ਼ਬਦੀ ਧਾਰ ਜਣਾ ਕੇ ਰੌਂਸ, ਲੇਖਾ ਗਿਆ ਮੁਕਾਈਆ । ਸਤਿਗੁਰ ਸ਼ਬਦ ਕਹੇ ਓ ਗੁਰ ਅਵਤਾਰ ਪੈਗ਼ੰਬਰੋ ਤੁਹਾਨੂੰ ਭੇਵ ਨਾ ਦੱਸਿਆ ਤੁਹਾਡੇ ਖ਼ੌਂਤ, ਖ਼ਤਰੇ ਵਿਚ ਸਰਬ ਰਖਾਈਆ । ਮੁਹੰਮਦ ਕਹੇ ਮੈਂ ਵੇਖਿਆ ਇਕੋ ਚੌਂਕ, ਚੌਤਰਫ਼ੀ ਰਾਹ ਵਖਾਈਆ । ਈਸਾ ਕਹੇ ਮੇਰੇ ਅੰਦਰ ਉਠਿਆ ਸ਼ੌਕ, ਆਸਾ ਹੋਰ ਵਖਾਈਆ । ਮੂਸਾ ਕਹੇ ਮੈਂ ਡਰ ਗਿਆ ਕਿਤੇ ਵਡਿਆਈ ਦਾ ਗਲ ਵਿਚ ਪੈ ਨਾ ਜਾਏ ਤੌਂਕ, ਤਕੱਬਰ ਵਿਚ ਰਖਾਈਆ । ਤੇਈ ਅਵਤਾਰ ਕਹਿਣ ਅਸਾਂ ਸਾਫ਼ ਸੁਥਰਾ ਕਰ ਕੇ ਰੱਖਿਆ ਚੌਂਤ, ਕਰ ਕਰ ਥੱਕੇ ਸਫ਼ਾਈਆ । ਨਾਨਕ ਨਿਰਗੁਣ ਕਹੇ ਮੈਂ ਕਰ ਕੇ ਇਕ ਮਨੌਤ, ਮਹਿੰਮਾ ਇਕ ਸੁਣਾਈਆ । ਗੋਬਿੰਦ ਕਿਹਾ ਮੈਂ ਸਭ ਦੀ ਵੇਖੀ ਅਦੌਤ, ਚਾਰ ਵਰਨ ਅਠਾਰਾਂ ਬਰਨ ਕਰਨ ਲੜਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਵੱਡਾ ਗੌਂਸ, ਗਹਿਰ ਗੰਭੀਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਹੁਕਮ ਆਪ ਸੁਣਾਈਆ । ਮੁਹੰਮਦ ਕਹੇ ਮੈਨੂੰ ਆ ਰਿਹਾ ਪਸੀਨਾ, ਪਸ਼ੂ ਪੰਛੀ ਰਹੇ ਕੁਰਲਾਈਆ । ਯਸੂ ਕਹੇ ਕਿਹੜਾ ਚੜ੍ਹ ਗਿਆ ਮਹੀਨਾ, ਵੇਖਾਂ ਨੈਣ ਉਠਾਈਆ । ਮੂਸਾ ਕਹੇ ਮੈਂ ਕਿਹੜਾ ਅੱਖਰ ਚੀਨਾ, ਜਿਸ ਪੜਦਾ ਦਿਤਾ ਚੁਕਾਈਆ । ਤੇਈ ਅਵਤਾਰ ਕਹਿਣ ਸਭ ਨੂੰ ਹੋਣਾ ਪਿਆ ਅਧੀਨਾ, ਚਲੀ ਨਾ ਕੋਇ ਵਡਿਆਈਆ । ਨਾਨਕ ਨਿਰਗੁਣ ਕਹੇ ਮੈਂ ਨਿਰਮਾਣਤਾ ਵਿਚ ਕਮੀਨਾ, ਨਿਉਂ ਨਿਉਂ ਸੀਸ ਝੁਕਾਈਆ । ਗੋਬਿੰਦ ਕਹੇ ਮੈਂ ਇਕ ਦਾ ਹੋ ਅਧੀਨਾ, ਆਅਲਾ ਅਦਨਾ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਓ ਗੁਰ ਅਵਤਾਰ ਪੈਗ਼ੰਬਰੋ ਮੈਂ ਤੁਹਾਡੀ ਸਭ ਦੀ ਵੱਡੀ ਮਸ਼ੀਨਾ, ਪੁਰਜੇ ਨਿੱਕੇ ਨਿੱਕੇ ਮਾਤਲੋਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਰਿਹਾ ਸਮਝਾਈਆ । ਮੁਹੰਮਦ ਕਹੇ ਮੇਰਾ ਅੰਤਰ ਮੰਗੇ ਪਨਾਹ, ਮਿਲੇ ਹਕ ਸਰਨਾਈਆ । ਈਸਾ ਕਹੇ ਮੈਂ ਵੀ ਕਰਦਾ ਹਾਂ, ਆਪਣਾ ਆਪ ਨਾਲ ਮਿਲਾਈਆ । ਮੂਸਾ ਕਹੇ ਮੈਂ ਵੀ ਮੰਗਾਂ ਓਹੀ ਥਾਂ, ਦਰ ਦਵਾਰਾ ਇਕੋ ਨਜ਼ਰੀ ਆਈਆ । ਤੇਈ ਅਵਤਾਰ ਕਹਿਣ ਅਸੀਂ ਕਿਸ ਬਿਧ ਕਰੀਏ ਨਾਂਹ, ਜ਼ੋਰ ਬਲ ਰਿਹਾ ਨਾ ਰਾਈਆ । ਨਾਨਕ ਨਿਰਗੁਣ ਕਹੇ ਓਹੋ ਪਿਤਾ ਓਹੋ ਮਾਂ, ਗੋਦੀ ਆਪਣੀ ਲਏ ਟਿਕਾਈਆ । ਗੋਬਿੰਦ ਕਹੇ ਮੈਂ ਅਰਜ਼ ਕਰਾਂ ਜਿਸ ਨੇ ਹੰਸ ਬਣਾਉਣੇ ਕਾਂ, ਦੇਵਣਹਾਰ ਮਾਣ ਵਡਿਆਈਆ । ਸਤਿਗੁਰ ਸ਼ਬਦ ਕਹੇ ਓ ਗੁਰ ਅਵਤਾਰ ਪੈਗ਼ੰਬਰੋ ਫ਼ਿਕਰ ਨਾ ਕਰੋ ਜ਼ਿਕਰ ਨਾ ਕਰੋ ਮੈਂ ਸਭ ਦੀ ਪਕੜਾਂ ਬਾਂਹ, ਤਰਸ ਤੁਹਾਡੇ ਉਤੇ ਕਮਾਈਆ । ਅੱਗੇ ਲੱਗਣ ਨਾ ਦੇਵਾਂ ਕੋਈ ਦਾਅ, ਪੇਚਾ ਸ਼ਰਅ ਕੋਇ ਨਾ ਪਾਈਆ । ਇਕੋ ਇਕ ਬਣ ਮਲਾਹ, ਬੇੜਾ ਜਗਤ ਕੰਧ ਉਠਾਈਆ । ਮੇਰਾ ਹੁਕਮ ਹੋਵਣ ਲੱਗਾ ਰਵਾਂ, ਖ਼ੁਸ਼ੀਆਂ ਵਿਚ ਵਿਚ ਵਡਿਆਈਆ । ਗ਼ਫ਼ਲਤ ਵਿਚ ਕਦੇ ਨਾ ਸਵਾਂ, ਸ੍ਰਿਸ਼ਟ ਸਬਾਈ ਦਿਆਂ ਉਠਾਈਆ । ਜੋ ਜੁਗ ਚੌਕੜੀ ਲਹਿਣਾ ਕੀਤਾ ਜਮਾਂ, ਸਭ ਦੀ ਝੋਲੀ ਦਿਆਂ ਭਰਾਈਆ । ਮੈਂ ਕੋਈ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਦਾ ਕਰਨਾ ਨਹੀਂ ਤਮਾ, ਤਮਾਸ਼ਾ ਵੇਖਾਂ ਥਾਉਂ ਥਾਈਂਆ । ਜਿਸ ਤਰ੍ਹਾਂ ਤੁਸੀਂ ਕਹਿ ਕੇ ਆਏ ਜਿਸ ਨੇ ਗਗਨ ਰਹਾਇਆ ਬਿਨਾ ਥੰਮਾਂ, ਬਿਨਾ ਤਤ ਸ਼ਰੀਰ ਤੋਂ ਆਪਣੀ ਖੇਲ ਕਰਾਈਆ । ਇਕੋ ਢੋਲਾ ਧੁਰ ਦਾ ਗਵਾਂ, ਸੰਦੇਸ਼ਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਉਪਜਾਈਆ । ਮੁਹੰਮਦ ਕਹੇ ਮੇਰਾ ਹੱਥੋਂ ਲਹਿ ਗਿਆ ਛੱਲਾ, ਉਂਗਲੀ

ਖ਼ਾਲੀ ਨਜ਼ਰੀ ਆਈਆ । ਈਸਾ ਕਹੇ ਮੇਰਾ ਛੁਟ ਗਿਆ ਪੱਲਾ, ਪਲਕ ਦਾ ਭੇਵ ਰਿਹਾ ਨਾ ਰਾਈਆ । ਮੂਸਾ ਕਹੇ ਮੈਂ ਵੀ ਰਹਿਣਾ ਨਹੀਂ ਕੱਲਾ, ਤੁਹਾਡਾ ਸੰਗ ਨਿਭਾਈਆ । ਤੇਈ ਅਵਤਾਰ ਕਹਿਣ ਜਿਸ ਦਵਾਰਿਉਂ ਸਾਡਾ ਦੀਪਕ ਬਲਾ, ਅੰਤ ਓਸੇ ਵਿਚ ਸਮਾਈਆ । ਨਾਨਕ ਨਿਰਗੁਣ ਕਹੇ ਕੀ ਮਾਣ ਮਾਟੀ ਖੱਲਾ, ਖ਼ਲਕ ਦਾ ਖ਼ਾਲਕ ਖ਼ਾਲੀ ਦਏ ਕਰਾਈਆ । ਗੋਬਿੰਦ ਕਹੇ ਜੋ ਨਿਰਗੁਣ ਧਾਰ ਹੋ ਕੇ ਰਲਾ, ਆਪਣੇ ਵਿਚ ਮਿਲਾਈਆ । ਸਤਿਗੁਰ ਸ਼ਬਦ ਕਹੇ ਉਸ ਦੇ ਪਿਆਰ ਅੰਦਰ ਗੁਰ ਅਵਤਾਰ ਪੈਗ਼ੰਬਰ ਫਲਾ, ਪੱਤ ਟਹਿਣੀ ਮਾਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਹਜ਼ਰਤ ਮੁਹੰਮਦ (ਕਹੇ) ਆਹ ਲੈ ਚਿੱਠੀ, ਬਿਨ ਹਲਕਾਰਿਉਂ ਹੱਥ ਫੜਾਈਆ । ਈਸਾ ਕਹੇ ਓ ਯਾਰ ਇਹ ਅਣਡਿੱਠੀ, ਅੱਗੇ ਨਜ਼ਰ ਕਦੇ ਨਾ ਆਈਆ । ਮੂਸਾ ਕਹੇ ਉਹ ਵੱਡੀ ਕਿੱਡੀ, ਮੈਨੂੰ ਦਿਓ ਦ੍ਰਿੜਾਈਆ । ਤੇਈ ਅਵਤਾਰ ਕਹਿਣ ਸਾਡੀ ਕਿੱਧਰ ਜਾਊ ਬਿਧੀ, ਮਸਤਕ ਤਿਲਕ ਲਗਾਈਆ । ਨਾਨਕ ਕਹੇ ਇਹ ਧਾਰ ਸਦਾ ਸਿੱਧੀ, ਸਿੱਧ ਆਸਣ ਇਕ ਵਖਾਈਆ । ਗੋਬਿੰਦ ਕਹੇ ਹੁਣ ਕੋਈ ਨਾ ਬਣਿਓ ਜ਼ਿੱਦੀ, ਸਿਰ ਸਕੇ ਨਾ ਕੋਇ ਉਠਾਈਆ । ਸਤਿਗੁਰ ਸ਼ਬਦ ਕਹੇ ਅੱਗੇ ਹੁਕਮ ਵਰਤਣਾ ਇੱਕੀ, ਇਕ ਇਕੱਲਾ ਆਪ ਦ੍ਰਿੜਾਈਆ । ਮੁਹੰਮਦ ਦੀ ਆਹ ਦੋਹੱਥੜ ਮਾਰ ਕੇ ਪਿੱਟੀ, ਬਹੁੜੀ ਦਿਤਾ ਸੁਣਾਈਆ । ਈਸਾ ਹੱਥ ਰਖ ਕੇ ਗਿੱਚੀ, ਸੀਸ ਲਿਆ ਝੁਕਾਈਆ । ਮੂਸੇ ਕਿਹਾ ਮੈਂ ਤੇਰੀ ਧਾਰ ਨਿਮਾਣੀ ਨਿੱਕੀ, ਨੀਕਨ ਨੀਕ ਸਰਨਾਈਆ । ਤੇਈ ਅਵਤਾਰ ਕਹਿਣ ਵੇਦ ਵਿਆਸ ਔਹ ਵੇਖ ਆਪਣੀ ਮਿਤੀ, ਕੀ ਵੇਲਾ ਗਿਆ ਆਈਆ । ਨਾਨਕ ਕਿਹਾ ਸਾਚੀ ਦਿਸੇ ਕੋਈ ਨਾ ਸਿੱਖੀ, ਚਾਰ ਵਰਨ ਦੁਹਾਈਆ । ਗੋਬਿੰਦ ਕਹੇ ਰਸਨਾ ਰਹੀ ਕਿਸੇ ਨਾ ਮਿੱਠੀ, ਕੜਵਾ ਰੂਪ ਗਈ ਬਦਲਾਈਆ । ਸਤਿਗੁਰ ਸ਼ਬਦ ਕਹੇ ਓ ਗੁਰ ਅਵਤਾਰ ਪੈਗ਼ੰਬਰੋ ਤੁਹਾਡੇ ਹੁੰਦਿਆਂ ਸਾਰੀ ਸ੍ਰਿਸ਼ਟੀ ਗਈ ਭਿੱਟੀ, ਪੁਨੀਤ ਨਜ਼ਰ ਕੋਇ ਨਾ ਆਈਆ । ਮੇਰੀ ਜੇਬ ਵਿਚ ਵੇਖ ਲਓ ਪਿਛਲੀ ਪੁਰਾਣੀ ਚਿੱਠੀ, ਸਹਿਜ ਨਾਲ ਸਮਝਾਈਆ । ਕਬੀਰ ਕਹੇ ਕੁਛ ਸੁਣ ਲਓ ਜਿਸ ਵੇਲੇ ਮੈਂ ਲੁਕਿਆ ਸਾਂ ਥੱਲੇ ਖਿਤੀ, ਕੰਡਿਆਂ ਵਿਚ ਦੁਹਾਈਆ । ਤੇਗ਼ ਬਹਾਦਰ ਕਹੇ ਮੇਰੇ ਸੀਸ ਉਤੇ ਲੱਗੀ ਧਾਰ ਤਿੱਖੀ, ਆਰ ਪਾਰ ਸਮਝਾਈਆ । ਈਸਾ ਕਹੇ ਜਿਸ ਵੇਲੇ ਮੇਰੀ ਸਲੀਬ ਖਿੱਚੀ, ਨਾਤਾ ਤੁੱਟਾ ਹੋਈ ਜੁਦਾਈਆ । ਰਾਮ ਕਹੇ ਮੈਨੂੰ ਤੇਰੇ ਨਾਲੋਂ ਹੋਈ ਜਿਚੀ, ਜੰਗਲਾਂ ਵਿਚ ਭਵਾਈਆ । ਕ੍ਰਿਸ਼ਨ ਕਹੇ ਮੈਂ ਜਗਤ ਸਲਾਹ ਦਿਤੀ, ਕੌਰੋ ਪਾਂਡੋ ਦਿਤੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਮੁਹੰਮਦ ਕਹੇ ਮੈਂ ਖੋਲ੍ਹ ਕੇ ਵੇਖਿਆ ਪਤਰਾ, ਬਿਨ ਅੱਖਾਂ ਅੱਖ ਫਿਰਾਈਆ । ਈਸਾ ਕਹੇ ਮੈਨੂੰ ਨਜ਼ਰੀ ਆਇਆ ਖ਼ਤਰਾ, ਖ਼ਤ ਖ਼ਤੂਤਾਂ ਵਿਚ ਦਿਤਾ ਸਮਝਾਈਆ । ਮੂਸਾ ਕਹੇ ਮੈਂ ਕਿੱਥੇ ਰਹਿਵਾਂ ਵੱਖਰਾ, ਘਰ ਨਜ਼ਰ ਕੋਇ ਨਾ ਆਈਆ । ਤੇਈ ਅਵਤਾਰ ਕਹਿਣ ਹੁਣ ਕਿਹੜੀਆਂ ਪੜ੍ਹਾਵਾਂਗੇ ਸਤਰਾਂ, ਜਗਤ ਵਿਚ ਸ਼ਨਵਾਈਆ । ਨਾਨਕ ਕਹੇ ਕਿਹੜੇ ਵਸੀਏ ਵਤਨਾ, ਦਵਾਰਾ ਕਵਣ ਸੁਹਾਈਆ । ਗੋਬਿੰਦ ਕਹੇ ਹੁਣ ਆ ਗਏ ਓਸ ਦੇ ਪਤਣਾ, ਜੋ ਤਟ ਕਿਨਾਰਾ ਇਕ ਰਖਾਈਆ । ਸਤਿਗੁਰ ਸ਼ਬਦ ਕਹੇ ਬੱਚਿਓ ਸਭ ਨੂੰ ਕਰ ਕੇ ਸੱਖਣਾ, ਸੁੱਖੀ ਸਾਂਦੀ ਪ੍ਰਭ ਦੇ ਚਰਨ ਟਿਕਾਈਆ । ਚਾਰੋਂ ਕੁੰਟ ਅੰਗਿਆਰਾ ਭਖਣਾ, ਸਰਬਭੱਖੀ ਦੇਣੇ ਮਿਟਾਈਆ । ਤੁਸਾਂ ਅੱਗੇ ਮੂਲ ਨਾ ਤੱਕਣਾ, ਸੱਤ ਧਾਰ ਦਾ ਡੰਡਾ ਰਿਹਾ ਚਮਕਾਈਆ । ਕਿਸੇ ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੂਦਵਾਰ ਭੋਗ ਲਾ ਕੋਈ ਨਾ ਚਖਣਾ, ਸਭ ਨੂੰ ਮਨ੍ਹਾ ਦਿਤਾ ਕਰਾਈਆ । ਭੈ ਵਿਚ ਪੁਰਖ ਅਕਾਲ ਦੀ

੮੮੪
੨੦

ਚਰਨੀ ਵੱਸਣਾ, ਸੌਂ ਕੇ ਝਟ ਲੰਘਾਈਆ । ਵੇਖਿਓ ਕੋਈ ਕਿਤੇ ਨਾ ਕਰਿਓ ਯਤਨਾ, ਯਥਾਰਥ ਦਿਤਾ ਦ੍ਰਿੜਾਈਆ । ਹੁਣ ਮੈਂ ਕੋਈ ਵਸਣਾ ਨਹੀਂ ਪੌਂਟਾ ਪਟਣਾ, ਪੱਟੀਆਂ ਵਾਲੀ ਕਰਨੀ ਨਾ ਕੋਇ ਸਫ਼ਾਈਆ । ਸਭ ਦਾ ਲੇਖਾ ਪੱਤਾ ਕੱਟਣਾ, ਹੁਕਮ ਦਾ ਕਟਕ ਦੇਣਾ ਚੜ੍ਹਾਈਆ । ਇਕ ਵਾਰ ਪ੍ਰਭ ਦੀ ਚਰਨ ਧੂੜ ਦਾ ਲਾ ਲਓ ਵਟਣਾ, ਇਹ ਅੰਤ ਦੀ ਤੁਹਾਡੀ ਕੁੜਮਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਨੂੰ ਇਕੋ ਖ਼ਸਮ ਪਊਗਾ ਰੱਖਣਾ, ਦੇਵਰ ਜੇਠ ਨਜ਼ਰ ਕੋਇ ਨਾ ਆਈਆ । ਉਸ ਦੇ ਚਰਨਾਂ ਅੱਗੇ ਪਊਗਾ ਟੱਪਣਾ, ਨਿਉਂ ਨਿਉਂ ਸੀਸ ਨਿਵਾਈਆ । ਚਰਨ ਧੂੜ ਪਏਗਾ ਫੱਕਣਾ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਵੇਖਿਓ ਦੂਜੇ ਹੁਕਮ ਤਕ ਕਿਸੇ ਨਹੀਂ ਅੱਕਣਾ, ਜੁਗਾਂ ਦਾ ਰਾਹ ਨਾ ਕੋਇ ਤਕਾਈਆ । ਮੁਹੰਮਦ ਕਹੇ ਈਸਾ ਹੁਣ ਕਿਸ ਤਰਾ ਬਚਣਾ, ਮੂਸਾ ਕੀ ਤੇਰੀ ਸਲਾਹੀਆ । ਤੇਈ ਅਵਤਾਰ ਕਹਿਣ ਓ ਭਰਾਵੋ ਏਸੇ ਦਾ ਨਾਂ ਪੈਣਾ ਜੱਪਣਾ, ਅੱਲਾ ਰਾਮ ਇਹੋ ਨਜ਼ਰੀ ਆਈਆ । ਨਾਨਕ ਕਹੇ ਚੰਗਾ ਇਕੋ ਦੇ ਘਰ ਵੱਸਣਾ, ਦੂਜਾ ਖ਼ਸਮ ਨਾ ਕੋਇ ਹੰਢਾਈਆ । ਗੋਬਿੰਦ ਕਹੇ ਮੈਂ ਸਾਚੀ ਸੇਜੇ ਸੌਣੋਂ ਕਦੇ ਨਹੀਂ ਹਟਣਾ, ਗਲ ਇਕੋ ਲੈਣਾ ਲਗਾਈਆ । ਸਤਿਗੁਰ ਸ਼ਬਦ ਕਹੇ ਕੀ ਫੇਰ ਜਾ ਕੇ ਨਾਮ ਜਪਾਓਗੇ ਨਾਲ ਰਸਨਾ, ਤਨ ਵਜੂਦ ਹੰਢਾਈਆ । ਮੁਹੰਮਦ ਕਹੇ ਮੈਂ ਹੁਣੇ ਚਾਹੁੰਦਾ ਨੱਸਣਾ, ਛੱਡਾਂ ਖ਼ਲਕ ਖ਼ੁਦਾਈਆ । ਈਸਾ ਕਹੇ ਕੀ ਇਹੋ ਜਿਹੀ ਹੋਣ ਵਾਲੀ ਘਟਨਾ, ਮੈਨੂੰ ਦੇ ਸਮਝਾਈਆ । ਮੂਸਾ ਕਹੇ ਇਸ ਨੇ ਸਾਰਿਆਂ ਨੂੰ ਫੱਟਣਾ, ਨਿਰਾਲਾ ਤੀਰ ਚਲਾਈਆ । ਤੇਈ ਅਵਤਾਰ ਕਹਿਣ ਏਸੇ ਰਾਮ ਦੀ ਸਰਨ ਸਭ ਨੇ ਢੱਠਣਾ, ਢਹਿ ਢਹਿ ਸੀਸ ਨਿਵਾਈਆ । ਨਾਨਕ ਕਹੇ ਭਰਾਵੋ ਚੰਦ ਦਿਹਾੜੇ ਰੈਣ ਵਸੇਰਾ ਕਟਣਾ, ਲੋਕਮਾਤ ਦੁਹਾਈਆ । ਗੋਬਿੰਦ ਕਹੇ ਮੈਂ ਫੇਰ ਨਹੀਂ ਜੰਮਣਾ ਵਿਚ ਪਟਨਾ, ਨੂਰ ਇਕੋ ਇਕ ਚਮਕਾਈਆ । ਸਤਿਗੁਰ ਸ਼ਬਦ ਕਹੇ ਤੁਹਾਡਾ ਵਸ ਨਹੀਂ ਨਾ ਕੋਈ ਤੁਹਾਡਾ ਕੋਈ ਯਤਨਾ, ਤਾਕਤ ਨਜ਼ਰ ਕੋਇ ਨਾ ਆਈਆ । ਜਿਉਂ ਭਾਵੇ ਤਿਉਂ ਮੈਂ ਤੁਹਾਨੂੰ ਰੱਖਣਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹਿਜ ਸਹਿਜ ਸਮਝਾਈਆ । ਮੁਹੰਮਦ ਕਹੇ ਉਹ ਅੰਦਰ ਵੱਜੀ ਹੁੱਕ, ਹੁਕਮ ਦਿਤਾ ਦ੍ਰਿੜਾਈਆ । ਈਸਾ ਕਹੇ ਕਿਤੇ ਸਾਡਾ ਪੈਂਡਾ ਤੇ ਨਹੀਂ ਗਿਆ ਮੁਕ, ਮੂਸੇ ਉਠ ਧਿਆਨ ਲਗਾਈਆ । ਤੇਈ ਅਵਤਾਰ ਕਹਿਣ ਕਿਧਰੋਂ ਸੁਣ ਲਈ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਨਾਨਕ ਕਹੇ ਸਭ ਦੀ ਸਫ਼ਾ ਗਈ ਉਠ, ਊਠਤ ਬੈਠਤ ਰਹੀ ਨਾ ਰਾਈਆ । ਗੋਬਿੰਦ ਕਹੇ ਮੁਹੰਮਦਾ ਯਾਰ ਕਿਉਂ ਕਟਾਈ ਸੀ ਮੁੱਛ, ਮੈਨੂੰ ਦੇ ਸਮਝਾਈਆ । ਇਸਤਰੀ ਪਿਛੇ ਹੋ ਕੇ ਕੁਚ, ਸ਼ਕਲ ਲਈ ਬਦਲਾਈਆ । ਗੋਬਿੰਦ, ਸਾਰਿਆਂ ਦੇ ਹੁੰਦਿਆਂ ਨਾ ਪੁਛ, ਕੱਲਾ ਦੇਉਂ ਸਮਝਾਈਆ । ਸਤਿਗੁਰ ਸ਼ਬਦ ਕਹੇ ਮੈਂ ਕਲਮਿਆਂ ਦਾ ਮਾਲਕ ਕਿਉਂ ਕਰਦੇ ਬੁੱਚ ਬੁੱਚ, ਜਿਸ ਤਰਾ ਮੈਂ ਚਾਹਿਆ ਓਸ ਤਰਾ ਦਿਤਾ ਰਗੜਾਈਆ । ਪਤਾ ਨਹੀਂ ਕਿਸ ਜ਼ਮੀਨ ਉਤੇ ਆਕੜ ਨਾਲ ਫਿਰਦੇ ਸੋ ਟੁੱਪ ਟੁੱਪ, ਟੋਭੇ ਲਾ ਲਾ ਕੀਤੀ ਲਿਖਾਈਆ । ਜਿਸ ਨੇ ਤੁਹਾਡਾ ਬੂਟਾ ਲਾਇਆ ਓਸੇ ਨੇ ਦਿਤਾ ਪੁੱਟ, ਕਿਉਂ ਰੋ ਰੋ ਮਾਰੋ ਧਾਹੀਆ । ਸ਼ੁਕਰ ਕਰੋ ਤੁਹਾਡਾ ਖਹਿੜਾ ਗਿਆ ਛੁੱਟ, ਆਪਣੀ ਦੇ ਨਾ ਸਕੇ ਸਫ਼ਾਈਆ । ਮੇਰਾ ਕਾਸਾ ਖ਼ਾਲੀ ਠੁਠ, ਵਿਚੋਂ ਠੁਮਰੀ ਨਜ਼ਰ ਕੋਇ ਨਾ ਆਈਆ । ਰਾਮ ਕਿਹਾ ਓ ਅਜੇ ਵੀ ਹੋ ਜਾਓ ਇਕ ਮੁੱਠ, ਭੁੱਲੇ ਘਰ ਨੂੰ ਜਾਵੋ ਆਈਆ । ਨਾਨਕ ਕਿਹਾ ਭਈ ਇਹ ਸਭ (ਹੱਥ) ਓਸੇ ਦੇ ਕੁਛ, ਜਿਉਂ ਭਾਵੇ ਤਿਉਂ ਰਿਹਾ ਚਲਾਈਆ । ਗੋਬਿੰਦ ਕਹੇ ਬੜੀ ਛੇਤੀ ਸਾਰਿਆਂ ਦਾ ਪੈਂਡਾ ਗਿਆ ਮੁਕ, ਭਰਾਵੋ ਸਾਡੀਆਂ ਮੁੱਕੀਆਂ ਘਸੁੱਨਾਂ ਸਾਡਾ ਲੇਖਾ ਦਿਤਾ


੯੯੫
੨੦

ਮੁਕਾਈਆ । ਜੇ ਇਸ ਦੇ ਕੋਲੋਂ ਪੁਛ ਲੈਂਦੇ ਏਸੇ ਦੀ ਤੁਕ, ਕਿਉਂ ਦੀਨਾਂ ਮਜ਼੍ਹਬਾਂ ਵਾਲੀ ਹੁੰਦੀ ਲੜਾਈਆ । ਅਸੀਂ ਖ਼ੁਸ਼ ਰਹੇ ਸਾਨੂੰ ਬਣਾ ਕੇ ਪੁੱਤ, ਹਿੱਸੇ ਦਿੱਤੇ ਵੰਡਾਈਆ । ਤੇ ਜਿਸ ਵੇਲੇ ਆਧਾਂ ਬਿਆਧਾਂ ਮੁਨਿਆਦਾਂ ਦਾ ਪੈਂਡਾ ਗਿਆ ਮੁਕ, ਪਟੇਦਾਰੀ ਰਹੀ ਨਾ ਰਾਈਆ । ਜੇ ਕਦੇ ਮਾਤਲੋਕ ਜਾਣ ਤੋਂ ਪਹਿਲੋਂ ਐਥੇ ਕਰ ਲੈਂਦੇ ਠੁੱਕ, ਸਲਾਹ ਮਸ਼ਵਰਾ ਇਕ ਪਕਾਈਆ । ਫਿਰ ਝਗੜਾ ਨਾ ਪਾਉਂਦੇ ਕਾਇਆ ਬੁਤ, ਮਨੁਸ਼ ਮਨੁਸ਼ਾਂ ਨਾਲ ਟਕਰਾਈਆ । ਕ੍ਰਿਸ਼ਨ ਕਹੇ ਮੂਸਾ ਤੂੰ ਜਾ ਕੇ ਪਾਈ ਪਹਿਲੋਂ ਫੁਟ, ਮੂਸਾ ਕਹੇ ਮੇਰੇ ਨਾਲੋਂ ਬਹੁਤੀ ਈਸਾ ਅੱਗ ਲਗਾਈਆ । ਈਸਾ ਕਹੇ ਮੈਂ ਕੁਛ ਹੋ ਗਿਆ ਚੁਪ, ਮੁਹੰਮਦ ਨੇ ਚਾਰ ਕੁੰਟ ਦਿਤੀ ਦੁਹਾਈਆ । ਰਾਮ ਕ੍ਰਿਸ਼ਨ ਨੂੰ ਲਵੇ ਚੁੱਕ, ਪੱਥਰ ਪੱਥਰਾਂ ਨਾਲ ਟਕਰਾਈਆ । ਅਵਤਾਰ ਕਹਿਣ ਕਿਸ ਬਿਧ ਪਾਈ ਓਸ ਨੇ ਫੁੱਟ, ਸਾਨੂੰ ਸਭ ਕੁਛ ਜਾਣਦਿਆਂ ਨੂੰ ਦਿਤਾ ਲੜਾਈਆ । ਨਾਨਕ ਕਿਹਾ ਆਪਣੀ ਕਰਨੀ ਨੂੰ ਟੁੱਕ ਟੁੱਕ, ਸਾਡੀ ਝੋਲੀ ਦਿਤੀ ਭਰਾਈਆ । ਗੋਬਿੰਦ ਕਿਹਾ ਸਭ ਨੂੰ ਓਸ ਖ਼ਾਨੇ ਵਿਚ ਦਿਤਾ ਸੁੱਟ, ਜਿਥੇ ਸੋਟਾ ਸਤ ਰੰਗਾ ਡਰਾਈਆ । ਸਤਿਗੁਰ ਸ਼ਬਦ ਕਹੇ ਓ ਗੁਰ ਅਵਤਾਰ ਪੈਗ਼ੰਬਰੋ ਤੁਹਾਨੂੰ ਨਹੀਂ ਸੀ ਪਤਾ ਮੈਂ ਆਦਿ ਦਾ ਇਕੋ ਉਹਦਾ ਪੁੱਤ, ਤੁਸੀਂ ਮੇਰੇ ਵਿਚੋਂ ਜੰਮ ਕੇ ਜਗਤ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਮੁਹੰਮਦ ਕਹੇ ਸਦੀ ਚੌਧਵੀਂ ਪੈ ਗਈਆਂ ਚੀਸਾਂ, ਅੱਲਾ ਤੇਰੀ ਸਰਨਾਈਆ । ਈਸਾ ਕਹੇ ਕਿਤੇ ਭੁੱਲ ਨਹੀਂ ਗਈਆਂ ਹਦੀਸਾਂ, ਹਜ਼ਰਤਾ ਦੇ ਦ੍ਰਿੜਾਈਆ । ਮੂਸਾ ਕਹੇ ਆਪਣਾ ਵੇਖ ਖ਼ਾਲੀ ਹੋ ਗਿਆ ਖ਼ੀਸਾ, ਕੀ ਦੂਜਿਆਂ ਰਿਹਾ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕੱਠੇ ਵੇਖਣ ਕਿਤੇ ਆ ਨਹੀਂ ਗਿਆ ਬੀਸਾ, ਬਿਸਤਰੇ ਸਭ ਦੇ ਗੋਲ ਕਰਾਈਆ । ਨਾਨਕ ਕਿਹਾ ਆਪਣਾ ਆਪਣਾ ਵੇਖੋ ਸ਼ੀਸ਼ਾ, ਪੜਦਾ ਓਹਲਾ ਰਹੇ ਨਾ ਰਾਈਆ । ਗੋਬਿੰਦ ਕਿਹਾ ਤੁਹਾਡੀਆਂ ਪੂਰੀਆਂ ਕਰਨ ਲੱਗਾ ਉਮੀਦਾਂ, ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਸਭ ਦੀਆਂ ਪਰਖਣ ਆਇਆ ਨੀਤਾਂ, ਨੀਤੀਵਾਨ ਵੇਸ ਵਟਾਈਆ । ਕੀ ਫੇਰ ਵੜੋਗੇ ਮੰਦਰਾਂ ਮਸੀਤਾਂ, ਮਸੱਲੇ ਹੱਥਾਂ ਵਿਚ ਉਠਾਈਆ । ਸਾਰੇ ਕਹੋ ਸਾਡੀਆਂ ਲੱਗੀਆਂ ਇਕ ਦੇ ਨਾਲ ਪ੍ਰੀਤਾਂ, ਪ੍ਰੀਤਮ ਲਿਆ ਮਨਾਈਆ । ਪਿਛਲਾ ਯਾਦ ਨਾ ਕਰਿਓ ਵੇਲਾ ਬੀਤਾ, ਮਾਜ਼ੀ ਰਾਹ ਨਾ ਕੋਇ ਤਕਾਈਆ । ਸਾਰੇ ਗਾਓ ਇਕੋ ਗੀਤਾ, ਜੋ ਗਹਿਰ ਗੰਭੀਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੁਹੰਮਦ ਕਹੇ ਮੈਨੂੰ ਹੋਣ ਲੱਗੀ ਦਰਦ, ਦਰੇ ਦਰਬਾਰ ਸੁਣਾਈਆ । ਈਸਾ ਕਹੇ ਕਿਤੇ ਕੱਢ ਤੇ ਨਹੀਂ ਲਈ ਫ਼ਰਦ, ਸਾਡਾ ਲੇਖਾ ਵੇਖ ਵਖਾਈਆ । ਮੂਸਾ ਕਹੇ ਮੈਂ ਵੇਖ ਹੋਇਆ ਅਸਚਰਜ, ਅਚਰਜ ਖੇਲ ਖਿਲਾਈਆ । ਤੇਈ ਅਵਤਾਰ ਕਹਿਣ ਨਾ ਨਾਰੀ ਨਾ ਇਹ ਮਰਦ, ਜੋਤੀ ਜਾਮਾ ਨੂਰ ਰੁਸ਼ਨਾਈਆ । ਨਾਨਕ ਗੋਬਿੰਦ ਕਹੇ ਇਹ ਪੂਰਾ ਕਰਨ ਆਇਆ ਫ਼ਰਜ਼, ਆਪਣਾ ਵੇਸ ਵਟਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਤੁਹਾਡੇ ਹੁੰਦਿਆਂ ਮਾਣਸਾਂ ਖਾਧੇ ਕਰਗ, ਜੂਨੀਆਂ ਵਿਚ ਸਜ਼ਾਈਆ । ਮੈਂ ਬੋਲ ਕੇ ਕਹਵਾਂ ਗਰਜ, ਤੁਹਾਡੀ ਕੀਤੀ ਅੱਗੇ ਦੇਣੀ ਬਦਲਾਈਆ । ਰਹਿਣ ਨਹੀਂ ਦੇਣਾ ਅੰਧੇਰਾ ਗਰਦ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਏਕੰਕਾਰਾ ਆਇਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਸਭ ਦਾ ਲੇਖਾ ਕੀਤਾ ਤਰਕ, ਤੁਰਤ ਆਪਣਾ ਹੁਕਮ ਚਲਾਈਆ । ਪੂਰੀ ਕਰ ਕੇ ਇਕਰਾਰਾਂ ਦੀ ਸ਼ਰਤ, ਸ਼ਰਅ ਦੇਵੇ ਬਦਲਾਈਆ । ਤੁਸਾਂ ਕਦੀ ਵੇਖਿਆ ਸਵਰਗ ਨਰਕ, ਜਾ ਕੇ ਫੇਰਾ ਪਾਈਆ । ਹੁਣ ਕਿਸੇ ਨੂੰ ਵੜਨ ਨਹੀਂ ਦੇਣਾ ਵਿਚ ਚਰਚ, ਚਰਾਗਾਹਾਂ ਵਿਚ ਭਵਾਈਆ ।

੮੮੬
੨੦

੯੯੭
੨੦

ਵੇਖਿਓ ਫੇਰ ਨਾ ਜਾਇਓ ਉਤੇ ਫ਼ਰਸ਼, ਅਰਸ਼ ਮੇਰੇ ਵਿਚ ਸਮਾਈਆ । ਕਿਤੇ ਵੰਡ ਨਾ ਵੰਡਿਓ ਗਰਬਨ ਸ਼ਰਕ, ਸ਼ਮਾਲਨ ਜਨੂਬਨ ਆਪਣਾ ਫੇਰਾ ਪਾਈਆ । ਅੱਗੇ ਰਹਿਣ ਨਹੀਂ ਦੇਣਾ ਕੋਈ ਫ਼ਰਕ, ਫ਼ਿਕਰਾ ਇਕੋ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਸਮਝਾਈਆ । ਮੁਹੰਮਦ ਕਹੇ ਕਿਉਂ ਹੋਈ ਦਿਲਗੀਰੀ, ਧੀਰਜ ਧੀਰ ਨਾ ਕੋਇ ਰਖਾਈਆ । ਈਸਾ ਕਹੇ ਟੁੱਟਣ ਲੱਗੀ ਸ਼ਰਅ ਜ਼ੰਜੀਰੀ, ਟੁੱਟੀ ਗੰਢ ਨਾ ਕੋਇ ਪਵਾਈਆ । ਮੂਸਾ ਕਹੇ ਬੱਸ ਹੋਈ ਫ਼ਕੀਰੀ, ਫ਼ਾਤਿਆ ਸਭ ਦਾ ਰਿਹਾ ਪੜ੍ਹਾਈਆ । ਤੇਈ ਅਵਤਾਰ ਕਹਿਣ ਰਹਿਣਾ ਨਹੀਂ ਬਗ਼ਲਗੀਰੀ, ਜਗਤ ਸੰਗ ਬਣਾਈਆ । ਨਾਨਕ ਗੋਬਿੰਦ ਕਹੇ ਇਹ ਵਕਤ ਅਖ਼ੀਰੀ, ਆਖ਼ਰ ਰਿਹਾ ਸੁਣਾਈਆ । ਸਤਿਗੁਰ ਸ਼ਬਦ ਕਹੇ ਜਿਸ ਸ੍ਰਿਸ਼ਟ ਕੀਤੀ ਤਾਅਮੀਰੀ, ਓਹੋ ਵੇਖ ਵਖਾਈਆ । ਲਹਿਣਾ ਦੇਣਾ ਚੁਕਾਵੇ ਹਸਤ ਕੀੜੀ, ਲੱਖ ਚੁਰਾਸੀ ਵੇਖ ਵਖਾਈਆ । ਸਭ ਨੂੰ ਗਲੀ ਲੰਘਣਾ ਪੈਣਾ ਭੀੜੀ, ਸੌਖਾ ਰਾਹ ਨਾ ਕੋਇ ਜਣਾਈਆ । ਸਿਰ ਤਾਜ ਨਾ ਰਹੇ ਅਮੀਰੀ, ਅਮਰਾਪਦ ਨਾ ਕਿਸੇ ਵਖਾਈਆ । ਇਹ ਖੇਲ ਹੋਣਾ ਤਕਦੀਰੀ, ਸ਼ਾਸਤਰ ਵੇਦ ਸਮਝੇ ਕੋਇ ਨਾ ਰਾਈਆ । ਕੁਛ ਲਹਿਣਾ ਬਦਰੇ ਮੁਨੀਰੀ, ਬੈਤੁਲ ਧਾਮ ਸਰਨਾਈਆ । ਕੁਛ ਹੁਕਮ ਸ਼ਬਦ ਨਾਇਬ ਵਜ਼ੀਰੀ, ਨਾਤਵਾਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਉਪਜਾਈਆ । ਮੁਹੰਮਦ ਕਹੇ ਕਿਉਂ ਉਮਤ ਦਾ ਭੱਜਣ ਲੱਗਾ ਹੁੱਕਾ, ਚਿਲਮ ਚਿਮਟਾ ਕੰਮ ਕਿਸੇ ਨਾ ਆਈਆ । ਈਸਾ ਕਹੇ ਸਭ ਦੇ ਮੁਖ ਵਿਚ ਪੈਣਾ ਥੁੱਕਾ, ਥੋਕ ਦਾ ਮਾਲ ਸਾਰੇ ਬੈਠੇ ਲੁਟਾਈਆ । ਮੂਸਾ ਕਹੇ ਮੈਂ ਕਿਸ ਕਿਸ ਦਾ ਭਾਰ ਚੁੱਕਾਂ, ਸਾਬਤ ਨਜ਼ਰ ਕੋਇ ਨਾ ਆਈਆ । ਤੇਈ ਅਵਤਾਰ ਕਹਿਣ ਸਾਡਾ ਮਾਰਗ ਮੁੱਢੋਂ ਘੁੱਥਾ, ਪ੍ਰਭ ਦਾ ਨਾਮ ਨਾ ਇਕ ਸਮਝਾਈਆ । ਆਦਿ ਸ਼ਕਤ ਕਹੇ ਮੈਨੂੰ ਵੀ ਰੋ ਲੈਣ ਦਿਓ ਵਿਚ ਮਾਰ ਕੇ ਭੁੱਬਾਂ, ਖੁੱਲ੍ਹੀ ਮੀਂਢੀ ਸੀਸ ਨਾ ਕੋਇ ਗੁੰਦਾਈਆ । ਨਾਨਕ ਕਹੇ ਆਪਣੀ ਕਰਨੀ ਸਭ ਦਾ ਬੇੜਾ ਡੁੱਬਾ, ਦੂਸਰ ਕਰੇ ਨਾ ਕੋਇ ਸਫ਼ਾਈਆ । ਗੋਬਿੰਦ ਕਹੇ ਲੇਖਾ ਅੰਤ ਅਖ਼ੀਰੀ ਮੁੱਕਾ, ਚਾਰ ਕੁੰਟ ਨਾ ਕੋਇ ਸਹਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਕਿਉਂ ਲੈਂਦੇ ਰਹੇ ਮੇਰੇ ਨਾਮ ਦਾ ਭੁੱਗਾ, ਭੋਗ ਲਵਾ ਕੇ ਆਪੇ ਲੈਂਦੇ ਖਾਈਆ । ਏਸੇ ਕਰ ਕੇ ਉਜੜਨ ਲੱਗਾ ਝੁੱਗਾ, ਗੁਰੂ ਦਾ ਹਿੱਸਾ ਸਿਖ ਆਪਣਿਆਂ ਢਿੱਡਾਂ ਵਿਚ ਟਿਕਾਈਆ । ਤੁਸੀਂ ਕਦੀ ਨਾ ਸਮਝਿਓ ਪੁਰਖ ਅਕਾਲ ਬੁੱਢਾ, ਜੁਗ ਜੁਗ ਸਭ ਦਾ ਪਿਤਾ ਮਾਈਆ । ਨਾ ਲੰਗੜਾ ਲੂਲ੍ਹਾ ਡੁੱਡਾ, ਨਾ ਨੈਣਹੀਣ ਅਖਵਾਈਆ । ਜੇ ਤੁਸੀਂ ਸਭ ਦੀ ਸਾਫ਼ ਰਖਦੇ ਬੁੱਧਾ, ਕੂੜੀ ਕਿਰਿਆ ਨਾ ਕੋਇ ਕਮਾਈਆ । ਮੈਨੂੰ ਦੱਸੋ ਕਿਉਂ ਤੁਹਾਥੋਂ ਕਰਾਉਂਦਾ ਰਿਹਾ ਯੁੱਧਾ, ਧਰਮ ਦੇ ਨਾਲ ਧਰਮ ਦੀ ਲੜਾਈਆ । ਮੇਰਾ ਖੇਲ ਕਿਸੇ ਨਾ ਬੁੱਝਾ, ਬੇਨੰਤੀ ਚਰਨ ਨਾ ਕੋਇ ਕਰਾਈਆ । ਜੈਸਾ ਹੁਕਮ ਦਿਤਾ ਤੈਸਾ ਗੁਰ ਅਵਤਾਰ ਪੈਗ਼ੰਬਰ ਮਾਤ ਰੁੱਝਾ, ਜਗਤ ਵਿਚ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੁਹੰਮਦ ਕਹੇ ਮੇਰੇ ਅੰਦਰ ਆਵਾਜ਼ ਆਈ ਹੂ, ਅੱਲਾਹ ਹਕ ਰਿਹਾ ਜਣਾਈਆ । ਈਸਾ ਕਹੇ ਮੈਨੂੰ ਪੈਂਦੀ ਧੂਹ, ਬਹੁੜੀ ਬਹੁੜੀ ਕੁਰਲਾਈਆ । ਮੂਸਾ ਕਹੇ ਮੈਨੂੰ ਸਾਫ਼ ਕਰ ਲੈਣ ਦੇ ਮੂੰਹ, ਜੋ ਪੱਥਰਾਂ ਉਤੇ ਰਗੜਾਈਆ । ਤੇਈ ਅਵਤਾਰ ਕਹਿਣ ਅਸੀਂ ਰਸਤਾ ਸਾਫ਼ ਨਾ ਕੀਤਾ ਰੂਹ, ਮਨ ਦੀ ਚਲਦੀ ਰਹੀ ਚਤੁਰਾਈਆ । ਨਾਨਕ ਗੋਬਿੰਦ ਕਹੇ ਸਾਰੇ ਖੇਲ ਵੇਖੇ ਲੂੰ ਲੂੰ, ਰੋਮ ਰੋਮ ਰੋਮ ਸਮਾਈਆ । ਸਤਿਗੁਰ ਸ਼ਬਦ ਕਹੇ ਤੁਹਾਨੂੰ ਨਹੀਂ ਪਤਾ ਮੈਂ

ਸਭ ਦਾ ਇਕੋ ਗੁਰੂ, ਸਤਿਗੁਰ ਮੈਨੂੰ ਕਹਿ ਕੇ ਸਾਰੇ ਤੁਸੀਂ ਗਾਈਆ । ਮੇਰਾ ਪਿਆਰ ਦਾ ਵੱਡਾ ਖੂਹ, ਜਿਸ ਵਿਚ ਸਾਰੇ ਗ਼ੋਤੇ ਖਾ ਖਾ ਮੇਰੀ ਓਟ ਤਕਾਈਆ । ਕੋਈ ਦੱਸੋ ਹੁਣ ਅੱਗੇ ਕਿਸ ਬਿਧ ਖੇਲ ਹੋਣਾ ਸ਼ੁਰੂ, ਸ਼ਹਿਨਸ਼ਾਹ ਆਪ ਕਰਾਈਆ । ਕਿਸ ਧਾਰ ਆਤਮਾ ਜੁੜੂ, ਮਿਲੇ ਮਾਣ ਵਡਿਆਈਆ । ਮੁਹੰਮਦ ਕਹੇ ਹੁਣ ਫੋਕਾ ਕਰਨਾ ਕੁੜੂੰ ਕੁੜੂੰ, ਕੁੜੱਤਣ ਮਜ਼੍ਹਬ ਰਹੇ ਨਾ ਰਾਈਆ । ਆਪਣੀ ਕਰਨੀ ਤੋਂ ਕਦੇ ਨਾ ਮੁੜੂ, ਈਸਾ ਰਿਹਾ ਸੁਣਾਈਆ । ਮੂਸਾ ਕਹੇ ਮੈਂ ਹੁਕਮੇ ਅੰਦਰ ਤੁਰੂੰ, ਤੁਰਤ ਸੀਸ ਨਿਵਾਈਆ । ਤੇਈ ਅਵਤਾਰ ਕਹਿਣ ਏਸੇ ਦਾ ਮੰਤਰ ਫੁਰੂੰ, ਫੁਰਨੇ ਬੰਦ ਕਰਾਈਆ । ਨਾਨਕ ਗੋਬਿੰਦ ਕਹੇ ਏਕਾ ਸਰਨ ਸਰਨਾਈ ਪੜ੍ਹੂੰ, ਪੜ੍ਹਨ ਲਿਖਣ ਦੀ ਲੋੜ ਰਹੇ ਨਾ ਰਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਸਭ ਦੇ ਅੰਦਰ ਵੜੂੰ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਸ਼ਾਹ ਸੁਲਤਾਨਾਂ ਫੜੂੰ, ਫੜ ਕੇ ਦਿਆਂ ਉਠਾਈਆ । ਦੋ ਧਾਰੀ ਹੋ ਕੇ ਲੜੂੰ, ਲਕੀਰ ਫ਼ਕੀਰ ਵਾਲੀ ਵਖਾਈਆ । ਸਭ ਦੇ ਅੰਦਰ ਇਕੋ ਧੌਲ ਜੜੂੰ, ਧਰਤ ਧਵਲ ਦਿਆਂ ਹਿਲਾਈਆ । ਸਮੁੰਦ ਸਾਗਰ ਛੜੂੰ, ਵਿਰੋਲ ਵਖਾਵਾਂ ਥਾਉਂ ਥਾਈਂਆ । ਜਿਹੜਾ ਲੇਖ ਲਿਖਾਇਆ ਗੋਬਿੰਦ ਧਾਰ ਪਰਾਰ ਪਰੂੰ, ਪਾਰਬ੍ਰਹਮ ਹੁਕਮ ਸੁਣਾਈਆ । ਓਸੇ ਤਰਾ ਕਰੂੰ, ਕਰਤਬ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਸੰਦੇਸ਼ਾ ਇਕ ਸੁਣਾਈਆ । ਮੁਹੰਮਦ ਕਹੇ ਕਿਉਂ ਹੋਣ ਲੱਗੀ ਪੀੜ, ਪੀੜ੍ਹੀ ਨਜ਼ਰ ਕੋਇ ਨਾ ਆਈਆ । ਈਸਾ ਕਹੇ ਜਗਤ ਨਬੀਆਂ ਦੀ ਲੱਗ ਗਈ ਭੀੜ, ਭੀੜਾ ਰਾਹ ਕੋਇ ਨਾ ਪਾਰ ਕਰਾਈਆ । ਮੂਸਾ ਕਹੇ ਝਗੜਾ ਮੁਕਿਆ ਨਾ ਹਸਤ ਕੀੜ, ਸਾਚਾ ਰੰਗ ਨਾ ਕੋਇ ਰੰਗਾਈਆ । ਤੇਈ ਅਵਤਾਰ ਕਹਿਣ ਰੋਂਦੇ ਸ਼ਾਹ ਹਕੀਰ, ਫ਼ਕੀਰ ਦੇਣ ਦੁਹਾਈਆ । ਨਾਨਕ ਗੋਬਿੰਦ ਕਹੇ ਪ੍ਰਭ ਬਦਲ ਰਿਹਾ ਤਦਬੀਰ, ਤਕਦੀਰ ਤਹਿਰੀਰ ਨਾਲ ਵਡਿਆਈਆ । ਜਿਹੜੀ ਆਸਾ ਰੱਖੀ ਕਬੀਰ, ਕਬਰਾਂ ਤੋਂ ਬਾਹਰ ਧਿਆਨ ਲਗਾਈਆ । ਸੋ ਖੇਲ ਕਰੇ ਸ਼ਾਹ ਹਕੀਰ, ਹੁਕਮ ਇਕ ਵਰਤਾਈਆ । ਸਭ ਦੀ ਵੇਖਣਹਾਰਾ ਜ਼ਮੀਰ, ਅੰਦਰੇ ਅੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਆਪ ਚੁਕਾਈਆ । ਮੁਹੰਮਦ ਕਹੇ ਕੀ ਹੁਕਮ ਦੇਵੇ ਖ਼ੁਦਾ, ਖ਼ੁਦ ਆਪਣਾ ਆਪ ਸੁਣਾਈਆ । ਈਸਾ ਕਹੇ ਹੋਵੇ ਨਾ ਕਦੇ ਜੁਦਾ, ਪੱਲੂ ਆਪਣਾ ਲਏ ਛੁਡਾਈਆ । ਮੂਸਾ ਕਹੇ ਮੁਸ਼ਕਲ ਵਿਚ ਹੋ ਕੇ ਫਿਦਾ, ਆਪ ਆਪਣਾ ਭੇਟ ਕਰਾਈਆ । ਤੇਈ ਅਵਤਾਰ ਕਹਿਣ ਜੁਗ ਬਦਲਣਾ ਇਹਦੀ ਅਦਾ, ਅਦਾਲਤ ਅਦਲ ਆਪ ਕਮਾਈਆ । ਨਾਨਕ ਕਹੇ ਸਭ ਨੂੰ ਦੇਵਣਹਾਰ ਸਜ਼ਾ, ਜੁਗ ਚੌਕੜੀ ਵੇਖ ਵਖਾਈਆ । ਗੋਬਿੰਦ ਕਹੇ ਮੈਨੂੰ ਆਉਣ ਲੱਗਾ ਮਜ਼ਾ, ਮਜ਼ਾਕ ਮੇਟੇ ਕੂੜ ਲੋਕਾਈਆ । ਸਤਿਗੁਰ ਸ਼ਬਦ ਕਹੇ ਕਿਸੇ ਨੂੰ ਜਣਾਈ ਨਹੀਂ ਆਪਣੀ ਰਜ਼ਾ, ਰਾਜ਼ਕ ਰਿਜ਼ਕ ਰਹੀਮ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸੀਂ ਮੇਰੇ ਛੋਟੇ ਛੋਟੇ ਅਜ਼ਾ, ਹਿੱਸੇ ਜਗਤ ਦਿਤੇ ਵੰਡਾਈਆ । ਤੁਹਾਨੂੰ ਨਾਮ ਦੀ ਦੇ ਕੇ ਗ਼ਿਜ਼ਾ, ਸੂਰਬੀਰ ਦਿਤਾ ਬਣਾਈਆ । ਤੁਸੀਂ ਦੇ ਕੇ ਬਾਂਗ ਅਜ਼ਾਂ, ਉਚੀ ਕੂਕ ਦਿਤਾ ਸੁਣਾਈਆ । ਮੈਂ ਸਭ ਦਾ ਲੇਖਾ ਕਰ ਕੇ ਲਾਉਂਦਾ ਰਿਹਾ ਮੀਜ਼ਾਨ, ਹਿਸਾਬ ਆਪਣੇ ਹੱਥ ਰਖਾਈਆ । ਸਾਰੇ ਮੇਰੇ ਦਵਾਰੇ ਜਮਾ ਕਰਾ ਦਿਓ ਅੰਜੀਲ ਕੁਰਾਨ, ਨਿਉਂ ਨਿਉਂ ਸੀਸ ਝੁਕਾਈਆ । ਮੰਨੋ ਇਕ ਈਮਾਨ, ਚਰਨ ਕਵਲ ਸਰਨਾਈਆ । ਸੁਣੋ ਮੇਰਾ ਪੈਗ਼ਾਮ, ਸਭ ਨੂੰ ਰਿਹਾ ਸੁਣਾਈਆ । ਸਦੀ ਚੌਧਵੀਂ ਲੈਣ ਨਹੀਂ ਦੇਣਾ ਆਰਾਮ, ਹੁਕਮੇ ਅੰਦਰ ਭਵਾਈਆ । ਮੁਹੰਮਦੀ ਹੋਣ ਹੈਰਾਨ, ਕੌਣ ਰਿਹਾ ਉਠਾਈਆ । ਈਸਾ

ttt ੨੦

ਬਣਾਉਣਾ ਨਿਸ਼ਾਨ, ਨਿਸ਼ਾਨੇ ਸਰਬ ਚੁਕਾਈਆ । ਦੋਹਾਂ ਦਾ ਹੋਣਾ ਜੰਗ ਘਮਸਾਨ, ਘੁੰਮਣ ਘੇਰ ਵਿਚ ਲੋਕਾਈਆ । ਮੇਰਾ ਸ਼ਬਦੀ ਫਿਰਦਾ ਰਹੇ ਬਬਾਣ, ਬੇਵਾ ਵੇਖੇ ਥਾਉਂ ਥਾਈਆ । ਧੁਰ ਫ਼ਰਮਾਨੇ ਦਾ ਚੜ੍ਹੇ ਤੁਫ਼ਾਨ, ਚਾਰੋਂ ਕੁੰਟ ਦਏ ਹਿਲਾਈਆ । ਨਾਮ ਦਾ ਚੜ੍ਹੇ ਚਿੱਲਾ ਕਮਾਨ, ਕਮਾਨ ਕਰਨ ਵਾਲਾ ਰਹਿਣ ਕੋਇ ਨਾ ਪਾਈਆ । ਵੇਖਿਓ ਗੁਰ ਅਵਤਾਰ ਪੈਗ਼ੰਬਰੋ ਹੋਇਓ ਨਾ ਪਰੇਸ਼ਾਨ, ਪਰਾਸਚਿਤ ਮੋਹੇ ਲਾਗੇ ਕੋਇ ਨਾ ਰਾਈਆ । ਮੇਰਾ ਇਕੋ ਸੂਰਬੀਰ ਸ਼ਬਦ ਸਤ ਜਵਾਨ, ਜਵਾਨੀ ਸਭ ਦੀ ਦਏ ਗਵਾਈਆ । ਮੁਹੰਮਦ ਅੱਗੋਂ ਕਹੇ ਸਲਾਮ, ਕਦਮਬੋਸ਼ੀ ਕਰ ਕੇ ਧੂੜੀ ਖ਼ਾਕ ਰਮਾਈਆ । ਕਿਸ ਨੂੰ ਦੇਵੇਂ ਇਨਾਮ, ਸ਼ਾਬਾਸ਼ ਕਹਿ ਸੁਣਾਈਆ । ਕਵਣ ਹੋਏ ਪਰਵਾਨ, ਦਰ ਮਿਲੇ ਵਡਿਆਈਆ । ਸਤਿਗੁਰ ਸ਼ਬਦ ਕਹੇ ਜਿਨ੍ਹਾਂ ਭਗਤਾਂ ਮਿਲੇ ਭਗਵਾਨ, ਓਨ੍ਹਾਂ ਵੱਜੇ ਵਧਾਈਆ । ਬਾਕੀ ਸ੍ਰਿਸ਼ਟੀ ਦਾ ਲੇਖਾ ਪੀਣ ਖਾਣ, ਜਨਮ ਕਰਮ ਨਾ ਕੋਇ ਕਟਾਈਆ । ਪ੍ਰਭ ਦਾ ਰੂਪ ਆਦਿ ਜੁਗਾਦਿ ਮਹਾਨ,ਮਹਿੰਮਾ ਕੋਈ ਕਥ ਸਕੇ ਨਾ ਰਾਈਆ । ਜੋਤ ਦੀ ਧਾਰ ਵਿਚ ਤਤ ਇਨਸਾਨ, ਨਿਸ਼ਾਨ ਆਪਣਾ ਆਪ ਵਖਾਈਆ । ਸਭ ਨੂੰ ਹੁਕਮ ਕਰਨਾ ਪਏ ਪਰਵਾਨ, ਸ਼ਿਵ ਪਾਰਬਤੀ ਬੈਠਾ ਉਂਗਲੀ ਲਾਈਆ । ਬ੍ਰਹਮਾ ਸੁਰਸਤੀ ਕਰ ਧਿਆਨ, ਨੈਣ ਅੱਖ ਖੁਲ੍ਹਾਈਆ । ਵਿਸ਼ਨੂੰ ਲਛਮੀ ਧੂੜੀ ਕਰ ਇਸ਼ਨਾਨ, ਧੁਰ ਦਾ ਰੰਗ ਚੜ੍ਹਾਈਆ । ਸਤਿਗੁਰ ਸ਼ਬਦ ਸਦਾ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਭ ਦੀ ਕਰਨਹਾਰਾ ਕਲਿਆਣ, ਕਾਇਨਾਤ ਫੋਲ ਫੁਲਾਈਆ । ਮੇਰਾ ਹੁਕਮ ਦੋ ਜਹਾਨਾਂ ਤੋਂ ਤਿੱਖੀ ਕਿਰਪਾਨ, ਕਿਰਪਾ ਵਿਚ ਕੂੜ ਕਪਟ ਸਭ ਦਾ ਬਾਹਰ ਕਢਾਈਆ । ਜਗਤ ਜਗਤ ਦਾ ਮਹਿੰਮਾਨ, ਦਿਨ ਥੋੜ੍ਹੇ ਨਜ਼ਰੀ ਆਈਆ । ਅੱਸੂ ਕਹੇ ਮੇਰੇ ਅਸਵ ਵਾਲੇ ਮਾਹੀ ਦੀ ਆਪੇ ਆ ਜਾਊ ਸਭ ਨੂੰ ਪਹਿਚਾਨ, ਪੁਛਣ ਦੀ ਲੋੜ ਰਹੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੁਝ ਸਾਨੂੰ ਦੇ ਦੇ ਵਰਦਾਨ, ਵਾਰਸ ਬਣ ਜਾ ਆਪਣੀ ਜਗਤ ਲੋਕਾਈਆ । ਸਤਿਗੁਰ ਸ਼ਬਦ ਕਹੇ ਕੁਛ ਅਗਲਾ ਸੁਣੋ ਫ਼ਰਮਾਨ, ਸਹਿਜੇ ਰਿਹਾ ਸੁਣਾਈਆ । ਅੱਲਾ ਵਾਲਿਓ ਮੱਕੇ ਮਦੀਨੇ ਮਾਰੋ ਧਿਆਨ, ਕਾਅਬੇ ਨੂੰ ਕਬਰਾਂ ਰਿਹਾ ਵਖਾਈਆ । ਅਵਤਾਰੋ ਤੀਰਥ ਤੱਟਾਂ ਵੇਖੋ ਨਿਸ਼ਾਨ, ਸ਼ਮਸ਼ਾਨ ਭੂਮੀ ਸਭ ਨੂੰ ਨਜ਼ਰੀ ਆਈਆ । ਕੱਠੇ ਹੋ ਕੇ ਵੇਖੋ ਕੌਣ ਸ੍ਰੀ ਭਗਵਾਨ, ਕਵਣ ਖੇਲ ਕਰਾਈਆ । ਕਿਸ ਦੀ ਮੰਨਦੇ ਆਣ, ਕਿਸ ਨੂੰ ਸੀਸ ਝੁਕਾਈਆ । ਸਾਰੇ ਕਹਿਣ ਕਿਉਂ ਦੇਵੇ ਫ਼ਰਮਾਨ, ਆਪਣਾ ਹੁਕਮ ਬਦਲਾਈਆ । ਗੋਬਿੰਦ ਕਹੇ ਸਾਰਿਆਂ ਦਾ ਵਕਤ ਪਹੁੰਚਿਆ ਆਣ, ਪੰਜੇ ਲਾ ਕੇ ਆਪਣਾ ਪੱਲਾ ਲਓ ਛੁਡਾਈਆ । ਸ਼ੁਕਰ ਕਰੋ ਜੇ ਛੁਟ ਜਾਵੇ ਤੁਹਾਥੋਂ ਜਹਾਨ, ਛੁੱਟੀ ਲੈ ਕੇ ਆਪਣੇ ਘਰ ਜਾ ਕੇ ਆਪਣਾ ਪਤੀ ਲਓ ਮਨਾਈਆ । ਤੁਹਾਡੀ ਲਾਹ ਦੇਵੇ ਥਕਾਨ, ਵਾੜ ਕੇ ਸਚਖੰਡ ਮਕਾਨ, ਵਖਾ ਕੇ ਧੁਰ ਦਾ ਇਕ ਨਿਸ਼ਾਨ, ਅਮਾਮ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਸਚ ਰਿਹਾ ਸਮਝਾਈਆ । ਮੁਹੰਮਦ ਕਹੇ ਫੇਰ ਵੇਖ ਲਈਏ ਮਾਰ ਕੇ ਝਾਕੀ, ਚੌਦਾਂ ਤਬਕ ਧਿਆਨ ਲਗਾਈਆ । ਈਸਾ ਕਹੇ ਕੋਈ ਸਾਬਤ ਰਿਹਾ ਨਾ ਤਨ ਖ਼ਾਕੀ, ਵਜੂਦ ਅੰਦਰ ਵਸਲ ਯਾਰ ਨਾ ਕੋਇ ਕਮਾਈਆ । ਮੂਸਾ ਕਹੇ ਖੇਲ ਕਰਾਉਣਾ ਇਤਫ਼ਾਕੀ, ਝਟ ਪਟ ਰੂਪ ਲਿਆ ਬਦਲਾਈਆ । ਤੇਈ ਅਵਤਾਰ ਕਹਿਣ ਹੁਣ ਇਕੱਠੇ ਹੋ ਜਾਈਏ ਸਾਥੀ, ਸਗਲਾ ਸੰਗ ਬਣਾਈਆ । ਨਾਨਕ ਗੋਬਿੰਦ ਕਹੇ ਸਭ ਤੋਂ ਤਾਰੇ ਗਏ ਨਾ ਪਾਪੀ, ਅਪਰਾਧਾਂ ਭਰੀ ਲੋਕਾਈਆ । ਜੋ ਸਾਡੇ ਪਾਠ ਦੇ ਬਣਦੇ ਰਹੇ ਜਾਪੀ, ਜਪ ਜਪ ਕੁਕਰਮ ਕਮਾਈਆ । ਪੜ੍ਹਿਆਂ ਸੁਣਿਆਂ ਮੁੱਕੀ ਕਿਸੇ ਨਾ ਵਾਟੀ, ਅੰਦਰ

ਵੜ ਨਾ ਦਰਸ ਦਿਖਾਈਆ । ਏਸੇ ਕਰਕੇ ਸਦੀ ਚੌਧਵੀਂ ਮਿਲੇ ਕਿਸੇ ਨਾ ਥਾਪੀ, ਪੁਸ਼ਤ ਹੱਥ ਨਾ ਕੋਇ ਟਿਕਾਈਆ । ਸਤਿਗੁਰ ਸ਼ਬਦ ਕਹੇ ਆਹ ਵੇਖ ਲਓ ਮੇਰੇ ਕੋਲ ਤੁਹਾਡੀ ਨਿੱਕੀ ਜਿਹੀ ਕਾਪੀ, ਹਿਸਾਬ ਅੰਦਰਲਾ ਦਏ ਵਖਾਈਆ । ਕਿਉਂ ਨਾ ਝਗੜਾ ਮੁੱਕਿਆ ਜਾਤ ਪਾਤੀ, ਪਤ੍ਰਿਕਾ ਪੜ੍ਹ ਕੇ ਪਤਰਿਆਂ ਨਾਲ ਲੜਾਈਆ । ਜਿਹੜੀ ਸਾਜਣਾ ਜਗਤ ਸਾਜ ਵਿਚ ਥਾਪੀ, ਥਪਕ ਥਪਕ ਸੁਣਾਈਆ । ਓਸੇ ਦਾ ਖੇਲ ਵੇਖ ਲਓ ਆਪੀ, ਘਰ ਆਪਣੇ ਅੱਖ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸੁਨੇਹੜੇ ਵਾਲੀ ਚਿਠੀ ਵਾਚੀ, ਵਾਚਕ ਹੋ ਕੇ ਅੱਗੇ ਦਿਤਾ ਸੁਣਾਈਆ । ਖੇਲ ਖੇਲਦੇ ਰਹੇ ਕਾਇਆ ਮਾਟੀ ਕਾਚੀ, ਤੱਤਾਂ ਵਿਚ ਸਮਾਈਆ । ਗੋਬਿੰਦ ਕਹੇ ਯਾਦ ਕਰ ਲਓ ਮਾਛੂਵਾੜੇ ਦੀ ਰਾਤੀ, ਰਤਾ ਫ਼ਰਕ ਰਹੇ ਨਾ ਰਾਈਆ । ਜਿਸ ਵੇਲੇ ਮੇਰਾ ਕੋਈ ਰਿਹਾ ਨਹੀਂ ਸੀ ਸਾਥੀ, ਬੱਚੇ ਪ੍ਰਭ ਦੀ ਗੋਦ ਸਵਾਈਆ । ਓਸ ਬਾਤ ਅਗੰਮੀ ਆਖੀ, ਸੰਦੇਸ਼ਾ ਇਕ ਸੁਣਾਈਆ । ਗੋਬਿੰਦ ਬਿਨਾ ਤੇਰੇ ਮੇਰੇ ਦੋ ਜਹਾਨਾਂ ਕਰੇ ਕੋਈ ਨਾ ਰਾਖੀ, ਹਾਕਰਾਂ ਮਾਰਨ ਵਾਲੇ ਸਾਰੇ ਦੇਣੇ ਹਟਾਈਆ । ਮੰਜ਼ਲ ਇਕੋ ਦੱਸ ਕੇ ਵਾਟੀ, ਵਾਅਦਾ ਸਭ ਦਾ ਪੂਰ ਕਰਾਈਆ । ਜਨ ਭਗਤਾਂ ਸੀਨਾ ਠਾਂਡਾ ਕਰ ਕੇ ਛਾਤੀ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਖੇਲ ਵਖਾਈਆ । ਮੁਹੰਮਦ ਕਹੇ ਮੇਰੇ ਅੱਗੇ ਆਉਂਦੇ ਜਾਂਦੇ ਸ਼ਾਹੀ ਵਾਲੇ ਹਰਫ਼, ਸ਼ਹਿਨਸ਼ਾਹੀ ਕੌਣ ਬਦਲਾਈਆ । ਈਸਾ ਕਹੇ ਜਿਸ ਦਾ ਹੁਕਮ ਹੋਣਾ ਚੌਤਰਫ਼, ਚਾਰੋਂ ਕੁੰਟ ਦੁਹਾਈਆ । ਮੂਸਾ ਕਹੇ ਜਿਸ ਨੇ ਸੇਵ ਕਮਾਈ ਹੇਮਕੁੰਟ ਵਿਚ ਬਰਫ਼, ਆਪਣਾ ਧਿਆਨ ਲਗਾਈਆ । ਓਸ ਦੀ ਪੂਰੀ ਕਰਨੀ ਸ਼ਰਤ, ਸ਼ਰਅ ਦੇਵੇ ਬਦਲਾਈਆ । ਨਿਰਗੁਣ ਹੋ ਕੇ ਆਇਆ ਪਰਤ, ਪਤਿਪਰਮੇਸ਼ਵਰ ਨੂਰ ਖ਼ੁਦਾਈਆ । ਮੁਸਲਿਮ ਇਸਾਈ ਰਹੇ ਤੜਪ, ਮੂਸਾ ਅਗਨੀ ਵਿਚ ਚਮਕਾਈਆ । ਹੁਕਮੇ ਅੰਦਰ ਹੋਣ ਵਾਲੀ ਝੜਪ, ਝਗੜੇ ਵਿਚ ਲੜਾਈਆ । ਅਵਤਾਰ ਕਹਿਣ ਧੁਰ ਦਾ ਹੁਕਮ ਬੜਾ ਅਜ਼ਬ, ਮੰਨਣ ਵਿਚ ਕਦੇ ਨਾ ਆਈਆ । ਨਾਨਕ ਗੋਬਿੰਦ ਕਹੇ ਸਾਡਾ ਇਸ਼ਾਰਾ ਦੇਸ ਦੜਪ, ਹੁਕਮੇ ਹੁਕਮ ਵਰਤਾਈਆ । ਸਭ ਦੀ ਪੂਰੀ ਹੋਵੇ ਲਿਖਤ ਪੜ੍ਹਤ, ਬਾਕੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਮੁਹੰਮਦ ਕਹੇ ਕਿੱਥੇ ਰਹੀ ਚਾਰ ਯਾਰੀ, ਅੱਗੇ ਪਿੱਛੇ ਧਿਆਨ ਲਗਾਈਆ । ਈਸਾ ਕਹੇ ਛੱਡਣੀ ਪਈ ਸਿਕਦਾਰੀ, ਉਜ਼ਰ ਰਿਹਾ ਨਾ ਰਾਈਆ । ਮੂਸਾ ਕਹੇ ਸਚ ਖ਼ੁਦਾ ਦੀ ਆਈ ਵਾਰੀ, ਵਾਰਸ ਹੋ ਕੇ ਵੇਖ ਵਖਾਈਆ । ਤੇਈ ਅਵਤਾਰ ਕਹਿਣ ਸਾਡੀ ਜਗਤ ਹੋਈ ਬੇਇਤਬਾਰੀ, ਭਰੋਸਾ ਰਹਿਣ ਕੋਇ ਨਾ ਪਾਈਆ । ਨਾਨਕ ਕਹੇ ਮਾਇਆ ਮਮਤਾ ਕਰੀ ਖ਼ੁਆਰੀ, ਦੁਰਮਤ ਮੈਲ ਨਾ ਕੋਇ ਧਵਾਈਆ । ਗੋਬਿੰਦ ਕਹੇ ਪਸ਼ੂ ਪੰਛੀਆਂ ਦੇ ਸਾਰੇ ਬਣ ਗਏ ਸ਼ਿਕਾਰੀ, ਸਾਚਾ ਤੀਰ ਨਿਸ਼ਾਨਾ ਨਾ ਕੋਇ ਲਗਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਜੁਗ ਚੌਕੜੀ ਤੁਸੀਂ ਹੁਕਮ ਦੇ ਵਗਾਰੀ, ਜੋਤ ਨਿਰੰਕਾਰੀ ਕਰ ਕੇ ਗਏ ਰੁਸ਼ਨਾਈਆ । ਹੁਣ ਤੁਹਾਡੀ ਚੁੱਕੀ ਵਾਰੀ, ਪ੍ਰਭ ਦੀ ਇਕ ਚਲੇ ਸਿਕਦਾਰੀ, ਸਭ ਨੂੰ ਦੱਸੇ ਵਫ਼ਾਦਾਰੀ, ਦੀਨਾਂ ਮਜ਼੍ਹਬਾਂ ਕਰ ਖ਼ੁਆਰੀ, ਟਿੱਲੇ ਪਰਬਤ ਵੇਖ ਪਹਾੜੀ, ਜੂਹਾਂ ਜੰਗਲਾਂ ਰਿਹਾ ਸਾੜੀ, ਮੂਸਾ ਕਹੇ ਕਿਤੇ ਉਜੜ ਨਾ ਜਾਏ ਹਾੜੀ, ਹਾੜਾ ਕੱਢ ਕੇ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਕਰੇ ਖ਼ਬਰਦਾਰੀ, ਖ਼ਬਰ ਖ਼ਬਰ ਖ਼ਬਰ ਖ਼ਵਾਬਾਂ ਵਿਚ ਸੁਣਾਈਆ ।

ਮੁਹੰਮਦ ਕਹੇ ਮੇਰੇ ਮੁਬੀਨ, ਮਹਿਵ ਮਹਿਬੂਬ ਤੇਰੀ ਸਰਨਾਈਆ । ਈਸਾ ਕਹੇ ਸ਼ਾਹੇ ਅਜ਼ੀਮ, ਆਜ਼ਮ ਇਸਮ ਤੇਰਾ ਵਡਿਆਈਆ । ਮੂਸਾ ਕਹੇ ਤੇਰੀ ਤਾਲੀਮ, ਤੁਲਬੇ ਪੈਗ਼ੰਬਰ ਦਿੱਤੇ ਪੜ੍ਹਾਈਆ । ਤੇਈ ਅਵਤਾਰ ਕਹਿਣ ਕਦੀਮ, ਜੁਗ ਚੌਕੜੀ ਤੇਰੀ ਸੇਵ ਕਮਾਈਆ । ਨਾਨਕ ਗੋਬਿੰਦ ਕਹੇ ਕਿਸੇ ਸਮਝ ਨਾ ਆਈ ਨਰ ਮਦੀਨ, ਮੁੱਦਤਾਂ ਦੀ ਖੋਜ ਥੱਕੀ ਲੋਕਾਈਆ । ਸਤਿਗੁਰ ਸ਼ਬਦ ਕਹੇ ਮੇਰੀ ਆਦਿ ਜੁਗਾਦੀ ਤਕਸੀਮ, ਵੰਡ ਹਿੱਸਿਆਂ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਮੁਹੰਮਦ ਕਹੇ ਮੇਰਾ ਮਾਲਕ ਇਕ ਅਲਾਹ, ਅੱਲਾ ਆਲਮੀਨ ਵਡਿਆਈਆ । ਮੂਸਾ ਕਹੇ ਵੇਖਿਆ ਜਲਵਾ ਇਕ ਰੁਸ਼ਨਾ, ਜਹੂਰ ਜਾਹਰ ਨਜ਼ਰੀ ਆਈਆ । ਈਸਾ ਕਹੇ ਆਸਾਂ ਦੀ ਪੂਰੀ ਕੀਤੀ ਜਿਸ ਦੁਆ, ਦੋ ਜਹਾਨਾਂ ਸੋਭਾ ਪਾਈਆ । ਤੇਈ ਅਵਤਾਰ ਕਹਿਣ ਜੁਗ ਚੌਕੜੀ ਜੋ ਬਦਲਦਾ ਰਿਹਾ ਸਮਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਵਖਾਈਆ । ਨਾਨਕ ਗੋਬਿੰਦ ਕਹੇ ਜਿਸ ਦਾ ਅਗੰਮੀ ਖੇਲ ਹੋਇਆ ਰਵਾਂ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਲੇਖਾ ਲਵਾਂ, ਏਥੇ ਓਥੇ ਦੋ ਜਹਾਨਾਂ ਬਚਿਆ ਰਹਿਣ ਕੋਇ ਨਾ ਪਾਈਆ । ਮੁਹੰਮਦ ਕਹੇ ਮੈਂ ਅਗਲੀ ਕਥਾ ਕਹਾਣੀ ਕਹਵਾਂ, ਜੋ ਕਲਮਿਉਂ ਬਾਹਰ ਰਿਹਾ ਦ੍ਰਿੜ੍ਹਾਈਆ । ਈਸਾ ਕਹੇ ਸਚ ਸਰਨਾਈ ਬਿਨਾ ਸਰ ਸੀਸ ਜਗਦੀਸ਼ ਚਰਨ ਕਵਲ ਦਵਾਰੇ ਢਹਵਾਂ, ਖ਼ਾਦਮ ਹੋ ਕੇ ਮਸਤਕ ਧੂੜੀ ਟਿੱਕਾ ਲਾਈਆ । ਮੂਸਾ ਕਹੇ ਮਸਤੀ ਅੰਦਰ ਇਕੋ ਨਾਮ ਨਿਧਾਨਾ ਲਵਾਂ, ਵਾਰਸ ਇਕੋ ਇਕ ਬਣਾਈਆ । ਤੇਈ ਅਵਤਾਰ ਕਹਿਣ ਪੁਰਖ ਅਕਾਲਾ ਦੀਨ ਦਿਆਲਾ ਅਗੰਮੀ ਜਗਾਏ ਆਪਣੀ ਸ਼ਮਅ, ਦੀਪਕ ਦੀਪ ਕਰੇ ਰੁਸ਼ਨਾਈਆ । ਨਾਨਕ ਗੋਬਿੰਦ ਕਹੇ ਕੂੜੀ ਕਿਰਿਆ ਰਹਿਣ ਨਾ ਦੇਵੇ ਤਮਾ, ਤਾਰਕਾ ਮੰਡਲ ਬੈਠੇ ਸੀਸ ਨਿਵਾਈਆ । ਸਤਿਗੁਰ ਸ਼ਬਦ ਕਹੇ ਮੈਂ ਨਿਰਗੁਣ ਧਾਰ ਨਰ ਨਿਰੰਕਾਰ ਇਕੋ ਢੋਲਾ ਗਵਾਂ, ਗਾਵਤ ਗਾ ਗਾ ਧੁਰ ਦਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਹਰਿ ਨਿਰੰਕਾਰਾ ਇਕੋ ਇਕ ਉਪਜਾਈਆ । ਮੁਹੰਮਦ ਕਹੇ ਮੇਰਾ ਕਦਮਬੋਸੀ ਵਿਚ ਸਜਦਾ, ਸਜਦਾਂ ਸਮਝ ਕੋਇ ਨਾ ਆਈਆ । ਈਸਾ ਕਹੇ ਮੈਂ ਇਸਮ ਅਜ਼ੀਮ ਦਾ ਬਰਦਾ, ਇਲਮ ਆਲਮ ਦਾ ਮਾਲਕ ਇਕ ਮਨਾਈਆ । ਮੂਸਾ ਕਹੇ ਮੈਂ ਮਸਲਿਆਂ ਵਿਚ ਰਿਹਾ ਪੜ੍ਹਦਾ, ਕਲਮਾ ਕਾਇਨਾਤ ਸਮਝਾਈਆ । ਤੇਈ ਅਵਤਾਰ ਕਹਿਣ ਨਿਤ ਨਵਿਤ ਜੁਗ ਚੌਕੜੀ ਸਭ ਨੂੰ ਰਿਹਾ ਘੱਲਦਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਨਾਨਕ ਗੋਬਿੰਦ ਕਹੇ ਸ਼ਬਦ ਅਣਿਆਲੇ ਤੀਰ ਨਾਲ ਰਿਹਾ ਸਲਦਾ, ਸਲਲ ਵਲਲ ਆਪਣੀ ਕਾਰ ਕਰਾਈਆ । ਜੋਤੀ ਦੀਪਕ ਪਰਕਾਸ਼ ਹੋ ਕੇ ਰਿਹਾ ਬਲਦਾ, ਨਿਰਗੁਣ ਨੂਰ ਡਗਮਗਾਈਆ । ਅੰਤ ਕੰਤ ਭਗਵੰਤ ਝਗੜਾ ਮੇਟੇ ਕਲਜੁਗ ਕਲ ਦਾ, ਕਲ ਕਲਕੀ ਆਪਣਾ ਰੂਪ ਬਦਲਾਈਆ । ਸਮੁੰਦ ਸਾਗਰ ਵਰੋਲੇ ਭਰਿਆ ਜਲ ਦਾ, ਜਲ ਥਲ ਮਹੀਅਲ ਪਰਬਤ ਟਿੱਲੇ ਚੋਟੀ ਫੋਲ ਫੁਲਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕੰਕਾਰਾ ਇਕੋ ਮੱਲਦਾ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਮੁਕਾਮੇ ਹਕ ਹਕ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਮੁਹੰਮਦ ਕਹੇ ਕੀ ਖੇਲ ਕਰੇ ਗ੍ਰਹਿ ਹਜ਼ਰਤ, ਹਜ਼ੂਰ ਹਾਜ਼ਰ ਸਰਬ ਜਣਾਈਆ । ਈਸਾ ਕਹੇ ਜਿਸ ਦੇ ਸਹਾਰੇ ਜ਼ਿੰਦਗੀ ਕੀਤੀ ਬਸਰਤ, ਬਿਛਰਤ ਰਿਹਾ ਮਿਲਾਈਆ । ਮੂਸਾ ਕਹੇ ਜਿਸ ਨੇ ਦੀਨ ਦੁਨੀ ਦੀ ਮੇਟਣੀ ਐਸ਼ੋ ਇਸ਼ਰਤ, ਇਸ਼ਟ ਇਕੋ ਇਕ ਵਖਾਈਆ । ਤੇਈ ਅਵਤਾਰ ਕਹਿਣ ਸਭ ਦੀ ਪੂਰੀ ਆਸਾ ਮਨਸਾ ਕਰੇ ਹਸਰਤ, ਹੈਸੀਅਤ ਵਿਚੋਂ ਅਸਲੀਅਤ ਦਏ ਪਰਗਟਾਈਆ । ਨਾਨਕ ਗੋਬਿੰਦ ਕਹੇ ਸ਼ਬਦੀ ਧਾਰ ਸਚ ਦਵਾਰ ਕਰਦਾ ਰਿਹਾ ਕਸਰਤ, ਜੋਧਾ ਸੂਰਬੀਰ ਬਾਂਕਾ ਬਲ ਆਪਣਾ ਆਪ ਪਰਗਟਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਚਾਰ ਵਰਨ ਅਠਾਰਾਂ ਬਰਨ ਸਭ ਦੇ ਅੰਦਰੋਂ ਕੱਢੇ ਨਫ਼ਰਤ, ਨਫ਼ਰ ਗ਼ੁਲਾਮ ਸਾਰੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲਹਿਣਾ ਦੇਣਾ ਸਭ ਦਾ ਦਏ ਚੁਕਾਈਆ ।

★ ੯ ਅੱਸੂ ਸ਼ਹਿਨਸ਼ਾਹੀ ਸੰਮਤ ੩ ਸਵਾਮੀ ਅਨੰਦ ਜੀ ਮਹਾਰਾਜ ਆਲ ਇੰਡੀਆ ਭਾਰਤ ਸਾਧੂ ਸਮਾਜ ੨੨ ਪਟੇਲ ਨਗਰ ਦਿੱਲੀ ★

੮੯੨ ੨੦ ਆਪ ਕੀ ਪਵਿਤ੍ਰ ਰਸਨਾ ਕਹੇ ਠੀਕ, ਧੁਰ ਦਾ ਠਾਕਰ ਦੇਵੇ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਮੇਟਣਾ ਅੰਧੇਰਾ ਤਾਰੀਕ, ਗਿਆਨ ਸ਼ਬਦ ਨਾਮ ਕਰ ਸ਼ਨਵਾਈਆ । ਸਾਚਾ ਕਲਮਾ ਕਾਇਨਾਤ ਦੱਸਣੀ ਅਗੰਮੀ ਇਕ ਹਦੀਸ, ਹੁਕਮ ਧੁਰ ਦਾ ਇਕ ਸੁਣਾਈਆ । ਵਰਨਾਂ ਬਰਨਾਂ ਜਾਤਾਂ ਪਾਤਾਂ ਦੀਨਾਂ ਮਜ਼੍ਹਬਾਂ ਵਿਚ ਸ੍ਰਿਸ਼ਟੀ ਜੋ ਰਹੀ ਪੀਸ, ਚਾਰ ਕੁੰਟ ਦਹਿ ਦਿਸ਼ਾ ਸਿਰ ਸਕੇ ਨਾ ਕੋਇ ਉਠਾਈਆ । ਸਤਿ ਧਰਮ ਮਿਲ ਕੇ ਆਤਮ ਪਰਮਾਤਮ ਦ੍ਰਿੜਾਉਣੀ ਇਕ ਪ੍ਰੀਤ, ਪਾਰਬ੍ਰਹਮ ਬ੍ਰਹਮ ਪੜਦਾ ਦੇਣਾ ਉਠਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਮਿਲ ਕੇ ਕਾਇਆ ਮਾਟੀ ਤਨ ਵਜੂਦ ਅੰਦਰੋਂ ਕਰਨਾ ਠਾਂਡਾ ਸੀਤ, ਅਗਨੀ ਅੱਗ ਬੁਝਾਈਆ । ਸਾਚੇ ਸੰਤਾਂ ਪ੍ਰਭ ਦੇ ਭਗਤਾਂ ਸੂਫ਼ੀ ਫ਼ਕੀਰਾਂ ਮਿਲ ਕੇ ਚਲਾਉਣੀ ਸਾਚੀ ਰੀਤ, ਰਾਹ ਮਾਲਕ ਖ਼ਾਲਕ ਪ੍ਰਿਤਪਾਲਕ ਪਤਿਪਰਮੇਸ਼ਵਰ ਇਕੋ ਦੇਣਾ ਸਮਝਾਈਆ । ਇਹ ਹੁਕਮ ਧੁਰ ਦਾ ਦੇਵੇ ਜਗਤ ਜਗਦੀਸ਼, ਜਗਦੀਸ਼ਰ ਧੁਰ ਫ਼ਰਮਾਨ ਇਕ ਸੁਣਾਈਆ । ਝਗੜਾ ਰਹੇ ਨਾ ਊਚ ਨੀਚ, ਰਾਓ ਰੰਕ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠੀਕ ਇਕੋ ਰਾਹ ਜਣਾਈਆ । ਆਪ ਦੀ ਰਸਨਾ ਠੀਕ ਕਿਹਾ ਬੋਲ, ਅਨਬੋਲਤ ਦਏ ਵਡਿਆਈਆ । ਦੀਨ ਦੁਨੀ ਨਾਮ ਦੇ ਕੰਡੇ ਦੇਣੀ ਤੋਲ, ਤਰਾਜ਼ੂ ਇਕੋ ਹੱਥ ਫੜਾਈਆ । ਜੋ ਦੀਨ ਮਜ਼੍ਹਬ ਦਾ ਪੈ ਰਿਹਾ ਘੋਲ, ਝਗੜੇ ਵਿਚ ਲੋਕਾਈਆ । ਪਾਰਬ੍ਰਹਮ ਪਰਮ ਪੁਰਖ ਪੁਰਖ ਅਕਾਲ ਪਰਵਰਦਿਗਾਰ ਦਾ ਇਕੋ ਸੱਚਾ ਵੱਜੇ ਢੋਲ, ਡੰਕਾ ਚਾਰ ਕੁੰਟ ਸ਼ਨਵਾਈਆ । ਸਤਿ ਦਰਵਾਜ਼ਾ ਸਾਧੂ ਸਮਾਜ ਮਿਲ ਕੇ ਦੇਣਾ ਖੋਲ੍ਹ, ਅੰਧ ਅੰਧੇਰਾ ਰਹੇ ਨਾ ਰਾਈਆ । ਜਿਸ ਪਰਮਾਤਮਾ ਨੂੰ ਕਹਿੰਦੇ ਵਸਦਾ ਦੂਰ ਦੱਸਣਾ ਕੋਲ, ਕੰਤ ਅੰਤਰ ਨਿਰੰਤਰ ਬੈਠਾ ਆਸਣ ਲਾਈਆ । ਪਵਿਤ੍ਰ ਹੋਵੇ ਮਹਾਂ ਪੁਰਖਾਂ ਦਾ ਰਸਨਾ ਵਾਲਾ ਬੋਲ, ਜਗਤ ਕੂੜ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਭਰਿਸ਼ਟਾਚਾਰ ਦੇਵੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਪਰਗਟਾਈਆ । ਠੀਕ ਹੋਵੇ ਸਵਾਮੀ ਜੀ ਤੁਹਾਡਾ ਕਹਿਣਾ, ਰਸਨਾ ਕਹਿ ਕਹਿ ਦਏ ਸੁਣਾਈਆ । ਜੀਵਾਂ

ਜੰਤਾਂ ਦਾ ਪੂਰਬ ਜਨਮ ਦਾ ਚੁਕਾਉਣਾ ਲਹਿਣਾ ਦੇਣਾ, ਮਾਨਸ ਮਾਨਵ ਮਾਨੁਖ ਪ੍ਰਭ ਦੇ ਰੰਗ ਰੰਗਾਈਆ । ਸਾਚੇ ਨਾਮ ਪ੍ਰੇਮ ਦਾ ਤਨ ਵਜੂਦ ਸ਼ਰੀਰ ਪਾਉਣਾ ਗਹਿਣਾ, ਦੁਰਮਤ ਮੈਲ ਦੇਣੀ ਧਵਾਈਆ । ਏਕੰਕਾਰ ਇਕ ਇਕੱਲਾ ਨਿਜ ਨੇਤਰ ਜਿਨ੍ਹਾਂ ਵੇਖਿਆ ਤੀਜੇ ਨੈਣਾਂ, ਲੋਚਣ ਦੂਜਿਆਂ ਦੇਣ ਖੁਲ੍ਹਾਈਆ । ਬੜਾ ਚੰਗਾ ਸੋਹਣਾ ਲੱਗੇ ਸਭ ਦਾ ਮਿਲ ਕੇ ਇਕੱਠਾ ਬਹਿਣਾ, ਵਿਅਕਤੀ ਵਿਚੋਂ ਭਗਤੀ, ਭਗਤੀ ਵਿਚੋਂ ਸ਼ਕਤੀ ਸ਼ਕਤੀ ਵਿਚੋਂ ਮਾਲਕ ਅਰਸ਼ੀ ਮਿਲੇ ਬੇਪਰਵਾਹੀਆ । ਸਭ ਦੇ ਅੰਦਰ ਧੁਰ ਦਾ ਹੁਕਮ ਆ ਜਾਏ ਸਹਿਣਾ, ਸਹਿਣ ਸ਼ਕਤੀ ਵਿਚ ਵਡਿਆਈਆ । ਸੰਤ ਸਾਧ ਸੂਫ਼ੀ ਫ਼ਕੀਰ ਜੇ ਸੇਵਾ ਕਰਨ ਇਕੱਠਾ ਰਹਿਣਾ, ਨਾਤਾ ਦੀਨ ਦੁਨੀ ਨਾਲੋਂ ਤੁੜਾਈਆ । ਜਿਸ ਦੀ ਮਹਿੰਮਾ ਸਿਫ਼ਤ ਕਰੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਰਮਾਇਣਾ, ਗ੍ਰੰਥਾਂ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕੋ ਇਕ ਵਖਾਈਆ । ਤੁਹਾਡਾ ਠੀਕ ਹੋਵੇ ਜੈਕਾਰਾ, ਨਵਖੰਡ ਪ੍ਰਿਥਮੀ ਸੱਤ ਦੀਪ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਅੰਦਰ ਜੋਤ ਰੂਪ ਪਰਗਟ ਹੋਵੇ ਨਿਰੰਕਾਰਾ, ਨਿਰਗੁਣ ਨੂਰ ਨੂਰ ਕਰ ਰੁਸ਼ਨਾਈਆ । ਨਾਦ ਸ਼ਬਦ ਧੁਨ ਆਤਮਕ ਦੇ ਧੁਨਕਾਰਾ, ਅਗੰਮੀ ਆਵਾਜ਼ ਸੁਣਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇਵੇ ਠੰਡੀ ਠਾਰਾ, ਨਾਭੀ ਕਵਲ ਚੁਆਈਆ । ਸੋ ਹਿੰਦੂ ਮੁਸਲਿਮ ਸਿੱਖ ਈਸਾਈ ਸਮਝਣ ਇਕ ਦਵਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਸਾਰੇ ਮਿਲ ਕੇ ਰਿਵਾਜ ਸਮਾਜ ਬਦਲ ਦਿਓ ਸੰਸਾਰਾ, ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਇਸ਼ਟ ਇਕੋ ਦਿਓ ਵਖਾਈਆ । ਭਰਮੇ ਰਹੇ ਨਾ ਕੋਇ ਜੀਵ ਗਵਾਰਾ, ਨਾਮ ਆਧਾਰਾ ਸਭ ਦੀ ਝੋਲੀ ਪਾਈਆ । ਇਹ ਸਮਾਗਮ ਸੰਤਾਂ ਦਾ ਵਿਵਹਾਰਾ, ਵਿਵਹਾਰੀ ਹੋ ਕੇ ਹਰਿ ਕਰਤਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠੀਕ ਠਾਕਰ ਆਪਣਾ ਰਾਹ ਦ੍ਰਿੜਾਈਆ । ਆਪ ਕਾ ਪ੍ਰੇਮ ਪਿਆਰ ਕਾ ਵੇਖਿਆ ਵਾਤਾਵਰਨ, ਵਰਨ ਬਰਨ ਤੋਂ ਬਾਹਰ ਨਜ਼ਰੀ ਆਈਆ । ਹਿਰਦੇ ਅੰਤਰ ਪ੍ਰਭੂ ਅਧਿਕਾਰ ਚਰਨ, ਚਰਨੋਦਕ ਲੈ ਕੇ ਖ਼ੁਸ਼ੀ ਬਣਾਈਆ । ਜੀਵਣ ਵਿਚ ਜੀਵਣ ਬਣਾਇਆ ਮਰਨ, ਮਰਨ ਤੋਂ ਬਾਅਦ ਜੀਵਣ ਲਿਆ ਬਣਾਈਆ । ਅੰਦਰ ਖੋਲ੍ਹ ਕੇ ਹਰਨ ਫਰਨ, ਨਿਜ ਨੇਤਰ ਅੱਖ ਉਠਾਈਆ । ਜਿਸ ਮੰਜ਼ਲ ਤੇ ਕਬੀਰ ਜੁਲਾਹੇ ਵਰਗੇ ਚੜ੍ਹਨ, ਰਵਦਾਸ ਚਮਾਰਾ ਹੋ ਕੇ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਪੜ੍ਹਨ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਨਿਰਗੁਣ ਧਾਰ ਪੱਲੂ ਫੜਨ, ਨਾਤਾ ਜਗਤ ਵਲੋਂ ਤੁੜਾਈਆ । ਜਗਤ ਵਿਕਾਰ ਅਗਨੀ ਅੱਗ ਕਦੀ ਨਾ ਸੜਨ, ਮਮਤਾ ਮੋਹ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਆਪਣੀ ਗੋਦ ਸੁਹਾਈਆ । ਸੰਤ ਰਸਨਾ ਕਹੇ ਜੈ ਜੈ, ਜੈਕਾਰ ਬ੍ਰਹਿਮੰਡ ਵੱਜੇ ਵਧਾਈਆ । ਆਦਿ ਅੰਤ ਪਤਿਪਰਮੇਸ਼ਵਰ ਸਭ ਦਾ ਮਾਲਕ ਇਕੋ ਰਹੇ, ਲੱਖ ਚੁਰਾਸੀ ਨਾਰੀ ਆਪ ਹੰਢਾਈਆ । ਸਭ ਵੇਖਣਹਾਰਾ ਸ਼ਕਤੀ ਸ਼ਿਵ ਸ਼ਵੈ, ਧਾਰ ਧਾਰ ਵਿਚੋਂ ਪਰਗਟਾਈਆ । ਜੋ ਏਥੇ ਓਥੇ ਦੋ ਜਹਾਨਾਂ ਸਚਖੰਡ ਦਵਾਰ ਸਤਿ ਸਰੂਪ ਹੋ ਕੇ ਬਹੇ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਭ ਨੂੰ ਨਾਮ ਭੰਡਾਰਾ ਵਸਤ ਅਮੋਲਕ ਦਏ, ਗੁਰ ਅਵਤਾਰ ਪੈਗ਼ੰਬਰਾਂ ਸੰਤਾਂ ਭਗਤਾਂ ਧੁਰ ਦੀ ਦਾਤ ਝੋਲੀ ਪਾਈਆ । ਸੋ ਸਵਾਮੀ ਅੰਤਰਜਾਮੀ ਘਟ ਭੀਤਰ ਕਾਇਆ ਮੰਦਰ ਅੰਦਰ ਸਾਚੇ ਸੰਤਾਂ ਸਦਾ ਰਹੇ, ਵਿਛੋੜਾ ਰਹਿਣ ਕੋਇ ਨਾ ਪਾਈਆ । ਤੁਹਾਡੇ ਕੋਲੋਂ ਸੱਚੀ ਭਾਵਨਾ ਦੀ ਪ੍ਰੇਮ ਦੀ ਪਿਆਰ ਮੁਹੱਬਤ ਦੀ ਲੈ ਕੇ ਜਾਣਾ ਉਹ ਸ਼ੈ, ਜਿਹੜੀ ਸਕੇ ਨਾ ਕੋਇ ਫੜਾਈਆ । ਆਪ ਦੇ ਹੱਥ ਵਿਚ ਆਇਆ



੮੯੩
੨੦

ਹੱਥ, ਹੱਥ ਮਿਲੀ ਵਡਿਆਈਆ । ਜਿਨ੍ਹਾਂ ਦਾ ਮਾਲਕ ਇਕ ਸਮਰਥ, ਦੋਹਾਂ ਦਾ ਪ੍ਰਭੂ ਬੇਪਰਵਾਹੀਆ । ਤਨ ਵਜੂਦ ਅੰਦਰ ਰਿਹਾ ਵਸ, ਵਾਸਤਾ ਆਪਣੇ ਨਾਲ ਰਖਾਈਆ । ਸਾਚੇ ਨਾਮ ਦਾ ਦੇ ਕੇ ਰਸ, ਰਸਤਾ ਅੰਦਰੋਂ ਰਿਹਾ ਪਰਗਟਾਈਆ । ਨਿਰਗੁਣ ਨੂਰ ਜੋਤ ਦੇ ਪਰਕਾਸ਼, ਪੜਦਾ ਦਵੈਤੀ ਰਿਹਾ ਢਾਹੀਆ । ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਦੱਸ ਕੇ ਇਕੋ ਜਾਤ, ਆਤਮਾ ਪਰਮਾਤਮਾ ਨਾਲ ਜੁੜਾਈਆ । ਜਿਸ ਵੇਲੇ ਦਸ ਜਨਵਰੀ ਸਾਰਿਆ ਸੰਤਾਂ ਮਹਾਤਮਾਂ ਸੂਫ਼ੀ ਫ਼ਕੀਰਾਂ ਦੀ ਇਕੱਠੀ ਹੋਈ ਇਕ ਜਮਾਤ, ਜੁੱਮਲਾ ਅੱਖਰ ਇਕੋ ਦੇਣਾ ਸਮਝਾਈਆ । ਆਗਾਹ ਕਰਨਾ ਅੱਗੇ ਕੀ ਹੋਣਾ ਵਾਕਿਆਤ, ਕਵਣ ਰਸਤੇ ਦੁਨੀਆ ਚਲੇ ਵਾਹੋ ਦਾਹੀਆ । ਉਹ ਵੇਲਾ ਲੇਖਾ ਲਿਖਿਆ ਜਾਏ ਨਾਲ ਕਲਮ ਦਵਾਤ, ਸ਼ਾਹੀ ਛਹਿਬਰ ਧੁਰ ਦਾ ਨਾਮ ਲਗਾਈਆ । ਬਿਨਾ ਸੰਤਾਂ ਨੂਰ ਜੋਤ ਦਾ ਕਰੇ ਨਾ ਕੋਇ ਪਰਕਾਸ਼, ਜਗਤ ਅੰਧੇਰਾ ਨਾ ਕੋਇ ਮਿਟਾਈਆ । ਪੁਰਖ ਅਕਾਲ ਦੀਨ ਦਿਆਲ ਸਭ ਦਾ ਰੱਖਣਹਾਰਾ ਹਿਸਾਬ ਕਿਤਾਬ, ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਲਾ ਵਕਤ ਵਾਰ ਥਿਤ ਘੜੀ ਪਲ ਨਛੱਤਰ ਗ੍ਰਹਿ ਸਮਾਂ ਸਮਾਜ ਵਿਚੋਂ ਰਾਜ ਵਿਚੋਂ ਸੰਤਾਂ ਹੱਥ ਫੜਾਈਆ ।

### ★ ੯ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਧੀਰ ਪੁਰ ਦਿੱਲੀ ★

ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਖੇਲ ਜਾਏ ਨਾ ਪਰਖਾ, ਪਾਰਖੂ ਪਰੀਖਿਆ ਕਰੇ ਕੋਇ ਨਾ ਰਾਈਆ । ਜੁਗ ਚੌਕੜੀ ਸਮੇਂ ਕਾਲ ਬੀਤੇ ਬਰਖਾ, ਮਾਸ ਦਿਵਸ ਆਪਣਾ ਪੰਧ ਮੁਕਾਈਆ । ਤੇਰਾ ਹੁਕਮ ਸੰਦੇਸ਼ਾ ਨਾਮ ਪੈਗ਼ਾਮ ਕਲਮਾ ਸੁਣਦੇ ਰਹੇ ਵਾਲੀ ਅਰਸ਼ਾ, ਅਰਸ਼ੀ ਪ੍ਰੀਤਮ ਤੇਰੀ ਵਡ ਵਡਿਆਈਆ । ਧੁਰ ਦੀ ਧਾਰ ਜਣਾਉਂਦੇ ਰਹੇ ਉਤੇ ਫ਼ਰਸ਼ਾ, ਧਰਨੀ ਧਰਤ ਧਵਲ ਧੌਲ ਖੇਲ ਕਰਾਈਆ । ਸਰਗੁਣ ਹੋ ਕੇ ਨਿਰਗੁਣ ਅੱਗੇ ਕਰਦੇ ਰਹੇ ਅਰਜ਼ਾਂ, ਅਜ਼ੀਜ਼ ਹੋ ਕੇ ਆਜ਼ਮ ਓਟ ਤਕਾਈਆ । ਸਭ ਦੀਆਂ ਪੂਰੀਆਂ ਕਰਦਾ ਰਿਹੋਂ ਗ਼ਰਜ਼ਾਂ, ਗ਼ਰਜ਼ ਆਪਣੀ ਨਾ ਕੋਇ ਜਣਾਈਆ । ਤੇਰਾ ਨਾਮ ਨਿਧਾਨ ਗਾਉਂਦੇ ਰਹੇ ਨਾਲ ਤਰਜ਼ਾਂ, ਤਰਾਨਿਆਂ ਵਿਚ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜੁਗ ਚੌਕੜੀ ਬੀਤੇ ਚੋਖੇ, ਚਾਰ ਜੁਗ ਸਮਝ ਕੋਇ ਨਾ ਆਈਆ । ਸਭ ਨੂੰ ਮਿਲਦੇ ਰਹੇ ਮੌਕੇ, ਲੋਕਮਾਤ ਤਨ ਵਜੂਦ ਹੰਢਾਈਆ । ਹੁਕਮੇ ਅੰਦਰ ਦੇ ਕੇ ਆਏ ਹੋਕੇ, ਧੁਰ ਫ਼ਰਮਾਨਾ ਇਕ ਸੁਣਾਈਆ । ਤੇਰਾ ਭਾਣਾ ਕੋਈ ਨਾ ਰੋਕੇ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਖੇਲ ਦੱਸਿਆ ਜਿਸ ਨਾਲ ਪ੍ਰੀਤਮ ਜਾਵੇ ਛੋਹ ਕੇ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਉਹ ਫਿਰ ਝਗੜੇ ਮੁਕਾ ਦਏ ਇਕ ਦੋ ਕੇ, ਦੁਤੀਆ ਭਾਉ ਦਏ ਮੁਕਾਈਆ । ਕਰੇ ਪਰਕਾਸ਼ ਆਪਣੀ ਲੋ ਕੇ, ਲੋਇਣ ਲੋਚਣ ਨੇਤਰ ਅੱਖ ਖੁਲ੍ਹਾਈਆ । ਸ਼ਬਦ ਸੰਦੇਸ਼ਾ ਦੇ ਕੇ ਸੋਹੰ ਸੋ ਕੇ, ਸੁੱਤਿਆਂ ਲਏ ਉਠਾਈਆ । ਪਿਆਰ ਮੁਹੱਬਤ ਨਾਤਾ ਦੱਸੇ ਆਪਣੀ ਮੋਹ ਕੇ, ਮੋਹ ਮਾਇਆ ਵਿਚੋਂ ਬਾਹਰ ਕਢਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਤਾਕਤ ਅੰਤਰ ਜੋਹ ਕੇ, ਜੋਧਾ ਸੂਰਬੀਰ ਬਲਵਾਨ ਆਪਣਾ ਹੁਕਮ ਵਰਤਾਈਆ । ਦਿਤੀ ਦਾਤ ਆਪਣੀ ਖੋਹ ਕੇ, ਖ਼ਾਲਸ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ

੮੬੪
੨੦

ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਭ ਦਾ ਲੇਖਾ ਹੋਇਆ ਪੂਰਾ, ਪ੍ਰਭ ਪੂਰ ਰਿਹਾ ਸਰਬ ਠਾਈਆ । ਜਿਸ ਦਾ ਬਚਨ ਨਾ ਹੋਏ ਅਧੂਰਾ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਇਕੋ ਜੋਤੀ ਕਰ ਨੂਰਾ, ਨੂਰ ਨੂਰ ਵਿਚੋਂ ਚਮਕਾਈਆ । ਜਨ ਭਗਤਾਂ ਚਾੜ੍ਹੇ ਰੰਗ ਗੂੜ੍ਹਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹਾ, ਪ੍ਰੇਮ ਪ੍ਰੀਤੀ ਇਕ ਦਰਸਾਈਆ । ਦੁੱਖ ਮੇਟੇ ਜਗਤ ਵਸੂਰਾ, ਬਿਛਰਤ ਆਪਣੇ ਨਾਲ ਮਿਲਾਈਆ । ਕੌਲ ਇਕਰਾਰ ਸਭ ਦਾ ਕਰ ਕੇ ਪੂਰਾ, ਗੁਰ ਅਵਤਾਰ ਪੈਗ਼ੰਬਰਾਂ ਦਏ ਵਖਾਈਆ । ਸਭ ਨੂੰ ਬਖ਼ਸ਼ੇ ਚਰਨ ਧੂੜਾ, ਟਿੱਕੇ ਧੁਰ ਦੇ ਦਏ ਲਗਾਈਆ । ਸਤਿ ਹੁਲਾਰ ਦਾ ਸਚ ਵਖਾ ਪੰਘੂੜਾ, ਗੋਦੀ ਆਪਣੀ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗਣ ਇਕੋ ਇਕ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਮੁਕ ਗਈ ਮੁਨਿਆਦ, ਅੱਗੇ ਲੇਖਾ ਰਿਹਾ ਨਾ ਰਾਈਆ । ਜਿਸ ਨੇ ਰਚਨਾ ਰਚੀ ਆਦਿ, ਉਹ ਵੇਖੇ ਧੁਰਦਰਗਾਹੀਆ । ਜਿਸ ਦੀ ਜੁਗ ਚੌਕੜੀ ਕਰਦੇ ਰਹੇ ਯਾਦ, ਯਾਦਦਾਸ਼ਤ ਸਭ ਦੀ ਯਾਦ ਕਰਾਈਆ । ਜਿਸ ਨੇ ਨਵ ਨੌਂ ਚਾਰ ਖੇੜਾ ਕੀਤਾ ਆਬਾਦ, ਅੰਤਮ ਆਪੇ ਵੇਖਣ ਆਈਆ । ਲੱਖ ਚੁਰਾਸੀ ਭੇਵ ਖੁਲ੍ਹਾਏ ਰਾਜ਼, ਰਮਤਾ ਰਮਤਾ ਆਪਣਾ ਪੜਦਾ ਲਾਹੀਆ । ਜਿਸ ਦੇ ਅੱਗੇ ਸਵਾਲ ਨਹੀਂ ਕੋਈ ਜਵਾਬ, ਜਵਾਬ ਤਲਬੀ ਵਿਚ ਸਾਰੇ ਸੀਸ ਝੁਕਾਈਆ । ਸਜਦਿਆਂ ਵਿਚ ਕਰ ਆਦਾਬ, ਅਦਬ ਨਾਲ ਮੰਗੀ ਚਰਨ ਕਵਲ ਸਰਨਾਈਆ । ਸਭ ਨੂੰ ਮੁਖ਼ਾਤਬ ਹੋ ਕੇ ਕਰੇ ਖ਼ਤਾਬ, ਖ਼ਤੋ ਕਿਤਾਬਤ ਪਿਛਲੀ ਦਏ ਚੁਕਾਈਆ । ਜਿਹੜੀ ਤੁਹਾਨੂੰ ਦੇਂਦਾ ਰਿਹਾ ਇਮਦਾਦ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਸੁਣਾਈਆ । ਜਗਤ ਧਾਰ ਚਲਾਉਂਦਾ ਰਿਹਾ ਸਮਾਜ, ਸਮਗਰੀ ਸਮੇਂ ਨਾਲ ਝੋਲੀ ਪਾਈਆ । ਉਸ ਦਾ ਲਹਿਣਾ ਦੇਣਾ ਪੂਰਾ ਕਰ ਹਿਸਾਬ, ਸਭ ਦੀ ਹਸਤੀ ਆਪਣੀ ਹਸਤੀ ਵਿਚ ਸਮਾਈਆ । ਸ਼ਾਹੋ ਭੂਪ ਬਣ ਨਵਾਬ, ਹੁਕਮ ਧੁਰ ਦਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਵਖਾਏ ਮਹਿਬੂਬ ਇਕ ਮਹਿਰਾਬ, ਮੁਹੱਬਤ ਵਿਚ ਪੜਦਾ ਦਏ ਉਠਾਈਆ ।

★ ੧੦ ਅੱਸੂ ਸ਼ਹਿਨਸ਼ਾਹੀ ਸੰਮਤ ੩ ਸਵਾਮੀ ਗੁਰਚਰਨ ਦਾਸ ਦੇ ਨਾਲ ਹੇਮਰਾਜ ਮਿਸ਼ਨ ਪਟੇਲ ਨਗਰ ਨਵੀਂ ਦਿੱਲੀ ★

ਆਪ ਨੇ ਸੁਣਿਆ ਹੈ ਪਰਬਚਨ ਗੁਰਚਰਨ ਦਾਸ, ਦਾਸਤਾਨ ਪਿਛਲੀ ਦਿਤੀ ਦੁਹਰਾਈਆ । ਅੰਦਰੋਂ ਕਾਮ ਕਰੋਧ ਲੋਭ ਮੋਹ ਹੰਕਾਰ ਕੂੜ ਕੁੜਿਆਰ ਕਰਨਾ ਨਾਸ, ਜੂਠ ਝੂਠ ਦੇਣਾ ਤਜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਾਇਆ ਮਾਟੀ ਗ੍ਰਿਹਿ ਮੰਦਰ ਨਿਜ ਵੇਖਣੀ ਸਾਚੀ ਰਾਸ, ਗੋਪੀ ਕਾਹਨ ਸੁਰਤੀ ਸ਼ਬਦ ਰੂਪ ਬਦਲਾਈਆ । ਅੱਠੇ ਪਹਿਰ ਦਿਵਸ ਰੈਣ ਘੜੀ ਪਲ ਰਸਨਾ ਜਿਹਵਾ ਬੱਤੀ ਦੰਦ ਹਰਿ ਕਾ ਨਾਮ ਜਪਣਾ ਸਵਾਸ ਸਵਾਸ, ਸਵਾਰਥ ਪਰਮਾਰਥ ਏਕਾ ਰੰਗ ਰੰਗਾਈਆ । ਸਚ ਦਵਾਰ ਏਕੰਕਾਰ ਵੇਖਣਾ ਪਾਰ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਅੰਤਰ ਨਿਰੰਤਰ ਇਕੋ ਨੂਰ ਨੂਰ ਰੁਸ਼ਨਾਈਆ । ਭਾਰਤਵਾਸੀ ਜਗਤ ਜਗਿਆਸੂ ਜਾਣਾ ਜਾਗ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਜਗਤ ਤ੍ਰਿਸ਼ਨਾ ਲੱਗੀ ਆਗ, ਹਉਮੇ ਹੰਗਤਾ ਰਹੀ ਜਲਾਈਆ । ਚਾਰ ਵਰਨ ਅਠਾਰਾਂ ਬਰਨ ਸਾਰੇ ਬਣ ਜਾਓ ਸੱਜਣ

ਸਾਕ, ਪਾਰਬ੍ਰਹਮ ਬ੍ਰਹਮ ਮੇਲਾ ਥਾਈਂ ਥਾਈਂਆ । ਕਾਇਆ ਮਾਟੀ ਸਾਢੇ ਤਿੰਨ ਹੱਥ ਮੰਦਰ ਅੰਦਰ ਖੋਲ੍ਹੋ ਬਜਰ ਕਪਾਟੀ ਤਾਕ, ਦੂਈ ਦਵੈਤੀ ਰਹਿਣ ਕੋਇ ਨਾ ਪਾਈਆ । ਤੁਸੀਂ ਸਾਰੇ ਓਸ ਪ੍ਰਭੂ ਦੀ ਸ਼ਾਖ਼, ਜਿਸ ਦੀ ਸ਼ਨਾਖ਼ਤ ਗੁਰ ਅਵਤਾਰ ਪੈਗ਼ੰਬਰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਵਿਚ ਗਏ ਸਮਝਾਈਆ । ਜੋ ਸੰਤ ਸਾਜਣ ਸਚ ਸੰਦੇਸ਼ਾ ਰਹੇ ਆਖ, ਰਸਨਾ ਜਿਹਵਾ ਢੋਲਾ ਬਣ ਵਿਚੋਲਾ ਮਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਘਟ ਘਟ ਆਪਣਾ ਨੂਰ ਨੂਰ ਚਮਕਾਈਆ । ਜੋ ਕਿਹਾ ਗੁਰਚਰਨ ਦਾਸ ਸਵਾਮੀ, ਸਚ ਸੰਦੇਸ਼ਾ ਦਿਤਾ ਜਣਾਈਆ । ਇਸ ਨੂੰ ਸਮਝੋ ਅੰਮ੍ਰਿਤ ਬਾਣੀ, ਅੰਮ੍ਰਿਤ ਰਸ ਜਾਮ ਰਹੀ ਪਿਲਾਈਆ । ਝਗੜਾ ਮੁਕਾਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਡੇਰਾ ਢਾਹੀਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਕਵਲ ਨਾਭੀ ਝਿਰਾਓ ਅਗੰਮਾ ਪਾਣੀ, ਜਿਸ ਦੀ ਧਾਰ ਗੰਗਾ ਗੋਦਾਵਰੀ ਜਮਨਾ ਸੁਰਸਤੀ ਇਕੋ ਨਜ਼ਰੀ ਆਈਆ । ਪ੍ਰਭ ਦਾ ਨੂਰ ਜਹੂਰ ਵੇਖੋ ਇਕ ਲਾਸਾਨੀ, ਆਸਾਨੀ ਨਾਲ ਮਾਰਗ ਲਓ ਅਪਨਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਅੰਦਰੋਂ ਛੱਡ ਦਿਓ ਬੇਈਮਾਨੀ, ਸ਼ਰਅ ਸ਼ੈਤਾਨੀ ਕਰੇ ਨਾ ਕੋਇ ਲੜਾਈਆ । ਸੰਤਾਂ ਦਾ ਬਚਨ ਹਿਰਦੇ ਨੂੰ ਕਾਨੀ, ਤੀਰ ਅੰਦਾਜ਼ ਧੁਰ ਦਾ ਨਾਮ ਦਏ ਸਮਝਾਈਆ । ਜਿਨ੍ਹਾਂ ਨੇ ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰੋਂ ਛਾਣੀ, ਵਿਸ਼ਿਆਂ ਵਿਚ ਵੇਖੀ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਅੰਤਰ ਬੈਠਾ ਵੜ, ਦੂਜਾ ਨਜ਼ਰ ਕੋਇ ਨਾ ਆਈਆ । ਗੁਰਚਰਨ ਦਾਸ ਨੇ ਦਿਤਾ ਸਚ ਸੰਦੇਸ਼ਾ, ਭਰੀ ਸਭਾ ਵਿਚ ਸੁਣਾਈਆ । ਪਰਮ ਪੁਰਖ ਪਰਮਾਤਮ ਮੰਨੋ ਸਦਾ ਹਮੇਸ਼ਾ, ਸ੍ਰੀ ਭਗਵਾਨ ਇਸ਼ਟ ਮਨਾਈਆ । ਜਿਸ ਦਾ ਨਾ ਕੋਈ ਮੁਛ ਦਾੜ੍ਹੀ ਨਾ ਕੇਸਾ, ਮੂੰਡ ਮੁੰਡਾਇਆ ਰੂਪ ਨਾ ਕੋਇ ਬਦਲਾਈਆ । ਏਥੇ ਓਥੇ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਆਕਾਸ਼ ਪਾਤਾਲਾਂ ਗਗਨ ਗਗਨੰਤਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵਸੇ ਹਮੇਸ਼ਾ, ਖ਼ਾਲੀ ਨਜ਼ਰ ਕੋਇ ਨਾ ਆਈਆ । ਸ੍ਰੀ ਕ੍ਰਿਸ਼ਨ ਭਗਵਾਨ ਦਾ ਸਭ ਨੂੰ ਕਰਾਇਆ ਚੇਤਾ, ਚੇਤਨ ਸੁਰਤੀ ਦਿਤੀ ਕਰਾਈਆ । ਜੂਠ ਝੂਠ ਦਾ ਸਾਰੇ ਮਿਲ ਕੇ ਤਿਆਗ ਦਿਓ ਠੇਕਾ, ਠਾਕਰ ਇਕੋ ਲਓ ਮਨਾਈਆ । ਜੋ ਅੰਦਰ ਵੜ ਕੇ ਮੰਦਰ ਚੜ੍ਹ ਕੇ ਨੌ ਦਵਾਰ ਅੰਦਰ ਬਾਹਰ ਗੁਪਤ ਜਾਹਰ ਖੋਲ੍ਹੇ ਭੇਤਾ, ਭੇਤ ਅਗਲਾ ਦਏ ਸਮਝਾਈਆ । ਸਚ ਸਵਾਮੀ ਅੰਤਰਜਾਮੀ ਸ਼ਾਹ ਸੁਲਤਾਨੀ ਨੂਰ ਨੁਰਾਨੀ ਮਰਦ ਮਰਦਾਨਾ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਪਾਰਬ੍ਰਹਮ ਪਤਿਪਰਮੇਸ਼ਵਰ ਮੰਨੋ ਇਕੋ ਨੇਤਾ, ਨੇਤਰਹੀਣ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਅੰਤਰ ਨਿਰਗੁਣ ਜੋਤ ਧਰ, ਪੰਜ ਤਤ ਕਰੇ ਰੁਸ਼ਨਾਈਆ । ਸਵਾਮੀ ਗੁਰਚਰਨ ਦਾਸ ਨੇ ਕਿਹਾ ਵੇਖੋ ਭੂਮਿਕਾ ਅਸਥਾਨ, ਧਰਤ ਮਾਤ ਧਰਨੀ ਧਵਲ ਰਹੀ ਕੁਰਲਾਈਆ । ਸਭ ਨੇ ਛੱਡਿਆ ਅੰਤਰ ਸਤਿ ਧਰਮ ਦਾ ਗਿਆਨ, ਕੂੜੀ ਕਿਰਿਆ ਲਈ ਪਰਨਾਈਆ । ਬਾਹਰੋਂ ਨਹਾਉਂਦੇ ਧੋਂਦੇ ਕਰਨ ਇਸ਼ਨਾਨ, ਅੰਦਰੋਂ ਦੁਰਮਤ ਮੈਲ ਨਾ ਕੋਇ ਗਵਾਈਆ । ਜੇ ਸਖ਼ੀ ਬਣ ਕੇ ਮਿਲਣਾ ਚਾਹੋ ਓਸੇ ਕਾਹਨ, ਜੋ ਘਨੱਈਆ ਧੁਰ ਦਾ ਮਾਲਕ ਨਜ਼ਰੀ ਆਈਆ । ਸਚ ਸੰਦੇਸ਼ਾ ਸੁਣ ਲਓ ਨਾਲ ਕਾਨ, ਅਗਿਆਨ ਅੰਧੇਰਾ ਅੰਦਰੋਂ ਦੇਣਾ ਕਢਾਈਆ । ਬਿਨਾ ਸਾਚੀ ਸਿਖਿਆ ਸਾਫ਼ ਪਵਿਤ੍ਰ ਨਾ ਹੋਵੇ ਕਿਸੇ ਦਾ ਮਕਾਨ, ਕੂੜੀ ਕਿਰਿਆ ਬਾਹਰ ਨਾ ਕੋਇ ਕਢਾਈਆ । ਅੱਜ ਦਾ ਦਿਵਸ ਸਾਰੇ ਸਮਝੋ ਮਹਾਨ, ਮਹਾਂਪੁਰਸ਼ਾਂ ਕਰੀ ਸ਼ਨਵਾਈਆ । ਹਰ ਘਟ ਵਸਿਆ ਵੇਖੋ ਰਾਮ, ਰਮਈਆ


੮੯੬
੨੦

ਹਰ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਿਆਰ ਪ੍ਰੀਤੀ ਵਿਚੋਂ ਆਪ ਪਰਗਟਾਈਆ । ਗੁਰਚਰਨ ਦਾਸ ਨੇ ਦੱਸੀ ਅਗੰਮੀ ਗਾਥਾ, ਸਚ ਸੰਦੇਸ਼ ਸੁਣਾਈਆ । ਮਾਨਸ ਜਨਮ ਦੀ ਪੂਰੀ ਕਰ ਲਓ ਆਸਾ, ਚੁਰਾਸੀ ਗੇੜਾ ਲੈਣਾ ਮੁਕਾਈਆ । ਅੱਠੇ ਪਹਿਰ ਪ੍ਰੇਮ ਪ੍ਰੀਤੀ ਅੰਦਰ ਓਸ ਬ੍ਰਹਮ ਦਾ ਕਰੋ ਪੂਜਾ ਪਾਠਾ, ਜੋ ਸਿਮਰਨ ਜੋਗ ਅਭਿਆਸ ਆਪਣਾ ਨਾਮ ਦ੍ਰਿੜਾਈਆ । ਸਚ ਸਰੋਵਰ ਅੰਮ੍ਰਿਤ ਰਸ ਕਾਇਆ ਮੰਦਰ ਅੰਦਰ ਮਾਰੇ ਠਾਠਾਂ, ਲਹਿਰ ਲਹਿਰ ਵਿਚੋਂ ਪਰਗਟਾਈਆ । ਕਲਜੁਗ ਵਿਚ ਕਿਸੇ ਨੂੰ ਮਾਨਸ ਜਨਮ ਦਾ ਰਹੇ ਕੋਈ ਨਾ ਘਾਟਾ, ਜੋ ਸੰਤ ਸਾਜਣ ਮਿਲ ਕੇ ਆਪਣਾ ਮਨ ਲੈਣ ਭਵਾਈਆ । ਬੁੱਧੀ ਸੁਣੇ ਸ਼ਾਸਤਰ ਦੀ ਗਾਥਾ, ਸ਼ੱਤਰੂ ਅੰਦਰੋਂ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲ ਰਿਹਾ ਕਰ, ਕਰਨੀ ਦਾ ਕਰਤਾ ਧੁਰਦਰਗਾਹੀਆ । ਗੁਰਚਰਨ ਦਾਸ ਨੇ ਦਿਤਾ ਆਖ, ਆਖ਼ਰ ਸਭ ਨੂੰ ਦਿਤਾ ਦ੍ਰਿੜਾਈਆ । ਸਤਿ ਧਰਮ ਦੀ ਨਜ਼ਰ ਆਵੇ ਨਾ ਕੋਈ ਸ਼ਾਖ਼, ਚਾਰੋਂ ਕੁੰਟ ਅੰਧ ਅੰਧੇਰਾ ਛਾਈਆ । ਮਾਨਵ ਮਾਨੁਖ ਸੁਰਤੀ ਵਿਚੋਂ ਜਾਗ, ਮਨ ਮਮਤਾ ਮੋਹ ਤਜਾਈਆ । ਆਪਣੀ ਲੇਖੇ ਲਾ ਲਾ ਅੱਜ ਦੀ ਰਾਤ, ਭਲਕ ਦੀ ਸਮਝ ਕਿਸੇ ਨਾ ਆਈਆ । ਸੰਤਾਂ ਦੇ ਬਚਨ ਉਤੇ ਕਰ ਵਿਸ਼ਵਾਸ਼, ਵਿਸ਼ਿਆਂ ਤੋਂ ਖਹਿੜਾ ਲੈਣਾ ਛੁਡਾਈਆ । ਸਤਿ ਬਚਨ ਸਦਾ ਰੱਖਣਾ ਪਾਸ, ਸਚ ਸਤਿ ਵਿਚ ਸਮਾਈਆ । ਸਮੇਂ ਅੰਦਰ ਪੰਜਾਂ ਮਿੰਟਾਂ ਵਿਚ ਸਭ ਕੁਛ ਦਿਤਾ ਆਖ, ਅੱਗੇ ਇਜਾਜ਼ਤ ਮਿਲਣ ਦੀ ਮੰਗ ਨਾ ਕੋਇ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਕਾਇਆ ਮਾਟੀ ਘਰ ਘਰ, ਹਰ ਘਟ ਅੰਦਰ ਬੈਠਾ ਆਪਣਾ ਆਸਣ ਲਾਈਆ ।



੯੬੭
੨੦

### ★ ੧੨ ਅੱਸੂ ਸ਼ਹਿਨਸ਼ਾਹੀ ਸੰਮਤ ੩ ਮੁਲਤਾਨ ਸੇਵਾ ਸੰਮਤੀ ਆਸ਼ਰਮ ਦਿੱਲੀ ★

ਸ੍ਰੀ ਭਗਵਾਨ ਕਹੇ ਸੁਣੋ ਮੇਰੇ ਸਚ ਭਗਤ, ਭਗਤੀ ਧੁਰ ਦਿਆਂ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਵਧੀ ਜਗਤ, ਚਾਰੋਂ ਕੁੰਟ ਵੇਖ ਨੈਣ ਉਠਾਈਆ । ਪ੍ਰੇਮ ਪਿਆਰ ਪ੍ਰੀਤੀ ਮੰਨਣੀ ਸਾਚੀ ਸੇਵਾ ਉਤੇ ਮਾਤ ਧਰਤ, ਗ਼ਰੀਬਾਂ ਅਨਾਥਾਂ ਹੋਣਾ ਸਹਾਈਆ । ਪ੍ਰਭ ਖ਼ਾਲਕ ਮਾਲਕ ਵਾਲੀ ਦੋ ਜਹਾਨ ਵੇਖਣਹਾਰਾ ਉਤੇ ਅਰਸ਼, ਅਰਸ਼ੀ ਪ੍ਰੀਤਮ ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਕੋੜ੍ਹਿਆਂ ਕਮਲਿਆਂ ਉਪਰ ਖਾਣਾ ਤਰਸ, ਦੀਨਾਂ ਅਨਾਥਾਂ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਰਾਹ ਵਖਾਈਆ । ਸਾਚੇ ਭਗਤ ਸੁਣ ਪ੍ਰਭ ਦੇ ਮੀਤ, ਹਰਿ ਮਿਤਰ ਪਿਆਰਾ ਆਪ ਦ੍ਰਿੜਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਸਾਂਝੀ ਕਰ ਪ੍ਰੀਤ, ਗਊ ਗ਼ਰੀਬਾਂ ਹੋ ਸਹਾਈਆ । ਅੰਤਰ ਨਿਰੰਤਰ ਸਾਰੇ ਆਪਣੀ ਬਦਲ ਲਓ ਨੀਤ, ਪਤਤ ਪੁਨੀਤ ਰੂਪ ਬਦਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਬ੍ਰਹਮ ਪਾਰਬ੍ਰਹਮ ਸਾਚਾ ਗਾਵੋ ਗੀਤ, ਮਾਨਸ ਮਾਨਵ ਮਾਨੁਖ ਜੋੜ ਜੁੜਾਈਆ । ਸਤਿ ਪ੍ਰੇਮ ਦੀ ਪਾਰਬਹ੍ਮ ਸਭ ਦੇ ਕਾਇਆ ਮੰਦਰ ਅੰਦਰ ਧੁਰ ਦੀ ਝੋਲੀ ਪਾਵੇ ਭੀਖ, ਵਸਤ ਅਮੋਲਕ ਇਕ ਵਰਤਾਈਆ । ਹਰ ਹਿਰਦੇ ਅੰਦਰ ਸਚ ਸਵਾਮੀ ਲੈਣਾ ਚੀਤ, ਚਿਤਵਿਤ ਠਗੌਰੀ ਅੰਦਰੋਂ ਬਾਹਰ ਕਢਾਈਆ । ਝਗੜਾ ਰਹੇ ਨਾ ਊਚ ਨੀਚ, ਜਾਤ ਪਾਤ ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਦੇਵੇ ਵਰ, ਧੁਰ ਦੀ

ਸਿਖਿਆ ਇਕ ਸਮਝਾਈਆ । ਸਾਚੇ ਭਗਤੋ ਸਚ ਪਿਆਰ ਦਾ ਕਰਨਾ ਦਾਨ, ਦਾਤਾ ਦਾਨੀ ਆਪ ਦ੍ਰਿੜਾਈਆ । ਜਗਤ ਅਭਿਮਾਨ ਮੇਟਣਾ ਮਾਣ, ਨਿਵਣ ਸੁ ਅੱਖਰ ਇਕ ਪੜ੍ਹਾਈਆ । ਹਰ ਹਿਰਦੇ ਅੰਦਰ ਉਪਜੇ ਬ੍ਰਹਮ ਗਿਆਨ, ਅੰਤਸ਼ਕਰਨ ਦੇਣਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸਾਂਝਾ ਸਭ ਦਾ ਹੋਵੇ ਗਾਨ, ਗਾ ਗਾ ਪ੍ਰਭ ਦਾ ਸ਼ੁਕਰ ਮਨਾਈਆ । ਸਾਰੇ ਉਠੋ ਹੋਵੋ ਸਵਾਧਾਨ, ਸੇਵਾ ਵਿਚ ਆਪਣਾ ਆਪ ਜਗਾਈਆ । ਸਾਚੀ ਸੇਵਾ ਸਚਖੰਡ ਦਵਾਰੇ ਹੋਏ ਪਰਵਾਨ, ਜੋ ਜੀਵਾਂ ਜੰਤਾਂ ਉਪਰ ਦਇਆ ਕਮਾਈਆ । ਸਭ ਲੇਖਾ ਵੇਖੇ ਧੁਰ ਅਗੰਮੀ ਕਾਹਨ, ਹਰਿ ਕਰਤਾ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਭਗਤਾਂ ਆਪ ਸੁਣਾਈਆ । ਸਾਚੇ ਭਗਤੋ ਤੁਹਾਡੇ ਕੋਲ ਹੁੰਦਾ ਹਵਨ, ਸੁਗੰਧੀ ਸੋਹਣੀ ਨਜ਼ਰੀ ਆਈਆ । ਕੂੜ ਵਿਕਾਰ ਹੰਕਾਰ ਵਿਭਚਾਰ ਦੁਰਾਚਾਰ ਭਰਿਸ਼ਟਾਚਾਰ ਕਰ ਦਿਓ ਵਿਚ ਦਮਨ, ਦਾਮਨਗੀਰ ਇਕੋ ਲਓ ਮਨਾਈਆ । ਸਚ ਫੁਲਵਾੜੀ ਸੋਹਣਾ ਦਿਸੇ ਚਮਨ, ਗੁਲ ਗੁਲਸ਼ਨ ਵਿਚ ਆਪਣਾ ਲੈਣਾ ਖਿਲਾਈਆ । ਇਕ ਦੂਜੇ ਦਾ ਪ੍ਰੇਮ ਪਿਆਰ ਮੁਹੱਬਤ ਵਿਚ ਸਾਚਾ ਪਕੜੋ ਦਾਮਨ, ਪਲੂ ਪਲੂ ਨਾਲ ਜੁੜਾਈਆ । ਅਨਾਥਾਂ ਗ਼ਰੀਬਾਂ ਨਿਮਾਣਿਆਂ ਦਾ ਮਾਣ ਕਰਨਾ ਇਹ ਸੰਦੇਸ਼ਾ ਦੇਵੇ ਤ੍ਰੈਦਰਸੀ ਤ੍ਰੈਭਵਨ, ਧੁਰ ਦਾ ਮਾਲਕ ਦਇਆ ਕਮਾਈਆ । ਸੇਵਾ ਵਿਚ ਸਭ ਦਾ ਕੱਟਿਆ ਜਾਵੇ ਅਵਣ ਗਵਣ, ਲੱਖ ਚੁਰਾਸੀ ਜਮ ਦੀ ਫਾਸੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਧੁਰ ਦਾ ਨਾਮ ਇਕ ਇਕੱਲਾ ਝੋਲੀ ਪਾਈਆ । ਸਾਚੇ ਭਗਤੋ ਹੋਣਾ ਤਿਆਰ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਅੱਗ ਬੁਝਾਉਣੀ ਅੰਗਿਆਰ, ਪ੍ਰੇਮ ਪ੍ਰੀਤੀ ਮੇਘ ਇਕ ਬਰਸਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਹੋਈ ਦੁਖਿਆਰ, ਜੀਵ ਜੰਤ ਰਹੇ ਕੁਰਲਾਈਆ । ਸਾਰੇ ਮਿਲ ਕੇ ਸਭ ਦਾ ਕਰੋ ਸੁਧਾਰ, ਸੁੱਧ ਬੁੱਧ ਬਿਬੇਕ ਇਕੋ ਰੰਗ ਵਖਾਈਆ । ਦੀਨ ਮਜ਼੍ਹਬ ਦੀ ਕੋਈ ਨਾ ਕਰਿਓ ਖਾਰ, ਊਚ ਨੀਚ ਭਰਮ ਨਾ ਕੋਇ ਭੁਲਾਈਆ । ਸਾਚਿਆਂ ਭਗਤਾਂ ਦਾ ਸਦਾ ਸੱਚਾ ਦਰਬਾਰ, ਏਥੇ ਓਥੇ ਦੋ ਜਹਾਨਾਂ ਸੋਭਾ ਪਾਈਆ । ਅਸ਼ਟਭੁਜ ਆਦਿ ਸ਼ਕਤ ਦੇਵੇ ਵਰ ਕੂੜੀ ਕਿਰਿਆ ਅੰਦਰੋਂ ਕੱਢੇ ਬਾਹਰ, ਨਿਰਮਲ ਨਿਰਵੈਰ ਨਿਰਾਕਾਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਸ੍ਰੀ ਭਗਵਾਨਾ ਵਾਲੀ ਦੋ ਜਹਾਨਾਂ ਲੋਕਮਾਤ ਮਾਰ ਝਾਤ, ਜਨ ਭਗਤਾਂ ਝੋਲੀ ਪਾਈਆ । ਜਨ ਭਗਤੋ ਸਾਰੇ ਇਕ ਦੂਜੇ ਨਾਲ ਕਰੋ ਪਿਆਰ, ਦਵੈਤ ਰਹਿਣ ਕੋਇ ਨਾ ਪਾਈਆ । ਰੀਤੀ ਨੀਤੀ ਬਦਲ ਦਿਓ ਸੰਸਾਰ, ਸੰਗਠਨ ਆਪਣਾ ਦਿਓ ਵਖਾਈਆ । ਦੁੱਖ ਭੁੱਖ ਦੁਖੀਆ ਕਰੇ ਨਾ ਕੋਇ ਪੁਕਾਰ, ਦੁੱਖ ਦਾ ਸਾਧਨ ਪ੍ਰਭ ਨਾਮ ਨਿਧਾਨਾ ਸਭ ਦੀ ਝੋਲੀ ਪਾਈਆ । ਅੱਠੇ ਪਹਿਰ ਦਿਵਸ ਰੈਣ ਘੜੀ ਪਲ ਓਸੇ ਦੀ ਕਰੋ ਯਾਦ, ਜੋ ਸੁਣਨਹਾਰ ਫ਼ਰਿਆਦ, ਦੇਵਣਹਾਰਾ ਨਾਮ ਦਾਦ, ਵਸਤ ਅਮੋਲਕ ਕਾਇਆ ਗੋਲਕ ਝੋਲੀ ਪਾਈਆ । ਜਿਸ ਕਾਰਨ ਇਕੱਠੇ ਹੋਏ ਆਜ, ਤੁਹਾਡੀ ਸਹਾਇਤਾ ਕਰੇ ਸਭ ਦਾ ਗੁਰੂ ਮਹਾਰਾਜ, ਜਿਸ ਦੀ ਹਰ ਹਿਰਦੇ ਅੰਦਰ ਆਵਾਜ਼, ਸੋਈ ਸੁਰਤੀ ਸਭ ਦੀ ਲਏ ਜਗਾਈਆ । ਓਸੇ ਦੇ ਦਵਾਰੇ ਤੇ ਸਾਰੇ ਖੜ੍ਹੇ ਮੁਹਤਾਜ, ਭਿਖਾਰੀ ਹੋ ਕੇ ਮਾਂਗਤ ਹੋ ਕੇ ਆਪਣੀ ਝੋਲੀ ਡਾਹੀਆ । ਸੋ ਸਾਹਿਬ ਸਵਾਮੀ ਸਭ ਨੂੰ ਦੇਵਣਹਾਰਾ ਆਪਣੀ ਦਾਤ, ਦਾਤਾ ਦਾਨੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਜਨਮ ਕਰਮ ਕਰੇ ਵਡ ਸੁਭਾਗ, ਭਾਗਾਂ ਵਾਲਿਓ ਭਾਗ ਤੁਹਾਡਾ ਤੁਹਾਡੀ ਝੋਲੀ ਪਾਈਆ ।



੬੯੮
੨੦

ਪੁਰਖ ਅਕਾਲ ਕਹੇ ਸੁਣੋ ਭਗਤ ਜਨ ਸੰਤ, ਸਤਿ ਸ਼ਬਦ ਨਾਮ ਦ੍ਰਿੜਾਈਆ । ਤੁਹਾਡਾ ਮਾਲਕ ਏਕੰਕਾਰ ਇਕੋ ਕੰਤ, ਦੂਜਾ ਨਜ਼ਰ ਕੋਇ ਨਾ ਆਈਆ । ਗੜ੍ਹ ਤੋੜ ਦਿਓ ਹਉਮੇ ਹੰਗਤ, ਹੰ ਬ੍ਰਹਮ ਆਪਣਾ ਪੜਦਾ ਲਾਹੀਆ । ਸੇਵਾ ਕਰੋ ਯਾਚਕ ਹੋ ਕੇ ਸਰਬ ਜੀਵ ਜੰਤ, ਦੁਖੀਆ ਦਰਦ ਵਿਚ ਨਾ ਕੋਇ ਕੁਰਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦਾ ਲਹਿਣਾ ਦੇਵੇ ਅਖ਼ੀਰੀ ਅੰਤ, ਅੰਤਸ਼ਕਰਨ ਖੋਜ ਕੇ ਲੇਖਾ ਸਭ ਦਾ ਵੇਖ ਵਖਾਈਆ । ਭਾਵਨਾ ਵਿਚ ਪ੍ਰੇਮ ਵਿਚ ਭਗਤੀ ਵਿਚ ਸਾਧਨਾ ਵਿਚ ਚਾੜ੍ਹੇ ਅਗੰਮੀ ਰੰਗਤ, ਰੰਗ ਨਿਰਾਲਾ ਦੀਨ ਦਿਆਲਾ ਆਪ ਚੜ੍ਹਾਈਆ । ਜਿਸ ਦੀ ਸਚ ਪ੍ਰੀਤੀ ਮੰਗਦੇ ਮੰਗ ਹੋ ਕੇ ਮੰਗਤ, ਸੋ ਸਾਹਿਬ ਸਤਿਗੁਰ ਸਭ ਦੀ ਆਸਾ ਮਨਸਾ ਪੂਰ ਕਰਾਈਆ । ਅੰਤਮ ਝਗੜਾ ਮੁਕਾਏ ਜੇਰਜ ਅੰਡਜ, ਉਤਭੁਜ ਸੇਤਜ ਚਾਰੇ ਖਾਣੀ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਭਗਤਾਂ ਸਚ ਸੰਗੀਤ ਅੰਤਰ ਆਤਮ ਪਾਰਬ੍ਰਹਮ ਪਤਿਪਰਮੇਸ਼ਵਰ ਏਕੋ ਏਕ ਸੁਣਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤ ਮੇਰੇ ਮਾਤਲੋਕ ਨੰਨ੍ਹੇ ਬੱਚੇ, ਬਚਪਨ ਤੇਰਾ ਦਿਆਂ ਬਦਲਾਈਆ । ਅੰਦਰੋਂ ਹੋ ਜਾਓ ਸਾਰੇ ਸੱਚੇ, ਕੂੜ ਕੁੜਿਆਰਾ ਬਾਹਰ ਕਢਾਈਆ । ਭਾਗ ਲਾ ਲਓ ਕਾਇਆ ਮਾਟੀ ਸਾਢੇ ਤਿੰਨ ਹੱਥ ਭਾਂਡੇ ਕੱਚੇ, ਕੰਚਨ ਗੜ੍ਹ ਲੈਣਾ ਬਣਾਈਆ । ਸਭ ਨੂੰ ਵੇਖੋ ਇਕੋ ਅੱਖੇ, ਦਵੈਤ ਰਹਿਣ ਕੋਇ ਨਾ ਪਾਈਆ । ਜੋ ਮਾਰਗ ਸੰਤ ਸਤਿਗੁਰ ਦੱਸੇ, ਉਸ ਪਰ ਚਲ ਕੇ ਆਪਣੀ ਖ਼ੁਸ਼ੀ ਲੈਣੀ ਬਣਾਈਆ । ਅਨਾਥਾਂ ਦੀ ਸੇਵਾ ਕਾਰਨ ਕਰਕੇ ਵਿਦਿਆ ਦਾ ਪਾਲਨ ਕਰਕੇ ਸਾਰੇ ਸਚ ਦਵਾਰ ਨੂੰ ਆਓ ਨੱਠੇ, ਜਿਥੇ ਭਗਤ ਭਗਵਾਨ ਮਿਲ ਕੇ ਆਪਣੀ ਖ਼ੁਸ਼ੀ ਬਣਾਈਆ । ਜਿਸ ਕਾਰਨ ਵੱਡੇ ਛੋਟੇ ਬਾਲ ਬਿਰਧ ਹੋਏ ਇਕੱਠੇ, ਇਕੱਠੇ ਹੋ ਕੇ ਉਹ ਸੇਵਾ ਆਪਣੀ ਆਪਣੇ ਕੰਧੇ ਲੈਣੀ ਉਠਾਈਆ । ਏਸੇ ਕਰ ਕੇ ਸੁਖੀ ਸਚ ਜਹਾਨ ਜਾਵਣ ਨੱਠੇ, ਰਾਹ ਵਿਚਕਾਰ ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਨਾਮ ਵਰ, ਵਸਤ ਅਗੰਮ ਅਥਾਹ ਬੇਪਰਵਾਹ ਅੰਤਰ ਅੰਤਰ ਨਿਰੰਤਰ ਆਪਣੀ ਦਏ ਟਿਕਾਈਆ ।

### ★ ਮੁਲਤਾਨ ਸੇਵਾ ਸੰਮਤੀ, ਸਵਾਮੀ ਕ੍ਰਿਸ਼ਨਾ ਨੰਦ ਸਵਾਮੀ ਗੋਬਿੰਦਾ ਨੰਦ ਹਰਦਵਾਰ ਵਾਲਿਆਂ ਨਾਲ ★

ਅੰਮ੍ਰਿਤ ਪ੍ਰੇਮ ਲੈਣਾ ਪੀਣਾ ਖਾਣ, ਕੂੜੀ ਤ੍ਰਿਸ਼ਨ ਮਿਟਾਈਆ । ਘਰ ਠਾਕਰ ਸਵਾਮੀ ਸੱਜਣ ਮਿਲੇ ਆਣ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਸਾਚੀ ਸੇਵਾ ਸਾਚੇ ਠਾਕਰ ਹੋਏ ਪਰਵਾਨ, ਜੋ ਪਰਵਾਨਾ ਨਾਮ ਸੰਦੇਸ਼ਾ ਪਰਮਾਤਮ ਆਤਮ ਇਕ ਜਣਾਈਆ । ਸੋਹੇ ਸਚ ਭੂਮਿਕਾ ਅਸਥਾਨ, ਜਿਸ ਗ੍ਰਿਹਿ ਸੰਤ ਸੁਹੇਲਾ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਾਚਾ ਰੰਗ ਇਕ ਰੰਗਾਈਆ । ਮੁਲਤਾਨ ਸਮਤੀ ਸਭ ਦਾ ਮੇਲ, ਭਗਤ ਭਗਵਾਨ ਦਿਤਾ ਜਣਾਈਆ । ਜੋਤ ਜਗਾਉਣੀ ਬਿਨ ਬਾਤੀ ਤੇਲ, ਨਿਰੰਤਰ ਅੰਤਰ ਕਰ ਰੁਸ਼ਨਾਈਆ । ਠਾਕਰ ਮਿਲਾਉਣਾ ਧੁਰ ਦਾ ਸੱਜਣ ਸੁਹੇਲ, ਜੋ ਹਰ ਘਟ ਰਿਹਾ ਸਮਾਈਆ । ਜਗਤ ਵੇਖਿਆ ਅਚਰਜ ਖੇਲ, ਪਾਰਬ੍ਰਹਮ ਬ੍ਰਹਮ ਪੜਦਾ ਨਾ ਕੋਇ ਉਠਾਈਆ । ਜੇ ਥੋੜ੍ਹਾ ਜਿਹਾ ਸਮਾਂ ਸੰਤਾਂ ਨਾਲ ਮਿਲ ਕੇ ਸੰਤ ਹੋ ਗਿਆ ਵਿਹਲ, ਵੇਲਾ ਵਕਤ ਖ਼ੁਸ਼ੀਆਂ ਵਿਚ ਲੰਘਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਸੰਤ ਮਿਲੇ ਕੁਛ ਸੁਣਨਾ ਕਹਿਣਾ, ਆਪਣੀ ਪਵਿਤ੍ਰ ਰਸਨਾ ਦਿਤਾ ਜਣਾਈਆ । ਭੇਵ ਖੋਲ੍ਹਣਾ ਜੋ ਅੰਤਰ ਵੇਖਿਆ ਨੈਣਾਂ, ਨਿਜ ਨੇਤਰ ਅੱਖ ਖੁਲ੍ਹਾਈਆ । ਜਿਸ ਦਵਾਰੇ ਭਗਤ ਭਗਵਾਨ ਚਰਨ ਕਵਲ ਰਹਿਣਾ, ਸਰਨ ਮਿਲੇ ਸਰਨਾਈਆ । ਸੋ ਧਾਮ ਜਿਸ ਗ੍ਰਿਹਿ ਸਤਿ ਸਰੂਪ ਹੋ ਕੇ ਬਹਿਣਾ, ਤਨ ਵਜੂਦ ਮਾਟੀ ਖ਼ਾਕੀ ਨਾਤਾ ਰਹੀ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕੋ ਘਰ ਪਰਗਟਾਈਆ । ਮੁਲਤਾਨ ਸਮਤੀ ਸੱਚੀ ਸੇਵਾਦਾਰ, ਸੇਵਕ ਸੇਵਕ ਸੇਵਾ ਵਿਚ ਲਗਾਈਆ । ਸੋਈ ਸੁਰਤੀ ਕਰ ਕਰ ਖ਼ਬਰਦਾਰ, ਸ਼ਬਦੀ ਸ਼ਬਦ ਨਾਲ ਉਠਾਈਆ । ਅੰਤਰ ਆਤਮ ਦੇ ਆਧਾਰ, ਮਾਇਆ ਮਮਤਾ ਮੋਹ ਮਿਟਾਈਆ । ਸਾਚੇ ਭਗਤੋ ਭਗਵਨ ਨਿਜ ਨੇਤਰ ਕਰੋ ਦੀਦਾਰ, ਜਗ ਲੋਚਣ ਬੰਦ ਕਰਾਈਆ । ਮੰਦਰ ਚੜ੍ਹੋ ਸੰਤ ਸਹਾਰੇ ਜਿਸ ਨੂੰ ਦੁਨੀਆ ਕਹੇ ਦੁਸ਼ਵਾਰ, ਔਖੀ ਘਾਟੀ ਰਹਿਣ ਨਾ ਪਾਈਆ । ਤੇਰਾਂ ਦਾ ਲੇਖਾ ਮੇਟੇ ਇਕੋ ਵਾਰ, ਜੇ ਪ੍ਰਭ ਆਪਣੀ ਦਇਆ ਕਮਾਈਆ । ਸਵੱਛ ਸੁਹੰਜਣਾ ਆਦਿ ਨਿਰੰਜਣਾ ਵੇਖੋ ਇਕ ਦਰਬਾਰ, ਜਿਥੇ ਜੋਤੀ ਜਾਤਾ ਪੁਰਖ ਬਿਧਾਤਾ ਬੈਠਾ ਡਗਮਗਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੰਗਲਾਚਾਰ, ਗੋਪੀ ਕਾਹਨ ਇਕੋ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਇਹੋ ਸੀਤਾ ਰਾਮ, ਰਾਮ ਸੀਤਾ ਸੀਤਾ ਰਾਮ, ਸਾਚੀ ਸੂਰਤ ਅਕਾਲ ਮੂਰਤ ਸੋਭਾ ਪਾਈਆ । ਜੋ ਜੁਗ ਚੌਕੜੀ ਸਾਚੇ ਸੰਤਾਂ ਸ਼ਬਦ ਅਗੰਮੀ ਨਾਮ ਨਿਧਾਨ ਧੁਰ ਦਾ ਕਲਮਾ ਦੇਂਦਾ ਰਿਹਾ ਪੈਗ਼ਾਮ, ਨਿਰਅੱਖਰ ਵਿਚੋਂ ਨਿਸ਼ਅੱਖਰ ਦਏ ਸਮਝਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਦੇਣਾ ਸਾਚੇ ਭਗਤਾਂ ਬਿਨਾ ਕਾਨ, ਕਾਇਆ ਮੰਦਰ ਅੰਦਰ ਘਰ ਸਾਚੇ ਆਪ ਪਰਗਟਾਈਆ । ਉਸੇ ਹੁਕਮ ਅੰਦਰ ਸਾਚੇ ਸੰਤ ਜੀਵ ਜੰਤ ਸਾਰਿਆਂ ਇਕੱਠੇ ਕਰ ਮਿਲਾਣ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਬਹਾਈਆ । ਸੇਵਾ ਕਰਨੀ ਇਹੋ ਪ੍ਰਭੂ ਦੀ ਭਗਤੀ ਮਹਾਨ, ਭਗਤੀ ਵਿਚੋਂ ਸ਼ਕਤੀ ਵਿਚੋਂ ਸਾਖਿਆਤ ਆਪਣਾ ਰੂਪ ਦਰਸਾਈਆ । ਜਿਸ ਦੇ ਨਾਲ ਸਭ ਦੀ ਹੋਵੇ ਕਲਿਆਣ, ਲੱਖ ਚੁਰਾਸੀ ਚੁੱਕੇ ਆਣ ਜਾਣ, ਰਾਏ ਧਰਮ ਨਾ ਦਏ ਸਜ਼ਾਈਆ । ਸਾਚੇ ਮੰਦਰ ਸਚ ਦਵਾਰ ਸਚਖੰਡ ਵਸੋ ਉਸ ਮਕਾਨ, ਜਿਸ ਘਰ ਵਿਚੋਂ ਹੋਈ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਸੰਤਾਂ ਹੱਥ ਫੜਾਈਆ । ਸੰਤ ਜੀ ਸੇਵਾ ਕਰ ਕਰ ਸਾਰੇ ਥੱਕੇ, ਥਕਾਵਟ ਵਿਚ ਵੇਖੀ ਜਗਤ ਲੋਕਾਈਆ । ਪੁਸਤਕ ਪੜ੍ਹ ਪੜ੍ਹ ਸਾਰੇ ਅੱਕੇ, ਹਿਰਦੇ ਹਰਿ ਨਾ ਕੋਇ ਵਸਾਈਆ । ਮੱਕੇ ਕਾਅਬੇ ਭੱਜੇ ਫਿਰਨ ਸਾਰੇ ਕਰਦੇ ਹੱਜੇ, ਹਜ਼ਰਤ ਮਿਲਿਆ ਨਾ ਬੇਪਰਵਾਹੀਆ । ਜਿਨ੍ਹਾਂ ਨੂੰ ਸੰਤ ਸਾਜਣ ਸਤਿਗੁਰ ਸਾਚਾ ਮਾਰਗ ਦੱਸੇ, ਸੋਈ ਸੁਰਤੀ ਦਏ ਜਗਾਈਆ । ਤੀਰ ਮਾਰੇ ਅਣਿਆਲਾ ਕਸੇ, ਤਿੱਖੀ ਮੁੱਖੀ ਧਾਰ ਪਰਗਟਾਈਆ । ਜੋ ਆਪ ਨੇ ਮਾਰਗ ਦੱਸੇ ਅੱਠੇ, ਤੇਰਾਂ ਤੇਰਾਂ ਤੇਰਾਂ ਲੇਖਾ ਭਗਤ ਭਗਵੰਤ ਨਾਲ ਜੁੜਾਈਆ । ਜਿਥੇ ਦੂਜਾ ਹੋਰ ਕੋਈ ਨਾ ਵਸੇ, ਕਾਮੀ ਕਰੋਧੀ ਲੋਭੀ ਹੰਕਾਰੀ ਵਿਕਾਰੀ ਭ੍ਰਿਸ਼ਟਾਚਾਰੀ ਦੁਰਾਚਾਰ ਨਜ਼ਰ ਕੋਇ ਨਾ ਆਈਆ । ਏਕਾ ਰੂਪ ਸ਼ਾਹੋ ਭੂਪ ਸਤਿ ਸਰੂਪ ਆਤਮ ਪਰਮਾਤਮ ਪਰਮਾਤਮ ਆਤਮ ਮਾਰਗ ਰਾਹ ਧਰਮ ਦਵਾਰ ਦੱਸੇ ਸੱਚੇ, ਸਤਿ ਸਵਾਮੀ ਅੰਤਰਜਾਮੀ ਆਪਣਾ ਆਪ ਆਪੇ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤਾਂ ਦੇ ਅੰਦਰ ਵੜ ਵੜ ਹੱਸੇ, ਕਰ ਪਰਕਾਸ਼ ਕੋਟਨ ਰਵ ਸੱਸੇ, ਦੁਰਮਤ ਮੈਲ ਦਵੈਤ ਵਾਲੀ ਕਟੇ, ਸਾਚਾ ਨਾਮ ਵਖਾਏ ਧਰਮ ਦਵਾਰੇ ਹੱਟੇ, ਜਿਥੇ

ਕੀਮਤ ਲੱਗੇ ਕੋਇ ਨਾ ਰਾਈਆ । ਸੋ ਮੁਲਤਾਨ ਨਿਵਾਸੀ ਖੇਲ ਅਬਿਨਾਸ਼ੀ ਸਾਚੀ ਰਾਸੀ ਸੇਵਾ ਵਿਚ ਸੇਵਕ ਦਾਸੀ, ਇਹ ਖੇਲ ਅਜਬ ਤਮਾਸ਼ੀ, ਜਗ ਨੇਤਰ ਜਗਿਆਸੂਆਂ ਨਜ਼ਰ ਕੋਇ ਨਾ ਆਈਆ । ਕਰ ਕਿਰਪਾ ਜਿਸ ਦੀ ਸੁਰਤੀ ਦੇਵੇ ਜੋੜ, ਜੋੜੀ ਆਪਣੇ ਨਾਲ ਬਣਾਈਆ । ਲੱਗੀ ਪ੍ਰੀਤੀ ਨਿਭ ਜਾਏ ਤੋੜ, ਅੱਗੇ ਹੋ ਨਾ ਕੋਇ ਅਟਕਾਈਆ । ਅੰਦਰ ਮੰਤਰ ਫੁਰਨਾ ਫੁਰੇ ਫੋਰ, ਫੁਰਨੇ ਬਾਹਰੋਂ ਬੰਦ ਕਰਾਈਆ । ਪੰਜ ਵਿਕਾਰ ਰਹੇ ਨਾ ਚੋਰ, ਸ਼ਬਦ ਨਾਦ ਧੁਨ ਸ਼ਨਵਾਈਆ । ਕੂੜ ਅੰਧੇਰਾ ਮੇਟ ਘਨਘੋਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਉਮੇ ਹੰਗਤਾ ਨਾ ਪਾਵੇ ਸ਼ੋਰ, ਸ਼ਰਅ ਵਿਚੋਂ ਬਾਹਰ ਕਢਾਈਆ । ਆਪਣੀ ਧਾਰ ਕਰ ਪਿਆਰ ਆਤਮਾ ਪਰਮਾਤਮਾ ਆਪਣੇ ਅੱਗੇ ਲਵੇ ਤੋਰ, ਤੁਰਤ ਆਪਣਾ ਘਰ ਵਖਾਈਆ । ਜਿਸ ਦੀ ਆਦਿ ਤੋਂ ਬੱਧੀ ਡੋਰ, ਜੁਗ ਚੌਕੜੀ ਸਕਿਆ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਨੂੰ ਦੇਵੇ ਆਪਣਾ ਨਾਮ ਨਿਧਾਨ ਮਥੋਰ, ਮਿਥਿਆ ਸਰਬ ਵਖਾਈਆ । ਆਪ ਦੀ ਪਵਿਤ੍ਰ ਰਸਨਾ ਕਿਹਾ ਦ੍ਰਿਸ਼ਟੀਮਾਨ, ਦ੍ਰਿਸ਼ਟ ਅੰਦਰੋਂ ਦਿਤੀ ਮਿਲਾਈਆ । ਘਰ ਸਵਾਮੀ ਮਿਲਿਆ ਭਗਵਾਨ, ਮੰਦਰ ਬਹਿ ਕੇ ਆਪਣਾ ਹੁਕਮ ਸੁਣਾਈਆ । ਬਿਨਾ ਵਿਦਿਆ ਤੋਂ ਦੇ ਗਿਆਨ, ਅਗਿਆਨ ਅੰਧੇਰਾ ਦਿਤਾ ਚੁਕਾਈਆ । ਅੱਠੇ ਪਹਿਰ ਸ਼ਬਦ ਧੁਨ ਧੁਨਕਾਨ, ਧੁਨ ਆਤਮਕ ਰਾਗ ਸੁਣਾਈਆ । ਅੰਮ੍ਰਿਤ ਰਸ ਦੇ ਕੇ ਪੀਣ ਖਾਣ, ਨਿਝਰ ਝਿਰਨਾ ਕਵਲ ਨਾਭੀ ਦਿਤਾ ਚੁਆਈਆ । ਸਾਚੇ ਸੰਤਾਂ ਨਾਲ ਮੇਲਾ ਹੋਇਆ ਆਣ, ਵਿਛੋੜਾ ਅੱਗੇ ਰਹੇ ਨਾ ਰਾਈਆ । ਏਸੇ ਕਰ ਕੇ ਦਸ ਜਨਵਰੀ ਕਰਨੀ ਪਏ ਪਰਵਾਨ, ਪਰਵਾਨਾ ਸ਼ਬਦ ਨਾਮ ਹੱਥ ਫੜਾਈਆ । ਸਾਚਾ ਦੇਣਾ ਸਚ ਵਖਿਆਨ, ਵਿਸ਼ਿਆਂ ਵਿਚੋਂ ਦੁਨੀਆ ਨੂੰ ਬਾਹਰ ਕਢਾਈਆ । ਸਾਰਿਆਂ ਨੂੰ ਦੱਸ ਕੇ ਸਚਖੰਡ ਦਰਗਾਹ ਸਾਚੀ ਭੂਮਿਕਾ ਇਕ ਅਸਥਾਨ, ਜਿਥੇ ਪਤਿਪਰਮੇਸ਼ਵਰ ਪਾਰਬ੍ਰਹਮ ਪਰਵਰਦਿਗਾਰ ਸਾਂਝਾ ਯਾਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਅੰਦਰ ਰਿਹਾ ਵਸ, ਵਾਸਤਾ ਆਪਣੇ ਨਾਲ ਰਖਾਈਆ ।



### ★ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੩ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਕਹੇ ਸੁਣਿਓ ਇਕ ਸੰਦੇਸ਼ਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕ ਸੁਣਾਈਆ । ਹਰਿ ਪੁਰਖ ਨਿਰੰਜਣ ਕਹੇ ਜੋ ਹੁਕਮ ਰਹੇ ਹਮੇਸ਼ਾ, ਨਿਤ ਨਵਿਤ ਬਿਨ ਵਾਰ ਥਿਤ ਆਪਣੀ ਕਾਰ ਕਮਾਈਆ । ਏਕੰਕਾਰ ਕਹੇ ਸਚਖੰਡ ਦਵਾਰ ਵੇਖੋ ਅਗੰਮ ਦੇਸਾ, ਜਿਥੇ ਦੀਵਾ ਬਾਤੀ ਕਮਲਾਪਾਤੀ ਏਕਾ ਜੋਤ ਨੂਰ ਕਰੇ ਰੁਸ਼ਨਾਈਆ । ਆਦਿ ਨਿਰੰਜਣ ਜੋ ਵਟਾਵਣਹਾਰਾ ਵੇਸਾ, ਨਿਰਗੁਣ ਨਿਰਵੈਰ ਨਿਰਾਕਾਰ ਕਰਨੀ ਦਾ ਕਰਤਾ ਆਪਣੀ ਕਾਰ ਕਮਾਈਆ । ਅਬਿਨਾਸ਼ੀ ਕਰਤਾ ਦੇਵਣਹਾਰਾ ਧੁਰ ਸੰਦੇਸ਼ਾ, ਸਤਿ ਸਰੂਪ ਸ਼ਾਹੋ ਭੂਪ ਹੁਕਮੇ ਅੰਤਰ ਹੁਕਮ ਪਰਗਟਾਈਆ । ਸ੍ਰੀ ਭਗਵਾਨ ਨਿਰਗੁਣ ਨਿਰਾਕਾਰ ਬਣ ਕੇ ਸਭ ਦਾ ਨੇਤਾ, ਨਿਰਾਧਾਰ ਆਪਣਾ ਖੇਲ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦਾ ਪੂਰਾ ਕਰ ਕੇ ਠੇਕਾ, ਠਾਕਰ ਹੋ ਕੇ ਸਾਗਰ ਹੋ ਕੇ ਗਹਿਰ ਗੰਭੀਰ ਬੇਨਜ਼ੀਰ ਆਪਣੇ ਵਿਚ ਸਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਲਓ ਚੇਤਾ, ਚੇਤਨ ਸੁਰਤ ਅਕਾਲ ਮੂਰਤ ਇਕ ਇਕੱਲਾ ਆਪ ਉਠਾਈਆ । ਗੁਰ ਅਵਤਾਰ ਪੈਗ਼ੰਬਰ ਪ੍ਰਭ ਦਾ ਵੇਖੋ ਵੇਸ ਅਨੇਕਾ, ਅਕਲ ਕਲਧਾਰੀ ਆਪਣੀ ਖੇਲ

ਪਰਗਟਾਈਆ । ਸਤਿਗੁਰ ਸ਼ਬਦ ਦੁਲਾਰਾ ਏਕੰਕਾਰਾ ਪਰਗਟ ਕਰ ਕੇ ਹਕ ਬੇਟਾ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੀ ਸਚਖੰਡ ਦਵਾਰ ਇਕ ਇਕੱਲਾ ਏਕੰਕਾਰ ਆਪਣਾ ਹੁਕਮ ਵਰਤਾਈਆ । ਸੋ ਪੁਰਖ ਨਿਰੰਜਣ ਕਹੇ ਧੁਰ ਦਾ ਹੁਕਮ ਸੁਣੋ ਏਕ, ਇਕ ਇਕੱਲਾ ਆਪ ਦ੍ਰਿੜਾਈਆ । ਜਿਸ ਦੀ ਜੁਗ ਚੌਕੜੀ ਰੱਖਦੇ ਆਏ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਸੁਣਦੇ ਰਹੇ ਸ਼ਬਦ ਅਗੰਮੀ ਸੰਦੇਸ਼, ਸਤਿ ਸਤਿਵਾਦੀ ਕਰਦਾ ਰਿਹਾ ਪੜ੍ਹਾਈਆ । ਧਰਨੀ ਧਰਤ ਧਵਲ ਧੌਲ ਬਣਾਉਂਦੇ ਰਹੇ ਲੇਖ, ਲੇਖਕ ਪੇਖਕ ਆਪਣੀ ਕਾਰ ਕਮਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਰਨੀ ਦਾ ਕਰਤਾ ਕਰੇ ਅਗੰਮੀ ਖੇਲ, ਖ਼ਾਲਕ ਖ਼ਲਕ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ ਇਕੋ ਇਕ ਸੁਹਾਈਆ । ਸੋ ਪੁਰਖ ਨਿਰੰਜਣ ਕਹੇ ਗੁਰ ਅਵਤਾਰ ਪੈਗ਼ੰਬਰ ਉਠੋ ਕਰੋ ਸਲਾਮ, ਡੰਡਾਵਤ ਬੰਦਨਾ ਸੀਸ ਝੁਕਾਈਆ । ਧੁਰ ਦਾ ਹੁਕਮ ਸੁਣੋ ਪੈਗ਼ਾਮ, ਸੰਦੇਸ਼ਾ ਧੁਰਦਰਗਾਹੀਆ । ਜਿਸ ਨੇ ਬਦਲ ਦੇਣਾ ਨਜ਼ਾਮ, ਨੌਬਤ ਨਾਮ ਹਕ ਸੁਣਾਈਆ । ਦੋ ਜਹਾਨਾਂ ਕਰ ਕੇ ਇੰਤਜ਼ਾਮ, ਵੇਖਣਹਾਰਾ ਥਾਉਂ ਥਾਈਂਆ । ਸਤਿ ਸਚ ਹੋਣ ਨਾ ਦੇਵੇ ਬਦਨਾਮ, ਬਦੀ ਨੇਕੀ ਵਿਚ ਬਦਲਾਈਆ । ਸਾਚਾ ਹੁਕਮ ਹੁਕਮ ਅੰਦਰ ਕਰੇ ਕਿਆਮ, ਕਿਆਮਤ ਵਿਚ ਆਪਣੀ ਕਾਰ ਕਮਾਈਆ । ਮਜ਼੍ਹਬ ਦਾ ਰਹੇ ਨਾ ਕੋਇ ਗ਼ੁਲਾਮ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਸੁਰਤੀ ਅੰਦਰ ਰਹੇ ਨਾ ਕੋਇ ਨਾਦਾਨ, ਸ਼ਬਦੀ ਸ਼ਬਦ ਡੰਕ ਸੁਣਾਈਆ । ਮਾਨਸ ਮਾਨਵ ਮਨੁਖਤਾ ਵਿਚ ਦੇ ਗਿਆਨ, ਅਗਿਆਨ ਅੰਧੇਰਾ ਦੇਣਾ ਚੁਕਾਈਆ । ਨਿਰਗੁਣ ਨੂਰ ਜੋਤੀ ਜੋਤ ਕਰ ਮਹਾਨ, ਮਹਿੰਮਾ ਅਕਥ ਕਥ ਸੁਣਾਈਆ । ਧੁਰ ਦਾ ਸ਼ਬਦ ਦੇ ਧੁਨਕਾਨ ਧੁਨ ਆਤਮਕ ਰਾਗ ਪਰਗਟਾਈਆ । ਅੰਮ੍ਰਿਤ ਰਸ ਦੇ ਕੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਦਏ ਗਵਾਈਆ । ਸਚ ਧਰਮ ਦਾ ਬਣਾ ਕੇ ਇਕ ਵਿਧਾਨ, ਵਿਦਿਆ ਦਾ ਵਾਅਦਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਸਰਗੁਣ ਆਪੇ ਆਪ ਪਰਗਟਾਈਆ । ਸੋ ਪੁਰਖ ਨਿਰੰਜਣ ਕਹੇ ਸੁਣ ਲਓ ਹੁਕਮ ਅਗੰਮਾ, ਹਰਿ ਅਗੰਮੜੀ ਕਾਰ ਕਮਾਈਆ । ਖੇਲ ਕਰੇ ਸ੍ਰੀ ਭਗਵੰਨਾ, ਭਗਵਤ ਭਗੌਤੀ ਧੁਰ ਦੀ ਧਾਰ ਜਣਾਈਆ । ਏਕਾ ਜੋ ਬਦਲ ਦਿਤਾ ਕੰਨਾ, ਕਲਾਮ ਸਭ ਦੀ ਰਿਹਾ ਮਿਟਾਈਆ । ਜਗਤ ਵਾਸਨਾ ਰਹੇ ਕੋਈ ਨਾ ਬੰਨਾ, ਬਾਹਮੀ ਮੇਲਾ ਲੈਣਾ ਮਿਲਾਈਆ । ਏਕਾ ਨੂਰ ਚਾੜ੍ਹ ਕੇ ਚੰਨਾ, ਨਿਜ ਨੇਤਰ ਹੋਵੇ ਰੁਸ਼ਨਾਈਆ । ਸੁਣੋ ਸੰਦੇਸ਼ਾ ਬਿਨਾ ਕੰਨਾਂ, ਹਰਿ ਕਰਤਾ ਆਪ ਪਰਗਟਾਈਆ । ਜੋ ਲੇਖਾ ਲਿਖਿਆ ਚੌਦਾਂ ਸੌ ਤੀਹ ਅੰਕ ਦਾ ਪੰਨਾ, ਪੁਨਹ ਪੁਨਹ ਮੰਗ ਮੰਗਾਈਆ । ਓਸੇ ਦੀ ਧਾਰ ਖੇਲ ਹੋਣਾ ਨਵਾਂ, ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਪੰਧ ਮੁਕਾਈਆ । ਜਿਹੜੀ ਧਾਰੋਂ ਗੋਬਿੰਦ ਜੰਮਾ, ਪਰਗਟ ਹੋ ਕੇ ਖੇਲ ਵਖਾਈਆ । ਜੋਤੀ ਨੂਰ ਜਗਾ ਕੇ ਸ਼ਮਅ, ਸ਼ੱਮਸ ਤਬਰੇਜ਼ ਦਾ ਲੇਖਾ ਪੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸੋ ਪੁਰਖ ਨਿਰੰਜਣ ਕਹੇ ਸੁਣੋ ਪੈਗ਼ੰਬਰ ਅਵਤਾਰ, ਅਵਤਾਰੀ ਹਰਿ ਜਣਾਇੰਦਾ । ਜਿਸ ਦਾ ਹੁਕਮ ਸਦਾ ਜੁਗ ਚਾਰ, ਨਿਰਗੁਣ ਸਰਗੁਣ ਆਪ ਸੁਣਾਇੰਦਾ । ਸੋ ਵੇਖੇ ਵਿਗਸੇ ਵੇਖਣਹਾਰ,

ਪਤਿਪਰਮੇਸ਼ਵਰ ਆਪਣੀ ਕਲ ਪਰਗਟਾਇੰਦਾ । ਜਿਸ ਦੀ ਕਰਦੇ ਰਹੇ ਇੰਤਜ਼ਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੜਦਾ ਆਪ ਚੁਕਾਇੰਦਾ । ਸੋ ਸਾਹਿਬ ਸਤਿਗੁਰ ਸ਼ਬਦੀ ਧਾਰ ਕਰੇ ਖ਼ਬਰਦਾਰ, ਬੇਖ਼ਬਰਾਂ ਆਪ ਉਠਾਇੰਦਾ । ਇਕ ਇਕੱਲਾ ਵੇਖੇ ਅਗੰਮੀ ਯਾਰ, ਜੋ ਸੱਥਰ ਯਾਰੜਾ ਆਪ ਹੰਢਾਇੰਦਾ । ਦੋ ਜਹਾਨਾਂ ਬਣ ਕੇ ਮੁਖਤਿਆਰ, ਇਖ਼ਤਿਆਰ ਸਭ ਦੇ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਪੰਧ ਆਪਣਾ ਹੁਕਮ ਪਰਗਟਾਇੰਦਾ । ਸੋ ਪੁਰਖ ਨਿਰੰਜਣ ਕਹੇ ਹੁਕਮ ਇਕ ਅਖ਼ੀਰੀ, ਆਖ਼ਰ ਦਿਆਂ ਜਣਾਈਆ । ਕਲਜੁਗ ਕੂੜੀ ਸ਼ਰਅ ਕੱਟ ਜ਼ੰਜੀਰੀ, ਜਾਹਰ ਜਹੂਰ ਕਰਾਂ ਰੁਸ਼ਨਾਈਆ । ਕਿਸੇ ਦੀ ਰਹੇ ਕੋਈ ਨਾ ਪੀਰੀ, ਪੈਗ਼ੰਬਰਾਂ ਪਰਾ ਪਸੰਤੀ ਮਧਮ ਬੈਖਰੀ ਲੇਖਾ ਦਿਆਂ ਮੁਕਾਈਆ । ਧੁਰ ਦਾ ਹੁਕਮ ਸ਼ਹਿਨਸ਼ਾਹ ਚਮਕਾਏ ਇਕ ਸ਼ਮਸ਼ੀਰੀ, ਤਿੱਖੀ ਧਾਰ ਨਿਰੰਕਾਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਉਪਜਾਈਆ । ਸਚ ਸੰਦੇਸ਼ਾ ਸੁਣੋ ਨਾਲ ਯਕੀਨ, ਯੱਕੇ ਬਾਅਦ ਦੀਗਰੇ ਆਪ ਸੁਣਾਈਆ । ਸਭ ਨੂੰ ਮੰਨਣੀ ਪਏ ਇਕ ਤਾਲੀਮ, ਤੁਲਬੇ ਹੋ ਕੇ ਸੀਸ ਨਿਵਾਈਆ । ਅੰਤ ਅਖ਼ੀਰ ਨਾ ਹੋਣਾ ਗ਼ਮਗੀਨ, ਗ਼ਮੀ ਖ਼ੁਸ਼ੀ ਤੋਂ ਬਾਹਰ ਕਢਾਈਆ । ਜੁਗ ਬਦਲਣਾ ਖੇਲ ਕਦੀਮ, ਕੁਦਰਤ ਦਾ ਕਰਤਾ ਆਪ ਸੁਣਾਈਆ । ਝਗੜਾ ਰਹੇ ਨਾ ਨਰ ਮਦੀਨ, ਮੁੱਦਾ ਇਕੋ ਨੂਰ ਇਲਾਹੀਆ । ਰਜ਼ਾ ਮੰਨਣੀ ਪਏ ਯਾ ਮੁਬੀਨ, ਮੁਫ਼ਲਿਸਾਂ ਹੋਏ ਸਹਾਈਆ । ਧੁਰ ਦਾ ਹੁਕਮ ਸੁਣੋ ਪਰਾਚੀਨ, ਪਰਚਿਆਂ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸਾਚਾ ਖੇਲ ਕਰੇ ਕਰਤਾਰ, ਕਰਨੀ ਕਰਤਾ ਆਪ ਕਮਾਈਆ । ਉਠ ਵੇਖ ਮੁਹੰਮਦ ਯਾਰ, ਮੂਸਾ ਈਸਾ ਵੱਜੇ ਵਧਾਈਆ । ਤੇਈ ਅਵਤਾਰ ਕਰ ਪਿਆਰ, ਪਾਰਬ੍ਰਹਮ ਰਿਹਾ ਸੁਣਾਈਆ । ਨਾਨਕ ਗੋਬਿੰਦ ਮੇਰੀ ਧਾਰ, ਧੁਰ ਦਾ ਨੂਰ ਜੋਤ ਰੁਸ਼ਨਾਈਆ । ਸਤਿਗੁਰ ਸ਼ਬਦ ਸੱਚਾ ਸ਼ਾਹਕਾਰ, ਸ਼ਹਿਨਸ਼ਾਹ ਵਡਿਆਈਆ । ਕੀ ਖੇਲ ਹੋਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੇਣ ਦੁਹਾਈਆ । ਦੇਵਤ ਸੁਰ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਛਹਿਬਰ ਲਾਈਆ । ਕਲਜੁਗ ਕੂਕ ਕਰੇ ਪੁਕਾਰ, ਚਾਰ ਕੁੰਟ ਰਿਹਾ ਸੁਣਾਈਆ । ਕਿਰਪਾ ਕਰ ਸਾਂਝੇ ਯਾਰ, ਦਰ ਤੇਰੇ ਆਸ ਰਖਾਈਆ । ਮੈਂ ਪ੍ਰਭੂ ਤੇਰਾ ਬੱਚਾ ਹੋਣਹਾਰ, ਜੋਬਨਵੰਤਾ ਸੋਭਾ ਪਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਕੀਤੀ ਵਿਭਚਾਰ, ਕੂੜ ਕੁਕਰਮ ਜਗਤ ਲੋਕਾਈਆ । ਮੇਰੇ ਸਿਰ ਤੇ ਦੇ ਪਿਆਰ, ਪੁਸ਼ਤ ਪਨਾਹ ਹੱਥ ਟਿਕਾਈਆ । ਤੇਰੇ ਨਾਲੋਂ ਬਣਾ ਕੇ ਸਰਬ ਗ਼ਦਾਰ, ਗਰਦਸ਼ ਵਿਚ ਦਿਤੇ ਭਵਾਈਆ । ਜਗਤ ਵਿਦਵਾਨਾਂ ਬਣਾ ਕੇ ਠੱਗ ਚੋਰ ਯਾਰ, ਗਿਆਨ ਦਾ ਖਹਿੜਾ ਦਿਤਾ ਚੁਕਾਈਆ । ਇਹੋ ਜਿਹਾ ਬੱਚਾ ਤੈਨੂੰ ਲੱਭਣਾ ਨਹੀਂ ਹੋਣਹਾਰ, ਜੋ ਸਭ ਦੀ ਬੁੱਧੀ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਕਲਜੁਗ ਕਹੇ ਪ੍ਰਭ ਮੇਰੇ ਬਚਨ ਮੁੱਲ ਦੇ, ਕੀਮਤ ਲੈਣੀ ਪਾਈਆ । ਔਹ ਵੇਖ ਅਗਲੇ ਸਾਲ ਈਸਾ ਮੂਸਾ ਇਕ ਦੂਜੇ ਨਾਲ ਘੁਲਦੇ, ਹੋਵੇ ਸੋਹਣੀ ਲੜਾਈਆ । ਮੇਰੇ ਬਚਨ ਫੁੱਲ ਵਾਂਗ ਕਿਰਦੇ, ਕਿਰਨ ਕਿਰਨ ਤੇਰਾ ਨੂਰ ਚਮਕਾਈਆ । ਤੇਰੇ ਕੌਲ ਇਕਰਾਰ ਚਿਰ ਦੇ, ਸਦੀ ਚੌਧਵੀਂ ਦੇ ਭੁਗਤਾਈਆ । ਲਿਖੇ ਲੇਖ ਕਦੇ ਨਾ ਮਿਟਦੇ, ਮੇਟਣਹਾਰਾ ਨਜ਼ਰ ਕੋਇ ਨਾ ਆਈਆ । ਲਹਿਣੇ ਪੂਰੇ ਕਰ ਦੇ ਗੋਬਿੰਦ ਵਾਲੀ ਚਿਟ ਦੇ, ਚਾਰੋਂ ਕੁੰਟ ਖੋਜ ਖੁਜਾਈਆ ।

੯੦੩
੨੦

ਝਗੜੇ ਮੁਕਾ ਦੇ ਪੱਥਰ ਇੱਟ ਦੇ, ਤੱਧ ਬਿਨ ਸੀਸ ਨਾ ਕੋਇ ਝੁਕਾਈਆ । ਤੇਰੇ ਖੇਲ ਨਵਿਤ ਨਿਤ ਦੇ, ਨਿਜ ਨੇਤਰ ਦੇਣੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਕਲਜੁਗ ਕਹੇ ਮੇਰੇ ਸਾਹਿਬ ਸੱਚੇ ਸੁਲਤਾਨਾ, ਸ਼ਹਿਨਸ਼ਾਹ ਤੇਰੀ ਵਡਿਆਈਆ । ਕੁਛ ਲੇਖਾ ਵੇਖ ਜਗਤ ਅਫ਼ਗਾਨਾ, ਆਫ਼ਤ ਆਪਣਾ ਹੁਕਮ ਬਣਾਈਆ । ਤੇਰਾ ਹੁਕਮ ਹੋਵੇ ਦੀਵਾਨਾ, ਦੀਵਾਨੀ ਫ਼ਾਨੀ ਕਰੇ ਸਰਬ ਲੋਕਾਈਆ । ਸਚ ਸੰਦੇਸ਼ਾ ਦੇ ਪੈਗ਼ਾਮਾ, ਹੁਕਮ ਕਾਇਨਾਤ ਸੁਣਾਈਆ । ਕੂੜੀ ਕਿਰਿਆ ਮਿਟੇ ਨਿਸ਼ਾਨਾ, ਨਿਸ਼ਾਨਾ ਝੂਠ ਰਹੇ ਨਾ ਰਾਈਆ । ਉਮਤ ਬੰਨ੍ਹ ਗਾਨਾ, ਨਬੀ ਰਸੂਲ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਇਕੱਲੇ ਇਕੋ ਦੇਣਾ ਉਪਜਾਈਆ । ਪੁਰਖ ਅਕਾਲ ਕਹੇ ਸੁਣ ਕਲਜੁਗ ਮੇਰੇ ਬੱਚੇ ਨੰਨ੍ਹੇ, ਚੌਥੇ ਜੁਗ ਦਿਆਂ ਸੁਣਾਈਆ । ਸ਼ਬਦੀ ਹੁਕਮ ਸੁਣ ਆਪਣੇ ਕੰਨੇ, ਕਲਮੇ ਤੋਂ ਬਾਹਰ ਇਕ ਪੜ੍ਹਾਈਆ । ਸ੍ਰਿਸ਼ਟੀ ਸਾਹਿਬ ਸੁਲਤਾਨ ਹੋ ਕੇ ਡੰਨੇ, ਡੰਡਾ ਧੁਰ ਦਾ ਹੱਥ ਉਠਾਈਆ । ਕੂੜ ਕੁੜਿਆਰੇ ਚਾਰੋਂ ਕੁੰਟ ਭੰਨੇ, ਬਚਿਆ ਰਹਿਣ ਕੋਇ ਨਾ ਪਾਈਆ । ਸ਼ਾਹ ਸੁਲਤਾਨ ਕਰੇ ਅੰਨ੍ਹੇ, ਨੇਤਰਹੀਣ ਹੋਵੇ ਲੋਕਾਈਆ । ਖੇਲ ਵੇਖਾਂ ਅਰਸ਼ ਫ਼ਰਸ਼ ਨਿਰਗੁਣ ਧਾਰ ਜ਼ਿਮੀਂ ਉਪਰ ਥੱਲੇ, ਜਲ ਥਲ ਮਹੀਅਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਕੀ ਮੁਹੰਮਦ ਆਸ਼ਾ ਕਹਿੰਦੀ, ਕਹਿ ਕਹਿ ਰਹੀ ਸੁਣਾਈਆ । ਈਸਾ ਧਿਆਨ ਕਰੇ ਦਿਸ਼ਾ ਲਹਿੰਦੀ, ਲਹਿਰ ਲਹਿਰ ਵਿਚੋਂ ਪਰਗਟਾਈਆ । ਮੂਸਾ ਲੱਗੀ ਵੇਖੇ ਮਹਿੰਦੀ, ਕਵਣ ਰੰਗ ਰੰਗਾਈਆ । ਤੇਈ ਅਵਤਾਰ ਕਹਿਣ ਕਵਣ ਧਾਰ ਅੰਤਮ ਵਹਿੰਦੀ, ਵਹਿਣ ਆਪਣਾ ਰਹੀ ਬਣਾਈਆ । ਨਾਨਕ ਗੋਬਿੰਦ ਕਹੇ ਜੋ ਭਾਣਾ ਆਈ ਸਹਿੰਦੀ, ਹੁਕਮੇ ਵਿਚ ਸੀਸ ਝੁਕਾਈਆ । ਸਤਿਗੁਰ ਸ਼ਬਦ ਕਹੇ ਸੋ ਸਾਚੇ ਧਾਮ ਸਚਖੰਡ ਦਵਾਰ ਚਰਨ ਕਵਲ ਇਕ ਰਹਿੰਦੀ, ਰਹਿ ਕੇ ਖ਼ੁਸ਼ੀ ਮਨਾਈਆ । ਕਲਜੁਗ ਕਹੇ ਮੇਰੀ ਕਲਾ ਕਦੇ ਨਾ ਹੋਵੇ ਢਹਿੰਦੀ, ਢਾਹ ਢੇਰੀ ਖ਼ਾਕ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਪੁਰਖ ਅਕਾਲ ਕਹੇ ਸੁਣ ਕਲਜੁਗ ਛੋਟੇ ਲਾਲ, ਲਾਲਨ ਦਿਆਂ ਦ੍ਰਿੜਾਈਆ । ਮੁਹੰਮਦ ਲੇਖਾ ਲਿਖਿਆ ਕਮਾਲ, ਬਿਨ ਅੱਖਰਾਂ ਅੱਖਰ ਸਮਝਾਈਆ । ਈਸੇ ਮੰਗਿਆ ਇਕ ਦਲਾਲ, ਵਿਚੋਲਾ ਧੁਰ ਦਾ ਲਿਆ ਬਣਾਈਆ । ਮੂਸਾ ਹੋ ਕੇ ਹਸਤੀ ਵਿਚੋਂ ਹਲਾਲ, ਹੱਕੁਲਯਕੀਨ ਲਿਆ ਬਣਾਈਆ । ਤੇਈ ਅਵਤਾਰ ਦੇ ਕੇ ਨਾਮ ਪੈਗ਼ਾਮ, ਸੰਦੇਸ਼ਾ ਸਚ ਸੁਣਾਈਆ । ਨਾਨਕ ਗੋਬਿੰਦ ਧੁਰ ਦਾ ਹੁਕਮ ਕਰ ਪਰਵਾਨ, ਪਰਵਾਨੇ ਗੁਰਮੁਖ ਲਏ ਪਰਗਟਾਈਆ । ਜਿਨ੍ਹਾਂ ਦਾ ਲਹਿਣਾ ਵਿਚ ਜਹਾਨ, ਦੀਨ ਦੁਨੀ ਤੋਂ ਬਾਹਰ ਰਿਹਾ ਰਖਾਈਆ । ਤਿਨ੍ਹਾਂ ਮੇਲਾ ਮੇਲ ਵਿਚ ਜਹਾਨ, ਜਹਾਲਤ ਅੰਦਰੋਂ ਦਏ ਕਢਾਈਆ । ਸਾਫ਼ ਕਰ ਕੇ ਕਾਇਆ ਕਾਅਬਾ ਹਕ ਮਕਾਨ, ਜਲਵਾ ਨੂਰ ਕਰੇ ਰੁਸ਼ਨਾਈਆ । ਨਜ਼ਰੀ ਆਏ ਇਕ ਅਮਾਮ, ਆਮਦ ਵਿਚ ਆਪਣਾ ਪੜਦਾ ਲਾਹੀਆ । ਮਨ ਦਾ ਰਹੇ ਨਾ ਕੋਇ ਗ਼ੁਲਾਮ, ਸੁਰਤੀ ਸ਼ਬਦ ਧੁਨ ਸ਼ਨਵਾਈਆ । ਅੰਮ੍ਰਿਤ ਰਸ ਪਿਆ ਕੇ ਜਾਮ, ਜਮਾਂ ਤੋਂ ਲਏ ਛੁਡਾਈਆ । ਪੂਰਬ ਲਹਿਣਾ ਮੁਕਾ ਕੇ ਤਮਾਮ, ਤਮਾ ਦੀ ਤ੍ਰਿਖਾ ਦਏ ਬੁਝਾਈਆ । ਸਾਚੀ ਮੰਜ਼ਲ ਦੱਸ ਆਸਾਨ, ਰਸਤਾ ਇਕੋ ਇਕ ਚੜ੍ਹਾਈਆ । ਜਿਸ ਗ੍ਰਿਹਿ ਮਿਲੇ ਸ੍ਰੀ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਸਤਿ ਸਤਿ

੯੦੪
੨੦

ਦਾ ਝੁੱਲੇ ਨਿਸ਼ਾਨ, ਸਤਿ ਸਤਿਵਾਦੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਕਲਜੁਗ ਸੁਣ ਧੁਰ ਦੀ ਅਗੰਮੀ ਬਾਤ, ਬਾਤਨ ਦਿਆਂ ਜਣਾਈਆ । ਜੋ ਗੁਰ ਅਵਤਾਰਾਂ ਪੈਗ਼ੰਬਰਾਂ ਸ਼ਬਦ ਅਗੰਮੀ ਜਣਾਈ ਗਾਥ, ਸ਼ਬਦੀ ਸ਼ਬਦ ਡੰਕ ਵਜਾਈਆ । ਤਿਨ੍ਹਾਂ ਦਾ ਦੇਣਾ ਧੁਰ ਦਾ ਸਾਥ, ਸਗਲਾ ਸੰਗ ਬਣਾਈਆ । ਜੋ ਗੋਬਿੰਦ ਗਿਆ ਆਖ, ਆਖ਼ਰ ਓਹੋ ਖੇਲ ਵਰਤਾਈਆ । ਪਰਗਟ ਹੋ ਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੜਦਾ ਰਿਹਾ ਚੁਕਾਈਆ । ਜਨ ਭਗਤਾਂ ਅੰਦਰ ਕਰ ਕੇ ਵਾਸ, ਵਾਸਤਾ ਆਪਣੇ ਨਾਲ ਜੁੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਕਰ ਕੇ ਦਾਸ, ਦਾਸਤਾਨ ਅਗਲੀ ਰਿਹਾ ਸੁਣਾਈਆ । ਸਾਚੇ ਮੰਡਲ ਵਖਾ ਕੇ ਰਾਸ, ਗੋਪੀ ਕਾਹਨ ਸੁਰਤੀ ਸ਼ਬਦ ਨਾਚ ਨਚਾਈਆ । ਪਰਗਟ ਹੋ ਕੇ ਪੁਰਖ ਅਕਾਲਾ ਆਪ, ਆਪ ਆਪਣਾ ਪੜਦਾ ਲਾਹੀਆ । ਸਤਿ ਸੁਹੇਲਾ ਦੇ ਕੇ ਜਾਪ, ਇਕ ਇਕੇਲਾ ਵੇਖ ਵਖਾਈਆ । ਰੂਹ ਬੁਤ ਕਰ ਕੇ ਪਾਕ, ਪਤਤ ਪੁਨੀਤ ਰਿਹਾ ਬਣਾਈਆ । ਬਜਰ ਕਪਾਟੀ ਖੋਲ੍ਹ ਕੇ ਤਾਕ, ਨਿਜ ਨੇਤਰ ਲੋਚਣ ਨੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਹਿਬਰ ਨੂਰ ਅਲਾਹੀਆ । ਕਲਜੁਗ ਸੁਣ ਹੁਕਮ ਇਕ ਨਿੱਕਾ, ਨਿੱਕੀ ਨਿੱਕੀ ਧਾਰ ਜਣਾਈਆ । ਤੇਰੀ ਕਿਰਿਆ ਦਾ ਬਦਲ ਦੇਣਾ ਸਿੱਕਾ, ਸਿਖਿਆ ਅਗਲੀ ਆਪ ਸਮਝਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਜਿਹੜਾ ਨਾਮ ਸ਼ਬਦ ਸੰਦੇਸ਼ਾ ਦਿਤਾ, ਲੋਕਮਾਤ ਜਗਤ ਪੜ੍ਹਾਈਆ । ਉਸ ਤੋਂ ਅਗਲਾ ਖੇਲ ਅਨਡਿੱਠਾ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਸਭ ਦਾ ਬਣਨਾ ਹਕੀਕੀ ਪਿਤਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਹੜਾ ਮਰੇ ਨਾ ਜੰਮੇ ਸੜੇ ਨਾ ਵਿਚ ਕਿਸੇ ਚਿਖਾ, ਅਗਨੀ ਅੱਗ ਨਾ ਕੋਇ ਤਪਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰਾਂ ਲੇਖ ਲਿਖਾ, ਕਲਮ ਸ਼ਾਹੀ ਕਾਗ਼ਜ਼ ਜੋੜ ਜੁੜਾਈਆ । ਉਸ ਨੇ ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਦਹਿ ਦਿਸ਼ਾ ਦੇਣੀ ਸਾਚੀ ਸਿੱਖਾ, ਸਿਖਿਆ ਵਿਚ ਸਾਖਿਆਤ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਪੂਰੀ ਕਰ ਕੇ ਇੱਛਾ, ਇੱਛਤ ਪੂਰ ਆਪ ਹੋ ਜਾਈਆ । ਨਾਮ ਭੰਡਾਰਾ ਪਾ ਕੇ ਭਿੱਛਾ, ਭਿੱਖਕ ਆਪਣੇ ਲੈਣੇ ਪਰਗਟਾਈਆ । ਜਿਹੜਾ ਸਾਹਿਬ ਸੁਲਤਾਨ ਸ੍ਰੀ ਭਗਵਾਨ ਜਗ ਨੇਤਰ ਨੂਰ ਨੁਰਾਨਾ ਸ਼ਾਹ ਸੁਲਤਾਨਾ ਕਿਸੇ ਨਾ ਦਿਸਾ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਕਲਜੁਗ ਕਹੇ, ਪ੍ਰਭ, ਮੁਹੰਮਦ ਮੇਰੇ ਵਲ ਤੱਕੇ ਨਾਲ ਗ਼ੁੱਸੇ, ਗਹਿਰੀ ਅੱਖ ਬਣਾਈਆ । ਕੁਛ ਰੋਸ ਚੜ੍ਹਿਆ ਮੂਸੇ, ਮੁਖੋਂ ਬੋਲ ਬੋਲ ਸੁਣਾਈਆ । ਈਸਾ ਦੂਰ ਦੁਰਾਡਾ ਦਿਸੇ, ਆਪਣੀ ਕਰਵਟ ਰਿਹਾ ਬਦਲਾਈਆ । ਤੇਈ ਅਵਤਾਰ ਹੋਏ ਛਿੱਥੇ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਨਾਨਕ ਗੋਬਿੰਦ ਕੱਢ ਕੇ ਧੁਰ ਫ਼ਰਮਾਨ ਦੇ ਚਿੱਠੇ, ਸਭ ਨੂੰ ਰਹੇ ਸੁਣਾਈਆ । ਕਿਉਂ ਸਦੀ ਚੌਧਵੀਂ ਪਿੱਟੇ, ਪਟਣੇ ਵਾਲਾ ਕਰੇ ਅਗਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਦੀ ਸਦੀਵੀ ਬੀਤੇ, ਵੇਲਾ ਵਕਤ ਦਏ ਗਵਾਹੀਆ । ਜਿਸ ਨੇ ਤੁਹਾਨੂੰ ਧਰਤੀ ਉਤੇ ਘਸੀਟਾ ਨੀਚੇ, ਨੀਚੋਂ ਊਚ ਦਏ ਬਣਾਈਆ । ਜੋ ਖੇਲ ਤਮਾਸ਼ੇ ਦੀਨ ਦੁਨੀ ਵਿਚ ਕੀਤੇ, ਕਰਨੀ ਦਾ ਕਰਤਾ ਵੇਖ ਵਖਾਈਆ । ਜੋ ਪਿਛੇ ਜੁਗ ਚੌਕੜੀਆਂ ਵਾਲੇ ਬੀਤੇ, ਆਪਣਾ ਪੰਧ ਮੁਕਾਈਆ । ਅੱਗੇ ਚਲਣੀ ਪ੍ਰਭ ਦੀ ਇਕੋ ਰੀਤੇ, ਮੰਦਰ ਮਸੀਤੇ ਖਹਿੜਾ ਦਏ ਛੁਡਾਈਆ । ਇਕੋ ਕਲਮਾ ਦਏ ਹਦੀਸੇ, ਹਰ ਹਿਰਦੇ ਕਰੇ ਪੜ੍ਹਾਈਆ । ਜਿਸ ਦੇ ਨਾਮ

ਨਿਧਾਨ ਆਬੇਹਯਾਤ ਅੰਮ੍ਰਿਤ ਰਸ ਬਾਟੇ ਪੀਤੇ, ਪੀਤ ਪੀਤੰਬਰ ਓਹੋ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਸੁਣੋ ਹੁਕਮ ਇਕ ਜਗਦੀਸਾ, ਜਗਦੀਸ਼ਰ ਰਿਹਾ ਦ੍ਰਿੜਾਈਆ । ਲੇਖਾ ਮੁਕਣਾ ਮੂਸਾ ਈਸਾ, ਇਸਮ ਆਜ਼ਮ ਇਕੋ ਰਿਹਾ ਪਰਗਟਾਈਆ । ਮੁਹੰਮਦ ਮੁਹੰਮਦੀ ਵੇਲਾ ਬੀਤਾ, ਮਹਿਬੂਬ ਕਰੇ ਰੁਸ਼ਨਾਈਆ । ਤੇਈ ਅਵਤਾਰ ਤ੍ਰੈਗੁਣ ਤੋਂ ਹੋ ਅਤੀਤਾ, ਤ੍ਰੈਭਵਨ ਰਿਹਾ ਸਮਝਾਈਆ । ਨਾਨਕ ਗੋਬਿੰਦ ਨਿਰਗੁਣ ਧਾਰ ਸ਼ਬਦੀ ਰੂਪ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਤਪਾਈਆ । ਸਤਿਗੁਰ ਸ਼ਬਦ ਕਹੇ ਇਹ ਖੇਲ ਪ੍ਰਭੂ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਆਪੇ ਕੀਤਾ, ਦੂਜਾ ਸੰਗ ਨਾ ਕੋਇ ਰਖਾਈਆ । ਸਭ ਨੇ ਭਾਣਾ ਮੰਨਣਾ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਸਾਢੇ ਤਿੰਨ ਹੱਥ ਕਾਇਆ ਵਜੂਦ ਤਨ ਮਾਟੀ ਖ਼ਾਕ ਤਪਣਾ ਅੰਗੀਠਾ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਅਗਨੀ ਅੱਗ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਪੜਦਾ ਆਪ ਉਠਾਈਆ । ਕਲਜੁਗ ਕਹੇ ਪ੍ਰਭੂ ਮੁਹੰਮਦ ਵੱਟੇ ਘੂਰੀ, ਗ਼ੁੱਸੇ ਨਾਲ ਡਰਾਈਆ । ਈਸਾ ਕਹੇ ਕੀ ਜੁਗ ਬਦਲਣਾ ਜ਼ਰੂਰੀ, ਪਰਵਰਦਿਗਾਰ ਦੇ ਸਮਝਾਈਆ । ਮੂਸਾ ਕਹੇ ਅੱਗੇ ਕਿਹੜੀ ਕਰੀਏ ਮਜ਼ਦੂਰੀ, ਕਵਣ ਚਾਕਰ ਰੂਪ ਵਟਾਈਆ । ਤੇਈ ਅਵਤਾਰ ਕਹਿਣ ਅੰਤ ਅਖ਼ੀਰ ਹੋਈ ਮਜਬੂਰੀ, ਮੌਜੂਦਾ ਹੋ ਕੇ ਹੁਕਮ ਸੁਣਾਈਆ । ਨਾਨਕ ਗੋਬਿੰਦ ਕਹੇ ਪ੍ਰਭ ਜੋਤ ਅਗੰਮੀ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਸਤਿਗੁਰ ਸ਼ਬਦ ਕਹੇ ਸਭ ਦੀ ਮੁਣਿਆਦ ਹੋਈ ਪੂਰੀ, ਪੂਰਨਾ ਪ੍ਰਭ ਜੂ ਰਿਹਾ ਪਾਈਆ । ਆਪਣੀ ਆਪਣੀ ਚੁੱਕ ਲਓ ਭੂਰੀ, ਭਰਮ ਅੱਗੇ ਰਹੇ ਨਾ ਰਾਈਆ । ਪੈਂਡਾ ਆਇਆ ਨੇੜ ਮੰਜ਼ਲ ਰਹੀ ਨਾ ਦੂਰੀ, ਦੂਰ ਦੁਰਾਡਾ ਆਪ ਜਣਾਈਆ । ਕਲਜੁਗ ਸ਼ਰਅ ਰਹਿਣ ਨਹੀਂ ਦੇਣੀ ਕੂੜੀ, ਕੂੜ ਕੁਟੰਬ ਦੇਣਾ ਮਿਟਾਈਆ । ਇਕ ਪੁਰਖ ਅਕਾਲ ਦੀਨ ਦਿਆਲ ਦੀ ਸਰਨ ਮੰਗਣੀ ਧੂੜੀ, ਧੁਰ ਦਾ ਮਸਤਕ ਲੇਖ ਦਏ ਬਣਾਈਆ । ਕੋਈ ਸਵਾਣੀ ਗੁਰਮੁਖ ਰਹੇ ਨਾ ਮੁਗਧ ਮੂੜ੍ਹੀ, ਮੂਰਖਾਂ ਇਕੋ ਰੰਗ ਰੰਗਾਈਆ । ਸਭ ਦੀ ਸਫਾ ਉਠਣੀ ਫੂੜੀ, ਫੋਕਟ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਬੇਪਰਵਾਹੀਆ । ਕਲਜੁਗ ਕਹੇ ਪ੍ਰਭੂ ਹਜ਼ਰਤ ਮੁਹੰਮਦ ਅੱਖਾਂ ਕੱਢੇ ਲਾਲ, ਤੇਰੇ ਲਾਲ ਰਿਹਾ ਡਰਾਈਆ । ਈਸਾ ਕਹੇ ਅੱਗੇ ਬੰਦ ਹੋ ਜਾਣਾ ਹਲਾਲ, ਹਲਾਲੀ ਵਾਲਾ ਰਹਿਣ ਕੋਇ ਨਾ ਪਾਈਆ । ਮੂਸਾ ਕਹੇ ਸਭ ਦੇ ਸਿਰ ਉਤੇ ਕੂਕਦਾ ਕਾਲ, ਕਾਲ ਨਗਾਰਾ ਡੰਕ ਵਜਾਈਆ । ਤੇਈ ਅਵਤਾਰ ਕਹਿਣ ਕੇਹਦੀ ਕਰੀਏ ਸੰਭਾਲ, ਸੰਭਲ ਪੈਰ ਨਾ ਕੋਇ ਟਿਕਾਈਆ । ਨਾਨਕ ਗੋਬਿੰਦ ਕਹੇ ਇਹ ਖੇਲ ਪੁਰਖ ਅਕਾਲ, ਅਕਲ ਕਲਧਾਰੀ ਆਪ ਕਰਾਈਆ । ਸਤਿਗੁਰ ਸ਼ਬਦ ਕਹੇ ਜੁਗ ਚੌਕੜੀ ਵੱਖਰੀ ਚਾਲ, ਚਾਲ ਨਿਰਾਲੀ ਆਪ ਪਰਗਟਾਈਆ । ਸਤਿਜੁਗ ਸਾਚੀ ਸਤਿ ਧਰਮ ਬਣਾ ਕੇ ਧਰਮਸਾਲ, ਧਰਮ ਦਵਾਰਾ ਇਕੋ ਇਕ ਰਖਾਈਆ । ਜਿਥੇ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਮਿਲੇ ਮਾਣ, ਅਭਿਮਾਨ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਗਾਣ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਸਤਿ ਸਤਿਵਾਦ ਝੁਲੇ ਇਕ ਨਿਸ਼ਾਨ, ਨਿਸ਼ਾਨੇ ਨਿਛਾਵਰ ਕਰ ਕੇ ਗੁਰ ਅਵਤਾਰ ਪੈਗ਼ੰਬਰ ਸਾਰੇ ਸੀਸ ਝੁਕਾਈਆ । ਸਤਿ ਸਤਿ ਦਾ ਇਕ ਹੋਵੇ ਇਸਲਾਮ, ਆਜ਼ਮ ਦਾ ਇਸਮ ਇਸਮੇ ਆਜ਼ਮ ਅਜ਼ੀਮ ਉਲ ਸ਼ਾਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਕਲਜੁਗ ਕਹੇ ਮੁਹੰਮਦ ਕਿਹਾ ਵਲੀਉਲ ਅੱਲ੍ਹਾ, ਅਲਾਹ ਵਾਹਦ ਵਜ਼ੀਦ ਵਜ਼ਰੇ ਵਜ਼ੂਰ ਵਜ਼ਗਉਲ ਵਿਜ਼ਾ ਨਜ਼ਰੀ ਆਈਆ । ਜ਼ਵੀਲੇ ਹਕ ਸ਼ਰੀਕੇ ਕਜ਼ੂਲ ਕਜ਼ਲੇ ਕਮੀਂ ਗ਼ਮੇ ਜ਼ੂਲ, ਜ਼ਮੀਮ ਉਲ ਜ਼ਮਾਂ ਸ਼ਹਿਨਸ਼ਾਹੀਆ । ਆਜ਼ਮੇ ਅਜ਼ੂਲ, ਕ਼ਸਮੇ ਕਬੂਲ ਹਜ਼ਰਤੇ ਅਜ਼ੂਲ, ਅਜ਼ੀਦੇ ਅਜ਼ਾਂ ਵਜ਼ੀਦੇ ਜ਼ਵਾਂ, ਜ਼ੀਰੇ ਨਿਵਾਂ ਨਵਾਜ਼ਸ਼ ਵਿਚ ਸਰਨਾਈਆ । ਚਸ਼ਮੇ ਨਜ਼ੀਂ, ਗੋਸ਼ੇ ਵਜ਼ੀਂ, ਤਹਾਜ਼ੇ ਉਲੀਂ, ਕੁਲਾਜ਼ੇ ਕੁਲੂ, ਮੁਹਤਾਜੇ ਮਲੂਹ, ਬੇਮੁਹਤਾਜੇ ਨੂਰੇ ਨੂਰ ਇਲਾਹੀਆ । ਜਿਆਉਲ ਅਹੂ, ਕਿਆਉਲ ਜ਼ਹੂ, ਬੇਜ਼ਾਹਿਲ ਜ਼ਹੂ, ਜ਼ੁਮਤਾਇਲ ਜ਼ਮੂ, ਜ਼ੀਰੇ ਜ਼ਾਦ, ਅਰਸ਼ਾਦੇ ਸ਼ਾਦ ਨਜ਼ਰੀ ਆਈਆ । ਮੁਸਨੱਫੇ ਕੁਲੂ, ਮੁਨਹਰਫ਼ੇ ਰੂ, ਬਤਰਫ਼ੇ ਜ਼ਰੂ, ਜ਼ਰਾ ਜ਼ਰਾ ਜ਼ੱਰੇ ਜ਼ੱਰੇ ਜ਼ੀਨੋ ਸਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਰਦਾ ਓਹਲਾ ਆਪ ਚੁਕਾਈਆ । ਕਲਜੁਗ ਕਹੇ ਮੁਹੰਮਦ ਕਹੇ ਕਜ਼ੀਨੇ ਕੁਜ਼ਾ, ਕੁਜ਼ਤੇ ਕਜ਼ਿਤੇ ਕਜ਼ੋਦੇ ਕੁਰਾਸ਼ਾਨੀਆ । ਕੁਸ਼ਾਦੇ ਖ਼ੁਸ਼ਾਮਦ ਵਿਚ ਲੋਕਾਈਆ । ਜ਼ੈਹਤੀਰੇ ਜ਼ੋਹਦੋ ਜ਼ਮੀਰੇ ਬੋਧੋ, ਅਖ਼ੀਰੇ ਨਜ਼ੀਮੋ, ਜ਼ਕੀਤੇ ਜ਼ਕੀਤੇ ਜ਼ਕਾਲੋ, ਯਕੇ ਯਕ ਤਰਫ਼ ਸੋਭਾ ਪਾਈਆ । ਸ਼ਾਹੇ ਸ਼ੋਸ਼ਿਸ਼ ਅਲੇ ਅਲਾਹ ਹੂ, ਵਲੇ ਵਲੀ ਉਲ ਕਲੇ ਕਲ ਉਲ ਮਲੇ, ਤੁਲਾ ਉਲ ਤਲੇ, ਦੀਨ ਉਲ ਦਲੇ, ਦਰੇ ਦਰਬਾਰ ਦਰਗਾਹ ਸਾਚੀ ਇਕ ਰੁਸ਼ਨਾਈਆ । ਖ਼ਜ਼ੀਬੋ ਖ਼ਰਾ, ਮਹਿਬੂਬੋ ਨਰਾ, ਨਜ਼ੀਬੋ ਸ਼ਰਅ, ਗ਼ੁਰਬਤ ਹੈਰਾਂ, ਹਰਾਮੇ ਅਮਾਂ, ਕਲਜੁਗ ਪੈਗ਼ਾਮ, ਬਾਆਰਾਮ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖ ਲੇਖ ਵਿਚ ਕਰ ਕੇ ਰਵਾਂ, ਰਵਾਨਗੀ ਪਰਵਾਨਗੀ ਅਹਿਸਾਨਗੀ ਵਿਚ ਅਹਿਸਾਨ ਅੱਗੇ ਨਾ ਕੋਇ ਰਖਾਈਆ ।



★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੩ ਸੁਖਦੇਵ ਰਾਮ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ★

ਜਨਮ ਮਰਨ ਦਾ ਸਭ ਦਾ ਲੇਖਾ, ਲੱਖ ਚੁਰਾਸੀ ਵੰਡ ਵੰਡਾਈਆ । ਕਾਲ ਮਹਾਂਕਾਲ ਬੋਲੀ ਵਿਚ ਲੈ ਕੇ ਠੇਕਾ, ਲਿਖਤ ਰਾਏ ਧਰਮ ਹੱਥ ਫੜਾਈਆ । ਚਿਤਰ ਗੁਪਤ ਸਭ ਦਾ ਰੱਖੇ ਚੇਤਾ, ਕਰਨੀ ਕਰਮਾਂ ਵੇਖ ਵਖਾਈਆ । ਤਤ ਵਜੂਦ ਸਭ ਨੂੰ ਬਦਲਣਾ ਪਏ ਭੇਖਾ, ਅੰਡਜ ਜੇਰਜ ਉਤਭੁਜ ਸੇਤਜ ਫੇਰੀ ਪਾਈਆ । ਜਿਨ੍ਹਾਂ ਨੂੰ ਸਾਹਿਬ ਸਤਿਗੁਰ ਬਣਾਏ ਆਪਣਾ ਬੇਟਾ, ਮਿਹਰ ਨਜ਼ਰ ਬੇਨਜ਼ੀਰ ਉਠਾਈਆ । ਨਜ਼ਰੀ ਆਵੇ ਨੇਤਨ ਨੇਤਾ, ਦੂਰ ਦੁਰਾਡਾ ਪੰਧ ਚੁਕਾਈਆ । ਸੁਰਤੀ ਸ਼ਬਦ ਕਰਾ ਕੇ ਹੇਤਾ, ਹਿਤਕਾਰੀ ਹੋ ਕੇ ਜੋੜ ਜੁੜਾਈਆ । ਅੰਤਮ ਲੈ ਕੇ ਜਾਵੇ ਆਪਣੇ ਦੇਸਾ, ਦੇਸ ਦਸੰਤਰ ਪੰਧ ਮੁਕਾਈਆ । ਜਿਸ ਘਰ ਵਸਦਾ ਰਹੇ ਹਮੇਸ਼ਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਡੇਰਾ ਲਾਈਆ । ਗੁਰਮੁਖਾਂ ਵਖਾ ਕੇ ਇਕੋ ਸੌਹਰਾ ਪੇਕਾ, ਪ੍ਰੀਤਮ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਮਰਨ ਦਾ ਲੇਖਾ ਸਦਾ ਮੁਕਾਈਆ । ਲੇਖੇ ਵਿਚ ਜੰਮਦੇ ਮਰਦੇ, ਮੁਰਦੀ ਜੀਵ ਜੰਤ ਅਖਵਾਈਆ । ਅਗਨੀ ਨਾਲ ਤੱਤਾਂ ਵਾਲੇ ਸੜਦੇ, ਮਿੱਟੀ ਖ਼ਾਕ ਸਿਰ ਛੁਪਾਈਆ । ਜੋ ਸਾਹਿਬ ਸਤਿਗੁਰ ਅੰਤਰ ਨਿਰੰਤਰ ਯਾਦ ਕਰਦੇ, ਸਾਹ ਸਵਾਸ ਵਿਚੋਂ ਬਦਲਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦੇ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ

ਵਧਾਈਆ । ਉਹ ਮੰਜ਼ਲ ਹਕੀਕੀ ਚੜ੍ਹਦੇ, ਪੰਧ ਅੱਗੇ ਰਹੇ ਨਾ ਰਾਈਆ । ਦਰਸ਼ਨ ਇਕੋ ਮਹਿਬੂਬ ਕਰਦੇ, ਜੋ ਨਜ਼ਰੇ ਨੂਰ ਖ਼ੁਦਾਈਆ । ਖੇਲ ਵੇਖ ਅਗੰਮੀ ਘਰ ਦੇ, ਗਹਿਰ ਗੰਭੀਰ ਸੀਸ ਝੁਕਾਈਆ । ਸੋ ਸੰਤ ਸੁਹੇਲੇ ਮੰਜ਼ਲ ਆਪਣੀ ਆਪੇ ਵਰਦੇ, ਵਾਰਸ ਇਕੋ ਸੋਭਾ ਪਾਈਆ । ਲੇਖੇ ਵਿਚ ਕਦੇ ਨਾ ਜੰਮਦੇ ਮਰਦੇ, ਮੁਰਦੇ ਹੋ ਕੇ ਮੁਰੀਦ ਮੁਰਸ਼ਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਜਨਮ ਮਰਨ ਦਾ ਲੇਖਾ ਮੁੱਕਦਾ, ਮੁਕੰਮਲ ਮਿਲੇ ਇਕ ਸਰਨਾਈਆ । ਜਿਸ ਨੇ ਨਾਮ ਗਾਇਆ ਇਕੋ ਤੁਕ ਦਾ, ਤੁਖ਼ਮ ਤਾਸੀਰ ਗਿਆ ਬਦਲਾਈਆ । ਆਤਮ ਪਰਮਾਤਮ ਵਿਛੋੜੇ ਵਾਲਾ ਪੰਧ ਚੁੱਕਦਾ, ਚਾਰੋਂ ਕੁੰਟ ਨੂਰ ਰੁਸ਼ਨਾਈਆ । ਸਤਿਗੁਰ ਕਿਰਪਾ ਗੁਰਮੁਖ ਮਨ ਕਲਪਣਾ ਵਿਚ ਕਦੇ ਨਹੀਂ ਦੁੱਖਦਾ, ਦੁਖੀਆਂ ਦਾਰੂ ਆਪੇ ਲਏ ਕਰਾਈਆ । ਜਿਸ ਵੇਲੇ ਨਾਤਾ ਜੁੜ ਜਾਏ ਭਗਤ ਭਗਵਾਨ ਪਿਤਾ ਪੁੱਤ ਦਾ, ਕਲੇਸ਼ ਦਰਵੇਸ਼ ਨੇੜ ਕੋਇ ਨਾ ਆਈਆ । ਮਾਰਗ ਮਿਲ ਜਾਏ ਇਕੋ ਸੁੱਚ ਦਾ, ਸਤਿ ਸਤਿਵਾਦੀ ਹੋਏ ਸਹਾਈਆ । ਜਨਮ ਕਰਮ ਦਾ ਲੇਖਾ ਜਗਤ ਨਾਲੋਂ ਟੁੱਟ ਦਾ, ਟੁੱਟੀ ਗੰਢ ਆਤਮ ਪਰਮਾਤਮ ਆਪਣੇ ਨਾਲ ਬੰਧਾਈਆ । ਸਦਾ ਵਕਤ ਸੁਹੰਜਣਾ ਸਾਚੇ ਘਰ ਹੋਵੇ ਸੁਖ ਦਾ, ਅਨੰਦ ਅਨੰਦ ਵਿਚ ਵੱਜੇ ਇਕ ਵਧਾਈਆ । ਓਨ੍ਹਾਂ ਦਾ ਪੈਂਡਾ ਏਥੇ ਓਥੇ ਸਦਾ ਮੁਕਦਾ, ਜਿਨ੍ਹਾਂ ਮੁਕੰਮਲ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਤ ਸੁਹੇਲੇ ਗੁਰਮੁਖ ਗੁਰਸਿਖ ਭਗਤ ਭਗਵਾਨ ਹੋ ਕੇ ਆਪੇ ਚੁੱਕ ਦਾ, ਚਾਰ ਕੁੰਟ ਦਹਿ ਦਿਸ਼ਾ ਖੋਜ ਖੁਜਾਈਆ ।



★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੩ ਜਾਗੀਰ ਕੌਰ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ★

ਜਨਮ ਕਰਮ ਦਾ ਲੇਖਾ ਜਿਸ ਮੁਕਾਉਣਾ, ਮੁਕਤੀ ਤੋਂ ਪਰੇ ਮਿਲੇ ਸਰਨ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਇਕ ਮਨਾਉਣਾ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਸਾਚੀ ਸਰਨ ਸਚ ਸਵਾਮੀ ਅੰਤਰਜਾਮੀ ਇਕ ਤਕਾਉਣਾ, ਦੂਜਾ ਧਿਆਨ ਨਾ ਕੋਇ ਲਗਾਈਆ । ਪਰਮਾਤਮ ਆਤਮ ਵਿਚ ਵਸਾਉਣਾ, ਨੂਰ ਨੁਰਾਨਾ ਨੂਰ ਕਰ ਰੁਸ਼ਨਾਈਆ । ਧੁਰ ਦਾ ਢੋਲਾ ਗੀਤ ਗਾਉਣਾ, ਗਹਿਰ ਗੰਭੀਰ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਸ ਦੇਵੇ ਮਾਣ ਵਡਿਆਈਆ । ਜਨਮ ਕਰਮ ਦਾ ਲੇਖਾ ਸਦਾ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਜੋ ਸਤਿਗੁਰ ਸ਼ਬਦ ਚੜ੍ਹ ਗਿਆ ਬੇੜੇ, ਜੀਵਣ ਨਈਆ ਨੌਕਾ ਪਾਰ ਕਰਾਈਆ । ਚੁਰਾਸੀ ਘੁੰਮਣ ਘੇਰ ਕੋਈ ਨਾ ਘੇਰੇ, ਜਮ ਕੀ ਫਾਸੀ ਨਾ ਕੋਇ ਨਾ ਸਜ਼ਾਈਆ । ਦੀਨ ਦਿਆਲ ਕਰੇ ਸਦ ਮਿਹਰੇ, ਨਿਗਾਹਬਾਨ ਮਿਹਰ ਨਜ਼ਰ ਉਠਾਈਆ । ਪੂਰਬ ਲੇਖਾ ਸਰਬ ਨਬੇੜੇ, ਲਹਿਣਾ ਅਵਰ ਰਹੇ ਨਾ ਰਾਈਆ । ਏਕਾ ਰੰਗ ਰੰਗਾਏ ਗੁਰੂ ਗੁਰ ਚੇਰੇ, ਚੇਲਾ ਗੁਰ ਇਕੋ ਧਾਰ ਸਮਾਈਆ । ਕਲਜੁਗ ਕੂੜੀ ਕਿਰਿਆ ਪਾਰ ਕਰ ਕੇ ਅੰਧ ਅੰਧੇਰੇ, ਸਤਿ ਜੋਤ ਕਰੇ ਰੁਸ਼ਨਾਈਆ । ਸਤਿ ਦਵਾਰ ਏਕੰਕਾਰ ਜਿਹੜੇ ਆ ਗਏ ਵਿਹੜੇ, ਧਰਮ ਅਸਥਾਨ ਭੂਮਿਕਾ ਸੋਈ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਜਨਮ ਕਰਮ ਦਾ ਲੇਖਾ ਰਹੇ ਨਾ ਬਾਕੀ,

ਹਿਸਾਬ ਹਿੱਸਾ ਵੰਡ ਨਾ ਕੋਇ ਵੰਡਾਈਆ । ਕਿਰਪਾ ਕਰੇ ਸ੍ਰੀ ਭਗਵਾਨ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪਣੀ ਦਇਆ ਕਮਾਈਆ । ਭਾਗ ਲਗਾਏ ਤਨ ਵਜੂਦ ਮਾਟੀ ਖ਼ਾਕੀ, ਖ਼ਾਲਸ ਆਪਣਾ ਰੰਗ ਵਖਾਈਆ । ਆਤਮ ਪਰਮਾਤਮ ਦੱਸ ਕੇ ਸੱਚੀ ਜਾਤੀ, ਨਿਰਗੁਣ ਨਿਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਇਹ ਖੇਲ ਅਗੰਮਾ ਕਮਲਾਪਾਤੀ, ਪਤਿਪਰਮੇਸ਼ਵਰ ਆਪ ਜਣਾਈਆ । ਪੂਰਬ ਜਨਮ ਲਹਿਣਾ ਦੇਣਾ ਕਰਮਾਂ ਵੇਖੇ ਬਾਕੀ, ਪਾਕੀ ਪਾਕ ਆਪਣਾ ਖੇਲ ਖਿਲਾਈਆ । ਬਿਨ ਸਾਹਿਬ ਸਤਿਗੁਰ ਮੁਕੇ ਨਾ ਕਿਸੇ ਵਾਟੀ, ਅਧਵਾਟੇ ਦਿਸੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂੰਜੀ ਜਨਮ ਕਰਮ ਦੀ ਵੇਖੇ ਰਾਸੀ, ਰਹਿਬਰ ਹੋ ਕੇ ਰਸਤਾ ਆਪਣਾ ਦਏ ਵਖਾਈਆ ।

★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੩ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ★

ਕਰਮ ਕਾਂਡ ਦਾ ਲੇਖਾ ਹੋਵੇ ਨਾਸ, ਜਨਮ ਜਨਮ ਵਿਚੋਂ ਬਦਲਾਈਆ । ਕਿਰਪਾ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਦਇਆ ਕਮਾਈਆ । ਜਨ ਭਗਤ ਬਣਾ ਕੇ ਦਾਸੀ ਦਾਸ, ਸੇਵਕ ਸੇਵਾ ਇਕ ਸਮਝਾਈਆ । ਨਾਮ ਜਪਣਾ ਬਿਨ ਜਿਹਵਾ ਰਸਨ ਸਵਾਸ, ਅਜਪਾ ਜਾਪ ਆਪ ਪਰਗਟਾਈਆ । ਅੰਮ੍ਰਿਤ ਦੇ ਕੇ ਬੂੰਦ ਸਵਾਂਤ, ਨਿਝਰ ਝਿਰਨਾ ਇਕ ਝਿਰਾਈਆ । ਸ਼ਬਦ ਅਗੰਮੀ ਵਜਾ ਕੇ ਨਾਦ, ਧੁਨ ਆਤਮਕ ਰਾਗ ਸੁਣਾਈਆ । ਮਨ ਮਨਸਾ ਮੇਟ ਕੇ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਦਲਾਈਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਧੁਰਦਾ ਬਣਾ ਸਾਥ, ਸਗਲਾ ਸੰਗ ਨਿਭਾਈਆ । ਆਤਮ ਪਰਮਾਤਮ ਪੂਜਾ ਪਾਠ, ਸਿਮਰਨ ਇਕੋ ਇਕ ਵਖਾਈਆ । ਜਿਥੇ ਝਗੜਾ ਰਹੇ ਨਾ ਜਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਜਨਮ ਕਰਮ ਦਾ ਲੇਖਾ ਕਰੇ ਪੂਰਾ, ਪੂਰਨ ਸਤਿਗੁਰ ਬੇਪਰਵਾਹੀਆ । ਜਿਸ ਦਾ ਜੋਤੀ ਜੋਤ ਅਗੰਮੀ ਨੂਰਾ, ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਸਰਬ ਕਲਾ ਭਰਪੂਰਾ, ਭਰਪੂਰ ਰਿਹਾ ਸਰਬ ਠਾਈਆ । ਸੋ ਸਵਾਮੀ ਅੰਤਰਜਾਮੀ ਜਨ ਭਗਤਾਂ ਆਪਣੇ ਨਾਮ ਦੀ ਦੇ ਕੇ ਤੂਰਾ, ਤੁਰੀਆ ਤੋਂ ਅੱਗੇ ਪੜਦਾ ਦਏ ਉਠਾਈਆ । ਸਹਾਈ ਹੋਵੇ ਜਗਤ ਜਗਦੀਸ਼ ਜੋਧਾ ਸੂਰਬੀਰਾ, ਬੀਰਤਾ ਵਿਚ ਬੀਰ ਰਸ ਆਪਣਾ ਇਕ ਚਖਾਈਆ । ਜਗਤ ਜਹਾਨ ਸ਼ਰਅ ਕੱਟ ਜ਼ੰਜੀਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਮਿਲਣ ਦੀ ਦੱਸ ਅਗੰਮੀ ਤਦਬੀਰਾ, ਤਕਰੀਰ ਤਹਿਰੀਰ ਦਾ ਲੇਖਾ ਦਏ ਚੁਕਾਈਆ । ਖੇਲ ਵਖਾਵੇ ਗਹਿਰ ਗੰਭੀਰਾ, ਬੇਨਜ਼ੀਰ ਨਜ਼ਰੀਆ ਆਪਣਾ ਇਕ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਕਰਮ ਦਾ ਲੇਖਾ ਰਹੇ ਨਾ ਤਨ ਵਜੂਦ, ਮਾਟੀ ਖ਼ਾਕ ਨਾ ਕੋਇ ਸਜ਼ਾਈਆ । ਜਿਨ੍ਹਾਂ ਮਿਲੇ ਹਕ ਮਹਿਬੂਬ, ਮੁਹੱਬਤ ਵਿਚ ਮੀਆਂ ਬੀਵੀ ਆਪਣਾ ਰੰਗ ਰੰਗਾਈਆ । ਘਰਾਨਾ ਦੱਸ ਅਰਸ਼ ਉਚ ਅਰੂਜ਼, ਆਲੀਜਾਹ ਪੜਦਾ ਦਏ ਉਠਾਈਆ । ਮੰਜ਼ਲ ਦੱਸ ਇਕ ਮਹਿਦੂਦ, ਪੈਂਡਾ ਅਗਲਾ ਦਏ ਚੁਕਾਈਆ । ਜਿਧਰ

ਵੇਖਣ ਓਧਰ ਮੌਜੂਦ, ਚਾਰ ਕੁੰਟਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨਮ ਕਰਮ ਦਾ ਲੇਖਾ ਲਹਿਣਾ ਦੇਣਾ ਤੁੱਟੇ ਨਾਤਾ, ਨਰ ਨਰਾਇਣ ਦੇਵੇ ਸਰਨਾਈਆ । ਕਿਰਪਾ ਕਰੇ ਪੁਰਖ ਬਿਧਾਤਾ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਗੁਰਮੁਖਾਂ ਦੇ ਕੇ ਧੁਰ ਦਾ ਸਾਥਾ, ਆਤਮ ਪਰਮਾਤਮ ਜੋੜ ਜੁੜਾਈਆ । ਏਥੇ ਓਥੇ ਦੋ ਜਹਾਨਾਂ ਬਣ ਕੇ ਪਿਤਾ ਮਾਤਾ, ਸਵਾਮੀ ਅੰਤਰਜਾਮੀ ਆਪਣੀ ਗੋਦ ਟਿਕਾਈਆ । ਆਤਮ ਜੋਤੀ ਦਾ ਬਣ ਕੇ ਜਾਤਾ, ਜਗਜੀਵਣ ਦਾਤਾ ਦੇਵੇ ਮਾਣ ਵਡਿਆਈਆ । ਧੁਰ ਫ਼ਰਮਾਨ ਸੰਦੇਸ਼ਾ ਦੇਵੇ ਸਾਚਾ, ਸਚ ਕਰਨੀ ਆਪ ਦ੍ਰਿੜਾਈਆ । ਜੀਉ ਪਿੰਡ ਤਨ ਖ਼ਾਕੀ ਮਾਟੀ ਕਾਚਾ, ਥਿਰ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਹੋ ਕੇ ਦੇਵੇ ਇਕ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਧਰਮ ਰਾਏ ਦਾ ਸਾਫ਼ ਕਰੇ ਖਾਤਾ, ਚਿਤਰ ਗੁਪਤ ਲੇਖ ਨਾ ਕੋਇ ਪਰਗਟਾਈਆ । ਕਾਲ ਮਾਰੇ ਕੋਈ ਨਾ ਡਾਕਾ, ਲਾੜੀ ਮੌਤ ਨਾ ਕੋਇ ਪਰਨਾਈਆ । ਗੁਰਮੁਖ ਨੂਰ ਨੂਰ ਵਿਚੋਂ ਪਰਕਾਸ਼ਾ, ਪਰਕਾਸ਼ ਨੂਰ ਜੋਤ ਵਿਚ ਸਮਾਈਆ । ਕਰਮ ਦਾ ਲੇਖਾ ਰਹੇ ਕੋਈ ਨਾ ਬਾਕਾ, ਬਕਲਮ ਖ਼ੁਦ ਲਿਖਣ ਵਾਲੇ ਸਾਰੇ ਦਏ ਮੁਕਾਈਆ । ਗੁਰਮੁਖਾਂ ਪੂਰਾ ਕਰ ਕੇ ਜਨਮ ਜਨਮ ਦਾ ਘਾਟਾ, ਘਾਟੀ ਮੰਜ਼ਲ ਆਪਣੀ ਦਏ ਚੜ੍ਹਾਈਆ । ਅੱਗੇ ਮੁੱਕੇ ਚੁਰਾਸੀ ਵਾਲੀ ਵਾਟਾ, ਪਾਂਧੀ ਬਣ ਕੇ ਅੰਡਜ ਜੇਰਜ ਉਤਭੁਜ ਸੇਤਜ ਫੇਰਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਵਸੇ ਸਦਾ ਪਾਸਾ, ਪਾਰਬ੍ਰਹਮ ਪ੍ਰਭ ਆਪਣੇ ਘਰ ਵਸਾਈਆ ।



★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੩ ਹਰੀ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ★

ਕਰਮ ਕਹੇ ਮੇਰਾ ਜੁਗ ਜੁਗ ਡੂੰਘਾ ਖਾਤਾ, ਖ਼ਤਰੇ ਵਿਚ ਵੇਖਾਂ ਸਰਬ ਲੋਕਾਈਆ । ਚਾਰ ਜੁਗ ਸਭ ਦੀਆਂ ਸੁਣਦਾ ਰਿਹਾ ਬਾਤਾਂ, ਬਿਨ ਸਰਵਣਾਂ ਸੁਣ ਕੇ ਖ਼ੁਸ਼ੀ ਬਣਾਈਆ । ਗੁਰ ਅਵਤਾਰ ਪੈਗ਼ੰਬਰਾਂ ਪੜ੍ਹਦਾ ਰਿਹਾ ਗਾਥਾ, ਜੋ ਗਹਿਰ ਗੰਭੀਰ ਰਿਹਾ ਪੜ੍ਹਾਈਆ । ਫਿਰਦਾ ਰਿਹਾ ਉਤੇ ਧਰਨੀ ਧਰਤ ਧਵਲ ਜਿਸ ਨੂੰ ਦੁਨੀਆ ਕਹੇ ਮਾਤਾ, ਮਾਤ ਪਿਤ ਸਮਝ ਕੋਇ ਨਾ ਪਾਈਆ । ਧੁਰ ਫ਼ਰਮਾਨ ਸ੍ਰੀ ਭਗਵਾਨ ਮੰਨਦਾ ਰਿਹਾ ਆਖਾ, ਆਖ਼ਰਕਾਰ ਵਿਹਾਰ ਅੰਦਰ ਆਪਣੀ ਕਾਰ ਕਮਾਈਆ । ਪਰਖਦਾ ਰਿਹਾ ਦੀਨ ਮਜ਼੍ਹਬ ਦੀਆਂ ਜਾਤਾਂ ਪਾਤਾਂ, ਵਾਟਾਂ ਵਿਚ ਆਪਣਾ ਪੰਧ ਚੁਕਾਈਆ । ਮਨ ਮਨੂਏ ਦੀਆਂ ਤੱਕਦਾ ਰਿਹਾ ਖਾਹਿਸ਼ਾਂ, ਕਲਪਣਾ ਵਿਚ ਜੋ ਦਏ ਦੁਹਾਈਆ । ਸਵਾਂਗੀਆਂ ਦੀਆਂ ਵੇਖਦਾ ਰਿਹਾ ਰਾਸ਼ਾਂ, ਗੋਪੀ ਕਾਹਨ ਵਿਚ ਜਹਾਨ ਜੋ ਆਪਣਾ ਰੂਪ ਬਦਲਾਈਆ । ਵਿਛੋੜੇ ਵਾਲੀਆਂ ਤੱਕਦਾ ਰਿਹਾ ਰਾਤਾਂ, ਮੂਰਖ ਮੁਗਧਾਂ ਗੂੜ੍ਹੀ ਨੀਂਦ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਸਾਚੀ ਕਾਰ ਕਮਾਈਆ । ਕਰਮ ਕਹੇ ਮੇਰਾ ਖੇਲ ਅਛਲ ਅਛੱਲ ਦਾ, ਵਲ ਛਲ ਧਾਰੀ ਦਿਤੀ ਵਡਿਆਈਆ । ਕੋਈ ਲੇਖਾ ਸਮਝ ਨਾ ਸਕੇ ਮੇਰੇ ਘੜੀ ਪਲ ਦਾ, ਪਲਕ ਦੇ ਅੰਦਰ ਆਪਣੀ ਕਾਰ ਦਿਆਂ ਭੁਗਤਾਈਆ । ਕਿਸੇ ਅੰਦਾਜ਼ਾ ਨਹੀਂ ਆਇਆ ਮੇਰੇ ਬਲ ਦਾ, ਬਲਧਾਰੀ ਦਿਤੇ ਖਪਾਈਆ । ਮੇਰਾ ਧਿਆਨ ਇਕੋ ਧਾਮ ਅਟਲ ਦਾ, ਜਿਸ

ਅਟਲ ਪਦਵੀ ਮੇਰੀ ਝੋਲੀ ਪਾਈਆ । ਜੋ ਹੁਕਮ ਸੰਦੇਸ਼ੇ ਸਭ ਨੂੰ ਘਲਦਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਓਸੇ ਦੇ ਹੁਕਮੇ ਅੰਦਰ ਮੈਂ ਹਰ ਘਟ ਅੰਦਰ ਰਲਦਾ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਕੁਛ ਮੇਰਾ ਲੇਖਾ ਓਸ ਅਗੰਮੀ ਜਲ ਦਾ, ਜੋ ਜਲ ਥਲ ਮਹੀਅਲ ਆਪਣੀ ਖੇਲ ਵਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਬਿਨਾ ਪ੍ਰਭੂ ਕਿਰਪਾ ਕੋਈ ਨਾ ਫਲਦਾ, ਮਾਨਸ ਖ਼ਾਲੀ ਸਾਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਾਚੀ ਸੇਵ ਲਗਾਈਆ । ਕਰਮ ਕਹੇ ਮੈਂ ਸਭ ਦਾ ਦਾਤਾ, ਦਾਤਾਰ ਦਿਤੀ ਵਡਿਆਈਆ । ਪੁਰਖ ਅਕਾਲ ਦਾ ਮੰਨ ਕੇ ਆਖਾ, ਅੱਖਰਾਂ ਤੋਂ ਬਾਹਰ ਡੇਰਾ ਲਾਈਆ । ਤਤ ਵਜੂਦ ਅੰਦਰ ਮੇਰੀਆਂ ਨਿੱਕੀਆਂ ਨਿੱਕੀਆਂ ਸ਼ਾਖ਼ਾਂ, ਜਿਸ ਦੀ ਗਣਤ ਨਾ ਕੋਇ ਗਣਾਈਆ । ਨੌ ਸੌ ਨੜ੍ਹਿਨਵੇ ਇਕੋ ਵਾਰ ਕਰਾਂ ਬਾਤਾਂ, ਬਾਤਨ ਵਿਚ ਆਪਣੀ ਖੇਲ ਖਿਲਾਈਆ । ਬਿਨਾ ਅੱਖਾਂ ਤੋਂ ਆਖ਼ਰ ਮੰਜ਼ਲ ਤਾਈਂ ਝਾਕਾਂ, ਪੜਦਿਆਂ ਵਿਚੋਂ ਪੜਦਾ ਆਪ ਉਠਾਈਆ । ਮੇਰੀਆਂ ਮੇਟ ਨਾ ਸਕਿਆ ਕੋਈ ਵਾਟਾਂ, ਵੱਟ ਬੰਨ੍ਹੇ ਵੇਖਾਂ ਜਗਤ ਲੋਕਾਈਆ । ਮੇਰਾ ਜੋਬਨ ਸਦਾ ਜਵਾਨੀ ਅੰਦਰ ਮਾਰੇ ਠਾਠਾਂ, ਰੂਪ ਅਨੂਪ ਆਪਣਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਕਰਨੀ ਮੇਰੀ ਝੋਲੀ ਪਾਈਆ । ਕਰਮ ਕਹੇ ਮੈਥੋਂ ਬਚਿਆਂ ਰਿਹਾ ਕੋਈ ਨਾ ਸਾਧ, ਸਾਧਨਾ ਜਗਤ ਨਾ ਕੋਇ ਕਰਾਈਆ । ਮੈਂ ਸਭ ਦੀ ਸੁਣਦਾ ਰਿਹਾ ਧੀਮੀ ਧੀਮੀ ਆਵਾਜ਼, ਜੋ ਧਰਮ ਦਵਾਰਿਉਂ ਪ੍ਰਭ ਰਿਹਾ ਸੁਣਾਈਆ । ਇਹ ਮੇਰੇ ਅੰਦਰ ਰਾਜ਼, ਬਾਹਰ ਕਰੇ ਨਾ ਕੋਇ ਸ਼ਨਵਾਈਆ । ਖੇਲ ਵੇਖਾਂ ਅਗੰਮ ਤਮਾਸ਼, ਤਮਾ ਵਿਚ ਜਗਤ ਹਲਕਾਈਆ । ਬਿਨ ਭਗਤਾਂ ਪੂਰੀ ਹੋਈ ਕਿਸੇ ਨਾ ਆਸ, ਬੇਆਸੇ ਸਾਰੇ ਦੇਣ ਦੁਹਾਈਆ । ਕਰਮ ਕਹੇ ਮੈਂ ਉਨ੍ਹਾਂ ਦਾ ਦਾਸੀ ਦਾਸ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਬਿਨਾ ਪੁਰਖ ਅਕਾਲ ਤੋਂ ਮੇਰਾ ਕਰੇ ਕੋਈ ਨਾ ਘਾਤ, ਘਾਇਲ ਕਰ ਨਾ ਕੋਇ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਿਨ੍ਹਾਂ ਨੂੰ ਧੁਰ ਸੰਦੇਸ਼ਾ ਦਿਤੀ ਆਪਣੀ ਦਾਤ, ਪੱਟੀ ਇਕੋ ਦਿਤੀ ਪੜ੍ਹਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਮਿਤਰ ਪਿਆਰੇ ਦਿਤੇ ਵਖਾਈਆ । ਨਾਮ ਦੀ ਪੂੰਜੀ ਦੇ ਕੇ ਰਾਸ, ਰਸਤਾ ਦਿਤਾ ਬਦਲਾਈਆ । ਮੈਨੂੰ ਸਭ ਕੁਛ ਗਿਆ ਭਾਖ, ਸ਼ਬਦੀ ਸ਼ਬਦ ਹੁਕਮ ਜਣਾਈਆ । ਮੈਂ ਹੋ ਕੇ ਚਰਨ ਕਵਲ ਕਵਲ ਚਰਨ ਦਾਸ, ਦਾਸੀ ਦਾਸ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪੂਰਨ ਦੇ ਕੇ ਆਪਣਾ ਵਿਸ਼ਵਾਸ਼, ਵਿਸ਼ਵ ਦਾ ਵਾਸਦੇਵ ਵਾਸਤਕ ਵਾਬਸਤਾ ਆਪਣੇ ਨਾਲ ਕਰਾਈਆ ।



### ★ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੩ ਮੱਸਾ ਸਿੰਘ ਦੇ ਗ੍ਰਿਹ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ★

ਕਰਮ ਕਹੇ ਮੇਰਾ ਓਥੇ ਪੈਂਡਾ ਮੁੱਕਿਆ, ਅੱਗਾ ਪਿੱਛਾ ਨਾ ਕੋਇ ਵਖਾਈਆ । ਜਿਨ੍ਹਾਂ ਨੂੰ ਪੁਰਖ ਅਕਾਲ ਗੋਦੀ ਚੁੱਕਿਆ, ਚਾਰ ਕੁੰਟ ਆਪਣੀ ਦਇਆ ਕਮਾਈਆ । ਨਿਰਗੁਣ ਨਿਰਵੈਰ ਹੋ ਕੇ ਪੁਛਿਆ, ਪਾਰਬ੍ਰਹਮ ਪਤਿਪਰਮੇਸ਼ਵਰ ਹੋ ਸਹਾਈਆ । ਸ਼ਬਦੀ ਧਾਰ ਹੋ ਕੇ ਬੁੱਕਿਆ, ਨਾਅਰਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਕਰਮ ਕਹੇ ਮੇਰਾ ਚਲੇ

ਕੋਈ ਨਾ ਚਾਰਾ, ਚਾਰੋਂ ਕੁੰਟ ਦਿਆਂ ਦੁਹਾਈਆ । ਜਿਨ੍ਹਾਂ ਮਿਲਿਆ ਏਕਾ ਏਕੰਕਾਰਾ, ਅਕਲ ਕਲਧਾਰੀ ਆਪਣਾ ਜੋੜ ਜੁੜਾਈਆ । ਓਨ੍ਹਾਂ ਭਗਤਾਂ ਕਰ ਕੇ ਨਿਮਸਕਾਰਾ, ਨਮਸਤੇ ਵਿਚ ਆਪਣਾ ਸੀਸ ਝੁਕਾਈਆ । ਠਾਂਡਾ ਵੇਖ ਧੁਰ ਦਰਬਾਰਾ, ਦਰਗਾਹ ਸਾਚੀ ਸੋਭਾ ਪਾਈਆ । ਇਹ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪੇ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਕਰਮ ਕਹੇ ਮੈਂ ਰਹਾਂ ਨਾ ਭਗਤਾਂ ਕੋਲ, ਦੂਰ ਦੁਰਾਡਾ ਸੀਸ ਝੁਕਾਈਆ । ਜਿਨ੍ਹਾਂ ਦੇ ਅੰਤਰ ਤੂੰ ਮੇਰਾ ਮੈਂ ਤੇਰਾ ਵੱਜਦਾ ਢੋਲ, ਸੋਹੰ ਢੋਲਾ ਰਹੇ ਗਾਈਆ । ਸਭ ਤੋਂ ਵੱਖਰਾ ਬੋਲਣ ਬੋਲ, ਅਨਬੋਲਤ ਰਾਗ ਅਲਾਹੀਆ । ਭਾਗ ਲਗਾ ਕੇ ਕਾਇਆ ਮਾਟੀ ਚੋਲ, ਚੋਜੀ ਪ੍ਰੀਤਮ ਮਿਲ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਭਗਤਾਂ ਸੰਗ ਰਖਾਈਆ । ਕਰਮ ਕਹੇ ਮੈਂ ਕਦੇ ਨਾ ਆਵਾਂ ਨੇੜੇ, ਨਿੱਕਾ ਹੋ ਕੇ ਦਿਆਂ ਸਾਲਾਹੀਆ । ਸਤਿਗੁਰ ਸ਼ਬਦ ਜਿਨ੍ਹਾਂ ਨੂੰ ਘੇਰੇ, ਚਾਰੋਂ ਦਿਸ਼ਾ ਹੋਏ ਸਹਾਈਆ । ਚਾੜ੍ਹੇ ਆਪਣੇ ਬੇੜੇ, ਫੜ ਬਾਹੋਂ ਲਏ ਉਠਾਈਆ । ਲੇਖਾ ਮੁਕੇ ਮੇਰੇ ਤੇਰੇ, ਤੇਰਾ ਮੇਰਾ ਵੰਡ ਨਾ ਕੋਇ ਵੰਡਾਈਆ । ਸਾਹਿਬ ਸੁਲਤਾਨ ਕਰ ਕੇ ਮਿਹਰੇ, ਮਿਹਰ ਨਜ਼ਰ ਇਕ ਉਠਾਈਆ । ਜਿਥੇ ਇਕੋ ਰੂਪ ਹੋ ਗਏ ਗੁਰੂ ਚੇਰੇ, ਚੇਰਾ ਗੁਰ ਗੁਰੂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਦਾ ਫੈਸਲਾ ਹਕੀਕ਼ਤ ਵਿਚ ਆਪ ਨਬੇੜੇ, ਲਾਸ਼ਰੀਕ ਸ਼ਰਕਤ ਦਏ ਕਢਾਈਆ ।



੬੧੨
੨੦

★ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੩ ਦਾਰਾ ਸਿੰਘ ਦੇ ਗ੍ਰਿਹ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ★

ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਕਰੋ ਹਸਤ ਅੱਖਰ, ਦਸਖ਼ਤ ਬਿਨਾ ਕਲਮ ਸ਼ਾਹੀਆ । ਅੱਗੇ ਰਹੇ ਕੋਈ ਨਾ ਵੱਖਰ, ਵੱਖਰਾ ਵੱਖਰਾ ਬੰਕ ਸੁਹਾਈਆ । ਚੋਟੀ ਚੜ੍ਹ ਕੇ ਤੱਕਿਆ ਇਕੋ ਨੂਰ ਸੱਖਰ, ਸਿਖ਼ਰ ਕਰੇ ਰੁਸ਼ਨਾਈਆ । ਪੂਜਾ ਰਹੇ ਨਾ ਕੋਈ ਇੱਟ ਪੱਥਰ, ਪਾਹਨ ਸੀਸ ਨਾ ਕੋਇ ਝੁਕਾਈਆ । ਲੋਕਮਾਤ ਜਗਤ ਪ੍ਰੇਮ ਦਾ ਕਰਨਾ ਨਹੀਂ ਕੋਈ ਯਤਨ, ਯਥਾਰਥ ਦਿਤਾ ਦ੍ਰਿੜਾਈਆ । ਤੁਸੀਂ ਆ ਗਏ ਆਪਣੇ ਵਤਨ, ਬੇਵਤਨਾਂ ਦੀ ਦੇਵੇ ਨਾ ਕੋਇ ਸਫ਼ਾਈਆ । ਮੇਰਾ ਇਕੋ ਸੁਹੰਜਣਾ ਹੋਣਾ ਪਤਣ, ਪਤਿਪਰਮੇਸ਼ਵਰ ਹੋ ਕੇ ਰਿਹਾ ਸੁਹਾਈਆ । ਲੋਕਮਾਤ ਮੈਂ ਸਚ ਸੰਦੇਸ਼ਾ ਜਾਣਾ ਦੱਸਣ, ਦਹਿ ਦਿਸ਼ਾ ਹਕ ਪੜ੍ਹਾਈਆ । ਭਗਤਾਂ ਅੰਦਰ ਜਾਣਾ ਵਸਣ, ਵਾਸਤਾ ਆਪਣੇ ਨਾਲ ਰਖਾਈਆ । ਇਸ਼ਟ ਤੋੜ ਕੇ ਮਾਟੀ ਬਦਨ, ਬਦਲੀ ਵਿਚ ਅਦਲ ਆਪਣਾ ਆਪ ਕਮਾਈਆ । ਸੰਤ ਸੁਹੇਲੇ ਲੱਖ ਚੁਰਾਸੀ ਵਿਚੋਂ ਜਾਵਾਂ ਕੱਢਣ, ਨਿਰਗੁਣ ਧਾਰ ਮੇਲਾ ਮੇਲ ਕਰਾਈਆ । ਸਹਿਜ ਸੁਭਾਈ ਕੂੜ ਕੁੜਿਆਰ ਜਗਤ ਵਾਸਨਾ ਜਾਵਾਂ ਵੱਢਣ, ਨਾਮ ਖੰਡਾ ਇਕ ਚਮਕਾਈਆ । ਮਨਸਾ ਕਰਾਂ ਪੂਰੀ ਜੋ ਤੱਤੀ ਲੋਹ ਉਤੇ ਮੰਗੀ ਅਰਜਨ, ਆਜਜ਼ੀ ਵਿਚ ਅਰਜ਼ ਦਿਤੀ ਸੁਣਾਈਆ । ਜਿਸ ਵੇਲੇ ਕਲਜੁਗ ਅਗਨੀ ਪਵਣ ਲੱਗੀ ਵਗਣ, ਚਾਰ ਵਰਨ ਜਗਤ ਜਲਾਈਆ । ਓਸ ਵੇਲੇ ਪੁਰਖ ਅਬਿਨਾਸ਼ੀ ਜਨ ਭਗਤਾਂ ਦੇਣਾ ਆਪਣਾ ਸਗਨ, ਅੰਮ੍ਰਿਤ ਰਸ ਬੂੰਦ ਸਵਾਂਤੀ ਅੰਤਰ ਮੁਖ ਚੁਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ

ਕੋਟ ਬ੍ਰਹਿਮੰਡਾਂ ਦਾ ਕਰਨਾ ਵਜ਼ਨ, ਤਰਾਜ਼ੂ ਕੰਡਾ ਤੱਕੜ ਇਕੋ ਇਕ ਉਠਾਈਆ । ਮਾਲਕ ਕਿਸੇ ਦਾ ਰਹੇ ਕੋਇ ਨਾ ਕਜ਼ਨ, ਕਜ਼ਾ ਦੇ ਮਾਲਕ ਕਾਇਨਾਤ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟੀ ਉਤੇ ਖ਼ੁਸ਼ੀਆਂ ਨਾਲ ਫਿਰੇ ਅਜ਼ਲ, ਆਅਲਾ ਅਜ਼ੀਮ ਤੇਰੀ ਸੇਵ ਕਮਾਈਆ । ਤੇਰਾ ਇਕੋ ਢੋਲਾ ਗੀਤ ਗਹਿਰ ਗੰਭੀਰ ਹੋਵੇ ਗ਼ਜ਼ਲ, ਗ਼ਰਜ਼ ਗੁਰਮੁਖਾਂ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਧੁਰ ਮਸਤਕ ਲੇਖ ਬਣਾਉਂਣਾ ਆਪ, ਪ੍ਰਭ ਆਪਣੀ ਦਇਆ ਕਮਾਈਆ । ਬਿਨ ਤੇਰੀ ਕਿਰਪਾ ਰਹੇ ਕੋਈ ਨਾ ਪਾਕ, ਪੁਨੀਤ ਪਤਤ ਦਿਸੇ ਲੋਕਾਈਆ । ਚਰਨ ਧੂੜੀ ਮਿਲੇ ਕਿਸੇ ਨਾ ਖ਼ਾਕ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਆਪਣੀ ਹੱਥੀਂ ਖੋਲ੍ਹਣੇ ਭਗਤਾਂ ਤਾਕ, ਦੂਜਾ ਹੱਥ ਨਾ ਕੋਇ ਲਗਾਈਆ । ਚਾਰ ਜੁਗ ਦਾ ਭਵਿਖਤ ਵਾਕ, ਵਾਕਫ਼ਕਾਰ ਪੂਰਾ ਦੇਣਾ ਕਰਾਈਆ । ਮਿਹਰ ਨਿਗਾਹ ਨਾਲ ਲੈਣਾ ਝਾਕ, ਝਾਕੀ ਇਤਫ਼ਾਕੀ ਆਪਣੀ ਆਪ ਰਖਾਈਆ । ਸੱਜਣ ਸੁਹੇਲੇ ਦੇਣਾ ਸਾਥ, ਸਗਲਾ ਸੰਗ ਬਣਾਈਆ । ਸਚ ਸਮਾਧੀ ਵਿਚ ਰਿਹਾ ਆਖ, ਲੋਹ ਤੱਤੀ ਸੋਭਾ ਪਾਈਆ । ਇਕ ਹੋਰ ਅਗੰਮੀ ਬਾਤ, ਚਰਨ ਕਵਲ ਭੇਟ ਚੜ੍ਹਾਈਆ । ਪੁਰਖ ਅਕਾਲੇ ਦੀਨ ਦਿਆਲੇ ਆਪਣੀ ਲੱਭੀਂ ਆਪੇ ਜਾਤ, ਜ਼ਰੂਰਤ ਗੁਰ ਅਵਤਾਰ ਪੈਗ਼ੰਬਰ ਰਹਿਣ ਕੋਇ ਨਾ ਪਾਈਆ । ਤੂੰ ਸਭ ਦਾ ਪਤਿਪਰਮੇਸ਼ਵਰ ਕਮਲਾਪਾਤ, ਪਾਰਬ੍ਰਹਮ ਬ੍ਰਹਮ ਜਲਵਾਗਰ ਨੂਰ ਰੁਸ਼ਨਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖੇਲਣਾ ਤੈਨੂੰ ਅਗੰਮੀ ਜਾਚ, ਯਾਚਕ ਆਪਣੇ ਲੈਣੇ ਉਠਾਈਆ । ਤੇਰਾ ਭਗਤ ਤੇਰਾ ਸੰਤ ਬਿਨ ਤੇਰੇ ਨਾਮ ਦੂਜਾ ਸ਼ਾਸਤਰ ਸਕੇ ਨਾ ਕੋਇ ਵਾਚ, ਵਾਚਕ ਗਿਆਨ ਦੀ ਲੋੜ ਰਹੇ ਨਾ ਰਾਈਆ । ਤੂੰ ਸਭ ਦਾ ਸਖ਼ਾ ਸਹਾਈ ਬਾਪ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਮੰਜ਼ਲ ਵਖਾਉਣੀ ਅਗੰਮਾ ਘਾਟ, ਧੁਰ ਦਰਬਾਰਾ ਇਕੋ ਨਜ਼ਰੀ ਆਈਆ । ਜਿਸ ਗ੍ਰਿਹਿ ਨਿਰਗੁਣ ਜੋਤ ਹੋਵੇ ਪਰਕਾਸ਼, ਦੀਵਾ ਬਾਤੀ ਅਵਰ ਨਾ ਕੋਇ ਚਮਕਾਈਆ । ਗੁਰਮੁਖਾਂ ਪੂਰੀ ਕਰਨੀ ਆਸ, ਅਸਲ ਵਿਚ ਵਸਲ ਮਿਲੇ ਯਾਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦਕੜੇ ਵਾਰੀ ਘੋਲੀ ਘੋਲ ਘੁਮਾਈਆ । ਸਤਿਗੁਰ ਸ਼ਬਦ ਕਹੇ ਕਵਣ ਵਾਰੀ ਕਵਣ ਘੋਲੀ, ਆਪਣਾ ਆਪ ਭੇਟ ਕਰਾਈਆ । ਕਵਣ ਬਦਲਦਾ ਰਹੇ ਚੋਲੀ, ਕਾਇਆ ਪੰਜ ਤਤ ਬਦਲਾਈਆ । ਕਵਣ ਦੱਸਦਾ ਰਹੇ ਬੋਲੀ, ਅਨਬੋਲਤ ਰਾਗ ਸੁਣਾਈਆ । ਪੁਰਖ ਅਕਾਲ ਕਿਹਾ ਨਾਲ ਹੌਲੀ, ਸਚ ਸੰਦੇਸ਼ਾ ਇਕ ਸੁਣਾਈਆ । ਵੇਖੋ ਭਾਗ ਲੱਗਣ ਲੱਗਾ ਉਪਰ ਧੌਲੀ, ਧਰਨੀ ਧਰਤ ਧਵਲ ਮਿਲੇ ਮਾਣ ਵਡਿਆਈਆ । ਜਨ ਭਗਤਾਂ ਰੁੱਤ ਸੁਹੰਜਣੀ ਮੌਲੀ, ਪੱਤ ਟਹਿਣੀ ਆਪ ਮਹਿਕਾਈਆ । ਲੱਖ ਚੁਰਾਸੀ ਕਰੇ ਬਹੁੜੀ, ਦਰੋਹੀ ਕਰ ਕਰ ਕੁਰਲਾਈਆ । ਕੁਛ ਨਾਨਕ ਨਿਰਗੁਣ ਅਰਜਨ ਧਾਰ ਲੇਖਾ ਲਿਖਿਆ ਵਿਚ ਰਾਗ ਗੌੜੀ, ਜਿਸ ਦੀ ਸਮਝ ਜਗ ਵਿਦਿਆ ਵਿਚ ਨਾ ਆਈਆ । ਪ੍ਰਭ ਦੀ ਖੇਲ ਕੋਈ ਨਾ ਸਮਝੇ ਲੰਮੀ ਚੌੜੀ, ਚਾਰੋਂ ਕੁੰਟ ਪੰਧ ਨਾ ਕੋਇ ਮੁਕਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਣੀ ਬੌਰੀ, ਬਾਵਰ ਰੂਪ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਪਣੇ ਹੱਥ ਰੱਖੇ ਡੋਰੀ, ਡੰਡਾਵਤ ਬੰਦਨਾ ਆਪਣੀ ਦਏ ਸਮਝਾਈਆ ।

★ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੩ ਕਰਨੈਲ ਸਿੰਘ ਦੇ ਗ੍ਰਹਿ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ★

ਗੁਰ ਅਰਜਨ ਕਹੇ ਵੇਲਾ ਯਾਦ ਕਰ ਜਿਸ ਵੇਲੇ ਤੱਤੀ ਹੋਈ ਤਵੀ, ਤਾਰਕਾ ਮੰਡਲ ਉਪਰ ਧਿਆਨ ਲਗਾਈਆ । ਸ਼ਬਦੀ ਹੁਕਮ ਸੰਦੇਸ਼ਾ ਮੈਂ ਪੁਰਖ ਅਕਾਲ ਦਿਤਾ ਜਿਸ ਵੇਲੇ ਹੋਵੇ ਅਵਤਾਰ ਚਵੀ, ਚਾਰ ਬੀਸ ਆਪਣਾ ਹੁਕਮ ਵਰਤਾਈਆ । ਤੇਰਾ ਭਗਤ ਸੁਹੇਲਾ ਸੰਗ ਨਿਭਾਵੇ ਰਵਦਾਸ ਰਵੀ, ਰਵ ਸਸ ਤੋਂ ਪਰੇ ਜਿਸ ਦੀ ਰੁਸ਼ਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਢੋਲਾ ਗਵੀਂ, ਦੀਨ ਦੁਨੀ ਦਇਆ ਕਮਾਈਆ । ਆਪਣੀ ਧਾਰ ਚਲਾਵੀਂ ਨਵੀਂ, ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਈਆ । ਸਚ ਸਿੰਘਾਸਣ ਅਗੰਮੇ ਬਹਵੀਂ, ਗੋਬਿੰਦ ਸੇਜਾ ਆਪ ਸੁਹਾਈਆ । ਗੁਰਮੁਖਾਂ ਅੰਦਰ ਨਿਰਗੁਣ ਹੋ ਕੇ ਸਵੀਂ, ਸੁਖ ਆਸਣ ਸੋਭਾ ਪਾਈਆ । ਪੂਰਬ ਲੇਖਾ ਸਭ ਦੇ ਕੋਲੋਂ ਲਵੀਂ, ਅਵਤਾਰ ਪੈਗ਼ੰਬਰ ਗੁਰ ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਲੋਹ ਤੱਤੀ ਕਹੇ ਮੇਰਾ ਤਨ ਵਜੂਦ ਨਹੀਂ ਤਪਿਆ, ਤਪਦੀ ਵੇਖੀ ਜਗਤ ਲੋਕਾਈਆ । ਜਿਨ੍ਹਾਂ ਹਰਿ ਕਾ ਨਾਮ ਜਪਿਆ, ਉਨ੍ਹਾਂ ਜਗਤ ਦੇਵੇ ਸਜ਼ਾਈਆ । ਸਾਚਾ ਮਾਰਗ ਜਿਸ ਨੇ ਦੱਸਿਆ, ਉਨ੍ਹਾਂ ਤਤ ਮਿਲੇ ਸਜ਼ਾਈਆ । ਅੰਦਰ ਪੁਰਖ ਅਕਾਲ ਵਸਿਆ, ਬਾਹਰੋਂ ਦੋਜ਼ਖ਼ ਜਗਤ ਲੋਕਾਈਆ । ਅਰਜਨ ਖ਼ੁਸ਼ੀ ਦੇ ਵਿਚ ਹੱਸਿਆ, ਹਸਤੀ ਵੇਖੀ ਬੇਪਰਵਾਹੀਆ । ਕਲਜੁਗ ਅੰਤ ਦਿਸੇ ਅੰਧੇਰੀ ਮੱਸਿਆ, ਅਮਾਵਸ ਆਪਣਾ ਰੂਪ ਬਦਲਾਈਆ । ਕੋਈ ਜਗਤ ਸਾਧ ਰਹਿਣਾ ਨਹੀਂ ਸੱਚਿਆ, ਸੰਜਮ ਸੁਚ ਨਾ ਕੋਇ ਵਡਿਆਈਆ । ਕਰਮ ਕਾਂਡ ਹੋਣਾ ਕੱਚਿਆ, ਕਾਚੀ ਗਗਰੀਆ ਕਰੇ ਨਾ ਕੋਇ ਸਫ਼ਾਈਆ । ਪੁਰਖ ਅਕਾਲ ਆਉਣਾ ਭੱਜਿਆ, ਨਿਰਗੁਣ ਹੋ ਕੇ ਫੇਰਾ ਪਾਈਆ । ਜਿਸ ਦੀ ਸਮਝੇ ਕੋਈ ਨਾ ਵਜਿਆ, ਵਾਜਬ ਆਪਣਾ ਹੁਕਮ ਵਰਤਾਈਆ । ਮੈਂ ਉਸੇ ਦੇ ਹੁਕਮੇ ਅੰਦਰ ਬੱਧਿਆ, ਬੰਦਨਾ ਵਿਚ ਸੀਸ ਝੁਕਾਈਆ । ਸਦੀ ਚੌਧਵੀਂ ਸਭ ਦਾ ਭਾਰ ਜਾਣਾ ਲੱਦਿਆ, ਗੁਰ ਅਵਤਾਰ ਪੈਗ਼ੰਬਰ ਭੱਜਣ ਥਾਉਂ ਥਾਈਂਆ । ਪੂਰਬ ਲਹਿਣਾ ਲੇਖਾ ਜਾਣਾ ਕੱਢਿਆ, ਖਾਤਾ ਅਗੰਮੀ ਫੋਲ ਫੁਲਾਈਆ । ਕਿਸੇ ਭੇਵ ਨਾ ਆਉਣਾ ਯਦਪ ਯਦਿਆ, ਯਾਦਾਸ਼ਤ ਪਿਛਲੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਤਵੀ ਕਹੇ ਕਿਉਂ ਆਇਆ ਚੁਮਿਆਰ ਰਵਦਾਸ, ਰਵੀ ਆਪਣਾ ਫੇਰਾ ਪਾਈਆ । ਸ਼ੰਕਰ ਬੋਲਿਆ ਉਤੋਂ ਕੈਲਾਸ਼, ਸੰਦੇਸ਼ਾ ਇਕ ਸੁਣਾਈਆ । ਮੈਂ ਖੇਲ ਵੇਖਿਆ ਖ਼ਾਸ, ਪੁਰਖ ਅਬਿਨਾਸ਼ੀ ਦਿਤਾ ਦ੍ਰਿੜਾਈਆ । ਕਲਜੁਗ ਅੰਤਮ ਹੋਰ ਤਮਾਸ਼, ਤਰਾ ਤਰਾ ਦਾ ਨਜ਼ਰੀ ਆਈਆ । ਪਰਗਟ ਹੋਣਾ ਪੁਰਖ ਅਬਿਨਾਸ਼, ਜਿਸ ਨੂੰ ਜਨਮੇ ਨਾ ਕੋਇ ਮਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਫੋਲਣਾ ਖਾਤ, ਲੇਖਾ ਸਭ ਦਾ ਮੰਗ ਮੰਗਾਈਆ । ਜਨ ਭਗਤਾਂ ਪੁਛੇ ਵਾਤ, ਵਾਸਤਾ ਆਪਣੇ ਨਾਲ ਜੁੜਾਈਆ । ਆਤਮ ਪਰਮਾਤਮ ਬਣਾ ਕੇ ਜਾਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਜਿਸ ਨੇ ਦੱਸਣੀ ਗਾਥ, ਵਿਸ਼ਨ ਬ੍ਰਹਮਾ ਸ਼ਿਵ ਦੀ ਗੰਢ ਲਏ ਖੁਲ੍ਹਾਈਆ । ਸਾਚੀ ਮੰਜ਼ਲ ਦੱਸ ਕੇ ਘਾਟ, ਘਰ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਲੋਹ ਕਹੇ ਮੈਨੂੰ ਕਿਉਂ ਸਾਰੇ ਕਹਿੰਦੇ ਤੱਤੀ, ਅਗਨੀ ਅੱਗ ਵਾਂਗ ਤਪਾਈਆ । ਮੈਂ ਪ੍ਰੇਮ ਪਿਆਰ ਵਿਚ ਹੋ ਗਈ ਸਤੀ, ਸਤਿ ਸਤਿਵਾਦੀ ਸੇਵ ਕਮਾਈਆ । ਮੇਰੀ ਚੌਥੇ ਜੁਗ ਹੋਈ ਗਤੀ, ਗਹਿਰ ਗੰਭੀਰ ਮਿਲੀ ਸਰਨਾਈਆ ।

ਮੇਰੀ ਖੁਲ੍ਹ ਗਈ ਪਿਛਲੀ ਅੱਖੀ, ਅਗਲਾ ਲੇਖਾ ਸੋਭਾ ਪਾਈਆ । ਜਿਸ ਵੇਲੇ ਆਉਣਾ ਕਮਲਾਪਾਤੀ ਪਤਿਪਰਮੇਸ਼ਵਰ ਬੇਪਰਵਾਹੀਆ । ਉਸ ਦਾ ਲੇਖ ਲਿਖਾਉਣਾ ਨਹੀਂ ਕਿਸੇ ਦੰਦ ਬੱਤੀ, ਤਨ ਵਜੂਦ ਨਾ ਕਰੇ ਕੋਇ ਪੜ੍ਹਾਈਆ । ਸੋ ਸਵਾਮੀ ਅੰਤਰਜਾਮੀ ਆਪਣੇ ਨਾਮ ਦੀ ਆਪ ਸੁਣਾਏ ਪੱਟੀ, ਪਟਨੇ ਵਾਲਾ ਆਪਣੇ ਨਾਲ ਮਿਲਾਈਆ । ਭਗਤ ਦਵਾਰ ਖੋਲ੍ਹ ਕੇ ਧੁਰ ਦੀ ਹੱਟੀ, ਹੱਟ ਸਾਚਾ ਇਕ ਚਲਾਈਆ । ਜਿਥੇ ਗੁਰਸਿਖਾਂ ਦੀ ਹੋਵੇ ਗਤੀ, ਸਚਖੰਡ ਸਾਚੇ ਮਿਲੇ ਵਡਿਆਈਆ । ਇਹ ਕਥਾ ਕਹਾਣੀ ਅਗਲੀ ਦੱਸੀ, ਦਸਤ ਨਾਲ ਕਰੇ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਦਸਖ਼ਤਾਂ ਵਾਲਾ ਲੇਖ, ਲੇਖਾ ਆਪਣਾ ਆਪ ਜਣਾਈਆ । ਜਿਸ ਦਾ ਆਦਿ ਜੁਗਾਦਿ ਅਗੰਮੀ ਵੇਸ, ਅਵੱਲੜੀ ਕਾਰ ਕਮਾਈਆ । ਕਲਜੁਗ ਧਰੇ ਆਪਣਾ ਭੇਖ, ਭੇਖੀ ਸਾਰੇ ਦਏ ਮਿਟਾਈਆ । ਨਿਰਗੁਣ ਹੋ ਕੇ ਨਰ ਨਰੇਸ਼, ਨਾਰ ਕੰਤ ਕਰੇ ਰੁਸ਼ਨਾਈਆ । ਲਹਿਣਾ ਦੇਣਾ ਦੇਵੇ ਦਸ ਦਸਮੇਸ਼, ਗੋਬਿੰਦ ਲੇਖਾ ਝੋਲੀ ਪਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਲਏ ਵੇਖ, ਭਗਤ ਭਗਵਾਨ ਆਪਣਾ ਜੋੜ ਜੁੜਾਈਆ । ਸਭ ਨੂੰ ਸਾਂਝੀ ਦੇ ਕੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਤੂੰ ਮੇਰਾ ਮੈਂ ਤੇਰਾ ਦੇਵਣਹਾਰਾ ਸਚ ਸੰਦੇਸ਼, ਸੰਧਿਆ ਪਰਭਾਤੀ ਦਾ ਲੇਖਾ ਦਏ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਰੇ ਹੇਤ, ਹਿਤਕਾਰੀ ਇਕੋ ਨਜ਼ਰੀ ਆਈਆ । ਜਨ ਭਗਤਾਂ ਗੁਰਮੁਖਾਂ ਸਾਚੇ ਸੰਤਾਂ ਲੱਗਣ ਨਾ ਦੇਵੇ ਤ੍ਰੈਗੁਣ ਮਾਇਆ ਅਗਨੀ ਸੇਕ, ਅੰਮ੍ਰਿਤ ਮੇਘ ਇਕ ਬਰਸਾਈਆ । ਜੋ ਨਿਰਗੁਣ ਸਰਗੁਣ ਧਾਰ ਲਏ ਭੇਜ, ਭਜਨ ਬੰਦਗੀ ਵਿਚ ਆਪਣੇ ਨਾਲ ਮਿਲਾਈਆ । ਆਤਮ ਮਾਣੇ ਧੁਰ ਦੀ ਸੇਜ, ਸਚ ਸੁਹੰਜਣੀ ਡੇਰਾ ਲਾਈਆ । ਰਵੀਦਾਸ ਤੂੰ ਲਿਖਣਾ ਲੇਖੇ ਵਾਲਾ ਲੇਖ, ਜਿਸ ਦਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਫ਼ਰਮਾਨਾ ਹੁਕਮ ਦੇਵੇ ਜਿਸ ਨੂੰ ਸਮਝੇ ਕੋਈ ਨਾ ਵੇਦ, ਕਿਤਾਬਾਂ ਵਿਚ ਕਤਾਰ ਨਾ ਕੋਇ ਲਿਖਾਈਆ ।



### ★ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੩ ਮੱਖਣ ਸਿੰਘ ਦੇ ਗ੍ਰਿਹ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ★

ਗੁਰਮੁਖ ਕੀ ਲਿਖੇਂ ਛੇਤੀ ਛੇਤੀ, ਸ਼ੱਤਰੂ ਮਿਤਰ ਇਕੋ ਗੰਢ ਪਵਾਈਆ । ਸਾਚੇ ਘਰ ਦਾ ਬਣ ਕੇ ਭੇਤੀ, ਭੇਵ ਭਾਉ ਭੇਦ ਰਿਹਾ ਖੁਲ੍ਹਾਈਆ । ਪੁਰਖ ਅਕਾਲ ਨੂੰ ਕਹਿਣਾ ਭੁੱਲ ਨਾ ਜਾਏ ਪਿਛਲੀ ਸਾਡੀ ਨੇਕੀ, ਨਿੱਕੇ ਵੱਡੇ ਸਾਰੇ ਤੇਰੀ ਸੇਵ ਕਮਾਈਆ । ਜੋ ਤੇਰੇ ਇਸ਼ਟ ਦੇ ਬਣੇ ਰਹੇ ਟੇਕੀ, ਟਿੱਕੇ ਮਸਤਕ ਦੇਣੇ ਲਗਾਈਆ । ਕਲਜੁਗ ਅੰਤਮ ਉਜੜਨ ਵਾਲੀ ਖੇਤੀ, ਰਾਖਾ ਨਜ਼ਰ ਕੋਇ ਨਾ ਆਈਆ । ਸਚ ਦਵਾਰਿਉਂ ਸਾਰੇ ਹੋਏ ਪਰਦੇਸੀ, ਦੇਸ ਵਾਸੀ ਅੱਖ ਨਾ ਕੋਇ ਖੁਲ੍ਹਾਈਆ । ਮਨ ਕਾ ਮਨ ਹੋਇਆ ਭੇਖੀ, ਭਿੱਖਿਆ ਮਾਇਆ ਮਮਤਾ ਮੋਹ ਮੰਗੇ ਥਾਉਂ ਥਾਈਂਆ । ਸਾਚਾ ਰਿਹਾ ਕੋਇ ਨਾ ਹੇਤੀ, ਹਸਤ ਕੀਟ ਰਹੇ ਕੁਰਲਾਈਆ । ਨਿਰਗੁਣ ਧਾਰ ਆਪੇ ਵੇਖੀ, ਵੱਖਰੀ ਕਾਰ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਦਿਤੀ ਵਡਿਆਈਆ । ਗੁਰਮੁਖ ਕੀ ਲਿਖਦਾ ਨਾਲ ਕਲਮ ਸ਼ਾਹੀ, ਸ਼ੌਹਰ ਦਾ ਹੁਕਮ ਦੇਣਾ ਸੁਣਾਈਆ ।

੬੧੫
੨੦

ਕੀ ਹੋਣਾ ਬਲ ਅਸਗਾਹੀਂ, ਅਗਲਾ ਪੜਦਾ ਦੇ ਉਠਾਈਆ। ਕੀ ਹੁਕਮ ਦੇਵੇ ਧੁਰਦਰਗਾਹੀ, ਮਹਿਬੂਬ ਬੇਪਰਵਾਹੀਆ। ਕਿਉਂ ਗੁਰ ਅਵਤਾਰ ਪੈਗ਼ੰਬਰਾਂ ਲੋਕਮਾਤ ਕਰੇ ਜੁਦਾਈ, ਜੁਦਾ ਜੁਜ਼ ਰਹਿਣ ਕੋਇ ਨਾ ਪਾਈਆ। ਕੀ ਸਾਥੋਂ ਹੋਈ ਬੇਵਫ਼ਾਈ, ਵਫ਼ਾਦਾਰੀ ਸਮਝ ਕੋਇ ਨਾ ਪਾਈਆ। ਕੀ ਖੇਲ ਕਰੇ ਗੋਸਾਈਂ, ਗਹਿਰ ਗੰਭੀਰ ਦੇਣਾ ਦ੍ਰਿੜਾਈਆ। ਗੁਰਮੁਖ ਸੁਣ ਰਵਦਾਸੇ ਭਲੇ ਭਾਈ, ਭਾਵਨਾ ਤੇਰੀ ਦਏ ਗਵਾਹੀਆ। ਉਹ ਘੜੀ ਸੁਹੰਜਣੀ ਆਈ, ਜਿਸ ਵੇਲੇ ਦਾ ਰਾਹ ਤਕਾਈਆ। ਪੁਰਖ ਅਕਾਲਾ ਵੇਸ ਵਟਾਈ, ਦੀਨ ਦਿਆਲਾ ਨੂਰ ਕਰੇ ਰੁਸ਼ਨਾਈਆ। ਸਭ ਦੀ ਕਰਨੀ ਆਪਣੇ ਲੇਖੇ ਰਿਹਾ ਪਾਈ, ਚਾਰ ਜੁਗ ਦਾ ਪਿਛਲਾ ਹਿਸਾਬ ਮੁਕਾਈਆ। ਹੱਸ ਕੇ ਰਿਹਾ ਗੋਬਿੰਦ ਮੈਂ ਬੂਟਾ ਪੁਟਿਆ ਕਾਹੀ, ਕਲਮਾਂ ਦੀ ਲੋੜ ਰਹੇ ਨਾ ਰਾਈਆ। ਕਿਸੇ ਦਾ ਬੂਟਾ ਕਿਸੇ ਦੀ ਜੜ੍ਹ ਕਿਸੇ ਦੀ ਚੋਟੀ ਚੋਟੀ ਰਹਿਣੀ ਨਾਹੀਂ, ਨਰ ਨਰਾਇਣ ਆਪਣਾ ਹੁਕਮ ਵਰਤਾਈਆ। ਭੁਜਾਂ ਪਸਾਰੋ ਅੱਗੇ ਕਰੋ ਬਾਹੀਂ, ਹੱਥ ਬੰਦਨਾ ਵਿਚ ਸੀਸ ਝੁਕਾਈਆ। ਇਕੋ ਚਲਣਾ ਹੁਕਮ ਰਜ਼ਾਈ, ਰਜ਼ਾ ਵਿਚ ਸਜ਼ਾ ਨਾ ਕੋਇ ਭੁਗਤਾਈਆ। ਚਾਰੋਂ ਕੁੰਟ ਕਾਲ ਦੁਹਾਈ, ਮਹਾਂਕਾਲ ਡੰਕ ਵਜਾਈ, ਡੌਰੂ ਡਬਰੂ ਡਬਰ ਖੜਕਾਈਆ। ਇਹ ਖੇਲ ਬੇਪਰਵਾਹੀ ਜਿਸ ਨੂੰ ਸਮਝੇ ਕੋਏ ਨਾਹੀਂ, ਨਾਨਾ ਪਰਕਾਰ ਆਪਣੀ ਕਾਰ ਕਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ। ਗੁਰਮੁਖ ਕੀ ਲੇਖਾ ਲਿਖੇਂ ਜਲਦੀ ਜਲਦੀ, ਜਲ ਤਰੰਗ ਸਮਝ ਕਿਸੇ ਨਾ ਆਈਆ। ਜਿਧਰ ਵੇਖੀਏ ਚਾਰੋਂ ਕੁੰਟ ਅੱਗ ਬਲਦੀ, ਬਾਲ ਬਿਰਧ ਰਹੇ ਕੁਰਲਾਈਆ। ਮੁਸ਼ਕਲ ਰਹੀ ਨਾ ਸਾਡੇ ਹੱਲ ਦੀ, ਅਹਿਵਾਲ ਪਿਛਲੇ ਦੇਣ ਗਵਾਹੀਆ। ਕਰਤੇ ਖੇਲ ਕੀਤੀ ਅਛਲ ਅਛੱਲ ਦੀ, ਵਲ ਛਲਧਾਰੀ ਆਪਣਾ ਵੇਸ ਵਟਾਈਆ। ਜਿਹੜੀ ਆਸਾ ਸਤਿਜੁਗ ਤਰੇਤਾ ਦਵਾਪਰ ਕਲਜੁਗ ਰਹੀ ਭਾਲ ਦੀ, ਭਾਉ ਭਗਤ ਵਿਚ ਰਾਹ ਤਕਾਈਆ। ਉਹ ਸੈਨਤ ਹੋ ਗਈ ਕਾਲ ਦੀ, ਇਸ਼ਾਰਾ ਮਹਾਂਕਾਲ ਵਖਾਈਆ। ਜਿਹੜੀ ਕਰਨੀ ਜੁਗ ਜੁਗ ਘਾਲਾਂ ਰਹੀ ਘਾਲਦੀ, ਸੇਵਾ ਵਿਚ ਆਪਣੀ ਸੇਵ ਕਮਾਈਆ। ਉਹ ਖੇਲ ਓਸੇ ਪੁਰਖ ਅਕਾਲ ਦੀ, ਜੋ ਕਲਧਾਰੀ ਆਪਣਾ ਹੁਕਮ ਵਰਤਾਈਆ। ਗੁਰ ਅਵਤਾਰ ਪੈਗ਼ੰਬਰਾਂ ਲੋੜ ਰਹੀ ਨਾ ਕਿਸੇ ਧਨ ਮਾਲ ਦੀ, ਧਰਨੀ ਤੋਂ ਖਹਿੜਾ ਦਿਤਾ ਛੁਡਾਈਆ। ਅੱਗੇ ਖੇਲ ਵੇਖਣੀ ਪੁਰਖ ਅਕਾਲ ਅਗੰਮੀ ਚਾਲ ਦੀ, ਚਾਲੂ ਆਪਣਾ ਹੁਕਮ ਕਰਾਈਆ। ਆਸਾ ਰਹਿਣੀਂ ਨਹੀਂ ਕਿਸੇ ਬੇਨੰਤੀ ਸਵਾਲ ਦੀ, ਸਵਾਲ ਦਲਾਲ ਨਜ਼ਰ ਕੋਇ ਨਾ ਆਈਆ। ਸਦੀ ਮੁਕ ਗਈ ਤਲਵਾਰ ਢਾਲ ਦੀ, ਢਕ ਵਿਚੋਂ ਝਲਕ ਆਪਣੀ ਦਏ ਵਖਾਈਆ। ਸਭ ਨੂੰ ਬੰਧਨ ਡੋਰੀ ਰੱਖੀ ਜੰਜ਼ਾਲ ਦੀ, ਦੀਨਾਂ ਮਜ਼੍ਹਬਾਂ ਵਿਚ ਫਸਾਈਆ। ਅੰਤ ਖੇਲ ਕਰਾਉਣੀ ਜਗਤ ਜਹਾਨ ਦੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ। ਖੇਲ ਵੇਖਣੀ ਪੁਰਖ ਅਕਾਲ ਮਿਹਰਵਾਨ ਦੀ, ਮਹਿਬੂਬ ਮੁਹੱਬਤ ਵਿਚ ਸਮਾਈਆ। ਕੁਛ ਘੜੀ ਆਉਣੀ ਕਾਲ ਨਾਲ ਮਿਲ ਕੇ ਰਾਏ ਧਰਮ ਸ਼ੈਤਾਨ ਦੀ, ਕਲਜੁਗ ਹਿੱਸਾ ਥੋੜ੍ਹਾ ਵਿਚ ਰਲਾਈਆ। ਕਾਰ ਵਰਤਨੀ ਇਕ ਪਰਧਾਨ ਦੀ, ਪਰਧਾਨਗੀ ਸਭ ਦੀ ਦਏ ਗਵਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਧਾਰ ਪਰਗਟੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ, ਇਨਸਾਨ ਦੀ ਇਨਸਾਨੀ ਨਿਧਾਨੀ ਵੇਖ ਵਖਾਈਆ।

★ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੩ ਰਾਧਾ ਸਵਾਮੀ ਡੇਰਾ ਬਾਬਾ ਬੱਗਾ ਸਿੰਘ ਪਰਤਾਪ ਸਿੰਘ ਦੇ ਨਾਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ★

ਆਪ ਦੀ ਰਸਨਾ ਕਹੇ ਜਿਵੇਂ ਤੁਹਾਡੀ ਮੌਜ, ਮੌਜੂਦਾ ਦਿਓ ਜਣਾਈਆ । ਗੁਰਮੁਖੋ ਸਤਿਗੁਰ ਸ਼ਬਦ ਦੀ ਕਰੋ ਖੋਜ, ਅੰਤਰ ਅੰਤਰ ਧਿਆਨ ਲਗਾਈਆ । ਚਰਨ ਪ੍ਰੀਤੀ ਸਮਝੋ ਜੋਗ, ਜੁਗਤੀ ਜਗਤ ਗੁਰੂ ਦ੍ਰਿੜਾਈਆ । ਅੰਦਰੋਂ ਕਢੋ ਹਉਮੇ ਰੋਗ, ਮਾਇਆ ਮਮਤਾ ਮੋਹ ਮਿਟਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਚੁਗੋ ਚੋਗ, ਬੂੰਦ ਸਵਾਂਤੀ ਇਕ ਟਪਕਾਈਆ । ਕਰੋ ਪਰਕਾਸ਼ ਨਿਰਮਲ ਜੋਤ, ਘਰ ਮੰਦਰ ਅੰਦਰ ਹੋਵੇ ਰੁਸ਼ਨਾਈਆ । ਕੋਈ ਰਹੇ ਨਾ ਚਿੰਤਾ ਸੋਗ, ਗ਼ਮੀ ਨੇੜ ਕੋਇ ਨਾ ਆਈਆ । ਅੰਦਰ ਬਾਹਰ ਗੁਪਤ ਜਾਹਰ ਨਿਜ ਨੇਤਰ ਸਤਿਗੁਰ ਦਾ ਦਰਸ਼ਨ ਕਰੋ ਰੋਜ਼, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਦੇਵੇ ਵਰ, ਪਰਮਾਤਮ ਆਪਣੀ ਮੌਜ ਇਕ ਵਖਾਈਆ । ਮੌਜ ਵੇਖਣ ਦਾ ਜਿਸ ਨੂੰ ਚਾ, ਮਨ ਮਨਸਾ ਲਓ ਮਿਟਾਈਆ । ਸਤਿਗੁਰ ਸ਼ਬਦ ਬਣਾਓ ਇਕ ਮਲਾਹ, ਜੋ ਬੇੜਾ ਆਪਣੇ ਕੰਧ ਰਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦੀ ਸਿਫ਼ਤਾਂ ਵਾਲੀ ਦਏ ਸਲਾਹ, ਸੋ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਅਖਵਾਈਆ । ਬਿਨਾਂ ਸਤਿਗੁਰੂ ਤੋਂ ਲੱਭੇ ਕਿਸੇ ਨਾ ਰਾਹ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਬੇਨੰਤੀ ਵਿਚ ਕਰਦੇ ਰਹੋ ਦੁਆ, ਨਮਸਤੇ ਵਿਚ ਆਪਣਾ ਸੀਸ ਝੁਕਾਈਆ । ਸੁਰਤੀ ਹੋਵੇ ਨਾ ਕਦੇ ਜੁਦਾ, ਸ਼ਬਦੀ ਡੋਰੀ ਤੰਦ ਬੰਧਾਈਆ । ਘਰ ਸਾਚਾ ਨਿਜ ਆਤਮ ਨਜ਼ਰੀ ਜਾਏ ਆ, ਆਪ ਆਪਣਾ ਪੜਦਾ ਲੈਣਾ ਉਠਾਈਆ । ਸਚ ਸਵਾਮੀ ਅੰਤਰਜਾਮੀ ਦੇਵਣਹਾਰਾ ਸਦਾ, ਨਿਤ ਨਵਿਤ ਗੁਰਮੁਖਾਂ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੌਜ ਵਿਚ ਆਪਣਾ ਰੰਗ ਚੜ੍ਹਾਈਆ । ਮੌਜ ਵੇਖਣੀ ਜੇ ਹੋਵੇ ਨਿਤ, ਗੁਰ ਚਰਨ ਧਿਆਨ ਲਗਾਈਆ । ਸਤਿਗੁਰ ਪੂਰਾ ਪਤਤਾਂ ਕਰੇ ਪਵਿੱਤ, ਪੁਨੀਤ ਦਏ ਬਣਾਈਆ । ਸੁਰਤੀ ਸ਼ਬਦ ਕਰਾਏ ਹਿੱਤ, ਮਿਹਰ ਨਜ਼ਰ ਇਕ ਉਠਾਈਆ । ਚਾਰੋਂ ਕੁੰਟ ਪਏ ਦਿੱਸ, ਦਹਿ ਦਿਸ਼ਾ ਨਿਰਗੁਣ ਨੂਰ ਕਰੇ ਰੁਸ਼ਨਾਈਆ । ਵਾਹਦ ਮਾਲਕ ਦਿਸੇ ਇਕ, ਏਕੰਕਾਰ ਅਲਖ ਅਗੰਮ ਅਥਾਹ ਅਨਾਮੀ ਆਪਣਾ ਪੜਦਾ ਦਏ ਉਠਾਈਆ । ਪਿਆਰ ਮੁਹੱਬਤ ਵਿਚ ਬਣ ਜਾਓ ਸਾਚੇ ਸਿੱਖ, ਸਿਖਿਆ ਵਿਚ ਮਿਲੇ ਮਾਣ ਵਡਿਆਈਆ । ਮਾਨਸ ਜਨਮ ਸਾਢੇ ਤਿੰਨ ਹੱਥ ਕਾਇਆ ਮਾਟੀ ਲੈਣੀ ਜਿਤ, ਮਨ ਕਾ ਮਣਕਾ ਅੰਦਰੋ ਅੰਦਰ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੌਜ ਵਿਚ ਮਜਲਸ ਆਪਣੇ ਨਾਲ ਰਖਾਈਆ । ਮੌਜ ਵੇਖਣ ਦਾ ਚਾਉ ਘਨੇਰਾ, ਘਰ ਸਵਾਮੀ ਘਨੱਈਆ ਨਜ਼ਰੀ ਆਈਆ । ਝਗੜਾ ਰਹੇ ਨਾ ਤੇਰਾ ਮੇਰਾ, ਤੂੰਹੀ ਤੂੰਹੀ ਅੰਤਰ ਅੰਤਰ ਰਾਗ ਅਲਾਈਆ । ਸੋ ਸਤਿਗੁਰ ਗੁਣ ਨਿਧਾਨਾ ਮਾਰੇ ਫੇਰਾ, ਜੋਤੀ ਜਾਤਾ ਪੁਰਖ ਬਿਧਾਤਾ ਨਜ਼ਰੀ ਆਈਆ । ਆਵਣ ਜਾਵਣ ਲੱਖ ਚੁਰਾਸੀ ਕਟੇ ਗੇੜਾ, ਜਮ ਕੀ ਫਾਸੀ ਫ਼ੰਦ ਦਏ ਕਟਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਬੰਨ੍ਹੇ ਬੇੜਾ, ਆਤਮ ਪਰਮਾਤਮ ਆਪਣਾ ਮੇਲ ਮਿਲਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰੇ ਮਿਹਰਾ, ਬੇਨਜ਼ੀਰ ਨਜ਼ਰ ਆਪਣੀ ਇਕ ਉਠਾਈਆ । ਸਚ ਸੁਹੰਜਣਾ ਸੋਭਾਵੰਤ ਹੋਵੇ ਖੇੜਾ, ਬੰਦ ਕਿਵਾੜੀ ਕੁੰਡਾ ਖਿੜਕੀ ਅੰਦਰੋਂ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ



੬੧੭
੨੦

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਮੌਜ ਵਿਚ ਮੌਜੂਦਾ ਹੋ ਕੇ ਦਰਸ ਵਖਾਈਆ । ਮੌਜ ਵੇਖੇ ਸਤਿਗੁਰ ਚਰਨ, ਚਰਨ ਕਵਲ ਮਿਲੇ ਸਰਨਾਈਆ । ਅੰਤਰ ਖੁਲ੍ਹੇ ਨੇਤਰ ਹਰਨ ਫਰਨ, ਫੁਰਨੇ ਸਾਰੇ ਬੰਦ ਕਰਾਈਆ । ਸਾਚੀ ਮੰਜ਼ਲ ਮਿਲੇ ਚੜ੍ਹਨ, ਪੰਚ ਵਿਕਾਰਾ ਨੇੜ ਕੋਇ ਨਾ ਆਈਆ । ਸਤਿਗੁਰ ਸ਼ਬਦ ਬਿਨ ਰਸਨਾ ਲੱਗੇ ਪੜ੍ਹਨ, ਅਜੱਪਾ ਜਾਪ ਆਪਣੀ ਧਾਰ ਬਣਾਈਆ । ਝਗੜਾ ਰਹੇ ਨਾ ਮਰਨ ਡਰਨ, ਜੀਵਤ ਜੀ ਸਤਿਗੁਰ ਵਿਚ ਸਮਾਈਆ । ਸਾਹਿਬ ਸਤਿਗੁਰ ਦੀਨ ਦਿਆਲ ਗੁਰਮੁਖਾਂ ਆਵੇ ਫੜਨ, ਸੁਰਤੀ ਸ਼ਬਦ ਨਾਲ ਜੁੜਾਈਆ । ਸਚ ਪ੍ਰੇਮ ਦਾ ਕਰ ਲਓ ਪਰਨ, ਪੀਆ ਪ੍ਰੀਤਮ ਆਪੇ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਮੌਜ ਵਿਚ ਮਹਿਵ ਆਪਣਾ ਪੜਦਾ ਦਏ ਉਠਾਈਆ । ਮੌਜ ਵੇਖਣੀ ਜੇ ਹੋ ਨਜ਼ਦੀਕ, ਨੇੜਨ ਨੇੜਾ ਨਜ਼ਰੀ ਆਈਆ । ਹਰਿ ਕਰਤਾ ਲਾਸ਼ਰੀਕ, ਸ਼ਰਕਤ ਅੰਦਰੋਂ ਦਏ ਗਵਾਈਆ । ਮਾਰਗ ਦੱਸ ਇਕ ਬਾਰੀਕ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਸ਼ਬਦੀ ਧਾਰ ਹੋ ਕਰੇ ਤਸਦੀਕ, ਈੜਾ ਪਿੰਗਲ ਦੋਵੇਂ ਸੀਸ ਝੁਕਾਈਆ । ਅੰਮ੍ਰਿਤ ਰਸ ਪੀਣਾ ਲਾ ਕੇ ਝੀਕ, ਨਿਝਰ ਝਿਰਨਾ ਦਏ ਝਿਰਾਈਆ । ਤ੍ਰੈਗੁਣ ਮਾਇਆ ਤੋਂ ਕਰ ਅਤੀਤ, ਤ੍ਰੈ ਪੰਜ ਦਾ ਲੇਖਾ ਦਏ ਮੁਕਾਈਆ । ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਅਗਨੀ ਅੱਗ ਦਏ ਬੁਝਾਈਆ । ਸੁਰਤੀ ਸ਼ਬਦ ਬੰਨ੍ਹਾ ਕੇ ਪ੍ਰੀਤ, ਪ੍ਰੀਤਮ ਹੋ ਕੇ ਆਪਣੇ ਅੰਗ ਲਗਾਈਆ । ਸਾਚੇ ਘਰ ਦੇ ਬਣੇ ਵਸਨੀਕ, ਜਿਸ ਘਰ ਵਿਚ ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਸਾਹਿਬ ਸਤਿਗੁਰ ਠਾਕਰ ਕਰਤਾ ਮਿਲੇ ਠੀਕ, ਨਿਰਗੁਣ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
੯੧੮ ਕਰੇ ਖੇਲ ਸਾਚਾ ਹਰਿ, ਮੌਜ ਵਿਚ ਮਿਹਰ ਨਜ਼ਰ ਇਕ ਉਠਾਈਆ । ਮੌਜ ਵੇਖਣੀ ਅੰਦਰ ਵੜ, ਨੌਂ ਦਵਾਰੇ ਪੰਧ ਤਜਾਈਆ । ਜਿਥੇ ਸਤਿਗੁਰ ੯੧੮
੨੦ ਦਾਤਾ ਦਾਤਾਰ ਹੋ ਕੇ ਲਏ ਫੜ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਪਿਆਰ ਵਿਚ ਮੁਹੱਬਤ ਵਿਚ ਵਖਾਵੇ ਧੁਰ ਦਾ ਘਰ, ਉੱਤਰ ਪੂਰਬ ੨੦
ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਸਚ ਸਰੋਵਰ ਨੁਹਾਏ ਅਗੰਮੇ ਸਰ, ਜਿਥੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਨਜ਼ਰ ਕੋਇ ਨਾ ਆਈਆ । ਮੰਜ਼ਲ ਹਕੀਕੀ ਲਾਸ਼ਰੀਕੀ ਸ਼ਰਅ ਤੋਂ ਬਾਹਰ ਜਾਣਾ ਚੜ੍ਹ, ਜਿਸ ਮਹਿਰਾਬੇ ਮਹਿਬੂਬ ਮਿਲੇ ਧੁਰਦਰਗਾਹੀਆ । ਸਾਵਣ ਅੰਮ੍ਰਿਤ ਝਰਨਾ ਰਿਹਾ ਝਰ, ਬੂੰਦ ਸਵਾਂਤੀ ਸਭ ਨੂੰ ਰਿਹਾ ਪਿਲਾਈਆ । ਤੁਹਾਡੀ ਮੌਜ ਓਸ ਦੇ ਘਰ, ਜੋ ਉਜੜੇ ਘਰਾਂ ਰਿਹਾ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੌਜ ਵਿਚ ਮਾਲਕ ਆਪਣਾ ਪੜਦਾ ਲਾਹੀਆ ।

## ★ ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸਤਿਗੁਰ ਸ਼ਬਦ ਅਗੰਮੀ ਕਟਕ, ਕਟਾਕਸ਼ ਧੁਰ ਦਾ ਨਾਮ ਲਗਾਈਆ । ਦੋ ਜਹਾਨ ਰਹੇ ਭਟਕ, ਬ੍ਰਹਿਮੰਡ ਖੰਡ ਕੁਰਲਾਈਆ । ਸਚ ਸੰਦੇਸਾ ਏਕਾ ਸਖ਼ਤ, ਸਤਿ ਸਤਿਵਾਦੀ ਆਪ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਕੇ ਵਕਤ, ਵੇਲਾ ਆਪਣੇ ਹੱਥ ਜਣਾਈਆ । ਨਿਰਗੁਣ ਧਾਰ ਏਕੰਕਾਰ ਪੂਰੀ ਕਰ ਕੇ ਸ਼ਰਤ, ਪਰਵਰਦਿਗਾਰ ਖੇਲ ਖਿਲਾਈਆ । ਜਨ ਭਗਤਾਂ ਦੇ ਕੇ ਆਪਣਾ ਦਰਸ, ਨਿਰਗੁਣ ਨੂਰ ਜੋਤ

ਕਰੇ ਰੁਸ਼ਨਾਈਆ । ਜਨਮ ਜਨਮ ਦੀ ਸਭ ਦੀ ਪੂਰੀ ਕਰ ਕੇ ਹਰਸ, ਹਵਸ ਕੂੜੀ ਰਿਹਾ ਗਵਾਈਆ । ਰਹਿਮਤ ਵਿਚ ਕਰ ਕੇ ਤਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬੇਪਰਵਾਹੀਆ । ਕੱਤਕ ਕਹੇ ਮੈਂ ਵੇਖਿਆ ਦੋ ਜਹਾਨ, ਜਹਾਲਤ ਵੇਖੀ ਜਗਤ ਲੋਕਾਈਆ । ਮੇਰਾ ਮਾਲਕ ਮਿਹਰਵਾਨ, ਮਹਿਬੂਬ ਨੂਰ ਖ਼ੁਦਾਈਆ । ਜਿਸ ਦੀ ਜੁਗ ਚੌਕੜੀ ਦੱਸਦੇ ਆਏ ਦਾਸਤਾਨ, ਕਲਮਿਆਂ ਵਿਚ ਪੜ੍ਹਾਈਆ । ਸੋ ਹੋ ਕੇ ਜੋਧਾ ਸੂਰਬੀਰ ਜਵਾਨ, ਜੋਬਨ ਆਪਣਾ ਰਿਹਾ ਵਖਾਈਆ । ਹੁਕਮ ਸੰਦੇਸਾ ਦੇਵੇ ਆਣ, ਏਕੰਕਾਰਾ ਆਪਣੀ ਕਾਰ ਕਮਾਈਆ । ਸ਼ਰਅ ਮੇਟੇ ਕੂੜ ਸ਼ੈਤਾਨ, ਸ਼ਰੀਅਤ ਮੂਲ ਰਹੇ ਨਾ ਰਾਈਆ । ਸਾਂਝਾ ਦੱਸ ਇਕ ਈਮਾਨ, ਕਾਮਲ ਮੁਰਸ਼ਦ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਕੱਤਕ ਕਹੇ ਮੇਰਾ ਆ ਗਿਆ ਵਕਤ ਸੁਹੇਲਾ, ਸੁਹੰਜਣੀ ਰੁੱਤ ਵਡਿਆਈਆ । ਕਲਜੁਗ ਅੰਤਰ ਸਤਿਜੁਗ ਹੋਵੇ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਝਗੜਾ ਰਹੇ ਗੁਰੂ ਨਾ ਚੇਲਾ, ਚੇਲਾ ਗੁਰ ਨਾ ਕੋਇ ਅਖਵਾਈਆ । ਪੁਰਖ ਅਕਾਲਾ ਦੀਨ ਦਿਆਲਾ ਪਾਰਬ੍ਰਹਮ ਪਤਿਪਰਮੇਸ਼ਵਰ ਏਕੰਕਾਰ ਹੋਏ ਇਕ ਸੁਹੇਲਾ, ਪਰਵਰਦਿਗਾਰ ਸਾਂਝਾ ਯਾਰ ਆਪਣਾ ਰੰਗ ਰੰਗਾਈਆ । ਅਚਰਜ ਖੇਲ ਪਤਿਪਰਮੇਸ਼ਵਰ ਸਚ ਸਵਾਮੀ ਆਪਣਾ ਖੇਲਾ, ਖ਼ਾਲਕ ਖ਼ਲਕ ਵੇਸ ਵਟਾਈਆ । ਸਦ ਵਸਣਹਾਰਾ ਧਾਮ ਨਵੇਲਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਵਡ ਵਡਿਆਈਆ । ਕੱਤਕ ਕਹੇ ਮੈਂ ਦੱਸਾਂ ਸ਼ਬਦ ਸੰਦੇਸ਼, ਫ਼ਰਮਾਨਾ ਧੁਰਦਰਗਾਹੀਆ । ਜਿਸ ਦਾ ਲਿਖਿਆ ਕਿਸੇ ਨਾ ਲੇਖ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਹਰ ਘਟ ਅੰਤਰ ਨਿਰੰਤਰ ਹੋ ਕੇ ਰਿਹਾ ਵੇਖ, ਪੇਖਤ ਆਪਣੀ ਕਾਰ ਕਮਾਈਆ । ਧਾਮ ਸੁਹਾ ਕੇ ਏਕਾ ਦੇਸ, ਦਿਸ਼ਾ ਧੁਰ ਦੀ ਖੋਜ ਖੁਜਾਈਆ । ਨੇਤਰ ਰੋ ਕੇ ਕਿਹਾ ਸ਼ੇਸ਼, ਵਿਸ਼ਨੂੰ ਵਿਸ਼ਵ ਤੇਰੀ ਦੁਹਾਈਆ । ਸਰਗੁਣ ਚਲੇ ਕੋਈ ਨਾ ਪੇਸ਼, ਪੇਸ਼ਵਾ ਬੈਠੇ ਸੀਸ ਝੁਕਾਈਆ । ਤੇਰਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਹਮੇਸ਼, ਹਮਸਾਜਨ ਆਪਣੀ ਕਾਰ ਕਮਾਈਆ । ਸਚ ਸੰਦੇਸ਼ੇ ਦੇ ਕੇ ਗਏ ਕੇਤਨ ਕੇਤ, ਕੋਟਨ ਕੋਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਤੇਰੀ ਓਟ ਤਕਾਈਆ । ਕੱਤਕ ਕਹੇ ਤੇਰੀ ਏਕਾ ਓਟ, ਓੜਕ ਦਿਆਂ ਦ੍ਰਿੜ੍ਹਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਡਗਮਗਾਈਆ । ਖੇਲ ਵੇਖ ਲੋਕ ਪਰਲੋਕ, ਦੋ ਜਹਾਨਾਂ ਪੜਦਾ ਲਾਹੀਆ । ਸਦੀ ਚੌਧਵੀਂ ਤੇਰੀ ਮੌਜ, ਮਜਲਸ ਇਕੋ ਘਰ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਰਦੇ ਖੋਜ, ਪੜਦਾ ਲੈਣਾ ਉਠਾਈਆ । ਸ਼ਬਦ ਸਤਿਗੁਰ ਇਕੋ ਬਹੁਤ, ਪਾਰਬ੍ਰਹਮ ਬ੍ਰਹਮ ਲੈਣਾ ਮਨਾਈਆ । ਆਤਮ ਪਰਮਾਤਮ ਤੇਰੀ ਗੋਤ, ਦੂਜਾ ਰੰਗ ਨਾ ਕੋਇ ਰੰਗਾਈਆ । ਮਨ ਵਾਸਨਾ ਰਹੇ ਕੋਈ ਨਾ ਸੋਚ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਕਲਜੁਗ ਚਿੰਤਾ ਮਿਟਾ ਹਰਖ਼ ਸੋਗ, ਦੁਖੀਆਂ ਦਰਦ ਗਵਾਈਆ । ਭਾਗ ਲਗਾ ਕਾਇਆ ਮਾਟੀ ਧੁਰ ਦੇ ਕੋਟ, ਕੰਚਨ ਗੜ੍ਹ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਦਵਾਰੇ ਆਸ ਰਖਾਈਆ । ਕੱਤਕ ਕਹੇ ਮੇਰੇ ਸਾਹਿਬ ਗਹਿਰ ਗੰਭੀਰ, ਗਵਰ ਤੇਰੀ ਸਰਨਾਈਆ । ਨਿਰਗੁਣ ਕੱਟ ਸ਼ਰਅ ਜ਼ੰਜੀਰ, ਸਰਗੁਣ ਕਰੇ ਨਾ ਕੋਇ ਲੜਾਈਆ ।

੯੨੦
੨੦

ਸਤਿਜੁਗ ਸਾਚਾ ਕਰ ਤਾਮੀਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਝਗੜਾ ਰਹੇ ਨਾ ਕੋਈ ਅਮੀਰ ਗ਼ਰੀਬ, ਅਮਰਾਪਦ ਇਕ ਵਖਾਈਆ । ਲੇਖਾ ਜਾਣ ਰਵਦਾਸੇ ਕਸੀਰ, ਗੰਗਾ ਗੰਢ ਪਵਾਈਆ । ਕਲਮ ਨਾਲ ਬਦਲ ਤਕਦੀਰ, ਤਦਬੀਰ ਇਕ ਜਣਾਈਆ । ਝਗੜਾ ਰਹੇ ਨਾ ਪਾਟੇ ਚੀਰ, ਚਰਨ ਕਵਲ ਮਿਲੇ ਸਰਨਾਈਆ । ਅੰਮ੍ਰਿਤ ਰਸ ਬਖ਼ਸ਼ ਅਗੰਮਾ ਨੀਰ, ਨਿਜ ਨੇਤਰ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਧੁਰ ਦੀ ਕਰਨੀ ਕਰ ਕਰਤਾਰ, ਕਰਤਬ ਆਪਣਾ ਦੇ ਵਖਾਈਆ । ਤੇਰਾ ਰਾਹ ਤੱਕਦੇ ਰਹੇ ਜੁਗ ਚਾਰ, ਬਿਨ ਅੱਖਾਂ ਅੱਖ ਉਠਾਈਆ । ਅਵਤਾਰ ਪੈਗ਼ੰਬਰ ਕਰਨ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਗੁਰੂ ਗੁਰਦੇਵ ਕਰਨ ਨਿਮਸਕਾਰ, ਡੰਡਾਵਤ ਵਿਚ ਸਰ ਨਿਵਾਈਆ । ਕਲ ਕਲਕੀ ਇਕ ਅਵਤਾਰ, ਨੂਰ ਜੋਤ ਰੁਸ਼ਨਾਈਆ । ਖੇਲ ਵੇਖ ਸਰਬ ਸੰਸਾਰ, ਸੰਸਾਰੀ ਭੰਡਾਰੀ ਬੈਠੇ ਸੀਸ ਨਿਵਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਅੰਧ ਅੰਧੇਰਾ ਕੂੜ ਮਿਟਾਈਆ । ਸਾਹਿਬ ਸੁਲਤਾਨ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪੁਚਾਈਆ । ਤੇਰਾ ਵਕਤ ਪਹੁੰਚਿਆ ਆਣ, ਅਨਕ ਕਲ ਆਪਣੀ ਧਾਰ ਲੈ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸ੍ਰੀ ਭਗਵਾਨ ਕਹੇ ਸੁਣ ਕਾਰਤਕ ਮੇਰੇ ਕੱਤੇ, ਤੇਰਾ ਕਰਮ ਦਿਆਂ ਦ੍ਰਿੜਾਈਆ । ਪਿਛਲੇ ਕੌਲ ਇਕਰਾਰ ਕੀਤੇ ਪੱਕੇ, ਸਭ ਦੇ ਲਹਿਣੇ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਹੱਕੇ ਬੱਕੇ, ਭੇਵ ਸਕੇ ਕੋਈ ਨਾ ਪਾਈਆ । ਚਾਰੇ ਜੁਗ ਮਾਂਦੇ ਥੱਕੇ, ਥਕਾਵਟ ਵਿਚ ਲੋਕਾਈਆ । ਸਭ ਦੇ ਚੀਥੜ ਪੁਰਾਣੇ ਫਟੇ, ਚੋਲਾ ਨਜ਼ਰ ਕੋਇ ਨਾ ਆਈਆ । ਹਰਿ ਕਾ ਨਾਮ ਲਾਲ ਗਵਾਇਆ ਵਿਚ ਘੱਟੇ, ਕੌਡੀ ਕੀਮਤ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਵਿਕਦੀ ਨਾਲ ਟਕੇ, ਹੱਟੋ ਹੱਟ ਫਿਰਾਈਆ । ਜਗਤ ਖੇਲ ਚੂੰਕਿ ਚੁਨਾਂਚਿ ਅਲਬੱਤੇ, ਆਲਮਗੀਰ ਪੜਦਾ ਨਾ ਕੋਇ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿਗੁਰ ਸ਼ਬਦ ਭੇਜਿਆ ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰਾਂ ਵੱਟੇ, ਵਾਟਾਂ ਸਭ ਦੀਆਂ ਪੂਰ ਕਰਾਈਆ । ਹੁਕਮੇ ਵਾਲੇ ਰਹਿਣ ਨਾ ਦੇਵੇ ਪਟੇ, ਪਟਣੇ ਵਾਲਾ ਲੇਖਾ ਪੂਰ ਕਰਾਈਆ । ਸ੍ਰਿਸ਼ਟ ਸਬਾਈ ਵੇਖੇ ਏਕਾ ਸੱਥਰ ਘੱਤੇ, ਘਾਇਲ ਕਰੇ ਦੀਨ ਦੁਨੀ ਦਾ ਮਾਹੀਆ । ਸੰਦੇਸ਼ਾ ਦੇਵੇ ਦੀਗਰੇ ਬਾਅਦ ਯਕੇ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਆ ਜਾ ਧੁਰ ਦੇ ਦੂਲ੍ਹੇ, ਹਰਿ ਕਰਤਾ ਹੁਕਮ ਸੁਣਾਈਆ । ਫ਼ਰਮਾਨਾ ਫੁਰਨਿਆਂ ਵਿਚ ਕਦੇ ਨਾ ਭੂਲੇ, ਭਰਮ ਦੇਣਾ ਮੁਕਾਈਆ । ਮਾਲਕ ਇਕੋ ਕੰਤ ਕੰਤੂਹਲੇ, ਹਰਿ ਕਰਤਾ ਨੂਰ ਖ਼ੁਦਾਈਆ । ਜਿਸ ਨੂੰ ਕਹਿੰਦੇ ਪਾਕ ਰਸੂਲੇ, ਅਸਲ ਵਸਲ ਰਿਹਾ ਕਰਾਈਆ । ਉਸ ਦਾ ਹੁਕਮ ਇਕ ਮਾਅਕੂਲੇ, ਮੁਕੰਮਲ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਪੁਰਖ ਅਕਾਲ ਕਹੇ ਸੁਣ ਸ਼ਬਦ ਦੁਲਾਰੇ, ਦੇਵਾਂ ਮਾਣ ਵਡਿਆਈਆ । ਚਾਰ ਕੁੰਟ ਦੇ ਵੇਖ ਅਖਾੜੇ, ਖੰਡਾ ਖੜਗ ਨਾਮ ਚਮਕਾਈਆ । ਗੁਰ ਅਵਤਾਰ ਪੈਗ਼ੰਬਰਾਂ ਲਹਿਣਾ ਮੁੱਕਿਆ ਸਤਾਰਾਂ ਹਾੜ੍ਹੇ, ਲੇਖਾ ਪੂਰ ਕਰਾਈਆ । ਅੱਗੇ ਆਈ ਤੇਰੀ ਵਾਰੇ, ਵਾਰਤਾ ਧੁਰ ਦੀ ਇਕ ਸੁਣਾਈਆ । ਸਾਚੇ ਨਾਮ ਦਾ ਕਰ ਜੈਕਾਰੇ, ਸ਼ਬਦ ਨਾਦ ਸ਼ਨਵਾਈਆ । ਕਿਰਪਾ ਕਰੇ ਭਗਤ ਵਛਲ ਗਿਰਧਾਰੇ, ਗਿਰਵਰ ਗਹਿਰ ਗੰਭੀਰ ਦਏ ਵਡਿਆਈਆ ।

ਨਿਰਗੁਣ ਨੂਰ ਜੋਤ ਹੋਏ ਉਜਿਆਰੇ, ਅੰਧ ਅੰਧੇਰਾ ਦੇਣਾ ਗਵਾਈਆ । ਪੁਰਖ ਅਕਾਲਾ ਪੈਜ ਸਵਾਰੇ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਕਲ ਕਲਕੀ ਇਕ ਅਵਤਾਰੇ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਮੇਰੀ ਇਕ ਅਰਜ਼ੋਈ, ਅਰਜ਼ ਦਿਆਂ ਸੁਣਾਈਆ । ਕਿਸ ਨੂੰ ਤੇਰੇ ਦਵਾਰੇ ਦੇਵਾਂ ਢੋਈ, ਲੱਖ ਚੁਰਾਸੀ ਖੋਜ ਖੁਜਾਈਆ । ਤੇਰਾ ਭਗਤ ਵਿਰਲਾ ਕੋਈ ਕੋਈ, ਕੂੜੀ ਕਿਰਿਆ ਵਿਚ ਲੋਕਾਈਆ । ਕਿਸ ਦੀ ਸੁਰਤ ਉਠਾਵਾਂ ਸੋਈ, ਨੇਤਰ ਅੱਖ ਖੁਲ੍ਹਾਈਆ । ਸਚ ਦਵਾਰ ਮੰਨ ਅਰਜ਼ੋਈ, ਬੇਨੰਤੀ ਦਿਤੀ ਸੁਣਾਈਆ । ਚਾਰੋਂ ਕੁੰਟ ਫਿਰੇ ਦਰੋਹੀ, ਤੋਬਾ ਤੋਬਾ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸੰਦੇਸ਼ਾ ਹਕ ਸੁਣਾਈਆ । ਸਤਿਗੁਰ ਸ਼ਬਦ ਉਠ ਪੁਛ ਗੁਰੂ ਅਵਤਾਰ, ਸਚ ਦਿਆਂ ਸੁਣਾਈਆ । ਪੈਗ਼ੰਬਰਾਂ ਕਰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਕੀ ਬਾਕੀ ਰਿਹਾ ਵਿਚ ਸੰਸਾਰ, ਪੁਛਣਾ ਥਾਉਂ ਥਾਈਆ । ਇਹ ਹੁਕਮ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਖੇਲ ਪਿਛੇ ਰਿਹਾ ਸਦਾ ਨੌ ਨਵ ਚਾਰ, ਚਾਰੇ ਕੁੰਟ ਡੰਕ ਵਜਾਈਆ । ਸੋ ਸ਼ਾਹ ਪਾਤਸ਼ਾਹ ਸੁਲਤਾਨਾ ਹੋ ਉਜਿਆਰ, ਨੂਰ ਨੁਰਾਨਾ ਨੂਰ ਚਮਕਾਈਆ । ਸਾਜਨ ਵੇਖੇ ਖ਼ਿਦਮਤਗਾਰ, ਖ਼ਾਦਮ ਆਪਣੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਦੱਸੋ ਮੀਤ, ਮਿਤਰ ਪਿਆਰੇ ਦਿਓ ਜਣਾਈਆ । ਕਿਹੜੀ ਸਾਚੀ ਚਲਾਵਾਂ ਰੀਤ, ਰੀਤੀਵਾਨ ਦਏ ਵਡਿਆਈਆ । ਝਗੜਾ ਛੁੱਟੇ ਮੰਦਰ ਮਸੀਤ, ਕਾਇਆ ਕਾਅਬਾ ਸੋਭਾ ਪਾਈਆ । ਤਨ ਵਜੂਦ ਹੋਵੇ ਪਤਤ ਪੁਨੀਤ, ਪਵਿੱਤ ਦਿਆਂ ਕਰਾਈਆ । ਕਵਣ ਸੋਹਲਾ ਢੋਲਾ ਕਲਮਾ ਨਾਦ ਸੁਣਾਵਾਂ ਗੀਤ, ਅਨਰਾਗੀ ਰਾਗ ਅਲਾਈਆ । ਕਵਣ ਨਾਮ ਸੰਦੇਸ਼ਾ ਦੇਵਾਂ ਚੀਤ, ਚਿਤਵਿਤ ਠਗੌਰੀ ਮਨ ਕੋਇ ਨਾ ਪਾਈਆ । ਕਿਸ ਠਾਕਰ ਹੋਵੇ ਪ੍ਰੀਤ, ਕਵਣ ਪ੍ਰੀਤਮ ਮਿਲ ਕੇ ਖ਼ੁਸ਼ੀ ਬਣਾਈਆ । ਝਗੜਾ ਰਹੇ ਨਾ ਊਚ ਨੀਚ, ਜਾਤ ਪਾਤ ਨਾ ਵੰਡ ਵੰਡਾਈਆ । ਕਿਹੜਾ ਨਾਮ ਕਰਾਂ ਬਖ਼ਸ਼ੀਸ਼, ਰਹਿਮਤ ਇਕ ਕਮਾਈਆ । ਕਿਹੜਾ ਕਲਮਾ ਦੱਸਾਂ ਹਦੀਸ, ਹਜ਼ਰਤੇ ਦੇਣਾ ਸੁਣਾਈਆ । ਸਭ ਦਾ ਵੇਲਾ ਪਿਛਲਾ ਗਿਆ ਬੀਤ, ਅੱਗੇ ਨਜ਼ਰ ਕੋਇ ਨਾ ਆਈਆ । ਮੁਹੰਮਦ ਰੋ ਕੇ ਮਾਰੇ ਚੀਕ, ਤੇਰੇ ਨਾਮ ਦੁਹਾਈਆ । ਮੂਸਾ ਕਹੇ ਮੇਰੀ ਰਹੀ ਨਾ ਕੋਇ ਤਸਦੀਕ, ਸ਼ਹਾਦਤ ਵੰਡ ਨਾ ਕੋਇ ਵੰਡਾਈਆ । ਈਸਾ ਕਹੇ ਮੈਂ ਸਾਥੀ ਛੱਡੇ ਨਜ਼ਦੀਕ, ਦੂਰ ਦੁਰਾਡਾ ਫੇਰਾ ਪਾਈਆ । ਤੇਈ ਅਵਤਾਰ ਕਹਿਣ ਜਗਤ ਨਾਤਾ ਟੁੱਟੀ ਪ੍ਰੀਤ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਗੁਰ ਕਹਿਣ ਸਾਡੀ ਆਸਾ ਮਨਸਾ ਪੂਰੀ ਹੋਣੀ ਉਡੀਕ, ਨਾਨਕ ਗੋਬਿੰਦ ਰਾਹ ਤਕਾਈਆ । ਤੇਰਾ ਖੇਲ ਲਾਸ਼ਰੀਕ, ਸ਼ਰਕਤ ਦੀਨ ਦੁਨੀ ਦਏ ਗਵਾਈਆ । ਤੇਰੇ ਵਿਚ ਇਕ ਤੌਫ਼ੀਕ, ਤੇਰਾ ਨਾਮ ਦੁਹਾਈਆ । ਸਭ ਦੀ ਆਸਾ ਮਨਸਾ ਪੂਰੀ ਕਰ ਉਮੀਦ, ਆਮਦ ਵਿਚ ਆਪਣਾ ਪੜਦਾ ਦੇ ਉਠਾਈਆ । ਤੇਰਾ ਹੁਕਮ ਦੋ ਜਹਾਨਾਂ ਚਲੇ ਠੀਕ, ਠਾਕਰ ਹੋ ਕੇ ਕਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਸੁਣੋ ਸੰਦੇਸ਼ਾ ਏਕੰਕਾਰ, ਇਕ ਇਕੱਲਾ ਆਪ ਦ੍ਰਿੜਾਈਆ । ਨਾਤਾ ਛੱਡ ਜਗਤ ਸੰਸਾਰ, ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਸਭ ਨੂੰ ਬਾਹਰ ਕਢਾਈਆ । ਵਸੋ ਇਕ ਸੱਚੇ ਦਰਬਾਰ, ਜਿਥੇ ਵਸੇ ਧੁਰਦਰਗਾਹੀਆ । ਦੀਆ


੯੨੧
੨੦

ਬਾਤੀ ਕਮਲਾਪਾਤੀ ਕਰੇ ਉਜਿਆਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਇਕ ਇਕੱਲਾ ਸੋਹੇ ਸੱਚਾ ਸਿਕਦਾਰ, ਹੁਕਮੇ ਅੰਦਰ ਆਪਣਾ ਹੁਕਮ ਸੁਣਾਈਆ । ਜਿਸ ਦਾ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਕੱਤਕ ਕਹੇ ਮੈਂ ਵੇਖਿਆ ਪੁੱਟ ਕੇ ਅੱਖ, ਆਖ਼ਰ ਦਿਆਂ ਸੁਣਾਈਆ । ਪਰਮ ਪੁਰਖ ਵੇਖ ਪਰਤੱਖ, ਪਰਾ ਪਸੰਤੀ ਮਧਮ ਬੈਖਰੀ ਧਾਰ ਦਿਤੀ ਭੁਲਾਈਆ । ਇਕੋ ਨਜ਼ਰ ਆਇਆ ਨੂਰ ਸਚ, ਸਚ ਸੱਚੀ ਵਡਿਆਈਆ । ਜੋ ਭਾਗ ਲਗਾਵੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਸੁਹਾਈਆ । ਕਲਜੁਗ ਅੰਤਮ ਹੋ ਪਰਗਟ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਵਸਤ ਅਮੋਲਕ ਇਕ ਵਰਤਾਈਆ । ਸਾਚੀ ਦੇ ਕੇ ਬ੍ਰਹਮ ਮਤ, ਮਨਮਤ ਲੇਖਾ ਰਿਹਾ ਮੁਕਾਈਆ । ਨਿਰਗੁਣ ਸਰਗੁਣ ਰੱਖਣਹਾਰ ਪਤ, ਪਤਿਪਰਮੇਸ਼ਵਰ ਨੂਰ ਖ਼ੁਦਾਈਆ । ਨਾਮ ਜੈਕਾਰਾ ਬੋਲ ਅਲੱਖ, ਅਲਖ ਅਲੱਖਣਾ ਆਪ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਸ੍ਰਿਸ਼ਟੀ ਵਿਚੋਂ ਕਰ ਕੇ ਵੱਖ, ਸਚਖੰਡ ਸਾਚੇ ਧਾਮ ਬਹਾਈਆ । ਸਭ ਦਾ ਸਾਂਝਾ ਕਰ ਕੇ ਜਸ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਆਪ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਦਰਗਾਹ ਸਾਚੀ ਜਾਓ ਟਿਕ, ਟਿਕਟਿਕੀ ਇਕੋ ਨਾਲ ਲਗਾਈਆ । ਸਚ ਪ੍ਰੇਮ ਦੀ ਪਏ ਖਿੱਚ, ਬਿਨ ਵਜੂਦ ਮਿਲ ਮਹਿਬੂਬ ਖ਼ੁਸ਼ੀ ਮਨਾਈਆ । ਸਭ ਦਾ ਮਾਲਕ ਸਾਂਝਾ ਪਏ ਦਿਸ, ਦਿਸ਼ਾ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਖੋਜਦੇ ਗਏ ਕਿਤ, ਕੇਤੇ ਫੇਰੀਆਂ ਪਾਈਆ । ਉਹ ਸਭ ਦਾ ਬਣ ਕੇ ਪਿਤ, ਪਤਿਪਰਮੇਸ਼ਵਰ ਹੋਏ ਸਹਾਈਆ । ਕਰਵਟ ਵਿਚ ਬਦਲ ਕੇ ਪਿੱਠ, ਸਨਮੁਖ ਹੋ ਕੇ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਕੱਤਕ ਕਹੇ ਪ੍ਰਭ ਚੁੱਕ ਦੇ ਪੜਦਾ, ਓਹਲਾ ਰਹੇ ਨਾ ਰਾਈਆ । ਸਤਿਗੁਰ ਸ਼ਬਦ ਕਹੇ ਸਚ ਖੇਲ ਅਗੰਮੀ ਕਰਦਾ, ਕਰਨੀ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਹ ਮਾਲਕ ਸਚ ਘਰ ਦਾ, ਦਰ ਇਕੋ ਇਕ ਸੁਹਾਈਆ । ਕਲਜੁਗ ਅੰਤਮ ਵੇਸ ਕਰ ਨਿਹਕਲੰਕ ਨਰਾਇਣ ਨਰ ਦਾ, ਨਰ ਹਰਿ ਆਪਣਾ ਫੇਰਾ ਪਾਈਆ । ਧੁਰ ਦਾ ਨਾਮ ਅਗੰਮੀ ਸ਼ਬਦੀ ਧਾਰ ਏਕਾ ਪੜ੍ਹਦਾ, ਧੁਰ ਫ਼ਰਮਾਨਾ ਰਾਣਾ ਇਕ ਉਪਜਾਈਆ । ਨਾ ਜੀਂਦਾ ਨਾ ਕਦੇ ਮਰਦਾ, ਮਰਨ ਜੰਮਣ ਵਿਚ ਨਾ ਆਈਆ । ਜਿਹੜਾ ਹੁਕਮ ਦਿਤਾ ਪਰ ਦਾ, ਪਰੋਹਤਾਂ ਰਿਹਾ ਸਮਝਾਈਆ । ਵੇਖੇ ਖੇਲ ਆਪਣੇ ਹਰਿ ਦਾ, ਜੋ ਹਿਰਦਿਉਂ ਰਿਹਾ ਉਠਾਈਆ । ਜਿਸ ਦਾ ਲੱਖ ਚੁਰਾਸੀ ਫਲ ਰਿਹਾ ਝੜਦਾ, ਪੱਤ ਟਹਿਣੀ ਆਪ ਹਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਘਾੜਨ ਰਿਹਾ ਘੜਦਾ, ਭੰਨਣਹਾਰ ਬੇਪਰਵਾਹੀਆ । ਸੋ ਖੇਲ ਵਖਾਵੇ ਅਗੰਮੀ ਸਰ ਦਾ, ਸਰੋਵਰ ਇਕੋ ਇਕ ਸੁਹਾਈਆ । ਜਿਥੇ ਭਗਤ ਸੁਹੇਲਾ ਤਰਦਾ, ਦੁਰਮਤ ਮੈਲ ਧਵਾਈਆ । ਮੰਜ਼ਲ ਇਕ ਅਗੰਮੀ ਚੜ੍ਹਦਾ, ਅੱਗੇ ਹੋ ਨਾ ਕੋਇ ਅਟਕਾਈਆ । ਪੁਰਖ ਅਬਿਨਾਸ਼ੀ ਦਰਸ਼ਨ ਕਰਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਸਾਹਿਬ ਪ੍ਰਭ ਦਰ ਹਾਜ਼ਰ, ਹਜ਼ੂਰ ਦੇਣਾ ਸਮਝਾਈਆ । ਦਰਵੇਸ਼ ਹੋ ਕੇ ਆਜਜ਼, ਬੰਦਨਾ ਸੀਸ ਝੁਕਾਈਆ । ਸਭ ਦੇ ਉਤੇ ਹੋਵਾਂ ਕਾਬਜ਼, ਵੇਖਾਂ ਜਗਤ ਲੋਕਾਈਆ । ਹੁਕਮ ਦੇਵਾਂ ਇਕੋ ਵਾਜਬ, ਵਜਾਹਤ

੬੨੨
੨੦

ਨਾਲ ਸਮਝਾਈਆ । ਪੁਰਖ ਅਕਾਲ ਦੀ ਹੋਵੇ ਇਕ ਇਬਾਦਤ, ਇਕੋ ਨਾਮ ਸਾਲਾਹੀਆ । ਦੀਨ ਦੁਨੀ ਦੀ ਬਦਲ ਕੇ ਆਦਤ, ਆਲੀਜਾਹ ਦਿਆਂ ਵਖਾਈਆ । ਸਾਚੇ ਦਰ ਮਿਲੇ ਰਫ਼ਾਕਤ, ਫ਼ਿਕਰਾ ਕੂੜ ਨਾ ਕੋਇ ਬਣਾਈਆ । ਆਤਮ ਵੇਖ ਤੇਰੀ ਅਮਾਨਤ, ਪ੍ਰਭ ਤੇਰੇ ਨਾਲ ਮਿਲਾਈਆ । ਤੇਰਾ ਨੂਰ ਸਹੀ ਸਲਾਮਤ, ਸਹਿਜ ਜੋਗ ਸੁਖਦਾਈਆ । ਕਲਜੁਗ ਕੂੜੀ ਕਿਰਿਆ ਮੇਟ ਅਲਾਮਤ, ਮਮਤਾ ਮੋਹ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਕਿਉਂ ਰੋਂਦੇ ਪੈਗ਼ੰਬਰ ਪੀਰ, ਪਾਰਬ੍ਰਹਮ ਦੇਣਾ ਸਮਝਾਈਆ । ਪਰਵਰਦਿਗਾਰ ਕਹੇ ਇਨ੍ਹਾਂ ਦੀ ਖੁਸਣ ਲੱਗੀ ਜਾਗੀਰ, ਜਾਗਰਤ ਜੋਤ ਕਰੀ ਰੁਸ਼ਨਾਈਆ । ਅਵਤਾਰ ਹੋਣ ਲੱਗੇ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਪੁਰਖ ਅਕਾਲ ਕਹੇ ਸਤਿ ਧਰਮ ਹੋਣ ਲੱਗਾ ਤਾਮੀਰ, ਤਮਾਂ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸੁਣ ਕੇ ਹੁਕਮ ਗੁਰ ਅਵਤਾਰ ਪੈਗ਼ੰਬਰ ਆਏ ਦਰ ਠਾਂਡੇ ਹੋਏ ਇਕੱਠੇ, ਇਕੋ ਵਾਰ ਸੁਣਾਈਆ । ਪ੍ਰਭੂ ਆਹ ਲੈ ਆਪਣੇ ਚਾਰ ਜੁਗ ਦੇ ਪਟੇ, ਪਾਟਲ ਤੇਰੀ ਭੇਟ ਚੜ੍ਹਾਈਆ । ਤੇਰੀ ਦੁਨੀਆ ਤੇਰੀ ਸ੍ਰਿਸ਼ਟੀ ਤੇਰੇ ਫੜਾਈ ਹੱਥੇ, ਖ਼ਾਲੀ ਹੱਥ ਦਿਤੇ ਵਖਾਈਆ । ਅਸੀਂ ਬਣ ਗਏ ਭਾਈ ਸਕੇ, ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਛੱਡ ਕੇ ਪੰਜ ਤੱਤੇ, ਤੇਰੀ ਜੋਤ ਵਿਚ ਸਮਾਈਆ । ਤੇਰੇ ਫ਼ਰਮਾਨੇ ਸੁਣੀਏ ਸੱਚੇ, ਸੰਦੇਸ਼ਾ ਇਕ ਦ੍ਰਿੜਾਈਆ । ਤਨ ਵਜੂਦ ਨਾ ਜਾਣੀਏ ਕੱਚੇ, ਭਾਂਡੇ ਮਾਟੀ ਨਾ ਪੋਚ ਪੁਚਾਈਆ । ਤੇਰੇ ਬਣੇ ਰਹੀਏ ਬੱਚੇ, ਪਿਤਾ ਪੂਤ ਗੋਦ ਉਠਾਈਆ । ਜੋ ਜਗਤ ਸੰਦੇਸ਼ ਦੱਸੇ, ਭਵਿਖਤਾਂ ਵਿਚ ਸੁਣਾਈਆ । ਓਸੇ ਤੇ ਹੋ ਗਏ ਪੱਕੇ, ਤੇਰੀ ਓਟ ਤਕਾਈਆ । ਕਿਰਪਾ ਕਰ ਪੁਰਖ ਸਮਰਥੇ, ਸਚ ਤੇਰੀ ਸਰਨਾਈਆ । ਦੀਨ ਮਜ਼੍ਹਬ ਰਹੇ ਕੋਈ ਨਾ ਰੱਟੇ, ਝਗੜਾ ਦੇਣਾ ਗਵਾਈਆ । ਬਿਨ ਤੇਰੀ ਕਿਰਪਾ ਸਾਚਾ ਲਾਹਾ ਕੋਈ ਨਾ ਖੱਟੇ, ਮੰਦਰ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਦੇਣਾ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਕਰੀਏ ਕੌਲ ਇਕਰਾਰ, ਪ੍ਰਭ ਤੇਰੀ ਸਰਨ ਸਰਨਾਈਆ । ਬਚਨ ਬੋਲੇ ਤੇਰੀ ਵਿਚੋਂ ਧਾਰ, ਸ਼ਬਦ ਸ਼ਬਦ ਨਾਲ ਸ਼ਨਵਾਈਆ । ਸੰਸਾਰ ਵਿਚ ਤੇਰਾ ਨਾਉਂ ਆਏ ਉਚਾਰ, ਉਜਰਤ ਮੰਗ ਨਾ ਕੋਇ ਮੰਗਾਈਆ । ਤੈਨੂੰ ਕਹਿ ਕੇ ਕਲਕੀ ਅਵਤਾਰ, ਨਿਹਕਲੰਕ ਵਡਿਆਈਆ । ਆਪ ਕਰ ਕੇ ਨਿਮਸਕਾਰ, ਨਮੋਂ ਨਮੋਂ ਸੀਸ ਝੁਕਾਈਆ । ਸਭ ਕੁਛ ਤੇਰੇ ਇਖ਼ਤਿਆਰ, ਸਾਡਾ ਉਜ਼ਰ ਰਿਹਾ ਨਾ ਰਾਈਆ । ਕਿਰਪਾ ਕਰ ਆਪ ਕਰਤਾਰ, ਕੁਦਰਤ ਆਪਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਪੁਰਖ ਅਕਾਲ ਕਹੇ ਆਓ ਸੁਣੋ ਹੁਕਮ ਹਕ਼ੀਕ਼ੀ, ਹੁਕਮ ਦਿਆਂ ਦ੍ਰਿੜਾਈਆ । ਪਿਛਲੀ ਛੱਡ ਦਿਓ ਹੁਣ ਰੀਤੀ, ਰੀਤੀਵਾਨ ਰਿਹਾ ਸਮਝਾਈਆ । ਸਾਰੇ ਕਹੋ ਇਕ ਨਾਲ ਚੰਗੀ ਪ੍ਰੀਤੀ, ਪ੍ਰੀਤਮ ਇਕੋ ਧੁਰ ਦਾ ਮਾਹੀਆ । ਸਭ ਦੀ ਪਿਛਲੀ ਔਧ ਬੀਤੀ, ਅੱਗੇ ਅਵਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੁਹੰਮਦ ਕਹੇ ਈਸਾ ਕੁਛ ਧਿਆਨ ਕਰ ਅਗਲਾ, ਅੱਗੇ ਕੀ ਵਖਾਈਆ । ਮੂਸਾ ਕਹੇ ਮੈਂ ਵੇਖਾਂ ਕੀ ਜੰਗਲਾਂ, ਜੂਹਾਂ ਦੇਣ ਦੁਹਾਈਆ । ਸਭ ਨੂੰ ਪੈਣ ਵਾਲਾ ਫੰਦਨਾ, ਫਾਂਦਕੀ ਆਪਣੀ ਡੋਰ ਰਿਹਾ ਉਠਾਈਆ । ਜਿਨ੍ਹਾਂ ਨੂੰ ਭੁੱਲ ਗਈ ਧੁਰ ਦੀ ਬੰਦਨਾ, ਬੰਦਗੀ ਤੋਂ ਬਿਨਾ ਬੰਦੇ ਦੇਣ ਦੁਹਾਈਆ ।


੬੨੩
੨੦

ਧਰਮ ਦਵਾਰ ਓਨ੍ਹਾਂ ਨੂੰ ਟੰਗਣਾ, ਜਗਤ ਕੂੜ ਕਸਾਈਆ । ਕੱਤਕ ਕਹੇ ਕੁਛ ਮੇਰੇ ਵਿਚ ਲੇਖਾ ਵੰਡਣਾ, ਹਿੱਸੇ ਅਗਲੇ ਰਿਹਾ ਪਾਈਆ । ਗੁਰਮੁਖ ਵਿਰਲੇ ਜਗਤ ਜਹਾਨ ਲੰਘਣਾ, ਸ਼ੌਹ ਦਰਿਆ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਕੱਤਕ ਕਹੇ ਮੇਰੀ ਵੰਡ ਇਕ ਨਿੱਕੀ, ਹਾੜ੍ਹ ਸਤਾਰਾਂ ਦਿਤੀ ਸਮਝਾਈਆ । ਪ੍ਰਭ ਦੀ ਧਾਰ ਹੋਣੀ ਤਿੱਖੀ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਬਿਨਾ ਭਗਤਾਂ ਤੋਂ ਰਹੇ ਕੋਈ ਨਾ ਸਿੱਖੀ, ਸਾਖਿਆਤ ਸੁਣਾਈਆ । ਚਾਰ ਜੁਗ ਦੀ ਪਿਛਲੀ ਕੱਢ ਕੇ ਚਿੱਠੀ, ਗੁਰ ਅਵਤਾਰ ਪੈਗ਼ੰਬਰਾਂ ਦੇਣੀ ਪੜ੍ਹਾਈਆ । ਜਿਸ ਨੂੰ ਸਾਰੇ ਕਹਿਣ ਅਣਡਿੱਠੀ, ਨੇਤਰਾਂ ਅੱਗੇ ਕਰੇ ਰੁਸ਼ਨਾਈਆ । ਪਹਿਲੀ ਕੱਤਕ ਕਹੇ ਮੇਰੀ ਉਹ ਮਿਤੀ, ਜੋ ਮਿਤਰ ਪਿਆਰਾ ਗੋਬਿੰਦ ਗਿਆ ਸਮਝਾਈਆ । ਸਭ ਨੂੰ ਘਰ ਘਰ ਹੋਵਣੀ ਜਿਚੀ, ਯਾਚਕ ਨਜ਼ਰ ਕੋਇ ਨਾ ਆਈਆ । ਨੇਤਰ ਰੋਵਣ ਮੁਨੀ ਰਿਖੀ, ਰਿਖੀਸ਼ਰ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਉਪਜਾਈਆ । ਪੈਗ਼ੰਬਰ ਕਹਿਣ ਕੀ ਹੁਕਮ ਸੰਦੇਸ਼ਾ ਲੱਗਾ ਆਉਣ, ਅਗੰਮੀ ਆਵਾਜ਼ ਜਣਾਈਆ । ਰੋ ਕੇ ਕਹੇ ਉਣੰਜਾ ਪੌਣ, ਪਵਣ ਪਾਣੀ ਨਾਲ ਦੁਹਾਈਆ । ਸਭ ਦਾ ਲੇਖਾ ਆਇਆ ਮੁਕਾਉਣ, ਹਰਿ ਕਰਤਾ ਧੁਰਦਰਗਾਹੀਆ । ਭਗਤ ਸੁਹੇਲੇ ਆਇਆ ਮਿਲਾਉਣ, ਜੁਗ ਵਿਛੜੇ ਜੋੜ ਜੁੜਾਈਆ । ਕਲਜੁਗ ਵਿਚ ਸਤਿਜੁਗ ਆਇਆ ਬਦਲਾਉਣ, ਬਦਲੀ ਕਰੇ ਥਾਉਂ ਥਾਈਂਆ । ਕੂੜੀ ਕਿਰਿਆ ਆਇਆ ਹਟਾਉਣ, ਹੱਟ ਵਣਜਾਰੇ ਫੋਲ ਫੁਲਾਈਆ ।
੬੨੪ ਏਕਾ ਨਾਮ ਆਇਆ ਜਪਾਉਣ, ਜਗ ਜੀਵਣ ਦਾਤਾ ਧੁਰਦਰਗਾਹੀਆ । ਕਲ ਕਲਕੀ ਆਇਆ ਅਖਵਾਉਣ, ਬਿਨਾਂ ਅੱਖਰਾਂ ਕਰ ਪੜ੍ਹਾਈਆ । ੬੨੪
੨੦ ਸਚ ਦਵਾਰਾ ਆਇਆ ਵਸਾਉਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ੨੦
ਕੱਤਕ ਕਹੇ ਵੇਖੇ ਕਰਮ ਅਚਾਰੀ, ਅਚਰਜ ਖੇਲ ਬਣਾਈਆ । ਜਗਤ ਜਗਿਆਸੂ ਵੇਖ ਸੰਸਾਰੀ, ਸਰਬ ਰਿਹਾ ਉਠਾਈਆ । ਨੌਂ ਸੌ ਨੜ੍ਹਿਨਵੇ ਭਗਤਾਂ ਨੂੰ ਦਰਸ਼ਨ ਦੇਣਾ ਅੱਜ ਦੀ ਰੈਣ ਇਕੋ ਵਾਰੀ, ਦੂਰ ਦੁਰਾਡੇ ਆਪ ਉਠਾਈਆ । ਸੱਤਾਂ ਦੀਪਾਂ ਕਰੇ ਖ਼ਬਰਦਾਰੀ, ਨਵਾਂ ਖੰਡਾਂ ਡੰਕ ਵਜਾਈਆ । ਜਗਤ ਸਾਧਾਂ ਦਏ ਆਧਾਰੀ, ਭਗਤਾਂ ਨਾਮ ਸ਼ਨਵਾਈਆ । ਨੇਤਰ ਖੋਲ੍ਹੇ ਵੇਖੋ ਅੱਖ ਉਘਾੜੀ, ਲੋਚਨ ਬੰਦ ਨਾ ਕੋਇ ਕਰਾਈਆ । ਭੇਵ ਖੁਲ੍ਹਾਏ ਧੁਰਦਰਬਾਰੀ, ਹਰਿ ਕਰਤਾ ਸ਼ਹਿਨਸ਼ਾਹੀਆ । ਸਦੀ ਚੌਧਵੀਂ ਓਸੇ ਦੀ ਆਈ ਵਾਰੀ, ਜਿਸ ਦੀ ਵਾਰਤਾ ਆਏ ਸੁਣਾਈਆ । ਨਿਰਗੁਣ ਜੋਤ ਕਰੇ ਉਜਿਆਰੀ, ਨੂਰ ਨੁਰਾਨਾ ਡਗਮਗਾਈਆ । ਚਾਰੋਂ ਕੁੰਟ ਕਰੇ ਖ਼ੁਆਰੀ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਛ ਲੇਖਾ ਲਿਖਣ ਲਗਾਏ ਦਰਸ਼ਨ ਸਿੰਘ ਲਿਖਾਰੀ, ਕਲਮ ਗੁਰਮੁਖ ਕੋਲੋਂ ਹੱਥ ਫੜਾਈਆ । ਹਾਜ਼ਰ ਹੋ ਜਾਇਓ ਸੰਸਾਰੀ ਭੰਡਾਰੀ, ਪਿਛਲਾ ਪੰਧ ਮੁਕਾਈਆ । ਨੇੜੇ ਢੁੱਕ ਜਾਓ ਸੰਘਾਰੀ, ਸਹਿਜ ਨਾਲ ਸੁਣਾਈਆ । ਤੇਈ ਅਵਤਾਰ ਵੇਖੋ ਦਰਬਾਰੀ, ਹਰਿ ਕਰਤਾ ਧੁਰਦਰਗਾਹੀਆ । ਮੂਸਾ ਈਸਾ ਮੁਹੰਮਦ ਅੱਖ ਉਘਾੜੀ, ਨੈਣ ਨੈਣਾਂ ਤਕਾਈਆ । ਨਾਨਕ ਗੋਬਿੰਦ ਤੱਕੋ ਜੋਤ ਨਿਰੰਕਾਰੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਾਰੇ ਕਰੋ ਇਕ ਨਿਮਸਕਾਰੀ, ਡੰਡਉਤ ਬੰਦਨਾ ਸਜਦਾ ਸੀਸ ਝੁਕਾਈਆ । ਫੇਰ ਬੋਲੋ ਸ਼ਬਦ ਜੈਕਾਰੀ, ਢੋਲਾ ਧੁਰਦਰਗਾਹੀਆ । ਖੇਲ ਵੇਖੋ ਅਗੰਮ ਅਪਾਰੀ, ਅਪਰੰਪਰ ਸਵਾਮੀ ਆਪ ਵਖਾਈਆ । ਜਿਸ ਦੀ ਵਾਰਤਾ ਗਾਉਂਦੇ ਆਏ ਵਾਰੋ ਵਾਰੀ, ਜੁਗ ਚੌਕੜੀ ਲੇਖ ਲਿਖਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਕੀ ਲਿਖਾਰੀ ਲਿਖਦਾ, ਲੇਖਾ ਦੇਣਾ ਦ੍ਰਿੜਾਈਆ । ਅੱਗੇ ਹੁਕਮ ਵਰਤਣਾ ਇਕ ਦਾ, ਏਕੰਕਾਰ ਹੋਏ ਸਹਾਈਆ । ਜੋ ਮਾਲਕ ਸਭ ਦਾ ਦਿਸਦਾ, ਦਹਿ ਦਿਸ਼ਾ ਵਿਚ ਸਮਾਈਆ । ਜਿਸ ਨੇ ਰੂਪ ਧਰਿਆ ਅਗੰਮੀ ਪਿਤ ਦਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਉਹ ਲਹਿਣੇ ਦੇਣੇ ਸਰਬ ਨਜਿਠਦਾ, ਜੁਗ ਚੌਕੜੀ ਖੋਜ ਖੁਜਾਈਆ । ਪਾਸਾ ਬਦਲ ਕੇ ਆਪਣੀ ਪਿਠ ਦਾ, ਸਨਮੁਖ ਹੋ ਕੇ ਸੋਭਾ ਪਾਈਆ । ਜਨ ਭਗਤਾਂ ਵਕਤ ਸੁਹੰਜਣਾ ਕਰੇ ਜਿਤ ਦਾ, ਹਾਰਦੀ ਵੇਖੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਹਿਜੇ ਦਏ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਆਓ ਅੱਗੇ, ਸ਼ਿਵ ਸ਼ਵੈ ਸੇਵ ਕਮਾਈਆ । ਨਿਰਗੁਣ ਧਾਰ ਸਭ ਨੇ ਆਪਣੇ ਹੱਥ ਬੱਧੇ, ਬੰਦਨਾ ਸੀਸ ਝੁਕਾਈਆ । ਪੁਰਖ ਅਕਾਲ ਕਹੇ ਕਿਉਂ ਤੁਹਾਨੂੰ ਦਿਤੇ ਸੱਦੇ, ਫ਼ਰਮਾਨ ਇਕ ਜਣਾਈਆ । ਅੰਤ ਅਖ਼ੀਰ ਨਿਗਾਹ ਮਾਰੋ ਆਪਣੇ ਜਗ੍ਹੇ, ਦੀਨ ਦੁਨੀ ਵੇਖ ਵਖਾਈਆ । ਕਲਜੁਗ ਜੀਵ ਬਗੜੇ ਬਧੇ ਬੱਗੇ, ਸਾਚਾ ਰੰਗ ਨਾ ਕੋਇ ਰੰਗਾਈਆ । ਦਹਿ ਦਿਸ਼ਾ ਅਗਨੀ ਲੱਗੇ, ਅੰਮ੍ਰਿਤ ਸਿੰਚ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਦੱਸੀਏ ਪ੍ਰਭ ਠਾਕਰ, ਅੱਗੇ ਭੇਵ ਕੋਇ ਨਾ ਪਾਈਆ । ਤੂੰ ਗਹਿਰ ਗੰਭੀਰ ਡੂੰਘਾ ਸਾਗਰ, ਗੁਰ ਅਵਤਾਰ ਪੈਗ਼ੰਬਰ ਤੇਰੇ ਅੰਤਰ ਤਾਰੀਆਂ ਲਾਈਆ । ਅੱਖਰਾਂ ਵਿਚ ਤੇਰਾ ਨਾਮ ਕਰਦੇ ਗਏ ਉਜਾਗਰ, ਸਿਫ਼ਤਾਂ ਵਿਚ ਢੋਲੇ ਗੀਤ ਸੁਣਾਈਆ । ਦਰ ਦਰਵੇਸ਼, ਬਣਦੇ ਰਹੇ ਆਜਜ਼, ਖ਼ਾਦਮ ਹੋ ਕੇ ਧੁਰ ਦੀ ਸੇਵ ਕਮਾਈਆ । ਤੇਰਾ ਹੁਕਮ ਮੰਨਦੇ ਰਹੇ ਵਾਜਬ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪੜਦਾ ਦਏ ਚੁਕਾਈਆ । ਗੁਰ ਅਵਤਾਰ ਪੈਗ਼ੰਬਰੋ ਮੈਂ ਪੜਦਾ ਲੱਗਾ ਚੁੱਕਣ, ਹਰਿ ਕਰਤਾ ਰਿਹਾ ਸੁਣਾਈਆ । ਸਭ ਦਾ ਪੈਂਡਾ ਲੱਗਾ ਮੁੱਕਣ, ਮੁਕੰਮਲ ਰਿਹਾ ਦ੍ਰਿੜਾਈਆ । ਜੋਧਾ ਸੂਰਬੀਰ ਸ਼ਬਦੀ ਲੱਗਾ ਉਠਣ, ਨੌਜਵਾਨਾ ਵੇਸ ਵਟਾਈਆ । ਸਿੰਘ ਸ਼ੇਰ ਹੋ ਕੇ ਲੱਗਾ ਬੁੱਕਣ, ਨਾਮ ਭੱਬਕ ਇਕ ਸੁਣਾਈਆ । ਸਭ ਦੇ ਕੋਲੋਂ ਲਹਿਣਾ ਦੇਣਾ ਪੂਰਬ ਲੱਗਾ ਪੁਛਣ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੁਛ ਪਿਛਲੀ ਕਰ ਯਾਦ, ਪ੍ਰਭ ਤੇਰੇ ਅੱਗੇ ਸਰਨਾਈਆ । ਪੜਦਾ ਖੋਲ੍ਹ ਅਗੰਮਾ ਰਾਜ਼, ਰਾਜ਼ਕ ਰਹੀਮ ਦੇ ਜਣਾਈਆ । ਜਿਹੜੇ ਸੁਣਦੇ ਨਹੀਂ ਤੇਰੀ ਆਵਾਜ਼, ਉਹ ਕਲਜੁਗ ਸਾਧ ਲੈਣੇ ਉਠਾਈਆ । ਸਭ ਦੇ ਮਗਰ ਲਗੌਣਾ ਸ਼ਬਦ ਅਗੰਮੀ ਬਾਜ਼, ਬਾਜ਼ਾਂ ਵਾਲੇ ਵੇਸ ਵਟਾਈਆ । ਇਕੇ ਹੁਕਮ ਨਾਲ ਖੋਲ੍ਹਦੇ ਜਾਗ, ਸੁੱਤਾ ਰਹਿਣ ਕੋਇ ਨਾ ਪਾਈਆ । ਤੇਰੇ ਹੁਕਮ ਦਾ ਹੋਵੇ ਰਾਜ, ਰਈਅਤ ਆਪਣੀ ਉਤਮ ਲੈਣੀ ਬਣਾਈਆ । ਸਾਚੇ ਧਰਮ ਦਾ ਚਲਾ ਜਹਾਜ਼, ਨਈਆ ਨੌਕਾ ਨਜ਼ਰ ਕੋਇ ਨਾ ਆਈਆ । ਇਕੇ ਵਾਰ ਕਰਦੇ ਕਾਜ, ਕਰਨੀ ਦੇ ਕਰਤੇ ਤੇਰੇ ਹੱਥ ਵਡਿਆਈਆ । ਸਾਡੇ ਹੱਥੋਂ ਫੜ ਲੈ ਬਾਗ, ਖ਼ਾਲੀ ਹੱਥ ਸੀਸ ਨਿਵਾਈਆ । ਤੇਰੀ ਜੋਤ ਦਾ ਜਗੇ ਚਿਰਾਗ਼, ਸ਼ਮਅ ਇਕੋ ਨੂਰ ਰੁਸ਼ਨਾਈਆ । ਅਸੀਂ ਵਾਅਦੇ ਕਰਦੇ ਆਜ, ਗੁਰ ਅਵਤਾਰ ਪੈਗ਼ੰਬਰ ਰਹੇ ਸੁਣਾਈਆ । ਜਿਸ ਵੇਲੇ ਆਵੇ ਪਹਿਲੀ ਮਾਘ, ਦੀਨ ਦੁਨੀ ਵਿਚ ਡੰਕ ਦੇਣਾ ਵਜਾਈਆ । ਸਾਡੇ ਵਡ ਵਡ ਹੋਵਣ ਭਾਗ, ਵਡਭਾਗੀ ਦੇਣੀ ਵਡਿਆਈਆ । ਮਨੂਆ ਕੂੜ ਰਹੇ

ਨਾ ਬਾਗ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਦੇ ਸ਼ਤਾਬੀ, ਸ਼ਰਅ ਵਿਚ ਵਡਿਆਈਆ । ਇਸ਼ਕ ਰਹੇ ਨਾ ਹਕੀਕੀ ਮਜਾਜ਼ੀ, ਮਜ਼ਾ ਆਪਣਾ ਦੇ ਚਖਾਈਆ । ਜਗਤ ਅੰਕੜਿਆਂ ਦੀ ਵਧ ਗਈ ਆਬਾਦੀ, ਗੁਰਮੁਖ ਨਜ਼ਰ ਕੋਇ ਨਾ ਆਈਆ । ਕੁਛ ਯਾਦ ਕਰ ਕੌਲ ਬਗ਼ਦਾਦੀ, ਜੋ ਨਾਨਕ ਆਇਆ ਸਮਝਾਈਆ । ਕੁਛ ਲੇਖਾ ਵੇਖ ਮਾਜ਼ੀ, ਰਾਮ ਦਏ ਗਵਾਹੀਆ । ਕਲਜੁਗ ਅੰਤਮ ਗੁਰ ਅਵਤਾਰ ਪੈਗ਼ੰਬਰ ਮਾਲਕ ਰਹੇ ਨਾ ਕੋਈ ਆਰਾਜ਼ੀ, ਸਭ ਦਾ ਲੇਖਾ ਦੇਣਾ ਮੁਕਾਈਆ । ਪਰਵਰਦਿਗਾਰ ਸਾਂਝੇ ਯਾਰ ਓਹ ਫ਼ਤਵੇ ਵਾਲਾ ਬਣ ਜਾ ਕਾਜ਼ੀ, ਕਜ਼ਾ ਆਪਣੇ ਨਾਲ ਮਿਲਾਈਆ । ਜੱਗ ਦੀ ਉਲਟ ਦੇ ਬਾਜ਼ੀ, ਬਾਜ਼ੀਗਰ ਆਪਣਾ ਸਵਾਂਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸਾਰੇ ਹੋਏ ਰਾਜ਼ੀ, ਖ਼ੁਸ਼ੀਆਂ ਵਿਚ ਤਾਲੀਆਂ ਦਈਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਬਦਲਾਈਆ । ਗੁਰ ਅਵਤਾਰ ਪੈਗ਼ੰਬਰੋ ਏਕਾ ਵਾਰ ਚਰਨ ਜਾਵੇ ਛੋਹ, ਛੋਹਰੇ ਬਾਂਕੇ ਦਿਆਂ ਬਣਾਈਆ । ਲੰਘ ਜਾਣ ਦਿਓ ਛੱਬੀ ਪੋਹ, ਖੇਲ ਆਪਣਾ ਦਿਆਂ ਵਖਾਈਆ । ਜੋ ਕਰਨੀ ਸੋ ਆਪੇ ਜਾਣੀ ਹੋ, ਹੋਕਾ ਦੇਵੇ ਜਗਤ ਲੋਕਾਈਆ । ਨਿਰਗੁਣ ਜੋਤ ਦੀ ਕਰ ਕੇ ਲੋ, ਲੋਆਂ ਪੁਰੀਆਂ ਪੜਦਾ ਲਾਹੀਆ । ਆਪਣੇ ਵਰਗਾ ਆਪੇ ਹੋ, ਕਰਾਂ ਖੇਲ ਥਾਉਂ ਥਾਈਂਆ । ਸਭ ਦੇ ਕੋਲੋਂ ਨਾਮ ਦੀ ਵਸਤੂ ਲਵਾਂ ਖੋਹ, ਖ਼ਾਲੀ ਦਿਆਂ ਕਰਾਈਆ । ਸ਼ਬਦੀ ਧਾਰ ਕਲਜੁਗ ਸਤਿਜੁਗ ਬੈਲ ਬਣਾ ਕੇ ਹਲ ਦੇਵਾਂ ਜੋਹ, ਜੋਗੀ ਜੋਗੀਸ਼ਰ ਸਮਝ ਕੋਇ ਨਾ ਪਾਈਆ । ਉਚੇ ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਈ ਲਵਾਂ ਟੋਹ, ਬਚਿਆ ਰਹਿਣ ਕੋਇ ਨਾ ਪਾਈਆ । ਕਿਸੇ ਨਾਲ ਕਰਾਂ ਨਾ ਕੋਈ ਧਰੋਹ, ਕਰਮਾਂ ਦੀ ਦੇਵਾਂ ਸਜ਼ਾਈਆ । ਜਨ ਭਗਤਾਂ ਨਿਝਰ ਝਿਰਨਾ ਅੰਮ੍ਰਿਤ ਰਸ ਦੇਵਾਂ ਚੋ, ਬੂੰਦ ਸਵਾਂਤੀ ਆਪ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਛੱਬੀ ਪੋਹ ਤੇ ਹੋਣਾ ਕੀ, ਹਰਿ ਕਰਤੇ ਦੇ ਦ੍ਰਿੜਾਈਆ । ਪੁਰਖ ਅਕਾਲ ਕਹੇ ਮੈਂ ਸ਼ਬਦ ਸੰਦੇਸ਼ਾ ਦੇਣਾ ਜੀ ਜੀ, ਜੀਵਤ ਜਗ ਜਣਾਈਆ । ਸਾਚੇ ਨਾਮ ਦਾ ਬੀਜ ਦੇਣਾ ਬੀ, ਆਪਣੀ ਹੱਥੀਂ ਆਪ ਟਿਕਾਈਆ । ਸਤਿ ਧਰਮ ਦੀ ਚਲਾ ਕੇ ਲੀਹ, ਮਾਰਗ ਇਕੋ ਦੇਣਾ ਵਖਾਈਆ । ਭਗਤਾਂ ਕੋਲੋਂ ਰਖਾ ਕੇ ਨੀਂਹ, ਮੰਦਰ ਸੋਹਣਾ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਅੱਗੇ ਵੇਖੋ ਹਾਲਤ ਜਗ, ਸਹਿਜ ਨਾਲ ਸਮਝਾਈਆ । ਸ਼ਬਦੀ ਹੁਕਮ ਲਗਾਉਣੀ ਅੱਗ, ਚਾਰੋਂ ਕੁੰਟ ਨਾ ਕੋਇ ਬੁਝਾਈਆ । ਧੀਰਜ ਵਾਲਾ ਤੁੱਟਣਾ ਤੱਗ, ਸਾਂਤਕ ਸਤਿ ਨਾ ਕੋਇ ਵਖਾਈਆ । ਸਭ ਨੇ ਲੱਭਣਾ ਭੱਜ ਭੱਜ, ਖੋਜਿਆਂ ਹੱਥ ਕਿਸੇ ਨਾ ਆਈਆ । ਕਿਸੇ ਤੋਂ ਵੱਖਰਾ ਕਿਸੇ ਤੋਂ ਅਲੱਗ, ਕਿਸੇ ਦੇ ਅੰਦਰ ਬਹਿਣਾ ਡੇਰਾ ਲਾਈਆ । ਜੇ ਕੋਈ ਤੱਕੇ ਤੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਮਿਲੇ ਧੁਰਦਰਗਾਹੀਆ । ਹੁਕਮੇ ਨਾਲ ਲੈਣੇ ਸੱਦ, ਹੁਕਮੇ ਵਿਚ ਭਵਾਈਆ । ਫਿਰ ਸਕੇ ਕੋਈ ਨਾ ਭੱਜ, ਭੱਜਿਆਂ ਰਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਸਮੇਂ ਦੀ ਖੇਲ ਰੱਖੇ ਆਪਣੇ ਹੱਥ, ਗੁਰ ਅਵਤਾਰਾਂ ਪੈਗ਼ੰਬਰਾਂ ਤੋਂ ਕਰਾਏ ਦਸਤਖ਼ਤ, ਖ਼ਤਾ ਸਭ ਦੀ ਵੇਖ ਵਖਾਈਆ ।

ਕਿਰਪਾ ਕਰ ਧੁਰ ਦੇ ਹਰੀ, ਹਰੀ ਹਰਿ ਦੇ ਸਮਝਾਈਆ । ਕੀ ਖੇਲ ਹੋਣਾ ਖ਼ੁਸ਼ਕੀ ਤਰੀ, ਬਰੀ ਦਏ ਦੁਹਾਈਆ । ਪੁਰਖ ਅਕਾਲ ਕਹੇ ਹੁਕਮ ਦੀ ਧਾਰ ਵਰਤਣੀ ਬੜੀ, ਸਰਕਾਰ ਸੰਸਾਰ ਸਮਝ ਕੋਇ ਨਾ ਪਾਈਆ । ਇਕ ਨਵੀਂ ਪਰਗਟ ਕਰ ਕੇ ਛੜੀ, ਛਾਰ ਸਭ ਦੀ ਦੇਣੀ ਉਡਾਈਆ । ਜਿਹੜੀ ਈਸਾ ਉਡੀਕਦਾ ਰਿਹਾ ਘੜੀ, ਉਹ ਬਿਨਾਂ ਘੜਿਆਲ ਤੋਂ ਦੇਣੀ ਖੜਕਾਈਆ । ਕੋਈ ਰਹਿਣ ਨਹੀਂ ਦੇਣਾ ਸ਼ਰਈ, ਸ਼ਰੀਅਤ ਸ਼ਰਅ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਹੁਕਮ ਕਹੇ ਮੈਂ ਸਦਾ ਕਰਾਂ ਉਡੀਕ, ਕਵਣ ਵੇਲਾ ਮਿਲੇ ਵਡਿਆਈਆ । ਮੈਂ ਵੇਖਦਾ ਰਹਵਾਂ ਤਾਰੀਖ਼, ਕਵਣ ਵੇਲਾ ਤਵਾਰੀਖ਼ ਦਿਆਂ ਬਦਲਾਈਆ । ਪੁਰਖ ਅਕਾਲਾ ਪਾਵੇ ਭੀਖ, ਭੁੱਖਿਆਂ ਝੋਲੀ ਦਏ ਭਰਾਈਆ । ਕਲਜੁਗ ਕੂੜੀ ਕਿਰਿਆ ਕਰ ਤਸਦੀਕ, ਸ਼ਹਾਦਤ ਗੁਰ ਅਵਤਾਰ ਪੈਗ਼ੰਬਰ ਦਏ ਦ੍ਰਿੜਾਈਆ । ਫਿਰ ਕੋਈ ਰਹੇ ਨਾ ਕਿਸੇ ਦਾ ਮੀਤ, ਮਿਤਰ ਪਿਆਰਾ ਨਜ਼ਰ ਕੋਇ ਨਾ ਆਈਆ । ਕਰੇ ਖੇਲ ਆਪ ਅਨਡੀਠ, ਅਨਡਿੱਠੜੀ ਕਾਰ ਕਮਾਈਆ । ਜਨ ਭਗਤਾਂ ਅੰਤਰ ਕਰ ਕੇ ਠਾਂਡਾ ਸੀਤ, ਸੀਤਲ ਧਾਰਾ ਅੰਮ੍ਰਿਤ ਮੁਖ ਚੁਆਈਆ । ਸਚ ਪ੍ਰੀਤੀ ਵਿਚ ਜੀਵਣ ਕਰਨ ਬਤੀਤ, ਬੀਤਾ ਜੀਵਣ ਆਪਣੇ ਲੇਖੇ ਲਾਈਆ । ਕਦੇ ਨਾ ਤੁੱਟੇ ਇਕ ਪ੍ਰੀਤ, ਪ੍ਰੀਤਮ ਮਿਲੇ ਹਰਿ ਗੋਸਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਵਸੇ ਕਾਇਆ ਮਾਟੀ ਭੀਤਰ ਭੀਤ, ਬਾਹਰ ਨਜ਼ਰ ਕਿਸੇ ਨਾ ਆਈਆ ।



**★ ੨ ਕੱਤਕ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★**

੯੨੭
੨੦

ਪੁਰਖ ਅਕਾਲ ਨਿਰਗੁਣ ਧਾਰ ਆਇਆ ਉਤਰ, ਉੱਤਰ ਪੂਰਬ ਪੱਛਮ ਦੱਖਣ ਚਾਰੇ ਕੂਟਾਂ ਸੋਭਾ ਪਾਈਆ । ਸੰਤ ਸੁਹੇਲੇ ਜਨ ਭਗਤ ਵੇਖੇ ਨਾਦੀ ਪੁੱਤਰ, ਪਿਤਾ ਪੂਤ ਆਪਣੀ ਗੋਦ ਸੁਹਾਈਆ । ਕਲਜੁਗ ਕੂੜੀ ਕਿਰਿਆ ਕਰਨੀ ਕਦੇ ਨਾ ਜਾਵੇ ਮੁੱਕਰ, ਭੈ ਭੌ ਅੰਦਰ ਵੇਖੇ ਥਾਉਂ ਥਾਈਆਂ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸ਼ੁਕਰ, ਸ਼ੁਕਰਾਨੇ ਅੰਦਰ ਸਾਰੇ ਸੀਸ ਨਿਵਾਈਆ । ਕੂੜੀ ਕਿਰਿਆ ਮੋਹ ਹੰਕਾਰ ਵਿਕਾਰ ਮਮਤਾ ਮਨ ਰਹੇ ਨਾ ਬੁੱਚੜ, ਸਤਿ ਸਤਿਵਾਦ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਵਡ ਵਡਿਆਈਆ । ਦੁਤੀਆ ਭੌ ਰਹੇ ਨਾ ਜਗ, ਜਗ ਜੀਵਣ ਦਾਤਾ ਦਏ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਮਾਇਆ ਮਮਤਾ ਮੇਟੇ ਅੱਗ, ਹਉਮੇ ਹੰਗਤਾ ਗੜ੍ਹ ਤੁੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੁਣਾ ਕੇ ਛੰਦ, ਸੰਸਾ ਰੋਗ ਜਨਮ ਵਿਯੋਗ ਦਏ ਮਿਟਾਈਆ । ਵਰਨ ਬਰਨ ਪਾਰ ਕਰਾ ਕੇ ਹੱਦ, ਸਚ ਦਵਾਰ ਏਕੰਕਾਰ ਇਕੋ ਇਕ ਵਖਾਈਆ । ਸ਼ਬਦ ਅਗੰਮੀ ਅਨਾਦੀ ਨਾਦ ਜਾਏ ਵੱਜ, ਧੁਨ ਆਤਮਕ ਰਾਗ ਏਕਾ ਏਕ ਸੁਣਾਈਆ । ਸੰਤ ਸੁਹੇਲੇ ਸਾਹਿਬ ਸਵਾਮੀ ਅੰਤਰਜਾਮੀ ਦਰਗਾਹ ਸਾਚੀ ਲਏ ਸੱਦ, ਸਾਜਣ ਮੀਤ ਪ੍ਰੀਤ ਇਕੋ ਇਕ ਸਮਝਾਈਆ । ਬਿਨ ਮੱਕੇ ਕਾਅਬੇ ਕਰਾ ਕੇ ਅਗੰਮਾ ਹੱਜ, ਹੁਜਰਾ ਹਕ ਹਕੀਕ਼ਤ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਦੁਤੀਆ ਭੌ ਰਹੇ ਨਾ ਮਾਤ, ਮਾਤਰ ਭੂਮੀ ਸਭ ਦੀ ਵੇਖ ਵਖਾਈਆ । ਨਵ ਸੱਤ ਕਰੇ ਇਕ ਜਮਾਤ, ਜੁਮਲਾ ਅੱਖਰ ਇਕੋ ਇਕ ਪੜ੍ਹਾਈਆ । ਕਲਜੁਗ ਕੂੜੀ ਕਿਰਿਆ ਮਿਟੇ ਅੰਧੇਰੀ ਰਾਤ, ਸਤਿਜੁਗ

ਸਾਚਾ ਸੂਰੀਆ ਚੰਦ ਇਕ ਸੁਹਾਈਆ । ਬ੍ਰਹਮ ਪਾਰਬ੍ਰਹਮ ਦੱਸ ਕੇ ਆਪਣੀ ਗਾਥ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਸਾਚੀ ਮੰਜ਼ਲ ਚੜ੍ਹਾਵੇ ਆਪਣੇ ਘਾਟ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੈਂਡਾ ਦਏ ਮੁਕਾਈਆ । ਏਕਾ ਏਕੰਕਾਰ ਏਕਾ ਜੋਤ ਕਰੇ ਪਰਕਾਸ਼, ਜੋਤੀ ਜਾਤਾ ਪੁਰਖ ਬਿਧਾਤਾ ਨੂਰੋ ਨੂਰ ਕਰੇ ਰੁਸ਼ਨਾਈਆ । ਅੰਦਰ ਬਾਹਰ ਗੁਪਤ ਜਾਹਰ ਕਾਇਆ ਮਾਟੀ ਸੱਬਰ ਦੇਵੇ ਸਾਥ, ਸਗਲਾ ਸਾਥ ਸਵਾਰਥ ਪਰਮਾਰਥ ਵਿਚ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕੋ ਇਕ ਸੁਣਾਈਆ । ਦੁਤੀਆਂ ਭੌ ਰਹੇ ਨਾ ਸ੍ਰਿਸ਼ਟੀ, ਸਰਬ ਕਲ ਵੇਖੇ ਥਾਉਂ ਥਾਈਂਆ । ਦੀਨ ਦੁਨੀ ਦੀ ਬਦਲ ਦੇਵੇ ਦ੍ਰਿਸ਼ਟੀ, ਦਇਆਵਾਨ ਮਿਹਰ ਨਜ਼ਰ ਇਕ ਉਠਾਈਆ । ਮਾਨਵ ਮਾਨੁਖ ਮਾਨੁਸ਼ ਇਕ ਦਵਾਰੇ ਹੋਵੇ ਇਸ਼ਟੀ, ਇਸ਼ਟ ਦੇਵ ਸਵਾਮੀ ਇਕੋ ਇਕ ਸੋਭਾ ਪਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਨਿਰਗੁਣ ਨਿਰਗੁਣ ਕਰੇ ਗ੍ਰਿਹਸਤੀ, ਨਿਰਵੈਰ ਨਿਰਾਕਾਰ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਧੁਰ ਦਰਬਾਰ ਦਰਗਾਹ ਸਾਚੀ ਹਕ ਮੁਕਾਮ, ਮੁਕੰਮਲ ਆਪਣਾ ਹੁਕਮ ਵਰਤਾਈਆ । ਦੁਤੀਆ ਰਹੇ ਕੋਈ ਨਾ ਵਰਨ, ਵਾਰਤਾ ਇਕੋ ਇਕ ਸੁਣਾਈਆ । ਨੇਤਰ ਖੋਲ੍ਹ ਕੇ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਭੈ ਮੁਕਾ ਕੇ ਮਰਨ ਡਰਨ, ਮਰ ਜੀਵਤ ਰੂਪ ਜਣਾਈਆ । ਸੰਤ ਸੁਹੇਲੇ ਆਵੇ ਫੜਨ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਮੰਜ਼ਲ ਮੰਜ਼ਲ ਮਹਿਬੂਬ ਵਾਲੀ ਚੜ੍ਹਨ, ਮੁਹੱਬਤ ਵਿਚ ਮਿਲ ਕੇ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਗੀਤ ਸੁਹਾਗੀ ਇਕੋ ਪੜ੍ਹਨ, ਨਗ਼ਮਾ ਨਾਮ ਕਲਮਾ ਕਾਇਨਾਤ ਜਣਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਬਖ਼ਸ਼ੇ ਇਕੋ ਸਰਨ, ਸਰਨਗਤ ਸਰਨਾਗਤ ਧੁਰ ਦੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਰਵਾਜ਼ਾ ਗ਼ਰੀਬ ਨਿਵਾਜ਼ਾ ਇਕੋ ਇਕ ਖੁਲ੍ਹਾਈਆ । ਦੂਤੀਆ ਭੌ ਰਹੇ ਨਾ ਲੋਕ ਪਰਲੋਕ, ਬ੍ਰਹਿਮੰਡ ਖੰਡ ਪੁਰੀ ਲੋਅ ਪਾਤਾਲ ਆਕਾਸ਼ ਗਗਨ ਗਗਨੰਤਰ ਵੱਜੇ ਵਧਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜਣਾਏ ਇਕ ਸਲੋਕ, ਸੋਹਲਾ ਢੋਲਾ ਸ਼ਬਦ ਵਿਚੋਲਾ ਸ਼ਬਦੀ ਸ਼ਬਦ ਜਣਾਈਆ । ਭਾਗ ਲਗਾਏ ਕਾਇਆ ਮਾਟੀ ਸਾਢੇ ਤਿੰਨ ਹੱਥ ਸਾਚੇ ਕੋਟ, ਕੰਚਨ ਗੜ੍ਹ ਅੰਦਰ ਵੜ ਮੰਦਰ ਇਕੋ ਇਕ ਸੁਹਾਈਆ । ਨਿਰਗੁਣ ਨੂਰ ਪਰਕਾਸ਼ ਕਰ ਜੋਤ, ਅੰਧ ਅੰਧੇਰਾ ਸੰਝ ਸਵੇਰਾ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਗੀਤ ਤ੍ਰੈਗੁਣ ਅਤੀਤ ਤ੍ਰੈਭਵਨ ਧਨੀ ਆਪਣਾ ਰਾਗ ਸੁਣਾਈਆ । ਦੁਤੀਆ ਭਾਵ ਰਹੇ ਨਾ ਭਾਉ, ਭਾਂਡਾ ਭਰਮ ਭੌ ਭੰਨਾਇੰਦਾ । ਪ੍ਰਭ ਮਿਲਣ ਦਾ ਬਖ਼ਸ਼ੇ ਅੰਤਰ ਚਾਉ, ਮਾਇਆ ਮਮਤਾ ਮੋਹ ਮਿਟਾਇੰਦਾ । ਸਚ ਸਵਾਮੀ ਅੰਤਰਜਾਮੀ ਕਰੇ ਸਚ ਨਿਆਉਂ, ਹਕ ਹਕ਼ੀਕ਼ਤ ਵੇਖ ਵਖਾਇੰਦਾ । ਭਗਤ ਭਗਵੰਤ ਪਕੜੇ ਬਾਹੋਂ, ਲੱਖ ਚੁਰਾਸੀ ਵਿਚੋਂ ਆਪ ਉਠਾਇੰਦਾ । ਦੇਵੇ ਵਡਿਆਈ ਥਾਈਂ ਥਾਉਂ, ਥਾਨ ਥਨੰਤਰ ਸੋਭਾ ਪਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗ ਹੰਸ ਰੂਪ ਬਦਲਾਇੰਦਾ । ਸਿਰ ਦੇਵੇ ਠੰਡੀ ਛਾਉਂ, ਸਮਰਥ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰਗ ਲਾਏ ਘੁੱਥੇ ਰਾਹੋਂ, ਰਹਿਬਰ ਹੋ ਕੇ ਇਕੋ ਰਾਹ ਚਲਾਇੰਦਾ ।


੯੨੮
੨੦

## ★ ੩ ਕੱਤਕ ਸ਼ਹਿਨਸ਼ਾਹੀ ਸੰਮਤ ੩ ਡੇਰਾ ਬਾਬਾ ਜੈਮਲ ਸਿੰਘ ਬਿਆਸ ਗੁਰਚਰਨ ਸਿੰਘ ਨਾਲ ★

ਸਤਿਗੁਰ ਸ਼ਬਦ ਅਗੰਮੀ ਅਸਥਾਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਬਿਨ ਛੱਪਰ ਛੰਨ ਮਕਾਨ, ਸਤਿ ਦਵਾਰਾ ਸੋਭਾ ਪਾਈਆ । ਜਿਸ ਗ੍ਰਹਿ ਦੀਵਾ ਬਾਤੀ ਜਗੇ ਮਹਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਇੱਟਾਂ ਪੱਥਰਾਂ ਵਾਲਾ ਨਹੀਂ ਨਿਸ਼ਾਨ, ਜਗਤ ਨਿਸ਼ਾਨਾ ਵੰਡ ਨਾ ਕੋਇ ਵੰਡਾਈਆ । ਜਿਸ ਗ੍ਰਹਿ ਅੰਦਰ ਸਤਿ ਸਵਾਮੀ ਅੰਤਰਜਾਮੀ ਵਸੇ ਆਣ, ਅਨਕ ਕਲਧਾਰੀ ਆਪਣੀ ਸੋਭਾ ਪਾਈਆ । ਸੋ ਮੰਦਰ ਹੋਵੇ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਗ੍ਰਹਿ ਆਪਣਾ ਖੇਲ ਵਖਾਈਆ । ਥਾਨ ਭੂਮਿਕਾ ਸੋਹੇ ਘਰ, ਗ੍ਰਹਿ ਮੰਦਰ ਮਿਲੇ ਵਡਿਆਈਆ । ਜਿਸ ਅੰਤਰ ਨਿਰੰਤਰ ਸਤਿਗੁਰ ਸ਼ਬਦ ਗਿਆ ਵੜ, ਅਗੰਮੀ ਰੂਪ ਆਪਣਾ ਭੇਵ ਖੁਲ੍ਹਾਈਆ । ਸਾਚੀ ਪੌੜੀ ਮੰਜ਼ਲ ਹਕੀਕੀ ਚੜ੍ਹ, ਜਗਤ ਦਵਾਰੇ ਪੰਧ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸ਼ਬਦੀ ਧਾਰ ਸਤਿਗੁਰ ਫੜ, ਮੇਲ ਮਿਲਾਏ ਸਹਿਜ ਸੁਭਾਈਆ । ਝਗੜਾ ਰਹੇ ਨਾ ਨੌ ਦਰ, ਈੜਾ ਪਿੰਗਲ ਸੁਖਮਨ ਪੈਂਡਾ ਦਏ ਮੁਕਾਈਆ । ਸਚ ਸੁਹਾ ਕੇ ਇਕ ਸਰ, ਦੁਰਮਤ ਮੈਲ ਦੁਖੀਆਂ ਦਏ ਮਿਟਾਈਆ । ਤਿਸ ਮੰਦਰ ਵਿਚ ਸਤਿ ਸਚ ਦਾ ਸਦਾ ਵਰ, ਜਿਸ ਦਾ ਵਾਰਸ ਇਕੋ ਨਜ਼ਰੀ ਆਈਆ । ਸਾਵਣ ਖੇਲ ਸਾਵਲ ਹੋ ਕੇ ਗਿਆ ਕਰ, ਰੁੱਤ ਰੁਤੜੀ ਨਾਮ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੰਦਰ ਮਕਾਨ ਇਕ ਸੁਹਾਈਆ । ਮਕਾਨ ਕਹੇ ਮੈਨੂੰ ਕੋਈ ਨਾ ਜਾਣੇ ਇੱਟਾਂ ਪੱਥਰ, ਮਾਟੀ ਗਾਰਾ ਨਜ਼ਰ ਕੋਇ ਨਾ ਆਈਆ । ਮੇਰੇ ਵਿਚ ਸਭ ਦਾ ਮਾਹੀ ਸੁੱਤਾ ਵਿਛਾ ਕੇ ਸੱਥਰ, ਸਗਲਾ ਸੰਗ ਨਿਰਗੁਣ ਸਰਗੁਣ ਵੇਖ ਵਖਾਈਆ । ਜਨਮ ਮਰਨ ਦੀ ਮਰਜ਼ ਰਹਿਣ ਨਾ ਦੇਵੇ ਕਿਸੇ ਕਸਰ, ਆਵਣ ਜਾਵਣ ਲੱਖ ਚੁਰਾਸੀ ਗੇੜਾ ਦਏ ਚੁਕਾਈਆ । ਪ੍ਰੇਮ ਪਿਆਰ ਅੰਦਰ ਜੀਵਣ ਕੀਤਾ ਬਸਰ, ਬਿਛਰਤ ਵਿਛੜੇ ਜੋੜ ਜੁੜਾਈਆ । ਦੱਸ ਕੇ ਇਕੋ ਨਗ਼ਮਾ ਨਾਮ ਅਗੰਮੀ ਨਕਸ਼, ਲਾਸ਼ਰੀਕ ਪੜਦਾ ਦਿਤਾ ਉਠਾਈਆ । ਖੇਲ ਵਖਾ ਕੇ ਉਪਰ ਅਰਸ਼ ਫ਼ਰਸ਼, ਦੋ ਜਹਾਨਾਂ ਸ੍ਰੀ ਭਗਵਾਨਾ ਏਕਾ ਰੰਗ ਰੰਗਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਉਪਰ ਕਰ ਕੇ ਤਰਸ, ਚਾਰ ਵਰਨ ਅਠਾਰਾਂ ਬਰਨ ਬਖ਼ਸ਼ੀ ਸਚ ਸਰਨਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਝਗੜਾ ਕਰ ਕੇ ਤਰਕ, ਤੁਰਤ ਆਤਮ ਪਰਮਾਤਮ ਸੁਰਤੀ ਸ਼ਬਦੀ ਮੇਲਾ ਲਿਆ ਮਿਲਾਈਆ । ਅੰਤਰ ਨਿਰੰਤਰ ਰਹਿਣ ਨਾ ਦਿਤਾ ਕੋਈ ਫ਼ਰਕ, ਫ਼ਿਰਕਿਆਂ ਵਿਚੋਂ ਫੜ ਫੜ ਸਾਰੇ ਬਾਹਰ ਕਢਾਈਆ । ਸਚ ਧਾਮ ਸਚ ਮਾਰਗ ਸਚ ਸਵਾਮੀ ਮੇਲ ਕੇ ਅੰਮ੍ਰਿਤ ਮੇਘ ਦਿਤਾ ਬਰਖ, ਬੂੰਦ ਸਵਾਂਤੀ ਨਿਝਰ ਝਿਰਨਾ ਨਾਭੀ ਕਵਲ ਆਪ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲ ਆਪਣੇ ਘਰ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਮਕਾਨ ਕਹੇ ਮੇਰੇ ਅੰਦਰ ਸਤਿਗੁਰ ਸਾਵਣ ਕੀਤਾ ਵਾਸਾ, ਬਸਤੀ ਸੋਹਣੀ ਦਿਤੀ ਵਸਾਈਆ । ਇਕੋ ਇਕ ਦਾ ਰੱਖ ਭਰਵਾਸਾ, ਭਰਮ ਭੁਲੇਖਾ ਦੂਰ ਕਰਾਈਆ । ਨਿਜ ਘਰ ਨੂਰ ਜੋਤ ਕਰ ਪਰਕਾਸ਼ਾ, ਅੰਧ ਅੰਧੇਰ ਸਰਬ ਮਿਟਾਈਆ । ਮਨ ਮਮਤਾ ਮੋਹ ਵਿਕਾਰ ਕੂੜ ਕੁੜਿਆਰ ਝੂਠਾ ਦੱਸਿਆ ਤਮਾਸ਼ਾ, ਤਮਾ ਲੋਭ ਹੰਕਾਰ ਗਵਾਈਆ । ਸੁਰਤ ਸ਼ਬਦ ਖੋਲ੍ਹ ਕੇ ਖ਼ੁਲਾਸਾ, ਖ਼ੁਲ੍ਹੀ ਫਿਰਦੀ ਆਤਮਾ ਸ਼ਬਦ ਡੋਰੀ ਨਾਲ ਬੰਧਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਮੇਲਾ ਜੋਤੀ ਜਾਤਾ, ਜੀਵਣ ਜੁਗਤ ਭਗਤੀ ਵਿਚ ਬਦਲਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤਾ, ਸਤਿ ਧਰਮ ਦਾ ਸਾਚਾ ਚੰਦ


੯੨੯
੨੦

ਚਮਕਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਦੱਸ ਕੇ ਇਕ ਭਰਵਾਸਾ, ਪਰਾ ਪਸੰਤੀ ਮਧਮ ਬੈਖਰੀ ਤੋਂ ਅਗਲਾ ਲੇਖਾ ਦਿਤਾ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਜਿਸ ਦਾ ਸਿਫ਼ਤਾਂ ਵਾਲਾ ਦੱਸਦੀ ਰਹੀ ਖ਼ੁਲਾਸਾ, ਖ਼ਲਕ ਦਾ ਖ਼ਾਲਕ ਸ੍ਰਿਸ਼ਟ ਦਾ ਪਾਲਕ ਦੀਨ ਦੁਨੀ ਦਾ ਮਾਲਕ ਸਭ ਨੂੰ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਧੁਰ ਦਰਬਾਰ ਦਰਗਾਹ ਸਾਚੀ ਮੁਕਾਮੇ ਹਕ ਏਕਾ ਏਕ ਵਖਾਈਆ । ਮਕਾਨ ਕਹੇ ਮੇਰਾ ਕੋਈ ਵੇਖਿਓ ਨਾ ਖਿੜਕੀ ਦਰਵਾਜ਼ਾ, ਦਰੇ ਦਰਬਾਰ ਮਿਲੇ ਵਡਿਆਈਆ । ਸਭ ਦਾ ਮਾਲਕ ਇਕੋ ਗ਼ਰੀਬ ਨਿਵਾਜ਼ਾ, ਗਹਿਰ ਗੰਭੀਰ ਬੇਪਰਵਾਹੀਆ । ਸ਼ਾਹੋ ਭੂਪ ਲੱਖ ਚੁਰਾਸੀ ਆਤਮ ਰਾਜਾ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦੀ ਸ਼ਬਦ ਧਾਰ ਸਤਿਗੁਰ ਸਾਵਣ ਜਾਗਾ, ਨੇਤਰ ਲੋਚਣ ਅੱਖ ਅੰਤਰ ਇਕ ਖੁਲ੍ਹਾਈਆ । ਉਪਜਿਆ ਇਕ ਵੈਰਾਗਾ, ਵੈਰੀ ਅੰਦਰੋਂ ਦਿਤੇ ਕਢਾਈਆ । ਪ੍ਰੇਮ ਪ੍ਰੀਤੀ ਅੰਤਰ ਲਾਗਾ, ਮਨ ਵਾਸਨਾ ਡੇਰਾ ਢਾਹੀਆ । ਅੰਮ੍ਰਿਤ ਮਿਲੀ ਬੂੰਦ ਸਵਾਂਤਾ, ਅਗਨੀ ਤਤ ਬੁਝਾਈਆ । ਸਚ ਸਵਾਮੀ ਜਾਣ ਕੇ ਇਕੋ ਜਾਤਾ, ਚਰਨ ਕਵਲ ਕਵਲ ਚਰਨ ਬਿਨ ਸੀਸ ਸੀਸ ਝੁਕਾਈਆ । ਖੇਲ ਵੇਖ ਪੁਰਖ ਅਬਿਨਾਸ਼ਾ, ਦੀਨ ਦੁਨੀ ਪੜਦਾ ਲਾਹੀਆ । ਕੁਛ ਸ਼ਬਦ ਸੰਦੇਸ਼ਾ ਮਿਲਿਆ ਸਾਚਾ, ਧੁਰ ਦਾ ਹੁਕਮ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੜਦਾ ਓਹਲਾ ਭੇਵ ਅਭੇਦਾ ਆਪ ਖੁਲ੍ਹਾਈਆ । ਮਕਾਨ ਕਹੇ ਮੇਰੇ ਅੰਤਰ ਕਰੋ ਵਿਚਾਰ, ਨਿਜ ਨੇਤਰ ਧਿਆਨ ਲਗਾਈਆ । ਸਾਚਾ ਵੇਖੋ ਇਕ ਪਿਆਰ, ਜੋ ਮੁਹੱਬਤ ਰਿਹਾ ਦਰਸਾਈਆ । ਦੀਨ ਦੁਨੀ ਤੋਂ ਬਾਹਰ, ਸਤਿਗੁਰ ਇਕੋ ਨਜ਼ਰੀ ਆਈਆ । ਜਿਸ ਨੇ ਭੇਜੇ ਗੁਰੂ ਅਵਤਾਰ, ਪੈਗ਼ੰਬਰ ਪੰਜ ਤਤ ਖ਼ਾਕੀ ਤਨ ਹੰਢਾਈਆ । ਸੋ ਸ਼ਬਦ ਸਤਿਗੁਰ ਸਭ ਦਾ ਸਿਕਦਾਰ, ਆਦਿ ਜੁਗਾਦੀ ਨਜ਼ਰੀ ਆਈਆ । ਲਿਖਣ ਪੜ੍ਹਨ ਤੋਂ ਬਾਹਰ, ਰਸਨਾ ਜਿਹਵਾ ਕਥਨੀ ਕਥ ਸਕੇ ਨਾ ਰਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਬਖ਼ਸ਼ਦਾ ਆਏ ਪਿਆਰ, ਨਾਮ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਮਕਾਨ ਕਹੇ ਮੇਰੇ ਉਤੇ ਕਰੋ ਇਤਬਾਰ, ਜੋ ਹੁਕਮ ਮਿਲਿਆ ਧੁਰ ਦਰਬਾਰ, ਸਤਿਗੁਰ ਸਾਵਣ ਸੁਣਿਆ ਏਕਾ ਵਾਰ, ਇਕ ਇਕੱਲੇ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਪੜਦਾ ਰਿਹਾ ਉਠਾਈਆ । ਮਕਾਨ ਕਹੇ ਇਕ ਦਿਨ ਆਈ ਅਗੰਮੀ ਆਵਾਜ਼, ਬਿਨ ਕੰਨਾਂ ਦਿਤੀ ਸੁਣਾਈਆ । ਸ਼ਬਦ ਸ਼ਬਦ ਦਾ ਖੋਲ੍ਹ ਕੇ ਰਾਜ਼, ਨਿਰਗੁਣ ਨਿਰਵੈਰ ਕੀਤੀ ਪੜ੍ਹਾਈਆ । ਬਿਨਾ ਸੀਸ ਤੋਂ ਦੱਸ ਆਦਾਬ, ਨਮਸਤੇ ਦਿਤੀ ਜਣਾਈਆ । ਦੇ ਕੇ ਇਕ ਖ਼ਤਾਬ, ਮੁਖ਼ਾਤਬ ਹੋ ਕੇ ਪੜਦਾ ਲਾਹੀਆ । ਵਕਤ ਸੁਹੰਜਣਾ ਹੋਵੇ ਲੋਕਮਾਤ, ਧਰਨੀ ਧਰਤ ਧਵਲ ਸੋਭਾ ਪਾਈਆ । ਚਾਰ ਵਰਨ ਅਠਾਰਾਂ ਬਰਨ ਬਣੇ ਇਕ ਜਮਾਤ, ਦੀਨ ਮਜ਼੍ਹਬ ਰਹਿਣ ਕੋਇ ਨਾ ਪਾਈਆ । ਉਹ ਵੇਲਾ ਵਕਤ ਵੇਖੇ ਪੁਰਖ ਅਬਿਨਾਸ਼, ਕਰਨੀ ਦਾ ਕਰਤਾ ਧੁਰਦਰਗਾਹੀਆ । ਜਿਸ ਦਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਤਮਾਸ਼, ਗੋਪੀ ਕਾਹਨ ਮੰਡਲ ਮੰਡਪ ਆਪਣੀ ਰਾਸ ਰਚਾਈਆ । ਇਕ ਇਕੇਲਾ ਆਸ਼ਾ ਪੂਰੀ ਮਨਸਾ ਕਰੇ ਖ਼ਾਹਿਸ਼, ਖ਼ਾਲਕ ਖ਼ਲਕ ਆਪਣੀ ਦਇਆ ਕਮਾਈਆ । ਮਕਾਨ ਕਹੇ ਸਤਿਗੁਰ ਸ਼ਬਦ ਦੀ ਬਿਨਾ ਸਤਿਗੁਰ ਤੋਂ ਕਰੇ ਨਾ ਕੋਈ ਤਲਾਸ਼, ਲੱਭਿਆਂ ਹੱਥ ਕਿਸੇ ਨਾ ਆਈਆ ।


੬੩੦
੨੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਕਾਨ ਸਾਹਿਬ ਨਿਸ਼ਾਨ, ਜਿਸ ਗ੍ਰਿਹਿ ਸ੍ਰੀ ਭਗਵਾਨ ਆਪਣੀ ਦਇਆ ਕਮਾਈਆ ।

## ★ ੧੩ ਕੱਤਕ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਗੁਰ ਅਵਤਾਰ ਪੈਗ਼ੰਬਰ ਕਹਿਣ ਹੁਕਮ ਮੰਨਣਾ ਸ਼ਾਹ ਸੁਲਤਾਨੀ, ਸੀਸ ਜਗਦੀਸ ਇਕ ਝੁਕਾਈਆ । ਚਾਰ ਕੁੰਟ ਦਹਿ ਦਿਸ਼ਾ ਜੂਹ ਰਹੇ ਨਾ ਕੋਇ ਬੇਗਾਨੀ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਸਭ ਦਾ ਜਲਵਾਗਰ ਰੁਹਾਨੀ, ਨੂਰ ਨੁਰਾਨਾ ਬੇਪਰਵਾਹੀਆ । ਆਦਿ ਜੁਗਾਦਿ ਨਿਤ ਨਵਿਤ ਜਿਸ ਦੀ ਖੇਲ ਮਹਾਨੀ, ਮਹਿੰਮਾ ਬੋਧ ਅਗਾਧ ਨਾਦ ਸ਼ਬਦ ਪੜ੍ਹਾਈਆ । ਜਿਸ ਦਾ ਖੇਲ ਏਥੇ ਓਥੇ ਧਰਨੀ ਖ਼ਾਕ ਉਪਰ ਅਸਮਾਨੀ, ਇਸਮ ਆਜ਼ਮ ਬੇਨਜ਼ੀਰ ਇਕ ਵਖਾਈਆ । ਲੇਖਾ ਲਿਖ ਨਾ ਸਕੇ ਕੋਈ ਕਾਤਬ ਨਾਲ ਕਾਨੀ, ਕਾਇਨਾਤ ਕਲਮਿਆਂ ਵਿਚ ਨਾ ਕੋਇ ਵਡਿਆਈਆ । ਭੇਵ ਪਾ ਸਕੇ ਨਾ ਤਨ ਵਜੂਦ ਜਿਸਮਾਨੀ, ਪੜਦਾ ਓਹਲਾ ਅੰਤਰ ਨਾ ਕੋਇ ਉਠਾਈਆ । ਸੋ ਸਾਹਿਬ ਸਵਾਮੀ ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਨਿਰਾਕਾਰ ਨਿਰਵੈਰ ਆਪਣੀ ਕਾਰ ਕਮਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰਾਂ ਬਣਿਆ ਰਿਹਾ ਦਾਨੀ, ਵਸਤ ਅਮੋਲਕ ਅਮੁੱਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮੰਨਣੀ ਇਕ ਰਜ਼ਾ, ਰਾਜ਼ਕ ਰਿਜ਼ਕ ਰਹੀਮ ਸੀਸ ਝੁਕਾਈਆ । ਧੁਰ ਸੰਦੇਸ਼ਾ ਸਾਚਾ ਕਲਮਾ ਸੁਣਨੀ ਇਕ ਅਜ਼ਾਂ, ਅਜ਼ੀਮਉਲਸ਼ਾਨ ਆਅਲਾ ਆਜ਼ਮ ਅਜ਼ੇ ਮਹਿ ਮਕਾਨ ਇਕ ਰੁਸ਼ਨਾਈਆ । ਜਿਸ ਦਵਾਰੇ ਕਦੇ ਨਾ ਮਿਲਦੀ ਸਜ਼ਾ, ਮਿਹਰ ਵਿਚ ਮੁਹੱਬਤ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਨਿਰੰਕਾਰ ਸਭ ਦਾ ਅੱਬਾ, ਅੰਮੀ ਵੰਡ ਨਾ ਕੋਇ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਕੋ ਵੇਖਣਾ ਅੱਬਾ ਅੰਮੀ, ਅਮਲਾਂ ਤੋਂ ਰਹਿਤ ਨਜ਼ਰੀ ਆਈਆ । ਜਿਸ ਦੀ ਧਾਰ ਆਕਾਰ ਵਿਚ ਕਦੇ ਨਾ ਜੰਮੀ, ਨਿਰਾਕਾਰ ਨੂਰ ਜੋਤ ਰੁਸ਼ਨਾਈਆ । ਜਗਤ ਡੋਰ ਸੰਸਾਰ ਵਿਚ ਕਿਸੇ ਨਾ ਬੰਨ੍ਹੀ, ਮੁਹੱਬਤ ਵਿਚ ਮਿਲ ਕੇ ਵੱਜੇ ਵਧਾਈਆ । ਨੇਤਰਹੀਣ ਕਦੇ ਨਾ ਹੋਵੇ ਅੰਨ੍ਹੀ, ਨੈਣ ਮੂੰਦ ਨਾ ਵਕਤ ਲੰਘਾਈਆ । ਸੋ ਮਾਲਕ ਖ਼ਾਲਕ ਵਡ ਦਾਤਾ ਧੁਰ ਦਾ ਧਨੀ, ਨਾਮ ਭੰਡਾਰਾ ਏਕੰਕਾਰਾ ਇਕੋ ਇਕ ਵਰਤਾਈਆ । ਦੇਵਣਹਾਰ ਪਰਕਾਸ਼ ਸੂਰੀਆ ਚੰਨੀ, ਜੋਤੀ ਜਾਤਾ ਪੁਰਖ ਬਿਧਾਤਾ ਏਕਾ ਨੂਰ ਕਰੇ ਰੁਸ਼ਨਾਈਆ । ਨਾਮ ਸੰਦੇਸ਼ ਸੁਣਾਵੇ ਨਾ ਕਦੇ ਕਿਸੇ ਕੰਨੀ, ਧੁਨ ਆਤਮਕ ਰਾਗ ਅਗੰਮੀ ਨਾਦ ਸ਼ਨਵਾਈਆ । ਜਿਸ ਦੀ ਜੁਗ ਚੌਕੜੀ ਆਯੂ ਲੰਮੀ, ਵਰਖਾਂ ਵਿਚ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣਾ ਆਪ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮਿਲਿਆ ਇਕ ਸਹਾਰਾ, ਸਹੀ ਸਲਾਮਤ ਸਾਹਿਬ ਦਿਤੀ ਵਡਿਆਈਆ । ਜਗ ਜੀਵਣ ਦਾਤੇ ਜਗ ਵਿਚੋਂ ਕੀਤਾ ਕਿਨਾਰਾ, ਪਾਰ ਉਰਾਰ ਪੈਂਡਾ ਰਿਹਾ ਨਾ ਰਾਈਆ । ਪਰਵਰਦਿਗਾਰ ਸਾਂਝੇ ਯਾਰ ਵਖਾਇਆ ਇਕ ਦਵਾਰਾ, ਦਵਾਰਕਾਵਾਸੀ

ਮਿਲ ਕੇ ਸਾਰੇ ਬੈਠੇ ਸੀਸ ਝੁਕਾਈਆ । ਇਕੋ ਨੂਰ ਨੂਰ ਕਰ ਉਜਿਆਰਾ, ਜੋਤੀ ਜੋਤ ਡਗਮਗਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਹੁਕਮ ਹੁਕਮ ਵਿਚੋਂ ਸੁਣਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਨਾਅਰਾ, ਨਰ ਨਰਾਇਣ ਦਿਤੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਸਭ ਦਾ ਲਹਿਣਾ ਮੁੱਕਾ ਉਧਾਰਾ, ਬਾਕੀ ਅਵਰ ਰਹੀ ਨਾ ਰਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਏਕ ਕਰੇ ਜੈਕਾਰਾ, ਦੂਜਾ ਡੰਕ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਕੋ ਦਿਸਿਆ ਸਚ ਘਰਾਨਾ, ਗਹਿਰ ਗੰਭੀਰ ਦਿਤਾ ਵਖਾਈਆ । ਜਿਥੇ ਝੁਲਦਾ ਬੇਪਰਵਾਹ ਦਾ ਧਰਮ ਨਿਸ਼ਾਨਾ, ਨਿਸ਼ਾਨੇ ਸਾਰੇ ਰਿਹਾ ਮਿਟਾਈਆ । ਹੁਕਮੇ ਅੰਦਰ ਨੌਜਵਾਨਾ, ਮਰਦ ਮਰਦਾਨਾ ਖੇਲ ਖਿਲਾਈਆ । ਪਾਵੇ ਸਾਰ ਦੋ ਜਹਾਨਾਂ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਫੋਲ ਫੁਲਾਈਆ । ਕਲਜੁਗ ਅੰਤਮ ਹੋ ਪਰਧਾਨਾ, ਸਤਿ ਸੰਦੇਸ਼ਾ ਨਰ ਨਰੇਸ਼ਾ ਇਕ ਸੁਣਾਈਆ । ਨਿਰਗੁਣ ਸਰਗੁਣ ਬਣ ਕੇ ਗੋਪੀ ਕਾਹਨਾ, ਭਗਤ ਭਗਵਾਨ ਆਪਣਾ ਜੋੜ ਜੁੜਾਈਆ । ਦੀਨ ਦਿਆਲ ਦਇਆਨਿਧ ਠਾਕਰ ਬਣ ਕੇ ਬੀਨਾ ਦਾਨਾ, ਦਰਦੀਆਂ ਦਰਦ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਛੱਡੀ ਪਿਛਲੀ ਸਰਬ ਸਲਾਹ, ਮਤਾ ਰਹਿਣ ਕੋਇ ਨਾ ਪਾਈਆ । ਪ੍ਰਭ ਦਵਾਰੇ ਇਕੋ ਕਰ ਕੇ ਵਾਹ ਵਾਹ, ਵਾਅਦਾ ਪਿਛਲਾ ਪੂਰ ਪੂਰਬ ਲਹਿਣਾ ਝੋਲੀ ਪਾਈਆ । ਟਿੱਲੇ ਪਰਬਤ ਛੱਡੇ ਥਲ ਅਸਗਾਹ, ਅਨ ਦਿਨ ਲਹਿਣਾ ਲਿਆ ਮੁਕਾਈਆ । ਸ਼ਬਦੀ ਹੁਕਮ ਦਿਤਾ ਖ਼ੁਦਾ, ਖ਼ਾਦਮ ਸਾਰੇ ਲਏ ਬੁਲਾਈਆ । ਅੱਗੇ ਰਹੇ ਨਾ ਕੋਇ ਜੁਦਾ, ਦੀਨ ਮਜ਼੍ਹਬ ਦੀ ਕਰੇ ਨਾ ਕੋਇ ਲੜਾਈਆ । ਸਾਚੇ ਨਾਮ ਦਾ ਦੱਸ ਕੇ ਮੁੱਦਾ, ਮੁੱਦਤ ਦੇ ਵਿਛੜੇ ਰਿਹਾ ਮਿਲਾਈਆ । ਲਹਿਣਾ ਦੇਣਾ ਮੁਕਾਵੇ ਧਰਨੀ ਧਰਤ ਧਵਲ ਬਸੁੱਧਾ, ਬਾਵਨ ਲੇਖਾ ਨਾਲ ਮਿਲਾਈਆ । ਲੇਖੇ ਪਾਵੇ ਗੋਬਿੰਦ ਵਾਲਾ ਕੁੱਜਾ, ਜੋ ਦੋ ਤੋਂ ਤਿੰਨ ਦਏ ਵਡਿਆਈਆ । ਓਸ ਘੁਮਿਆਰ ਦਾ ਲਹਿਣਾ ਬੁੱਝਾ, ਜਿਸ ਭਾਂਡਾ ਲਿਆ ਤਪਾਈਆ । ਜਨਮ ਜਨਮ ਦਾ ਲੇਖਾ ਕਰ ਕੇ ਉਘਾ, ਲਹਿਣੇ ਵਿਚ ਕੀਮਤ ਰਿਹਾ ਪਾਈਆ । ਗੁਰਦਿਤ ਸਿੰਘ ਓਹੋ ਠਠਿਆਰ ਬੁੱਢਾ, ਜਿਸ ਕੱਚੀ ਮਾਟੀ ਅਗਨੀ ਨਾਲ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਇਕੋ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਾਇਆ ਮਾਟੀ ਵੇਖਿਆ ਤੱਕਿਆ ਜਲਵਾ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਦੇ ਸਦਾ ਭਰਦੇ ਬੇੜੇ ਵਹਿੰਦੇ ਜਾਣ ਪੂਰ, ਪੂਰਬ ਲੇਖਾ ਸਭ ਦਾ ਲੇਖੇ ਲਾਵੇ ਥਾਉਂ ਥਾਈਂਆ । ਸੋ ਸਤਿਗੁਰ ਹਾਜ਼ਰ ਹਜ਼ੂਰ, ਹਾਜ਼ਰ ਹੋ ਕੇ ਹਜ਼ੂਰੀਏ ਵੇਖ ਵਖਾਈਆ । ਬਾਕੀ ਰਹੇ ਨਾ ਕਿਸੇ ਮਜ਼ਦੂਰ, ਜਨਮ ਜਨਮ ਦੀ ਨਾਮ ਮਜ਼ਦੂਰੀ ਸਭ ਦੀ ਝੋਲੀ ਪਾਈਆ । ਜਨ ਭਗਤ ਦਵਾਰੇ ਕਰ ਕਬੂਲ, ਦਰਗਾਹ ਸਾਚੀ ਦਏ ਵਡਿਆਈਆ । ਗੁਰਮੁਖ ਉਤਾਰਨਾ ਪਾਰ ਜਿਸ ਦਾ ਅਸੂਲ, ਅਸਲ ਆਪਣੇ ਘਰ ਵਸਾਈਆ । ਮਾਲਕ ਬਣ ਕੇ ਕੰਤ ਕੰਤੂਹਲ, ਆਤਮ ਪਰਮਾਤਮ ਜੋੜ ਜੁੜਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਧੂਲ, ਧੂੜੀ ਟਿੱਕਾ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮੇ ਅੰਦਰ ਹੁਕਮ ਦੇਵੇ ਮਾਅਕੂਲ, ਮੁਕੰਮਲ ਆਪਣੀ ਕਾਰ ਕਮਾਈਆ ।

ਚਾਰ ਜੁਗ ਦੇ ਥੱਕੇ ਕਿਰਤੀ, ਅਕਿਰਤਘਣਾਂ ਤੋਂ ਪੱਲੂ ਗਏ ਛੁਡਾਈਆ । ਧਾਰ ਵੇਖ ਕੇ ਇਕ ਨਿਰਤੀ, ਨਿਰਾਕਾਰ ਰੰਗ ਰੰਗਾਈਆ । ਖੇਲ ਵੇਖ ਅਗੰਮੇ ਪਿਰ ਦੀ, ਪਰਾ ਪਸੰਤੀ ਮਧਮ ਬੈਖਰੀ ਨਾਤਾ ਲਿਆ ਛੁਡਾਈਆ । ਕਥਾ ਕਹਾਣੀ ਜੁਗ ਚੌਕੜੀ ਚਿਰ ਦੀ, ਜੁਗ ਚੌਕੜੀ ਪੈਂਡਾ ਗਈ ਮੁਕਾਈਆ । ਨਿਰਗੁਣ ਨਿਰਗੁਣ ਆਤਮ ਪਰਮਾਤਮ ਧਾਰ ਵੇਖੀ ਮਿਲਦੀ, ਭਗਤ ਭਗਵਾਨ ਜੋੜ ਜੁੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਹਿਲਦੀ, ਹਾਲਤ ਸਮਝ ਕਿਸੇ ਨਾ ਆਈਆ । ਰੌਸ਼ਨੀ ਨਜ਼ਰ ਕਿਸੇ ਨੂੰ ਨਾ ਆਈ ਆਪਣੇ ਤਿਲ ਦੀ, ਤਿਲਕਦੀ ਵੇਖੀ ਕੂੜ ਲੋਕਾਈਆ । ਧੜਕਣਾ ਮਿਟੀ ਨਾ ਦਿਲ ਦੀ, ਸਾਂਤਕ ਸਤਿ ਨਾ ਕੋਇ ਵਖਾਈਆ । ਅੰਧੇਰੀ ਰੈਣ ਸਮਝ ਆਈ ਨਾ ਜਗਤ ਬਿਲ ਦੀ, ਕਪਟ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸੰਦੇਸ਼ਾ ਕਹੇ ਮੇਰਾ ਸੁਣੋ ਅਗੰਮੀ ਬੋਲ, ਅਨਬੋਲਤ ਰਿਹਾ ਜਣਾਈਆ । ਜਗਤ ਦਮਾਮਿਉਂ ਵੱਖਰਾ ਢੋਲ, ਦੋ ਜਹਾਨ ਕਰੇ ਸ਼ਨਵਾਈਆ । ਜਗਤ ਜਗਿਆਸੂਓ ਪੜਦਾ ਲੈਣਾ ਖੋਲ੍ਹ, ਖ਼ਾਲਕ ਖ਼ਲਕ ਰਿਹਾ ਦ੍ਰਿੜਾਈਆ । ਚਾਰ ਕੁੰਟ ਦਹਿ ਦਿਸ਼ਾ ਸਭ ਦਾ ਕੱਢਣਾ ਪੋਲ, ਪੋਪ ਬਚਿਆ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਵੱਜਣ ਨਹੀਂ ਦੇਣਾ ਰੋਲ, ਰੌਲਾ ਵੇਖੇ ਜਗਤ ਲੋਕਾਈਆ । ਜਨ ਭਗਤਾਂ ਵਸਣਾ ਕੋਲ, ਘਰ ਠਾਂਡੇ ਸੋਭਾ ਪਾਈਆ । ਜਿਥੇ ਰੁੱਤ ਬਸੰਤ ਜਾਏ ਮੌਲ, ਮਲਕੁਲਮੌਤ ਨਾ ਭੈ ਵਖਾਈਆ । ਅੰਮ੍ਰਿਤ ਰਸ ਦੇ ਕੇ ਪਾਹੁਲ, ਪਹਿਲ ਗੁਰਮੁਖਾਂ ਦਏ ਬਣਾਈਆ । ਜਨਮ ਕਰਮ ਦਾ ਕਰ ਕੇ ਭਾਰ ਹੌਲ, ਹਵਾਲਾਤ ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਮਾਣ ਵਡਿਆਈ ਬਖ਼ਸ਼ ਕੇ ਉਪਰ ਧੌਲ, ਧਰਮ ਦਾ ਦਵਾਰਾ ਇਕ ਸਮਝਾਈਆ । ਸੰਤ ਸੁਹੇਲੇ ਫੜ ਅਡੋਲ, ਅੱਡਰੇ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਧੁਰ ਸਰਨਾਈਆ । ਧੁਰ ਸਰਨਾਈ ਕਹੇ ਸਭ ਦਾ ਇਕੋ ਸੱਜਣਾ, ਸਾਹਿਬ ਲੈਣਾ ਮਨਾਈਆ । ਕਾਇਆ ਭਾਂਡੇ ਕੂੜੇ ਭੱਜਣਾ, ਭਵਰੀ ਵਿਚ ਦਿਸੇ ਲੋਕਾਈਆ । ਸਾਚੇ ਦਰ ਗੁਰਮੁਖ ਵਿਰਲੇ ਲੰਘਣਾ, ਜਿਨ੍ਹਾਂ ਮਿਲੇ ਮਾਣ ਵਡਿਆਈਆ । ਧੁਰ ਦਰਬਾਰਾ ਇਕੋ ਖੁਲ੍ਹਣਾ, ਜਿਥੇ ਵਸਤ ਨਾ ਕੋਇ ਪਰਾਈਆ । ਮਿਲੇ ਮੇਲ ਸੂਰੇ ਸਰਬੰਗਣਾ, ਸਮਰਥ ਸਵਾਮੀ ਹੋਏ ਸਹਾਈਆ । ਧੂੜੀ ਲੱਗੇ ਅਨੋਖਾ ਚੰਦਨਾ, ਚੰਦ ਚਾਂਦਨੀ ਨੂਰ ਸ਼ਰਮਾਈਆ । ਜਨਮ ਕਰਮ ਦਾ ਰਹੇ ਨਾ ਕੋਇ ਬੰਧਨਾ, ਬੰਦਗੀ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਸੋਭਾ ਪਾਈਆ । ਦਰਗਾਹ ਕਹੇ ਮੈਂ ਜਗਤ ਦਰਗਾਹ ਨਹੀਂ ਸ਼ਰੀਫ਼, ਸ਼ਰਾਫ਼ਤ ਵੇਖਾਂ ਥਾਉਂ ਥਾਈਆ । ਮੈਂ ਤੱਕਾਂ ਉਹ ਜ਼ਈਫ਼, ਜੋ ਸਿਰਫ਼ ਦਿਲਰੁਬਾ ਮਾਤ ਅਖਵਾਈਆ । ਮੈਂ ਕਦੇ ਨਾ ਹੋਈ ਜ਼ਈਫ਼, ਬਿਰਧ ਬਾਲ ਨਾ ਰੂਪ ਵਟਾਈਆ । ਕਿਸੇ ਨਾ ਝੁਕਿਆ ਸੀਸ, ਸਜਦਾ ਨਾ ਕੋਇ ਵਖਾਈਆ । ਕਲਮਾ ਨਾ ਪੜ੍ਹਿਆ ਹਦੀਸ, ਕੂਕ ਨਾ ਕੋਇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰੰਗ ਰਿਹਾ ਸਮਝਾਈਆ । ਦਰਗਾਹ ਕਹੇ ਮੇਰੀ ਕੋਇ ਨਾ ਜਾਣੇ ਦਰਗਾਹ, ਦਰ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਵੇਖੇ ਥਲ ਅਸਗਾਹ, ਜਗਤ ਵਿਚ ਵਡਿਆਈਆ । ਉਹ ਮੰਨ ਕੇ ਇਕ ਅਲਾਹ, ਆਲਮੀਨ ਸੀਸ ਝੁਕਾਈਆ । ਖ਼ਾਦਮਾਂ ਦਾ ਸਮਝ ਖ਼ੁਦਾ, ਖ਼ੁਦੀ ਵਿਚ ਖ਼ੁਦ ਰੂਪ ਬਦਲਾਈਆ । ਲੇਖਾ ਜਾਣੇ ਨਾ ਆਦਮ ਹਵਾ,


੬੩੩
੨੦

ਹਵਸ ਵਿਚ ਸਰਬ ਲੋਕਾਈਆ । ਜਿਸ ਦਾ ਖੇਲ ਆਦਿ ਜੁਗਾਦਿ ਨਵਾਂ, ਨਵ ਨੌ ਚਾਰ ਹੁਕਮ ਵਰਤਾਈਆ । ਤਿਸ ਦਾ ਵਿਵਹਾਰ ਹੋਣਾ ਰਵਾਂ, ਰਵਾਨਗੀ ਸਰਬ ਲੋਕਾਈਆ । ਦਰਗਾਹ ਕਹੇ ਮੈਂ ਕੀ ਕੁਛ ਕਹਾਂ, ਕੀ ਤੌਫ਼ੀਕ ਹਕ ਖ਼ੁਦਾਈਆ । ਇਕ ਏਕ ਦੀ ਚਰਨੀ ਢਹਵਾਂ, ਜਿਸ ਮੇਰੇ ਗ੍ਰਿਹਿ ਦਿਤੀ ਵਡਿਆਈਆ । ਨੱਚਾਂ ਕੁੱਦਾਂ ਨਾਲ ਚਵਾਂ, ਚਾਓ ਘਨੇਰਾ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਕਰ ਕੇ ਮਨ੍ਹਾਂ, ਮਨਸਾ ਸਭ ਦੀ ਪੂਰ ਕਰਾਈਆ । ਆਪਣਾ ਸ਼ਬਦ ਸੁਣਾ ਕੇ ਬਿਨਾ ਕੰਨਾਂ, ਪੂਰਬ ਦੇ ਗੁਰਮੁਖ ਲਏ ਉਠਾਈਆ । ਜਗਤ ਜਹਾਨ ਤੋਂ ਉਚੇ ਬਣਾ, ਸ਼ਰਅ ਜ਼ੰਜੀਰ ਰਿਹਾ ਕਟਾਈਆ । ਦਸ ਸੌ ਚਵੀ ਦਾ ਸੋਹਣਾ ਪੰਨਾ, ਗੁਰੂ ਗ੍ਰੰਥ ਦਏ ਦੁਹਾਈਆ । ਜਗਤ ਵਿਧਾਨ ਹੋਣਾ ਨਿਕੰਮਾ, ਨਕਰਮਣ ਕੂੜ ਲੋਕਾਈਆ । ਮਨੂਆ ਮਨ ਬਣੇ ਪੰਮਾ, ਪ੍ਰੇਮ ਪ੍ਰੀਤੀ ਨਾ ਕੋਇ ਵਖਾਈਆ । ਸਭ ਤੋਂ ਵੱਖਰਾ ਨਿਰਾਲਾ ਹੋਵੇ ਸਮਾਂ, ਸੰਮਤ ਸੰਮਤੀ ਰੂਪ ਬਦਲਾਈਆ । ਨਵ ਨੌ ਚਾਰ ਦਾ ਪੈਂਡਾ ਮੁਕੇ ਲੰਮਾ, ਵਦੀ ਸੁਦੀ ਨਾ ਵੰਡ ਵੰਡਾਈਆ । ਕਲਜੁਗ ਆਵੇ ਅੰਤਮ ਉਤੇ ਦਮਾਂ, ਦਾਮਨ ਪਲੂ ਨਾ ਕੋਇ ਫੜਾਈਆ । ਦੀਨ ਦੁਨੀ ਹਰਸ ਵਧੇ ਤਮਾ, ਤਾਮਸ ਅਗਨੀ ਤਤ ਤਪਾਈਆ । ਨੂਰੀ ਜੋਤ ਜਗੇ ਨਾ ਕੋਈ ਸ਼ਮਅ, ਸ਼ਮਸ਼ਾਨ ਭੂਮੀ ਜਗਤ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਰਾਹ ਕਹੇ ਮੇਰਾ ਵਖਰਾ ਰਸਤਾ, ਰਾਹ ਰਾਸਤੀ ਨਾਲ ਜਣਾਈਆ । ਚਾਰ ਜੁਗ ਦਾ ਪਿਛਲਾ ਬੰਨ੍ਹ ਕੇ ਬਸਤਾ, ਬਸਤੀ ਨਵੀਂ ਦੇਣੀ ਵਸਾਈਆ । ਜਿਸ ਗ੍ਰਿਹਿ ਪੁਰਖ ਅਕਾਲ ਹੋਵੇ ਵਸਦਾ, ਵਸਲ ਮਿਲੇ ਯਾਰ ਖ਼ੁਦਾਈਆ । ਨੂਰ ਹੋਵੇ ਇਕੋ ਅੱਖ ਦਾ, ਆਖ਼ਰ ਮੇਲਾ ਬੇਪਰਵਾਹੀਆ । ਭੰਡਾਰਾ ਦੇਵੇ ਧਰਮ ਸਤਿ ਦਾ, ਸਚ ਮਿਲੇ ਵਡਿਆਈਆ ।

ਮਨੂਆ ਮੂਲ ਨਾ ਹੋਵੇ ਨੱਚਦਾ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸੋਹਣਾ ਭਾਂਡਾ ਹੋਵੇ ਸਾਢੇ ਤਿੰਨ ਹੱਥ ਮਾਟੀ ਕੱਚ ਦਾ, ਗੁਰ ਸਤਿਗੁਰ ਢੋਲਾ ਗਾਈਆ । ਲੂੰ ਲੂੰ ਪ੍ਰਭ ਸਵਾਮੀ ਹੋ ਕੇ ਰਚਦਾ, ਰਚਨਾ ਆਪਣੀ ਦਏ ਵਖਾਈਆ । ਕੱਤਕ ਕਹੇ ਮੈਂ ਭੁੱਖਾ ਭਗਤਾਂ ਦੇ ਜਸ ਦਾ, ਸਿਫ਼ਤ ਸਿਫ਼ਤਾਂ ਨਾਲ ਸਾਲਾਹੀਆ । ਖ਼ੁਸ਼ੀਆਂ ਵਿਚ ਸਦਾ ਹੱਸਦਾ, ਹਸਤੀ ਵੇਖ ਬੇਪਰਵਾਹੀਆ । ਜਿਸ ਦੇ ਕੋਲ ਭੰਡਾਰ ਅੰਮ੍ਰਿਤ ਰਸ ਦਾ, ਰਸਤੇ ਭੁੱਲਿਆਂ ਦਏ ਪਿਲਾਈਆ । ਸਦਾ ਸੁਹੰਜਣਾ ਖੇੜਾ ਵਸਦਾ, ਦਰਗਾਹ ਸਾਚੀ ਸੋਭਾ ਪਾਈਆ । ਲਹਿਣਾ ਦੇਣਾ ਪੂਰਾ ਕਰੇ ਸਭ ਦੇ ਹਕ ਦਾ, ਹਕੀਕਤ ਦਾ ਹਕ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਭੰਡਾਰ ਖੋਲ੍ਹ ਕੇ ਆਪਣੇ ਹੱਟ ਦਾ, ਵਣਜ ਵਣਜਾਰਾ ਇਕ ਕਰਾਈਆ ।

★ ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਮੈਂ ਰਿਹਾ ਫਿਰਦਾ, ਫਿਰਤ ਫਿਰਤ ਵੇਖੀ ਸਰਬ ਲੋਕਾਈਆ । ਲੱਖ ਚੁਰਾਸੀ ਅੰਤਰ ਟੋਹਿਆ ਹਿਰਦਾ, ਘਟ ਘਟ ਅੰਤਰ ਨਿਰੰਤਰ ਫੋਲ ਫੁਲਾਈਆ । ਪ੍ਰੇਮ ਪਿਆਰ ਖੋਜਿਆ ਸਾਚੇ ਪਿਰ ਦਾ, ਪੀਆ ਪ੍ਰੀਤਮ ਤੱਕਿਆ ਥਾਉਂ ਥਾਈਂਆ । ਜੋ ਭਗਤ ਸੁਹੇਲਾ ਵਿਛੜਿਆ ਚਿਰ ਦਾ, ਚਿਰੀ ਵਿਛੁੰਨਾ ਆਪ ਜਗਾਈਆ । ਅੰਤਰ ਅੰਮ੍ਰਿਤ ਹੋ ਕੇ ਝਿਰਨਾ ਝਿਰਦਾ, ਬੂੰਦ ਸਵਾਂਤੀ ਆਪ ਟਪਕਾਈਆ । ਕਵਲ ਨਾਭੀ ਹੋ

ਕੇ ਖਿਲਦਾ, ਗ਼ੁੰਚਾ ਰੂਪ ਰੂਪ ਬਦਲਾਈਆ । ਭੇਵ ਖੁਲ੍ਹਾ ਕੇ ਨਿਰਾਲੇ ਤਿਲ ਦਾ, ਤ੍ਰੈਗੁਣ ਲੇਖਾ ਦਿਤਾ ਮੁਕਾਈਆ । ਸਚ ਸਵਾਮੀ ਜਿਥੇ ਮਿਲਦਾ, ਹਰਿ ਕਰਤਾ ਧੁਰਦਰਗਾਹੀਆ । ਝਗੜਾ ਮੁਕਾ ਕੇ ਸੁਖਮਨ ਟੇਢੀ ਬਿਲ ਦਾ, ਪੈਂਡਾ ਪੰਧ ਦਿਤਾ ਚੁਕਾਈਆ । ਘਰ ਵਖਾ ਨਿਰਵੈਰ ਨਿਰ ਦਾ, ਨਿਰਾਕਾਰ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਉਠ ਮੀਤ ਮੁਰਾਰੇ ਮੱਘਰ, ਮਗਰਲਾ ਲੇਖਾ ਰਹੇ ਨਾ ਰਾਈਆ । ਸਭ ਦੀ ਆਸਾ ਮਨਸਾ ਪੂਰੀ ਹੋਵੇ ਸੱਧਰ, ਸਦਮਿਆਂ ਵਾਲਾ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਕਰਦੇ ਪੱਧਰ, ਪਤਿਪਰਮੇਸ਼ਵਰ ਇਕ ਜਣਾਈਆ । ਧੁਰ ਦਾ ਸਵਾਮੀ ਅੰਤਰਜਾਮੀ ਕਰੇ ਅਦਲ, ਇਨਸਾਫ਼ ਇਕੋ ਘਰ ਪਰਗਟਾਈਆ । ਕਲਜੁਗ ਕੂੜੀ ਕਿਰਿਆ ਕਰ ਕਤਲ, ਬੈਤਲ ਮੁਕੱਦਸ ਇਕ ਪਰਗਟਾਈਆ । ਜਿਹੜੇ ਭੁੱਲ ਗਏ ਆਪਣਾ ਵਤਨ, ਬੇਵਤਨਾਂ ਵਤਨ ਵਖਾਈਆ । ਅੱਗੇ ਕਿਸੇ ਦਾ ਚੱਲੇ ਕੋਈ ਨਾ ਯਤਨ, ਯਥਾਰਥ ਗੁਰ ਅਵਤਾਰ ਪੈਗ਼ੰਬਰ ਸੀਸ ਝੁਕਾਈਆ । ਪੁਰਖ ਅਕਾਲਾ ਦੀਨ ਦਿਆਲਾ ਏਕੰਕਾਰ ਸਾਂਝਾ ਯਾਰ ਪਰਵਰਦਿਗਾਰ ਆਵੇ ਰੱਖਣ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਵੇਖ ਵਖਾਈਆ । ਆਤਮ ਪਰਮਾਤਮ ਸਾਂਝਾ ਕਰ ਕੇ ਪੱਤਣ, ਪਤਿਪਰਮੇਸ਼ਵਰ ਆਪਣਾ ਪੜਦਾ ਦਏ ਚੁਕਾਈਆ । ਜਗਤ ਵਾਸਨਾ ਰਹੇ ਕੋਈ ਨਾ ਮਤਨ, ਮਨ ਕਾ ਮਣਕਾ ਇਕ ਭਵਾਈਆ । ਸੰਤ ਸੁਹੇਲੇ ਧੁਰਦਰਗਾਹੀ ਬਣ ਕੇ ਆਵੇ ਸੱਦਣ, ਸੱਦਾ ਹੋਕਾ ਲੋਕ ਪਰਲੋਕਾ ਏਕਾ ਨਾਮ ਜਣਾਈਆ । ਲੱਖ ਚੁਰਾਸੀ ਜਮ ਕੀ ਫਾਸੀ ਵਿਚੋਂ ਆਵੇ ਕੱਢਣ, ਬੇਪਰਵਾਹ ਹੋ ਫੜ ਬਾਹੋਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਉਪਜਾਈਆ । ਸਤਿਗੁਰ ਸ਼ਬਦ ਕਹੇ ਵੇਖ ਮੱਘਰ ਮੀਤ ਮੁਰਾਰੀ, ਮਿਤਰਾ ਮਿਤਰ ਦੇਣਾ ਮਿਲਾਈਆ । ਮੱਘਰ ਕਰ ਚਰਨ ਨਿਮਸਕਾਰੀ, ਬਿਨਾ ਸੀਸ ਸੀਸ ਝੁਕਾਈਆ । ਇਹ ਖੇਲ ਅਗੰਮ ਅਪਾਰੀ, ਸੰਸਾਰੀ ਸਮਝ ਕੋਇ ਨਾ ਆਈਆ । ਤੂੰ ਦਾਤਾ ਗਹਿਰ ਗੰਭੀਰ ਤੇਰੀ ਸਦਾ ਸਦਾ ਸਿਕਦਾਰੀ, ਸਿਕਦਾਰ ਬੈਠੇ ਸੀਸ ਝੁਕਾਈਆ । ਝਗੜਾ ਮੁਕੇ ਗੁਰੂ ਅਵਤਾਰੀ, ਪੈਗ਼ੰਬਰ ਧਾਰੀ ਤੇਰੇ ਵਿਚ ਸਮਾਈਆ । ਏਕਾ ਨਿਰਗੁਣ ਨੂਰ ਜੋਤ ਉਜਿਆਰੀ, ਉਜਲ ਕਰੇ ਆਪ ਰੁਸ਼ਨਾਈਆ । ਜਿਸ ਦਾ ਲੇਖਾ ਕਾਗਦ ਕਲਮ ਨਾ ਲਿਖਣਹਾਰੀ, ਕਾਤਬ ਕਰੇ ਨਾ ਕੋਇ ਵਡਿਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਲੇਖਾ ਜਾਣੇ ਏਕਾ ਵਾਰੀ, ਵਾਰਤਾ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸੰਦੇਸ਼ਾ ਇਕ ਸੁਣਾਈਆ । ਮੱਘਰ ਕਹੇ ਸੁਣ ਸਤਿਗੁਰ ਸ਼ਬਦ ਸਵਾਮੀ, ਸਹਿਜ ਸੀਸ ਝੁਕਾਈਆ । ਘਟ ਨਿਵਾਸੀ ਅੰਤਰਜਾਮੀ, ਬੇਨੰਤੀ ਹਕ ਦ੍ਰਿੜਾਈਆ । ਤੇਰਾ ਹੁਕਮ ਧੁਰ ਫ਼ਰਮਾਨੀ, ਫੁਰਨਿਆਂ ਵਿਚ ਸਰਬ ਭਵਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਨਿਸ਼ਾਨੀ, ਨਿਛਾਵਰ ਆਪਣਾ ਆਪ ਕਰਾਈਆ । ਪੈਗ਼ੰਬਰ ਮੰਗਦੇ ਗਏ ਅਗੰਮਾ ਪਾਣੀ, ਦਰਗਾਹ ਸਾਚੀ ਰਾਹ ਤਕਾਈਆ । ਤੇਰੀ ਰਮਜ਼ ਕਿਸੇ ਨਾ ਜਾਣੀ, ਅਨਜਾਣਤ ਸੀਸ ਝੁਕਾਈਆ । ਜਲਵਾ ਲੈ ਕੇ ਧੁਰ ਨੁਰਾਨੀ, ਮਸਤਕ ਨੂਰ ਨੂਰ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਮੱਘਰ ਕਹੇ ਤੂੰ ਸ਼ਬਦੀ ਦਾਤਾ, ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਇਕ ਗਿਆਤਾ, ਗੁਰੂ ਗੁਰਦੇਵ ਕਰੇਂ ਪੜ੍ਹਾਈਆ । ਹੁਕਮੇ ਅੰਦਰ ਸੁਣਾਵੇਂ ਗਾਥਾ, ਕਥਨੀ ਕਥ ਸੇਵ ਕਮਾਈਆ । ਕਲਜੁਗ ਅੰਤਮ

੯੩੫
੨੦

ਵੇਖ ਤਮਾਸ਼ਾ, ਦੋ ਜਹਾਨਾਂ ਪੜਦਾ ਆਪ ਉਠਾਈਆ । ਤੇਰੇ ਮੰਡਲ ਤੇਰੀ ਰਾਸਾ, ਗੋਪੀ ਕਾਹਨ ਨੱਚਣ ਟੱਪਣ ਵਾਹੋ ਦਾਹੀਆ । ਪੀਰ ਪੈਗ਼ੰਬਰਾਂ ਪੂਰੀਆਂ ਕਰ ਆਸਾਂ, ਆਹਿਸਤਾ ਆਹਿਸਤਾ ਅਸਲ ਆਪਣਾ ਖੇਲ ਦੇਣਾ ਵਖਾਈਆ । ਸਭ ਦਾ ਖ਼ਾਲੀ ਕਰ ਕਾਸਾ, ਕਸਮ ਤੇਰੇ ਨਾਮ ਦੁਹਾਈਆ । ਤੇਰਾ ਨੂਰ ਤੇਰਾ ਪਰਕਾਸ਼ਾ, ਤੇਰਾ ਨਾਮ ਸ਼ਬਦ ਸ਼ਨਵਾਈਆ । ਸਤਿਗੁਰ ਸ਼ਬਦ ਤੇਰੀ ਸਮਝੇ ਕੋਈ ਨਾ ਭਾਸ਼ਾ, ਭਾਖਿਆ ਵਿਚ ਸਾਰੇ ਦੇਣ ਦੁਹਾਈਆ । ਮੈਂ ਤੱਕਿਆ ਜ਼ਿਮੀ ਆਕਾਸ਼ਾ, ਅਕਸ ਤੇਰਾ ਥਾਉਂ ਥਾਈਆ । ਸਾਰੇ ਕਹਿ ਕੇ ਗਏ ਜੋਤੀ ਜਾਤਾ, ਜੋਤੀ ਜਾਤਾ ਤੇਰਾ ਰੂਪ ਨਾ ਕੋਇ ਵਖਾਈਆ । ਤੇਰੇ ਨਾਮ ਦੀ ਮਹਿੰਮਾ ਗਾਈ ਬਹੁ ਭਾਂਤਾ, ਬਾਤਾਂ ਜਗਤ ਵਿਚ ਵਡਿਆਈਆ । ਕੋਟਾਂ ਵਿਚੋਂ ਕੋਟ ਕੋਟੀ ਤੇਰੀਆਂ ਮਾਰ ਕੇ ਗਏ ਵਾਟਾਂ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਦੇਣਾ ਦਰਸਾਈਆ । ਸਤਿਗੁਰ ਸ਼ਬਦ ਕਹੇ ਸੁਣ ਮੱਘਰ ਬਾਲੇ ਨਿੱਕੇ, ਨਿੱਕਿਆਂ ਦਿਆਂ ਵਡਿਆਈਆ । ਮੇਰਾ ਖੇਲ ਕਿਸੇ ਨਾ ਦਿਸੇ, ਅੰਤ ਕਹਿਣ ਕੋਇ ਨਾ ਆਈਆ । ਸਭ ਦੇ ਪੂਰੇ ਕਰ ਕੇ ਹਿੱਸੇ, ਹਸਤੀ ਧੁਰ ਦੀ ਦਿਤੀ ਪਰਗਟਾਈਆ । ਜਿਹੜੇ ਲੇਖ ਪਿਛਲੇ ਲਿਖੇ, ਗੁਰ ਅਵਤਾਰ ਪੈਗ਼ੰਬਰਾਂ ਪੂਰ ਕਰਾਈਆ । ਅੰਤਮ ਕੱਢ ਕੇ ਸਾਚੇ ਸਿੱਟੇ, ਸਿੱਟਾ ਸਭ ਦੇ ਨਾਲ ਲਗਾਈਆ । ਧੁਰਦਰਗਾਹੀ ਵਖਾ ਕੇ ਚਿੱਠੇ, ਪੜਦੇ ਅੰਦਰੋਂ ਦਿਤੇ ਚੁਕਾਈਆ । ਨੇਤਰ ਧਾਰ ਅਗੰਮੀ ਨੈਣੀਂ ਨੀਰ ਵਹਾ ਕੇ ਪਿੱਟੇ, ਬਿਨ ਹੰਝੂਆਂ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਕਹੇ ਮੈਂ ਵਰਤਾਂ ਜਲਦੀ, ਜਲ ਥਲ ਮਹੀਅਲ ਵੇਖ ਵਖਾਈਆ । ਖੇਲ ਵਖਾਵਾਂ ਅਛਲ ਅਛੱਲ ਦੀ, ਵਲ ਛਲਧਾਰੀ ਆਪ ਵਖਾਈਆ । ਜਿਹੜੀ ਜੋਤ ਸ਼ਬਦ ਸੰਦੇਸ਼ਾ ਰਹੀ ਘਲਦੀ, ਜੁਗ ਚੌਕੜੀ ਹੁਕਮ ਸੁਣਾਈਆ । ਭਗਤਾਂ ਮੰਜ਼ਲ ਦੇਂਦੀ ਰਹੀ ਅਟਲ ਦੀ, ਨਿਹਚਲ ਧਾਮ ਵਡਿਆਈਆ । ਉਸ ਨੇ ਸਾਰ ਨਾ ਦਿਤੀ ਆਪਣੇ ਪਲ ਦੀ, ਪਲਕਾਂ ਦੇ ਪਿੱਛੇ ਗੁਰ ਅਵਤਾਰਾਂ ਪੈਗ਼ੰਬਰਾਂ ਹੁਕਮ ਮਨਾਈਆ । ਸੋ ਆਪਣੀ ਧਾਰ ਆਪੇ ਵਿਚ ਰਲਦੀ, ਦੂਜਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਪਰਗਟਾਈਆ । ਮੱਘਰ ਕਹੇ ਮੈਂ ਵੇਖਿਆ ਇਕ ਇਕੱਲਾ ਮੀਤਾ, ਮਤਾ ਇਕੋ ਨਾਲ ਪਕਾਈਆ । ਜਿਸ ਦੀ ਸਮਝੇ ਕੋਈ ਨਾ ਰੀਤਾ, ਰਤੀ ਰਤ ਸਭ ਦੀ ਰਿਹਾ ਸੁਕਾਈਆ । ਕੁਛ ਲੇਖਾ ਅਰਜਨ ਕ੍ਰਿਸ਼ਨ ਨਾਲ ਜਿਸ ਵੇਲੇ ਉਪਜਾਈ ਗੀਤਾ, ਇਕ ਅੱਠ ਜੋੜ ਜੁੜਾਈਆ । ਜਿਹੜਾ ਸਭ ਦਾ ਠਾਕਰ ਨੀਕਾ, ਨਿੱਕਿਉਂ ਵੱਡੇ ਦਏ ਬਣਾਈਆ । ਓਸ ਦੀਆਂ ਸਦਾ ਸਦਾ ਉਡੀਕਾਂ, ਅਭੁੱਲ ਭੁੱਲ ਕੋਇ ਨਾ ਜਾਈਆ । ਜੋ ਆਦਿ ਜੁਗਾਦੀ ਠਾਂਡਾ ਸੀਤਾ, ਸੀਤਾ ਰਾਮ ਸਦਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸੰਦੇਸ਼ਾ ਕਹੇ ਸੁਣੋ ਦੋ ਜਹਾਨ ਮੀਤ, ਬਿਨ ਮਤਿਉਂ ਦਿਆਂ ਸੁਣਾਈਆ । ਸਾਂਝੀ ਇਕ ਕਰੋ ਪ੍ਰੀਤ, ਪਰਮ ਪੁਰਖ ਇਕ ਮਨਾਈਆ । ਜਿਸ ਦਾ ਲਹਿਣਾ ਬੀਸ, ਬੀਸ ਇਕੀਸ ਰੰਗ ਵਟਾਈਆ । ਸੋ ਸਾਹਿਬ ਜਗਤ ਜਗਦੀਸ, ਜਗਦੀਸ਼ਰ ਧੁਰਦਰਗਾਹੀਆ । ਚਾਰ ਜੁਗ ਜੁਗਤੀ ਨਾਲ ਕਰਦੇ ਗਏ ਉਡੀਕ, ਭਗਤੀ ਵਿਚ ਭਗਵਨ ਧਿਆਨ ਲਗਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਬਦਲਣ ਆਇਆ ਰੀਤ, ਨਿਰਗੁਣ ਆਪਣਾ ਫੇਰਾ ਪਾਈਆ । ਭਗਤ ਸੁਹੇਲਾ ਸਭ ਦੇ ਅੰਤਰ ਵਸਿਆ ਬੀਚ, ਜਗਤ ਨੇਤਰ ਅੱਖ ਨਜ਼ਰ ਕੋਇ ਨਾ ਪਾਈਆ । ਜਿਨ੍ਹਾਂ ਸਾਚਾ ਨਾਮ ਕਰੇ ਬਖ਼ਸ਼ੀਸ਼, ਰਹਿਮਤ ਰਹਿਮ ਹਕ ਕਮਾਈਆ ।



੯੩੬
੨੦

੬੩੭
੨੦

ਉਹ ਸੁਣ ਕੇ ਸਚ ਹਦੀਸ, ਢੋਲਾ ਗਾਵਣ ਧੁਰਦਰਗਾਹੀਆ । ਚਰਨ ਕਵਲ ਬਣ ਵਸਨੀਕ, ਮੰਦਰ ਖੇੜਾ ਇਕ ਸੁਹਾਈਆ । ਦੀਨ ਮਜ਼੍ਹਬ ਦੀ ਲੰਘ ਕੇ ਲੀਕ, ਝਗੜਾ ਦੂਈ ਦਵੈਤੀ ਢਾਹੀਆ । ਕਾਇਆ ਕਾਅਬਾ ਵੇਖ ਮਸੀਤ, ਮਸਲਾ ਜੀਵਣ ਹੱਲ ਕਰਾਈਆ । ਸਤਿਗੁਰ ਵੇਖ ਸ਼ਬਦ ਅਤੀਤ, ਤ੍ਰੈਗੁਣ ਬੈਠਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਪਰਗਟਾਈਆ । ਮੱਘਰ ਕਹੇ ਮੈਂ ਹੋਇਆ ਮੁਰਦਾ, ਮੁਰੀਦ ਮੁਰਸ਼ਦ ਵੇਖ ਵਖਾਈਆ । ਜਿਸ ਦਾ ਨਾਮ ਫੁਰਨਾ ਇਕੋ ਫੁਰਦਾ, ਫੁਰਨੇ ਸਭ ਦੇ ਬੰਦ ਕਰਾਈਆ । ਪਦ ਰੱਖੇ ਇਕੋ ਸਤਿਗੁਰ ਦਾ, ਗੁਰ ਸਤਿਗੁਰ ਰੂਪ ਧਰਾਈਆ । ਮਾਲਕ ਹੋ ਅਗੰਮੇ ਧੁਰ ਦਾ, ਧੁਰ ਧਾਮ ਦਏ ਵਡਿਆਈਆ । ਲੇਖਾ ਪੂਰ ਕਰਾਏ ਅਨੰਦ ਪੁਰ ਦਾ, ਪੁਰੀਆਂ ਲੋਆਂ ਖੋਜ ਖੁਜਾਈਆ । ਲੇਖਾ ਦੇਵੇ ਦੇਵਤ ਸੁਰ ਦਾ, ਸੁਰਪਤ ਇੰਦ ਸੀਸ ਝੁਕਾਈਆ । ਸ਼ੰਕਰ ਜਿਸ ਕਾਰਨ ਨਿਰਗੁਣ ਧਾਰ ਜੁੜਦਾ, ਜੋੜੀ ਜੋੜ ਜੁੜਾਈਆ । ਬ੍ਰਹਮਾ ਬ੍ਰਹਮ ਵੇਤਾ ਹੋ ਕੇ ਚਾਰ ਕੁੰਟ ਦਹਿ ਦਿਸ਼ਾ ਫਿਰਦਾ ਤੁਰਦਾ, ਤੁਰਤ ਆਪਣੀ ਸੇਵ ਕਮਾਈਆ । ਵਿਸ਼ਨੂੰ ਖੇਲ ਵਖਾਵੇ ਹੋਰ ਹੋਰ ਦਾ, ਹੋਕਾ ਇਕੋ ਇਕ ਸਮਝਾਈਆ । ਜੁਗ ਚੌਕੜੀ ਸਭ ਦੀ ਕੀਤੀ ਕਰਨੀ ਆਪੇ ਤੋੜਦਾ, ਤੁੱਟਿਆਂ ਗੰਢ ਪਵਾਈਆ । ਪਿਛਲਾ ਲੇਖਾ ਜੋ ਟਹਿਣਾ ਲਿਆਂਦਾ ਬੋਹੜ ਦਾ, ਬਹੁੜੀ ਬਹੁੜੀ ਕਰ ਕੇ ਰਿਹਾ ਕੁਰਲਾਈਆ । ਜਿਸ ਵੇਲੇ ਬੁੱਧ ਸ਼ਬਦ ਸੁਣਿਆ ਜ਼ੋਰ ਦਾ, ਜ਼ੋਰ ਜ਼ਰ ਨਜ਼ਰ ਨਾ ਆਈਆ । ਅੰਤਰ ਦਰਸ਼ਨ ਇਕੋ ਲੋੜਦਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਆਵਾਜ਼ ਆਇਆ ਅਗੰਮੀ ਘਨਘੋਰ ਦਾ, ਬਿਨ ਡੰਕ ਡਫਾਰ ਸ਼ਨਵਾਈਆ । ਹਰਿ ਕਰਤਾ ਨਿੱਕਾ ਜਿਹਾ ਦਰਵਾਜਾ ਖੋਲ੍ਹਦਾ, ਖਿੜਕੀ ਬੰਦ ਉਲਟਾਈਆ । ਬਿਨ ਤਰਾਜ਼ੂ ਕੰਡੇ ਤੋਲਦਾ, ਵਜ਼ਨ ਇਕੋ ਇਕ ਜਣਾਈਆ । ਸਤਿਗੁਰ ਸ਼ਬਦ ਹੋ ਕੇ ਬੋਲਦਾ, ਬੋਲੀ ਇਕ ਪਰਗਟਾਈਆ । ਤੇਰਾ ਲੇਖਾ ਕਲਜੁਗ ਵਿਚ ਰੋਲ ਦਾ, ਰੌਲਾ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਆਪ ਖੁਲ੍ਹਾਈਆ । ਬੋਹੜ ਕਹੇ ਮੈਨੂੰ ਕਹਿੰਦੇ ਬੜ, ਪੂਜਾ ਜਗਤ ਲੋਕਾਈਆ । ਮੇਰੀ ਨੌਂ ਸੌ ਨੜ੍ਹਿਨਵੇ ਫੁੱਟ ਡੂੰਘੀ ਜਾਵੇ ਜੜ੍ਹ, ਇਹ ਪ੍ਰਭ ਨੇ ਦਿਤੀ ਵਡਿਆਈਆ । ਜਿਥੇ ਰਾਜਾ ਬਲ ਗਿਆ ਵੜ, ਬਾਵਨ ਭਾਗ ਲਗਾਈਆ । ਓਥੇ ਖੇਲ ਅਗੰਮੀ ਨਰ, ਨਰ ਨਰਾਇਣ ਜੋਤ ਰੁਸ਼ਨਾਈਆ । ਇਤਲ ਵਿਤਲ ਸਿਤਲ ਕਿਰਪਾ ਆਪਣੀ ਰਿਹਾ ਕਰ, ਹਰਿ ਕਰਤਾ ਬੇਪਰਵਾਹੀਆ । ਧੁਰ ਸੰਦੇਸ਼ੇ ਦਿਤਾ ਵਰ, ਖ਼ਬਰਾਂ ਵਿਚੋਂ ਖ਼ਬਰ ਇਕ ਪਰਗਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਮਾ ਲਏ ਧਰ, ਧਰਨੀ ਧਰਤ ਧਵਲ ਧੌਲ ਧਰਮ ਦਵਾਰਾ ਇਕ ਵਖਾਈਆ । ਸੰਤ ਸੁਹੇਲੇ ਭਗਤ ਜਨ ਲਏ ਫੜ, ਮਾਣ ਦੇਵੇ ਜਣੇਂਦੀ ਮਾਈਆ । ਸਾਚੀ ਮੰਜ਼ਲ ਪੌੜੇ ਜਾਏ ਚੜ੍ਹ, ਕਾਇਆ ਮੰਦਰ ਅੰਦਰ ਪੰਧ ਮੁਕਾਈਆ । ਸਚ ਦਵਾਰਾ ਏਕੰਕਾਰਾ ਵਖਾਏ ਅਗੰਮਾ ਘਰ, ਜਿਸ ਗ੍ਰਿਹ ਦੀਵਾ ਬਾਤੀ ਇਕੋ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਖਾਈਆ । ਬੜ ਕਹੇ ਮੈਂ ਬੋਹੜ ਦਾ ਬੂਟਾ, ਬੂਟਾ ਗੁਰ ਅਵਤਾਰ ਪੈਗੰਬਰਾਂ ਦਿਤਾ ਲਗਾਈਆ । ਜਿਸ ਵੇਲੇ ਬੁੱਧ ਨੇ ਬਿਨਾ ਸੁੱਧ ਤੋਂ ਲਿਆ ਝੂਟਾ, ਹੱਥ ਟਹਿਣੀ ਨਾਲ ਲਟਕਾਈਆ । ਪਰਕਾਸ਼ ਵੇਖਿਆ ਚਾਰੇ ਕੂਟਾਂ, ਕਾਇਆ ਕੁਟੀਆ ਵੱਜੀ ਵਧਾਈਆ । ਉਸ ਦਾ ਪੁੱਠਾ ਹੋਇਆ ਇਕ ਜੂਤਾ, ਆਪਣੀ ਕਰਵਟ ਗਿਆ ਬਦਲਾਈਆ । ਨੇਤਰ ਰੋ ਕੇ ਧਾਹੀਂ ਮਾਰ ਕੇ ਹੋਇਆ ਮੂਧਾ, ਬਹੁੜੀ ਬਹੁੜੀ ਰਿਹਾ ਸੁਣਾਈਆ । ਬਿਨਾ ਪੁਰਖ ਅਕਾਲ ਤੋਂ ਅਵਰ ਰਹੇ ਕੋਈ ਨਾ ਦੂਜਾ, ਦੂਤੀਆ

੬੩੭
੨੦

ਭਾਉ ਸਰਬ ਮਿਟਾਈਆ । ਲੇਖਾ ਰਵਦਾਸ ਖੁਲ੍ਹੌਣਾ ਗੂਝਾ, ਰਵੀ ਏਕਾ ਰੰਗ ਰੰਗਾਈਆ । ਕੁਛ ਲਹਿਣਾ ਦੇਣਾ ਗੋਬਿੰਦ ਹੱਥ ਰਖਾਉਣਾ ਉਪਰ ਕੂਜਾ, ਜਗਤ ਵੰਡ ਨਾ ਕੋਇ ਵੰਡਾਈਆ । ਨੇਤਰ ਨੀਰ ਵਹਾ ਕੇ ਨੌ ਦਿਨ ਦਾ ਰੋ ਪਿਆ ਚੂਜ਼ਾ, ਚੀਕ ਚੀਕ ਸੁਣਾਈਆ । ਬਿਨਾ ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਕੋਈ ਕਰੇ ਨਾ ਰੀਝਾਂ, ਸਿਰ ਹੱਥ ਨਾ ਕੋਇ ਟਿਕਾਈਆ । ਸ੍ਰਿਸ਼ਟ ਸਬਾਈ ਪੁਰਖ ਅਬਿਨਾਸ਼ੀ ਜਗਤ ਦਵਾਰਿਉਂ ਲੱਭਣਾ ਲਾ ਕੇ ਨੀਝਾਂ, ਦਰ ਦਰ ਫੇਰਾ ਪਾਈਆ । ਨਾਤਾ ਜੁੜਨਾ ਗੁਰ ਅਵਤਾਰ ਪੈਗ਼ੰਬਰਾਂ ਸ੍ਰਿਸ਼ਟੀ ਚਾਚਾ ਭਤੀਜਾ, ਬਿਨਾ ਪਿਤਾ ਪੁਰਖ ਅਕਾਲ ਦੂਜਾ ਗੋਦ ਨਾ ਕੋਇ ਉਠਾਈਆ । ਇਕ ਦੇ ਹੱਥ ਵਿਚ ਹੋਣ ਹਕ ਤੌਫ਼ੀਕਾ, ਤੋਹਫ਼ਾ ਸਭ ਨੂੰ ਦਏ ਪੁਚਾਈਆ । ਤੇਈ ਅਵਤਾਰਾਂ ਕਰਨੀਆਂ ਸਚ ਉਡੀਕਾਂ, ਬੁੱਧ ਬਿਨਾ ਬੁੱਧੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਬੜ ਕਹੇ ਬੁੱਧ ਮੇਰੇ ਨਾਲ ਪਾਈ ਪੀਂਘ, ਕੇਸਾਂ ਬੰਧਨ ਪਾਈਆ । ਢਾਈ ਕਦਮ ਅੱਗੇ ਰੀਂਗ, ਨੇਤਰ ਅੱਖ ਉਠਾਈਆ । ਦਰਸ਼ਨ ਕਰਨਾ ਦੀਦ, ਜ਼ਾਹਰ ਜਹੂਰ ਸ਼ਰਨਾਈਆ । ਪੁਰਖ ਅਕਾਲ ਇਕ ਉਮੀਦ, ਆਮਦ ਵਿਚ ਵਡਿਆਈਆ । ਦੀਨ ਦਿਆਲ ਵਖਾਈ ਰਸੀਦ, ਬਿਨ ਅੱਖਰਾਂ ਆਪ ਪੜ੍ਹਾਈਆ । ਜਿਸ ਦੇ ਵਿਚ ਕੀਤੀ ਤਾਕੀਦ, ਹੁਕਮ ਵਿਚ ਸ਼ਨਵਾਈਆ । ਅਵਤਾਰਾਂ ਦੇ ਅਖ਼ੀਰੀ ਅਜ਼ੀਜ਼, ਉਂਗਲੀ ਨਾਲ ਉਠਾਈਆ । ਸਭ ਦਾ ਲੇਖਾ ਜਾਣਾ ਬੀਤ, ਵੀਹਵੀਂ ਸਦੀ ਦਏ ਗਵਾਹੀਆ । ਪਿਛਲੀ ਰਹੇ ਕੋਈ ਨਾ ਰੀਤ, ਜਗਤ ਵੰਡ ਨਾ ਕੋਇ ਵੰਡਾਈਆ । ਪ੍ਰਭ ਆਵੇ ਬੀਠਲੋ ਬੀਠ, ਜੋ ਨਾਮਾ ਗਿਆ ਧਿਆਈਆ । ਭਗਤ ਦਵਾਰ ਇਕ ਅਨਡੀਠ, ਬਹੱਤਰਾਂ ਦਏ ਵਡਿਆਈਆ । ਸੱਤਰਾਂ ਸੰਗ ਸੰਗੀਤ, ਸੋਹਲਾ ਸਚ ਸੁਣਾਈਆ । ਚੁਹੱਤਰਾਂ ਚੇਤਨ ਚੀਤ, ਚਾਤ੍ਰਿਕ ਤ੍ਰਿਖਾ ਬੁਝਾਈਆ । ਪੰਜ ਪੰਜ ਪੰਜ ਆਸਾ ਮਨਸਾ ਪੂਰੀ ਕਰ ਉਮੀਦ, ਚਾਰ ਚਾਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਬੜ ਕਹੇ ਮੇਰੇ ਹਿੱਲੇ ਪੱਤੇ, ਪਤਿਪਰਮੇਸ਼ਵਰ ਦਿਤੀ ਵਡਿਆਈਆ । ਮੈਂ ਵੇਖੀ ਹਕ਼ੀਕਤ ਹਕੇ, ਪੜਦਾ ਦਿਤਾ ਚੁਕਾਈਆ । ਨਾਮ ਸੰਦੇਸ਼ੇ ਸੁਣੇ ਸੱਚੇ, ਸਚ ਮਿਲੀ ਸ਼ਰਨਾਈਆ । ਕਲਜੁਗ ਅੰਤ ਤੱਤਾਂ ਵਾਲੇ ਗੁਰੂ ਰਹਿਣੇ ਨਹੀਂ ਕੱਚੇ, ਸਤਿਗੁਰ ਸ਼ਬਦ ਮਿਲੇ ਸਰਬ ਸਰਨਾਈਆ । ਜੋ ਹਰ ਘਟ ਅੰਤਰ ਵਸੇ, ਸਭ ਦਾ ਇਕ ਗੋਸਾਈਆ । ਨਾਮ ਅਗੰਮਾ ਦੱਸੇ, ਇਕੋ ਕਰੇ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਰੇ ਇਕੱਠੇ, ਝਗੜਾ ਪਿਛਲਾ ਦਏ ਚੁਕਾਈਆ । ਭਾਗ ਲਗਾ ਕੇ ਤਤ ਅੱਠੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਕਰੇ ਰੁਸ਼ਨਾਈਆ । ਨਾਮ ਭੰਡਾਰਾ ਅੰਮ੍ਰਿਤ ਦੇ ਕੇ ਰਸੇ, ਰਸਨਾ ਰਸ ਸਰਬ ਗਵਾਈਆ । ਦਰਸ਼ਨ ਦੇ ਕੇ ਇਕੋ ਅੱਖੇ, ਅਗਨੀ ਤਤ ਬੁਝਾਈਆ । ਸੰਤ ਸੁਹੇਲੇ ਸਾਚੇ ਆਪਣੇ ਦਵਾਰੇ ਸੱਦੇ, ਨਾਮ ਸੰਦੇਸ਼ਾ ਇਕ ਸੁਣਾਈਆ । ਜੋ ਹਰਿ ਸਰਨਾਈ ਲੱਗੇ, ਲਹਿਣਾ ਦੇਣਾ ਦਏ ਮੁਕਾਈਆ । ਜੀਵ ਰਹਿਣ ਨਾ ਦੇਵੇ ਬਗੜੇ ਬੱਧੇ, ਕਾਗ ਹੰਸ ਵਖਾਈਆ । ਗੁਰਮੁਖ ਗੁਰ ਗੁਰ ਕਰ ਕੇ ਪੱਕੇ, ਸਤਿਗੁਰ ਸ਼ਬਦ ਦਏ ਸਰਨਾਈਆ । ਲੂੰ ਲੂੰ ਅੰਤਰ ਆਪੇ ਰਚੇ, ਰਚਨਾ ਪ੍ਰਭ ਦੀ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਲਹਿਣਾ ਮੁਕਾ ਕੇ ਮੰਦਰ ਮਸਜਿਦ ਸ਼ਿਵਦਵਾਲੇ ਮੱਠੇ, ਗ੍ਰਿਹਿ ਮੰਦਰ ਇਕ ਸੁਹਾਈਆ । ਹੁਕਮੇ ਅੰਦਰ ਸਭ ਨੂੰ ਰੱਖੇ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਮੱਘਰ ਕਹੇ ਮੈਂ ਚੜ੍ਹਦਾ ਆਇਆ ਜਗ, ਜੁਗ ਜੁਗ ਸੇਵ ਕਮਾਈਆ ।


੬੩੮
੨੦

ਜਿਹੜੀ ਖ਼ੁਸ਼ੀ ਹੋਈ ਅੱਜ, ਆਜਜ਼ ਹੋ ਕੇ ਦਿਆਂ ਸੁਣਾਈਆ । ਸ਼ਬਦੀ ਸਤਿਗੁਰ ਬਣਿਆ ਜੱਜ, ਜਹਾਲਤ ਵੇਖੇ ਜਗਤ ਲੋਕਾਈਆ । ਕਿਸੇ ਦਾ ਪੜਦਾ ਸਕੇ ਕੋਈ ਨਾ ਕੱਜ, ਗੁਰ ਅਵਤਾਰ ਪੈਗ਼ੰਬਰ ਨਾ ਕੋਇ ਸਹਾਈਆ । ਚਾਰ ਕੁੰਟ ਦ੍ਰਿਸ਼ਟੀ ਰਹੀ ਨੱਚ, ਸ੍ਰਿਸ਼ਟੀ ਪਈ ਦੁਹਾਈਆ । ਚੁਰਾਸੀ ਸਕੇ ਕੋਇ ਨਾ ਬਚ, ਬਚਨ ਪੂਰ ਨਾ ਕੋਇ ਕਰਾਈਆ । ਜੋ ਹਰਿ ਕਾ ਨਾਮ ਰਹੇ ਵਚ, ਅੰਤਰ ਅੰਤਰ ਖੋਜ ਖੁਜਾਈਆ । ਉਹਨਾਂ ਦਾ ਲਹਿਣਾ ਦੇਵੇ ਸਚ, ਸਚ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਤੇਰਾ ਮੱਘਰ ਚਾ ਨਿਰਾਲਾ, ਨਿਰਾਲਾ ਦਿਆਂ ਵਖਾਈਆ । ਸਭ ਦੇ ਅੰਦਰ ਅੱਜ ਤੋਂ ਪੈ ਜਾਏ ਪਾਲਾ, ਭੈ ਵਿਚ ਭੈ ਪਰਗਟਾਈਆ । ਚਿੱਟੇ ਉਪਰ ਲੇਖ ਹੋਵੇ ਕਾਲਾ, ਕਲਜੁਗ ਕਾਲੀ ਰੈਣ ਨਾਲ ਮਿਲਾਈਆ । ਸਭ ਦਾ ਕੱਢ ਦਏ ਦੀਵਾਲਾ, ਦਾਅਵੇਦਾਰ ਨਾ ਕੋਇ ਅਖਵਾਈਆ । ਸਤਿਗੁਰ ਸ਼ਬਦ ਵੇਖਣ ਆਇਆ ਵਕਤ ਹਾਲਾ, ਮਾਜ਼ੀ ਪਿਛਲਾ ਖੋਜ ਖੁਜਾਈਆ । ਦੀਨ ਦੁਨੀ ਦੀ ਬਦਲੇ ਚਾਲਾ, ਚਾਲ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਮੱਘਰ ਕਹੇ ਮੈਂ ਹੁੰਦਾ ਜਾਵਾਂ ਚੁੱਪ, ਕਹਿਣ ਕੁਛ ਨਾ ਪਾਈਆ । ਸਤਿਗੁਰ ਸ਼ਬਦ ਕਹੇ ਮੈਂ ਲੁਕਿਆ ਰਿਹਾ ਛੁਪ, ਜੁਗ ਚੌਕੜੀ ਨਜ਼ਰ ਕਿਸੇ ਨਾ ਆਈਆ । ਅੰਤ ਵੇਖ ਅੰਧੇਰਾ ਘੁੱਪ, ਪੁਰਖ ਅਕਾਲ ਦਿਤੀ ਵਡਿਆਈਆ । ਮੈਂ ਬਦਲ ਕੇ ਪਿਛਲਾ ਰੁਖ਼, ਰਸਤਾ ਆਪਣਾ ਲਿਆ ਅਪਨਾਈਆ । ਹੁਕਮ ਦੇਵਾਂ ਮਾਨਸ ਮਨੁੱਖ, ਪੰਜ ਤਤ ਸਮਝਾਈਆ । ਜੀਵੇ ਜੰਤੇ ਸਾਧੋ ਸੰਤੋ ਬਿਨਾ ਪ੍ਰਭ ਦੇ ਸਭ ਨੂੰ ਮਿਲਣਾ ਦੁੱਖ, ਦੁਖੀਆਂ ਦੁੱਖ ਨਾ ਕੋਇ ਵੰਡਾਈਆ । ਸਤਿਗੁਰ ਸ਼ਬਦ ਜੰਮਿਆ ਕਦੇ ਕਿਸੇ ਨਾ ਕੁੱਖ, ਮਾਤਾ ਗਰਭ ਨਾ ਡੇਰਾ ਲਾਈਆ । ਨਾ ਉਹ ਮਾਨਸ ਨਾ ਮਨੁੱਖ, ਤਤ ਵਜੂਦ ਨਾ ਕੋਇ ਹੰਢਾਈਆ । ਸਭਦੇ ਅੰਦਰ ਰਹੇ ਲੁਕ, ਘਟ ਡੇਰਾ ਆਪਣਾ ਲਾਈਆ । ਜੁਗ ਜੁਗ ਆਪਣਾ ਪੜਦਾ ਚੁੱਕ, ਕਰੇ ਸਚ ਰੁਸ਼ਨਾਈਆ । ਜਨ ਭਗਤਾਂ ਮੇਟ ਕੇ ਤ੍ਰਿਸ਼ਨਾ ਭੁੱਖ, ਮਮਤਾ ਮੋਹ ਗਵਾਈਆ । ਸੰਤ ਸੁਹੇਲੇ ਗੋਦੀ ਚੁੱਕ, ਦਰਗਾਹ ਸਾਚੀ ਧਾਮ ਟਿਕਾਈਆ । ਗੁਰਮੁਖ ਗੁਰਸਿਖ ਕਰ ਕੇ ਖ਼ੁਸ਼, ਖ਼ੁਸ਼ੀਆਂ ਢੋਲਾ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਇਕ ਵਸਾਈਆ । ਮੱਘਰ ਕਹੇ ਮੇਰੀ ਆਸਾ ਮਨਸਾ ਪੁੰਨੀ, ਪੁਨਹ ਪੁਨਹ ਸੀਸ ਨਿਵਾਈਆ । ਕਿਰਪਾ ਕਰ ਵਡ ਗੁਣ ਗੁਣੀ, ਗਹਿਰ ਗੰਭੀਰ ਤੇਰੀ ਸਰਨਾਈਆ । ਤੇਰੇ ਨਾਮ ਦੀ ਇਕੋ ਉਪਜੇ ਧੁਨੀ, ਧੁਨ ਆਤਮਕ ਰਾਗ ਅਲਾਈਆ । ਝਗੜਾ ਰਹੇ ਨਾ ਰਿਖੀ ਮੁਨੀ, ਮਾਨਵ ਮਾਨਵ ਦੇ ਸਮਝਾਈਆ । ਮੁਖ ਘੁੰਗਟ ਕਾਲੀ ਲਾਹ ਦੇ ਚੁੰਨੀ, ਚਾਰ ਕੁੰਟ ਰੁਸ਼ਨਾਈਆ । ਲੇਖਾ ਯਾਦ ਕਰ ਲੈ ਸੰਮਤ ਉਨੀ, ਕੱਤਕ ਕੂਕ ਕੂਕ ਸੁਣਾਈਆ । ਹੁਣ ਸਾਂਭ ਲੈ ਆਪਣੀ ਦੁਨੀ, ਦੀਨ ਤੇਰੀ ਸਰਨਾਈਆ । ਸਭ ਦੀ ਖ਼ਾਲੀ ਦਿਸੇ ਕੁੰਨੀ, ਸਚ ਵਸਤ ਨਾ ਕੋਇ ਵਰਤਾਈਆ । ਆਬੇਹਯਾਤ ਲੱਗੇ ਕਿਸੇ ਨਾ ਬੁੱਲੀਂ, ਬੁਲਬੁਲਾ ਦਿਸੇ ਜਗਤ ਲੋਕਾਈਆ । ਤੇਰੀ ਸ੍ਰਿਸ਼ਟੀ ਤੈਨੂੰ ਭੁੱਲੀ, ਅਭੁੱਲ ਸਮਝ ਕੋਇ ਨਾ ਆਈਆ । ਕਲਜੁਗ ਅੰਤ ਤੇਰੇ ਸੰਤ ਜਗਤ ਵਾਸਨਾ ਖਾਂਦੇ ਗੁੱਲੀ, ਗੋਲਕ ਹੱਥ ਕਿਸੇ ਨਾ ਆਈਆ । ਭਾਗ ਲੱਗਾ ਨਾ ਕਾਇਆ ਕੁੱਲੀ, ਤਨ ਵਜੂਦ ਨਾ ਕੋਇ ਵਡਿਆਈਆ । ਅੰਮ੍ਰਿਤ ਕਰ ਕਰ ਦੂਜਿਆਂ ਨੂੰ ਦੇਂਦੇ ਚੁਲੀ, ਆਪਣੇ ਚੁਲ੍ਹੇ ਅੱਗ ਨਾ ਕੋਇ ਬੁਝਾਈਆ । ਚਾਰ ਜੁਗ ਤੇਰੀ ਛੁੱਟੀ ਵੇਖੀ ਖੁਲ੍ਹੀ, ਦੀਨਾਂ ਮਜ਼੍ਹਬਾਂ ਹਿੱਸਿਆਂ ਵਿਚ ਵੰਡਾਈਆ । ਕਲਜੁਗ ਅੰਤ ਤੇਰੀ ਫੁਲਵਾੜੀ

ਹੁੱਲੀ, ਪੱਤ ਟਹਿਣੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਮੱਘਰ ਕਹੇ ਕੁਛ ਤੇਰੀ ਮਦਦ, ਮੁੱਦਤ ਤੋਂ ਮੰਗ ਮੰਗਾਈਆ । ਕਲਜੁਗ ਵੇਖ ਜਗਤ ਤਸ਼ੱਦਦ, ਤਸਬੀ ਮਾਲਾ ਦਏ ਦੁਹਾਈਆ । ਸ੍ਰਿਸ਼ਟੀ ਵੰਡੀ ਵਿਚ ਅਦਦ, ਅਦਲ ਇਨਸਾਫ਼ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮੱਘਰ ਕਹੇ ਕੀ ਸ਼ਬਦ ਸੁਣਿਆ ਸੰਦੇਸਾ ਦਏ ਹਲਕਾਰਾ, ਹਲਕਿਆਂ ਵਾਲੇ ਗੁਰ ਅਵਤਾਰ ਪੈਗ਼ੰਬਰਾਂ ਰਿਹਾ ਸੁਣਾਈਆ । ਉਠੋ ਵੇਖੋ ਤੱਕੋ ਪਰਮ ਪੁਰਖ ਦਾ ਇਕ ਨਜ਼ਾਰਾ, ਨਜ਼ਰੀਆ ਸਭ ਦਾ ਰਿਹਾ ਬਦਲਾਈਆ । ਜਾਗਰਤ ਜੋਤ ਬਿਨ ਵਰਨ ਗੋਤ ਰਿਹਾ ਉਜਿਆਰਾ, ਚਾਰ ਕੁੰਟ ਦਹਿ ਦਿਸ਼ਾ ਕਰੇ ਰੁਸ਼ਨਾਈਆ । ਨਵ ਨੌ ਚਾਰ ਖੋਲ੍ਹ ਕੇ ਇਕ ਦਵਾਰਾ, ਦਾਇਰਾ ਦੀਨ ਦੁਨੀ ਮਿਟਾਈਆ । ਆਤਮ ਪਰਮਾਤਮ ਕਰ ਪਿਆਰਾ, ਪ੍ਰੀਤੀ ਪਰਮ ਪੁਰਖ ਬਣਾਈਆ । ਸਤਿ ਸਚ ਬੋਲ ਜੈਕਾਰਾ, ਜੈ ਜੈਕਾਰ ਰਿਹਾ ਸੁਣਾਈਆ । ਨਾਮ ਸੰਦੇਸ਼ਾ ਦੇ ਕੇ ਵਾਰੋ ਵਾਰਾ, ਵਿਰਸਾ ਸਭ ਦਾ ਵੇਖ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਚਾ ਨੂਰ ਕਰ ਉਜਿਆਰਾ, ਅੰਧ ਅੰਧਿਆਰਾ ਰਿਹਾ ਮਿਟਾਈਆ । ਜਗਤ ਜਗਿਆਸੂਆਂ ਵਖਾਵੇ ਇਕ ਕਿਨਾਰਾ, ਨਈਆ ਨੌਕਾ ਨਾਮ ਪਰਗਟਾਈਆ । ਸਤਿਜੁਗ ਸਚ ਕਰੇ ਪਸਾਰਾ, ਸਤਿ ਸਤਿ ਵਿਚ ਸਮਾਈਆ । ਛੱਬੀ ਪੋਹ ਖੇਲ ਹੋਏ ਨਿਆਰਾ, ਨਿਰਾਕਾਰ ਆਪ ਕਰਾਈਆ । ਜਿਸ ਨੂੰ ਕਹਿੰਦੇ ਇਕ ਇਕ ਦੋ ਏਕੇ ਮਿਲ ਕੇ ਹੋਣ ਗਿਆਰਾਂ, ਗਿਆਰਵਾਂ ਗੁਰੂ ਨਾ ਕੋਇ ਬਣਾਈਆ । ਇਕ ਇਕ ਦਾ ਗੁਰੂ ਸਤਿਗੁਰੂ ਸ਼ਬਦ ਬਹਾਰਾਂ, ਜਿਸ ਦੀ ਬਹਾਰ ਖ਼ਿਜ਼ਾਂ ਵਿਚ ਕਦੇ ਨਾ ਆਈਆ । ਓਸ ਦੀ ਭਗਤ ਫੁਲਵਾੜੀ ਖਿੜੀ ਰਹੇ ਗੁਲਜ਼ਾਰਾ, ਗੁਲਸ਼ਨ ਆਪਣਾ ਇਕ ਮਹਿਕਾਈਆ । ਪਹਿਲੀ ਵਾਰ ਬੋਲ ਕੇ ਇਕ ਜੈਕਾਰਾ, ਨੌ ਖੰਡ ਦਏ ਸੁਣਾਈਆ । ਦੂਜੀ ਵਾਰ ਬਦਲ ਕੇ ਧਾਰਾ, ਧਰਨੀ ਧਰਤ ਧਵਲ ਦਏ ਹਿਲਾਈਆ । ਤੀਜੀ ਵਾਰ ਨੂੰ ਦੀਨ ਦੁਨੀ ਦ੍ਰਿਸ਼ਟੀ ਅੰਦਰ ਸ੍ਰਿਸ਼ਟੀ ਕਰੇ ਨਿਮਸਕਾਰਾ, ਇਹੋ ਬੇਪਰਵਾਹੀਆ । ਫਿਰ ਸਭ ਨੇ ਲੱਭਣਾ ਸਭ ਨੇ ਖੋਜਣਾ ਕਿੱਥੇ ਵਸੇ ਨਿਰੰਕਾਰਾ, ਨਿਰਾਕਾਰ ਆਪਣਾ ਨੂਰ ਕਰ ਰੁਸ਼ਨਾਈਆ । ਪਰਗਟ ਹੋਣਾ ਭਗਤਾਂ ਦਾ ਭਗਤ ਦਵਾਰਾ, ਜਿਸ ਭਗਤੀ ਪਿਛੇ ਜੁਗ ਚੌਕੜੀ ਸਾਰੇ ਸੇਵ ਕਮਾਈਆ । ਗੁਰਮੁਖੋ ਤੱਤਾਂ ਵਾਲਾ ਨਹੀਂ ਕੋਈ ਚਵੀਆਂ ਅਵਤਾਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਰਬ ਪਸਾਰਾ, ਏਥੇ ਓਥੇ ਦੋ ਜਹਾਨਾਂ ਸ੍ਰੀ ਭਗਵਾਨਾ ਏਕਾ ਰੰਗ ਸਮਾਈਆ । ਇਹ ਸਮਾਗਮ ਨਹੀਂ ਸਮੇਂ ਦਾ ਵਿਹਾਰਾ, ਸਮਾਪਤ ਸਭ ਨੂੰ ਦਏ ਕਰਾਈਆ । ਝਲਕ ਵਿਚ ਪਲਕ ਵਿਚ ਖ਼ਲਕ ਵਿਚ ਫ਼ਲਕ ਵਿਚ ਇਕੋ ਨੂਰ ਹੋਏ ਚਮਤਕਾਰਾ, ਅੰਧ ਅੰਧੇਰਾ ਦਏ ਮਿਟਾਈਆ । ਇਹ ਸ਼ਬਦ ਦਾ ਇਸ਼ਾਰਾ ਜਗਤ ਦਾ ਕਿਨਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਜਿਸ ਨੂੰ ਸਮਝੇ ਨਾ ਕੋਈ ਜੀਵ ਸੰਸਾਰਾ, ਜਗਤ ਬੁੱਧੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੌਲੀ ਹੌਲੀ ਕਰਦਾ ਜਾਏ ਵਿਹਾਰਾ, ਬਿਵਹਾਰ ਵਿਚ ਤਿਵਹਾਰ ਭਗਤਾਂ ਰਿਹਾ ਬਣਾਈਆ ।

★ ੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸਤਿਗੁਰ ਸ਼ਬਦ ਦਾਸੀ ਦਾਸਾ, ਬਿਨ ਦਸਤ ਸੇਵ ਕਮਾਈਆ । ਆਦਿ ਜੁਗਾਦਿ ਸਦਾ ਅਬਿਨਾਸ਼ਾ, ਅਬਿਨਾਸ਼ੀ ਰੂਪ ਬਦਲਾਈਆ । ਨਿਰਗੁਣ ਹੋ ਕੇ ਪਾਵੇ ਰਾਸਾਂ, ਸਰਗੁਣ ਗੋਪੀ ਕਾਹਨ ਪਰਗਟਾਈਆ । ਦੋ ਜਹਾਨਾਂ ਮੰਜ਼ਲ ਵੇਖੇ ਵਾਟਾਂ, ਰਹਿਬਰ ਹੋ ਕੇ ਖੋਜ ਖੁਜਾਈਆ । ਜੁਗ ਚੌਕੜੀ ਦੇਵੇ ਦਾਤਾਂ, ਮਿਹਰ ਨਜ਼ਰ ਉਠਾਈਆ । ਸਦ ਵਸੇ ਇਕ ਇਕਾਂਤਾ, ਅਕਲ ਕਲ ਆਪਣੀ ਕਲ ਜਣਾਈਆ । ਜਨ ਭਗਤਾਂ ਪੁਛੇ ਵਾਤਾਂ, ਜੁਗ ਜੁਗ ਹੋ ਸਹਾਈਆ । ਸਚ ਪ੍ਰੀਤੀ ਜੋੜ ਕੇ ਨਾਤਾ, ਨਰ ਨਰਾਇਣ ਦਏ ਮਿਲਾਈਆ । ਆਤਮ ਪਰਮਾਤਮ ਪੜ੍ਹਾ ਕੇ ਗਾਥਾ, ਪੜਦਾ ਅੰਦਰੋਂ ਦਏ ਚੁਕਾਈਆ । ਏਥੇ ਓਥੇ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਸਚ ਪ੍ਰੀਤੀ ਬਖ਼ਸ਼ੇ ਧੂੜੀ ਮਾਥਾ, ਮਸਤਕ ਟਿੱਕਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਇਕ ਰਖਾਈਆ । ਸੰਗੀ ਸਾਥੀ ਹਰਿ ਸਤਿ ਸਵਾਮੀ, ਸਤਿਗੁਰੂ ਗੁਰਦੇਵ ਇਕ ਅਖਵਾਈਆ । ਜਨ ਭਗਤਾਂ ਕਰੇ ਸਦਾ ਮਿਹਰਵਾਨੀ, ਮਹਿਬੂਬ ਧੁਰਦਰਗਾਹੀਆ । ਧਰਮ ਦਵਾਰ ਦੇ ਨਿਸ਼ਾਨੀ, ਨਿਸ਼ਾਨੇ ਕੂੜੇ ਦਏ ਮਿਟਾਈਆ । ਸਾਚਾ ਮਾਰਗ ਦੱਸ ਆਸਾਨੀ, ਅਸਲ ਆਪਣਾ ਰਾਹ ਵਖਾਈਆ । ਜੁਗ ਜੁਗ ਜਗਤ ਰੀਤੀ ਮੇਟੇ ਪੁਰਾਣੀ, ਸਦਾ ਸਦ ਆਪਣਾ ਹੁਕਮ ਵਰਤਾਈਆ । ਜਿਸ ਦਾ ਹੁਕਮ ਸਿਫ਼ਤਾਂ ਵਾਲੀ ਬਾਣੀ, ਅੱਖਰਾਂ ਵਿਚ ਲਿਖਾਈਆ । ਸੋ ਸਾਹਿਬ ਸਚ ਸੁਲਤਾਨੀ, ਸੁੱਤਿਆਂ ਅੱਖ ਖੁਲ੍ਹਾਈਆ । ਮੰਜ਼ਲ ਬਖ਼ਸ਼ ਇਕ ਰੂਹਾਨੀ, ਰੂਹ ਬੁਤ ਦਾ ਪੈਂਡਾ ਦਏ ਮੁਕਾਈਆ । ਜਲਵਾ ਦੇ ਜਲਵਾਗਰ ਅਸਮਾਨੀ, ਇਸਮ ਆਪਣਾ ਇਕ ਵਖਾਈਆ । ਆਤਮ ਰਹੇ ਨਾ ਕੋਇ ਬੇਗਾਨੀ, ਬਗ਼ਲਗੀਰ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੰਜ਼ਲ ਦੱਸ ਆਸਾਨੀ, ਰਾਹ ਇਕੋ ਇਕ ਵਖਾਈਆ । ਮੰਜ਼ਲ ਮਿਲੇ ਇਕ, ਏਕੰਕਾਰ ਦਏ ਵਡਿਆਈਆ । ਸਾਚਾ ਲੇਖਾ ਦੇਵੇ ਲਿਖ, ਲੇਖ ਲਿਖਤ ਲਿਖੀ ਤਕਦੀਰ ਬਦਲਾਈਆ । ਪ੍ਰੇਮ ਪਿਆਰਾ ਗੁਰਮੁਖ ਸਿੱਖ, ਗੁਰ ਗੋਦੀ ਗੋਦ ਉਠਾਈਆ । ਧੁਰ ਦਾ ਬਣ ਕੇ ਅਗੰਮਾ ਪਿਤ, ਪਤਿਪਰਮੇਸ਼ਵਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਸ਼ਬਦੀ ਧਾਰ ਸਤਿਗੁਰ ਮਿਤ, ਏਕੰਕਾਰ ਰੰਗ ਰੰਗਾਈਆ ।



੯੪੧
੨੦

★ ੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਰਸੀਲਾ ਰਾਮ ਸੈਦਪੁਰ ਵਾਲੇ ਨਾਲ ਹਰਿ ਭਗਤ ਦਵਾਰ ਜੇਠੂਵਾਲ ★

ਸ਼ਬਦ ਨਿਰਾਲਾ ਅਗੰਮੀ ਤੀਰ, ਤੁਰੀਆ ਤੋਂ ਪਰੇ ਪੜਦਾ ਰਹੇ ਨਾ ਰਾਈਆ । ਜਿਥੇ ਮੰਜ਼ਲ ਹਕ ਅਖ਼ੀਰ, ਲਾਸ਼ਰੀਕ ਜਲਵਾ ਨੂਰ ਕਰੇ ਰੁਸ਼ਨਾਈਆ । ਸਜਦੇ ਕਰਦੇ ਅਵਤਾਰ ਪੈਗ਼ੰਬਰ ਗੁਰ ਪੀਰ, ਨਿਰਗੁਣ ਨਿਰਗੁਣ ਸੀਸ ਨਿਵਾਈਆ । ਝਗੜਾ ਰਹੇ ਨਾ ਸ਼ਾਹ ਹਕੀਰ, ਤਨ ਵਜੂਦ ਵੰਡ ਨਾ ਕੋਇ ਵੰਡਾਈਆ । ਖੇਲੇ ਖੇਲ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਚੇ ਸੰਤਾਂ ਕਰੇ ਮਿਹਰ, ਮਿਹਰਵਾਨ ਮਹਿਬੂਬ ਆਪਣਾ ਮੇਲ ਮਿਲਾਈਆ । ਜਿਸ ਮੰਜ਼ਲ ਤੇ ਹੋਕਾ ਚੜ੍ਹ ਦੇਵੇ ਕਬੀਰ, ਕਾਇਆ ਕਬਰ ਡੇਰਾ

ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਇਕੋ ਇਕ ਸੁਹਾਈਆ । ਸਤਿਗੁਰ ਸ਼ਬਦ ਅਗੰਮਾ ਦੇਵੇ ਰਸ, ਰਸਨਾ ਰਸ ਕਹਿਣ ਕਿਛ ਨਾ ਪਾਈਆ । ਆਤਮ ਪਰਮਾਤਮ ਹੋਵੇ ਵਸ, ਮਨ ਕਾ ਭੌ ਰਹੇ ਨਾ ਰਾਈਆ । ਨਿਰਗੁਣ ਨੂਰ ਜੋਤ ਹੋਵੇ ਪਰਕਾਸ਼, ਸੂਰੀਆ ਚੰਦ ਬੈਠਣ ਮੁਖ ਛੁਪਾਈਆ । ਝਗੜਾ ਚੁੱਕੇ ਪ੍ਰਿਥਮੀ ਆਕਾਸ਼, ਬ੍ਰਹਿਮੰਡ ਖੰਡ ਪੜਦਾ ਦਏ ਉਠਾਈਆ । ਸੁਰਤ ਸ਼ਬਦ ਸ਼ਬਦ ਸੁਰਤ ਏਕਾ ਗ੍ਰਹਿ ਏਕਾ ਘਰ ਏਕਾ ਮੰਦਰ ਕਰ ਨਿਵਾਸ, ਅਸਥਾਨ ਇਕੋ ਇਕ ਸੁਹਾਈਆ । ਸਤਿ ਸਵਾਮੀ ਅੰਤਰਜਾਮੀ ਏਕਾ ਦੇਵਣਹਾਰਾ ਸਤਿ ਭਰਵਾਸ, ਧੁਰ ਦੀ ਧਾਰ ਇਕ ਬੰਧਾਈਆ । ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਖੇਲੇ ਖੇਲ ਆਪ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਸਾਂਝਾ ਯਾਰ ਆਪਣਾ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਵੇਖਣਹਾਰਾ ਸੰਤ ਹਿਰਦਾ, ਕਾਇਆ ਮਾਟੀ ਸਾਢੇ ਤਿੰਨ ਹੱਥ ਫੋਲ ਫੁਲਾਈਆ । ਜਿਥੇ ਬਿਨ ਪਾਣੀ ਸਰੋਵਰ ਨਿਰਮਲ ਝਿਰਨਾ ਝਿਰਨਾ, ਬੂੰਦ ਸਵਾਂਤੀ ਕਮਲਾਪਾਤੀ ਆਪ ਟਪਕਾਈਆ । ਨਿਰਾਕਾਰ ਨਿਰਾਧਾਰ ਨਿਰਵੈਰ ਆਪਣੀ ਕੂਟੇ ਦਿਸ਼ਾ ਅਗੰਮੀ ਫਿਰਦਾ, ਉੱਤਰ ਪੂਰਬ ਪੱਛਮ ਦੱਖਣ ਸਮਝ ਕੋਇ ਨਾ ਆਈਆ । ਲਹਿਣਾ ਦੇਣਾ ਦੇਵੇ ਅਗੰਮ ਅਥਾਹ ਆਪਣੀ ਮਿਹਰ ਦਾ, ਮਿਹਰਵਾਨ ਮਹਿਬੂਬ ਆਪਣੇ ਰੰਗ ਰੰਗਾਈਆ । ਜੋ ਸਾਜਣ ਮੀਤ ਮੁਰਾਰਾ ਵਿਛੜਿਆ ਚਿਰ ਦਾ, ਚੇਤਨ ਹੋ ਕੇ ਚੇਤਨ ਸੁਰਤੀ ਅਕਾਲ ਮੂਰਤੀ ਨਾਦ ਤੂਰਤੀ ਤੁਰਤ ਆਪਣਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਮੰਦਰ ਅੰਤਰ ਨਿਰੰਤਰ ਏਕਾ ਵੇਖ ਵਖਾਈਆ । ਸ਼ਬਦ ਅਗੰਮੀ ਬਾਣੀ ਤੀਰ, ਤੀਰ ਨਿਰਾਲਾ ਸਤਿਗੁਰ ਆਪ ਚਲਾਈਆ । ਜਗਤ ਵਾਸਨਾ ਮਨ ਕਲਪਣਾ ਬਜਰ ਕਪਾਟੀ ਦੇਵੇ ਚੀਰ, ਚਾਤ੍ਰਿਕ ਬੂੰਦ ਸਵਾਂਤੀ ਇਕ ਪਿਆਈਆ । ਝਗੜਾ ਮੁਕਾ ਕੇ ਸ਼ਾਹ ਹਕੀਰ, ਸਚ ਤਾਮੀਰ ਆਪਣਾ ਨਾਮ ਕਰਾਈਆ । ਬਦਲੀ ਕਰੇ ਬਦਲਣਹਾਰਾ ਹੁਕਮੇ ਅੰਤਰ ਹੁਕਮ ਤਕਦੀਰ, ਤਦਬੀਰ ਇਕੋ ਇਕ ਸੁਣਾਈਆ । ਸ਼ਰਅ ਰਹੇ ਨਾ ਕੋਇ ਜ਼ੰਜੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਭੀਤਰ ਕਾਇਆ ਮੰਦਰ ਅੰਦਰ ਗ੍ਰਹਿ ਆਪਣਾ ਪੜਦਾ ਦਏ ਉਠਾਈਆ । ਬਾਣੀ ਨਿਰਾਲਾ ਤੀਰ ਜਿਸ ਨੂੰ ਗਿਆ ਵੱਜ, ਜਗਤ ਵਾਸਨਾ ਰਹੇ ਨਾ ਰਾਈਆ । ਬਿਨ ਮੱਕੇ ਕਾਅਬਿਉਂ ਹੋਵੇ ਹੱਜ, ਹੁਜਰਾ ਹਕ ਦਏ ਵਖਾਈਆ । ਜਿਥੇ ਵੱਜੇ ਅਗੰਮੀ ਨਦ, ਧੁਨ ਆਤਮਕ ਰਾਗ ਸ਼ਨਵਾਈਆ । ਦੀਆ ਬਾਤੀ ਇਕੋ ਰਿਹਾ ਜਗ, ਦੂਜੀ ਅਵਰ ਨਾ ਕੋਇ ਰੁਸ਼ਨਾਈਆ । ਸਚ ਸਵਾਮੀ ਰਿਹਾ ਸਜ, ਸਚ ਦਵਾਰੇ ਸੋਭਾ ਪਾਈਆ । ਝਗੜਾ ਕਰੇ ਨਾ ਕੋਈ ਰਾਗ ਰਾਗਨੀ ਵੰਡ ਨਾ ਕੋਇ ਵੰਡਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਮਿਟੇ ਹੱਦ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨੂਰ ਕਰੇ ਰੁਸ਼ਨਾਈਆ । ਸੋ ਦਵਾਰਾ ਏਕੰਕਾਰਾ ਨਾਨਕ ਨਿਰਗੁਣ ਧਾਰਾ ਲਿਆ ਲੱਭ, ਸਚ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਘਰ ਇਕੋ ਇਕ ਸੁਹਾਈਆ । ਬਾਣੀ ਨਾਮ ਤੀਰ ਅਨੋਖਾ, ਬਿਨ ਸਤਿਗੁਰ ਤਨ ਵਜੂਦ ਨਾ ਕੋਇ ਲਗਾਇੰਦਾ । ਜਿਸ ਦੇ ਲੱਗਿਆਂ ਹੋਏ ਕੋਇ ਨਾ ਧੋਖਾ, ਮਨ ਮਤ ਬੁਧ ਜਗਤ ਵਾਸਨਾ ਡੇਰਾ ਢਾਹਿੰਦਾ । ਸਾਚਾ ਰਾਹ ਇਕੋ ਦੱਸੇ ਸੌਖਾ, ਬਿਨ ਪੌੜੀ ਡੰਡੇ ਆਪ ਚੜ੍ਹਾਇੰਦਾ । ਇਕੋ ਇਕ ਪੜ੍ਹਾ ਕੇ ਪੋਥਾ, ਬਿਨ ਅੱਖਰਾਂ ਨਿਰਅੱਖਰ

ਧਾਰ ਆਪ ਦ੍ਰਿੜਾਇੰਦਾ । ਝਗੜਾ ਮੁਕਾ ਕੇ ਲੋਕ ਪਰਲੋਕਾ, ਸਚ ਸਲੋਕਾ ਇਕੋ ਇਕ ਸੁਣਾਇੰਦਾ । ਘਰ ਵਖਾਵੇ ਪੜਦਾ ਲਾਹਵੇ ਜਿਥੇ ਜਗੇ ਨਿਰਮਲ ਜੋਤਾ, ਜੋਤੀ ਨੂਰ ਇਕੋ ਇਕ ਡਗਮਗਾਇੰਦਾ । ਸਚ ਦਵਾਰ ਸਚਖੰਡ ਸੁਹਾਏ ਅਗੰਮਾ ਕੋਠਾ, ਛੱਪਰ ਛੰਨ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹਿ ਮੰਦਰ ਏਕਾ ਰੰਗ ਰੰਗਾਇੰਦਾ । ਬਾਣੀ ਤੀਰ ਵੱਜੇ ਜਿਸ ਤਨ ਵਜੂਦ, ਮਾਇਆ ਮਮਤਾ ਮੋਹ ਮਿਟਾਈਆ । ਭਾਗ ਲਗਾਏ ਕਾਇਆ ਮਾਟੀ ਸਚ ਕਲਬੂਤ, ਕਲਮਾ ਇਕੋ ਇਕ ਪੜ੍ਹਾਈਆ । ਜਿਥੇ ਮਿਲੇ ਹਕ ਮਹਿਬੂਬ, ਸੋ ਮੰਜ਼ਲ ਦਏ ਵਖਾਈਆ । ਝਗੜਾ ਰਹੇ ਨਾ ਏਕਾ ਦੂਜ, ਦੂਆ ਏਕਾ ਇਕੋ ਵਿਚ ਸਮਾਈਆ । ਝਗੜਾ ਰਹੇ ਨਾ ਚਾਰੇ ਕੂਟ, ਚਾਰੇ ਖਾਣੀ ਚਾਰੇ ਬਾਣੀ ਚਾਰ ਵਰਨਾਂ ਚਾਰ ਕੁੰਟ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਜਿਸ ਘਰ ਏਕਾ ਨੂਰ ਹੋਵੇ ਰੁਸ਼ਨਾਈਆ । ਬਾਣੀ ਕਹੇ ਜਿਸ ਤੀਰ ਨਿਰਾਲਾ ਵੱਜਾ ਸੰਤ, ਸਤਿ ਸਤਿਵਾਦੀ ਦਇਆ ਕਮਾਈਆ । ਘਰ ਸਵਾਮੀ ਮਿਲ ਕੇ ਕੰਤ, ਸੁਹੰਜਣੀ ਸੇਜ ਇਕ ਸੁਹਾਈਆ । ਨਿਰਗੁਣ ਚਾੜ੍ਹ ਰੰਗ ਬਸੰਤ, ਫੁੱਲ ਫੁਲਵਾੜੀ ਅਗੰਮ ਮਹਿਕਾਈਆ । ਜਿਸ ਨੂੰ ਸਮਝੇ ਕੋਇ ਜੀਵ ਨਾ ਜੰਤ, ਲੱਖ ਚੁਰਾਸੀ ਦਏ ਦੁਹਾਈਆ । ਵਿਦਿਆ ਵਾਲਾ ਸਾਰ ਨਾ ਪਾਵੇ ਪੰਡਤ, ਬੁੱਧੀ ਤੋਂ ਪਰੇ ਪੜ੍ਹਾਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਬੇਅੰਤ, ਬੇਪਰਵਾਹ ਬੈਠਾ ਸੋਭਾ ਪਾਈਆ । ਜਿਸ ਦਾ ਲੇਖਾ ਜੁਗ ਚੌਕੜੀ ਆਦਿ ਅੰਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਲ ਵਰਤਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਜੋਤ ਪਰਕਾਸ਼ੀ ਸਰਬ ਬਣਾਏ ਬਣਤ, ਘੜਨ ਭੰਨਣਹਾਰ ਵੱਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਜਿਸ ਦਵਾਰੇ ਬਣੇ ਮੰਗਤ, ਦਰ ਦਰਵੇਸ਼ ਬੈਠੇ ਝੋਲੀਆਂ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਤੀਰ ਨਿਰਾਲਾ ਸ਼ਬਦੀ ਆਪਣੇ ਹੱਥ ਰਖਾਈਆ । ਸਤਿਗੁਰ ਤੀਰ ਨਿਰਾਲਾ ਤਿੱਖਾ, ਸ਼ਬਦੀ ਧਾਰ ਅਖਵਾਇੰਦਾ । ਜੋ ਫੱਟੜ ਕਰੇ ਗੁਰਮੁਖ ਵਿਰਲੇ ਸਿੱਖਾਂ, ਸਾਖਿਆਤ ਜਿਨ੍ਹਾਂ ਨਜ਼ਰੀ ਆਇੰਦਾ । ਝਗੜਾ ਰਹੇ ਨਾ ਵੱਡਾ ਨਿੱਕਾ ਆਤਮ ਇਕੋ ਰੰਗ ਵਖਾਇੰਦਾ । ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਪਿਤਾ, ਪਤਿਪਰਮੇਸ਼ਵਰ ਗੋਦ ਉਠਾਇੰਦਾ । ਜਗਤ ਬਾਣੀ ਗੁਰ ਅਵਤਾਰ ਪੈਗ਼ੰਬਰਾਂ ਦਾ ਸ਼ਬਦ ਸੰਦੇਸ਼ੇ ਵਾਲਾ ਚਿੱਠਾ, ਚਿੱਠੀ ਰਸਾਇਣਾਂ ਹੱਥ ਲੋਕਮਾਤ ਪੁਚਾਇੰਦਾ । ਇਸ ਤੋਂ ਪਰੇ ਜਿਸ ਨੇ ਅਗੰਮ ਦਵਾਰਾ ਡਿੱਠਾ, ਸੋ ਸੰਤ ਸਾਜਣ ਸਚ ਘਰ ਸੋਭਾ ਪਾਇੰਦਾ । ਜਗਤ ਵਾਸਨਾ ਵਾਲਾ ਦੀਨ ਮਜ਼੍ਹਬ ਨਹੀਂ ਕੋਈ ਹਿੱਸਾ, ਸ਼ਾਸਤਰ ਸਿਮਰਤ ਵੇਦ ਪੁਰਾਨ ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਵਿਚ ਨਾ ਕੋਇ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੀਰ ਨਿਰਾਲਾ ਇਕ ਸਮਝਾਇੰਦਾ । ਤੀਰ ਨਿਰਾਲਾ ਤਿੱਖਾ ਤੁਰੀਆ, ਤੁਰਤ ਸਵਾਮੀ ਆਪ ਜਣਾਈਆ । ਜਿਸ ਨੂੰ ਵੇਖੇ ਕੋਇ ਨਾ ਲੋਆਂ ਪੁਰੀਆਂ, ਬ੍ਰਹਿਮੰਡਾਂ ਖੰਡਾਂ ਵਿਚ ਨਜ਼ਰ ਕਿਸੇ ਨਾ ਆਈਆ । ਜਿਸ ਨੇ ਜੁਗ ਚੌਕੜੀ ਲੱਖ ਚੁਰਾਸੀ ਵਿਚੋਂ ਆਦਤਾਂ ਕੱਢੀਆਂ ਬੁਰੀਆਂ, ਸਤਿ ਸਚ ਸਚ ਦ੍ਰਿੜਾਈਆ । ਸੁਰਤ ਸਵਾਣੀਆਂ ਸੁਹਾਗਣ ਕੀਤੀਆਂ ਕੁੜੀਆਂ, ਹਰਿ ਕੰਤੀ ਸ਼ਬਦ ਸ਼ਬਦ ਮਿਲਾਈਆ । ਸੰਤ ਜਨਾਂ ਮਿਲ ਸਤਿ ਸੰਗ ਸਤਿ ਸਤਿ ਜੋੜੀਆਂ ਜੁੜੀਆਂ, ਅਜੋੜਾ ਰਹਿਣ ਕੋਇ ਨਾ ਪਾਈਆ । ਬਿਨ ਸਤਿਗੁਰ ਕਿਰਪਾ ਸਾਰੀਆਂ ਜਾਂਦੀਆਂ ਰੁੜ੍ਹੀਆਂ, ਬਣ ਮਲਾਹ ਬੇੜਾ ਪਾਰ ਨਾ ਕੋਇ ਕਰਾਈਆ । ਬਾਣੀ

ਕਹੇ ਤੀਰ ਨਿਰਾਲਾ ਤਿੱਖਾ ਨਾਲੋਂ ਘਾਇਲ ਕਰਨ ਵਾਲੀਆਂ ਛੁਰੀਆਂ, ਸ਼ਰਅ ਦਾ ਜ਼ੰਜੀਰ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਸਤਿ ਇਕੋ ਨਾਮ ਵਖਾਈਆ । ਸੰਤ ਜਨਾਂ ਕਿਹਾ ਮੁਖ ਵਿਚੋਂ ਠੀਕ, ਸਿਫ਼ਤ ਨਾਲ ਵਡਿਆਈਆ । ਜਿੰਨਾਂ ਚਿਰ ਨਾ ਕਰੋ ਤਸਦੀਕ, ਸ਼ਬਦ ਨਾਲ ਦਿਓ ਗਵਾਹੀਆ । ਕਿਸ ਬਿਧ ਸੁਰਤੀ ਕਰੇ ਪ੍ਰੀਤ, ਪ੍ਰੀਤਮ ਮਿਲ ਕੇ ਖ਼ੁਸ਼ੀ ਮਨਾਈਆ । ਧਾਮ ਵੇਖ ਘਰ ਅਨਡੀਠ, ਭੱਜੀ ਫਿਰੇ ਚਾਈਂ ਚਾਈਂਆ । ਸਵਾਮੀ ਦਿਸੇ ਇਕ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਜਿਥੇ ਨਾ ਕੋਈ ਮੰਦਰ ਨਾ ਮਸੀਤ, ਸ਼ਿਵਦਵਾਲਾ ਮੱਠ ਵੰਡ ਨਾ ਕੋਇ ਵੰਡਾਈਆ । ਜਿਸ ਦਵਾਰਿਉਂ ਗੁਰ ਅਵਤਾਰ ਪੈਗ਼ੰਬਰਾਂ ਨਾਮ ਹੋਵੇ ਬਖ਼ਸ਼ੀਸ਼, ਜਿਸ ਨਾਮ ਦੀ ਸਿਫ਼ਤ ਸਾਰੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਗ੍ਰਿਹਿ ਮੰਦਰ ਖੋਜ ਖੁਜਾਈਆ । ਠੀਕ ਕਹਿਣਾ ਹੋਵੇ ਪਵਿੱਤ, ਪਵਿਤ੍ਰ ਰਸਨਾ ਨਾਲ ਦਿਓ ਸਮਝਾਈਆ । ਕਿਸ ਬਿਧ ਮਿਲਿਆ ਸਤਿਗੁਰ ਪਿਤ, ਸ਼ਬਦੀ ਦਾਤਾ ਧੁਰਦਰਗਾਹੀਆ । ਜੋ ਝਗੜਾ ਮੇਟੇ ਨਿਤ, ਨਵਿਤ ਵੇਖ ਵਖਾਈਆ । ਕਾਇਆ ਮੰਦਰ ਅੰਦਰ ਵੜ ਕੇ ਸਾਚੇ ਪੌੜੇ ਚੜ੍ਹ ਕੇ ਕਰੇ ਹਿੱਤ, ਮੀਤ ਮੁਰਾਰਾ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਰ ਅੰਤਰ ਅੰਤਰ ਵੇਖ ਵਖਾਈਆ । ਠੀਕ ਕਹਿਣ ਦਾ ਆਵੇ ਰਸ, ਅਗਲਾ ਰਸਤਾ ਦਿਓ ਜਣਾਈਆ । ਜਿਸ ਨਾਲ ਮਨ ਹੋਵੇ ਵਸ, ਵਸਲ ਮਿਲੇ ਯਾਰ ਖ਼ੁਦਾਈਆ । ਬਿਨਾ ਅਭਿਆਸ ਤੋਂ ਖੁਲ੍ਹ ਜਾਵੇ ਅੱਖ, ਨਿਜ ਨੇਤਰ ਨੂਰ ਚਮਕਾਈਆ । ਬ੍ਰਹਿਮੰਡ ਖੰਡ ਖੇਲ ਦਿਸੇ ਸੱਚ, ਸਚ ਸਚ ਵੱਜੇ ਵਧਾਈਆ । ਸ਼ਬਦ ਉਪਜੇ ਅਗੰਮੀ ਨਦ, ਸਰਵਣ ਸੁਣਨ ਦੀ ਲੋੜ ਰਹੇ ਨਾ ਰਾਈਆ । ਈੜਾ ਪਿੰਗਲ ਸੁਖਮਨ ਟੇਢੀ ਬੰਕ ਰਹੇ ਕੋਈ ਨਾ ਹੱਦ, ਤ੍ਰਿਕੁਟੀ ਛੁੱਟੇ ਛੁੱਟੇ ਵਸਤ ਪਰਾਈਆ । ਇਕੋ ਦਵਾਰਾ ਜਿਥੇ ਸਾਹਿਬ ਸੁਲਤਾਨ ਸਤਿਗੁਰ ਸ਼ਬਦ ਬਿਨ ਤਨ ਵਜੂਦ ਰਿਹਾ ਸਜ, ਸਜਦਾ ਕਰਨ ਦੀ ਲੋੜ ਰਹੇ ਨਾ ਰਾਈਆ । ਓਸ ਦਾ ਭੇਵ ਖੋਲ੍ਹਣਾ ਅੱਜ, ਅੱਜ ਦਾ ਵੇਲਾ ਕੱਲ ਹੱਥ ਨਾ ਆਈਆ । ਚਲੋ ਅੰਦਰ ਵੜੀਏ ਮੰਦਰ ਚੜ੍ਹੀਏ ਦਰਸ਼ਨ ਕਰੀਏ ਓਸ ਦਾ ਰੱਜ, ਜਿਸ ਨੂੰ ਰਜੋ ਤਮੋ ਸਤੋ ਵੇਖ ਕੇ ਰੋਵਣ ਮਾਰਨ ਧਾਹੀਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੀ ਰਸਨਾ ਦਾ ਠੀਕ ਬੋਲਿਆ ਤੁਹਾਡੇ ਕੋਲੋਂ ਠੀਕ ਦਏ ਕਰਾਈਆ । ਰਸਨਾ ਜਿਹਵਾ ਕਹੇ ਬਹੁਤ ਸੋਹਣਾ, ਸੋਹਣੀ ਆਵਾਜ਼ ਸੁਣਾਈਆ । ਜਿਹੜਾ ਵੇਖਿਆ ਆਪਣੇ ਨਿਜ ਲੋਇਣਾ, ਓਸ ਦਾ ਪੜਦਾ ਦਿਓ ਉਠਾਈਆ । ਬਿਨ ਸਾਚੇ ਸੰਤਾਂ ਇਹ ਜਗਤ ਟੁੱਟਾ ਕਿਸੇ ਨਹੀਂ ਪਰੋਣਾ, ਸੁਰਤ ਸ਼ਬਦ ਨਾ ਕਿਸੇ ਜੁੜਾਈਆ । ਇਹ ਕੋਈ ਖੇਲ ਨਹੀਂ ਅਨਹੋਣਾ, ਗੁਰ ਅਵਤਾਰ ਪੈਗ਼ੰਬਰ ਏਸੇ ਦੀ ਦੇਂਦੇ ਗਏ ਸਫ਼ਾਈਆ । ਇਕ ਸ਼ਬਦ ਉਹ ਸੁਣਾਉਣਾ, ਜਿਸ ਨੂੰ ਸੁਣ ਕੇ ਸਰੋਤੇ ਕਾਇਆ ਮੰਦਰ ਅੰਦਰ ਖਾ ਕੇ ਗੋਤੇ ਘਰ ਆਪਣਾ ਵੇਖ ਵਖਾਈਆ । ਸੰਤ ਸਤਿਗੁਰ ਸ਼ਬਦ ਗੁਰੂ ਗੁਰਦੇਵ ਸਵਾਮੀ ਘਰ ਘਰ ਦਾ ਪਰਾਹੁਣਾ, ਕੋਈ ਘਟ ਖ਼ਾਲੀ ਨਜ਼ਰ ਕਦੇ ਨਾ ਆਈਆ । ਇਨ੍ਹਾਂ ਬੱਚਿਆਂ ਨੂੰ ਸ਼ਬਦ ਪ੍ਰੇਮ ਨਾਲ ਪਰਚਾਉਣਾ, ਪਰਚਾ ਜੀਵਣ ਦਾ ਦੇਣਾ ਵਖਾਈਆ । ਜਿਨ੍ਹਾਂ ਨੇ ਲੱਖ ਚੁਰਾਸੀ ਵਿਚ ਫੇਰ ਕਦੇ ਨਹੀਂ ਆਉਣਾ, ਲੱਖ ਚੁਰਾਸੀ ਪੈਂਡਾ ਜਾਣਾ ਮੁਕਾਈਆ । ਅਗੰਮੜੇ ਧਾਮ ਓਸ ਵਸਾਉਣਾ, ਜਿਥੇ ਵਸਦਿਆਂ ਸਕੇ ਨਾ ਕੋਇ ਉਠਾਈਆ । ਆਪ ਦਾ ਠੀਕ ਸ਼ਬਦ ਠਾਕਰ ਵਾਲੀ ਠੋਕਰ ਇਕ ਲਗਾਉਣਾ, ਨਾਨਕ ਨਿਰਗੁਣ ਸ਼ਬਦੀ ਧਾਰ ਸ਼ਬਦ ਨਾਲ ਗਿਆ ਦ੍ਰਿੜਾਈਆ । ਬਾਣੀ ਮਾਰੇ

੯੪੪
੨੦

ਨਿਰਾਲਾ ਤੀਰ ਵਿਛੜਿਆਂ ਤੁਰਤ ਮਿਲਾਉਣਾ, ਸੁਰਤੀ ਸੁਰਤ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਸੰਤਾਂ ਸਤਿ ਦਵਾਰਾ ਇਕੋ ਇਕ ਸੁਹਾਈਆ ।

★ ੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਗੁਰਮੀਤ ਸਿੰਘ ਦੇ ਗ੍ਰਹਿ ਪਿੰਡ ਹਰਦੋ ਫਰਾਲਾ ਜ਼ਿਲਾ ਜਲੰਧਰ ★

ਮੱਘਰ ਕਹੇ ਮੈਂ ਮਸਤੀ ਵਿਚ ਮਗਨ, ਮਗਰਲਾ ਲੇਖਾ ਦਿਤਾ ਮੁਕਾਈਆ । ਗੁਰਮੁਖ ਦੀਪਕ ਭਗਤ ਸੁਹੇਲੇ ਜਗਣ, ਜਾਗਰਤ ਜੋਤ ਖ਼ੁਸ਼ੀ ਬਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਲੱਗੇ ਅਗਨ, ਤਨ ਵਜੂਦ ਤਪਾਈਆ । ਜਨ ਭਗਤਾਂ ਸੀਤਲ ਧਾਰਾ ਬਦਨ, ਬੰਦਗੀ ਅੰਦਰੋਂ ਕਰੇ ਸਫ਼ਾਈਆ । ਸਚ ਦਵਾਰਾ ਇਕੋ ਲੰਘਣ, ਪੈਂਡਾ ਪੰਧ ਮੁਕਾਈਆ । ਨਾਮ ਖ਼ੁਮਾਰੀ ਚੜ੍ਹੇ ਰੰਗਣ, ਰੰਗਤ ਇਕ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰਦਰਗਾਹੀਆ । ਮੱਘਰ ਕਹੇ ਮੇਰੀ ਪੂਰਨ ਹੋਈ ਇੱਛਾ, ਨਿਰਇੱਛਤ ਪ੍ਰਭ ਦਿਤੀ ਵਡਿਆਈਆ । ਸਾਚੇ ਨਾਮ ਦੀ ਪਾ ਕੇ ਭਿੱਛਾ, ਭਿੱਖਕ ਗੁਰਮੁਖ ਲਏ ਤਰਾਈਆ । ਧੁਰ ਧਾਮ ਦੀ ਦੇ ਕੇ ਸਿੱਖਾ, ਸਿੱਖਿਆ ਇਕੋ ਇਕ ਜਣਾਈਆ । ਸਾਚਾ ਲੇਖ ਅਗੰਮੀ ਲਿਖਾ, ਲੇਖਕ ਹੋ ਕੇ ਬਣਤ ਬਣਾਈਆ । ਪਤਿਪਰਮੇਸ਼ਵਰ ਬਣ ਕੇ ਪਿਤਾ, ਪਤਤ ਉਧਾਰਨ ਦਇਆ ਕਮਾਈਆ । ਸਤਿ ਦਵਾਰੇ ਕਰ ਕੇ ਹਿੱਤਾ, ਹਿਤਕਾਰੀ ਵੇਖ ਵਖਾਈਆ । ਨਾਮ ਭੰਡਾਰਾ ਦੇ ਅਨਡਿੱਠਾ, ਜਗ ਮਿੱਠਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਵਡਿਆਈਆ । ਮੱਘਰ ਕਹੇ ਮੇਰੀ ਆਸਾ ਪੂਰੀ ਹੋਈ ਤ੍ਰਿਸ਼ਨਾ, ਤ੍ਰਿਖਾ ਅੰਤ ਨਾ ਕੋਇ ਕੁਰਲਾਈਆ । ਦਰ ਠਾਂਡੇ ਝੁਕਦੇ ਵੇਖੇ ਬ੍ਰਹਮਾ ਵਿਸ਼ਨਾ, ਸ਼ੰਕਰ ਸ਼ਹਿਨਸ਼ਾਹ ਸੀਸ ਨਿਵਾਈਆ । ਗਲ ਪੱਲੂ ਪਾਉਂਦੇ ਰਾਮਾ ਕ੍ਰਿਸ਼ਨਾ, ਕ੍ਰਿਸ਼ਨ ਕਾਹਨ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਵਖਾਈ ਮਿਥਨਾ, ਮਿਤੀ ਆਪਣੀ ਨਾਲ ਪਰਗਟਾਈਆ । ਜਗਤ ਜੀਵ ਜਹਾਨ ਪਿੱਟਣਾ, ਪਟਨੇ ਵਾਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਰਗ ਇਕ ਸਮਝਾਈਆ । ਮੱਘਰ ਕਹੇ ਮੈਨੂੰ ਮਿਲੀ ਸਚ ਖ਼ੁਮਾਰੀ, ਗ਼ਮਖ਼ਾਰ ਦਿਤੀ ਵਡਿਆਈਆ । ਭਗਤ ਭਗਵਾਨ ਦੀ ਵੇਖੀ ਯਾਰੀ, ਦਰ ਸਾਚੇ ਵੱਜੀ ਵਧਾਈਆ । ਨਿਰਗੁਣ ਨੂਰ ਜੋਤ ਹੋਵੇ ਉਜਿਆਰੀ, ਗ੍ਰਹਿ ਮੰਦਰ ਇਕ ਰੁਸ਼ਨਾਈਆ । ਨਾਦ ਸ਼ਬਦ ਧੁਨਕਾਰੀ, ਅਗੰਮੀ ਰਾਗ ਅਲਾਈਆ । ਅੰਮ੍ਰਿਤ ਰਸ ਮਿਲੇ ਬਿਨ ਰਸਨਾ ਠੰਡਾ ਠਾਰੀ, ਠਾਕਰ ਆਪਣਾ ਰਸ ਚੁਆਈਆ । ਲੇਖਾ ਜਾਣੇ ਧੁਰ ਗਿਰਧਾਰੀ, ਗਹਿਰ ਗੰਭੀਰ ਬੇਪਰਵਾਹੀਆ । ਜਿਸ ਦੀ ਸਾਰੇ ਕਰਦੇ ਇੰਤਜ਼ਾਰੀ, ਅੰਤਸ਼ਕਰਨ ਵੇਖੇ ਥਾਉਂ ਥਾਈਂਆ । ਕਲਜੁਗ ਕੂੜੀ ਕਿਰਿਆ ਬਦਲ ਦੇਵੇ ਸਿਕਦਾਰੀ, ਧੁਰ ਫ਼ਰਮਾਨਾ ਇਕ ਸਮਝਾਈਆ । ਵਾਹਦ ਕਲਮਾ ਨਾਮ ਕਰ ਜੈਕਾਰੀ, ਚਾਰ ਕੁੰਟ ਕਰੇ ਪੜ੍ਹਾਈਆ । ਸਭ ਦਾ ਵਾਅਦਾ ਪੂਰਾ ਕੌਲ ਕਰੇ ਇਕਰਾਰੀ, ਇਕਰਾਰਨਾਮਾ ਪਿਛਲਾ ਦਏ ਵਖਾਈਆ । ਜਿਸ ਵਿਚ ਸ਼ਰਅ ਸ਼ਰੀਅਤ ਦੀ ਸ਼ੁਮਾਰੀ, ਸ਼ਮਅ ਸ਼ਮਸ਼ਾਨ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਿਲਾਈਆ । ਮੱਘਰ ਕਹੇ ਮੇਰੀ ਆਸਾ ਆਸ਼ਾ ਵਿਚੋਂ ਨਿਕਲੀ, ਪਰਗਟ ਕੀਤੀ ਬੇਪਰਵਾਹੀਆ । ਜਿਨ੍ਹਾਂ ਭਗਤਾਂ ਸਾਚੀ ਸਿਖਿਆ ਸਿਖ ਲਈ, ਮਾਰਗ ਪੰਥ ਇਕੋ ਇਕ ਨਜ਼ਰੀ ਆਈਆ । ਜੀਵਣ

੯੪੬
੨੦

ਬਣਿਆ ਏਕਾ ਇਕ ਲਈ, ਦੂਜੀ ਵੰਡ ਨਾ ਕੋਇ ਵੰਡਾਈਆ । ਸੀਸ ਬਣਿਆ ਨਹੀਂ ਕਿਸੇ ਪੱਥਰ ਇੱਟ ਲਈ, ਸਤਿਗੁਰ ਸ਼ਬਦ ਮਿਲੇ ਵਡਿਆਈਆ । ਆਤਮਾ ਆਧਾਰੀ ਨਹੀਂ ਕਿਸੇ ਕਾਗ਼ਜ਼ ਚਿਟ ਲਈ, ਕਲਮ ਸ਼ਾਹੀ ਨਾ ਜੋੜ ਜੁੜਾਈਆ । ਜੋਤ ਨੁਰਾਨੀ ਜਿਨ੍ਹਾਂ ਦਿਸ ਪਈ, ਦਹਿ ਦਿਸ਼ਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦਏ ਵਡਿਆਈਆ । ਮੱਘਰ ਕਹੇ ਮੇਰੀ ਆਸਾ ਉਪਜੀ, ਉਪਜਤ ਉਪਜਤ ਵੇਖੇ ਜਗਤ ਲੋਕਾਈਆ । ਕੋਈ ਧਾਰ ਨਾ ਜਾਣੇ ਸਤਿਗੁਰ ਜਾਪ ਜਪੁ ਜੀ, ਜੀਵਣ ਜੁਗਤ ਨਾ ਕੋਇ ਪਰਗਟਾਈਆ । ਜੋ ਉਪਜਿਆ ਸੋ ਪ੍ਰਭੂ ਦੇ ਤਪ ਲਈ, ਸਾਧਨਾ ਵਿਚ ਆਪਣਾ ਆਪ ਰਖਾਈਆ । ਜੋ ਪਰਗਟਿਆ ਹਕੀਕੀ ਹਕ ਲਈ, ਹੁਕਮ ਧੁਰ ਦਾ ਮੰਨ ਸੀਸ ਝੁਕਾਈਆ । ਜਨ ਭਗਤਾਂ ਇਕੋ ਓਟ ਤੱਕ ਲਈ, ਦੂਜਾ ਰਾਹ ਨਾ ਕੋਇ ਵਖਾਈਆ । ਮਾਨਸ ਜਨਮ ਪਾਇਆ ਸਤਿ ਲਈ, ਸਤਿ ਸਤਿਵਾਦੀ ਦਏ ਵਡਿਆਈਆ । ਜਿਸ ਲੋਕਮਾਤ ਪਤ ਰੱਖ ਲਈ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਦ ਪਰਗਟਿਆ ਪਰਗਟੇ ਸਚ ਲਈ, ਕੂੜ ਕੁੜਿਆਰਾਂ ਡੇਰਾ ਢਾਹੀਆ । ਗੁਰਮੁਖ ਆਤਮਾ ਓਸੇ ਘਰ ਵਸ ਰਹੀ, ਜੋ ਵਾਸਤਾ ਆਪਣੇ ਨਾਲ ਰਖਾਈਆ । ਕਲਜੁਗ ਰੈਣ ਅੰਧੇਰੀ ਮਸ ਗਈ, ਜਿਨ੍ਹਾਂ ਰਸ ਅੰਮ੍ਰਿਤ ਨਾਮ ਚੁਆਈਆ । ਮੱਘਰ ਕਹੇ ਜਨ ਭਗਤੋ ਜਨਮ ਮਿਲਿਆ ਪ੍ਰਭੂ ਦੇ ਜਸ ਲਈ, ਜਸ ਵੇਦ ਪੁਰਾਨਾਂ ਕੰਮ ਕਿਸੇ ਨਾ ਆਈਆ । ਤੁਸੀਂ ਪਰਗਟ ਹੋਏ ਹਿੱਸੇ ਅੱਧ ਲਈ, ਆਤਮ ਪਰਮਾਤਮ ਵੰਡ ਵੰਡਾਈਆ । ਦੋਹਾਂ ਦੀ ਧਾਰ ਏਕਾ ਰੂਪ ਬੱਝ ਗਈ, ਬਾਂਝਾ ਰਹਿਣ ਕੋਇ ਨਾ ਪਾਈਆ । ਜੋ ਵਿਹਾਰ ਹੋਇਆ ਅੱਜ ਲਈ, ਗੁਰਮੁਖ ਅਜ਼ਲ ਤੋਂ ਲਿਆ ਬਚਾਈਆ । ਪਿਛਲਾ ਜੀਵਣ ਸੀ ਜਗ ਲਈ, ਅਗਲਾ ਜੀਵਣ ਸਤਿਗੁਰ ਲੇਖੇ ਪਾਈਆ । ਇਹ ਤਨ ਵਜੂਦ ਸੀ ਮਾਟੀ ਅੱਗ ਲਈ, ਅਗਨੀ ਅੱਗ ਤਪਾਈਆ । ਗੁਰਮੁਖ ਜਾਂਦੀ ਜਾਂਦੀ ਆਤਮਾ ਰੱਖ ਲਈ, ਮਿਹਰ ਨਜ਼ਰ ਇਕ ਉਠਾਈਆ । ਹਰਿ ਸਰਨ ਸਰਨਾਈ ਬਚ ਗਈ, ਬੱਚਿਆਂ ਵਾਂਗ ਗੋਦ ਟਿਕਾਈਆ । ਮੌਤ ਨਿਮਾਣੀ ਦੂਰ ਦੁਰਾਡੀ ਆ ਕੇ ਨੱਚ ਗਈ, ਆਪਣਾ ਫੇਰਾ ਪਾਈਆ । ਜਿਹੜੀ ਆਈ ਸੀ ਮਾਟੀ ਕੱਚ ਲਈ, ਮੁਖ ਗਈ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮੱਘਰ ਕਹੇ ਮੈਂ ਆਸ਼ਾ ਵਿਚ ਪਾਵਾਂ ਖ਼ੁਸ਼ੀ ਰੌਲਾ, ਕੂਕ ਕੂਕ ਸੁਣਾਈਆ । ਗੁਰਮੁਖ ਦਾ ਭਾਰ ਕਰ ਕੇ ਹੌਲਾ, ਹੌਲੀ ਜਿਹੀ ਆਪਣੀ ਗੋਦ ਟਿਕਾਈਆ । ਕੁਛ ਪਿਛਲਾ ਯਾਦ ਕਰ ਕੌਲਾ, ਮਾਈ ਬੁੱਢੜੀ ਦਏ ਦੁਹਾਈਆ । ਜਿਸ ਦਾ ਛੁੱਟ ਨਾ ਜਾਏ ਚੋਲਾ, ਚੋਲੀ ਆਪਣੇ ਰੰਗ ਰੰਗਾਈਆ । ਜੇ ਗੁਰਮੁਖ ਭੁਲੜ ਗੋਲਾ, ਗੋਲੇ ਆਪਣੇ ਰੰਗ ਰੰਗਾਈਆ । ਪੁਰਖ ਅਕਾਲ ਬਣ ਵਿਚੋਲਾ, ਏਥੇ ਓਥੇ ਹੋ ਸਹਾਈਆ । ਤੇਰੇ ਬਿਨਾ ਨਹੀਂ ਕੋਈ ਤੋਲਾ, ਨਾਮ ਕੰਡਾ ਹੱਥ ਨਾ ਕੋਇ ਉਠਾਈਆ । ਜਿਸ ਕਾਰਨ ਭਗਤ ਦਵਾਰਾ ਖੋਲ੍ਹਾ, ਅਗਲੀ ਬਣਤ ਬਣਾਈਆ । ਓਸ ਦਾ ਵਣਜ ਰਹੇ ਨਾ ਪੋਲਾ, ਸੰਗਠਨ ਆਪਣੇ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਮੱਘਰ ਕਹੇ ਮੈਂ ਉਚੀ ਕੂਕ ਦੇਵਾਂ ਹੋਕਾ, ਹੁਕਮ ਮਿਲਿਆ ਧੁਰਦਰਗਾਹੀਆ । ਜਿਸ ਦਾ ਬਦਲਣ ਵਾਲਾ ਸੀ ਕਾਇਆ ਕੋਠਾ, ਕੱਪੜ ਤਨ ਵਜੂਦ ਹੋਣੀ ਜਗਤ ਸਫ਼ਾਈਆ । ਅੰਤਮ ਮਿਲਣਾ ਸੀ ਜੋਤੀ ਜੋਤਾ, ਜੋਤ ਜੋਤ ਵਿਚ ਟਿਕਾਈਆ । ਮਿਹਰ ਵਿਚ ਫੇਰ ਦੇ ਕੇ ਮੌਕਾ, ਮੁੱਕਿਆ ਹੋਇਆ ਲਿਆ ਬਚਾਈਆ । ਕੁਛ ਲੇਖਾ ਪਿਛਲਾ ਗੋਬਿੰਦ ਨਾਲ ਪੌਂਟਾ, ਜੂਹ ਘਾਹ ਵਾਲੀ ਵਖਾਈਆ । ਜਿਸ ਦਾ ਲੇਖਾ ਢਈਆ ਔਂਟਾ, ਦੋਹਾਂ ਦਾ ਅੱਧ ਵੰਡ

ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਖ਼ਸ਼ਣਹਾਰ ਸਦਾ ਸਚ ਸੱਚੀ ਸਰਨਾਈਆ ।

★ ੪ ਮੱਘਰ ਸ਼ਹਿਨਸ਼ਾਹੀ ਸੰਮਤ ੩ ਸ਼ਾਕਾਹਾਰੀ ਕਾਨਫ਼ਰੰਸ ਦਿੱਲੀ ★

ਸੰਤ ਮਹਾਤਮਾ ਨੇ ਸਭ ਨੇ ਕੀਤਾ ਵਖਿਆਨ, ਵਿਆਖਿਆ ਵਿਚ ਸਰਬ ਸਮਝਾਈਆ । ਕੁਛ ਬੋਲ ਕੇ ਗਿਆ ਉਪ ਰਾਸ਼ਟਰਪਤ ਪਰਧਾਨ, ਵੀ ਵੀ ਗਿਰੀ ਜਣਾਈਆ । ਇਸਰਾਈਲ ਨੇ ਕਰੀ ਪਹਿਚਾਨ, ਅੰਤਰ ਵੇਖ ਵਖਾਈਆ । ਸ਼ਬਦਾਂ ਵਾਲਾ ਬੋਲ ਨਾਲ ਜ਼ਬਾਨ, ਜ਼ਬਾਨ ਦਾ ਰਸ ਗਏ ਸਮਝਾਈਆ । ਜਿੰਨਾਂ ਚਿਰ ਮਾਨਵ ਮਾਨਵ ਨਾ ਬਣੇ ਇਨਸਾਨ, ਮਨ ਕਾ ਮੋਹ ਮਿਟਾਈਆ । ਓਨ੍ਹਾਂ ਚਿਰ ਸ਼ਾਕਾਹਾਰੀ ਨਾ ਕੋਈ ਬਣੇ ਪੀਣ ਖਾਣ, ਖਾਧਾ ਪੀਤਾ ਕੰਮ ਕਿਸੇ ਨਾ ਆਈਆ । ਸ਼ਬਦ ਸੰਦੇਸ਼ਾ ਨਰ ਨਰੇਸ਼ਾ ਏਕਾ ਏਕ ਸ੍ਰੀ ਭਗਵਾਨ, ਹੱਦ ਭਗਤਾਂ ਜਗਤ ਦ੍ਰਿੜਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਨੂਰ ਜਹਾਨ, ਜਲਵਾ ਜੋਤ ਡਗਮਗਾਈਆ । ਜਿਸ ਦਾ ਸਤਿਜੁਗ ਤਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦੇਵੇ ਸਚ ਨਿਸ਼ਾਨ, ਨਿਸ਼ਾਨਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਅੰਦਰ ਬੈਠਾ ਵੜ, ਸਚ ਸਤਿ ਵਜੂਦ ਹਕ ਮਹਿਬੂਬ ਆਪ ਸੁਹਾਈਆ । ਸਭ ਨੇ ਸੁਣਿਆ ਬਣਨਾ ਸ਼ਾਕਾਹਾਰੀ, ਖਾਣਾ ਪਵਿਤ੍ਰ ਇਕ ਅਪਨਾਈਆ । ਜਿਤਨਾ ਚਿਰ ਆਪਣੀ ਆਤਮਾ ਪਰਮਾਤਮਾ ਦੀ ਧਾਰ ਨਾ ਸਮਝੇ ਜ਼ਰੀ, ਜੀਵਣ ਜੁਗਤ ਕੰਮ ਕਿਸੇ ਨਾਂ ਆਈਆ । ਕਥਾ ਸੁਣਨੀ ਚੰਗੀ ਨਹੀਂ ਬੜੀ, ਬੜਾ ਸੋ ਜੋ ਇਸ ਦੇ ਉਤੇ ਅਮਲ ਲਏ ਕਮਾਈਆ । ... ... ... ... ... ... ...

★ ੫ ਮੱਘਰ ਸ਼ਹਿਨਸ਼ਾਹੀ ਸੰਮਤ ੩ ਡਾਕਟਰ ਓਬੰਸਨ ਇਸਰਾਈਲੀ ਨਾਲ ਸ਼ਾਕਾਹਾਰੀ ਕਾਨਫ਼ਰੰਸ ਵਿਚ ਲਾਲ ਕਿਲਾ ਦਿੱਲੀ ★

ਧੁਰ ਦਾ ਲੇਖਾ ਵੇਖ ਇਸਰਾਈਲ, ਆਸ਼ਾ ਪਿਛਲੀ ਵੇਖ ਵਖਾਈਆ । ਮੂਸਾ ਅੱਲਾ ਇਸਲਾਮ ਜਿਸ ਦੀ ਕਰੇ ਤਾਮੀਲ, ਤਹਿਰੀਰ ਵਿਚ ਨਾ ਕੋਇ ਸਮਝਾਈਆ । ਹਕ ਹੁਕਮ ਦੀ ਲਾਸ਼ਰੀਕ ਸੁਣੇ ਅਪੀਲ, ਅਪਰੰਪਰ ਸਵਾਮੀ ਵੇਖ ਵਖਾਈਆ । ਜਿਸ ਨੂੰ ਜਗਤ ਬੁੱਧੀ ਸਮਝੇ ਨਾ ਕੋਈ ਦਲੀਲ, ਸਿਆਸਤ ਰਮਜ਼ ਨਾ ਕੋਇ ਲਗਾਈਆ । ਇਕ ਵਾਰ ਥੋੜ੍ਹਾ ਥੋੜ੍ਹਾ ਹੋਣਾ ਦੋਹਾਂ ਜ਼ਲੀਲ, ਝਗੜਾ ਇਕ ਕਿਨਾਰਾ ਨਜ਼ਰੀ ਆਈਆ । ਖ਼ਾਕੀ ਫ਼ਰਸ਼ ਉਹ ਜ਼ਮੀਨ, ਨੁਕਤਾ ਨਜ਼ਰ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਮੂਸਾ ਅੱਲਾ ਇਸਲਾਮ ਰੱਖੀ ਉਡੀਕ, ਯੋਰੋਸ਼ਲਮ ਧਿਆਨ ਲਗਾਈਆ । ਸਦੀ ਬੀਸਵੀਂ ਅੰਧੇਰਾ ਹੋਏ ਤਾਰੀਕ, ਨੂਰੀ ਚੰਦ ਨਾ ਕੋਇ ਚਮਕਾਈਆ । ਸਾਥੀ ਹੋਣ ਫ਼ਰੀਕ, ਸ਼ੱਤਰੂ ਦੁਸ਼ਮਣ ਮੁਹੰਮਦ ਰੂਪ ਵਟਾਈਆ । ਸਚ ਖ਼ੁਦਾ ਬਖ਼ਸ਼ੇ ਇਕ ਤੌਫ਼ੀਕ, ਰਹਿਮਤ ਹਕ ਕਮਾਈਆ । ਆਸਾ ਪੂਰੀ ਕਰੇ ਉਮੀਦ, ਮੇਰੀ ਮਨਸਾ ਵੱਜੇ ਵਧਾਈਆ । ਯਹੂਦੀ ਇਕ ਦੂਜੇ ਦੇ ਹੋਣ ਨਜ਼ਦੀਕ, ਆਪ ਆਪਣਾ ਬਲ ਧਰਾਈਆ । ਅਗਲੀ

ਬਦਲ ਜਾਵੇ ਤਵਾਰੀਖ਼, ਤਾਰੀਖ਼ ਸਾਚੀ ਨਾਲ ਮਿਲਾਈਆ । ਧੁਰ ਦਾ ਹੁਕਮ ਇਕ ਹਦੀਸ, ਹਰਿ ਹਜ਼ਰਤ ਆਪ ਜਣਾਈਆ । ਢਾਈ ਸਾਲ ਤੋਂ ਬਾਅਦ ਹੋਵੇ ਪੀਸ, ਸ਼ਾਂਤੀ ਸ਼ਰਅ ਵਿਚ ਲੜਾਈਆ । ਇਹ ਹੁਕਮ ਅਗੰਮੀ ਠੀਕ, ਠਾਕਰ ਧੁਰ ਦਾ ਆਪ ਜਣਾਈਆ । ਜਿਸ ਨੂੰ ਕਲਮ ਸ਼ਾਹੀ ਪਹਿਲੇ ਕਰ ਨਾ ਸਕੀ ਤਸਦੀਕ, ਤੁਆਰਫ਼ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥੋੜ੍ਹਾ ਪੜਦਾ ਅਗਲਾ ਰਿਹਾ ਚੁਕਾਈਆ । ਇਸ ਦੇ ਨਾਲ ਹੋਰ ਹੋਣਾ ਘਮਸਾਨ, ਸ੍ਰਿਸ਼ਟੀ ਦੋ ਧਾਰਾ ਵੰਡ ਵੰਡਾਈਆ । ਸਾਬਤ ਰਹੇ ਨਾ ਕਿਸੇ ਈਮਾਨ, ਅਮਲ ਛੱਡੇ ਜਗਤ ਲੋਕਾਈਆ । ਕੁਛ ਝਗੜਾ ਹੋਣਾ ਨਾਲ ਬਬਾਣ, ਪਵਣ ਦਏ ਗਵਾਹੀਆ । ਜਿਸ ਦਾ ਨਜ਼ਰ ਨਾ ਆਏ ਨਿਸ਼ਾਨ, ਨਿਸ਼ਾਨੇ ਸਾਰੇ ਦਏ ਬਦਲਾਈਆ । ਇਹ ਖੇਲ ਸ੍ਰੀ ਭਗਵਾਨ, ਜੁਗ ਜੁਗ ਆਪਣੇ ਹੱਥ ਰਖਾਈਆ । ਜੋ ਲਿਖਿਆ ਨਾਸਰ ਪਰਧਾਨ, ਨਸਰ ਵਿਚ ਪੜ੍ਹ ਕੇ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਹਰ ਘਟ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ, ਦੀਨ ਦੁਨੀ ਸਭ ਨੂੰ ਖੋਜ ਖੁਜਾਈਆ ।



### ★ ੬ ਮੱਘਰ ਸ਼ਹਿਨਸ਼ਾਹੀ ਸੰਮਤ ੩ ਇਸਰਾਈਲੀ ਡੈਲੀਗੇਟਜ਼ ਦੇ ਸਾਥ ਦਿੱਲੀ ★

ਅਗਲਾ ਹੁਕਮ ਹੁਕਮਰਾਨ, ਧੁਰਦਰਗਾਹੀ ਇਕ ਜਣਾਇੰਦਾ । ਜਿਸ ਦਾ ਮੇਟੇ ਨਾ ਕੋਇ ਨਿਸ਼ਾਨ, ਨਿਸ਼ਾਨੇ ਜਗਤ ਕੂੜ ਬਦਲਾਇੰਦਾ । ਸਤਿ ਸਚ ਕਰੇ ਪਰਧਾਨ, ਧਰਮ ਦਵਾਰਾ ਇਕ ਵਖਾਇੰਦਾ । ਜਿਸ ਨੂੰ ਕਬੂਲ ਕਰਨ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਸੀਸ ਨਿਵਾਇੰਦਾ । ਉਸ ਦਾ ਅਗੰਮੀ ਇਕ ਫ਼ਰਮਾਨ, ਕਾਤਬ ਕਲਮ ਨਾ ਕੋਇ ਵਡਿਆਇੰਦਾ । ਰਸ਼ੀਆ ਬਦਲਣ ਵਾਲਾ ਨਜ਼ਾਮ, ਨੌਬਤ ਅੰਦਰੋ ਅੰਦਰ ਸੁਣਾਇੰਦਾ । ਇਸਰਾਈਲ ਖੇਲ ਹੋਵੇ ਨਿਸ਼ਕਾਮ, ਯਹੂਦੀ ਬਹਿਬੂਦੀ ਵਿਚ ਰਖਾਇੰਦਾ । ਜਲਦੀ ਜਲਦੀ ਪਰਤ ਆਏ ਅਵਾਮ, ਹੁਕਮ ਧੁਰ ਦਾ ਇਕ ਪਰਗਟਾਇੰਦਾ । ਮੁਸ਼ਕਲ ਅੱਗੇ ਹੋਏ ਆਸਾਨ, ਮਾਸ ਪੰਦਰਾਂ ਵੰਡ ਵੰਡਾਇੰਦਾ । ਕੋਈ ਲਾਏ ਨਾ ਸ਼ਰਅ ਇਲਜ਼ਾਮ, ਬਰੀ ਸਭ ਨੂੰ ਆਪ ਕਰਾਇੰਦਾ । ਮਨੁਸ਼ ਬਣੇ ਨਾ ਕੋਇ ਹੈਵਾਨ, ਇਨਸਾਨ ਇਨਸਾਨਾਂ ਵਿਚ ਸਮਝਾਇੰਦਾ । ਰਹੇ ਨਾ ਕੋਈ ਗ਼ੁਲਾਮ, ਬੰਦੀਖ਼ਾਨਾ ਬੰਦ ਤੁੜਾਇੰਦਾ । ਹਜ਼ਰਤਾਂ ਦਾ ਪੈਗ਼ਾਮ, ਮਾਟੀ ਖ਼ਾਕ ਤਨ ਵਜੂਦ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਹੁਕਮ ਵਿਚੋਂ ਬਦਲਾਇੰਦਾ । ਹੁਕਮੀ ਹੁਕਮ ਦੇਵੇ ਕਰੀਮ, ਆਅਲਾ ਅਦਨਾ ਵੇਖ ਵਖਾਈਆ । ਜੋ ਸ਼ਹਿਨਸ਼ਾਹ ਅਜ਼ੀਮ, ਇਕ ਅਕੇਲਾ ਨੂਰ ਰੁਸ਼ਨਾਈਆ । ਜੋ ਵੇਖਣਹਾਰਾ ਤਾਰੀਖ਼ ਤਵਾਰੀਖ਼ ਕਦੀਮ, ਕੁਦਰਤ ਦਾ ਮਾਲਕ ਬੇਪ੍ਰਵਾਹੀਆ । ਉਸ ਦਾ ਖੇਲ ਸਦਾ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਝਗੜਾ ਮੁਕਾਵੇ ਨਰ ਮਦੀਨ, ਮੁੱਦਾ ਇਕੋ ਇਕ ਸਮਝਾਈਆ । ਭਾਰਤ ਛੇਤੀ ਕਰੇ ਤਸਲੀਮ, ਮੇਲ ਮਿਲਾਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਭਾਰਤ ਕਰੇ ਪਰਵਾਨ, ਪਰਵਾਨਾ ਧੁਰ ਦਾ ਦਏ ਸੁਣਾਈਆ । ਜਿਸ ਦਾ ਪੜਦੇ ਵਾਲਾ ਦਿਸੇ ਅਨਵਾਨ, ਨਿਗਾਹ ਧੁਰ ਦੀ ਖੋਜ ਖੁਜਾਈਆ । ਸੰਮਤ ਅਗਲੇ ਬਦਲਣ ਵਾਲਾ ਵਿਧਾਨ, ਵਿਧੀ ਆਪਣੇ ਹੱਥ ਰਖਾਈਆ । ਫਿਰ ਮਿਲੇ ਸਚ

ਫ਼ਰਮਾਨ, ਧੁਰ ਸੰਦੇਸ਼ਾ ਇਕ ਸੁਣਾਈਆ । ਸਾਂਝੀ ਹੋਵੇ ਜਾਨ ਪਹਿਚਾਨ, ਪੜਦਾ ਓਹਲਾ ਰਹੇ ਨਾ ਰਾਈਆ । ਦੋਵੇਂ ਪ੍ਰੇਮ ਦੇ ਬਣਨ ਮਹਿੰਮਾਨ, ਮੁਹੱਬਤ ਵਿਚ ਸਮਾਈਆ । ਇਹ ਖੇਲ ਹੋਵੇ ਵਿਚ ਜਹਾਨ, ਬਹੁਤੀ ਦੇਰ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਾਮ ਵਿਚੋਲਾ ਸ਼ਬਦੀ ਮੇਲਾ ਜਗਤ ਆਸਾ ਮਨ ਮਨਸਾ ਮੁਹੱਬਤ ਵਿਚ ਸੁਹਬਤ ਵਿਚ ਲਿਆਕਤ ਵਿਚ ਰਫ਼ਾਕਤ ਵਿਚ ਸਦਾਕਤ ਵਿਚ ਹਮਾਕਤ ਵਿਚ ਇਕੋ ਰੰਗ ਰੰਗਾਈਆ ।

★ ੭ ਮੱਘਰ ਸ਼ਹਿਨਸ਼ਾਹੀ ਸੰਮਤ ੩ ਠਾਕਰ ਸਿੰਘ ਦੇ ਗ੍ਰਿਹਿ ਬੀੜ ਅਮੀਨ ★

ਸਤਿਗੁਰ ਸ਼ਬਦ ਕਹੇ ਏਕਾ ਹੁਕਮ ਚਲੇ ਪੁਰਖ ਅਕਾਲ, ਅਕਲ ਕਲਧਾਰੀ ਦੋ ਜਹਾਨਾਂ ਸ੍ਰੀ ਭਗਵਾਨਾ ਆਪ ਚਲਾਈਆ । ਗੁਰਮੁਖ ਸੰਤ ਸੁਹੇਲੇ ਸੱਜਣ ਜਨ ਭਗਤ ਵੇਖੇ ਆਪਣੇ ਲਾਲ, ਪਾਰਬ੍ਰਹਮ ਪਤਿਪਰਮੇਸ਼ਵਰ ਬ੍ਰਹਮ ਪੜਦਾ ਆਪ ਚੁਕਾਈਆ । ਸਚਖੰਡ ਦਵਾਰਾ ਏਕੰਕਾਰਾ ਕਾਇਆ ਮਾਟੀ ਗ੍ਰਿਹਿ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਇਕੋ ਇਕ ਖੁਲ੍ਹਾਈਆ । ਨਾਮ ਨਿਧਾਨ ਧੁਨ ਅਨਾਦੀ ਸੁਣਾਏ ਸੱਚੀ ਧੁਨਕਾਨ, ਅਨਹਦ ਰਾਗ ਅਨੁਰਾਗੀ ਆਪ ਉਪਜਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇਵੇ ਵਿਧਾਨ, ਵਾਹਦ ਲਾਸ਼ਰੀਕ ਪਰਵਰਦਿਗਾਰ ਜਲਵਾਗਰ ਧੁਰਦਰਗਾਹੀਆ । ਭੇਵ ਅਭੇਦਾ ਖੋਲ੍ਹੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਪੜਦਾ ਦਏ ਚੁਕਾਈਆ । ਹੁਕਮ ਸੰਦੇਸਾ ਦੇਵੇ ਵਾਲੀ ਦੋ ਜਹਾਨ, ਨੌ ਖੰਡ ਪ੍ਰਿਥਮੀ ਸੱਤ ਦੀਪ ਉੱਤਰ ਪੂਰਬ ਪੱਛਮ ਦੱਖਣ ਏਕਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕਰੇ ਖੇਲ ਪੁਰਖ ਅਕਾਲਾ, ਅਕਲ ਕਲਧਾਰੀ ਕਲ ਵਰਤਾਈਆ । ਦੀਨਾਂ ਬੰਧਪ ਦੀਨ ਦਿਆਲਾ, ਦਇਆਨਿਧ ਠਾਕਰ ਸਵਾਮੀ ਗੁਰਮੁਖ ਵੇਖੇ ਥਾਉਂ ਥਾਈਆ । ਨਿਰਗੁਣ ਸਰਗੁਣ ਆਦਿ ਜੁਗਾਦਿ ਜੁਗਾ ਜੁਗੰਤ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਖ਼ਾਲਕ ਨਿਰਵੈਰ ਨਿਰਾਕਾਰ ਹੋਏ ਸਹਾਈਆ । ਵਸਤ ਅਮੋਲਕ ਕਾਇਆ ਗੋਲਕ ਦੇਵੇ ਅਗੰਮੀ ਲਾਲਾ, ਅਨਮੁੱਲੀ ਦਾਤ ਆਪ ਵਰਤਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਬਦਲ ਦੇਵੇ ਚਾਲਾ, ਚਾਰ ਕੁੰਟ ਦਹਿ ਦਿਸ਼ਾ ਸਾਚਾ ਨਾਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਪਰਟਗਾਈਆ । ਸਤਿਗੁਰ ਸ਼ਬਦ ਕਹੇ ਧੁਰ ਫ਼ਰਮਾਨਾ ਦੇਵੇ ਸ੍ਰੀ ਭਗਵੰਤ, ਹਰਿ ਕਰਤਾ ਆਪ ਦ੍ਰਿੜਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਾਮ ਧੁਰ ਦਾ ਮੰਤ, ਅੰਤਰਸ਼ਕਰਨ ਵੇਖੇ ਸਰਬ ਲੋਕਾਈਆ । ਸਦੀ ਚੌਧਵੀਂ ਸਭ ਦਾ ਤੋੜੇ ਗੜ੍ਹ ਹੰਕਾਰ ਹਉਮੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਨਿਰਗੁਣ ਧਾਰ ਬਣ ਕੇ ਅਨੁਭਵੀ ਪੰਡਤ, ਅਗੰਮ ਅਥਾਹ ਕਰੇ ਪੜ੍ਹਾਈਆ । ਕੋਟਾਂ ਵਿਚੋਂ ਗੁਰਮੁਖ ਸੰਤ ਮੇਲ ਮਿਲਾਏ ਧੁਰ ਦਾ ਕੰਤ, ਹਰਿ ਸਵਾਮੀ ਅੰਤਰਜਾਮੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਕਰੇ ਖੇਲ ਅਗੰਮ ਅਥਾਹ, ਹਰਿ

ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਲੈਂਦੇ ਪਨਾਹ, ਨਮੋਂ ਨਮਸਤੇ ਸਜਦਿਆਂ ਵਿਚ ਸੀਸ ਝੁਕਾਈਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਦੱਸਦਾ ਆਇਆ ਰਾਹ, ਹੁਕਮ ਹੁਕਮ ਵਿਚੋਂ ਬਦਲਾਈਆ । ਵੇਖ ਵਖਾਣੇ ਟਿੱਲੇ ਪਰਬਤ ਜਲ ਥਲ ਅਸਗਾਹ, ਸਮੁੰਦ ਸਾਗਰ ਖੋਜ ਖੁਜਾਈਆ । ਸੋ ਸਾਹਿਬ ਸਤਿਗੁਰ ਦੇਵਣਹਾਰਾ ਆਪਣਾ ਨਾਂ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਜੋਤੀ ਜਾਤਾ ਪੁਰਖ ਬਿਧਾਤਾ ਕਰੇ ਪਰਕਾਸ਼ ਹਰ ਘਟ ਥਾਂ, ਚਾਰੇ ਖਾਣੀ ਚਾਰੇ ਬਾਣੀ ਸ਼ਬਦ ਨਾਦ ਧੁਨ ਸ਼ਨਵਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਚਾਰ ਕੁੰਟ ਦਹਿ ਦਿਸ਼ਾ ਪਕੜੇ ਬਾਂਹ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਜੋੜ ਜੁੜਾਈਆ । ਸਚ ਦਵਾਰਾ ਧੁਰ ਦਰਬਾਰਾ ਵਖਾਏ ਅਗੰਮਾ ਗਰਾਂ, ਜਿਸ ਨੂੰ ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਕਰੇ ਖੇਲ ਪੁਰਖ ਸਮਰਥ, ਆਦਿ ਨਿਰੰਜਣ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਦੀ ਮਹਿੰਮਾ ਸਦਾ ਅਕਥ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਵਿਚ ਸਿਫ਼ਤ ਨਾ ਕੋਇ ਸਾਲਾਹੀਆ । ਸੋ ਸਚ ਸਵਾਮੀ ਦੇਵਣਹਾਰਾ ਨਾਮ ਅਗੰਮੀ ਵਥ, ਵਾਸਤਕ ਇਕੋ ਵਸਤ ਵਰਤਾਈਆ । ਜਨ ਭਗਤਾਂ ਸਾਚੇ ਸੰਤਾਂ ਨਿਜ ਨੇਤਰ ਖੋਲ੍ਹ ਕੇ ਅੱਖ, ਬਿਨ ਅੱਖਰਾਂ ਕਰੇ ਪੜ੍ਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਮਾਰਗ ਦੱਸ, ਦਹਿ ਦਿਸ਼ਾ ਦਾ ਡੇਰਾ ਦੇਵੇ ਢਾਹੀਆ । ਸਚ ਦਵਾਰ ਉਪਜਾਵੇ ਏਕਾ ਏਕ ਸੱਚ, ਸਚ ਆਪਣਾ ਆਪ ਸਮਝਾਈਆ । ਭਾਗ ਲਗਾਵੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਮਨ ਵਾਸਨਾ ਵਿਚ ਦਹਿ ਦਿਸ਼ਾ ਨਾ ਪਏ ਨੱਚ, ਨਟੂਆ ਵੇਸ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਪਾਰਬ੍ਰਹਮ ਪਤਿਪਰਮੇਸ਼ਵਰ ਗ਼ਰੀਬ ਨਿਵਾਜ, ਦੀਨ ਦਿਆਲ ਦਇਆਨਿਧ ਅਖਵਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਬਦਲਦਾ ਆਇਆ ਸਮਾਜ, ਵੇਸ ਅਨੇਕਾ ਆਪਣਾ ਖੇਲ ਕਰਾਈਆ । ਗੁਰ ਅਵਤਾਰ ਪੈਗ਼ੰਬਰਾਂ ਬਖ਼ਸ਼ਿਸ਼ ਵਿਚ ਬਖ਼ਸ਼ੀਸ਼ ਕਰਦਾ ਆਇਆ ਦਾਤ, ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਝੋਲੀ ਪਾਈਆ । ਸ੍ਰਿਸ਼ਟੀ ਦਾ ਦ੍ਰਿਸ਼ਟੀ ਅੰਦਰ ਰਚਦਾ ਆਇਆ ਕਾਜ, ਕਰਨੀ ਦਾ ਕਰਤਾ ਆਪਣੀ ਖੇਲ ਖਿਲਾਈਆ । ਨਾਮ ਸੰਦੇਸ਼ਾ ਦੇਂਦਾ ਆਇਆ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਕਲਜੁਗ ਅੰਤਮ ਨਿਰਗੁਣ ਧਾਰ ਹੋ ਵਿਸਮਾਦ, ਖੇਲੇ ਖੇਲ ਥਾਉਂ ਥਾਈਆ । ਜਿਸ ਦੀ ਮਹਿੰਮਾ ਗਾ ਸਕੇ ਨਾ ਕੋਈ ਰਾਗ, ਸਿਫ਼ਤਾਂ ਵਿਚ ਨਾ ਕੋਇ ਵਡਿਆਈਆ । ਲੇਖਾ ਆਪਣਾ ਜਾਣੇ ਆਦਿ, ਅੰਤ ਆਪਣੇ ਵਿਚ ਛੁਪਾਈਆ । ਜਿਸ ਨੂੰ ਪੈਗ਼ੰਬਰ ਕਰਨ ਆਦਾਬ, ਅਵਤਾਰ ਗੁਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਘਰ ਬੈਠਾ ਖੇਲ ਕਰਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਵਡ ਗਹਿਰ ਗੰਭੀਰ, ਗੁਣਵੰਤਾ ਨਜ਼ਰੀ ਆਈਆ । ਜਿਸ ਦਾ ਖੇਲ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸਭ ਦੀ ਬਦਲਣਹਾਰ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਸ਼ਰਅ ਕੱਟਣਹਾਰ ਜ਼ੰਜੀਰ, ਲਾਸ਼ਰੀਕ ਨੂਰ ਖ਼ੁਦਾਈਆ । ਜਿਸ ਨੂੰ ਨਮੋਂ ਨਮੋਂ ਕਰੇ ਕਬੀਰ, ਬਿਨਾ ਸੀਸ ਸੀਸ ਨਿਵਾਈਆ । ਸੋ ਸਾਚਾ ਧਰਮ ਕਰੇ ਤਾਮੀਰ, ਜਿਸ ਧਰਮ ਦਾ ਮੂਲ ਆਪਣੇ ਵਿਚ ਛੁਪਾਈਆ । ਬਾਹਰੋਂ ਨਜ਼ਰ ਨਾ ਆਏ ਕਿਸੇ ਤਸਵੀਰ, ਮੁਸੱਵਰ ਦੱਸੇ ਨਾ ਕੋਇ ਜਣਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਸਰਬ ਸਵਾਮੀ, ਆਤਮ ਪਰਮਾਤਮ ਖੇਲ ਖਿਲਾਈਆ । ਜੁਗ ਚੌਕੜੀ ਅੰਤਰਜਾਮੀ, ਲੱਖ ਚੁਰਾਸੀ ਵੇਖ ਵਖਾਈਆ । ਨਾਮ ਸੰਦੇਸ਼ਾ ਧੁਰ ਦੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਅੰਮ੍ਰਿਤ ਰਸ ਬਖ਼ਸ਼ਣਹਾਰਾ ਠੰਡਾ ਪਾਣੀ, ਨਿਝਰ ਝਿਰਨਾ ਬੂੰਦ ਸਵਾਂਤੀ ਇਕ ਟਪਕਾਈਆ । ਨਿਰਮਲ ਨੂਰ ਜੋਤ ਜੋਤ ਨੁਰਾਨੀ, ਨੂਰ ਜਹੂਰ ਆਪਣਾ ਆਪ ਪਰਗਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਬਾਣੀ ਜਿਸ ਦੀ ਸਿਫ਼ਤਾਂ ਵਾਲੀ ਕਹਾਣੀ, ਗੁਰ ਅਵਤਾਰ ਪੈਗ਼ੰਬਰ ਅੱਖਰਾਂ ਵਿਚ ਪਰਗਟਾਈਆ । ਸੋ ਸ਼ਾਹ ਪਤਾਸ਼ਾਹ ਸ਼ਹਿਨਸ਼ਾਹ ਪੁਰਖ ਅਕਾਲਾ ਸ਼ਾਹ ਸੁਲਤਾਨੀ, ਦੋ ਜਹਾਨੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਇਕ ਅਗੰਮ, ਅਗੰਮੜੀ ਕਾਰ ਕਮਾਇੰਦਾ । ਨਾ ਮਰੇ ਨਾ ਪਏ ਜੰਮ, ਤਤ ਵਜੂਦ ਨਾ ਕੋਇ ਰਖਾਇੰਦਾ । ਨਾ ਹਰਖ਼ ਸੋਗ ਨਾ ਗ਼ਮ, ਚਿੰਤਾ ਵਿਚ ਕਦੇ ਨਾ ਆਇੰਦਾ । ਨਾ ਪਵਣ ਸਵਾਸ ਲਏ ਦਮ, ਸਾਹ ਸਵਾਸ ਨਾ ਕੋਇ ਵਡਿਆਇੰਦਾ । ਨਿਰਗੁਣ ਧਾਰ ਨਿਰਾਕਾਰ ਆਪੇ ਜਾਣੇ ਆਪਣਾ ਕੰਮ, ਨਿਹਕਰਮੀ ਆਪਣੀ ਕਾਰ ਕਮਾਇੰਦਾ । ਜਿਸ ਦਾ ਨੂਰ ਲੱਖ ਚੁਰਾਸੀ ਧਾਰ ਬ੍ਰਹਮ, ਸੋ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪਣੇ ਹੱਥ ਰਖਾਇੰਦਾ । ਸਤਿਗੁਰ ਸ਼ਬਦ ਕਹੇ ਮਾਲਕ ਖ਼ਾਲਕ ਇਕ ਮਹਿਬੂਬ, ਮੁਹੱਬਤ ਵਿਚ ਸਮਾਈਆ । ਆਲੀਸ਼ਾਨ ਜਿਸ ਦਾ ਉਚ ਅਰੂਜ, ਦਰਗਾਹ ਸਾਚੀ ਸੋਭਾ ਪਾਈਆ । ਚਾਰ ਕੁੰਟ ਸਦਾ ਮੌਜੂਦ, ਮੁਫ਼ਲਸਾਂ ਹੋਏ ਸਹਾਈਆ । ਮੇਟਣਹਾਰਾ ਕੂੜ ਹਦੂਦ, ਘਰ ਇਕੋ ਇਕ ਸਮਝਾਈਆ । ਜਿਹੜਾ ਕਦੇ ਨਾ ਹੋਵੇ ਨੇਸਤੋ ਨਾਬੂਦ, ਨਿਤ ਨਵਿਤ ਵੱਜੇ ਵਧਾਈਆ । ਸੋ ਲੇਖਾ ਜਾਣੇ ਲੱਖ ਚੁਰਾਸੀ ਕਾਇਆ (ਪੰਜ) ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਪੜਦਾ ਦਏ ਚੁਕਾਈਆ । ਵਸਣਹਾਰਾ ਚਾਰੇ ਕੂਟ, ਦਿਸ਼ਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕੋ ਇਕ ਪਰਗਟਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲਾ ਧੁਰ ਦਾ ਠਾਕਰ, ਜੁਗ ਜੁਗ ਠੋਕਰ ਨਾਮ ਲਗਾਇੰਦਾ । ਗਹਿਰ ਗੰਭੀਰ ਡੂੰਘਾ ਸਾਗਰ, ਗੁਰ ਅਵਤਾਰ ਪੈਗ਼ੰਬਰ ਆਪਣੇ ਵਿਚ ਸਮਾਇੰਦਾ । ਦੇ ਕੇ ਨਾਮ ਰਤੀ ਰਤਨਾਗਰ, ਲੋਕਮਾਤ ਖੇਲ ਖਿਲਾਇੰਦਾ । ਸਤਿ ਧਰਮ ਕਰ ਉਜਾਗਰ, ਕੂੜ ਕੁੜਿਆਰਾ ਅੰਧ ਮਿਟਾਇੰਦਾ । ਵਣਜ ਕਰਾ ਇਕ ਸੌਦਾਗਰ, ਸੌਦਾ ਸਤਿਗੁਰ ਹੱਟ ਵਿਕਾਇੰਦਾ । ਜੋਧਾ ਸੂਰਬੀਰ ਬਣ ਬਹਾਦਰ, ਭੈ ਭੌ ਆਪ ਵਖਾਇੰਦਾ । ਕਰਨੀ ਦਾ ਕਰਤਾ ਕੁਦਰਤ ਦਾ ਬਣ ਕਾਦਰ, ਕਦੀਮ ਤੋਂ ਆਪਣਾ ਰਾਹ ਚਲਾਇੰਦਾ । ਨਿਰਗੁਣ ਸਰਗੁਣ ਬਣ ਸਾਜਣ, ਸੰਤ ਸੁਹੇਲੇ ਗੁਰਮੁਖ ਆਪਣੇ ਰੰਗ ਰੰਗਾਇੰਦਾ । ਸ਼ਾਹੋ ਭੂਪ ਭੂਪਤ ਰਾਜਨ, ਰਾਓ ਰੰਕ ਮੇਲ ਮਿਲਾਇੰਦਾ । ਦੀਨ ਦਿਆਲ ਗ਼ਰੀਬ ਨਿਵਾਜ਼ਨ, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅਗੰਮੀ ਮਾਰੇ ਧੁਰ ਆਵਾਜ਼ਨ, ਜਿਸ ਨੂੰ ਜਗਤ ਸਰਵਣ ਸੁਣਨ ਕੋਇ ਨਾ ਪਾਇੰਦਾ ।

੯੫੧
੨੦

## ੧੯ ਮੱਘਰ ਸ਼ਹਿਨਸ਼ਾਹੀ ਸੰਮਤ ੩ ਲਛਮਣ ਸਿੰਘ ਧੰਗਾਲੀ ਕੈਂਪ ਵਾਲੇ ਦੇ ਗ੍ਰਿਹਿ ਸਈ ਕਲਾਂ ਜੰਮੂ

ਸਭ ਦਾ ਲਹਿਣਾ ਦੇਣਾ ਗਿਆ ਮੁਕ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਪੜ੍ਹ ਕੇ ਤੁਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਘਰ ਸਵਾਮੀ ਠਾਕਰ ਮਿਲੇ ਅਬਿਨਾਸ਼ੀ ਅਚੁੱਤ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਸਚ ਦਵਾਰ ਦਾ ਦੇਵੇ ਸੁਖ, ਦਰਗਾਹ ਸਾਚੀ ਵੱਜੇ ਵਧਾਈਆ । ਪ੍ਰੇਮ ਪ੍ਰੀਤੀ ਅੰਦਰ ਚੁੱਕ, ਚਾਰੋਂ ਕੁੰਟ ਪੰਧ ਮੁਕਾਈਆ । ਨਿਰਗੁਣ ਧਾਰ ਬਣਾ ਕੇ ਸੁੱਤ, ਸਤਿ ਸਤਿਵਾਦੀ ਲਏ ਉਠਾਈਆ । ਨਿਰਾਕਾਰ ਹੋ ਕੇ ਗਿਆ ਤੁਠ, ਗਹਿਰ ਗੰਭੀਰ ਵੇਸ ਵਟਾਈਆ । ਪੂਰਬ ਲਹਿਣਾ ਰਿਹਾ ਪੁਛ, ਪੜਦਾ ਪੁਸ਼ਤ ਦਰ ਪੁਸ਼ਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਖੁਲ੍ਹਿਆ ਵੇਖਿਆ ਇਕੋ ਤਾਕ, ਦਰ ਦਰਬਾਰ ਸੋਭਾ ਪਾਈਆ । ਨਿਰਗੁਣ ਨੂਰ ਜੋਤ ਪਰਕਾਸ਼, ਸ਼ਬਦ ਨਾਦ ਧੁਨ ਸ਼ਨਵਾਈਆ । ਭੇਵ ਖੁਲ੍ਹਾਏ ਪੂਰਬਲੇ ਵਾਕ, ਭਵਿਖਤ ਭਾਖਿਆ ਬਿਨ ਦ੍ਰਿੜਾਈਆ । ਨਿਰਗੁਣ ਪੂਰੀ ਕਰ ਕੇ ਆਸ, ਅਸਲ ਆਪਣਾ ਰੰਗ ਰੰਗਾਈਆ । ਸਚ ਦਵਾਰ ਦੇ ਵਿਸ਼ਵਾਸ਼, ਵਿਸ਼ਾ ਇਕੋ ਇਕ ਜਣਾਈਆ । ਝਗੜਾ ਰਹੇ ਨਾ ਮਾਟੀ ਮਾਸ, ਮਸਲਾ ਆਪਣਾ ਦਏ ਸਮਝਾਈਆ । ਹਾਏ ਉਫ਼ ਕਹੇ ਕੋਈ ਨਾ ਕਾਸ਼, ਆਕਾਸ਼ ਪਰਕਾਸ਼ ਇਕ ਰੁਸ਼ਨਾਈਆ । ਸਭ ਨੂੰ ਕਰ ਕੇ ਆਪਣੇ ਦਾਸ, ਦਾਸਤਾਨ ਧੁਰ ਦੀ ਇਕ ਸੁਣਾਈਆ । ਹਰ ਘਟ ਅੰਤਰ ਕਰ ਕੇ ਵਾਸ, ਵਾਸਤਾ ਵਿਸ਼ਵ ਨਾਲ ਰਖਾਈਆ । ਝਗੜਾ ਮੇਟ ਕੂੜ ਪਰਭਾਸ, ਭਵਸਾਗਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਖੁਲ੍ਹਿਆ ਦਰ ਦਰਵਾਜ਼ਾ, ਦਰ ਠਾਂਡਾ ਨਜ਼ਰੀ ਆਈਆ । ਜਿਸ ਗ੍ਰਿਹਿ ਵਸੇ ਗ਼ਰੀਬ ਨਿਵਾਜ਼ਾ, ਨਵਾਜ਼ਸ਼ ਵਿਚ ਆਪਣੀ ਗੋਦ ਉਠਾਈਆ । ਸਭ ਦੀ ਰੱਖਣਹਾਰਾ ਲਾਜਾ, ਵੱਡ ਦਾਤਾ ਧੁਰਦਰਗਾਹੀਆ । ਕਲਜੁਗ ਅੰਤਮ ਰਚ ਕੇ ਕਾਜਾ, ਸਤਿਗੁਰ ਸਾਚਾ ਰਾਹ ਵਖਾਈਆ । ਨਿਰਗੁਣ ਸਰਗੁਣ ਪਾ ਕੇ ਮਾਝਾ, ਮਜਲਸ ਵੇਖੇ ਧੁਰਦਰਗਾਹੀਆ । ਕੂੜੀ ਕਿਰਿਆ ਮੇਟ ਵਿਵਾਦਾ, ਵਿਦਿਆ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣੀ ਅਗੰਮੀ ਪੁਕਾਰ, ਪੂਰਬ ਧਿਆਨ ਲਗਾਈਆ । ਸ਼ਾਹੋ ਭੂਪ ਵਡ ਸਿਕਦਾਰ, ਹਰਿ ਸਵਾਮੀ ਹੋਏ ਸਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਏ ਅਧਾਰ, ਇਸ਼ਟੀ ਇਕੋ ਸੋਭਾ ਪਾਈਆ । ਜਿਸ ਦੀ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵੇਸ ਵਟਾਈਆ । ਕਲਜੁਗ ਅੰਤਮ ਲੈ ਅਵਤਾਰ, ਅਵਤਰ ਆਪਣਾ ਭੇਵ ਖੁਲ੍ਹਾਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰ, ਸੰਸਾ ਰੋਗ ਜਗਤ ਲੋਕਾਈਆ । ਹੁਕਮ ਸੰਦੇਸ਼ਾ ਦੇਵੇ ਸ਼ਬਦੀ ਧਾਰ, ਧਰਨੀ ਧਰਤ ਧਵਲ ਧੌਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁਕਮ ਮਿਲੇ ਧੁਰਦਰਗਾਹ, ਹਰਿ ਕਰਤਾ ਆਪ ਸੁਣਾਈਆ । ਛੱਡੇ ਥਲ ਅਸਗਾਹ, ਬੈਠੇ ਅੱਖ ਬਦਲਾਈਆ । ਮੰਗੀ ਇਕ ਪਨਾਹ, ਰਹਿਬਰ ਸੀਸ ਨਿਵਾਈਆ । ਵੇਖ ਕੇ ਸੱਚਾ ਥਾਂ, ਬੈਠੇ ਡੇਰਾ ਲਾਈਆ । ਨਜ਼ਰੀ ਆਇਆ ਇਕੋ ਪਿਤਾ ਮਾਂ, ਇਸਤਰੀ ਪੁਰਸ਼ ਨਾ ਵੰਡ ਵੰਡਾਈਆ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਸ਼ਹਿਨਸ਼ਾਹ ਹਰਿ ਰਘੁਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵਾਹ ਵਾ, ਬੇਨੰਤੀ

ਇਕ ਸੁਣਾਈਆ । ਸ਼ਾਸਰਤ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦਿਸੇ ਗਵਾਹ, ਸ਼ਹਾਦਤ ਇਬਾਦਤ ਵਿਚ ਭੁਗਤਾਈਆ । ਸ਼ਬਦੀ ਸਤਿਗੁਰ ਸਤਿ ਸਤਿਵਾਦੀ ਦਏ ਸਲਾਹ, ਸੁਲਹਕੁਲ ਆਪ ਜਣਾਈਆ । ਪਵਣ ਸੰਦੇਸ਼ਾ ਵਿਚ ਹਵਾ, ਆਦਮ ਹਵਾ ਸੀਸ ਨਿਵਾਈਆ । ਇਕੋ ਹੁਕਮ ਹੋਵੇ ਰਵਾਂ, ਰਵਾਦਾਰ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਕਰੇ ਖੇਲ ਨਵਾਂ, ਨਵ ਸੱਤ ਵੱਜੇ ਵਧਾਈਆ । ਸਚ ਸੰਦੇਸ਼ਾ ਧੁਰ ਦਾ ਕਹਵਾਂ, ਕਹਿ ਕਹਿ ਜਗਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਅੰਤਰ ਚਾਉ ਘਨੇਰਾ, ਵੱਜੀ ਸਚ ਵਧਾਈਆ । ਪੁਰਖ ਅਕਾਲ ਕਰੇ ਮਿਹਰਾ, ਮਹਿਬੂਬ ਮੁਹੱਬਤ ਵਿਚ ਸਮਾਈਆ । ਸਚਖੰਡ ਲਵਾਏ ਡੇਰਾ, ਦਰ ਇਕੋ ਇਕ ਵਡਿਆਈਆ । ਜਿਥੇ ਮਜ਼੍ਹਬ ਰਹੇ ਨਾ ਝੇੜਾ, ਨਾਮ ਵੰਡ ਨਾ ਕੋਇ ਵੰਡਾਈਆ । ਵੱਖਰਾ ਦਿਸੇ ਕੋਈ ਨਾ ਖੇੜਾ, ਗ੍ਰਹਿ ਇਕੋ ਸੋਭਾ ਪਾਈਆ । ਸਵਾਮੀ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਚੁਕਾਈਆ । ਸ਼ਬਦੀ ਧਾਰ ਸਤਿਗੁਰ ਸ਼ੇਰਾ, ਸ਼ਹਿਨਸ਼ਾਹ ਨੂਰ ਇਲਾਹੀਆ । ਕਲਜੁਗ ਅੰਤਮ ਕਰੇ ਮਿਹਰਾ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜਾਮਾ ਮਾਰਿਆ ਫੇਰਾ, ਫਿਰਤ ਵੇਖੇ ਕੂੜ ਲੋਕਾਈਆ । ਹੁਕਮੇ ਅੰਦਰ ਦੇ ਕੇ ਗੇੜਾ, ਝਗੜਾ ਦਏ ਚੁਕਾਈਆ । ਵਕਤ ਸੁਹੰਜਣਾ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਜਨ ਭਗਤਾਂ ਬੰਨ੍ਹੇ ਬੇੜਾ, ਆਪਣੇ ਕੰਧ ਉਠਾਈਆ । ਢੋਲਾ ਦੱਸ ਕੇ ਤੇਰਾ ਮੇਰਾ, ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਚਾਰ ਕੁੰਟ ਚੌਤਰਫ਼ੀ ਫੇਰਾ, ਚਾਰ ਚਾਰ ਖੋਜ ਖੁਜਾਈਆ ।



### ★ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੩ ਕੁਲਵੰਤ ਸਿੰਘ ਦੇ ਗ੍ਰਹਿ ਧੰਗਾਲੀ ਕੈਂਪ ਸਈ ਕਲਾਂ ਜੰਮੂ ★

ਗੁਰ ਅਵਤਾਰ ਪੈਗ਼ੰਬਰ ਕਹਿਣ ਸਰਗੁਣ ਧਾਰ ਥੱਕੀ ਮਾਂਦੀ, ਮਧਸੂਦਨ ਤੇਰੀ ਸੇਵ ਕਮਾਈਆ । ਜੁਗ ਚੌਕੜੀ ਲੋਕਮਾਤ ਬਣੀ ਰਹੀ ਪਾਂਧੀ, ਦਿਵਸ ਰੈਣ ਚਾਰ ਕੁੰਟ ਦਹਿ ਦਿਸ਼ਾ ਆਪਣੀ ਸੇਵ ਕਮਾਈਆ । ਬਣ ਵੈਰਾਗਣ ਤੇਰਾ ਢੋਲਾ ਰਹੀ ਗਾਂਦੀ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਾਮ ਧਿਆਈਆ । ਕੂੜ ਵਿਕਾਰ ਹੰਕਾਰ ਵੇਖਦੀ ਰਹੀ ਆਂਧੀ, ਝੱਖੜ ਮਮਤਾ ਮੋਹ ਦੀਨ ਦੁਨੀ ਹਿਲਾਈਆ । ਲਾਲਚ ਵੇਂਹਦੀ ਰਹੀ ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸੋਨਾ ਚਾਂਦੀ, ਤੇਰਾ ਚੰਦ ਨੂਰ ਜੋਤ ਨਿਰਗੁਣ ਖੇਲ ਖਿਲਾਈਆ । ਵਾਸਨਾ ਵਿਚ ਵਸਤ ਅਮੋਲਕ ਰਹੀ ਪੀਂਦੀ ਖਾਂਦੀ, ਖਾ ਖਾ ਖ਼ਾਲਕ ਤੇਰਾ ਸ਼ੁਕਰ ਮਨਾਈਆ । ਵਣਜ ਕਰਾਉਂਦੀ ਰਹੀ ਤੇਰੇ ਨਾਂ ਦੀ, ਹੱਟ ਬਾਜ਼ਾਰ ਵਣਜਾਰਿਆਂ ਵਣਜ ਵਖਾਈਆ । ਮਾਲਕ ਬਣਦੀ ਰਹੀ ਦੀਨਾਂ ਮਜ਼੍ਹਬਾਂ ਰਾਹ ਦੀ, ਰਹਿਮਤ ਵਿਚ ਤੇਰੀ ਓਟ ਤਕਾਈਆ । ਮਨਸਾ ਭਰੀ ਰਹੀ ਆਸ਼ਾ ਵਾਲੀ ਚਾ ਦੀ, ਚਾਓ ਘਨੇਰਾ ਇਕ ਸਮਝਾਈਆ । ਓਟ ਦੱਸਦੀ ਰਹੀ ਪੁਰਖ ਅਕਾਲ ਅਗੰਮੀ ਮਲਾਹ ਦੀ, ਖੇਵਟ ਖੇਟਾ ਇਕੋ ਧੁਰਦਰਗਾਹੀਆ । ਕਥਾ ਕਹਾਣੀ ਸੁਣਾਉਂਦੀ ਰਹੀ ਭਗਤ ਭਗਵਾਨ ਸਲਾਹ ਦੀ, ਮਸ਼ਵਰੇ ਵਿਚ ਮੁਸ਼ਕਲ ਹੱਲ ਕਰਾਈਆ । ਖੇਲ ਵੇਖਦੀ ਰਹੀ ਥਲ ਅਸਗਾਹ ਦੀ, ਟਿੱਲੇ ਪਰਬਤ ਫੋਲ ਫੁਲਾਈਆ । ਸਚ ਵਸਤ ਕਿਤੋਂ ਲੱਭੀ ਨਾ ਤੇਰੀ ਹਾਂ ਦੀ, ਪ੍ਰੀਤੀ ਪ੍ਰੇਮ ਨਾ ਕੋਇ ਜਣਾਈਆ । ਬਹੁੜੀ ਕਲਜੁਗ ਅੰਤਮ ਲੱਖ ਚੁਰਾਸੀ ਬੁੱਧੀ ਵੇਖੀ ਕਾਂ ਦੀ, ਦ੍ਰਿਸ਼ਟੀ ਵਿਚ

ਸਰਬ ਕੁਰਲਾਈਆ । ਮਾਣ ਵਡਿਆਈ ਰਹੀ ਨਾ ਕਿਸੇ ਥਾਂ ਦੀ, ਧਰਨੀ ਧਰਤ ਧੌਲ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਇਕੋ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਥੱਕੀ, ਥਕਾਵਟ ਵਿਚ ਕੁਰਲਾਈਆ । ਕੌਲ ਇਕਰਾਰ ਵਾਅਦੇ ਵੇਖੇ ਪਿਛਲੀ ਯਾਦ ਪੱਕੀ, ਪਾਰਬ੍ਰਹਮ ਪ੍ਰਭ ਇਕ ਧਿਆਨ ਲਗਾਈਆ । ਨਿਰਗੁਣ ਧਾਰ ਜੋ ਮਾਲਕ ਹਕੀ, ਹਕੀਕਤ ਪੜਦਾ ਦਏ ਉਠਾਈਆ । ਕਥਾ ਕਹਾਣੀ ਰਹੇ ਕੋਈ ਨਾ ਸ਼ੱਕੀ, ਸੰਸਾ ਅੰਦਰੋਂ ਬਾਹਰ ਕਢਾਈਆ । ਨਿਰਗੁਣ ਸਰਗੁਣ ਬਣ ਕੇ ਕਮਲਾਪਤੀ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਸਿਫ਼ਤਾਂ ਵਾਲੀ ਜਿਸ ਦੀ ਕਥਾ ਜੁਗ ਚੌਕੜੀ ਦੱਸੀ, ਅੱਖਰਾਂ ਨਾਲ ਸਾਲਾਹੀਆ । ਸਰਗੁਣ ਧਾਰ ਨਿਰਗੁਣ ਨਾਲ ਹੋ ਕੇ ਵਸੀ, ਵਾਸਤਾ ਇਕੋ ਨਾਲ ਜੁੜਾਈਆ । ਖੇਲ ਕਰਦੀ ਰਹੀ ਹੱਥੀਂ, ਸੇਵਕ ਰੂਪ ਬਣਾਈਆ । ਜਗਤ ਦੀਨ ਦੁਨੀ ਮਜ਼੍ਹਬਾਂ ਬਣ ਕੇ ਪੱਖੀ, ਡੇਰੇ ਰਹੀ ਵਖਾਈਆ । ਕਲਜੁਗ ਅੰਤ ਚਾਰ ਕੁੰਟ ਦਹਿ ਦਿਸ਼ਾ ਸਤਿ ਧਰਮ ਰਿਹਾ ਨਾ ਰਤੀ, ਰਸਤਾ ਰਾਹ ਨਾ ਕੋਇ ਸਮਝਾਈਆ । ਦੀਨ ਦੁਨੀ ਚਲੀ ਮਤ ਮਤੀ, ਮਤਵਾਲਾ ਮਾਇਆ ਮੋਹ ਬਣਾਈਆ । ਮੈਂ ਸਭ ਕੁਛ ਵੇਖ ਕੇ ਅੱਖੀਂ, ਆਖ਼ਰ ਭੱਜੀ ਵਾਹੋ ਦਾਹੀਆ । ਪੁਰਖ ਅਕਾਲ ਦੀਨ ਦਿਆਲ ਤੇਰੇ ਚਰਨ ਕਵਲ ਢੱਠੀ, ਢਹਿ ਢਹਿ ਰਹੀ ਸੁਣਾਈਆ । ਚਾਰ ਜੁਗ ਦੀ ਆਸਾ ਗੁਰ ਅਵਤਾਰ ਪੈਗ਼ੰਬਰਾਂ ਹੋ ਕੇ ਕੱਠੀ, ਇਕੋ ਵਾਰ ਵਾਸਤਾ ਪਾਈਆ । ਧੁਰ ਦੇ ਠਾਕਰ ਸਚ ਸਵਾਮੀ ਇਕੋ ਨਾਮ ਪੜ੍ਹਾ ਆਪਣੀ ਪੱਟੀ, ਪਟਨੇ ਵਾਲਾ ਕਰੇ ਅਗਵਾਈਆ । ਲੇਖਾ ਰਹੇ ਰਾਗ ਨਾ ਛੱਤੀ, ਛਤਰਧਾਰੀ ਕੰਮ ਕਿਸੇ ਨਾ ਆਈਆ । ਨਾਮ ਡੋਰੀ ਤੇਰੀ ਇਕੋ ਅੱਛੀ, ਤੰਦੋ ਤੰਦ ਦੇ ਸਮਝਾਈਆ । ਵਾਸਤਾ ਚਰਨ ਕਵਲ ਰਹੀ ਘੱਤੀ, ਗਹਿਰ ਗੰਭੀਰ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਪ੍ਰਭੂ ਵੇਖ ਮੇਰੀ ਥਕਾਵਟ, ਥੱਕੀ ਮਾਂਦੀ ਦਿਆਂ ਦੁਹਾਈਆ । ਜਗਤ ਦੁਨੀ ਦੀ ਵੇਖ ਬਨਾਵਟ, ਹਿੱਸਿਆਂ ਵਿਚ ਵੰਡ ਵੰਡਾਈਆ । ਤੇਰੇ ਨਾਮ ਦੀ ਬਖ਼ਸ਼ਿਸ਼ ਵਾਲੀ ਸਖ਼ਾਵਤ, ਜੁਗੋ ਜੁਗ ਵਰਤਾਈਆ । ਸਰਗੁਣ ਨਿਰਗੁਣ ਦੱਸ ਕੇ ਇਕ ਕਹਾਵਤ, ਕਹਿਕਹਾ ਲਗਾ ਕੇ ਕਰਦੀ ਰਹੀ ਪੜ੍ਹਾਈਆ । ਹਮਸਾਜਨ ਬਣ ਕੇ ਕਰੀ ਬਗ਼ਾਵਤ, ਬਗ਼ਲਗੀਰ ਦਿਤੇ ਲੜਾਈਆ । ਮੈਂ ਅੰਤ ਤੇਰੀ ਅਮਾਨਤ, ਅਮਲਾਂ ਤੋਂ ਰਹਿਤ ਤੇਰੀ ਸਰਨਾਈਆ । ਸਾਡੀ ਰਹੀ ਨਾ ਕੋਈ ਜ਼ਮਾਨਤ, ਜ਼ੁਮੇਵਾਰ ਨਾ ਕੋਇ ਅਖਵਾਈਆ । ਸਭ ਦੇ ਉਤੇ ਦਿਸੇ ਕਿਆਮਤ, ਸਿਰ ਸਕੇ ਨਾ ਕੋਇ ਉਠਾਈਆ । ਹੁਕਮੇ ਅੰਦਰ ਲੱਗੀ ਮਮਾਨਤ, ਮਿਹਰਵਾਨ ਮਿਹਰ ਨਜ਼ਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦੇਣਾ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸ਼ਾ ਕਹੇ ਪ੍ਰਭੂ ਮੈਂ ਚਾਰ ਕੁੰਟ ਦੀ ਆਈ ਦੌੜੀ, ਦੂਰ ਦੁਰਾਡਾ ਪੰਧ ਮੁਕਾਈਆ । ਨਿਤ ਨਵਿਤ ਵੇਖਦੀ ਰਹੀ ਤੇਰਾ ਡੰਡਾ ਪੌੜੀ, ਪੌੜੀਆਂ ਵਿਚ ਤੇਰਾ ਢੋਲਾ ਜਸ ਗਾਈਆ । ਤੇਰੀ ਭੀੜੀ ਗਲੀ ਦਿੱਸੀ ਸੌੜੀ, ਬਿਨ ਤੇਰੀ ਕਿਰਪਾ ਪਾਰ ਨਾ ਕੋਇ ਕਰਾਈਆ । ਸਦੀ ਚੌਧਵੀਂ ਕਰ ਕੇ ਬਹੁੜੀ ਬਹੁੜੀ, ਨੇਤਰ ਰੋ ਰੋ ਦਿਆਂ ਦੁਹਾਈਆ । ਸੰਤ ਰਿਹਾ ਕੋਈ ਨਾ ਘੋਰੀ, ਅੰਧਘੋਰ ਵਿਚ ਲੋਕਾਈਆ । ਅਸੀਂ ਸਭ ਨੂੰ ਵੇਖਿਆ ਦਿਵਸ ਰੈਣ ਤੱਕਿਆ ਚੋਰੀ, ਜਗਤ ਅੱਖ ਨਾ ਕੋਇ ਮਿਲਾਈਆ । ਆਤਮਾ ਸੁਹਾਗਣ ਦਿਸੇ ਨਾ ਕੋਈ ਬਾਂਕੀ ਛੋਹਰੀ, ਪੀਆ ਪ੍ਰੀਤਮ ਮੇਲ ਨਾ ਕੋਇ ਮਿਲਾਈਆ । ਸਾਡੇ ਹੱਥੋਂ ਛੁਟ ਗਈ

੯੫੪
੨੦

ਡੋਰੀ, ਡਾਂਵਾਂਡੋਲ ਦਿਸੇ ਲੋਕਾਈਆ । ਮਾਣਸ ਰੂਪ ਹੋ ਗਏ ਢੋਰੀ, ਸਚ ਧਰਮ ਨਾ ਕੋਇ ਵਡਿਆਈਆ । ਤੇਰੇ ਅੱਗੇ ਦੋਵੇਂ ਹੱਥ ਰਹੀ ਜੋੜੀ, ਜੋੜੀਂਦੇ ਸਾਜਨ ਵਾਸਤਾ ਪਾਈਆ । ਕਿਸੇ ਦੀ ਕੀਮਤ ਰਹੀ ਨਾ ਕੋੜੀ, ਕੌਡੀ ਹੱਟ ਨਾ ਕੋਇ ਵਿਕਾਈਆ । ਨਿਰਗੁਣ ਸਰਗੁਣ ਧਾਰ ਸਮਝੇ ਕੋਈ ਨਾ ਦੋਹਰੀ, ਦੂਆ ਏਕਾ ਭੇਵ ਨਾ ਕੋਇ ਚੁਕਾਈਆ । ਤੇਰੇ ਅੱਗੇ ਚਲੇ ਕੋਇ ਨਾ ਜ਼ੋਰੀ, ਜ਼ੋਰਾਵਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਬਖ਼ਸ਼ ਭੋਰੀ, ਭਰਮ ਅੰਤਰ ਨਿਰੰਤਰ ਰਹੇ ਨਾ ਰਾਈਆ ।

★ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੩ ਦੇਵਾ ਸਿੰਘ ਧੰਗਾਲੀ ਕੈਂਪ ਸਈ ਕਲਾਂ ਜੰਮੂ ★

ਗੁਰ ਅਵਤਾਰ ਪੈਗ਼ੰਬਰਾਂ ਆਸਾ ਹੋ ਕੇ ਉਘੀ, ਉਗਣ ਆਥਣ ਵੇਖ ਵਖਾਈਆ । ਲੱਖ ਚੁਰਾਸੀ ਅੰਤਰ ਵੇਖ ਕੇ ਬੁੱਧੀ, ਧੁਰ ਸੰਦੇਸਾ ਰਹੀ ਸੁਣਾਈਆ । ਸਾਚੀ ਧਾਰ ਕਿਸੇ ਨਾ ਸੁੱਝੀ, ਸਮਝ ਸੋਚ ਨਾ ਕੋਇ ਰਖਾਈਆ । ਕਲਜੁਗ ਵਾਸਨਾ ਕੂੜ ਕੁੜਿਆਰ ਵਿਚ ਰੁੱਝੀ, ਰਿਜ਼ਕ ਰਹੀਮ ਨਾ ਕੋਇ ਮਨਾਈਆ । ਸਾਚੀ ਦਿਸੇ ਕੋਈ ਨਾ ਝੁੱਗੀ, ਝਗੜਾ ਜਗਤ ਲੋਕਾਈਆ । ਭਾਉ ਭਾਵਨਾ ਹੋਈ ਦੂਜੀ, ਏਕਾ ਰੰਗ ਨਾ ਕੋਇ ਸਮਾਈਆ । ਨੇਤਰ ਰੋਵਾਂ ਉਚੀ ਕੂਕ ਭੁੱਬੀਂ, ਹੌਕਿਆਂ ਵਿਚ ਸੁਣਾਈਆ । ਪੁਰਖ ਅਕਾਲ ਵੇਖ ਆਪਣੀ ਵਦੀ ਸੁਦੀ, ਕਿਸ਼ਨਾ ਸੁਕਲਾ ਪੱਖ ਪੈਂਡਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੇਰੇ ਅੰਤਰ ਹੋਈ ਹੈਰਾਨੀ, ਹੈਰਤ ਵਿਚ ਦੁਹਾਈਆ । ਸਤਿ ਧਰਮ ਦੀ ਜੂਹ ਦਿਸੇ ਬੇਗਾਨੀ, ਬੰਦਾ ਬੰਦਗੀ ਵਿਚ ਨਾ ਕੋਇ ਸਮਾਈਆ । ਬਾਹਰੋਂ ਨਿਰਮਲ ਹੋਏ ਜਿਸਮਾਨੀ, ਅੰਤਰ ਮੈਲ ਨਾ ਕੋਇ ਧਵਾਈਆ । ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਕੂੜ ਡੰਕੇ ਜਗਤ ਵਜਾਈਆ । ਪਰਕਾਸ਼ ਹੋਵੇ ਨਾ ਕੋਇ ਅਸਮਾਨੀ, ਇਸਮ ਆਜ਼ਮ ਨਾ ਕੋਇ ਵਖਾਈਆ । ਝਗੜਾ ਚਾਰ ਕੁੰਟ ਦੀਵਾਨੀ, ਦਾਅਵੇਦਾਰ ਗੁਰ ਅਵਤਾਰ ਪੈਗ਼ੰਬਰ ਦੇਵੇ ਨਾ ਕੋਇ ਗਵਾਹੀਆ । ਸਾਚਾ ਰਾਹ ਨਾ ਦਿਸੇ ਆਸਾਨੀ, ਅਸਲ ਵਸਲ ਨਾ ਕੋਇ ਕਰਾਈਆ । ਜੀਵਤ ਜੀ ਜੀਏ ਨਾ ਕੋਇ ਪਰਾਣੀ, ਪਰਮ ਪੁਰਖ ਨਾ ਕੋਇ ਮਿਲਾਈਆ । ਮੁਹੱਬਤ ਵਿਚ ਦੁਨੀਆ ਵੇਖੇ ਨਾ ਕੋਇ ਫ਼ਾਨੀ, ਫ਼ਰਮਾਂਬਰਦਾਰ ਰੂਪ ਨਾ ਕੋਇ ਧਰਾਈਆ । ਚਾਰ ਜੁਗ ਦੀ ਪਿਛਲੀ ਸੁਣਨ ਕਹਾਣੀ, ਅੱਗੇ ਚਲੇ ਨਾ ਕੋਇ ਹਕ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗ੍ਰਹਿ ਦੇਣਾ ਵਸਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੈਂ ਵੇਖਾਂ ਅਸਲ ਵਸੀਅ, ਵਸੀਅਤ ਸਭ ਦੀ ਫੋਲ ਫੁਲਾਈਆ । ਜਿਸ ਦੀ ਕਲਮਿਆਂ ਵਿਚ ਕਰਦੇ ਗਏ ਤਸ਼ਰੀਹ, ਤਾਬਿਆਦਾਰੀ ਜਗਤ ਕਮਾਈਆ । ਮਾਰਗ ਰਸਤਾ ਦੱਸਦੇ ਗਏ ਲੀਹ, ਪੰਥ ਗ੍ਰੰਥਾਂ ਵਿਚ ਸਾਲਾਹੀਆ । ਸੋ ਸਭ ਦੀ ਪਾਵਣ ਆਇਆ ਸਹੀ, ਸਹੀ ਸਲਾਮਤ ਵੇਸ ਵਟਾਈਆ । ਲੇਖਾ ਵੇਖੇ ਬਿਨ ਕਾਗ਼ਜ਼ ਕਲਮ ਸ਼ਾਹੀ ਵਹੀ, ਵਾਹਦ ਆਪਣੀ ਕਾਰ ਕਮਾਈਆ । ਅੱਗੇ ਜੀਵਣ ਵਿਚ ਜ਼ਿੰਦਗੀ ਦੇਵੇ ਨਈ, ਨਈਆ ਨੌਕਾ ਨਾਮ ਚੜ੍ਹਾਈਆ । ਸੋ ਗੁਰ ਅਵਤਾਰ ਪੈਗ਼ੰਬਰਾਂ ਬਾਣੀ ਭਵਿਖਤਾਂ ਵਾਲੀ ਕਹੀ, ਆਸਾ ਸਭ ਦੀ ਪੂਰ ਕਰਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਸਾਹਿਬ ਸਵਾਮੀ ਸਚ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੇਰਾ ਏਕੰਕਾਰ ਇਕ ਸਹਾਰ, ਸਾਹਿਬ ਸਰਨ ਵੱਡੀ ਸਰਨਾਈਆ । ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਕਹਿਣ ਕੋਇ ਨਾ ਪਾਈਆ । ਕਿਰਪਾ ਕਰ ਆਪਣੀ ਧਾਰ, ਧਰਨੀ ਧਰਤ ਧਵਲ ਵਡਿਆਈਆ । ਲੇਖਾ ਮੁਕੇ ਜੁਗ ਚੌਕੜੀ ਚਾਰ, ਚਾਰ ਵਰਨਾਂ ਇਕ ਪੜ੍ਹਾਈਆ । ਨਿਰਗੁਣ ਨੂਰ ਦਿਸੇ ਉਜਿਆਰ, ਉਜਾਲਾ ਹੋਏ ਲੋਕਾਈਆ । ਸਤਿ ਧਰਮ ਦਾ ਸਤਿ ਜੈਕਾਰ, ਰਸਨਾ ਢੋਲਾ ਤੇਰਾ ਗਾਈਆ । ਹਉਂ ਸੇਵਕ ਖ਼ਿਦਮਤਗਾਰ, ਖ਼ਾਦਮ ਹੋ ਕੇ ਤੇਰੀ ਸੇਵ ਕਮਾਈਆ । ਤੂੰ ਦਾਤਾ ਦਾਨੀ ਇਕ ਦਾਤਾਰ, ਦਇਆਵਾਨ ਅਖਵਾਈਆ । ਮੰਗਤੇ ਦਰਵੇਸ਼ ਖੜ੍ਹੇ ਭਿਖਾਰ, ਭਿੱਖਕ ਝੋਲੀ ਦੇਣੀ ਭਰਾਈਆ । ਤੂੰ ਸਭ ਦਾ ਸਾਂਝਾ ਪਰਵਰਦਿਗਾਰ, ਪਤਿਪਰਮੇਸ਼ਵਰ ਬੇਪਰਵਾਹੀਆ । ਅਲੱਖ ਨਿਰੰਜਣ ਤੇਰਾ ਜੈਕਾਰ, ਜੈਕਾਰਿਆਂ ਵਿਚ ਸਾਲਾਹੀਆ । ਤੇਰਾ ਵੱਡ ਵੱਡਾ ਦਰਬਾਰ ਦਰਗਾਹ ਸਾਚੀ ਸੋਭਾ ਪਾਈਆ । ਕਰੇ ਕਰਾਏ ਆਪਣੀ ਕਾਰ, ਕੁਦਰਤ ਕਰਤਾ ਵੇਖ ਵਖਾਈਆ । ਸਭ ਦੀ ਆਸਾ ਮਨਸਾ ਪੂਰੀ ਕਰ ਵਿਚ ਸੰਸਾਰ, ਸੰਸਾਰੀ ਭੰਡਾਰੀ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਭਗਵਾਨ, ਭਗਤ ਵਛਲ ਸਦਾ ਗਿਰਧਾਰ, ਗਿਰਵਰ ਗ੍ਰਿਹਿ ਏਕਾ ਦੇਣਾ ਵਸਾਈਆ ।


੯੫੬
੨੦

★ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੩ ਗੂੜ੍ਹਾ ਰਾਮ ਸੇਖ਼ਸਰ ਸਈ ਖ਼ੁਰਦ ਕੈਂਪ ਜੰਮੂ ★

ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੈਂ ਫਿਰਦੀ ਬਨ ਖੰਡ, ਜੂਹਾਂ ਜੰਗਲ ਵੇਖ ਵਖਾਈਆ । ਪੜਦੇ ਲਾਹ ਕੇ ਤੱਕਿਆ ਪਰਮ ਪੁਰਖ ਦਾ ਬ੍ਰਹਿਮੰਡ, ਬ੍ਰਹਿਮਾਂਡ ਧਿਆਨ ਲਗਾਈਆ । ਜਗਤ ਸੰਸਾਰ ਵਾਸਨਾ ਵੇਖੀ ਕੰਧ, ਦਵੈਤ ਦਰ ਦਰ ਧਿਆਨ ਲਗਾਈਆ । ਕਿਰਪਾ ਕਰੀ ਸਾਹਿਬ ਬਖ਼ਸ਼ੰਦ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਜਨ ਭਗਤ ਦਵਾਰੇ ਮਿਲਿਆ ਇਕ ਅਨੰਦ, ਅਨੰਦ ਧੁਰ ਦਾ ਨਜ਼ਰੀ ਆਈਆ । ਸ਼ਬਦ ਸੁਣਿਆ ਅਗੰਮੀ ਛੰਦ, ਸੋਹੰ ਢੋਲਾ ਰਹੇ ਗਾਈਆ । ਮੈਂ ਬਿਨਾ ਕਰਵਟ ਤੋਂ ਬਦਲ ਲਈ ਕੰਡ, ਸਨਮੁਖ ਹੋ ਕੇ ਦਰਸ਼ਨ ਪਾਈਆ । ਜਿਨ੍ਹਾਂ ਨੂੰ ਪਰਮ ਪੁਰਖ ਲਗਾਇਆ ਅੰਗ, ਅੰਗੀਕਾਰ ਇਕ ਹੋ ਜਾਈਆ । ਦੋ ਜਹਾਨ ਦਾ ਚਮਕੇ ਨਿਰਾਲਾ ਚੰਦ, ਸੀਤਲ ਧਾਰ ਇਕ ਦਰਸਾਈਆ । ਨੇਤਰ ਨੀਰ ਵਰੋਲੇ ਸਰੋਵਰ ਗੰਗ, ਗਹਿਣਾ ਵਿਚ ਦੁਹਾਈਆ । ਕਿਰਪਾ ਕਰੀ ਸੂਰੇ ਸਰਬੰਗ, ਸਾਹਿਬ ਸਤਿਗੁਰ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਇਕੋ ਇਕ ਸੁਹਾਈਆ । ਆਸਾ ਕਹੇ ਮੇਰੇ ਅੰਤਰ ਆਈ ਖ਼ੁਸ਼ਹਾਲੀ, ਖ਼ਿਜ਼ਾਂ ਬਸੰਤ ਰੂਪ ਬਦਲਾਈਆ । ਚੜ੍ਹੀ ਇਕ ਅਗੰਮੀ ਲਾਲੀ, ਜੋ ਲਾਲਨ ਲਾਲ ਰੰਗ ਰੰਗਾਈਆ । ਜਲਵਾ ਤੱਕਿਆ ਜੋਤ ਅਕਾਲੀ, ਅਕਲ ਕਲ ਆਪਣੀ ਖੇਲ ਖਿਲਾਈਆ । ਮੈਂ ਨਿੱਕੀ ਨੱਢੀ ਬਾਲੀ, ਵੇਖ ਸੀਸ ਜਗਦੀਸ ਝੁਕਾਈਆ । ਜੁਗਾ ਜੁਗੰਤਰ ਤੇਰੀ ਵੱਖਰੀ ਚਾਲੀ, ਪਾਰਬ੍ਰਹਮ ਪ੍ਰਭ ਭੇਵ ਕੋਇ ਨਾ ਆਈਆ । ਤੇਰਾ ਖੇਲ ਅਦਨਾ ਆਅਲੀ, ਨਿਰਗੁਣ ਸਰਗੁਣ ਤੇਰੀ ਵੱਜੇ ਵਧਾਈਆ । ਲੱਖ ਚੁਰਾਸੀ ਜੀਵ ਜੰਤ ਦਾ ਮਾਲੀ, ਮਾਲਕ ਇਕੋ ਸੋਭਾ ਪਾਈਆ । ਗਗਨ

ਮੰਡਲ ਤਾਰਕਾ ਜਿਉਂ ਦੀਪਕ ਵਿਚ ਥਾਲੀ, ਜਲਾਂ ਥਲਾਂ ਵਿਚ ਸਮਾਈਆ । ਤੇਰੀ ਸ਼ਨਾਖ਼ਤ ਹੱਥ ਨਾ ਆਏ ਭਾਲੀ, ਖੋਜੀ ਖੋਜ ਨਾ ਕੋਇ ਖੁਜਾਈਆ । ਤੇਰੇ ਦਰ ਤੇ ਖੜ੍ਹੀ ਸਵਾਲੀ, ਮੰਗਤੀ ਹੋ ਕੇ ਝੋਲੀ ਡਾਹੀਆ । ਸਭ ਦੀ ਲੇਖੇ ਲਾ ਜਨਮ ਕਰਮ ਦੀ ਘਾਲੀ, ਪੂਰਬ ਲਹਿਣਾ ਦੇ ਚੁਕਾਈਆ । ਵਸਾਂ ਇਕੋ ਸਚ ਸਚੀ ਧਰਮਸਾਲੀ, ਧਰਮ ਦਵਾਰਾ ਇਕ ਪਰਗਟਾਈਆ । ਜਿਥੇ ਰਹੇ ਕੋਈ ਨਾ ਖ਼ਾਲੀ, ਖ਼ਲਕ ਦੇ ਖ਼ਾਲਕ ਦੇਣੀ ਸਰਨਾਈਆ । ਮੇਰੀ ਮਸਕੀਨਾਂ ਵਾਲੀ ਦਲਾਲੀ, ਅਧੀਨਗੀ ਵਿਚ ਰਖਾਈਆ । ਭਗਤ ਭਗਵਾਨ ਮਿਲ ਕੇ ਵੱਜੇ ਤਾਲੀ, ਤਾਰ ਤਾਰ ਨਾਲ ਹਿਲਾਈਆ । ਫਲ ਲੱਗੇ ਅਗੰਮੀ ਡਾਲੀ, ਪਤਿ ਪਤਵੰਤੇ ਦੇਣੀ ਮਾਣ ਵਡਿਆਈਆ । ਤੇਰਾ ਭਾਗ ਵੱਡਾ ਤੂੰ ਰਹਿਮਤ ਵਿਚ ਸ਼ਾਲੀ, ਸ਼ਹਿਨਸ਼ਾਹ ਅਖਵਾਈਆ । ਜੁਗਾ ਜੁਗੰਤਰ ਤੇਰੀ ਚਾਲ ਨਿਰਾਲੀ, ਨਿਰਾਕਾਰ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚਾ ਇਕ ਸੁਹਾਈਆ । ਆਸ਼ਾ ਕਹੇ ਮੈਂ ਕੀ ਕੀ ਦੱਸਾਂ ਕਹਾਵਤ, ਕਹਿਣ ਕਥਨ ਵਿਚ ਨਾ ਆਈਆ । ਜਗਤ ਜਹਾਨ ਵੇਖੀ ਬਗ਼ਾਵਤ, ਬਗ਼ਲਗੀਰ ਨਾ ਕੋਇ ਬਣਾਈਆ । ਮਾਨਵ ਮਾਨਵ ਪਈ ਅਦਾਵਤ, ਝਗੜਾ ਤੱਕਿਆ ਕੂੜ ਲੋਕਾਈਆ । ਸਾਚੀ ਕਰੇ ਨਾ ਕੋਇ ਸਖ਼ਾਵਤ, ਰਹਿਮਤ ਨਾਮ ਨਾ ਕੋਇ ਵਰਤਾਈਆ । ਤੇਰਾ ਖੇਲ ਤੱਕਿਆ ਪ੍ਰਭੂ ਅਚਾਨਕ, ਸ਼ਾਸਤਰ ਸਿਮਰਤ ਵੇਦ ਪੁਰਾਨ ਸਕਿਆ ਨਾ ਕੋਇ ਸਮਝਾਈਆ । ਕਲਜੁਗ ਕੂੜੀ ਕਿਰਿਆ ਮੇਟਣ ਆਇਉਂ ਅਲਾਮਤ, ਆਅਲਾ ਅਦਨਾ ਲੇਖੇ ਲਾਈਆ । ਭਗਤ ਸੁਹੇਲੇ ਵੇਖ ਅਮਾਨਤ, ਆਪ ਆਪਣੇ ਹੱਥ ਰਖਾਈਆ । ਤੇਰਾ ਖੇਲ ਸਹੀ ਸਲਾਮਤ, ਜੀਵਣ ਮਰਨ ਨਾ ਕੋਇ ਰਖਾਈਆ । ਕਲਜੁਗ ਅੰਤਮ ਦਿਸੇ ਇਕ ਕਿਆਮਤ, ਕਿਆਮਗਾਹ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਅੱਗੇ ਦੇਵੇ ਨਾ ਕੋਇ ਜ਼ਮਾਨਤ, ਸਾਰੇ ਬੈਠੇ ਪੱਲੂ ਛੁਡਾਈਆ । ਤੇਰੇ ਹੁਕਮੇ ਅੰਦਰ ਚਾਰ ਕੁੰਟ ਦਹਿ ਦਿਸ਼ਾ ਸਭ ਤੇ ਆਵੇ ਸ਼ਾਮਤ, ਸ਼ਮਅ ਕੂੜ ਗੁਲ ਕਰਾਈਆ । ਤੇਰਾ ਨਾਉਂ ਨਿਧਾਨਾ ਸ੍ਰੀ ਭਗਵਾਨਾ ਹੱਥ ਨਾ ਆਏ ਨਿਆਮਤ, ਅਨਰਸ ਰਸ ਨਾ ਕੋਇ ਚਖਾਈਆ । ਮੈਂ ਬਾਲੀ ਨੱਢੀ ਚਾਰ ਜੁਗ ਦੀ ਅਨਜਾਣਤ, ਤੇਰਾ ਭੇਵ ਨਾ ਸਮਝਿਆ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਪ੍ਰੇਮ ਸਚ ਅਮਾਨਤ, ਪੂਰਬ ਮੇਲਾ ਲਏ ਮਿਲਾਈਆ ।

★ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੩ ਬੇਲਾ ਸਿੰਘ ਦੇ ਗ੍ਰਿਹ ਧੰਗਾਲੀ ਕੈਂਪ ਸਈ ਕਲਾਂ ਜੰਮੂ ★

ਆਸ਼ਾ ਕਹੇ ਮੈਂ ਪ੍ਰਭ ਦਾ ਕਰਾਂ ਸ਼ੁਕਰਾਨਾ, ਸ਼ੁਕਰ ਕਹਿ ਕੇ ਖ਼ੁਸ਼ੀ ਮਨਾਈਆ । ਨਿਰਗੁਣ ਧਾਰ ਉਤਰ ਸ੍ਰੀ ਭਗਵਾਨਾ, ਭਗਵਨ ਆਪਣੀ ਖੇਲ ਖਿਲਾਈਆ । ਜੋਤੀ ਜੋਤ ਪਹਿਰ ਕੇ ਜਾਮਾ, ਅੰਤਰਜਾਮੀ ਵੱਜੀ ਵਧਾਈਆ । ਲੇਖਾ ਜਾਣੇ ਦੋ ਜਹਾਨਾਂ, ਨਿਰਗੁਣ ਸਰਗੁਣ ਫੋਲ ਫੁਲਾਈਆ । ਗੁਰ ਅਵਤਾਰ ਪੈਗ਼ੰਬਰਾਂ ਬਦਲ ਦੇਵੇ ਜ਼ਮਾਨਾ, ਜ਼ਾਮਨ ਆਪਣਾ ਨਾਮ ਬਣਾਈਆ । ਧੁੰਦੂਕਾਰ ਮੇਟੇ ਜ਼ਿਮੀਂ ਅਸਮਾਨਾ, ਅਸਲ ਨੂਰ ਚੰਦ ਕਰ ਕਰ ਰੁਸ਼ਨਾਈਆ । ਮਾਨਵ ਰਹੇ ਨਾ ਕੋਇ ਬੇਗਾਨਾ, ਆਤਮ ਪਰਮਾਤਮ ਜੋੜ ਜੁੜਾਈਆ । ਦੋ ਜਹਾਨ ਕਰਨ ਸਲਾਮਾਂ, ਸਜਦਿਆਂ ਵਿਚ ਸੀਸ ਝੁਕਾਈਆ । ਸਭ ਦੀ ਸਾਂਝੀ ਕਰ ਕਲਾਮਾ, ਕਲਮਾ ਕਾਇਨਾਤ ਪੜ੍ਹਾਈਆ । ਪਾਰਬ੍ਰਹਮ ਇਕ ਅਮਾਮਾ, ਅਮਲ ਵੇਖੇ ਖ਼ਲਕ ਖ਼ੁਦਾਈਆ । ਪਿਛਲਾ ਬਦਲ

੯੫੭
੨੦

ਦਏ ਨਜ਼ਾਮਾ, ਅੱਗੇ ਨੌਬਤ ਇਕ ਵਜਾਈਆ । ਅੰਧੇਰੀ ਰੈਣ ਰਹੇ ਨਾ ਸ਼ਾਮਾ, ਸ਼ਮਅ ਜੋਤ ਕਰੇ ਰੁਸ਼ਨਾਈਆ । ਸਤਿ ਧਰਮ ਦਾ ਇਕ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਈਆ । ਇਕੋ ਦੱਸ ਕੇ ਆਤਮ ਪਰਮਾਤਮ ਗਾਣਾ, ਹਕੀਕਤ ਵਿਚੋਂ ਪੜ੍ਹਾਈਆ । ਲੇਖਾ ਜਾਣੇ ਧੁਰ ਦਾ ਰਾਮਾ, ਬੰਸਰੀ ਨਾਮ ਵਾਲੀ ਸੁਣਾਈਆ । ਪੀਰ ਪੈਗ਼ੰਬਰਾਂ ਦਾ ਵੇਖੇ ਭਵਿਖਤ ਬਿਆਨਾ, ਪੜਦਾ ਪਰਦੇ ਅੰਦਰੋਂ ਦਏ ਉਠਾਈਆ । ਹਰ ਘਟ ਹੋ ਕੇ ਅੰਤਰਜਾਮਾ, ਅੰਤਰਸ਼ਕਰਨ ਲੇਖਾ ਵੇਖ ਵਖਾਈਆ । ਜਨ ਭਗਤ ਸੁਹੇਲਾ ਵੇਖੇ ਜਗਤ ਨਿਮਾਣਾ, ਕੋਝਾ ਕਮਲਾ ਗੋਦ ਉਠਾਈਆ । ਸ਼ਬਦੀ ਸ਼ਬਦ ਖੇਲ ਮਹਾਨਾ, ਮਹਿੰਮਾ ਅਕਥ ਕਥ ਵਡਿਆਈਆ । ਗੁਰਮੁਖ ਰਹੇ ਨਾ ਕੋਇ ਗ਼ੁਲਾਮਾ, ਸ਼ਰਅ ਜ਼ੰਜੀਰ ਦਏ ਕਟਾਈਆ । ਏਕਾ ਡੰਕਾ ਵੱਜੇ ਦਮਾਮਾ, ਦਮਾ ਦਮ ਆਪਣੀ ਕਰੇ ਸ਼ਨਵਾਈਆ । ਝਗੜਾ ਮੁਕੇ ਕੂੜ ਤਮਾਮਾ, ਤਾਮਸ ਰਾਜਸ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਆਸ਼ਾ ਕਹੇ ਹੁਕਮ ਵੇਖਣਾ ਇਕੋ ਰੱਬੀ, ਰਾਬਤਾ ਜ਼ਾਬਤਾ ਵਿਚ ਛੁਪਾਈਆ । ਜਿਸ ਦੀ ਯਾਦ ਕਰਦੇ ਗਏ ਨਬੀ, ਰਸੂਲ ਆਪਣੀ ਅੱਖ ਖੁਲ੍ਹਾਈਆ । ਸੋ ਮਰੀਜ਼ ਵੇਖੇ ਜਗਤ ਤਬੀ, ਤਬੀਅਤ ਸਭ ਦੀ ਫੋਲ ਫੁਲਾਈਆ । ਕਿਸੇ ਦੀ ਰਹਿਣ ਨਾ ਦੇਵੇ ਗੱਦੀ, ਗਦਾਗਰ ਕਰੇ ਲੋਕਾਈਆ । ਲਹਿਣਾ ਚੁੱਕੇ ਚੌਧਵੀਂ ਸਦੀ, ਸਦਮਾ ਦਰ ਦਰ ਦਏ ਵਖਾਈਆ । ਵਾਸਨਾ ਕਹੇ ਮੈਂ ਬਾਲੀ ਨੱਢੀ, ਨਿੱਕੀ ਵੱਡੀ ਆਪਣਾ ਰੂਪ ਬਦਲਾਈਆ । ਪ੍ਰਭ ਦਾ ਖੇਲ ਆਦਿ ਪੁਸ਼ਤ ਯੱਦੀ, ਯਥਾਰਥ ਆਪਣੀ ਕਾਰ ਕਮਾਈਆ । ਜਿਸ ਦੀ ਜੋਤ ਨਿਰਾਲੀ ਜਗੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਨ ਭਗਤ ਆਤਮਾ ਬੱਧੀ, ਬੰਦਨਾ ਇਕ ਸਮਝਾਈਆ । ਲੱਖ ਚੁਰਾਸੀ ਛੱਡੀ, ਨਾਤਾ ਰਿਹਾ ਨਾ ਰਾਈਆ । ਪ੍ਰੇਮ ਪ੍ਰੀਤੀ ਇਕੋ ਲੱਗੀ, ਅੱਗੇ ਸਕੇ ਨਾ ਕੋਇ ਤੁੜਾਈਆ । ਕਲਜੁਗ ਜਗਤ ਅੰਧੇਰੀ ਵਗੀ, ਝੱਖੜ ਚਾਰੋਂ ਕੁੰਟ ਹਿਲਾਈਆ । ਹਜ਼ਰਤ ਵੇਖੇ ਪੈਗ਼ੰਬਰ ਤੱਕੇ ਮੂਸੇ ਵਾਲੀ ਨੂਹ ਨਦੀ, ਨਾਦਾਨ ਸਮਝ ਕਿਸੇ ਨਾ ਆਈਆ । ਨਵ ਨੌਂ ਚਾਰ ਪਿਛੋਂ ਪ੍ਰਭ ਦਾ ਖੇਲ ਹੁੰਦਾ ਕਦੀ, ਕਦੀਮ ਦੀ ਰੀਤੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਆਸ਼ਾ ਕਹੇ ਮੈਂ ਗਾਵਾਂ ਗੀਤ, ਢੋਲਾ ਧੁਰਦਰਗਾਹੀਆ । ਪ੍ਰਭ ਤੱਕਿਆ ਇਕ ਅਤੀਤ, ਤ੍ਰੈਗੁਣ ਲੇਖਾ ਰਿਹਾ ਮੁਕਾਈਆ । ਮੈਂ ਹੋ ਗਈ ਠੰਡੀ ਸੀਤ, ਅਗਨੀ ਤਤ ਬੁਝਾਈਆ । ਭਗਤ ਮਾਰਗ ਬਦਲ ਕੇ ਰੀਤ, ਰਸਤਾ ਇਕੋ ਦਿਤਾ ਵਖਾਈਆ । ਜੋ ਸਾਹਿਬ ਸਵਾਮੀ ਰੱਖੇ ਚੀਤ, ਚੇਤਨ ਆਪਣਾ ਜੋੜ ਜੁੜਾਈਆ । ਝਗੜਾ ਰਹੇ ਨਾ ਹਸਤ ਕੀਟ, ਊਚਾਂ ਨੀਚਾਂ ਮੇਲ ਮਿਲਾਈਆ । ਵਕਤ ਅਖ਼ੀਰੀ ਰਿਹਾ ਬੀਤ, ਬਾਤਨ ਸਮਝ ਕਿਸੇ ਨਾ ਆਈਆ । ਬਿਨਾ ਪ੍ਰਭ ਤੋਂ ਝੂਠੀ ਦਿਸੇ ਪ੍ਰੀਤ, ਪ੍ਰੀਤਮ ਹੋਏ ਨਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਕਰੇ ਆਪ ਬਖ਼ਸ਼ੀਸ਼, ਬਖ਼ਸ਼ਿਸ਼ ਵਿਚ ਰਹਿਮਤ ਵਿਚ ਨਾਮ ਨਿਧਾਨਾ ਝੋਲੀ ਪਾਈਆ ।

### ★ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੩ ਅੰਗਰੇਜ਼ ਸਿੰਘ ਦੇ ਗ੍ਰਿਹ ਧੰਗਾਲੀ ਕੈਂਪ ਸਈ ਕਲਾਂ ਜੰਮੂ ★

ਕ੍ਰਿਸ਼ਨ ਕਿਹਾ ਸੁਣ ਅਰਜਨ ਗੀਤਾ, ਗੀਤਾਂ ਤੋਂ ਬਾਹਰ ਜਿਸ ਦੀ ਸ਼ਨਵਾਈਆ । ਇਕ ਅੱਠ ਦਾ ਇਕੋ ਮੀਤਾ, ਨਿਰਗੁਣ ਸਰਗੁਣ ਖੇਲ

੯੫੮
੨੦

ਖਿਲਾਈਆ । ਆਦਿ ਜੁਗਾਦਿ ਠਾਂਡਾ ਸੀਤਾ, ਅਗਨੀ ਅੱਗ ਨਾ ਕੋਇ ਤਪਾਈਆ । ਵੰਡ ਕਰੇ ਨਾ ਊਚਾ ਨੀਚਾ, ਆਤਮ ਪਰਮਾਤਮ ਆਪਣਾ ਰੰਗ ਰੰਗਾਈਆ । ਸਦਾ ਖੇਲ ਦੱਸੇ ਅਨਡੀਠਾ, ਜਿਸ ਦੀ ਸਮਝ ਕਿਸੇ ਨਾ ਆਈਆ । ਪਿਛੇ ਵੇਖ ਕੀ ਖੇਲ ਹੋਇਆ ਰਾਮ ਸੀਤਾ, ਸੁਰਤੀ ਸ਼ਬਦ ਨਾਲ ਵਡਿਆਈਆ । ਅਗੰਮੀ ਧਾਰ ਨੀਕਨ ਨੀਕਾ, ਨਿਰਾਕਾਰ ਧੁਰਦਰਗਾਹੀਆ । ਕ੍ਰਿਸ਼ਨ ਨੇ ਸਹਿਜ ਨਾਲ ਅਰਜਨ ਦੇ ਹੱਥ ਮਾਰਿਆ ਉਤੇ ਪੀਠਾ, ਠੋਕਰ ਦਿਤੀ ਲਗਾਈਆ । ਉਸ ਦਾ ਭੈ ਵਿਚ ਨਿਕਲ ਗਿਆ ਚੀਤਾ, ਸੁਰਤ ਬੁੱਧ ਰਹੀ ਨਾ ਰਾਈਆ । ਕ੍ਰਿਸ਼ਨ ਨੇ ਕੰਨ ਫੜ ਕੇ ਹਲੂਨਿਆ ਵਕਤ ਵਖਾਇਆ ਬੀਸਾ, ਬੀਸ ਬੀਸ ਦੁਹਾਈਆ । ਨਿਰਗੁਣ ਧਾਰ ਜੋਤ ਦਾ ਸ਼ੀਸ਼ਾ, ਬਿਨ ਅੱਖਾਂ ਦਿਤਾ ਚਮਕਾਈਆ । ਸਭ ਤੋਂ ਵੱਖਰੀ ਸਮਝਾ ਕੇ ਰੀਤਾ, ਭਗਤ ਭਗਵਾਨ ਅੰਗ ਲਗਾਈਆ । ਸਚਖੰਡ ਨਿਵਾਸੀ ਬਣ ਕੇ ਮੀਤਾ, ਮਿਤਰਾਂ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਕ੍ਰਿਸ਼ਨ ਗੀਤਾ ਲੱਗਾ ਸੁਣਾਉਣ, ਬਿਨ ਅੱਖਰਾਂ ਅੱਖਰ ਉਪਜਾਈਆ । ਬਿਨਾ ਰਸਨਾ ਲੱਗਾ ਗਾਉਣ, ਗੀਤ ਧੁਰਦਰਗਾਹੀਆ । ਖ਼ਾਦਮ ਹੋ ਗਈ ਉਣੰਜਾ ਪੌਣ, ਪਵਣ ਪਵਣਾਂ ਵਿਚ ਸਮਾਈਆ । ਹਾਜ਼ਰ ਹੋ ਕੇ ਕਿਹਾ ਰਾਵਣ ਰੌਣ, ਨੇਤਰ ਨੈਣਾਂ ਨੀਰ ਵਹਾਈਆ । ਮੇਰਾ ਜੋਬਨ ਨਾ ਰਿਹਾ ਵਿਚ ਧੌਣ, ਬਾਹੂਬਲ ਨਾ ਕੋਇ ਵਡਿਆਈਆ । ਇਕ ਵਾਸਤਾ ਆਇਆ ਪਾਉਣ, ਦੋਏ ਜੋੜ ਸੀਸ ਝੁਕਾਈਆ । ਮੈਂ ਮਾਰਗ ਲੱਗਾ ਚਲਾਉਣ, ਚਾਲ ਨਿਰਾਲੀ ਦੇ ਸਮਝਾਈਆ । ਕ੍ਰਿਸ਼ਨ ਕਿਹਾ ਮੈਂ ਦੁਆਪਰ ਲੱਗਾ ਮੁਕਾਉਣ, ਭਾਈ ਭਾਈਆਂ ਨਾਲ ਟਕਰਾਈਆ । ਅਰਜਨ ਨੂੰ ਲੱਗਾ ਵਡਿਆਉਣ, ਬੁੱਧੀ ਸਮਝ ਦੇ ਪਿਛੇ ਰਖਾਈਆ । ਰਾਵਣ ਲੱਗਾ ਪਛਤਾਉਣ, ਹੱਥ ਹੱਥਾਂ ਨਾਲ ਮਿਲਾਈਆ । ਕ੍ਰਿਸ਼ਨ ਦਾ ਚਰਨ ਲੱਗਾ ਦਬਾਉਣ, ਉਂਗਲੀ ਅੰਗੂਠੇ ਨਾਲ ਛੁਹਾਈਆ । ਕ੍ਰਿਸ਼ਨ ਰੂਪ ਲੱਗਾ ਬਦਲਾਉਣ, ਤਤ ਸ਼ਰੀਰ ਰਿਹਾ ਨਾ ਰਾਈਆ । ਓਸ ਦੇ ਵਿਚ ਲੱਗਾ ਸਮਾਉਣ, ਜੋ ਸਮੇਂ ਦਾ ਮਾਲਕ ਇਕ ਅਖਵਾਈਆ । ਜਗਿਆਸੂਆਂ ਨੂੰ ਲੱਗਾ ਪਰਚਾਉਣ, ਪਰਚਾ ਜੀਵਣ ਵਾਲਾ ਟਿਕਾਈਆ । ਉਜੜਿਆਂ ਨੂੰ ਲੱਗਾ ਵਸਾਉਣ, ਘਰ ਇਕੋ ਇਕ ਦਰਸਾਈਆ । ਅਰਜਨ ਜੋ ਮੈਥੋਂ ਲੱਗਾ ਲਿਖਾਉਣ, ਹੁਕਮ ਹੁਕਮ ਵਿਚੋਂ ਸਮਝਾਈਆ । ਤੈਨੂੰ ਰੁੱਸੇ ਨੂੰ ਲੱਗਾ ਮਨਾਉਣ, ਅੱਗੇ ਹੋ ਕਰੇ ਅਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਕ੍ਰਿਸ਼ਨ ਕਹੇ ਅਰਜਨ ਸੁਣ ਅਗੰਮੀ ਧੁਰ ਦਾ ਨਿਰਅੱਖਰ, ਅੱਖਰ ਰੂਪ ਨਾ ਕੋਇ ਬਣਾਈਆ । ਇਕ ਪਾਹਨ ਫੜ ਕੇ ਪੱਥਰ, ਕ੍ਰਿਸ਼ਨ ਨੇ ਦਿਤਾ ਵਖਾਈਆ । ਅਰਜਨ ਨੂੰ ਕੰਨੋਂ ਫੜ ਕੇ ਫੇਰ ਵਖਾਇਆ ਗੋਬਿੰਦ ਵਾਲਾ ਸੱਥਰ, ਸੂਲਾਂ ਸੇਜ ਹੰਢਾਈਆ । ਜਿਹੜਾ ਵੱਖਰਾ ਨਿਰਾਲਾ ਮੀਤ ਮੁਰਾਰਾ ਰਹੇ ਵੱਖਰ, ਹਰ ਘਟ ਓਹੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਇਕ ਉਠਾਈਆ । ਕ੍ਰਿਸ਼ਨ ਕਿਹਾ ਸੁਣ ਅਗੰਮੀ ਆਵਾਜ਼, ਬਿਨ ਰਸਨਾ ਦਿਆਂ ਸੁਣਾਈਆ । ਜਿਸ ਵਿਚ ਖੁਲ੍ਹੇ ਕਾਹਨ ਦਾ ਰਾਜ਼, ਬੇਨਿਸ਼ਾਨ ਸੋਭਾ ਪਾਈਆ । ਸੀਸ ਜਗਦੀਸ ਸੁਹਾਏ ਤਾਜ, ਤਖ਼ਤ ਨਿਵਾਸੀ ਵਡ ਵਡਿਆਈਆ । ਛਤਰਧਾਰੀ ਕਰੇ ਕੋਈ ਨਾ ਰਾਜ, ਰਈਅਤ ਰੰਗ ਨਾ ਕੋਇ ਰੰਗਾਈਆ । ਰਾਜਾ ਪਰਜਾ ਦੋਵੇਂ ਦਿਸਣ ਮੁਹਤਾਜ, ਖ਼ਾਲੀ ਭੰਡਾਰਾ ਨਾ ਕੋਇ ਭਰਾਈਆ । ਕਲਜੁਗ ਅੰਤ ਚੇਲੇ ਗੁਰੂਆਂ ਨੂੰ ਲੈਣ ਨਵਾਜ, ਚੇਲੇ ਗੁਰੂ ਬਣਾ ਕੇ ਆਪਣੀ ਕਰਨ ਵਡਿਆਈਆ । ਅੱਗੋਂ ਅਰਜਨ ਕਿਹਾ ਇਹ ਕੀ ਖੇਲ ਤਮਾਸ਼, ਸਮਝ ਨਾਲ ਸਮਝਾਈਆ ।

ਕ੍ਰਿਸ਼ਨ ਨੇ ਆਸਾ ਸੱਦ ਲਈ ਕੋਲ ਵੇਦ ਵਿਆਸ, ਹੁਕਮ ਦਿਤਾ ਸੁਣਾਈਆ । ਓਨ ਖੋਲ੍ਹ ਕੇ ਦੱਸੀ ਬਾਤ, ਸੁਖ਼ਨ ਇਕ ਅਲਾਈਆ । ਮੈਂ ਲਿਖ ਦਿਤਾ ਨਾਲ ਕਲਮ ਦਵਾਤ, ਕਲਜੁਗ ਅੰਤਮ ਪਰਗਟ ਹੋਵੇ ਧੁਰਦਰਗਾਹੀਆ । ਜੋ ਸਾਰਿਆਂ ਨੂੰ ਦੇਂਦਾ ਆਇਆ ਸ਼ਾਬਾਸ਼, ਮਾਣ ਵਡਿਆਈ ਵਿਚ ਟਿਕਾਈਆ । ਪੂਰੇ ਕਰੇ ਖ਼ਵਾਬ, ਖ਼ਾਬ ਆਪਣੇ ਵਿਚ ਪਰਗਟਾਈਆ । ਗੀਤਾ ਦਾ ਅਠਾਰਾਂ ਧਿਆਏ ਕ੍ਰਿਸ਼ਨ ਦਾ ਪਹਿਲਾ ਬਾਬ, ਕ੍ਰਿਸ਼ਨ ਦੇ ਕਾਹਨ ਦਾ ਅੱਖਰ ਨਾ ਕੋਇ ਬਣਾਈਆ । ਅੰਤ ਅਖ਼ੀਰ ਇਹ ਰਹਿ ਜਾਏ ਇਕ ਕਿਤਾਬ, ਲਾਜਵਾਬ ਹੋਵੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥੋੜ੍ਹਾ ਥੋੜ੍ਹਾ ਜੋੜਾ ਜੋੜਾ ਸਭ ਨੂੰ ਦੱਸਦਾ ਰਿਹਾ ਹਿਸਾਬ, ਜਵਾਬ ਹੱਥ ਨਾ ਕਿਸੇ ਫੜਾਈਆ ।

★ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਵਕੀਲ ਸਿੰਘ ਧੰਗਾਲੀ ਕੈਂਪ ਸਈ ਕਲਾਂ ਜੰਮੂ ★

ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੈਨੂੰ ਆਵੇ ਹਾਸੀ, ਹਸਤੀ ਵੇਖ ਧੁਰਦਰਗਾਹੀਆ । ਵੇਸ ਵਟਾਇਆ ਪੁਰਖ ਅਬਿਨਾਸ਼ੀ, ਰੂਪ ਰੰਗ ਰੇਖ ਸਮਝ ਕਿਸੇ ਨਾ ਆਈਆ । ਕਲਜੁਗ ਵੇਖ ਰੈਣ ਅੰਧੇਰੀ ਰਾਤੀ, ਰੁੱਤ ਰੁਤੜੀ ਆਪਣੀ ਇਕ ਮਹਿਕਾਈਆ । ਸਾਚੇ ਨਾਮ ਦੀ ਕਰ ਪਰਭਾਤੀ, ਭਾਂਡਾ ਭਰਮ ਭੌ ਭੰਨਾਈਆ । ਅੰਮ੍ਰਿਤ ਰਸ ਦੇ ਸਵਾਂਤੀ, ਸੁਤਿਆਂ ਲਿਆ ਉਠਾਈਆ । ਕਲਜੁਗ ਕੂੜੀ ਕਿਰਿਆ ਮੇਟੇ ਕਰਾਂਤੀ, ਸਤਿ ਸਚ ਕਰ ਰੁਸ਼ਨਾਈਆ । ਸ੍ਰਿਸ਼ਟੀ ਚਾਰ ਕੁੰਟ ਉਦਾਸੀ, ਦ੍ਰਿਸ਼ਟੀ ਵੱਜੇ ਨਾ ਕੋਇ ਵਧਾਈਆ । ਮਨ ਕਲਪਣਾ ਹੋ ਗਈ ਮਦਿਰਾ ਮਾਸੀ, ਮਸਤ ਖ਼ੁਮਾਰੀ ਨਾਮ ਨਾ ਕੋਇ ਚੜ੍ਹਾਈਆ । ਚਾਰ ਜੁਗ ਦੀ ਕਥਾ ਕਹਾਣੀ ਪਿਛਲੀ ਬਾਸੀ, ਜਿਸ ਦਾ ਰਸ ਚਖ ਖ਼ੁਸ਼ੀ ਨਾ ਕੋਇ ਮਨਾਈਆ । ਪਿਛਲਾ ਲੇਖ ਮਕਾਵੇ ਗੁਰ ਅਵਤਾਰ ਪੈਗ਼ੰਬਰਾਂ ਵਾਲੀ ਘਾਸੀ, ਰਹਿਬਰ ਇਕੋ ਇਕ ਨਜ਼ਰੀ ਆਈਆ । ਕਲਜੁਗ ਕੂੜੀ ਮੰਜ਼ਲ ਜਨ ਭਗਤਾਂ ਵਖਾਏ ਸੌਖੀ ਘਾਟੀ, ਅੱਗੇ ਹੋ ਨਾ ਕੋਇ ਅਟਕਾਈਆ । ਜੁਗ ਚੌਕੜੀ ਜਿਸ ਦੀ ਤਕਦੀ ਰਹੀ ਵਾਟੀ, ਬਿਨ ਅੱਖਾਂ ਅੱਖ ਉਠਾਈਆ । ਸੋ ਸਾਹਿਬ ਸਵਾਮੀ ਬਣਿਆ ਸਗਲਾ ਸਾਥੀ, ਧੁਰ ਦਾ ਜੋੜ ਜੁੜਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰੇ ਆਖੀ, ਆਖ਼ਰ ਆਪਣੀ ਕਲ ਵਰਤਾਈਆ । ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਕਰੇ ਰਾਖੀ, ਰੱਖਕ ਹੋ ਕੇ ਵੇਖ ਵਖਾਈਆ । ਵੇਸ ਵਟਾਇਆ ਅਲੱਖਣਾ ਅਲਾਖੀ, ਲੇਖਾ ਲਿਖ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੈਂ ਵੇਖਿਆ ਖੇਲ ਅਗੰਮਾ, ਪੁਰਖ ਅਗੰਮੜਾ ਰਿਹਾ ਵਖਾਈਆ । ਨਿਰਗੁਣ ਧਾਰੋਂ ਆਪੇ ਜੰਮਾ, ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਦੀਨ ਮਜ਼੍ਹਬ ਦੀ ਛੱਡ ਕੇ ਤਮਾ, ਤਾਮੀਲ ਆਪਣੀ ਇਕ ਕਰਾਈਆ । ਸਭ ਦਾ ਲਹਿਣਾ ਦੇਣਾ ਜੋ ਪਿਛਲਾ ਜਮ੍ਹਾਂ, ਹਕ਼ੀਕ਼ਤ ਹਕ ਵਿਚੋਂ ਵਰਤਾਈਆ । ਸਤਿਜੁਗ ਮਾਰਗ ਲਾ ਕੇ ਨਵਾਂ, ਨਵ ਨੌ ਖੰਡ ਦਏ ਸਮਝਾਈਆ । ਲੇਖਾ ਮੁੱਕੇ ਜੁਗਾਂ ਚੌਹਾਂ, ਚਾਰ ਵਰਨ ਮਿਟੇ ਲੜਾਈਆ । ਆਪਣੇ ਹੱਥ ਰੱਖਿਆ ਸਮਾਂ, ਪੁਰਖ ਅਕਾਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੈਂ ਵੇਖਿਆ ਆਪਣੀ ਅੱਖੀਂ, ਓਝਲ ਰੂਪ ਨਾ ਕੋਇ ਵਖਾਈਆ । ਜਿਸ ਦੀ ਲੱਖ ਚੁਰਾਸੀ ਸਖ਼ੀ, ਕਾਹਨ ਕੰਤ ਕੰਤੂਲ ਸੋਭਾ ਪਾਈਆ । ਉਸ ਦੀ ਭੂਮਿਕਾ ਇਕੋ ਵਸੀ, ਸੁਹੰਜਣੀ

ਸੋਭਾ ਪਾਈਆ । ਜਿਥੇ ਭਗਤਾਂ ਪੈਜ ਰੱਖੀ, ਹੋਏ ਆਪ ਸਹਾਈਆ । ਸਾਚੀ ਧਾਰ ਦੱਸੀ, ਨਿਰਗੁਣ ਕਰ ਪੜ੍ਹਾਈਆ । ਆਸ਼ਾ ਕਹੇ ਮੈਂ ਖ਼ੁਸ਼ੀਆ ਨਾਲ ਹੱਸੀ, ਹੰਸਮੁਖ ਆਪਣੀ ਬਣਤ ਬਣਾਈਆ । ਜਿਹੜਾ ਕੱਟਣ ਲੱਗਾ ਦੀਨ ਮਜ਼੍ਹਬ ਦੀ ਰੱਸੀ, ਰਸਤਾ ਇਕੋ ਇਕ ਚਲਾਈਆ । ਰੈਣ ਅੰਧੇਰੀ ਰਹੇ ਨਾ ਮੱਸੀ, ਨੂਰੀ ਚੰਦ ਜੋਤ ਰੁਸ਼ਨਾਈਆ । ਝਗੜਾ ਰਹੇ ਨਾ ਕੋਈ ਸ਼ੱਕੀ, ਭਾਂਡਾ ਭਰਮ ਭੌ ਭੰਨਾਈਆ । ਜਿਸ ਦੀ ਨਾਨਕ ਪੀਸੀ ਚੱਕੀ, ਚਾਤ੍ਰਿਕ ਹੋ ਕੇ ਧਿਆਨ ਲਗਾਈਆ । ਸਭ ਦੀ ਯਾਰੀ ਦੱਸੇ ਕੱਚੀ, ਬੰਧਨ ਆਪਣੇ ਨਾਲ ਬੰਧਾਈਆ । ਕੂੜੀ ਕਿਰਿਆ ਅਗਨੀ ਮੱਚੀ, ਬਿਨ ਮਾਚਸ ਰਹੀ ਜਲਾਈਆ । ਅੱਗੇ ਕਿਸੇ ਦੀ ਸਤਿ ਧਰਮ ਵਿਚ ਰਹੇ ਕੋਈ ਨਾ ਪੱਤੀ, ਹਿੱਸਾ ਜਗਤ ਨਾ ਕੋਇ ਵੰਡਾਈਆ । ਹੁਕਮ ਚਲੇ ਕੋਈ ਨਾ ਰੱਤੀ, ਰੱਤ ਸਭ ਦੀ ਦਏ ਮੁਕਾਈਆ । ਕਰ ਸਕੇ ਕੋਈ ਨਾ ਗਤੀ, ਗਤਿ ਮਿਤ ਆਪਣੇ ਹੱਥ ਵਖਾਈਆ । ਪੁਰਖ ਅਕਾਲ ਬਣ ਕੇ ਇਕੋ ਕਮਲਾਪਤੀ, ਪਤਿਪਰਮੇਸ਼ਵਰ ਹੋਏ ਸਹਾਈਆ । ਕਾਇਆ ਮੰਦਰ ਅੰਦਰ ਬਿਨ ਹਰਿ ਕਿਰਪਾ ਜਗੇ ਨਾ ਕੋਇ ਮੋਮਬੱਤੀ, ਬਿਨਾ ਦੀਪਕ ਦੀਪ ਕਰੇ ਰੁਸ਼ਨਾਈਆ । ਇਹ ਸਭ ਕੁਛ ਖੇਲ ਵੇਖਣਾ ਅੱਖੀਂ, ਆਖ਼ਰ ਹਰਿ ਜੂ ਆਪ ਕਰਾਈਆ । ਆਸਾ ਕਹੇ ਮੈਂ ਚਾਰ ਕੁੰਟ ਨੱਸੀ, ਭੱਜੀ ਵਾਹੋ ਦਾਹੀਆ । ਸਚ ਕਹਾਣੀ ਕਿਸੇ ਨਾ ਦੱਸੀ, ਸ਼ਾਸਤਰ ਸਿਮਰਤ ਵੇਦ ਪੁਰਾਨ ਕੂਕਣ ਦੇਣ ਦੁਹਾਈਆ । ਅੰਤਮ ਸਭ ਦੀ ਧਾਰ ਕਰ ਕੇ ਕੱਠੀ, ਏਕਾ ਹੁਕਮ ਦਿਤਾ ਦ੍ਰਿੜਾਈਆ । ਅੱਗੇ ਸੜੇ ਨਾ ਕੋਇ ਭੱਠੀ, ਅਗਨੀ ਮਜ਼੍ਹਬ ਨਾ ਕੋਇ ਤਪਾਈਆ । ਪਿਛਲੀ ਡੋਰ ਗਈ ਕਟੀ, ਕਟਾਕਸ਼ ਅਗਲਾ ਆਪਣਾ ਨਾਮ ਲਗਾਈਆ । ਸਭ ਨੂੰ ਪੜ੍ਹਾ ਕੇ ਇਕੋ ਪੱਟੀ, ਧੁਰ ਦੀ ਵਿਦਿਆ ਇਕ ਜਣਾਈਆ । ਗੁਰਮੁਖ ਭਰੇ ਕੋਈ ਨਾ ਚੱਟੀ, ਫ਼ੈਸਲਾ ਇਕੋ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੈਂ ਆਸਾਵੰਦ, ਜੁਗ ਜੁਗ ਧਿਆਨ ਲਗਾਈਆ । ਪ੍ਰਭ ਮਿਲੇ ਇਕ ਖ਼ਾਵੰਦ, ਮਾਲਕ ਧੁਰ ਦਾ ਬੇਪਰਵਾਹੀਆ । ਜਿਸ ਦਾ ਕੱਢਣਾ ਪਏ ਨਾ ਕਦੇ ਦਸਵੰਧ, ਹਿੱਸਿਆਂ ਵਿਚ ਹਿੱਸੇਦਾਰ ਨਾ ਕੋਇ ਅਖਵਾਈਆ । ਜਿਸ ਦੇ ਭਗਤ ਸੁਹੇਲੇ ਉਪਜਣ ਚੰਦ, ਜਗਤ ਜਹਾਨ ਕਰਨ ਰੁਸ਼ਨਾਈਆ । ਇਕ ਹੁਕਮ ਦੇ ਹੋਵਣ ਪਾਬੰਦ, ਦੂਸਰ ਸੀਸ ਨਾ ਕੋਇ ਝੁਕਾਈਆ । ਖੇਲ ਵੇਖਣ ਵਿਚ ਵਰਭੰਡ, ਬ੍ਰਹਿਮੰਡ ਵੱਜੇ ਵਧਾਈਆ । ਕਰਵਟ ਵਿਚ ਬਦਲ ਕੇ ਕੰਡ, ਸਨਮੁਖ ਹੋ ਕੇ ਸੋਭਾ ਪਾਈਆ । ਢੋਲੇ ਗਾਵਣ ਬੱਤੀ ਦੰਦ, ਰਸਨਾ ਜਿਹਵਾ ਰਾਗ ਅਲਾਈਆ । ਤੂੰ ਸਾਹਿਬ ਸਦਾ ਬਖ਼ਸ਼ੰਦ, ਪ੍ਰਭ ਤੇਰੀ ਬੇਪਰਵਾਹੀਆ । ਆਤਮ ਬਖ਼ਸ਼ੇ ਇਕ ਅਨੰਦ, ਨਿਜਾਨੰਦ ਕਰੇ ਰਸਾਈਆ । ਸੀਤਲ ਧਾਰ ਪਾਵੇ ਠੰਡ, ਅਗਨੀ ਤਤ ਬੁਝਾਈਆ । ਏਥੇ ਓਥੇ ਦੇਵੇ ਸੰਗ, ਸਗਲਾ ਸੰਗ ਨਿਭਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਹਰਿ ਕਰਤਾ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੈਂ ਵੇਖ ਕੇ ਹੋ ਗਈ ਦੰਗ, ਹੈਰਾਨੀ ਮੇਰੇ ਅੰਦਰ ਆਈਆ । ਗ਼ਰੀਬ ਨਿਮਾਣਿਆਂ ਚਾੜ੍ਹੇ ਰੰਗ, ਮਿਹਰ ਨਜ਼ਰ ਇਕ ਉਠਾਈਆ । ਝਗੜਾ ਮੁਕਾ ਕੇ ਗੋਦਾਵਰੀ ਗੰਗ, ਚਰਨ ਧੂੜ ਮਸਤਕ ਟਿੱਕਾ ਲਾਈਆ । ਤੂੰ ਮੇਰਾ ਮੈਂ ਤੇਰਾ ਇਕ ਸੁਣਾ ਕੇ ਛੰਦ, ਅਗਲਾ ਪੈਂਡਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਬਖ਼ਸ਼ੰਦ, ਬਖਸ਼ਿਸ਼ ਵਿਚ ਬਖ਼ਸ਼ੀਸ਼ ਧੁਰ ਪ੍ਰੀਤੀ ਇਕ ਵਰਤਾਈਆ ।

੯੬੧
੨੦

★ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਪੂਰਨ ਸਿੰਘ ਧੰਗਾਲੀ ਕੈਂਪ ਸਈ ਕਲਾਂ ਜੰਮੂ ★

ਗੁਰ ਅਵਤਾਰ ਪੈਗ਼ੰਬਰਾਂ ਆਸ਼ਾ ਕਹੇ ਪੁਰਖ ਅਕਾਲ ਪਾ ਦੇ ਸਹੀ, ਸਹੀ ਸਲਾਮਤ ਤੇਰੀ ਇਕ ਸਰਨਾਈਆ । ਜੁਗ ਚੌਕੜੀ ਜੋ ਆਸ ਸਭ ਦੀ ਰਹੀ, ਬਿਨ ਅੱਖਾਂ ਧਿਆਨ ਲਗਾਈਆ । ਕਥਾ ਕਹਾਣੀ ਭਵਿਖਤਾਂ ਵਿਚ ਜੋ ਸਭ ਨੇ ਕਹੀ, ਧੁਰ ਸੰਦੇਸਿਆਂ ਵਿਚ ਸੁਣਾਈਆ । ਅੰਤ ਗਤ ਸਭ ਦੀ ਤੇਰੇ ਹੱਥ ਰਹੀ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਲੇਖਾ ਮੰਗੇ ਕੋਇ ਨਾ ਵਹੀ, ਰਾਏ ਧਰਮ ਨਾ ਕੋਇ ਸਜ਼ਾਈਆ । ਲਹਿਣਾ ਦੇਣਾ ਪੂਰਾ ਕਰ ਦੇ ਜੋ ਰਾਮ ਭਰਤ ਨਾਲ ਕੈਕਈ, ਦਸਰਥ ਸਮਝ ਕੋਇ ਨਾ ਆਈਆ । ਰਾਮ ਸੰਦੇਸਾ ਭਰਤ ਭਰਾਤਾ ਇਕ ਧਾਰ ਚਲਣੀ ਨਈ, ਜਿਸ ਦਾ ਲੇਖ ਨਾ ਕੋਇ ਬਣਾਈਆ । ਜਿਸ ਵੇਲੇ ਸ੍ਰਿਸ਼ਟੀ ਸਤਿ ਧਰਮ ਤੋਂ ਗਈ, ਕਲਜੁਗ ਅੰਤਮ ਨਜ਼ਰੀ ਆਈਆ । ਇਕ ਇਕੱਲਾ ਰਾਮ ਦਾ ਰਾਮ ਆਵੇ ਜਨ ਭਗਤਾਂ ਲਈ, ਲਹਿਣਾ ਦੇਣਾ ਸਭ ਦਾ ਪੂਰ ਕਰਾਈਆ । ਆਦਿ ਜੁਗਾਦਿ ਜੋ ਹੋਸੀ ਭੀ ਹਈ, ਹਰਿ ਕਰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਆਸ਼ਾ ਕਹੇ ਪ੍ਰਭੂ ਚਾਰ ਜੁਗ ਤੇਰੇ ਕਿਤੇ ਨਾ ਵੇਖੇ ਦਸਖ਼ਤ, ਬਿਨ ਅੱਖਰਾਂ ਸਭ ਨੂੰ ਕੀਤੀ ਪੜ੍ਹਾਈਆ । ਜਿਸ ਕਾਰਨ ਨਿਰਗੁਣ ਧਾਰ ਆਇਓਂ ਵਤ, ਵਤਨ ਬੇਵਤਨ ਸਾਰੇ ਵੇਖ ਵਖਾਈਆ । ਸਚ ਸਵਾਮੀ ਸਭ ਦੀ ਰੱਖ ਪਤ, ਪਤਿਪਰਮੇਸ਼ਵਰ ਤੇਰੀ ਵਡਿਆਈਆ । ਮੈਂ ਜੁਗ ਚੌਕੜੀ ਗਾਵਣ ਵਾਲੀ ਤੇਰਾ ਜਸ, ਸਿਫ਼ਤਾਂ ਵਿਚ ਵਡਿਆਈਆ । ਅੰਤ ਹਕੀਕਤ ਤੇਰੇ ਹੱਥ, ਦੂਜਾ ਨਜ਼ਰ ਕੋਇ ਨਾ ਆਈਆ । ਸਪਤ ਸੁਰਿਖ ਰਾਹ ਤੱਕਣ ਤੇਰਾ ਅੱਖ, ਲੋਚਨ ਇਕ ਖੁਲ੍ਹਾਈਆ । ਮਿਹਰ ਕਰ ਪੁਰਖ ਸਮਰਥ, ਸਮਰਥ ਤੇਰੀ ਬੇਪਰਵਾਹੀਆ । ਬੀਤੇ ਕਾਲ ਗਏ ਨੱਸ, ਜੁਗ ਰਿਹਾ ਕੋਈ ਨਾ ਰਾਈਆ । ਅੰਤਮ ਸਭ ਕੁਛ ਤੇਰੇ ਵੱਸ, ਵਾਸਤਾ ਤੇਰੇ ਅੱਗੇ ਪਾਈਆ । ਨਿਰਗੁਣ ਧਾਰ ਕਰੀਂ ਨਾ ਪੱਖ, ਅਦਲ ਇਨਸਾਫ਼ ਇਕ ਦੇਣਾ ਪਰਗਟਾਈਆ । ਕੂੜੀ ਕਿਰਿਆ ਜੜ੍ਹ ਪੱਟ, ਮਾਇਆ ਮਮਤਾ ਮੋਹ ਖਪਾਈਆ । ਤੇਰੇ ਪਿਆਰ ਦਾ ਖੁਲ੍ਹੇ ਹੱਟ, ਨਾਮ ਵਣਜਾਰਾ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਕਰ ਇਕੱਠ, ਹੁਕਮ ਇਕੋ ਇਕ ਸੁਣਾਈਆ । ਦੀਨ ਦੁਨੀ ਗਏ ਛੱਡ, ਨਾਤਾ ਮੂਲ ਰਿਹਾ ਨਾ ਰਾਈਆ । ਸਚਖੰਡ ਦਵਾਰੇ ਕੋਈ ਨਾ ਦਿਸੇ ਅੱਡ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਆਸਾ ਕਹੇ ਸਾਚੀ ਸਹੀ ਦਾ ਦੇ ਸਬੂਤ, ਸਾਬਤ ਆਪਣਾ ਆਪ ਦੇ ਪਰਗਟਾਈਆ । ਕਾਇਆ ਮਾਟੀ ਵੇਖ ਕਲਬੂਤ, ਜਿਸ ਅੰਦਰ ਕਲਮੇ ਦਿਤੇ ਪੜ੍ਹਾਈਆ । ਨਿਰਗੁਣ ਧਾਰ ਹੋ ਮੌਜੂਦ, ਹਾਜ਼ਰ ਹੋ ਕੇ ਦੇ ਵਡਿਆਈਆ । ਤੇਰੀ ਮੰਜ਼ਲ ਇਕ ਮਕਸੂਦ, ਮਹਿਫ਼ਲ ਇਕੋ ਘਰ ਬਣਾਈਆ । ਝਗੜਾ ਰਹੇ ਨਾ ਕੋਈ ਦੂਜ, ਕੂੜੀ ਵੰਡ ਨਾ ਕੋਇ ਵੰਡਾਈਆ । ਸਾਚੀ ਆਪਣੀ ਦੱਸ ਦੇ ਸੂਝ, ਸੁਧ ਬੁਧ ਪਿਛਲੀ ਦੇ ਚੁਕਾਈਆ । ਤੇਰਾ ਨਾਉਂ ਸਾਰੇ ਕਹਿੰਦੇ ਨੈਣ ਮੁੰਦ, ਨੇਤਰ ਨੈਣ ਅੱਖ ਦੇ ਖੁਲ੍ਹਾਈਆ । ਮੈਂ ਚਾਰ ਜੁਗ ਦੀ ਕੁਰਲਾਵਾਂ ਕੂੰਜ, ਹੌਕਿਆਂ ਵਿਚ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਮੇਰੇ ਹੰਝੂ ਨੇਤਰ ਅੱਖੀਆਂ ਵਿਚੋਂ ਪੂੰਝ, ਬਿਨ ਧਾਰ ਛਹਿਬਰ ਜਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਇਕੋ ਓਟ ਰਖਾਈਆ । ਆਸਾ ਕਹੇ ਮੈਂ ਵੇਖ ਵੇਖ ਰਹੀ ਤੱਕ, ਬਿਨਾਂ ਕੂਟ ਖੋਜ ਖੁਜਾਈਆ । ਕੀ ਖੇਲ ਕਰੇ ਸਮਰਥ, ਸਾਹਿਬ ਬੇਪਰਵਾਹੀਆ । ਨਿਰਗੁਣ ਧਾਰ ਜੋਤੀ

ਜਾਤਾ ਹੋ ਕੇ ਆਇਆ ਨੱਸ, ਨਿਸਬਤ ਸਮਝ ਕੋਇ ਨਾ ਪਾਈਆ । ਅੰਤ ਅਖ਼ੀਰ ਸਭ ਦੀ ਕਰ ਕੇ ਬੱਸ, ਸਫਾ ਸਭ ਦੀ ਦਿਤੀ ਉਠਾਈਆ । ਇਕੋ ਬੋਲ ਜੈਕਾਰਾ ਹਕ, ਹੁਕਮ ਧੁਰ ਦਾ ਇਕ ਸੁਣਾਈਆ । ਚਰਨ ਕਵਲ ਸਰਨਾਈ ਸਾਰੇ ਗਏ ਢੱਠ, ਗੁਰ ਅਵਤਾਰ ਪੈਗ਼ੰਬਰ ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਨਿਧਾਨ ਇਕੋ ਦੇ ਆਪਣਾ ਰਸ, ਰਸਤੇ ਭੁੱਲਿਆਂ ਮਾਰਗ ਸਚ ਵਖਾਈਆ ।

### ★ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਬੀਬੀ ਮਿੱਠੀ ਦੇਵੀ ਦੇ ਗ੍ਰਹਿ ਮਘੋਵਾਲੀ ਜੰਮੂ ★

ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੈਂ ਭਗਤ ਸੁਹੇਲੇ ਵੇਖੇ ਤਰਦੇ, ਤਾਰਨਹਾਰ ਦਾਤਾਰ ਆਪਣੀ ਦਇਆ ਕਮਾਈਆ । ਸਾਚੀ ਮੰਜ਼ਲ ਦਰਗਾਹ ਸਾਚੀ ਸਚਖੰਡ ਦਵਾਰ ਚੜ੍ਹਦੇ, ਅੱਧਵਿਚਕਾਰ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਇਕੋ ਪੜ੍ਹਦੇ, ਆਤਮ ਪਰਮਾਤਮ ਵਿਚ ਮਿਲਾਈਆ । ਜੀਵਤ ਰੂਪ ਕਦੇ ਨਾ ਮਰਦੇ, ਮਰ ਜੀਵਤ ਰੂਪ ਬਦਲਾਈਆ । ਸੁਖ ਲੈਣ ਅਗੰਮੀ ਘਰ ਦੇ, ਜਿਸ ਘਰ ਵਸੇ ਸ਼ਹਿਨਸ਼ਾਹੀਆ । ਭਾਣਾ ਸਬਰ ਸਬੂਰੀ ਜਰਦੇ, ਦੁੱਖ ਦਰਦ ਨਾ ਲਾਗੇ ਰਾਈਆ । ਇਸ਼ਨਾਨ ਕਰਨ ਸਾਚੇ ਸਰ ਦੇ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਵਖਾਈਆ । ਆਸ਼ਾ ਕਹੇ ਮੈਂ ਭਗਤਾਂ ਵੇਖਿਆ ਮੇਲਾ ਹਰਿ ਨਿਰੰਕਾਰ, ਨਿਰਗੁਣ ਆਪਣਾ ਮੇਲ ਮਿਲਾਈਆ । ਜਿਸ ਦੀ ਖੋਜ ਰਹੀ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੋਲ ਫੁਲਾਈਆ । ਜਿਸ ਦੀ ਵਾਰਤਾ ਗਾਉਂਦੇ ਗਏ ਗੁਰ ਅਵਤਾਰ, ਪੈਗ਼ੰਬਰ ਢੋਲਿਆਂ ਵਿਚ ਸੁਣਾਈਆ । ਸੋ ਸਾਹਿਬ ਸਵਾਮੀ ਵੇਖਣਹਾਰ, ਜੋਤੀ ਜਾਤਾ ਪੜਦਾ ਇਕ ਉਠਾਈਆ । ਕਰੇ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੀਸ ਨਿਵਾਈਆ । ਸ਼ਬਦ ਗੁਰੂ ਕਰ ਤਿਆਰ, ਸਤਿਗੁਰ ਸਾਚੀ ਸੇਵ ਕਮਾਈਆ । ਭਗਤ ਸੁਹੇਲੇ ਮੀਤ ਉਠਾਲ, ਲੋਕਮਾਤ ਆਲਸ ਨਿੰਦਰਾ ਦਏ ਮੁਕਾਈਆ । ਪੂਰਬ ਜਨਮ ਦੀ ਲੇਖੇ ਲਾ ਕੇ ਘਾਲ, ਸਿਰ ਆਪਣਾ ਹੱਥ ਟਿਕਾਈਆ । ਸਚਖੰਡ ਦਵਾਰਾ ਵਖਾ ਸੱਚੀ ਧਰਮਸਾਲ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜਿਥੇ ਗੁਰਮੁਖ ਵਸਣ ਲਾਲ, ਦੂਜਾ ਵੜਨ ਕੋਇ ਨਾ ਪਾਈਆ । ਨੇੜ ਆ ਨਾ ਸਕੇ ਕਾਲ, ਮਹਾਂਕਾਲ ਨਾ ਕੋਇ ਡਰਾਈਆ । ਤ੍ਰੈਗੁਣ ਕੂੜਾ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਪ੍ਰੇਮ ਪ੍ਰੀਤੀ ਵਿਚੋਂ ਮਾਣਕ ਮੋਤੀ ਉਛਾਲ, ਰਤਨ ਅਗੰਮਾ ਬਾਹਰ ਕਢਾਈਆ । ਜਨਮ ਕਰਮ ਦਾ ਪੂਰਾ ਕਰ ਸਵਾਲ, ਫ਼ਿਕਰਾ ਆਪਣਾ ਨਾਮ ਸੁਣਾਈਆ । ਸਾਚੀ ਗੋਦ ਲਏ ਸਵਾਲ, ਸੋਇਆ ਫੇਰ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਸਾਈਆ । ਆਸ਼ਾ ਕਹੇ ਮੈਂ ਭਗਤ ਸੁਹੇਲਾ ਵੇਖਿਆ ਭਗਤਾਂ ਸੰਗ, ਸਗਲਾ ਸੰਗ ਬਣਾਈਆ । ਆਤਮ ਦਾ ਦੇਵੇ ਅਨੰਦ, ਮਨ ਮਨਸਾ ਮੇਟ ਮਿਟਾਈਆ । ਸਚ ਸਤਿ ਦਾ ਚਾੜ੍ਹ ਕੇ ਚੰਦ, ਸਚਖੰਡ ਕਰੇ ਰੁਸ਼ਨਾਈਆ । ਜੁਗ ਜਨਮ ਦੀ ਵਿਛੜੀ ਆਪਣੇ ਨਾਲ ਗੰਢ, ਡੋਰ ਪ੍ਰੇਮ ਪ੍ਰੀਤ ਵਖਾਈਆ । ਝਗੜਾ ਮੁਕਾ ਜਗਤ ਗੰਗ, ਤੀਰਥ ਤੱਟਾਂ ਪੰਧ ਰਹੇ ਨਾ ਰਾਈਆ । ਕਰੇ ਮਿਹਰ ਸੂਰਾ ਸਰਬੰਗ, ਸਿਰ ਆਪਣਾ ਹੱਥ ਰਖਾਈਆ । ਸਾਚੀ ਮੰਜ਼ਲ ਜਾਵਣ ਲੰਘ, ਦਰ ਮਿਲੇ ਬੇਪਰਵਾਹੀਆ ।

੯੬੩
੨੦

ਸੇਜ ਸੁਹੰਜਣੀ ਇਕ ਪਲੰਘ, ਜਿਸ ਦਾ ਪਾਵਾ ਚੂਲ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਸਾਈਆ । ਆਸਾ ਕਹੇ ਭਗਤਾਂ ਅੰਦਰ ਚਾਓ ਘਨੇਰਾ, ਖ਼ੁਸ਼ੀਆਂ ਵਿਚ ਵਡਿਆਈਆ । ਪ੍ਰਭ ਠਾਕਰ ਪਾਇਆ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਚੁਕਾਇਆ ਚੁਰਾਸੀ ਗੇੜਾ, ਆਵਣ ਜਾਵਣ ਰਿਹਾ ਨਾ ਰਾਈਆ । ਪਾਰ ਕਰਾਇਆ ਫੜ ਕੇ ਬੇੜਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਜਨਮ ਮਰਨ ਚੁਕਾਇਆ ਝੇੜਾ, ਝਗੜਾ ਅਵਰ ਨਾ ਕੋਇ ਦਸਾਈਆ । ਭਾਗ ਲਗਾ ਕੇ ਕਾਇਆ ਮਾਟੀ ਖੇੜਾ, ਗ੍ਰਹਿ ਮੰਦਰ ਦਿਤੀ ਵਡਿਆਈਆ । ਆਪਣਾ ਰੰਗ ਰੰਗਾ ਕੇ ਗੁਰੂ ਗੁਰ ਚੇਰਾ, ਚੇਲਾ ਗੁਰ ਆਤਮ ਪਰਮਾਤਮ ਮੇਲ ਮਿਲਾਈਆ । ਮੁੜ ਕੇ ਬਹੁੜ ਨਾ ਹੋਵੇ ਫੇਰਾ, ਫ਼ੈਸਲਾ ਇਕ ਹਕ ਸੁਣਾਈਆ । ਜਨ ਭਗਤਾਂ ਉਤੇ ਕਰਕੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦਏ ਵਡਿਆਈਆ । ਆਸ਼ਾ ਕਹੇ ਮੈਂ ਭਗਤ ਸੁਹੇਲੇ ਵੇਖੇ ਸੁੱਤੇ, ਧੁਰ ਦੀ ਗੋਦ ਸੋਭਾ ਪਾਈਆ । ਓਨ੍ਹਾਂ ਨੂੰ ਗੁਰ ਅਵਤਾਰ ਪੈਗ਼ੰਬਰ ਕੋਈ ਨਾ ਪੁਛੇ, ਬਾਹੋਂ ਫੜ ਨਾ ਕੋਇ ਹਿਲਾਈਆ । ਜਿਸ ਦੀ ਧਾਰ ਵਿਚੋਂ ਉਠੇ, ਅੰਤ ਓਸੇ ਵਿਚ ਸਮਾਈਆ । ਦੀਨ ਦਿਆਲਾ ਹੋ ਕੇ ਤੁੱਠੇ, ਪੁਰਖ ਅਕਾਲਾ ਵਡ ਵਡਿਆਈਆ । ਸਭ ਦੇ ਪੈਂਡੇ ਪਿਛਲੇ ਅਗਲੇ ਮੁੱਕੇ, ਪਾਂਧੀ ਪੰਧ ਨਾ ਕੋਇ ਭਵਾਈਆ । ਝਗੜਾ ਰਿਹਾ ਨਾ ਕਾਇਆ ਬੁੱਤੇ, ਪੰਜ ਤਤ ਅਗਨੀ ਖ਼ਾਕ ਬਣਾਈਆ । ਗੁਰਮੁਖ ਗੁਰਸਿਖ ਸਦਾ ਸਦਾ ਸਦ ਸੁੱਚੇ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਬਿਨ ਹਰਿ ਅੱਗੇ ਕੋਇ ਨਾ ਪੁਛੇ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਸਰਨਾਈਆ । ਆਸਾ ਕਹੇ ਭਗਤਾਂ ਮਿਲੀ ਅਗੰਮੀ ਧੀਰ, ਧੀਰਜ ਆਪ ਧਰਾਈਆ । ਨਾਤਾ ਛੱਡ ਜਗਤ ਸਰੀਰ, ਸ਼ਰੀਕੇ ਵਾਲੀ ਛੱਡਣ ਲੋਕਾਈਆ । ਮਿਲਣ ਇਕ ਅਗੰਮੀ ਪੀਰ, ਜੋ ਪਿਤਾ ਪੁਰਖ ਅਕਾਲ ਅਖਵਾਈਆ । ਜਿਸ ਦਾ ਅੰਮ੍ਰਿਤ ਠਾਂਡਾ ਸੀਰ, ਬੂੰਦ ਸਵਾਂਤੀ ਮੁਖ ਚੁਆਈਆ । ਜਿਸ ਦਵਾਰੇ ਬਹੇ ਕਬੀਰ, ਕਬਰਾਂ ਤੋਂ ਬਾਹਰ ਵੱਜੇ ਵਧਾਈਆ । ਸੋ ਭਗਤਾਂ ਮੰਜ਼ਲ ਮਿਲੇ ਅਖ਼ੀਰ, ਆਖ਼ਰ ਇਕੋ ਘਰ ਵਸਾਈਆ । ਜਿਥੇ ਨਾ ਕੋਈ ਸ਼ਾਹ ਨਾ ਹਕੀਰ, ਅਮੀਰ ਗ਼ਰੀਬ ਵੰਡ ਨਾ ਕੋਇ ਵੰਡਾਈਆ । ਨਾ ਕੋਈ ਜਗਤ ਮਰਿਆਦਾ ਤਦਬੀਰ, ਤਰੀਕਾ ਇਕੋ ਇਕ ਸੁਣਾਈਆ । ਗੋਬਿੰਦ ਦਾ ਲਾਲ ਅਗੰਮਾ ਚੀਰ, ਬਸਤਰ ਸੋਹਣਾ ਇਕ ਸੁਹਾਈਆ । ਕਲਜੁਗ ਦੀ ਅੰਤਮ ਮੇਟ ਲਕੀਰ, ਕੂੜੀ ਕਿਰਿਆ ਡੇਰਾ ਢਾਹੀਆ । ਇਹ ਖੇਲ ਗਹਿਰ ਗੰਭੀਰ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਸ਼ਰਨਾਈਆ । ਆਸਾ ਕਹੇ ਗੁਰਸਿਖ ਹਰਿ ਭਗਤ ਦਏ ਸੰਦੇਸ਼ਾ, ਉਚੀ ਕੂਕ ਕੂਕ ਸੁਣਾਈਆ । ਮੇਰਾ ਪਿਛੇ ਕੋਈ ਰਿਹਾ ਨਾ ਲੇਖਾ, ਕੂੜੀ ਵੰਡ ਨਾ ਕੋਇ ਵੰਡਾਈਆ । ਮੈਨੂੰ ਅੰਤਮ ਇਕ ਦਾ ਆਇਆ ਚੇਤਾ, ਜੋ ਚੇਤਨ ਸਭ ਨੂੰ ਰਿਹਾ ਕਰਾਈਆ । ਦੋ ਜਹਾਨਾਂ ਬਣਿਆ ਨੇਤਾ, ਨਿਰਗੁਣ ਨਿਰਵੈਰ ਆਪ ਹੋ ਜਾਈਆ । ਭਗਤਾਂ ਦਾ ਬਿਨ ਬੋਲੀਉਂ ਲੈ ਕੇ ਠੇਕਾ, ਰਾਏ ਧਰਮ ਦਾ ਖਹਿੜਾ ਦਿਤਾ ਚੁਕਾਈਆ । ਸਚ ਸੁਹਾ ਕੇ ਇਕੋ ਦੇਸਾ, ਸਚਖੰਡ ਵੱਜੇ ਨਾਮ ਵਧਾਈਆ । ਨਾਤਾ ਜੁੜ ਗਿਆ ਪਿਤਾ ਪੂਤ ਪੁੱਤ ਬੇਟਾ, ਨਿਰਗੁਣ ਨਿਰਗੁਣ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਜੁਗ ਚੌਕੜੀ ਵੇਖੀ ਬੜੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ ।

ਲਹਿਣਾ ਦੇਣਾ ਤੱਕਿਆ ਗੋਰ ਮੜ੍ਹੀ, ਮਸਾਣ ਪਵਣ ਰੂਪ ਸਮਾਈਆ । ਗੁਰ ਅਵਤਾਰ ਪੈਗੰਬਰਾਂ ਖੇਲ ਵਖਾਇਆ ਹਰੀ, ਹਰਿ ਕਰਤੇ ਆਪਣੇ ਹੱਥ ਰੱਖੀ ਵਡਿਆਈਆ । ਬਿਨ ਭਗਤਾਂ ਕਿਸੇ ਨਾ ਨਾਤਾ ਤੁੱਟਾ ਸ਼ਰੀ, ਸ਼ਰਅ ਵਿਚ ਜਗਤ ਲੋਕਾਈਆ । ਕੁਛ ਲਹਿਣਾ ਦੇਣਾ ਲੇਖਾ ਚਮਕੌਰ ਗੜ੍ਹੀ, ਗੁਰ ਗੋਬਿੰਦ ਗਿਆ ਸੁਣਾਈਆ । ਜਿਸ ਦੀ ਧਾਰ ਸਤਿ ਸਤਿਵਾਦ ਖੜ੍ਹੀ, ਸਚ ਦਵਾਰੇ ਨਜ਼ਰੀ ਆਈਆ । ਸੋ ਭਗਤ ਸੁਹੇਲੇ ਵਸਾਏ ਆਪਣੀ ਘਰੀ, ਜਿਸ ਘਰ ਗ੍ਰਿਹ ਦਾ ਮਾਲਕ ਇਕੋ ਨਜ਼ਰੀ ਆਈਆ । ਜਿਥੇ ਦੁੱਖ ਨਾ ਲਾਗੇ ਜ਼ਰੀ, ਅਗਨੀ ਅੱਗ ਨਾ ਕੋਇ ਲਗਾਈਆ । ਲੱਖ ਚੁਰਾਸੀ ਵਿਚੋਂ ਕਰ ਕੇ ਬਰੀ, ਪਾਰਬ੍ਰਹਮ ਪ੍ਰਭ ਆਪਣੇ ਵਿਚ ਮਿਲਾਈਆ । ਸਾਚੇ ਨਾਮ ਦੀ ਪਾਵੇ ਅਗੰਮੀ ਕੜੀ, ਨਿਰਗੁਣ ਜੋੜੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਨੇ ਤੂੰ ਮੇਰਾ ਮੈਂ ਤੇਰਾ ਤੁਕ ਇਕੋ ਪੜ੍ਹੀ, ਤਿਨ੍ਹਾਂ ਦਾ ਲੇਖਾ ਲੋਕਮਾਤ ਰਹਿਣ ਨਾ ਪਾਈਆ ।



## ★ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਮਾਇਆ ਦੇਵੀ ਦੇ ਗ੍ਰਿਹ ਮਘੋਵਾਲੀ ਜੰਮੂ ★

ਜਨ ਭਗਤ ਕਹੇ ਮੇਰਾ ਬਿਸਰਾਮ, ਹਰਿ ਕੰਤ ਸੱਚੀ ਸਰਨਾਈਆ । ਜਿਥੇ ਝੁਕਦੇ ਤੱਤਾਂ ਵਾਲੇ ਰਾਮ, ਸਰਗੁਣ ਨਿਰਗੁਣ ਸੀਸ ਨਿਵਾਈਆ । ਪੈਗੰਬਰ ਕਰਨ ਸਲਾਮ, ਬਿਨ ਸੀਸ ਸਜਦਾ ਇਕ ਖ਼ੁਦਾਈਆ । ਪੂਰਾ ਹੋਵੇ ਕਾਮ, ਇੱਛਤ ਪੂਰ ਅਖਵਾਈਆ । ਬਰਦਾ ਰਹਿਣਾ ਪਏ ਨਾ ਕੋਇ ਗੁਲਾਮ, ਸ਼ਰਅ ਜ਼ੰਜੀਰ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਡਿਆਈਆ । ਜਨ ਭਗਤ ਕਹੇ ਸਭ ਤੋਂ ਔਖਾ ਪ੍ਰਭ ਵਿਛੋੜਾ, ਵਿਛੜ ਕਦੇ ਨਾ ਜਾਈਆ । ਆਦਿ ਜੁਗ ਦਾ ਜੋੜਾ, ਚੌਕੜੀ ਵੱਜੇ ਵਧਾਈਆ । ਦੋਹਾਂ ਦਾ ਸਾਂਝਾ ਪੌੜਾ, ਮੰਜ਼ਲ ਇਕ ਅਖਵਾਈਆ । ਰਾਹ ਰਹੇ ਕੋਈ ਨਾ ਸੌੜਾ, ਭੀੜੀ ਗਲੀ ਨਾ ਵੰਡ ਵੰਡਾਈਆ । ਆਤਮ ਪਰਮਾਤਮ ਸਾਕ ਹੋਵੇ ਦੋਹਰਾ, ਨਿਰਗੁਣ ਤੋਂ ਸਰਗੁਣ ਸਰਗੁਣ ਤੋਂ ਨਿਰਗੁਣ ਵਿਚ ਸਮਾਈਆ । ਲੇਖਾ ਸਾਫ਼ ਰੱਖੇ ਕੋਰਾ, ਦੁਰਮਤ ਮੈਲ ਨਾ ਲਾਗੇ ਰਾਈਆ । ਨਾਮ ਨਿਧਾਨਾ ਦੇ ਕੇ ਭੋਰਾ, ਕਾਇਆ ਭੋਰੇ ਵਿਚੋਂ ਬਾਹਰ ਕਢਾਈਆ । ਸਾਚੀ ਧਾਰ ਦਾ ਲਾ ਕੇ ਹੋੜਾ, ਹੋਕਾ ਦੇ ਕੇ ਆਪ ਉਠਾਈਆ । ਆਤਮਾ ਪਰਮਾਤਮਾ ਸਾਚਾ ਇਕੋ ਜੋੜਾ, ਜੁੜਿਆ ਵਿਛੜ ਕਦੇ ਨਾ ਜਾਈਆ । ਮਾਟੀ ਚੰਮ ਚੰਮ ਦ੍ਰਿਸ਼ਟੀ ਮਾਨਸ ਢੋਰਾ, ਪੰਖੀ ਪੰਛੀ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤ ਕਹਿਣ ਪ੍ਰਭ ਕਦੇ ਨਾ ਹੋਵੇ ਅਲਗ, ਵੱਖਰਾ ਰਹਿਣ ਕੋਇ ਨਾ ਪਾਈਆ । ਕਿਰਪਾ ਕਰੇ ਸੂਰਾ ਸਰਬਗ, ਸਿਰ ਆਪਣਾ ਹੱਥ ਟਿਕਾਈਆ । ਦਰਸ਼ਨ ਦੇਵੇ ਉਪਰ ਸ਼ਾਹ ਰਗ, ਨਿਰਗੁਣ ਨੂਰ ਕਰ ਰੁਸ਼ਨਾਈਆ । ਬਿਨ ਕਾਅਬਿਉਂ ਕਰਾ ਕੇ ਹੱਜ, ਹੁਜਰਾ ਇਕੋ ਦਏ ਸੁਹਾਈਆ । ਨਾਮ ਨਗਾਰਾ ਜਾਏ ਵੱਜ, ਨੌਬਤ ਕਰੇ ਸ਼ਨਵਾਈਆ । ਸਚ ਦਵਾਰੇ ਬਹੇ ਸਜ, ਸਚ ਸਿੰਘਾਸਣ ਡੇਰਾ ਲਾਈਆ । ਜਨ ਭਗਤਾਂ ਕੂੜੀ ਪਾਰ ਕਰੇ ਹੱਦ, ਘਰ ਆਪਣਾ ਇਕ ਵਖਾਈਆ । ਜਿਥੇ ਦੀਪਕ ਜੋਤ ਰਿਹਾ ਜਗ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਸਿੰਘਾਸਣ ਰਿਹਾ ਸਜ, ਹਰਿ ਕਰਤਾ ਬੇਪਰਵਾਹੀਆ । ਜਨ ਭਗਤਾਂ ਸਚ ਪ੍ਰੇਮ ਪਿਆਰ

੯੬੫
੨੦

ਪਿਆਵੇ ਮਦ, ਮਧੁਰ ਧੁਨ ਰਾਗ ਸੁਣਾਈਆ । ਰਹਿਣ ਦੇਵੇ ਨਾ ਕੋਈ ਬਪੜਾ ਬਗ, ਕਾਗ ਹੰਸ ਰੂਪ ਵਟਾਈਆ । ਸਰਬ ਕਲਾ ਹੋ ਸਮਰਥ, ਮਹਿੰਮਾ ਅਕਥ ਕਥ ਜਣਾਈਆ । ਤੂੰ ਮੇਰਾ ਮੈਂ ਤੇਰਾ ਆਦਿ ਅੰਤ ਦਾ ਸਾਂਝਾ ਜਸ, ਮਧ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨੇਤਰ ਖੋਲ੍ਹ ਕੇ ਅੱਖ, ਪਰਤੱਖ ਆਪਣਾ ਰੰਗ ਚੜ੍ਹਾਈਆ ।

★ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਸਰਦਾਰ ਸਿੰਘ ਦੇ ਗ੍ਰਿਹ ਸੀੜ ਜੰਮੂ ★

ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਵੇਖੀ ਜਗਤ ਲੋਕਾਈ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਫੋਲ ਫੁਲਾਈਆ । ਚਾਰ ਕੁੰਟ ਦਹਿ ਦਿਸ਼ਾ ਮਾਇਆ ਮਮਤਾ ਮੋਹ ਵਿਕਾਰ ਦੀ ਪਈ ਦੁਹਾਈ, ਜਗਤ ਦੁਹਾਗਣ ਨਾਰ ਹਰਿ ਕੰਤ ਨਾ ਕੋਇ ਪਰਨਾਈਆ । ਮਾਨਵ ਮਾਨੁਖ ਧਰਨੀ ਧਰਤ ਧਵਲ ਧੌਲ ਆਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਚਾਰ ਕੁੰਟ ਦਹਿ ਦਿਸ਼ਾ ਹੋਇਆ ਵਿਭਚਾਰ, ਕੂੜੀ ਕਿਰਿਆ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹਲਕਾਈਆ । ਸਾਚਾ ਮਿਲੇ ਨਾ ਮੀਤ ਮੁਰਾਰ, ਪਾਰਬ੍ਰਹਮ ਪਤਿਪਰਮੇਸ਼ਵਰ ਦਰਸ ਕੋਇ ਨਾ ਪਾਈਆ । ਕਾਇਆ ਮੰਦਰ ਅੰਦਰ ਸਚ ਨੂਰ ਨਾ ਹੋਵੇ ਉਜਿਆਰ, ਅੰਮ੍ਰਿਤ ਰਸ ਬੂੰਦ ਸਵਾਂਤੀ ਨਿਝਰ ਝਿਰਨਾ ਨਾ ਕੋਇ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਵਰਤਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਵੇਖੀ ਦੀਨ ਦੁਨੀ, ਦਾਅਵੇਦਾਰ ਨਜ਼ਰ ਕੋਇ ਨਾ ਆਈਆ । ਭਰਮੇਂ ਭੁੱਲੇ ਰਿਖੀ ਮੁਨੀ, ਮਨੂਆ ਮਨ ਬੰਧਨ ਨਾ ਕੋਇ ਰਖਾਈਆ । ਸਾਚਾ ਦਿਸੇ ਨਾ ਕੋਇ ਗੁਣੀ, ਜੋ ਪ੍ਰਭ ਦਾ ਪੜਦਾ ਦਏ ਉਠਾਈਆ । ਮਾਟੀ ਸਭ ਦੀ ਖ਼ਾਲੀ ਦਿਸੇ ਕੁੰਨੀ, ਹੁਜਰਾ ਹਕ ਨਾ ਕੋਇ ਵਡਿਆਈਆ । ਨਾਮ ਨਿਧਾਨ ਸ੍ਰੀ ਭਗਵਾਨ ਸੁਣਾਏ ਕੋਈ ਨਾ ਧੁਨੀ, ਅਨਹਦ ਨਾਦੀ ਨਾਦ ਨਾ ਕੋਇ ਵਜਾਈਆ । ਅੰਮ੍ਰਿਤ ਰਸ ਨਿਝਰ ਧਾਰ ਕਿਸੇ ਨਾ ਮਿਲੇ ਬਿਨਾ ਬੁੱਲੀਂ, ਝਿਰਨਾ ਅਗੰਮੀ ਇਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮੇ ਅੰਦਰ ਹੁਕਮ ਵਰਤਾਈਆ । ਆਸਾ ਕਹੇ ਮੈਂ ਵੇਖਾਂ ਕਲਜੁਗ ਅੰਤ ਅਖ਼ੀਰ, ਬਿਨ ਅੱਖਾਂ ਆਖ ਸੁਣਾਈਆ । ਸਾਚਾ ਦਿਸੇ ਨਾ ਕੋਇ ਦਸਤਗੀਰ, ਬਗ਼ਲਗੀਰ ਕੂੜ ਲੋਕਾਈਆ । ਪੁਰਖ ਅਕਾਲਾ ਦੀਨ ਦਿਆਲਾ ਖੇਲ ਕਰੇ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਗੋਬਿੰਦ ਸੂਰਾ ਸ਼ਾਹ ਸੁਲਤਾਨਾਂ ਹੱਥ ਫੜਾਏ ਇਕ ਸ਼ਮਸ਼ੀਰ, ਸ਼ਮਅ ਕੂੜੀ ਗੁੱਲ ਕਰਾਈਆ । ਨੇਤਰ ਨੈਣ ਵਹਾਵੇ ਮੁਕਾਮੇ ਹਕ ਕਬੀਰ, ਦਰੋਹੀ ਤੇਰਾ ਨਾਮ ਦੁਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਦੀ ਬਦਲ ਗਈ ਜਗੀਰ, ਜਾਹਰ ਜਹੂਰ ਦਰਸ ਕੋਇ ਨਾ ਪਾਈਆ । ਤੇਰੇ ਭਗਤ ਜੁਗ ਚੌਕੜੀ ਲੱਖ ਚੁਰਾਸੀ ਵਿਚ ਖ਼ਮੀਰ, ਰੰਗ ਆਪਣਾ ਦੇਣ ਵਖਾਈਆ । ਚਾਰ ਜੁਗ ਦੀ ਮਿਟਦੀ ਦਿਸੇ ਲਕੀਰ, ਫ਼ਕੀਰ ਪਲੂ ਨਾ ਕੋਇ ਫੜਾਈਆ । ਤੇਰੇ ਹੱਥ ਦੋ ਜਹਾਨਾਂ ਤਕਦੀਰ, ਤਦਬੀਰ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਆਸਾ ਕਹੇ ਮੈਂ ਵੇਖ ਵੇਖ ਹੋਈ ਖ਼ੁਸ਼,

ਧੁਰ ਦਾ ਰਾਗ ਸੁਣਾਈਆ । ਸਦੀ ਚੌਧਵੀਂ ਸਾਰੇ ਹੋਏ ਚੁੱਪ, ਬੀਸ ਬੀਸਾ ਆਪਣਾ ਬਲ ਧਰਾਈਆ । ਸਾਚਾ ਦਿਸੇ ਕੋਈ ਨਾ ਸੁਤ, ਅਪਰਾਧੀ ਬੈਠੇ ਮੁਖ ਭਵਾਈਆ । ਭਾਗ ਲੱਗੇ ਕਿਸੇ ਨਾ ਕੁੱਖ, ਜਨਨੀ ਬਣੇ ਨਾ ਕੋਇ ਜਣੇਂਦੀ ਮਾਈਆ । ਪੁਰਖ ਅਕਾਲਾ ਦੀਨ ਦਿਆਲਾ ਹਰ ਘਟ ਅੰਦਰ ਬੈਠਾ ਲੁਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਬਣਾ ਕੇ ਆਪਣੇ ਸੁਤ, ਪਿਤਾ ਪੂਤ ਗੋਦ ਉਠਾਈਆ । ਬਿਨ ਹੱਥਾਂ ਬਾਹਵਾਂ ਧਾਰ ਆਤਮ ਪਰਮਾਤਮ ਲਏ ਚੁੱਕ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਈਆ । ਜਨਮ ਕਰਮ ਦਾ ਆਵਣ ਜਾਵਣ ਲੱਖ ਚੁਰਾਸੀ ਮੇਟ ਕੇ ਦੁੱਖ, ਦਰਦੀਆਂ ਦਰਦ ਦਏ ਗਵਾਈਆ । ਉਜਲ ਕਰ ਕੇ ਦੋ ਜਹਾਨਾਂ ਮੁਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਦਵਾਰਾ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੈਂ ਵੇਖਾਂ ਭਗਤਾਂ ਧਾਰ, ਜੋ ਭਗਵਨ ਵਿਚ ਸਮਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰ ਨਾ ਸਕੀ ਵਿਸਥਾਰ, ਰਾਗ ਨਾਦ ਨਾ ਢੋਲਾ ਗਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਕਰਦੇ ਗਏ ਇਜ਼ਹਾਰ, ਸਿਫ਼ਤਾਂ ਵਿਚ ਸਾਲਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਲੱਖ ਚੁਰਾਸੀ ਘਟ ਨਿਵਾਸੀ ਵੇਖਣਹਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਖਿਲਾਈਆ । ਨਿਰਗੁਣ ਸਰਗਣ ਸਰਗੁਣ ਨਿਰਗੁਣ ਦੋ ਜਹਾਨਾਂ ਪਾਵੇ ਸਾਰ, ਮਹਾਂਸਾਰਥੀ ਆਪਣੀ ਕਲ ਵਰਤਾਈਆ । ਸੰਤ ਸੁਹੇਲੇ ਸੱਜਣ ਗੁਰਮੁਖ ਭਾਲ, ਭਾਂਡਾ ਭਰਮ ਭੌ ਭੰਨਾਈਆ । ਨਾਤਾ ਤੋੜ ਕੂੜੀ ਕਿਰਿਆ ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਚ ਦਵਾਰਾ ਧਰਮ ਦਾ ਇਕ ਵਖਾਲ, ਨਾਤਾ ਕੂੜਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਇਕੋ ਇਕ ਅਖਵਾਈਆ । ਆਸ਼ਾ ਕਹੇ ਮੈਂ ਵੇਖੀ ਖੇਲ ਬਹੁ ਰੰਗੀ, ਰੰਗਤ ਜਗਤ ਨਾ ਕੋਇ ਵਖਾਈਆ । ਵੇਸ ਵਟਾ ਸੂਰਾ ਸਰਬੰਗੀ, ਨੂਰ ਜਹੂਰ ਕਰੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਵਾਸਨਾ ਕੱਢੇ ਗੰਦੀ, ਗਣ ਗੰਧਰਬ ਸੀਸ ਨਿਵਾਈਆ । ਗੁਰਮੁਖ ਸਵਾਣੀ ਨੇਤਰ ਨੈਣ ਅੱਖ ਰਹੇ ਕੋਇ ਨਾ ਅੰਧੀ, ਨਿਜ ਲੋਚਣ ਕਰੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਵੇਖੇ ਮਾਇਆ ਮਮਤਾ ਮੋਹ ਵਿਕਾਰ ਭੇਖ ਪਖੰਡੀ, ਜੂਠ ਝੂਠ ਪੜਦਾ ਦਏ ਉਠਾਈਆ । ਸਤਿ ਸ਼ਬਦ ਦੀ ਸਾਚੀ ਧਾਰ ਗੋਬਿੰਦ ਇਕੋ ਚੰਡੀ, ਚੰਡਕਾ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਵੇਖ ਵਖਾਈਆ । ਆਸਾ ਕਹੇ ਮੈਂ ਤੱਕਿਆ ਖੇਲ ਅਕਾਲ, ਅਕਲ ਕਲਧਾਰੀ ਆਪ ਖਿਲਾਈਆ । ਜਨ ਭਗਤਾਂ ਲੇਖੇ ਲਾਵੇ ਘਾਲ, ਪੂਰਬ ਲਹਿਣਾ ਰਿਹਾ ਚੁਕਾਈਆ । ਨਾਮ ਨਿਧਾਨ ਦੇ ਕੇ ਸੱਚਾ ਧਨ ਮਾਲ, ਖ਼ਾਲੀ ਝੋਲੀ ਰਿਹਾ ਭਰਾਈਆ । ਸੰਤ ਸੁਹੇਲੇ ਉਠਾ ਕੇ ਬਾਲ, ਬਾਲੀ ਬੁੱਧ ਦਏ ਵਡਿਆਈਆ । ਕਲਜੁਗ ਅੰਦਰ ਸਤਿਜੁਗ ਸਤਿ ਧਰਮ ਦੀ ਬਦਲ ਕੇ ਚਾਲ, ਧੁਰਫ਼ਰਮਾਨਾ ਇਕ ਸੁਣਾਈਆ । ਸਤਿਗੁਰ ਸ਼ਬਦ ਬਣਾ ਦਲਾਲ, ਵਣਜਾਰੇ ਜਗਤ ਰਿਹਾ ਮਿਟਾਈਆ । ਠਾਂਡੇ ਦਰ ਜਵਾਬ ਸਵਾਲ, ਹੁਕਮੇ ਅੰਦਰ ਹੁਕਮ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਖੁਲ੍ਹਾਈਆ । ਆਸਾ ਕਹੇ ਮੈਂ ਵੇਖਿਆ ਖੇਲ ਪੁਰਖ ਅਗੰਮ ਦਾ, ਅਗੰਮੜੀ ਕਾਰ ਆਪ ਕਮਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਾ ਮਰੇ ਨਾ ਕਦੇ ਜੰਮਦਾ, ਜੀਵਣ ਮਰਨ ਨਾ ਕੋਇ ਰਖਾਈਆ ।

ਜਿਸ ਨੂੰ ਸਹਾਰਾ ਨਹੀਂ ਕਿਸੇ ਦਮ ਦਾ, ਪਵਣ ਪਵਣਾਂ ਨਾ ਕੋਇ ਵਡਿਆਈਆ । ਝਗੜਾ ਨਹੀਂ ਹਰਖ਼ ਸੋਗ ਗ਼ਮ ਦਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਪੋਸ਼ ਪਹਿਨਿਆਂ ਨਹੀਂ ਕਦੇ ਕਾਇਆ ਮਾਟੀ ਚੰਮ ਦਾ, ਤੱਤਾਂ ਵੰਡ ਨਾ ਕੋਇ ਵੰਡਾਈਆ । ਵਣਜਾਰਾ ਬਣਿਆ ਨਹੀਂ ਕਿਸੇ ਨਾਮ ਦਾ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਸਦਾ ਮਾਲਕ ਬਣਿਆ ਰਿਹਾ ਧੁਰ ਪੈਗ਼ਾਮ ਦਾ, ਗੁਰ ਅਵਤਾਰ ਪੈਗ਼ੰਬਰਾਂ ਕਰੇ ਪੜ੍ਹਾਈਆ । ਕਲਜੁਗ ਅੰਤਮ ਲੇਖਾ ਵੇਖੇ ਦੋ ਜਹਾਨ ਦਾ, ਬ੍ਰਹਿਮੰਡ ਖੰਡ ਪੁਰੀ ਲੋਅ ਗਗਨ ਗਗਨੰਤਰ ਫੋਲ ਫੁਲਾਈਆ । ਜਨ ਭਗਤਾਂ ਨਾਮ ਰਸ ਦੇਵੇ ਆਪਣੇ ਜਾਮ ਦਾ, ਸੀਤਲ ਧਾਰਾ ਇਕ ਵਹਾਈਆ । ਬੰਧਨ ਤੁੱਟੇ ਜਗਤ ਸ਼ਰਅ ਗ਼ੁਲਾਮ ਦਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਇਹ ਖੇਲ ਅਗੰਮੀ ਅਮਾਮ ਦਾ, ਜਿਸ ਨੂੰ ਹਜ਼ਰਤ ਈਸਾ ਮੂਸਾ ਮੁਹੰਮਦ ਕਲਮਿਆਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਥੇ ਓਥੇ ਦੋ ਜਹਾਨਾਂ ਲੇਖਾ ਜਾਣੇ ਆਪਣੇ ਇੰਤਜ਼ਾਮ ਦਾ, ਅੰਦਰ ਬਾਹਰ ਗੁਪਤ ਜਾਹਰ ਆਪਣਾ ਹੁਕਮ ਵਰਤਾਈਆ ।



### ★ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਲਛਮੀ ਦੇਵੀ ਦੇ ਗ੍ਰਿਹ ਪਿੰਡ ਸੀੜ ਜ਼ਿਲਾ ਜੰਮੂ ★

ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੇਰੀ ਧੁਰ ਦੀ ਮਨਸਾ, ਖ਼ਾਹਿਸ਼ ਇਕੋ ਦਿਆਂ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਪ੍ਰਭ ਦਾ ਬਣੇ ਬੰਸਾ, ਜਾਤ ਪਾਤ ਦੀਨ ਮਜ਼੍ਹਬ ਊਚ ਨੀਚ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਸਾਚਾ ਰੂਪ ਬਣੇ ਸੋਹੰ ਹੰਸਾ, ਕਾਗ ਨਜ਼ਰ ਕੋਇ ਨਾ ਆਈਆ । ਮਨ ਵਿਕਾਰ ਹਉਮੇ ਹੰਗਤਾ ਰਹੇ ਕੋਇ ਨਾ ਸੰਸਾ, ਸਚ ਧਰਮ ਵੱਜੇ ਇਕ ਵਧਾਈਆ । ਦੀਨ ਦੁਨੀ ਪਾਰਬ੍ਰਹਮ ਪਤਿਪਰਮੇਸ਼ਵਰ ਬਣਾਏ ਅਗੰਮੀ ਬਣਤਾ, ਗੁਰ ਅਵਤਾਰ ਪੈਗ਼ੰਬਰ ਝਗੜਾ ਰਹੇ ਕੋਇ ਨਾ ਰਾਈਆ । ਕੂੜੀ ਕਿਰਿਆ ਗੜ੍ਹ ਤੋੜੇ ਹਉਮੇ ਹੰਗਤਾ, ਹੰ ਬ੍ਰਹਮ ਰੂਪ ਦਏ ਸਮਝਾਈਆ । ਸਾਚੇ ਇਸ਼ਟ ਹੋਵੇ ਇਕੋ ਮਨਤਾ, ਜੋ ਸਤਿਜੁਗ ਤਰੇਤਾ ਦੁਆਪਰ ਨਿਤ ਨਵਿਤ ਨਿਰਗੁਣ ਸਰਗੁਣ ਆਪਣਾ ਵੇਸ ਵਟਾਈਆ । ਭੇਵ ਖੁਲ੍ਹਾਏ ਬੋਧ ਅਗਾਧ ਜਨ ਭਗਤ ਸੁਹੇਲੇ ਸਾਚੇ ਸੰਤਾ, ਕਾਇਆ ਮੰਦਰ ਅੰਦਰ ਪੜਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਦਏ ਦਰਸਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਸ੍ਰਿਸ਼ਟ ਸਹਾਈ ਹੋਵੇ ਏਕ, ਦੁਤੀਆ ਭਾਉ ਨਾ ਕੋਇ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਸਭ ਦੀ ਹੋਵੇ ਟੇਕ, ਟਿੱਕੇ ਰਾਮ ਨਾਮ ਮਸਤਕ ਖ਼ਾਕ ਰਮਾਈਆ । ਮਾਨਵ ਮਾਨੁਖ ਮਾਨਸ ਬੁੱਧੀ ਹੋਏ ਬਿਬੇਕ, ਦੁਰਮਤ ਮੈਲ ਅੰਦਰੋਂ ਦਏ ਕਢਾਈਆ । ਤ੍ਰੈਗੁਣ ਮਾਇਆ ਪੰਜ ਤਤ ਲਾ ਸਕੇ ਕੋਈ ਨਾ ਸੇਕ, ਅਗਨੀ ਅੱਗ ਨਾ ਕੋਇ ਤਪਾਈਆ । ਨਿਜ ਨੇਤਰ ਲੋਚਨ ਨੈਣ ਸਚ ਸਵਾਮੀ ਆਪਣਾ ਲੈਣਾ ਪੇਖ, ਠਾਕਰ ਮਿਲ ਕੇ ਵੱਜੇ ਵਧਾਈਆ । ਸਚਖੰਡ ਦਵਾਰਾ ਏਕੰਕਾਰਾ ਆਪਣਾ ਵਖਾਏ ਦੇਸ, ਜਿਸ ਗ੍ਰਿਹ ਬੈਠਾ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਕਰਨ ਇਕ ਆਦੇਸ, ਪੈਗ਼ੰਬਰ

ਸਜਦਿਆਂ ਵਿਚ ਸੀਸ ਨਿਵਾਈਆ । ਸੋ ਸਾਹਿਬ ਸਤਿਗੁਰ ਧੁਰ ਸੁਣਾਵੇ ਇਕ ਸੰਦੇਸ਼, ਸੰਧਿਆ ਪਰਭਾਤੀ ਇਕੋ ਰੂਪ ਨਜ਼ਰੀ ਆਈਆ । ਜੋ ਆਦਿ ਜੁਗਾਦਿ ਸਦਾ ਰਹੇ ਹਮੇਸ਼, ਜਨਮ ਮਰਨ ਗੇੜ ਨਾ ਕੋਇ ਰਖਾਈਆ । ਨਿਤ ਨਵਿਤ ਜਨ ਭਗਤਾਂ ਕਰੇ ਹੇਤ, ਆਤਮ ਪਰਮਾਤਮ ਨਾਤਾ ਜੋੜੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਦਏ ਰੰਗਾਈਆ । ਆਸਾ ਕਹੇ ਚਾਰ ਵਰਨ ਹੋਵਣ ਇਕ, ਝਗੜਾ ਦੂਈ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜੋ ਭਵਿਖਤ ਗਏ ਲਿਖ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਏ ਗਵਾਹੀਆ । ਉਹ ਖੇਲ ਨਿਰਾਲਾ ਸਦੀ ਚੌਧਵੀਂ ਸਭ ਨੂੰ ਪਏ ਦਿਸ, ਦਹਿ ਦਿਸ਼ਾ ਹੋਏ ਰੁਸ਼ਨਾਈਆ । ਪੁਰਖ ਅਕਾਲ ਇਕ ਇਕੱਲਾ ਹੋਵੇ ਮਿਤ, ਮਿਤਰ ਪਿਆਰਾ ਮੀਤ ਧੁਰਦਰਗਾਹੀਆ । ਜਿਸ ਦੀ ਹਾਰ ਬਦਲੀ ਰਹੇ ਵਿਚ ਜਿਤ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਆਸਾ ਕਹੇ ਮੈਂ ਵੇਖਾਂ ਖੇਲ ਨਿਰਾਲਾ, ਅਕਲ ਕਲਧਾਰੀ ਆਪ ਵਰਤਾਈਆ । ਲੇਖਾ ਜਾਣੇ ਗੁਰ ਗੋਪਾਲਾ, ਗਹਿਰ ਗੰਭੀਰ ਬੇਪਰਵਾਹੀਆ । ਸਚ ਦਵਾਰ ਵਖਾਏ ਸੱਚੀ ਧਰਮਸਾਲਾ, ਜਿਥੇ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਏਕੋ ਜੋਤੀ ਨੂਰ ਨਿਰਗੁਣ ਧਾਰ ਹੋਵੇ ਜਵਾਲਾ, ਸ਼ਿਵ ਸ਼ਕਤੀ ਸ਼ਵੈ ਇਕੋ ਰੰਗ ਸਮਾਈਆ । ਸਤਿਗੁਰ ਸ਼ਬਦ ਨਿਰਗੁਣ ਸਰਗੁਣ ਬਣੇ ਦਲਾਲਾ, ਵਣਜ ਵਪਾਰੀ ਵਡ ਵਡਿਆਈਆ । ਲੇਖਾ ਵੇਖੇ ਮਾਜ਼ੀ ਹਾਲਾ, ਲੱਖ ਚੁਰਾਸੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਧੁਰਦਰਗਾਹੀਆ । ਆਸਾ ਕਹੇ ਮਿਹਰਵਾਨ ਹੋਵੇ ਮਹਿਬੂਬ, ਮੁਹੱਬਤ ਵਿਚ ਵਡਿਆਈਆ । ਮੰਜ਼ਲ ਇਕ ਵਖਾਏ ਅਰੂਜ, ਅਰਸ਼ ਫ਼ਰਸ਼ ਪੜਦਾ ਦਏ ਉਠਾਈਆ । ਚੌਦਾਂ ਤਬਕਾਂ ਰਹੇ ਨਾ ਕੋਇ ਹਦੂਦ, ਹਜ਼ਰਤ ਨਿਉਂ ਨਿਉਂ ਲਾਗਣ ਪਾਈਆ । ਕਲਜੁਗ ਕੂੜੀ ਕਿਰਿਆ ਕਰੇ ਨੇਸਤੋ ਨਾਬੂਦ, ਹੁਕਮ ਧੁਰ ਦਾ ਦਏ ਵਰਤਾਈਆ । ਹਰ ਘਟ ਅੰਦਰ ਜੋ ਦਿਸੇ ਸਦਾ ਮੌਜੂਦ, ਵਸਲ ਯਾਰ ਦੇਵੇ ਨੂਰ ਖ਼ੁਦਾਈਆ । ਜਿਸ ਦੀ ਸਿਫ਼ਤ ਕਰ ਨਾ ਸਕੇ ਹਜ਼ਾਰਾ ਦਰੂਦ, ਤੀਸ ਬਤੀਸ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੰਗ ਰਤੜੇ ਧੁਰਦਰਗਾਹੀਆ । ਆਸਾ ਕਹੇ ਮੈਂ ਵੇਖਾਂ ਖੇਲ ਅਗੰਮੇ ਰਾਮ, ਜੋ ਰਮਤਾ ਰਮਤਾ ਧੁਰਦਰਗਾਹੀਆ । ਜਿਸ ਨੂੰ ਝੁਕਦੇ ਸੁਬਹ ਸ਼ਾਮ, ਗੁਰ ਅਵਤਾਰ ਸੀਸ ਨਿਵਾਈਆ । ਜਿਸ ਦਾ ਪੈਗ਼ੰਬਰ ਸੁਣਦੇ ਪੈਗ਼ਾਮ, ਕਲਮਿਆਂ ਵਿਚ ਰਹੇ ਗਾਈਆ । ਦੋ ਜਹਾਨਾਂ ਮਿਹਰਵਾਨ, ਜਲਵਾਗਰ ਨੂਰ ਰੁਸ਼ਨਾਈਆ । ਕਲਜੁਗ ਅੰਤਮ ਬਦਲ ਦੇਵੇ ਨਿਜ਼ਾਮ, ਕੂੜੀ ਕਿਰਿਆ ਮੇਟੇ ਥਾਉਂ ਥਾਈਂਆ । ਸਤਿ ਧਰਮ ਦਾ ਦੇ ਗਿਆਨ, ਅੰਦਰ ਅਗਿਆਨ ਦਏ ਚੁਕਾਈਆ । ਪੁਰਖ ਅਕਾਲ ਸਚ ਸਰਨਾਈ ਬਖ਼ਸ਼ੇ ਇਕ ਧਿਆਨ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਭਗਤ ਵਛਲ ਸ੍ਰੀ ਭਗਵਾਨ, ਸਾਚੇ ਸੰਤਾਂ ਲਏ ਜਗਾਈਆ । ਮੰਜ਼ਲ ਵਖਾਏ ਅਗੰਮ ਮਹਾਨ, ਜਿਥੇ ਬਿਨ ਸੂਰੀਆ ਚੰਦ ਹੋਵੇ ਰੁਸ਼ਨਾਈਆ । ਸ਼ਬਦੀ ਨਾਦ ਵੱਜੇ ਧੁਨਕਾਨ, ਅਨਾਦੀ ਨਾਦ ਵਜਾਈਆ । ਤਖ਼ਤ ਨਿਵਾਸੀ ਨੌਜਵਾਨ, ਸ਼ਾਹੋ ਭੂਪ ਸੋਭਾ ਪਾਈਆ । ਜਿਸ ਦਾ ਹੁਕਮ ਸਦਾ ਫ਼ਰਮਾਨ, ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਕਰੇ ਸ਼ਨਵਾਈਆ । ਉਹ ਖੇਲੇ ਖੇਲ ਮਹਾਨ, ਖ਼ਾਲਕ ਖ਼ਲਕ ਬੇਪਰਵਾਹੀਆ । ਨਿਰਗੁਣ ਧਾਰ ਹੋ ਪਰਧਾਨ, ਸਚ ਸੰਦੇਸ਼ਾ ਇਕ ਸੁਣਾਈਆ । ਤੂੰ ਮੇਰਾ ਮੈਂ ਤੇਰਾ

ਆਤਮ ਪਰਮਾਤਮ ਲੱਖ ਚੁਰਾਸੀ ਦੋ ਜਹਾਨ, ਦੂਜਾ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਅੰਤ ਪਛਤਾਣ, ਪਸ਼ਚਾਤਾਪ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਨਿਗਾਹਬਾਨ, ਨਿਰਵੈਰ ਨਿਰਾਕਾਰ ਨਿਰੰਕਾਰ ਨਿਰਇੱਛਤ ਇੱਛਤ ਸਭ ਦੀ ਪੂਰ ਕਰਾਈਆ ।

## ★ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੩ ਸੂਬੇਦਾਰ ਤੇਜਭਾਨ ਦੇ ਗ੍ਰਹਿ ਬਖ਼ਸ਼ੀ ਨਗਰ ਜ਼ਿਲਾ ਜੰਮੂ ★

ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੇਰੀ ਪੂਰੀ ਹੋਵੇ ਆਸਾ, ਜੁਗ ਚੌਕੜੀ ਪੰਧ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਸਭ ਨੂੰ ਬਖ਼ਸ਼ੇ ਇਕ ਭਰਵਾਸਾ, ਭਰਮ ਕੂੜ ਰਹੇ ਨਾ ਰਾਈਆ । ਧੁਰ ਦਾ ਨਾਮ ਜਪਾਏ ਜਣਾਏ ਜਿਹਵਾ ਜਗਤ ਸਵਾਸਾ, ਸਾਹ ਸਾਹ ਸਮਾਈਆ । ਨਿਰਗੁਣ ਨੂਰ ਜੋਤ ਕਰੇ ਪਰਕਾਸ਼ਾ, ਪਰਕਾਸ਼ਤ ਹੋ ਕੇ ਵੇਖੇ ਥਾਉਂ ਥਾਈਂਆ । ਆਪਣੇ ਭੇਵ ਦਾ ਖੋਲ੍ਹੇ ਆਪ ਖ਼ਲਾਸਾ, ਖ਼ਾਲਸ ਆਪਣਾ ਵੇਸ ਵਟਾਈਆ । ਜਨ ਭਗਤਾਂ ਦੇਵੇ ਇਕ ਦਲਾਸਾ, ਮਿਹਰ ਨਜ਼ਰ ਨੈਣ ਉਠਾਈਆ । ਪੜਦਾ ਲਾਹਵੇ ਪ੍ਰਿਥਮੀ ਆਕਾਸ਼ਾ, ਏਕਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਵੇਖ ਵਖਾਈਆ । ਆਸਾ ਕਹੇ ਮੈਂ ਤੱਕਾਂ ਅਜਬ ਨਜ਼ਾਰਾ, ਜੋ ਨਜ਼ਰੀਆ ਦਏ ਬਦਲਾਈਆ । ਲੇਖਾ ਜਾਣ ਸਰਬ ਸੰਸਾਰਾ, ਲੱਖ ਚੁਰਾਸੀ ਅੰਦਰੋਂ ਫੋਲ ਫੁਲਾਈਆ । ਸ਼ਬਦੀ ਸ਼ਬਦ ਦਏ ਇਸ਼ਾਰਾ, ਨਾਮ ਨਾਮ ਨਾਲ ਸ਼ਨਵਾਈਆ । ਮਹੱਲ ਅਟਲ ਕਰ ਉਜਿਆਰਾ, ਅੰਧ ਅੰਧਿਆਰਾ ਦਏ ਮਿਟਾਈਆ । ਨਿਰਗੁਣ ਧਾਰ ਹੋ ਕੇ ਜਾਹਰਾ, ਜਾਹਰ ਜਹੂਰ ਹੋ ਕੇ ਦਰਸ ਦਿਖਾਈਆ । ਕੂੜੀ ਕਿਰਿਆ ਪਾਰ ਕਰੇ ਕਿਨਾਰਾ, ਤਟ ਇਕੋ ਵੱਜੇ ਵਧਾਈਆ । ਜਿਥੇ ਬੈਠ ਗੁਰੂ ਅਵਤਾਰਾ, ਪੈਗ਼ੰਬਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਈਆ । ਆਸਾ ਕਹੇ ਮੈਂ ਵੇਖਾਂ ਭਗਵਨ ਵਾਲੀ ਭਗੌਤੀ, ਭਗਵਤ ਕਹਿ ਨਾ ਕੁਛ ਜਣਾਈਆ । ਜਗਤ ਧਾਰ ਮਿਟੇ ਬਨੌਟੀ, ਬਨਾਵਟ ਆਪਣੀ ਇਕ ਦਰਸਾਈਆ । ਨਿਸਬਤ ਰਹੇ ਨਾ ਕੋਇ ਔਟੀ, ਟਾਂਕ ਧੁਰ ਦਾ ਹੁਕਮ ਇਕ ਵਰਤਾਈਆ । ਆਸ਼ਾ ਕਹੇ ਮੈਂ ਤੱਕਾਂ ਖੇਲ ਨਿਰਾਲਾ, ਨਿਰਾਕਾਰ ਰਿਹਾ ਵਖਾਈਆ । ਸਭ ਤੋਂ ਵੱਖਰੀ ਬਦਲ ਕੇ ਚਾਲਾ, ਚਾਰ ਕੁੰਟ ਕਰੇ ਰੁਸ਼ਨਾਈਆ । ਪੂਰਬ ਪੂਰਾ ਹੱਲ ਕਰੇ ਸਵਾਲਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਭਗਤ ਸੁਹੇਲਾ ਇਕੋ ਹੋ ਦਲਾਲਾ, ਦਾਮਨਗੀਰ ਆਪਣਾ ਫੇਰਾ ਪਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲਾ, ਅਹਿਵਾਲਾ ਸ਼ਬਦ ਗੁਰੂ ਦ੍ਰਿੜਾਈਆ । ਜਿਸ ਦੀ ਬਦਲੇ ਨਾ ਕੋਈ ਚਾਲਾ, ਚਾਲਾਕੀ ਚਲਿਤ੍ਰ ਨਾ ਕੋਇ ਵਖਾਈਆ । ਜਨ ਭਗਤਾਂ ਮਾਰਗ ਦੱਸੇ ਸੁਖਾਲਾ, ਔਝੜ ਰਾਹ ਅੱਗੇ ਨਾ ਕੋਇ ਵਖਾਈਆ । ਪਰਮ ਪੁਰਖ ਬਣ ਕਿਰਪਾਲਾ, ਕਿਰਪਾਨਿਧ ਆਪ ਸਹਾਈਆ । ਸਭ ਦੀ ਆਸ਼ਾ ਮਨਸਾ ਪੂਰ ਕਰ ਸਵਾਲਾ, ਸਾਜਣ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਵੇ ਭਾਲਾ, ਖੋਜਤ ਖੋਜ ਵੇਖੇ ਜਗਤ ਲੋਕਾਈਆ ।


੬੭੦
੨੦

## ★ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਰਾਮ ਚੰਦ ਦੇ ਗ੍ਰਿਹ ਪਿੰਡ ਬਖ਼ਸ਼ੀ ਨਗਰ ਜੰਮੂ ਸ਼ਹਿਰ ★

ਗੁਰ ਅਵਤਾਰ ਪੈਗੰਬਰਾਂ ਆਸਾ ਕਹੇ ਜੁਗ ਚੌਕੜੀ ਦਿਸੇ ਇਸ਼ਾਰੇ, ਸ਼ਬਦੀ ਸੈਨਤ ਨਾਲ ਸਮਝਾਈਆ । ਦੂਰ ਨੇੜੇ ਵਸੇ ਕਿਨਾਰੇ ,ਨਈਆ ਭਵਰੀ ਵਿਚ ਭਵਾਈਆ । ਪ੍ਰਭ ਦੇ ਨਾਮ ਦੇ ਬੋਲ ਜੈਕਾਰੇ, ਵੱਖਰੇ ਵੱਖਰੇ ਰਾਹ ਚਲਾਈਆ । ਨਿਰਗੁਣ ਸਰਗੁਣ ਖੇਲ ਕਰ ਸੰਸਾਰੇ ਤਨ ਵਜੂਦ ਕਰੀ ਪੜ੍ਹਾਈਆ । ਭੇਵ ਖੋਲ੍ਹ ਕੇ ਸਚ ਦਵਾਰੇ, ਪੜਦਾ ਦੀਨ ਦੁਨੀ ਉਠਾਈਆ । ਦੀਨ ਮਜ਼੍ਹਬ ਦੇ ਲਾ ਅਖਾੜੇ, ਵਰਨਾਂ ਬਰਨਾਂ ਕਰੇ ਲੜਾਈਆ । ਜਗਤ ਨਿਸ਼ਾਨ ਨਿਸ਼ਾਨਿਆਂ ਵਾਲੇ ਚਾੜ੍ਹੇ, ਚਾਰ ਕੁੰਟ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਆਸਾ ਕਹੇ ਜੁਗ ਚੌਕੜੀ ਮਿਲਦਾ ਰਿਹਾ ਸੰਦੇਸਾ, ਧੁਰ ਫ਼ਰਮਾਨ ਧਰਮ ਦੀ ਧਾਰ ਜਣਾਈਆ । ਹੁਕਮ ਮਨਾਉਂਦਾ ਰਿਹਾ ਲੇਖਾ, ਏਕੰਕਾਰ ਬੇਪਰਵਾਹੀਆ । ਆਪਣੀ ਬਖ਼ਸ਼ਦਾ ਰਿਹਾ ਟੇਕਾ, ਚਰਨ ਕਵਲ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੁੱਕਦਾ ਰਿਹਾ ਠੇਕਾ, ਠੇਕੇਦਾਰ ਦਿਤੇ ਉਪਜਾਈਆ । ਆਪ ਬਣ ਅਗੰਮੀ ਨੇਤਾ, ਫ਼ਰਮਾਨ ਆਪਣਾ ਆਪ ਉਪਜਾਈਆ । ਮੈਨੂੰ ਪਿਛਲਾ ਆਇਆ ਚੇਤਾ, ਕੀ ਕਰਨੀ ਖੇਲ ਖਿਲਾਈਆ । ਦੱਸ ਕੇ ਸਚਖੰਡ ਦੇਸਾ, ਬ੍ਰਹਿਮੰਡ ਖੰਡ ਕਾਰ ਕਮਾਈਆ । ਨਿੱਕਾ ਨਿੱਕਾ ਪਾ ਕੇ ਹਿੱਸਾ, ਹਸਤੀ ਆਪਣੀ ਇਕ ਸਮਝਾਈਆ । ਮਾਨਵ ਮਾਨਵ ਦੇ ਕੇ ਪਿੱਛਾ, ਪਿਛਲਾ ਅਗਲਾ ਹੁਕਮ ਸਰਬ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਸਦਾ ਵਰਤਾਈਆ । ਆਸਾ ਕਹੇ ਮੈਂ ਕੂਕਾਂ ਬੋਲ, ਅਨਬੋਲਤ ਰਾਗ ਸੁਣਾਈਆ । ਕਰੇ ਖੇਲ ਪ੍ਰਭੂ ਅਨਭੋਲ, ਅਭੁੱਲ ਵਡ ਵਡਿਆਈਆ । ਸਭ ਦੇ ਤੋਲਣਹਾਰਾ ਤੋਲ, ਤਰਾਜ਼ੂ ਤੱਕੜ ਨਾਮ ਉਠਾਈਆ । ਘਟ ਨਿਵਾਸੀ ਹਰ ਘਟ ਫੋਲ, ਵਸਤ ਗੋਲਕ ਵਿਚੋਂ ਬਾਹਰ ਕਢਾਈਆ । ਜੁਗ ਚੌਕੜੀ ਮਾਰਦਾ ਰਿਹਾ ਰੋਲ, ਆਪਣਾ ਭੇਵ ਨਾ ਕਿਸੇ ਸਮਝਾਈਆ । ਲੱਖ ਚੁਰਾਸੀ ਅੰਦਰ ਮੌਲ, ਕਰਨੀ ਕਰਤਾ ਆਪਣੀ ਕਾਰ ਕਮਾਈਆ । ਅੰਤਮ ਸਭ ਦੇ ਪੂਰੇ ਕਰੇ ਕੌਲ, ਜੋ ਪਿਛੇ ਸੰਦੇਸ਼ਿਆਂ ਵਿਚ ਸੁਣਾਈਆ । ਸਚਖੰਡ ਦਵਾਰੇ ਬਹਿ ਅਡੋਲ, ਹੁਕਮੇ ਅੰਦਰ ਹੁਕਮ ਵਰਤਾਈਆ । ਨਿਰਗੁਣ ਧਾਰ ਹੋ ਕੇ ਵੇਖੇ ਉਪਰ ਧੌਲ, ਧਰਨੀ ਧਰਤ ਪੜਦਾ ਆਪ ਉਠਾਈਆ । ਜਿਸ ਦਾ ਲੇਖਾ ਸਮਝੇ ਕੋਈ ਨਾ ਪੰਡਤ ਪਾਂਧਾ ਰੌਲ, ਬੁੱਧੀ ਵਿਚ ਵੰਡ ਨਾ ਕੋਇ ਵੰਡਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸਭ ਦੇ ਵਸਿਆ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗਣ ਰੰਗ ਰੰਗਾਈਆ ।



੬੭੧
੨੦

## ★ ੨੨ ਮੱਘਰ ਸ਼ਹਿਨਸ਼ਾਹੀ ੩ ਸ਼ਿਵ ਸਿੰਘ ਦੇ ਗ੍ਰਿਹ ਬਖ਼ਸ਼ੀ ਨਗਰ ਜੰਮੂ ★

ਆਸਾ ਕਹੇ ਮੈਂ ਜੁਗ ਚੌਕੜੀ ਰਹੀ ਦੱਸਦੀ, ਦਹਿ ਦਿਸ਼ਾ ਕਰ ਪੜ੍ਹਾਈਆ । ਇਹ ਖੇਲ ਪੁਰਖ ਸਮਰਥ ਦੀ, ਜੋ ਜੁਗ ਜੁਗ ਵੇਸ ਵਟਾਈਆ । ਜਿਸ ਦੀ ਧਾਰ ਅਗੰਮੀ ਸਚ ਦੀ, ਸਤਿ ਨਾਲ ਸਮਾਈਆ । ਨੂਰਾਨੀ ਕਿਰਨ ਓਸੇ ਦੀ ਅੱਖ ਦੀ, ਜੋ ਅੱਖਰਾਂ ਤੋਂ ਪਰੇ ਕਰੇ ਪੜ੍ਹਾਈਆ । ਜਿਸ ਦੇ ਹੁਕਮੇ ਅੰਦਰ ਲੱਖ ਚੁਰਾਸੀ ਵਸਦੀ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਮੈਂ ਭੁੱਖੀ ਪਿਆਸੀ ਓਸੇ ਦੇ ਜਸ ਦੀ, ਜੁਗ ਜੁਗ ਸਿਫ਼ਤਾਂ ਵਾਲੇ

ਢੋਲੇ ਗਾਈਆ । ਭੱਜੀ ਫਿਰਾਂ ਹਕ਼ੀਕ਼ਤ ਹਕ ਲਈ, ਨਿਰਗੁਣ ਸਰਗੁਣ ਵੇਸ ਵਟਾਈਆ । ਪੰਧ ਮੁਕਾਉਂਦੀ ਰਹੀ ਅੱਜ ਲਈ, ਜੋ ਵੇਲਾ ਵਕਤ ਦਏ ਵਡਿਆਈਆ । ਜਿਸ ਕਾਰਨ ਸਚ ਦਵਾਰੇ ਸੱਦ ਲਈ, ਸੰਦੇਸ਼ਾ ਇਕ ਸੁਣਾਈਆ । ਮੈਂ ਪੁੱਜ ਗਈ ਓਸੇ ਦੇ ਹੱਜ ਲਈ, ਜੋ ਬਿਨ ਮੱਕੇ ਕਾਅਬਿਉਂ ਆਪਣਾ ਗ੍ਰਿਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਆਸਾ ਕਹੇ ਮੈਂ ਜੁਗ ਜੁਗ ਦੱਸਿਆ, ਸ਼ਬਦੀ ਢੋਲਾ ਰਾਗ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਰਖ ਅਕਾਲ ਆਵੇ ਨੱਸਿਆ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਫੇਰਾ ਪਾਈਆ । ਜਨ ਭਗਤਾਂ ਅੰਮ੍ਰਿਤ ਰਸ ਨਿਝਰ ਦੇਵੇ ਰਸਿਆ, ਬੂੰਦ ਸਵਾਂਤੀ ਇਕ ਇਕਾਂਤੀ ਆਪ ਟਪਕਾਈਆ । ਜਿਸ ਦਾ ਖੇੜਾ ਦੋ ਜਹਾਨ ਵਸਿਆ, ਬ੍ਰਹਿਮੰਡ ਖੰਡ ਗੁਲਸ਼ਨ ਆਪ ਮਹਿਕਾਈਆ । ਜਿਸ ਦਾ ਨਾਮ ਨਿਧਾਨ ਸਰਗੁਣ ਧਾਰ ਸਭ ਨੇ ਰਟਿਆ, ਹੁਕਮੇ ਅੰਦਰ ਕਰੀ ਪੜ੍ਹਾਈਆ । ਉਹ ਖੇਲ ਕਰੇ ਪੁਰਖ ਸਮਰੱਥਿਆ, ਸਾਹਿਬ ਸਵਾਮੀ ਧੁਰਦਰਗਾਹੀਆ । ਲੱਖ ਚੁਰਾਸੀ ਲਹਿਣਾ ਦੇਵੇ ਹੱਥੋ ਹੱਥਿਆ, ਪੂਰਬ ਸਭ ਦਾ ਖੋਜ ਖੁਜਾਈਆ । ਗੁਰਮੁਖਾਂ ਚਰਨ ਧੂੜੀ ਬਖ਼ਸ਼ੇ ਮੱਥਿਆ, ਮਸਤਕ ਟਿੱਕੇ ਨਾਮ ਰਮਾਈਆ । ਸਦਾ ਸੁਹੇਲਾ ਕਰੇ ਰੱਖਿਆ, ਦੋ ਜਹਾਨ ਹੋਏ ਸਹਾਈਆ । ਆਤਮ ਦੀ ਕੋਈ ਕਰੇ ਨਾ ਹੱਤਿਆ, ਤਨ ਵਜੂਦ ਸਦਾ ਹੋਵੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਆਸਾ ਕਹੇ ਮੈਂ ਗਾਉਂਦੀ ਰਹੀ ਗੀਤ, ਗਹਿਰ ਗਵਰ ਦਿਤੀ ਵਡਿਆਈਆ । ਜੁਗ ਚੌਕੜੀ ਚਲਾਉਂਦੀ ਰਹੀ ਰੀਤ, ਹੁਕਮੇ ਅੰਦਰ ਸੇਵ ਕਮਾਈਆ । ਜਗਤ ਦਵਾਰੇ ਵਖਾਉਂਦੀ ਰਹੀ ਮੰਦਰ ਮਸੀਤ, ਮੱਠਾਂ ਨਾਲ ਸੁਹਾਈਆ । ਲੇਖਾ ਵੇਂਹਦੀ ਰਹੀ ਹਸਤ ਕੀਟ, ਊਚਾਂ ਨੀਚਾਂ ਇਕ ਜਣਾਈਆ । ਪ੍ਰਭ ਵਸਾਉਂਦੀ ਰਹੀ ਸਭ ਦੇ ਚੀਤ, ਚੇਤਨ ਸੁਰਤੀ ਸਰਬ ਕਰਾਈਆ । ਦੱਸਦੀ ਰਹੀ ਹਦੀਸ, ਕਲਮਿਆਂ ਵਿਚ ਆਪਣਾ ਆਪ ਅਲਾਈਆ । ਆਪ ਬਣੀ ਰਹੀ ਨਾਚੀਜ਼, ਖ਼ਾਦਮ ਹੋ ਕੇ ਸੀਸ ਝੁਕਾਈਆ । ਪ੍ਰਭ ਮਿਲਣ ਦੀ ਕਰਦੀ ਰਹੀ ਰੀਝ, ਬਿਨ ਅੱਖਾਂ ਅੱਖ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨਾਂ ਅੰਦਰ ਦੇਂਦੀ ਰਹੀ ਤਾਮੀਜ਼, ਤਮਾ ਕੂੜੀ ਬਾਹਰ ਕਢਾਈਆ । ਸੰਤ ਭਗਤ ਬਣਾਉਂਦੀ ਰਹੀ ਅਜ਼ੀਜ਼, ਗੁਰਮੁਖ ਗੁਰਸਿਖ ਨਾਲ ਰਲਾਈਆ । ਸਤਿ ਧਰਮ ਦਾ ਬੀਜਦੀ ਰਹੀ ਬੀਜ, ਤਨ ਮਾਟੀ ਖ਼ਾਕ ਸੇਵ ਕਮਾਈਆ । ਪੁਰਖ ਅਕਾਲ ਦੀ ਕਰਦੀ ਰਹੀ ਤਸਦੀਕ, ਸ਼ਹਾਦਤ ਗੁਰ ਅਵਤਾਰ ਪੈਗ਼ੰਬਰ ਤੱਤਾਂ ਵਿਚ ਭੁਗਤਾਈਆ । ਨਿਰਗੁਣ ਹੋ ਕੇ ਰਖਦੀ ਰਹੀ ਉਡੀਕ, ਆਸਾ ਤ੍ਰਿਸ਼ਨਾ ਨਾਲ ਮਿਲਾਈਆ । ਜਿਸ ਦੀ ਹਕ ਇਕ ਤੌਫ਼ੀਕ਼, ਮਾਲਕ ਖਾਲਕ ਧੁਰਦਰਗਾਹੀਆ । ਵਾਹਦ ਲਾਸ਼ਰੀਕ, ਸ਼ਿਰਕਤ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਦਏ ਰੰਗਾਈਆ । ਆਸਾ ਕਹੇ ਮੈਂ ਗਾਉਂਦੀ ਰਹੀ ਸੋਹਲਾ, ਸੋਹਣਾ ਰਾਗ ਅਲਾਈਆ । ਗੁਰ ਅਵਤਾਰ ਪੈਗ਼ੰਬਰ ਬਣਦਾ ਰਿਹਾ ਵਿਚੋਲਾ, ਆਤਮ ਪਰਮਾਤਮ ਰਾਹ ਸਮਝਾਈਆ । ਪੁਰਖ ਅਬਿਨਾਸ਼ੀ ਸਭ ਦੇ ਕੋਲੋਂ ਬਦਲਾਉਂਦਾ ਰਿਹਾ ਚੋਲਾ, ਆਪਣਾ ਹੁਕਮ ਵਰਤਾਈਆ । ਦੀਨਾਂ ਮਜ਼੍ਹਬਾਂ ਪਵਾਉਂਦਾ ਰਿਹਾ ਰੌਲਾ, ਜਗਤ ਵੰਡ ਵੰਡਾਈਆ । ਸਭ ਨੂੰ ਦੱਸਦਾ ਰਿਹਾ ਮੌਲਾ, ਹਰ ਘਟ ਰਮਿਆਂ ਨਜ਼ਰੀ ਆਈਆ । ਖੇਲ ਖੇਲਦਾ ਰਿਹਾ ਉਪਰ ਧੌਲਾ, ਨਿਰਗੁਣ ਸਰਗੁਣ ਫੇਰਾ ਪਾਈਆ । ਸ਼ਬਦੀ ਧਾਰ ਕਰਦਾ ਰਿਹਾ ਕੌਲਾ, ਭਵਿਖਤਾਂ ਵਿਚ ਸਮਝਾਈਆ । ਅੰਤਮ ਸਭ ਦਾ ਭਾਰ ਕਰੇ ਹੌਲਾ, ਹੌਲੀ

ਹੌਲੀ ਆਪਣੀ ਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਪੜਦਾ ਆਪ ਚੁਕਾਈਆ । ਆਸਾ ਕਹੇ ਮੈਂ ਸੇਵਾ ਕਰਦੀ ਰਹੀ ਜੁਗ ਚਾਰ, ਚੌਕੜੀ ਪੰਧ ਚੁਕਾਈਆ । ਸੰਦੇਸ਼ਿਆਂ ਵਿਚ ਕਰਦੀ ਰਹੀ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਬਾਣੀ ਵਿਚ ਬਿਆਨ ਕਰਦੀ ਰਹੀ ਨਾਲ ਇਜ਼ਹਾਰ, ਸਿਫ਼ਤਾਂ ਵਿਚ ਸਾਲਾਹੀਆ । ਕਲਜੁਗ ਅੰਤ ਕੰਤ ਭਗਵੰਤ ਇਕ ਲਏ ਅਵਤਾਰ, ਏਕੰਕਾਰ ਬੇਪਰਵਾਹੀਆ । ਦੋ ਜਹਾਨਾਂ ਬਣੇ ਸਿਕਦਾਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਭ ਦਾ ਲਹਿਣਾ ਦੇਣਾ ਪੂਰਬ ਕਰਜ਼ਾ ਦਏ ਉਤਾਰ, ਬਾਕੀ ਰਹਿਣ ਕੁਛ ਨਾ ਪਾਈਆ । ਮਾਲਕ ਖ਼ਾਲਕ ਬਣ ਪਰਵਰਦਿਗਾਰ, ਪਰਮ ਪੁਰਖ ਆਪਣਾ ਰੰਗ ਰੰਗਾਈਆ । ਮੈਂ ਓਸੇ ਦੀ ਖਿਦਮਤਗਾਰ, ਜੁਗ ਜੁਗ ਸੇਵ ਕਮਾਈਆ । ਸਦ ਬਣੀ ਰਹਾਂ ਭਿਖਾਰ, ਮੰਗਤੀ ਹੋ ਕੇ ਝੋਲੀ ਡਾਹੀਆ । ਜਿਸ ਵੇਲੇ ਨਾਮ ਦੀ ਭਿਛਿਆ ਦੇਵੇ ਡਾਰ, ਰਹਿਮਤ ਆਪ ਕਮਾਈਆ । ਮੈਂ ਨਿਰਗੁਣ ਤੋਂ ਸਰਗੁਣ ਹੋ ਕੇ ਆਵਾਂ ਵਿਚ ਸੰਸਾਰ, ਉਚੀ ਕੂਕ ਕੂਕ ਸੁਣਾਈਆ । ਸਿਫ਼ਤਾਂ ਕਰਾਂ ਸਿਰਜਣਹਾਰ, ਗੀਤ ਗਾਵਾਂ ਚਾਈਂ ਚਾਈਂਆ । ਇਕੋ ਦਰ ਦੀ ਬਣ ਪਨਿਹਾਰ, ਸੀਸ ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਆਪਣੇ ਹੱਥ ਰੱਖੇ ਵਿਵਹਾਰ, ਸਰਗੁਣ ਹੁਕਮ ਨਾਲ ਸਮਝਾਈਆ ।


੯੭੩ ੨੦

★ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਚੀਫ਼ ਇੰਜੀਨਿਅਰ ਆਰ੦ ਐਲ੦ ਸ਼ਰਮਾ ਕਰਨ ਨਗਰ ਜੰਮੂ ਸ਼ਹਿਰ ★

ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਚਾਰ ਕੁੰਟ ਦਹਿ ਦਿਸ਼ਾ ਵਧਿਆ ਕੂੜ, ਨੌ ਖੰਡ ਪ੍ਰਿਥਮੀ ਸੱਤ ਦੀਪ ਸਚ ਧਰਮ ਨਾ ਕੋਇ ਕਮਾਈਆ । ਚਤੁਰ ਸੁਘੜ ਜਗਤ ਅਗਿਆਨ ਕੀਤੇ ਮੂੜ੍ਹ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਹਲਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤੇ ਚਰਨ ਲਾਏ ਕੋਈ ਨਾ ਧੂੜ, ਮਸਤਕ ਟਿੱਕਾ ਖ਼ਾਕ ਨਾ ਕੋਇ ਰਮਾਈਆ । ਘਟ ਸਵਾਮੀ ਅੰਤਰਜਾਮੀ ਸਭ ਨੂੰ ਦਿਸੇ ਦੂਰ, ਕਾਇਆ ਮੰਦਰ ਅੰਦਰ ਦਰਸ ਕੋਇ ਨਾ ਪਾਈਆ । ਆਤਮ ਪਰਮਾਤਮ ਪਰਕਾਸ਼ ਕਰੇ ਕੋਇ ਨਾ ਨੂਰ, ਨਿਰਗੁਣ ਜੋਤ ਦੀਆ ਬਾਤੀ ਕਮਲਾਪਾਤੀ ਨਾ ਕੋਇ ਜਗਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਤੱਖ ਮਿਲੇ ਨਾ ਕਿਸੇ ਹਜ਼ੂਰ, ਮਾਨਵ ਮਾਨੁਖ ਮਾਨਸ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਕੂੜੀ ਕਿਰਿਆ ਵੇਖ ਵਖਾਈਆ । ਆਸਾ ਕਹੇ ਚਾਰ ਕੁੰਟ ਦਹਿ ਦਿਸ਼ਾ ਦਿਸੇ ਅੰਧੇਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦਏ ਕੋਈ ਨਾ ਗੇੜਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜਦਾ ਓਹਲਾ ਨਾ ਕੋਇ ਚੁਕਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਪਿਆ ਝੇੜਾ, ਬੁੱਧ ਬਿਬੇਕ ਕਾਇਆ ਹੇਤ ਮਨ ਨੇਕ ਨਾ ਕੋਇ ਕਰਾਈਆ । ਕਲਪਣਾ ਅੰਦਰ ਸਭ ਦਾ ਉਜੜਦਾ ਜਾਏ ਖੇੜਾ, ਸਾਹਿਬ ਸੁਲਤਾਨ ਨੌਜਵਾਨ ਮਿਹਰਵਾਨ ਧੁਰ ਫ਼ਰਮਾਨਾ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ

ਕਾਰ ਕਮਾਈਆ । ਆਸਾ ਕਹੇ ਕਰੇ ਖੇਲ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਆਸਾ ਰੱਖਦੇ ਗਏ ਗੁਰੂ ਅਵਤਾਰ, ਪੈਗ਼ੰਬਰ ਸਜਦਿਆਂ ਵਿਚ ਸੀਸ ਝੁਕਾਈਆ । ਸੋ ਸਾਹਿਬ ਸਵਾਮੀ ਸਭ ਨੂੰ ਵੇਖਣਹਾਰ, ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਲੇਖਾ ਲਹਿਣਾ ਜਾਣੇ ਥਾਉਂ ਥਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਜਿਸ ਨੂੰ ਬੁੱਧੀਵਾਨ ਸਮਝੇ ਨਾ ਕੋਇ ਵਿਚ ਸੰਸਾਰ, ਵਿਦਿਆ ਵਿਚ ਵਿੱਦਤ ਨਾ ਕੋਇ ਕਰਾਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਸਾਰੇ ਗਏ ਹਾਰ, ਜੀਵ ਜੰਤ ਅੰਤਸ਼ਕਰਨ ਪੜਦਾ ਨਾ ਕੋਇ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵਧਿਆ ਵਿਕਾਰ, ਦੁਰਮਤ ਮੈਲ ਨਾ ਕੋਇ ਧਵਾਈਆ । ਸ਼ਾਹੋ ਭੂਪ ਪਸ਼ਚਾਤਾਪ ਕਰਨ ਸਿਕਦਾਰ, ਨਵ ਨੌ ਚਾਰ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦੀ ਸਦੀਵੀ ਖੋਜ ਖੁਜਾਈਆ । ਆਸਾ ਕਹੇ ਮੇਰੇ ਅੰਤਰ ਆਈ ਹੈਰਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖ ਵਖਾਈਆ । ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟੀ ਦ੍ਰਿਸ਼ਟੀ ਅੰਤਮ ਹੋਈ ਬੇਈਮਾਨੀ, ਪਾਰਬ੍ਰਹਮ ਪਤਿਪਰਮੇਸ਼ਵਰ ਧਿਆਨ ਨਾ ਕੋਇ ਲਗਾਈਆ । ਮਨੂਆ ਸ਼ਰਅ ਅੰਦਰ ਕਰੇ ਸ਼ੈਤਾਨੀ, ਸ਼ਰੀਅਤ ਅਸਲੀਅਤ ਪੜਦਾ ਨਾ ਕੋਇ ਉਠਾਈਆ । ਜਲਵਾ ਮਿਲੇ ਨਾ ਕਿਸੇ ਜੋਤ ਨੁਰਾਨੀ, ਸ਼ਬਦ ਨਾਦ ਧੁਨ ਆਤਮਕ ਰਾਗ ਨਾ ਕੋਇ ਅਲਾਈਆ । ਗੁਰ ਅਵਤਾਰ ਪੈਗ਼ੰਬਰ ਜੋ ਦੋ ਕੇ ਗਏ ਭਵਿਖਤ ਬਾਣੀ, ਵੇਦ ਵਿਆਸਾ ਲੇਖ ਲਿਖਿਆ ਕਲਮ ਸ਼ਾਹੀਆ । ਸੋ ਲਹਿਣਾ ਦੇਣਾ ਜਾਣੇ ਸ਼ਾਹ ਸੁਲਤਾਨੀ, ਸ੍ਰੀ ਭਗਵਾਨ ਹਰਿ ਰਘੁਰਾਈਆ । ਕਲਜੁਗ ਅੰਤ ਕੰਤ ਭਗਵੰਤ ਕਰੇ ਖੇਲ ਮਹਾਨੀ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸਤਿ ਧਰਮ ਦੀ ਝੁਲਾ ਨਿਸ਼ਾਨੀ, ਲੋਕਮਾਤ ਨਿਰਗੁਣ ਸਰਗੁਣ ਧਾਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਮੈਂ ਵੇਖਾਂ ਖੇਲ ਹਕ਼ੀਕ਼ੀ, ਹਰਿ ਕਰਤਾ ਆਪ ਦ੍ਰਿੜਾਈਆ । ਪਰਵਰਦਿਗਾਰ ਸਾਂਝਾ ਯਾਰ ਵੇਸ ਵਟਾਏ ਲਾਸ਼ਰੀਕੀ, ਸ਼ਰਕਤ ਕੂੜੀ ਦਏ ਮਿਟਾਈਆ । ਜਿਸ ਦੇ ਵਿਚ ਇਕ ਤੌਫ਼ੀਕੀ, ਤਾਬਿਆਦਾਰੀ ਸਭ ਨੂੰ ਦਏ ਸਿਖਾਈਆ । ਨਿਰਗੁਣ ਧਾਰ ਸਦਾ ਬਾਰੀਕੀ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦੀ, ਗੁਰ ਅਵਤਾਰ ਪੈਗ਼ੰਬਰ ਬੈਠੇ ਦਰ ਤੇ ਸੀਸ ਝੁਕਾਈਆ । ਅਗਲੀ ਖੇਲ ਕਰੇ ਅਜੀਬੀ, ਜਿਸ ਦੀ ਸਮਝ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਦਏ ਤਰਤੀਬੀ, ਸਿਆਸਤ ਵਿਰਾਸਤ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣੀ ਕਾਰ ਕਮਾਈਆ । ਆਸਾ ਕਹੇ ਮੈਂ ਵੇਖ ਵੇਖ ਚਾਰ ਕੁੰਟ ਥੱਕੀ, ਥਕਾਵਟ ਮੇਰੇ ਅੰਤਰ ਆਈਆ । ਸਦੀ ਚੌਧਵੀਂ ਰਸਨਾ ਜਿਹਵਾ ਰਹੀ ਕਿਸੇ ਨਾ ਪੱਕੀ, ਮਨਸਾ ਕਾਗ ਵਾਂਗ ਕੁਰਲਾਈਆ । ਰਾਓ ਰੰਕ ਹੋਏ ਸ਼ੱਕੀ, ਸ਼ਾਹ ਸੁਲਤਾਨ ਨਾ ਕੋਇ ਵਡਿਆਈਆ । ਸਾਧ ਸੰਤ ਨਿਰਗੁਣ ਨੂਰ ਨਾ ਵੇਖਣ ਅੱਖੀ, ਜੋਤੀ ਜੋਤ ਨਾ ਕੋਇ ਸਮਾਈਆ । ਅੱਖਰਾਂ ਵਾਲੀ ਬਾਹਰੋਂ ਪੜਦੇ ਪੱਟੀ, ਨਿਰਅੱਖਰ ਪੜਦਾ ਨਾ ਕੋਇ ਚੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਚ ਸਵਾਮੀ ਕਿਸੇ ਮਿਲਿਆ ਨਾ ਕਮਲਾਪਤੀ, ਧੁਰ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਸਿਰ ਆਪਣਾ ਹੱਥ ਨਾ ਕੋਇ ਟਿਕਾਈਆ । ਜਗਤ ਵਣਜਾਰੇ ਮਾਇਆ ਮਮਤਾ ਮੋਹ ਵਿਕਾਰ ਹੰਕਾਰ ਚਲਾਉਂਦੇ

ਹੱਟੀ, ਨਾਮ ਨਿਧਾਨ ਵਸਤ ਅਮੋਲਕ ਕਾਇਆ ਗੋਲਕ ਨਾ ਕੋਇ ਟਿਕਾਈਆ । ਧੁਰ ਪ੍ਰੇਮ ਮਿਲੇ ਕਿਸੇ ਨਾ ਰਤੀ, ਰਤਨ ਅਮੋਲਕ ਹੀਰਾ ਲਾਲ ਕਾਇਆ ਮੰਦਰ ਦਏ ਨਾ ਕੋਇ ਟਿਕਾਈਆ । ਸਨਿਆਸੀ ਵੈਰਾਗੀ ਤਿਆਗੀ ਬੈਰਾਗੀ ਰਿਹਾ ਕੋਈ ਨਾ ਜਤੀ, ਸਤਿ ਸੰਤੋਖ ਧੀਰਜ ਧੀਰ ਨਾ ਕੋਇ ਧਰਾਈਆ । ਆਸਾ ਕਹੇ ਮੈਂ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਵੇਖੇ ਅੱਖੀ, ਨਿਰਗੁਣ ਹੋ ਕੇ ਭੱਜੀ ਵਾਹੋ ਦਾਹੀਆ । ਪ੍ਰਭ ਸਾਚੇ ਕਾਹਨ ਦੀ ਮਿਲੇ ਕੋਇ ਨਾ ਸਖ਼ੀ, ਜੋ ਨਾਮ ਬੰਸਰੀ ਸੁਣ ਕੇ ਧੁਨ ਆਪਣੇ ਅੰਦਰ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ੍ਰਿਸ਼ਟੀ ਦ੍ਰਿਸ਼ਟੀ ਫੋਲ ਫੁਲਾਈਆ । ਆਸਾ ਕਹੇ ਮੈਂ ਚਾਰ ਕੁੰਟ ਥੱਕੀ ਖੋਜ, ਬਣ ਵੈਰਾਗਣ ਭੱਜੀ ਵਾਹੋ ਦਾਹੀਆ । ਸਦੀ ਬੀਸਵੀਂ ਪ੍ਰਭ ਦੇ ਵੇਖੇ ਚੋਜ, ਚੋਜੀ ਪ੍ਰੀਤਮ ਨਜ਼ਰ ਕਿਸੇ ਨਾ ਆਈਆ । ਸਭ ਦੇ ਅੰਦਰ ਲੱਗਾ ਹਉਮੇ ਹੰਗਤਾ ਰੋਗ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਹਲਕਾਈਆ । ਮਨ ਵਾਸਨਾ ਜਗਤ ਕਲਪਣਾ ਸਾਰੇ ਭੋਗਦੇ ਭੋਗ, ਆਤਮ ਪਰਮਾਤਮ ਪਰਮਾਤਮ ਆਤਮ ਜੋੜ ਨਾ ਕੋਇ ਜੁੜਾਈਆ । ਜਲਾਂ ਥਲਾਂ ਫਿਰਦੇ ਵੇਖੇ ਕੋਟੀ ਕੋਟ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਸਾਚੀ ਮੰਜ਼ਲ ਚੜ੍ਹਿਆ ਕੋਈ ਨਾ ਚੋਟ, ਚੋਟੀ ਚੜ੍ਹ ਕੇ ਪ੍ਰਭ ਦਾ ਦਰਸ ਕੋਇ ਨਾ ਪਾਈਆ । ਮਿਲਿਆ ਮੇਲ ਨਾ ਨਿਰਮਲ ਜੋਤ, ਸ਼ਬਦ ਨਾਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ਼ਾ ਇਕ ਸੁਣਾਈਆ । ਆਸਾ ਕਹੇ ਮੈਂ ਦੱਸਾਂ ਕਹਾਣੀ, ਕਥਨੀ ਕਥ ਸਕੇ ਨਾ ਰਾਈਆ । ਅੱਠ ਸੱਠ ਤੀਰਥ ਠੰਡਾ ਰਿਹਾ ਕੋਇ ਨਾ ਅੰਮ੍ਰਿਤ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਏ ਦੁਹਾਈਆ । ਰਸ ਮਾਣੇ ਨਾ ਕੋਇ ਧੁਰ ਦੀ ਬਾਣੀ, ਗੀਤਾ ਗਿਆਨ ਧਿਆਏ ਅਠਾਰਾਂ ਅੱਠ ਦਸ ਰਿਹਾ ਸਮਝਾਈਆ । ਘਰ ਸਵਾਮੀ ਮਿਲੇ ਕਿਸੇ ਨਾ ਹਾਣੀ, ਬਣ ਖੋਜੇ ਕੋਟੀ ਲੋਕਾਈਆ । ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਜਿਸਮਾਨੀ ਢੋਲੇ ਸਾਰੇ ਰਹੇ ਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਸਰਗੁਣ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰ ਇਕ ਇਕੱਲਾ ਇਕੋ ਇਕ ਜਣਾਈਆ । ਆਸਾ ਕਹੇ ਮੇਰੇ ਅੰਤਰ ਸਤਿ ਧਰਮ ਦੀ ਆਈ ਦਲੀਲ, ਮਨਸਾ ਆਪਣੀ ਦਿਆਂ ਜਣਾਈਆ । ਸਾਚਾ ਦਿਸੇ ਨਾ ਕੋਇ ਵਕੀਲ, ਜੋ ਰਸਤਾ ਹਕ ਦਏ ਵਖਾਈਆ । ਮੇਰੀ ਪ੍ਰਭ ਦੇ ਅੱਗੇ ਇਕ ਅਪੀਲ, ਬਿਨ ਸੀਸ ਜਗਦੀਸ ਝੁਕਾਈਆ । ਮੇਰੇ ਠਾਕਰ ਵੱਡ ਆਮੀਨ, ਅੱਲਾ ਤੇਰੀ ਵਡਿਆਈਆ । ਸਾਚੀ ਸਿਖਿਆ ਦੇ ਤਾਲੀਮ, ਚਾਰ ਕੁੰਟ ਇਕ ਪੜ੍ਹਾਈਆ । ਤੇਰੀ ਮੰਜ਼ਲ ਦਿਸੇ ਅਜ਼ੀਮ, ਆਅਲਾ ਰੁਤਬਾ ਨੂਰ ਖ਼ੁਦਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸਦਾ ਰਹੇਂ ਕਦੀਮ, ਕੁਦਰਤ ਦਾ ਮਾਲਕ ਇਕ ਅਖਵਾਈਆ । ਪਿੱਛੇ ਚਾਰ ਜੁਗ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੀਨਾਂ ਮਜ਼੍ਹਬਾਂ ਵਾਲੀ ਕੀਤੀ ਤਕਸੀਮ, ਅੱਗੇ ਝਗੜਾ ਦੇ ਮੁਕਾਈਆ । ਤੇਰੇ ਉਤੇ ਇਕ ਯਕੀਨ, ਭਰੋਸਾ ਸਭ ਨੂੰ ਦੇ ਸਮਝਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਤੈਨੂੰ ਕਰਨ ਤਸਲੀਮ, ਤਸਬੀ ਮਾਲਾ ਮਣਕੇ ਦੀ ਲੋੜ ਰਹੇ ਨਾ ਰਾਈਆ । ਤੇਰੇ ਨਾਮ ਸਦਾ ਰੰਗੀਨ, ਰੰਗਤ ਆਪਣੀ ਦੇ ਵਖਾਈਆ । ਆਤਮ ਹੋਏ ਤੇਰੇ ਅਧੀਨ, ਤਤ ਵਜੂਦ ਦਾ ਝਗੜਾ ਦੇ ਚੁਕਾਈਆ । ਗੁਰ ਅਵਤਾਰ ਤੇਰੇ ਮਸਕੀਨ, ਹੁਕਮੇ ਵਿਚ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ

ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਆਸਾ ਕਹੇ ਮੇਰੀ ਬੇਨੰਤੀ ਇਕ ਅਰਦਾਸ, ਆਰਜ਼ੂ ਦਿਆਂ ਜਣਾਈਆ । ਕਿਰਪਾ ਕਰ ਪੁਰਖ ਸਮਰਾਥ, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਕਰ ਨਾਸ, ਨਾਸਤਕ ਰਹਿਣ ਕੋਇ ਨਾ ਪਾਈਆ । ਹਰ ਘਟ ਅੰਦਰ ਸਾਚਾ ਨੂਰ ਕਰ ਪਰਕਾਸ਼, ਅੰਧ ਅੰਧੇਰਾ ਦੇ ਗਵਾਈਆ । ਮਿਟੇ ਰੈਣ ਅੰਧੇਰੀ ਰਾਤ, ਨੂਰੀ ਚੰਦ ਇਕ ਚਮਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦੀ ਸਾਂਝੀ ਹੋਵੇ ਗਾਥ, ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਤੂੰ ਹੀ ਨਜ਼ਰੀ ਆਈਆ । ਤੇਰਾ ਨੂਰ ਤੇਰੀ ਜਾਤ, ਜਾਤ ਤੇਰੀ ਸਫ਼ਾਤ, ਜਿਸ ਦੀ ਕਦੇ ਨਾ ਹੋਵੇ ਵਫ਼ਾਤ, ਫ਼ਾਤਿਆ ਪੜ੍ਹਨ ਕੋਇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰ ਇਨਕਲਾਬ, ਸਜਦਾ ਸੀਸ ਝੁਕੇ ਅਦਾਬ, ਮੰਜ਼ਲ ਹਕ ਮਿਲੇ ਮਹਿਬੂਬ ਮਹਿਰਾਬ, ਵਾਜਬ ਆਪਣੀ ਕਾਰ ਕਮਾਈਆ । ਸ਼ਬਦ ਅਗੰਮੀ ਮਾਰ ਆਵਾਜ਼, ਹਰ ਘਟ ਅੰਤਰ ਖੋਲ੍ਹ ਆਪਣਾ ਰਾਜ਼, ਬਿਨਾ ਢੋਲ ਮਰਦੰਗ ਤੋਂ ਵੱਜੇ ਸਾਜ, ਤਾਲ ਤਲਵਾੜਾ ਇਕੋ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਤੇਰਾ ਇਕੋ ਦਿਸੇ ਸਮਾਜ, ਦੂਜਾ ਵੰਡ ਵੰਡਣ ਵਾਲਾ ਨਜ਼ਰ ਕੋਇ ਨਾ ਆਈਆ । ਆਸ਼ਾ ਕਹੇ ਪ੍ਰਭ ਖੇਲ ਕਰ ਅਗਲੀ, ਪਿਛਲਾ ਲੇਖਾ ਦੇ ਮੁਕਾਈਆ । ਮਨਸਾ ਜਗ ਰਹੇ ਨਾ ਪਗ਼ਲੀ, ਬਗ਼ਲਗੀਰ ਆਪ ਅਖਵਾਈਆ । ਨੂਰ ਤੇਰਾ ਸ੍ਰਿਸ਼ਟੀ ਸਗਲੀ, ਦ੍ਰਿਸ਼ਟੀ ਧਾਰ ਦੇ ਬਦਲਾਈਆ । ਕਿਸੇ ਨੂੰ ਲੱਭਣਾ ਪਏ ਨਾ ਜੰਗਲੀਂ, ਕਾਇਆ ਮੰਦਰ ਅੰਦਰ ਬਜਰ ਕਪਾਟੀ ਪੜਦਾ ਦੇਣਾ ਉਠਾਈਆ । ਰੂਪ ਨਜ਼ਰ ਆਏ ਅਸਲੀ, ਅਸਲ ਵਸਲ ਯਾਰ ਇਕੋ ਆਪਣਾ ਦੇਣਾ ਕਰਾਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਮੋਹ ਰਹੇ ਨਾ ਨਕਲੀ, ਜੂਠ ਝੂਠ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਕਲਜੁਗ ਦੋਹਾਂ ਦੀ ਕਰ ਅਦਲਾ ਬਦਲੀ, ਇਕੋ ਤੂੰ ਹੀ ਨਜ਼ਰੀ ਆਈਆ ।

ਸਤਿਗੁਰ ਸ਼ਬਦ ਸਦਾ ਕਰੇ ਮਿਹਰਵਾਨੀ, ਮਿਹਰਵਾਨ ਦਇਆ ਕਮਾਇੰਦਾ । ਸਾਚੇ ਨਾਮ ਦੀ ਦਏ ਨਿਸ਼ਾਨੀ, ਨਿਜ ਆਤਮ ਆਪ ਟਿਕਾਇੰਦਾ । ਪਦ ਬਖ਼ਸ਼ ਕੇ ਇਕ ਨਿਰਬਾਣੀ, ਮੰਜ਼ਲ ਧੁਰ ਦੀ ਸਚ ਚੜ੍ਹਾਇੰਦਾ । ਜਿਥੇ ਜਗੇ ਜੋਤ ਨੂਰਾਨੀ, ਸੂਰਜ ਚੰਦ ਨਾ ਕੋਇ ਵਡਿਆਇੰਦਾ । ਬੈਠਾ ਰਹੇ ਸ਼ਾਹ ਸੁਲਤਾਨੀ, ਪੁਰਖ ਅਬਿਨਾਸ਼ੀ ਸੋਭਾ ਪਾਇੰਦਾ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਸਿਫ਼ਤਾਂ ਵਿਚ ਉਚਰਦੇ ਬਾਣੀ, ਸੋਹਲਿਆਂ ਵਿਚ ਰਾਗ ਅਲਾਇੰਦਾ । ਸੋ ਲਹਿਣਾ ਦੇਣਾ ਚੁਕਾਏ ਦੋ ਜਹਾਨੀ, ਆਵਣ ਜਾਵਣ ਲੱਖ ਚੁਰਾਸੀ ਗੇੜ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨੀ ਵਿਚ ਆਪਣੀ ਮੰਜ਼ਲ ਦਏ ਆਸਾਨੀ, ਔਝੜ ਰਾਹ ਨਾ ਕੋਇ ਜਣਾਇੰਦਾ । ਮਿਹਰਵਾਨ ਸਦਾ ਸਦ ਦਾਤਾ, ਦਇਆਵਾਨ ਅਖਵਾਈਆ । ਆਤਮ ਅੰਤਰ ਬਣ ਗਿਆਤਾ, ਪੜਦਾ ਕੂੜ ਦਏ ਚੁਕਾਈਆ । ਸਤਿ ਧਰਮ ਦਾ ਜੋੜ ਕੇ ਨਾਤਾ, ਮੇਲਾ ਮੇਲੇ ਸਹਿਜ ਸੁਭਾਈਆ । ਪੂਰੀ ਕਰੇ ਜੋ ਅੰਦਰ ਦੱਬੀ ਆਸਾ, ਸਹਿਜ ਨਾਲ ਸਮਝਾਈਆ । ਦੋ ਤੋਂ ਇਕ ਦਾ ਹੋਏ ਭਰਵਾਸਾ, ਭਰਮ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰ ਮੁਹੱਬਤ ਵਿਚ ਸਾਚਾ ਨੂਰ ਕਰੇ ਪਰਕਾਸ਼ਾ, ਪਰਕਾਸ਼ ਵਿਚ ਅਬਿਨਾਸ਼ ਇਕੋ ਨਜ਼ਰੀ ਆਈਆ ।

੯੭੬
੨੦

## ★ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਰਾਮ ਕੌਰ ਦੇ ਗ੍ਰਿਹ ਪਿੰਡ ਛੰਬ ਜ਼ਿਲਾ ਜੰਮੂ ★

ਗੁਰ ਅਵਤਾਰ ਪੈਗੰਬਰਾਂ ਆਸ਼ਾ ਕਹੇ ਕੀ ਵਰਤੇ ਤੇਰਾ ਭਾਣਾ, ਭਉ ਸਮਝ ਕੋਇ ਨਾ ਪਾਈਆ । ਤਖ਼ਤ ਨਿਵਾਸੀ ਦਿਸੇ ਕੋਈ ਨਾ ਰਾਜਾ ਰਾਣਾ, ਰੰਕ ਰਈਅਤ ਨਾ ਕੋਇ ਵਡਿਆਈਆ । ਮਨੂਆ ਮਨ ਕਰੇ ਘਮਸਾਣਾ, ਦਹਿ ਦਿਸ਼ਾ ਹਾਲ ਦੁਹਾਈਆ । ਤੇਰਾ ਨੂਰ ਨਾ ਕਿਸੇ ਪਹਿਚਾਨਾ, ਭੁੱਲੀ ਸਰਬ ਲੋਕਾਈਆ । ਪੜਦਾ ਲਾਹ ਨੌਜਵਾਨਾ, ਘੁੰਗਟ ਕੂੜ ਦੇ ਮਿਟਾਈਆ । ਸ਼ਬਦੀ ਨਾਦ ਸੁਣਾ ਤਰਾਨਾ, ਨਾਮ ਇਕ ਸ਼ਨਵਾਈਆ । ਸਤਿ ਧਰਮ ਝੁਲਾ ਨਿਸ਼ਾਨਾ, ਚਾਰ ਕੁੰਟ ਵਡਿਆਈਆ । ਆਪਣਾ ਲੇਖੇ ਲਾ ਆਣਾ, ਪੜਦਾ ਓਹਲਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਆਸਾ ਕਹੇ ਮੈਂ ਵੇਖੀ ਦੀਨ ਦੁਨੀ ਠੱਗ ਚੋਰ, ਕੂੜ ਕੁੜਿਆਰੀ ਜਗਤ ਲੋਕਾਈਆ । ਤੇਰੀ ਰਹੀ ਕਿਸੇ ਨਾ ਲੋੜ, ਸਾਡਾ ਸੰਗ ਨਾ ਕੋਇ ਬਣਾਈਆ । ਅਸੀਂ ਉਤਰ ਦੇ ਨਾ ਸਕੀਏ ਮੋੜ, ਹੁਕਮ ਵਿਚ ਤੇਰੇ ਸੀਸ ਨਿਵਾਈਆ । ਇਸ ਵੇਲੇ ਪ੍ਰਭੂ ਤੇਰੀ ਇਕੋ ਲੋੜ, ਲੋੜੀਂਦੇ ਸਾਜਣ ਨਜ਼ਰੀ ਆਈਆ । ਮਮਤਾ ਮੋਹ ਵਿਕਾਰਾ ਹੋੜ, ਹੋਕਾ ਆਪਣਾ ਨਾਮ ਸੁਣਾਈਆ । ਕਿਸੇ ਤੋਂ ਪੂਰੀ ਹੋਵੇ ਨਾ ਥੋੜ, ਥੁੜੇ ਥਿੜਕੇ ਸਾਰੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਆਸਾ ਕਹੇ ਸ੍ਰਿਸ਼ਟ ਸਬਾਈ ਹੋਈ ਅਬਲਾ, ਦੁਹਾਗਣ ਦਏ ਦੁਹਾਈਆ । ਆਪਣਾ ਨੂਰ ਵਖਾ ਅੱਵਲਾ, ਜੋਤ ਕਰ ਰੁਸ਼ਨਾਈਆ । ਤੂੰ ਕਾਹਨ ਧੁਰ ਦਾ ਸਗਲਾ, ਸਾਵਲ ਬੇਪਰਵਾਹੀਆ । ਤੇਰੇ ਨਾਮ ਦਾ ਚਾਰ ਜੁਗ ਵਜਾਉਂਦੇ ਆਏ ਤਬਲਾ, ਧੁਨ ਤੇਰੇ ਵਿਚ ਸਮਾਈਆ । ਅੱਗੇ ਖੇਲ ਵੇਖ ਪਾਤੀ ਕਮਲਾ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਆਸਾ ਕਹੇ ਕਲਜੁਗ ਕੂੜੀ ਸ੍ਰਿਸ਼ਟੀ ਦਿਤੀ ਫੂਕ, ਅਗਨੀ ਤਤ ਤਪਾਈਆ । ਕਿਥੇ ਸੁੱਤਾ ਪ੍ਰਭੂ ਘੂਕ, ਨੇਤਰ ਲੋਚਣ ਨੈਣ ਨਾ ਅੱਖ ਖੁਲ੍ਹਾਈਆ । ਝਗੜਾ ਪਿਆ ਪੰਜ ਭੂਤ, ਤਨ ਸਰੀਰ ਲੜਾਈਆ । ਭਾਗ ਲੱਗਾ ਨਾ ਕਿਸੇ ਕਲਬੂਤ, ਕਾਇਆ ਕਬਰ ਰਹੀ ਕੁਰਲਾਈਆ । ਅੰਤ ਸਵਾਮੀ ਹੋ ਮੌਜੂਦ, ਤੇਰਾ ਰਾਹ ਤਕਾਈਆ । ਬਿਨ ਤੇਰੀ ਕਿਰਪਾ ਰਹੇ ਨਾ ਕੋਇ ਮਹਿਫ਼ੂਜ਼, ਸਿਰ ਹੱਥ ਨਾ ਕੋਇ ਟਿਕਾਈਆ । ਉਹ ਵੇਖ ਝਗੜਾ ਹੁੰਦਾ ਜਨੂਬ, ਜਾਨਬ ਸਮਝ ਕੋਇ ਨਾ ਆਈਆ । ਜਿਧਰ ਸੂਰੀਆ ਹੋਏ ਗ਼ਰੂਬ, ਓਧਰ ਹਾਲ ਦੁਹਾਈਆ । ਏਸ ਦਾ ਹੋਰ ਇਕ ਸਬੂਤ, ਸਬਰ ਨਾਲ ਸਮਝਾਈਆ । ਸਭ ਦੀ ਪੂਰੀ ਹੋਈ ਮਸ਼ਰੂਤ, ਸ਼ਰਤ ਸ਼ਰਅ ਵਿਚੋਂ ਬਦਲਾਈਆ । ਆਹ ਚਿੱਠੀ ਵੇਖ ਖ਼ਤੂਤ, ਮੁਤਾਲਿਆ ਕਰ ਦੇ ਸਮਝਾਈਆ । ਝਗੜਾ ਵੇਖ ਚੜ੍ਹਦੀ ਕੂਟ, ਸ਼ਰਕਨ ਰੋਵੇ ਮਾਰੇ ਧਾਈਆ । ਸ਼ਮਾਲਣ ਭੱਜਣ ਵਾਲਾ ਦੂਤ, ਉਠੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇ ਚੁਕਾਈਆ । ਆਸ਼ਾ ਕਹੇ ਖੁਲ੍ਹਦਾ ਜਾਂਦਾ ਪੜਦਾ, ਓਹਲਾ ਰਹੇ ਨਾ ਰਾਈਆ । ਹੁਕਮ ਮਿਲਦਾ ਜਾਂਦਾ ਦਿਸ਼ਾ ਚੜ੍ਹਦਾ, ਚੜ੍ਹਦੀ ਕਲਾ ਤੇਰੀ ਬੇਪਰਵਾਹੀਆ । ਲਹਿੰਦੀ ਧਾਰ ਵੇਖਿਆ ਡਰਦਾ, ਡਰਪੋਕ ਪੋਪ ਰਿਹਾ ਕੁਰਲਾਈਆ । ਸ਼ਮਾਲਣ ਸ਼ਮਾਂ ਬਿਨ ਤੇਲ ਬੱਤੀ ਜਾਏ ਸੜਦਾ, ਮੁਰਦਾ ਸਕੇ ਨਾ ਕੋਇ ਉਠਾਈਆ । ਜ਼ਨੂਬ ਜਨਮ ਜਾਏ ਹੜਦਾ, ਸ਼ੌਹ ਦਰਿਆ ਰਿਹਾ ਰੁੜ੍ਹਾਈਆ । ਹੁਕਮ ਸੰਦੇਸ਼ਾ ਸ਼ਬਦੀ ਧਾਰ ਇਕੋ ਘੱਲਦਾ, ਘਾਇਲ ਕਰੇ ਲੋਕਾਈਆ । ਕੋਈ ਹੁਕਮ ਸੰਦੇਸ਼ਾ ਘੱਲਦਾ, ਰਾਤੀ ਇਕੋ ਵਿਚੋਂ ਲੰਘਾਈਆ । ਝੇੜਾ ਹੋਵੇ

ਜਲ ਦਾ, ਅਗਨੀ ਬਲ ਤਪਾਈਆ । ਕੋਈ ਭੇਵ ਨਾ ਪਾਏ ਪਲ ਦਾ, ਪਲਕਾਂ ਦੇ ਓਹਲੇ ਸਭ ਨੂੰ ਰਿਹਾ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭਾਣਾ ਕਦੇ ਨਾ ਟਲਦਾ, ਟਾਲ ਮਟੋਲ ਵਿਚ ਰੱਖੇ ਜਗਤ ਲੋਕਾਈਆ ।

### ★ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਪਰਕਾਸ਼ ਚੰਦ ਦੇ ਗ੍ਰਿਹ ਜੰਮੂ ★

ਆਸ਼ਾ ਕਹੇ ਮੈਂ ਚਾਰੇ ਕੂਟਾਂ ਵੇਖੀ ਦਿਸ਼ਾ, ਬਿਨ ਅੱਖਾਂ ਅੱਖ ਉਠਾਈਆ । ਉੱਤਰ ਪੂਰਬ ਪੱਛਮ ਦੱਖਣ ਰੋ ਕੇ ਕਹੇ ਗੁਰ ਅਵਤਾਰ ਪੈਗ਼ੰਬਰ ਦੇ ਗਏ ਪਿੱਛਾ, ਅਗਲੀ ਸਮਝ ਨਾ ਕੋਇ ਸਮਝਾਈਆ । ਕਾਗ਼ਜ਼ਾਂ ਉਤੇ ਸਿਫ਼ਤਾਂ ਵਾਲਾ ਰਹਿ ਗਿਆ ਕਿੱਸਾ, ਕਿਸਮਤ ਸਕੇ ਨਾ ਕੋਇ ਬਦਲਾਈਆ । ਮੈਂ ਹੱਸ ਕੇ ਕਿਹਾ ਅੱਗੇ ਪ੍ਰਭ ਦੇ ਕੋਲ ਹਿੱਸਾ, ਸਭ ਦੀ ਝੋਲੀ ਦਏ ਭਰਾਈਆ । ਕੋਲ ਵਖਾਇਆ ਅਗੰਮੀ ਚਿੱਠਾ, ਜਿਸ ਦਾ ਲੇਖ ਨਾ ਕੋਇ ਸੁਣਾਈਆ । ਸ਼ਬਦੀ ਸਤਿਗੁਰ ਆਪੇ ਲਿਖਾ, ਬਿਨ ਅੱਖਰਾਂ ਅੱਖਰ ਬਣਾਈਆ । ਨਾ ਵੱਡਾ ਨਾ ਨਿੱਕਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਚਾਰ ਜੁਗ ਕਿਸੇ ਨਾ ਦਿਸਾ, ਇਹ ਤੇਰੀ ਬੇਪਰਵਾਹੀਆ । ਅੰਤਮ ਹੋ ਕੇ ਧੁਰ ਦਾ ਪਿਤਾ, ਪਤਿਪਰਮੇਸ਼ਵਰ ਫੇਰਾ ਪਾਈਆ । ਸਾਰੇ ਧਿਆਨ ਧਰੋ ਚੇਤਾ, ਚੇਤਨ ਦਏ ਕਰਾਈਆ । ਨੌਂ ਖੰਡ ਪ੍ਰਿਥਮੀ ਜਿਸ ਦਾ ਇਕੋ ਕਿੱਤਾ, ਕੀਮਤ ਸਭ ਦੀ ਦਏ ਆਪ ਮੁਕਾਈਆ । ਜਗਤ ਰਸ ਹੋਣਾ ਫਿੱਕਾ, ਫੋਕਟ ਹੋਏ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਆਸ਼ਾ ਕਹੇ ਚਾਰ ਕੁੰਟ ਦੁਹਾਈ, ਹੂ ਹੂ ਹਾਲ ਸੁਣਾਈਆ । ਪ੍ਰਭ ਕਿਸੇ ਨਾ ਮਿਲੇ ਗੁਸਾਈਂ, ਬਿਨ ਨਾਤਿਉਂ ਹੋਈ ਜੁਦਾਈਆ । ਤੇਰੀ ਖੇਲ ਹੋਈ ਬੇਪਰਵਾਹੀ, ਬੇਪਰਵਾਹੀ ਵਿਚ ਸਮਾਈਆ । ਕਿਸੇ ਦੀ ਮਾਂ ਬਣਾਈ ਗਾਂਈਂ, ਗੋਪਾਲ ਵੇਸ ਵਟਾਈਆ । ਕਿਸੇ ਨੂੰ ਸ਼ੰਕਰ ਸੌਗੰਦ ਚੁਕਾਈ, ਬਚਿਆ ਰਹਿਣ ਕੋਇ ਨਾ ਪਾਈਆ । ਵਿਚਲਾ ਭੇਵ ਨਾ ਕਿਸੇ ਖੁਲ੍ਹਾਈ, ਗੰਢ ਸਭ ਦੀ ਹੋਈ ਪਰਾਈਆ । ਤੇਰਾ ਲੇਖਾ ਧੁਰਦਰਗਾਹੀ, ਦੋ ਜਹਾਨ ਨਾ ਕੋਇ ਸੁਣਾਈਆ । ਕਿਸੇ ਨੇ ਸਮਝਿਆ ਨਹੀਂ ਅੰਕੜਾ ਇਕਾਈ, ਦਹਾਈ ਵੰਡ ਨਾ ਕੋਇ ਵੰਡਾਈਆ । ਸਾਰੇ ਕਰਦੇ ਗਏ ਬੜਾਈ, ਬੇੜੀਆਂ ਵਿਚ ਚੜ੍ਹਾਈਆ । ਚੋਟੀ ਚੜ੍ਹ ਸਮਝ ਕਿਸੇ ਨਾ ਆਈ, ਚੇਤਨ ਜੜ੍ਹ ਕਰੀ ਲੜਾਈਆ । ਮੈਂ ਨੱਚੀ ਟੱਪੀ ਕੁੱਦੀ ਥਾਉਂ ਥਾਈਂ, ਥਾਨੰਤਰ ਮੰਤਰ ਸੁਣੇ ਸਚ ਗੁਸਾਈਆ । ਚਾਰ ਕੁੰਟ ਦਹਿ ਦਿਸ਼ਾ ਭੁੱਲੇ ਰਾਹੀ, ਮਾਰਗ ਹਕ ਨਾ ਕੋਇ ਵਖਾਈਆ । ਤੇਰੀ ਪਿਛਲੀ ਇਕ ਅਦਾਈ, ਆਦਤ ਜੁਗ ਦੀ ਚਲੀ ਆਈਆ । ਮਾਨਵ ਬਣਾ ਕੇ ਕਸਾਈ, ਕ਼ਸਮ ਆਪਣੇ ਨਾਲ ਰਖਾਈਆ । ਕਿਸ ਨੂੰ ਦਏਂ ਬੁਰਿਆਈ, ਕਵਣ ਮਿਲੇ ਵਡਿਆਈਆ । ਜੇ ਆਤਮਾ ਤੇਰੀ ਜਾਈ, ਕਵਣ ਜਣੇਂਦੀ ਮਾਈਆ । ਤੇਰਾ ਲੇਖਾ ਅਗੰਮ ਅਥਾਈ, ਸ਼ਾਸਤਰ ਸਿਮਰਤ ਕਹਿਣ ਕੋਇ ਨਾ ਆਈਆ । ਅਗਲੀ ਪਿਛਲੀ ਵਾਰਤਾ ਫੇਰ ਨਾ ਕਦੇ ਦੁਹਰਾਈ, ਧੁਰ ਦੀ ਰੀਤੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਰਜ਼ ਸੁਣਾਈਆ । ਆਸ਼ਾ ਕਹੇ ਮੈਂ ਚਾਰ ਕੁੰਟ ਵੇਖਿਆ ਹੋ ਚੁਕੰਨੀ, ਯਕਤਰਫ਼ ਧਿਆਨ ਲਗਾਈਆ । ਔਝੜ ਰਾਹ ਫਿਰੀ ਭੰਨੀ, ਬੈਠੀ ਪੰਧ

ਮੁਕਾਈਆ । ਤੇਰੀ ਸ੍ਰਿਸ਼ਟੀ ਹੋਈ ਅੰਨ੍ਹੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਤੇਰਾ ਨਾਮ ਸੁਣਦੇ ਕੰਨੀ, ਹਿਰਦੇ ਹਰਿ ਨਾ ਕੋਇ ਟਿਕਾਈਆ । ਜਗਤ ਮਾਇਆ ਦਿਸਦੇ ਧਨੀ, ਵਸਤ ਅਮੋਲਕ ਹੱਥ ਨਾ ਕਿਸੇ ਫੜਾਈਆ । ਕਲਜੁਗ ਆਖਾ ਸਾਰੇ ਰਹੇ ਮੰਨੀ, ਮਨਸਾ ਮਨ ਦੇ ਨਾਲ ਰਲਾਈਆ । ਵਿਭਚਾਰ ਨਾਲ ਬੰਨ੍ਹ ਕੇ ਕੰਨੀ, ਸਾਥੀ ਜਗਤ ਅਖਵਾਈਆ । ਇਹ ਸ੍ਰਿਸ਼ਟੀ ਦ੍ਰਿਸ਼ਟੀ ਤੇਰੀ ਤੇਰੇ ਹੁਕਮ ਅੰਦਰ ਜਣੀ, ਡੋਰੂ ਡੰਕਾ ਆਪ ਵਜਾਈਆ । ਕਿਸੇ ਦਾ ਵਜਨ ਰਹਿਣਾ ਨਹੀਂ ਟੰਨੀ, ਹੈਕਟਰ ਵਿਚ ਨਾ ਕੋਇ ਸਮਝਾਈਆ । ਤੇਰਾ ਖੇਲ ਹੋਣਾ ਧਰਨੀ, ਧਰਤ ਦਾ ਦੂਤ ਦਏ ਦੁਹਾਈਆ । ਤੇਰੀ ਚਾਲ ਇਕ ਬਰਨੀ, ਬਾਰ ਬਾਰ ਵੇਸ ਵਟਾਈਆ । ਇਸ਼ਟ ਅਥਾਹ ਹੋਣੀ ਪਰਨੀ, ਪਾਰਬ੍ਰਹਮ ਤੇਰਾ ਪੜਦਾ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦੇਣਾ ਚੁਕਾਈਆ । ਆਸ਼ਾ ਕਹੇ ਮੈਂ ਚਾਰ ਕੁੰਟ ਦਾ ਵੇਖਿਆ ਹੋਕਾ, ਹਾਏ ਹਾਏ ਕੁਰਲਾਈਆ । ਪੱਤਨ ਮਿਲੇ ਕਿਸੇ ਨਾ ਨੌਕਾ, ਨਈਆ ਨਾਮ ਨਾ ਕਿਸੇ ਜਣਾਈਆ । ਵਕਤ ਚੁਕਿਆ ਤੇਰੇ ਭਉ ਕਾ, ਭੈ ਵਿਚ ਨਾ ਕੋਇ ਲੋਕਾਈਆ । ਪਿਆਰ ਰਿਹਾ ਆਪਣੇ ਗੌਂ ਕਾ, ਤੇਰਾ ਪ੍ਰੇਮ ਨਾ ਕੋਇ ਨਿਭਾਈਆ । ਝਗੜਾ ਵੇਖ ਪਿਤਾ ਮਾਉਂ ਕਾ, ਪੂਤ ਰਹੇ ਕੁਰਲਾਈਆ । ਹੰਸ ਰੂਪ ਬਣਿਆ ਕਾਉਂ ਕਾ, ਦਿਵਸ ਰੈਣ ਕਾਗ ਵਾਂਗ ਕੁਰਲਾਈਆ । ਤੇਰਾ ਖੇਲ ਆਪਣੇ ਦਾਉ ਕਾ, ਦਾਅਵੇਦਾਰ ਨਾ ਕੋਇ ਸਮਝਾਈਆ । ਭੇਵ ਖੋਲ੍ਹ ਆਪਣੇ ਭਾਉ ਕਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ । ਆਸਾ ਕਹੇ ਚਾਰ ਕੁੰਟ ਵੇਖੀ ਕਮਲੀ ਕੋਝੀ, ਕਾਮਲ ਨਜ਼ਰ ਕੋਇ ਨਾ ਆਈਆ । ਮਾਨਸ ਹੋ ਕੇ ਮਨਸਾ ਰੱਖੀ ਰੋਜ਼ੀ, ਰਾਜ਼ਕ ਰਹੀਮ ਤੇਰੀ ਓਟ ਨਾ ਕੋਇ ਤਕਾਈਆ । ਅੰਤਰ ਅੰਤਰ ਨਾ ਕਿਸੇ ਸੋਧੀ, ਸੁਧਾਸਰ ਇਸ਼ਨਾਨ ਨਾ ਕੋਇ ਕਰਾਈਆ । ਕਿਸੇ ਕੰਮ ਨਹੀਂ ਆਉਣੀ ਚੋਟੀ ਬੋਦੀ, ਬੁੱਧ ਬਿਬੇਕ ਨਾ ਕੋਇ ਬਣਾਈਆ । ਕਲਜੁਗ ਮਮਤਾ ਕੀਤਾ ਰੋਗੀ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਵਰਨਾਂ ਬਰਨਾਂ ਨਾ ਆਈ ਸੋਝੀ, ਮਜ਼੍ਹਬਾਂ ਮਜ਼ਾ ਨਾ ਕੋਇ ਚਖਾਈਆ । ਤੇਰੀ ਸ੍ਰਿਸ਼ਟੀ ਧਰਮ ਰਾਏ ਜੋਗੀ, ਤੇਰੀ ਵੰਡ ਨਾ ਕੋਇ ਵੰਡਾਈਆ । ਆਸ਼ਾ ਕਹੇ ਮੈਂ ਰੱਖ ਕੇ ਹੱਥ ਉਤੇ ਠੋਡੀ, ਤੈਨੂੰ ਰਹੀ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਚੁਰਾਸੀ ਦੀ ਖੇਤੀ ਨੂੰ ਦਿੰਦੇ ਰਹੇ ਗੋਡੀ, ਗੋਡਿਆਂ ਭਾਰ ਹੋ ਕੇ ਆਪਣਾ ਜੋਰ ਲਗਾਈਆ । ਅੰਤ ਵੇਖ ਨਾ ਫੁੱਲ ਤੇ ਨਾ ਡੋਡੀ, ਫਲਾਂ ਦੀ ਆਸ ਨਾ ਕੋਇ ਰਖਾਈਆ । ਕਿਧਰ ਗਏ ਤੇਰੇ ਜੋਗੀ, ਜੁਗੀਸ਼ਰਾਂ ਸਾਰ ਕੋਇ ਨਾ ਪਾਈਆ । ਧਰਮ ਦਵਾਰ ਦਾ ਰਿਹਾ ਕੋਈ ਨਾ ਮੋਢੀ, ਗੁਰ ਅਵਤਾਰ ਪੈਗ਼ੰਬਰ ਪਿੱਛਾ ਗਏ ਛੁਡਾਈਆ । ਮੈਂ ਸਿਰ ਤੋਂ ਹੋਈ ਰੋਡੀ, ਉਚੀ ਕੂਕ ਕੂਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਬਿਨ ਤੇਰੇ ਤੇਰੀ ਦਿਸੇ ਕਿਸੇ ਨਾ ਜੋਤੀ, ਜੋਤਾਂ ਵਾਲੇ ਜੋਤ ਜੋਤ ਸਮਾਈਆ । ਕੀ ਵੇਖਾਂ ਕੀ ਤੱਕਾਂ ਕੀ ਦੱਸਾਂ ਮੈਂ ਬ੍ਰਹਿਮੰਡ ਖੰਡ ਵੇਖੇ ਕੋਟਨ ਕੋਟੀ, ਕੁਟੀਆ ਸਾਫ਼ ਨਜ਼ਰ ਕੋਇ ਨਾ ਆਈਆ । ਤਾਮਸ ਤ੍ਰਿਸ਼ਨਾ ਜਿਨ੍ਹਾਂ ਸੰਤਾਂ ਦੀ ਰੋਟੀ, ਉਹ ਰਾਹ ਜਗਤ ਵਿਚ ਵਖਾਈਆ । ਜੇ ਵੇਖਾਂ ਤੇਰੀ ਕਿਰਪਾ ਵਿਚ ਤੇਰਾ ਭਗਤ ਤੇਰਾ ਗੋਤੀ, ਗੋਤਮ ਦੀ ਆਹ ਦਏ ਦੁਹਾਈਆ । ਜੇ ਸਮਝਾਂ ਤੇ ਰਵਿਦਾਸ ਚਮਾਰਾ ਮੋਚੀ, ਜੋ ਮਜਲਸ ਤੇਰੇ ਨਾਲ ਰਖਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੀ ਫੋਕੀ, ਅੰਦਰ ਵਸਤ ਨਾ ਕੋਇ ਟਿਕਾਈਆ । ਪੁਰਖ ਅਕਾਲ ਦੀਨ ਦਿਆਲ ਮੈਥੋਂ ਕਥਾ ਕਹਾਣੀ ਸੁਣੀਂ ਨਾ ਬਹੁਤੀ, ਕੀ ਦੱਸਾਂ ਇਹ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੯੭੯
੨੦

ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਆਵੇ ਕਿਸੇ ਨਾ ਸੋਝੀ, ਸੁਝਾਉ ਦੇਣ ਵਾਲਾ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਰਦੇ ਰਹੇ ਗੋਡੀ ਬਿਨ ਖੁਰਪਾ, ਮਾਲਾ ਮਣਕਿਆਂ ਵਾਲੀ ਭਵਾਈਆ । ਸੰਦੇਸ਼ਾ ਦਿੰਦੇ ਰਹੇ ਇਕੋ ਧੁਰ ਦਾ, ਧਰਮ ਦੀ ਧੁਰੀ ਉਤੇ ਚਲਾਈਆ । ਤਾਲ ਵਜਾਉਂਦਾ ਰਿਹਾ ਆਪਣੀ ਸੁਰ ਦਾ, ਸੁਰਤੀ ਸ਼ਬਦ ਨਾਲ ਜੁੜਾਈਆ । ਖੇਲ ਕਰਦਾ ਰਿਹਾ ਚੋਰ ਦਾ, ਖੇਲ ਠੱਗਾਂ ਵਾਲੀ ਰਚਾਈਆ । ਰੂਪ ਧਰਦਾ ਰਿਹਾ ਹੋਰ ਦੇ ਹੋਰ ਦਾ, ਸ਼ਕਲ ਸ਼ਕਲ ਨਾਲੋਂ ਬਦਲਾਈਆ । ਮੰਤਰ ਦੱਸਦਾ ਰਿਹਾ ਫੁਰਨੇ ਫੇਰ ਦਾ, ਫੁਰਤੀ ਵਿਚ ਸਮਝ ਕਿਸੇ ਨਾ ਪਾਈਆ । ਜੁਗੋ ਜੁਗ ਰਿਹਾ ਤੋਰਦਾ, ਤੁਰਤ ਆਪਣਾ ਹੁਕਮ ਮਨਾਈਆ । ਕੰਮ ਕਰਾਉਂਦਾ ਰਿਹਾ ਜਿਹਾ ਲੋੜ ਦਾ, ਕਿਸੇ ਦੀ ਚਲੀ ਨਾ ਕੋਈ ਚਤੁਰਾਈਆ । ਸੇਵਕ ਹਮੇਸ਼ਾਂ ਮਾਲਕ ਦੀ ਖੇਤੀ ਗੋਡਦਾ, ਉਹਨੂੰ ਗੋਡਾ ਕਹੇ ਲੋਕਾਈਆ । ਇਹ ਖੇਲ ਪ੍ਰਭੂ ਦਾ ਆਦਿ ਜੁਗਾਦਿ ਜੁਗ ਚੌਕੜੀ ਰੋਜ਼ ਦਾ, ਰੋਜ਼ੇ ਰੱਖ ਕੇ ਭੁੱਖੇ ਮਾਰ ਕੇ ਫਿਰ ਵੀ ਸੇਵਾ ਲਗਾਈਆ । ਇਹ ਹੁਕਮ ਅਗੰਮੀ ਪ੍ਰੀਤਮ ਚੋਜ ਦਾ, ਜੋ ਆਪਣਾ ਹੁਕਮ ਵਰਤਾਈਆ । ਹੋਰ ਪੁਛੋ ਗੁਰ ਅਵਤਾਰ ਪੈਗ਼ੰਬਰ ਗੋਡੀ ਤੋਂ ਬਾਹਰ ਲੱਖ ਚੁਰਾਸੀ ਦੇ ਕਿਨਾਰੇ ਵੀ ਖੋਜਦਾ, ਸਾਫ਼ ਸੁਥਰੇ ਬਦਨਾਂ ਤਾਈਂ ਕਰਾਈਆ । ਜੇ ਹੋਰ ਪੁਛੋ ਕੁਛ ਸਾਥ ਦੇਵੇ ਨਾਲ ਮੌਤ ਦਾ, ਮੌਤ ਨਾਲੋਂ ਛੁਡਾ ਕੇ ਪ੍ਰਭ ਦੇ ਘਰ ਪੁਚਾਈਆ । ਅੱਗੇ ਵੇਖ ਇਸ਼ਾਰਾ ਜੋਤ ਦਾ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਆਪਣੀ ਸੋਚ ਆਪੇ ਸੋਚਦਾ, ਸਮਝ ਵਾਲਾ ਕਦੇ ਨਾ ਕੋਲ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਕੁਛ ਆਪੇ ਸੋਧਦਾ, ਸੁਧ ਬੁਧ ਦੀ ਚਲੇ ਨਾ ਕੋਇ ਚਤੁਰਾਈਆ ।



### ★ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਹਰੀ ਸਿੰਘ ਦੇ ਗ੍ਰਿਹ ਵਜ਼ਾਰਤ ਰੋਡ ਜੰਮੂ ★

ਆਸ਼ਾ ਕਹੇ ਚਾਰ ਕੁੰਟ ਦੀ ਵੇਖੀ ਆਰਤੀ, ਦੀਪਕ ਥਾਲ ਫੋਲ ਫੁਲਾਈਆ । ਝਗੜਾ ਵੇਖਿਆ ਹਿੰਦੀ ਫ਼ਾਰਸੀ, ਫ਼ੈਸਲਾ ਹਕ ਨਾ ਕੋਇ ਸੁਣਾਈਆ । ਧੱਕਾ ਲੱਗੇ ਭਾਰਤੀ, ਭਾਰਦਵਾਜ਼ ਦਏ ਗਵਾਹੀਆ । ਗੁਰ ਅਵਤਾਰ ਪੈਗ਼ੰਬਰ ਜੋ ਲੇਖਾ ਲਿਖਿਆ ਇਬਾਰਤੀ, ਅੱਖਰਾਂ ਵਿਚ ਸੁਣਾਈਆ । ਉਸ ਦਾ ਬਣੇ ਨਾ ਕੋਇ ਸਫ਼ਾਰਸ਼ੀ, ਅੱਗੇ ਹੋ ਨਾ ਕੋਇ ਛੁਡਾਈਆ । ਝਗੜਾ ਰਹੇ ਨਾ ਕਿਸੇ ਆੜ੍ਹਤੀ, ਧੜਤ ਸਭ ਦਾ ਬੰਦ ਵਖਾਈਆ । ਖੇਲ ਹੋਵੇ ਇਕੋ ਅਗੰਮੇ ਯਾਰ ਦੀ, ਯਾਰਾਨੇ ਕੂੜੇ ਤੋੜ ਤੁੜਾਈਆ । ਕੁਛ ਹਾਲਤ ਵਿਗੜੇ ਬਿਹਾਰ ਦੀ, ਬਿਹਬਲ ਹੋ ਕੁਰਲਾਈਆ । ਸ਼ਾਨ ਰਵੇ ਨਾ ਕਿਸੇ ਸਰਕਾਰ ਦੀ, ਮਾਣ ਸਭ ਦਾ ਰਿਹਾ ਮਿਟਾਈਆ । ਬਾਜ਼ੀ ਸਮਝੇ ਨਾ ਕੋਇ ਜਿਤ ਹਾਰ ਦੀ, ਹਰਿ ਕਾ ਭੇਵ ਕੋਇ ਨਾ ਪਾਈਆ । ਇਹ ਖੇਲ ਕੁਦਰਤ ਦੇ ਕਾਦਰ ਕਰਨੀ ਦੇ ਕਰਤੇ ਦੀ ਆਪ ਦੀ, ਆਪਣੀ ਵੰਡ ਵੰਡਾਈਆ । ਬੇੜੀ ਵੇਖੇ ਸ੍ਰਿਸ਼ਟੀ ਵਾਲੇ ਪਾਪ ਦੀ, ਪੱਤਨ ਉਤੇ ਆਪਣਾ ਚਰਨ ਟਿਕਾਈਆ । ਮਿਸਲ ਮਸ਼ਹੂਰ ਹੋਣੀ ਇਕੋ ਬਾਪ ਦੀ, ਜੁਗ ਚੌਕੜੀ ਜਿਸ ਦੀ ਇਕੋ ਆਸ ਰਖਾਈਆ । ਇਕ ਲਹਿਰ ਉਠਣੀ ਤਾਪ ਦੀ, ਅਗਨੀ ਤਤ ਸਭ ਦਾ ਦਏ ਜਲਾਈਆ । ਫਿਰ ਯਾਦ ਰੱਖਣੀ ਸੋਹੰ ਜਾਪ ਦੀ, ਚਾਰ ਕੁੰਟ ਪਏ ਦੁਹਾਈਆ । ਆਸ਼ਾ ਕਹੇ ਮੈਂ ਆਸ਼ਾ

ਵਿਚ ਆਖਦੀ, ਆਖ਼ਰ ਦਿਆਂ ਸੁਣਾਈਆ । ਮੈਂ ਵੀ ਟਹਿਣੀ ਓਸ ਸ਼ਾਖ਼ ਦੀ, ਜਿਹੜੀ ਸ਼ਾਖ਼ ਜੋਤ ਵਿਚੋਂ ਸ਼ਬਦ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੁਛ ਖੇਲ ਵਖਾ ਦੇ ਵਿਸਾਖ ਦੀ, ਵਾਧਾ ਆਪਣੇ ਨਾਲ ਰਖਾਈਆ ।

## ★ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੩ ਚੇਲਾ ਸਿੰਘ ਦੇ ਗ੍ਰਿਹ ਵਜ਼ਾਰਤ ਰੋਡ ਜੰਮੂ ★

ਗੁਰ ਅਵਤਾਰ ਪੈਗ਼ੰਬਰਾਂ ਆਸਾ ਕਹੇ ਪ੍ਰਭੂ ਚਾਰ ਕੁੰਟ ਪੈਂਦੀਆਂ ਹਾਕਾਂ, ਧੁਰ ਦੇ ਹਾਕਮ ਤੇਰੀ ਇਕ ਵਡਿਆਈਆ । ਆ ਕੇ ਖੇਲ ਵੇਖ ਪ੍ਰਭੂ ਸਚ ਦੇ ਆਕਾ, ਹੁਕਮਰਾਨ ਆਪਣੀ ਦਇਆ ਕਮਾਈਆ । ਸਚ ਦਵਾਰ ਦਾ ਖੋਲ੍ਹ ਤਾਕਾ, ਪੜਦਾ ਗੁਫ਼ਾ ਭਵਰ ਰਹਿਣ ਨਾ ਪਾਈਆ । ਆਤਮ ਪਰਮਾਤਮ ਬਾਹਮੀ ਜੁੜੇ ਨਾਤਾ, ਵਿਛੋੜਾ ਵਿਚ ਨਾ ਕੋਇ ਟਿਕਾਈਆ । ਤੂੰ ਆਦਿ ਪੁਰਖ ਜੋਤੀ ਜਾਤਾ, ਜਾਗਰਤ ਜੋਤ ਕਰ ਰੁਸ਼ਨਾਈਆ । ਤੇਰਾ ਸ਼ਬਦੀ ਸੁੱਤ ਗਿਆਤਾ, ਅਗਿਆਨ ਅੰਧੇਰ ਮਿਟਾਈਆ । ਮਿਹਰਵਾਨ ਮਹਿਬੂਬ ਦਾਤਾ, ਦਇਆਵਾਨ ਝੋਲੀ ਦੇ ਭਰਾਈਆ । ਗੁਰ ਅਵਤਾਰ ਪੈਗ਼ੰਬਰਾਂ ਮੰਨ ਆਖਾ, ਆਖ਼ਰ ਆਪਣੀ ਕਾਰ ਕਮਾਈਆ । ਹਰ ਘਟ ਅੰਦਰ ਤੇਰਾ ਵਾਸਾ, ਲੱਖ ਚੁਰਾਸੀ ਰਿਹਾ ਸਮਾਈਆ । ਦੀਨ ਦੁਨੀ ਵੇਖ ਖੇਲ ਤਮਾਸ਼ਾ, ਨਿਰਗੁਣ ਆਪਣਾ ਫੇਰਾ ਪਾਈਆ । ਤੇਰੇ ਉਤੇ ਰਿਹਾ ਨਾ ਕਿਸੇ ਭਰਵਾਸਾ, ਵਿਸ਼ਿਆਂ ਵਿਚ ਕੂੜ ਲੋਕਾਈਆ । ਸਭ ਦਾ ਪੂਰਬ ਵੇਖ ਖਾਤਾ, ਲਹਿਣਾ ਦੇਣਾ ਫੋਲ ਫੁਲਾਈਆ । ਦੋ ਜਹਾਨ ਤੇਰਾ ਅਹਾਤਾ, ਦੂਜੀ ਵੰਡ ਨਾ ਕੋਇ ਵੰਡਾਈਆ । ਕਲਜੁਗ ਮੇਟ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚਮਕਾਈਆ । ਸਭ ਦਾ ਬਣ ਪਿਤਾ ਮਾਤਾ, ਪਾਰਬ੍ਰਹਮ ਬ੍ਰਹਮ ਤੇਰੀ ਓਟ ਰਖਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀਆਂ ਸ਼ਾਖ਼ਾਂ, ਪੱਤ ਟਹਿਣੀ ਜਗਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਆਸ਼ਾ ਕਹੇ ਮੈਂ ਚਾਰ ਕੁੰਟ ਦਹਿ ਦਿਸ਼ਾ ਵੇਖੀ ਧੁਖਦੀ, ਧੂੰਆਂਧਾਰ ਲੋਕਾਈਆ । ਸਾਚੀ ਘੜੀ ਮਿਲੇ ਨਾ ਕਿਸੇ ਸੁਖ ਦੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਧਾਰ ਜਾਣੇ ਨਾ ਕੋਈ ਪਿਤਾ ਪੁੱਤ ਦੀ, ਬ੍ਰਹਮ ਪਾਰਬ੍ਰਹਮ ਨਾ ਕੋਇ ਸਮਾਈਆ । ਸ੍ਰਿਸ਼ਟੀ ਖੇਲ ਉਲਟੇ ਰੁਖ਼ ਦੀ, ਮਾਨਵ ਬੁੱਧੀ ਰਹੀ ਭੁਲਾਈਆ । ਅੱਗੇ ਧਾਰ ਰਹੇ ਨਾ ਲੁਕ ਦੀ, ਪੜਦਾ ਦੇ ਚੁਕਾਈਆ । ਖੇਲ ਹੋਵੇ ਅਗੰਮੇ ਪੁਰਖ ਦੀ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਅੰਮ੍ਰਿਤ ਧਾਰ ਦੇ ਸੁਚ ਦੀ, ਸੰਜਮ ਆਪਣਾ ਇਕ ਦ੍ਰਿੜਾਈਆ । ਫੁਲਵਾੜੀ ਮੌਲੇ ਸਾਚੀ ਰੁੱਤ ਦੀ, ਖ਼ਿਜ਼ਾਂ ਰੂਪ ਨਾ ਕੋਇ ਵਖਾਈਆ । ਮੇਰੇ ਅੰਤਰ ਆਹ ਉਠਦੀ, ਕੂਕ ਕੂਕ ਸੁਣਾਈਆ । ਜਿਹੜੀ ਆਤਮ ਤੈਥੋਂ ਰੁਠਦੀ, ਲੱਖ ਚੁਰਾਸੀ ਵਿਚ ਸਮਾਈਆ । ਤੇਰੀ ਮੰਜ਼ਲ ਮਹਿਬੂਬ ਕਦੇ ਨਾ ਮੁਕਦੀ, ਦੁਨੀਆ ਭੱਜੇ ਵਾਹੋ ਦਾਹੀਆ । ਤੇਰੀ ਖੇਲ ਸਦਾ ਚੁੱਪ ਦੀ, ਆਪਣਾ ਰਾਗ ਨਾ ਕਿਸੇ ਦ੍ਰਿੜਾਈਆ । ਮੈਂ ਪਿਆਸੀ ਤੇਰੀ ਭੁੱਖ ਦੀ, ਤ੍ਰਿਸ਼ਨਾ ਵਿਚ ਹਲਕਾਈਆ । ਫ਼ਰਮਾਨਾ ਵਿਚ ਪੁਛਦੀ, ਨਿਉਂ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਆਸ਼ਾ ਕਹੇ ਚਾਰੋਂ ਕੁੰਟ ਹਾਹਾਕਾਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਉਠ ਵੇਖ ਅਗੰਮੜੇ ਯਾਰ, ਵਡ ਦਾਤੇ ਬੇਪਰਵਾਹੀਆ ।

ਕਿਉਂ ਸੁੱਤਾ ਪੈਰ ਪਸਾਰ, ਬਿਨ ਆਲਸ ਨਿੰਦਰਾ ਡੇਰਾ ਲਾਈਆ । ਤੇਰਾ ਤੜਫ ਰਿਹਾ ਸੰਸਾਰ, ਜਗਤ ਭਟਕ ਨਾ ਕੋਇ ਮਿਟਾਈਆ । ਸਭ ਨੂੰ ਆਉਂਦੀ ਦਿਸੇ ਹਾਰ, ਸਦੀ ਚੌਧਵੀਂ ਪੰਧ ਮੁਕਾਈਆ । ਨਿਰਗੁਣ ਧਾਰ ਸੁਣੇ ਨਾ ਕੋਇ ਗੁਫ਼ਤਾਰ, ਗੁਫ਼ਤ ਸ਼ਨੀਦ ਤੇਰਾ ਦਰਸ ਕੋਇ ਨਾ ਪਾਈਆ । ਮਜ਼ਲਸ ਵਿਚ ਕਰੇ ਨਾ ਕੋਇ ਪਿਆਰ, ਮੁਹੱਬਤ ਮਹਿਬੂਬ ਨਾ ਕੋਇ ਕਮਾਈਆ । ਗ਼ਫ਼ਲਤ ਵਿਚ ਰੋਂਦੇ ਜ਼ਾਰੋ ਜ਼ਾਰ, ਅਸਮਤ ਸਭ ਦੀ ਰਹੀ ਕੁਰਲਾਈਆ । ਸਾਚਾ ਦਿਸੇ ਨਾ ਕੋਇ ਖ਼ਿਦਮਤਗਾਰ, ਖ਼ਾਦਮ ਰੂਪ ਨਾ ਕੋਇ ਵਟਾਈਆ । ਚਾਰੋਂ ਕੁੰਟ ਦਿਸ਼ਾ ਹੋਈ ਦੁਸ਼ਵਾਰ, ਮੰਜ਼ਲ ਚੜ੍ਹਨ ਕੋਇ ਨਾ ਆਈਆ । ਕਲਜੁਗ ਅੰਤਮ ਸੜ੍ਹਾ ਕਰ ਹਮਵਾਰ, ਹਮਸਾਜਣ ਵੇਖ ਵਖਾਈਆ । ਮਾਇਆ ਮਮਤਾ ਕੂੜੀ ਕਿਰਿਆ ਸ਼ਬਦੀ ਹੁਕਮ ਕਰ ਗ੍ਰਿਫ਼ਤਾਰ, ਧੁਰ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਖ਼ਬਰਦਾਰ, ਦੇਵਤ ਸੁਰ ਸਰਬ ਲੈਣ ਅੰਗੜਾਈਆ । ਤੇਰਾ ਅਜਬ ਨਿਰਾਲਾ ਵਿਵਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦੀ ਧਾਰ ਦੇਣੀ ਸਮਝਾਈਆ । ਆਸ਼ਾ ਕਹੇ ਚਾਰ ਕੁੰਟ ਕੀ ਹੋਵੇ ਸਲਾਹ, ਸਾਹਿਬ ਸਤਿਗੁਰ ਤੇਰੀ ਬੇਪਰਵਾਹੀਆ । ਖ਼ੁਦੀ ਵਿਚ ਭੁੱਲਾ ਸਰਬ ਖ਼ੁਦਾ, ਖ਼ਾਦਮ ਨਜ਼ਰ ਕੋਇ ਨਾ ਆਈਆ । ਤੇਰੇ ਨਾਮ ਦੀ ਗਾਏ ਕੋਈ ਨਾ ਸਦਾ, ਸਿਦਕ ਸਬੂਰੀ ਨਾ ਕੋਇ ਰਖਾਈਆ । ਨੇਤਰ ਰੋਵੇ ਆਦਮ ਹੱਵਾ, ਜ਼ਾਰੋ ਜ਼ਾਰ ਨੈਣਾਂ ਨੀਰ ਵਹਾਈਆ । ਕਲਜੁਗ ਮਮਤਾ ਪਈ ਵਬਾ, ਤਨ ਵਜੂਦ ਸਰੀਰ ਰਹੀ ਮਿਟਾਈਆ । ਜਿਸ ਦੀ ਸਮਝੇ ਨਾ ਕੋਈ ਵਜਹ, ਵਜ਼ਾਹਤ ਵਿਚ ਨਾ ਕੋਇ ਦ੍ਰਿੜਾਈਆ । ਤੇਰੀ ਮੰਨੇ ਨਾ ਕੋਈ ਰਜ਼ਾ, ਰਾਜ਼ਕ ਰਹੀਮ ਨਾ ਕੋਇ ਸਰਨਾਈਆ । ਉਠ ਪੈਗ਼ੰਬਰਾਂ ਦੇ ਖ਼ੁਦਾ, ਖ਼ੁਦੀ ਸਭ ਦੀ ਦੇ ਮਿਟਾਈਆ । ਜੁਗ ਚੌਕੜੀ ਤੇਰੀ ਅਦਾ, ਹੁਕਮ ਹੁਕਮ ਵਿਚੋਂ ਸਮਝਾਈਆ । ਵਾਹਦ ਕਲਮਾ ਦੇ ਪੜ੍ਹਾ, ਸ਼ਰਕਤ ਅੰਤਰ ਰਹੇ ਨਾ ਰਾਈਆ । ਚਾਰ ਕੁੰਟ ਦੇ ਸਜਾ, ਹੁਕਮ ਆਪਣਾ ਇਕ ਸੁਣਾਈਆ । ਮਾਇਆ ਮਮਤਾ ਕਰ ਰਫ਼ਾ, ਰਫ਼ਾਕਤ ਆਪਣੇ ਨਾਲ ਬਣਾਈਆ । ਤੇਰੇ ਅੱਗੇ ਇਕ ਦੁਆ, ਨਿਉਂ ਨਿਉਂ ਸੀਸ ਝੁਕਾਈਆ । ਸਾਚਾ ਮਾਰਗ ਕਰ ਰਵਾਂ, ਰਹਿਬਰ ਬਣ ਨੂਰ ਖ਼ੁਦਾਈਆ । ਤੇਰਾ ਢੋਲਾ ਸਾਚਾ ਗਵਾਂ, ਗਾ ਗਾ ਸ਼ੁਕਰ ਮਨਾਈਆ । ਧਰਮ ਦਵਾਰੇ ਇਕੋ ਬਹਵਾਂ, ਜਿਥੇ ਜਗਤ ਵੰਡ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸ਼ਾ ਕਹੇ ਮੈਂ ਆਸ਼ਾ ਤ੍ਰਿਸ਼ਨਾ ਭੁੱਖੀ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਮੈਂ ਚਾਰ ਜੁਗ ਦੀ ਸੋਈ ਉਠੀ, ਆਪਣੀ ਲਈ ਅੰਗੜਾਈਆ । ਮੈਂ ਖੋਲ੍ਹ ਕੇ ਵੇਖੀ ਮੁੱਠੀ, ਪੰਜੇ ਪੰਜਿਆਂ ਨਾਲ ਵਖਾਈਆ । ਮੇਰੀ ਲੇਖੇ ਲੱਗੀ ਅਜੇ ਨਾ ਬੂੱਤੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਮੇਰੇ ਭਾਗ ਨਾ ਲੱਗਾ ਮੇਂਢੀ ਗੁੱਤੀ, ਕੰਤ ਸੁਹਾਗ ਨਾ ਅੰਗ ਲਗਾਈਆ । ਮੈਂ ਨੇਤਰ ਰੋਵਾਂ ਕੂਕ ਉਚੀ, ਬਹੁੜੀ ਬਹੁੜੀ ਦਿਆਂ ਦੁਹਾਈਆ । ਦੋ ਜਹਾਨਾਂ ਰਹਵਾਂ ਨਾ ਦੁੱਖੀ, ਪੜਦਾ ਦਿਆਂ ਉਠਾਈਆ । ਪੁਰਖ ਅਕਾਲ ਤੇਰੀ ਧਾਰ ਵੇਖਣੀ ਸੁੱਚੀ, ਸਚ ਸੁੱਚ ਦੇਣਾ ਦਰਸਾਈਆ । ਤੇਰੀ ਮੰਜ਼ਲ ਸਭ ਤੋਂ ਉਚੀ, ਅਗੰਮ ਅਥਾਹ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਪੈਂਡਾ ਰਿਹਾ ਮੁੱਕੀ, ਮੁਕੰਮਲ ਤੇਰੀ ਸੇਵ ਕਮਾਈਆ । ਸਭ ਦੀ ਆਤਮ ਕਰ ਸੁਖੀ, ਸੁਖ ਸਾਗਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਆਸ਼ਾ ਕਹੇ ਚਾਰ ਕੁੰਟ ਵੇਖੀ ਥੱਕੀ ਮਾਂਦੀ, ਬਹੁੜੀ ਬਹੁੜੀ ਤੇਰਾ ਨਾਮ ਦੁਹਾਈਆ ।

ਤੇਰਾ ਢੋਲਾ ਗੀਤ ਇਕੋ ਗਾਂਦੀ, ਲੱਖ ਲੱਖ ਸ਼ੁਕਰ ਮਨਾਈਆ । ਜੁਗ ਚੌਕੜੀ ਮੈਂ ਸੁਨੇਹੜਾ ਦੇਂਦੀ ਰਹੀ ਆਉਂਦੀ ਜਾਂਦੀ, ਜੁਗ ਜੁਗ ਫੇਰਾ ਪਾਈਆ । ਸਫ਼ਰ ਵਿਚ ਬਣੀ ਰਹੀ ਪਾਂਧੀ, ਭੱਜੀ ਵਾਹੋ ਦਾਹੀਆ । ਸਚ ਸਰੋਵਰ ਰਹੀ ਨਹਾਂਦੀ, ਚਰਨ ਧੂੜ ਖ਼ਾਕ ਰਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਿਚ ਰਹੀ ਆਂਹਦੀ, ਆਖ ਆਖ ਸੁਣਾਈਆ । ਅੰਤ ਕਿਸੇ ਦਾ ਲਹਿਣਾ ਦੇਣਾ ਮੁਕੇ ਨਾ ਨਾਲ ਸੋਨਾ ਚਾਂਦੀ, ਚੰਦ ਚਾਂਦਨੀ ਨਾ ਕੋਇ ਰੁਸ਼ਨਾਈਆ । ਭੇਵ ਖੁਲ੍ਹਿਆ ਨਾ ਕਿਸੇ ਦਾ ਬਾਂਗੀਂ, ਰਾਜ਼ਕ ਰਹੀਮ ਰੋਜ਼ਿਆਂ ਵਿਚ ਨਾ ਦਰਸ ਦਿਖਾਈਆ । ਮੰਜ਼ਲ ਮਿਲੀ ਨਾ ਕਿਸੇ ਠਾਂਡੀ, ਸਰੋਵਰ ਨਹਾ ਨਹਾ ਥੱਕੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਮੇਲਾ ਲੈਣਾ ਮਿਲਾਈਆ । ਆਸਾ ਕਹੇ ਚਾਰ ਕੁੰਟ ਵੇਖਿਆ ਅੰਧੇਰਾ ਘੁਪ, ਨੂਰੀ ਚੰਦ ਨਾ ਕੋਇ ਚਮਕਾਈਆ । ਤੇਰਾ ਦਿਸਿਆ ਕੋਈ ਨਾ ਪੁੱਤ, ਸਤਿ ਸਰੂਪ ਨਾ ਕੋਇ ਸਮਾਈਆ । ਪ੍ਰਭੂ ਕਿਥੇ ਰਿਹੋਂ ਲੁਕ, ਆਪਣਾ ਪੜਦਾ ਦੇ ਉਠਾਈਆ । ਮੈਨੂੰ ਵੇਖ ਕੇ ਆਉਂਦਾ ਦੁੱਖ, ਤੇਰੇ ਤੈਨੂੰ ਰਹੇ ਭੁਲਾਈਆ । ਨਿਰਗੁਣ ਧਾਰ ਹੋ ਕੇ ਪ੍ਰੇਮ ਪ੍ਰੀਤੀ ਅੰਦਰ ਚੁੱਕ, ਚਾਰੇ ਕੁੰਟਾਂ ਖੋਜ ਖੁਜਾਈਆ । ਸਚ ਦਵਾਰ ਦਾ ਦੇ ਸੁਖ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸਹੇਲੀਆਂ ਜਾ ਕੇ ਪੁਛ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ ।



੯੮੩
੨੦

★ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੩ ਲਾਲ ਚੰਦ ਦੇ ਗ੍ਰਿਹ ਜੰਮੂ ★

ਗੁਰ ਅਵਤਾਰ ਪੈਗ਼ੰਬਰਾਂ ਆਸ਼ਾ ਕਹੇ ਪ੍ਰਭ ਤੇਰਾ ਖੇਲ ਵੇਖ ਹੋਵਾਂ ਰਾਜ਼ੀ, ਰਜ਼ਾ ਤੇਰੀ ਵਿਚ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਪਾਸਾ ਪਲਟ ਦੇ ਬਾਜ਼ੀ, ਬਾਜ਼ੀਗਰ ਸਵਾਂਗੀ ਤੇਰੀ ਸਮਝ ਕੋਇ ਨਾ ਪਾਈਆ । ਮਨੂਆ ਆਕੀ ਰਹੇ ਕੋਇ ਨਾ ਗ਼ਾਜ਼ੀ, ਗਹਿਰ ਗੰਭੀਰ ਬੇਨਜ਼ੀਰ ਆਪਣਾ ਹੁਕਮ ਦੇਣਾ ਵਰਤਾਈਆ । ਤੇਰਾ ਵਕਤ ਸੁਹੰਜਣੀ ਘੜੀ ਆ ਗਈ, ਜਿਸ ਦਾ ਰਾਹ ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਰਹੇ ਧਿਆਨ ਲਗਾਈਆ । ਜਗਤ ਬੰਧਨ ਪਾਵੇ ਕੋਈ ਨਾ ਮੁੱਲਾ ਸ਼ੇਖ਼ ਪੰਡਾ ਕਾਜ਼ੀ, ਗ੍ਰੰਥੀ ਗ੍ਰਿਹ ਕਰੇ ਨਾ ਕੋਇ ਲੜਾਈਆ । ਤੇਰੇ ਨਾਮ ਦੀ ਆਵੇ ਇਕ ਆਵਾਜ਼ੀ, ਅਜ਼ਾਂ ਬਾਂਗ ਦੀ ਲੋੜ ਰਹੇ ਨਾ ਰਾਈਆ । ਤੇਰਾ ਨਾਉਂ ਤੇਰਾ ਪ੍ਰੇਮ ਹੋਵੇ ਰਾਗੀ, ਜਗਤ ਤਾਲ ਦਾ ਝਗੜਾ ਦੇਣਾ ਮੁਕਾਈਆ । ਸਭ ਦੀ ਆਤਮਾ ਜਾਏ ਸਾਧੀ, ਸਿੱਧ ਸਾਧਕ ਤੇਰੀ ਹੋਣ ਸਰਨਾਈਆ । ਜੁਗ ਚੌਕੜੀ ਪਿਛਲੀ ਬਦਲ ਦੇ ਵਾਦੀ, ਵਾਹਿਦ ਆਪਣਾ ਨਾਮ ਸਮਝਾਈਆ । ਬਹੁਤਿਆਂ ਨਾਲੋਂ ਥੋੜ੍ਹੀ ਚੰਗੀ ਆਬਾਦੀ, ਜਿਹੜੇ ਤੇਰੇ ਵਿਚ ਸਮਾਈਆ । ਸ਼ਬਦ ਘੋੜਾ ਫੇਰ ਅਸਵ ਤਾਜ਼ੀ, ਤਖ਼ਤ ਨਿਵਾਸੀ ਤੇਰੀ ਇਕ ਸਰਨਾਈਆ । ਮੈਂ ਸਚ ਦਵਾਰੇ ਆਈ ਭਾਗੀ, ਆਪਣਾ ਪੰਧ ਮੁਕਾਈਆ । ਤੁਧ ਬਿਨ ਦਿਸੇ ਕੋਈ ਨਾ ਵਾਗੀ, ਵਾਗਾਂ ਹੱਥ ਨਾ ਕੋਇ ਉਠਾਈਆ । ਤੇਰਾ ਹੁਕਮ ਵਰਤੇ ਉਪਰ ਧਰਤੇ ਪਹਿਲੀ ਮਾਘੀ, ਸ਼ਬਦੀ ਸ਼ਬਦ ਧਾਰ ਸ਼ਨਵਾਈਆ । ਕਿਰਪਾ ਕਰ ਜਲਦ ਸ਼ਤਾਬੀ, ਸ਼ਰਅ ਦਾ ਝਗੜਾ ਦੇ ਚੁਕਾਈਆ । ਸਜਦਾ ਵੇਖ ਇਕ ਆਦਾਬੀ, ਨਮੋਂ ਕਰ ਵਡਿਆਈਆ । ਤੇਰਾ ਖੇਲ ਜੁਗ ਚੌਕੜੀ ਆਦੀ, ਧੁਰ ਦੀ ਧਾਰ ਬੰਧਾਈਆ । ਪੜਦਾ ਲਾਹ ਬ੍ਰਹਮ

ਬ੍ਰਹਿਮਾਦੀ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਆਸ਼ਾ ਕਹੇ ਮੇਰੇ ਮਾਲਕ ਧੁਰ ਆਮੀਨ, ਸਾਚਾ ਅਮਲ ਦੇ ਸਮਝਾਈਆ । ਸ੍ਰਿਸ਼ਟੀ ਵੇਖ ਜਗਤ ਗ਼ਮਗੀਨ, ਨੇਤਰ ਨੈਣਾਂ ਨੀਰ ਵਹਾਈਆ । ਤੇਰੀ ਪਿਛਲੀ ਵੇਖ ਜਗਤ ਤਕਸੀਮ, ਸਾਰੇ ਦੇਣ ਦੁਹਾਈਆ । ਅੱਗੇ ਰੀਤੀ ਬਦਲ ਕਦੀਮ, ਕੁਦਰਤ ਦੇ ਕਾਦਰ ਦੇ ਵਡਿਆਈਆ । ਕਲਜੁਗ ਅੰਦਰ ਸਤਿਜੁਗ ਕਰ ਤਰਮੀਮ, ਤਰਤੀਬ ਆਪਣੇ ਹੱਥ ਰਖਾਈਆ । ਭਗਤ ਸੁਹੇਲੇ ਹੋਣ ਮਸਕੀਨ, ਸੀਸ ਜਗਦੀਸ ਝੁਕਾਈਆ । ਮੁਹੱਬਤ ਵਿਚ ਦਿਸਣ ਕਮਤਰੀਨ, ਪਿਆਰ ਵਿਚ ਵਡਿਆਈਆ । ਇਕ ਭਰੋਸਾ ਦੇ ਯਕੀਨ, ਯਾਦ ਇਕੋ ਇਕ ਸੁਣਾਈਆ । ਆਅਲਾ ਅਦਨਾ ਸਾਂਝੀ ਹੋਵੇ ਤਾਲੀਮ, ਤੁਲਬਿਆਂ ਕਰ ਪੜ੍ਹਾਈਆ । ਝਗੜਾ ਰਹੇ ਨਾ ਨਰ ਮਦੀਨ, ਮੁੱਦਾ ਇਕੋ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਵਖਾ ਅਜ਼ੀਮ, ਗ੍ਰਹਿ ਮੰਦਰ ਇਕ ਸੁਹਾਈਆ ।

★ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੩ ਕੇਸਰੀ ਦੇਵੀ ਦੇ ਗ੍ਰਹਿ ਸਤਵਾਰੀ ਜੰਮੂ ★

ਆਸ਼ਾ ਕਹੇ ਕਿਰਪਾ ਕਰ ਪੁਰਖ ਸਵਾਮੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਹਰ ਘਟ ਵੇਖ ਅੰਤਰਜਾਮੀ, ਲੱਖ ਚੁਰਾਸੀ ਜੀਵ ਜੰਤ ਸੇਵ ਕਮਾਈਆ । ਕਲਜੁਗ ਮਾਇਆ ਮਮਤਾ ਭੁੱਲੀ ਤੇਰੀ ਬਾਣੀ, ਨਾਮ ਨਿਧਾਨ ਸ੍ਰੀ ਭਗਵਾਨ ਹਿਰਦੇ ਹਰਿ ਨਾ ਕੋਇ ਵਸਾਈਆ । ੬੮੪
ਚਾਰ ਕੁੰਟ ਦਹਿ ਦਿਸ਼ਾ ਹੋਈ ਹੈਰਾਨੀ, ਨੌਂ ਖੰਡ ਸੱਤ ਦੀਪ ਰਿਹਾ ਕੁਰਲਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਮਿਲੇ ਕਿਸੇ ਨਾ ਠੰਡਾ ਪਾਣੀ, ਅਗਨੀ ਤਤ ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਆਸ਼ਾ ਕਹੇ ਪ੍ਰਭ ਧੁਰ ਦੇ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਸਚ ਦਵਾਰਾ ਵਖਾ ਆਪਣੀ ਧੁਰ ਦੀ ਧਰਮਸਾਲ, ਕਾਇਆ ਕਾਅਬਾ ਪੜਦਾ ਇਕ ਉਠਾਈਆ । ਆਤਮ ਪਰਮਾਤਮ ਮਿਲ ਕੇ ਵੱਜੇ ਤੇਰਾ ਤਾਲ, ਅਨਹਦ ਨਾਦੀ ਨਾਦ ਦੇ ਸੁਣਾਈਆ । ਦੀਆ ਬਾਤੀ ਕਮਲਾਪਾਤੀ ਏਕੋ ਬਾਲ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਦੇਂਦੇ ਆਏ ਅਹਿਵਾਲ, ਸਤਿਜੁਗ ਤਰੇਤਾ ਦੁਆਪਰ ਸਿਫ਼ਤਾਂ ਵਿਚ ਸਾਲਾਹੀਆ । ਤੂੰ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨ, ਮਿਹਰਵਾਨ ਤੇਰੀ ਇਕ ਸਰਨਾਈਆ । ਸਦੀ ਚੌਧਵੀਂ ਮਾਰ ਧਿਆਨ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਚਾਰੋਂ ਕੁੰਟ ਕੂੜ ਪਰਧਾਨ, ਸਤਿ ਧਰਮ ਨਾ ਕੋਇ ਰਖਾਈਆ । ਭਰਮੇ ਭੁੱਲੇ ਜੀਵ ਸ਼ੈਤਾਨ, ਸ਼ਰਅ ਵਿਚ ਲੜਾਈਆ । ਤੇਰਾ ਦਰਸ ਕਰੇ ਨਾ ਕੋਈ ਆਣ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਦੇ ਕੇ ਗਏ ਬਿਆਨ, ਸੰਦੇਸ਼ੇ ਵਿਚ ਤੇਰਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਬਿਨਾਸ਼ੀ ਕਰਤੇ ਤੇਰੀ ਓਟ ਰਖਾਈਆ । ਅਬਿਨਾਸ਼ੀ ਕਰਤੇ ਤੇਰੀ ਏਕਾ ਓਟ, ਏਕੰਕਾਰ ਤੇਰੀ ਬੇਪਰਵਾਹੀਆ । ਕਲਜੁਗ ਜੀਵ ਆਲ੍ਹਣਿਉਂ ਡਿੱਗੇ ਬੋਟ, ਨਿਰਗੁਣ ਸਰਗੁਣ ਲੈ ਉਠਾਈਆ । ਸਚ ਪਰਕਾਸ਼ ਦੇ ਨਿਰਮਲ

ਜੋਤ, ਅੰਧ ਅਗਿਆਨ ਦੇ ਮਿਟਾਈਆ । ਬੁੱਧੀ ਤੋਂ ਪਰੇ ਦੱਸ ਸੋਚ, ਬੋਧ ਅਗਾਧ ਭੇਵ ਖੁਲ੍ਹਾਈਆ । ਸਚ ਦਵਾਰ ਦੀ ਬਖ਼ਸ਼ ਮੌਜ, ਮਜਲਸ ਆਪਣੇ ਨਾਲ ਲਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਖੋਜੇ ਤੇਰੀ ਖੋਜ, ਦੂਜਾ ਰਾਹ ਨਾ ਕੋਇ ਤਕਾਈਆ । ਝਗੜਾ ਰਹੇ ਨਾ ਲੋਕ ਪਰਲੋਕ, ਸਲੋਕ ਸੋਹਲਾ ਇਕੋ ਨਾਮ ਪੜ੍ਹਾਈਆ । ਤੇਰੀ ਸਰਨ ਸਰਨਾਈ ਵਿਚ ਸਕੇ ਕੋਈ ਨਾ ਰੋਕ, ਬ੍ਰਹਿਮੰਡ ਖੰਡ ਬੈਠਣ ਸੀਸ ਨਿਵਾਈਆ । ਤੇਰਾ ਠਾਂਡਾ ਦਰਬਾਰ ਜਿਥੇ ਨਿਰਮਲ ਜਗੇ ਜੋਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਵੱਜੇ ਵਧਾਈਆ । ਆਸ਼ਾ ਕਹੇ ਦੀਨ ਦੁਨੀ ਦੀ ਵੇਖ ਹਾਲਤ, ਮਾਜ਼ੀ ਹਾਲ ਧਿਆਨ ਲਗਾਈਆ । ਮਮਤਾ ਮੋਹ ਵਧੀ ਜਹਾਲਤ, ਕੂੜ ਕੁਟੰਬ ਹੋਏ ਕੁੜਮਾਈਆ । ਸਚ ਦਵਾਰਿਉਂ ਹੋਈ ਮਮਾਨਤ, ਮਨੂਆ ਮਨ ਰਿਹਾ ਅਟਕਾਈਆ । ਤੂੰ ਸਾਹਿਬ ਸਦਾ ਸਦ ਸਹੀ ਸਲਾਮਤ, ਸਤਿ ਪੁਰਖ ਤੇਰੀ ਇਕ ਸਰਨਾਈਆ । ਝਗੜਾ ਰਹੇ ਨਾ ਕੋਈ ਬਗ਼ਾਵਤ, ਦਵੈਤੀ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਸਾਚਾ ਰੰਗ ਧੁਰ ਕਰਤਾਰ, ਕੁਦਰਤ ਸ੍ਰਿਸ਼ਟੀ ਤੇਰੀ ਨਜ਼ਰੀ ਆਈਆ । ਤੇਰਾ ਲਹਿਣਾ ਦੇਣਾ ਸਦਾ ਜੁਗ ਚਾਰ, ਅਵਤਾਰ ਗੁਰ ਤੇਰੀ ਸੇਵ ਕਮਾਈਆ । ਤੇਰੇ ਨਾਮ ਦਾ ਬੋਲ ਜੈਕਾਰ, ਕਲਮਾ ਤੇਰਾ ਢੋਲਾ ਸੁਣਾਈਆ । ਆਦਿ ਪੁਰਖ ਅਪਰੰਪਰ ਸਵਾਮੀ ਲੱਖ ਚੁਰਾਸੀ ਤੇਰੀ ਧਾਰ, ਨਿਰਾਕਾਰ ਖੇਲ ਕਰਾਈਆ । ਕਲਜੁਗ ਅੰਤਮ ਪਾ ਸਾਰ, ਸਾਹਿਬ ਸਵਾਮੀ ਹੋ ਸਹਾਈਆ । ਭਗਤ ਸੁਹੇਲੇ ਜਗਤ ਉਠਾਲ, ਸੁਰਤੀ ਸ਼ਬਦ ਨਾਲ ਮਿਲਾਈਆ । ਗੁਰਮੁਖ ਬਣਾ ਆਪਣੇ ਲਾਲ, ਲਾਲਨ ਆਪਣੀ ਗੋਦ ਟਿਕਾਈਆ । ਗੁਰਸਿਖਾਂ ਲੱਖ ਚੁਰਾਸੀ ਵਿਚੋਂ ਕਰ ਬਹਾਲ, ਆਵਣ ਜਾਵਣ ਰਹੇ ਨਾ ਰਾਈਆ । ਸਚਖੰਡ ਦਵਾਰ ਬਖ਼ਸ਼ ਸੱਚੀ ਧਰਮਸਾਲ, ਜਿਥੇ ਹਿੰਦੂ ਮੁਸਲਿਮ ਸਿੱਖ ਈਸਾਈ ਕਰੇ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਦਵਾਰਾ ਇਕੋ ਨਜ਼ਰੀ ਆਈਆ । ਸਚਖੰਡ ਦਵਾਰਾ ਤੇਰਾ ਏਕ, ਏਕੰਕਾਰ ਤੇਰੀ ਵਡਿਆਈਆ । ਜਿਥੇ ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਅੱਗ ਨਾ ਕੋਇ ਤਪਾਈਆ । ਜਨ ਭਗਤਾਂ ਮਿਲੇ ਟੇਕ, ਸੰਤਾਂ ਹੋਏਂ ਸਹਾਈਆ । ਆਪਣੀ ਧਾਰ ਆਪੇ ਪੇਖ, ਨਿਜ ਨੇਤਰ ਲੋਚਣ ਨੈਣ ਮਿਲਾਈਆ । ਪੀਆ ਪ੍ਰੀਤਮ ਹੋ ਕੇ ਕਰੇਂ ਹੇਤ, ਪਾਰਬ੍ਰਹਮ ਆਪਣੀ ਗੋਦ ਉਠਾਈਆ । ਜੁਗ ਵਿਛੜਿਆਂ ਜਗ ਜਨ ਭਗਤਾਂ ਲੈ ਜਾ ਆਪਣੇ ਦੇਸ਼, ਬੇਵਤਨਾਂ ਆਪਣੇ ਵਤਨ ਪੁਚਾਈਆ । ਜਿਥੇ ਸਦਾ ਰਹੇਂ ਹਮੇਸ਼, ਸਚਖੰਡ ਸਾਚੇ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਰਨ ਆਦੇਸ, ਸਜਦਿਆਂ ਵਿਚ ਸੀਸ ਝੁਕਾਈਆ । ਦੋ ਜਹਾਨਾਂ ਇਕ ਨਰੇਸ਼, ਨਰ ਨਰਾਇਣ ਨਜ਼ਰੀ ਆਈਆ । ਤੇਰਾ ਸ਼ਬਦੀ ਸੁਤ ਦੁਲਾਰਾ ਦਸ ਦਸਮੇਸ਼, ਗੋਬਿੰਦ ਗੁਰ ਗੁਰ ਇਕੋ ਨਾਉਂ ਧਰਾਈਆ । ਚਾਰ ਵਰਨ ਅਠਾਰਾਂ ਬਰਨ ਜਿਸ ਨੇ ਤੇਰੀ ਕਰਨੇ ਭੇਟ, ਭੇਟਾ ਤੇਰਾ ਨਾਉਂ ਰਖਾਈਆ । ਧਰਮ ਦਵਾਰ ਦਾ ਬਣ ਕੇ ਖੇਵਟ ਖੇਟ, ਨਈਆ ਨੌਕਾ ਇਕੋ ਨਾਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਸਦਾ ਹਮੇਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਸੇਵ ਕਮਾਈਆ ।



੯੮੫
੨੦

## ★ ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸਤਿਗੁਰ ਸ਼ਬਦ ਕਹੇ ਮੈਂ ਖੋਲ੍ਹ ਕੇ ਵੇਖਾਂ ਪੜਦਾ, ਪਾਰਬ੍ਰਹਮ ਪਤਿਪਰਮੇਸ਼ਵਰ ਦਿਤੀ ਮਾਣ ਵਡਿਆਈਆ । ਸਚਖੰਡ ਦਵਾਰੇ ਭੇਵ ਖੁਲ੍ਹਾਵਾਂ ਅਗੰਮੀ ਘਰ ਦਾ, ਗ੍ਰਿਹਿ ਮੰਦਰ ਅੰਦਰ ਓਹਲਾ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਜਿਥੇ ਜੋਤ ਅਗੰਮੀ ਧਰਦਾ, ਨਿਰਵੈਰ ਨਿਰਾਕਾਰ ਨਿਰੰਕਾਰ ਕਰੇ ਰੁਸ਼ਨਾਈਆ । ਸਚ ਦਵਾਰ ਏਕੰਕਾਰ ਅਕਲ ਕਲਧਾਰੀ ਆਪੇ ਖੜਦਾ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਅਗੰਮ ਅਥਾਹੀ ਢੋਲਾ ਪੜ੍ਹਦਾ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰਦਾ, ਕਰਨੀ ਦਾ ਕਰਤਾ ਵਡ ਵਡਿਆਈਆ । ਨਾ ਜੀਵਤ ਨਾ ਕਦੇ ਮਰਦਾ, ਸਦ ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸਮਝਾਈਆ । ਸਚ ਦਵਾਰਾ ਦੱਸੇ ਏਕ, ਏਕੰਕਾਰ ਵੱਡੀ ਵਡਿਆਈਆ । ਆਦਿ ਜੁਗਾਦੀ ਧੁਰ ਦੀ ਟੇਕ, ਪੁਰਖ ਅਬਿਨਾਸ਼ੀ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇਵੇ ਸਚ ਸੰਦੇਸ਼, ਸੱਦਾ ਹੋਕਾ ਨਾਮ ਦ੍ਰਿੜਾਈਆ । ਨਿਰਾਕਾਰ ਕਰਦਾ ਆਇਆ ਵੇਸ, ਅਵੱਲੜੀ ਖੇਲ ਖਿਲਾਈਆ । ਅੰਤਮ ਬਹਿ ਕੇ ਸਚਖੰਡ ਦੇਸ, ਭੇਵ ਅਭੇਦਾ ਆਪ ਖੁਲ੍ਹਾਈਆ । ਸ਼ਬਦ ਸੰਦੇਸ਼ਾ ਦੇ ਕੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਮਹਿਖਾਸੁਰ ਅੱਖ ਖੁਲ੍ਹਾਈਆ । ਧੁਰ ਦਾ ਦਾਤਾ ਇਕ ਨਰੇਸ਼, ਨਰ ਨਰਾਇਣ ਵੱਡੀ ਵਡਿਆਈਆ । ਜੋ ਆਦਿ ਜੁਗਾਦਿ ਸਭ ਦਾ ਜਾਣੇ ਲੇਖ, ਅਨਡਿੱਠੜੀ ਕਾਰ ਕਮਾਈਆ । ਜਿਸ ਦਾ ਸੰਦੇਸ਼ਾ ਦੇ ਕੇ ਗਿਆ ਦਸ ਦਸਮੇਸ, ਦਹਿ ਦਿਸ਼ਾ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਨੇਹੜਾ ਇਕ ਸੁਣਾਈਆ । ਸਚ ਸੁਨੇਹੜਾ ਦੇਵੇ ਏਕਾ ਮੀਤ, ਹਰਿ ਕਰਤਾ ਬੇਪਰਵਾਹੀਆ । ਜਿਸ ਦੀ ਸਮਝੇ ਕੋਇ ਨਾ ਰੀਤ, ਰਾਤੀ ਰੁੱਤੀ ਥਿਤ ਵਾਰ ਭੇਵ ਨਾ ਕੋਇ ਖੁਲ੍ਹਾਈਆ । ਜੋ ਧੁਰ ਦਾ ਕਲਮਾ ਦੱਸੇ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਜਿਸ ਨੂੰ ਝੁਕਦੇ ਸਭ ਦੇ ਸੀਸ, ਜਗਦੀਸ ਦਾਤਾ ਧੁਰਦਰਗਾਹੀਆ । ਉਹ ਲੇਖਾ ਜਾਣੇ ਹਸਤ ਕੀਟ, ਲੱਖ ਚੁਰਾਸੀ ਖੋਜ ਖੁਜਾਈਆ । ਜਿਸ ਦਾ ਲਹਿਣਾ ਬੀਸ ਬੀਸ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਉਪਜਾਈਆ । ਧੁਰ ਫ਼ਰਮਾਨਾ ਦੇਵੇ ਆਪ, ਹਰਿ ਕਰਤਾ ਬੇਪਰਵਾਹੀਆ । ਸਤਿ ਸਤਿਵਾਦੀ ਏਕਾ ਜਾਪ, ਬਿਨ ਰਸਨਾ ਜਿਹਵਾ ਕਰੇ ਪੜ੍ਹਾਈਆ । ਸਤਿਗੁਰ ਸ਼ਬਦ ਖੋਲ੍ਹ ਕੇ ਤਾਕ, ਤ੍ਰਿਲੋਕੀ ਸਲੋਕ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਝਾਕ, ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਕੀ ਖੇਲ ਕਰੇ ਪੁਰਖ ਅਬਿਨਾਸ਼, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਜੋਤ ਹੋਵੇ ਪਰਕਾਸ਼, ਪਾਰਬ੍ਰਹਮ ਨੂਰ ਰੁਸ਼ਨਾਈਆ । ਜਿਸ ਦਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦੇ ਆਏ ਧਰਵਾਸ, ਧੀਰਜ ਧਰਮ ਇਕ ਸਮਝਾਈਆ । ਸੋ ਖੇਲ ਕਰੇ ਵੇਖੇ ਜਗਤ ਤਮਾਸ਼, ਪੜਦਾ ਓਹਲਾ ਨਿਰਗੁਣ ਸਰਗੁਣ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਇਕੱਲਾ ਆਪ ਸੁਣਾਈਆ । ਸਚ ਸੰਦੇਸ਼ਾ ਦੇਵੇ ਸਚਖੰਡ ਨਿਵਾਸੀ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵੇਖਣਹਾਰਾ ਮੰਡਲ ਰਾਸੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ

ਪੜਦਾ ਆਪ ਚੁਕਾਈਆ । ਸਾਚੀ ਵਾਰ ਲੇਖੇ ਲਾਵੇ ਅਗੰਮੀ ਰਾਤੀ, ਰੁੱਤ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਹੋ ਨਿਰਮੋਹ, ਮੁਹੱਬਤ ਕੂੜ ਨਾ ਕੋਇ ਰਖਾਈਆ । ਨਵ ਨੌ ਚਾਰ ਪਿਛੋਂ ਸੁੱਤੇ ਉਠ ਦੁਲਾਰੇ ਪੋਹ, ਸੁਦੀ ਵਦੀ ਗੋਬਿੰਦ ਹੱਥ ਫੜਾਈਆ । ਚਾਰ ਕੁੰਟ ਦਹਿ ਦਿਸ਼ਾ ਕਰਨੀ ਲੋ, ਲੋਚਣ ਭਗਤਾਂ ਇਕ ਖੁਲ੍ਹਾਈਆ । ਚਾਰ ਵਰਨ ਅਠਾਰਾਂ ਬਰਨ ਰਹੇ ਰੋ, ਨੇਤਰ ਨੈਣਾਂ ਨੀਰ ਵਹਾਈਆ । ਆਤਮ ਪਰਮਾਤਮ ਸਕੇ ਕੋਈ ਨਾ ਛੋਹ, ਜਗਦੀਸ਼ਰ ਮਿਲ ਕੇ ਜਗਤ ਮਿਲੇ ਨਾ ਕੋਇ ਵਡਿਆਈਆ । ਬਿਨ ਹਰਿ ਦੂਜਾ ਨਜ਼ਰ ਨਾ ਆਵੇ ਕੋ, ਕਾਗ ਕੂਕ ਕੂਕ ਸੁਣਾਈਆ । ਬਿਨ ਪ੍ਰਭ ਕਿਰਪਾ ਸ਼ਬਦ ਸੁਣਾਏ ਕੋਈ ਨਾ ਸੋਹੰ ਸੋ, ਸੁਰਤੀ ਸ਼ਬਦੀ ਸੁਰਤ ਨਾ ਕੋਇ ਸਮਾਈਆ । ਦੁਰਮਤ ਮੈਲ ਸਕੇ ਕੋਇ ਨਾ ਧੋ, ਪਤਤ ਪੁਨੀਤ ਨਾ ਕੋਇ ਕਰਾਈਆ । ਅੰਮ੍ਰਿਤ ਰਸ ਅਗੰਮਾ ਇਕੋ ਚੋ, ਚਾਰ ਕੁੰਟ ਵਡਿਆਈਆ । ਪੰਚ ਵਿਕਾਰ ਰਹੇ ਨਾ ਗਰੋਹ, ਕਾਇਆ ਗੋਰ ਘੋਰ ਦੇ ਮਿਟਾਈਆ । ਆਤਮ ਪਰਮਾਤਮ ਨਹੀਂ ਦੋ, ਦੂਆ ਏਕੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੋਹ ਕਹੇ ਮੇਰੇ ਨਿਰੰਕਾਰ, ਸੋ ਪੁਰਖ ਨਿਰੰਜਣ ਸੀਸ ਨਿਵਾਈਆ । ਮੇਰੇ ਵਿਚ ਦੁੱਖ ਨਹੀਂ ਕੋਈ ਤੁਖ਼ਾਰ, ਹਰਿ ਪੁਰਖ ਨਿਰੰਜਣ ਤੇਰੀ ਇਕ ਸਰਨਾਈਆ । ਮੈਂ ਦਰ ਦਰਵੇਸ਼ ਖੜ੍ਹਾ ਭਿਖਾਰ, ਏਕੰਕਾਰ ਤੇਰੀ ਓਟ ਤਕਾਈਆ । ਤੂੰ ਦੇਵਣਹਾਰ ਦਾਤਾਰ, ਆਦਿ ਨਿਰੰਜਣ ਬੇਪਰਵਾਹੀਆ । ਮੈਂ ਰੋਵਾਂ ਧਾਹਾਂ ਮਾਰ, ਅਬਿਨਾਸ਼ੀ ਕਰਤੇ ਸੁਣ ਦੁਹਾਈਆ । ਮੈਨੂੰ ਮਿਲੇ ਨਾ ਕੋਇ ਸਹਾਰ, ਸ੍ਰੀ ਭਗਵਾਨ ਤੇਰੀ ਸਰਨਾਈਆ । ਚਾਰ ਕੁੰਟ ਭੱਜਾਂ ਵਾਰੋ ਵਾਰ, ਪਾਰਬ੍ਰਹਮ ਤੇਰੀ ਓਟ ਰਖਾਈਆ । ਬ੍ਰਹਮ ਦਿਸੇ ਨਾ ਕੋਇ ਉਜਿਆਰ, ਲੋਚਨ ਨੈਣ ਨਾ ਕੋਇ ਤਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਧੂੰਆਂਧਾਰ, ਕੂੜੀ ਕਿਰਿਆ ਘਰ ਘਰ ਡੇਰਾ ਲਾਈਆ । ਮੈਂ ਰੋਵਾਂ ਉਚੀ ਕੂਕ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਪੁਰਖ ਅਕਾਲੇ ਪਰਵਰਦਿਗਾਰ, ਸਾਂਝੇ ਯਾਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕ ਵਖਾਈਆ । ਪੋਹ ਕਹੇ ਮੈਂ ਰੋਵਾਂ ਉਚੀ ਮਾਰਾਂ ਧਾਹ, ਦੋ ਜਹਾਨਾਂ ਇਕ ਸੁਣਾਈਆ । ਪ੍ਰਭ ਮੇਰੇ ਬੇਪਰਵਾਹ, ਤੇਰੀ ਬੇਪਰਵਾਹੀ ਸਭ ਨੂੰ ਰਹੀ ਸਤਾਈਆ । ਚਾਰ ਕੁੰਟ ਦਿਸੇ ਨਾ ਕੋਇ ਮਲਾਹ, ਗ਼ਫ਼ਲਤ ਵਿਚ ਲੋਕਾਈਆ । ਸਾਚਾ ਮਾਰਗ ਸਾਰੇ ਗਏ ਭੁਲਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਜਿਹੜੇ ਕਲਮੇ ਆਇਉਂ ਜਪਾ, ਰੱਟੇ ਨਾਮ ਵਾਲੇ ਸਮਝਾਈਆ । ਕਿਸੇ ਨਜ਼ਰ ਨਾ ਆਏਂ ਖ਼ੁਦਾ, ਖ਼ੁਦੀ ਤਕੱਬਰੀ ਡੇਰਾ ਲਾਈਆ । ਇਕ ਵਾਰੀ ਨੈਣ ਉਠਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰੋਹੀ ਤੇਰਾ ਨਾਮ ਦੁਹਾਈਆ । ਪੋਹ ਕਹੇ ਮੈਂ ਰੋ ਕੇ ਦੱਸਾਂ ਹਾਲਤ, ਹਰਿ ਜੂ ਇਕ ਦ੍ਰਿੜਾਈਆ । ਸ੍ਰਿਸ਼ਟੀ ਕੂੜ ਦਿਸੇ ਜਹਾਲਤ, ਜਾਹਰ ਜਹੂਰ ਨਾ ਕੋਇ ਰੁਸ਼ਨਾਈਆ । ਧਰਮ ਰਿਹਾ ਨਾ ਕੋਇ ਅਦਾਲਤ, ਹੁਕਮ ਹਕ ਨਾ ਕੋਇ ਕਮਾਈਆ । ਸਾਚਾ ਨਾਮ ਲੁੱਟੀ ਗਈ ਨਿਆਮਤ, ਖ਼ਾਲੀ ਕੂੜ ਲੋਕਾਈਆ । ਮਨੂਆ ਮਨ ਕਰ ਬਗ਼ਾਵਤ, ਘਰ ਘਰ ਕਰੇ ਲੜਾਈਆ । ਦਿਸੇ ਕੋਇ ਨਾ ਸਹੀ ਸਲਾਮਤ, ਜੋ ਮੰਜ਼ਲ ਚੜ੍ਹ ਕੇ ਤੇਰਾ ਦਰਸ਼ਨ ਪਾਈਆ । ਸਭ ਨੂੰ ਮਮਤਾ ਕੀਤੀ ਮਮਾਨਤ, ਪੰਚ ਵਿਕਾਰ ਹਲਕਾਈਆ । ਆਪਣੀ ਸਾਂਭ ਇਕ ਅਮਾਨਤ, ਆਤਮ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੬੮੭
੨੦

ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਪੋਹ ਕਹੇ ਮੈਂ ਰੋ ਰੋ ਦੱਸਾਂ, ਦਹਿ ਦਿਸ਼ਾ ਸ਼ਨਵਾਈਆ । ਪ੍ਰਭੂ ਵੇਖ ਆਪਣੀਆਂ ਅੱਖਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੀਵ ਜਹਾਨ ਰਿਹਾ ਕੋਈ ਨਾ ਸੱਚਾ, ਸਤਿ ਵਿਚ ਨਾ ਕੋਇ ਸਮਾਈਆ । ਸਭ ਦਾ ਕਾਇਆ ਮਾਟੀ ਭਾਂਡਾ ਕੱਚਾ, ਕੰਚਨ ਗੜ੍ਹ ਨਾ ਕੋਇ ਵਡਿਆਈਆ । ਆਤਮ ਪਰਮਾਤਮ ਨਾਤਾ ਜੋੜੇ ਕੋਈ ਨਾ ਪੱਕਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਅੰਤਮ ਕਿਹੜੀ ਕੂਟੇ ਨੱਠਾਂ, ਭੱਜਾਂ ਵਾਹੋ ਦਾਹੀਆ । ਸਿਰ ਤੇਰੇ ਕਦਮਾਂ ਸੱਟਾਂ, ਮਸਤਕ ਧੂੜ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪੁਰਖ ਅਕਾਲ ਕਹੇ ਸੁਣ ਬੱਚੇ ਮੇਰੇ ਨਾਦਾਨ, ਨਵ ਨੌ ਚਾਰ ਦਿਆਂ ਵਡਿਆਈਆ । ਧੁਰ ਦਾ ਹੁਕਮ ਇਕ ਫ਼ਰਮਾਨ, ਸਚ ਸੰਦੇਸ਼ਾ ਇਕ ਦ੍ਰਿੜਾਈਆ । ਚਾਰ ਕੁੰਟ ਫਿਰੇ ਦੋ ਜਹਾਨ, ਖ਼ਾਲੀ ਦਿਸ਼ਾ ਨਾ ਕੋਇ ਵਖਾਈਆ । ਜੋ ਗੁਰ ਅਵਤਾਰ ਪੈਗ਼ੰਬਰ ਦੇ ਕੇ ਆਏ ਬਿਆਨ, ਬਿਆਨਾ ਮੇਰਾ ਨਾਮ ਧਰਾਈਆ । ਸ਼ਬਦੀ ਕਰਾਂ ਅੰਤ ਪਹਿਚਾਨ, ਲੱਖ ਚੁਰਾਸੀ ਫੋਲ ਫੁਲਾਈਆ । ਮੇਰਾ ਕਰਤਬ ਇਕ ਮਹਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਪੰਜ ਤਤ ਨਹੀਂ ਇਨਸਾਨ, ਤਤ ਵਜੂਦ ਨਾ ਕੋਇ ਵਖਾਈਆ । ਆਤਮ ਪਰਮਾਤਮ ਬਣ ਕੇ ਕਾਹਨ, ਲੱਖ ਚੁਰਾਸੀ ਗੋਪੀ ਵੇਖ ਵਖਾਈਆ । ਸਈਆ ਬਣ ਕੇ ਧੁਰ ਦਾ ਰਾਮ, ਰਮਤਾ ਰਮਤਾ ਪੜਦਾ ਲਾਹੀਆ । ਜਿਸ ਨੂੰ ਮੁਹੰਮਦ ਕਰੇ ਸਲਾਮ, ਈਸਾ ਮੂਸਾ ਸੀਸ ਝੁਕਾਈਆ । ਸਚ ਸੰਦੇਸ਼ਾ ਦੇ ਕਲਾਮ, ਕਲਮਾ ਕਾਇਨਾਤ ਸੁਣਾਈਆ । ਹਕ ਹਕੀਕਤ ਦਾ ਅਮਾਮ, ਇਕੋ ਨੂਰੀ ਨਜ਼ਰੀ ਆਈਆ । ਅੰਤ ਅਖ਼ੀਰੀ ਦਏ ਜਾਮ, ਮਿਹਰਵਾਨ ਮਹਿਬੂਬ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਮੇਟ ਜਗਤ ਨਿਸ਼ਾਨ, ਨਿਸ਼ਾਨਾ ਇਕੋ ਦਏ ਝੁਲਾਈਆ । ਦੋ ਜਹਾਨਾਂ ਕਰ ਇੰਤਜ਼ਾਮ, ਹੁਕਮੇ ਅੰਦਰ ਹੁਕਮ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸੁਣ ਪੋਹ ਲਾਡਲੇ ਬੱਚੇ, ਧੁਰ ਫ਼ਰਮਾਨਾ ਇਕ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਬਣਾਵਾਂ ਸਕੇ, ਦੂਤੀਆ ਭਾਉ ਜਗਤ ਮਿਟਾਈਆ । ਨਾਮ ਡੋਰੀ ਬੰਨ੍ਹਾਂ ਰੱਸੇ, ਰਿਸ਼ਤਾ ਇਕੋ ਇਕ ਪਰਗਟਾਈਆ । ਸਭ ਦੇ ਅੰਤਰ ਹੋ ਕੇ ਵਸੇ, ਵਾਸਤਾ ਇਕੋ ਨਾਲ ਰਖਾਈਆ । ਤੀਰ ਅਣਿਆਲਾ ਧੁਰ ਦਾ ਕਸੇ, ਮੁੱਖੀ ਆਪਣੀ ਆਪ ਪਰਗਟਾਈਆ । ਸਿਫ਼ਤਾਂ ਬਾਹਰ ਸੁਣਾ ਕੇ ਜਸੇ, ਵੇਦ ਪੁਰਾਨਾਂ ਬਾਹਰ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੇ ਕਰ ਕੇ ਪੱਟੇ, ਪਟਨੇ ਵਾਲਾ ਨਾਲ ਮਿਲਾਈਆ । ਜਿਸ ਨੇ ਖੇਲ ਕਰਨਾ ਨਿਰਗੁਣ ਧਾਰ ਹੋ ਕੇ ਨੱਠੇ, ਕਦਮਾਂ ਨਾਲ ਨਾ ਪੰਧ ਮੁਕਾਈਆ । ਦੀਨ ਦੁਨੀ ਦੇ ਮੇਟ ਕੇ ਰੱਟੇ, ਰੱਟਾ ਇਕੋ ਘਰ ਜਣਾਈਆ । ਵੇਖਣੇ ਖੇਲ ਦੀਗਰੇ ਬਾਅਦ ਯਕੇ, ਯਕ ਹੁਕਮ ਇਕ ਸੁਣਾਈਆ । ਸਭ ਦੇ ਅੰਤਰ ਜਾਣੇ ਫੱਟੇ, ਸਾਬਤ ਰਹਿਣ ਕੋਇ ਨਾ ਪਾਈਆ । ਕੋਈ ਜਾਣ ਨਾ ਸਕੇ ਚੂੰਕਿ ਚੁਨਾਂਚੇ ਅਲਬੱਤੇ, ਆਅਲਾ ਅਦਨਾ ਹੁਕਮ ਮਨਾਈਆ । ਗੁਰ ਅਵਤਾਰ ਪੈਗ਼ੰਬਰ ਏਸੇ ਕਾਰਨ ਸੱਦੇ, ਸ਼ਬਦੀ ਸ਼ਬਦ ਜਣਾਈਆ । ਸਚ ਦਵਾਰੇ ਆਏ ਭੱਜੇ, ਆਪਣਾ ਪੰਧ ਮੁਕਾਈਆ । ਬਿਨ ਕਾਅਬਿਉਂ ਕਰ ਕੇ ਹੱਜੇ, ਸਜਦਾ ਸੀਸ ਝੁਕਾਈਆ । ਡੰਡਾਵਤ ਵਿਚ ਡਿੱਗੇ, ਨਮੋਂ ਨਮੋਂ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਪੋਹ ਸੁਣ ਸ਼ਬਦ ਅਗੰਮ ਹਕੀਕੀ, ਹਰਿ ਕਰਤਾ ਆਪ ਦ੍ਰਿੜਾਈਆ । ਖੇਲ ਕਰੇ ਲਾਸ਼ਰੀਕੀ, ਵਾਹਦ ਇਕੋ ਨੂਰ ਰੁਸ਼ਨਾਈਆ । ਜਿਸ ਦੇ ਕੋਲ ਅਗੰਮ ਤੌਫ਼ੀਕੀ, ਧੁਰ ਦਾ ਹੁਕਮ ਇਕ ਵਰਤਾਈਆ । ਲੱਖ ਚੁਰਾਸੀ



੯੮੮
੨੦

ਬਦਲ ਕੇ ਨੀਤੀ, ਪੜਦਾ ਅੰਦਰੋਂ ਦਏ ਖੁਲ੍ਹਾਈਆ । ਸਤਿ ਧਰਮ ਦੀ ਦੱਸ ਕੇ ਰੀਤੀ, ਰਹਿਬਰ ਹੋ ਕੇ ਦਏ ਸਮਝਾਈਆ । ਕਥਾ ਕਹਾਣੀ ਚਾਰ ਜੁਗ ਦੀ ਪਿਛੇ ਬੀਤੀ, ਬਾਤਨ ਸਭ ਦਾ ਫੋਲ ਫੁਲਾਈਆ । ਅੱਗੇ ਨਿਰਗੁਣ ਧਾਰ ਹੋ ਨਜ਼ਦੀਕੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸੁਣ ਪੋਹ ਓਹ ਵੇਖ ਚਾਰ ਜੁਗ ਦੇ ਆਏ ਲਾੜੇ, ਗੁਰ ਅਵਤਾਰ ਪੈਗ਼ੰਬਰ ਸੋਭਾ ਪਾਈਆ । ਦਰ ਦਰਬਾਰ ਖੜ੍ਹੇ ਇਕ ਅਖਾੜੇ, ਆਖ਼ਰ ਨੂਰ ਸਮਾਈਆ । ਜਿਨ੍ਹਾਂ ਖੇਲ ਕੀਤੇ ਜੁਗ ਚਾਰੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਮਾਤ ਹੰਢਾਈਆ । ਗੋਬਿੰਦ ਬੋਲ ਕੇ ਅੰਤ ਜੈਕਾਰੇ, ਡੰਕਾ ਫ਼ਤਹਿ ਇਕ ਸੁਣਾਈਆ । ਆਪਣੇ ਵਾਰ ਕੇ ਚਾਰ ਦੁਲਾਰੇ, ਧਰਮ ਦੀ ਧਾਰ ਇਕ ਪਰਗਟਾਈਆ । ਉਚੀ ਕੂਕ ਵਿਚ ਸੰਸਾਰੇ, ਸ਼ਬਦੀ ਰਾਗ ਅਲਾਈਆ । ਕਲ ਕਲਕੀ ਲਏ ਅਵਤਾਰੇ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਦਾ ਖੇਲ ਸਦਾ ਜੁਗ ਚਾਰੇ, ਬ੍ਰਹਿਮੰਡ ਖੰਡ ਵੇਖ ਵਖਾਈਆ । ਉਹ ਲਹਿਣੇ ਦੇਣੇ ਸਭ ਦੇ ਪੂਰੇ ਕਰੇ ਕੌਲ ਇਕਰਾਰੇ, ਇਕ ਇਕੱਲਾ ਧੁਰਦਰਗਾਹੀਆ । ਜਿਸ ਦੀ ਮਹਿੰਮਾ ਅੰਦਰ ਜਗਤ ਸ਼ਬਦ ਉਚਾਰੇ, ਰਸਨਾ ਨਾਲ ਸਾਲਾਹੀਆ । ਉਹ ਸਾਹਿਬ ਸੱਚੀ ਸਰਕਾਰੇ, ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਦਾ ਦੂਤ ਜਾਏ ਨਾ ਕਦੀ ਕਿਸੇ ਦਰਬਾਰੇ, ਦੂਜੇ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਹਿਰਦਾ ਵੇਖ ਵਖਾਈਆ । ਪੋਹ ਵੇਖ ਗੁਰ ਅਵਤਾਰ ਪੈਗ਼ੰਬਰ ਝੁਕੇ, ਸੀਸ ਜਗਦੀਸ ਨਿਵਾਈਆ । ਆਲਸ ਵਿਚ ਮੂਲ ਨਾ ਸੁੱਤੇ, ਨਿੰਦਰਾ ਨੈਣ ਨਾ ਕੋਇ ਟਿਕਾਈਆ । ਇਕੋ ਸੁਹਾਵਣ ਸਾਚੀ ਰੁੱਤੇ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤੇ, ਹਰਿ ਵੱਡਾ ਵਡ ਵਡਿਆਈਆ । ਸ਼ਬਦੀ ਧਾਰ ਅੰਦਰ ਪੁਛੇ, ਸੰਦੇਸ਼ਾ ਇਕੋ ਇਕ ਸੁਣਾਈਆ । ਕਿਉਂ ਲੋਕਮਾਤ ਹੋ ਗਏ ਗ਼ੁੱਸੇ, ਨਾਤਾ ਜਗਤ ਨਾਲੋਂ ਤੁੜਾਈਆ । ਜਿਹੜਾ ਗਾਨਾ ਬੱਧਾ ਗੁੱਟੇ, ਗਹਿਰ ਗੰਭੀਰ ਦਿਓ ਵਖਾਈਆ । ਕਿਉਂ ਨਾਤੇ ਮਾਤ ਟੁੱਟੇ, ਤੁੱਟੀ ਗੰਢ ਨਾ ਕੋਇ ਪਵਾਈਆ । ਦੀਨ ਮਜ਼੍ਹਬ ਰਹੇ ਨਾ ਸੁੱਚੇ, ਸੰਜਮ ਸਮਝ ਕਿਸੇ ਨਾ ਆਈਆ । ਮਨ ਵਾਸਨਾ ਹੋ ਕੇ ਭੁੱਖੇ, ਕਲਜੁਗ ਜੀਵ ਭੱਜਣ ਵਾਹੋ ਦਾਹੀਆ । ਮਾਤ ਗਰਭ ਲਟਕ ਕੇ ਪੁੱਠੇ, ਅਗਨੀ ਅੱਗ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਅਖ਼ੀਰ ਰਿਹਾ ਸੁਣਾਈਆ । ਅੰਤ ਅਖ਼ੀਰ ਕਹੇ ਪ੍ਰਭ ਏਕਾ, ਏਕਾ ਵਾਰ ਜਣਾਈਆ । ਗੁਰ ਅਵਤਾਰ ਪੈਗ਼ੰਬਰ ਸੁਣਾਵੋ ਸਚ ਸੰਦੇਸ਼ਾ, ਸੰਧਿਆ ਨਜ਼ਰ ਕੋਇ ਨਾ ਆਈਆ । ਕੀ ਕਰਨੀ ਕੀ ਸ਼ਬਦੀ ਧਾਰ ਪੇਸ਼ਾ, ਕੀ ਪੇਸ਼ਤਰ ਆਏ ਸਮਝਾਈਆ । ਉਚੀ ਕੂਕ ਕਿਹਾ ਸ਼ਬਦੀ ਧਾਰ ਸਤਿਗੁਰ ਦਸਮੇਸ਼ਾ, ਗੁਰ ਸਤਿਗੁਰੂ ਤੇਰੀ ਸਰਨਾਈਆ । ਆਪਣਾ ਵੇਖ ਅਗੰਮੀ ਲੇਖਾ, ਜਿਸ ਦੀ ਲਿਖਤ ਨਾ ਕਿਸੇ ਪੜ੍ਹਾਈਆ । ਸਦੀ ਬੀਸਵੀਂ ਸਭ ਦਾ ਪੂਰਾ ਹੋਇਆ ਠੇਕਾ, ਅੱਗੇ ਰਹੇ ਨਾ ਕੋਇ ਚਤੁਰਾਈਆ । ਜਿਸ ਵੇਲੇ ਸੁਤ ਦੁਲਾਰੇ ਕੀਤੇ ਭੇਟਾ, ਮਾਤ ਪਿਤਾ ਰਿਹਾ ਨਾ ਮਾਈਆ । ਇਕੋ ਬਣ ਕੇ ਤੇਰਾ ਬੇਟਾ, ਮਾਛੂਵਾੜੇ ਸੇਜ ਸੁਹਾਈਆ । ਤੂੰ ਖੇਲ ਅਗੰਮੀ ਖੇਡਾ, ਹਰਿ ਕਰਤਾ ਹੋ ਕੇ ਦਿਤੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਗੋਬਿੰਦ ਕਹੇ ਮੈਂ ਸ਼ਬਦੀ ਸੁੱਤ, ਦੁਲਾਰਾ ਤੇਰਾ ਨਜ਼ਰੀ ਆਈਆ । ਕਲਜੁਗ ਵੇਖ ਆਪਣੀ ਰੁੱਤ, ਦਹਿ ਦਿਸ਼ਾ ਫੋਲ ਫੁਲਾਈਆ । ਪੁਰਖ ਅਕਾਲੇ ਦੀਨ ਦਿਆਲੇ ਕਿਉਂ ਸਚ ਦਵਾਰੇ ਬੈਠਾਂ ਲੁਕ, ਦਰਗਾਹ ਸਾਚੀ ਭੇਵ ਛੁਪਾਈਆ ।


੯੮੯
੨੦

ਗ਼ਰੀਬ ਨਿਮਾਣਿਆਂ ਜਾ ਕੇ ਪੁਛ, ਜੋ ਤੇਰਾ ਧਿਆਨ ਰਖਾਈਆ । ਬਿਨ ਤੇਰੀ ਕਿਰਪਾ ਹਰਿ ਭਗਤੀ ਬੂਟਾ ਜਾਏ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਜਿਹੜੀ ਮੈਨੂੰ ਸੱਥਰ ਉਤੇ ਪਏ ਸੁਣਾਈ ਤੁਕ, ਸੋ ਢੋਲਾ ਬਣ ਵਿਚੋਲਾ ਦੇ ਦ੍ਰਿੜਾਈਆ । ਮੈਂ ਤੇਰੇ ਦਵਾਰੇ ਗਿਆ ਪੁੱਜ, ਤੂੰ ਭੇਵ ਖੋਲ੍ਹਣਾ ਗੁੱਝ, ਰਮਜ਼ ਇਸ਼ਾਰਾ ਇਕ ਸੁਣਾਈਆ । ਮੈਂ ਵੇਖਾਂ ਤੇਰਾ ਮੁਖ, ਘਰ ਸਵਾਮੀ ਦੇਣਾ ਸੁਖ, ਤੇਰੇ ਦਰ ਤੇ ਵੱਜੇ ਵਧਾਈਆ । ਉਹ ਵੇਲਾ ਗਿਆ ਢੁਕ, ਗੁਰ ਅਵਤਾਰ ਪੈਗ਼ੰਬਰਾਂ ਪੈਂਡਾ ਗਿਆ ਮੁਕ, ਮੈਂ ਆਉਣਾ ਕਿਸੇ ਨਹੀਂ ਕੁੱਖ, ਗੁਜਰੀ ਮਾਤ ਨਾ ਫੇਰ ਬਣਾਈਆ । ਅੱਗੇ ਰਹਿ ਨਾ ਸਕਾਂ ਚੁੱਪ, ਕਲਜੁਗ ਵੇਖ ਅੰਧੇਰਾ ਘੁਪ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਗੋਬਿੰਦ ਕਹੇ ਮੇਰੇ ਪ੍ਰਭੂ ਸਾਹਿਬ ਸੱਚੇ ਸੁਲਤਾਨ, ਸਤਿ ਦਿਆਂ ਸੁਣਾਈਆ । ਮੈਂ ਜੋਧਾ ਸੂਰਬੀਰ ਨੌਜਵਾਨ, ਮਰਦ ਮਰਦਾਨਾ ਇਕ ਅਖਵਾਈਆ । ਗੋਪੀਆਂ ਦਾ ਕਾਹਨ, ਨਾਮ ਬੰਸਰੀ ਤੇਰਾ ਰਾਗ ਅਲਾਈਆ । ਮੈਂ ਆਦੀ ਤੇਰਾ ਜੁਗਾਦੀ ਤੇਰਾ ਬ੍ਰਹਿਮਾਦੀ ਤੇਰਾ ਦੇਵਾਂ ਪੈਗ਼ਾਮ, ਸੰਦੇਸ਼ਾ ਇਕ ਸੁਣਾਈਆ । ਬਣ ਕੇ ਚਰਨ ਕਵਲ ਗ਼ੁਲਾਮ, ਰੱਖਾਂ ਇਕ ਈਮਾਨ, ਸਿਦਕ ਸਬੂਰੀ ਤੇਰੇ ਨਾਲ ਹੰਢਾਈਆ । ਤੇਰਾ ਝੁਲਦਾ ਵੇਖਾਂ ਨਿਸ਼ਾਨ, ਖੇਲ ਹੋਵੇ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਅੰਤਸ਼ਕਰਨ ਵੇਖਾਂ ਖ਼ਲਕ ਖ਼ੁਦਾਈਆ । ਗੋਬਿੰਦ ਕਹੇ ਪ੍ਰਭ ਤੇਰਾ ਸੁਤ ਦੁਲਾਰਾ, ਦੂਲ੍ਹਾ ਇਕੋ ਨਜ਼ਰੀ ਆਈਆ । ਤੇਰਾ ਮੇਰਾ ਸਚ ਬਿਵਹਾਰਾ, ਜਗਤ ਧਾਰ ਨਾ ਕੋਇ ਵਡਿਆਈਆ । ਦੋਹਾਂ ਦਾ ਸਾਂਝਾ ਇਕ ਕਿਨਾਰਾ, ਪਤਣ ਵੰਡ ਨਾ ਕੋਇ ਵਖਾਈਆ । ਉਠ ਵੇਖ ਆਪਣਾ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰਾਂ ਚਲੇ ਕੋਈ ਨਾ ਚਾਰਾ, ਚਾਰੇ ਬਾਣੀ ਚਾਰੇ ਖਾਣੀ ਰਹੀ ਕੁਰਲਾਈਆ । ਕੂੜੀ ਕਿਰਿਆ ਬਣਿਆ ਅਖਾੜਾ, ਪੰਜ ਤਤ ਮਨੂਆ ਨਾਚ ਨਚਾਈਆ । ਸਾਚਾ ਰਿਹਾ ਨਾ ਕੋਇ ਦਵਾਰਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਿਰ ਸਕੇ ਨਾ ਕੋਇ ਉਠਾਈਆ । ਤੇਰਾ ਲਹਿਣਾ ਦੇਣਾ ਅੰਤਮ ਵਾਰਾ, ਸਾਰੇ ਆਏ ਸੁਣਾਈਆ । ਕਲ ਕਲਕੀ ਇਕ ਅਵਤਾਰਾ, ਨਿਹਕਲੰਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਛ ਪੜਦਾ ਦੇ ਉਠਾਈਆ । ਪੁਰਖ ਅਕਾਲ ਕਹੇ ਸੁਣ ਮੇਰੇ ਸਾਚੇ ਦੂਲ੍ਹੇ, ਧੁਰ ਫ਼ਰਮਾਨ ਦਿਆਂ ਸੁਣਾਈਆ । ਪੁਰਖ ਅਕਾਲ ਕਦੀ ਨਾ ਭੂਲੇ, ਅਭੁੱਲ ਬੇਪਰਵਾਹੀਆ । ਸਭ ਦਾ ਲਹਿਣਾ ਦੇਣਾ ਅਸਲ ਚੁਕਾਵਾਂ ਨਾਲ ਅਸੂਲੇ, ਅਸਲੀਅਤ ਇਕ ਸਮਝਾਈਆ । ਧੁਰ ਦਾ ਹੁਕਮ ਮਿਲੇ ਮਾਕੂਲੇ, ਨਾ ਕੋਈ ਮੇਟੇ ਮੇਟ ਮਿਟਾਈਆ । ਪਰਗਟ ਹੋ ਕੇ ਕੰਤ ਕੰਤੂਹਲੇ, ਲੱਖ ਚੁਰਾਸੀ ਖੋਜ ਖੁਜਾਈਆ । ਜੋ ਮੁਹੰਮਦ ਕਿਹਾ ਰਸੂਲੇ, ਰਸਮ ਉਸ ਦੀ ਵੇਖ ਵਖਾਈਆ । ਏਕਾ ਧਾਰ ਕਾਤਲ ਮਕਤੂਲੇ, ਮਕਬਰੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਗੋਬਿੰਦ ਪੁਛ ਲੈਣ ਦੇ ਕੋਲੋਂ ਗੁਰੂ ਅਵਤਾਰ, ਪੈਗ਼ੰਬਰਾਂ ਅੰਤ ਸੁਣਾਈਆ । ਕਵਣ ਮਿਤਰ ਤੁਹਾਡਾ ਯਾਰ, ਲੋਕਮਾਤ ਦਿਓ ਸਮਝਾਈਆ । ਜੋ ਮੰਜ਼ਲ ਚੜ੍ਹੇ ਦੁਸ਼ਵਾਰ, ਪੈਂਡਾ ਹਕ ਮੁਕਾਈਆ । ਮਿਲ ਕੇ ਨਿਰਮਲ ਧਾਰ, ਜੋਤੀ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਅੰਤਮ ਦੱਸੋ ਬਾਕੀ, ਆਖ਼ਰ

ਇਕ ਜਣਾਈਆ । ਕੀ ਮਾਣ ਵੇਖਿਆ ਬੰਦਾ ਖ਼ਾਕੀ, ਖ਼ਾਲਸ ਖੋਜ ਖੁਜਾਈਆ । ਕਿਸ ਦੀ ਖੁਲ੍ਹੀ ਤਾਕੀ, ਪੜਦਾ ਰਿਹਾ ਉਠਾਈਆ । ਕਿਸ ਦੇ ਬਣੇ ਸਾਥੀ, ਪ੍ਰਭ ਨੂੰ ਦਿਓ ਜਣਾਈਆ । ਕਿਸ ਨੇ ਮੰਨੀ ਤੁਹਾਡੀ ਆਖੀ, ਆਖ਼ਰ ਮਿਲ ਕੇ ਵੱਜੀ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਭ ਨੇ ਕਰੀ ਗੁਸਤਾਖ਼ੀ, ਗ਼ੁੱਸੇ ਵਿਚ ਦੁਹਾਈਆ । ਸੁਰਤੀ ਸ਼ਬਦ ਕਿਸੇ ਨਾ ਵਾਚੀ, ਵਾਚਕ ਕਰਦੇ ਰਸਨਾ ਵਾਲੀ ਪੜ੍ਹਾਈਆ । ਰੂਹ ਬੁਤ ਹੋਇਆ ਨਾ ਪਾਕੀ, ਪਤਤ ਪੁਨੀਤ ਨਾ ਕੋਇ ਬਣਾਈਆ । ਥੋੜ੍ਹੇ ਗੁਰਮੁਖ ਜਿਹੜੇ ਗੋਬਿੰਦ ਪਰਗਟਾਏ ਉਪਰ ਵਸਾਖੀ, ਇਕ ਸੱਤ ਪੰਜ ਛੇ ਨਾਲ ਵਡਿਆਈਆ । ਜਿਨ੍ਹਾਂ ਦਾ ਪੁਰਖ ਅਕਾਲ ਮਾਲਕ ਇਕ ਅਬਿਨਾਸ਼ੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਸਭ ਦੀ ਪੂਰੀ ਕਰੇ ਆਸੀ, ਤ੍ਰਿਸ਼ਨਾ ਕੂੜ ਗਵਾਈਆ । ਮੰਜ਼ਲ ਆਪਣੀ ਚਾੜ੍ਹ ਕੇ ਘਾਟੀ, ਜੋਤੀ ਜੋਤ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਸਮਝਾਈਆ । ਸਮਝੇ ਖੇਲ ਇਕੋ ਧੁਰ ਦਾ, ਹਰਿ ਕਰਤਾ ਆਪ ਸੁਣਾਈਆ । ਯਾਦ ਰੱਖੇ ਵਿਛੋੜਾ ਅਨੰਦ ਪੁਰ ਦਾ, ਪੁਰੀਆਂ ਲੋਆਂ ਸਮਝ ਕਿਸੇ ਨਾ ਆਈਆ । ਇਹ ਖੇਲ ਨਹੀਂ ਤਾਕਤ ਜ਼ੋਰ ਦਾ, ਜ਼ੱਰਾ ਜ਼ੱਰਾ ਵਿਚੋਂ ਪਰਗਟਾਈਆ । ਜੋ ਭਗਤ ਸੁਹੇਲੇ ਸਾਚੇ ਲੋੜਦਾ, ਗੁਰਮੁਖ ਗੁਰਸਿਖ ਗੁਰ ਗੁਰ ਗੋਦ ਟਿਕਾਈਆ । ਉਹ ਝਗੜਾ ਜਾਣੇ ਅੰਧ ਘੋਰ ਦਾ, ਕਲਜੁਗ ਵੇਖੇ ਕੂੜ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਸ੍ਰਿਸ਼ਟੀ ਵਿਚ ਵੇਸ ਧਰਿਆ ਅਗੰਮੇ ਚੋਰ ਦਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਈਆ । ਆਓ ਵੇਖੋ ਖੇਲ ਅਗੰਮਾ, ਹਰਿ ਕਰਤਾ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰੋ ਕਰਿਓ ਕੋਈ ਨਾ ਤਮਾ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਸਭ ਦਾ ਸਮਾਪਤ ਹੋਣਾ ਸਮਾਂ, ਸੰਮਤ ਸ਼ਹਿਨਸ਼ਾਹੀ ਵਡਿਆਈਆ । ਤੁਹਾਨੂੰ ਮੁੜ ਕੇ ਜੰਮੇ ਕੋਈ ਨਾ ਅੰਮਾਂ, ਅੰਮੜੀ ਵਾਲਾ ਗੁਰੂ ਨਾ ਕੋਇ ਅਖਵਾਈਆ । ਪ੍ਰਭ ਦਾ ਖੇਲ ਹੋਣਾ ਇਕ ਨਵਾਂ, ਨੌ ਸੌ ਚੁਰਾਨਵੇ ਚੌਕੜੀ ਜੁਗ ਦਏ ਗਵਾਹੀਆ । ਝਗੜਾ ਮੁਕਾ ਕੇ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦਿਤੀ ਬਦਲਾਈਆ । ਸ਼ਬਦੀ ਧਾਰ ਕਰ ਕੇ ਰਵਾਂ, ਰਹਿਮਤ ਇਕੋ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਸੁਣੋ ਫ਼ਰਮਾਨਾ, ਫੁਰਨਿਆਂ ਬੰਦ ਕਰਾਈਆ । ਜਿਸ ਦਾ ਮੰਨਦੇ ਰਹੇ ਭਾਣਾ, ਸੀਸ ਜਗਦੀਸ ਝੁਕਾਈਆ । ਤਖ਼ਤ ਨਿਵਾਸੀ ਇਕੋ ਰਾਣਾ, ਹਰਿ ਕਰਤਾ ਧੁਰਦਰਗਾਹੀਆ । ਨੂਰ ਖ਼ੁਦਾਈ ਬਣ ਜਰਵਾਣਾ, ਜਲਵਾਗਰ ਕਰੇ ਰੁਸ਼ਨਾਈਆ । ਜਿਸ ਨੂੰ ਝੁਕਦੇ ਦੋ ਜਹਾਨਾਂ, ਸਭ ਦੇ ਪੈਂਡੇ ਪੰਧ ਮੁਕਾਈਆ । ਜਿਸ ਦਾ ਪਿਛਲੇ ਸੰਮਤ ਖਾਧਾ ਖਾਣਾ, ਜਨ ਭਗਤਾਂ ਮਿਲ ਕੇ ਵੱਜੀ ਵਧਾਈਆ । ਅੱਗੇ ਉਸ ਦਾ ਨਾਮ ਧਿਆਣਾ, ਰਾਮ ਕ੍ਰਿਸ਼ਨ ਨਾ ਕੋਇ ਅਖਵਾਈਆ । ਇਕੋ ਕਲਮਾ ਧੁਰ ਦਾ ਗਾਣਾ, ਇਕੋ ਹਕ ਪੜ੍ਹਾਈਆ । ਇਕੋ ਮੰਦਰ ਸਚ ਮਕਾਨਾ, ਜਿਥੇ ਵਸੇ ਧੁਰਦਰਗਾਹੀਆ । ਸਭ ਦਾ ਬਦਲ ਜਾਣਾ ਜ਼ਮਾਨਾ, ਜ਼ਬਾਨ ਸਭ ਦੀ ਬੰਦ ਕਰਾਈਆ । ਚਮਕੇ ਨੂਰ ਸ੍ਰੀ ਭਗਵਾਨਾ, ਨੂਰ ਨੂਰ ਨੂਰ ਰੁਸ਼ਨਾਈਆ । ਦੋ ਜਹਾਨਾਂ ਹੋਵੇ ਦਾਨਾ, ਦਾਤਾ ਦਾਨੀ ਆਪ ਹੋ ਜਾਈਆ । ਲੱਖ ਚੁਰਾਸੀ ਬਣ ਕੇ ਕਾਹਨਾ, ਨਿਰਗੁਣ ਸਰਗੁਣ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਬਦਲ ਵਿਧਾਨਾ, ਹੁਕਮ ਆਪਣਾ ਇਕ ਸੁਣਾਈਆ । ਨਿਰਗੁਣ ਧਾਰ ਬਦਲੇ ਵਿਧਾਨ, ਤਰਮੀਮ ਸਭ ਦੀ ਦਏ ਕਰਾਈਆ । ਪੈਗ਼ੰਬਰੋ ਅੰਤ ਕਰੋ ਸਲਾਮ,

੯੯੧
੨੦

ਸਜਦਾ ਸੀਸ ਨਿਵਾਈਆ । ਅਵਤਾਰਾਂ ਮਨਜ਼ੂਰ ਹੋਵੇ ਪਰਨਾਮ, ਮਸਤਕ ਧੂੜੀ ਟਿੱਕੇ ਖ਼ਾਕ ਰਮਾਈਆ । ਗੁਰੂਆਂ ਦੇ ਹਕੀਕੀ ਜਾਮ, ਅੰਮ੍ਰਿਤ ਨਾਮ ਪਿਆਈਆ । ਸਾਂਝਾ ਇਕ ਮਕਾਨ, ਮੁਕਾਮੇ ਹਕ ਸੁਹਾਈਆ । ਧੁਰ ਦਾ ਇਕ ਅਸਥਾਨ, ਥਿਰ ਘਰ ਦਏ ਵਖਾਈਆ । ਸ਼ਬਦੀ ਸੁਤ ਬਲਵਾਨ, ਸਹਿਜੇ ਦਏ ਉਠਾਈਆ । ਉਠ ਨੌਜਵਾਨ, ਗੋਬਿੰਦ ਰੂਪ ਪਰਗਟਾਈਆ । ਲੋਕਮਾਤ ਹੋ ਪਰਧਾਨ, ਪੰਚਮ ਵੱਜੇ ਵਧਾਈਆ । ਕੂੜੀ ਕਿਰਿਆ ਮੇਟ ਨਿਸ਼ਾਨ, ਝਗੜਾ ਰਹੇ ਨਾ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਚ ਦੇ ਗਿਆਨ, ਆਤਮ ਪਰਮਾਤਮ ਜੋੜ ਜੁੜਾਈਆ । ਮਮਤਾ ਮੋਹ ਤੋੜ ਅਭਿਮਾਨ, ਹਉਮੇ ਹੰਗਤਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਥਿਰ ਘਰ ਉਠੇ ਸਤਿਗੁਰ ਸ਼ਬਦ, ਵੱਡਾ ਵਡ ਵਡਿਆਈਆ । ਜਿਸ ਦਾ ਨਾ ਕੋਈ ਦੀਨ ਨਾ ਕੋਈ ਮਜ਼੍ਹਬ, ਜਾਤ ਪਾਤ ਨਾ ਕੋਇ ਰਖਾਈਆ । ਆਦਿ ਜੁਗਾਦਿ ਸਭ ਤੋਂ ਕਰਾਉਂਦਾ ਰਿਹਾ ਅਦਬ, ਇਨਸਾਫ਼ ਵਿਚ ਵਡਿਆਈਆ । ਚੱਲੇ ਕਦੀ ਕਿਸੇ ਨਾ ਕਦਮ, ਮੰਜ਼ਲ ਦੋ ਜਹਾਨਾਂ ਪੰਧ ਮੁਕਾਈਆ । ਤਤ ਸ਼ਰੀਰ ਨਾ ਦਿਸੇ ਬਦਨ, ਬਦਲੀ ਸਭ ਦੀ ਦਏ ਕਰਾਈਆ । ਸਚ ਦਵਾਰੇ ਕਰ ਕੇ ਅਦਲ, ਆਦਤ ਪਿਛਲੀ ਦਏ ਬਦਲਾਈਆ । ਢੋਲਾ ਇਕੋ ਗਾਉਣਾ ਨਿਰਗੁਣ ਧਾਰ ਨਿਰਗੁਣ ਨਜ਼ਮ, ਨਾਮ ਨਿਧਾਨ ਸ਼ਨਵਾਈਆ । ਬਾਕੀ ਸਭ ਨੂੰ ਕਰ ਕੇ ਭਸਮ, ਭਾਂਡਾ ਭਰਮ ਭੌ ਭੰਨਾਈਆ । ਆਤਮ ਪਰਮਾਤਮ ਆਦਿ ਜੁਗਾਦੀ ਕ਼ਸਮ, ਕ਼ਿਸਮ ਸਕੇ ਨਾ ਕੋਇ ਬਦਲਾਈਆ । ਜਨ ਭਗਤੋ ਛੱਬੀ ਪੋਹ ਨੂੰ ਕਰ ਕੇ ਰਸਮ, ਰਸਤਾ ਸਭ ਨੂੰ ਦੇਣਾ ਜਣਾਈਆ । ਬਿਨਾ ਪ੍ਰਭ ਦੇ ਚਰਨਾਂ ਬਾਹਰ ਕੋਈ ਨਾ ਵਸਣ, ਵਸਦੇ ਘਰ ਦੇਣੇ ਉਜੜਾਈਆ । ਸ਼ਾਹ ਸੁਲਤਾਨ ਉਠ ਉਠ ਨੱਠਣ, ਭੱਜਣ ਵਾਹੋ ਦਾਹੀਆ । ਸਚ ਸਰਨਾਈ ਇਕ ਦੀ ਲੱਗਣ, ਜੋ ਮਾਲਕ ਧੁਰਦਰਗਾਹੀਆ । ਕਰੇ ਖੇਲ ਸੂਰਾ ਸਰਬੰਗਣ, ਹਰਿ ਕਰਤਾ ਬੇਪਰਵਾਹੀਆ । ਜਗਤ ਪਰਧਾਨਾਂ ਫਿਰਨਾ ਨਗਨ, ਸਿਰ ਹੱਥ ਨਾ ਕੋਇ ਟਿਕਾਈਆ । ਸਭ ਦੀ ਡੋਰੀ ਲੱਗਾ ਕੱਟਣ, ਖੰਡਾ ਖੜਗ ਨਾਮ ਉਠਾਈਆ । ਤੱਤਾਂ ਵਾਲਿਆਂ ਗੁਰੂਆਂ ਨਾਲੋਂ ਸ਼ਬਦ ਗੁਰੂ ਲੱਗਾ ਵੱਟਣ, ਵੱਟਾ ਸਮਝ ਕਿਸੇ ਨਾ ਆਈਆ । ਗੋਬਿੰਦ ਅੰਤਮ ਖੋਲ੍ਹ ਕੇ ਗਲੇ ਦਾ ਬਟਨ, ਪੁਰਖ ਅਕਾਲ ਅੱਗੇ ਅਲਫ਼ੀ ਦਿਤੀ ਟਿਕਾਈਆ । ਮੈਂ ਜਦ ਵਸਾਂ ਤੇ ਵਸਾਂ ਤੇਰੇ ਪਤਣ, ਦੂਜੇ ਦਰ ਕਦੇ ਨਾ ਜਾਈਆ । ਜੇ ਆਵਾਂ ਤੇ ਗੁਰਮੁਖਾਂ ਸਦਾ ਰੱਖਣ, ਲੋਕਮਾਤ ਦੂਜਾ ਖੇਲ ਨਾ ਕੋਇ ਕਰਾਈਆ । ਰਸਨਾ ਦਾ ਸਵਾਦ ਕਦੇ ਆਵਾਂ ਨਾ ਚੱਖਣ, ਬਿਨ ਪ੍ਰੇਮ ਪ੍ਰੀਤੀ ਵਸਤ ਕੋਇ ਨਾ ਭਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਵਾਂ ਟੱਪਣ, ਅੱਗੇ ਹੋ ਨਾ ਕੋਇ ਅਟਕਾਈਆ । ਸ਼ਬਦ ਨਿਰਾਲਾ ਅਣਿਆਲਾ ਤੀਰ ਆਵਾਂ ਕਸਣ, ਚਿੱਲਾ ਕਮਾਨ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲੈ ਮਿਲਾਈਆ । ਪੋਹ ਕਹੇ ਪ੍ਰਭੂ ਮੈਂ ਤੇਰੇ ਦਰ ਤੇ ਡਿੱਗਾ, ਨਿਉਂ ਨਿਉਂ ਸੀਸ ਨਿਵਾਈਆ । ਨਿਮਾਣਾ ਹੋ ਕੇ ਬਿਨ ਕੀਮਤੋਂ, ਵਿਕਾ, ਜਗਤ ਕੀਮਤ ਨਾ ਕੋਇ ਰਖਾਈਆ । ਕਿਰਪਾ ਨਿਧਾਨ ਸਵਾਮੀ ਠਾਕਰ ਧੁਰ ਦੇ ਕੂੜੀ ਕਿਰਿਆ ਬਦਲ ਕੇ ਸਿੱਕਾ, ਸਾਕਤ ਰਹਿਣ ਕੋਇ ਨਾ ਪਾਈਆ । ਲੱਖ ਚੁਰਾਸੀ ਬਣ ਕੇ ਪਿਤਾ, ਪਤਿਪਰਮੇਸ਼ਵਰ ਕਿਉਂ ਬੈਠਾ ਮੁਖ ਛੁਪਾਈਆ । ਤੇਰਾ ਸਭ ਦੇ ਨਾਲ ਸਾਂਝਾ ਹਿੱਸਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਅੱਗੇ ਮੈਂ ਦੀਨਾਂ ਮਜ਼੍ਹਬਾਂ ਵਾਲਾ ਸੁਣਨਾ ਨਹੀਂ ਕੋਈ ਕਿੱਸਾ, ਕਹਾਣੀ ਗਾ ਨਾ ਕੋਇ ਜਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ

੯੯੨
੨੦

ਸਭ ਦੀ ਪੂਰੀ ਕਰ ਦੇ ਇੱਛਾ, ਨਿਰਇੱਛਤ ਆਪਣੀ ਦਇਆ ਕਮਾਈਆ । ਛੱਬੀ ਪੋਹ ਨੂੰ ਬਾਕੀ ਪਾ ਕੇ ਭਿੱਛਾ, ਪੂਰਾ ਲੇਖਾ ਦੇ ਮੁਕਾਈਆ । ਅਗਲਾ ਖੇਲ ਹੋਵੇ ਅਨਡਿੱਠਾ, ਸ਼ਾਸਤਰ ਸਿਮਰਤ ਸਮਝ ਕੋਇ ਨਾ ਆਈਆ । ਦੀਨ ਦਿਆਲ ਆਪਣਾ ਓਹ ਵਖਾਵੀਂ ਅਗੰਮੀ ਚਿੱਠਾ, ਜਿਸ ਵਿਚੋਂ ਗੁਰ ਅਵਤਾਰ ਪੈਗ਼ੰਬਰਾਂ ਹੁਕਮ ਸਦਾ ਸੁਣਾਈਆ । ਜਿਹੜਾ ਕਲਮ ਸ਼ਾਹੀ ਨਾਲ ਕਦੇ ਨਹੀਂ ਲਿਖਾ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਬੇਨੰਤੀ ਦਰ ਤੇਰੇ ਇਕ ਸੁਣਾਈਆ । ਪੋਹ ਕਹੇ ਮੈਂ ਕਰਾਂ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਪ੍ਰਭ ਵੇਖ ਆਪਣੀ ਸਿੰਮਤ, ਬਿਨ ਅੱਖਾਂ ਅੱਖ ਉਠਾਈਆ । ਸਾਚੀ ਰਹੀ ਕਿਸੇ ਨਾ ਹਿੰਮਤ, ਆਪਣਾ ਬਲ ਨਾ ਕੋਇ ਧਰਾਈਆ । ਦੁਨੀਆਦਾਰ ਹੋਏ ਹਰਾਮ ਨਿਮਕ, ਹਕ ਹਲਾਲ ਨਾ ਕੋਇ ਜਣਾਈਆ । ਤੇਰਾ ਨੂਰ ਨਜ਼ਰ ਨਾ ਆਏ ਕਿਨਕ, ਖ਼ਾਲੀ ਬੁਤ ਦੇਣ ਦੁਹਾਈਆ । ਜਿਧਰ ਵੇਖਾਂ ਓਧਰ ਮਨ ਕਰੇ ਇੱਲਤ, ਨਾਰੀ ਪੁਰਖ ਸਰਬ ਦੁਹਾਈਆ । ਬਿਨ ਸ਼ਬਦੀ ਗੋਬਿੰਦ ਦੇਵੇ ਕੋਈ ਨਾ ਖ਼ਿਲਤ, ਓਢਣ ਸੀਸ ਨਾ ਕੋਇ ਟਿਕਾਈਆ । ਵਰਨ ਬਰਨ ਹੋਈ ਜ਼ਿੱਲਤ, ਮਾਇਆ ਮਮਤਾ ਮੋਹ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣੀ ਦਇਆ ਕਮਾਈਆ । ਪੋਹ ਕਹੇ ਮੈਂ ਰੋ ਰੋ ਗਿਆ ਥੱਕ, ਥਕਾਵਟ ਵਿਚ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਗਏ ਅੱਕ, ਚਾਰ ਜੁਗ ਧਿਆਨ ਲਗਾਈਆ । ਲਿਖ ਲਿਖ ਆਏ ਦੱਸ, ਭਵਿਖਤਾਂ ਵਿਚ ਸਮਝਾਈਆ । ਪੁਰਖ ਅਬਿਨਾਸ਼ੀ ਹੋਵੇ ਪਰਗਟ, ਹਰਿ ਕਰਤਾ ਬੇਪਰਵਾਹੀਆ । ਸਤਿ ਧਰਮ ਦਾ ਖੋਲ੍ਹੇ ਹੱਟ, ਇਕੋ ਨਾਮ ਵਰਤਾਈਆ । ਝਗੜਾ ਮੁਕਾ ਦਏ ਤੀਰਥ ਤੱਟ, ਅੱਠ ਸੱਠ ਨਾ ਕੋਇ ਵਡਿਆਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਰੇ ਦੋਹੱਥੜ ਉਤੇ ਪੱਟ, ਪਟਨੇ ਵਾਲਾ ਪਲੂ ਗਿਆ ਛੁਡਾਈਆ । ਅੰਦਰੋਂ ਖੁਲ੍ਹੇ ਕਿਸੇ ਨਾ ਅੱਖ, ਪਰਤੱਖ ਦਰਸ ਕੋਇ ਨਾ ਪਾਈਆ । ਤ੍ਰੈਗੁਣ ਅਗਨੀ ਰਹੇ ਮੱਚ, ਤਤਵ ਤਤ ਜਲਾਈਆ । ਮਨੂਆ ਮਨ ਰਿਹਾ ਨੱਚ, ਘੁੰਗਟ ਘੋਰ ਨਾ ਕੋਇ ਉਠਾਈਆ । ਸਾਚਾ ਮਿਲੇ ਕਿਸੇ ਨਾ ਰਸ, ਰਸਤਾ ਪਾਰ ਨਾ ਕੋਇ ਲੰਘਾਈਆ । ਅੰਤਮ ਸਭ ਦੀ ਹੋ ਗਈ ਬੱਸ, ਕੰਧੇ ਭਾਰ ਨਾ ਕੋਇ ਟਿਕਾਈਆ । ਕਿਰਪਾ ਕਰ ਪੁਰਖ ਸਮਰਥ, ਤੇਰਾ ਨਾਮ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਸਾਚਾ ਹੁਕਮ ਦ੍ਰਿੜ੍ਹਾਵਾਂਗਾ । ਖੇਲ ਅਗੰਮੀ ਇਕ ਕਰਾਵਾਂਗਾ । ਅਸਮਾਨ ਜ਼ਿਮੀਂ ਵੇਖ ਵਖਾਵਾਂਗਾ । ਜਿਹੜੀ ਧਾਰ ਕਿਸੇ ਨਾ ਜੰਮੀ, ਉਹ ਆਪਣੀ ਕਲ ਪਰਗਟਾਵਾਂਗਾ । ਲੇਖਾ ਜਾਣਾ ਮਾਟੀ ਚੰਮੀ, ਚਾਰੋਂ ਕੁੰਟ ਫੋਲ ਫੁਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਵਾਂਗਾ । ਸਾਚਾ ਭੇਵ ਪ੍ਰਭੂ ਖੁਲ੍ਹਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਸਚਖੰਡ ਦਵਾਰ ਇਕ ਸੁਹਾਵੇਗਾ । ਏਕੰਕਾਰਾ ਵੇਸ ਵਟਾਵੇਗਾ । ਜੋਤ ਉਜਿਆਰਾ ਆਪ ਚਮਕਾਵੇਗਾ । ਗੁਰ ਅਵਤਾਰ ਪੈਗ਼ੰਬਰ ਸਾਥ ਰਲਾਵੇਗਾ । ਨਿਰਗੁਣ ਸਰਗੁਣ ਵੇਖ ਵਖਾਵੇਗਾ । ਦੇਸ ਪਰਦੇਸ਼ ਫੇਰਾ ਪਾਵੇਗਾ । ਨਰ ਨਰੇਸ਼ ਹੁਕਮ ਚਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵੇਗਾ । ਸਚ ਕਰਨੀ ਕਾਰ ਕਮਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵਾਂਗਾ । ਦੇਵਤ ਸੁਰ ਨਾਲ ਮਿਲਾਵਾਂਗਾ । ਗਣ ਗੰਧਰਬ ਫੋਲ ਫੁਲਾਵਾਂਗਾ । ਲੱਖ ਚੁਰਾਸੀ ਡੇਰਾ ਢਾਹਵਾਂਗਾ । ਅੰਡਜ ਜੇਰਜ ਉਤਭੁਜ ਸੇਹਤਜ ਇਕੋ ਹੁਕਮ ਸੁਣਾਵਾਂਗਾ । ਜੋਤੀ ਜੋਤ ਸਰੂਪ


੯੯੩
੨੦

ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪਣੇ ਹੱਥ ਰਖਾਵਾਂਗਾ । ਸਾਚਾ ਲੇਖਾ ਆਪਣੇ ਹੱਥ ਰਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਕੂੜੀ ਕਿਰਿਆ ਮੇਟ ਮਿਟਾਏਗਾ । ਮੂਰਖ ਮੂੜ੍ਹੀ ਭੇਵ ਖੁਲ੍ਹਾਏਗਾ । ਨਾਦ ਤੂਰੀ ਇਕ ਉਪਜਾਏਗਾ । ਜੋਤ ਨੂਰੀ ਇਕ ਰੁਸ਼ਨਾਏਗਾ । ਹਾਜ਼ਰ ਹਜ਼ੂਰੀ ਦਰਸ ਦਿਖਾਏਗਾ । ਜਨ ਭਗਤਾਂ ਮਜਬੂਰੀ ਆਪ ਕਟਾਏਗਾ । ਸਭ ਦੀ ਫੂੜ੍ਹੀ ਵਲੇਟ ਵਖਾਏਗਾ । ਗੁਰਮੁਖਾਂ ਦੇ ਕੇ ਚਰਨ ਧੂੜੀ, ਟਿੱਕਾ ਮਸਤਕ ਨਾਮ ਰਮਾਏਗਾ । ਰੰਗਤ ਚਾੜ੍ਹ ਕੇ ਇਕੋ ਗੂੜ੍ਹੀ, ਗੁਰ ਮੰਦਰ ਇਕ ਵਖਾਏਗਾ । ਜਿਥੇ ਆਸਾ ਮਨਸਾ ਹੋਵੇ ਪੂਰੀ, ਤ੍ਰਿਸ਼ਨਾ ਜਗਤ ਨਾ ਕੋਇ ਜਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਇਕ ਇਕੱਲਾ ਆਪ ਪਰਗਟਾਏਗਾ । ਸਚ ਦਵਾਰ ਇਕ ਪਰਗਟਾਵਾਂਗਾ । ਨਿਰਗੁਣ ਹੋ ਕੇ ਖੇਲ ਖਿਲਾਵਾਂਗਾ । ਸਰਗੁਣ ਆਪਣਾ ਰੰਗ ਰੰਗਾਵਾਂਗਾ । ਜੁਗ ਚੌਕੜੀ ਪੰਧ ਮੁਕਾਵਾਂਗਾ । ਸਤਿਜੁਗ ਸਾਚਾ ਰਾਹ ਚਲਾਵਾਂਗਾ । ਰਾਓ ਰੰਕ ਆਪ ਉਠਾਵਾਂਗਾ । ਦਵਾਰ ਬੰਕ ਇਕ ਸੁਹਾਵਾਂਗਾ । ਨਾਮ ਡੰਕ ਇਕ ਵਜਾਵਾਂਗਾ । ਜੀਵ ਜੰਤ ਸ਼ੰਕ ਪੂਰ ਕਰਾਵਾਂਗਾ । ਗੁਰਮੁਖ ਬੰਸ ਆਪ ਬਣਾਵਾਂਗਾ । ਕਲਜੁਗ ਕੂੜਾ ਕੰਸ ਮੇਟ ਮਿਟਾਵਾਂਗਾ । ਨਿਰਗੁਣ ਧਾਰ ਜੋਤ ਅਨੰਤ, ਅੰਤਸ਼ਕਰਨ ਸਭ ਦਾ ਵੇਖ ਵਖਾਵਾਂਗਾ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਜਣਾ ਮੰਤ, ਆਤਮ ਪਰਮਾਤਮ ਜੋੜ ਜੁੜਾਵਾਂਗਾ । ਭਗਤ ਸੁਹੇਲੇ ਬਣਾ ਕੇ ਸੰਤ, ਸਤਿ ਧਰਮ ਦਾ ਰਾਹ ਚਲਾਵਾਂਗਾ । ਅਬਿਨਾਸ਼ੀ ਕਰਤਾ ਇਕੋ ਕੰਤ, ਘਰ ਸਵਾਮੀ ਜੋੜ ਜੁੜਾਵਾਂਗਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਪੋਹ ਤੈਨੂੰ ਸਮਝਾਵਾਂਗਾ । ਸਾਚੇ ਪੋਹ ਸੁਣ ਲੈ ਅਗੰਮੀ ਬਾਤ, ਬਾਤਨ ਦਿਆਂ ਜਣਾਈਆ । ਵੇਖ ਆਪਣੀ ਰਾਤ, ਰੁਤੜੀ ਨਾਲ ਮਿਲਾਈਆ । ਪੁਰਖ ਅਕਾਲਾ ਵੇਖੇ ਆਪਣੀ ਜਾਤ, ਅਜਾਤੀ ਦਏ ਖਪਾਈਆ । ਨਿਰਗੁਣ ਧਾਰ ਖੋਲ੍ਹ ਕੇ ਤਾਕ, ਪੜਦਾ ਰਿਹਾ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਕੇ ਵਾਕ, ਵਾਕਫ਼ਕਾਰ ਆਪਣੇ ਲਏ ਬਣਾਈਆ । ਸਭ ਦਾ ਸਾਂਝਾ ਕਰ ਕੇ ਸਾਕ, ਨਾਤਾ ਇਕੋ ਘਰ ਜੁੜਾਈਆ । ਸ਼ਬਦ ਸੰਦੇਸ਼ਾ ਧੁਰ ਦਾ ਆਖ, ਬਿਨ ਅੱਖਰਾਂ ਕਰੇ ਪੜ੍ਹਾਈਆ । ਪਰਮ ਪੁਰਖ ਦੀ ਜੋ ਦੇ ਕੇ ਆਏ ਦਾਤ, ਜੁਗ ਚੌਕੜੀ ਲੋਕਮਾਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸੁਣ ਹੁਕਮ ਪੋਹ ਮਹੀਨਾ, ਦਿਵਸ ਦਿਵਸ ਜਣਾਈਆ । ਕਰੇ ਖੇਲ ਨਵਾਂ ਨਵੀਨਾ, ਨਵ ਰੰਗ ਆਪ ਚੜ੍ਹਾਈਆ । ਪਰਗਟ ਹੋ ਕੇ ਦਾਨਾ ਬੀਨਾ, ਬੀਨਾ ਦਾਨਾ ਭੇਵ ਖੁਲ੍ਹਾਈਆ । ਜਨ ਭਗਤਾਂ ਠਾਂਡਾ ਕਰ ਕੇ ਸੀਨਾ, ਅਗਨੀ ਤਤ ਬੁਝਾਈਆ । ਝਗੜਾ ਪਏ ਉਤੇ ਜ਼ਮੀਨਾ, ਜ਼ਾਮਨ ਸਮਝ ਕਿਸੇ ਨਾ ਆਈਆ । ਸ਼ਬਦ ਇਸ਼ਾਰਾ ਦਏ ਚੀਨਾ, ਹਰਿ ਕਰਤਾ ਧੁਰਦਰਗਾਹੀਆ । ਸਭ ਨੂੰ ਹੋਣਾ ਪਏ ਗ਼ਮਗੀਨਾ, ਗ਼ਮੀ ਖ਼ੁਸ਼ੀ ਨਾ ਕੋਇ ਬਦਲਾਈਆ । ਝਗੜਾ ਦਿਸੇ ਨਰ ਮਦੀਨਾ, ਆਤਮ ਪਰਮਾਤਮ ਪੜਦਾ ਨਾ ਕੋਇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਪੋਹ ਮਹੀਨੇ ਸੋਏ ਜਾਗ, ਬਿਨ ਅੱਖਾਂ ਅੱਖ ਖੁਲ੍ਹਾਈਆ । ਧੁਰ ਸੰਦੇਸ਼ਾ ਸੁਣ ਰਾਗ, ਹਰਿ ਕਰਤਾ ਆਪ ਜਣਾਈਆ । ਕੂੜੀ ਕਿਰਿਆ ਜਗਤ ਤਿਆਗ, ਮਮਤਾ ਮੋਹ ਮਿਟਾਈਆ । ਤੇਰੇ ਅੰਤਰ ਉਪਜੇ ਇਕ ਵੈਰਾਗ, ਵੈਰੀ ਅੰਦਰੋਂ ਦਏ ਭਜਾਈਆ । ਏਕੰਕਾਰਾ ਬਖ਼ਸ਼ੇ ਸਾਥ, ਸਗਲਾ ਸੰਗ ਨਿਭਾਈਆ । ਜਿਸ ਨੇ ਸੁਣਾਉਣੀ

ਸੱਚੀ ਗਾਥ, ਸੋਹੰ ਸੋ ਕਰੇ ਪੜ੍ਹਾਈਆ । ਜਗਤ ਜਹਾਨ ਚਲਾਏ ਰਾਥ, ਮਹਾਂਸਾਰਥੀ ਵੇਸ ਵਟਾਈਆ । ਹਾਂਡੀ ਰਹੇ ਕੋਈ ਨਾ ਕਾਠ, ਤਤ ਵਜੂਦ ਨਾ ਕੋਇ ਵਡਿਆਈਆ । ਬਿਨਾ ਪੁਰਖ ਅਕਾਲ ਦੇ ਨਾਮ ਤੋਂ ਦੂਜਾ ਰਹੇ ਕੋਈ ਨਾ ਪਾਠ, ਪੂਜਾ ਇਕੋ ਸਰਬ ਲੋਕਾਈਆ । ਹਰਿ ਚਰਨ ਕਵਲ ਸਰਨਾਈ ਸੱਚਾ ਤਾਟ, ਕਿਨਾਰਾ ਧੁਰਦਰਗਾਹੀਆ । ਮੰਜ਼ਲ ਸਭ ਦੀ ਮੁੱਕੇ ਵਾਟ, ਪਾਂਧੀ ਪੰਧ ਨਾ ਕੋਇ ਭਵਾਈਆ । ਸਤਿਜੁਗ ਸਾਚੀ ਮਿਲੇ ਦਾਤ, ਹਰਿ ਕਰਤਾ ਆਪ ਵਰਤਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਕਰੇ ਜਮਾਤ, ਇਕੋ ਸਿਖਿਆ ਸਿਖ ਸਮਝਾਈਆ । ਆਤਮ ਪਰਮਾਤਮ ਹੋਵੇ ਵਿਸ਼ਵਾਸ਼, ਵਿਸ਼ਿਆਂ ਦਾ ਡੇਰਾ ਢਾਹੀਆ । ਘਰ ਸਵਾਮੀ ਮਿਲੇ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਸੁਰਤੀ ਸ਼ਬਦ ਮਿਲ ਕੇ ਗੋਪੀ ਕਾਹਨ ਪਾਵਣ ਰਾਸ, ਸੋਹਣਾ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਜਣਾਈਆ । ਸਾਚਾ ਮਾਰਗ ਧੁਰ ਦਾ ਲੈਣਾ ਸਿਖ, ਸਿਖਿਆ ਇਕ ਦ੍ਰਿੜਾਈਆ । ਪੁਰਖ ਅਕਾਲਾ ਪਏ ਦਿਸ, ਦਹਿ ਦਿਸ਼ਾ ਨੂਰ ਇਲਾਹੀਆ । ਸਵਾਮੀ ਸਤਿਗੁਰ ਹੋਵੇ ਪਿਤ, ਪਤਿਪਰਮੇਸ਼ਵਰ ਬੇਪਰਵਾਹੀਆ । ਆਤਮ ਪਰਮਾਤਮ ਦੱਸੇ ਸਾਚਾ ਹਿਤ, ਬ੍ਰਹਮ ਪਾਰਬ੍ਰਹਮ ਸਮਾਈਆ । ਮਨ ਠਗੌਰੀ ਕਰੇ ਨਾ ਚਿਤ, ਚੰਚਲ ਨਜ਼ਰ ਕੋਇ ਨਾ ਆਈਆ । ਮਾਨਸ ਜਨਮ ਜਨ ਭਗਤ ਲੈਣ ਜਿਤ, ਜਿਨ੍ਹਾਂ ਮਿਲੀ ਇਕ ਸਰਨਾਈਆ । ਪੁਰਖ ਅਕਾਲਾ ਕਰਵਟ ਵਿਚ ਬਦਲ ਕੇ ਪਿਠ, ਸਨਮੁਖ ਹੋ ਕੇ ਦਰਸ ਵਖਾਈਆ । ਮੰਜ਼ਲ ਚੜ੍ਹਨੀ ਪਏ ਨਾ ਸਵਾ ਗਿਠ, ਦਸਮ ਦਵਾਰੀ ਤੋਂ ਅੱਗੇ ਆਪਣੀ ਯਾਰੀ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੋਹ ਤੇਰੀ ਆਸਾ ਵੇਖ ਵਖਾਈਆ । ਪੋਹ ਕਹੇ ਮੈਂ ਆਸਾਵੰਦ, ਹਰਿ ਕਰਤੇ ਦਿਆਂ ਸੁਣਾਈਆ । ਤੇਰੇ ਸ਼ਬਦ ਹੁਕਮ ਦਾ ਹੋ ਪਾਬੰਦ, ਨਿਉਂ ਨਿਉਂ ਸੀਸ ਝੁਕਾਈਆ । ਸਿਫ਼ਤਾਂ ਗਾਵਾਂ ਬਿਨਾ ਦੰਦ, ਢੋਲਾ ਧੁਰਦਰਗਾਹੀਆ । ਸਦ ਮਾਣਾਂ ਤੇਰਾ ਅਨੰਦ, ਖ਼ੁਸ਼ੀਆਂ ਵਿਚ ਸਮਾਈਆ । ਤੇਰੇ ਨੂਰ ਦਾ ਵੇਖ ਕੇ ਚੰਦ, ਚੰਦ ਸੂਰੀਆ ਕੰਮ ਕਿਸੇ ਨਾ ਆਈਆ । ਤੇਰਾ ਖੇਲ ਵਿਚ ਬ੍ਰਹਿਮੰਡ, ਵਰਭੰਡ ਤੇਰੀ ਵਡਿਆਈਆ । ਕਲਜੁਗ ਕੂੜੀ ਕਿਰਿਆ ਕਰ ਦੇ ਖੰਡ ਖੰਡ, ਖੰਡਾ ਖੜਗ ਨਾਮ ਚਮਕਾਈਆ । ਮਾਇਆ ਮਮਤਾ ਮੋਹ ਵਿਕਾਰ ਦੇ ਡੰਡ, ਡੰਡੌਤ ਆਪਣੀ ਦੇ ਸਮਝਾਈਆ । ਪ੍ਰਭੂ ਤੂੰ ਕਿਹੜਾ ਖੰਡੇ ਕਟਾਰਾਂ ਨਾਲ ਕਰਨਾ ਜੰਗ, ਮਤ ਉਲਟੀ ਕਰ ਕੂੜ ਲੋਕਾਈਆ । ਇਕ ਦੂਜੇ ਨੂੰ ਆਪੇ ਦੇਵਣ ਡੰਡ, ਤੂੰ ਖੇਲ ਵੇਖੀਂ ਬੇਪਰਵਾਹੀਆ । ਉਹ ਰਹਿ ਜਾਵਣ ਤੇਰੇ ਜਿਹੜੇ ਗਾਵਣ ਤੂੰ ਮੇਰਾ ਮੈਂ ਤੇਰਾ ਢੋਲਾ ਛੰਦ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਵੇਖ ਵਖਾਈਆ । ਪੁਰਖ ਅਕਾਲ ਕਹੇ ਕੀ ਕਥਾ ਕਹਾਣੀ ਪੁਛੋ ਧੁਰ ਦੀ, ਸਭ ਨੂੰ ਦਿਆਂ ਸੁਣਾਈਆ । ਕੁਛ ਖੇਲ ਵੇਖੋ ਅਨੰਦ ਪੁਰ ਦੀ, ਪੁਰੀਆਂ ਤੋਂ ਬਾਹਰ ਜਣਾਈਆ । ਜਿਸ ਵੇਲੇ ਗੋਬਿੰਦ ਧਾਰ ਪ੍ਰਭ ਦੇ ਨਾਲ ਜੁੜਦੀ, ਜੋੜੀ ਬਣੇ ਧੁਰਦਰਗਾਹੀਆ । ਆਪਣੀ ਕਰਨੀ ਕਰਨੋਂ ਕਦੇ ਨਾ ਮੁੜਦੀ, ਕਰਤਬ ਆਪਣਾ ਦਏ ਵਖਾਈਆ । ਜਨ ਭਗਤੋ ਅੱਗੇ ਲੋੜ ਰਹਿਣੀ ਨਹੀਂ ਕਿਸੇ ਗੁਰ ਦੀ, ਪੁਰਖ ਅਕਾਲ ਸਭ ਨੇ ਲੈਣਾ ਮਨਾਈਆ । ਵਡਿਆਈ ਰਹੇ ਨਾ ਦੇਵਤ ਸੁਰ ਦੀ, ਸਭ ਦਾ ਲੇਖਾ ਦਏ ਚੁਕਾਈਆ । ਕਲਜੁਗ ਕਾਇਆ ਕੂੜ ਜਾਂਦੀ ਖੁਰਦੀ, ਖੁਰਾ ਖੋਜ ਦਏ ਮਿਟਾਈਆ । ਸਤਿਗੁਰ ਸ਼ਬਦ ਸ਼ਰੀਣੀ ਵੰਡੇ ਕਦੇ ਨਾ ਗੁੜ ਦੀ, ਰਸ ਮਿੱਠਾ ਆਪਣਾ ਨਾਮ ਚਖਾਈਆ । ਵੇਖਿਓ ਖੇਲ ਕਲਜੁਗ ਸਤਿਜੁਗ ਕੂੜ ਧਰਮ ਦੇ ਪੁੜ ਦੀ, ਪ੍ਰਭ ਚੱਕੀ ਮਾਤ

੯੯੫
੨੦

ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਵਖਾਈਆ । ਗੋਬਿੰਦ ਸ਼ਬਦ ਕਹੇ ਮੈਂ ਕੀ ਕੁਛ ਸੁਣਦਾ, ਬਿਨ ਕੰਨਾਂ ਰਿਹਾ ਜਣਾਈਆ । ਕੁਛ ਖੇਲ ਵੇਖਣਾ ਹੁਣ ਦਾ, ਮਹੀਨਾ ਇਹੋ ਨਜ਼ਰੀ ਆਈਆ । ਪੁਰਖ ਅਕਾਲਾ ਦੀਨ ਦਿਆਲਾ ਲੱਖ ਚੁਰਾਸੀ ਪੁਣਦਾ, ਛਾਣ ਬੀਣ ਕਰੇ ਲੋਕਾਈਆ । ਖੇਲ ਹੋਣਾ ਦੀਪਕ ਗੁਲ ਦਾ, ਜਗਤ ਨੂਰ ਨਾ ਕੋਇ ਚਮਕਾਈਆ । ਕਲਜੁਗ ਕਪਟ ਵੇਖਣਾ ਰੁਲਦਾ, ਹੰਗਤਾ ਹੰ ਲੜਾਈਆ । ਜਨ ਭਗਤੋ ਸਤਿਗੁਰੂ ਕਦੇ ਕਿਸੇ ਕੀਮਤ ਨਹੀਂ ਮੁੱਲ ਦਾ, ਹੱਟਾਂ ਵਿਚ ਨਾ ਕਦੇ ਵਿਕਾਈਆ । ਸਵਾਦ ਮਾਣੇ ਕਦੇ ਨਾ ਬੁਲ੍ਹ ਦਾ, ਅੰਤਰ ਆਤਮ ਰਸ ਚਖਾਈਆ । ਜੋ ਪ੍ਰਭ ਪ੍ਰੀਤੀ ਚਰਨ ਘੋਲੀ ਘੁਲਦਾ, ਘੋਲੀ ਘੋਲ ਘੁਮਾਈਆ । ਉਹ ਪਿਆਰਾ ਬਣੇ ਮਾਲਕ ਸੁਲਹਕੁਲ ਦਾ, ਕੁੱਲ ਮਾਲਕ ਇਕੋ ਨਜ਼ਰੀ ਆਈਆ । ਜਿਸ ਦਾ ਖੇਲ ਸਦਾ ਅਮੁੱਲ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣੀ ਖੇਲ ਵਖਾਈਆ । ਪੋਹ ਕਹੇ ਪ੍ਰਭ ਤੇਰਾ ਨੂਰ ਅਗੰਮਾ ਰੱਬੀ, ਰੱਬੀਉਲ ਅਲਾ ਦੇ ਜਣਾਈਆ । ਮੁਹੰਮਦ ਦੀ ਵੇਖ ਚੌਧਵੀਂ ਸਦੀ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਕਿਉਂ ਛੱਡਦੇ ਜਾਂਦੇ ਗੁਰ ਅਵਤਾਰ ਪੈਗ਼ੰਬਰ ਗੱਦੀ, ਗਦਾਗਰ ਤੇਰੇ ਦਰ ਤੇ ਨਜ਼ਰੀ ਆਈਆ । ਕੀ ਧਾਰ ਤੇਰੀ ਅਗੰਮੀ ਜੋਤ ਜਗੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਗਤ ਵਾਸਨਾ ਫਿਰੇ ਭੱਜੀ, ਚਾਰ ਕੁੰਟ ਦੁਹਾਈਆ । ਤੇਰਾ ਆਉਂਣਾ ਕਦੀ ਕਦੀ, ਜਨ ਭਗਤਾਂ ਹੋਏਂ ਸਹਾਈਆ । ਤੇਰੀ ਸਮਝੇ ਕੋਇ ਨਾ ਸੁਦੀ ਵਦੀ, ਥਿਤ ਵਾਰ ਨਾ ਵੰਡ ਵੰਡਾਈਆ । ਕੁਛ ਲੇਖਾ ਲਿਖ ਕੇ ਗਿਆ ਗੋਬਿੰਦ ਗੋਦਾਵਰੀ ਨਦੀ, ਨਦੀਆਂ ਦੇ ਵਿਛੜੇ ਲਏ ਮਿਲਾਈਆ । ਜਿਨ੍ਹਾਂ ਦੇ ਅੰਦਰ ਪੜ੍ਹਾਵੇ ਪੱਟੀ, ਪਟਨੇ ਵਾਲਾ ਜੋੜ ਜੁੜਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਖੱਟਣੀ ਖੱਟੀ, ਬਾਕੀ ਖਟਕਾ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਸਾਚਾ ਰੰਗ ਰੰਗ ਦੇ ਪ੍ਰਭ ਠਾਕਰ, ਪੋਹ ਪਰਨਾਮ ਕਰ ਸੁਣਾਈਆ । ਸਾਚੇ ਭਗਤਾਂ ਕਰ ਉਜਾਗਰ, ਉਜਰਤ ਮੂਲ ਨਾ ਲਾਗੇ ਰਾਈਆ । ਤੇਰੇ ਨਾਮ ਦੇ ਬਣਨ ਸੌਦਾਗਰ, ਹੱਟ ਇਕੋ ਇਕ ਵਖਾਈਆ । ਤੂੰ ਕਰੀਮ ਕਰਤਾ ਕੁਦਰਤ ਦਾ ਕਾਦਰ, ਕਦੀਮ ਦਾ ਮਾਲਕ ਇਕ ਅਖਵਾਈਆ । ਹਉਂ ਬਰਦਾ ਤੇਰਾ ਆਜਜ਼, ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਸਾਜ਼ਸ਼, ਮਮਤਾ ਮੋਹ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸਾਚਾ ਖੇਲ ਵਖਾ ਦੇ ਇਕੋ, ਇਕ ਤੇਰੀ ਵਡਿਆਈਆ । ਪੁਰਖ ਅਕਾਲ ਤੂੰ ਆਵੇਂ ਕਿਥੋਂ, ਇਹੋ ਦੇਣਾ ਸਮਝਾਈਆ । ਹਉਂ ਵਾਰੀ ਚਰਨ ਕਵਲ ਵਿਟਹੁੰ, ਕੁਰਬਾਨ ਹੋ ਕੇ ਭੇਟ ਚੜ੍ਹਾਈਆ । ਕੀ ਹੁਕਮ ਸੰਦੇਸ਼ਾ ਬਿਨ ਅੱਖਰਾਂ ਲਿਖੋ, ਲੇਖ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਖੁਲ੍ਹਾਈਆ । ਪੋਹ ਸੁਣ ਆਪਣੇ ਆਉਂਣ ਦਾ ਦੱਸਾਂ ਤਰੀਕਾ, ਤਰ੍ਹਾਂ ਤਰ੍ਹਾਂ ਸਮਝਾਈਆ । ਲੇਖਾ ਜਾਣਾ ਜੀਵ ਜੀਅ ਕਾ, ਲੱਖ ਚੁਰਾਸੀ ਵਿਚ ਸਮਾਈਆ । ਮੇਰਾ ਰੂਪ ਨੀਕਨ ਨੀਕਾ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੋ ਕਰਦੇ ਸਚ ਪ੍ਰੀਤਾਂ, ਪ੍ਰੀਤਮ ਹੋ ਕੇ ਰਹੇ ਮਨਾਈਆ । ਓਨ੍ਹਾਂ ਦੀ ਆਸਾ ਮਨਸਾ ਵੇਖ ਉਡੀਕਾ, ਨਿਰਗੁਣ ਹੋ ਕੇ ਭੱਜਾਂ ਵਾਹੋ ਦਾਹੀਆ । ਮੇਰੀਆਂ ਲਿਖੀਆਂ ਨਾ ਕਿਸੇ ਤਾਰੀਖਾਂ, ਪੜਦਾ ਸਕਿਆ ਨਾ ਕੋਇ ਫੁਲਾਈਆ । ਸਭ ਦੀਆਂ ਬਦਲਦਾ ਰਿਹਾ ਤਵਾਰੀਖਾਂ, ਹੁਕਮ ਵਿਚ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਹਰਿ ਕਰਤਾ ਵੇਖ ਵਖਾਈਆ । ਆਪਣਾ ਭੇਵ ਖੁਲ੍ਹਾਵਾਂ ਵਸਾਂ ਕਿਹੜੇ ਥਾਂ, ਥਨੰਤਰ ਇਕ ਦ੍ਰਿੜਾਈਆ । ਜਿਥੇ ਗਾਵੇ ਕੋਈ ਨਾ ਮੇਰਾ ਨਾਂ, ਰਸਨਾ ਜਿਹਵਾ ਸਮਝ ਕੋਇ ਨਾ ਪਾਈਆ । ਨਾ ਕੋਈ ਗੁਰੂ ਨਾ ਗਰਾਂ, ਖੇੜਾ ਜਗਤ ਨਾ ਕੋਇ ਵਸਾਈਆ । ਨਾ ਕੋਈ ਚੰਨ ਸੂਰੀਆ ਰੁਸ਼ਨਾ, ਮੰਡਲ ਮੰਡਪ ਨਾ ਕੋਇ ਦਸਾਈਆ । ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਕੋਈ ਪੰਜ ਤਤ ਸੁਹਾਈਆ । ਜਿਸ ਵੇਲੇ ਚਾਹਾਂ ਨਿਰਗੁਣ ਧਾਰ ਹੋ ਕੇ ਭਗਤਾਂ ਅੰਦਰ ਜਾਵਾਂ ਆ, ਭੂਮਿਕਾ ਧੁਰ ਦੀ ਨਜ਼ਰੀ ਆਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਨਿਰਗੁਣ ਧਾਰ ਹੋ ਕੇ ਪਕੜਾਂ ਬਾਂਹ, ਸਗਲਾ ਸੰਗ ਨਿਭਾਈਆ । ਜੁਗ ਚੌਕੜੀ ਕਰਾਂ ਨਿਆਂ, ਨੌਬਤ ਹਕ ਆਪਣਾ ਨਾਮ ਸੁਣਾਈਆ । ਭਗਤ ਦਵਾਰਾ ਪ੍ਰਭ ਦਾ ਗ਼ਰਾਂ, ਦੂਜਾ ਖੇੜਾ ਨਾ ਕੋਇ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਵਾਹ ਵਾਹ, ਵਾਹ ਵਾ ਗੁਰੂ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਦਰਸਾਈਆ । ਸਾਚਾ ਖੇਲ ਦੱਸਾਂ ਅਪਾਰ, ਅਪਰੰਪਰ ਹੋ ਕੇ ਆਪ ਦ੍ਰਿੜਾਈਆ । ਹੋਣਾ ਇਕ ਵਿਹਾਰ, ਬਿਵਹਾਰੀ ਹੋ ਕੇ ਲੋਕਮਾਤ ਸਮਝਾਈਆ । ਨਿਰਗੁਣ ਨੂਰ ਜੋਤ ਕਰ ਚਮਤਕਾਰ, ਈਸਾ ਮੂਸਾ ਮੁਹੰਮਦ ਲਏ ਉਠਾਈਆ । ਤੇਈ ਅਵਤਾਰਾਂ ਕਰ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਨਾਨਕ ਗੋਬਿੰਦ ਬੋਲ ਜੈਕਾਰ, ਡੰਕਾ ਇਕੋ ਇਕ ਵਜਾਈਆ । ਬ੍ਰਹਿਮੰਡ ਖੰਡ ਨਿਰਗੁਣ ਹੋ ਕੇ ਪਾਵਾਂ ਸਾਰ, ਸਰਗੁਣ ਵੇਖਾਂ ਚਾਈਂ ਚਾਈਂਆ । ਹੋਵੇ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਨਾਲ ਰਲਾਈਆ । ਨਿਰਗੁਣ ਦੀਆ ਬਾਤੀ ਕਮਲਾਪਾਤੀ ਜੋਤੀ ਜਾਤਾ ਹੋ ਉਜਿਆਰ, ਨਿਰਗੁਣ ਨੂਰ ਜਾਹਰ ਜਹੂਰ ਕਰੇ ਰੁਸ਼ਨਾਈਆ । ਵਹੀ ਖਾਤਾ ਖੋਲ੍ਹ ਸਭ ਦਾ ਵੇਖੇ ਵਾਰੋ ਵਾਰ, ਰਾਏ ਧਰਮ ਚਿਤਰ ਗੁਪਤ ਸਮਝ ਕੋਇ ਨਾ ਆਈਆ । ਲੇਖਾ ਜਾਣੇ ਧੁਰਦਰਬਾਰ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠਣ ਸੀਸ ਨਿਵਾਈਆ । ਜਿਥੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਨਹੀਂ ਕੋਈ ਉਜਿਆਰ, ਖਾਣੀ ਬਾਣੀ ਢੋਲੇ ਗੀਤ ਰਾਗ ਨਾਦ ਨਾ ਕੋਇ ਸੁਣਾਈਆ । ਇਕ ਇਕੱਲਾ ਏਕੰਕਾਰ ਕਰੇ ਖੇਲ ਆਪਣੀ ਧਾਰ, ਨਿਤ ਨਵਿਤ ਵੇਸ ਵਟਾਈਆ । ਜੁਗ ਚੌਕੜੀ ਹੋ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਵੇਸ ਵਟਾਈਆ । ਨਿਰਗੁਣ ਵੇਸ ਵਟਾਏ ਅਵੱਲਾ, ਅਵੱਲੜੀ ਕਾਰ ਕਮਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਅਕਲ ਕਲਧਾਰੀ ਫੇਰਾ ਪਾਈਆ । ਵੇਖਣਹਾਰਾ ਜਲਾਂ ਥਲਾਂ, ਮਹੀਅਲ ਆਪੇ ਖੋਜ ਖੁਜਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਲੋਕਮਾਤ ਭੱਜੇ ਵਾਹੋ ਦਾਹੀਆ । ਕਲਜੁਗ ਕੂੜੀ ਕਿਰਿਆ ਦੂਈ ਦਵੈਤੀ ਮੇਟੇ ਸੱਲਾ, ਸਲਲ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜੋਤੀ ਧਾਰ ਫੜਾ ਕੇ ਪੱਲਾ, ਸ਼ਬਦੀ ਆਪਣੀ ਗੰਢ ਪਵਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਹੁਕਮ ਬੋਲ ਕੇ ਹੱਲਾ, ਹਾਲਤ ਸਭ ਦੀ ਦਏ ਬਦਲਾਈਆ । ਜਿਹੜੇ ਕਹਿੰਦੇ ਇਲਾਹੀ ਨੂਰ ਅੱਲ੍ਹਾ, ਆਲਮ ਵਿਚ ਇਲਮ ਨਾਲ ਸੁਣਾਈਆ । ਓਨ੍ਹਾਂ ਸ਼ਬਦ ਸੰਦੇਸ ਘੱਲਾ, ਸੰਮਤ ਸੰਮਤੀ ਦਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਛੁਪਾਈਆ । ਪੋਹ ਕਹੇ ਮੇਰੀ ਆਸਾ ਮਨਸਾ ਪੂਰ, ਪ੍ਰਭ ਤੇਰੀ ਬੇਪਰਵਾਹੀਆ । ਤੂੰ ਆਦਿ ਜੁਗਾਦਿ ਵਸੇਂ ਦੂਰ, ਨੇਰਨ ਨੇਰਾ ਹੋ ਕੇ ਪੰਧ ਮੁਕਾਈਆ । ਚਾਰ ਕੁੰਟ ਬਣਿਆ ਰਿਹਾ ਮਫ਼ਰੂਰ, ਫੜਿਆਂ ਹੱਥ ਕਿਸੇ ਨਾ ਆਈਆ । ਕੋਟਨ ਕੋਟ ਤੇਰੇ ਮਜ਼ਦੂਰ, ਚਾਕਰ ਹੋ ਕੇ ਸੇਵ ਕਮਾਈਆ । ਤੂੰ


੬੯੭
੨੦

ਮਨ ਦਾ ਪਾ ਕੇ ਫ਼ਤੂਰ, ਫ਼ਤਵਾ ਸਭ ਦੇ ਉਪਰ ਲਗਾਈਆ । ਬੁੱਧੀ ਦਾ ਦੱਸ ਕਸੂਰ, ਵਿਦਿਆਵਾਨ ਦਿੱਤੇ ਰੁਲਾਈਆ । ਮਤ ਨੂੰ ਕਰ ਮਜਬੂਰ, ਭਰਮ ਵਿਚ ਭੁਲਾਈਆ । ਅੰਤਮ ਕਿਰਪਾ ਕਰ ਉਤੇ ਮੂਰਖ ਮੂੜ੍ਹ, ਪਤਤ ਪੁਨੀਤ ਤੇਰੀ ਸਰਨਾਈਆ । ਸਾਚੀ ਬਖ਼ਸ਼ ਚਰਨ ਧੂੜ, ਦੁਰਮਤ ਮੈਲ ਦੇ ਧਵਾਈਆ । ਬਿਨ ਤੇਲ ਬਾਤੀ ਤੇਰੇ ਦੀਪਕ ਉਪਜੇ ਨੂਰ, ਨਾਦ ਧੁਨ ਸ਼ਬਦ ਕਰ ਸ਼ਨਵਾਈਆ । ਕੀ ਰੰਗ ਵੇਖਿਆ ਮੂਸੇ ਉਤੇ ਕੋਹਤੂਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਵੇਖ ਵਖਾਈਆ । ਪੋਹ ਕਹੇ ਮੈਂ ਤੇਰਾ ਗੋਲਾ, ਚਾਕਰ ਸੇਵ ਕਮਾਈਆ । ਭਗਤਾਂ ਅੰਦਰੋਂ ਚੁੱਕ ਦੇ ਓਹਲਾ, ਪੜਦਾ ਰਹੇ ਨਾ ਰਾਈਆ । ਬਿਨਾ ਜ਼ਬਾਨ ਤੋਂ ਦੱਸ ਦੇ ਆਪਣਾ ਬੋਲਾ, ਅਨਬੋਲਤ ਰਾਗ ਸੁਣਾਈਆ । ਰੰਗ ਚਾੜ੍ਹ ਦੇ ਕਾਇਆ ਮਾਟੀ ਚੋਲਾ, ਚੋਜੀ ਪ੍ਰੀਤਮ ਤੇਰੀ ਵਡਿਆਈਆ । ਤੈਨੂੰ ਪੈਗ਼ੰਬਰ ਕਹਿੰਦੇ ਮੌਲਾ, ਮੌਲਿਆ ਹਰ ਘਟ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਰਹੇ ਨਾ ਰੌਲਾ, ਰੌਣਕ ਆਪਣੀ ਦੇ ਵਖਾਈਆ । ਸਭ ਦਾ ਪੂਰਾ ਇਕਰਾਰ ਕਰ ਦੇ ਕੌਲਾ, ਕਵਲ ਨੈਣ ਤੇਰੀ ਸਰਨਾਈਆ । ਧਰਨੀ ਦਾ ਭਾਰ ਕਰ ਦੇ ਹੌਲਾ, ਧਵਲ ਦਏ ਦੁਹਾਈਆ । ਸਚ ਸਵਾਮੀ ਸੁਣੀਏ ਸੋਹਲਾ, ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਪੋਹ ਥੋੜ੍ਹੀ ਰੱਖ ਆਸ, ਆਸਾ ਦਿਆਂ ਬੰਧਾਈਆ । ਸਭ ਦੀ ਬੁਝਾਵਾਂ ਪਿਆਸ, ਤ੍ਰਿਖਾ ਰਹੇ ਨਾ ਰਾਈਆ । ਕਰ ਕੇ ਖੇਲ ਤਮਾਸ਼, ਖ਼ਲਕ ਖ਼ੁਦਾਈ ਆਪ ਉਠਾਈਆ । ਵੇਖ ਕੇ ਮੰਡਲ ਰਾਸ, ਗੋਪੀ ਕਾਹਨ ਜਗਾਈਆ । ਕਰ ਕੇ ਨੂਰ ਪਰਕਾਸ਼, ਜੋਤੀ ਜੋਤ ਡਗਮਗਾਈਆ । ਮੰਜ਼ਲ ਮੇਟ ਕੇ ਵਾਟ, ਪੈਂਡਾ ਪੰਧ ਗਵਾਈਆ । ਛੱਡ ਕੇ ਬਿਸਤਰ ਖਾਟ, ਨਿਰਗੁਣ ਹੋ ਕੇ ਵੇਖਾਂ ਥਾਉਂ ਥਾਈਂਆ । ਦੁਰਮਤ ਮੈਲ ਦੇਵਾਂ ਕਾਟ, ਅੰਮ੍ਰਿਤ ਰਸ ਚਖਾਈਆ । ਝਗੜਾ ਰਹੇ ਨਾ ਜਾਤ ਪਾਤ, ਵਰਨ ਬਰਨ ਨਾ ਕੋਇ ਲੜਾਈਆ । ਕਲਜੁਗ ਕੂੜੀ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਛੱਬੀ ਪੋਹ ਨੂੰ ਦੇ ਕੇ ਦਾਤ, ਪੜਦਾ ਅੰਦਰੋਂ ਦਿਆਂ ਖੁਲ੍ਹਾਈਆ । ਇਹ ਪੈਗ਼ੰਬਰਾਂ ਦਾ ਵਾਕ, ਅਵਤਾਰਾਂ ਨਾਲ ਮਿਲਾਈਆ । ਅਵਤਾਰਾਂ ਦਾ ਸਾਕ, ਗੁਰੂ ਗੁਰਦੇਵ ਸਮਾਈਆ । ਸਭ ਦੀ ਸਾਂਝੀ ਜਮਾਤ, ਅੱਖਰ ਇਕ ਪੜ੍ਹਾਈਆ । ਪ੍ਰਭੂ ਨੇ ਦੱਸਣੀ ਉਹ ਲੁਗਾਤ, ਜਿਸ ਦਾ ਚਾਰ ਜੁਗ ਨਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਪੋਹ ਕਹੇ ਪ੍ਰਭ ਤੇਰੀ ਕਿਹੜੀ ਲੁਗ਼ਾਤ, ਬਿਨ ਅੱਖਰਾਂ ਲਈ ਬਣਾਈਆ । ਪੁਰਖ ਅਕਾਲ ਕਹੇ ਜਿਸ ਵਿਚੋਂ ਅਵਤਾਰ ਪੈਗ਼ੰਬਰਾਂ ਦੇਵਾਂ ਸੁਗ਼ਾਤ, ਗੁਰੂਆਂ ਨਾਮ ਪੜ੍ਹਾਈਆ । ਉਹਦੀ ਨਾ ਕੋਈ ਪੱਟੀ ਨਾ ਜਮਾਤ, ਨਾ ਕੋਈ ਲੇਖ ਲਿਖਣ ਵਾਲੀ ਸ਼ਾਹੀਆ । ਨਾ ਕਿਸੇ ਹੋਰ ਨੂੰ ਦੱਸੀ ਜਾਚ, ਹੱਥ ਨਾ ਕਿਸੇ ਫੜਾਈਆ । ਜਿਸ ਵੇਲੇ ਚਾਹਾਂ ਵਰਤਾਂ ਆਪ, ਆਪਣੀ ਕਾਰ ਕਮਾਈਆ । ਇਹ ਅਗੰਮ ਖੇਲ ਤਮਾਸ਼, ਅਗੰਮ ਤੋਂ ਅੱਗੇ ਹੋਰ ਰਖਾਈਆ । ਜਿਸ ਘਰ ਦਾ ਕਿਸੇ ਨਹੀਂ ਤੱਕਿਆ ਪਰਕਾਸ਼, ਗੁਰ ਅਵਤਾਰ ਪੈਗ਼ੰਬਰ ਪ੍ਰਭ ਦੇ ਉਤੇ ਅੱਖ ਨਾ ਕੋਇ ਉਠਾਈਆ । ਇਹ ਮਜ਼ਮੂਨ ਹੋਣਾ ਖ਼ਾਸ, ਜੋ ਗੋਬਿੰਦ ਖ਼ਾਲਸ ਖ਼ਾਲਸਾ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਪੋਹ, ਸਾਚਾ ਦੱਸਣਾ ਓਹ ਮਜ਼ਮੂਨ, ਜਿਸ ਦਾ ਲੇਖ ਨਾ ਕੋਇ ਬਣਾਈਆ । ਜਿਸ ਨਾਲ ਜੁਗ ਚੌਕੜੀ ਬਦਲਦੇ ਕਾਨੂੰਨ, ਕਾਇਦਾ ਕਵਾਇਦ ਵਿਚ ਰਖਾਈਆ । ਸਾਰੇ ਬਣਦੇ ਮਮਨੂਨ, ਨਿਉਂ ਨਿਉਂ ਸੀਸ ਝੁਕਾਈਆ ।

ਅੰਤਮ ਕਰ ਕੇ ਮਰਹੂਮ, ਮਹਿਰਮ ਹੋ ਕੇ ਆਪਣੀ ਖੇਲ ਖਿਲਾਈਆ । ਬੱਚੇ ਨੰਨ੍ਹੇ ਮਾਸੂਮ, ਜੁਗ ਜੁਗ ਸੇਵ ਲਗਾਈਆ । ਹੁਕਮ ਦੇ ਕੇ ਨਾ ਮਾਲੂਮ, ਬਿਨ ਅੱਖਰਾਂ ਕਰਾਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਦਸਾਈਆ । ਪੋਹ, ਮੇਰਾ ਅੱਖਰ ਅਗੰਮ ਅਨੋਖਾ, ਧੁਰ ਧਾਮ ਸਮਝ ਕਿਸੇ ਨਾ ਆਈਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਧੁੰਆਂਧਾਰ ਨਾ ਕੋਇ ਬਣਾਈਆ । ਜੁਗ ਜੁਗ ਇਕ ਨੂੰ ਦੇਵਾਂ ਮੌਕਾ, ਜਿਸ ਦੇ ਅੰਦਰ ਦਿਆਂ ਟਿਕਾਈਆ । ਬਾਕੀ ਜਗਤ ਜਹਾਨ ਫੋਕਾ, ਪੜ੍ਹ ਕੇ ਵਿਦਿਆ ਝਟ ਲੰਘਾਈਆ । ਪ੍ਰਭ ਕਾ ਭੇਵ ਪਾਉਣਾ ਨਹੀਂ ਸੌਖਾ, ਲੱਭਿਆਂ ਹੱਥ ਕਿਸੇ ਨਾ ਆਈਆ । ਓਥੇ ਅੱਖਰਾਂ ਵਾਲਾ ਨਹੀਂ ਕੋਈ ਪੋਥਾ, ਪੁਸਤਕ ਹੱਥ ਨਾ ਕੋਇ ਟਿਕਾਈਆ । ਇਕੋ ਨੂਰ ਜੋਤ ਜੋਤਾ, ਜੋਤੀ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਲਮਾ ਆਪ ਛੁਪਾਈਆ । ਪੋਹ, ਉਹ ਕਲਮਾ ਕਿਹੜਾ, ਜੋ ਅਲਿਫ਼ ਯੇ ਦੀ ਬਣਤ ਬਣਾਈਆ । ਜੋ ਜੁਗ ਜੁਗ ਪਾਵੇ ਝੇੜਾ, ਝਗੜਾ ਜਗਤ ਲੜਾਈਆ । ਵਸਦਾ ਉਜਾੜੇ ਖੇੜਾ, ਉਜੜੇ ਦਏ ਵਸਾਈਆ । ਡੁੱਬਦਾ ਤਾਰੇ ਬੇੜਾ, ਤਰਦਿਆਂ ਦਏ ਡੁਬਾਈਆ । ਸੂਰਜ ਚੰਦ ਦੇ ਹੁੰਦਿਆਂ ਕਰੇ ਅੰਧੇਰਾ, ਬਿਨ ਸੂਰਜ ਚੰਦ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਭਵਾਏ ਵਿਚ ਗੇੜਾ, ਜੁਗ ਚੌਕੜੀ ਸੇਵ ਲਗਾਈਆ । ਹੁਕਮ ਸੁਣਾਏ ਮੰਦਰ ਵੜ ਕੇ ਨੇੜਾ, ਅੰਦਰ ਦਏ ਜਣਾਈਆ । ਕਵਣ ਗੋਬਿੰਦ ਕਵਣ ਚੇਰਾ, ਚੇਲਾ ਗੁਰ ਕਵਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਰਿਹਾ ਉਠਾਈਆ । ਪੋਹ, ਉਹ ਅੱਖਰ ਕੋਈ ਨਾ ਪੜ੍ਹਦਾ, ਪੜ੍ਹਿਆਂ ਸਮਝ ਕੋਇ ਨਾ ਪਾਈਆ । ਜਿਹੜਾ ਤਨ ਵਜੂਦ ਪਾ ਕੇ ਫੇਰ ਮਰਦਾ, ਨਾਤਾ ਜਗਤ ਵਿਚ ਰਖਾਈਆ । ਅਗਨੀ ਵਿਚ ਸੜਦਾ, ਗੋਰ ਵਿਚ ਦਬਾਈਆ । ਉਹ ਮੰਗਤਾ ਪ੍ਰਭ ਦੇ ਘਰ ਦਾ, ਖ਼ਾਲੀ ਝੋਲੀ ਅੱਗੇ ਡਾਹੀਆ । ਜਿਸ ਵੇਲੇ ਕਿਰਪਾ ਆਪਣੀ ਕਰਦਾ, ਕਿਰਨ ਕਿਰਨ ਜੋਤ ਰੁਸ਼ਨਾਈਆ । ਉਸ ਦੇ ਅੰਦਰ ਆ ਜਾਏ ਫਿਰਦਾ ਫਿਰਦਾ, ਫਿਰਤ ਫਿਰਤ ਆਪਣਾ ਫੇਰਾ ਪਾਈਆ । ਭੇਵ ਖੁਲ੍ਹਾਵੇ ਪਿਛਲਾ ਚਿਰ ਦਾ, ਪੜਦਾ ਆਪ ਉਠਾਈਆ । ਘਰ ਵਖਾ ਕੇ ਨਿਰਵੈਰ ਨਿਰ ਦਾ, ਨਿਰਾਕਾਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਪੋਹ ਕਹੇ ਪ੍ਰਭ ਪੜ੍ਹੀ ਕੀ ਕਲਾਮ, ਕਿਸ ਮਕਤਬ ਕਰੇਂ ਪੜ੍ਹਾਈਆ । ਮਜ਼੍ਹਬ ਕੀ ਇਸਲਾਮ, ਇਸਮ ਕੀ ਸਮਝਾਈਆ । ਬਖ਼ਸ਼ੇਂ ਕੀ ਪੈਗ਼ਾਮ, ਹੁਕਮ ਧੁਰਦਰਗਾਹੀਆ । ਪਰਵਰਦਿਗਾਰ ਕਹੇ ਉਹ ਜਾਣੇ ਇਕ ਅਮਾਮ, ਅਮਲਾਂ ਤੋਂ ਰਹਿਤ ਨੂਰ ਖ਼ੁਦਾਈਆ । ਜਿਹੜਾ ਸਭ ਦਾ ਬਦਲ ਦੇਵੇ ਨਜ਼ਾਮ, ਇੰਤਜ਼ਾਮ ਆਪਣੇ ਹੱਥ ਰਖਾਈਆ । ਉਸ ਦਾ ਖੇਲ ਹੋਣਾ ਮਹਾਨ, ਮਹਿੰਮਾ ਅਕਥ ਬੇਪਰਵਾਹੀਆ । ਸਭ ਨੂੰ ਸਾਂਝਾ ਦੇਣਾ ਇਕ ਗਿਆਨ, ਅਗਿਆਨ ਅੰਧੇਰ ਮਿਟਾਈਆ । ਛੱਬੀ ਪੋਹ ਦਿਵਸ ਮਹਾਨ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਖ਼ਬਰਾਂ ਖ਼ਬਰ ਸੁਣਾਈਆ । ਪ੍ਰਭੂ ਕਿਹੜੀ ਬੇਖ਼ਬਰਾਂ ਖ਼ਬਰ, ਖ਼ਬਰਦਾਰੀ ਵਿਚ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਰ ਕੇ ਬੈਠੇ ਸਬਰ, ਸਿਦਕ ਤੇਰੇ ਵਿਚ ਟਿਕਾਈਆ । ਸਭ ਦੀ ਕੂਕ ਕੇ ਕਹੇ ਕਬਰ, ਕਾਅਬੇ ਦੇ ਮਾਲਕ ਨੂਰ ਇਲਾਹੀਆ । ਤੇਰਾ ਹੁਕਮ ਇਕ ਜਬਰ, ਜਮੀਅਤੁਲ ਜ਼ਮਾਂ ਕਰੇ ਰੁਸ਼ਨਾਈਆ । ਅਸੀਂ ਵੇਖਦੇ ਉਪਰ ਅੰਬਰ, ਬਿਨ ਅੱਖਾਂ ਅੱਖ ਉਠਾਈਆ । ਕੀ ਰਚਨਾ ਨਿਰਗੁਣ ਜਗਤ ਸਵੰਬਰ, ਪੜਦਾ ਦੇਣਾ

ਚੁਕਾਈਆ । ਕਲਜੁਗ ਕੂੜੀ ਕਿਰਿਆ ਮੇਟੇਂ ਅਡੰਬਰ, ਤੇਰਾ ਨਾਮ ਦੁਹਾਈਆ । ਸਰਬ ਕਲਾ ਸਚ ਸਵਾਮੀ ਭਰਤੰਬਰ, ਭਰਪੂਰ ਰਿਹਾ ਸਭ ਠਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇਣਾ ਦਰਸਾਈਆ । ਸਾਚਾ ਭੇਵ ਖੋਲ੍ਹ ਦੇ ਧੁਰ ਦੇ ਪਰਵਰਦਿਗਾਰ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਮੁਹੰਮਦ ਵੇਖੇ ਨਾਲ ਚਾਰ ਯਾਰ, ਚਾਰ ਯਾਰੀ ਕੰਮ ਕਿਸੇ ਨਾ ਆਈਆ । ਗ਼ਫ਼ਲਤ ਵਿਚ ਨਿੰਦਰਾ ਵਿਚ ਸੁੱਤਾ ਸੰਸਾਰ, ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਸਦੀ ਚੌਧਵੀਂ ਜਾਏ ਹਾਰ, ਹਾਏ ਉਫ਼ ਤੇਰਾ ਨਾਮ ਦੁਹਾਈਆ । ਤੇਰਾ ਕਲਮਾ ਕਾਇਨਾਤ ਕਰੇ ਗ੍ਰਿਫ਼ਤਾਰ, ਮੁਰੀਦ ਮੁਰਸ਼ਦ ਤੇਰੀ ਬੇਪਰਵਾਹੀਆ । ਹਉਂ ਸਦਕੇ ਵਾਰੀ ਬਲਹਾਰ, ਕਦਮਬੋਸੀ ਲੈ ਕੇ ਕਦਮ ਕਦਮ ਸਰਨਾਈਆ । ਜ਼ੁਲਫ਼ੇ ਜ਼ਕੀਰ ਜਾਹਰੇ ਕਤੀਲੇ ਕੁਸ਼ਾ ਕਸ਼ਮਕਸ਼ ਵੇਖ ਕੂੜੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਦਰ ਤੇਰੇ ਮੰਗ ਮੰਗਾਈਆ । ਖ਼ੁਦੀਉਲ ਮੀਜ਼ਾਂ, ਮਜ਼ੀਨੇ ਨਿਜ਼ਾਂ, ਰਜ਼ੋਲੇ ਵਿਜ਼ਾਂ, ਮੁਹੰਮਦੇ ਦੁਆ, ਅਹਿਮਦੇ ਖ਼ੁਦਾ, ਤੇਰੀ ਰਬਾਂ ਜਾਤੇ ਨਜ਼ਾਂ, ਨਜ਼ੀਲ ਖੁਰਾਰ ਨਜ਼ਰੀਂ ਆਈਆ । ਵਾਇਫ਼ਤੇ ਰਜ਼ੀ ਕੁਲਾਸਤੇ ਜ਼ਕੂਮੇ ਗ਼ੁਨਾ ਬਣਾਈਆ । ਬੇਮਿਸਾਲੇ ਜਹਾਂ ਚਾਰੇ ਜ਼ਰੂ ਆਸੀਦੇ ਨਰੁਦ, ਬਸਤੀਏ ਤਬਕ ਨਜ਼ਰੀ ਆਈਆ । ਦੁਖ਼ਤੇ ਦਰਿੰਦ, ਜ਼ਕਤੇ ਨਰਿੰਦ, ਕੋਸੇ ਗੋਬਿੰਦ, ਤੇਗ਼ੇ ਨਸ਼ਿੰਦ, ਸੁਲਤਾਨੇ ਦਹਿੰਦ, ਜ਼ੀਨੇ ਜ਼ਕੂਰ ਜ਼ੀਰ ਜ਼ਾਈਆ । ਆਸ਼ਾ ਅਮਾਮ, ਖ਼ਾਹਸ਼ਾਂ ਤਮਾਮ, ਮੁਹੰਮਦੇ ਰਜ਼ਾ, ਹਮਦੇ ਸਨਾ, ਸਾਹਿਬ ਸੁਲਤਾਨ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਦਰ ਠਾਂਡੇ ਮੰਗ ਮੰਗਾਈਆ । ਤਬੀਉਲ ਤਬਕ, ਨਜ਼ੀ ਜ਼ਰੇ ਸਬਕ, ਵਜ਼ੂਖਰੇ ਜ਼ਬਤ, ਚਬੂਤਰੇ ਨਿਵਾਨੀ, ਸ਼ਖ਼ਸ ਅਸਮਾਨੀ, ਅਸੀਸ਼ਰਰੁਰ ਰੁਹਾ ਰੰਗੀਨੇ ਰੰਗਾਈਆ । ਰੰਗਤੇ ਰੰਗੁ, ਰਾਜ਼ਕ ਰਹੀਮ, ਰਹਿਮਤ ਇਕ ਅਲਾਹੀਆ । ਬਾਸ਼ਿੰਦੇ ਬਸ਼ਕੂਕ ਸ਼ਾਵਿੰਦੇ ਨਹਿਸੂਕ, ਗੋਬਿੰਦੇ ਮਤਰੂ ਔਰੰਗੇ ਜਨੂਬ, ਜਾਨਬੇ ਜਿਸ਼ਨ ਜਗਹ ਜਗਹ ਜਗਤ ਜਗਿਆਸੂ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਤੇ ਸ਼ਰੂ, ਅਲਮਸਤੇ ਨਰੂ, ਖ਼ੁਦਾਏ ਹੂ, ਹਕ ਹਕ ਹਕ਼ੀਕ਼ਤ ਵੇਖ ਵਖਾਈਆ ।

★ ੨ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਆਤਮ ਪਰਮਾਤਮ ਧੁਰ ਦਾ ਨਾਤਾ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਤਤ ਸ਼ਰੀਰ ਜਗਤ ਸਾਥਾ, ਪੰਚਮ ਪੰਚ ਵੱਜੇ ਵਧਾਈਆ । ਕਿਰਪਾ ਕਰੇ ਪੁਰਖ ਸਮਰਾਥਾ, ਹਰਿ ਕਰਤਾ ਧੁਰਦਰਗਾਹੀਆ । ਤੂੰ ਮੇਰਾ ਮੈਂ ਤੇਰਾ ਸਾਂਝੀ ਹੋਵੇ ਗਾਥਾ, ਅਗੰਮ ਅਥਾਹ ਪੜ੍ਹਾਈਆ । ਮਨ ਮਮਤਾ ਮਿਟੇ ਅੰਧੇਰੀ ਰਾਤਾ, ਕੂੜੀ ਕਿਰਿਆ ਕੂੜ ਚੁਕਾਈਆ । ਸਤਿਗੁਰ ਸ਼ਬਦ ਸਤਿ ਸਚ ਸਾਚਾ, ਸੰਜਮ ਇਕੋ ਇਕ ਰਖਾਈਆ । ਭਾਗ ਲੱਗੇ ਕਾਇਆ ਮਾਟੀ ਕੰਚਨ ਗੜ੍ਹ ਕਾਚਾ, ਪਤਿਪਰਮੇਸ਼ਵਰ ਵੇਖ ਵਖਾਈਆ । ਭਗਤ ਸੁਹੇਲਾ ਬਣੇ ਰਾਖਾ, ਏਥੇ ਓਥੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਆਤਮ ਪਰਮਾਤਮ ਆਦਿ ਜੁਗਾਦੀ ਮੇਲਾ, ਮਿਲਣੀ ਹਰਿ ਜਗਦੀਸ ਕਰਾਈਆ । ਜਨ ਭਗਤਾਂ ਰੰਗ ਚਾੜ੍ਹੇ ਸਦਾ ਨਵੇਲਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਵਕਤ ਸੁਹੰਜਣਾ ਕਰੇ ਸੁਹੇਲਾ, ਵੱਜੇ ਨਾਮ

ਵਧਾਈਆ । ਭਾਗ ਲਗਾਏ ਕਾਇਆ ਮਾਟੀ ਜੰਗਲ ਜੂਹ ਉਜਾੜ ਪਹਾੜ ਬੇਲਾ, ਡੂੰਘੀ ਭਵਰੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਆਪ ਸੁਹਾਈਆ । ਸਾਚਾ ਘਰ ਸੋਭਾਵੰਤ, ਹਰਿ ਕਰਤਾ ਇਕ ਦ੍ਰਿੜਾਇੰਦਾ । ਜਿਥੇ ਮੇਲਾ ਹੋਵੇ ਨਾਰ ਕੰਤ, ਪ੍ਰੇਮ ਪ੍ਰੀਤੀ ਇਕੋ ਇਕ ਸਮਝਾਇੰਦਾ । ਕਾਇਆ ਚੋਲੀ ਚੜ੍ਹੇ ਰੰਗ ਬਸੰਤ, ਦੁਰਮਤ ਮੈਲ ਸਰਬ ਧਵਾਇੰਦਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਭੇਵ ਚੁਕਾਇੰਦਾ । ਮੇਲ ਮਿਲਾ ਕੇ ਸਾਚੀ ਸੰਗਤ, ਸਗਲਾ ਸੰਗ ਆਪ ਹੋ ਜਾਇੰਦਾ । ਲੋੜ ਰਹੇ ਨਾ ਕਿਸੇ ਪਾਂਧਾ ਪੰਡਤ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਪੰਧ ਮੁਕਾ ਕੇ ਬਹਿਸ਼ਤ ਜੱਨਤ, ਸਚਖੰਡ ਦਵਾਰ ਇਕ ਸੁਹਾਇੰਦਾ । ਸੋ ਗੁਰਮੁਖ ਵੇਖੇ ਸੰਤ, ਹਰਿ ਸਾਜਨ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਜੁਗਾਦੀ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ ।

### ★ ੨ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਪੋਹ ਕਹੇ ਸੁਣ ਕਲਜੁਗ ਪ੍ਰਭ ਦੇ ਛੋਟੇ ਪੱਪੂ, ਪਤਾ ਤੈਨੂੰ ਦਿਆਂ ਜਣਾਈਆ । ਪੁਰਖ ਅਕਾਲ ਸਭ ਦਾ ਬੰਨ੍ਹ ਕੇ ਮੱਕੂ, ਮੁਕੰਮਲ ਆਪਣਾ ਹੁਕਮ ਵਰਤਾਈਆ । ਕਿਸੇ ਦੀ ਪਤ ਕੋਇ ਨਾ ਰੱਖੂ, ਸਿਰ ਹੱਥ ਨਾ ਕੋਇ ਟਿਕਾਈਆ । ਔਹ ਵੇਖ ਧਾਹਾਂ ਮਾਰ ਕੇ ਰੋ ਪਿਆ ਯਸੂ, ਮਸੀਹ ਰਿਹਾ ਕੁਰਲਾਈਆ । ਮੁਹੰਮਦ ਖੇੜਾ ਕਿਸ ਬਿਧ ਵਸੂ, ਚੌਦਾਂ ਤਬਕ ਦੇਣ ਦੁਹਾਈਆ । ਮੂਸਾ ਕਿਹੜੀ ਧਾਰ ਨੱਠੂ, ਆਪਣਾ ਰਾਹ ਤਕਾਈਆ । ਸਭ ਦਾ ਲਹਿਣਾ ਦੇਣਾ ਫਟੂ, ਫਾਟਕ ਪਿਛਲੇ ਬੰਦ ਕਰਾਈਆ । ਜਗਤ ਕੂੜੀ ਧਾਰ ਕੱਟੂ, ਕਟਕ ਆਪਣਾ ਨਾਮ ਚੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਸਦੀ ਚੌਧਵੀਂ ਪੁੱਤ ਬਣੇ ਮਨਖੱਟੂ, ਖੱਟੀ ਖੱਟ ਨਾ ਕੋਇ ਵਖਾਈਆ । ਅੰਤਮ ਆਪਣੇ ਖਾਤੇ ਸੱਟੂ, ਸੱਟ ਜ਼ਰਬ ਨਾ ਕੋਇ ਲਗਾਈਆ । ਧੁਰ ਦਾ ਮਾਰਗ ਏਕਾ ਦੱਸੂ, ਦਹਿ ਦਿਸ਼ਾ ਕਰ ਰੁਸ਼ਨਾਈਆ । ਜਨ ਭਗਤਾਂ ਅੰਦਰ ਵਸੂ, ਆਪਣਾ ਨੂਰ ਕਰ ਰੁਸ਼ਨਾਈਆ । ਜਿਸ ਨੇ ਤਾਰਨੇ ਪੰਛੀ ਪਸ਼ੂ, ਪਰੇਤ ਦੇਵ ਬਣਾਈਆ । ਸ਼ਬਦੀ ਧਾਰ ਹੋ ਕੇ ਹੱਸੂ, ਹਸਤੀ ਆਪਣੀ ਇਕ ਵਖਾਈਆ । ਚਾਰ ਕੁੰਟ ਪੈਣੀ ਗ਼ਸ਼ੂ, ਗਸ਼ਤ ਲਾ ਕੇ ਵੇਖੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਪੋਹ ਕਹੇ ਕਲਜੁਗ ਤੇਰਾ ਹੋਣਾ ਅੰਤ ਅੰਧੇਰਾ, ਆਂਧੀ ਅੰਦਰਾਂ ਅੰਦਰੋਂ ਪਰਗਟਾਈਆ । ਪੁਰਖ ਅਕਾਲ ਦਾ ਗਿੜਨਾ ਗੇੜਾ, ਕੋਹਲੂ ਚੱਕੀ ਚੱਕ ਭਵਾਈਆ । ਵਸਿਆ ਰਹੇ ਨਾ ਕੋਈ ਖੇੜਾ, ਖਿੜਕੀ ਕੁੰਡੇ ਸਭ ਦੇ ਦਏ ਭੰਨਾਈਆ । ਚਾਰ ਕੁੰਟ ਚੌਗਿਰਦੀ ਝੇੜਾ, ਹਾਹਾਕਾਰ ਦੁਹਾਈਆ । ਸਭ ਨੂੰ ਕੱਟੇ ਬੇਰਾ ਬੇਰਾ, ਬਿਰਤੀ ਸ਼ਬਦ ਨਾ ਕੋਇ ਲਗਾਈਆ । ਸਾਹਿਬ ਦਿਸੇ ਨਾ ਨੇਰਨ ਨੇਰਾ, ਨਿਰਤ ਸੁਰਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਪੋਹ ਕਹੇ ਸੁਣ ਕਲਜੁਗ ਪ੍ਰਭ ਦੇ ਬੱਚੇ ਲੌਹਕੇ, ਲਵਾਰਸ ਦਿਆਂ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੌਕੇ, ਧੀਰਜ ਧਰਵਾਸ ਨਾ ਕੋਇ ਵਖਾਈਆ । ਜੋ ਗੁਰ ਅਵਤਾਰ ਪੈਗ਼ੰਬਰ ਗਏ ਗੌਂ ਕੇ, ਢੋਲੇ ਨਾਮ ਸ਼ਬਦ ਕਰ ਸ਼ਨਵਾਈਆ ।


੧੦੦੧
੨੦

ਸੋ ਮਾਲਕ ਆਇਆ ਭੌਂ ਕੇ, ਨਿਰਗੁਣ ਆਪਣਾ ਵੇਸ ਵਟਾਈਆ । ਡੰਕ ਵਜਾਏ ਆਪਣੇ ਨਾਉਂ ਕੇ, ਨਾਉਂ ਨਿਰੰਕਾਰਾ ਇਕ ਪਰਗਟਾਈਆ । ਜੋ ਤਤ ਵਜੂਦ ਗਏ ਸੌਂ ਕੇ, ਨਾਤਾ ਜਗਤ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਪੋਹ ਕਹੇ ਕਲਜੁਗ ਔਹ ਵੇਖ ਤੰਬੀ ਟੋਪੀ, ਤਹਿਮਤ ਨਾਲ ਮਿਲਾਈਆ । ਔਹ ਵੇਖ ਬੰਸਰੀ ਗੋਪੀ, ਕਾਹਨ ਦੇ ਪਿਛੇ ਦੁਹਾਈਆ । ਔਹ ਵੇਖ ਪੁਸਤਕ ਪੋਥੀ, ਪੋਰਾ ਪੋਰਾ ਆਪਣਾ ਆਪ ਕਟਾਈਆ । ਔਹ ਵੇਖ ਰਵਿਦਾਸ ਚਮਾਰਾ ਮੋਚੀ, ਜੋ ਮਜਲਸ ਪ੍ਰਭ ਦੇ ਨਾਲ ਰਖਾਈਆ । ਔਹ ਵੇਖ ਜਿਨ੍ਹਾਂ ਨੇ ਖੋਜਣ ਖੋਜੀ, ਜਨ ਭਗਤ ਸੁਹੇਲੇ ਨਜ਼ਰੀ ਆਈਆ । ਜਿਨ੍ਹਾਂ ਦਾ ਮਾਲਕ ਇਕੋ ਚੋਜੀ, ਹਰਿ ਕਰਤਾ ਧੁਰਦਰਗਾਹੀਆ । ਜਨਮ ਜਨਮ ਦਾ ਰਹੇ ਕੋਈ ਨਾ ਰੋਗੀ, ਦੁੱਖ ਦਰਦ ਦਏ ਗਵਾਈਆ । ਆਪਣੇ ਮਿਲਣ ਦੀ ਦੇ ਕੇ ਸੋਝੀ, ਸੁੱਤਿਆਂ ਲਿਆ ਉਠਾਈਆ । ਝਗੜਾ ਰੱਖਿਆ ਨਾ ਜੰਞੂ ਬੋਦੀ, ਮੂੰਡ ਮੁੰਡਾਏ ਨਾ ਭੇਵ ਜਣਾਈਆ । ਸਭ ਦੀ ਆਤਮ ਅੰਦਰੋਂ ਸੋਧੀ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਖੇਲ ਵਖਾਏ ਇਕ ਦੋ ਕੀ, ਦੋਹਰੀ ਧਾਰ ਜਣਾਈਆ । ਧਾਰ ਪਰਗਟਾ ਕੇ ਸੋਹੰ ਸੋ ਦੀ, ਸੂਰਤ ਪ੍ਰਭ ਦੀ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਪੋਹ ਕਹੇ ਕਲਜੁਗ ਪ੍ਰਭ ਦੇ ਨਿੱਕੇ ਛੋਟੇ ਲਾਲ, ਲਾਲਨ ਦਿਆਂ ਜਣਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲ ਆਪਣੀ ਰਿਹਾ ਵਰਤਾਈਆ । ਭੱਜਾ ਫਿਰੇ ਚਾਰ ਕੁੰਟ ਰਵਾਲ, ਰਸਤਾ ਹੱਥ ਕੋਇ ਨਾ ਆਈਆ । ਗੁਰ ਅਵਤਾਰ
੧੦੦੨ ਪੈਗ਼ੰਬਰ ਘਾਲ ਕੇ ਘਾਲ, ਸੇਵਾ ਸੇਵਕ ਰੂਪ ਕਮਾਈਆ । ਸੰਦੇਸ਼ਾ ਦੇ ਕੇ ਬੇਮਿਸਾਲ, ਮਿਸਲ ਮਸਲਿਆਂ ਵਾਲੀ ਬਣਾਈਆ । ਕਿਰਪਾ ਕਰੇ ੧੦੦੨
੨੦ ਦੀਨ ਦਿਆਲ, ਦਇਆਨਿਧ ਵੱਡੀ ਵਡਿਆਈਆ । ਕਲਜੁਗ ਅੰਤ ਬਦਲ ਕੇ ਚਾਲ, ਨਿਰਾਲੀ ਆਪਣੀ ਰਿਹਾ ਪਰਗਟਾਈਆ । ਸੰਤ ਸੁਹੇਲੇ ੨੦
ਸੱਜਣ ਭਾਲ, ਭਰਮ ਭੁਲੇਖਾ ਦੂਰ ਕਰਾਈਆ । ਸਦੀ ਦਾ ਸਾਚਾ ਬਣ ਦਲਾਲ, ਦਿਲਾਵਰ ਇਕੋ ਹੁਕਮ ਸੁਣਾਈਆ । ਮਿਹਰ ਵਿਚ ਕਰਾਂ ਬਹਾਲ, ਮੁਹੱਬਤ ਵਿਚ ਪਾਰ ਲੰਘਾਈਆ । ਲੇਖਾ ਰਹੇ ਨਾ ਕਿਸੇ ਗਵਾਲ, ਗੋਕਲ ਵੰਡ ਨਾ ਕੋਇ ਵੰਡਾਈਆ । ਝਗੜਾ ਕਰੇ ਨਾ ਕੋਇ ਪਾਤਾਲ, ਆਕਾਸ਼ ਅੱਖਰ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਖੇਲ ਖਿਲਾਈਆ । ਪੋਹ ਕਹੇ ਕਲਜੁਗ ਪ੍ਰਭ ਦੇ ਬਰਖ਼ੁਰਦਾਰ, ਧੁਰ ਦਾ ਲੇਖਾ ਦਿਆਂ ਸੁਣਾਈਆ । ਉਠ ਵੇਖ ਅਗੰਮਾ ਯਾਰ, ਜਿਸ ਦਾ ਯਰਾਨਾ ਹੱਥ ਕਿਸੇ ਨਾ ਆਈਆ । ਕਦੀ ਬੰਦ ਨਾ ਹੋਵੇ ਵਿਚ ਚਾਰ ਦੀਵਾਰ, ਮੰਦਰ ਮਸਜਿਦ ਦੇਣ ਗਵਾਹੀਆ । ਸਭ ਤੋਂ ਵਸੇ ਬਾਹਰ, ਹਰ ਘਟ ਰਿਹਾ ਸਮਾਈਆ । ਨਿਰਗੁਣ ਜੋਤ ਕਰ ਉਜਿਆਰ, ਉਜਲ ਨੂਰ ਰਿਹਾ ਚਮਕਾਈਆ । ਆਪਣੇ ਹੱਥ ਸਭ ਕਿਛ ਲੈ ਬਣੇ ਮੁਖ਼ਤਿਆਰ, ਧੁਰ ਸੰਦੇਸ਼ਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਪੋਹ ਕਹੇ ਮੈਨੂੰ ਪੋਹ ਨਾ ਸਕੇ ਕਾਲ, ਜੀਵਣ ਮਰਨ ਵਿਚ ਨਾ ਆਈਆ । ਜਦ ਮਿਲਾਂ ਮਿਲਾਂ ਵਿਚ ਦੀਨ ਦਿਆਲ, ਦੂਜੇ ਘਰ ਨਾ ਡੇਰਾ ਲਾਈਆ । ਸਦਾ ਕਰਾਂ ਆਪਣਾ ਸਵਾਲ, ਨਿਰਗੁਣ ਹੋ ਕੇ ਝੋਲੀ ਡਾਹੀਆ । ਮੈਂ ਨੱਢਾ ਤੇਰਾ ਬਾਲ, ਪ੍ਰਭ ਤੇਰੇ ਹੱਥ ਵਡਿਆਈਆ । ਸਚ ਵਖਾ ਸੱਚੀ ਧਰਮਸਾਲ, ਦਰ ਦਵਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇ ਖੁਲ੍ਹਾਈਆ । ਪੋਹ ਕਹੇ ਮੈਂ ਦੇਵਾਂ ਪਨਾਹ ਪੁਸ਼ਤੇ, ਪਸਚਾਤਾਪ ਦਿਆਂ ਮਿਟਾਈਆ । ਕਲਜੁਗ

ਵੇਖ ਕੁਸ਼ਤੇ ਕੁਸ਼ਤੇ, ਕੂੜੀ ਕਿਰਿਆ ਦਏ ਦੁਹਾਈਆ । ਇਹ ਖੇਲ ਅਗੰਮੇ ਉਸ ਦੇ, ਜਿਸ ਦੀ ਉਸਤਤ ਕਰ ਕੇ ਸਾਰੇ ਢੋਲੇ ਗਾਈਆ । ਜਿਸ ਦੇ ਪ੍ਰੇਮੀ ਪਿਆਰੇ ਜਨ ਭਗਤ ਕਦੇ ਨਾ ਰੁੱਸਦੇ, ਰਾਹ ਚੱਲਣ ਸਚ ਰਜ਼ਾਈਆ । ਲੱਖ ਚੁਰਾਸੀ ਵਿਚ ਮੂਲ ਨਾ ਕੁਸ ਦੇ, ਮਮਤਾ ਮੋਹ ਮਿਟਾਈਆ । ਝਗੜੇ ਰਹਿਣ ਨਾ ਉਹਲੇ ਲੁਕ ਦੇ, ਹੁਕਮ ਇਕੋ ਇਕ ਵਰਤਾਈਆ । ਖੇਲ ਹੋਣੇ ਅਗੰਮੀ ਸੁਤ ਦੇ, ਦੁਲਾਰੇ ਗੋਬਿੰਦ ਵੱਜੇ ਵਧਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਝੁਕਦੇ, ਨਿਉਂ ਨਿਉਂ ਸੀਸ ਨਿਵਾਈਆ । ਓਥੇ ਪੈਂਡੇ ਮੁਕਦੇ, ਪਾਂਧੀ ਪੰਧ ਨਾ ਕੋਇ ਭਵਾਈਆ । ਅੱਗੇ ਢੋਲੇ ਗਾਉਂਣੇ ਸਭ ਨੇ ਇਕੋ ਤੁਕ ਦੇ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਭੇਵ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਵਖਾਈਆ । ਪੋਹ ਕਹੇ ਕਲਜੁਗ ਕੁਕਰਮੀ, ਤੈਨੂੰ ਲੋਕ ਕਹੇ ਲੋਕਾਈਆ । ਤੇਰੀ ਸਭ ਨੂੰ ਸਾੜੇ ਗਰਮੀ, ਪੋਹ ਵਿਚ ਠੰਡ ਨਾ ਕੋਇ ਵਰਤਾਈਆ । ਝਗੜਾ ਦਿਸੇ ਵਰਨੀ ਬਰਨੀ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਸਾਚੀ ਮੰਜ਼ਲ ਕਿਸੇ ਨਾ ਚੜ੍ਹਨੀ, ਦਰਗਾਹ ਸਚ ਨਾ ਕੋਇ ਸੁਹਾਈਆ । ਬਿਨ ਪੁਰਖ ਅਕਾਲ ਕਿਰਪਾ ਕਿਸੇ ਨਾ ਕਰਨੀ, ਕਰਤਬ ਆਪਣਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਚਲਾਈਆ । ਪੋਹ ਕਹੇ ਕਲਜੁਗ ਪ੍ਰਭ ਦਾ ਵੇਖ ਚਲਿੱਤ੍ਰ, ਚਲਤ ਕਰੇ ਲੋਕਾਈਆ । ਸਰਗੁਣ ਬਣੇ ਕੋਈ ਨਾ ਮਿਤਰ, ਮਿਤਰ ਪਿਆਰਾ ਦਏ ਵਡਿਆਈਆ । ਆਪਣੀ ਧਾਰੋਂ ਆਪੇ ਨਿੱਕਲ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਤਨ ਵਜੂਦ ਕਰ ਕੇ ਸਿਥਲ, ਸੁਰਤੀ ਸ਼ਬਦ ਮਿਲਾਈਆ । ਤਾਂਬਾ ਲੋਹਾ ਰਹੇ ਮੂਲ ਨਾ ਪਿੱਤਲ, ਪਤਿਪਰਮੇਸ਼ਵਰ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਸੁਹਾਈਆ । ਪੋਹ ਕਹੇ ਕਲਜੁਗ ਬਾਲੇ ਛੋਟੇ, ਛਿਟੀ ਤੇਰੀ ਕਿਸ ਮਨਾਈਆ । ਕਿਉਂ ਸੰਸਾਰ ਸਾਗਰ ਵਿਚ ਖਾਵੇਂ ਗ਼ੋਤੇ, ਜਲ ਪਾਣੀ ਡੇਰਾ ਲਾਈਆ । ਤੇਰੀ ਸੋਚ ਕਿਹੜਾ ਸੋਚੇ, ਸਮਝ ਸਮਝ ਨਾ ਕੋਇ ਸਮਝਾਈਆ । ਪੁਰਖ ਅਕਾਲ ਕੋਲ ਜਨ ਭਗਤ ਕਿਹੜੇ ਬਹੁਤੇ, ਬਹੁਤਿਆਂ ਵਿਚੋਂ ਥੋੜ੍ਹੇ ਪ੍ਰਭ ਦੇ ਰੰਗ ਸਮਾਈਆ । ਕਲਜੁਗ ਕੂੜੇ ਜਾਲ ਤੋੜ ਮੋਹ ਦੇ, ਮੁਹੱਬਤ ਇਕੋ ਇਕ ਦਰਸਾਈਆ । ਕਰ ਪਰਕਾਸ਼ ਆਪਣੀ ਲੋ ਦੇ, ਲੋਚਣ ਦੂਜਿਆਂ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਤੇਰੇ ਦਰ ਜਾਏ ਹੋ ਕੇ, ਹੁਕਮ ਨਾਲ ਹਿਕਮਤ ਪਿਛਲੀ ਦਏ ਬਦਲਾਈਆ ।

### ★ ੩ ਪੋਹ ਸ਼ਹਿਨਸ਼ਾਹੀ ਸੰਮਤ ੩ ਮੁਨੀ ਸੁਸ਼ੀਲ ਕੁਮਾਰ ਨਾਲ ਮੰਡੀ ਅਹਿਮਦ ਗੜ੍ਹ ਜ਼ਿਲਾ ਲੁਧਿਆਣਾ ★

ਸਚ ਸੁਹਾਵਣਾ ਸਮਾਂ ਹੋਇਆ ਅਹਿਮਦ ਗੜ੍ਹ, ਹਰ ਹਿਰਦੇ ਅੰਤਰ ਵੱਜੀ ਵਧਾਈਆ । ਮੁਨੀ ਸੁਸ਼ੀਲ ਪ੍ਰੇਮ ਮੁਹੱਬਤ ਧਾਰ ਲੈ ਕੇ ਆਇਆ ਚੜ੍ਹ, ਦਿੱਲੀਉਂ ਚਲਿਆ ਵਾਹੋ ਦਾਹੀਆ । ਕੂੜੀ ਕਿਰਿਆ ਸਭ ਦੇ ਅੰਦਰੋਂ ਲਏ ਫੜ, ਸ਼ਬਦ ਡੋਰੀ ਤੰਦ ਬੰਧਾਈਆ । ਸਾਚੇ ਪਿਆਰ ਵਿਚ ਮਾਰਗ ਦੱਸੇ ਨਾਰੀ ਨਰ, ਨਰ ਨਰਾਇਣ ਭੇਵ ਖੁਲ੍ਹਾਈਆ । ਸਤਿ ਧਰਮ ਦੀ ਕਰਨੀ ਲਓ ਕਰ, ਕੂੜੀ ਕਿਰਿਆ ਕੰਮ ਕਿਸੇ ਨਾ ਆਈਆ । ਸੁਰਤੀ ਸ਼ਬਦ ਲਓ ਫੜ, ਸ਼ਬਦ ਸੁਰਤ ਵਿਚ ਸਮਾਈਆ । ਜੀਵਤ ਜੀਵ ਜਗਤ ਵਾਸਨਾ ਵਿਚੋਂ ਜਾਵੇ ਮਰ, ਮਰ ਜੀਵਤ ਰੂਪ ਵਟਾਈਆ । ਜੋਤੀ


੧੦੦੩
੨੦

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਦ੍ਰਿੜਾਈਆ । ਅਹਿਮਦ ਗੜ੍ਹ ਆ ਕੇ ਵੇਖੀ ਮੰਡੀ, ਮੰਡਲ ਸੋਹਣਾ ਨਜ਼ਰੀ ਆਈਆ । ਮੁਨੀ ਜੀ ਸਿੱਧੀ ਕਰਨ ਆ ਗਏ ਸਭ ਦੀ ਡੰਡੀ, ਹਿਰਦੇ ਅੰਦਰ ਕਰੇ ਸਫ਼ਾਈਆ । ਦੂਈ ਦਵੈਤੀ ਢਾਹਵੇ ਟੇਢੀ ਡੰਡੀ, ਵਰਨ ਬਰਨ ਰਸਤਾ ਰਹਿਬਰ ਹੋ ਕੇ ਇਕ ਵਖਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਪਾਬੰਦੀ, ਜੋ ਆਤਮ ਪਰਮਾਤਮ ਜਾਣ ਕੇ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਚਾਰ ਵਰਨ ਅਠਾਰਾਂ ਬਰਨ ਗਾਵਣ ਸਾਚਾ ਛੰਦੀ, ਢੋਲਾ ਇਕੋ ਇਕ ਧੁਰਦਰਗਾਹੀਆ । ਸਚ ਦਵਾਰੇ ਮਿਲੇ ਇਕ ਅਨੰਦੀ, ਨਿਜ ਆਤਮ ਵੱਜੇ ਵਧਾਈਆ । ਸਭ ਤੋਂ ਵੇਖੀ ਪ੍ਰੇਮੀਆਂ ਵਾਲੀ ਸਭਾ ਚੰਗੀ, ਇਕ ਦੂਜੇ ਨੂੰ ਮਿਲ ਕੇ ਖ਼ੁਸ਼ੀ ਮਨਾਈਆ । ਜਨ ਭਗਤਾਂ ਨਿਜ ਨੇਤਰ ਅੱਖ ਰਹੇ ਕਿਸੇ ਨਾ ਅੰਧੀ, ਲੋਇਣ ਆਪਣਾ ਨੈਣ ਖੁਲ੍ਹਾਈਆ । ਮਨ ਵਾਸਨਾ ਮਮਤਾ ਮੋਹ ਵਿਕਾਰ ਹੰਕਾਰ ਵਿਭਚਾਰ ਕੂੜੀ ਕਿਰਿਆ ਕੱਢਣੀ ਦੁਰਗੰਧੀ, ਨਾਮ ਸੁਗੰਧੀ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਕਾਇਆ ਮਾਟੀ ਪੰਜ ਤਤ ਵਜੂਦ ਘਰ ਗ੍ਰਿਹ ਪੜਦਾ ਆਪ ਉਠਾਈਆ । ਅਹਿਮਦ ਗੜ੍ਹ ਵਕਤ ਸੁਹਾਣਾ, ਸੋਹਣਾ ਸਮਾਂ ਵਖਾਈਆ । ਪ੍ਰੇਮ ਪ੍ਰੀਤੀ ਰੰਗ ਰੰਗਾਣਾ, ਰੰਗਤ ਇਕੋ ਇਕ ਰੰਗਾਈਆ । ਸਭ ਨੇ ਮਿਲ ਕੇ ਇਕੋ ਧਾਮ ਸੁਹਾਣਾ, ਧਰਨੀ ਧਰਤ ਧਵਲ ਵੱਜੇ ਵਧਾਈਆ । ਜੋਤੀ ਜਾਤਾ ਪੁਰਖ ਬਿਧਾਤਾ ਦੇਵੇ ਮਾਣ ਵਡਿਆਈ ਸ੍ਰੀ ਭਗਵਾਨਾ, ਹਰਿ ਕਰਤਾ ਬੇਪਰਵਾਹੀਆ । ਜੀਵੇ ਜੰਤੇ ਜਾਗਰਤ ਜੋਤ ਵਿਚ ਵੇਖੋ ਮੁਨੀ, ਮੁਨੀਆਂ ਦਾ ਇਕ ਨਿਸ਼ਾਨਾ, ਨਿਸ਼ਾਨੇ ਕੂੜੇ ਰਿਹਾ ਬਦਲਾਈਆ । ਕਾਇਆ ਮੰਦਰ ਅੰਦਰ ਚੜ੍ਹ ਕੇ ਵੇਖੋ ਮੰਜ਼ਲ ਮਹਾਨਾ, ਜਿਥੇ ਮਿਲੇ ਬੇਪਰਵਾਹੀਆ । ਧੁਨ ਆਤਮਕ ਅਨਹਦ ਸ਼ਬਦ ਸੁਣੋ ਗਾਣਾ, ਤੁਰੀਆ ਤੋਂ ਪਰੇ ਪੜਦਾ ਦਏ ਉਠਾਈਆ । ਵਕਤ ਸੁਹੰਜਣਾ ਸੋਹਣਾ ਸਮਾਂ ਪ੍ਰੇਮੀਆਂ ਪਿਆਰ ਵਿਚ ਮਿਲ ਕੇ ਗਾਣਾ, ਗਾ ਗਾ ਖ਼ੁਸ਼ੀ ਮਨਾਈਆ । ਇਹ ਉਦਘਾਟਨ ਇਹ ਵਾਟਨ ਖੋਲ੍ਹੇ ਕਪਾਟਨ ਭੇਤ ਦੱਸੇ ਬਾਤਨ, ਜਾਹਰ ਬੈਠਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ਮੁਨੀ ਜੀ ਆਏ ਦੂਰੋਂ ਚਲ, ਆਪਣਾ ਪੰਧ ਮੁਕਾਈਆ । ਕਿਸੇ ਦੇ ਅੰਦਰ ਰਹਿਣ ਨਾ ਦੇਂਦੇ ਵਲ ਛਲ, ਕਪਟ ਵਿਕਾਰ ਰਹੇ ਮੁਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਅੰਦਰ ਰਹੇ ਨਾ ਕੂੜ ਦਲ, ਦਲਿੱਦ੍ਰ ਦੇਣ ਚੁਕਾਈਆ । ਧਾਮ ਵਖਾਵਣ ਇਕ ਅਟੱਲ, ਨਿਹਚਲ ਜਿਸ ਨੂੰ ਕਹਿ ਕੇ ਗਾਈਆ । ਜਿਥੇ ਦੀਪਕ ਜੋਤੀ ਇਕੋ ਦੀਆ ਰਿਹਾ ਬਲ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੋ ਮੇਟਣਹਾਰਾ ਸਭ ਦੇ ਦੂਈ ਦਵੈਤੀ ਸੱਲ, ਨਾਮ ਨਿਧਾਨ ਤੀਰ ਅਣਿਆਲਾ ਇਕ ਚਲਾਈਆ । ਸਭ ਦੇ ਸਾਹਮਣੇ ਸਚ ਸਿੰਘਾਸਣ ਪੁਰਖ ਅਬਿਨਾਸ਼ਨ ਨਿਰਗੁਣ ਧਾਰ ਸਰਗੁਣ ਉਜਿਆਰ ਹੋ ਕੇ ਬੈਠਾ ਮੱਲ, ਪੇਖ ਕੇ ਵੇਖ ਕੇ ਦੇਖ ਕੇ ਸੰਦੇਸ਼ ਵਿਚ ਨਰੇਸ਼ ਨਰ ਇਕੋ ਇਕ ਨਜ਼ਰੀ ਆਈਆ ।

### ★ ੧੨ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਬੇਨੰਤੀ ਕਰੇ ਬ੍ਰਾਹਮਣ ਸਿੰਘ ਤਾਰਾ, ਬਿਨ ਸੀਸ ਸੀਸ ਝੁਕਾਈਆ । ਪੁਰਖ ਅਕਾਲ ਤੇਰਾ ਇਸ਼ਾਰਾ, ਸ਼ਬਦੀ ਧਾਰ ਰਿਹਾ ਉਠਾਈਆ । ਤੇਰਾ ਹੁਕਮ ਅਗੰਮ ਅਪਾਰਾ, ਸੁਣ ਕੇ ਵੱਜੀ ਵਧਾਈਆ । ਮੈਂ ਵੇਖਿਆ ਵਿਚ ਸੰਸਾਰਾ, ਤੇਰੀ ਕੁਦਰਤ ਧਿਆਨ ਲਗਾਈਆ । ਚਾਰੋਂ ਕੁੰਟ ਧੁੰਦੂਕਾਰਾ,

ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬਖ਼ਸ਼ਣੀ ਇਕ ਸਰਨਾਈਆ । ਤੇਰਾ ਸੁਣ ਅਗੰਮੀ ਰਾਗ, ਅੰਤਰ ਵੱਜੀ ਵਧਾਈਆ । ਸਚ ਦਵਾਰੇ ਖੁਲ੍ਹੀ ਜਾਗ, ਨੈਣ ਅੱਖ ਨਾ ਕੋਇ ਬਦਲਾਈਆ । ਬੇਨੰਤੀ ਕਰਾਂ ਆਜ, ਦਰ ਤੇਰੇ ਸੀਸ ਨਿਵਾਈਆ । ਸੋਹਣਾ ਤੇਰਾ ਕਾਜ, ਜੋ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਤਾਰਾ ਕਹੇ ਮੈਂ ਦੱਸਾਂ ਨਾਲ ਤਰਤੀਬ, ਤਰਾ ਤਰਾ ਸਮਝਾਈਆ । ਛਿੰਨ ਵਿਚ ਹੁਕਮ ਮਿਲਿਆ ਅਜੀਬ, ਬਿਨ ਹਲਕਾਰਿਆਂ ਦਿਤਾ ਪੁਚਾਈਆ । ਮੱਸਾਂ ਸਿੰਘ ਜੋ ਸਿੰਘ ਗ਼ਰੀਬ, ਛੱਬੀ ਪੋਹ ਘੱਟੇ ਵਿਚ ਲਿਟਾਈਆ । ਓਸ ਦਾ ਸਤਾਰਾਂ ਪੋਹ ਨੂੰ ਵੱਡਾ ਰਹਿਣਾ ਨਹੀਂ ਅਜ਼ੀਜ਼, ਨਾਤਾ ਪੁੱਤਰ ਜਾਏ ਤੁੜਾਈਆ । ਇਹ ਖੇਲ ਤੇਰੀ ਕੋਈ ਨਾ ਸਮਝੇ ਬਦਨਸੀਬ, ਨਿਸਬਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇਣਾ ਵਖਾਈਆ । ਕੀ ਲੇਖਾ ਤੇਰਾ ਭਗਵਾਨ, ਭਗਵਨ ਦੇ ਜਣਾਈਆ । ਕਿਉਂ ਵਿਛੋੜਾ ਕਰੇਂ ਜਹਾਨ, ਦੀਨ ਦੁਨੀ ਦੁਹਾਈਆ । ਮੈਂ ਸੁਣ ਕੇ ਅਗੰਮ ਫ਼ਰਮਾਨ, ਭੱਜਿਆ ਵਾਹੋ ਦਾਹੀਆ । ਛੱਡ ਬ੍ਰਹਿਮੰਡ ਅਸਮਾਨ, ਧਰਨੀ ਧਵਲ ਵੇਖ ਵਖਾਈਆ । ਚਰਨੀ ਡਿੱਗਾ ਆਣ, ਬੇਨੰਤੀ ਇਕ ਜਣਾਈਆ । ਕਰ ਕਿਰਪਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਭਗਤਾਂ ਦਾ ਭਗਤਾਂ ਨਾਲ ਨਿਸ਼ਾਨ, ਪਿਤਾ ਪੂਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਆਪਣਾ ਹੱਥ ਰੱਖ ਮੇਰੇ ਭਗਵੰਤ, ਭਗਵਨ ਦਿਆਂ ਦ੍ਰਿੜਾਈਆ । ਜਨ ਭਗਤ ਖੇਲ ਨਹੀਂ ਚੁਰਾਸੀ ਜੰਤ, ਜੀਵ ਈਸ਼ ਤੇਰੀ ਸਰਨਾਈਆ । ਤੂੰ ਆਤਮਾ ਦਾ ਕੰਤ, ਪਰਮਾਤਮਾ ਬੇਪਰਵਾਹੀਆ । ਤਤ ਬਣਾਏਂ ਬਣਤ, ਘਾੜਤ ਅਜਬ ਘੜਾਈਆ । ਤੇਰਾ ਖੇਲ ਸਦਾ ਅਨੰਤ, ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗਲਾ ਦੇ ਦ੍ਰਿੜਾਈਆ । ਤਾਰਾ ਸਿੰਘ ਕਹੇ ਮੈਂ ਆਇਆ ਚੱਲ, ਚਲਤ ਤੇਰਾ ਵੇਖ ਵਖਾਈਆ । ਅੰਮ੍ਰਿਤ ਬਰਖੇ ਜਲ, ਭਗਤ ਵੱਜੇ ਵਧਾਈਆ । ਪੁੱਤਰ ਹੋਵੇ ਸਲ, ਮਾਤ ਪਿਤ ਜੁਦਾਈਆ । ਲਹਿਣਾ ਅੱਜ ਕਿ ਕੱਲ, ਕਾਲ ਨਗਾਰਾ ਰਿਹਾ ਡਰਾਈਆ । ਜੋ ਤੇਰੀ ਧਾਰ ਜਾਏ ਰਲ, ਸੋ ਤੇਰੇ ਵਿਚ ਸਮਾਈਆ । ਅਨੋਖਾ ਵੱਖਰਾ ਸਭ ਤੋਂ ਫਲ, ਪ੍ਰੇਮ ਟਹਿਣੀ ਨਾਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਤਾਰਾ ਸਿੰਘ ਕਹੇ ਮੈਂ ਆਇਆ ਉਪਰ ਧੌਲ, ਸ਼ਬਦੀ ਧਾਰ ਫੇਰਾ ਪਾਈਆ । ਮੱਸਾ ਸਿੰਘ ਸਮਝਣਾ ਨਹੀਂ ਮਖੌਲ, ਮਸਖ਼ਰਾ ਰੂਪ ਨਾ ਕੋਇ ਬਦਲਾਈਆ । ਮੇਰਾ ਤੇਰੇ ਨਾਲ ਇਕ ਕੌਲ, ਹਸਦਿਆਂ ਦਿਤਾ ਜਣਾਈਆ । ਭਾਵੇਂ ਮੈਂ ਪੰਡਤ ਪਾਂਧਾ ਬਾਹਮਣ ਨਹੀਂ ਰੌਲ, ਫਿਰ ਵੀ ਵੇਲੇ ਸਿਰ ਕਦੀ ਤੇਰੇ ਕੰਮ ਆਈਆ । ਅੱਜ ਹੁਕਮ ਵਜਾ ਕੇ ਕਹਿਵਾਂ ਢੋਲ, ਮਰਦੰਗ ਇਕ ਸੁਣਾਈਆ । ਆਪਣਾ ਪੜਦਾ ਰਿਹਾ ਖੋਲ੍ਹ, ਭੁੱਲ ਰਹੇ ਨਾ ਰਾਈਆ । ਨੌ ਜਨਮ ਮਾਰਦਾ ਰਿਹਾ ਰੋਲ, ਰੌਲਾ ਪਾ ਕੇ ਜਗਤ ਦੁਹਾਈਆ । ਅੰਤ ਛਕ ਅਗੰਮੀ ਪਾਹੁਲ, ਅੰਮ੍ਰਿਤ ਰਸ ਬਿਨ ਰਸਨਾ ਰਸ ਲਾਈਆ । ਹੁਣ ਆ ਕੇ ਤੇਰੇ ਕੋਲ, ਸਹਿਜ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਿਸ ਦਾ ਭੇਵ ਕੋਇ ਨਾ ਪਾਈਆ । ਸੁਣ ਸ਼ਬਦ ਅਗੰਮੀ ਬਾਤ, ਬਾਤਨ ਦਿਆਂ ਜਣਾਈਆ । ਥੋੜ੍ਹੇ ਸਮੇਂ ਵਿਚ ਮੈਨੂੰ ਦੱਸੀ ਬਾਤ, ਛਿੰਨ ਵਿਚ ਹੁਕਮ ਮਨਾਈਆ ।



੧੦੦੫
੨੦

ਬਖ਼ਸ਼ੀਸ਼ ਕਰਾਂ ਅੱਜ ਦੀ ਰਾਤ, ਮਿਹਰ ਨਜ਼ਰ ਉਠਾਈਆ । ਅੱਗੇ ਹੋਰ ਨਾ ਕੋਇ ਜਵਾਬ, ਸਵਾਲ ਕਹਿਣ ਕੋਇ ਨਾ ਪਾਈਆ । ਚਿਤਰ ਗੁਪਤ ਤੋਂ ਬਾਹਰ ਕਿਤਾਬ, ਲੇਖਾ ਆਪਣੇ ਹੱਥ ਵਖਾਈਆ । ਭਗਤਾਂ ਦਾ ਹਿਸਾਬ, ਪੁਰਖ ਅਕਾਲ ਗਿਣਤੀ ਗਣਤ ਨਾ ਕੋਇ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਕਰਾਂ ਸਦ ਸਦ ਆਦਾਬ, ਸੀਸ ਸੀਸ ਸੀਸ ਝੁਕਾਈਆ ।

ਭਿੰਨੜੀ ਰੈਣ ਕਹੇ ਮੇਰੀ ਅਰਜ਼ੋਈ, ਅਰਜ਼ ਆਰਜ਼ੂ ਇਕ ਜਣਾਈਆ । ਪਰਵਰਦਿਗਾਰ ਤੇਰਾ ਨਾਮ ਦਰੋਹੀ, ਦਰੋਹੀ ਤੋਬਾ ਨੂਰ ਖ਼ੁਦਾਈਆ । ਤੇਰਾ ਭੇਦ ਅਭੇਵ ਨਾ ਜਾਣੇ ਕੋਈ, ਪੜਦਾ ਸਕੇ ਨਾ ਕੋਇ ਉਠਾਈਆ । ਪਿਛਲਾ ਲੇਖਾ ਕਬੀਰ ਨਾਲ ਲੋਈ, ਲੋਇਣ ਲੋਚਨ ਅੱਖ ਖੁਲ੍ਹਾਈਆ । ਉਸ ਦੀ ਸੁਰਤ ਉਠਾਈ ਸੋਈ, ਸੁੱਤੀ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇਣਾ ਜਣਾਈਆ । ਭਿੰਨੜੀ ਰੈਣ ਕਹੇ ਮੇਰੀ ਅਰਦਾਸ, ਬੇਨੰਤੀ ਇਕ ਸੁਣਾਈਆ । ਸੁਣ ਸਾਹਿਬ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਦਿਆਂ ਦੁਹਾਈਆ । ਇਹ ਪਿਛਲਾ ਖੇਲ ਤਮਾਸ਼, ਪੂਰਬ ਪੜਦਾ ਦੇਣਾ ਉਠਾਈਆ । ਵਕਤ ਸੁਹੇਲਾ ਨਾਲ ਰਵਦਾਸ, ਬ੍ਰਾਹਮਣ ਲੇਖਾ ਧੁਰਦਰਗਾਹੀਆ । ਨਿਰਗੁਣ ਧਾਰ ਜੋਤ ਜੋਤੀ ਸ਼ਾਖ਼, ਸ਼ਨਾਖ਼ਤ ਤੇਰੇ ਹੱਥ ਵਡਿਆਈਆ । ਸਭ ਦੀ ਪੂਰੀ ਕਰੇਂ ਆਸ, ਪੜਦਾ ਓਹਲਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਭਿੰਨੜੀ ਰੈਣ ਕਹੇ ਸੁਣ ਅਗੰਮੀ ਬਾਤ ਸੋ, ਹਰਿ ਕਰਤੇ ਦਿਆਂ ਦ੍ਰਿੜਾਈਆ । ਨੇਤਰ ਹੰਝੂਆਂ ਨਾਲ ਰੋ, ਨੈਣਾਂ ਛਹਿਬਰ ਦਿਆਂ ਵਖਾਈਆ । ਇਕ ਠੱਗਾਂ ਵਾਲਾ ਗਰੋਹ, ਪੰਜ ਸੱਤ ਵੰਡ ਵੰਡਾਈਆ । ਓਨ੍ਹਾਂ ਵਿਚੋਂ ਦੋ, ਸੰਗੀ ਸਾਥੀ ਸੋਭਾ ਪਾਈਆ । ਰੁਤੜੀ ਸੀ ਬਾਰਾਂ ਪੋਹ, ਵਦੀ ਸੁਦੀ ਨਾ ਵੰਡ ਵੰਡਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਕਥਨੀ ਕਥ ਨਾ ਕੋਇ ਸੁਣਾਈਆ । ਅੰਮ੍ਰਿਤ ਵੇਲਾ ਹੁੰਦੀ ਲੋ, ਨੂਰ ਜਗਤ ਨਾਲ ਚਮਕਾਈਆ । ਬ੍ਰਾਹਮਣ ਦੀ ਗੱਠੜੀ ਲਈ ਖੋਹ, ਮੂੰਹ ਦੇ ਭਾਰ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦੇਣਾ ਜਣਾਈਆ । ਭਿੰਨੜੀ ਰੈਣ ਕਹੇ ਮੈਂ ਮੰਗਾਂ ਮੰਗ, ਆਸਾ ਤ੍ਰਿਸ਼ਨਾ ਤੇਰੀ ਝੋਲੀ ਪਾਈਆ । ਖੇਲ ਦੱਸ ਗੰਗੋਤਰੀ ਗੰਗ, ਗੰਗਾ ਮਈਆ ਨਾਲ ਮਿਲਾਈਆ । ਸੁਣ ਹੈਰਾਨ ਹੋਵਾਂ ਦੰਗ, ਦੰਗਾ ਫ਼ਸਾਦ ਵੇਖ ਵਖਾਈਆ । ਜੋ ਬ੍ਰਾਹਮਣ ਕੋਲ ਢੰਗ, ਤਰੀਕਾ ਸਮਝ ਕੋਇ ਨਾ ਆਈਆ । ਕੰਢੇ ਸੁੱਤਾ ਦੇ ਕਰ ਕੰਡ, ਕਰਵਟ ਨਾ ਕੋਇ ਬਦਲਾਈਆ । ਇਹਦੀ ਚਾਲੀ ਵੀਹ ਦੀ ਖੁਲ੍ਹ ਗਈ ਗੰਢ, ਵੀਹ ਸੌ ਵੀਹ ਬਿਕਰਮੀ ਦਏ ਗਵਾਹੀਆ । ਓਧਰੋਂ ਗਾਉਂਦਾ ਆ ਗਿਆ ਇਕ ਛੰਦ, ਪ੍ਰਭ ਤੇਰੀ ਬੇਪਰਵਾਹੀਆ । ਜੇ ਰੁਪਈਏ ਮਿਲ ਜਾਣ ਪੰਜ, ਮੇਰੀ ਤ੍ਰਿਸ਼ਨਾ ਭੁੱਖ ਮਿਟਾਈਆ । ਮੈਂ ਭੋਜਨ ਛਕਾਂ ਨਾਲ ਅਨੰਦ, ਖ਼ੁਸ਼ੀਆਂ ਵਿਚ ਤੇਰਾ ਧਿਆਨ ਲਗਾਈਆ । ਸਿਫ਼ਤਾਂ ਗਾਵਾਂ ਨਾਲ ਦੰਦ, ਬਤੀਸਾ ਰਾਗ ਅਲਾਈਆ । ਮੈਨੂੰ ਮੂਲ ਨਾ ਲੱਗੇ ਠੰਡ, ਸੀਤਲ ਧਾਰ ਨਾ ਕੋਇ ਠਰਾਈਆ । ਅੱਗੇ ਦੇਣਾ ਪਏ ਨਾ ਕੋਈ ਡੰਡ, ਸਜ਼ਾ ਵਿਚ ਨਾ ਕੋਇ ਭੁਗਤਾਈਆ । ਓਧਰੋਂ ਚਮਕਿਆ ਪਿਛਲੀ ਰਾਤ ਦਾ ਚੰਦ, ਨੂਰ ਨੂਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਭਿੰਨੜੀ ਰੈਣ ਕਹੇ ਪ੍ਰਭ ਮੇਰੀ ਇਹੋ ਇੱਛਾ, ਨਿਰਇੱਛਤ ਪੂਰ ਕਰਾਈਆ ।

੧੦੦੭
੨੦

ਸਚ ਦਵਾਰਿਉਂ ਮੰਗਾਂ ਭਿੱਛਾ, ਭਿੱਖਕ ਹੋ ਕੇ ਝੋਲੀ ਡਾਹੀਆ । ਤੇਰਾ ਪਿਆਰ ਇਕੋ ਦਿਸਾ, ਦਹਿ ਦਿਸ਼ਾ ਨਜ਼ਰੀ ਆਈਆ । ਬ੍ਰਾਹਮਣ ਕੋਲੋਂ ਵੰਡਾਇਆ ਹਿੱਸਾ, ਪੰਜ ਚੁੱਕ ਕੇ ਝੋਲੀ ਪਾਈਆ । ਜਿਸ ਦੀ ਜਾਤ ਕਮੀਣੀ ਨਾਮ ਸੀ ਨਿੱਕਾ, ਨਿੱਕੂ ਕਹਿ ਕੇ ਜਗਤ ਬੁਲਾਈਆ । ਓਧਰੋਂ ਬ੍ਰਾਹਮਣ ਨੂੰ ਆ ਗਈ ਛਿੱਕਾ, ਛਿਕਣ ਨਾਲ ਅੱਖ ਖੁਲ੍ਹਾਈਆ । ਗੰਢ ਖੁਲ੍ਹੀ ਵੇਖ ਕੇ ਪੈ ਗਿਆ ਫ਼ਿਕਾ, ਗ਼ਮੀ ਅੰਦਰੇ ਅੰਦਰ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਮੁਕਾਈਆ । ਭਿੰਨੜੀ ਰੈਣ ਕਹੇ ਜਿਸ ਰੁਪੱਈਏ ਚੁਕੇ ਪੰਜ, ਪੰਜਾ ਮੂੰਹ ਦੇ ਵਿਚ ਪਾਈਆ । ਉਹਦੇ ਅੰਦਰ ਆਇਆ ਰੰਜ, ਦੁੱਖ ਗ਼ਮ ਵਾਲਾ ਸਤਾਈਆ । ਹਿਰਦਾ ਹੋਇਆ ਤੰਗ, ਮਮਤਾ ਮੋਹ ਮਿਟਾਈਆ । ਚੰਗਾ ਭੁੱਖਾ ਰਹਿ ਲਵਾਂ ਇਕ ਡੰਗ, ਦੂਜੇ ਦੀ ਗੰਢ ਕਾਹਨੂੰ ਚੁਰਾਈਆ । ਮੋੜ ਕੇ ਦੇਵਾਂ ਵੰਡ, ਆਪਣਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਸਰਨਾਈਆ । ਭਿੰਨੜੀ ਰੈਣ ਕਹੇ ਨਿੱਕੂ ਆਇਆ ਮੁੜ, ਆਪਣਾ ਮੁਖ ਭਵਾਈਆ । ਅੰਤਰ ਧਿਆਨ ਗਿਆ ਜੁੜ, ਗੰਗਾ ਮਾਤਾ ਲੈਣ ਉਠਾਈਆ । ਮੇਰਾ ਬੇੜਾ ਨਾ ਜਾਏ ਰੁੜ੍ਹ, ਵਹਿੰਦੇ ਵਹਿਣ ਨਾ ਕੋਇ ਵਹਾਈਆ । ਮੈਂ ਪ੍ਰੇਮ ਪ੍ਰੀਤੀ ਅੰਦਰ ਆਇਆ ਤੁਰ, ਤੁਰਤ ਆਪਣਾ ਪੰਧ ਮੁਕਾਈਆ । ਕਿਉਂ ਫੁਰਨਾ ਗਿਆ ਫੁਰ, ਬ੍ਰਾਹਮਣ ਗੰਢ ਚੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਵਖਾਈਆ । ਭਿੰਨੜੀ ਰੈਣ ਕਹੇ ਨਿੱਕੂ ਅੰਤਰ ਆਈ ਵਿਚਾਰ, ਵਿਚਰ ਕੇ ਦਿਤਾ ਸੁਣਾਈਆ । ਸੁਣ ਮੇਰੇ ਨਿਰੰਕਾਰ, ਤੇਰੀ ਬੇਪਰਵਾਹੀਆ । ਤੇਰੀ ਵਹਿੰਦੀ ਵੇਖ ਕੇ ਗੰਗਾ ਧਾਰ, ਮੇਰੇ ਨੈਣਾਂ ਛਹਿਬਰ ਲਾਈਆ । ਕਿਉਂ ਹੋਇਆ ਮੂਰਖ ਗਵਾਰ, ਮਨ ਮਤ ਬਦਲਾਈਆ । ਮੈਨੂੰ ਬਖ਼ਸ਼ੀਂ ਬਖ਼ਸ਼ਣਹਾਰ, ਤੇਰੀ ਓਟ ਤਕਾਈਆ । ਤੂੰ ਸਾਹਿਬ ਸੱਚੀ ਸਰਕਾਰ, ਸ਼ਹਿਨਸ਼ਾਹ ਅਖਵਾਈਆ । ਹੁਕਮ ਆਇਆ ਧੁਰ ਦੀ ਧਾਰ, ਅੰਦਰੇ ਅੰਦਰ ਆਵਾਜ਼ ਲਗਾਈਆ । ਤੇਰਾ ਲੇਖਾ ਓਸੇ ਦੇ ਨਾਲ, ਜਿਸ ਦੀ ਗੰਢ ਦਿਤੀ ਖੁਲ੍ਹਾਈਆ । ਉਹ ਬ੍ਰਾਹਮਣ ਨਹੀਂ ਕੰਗਾਲ, ਠੱਗੀ ਪ੍ਰਭ ਦੇ ਨਾਲ ਕਮਾਈਆ । ਜਾ ਕੇ ਓਸ ਨੂੰ ਦੱਸ ਆਪਣਾ ਹਾਲ, ਲੇਖਾ ਓਸੇ ਦੀ ਝੋਲੀ ਪਾਈਆ । ਉਹ ਅੱਗੇ ਕਰੇ ਖਿਆਲ, ਪੜਦਾ ਦਏ ਖੁਲ੍ਹਾਈਆ । ਉਸ ਜਾ ਕੇ ਛੋਟੇ ਲਾਲ, ਸੀਸ ਦਿਤਾ ਨਿਵਾਈਆ । ਖੋਲ੍ਹ ਕੇ ਗੰਢ ਰੁਮਾਲ, ਪੰਜੇ ਅੱਗੇ ਟਿਕਾਈਆ । ਮੇਰੀ ਕਰ ਸੰਭਾਲ, ਭੁੱਲ ਕੇ ਆਪਣਾ ਆਪ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਭਿੰਨੜੀ ਰੈਣ ਕਹੇ ਬ੍ਰਾਹਮਣ ਪਿਆ ਹੱਸ, ਤਾਲੀ ਹੱਥਾਂ ਵਾਲੀ ਲਾਈਆ । ਬੱਚੂ ਇਕ ਚੋਰੀ ਕਰ ਕੇ ਗਿਉਂ ਥੱਕ, ਮੁੜ ਕੇ ਭੱਜਿਆ ਵਾਹੋ ਦਾਹੀਆ । ਬਿਨਾ ਬ੍ਰਾਹਮਣਾਂ ਤੋਂ ਪੂਜਾ ਦਾ ਮਾਲ ਕੋਈ ਨਾ ਸਕੇ ਛਕ, ਭੈ ਸਭ ਦੇ ਅੰਦਰ ਰਖਾਈਆ । ਗੰਗਾ ਮਾਤਾ ਉਤੇ ਸਾਡਾ ਹਕ, ਬੈ ਖ਼ਰੀਦ ਆਪਣਾ ਵਣਜ ਵਖਾਈਆ । ਆਹ ਵੇਖ ਇਹਦੇ ਸ਼ਕੰਗਣ ਨੱਥ, ਬਲਾਕਾਂ ਨਾਲ ਸੋਭਾ ਪਾਈਆ । ਮੈਂ ਕਰ ਕੇ ਆਪਣੇ ਵੱਸ, ਪੜਦਿਆਂ ਵਿਚ ਛੁਪਾਈਆ । ਰਵਿਦਾਸ ਕੋਲੋਂ ਲੰਘਣਾ ਬਚ, ਅੱਖ ਨਾਲ ਅੱਖ ਨਾ ਕੋਇ ਰਲਾਈਆ । ਤੈਨੂੰ ਦੱਸਾਂ ਸਚ, ਭੇਵ ਅਭੇਦ ਖੁਲ੍ਹਾਈਆ । ਜਿਸ ਵੇਲੇ ਖੇਲ ਹੋਵੇ ਪੁਰਖ ਸਮਰਥ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਸਤਿ ਧਰਮ ਦਾ ਖੋਲ੍ਹੇ ਹੱਟ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਈਆ । ਭਿੰਨੜੀ ਰੈਣ ਕਹੇ ਪੰਡਤ ਦੇਵੇ ਇਕ ਸਲਾਹ, ਪ੍ਰੇਮ ਨਾਲ ਸਮਝਾਈਆ ।

ਇਸ ਜੀਵਣ ਦਾ ਨਹੀਂ ਵਸਾਹ, ਜ਼ਿੰਦਗੀ ਸਮਝ ਕਿਸੇ ਨਾ ਆਈਆ । ਮੈਂ ਸਭ ਕੁਛ ਲਵਾਂ ਚੁਰਾ, ਚੋਰੀ ਕਰ ਕੇ ਪ੍ਰਭ ਦੀ ਸੇਵ ਕਮਾਈਆ । ਦਿਵਸ ਰੈਣ ਜਪਾਂ ਨਾਂ, ਤੂੰਹੀ ਤੂੰਹੀ ਰਾਗ ਇਲਾਹੀਆ । ਅੰਤ ਵੇਖਾਂ ਅਨੋਖਾ ਥਾਂ, ਜਿਸ ਥਨੰਤਰ ਵੱਜੇ ਵਧਾਈਆ । ਸੌਂਹ ਖਾ ਕੇ ਕਹਾਂ ਗਾਂ, ਮਾਤ ਗਊ ਜ਼ਾਮਨ ਵਿਚ ਟਿਕਾਈਆ । ਔਖੀ ਵੇਲੇ ਪਕੜਾਂ ਬਾਂਹ, ਬ੍ਰਾਹਮਣ ਹੋ ਕੇ ਸੇਵ ਕਮਾਈਆ । ਜਿਸ ਵੇਲੇ ਤੇਰਾ ਵਿਛੋੜਾ ਹੋਵੇ ਨਾਲੋਂ ਪਿਤਾ ਮਾਂ, ਤੁੱਟੇ ਖ਼ਲਕ ਖ਼ੁਦਾਈਆ । ਓਸ ਵੇਲੇ ਸੰਦੇਸਾ ਦੇਵਾਂ ਆ, ਫ਼ਰਮਾਨਾ ਇਕ ਸੁਣਾਈਆ । ਤੂੰ ਨਿੱਕਾ ਨਿੱਕੇ ਤੋਂ ਵੱਡੇ ਹੋਣ ਦਾ ਚਾ, ਚਾਉ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਪਰਗਟਾਈਆ । ਬ੍ਰਾਹਮਣ ਕਹੇ ਸੁਣ ਨੰਨ੍ਹੇ ਨੰਨ੍ਹੇ ਬੱਚੇ, ਤੈਨੂੰ ਦਿਆਂ ਦ੍ਰਿੜਾਈਆ । ਮੇਰੇ ਬਹੁਤਿਆਂ ਵਿਚੋਂ ਥੋੜ੍ਹੇ ਬਚਨ ਹੁੰਦੇ ਸੱਚੇ, ਜਿਸ ਵੇਲੇ ਗੰਗਾ ਮਈਆ ਮੇਰੇ ਅੰਦਰੋਂ ਕਰੇ ਸਫ਼ਾਈਆ । ਮੈਨੂੰ ਰਵਿਦਾਸ ਨੇ ਕੁਛ ਬੋਲ ਅਨੋਖੇ ਦੱਸੇ, ਸਮਝ ਸਮਝ ਵਿਚ ਬਦਲਾਈਆ । ਸਭ ਦੇ ਨਾਤੇ ਟੁੱਟਣੇ ਭਾਂਡੇ ਕੱਚੇ, ਤਤ ਵਜੂਦ ਰਹਿਣ ਨਾ ਪਾਈਆ । ਜੁਗ ਚੌਕੜੀ ਜਾਣੇ ਨੱਸੇ, ਕਲਜੁਗ ਆਪਣਾ ਪੰਧ ਮੁਕਾਈਆ । ਕਲਜੁਗ ਰੈਣ ਅੰਧੇਰੀ ਹੋਣੀ ਮੱਸੇ, ਮੱਸਿਆ ਵਿਚ ਮੱਸਾ ਸਿੰਘ ਤੇਰਾ ਪਿਤਾ ਸਮਝਾਈਆ । ਜਿਸ ਦੇ ਸਿਰ ਹੱਥ ਰੱਖੇ ਪੁਰਖ ਸਮਰਥੇ, ਹਰਿ ਕਰਤਾ ਧੁਰਦਰਗਾਹੀਆ । ਜਨਮ ਜਨਮ ਦਾ ਲਹਿਣਾ ਦੇਣਾ ਕਟੇ, ਕਰਮ ਕਾਂਡ ਦਾ ਪੰਧ ਮੁਕਾਈਆ । ਅੰਤ ਵੇਲੇ ਮੈਨੂੰ ਸੱਦੇ, ਹੁਕਮ ਸੰਦੇਸ਼ਾ ਇਕ ਜਣਾਈਆ । ਇਹ ਲੇਖਾ ਕਦੇ ਕਦੇ, ਜੁਗ ਚੌਕੜੀ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰੇ ਖੇਲ ਵਖਾਈਆ । ਭਿੰਨੜੀ ਰੈਣ ਕਹੇ ਮੇਰੇ ਅੰਤਰ ਆਈ ਹੈਰਾਨੀ, ਚਾਰੋਂ ਕੁੰਟ ਧਿਆਨ ਲਗਾਈਆ । ਕਿਧਰੋਂ ਮਿਲੀ ਇਹ ਨਿਸ਼ਾਨੀ, ਜੁਗ ਜਨਮ ਦਾ ਲੇਖਾ ਰਿਹਾ ਮੁਕਾਈਆ । ਦੋ ਜਹਾਨਾਂ ਬਣ ਕੇ ਬਾਨੀ, ਬਾਣ ਅਣਿਆਲਾ ਤੀਰ ਚਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੱਸ ਕੇ ਫ਼ਾਨੀ, ਇਸ਼ਟੀ ਆਪਣਾ ਨੂਰ ਕਰੇ ਰੁਸ਼ਨਾਈਆ । ਲੇਖਾ ਮੁਕਾ ਕੇ ਜਗਤ ਜਹਾਨੀ, ਕੂੜੀ ਕਿਰਿਆ ਡੇਰਾ ਢਾਹਿਆ । ਸੰਦੇਸ਼ਾ ਦੇ ਕੇ ਧੁਰ ਫ਼ਰਮਾਨੀ, ਫ਼ਰਮਾਂਬਰਦਾਰ ਲਿਆ ਉਠਾਈਆ । ਪਿਛਲੀ ਯਾਦ ਰੱਖੀ ਕਹਾਣੀ, ਅਭੁੱਲ ਭੁੱਲ ਵਿਚ ਕਦੇ ਨਾ ਜਾਈਆ । ਅੰਮ੍ਰਿਤ ਦੀ ਛਹਿਬਰ ਮੁਹੱਬਤ ਦਾ ਪਾਣੀ, ਅੰਮ੍ਰਿਤ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਭਿੰਨੜੀ ਰੈਣ ਕਹੇ ਮੈਂ ਵੇਖਾਂ ਚਾਰੇ ਕੂਟ, ਬਿਨ ਅੱਖਾਂ ਅੱਖ ਉਠਾਈਆ । ਜਿਸ ਦਾ ਨਾਤਾ ਟੁੱਟਣਾ ਸੀ ਕਲਬੂਤ, ਪੰਜ ਤਤ ਜਗਤ ਜੁਦਾਈਆ । ਉਸ ਦਾ ਤਾਰਾ ਸਿੰਘ ਦਏ ਸਬੂਤ, ਸ਼ਹਾਦਤ ਇਕੋ ਇਕ ਭੁਗਤਾਈਆ । ਭਗਤਾਂ ਸਚ ਦਵਾਰੇ ਹੋ ਮੌਜੂਦ, ਬੇਨੰਤੀ ਦਿਤੀ ਸੁਣਾਈਆ । ਜਗਤ ਵਾਸਨਾ ਮੇਟ ਹਦੂਦ, ਘਰ ਤੇਰੇ ਵੱਜੇ ਵਧਾਈਆ । ਭਗਤ ਸੁਹੇਲਾ ਰੱਖ ਮਹਿਫ਼ੂਜ਼, ਮਿਹਰ ਨਜ਼ਰ ਇਕ ਟਿਕਾਈਆ । ਤੇਰੇ ਦਰ ਨਾ ਦਿਸੇ ਦੂਜ, ਦੁਤੀਆ ਭਾਉ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਵੇਖ ਵਖਾਈਆ । ਭਿੰਨੜੀ ਰੈਣ ਕਹੇ ਮੈਂ ਵੇਖਾਂ ਚੁੱਕ ਕੇ ਅੱਖ, ਅੱਖਰਾਂ ਤੋਂ ਪਰੇ ਕਰਾਂ ਪੜ੍ਹਾਈਆ । ਤੇਰਾ ਖੇਲ ਪੁਰਖ ਸਮਰਥ, ਦੋ ਜਹਾਨਾਂ ਵੱਜੀ ਵਧਾਈਆ । ਨਾਮ ਬੋਲ ਜੈਕਾਰ ਅਲੱਖ, ਤੂੰ ਹੀ ਤੂੰ ਹੀ ਰਾਗ ਅਲਾਹੀਆ । ਤੇਰਾ ਇਸ਼ਾਰਾ ਧੁਰ ਦਾ ਸਚ, ਭਗਤ ਸੁਹੇਲਾ ਰਿਹਾ ਦ੍ਰਿੜਾਈਆ । ਜਿਸ ਦਾ ਨਾਤਾ ਟੁੱਟਣਾ ਕਾਇਆ ਮਾਟੀ ਕੱਚ, ਪਵਣ ਸਵਾਸ ਸਾਹ ਮੁਕਾਈਆ । ਕਿਰਪਾ ਕਰ ਕੇ ਲੂੰ ਲੂੰ ਅੰਦਰ ਰਚ, ਰਚਨਾ ਤੇਰੀ ਨਜ਼ਰੀ ਆਈਆ । ਜਣੇਂਦੀ ਮਾਂ ਬਣੀਂ ਯਚ,

ਯਾਚਕ ਆਪਣੀ ਗੋਦ ਰਖਾਈਆ । ਤੇਰਾ ਹੁਕਮ ਲੈਣ ਵੱਚ, ਵਾਚਕ ਅੰਦਰੋਂ ਦੇ ਸਮਝਾਈਆ । ਬਿਨ ਤੇਰੀ ਕਿਰਪਾ ਕੋਈ ਨਾ ਸਕੇ ਬਚ, ਬਚਨ ਸਭ ਦਾ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦੇਣੀ ਵਡਿਆਈਆ । ਭਿੰਨੜੀ ਰੈਣ ਕਹੇ ਤੂੰ ਆਦਿ ਜੁਗਾਦੀ ਦਰਦਵੰਦ, ਦੀਨਾਂ ਅਨਾਥਾਂ ਦਇਆ ਕਮਾਈਆ । ਪਤਿਪਰਮੇਸ਼ਵਰ ਧੁਰ ਦਾ ਖ਼ਾਵੰਦ, ਪਾਰਬ੍ਰਹਮ ਤੇਰੀ ਸਰਨਾਈਆ । ਹੁਕਮੇ ਅੰਦਰ ਸਰਬ ਪਾਬੰਦ, ਸਿਰ ਸਕੇ ਨਾ ਕੋਇ ਉਠਾਈਆ । ਤੇਰੀ ਕਿਰਪਾ ਦੇ ਸਕੇ ਕੋਈ ਨਾ ਡੰਡ, ਡੰਡਾਵਤ ਆਪਣੀ ਇਕ ਸਮਝਾਈਆ । ਤੇਰਾ ਖੇਲ ਬ੍ਰਹਿਮੰਡ ਖੰਡ, ਸੂਰੀਆ ਚੰਦ ਤੇਰੀ ਰੁਸ਼ਨਾਈਆ । ਦੀਨ ਦਿਆਲ ਬਣ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਵੱਜੇ ਵਧਾਈਆ । ਭਿੰਨੜੀ ਰੈਣ ਕਹੇ ਮੇਰੀ ਬੇਨੰਤੀ ਅਖ਼ੀਰ, ਅਖ਼ੀਰ ਦੇ ਮਾਲਕ ਦਿਆਂ ਜਣਾਈਆ । ਤੇਰਾ ਖੇਲ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਤੂੰ ਬਦਲਣਹਾਰ ਤਕਦੀਰ, ਤਦਬੀਰ ਆਪਣੀ ਦਿਤੀ ਦ੍ਰਿੜਾਈਆ । ਭਗਤ ਸੁਹੇਲਾ ਕਹੇ ਕਬੀਰ, ਲੋਈ ਦੇ ਲੋਇਣਾਂ ਤੋਂ ਬਾਹਰ ਰੁਸ਼ਨਾਈਆ । ਰਵਦਾਸ ਤੱਕ ਕੇ ਤੇਰੀ ਤਸਵੀਰ, ਤਸਬੀ ਮਾਲਾ ਤੋਂ ਪਰੇ ਦਿਤਾ ਜਣਾਈਆ । ਪੰਡਤ ਦੀ ਬਦਲ ਕੇ ਜ਼ਮੀਰ, ਜ਼ਾਮਨ ਹੋ ਕੇ ਦਿਤਾ ਸਮਝਾਈਆ । ਜਿਸ ਦਾ ਵਕਤ ਪਹੁੰਚਿਆ ਅਖ਼ੀਰ, ਆਖ਼ਰ ਹੋ ਸਹਾਈਆ । ਝਗੜਾ ਰਹੇ ਨਾ ਸ਼ਾਹ ਹਕੀਰ, ਫ਼ਕੀਰਾਂ ਫ਼ਿਕਰਾ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਸਰਨਾਈਆ । ਭਿੰਨੜੀ ਰੈਣ ਕਹੇ ਮੈਨੂੰ ਰਵਦਾਸ ਕਰੇ ਇਸ਼ਾਰਾ, ਬਿਨ ਅੱਖਾਂ ਅੱਖ ਮਿਲਾਈਆ ।

੧੦੦੯ ੨੦ ੧੦੦੯ ੨੦

ਵੇਖ ਪ੍ਰਭੂ ਦਾ ਇਕ ਦਵਾਰਾ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਸਮਝੇ ਨਾ ਕੋਇ ਕਿਨਾਰਾ, ਕੋਨਾ ਕੋਨਾ ਵੇਖੇ ਜਗਤ ਲੋਕਾਈਆ । ਉਹ ਸ਼ਾਹੋ ਭੂਪ ਸਿਕਦਾਰਾ, ਵਾਲੀ ਦੋ ਜਹਾਨ ਬੇਪਰਵਾਹੀਆ । ਜਿਸ ਦੇ ਹੁਕਮੇ ਅੰਦਰ ਫਿਰਦੇ ਗੁਰ ਅਵਤਾਰਾ, ਪੈਗ਼ੰਬਰ ਸਜਦਿਆਂ ਵਿਚ ਸੀਸ ਨਿਵਾਈਆ । ਕਲਮਿਆਂ ਵਿਚ ਗਾਉਂਦੇ ਵਾਰਾ, ਰਾਗਾਂ ਨਾਦਾਂ ਵਿਚ ਜਣਾਈਆ । ਸੋ ਸਵਾਮੀ ਅੰਤਰਜਾਮੀ ਵੇਖਣਹਾਰ ਸਰਬ ਸੰਸਾਰਾ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਫੋਲ ਫੁਲਾਈਆ । ਭਗਤਾਂ ਦਇਆ ਕਮਾ ਕੇ ਭਗਤ ਦਵਾਰਾ, ਹਰਿ ਭਗਤੀ ਵਿਚ ਲਗਾਈਆ । ਰਵਦਾਸ ਦੀ ਚਰਨ ਧੂੜ ਛਾਰਾ, ਟਿੱਕੇ ਪਿਛਲੇ ਰਿਹਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਇਕ ਵਖਾਈਆ । ਭਿੰਨੜੀ ਰੈਣ ਕਹੇ ਪ੍ਰਭ ਏਕਾ ਦਰਦੀ, ਦਰਦਵੰਦ ਤੇਰੀ ਸਰਨਾਈਆ । ਸਚ ਦਵਾਰੇ ਕਬੂਲ ਕਰ ਅਰਜ਼ੀ, ਆਰਜ਼ੂ ਇਕੋ ਇਕ ਰਖਾਈਆ । ਦੂਸਰ ਚਲੇ ਨਾ ਕੋਈ ਮਰਜ਼ੀ, ਮਜ਼ਾ ਆਪਣਾ ਦੇਣਾ ਚਖਾਈਆ । ਤੂੰ ਸਾਹਿਬ ਸੁਲਤਾਨ ਭਗਤਾਂ ਦਾ ਗ਼ਰਜ਼ੀ, ਦੂਜੀ ਓਟ ਨਾ ਕੋਇ ਜਣਾਈਆ । ਇਹ ਖੇਲ ਤੇਰੇ ਘਰ ਦੀ, ਜੁਗ ਚੌਕੜੀ ਚਲੀ ਆਈਆ । ਜਿਹੜੀ ਆਤਮਾ ਪਰਮਾਤਮਾ ਤੈਨੂੰ ਵਰ ਦੀ, ਉਹਦੀ ਏਥੇ ਓਥੇ ਨਾ ਹੋਏ ਜੁਦਾਈਆ । ਕਥਾ ਕਹਾਣੀ ਯਾਦ ਰੱਖ ਪਰ ਦੀ, ਪਿਛਲੀ ਬੀਤੀ ਦਿਆਂ ਸੁਣਾਈਆ । ਛੱਬੀ ਪੋਹ ਸੀ ਡਾਹਢੀ ਸਰਦੀ, ਮੱਸਾ ਸਿੰਘ ਖ਼ਾਕ ਵਿਚ ਲੇਟ ਕੇ ਤੇਰਾ ਸ਼ੁਕਰ ਮਨਾਈਆ । ਓਸ ਦੀ ਕਲਾ ਕਰ ਚੜ੍ਹਦੀ, ਡੁੱਬਦੇ ਬੇੜੇ ਪਾਰ ਲੰਘਾਈਆ । ਸੀਸ ਤੇਰੇ ਚਰਨਾਂ ਧਰਦੀ, ਭਿੰਨੜੀ ਰੈਣ ਨਿਉਂ ਨਿਉਂ ਲਾਗਾਂ ਪਾਈਆ । ਇਹ ਖੇਲ ਨਰਾਇਣ ਨਰ ਦੀ, ਦੂਸਰ ਨਜ਼ਰ ਕੋਇ ਨਾ ਆਈਆ । ਤਾਰਾ ਸਿੰਘ ਆ ਗਿਆ ਜਲਦੀ, ਪੈਂਡਾ ਪਿਛਲਾ ਪੰਧ ਮੁਕਾਈਆ ।

ਖੇਲ ਵਰਤਣ ਨਹੀਂ ਦੇਣੀ ਕਲਜੁਗ ਕਲ ਦੀ, ਕਲਧਾਰੀ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚਾ ਸੋਭਾ ਪਾਈਆ । ਭਿੰਨੜੀ ਰੈਣ ਕਹੇ ਪੁਰਖ ਅਕਾਲ ਤੇਰੀ ਕਿਰਪਾ, ਕਿਰਪਨ ਦੇਵੇਂ ਮਾਣ ਵਡਿਆਈਆ । ਬਖ਼ਸ਼ੀਸ਼ ਵਿਚ ਬਖ਼ਸ਼ਿਸ਼ ਗੁਰਮੁਖ ਸਿਰ ਪਾ, ਸਿਰੋਪਾ ਤੇਰੀ ਭੇਟ ਚੜ੍ਹਾਈਆ । ਆਦਿ ਜੁਗਾਦੀ ਖੇਲ ਅਗੰਮੀ ਪਿਰ ਦਾ, ਪੀਆ ਪ੍ਰੀਤਮ ਦੇ ਵਡਿਆਈਆ । ਇਹ ਲੇਖਾ ਪਿਛਲਾ ਚਿਰ ਦਾ, ਰਵਦਾਸ ਬ੍ਰਾਹਮਣ ਮਿਲ ਕੇ ਦੇਣ ਗਵਾਹੀਆ । ਅੱਗੇ ਝੇੜਾ ਹੋਰ ਛਿੜਦਾ, ਜਿਸ ਦਾ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਕਿਹੜੀ ਜਗਾਈਏ ਅਲਖ, ਅਲੱਖ ਅਗੋਚਰ ਦੇ ਸਮਝਾਈਆ । ਤੇਰੀ ਧਾਰ ਵਿਚ ਨਹੀਂ ਵੱਖ, ਜੋਤ ਸਰੂਪ ਜੋਤ ਵਿਚ ਸਮਾਈਆ । ਵੇਖਣ ਵਾਲੀ ਨਹੀਂ ਕੋਈ ਅੱਖ, ਬਿਨ ਤੇਰੀ ਕਿਰਪਾ ਨੈਣ ਨਾ ਕੋਇ ਉਠਾਈਆ । ਤੇਰੇ ਅੰਤਰ ਰਹੇ ਵਸ, ਨਿਰੰਤਰ ਭੇਵ ਨਾ ਕੋਇ ਜਣਾਈਆ । ਕਿਹੜਾ ਕਰੀਏ ਜਸ, ਸਿਫ਼ਤਾਂ ਵਿਚ ਸਾਲਾਹੀਆ । ਕਲਜੁਗ ਖੇੜਾ ਹੁੰਦਾ ਦਿਸੇ ਭੱਠ, ਭਠਿਆਲਾ ਅਗਨ ਰਿਹਾ ਤਪਾਈਆ । ਸੜਦੇ ਦਿਸਦੇ ਤਤ ਅੱਠ, ਨੌਂ ਦਵਾਰ ਦਰ ਦੁਹਾਈਆ । ਦਸਵੇਂ ਹੋਵੇ ਨਾ ਕਿਸੇ ਇਕੱਠ, ਆਤਮਾ ਪਰਮਾਤਮਾ ਜੋੜ ਨਾ ਕੋਇ ਜੁੜਾਈਆ । ਮਨ ਵਾਸਨਾ ਸਾਰੇ ਰਹੇ ਨੱਠ, ਸਾਧ ਸੰਤ ਜਗਤ ਕੁਰਲਾਈਆ । ਰਸਨਾ ਵਾਲਾ ਨਾਮ ਰਹੇ ਰਟ, ਮਣਕਿਆਂ ਉਂਗਲਾਂ ਨਾਲ ਭਵਾਈਆ । ਹਕੀਕੀ ਮੰਜ਼ਲ ਕੋਇ ਨਾ ਸਕਿਆ ਟੱਪ, ਟੱਪੇ ਪੜ੍ਹ ਪੜ੍ਹ ਵਕਤ ਲੰਘਾਈਆ । ਸਭ ਦਾ ਲੇਖਾ ਦੇ ਠੱਪ, ਠੱਪਾ ਅਪਣਾ ਨਾਮ ਪਰਗਟਾਈਆ । ਦੀਨ ਮਜ਼੍ਹਬ ਦੀ ਰਹੇ ਕੋਈ ਨਾ ਵੱਟ, ਵਟਣਾ ਮਲ ਕੇ ਸਾਰੇ ਲੈ ਪਰਨਾਈਆ । ਦਵੈਤੀ ਰਹੇ ਕੋਈ ਨਾ ਫੱਟ, ਪੱਟੀ ਆਪਣਾ ਨਾਮ ਬੰਧਾਈਆ । ਸੋਇਆ ਰਹੇ ਨਾ ਕੋਈ ਉਤੇ ਖੱਟ, ਖਟੀਆ ਸਭ ਦੀ ਦੇ ਹਿਲਾਈਆ । ਮੂਸਾ ਦੀ ਘੜੀ ਕਰੇ ਟਕ ਟਕ, ਆਵਾਜ਼ ਈਸਾ ਰਹੀ ਸੁਣਾਈਆ । ਮੁਹੰਮਦ ਉਠੇ ਝੱਟ, ਚੌਦਾਂ ਤਬਕ ਕੂੜ ਦੁਹਾਈਆ । ਗੁਰਦੇਵ ਕਰਨ ਇਕੱਠ, ਭੱਜਣ ਵਾਹੋ ਦਾਹੀਆ । ਕਵਣ ਗੇੜਨ ਲੱਗਾ ਲੱਠ, ਚਾਰ ਕੁੰਟ ਭਵਾਈਆ । ਲੇਖਾ ਮੁੱਕਣ ਲੱਗਾ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣਾਂ ਰੋ ਰੋ ਨੀਰ ਵਹਾਈਆ । ਝਗੜਾ ਮੁੱਕਣ ਲੱਗਾ ਮੰਦਰ ਮਸਜਿਦ ਸ਼ਿਵਦਵਾਲਾ ਮੱਠ, ਧਰਮ ਦਵਾਰਾ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਬਾਰਾਂ ਪੋਹ ਕਹੇ ਪ੍ਰਭੂ ਯਾਦ ਆਇਆ ਸੰਮਤ ਪੰਦਰਾਂ, ਪਿਛਲਾ ਲਹਿਣਾ ਨਜ਼ਰੀ ਆਈਆ । ਨੌ ਗੁਰਮੁਖ ਵੇਖੇ ਨੌ ਦਵਾਰੇ ਅੰਦਰਾਂ, ਜੋੜੀ ਜੋੜੇ ਨਾਲ ਬਣਾਈਆ । ਅਗਲਾ ਖੇਲ ਹੋਣਾ ਸ੍ਰਿਸ਼ਟੀ ਦ੍ਰਿਸ਼ਟੀ ਵਾਂਗ ਬੰਦਰਾਂ, ਬੁੱਧੀ ਬੁਧ ਨਾਲ ਲੜਾਈਆ । ਘਰ ਘਰ ਵੱਜਣਾ ਹੰਕਾਰੀ ਜੰਦਰਾ, ਕੁੰਜੀ ਨਾਮ ਨਾ ਕੋਇ ਲਗਾਈਆ । ਜਨ ਭਗਤਾਂ ਇਕ ਦਵਾਰ ਲੰਘਣਾ, ਜਿਥੇ ਪ੍ਰਭ ਨੂੰ ਮਿਲ ਕੇ ਵੱਜੇ ਵਧਾਈਆ । ਸਭ ਨੂੰ ਲਾਏ ਆਪਣੇ ਅੰਗਣਾ, ਅੰਗੀਕਾਰ ਇਕ ਹੋ ਜਾਈਆ । ਦੂਜਾ ਦਰ ਪਏ ਨਾ ਮੰਗਣਾ, ਵਸਤ ਅਮੋਲਕ ਕਾਇਆ ਗੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਭਿੰਨੜੀ ਰੈਣ ਕਹੇ ਮੇਰੀ ਖ਼ੁਸ਼ੀਆਂ ਵਿਚ ਨਿਕਲੇ ਹਾਸੀ, ਹਸਤੀ ਵੇਖਾਂ ਬੇਪਰਵਾਹੀਆ ।

੧੦੧੦
੨੦

ਕੁਛ ਝਗੜਾ ਪੈਣਾ ਵਿਚ ਕਾਂਸ਼ੀ, ਕਸ਼ਮੀਰ ਕਿਸ਼ਮਿਸ਼ ਵਾਂਗ ਹਿਲਾਈਆ । ਉਚੀ ਕੂਕ ਪੁਕਾਰੇ ਮੰਡੀ ਵਾਲੇ ਰਾਜੇ ਦੀ ਮਾਸੀ, ਜੋ ਸਾਬਣ ਗਾਚੀ ਗੋਬਿੰਦ ਭੇਟ ਚੜ੍ਹਾਈਆ । ਨੇਤਰ ਰੋ ਕੇ ਕਹੇ ਰਾਮ ਚੰਦ ਦੀ ਦਾਸੀ, ਜੋ ਅਯੁਧਿਆ ਵਿਚ ਰੇਤੇ ਨਾਲ ਕਰੇ ਕੁੜਮਾਈਆ । ਕੁਛ ਲਹਿਣਾ ਦੇਣਾ ਕ੍ਰਿਸ਼ਨ ਸੁਦਾਮੇ ਨਾਲ ਬਾਕੀ, ਤਤ ਖ਼ਾਕੀ ਖੋਜ ਖੁਜਾਈਆ । ਪੂਰਬ ਦਾ ਇਕੋ ਆਦਿ ਜੁਗਾਦੀ ਸਾਥੀ, ਜੁਗ ਚੌਕੜੀ ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਰਿਹਾ ਚੁਕਾਈਆ । ਭਿੰਨੜੀ ਰੈਣ ਕਹੇ ਮੈਂ ਚੁੱਕ ਕੇ ਵੇਖਿਆ ਘੁੰਗਟ, ਨੇਤਰ ਨੈਣ ਅੱਖ ਮਟਕਾਈਆ । ਹਿਲਦੀ ਵੇਖੀ ਨਬੀ ਉਮਤ, ਬਿਨ ਅਮਲਾਂ ਦਏ ਦੁਹਾਈਆ । ਕਿਸੇ ਕੰਮ ਨਾ ਆਈ ਕੀਤੀ ਸੁੰਨਤ, ਪ੍ਰਭ ਦੇਵੇ ਸਰਬ ਸਜ਼ਾਈਆ । ਫੁਲਵਾੜੀ ਹੋਈ ਨਾ ਕੋਈ ਪਰਫੁੱਲਤ, ਬਹਾਰ ਖ਼ਿਜ਼ਾਂ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਭਿੰਨੜੀ ਰੈਣ ਕਹੇ ਮੈਂ ਕਦੇ ਨਾ ਸੋਈ ਜਾਗੀ, ਆਲਸ ਨਿੰਦਰਾ ਵਿਚ ਨਾ ਆਈਆ । ਮੈਂ ਵੇਖਾਂ ਉਹ ਵੈਰਾਗੀ, ਜੋ ਬਿਰਹੁ ਵਿਚ ਕੁੱਠੇ ਮਾਰਨ ਧਾਈਂਆ । ਜਿਨ੍ਹਾਂ ਦੀ ਧਾਰ ਜੁਗਾਦਿ ਆਦੀ, ਜੁਗ ਚੌਕੜੀ ਚਲੀ ਆਈਆ । ਉਹ ਪ੍ਰਭ ਦੇ ਸਦਾ ਸਮਾਜੀ, ਦੂਸਰ ਵੰਡ ਨਾ ਕੋਇ ਵੰਡਾਈਆ । ਝਗੜਾ ਨਹੀਂ ਕੋਈ ਪੰਡਤ ਕਾਜ਼ੀ, ਸੂਰ ਗਾਂ ਨਾ ਕੋਇ ਚਤੁਰਾਈਆ । ਇਕੋ ਰਜ਼ਾ ਵਿਚ ਰਾਜ਼ੀ, ਰਹਿਮਤ ਵਿਚ ਸੀਸ ਨਿਵਾਈਆ । ਕੁਛ ਮੁਹੰਮਦ ਦਾ ਲੇਖਾ ਮਾਜ਼ੀ, ਪਿਛਲਾ ਫੋਲ ਫੁਲਾਈਆ । ਕਲਜੁਗ ਦੀ ਕੂੜੀ ਕਿਰਿਆ ਗ਼ਾਜ਼ੀ, ਗ਼ਜ਼ਬ ਆਪਣਾ ਰਹੀ ਵਖਾਈਆ । ਕੁਛ ਹੱਸ ਕੇ ਕਿਹਾ ਗੋਬਿੰਦ ਦੁਲਾਰਿਆਂ ਦੀ ਦਾਦੀ, ਬੁਰਜ ਵਿਚ ਬਹਿ ਕੇ ਧਿਆਨ ਲਗਾਈਆ । ਪੁਰਖ ਅਕਾਲ ਤੇਰੀ ਖੇਲ ਡਾਢੀ, ਸਭ ਨੂੰ ਦਏਂ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਭਿੰਨੜੀ ਰੈਣ ਕਹੇ ਪ੍ਰਭੂ ਤੇਈ ਅਵਤਾਰ ਕੀ ਕੁਛ ਦੱਸਦੇ, ਦੂਰ ਦੁਰਾਡੇ ਰਹੇ ਜਣਾਈਆ । ਕਿਹੜੀ ਕਰਨੀਉਂ ਪਿੱਛੇ ਨੱਸਦੇ, ਅੱਗੇ ਹੋ ਨਾ ਬਲ ਰਖਾਈਆ । ਕੀ ਇਹ ਪਿਆਸੇ ਨਹੀਂ ਤੇਰੇ ਰਸ ਦੇ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਕੀ ਇਹ ਭੁੱਖੇ ਆਪਣੇ ਜਸ ਦੇ, ਸ੍ਰਿਸ਼ਟੀ ਵਿਚ ਸਿਫ਼ਤੀ ਨਾਮ ਕਰਨ ਵਡਿਆਈਆ । ਪੁਰਖ ਅਕਾਲ ਕਿਹਾ ਏਸੇ ਕਰ ਕੇ ਮੇਰੀ ਓਟ ਰੱਖਦੇ, ਜੁਗ ਚੌਕੜੀ ਧਿਆਨ ਲਗਾਈਆ । ਚਰਨ ਕਵਲਾਂ ਹੇਠਾਂ ਵਸਦੇ, ਸਿਰ ਸਕੇ ਨਾ ਕੋਇ ਉਠਾਈਆ । ਸ਼ਬਦੀ ਰਾਗ ਮੇਰਾ ਰਟਦੇ, ਰਸਨਾ ਨਾਲ ਜਗਤ ਪੜ੍ਹਾਈਆ । ਇਹ ਵਣਜਾਰੇ ਓਸ ਹੱਟ ਦੇ, ਜਿਥੇ ਸੌਦਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਪਰਗਟਾਈਆ । ਭਿੰਨੜੀ ਰੈਣ ਕਹੇ ਕਿਉਂ ਬੈਠੇ ਵਿਸ਼ਨ ਸ਼ਿਵ ਬ੍ਰਹਮਾ, ਸਨਕਾਦਕ ਸੀਸ ਨਿਵਾਈਆ । ਕੀ ਦੱਸੇਂ ਇਨ੍ਹਾਂ ਧਰਮਾ, ਭੇਵ ਅਭੇਦ ਖੁਲ੍ਹਾਈਆ । ਕਿਉਂ ਡਿੱਗੇ ਉਪਰ ਚਰਨਾਂ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਕਾਲ ਕਹੇ ਝਗੜਾ ਮੇਟ ਨਾ ਸਕਿਆ ਕੋਈ ਵਰਨਾਂ ਬਰਨਾਂ, ਬ੍ਰਹਮ ਪੜਦਾ ਨਾ ਕੋਇ ਉਠਾਈਆ । ਹੁਕਮੇ ਅੰਦਰ ਸਭ ਨੂੰ ਫੜਨਾ, ਸ਼ਬਦ ਡੋਰੀ ਨਾਲ ਬੰਧਾਈਆ । ਨਿਰਗੁਣ ਧਾਰ ਹੋ ਕੇ ਸਭ ਦੇ ਅੰਦਰ ਵੜਨਾ, ਬਚਿਆ ਰਹਿਣ ਕੋਇ ਨਾ ਪਾਈਆ । ਧੁਰ ਦਾ ਹੁਕਮ ਕਦੇ ਨਾ ਟਲਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਗਤ ਸਾਧੂਆਂ ਨੂੰ ਛਲ ਦੇ ਨਾਲ ਛਲਣਾ, ਅਛਲ ਅਛੱਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਵਰਤਾਈਆ । ਭਿੰਨੜੀ ਰੈਣ ਕਹੇ ਕੀ ਹੁਕਮ ਤੇਰਾ ਕਰਤਾਰ, ਕਰਨੀ ਦੇ ਕਰਤੇ ਦੇ

ਸਮਝਾਈਆ । ਕੀ ਖੇਲ ਤੇਰਾ ਸੰਸਾਰ, ਮਹਾਂਸਾਰਥੀ ਕੀ ਕੀ ਰਚਨ ਰਚਾਈਆ । ਉਚੀ ਕੂਕ ਕਹਾਂ ਪੁਕਾਰ, ਤੇਰਾ ਨਾਮ ਦੁਹਾਈਆ । ਬਿਨਾ ਗੋਬਿੰਦ ਤੇਰਾ ਸੱਥਰ ਵੇਖਿਆ ਨਾ ਕਿਸੇ ਯਾਰ, ਯਾਰੜਾ ਸੇਜ ਨਾ ਕੋਇ ਹੰਢਾਈਆ । ਤੂੰ ਦੁਖੀਆਂ ਦਾ ਦੁਖਿਆਰ, ਦੀਨਾਂ ਅਨਾਥਾਂ ਦਇਆ ਕਮਾਈਆ । ਕਲ ਕਲਕੀ ਤੇਰਾ ਇਕ ਅਵਤਾਰ, ਕਲਾ ਅਵਰ ਰਹੇ ਨਾ ਰਾਈਆ । ਤੈਨੂੰ ਜਨਮੇ ਨਾ ਕੋਈ ਮਾਈ ਵਿਚ ਸੰਸਾਰ, ਨਿਰਗੁਣ ਨੂਰ ਜੋਤ ਤੇਰਾ ਰੁਸ਼ਨਾਈਆ । ਮਾਸੂਮਾਂ ਕਰ ਪਿਆਰ, ਮਜ਼ਲੂਮਾਂ ਕਰ ਖ਼ੁਆਰ, ਹੁਕਮੇ ਅੰਦਰ ਹੁਕਮ ਸਜ਼ਾਈਆ । ਗ਼ਫ਼ਲਤ ਵਿਚੋਂ ਕਰ ਬੇਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਭਿੰਨੜੀ ਰੈਣ ਕਹੇ ਮੈਂ ਆ ਗਈ ਭੱਜੀ ਨੱਠੀ, ਆਪਣਾ ਪੰਧ ਮੁਕਾਈਆ । ਹਰਿ ਸੰਗਤ ਵੇਖੀ ਇਕੱਠੀ, ਧਰਮ ਦਵਾਰਾ ਸੋਭਾ ਪਾਈਆ । ਮੱਸਾ ਸਿੰਘ ਭਰੇ ਨਾ ਚੱਟੀ, ਦੁੱਖ ਸੁਤ ਰਹੇ ਨਾ ਰਾਈਆ । ਰਵਦਾਸ ਦੇ ਚਰਨਾਂ ਸਵੀਂ ਸਿਰ ਸੱਟੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਬੇਪਰਵਾਹੀਆ । ਭਿੰਨੜੀ ਰੈਣ ਕਹੇ ਰਵਦਾਸ ਸੌਣਾ ਕੋਲ ਸਿੰਘਾਸਣ, ਖੱਬੀ ਦਿਸ਼ਾ ਸੋਭਾ ਪਾਈਆ । ਜਲ ਕੋਲ ਰੱਖਣਾ ਇਕ ਗਲਾਸਨ, ਅੰਮ੍ਰਿਤ ਅਮਰ ਰੂਪ ਵਖਾਈਆ । ਭਿੰਨੜੀ ਹੋਏ ਬਸੰਤੀ ਰਾਤਨ, ਹਰਿ ਭਗਤ ਦਵਾਰੇ ਵੱਜੇ ਵਧਾਈਆ । ਸੰਗਤ ਸਾਚੀ ਹੋਵੇ ਸਾਥਨ, ਸੋਹਣਾ ਸੰਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਿੰਨੜੀ ਰੈਣ ਕਹੇ ਮੈਂ ਵੇਖਾਂ ਅੱਜ ਦੀ ਰੁੱਤੀ, ਰੁੱਤੜੀ ਰੁੱਤ ਸੁਹਾਈਆ । ਅਗਲੀ ਖੇਲ ਦੱਸਾਂ ਸੁੱਚੀ, ਸਚ ਨਾਲ ਵਡਿਆਈਆ । ਪਿਛਲੇ ਸਾਲ ਜੋ ਕੱਟੀ ਬੁੱਤੀ, ਪੈਂਡਾ ਲਿਆ ਚੁਕਾਈਆ । ਉਸ ਦੀ ਔਧ ਅਜੇ ਨਹੀਂ ਮੁੱਕੀ, ਬਾਕੀ ਨਜ਼ਰੀ ਆਈਆ । ਆਤਮਾ ਸਿੰਘ ਕੋਲ ਕਰਨੀ ਖ਼ੁਸ਼ੀ, ਲੰਗਰ ਸੰਗਤ ਵਾਲਾ ਵਰਤਾਈਆ । ਆਸਾ ਤ੍ਰਿਸ਼ਨਾ ਮੇਟਣੀ ਭੁੱਖੀ, ਮਿਹਰਵਾਨ ਆਪਣਾ ਰੰਗ ਚੜ੍ਹਾਈਆ । ਬਖ਼ਸ਼ ਕੇ ਆਉਣੀ ਨਿਸ਼ਾਨ ਵਾਲੀ ਜੁੱਤੀ, ਰਵਦਾਸ ਵੰਡ ਵੰਡਾਈਆ । ਲਾਲ ਰੰਗ ਦੀ ਇਕ ਗੁੱਛੀ, ਸੂਤਰ ਤਾਗੇ ਨਾਲ ਸੁਹਾਈਆ । ਪ੍ਰੀਤਮ ਸਿੰਘ ਨੇ ਜਾਣਾ ਚੁੱਕੀ, ਹੱਥ ਚਾਰ ਵੇਰਾਂ ਬਦਲਾਈਆ । ਰਾਤ ਦੀਪਕ ਜਗਾਉਣਾ ਪੰਜ ਮੁਖੀ, ਘਿਰਤ ਦੀਪ ਵਿਚ ਸੁਹਾਈਆ । ਢੋਲਾ ਗਾਉਣਾ ਪ੍ਰਭ ਦਾ ਤੁਕੀ, ਸਚ ਤੇਰੀ ਸਰਨਾਈਆ । ਸਭ ਨੇ ਰੋਟੀ ਖਾਣੀ ਰੁੱਖੀ, ਘਿਉ ਨਾਲ ਨਾ ਕੋਇ ਚੁਪੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਰੰਗਾਈਆ । ਭਿੰਨੜੀ ਰੈਣ ਕਹੇ ਇੱਕੀ ਪੋਹ ਦੀ ਰੱਖਾਂ ਆਸ, ਆਸਣ ਪ੍ਰਭ ਦਾ ਵੇਖ ਵਖਾਈਆ । ਰਵਦਾਸ ਦਾ ਜਲ ਗਲਾਸ, ਨੌਂ ਦਿਨ ਬੈਠੇ ਰਾਹ ਤਕਾਈਆ । ਖੇਲ ਅਜੀਬ ਤਮਾਸ਼, ਪੜਦਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਇੱਕੀ ਪੋਹ ਕਹੇ ਮੇਰੀ ਪਾਵੇ ਜ਼ਰੂਰ ਇੱਕੀ, ਇੱਕੀ ਪਿਛਲੀ ਨਾਲ ਰਲਾਈਆ । ਕਿਸ ਬਿਧ ਅਗਲੀ ਚੱਲੇ ਸਿੱਖੀ, ਸਤਿ ਧਰਮ ਦਏ ਦ੍ਰਿੜਾਈਆ । ਜਿਸ ਦੀ ਧਾਰ ਹੋਣੀ ਤਿਖੀ, ਅਣਿਆਲਾ ਤੀਰ ਚਲਾਈਆ । ਸਾਚੀ ਬਿਧੀ ਜਾਣੀ ਲਿਖੀ, ਜਿਸ ਨੂੰ ਸੁਣ ਕੇ ਡਰੇ ਲੋਕਾਈਆ । ਨਾਲ ਸਮਝਾਉਣੀ ਗੋਬਿੰਦ ਦੀ ਚਿੱਠੀ, ਜਿਹੜੀ ਬਿਨ ਪਤਰਿਆਂ ਰੱਖੀ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇਵੇ ਮਾਣ ਵਡਿਆਈਆ । ਭਿੰਨੜੀ ਰੈਣ ਕਹੇ ਜਨ ਭਗਤੋ ਸੌਣਾ ਵਿਚ ਅੰਧੇਰਾ, ਜਗਤ ਅੰਧੇਰਾ ਦਏ ਵਖਾਈਆ । ਪੁਰਖ ਅਕਾਲ ਨੌਂ ਖੰਡ ਪ੍ਰਿਥਮੀ ਪਾਉਣਾ ਫੇਰਾ, ਨੌਂ ਨੌਂ ਸਕਿੰਟ ਇਕ ਇਕ ਖੰਡ

ਵੰਡ ਵੰਡਾਈਆ । ਬ੍ਰਹਿਮੰਡਾਂ ਦੇਣਾ ਗੇੜਾ, ਬਿਨ ਕਦਮਾਂ ਕਦਮ ਟਿਕਾਈਆ । ਰਵ ਸਸ ਵਖਾਉਣਾ ਸੰਞ ਸਵੇਰਾ, ਪੜਦਾ ਓਹਲਾ ਆਪ ਚੁਕਾਈਆ । ਦੀਨ ਦੁਨੀ ਦਾ ਤੱਕਣਾ ਝੇੜਾ, ਚਾਰੇ ਕੁੰਟਾਂ ਖੋਜ ਖੁਜਾਈਆ । ਜਨ ਭਗਤਾਂ ਵਸਦਾ ਵੇਖਣਾ ਖੇੜਾ, ਕਾਇਆ ਮੰਦਰ ਫੋਲ ਫੁਲਾਈਆ । ਪ੍ਰਭ ਦਾ ਸਮਝੇ ਨਾ ਕੋਈ ਰੈਣ ਬਸੇਰਾ, ਆਵਣ ਜਾਵਣ ਪੰਧ ਨਾ ਕੋਇ ਮੁਕਾਈਆ । ਨਿਰਗੁਣ ਧਾਰ ਕਰੇ ਮਿਹਰਾ, ਮਿਹਰ ਨਜ਼ਰ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਿੰਨੜੀ ਰੈਣ ਤੇਰੇ ਵਿਚ ਵੇਖੇ ਕਿਹੜਾ ਕਿਹੜਾ, ਜਿਹੜਾ ਪ੍ਰਭ ਦੀ ਓਟ ਤਕਾਈਆ ।

### ★ ੨੧ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ਅਖ਼ਬਾਰ ਰਪੋਰਟਰਾਂ ਨਾਲ ★

ਜਗਤ ਸੰਸਾਰ ਦੁਨੀਆ ਕਾਇਨਾਤ ਭਵਿਸ਼ ਅਨੋਖਾ, ਆਦਿ ਪੁਰਖ ਅਬਿਨਾਸ਼ੀ ਕਰਤਾ ਏਕਾ ਏਕੰਕਾਰ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਦ੍ਰਿਸ਼ਟੀ ਅੰਦਰ ਧੋਖਾ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਪੜਦਾ ਸਕੇ ਨਾ ਕੋਇ ਉਠਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਿਰਮਲ ਦਿਸੇ ਨਾ ਕੋਈ ਜੋਤਾ, ਕੂੜੀ ਕਿਰਿਆ ਅੰਧ ਅਗਿਆਨ ਪਰੇ ਨਾ ਕੋਇ ਕਰਾਈਆ । ਸਾਚਾ ਮਾਰਗ ਰਾਜ ਰਾਜਾਨ ਸ਼ਾਹ ਸੁਲਤਾਨ ਨਿਰਗੁਣ ਸਰਗੁਣ ਕਿਸੇ ਨਾ ਸੋਚਾ, ਮਨ ਮਤ ਬੁੱਧੀ ਪੜਦਾ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਭਵਿਖਤਾਂ ਵਿਚ ਲਿਖ ਕੇ ਗਏ ਪੋਥਾ, ਸੋ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਇਕ ਵਰਤਾਈਆ । ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੌਦਾਂ ਲੋਕਾ, ਚੌਦਾਂ ਤਬਕ ਵੇਖੇ ਥਾਉਂ ਥਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਕਾਲ ਦੀਨ ਦਿਆਲ ਇਕ ਢਈਆ ਅਗਲਾ ਦੱਸੇ ਮੌਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਕਲ ਵਰਤਾਈਆ । ਸ੍ਰਿਸ਼ਟੀ ਦਾ ਵੱਖਰਾ ਨਿਰਾਲਾ ਭਵਿਸ਼, ਭਾਖਿਆ ਵਿਚ ਸਕੇ ਨਾ ਕੋਇ ਜਣਾਈਆ । ਬਿਨਾ ਪਾਰਬ੍ਰਹਮ ਪਤਿਪਰਮੇਸ਼ਵਰ ਦੂਸਰ ਕਿਸੇ ਨਾ ਸਕੇ ਦਿਸ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਵੇਦ ਵਿਆਸ ਹਜ਼ਰਤ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਜੋ ਗਏ ਲਿਖ, ਸੋ ਸਵਾਮੀ ਸਮਰਥ ਧੁਰ ਦਾ ਹੁਕਮ ਦਏ ਵਰਤਾਈਆ । ਆਤਮ ਪਰਮਾਤਮ ਦੀਨ ਦੁਨੀ ਸਾਚਾ ਰਹੇ ਕੋਈ ਨਾ ਹਿਤ, ਮਿਤਰ ਪਿਆਰਾ ਸੱਜਣ ਮੀਤ ਸੰਗ ਨਾ ਕੋਇ ਨਿਭਾਈਆ । ਸ਼ਾਹ ਸੁਲਤਾਨਾਂ ਜੀਵ ਜਹਾਨਾਂ ਨਾੜ ਬਹੱਤਰ ਉਬਲੇ ਰਤ, ਰੱਤੋ ਰਤ ਵੇਖੇ ਕੂੜ ਲੋਕਾਈਆ । ਸੰਮਤ ਸੰਮਤੀ ਖੇਲ ਹੋਣਾ ਅਨਡਿੱਠ, ਨਿਰਗੁਣ ਨਿਰਵੈਰ ਨਿਰਾਕਾਰ ਪਰਵਰਦਿਗਾਰ ਸਾਂਝਾ ਯਾਰ ਆਪਣਾ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ਼ਾ ਇਕ ਸੁਣਾਈਆ । ਸ੍ਰਿਸ਼ਟੀ ਦਾ ਭਵਿਸ਼ ਸਮਝੇ ਕੋਈ ਨਾ ਭਾਓ, ਭਾਵਨਾ ਵਿਚ ਕਿਸੇ ਨਾ ਆਈਆ । ਇਕ ਦੂਜੇ ਨੂੰ ਸਾਰੇ ਲੌਂਦੇ ਦਾਉ, ਧਰਮ ਨੀਤੀ ਬੈਠੀ ਮੁਖ ਭਵਾਈਆ । ਜਗਤ ਵਿਦਿਆ ਕੁਰਲਾਵੇ ਵਾਂਗ ਕਾਉਂ, ਹੰਸ ਰੂਪ ਨਾ ਕੋਇ ਬਦਲਾਈਆ ।

ਪਿਆਰ ਰਿਹਾ ਨਾ ਪੁੱਤਰ ਮਾਉਂ, ਪਿਤ ਪੂਤ ਗੋਦ ਨਾ ਕੋਇ ਸੁਹਾਈਆ । ਝਗੜਾ ਦਿਸੇ ਥਾਈਂ ਥਾਉਂ, ਲਹਿੰਦੀ ਦਿਸ਼ਾ ਪਏ ਦੁਹਾਈਆ । ਰਾਸ਼ਟਰਪਤ ਭੁੱਲਣੇ ਰਾਹੋਂ, ਜਗਤ ਸਿਆਸਤ ਕੰਮ ਕਿਸੇ ਨਾ ਆਈਆ । ਕਰੇ ਖੇਲ ਅਗੰਮ ਅਥਾਹੋ, ਹਰਿ ਕਰਤਾ ਧੁਰਦਰਗਾਹੀਆ । ਜੋ ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਕਰੇ ਸਚ ਨਿਆਉਂ, ਧੁਰ ਫ਼ਰਮਾਨਾ ਇਕੋ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਭਵਿਸ਼ ਭਾਵੀ ਹੱਥ ਫੜਾਈਆ । ਕਾਇਨਾਤ ਭਵਿਸ਼ ਚਾਰ ਕੁੰਟ ਹਾਹਾਕਾਰ, ਹਕ ਹੂ ਨਾਅਰਾ ਨਜ਼ਰ ਕੋਇ ਨਾ ਆਈਆ । ਕਰੇ ਖੇਲ ਪਰਵਰਦਿਗਾਰ, ਯਾ ਮੁਬੀਨ ਬੇਪਰਵਾਹੀਆ । ਜੋ ਕਲਮਿਆਂ ਵਿਚ ਕਰ ਕੇ ਗਿਆ ਖ਼ਬਰਦਾਰ, ਧੁਰ ਸੰਦੇਸ਼ਾ ਪੈਗ਼ਾਮ ਇਕ ਸੁਣਾਈਆ । ਸੋ ਜਲਵਾ ਨੂਰ ਕਰ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਵੇਖੇ ਥਾਉਂ ਥਾਈਆ । ਸਦੀ ਚੌਧਵੀਂ ਮੁਹੰਮਦ ਕਰ ਕੇ ਗਿਆ ਪੁਕਾਰ, ਚੌਦਾਂ ਤਬਕ ਦੇਣ ਦੁਹਾਈਆ । ਲੇਖਾ ਲਿਖ ਨਾ ਸਕੇ ਕੋਈ ਵਿਚ ਸੰਸਾਰ, ਕਾਤਬ ਕਲਮ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਆਪਣੀ ਖੇਲ ਵਰਤਾਈਆ । ਭਵਿਸ਼ ਕਹੇ ਮੈਂ ਵੇਖਾਂ ਚਾਰ ਕੁੰਟ ਬਿਨਾ ਅੱਖ, ਨਿਰਗੁਣ ਨਿਰਗੁਣ ਧਿਆਨ ਲਗਾਈਆ । ਸ਼ਾਹ ਸੁਲਤਾਨਾਂ ਵੱਜਣ ਵਾਲੀ ਸੱਟ, ਸ਼ਬਦ ਅਗੰਮੀ ਹੁਕਮ ਬੇਪਰਵਾਹੀਆ । ਕੂੜੀ ਕਿਰਿਆ ਕਲਜੁਗ ਖੇੜਾ ਹੋਣ ਲੱਗਾ ਭੱਠ, ਧਰਨੀ ਧਰਤ ਧਵਲ ਧੌਲ ਦਏ ਦੁਹਾਈਆ । ਕਿਰਪਾ ਕਰ ਪੁਰਖ ਸਮਰਥ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਬਿਨ ਤੇਰੀ ਕਿਰਪਾ ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਦਹਿ ਦਿਸ਼ਾ ਕੋਈ ਨਾ ਸਕੇ ਰੱਖ, ਰੱਖਕ ਨਜ਼ਰ ਕੋਇ ਨਾ ਆਈਆ । ਸਤਿ ਧਰਮ ਰਿਹਾ ਕੋਈ ਨਾ ਰਸ, ਰਸਤਾ ਭੁੱਲੀ ਕੂੜ ਲੋਕਾਈਆ । ਸਤਿ ਦਵਾਰ ਸਤਿ ਧਰਮ ਦਾ ਖੋਲ੍ਹ ਇਕੋ ਹੱਟ, ਜਿਸ ਘਰ ਦੇ ਵਣਜਾਰੇ ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਹਕ਼ੀਕ਼ਤ ਵੇਖ ਹਕ, ਸਤਿ ਸਚ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਹਕ ਮੁਕਾਮ ਧੁਰ ਦੀ ਖੇਲ ਆਪ ਵਰਤਾਈਆ । ਇਸ ਦਾ ਅਰਥ ਬੜਾ ਨਿੱਕਾ, ਨਿੱਕਿਉਂ ਵੱਡੇ ਦਏ ਬਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੀਨ ਦੁਨੀ ਦਾ ਬਦਲਣ ਵਾਲਾ ਸਿੱਕਾ, ਸਿੱਕੇ ਵਿਚ ਸਿਕਮ ਨਿਸ਼ਾਨਾ ਰਿਹਾ ਵਖਾਈਆ । ਜਿਹੜਾ ਖੇਲ ਕਿਸੇ ਨਹੀਂ ਦਿਸਾ, ਬਿਨਾ ਅੱਖਾਂ ਅੱਖ ਦਏ ਖੁਲ੍ਹਾਈਆ । ਸਭ ਨੂੰ ਯਾਦ ਆਉਣਾ ਪਿੱਛਾ, ਅਗਲਾ ਭਾਣਾ ਜਗਤ ਦੁਖਦਾਈਆ । ਚਾਰ ਕੁੰਟ ਦਹਿ ਦਿਸ਼ਾ ਕੁਛ ਨਿਕਲਣ ਵਾਲਾ ਸਿੱਟਾ, ਸਾਹਿਬ ਸਵਾਮੀ ਅੰਤਰਜਾਮੀ ਪੜਦਾ ਸਭ ਦਾ ਦਏ ਖੁਲ੍ਹਾਈਆ । ਜਗਤ ਪਰਧਾਨਾਂ ਪੈਣ ਵਾਲਾ ਪੱਥਰ ਇੱਟਾ, ਸਿਰ ਸਕੇ ਨਾ ਕੋਇ ਬਚਾਈਆ । ਸਭ ਦਾ ਹਿਸਾਬ ਸਚ ਦਵਾਰੇ ਉਤੇ ਹੋਇਆ ਕਾਗ਼ਜ਼ ਕੋਰੇ ਚਿੱਟਾ, ਅਗਲਾ ਲੇਖਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੜਦਾ ਓਹਲਾ ਆਪ ਚੁਕਾਈਆ । ਜੋ ਸਮਝੇ ਸਚ ਦਾ ਅਰਥ, ਅਰਥ ਆਤਮ ਪਰਮਾਤਮ ਜੋੜ ਜੁੜਾਈਆ । ਨਿਜ ਨੇਤਰ ਕਰ ਕੇ ਕਰੇ ਓਹ ਦਰਸ, ਜਿਸ ਦਾ ਦਰਸ ਕੀਤਿਆਂ ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਅਗਲੀ ਪਿਛਲੀ ਮਿਟੇ ਹਰਸ, ਹਵਸ ਕੂੜੀ ਦਏ ਬੁਝਾਈਆ । ਜੋ ਨਿਰਗੁਣ ਧਾਰ ਨਿਰਵੈਰ ਹੋ ਕੇ ਆਇਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਸੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ


੧੦੧੪
੨੦

ਚਾਰ ਜੁਗ ਦੀ ਪੂਰੀ ਕਰੇ ਸ਼ਰਤ, ਸ਼ਰਅ ਵਿਚੋਂ ਸ਼ਰਅ ਦਏ ਬਦਲਾਈਆ । ਅੱਗੇ ਰਹੇ ਕੋਈ ਨਾ ਫ਼ਰਕ, ਫ਼ੈਸਲਾ ਹਕੋ ਹਕ ਸੁਣਾਈਆ । ਮਕਰੂਜ਼ਾਂ ਦੇਵੇ ਪਿਛਲਾ ਕਰਜ਼, ਅੱਗੇ ਇਕੋ ਮਾਰਗ ਦਏ ਜਣਾਈਆ । ਜਿਸ ਦੇ ਅੰਦਰ ਸਚ ਪ੍ਰੀਤੀ ਹੋ ਗਈ ਦਰਜ, ਦਰਗਾਹ ਧੁਰ ਦੀ ਵੇਖ ਵਖਾਈਆ । ਪੜ੍ਹਨ ਲਿਖਣ ਵਾਲੀ ਨਹੀਂ ਫ਼ਰਦ, ਬੁੱਧੀ ਸਕੇ ਨਾ ਕੋਇ ਸਮਝਾਈਆ । ਪ੍ਰਭ ਦਾ ਖੇਲ ਸਦਾ ਅਸਚਰਜ, ਜੁਗ ਚੌਕੜੀ ਆਪਣੀ ਕਾਰ ਕਮਾਈਆ । ਕਲਜੁਗ ਅੰਤਮ ਵੇਖੇ ਅੰਧੇਰਾ ਗਰਦ, ਦਹਿ ਦਿਸ਼ਾ ਖੋਜ ਖੁਜਾਈਆ । ਮੁਹੱਬਤ ਵਿਚ ਸਮਝਣਾ ਪਿਆਰ ਵਾਲਾ ਅਰਥ, ਅਰਥ ਵਿਚ ਅਰਥਾਤ, ਮੂਲ ਅਥਵਾ ਅਸਥਿਤੀ ਇਕੋ ਨਜ਼ਰੀ ਆਈਆ । ਅੰਤਰ ਆਵਾਜ਼ ਕਹੇ ਠੀਕ, ਹੁਕਮ ਬੇਪਰਵਾਹੀਆ । ਕਲਜੁਗ ਵੇਖ ਅੰਧੇਰਾ ਤਾਰੀਕ, ਨਿਜ ਲੋਚਣ ਨੈਣ ਕਰੇ ਰੁਸ਼ਨਾਈਆ । ਜੋ ਸਚ ਦਵਾਰੇ ਦੇ ਵਸਨੀਕ, ਆਤਮ ਪਰਮਾਤਮ ਮੇਲ ਮਿਲਾਈਆ । ਜਿਥੇ ਤੁੱਟੇ ਨਾ ਕਦੇ ਪ੍ਰੀਤ, ਪ੍ਰੀਤਮ ਇਕੋ ਮਿਲ ਕੇ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਗਾਵੇ ਗੀਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤ੍ਰੈਗੁਣ ਮਾਇਆ ਕਰ ਅਤੀਤ, ਪੰਜ ਵਿਕਾਰਾ ਲੇਖਾ ਦਏ ਮੁਕਾਈਆ । ਕਾਇਆ ਮਾਟੀ ਤਨ ਵਜੂਦ ਕਰ ਕੇ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਝਗੜਾ ਰਹੇ ਨਾ ਊਚ ਨੀਚ, ਜਾਤ ਪਾਤ ਦੀਨ ਮਜ਼੍ਹਬ ਖਹਿੜਾ ਦਏ ਛੁਡਾਈਆ । ਰਿਪੋਰਟਰ ਕਰਨ ਓਸ ਦੀ ਤਸਦੀਕ, ਜਿਸ ਦੀ ਸ਼ਹਾਦਤ ਆਤਮਾ ਪਰਮਾਤਮਾ ਨਾਲ ਭੁਗਤਾਈਆ । ਦੋਵੇਂ ਇਕ ਦੂਜੇ ਦੀ ਰੱਖਣ ਉਡੀਕ, ਰਾਹ ਤੱਕਣ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਠੀਕ ਦਾ ਠਾਕਰ ਠਾਕਰ ਦਾ ਸਾਗਰ ਸੰਸਾਰ ਸ੍ਰਿਸ਼ਟੀ ਨਜ਼ਰੀ ਆਈਆ । ਠੀਕ ਕਹੇ ਪਵਿਤ੍ਰ ਰਸਨਾ ਜ਼ਬਾਨ, ਜਿਹਵਾ ਨਾਲ ਵਡਿਆਈਆ । ਜਿਸ ਦੀ ਸਿਫ਼ਤ ਕਰੇ ਕੁਰਾਨ, ਹਦੀਸਾਂ ਵਿਚ ਦ੍ਰਿੜਾਈਆ । ਸੋ ਮਾਲਕ ਮਹਿਬੂਬ ਨੌਜਵਾਨ, ਮੁਹੱਬਤ ਇਕੋ ਇਕ ਕਮਾਈਆ । ਦੇਵਣਹਾਰਾ ਧੁਰ ਫ਼ਰਮਾਨ, ਸਚ ਸੰਦੇਸ਼ਾ ਇਕ ਸੁਣਾਈਆ । ਬੁੱਧੀ ਤੋਂ ਪਰੇ ਇਕ ਗਿਆਨ, ਜਿਸ ਨੂੰ ਅਨੁਭਵ ਕਹਿ ਕੇ ਸਾਰੇ ਰਹੇ ਗਾਈਆ । ਸ਼ਬਦ ਸੁਰਤੀ ਦੀ ਧੁਨਕਾਨ, ਅਨੁਰਾਗੀ ਰਾਗ ਸੁਣਾਈਆ । ਜੋ ਮੰਜ਼ਲ ਚੜ੍ਹ ਕੇ ਵੇਖੇ ਸੋ ਸਾਹਿਬ ਕਰੇ ਪਹਿਚਾਨ, ਬੇਪਹਿਚਾਨ ਆਪਣਾ ਪੜਦਾ ਦਏ ਉਠਾਈਆ । ਸੇਠੀ ਸਾਹਿਬ ਦਾ ਸੋਹਣਾ ਜਿਹਾ ਬਿਆਨ, ਅੱਖਰਾਂ ਵਿਚੋਂ ਅੱਖਰ ਪੱਥਰਾਂ ਤੋਂ ਪਰੇ ਪ੍ਰੇਮ ਦੀ ਧਾਰ ਵਿਚ ਖੋਦ ਖੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖਣਹਾਰ ਸਰਬ ਇਨਸਾਨ, ਘਟ ਘਟ ਅੰਤਰ ਨਿਰੰਤਰ ਪੜਦਿਆਂ ਵਿਚੋਂ ਪੜਦਾ ਆਪ ਚੁਕਾਈਆ । ਧੰਨ ਕਹੋ ਇਕ ਮਾਲਕ, ਜੋ ਵਾਹਦ ਨਜ਼ਰੀ ਆਈਆ । ਜਿਸ ਦੀ ਸ੍ਰਿਸ਼ਟੀ ਸਾਰੀ ਖ਼ਾਲਕ, ਮਖ਼ਲੂਕ ਦਾ ਮਾਲਕ ਬੇਪਰਵਾਹੀਆ । ਜੁਗ ਚੌਕੜੀ ਬਦਲੇ ਇਬਾਦਤ, ਨਾਮ ਬੰਦਗੀ ਦਏ ਸਮਝਾਈਆ । ਜਿਸ ਦੀ ਸਿਫ਼ਤਾਂ ਵਿਚ ਗੁਰ ਅਵਤਾਰ ਪੀਰ ਪੈਗ਼ੰਬਰ ਲਿਖਦੇ ਆਏ ਇਬਾਰਤ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਦਏ ਗਵਾਹੀਆ । ਉਸ ਦਾ ਕਾਇਆ ਮੰਦਰ ਅੰਦਰ ਨਿਰਗੁਣ ਧਾਰ ਹੋਵੇ ਤੁਆਰਫ਼, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਬਾਹਰੋਂ ਮੰਗੇ ਨਾ ਕੋਇ ਸਫ਼ਾਰਸ਼, ਸਫ਼ਿਆਂ ਵਾਲੀ ਕਰੇ ਨਾ ਕੋਇ ਪੜ੍ਹਾਈਆ । ਸਾਚੇ ਦਰ ਮਹੱਲ ਅਟਲ ਊਚ ਮਨਾਰ ਗ੍ਰਿਹ ਮੰਦਰ ਮੁਕਾਮੇ ਹਕ ਹਕੀਕੀ ਕਰਾਏ ਜ਼ਿਆਰਤ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਇਕ ਖੁਲ੍ਹਾਈਆ । ਦਰ ਆਇਆਂ ਕੋਈ ਰਹਿਣ ਨਾ ਦੇਵੇ ਅੰਤਰ ਨਿਰੰਤਰ ਜਗਤ ਤ੍ਰਿਸ਼ਨਾ ਆਤਸ਼, ਸਨਾਤਨ ਇਕੋ ਧਾਰ ਬੰਧਾਈਆ । ਦੋਵੇਂ ਕਹਿਣ ਅਸੀਂ ਇਕੱਠੇ ਹੋ ਗਏ ਹੱਥ,

ਸੀਸ ਜਗਦੀਸ ਝੁਕਾਈਆ । ਪੁਰਖ ਅਬਿਨਾਸ਼ੀ ਸਦਾ ਸਮਰਥ, ਪਾਰਬ੍ਰਹਮ ਵੱਡੀ ਵਡਿਆਈਆ । ਜਿਸ ਦੀ ਮਹਿੰਮਾ ਆਦਿ ਜੁਗਾਦਿ ਅਕਥ, ਕਥਨੀ ਕਥ ਨਾ ਸਕੇ ਰਾਈਆ । ਸਤਿਜੁਗ ਤਰੇਤਾ ਦੁਆਪਰ ਚਲਾਉਂਦਾ ਆਇਆ ਰਥ, ਬਣ ਰਥਵਾਹੀ ਸੇਵ ਕਮਾਈਆ । ਅਵਤਾਰ ਪੈਗ਼ੰਬਰ ਗੁਰੂਆਂ ਮਾਰਗ ਦੱਸ, ਰਹਿਬਰ ਹੋ ਕੇ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਕਰਾ ਕੇ ਜਸ, ਸਿਫ਼ਤਾਂ ਵਿਚ ਢੋਲੇ ਰਿਹਾ ਸੁਣਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਪਰਤੱਖ ਨੂਰ ਜੋਤ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਮਾਰ ਕੇ ਸੱਟ, ਸੋਈ ਸੁਰਤੀ ਆਪ ਉਠਾਈਆ । ਸਚ ਦਵਾਰ ਦਾ ਖੋਲ੍ਹ ਕੇ ਹੱਟ, ਵਸਤ ਅਮੋਲਕ ਨਾਮ ਵਰਤਾਈਆ । ਜਿਸ ਕਾਰਨ ਇਹ ਹੋ ਰਿਹਾ ਇਕੱਠ, ਪੂਰਬ ਦਾ ਲਹਿਣਾ ਸਾਰਾ ਦਏ ਸਮਝਾਈਆ । ਕਿਸੇ ਦਾ ਨਹੀਂ ਕੋਈ ਵੱਸ, ਹੁਕਮ ਚਲੇ ਧੁਰਦਰਗਾਹੀਆ । ਅੰਤਰ ਆਤਮ ਸਭ ਨੂੰ ਮਿਲੇ ਰਸ, ਰਸਤਾ ਇਕੋ ਇਕ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਂਝਾ ਹੋਵੇ ਜਸ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਿਉਂ ਭਾਵੇ ਤਿਉਂ ਸਦਾ ਲਏ ਰੱਖ, ਹਰਿ ਕਰਤਾ ਕਰਨੀ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖਣਹਾਰਾ ਓਹ ਦੋ ਹੱਥ, ਜਿਹੜੇ ਹੱਥ ਜੁੜਿਆਂ ਜੋੜੀ ਪ੍ਰਭ ਆਪਣੇ ਨਾਲ ਮਿਲਾਈਆ ।

★ ੨੧ ਪੋਹ ਸ਼ਹਿਨਸ਼ਾਹੀ ਸੰਮਤ ੩ ਆਤਮਾ ਸਿੰਘ ਦੇ ਗ੍ਰਹਿ ਮਲੂਵਾਲ ਜ਼ਿਲਾ ਅੰਮ੍ਰਿਤਸਰ ★

ਪਿਛਲਾ ਲਹਿਣਾ ਪੂਰਾ ਕਰ, ਅੱਗੇ ਲੇਖਾ ਆਪਣੇ ਵਿਚ ਰਖਾਈਆ । ਮਰਨ ਤੋਂ ਪਹਿਲੋਂ ਦੇਵੇ ਵਰ, ਪਿਛੋਂ ਲੋੜ ਰਹੇ ਨਾ ਰਾਈਆ । ਅੰਮ੍ਰਿਤ ਨੁਹਾ ਕੇ ਸਾਚੇ ਸਰ, ਜਨਮ ਜਨਮ ਦੀ ਮੈਲ ਧਵਾਈਆ । ਜੋ ਕੌਲ ਇਕਰਾਰ ਗਿਆ ਕਰ, ਧੰਨੇ ਧਨਾਢ ਦਏ ਵਡਿਆਈਆ । ਸੋ ਚਲ ਕੇ ਆਵੇ ਦਰ, ਦੂਰ ਦੁਰਾਡਾ ਫੇਰਾ ਪਾਈਆ । ਜਿਹੜਾ ਅੱਖਰ ਕਿਸੇ ਨਹੀਂ ਲਿਆ ਪੜ੍ਹ, ਉਹ ਗੁਰਮੁਖ ਦਏ ਪੜ੍ਹਾਈਆ । ਜੀਂਵਦਿਆਂ ਅੰਦਰ ਜਾਏ ਵੜ, ਘਰ ਆਪਣਾ ਇਕ ਸੁਹਾਈਆ । ਅਗਲਾ ਲੇਖਾ ਚੁੱਕੇ ਡਰ, ਚੁਰਾਸੀ ਪੰਧ ਕਟਾਈਆ । ਵਖਾਵੇ ਅਗੰਮਾ ਗੜ੍ਹ, ਜਿਸ ਦੀ ਬਣਤ ਨਾ ਕੋਇ ਸਮਝਾਈਆ । ਫੜਾ ਕੇ ਆਪਣਾ ਲੜ, ਲੜੀ ਲੜੀ ਨਾਲ ਜੁੜਾਈਆ । ਜੁਗ ਚੌਕੜੀ ਜੋ ਭਾਣਾ ਰਿਹਾ ਜਰ, ਲੇਖਾ ਜ਼ਰਾ ਜ਼ਰਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹੁਣ ਲੈ ਲੈ ਪਿਛਲਾ ਮੂਲ, ਅਨਮੁੱਲ ਆਪ ਵਰਤਾਈਆ । ਬਖ਼ਸ਼ ਕੇ ਚਰਨ ਧੂਲ, ਧਰਮ ਦਵਾਰਾ ਇਕ ਵਖਾਈਆ । ਜਿਥੇ ਵਸੇ ਹਰਿ ਕੰਤੂਹਲ, ਕਰਤਾ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਬਰਸਾਵਨ ਫੂਲ, ਬਿਨ ਫੂਲਾਂ ਵਰਖਾ ਲਾਈਆ । ਜਿਥੇ ਬਦਲੇ ਨਾ ਕੋਇ ਅਸੂਲ, ਅਸਲ ਅਸਲ ਵਿਚ ਮਿਲਾਈਆ । ਇਹ ਆਦਿ ਦਾ ਪਿਛਲਾ ਰੂਲ, ਅੰਤ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਪਿਛਲੇ ਜਨਮ ਦਾ ਲਾਲ ਰੰਗ ਦਾ ਗੁਛੀ ਡੋਰਾ, ਧੰਨਾ ਅੱਠੇ ਪਹਿਰ ਤੰਦ ਬੰਧਾਈਆ । ਪਾਣੀ ਦਾ ਭਰ ਕਟੋਰਾ, ਅਗਲੀ ਮੰਗ ਮੰਗਾਈਆ । ਰੋ ਕੇ ਕਿਹਾ ਮੇਰੀ ਪੈਰੀਂ ਨਹੀਂ ਜੋੜਾ, ਭੁਖਿਆਂ ਭੁੱਖ ਕਟਾਈਆ । ਪੁਰਖ ਅਕਾਲ ਕਿਹਾ ਮੈਨੂੰ ਅਜੇ ਤੇਰੀ ਲੋੜਾ, ਕਲਜੁਗ ਅੰਤ ਦਿਆਂ ਸਮਝਾਈਆ । ਜਿਸ ਵੇਲੇ ਆਵਾਂ ਬਣ ਕੇ ਬਾਂਕਾ ਛੋਹਰਾ, ਸ਼ੌਹਰ ਸਭ ਦਾ ਆਪ ਅਖਵਾਈਆ । ਆਤਮ ਪਰਮਾਤਮ ਦਾ ਗਾ ਕੇ ਦੋਹਰਾ, ਦੁਹਰਾ ਆਪਣਾ ਵੇਸ ਵਟਾਈਆ । ਦੁਨੀਆ

੧੦੧੬
੨੦

ਵਿਚ ਫਿਰਾਂ ਵਾਗ ਚੋਰਾ, ਭਗਤਾਂ ਨਾਲ ਭਗਵਨ ਹੋ ਕੇ ਕਰਾਂ ਕੁੜਮਾਈਆ । ਵਕਤ ਲੰਮੇ ਤੋਂ ਲੰਮਾ ਥੋੜ੍ਹੇ ਤੋਂ ਥੋੜ੍ਹਾ, ਸਮਾਂ ਕਾਲ ਸਮਝ ਕੋਇ ਨਾ ਪਾਈਆ । ਪ੍ਰੀਤਮ ਸਿੰਘ ਓਸ ਵੇਲੇ ਖੱਤਰੀ ਸੀ ਇਕ ਰੋੜਾ, ਜਿਸ ਘਰੋਂ ਅੰਨ ਲਿਆ ਕੇ ਰੋਟੀ ਸੁੱਕੀ ਬਣਾਈਆ । ਅੱਜ ਓਸ ਦਾ ਲੇਖੇ ਲਾਉਣਾ ਉਹ ਮੋਹਰਾ, ਜਿਸ ਮੋਹਰ ਦੀ ਸਮਝ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਨਰ ਆਪਣੀ ਕਾਰ ਕਮਾਈਆ । ਪੰਚ ਮੁਖੀ ਦੀਪਕ ਲਾਉ ਅੱਗ, ਅਗਨੀ ਲੱਗੇ ਜਗਤ ਲੋਕਾਈਆ । ਜਨ ਭਗਤਾਂ ਦਰਸ ਮਿਲੇ ਉਪਰ ਸ਼ਾਹ ਰਗ, ਰਘੁਪਤ ਲੇਖਾ ਆਪ ਮੁਕਾਈਆ । ਸੰਤ ਸੁਹੇਲੇ ਬਣਾਏ ਧੁਰ ਦੇ ਨਗ, ਨਗਮਾ ਆਪਣਾ ਨਾਮ ਜਣਾਈਆ । ਬੁੱਧੀ ਰਹੇ ਕੂੜ ਨਾ ਕੱਗ, ਕਲਮਾ ਇਕੋ ਦਏ ਸੁਣਾਈਆ । ਮਨ ਮਮਤਾ ਦੇਣੀ ਤਜ, ਲੇਖਾ ਕੂੜ ਚੁਕਾਈਆ । ਸਚ ਦਵਾਰੇ ਬਹਿਣਾ ਸਜ, ਜਿਥੇ ਮਿਲੇ ਮਾਣ ਵਡਿਆਈਆ । ਜਿਸ ਕਾਰਨ ਆਇਆ ਅੱਜ, ਅਜ਼ਲ ਤੋਂ ਲਏ ਬਚਾਈਆ । ਇਹ ਓਸ ਦੀ ਦਿਸੇ ਯਦ, ਜੋ ਧੁਰ ਦਾ ਮਾਲਕ ਨੂਰ ਖ਼ੁਦਾਈਆ । ਜਿਸ ਨੂੰ ਪਿੱਛੇ ਬਖ਼ਸ਼ੀ ਪੱਗ, ਸਿਰ ਆਪਣਾ ਹੱਥ ਟਿਕਾਈਆ । ਜਗਤ ਜਹਾਨ ਵਿਚੋਂ ਕੱਢ, ਏਕਾ ਘਰ ਵਸਾਈਆ । ਦੁੱਖ ਲੱਗੇ ਕਿਸੇ ਨਾ ਹੱਡ, ਨਾੜੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਖਿਲਾਈਆ । ਦੀਪਕ ਕਹੇ ਮੇਰੀ ਜਗਦੀ ਜੋਤੀ, ਜੋਤਾਂ ਵਾਲੀ ਸੀਸ ਨਿਵਾਈਆ । ਭਗਤ ਸੁਹੇਲਾ ਮਾਣਕ ਮੋਤੀ, ਗੁਰਮੁਖ ਗੁਰ ਗੁਰ ਦਏ ਵਡਿਆਈਆ । ਜਿਸ ਦੇ ਘਰ ਦੀ ਸੁੱਕੀ ਰੋਟੀ, ਧੰਨੇ ਦਾ ਲਹਿਣਾ ਰਹੀ ਮੁਕਾਈਆ । ਵਾਸਨਾ ਕੂੜ ਰਹੇ ਨਾ ਖੋਟੀ, ਖੋਟਿਉਂ ਖਰੇ ਬਣਾਈਆ । ਮੰਜ਼ਲ ਚਾੜ੍ਹੇ ਓਸੇ ਚੋਟੀ, ਜਿਥੇ ਪਾਲ ਸਿੰਘ ਵਸੇ ਵੱਡਾ ਭਾਈਆ । ਜਨਮ ਦਾ ਰਹੇ ਕੋਇ ਨਾ ਰੋਗੀ, ਸੋਗੀ ਚਿੰਤ ਨਾ ਕੋਇ ਜਣਾਈਆ । ਇਹ ਖੇਲ ਪ੍ਰਭ ਦਾ ਚੋਜੀ, ਚੋਜੀ ਪ੍ਰੀਤਮ ਹੋ ਕੇ ਆਪ ਵਖਾਈਆ । ਰਾਹ ਤਕਦੇ ਗਏ ਵੇਦੀ ਸੋਢੀ, ਬਿਨ ਅੱਖਾਂ ਅੱਖ ਉਠਾਈਆ । ਜੋ ਸਭ ਨੂੰ ਦੇਂਦਾ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਨੂਰ ਖ਼ੁਦਾਈਆ । ਉਹ ਬਣ ਕੇ ਮਾਲਕ ਮੌਜੀ, ਮਜਲਸ ਆਪਣੀ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਦੀਪਕ ਕਹੇ ਮੈਂ ਵੇਖਾਂ ਦੀਪਾਂ ਵਾਲਾ, ਦੀਪ ਜਿਸ ਨੂੰ ਸੀਸ ਝੁਕਾਈਆ । ਜਿਸ ਦਾ ਖੇਲ ਜਗਤ ਨਿਰਾਲਾ, ਨਿਰਵੈਰ ਨਿਰਾਕਾਰ ਨਿਰੰਕਾਰ ਆਪ ਬਣਾਈਆ । ਸਚ ਦਵਾਰ ਸੁਹਾ ਸੱਚੀ ਧਰਮਸਾਲਾ, ਜਨ ਭਗਤ ਗ੍ਰਿਹਿ ਵੱਜੇ ਵਧਾਈਆ । ਲੇਖਾ ਵੇਖੇ ਮਾਨਸ ਜਨਮ ਹਾਲਾ, ਪੂਰਬ ਮਾਜ਼ੀ ਪੜਦਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਦੀਪਕ ਕਹੇ ਪ੍ਰਭ ਧੁਰ ਦੇ ਨੂਰ, ਨੂਰੀ ਦੇ ਜਣਾਈਆ । ਕਿਸ ਬਿਧ ਹੋਇਉਂ ਮਜਬੂਰ, ਨਿਰਗੁਣ ਆਪਣਾ ਵੇਸ ਵਟਾਈਆ । ਕੀ ਨਾਮ ਕਰੇਂ ਮਸ਼ਹੂਰ, ਮਸ਼ਵਰੇ ਗੁਰ ਅਵਤਾਰ ਪੈਗ਼ੰਬਰ ਦੇਣ ਸਲਾਹੀਆ । ਕੀ ਕਾਰਨ ਹੋਏ ਜ਼ਰੂਰ, ਜ਼ਰੂਰੀ ਆਪਣਾ ਫੇਰਾ ਪਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਧੰਨੇ ਦਾ ਮਜ਼ਦੂਰ, ਮਜਦੂਰੀ ਕਰਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਪਰਗਟਾਈਆ । ਦੀਪਕ ਕਹੇ ਕੀ ਕਹਿੰਦਾ ਧੰਨਾ ਜੱਟ, ਧਨੀਆਂ ਦੇ ਧਨੀ ਦੇ ਦ੍ਰਿੜਾਈਆ । ਕਿਸ ਕਾਰਨ ਹੋਇਆ ਇਕੱਠ, ਪੜਦਾ ਦੇ ਉਠਾਈਆ । ਕੀ ਖੋਲ੍ਹਣ ਲੱਗਾ ਹੱਟ, ਵਸਤ ਕੀ ਵਰਤਾਈਆ । ਕੀ ਲੇਖਾ ਜਾਣੇ ਘਟ, ਗ੍ਰਿਹਿ ਭੀਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ


੧੦੧੭
੨੦

੧੦੧੮
੨੦

ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਸਮਝਾਈਆ । ਦੀਪਕ ਕਹੇ ਮੈਂ ਵੇਖਾਂ ਚਾਰ ਚੁਫੇਰ, ਚੌਹ ਤਰਫੀ ਧਿਆਨ ਲਗਾਈਆ । ਕੀ ਕਰੇ ਪ੍ਰਭੂ ਮਿਹਰ, ਮਿਹਰ ਨਜ਼ਰ ਉਠਾਈਆ । ਕੀ ਕੂਆਂ ਰਿਹਾ ਗੇੜ, ਹਲਟ ਹੱਲ ਚਲਾਈਆ । ਕੀ ਬੰਨ੍ਹੇ ਰੱਸਾ ਬੇੜ, ਆਪਣੀ ਗੰਢ ਪਵਾਈਆ । ਕੀ ਬਸਤਰ ਰੱਖੇਂ ਤੇੜ, ਓਢਨ ਸੀਸ ਛੁਹਾਈਆ । ਕਿਸ ਵਸੇਂ ਨਗਰ ਖੇੜ, ਮੰਦਰ ਸੋਭਾ ਪਾਈਆ । ਕੀ ਪਰਤ ਕੇ ਆ ਗਿਆ ਫੇਰ, ਆਪਣਾ ਵੇਸ ਵਟਾਈਆ । ਗੇੜ ਕੇ ਉਲਟਾ ਗੇੜ, ਗੇੜਾ ਗੇੜੇ ਵਿਚ ਰਖਾਈਆ । ਦੁਰਾਡਾ ਸਮਾਂ ਕਰਕੇ ਨੇੜ, ਨੇਰਨ ਨੇਰਾ ਹੋਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਖੁਲ੍ਹਾਈਆ । ਦੀਪਕ ਕਹੇ ਮੈਨੂੰ ਦਿਸੇ ਧੰਨੇ ਦੀ ਦਾਦੀ, ਦਾਅਵੇ ਨਾਲ ਜਣਾਈਆ । ਜਿਸ ਨੇ ਬੰਨ੍ਹੀ ਲਾਲ ਤੜਾਗੀ, ਰੋੜਾ ਪ੍ਰੀਤਮ ਸਿੰਘ ਦਏ ਫੜਾਈਆ । ਇਕ ਤੰਦ ਤੋੜਕੇ ਵਿਚੋਂ ਜਿਸ ਬੰਨ੍ਹਿਆ ਨਾਲ ਪਰਾਂਦੀ, ਸੀਸ ਆਪਣੇ ਨਾਲ ਛੁਹਾਈਆ । ਖ਼ੁਸ਼ੀਆਂ ਅੰਦਰੋਂ ਗੀਤ ਗਾਂਦੀ, ਫਿਰੇ ਚਾਈਂ ਚਾਈਂਆ । ਕਟੋਰਾ ਹੱਥ ਉਹ ਉਠਾਂਦੀ, ਜਿਸ ਨੂੰ ਸਾਂਭ ਕੇ ਰੱਖਿਆ ਉਚੀ ਥਾਈਂਆ । ਉਹਦੇ ਵਿਚੋਂ ਉਹਦੇ ਫੁੱਲ ਦਾ ਦਰਸ਼ਨ ਪਾਂਦੀ, ਜੋ ਥੋੜ੍ਹਾ ਉਚਾ ਨਜ਼ਰੀ ਆਈਆ । ਉਸ ਵਿਚ ਕਦੀ ਪਾਈ ਨਹੀਂ ਸੀ ਰਿੱਧੀ ਹਾਂਡੀ, ਸਾਫ਼ ਕਰਕੇ ਘਰ ਵਿਚ ਸਦਾ ਟਿਕਾਈਆ । ਨਾ ਕੁਛ ਪੀਂਦੀ ਨਾ ਕੁਛ ਖਾਂਦੀ, ਬਿਨ ਖਾਧਿਆਂ ਪੀਤਿਆਂ ਧੋ ਕੇ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਧੰਨੇ ਦੇ ਲੱਕ ਦਾ ਲਾਲ ਤੱਗ, ਸੋਹਣੀ ਬਣਤ ਬਣਾਈਆ । ਖ਼ੁਸ਼ੀਆਂ ਵਾਲੀ ਖੇਲ ਜਗ, ਦਾਦੀ ਵੱਜੇ ਵਧਾਈਆ । ਮਾਲਵਿਉਂ ਆਂਦੀ ਸੱਦ, ਪਿਛਾ ਸਮਝ ਕੋਇ ਨਾ ਪਾਈਆ । ਡੰਗੋਰੀ ਸਹਾਰੇ ਆਈ ਭੱਜ, ਲੱਤੋਂ ਡੁੱਡੀ ਨਾ ਕੋਇ ਚਤੁਰਾਈਆ । ਖ਼ੁਸ਼ੀਆਂ ਅੰਦਰ ਹੱਡ, ਟੱਪਣ ਚਾਈਂ ਚਾਈਂਆ । ਪੁਰਖ ਅਕਾਲ ਵੇਖ ਕੇ ਹੋਵੇ ਗਦ ਗਦ, ਆਪਣੀ ਖ਼ੁਸ਼ੀ ਬਣਾਈਆ । ਜਿਸ ਦਾ ਹੁਕਮ ਨਾ ਹੋਇਆ ਰੱਦ, ਆਸਾ ਸਭ ਦੀ ਵੇਖ ਵਖਾਈਆ । ਇਹ ਤਾਗਾ ਜਿਸ ਵਿਚ ਕਦੇ ਨਾ ਪਵੇ ਡੱਬ, ਦੂਜਾ ਰੰਗ ਨਾ ਕੋਇ ਬਦਲਾਈਆ । ਜਿਸ ਕਾਰਨ ਧੰਨੇ ਨੂੰ ਮਿਲਣ ਆਇਆ ਰੱਬ, ਰੂਪ ਰੰਗ ਅਵਰ ਨਾ ਕਿਸੇ ਵਖਾਈਆ । ਜੱਗ ਅੱਖਾਂ ਨਾਲ ਨਾ ਪਿਆ ਲੱਭ, ਠਾਕਰ ਪੱਥਰ ਨਾ ਕੋਇ ਵਡਿਆਈਆ । ਪ੍ਰੇਮ ਦੀ ਧਾਰੋਂ ਹੋ ਪਰਗਟ, ਘਟ ਆਪਣਾ ਆਪ ਜਣਾਈਆ । ਧੰਨੇ ਤੈਨੂੰ ਮੂਰਖ ਕਹਿਣ ਜੱਟ, ਜੱਟ ਮੂਰਖ ਜਗਤ ਕਹਿਕੇ ਗਾਈਆ । ਆਹ ਲੇਖਾ ਇਕ ਵੱਚ, ਪੜ੍ਹਕੇ ਦੇ ਸਮਝਾਈਆ । ਧੰਨੇ ਕਿਹਾ ਕੀ ਇਹ ਸਚ, ਜੋ ਮੈਨੂੰ ਰਿਹਾ ਫੜਾਈਆ । ਮੇਰੇ ਲੂੰ ਲੂੰ ਅੰਦਰ ਗਿਆ ਰਚ, ਮਸਤੀ ਅੰਦਰ ਮਸਤੀ ਦਿਤੀ ਬਦਲਾਈਆ । ਕੌਲ ਇਕਰਾਰ ਕਰ ਪੱਕ, ਪੱਕੀ ਤਰ੍ਹਾਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਬੁੱਢੀ ਦਾਦੀ ਕਹੇ ਸੁਣ ਧੰਨੂ, ਧੰਨਿਆ ਤੈਨੂੰ ਦਿਆਂ ਜਣਾਈਆ । ਪੱਥਰਾਂ ਵਿਚੋਂ ਠਾਕਰ ਕਦੇ ਨਾ ਮੰਨੂ, ਐਵੇਂ ਮੱਥੇ ਰਿਹਾ ਘਸਾਈਆ । ਸੁਣ ਮੇਰੇ ਲਾਡਲੇ ਚੰਨ੍ਹੂ, ਤੈਨੂੰ ਦਿਆਂ ਸਮਝਾਈਆ । ਜਿੰਨਾਂ ਚਿਰ ਉਹਦਾ ਪ੍ਰੇਮ ਨਾ ਬੰਨ੍ਹੇ ਪੱਲੂ, ਮਨ ਦੀ ਗੰਢ ਘੁਟਾਈਆ । ਓਨਾਂ ਚਿਰ ਸੁਨੇਹੜਾ ਕਦੇ ਨਾ ਘੱਲੂ, ਨਾ ਸੁੱਤਿਆਂ ਲਏ ਜਗਾਈਆ । ਸੁਣ ਮੇਰੇ ਲਾਡਲੇ ਬਲੂ, ਬੱਚਿਆਂ ਤੈਨੂੰ ਦਿਆਂ ਜਣਾਈਆ । ਉਹ ਭਾਗ ਲਗਾਵੇ ਕਾਇਆ ਖੱਲੂ, ਖ਼ਲਕ ਵਿਚ ਨਾ ਕੋਇ ਰੁਸ਼ਨਾਈਆ । ਸਦ ਆਤਮ ਪਰਮਾਤਮ ਰਲੂ, ਰਲ ਮਿਲ ਝਟ ਲੰਘਾਈਆ । ਸ੍ਰਿਸ਼ਟ ਸਬਾਈ ਆਪੇ ਛਲੂ, ਅਛਲ ਛਲ ਆਪਣੀ

ਕਾਰ ਕਮਾਈਆ । ਨੱਢਿਆ ਉਹ ਕਟੋਰਾ ਭਰ ਕੇ ਰੱਖੀਂ ਜਲੂ, ਨੌ ਦਿਨ ਪਿਛੋਂ ਤੈਨੂੰ ਮਿਲੇ ਤੇਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਧੰਨਾ ਕਹੇ ਕਿਹੜਾ ਕਟੋਰਾ ਅੰਮਾਂ, ਅੰਮੜੀ ਦੇ ਜਣਾਈਆ । ਓਨ ਫੜ ਵਖਾਇਆ ਛੰਨਾ, ਸਵਾ ਸੇਰ ਵੰਡ ਵੰਡਾਈਆ । ਅੱਗੋਂ ਕਰ ਕੇ ਦੋ ਚਾਰ ਗੱਲਾਂ, ਗਲਵਕੜੀ ਲਈ ਪਾਈਆ । ਧੰਨੇ ਤੇਰਾ ਮਾਲਕ ਆਵੇ ਕੱਲਾ, ਆਪਣਾ ਵੇਸ ਵਟਾਈਆ । ਤੈਨੂੰ ਪੱਥਰਾਂ ਕੀਤਾ ਝੱਲਾ, ਝੱਲਿਆ ਝਲਕ ਨਾ ਕਿਸੇ ਵਖਾਈਆ । ਪੰਡਤ ਪੈ ਗਏ ਡੂੰਘੀ ਡੱਲਾ, ਮਸਤਕ ਤਿਲਕ ਲਲਾਟ ਨਾ ਕੋਇ ਰੁਸ਼ਨਾਈਆ । ਆਹ ਲੈ ਲੈ ਮੁੱਠ ਚਨਾ, ਤੇਰੀ ਝੋਲੀ ਦਿਆਂ ਪਾਈਆ । ਸੁਣਨਾ ਨਾਲ ਕੰਨਾਂ, ਤੈਨੂੰ ਦਿਆਂ ਸੁਣਾਈਆ । ਤੇਰਾ ਟੁੱਕਰ ਖਾਵੇ ਚੱਪਾ ਖੰਨਾ, ਅੱਧੀ ਵਿਚੋ ਅੱਧੀਂ ਕੱਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਧੰਨਾ ਕਹੇ ਅੰਮਾਂ ਮੈਨੂੰ ਠਾਕਰ ਦਿਤਾ ਪੱਥਰ, ਬ੍ਰਾਹਮਣ ਦਿਤਾ ਜਣਾਈਆ । ਉਸ ਦੇ ਉਪਰ ਓਮ ਅੱਖਰ, ਨੋਚ ਕੇ ਦਿਤਾ ਬਣਾਈਆ । ਹੱਥ ਫੇਰ ਕੇ ਉਪਰ ਸਿਖ਼ਰ, ਚੋਟੀ ਦਿਤੀ ਦ੍ਰਿੜਾਈਆ । ਭਵਾ ਕੇ ਏਧਰ ਓਧਰ, ਚਾਰੋਂ ਕੁੰਟ ਵਖਾਈਆ । ਮੈਂ ਵੇਖਾਂ ਬਿੱਤਰ ਬਿੱਤਰ, ਅੱਖਾਂ ਨਾਲ ਅੱਖਾਂ ਆਪ ਮਿਲਾਈਆ । ਮੈਨੂੰ ਕਿਥੋਂ ਮਿਲੇ ਮਿਤਰ, ਪਿਆਰਾ ਧੁਰਦਰਗਾਹੀਆ । ਮੈਂ ਭੁੱਖਾ ਨੰਗਾ ਪੈਰੀਂ ਨਹੀਂ ਛਿੱਤਰ, ਬਨ ਖੰਡ ਪੰਧ ਨਾ ਕੋਇ ਮੁਕਾਈਆ । ਦਾਦੀ ਕਿਹਾ ਨਾ ਕਰ ਫ਼ਿਕਰ, ਫ਼ਿਕਰਾ ਦਿਤਾ ਸੁਣਾਈਆ । ਤੇਰੇ ਵਿਚੋਂ ਆਵੇ ਨਿਕਲ, ਤੇਰਾ ਬੇਪਰਵਾਹੀਆ । ਜਿਹੜਾ ਕਦੇ ਨਾ ਹੋਵੇ ਭਿੰਟੜ, ਭਿੱਟਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ ।
੧੦੧੯ ਦਾਦੀ ਕਹੇ ਧੰਨਿਆਂ ਕਿਹੜਾ ਤੇਰਾ ਠਾਕਰ, ਜੋ ਪੰਡਤ ਦਿਤਾ ਫੜਾਈਆ । ਧੰਨੇ ਝਟ ਨੁਹਾ ਕੇ ਨਾਲ ਪਾਣੀ ਗਾਗਰ, ਸਹਿਜੇ ਦਿਤਾ ਵਖਾਈਆ । ੧੦੧੯
੨੦ ਲਾਲ ਤਾਗੇ ਨਾਲ ਬੰਨ੍ਹ ਕੇ ਦਿਤਾ ਆਦਰ, ਸੋਹਣੀ ਗੰਢ ਵਖਾਈਆ । ਉਤੇ ਪਾ ਕੇ ਚਿੱਟੀ ਚਾਦਰ, ਅੱਗੋਂ ਘੁੰਗਟ ਲਿਆ ਬਣਾਈਆ । ਆਹ ਵੇਖ ਅੰਮੀ ਸਾਜਣ, ਸਿਰੋਂ ਫੜ ਕੇ ਦਿਤਾ ਹਿਲਾਈਆ । ਦਾਦੀ ਕਹੇ ਇਹ ਪਿਛਲਾ ਝੂਠ ਰਿਵਾਜਣ, ਬੱਚੂ ਤੈਨੂੰ ਦਿਆਂ ਦ੍ਰਿੜਾਈਆ । ਸਾਹਿਬ ਕੋਈ ਪੰਡਤ ਨਹੀਂ ਮਹਾਜਨ, ਸ਼ੱਤਰੀ ਬ੍ਰਾਹਮਣ ਰੂਪ ਨਾ ਕੋਇ ਵਟਾਈਆ । ਜੋ ਸਾਰੀ ਸ੍ਰਿਸ਼ਟੀ ਦੀ ਬਣਾਵੇ ਸਾਜਣ, ਪੱਥਰ ਪਾਹਨ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਦਾਦੀ ਕਹੇ ਧੰਨਿਆਂ ਠਾਕਰ ਦੇ ਸਿਰ ਤੇ ਕੋਈ ਹੱਥ ਨਾ ਸਕੇ ਫੇਰ, ਬਗ਼ਲ ਵਿਚ ਨਾ ਕੋਇ ਟਿਕਾਈਆ । ਜਲਾਂ ਦੇ ਵਹਿਣਾਂ ਵਿਚ ਨਹੀਂ ਲੱਗੇ ਢੇਰ, ਖੱਡਾਂ ਵਿਚ (ਨਾ) ਦੇਣ ਦੁਹਾਈਆ । ਇਹ ਲਹਿਣਾ ਨਾ ਸਕਣ ਨਬੇੜ, ਲੇਖਾ ਲੇਖ ਨਾ ਕੋਇ ਬਣਾਈਆ । ਜੇ ਤੇਰਾ ਠਾਕਰ ਸਵਾਮੀ ਕਰੇ ਮਿਹਰ, ਮਿਹਰਵਾਨ ਹੋਏ ਸਹਾਈਆ । ਉਹਨੂੰ ਆਉਂਦਿਆਂ ਨਾ ਲੱਗੇ ਦੇਰ, ਦੋ ਜਹਾਨਾਂ ਪੰਧ ਮੁਕਾਈਆ । ਤੂੰ ਉਠ ਇਕ ਵੇਰ, ਰੋ ਕੇ ਦੇ ਦੁਹਾਈਆ । ਤੂੰ ਮੇਰਾ ਮੈਂ ਤੇਰਾ ਚੇਰ, ਚਿਰੀ ਵਿਛੁੰਨੇ ਲੈ ਮਿਲਾਈਆ । ਆਸ਼ਾ ਦਾ ਉਹਦੇ ਅੱਗੇ ਲਾ ਦੇ ਢੇਰ, ਖਾਣ ਪੀਣ ਇਹੋ ਦੇ ਸਮਝਾਈਆ । ਜਿੰਨਾ ਚਿਰ ਨਾ ਆਵੇਂ ਮੇਰੇ ਨੇੜ, ਅੱਖਾਂ ਪੁੱਟ ਕੇ ਜਗਤ ਨਾ ਦਰਸ਼ਨ ਪਾਈਆ । ਜੇ ਕਰੇਂ ਹੇਰ ਫੇਰ, ਭਗਤ ਭਗਵਾਨ ਦੀ ਰੀਤੀ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਬਣਾਈਆ । ਧੰਨਾ ਕਹੇ ਅੰਮਾ ਕੀ ਕਰਾਂ ਅਰਦਾਸ, ਮੈਨੂੰ ਦੇ ਜਣਾਈਆ । ਪੂਰੀ ਹੋਵੇ ਆਸ, ਤ੍ਰਿਸ਼ਨਾ

ਦਏ ਬੁਝਾਈਆ । ਉਸ ਭਰ ਕੇ ਪਾਣੀ ਦਾ ਗਿਲਾਸ, ਧੰਨੇ ਦਿਤਾ ਫੜਾਈਆ । ਬੱਚੂ ਉਸ ਕਟੋਰੇ ਵਲ ਝਾਕ, ਜਿਸ ਨੂੰ ਮੈਂ ਸਾਫ਼ ਕਰ ਕੇ ਆਪਣੇ ਘਰ ਰਖਾਈਆ । ਅੱਖਾਂ ਤੋਂ ਪਿੱਛੇ ਆਪਣਾ ਖੋਲ੍ਹ ਤਾਕ, ਪੜਦਾ ਰਹੇ ਨਾ ਰਾਈਆ । ਧੰਨਿਆਂ ਬੋਲ ਦੇ ਤੂੰ ਮੇਰਾ ਬਾਪ, ਜਨਣ ਵਾਲੀ ਨਹੀਂ ਕੋਈ ਮਾਈਆ । ਵੇਖ ਕਿਸ ਤਰ੍ਹਾਂ ਪਰਗਟ ਹੋਵੇ ਆਪ, ਆਪਣਾ ਪੜਦਾ ਦਏ ਉਠਾਈਆ । ਪੱਥਰਾਂ ਦੀ ਮੁਕੇ ਵਾਟ, ਪੰਡਤਾਂ ਦਾ ਝਗੜਾ ਰਹੇ ਨਾ ਰਾਈਆ । ਸਿਖ ਲੈ ਨਿੱਕੀ ਜਿਹੀ ਜਾਚ, ਜਾਚਕ ਹੋ ਕੇ ਸੇਵ ਕਮਾਈਆ । ਉਹ ਦਿਨ ਸੀ ਇੱਕੀ ਪੋਹ ਦੀ ਰਾਤ, ਸੰਮਤਾਂ ਵਾਲੀ ਬਿਕ੍ਰਮੀ ਬਣਤ ਨਾ ਕੋਇ ਬਣਾਈਆ । ਧੰਨੇ ਕੀਤਾ ਯਾਦ, ਬਿਨ ਅੱਖਾਂ ਨੀਰ ਵਹਾਈਆ । ਮੇਰਾ ਖੇੜਾ ਕਰ ਆਬਾਦ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਧੰਨੇ ਕਿਹਾ ਅੰਮਾਂ ਗਾਵਾਂ ਕੀ, ਮੈਨੂੰ ਦੇ ਸਮਝਾਈਆ । ਪਿਛਲੀ ਛੱਡਾਂ ਲੀਹ, ਰਸਤਾ ਲਵਾਂ ਬਦਲਾਈਆ । ਕਿਸ ਬਿਧ ਕਹਿਵਾਂ ਓਸ ਨੂੰ ਜੀ, ਕਿਸ ਬਿਧ ਸਿਫ਼ਤ ਸਾਲਾਹੀਆ । ਕੀ ਮੈਂ ਉਹਦਾ ਪੁੱਤਰ ਬਣਾਂ ਕਿ ਧੀ, ਧਰਮ ਦੀ ਧਾਰ ਦੇ ਸਮਝਾਈਆ । ਦਾਦੀ ਮੁਖ ਚੋਂ ਕਹਿ ਕੇ ਸੀ, ਇਸ਼ਾਰੇ ਨਾਲ ਸੁਣਾਈਆ । ਉਹਦੇ ਚਰਨਾਂ ਇਕੋ ਨੀ, ਸੀਸ ਜਗਦੀਸ ਭੇਟ ਚੜ੍ਹਾਈਆ । ਬਲਿਹਾਰੀ ਓਸੇ ਤੋਂ ਥੀ, ਆਪਾ ਵਾਰ ਵਖਾਈਆ । ਥੋੜ੍ਹਾ ਜਿਹਾ ਉਂਗਲੀ ਨੂੰ ਲਾ ਕੇ ਘੀ, ਪੰਜਾਂ ਉਂਗਲਾਂ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸੁਣਾਈਆ । ਧੰਨਾ ਕਹੇ ਮੈਂ ਕੀ ਗਾਵਾਂ ਗੀਤ, ਮੈਨੂੰ ਦੇ ਦ੍ਰਿੜਾਈਆ । ਕਿਸ ਬਿਧ ਕਰਾਂ ਪ੍ਰੀਤ, ਪ੍ਰੀਤਮ ਲਵਾਂ ਮਨਾਈਆ । ਉਤੋਂ ਰਾਤ ਰਹੀ ਬੀਤ, ਸੁੱਤੀ ਜਗਤ ਲੋਕਾਈਆ । ਮਹੀਨਾ ਪੋਹ ਠੰਡਾ ਸੀਤ, ਦੂਏ ਦਾ ਏਕੇ ਨਾਲ ਜੋੜ ਨਾ ਕੋਇ ਜੁੜਾਈਆ । ਧੰਨੇ ਦੀ ਰੋ ਕੇ ਨਿਕਲੀ ਚੀਕ, ਧਾਹਾਂ ਮਾਰ ਸੁਣਾਈਆ । ਮੈਂ ਕਰਦਾ ਓਸ ਦੀ ਉਡੀਕ, ਜਿਹੜਾ ਲੱਭਿਆਂ ਹੱਥ ਨਾ ਆਈਆ । ਦਾਦੀ ਨੇ ਹੱਥ ਵਿਚ ਲੋਹੇ ਦੀ ਫੜ ਕੇ ਸੀਖ, ਠੋਕਰ ਨਾਲ ਦਿਤਾ ਹਿਲਾਈਆ । ਵੇ ਧੰਨੂੰ ਮੈਨੂੰ ਉਤੋਂ ਆਈ ਕੋਈ ਹਦੀਸ, ਮੇਰੇ ਅੰਦਰ ਦਿਤਾ ਸੁਣਾਈਆ । ਮੈਨੂੰ ਬਿਰਹੁ ਦੀ ਪਈ ਚੀਸ, ਦੁਖੜੇ ਨਾਲ ਕੁਰਲਾਈਆ । ਬੱਚੂ ਜੇ ਤੂੰ ਮੇਰਾ ਮੈਂ ਤੇਰਾ ਗਾਏਂ ਗੀਤ, ਤੈਥੋਂ ਵੱਖਰਾ ਨਹੀਂ ਤੇਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਉਠਾਈਆ । ਧੰਨਾ ਕਹੇ ਮੈਂ ਕੀ ਕਹਿਵਾਂ ਕੇਰਾਂ, ਕਿਰਤ ਦੀ ਸਮਝ ਕੋਇ ਨਾ ਆਈਆ । ਪ੍ਰਭੂ ਤੂੰ ਦੱਸ ਕੀ ਮੈਂ ਤੇਰਾ ਜਾਂ ਤੂੰ ਮੇਰਾ, ਮੇਰਾ ਤੇਰਾ ਮੈਨੂੰ ਸਮਝ ਕਿਛ ਨਾ ਆਈਆ । ਕਿਉਂ ਪਾਇਆ ਮੇਰੇ ਅੰਦਰ ਝੇੜਾ, ਝਗੜਾ ਦੇ ਗਵਾਈਆ । ਬੱਚਿਆਂ ਨਾਲ ਨਾ ਕਰਿਆ ਕਰ ਬਖੇੜਾ, ਪਿਛਲੀ ਆਦਤ ਲੈ ਬਦਲਾਈਆ । ਕਿਉਂ ਦੁੱਖ ਦੇਵੇ ਬਥੇਰਾ, ਬਿਰਹੁ ਵਿਚ ਸਤਾਈਆ । ਮੈਥੋਂ ਹੁਣ ਹੁੰਦਾ ਨਹੀਂ ਜੇਰਾ, ਝੱਲੀ ਨਾ ਜਾਏ ਜੁਦਾਈਆ । ਮੈਂ ਛੱਡ ਜਾਣਾ ਕਾਇਆ ਖੇੜਾ, ਬਿਨ ਤੇਰੇ ਰੈਣ ਨਾ ਕੋਇ ਵਿਹਾਈਆ । ਪਿਛੇ ਦੁੱਖ ਵੇਖਿਆ ਬਥੇਰਾ, ਪੱਥਰ ਪੱਥਰ ਤਨ ਨਾ ਕੋਇ ਬਦਲਾਈਆ । ਹੁਣ ਜ਼ਿੰਦਗੀ ਦਾ ਡੁੱਬਣ ਲੱਗਾ ਬੇੜਾ, ਬਿਨ ਤੇਰੇ ਪਾਰ ਨਾ ਕੋਇ ਕਰਾਈਆ । ਦਰਸ਼ਨ ਦੇਦੇ ਹੋ ਕੇ ਨੇਰਾ, ਵੱਡੇ ਉਚੇ ਕਿਉਂ ਆਕੜ ਵਿਚ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈ ਮਿਲਾਈਆ । ਧੰਨਾ ਕਹੇ ਦੱਸ ਕਿਹੜਾ ਠਾਕਰ ਚੰਗਾ, ਕਿਸ ਨੂੰ ਸੀਸ ਨਿਵਾਈਆ । ਜਿਹੜਾ ਪੱਥਰ ਰੁੜ੍ਹੇ ਵਿਚ ਗੰਗਾ, ਪੁੱਠਾ ਸਿੱਧਾ ਹੋ ਕੇ ਆਪਣਾ ਪੰਧ ਮੁਕਾਈਆ । ਜਿਹੜਾ ਲੱਭੇ ਵਿਚੋਂ

ਛੰਨਾ, ਕੰਢਾ ਰਗੜ ਰਗੜ ਕੇ ਆਪਣਾ ਪਾਸਾ ਲਏ ਘਸਾਈਆ । ਜਿਹੜਾ ਦਿਸੇ ਸੁਰਸਤੀ ਸੰਗਾ, ਤਰਬੈਣੀ ਵਹਿਣੀ ਵਿਚ ਡੁਬਾਈਆ । ਜਿਹੜਾ ਆਇਆ ਗੋਦਾਵਰੀ ਵੰਡਾ, ਮਿੱਟੀ ਗਾਰੇ ਵਿਚ ਦਏ ਦੁਹਾਈਆ । ਭੇਵ ਦੱਸ ਸੂਰੇ ਸਰਬੰਗਾ, ਤੇਰੀ ਇਕੋ ਆਸ ਤਕਾਈਆ । ਅੰਮੀ ਕਹੇ ਸੁਣ ਲਾਡਲੇ ਚੰਦਾ, ਬੁੱਢੀ ਦਾਦੀ ਆਪ ਸਮਝਾਈਆ । ਉਹ ਵਸੇ ਸਦਾ ਤੇਰੇ ਅੰਗਾ, ਘਰ ਵਿਚ ਬੈਠਾ ਸੋਭਾ ਪਾਈਆ । ਵੇਖੀਂ ਕਿਤੇ ਬੋਲ ਨਾ ਕੱਢੀਂ ਮੰਦਾ, ਰਸਨਾ ਨਾਲ ਕੁਰਲਾਈਆ । ਪ੍ਰਭੂ ਕਦੇ ਨਾ ਹੋਵੇ ਗੰਦਾ, ਜੋ ਮਾਤ ਗਰਭ ਅੰਦਰ ਵੜ ਕੇ ਸਭ ਦਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਧੰਨਾ ਕਹੇ ਮੇਰੇ ਯਾਰ, ਆਪਣੀ ਯਾਰੀ ਦੇ ਸਮਝਾਈਆ । ਐਵੇਂ ਕਹਿੰਦੇ ਤੇਰਾ ਭਗਤਾਂ ਨਾਲ ਪਿਆਰ, ਪਿਆਰਾ ਬਣ ਕੇ ਦੇ ਵਖਾਈਆ । ਅੰਦਰੋਂ ਆਈ ਇਕ ਆਵਾਜ਼, ਸਹਿਜ ਨਾਲ ਸੁਣਾਈਆ । ਤੇਰੇ ਯਾਰ ਦਾ ਦੱਸਾਂ ਰਾਜ਼, ਪੜਦਾ ਇਕ ਉਠਾਈਆ । ਕੰਨੋਂ ਫੜ ਕੇ ਹਲੂਣ ਕੇ ਖੋਲ੍ਹੀ ਜਾਗ, ਸੁੱਤੇ ਦਿਤਾ ਉਠਾਈਆ । ਇਕ ਵੇਰੀਂ ਝਾਕ, ਝਾਕੀ ਆਪਣੀ ਇਕ ਜਣਾਈਆ । ਪੜਦਾ ਖੋਲ੍ਹ ਕੇ ਤਾਕ, ਜੋਤ ਕਰੀ ਰੁਸ਼ਨਾਈਆ । ਧੰਨਿਆਂ ਜਿਸ ਵੇਲੇ ਮਹੀਨਾ ਆਇਆ ਵਿਸਾਖ, ਥਿਤ ਇਹੋ ਵੱਜੀ ਵਧਾਈਆ । ਤੇਰਾ ਜੰਗਲ ਵਿਚ ਕੁਛ ਮਾਲ ਜਾਣਾ ਗਵਾਚ, ਲੱਭਿਆਂ ਨਜ਼ਰ ਕੋਇ ਨਾ ਆਈਆ । ਤੂੰ ਬਹਿਣਾ ਉਤੇ ਖ਼ਾਕ, ਮਿੱਟੀ ਉਤੇ ਆਸਣ ਵਿਛਾਈਆ । ਮਨ ਦੇ ਪੱਥਰ ਨੂੰ ਕਰਨਾ ਸਾਫ਼, ਇਹ ਵੱਟਾ ਬ੍ਰਾਹਮਣ ਨੇ ਦਿਤਾ ਟਿਕਾਈਆ । ਫੇਰ ਕਰੀਂ ਅਰਦਾਸ, ਬੇਨੰਤੀ ਇਕ ਸੁਣਾਈਆ । ਕੋਲ ਸੁੱਕਾ ਰੱਖੀਂ ਘਾਸ, ਤਿਨਕੇ ਪੰਜ ਸੱਤ ਤੁੜਾਈਆ । ਜਿਹੜਾ ਪਾਣੀ ਦਾ ਗਿਲਾਸ, ਦਾਦੀ ਤੇਰੀ ਤੇਰੇ ਹੱਥ ਫੜਾਈਆ । ਛੰਨੇ ਵਿਚ ਪਾ ਕੇ ਲਿਆਈਂ ਆਪ, ਵੇਲਾ ਵਕਤ ਆਪ ਸੁਹਾਈਆ । ਮੈਂ ਬਣ ਕੇ ਆਵਾਂ ਤੇਰਾ ਬਾਪ, ਦਰਸ਼ਨ ਦੇਵਾਂ ਚਾਈਂ ਚਾਈਂਆ । ਕੁਛ ਹੋਰ ਜਾਵਾਂ ਆਖ, ਸਹਿਜ ਨਾਲ ਸੁਣਾਈਆ । ਸੁੱਕਾ ਟੁਕੜਾ ਮੇਰਾ ਹੋਣਾ ਖਾਜ, ਕਟੋਰਾ ਛਾਛ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੰਨੇ ਦਾ ਆਇਆ ਉਹ ਵਕਤ, ਰੁੱਤ ਆਪਣਾ ਰੂਪ ਵਟਾਈਆ । ਬਣਨ ਲੱਗਾ ਭਗਤ, ਪ੍ਰਭ ਦਾ ਧਿਆਨ ਲਗਾਈਆ । ਪੂਰੀ ਹੋਣ ਲੱਗੀ ਸ਼ਰਤ, ਸ਼ਹਿਨਸ਼ਾਹ ਆਪਣਾ ਕਰਮ ਕਮਾਈਆ । ਆਏ ਉਤੇ ਫ਼ਰਸ਼, ਨਿਰਗੁਣ ਵੇਸ ਵਟਾਈਆ । ਕਰਿਆ ਆਪ ਤਰਸ, ਰਹਿਮਤ ਦਿਤੀ ਕਮਾਈਆ । ਸਤਿ ਸਰੂਪ ਕਰ ਦਰਸ, ਧੰਨੇ ਲਿਆ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਧੰਨੇ ਕਿਹਾ ਵਾਹ ਤੇਰਾ ਮੇਰਾ ਬਣਿਆ ਜੋੜਾ, ਜੋੜੀ ਲਈ ਬਣਾਈਆ । ਮੇਰੇ ਮਾਲ ਦਾ ਲਾ ਇਕ ਮੋੜਾ, ਫੇਰ ਮੰਨਾਂ ਮੇਰਾ ਇਕ ਗੁਸਾਈਆ । ਪੁਰਖ ਅਕਾਲ ਕਹੇ ਧੰਨਿਆ ਵਕਤ ਥੋੜ੍ਹਾ, ਛੇਤੀ ਛੇਤੀ ਕੰਮ ਦੇ ਸਮਝਾਈਆ । ਧੰਨੇ ਕਿਹਾ ਮੇਰੀ ਪੈਰੀਂ ਟੁੱਟਾ ਜੋੜਾ, ਕੋਈ ਹੋਰ ਲਿਆ ਕੇ ਦੇ ਬਦਲਾਈਆ । ਪੁਰਖ ਅਕਾਲ ਕਿਹਾ ਓਏ ਪ੍ਰਭ ਨੂੰ ਲੁੱਟਣ ਵਾਲਿਆ ਚੋਰਾ, ਘਰ ਆਏ ਨੂੰ ਸੰਨ੍ਹ ਲਏਂ ਲਗਾਈਆ । ਤੇਰਾ ਬਲ ਹੋਣਾ ਦੋਹਰਾ, ਤੈਨੂੰ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਪੁਰਖ ਅਕਾਲ ਕਹੇ ਓ ਧੰਨਿਆਂ ਲੱਕ ਕੀ ਬੱਧਾ ਧਾਗਾ, ਮੈਨੂੰ ਦੇ ਵਖਾਈਆ । ਧੰਨਾ ਕਹੇ ਪਹਿਲੋਂ ਮੇਰੀ ਦੁਰਮਤ ਮੈਲ ਧੋ ਦਾਗ਼ਾ, ਦਗ਼ਿਆਂ ਤੋਂ ਲੈ ਬਚਾਈਆ । ਪਿਆਰ ਕਰ ਸਾਂਝਾ, ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੧੦੨੧
੨੦

ਕਰ, ਸਾਚਾ ਰੰਗ ਆਪ ਚੜ੍ਹਾਈਆ । ਪੁਰਖ ਅਕਾਲ ਕਹੇ ਸੁਣ ਧੰਨੇ ਧਨਵੰਤ, ਤੈਨੂੰ ਦਿਆਂ ਸੁਣਾਈਆ । ਤੇਰਾ ਮਾਲਕ ਸਦਾ ਬੇਅੰਤ, ਬੇਪਰਵਾਹੀ ਵਿਚ ਸਮਾਈਆ । ਜਿਸ ਵੇਲੇ ਆਵੇ ਕਲਜੁਗ ਅੰਤ, ਅੰਤਸ਼ਕਰਨ ਵੇਖੇ ਜਗਤ ਲੋਕਾਈਆ । ਜਿਹੜਾ ਤੈਨੂੰ ਤੇ ਤੇਰੀ ਦਾਦੀ ਨੂੰ ਦੱਸਿਆ ਮੰਤ, ਇਹ ਸਾਰਿਆਂ ਭਗਤਾਂ ਨੂੰ ਦਏ ਪੜ੍ਹਾਈਆ । ਕਿਸੇ ਨੂੰ ਲੋੜ ਰਹੇ ਨਾ ਕਿਸੇ ਪੰਡਤ, ਪੱਥਰਾਂ ਦੀ ਪੂਜਾ ਨਾ ਕੋਇ ਵਖਾਈਆ । ਉਹ ਮੇਰੇ ਪੱਕੇ ਹੋਣੇ ਸੰਤ, ਜਿਨ੍ਹਾਂ ਦੀ ਸੜ੍ਹਾ ਦੇਣੀ ਬਦਲਾਈਆ । ਬਣ ਕੇ ਸੁਹਾਗ ਕੰਤ, ਆਪਣੇ ਅੰਗ ਲਗਾਈਆ । ਹਰਖ ਸੋਗ ਮਿਟਾ ਕੇ ਚਿੰਤ, ਜਨਮ ਕਰਮ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਸੰਗ ਰਖਾਈਆ । ਧੰਨਾ ਕਹੇ ਕੀ ਇਹ ਸਚ, ਸਚ ਦੇ ਸਮਝਾਈਆ । ਭਾਗ ਲਗਾਵੇਂ ਕਾਇਆ ਮਾਟੀ ਕੱਚ, ਕੰਚਨ ਗੜ੍ਹ ਤੁੜਾਈਆ । ਪੁਰਖ ਅਕਾਲ ਕਹੇ ਭਗਤਾਂ ਦੇ ਲੂੰ ਲੂੰ ਅੰਦਰ ਜਾਵਾਂ ਰਚ, ਰਚਨਾ ਆਪਣੀ ਦਿਆਂ ਵਖਾਈਆ । ਮਾਰਗ ਧੁਰ ਦਾ ਇਕੋ ਦੱਸ, ਦਹਿ ਦਿਸ਼ਾ ਪਾਰ ਕਰਾਈਆ । ਸਾਂਝਾ ਢੋਲਾ ਕਰ ਕੇ ਜਸ, ਸਿਫ਼ਤਾਂ ਵਿਚ ਵਡਿਆਈਆ । ਤੇਰਾ ਪੂਰਾ ਕਰਾਂ ਹਕ, ਹੁਣ ਦਾ ਲੇਖਾ ਦਿਆਂ ਚੁਕਾਈਆ । ਜਿਸ ਵਿਚ ਰਹੇ ਕੋਈ ਨਾ ਸ਼ੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਧੰਨਾ ਕਹੇ ਪਹਿਲੋਂ ਮੇਰੇ ਪੈਰਾਂ ਨੂੰ ਢਕ, ਨੰਗਾ ਫਿਰਿਆ ਵਾਹੋ ਦਾਹੀਆ । ਪੁਰਖ ਅਕਾਲ ਕਹੇ ਬੱਚੂ ਹੁਣ ਇਹ ਖਹਿੜਾ ਛੱਡ, ਅਗਲਾ ਧਿਆਨ ਲਗਾਈਆ । ਇਕ ਵੇਰਾਂ ਹੋਣਾ ਪਏ ਅੱਡ, ਮਾਸ ਨਾੜੀ ਹੱਡ ਛੁਡਾਈਆ । ਫੇਰ ਤੈਨੂੰ ਘੱਲਾਂ ਵਿਚ ਜੱਗ, ਜਗਜੀਵਣ ਦਾਤਾ ਹੋ ਕੇ ਦਿਆਂ ਵਡਿਆਈਆ । ਪਰਗਟ ਹੋ ਕੇ ਤੁਹਾਡੀ ਵਿਚ ਯੱਦ, ਲਹਿਣਾ ਦੇਣਾ ਝੋਲੀ ਪਾਈਆ । ਭਗਤ ਦਵਾਰਾ ਜਾਣਾ ਸਜ, ਮੂਰਖ ਗਵਾਰਾਂ ਜੱਟਾਂ ਮਿਲ ਕੇ ਵੱਜੇ ਵਧਾਈਆ । ਉਥੇ ਆਵਾਂ ਭੱਜ, ਭਜਨ ਬੰਦਗੀ ਇਹੋ ਯਾਦ ਕਰਾਈਆ । ਤੂੰ ਮੇਰਾ ਮੈਂ ਤੇਰਾ ਕਹਿਕੇ ਜਿਸ ਵੇਲੇ ਚਾਹੇਂ ਲੈਣਾ ਸੱਦ, ਹਾਜ਼ਰ ਹਜ਼ੂਰ ਹੋ ਕੇ ਨਜ਼ਰੀ ਆਈਆ । ਜੇ ਤੁਸੀਂ ਮੈਨੂੰ ਜਾਉ ਛੱਡ, ਮੈਂ ਫਿਰ ਵੀ ਮੁੜ ਕੇ ਲਵਾਂ ਮਿਲਾਈਆ । ਦੋ ਜਹਾਨਾਂ ਵਿਚੋਂ ਲਵਾਂ ਲੱਭ, ਇਹ ਮੇਰੀ ਬੇਪਰਵਾਹੀਆ । ਮੈਂ ਪੱਥਰਾਂ ਵਿਚ ਰਹਿਣ ਵਾਲਾ ਨਹੀਂ ਰੱਬ, ਗੁਰਮੁਖਾਂ ਦੇ ਅੰਦਰ ਵੜ ਕੇ ਡੇਰਾ ਲਾਈਆ । ਪਰਗਟ ਹੋਵਾਂ ਝੱਬ, ਬਿਨ ਅੱਖਾਂ ਅੱਖ ਖੁਲ੍ਹਾਈਆ । ਉਹ ਸਾਰੇ ਲਏ ਸੱਦ, ਜਿਨ੍ਹਾਂ ਦਾ ਲੇਖਾ ਤੇਰਾ ਪਿਛਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲਹਿਣਾ ਝੋਲੀ ਪਾਈਆ । ਧੰਨਾ ਕਹੇ ਕੀ ਫਿਰ ਮੈਂ ਹੋਵਾਂ ਧੰਨਾ, ਮੇਰੀ ਮਾਂ ਧੰਨਾ ਕਹਿ ਕੇ ਬੁਲਾਈਆ । ਪੁਰਖ ਅਕਾਲ ਕਿਹਾ ਤੇਰਾ ਪਿਛਲਾ ਸਾਫ਼ ਕਰਨਾ ਪੰਨਾ, ਨਾਮ ਦਾ ਨਾਮ ਨਾ ਕੋਇ ਸਲਾਹੀਆ । ਤਨ ਵਜੂਦ ਬਦਲਣਾ ਤਨਾਂ, ਮਨ ਬੁੱਧੀ ਨਾਲ ਚਤੁਰਾਈਆ । ਮੇਰਾ ਖੇਲ ਹੋਣਾਂ ਨਵਾਂ, ਨਵਾਂ ਰਾਹ ਚਲਾਈਆ । ਤੇਰਾ ਲਹਿਣਾ ਦੇਣਾ ਰੱਖਣਾ ਜਮਾਂ, ਬਿਨ ਤੇਰੇ ਹੱਥ ਨਾ ਕਿਸੇ ਫੜਾਈਆ । ਬਿਨਾ ਪਾਣੀ ਦੇ ਗਿਲਾਸ ਤੋਂ ਹੋਰ ਨਹੀਂ ਕਰਨਾ ਤਮਾ, ਸੁੱਕੀ ਰੋਟੀ ਖਾ ਕੇ ਝਟ ਲੰਘਾਈਆ । ਇਹ ਉਹ ਪਿਛਲੀ ਵੇਖ ਲੈ ਸ਼ਮ੍ਹਾਂ, ਜਿਹੜੀ ਤੇਰੀ ਸ਼ਹਾਦਤ ਦਏ ਗਵਾਹੀਆ । ਵੇਲੇ ਨਾਲ ਸੁਹਾਇਆ ਸਮਾਂ, ਸਮੇਂ ਦਾ ਮਾਲਕ ਭੁੱਲ ਕਦੇ ਨਾ ਜਾਈਆ । ਉਹ ਬੁੱਢੜੀ ਦਾਦੀ ਅੰਮਾ, ਪੱਖੋ ਵਾਲੋਂ ਚਲਕੇ ਆਈਆ । ਤੇਰਾ ਤਨ ਕਟੋਰਾ ਓਹੋ ਛੰਨਾ, ਜਲ ਗਿਲਾਸ ਵਾਲਾ ਆਪਣੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਘਰ ਦੇ ਵਡਿਆਈਆ । ਧੰਨਿਆਂ

ਤੇਰਾ ਨਾ ਹੋਣਾ ਆਤਮ, ਸਿੰਘ ਦਏ ਵਡਿਆਈਆ । ਮੇਰਾ ਸ਼ਬਦ ਹੋਣਾ ਪਰਮਾਤਮ, ਆਤਮ ਪਰਮਾਤਮ ਮਿਲਕੇ ਵੱਜੇ ਵਧਾਈਆ । ਭੇਵ ਖੁਲ੍ਹਾਣਾ ਬਾਤਨ, ਪੜਦਾ ਆਪ ਉਠਾਈਆ । ਧੁਰ ਦਾ ਬਣਾ ਸਾਕਣ, ਸਗਲਾ ਸੰਗ ਰਖਾਈਆ । ਤੈਨੂੰ ਭੋਲਾ ਫੇਰ ਵੀ ਸਾਰੇ ਆਖਣ, ਕਮਲਿਆਂ ਵਾਂਗ ਗੱਲਾਂ ਕਰਕੇ ਆਪਣਾ ਝਟ ਲੰਘਾਈਆ । ਫੇਰ ਤੂੰ ਲੱਭਣਾ ਓਸੇ ਪਾਤਨ, ਜਿਸ ਪਤਣ ਤੇ ਆਇਆ ਪਰਤ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਲੇਖੇ ਲਾਈਆ । ਗਲਾਸ ਕਹੇ ਮੇਰੇ ਵਿਚੋਂ ਅੰਮ੍ਰਿਤ ਪੀ ਲੈ ਘੁੱਟ, ਘੁਟ ਘੁਟ ਗਲੇ ਲਗਾਈਆ । ਜਗਤ ਜਹਾਨ ਕੂੜਾ ਨਾਤਾ ਗਿਆ ਛੁਟ, ਛੁੱਟਿਆ ਮੋਹ ਲੋਕਾਈਆ । ਓਸ ਦਾ ਬਣਿਆ ਪੁੱਤ, ਜੋ ਭਗਤਾਂ ਗੋਦ ਟਿਕਾਈਆ । ਬਦਲ ਕੇ ਆਪਣਾ ਰੁਖ਼, ਕਰਵਟ ਲਈ ਉਲਟਾਈਆ । ਪ੍ਰਭ ਚਰਨ ਦਾ ਸਾਚਾ ਸੁੱਖ, ਆਤਮ ਪਰਮਾਤਮ ਮਿਲਕੇ ਵੱਜੇ ਵਧਾਈਆ । ਸਾਹਿਬ ਸਵਾਮੀ ਸਦਾ ਖ਼ੁਸ਼, ਖ਼ੁਸ਼ੀਆਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਰਨ ਮਿਲੇ ਨਹੀਂ ਕੋਈ ਘਾਟਾ, ਤੋਟ ਰਹੇ ਨਾ ਰਾਈਆ । ਜਨਮ ਮਿਲੇ ਮਿਲੇ ਪੁਰਖ ਸਮਰਾਥਾ, ਇਹੋ ਵੱਡੀ ਵਡਿਆਈਆ । ਨਾਮ ਮਿਲੇ ਮਿਲੇ ਆਤਮ ਗਾਥਾ, ਇਹੋ ਸਚ ਪੜ੍ਹਾਈਆ । ਮਾਲਕ ਮਿਲੇ ਮਿਲੇ ਧੁਰ ਦਾ ਦਾਤਾ, ਜੋ ਭੁੱਖਿਆਂ ਦਏ ਰਜਾਈਆ । ਸਾਹਿਬ ਮਿਲੇ ਦੀਨਾਂ ਨਾਥਾ, ਅਨਾਥਾਂ ਹੋਵੇ ਸਹਾਈਆ । ਸਤਿਗੁਰ ਮਿਲੇ ਜੋ ਆਤਮ ਹੋਵੇ ਜਾਤਾ, ਜੋਤੀ ਜਾਤਾ ਧੁਰਦਰਗਾਹੀਆ । ਗੁਰੂ ਮਿਲੇ ਜੋ ਬਣੇ ਪਿਤਾ ਮਾਤਾ, ਮਾਤ ਪਿਤ ਹੋ ਕੇ ਆਪਣੀ ਗੋਦ ਉਠਾਈਆ । ਪੁਰਖ ਅਕਾਲ ਮਿਲੇ ਜੋ ਪਿਛਲਾ ਪੂਰਾ ਕਰੇ ਵਾਕਾ, ਵਾਕਫ਼ਕਾਰ ਆਪਣਾ ਲਏ ਬਣਾਈਆ । ਦੀਨ ਦਿਆਲ ਮਿਲੇ ਤੇ ਮਿਲੇ ਧੁਰ ਦਾ ਸਾਥਾ, ਅਧਵਿਚਕਾਰ ਨਾ ਕੋਇ ਅਟਕਾਈਆ । ਜੇ ਅੱਗੇ ਜਾਣ ਦੀ ਹੁਣ ਛੇਤੀ ਹੋਵੇ ਆਸਾ, ਉਹ ਦਿਨ ਦੇਣਾ ਸਮਝਾਈਆ । ਤੇਰੀ ਮਰਜ਼ੀ ਨਾਲ ਓਸੇ ਦਿਨ ਕਰ ਦੇਵੇ ਬੰਦ ਖ਼ਲਾਸਾ, ਨਵੀਂ ਧਾਰ ਦਏ ਚਲਾਈਆ । ਫੇਰ ਕਹਿਣਾ ਇਹ ਧੁਰ ਦਾ ਉਹ ਬਾਪਾ, ਜੋ ਬੱਚਿਆਂ ਉਂਗਲੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਵਖਾਈਆ । ਰੰਗ ਕਹੇ ਮੈਨੂੰ ਚਾੜ੍ਹੇ ਕਰ ਕੇ ਰੰਗ, ਰੰਗ ਅਗਲਾ ਦਿਆਂ ਵਖਾਈਆ । ਭਗਤੋ ਅੱਗੇ ਜਾਓ ਨਿਸ਼ੰਗ, ਡਰਨ ਦੀ ਲੋੜ ਰਹੇ ਨਾ ਰਾਈਆ । ਜੁਗ ਜੁਗ ਭਗਤਾਂ ਦੀ ਇਹੋ ਮੰਗ, ਪ੍ਰਭ ਮਿਲ ਕੇ ਵੱਜੇ ਵਧਾਈਆ । ਬਾਕੀ ਸ੍ਰਿਸ਼ਟੀ ਦਿਸੇ ਨੰਗ, ਓਢਣ ਸੀਸ ਨਾ ਕੋਇ ਟਿਕਾਈਆ । ਸਭ ਦੀ ਨੰਗੀ ਹੋਈ ਕੰਡ, ਪੁਸ਼ਤ ਪਨਾਹ ਨਾ ਕੋਇ ਵਖਾਈਆ । ਜਗਤ ਵਾਸਨਾ ਕੂੜੀ ਕਿਰਿਆ ਗੰਦ, ਤ੍ਰਿਸ਼ਨਾ ਮਨ ਨਾ ਕੋਇ ਤ੍ਰਿਪਤਾਈਆ । ਜਿਨ੍ਹਾਂ ਨੂੰ ਪ੍ਰਭ ਦਾ ਮਿਲ ਗਿਆ ਸੰਗ, ਤਨ ਵਜੂਦ ਮਿਲੇ ਵਡਿਆਈਆ । ਆਤਮਾ ਨੂੰ ਦੇਵੇ ਅਨੰਦ, ਸਾਂਤਕ ਸਤਿ ਸਤਿ ਸਮਾਈਆ । ਗੁਰਮੁਖੋ ਬਣਿਓ ਉਹ ਚੰਦ, ਜਿਸ ਚੰਦ ਨੂੰ ਚੰਦ ਵੇਖ ਕੇ ਖ਼ੁਸ਼ੀ ਬਣਾਈਆ । ਆਓ ਪਿਛਲੀ ਟੁੱਟੀ ਲਓ ਗੰਢ, ਗੰਢੀ ਫੇਰ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਡਿਆਈਆ । ਜਨ ਭਗਤੋ ਪ੍ਰਭ ਮਿਲਣ ਦੀ ਇਕੋ ਜੁਗਤੀ ਜੁਗ ਜੁਗ ਚਲੀ ਆਈਆ । ਜਿਸ ਦਾ ਸੀਸ ਝੁਕੇ ਨਾਲ ਫੁਰਤੀ, ਫੁਰਨਿਆਂ ਤੋਂ ਬਾਹਰ ਆਪਣਾ ਰੰਗ ਰੰਗਾਈਆ । ਸਦਾ ਜੁੜੀ ਰਹੇ ਸੁਰਤੀ, ਜੋ ਹਿਰਦੇ ਹਰਿ ਹਰਿ ਗਾਈਆ । ਮੁਹੱਬਤ ਬਣੀ ਰਹੇ ਧੁਰ ਦੀ, ਧੁਰ ਦੀ ਧਾਰ ਨਾਲ ਪਰਨਾਈਆ । ਇਹ ਖੇਲ ਸੱਚੇ ਸਤਿਗੁਰ ਦੀ, ਵਿਛੜਿਆਂ ਰਿਹਾ ਮਿਲਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਭਾਣੇ ਵਿਚ ਰਖਾਈਆ । ਦੀਪ ਕਹੇ ਕਿਉਂ ਮੇਰੇ ਪੰਜ ਮੁਖ, ਭਗਤੋ ਦਿਓ ਸਮਝਾਈਆ । ਭਗਤ ਕਹਿਣ ਬੱਸ ਕਰ ਚੁੱਪ, ਏਥੇ ਚਲੇ ਨਾ ਕੋਇ ਚਤੁਰਾਈਆ । ਓਏ ਦੀਪਾ ਸਾਨੂੰ ਬਾਹਰੋਂ ਭਾਵੇਂ ਅੰਧੇਰਾ ਹੋਵੇ ਘੁੱਪ, ਅੰਦਰੋਂ ਪ੍ਰਭ ਵਿਛੜ ਨਾ ਜਾਈਆ । ਦੀਪਕ ਕਹੇ ਮੈਂ ਤੁਹਾਨੂੰ ਲਵਾਂ ਪੁਛ, ਮੈਨੂੰ ਦਿਓ ਸਮਝਾਈਆ । ਤੁਹਾਨੂੰ ਵਿਛੋੜੇ ਦਾ ਕੀ ਦੁੱਖ, ਯਾਦ ਵਿਚ ਆਹ ਨਾ ਕਦੇ ਲਗਾਈਆ । ਜੇ ਅੰਦਰ ਉਠੇ ਹੁਕ, ਹੋਕਾ ਦੇ ਕੇ ਦਿਓ ਸੁਣਾਈਆ । ਭਗਤ ਕਹਿਣ ਦੀਪਕਾ ਅਸੀਂ ਪੜ੍ਹਦੇ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਫ਼ਰਕ ਰਿਹਾ ਨਾ ਰਾਈਆ । ਬਣ ਕੇ ਉਹਦੇ ਸੁਤ, ਗੋਦੀ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗ੍ਰਹਿ ਇਕ ਸੁਹਾਈਆ । ਦੀਪਕ ਕਹੇ ਮੇਰੇ ਵਿਚ ਵੇਖੋ ਬੱਤੀ ਘਿਰਤ, ਆਪਣਾ ਰੰਗ ਵਖਾਈਆ । ਜੁਗ ਚੌਕੜੀ ਵੇਖੇ ਫਿਰਤ, ਫਿਰ ਫਿਰ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਨਾਮ ਦੀ ਕਰਦੇ ਕਿਰਤ, ਮਾਲਾ ਮਣਕਿਆਂ ਵਾਲੀ ਫਰਾਈਆ । ਲਾਉਂਦੇ ਰਹੇ ਸੁਰਤ ਨਿਰਤ, ਦਿਵਸ ਰੈਣ ਢੋਲਾ ਗਾਈਆ । ਜਨ ਭਗਤ ਕਹਿਣ ਅਸੀਂ ਪ੍ਰਭ ਦੀ ਕੋਈ ਕੱਢਣੀ ਨਹੀਂ ਕਿਰਸ, ਛੋਟਾ ਹਿੱਸਾ ਨਾ ਵੰਡ ਵੰਡਾਈਆ । ਅਸੀਂ ਓਸ ਦੇ ਪਿਆਰੇ ਬਣ ਗਏ ਨਿਰਸ, ਨਿਕਿਆਂ ਤੋਂ ਵੱਡੇ ਦਏ ਬਣਾਈਆ । ਦਰ ਆਇਆ ਕਦੀ ਨਾ ਦੇਵੇ ਝਿੜਕ, ਫੜ ਬਾਹੋਂ ਗਲੇ ਲਗਾਈਆ । ਸਚ ਦਵਾਰਿਉਂ ਕਦੇ ਨਾ ਜਾਈਏ ਖਿੜਕ, ਦਰ ਬਹਿ ਕੇ ਖ਼ੁਸ਼ੀ ਮਨਾਈਆ । ਜਿਸ ਨੇ ਲੋਕ ਪਰਲੋਕ ਦੋ ਜਹਾਨ ਛੱਡੇ ਰਿੜਕ, ਮਧਾਣਾ ਆਪਣਾ ਨਾਮ ਰਖਾਈਆ । ਉਸ ਦਾ ਦਰਵਾਜ਼ਾ ਬੰਦ ਕਦੇ ਨਾ ਹੋਵੇ ਖਿੜਕ, ਖੁਲ੍ਹੀ ਤਾਕੀ ਸਭ ਨੂੰ ਵੇਖ ਵਖਾਈਆ । ਦੀਪਕ ਕਹੇ ਓ ਭਗਤੋ ਓਸ ਨੇ ਕੋਈ ਪਹਿਨੀ ਤਲਵਾਰ ਕਿਰਚ, ਆਪਣਾ ਰੂਪ ਬਦਲਾਈਆ । ਕੀ ਵੜੇ ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਚਰਚ, ਚਰਚਾ ਕੀ ਜਣਾਈਆ । ਕੀ ਪੱਲੇ ਉਹਦੇ ਖ਼ਰਚ, ਕੀ ਆਪਣੀ ਕਾਰ ਕਮਾਈਆ । ਜਨ ਭਗਤ ਕਹਿਣ ਉਹ ਮਾਲਕ ਫ਼ਰਸ਼ ਅਰਸ਼, ਜਿਸ ਨੂੰ ਸਾਰੇ ਸੀਸ ਨਿਵਾਈਆ । ਮਿਹਰਵਾਨ ਸਾਡੇ ਉਤੇ ਕਰ ਕੇ ਤਰਸ, ਤਰਸਦਿਆਂ ਨੂੰ ਲਿਆ ਮਿਲਾਈਆ । ਸਾਨੂੰ ਰਹੀ ਨਾ ਕੋਈ ਹਰਸ, ਹਵਸ ਦਿਤੀ ਗਵਾਈਆ । ਇਹੋ ਖੇਲ ਅਸਚਰਜ, ਜੋ ਪਿਛਲੇ ਲਹਿਣੇ ਰਿਹਾ ਮੁਕਾਈਆ । ਪਤਾ ਨਹੀਂ ਕਿੱਥੇ ਸਾਂਭ ਕੇ ਰੱਖੀ ਫ਼ਰਦ, ਕਿੱਥੋਂ ਪੜਦੇ ਲਏ ਫੁਲਾਈਆ । ਪ੍ਰੀਤਮ ਸਿੰਘ ਉਹ ਰੋੜਾ, ਜਿਸ ਕਦੀ ਨਹੀਂ ਸੀ ਲਿਆ ਧੜਤ, ਸੌਦਾ ਸਚ ਦੇ ਹੱਟ ਵਿਕਾਈਆ । ਲਾਲ ਰੰਗ ਉਸੇ ਦੀ ਜੜ੍ਹਤ, ਜੋ ਗੁਰਮੁਖਾਂ ਜੋੜ ਜੁੜਾਈਆ । ਜੋੜਾ ਬਣਿਆ ਨਹੀਂ ਅਨਘੜਤ, ਭਗਤ ਭਗਵਾਨ ਗੰਢ ਰਖਾਈਆ । ਜਲ ਗਿਲਾਸ ਆਇਆ ਪਰਤ, ਵੱਟਾ ਛੰਨਿਆਂ ਦਏ ਗਵਾਹੀਆ । ਇਹ ਮਹੀਨਾ ਸਰਦੀ ਵਾਲਾ ਸਰਦ, ਸਾਰਿਆਂ ਰਿਹਾ ਠਰਾਈਆ । ਗੁਰਮੁਖਾਂ ਵੰਡੇ ਦਰਦ, ਭਗਤਾਂ ਹੋਏ ਸਹਾਈਆ । ਪਿਛਲੀ ਯਾਦ ਰੱਖੀ ਅਰਜ਼, ਹੁਣ ਬੇਨੰਤੀ ਨਾ ਕੋਇ ਕਰਾਈਆ । ਆਪਣਾ ਪੂਰਾ ਕਰਨ ਆਇਆ ਫ਼ਰਜ਼, ਧੁਰ ਦਾ ਮਾਲਕ ਫੇਰਾ ਪਾਈਆ । ਅੰਤ ਵੇਲੇ ਦੁੱਖ ਵਾਲੀ ਲੱਗਣੀ ਨਹੀਂ ਕੋਈ ਮਰਜ਼, ਸਹਿਜ ਲਏ ਉਠਾਈਆ । ਰੰਗ ਹੋਣ ਨਹੀਂ ਦੇਣਾ ਜ਼ਰਦ, ਲਾਲ ਗੁਲਾਲਾ ਦਏ ਬਣਾਈਆ । ਪਿਛਲਾ ਲਹਿਣੇ ਦਾ ਕਰਜ਼, ਮਕਰੂਜ਼ ਹੋ ਕੇ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਧਾ ਸੂਰਬੀਰ ਮਰਦਾਨਾ ਮਰਦ, ਜਨ ਭਗਤਾਂ ਮੁੱਦਤ ਦਾ ਮੁੱਦਾ ਦਏ ਸਮਝਾਈਆ ।

## ★ ੨੩ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਲਾਸ਼ੀਨੇ ਸ਼ਿਵਾ ਜ਼ਿਜ਼ੋਸੀ ਜ਼ੀ ਉਲ ਕੁਮੀਤੇ ਇਜ਼ਾ, ਜ਼ਨੀਵਲਲ ਜ਼ਹਿੰਦਨ ਚਕਿਸਤੇ ਇਜ਼ਾ, ਤੈਨੀਜ਼ਮ ਵਿਜ਼ੇਨੂਤੀ ਜ਼ਮੂਤੇ ਜ਼ਨਿੰਦ ਨਾਚਿਸਤੇ ਵਬਾ, ਅਲਿੰਕੇ ਕੁਨੀ ਮਨੂਸੇਤਮੀ ਅਕਲੇ ਖ਼ੁਰੇ ਨਵੀਤੀਉਲ ਤਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਹਿਬ ਬੇਪਰਵਾਹੀਆ । ਚਾਸ਼ੀਦੇ ਜ਼ਕੇਲਮ, ਤਾਨੁਸ ਮੋਜ਼ੇ ਪੈਗ਼ੰਬਰ ਹੁਸੀਨ ਹਸਤੀਏ ਨੂਜ਼ ਆਇਤੇ ਅਤੀ ਆਲਿੰਜ਼ਤੇ ਨਬੀ ਰਸੂਲੇ ਮਸੀਹ ਮੁਸਲਸਲ ਜ਼ਿਆਨੇ ਜ਼ੂ ਜ਼ੌਹੇ ਜ਼ਮੀਂ ਜ਼ਾਰੀ ਜ਼ਰੀਨ ਇਕ ਅਖਵਾਈਆ । ਕਿਬਲ ਅਲਾਏ ਵਜ਼ੀਨੁਲ ਜ਼ਮਾਏ ਨੂਰੇ ਮੁਹੰਮਦ ਮੁਹੰਮਦੇ ਖ਼ੁਦਾਏ ਬਖ਼ੁਦ ਬਕ਼ਲਮ ਕਲਮਾ ਨਾ ਕੋਇ ਅਰਜ਼ਾਈਆ । ਨਕਜ਼ੂਏ ਤੇ ਮਸੀਹ ਦੂਇਤੇ ਅਤਾਇਲ ਤਨਨਜ਼ਗਰੇ ਨਜ਼ੀਲ ਨਵਿਜ਼ ਮਸੀਹ ਸਵਲਮ ਸੂਜ਼ਿਸ਼ੇ ਜ਼ੀਵਕਤ ਜ਼ੋਹਨਾ ਜ਼ਜ਼ੀਦ ਜ਼ਬ੍ਰਾ ਜ਼ਬੀਹ ਜ਼ੇਬੇ ਸ਼ਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਵਿਚ ਸਮਾਈਆ । ਚੌਜ਼ਿੰਗੇ ਚਵਦ ਨਹਿਜ਼ੂਜ਼ੇ ਨਵਦ ਪੋਸ਼ੀਦਾ ਗਵਦ ਸ਼ਹੀਦੇ ਸਰਮਦ ਅਬੂਬ ਕਰੇ ਦਵਦ, ਹਸਨ ਹੁਸੈਨੈ ਜਗਦ, ਅਲੀ ਅਜ਼ਮੀਮੇ ਮਦਦ, ਮੁਹੰਮਦ ਤੁਆਰਫ਼ੇ ਤਸ਼ਦਦ, ਤਬਲੀਗ਼ੇ ਤਸ਼ਰੀਹ ਜ਼ੈਨਮੀਕੇ ਕੁਲੇਨੀਂ, ਕਾਇਮ ਮੁਕਾਮ ਬੇਪਰਵਾਹੀਆ । ਹਜ਼ਰਤੇ ਤਖ਼ਲੱਸ ਮੁਫ਼ਰਤੇ ਮੁਸਲੱਸ ਨਜ਼ਕੀਦੇ ਕਜ਼ੂਨੋ ਕਿਵਜ਼ਾ ਕਿਬਲ ਕਦੀਮ ਕਦਮ ਕੁਦਰਤ ਕਾਦਰ ਕਾਫ਼ਰੇ ਕੁਫ਼ਤ ਕੁਸ਼ੀਂ ਕੁਸ਼ੈ ਕਸ਼ੋਜ਼ੂਅਤ ਆਲਮੈ ਅਜ਼ੀਨਤ, ਆਜ਼ਾ ਅਜ਼ ਤਰਫ਼ ਕਲਮਾ ਲਿਖ ਨਾ ਕੋਇ ਸੁਣਾਈਆ । ਜੋ ਅਜ਼ ਤਰਫ਼ੇ ਨਾਜ਼ੀਹਤ ਨਾ ਹੁਕਮੇ ਨਾ ਵਸੀਹਤ, ਨਾ ਅਸਲੇ ਅਸਲ, ਕੁਜ਼ੀਨੇ ਵਸਲ, ਵਸਲੇ ਸ਼ਖ਼ਸੀਅਤ, ਸ਼ਖ਼ਸੀਅਤੇ ਤਬੀਅਤ, ਤਬੀਅਤੇ ਨਵੀਅਤ, ਨਵੀਅਤੇ ਅਦਾ, ਅਦਾਏ ਖ਼ੁਦਾ, ਖ਼ੁਦਾਏ ਰਜ਼ਾ, ਰਜ਼ਾਏ ਨੁਮਾ, ਨੁਮਾਏ ਨਮਾਜ਼ੇ, ਨਮਾਜ਼ੇ ਅਜਾਜ਼, ਅਜਾਜ਼ੇ ਆਵਾਜ਼, ਆਵਾਜ਼ੇ ਖ਼ਤਾਬ ਖ਼ਤਾਬੇ ਮਹਿਰਾਬ, ਮਹਿਰਾਬੇ ਆਦਾਬ, ਆਦਾਬੇ ਨਵਾਬ, ਨਵਾਬੇ ਲਾਜਵਾਬ, ਪੁਨ ਸਵਾਬ ਵੰਡ ਨਾ ਕੋਇ ਵੰਡਾਈਆ । ਮੁਤਅਲਕੇ ਮਜ਼ਾਜ, ਹਜ਼ਰਤੇ ਅਤਾਤ, ਗ਼ੁਰੇਜ਼ੀਨੀਏ ਬਾਤ, ਮਜ਼ੂਹੇ ਵਫ਼ਾਤ, ਆਰਜ਼ੂਏ ਅਲਾਤ, ਨਸ਼ਰੇ ਕਲਮਾ, ਕਾਤਬੇ ਕਲਮ ਦਵਾਤ ਵਾਹਦੇ ਅਲਾਹ, ਵਾਹਦੇ ਹੂ, ਵਾਹਦੇ ਆਪ, ਵਾਹਦੇ ਬਾਪ, ਵਾਅਦਾ ਮੁਆਫ਼ ਨਜ਼ਰ ਕੋਇ ਨਾ ਆਈਆ । ਤਕਾਜ਼ਾਏ ਤਕਦੀਰ, ਮੁਆਸ਼ਾਏ ਹਕੀਰ, ਗੁਮਾਸਾਏ ਜ਼ਰੀਰ, ਤਮਾਸ਼ਾਏ ਅਖ਼ੀਰ, ਮੁਲਾਜ਼ਾਏ ਪੀਰ, ਆਵਾਜ਼ਾਏ ਕਬੀਰ ਕਰੀਮ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਜ਼ੂਨੇ ਨਵਿਦ ਲਾ ਤਅਲੀਮੇ ਤਾਬਿਦ ਤਹਿਜ਼ੀਨਕੋ ਜ਼ਾਰੇ ਜ਼ਿਮਰ ਜ਼ਾਹੇ ਮੂਦ ਸ਼ਹਿਨਸ਼ਾਹ ਇਕ ਅਖਵਾਈਆ ।

## ★ ੨੪ ਪੋਹ ਸ਼ਹਿਨਸ਼ਾਹੀ ਸੰਮਤ ੩ ਮੁਨੀ ਸੁਸ਼ੀਲ ਕੁਮਾਰ ਨਾਲ ਅੰਮ੍ਰਿਤਸਰ ★

ਸੱਤ ਜਨਵਰੀ ਸਾਢੇ ਨੌਂ ਦਾ ਵਕਤ ਰਿਹਾ ਦੱਸ, ਦਹਿ ਦਿਸ਼ਾ ਕਾਇਆ ਮੰਦਰ ਅੰਦਰ ਕਰੇ ਸ਼ਨਵਾਈਆ । ਅੰਮ੍ਰਿਤਸਰੀਓ ਅੰਮ੍ਰਿਤ ਆਤਮ ਪੀਵੋ ਰਸ, ਨਿਝਰ ਝਿਰਨਾ ਬਖ਼ਸ਼ੇ ਧੁਰਦਰਗਾਹੀਆ । ਮਨ ਕਲਪਣਾ ਕੂੜੀ ਕਿਰਿਆ ਹੋਵੇ ਵਸ, ਮਮਤਾ ਮੋਹ ਵਿਕਾਰ ਹੰਕਾਰ ਨਾ ਕੋਇ ਹਲਕਾਈਆ ।

੧੦੨੫
੨੦

ਸਚ ਪਿਆਰ ਕਰੋ ਹੱਸ ਹੱਸ, ਹਸਤੀ ਵੇਖੋ ਅਗੰਮ ਅਥਾਹੀਆ । ਵਿਸ਼ਵ ਦਾ ਮੀਤ ਏਕੰਕਾਰਾ ਇਕ ਇਕੱਲਾ ਹਰ ਹਿਰਦੇ ਰਿਹਾ ਵਸ, ਵਾਸਤਾ ਆਤਮਾ ਪਰਮਾਤਮਾ ਨਾਲ ਜੁੜਾਈਆ । ਮੁਨੀ ਸੁਸ਼ੀਲ ਸ਼ਰੀਅਤ ਵਾਲਿਆਂ ਦਾ ਕਰ ਇਕੱਠ, ਸਤਿ ਧਰਮ ਦਾ ਰਾਹ ਰਿਹਾ ਪਰਗਟਾਈਆ । ਬਾਹਰੋਂ ਨਾਤਾ ਕੂੜੀ ਕਿਰਿਆ ਜਾਣਾ ਛੱਡ, ਸਾਚਾ ਰਾਹ ਇਕੋ ਇਕ ਅਪਨਾਈਆ । ਮਾਨਵ ਧਰਮ ਸਰਬ ਸ੍ਰਿਸ਼ਟੀ ਸ੍ਰਿਸ਼ਟ ਵੇਖੋ ਜਗ, ਜਾਗਰਤ ਜੋਤ ਬਿਨ ਵਰਨ ਗੋਤ ਹੋਏ ਰੁਸ਼ਨਾਈਆ । ਸੋਈ ਸੁਰਤੀ ਨਾਮ ਹਲੂਣੇ ਮਾਰੋ ਸੱਟ, ਨਿਜ ਨੇਤਰ ਲੋਚਣ ਨੈਣ ਅੱਖ ਅੰਦਰੋਂ ਲੈਣੀ ਖੁਲ੍ਹਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਮਾਇਆ ਮਮਤਾ ਰਜੋ ਤਮੋ ਸਤੋ ਕੋਈ ਨਾ ਜਾਲੇ ਵਿਚ ਅੱਗ, ਅਗਨੀ ਅੱਗ ਲੈਣੀ ਬੁਝਾਈਆ । ਮੰਜ਼ਲ ਮਹਿਬੂਬ ਹਕੀਕੀ ਲਾਸ਼ਰੀਕੀ ਦਰਸ਼ਨ ਵੇਖੋ ਉਪਰ ਸ਼ਾਹ ਰਗ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਸਤਿ ਧਰਮ ਦੀ ਬੰਧਨਾ ਵਾਲੀ ਆਪਣੀ ਖੋਲ੍ਹੇ ਹੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਅੰਦਰ ਰਿਹਾ ਵੜ, ਨਿਰਗੁਣ ਦਾਤਾ ਨਿਰਵੈਰ ਨਿਰਾਕਾਰ ਨਿਰੰਕਾਰ ਸਹਿਜ ਸੁਖਦਾਈਆ । ਅੰਮ੍ਰਿਤਸਰੀਓ ਪੀਵੋ ਅੰਮ੍ਰਿਤ ਜਾਮ, ਬਿਨ ਰਸਨਾ ਰਸ ਰਖਾਈਆ । ਹਰ ਹਿਰਦੇ ਵੇਖੋ ਰਾਮ, ਰਮਿਆ ਹਰ ਘਟ ਡੇਰਾ ਲਾਈਆ । ਧੁਰ ਅਗੰਮੀ ਵੇਖੋ ਕਾਹਨ, ਜੋ ਨਾਮ ਬੰਸਰੀ ਰਿਹਾ ਸੁਣਾਈਆ । ਓਸੇ ਦਾ ਸਚ ਪੈਗ਼ਾਮ, ਸੰਤ ਫ਼ਕੀਰ ਰਹੇ ਦ੍ਰਿੜਾਈਆ । ਜਿਨ੍ਹਾਂ ਦੇ ਅੰਤਰ ਹੋਵੇ ਇਲਹਾਮ, ਦੀਦ ਸ਼ੁਨੀਦ ਅੱਖ ਖੁਲ੍ਹਾਈਆ । ਸੁਸ਼ੀਲ ਨੇ ਮੰਜ਼ਲ ਦੱਸੀ ਆਸਾਨ, ਮੁਨੀ ਮੁਨੀਸ਼ਰ ਰਿਹਾ ਉਠਾਈਆ । ਦਿਵਸ ਰੈਣ ਨਾ ਕੋਇ ਆਰਾਮ, ਬਿਸਤਰ ਸੇਜ ਨਾ ਕੋਇ ਸੁਹਾਈਆ । ਮਾਨਵ ਦੀ ਏਕਤਾ ਦਾ ਫੜ ਕੇ ਸਚ ਨਿਸ਼ਾਨ, ਭੱਜੇ ਵਾਹੋ ਦਾਹੀਆ । ਚੌਰਸਤੀ ਅਟਾਰੀ ਪਹੁੰਚਿਆ ਆਣ, ਚਾਰ ਕੁੰਟ ਦਾ ਪੰਧ ਮੁਕਾਈਆ । ਏਸ ਦਾ ਅੰਤਰ ਵੇਖੋ ਗਿਆਨ, ਨਿਮੰਤਰਨ ਵਿਚ ਮੰਤਰ ਅਗਲਾ ਦਏ ਸਮਝਾਈਆ । ਬੁੱਧੀ ਤੋਂ ਪਰੇ ਕਰੋ ਧਿਆਨ, ਜਿਸ ਦੇ ਨਾਲ ਮਾਨਵ ਦੀ ਹੋਵੇ ਕਲਿਆਣ, ਕਲਮਾ ਇਕੋ ਇਕ ਸੁਣਾਈਆ । ਮੰਦਰ ਅੰਦਰ ਕਾਇਆ ਕਾਅਬੇ ਵਿਚ ਕਰੋ ਇਸ ਦੀ ਪਹਿਚਾਨ, ਜੋ ਬੇਪਹਿਚਾਨ ਨਾਲ ਮਿਲ ਕੇ ਆਪਣਾ ਰੰਗ ਰਿਹਾ ਵਖਾਈਆ । ਦੋਹਾਂ ਦਾ ਮੇਲਾ ਵਿਚ ਜਹਾਨ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਕਾਇਆ ਅੰਦਰ ਘਰ ਘਰ ਗ੍ਰਿਹਿ ਭੀਤਰ ਪੜਦਾ ਦਏ ਉਠਾਈਆ । ਅੰਮ੍ਰਿਤਸਰ ਨਿਵਾਸੀਓ ਵੇਖੋ ਅੰਤਰ ਆਤਮਾ ਨਿਵਾਸ ਅਸਥਾਨ, ਜਿਸ ਦੀ ਭੂਮਿਕਾ ਜਗ ਨੇਤਰ ਸਮਝ ਕਿਸੇ ਨਾ ਪਾਈਆ । ਸੰਤ ਸਤਿਗੁਰ ਮੰਜ਼ਲ ਚੜ੍ਹੇ ਨਾ ਕੋਇ ਮਹਾਨ, ਨਵ ਦਵਾਰ ਪੰਧ ਨਾ ਕੋਇ ਚੁਕਾਈਆ । ਮੁਨੀਆਂ ਦਾ ਮੁਹੱਬਤ ਵਾਲਾ ਪੈਗ਼ਾਮ, ਪਾਰਬ੍ਰਹਮ ਦਾ ਬ੍ਰਹਮ ਨਿਸ਼ਾਨ, ਆਤਮ ਪਰਮਾਤਮ ਮਿਲ ਕੇ ਵੱਜੇ ਸਚ ਵਧਾਈਆ । ਅਗਲਾ ਕਰੋ ਧਿਆਨ, ਜਿਥੇ ਝੁੱਲੇ ਧਰਮ ਨਿਸ਼ਾਨ, ਨੌ ਖੰਡ ਸੱਤ ਦੀਪ ਦੀਪਕ ਇਕੋ ਨੂਰ ਕਰੇ ਰੁਸ਼ਨਾਈਆ । ਦਸ ਯਾਰਾਂ ਜਨਵਰੀ ਦਿਵਸ ਜਗਤ ਸ੍ਰਿਸ਼ਟੀ ਦਾ ਦ੍ਰਿਸ਼ਟੀ ਦਾ ਇਸ਼ਟੀ ਦਾ ਮਿਲਣਾ ਇਕ ਪੈਗ਼ਾਮ, ਜਿਸ ਨੂੰ ਪੀਰ ਪੈਗ਼ੰਬਰ ਗੁਰ ਅਵਤਾਰ ਚਾਰ ਜੁਗ ਸਤਿਜੁਗ ਤਰੇਤਾ ਦਵਾਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਵਿਚ ਗਏ ਸਮਝਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਕਰੇ ਖੇਲ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਆਪਣੀ ਕਲ ਆਪ ਵਰਤਾਈਆ । ਮੁਨੀ ਜੀ ਹਕੀਕਤ ਵਿਚ ਓਸ ਮਹਿਬੂਬ ਨਾਲ ਮਿਲੇ ਆਣ, ਜੋ ਅੰਤਰ ਨਿਰੰਤਰ ਬ੍ਰਹਮ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ । ਪੰਜ ਮਿੰਟ ਦਾ ਵਕਤ ਥੋੜ੍ਹਾ, ਸਭ ਨੂੰ ਸਾਚੇ

ਸੰਤਾਂ ਦੀ ਸਦਾ ਲੋੜਾ, ਬਿਨਾ ਸੰਤ ਸਤਿਗੁਰ ਗੁਰਸਿਖ ਦਾ ਦੂਜਾ ਬਣੇ ਕੋਈ ਨਾ ਜੋੜਾ, ਬਿਨਾ ਭਗਤ ਭਗਵਾਨ ਜਗਤ ਨਿਸ਼ਾਨ ਨਾ ਕੋਇ ਝੁਲਾਈਆ । ਜੇਠੂਵਾਲ ਪੰਧ ਕੋਈ ਨਹੀਂ ਦੂਰ ਨੇੜਾ, ਨੇੜਿਉਂ ਨੇੜਾ, ਜਿਨ੍ਹਾਂ ਦੇ ਅੰਦਰ ਪੰਚ ਵਿਕਾਰ ਦਾ ਨਹੀਂ ਝੇੜਾ, ਉਹ ਭੱਜਣ ਵਾਹੋ ਦਾਹੀਆ । ਉਹ ਮੁਨੀਆਂ ਰਿਸ਼ੀਆਂ ਦਾ ਖੇੜਾ, ਜਿਥੇ ਧਰਮ ਦਾ ਵੱਡਾ ਹੋਣਾ ਵਿਹੜਾ, ਕਰਮਾਂ ਦਾ ਰੋਗ ਗਵਾਈਆ । ਜਿਸ ਕਾਰਨ ਦਿਲੀਉਂ ਮਾਰਿਆ ਫੇਰਾ, ਮਾਨਵ ਦੇ ਅੰਦਰੋਂ ਕੱਢਣਾ ਅੰਧੇਰਾ, ਝਗੜਾ ਚੁਕਾਉਣਾ ਤੇਰਾ ਮੇਰਾ, ਮੈਂ ਤੂੰ ਵਿਚ ਫ਼ਰਕ ਰਹੇ ਨਾ ਰਾਈਆ । ਘਰ ਦਿਆਂ ਕੰਮਾ ਤੋਂ ਕਦੀ ਕੋਈ ਨਹੀਂ ਹੋਇਆ ਵਿਹਲਾ, ਪਰ ਇਕੱਠੇ ਹੋ ਜਾਓ ਗੁਰੂ ਚੇਲਾ, ਸੱਜਣ ਸੁਹੇਲਾ ਸਭ ਦਾ ਇਕੋ ਨਜ਼ਰੀ ਆਈਆ । ਇਹ ਵਿਸ਼ਵ ਧਰਮ ਦਾ ਕੋਈ ਜਗ ਵਾਲਾ ਨਹੀਂ ਮੇਲਾ, ਵਿਸ਼ੇਸ਼ ਸਿਖਿਆ ਵਿਸ਼ਵ ਕਲਿਆਣ ਚਾਰ ਕੁੰਟ ਦਹਿ ਦਿਸ਼ਾ ਮਾਨਵ ਧਰਮ ਮਾਨਵ ਏਕਤਾ, ਆਤਮ ਬ੍ਰਹਮ ਪਾਰਬ੍ਰਹਮ ਬ੍ਰਹਮ ਨੇਤਾ ਇਕ ਹੇਤਾ, ਅੰਤਰ ਬਾਹਰ ਭੀਤਰ ਗੁਫ਼ਤ ਸ਼ਨੀਦ ਸਚ ਰਫ਼ੀਕ, ਫ਼ਰੀਕ ਲਾਸ਼ਰੀਕ ਹਕ ਤੌਫ਼ੀਕ ਮੁਨੀ ਦੀ ਉਡੀਕ ਸਾਰੇ ਬੈਠੇ ਧਿਆਨ ਲਗਾਈਆ । ਅੰਮ੍ਰਿਤਸਰੀਓ ਅੰਮ੍ਰਿਤ ਪੀਓ ਉਹ, ਜੋ ਸਚ ਦਰ ਨਿਵਾਸੀ ਰਿਹਾ ਪਿਆਈਆ । ਵੇਖੋ ਮਾਇਆ ਮਮਤਾ ਨਾਲੋਂ ਹੋ ਕੇ ਨਿਰਮੋਹ, ਮੁਹੱਬਤ ਤੁਹਾਡੇ ਨਾਲ ਰਖਾਈਆ । ਜੋ ਸਤਿ ਨਾਲ ਗਏ ਛੋਹ, ਅੰਤ ਸਤਿ ਵਿਚ ਸਮਾਈਆ । ਸ੍ਰਿਸ਼ਟੀ ਦੁਨੀਆ ਕਾਇਨਾਤ ਜਗਤ ਕਲਪਣਾ ਵਿਚ ਰਹੀ ਰੋ, ਮਨ ਮਮਤਾ ਦਏ ਦੁਹਾਈਆ । ਗ਼ਫ਼ਲਤ ਵਿਚ ਗੂੜ੍ਹੀ ਨੀਂਦ ਜਗਤ ਜਗਿਆਸੂ ਰਹੇ ਸੌਂ, ਸੋਈ ਸੁਰਤੀ ਬਿਨ ਸੰਤ ਸਤਿਗੁਰ ਨਾ ਕੋਇ ਉਠਾਈਆ । ਅੰਦਰ ਵੜ ਕੇ ਵੇਖੋ ਜਿਨ੍ਹਾਂ ਦੇ ਅੰਦਰ ਆਪਣੀ ਹੋਈ ਲੋ, ਦੂਜਿਆਂ ਦੀ ਦੁਰਮਤ ਮੈਲ ਦੇਣ ਧੋ, ਪਤਤ ਪਨੀਤ ਦੇਣ ਕਰਾਈਆ । ਓਨ੍ਹਾਂ ਦਾ ਭੇਵ ਬੁੱਧੀ ਨਾਲ ਨਾ ਜਾਣੇ ਕੋ, ਅਨੁਭਵ ਵਿਚ ਆਪਣੀ ਕਾਰ ਕਮਾਈਆ । ਕਿੱਡਾ ਸੋਹਣਾ ਬਣ ਗਿਆ ਢੋ, ਸਾਰੇ ਮਿਲ ਕੇ ਬੈਠੇ ਡੇਰਾ ਲਾਈਆ । ਰਸਨਾ ਪਰਵਚਨ ਕਹਿਣਾ ਜੋ, ਜੋਤੀ ਜੋਤ ਨਾਲ ਮਿਲਾਈਆ । ਜੈਨ ਧਰਮ ਧਰਮ ਵਾਲਿਓ ਪੰਜ ਮਿੰਟ ਤੋਂ ਸ਼ਾਇਦ ਜ਼ਿਆਦਾ ਵਕਤ ਗਿਆ ਹੋ, ਏਸੇ ਕਰ ਕੇ ਧਰਮ ਦਾ ਨੇਤਾ ਧਰਮ ਦੀ ਰੀਤ ਜਿਸ ਪਰਗਟਾਉਣੀ ਕਾਇਆ ਮੰਦਰ ਕਾਅਬੇ ਮਸੀਤ, ਗੁਰੂਦਵਾਰ ਸ਼ਿਵਦਵਾਲਾ ਮੱਠ ਬਣਾ ਕੇ ਕਾਇਆ ਤਤ ਅੱਠ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦੀ ਧਾਰ ਵਿਚ ਸੰਸਾਰ, ਰਿਸ਼ੀ ਮੁਨੀ ਆਪ ਉਭਾਰ, ਸੰਤ ਸੰਦੇਸ਼ ਨਰ ਨਰੇਸ਼ ਜੀਵਣ ਜੁਗਤੀ ਜਗਤ ਦੀ ਮੁਕਤੀ, ਮੂਰਤ ਸੂਰਤ ਨਾਦ ਤੂਰਤ, ਇਕੋ ਸੁਸ਼ੀਲ ਨਾਲ ਵਡਿਆਈਆ ।

★ ੨੪ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸਚਖੰਡ ਨਿਵਾਸੀ ਕਹੇ ਹਰਿ ਕਰਤਾਰ, ਪੁਰਖ ਅਬਿਨਾਸ਼ੀ ਘਟ ਨਿਵਾਸੀ ਆਪ ਦ੍ਰਿੜਾਇੰਦਾ । ਨਿਰਗੁਣ ਜੋਤ ਬਿਨ ਵਰਨ ਗੋਤ ਗੁਰ ਅਵਤਾਰ ਪੀਰ ਪੈਗ਼ੰਬਰ ਹੋਵੋ ਖ਼ਬਰਦਾਰ, ਆਦਿ ਪੁਰਖ ਅਪਰੰਪਰ ਸਵਾਮੀ ਸਚ ਸੰਦੇਸ਼ਾ ਇਕ ਸੁਣਾਇੰਦਾ । ਸਤਿਜੁਗ ਤਰੇਤਾ ਦੁਆਪਰ ਕਲਜੁਗ ਜੋ ਸੰਦੇਸ਼ਾ ਦੇ ਕੇ ਆਏ ਵਿਚ ਸੰਸਾਰ, ਚਾਰ ਕੁੰਟ ਦਹਿ ਦਿਸ਼ਾ ਚਾਰੇ ਖਾਣੀ ਚਾਰੇ ਬਾਣੀ ਰਾਗ ਸੁਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖੋ ਮਾਰ ਧਿਆਨ, ਤ੍ਰੈਗੁਣ ਮਾਇਆ ਪੰਜ ਤਤ ਕਾਇਆ ਮਾਟੀ ਤਨ ਵਜੂਦ ਹੱਡ ਮਾਸ ਨਾੜੀ ਖੋਜ ਖੁਜਾਈਆ । ਸਤਿ ਧਰਮ ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਜਗਤ

੧੦੨੭
੨੦

ਨੇਤਰ ਨੈਣ ਨਜ਼ਰ ਨਾ ਆਏ ਕਿਸੇ ਧਰਮ ਨਿਸ਼ਾਨ, ਜੀਵ ਜਹਾਨਾਂ ਜਗਤ ਨਜ਼ਰ ਕੋਇ ਨਾ ਆਈਆ । ਹੁਕਮ ਦੇਵੇ ਧੁਰ ਫ਼ਰਮਾਨ, ਜੋਧਾ ਸੂਰਬੀਰ ਬਲੀ ਬਲਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਸੁਣਾਈਆ । ਸਦੀ ਚੌਧਵੀਂ ਬਣੇ ਨਾ ਕੋਇ ਨਾਦਾਨ, ਲੇਖਾ ਵੇਖੇ ਅੰਜੀਲ ਕੁਰਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਚਖੰਡ ਨਿਵਾਸੀ ਬੋਲੇ ਬੋਲ, ਅਗੰਮ ਅਥਾਹ ਜਣਾਈਆ । ਨਾਨਕ ਨਿਰਗੁਣ ਸਰਗੁਣ ਵੇਖਣਹਾਰਾ ਤੋਲ, ਅਤੋਲ ਅਤੁਲ ਵੱਡੀ ਵਡਿਆਈਆ । ਸਚ ਭੰਡਾਰਾ ਜਿਸ ਦੇ ਕੋਲ, ਜੁਗ ਚੌਕੜੀ ਸਦਾ ਵਰਤਾਈਆ । ਨਾਮ ਨਿਧਾਨ ਵਜਾ ਕੇ ਢੋਲ, ਸੋਈ ਸੁਰਤੀ ਮਾਤ ਉਠਾਈਆ । ਸਚ ਦਵਾਰਾ ਏਕਾ ਖੋਲ੍ਹ, ਹਰਿ ਕਰਤਾ ਆਪ ਵਰਤਾਈਆ । ਵਸਤ ਅਮੋਲਕ ਦੇਵੇ ਚੋਹਲ ਅੰਤਰ ਨਿਰੰਤਰ ਜਾਵੇ ਮੌਲ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਜੁਗ ਚੌਕੜੀ ਆਪਣੀ ਕਾਰ ਕਮਾਈਆ । ਸ਼ਬਦ ਸੰਦੇਸ਼ਾ ਨਰ ਨਰੇਸ਼ਾ ਦੇਂਦਾ ਰਿਹਾ ਵਾਰੋ ਵਾਰ, ਕਲਮਾ ਕਾਇਨਾਤ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਰਦਾ ਰਿਹਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਆਪ ਪਰਗਟਾਈਆ । ਆਲਸ ਨਿੰਦਰਾ ਜਗਤ ਵਾਸਨਾ ਮਨ ਤ੍ਰਿਸ਼ਨਾ ਵਿਚੋਂ ਕੱਢ ਕੇ ਬਾਹਰ, ਧੁਰ ਦਾ ਰਾਮ ਅੰਮ੍ਰਿਤ ਜਾਮ ਆਪ ਪਿਲਾਈਆ । ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਵੇਖੇ ਮਾਰ ਧਿਆਨ, ਅੰਡਜ ਜੇਰਜ ਉਤਭੁਜ ਸੇਹਤਜ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਵਖਾਈਆ । ਸਚਖੰਡ ਨਿਵਾਸੀ ਦੇਵੇ ਹੁਕਮ ਅਥਾਹ, ਹਰਿ ਕਰਤਾ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਆਪਣਾ ਤੱਕੋ ਰਾਹ, ਜੋ ਰਹਿਬਰ ਹੋ ਕੇ ਆਏ ਜਣਾਈਆ । ਸਿਫ਼ਤਾਂ ਵਾਲੇ ਮੇਰੇ ਨਾਮ ਦ੍ਰਿੜਾ, ਜੀਵ ਜੰਤ ਜਗਤ ਕਰੀ ਪੜ੍ਹਾਈਆ । ਦੀਨ ਮਜ਼੍ਹਬ ਵੰਡ ਵੰਡਾ, ਊਚ ਨੀਚ ਗੰਢ ਰਖਾਈਆ । ਧੁਰ ਸੰਦੇਸ਼ਾ ਦੇਵੇ ਆਪ ਅੱਲਾ, ਫ਼ਰਮਾਨਾ ਆਪਣੇ ਵਿਚੋਂ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਤੁਹਾਡਾ ਗਵਾਹ, ਸ਼ਹਾਦਤ ਇਕੋ ਇਕ ਭੁਗਤਾਈਆ । ਸਾਰੇ ਮਿਲ ਕੇ ਦੱਸੋ ਹਕ ਸਲਾਹ, ਹਕੀਕਤ ਵਿਚ ਜਣਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਭੁੱਲੀ ਮੇਰਾ ਨਾਂ, ਸਦੀ ਚੌਧਵੀਂ ਵੱਜੇ ਹਕ ਨਾ ਕੋਇ ਵਧਾਈਆ । ਕਿਉਂ ਆਤਮ ਪਰਮਾਤਮ ਨਾਲੋਂ ਦਿਸੇ ਜੁਦਾ, ਨਿਰਗੁਣ ਨੂਰ ਨੂਰ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਖੋਲ੍ਹੋ ਅੱਖ, ਹਰਿ ਕਰਤਾ ਆਪ ਦ੍ਰਿੜਾਈਆ । ਲੇਖਾ ਮੰਗੇ ਪੁਰਖ ਸਮਰਥ, ਆਦਿ ਜੁਗਾਦੀ ਧੁਰਦਰਗਾਹੀਆ । ਸਭ ਨੇ ਬੋਲਣਾ ਬਿਨ ਰਸਨਾ ਜਿਹਵਾ ਸਚ, ਸਚ ਸਚ ਸਮਝਾਈਆ । ਜ਼ਰਾ ਤੱਕ ਕੇ ਵੇਖੋ ਕਾਇਆ ਮਾਟੀ ਕੱਚ, ਮਾਨਵ ਮਾਨਵ ਖੋਜ ਖੁਜਾਈਆ । ਨਾੜੀ ਨਾੜੀ ਸਭ ਦੀ ਉਬਲੇ ਰੱਤ, ਅਗਨੀ ਤਤ ਨਾ ਕੋਇ ਬੁਝਾਈਆ । ਕਿਸੇ ਦੇ ਕੋਲ ਰਹੀ ਨਾ ਤੁਹਾਡੀ ਮਤ, ਜੋ ਗੁਰਮਤ ਆਏ ਸਮਝਾਈਆ । ਸਹਾਇਕ ਹੋ ਕੇ ਨਾਇਕ ਹੋ ਕੇ ਰੱਖੇ ਕੋਇ ਨਾ ਪਤ, ਪਤਿਪਰਮੇਸ਼ਵਰ ਮਿਲਣ ਕੋਇ ਨਾ ਆਈਆ । ਧੀਰਜ ਰਿਹਾ ਕੋਇ ਨਾ ਯਤ, ਸਤਿ ਸੰਤੋਖ ਨਾ ਕੋਇ ਵਖਾਈਆ । ਰਸਨਾ ਜਿਹਵਾ


੧੦੨੮
੨੦

ਬੱਤੀ ਦੰਦ ਸਾਰੇ ਰਹੇ ਰਟ, ਹਿਰਦੇ ਹਰਿ ਨਾ ਕੋਇ ਵਸਾਈਆ । ਝਗੜਾ ਪਿਆ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਏ ਦੁਹਾਈਆ । ਨੇਤਰ ਰੋਵੇ ਮੰਦਰ ਮਸਜਿਦ ਸ਼ਿਵਦਵਾਲਾ ਮੱਠ, ਗੁਰੁਦਵਾਰਾ ਗੁਰ ਗੁਰ ਗੋਦ ਨਾ ਕੋਇ ਸਹਾਈਆ । ਜੋ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਸ੍ਰਿਸ਼ਟੀ ਆਏ ਦੱਸ, ਨਾਮ ਸੰਦੇਸ਼ਾ ਇਕ ਸੁਣਾਈਆ । ਓਸ ਦਾ ਵੇਲਾ ਵਕਤ ਵੇਖੇ ਹਕ਼ੀਕ਼ੀ ਹਕ, ਪੜਦਾ ਓਹਲਾ ਆਪ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਮਾਇਆ ਮਮਤਾ ਮੋਹ ਵਿਕਾਰ ਅਗਨੀ ਰਹੀ ਤਪ, ਸ਼ਾਂਤਕ ਸਤਿ ਨਾ ਕੋਇ ਕਰਾਈਆ । ਨਿਜ ਆਤਮ ਪਰਮਾਤਮ ਕਰੇ ਕੋਈ ਨਾ ਜਪ, ਜੀਵਣ ਜੁਗਤ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਤੱਕੋ ਇਕੋ ਰਾਹ, ਹਰਿ ਕਰਤਾ ਆਪ ਸੁਣਾਈਆ । ਦਰਗਾਹ ਸਾਚੀ ਹਕ ਮੁਕਾਮ ਸਚਖੰਡ ਦਵਾਰਾ ਅਗੰਮਾ ਥਾਂ, ਛੱਪਰ ਛੰਨ ਨਾ ਕੋਇ ਸੁਹਾਈਆ । ਜਿਥੇ ਸੂਰੀਆ ਚੰਦ ਨਾ ਕੋਇ ਰੁਸ਼ਨਾ, ਨਿਰਗੁਣ ਨੂਰ ਜੋਤ ਡਗਮਗਾਈਆ । ਸੋ ਸਵਾਮੀ ਸਭ ਨੂੰ ਰਿਹਾ ਜਗਾ, ਸੋਇਆ ਰਹਿਣ ਕੋਇ ਨਾ ਪਾਈਆ । ਕਾਇਆ ਮੰਦਰ ਸਾਚੇ ਅੰਦਰ ਦੇਵੇ ਆਪਣਾ ਨਾਂ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਮਾਰੋ ਲੋਕਮਾਤ ਝਾਕੀ, ਹਰਿ ਕਰਤਾ ਆਪ ਸੁਣਾਈਆ । ਬੰਦ ਕਿਵਾੜਾ ਖੋਲ੍ਹੋ ਤਾਕੀ, ਪੜਦਾ ਪੜਦੇ ਵਿਚੋਂ ਖੁਲ੍ਹਾਈਆ । ਮਾਨਵ ਤਤ ਵੇਖੇ ਖ਼ਾਕੀ, ਪੰਚਮ ਫੋਲ ਫੁਲਾਈਆ । ਮਮਤਾ ਮੋਹ ਵਿਚ ਹਯਾਤੀ, ਜੀਵਣ ਜੁਗਤ ਨਾ ਕੋਇ ਦ੍ਰਿੜਾਈਆ । ਕੌਣ ਮੰਨੇ ਤੁਹਾਡੀ ਆਖੀ, ਮੈਨੂੰ ਦਿਉ ਸਮਝਾਈਆ । ਸ਼ਬਦ ਸੁਨੇਹੜੇ ਵਾਲੀ ਪਾਤੀ, ਜੋ ਲਿਖੀ ਬਿਨ ਕਲਮ ਸ਼ਾਹੀਆ । ਸਾਰੇ ਮਾਰ ਕੇ ਆਉਣਾ ਵਾਟੀ, ਭੱਜਣਾ ਵਾਹੋ ਦਾਹੀਆ । ਸਦੀ ਬੀਸਵੀਂ ਮੰਜ਼ਲ ਔਖੀ ਘਾਟੀ, ਬਿਨ ਸਤਿਗੁਰ ਪੂਰੇ ਚੜ੍ਹਨ ਕੋਇ ਨਾ ਪਾਈਆ । ਇਹੋ ਹੁਕਮ ਅੱਜ ਦੀ ਰਾਤੀ, ਰੁੱਤੜੀ ਨਾਲ ਮਹਿਕਾਈਆ । ਪੁਰਖ ਅਗੰਮਾ ਧੁਰ ਦਾ ਸਾਥੀ, ਸਗਲਾ ਸੰਗ ਬਣਾਈਆ । ਸਚ ਧਰਮ ਦੀ ਵੇਖਣੀ ਹਾਟੀ, ਕਵਣ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਉਪਜਾਈਆ । ਤੇਈ ਅਵਤਾਰ ਤੱਕੋ ਮੀਤ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਵਣ ਗਾਵੇ ਧੁਰ ਦਾ ਗੀਤ, ਮਾਇਆ ਮਮਤਾ ਮੋਹ ਮਿਟਾਈਆ । ਹੋਵੇ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਕਲਜੁਗ ਵਿਚ ਸਾਚੀ ਦੱਸੇ ਰੀਤ, ਆਤਮ ਪਰਮਾਤਮ ਜੋੜ ਜੁੜਾਈਆ । ਜਿਥੇ ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਇਕੋ ਨਜ਼ਰੀ ਆਈਆ । ਇਹ ਖੇਲ ਦੱਸੋ ਅਨਡੀਠ, ਅਨਡਿੱਠੜਾ ਆਪ ਪੁਛਾਈਆ । ਜੋ ਪਿਛੇ ਗਿਆ ਬੀਤ, ਪੜਦਾ ਦਿਓ ਚੁਕਾਈਆ । ਕਵਣ ਕਲਮਾ ਹਕ ਹਦੀਸ, ਹਜ਼ਰਤਾਂ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਬੈਠੇ ਸਚਖੰਡ, ਜੋਤੀ ਜੋਤ ਜੋਤ ਸਮਾਈਆ । ਪ੍ਰਭੂ ਵੇਖੀਏ ਖੇਲ ਤੇਰਾ ਵਿਚ ਬ੍ਰਹਿਮੰਡ, ਵਰਭੰਡ ਤੇਰੀ ਵਡਿਆਈਆ । ਜੋ ਤੇਰੇ ਨਾਮ ਦੀਆਂ ਵੰਡਾਂ ਆਏ ਵੰਡ, ਕਲਮਿਆਂ ਵਿਚ ਸਿਫ਼ਤ ਸਾਲਾਹੀਆ । ਗਾ ਕੇ ਬੱਤੀ ਦੰਦ, ਰਸਨਾ ਜਿਹਵਾ ਰਾਗ ਅਲਾਈਆ । ਤੇਰੀ ਕਿਰਪਾ ਤੇਰਾ ਮਿਲਦਾ ਇਕ ਆਨੰਦ, ਜੋ ਆਨੰਦ ਸਾਗਰ ਦਿਤਾ ਸੁਣਾਈਆ । ਪੰਛੀ ਗਿਰੀ ਉਡੇ ਬਿਨਾ ਖੰਭ, ਨਿਰਗੁਣ ਸਰਗੁਣ ਤੇਰੀ ਵੱਜਦੀ ਰਹੇ ਵਧਾਈਆ । ਇਨ੍ਹਾਂ ਸਾਰਿਆਂ ਨੇ ਬੀਜੇ ਅੰਬ ਤੇ ਖਾਣੇ ਅੰਬ, ਕਿੱਕਰ ਕਾਂਟਾ ਨਜ਼ਰ


੧੦੨੯
੨੦

ਕੋਇ ਨਾ ਆਈਆ । ਨਿਰਗੁਣ ਧਾਰੋਂ ਪਏ ਜੰਮ, ਨਿਰਗੁਣ ਆਦੀ ਪਿਤਾ ਮਾਈਆ । ਜਿਸ ਨੇ ਦਿਤਾ ਪਵਣ ਸਵਾਮੀ ਦਮ, ਆਤਮ ਜੋਤ ਕਰੀ
ਰੁਸ਼ਨਾਈਆ । ਸੋ ਮੇਟੇ ਤ੍ਰਿਸ਼ਨਾ ਤਮ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਏਥੇ ਸੌਣ ਦਾ ਕਿਸੇ ਨੂੰ ਨਹੀਂ ਗ਼ਮ, ਬਿਨ ਅੱਖਾਂ ਅੱਖ
ਹਿਲਾਈਆ । ਸਭ ਨੇ ਝੂਠਾ ਸਮਝਿਆ ਤਨ, ਅੰਦਰ ਮਿਲਿਆ ਬੇਪਰਵਾਹੀਆ । ਜਿਥੇ ਹਉਂ ਨਹੀਂ ਨਾ ਹਮ, ਤੂੰ ਮੇਰਾ ਮੈਂ ਤੇਰਾ ਇਕੋ ਨਜ਼ਰੀ
ਆਈਆ । ਪ੍ਰੇਮ ਪਿਆਰ ਦਾ ਨਾਤਾ ਲੈਣ ਬੰਨ੍ਹ, ਜਗਤ ਵਾਸਨਾ ਨਾ ਕੋਇ ਤੁੜਾਈਆ । ਇਨ੍ਹਾਂ ਦੇ ਅੰਦਰ ਸ਼ਬਦ ਸੁਣੀਦਾ ਬਿਨਾ ਕੰਨ, ਧੁਨ
ਆਤਮਕ ਰਾਗ ਅਲਾਹੀਆ । ਇਹ ਓਸ ਪ੍ਰਭੂ ਦੇ ਚੰਨ, ਜੋ ਭਗਤਾਂ ਦਾ ਪਿਤਾ ਮਾਈਆ । ਸਾਰੇ ਅੰਤਰ ਕਹਿੰਦੇ ਧੰਨ ਧੰਨ, ਧੰਨ ਤੇਰੀ ਵਡਿਆਈਆ ।
ਸਚ ਪ੍ਰੀਤੀ ਅੰਦਰ ਗਏ ਮੰਨ, ਮਨਸਾ ਮਾਇਆ ਮੋਹ ਪਰੇ ਹਟਾਈਆ । ਧੁਰ ਸਤਿਗੁਰੂ ਦੇ ਬਣ ਗਏ ਜਨ, ਦਰ ਠਾਂਡੇ ਮਿਲੇ ਵਡਿਆਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਲੇਖਾ ਦਏ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਵੇਖਣੇ ਭਗਤ ਦੁਲਾਰੇ,
ਦੂਲ੍ਹੇ ਧੁਰ ਦੇ ਨਜ਼ਰੀ ਆਈਆ । ਜਿਹੜੇ ਸਦਾ ਰਹੇ ਕਵਾਰੇ, ਤੁਧ ਬਿਨ ਕਰੇ ਨਾ ਕੋਇ ਕੁੜਮਾਈਆ । ਜਗਤ ਛੱਡ ਕੇ ਅਸਥਲ ਚੁਬਾਰੇ, ਤੇਰੇ
ਚਰਨ ਸੀਸ ਨਿਵਾਈਆ । ਕੂੜੀ ਕਿਰਿਆ ਖੁੱਭਣ ਕਦੀ ਨਾ ਚਿੱਕੜ ਗਾਰੇ, ਦੁਰਮਤ ਮੈਲ ਤੇਰੀ ਕਿਰਪਾ ਨਾਲ ਧਵਾਈਆ । ਜੋ ਮਿਲ ਕੇ ਆਏ
ਤੇਰੇ ਵਾੜੇ, ਘਰ ਇਕੋ ਵੇਖ ਵਖਾਈਆ । ਸਾਹਿਬ ਸਵਾਮੀ ਫੜ ਕੇ ਮੰਜ਼ਲ ਓਸੇ ਚਾੜ੍ਹੇ, ਜਿਥੇ ਚੜ੍ਹਿਆ ਉਤਰ ਕਦੇ ਨਾ ਜਾਈਆ । ਕਿਸੇ ਦੇ
ਕੱਢਣੇ ਪੈਣ ਨਾ ਹਾੜ੍ਹੇ, ਸਿੱਧੇ ਪ੍ਰਭ ਨੂੰ ਮਿਲਕੇ ਪ੍ਰਭ ਦੇ ਵਿਚ ਸਮਾਈਆ । ਜਿਥੇ ਨਾ ਕੋਇ ਪੁਰਖ ਨਾ ਕੋਈ ਨਾਰੇ, ਤਤ ਵਜੂਦ ਵੰਡ ਨਾ ਕੋਇ

੧੦੩੦ ੨੦

ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਦੇਂਦੇ ਗਏ ਇਸ਼ਾਰੇ, ਭਵਿਖਤਾਂ ਵਿਚ ਜਣਾਈਆ । ਕਾਤਬ ਬਣ ਕੇ ਲਿਖਦੇ ਗਏ ਲਿਖਾਰੇ,
ਧੁਰ ਫ਼ਰਮਾਨ ਇਕ ਸੁਣਾਈਆ । ਇਹ ਖੇਲੇ ਓਸੇ ਦੇ ਦਵਾਰੇ, ਜੋ ਧਰਨੀ ਧਰਤ ਧਵਲ ਆਪਣੀ ਕਾਰ ਕਮਾਈਆ । ਜਿਸ ਨੇ ਸੇਵ ਕਰਨੀ ਗੁਰੂ
ਅਵਤਾਰ ਪੈਗ਼ੰਬਰ ਭੇਜੇ ਆਪਣੇ ਦੁਲਾਰੇ, ਸ਼ਬਦ ਸੰਦੇਸ਼ੇ ਸਚ ਸੁਣਾਈਆ । ਸੋ ਲੇਖਾ ਜਾਣੇ ਆਪਣੀ ਧਾਰੇ, ਕਰਨੀ ਦਾ ਕਰਤਾ ਇਕ ਅਖਵਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਈਆ । ਬਾਹਰ ਖਲੋਤੀ ਰੋਵੇ ਨਿੰਦਰਾ, ਬਿਨ ਮੁਖ ਤੋਂ ਦਏ ਦੁਹਾਈਆ ।
ਜਿਸ ਕਾਹਨ ਨੇ ਕਾਹਨ ਨਾਲ ਖੇਲ ਖੇਲਿਆ ਬਨ ਬਿੰਦਰਾ, ਬਿੰਦ ਬਿੰਦੂ ਰੂਪ ਵਖਾਈਆ । ਜਿਸ ਨੂੰ ਝੁਕਦੇ ਸੁਰਪਤ ਰਾਜਾ ਇੰਦਰਾ, ਸ਼ੰਕਰ ਨਿਉਂ
ਨਿਉਂ ਲਾਗੇ ਪਾਈਆ । ਸੋ ਵੇਖਣਹਾਰਾ ਹਰ ਘਟ ਤਨ ਮਾਟੀ ਖ਼ਾਕੀ ਪਿੰਜਰਾ, ਪੰਜ ਤਤ ਪੜਦਾ ਫੋਲ ਫੁਲਾਈਆ । ਜਿਨ੍ਹਾਂ ਦੇ ਅੰਦਰ ਵੜ ਕੇ
ਮੰਦਰ ਚੜ੍ਹ ਕੇ ਸਾਹਿਬ ਸਤਿਗੁਰ ਖੋਲ੍ਹ ਦਿਤਾ ਜੰਦਰਾ, ਜ਼ਿੰਦਗੀ ਜੀਵਣ ਦਿਤਾ ਬਦਲਾਈਆ । ਉਨ੍ਹਾਂ ਦੇ ਅੰਤਰ ਨਿਰੰਤਰ ਨਾਮ ਵੱਜੇ ਕਿੰਗਰਾ ਕਿੰਗਰਾ,
ਮਰਦੰਗਾ ਹੂ ਹੂ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਉਹ ਵੇਖੋ ਨਿੰਦਰਾ
ਰੋਵੇ ਨੈਣ, ਰੋ ਕੇ ਦਏ ਦੁਹਾਈਆ । ਮੈਂ ਸਭ ਨੂੰ ਆਈ ਕਹਿਣ, ਕਹਿ ਕਹਿ ਰਹੀ ਜਣਾਈਆ । ਗੁਰਮੁਖੋ ਮੈਂ ਹੋ ਗਈ ਕਮਲੀ ਸ਼ੁਦੈਣ, ਆਪਣਾ
ਆਪ ਭੁਲਾਈਆ । ਜਿਸ ਵੇਲੇ ਵੇਖਿਆ ਮਾਹੀ ਇਕੋ ਧੁਰ ਦਾ ਸਾਕ ਸੱਜਣ ਸੈਣ, ਹਰਿ ਕਰਤਾ ਵਡ ਵਡਿਆਈਆ । ਮੈਂ ਮੁੜ ਕੇ ਕਦੇ ਨਾ ਆਵਾਂ
ਭੁੱਲ ਕੇ ਭਗਤਾਂ ਦੇ ਕੋਲ ਭਗਤੀ ਵਾਲੀ ਰੈਣ, ਰੇਣ ਹੋ ਕੇ ਤੁਹਾਡੇ ਚਰਨਾਂ ਦੀ ਧੂੜ ਮਸਤਕ ਲਾਈਆ । ਮੈਂ ਵੇਖਣੇ ਜਗਤ ਵਿਕਾਰ ਦੇ ਵਹਿੰਦੇ

ਵਹਿਣ, ਕੂੜੀ ਕਿਰਿਆ ਰਹੀ ਰੁੜ੍ਹਾਈਆ । ਜਿਹੜੇ ਤੱਕਦੇ ਭਾਈ ਭੈਣ, ਉਨ੍ਹਾਂ ਦੇ ਅੰਦਰ ਵੜ ਕੇ ਗ਼ਫ਼ਲਤ ਦੇਵਾਂ ਪਾਈਆ । ਜਿਨ੍ਹਾਂ ਦੇ ਕੋਲ ਸਤਿਗੁਰ ਨਾਮ ਰਸੈਣ, ਰਸੀਏ ਧੁਰ ਦੇ ਨਜ਼ਰੀ ਆਈਆ । ਬਿਨਾ ਘੋਂਸਲਿਆਂ ਤੋਂ ਪੰਛੀ ਓਸ ਆਲ੍ਹਣੇ ਰਹਿਣ, ਜਿਸ ਨੂੰ ਅੱਲਾ ਅਲਾਹ ਕਹਿ ਕੇ ਕਹੇ ਖ਼ੁਦਾਈਆ । ਜਿਥੇ ਖੁੱਲ੍ਹਾ ਮੁਖ ਤੇ ਨੁਕਤਾ ਨਹੀਂ ਗੈਨ, ਗ਼ਮਾਂ ਦਾ ਡੇਰਾ ਢਾਹੀਆ । ਜੋ ਲੇਖਾ ਲਿਖਿਆ ਵਿਚ ਰਮਾਇਣ, ਰਾਮ ਵਸ਼ਿਸ਼ਟ ਦਏ ਗਵਾਹੀਆ । ਬਾਲਮੀਕ ਨਹੀਂ ਤਰਫ਼ੈਣ, ਧੁਰ ਸੰਦੇਸ਼ਾ ਇਕ ਜਣਾਈਆ । ਵੇਦ ਵਿਆਸਾ ਸ਼ਬਦੀ ਧਾਰ ਵਹਾਇਆ ਵਹਿਣ, ਭਵਿਖਤਾਂ ਵਿਚ ਢੋਲਾ ਗਿਆ ਗਾਈਆ । ਕੁਛ ਲਹਿਣਾ ਨਾਈ ਸੈਣ, ਸਧਨੇ ਨਾਲ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਸੁਣੇ ਇਕੋ ਤਾਜ਼ਾ, ਹਰਿ ਤਾਜਰ ਆਪ ਦ੍ਰਿੜਾਈਆ । ਖੇਲੇ ਖੇਲ ਗ਼ਰੀਬ ਨਿਵਾਜਾ, ਗਹਿਰ ਗੰਭੀਰ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਜਿਸ ਨਿਵਾਜ਼ਾ, ਨਿਵਾਜ਼ਸ਼ ਵਿਚ ਸਾਰੇ ਸੀਸ ਝੁਕਾਈਆ । ਸੋ ਸ਼ਾਹੋ ਭੂਪ ਵਡ ਰਾਜਨ ਰਾਜਾ, ਹੰ ਬ੍ਰਹਮ ਪੜਦਾ ਰਿਹਾ ਉਠਾਈਆ । ਕਲਜੁਗ ਅੰਤਮ ਰਚ ਕੇ ਕਾਜਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖ ਵਖਾਈਆ । ਜਿਸ ਨੇ ਜਗਤ ਜਹਾਨ ਰਚਿਆ ਆਦਾ, ਨਿਤ ਨਵਿਤ ਰਿਹਾ ਚਲਾਈਆ । ਖੇਲ ਖੇਲ ਸਦਾ ਬ੍ਰਹਿਮਾਦਾ, ਬ੍ਰਹਿਮੰਡ ਪੜਦਾ ਆਪ ਉਠਾਈਆ । ਸੋ ਸ਼ਬਦੀ ਹੁਕਮ ਸੁਣਾਏ ਅਗੰਮੀ ਆਵਾਜ਼ਾ, ਰਮਜ਼ ਗੁਰਮੁਖਾਂ ਨਾਲ ਰਖਾਈਆ । ਜਿਸ ਨੂੰ ਮਿਲਿਆਂ ਪੜ੍ਹਨੀ ਨਾ ਪਏ ਨਿਮਾਜ਼ਾ, ਸਜਦਿਆਂ ਵਿਚ ਨਾ ਸੀਸ ਝੁਕਾਈਆ । ਕਹੇ ਮੇਰੇ ਕੋਲ ਆ ਜਾ, ਅੱਜ ਨਹੀਂ ਕੱਲ ਨਹੀਂ, ਕਲਾ ਆਪਣੀ ਦਿਆਂ ਸਮਝਾਈਆ । ਭਗਤ ਉਧਾਰਨਾ ਜਿਸ ਦਾ ਸਦਾ ਰਿਵਾਜਾ, ਜੁਗ ਜੁਗ

ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਅਨੰਦ ਸਾਗਰ ਕਿਹਾ ਸੁਣੋ ਪ੍ਰੋਗਰਾਮ, ਸਾਗਰ ਅਨੰਦ ਵਿਚੋਂ ਪਰਗਟਾਈਆ । ਇਹ ਪ੍ਰਭੂ ਪਰਮ ਪੁਰਖ ਦਾ ਆਪਣਾ ਕਾਮ, ਕਰਨੀ ਦਾ ਕਰਤਾ ਰਿਹਾ ਕਰਾਈਆ । ਸ਼ਬਦੀ ਹੁਕਮ ਸੰਦੇਸ਼ੇ ਦੇਂਦਾ ਰਿਹਾ ਪੈਗ਼ਾਮ, ਕਲਮਿਆਂ ਵਿਚ ਪੜ੍ਹਾਈਆ । ਦੀਨ ਦੁਨੀ ਵੇਖਦਾ ਰਿਹਾ ਤਮਾਮ, ਤਮਾ ਵਿਚ ਜਗਤ ਲੋਕਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਅਵਾਮ, ਅਮਲ ਛੱਡਿਆਂ ਭੁਲਿਆ ਸ਼ਹਿਨਸ਼ਾਹੀਆ । ਜੀਵਣ ਵਿਚ ਇਨਸਾਨ ਨਾ ਰਿਹਾ ਇਨਸਾਨ, ਅਸਲ ਨਾਲ ਅਸਲ ਮੂਲ ਦਾ ਮੂਲ ਦਿਆਂ ਗਵਾਈਆ । ਏਸੇ ਕਾਰਨ ਧੁਰ ਦਾ ਕਰਤਾ ਸ੍ਰਿਸ਼ਟੀ ਦਾ ਮਾਲਕ ਖ਼ਲਕ ਦਾ ਖ਼ਾਲਕ ਖੇਲ ਕਰੇ ਸ੍ਰੀ ਭਗਵਾਨ, ਆਪਣੀ ਕਾਰ ਕਮਾਈਆ । ਜਿਸ ਨੇ ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਬਦਲ ਦੇਣਾ ਵਿਧਾਨ, ਹੁਕਮ ਇਕੋ ਇਕ ਸੁਣਾਈਆ । ਪ੍ਰਭ ਮਿਲਣ ਦੀ ਦੱਸਣੀ ਸਚ ਪਹਿਚਾਨ, ਪੜਦਿਆਂ ਅੰਦਰੋਂ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਸਾਚਾ ਖੇਲ ਕਰੇ ਭਗਵੰਤ, ਹਰਿ ਵੱਡਾ ਵਡ ਵਡਿਆਈਆ । ਜਿਸ ਦੇ ਭਗਤ ਸੁਹੇਲੇ ਸੰਤ, ਸੱਜਣ ਵੇਖ ਵਖਾਈਆ । ਸਭ ਦਾ ਸਾਂਝਾ ਇਕੋ ਕਰਨਾ ਮੰਤ, ਆਤਮ ਬ੍ਰਹਮ ਪੜ੍ਹਾਈਆ । ਸਚ ਸਵਾਮੀ ਬਣਨਾ ਕੰਤ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਰੰਗ ਚੜ੍ਹਾਈਆ । ਕਲਜੁਗ ਕੂੜੀ ਕਿਰਿਆ ਕਰਨਾ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਝਗੜਾ ਰਹੇ ਨਾ ਜੀਵ ਜੰਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਹਉਮੇ ਗੜ੍ਹ ਰਹੇ ਨਾ ਹੰਗਤ, ਹੰ ਬ੍ਰਹਮ ਦਏ ਜਣਾਈਆ । ਬੋਧ ਅਗਾਧਾ ਇਕੋ ਪੰਡਤ, ਨਿਤ ਨਵਿਤ ਕਰੇ ਪੜ੍ਹਾਈਆ । ਚਾਰ ਵਰਨ ਬਣਾਵੇ ਸਾਚੀ ਸੰਗਤ, ਸ਼ੱਤਰੀ

ਬ੍ਰਾਹਮਣ ਸ਼ੂਦਰ ਵੈਸ਼ ਏਕਾ ਗੰਢ ਪਵਾਈਆ । ਲੇਖਾ ਮੁਕਾ ਕੇ ਜੇਰਜ ਅੰਡਜ, ਉਤਭੁਜ ਸੇਤਜ ਡੇਰਾ ਢਾਹੀਆ । ਨਾਮ ਨਿਧਾਨ ਚਾੜ੍ਹ ਕੇ ਰੰਗਤ, ਰੰਗ ਇਕੋ ਇਕ ਵਖਾਈਆ । ਸਭ ਨੇ ਇਕੋ ਪੁਰਖ ਅਕਾਲ ਦੀਨ ਦਿਆਲ ਦਵਾਰੇ ਹੋਣਾ ਮੰਗਤ, ਦੂਜਾ ਦਰ ਲੱਭਣ ਕੋਇ ਨਾ ਜਾਈਆ । ਜਿਥੇ ਝਗੜਾ ਨਹੀਂ ਬਹਿਸ਼ਤ ਜੰਨਤ, ਸਵਰਗਾਂ ਤੋਂ ਪਰੇ ਨਿਰਗੁਣ ਹਰੇ ਜੋਤੀ ਜੋਤ ਜੋਤ ਰੁਸ਼ਨਾਈਆ । ਜੋ ਮੰਜ਼ਲ ਓਸ ਚੜ੍ਹੇ, ਸਤਿ ਪੁਰਖ ਨਿਰੰਜਣ ਦਰਸ਼ਨ ਕਰੇ, ਨਾ ਜੀਵਤ ਨਾ ਕਦੇ ਮਰੇ, ਆਵਣ ਜਾਵਣ ਰਹਿਣ ਨਾ ਪਾਈਆ । ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਮਾਰਗ ਦੱਸੇ ਬੜੇ, ਰਸਤੇ ਚਲਦਿਆਂ ਪਾਂਧੀ ਮੁਸਾਫ਼ਰ ਰਸਤੇ ਵਿਚ ਅੜੇ, ਕੋਟਨ ਕੋਟ ਨੇਤਰਹੀਣ ਖੜ੍ਹੇ, ਸਚ ਮਹੱਲ ਨਜ਼ਰ ਕੋਇ ਨਾ ਆਈਆ । ਜੋ ਜਨ ਪ੍ਰਾਣੀ ਆਤਮ ਪਰਮਾਤਮ ਵਰੇ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਪੜ੍ਹੇ, ਸੋ ਮੁੜ ਕੇ ਜਾਵੇ ਆਪਣੇ ਘਰੇ, ਜਿਸ ਵਿਚ ਵਸੇ ਨਰ ਹਰੇ, ਦੂਜਾ ਨਜ਼ਰ ਕੋਇ ਨਾ ਆਈਆ । ਕੋਟਨ ਕੋਟ ਜੁਗ ਚੌਕੜੀ ਬੀਤੇ ਦਿਵਸ ਮਹੀਨੇ ਮਾਸ ਬਰਖ ਵਰ੍ਹੇ, ਵਰ੍ਹੇ ਗੰਢ ਸਭ ਨੂੰ ਯਾਦ ਕਰਾਈਆ । ਜਿਹੜੇ ਭਾਂਡੇ ਠਠਿਆਰ ਬਣ ਕੇ ਘੜੇ, ਮਾਟੀ ਤਤ ਪੋਚ ਪੁਚਾਈਆ । ਇਹਨੂੰ ਕਹਿੰਦੇ ਸਾਰੇ ਜੜ੍ਹੇ, ਚੇਤਨ ਇਸ ਦੇ ਵਿਚ ਛੁਪਾਈਆ । ਹੁਣ ਵੇਖਣੇ ਕੱਲ ਤੇ ਪਰਸੋਂ ਕਵਣ ਖੋਟੇ ਤੇ ਕਵਣ ਖਰੇ, ਖ਼ਰੀਦਦਾਰ ਇਕੋ ਮਾਲਕ ਨਜ਼ਰੀ ਆਈਆ । ਜਿਸ ਦਾ ਖੇਲ ਪਰੇ ਤੋਂ ਪਰੇ, ਪਾਰਬ੍ਰਹਮ ਬ੍ਰਹਮ ਆਪਣੀ ਕਾਰ ਕਮਾਈਆ । ਜਿਸ ਨੂੰ ਬੰਦ ਨਾ ਕਰੇ ਕੋਈ ਵਿਚ ਸ਼ਰੇ, ਹੱਦ ਵਿਚ ਨਾ ਕੋਇ ਰਖਾਈਆ । ਸ਼ਸਤਰ ਨਾਲ ਕਦੇ ਨਾ ਲੜੇ, ਤੀਰ ਤਲਵਾਰ ਨਾ ਕੋਇ ਉਠਾਈਆ । ਜਿਧਰ ਆਪਣੀ ਮਿਹਰ ਨਿਗਾਹ ਕਰੇ, ਨਜ਼ਰ ਨਜ਼ਰ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਔਂਦੀ ਜਾਂਦੀ ਰੁਤ, ਪ੍ਰਭ ਰੁਤੜੀ ਕੀ ਮਹਿਕਾਈਆ । ਤੇਰਾ ਲੇਖਾ ਅਬਿਨਾਸ਼ੀ ਅਚੁਤ, ਪਤਿਪਰਮੇਸ਼ਵਰ ਸਮਝ ਕਿਛ ਨਾ ਆਈਆ । ਸਭ ਦਾ ਪੈਂਡਾ ਰਿਹਾ ਮੁਕ, ਸਦੀ ਚੌਧਵੀਂ ਦਏ ਗਵਾਹੀਆ । ਜਗਤ ਨਿਸ਼ਾਨਿਓਂ ਰਿਹਾ ਉਕ, ਅਣਿਆਲਾ ਤੀਰ ਨਾ ਕੋਇ ਚਲਾਈਆ । ਆਪਣੀ ਮਨਸਾ ਕਾਰਨ ਸਭ ਜਗਤ ਰਿਹਾ ਝੁਕ, ਆਤਮਾ ਪਰਮਾਤਮਾ ਮੇਲਣਵਾਲਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੂੰ ਸਾਡੇ ਕੋਲੋਂ ਪਵਾਈ ਫੁੱਟ, ਦੀਨ ਮਜ਼੍ਹਬ ਵੰਡ ਵੰਡਾਈਆ । ਜੁਗ ਜੁਗ ਸਾਨੂੰ ਬਣਾ ਕੇ ਆਪਣੇ ਸੁਤ, ਲੋਕਮਾਤ ਨਾਮ ਕਲਮੇ ਦਿੱਤੇ ਸਿਖਾਈਆ । ਅੰਤ ਫੇਰ ਤਨ ਵਜੂਦ ਵਿਚੋਂ ਗੋਦੀ ਲਿਆਂਦਾ ਚੁੱਕ, ਜੋਤ ਜੋਤ ਵਿਚ ਸਮਾਈਆ । ਹੁਣ ਸਾਰੇ ਰਹੇ ਪੁਛ, ਇਕੋ ਮੰਗ ਮੰਗਾਈਆ । ਨਾ ਪੜਦਾ ਨਾ ਓਹਲਾ ਲੁਕ, ਭੇਦ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦੇ ਜਣਾਈਆ । ਪੁਰਖ ਅਕਾਲ ਦੀਨ ਦਿਆਲ ਸਚ ਜਣਾਉਂਦਾ ਏ । ਗੁਰ ਅਵਤਾਰ ਪੈਗ਼ੰਬਰ ਜੋਤੀ ਧਾਰ ਵਿਚੋਂ ਉਠਾਉਂਦਾ ਏ । ਦਰਗਾਹ ਸਾਚੀ ਸਚਖੰਡ ਦਵਾਰ, ਆਪਣਾ ਪੜਦਾ ਲਾਹੁੰਦਾ ਏ । ਵਿਸ਼ਨ ਬ੍ਰਹਮਾ ਸ਼ਿਵ ਸਾਥੀ ਕਰੋ ਵਿਚਾਰ, ਬਿਨ ਵਿਚਰਿਆਂ ਆਪ ਸੁਣਾਉਂਦਾ ਏ । ਚਾਰੋਂ ਕੁੰਟ ਤੱਕੋ ਹਾਹਾਕਾਰ, ਸਾਂਤਕ ਸਤਿ ਨਾ ਕੋਇ ਰਖਾਉਂਦਾ ਏ । ਕਿਉਂ ਭੁੱਲਿਆ ਜੀਵ ਗਵਾਰ, ਮਨ ਵਾਸਨਾ ਵਿਚ ਹਲਕਾਉਂਦਾ ਏ । ਤੁਹਾਡੇ ਉਤੇ ਰਿਹਾ ਨਾ ਕੋਇ ਇਤਬਾਰ, ਮੇਰਾ ਇਸ਼ਟ ਨਾ ਕੋਇ ਮਨਾਉਂਦਾ ਏ । ਪੜ੍ਹ ਪੜ੍ਹ ਥੱਕੇ ਥਕਾਵਟ ਵਿਚ ਗਏ ਹਾਰ, ਹਰਿ ਕਾ ਨੂਰ ਨਜ਼ਰ ਕਿਸੇ ਨਾ ਆਉਂਦਾ ਏ । ਗੁਰ ਅਵਤਾਰ ਪੈਗ਼ੰਬਰ ਕਰਨ ਅੱਗੋਂ ਨਿਮਸਕਾਰ, ਸਜਦਿਆਂ ਵਿਚ ਸੀਸ ਸਰਬ ਝੁਕਾਉਂਦਾ ਏ ।

ਪਰਵਰਦਿਗਾਰ ਸਾਂਝੇ ਯਾਰ ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਤੇਰੀ ਵਾਰ, ਦੂਜਾ ਵਾਰਸ ਨਜ਼ਰ ਕੋਇ ਨਾ ਔਂਦਾ ਏ । ਤੇਰਾ ਹੁਕਮ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਉਂਦਾ ਏ । ਜਾ ਕੇ ਵੇਖ ਆਪਣਾ ਸੰਸਾਰ, ਸ੍ਰਿਸ਼ਟੀ ਅੰਦਰ ਤੇਰਾ ਨੂਰ ਤੂੰ ਹੀ ਨਜ਼ਰੀ ਆਉਂਦਾ ਏ । ਨਿਰਗੁਣ ਨਿਰਗੁਣ ਲੈ ਅਵਤਾਰ, ਸਰਗੁਣ ਸਰਗੁਣ ਮੇਲ ਮਿਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਉਂਦਾ ਏ । ਪੁਰਖ ਅਕਾਲ ਕਹੇ ਮੈਂ ਖੇਲ ਖਿਲਾਵਾਂਗਾ । ਜੁਗ ਚੌਕੜੀ ਵਿਛੜੇ ਮੇਲ ਮਿਲਾਵਾਂਗਾ । ਜਨ ਭਗਤ ਸੁਹੇਲੇ ਚੋਟੀ ਚਾੜ੍ਹ ਕੇ ਸਿਖ਼ਰੇ, ਸਿਕ ਆਪਣੀ ਇਕ ਦਰਸਾਵਾਂਗਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਫ਼ਿਕਰੇ, ਫ਼ਿਕਰ ਕੂੜ ਕੁੜਿਆਰ ਮਿਟਾਵਾਂਗਾ । ਜਿਹੜਾ ਕਾਇਆ ਮੰਦਰ ਅੰਦਰ ਪ੍ਰਭੂ ਪ੍ਰੀਤਮ ਨਿਕਲੇ, ਸੋ ਨੂਰ ਜਹੂਰ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਹਿਰਦੇ ਭੇਵ ਖੁਲ੍ਹਾਵਾਂਗਾ । ਪੁਰਖ ਅਕਾਲ ਦਾ ਧੁਰ ਫ਼ਰਮਾਨਾ ਅਪਾਰ, ਅਪਰੰਪਰ ਸਵਾਮੀ ਰਿਹਾ ਜਣਾਈਆ । ਨਿੰਦਰਾ ਵਿਚੋਂ ਸਾਰੇ ਹੋ ਜਾਓ ਖ਼ਬਰਦਾਰ, ਸੋਇਆ ਰਹਿਣ ਕੋਇ ਨਾ ਪਾਈਆ । ਜੋ ਕਲ ਦਾ ਵਿਵਹਾਰ, ਵਿਵਹਾਰੀ ਹੋ ਕੇ ਆਪ ਸੁਣਾਈਆ । ਨੌਂ ਸੌ ਚੁਰਾਨਵੇ ਚੌਕੜੀ ਦਾ ਜਿਸ ਲਹਿਣਾ ਦੇਣਾ ਕਰਜ਼ ਦੇਣਾ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਨਾਲ ਸੱਦੇ ਤੇਈ ਅਵਤਾਰ, ਅਵਤਰ ਆਪਣਾ ਹੁਕਮ ਜਣਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਵੇਖਣ ਅਗੰਮ ਦਰਬਾਰ, ਧੁਰ ਦਰਬਾਰੀ ਆਪ ਵਖਾਈਆ । ਨਾਨਕ ਗੋਬਿੰਦ ਕਰੇ ਪਿਆਰ, ਨਿਰਗੁਣ ਦਾਤਾ ਨਿਰਵੈਰ ਦਇਆ ਕਮਾਈਆ । ਜਿਸ ਦੀ ਦਿਸ਼ਾ ਸਮਝੇ ਨਾ ਕੋਈ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ ।



ਦੇਵਤ ਸੁਰ ਮੁਨੀ ਮੁਨੀਸ਼ਰ ਗਣ ਗੰਧਰਬ ਕਰਨ ਨਿਮਸਕਾਰ, ਨਮੋਂ ਨਮੋਂ ਡੰਡਾਵਤ ਵਿਚ ਆਪਣਾ ਭੇਟ ਚੜ੍ਹਾਈਆ । ਤਿਸ ਦਾ ਮਾਰਗ ਜਗਤ ਨਹੀਂ ਵਿਹਾਰ, ਤਿਉਹਾਰ ਆਪਣਾ ਭਗਤਾਂ ਨਾਲ ਬਣਾਈਆ । ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਧੁਰ ਦਾ ਯਾਰ, ਚਾਰ ਯਾਰੀ ਵੇਖ ਵਖਾਈਆ । ਪੰਚਮ ਮੀਤਾ ਠਾਂਡਾ ਸੀਤਾ ਸਤਿ ਸਤਿਵਾਦੀ ਸ਼ਾਹ ਅਸਵਾਰ, ਸ਼ਹਿਨਸ਼ਾਹ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਚ ਕਰਨੀ ਕਾਰ ਕਮਾਵੇਗਾ । ਹਰਿ ਕਰਤਾ ਖੇਲ ਖਿਲਾਵੇਗਾ । ਜੋ ਵਸੇ ਰੰਗ ਨਵੇਲ, ਨਿਰਗੁਣ ਨੂਰ ਜੋਤ ਰੁਸ਼ਨਾਵੇਗਾ । ਮੇਲ ਮਿਲਾ ਗੁਰੂ ਗੁਰ ਚੇਲ, ਚੇਲਾ ਗੁਰ ਜੋੜ ਜੁੜਾਵੇਗਾ । ਆਦਿ ਅੰਤ ਬਣ ਕੇ ਸੱਜਣ ਸੁਹੇਲ, ਸਾਚਾ ਸੰਗ ਬਣਾਵੇਗਾ । ਦੀਪ ਜਗਾ ਕੇ ਬਿਨਾ ਬਾਤੀ ਤੇਲ, ਨੂਰ ਨੁਰਾਨਾ ਡਗਮਗਾਵੇਗਾ । ਰਾਏ ਧਰਮ ਦੀ ਕੱਟ ਕੇ ਜੇਲ, ਫਾਸੀ ਗਲੋਂ ਆਪ ਕਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਬਣਾਵੇਗਾ । ਸਾਚਾ ਖੇਲ ਪ੍ਰਭੂ ਰਚਾਉਣਾ ਏ । ਧੁਰ ਸੰਦੇਸ਼ਾ ਪ੍ਰਭੂ ਸੁਨਾਉਣਾ ਏ । ਚਾਰ ਵਰਨ ਅਠਾਰਾਂ ਬਰਨ ਏਕਾ ਗੰਢ ਪਵਾਉਣਾ ਏ । ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਨਾਮ ਤੰਦ ਨਾਲ ਜੁੜਾਉਣਾ ਏ । ਸਤਿ ਧਰਮ ਦੀ ਸਚ ਸੁਗੰਦ, ਕ਼ਸਮ ਦਾ ਇਸਮ ਇਕ ਵਖਾਉਣਾ ਏ । ਪ੍ਰਭ ਪ੍ਰੀਤੀ ਅੰਦਰ ਸਾਰੇ ਹੋਵੇ ਪਾਬੰਦ, ਇਸਮ ਆਜ਼ਮ ਇਕ ਜਣਾਉਂਣਾ ਏ । ਆਤਮ ਹੋਵੇ ਨਾ ਕੋਈ ਰੰਡ, ਕੰਤ ਸੁਹਾਗੀ ਹਰਿ ਹੰਢਾਉਣਾ ਏ । ਸਾਂਝੀ ਸਭ ਦੀ ਪੌਣੀ ਗੰਢ, ਦੂਈ ਦਵੈਤ ਦਾ ਡੇਰਾ ਢਾਉਣਾ ਏ । ਮਨ ਵਿਕਾਰ ਕਰੇ ਖੰਡ ਖੰਡ, ਖੰਡਾ ਖੜਗ ਨਾਮ ਚਮਕਾਉਣਾ ਏ । ਮਨ ਵਾਸਨਾ ਦੁਨੀ ਦਾਰੀ ਦਾ ਜੰਗ, ਜਗਤ ਕੂੜ ਨਾਲ ਲੜਾਉਣਾ

ਏ । ਸਾਚੇ ਸੰਤਾਂ ਅੰਤਰ ਆਤਮ ਪਾ ਕੇ ਠੰਡ, ਮੇਘ ਅਗੰਮੀ ਇਕ ਬਰਸਾਉਣਾ ਏ । ਬਿਨ ਲਲਾਰੀਉਂ ਚੜ੍ਹੇ ਰੰਗ, ਰੰਗ ਰੰਗੀਲਾ ਇਕੋ ਵੇਖ ਵਖਾਉਣਾ ਏ । ਗੁਰਮੁਖਾਂ ਦੀ ਆਤਮ ਸੇਜ ਸੁਹਾਏ ਪਲੰਘ, ਜਿਥੇ ਆਤਮ ਪਰਮਾਤਮ ਨਾਰ ਕੰਤ ਜੋੜ ਜੁੜਾਉਣਾ ਏ । ਸਤਿਜੁਗ ਸਾਚੇ ਤੇਰਾ ਉਪਜੇ ਇਕ ਅਨੰਦ, ਅਨੰਦ ਅਨੰਦ ਵਿਚੋਂ ਵਖਾਉਣਾ ਏ । ਜੋ ਗੁਰ ਅਵਤਾਰ ਮੰਗਾਂ ਗਏ ਮੰਗ, ਕੀਤਾ ਕੌਲ ਪ੍ਰਭ ਨੇ ਤੋੜ ਨਿਭਾਉਣਾ ਏ । ਨਿਰਗੁਣ ਧਾਰ ਹੋ ਕੇ ਸੰਗ, ਗੁਰ ਅਵਤਾਰ ਪੈਗ਼ੰਬਰ ਆਪਣੇ ਨਾਲ ਰਖਾਉਣਾ ਏ । ਕਲ ਦੀ ਰਾਤੀ ਸਭ ਨੇ ਖ਼ੁਸ਼ੀਆਂ ਨਾਲ ਗਾਉਣਾ ਛੰਦ, ਤੂੰ ਮੇਰਾ ਮੈਂ ਤੇਰਾ ਢੋਲਾ ਇਕ ਜਣਾਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਨਿਭਾਉਣਾ ਏ । ਕੱਲ ਦੀ ਰਾਤ ਕਹੇ ਮੈਂ ਰੈਣ ਭਿੰਨੀ, ਪ੍ਰਭ ਦਿਤੀ ਵਡਿਆਈਆ । ਮੇਰੀ ਔਧ ਲੰਘ ਗਈ ਕਿੰਨੀ, ਚਾਰ ਜੁਗ ਸਮਝ ਕੋਇ ਨਾ ਪਾਈਆ । ਮੈਂ ਵੇਖੇ ਲੋਕ ਤਿੰਨੀ, ਤ੍ਰੈਗੁਣ ਰੰਗ ਰੰਗਾਈਆ । ਮੇਰੀ ਪੈਮਾਇਸ਼ ਕਿਸੇ ਨਾ ਮਿਣੀ, ਨਾਮ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਰੰਗਾਈਆ । ਭਿੰਨੜੀ ਰੈਣ ਕਹੇ ਮੈਂ ਕੱਲ ਨੂੰ ਆਉਣਾ ਜਗ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਗੁਰਮੁਖ ਸੜੇ ਨਾ ਕੋਈ ਵਿਚ ਤ੍ਰੈਗੁਣ ਅੱਗ, ਅਗਨੀ ਤਤ ਬੁਝਾਈਆ । ਸਾਚੇ ਸੰਤਾਂ ਭਗਤਾਂ ਸਾਚੇ ਸੂਫ਼ੀਆਂ ਦਰਸ਼ਨ ਕਰਨਾ ਬਿਨਾ ਮੱਕੇ ਅੰਦਰ ਕਾਅਬੇ ਵਾਲੇ ਹੱਜ, ਜਿਥੇ ਹੁਜ਼ਰਾ ਮਹਿਬੂਬ ਆਪ ਸੁਹਾਈਆ । ਸੋ ਸਵਾਮੀ ਅੰਤਰਜਾਮੀ ਸ਼ਾਹ ਪਾਤਸ਼ਾਹ ਸੁਲਤਾਨੀ ਨਿਰਗੁਣ ਨਿਰਾਕਾਰ ਨਿਰਵੈਰ ਲੋਕਮਾਤ ਆਵੇ ਭੱਜ, ਦੋ ਜਹਾਨਾਂ ਆਪਣਾ ਪੰਧ ਮੁਕਾਈਆ । ਸਭ ਦੇ ਅੰਦਰ ਕਾਇਆ ਮੰਦਰ ਬਹੇ ਸੱਜ, ਸੱਜਣ ਹੋ ਕੇ ਆਪਣਾ ਰੰਗ ਚੜ੍ਹਾਈਆ । ਸਭ ਨੇ ਜਗਤ ਵਿਕਾਰ ਦੀ ਲੰਘਣੀ ਹੱਦ, ਕੂੜ ਵਿਕਾਰਾ ਅੰਦਰੋਂ ਦੇਣਾ ਕੱਢ, ਨੀਂਦ ਜੰਮੂ ਤੋਂ ਪਰੇ ਦੇਣੀ ਛੱਡ, ਪੰਛੀ ਗਿਰੀ ਉਡਕੇ ਜਲੰਧਰ ਦੇ ਕੋਲ ਨਿਸ਼ਾਨਾ ਆਉਣਾ ਗੱਡ, ਫੇਰ ਆਪੇ ਪੁਰਖ ਅਕਾਲਾ ਦੀਨ ਦਿਆਲਾ ਗੁਰਮੁਖਾਂ ਦੇ ਸਾਫ਼ ਸੁਥਰੇ ਕਰ ਦਏ ਹੱਡ, ਨਾੜੀ ਨਾੜੀ ਆਪੇ ਵੇਖ ਵਖਾਈਆ । ਸਚ ਪੁਛੋ ਆਦਿ ਜੁਗਾਦਿ ਜੁਗ ਚੌਕੜੀ ਨਿੰਦਰਾ ਕਦੀ ਨਾ ਆਈ ਭਗਤਾਂ ਦੀ ਯਦ, ਯਦੀ ਦਾ ਕਹਿਣਾ ਅਬੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਵਰ ਦਾਤਾ ਇਕ ਅਖਵਾਈਆ । ਨਿੰਦਰਾ ਕਹੇ ਮੈਂ ਸੁਣਿਆ ਇਕ ਸਲੋਕ, ਸੋਹਲਾ ਧੁਰਦਰਗਾਹੀਆ । ਅੰਦਰੇ ਅੰਦਰ ਹੋਈ ਡਰਪੋਕ, ਬਲਹੀਣ ਅਖਵਾਈਆ । ਜੇ ਆਵਾਂ ਤੇ ਮੈਨੂੰ ਭਗਤ ਭਗਵਾਨ ਮਿਲਣ ਦਾ ਸ਼ੌਂਕ, ਦੂਜੀ ਆਸ ਨਾ ਕੋਇ ਵਧਾਈਆ । ਜੇ ਭਗਤ ਜਾਗਣ ਤੇ ਭਗਤ ਭਗਵਾਨ ਕੋਲ ਜਾਣ ਪਹੁੰਚ, ਜੇ ਕੁੱਤੇ ਭੌਂਕਣ ਦਿਨ ਚੜ੍ਹਦਿਆਂ ਨੂੰ ਸਾਰ ਕੋਇ ਨਾ ਪਾਈਆ । ਪ੍ਰਭ ਦੀ ਵੱਖਰੀ ਨਿਰਾਲੀ ਸਭ ਤੋਂ ਰੌਂਸ, ਰੁਸਿਆਂ ਲਏ ਮਨਾਈਆ । ਜੇ ਨਾਨਕ ਨਿਰਗੁਣ ਸਰਗੁਣ ਵੱਟਾ ਰੱਖਿਆ ਨਹੀਂ ਕੋਈ ਪੰਸੇਰਾ ਔਸ, ਔਸੀਆਂ ਪਾ ਕੇ ਲੱਭਣ ਵਾਲੇ ਸਾਰੇ ਲੈਣ ਅੰਗੜਾਈਆ । ਨਿੰਦਰਾ ਕਹੇ ਮੈਂ ਕੋਈ ਖਾਣ ਵਾਲੀ ਨਹੀਂ ਰੋਟ, ਰਸਨ ਸਵਾਦ ਨਾ ਕੋਇ ਲਗਾਈਆ । ਮੇਰਾ ਕੋਈ ਬੰਕ ਦਵਾਰ ਨਹੀਂ ਕੋਟ, ਕਿਲ੍ਹਿਆਂ ਵਿਚ ਬਹਿ ਕੇ ਝਟ, ਲੰਘਾਈਆ । ਜਿਨ੍ਹਾਂ ਦੇ ਅੰਦਰ ਪ੍ਰਭ ਦੀ ਛੋਟ, ਉਨ੍ਹਾਂ ਦੇ ਮੰਦਰ ਵੜ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੁਕਮੇ ਵਿਚ ਰਖਾਈਆ । ਨਿੰਦਰਾ ਕਹੇ ਮੈਂ ਮੰਗ ਅਖ਼ੀਰੀ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਸੌਣ ਨੂੰ ਮੰਗਦੀ ਨਹੀਂ ਬਿਸਤਰਾ ਮੰਜਾ, ਲੇਫ ਤਲਾਈ ਨਾ ਕੋਇ ਸੁਹਾਈਆ । ਕਿਉਂ ਮੈਨੂੰ

੧੦੩੪
੨੦

ਡਰ ਲੱਗਦਾ ਜਿਥੇ ਦਿਸਦਾ ਸੱਤ ਰੰਗ ਦਾ ਡੰਡਾ, ਇਹ ਵੀ ਜੰਮੂ ਵਾਲੇ ਬਣਾ ਕੇ ਲਿਆਈਆ । ਇਹਨੂੰ ਵੱਢਿਆ ਤਵੀ ਦੇ ਪਾਰ ਕੰਢਾ, ਛੰਬ ਵਿਚ ਸਮਝਾਈਆ । ਏਸੇ ਕਾਰਨ ਓਥੇ ਹੋਇਆ ਜੰਗਾ, ਦੋਹਾਂ ਦੀ ਪਈ ਲੜਾਈਆ । ਜੇ ਮੈਨੂੰ ਕੋਈ ਹੱਥ ਫੜਨ ਵਾਲਾ ਹੋਵੇ ਬੰਦਾ, ਬੰਦਗੀਆਂ ਵਿਚੋਂ ਬੰਦਗੀ ਦਿਆਂ ਜਣਾਈਆ । ਇਹ ਖੇਲ ਸੂਰਾ ਸਰਬੰਗਾ, ਹਰਿ ਕਰਤਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਖੁਲ੍ਹਾਈਆ । ਨਿੰਦਰਾ ਕਹੇ ਮੈਂ ਏਥੋਂ ਜਾਣਾ ਦੌੜ, ਤਿੰਨ ਦੀ ਬਜਾਏ ਪੰਜ ਦਿਨ ਵੜਨ ਕੋਇ ਨਾ ਪਾਈਆ । ਤੁਸੀਂ ਮੇਰੀ ਜਾਂਦੀ ਦੇ ਸੁਣਿਉਂ ਪੌੜ, ਭੱਜਾਂ ਵਾਹੋ ਦਾਹੀਆ । ਮੈਨੂੰ ਦਿਸ ਪਿਆ ਸ਼ਾਇਦ ਕੋਈ ਬ੍ਰਾਹਮਣ ਗੌੜ, ਜਿਸ ਨੂੰ ਜੰਮੇ ਕੋਇ ਨਾ ਮਾਈਆ । ਹੈਰਾਨ ਹੋ ਗਈ ਇਹਦਾ ਬਚਨ ਮਿੱਠਾ ਕਿ ਕੌੜ, ਸੁੱਧ ਰਹੀ ਨਾ ਰਾਈਆ । ਘੁੰਡ ਚੁੱਕ ਕੇ ਵੇਖਿਆ ਅਵਰ ਦਾ ਔਰ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਜਿਸ ਦੇ ਸਿਰ ਤੇ ਬਿਨਾ ਸੀਸ ਤੋਂ ਗੁਰ ਅਵਤਾਰ ਪੈਗ਼ੰਬਰ ਝੁਲਾਉਂਦੇ ਚੌਰ, ਚਰਨਾਂ ਵਿਚ ਸੀਸ ਨਿਵਾਈਆ । ਉਹ ਵੇਖਣਹਾਰਾ ਕਰਕੇ ਗ਼ੌਰ, ਗਹਿਰ ਗੰਭੀਰ ਬੇਪਰਵਾਹੀਆ । ਜਿਸ ਦੇ ਜੁਗ ਜੁਗ ਤੱਤਾਂ ਵਾਲੇ ਬਦਲਦੇ ਆਉਂਦੇ ਤੌਰ, ਤਰ੍ਹਾਂ ਤਰ੍ਹਾਂ ਖੇਲ ਕਰਾਈਆ । ਭਗਤਾਂ ਉਹਦੇ ਹੱਥ ਫੜਾਈ ਡੋਰ, ਜੋ ਟੁੱਟੀ ਗੰਢ ਵਖਾਈਆ । ਉਨ੍ਹਾਂ ਨੂੰ ਜਾਏ ਬਹੁੜ, ਜੋ ਅੰਤਰ ਆਤਮ ਧਿਆਨ ਕਰਾਈਆ । ਬਹੁੜੀ ਦੁਹਾਈ ਮੇਰਾ ਓਥੇ ਚਲੇ ਕੋਈ ਨਾ ਜ਼ੋਰ, ਜਿਥੇ ਸਾਧਾਂ ਸੰਤਾਂ ਮਿਲਕੇ ਇਕੋ ਰੰਗ ਦੇਣਾ ਵਖਾਈਆ । ਉਨ੍ਹਾਂ ਦਾ ਮਾਲਕ ਮੈਨੂੰ ਨਜ਼ਰੀ ਆਉਣਾ ਇਕੋ ਛੋਹਰ, ਕੰਤ ਕੰਤੂਹਲਾ ਨੂਰ ਇਲਾਹੀਆ । ਸਭ ਦਾ ਮਾਨਸ ਜਨਮ ਜਾਣਾ ਸੌਰ, ਸੌਹਰੇ ਪਈਏ ਇਕੋ ਘਰ ਬਹਿ ਕੇ ਖ਼ੁਸ਼ੀ ਮਨਾਈਆ । ਨਿੰਦਰਾ ਕਹੇ ਜਨ ਭਗਤੋ ਗੁਰਮੁਖੋ ਸੰਤ ਸੁਹੇਲਿਓ ਮੈਨੂੰ ਕੋਈ ਨਿਮਾਣੀ ਨੂੰ ਲਵੋ ਮੋੜ, ਮੁੜ ਮੁੜ ਪਿੱਛੇ ਰਾਹ ਤਕਾਈਆ । ਅੱਗੇ ਦਿਸੇ ਅੰਧੇਰਾ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਕਲਜੁਗ ਵਾਸਨਾ ਠੱਗ ਚੋਰ, ਚਾਰ ਕੁੰਟ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਈਆ । ਨਿੰਦਰਾ ਕਹੇ ਮੈਂ ਮੁੜ ਕੀ ਵੇਖਾਂ ਪਿਛਾਹ, ਪਿੱਛੇ ਮੇਰੀ ਦੁਹਾਈਆ । ਗੁਰਮੁਖਾਂ ਦੀ ਅੰਦਰ ਇਹੋ ਇੱਛਾ, ਪ੍ਰਭ ਮਿਲੇ ਧੁਰਦਰਗਾਹੀਆ । ਜੋ ਸਾਚੀ ਦੇਵੇ ਸਿਖ਼ਾ, ਸਿਖਿਆ ਸ਼ਬਦ ਨਾਮ ਪੜ੍ਹਾਈਆ । ਜਿਹੜਾ ਧਰਮ ਦਾ ਲੇਖਾ ਲਿਖਾ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਂ ਅੱਗੇ ਵੜਦੀ ਰਹੀ ਜਗਤ ਦਵਾਰਿਆਂ ਪੱਥਰ ਇੱਟਾ, ਆਪਣਾ ਪੰਧ ਮੁਕਾਈਆ । ਕਿਸੇ ਨੂੰ ਸਮਝਣ ਨਾ ਦਿਤਾ ਆਪਣਾ ਰੂਪ ਨਿੱਕਾ, ਨੇਤਰਾਂ ਦੇ ਪਿੱਛੇ ਵੜ ਕੇ ਆਪਣਾ ਡੇਰਾ ਲਾਈਆ । ਮੈਥੋਂ ਇਕ ਵੇਰਾਂ ਕਬੀਰ ਨੇ ਪੁੱਛਿਆ ਮੇਰਾ ਕਿੱਸਾ, ਕੁਛ ਮੈਨੂੰ ਦੇ ਜਣਾਈਆ । ਮੈਂ ਕਿਹਾ ਮੇਰਾ ਤ੍ਰੈਗੁਣ ਨਾਲ ਸਾਂਝਾ ਹਿੱਸਾ, ਵਿਸ਼ਨ ਬ੍ਰਹਮਾ ਸ਼ਿਵ ਮਿਲ ਕੇ ਗੰਢ ਪਵਾਈਆ । ਉਨ੍ਹਾਂ ਦਾ ਧੁਰ ਦਾ ਮੇਰੇ ਮਸਤਕ ਲੱਗਾ ਟਿੱਕਾ, ਆਹ ਮੈਂ ਬਿੰਦੀ ਸੁਹਾਗ ਰਹੀ ਵਖਾਈਆ । ਆਹ ਵੇਖ ਮੈਨੂੰ ਸਚ ਦਵਾਰਿਉਂ ਮਿਲਿਆ ਚਿੱਠਾ, ਜਿਸ ਦਾ ਲੇਖ ਲਿਖੇ ਨਾ ਕੋਇ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਭੇਵ ਦਏ ਖੁਲ੍ਹਾਈਆ । ਨਿੰਦਰਾ ਕਹੇ ਮੈਂ ਭੱਜ ਕੇ ਜਾਵਾਂ ਕਿੱਥੇ, ਰਸਤਾ ਨਜ਼ਰ ਕੋਇ ਨਾ ਆਈਆ । ਭਗਤ ਦਵਾਰੇ ਅੰਦਰ ਭਗਤ ਸੁਹਾਵਣੇ ਡਿੱਠੇ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਨ੍ਹਾਂ ਦੇ ਅੰਤਰ ਪ੍ਰੇਮ ਰਸ ਮਿੱਠੇ, ਜਿਹਵਾ ਨਾਲ ਸਿਫ਼ਤ ਸਾਲਾਹੀਆ । ਉਨ੍ਹਾਂ ਦੇ ਕਾਗਜ ਕੋਰੇ ਚਿੱਟੇ, ਚਿੱਤਰ ਗੁਪਤ ਨਾ ਲੇਖ ਬਣਾਈਆ । ਰਾਏ ਧਰਮ ਦਾ ਸੀਸ ਝੁਕੇ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਉਨ੍ਹਾਂ ਦੇ ਪੈਂਡੇ ਮੁੱਕੇ, ਮੁਕੰਮਲ

੧੦੩੫
੨੦

ਮਿਲਿਆ ਬੇਪਰਵਾਹੀਆ । ਮੈਨੂੰ ਏਸੇ ਗੱਲ ਦਾ ਦੁੱਖੇ, ਕਿਉਂ ਅਨੰਦ ਸਾਗਰ ਨੇ ਧੱਕਾ ਦਿਤਾ ਲਗਾਈਆ । ਮੇਰੀ ਓਹੋ ਜਨਣੀ ਮੈਨੂੰ ਓਹੋ ਰੱਖੇ ਕੁੱਖੇ, ਜੋ ਜਗਤ ਜਣੇਂਦੀ ਅਖਵਾਈਆ । ਦੁਹੱਥੜਾ ਮਾਰ ਕੇ ਪਿੱਟੇ, ਬਹੁੜੀ ਬਹੁੜੀ ਕੁਰਲਾਈਆ । ਮੈਂ ਵੇਖਣੇ ਸੀ ਓਸ ਸਮੇਲਨ ਦੇ ਨਿਕਲਦੇ ਸਿੱਟੇ, ਸਿੱਟੇ ਬਾਜ਼ੀ ਕੂੜੀ ਰਹਿਣ ਨਾ ਪਾਈਆ । ਜਨ ਭਗਤੋ ਜੇ ਆਗਿਆ ਦਿਉ ਨਿੰਦਰਾ ਕਹੇ ਮੈਂ ਤੁਹਾਡੇ ਅੰਦਰ ਨਹੀਂ ਵੜਦੀ ਫਿਰੂੰ ਪਿੱਛੇ ਪਿੱਛੇ, ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖ ਵੇਖ ਵਖਾਈਆ । ਜਨ ਭਗਤ ਕਹਿਣ ਜਾਹ ਨਿੰਦਰਾ ਸੌਂ, ਸੌਂ ਕੇ ਝਟ ਲੰਘਾਈਆ । ਮੁੜ ਕੇ ਫੇਰ ਨਾ ਆਵੀਂ ਭੌਂ, ਤੈਨੂੰ ਰਹੇ ਸੁਣਾਈਆ । ਕਮਲੀਏ ਕੋਝੀਏ ਸਾਨੂੰ ਪ੍ਰਭ ਮਿਲਣ ਦਾ ਗੌਂ, ਦੂਜੀ ਆਸ ਨਾ ਕੋਇ ਵਧਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਇਕੋ ਨਾਉਂ, ਪਰਮਾਤਮਾ ਆਤਮਾ ਦਾ ਮਾਲਕ ਨਜ਼ਰੀ ਆਈਆ । ਓਸ ਦੇ ਦਵਾਰੇ ਕਿਸੇ ਦਾ ਲੱਗਣਾ ਨਹੀਂ ਦਾਉ, ਪੇਚਾ ਆਪਣਾ ਨਾਮ ਰਖਾਈਆ । ਸਭ ਨੇ ਕਰਨਾ ਵਾਹੋ ਵਾਹੋ, ਵਾਹਵਾ ਤੇਰੀ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਜਿਸ ਨੇ ਕਰਨਾ ਹਕ ਨਿਆਉਂ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਈਆ । ਜਨ ਭਗਤ ਕਹਿਣ ਇਹ ਸਚ ਇਕੱਠ, ਧੁਰ ਕਰਤਾ ਆਪ ਕਰਾਈਆ । ਸਤਿਗੁਰ ਨਾਨਕ ਹਲਦੀ ਮਿਰਚ ਮਸਾਲੇ ਆਟੇ ਵਾਲਾ ਖੋਲ੍ਹ ਕੇ ਹੱਟ, ਸੌਦਾ ਤਕੜੀ ਨਾਲ ਤੁਲਾਈਆ । ਅੱਗੇ ਇਸ਼ਾਰਾ ਇਕ ਦੱਸ, ਮੋਦੀਖ਼ਾਨੇ ਵਿਚ ਜਣਾਈਆ । ਜਿਸ ਨੇ ਮੈਨੂੰ ਕੀਤਾ ਵੱਸ, ਉਹ ਮੇਰਾ ਮਾਲਕ ਬੇਪਰਵਾਹੀਆ । ਜਿਸ ਵੇਲੇ ਕਿਰਪਾ ਕਰੇ ਆਪਣੀ ਵਤ, ਬੇਵਤਨਾਂ ਵੇਖ ਵਖਾਈਆ । ਨਾਮ ਭੰਡਾਰਾ ਦੇਵੇ ਵਥ, ਅਨਮੁੱਲੜੀ ਆਪ ਵਰਤਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਸ਼ਬਦੀ ਕੰਡਾ ਇਕ ਉਠਾਈਆ । ਜਿਸ ਦੇ ਕਾਇਆ ਮੰਦਰ ਅੰਦਰ ਆਪਣੇ ਪ੍ਰੇਮ ਦਾ ਛਾਬਾ ਦੇਵੇ ਘੱਤ, ਘਾਉ ਇਕੋ ਦਏ ਲਗਾਈਆ । ਧੀਰਜ ਸੰਤੋਖ ਦੇਵੇ ਸਤਿ, ਸਚ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਖ਼ੁਸ਼ੀਆਂ ਵਿਚ ਗਾਵੇ ਜਸ, ਸਿਫ਼ਤਾਂ ਵਿਚ ਸਾਲਾਹੀਆ । ਓਥੇ ਸਭ ਦੀ ਹੋਵੇ ਬਸ, ਬਸਤਿਆਂ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਜਣਾਈਆ । ਸਾਚੀ ਖੇਲ ਕਰੇ ਅਕਾਲ, ਪਰਮ ਪੁਰਖ ਵਡਿਆਈਆ । ਜੁਗ ਚੌਕੜੀ ਬਦਲਦਾ ਆਇਆ ਚਾਲ, ਨਿਤ ਨਵਿਤ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰਾਂ ਦੱਸਦਾ ਰਿਹਾ ਹਾਲ, ਅਹਿਵਾਲ ਵਿਚ ਵਡਿਆਈਆ । ਸਚਖੰਡ ਦਵਾਰਾ ਸਮਝਾਉਂਦਾ ਰਿਹਾ ਧਰਮਸਾਲ, ਥਿਰ ਘਰ ਚਰਨ ਕਵਲ ਟਿਕਾਈਆ । ਜੋਤੀ ਜਲਵਾ ਦੇਂਦਾ ਰਿਹਾ ਜਮਾਲ, ਨੂਰੇ ਚਸ਼ਮ ਨੂਰ ਰੁਸ਼ਨਾਈਆ । ਸੋ ਖੇਲ ਕਰੇ ਕਮਾਲ, ਆਪਣਾ ਪੜਦਾ ਮਾਤ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦਾਤਾ ਧੁਰਦਰਗਾਹੀਆ । ਕੱਲ ਦੀ ਰੈਣ ਕਹੇ ਮੈਂ ਖ਼ੁਸ਼ੀ ਮਨਾਉਣੀ ਮਾਤ, ਮਤਾ ਸੰਤਾਂ ਭਗਤਾਂ ਨਾਲ ਮਿਲਾਈਆ । ਸਾਰੇ ਬਣ ਜਾਓ ਇਕ ਜਮਾਤ, ਤਾਲਬ ਇਲਮ ਬਣੋ ਨੂਰ ਇਲਾਹੀਆ । ਪਹਿਲੀ ਪੱਟੀ ਪਹਿਲਾ ਵੇਖੋ ਬਾਬ, ਪਹਿਲਾ ਅੱਖਰ ਨਿਰਅੱਖਰ ਧਾਰ ਵਖਾਈਆ । ਜੇ ਮੈਥੋਂ ਸਿਖਣਾ ਹਿਸਾਬ, ਅੰਕੜਾ ਇਕੋ ਦਿਆਂ ਪਰਗਟਾਈਆ । ਜਿਸ ਨੂੰ ਸਾਰੇ ਕਰਨ ਆਦਾਬ, ਉਹ ਏਕੇ ਦਾ ਸਿਫ਼ਰਾ ਦਿਸੇ ਸ੍ਰਿਸ਼ਟ ਸਬਾਈਆ । ਦੂਆ ਸਰਗੁਣ ਲਾ ਨਾ ਸਕੇ ਤਾਬ, ਤੀਆ ਤ੍ਰੈਗੁਣ ਲੇਖਾ ਦਏ ਮੁਕਾਈਆ । ਚੌਕਾ ਚਾਰੇ ਜੁਗ ਕਰੇ ਬੇਤਾਬ, ਪੰਚਮ ਪੰਚ ਨਾ ਕੋਇ ਸਾਲਾਹੀਆ । ਛੇਵੇਂ ਦਰ ਨਜ਼ਰ

੧੦੩੬
੨੦

ਆਏ ਨਾ ਕੋਇ ਨਵਾਬ, ਸੱਤਵੇਂ ਸਤਿ ਨਾ ਕੋਇ ਸਮਾਈਆ । ਅੱਠਾਂ ਤੱਤਾਂ ਦਾ ਅਠੋਤਰੀ ਵਾਲਾ ਜਾਪ, ਰਸਨਾ ਜਿਹਵਾ ਸਾਰੇ ਹਿਲਾਈਆ । ਨੌ ਦਰ ਕਰ ਸਕੇ ਕੋਈ ਨਾ ਪਾਕ, ਪਵਿਤ੍ਰ ਪਵਿਤ ਨਾ ਕੋਇ ਅਖਵਾਈਆ । ਦਸਵੇਂ ਦਾ ਢੋਲਾ ਸਾਰੇ ਰਹੇ ਆਖ, ਮੰਜ਼ਲ ਚੜ੍ਹ ਕੇ ਆਸਣ ਕੋਇ ਨਾ ਲਾਈਆ । ਇਹ ਗੁਰ ਅਵਤਾਰ ਪੈਗ਼ੰਬਰਾਂ ਦਾ ਭਵਿਖਤ ਵਾਕ, ਜੋ ਪੱਚੀ ਪੋਹ ਦੀ ਰੁਤੜੀ ਕਲ ਨੂੰ ਆਈਆ । ਛੱਬੀ ਪੋਹ ਨੂੰ ਵੇਖਣੇ ਸੱਜਣ ਸਾਕ, ਜੋ ਸੰਤ ਸੁਹੇਲੇ ਸੂਫ਼ੀ ਆਉਣੇ ਚਾਈਂ ਚਾਈਂਆ । ਤਾਕੀ ਖੋਲ੍ਹਣ ਪੜਦੇ ਵਿਚੋਂ ਤਾਕ, ਬਿਨ ਤੇਲ ਬਾਤੀ ਦੀਪਕ ਹੋਵੇ ਰੁਸ਼ਨਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਮੰਨ ਕੇ ਗਏ ਬਾਪ, ਅਮਾਮਾਂ ਦਾ ਅਮਾਮ ਜਲਵਾਗਰ ਨੂਰ ਇਲਾਹੀਆ । ਜਿਸ ਦੀ ਗੁਰ ਅਵਤਾਰ ਸ਼ਨਾਖ਼ਤ ਕਰਦੇ ਰਹੇ ਸਾਖਿਆਤ, ਸਤਿ ਸਰੂਪ ਸਮਝਾਈਆ । ਸੋ ਕਲਜੁਗ ਅੰਤ ਵੇਖਣਹਾਰਾ ਵਾਕਿਆਤ, ਵਾਕਫ਼ਕਾਰ ਸਰਬ ਅਖਵਾਈਆ । ਓਸ ਨੇ ਫੋਲਣੀ ਪੜ੍ਹਨੀ ਕਿਹੜੀ ਲੁਗ਼ਾਤ, ਅਲਿਫ਼ ਯੇ ਨਾ ਕੋਇ ਸਮਝਾਈਆ । ਸਭ ਦੀ ਸੁਣਨਹਾਰ ਅਰਦਾਸ, ਬੇਨੰਤੀ ਵਿਚ ਵਡਿਆਈਆ । ਭਿੰਨੜੀ ਕਹੇ ਮੇਰੀ ਸੁਹੰਜਣੀ ਹੋਣੀ ਰਾਤ, ਰੁਤੜੀ ਰੁੱਤ ਮਹਿਕਾਈਆ । ਸਚ ਖ਼ੁਦਾ ਤੋਂ ਮੰਗਣੀ ਉਹ ਕਿਤਾਬ, ਜਿਹੜੀ ਕੁਤਬਖ਼ਾਨੇ ਵਿਚ ਨਾ ਕਿਸੇ ਟਿਕਾਈਆ । ਸੁਣਨੀ ਉਹ ਰਬਾਬ, ਜਿਸ ਦਾ ਤੰਦ ਸਤਾਰ ਨਾ ਕੋਇ ਹਿਲਾਈਆ । ਵਾਚਣੀ ਉਹ ਆਵਾਜ਼, ਜਿਸ ਨੂੰ ਜਿਹਵਾ ਕੋਇ ਨਾ ਗਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਆਤਮਾ ਨਾਲ ਸਮਾਜ, ਮਜ਼੍ਹਬਾਂ ਵਿਚ ਨਾ ਵੰਡ ਵੰਡਾਈਆ । ਉਹ ਸਾਹਿਬ ਸਵਾਮੀ ਸਤਿਗੁਰ ਲੱਖ ਚੁਰਾਸੀ ਮਹਾਰਾਜ, ਅੰਡਜ ਜੇਰਜ ਉਤਭੁਜ ਸੇਹਤਜ ਚਾਰੇ ਖਾਣੀ ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਘਰ ਘਰ ਅੰਦਰ ਸਾਚੇ ਮੰਦਰ ਆਦਿ ਅੰਤ ਮਧ ਮਧਸੂਦਨ ਵੇਖ ਵਖਾਈਆ । ਨਿੰਦਰਾ ਕਹੇ ਮੈਂ ਜਾਵਾਂ ਭਾਗ, ਭਾਗਾਂ ਵਾਲਿਓ ਤੁਹਾਨੂੰ ਸੀਸ ਨਿਵਾਈਆ । ਤੁਹਾਡੇ ਅੰਤਰ ਵੇਖਿਆ ਇਕ ਵੈਰਾਗ, ਜੋ ਸਾਰੇ ਮਿਲ ਕੇ ਪ੍ਰਭ ਨੂੰ ਰਹੇ ਧਿਆਈਆ । ਤੁਹਾਡੇ ਅੰਦਰ ਬੁੱਧੀ ਰਹੀ ਨਹੀਂ ਕਾਗ, ਹੰਸ ਬੈਠੇ ਸੋਭਾ ਪਾਈਆ । ਦੀਪਕ ਜੋਤ ਜਗੇ ਚਿਰਾਗ਼, ਤੇਲ ਬਾਤੀ ਦਾ ਖਹਿੜਾ ਦਿਤਾ ਛੁਡਾਈਆ । ਧੁਨ ਆਤਮਕ ਸੁਣੋ ਰਾਗ, ਸਰਵਣ ਮਿਲੇ ਨਾ ਕੋਇ ਵਡਿਆਈਆ । ਸਾਚੇ ਬੇੜੇ ਚੜ੍ਹੋ ਜਹਾਜ਼, ਜਿਸ ਦਾ ਖੇਵਟ ਖੇਟਾ ਮਲਾਹ ਇਕ ਅਖਵਾਈਆ । ਦੂਜਾ ਸਮਝੇ ਕੋਈ ਨਾ ਰਾਜ਼, ਨਿਰੰਤਰ ਭੇਵ ਨਾ ਕੋਇ ਸਮਝਾਈਆ । ਤੁਹਾਡੀ ਖੁਲ੍ਹੀ ਰਹੇ ਸਦਾ ਜਾਗ, ਮੈਂ ਭੱਜਾਂ ਵਾਹੋ ਦਾਹੀਆ । ਨਾਲ ਲੈ ਕੇ ਜਾਵਾਂ ਤੁਹਾਡਾ ਵਾਦ ਵਿਵਾਦ, ਵਿਖ ਆਪਨੀ ਝੋਲੀ ਪਾਈਆ । ਜਨ ਭਗਤੋ ਵੇਖਿਓ ਕਿਤੇ ਕੂੜੇ ਨਾ ਬਣਿਓ ਸਾਧ, ਸਾਧਨਾ ਸਚ ਲੈਣੀ ਕਮਾਈਆ । ਏਥੇ ਨਾ ਕੋਈ ਸਵਾਲ ਨਾ ਜਵਾਬ, ਜਵਾਬ ਤਲਬੀ ਵਿਚ ਦੁਹਾਈਆ । ਦੂਰ ਦੁਰਾਡੀ ਭੱਜੀ ਜਾਂਦੀ ਠੇਡੇ ਖਾਂਦੀ ਤੁਹਾਨੂੰ ਕਰਾਂ ਆਦਾਬ, ਨਿਉਂ ਨਿਉਂ ਸੀਸ ਝੁਕਾਈਆ । ਅੱਗੇ ਸਤਿ ਧਰਮ ਦਾ ਚਲਾਇਓ ਰਿਵਾਜ, ਪ੍ਰੇਮ ਪ੍ਰੀਤੀ ਮਾਨਵ ਮਾਨਵ ਨਾਲ ਵਧਾਈਆ । ਖਾਣ ਪੀਣ ਪਹਿਨਣ ਦਾ ਵੱਡਾ ਸਮਝਿਓ ਨਾ ਕੋਇ ਸਵਾਦ, ਰਸ ਆਤਮਾ ਪਰਮਾਤਮਾ ਲੈਣਾ ਛਕਾਈਆ । ਫੇਰ ਸਭ ਦੇ ਵੱਡੇ ਹੋਣ ਭਾਗ, ਆਪਨਾ ਭਾਗ ਹਿੱਸਾ ਜੀਵਣ ਦਾ ਸਤਿਗੁਰ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਗੁਰਮੁਖਾਂ ਅੰਦਰ ਸਦਾ ਵਜਾਵੇ ਆਪਨੇ ਪ੍ਰੇਮ ਦਾ ਨਾਦ, ਜਿਸ ਦੀ ਆਵਾਜ਼ ਜਗਤ ਸਰਵਣ ਕੰਨ ਸੁਣਨ ਕੋਇ ਨਾ ਪਾਈਆ ।

੧੦੩੭
੨੦

## ★ ੨੫ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★



ਸਚ ਸੂਚਨਾ ਧੁਰ ਸੰਦੇਸ਼, ਸੋ ਪੁਰਖ ਨਿਰੰਜਣ ਆਪ ਦ੍ਰਿੜਾਇੰਦਾ । ਜੋ ਵਸੇ ਸਚਖੰਡ ਦਵਾਰੇ ਸਾਚੇ ਦੇਸ, ਮੁਕਾਮੇ ਹਕ ਸੋਭਾ ਪਾਇੰਦਾ । ਆਦਿ ਜੁਗਾਦੀ ਇਕ ਨਰੇਸ਼, ਨਰ ਨਿਰੰਕਾਰਾ ਆਪ ਅਖਵਾਇੰਦਾ । ਜਿਸ ਦਾ ਸਦਾ ਅਗੰਮਾ ਖੇਲ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਹੋ ਪਰਵੇਸ਼, ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਇੰਦਾ । ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜੋ ਭਵਿਖਤਾਂ ਵਿਚ ਲਿਖ ਕੇ ਗਏ ਲੇਖ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਫੋਲ ਫੁਲਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਕੂੜੀ ਕਿਰਿਆ ਬਦਲਣ ਵਾਲਾ ਰੇਖ, ਰਿਖੀ ਰਿਖੀਸ਼ਰ ਮੁਨੀ ਮੁਨੀਸ਼ਰ ਜੋੜ ਜੁੜਾਇੰਦਾ । ਧੁਰਦਰਗਾਹੀ ਸਚ ਮਲਾਹੀ ਬਣ ਕੇ ਖੇਵਟ ਖੇਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸੁਣੋ ਸੰਦੇਸ਼ਾ ਧੁਰ ਦੀ ਧਾਰ, ਹਰਿ ਕਰਤਾ ਆਪ ਦ੍ਰਿੜਾਈਆ । ਕਲਜੁਗ ਅੰਤਮ ਵੇਖ ਵਿਚਾਰ, ਲੱਖ ਚੁਰਾਸੀ ਭੇਵ ਚੁਕਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਾਵੇ ਸਾਰ, ਤਤਵ ਤਤ ਇਕ ਸਮਝਾਈਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਵੱਡੀ ਵਡਿਆਈਆ । ਹੁਕਮੇ ਅੰਦਰ ਸਦ ਗੁਰੂ ਅਵਤਾਰ, ਪੈਗ਼ੰਬਰਾਂ ਨਾਲ ਮਿਲਾਈਆ । ਨੇਤਰ ਖੋਲ੍ਹ ਵੇਖੇ ਆਪਣਾ ਸੰਸਾਰ, ਸਦੀ ਬੀਸਵੀਂ ਭੇਵ ਚੁਕਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਕਰੇ ਗੁਫ਼ਤਾਰ, ਅਨਬੋਲਤ ਰਾਗ ਅਲਾਈਆ । ਚਾਰੋਂ ਕੁੰਟ ਅੰਧ ਅੰਧਿਆਰ, ਸਾਚਾ ਨੂਰ ਨਾ ਕੋਇ ਚਮਕਾਈਆ । ਰਸਨਾ ਜਿਹਵਾ ਪੜ੍ਹ ਪੜ੍ਹ ਗਈ ਹਾਰ, ਧੁਰ ਦਾ ਨਾਮ ਨਾ ਕੋਇ ਵਡਿਆਈਆ । ਇਸ਼ਟਾਂ ਵਿਚ ਇਸ਼ਟ ਸ੍ਰਿਸ਼ਟੀ ਮੰਨੇ ਨਾ ਕੋਇ ਪਿਆਰ, ਭਰਮੇ ਭੁੱਲੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੂਚਨਾ ਇਕ ਸਮਝਾਈਆ । ਸਚ ਸੂਚਨਾ ਦੇਵੇ ਪੁਰਖ ਸਮਰਥ, ਹਰਿ ਕਰਤਾ ਵਡ ਵਡਿਆਈਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਜ਼ਿਮੀਂ ਅਸਮਾਨ ਖੋਲ੍ਹੋ ਅੱਖ, ਗੁਰ ਅਵਤਾਰ ਪੀਰ ਪੈਗ਼ੰਬਰ ਪੜਦਾ ਲਓ ਉਠਾਈਆ । ਚਾਰ ਵਰਨ ਅਠਾਰਾਂ ਬਰਨ ਸਤਿ ਧਰਮ ਦਿਸੇ ਕੋਈ ਨਾ ਸੱਚ, ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਭੇਵ ਨਾ ਕੋਇ ਚੁਕਾਈਆ । ਚਾਰ ਕੁੰਟ ਦਹਿ ਦਿਸ਼ਾ ਨਾੜ ਬਹੱਤਰ ਉਬਲੇ ਰੱਤ, ਅੰਤਰ ਆਤਮ ਮੇਘ ਨਾ ਕੋਇ ਬਰਸਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਮਾਰਗ ਆਏ ਦੱਸ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਢੋਲਾ ਸੋਹਲਾ ਰਾਗ ਅਲਾਈਆ । ਨਿਜ ਨੇਤਰ ਲੋਚਣ ਨੈਣ ਖੋਲ੍ਹੇ ਕੋਈ ਨਾ ਅੱਖ, ਪਰਤੱਖ ਮਿਲੇ ਨਾ ਕਿਸੇ ਗੋਸਾਈਆ । ਮਨਮਤ ਕੂੜੀ ਸਕੇ ਕੋਈ ਨਾ ਛੱਡ, ਖ਼ਾਲੀ ਹੱਡ ਨਾ ਕੋਇ ਕਰਾਈਆ । ਆਤਮ ਪਰਮਾਤਮ ਨਾਲੋਂ ਹੋਈ ਅੱਡ, ਮਹੱਲ ਅਟਲ ਕਾਇਆ ਤਨ ਵਜੂਦ ਮਹਿਬੂਬ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸਚ ਸੂਚਨਾ ਸੁਣੋ ਗੁਰ ਅਵਤਾਰ, ਪੈਗ਼ੰਬਰਾਂ ਆਪ ਦ੍ਰਿੜਾਈਆ । ਸਚਖੰਡ ਨਿਵਾਸੀ ਏਕੰਕਾਰ, ਅਕਲ ਕਲ ਆਪ ਅਖਵਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਾਤਾ ਰਿਹਾ ਨਾ ਕੋਇ ਸੰਸਾਰ, ਪ੍ਰੀਤੀ ਪ੍ਰੇਮ ਨਾ ਕੋਇ ਕਮਾਈਆ । ਚਾਰੋਂ ਕੁੰਟ ਹਾਹਾਕਾਰ, ਉੱਤਰ ਪੂਰਬ ਪੱਛਮ ਦੱਖਣ ਦਏ ਦੁਹਾਈਆ । ਤੀਰਥ ਤਟ ਰੋਵਣ ਜ਼ਾਰੋ ਜ਼ਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣ ਅੱਖ ਸ਼ਰਮਾਈਆ । ਮੰਦਰ ਮਸਜਿਦ

ਸ਼ਿਵਦਵਾਲੇ ਮੱਠ ਗੁਰਦਵਾਰ, ਹਾਹਾਕਾਰ ਪਈ ਲੜਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਪ੍ਰੀਤਮ ਮਿਲੇ ਨਾ ਸਾਂਝਾ ਯਾਰ, ਸਗਲਾ ਸੰਗ ਨਾ ਕੋਇ ਬਣਾਈਆ । ਮੂਰਖ ਮੁਗਧ ਪਾਵਣ ਅੰਤਰ ਨਿਰੰਤਰ ਕੋਇ ਨਾ ਸਾਰ, ਮੰਤਰ ਮੂਲ ਨਾ ਕੋਇ ਦ੍ਰਿੜਾਈਆ । ਦੀਨਾਂ ਮਜ਼੍ਹਬਾਂ ਵਿਚ ਖਾਰ, ਜਾਤ ਪਾਤ ਦਿਵਸ ਰੈਣ ਕੂੜਾ ਡੰਕਾ ਜਗਤ ਵਜਾਈਆ । ਉਠੋ ਵੇਖੋ ਬਿਨ ਨੇਤਰ ਲੋਚਣ ਕੀ ਖੇਲ ਵਰਤੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਸੁਣ ਤੇਈ ਅਵਤਾਰ, ਸ਼ਬਦੀ ਸ਼ਬਦ ਧੁਨ ਸ਼ਨਵਾਈਆ । ਈਸਾ ਮੂਸਾ ਮੁਹੰਮਦ ਹੋਵਣ ਖ਼ਬਰਦਾਰ, ਬੇਖ਼ਬਰ ਕਵਣ ਰਿਹਾ ਜਗਾਈਆ । ਨਾਨਕ ਨਿਰਗੁਣ ਗੋਬਿੰਦ ਅੱਖ ਉਘਾੜ, ਤੱਕਣ ਚਾਈਂ ਚਾਈਆਂ । ਵਿਸ਼ਨ ਬ੍ਰਹਮਾ ਸ਼ਿਵ ਸੁਣਨ ਨਾਲ ਪਿਆਰ, ਅੰਤਰ ਅੰਤਰ ਆਸ ਰਖਾਈਆ । ਕੀ ਹੁਕਮ ਦੇਵੇ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਸਿਰ ਝੁਕਦੇ ਰਹੇ ਵਾਰੋ ਵਾਰ, ਨਮਸਤੇ ਸਜਦਾ ਡੰਡਾਵਤ ਵਿਚ ਵਡਿਆਈਆ । ਜਿਸ ਦੇ ਨਾਮ ਕਲਮੇ ਗਾਉਂਦੇ ਆਏ ਵਾਰ, ਵਾਰਤਾ ਨਾਤਾ ਜੋੜ ਕੇ ਕਲਮ ਸ਼ਾਹੀਆ । ਸੋ ਖੇਲ ਕਰੇ ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਕਰਨੇਹਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸਾ ਇਕ ਇਕੱਲਾ ਇਕੋ ਇਕ ਸੁਣਾਈਆ । ਸਚ ਸੂਚਨਾ ਧੁਰ ਦਾ ਪੱਤਰ, ਪਾਤਰ ਇਕ ਵਡਿਆਈਆ । ਜਿਸ ਦਾ ਨਾਮ ਬਿਨਾ ਕਿਸੇ ਅੰਕ ਅੱਖਰ, ਕਲਮ ਸ਼ਾਹੀ ਨਾ ਸਿਫਤ ਸਾਲਾਹੀਆ । ਸਭ ਦੀ ਚੋਟੀ ਬੈਠਾ ਚੜ੍ਹ ਕੇ ਸਿਖ਼ਰ, ਨਿਰਗੁਣ ਦਾਤਾ ਧੁਰਦਰਗਾਹੀਆ । ਸੋ ਪਾਰਬ੍ਰਹਮ ਪਤਿਪਰਮੇਸ਼ਵਰ ਬ੍ਰਹਮ ਧਾਰੋਂ ਆਪੇ ਨਿਕਲ, ਆਤਮ ਪਰਮਾਤਮ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਉਪਜਾਈਆ । ਸਚ ਸਦੇਸਾ ਦੇਵੇ ਹਰਿ, ਹਰਿ ਵੱਡਾ ਵੱਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰੋ ਲੋਕਮਾਤ ਵੇਖੋ ਆਪਣਾ ਪੁਰਾਣਾ ਘਰ, ਵੇਦ ਪੁਰਾਨ ਦੇਣ ਗਵਾਹੀਆ । ਸਾਚਾ ਦਿਸੇ ਕੋਈ ਨਾ ਸਰ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਚਾਰ ਕੁੰਟ ਸਭ ਨੂੰ ਆਵੇ ਡਰ, ਭੈ ਭੌ ਨਾ ਕੋਇ ਮੁਕਾਈਆ । ਰਸਨਾ ਨਾਲ ਸਾਰੇ ਰਹੇ ਪੜ੍ਹ, ਹਿਰਦੇ ਹਰਿ ਨਾ ਕੋਇ ਵਸਾਈਆ । ਕਥਾ ਕਹਾਣੀ ਦੱਸਦੇ ਚੇਤਨ ਜੜ੍ਹ, ਚੇਤਨ ਰੂਪ ਨਾ ਕੋਇ ਸਮਾਈਆ । ਕਲਮਿਆਂ ਉਤੋਂ ਰਹੇ ਲੜ, ਝਗੜਾ ਪਿਆ ਨਾਮ ਖ਼ੁਦਾਈਆ । ਜੀਵਤ ਕੋਈ ਸਕੇ ਨਾ ਮਰ, ਮਰ ਜੀਵਤ ਰੂਪ ਵਟਾਈਆ । ਭਰਮੇ ਭੁੱਲਾ ਨਾਰੀ ਨਰ, ਨਰ ਨਰਾਇਣ ਨਾ ਕੋਇ ਮਿਲਾਈਆ । ਮਾਇਆ ਮਮਤਾ ਅਗਨੀ ਰਹੇ ਸੜ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਸਾਚੀ ਮੰਜ਼ਲ ਕੋਈ ਨਾ ਸਕੇ ਚੜ੍ਹ, ਜਗਤ ਦਵਾਰਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਸੁਣੋ ਫ਼ਰਮਾਨਾ, ਹਰਿ ਕਰਤਾ ਆਪ ਜਣਾਈਆ । ਕਰੇ ਖੇਲ ਸ੍ਰੀ ਭਗਵਾਨਾ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਹੋ ਪਰਧਾਨਾ, ਜੋਤੀ ਜੋਤ ਨੂਰ ਰੁਸ਼ਨਾਈਆ । ਸ਼ਬਦੀ ਸਤਿਗੁਰੂ ਬਲਵਾਨਾ, ਗੁਰ ਗੁਰ ਇਕੋ ਦਏ ਸਮਝਾਈਆ । ਜਿਸ ਦਾ ਹੁਕਮ ਦੋ ਜਹਾਨਾਂ, ਨਾ ਕੋਈ ਮੇਟੇ ਮੇਟ ਮਿਟਾਈਆ । ਆਤਮ ਪਰਮਾਤਮ ਦਾ ਦੱਸੇ ਇਕ ਨਿਸ਼ਾਨਾ, ਦੂਜਾ ਰਾਹ ਨਾ ਕੋਇ ਚਲਾਈਆ । ਸੰਦੇਸਿਆਂ ਵਿਚੋਂ ਦੇਵੇ ਇਕ ਪਰਵਾਨਾ, ਪਰਮ ਪੁਰਖ ਉਪਜਾਈਆ । ਲੱਖ ਚੁਰਾਸੀ ਸਾਚਾ ਕਾਹਨਾ, ਜੋ ਅੰਤਰ ਆਤਮ ਸ਼ਬਦੀ ਨਾਮ ਸੁਣਾਈਆ ।



੧੦੩੯
੨੦

ਸੋ ਸਵਾਮੀ ਧੁਰ ਦਾ ਰਾਮਾ, ਜਿਸ ਰਾਮ ਦਸਰਥ ਘਰ ਪੰਜ ਤਤ ਨਾਤਾ ਦਿਤਾ ਜੁੜਾਈਆ । ਸੋ ਸ਼ਹਿਨਸ਼ਾਹ ਸੁਲਤਾਨਾ, ਸੁੱਤਿਆਂ ਲਏ ਉਠਾਈਆ । ਏਕਾ ਦੇਵੇ ਸਚ ਨਾਮ ਪੈਮਾਨਾ, ਅੰਮ੍ਰਿਤ ਰਸ ਜਾਮ ਪਿਆਈਆ । ਜਿਸ ਦੇ ਘਰ ਨਹੀਂ ਕੋਈ ਬੇਗਾਨਾ, ਵੈਰੀ ਸ਼ੱਤਰੂ ਮੀਤ ਬਣਾਈਆ । ਉਸ ਨੇ ਮਾਰਗ ਦੱਸਣਾ ਆਸਾਨਾ, ਸੱਚਾ ਰਾਹ ਚਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸੇ ਇਕ ਮਕਾਨਾ, ਦੂਜਾ ਘਰ ਨਾ ਕੋਇ ਵਖਾਈਆ । ਜੋਤੀ ਪਹਿਰੇ ਬਾਣਾ, ਬਾਨੀ ਸਭ ਦਾ ਇਕ ਅਖਵਾਈਆ । ਜਿਸ ਦੇ ਪਿੱਛੇ ਰਵਦਾਸ ਨੇ ਗੰਢਿਆ ਪਾਹਨਾ, ਟੁੱਟਿਆਂ ਗੰਢ ਵਖਾਈਆ । ਜਿਸ ਪਿੱਛੇ ਜੁਲਾਹੇ ਤਣਿਆ ਤਾਣਾ, ਕਬੀਰ ਕਬਰਾਂ ਗਿਆ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਪਰਗਟਾਈਆ । ਦੇਵੇ ਸੂਚਨਾ ਸਚ ਸਵਾਮੀ, ਸਵਾਮੀਆਂ ਦਏ ਸੁਣਾਈਆ । ਜਿਸ ਮਰਦਾਨੇ ਪਿਆਇਆ ਅੰਮ੍ਰਿਤ ਪਾਣੀ, ਗੜ੍ਹ ਹੰਕਾਰੀਆ ਤੋੜ ਤੁੜਾਈਆ । ਉਹ ਮੰਜ਼ਲ ਦੇਵੇ ਇਕ ਮਹਾਨੀ, ਮਹਿਬੂਬ ਨੂਰ ਖ਼ੁਦਾਈਆ । ਜਲਵਾ ਬਖ਼ਸ਼ ਜੋਤ ਨੂਰਾਨੀ, ਅੰਧ ਅੰਧੇਰ ਦਏ ਚੁਕਾਈਆ । ਸ਼ਬਦ ਅਣਿਆਲਾ ਤੀਰ ਲਗਾਵੇ ਕਾਨੀ, ਕਾਇਨਾਤ ਆਪ ਉਠਾਈਆ । ਭਗਤਾਂ ਉਤੇ ਕਰੇ ਮਿਹਰਵਾਨੀ, ਮਿਹਰ ਮੁਹੱਬਤ ਵਿਚ ਸਮਾਈਆ । ਚਾਰ ਜੁਗ ਦਾ ਕੂੜਾ ਝਗੜਾ ਮੇਟੇ ਦੀਵਾਨੀ, ਸਦੀ ਚੌਧਵੀਂ ਫੋਲ ਫੁਲਾਈਆ । ਸਚ ਦਵਾਰੇ ਰਹੇ ਨਾ ਕੋਇ ਹਰਾਮੀ, ਹਰਿਜਨ ਸਾਚੇ ਆਪ ਪਰਗਟਾਈਆ । ਜਨ ਭਗਤੋ ਤੁਹਾਡੀ ਕਰੇ ਨਾ ਕੋਇ ਬਦਨਾਮੀ, ਬਦਲਾ ਸਭ ਦਾ ਰਿਹਾ ਚੁਕਾਈਆ । ਜੋ ਆਇਆ ਸੋ ਖੱਟ ਕੇ ਜਾਵੇ ਨੇਕ ਨਾਮੀ, ਨਿੱਕਿਆ ਵੱਡਿਆਂ ਮਿਲੇ ਵਡਿਆਈਆ । ਸਭ ਦਾ ਨਾਤਾ ਜੁੜਨਾ ਬਾਹਮੀ, ਮਿਤਰ ਪਿਆਰਾ ਮੇਲ ਮਿਲਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਗ਼ੁਲਾਮੀ, ਸ਼ਰਅ ਜ਼ੰਜੀਰ ਦਏ ਕਟਾਈਆ । ਮੰਜ਼ਲ ਵਖਾਵੇ ਹਕ ਅਨਾਮੀ, ਜਿਥੇ ਜਲਵਾ ਨੂਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਜੋ ਬੋਲ ਕੇ ਗਏ ਬਾਣੀ, ਧੁਰ ਦਾ ਨਾਮ ਦ੍ਰਿੜਾਈਆ । ਉਸ ਤੋਂ ਅਗਲੀ ਦੇਵੇ ਹੋਰ ਨਿਸ਼ਾਨੀ, ਜੋ ਪਿਛਲੇ ਨਿਸ਼ਾਨੇ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਦ੍ਰਿੜਾਈਆ । ਸੂਚਨਾ ਦੇਵੇ ਏਕੰਕਾਰ, ਇਕ ਇਕੱਲਾ ਬੇਪਰਵਾਹੀਆ । ਜਿਸ ਦਾ ਆਤਮਾ ਨਾਲ ਪਿਆਰ, ਤਨ ਵਜੂਦ ਨਾ ਕੋਇ ਵਡਿਆਈਆ । ਲੱਖ ਚੁਰਾਸੀ ਓਸੇ ਦੀ ਧਾਰ, ਚਾਰੇ ਖਾਣੀ ਵੰਡ ਵੰਡਾਈਆ । ਚਾਰੇ ਬਾਣੀ ਬੋਲ ਜੈਕਾਰ, ਚਾਰ ਜੁਗ ਸਿਫ਼ਤੀ ਢੋਲੇ ਗਾਈਆ । ਆਦਿ ਅੰਤ ਓਸੇ ਦੇ ਅਖ਼ਤਿਆਰ, ਜੋ ਸਭ ਦਾ ਪਿਤਾ ਮਾਈਆ । ਗੁਰ ਅਵਤਾਰ ਪੈਗ਼ੰਬਰਾਂ ਭਵਿਖਤ ਵਿਚਾਰ, ਵਾਚਕ ਹੋ ਕੇ ਖੋਜ ਖੁਜਾਈਆ । ਲਹਿਣਾ ਦੇਣਾ ਦੇਵੇ ਸਰਬ ਸੰਸਾਰ, ਪੂਰਬ ਸਭ ਦਾ ਝੋਲੀ ਪਾਈਆ । ਜੋ ਸੰਤ ਸੁਹੇਲੇ ਸੱਜਣ ਮੀਤ ਆਵਣ ਪੰਧ ਮਾਰ, ਬਣ ਪਾਂਧੀ ਪੰਧ ਮੁਕਾਈਆ । ਓਨ੍ਹਾਂ ਰੰਗ ਵਖਾਵੇ ਇਕ ਅਪਾਰ, ਅਪਰੰਪਰ ਸਵਾਮੀ ਪੜਦਾ ਲਾਹੀਆ । ਅੰਦਰ ਉਪਜਾ ਕੇ ਅੰਮ੍ਰਿਤ ਧਾਰ, ਬਾਲੇ ਦਾ ਲੇਖਾ ਦਏ ਚੁਕਾਈਆ । ਪੰਜੇ ਦਾ ਪੰਜਾਂ ਨਾਲ ਆਧਾਰ, ਪੰਚਮ ਮੀਤਾ ਪੰਜ ਤਤ ਕਰੇ ਰੁਸ਼ਨਾਈਆ । ਪੰਛੀ ਦੀ ਪੰਛੀਆਂ ਵਾਲੀ ਨਹੀਂ ਉਡਾਰ, ਬਿਨ ਖੰਭਾਂ ਸਤਿਗੁਰ ਪ੍ਰੀਤੀ ਅੰਦਰ ਸਦ ਉਡੇ ਚਾਈਂ ਚਾਈਂਆ । ਅਨੰਦ ਸਾਗਰ ਦਾ ਆਤਮਾ ਵਿਚੋਂ ਪਰਮਾਤਮਾ ਵਾਲਾ ਉਛਾਲ, ਉਛਲ ਉਛਲ ਰਿਹਾ ਵਖਾਈਆ । ਜੋ ਬਹੱਤਰਾਂ ਬੋਲੇ ਨਾਲ ਜ਼ਬਾਨ, ਬਹੱਤਰਾਂ ਦੇ ਚੁਹੱਤਰ ਦਏ ਕਰਾਈਆ । ਜੋ ਨਜ਼ਾਰਾ ਨਹੀਂ ਵੇਖਿਆ ਬਿਨ ਅੱਖਾਂ ਦਏ ਵਖਾਲ, ਪੜਦਾਨਸ਼ੀਂ ਪੜਦਾ ਆਪ ਉਠਾਈਆ । ਝਗੜਾ ਰਹੇ ਨਾ ਸ਼ਾਹ ਕੰਗਾਲ, ਊਚ ਨੀਚ ਇਕੋ ਘਰ ਬਹਾਈਆ । ਇਕੋ ਸ਼ਬਦ ਵਿਚੋਲਾ ਸਭ ਦਾ

ਰਹੇ ਦਲਾਲ, ਜਗਤ ਵਣਜਾਰਿਆਂ ਇਕੋ ਹੱਟ ਵਖਾਈਆ । ਸਭ ਦੇ ਅੰਤਰ ਅਗੰਮੜਾ ਲਾਲ, ਨਿਮੰਤਰਨ ਵਿਚ ਸਭ ਨੂੰ ਦਏ ਸਮਝਾਈਆ । ਜੇ ਕੋਈ ਅੱਗੇ ਤੋਂ ਅੱਗੇ ਦਾ ਕਰੇ ਸਵਾਲ, ਉਸ ਤੋਂ ਅੱਗੇ ਦਏ ਸਮਝਾਈਆ । ਜਿਥੇ ਵੱਜੇ ਕੋਈ ਨਾ ਤਾਲ, ਆਵਾਜ਼ ਸੁਣਨ ਕੋਇ ਨਾ ਪਾਈਆ । ਇਹ ਖੇਲ ਵੇਖਣਾ ਹਾਲ, ਮਾਜ਼ੀ ਦਏ ਗਵਾਹੀਆ । ਸਮਾਂ ਚਲਦਾ ਨਾਲ ਨਾਲ, ਜੁਗ ਚੌਕੜੀ ਖੇਲ ਖਿਲਾਈਆ । ਚਾਰ ਜੁਗ ਵੇਖ ਅਹਿਵਾਲ, ਗੁਰ ਅਵਤਾਰ ਪੈਗ਼ੰਬਰ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਆਪਣੀ ਖੇਲ ਵਖਾਈਆ । ਸੂਚਨਾ ਦੇਵੇ ਸੂਫ਼ੀ ਸੰਤ ਫ਼ਕੀਰ, ਫ਼ਿਕਰਾ ਇਕ ਦ੍ਰਿੜਾਈਆ । ਬਿਨ ਅੱਖਾਂ ਤੱਕੇ ਪ੍ਰੇਮ ਕਬੀਰ, ਕੁਦਰਤ ਧੁਰਦਰਗਾਹੀਆ । ਲੇਖਾ ਜਾਣੇ ਬੇਨਜ਼ੀਰ, ਨਜ਼ਰੀਆ ਆਪ ਬਦਲਾਈਆ । ਸਚ ਪ੍ਰੇਮ ਦੀ ਇਕੋ ਤਦਬੀਰ, ਆਤਮ ਪਰਮਾਤਮ ਜੋੜ ਜੁੜਾਈਆ । ਆਤਮਾ ਸ਼ਰਅ ਦਾ ਪਾਏ ਨਾ ਕੋਇ ਜ਼ੰਜੀਰ, ਬੰਧਨ ਵਿਚ ਕਦੇ ਨਾ ਆਈਆ । ਇਕੋ ਅੰਮ੍ਰਿਤ ਅੰਤਰ ਨਿਰੰਤਰ ਬੂੰਦ ਸਵਾਂਤੀ ਸੀਰ, ਝਿਰਨਾ ਸਚ ਝਿਰਾਈਆ । ਅੱਗੇ ਰਹਿਣ ਨਾ ਦੇਵੇ ਕੋਈ ਖ਼ਮੀਰ, ਖ਼ੁਮਾਰੀ ਇਕੋ ਨਾਮ ਸਮਝਾਈਆ । ਵਿਸ਼ਵ ਦਾ ਧਰਮ ਕਰਨਾ ਤਾਮੀਰ, ਜੜ੍ਹ ਲੋਕਮਾਤ ਟਿਕਾਈਆ । ਸਭ ਦੀ ਬਦਲ ਦੇਣੀ ਤਕਦੀਰ, ਤਕੱਬਰ ਵਾਲਾ ਰਹਿਣ ਕੋਇ ਨਾ ਪਾਈਆ । ਫ਼ਕੀਰੀ ਦੱਸਣੀ ਸਚ ਫ਼ਕੀਰ, ਫ਼ਿਕਰਾ ਇਕ ਸੁਣਾਈਆ । ਨਵੇਂ ਜੁਗ ਦੀ ਹੋਣੀ ਤਾਮੀਰ, ਧਰਮ ਦਵਾਰ ਵੱਜੇ ਵਧਾਈਆ । ਕੁਛ ਖੇਲ ਵੇਖਣਾ ਕਸ਼ਮੀਰ, ਪੁਸ਼ਤ ਪਨਾਹ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੂਚਨਾ ਇਕ ਸੁਣਾਈਆ । ਸਚ ਸੂਚਨਾ ਸੁਣੋ ਭਗਤ, ਹਰਿ ਭਗਵਨ ਆਪ ਜਣਾਈਆ । ਮਾਰਗ ਦੱਸਣਾ ਇਕ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਚੁੱਕੇ ਵਕਤ, ਮੋਹ ਵਿਕਾਰ ਦੇਣਾ ਮਿਟਾਈਆ । ਪ੍ਰਭੂ ਦੀ ਭਗਤੀ ਤੁਹਾਡੇ ਅੰਦਰ ਉਹ ਸ਼ਕਤ, ਜੋ ਸ਼ਖ਼ਸੀਅਤ ਦਏ ਵਖਾਈਆ । ਤੁਹਾਡਾ ਮਾਲਕ ਵਾਲੀ ਅਰਸ਼, ਪ੍ਰੀਤਮ ਧੁਰਦਰਗਾਹੀਆ । ਜਨ ਭਗਤੋ ਜਿਸ ਕਾਰਨ ਤੁਹਾਨੂੰ ਪਰਗਟ ਕੀਤਾ ਉਪਰ ਫ਼ਰਸ਼, ਧਰਨੀ ਧਰਤ ਧਵਲ ਧੌਲ ਸੁਹਾਈਆ । ਰਹਿਮਤ ਵਿਚ ਕਰ ਕੇ ਤਰਸ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਸਭ ਨੇ ਕੌਲ ਇਕਰਾਰ ਵਿਚ ਖਾਣੀ ਇਕੋ ਸ਼ਰਤ, ਸ਼ਰਅ ਦਾ ਝਗੜਾ ਦੇਣਾ ਮੁਕਾਈਆ । ਛੱਬੀ ਪੋਹ ਨਹੀਂ ਇਹ ਸਤਿ ਧਰਮ ਦਾ ਬਰਸ, ਜਿਸ ਨੂੰ ਗਾਵੇ ਚਾਰ ਕੁੰਟ ਲੋਕਾਈਆ । ਬਤਰੇ ਕਿਹਾ ਇਹ ਵੱਡੀ ਚੌੜੀ ਸੜਕ, ਖੁਲ੍ਹਾ ਰਸਤਾ ਨਜ਼ਰੀ ਆਈਆ । ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਚਲੇ ਨਿਧੜਕ, ਅੱਗੇ ਹੋ ਨਾ ਕੋਇ ਅਟਕਾਈਆ । ਮਨੁੱਸ਼ੋ ਮਨੁੱਸ਼ਾਂ ਵਿਚ ਨਾ ਸਮਝਿਓ ਫ਼ਰਕ, ਪੰਜ ਤਤ ਬਾਹਰ ਦੀ ਵੰਡ ਵੰਡਾਈਆ । ਜਿਨ੍ਹਾਂ ਨੇ ਸਮਝ ਕੇ ਆਪਣੇ ਆਪ ਦੀ ਵੇਖੀ ਫ਼ਰਦ, ਫ਼ੈਸਲਾ ਅਗਲਾ ਗਏ ਮੁਕਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਵੰਡਣਾ ਦਰਦ, ਦੁਖੀਆਂ ਮੇਲ ਮਿਲਾਈਆ । ਕੂੜ ਕਸਾਈ ਸ਼ਰਅ ਦੀ ਹੱਥੋਂ ਸੁਟਣੀ ਕਰਦ, ਕਦਮਾਂ ਉਤੇ ਝੁਕ ਕੇ ਆਪਣਾ ਸੀਸ ਨਿਵਾਈਆ । ਮਮਤਾ ਦਾ ਪੈਂਡਾ ਜਾਏ ਮੁਕ, ਸੋਈ ਸੁਰਤੀ ਜਾਵੇ ਉਠ, ਘਰ ਘਰ ਵਿਚ ਵੱਜੇ ਵਧਾਈਆ । ਸਾਰੇ ਓਸ ਪ੍ਰਭੂ ਦੇ ਬਣ ਜਾਓ ਪੁੱਤ, ਜੋ ਪਿਤਾ ਪੁਰਖ ਅਕਾਲ ਅਖਵਾਈਆ । ਜੋ ਚਾਰ ਜੁਗ ਬਦਲਦਾ ਆਇਆ ਰੁੱਤ, ਰੁਤੜੀ ਆਪਣੇ ਰੰਗ ਮਹਿਕਾਈਆ । ਸਚ ਸੂਚਨਾ ਜਿਸ ਦੇ ਵਿਚ ਸਭ ਕੁਛ, ਤਨ ਮੰਦਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੂਚਨਾ ਦੇਵੇ ਧੁਰ ਦਾ ਕੰਤ,

ਹਰਿ ਕੰਤੂਹਲ ਵੱਡੀ ਵਡਿਆਈਆ । ਜਿਸ ਦੀ ਰੁੱਤ ਮੌਲਣੀ ਬਸੰਤ, ਖ਼ਿਜ਼ਾਂ ਦਾ ਝਗੜਾ ਦਏ ਮੁਕਾਈਆ । ਪ੍ਰੇਮ ਪ੍ਰੀਤੀ ਅੰਦਰ ਵੇਖਣ ਸੰਤ, ਸਤਿ ਸਤਿਵਾਦੀ ਜੋੜ ਜੁੜਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਕਾਤਬ ਲਿਖ ਨਾ ਕੋਇ ਜਣਾਈਆ । ਸੋ ਸਭ ਦਾ ਸਾਂਝਾ ਕਰੇ ਮੰਤ, ਮੰਤਵ ਆਪਣਾ ਇਕ ਦਰਸਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਜਣਾਈਆ । ਚਿੰਤਾ ਸੋਗ ਰਹੇ ਨਾ ਕੋਇ ਚਿਨਤ, ਅੰਤਸ਼ਕਰਨ ਕਰੇ ਸਫ਼ਾਈਆ । ਬੋਧ ਅਗਾਧਾ ਬਣ ਕੇ ਪੰਡਤ, ਬੁੱਧੀ ਤੋਂ ਪਰੇ ਦਏ ਜਣਾਈਆ । ਇਹ ਖ਼ੁਸ਼ੀਆਂ ਵਾਲਾ ਸੰਮਤ, ਸੂਚਨਾ ਨੌ ਖੰਡ ਪ੍ਰਿਥਮੀ ਦਏ ਸੁਣਾਈਆ । ਨਿਰਗੁਣ ਜੋਤ ਦਾ ਪਰਕਾਸ਼ ਹੋਣਾ ਵਿਚ ਓਸ ਚਮਕ, ਜਿਸ ਚਮਕ ਵਿਚ ਸ਼ੱਮਸ ਗਿਆ ਸਮਝਾਈਆ । ਜਿਸ ਨੂੰ ਝੁਕਦੇ ਚੌਦਾਂ ਤਬਕ, ਚੌਦਾਂ ਲੋਕ ਸੀਸ ਨਿਵਾਈਆ । ਉਸ ਦਾ ਸਾਂਝਾ ਹੋਣਾ ਸਬਕ, ਅਲਿਫ਼ ਯੇ ਤੋਂ ਪਰੇ ਪੜ੍ਹਾਈਆ । ਨਿਰਗੁਣ ਧਾਰ ਆਵੇ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਦੀਨ ਦੁਨੀ ਦਾ ਸਾਂਝਾ ਕਰੇ ਦਰਦ, ਦਰਦੀ ਹੋ ਕੇ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਕਬੂਲ ਕਰੇ ਅਰਜ਼, ਅਰਸ਼ੀ ਪ੍ਰੀਤਮ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਉਪਜਾਈਆ । ਸੂਚਨਾ ਸੁਣਨੀ ਸਭ ਨੇ ਨਾਲ ਕੰਨ, ਧੁਰ ਫ਼ਰਮਾਨਾ ਇਕ ਦਰਸਾਈਆ । ਸਤਿਗੁਰ ਸ਼ਬਦ ਬੰਨ੍ਹਣਾ ਮਨ, ਮਮਤਾ ਮੋਹ ਵਿਕਾਰ ਗਵਾਈਆ । ਪਰਕਾਸ਼ ਕਰਾਉਣਾ ਆਪਣੇ ਤਨ, ਦੁਰਮਤ ਮੈਲ ਧਵਾਈਆ । ਭਗਤ ਸੁਹੇਲੇ ਬਣਨਾ ਜਨ, ਮਿਲੇ ਵਡਿਆਈ ਜਣੇਂਦੀ ਮਾਈਆ । ਤੁਸੀਂ ਸਾਰੇ ਆਤਮ ਬ੍ਰਹਮ, ਪਾਰਬ੍ਰਹਮ ਨੂਰ ਰੁਸ਼ਨਾਈਆ । ਤ੍ਰੈਗੁਣ ਮਾਇਆ ਪੰਜ ਤਤ ਬੇੜਾ ਦਿਤਾ ਬੰਨ੍ਹ, ਰਜੋ ਤਮੋ ਸਤੋ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵਿਚ ਸਚਖੰਡ, ਦਰਗਾਹ ਸਾਚੀ ਲੈ ਅਗੰਙਾਈਆ । ਪੁਰਖ ਅਕਾਲ ਦੀਨ ਦਿਆਲ ਤੇਰੀ ਵੰਡ, ਜੁਗ ਚੌਕੜੀ ਸੇਵ ਕਮਾਈਆ । ਪੀਰ ਪੈਗ਼ੰਬਰ ਬੰਦਗੀ ਵਿਚ ਕੀਤੇ ਬੰਦ, ਕਲਮਾ ਨਗਮਾ ਨਾਮ ਸੁਣਾਈਆ । ਗੁਫ਼ਤ ਸ਼ਨੀਦ ਤੇਰਾ ਮਾਣਦੇ ਰਹੇ ਅਨੰਦ, ਸੁਖ ਸਾਗਰ ਬੇਪਰਵਾਹੀਆ । ਤੇਰੀ ਜੋਤ ਦਾ ਚਮਕਦਾ ਵੇਖਿਆ ਚੰਦ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਸੇਵਾ ਕੀਤੀ ਵਿਚ ਵਰਭੰਡ, ਬ੍ਰਹਿਮੰਡ ਭੱਜੇ ਵਾਹੋ ਦਾਹੀਆ । ਤੇਰਾ ਨੂਰ ਜਹੂਰ ਲਾ ਕੇ ਅੰਗ, ਅੰਗੀਕਾਰ ਆਪ ਅਖਵਾਈਆ । ਤੂੰ ਸਾਹਿਬ ਸੂਰਾ ਸਰਬੰਗ, ਸ਼ਹਿਨਸ਼ਾਹ ਵਡ ਵਡਿਆਈਆ । ਦੀਨ ਮਜ਼੍ਹਬ ਦੀ ਤੇਰੇ ਹੁਕਮੇ ਅੰਦਰ ਖੜ੍ਹੀ ਦੀਵਾਰ ਕੀਤੀ ਕੰਧ, ਪੀਰ ਪੈਗ਼ੰਬਰ ਸੀਸ ਨਿਵਾਈਆ । ਅੱਗੇ ਸਤਿ ਧਰਮ ਦਾ ਮਾਰਗ ਇਕ ਅਰੰਭ, ਹੁਕਮ ਹੁਕਮ ਵਿਚੋਂ ਬਦਲਾਈਆ । ਸਭ ਦਾ ਲੇਖੇ ਲਾਉਣਾ ਮਾਰਗ ਪੰਧ, ਜੁਗ ਜੁਗ ਬਣੇ ਪਾਂਧੀ ਰਾਹੀਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਤੇਰੀ ਇਕ ਸਰਨਾਈਆ । ਸਚਖੰਡ ਦਵਾਰੇ ਮੰਗੀਏ ਮੰਗ, ਦਰਗਾਹ ਸਾਚੀ ਝੋਲੀ ਡਾਹੀਆ । ਸ੍ਰਿਸ਼ਟੀ ਸਬਾਈ ਚਾੜ੍ਹ ਆਪਣਾ ਰੰਗ, ਬਿਨ ਰੂਪ ਰੰਗ ਨੂਰ ਰੁਸ਼ਨਾਈਆ । ਘਟ ਘਟ ਅੰਤਰ ਤੇਰਾ ਵੱਜੇ ਮਰਦੰਗ, ਧੁਨ ਆਤਮਕ ਰਾਗ ਅਲਾਈਆ । ਸਾਡੀ ਸਭ ਦੀ ਇਹੋ ਉਮੰਗ, ਝਗੜਾ ਮੇਟ ਖ਼ਲਕ ਖ਼ੁਦਾਈਆ । ਦੀਨਾ ਮਜ਼੍ਹਬਾਂ ਸਭ ਨੂੰ ਕੀਤਾ ਤੰਗ, ਤੰਗਦਸਤੀ ਵਿਚ ਦੁਹਾਈਆ । ਤੇਰਾ ਆਤਮ ਤੈਥੋਂ ਰਹੇ ਕੋਇ ਨਾ ਰੰਡ, ਕੰਤ ਸੁਹਾਗ ਲੈਣਾ ਮਿਲਾਈਆ । ਤੇਰਾ ਨੂਰ ਜੇਰਜ ਅੰਡ, ਉਤਭੁਜ ਸੇਹਤਜ ਤੇਰੀ ਰੁਸ਼ਨਾਈਆ । ਤੇਰਾ ਖੇਲ ਵਿਚ ਬ੍ਰਹਿਮੰਡ, ਬ੍ਰਹਿਮਾਂਡ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ

੧੦੪੨
੨੦

ਸੰਦੇਸਾ ਦੇ ਪੁਰਖ ਅਬਿਨਾਸ਼, ਅਬਿਨਾਸ਼ੀ ਤੇਰਾ ਰਾਹ ਤਕਾਈਆ । ਸਾਚੇ ਮੰਡਲ ਪਾ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਲੇਖੇ ਲਾ ਪਵਣ ਸਵਾਸ, ਸਾਹ ਸਾਹ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਕਰ ਨਾਸ, ਨਾਸਤਕ ਰਹਿਣ ਕੋਇ ਨਾ ਪਾਈਆ । ਨਿਰਗੁਣ ਨੂਰ ਹੋਵੇ ਪਰਕਾਸ਼, ਅੰਧ ਅੰਧੇਰਾ ਦੇ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਦਾਸ, ਸਜਦਿਆਂ ਵਿਚ ਸੀਸ ਨਿਵਾਈਆ । ਇਕੋ ਭਰੋਸਾ ਦੇ ਵਿਸ਼ਵਾਸ, ਵਿਸ਼ਿਆਂ ਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਦੇ ਦੇ ਠਾਕਰ, ਠੋਕਰ ਨਾਮ ਲਗਾਈਆ । ਕਲਜੁਗ ਭਵਰੀ ਡੂੰਘੇ ਸਾਗਰ, ਨਈਆ ਪਾਰ ਨਾ ਕੋਇ ਲੰਘਾਈਆ । ਸਰੋਵਰ ਮਿਲੇ ਨਾ ਕਿਸੇ ਗਾਗਰ, ਅੰਮ੍ਰਿਤ ਜਲ ਨਾ ਕੋਇ ਭਰਾਈਆ । ਕਿਰਪਾ ਕਰ ਕਰੀਮ ਕਾਦਰ, ਕੁਦਰਤ ਦੇ ਕਰਤੇ ਤੇਰੀ ਆਸ ਰਖਾਈਆ । ਤੂੰ ਜੋਧਾ ਸੂਰਬੀਰ ਬਹਾਦਰ, ਬਲੀ ਬਲਵਾਨ ਵਡ ਵਡਿਆਈਆ । ਤੇਰੇ ਹੁਕਮ ਦਾ ਇਕੋ ਆਰਡਰ, ਸੀਸ ਸਕੇ ਨਾ ਕੋਇ ਉਠਾਈਆ । ਜਲਵਾ ਨੂਰੀ ਦੇ ਬਾਤਨ, ਜਾਹਰ ਹੋਏ ਰੁਸ਼ਨਾਈਆ । ਸਭ ਦੀ ਪੂਰੀ ਕਰ ਆਸਨ, ਮਨਸਾ ਮੋਹ ਚੁਕਾਈਆ । ਸਾਹਿਬ ਸੁਲਤਾਨ ਪੁਰਖ ਅਬਿਨਾਸ਼ਨ, ਤੂੰ ਮਾਲਕ ਧੁਰਦਰਗਾਹੀਆ । ਸਾਰੇ ਤੇਰੇ ਦਵਾਰੇ ਕੱਠੇ ਹੋਵਣ ਪਾਤਨ, ਤਟ ਇਕੋ ਇਕ ਸੁਹਾਈਆ । ਲੇਖੇ ਲੱਗੇ ਸੁਹੰਜਣੀ ਰਾਤਨ, ਰੁਤੜੀ ਰੁੱਤ ਮਹਿਕਾਈਆ । ਝਗੜਾ ਕਰਮ ਰਹੇ ਨਾ ਪਾਪਨ, ਪਤਤ ਪੁਨੀਤ ਬਣਾਈਆ । ਪੁਰਖ ਅਕਾਲ ਬਣ ਕੇ ਬਾਪਨ, ਭਗਤ ਸੁਹੇਲੇ ਗੋਦ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਸਮੇਂ ਨੂੰ ਝਾਕਣ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਵਣ ਵੇਲਾ ਸਾਡਾ ਪੂਰਾ ਹੋਵੇ ਵਾਕਨ, ਜੋ ਭਵਿਖਤਾਂ ਵਿਚ ਆਏ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਨਿਰਗੁਣ ਨੂਰ ਜੋਤ ਕਰੇ ਪਰਕਾਸ਼ਨ, ਪਰਕਾਸ਼ ਵੇਖੇ ਜਗਤ ਲੋਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸਭ ਦਾ ਹੋਵੇ ਪਾਠਨ, ਪੂਜਾ ਦੂਜਾ ਤੀਜਾ ਚੌਥਾ ਪੰਚਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਇਕ ਵਖਾਈਆ । ਸੂਚਨਾ ਸੁਣੋ ਪਾਰਬ੍ਰਹਮ, ਬ੍ਰਹਮ ਆਪ ਜਣਾਈਆ । ਆਦਿ ਜੁਗ ਦਾ ਸਾਚਾ ਧਰਮ, ਧਰਮ ਦਇਆ ਵਡਿਆਈਆ । ਪਰਮ ਪੁਰਖ ਦਾ ਇਕੋ ਪਰਨ, ਪਰਮਾਤਮ ਆਤਮ ਜੋੜ ਜੁੜਾਈਆ । ਜਨ ਭਗਤੋ ਕਦੀ ਵੰਡ ਨਾ ਵੇਖਿਓ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਤੋਂ ਪਰੇ ਹਰਿ ਕਰਤਾ ਮਿਲੇ ਸਾਚੇ ਘਰੇ, ਜਿਸ ਗ੍ਰਹਿ ਇਕੋ ਨੂਰ ਨੂਰ ਰੁਸ਼ਨਾਈਆ । ਵੇਖਿਓ ਕਿਤੇ ਦੀਨ ਮਜ਼੍ਹਬ ਦਾ ਲੇਖਾ ਜਗਤ ਧੜੇ, ਵੰਡਣ ਵੰਡ ਨਾ ਕੋਇ ਵੰਡਾਈਆ । ਜੋ ਪ੍ਰਭ ਦਾ ਪਲੂ ਫੜੇ, ਨਿਜ ਨੇਤਰ ਨੈਣ ਉਠਾਈਆ । ਉਹ ਮੰਜ਼ਲ ਹਕੀਕੀ ਚੜ੍ਹੇ, ਜਿਥੇ ਲਾਸ਼ਰੀਕੀ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਇਕੋ ਸੋਹਲਾ ਪੜ੍ਹੇ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਚ ਸਵਾਮੀ ਧੁਰ ਦਾ ਵਰੇ, ਜੋ ਕਦੇ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੂਚਨਾ ਇਕ ਸਮਝਾਈਆ । ਸਚ ਸੂਚਨਾ ਪ੍ਰਭ ਦੀ ਸੱਚੀ, ਸਚ ਦਏ ਵਡਿਆਈਆ । ਜਨ ਭਗਤ ਪ੍ਰੀਤੀ ਰਹੇ ਨਾ ਕੱਚੀ, ਕੰਚਨ ਗੜ੍ਹ ਵਡਿਆਈਆ । ਜਿਸ ਲੱਖ ਚੁਰਾਸੀ ਮੇਦਨੀ ਰਚੀ, ਰਚਨਾ ਵੇਖੇ ਬੇਪਰਵਾਹੀਆ । ਮਾਲਕ ਬਣ ਕੇ ਧੁਰਦਾ ਕਮਲਾਪਾਤੀ, ਪਤਿਪਰਮੇਸ਼ਵਰ ਪੜਦਾ ਦਏ ਉਠਾਈਆ । ਕਲਜੁਗ ਅੰਦਰ ਸਚ ਨਾਮ ਰਿਹਾ ਨਾ ਰੱਤੀ, ਰਤਨ ਅਮੋਲਕ ਹੱਥ ਕਿਸੇ ਨਾ ਆਈਆ । ਸਾਰੇ ਪੜ੍ਹਦੇ ਅੱਖਰਾਂ ਵਾਲੀ ਪੱਟੀ, ਨਿਰਅੱਖਰ ਨਜ਼ਰ ਕਿਸੇ ਨਾ ਆਈਆ । ਅੰਤਮ ਸਭ ਨੂੰ ਭਰਨੀ ਪੈਣੀ ਚੱਟੀ, ਜੋ ਚੇਟਕ ਮਾਇਆ ਨਾਲ ਵਧਾਈਆ ।

ਬਿਨਾ ਪ੍ਰਭੂ ਨਾਮ ਤੋਂ ਝੂਠੀ ਦਿਸੇ ਖੱਟੀ, ਮਨਖੱਟੂ ਕੂੜ ਲੋਕਾਈਆ । ਸਤਿ ਧਰਮ ਦੀ ਸਾਚੀ ਹੱਟੀ, ਹਰਿ ਸਤਿਗੁਰ ਆਪ ਪਰਗਟਾਈਆ । ਸ਼ਬਦ ਸੰਦੇਸ਼ੇ ਵਿਚ ਦੱਸੀ, ਭੀੜੀ ਗਲੀ ਨਾ ਕੋਇ ਭਵਾਈਆ । ਜਿਥੇ ਨਾ ਕੋਈ ਤੱਕੜੀ ਵੱਟੀ, ਧੜਤ ਵੰਡ ਨਾ ਕੋਇ ਵੰਡਾਈਆ । ਦਰਸ਼ਨ ਕੀਤਿਆਂ ਮੰਜ਼ਲ ਮਿਲੇ ਉਹ ਅੱਛੀ, ਜਿਥੇ ਅੱਛੀ ਤਰ੍ਹਾਂ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸੂਚਨਾ ਕਹੇ ਮੈਂ ਦੇਵਾਂ ਸੰਦੇਸ਼ਾ ਜਗ, ਜੁਗਤ ਰਹੀ ਜਣਾਈਆ । ਸਾਚਾ ਦਰਸ਼ਨ ਕਰੋ ਬਿਨ ਮੱਕੇ ਕਾਅਬੇ ਅਗੰਮੀ ਹੱਜ, ਜਿਸ ਹੁਜਰੇ ਵਸੇ ਧੁਰਦਰਗਾਹੀਆ । ਪ੍ਰੇਮ ਪ੍ਰੀਤੀ ਸਾਚੀ ਨੀਤੀ ਅੰਦਰ ਸਾਰੇ ਆਵੋ ਭੱਜ, ਭਜਨ ਬੰਦਗੀ ਵਿਚ ਧਿਆਨ ਰਖਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਵਿਭਚਾਰ ਜਾਣਾ ਤਜ, ਦੁਰਾਚਾਰ ਰਹਿਣ ਕੋਇ ਨਾ ਪਾਈਆ । ਸਚ ਮਾਰਗ ਦਾ ਸਭ ਨੇ ਸਿਖਣਾ ਚੱਜ, ਤਰੀਕਾ ਨੀਕਨ ਨੀਕਾ ਆਪ ਸੁਣਾਈਆ । ਛੱਬੀ ਪੋਹ ਸਭ ਨੂੰ ਰਿਹਾ ਸੱਦ, ਸੱਦਾ ਨਾਮ ਵਾਲਾ ਪੁਚਾਈਆ । ਸੂਫ਼ੀ ਸੰਤ ਫ਼ਕੀਰ ਮੋਨੀ ਮੁਨੀ ਮੁਨੀਸ਼ਰ ਤਪੀਸ਼ਰ ਰਹੇ ਕੋਈ ਨਾ ਅੱਡ, ਹੱਡੀਆਂ ਵੰਡ ਨਾ ਕੋਇ ਵੰਡਾਈਆ । ਸਾਰੇ ਮਿਲ ਕੇ ਧਰਮ ਨਿਸ਼ਾਨਾ ਦਿਓ ਗੱਡ, ਜਿਸ ਦਾ ਗਾਰਡੀਅਨ ਇਕ ਅਖਵਾਈਆ । ਜੋ ਸਦਾ ਵਸੇ ਉਤੇ ਸ਼ਾਹ ਰਗ, ਸਾਚੇ ਮੰਦਰ ਸੋਭਾ ਪਾਈਆ । ਪ੍ਰੇਮ ਪ੍ਰੀਤੀ ਜਾਵੋ ਬੱਝ, ਬੱਧੀ ਗੰਢ ਨਾ ਕੋਇ ਖੁਲ੍ਹਾਈਆ । ਬੁੱਧੀ ਰਹੇ ਕੋਇ ਨਾ ਕਗ, ਹੰਸ ਸਰਬੰਸ ਲਓ ਬਣਾਈਆ । ਕਲਜੁਗ ਅਗਨੀ ਚਾਰ ਕੁੰਟ ਰਹੀ ਦਗ, ਬਿਨਾ ਸੰਤ ਭਗਤ ਭਗਵੰਤ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜਗਤ ਵਿਕਾਰਾ ਲਵੋ ਦੱਬ, ਇਕੱਠੇ ਹੋਵੋ ਸਾਰੇ ਸਭ, ਸਭਿਅਤਾ ਇਕੋ ਲਵੋ ਬਣਾਈਆ । ਹਕੀਕੀ ਮੰਜ਼ਲ ਇਕੋ ਪਦ, ਜਿਥੇ ਪਾਰਬ੍ਰਹਮ ਦੀ ਯੱਦ, ਬ੍ਰਹਮ ਮਿਲ ਕੇ ਵੱਜੇ ਵਧਾਈਆ । ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਓਮ ਗਾਡ ਸਭ ਦਾ ਸਾਂਝਾ ਰੱਬ, ਰਬੇ ਆਲਮੀਨ ਯਾ ਮੁਬੀਨ ਇਕੋ ਨਜ਼ਰੀ ਆਈਆ । ਇਹ ਸੋਹਣਾ ਬਣਨਾ ਸਬਬ, ਪ੍ਰੇਮ ਪਿਆਰ ਦੀ ਪੀਣੀ ਮਧ, ਮਸਤੀ ਨਾਮ ਖ਼ੁਮਾਰ ਚੜ੍ਹਾਈਆ । ਧਰਮ ਜੈਕਾਰਾ ਬੋਲਣਾ ਗੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੂਚਨਾ ਕਹੇ ਮੈਂ ਖ਼ਬਰਦਾਰ ਕਰਨੇ ਮੁਰਸ਼ਦ ਮੁਰੀਦ, ਮੁੱਦਤਾਂ ਦੇ ਵਿਛੜੇ ਲੈਣੇ ਜਗਾਈਆ । ਸਭ ਦੀ ਸਾਂਝੀ ਕਰਨੀ ਈਦ, ਈਦਉਲਫ਼ਿਤਰ ਦੇਣਾ ਸਮਝਾਈਆ । ਨੇਤਰ ਖੋਲ੍ਹਣੇ ਪਰਕਾਸ਼ ਕਰਨਾ ਵਿਚ ਦੀਦ, ਦੀਦਾ ਦਾਨਿਸਤਾ ਕਰ ਰੁਸ਼ਨਾਈਆ । ਜਿਸ ਦੀ ਕਿਸੇ ਤੋਂ ਪੂਰੀ ਨਾ ਹੋਵੇ ਉਮੀਦ, ਉਹ ਆਮਦ ਵਿਚ ਖ਼ੁਸ਼ਾਮਦ ਵਿਚ ਮਨਸਾ ਪੂਰ ਪੂਰ ਵਡਿਆਈਆ । ਸਿਫ਼ਤਾਂ ਵਾਲੀ ਤੁਮਹੀਦ, ਇਹ ਖੇਲ ਹੋਣਾ ਅਜੀਬ, ਗੁਰ ਅਵਤਾਰ ਪੈਗ਼ੰਬਰ ਆਉਣੇ ਨਾਲ ਤਰਤੀਬ, ਲੇਖਾ ਦੱਸਣ ਥਾਉਂ ਥਾਈਆ । ਪੁਰਖ ਅਕਾਲਾ ਪਰਵਰਦਿਗਾਰ ਸਾਂਝਾ ਇਕ ਰਕੀਬ, ਕਰੀਬ ਕਰੀਬ ਸਭ ਨੂੰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸੂਚਨਾ ਕਹੇ ਮੈਂ ਉਠੌਣੇ ਚੌਦਾਂ ਲੋਕ, ਲੁਕਿਆ ਰਹਿਣ ਕੋਇ ਨਾ ਪਾਈਆ । ਉਠੋ ਵੇਖੋ ਪ੍ਰਭ ਦੀ ਮੌਜ, ਮਜਲਸ ਪ੍ਰੇਮੀਆਂ ਨਾਲ ਲਗਾਈਆ । ਜਿਸ ਦੀ ਬਾਹਰੋਂ ਕਰਦੇ ਖੋਜ, ਉਹ ਅੰਦਰੋਂ ਮਿਲੇ ਧੁਰਦਰਗਾਹੀਆ । ਭਾਵੇਂ ਦਰਸ਼ਨ ਕਰੋ ਰੋਜ਼, ਨਿਜ ਆਤਮ ਧਿਆਨ ਲਗਾਈਆ । ਜਿਸ ਨੂੰ ਕਦੇ ਨਾ ਲੱਗੇ ਰੋਗ, ਦੁੱਖਾਂ ਵਿਚ ਨਾ ਕੋਇ ਭਵਾਈਆ । ਨਾ ਚਿੰਤਾ ਨਾ ਸੋਗ, ਹਰਖ਼ ਵੰਡ ਨਾ ਕੋਇ ਵੰਡਾਈਆ । ਨਾ ਮੂੰਡ ਮੁੰਡਾਏ ਨਾ ਧਾਰੇ ਜੋਗ, ਬਨ ਖੰਡ ਨਾ ਉਠ ਉਠ ਧਾਈਆ । ਨਾ ਬਸਤਰ ਓਢਨ ਲਏ ਸੋਧ, ਨਾ ਤੂੰਬੜੀ ਹੱਥ ਟਿਕਾਈਆ । ਜਦ

੧੦੪੪
੨੦

੧੦੪੫
੨੦

ਵੇਖੇ ਤੇ ਬੁੱਧੀ ਨੂੰ ਦੇਵੇ ਬੋਧ, ਬੋਧ ਅਗਾਧ ਕਰੇ ਪੜ੍ਹਾਈਆ । ਜਿਸ ਦਾ ਆਦਿ ਦਾ ਇਕ ਸਲੋਕ, ਸਿਫ਼ਤਾਂ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੂਚਨਾ ਇਕ ਸੁਣਾਈਆ । ਸੂਚਨਾ ਸੁਣਾਏ ਨੌ ਖੰਡ ਸੱਤ ਦੀਪ, ਸਤਿ ਸਤਿਵਾਦ ਜਣਾਈਆ । ਪਿਛਲਾ ਲੇਖਾ ਪਿੱਛੇ ਗਿਆ ਬੀਤ, ਅੱਗੇ ਆਗਮਾਨ ਵਿਚ ਵਡਿਆਈਆ । ਪਰਮ ਪੁਰਖ ਦੀ ਸਾਂਝੀ ਕਰੋ ਪ੍ਰੀਤ, ਪ੍ਰਭ ਦੇ ਨਾਮ ਨਾ ਕੋਇ ਲੜਾਈਆ । ਜਿਸ ਨੂੰ ਮਿਲਿਆਂ ਤਨ ਮਨ ਹੋਵੇ ਠਾਂਡਾ ਸੀਤ, ਅਗਨੀ ਤਤ ਨਾ ਕੋਇ ਜਲਾਈਆ । ਸੋ ਜੁਗ ਚੌਕੜੀ ਬਦਲਣ ਵਾਲਾ ਰੀਤ, ਰੀਤੀਵਾਨ ਇਕ ਅਖਵਾਈਆ । ਜਿਸ ਦਾ ਝਗੜਾ ਨਹੀਂ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦਵਾਰ ਹਿੱਸਾ ਨਾ ਕੋਇ ਪਾਈਆ । ਜਿਹੜਾ ਓਸ ਦਵਾਰਿਉਂ ਮੰਗੇ ਭੀਖ, ਬਣ ਭਿਖਾਰੀ ਝੋਲੀ ਡਾਹੀਆ । ਤਿਸ ਨੂੰ ਦੇਵੇ ਨਾਮ ਅਗੰਮੀ ਚੀਜ਼, ਜਿਸ ਦੀ ਕੀਮਤ ਨਾ ਕੋਇ ਲਗਾਈਆ । ਸੂਚਨਾ ਵਿਚ ਇਕ ਹਦੀਸ, ਹੁਕਮ ਧੁਰਦਰਗਾਹੀਆ । ਹਰਿ ਕਾ ਖੇਲ ਬੀਸ ਇਕੀਸ, ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਜੁਗ ਚੌਕੜੀ ਚਾਰ ਕੁੰਟ ਦਹਿ ਦਿਸ਼ਾ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਉਡੀਕ, ਭਵਿਖਤਾਂ ਲਿਖਤਾਂ ਵਿਚ ਲੇਖਾ ਲੇਖ ਸਮਝਾਈਆ ।

## ★ ੨੯ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸੋ ਪੁਰਖ ਨਿਰੰਜਣ ਨਿਰਗੁਣ ਧਾਰਾ, ਨਿਰਵੈਰ ਨਿਰਾਕਾਰ ਨਿਰੰਕਾਰ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਏਕੰਕਾਰਾ ਹੋ ਉਜਿਆਰਾ, ਆਦਿ ਨਿਰੰਜਣ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸ਼ਾਹੋ ਭੂਪ ਵਡ ਸਿਕਦਾਰਾ, ਸ੍ਰੀ ਭਗਵਾਨਾ ਮਰਦ ਮਰਦਾਨਾ ਨੌਜਵਾਨਾ ਇਕ ਅਖਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਰੂਪ ਰੰਗ ਰੇਖ ਤੋਂ ਵਸੇ ਬਾਹਰਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਸਚਖੰਡ ਵਾਸੀ ਘਟ ਨਿਵਾਸੀ ਜੋਤੀ ਜਾਤਾ ਪੁਰਖ ਬਿਧਾਤਾ ਖੇਲੇ ਖੇਲ ਵਿਚ ਸੰਸਾਰਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਪੰਚਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਧਾਰ ਪਰਗਟਾਈਆ । ਸੋ ਪੁਰਖ ਨਿਰੰਜਣ ਵਡ ਅਲਾਹ, ਵਾਹਦ ਇਕੋ ਇਕ ਅਖਵਾਇੰਦਾ । ਜਿਸ ਦੀ ਜੁਗ ਚੌਕੜੀ ਸਿਫ਼ਤ ਸਲਾਹ, ਮਹਿੰਮਾ ਬੋਧ ਅਗਾਧ ਵਡਿਆਇੰਦਾ । ਨਿਰਗੁਣ ਨੂਰ ਜੋਤ ਕਰੇ ਰੁਸ਼ਨਾ, ਜਹੂਰ ਆਪਣਾ ਆਪ ਪਰਗਟਾਇੰਦਾ । ਬਿਨ ਤਤ ਵਜੂਦ ਤੋਂ ਆਦਿ ਜੁਗਾਦੀ ਇਕ ਖ਼ੁਦਾ, ਮਿਹਰਵਾਨ ਮਹਿਬੂਬ ਆਪਣੀ ਕਲ ਵਖਾਇੰਦਾ । ਸਚ ਸੰਦੇਸ਼ਾ ਧੁਰ ਪੈਗ਼ਾਮ ਦੇਵੇ ਇਕ ਸਦਾ, ਨਰ ਨਰੇਸ਼ਾ ਏਕਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਇੰਦਾ । ਸਚ ਦਵਾਰਾ ਧੁਰ ਦਾ ਘਰ, ਗ੍ਰਿਹ ਮੰਦਰ ਇਕ ਵਖਾਈਆ । ਜਿਥੇ ਵਸੇ ਨਰਾਇਣ ਨਰ, ਹਰਿ ਵੱਡਾ ਵਡ ਵਡਿਆਈਆ । ਨਾ ਜਨਮੇ ਨਾ ਜਾਏ ਮਰ, ਮਰ ਜੀਵਤ ਰੂਪ ਨਾ ਕੋਇ ਵਖਾਈਆ । ਸਚ ਦਵਾਰ ਨਿਰਗੁਣ ਧਾਰ ਏਕੰਕਾਰ ਆਪੇ ਖੜ੍ਹ, ਸਤਿ ਸਤਿਵਾਦੀ ਆਪਣੀ ਕਲ ਪਰਗਟਾਈਆ ।

ਜਿਥੇ ਝਗੜਾ ਰਹੇ ਨਾ ਚੋਟੀ ਜੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਹਰਿ ਵੱਡਾ ਵਾਹਦ ਲਾਸ਼ਰੀਕ, ਪਰਵਰਦਿਗਾਰ ਨੂਰ ਇਲਾਹੀਆ । ਜਿਸ ਵਿਚ ਹਕ ਇਕ ਤੌਫ਼ੀਕ, ਤੋਹਫਾ ਸਭ ਨੂੰ ਦਏ ਪੁਚਾਈਆ । ਆਸਾ ਮਨਸਾ ਪੂਰੀ ਕਰੇ ਉਮੀਦ, ਆਮਦ ਵਿਚ ਆਪਣਾ ਭੇਵ ਦਏ ਖੁਲ੍ਹਾਈਆ । ਧੁਰ ਦੇ ਨਗ਼ਮੇ ਨਾਲ ਕਰੇ ਤਾਕੀਦ, ਕਲਮਾ ਕਾਇਨਾਤ ਸਮਝਾਈਆ । ਹਜ਼ਰਤ ਦੇ ਕੇ ਇਕ ਹਦੀਸ, ਹਾਜ਼ਰ ਹਜ਼ੂਰ ਕਰੇ ਪੜ੍ਹਾਈਆ । ਦੂਰ ਦੁਰਾਡਾ ਦਿਸੇ ਨਜ਼ਦੀਕ, ਨੇਰਨ ਨੇਰਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨੂਰ ਨੁਰਾਨਾ ਨੂਰ ਇਲਾਹੀਆ । ਸੋ ਪੁਰਖ ਨਿਰੰਜਣ ਠਾਂਡਾ ਮੀਤਾ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਪਰਵਰਦਿਗਾਰ ਠਾਂਡਾ ਸੀਤਾ, ਅਗਨੀ ਤਤ ਤੱਤ ਬੁਝਾਈਆ । ਕਰੇ ਖੇਲ ਸਦਾ ਅਨਡੀਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਪਣਾ ਭਾਣਾ ਵਖਾਏ ਮੀਠਾ, ਜੁਗ ਚੌਕੜੀ ਵੇਸ ਵਟਾਈਆ । ਲੱਖ ਚੁਰਾਸੀ ਪਰਖੇ ਨੀਤਾ, ਖਾਣੀ ਬਾਣੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਚੀ ਕਾਰ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਦਰਗਾਹ ਸਾਚੀ ਹੋ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਚੌਦਾਂ ਤਬਕ ਹੋ ਬੇਦਾਰ, ਚੌਦਾਂ ਲੋਕ ਅੱਖ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਨੂਰੀ ਧਾਰ ਕਰੋ ਵਿਚਾਰ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਪਾਵੋ
੧੦੪੯ ਸਾਰ, ਨੌ ਖੰਡ ਪ੍ਰਿਥਮੀ ਸੱਤ ਦੀਪ ਧਿਆਨ ਲਗਾਈਆ । ਉੱਤਰ ਪੱਛਮ ਪੂਰਬ ਦੱਖਣ ਹਾਹਾਕਾਰ, ਸਾਂਤਕ ਸਤਿ ਨਾ ਕੋਇ ਕਰਾਈਆ । ਸ਼ਾਸਤਰ ੧੦੪੯
੨੦ ਸਿਮਰਤ ਵੇਦ ਪੁਰਾਨ ਗੀਤਾ, ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਰਸਨਾ ਜਿਹਵਾ ਬੱਤੀ ਦੰਦ ਸਾਰੇ ਰਹੇ ਵਿਚਾਰ, ਹਿਰਦੇ ਹਰਿ ਨਾ ਕੋਇ ਵਸਾਈਆ । ੨੦
ਗੁਫ਼ਤ ਸ਼ੁਨੀਦ ਸੁਣੇ ਨਾ ਕੋਇ ਗੁਫ਼ਤਾਰ, ਗੁਫ਼ਤਗੂ ਵਿਚ ਜਗਤ ਲੋਕਾਈਆ । ਹਕ ਮੰਜ਼ਲ ਦਿਸੇ ਦੁਸ਼ਵਾਰ, ਕਦਮ ਕਦਮ ਨਾ ਕੋਇ ਟਿਕਾਈਆ । ਮਿਲੇ ਮਹਿਬੂਬ ਨਾ ਧੁਰ ਦਾ ਯਾਰ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਨਿਜ ਨੇਤਰ ਨੂਰ ਨਾ ਕੋਇ ਉਜਿਆਰ, ਅੰਧ ਅੰਧੇਰ ਨਾ ਕੋਇ ਮਿਟਾਈਆ । ਸਾਚੀ ਸਖ਼ੀਆਂ ਹੋਏ ਨਾ ਮੰਗਲਾਚਾਰ, ਗੀਤ ਗੋਬਿੰਦ ਨਾ ਕੋਇ ਅਲਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਕੁੰਟ ਕਰਨ ਵਿਭਚਾਰ, ਸਤਿ ਧਰਮ ਨਾ ਕੋਇ ਵਡਿਆਈਆ । ਤੇਰਾ ਖੇਲ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਲਵੇ ਤੱਕ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਹਕ਼ੀਕ਼ਤ ਨਜ਼ਰ ਨਾ ਆਏ ਹਕ, ਸਤਿ ਵਿਚ ਨਾ ਕੋਇ ਸਮਾਈਆ । ਪੜ੍ਹ ਪੜ੍ਹ ਰਸਨਾ ਜਿਹਵਾ ਗਈ ਥੱਕ, ਸਹਿੰਸਾ ਮਨ ਨਾ ਕੋਇ ਮਿਟਾਈਆ । ਸਤਿ ਧਰਮ ਦਾ ਨਜ਼ਰ ਨਾ ਆਵੇ ਹੱਟ, ਕੂੜੀ ਕਿਰਿਆ ਜਗਤ ਵਣਜ ਵਖਾਈਆ । ਝਗੜਾ ਪਿਆ ਤੀਰਥ ਤਟ, ਅੱਠ ਸੱਠ ਪੰਧ ਨਾ ਕੋਇ ਮੁਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰ ਸਚ ਪ੍ਰੇਮ ਦੀ ਉਬਲੇ ਕੋਈ ਨਾ ਰੱਤ, ਰੱਤੀ ਰੱਤ ਨਾ ਕੋਇ ਵਖਾਈਆ । ਸਭ ਨੂੰ ਭੁੱਲੀ ਬ੍ਰਹਮ ਮਤ, ਪਾਰਬ੍ਰਹਮ ਮੇਲ ਮਿਲਣ ਕੋਇ ਨਾ ਜਾਈਆ । ਸਭ ਦਾ ਟੁੱਟਾ ਧੀਰਜ ਯਤ, ਸਤਿ ਸੰਤੋਖ ਨਾ ਕੋਇ ਰਖਾਈਆ । ਜਗਤ ਜਗਿਆਸੂਆਂ ਮੰਨਦਿਆਂ ਸੰਤਾਂ ਅੰਦਰੋਂ ਬਦਲੀ ਨਾ ਅੰਤਰ ਵਾਲੀ ਅੱਖ, ਨਿਰੰਤਰ ਦਰਸ ਕੋਇ

ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਪੁਰਖ ਅਕਾਲ ਕਹੇ ਨੇਤਰ ਖੋਲ੍ਹੋ ਤੇਈ ਅਵਤਾਰ, ਹਰਿ ਕਰਤਾ ਆਪ ਦ੍ਰਿੜਾਈਆ । ਸਾਚਾ ਇਸ਼ਟ ਰਿਹਾ ਨਾ ਕੋਇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਗ੍ਰਿਹਿ ਸਵਾਮੀ ਮਿਲੇ ਕਿਸੇ ਨਾ ਆਣ, ਠਾਕਰ ਠੇਕਰ ਨਾ ਕੋਇ ਲਗਾਈਆ । ਕੂੜੀ ਕਿਰਿਆ ਹੋਈ ਪਰਧਾਨ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸਾਬਤ ਰਿਹਾ ਨਾ ਕੋਇ ਈਮਾਨ, ਸਿਦਕ ਸਬੂਰੀ ਨਾ ਕੋਇ ਨਿਭਾਈਆ । ਤੀਸ ਬਤੀਸ ਪੜ੍ਹ ਕੇ ਹਦੀਸ ਕੁਰਾਨ, ਕਾਇਆ ਕਾਅਬਾ ਹਕ ਮਹਿਬੂਬ ਮਿਲੇ ਨਾ ਮਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਅਨਜਾਣ, ਬੁੱਧੀ ਬਿਬੇਕ ਨਾ ਕੋਇ ਕਰਾਈਆ । ਮਨ ਮਮਤਾ ਘਰ ਘਰ ਸ਼ਰਅ ਵੜੀ ਸ਼ੈਤਾਨ, ਜਗਤ ਸ਼ਰੀਅਤ ਵਿਚ ਲੜਾਈਆ । ਸੁੰਞਾ ਦਿਸੇ ਪੰਜ ਤਤ ਮਕਾਨ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਦੇਵੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜੁਗ ਚੌਕੜੀ ਪਾਵੇ ਸਾਰ, ਨਿਤ ਨਵਿਤ ਵੇਖ ਵਖਾਈਆ । ਕਲਜੁਗ ਲਹਿਣਾ ਦੇਣਾ ਜਾਣੇ ਧੁਰ ਦੀ ਧਾਰ, ਪੜਦਾ ਓਹਲਾ ਰਹੇ ਨਾਂ ਰਾਈਆ । ਸਦੀ ਚੌਧਵੀਂ ਪਾਵੇ ਸਾਰ, ਪੜਦਾ ਪੜਦਿਆਂ ਵਿਚੋਂ ਉਠਾਈਆ । ਜਿਸ ਦਾ ਲੇਖਾ ਕਾਗਤ ਕਲਮ ਨਾ ਲਿਖਣਹਾਰ, ਕਾਤਬ ਚਲੇ ਨਾ ਕੋਇ ਚਤੁਰਾਈਆ । ਜਿਥੇ ਅਲਿਫ਼ ਯੇ ਦਾ ਨਹੀਂ ਕੋਈ ਤਕਰਾਰ, ਝਗੜਾ ਵੰਡ ਨਾ ਕੋਇ ਵੰਡਾਈਆ । ਧੁਰ ਦਾ ਕਲਮਾ ਦੇਵੇ ਆਪ ਅਪਾਰ, ਰਮਜ਼ ਰਮਜ਼ ਵਿਚੋਂ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਸੁਣੋ ਅਗੰਮਾ ਅੱਜ, ਵੱਜੇ ਹਕ ਵਧਾਈਆ । ਪਰਵਰਦਿਗਾਰ ਸਾਂਝਾ ਯਾਰ ਧੁਰ ਦਾ ਢੋਲਾ ਸੁਣਾਵੇ ਸੱਦ, ਨਾਮ ਨਿਧਾਨਾ ਇਕ ਅਲਾਈਆ । ਨੌਂ ਖੰਡ ਪ੍ਰਿਥਮੀ ਵੇਖੇ ਜੱਗ, ਚਾਰ ਕੁੰਟ ਧਿਆਨ ਲਗਾਈਆ । ਤ੍ਰੈਗੁਣ ਮਾਇਆ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਤਿ ਧਰਮ ਦੀ ਸਮਝੇ ਕੋਈ ਨਾ ਹੱਦ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਜੋ ਨਿਸ਼ਾਨਾ ਆਏ ਗੱਡ, ਨਿਸ਼ਾਨਿਉਂ ਉਕੀ ਖ਼ਲਕ ਖ਼ੁਦਾਈਆ । ਆਤਮ ਪਰਮਾਤਮ ਨਾਲੋਂ ਸਮਝ ਕੇ ਅੱਡ, ਝਗੜਾ ਤਨ ਵਜੂਦ ਰਖਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਭੱਜ, ਮਿਲੇ ਮਹਿਬੂਬ ਨਾ ਧੁਰ ਦਾ ਮਾਹੀਆ । ਜਾਮ ਪਿਆਲਾ ਹਕੀਕੀ ਮਿਲੇ ਕੋਈ ਨਾ ਮਦ, ਆਬੇਹਯਾਤ ਰਸ ਨਾ ਕੋਇ ਚਖਾਈਆ । ਆਪਣੇ ਨਾਲੋਂ ਆਪਾ ਕਰ ਅਲਗ, ਧੁਰ ਦਾ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਉਪਜਾਈਆ । ਧੁਰ ਦਾ ਹੁਕਮ ਸੁਣੋ ਵਾਰ ਥਿਤ ਛੱਬੀ ਪੋਹ, ਵਦੀ ਸੁਦੀ ਨਾ ਵੰਡ ਵੰਡਾਈਆ । ਜਿਸ ਨੂੰ ਪਰਮ ਪੁਰਖ ਕਹਿੰਦੇ ਸੋ, ਸੋ ਸਾਹਿਬ ਸਵਾਮੀ ਧੁਰਦਰਗਾਹੀਆ । ਹੰ ਬ੍ਰਹਮ ਆਪੇ ਹੋ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਕਦੇ ਇਕ ਨਾ ਹੋਵੇ ਦੋ, ਦੂਆ ਏਕੇ ਵਿਚ ਮਿਲਾਈਆ । ਸਭ ਦੇ ਅੰਦਰ ਕਰੇ ਲੋ, ਲੋਚਨ ਲੋਇਣ ਇਕ ਖੁਲ੍ਹਾਈਆ । ਮਾਇਆ ਮਮਤਾ ਕੱਢ ਗਰੋਹ, ਗ਼ੁਰਬਤ ਕੂੜੀ ਦੇਣੀ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਪ੍ਰਭ ਆਪ, ਆਪਣੇ ਹੱਥ ਰੱਖੇ ਵਡਿਆਈਆ । ਜਿਸ ਦਾ ਆਦਿ ਜੁਗਾਦੀ ਇਕੋ ਜਾਪ, ਕਲਮਾ ਨਬੀ ਰਸੂਲ ਦ੍ਰਿੜਾਈਆ । ਭਾਗ ਲਗਾ ਕੇ ਮਾਟੀ ਖਾਕ, ਪੰਜ ਤਤ ਕਰੇ ਰੁਸ਼ਨਾਈਆ । ਹੋਏ ਸਹਾਈ ਅਨਾਥਾਂ ਨਾਥ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ


੧੦੪੭
੨੦

ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਧੁਰਦਰਗਾਹੀਆ । ਧੁਰ ਦਾ ਹੁਕਮ ਇਕ ਵਰਤੰਤ, ਨਾ ਕੋਈ ਮੇਟੇ ਮੇਟ ਮਿਟਾਈਆ । ਪੁਰਖ ਅਬਿਨਾਸ਼ੀ ਇਕੋ ਭਗਵੰਤ, ਪਰਵਰਦਿਗਾਰ ਨੂਰ ਖ਼ੁਦਾਈਆ । ਜਿਸ ਦਾ ਸੰਦੇਸ਼ਾ ਦੇਂਦੇ ਸੰਤ, ਸੂਫੀ ਐਨੁਲਹਕ ਦਾ ਨਾਅਰਾ ਲਾਈਆ । ਦੋ ਜਹਾਨਾਂ ਬਣ ਕੇ ਕੰਤ, ਆਤਮ ਪਰਮਾਤਮ ਸੇਜ ਹੰਢਾਈਆ । ਸੋ ਬਣਾਵੇ ਸਾਚੀ ਬਣਤ, ਘੜਨ ਭੰਨਣਹਾਰ ਬੇਪਰਵਾਹੀਆ । ਹਰਖ਼ ਸੋਗ ਰਹਿਣ ਨਾ ਦੇਵੇ ਚਿੰਤ, ਗ਼ਮੀ ਗ਼ਮਖਾਰ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਤੱਕੋ ਆਪਣੀ ਬਿਨ ਦੀਦ, ਜਗਤ ਵੇਖ ਵਖਾਈਆ । ਜੋ ਕਰਕੇ ਆਏ ਤਾਕੀਦ, ਹੁਕਮਾਂ ਵਿਚ ਸੁਣਾਈਆ । ਸਚ ਮੁਕਾਮ ਦੀ ਦੱਸ ਕੇ ਆਏ ਈਦ, ਨਿਮਾਜ਼ਾਂ ਵਿਚ ਰੁਸ਼ਨਾਈਆ । ਧੁਰ ਦੀ ਕਰ ਤਬਲੀਕ, ਕਲਮਾ ਸਚ ਸੁਣਾਈਆ । ਦੱਸ ਕੇ ਇਕ ਰਫ਼ੀਕ, ਫ਼ਿਰਕੇ ਕੂੜ ਮਿਟਾਈਆ । ਸੋ ਸਭ ਨੂੰ ਭੁੱਲੀ ਨਸੀਹਤ, ਅਸਲੀਅਤ ਸਮਝ ਕੋਇ ਨਾ ਪਾਈਆ । ਜੇ ਕੋਈ ਸਮਝੇ ਸਚ ਖ਼ੁਦਾ ਸਾਡੀ ਵਲਦੀਅਤ, ਦੂਜਾ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਮਜ਼੍ਹਬ ਮਾਨਵ ਨਹੀਂ ਤੇਰੀ ਮਲਕੀਅਤ, ਮਾਲਕ ਇਕੋ ਇਕ ਅਖਵਾਈਆ । ਜਿਸ ਦੀ ਸਦਾ ਨਵ ਨਵੀਅਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਧੁਰ ਫ਼ਰਮਾਨਾ ਸੁਣੋ ਅਗੰਮੀ, ਅਗੰਮੜਾ ਆਪ ਜਣਾਈਆ । ਨੌ ਜਨਵਰੀ ਧਾਰ ਬਦਲਣੀ ਨਵੀਂ, ਨਵ ਨੌ ਚਾਰ ਵੱਜੇ ਵਧਾਈਆ । ਪਵਣ ਸਵਾਸ ਇਕੋ ਨਾਮ ਹੋਵੇ ਦਮੀ, ਦਾਮਨਗੀਰ ਇਕ ਬਣਾਈਆ । ਝਗੜਾ ਰਹੇ ਨਾ ਕਾਇਆ ਮਾਟੀ ਚੰਮੀ, ਚੰਮ ਦ੍ਰਿਸ਼ਟੀ ਲੈਣੀ ਉਲਟਾਈਆ । ਧੁਰ ਸੰਦੇਸ਼ਾ ਸੁਣਨਾ ਓਸ ਕੰਨੀ, ਜੋ ਅੰਤਰ ਨਿਰੰਤਰ ਦਏ ਪੁਚਾਈਆ । ਜਿਨ੍ਹਾਂ ਰੱਬ ਰਜ਼ਾਏ ਮੰਨੀ, ਰਹਿਮਤ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਪਰਗਟਾਈਆ । ਧੁਰ ਦਾ ਹੁਕਮ ਇਕ ਫ਼ਰਮਾਨਾ, ਫੁਰਨਿਆਂ ਵਿਚ ਵਡਿਆਈਆ । ਦੇਵਣਹਾਰਾ ਬ੍ਰਹਮ ਗਿਆਨਾ, ਨਾਮ ਸੰਦੇਸ਼ਾ ਇਕ ਸਮਝਾਈਆ । ਲੇਖਾ ਜਾਣੇ ਦੋ ਜਹਾਨਾਂ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਦਰਗਾਹ ਸਾਚੀ ਇਕ ਟਿਕਾਣਾ, ਮੰਜ਼ਲ ਮਿਲੇ ਇਕ ਅਲਾਹੀਆ । ਜਿਸ ਦਾ ਨੂਰ ਓਸੇ ਪਹਿਚਾਣਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੂੰ ਸਜਦਿਆਂ ਵਿਚ ਸਾਰੇ ਕਰਨ ਸਲਾਮਾ, ਸੀਸ ਜਗਦੀਸ ਝੁਕਾਈਆ । ਉਹ ਸ਼ਾਹੋ ਭੂਪ ਵਡ ਅਮਾਮਾ, ਜਿਸ ਦੀ ਸਿਫ਼ਤ ਹਜ਼ਰਤ ਮਹਿਬੂਬ ਬਣਾ ਕੇ ਇਕੋ ਗਾਈਆ । ਹਜ਼ਰਤ ਕਿਹਾ ਸੁਣੋ ਕਲਮਾ ਹਕੀਕੀ, ਹਕ ਹਕ ਸੁਣਾਈਆ । ਜਿਸ ਦੇ ਵਿਚ ਇਕ ਤੌਫ਼ੀਕੀ, ਮਾਲਕ ਧੁਰਦਰਗਾਹੀਆ । ਉਸ ਦੀ ਕਬੂਲ ਕਰੋ ਅਜ਼ੀਜ਼ੀ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦੀ ਤਾਲੀਮ ਸਦਾ ਤਮੀਜ਼ੀ, ਤਹਿਜ਼ੀਬੀ ਕਰੇ ਇਕ ਪੜ੍ਹਾਈਆ । ਓਸ ਦੀ ਗੁਲਸ਼ਨ ਜਗਤ ਬਗ਼ੀਚੀ, ਕਾਇਨਾਤ ਮਹਿਕਾਈਆ । ਜੇ ਮਾਰੋ ਧਿਆਨ ਵੇਖੋ ਸਦੀ ਚੌਧਵੀਂ ਬੀਤੀ, ਜਿਸ ਦਾ ਅੰਤ ਅਗਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਗਾਹ ਸਾਚੀ ਭੇਵ ਖੁਲ੍ਹਾਈਆ । ਦਰਗਾਹ ਸਾਚੀ ਸੁਣਾਵੇ ਸ਼ਬਦ ਇਕ ਅਨੋਖਾ, ਬਿਨ ਰਸਨਾ ਜਿਹਵਾ ਬੱਤੀ ਦੰਦ ਅਲਾਈਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਝਗੜਾ ਕੂੜ ਨਾ ਕੋਇ ਲੋਕਾਈਆ । ਲੋਕਮਾਤ ਦੇਵੇ ਆਪਣਾ ਮੌਕਾ, ਮੁਕੰਮਲ ਆਪਣਾ ਹੁਕਮ ਸੁਣਾਈਆ । ਉਨ੍ਹਾਂ ਦਾ ਕਬੂਲ ਕਰੇ ਰੋਜ਼ਾ, ਜੋ ਰਜੂਹ ਰੁਚੀ ਉਸ ਦੇ ਨਾਲ ਲਗਾਈਆ । ਪ੍ਰੇਮ ਪ੍ਰੀਤੀ ਦਾ ਦੇ ਕੇ ਮੁਅਜਜ਼ਾ,

ਮੁਅਜਜ਼ ਆਪਣੇ ਲਏ ਬਣਾਈਆ । ਜਿਸ ਦੀ ਭਾਲ ਕਰਦੇ ਖੋਜਾ, ਵੇਖਣ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਚ ਕਹੇ ਖ਼ੁਦਾਵੰਦ ਕਰੀਮ, ਅੱਲਾ ਇਲਾਹੀ ਆਪ ਦ੍ਰਿੜਾਇੰਦਾ । ਤੁਲਬਿਆਂ ਦੱਸੇ ਇਕ ਤਾਲੀਮ, ਜਿਸ ਦਾ ਨੁੱਕਤਾ ਨਾ ਕੋਇ ਬਦਲਾਇੰਦਾ । ਮਿਲੇ ਘਰ ਇਕ ਅਜ਼ੀਮ, ਆਲੀਸ਼ਾਨ ਆਪ ਵਡਿਆਇੰਦਾ । ਜਿਸ ਦੀ ਕਰੇ ਨਾ ਕੋਇ ਤਕਸੀਮ, ਦੂਜਾ ਹਿੱਸਾ ਨਾ ਕੋਇ ਪਾਇੰਦਾ । ਖ਼ੁਦਾ ਦਾ ਮਾਰਗ ਆਦਿ ਤੋਂ ਸਦਾ ਕਦੀਮ, ਕੁਦਰਤ ਦਾ ਕਾਦਰ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਫ਼ਰਮਾਨਾ ਆਪ ਪਰਗਟਾਇੰਦਾ । ਸਚ ਫ਼ਰਮਾਨਾ ਦੇਵੇ ਧੁਰ ਦਾ ਇਕ ਸੰਦੇਸ਼ਾ, ਧਰਮ ਦੀ ਧਾਰ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰੋ ਦਰਗਾਹ ਸਾਚੀ ਕਰ ਲਉ ਏਕਾ, ਇਕ ਆਵਾਜ਼ ਉਠਾਈਆ । ਤੁਸੀਂ ਮੇਰਾ ਨੂਰ ਅਗੰਮੀ ਬੇਟਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਅਵਤਾਰ ਪੈਗ਼ੰਬਰ ਗੁਰੂ ਮੇਰਾ ਜੁਗ ਚੌਕੜੀ ਭੇਖਾ, ਨਿਰਗੁਣ ਸਰਗੁਣ ਵੱਜੇ ਵਧਾਈਆ । ਪਿਛਲਾ ਸਾਰੇ ਕਰ ਲਉ ਚੇਤਾ, ਜੋ ਪੇਸ਼ੀਨਗੋਈ ਆਏ ਸੁਣਾਈਆ । ਸਦੀ ਚੌਧਵੀਂ ਪਰਵਰਦਿਗਾਰ ਧੁਰ ਦਰਬਾਰ ਸਚਖੰਡ ਦਵਾਰੇ ਬਹਿ ਕੇ ਸਭ ਦੀ ਬਦਲ ਦੇਣੀ ਰੇਖਾ, ਰਿਖੀਆਂ ਮੁਨੀਆਂ ਅੰਦਰ ਵੜ ਕੇ ਆਪ ਸਮਝਾਈਆ । ਜਿਸ ਦੀ ਨਾ ਕੋਈ ਦਾਹੜੀ ਮੁੱਛ ਕੇਸਾ, ਨਾ ਕੋਈ ਮੂੰਡ ਮੁੰਡਾਈਆ । ਜੋ ਆਦਿ ਅੰਤ ਸਦਾ ਰਹੇ ਹਮੇਸ਼ਾ, ਸਦਾ ਸਦ ਆਪਣੇ ਵਿਚ ਸਮਾਈਆ । ਜੁਗ ਬਦਲਣਾ ਓਸ ਦਾ ਵੇਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸਾਚੀ ਕਾਰ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਦਿਓ ਜਵਾਬ, ਹਰਿ ਕਰਤਾ ਆਪ ਸੁਣਾਈਆ । ਪੂਰਬ ਦੇ ਵੇਖੋ ਨਵਾਬ, ਖ਼ਾਲਕ ਖ਼ਲਕ ਪੜਦਾ ਰਿਹਾ ਉਠਾਈਆ । ਜਿਸ ਨੂੰ ਸਜਦਿਆਂ ਵਿਚ ਕਰੋ ਆਦਾਬ, ਨਮਸਤਿਆਂ ਡੰਡਾਵਤ ਵਿਚ ਨਿਉਂ ਨਿਉਂ ਲਾਗੇ ਪਾਈਆ । ਉਸ ਦੀ ਮੰਜ਼ਲ ਵੇਖੋ ਮਹਿਰਾਬ, ਪੜਦਾ ਇਕ ਚੁਕਾਈਆ । ਓਸ ਦੀ ਬਿਨਾ ਅੱਖਰਾਂ ਤੋਂ ਕਿਤਾਬ, ਬਿਨਾ ਸਫ਼ਿਆਂ ਤੋਂ ਅੰਕ ਬਦਲਾਈਆ । ਜਿਸ ਦਾ ਸਮਝੇ ਨਾ ਕੋਇ ਹਿਸਾਬ, ਅੰਕੜੇ ਵੰਡ ਨਾ ਕੋਇ ਵੰਡਾਈਆ । ਸੋ ਖੇਲ ਹੋਣਾ ਪੰਜਾਬ, ਪੰਚ ਵੱਜੇ ਵਧਾਈਆ । ਸਭ ਦੇ ਨੈਣਾਂ ਖੋਲ੍ਹੇ ਜਾਗ, ਸੋਇਆ ਰਹਿਣ ਕੋਇ ਨਾ ਪਾਈਆ । ਸਭ ਦਾ ਸਾਂਝਾ ਕਰਨਾ ਸਮਾਜ, ਸਮਗਰੀ ਆਪਣਾ ਨਾਮ ਟਿਕਾਈਆ । ਤੂੰ ਮੇਰਾ ਮੈਂ ਤੇਰਾ ਸਭ ਦੇ ਅੰਦਰੋਂ ਇਕੋ ਨਿਕਲੇ ਆਵਾਜ਼, ਹੂ ਹੂ ਨਾਅਰਾ ਲਾਈਆ । ਲੇਖੇ ਲਾਵੇ ਉਹ ਨਮਾਜ਼, ਪੰਚਮ ਵਕਤ ਪੰਚਮ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਮੇਲਾ ਮੇਲ ਮਿਲਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣਾ ਦੀਨ ਦੁਨੀ, ਜਗਤ ਧਿਆਨ ਲਗਾਈਆ । ਸਚ ਆਵਾਜ਼ ਕਿਸੇ ਨਾ ਸੁਣੀ, ਅੰਤਰ ਪੜਦਾ ਨਾ ਕੋਇ ਉਠਾਈਆ । ਵਿਦਿਆ ਦੇ ਬਣ ਕੇ ਗੁਣੀ, ਵਹਦਤ ਵਿਚ ਕਰਨ ਪੜ੍ਹਾਈਆ । ਬਿਨਾ ਸਚ ਨਾਮ ਕਲਮੇ ਤੋਂ ਬਣਦਾ ਕੋਇ ਨਾ ਧੁਰ ਦਾ ਮੁਨੀ, ਮੁਨੀਸ਼ਰ ਇਕੋ ਨਜ਼ਰੀ ਆਈਆ । ਜਿਸ ਦੇ ਅੰਦਰ ਅੰਮ੍ਰਿਤ ਆਤਮ ਦੇਵੇ ਉਹ ਚੁਲੀ, ਜੋ ਚਾਰ ਵਰਨ ਦਾ ਝਗੜਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਕਲਮਾ ਇਕ ਸੁਣਾਈਆ । ਧੁਰ ਦਾ ਕਲਮਾ ਇਕ ਮਹਿਦੂਦ, ਵਾਹਦ ਆਪ ਪਰਗਟਾਈਆ । ਖ਼ਾਲਕ ਪ੍ਰਿਤਪਾਲਕ ਵੇਖੋ ਵਾਲੀ ਅਰਸ਼ ਅਰੂਜ਼, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੀ ਸਿਫ਼ਤ ਕਰੇ ਹਜ਼ਾਰਾ ਦਰੂਦ, ਮਹਿੰਮਾ ਬੋਧ ਅਗਾਧ ਵਡਿਆਈਆ । ਜਿਧਰ ਤੱਕੋ ਓਧਰ ਮੌਜੂਦ, ਹਰ ਘਟ ਵਸਿਆ ਬੈਠਾ ਡੇਰਾ ਲਾਈਆ ।

੧੦੪੯
੨੦

ਕਦੇ ਹੋਵੇ ਨਾ ਨੇਸਤੋ ਨਾਬੂਦ, ਜੜ੍ਹ ਸਕੇ ਨਾ ਕੋਇ ਉਖੜਾਈਆ । ਜੇ ਕੋਈ ਰਮਜ਼ ਇਸ਼ਾਰਾ ਲਵੇ ਬੂਝ, ਸੂਫ਼ੀ ਹੋ ਕੇ ਸੁਹਬਤ ਵਿਚ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦ੍ਰਿੜਾਈਆ । ਸਾਚਾ ਹੁਕਮ ਇਕ ਸੰਦੇਸ਼ਾ, ਧੁਰ ਦਾ ਇਕ ਸੁਣਾਈਆ । ਵੇਖਿਓ ਖ਼ੁਦਾ ਨੂੰ ਮੰਨਿਓ ਨਾ ਕੋਈ ਵੇਖੀ ਵੇਖਾ, ਅੰਦਰ ਵੜ ਕੇ ਆਪਣਾ ਮਨ ਲੈਣਾ ਸਮਝਾਈਆ । ਮਜ਼੍ਹਬ ਦਾ ਕੋਈ ਨਾ ਚੁਕਿਓ ਠੇਕਾ, ਠੇਕੇਦਾਰੀ ਕੰਮ ਕਿਸੇ ਨਾ ਆਈਆ । ਸਾਧ ਸੰਤ ਸੂਫ਼ੀ ਫ਼ਕੀਰ ਮੁਨੀ ਕਰਨ ਆਏ ਏਕਾ, ਇਕੋ ਘਰ ਦੇਣਾ ਵਖਾਈਆ । ਆਪਣੇ ਮਨ ਦੀ ਕਲਪਣਾ ਐਥੇ ਕਰ ਦਿਓ ਸਾਰੇ ਭੇਟਾ, ਹੰਕਾਰ ਰਹਿਣ ਕੋਇ ਨਾ ਪਾਈਆ । ਓ ਪੇਸ਼ਵਾ ਬਦਲ ਲਓ ਆਪਣਾ ਪੇਸ਼ਾ, ਪੇਸ਼ੀਨਗੋਈ ਧੁਰ ਦੀ ਰਿਹਾ ਸੁਣਾਈਆ । ਇਕੋ ਹੁਕਮ ਮੁੱਲਾਂ ਸ਼ੇਖ਼ਾ, ਮੁਸਾਇਕਾਂ ਕਰੇ ਸ਼ਨਵਾਈਆ । ਪੰਡਤ ਪਾਂਧਿਆਂ ਦੇਵੇ ਨਿਉਤਾ, ਨੇਤਰਹੀਣਾਂ ਅੱਖ ਖੁਲ੍ਹਾਈਆ । ਸ਼ਬਦ ਸੰਦੇਸ਼ਾ ਦੇ ਧਾਰੀ ਕੇਸਾ, ਕਿਸਮਤ ਸਭ ਦੀ ਦਏ ਬਦਲਾਈਆ । ਜੋ ਪ੍ਰੇਮ ਪ੍ਰੀਤੀ ਦੱਸ ਕੇ ਗਿਆ ਦਸ ਦਸਮੇਸ਼ਾ, ਦਹਿ ਦਿਸ਼ਾ ਡੰਕ ਦੇਣਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਭ ਦੀ ਸੇਵ ਕਮਾਈਆ । ਸੁਣੋ ਹੁਕਮ ਅਗੰਮ ਅਥਾਹ, ਬੇਪਰਵਾਹ ਆਪ ਜਣਾਇੰਦਾ । ਮੰਨੋ ਇਕ ਰੱਬ ਰਜ਼ਾ, ਜੋ ਰਹਿਮਤ ਵਿਚ ਸਮਾਇੰਦਾ । ਸਭ ਦਾ ਮਾਲਕ ਇਕ ਖ਼ੁਦਾ, ਖ਼ੁਦੀ ਤਕੱਬਰ ਮੇਟ ਮਿਟਾਇੰਦਾ । ਕਿਉਂ ਉਸ ਤੋਂ ਹੋਏ
੧੦੫੦ ੨੦ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਇੰਦਾ । ਸਭ ਨੂੰ ਦੱਸੇ ਸਿੱਧਾ ਰਾਹ, ਫੜ ਬਾਹੋਂ ਮੰਜ਼ਲ ਹਕ ਆਪ ਚੜ੍ਹਾਇੰਦਾ । ਉਸ ਦਾ ਢੋਲਾ ਗਾਉਣਾ ਨਾਂ, ਨਾਉਂ ਨਿਰੰਕਾਰਾ ਇਕ ਜਣਾਇੰਦਾ । ਸੋ ਕਰੇ ਸਦਾ ਨਿਆਂ, ਅਦਾਲਤ ਇਕੋ ਇਕ ਜਣਾਇੰਦਾ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਮੁਫ਼ਲਸਾਂ ਫੜੇ ਬਾਂਹ, ਫੜ ਬਾਹੋਂ ਆਪ ਉਠਾਇੰਦਾ । ਜਿਨ੍ਹਾਂ ਨੂੰ ਪ੍ਰਭ ਮਿਲਣ ਦਾ ਚਾ, ਅੰਤਰ ਆਤਮ ਬਣੇ ਮਲਾਹ, ਨਈਆ ਨੌਕਾ ਇਕ ਵਖਾਇੰਦਾ । ਜਿਸ ਕਾਰਨ ਮੁਨੀ ਸੰਤ ਫ਼ਕੀਰ ਸੂਫ਼ੀ ਆਚਾਰੀਏ ਇਕੱਠੇ ਹੋਏ ਆ, ਆਲਮ ਇਲਮ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਸਮਝਾਇੰਦਾ । ਛੱਬੀ ਪੋਹ ਕਹੇ ਮੈਂ ਆਇਆ ਜਗ, ਨੌ ਜਨਵਰੀ ਵੱਡੀ ਵਡਿਆਈਆ । ਸਭ ਨੇ ਝਗੜਾ ਦੀਨ ਮਜ਼੍ਹਬ ਦਾ ਦੇਣਾ ਤਜ, ਅੰਦਰ ਦਵੈਸ਼ ਰਹੇ ਨਾ ਰਾਈਆ । ਮੰਜ਼ਲ ਇਕੋ ਵੇਖਣੀ ਭੱਜ, ਜਿਥੇ ਭਜਨ ਬੰਦਗੀ ਨੂਰ ਖ਼ੁਦਾਈਆ । ਸਭ ਨੇ ਹਿੱਸਾ ਲੈਣਾ ਅੱਗੇ ਵਧ, ਵਾਅਦਾ ਪਿਛਲਾ ਯਾਦ ਕਰਾਈਆ । ਤੁਸੀਂ ਸਾਰੇ ਪਰਮ ਪੁਰਖ ਦੀ ਯਦ, ਜੋ ਸਭ ਦਾ ਪਿਤਾ ਮਾਈਆ । ਕਲਜੁਗ ਅਗਨੀ ਵੇਖੋ ਅੱਗ, ਬਿਨ ਕੱਖਾਂ ਰਹੀ ਜਲਾਈਆ । ਬਿਨ ਮੱਕੇ ਕਾਅਬਿਉਂ ਕਾਅਬੇ ਹਕੀਕੀ ਦਾ ਕਰੋ ਹੱਜ, ਜਿਥੇ ਮਿਲੇ ਆਪ ਖ਼ੁਦਾਈਆ । ਇਕ ਆਵਾਜ਼ ਨਾਲ ਰਾਜ਼ ਖੋਲ੍ਹ ਕੇ ਨੌਂ ਸੱਤ, ਬਾਂਗ ਅਜ਼ਾਂ ਇਕੋ ਇਕ ਸੁਣਾਈਆ । ਬਿਨ ਭਗਤਾਂ ਸਭ ਦੇ ਖ਼ਾਲੀ ਦਿਸਣ ਹੱਡ, ਤਨ ਵਜੂਦ ਕੰਮ ਕਿਸੇ ਨਾ ਆਈਆ । ਅੰਤਮ ਮਾਟੀ ਖ਼ਾਕ ਦੇਣਾ ਦੱਬ, ਅਗਨੀ ਅੱਗ ਵਿਚ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਉਪਜਾਈਆ । ਸੁਣੋ ਹੁਕਮ ਧੁਰ ਦਾ ਸੁੰਦਰ, ਸਚ ਪੈਗ਼ੰਬਰ ਇਕੋ ਇਕ ਜਣਾਈਆ । ਸਭ ਨੇ ਰਚਣਾ ਹਕ ਸਵੰਬਰ, ਜਿਸ ਦੀ ਵੱਜੇ ਚਾਰ ਕੁੰਟ ਵਧਾਈਆ । ਕੂੜੀ ਕਿਰਿਆ ਸਭ ਨੇ ਮੇਟਣਾ ਅਡੰਬਰ, ਝਗੜਾ ਮੋਹ ਰਹੇ ਨਾ ਰਾਈਆ । ਹਰਿ ਸਵਾਮੀ ਸਰਬ ਭਰਤੰਬਰ, ਘਟ ਘਟ ਰਿਹਾ ਸਮਾਈਆ । ਜ਼ਰਾ ਮੰਜ਼ਲ ਚੜ੍ਹ ਕੇ ਵੇਖੋ ਅੰਦਰ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਬਜਰ ਕਪਾਟੀ ਤੋੜੋ ਜੰਦਰ,

ਨਿਜ ਲੋਇਨ ਹੋਏ ਰੁਸ਼ਨਾਈਆ । ਫੇਰ ਕਿਸੇ ਦਵਾਰੇ ਕੀ ਜਾਣਾ ਮੰਗਣ, ਘਰ ਬੈਠਿਆਂ ਮਿਲੇ ਮਾਹੀਆ । ਇਹੋ ਧੁਰ ਦਾ ਸਾਚਾ ਮੰਦਰ, ਮਸਜਿਦ ਏਸੇ ਨਾਮ ਅਲਾਈਆ । ਕਰੇ ਪਰਕਾਸ਼ ਅੰਧੇਰੇ ਕੰਦਰ, ਕਾਇਆ ਕੁਟੀਆ ਫੋਲ ਫੁਲਾਈਆ । ਮਨ ਵਾਸਨਾ ਬੰਨ੍ਹ ਲਓ ਬੰਦਰ, ਬੰਦਗੀ ਇਕੋ ਲਓ ਅਪਨਾਈਆ । ਬੋਧ ਅਗਾਧੇ ਬਣ ਜਾਓ ਪੰਡਤ, ਸਿਖਿਆ ਸਚ ਸਚ ਸਮਝਾਈਆ । ਤੁਹਾਡੇ ਦਵਾਰ ਦਾ ਦਵਾਰਾ ਬਹਿਸ਼ਤ ਜੰਨਤ, ਸਵਰਗਾਂ ਤੋਂ ਪਰੇ ਨਿਰਗੁਣ ਹਰੇ, ਜੋਤੀ ਜਾਤਾ ਡਗਮਗਾਈਆ । ਜੋ ਸਭ ਦੀ ਆਤਮ ਵਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਵੇਖ ਕੇ ਹੋਏ ਹੈਰਾਨ, ਹੈਰਾਨੀ ਸਭ ਦੇ ਅੰਤਰ ਆਈਆ । ਕੀ ਖੇਲ ਹੋਵੇ ਜਹਾਨ, ਜਹਾਲਤ ਵਿਚ ਲੋਕਾਈਆ । ਸਾਬਤ ਰਿਹਾ ਨਾ ਕੋਇ ਈਮਾਨ, ਅਮਲ ਭੁੱਲਿਆ ਧੁਰਦਰਗਾਹੀਆ । ਸੰਮਤ ਸੰਮਤੀ ਬਦਲਿਆ ਨਜ਼ਾਮ, ਨੌਬਤ ਹਕ ਨਾ ਕੋਇ ਵਜਾਈਆ । ਜਿਧਰ ਵੇਖੋ ਤੱਕੋ ਹੋਏ ਹਰਾਮ, ਸਾਂਤਕ ਸਤਿ ਨਾ ਕੋਇ ਵਰਤਾਈਆ । ਮਨ ਦੀ ਕਲਪਣਾ ਸਭ ਨੂੰ ਕੀਤਾ ਗ਼ੁਲਾਮ, ਗ਼ੁਰਬਤ ਅੰਦਰੋਂ ਨਾ ਕੋਇ ਕਢਾਈਆ । ਜਗਤ ਅੰਧੇਰਾ ਹੋਇਆ ਸ਼ਾਮ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਏਕੰਕਾਰ ਏਕਾ ਪੜਦਾ ਰਿਹਾ ਉਠਾਈਆ । ਅਵਤਾਰ ਪੈਗ਼ੰਬਰ ਕਹਿਣ ਗੁਰ, ਤੇਰੀ ਬੇਪਰਵਾਹੀਆ । ਤੇਰਾ ਹੁਕਮ ਸਦਾ ਧੁਰ, ਲੋਕਮਾਤ ਵੱਜੇ ਵਧਾਈਆ । ਅਸੀਂ ਜਾ ਕੇ ਆਏ ਮੁੜ, ਤੇਰੇ ਤੇਰੇ ਵਿਚ ਸਮਾਈਆ । ਸਦੀ ਚੌਧਵੀਂ ਤੇਰੀ ਲੋੜ, ਮਿਹਰਵਾਨ ਆਪਣਾ ਪੜਦਾ ਲੈ ਉਠਾਈਆ । ਸਚ ਪ੍ਰੀਤੀ ਨਿਭਾ ਤੋੜ, ਟੁੱਟੀ ਗੰਢ ਪਵਾਈਆ । ਜਿਹੜੇ ਤੇਰਾ ਕਲਮਾ ਗਏ ਛੋੜ, ਤੇਰੇ ਨਾਮ ਤੋਂ ਕਰੀ ਜੁਦਾਈਆ । ਉਨ੍ਹਾਂ ਦੇ ਕਾਇਆ ਮੰਦਰ ਅੰਦਰ ਵੜ ਕੇ ਮੋੜ, ਡੰਡਾ ਸ਼ਬਦ ਹੱਥ ਉਠਾਈਆ । ਸਭ ਨੂੰ ਸਾਂਝੇ ਮਾਰਗ ਤੋਰ, ਤੁਰੀਆ ਤੋਂ ਅਗਲਾ ਰਸਤਾ ਦੇ ਜਣਾਈਆ । ਜਿਥੇ ਨਾ ਕੋਈ ਤੋਰ ਮੋਰ, ਮੂਰਤ ਅਕਾਲ ਨਜ਼ਰੀ ਆਈਆ । ਦੂਜਾ ਪਾਵੇ ਕੋਈ ਨਾ ਸ਼ੋਰ, ਰਸਨਾ ਜਿਹਵਾ ਨਾ ਢੋਲਾ ਗਾਈਆ । ਸਾਚੇ ਤੰਦ ਨਾਲ ਬੰਨ੍ਹ ਦੇ ਡੋਰ, ਬੰਧਨ ਆਪਣਾ ਆਪ ਰਖਾਈਆ । ਤੇਰਾ ਮੰਤਰ ਫ਼ੁਰਨਾ ਫੁਰੇ ਫੋਰ, ਸੁਰਤ ਨਿਰਤ ਵੱਜੇ ਵਧਾਈਆ । ਕਰ ਪਰਕਾਸ਼ ਅੰਧੇਰ ਘੋਰ, ਅੰਧ ਅੰਧੇਰ ਦੇ ਗਵਾਈਆ । ਜਗਤ ਦੂਨੀ ਹੋਈ ਠੱਗ ਚੋਰ, ਮਾਇਆ ਮਮਤਾ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਬਦਲਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੋ ਅਗੰਮਾ ਖੇਲ, ਹਰਿ ਕਰਤਾ ਆਪ ਕਰਾਈਆ । ਧੁਰ ਦੇ ਹੁਕਮ ਨਾਲ ਅੰਦਰੇ ਅੰਦਰ ਸਭ ਦਾ ਕਰਾਂ ਮੇਲ, ਦਵੈਸ਼ ਦੂਈ ਰਹਿਣ ਕੋਇ ਨਾ ਪਾਈਆ । ਕਰ ਪਰਕਾਸ਼ ਬਿਨ ਬਾਤੀ ਤੇਲ, ਨਿਰਗੁਣ ਨੂਰ ਡਗਮਗਾਈਆ । ਵਰਨ ਬਰਨ ਬਣਾ ਕੇ ਸੱਜਣ ਸੁਹੇਲ, ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਜੋੜ ਜੁੜਾਈਆ । ਸਾਚੇ ਨਾਮ ਦੇ ਕੰਡੇ ਤੋਲਾਂ ਤੋਲ, ਅਤੁਲ ਇਕ ਅਖਵਾਈਆ । ਜਿਹੜੀ ਦੁਨੀਆ ਸ੍ਰਿਸ਼ਟੀ ਕਾਇਨਾਤ ਸੁੱਤੀ ਅਨਭੋਲ, ਸਭ ਦਾ ਨੇਤਰ ਨੈਣ ਦਿਆਂ ਖੁਲ੍ਹਾਈਆ । ਜਗਤ ਦੀ ਨਈਆ ਰਹੀ ਡੋਲ, ਪਤਣ ਪਾਰ ਨਾ ਕੋਇ ਕਰਾਈਆ । ਜੋ ਪੈਗ਼ੰਬਰਾਂ ਕੀਤੇ ਕੌਲ, ਅਵਤਾਰਾਂ ਬੋਲ ਨਿਭਾਈਆ । ਜਿਸ ਨੂੰ ਸਮਝੇ ਕੋਈ ਨਾ ਪੰਡਤ ਪਾਂਧਾ ਰੌਲ, ਹਿਸਾਬ ਵਿਚ ਨਾ ਅੰਕ ਬਣਾਈਆ । ਉਹ ਦਵਾਰਾ ਦੇਣਾ ਖੋਲ੍ਹ, ਜਿਸ ਨੂੰ ਖ਼ਲਕ ਨਿਉਂ ਨਿਉਂ ਸੀਸ ਨਿਵਾਈਆ । ਪ੍ਰਭ ਨੇ ਕਿਸੇ ਨਾਲ ਨਹੀਂ ਮਾਰਨਾ ਰੋਲ, ਰੌਲੇ ਵਿਚ ਮੌਲਾ ਦਏ ਵਖਾਈਆ । ਸੂਫ਼ੀ ਸੰਤ ਬੈਠੇ ਰਹਿਣ

ਅਡੋਲ, ਸਾਂਤਕ ਸਤਿ ਸਤਿ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚ ਖ਼ੁਦਾ ਕਰੇਂ ਕੀ, ਕਰਤੇ ਦੇ ਦ੍ਰਿੜਾਈਆ । ਕਿਸ ਬਿਧ ਜਗਤ ਸਮਝਾਵੇਂ ਜੀਅ, ਜੀਵ ਜੰਤ ਭੇਵ ਮਿਟਾਈਆ । ਜੋ ਪਿਛੇ ਚਾਰ ਜੁਗ ਦੀ ਲੀਹ, ਕਿਵੇਂ ਰਸਤਾ ਦਏਂ ਬਦਲਾਈਆ । ਜੋ ਲੋਕਮਾਤ ਬੀਜ ਆਏ ਬੀ, ਪੱਤ ਡਾਲੀ ਫੁੱਲ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇ ਖੁਲ੍ਹਾਈਆ । ਪਰਵਰਦਿਗਾਰ ਕਹੇ ਸੁਣਿਓ ਮੇਰੇ ਮੀਤ, ਮਿਤਰੋ ਦਿਆਂ ਜਣਾਈਆ । ਜੁਗ ਚੌਕੜੀ ਬਦਲਾਂ ਰੀਤ, ਧੁਰ ਦੀ ਧਾਰ ਆਪ ਸਮਝਾਈਆ । ਜਦੋਂ ਬਦਲਿਆ ਮੈਂ ਆਪਣਾ ਨਾਮ ਕਲਮਾ ਰਸਨਾ ਨਾਲ ਦੱਸ ਕੇ ਗੀਤ, ਰਾਮ ਤੋਂ ਸ਼ਾਮ ਸ਼ਾਮ ਤੋਂ ਅੱਲਾ ਅੱਲਾ ਤੋਂ ਸਤਿਨਾਮ ਵਾਹਿਗੁਰੂ ਆਪਣੇ ਵਿਚ ਸਮਾਈਆ । ਸਭ ਨੂੰ ਕਰ ਕੇ ਭੈ ਭੀਤ, ਆਪ ਆਪਣਾ ਪੜਦਾ ਦਿਆਂ ਉਠਾਈਆ । ਸਾਚੇ ਮੁਨੀਆਂ ਦੇ ਵਸ ਕੇ ਅੰਦਰ ਚੀਤ, ਚਿਤ ਠਗੌਰੀ ਬਾਹਰ ਕਢਾਈਆ । ਜਿਥੇ ਝਗੜਾ ਰਹੇ ਨਾ ਊਚ ਨੀਚ, ਜਾਤ ਪਾਤ ਨਾ ਵੰਡ ਵੰਡਾਈਆ । ਸਭ ਦੀ ਕਰਾਂ ਆਪ ਤਸਦੀਕ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਮਾਰਗ ਦੱਸ ਇਕ ਬਾਰੀਕ, ਮੰਜ਼ਲ ਧੁਰ ਦੀ ਦਿਆਂ ਚੜ੍ਹਾਈਆ । ਜਿਸ ਨੂੰ ਸਮਝਦੇ ਦੂਰ ਉਹ ਸਦਾ ਅੰਦਰ ਨਜ਼ਦੀਕ, ਹਮਸਾਜਨ ਬੈਠਾ ਨਜ਼ਰੀ ਆਈਆ । ਅੱਖਾਂ ਦੇ ਪਿੱਛੇ ਵੇਖੋ ਕਰੀਬ, ਕੁਦਰਤ ਦਾ ਕਾਦਰ ਨੂਰ ਰੁਸ਼ਨਾਈਆ । ਸਾਰੇ ਇਕੱਠੇ ਓਸ ਦੇ ਬਣ ਜਾਓ ਅਜ਼ੀਜ਼, ਨਿਉਂ ਨਿਉਂ ਸੀਸ ਝੁਕਾਈਆ । ਸਤਿ ਧਰਮ ਦੀ ਪ੍ਰੀਤ, ਹਰ ਪ੍ਰੀਤਮ ਦਏ ਪਰਗਟਾਈਆ । ਦੂਜਾ ਰਹੇ ਨਾ ਕੋਇ ਬੀਚ, ਜੇ ਵਿਚੋਂ ਮਨ ਲਵੋ ਬਦਲਾਈਆ । ਅੱਜ ਦੀ ਯਾਦ ਰੱਖਿਓ ਤਾਰੀਖ਼, ਜਿਸ ਕਾਰਨ ਸੰਤ ਮਹਾਤਮਾ ਇਕੱਠੇ ਹੋ ਕੇ ਬੈਠੇ ਡੰਕ ਵਜਾਈਆ । ਅੰਧੇਰਾ ਰਹਿਣ ਨਹੀਂ ਦੇਣਾ ਤਾਰੀਕ, ਏਕਾ ਨੂਰ ਹੋਏ ਰੁਸ਼ਨਾਈਆ । ਸਚ ਪ੍ਰੇਮ ਵਿਚ ਬਿਰਹੁ ਵਿਛੋੜੇ ਵਿਚ ਪਰਮ ਪੁਰਖ ਦੀ ਯਾਦ ਵਿਚ ਓਸ ਖ਼ੁਦਾ ਦੀ ਆਦਿ ਵਿਚ ਸਭ ਦੇ ਅੰਦਰੋਂ ਨਿਕਲੇ ਸੋਹੰ ਚੀਕ, ਚੀਕ ਚਿਹਾੜਾ ਕੂੜਾ ਰਹਿਣ ਕੋਇ ਨਾ ਪਾਈਆ । ਆਪਣੇ ਅੰਦਰ ਤੱਕੋ ਨੀਕਨ ਨੀਕ, ਜੋ ਨਿੱਕਿਉਂ ਵੱਡੇ ਦਏ ਬਣਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਤਾਕੀਦ, ਹੁਕਮਾਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਧੁਰ ਦਾ ਗੁਲਦਸਤਾ, ਫੁੱਲ ਅਗੰਮੀ ਨਜ਼ਰੀ ਆਈਆ । ਜਿਥੇ ਅੰਮ੍ਰਿਤ ਮੇਘ ਧੁਰ ਦਾ ਝਿਰਨਾ ਝਿਰਦਾ, ਆਬੇਹਯਾਤ ਨੂਰ ਇਲਾਹੀਆ । ਜੋ ਬਿਨਾ ਗ਼ੁੰਚਿਉਂ ਆਦਿ ਜੁਗਾਦਿ ਖਿਲਦਾ, ਬਿਨਾ ਪੱਤ ਡਾਲੀ ਰਿਹਾ ਮਹਿਕਾਈਆ । ਜੇ ਰਾਜ਼ ਸਮਝੋ ਆਪਣੇ ਜਾਨੀ ਦਿਲਬਰ ਦਿਲ ਦਾ, ਦਲੀਲ ਦਾ ਝਗੜਾ ਰਹੇ ਨਾ ਰਾਈਆ । ਇਹ ਖੇਲ ਮਾਤਰ ਛਿੰਨ ਦਾ, ਪੜਦਿਆਂ ਵਿਚੋਂ ਪੜਦਾ ਦਏ ਉਠਾਈਆ । ਨਜ਼ਾਰਾ ਤੱਕ ਲਓ ਆਪਣੇ ਤਿਲ ਦਾ, ਜੋ ਤ੍ਰੈਗੁਣ ਡੇਰਾ ਢਾਹੀਆ । ਬਿਨਾ ਕਾਇਆ ਕਾਅਬੇ ਤੋਂ ਹੋਰ ਕਿਤੇ ਨਹੀਂ ਮਿਲਦਾ, ਬਨ ਖੰਡ ਹੱਥ ਕਿਸੇ ਨਾ ਆਈਆ । ਜਿਸ ਨੇ ਪੜਦਾ ਲਾਹਿਆ ਆਪਣੀ ਸਿਲ ਦਾ, ਸਲਲ ਹੋ ਕੇ ਵਿਚ ਸਮਾਈਆ । ਇਹ ਖੇਲ ਕੋਈ ਨਹੀਂ ਰਾਤ ਦਿਨ ਦਾ, ਅੱਠੇ ਪਹਿਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦੀ ਸਦੀਵੀ ਖੋਜ ਖੁਜਾਈਆ । ਸਦੀ ਕਹੇ ਮੈਨੂੰ ਹੋਇਆ ਸਦਮਾ, ਦੁੱਖਾਂ ਨਾਲ ਕੁਰਲਾਈਆ । ਕਦਮਬੋਸੀ ਕਰਾਂ ਮੁਹੰਮਦ ਕਦਮਾਂ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਨੇ ਸਭ ਦਾ ਚੁਕਾਉਣਾ ਬਦਲਾ, ਬਦਲੀ ਕਰੇ

੧੦੫੨
੨੦

ਖ਼ਲਕ ਖ਼ੁਦਾਈਆ । ਹਕ ਦਵਾਰੇ ਇਕੋ ਅਦਲਾ, ਇਨਸਾਫ਼ ਦਏ ਗਵਾਹੀਆ । ਵੇਖਣਹਾਰਾ ਸਭ ਦੀਆਂ ਮਜ਼ਲਾਂ, ਮੰਜ਼ਲ ਫੋਲ ਫੁਲਾਈਆ । ਜੋ ਤਰਾਨਿਆਂ ਵਿਚ ਗਾਉਂਦੇ ਗ਼ਜ਼ਲਾਂ, ਗਹਿਰ ਗੰਭੀਰ ਸਿਫ਼ਤ ਸਾਲਾਹੀਆ । ਓਨ੍ਹਾਂ ਦੇ ਮੁੜ ਨਾ ਆਵੇ ਅਜ਼ਲਾ, ਇਜ਼ਰਾਈਲ ਜਬਰਾਈਲ ਮੇਕਾਈਲ ਅਸਰਾਫ਼ੀਲ ਕਰੇ ਸਫ਼ਾਈਆ । ਓਥੇ ਨਾ ਕੋਈ ਮਕਤੂਲ ਨਾ ਕੋਇ ਕਾਤਲ ਨਾ ਕੋਈ ਕਰੇ ਕਤਲਾ, ਕਤਲਗਾਹ ਨਾ ਕੋਇ ਵਖਾਈਆ । ਜਿਥੇ ਰਹਿਮਤ ਹੋ ਜਾਏ ਫ਼ਜ਼ਲਾ, ਖ਼ੈਰ ਬੰਦਗੀ ਦੇਵੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੈਗ਼ੰਬਰਾਂ ਦੀਨ ਦੁਨੀ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣਾ ਵੇਖੋ ਸੰਸਾਰ, ਦੀਨ ਮਜ਼੍ਹਬ ਧਿਆਨ ਲਗਾਈਆ । ਕਵਣ ਹਕ਼ੀਕ਼ੀ ਕਰੇ ਪਿਆਰ, ਸਾਚੀ ਕਿਰਤ ਕਮਾਈਆ । ਕਵਣ ਹੋਇਆ ਖ਼ਿਦਮਤਗਾਰ, ਖ਼ਾਦਮ ਹੋ ਕੇ ਸੀਸ ਝੁਕਾਈਆ । ਕਵਣ ਧੂੜੀ ਮੰਗੇ ਛਾਰ, ਮਸਤਕ ਖ਼ਾਕ ਰਮਾਈਆ । ਕਵਣ ਦਰਸ ਲੋਚੇ ਯਾਰ, ਪੜਦਾ ਅੱਖ ਉਠਾਈਆ । ਕੌਣ ਮਿਲੇ ਮੇਲ ਪਰਵਰਦਿਗਾਰ, ਪਾਰਬ੍ਰਹਮ ਬ੍ਰਹਮ ਬ੍ਰਹਮ ਵਿਚ ਸਮਾਈਆ । ਆਪਣਾ ਲੇਖਾ ਦੱਸੇ ਵਾਰੋ ਵਾਰ, ਕਥਨੀ ਕਥ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਅਖ਼ੀਰੀ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਛੱਬੀ ਪੋਹ ਦੀ ਆਈ ਰੁੱਤ, ਰੁਤੜੀ ਮਾਤ ਮਹਿਕਾਈਆ । ਸਾਰੇ ਤੇਰੀ ਧਾਰੋਂ ਉਠ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਦਹਿ ਦਿਸ਼ਾ ਵੇਖੀਏ ਚਾਰ ਕੁੰਟ, ਬਿਨ ਅੱਖਾਂ ਅੱਖ ਖੁਲ੍ਹਾਈਆ । ਸਤਿ ਧਰਮ ਦਾ ਦਿਸੇ ਕੋਈ ਨਾ ਸੁਤ, ਅਪਰਾਧੀ ਬੈਠੇ ਮੁਖ ਭਵਾਈਆ । ਉਜਲ ਕਰੇ ਕੋਈ ਨਾ ਮੁਖ, ਦੁਰਮਤ ਮੈਲ ਨਾ ਕੋਇ ਧਵਾਈਆ । ਦੁਨੀਆ ਦਿਸੇ ਕੋਈ ਨਾ ਸੁਖ, ਸ਼ਾਹ ਸੁਤਲਾਨ ਰਹੇ ਕੁਰਲਾਈਆ । ਜੇ ਕਿਰਪਾ ਕਰੇਂ ਸਾਚੇ ਸੰਤਾਂ ਲਵੇਂ ਪੁਛ, ਅੰਤਰ ਵੜ ਕੇ ਆਪ ਉਠਾਈਆ । ਕੁਛ ਭੇਵ ਦੱਸੋ ਮੁਝ, ਸਹਿਜ ਨਾਲ ਸੁਣਾਈਆ । ਕਿਸ ਧੰਦੇ ਜਾਣਾ ਰੁਝ, ਕਿਹੜੀ ਕਰਨੀ ਕਿਰਤ ਕਮਾਈਆ । ਭੇਵ ਖੋਲ੍ਹਣਾ ਗੁੱਝ, ਪੜਦਾ ਓਹਲਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਚਾਰ ਜੁਗ ਦੇ ਪਟੇ, ਸਦੀ ਸਦੀ ਵੇਖ ਵਖਾਈਆ । ਦੀਨਾ ਮਜ਼੍ਹਬਾਂ ਪੈ ਗਏ ਰੱਟੇ, ਝਗੜਾ ਕਰੇ ਝਗੜੇ ਵਿਚ ਲੋਕਾਈਆ । ਤੇਰੀ ਮੰਜ਼ਲ ਕੋਈ ਨਾ ਦੱਸੇ, ਆਪਣੀਆਂ ਉਂਗਲੀਆਂ ਰਹੇ ਲਗਾਈਆ । ਮਾਇਆ ਮਮਤਾ ਵਿਚ ਫਸੇ, ਜਗਤ ਸਨਿਆਸੀ ਸਮਝ ਕਿਸੇ ਨਾ ਆਈਆ । ਕੋਈ ਨਾ ਵੇਖੇ ਸਭ ਨੂੰ ਇਕ ਅੱਖੇ, ਦੋਏ ਨੈਣ ਦੇਣ ਦੁਹਾਈਆ । ਜਗਤ ਸਾਧੂਆਂ ਕੀਮਤ ਪਾ ਲਈ ਆਪਣੀ ਟਕੇ, ਮਾਇਆ ਉਤੋਂ ਘਰ ਘਰ ਫੇਰੀਆਂ ਪਾਈਆ । ਜੇ ਕੋਈ ਮੁਨੀ ਵਰਗੇ ਹੋਵਣ ਫਟੇ, ਨੰਗੀ ਪੈਰੀਂ ਭੱਜਣ ਵਾਹੋ ਦਾਹੀਆ । ਜ਼ਿਆਉਲਹਕ ਵਾਂਗ ਆਵਣ ਨੱਠੇ, ਅਤੀਕਉਲ ਰਹਿਮਾਨ ਵਾਂਗ ਕਰਨ ਧਾਈਆ । ਫੇਰ ਸਮਝੋ ਸਾਧੂ ਸੱਚੇ, ਜਿਨ੍ਹਾ ਦੇ ਦਰਦ ਪ੍ਰੇਮ ਦੀ ਨਜ਼ਰੀ ਆਈਆ । ਬਿਨ ਪ੍ਰੀਤੋਂ ਸਾਰੇ ਯਾਰੀ ਦੇ ਕੱਚੇ, ਟੁੱਟੀ ਗੰਢ ਨਾ ਕੋਇ ਵਖਾਈਆ । ਏਥੇ ਸਭ ਨੇ ਕੌਲ ਇਕਰਾਰ ਕਰਨੇ ਪੱਕੇ, ਵਾਅਦਾ ਆਪਣਾ ਆਪਣੇ ਨਾਲ ਰਖਾਈਆ । ਭਾਵੇਂ ਕੋਈ ਮਦੀਨੇ ਭਾਵੇਂ ਕੋਈ ਸਿਰ ਝੁਕਾਵੇ ਮੱਕੇ, ਮਾਲਕ ਇਕੋ ਨਜ਼ਰੀ ਆਈਆ । ਭਾਵੇਂ ਕੋਈ ਮੰਦਰ ਜਾਵੇ ਤੀਰਥ ਅੱਠ ਸੱਠੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਹਾ ਨਹਾ ਖ਼ੁਸ਼ੀ ਮਨਾਈਆ । ਭਾਵੇਂ ਕੋਈ ਗੁਰਦਵਾਰ ਸਿਰ ਮਸਤਕ ਰੋਲੇ ਘੱਟੇ, ਮੱਥਾ ਖ਼ਾਕ ਛੁਹਾਈਆ । ਜਿੰਨਾ ਚਿਰ ਅੰਦਰੋਂ ਮਨ ਦਵੈਤ ਦੇ ਮਿਟਣ ਨਾ ਰੱਟੇ, ਰਾਮ ਨਜ਼ਰ ਕਿਸੇ ਨਾ ਆਈਆ । ਐਸ ਵੇਲੇ ਵੇਖੀਏ

੧੦੫੩
੨੦

ਥੋੜ੍ਹੇ ਸਾਧੂ ਸੰਤ ਫ਼ਕੀਰ ਬਚੇ, ਜੋ ਬਚਨ ਧੁਰ ਦਾ ਪੂਰ ਕਰਾਈਆ । ਜਿਨ੍ਹਾਂ ਦੇ ਅੰਦਰ ਨਹੀਂ ਮਨਮਤੇ, ਮਮਤਾ ਮੋਹ ਬੈਠੇ ਗਵਾਈਆ । ਵੇਖੋ ਬੋਧੀ ਬੈਠੇ ਬਣ ਕੇ ਭਾਈ ਸਕੇ, ਆਚਾਰੀਏ ਮਿਲ ਕੇ ਵੱਜੇ ਵਧਾਈਆ । ਜਿਨ੍ਹਾਂ ਦੇ ਲੂੰ ਲੂੰ ਅੰਦਰ ਹਰਿ ਪ੍ਰਭੂ ਪਿਆਰਾ ਰਚੇ, ਰਚਨਾ ਆਪਣੀ ਰਿਹਾ ਸਮਝਾਈਆ । ਉਹ ਖ਼ੁਸ਼ੀਆਂ ਦੇ ਵਿਚ ਹੱਸੇ, ਹੱਸ ਹੱਸ ਢੋਲਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਜਗਤ ਰਹੇ ਨਾ ਕੋਈ ਤਕਰਾਰ, ਝਗੜਾ ਦਿਸੇ ਨਾ ਕੋਇ ਲੋਕਾਈਆ । ਸਾਡਾ ਪੂਰਾ ਹੋਇਆ ਇਕਰਾਰ, ਕੌਲ ਪਿਛਲਾ ਦੇਣਾ ਨਿਭਾਈਆ । ਅੰਤਮ ਤੇਰੀ ਆਈ ਵਾਰ, ਵਾਰਤਾ ਆਪਣੀ ਦੇ ਸਮਝਾਈਆ । ਨਿਰਗੁਣ ਬਣ ਜਾ ਸਾਂਝਾ ਯਾਰ, ਅਰਸ਼ਾਂ ਦੇ ਮਾਲਕ ਫ਼ਰਸ਼ਾਂ ਉਤੇ ਵੱਜੇ ਵਧਾਈਆ । ਸਾਰੇ ਤੇਰੇ ਹੋਵਣ ਖ਼ਿਦਮਤਗਾਰ, ਖ਼ਾਦਮ ਗ਼ੁਲਾਮ ਹੋ ਕੇ ਨਫ਼ਰਾਂ ਵਾਂਗ ਸੀਸ ਝੁਕਾਈਆ । ਇਬਾਦਤ ਵਿਚ ਸਦਾਕਤ ਵਿਚ ਤੇਰਾ ਕਰਨ ਦੀਦਾਰ, ਨਿਆਮਤ ਵਿਚ ਆਪਣੀ ਰਹਿਮਤ ਝੋਲੀ ਪਾਈਆ । ਇਹ ਅੱਜ ਦਾ ਵਿਵਹਾਰ, ਮਰਿਆਦਾ ਜਗਤ ਸੰਸਾਰ, ਮੁਨੀ ਸੁਸ਼ੀਲ ਦਾ ਉਹ ਲਿਖਿਆ ਜਾਣਾ ਇਸ਼ਤਿਹਾਰ, ਜੋ ਇਸ਼ਤਿਹਾਰੀ ਮੁਲਜ਼ਮ ਸਾਰੇ ਫੜ ਲਿਆਈਆ । ਕਿਰਪਾ ਕਰਨੀ ਆਪ ਕਰਤਾਰ, ਪਚਪਨ ਮੁਲਕਾਂ ਸੰਦੇਸਾ ਦੇਣਾ ਅੱਜ ਦੀ ਰਾਤ ਪਹਿਲੀ ਵਾਰ, ਧੁਰ ਦਾ ਹੁਕਮ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਹਿਬ ਸਤਿਗੁਰ ਵਾਹ ਵਾਹ, ਵਾਹਵਾ ਤੇਰੀ ਵਡ ਵਡਿਆਈਆ । ਜੇ ਸਭ ਦਾ ਸਾਂਝਾ ਕਰੇਂ ਰਾਹ, ਰਹਿਬਰ ਹੋ ਕੇ ਆਪ ਸੁਣਾਈਆ । ਤੇਰੀ ਚਲਨ ਸਰਬ ਰਜ਼ਾ, ਸਿਰ ਸਕੇ ਨਾ ਕੋਇ ਉਠਾਈਆ । ਵਾਹਦ ਇਕੋ ਹੋਵੇਂ ਖ਼ੁਦਾ, ਪਤਿਪਰਮੇਸ਼ਵਰ ਨੂਰ ਇਲਾਹੀਆ । ਧੁਰ ਦੀ ਇਬਾਦਤ ਇਕੋ ਦੇ ਸਿਖ਼ਾ, ਸਾਖਿਆਤ ਕਰ ਪੜ੍ਹਾਈਆ । ਜਿਹੜਾ ਕਲਮਾ ਕਿਸੇ ਨਹੀਂ ਲਿਖਾ, ਉਹ ਆਲਮਾਂ ਇਲਮ ਦੇਣਾ ਜਣਾਈਆ । ਜਿਸ ਦਾ ਛਪਿਆ ਨਹੀਂ ਕੋਈ ਚਿੱਠਾ, ਹਰਫ਼ਾਂ ਵੰਡ ਨਾ ਕੋਇ ਵੰਡਾਈਆ । ਸਚ ਦਵਾਰ ਰੱਖਿਆ ਸਦਾ ਅਨਡਿੱਠਾ, ਆਪ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇਣਾ ਵਰਤਾਈਆ । ਧੁਰ ਦਾ ਹੁਕਮ ਦੱਸ ਇਕ ਕਾਨੂੰਨ, ਕਾਇਦਾ ਬਾਕਾਇਦਾ ਦੇ ਚਲਾਈਆ । ਸਾਰੇ ਤੇਰੇ ਹੋਣ ਮਮਨੂੰਨ, ਸੀਸ ਜਗਦੀਸ ਨਿਵਾਈਆ । ਝਗੜਾ ਮੁਕਾ ਕੂੜ ਮਜ਼ਲੂਮ, ਮੁਲਜ਼ਮ ਰਹਿਣ ਕੋਇ ਨਾ ਪਾਈਆ । ਸਾਰੀ ਸ੍ਰਿਸ਼ਟੀ ਤੇਰੇ ਦਰ ਤੇ ਆਵੇ ਬਣ ਹਜੂਮ, ਹੁਜਰਾ ਇਕੋ ਦੇਣਾ ਪਰਗਟਾਈਆ । ਤੇਰਾ ਖੇਲ ਨਾਮਾਲੂਮ, ਬਿਨ ਤੇਰੀ ਕਿਰਪਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇਣਾ ਉਠਾਈਆ । ਪਰਵਰਦਿਗਾਰ ਕਹੇ ਮੇਰੀ ਅਨੋਖੀ ਸਿੱਖਿਆ, ਸਿਖ਼ਰ ਚੋਟੀ ਚੜ੍ਹ ਕੇ ਦਿਆਂ ਜਣਾਈਆ । ਜਗਤ ਜਹਾਨ ਜਾਣੋ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਪੀਰ ਪੈਗ਼ੰਬਰ ਕੋਈ ਨਾ ਟਿਕਿਆ, ਪੰਜ ਤਤ ਵਜੂਦ ਹੋਈ ਜੁਦਾਈਆ । ਜਿਨ੍ਹਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਮੁਹੱਬਤ ਪਿਆਰ ਵਿਚ ਲਿਖਿਆ, ਹਰਫ਼ ਬਹਰਫ਼ ਜੋੜ ਜੁੜਾਈਆ । ਤਿਨ੍ਹਾ ਬੇਨਜ਼ੀਰ ਸ਼ਾਹ ਹਕੀਰ ਇਕੋ ਰੂਪ ਵੇਖਿਆ, ਤੱਕਿਆ ਧੁਰਦਰਗਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਖੇਲ ਕਰੇ ਆਪਣੇ ਵੇਸਿਆ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੋ ਛੱਬੀ ਪੋਹ ਦੀ ਕਰਨ ਆਏ ਸਦਾਰਤ, ਸਦਮੇ ਜਗਤ ਮਿਟਾਈਆ । ਉਨ੍ਹਾਂ ਦੇ ਅੰਤਰ ਓਸ ਦੀ ਇਕ ਸਫ਼ਾਰਸ਼, ਜੋ ਸ਼ਫ਼ਾ ਕਰ ਕੇ ਦਏ ਵਖਾਈਆ । ਜਿਸ ਦੀ ਮੁਹੱਬਤ ਵਾਲੀ ਇਬਾਰਤ, ਤਾਲੀਮ ਧੁਰਦਰਗਾਹੀਆ । ਸਭ ਨੇ ਇਕੱਠਿਆਂ ਹੋ ਕੇ ਦੀਨ ਦੁਨੀ ਦੀ ਝਗੜਿਆਂ ਵਾਲੀ ਬਦਲ ਦੇਣੀ ਆਦਤ, ਸਾਚਾ ਰਾਹ ਸਚ ਨਾਲ ਚਲਾਈਆ । ਇਹ ਪਾਰਬ੍ਰਹਮ ਪਤਿਪਰਮੇਸ਼ਵਰ ਹਕ ਖ਼ੁਦਾ ਨੇ ਦਿਤੀ ਇਜਾਜ਼ਤ, ਏਸੇ ਕਰ ਕੇ ਇਕੱਠੇ ਹੋ ਕੇ ਸਚ ਸਗੰਠਨ ਰਹੇ ਬਣਾਈਆ । ਜਨ ਭਗਤੋ ਅੰਦਰੋਂ ਕੱਢ ਦਿਓ ਕੂੜੀ ਆਤਸ਼, ਸਾਜ਼ਸ਼ ਮਨ ਰਹੇ ਨਾ ਰਾਈਆ । ਸਾਚੇ ਨਾਮ ਦੀ ਲਾ ਲਓ ਮਾਚਸ, ਜੋ ਸਭ ਦੀ ਕਰੇ ਸਫ਼ਾਈਆ । ਪ੍ਰਭ ਦਾ ਨੂਰ ਬਣ ਜਾਓ ਖ਼ਾਲਸ, ਖ਼ਾਹਮਖ਼ਾਹ ਨਾ ਜਨਮ ਗਵਾਈਆ । ਵੇਖਿਓ ਨਫ਼ਰਤ ਵਿਚ ਕੋਈ ਸੌਂ ਨਾ ਜਾਇਓ ਬਣ ਕੇ ਆਲਸ, ਨਿੰਦਰਾ ਬਾਹਰ ਕਢਾਈਆ । ਅੰਤਰ ਮਨ ਰਹੇ ਨਾ ਤਾਮਸ, ਤ੍ਰਿਸ਼ਨਾ ਕੂੜ ਮਿਟਾਈਆ । ਮੂਰਖ ਮੁਗਧ ਨਾ ਰਹਿਣਾ ਅਣਜਾਣਤ, ਬੁੱਧ ਬਿਬੇਕ ਕਰਾਈਆ । ਸਦਾ ਜੀਣਾ ਸਹੀ ਸਲਾਮਤ, ਅਮਾਨਤ ਪ੍ਰਭ ਦੀ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖ ਆਪਣੀ ਕਾਇਨਾਤ, ਨਿਰਵੈਰ ਧਿਆਨ ਲਗਾਈਆ । ਆਪਣਾ ਪੜਦਾ ਖੋਲ੍ਹ ਤਾਕ, ਤਕਵਾ ਸਭ ਦਾ ਦੇ ਬਣਾਈਆ । ਬਿਨ ਤੇਰੇ ਕਰੇ ਨਾ ਕੋਇ ਇਤਫ਼ਾਕ, ਨਿਫ਼ਾਕ ਸਕੇ ਨਾ ਕੋਇ ਕਢਾਈਆ । ਤੇਰੀ ਰਹਿਮਤ ਹੋਵੇ ਦਾਤ, ਬਖ਼ਸ਼ਿਸ਼ ਨਾਮ ਝੋਲੀ ਪਾਈਆ । ਫੇਰ ਸਭ ਦੀ ਲੇਖੇ ਲੱਗ ਜਾਏ ਅੱਜ ਦੀ ਰਾਤ, ਰੈਣ ਸੁਹੰਜਣੀ ਵੱਜੇ ਵਧਾਈਆ । ਅੱਗੇ ਸਤਿ ਧਰਮ ਦੀ ਉਪਜੇ ਪਰਭਾਤ, ਸਤਿ ਸਚ ਦੀ ਵੱਜੇ ਵਧਾਈਆ । ਸੁਖ ਨਾਲ ਦੁੱਖ ਵਿਚੋਂ ਹੋਵੇ ਇਕਾਂਤ, ਝਗੜਾ ਮੋਹ ਮਿਟਾਈਆ । ਅੰਦਰੋਂ ਕੱਢ ਦਿਓ ਭੁਲੇਖਾ ਭਰਾਂਤ, ਭਰਮ ਰਹੇ ਨਾ ਰਾਈਆ । ਇਹ ਸੰਤਾਂ ਕੋਲੋਂ ਸਮਝਣ ਵਾਲੀ ਬਾਤ, ਜਿਹੜੀ ਜਗਤ ਵਿਦਿਆ ਵਿਚੋਂ ਹੱਥ ਕਿਸੇ ਨਾ ਆਈਆ । ਵੇਖਿਓ ਕੋਈ ਨਾ ਬਣਿਓ ਗੁਸਤਾਖ਼, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਤੁਹਾਡੇ ਅੰਤਰ ਨਿਰੰਤਰ ਉਪਜੇ ਉਹ ਵੈਰਾਗ, ਜੋ ਵੈਰੀ ਅੰਦਰੋਂ ਦਏ ਕਢਾਈਆ । ਪ੍ਰੇਮ ਦੀ ਜੋਤੀ ਦਾ ਜਗਾ ਕੇ ਜਾਣਾ ਚਰਾਗ਼, ਚੁਗ਼ਲੀ ਨਿੰਦਿਆ ਅੰਦਰੋਂ ਦੇਣੀ ਸੁਟਾਈਆ । ਇਕ ਦੇ ਹੱਥ ਫੜਾਉਣੀ ਆਪਣੀ ਵਾਗ, ਘਰ ਘਰ ਦਰ ਦਰ ਆਪਣਾ ਸੀਸ ਨਾ ਕੋਇ ਝੁਕਾਈਆ । ਜਿਥੇ ਨਹੀਂ ਸਵਾਲ ਤੇ ਨਹੀਂ ਜਵਾਬ, ਹੁਕਮ ਵਿਚ ਹੁਕਮ ਦਏ ਬਦਲਾਈਆ । ਸੋ ਸਭ ਦੀ ਕਿਰਿਆ ਕੂੜ ਕਰੇ ਬਰਬਾਦ, ਸਤਿ ਸਚ ਹਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਦਰਤ ਕਾਦਰ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਰ ਸਲਾਮ ਝੁਕ, ਨਮਸਤੇ ਸੀਸ ਨਿਵਾਈਆ । ਸਭ ਦਾ ਪੈਂਡਾ ਰਿਹਾ ਮੁਕ, ਮੁਕੰਮਲ ਦਈਏ ਜਣਾਈਆ । ਜੇ ਮਾਲਕ ਖ਼ਾਲਕ ਪ੍ਰਿਤਪਾਲਕ ਸਾਹਿਬ ਸਵਾਮੀ ਅੰਤਰਜਾਮੀ ਆਪਣੇ ਨਾਮ ਦੀ ਦੱਸੇਂ ਇਕੋ ਤੁਕ, ਧੁਰ ਦੀ ਸਿਖਿਆ ਇਕ ਜਣਾਈਆ । ਗੜ੍ਹ ਹੰਕਾਰ ਦਾ ਬੂਟਾ ਅੰਦਰੋਂ ਦੇਵੇਂ ਪੁੱਟ, ਅੰਤਰ ਰਹਿਣ ਕੋਇ ਨਾ ਪਾਈਆ । ਭਾਗ ਲੱਗੇ ਕਾਇਆ ਮਾਟੀ ਬੁਤ, ਤਨ ਵਜੂਦ ਹੋਏ ਰੁਸ਼ਨਾਈਆ । ਪੜਦਾ ਰਹੇ ਨਾ ਓਹਲਾ ਲੁਕ, ਲੁਕਮਾ ਕੂੜ ਨਾ ਕੋਇ ਖਾਈਆ । ਸਚ ਮਹੱਲੇ ਵਿਚੋਂ ਉਠ, ਆਪ ਆਪਣੀ ਲੈ ਅੰਗੜਾਈਆ । ਦੀਨਾਂ ਨਾਥਾ ਆਪੇ ਤੁਠ, ਮਿਹਰ ਨਜ਼ਰ ਟਿਕਾਈਆ । ਤੇਰਾ ਖੇਲ ਅਬਿਨਾਸ਼ੀ ਅਚੁਤ, ਚਾਰ ਕੁੰਟ ਰੁਸ਼ਨਾਈਆ । ਦੀਨ ਦੁਨੀ ਭਰੀ ਨਾਲ ਦੁੱਖ, ਘਰ ਘਰ ਰਹੀ ਕੁਰਲਾਈਆ । ਕਿਹੜੀ ਗੱਲੋਂ ਸਭ ਦੇ ਮਾਲਕ ਗਿਉਂ ਰੁੱਸ, ਪੱਲੂ

੧੦੫੫
੨੦

ਆਪਣਾ ਆਪ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਦੇ ਸੁਹਾਈਆ । ਵੇਲਾ ਵਕਤ ਵੇਖ ਆ ਕੇ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਦੀਨ ਦੁਨੀ ਦੇ ਵਧ ਗਏ ਝੇੜੇ, ਝਗੜਾ ਮਜ਼੍ਹਬ ਕਰੇ ਲੜਾਈਆ । ਤੇਰੇ ਚੜ੍ਹੇ ਕੋਈ ਨਾ ਬੇੜੇ, ਨਈਆ ਨੌਕਾ ਪਾਰ ਨਾ ਕੋਇ ਕਰਾਈਆ । ਕੋਟਨ ਕੋਟ ਸਤਿਗੁਰੂ ਬਣੇ ਬਥੇਰੇ, ਸਤਿ ਸਤਿ ਰਹੇ ਸੁਣਾਈਆ । ਅਨਗਿਣਤਾਂ ਵਿਚੋਂ ਕੋਟਾਂ ਵਿਚੋਂ ਥੋੜੇ ਤੇਰੇ ਚੇਰੇ, ਜੋ ਤੇਰੇ ਨਾਲ ਮਿਲਕੇ ਤੇਰੀ ਰੀਤ ਰਹੇ ਚਲਾਈਆ । ਸੂਰਬੀਰ ਬਣ ਕੇ ਜੋਧੇ ਵੱਡ ਦਲੇਰੇ, ਆਪਣੀ ਤਾਕਤ ਰਹੇ ਵਖਾਈਆ । ਸਾਰੇ ਨਿਕਲ ਜਾਓ ਵਿਚੋਂ ਦੀਨ ਮਜ਼੍ਹਬ ਦੇ ਘੇਰੇ, ਘਿਰਨਾ ਅੰਦਰੋਂ ਦਿਓ ਕਢਾਈਆ । ਧਰਨੀ ਧਰਤ ਦੇ ਖੁਲ੍ਹੇ ਵਿਹੜੇ, ਚਾਰ ਕੁੰਟ ਮਾਨਸ ਮਾਨੁਖ ਮਾਨਵ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਆ । ਪਰਵਰਦਿਗਾਰ ਕਹੇ ਕੀ ਦੱਸੀ ਗੱਲ, ਬਿਨ ਅੱਖਾਂ ਧਿਆਨ ਲਗਾਈਆ । ਕੀ ਦੁਨੀਆ ਅੰਦਰ ਵੜਿਆ ਛਲ, ਧੋਖੇ ਵਿਚ ਦੁਹਾਈਆ । ਜ਼ਬਾਨੋਂ ਬਦਲਣ ਘੜੀ ਘੜੀ ਪਲ ਪਲ, ਵਿਸ਼ਵਾਸ ਰਹਿਣ ਕੋਇ ਨਾ ਪਾਈਆ । ਸਭ ਦਾ ਅੰਦਰ ਗਿਆ ਹੱਲ, ਹਲਕੇ ਹੋ ਕੇ ਭੱਜਣ ਵਾਹੋ ਦਾਹੀਆ । ਕੂੜੀ ਕਿਰਿਆ ਸਭ ਨੂੰ ਚੰਗਾ ਲੱਗੇ ਫੱਲ, ਕਲਜੁਗ ਫਲੀਭੂਤ ਰਿਹਾ ਕਰਾਈਆ । ਸਭ ਦਾ ਨਿਰਬਲ ਹੋਇਆ ਬਲ, ਬਲਧਾਰੀ ਆਪਣੀ ਬਹੀਆ ਨਾ ਕੋਇ ਉਠਾਈਆ । ਸੰਤ ਸਮਾਜੀ ਹਕ ਇਮਦਾਦੀ ਸਿਆਸਤ ਵਿਚ ਜਾਵੇ ਕੋਈ ਨਾ ਰਲ, ਵਿਰਾਸਤ ਹਰਿ ਕਾ ਨਾਮ ਜਣਾਈਆ । ਜੋ ਏਥੇ ਆਏ ਚਲ, ਵਹਿੰਦੀ ਧਾਰ ਲੰਘ ਕੇ ਜਲ, ਡੂੰਘੀ ਪਾਰ ਕਰ ਕੇ ਡੱਲ, ਆਪਣਾ ਪੰਧ ਮੁਕਾਈਆ । ਸਭ ਦਾ ਮੇਟਣਾ ਦਵੈਤ ਦਾ ਸੱਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਇਕ ਬਣਾਈਆ । ਪਰਵਰਦਿਗਾਰ ਕਹੇ ਸਾਰੇ ਬਣ ਜਾਓ ਸੰਗੀ ਸਾਥੀ, ਸਗਲਾ ਸੰਗ ਬਣਾਈਆ । ਇਕ ਇਕੱਲਾ ਜਗਤ ਮਹੱਲਾ ਸਭ ਦੀ ਕਰੇ ਰਾਖੀ, ਰੱਖਕ ਹੋ ਕੇ ਵੇਖ ਵਖਾਈਆ । ਸਭ ਦਾ ਲਹਿਣਾ ਦੇਣਾ ਦੇਵਾਂ ਬਾਕੀ, ਤਨ ਖ਼ਾਕੀ ਫੋਲ ਫੁਲਾਈਆ । ਸਾਚੀ ਮੰਜ਼ਲ ਚੜ੍ਹ ਜਾਓ ਘਾਟੀ, ਜਿਸ ਦਾ ਪੰਧ ਜਗਤ ਸਕੇ ਨਾ ਕੋਇ ਸਮਝਾਈਆ । ਸਾਚੇ ਸੰਤੋ ਤੁਹਾਡੇ ਕੋਲ ਉਹ ਅਗੰਮੀ ਰਾਸ਼ੀ, ਜੋ ਵੰਡਿਆਂ ਮੁਕ ਕਦੇ ਨਾ ਜਾਈਆ । ਜਗਤ ਜਹਾਨ ਦੀ ਸ਼ਰਅ ਜ਼ੰਜੀਰ ਦੀ ਕੱਟ ਦਿਓ ਫਾਸੀ, ਫ਼ੈਸਲਾ ਆਪਣੇ ਨਾਲ ਕਰਾਈਆ । ਇਹ ਸੁਨੇਹੜਾ ਧੁਰ ਦੀ ਪਾਤੀ, ਪਤਰਕਾ ਇਕ ਪਰਗਟਾਈਆ । ਜੀਵਣ ਵਿਚੋਂ ਜੀਵਣ ਹਯਾਤੀ ਵਿਚੋਂ ਹਯਾਤੀ ਖੋਲ੍ਹ ਕੇ ਜਾਣੀ ਤਾਕੀ, ਲੇਖੇ ਲੱਗ ਜਾਏ ਛੱਬੀ ਪੋਹ ਦੀ ਰਾਤੀ, ਰਤਨ ਅਮੋਲਕ ਹੀਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਪੜਦਾ ਓਹਲਾ ਦੇਵਾਂ ਖੋਲ੍ਹ, ਅੰਦਰੋਂ ਗੰਢ ਖੁਲ੍ਹਾਈਆ । ਸਤਿ ਧਰਮ ਦਾ ਜੈਕਾਰਾ ਸਾਰੇ ਦੇਵੋ ਬੋਲ, ਬੋਲੀ ਸਭ ਦੇ ਨਾਲ ਮਿਲਾਈਆ । ਮਨ ਵਾਸਨਾ ਨਾਲ ਕਰਨਾ ਘੋਲ, ਅੰਦਰੇ ਅੰਦਰ ਲੈਣਾ ਢਾਹੀਆ । ਆਪੇ ਨਜ਼ਰ ਆ ਜਾਏ ਨੂਰ ਉਹ ਸੋਹਲ, ਜੋ ਸਵੈਮ ਸਭ ਦੇ ਵਿਚ ਸਮਾਈਆ । ਇਹ ਸੰਤ ਸਮਾਗਮ ਕੋਈ ਨਹੀਂ ਮਖ਼ੌਲ, ਸ਼ਾਹ ਸੁਲਤਾਨਾਂ ਦੇ ਸਿਰ ਦਏ ਝੁਕਾਈਆ । ਵੇਖਿਓ ਕੀ ਖੇਲ ਹੋਣਾ ਉਤੇ ਧੌਲ, ਧਰਨੀ ਧਰਤ ਧਵਲ ਨੇਤਰ ਨੈਣਾਂ ਨੀਰ ਵਹਾਈਆ । ਸਭ ਦਾ ਨਿਕਲ ਜਾਣਾ ਪੋਲ, ਝੂਠਾ ਪੋਪ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਤਾ ਰਿਹਾ ਜੁੜਾਈਆ । ਗੁਰ ਅਵਤਾਰ ਪੈਗੰਬਰ ਕਹਿਣ ਪ੍ਰਭ ਸਾਚੀ ਕਰ ਦੇ ਜੋੜੀ, ਆਤਮ

੧੦੫੬ ੨੦

ਪਰਮਾਤਮ ਮੇਲ ਮਿਲਾਈਆ । ਅੱਲਾ ਹੂ ਤੇਰੀ ਖੇਲ ਦੁਹਰੀ, ਏਕਾ ਦੂਆ ਦੂਆ ਏਕਾ ਏਕਾ ਏਕੇ ਵਿਚ ਮਿਲਾਈਆ । ਜਨ ਭਗਤਾਂ ਨਾਲ ਕਰੀਂ ਕਦੀ ਨਾ ਚੋਰੀ, ਸੂਫ਼ੀਆਂ ਸੰਤਾਂ ਅੰਦਰ ਮਿਲ ਕੇ ਆਪਣਾ ਰੰਗ ਰੰਗਾਈਆ । ਤੇਰੀ ਮਿਲ ਜਾਏ ਬਿਨਾ ਡੰਡੇ ਤੋਂ ਚੜ੍ਹਨ ਵਾਲੀ ਪੌੜੀ, ਮੰਜ਼ਲ ਇਕੋ ਵਾਰ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਪੜਦਾ ਦੇਣਾ ਉਠਾਈਆ । ਅਗਲਾ ਪੜਦਾ ਸੁਣੇ ਭੇਵ, ਧੁਰ ਦਾ ਮਾਲਕ ਆਪ ਸਮਝਾਈਆ । ਜਿਸ ਨੂੰ ਮੰਨਦੇ ਦੇਵੀ ਦੇਵ, ਦੇਵਤ ਸੁਰ ਮੁਨ ਜਨ ਸੀਸ ਝੁਕਾਈਆ । ਜੋ ਆਦਿ ਜੁਗਾਦਿ ਦਾਤਾ ਅਲਖ ਅਭੇਵ, ਅਗੋਚਰ ਕਹਿਣ ਕੋਇ ਨਾ ਪਾਈਆ । ਸਚ ਦਵਾਰ ਵਸੇ ਸਦਾ ਨਿਹਕੇਵ, ਨਿਹਚਲ ਧਾਮ ਡੇਰਾ ਲਾਈਆ । ਗਾ ਨਾ ਸਕੇ ਰਸਨਾ ਜਿਹਵ, ਕਥਨੀ ਕਥ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਚੜ੍ਹਾਈਆ । ਸਾਚਾ ਰੰਗ ਚੜ੍ਹਾਵੇ ਏਕ, ਏਕਾ ਏਕ ਦਏ ਵਡਿਆਈਆ । ਸਾਰੇ ਇਕ ਦੀ ਰੱਖੇ ਟੇਕ, ਜੋ ਟਿੱਕੇ ਮਸਤਕ ਨਾਮ ਸਭ ਦੇ ਮੱਥੇ ਆਪ ਲਗਾਈਆ । ਆਤਮ ਪਰਮਾਤਮ ਮਿਲ ਕੇ ਰਹੇ ਕੋਈ ਨਾ ਭੇਤ, ਨੂਰ ਨੁਰਾਨਾ ਨੂਰ ਅਲਾਹੀਆ । ਕੁਛ ਖੇਲ ਹੋਣਾ ਐਸ ਮਹੀਨੇ ਜੇਠ, ਜੋ ਭੱਜਿਆ ਆਵੇ ਵਾਹੋ ਦਾਹੀਆ । ਰਾਜ ਰਾਜਾਨਾਂ ਪੀੜ ਪੈਣੀ ਵਿਚ ਪੇਟ, ਪੱਟੀ ਬੰਨ੍ਹਣ ਵਾਲਾ ਨਜ਼ਰ ਕੋਇ ਨਾ ਆਈਆ । ਲਹਿੰਦੀ ਦਿਸ਼ਾ ਲੈਣਾ ਵੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਝਗੜਾ ਹੋਣਾ ਓਸ ਦੇਸ਼, ਜਿਸ ਦਾ ਈਸਾ ਮੂਸਾ ਹਜ਼ਰਤ ਮੁਹੰਮਦ ਲੇਖਾ ਗਏ ਜਣਾਈਆ । ਜਿਸ ਨੂੰ ਸਮਝੇ ਕੋਈ ਨਾ ਮੁੱਲਾ ਸ਼ੇਖ਼, ਬੁੱਧੀ ਵਿਚ ਰਮਜ਼ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਪੜਦਾ ਆਪ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣਿਆ ਸਚ ਹਾਲ, ਹਾਲਤ ਵੇਖੇ ਜਗਤ ਲੋਕਾਈਆ । ਚਾਰੋਂ ਕੁੰਟ ਕੂਕੇ ਕਾਲ, ਕਲਾ ਆਪਣੀ ਰਿਹਾ ਪਰਗਟਾਈਆ । ਧਰਮ ਦਵਾਰ ਧਰਮ ਨਾ ਰਿਹਾ ਕੋਈ ਧਰਮਸਾਲ, ਸਚ ਸਤਿ ਨਜ਼ਰ ਕੋਇ ਨਾ ਆਈਆ । ਜਿਧਰ ਵੇਖੋ ਬਿਨ ਹਰਿ ਨਾਮੇ ਸਾਰੇ ਹੋਏ ਕੰਗਾਲ, ਕਫ਼ਨੀ ਓਢਨ ਕੰਮ ਕਿਸੇ ਨਾ ਆਈਆ । ਅੱਗੇ ਤੋਂ ਇਕ ਪ੍ਰਭੂ ਨੂੰ ਬਣਾਓ ਦਲਾਲ, ਜੋ ਸਭ ਦੀ ਆਸਾ ਮਨਸਾ ਪੂਰਾ ਕਰੇ ਸਵਾਲ, ਸਵਾਲੀ ਮੁੜ ਕੋਇ ਨਾ ਜਾਈਆ । ਜਨਮ ਕਰਮ ਦਾ ਲੇਖਾ ਨਾਮ ਇਬਾਦਤ ਲੇਖੇ ਲਾਵੇ ਘਾਲ, ਕੀਮਤ ਕਰਤਾ ਆਪ ਚੁਕਾਈਆ । ਉਹ ਸੱਜਣ ਮੀਤ ਮੁਰਾਰਾ ਸਾਂਝਾ ਯਾਰਾ ਆਪਣੇ ਅੰਦਰੋਂ ਲੈਣਾ ਭਾਲ, ਭਾਲਿਆਂ ਹੱਥ ਕਿਸੇ ਨਾ ਆਈਆ । ਵੇਖੋ ਖੇਲ ਅੱਜ ਕਮਾਲ, ਸੰਤ ਸਾਜਨ ਬੈਠੇ ਇਕ ਦੂਜੇ ਨਾਲ, ਜਿਨ੍ਹਾਂ ਬਦਲਨੀ ਜਗਤ ਅਵੱਲੜੀ ਚਾਲ, ਜਗਤ ਜੰਜਾਲ ਦੇਣਾ ਤੁੜਾਈਆ । ਪ੍ਰੇਮ ਦਾ ਦੀਪਕ ਦੇਣਾ ਬਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਣਾ ਦੀਪਕ ਬਲਦਾ, ਤਨ ਖ਼ਾਕੀ ਧਿਆਨ ਲਗਾਈਆ । ਕਿਸ ਬਿਧ ਸੰਤ ਸਮਾਜ ਚਲਦਾ, ਕੂੜਾ ਚਲਤ ਮਿਟੇ ਲੋਕਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਕਿਵੇਂ ਮਿਲਦਾ, ਮਿਲ ਮਿਲ ਵੱਜੇ ਵਧਾਈਆ । ਝਗੜਾ ਮੁਕੇ ਕਾਇਆ ਭਵਰੀ ਬਿਲ ਦਾ, ਡੂੰਘੀ ਭਵਰੀ ਨਾ ਕੋਇ ਫਿਰਾਈਆ । ਜਿਸ ਦਾ ਰੂਪ ਅਗੰਮੀ ਨੀਲ ਦਾ, ਬਸਨ ਬਨਵਾਰੀ ਇਕ ਅਖਵਾਈਆ । ਉਹਦਾ ਖੇਲ ਨਹੀਂ ਹੁਣ ਢਿਲ ਦਾ, ਇਕੋ ਡੰਕਾ ਰਿਹਾ ਸੁਣਾਈਆ । ਅੱਗੇ ਲਹਿਣਾ ਦੇਣਾ ਲੇਖਾ ਕਿਸ ਕਿਨ ਦਾ, ਕਵਣ ਦੇਵੇ ਚਾਈਂ ਚਾਈਆ । ਜਿਨ੍ਹਾਂ ਨੂਰ ਜਾਤਾ ਇਕੋ ਚਿੰਨ੍ਹ ਦਾ, ਚਸ਼ਮ ਦੀਦ ਕਰਨ ਰੁਸ਼ਨਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸੁਣਾਈਆ । ਛੱਬੀ ਪੋਹ ਕਹੇ ਮੈਂ ਹੋ ਵਡਭਾਗਾ, ਭਾਗਾਂ ਵਾਲਿਆਂ ਦਿਆਂ ਜਣਾਈਆ । ਲੋਕਮਾਤ ਜਗਣ ਲੱਗਾ ਉਹ ਚਿਰਾਗ਼ਾ, ਜਿਸ ਦਾ ਨੂਰ ਬੁਝ ਕਦੇ ਨਾ ਜਾਈਆ । ਸਭ ਦਾ ਧੁਪਣ ਲੱਗਾ ਦੁਰਮਤ ਵਾਲਾ ਦਾਗ਼ਾ, ਦਗ਼ੇਬਾਜ਼ ਰਹਿਣ ਕੋਇ ਨਾ ਪਾਈਆ । ਜਿਸ ਕਾਰਨ ਖੇਲ ਹੋਇਆ ਦੇਸ ਮਾਝਾ, ਗੁਰ ਅਵਤਾਰ ਪੀਰ ਪੈਗ਼ੰਬਰ ਏਥੇ ਨਿਸ਼ਾਨਾ ਗਏ ਸੁਣਾਈਆ । ਜਿਨ੍ਹਾਂ ਪੜ੍ਹਿਆ ਕਾ ਖਾ ਗਾ ਘਾ, ਘਾਇਲ ਹੋਏ ਵਿਚ ਲੋਕਾਈਆ । ਵੇਖਿਓ ਕੋਈ ਵੇਖਣ ਨਾ ਆਇਓ ਜਗਤ ਤਮਾਸ਼ਾ, ਇਹ ਸੰਤਾਂ ਦਾ ਸਚ ਦਵਾਰ, ਧਰਮ ਦਾ ਪਰਚਾਰ, ਜੀਵ ਦਾ ਉਧਾਰ, ਕੋਈ ਠਹਿਰ ਨਾ ਸਕੇ ਗਵਾਰ, ਹੰਕਾਰੀ ਨਜ਼ਰ ਕੋਇ ਨਾ ਆਈਆ । ਸਾਰੇ ਬੋਲੋ ਸਾਡਾ ਇਕ ਦੇ ਨਾਲ ਪਿਆਰ, ਜੋ ਸਭ ਦਾ ਪਿਤਾ ਮਾਈਆ । ਸਾਚੇ ਸੰਤਾਂ ਉਤੇ ਕਰੋ ਇਤਬਾਰ, ਜੋ ਕਲਮਾ ਧੁਰ ਦਾ ਦੇਣ ਸਮਝਾਈਆ । ਜਗਤ ਵਿਚ ਨਹੀਂ ਹੋਣਾ ਖ਼ੁਆਰ, ਮੈਲ ਅੰਦਰੋਂ ਦੇਣੀ ਕਢਾਈਆ । ਪੁਰਖ ਅਕਾਲ ਦਾ ਇਕ ਦੀਦਾਰ, ਸਚ ਖ਼ੁਦਾ ਸੀਸ ਨਿਵਾਈਆ । ਅਸੀਂ ਓਸ ਦੇ ਬਰਖ਼ੁਰਦਾਰ, ਜਿਨ੍ਹ ਸਾਡੀ ਬਣਤ ਬਣਾਈਆ । ਜੋ ਸਭਨਾਂ ਦਾ ਸਾਂਝਾ ਯਾਰ, ਹਿੰਦੂ ਮੁਸਲਿਮ ਸਿੱਖ ਈਸਾਈ ਮੇਲ ਮਿਲਾਈਆ । ਮੁਹੱਬਤ ਦਾ ਗ਼ਮਖ਼ਾਰ, ਗ਼ਮੀ ਅੰਦਰੋਂ ਦਏ ਕਢਾਈਆ । ਸਭ ਦਾ ਮੀਤ ਇਕੋ ਜਿਸ ਦਾ ਸਚ ਸੱਚਾ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸਜਦਿਆਂ ਵਿਚ ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣੀ ਕਾਰ ਕਰਾਈਆ । ਵੇਖੇ ਖੇਲ ਖ਼ਾਲਕ ਖ਼ਲਕ, ਮਖ਼ਲੂਕ ਇਕ ਜਣਾਈਆ । ਨੂਰ ਨੁਰਾਨਾ ਵੇਖੇ ਫ਼ਲਕ, ਪਲਕ ਪਿੱਛੇ ਕਰੇ ਰੁਸ਼ਨਾਈਆ । ਜਿਸ ਦਾ ਤਾਬ ਝੱਲੇ ਨਾ ਕੋਈ ਝਲਕ, ਮੂਸਾ ਕੋਹਤੂਰ ਡਗਮਗਾਈਆ । ਜੋ ਵਾਲੀ ਉਪਰ ਅਰਸ਼, ਸੋ ਵੇਖਣਹਾਰਾ ਫ਼ਰਸ਼, ਸਭ ਉਤੇ ਰਹਿਮਤ ਕਰੇ ਤਰਸ, ਅੰਮ੍ਰਿਤ ਮੇਘ ਦੇਵੇ ਬਰਸ, ਨਿਜ ਆਤਮ ਦੇ ਕੇ ਦਰਸ, ਜਗਤ ਵਾਸਨਾ ਮੇਟ ਕੇ ਹਰਸ, ਪੂਰਬ ਲੇਖਾ ਚੁਕਾ ਕੇ ਕਰਜ਼, ਆਵਣ ਜਾਵਣ ਮੇਟ ਕੇ ਮਰਜ਼, ਸਚ ਦਵਾਰੇ ਕਰ ਕੇ ਦਰਜ਼, ਫ਼ਰਜ਼ ਆਪਣਾ ਪੂਰ ਕਰਾਈਆ । ਕਲਜੁਗ ਵੇਖੇ ਅੰਧੇਰਾ ਗਰਦ, ਸਭ ਦੀ ਪੁੱਠੀ ਹੋਣੀ ਨਰਦ, ਜੋਧਾ ਸੂਰਬੀਰ ਬਹਾਦਰ ਦਿਸੇ ਕੋਈ ਨਾ ਮਰਦ, ਮੱਦਦ ਵਿਚ ਸ਼ਾਹ ਸੁਲਤਾਨ ਬੈਠੇ ਪਿਠ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਦਰਗਾਹ ਸਾਚੀ ਮਨਜ਼ੂਰ ਹੋਵੇ ਅਰਜ਼, ਜਗਤ ਨਾਮ ਕਲਮੇ ਦੀ ਬਣ ਜਾਵੇ ਕਰਦ, ਤਾਲੀਮ ਅਜ਼ੀਮ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੰਜ਼ਲੇ ਮਕਸੂਦ, ਜੋ ਹੱਦ ਵਿਚ ਕਦੇ ਨਾ ਹੋਇਆ ਮਹਿਦੂਦ, ਬੰਧਨ ਸਾਰੇ ਦਏ ਤੁੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ, ਦੁਨੀਆ ਵਾਲਿਓ ਸੁਣ ਲਓ ਸਾਡੀ ਇਕ ਸਲਾਹ, ਮਸ਼ਵਰੇ ਨਾਲ ਜਣਾਈਆ । ਅੱਗੇ ਸਾਰੇ ਮੰਨ ਲਓ ਇਕ ਮਲਾਹ, ਜੋ ਗੁਰ ਅਵਤਾਰ ਪੀਰ ਪੈਗ਼ੰਬਰਾਂ ਲੋਕਮਾਤ ਪਰਗਟਾਈਆ । ਜਿਸ ਦਾ ਨਾਮ ਕਲਮਾ ਖ਼ੁਸ਼ੀਆਂ ਨਾਲ ਗਏ ਸੁਣਾ, ਲਿਖ ਲਿਖ ਲੇਖ ਵਡਿਆਈਆ । ਉਹ ਦਾਤਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਉਂ ਭਾਵੇ ਤਿਉਂ ਲਏ ਚਲਾ, ਰਾਜ਼ਕ ਰਿਜ਼ਕ ਰਹੀਮ ਇਕ ਅਖਵਾਈਆ । ਜਿਸ ਨੇ ਕੂੜੀ ਕਿਰਿਆ ਜਗਤ ਮੇਟਣੀ ਵਬਾ, ਸ਼ਫਾ ਸਭ ਦੇ ਅੰਦਰ ਟਿਕਾਈਆ । ਸਾਚੇ ਨਾਮ ਦੀ ਦਏ ਗ਼ਜ਼ਾ, ਤ੍ਰਿਸ਼ਨਾ ਕੂੜ ਭੁੱਖ ਮਿਟਾਈਆ । ਧੁਰ ਦੇ ਖ਼ਾਦਮ ਲਏ ਬਣਾ, ਨਿਮਰਤਾ ਨਮੋ ਨਮੋ ਜਣਾਈਆ । ਇਬਾਦਤ ਸਾਂਝੀ ਸਾਂਝਾ ਸਭ ਦਾ ਇਕ ਖ਼ੁਦਾ, ਖ਼ੁਦਗਰਜ਼ ਰਹਿਣ ਕੋਇ ਨਾ ਪਾਈਆ ।


੧੦੫੮
੨੦

ਸਾਰੇ ਕਹੋ ਅਸੀਂ ਪਿਛਲੀ ਛੱਡੀ ਅਦਾ, ਅੱਗੇ ਤੋਂ ਆਦਤ ਲੈਣੀ ਬਦਲਾਈਆ । ਹਿੰਦੂ ਮੁਸਲਿਮ ਸਿਖ ਈਸਾਈ ਬਣ ਗਏ ਭਰਾ ਭਰਾ, ਵੰਡ ਨਜ਼ਰ
ਕੋਇ ਨਾ ਆਈਆ । ਸਾਡਾ ਬਾਹਮੀ ਨਾਤਾ ਜੁੜਿਆ ਆ, ਆਲਮ ਵਿਚ ਦੁਹਾਈਆ । ਚਲਣਾ ਇਕ ਦੀ ਰਜ਼ਾ, ਜੋ ਆਪਣੇ ਪ੍ਰੇਮ ਦਾ ਰਸਾ
ਦਏ ਚਖਾਈਆ । ਉਹਨਾਂ ਨੂੰ ਦੋਜ਼ਖ਼ ਕਦੇ ਨਾ ਮਿਲੇ ਸਜ਼ਾ, ਨਰਕਾਂ ਵਿਚ ਨਾ ਕੋਇ ਫਿਰਾਈਆ । ਗਦਾਗਰ ਹੋ ਕੇ ਮੰਗਣ ਨਾ ਕੋਇ ਗਦਾ,
ਰੰਗ ਰੰਗ ਵਿਚ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ
ਕਹਿਣ ਐਸ ਵੇਲੇ ਉਠਣ ਸੂਫ਼ੀ ਸੰਤ ਫ਼ਕੀਰ, ਮੁਨੀ ਮੋਨ ਲੈਣ ਖੁਲ੍ਹਾਈਆ । ਸ੍ਰਿਸ਼ਟੀ ਦੀ ਬਦਲ ਦੇਣ ਤਕਦੀਰ, ਤਦਬੀਰ ਧੁਰ ਦੀ ਨਾਲ ਰਲਾਈਆ ।
ਝਗੜਾ ਰਹੇ ਨਾ ਅਮੀਰ ਗ਼ਰੀਬ, ਊਚ ਨੀਚ ਨਾ ਕੋਇ ਵਖਾਈਆ । ਜੋ ਮਜ਼੍ਹਬਾਂ ਦੀ ਦਿਤੀ ਤਰਤੀਬ, ਪ੍ਰਭ ਨੂੰ ਮਿਲਣਾ ਚਾਈਂ ਚਾਈਆ । ਕਲਜੁਗ
ਅੰਤਮ ਸਾਰੇ ਹੋ ਗਏ ਫ਼ਰੀਕ, ਫ਼ਿਰਕਿਆਂ ਵਿਚ ਲੜਾਈਆ । ਅੱਗੇ ਸਾਂਝੀ ਕਰੋ ਪ੍ਰੀਤ, ਪ੍ਰੀਤਮ ਇਕੋ ਵੇਖ ਵਖਾਈਆ । ਸਭ ਨੇ ਆਪਣੀ ਗੰਢ
ਮੁਹੱਬਤ ਵਿਚ ਜਾਣੀ ਪੀਚ, ਜਿਸ ਨੂੰ ਦਵੈਤ ਵਾਲਾ ਖੋਲ੍ਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ
ਰੰਗ ਦਏ ਰੰਗਾਈਆ । ਹਰਿ ਰੰਗੇ ਰੰਗ ਅਵੱਲੜਾ, ਮਾਲਕ ਧੁਰ ਦਰਗਾਹ । ਜੋ ਸਦਾ ਇਕ ਇਕੱਲੜਾ, ਨੂਰੀ ਨੂਰ ਖ਼ੁਦਾ । ਭਗਤਾਂ ਸੰਤਾਂ
ਫੜਾਵੇ ਪਲੜਾ, ਸੂਫ਼ੀਆਂ ਲਏ ਜਗਾ । ਆਤਮ ਪਰਮਾਤਮ ਰਲੜਾ, ਕਦੇ ਨਾ ਹੋਵੇ ਜੁਦਾ । ਅੰਦਰ ਤੱਕੋ ਸਚ ਦਵਾਰੇ ਖਲੜਾ, ਜਲਵਾਗਰ
ਹੋ ਰੁਸ਼ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਉਂ ਸਦਕੇ
ਵਾਰੀ ਘੋਲੀ, ਤੇਰੇ ਚਰਨਾਂ ਘੋਲ ਘੁਮਾਈਆ । ਪਰਵਰਦਿਗਾਰ ਪੁਰਖ ਅਕਾਲ ਆਪਣੇ ਨਾਮ ਦੀ ਸਾਂਝੀ ਕਰਦੇ ਬੋਲੀ, ਆਤਮ ਪਰਮਾਤਮ ਦੇ ਜਣਾਈਆ ।
ਝਗੜਾ ਕੋਈ ਰਹੇ ਨਾ ਰੌਲੀ, ਰੌਣਕ ਇਕੋ ਘਰ ਪਰਗਟਾਈਆ । ਜਿਸ ਦੀ ਜਗਤ ਕਹਾਵਤ ਸੰਤ ਸੂਫ਼ੀ ਫ਼ਕੀਰ ਮੁਨੀ ਕਰਨ ਆਏ ਬਹੁਣੀ, ਛੱਬੀ
ਪੋਹ ਰੁੱਤ ਸੁਹਾਈਆ । ਅੱਜ ਸਭ ਨੇ ਕਰਨੀ ਰੌਣੀ, ਪਾਣੀ ਪ੍ਰੇਮ ਵਾਲਾ ਪਾਈਆ । ਪਿਛਲੀ ਪੱਕ ਗਈ ਸਾਉਣੀ, ਅਗਲੀ ਹਾੜ੍ਹੀ ਲੈਣੀ ਜਣਾਈਆ ।
ਫੇਰ ਚਾਰ ਕੁੰਟ ਚੜ੍ਹਨੀ ਤੌਣੀ, ਤਵਾ ਪਰਾਤ ਦਏ ਦੁਹਾਈਆ । ਦੂਈ ਦਵੈਤੀ ਕੰਧ ਢਾਹੁਣੀ, ਭਾਂਡਾ ਭਰਮ ਭਉ ਭੰਨਾਈਆ । ਸਚ ਜਮਾਤ
ਇਕ ਵਖੌਣੀ, ਜੁਮਲਾ ਅੱਖਰ ਇਕ ਸਮਝਾਈਆ । ਭੁੱਲੀ ਦੁਨੀਆ ਨੇਤਰਾਂ ਵਿਚ ਰਵੌਣੀ, ਆਂਸੂ ਹੰਝੂਆਂ ਨਾਲ ਵਡਿਆਈਆ । ਗੁਰਮੁਖੋ ਤੁਹਾਡੀ
ਅੱਖ ਨਾ ਕਦੇ ਸ਼ਰਮੌਣੀ, ਸਾਂਝੇ ਹੋ ਕੇ ਗਲਵਕੜੀ ਲੈਣੀ ਪਾਈਆ । ਜਗਤ ਸਿਆਸਤ ਚਾਰ ਦਿਨ ਦੀ ਪਰਾਹੁਣੀ, ਇਨ੍ਹਾਂ ਸੰਤਾਂ ਮਹੰਤਾਂ ਫ਼ਕੀਰਾਂ
ਦੁਨੀਆ ਦੇ ਕਾਇਆ ਮੰਦਰ ਘਰ ਵਿਚੋਂ ਬਾਹਰ ਦੇਣੀ ਕਢਾਈਆ । ਇਕੋ ਤੁੱਕ ਇਕੋ ਮੁਖ ਜੋ ਮਿਲ ਕੇ ਦੁੱਖ ਉਪਾਵੇ ਸੁੱਖ ਤੂੰ ਮੇਰਾ ਮੈਂ ਤੇਰਾ ਸਭ
ਨੇ ਮਿਲ ਕੇ ਗਾਉਣੀ, ਗਾ ਗਾ ਖ਼ੁਸ਼ੀ ਮਨਾਈਆ । ਅੱਗੋਂ ਤੋਂ ਸਤਿ ਧਰਮ ਦੀ ਮਜਲਸ ਜਗਤ ਲਗਾਉਣੀ, ਦੂਜਾ ਜਲਸਾ ਕੋਇ ਨਾ ਭਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਧਾਰ ਇਕ ਵਖਾਈਆ । ਜਗਤ ਧਾਰ ਕਹੇ ਮੈਨੂੰ ਆਉਂਦਾ ਹੌਕਾ, ਦਰੋਹੀ ਤੇਰਾ
ਨਾਮ ਖ਼ੁਦਾਈਆ । ਮੇਰੀ ਡੁੱਬਣ ਲੱਗੀ ਨਈਆ ਨੌਕਾ, ਸੰਤ ਸਾਜਣ ਨਵਾਂ ਰਾਹ ਚਲਾਈਆ । ਸਭ ਨੂੰ ਇਕੱਠੇ ਹੋਵਣ ਦਾ ਮਿਲਣ ਲੱਗਾ ਮੌਕਾ,
ਦਵੈਤ ਨਜ਼ਰ ਲਏ ਬਦਲਾਈਆ । ਪ੍ਰੇਮੀਆਂ ਅੰਦਰ ਪ੍ਰੇਮ ਮਨ ਚਾਉ ਕਾ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੦੫੯
੨੦

ਕਿਰਪਾ ਕਰ, ਹਰ ਘਟ ਵੇਖੇ ਥਾਉਂ ਥਾਈਆ । ਹਰ ਘਟ ਕਹੇ ਪ੍ਰਭ ਕੀ ਪੜ੍ਹੀਏ ਥਾਨ ਥਾਨੰਤਰ, ਅੰਤਰ ਦੇ ਜਣਾਈਆ । ਕੀ ਸਾਚਾ ਤੇਰਾ ਮੰਤਰ, ਜੋ ਮੰਤਵ ਸਭ ਦਾ ਹੱਲ ਕਰਾਈਆ । ਕਿਸ ਬਿਧ ਬਣਾਵੇਂ ਬਣਤਰ, ਚਾਰ ਕੁੰਟ ਵੱਜੇ ਵਧਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਏ ਸੁਤੰਤਰ, ਮਨ ਕਲਪਣਾ ਮੇਟ ਮਿਟਾਈਆ । ਪਰਮ ਪੁਰਖ ਕਹੇ ਮੈਂ ਸਭ ਦੇ ਵਿਚ ਵਸਾਂ ਨਿਰੰਤਰ, ਘਟ ਘਟ ਆਪ ਸਮਾਈਆ । ਮੇਰਾ ਖੇਲ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਅਬਿਨਾਸ਼ੀ ਕਰਤਾ ਕੁਦਰਤ ਦਾ ਕਾਦਰ ਕਦੀਮ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਨਜ਼ਰੀ ਆਈਆ । ਇਕੋ ਤੇਰੀ ਨਜ਼ਰ ਇਕੋ ਤੇਰਾ ਨੂਰ, ਨੂਰ ਨੁਰਾਨੇ ਤੇਰੀ ਵਡਿਆਈਆ । ਇਕੋ ਤੇਰਾ ਨਾਮ ਇਕੋ ਤੇਰਾ ਸ਼ਬਦ ਇਕੋ ਤੇਰਾ ਨਾਦ ਇਕੋ ਤੇਰਾ ਤੂਰ, ਤੁਰੀਆ ਤੋਂ ਅੱਗੇ ਤੇਰਾ ਰਾਗ ਨਾ ਕੋਇ ਅਲਾਈਆ । ਇਕੋ ਤੇਰਾ ਬੇੜਾ ਇਕੋ ਤੇਰਾ ਪੂਰ, ਇਕੋ ਵੰਝ ਮੁਹਾਣਾ ਮੰਜ਼ਲ ਨਾ ਨੇੜੇ ਨਾ ਦੂਰ, ਦੂਰ ਦੁਰਾਡੇ ਆਪਣੀ ਦਇਆ ਕਮਾਈਆ । ਜਗਤ ਕੂੜੀ ਕਿਰਿਆ ਮੇਟ ਦੇ ਫ਼ਤੂਰ, ਫ਼ਤਵਾ ਸਭ ਦੇ ਉਤੇ ਲਾਈਆ । ਜੋ ਕਰਦੇ ਰਹੇ ਕਸੂਰ, ਓਨ੍ਹਾਂ ਦੇ ਸਜ਼ਾਈਆ । ਜੋ ਸੂਲੀ ਚੜ੍ਹ ਗਏ ਵਾਂਗ ਮਨਸੂਰ, ਮਸਲਾ ਓਨ੍ਹਾਂ ਦਾ ਹੱਲ ਕਰਾਈਆ । ਦੁਨੀਆ ਦੀ ਦਸ਼ਾ ਵੇਖ ਕੇ ਜ਼ਿਆਉਲ ਹਕ ਨੇ ਕਿਹਾ ਮੈਂ ਹੋ ਗਿਆ ਮਜਬੂਰ, ਮਜਬੂਰੀ ਮੇਰੇ ਅੰਦਰ ਆਈਆ । ਮੁਨੀ ਕਿਹਾ ਮੈਂ ਦੁੱਖ ਨਾਲ ਹੋ ਗਿਆ ਚਕਨਾਚੂਰ, ਕਿਉਂ ਭੁੱਲੀ ਜਗਤ ਲੋਕਾਈਆ । ਕਿਉਂ ਨਹੀਂ ਲੈਂਦੇ ਨਾਮ ਸੁਰਾਹੀ ਦਾ ਸਰੂਰ, ਜੋ ਅੰਦਰੋਂ ਸੁਰਤੀ ਲਏ ਬਦਲਾਈਆ । ਮਿਲੇ ਮਾਲਕ ਉਹ ਗ਼ਫ਼ੂਰ, ਜੋ ਗ਼ਫ਼ਲਤ ਵਿਚੋਂ ਬਾਹਰ ਕਢਾਈਆ । ਜਿਸ ਦਾ ਸੰਤ ਭਗਤ ਤਾਰਨਾ ਦਸਤੂਰ, ਦਸਤ ਦਸਤ ਬਦਸਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਦੇਸ਼ਾ ਸਨਦ ਨਾਲ ਲਿਖਾਈਆ । ਛੱਬੀ ਪੋਹ ਕਹੇ ਮੇਰੀ ਰੈਣ ਹੋਵੇ ਵਡ ਵਡਭਾਗ, ਭਾਗਾਂ ਭਰੀ ਸਭ ਨੂੰ ਸੀਸ ਨਿਵਾਈਆ । ਅੰਦਰੋਂ ਧੋ ਲਉ ਆਪਣਾ ਦਾਗ਼, ਦੁਰਮਤ ਮੈਲ ਅੰਦਰੋਂ ਕਰੋ ਸਫ਼ਾਈਆ । ਸਾਚੇ ਪ੍ਰੇਮ ਦਾ ਅੰਦਰੋਂ ਜਗਾਓ ਚਿਰਾਗ਼, ਤੇਲ ਬੱਤੀ ਦੀ ਲੋੜ ਰਹੇ ਨਾ ਰਾਈਆ । ਸਾਂਝਾ ਕਰੋ ਸਮਾਜ, ਕੂੜਾ ਬੰਧਨ ਦਿਉ ਤੁੜਾਈਆ । ਜਿਸ ਕਾਰਨ ਸਮੇਲਨ ਹੋਇਆ ਆਜ, ਆਜਿਜ਼ ਹੋ ਕੇ ਪ੍ਰਭ ਅੱਗੇ ਝੋਲੀ ਦੇਵੋ ਡਾਹੀਆ । ਸਤਿ ਧਰਮ ਦੀ ਸਾਜਣਾ ਦੇ ਸਾਜ, ਸਾਜ਼ਿਸ਼ ਕਰਨ ਵਾਲਾ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਤੇਰੇ ਹੁਜਰੇ ਗੁਜ਼ਾਰੀ ਨਿਮਾਜ਼, ਓਨ੍ਹਾਂ ਆਪਣੇ ਨੂਰ ਮਿਲਾਈਆ । ਅਗਲਾ ਭੇਵ ਖੋਲ੍ਹ ਆਗ਼ਾਜ਼, ਪਰਦਾਨਸ਼ੀਨ ਪੜਦਾ ਆਪ ਉਠਾਈਆ । ਜਿਸ ਨੂੰ ਸਮਝੇ ਨਾ ਕੋਇ ਦਿਮਾਗ਼, ਬੁੱਧੀ ਵਿਚ ਨਾ ਕੋਇ ਵਡਿਆਈਆ । ਉਹ ਮੰਜ਼ਲ ਦੱਸ ਆਪ, ਜਿਥੇ ਰੂਹ ਬੁਤ ਦੋਵੇਂ ਹੋਣ ਪਾਕ, ਪਤਤ ਪੁਨੀਤ ਨਜ਼ਰੀ ਆਈਆ । ਤੇਰਾ ਮਿਲਣ ਦਾ ਹੋਵੇ ਇਤਫ਼ਾਕ, ਪਿਛਲਾ ਲਹਿਣਾ ਹੋਵੇ ਬੇਬਾਕ, ਅੱਗੇ ਖਾਤਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਮੈਂ ਸਭ ਨੂੰ ਸਚ ਦ੍ਰਿੜਾਵਾਂਗਾ । ਜੋ ਇਕ ਦੂਜੇ ਦੇ ਨਾਲ ਰਹੇ, ਤਿਨ੍ਹਾਂ ਆਪਣਾ ਮੇਲ ਮਿਲਾਵਾਂਗਾ । ਜੋ ਸਾਂਝਾ ਬਣ ਕੇ ਇਕੱਠਾ ਬਹੇ, ਬਾਹੋਂ ਫੜ ਕੇ ਗਲੇ ਲਗਾਵਾਂਗਾ । ਜੋ ਅੰਦਰੋਂ ਕੱਢੇ ਹਉਮੇ, ਮਮਤਾ ਮੋਹ ਚੁਕਾਵਾਂਗਾ । ਜੋ ਸਚ ਸਰਨਾਈ ਢਹੇ, ਨੇਤਰ ਲੋਚਨ ਨੈਣ ਅੱਖ ਖੁਲ੍ਹਾਵਾਂਗਾ । ਜੋ ਤੂੰ ਮੇਰਾ ਮੈਂ ਤੇਰਾ ਨਾਮ ਕਹੇ, ਕਾਗਤ ਕਲਮ ਦਾ ਹਿਸਾਬ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਵਾਂਗਾ ।


੧੦੬੦
੨੦

ਸਾਚਾ ਖੇਲ ਕਰਾਂ ਅਗੰਮਾ, ਹਰਿ ਕਰਤਾ ਆਪ ਦ੍ਰਿੜਾਈਆ । ਦੀਨ ਮਜ਼੍ਹਬ ਦਾ ਤੋੜ ਕੇ ਬੰਨਾ, ਬੰਦਗੀ ਇਕੋ ਇਕ ਸਮਝਾਈਆ । ਮੁਕਤਾ ਰਹੇ ਕੋਈ ਨਾ ਕੰਨਾ, ਕਾਮਲ ਮੁਰਸ਼ਦ ਭੇਵ ਖੁਲ੍ਹਾਈਆ । ਨੇਤਰਹੀਣ ਰਹੇ ਨਾ ਅੰਨ੍ਹਾ, ਅੰਧ ਅਗਿਆਨ ਕਰੇ ਸਫ਼ਾਈਆ । ਕਰ ਪਰਕਾਸ਼ ਕਾਇਆ ਤਨਾ, ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਪਰਗਟਾਈਆ । ਸਾਚੀ ਧਾਰ ਦਾ ਮਾਲਕ ਏਕਾ ਏਕੰਕਾਰ, ਅਕਲ ਕਲਧਾਰੀ ਇਕ ਅਖਵਾਈਆ । ਜਿਸ ਨੂੰ ਕਹਿੰਦੇ ਪਰਵਰਦਿਗਾਰ, ਪਾਲਣਹਾਰਾ ਧੁਰਦਰਗਾਹੀਆ । ਵਡ ਅਮਾਮਾ ਬਣ ਸਿਕਦਾਰ, ਧੁਰ ਫ਼ਰਮਾਨਾ ਆਪ ਜਣਾਈਆ । ਕਲਜੁਗ ਕੂੜੀ ਕਿਰਿਆ ਕਰ ਖ਼ੁਆਰ, ਖ਼ੁਆਰੀ ਮੇਟੇ ਥਾਉਂ ਥਾਈਂਆ । ਮੁਹੱਬਤ ਵਿਚ ਬਣ ਕੇ ਯਾਰ, ਯਰਾਨਾ ਅਗਲਾ ਦਏ ਨਿਭਾਈਆ । ਸਾਂਝਾ ਦੱਸੇ ਸਰਬ ਪਿਆਰ, ਸਰਬ ਧਰਮ ਮਿਲੇ ਵਡਿਆਈਆ । ਸਾਰੇ ਇਕੱਠੇ ਕਰ ਲਉ ਇਕ ਇਕਰਾਰ, ਇਕਰਾਰਨਾਮਾ ਪ੍ਰੇਮ ਪ੍ਰੀਤੀ ਵਿਚ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਵੱਜੇ ਵਧਾਈਆ । ਦਰ ਘਰ ਵੱਜੇ ਵਧਾਈ ਸੱਚ, ਸਚ ਮਿਲੇ ਵਡਿਆਈਆ । ਪ੍ਰੇਮ ਪ੍ਰੀਤੀ ਅੰਦਰ ਜਾਵੇ ਰਚ, ਲੂੰ ਲੂੰ ਖ਼ੁਸ਼ੀ ਬਣਾਈਆ । ਖ਼ੁਸ਼ੀਆਂ ਵਿਚ ਖ਼ੁਸ਼ੀ ਪਏ ਹੱਸ, ਹਸਤੀਆਂ ਵਿਚ ਹਸਤੀ ਨਜ਼ਰੀ ਆਈਆ । ਇਕ ਦੂਜੇ ਦੇ ਬਿਨਾ ਦੂਈ ਤੋਂ ਹੋ ਜਾਉ ਵਸ, ਵਾਸਤਾ ਇਕੋ ਨਾਲ ਪਾਈਆ । ਅੰਤਰ ਖੋਲ੍ਹੋ ਆਪਣੀ ਅੱਖ, ਜਿਸ ਅੱਖ ਵਿਚੋਂ ਪਰਤੱਖ ਮਿਲੇ ਗੁਸਾਈਂਆ । ਸਮੇਲਨ ਦਾ ਸਤਿ ਧਰਮ ਦਾ ਇਕੱਠ, ਇਕੱਠਿਆਂ ਦਾ (ਗੱਠਾ) ਦੇਣਾ ਬੰਧਾਈਆ । ਸੰਤ ਭਗਤ ਸੂਫ਼ੀ ਫ਼ਕੀਰ ਮੁਨੀ ਰਖੀਸ਼ਰ ਜੁਗੀਸ਼ਰ ਤਪੀਸ਼ਰ ਕਦੇ ਪਿੱਠ ਦੇ ਨਾ ਜਾਵੇ ਢੱਠ, ਢੱਠਿਆਂ ਲਏ ਉਠਾਈਆ । ਜੋੜ ਜੁੜਿਆ ਨੱਠ ਨੱਠ, ਪੈਦਲ ਚਲ ਕੇ ਬੈਠਾ ਪੰਧ ਮੁਕਾਈਆ । ਸਭ ਨੇ ਸਚ ਪ੍ਰੇਮ ਦਾ ਲਾਹਾ ਜਾਣਾ ਖੱਟ, ਇਹੋ ਖੱਟੀ ਧਰਮ ਦੀ ਨਜ਼ਰੀ ਆਈਆ । ਅੰਦਰ ਵੈਰ ਦੀ ਦੀਨ ਮਜ਼੍ਹਬ ਰਹੇ ਕੋਈ ਨਾ ਹੱਦ, ਬੰਨਾ ਕੂੜਾ ਦੇਣਾ ਮਿਟਾਈਆ । ਵਡਿਆਈ ਓਸ ਨੂੰ ਮਿਲੇ ਜਗ, ਜੋ ਜੀਂਵਦਿਆਂ ਜੀਵਣ ਮਰਨ ਵਿਚ ਬਦਲਾਈਆ । ਮਰਨ ਦੇ ਪਿੱਛੋਂ ਕੀ ਹੋਇਆ ਜੇ ਸੜ ਜਾਏ ਵਿਚ ਅੱਗ, ਹੱਡ ਮਾਸ ਨਾੜੀ ਕੰਮ ਕਿਸੇ ਨਾ ਆਈਆ । ਬਿਨਾ ਦੀਦ ਕੀਤਿਆਂ ਜੇ ਮਿੱਟੀ ਹੇਠਾਂ ਜਾਓ ਦੱਬ, ਮਿਲੇ ਮੇਲ ਨਾ ਰੱਬ ਗੁਸਾਈਂਆ । ਇਹ ਝਗੜੇ ਮਨ ਕਲਪਨਾ ਸਰੀਰ ਦੀ ਹੱਦ, ਵੰਡ ਵਿਚ ਲੜਾਈਆ । ਜੇ ਅੰਦਰੋਂ ਕਾਇਆ ਮੰਦਰੋਂ ਡੂੰਘੀ ਕੰਦਰੋਂ ਆਪਣੇ ਆਪ ਨੂੰ ਆਪਣੇ ਬਾਪ ਨੂੰ ਆਪਣੇ ਜਾਪ ਨੂੰ ਲਵੋ ਲੱਭ, ਲੋਭ ਮੋਹ ਹੰਕਾਰ ਰਹਿਣ ਕੋਇ ਨਾ ਪਾਈਆ । ਜਿਸ ਕਾਰਨ ਤੁਹਾਨੂੰ ਲਿਆ ਸੱਦ, ਫ਼ਕੀਰ ਬੈਠੇ ਸਜ, ਦੋਹਾਂ ਦਾ ਨਾਤਾ ਗਿਆ ਬੱਝ, ਸਾਰੇ ਕਹੋ ਉਚੀ ਗੱਜ, ਪੱਲੂ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗਤ ਵਿਚੋਂ ਰੰਗਤ ਦਏ ਚਮਕਾਈਆ । ਉਹ ਰੰਗਤ ਕਿਹੜਾ ਚਾੜ੍ਹੇ ਰੰਗ, ਰੰਗੇ ਨੂਰ ਇਲਾਹੀਆ । ਜਿਸ ਦੇ ਲੱਭਣ ਖਾਤਰ ਨੱਚਦੇ ਫਿਰਨ ਮਲੰਗ, ਮਤਹਿਰੇ ਮੋਢਿਆਂ ਉਤੇ ਟਿਕਾਈਆ । ਦੀਨ ਮਜ਼੍ਹਬ ਇਸਲਾਮ ਦਾ ਕਰਦੇ ਦਿਸਣ ਜੰਗ, ਫ਼ਤਵਿਆਂ ਵਿਚ ਲੜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਜਿਸਦੇ ਮਿਲਣ ਦਾ ਦੱਸੇ ਢੰਗ, ਤਰੀਕਾ ਨੀਕਣ ਨੀਕਾ ਇਕ ਦਰਸਾਈਆ । ਉਹ ਸਭ ਦੇ ਨਾਲ ਰਿਹਾ ਹੰਢ, ਅੰਦਰ ਬੈਠਾ ਬਿਨ ਨਿਜ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਤਾਰਾ ਤੇ ਚੰਦ, ਉਹ ਸਭ ਦਾ ਖ਼ੁਸ਼ੀ ਕਰੇ ਬੰਦ ਬੰਦ, ਬੰਦਗੀ ਵਿਚ ਮਛੰਦਗੀ ਇਕ ਜਣਾਈਆ । ਨੇਤਰ ਨੈਣਹੀਣ ਰਹਿਣ ਨਾ ਦੇਵੇ

ਅੰਧ, ਦੂਈ ਦਵੈਤੀ ਢਾਹ ਕੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਉਹ ਵਸੇ ਵਿਚ ਬ੍ਰਹਿਮੰਡ, ਵੇਖਣਹਾਰਾ ਸਦਾ ਨਵਖੰਡ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਖਿਲਾਈਆ । ਸਾਚੇ ਸੰਤੋ ਧਰਮ ਫ਼ਕੀਰੋ ਤੁਹਾਡਾ ਪ੍ਰੇਮ ਵਾਲਾ ਜੰਗ, ਜਗਤ ਸ਼ਸਤਰ ਹੱਥ ਨਾ ਕੋਇ ਉਠਾਈਆ । ਕੂੜੀ ਕਿਰਿਆ ਕਰ ਦਿਓ ਖੰਡ ਖੰਡ, ਖੰਡਾ ਖੜਗ ਨਾਮ ਚਮਕਾਈਆ । ਕੋਈ ਹੈਰਾਨ ਨਾ ਹੋਵੇ ਦੰਗ, ਦੰਗਾ ਫ਼ਸਾਦ ਹੋਣਾ ਵਿਚ ਲੋਕਾਈਆ । ਬਿਨਾ ਸਾਚੇ ਸੰਤਾਂ ਤੋਂ ਸਾਹਿਬ ਸਤਿਗੁਰ ਤੋਂ ਧੁਰ ਦੇ ਮੁਰਸ਼ਦ ਤੋਂ ਕੋਈ ਮੇਟ ਨਾ ਸਕੇ ਗੰਦ, ਗੰਦਗੀ ਕੂੜ ਨਾ ਕੋਇ ਹਟਾਈਆ । ਸਾਰੇ ਇਕੱਠੇ ਹੋ ਜਾਉ ਇਕੋ ਡੋਰੀ ਬੱਝੋ ਤੰਦ, ਜਿਸ ਤੰਦ ਨੂੰ ਸਕੇ ਨਾ ਕੋਇ ਤੁੜਾਈਆ । ਫੇਰ ਮੁਨੀ ਵਾਂਗ ਲਉ ਉਹ ਅਨੰਦ, ਜਿਸ ਅਨੰਦ ਵਿਚੋਂ ਅਨੰਦ ਨਿਕਲ ਕੇ ਅਨੰਦ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਆਦਿ ਦਾ ਸਾਂਝਾ ਛੰਦ, ਸੋਹੰ ਰੂਪ ਸਮਝਾਈਆ । ਮਹਾਰਾਜ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਧੁਰਦਰਗਾਹੀਆ । ਸ਼ੇਰ ਸਿੰਘ ਤਾਕਤ ਵਿਚ ਬੁਲੰਦ, ਭੈ ਭਉ ਸਭ ਨੂੰ ਰਿਹਾ ਜਣਾਈਆ । ਵਿਸ਼ਨੂੰ ਪ੍ਰੇਮ ਪ੍ਰੀਤੀ ਦਾ ਹੋ ਪਾਬੰਦ, ਪਾਲਣਾ ਵਿਚ ਪਾਲਕ ਹੋ ਕੇ ਸੇਵ ਕਮਾਈਆ । ਭਗਵਾਨ ਉਹ ਜਿਹੜਾ ਕਦੇ ਨਾ ਹੋਵੇ ਭੰਗ, ਘੜਨ ਭੰਨਣ ਨਾ ਰੂਪ ਬਣਾਈਆ । ਜੈ ਵਿਚ ਕੋਈ ਨਾ ਹੋਵੇ ਤੰਗ, ਤੰਗ ਦਸਤੀ ਰਹਿਣ ਕੋਇ ਨਾ ਪਾਈਆ । ਅਗਲੇ ਜੁਗ ਦੀ ਅਗਲੀ ਵੰਡ, ਅਬਿਨਾਸ਼ੀ ਕਰਤੇ ਆਪ ਸੁਣਾਈਆ । ਸੂਫ਼ੀ ਸੰਤ ਫ਼ਕੀਰ ਮੁਨੀ ਜਨ ਚਮਕਣ ਸਿਤਾਰੇ ਉਹ ਚੰਦ, ਜਿਸ ਚੰਦ ਦੀ ਸੀਤਲਤਾ ਵਿਚ ਸਤਿ ਸਤਿ ਸਚ ਨਜ਼ਰੀ ਆਈਆ । ਸਾਂਝਾ ਕਰ ਲਉ ਸਾਰੇ ਅੰਗ, ਅੰਗ ਅੰਗ ਨਾਲ ਮਿਲਾਈਆ । ਦਸ ਜਨਵਰੀ ਸਤਾਈ ਪੋਹ ਸਮੇਲਨ ਦਾ ਇਕ ਨਵਾਂ ਸ਼ੁਰੂ ਹੋਣਾ ਢੰਗ, ਜੋ ਅੰਤਰ ਅੰਤਰ ਸਭ ਨੂੰ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ, ਨਿਰਗੁਣ ਸਰਗੁਣ ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ, ਆਤਮ ਪਰਮਾਤਮ ਨਾਤਾ ਲਏ ਗੰਢ, ਟੁੱਟੀ ਗੰਢਣਹਾਰ ਗੋਪਾਲ ਦੀਨ ਦਿਆਲ ਠਾਕਰ ਸਵਾਮੀ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ ਦਰਗਾਹ ਸਾਚੀ ਹਕ ਮੁਕਾਮ ਵੇਖਣਹਾਰਾ ਧੁਰ ਨਿਜ਼ਾਮ, ਅੰਤ ਅਖ਼ੀਰੀ ਕਰੇ ਸਚ ਇੰਤਜਾਮ, ਬੰਦੋਬਸਤ ਵਿਚ ਦਸਤ, ਦਸਤ ਸੂਫ਼ੀ ਸੰਤ ਫ਼ਕੀਰਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਾ ਰਾਹ ਅਗੰਮ ਅਥਾਹ, ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਸ਼ਰਕਤ ਵਿਚੋਂ ਤਫ਼ਰਕਾ ਬਿਨਾ ਤਫ਼ਰੀਕ ਲੇਖਾ ਬਾਹਰ ਦੇਵੇ ਕਢਾਈਆ ।

### ★ ੨੭ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ਸਰਵ ਧਰਮ ਸਮੇਲਨ ★

ਸਤਿ ਧਰਮ ਕਹੇ ਸਾਰੇ ਬਣੋ ਫ਼ਰੀਦ, ਮਨਸਾ ਮਨ ਬਦਲਾਈਆ । ਤੁਹਾਡੀ ਖ਼ੁਸ਼ੀਆਂ ਵਾਲੀ ਈਦ, ਜਗਤ ਜਹਾਨ ਮਿਲੇ ਵਡਿਆਈਆ । ਅੰਤਰ ਨਿਰੰਤਰ ਕਰੋ ਦੀਦ, ਜੋ ਮਾਲਕ ਧੁਰਦਰਗਾਹੀਆ । ਕਾਇਆ ਕਾਅਬਾ ਵੇਖੋ ਹਕ ਮਸੀਤ, ਮੰਦਰ ਇਕੋ ਨਜ਼ਰੀ ਆਈਆ । ਵੇਖਿਓ ਕਿਤੇ ਭਗਤਾਂ ਵਾਲੀ ਛੱਡ ਨਾ ਜਾਇਓ ਰੀਤ, ਪਿਛਲੀ ਪਿੱਛੇ ਵਾਲੀ ਭੁਲਾਈਆ । ਇਸ ਬਾਰਸ਼ ਨਾਲ ਬਾਹਰੋਂ ਤਨ ਹੋਵੇ ਸੀਤ, ਅੰਤਰ ਅੰਤਰ ਨਿਰੰਤਰ ਆਤਮ ਝਿਰਨਾ ਦਏ ਝਿਰਾਈਆ । ਸਚ ਧਰਮ ਦਾ ਖੇਲ ਸਦਾ ਅਨਡੀਠ, ਔਖੀ ਘੜੀ ਸਭ ਦੇ ਉਤੇ ਆਈਆ । ਜੋ ਟਾਈਮ ਤੋਂ ਪਹਿਲੋਂ

੧੦੬੨
੨੦

ਦੇ ਕੇ ਜਾਓ ਪੀਠ, ਧਰਮ ਸਮੇਲਨ ਕਹਿਣ ਕੋਇ ਨਾ ਪਾਈਆ । ਸਾਰਾ ਵਕਤ ਤਿੰਨ ਵੱਜੇ ਦਾ ਠੀਕ, ਇਹ ਠਾਕਰ ਦੀ ਬੇਪਰਵਾਹੀਆ । ਜੋ ਸਭ ਦੀ ਪਰਖਣ ਵਾਲਾ ਨੀਤ, ਸੰਤ ਸਮਾਗਮ ਵਿਚ ਆਪਣੀ ਕਲ ਵਰਤਾਈਆ । ਜਿਨ੍ਹਾਂ ਨੂੰ ਇਕ ਦੇ ਨਾਲ ਪ੍ਰੀਤ, ਹਿਰਦੇ ਵਿਚ ਵਿਸ਼ਵਾਸ਼ ਰਹੇ ਰਖਾਈਆ । ਉਹ ਆਪਣੀ ਬਦਲ ਦਿਉ ਨੀਤ, ਨੀਤੀਵਾਨ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਮੀਂਹ ਬਰਸੇ ਹੋਇਆ ਕੀ, ਅੱਜ ਦੀ ਕੀਮਤ ਕਹਿਣ ਕੋਇ ਨਾ ਪਾਈਆ । ਉਠ ਕੇ ਗਏ ਤੇ ਲਿਆ ਕੀ, ਆਇਆ ਗਿਆ ਕੰਮ ਕਿਸੇ ਨਾ ਆਈਆ । ਝਗੜਾ ਹੋਇਆ ਜਗਤ ਪੁੱਤਰ ਧੀ, ਮਾਇਆ ਮਮਤਾ ਵੱਜੀ ਵਧਾਈਆ । ਜਨ ਭਗਤ ਬਣ ਕੇ ਸੰਤ ਬਣ ਕੇ ਸੂਫ਼ੀ ਫ਼ਕੀਰ ਬਣ ਕੇ ਪਿਛਲੀ ਛੱਡ ਗਏ ਲੀਹ, ਦੁੱਖ ਵਿਚ ਸੁਖ ਸੁਖ ਵਿਚ ਦੁੱਖ ਇਕ ਰੰਗ ਨਾ ਲਏ ਬਣਾਈਆ । ਜਿਸ ਦਾ ਅੱਜ ਸਭ ਨੇ ਇਕੱਠਿਆਂ ਹੋ ਕੇ ਬੀਜਣਾ ਬੀ, ਉਸ ਦਾ ਫੱਲ ਉਪਜੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇਸ ਬਾਰਸ ਦਾ ਕੋਈ ਨਾ ਚਲੇ ਚਾਰਾ, ਚਾਰੋਂ ਕੁੰਟ ਇਕ ਦੁਹਾਈਆ । ਇਹ ਸੰਤਾਂ ਦਾ ਅਖਾੜਾ, ਗ਼ੈਰ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦਾ ਪਰਮ ਪੁਰਖ ਹਕ ਖ਼ੁਦਾ ਇਕੋ ਲਾੜਾ, ਮਾਲਕ ਦੋ ਜਹਾਨ ਅਖਵਾਈਆ । ਜੋ ਸਭ ਦੇ ਕਾਇਆ ਮੰਦਰ ਅੰਦਰ ਸ਼ਬਦ ਸਰੂਪੀ ਫੇਰਦਾ ਆਪੇ ਤਾਰਾਂ, ਤੁਰੀਆ ਤੋਂ ਪਰੇ ਆਪਣਾ ਰਾਗ ਸੁਣਾਈਆ । ਇਹ ਕੋਈ ਤੁਹਾਡਾ ਮੰਦਰ ਨਹੀਂ ਇੱਟਾਂ ਗਾਰਾ, ਜੋ ਮੀਂਹ ਨਾਲ ਖੁਰ ਕੇ ਮਿੱਟੀ ਵਿਚ ਸਮਾਈਆ । ਇਹ ਸਭ ਤੋਂ ਉੱਤਮ ਦਿਹਾੜਾ, ਇੰਦਰ ਖ਼ੁਸ਼ੀਆਂ ਨਾਲ ਆਪਣੀ ਛਹਿਬਰ ਲਾਈਆ । ਤੁਸੀਂ ਬੈਠੇ ਓਸ ਦਵਾਰਾ,



ਜਿਸ ਦਵਾਰੇ ਸੰਤ ਸੂਫ਼ੀ ਫ਼ਕੀਰ ਆਪਣਾ ਰੰਗ ਰੰਗਾਈਆ । ਅਗਲਾ ਤੱਕਿਓ ਹੋਰ ਨਜ਼ਾਰਾ, ਬੂੰਦ ਬੂੰਦੀ ਰਹਿਣ ਕੋਇ ਨਾ ਪਾਈਆ । ਸਾਰੇ ਬਣ ਜਾਓ ਮੀਤ ਮੁਰਾਰਾ, ਸੱਜਣ ਸਭ ਦਾ ਇਕ ਗੁਸਾਈਆ । ਜਿਸ ਦਾ ਰੂਪ ਨਾ ਕੋਈ ਪੁਰਖ ਨਾ ਕੋਈ ਨਾਰਾ, ਨਾਅਰਾ ਹਕ ਹਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੀਂਹ ਹੋ ਜਾਏ ਬੰਦ, ਬੰਦਗੀ ਵਿਚ ਧਿਆਨ ਲਗਾਈਆ । ਜਿਸ ਕਾਰਨ ਮਾਰ ਕੇ ਆਏ ਪੰਧ, ਭੱਜੇ ਵਾਹੋ ਦਾਹੀਆ । ਉਸ ਦਾ ਲੈਣਾ ਅਨੰਦ, ਸੁਖ ਆਤਮ ਵਿਚ ਟਿਕਾਈਆ । ਤੋੜ ਕੇ ਦਵੈਤ ਦੇ ਫੰਦ, ਨਾਤਾ ਬਾਹਮੀ ਲੈਣਾ ਜੁੜਾਈਆ । ਤੁਹਾਡਾ ਆਤਮ ਰੂਪ ਸੰਗ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਜਿਸ ਦੇ ਦਵਾਰੇ ਨਹੀਂ ਭੁੱਖ ਨੰਗ, ਭੁੱਖਿਆਂ ਦਏ ਰਜਾਈਆ । ਓਥੇ ਬੈਠਿਆਂ ਕੋਈ ਨਾ ਹੋਇਓ ਤੰਗ, ਤੰਗ ਦਸਤੀ ਅੰਦਰੋਂ ਦੇਣੀ ਕਢਾਈਆ । ਇਹ ਸੰਤ ਸੱਜਣ ਸੰਗ, ਦੁਰਮਤ ਮੈਲ ਅੰਦਰੋਂ ਲੈਣੀ ਧਵਾਈਆ । ਓ ਗੁਰਮੁਖੋ ਤੁਹਾਡੇ ਅੰਦਰ ਉਹ ਪਰਮਾਨੰਦ, ਜਿਸ ਨੂੰ ਜਗਤ ਦੀ ਮਮਤਾ ਪੋਹ ਸਕੇ ਨਾ ਰਾਈਆ । ਸਾਰੇ ਮਿਲ ਕੇ ਧੁਰ ਦੀ ਪਾਓ ਗੰਢ, ਜੋ ਲੋਕਮਾਤ ਗੁਰ ਅਵਤਾਰ ਪੈਗ਼ੰਬਰ ਗਏ ਪਵਾਈਆ । ਸੰਤ ਸਮਾਗਮ ਕੋਈ ਕਰ ਨਾ ਸਕੇ ਭੰਗ, ਭੰਗਣਾ ਵਿਚ ਨਾ ਆਈਆ । ਇਹ ਨਾਮ ਦਾ ਮਰਦੰਗ, ਡੰਕਾ ਧੁਰ ਦਾ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਬਰਖਾ ਕਹੇ ਮੈਂ ਸਭ ਦੀ ਦਾਸ, ਨਿਉਂ ਨਿਉਂ ਸੀਸ ਨਿਵਾਈਆ । ਜਿਨ੍ਹਾਂ ਦਾ ਪਰਮ ਪੁਰਖ ਉਤੇ ਵਿਸ਼ਵਾਸ਼, ਉਹ ਵਿਸ਼ਾ ਸਮਝ ਕੇ ਘਰ ਨੂੰ ਜਾਈਆ । ਸਭ ਦੀ ਇਕੱਠੀ ਸਾਂਝੀ ਮੰਡਲ ਵਾਲੀ ਰਾਸ, ਆਤਮ ਪਰਮਾਤਮ ਮਿਲ ਕੇ ਗੋਪੀ ਕਾਹਨ ਖੇਲ ਖਿਲਾਈਆ ।

ਇਹ ਸਮਝਣ ਵਾਲੀ ਬਾਤ, ਜੋ ਸੂਫ਼ੀਆਂ ਦਿਤੀ ਸੁਣਾਈਆ । ਇਹ ਹੁਕਮ ਬੋਧ ਅਗਾਧ, ਜੋ ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਇਹ ਜਗਤ ਭਿਖਾਰੀ ਨਾ ਸਮਝਿਓ ਸਾਧ, ਆਤਮ ਅਧਾਰੀ ਨਜ਼ਰੀ ਆਈਆ । ਜੇ ਆਏ ਤੇ ਆਪਣੀ ਖੋਲ੍ਹ ਕੇ ਜਾਇਓ ਜਾਗ, ਨਿਜ ਨੇਤਰ ਲੋਚਣ ਨੈਣ ਖੁਲ੍ਹਾਈਆ । ਤੁਹਾਡੀ ਓਸ ਦੇ ਹੱਥ ਵਾਗ, ਜਿਹੜਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਦਿ ਜੁਗਾਦਿ ਜੁਗ ਚੌਕੜੀ ਆਪਣਾ ਨੂਰ ਕਰੇ ਰੁਸ਼ਨਾਈਆ । ਓਸ ਦਾ ਨੂਰ ਵੇਖੋ ਮਹਿਤਾਬ, ਜੋ ਖ਼ਾਲਕ ਖ਼ਲਕਤ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਸੁਣਾਈਆ । ਧੁਰ ਦਾ ਹੁਕਮ ਆਇਆ ਛੇਤੀ, ਜਿਸ ਦਾ ਧਿਆਨ ਲਗਾਈਆ । ਜੋ ਸੰਤ ਮਹਿਰਮ ਬਣ ਕੇ ਬਣਿਆ ਓਸ ਦਾ ਭੇਤੀ, ਪੜਦੇ ਵਿਚੋਂ ਪੜਦਾ ਪਰੇ ਹਟਾਈਆ । ਓਸ ਦੀ ਯਾਦ ਰੱਖਿਓ ਨੇਕੀ, ਜੋ ਤੁਹਾਨੂੰ ਸਤਿ ਦਾ ਰਸਤਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਵਰਤਾਈਆ । ਘੜੀਆਂ ਨੂੰ ਵੇਖੋ ਕਿਤੇ ਹੋ ਤੇ ਨਹੀਂ ਗਏ ਮਿੰਟ ਦਸ, ਜੇ ਤੁਸੀਂ ਆਪਣੇ ਮਨ ਨੂੰ ਕਰ ਲਓ ਵਸ, ਓਥੇ ਘੜੀ ਘੜਿਆਲ ਦੀ ਲੋੜ ਰਹੇ ਨਾ ਰਾਈਆ । ਫੇਰ ਕੋਈ ਨਾ ਜਾਵੇ ਨੱਸ, ਪੱਲੂ ਆਪਣਾ ਆਪ ਛੁਡਾਈਆ । ਸਭ ਨੂੰ ਇਕ ਮਾਰਗ ਦੇਣਾ ਦੱਸ, ਜੋ ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਖੋਲ੍ਹ ਕੇ ਜਾਣਾ ਅੱਖ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਇਹ ਧਰਮ ਦਵਾਰ ਦਾ ਹੱਟ, ਜਗਤ ਵਣਜਾਰੇ ਬਣ ਕੇ ਸੌਦਾ ਲੈਣਾ ਚਾਈਂ ਚਾਈਂਆ । ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਆਤਮਾ ਦਾ ਕਰਨਾ ਇਕੱਠ, ਤਨ ਦੀ ਵੰਡ ਨਾ ਕੋਇ ਵੰਡਾਈਆ । ਸਾਚੇ ਸੰਤਾਂ ਅਜੇ ਤੁਹਾਡੇ ਉਤੇ ਹੋਰ ਮਾਰਨੀ ਸੱਟ, ਸੋਈ ਸੁਰਤੀ ਦੇਣੀ ਉਠਾਈਆ । ਤੁਸੀਂ ਅਜੇ ਤੱਕ ਸੁਣਿਆ ਅੱਖਰਾਂ ਵਿਚ ਪੜ੍ਹਿਆ ਸ਼ਬਦ ਅਨਾਦ ਅਨਹਦ, ਬਿਨ ਸਤਿਗੁਰ ਪੂਰੇ ਧੁਨ ਆਤਮਕ ਰਾਗ ਨਾ ਕੋਇ ਪਰਗਟਾਈਆ । ਇਹ ਸਮਾਂ ਸੁਹਾਵਣਾ ਮਿਲਿਆ ਅੱਜ, ਜੋ ਅਜ਼ਲ ਤੋਂ ਦਏ ਬਚਾਈਆ । ਵੇਖਿਓ ਕਿਤੇ ਮੀਂਹ ਤੋਂ ਡਰਦੇ ਨਾ ਜਾਇਓ ਭੱਜ, ਭੱਜਣ ਵਾਲਿਓ ਭਜਨ ਬੰਦਗੀ ਕੰਮ ਕਿਸੇ ਨਾ ਆਈਆ । ਇਹ ਸਭਾ ਰਹੀ ਸਜ, ਉਚੀ ਬੋਲਣ ਜ਼ੋਰ ਨਾਲ ਗੱਜ, ਮਜ਼੍ਹਬਾਂ ਦਾ ਝੇੜਾ ਦੇਣਾ ਮੁਕਾਈਆ । ਜਗਤ ਵਿਕਾਰ ਨੂੰ ਥੱਲੇ ਦੇਣਾ ਦੱਬ, ਸਿਰ ਸਕੇ ਨਾ ਕੋਇ ਉਠਾਈਆ । ਸਭ ਦੇ ਅੰਦਰ ਇਕੋ ਨੂਰ ਇਕੋ ਰੱਬ, ਜੋ ਆਲਮੀਨ ਅਖਵਾਈਆ । ਵਾਹਦ ਕਲਮਾ ਕਾਇਨਾਤ ਦਾ ਇਹ ਬਣਨ ਲੱਗਾ ਨਾਲ ਸਬੱਬ, ਸਾਰੇ ਮਿਲ ਕੇ ਆਪਣਾ ਰੰਗ ਚੜ੍ਹਾਈਆ । ਜੇ ਸੁਣਨਾ ਤੇ ਸੁਣਿਓ ਨਦ, ਜੋ ਬਿਨ ਡੰਕੇ ਡੌਰੂ ਵੱਜੇ ਚਾਈਂ ਚਾਈਂਆ । ਅੱਗੇ ਖੇਲ ਹੋਣਾ ਜਗ, ਜਗਜੀਵਣ ਦਾਤਾ ਆਪ ਕਰਾਈਆ । ਕੁਛ ਅਗਲੇ ਸਾਲ ਲੱਗਣ ਵਾਲੀ ਅੱਗ, ਜਗਤ ਪਰਧਾਨ ਸਕੇ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਮੀਂਹ ਕਹੇ ਮੇਰੀ ਬੂੰਦਾਂ ਬਾਂਦੀ, ਸੇਵਾ ਸਚ ਕਮਾਈਆ । ਫ਼ਰੀਦ ਕਹੇ ਉਹ ਝੱਖੜ ਝਾਂਗੀ, ਮੇਰਾ ਮਨ ਨਾ ਸਕੇ ਬਦਲਾਈਆ । ਜੋ ਉਪਦੇਸ਼ ਦੱਸਿਆ ਜਗਤ ਦਵਾਰੇ ਗਾਂਧੀ, ਤੰਦ ਤੰਦ ਜੁੜਾਈਆ । ਹੁਣ ਸਾਰੇ ਮਜ਼੍ਹਬਾਂ ਵਾਲੇ ਇਕੱਠੇ ਮਿਲ ਕੇ ਬਣ ਜਾਓ ਆਂਢੀ ਗੁਆਂਢੀ, ਹਮਸਾਏ ਹੋ ਕੇ ਆਪਣਾ ਝਟ ਲੰਘਾਈਆ । ਹੋਰ ਸੁਣਿਓ ਬਿਨਾ ਪੁਰਖ ਅਕਾਲ ਦੀਨ ਦਿਆਲ ਸਭ ਦੀ ਪਤ ਜਾਂਦੀ, ਦੂਜਾ ਹੋਏ ਨਾ ਕੋਇ ਸਹਾਈਆ । ਤੁਹਾਡੀ ਕਾਇਆ ਪ੍ਰੇਮ ਵਾਲੀ ਸਾਚੀ ਹਾਂਡੀ, ਸਚ ਧਰਮ ਦੀ ਭੱਠੀ ਇਕੋ ਲੈਣੀ ਚੜ੍ਹਾਈਆ । ਵੇਖਿਓ ਕੋਈ ਲਾਲਚ ਨਾ ਕਰਿਓ ਸੋਨਾ ਚਾਂਦੀ, ਮਨ ਤ੍ਰਿਪਤ

ਕਰ ਕੇ ਤ੍ਰਿਸ਼ਨਾ ਆਪਣੀ ਲੈਣੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਇਆਂ ਸੱਜਣਾਂ ਪ੍ਰੇਮੀ ਮਿਤਰਾਂ ਸਾਚੇ ਸੰਤਾਂ ਸੂਫ਼ੀ ਫ਼ਕੀਰਾਂ ਸ਼ਾਹ ਹਕੀਰਾਂ ਅੰਤਰ ਆਤਮ ਏਕਾ ਦੇਵੇ ਸ਼ਬਦ ਕਲਮਾ ਨਾਮ, ਮੁਹੱਬਤ ਵਾਲੀ ਵਧਾਈਆ । ਉਤੋਂ ਹੋਰ ਆਈ ਕਲਾਮ, ਕਲਮਾ ਧੁਰਦਰਗਾਹੀਆ । ਸੰਦੇਸ਼ਾ ਦਏ ਅਮਾਮ, ਨੂਰ ਨੁਰਾਨਾ ਨੂਰ ਇਲਾਹੀਆ । ਸੁਣੇ ਸਰਬ ਅਵਾਮ, ਅਮਲ ਇਕ ਦ੍ਰਿੜਾਈਆ । ਜੋ ਪੀਰ ਪੈਗ਼ੰਬਰ ਹਜ਼ਰਤ ਗੁਰ ਅਵਤਾਰ ਦੇ ਕੇ ਗਏ ਪੈਗ਼ਾਮ, ਅੱਖਰਾਂ ਵਿਚ ਲਿਖਾਈਆ । ਓਸ ਨੂੰ ਪੜ੍ਹ ਕੇ ਸੁਣ ਕੇ ਐਸ ਵੇਲੇ ਦੁਨੀਆ ਦਾ ਬਦਲ ਗਿਆ ਨਿਜ਼ਾਮ, ਇੰਤਜਾਮ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਹੋਏ ਬਦਨਾਮ, ਧਰਮ ਦਾ ਨੇਤਾ ਸਿਰ ਸਕੇ ਨਾ ਕੋਇ ਉਠਾਈਆ । ਮਨ ਵਾਸਨਾ ਵਿਚ ਜਗਤ ਕਾਮਨਾ ਵਿਚ ਸਾਰੇ ਹੋਏ ਗ਼ੁਲਾਮ, ਗ਼ੁਰਬਤ ਅੰਦਰੋਂ ਨਾ ਕੋਇ ਕਢਾਈਆ । ਏਸੇ ਕਾਰਨ ਸੰਤ ਸੱਜਣ ਸੂਫ਼ੀ ਫ਼ਕੀਰ ਇਕੱਠੇ ਹੋਏ ਆਣ, ਮਜਲਸ ਮਹਿਬੂਬ ਵਾਲੀ ਲਗਾਈਆ । ਸਭ ਨੇ ਕਰਨੀ ਪਰਵਾਨ, ਪਰਵਾਨੇ ਬਣ ਕੇ ਏਨ੍ਹਾਂ ਸ਼ਮਾਂ ਉਤੇ ਜਲ ਕੇ ਆਪਣਾ ਆਪ ਦੇਣਾ ਤਜਾਈਆ । ਤੁਹਾਡੇ ਕੋਲ ਸਤਿ ਧਰਮ ਦਾ ਨਿਸ਼ਾਨ, ਸਿਦਕ ਸਬੂਰੀ ਦਾ ਈਮਾਨ, ਆਮਦ ਵਿਚ ਘਰ ਘਰ ਵੱਜੇ ਵਧਾਈਆ । ਇਕੱਠੇ ਜਾਓ ਤਮਾਮ, ਤਮਾ ਦਾ ਝਗੜਾ ਦੇਣਾ ਮੁਕਾਈਆ । ਕਿਸੇ ਦੇ ਅੰਗੂਠੇ ਲਾਉਣ ਵਾਲਾ ਰੱਖਿਆ ਨਹੀਂ ਅਸ਼ਟਾਮ, ਸ਼ਹਾਦਤ ਦੀ ਲੋੜ ਨਾ ਕੋਇ ਬਣਾਈਆ । ਸਾਰੇ ਸਾਂਝਾ ਪਿਆਰ ਮੁਹੱਬਤ ਦਾ ਇਕੋ ਸਮਝੋ ਇਸਲਾਮ, ਜਿਸ ਦਾ ਇਸਮ ਆਜ਼ਮ ਅਜ਼ੀਮੁਲਸ਼ਾਨ, ਮਹਿਬਾਨ ਮੁਹੱਬਤ ਦਾ ਮਹਿਬੂਬ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ੇ ਵਿਚ ਸੰਤ ਸਾਜਨ ਮੁਨੀ ਸੂਫ਼ੀ ਫ਼ਕੀਰ ਜਿਨ੍ਹਾਂ ਦਾ ਸੰਦੇਸ਼ਾ ਬੇਨਜ਼ੀਰ, ਨਜ਼ਰ ਤੋਂ ਪਰੇ ਖੋਲ੍ਹ ਕੇ ਦਰੇ, ਵੜ ਕੇ ਕਾਇਆ ਮੰਦਰ ਘਰੇ, ਤੋੜ ਕੇ ਬਜ਼ਰ ਕਪਾਟੀ ਕੜੇ, ਬਣਾ ਕੇ ਸਤਿ ਧਰਮ ਦੇ ਧੜੇ, ਧੜਾ ਕਲਜੁਗ ਕੂੜੀ ਕਿਰਿਆ ਦੇਣ ਮਿਟਾਈਆ । ਪੂਰਨ ਮੇਲਾ ਹੋਇਆ ਪੂਰਨ ਸੰਤ, ਸੋਹਣੀ ਬਣਤ ਬਣਾਈਆ । ਜਿਉਂ ਨਾਰ ਸੁਹਾਗਣ ਮਿਲੀ ਕੰਤ, ਦੋਹਾਂ ਮਿਲ ਕੇ ਵੱਜੀ ਵਧਾਈਆ । ਪਿਆਰ ਮੁਹੱਬਤ ਦੀ ਬਣੀ ਬਣਤ, ਸਾਂਝਾ ਰੰਗ ਚੜ੍ਹਾਈਆ । ਮੁਹੱਬਤ ਵਿਚ ਸੰਤ ਕਿਰਪਾਲ ਸਿੰਘ ਉਠ ਕੇ ਗਿਆ ਅੰਤ, ਅੰਤਸ਼ਕਰਨ ਵੇਖ ਵਖਾਈਆ । ਸਾਚੀ ਸਿਖਿਆ ਲੈ ਕੇ ਜਾਣਾ ਜਗਤ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਭ ਦੇ ਅੰਦਰ ਇਕ ਭਗਵੰਤ, ਭਗਵਨ ਆਪਣੀ ਕਲ ਵਰਤਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਰਹੀ ਗਾਈਆ । ਓਸ ਦਾ ਕਦੇ ਨਾ ਹੋਇਆ ਅੰਤ, ਸੰਤਾਂ ਦੇ ਹਿਰਦੇ ਵਸ ਕੇ ਪੜਦਾ ਅੰਦਰੋਂ ਦਏ ਚੁਕਾਈਆ । ਇਹ ਬੋਧ ਅਗਾਧਾ ਪੰਡਤ, ਜੋ ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜਿਨ੍ਹਾਂ ਨੇ ਤੁਹਾਡਾ ਲੇਖਾ ਮੁਕਾਉਣਾ ਜੇਰਜ ਅੰਡਜ, ਉਤਭੁਜ ਸੇਤਜ ਚਾਰ ਖਾਣੀ ਵਿਚ ਮੁੜ ਕੇ ਫੇਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਜਨਾਂ ਦਾ ਹਾਰਦਿਕ ਪਿਆਰ ਹਿਰਦਿਆਂ ਵਿਚੋਂ ਫਿਰਦਿਆਂ ਤੁਰਦਿਆਂ ਆਪਣੇ ਵਿਚ ਰਖਾਈਆ । ਭਗਤ ਭਗਵਾਨ ਦਾ ਸ਼ੁਰੂ ਹੋਵੇ ਯੁੱਧ, ਯੁਧਿਸ਼ਟਰ ਦੇ ਕੇ ਗਿਆ ਗਵਾਹੀਆ । ਸਾਰੇ ਨਿਰਮਲ ਕਰ ਲਓ ਬੁੱਧ, ਕੂੜੀ ਕਿਰਿਆ ਬਾਹਰ ਕਢਾਈਆ । ਹਿਰਦਾ ਹੋ ਜਾਏ ਸ਼ੁੱਧ, ਦੁਰਮਤ ਮੈਲ ਰਹੇ ਨਾ ਰਾਈਆ । ਇਕ ਨੂੰ ਲਓ ਬੁਝ, ਜੋ ਮਾਲਕ ਧੁਰਦਰਗਾਹੀਆ ।


੧੦੬੫
੨੦

ਓਸੇ ਦੀ ਮੁਹੱਬਤ ਵਿਚ ਜਾਵੋ ਰੁਝ, ਪ੍ਰੇਮ ਪ੍ਰੀਤੀ ਇਕ ਬਣਾਈਆ । ਸਾਚੀ ਮੰਜ਼ਲ ਚੜ੍ਹੋ ਕੁੱਦ, ਜਿਥੇ ਸਕੇ ਨਾ ਕੋਇ ਅਟਕਾਈਆ । ਸਾਚੇ ਨਾਮ ਦਾ ਲਾਹਾ ਲਓ ਲੁੱਟ, ਅੰਮ੍ਰਿਤ ਜਾਮ ਪੀਓ ਥਾਉਂ ਥਾਈਂਆ । ਇਕ ਦੂਜੇ ਨੂੰ ਜੱਫੀ ਪਾਓ ਘੁੱਟ, ਨਾਤਾ ਬਾਹਮੀ ਲੈਣਾ ਜੁੜਾਈਆ । ਵੇਖਿਓ ਕਿਤੇ ਤੁਹਾਥੋਂ ਪੱਲੂ ਨਾ ਜਾਵੇ ਛੁਟ, ਪੱਕੀ ਗੰਢ ਨਾ ਕੋਇ ਖੁਲ੍ਹਾਈਆ । ਹਿੰਮਤ ਕਰ ਕੇ ਸਾਰੇ ਪਓ ਉਠ, ਸੋਈ ਸੁਰਤੀ ਆਪ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਪਤਿਪਰਮੇਸ਼ਵਰ ਬੇਪਰਵਾਹ ਜਾਏ ਤੁਠ, ਮਿਹਰ ਨਜ਼ਰ ਆਪਣੀ ਇਕ ਉਠਾਈਆ । ਸਭ ਦੇ ਅੰਤਰ ਆਤਮ ਦੇਵੇ ਅਗੰਮਾ ਸੁਖ, ਸ਼ਾਂਤੀ ਸ਼ਾਂਤੀ ਸ਼ਾਂਤੀ ਚਾਰੋਂ ਕੁੰਟ ਸੋਭਾ ਪਾਈਆ । ਮਰਨ ਦਾ ਹੋਵੇ ਕਿਸੇ ਨਾ ਦੁੱਖ, ਜੋ ਜੀਵਦਿਆਂ ਜੀ ਜਗਜੀਵਣ ਦਾਤੇ ਭੇਟ ਕਰਾਈਆ । ਸਾਰੇ ਤਾਅ ਦਿਓ ਮੁੱਛ, ਸਾਡਾ ਆਪਾ ਨਹੀਂ ਕੁਛ, ਸਭ ਕੁਛ ਓਸੇ ਦੀ ਝੋਲੀ ਪਾਈਆ । ਸਚ ਖ਼ੁਦਾ ਦੇ ਸਾਰੇ ਪੁੱਤ, ਪਿਤਾ ਪੁਰਖ ਅਕਾਲ ਮਨਾਈਆ । ਜਿਸ ਦੇ ਨਾਲ ਸੁਹੰਜਣੀ ਹੋਵੇ ਰੁੱਤ, ਗੁਲ ਗੁਲਸ਼ਨ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਪਰਗਟਾਈਆ । ਭਗਤ ਭਗਵਾਨ ਵੇਖਿਓ ਫੜੇ ਕੋਈ ਨਾ ਖੰਡਾ, ਖੜਗ ਹੱਥ ਨਾ ਕੋਇ ਉਠਾਈਆ । ਪ੍ਰੇਮ ਪਿਆਰ ਦਾ ਵਿਵਹਾਰ ਕਰੇ ਵਿਚ ਬ੍ਰਹਿਮੰਡਾਂ, ਜ਼ਿਮੀਂ ਅਸਮਾਨਾਂ ਰੰਗ ਰੰਗਾਈਆ । ਝਗੜਾ ਚੁਕਾਵੇ ਜੇਰਜ ਅੰਡਾ, ਉਤਭੁਜ ਸੇਤਜ ਪੜਦਾ ਲਾਹੀਆ । ਸਚਖੰਡ ਧਰਮ ਦਵਾਰ ਵਖਾਵੇ ਇਕੋ ਕੰਢਾ, ਜਿਸ ਦਾ ਤਟ ਕਿਨਾਰਾ ਵੰਡ ਨਾ ਕੋਇ ਵਖਾਈਆ । ਜਿਸ ਨੂੰ ਕਹਿੰਦੇ ਚੂੰਕਿ ਚੁਨਾਚਿ ਅਲਬੱਤਾ, ਆਲਮਗੀਰ ਇਲਮ ਵਿਚ ਲਾ ਇਲਮ ਦੀ ਦੇਣ ਸਫ਼ਾਈਆ । ਉਹ ਸਭ ਦਾ ਮਾਲਕ ਸਕਾ, ਵੈਰੀ ਮੀਤ ਨਾ ਵੰਡ ਵੰਡਾਈਆ । ਮਾਨਵ ਓਸੇ ਦਾ ਬੱਚਾ, ਜੋ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਗੋਦ ਉਠਾਈਆ । ਵੇਖਿਓ ਕਿਤੇ ਅੱਜ ਦਾ ਬਚਨ ਨਾ ਸਮਝਿਓ ਕੱਚਾ, ਸਾਰੇ ਸੰਤ ਫ਼ਕੀਰ ਇਕੱਠੇ ਹੋ ਕੇ ਸਚ ਸੰਦੇਸ਼ ਸੁਣਾਈਆ । ਇਹ ਕੋਈ ਜਗਤ ਸੰਤਾਂ ਵਾਲਾ ਨਹੀਂ ਲੇਖਾ ਪਤਾ, ਪਟਣੇ ਵਾਲਾ ਇਕੋ ਕਰੇ ਅਗਵਾਈਆ । ਦੀਨ ਮਜ਼੍ਹਬ ਦਾ ਸਭ ਦੂਈ ਦਵੈਤ ਦਾ ਮੇਟੋ ਰੱਟਾ, ਅੱਗੇ ਰਿਟਨ ਕਰਨ ਦੀ ਲੋੜ ਰਹੇ ਨਾ ਰਾਈਆ । ਆਪਣੀ ਕੀਮਤ ਨਾ ਕੋਈ ਪਵਾਇਓ ਮਾਇਆ ਮਮਤਾ ਵਿਚ ਟਕਾ, ਹੰਕਾਰ ਵਿਕਾਰ ਦੇਣਾ ਤਜਾਈਆ । ਵੇਖਿਓ ਕਿਤੇ ਜ਼ਬਾਨ ਨਾਲ ਬੱਤੀ ਦੰਦ ਨਾਲ ਮਨ ਵਾਸਨਾ ਨਾਲ ਕੋਈ ਨਾ ਕਿਹੋ ਅੱਛਾ, ਬਿਬੇਕ ਬੁੱਧੀ ਨਾਲ ਸਭ ਨੇ ਹਾਂ ਵਿਚ ਹਾਂ ਲੈਣੀ ਮਿਲਾਈਆ । ਜਿਸ ਨੇ ਵਿਸ਼ਵ ਦਾ ਪਿਆਰ ਦਾ ਕਰਨਾ ਇਕੱਠਾ, ਵਿਛੜਿਆਂ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਨੀ ਦਾ ਤਪਣ ਨਾ ਦੇਵੇ ਭੱਠਾ, ਅੰਮ੍ਰਿਤ ਮੇਘ ਇਕ ਬਰਸਾਈਆ । ਭਗਤ ਭਗਵਾਨ ਦਾ ਸਾਂਝਾ ਹੋਵੇ ਰਥ, ਅਰਜਨ ਕ੍ਰਿਸ਼ਨ ਦਏ ਵਡਿਆਈਆ । ਇਹੋ ਪ੍ਰੇਮ ਪਿਆਰ ਦੀ ਵੱਥ, ਜਗਤ ਲੱਭਿਆਂ ਨਜ਼ਰ ਨਾ ਆਈਆ । ਸਦਾ ਓਸ ਦਾ ਗਾਵੋ ਜਸ, ਜੋ ਸਿਫ਼ਤਾਂ ਨਾਲ ਸਾਲਾਹੀਆ । ਜ਼ਰਾ ਨੇਤਰ ਖੋਲ੍ਹ ਕੇ ਵੇਖੋ ਅੰਦਰੋਂ ਅੱਖ, ਜੋ ਸੰਤ ਕ੍ਰਿਪਾਲ ਸਿੰਘ ਸਭ ਨੂੰ ਰਿਹਾ ਸਮਝਾਈਆ । ਨਿਝਰ ਝਿਰਨੇ ਦਾ ਅੰਮ੍ਰਿਤ ਵੇਖੋ ਚੱਟ, ਜੋ ਚੇਟਕ ਕੂੜਾ ਦਏ ਮੁਕਾਈਆ । ਗ੍ਰਿਹਿ ਮੰਦਰ ਵੇਖੋ ਆਪਣਾ ਹੱਟ, ਜਿਸ ਵਿਚ ਸੌਦਾ ਬੇਪਰਵਾਹੀਆ । ਦਵੈਤ ਭਾਵਨਾ ਕੱਢੋ ਵੱਟ, ਝਗੜਾ ਅਵਰ ਰਹੇ ਨਾ ਰਾਈਆ । ਜਨ ਭਗਤੋ ਜੇ ਮਾਰੇ (ਤੇ ਮਾਰੋ) ਨਾਮ ਸ਼ਬਦ ਦੀ ਸੱਟ, ਦੂਜੀ ਚੋਟ ਨਾ ਕੋਇ ਲਗਾਈਆ । ਜੇ ਭੱਜੋ ਤੇ ਪੰਧ ਮੁਕਾਓ ਨੱਠ, ਜਿਥੇ ਸੰਤ ਸਾਜਨ ਨਜ਼ਰੀ ਆਈਆ । ਜੇ ਖ਼ੁਸ਼ੀ ਬਣਾਓ ਤੇ ਖ਼ੁਸ਼ੀਆਂ ਵਿਚ ਪਓ ਹੱਸ, ਹਸਤੀ

੧੦੬੬
੨੦

ਤੱਕੋ ਬੇਪਰਵਾਹੀਆ । ਕਲਜੁਗ ਰੈਣ ਅੰਧੇਰੀ ਮੇਟੋ ਮਸ, ਸਾਚਾ ਚੰਦ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਭਗਵਾਨ ਮਿਤਰ ਵੇਖੇ ਦਰੋਨਾ ਚਾਰਜ, ਜੋ ਗੁਰੂ ਕੌਰੋ ਪਾਂਡੋ ਨਜ਼ਰੀ ਆਈਆ । ਜਿਥੇ ਸਭ ਦਾ ਲੇਖਾ ਹੋਵੇ ਖ਼ਾਰਜ, ਕਲਮ ਸ਼ਾਹੀ ਦੀ ਲੋੜ ਰਹੇ ਨਾ ਰਾਈਆ । ਓਸ ਧਾਮ ਦਾ ਇਕੋ ਇਕ ਇਨਚਾਰਜ, ਜੋ ਹੁਕਮੇ ਵਿਚ ਹੁਕਮ ਬਦਲਾਈਆ । ਜਿਸ ਦੀ ਕੋਈ (ਰੱਖਿਆ) ਵਾਲੀ ਨਹੀਂ ਗਾਰਦ, ਡੀਫ਼ੈਂਸ ਵਿਚ ਵੰਡ ਨਾ ਕੋਇ ਵੰਡਾਈਆ । ਓਹ ਸਦਾ ਪਰਗਟ ਹੋਵੇ ਵਿਚ ਭਾਰਤ, ਆਦਿ ਦੀ ਰੀਤੀ ਚਲੀ ਆਈਆ । ਹਜ਼ਰਤ ਈਸਾ ਮੂਸਾ ਮੁਹੰਮਦ ਲਿਖ ਕੇ ਗਏ ਇਬਾਰਤ, ਅਲਿਫ਼ ਯੇ ਵਿਚ ਗਏ ਦ੍ਰਿੜਾਈਆ । ਓਸ ਨੂੰ ਕਿਸੇ ਦੀ ਲੋੜ ਨਹੀਂ ਸਫ਼ਾਰਸ਼, ਇਕ ਇਕੱਲਾ ਸਭ ਕੁਛ ਲਏ ਕਰਾਈਆ । ਇਕ ਦੂਜੇ ਦਾ ਕਰ ਲਓ ਸਾਰੇ ਤੁਆਰਫ਼, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਗੁਰਮੁਖੋ ਇਹ ਸੰਤਾਂ ਦੀ ਵਜ਼ਾਰਤ, ਜਿਸ ਨੂੰ ਤੋੜ ਕੇ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਸਮਝਾਈਆ । ਇਹ ਧਰਮ ਦਾ ਪ੍ਰੇਮ ਦਾ ਯੁੱਧ ਹੱਥ ਫੜੇ ਨਾ ਕੋਇ ਤਲਵਾਰ, ਸ਼ਸਤਰ ਅਸਤਰ ਨਾ ਕੋਇ ਵਖਾਈਆ । ਜੇ ਸਾਰੇ ਸਾਂਝਾ ਕਰ ਲਓ ਪਿਆਰ, ਖੰਡਾ ਖੜਗ ਨਾ ਕੋਇ ਵਡਿਆਈਆ । ਤੁਹਾਡੀ ਮੰਜ਼ਲ ਨਾ ਰਹੇ ਦੁਸ਼ਵਾਰ, ਦੂਤੀ ਦੁਸ਼ਮਣ ਸੀਸ ਨਿਵਾਈਆ । ਉਚੀ ਕੂਕ ਬੋਲੋ ਪੁਕਾਰ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਵਿਚੋਂ ਨਿਕਲੋ ਡੂੰਘੀ ਗ਼ਾਰ, ਕਾਇਆ ਭਵਰੀ ਪਾਰ ਕਰਾਈਆ । ਸਚ ਸ਼ਬਦ ਸੁਣੋ ਧੁਨਕਾਰ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਪੀਵੋ ਠੰਡਾ ਠਾਰ, ਬੂੰਦ ਸਵਾਂਤੀ ਇਕ ਟਪਕਾਈਆ । ਨਿਰਮਲ ਜੋਤ ਕਰੋ ਉਜਿਆਰ, ਅੰਧ ਅੰਧੇਰ ਰਹੇ ਨਾ ਰਾਈਆ । ਦੁਆਪਰ ਦਾ ਲੇਖਾ ਜਿਸ ਨੇ ਸੁਣਾਇਆ ਨਾਲ ਵਾਰ, ਵਾਰਤਾ ਨਾਲ ਜੁੜਾਈਆ । ਸਾਰੇ ਹੋ ਜਾਓ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜਿਸ ਦੇ ਹੱਥ ਸਰਬ ਸੰਸਾਰ, ਓਹ ਰਥਵਾਹੀ ਧੁਰਦਰਗਾਹੀਆ । ਵਾਗਾਂ ਮੋੜ ਕੇ ਆਵੇ ਸੰਤਾਂ ਦੇ ਦਰਬਾਰ, ਦਰ ਦਰਵਾਜ਼ਾ ਇਕ ਸੁਹਾਈਆ । ਜਿਸ ਦੇ ਨਾਲ ਮੁਹੰਮਦ ਸੰਗ ਯਾਰ ਚਾਰ, ਚਾਰ ਕੁੰਟ ਦੀ ਅੱਖ ਦਏ ਖੁਲ੍ਹਾਈਆ । ਗ਼ਫ਼ਲਤ ਵਿਚੋਂ ਹੋਵੋ ਬੇਦਾਰ, ਨਾਬੀਨਾ ਰਹਿਣ ਕੋਇ ਨਾ ਪਾਈਆ । ਉਚ ਮਹੱਲ ਤੱਕੋ ਮਨਾਰ, ਮਹਿਬੂਬ ਤੱਕੋ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਜਨ ਭਗਤੋ ਤੁਹਾਡੇ ਅੰਦਰ ਇਕ ਰਥਵਾਹੀ, ਜੋ ਦਿਵਸ ਰੈਣ ਕਾਇਆ ਰਥ ਚਲਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀ, ਸ਼ਹਾਦਤ ਵਿਚ ਗੁਰ ਅਵਤਾਰ ਪੈਗ਼ੰਬਰ ਦਏ ਭੁਗਤਾਈਆ । ਓਹ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਹੋ ਕੇ ਭੱਜੇ ਵਾਹੋ ਦਾਹੀ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਆਪਣਾ ਪੰਧ ਮੁਕਾਈਆ । ਓਹ ਕਦੇ ਰਹਿਣ ਨਾ ਦੇਵੇ ਕੂੜੀ ਸ਼ਹਿਨਸ਼ਾਹੀ, ਸ਼ਹਿਨਸ਼ਾਹ ਹੋ ਕੇ ਸਾਚਾ ਧਰਮ ਦਏ ਪਰਗਟਾਈਆ । ਤੁਸੀਂ ਆਦਿ ਤੋਂ ਇਕ ਇਕੋ ਤੁਹਾਡੀ ਇਕਾਈ, ਏਕਾ ਰੂਪ ਨਜ਼ਰੀ ਆਈਆ । ਸਿਫ਼ਰੇ ਵਾਲੀ ਵਧੇ ਨਾ ਕੋਇ ਦਹਾਈ, ਦਹਾਈ ਦਾ ਸੈਂਕੜਾ ਸੈਂਕੜੇ ਦਾ ਔਂਕੜ ਇਕੋ ਲੈਣਾ ਬਣਾਈਆ । ਜਿਹੜੀ ਸਿਖਿਆ ਅਠਾਰਾਂ ਧਿਆਏ ਗੀਤਾ ਰਹੀ ਸਮਝਾਈ, ਅਰਜਨ ਦਾ ਨਾਤਾ ਬਿਧਾਤੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਮੇਲਾ ਮੇਲ ਮਿਲਾਈਆ । ਕ੍ਰਿਸ਼ਨ ਕਹੇ ਅਰਜਨ ਸੁਣ ਅਗੰਮੀ ਬਾਤ, ਤੈਨੂੰ ਦਿਆਂ

ਸਮਝਾਈਆ । ਕਲਜੁਗ ਅੰਤਮ ਮਾਰ ਝਾਕ, ਬਿਨ ਅੱਖਾਂ ਅੱਖ ਉਠਾਈਆ । ਜਿਸ ਵੇਲੇ ਸਤਿ ਧਰਮ ਨੇ ਪਾਉਣੀ ਵਫ਼ਾਤ, ਮੁਰਦਾ ਹੋਏ ਲੋਕਾਈਆ । ਭਾਈ ਭਾਈ ਵਿਚ ਨਹੀਂ ਰਹਿਣਾ ਇਤਫ਼ਾਕ, ਘਰ ਘਰ ਵਿਚ ਇਹੋ ਹੋਏ ਲੜਾਈਆ । ਕੋਈ ਸੰਤ ਫ਼ਕੀਰ ਵਿਰਲਾ ਜਾਵੇ ਜਾਗ, ਜਿਸ ਦੇ ਅੰਦਰ ਰਹਿਮਤ ਆਪ ਕਮਾਈਆ । ਭੱਜੇ ਫਿਰਨ ਪੁਤਲੇ ਖ਼ਾਕ, ਦਹਿ ਦਿਸ਼ਾ ਪਏ ਦੁਹਾਈਆ । ਬਿਨਾ ਪਾਰਬ੍ਰਹਮ ਪਤਿਪਰਮੇਸ਼ਵਰ ਸਾਂਝਾ ਕਰੇ ਨਾ ਕੋਇ ਇਤਫ਼ਾਕ, ਅੰਤਰ ਆਤਮ ਮੇਲ ਨਾ ਕੋਇ ਮਿਲਾਈਆ । ਦੁਨੀਆ ਰੋਵੇ ਇੰਦਰੀਆਂ ਦੇ ਘਾਟ, ਮੰਜ਼ਲ ਮੁਕੇ ਨਾ ਕਿਸੇ ਵਾਟ, ਸੇਜਾ ਸੋਹੇ ਕੋਈ ਨਾ ਖਾਟ, ਜਗਤ ਨਟੂਆ ਹੋਵੇ ਨਾਟ, ਸਵਾਂਗੀ ਦਾ ਸਵਾਂਗ ਸਮਝ ਕੋਇ ਨਾ ਪਾਈਆ । ਇਹ ਖੇਲ ਹੋਣਾ ਤਮਾਸ਼, ਦੀਨ ਮਜ਼੍ਹਬ ਕਰਨ ਪਸਚਾਤਾਪ, ਹਕ਼ੀਕੀ ਕਲਮਾ ਭੁੱਲੇ ਜਾਪ, ਨਵ ਨੌ ਚਾਰ ਵਧੇ ਪਾਪ, ਵੰਡ ਪੈ ਜਾਏ ਬੁਤ ਖ਼ਾਕ ਅੱਲਾ ਵਾਹਿਗੁਰੂ ਰਾਮ ਨਾਮ ਰਾਧੇ ਕ੍ਰਿਸ਼ਨ ਦੀ ਆਪਸ ਵਿਚ ਪਏ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਅਰਜਨ ਕਹੇ ਦੀਨਾਂ ਨਾਥ ਕੀ ਝਗੜਾ ਪਏ ਨਾਮ ਭਗਵਾਨ, ਕੁਛ ਮੈਨੂੰ ਦੇ ਜਣਾਈਆ । ਭਗਵਨ ਕਹੇ ਨਾ ਹੋ ਹੈਰਾਨ, ਬਿਨ ਅੱਖਾਂ ਦਿਆਂ ਵਖਾਈਆ । ਜਿੰਨਾਂ ਚਿਰ ਕਲਜੁਗ ਵਿਚ ਸਾਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਇਕ ਭਗਵੰਤ ਨੂੰ ਨਾ ਸਮਝੇ ਆਪਣਾ ਕਾਹਨ, ਓਨ੍ਹਾਂ ਚਿਰ ਜੀਵ ਜੰਤ ਸੁਖ ਕੋਇ ਨਾ ਪਾਈਆ । ਉਹ ਸਭ ਦੇ ਅੰਦਰ ਵਸਿਆ ਰਾਮ, ਜੋ ਦੇਵੇ ਹਕ ਪੈਗ਼ਾਮ, ਜਿਸ ਦਾ ਪੈਗ਼ੰਬਰ ਨੂਰ ਨਿਸ਼ਾਨ, ਨਿਸ਼ਾਨਿਆਂ ਦੇ ਨਿਸ਼ਾਨੇ ਦਏ ਬਦਲਾਈਆ । ਓਸੇ ਨੂੰ ਕਹਿਣਾ ਮਹਿੰਦੀ ਅਮਾਮ, ਓਸੇ ਨੂੰ ਕਹਿਣਾ ਨਿਹਕਲੰਕ ਬਲਵਾਨ, ਓਸੇ ਨੂੰ ਕਹਿਣਾ ਕਲਕੀ ਅਵਤਾਰ ਨੌਜਵਾਨ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਓਸ ਦਾ ਖੇਲ ਹੋਣਾ ਮਹਾਨ, ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਵਿਧਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਓਸੇ ਨੂੰ ਸੀਸ ਨਿਵਾਈਆ । ਓਸ ਨੇ ਸਭ ਦਾ ਸਾਂਝਾ ਕਰਨਾ ਇਕ ਮੈਦਾਨ, ਮੁੱਦਤ ਦੇ ਵਿਛੜੇ ਲੈਣੇ ਮਿਲਾਈਆ । ਸਾਰੇ ਸੰਤ ਭਗਤ ਅੱਜ ਓਸੇ ਅਕਾਲ ਪੁਰਖ ਦਾ ਕਰ ਦਿਓ ਐਲਾਨ, ਜੋ ਅਲਾਮਤ ਕੂੜ ਦੀ ਦਏ ਗਵਾਈਆ । ਇਹ ਦੇਣ ਆਏ ਫ਼ਰਮਾਨ, ਮੁਨੀ ਜੀ ਪੈਦਲ ਚਲ ਕੇ ਪੰਧ ਮੁਕਾਈਆ । ਸੰਤ ਕਿਰਪਾਲ ਸਿੰਘ ਜੀ ਬੜੇ ਜੋਧੇ ਬਲਵਾਨ, ਜਿਨ੍ਹਾਂ ਨੇ ਸੂਰਬੀਰਤਾ ਵਿਚ ਆਪਣਾ ਕਦਮ ਲਿਆ ਉਠਾਈਆ । ਕੀ ਐਧਰ ਆਚਾਰੀਆ ਸ਼ਾਸਤਰੀ ਜੀ ਵੇਖਣ ਖੇਲ ਮਹਾਨ, ਦੁਆਪਰ ਦਾ ਲੇਖਾ ਰਹੇ ਸਮਝਾਈਆ । ਅੱਗੇ ਕੋਈ ਨਾ ਬਣਿਓ ਨਾਦਾਨ, ਨੇਤਰਹੀਣ ਨਾ ਕੋਇ ਅਖਵਾਈਆ । ਸਾਰੇ ਸੂਰਬੀਰ ਹੋ ਕੇ ਜੋਧੇ ਹੋ ਕੇ ਆਓ ਵਿਚ ਮੈਦਾਨ, ਧਰਮ ਦੀ ਚੰਡੀ ਆਪਣੇ ਹੱਥ ਉਠਾਈਆ । ਸਾਡਾ ਸਾਰਿਆਂ ਦਾ ਸਾਚਾ ਇਕ ਇਸਲਾਮ, ਕਾਦੀਆਂ ਦਾ ਹੁਣੇ ਸੰਦੇਸ਼ਾ ਦੇ ਕੇ ਗਿਆ ਪੈਗ਼ਾਮ, ਪਰਗਣਾ ਬਟਾਲਾ ਇਕ ਦ੍ਰਿੜਾਈਆ । ਵੇਖਿਓ ਕਿਤੇ ਗੁਰ ਅਵਤਾਰ ਪੈਗ਼ੰਬਰਾਂ ਨੂੰ ਕਰ ਨਾ ਦਿਓ ਬਦਨਾਮ, ਮਨਮਤ ਦਾ ਰਾਹ ਚਲਾਈਆ । ਇਹ ਸੰਤ ਸੱਜਣ ਜਗਤ ਦੀ ਮੇਟਣ ਅੰਧੇਰੀ ਸ਼ਾਮ, ਸ਼ਮਅ ਦੀਪ ਕਰਨ ਰੁਸ਼ਨਾਈਆ । ਆਓ ਮਿਲ ਕੇ ਸਾਰੇ ਪੀਓ ਹਕ਼ੀਕੀ ਜਾਮ, ਜਿਸ ਦਾ ਰਸ ਨਸ਼ਾ ਉਤਰ ਕਦੇ ਨਾ ਜਾਈਆ । ਇਸ ਯੁੱਧ ਵਿਚ ਸੰਤ ਕੋਈ ਕਰਨ ਨਹੀਂ ਆਏ ਕਤਲੇਆਮ, ਕਾਤਲ ਮਕਤੂਲ ਰੂਪ ਨਾ ਕੋਇ ਵਟਾਈਆ । ਸਾਰੇ ਸੁੱਖ ਨਾਲ ਆਤਮਾ ਪਰਮਾਤਮਾ ਦਾ ਸਾਂਝਾ ਕਰੋ ਗਿਆਨ, ਜਿਸ ਨੂੰ ਸੋਹੰ ਕਹਿ ਕੇ ਆਦਿ ਜੁਗਾਦਿ ਜੁਗ ਚੌਕੜੀ ਰਹੇ ਗਾਈਆ । ਕਿਸੇ ਦਰ ਹੋਇਓ ਨਾ ਕਦੇ ਗ਼ੁਲਾਮ, ਏਕਾ ਪਰਮ ਪੁਰਖ ਪਿਤਾ ਪਤਿਪਰਮੇਸ਼ਵਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ,

੧੦੬੮
੨੦

ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਯੁਧਿਸ਼ਟਰ ਕਹੇ ਦੱਸ ਕ੍ਰਿਸ਼ਨ ਭਗਵੰਤ, ਤ੍ਰੈਲੋਕੀ ਨਾਥ ਤੇਰੀ ਸਰਨਾਈਆ । ਕੀ ਅਗਲਾ ਹੋਵੇ ਮੰਤ, ਪੜਦਾ ਦੇ ਚੁਕਾਈਆ । ਕ੍ਰਿਸ਼ਨ ਕਹੇ ਸੁਣ ਪ੍ਰਭੂ ਦੇ ਸੰਤ, ਤੈਨੂੰ ਦਿਆਂ ਸਮਝਾਈਆ । ਹੁਣ ਦੁਆਪਰ ਹੋਇਆ ਅੰਤ, ਕਲਜੁਗ ਅੱਗੇ ਅੱਖ ਖੁਲ੍ਹਾਈਆ । ਸਦੀ ਚੌਧਵੀਂ ਕੂੜਾ ਵੱਜਣਾ ਡੰਕ, ਬੀਸਵੀਂ ਨਾਲ ਮਿਲਾਈਆ । ਬੋਧ ਅਗਾਧਾ ਰਹੇ ਕੋਈ ਨਾ ਪੰਡਤ, ਬੁੱਧ ਬਿਬੇਕ ਨਾ ਕੋਇ ਕਰਾਈਆ । ਗੜ੍ਹ ਹੋਵੇ ਹਉਮੇ ਹੰਗਤ, ਹੰ ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਬਿਨ ਅੱਖਰਾਂ ਤੋਂ ਮੇਰੀ ਇਹ ਸਨਦ, ਜਿਹੜੀ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਯੁਧਿਸ਼ਟਰ ਕਹੇ ਕ੍ਰਿਸ਼ਨ ਲਿਖ ਦੇ ਤਹਿਰੀਰ, ਅੱਖਰਾਂ ਨਾਲ ਬਣਤ ਬਣਾਈਆ । ਕੀ ਖੇਲ ਹੋਵੇ ਬੇਨਜ਼ੀਰ, ਮੈਨੂੰ ਦੇ ਸਮਝਾਈਆ । ਕ੍ਰਿਸ਼ਨ ਕਿਹਾ ਇਹ ਬਿਨਾ ਮੁਸਵਰ ਤੋਂ ਖਿੱਚਣ ਵਾਲੀ ਤਸਵੀਰ, ਜਿਸ ਦਾ ਨਕਸ਼ ਸਕੇ ਨਾ ਕੋਇ ਬਣਾਈਆ । ਜਿਸ ਦੀ ਮਰਿਆਦਾ ਓਸੇ ਨੇ ਕਲਜੁਗ ਕਰਨਾ ਤਾਮੀਰ, ਤਮਾ ਵਿਚ ਜਗਤ ਦੇਣਾ ਬਦਲਾਈਆ । ਮਨ ਪਾਤਸ਼ਾਹ ਤੇ ਖ਼ਾਹਿਸ਼ ਬਣਾ ਵਜ਼ੀਰ, ਪੰਜਾਂ ਤੱਤਾਂ ਉਤੇ ਹਕੂਮਤ ਦੇਣੀ ਚਲਾਈਆ । ਹੰਗਤਾ ਦੀ ਪਰਗਟ ਕਰ ਸ਼ਮਸ਼ੀਰ, ਘਰ ਘਰ ਝਗੜਾ ਦੇਣਾ ਪਾਈਆ । ਹਜ਼ਰਤ ਮੂਸਾ ਧੁਰ ਦੇ ਕਲਮੇ ਦੀ ਦੱਸਣੀ ਤਦਬੀਰ, ਤਰੀਕਾ ਨਬੀਆਂ ਵਾਲਾ ਜਣਾਈਆ । ਸਾਰੇ ਮੰਨ ਲਓ ਇਕੋ ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਨਜ਼ਰੀ ਆਈਆ । ਕੀ ਖੇਲ ਹੋਣਾ ਅਖ਼ੀਰ ਨਾਨਕ ਗੋਬਿੰਦ ਦੇ ਕੇ ਗਏ ਗਵਾਹੀਆ । ਜੇ ਯੁਧਿਸ਼ਟਰਾ ਚਿੱਟੇ ਉਤੇ ਕਾਲੀ ਪਾ ਦਿਆਂ ਲਕੀਰ, ਓਸ ਨੂੰ ਸਕੇ ਨਾ ਕੋਇ ਮਿਟਾਈਆ । ਸਦਾ ਰਮਜ਼ਾਂ ਵਾਲੇ ਹੁੰਦੇ ਫ਼ਕੀਰ, ਫ਼ਿਕਰੇ ਪੜ੍ਹੇ ਕੰਮ ਕਿਸੇ ਨਾ ਆਈਆ । ਇਹ ਧਰਮ ਦਾ ਯੁੱਧ ਕੋਈ ਨਾ ਹੋਇਓ ਦਿਲਗੀਰ, ਹੌਸਲੇ ਆਪਣੇ ਲਓ ਵਧਾਈਆ । ਹੱਥ ਵਿਚ ਕੂੜੀ ਰਹੇ ਨਾ ਕੋਇ ਜ਼ੰਜੀਰ, ਸ਼ਰਅ ਦੇ ਸੰਗਲ ਦੇਣੇ ਤੁੜਾਈਆ । ਇਕ ਰੂਪ ਹੋ ਜਾਓ ਸ਼ਹਿਨਸ਼ਾਹ ਪਾਤਸ਼ਾਹ ਮੁਫ਼ਲਿਸ ਤੇ ਫ਼ਕੀਰ, ਅਮੀਰੀ ਗ਼ਰੀਬੀ ਕਿਸੇ ਨਾਲ ਨਾ ਜਾਏ ਪਰਨਾਈਆ । ਸਾਂਢੂਆਂ ਵਾਲੀ ਰੱਖਿਓ ਨਾ ਕੋਇ ਤਕਦੀਰ, ਨਾਤਾ ਇਕੋ ਨਾਲ ਗੰਢਾਈਆ । ਜੇ ਉਹ ਮਿਲ ਜਾਏ ਫੇਰ ਮੰਜ਼ਲ ਮਿਲੇ ਅਖੀਰ, ਰਾਹ ਵਿਚ ਨਾ ਕੋਇ ਅਟਕਾਈਆ । ਕਾਇਆ ਦੇ ਅੰਦਰ ਮਨ ਦੇ ਨਫ਼ਰ ਸਾਰੇ ਦਿਸਣ ਹਕੀਰ, ਹਿਕਮਤ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਪੜਦਾ ਰਿਹਾ ਉਠਾਈਆ । ਅਰਜਨ ਕਹੇ ਕਲਜੁਗ ਵਿਚ ਕਵਣ ਬਣੇ ਰਥਵਾਹੀ, ਜਨ ਭਗਤਾਂ ਰਥ ਚਲਾਈਆ । ਤ੍ਰਿਲੋਕੀ ਨਾਥ ਕਹੇ ਜੋ ਕਾਹਨਾਂ ਦਾ ਕਾਹਨ ਬੇਪਰਵਾਹੀ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸਦਾ ਸਤਿਜੁਗ ਤਰੇਤਾ ਦੁਆਪਰ ਜਿਸ ਨੇ ਬਦਲ ਦਿਤੀ ਸ਼ਾਹੀ, ਉਹ ਅੰਤਮ ਕਲਜੁਗ ਵੇਖ ਵਖਾਈਆ । ਨਾ ਉਹਦਾ ਪਿਤਾ ਨਾ ਕੋਈ ਮਾਈ, ਜਨਨੀ ਗੋਦ ਨਾ ਕੋਇ ਉਠਾਈਆ । ਉਹ ਖੇਲੇ ਖੇਲ ਧੁਰਦਰਗਾਹੀ, ਜਲਵਾਗਰ ਨੂਰ ਰੁਸ਼ਨਾਈਆ । ਇਕ ਇਕੱਲਾ ਬਣ ਕੇ ਪਾਂਧੀ ਰਾਹੀ, ਲੋਕ ਪਰਲੋਕ ਤਬਕਾਂ ਸਬਕ ਇਕ ਸਮਝਾਈਆ । ਇਹੋ ਜਿਹਾ ਪਿਛੇ ਕੋਈ ਨਹੀਂ ਹੋਇਆ ਰਥਵਾਹੀ, ਜੋ ਕਾਇਆ ਮੰਦਰ ਅੰਦਰ ਵੜ ਕੇ ਪੰਜਾਂ ਤੱਤਾਂ ਦਾ ਰਥ ਦਏ ਚਲਾਈਆ । ਤ੍ਰੈਗੁਣ ਮਾਇਆ ਅੱਗੇ ਭੱਜੇ ਆਪੇ ਵਾਹੋ ਦਾਹੀ, ਨੇਤਰ ਨੈਣ ਅੱਖ ਸ਼ਰਮਾਈਆ । ਜਿਹੜੀ ਮੰਜ਼ਲ ਕਿਸੇ ਹੱਥ ਨਾ ਆਈ, ਉਹ ਪ੍ਰਭੂ ਕਿਰਪਾ ਕਰ ਕੇ ਭਗਤਾਂ ਦਏ ਵਖਾਈਆ । ਫਿਰ ਸਾਰੇ ਕਹਿਣ ਹਕ ਖ਼ੁਦਾ ਤੇਰਾ ਨਾਮ ਦੁਹਾਈ, ਤੇਰਾ ਢੋਲਾ ਇਕੋ ਗਾਈਆ । ਵੇਖਿਓ



੧੦੬੯
੨੦

ਕਿਤੇ ਹੋ ਨਾ ਜਾਏ ਜੁਦਾਈ, ਜੁਦਾ ਦਾ ਖ਼ੁਦਾ ਮਾਲਕ ਨਜ਼ਰੀ ਆਈਆ । ਤੁਹਾਡੇ ਅੰਦਰ ਪ੍ਰੀਤੀ ਹੋਵੇ ਅੱਗੇ ਨਾਲੋਂ ਦੂਣ ਸਵਾਈ, ਜਿਸ ਦਾ ਅੰਕੜਾ ਸਮਝ ਕੋਇ ਨਾ ਪਾਈਆ । ਸੰਤ ਸੁਹੇਲੇ ਸਾਰੇ ਕਹਿੰਦੇ ਅਸੀਂ ਭਾਈ ਭਾਈ, ਜੇ ਅੰਦਰੋਂ ਹਉਮੇ ਦਾ ਬੂਟਾ ਪੁੱਟ ਦਿਓ ਬਾਹਰ ਕੱਢ ਦਿਓ ਹੈਂਕੜਾਈ, ਰਹਿਮਤ ਆਪੇ ਦਏ ਕਮਾਈਆ । ਕਿਉਂਕਿ ਸਭ ਦਾ ਇਕੋ ਸਾਂਝਾ ਮਾਹੀ, ਜੋ ਮੁਹੱਬਤ ਮਹਿਬੂਬ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮੇਲਨ ਸਾਚੀ ਸਭਤਾ ਦਏ ਵਡਿਆਈਆ । ਰਥ ਕਹੇ ਮੈਨੂੰ ਕੌਣ ਚਲਾਉਂਦਾ, ਵਾਗਾਂ ਘੋੜਿਆਂ ਹੱਥ ਰਖਾਈਆ । ਚਾਰ ਕੁੰਟ ਦੇ ਵਿਚ ਭਵੌਂਦਾ, ਗੇੜਾ ਨਜ਼ਰ ਕਿਸੇ ਨਾ ਆਈਆ । ਅਸਤਰ ਸ਼ਸਤਰਾਂ ਤੋਂ ਬਚਾਉਂਦਾ, ਤੀਰ ਪੋਹ ਨਾ ਸਕੇ ਰਾਈਆ । ਭਗਤਾਂ ਦੀ ਪ੍ਰੀਤੀ ਦੇ ਢੋਲੇ ਗਾਉਂਦਾ, ਮੁਕਟ ਬੈਨ ਕਵਲ ਨੈਣ ਬਨ ਬਿੰਦਰਾ ਨਿਵਾਸੀ ਮਥਰਾ ਦਾ ਸਾਥੀ ਸੋਭਾ ਪਾਈਆ । ਜਿਸ ਦੀ ਕਲਾ ਕਿਸੇ ਨਾ ਜਾਤੀ, ਦਰਯੋਧਨ ਵਰਗੇ ਬਣ ਗਏ ਘਾਤੀ, ਓਨ੍ਹਾਂ ਸਮਝੀ ਨਹੀਂ ਬਨਬਾਸ ਵਾਲੀ ਪਾਤੀ, ਪਤ੍ਰਿਕਾ ਦਾ ਪੜਦਾ ਨਾ ਕੋਇ ਉਠਾਈਆ । ਇਹੋ ਖੇਲ ਪੁਰਖ ਅਬਿਨਾਸ਼ੀ, ਜਿਹੜੀ ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਅਰਜਨ ਓਸ ਵੇਲੇ ਜਿਹੜਾ ਮੰਨੂੰ ਸੱਚੇ ਸਤਿਗੁਰ ਦੀ ਆਖੀ, ਸੋ ਖ਼ੁਸ਼ੀਆਂ ਵਿਚ ਆਪਣਾ ਝਟ ਲੰਘਾਈਆ । ਬਾਕੀ ਸਭ ਨੂੰ ਦਿਸੇ ਰੈਣ ਅੰਧੇਰੀ ਰਾਤੀ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਸਾਰਿਆਂ ਲੱਭਣਾ ਕਿੱਥੇ ਪਿਆਲਾ ਦੇਵਣ ਵਾਲਾ ਸਾਕੀ, ਜੋ ਨਾਮ ਸੁਰਾਹੀ ਦਏ ਉਲਟਾਈਆ । ਜਨ ਭਗਤ ਕਹਿਣ ਜੇ ਕਿਰਪਾ ਕਰੇ ਆਪਣਾ ਮੇਲ ਕਰੇ ਇਤਫ਼ਾਕੀ, ਇਤਫ਼ਾਕੀਆ ਆਪਣੇ ਨਾਲ ਮਿਲਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਸ਼ਾਹ ਸੁਲਤਾਨ ਰਾਜ ਰਾਜਾਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼, ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ, ਚਾਰੇ ਵੇਦ ਓਸੇ ਦਾ ਭੇਦ, ਅੰਜੀਲ ਕੁਰਾਨ ਓਸੇ ਦਾ ਨਿਸ਼ਾਨ, ਜਿਸ ਦਾ ਨਿਸ਼ਾਨਾ ਸਾਰੇ ਤੱਕਣ ਥਾਉਂ ਥਾਈਂਆ । ਇਕ ਸੰਦੇਸ਼ਾ ਸੁਣੋ ਸ੍ਰੀ ਭਗਵਾਨ, ਜੋ ਸਭ ਨੂੰ ਰਿਹਾ ਸੁਣਾਈਆ । ਵੇਖਿਓ ਕਿਤੇ ਅੰਦਰੋਂ ਰਿਹੋ ਨਾ ਕੋਈ ਬੇਈਮਾਨ, ਮਨ ਸ਼ੈਤਾਨ ਆਪਣਾ ਦਾਉ ਨਾ ਸਕੇ ਲਗਾਈਆ । ਸਾਚੇ ਸੰਤਾਂ ਦਾ ਕਰੋ ਚਰਨ ਧਿਆਨ, ਜਿਥੇ ਮਿਲੇ ਨਾਮ ਨਿਧਾਨ, ਮੰਜ਼ਲ ਹਕ਼ੀਕ਼ੀ ਪਹੁੰਚੋ ਆਣ, ਜਿਥੇ ਲਾਸ਼ਰੀਕ ਸੋਭਾ ਪਾਈਆ । ਨਾ ਓਥੇ ਚਿੱਲਾ ਨਾ ਤੀਰ ਤੇ ਨਾ ਕਮਾਨ, ਨਾ ਕੋਈ ਜੋਧਾ ਸੂਰਬੀਰ ਬਲਵਾਨ, ਨਾ ਕੋਈ ਖੜਗ ਖੰਡਾ ਚਮਕੇ ਵਿਚ ਮੈਦਾਨ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਸਾਚਾ ਨਾਮ, ਦੂਜਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਸੰਤਾਂ ਦੇ ਚਰਨਾਂ ਦੇ ਥੱਲੇ ਝੁਕਦੇ ਜ਼ਿਮੀਂ ਅਸਮਾਨ, ਓਥੇ ਪੈਂਡੇ ਮੁਕਦੇ ਜਗਤ ਜਹਾਨ, ਜਹਾਲਤ ਰਹਿਣ ਕੋਇ ਨਾ ਪਾਈਆ । ਸਾਰੇ ਆਪਣਾ ਇਕ ਬਣਾਓ ਸਾਂਝਾ ਵਿਧਾਨ, ਜਿਸ ਦੀ ਤਰਮੀਮ ਅੱਗੇ ਨਾ ਕੋਇ ਕਰਾਈਆ । ਆਪਣੇ ਨਿਸਚੇ ਨਾਲ ਸਾਚੀ ਬੁੱਧੀ ਨਾਲ ਅਨੁਭਵਤਾ ਨਾਲ ਉਸ ਨੂੰ ਕਰੋ ਪਰਵਾਨ, ਮਨ ਦੀ ਵਿਚਾਰ ਅੱਗੇ ਨਾ ਕੋਇ ਰਖਾਈਆ । ਫੇਰ ਸਫ਼ਲ ਹੋਵੇ ਤੇ ਸਫ਼ਲਤਾ ਵਿਚ ਬਣੋ ਬਲਵਾਨ, ਬਲ ਆਪਣਾ ਲੈਣਾ ਪਰਗਟਾਈਆ । ਜੇ ਰਥ ਤੋਂ ਉਤਰ ਕੇ ਅਰਜਨ ਆਪਣਾ ਨਹੀਂ ਕੀਤਾ ਦਾਨ, ਦਾਨ ਦਾ ਮਾਲਕ ਆਪਣਾ ਖੇਲ ਆਪ ਖਿਲਾਈਆ । ਸਾਰੇ ਇਕੱਠੇ ਹੋਏ ਆਣ, ਇਕੱਤਰਤਾ ਵਿਚ ਮਿਤਰਤਾ ਵਿਚ ਸਾਚਾ ਸਾਥੀ ਬੈਠੇ ਬਣਾਈਆ । ਵਿਸ਼ੇਸ਼ ਵਿਦਿਆ ਸ੍ਰੇਸ਼ਟ ਬੁੱਧੀ ਮਨ ਕਲਪਣਾ ਦਵੈਸ਼ ਭਾਵਨਾ ਅੱਜ ਉਹ ਸਾਂਝਾ ਹੋਵੇ ਘਮਸਾਨ, ਜੋਧੇ ਸੂਰਬੀਰ ਅੰਦਰੇ ਅੰਦਰ ਲੜਦੇ ਨਜ਼ਰੀ ਆਈਆ । ਜਿਨ੍ਹਾਂ ਨੂੰ ਇਕ ਉਤੇ ਵਿਸ਼ਵਾਸ਼, ਜਿਸ ਦਾ ਨੂਰ ਸਰਬ ਪਰਕਾਸ਼, ਆਦਿ ਜੁਗਾਦਿ ਸਦਾ

੧੦੭੦
੨੦

ਅਬਿਨਾਸ਼, ਜਨਮ ਮਰਨ ਵਿਚ ਨਾ ਆਈਆ । ਓਸ ਪ੍ਰਭੂ ਦੀ ਏਕਤਾ ਵਾਸਤੇ ਜਿਨ੍ਹਾਂ ਨੂੰ ਮਨਜ਼ੂਰ ਇਹ ਵਿਧਾਨ, ਉਹ ਹੱਥ ਖੜੇ ਕਰੋ ਨੌਜਵਾਨ, ਪਰਸਤਾਵ ਪਾਸ ਕਰ ਕੇ ਰਿਸ਼ੀਆਂ ਮੁਨੀਆਂ ਦੇ ਅੱਗੇ ਦਿਓ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਸਤਰੀ ਜੀ ਤੁਹਾਡੇ ਰਥ ਦਾ ਵੇਖ ਰਸਤਾ, ਭਗਵਾਨ ਭਗਤ ਮਿਲਣ ਦਾ ਮਾਰਗ ਸਸਤਾ, ਟਕਿਆਂ ਵਾਲੀ ਭੇਟ ਨਾ ਕੋਇ ਚੜ੍ਹਾਈਆ । ਅੰਦਰ ਵਿਚਾਰ ਪੈਦਾ ਕਰ ਲਓ ਪ੍ਰਭੂ ਦੇ ਸਾਚੇ ਜਸ ਦਾ, ਨੇਤਰ ਲੋਚਣ ਦੀਦਾਰ ਕਰ ਲਓ ਓਸ ਦਵਾਰ ਨੇਤਰ ਅੱਖ ਦਾ, ਜਿਸ ਵਿਚ ਪਰਤੱਖ ਮਿਲੇ ਬੇਪਰਵਾਹੀਆ । ਜਿਹੜਾ ਖ਼ੁਸ਼ੀਆਂ ਵਿਚ ਹੱਸਦਾ, ਪ੍ਰੇਮੀਆਂ ਕੋਲੋਂ ਕਦੇ ਨਹੀਂ ਨੱਸਦਾ, ਜਦ ਵੇਖੋ ਕਾਇਆ ਮੰਦਰ ਅੰਦਰ ਵਸਦਾ, ਆਤਮ ਦੀ ਸੇਜਾ ਰਿਹਾ ਹੰਢਾਈਆ । ਜਿਸ ਦਾ ਮਹੱਲ ਅਟਲ ਉਚ ਮਨਾਰਾ ਕਦੇ ਨਾ ਢੱਠਦਾ, ਛੱਪਰ ਛੰਨ ਨਾ ਕੋਇ ਬਦਲਾਈਆ । ਓਥੇ ਇਕੋ ਦੀਪਕ ਜਗਦਾ, ਜਗਮਗ ਜੋਤ ਕਰੇ ਰੁਸ਼ਨਾਈਆ । ਓਥੇ ਕੀ ਕਰੂਗਾ ਸ਼ਾਸਤਰੀ ਜੀ ਭਾਂਬੜ ਅੱਗ ਦਾ, ਜਿਥੇ ਅੰਮ੍ਰਿਤ ਦੀ ਬਰਖਾ ਰਿਹਾ ਲਾਈਆ । ਤੁਸੀਂ ਨਜ਼ਾਰਾ ਵੇਖੋ ਅੱਜ ਦਾ, ਘਨਘੋਰ ਘਟਾ ਚਾਰੋਂ ਕੁੰਟ ਛਾਈਆ । ਏਥੇ ਸੰਤ ਫ਼ਕੀਰ ਮੁਨੀ ਮਾਲਕ ਮਹਿਬੂਬ ਜਿਨ੍ਹਾਂ ਦੇ ਹਿਰਦੇ ਅੰਦਰ ਵੱਸਦਾ, ਬੈਠੇ ਸੋਭਾ ਪਾਈਆ । ਨਜ਼ਾਰਾ ਲੈ ਲਓ ਓਸ ਰਸ ਦਾ, ਜਿਸ ਰਸਤੇ ਵਿਚ ਜਾਂਦਿਆਂ ਅੱਗੇ ਹੋ ਨਾ ਕੋਇ ਅਟਕਾਈਆ । ਗੁਰਮੁਖੋ ਦੁੱਖ ਵੰਡੋ ਟਹਿਣੀ ਨਾਲੋਂ ਸੁੱਕੇ ਕੱਖ ਦਾ, ਦਰਦ ਵੇਖੋ ਵਿਛੋੜਾ ਤੱਕੋ ਆਤਮਾ ਦਾ ਪਰਮਾਤਮਾ ਨਾਲੋਂ ਰਹਿਣਾ ਵੱਖ ਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਅੱਗੇ ਹੁਣ ਵਕਤ ਬਣਾਓ ਸਚ ਦਾ, ਭਾਂਡਾ ਫੁੱਟ ਜਾਏ ਕਾਇਆ ਮਾਟੀ ਕੱਚ ਦਾ, ਮਨੂਆ ਦਹਿ ਦਿਸ਼ਾ ਨਾ ਫਿਰੇ ਨੱਚਦਾ, ਸਤਿ ਦਾ ਰਸਤਾ ਲੈਣਾ ਅਪਨਾਈਆ । ਇਹ ਸਮੇਲਨ ਸਤਿ ਧਰਮ ਯੱਗ ਦਾ, ਜੋ ਪੈਂਡਾ ਮੁਕਾਵੇ ਉਪਰ ਸ਼ਾਹ ਰਗ ਦਾ, ਜਿਥੇ ਅੰਮ੍ਰਿਤ ਸੋਮਾਂ ਵਗਦਾ, ਸੁਖਮਨ ਟੇਢੀ ਬੰਕ ਰਾਹ ਵਿਚ ਨਾ ਕੋਇ ਅਟਕਾਈਆ । ਵੇਖਿਓ ਕਿਤੇ ਏਥੋਂ ਜਾ ਕੇ ਘਰ ਰੂਪ ਨਾ ਬਣ ਜਾਇਓ ਕੱਗ ਦਾ, ਹੰਸਾਂ ਦੇ ਹੰਸ ਨਜ਼ਰੀ ਆਈਆ । ਇਹ ਕੋਈ ਖੇਲ ਨਹੀਂ ਅਲਪਗ ਦਾ, ਸੂਰਾ ਸਰਬਗ ਸਭ ਨੂੰ ਦਏ ਵਡਿਆਈਆ । ਤੁਸਾਂ ਫ਼ੈਸਲਾ ਕਰਨਾ ਅਸਾਂ ਝਗੜਾ ਛੱਡਣਾ ਮਜ਼੍ਹਬਾਂ ਵਾਲੀ ਹੱਦ ਦਾ, ਹਦੂਦ ਵਿਚ ਰਹਿ ਕੇ ਆਪਣਾ ਆਪ ਬੰਦ ਨਾ ਕੋਇ ਕਰਾਈਆ । ਓਸ ਅਨਾਮੀ ਧਾਮ ਦੇ ਮਾਲਕ ਨਦ ਦਾ, ਜੋ ਨਾਦ ਕਾਇਆ ਮੰਦਰ ਅੰਦਰ ਰਿਹਾ ਸੁਣਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਨਿਰਾਕਾਰ ਸਾਕਾਰ ਪ੍ਰੇਮ ਪਿਆਰ ਪ੍ਰੀਤੀ ਮੁਹੱਬਤ ਵਿਚ ਆਪਣੇ ਆਪ ਨੂੰ ਆਤਮਾ ਦੇ ਰੂਪ ਵਿਚ ਪਰਮਾਤਮਾ ਹੋ ਕੇ ਲੱਭਦਾ, ਆਪਣਾ ਆਪ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਿਸ ਦੇ ਹੱਥ ਵੱਡੀ ਵਡਿਆਈਆ । ਰਥ ਕਹੇ ਮੈਂ ਬੜਾ ਭੱਜ ਭੱਜ ਨੱਠਾ ਨੱਠਿਆ ਦੌੜ, ਇਧਰ ਉਧਰ ਚੱਕਰ ਲਾਈਆ । ਰਸਤਾ ਮਾਰਗ ਰਿਹਾ ਨਾ ਕੋਈ ਸੌੜ, ਕਿਉਂ ਮੇਰਾ ਰਥਵਾਹੀ ਰਥਾਂ ਦਾ ਮਾਲਕ ਨਜ਼ਰੀ ਆਈਆ । ਜਿਧਰ ਵੇਖਾਂ ਉਧਰ ਜਾਏ ਬੌਹੜ, ਬਿਨਾ ਰਥ ਤੋਂ ਆਪਣਾ ਰਥ ਵੱਖਰਾ ਲਏ ਚਲਾਈਆ । ਉਹ ਕੋਈ ਕੌਰੋਕਸ਼ੇਤਰ ਵਾਲਾ ਨਹੀਂ ਜੌਹੜ, ਪਾਣੀ ਵਾਲਾ ਤਾਲਾਬ ਨਜ਼ਰ ਕੋਇ ਨਾ ਆਈਆ । ਉਹ ਧੁਰ ਦਾ ਕਾਹਨ ਨੌਜਵਾਨ ਨਿਰਗੁਣ ਦਾਤਾ ਪੁਰਖ ਬਿਧਾਤਾ ਤੁਹਾਡੇ ਕਾਇਆ ਮੰਦਰ ਅੰਦਰ ਜਾਵੇ ਬਹੁੜ, ਜਿਥੇ ਪੰਜ ਤਤ ਦਾ ਝਗੜਾ ਸਕੇ ਨਾ ਕੋਇ ਮੁਕਾਈਆ । ਜ਼ਰਾ ਤੱਕ ਕੇ ਵੇਖੋ ਨਾਲ ਗ਼ੌਰ, ਕੌਣ ਤੁਹਾਡੇ ਮੰਦਰ ਪਾਵੇ ਸ਼ੋਰ, ਅੰਧੇਰਾ


੧੦੭੧
੨੦

ਘੋਰ ਕਵਣ ਕਰਾਈਆ । ਜੇ ਭਗਤੋ ਤੁਸੀਂ ਸਮਝੋ ਅਸੀਂ ਹੋਰ ਤੇ ਪਰਮਾਤਮਾ ਹੋਰ, ਇਹ ਬਾਤ ਪੁਰਖ ਅਕਾਲ ਕਦੇ ਨਾ ਭਾਈਆ । ਸੰਤ ਸੱਜਣ ਮੀਤ ਮੁਰਾਰੇ ਸਭ ਨੂੰ ਦੇਵਣ ਆਏ ਸੌਗ਼ਾਤ, ਲੇਖੇ ਲਾ ਲਓ ਅੱਜ ਦੀ ਰਾਤ, ਅੱਗੇ ਖ਼ੁਸ਼ੀਆਂ ਵਾਲੀ ਹੋਏ ਪਰਭਾਤ, ਪਰਭਾਤੀ ਦੀ ਸੌਗ਼ਾਤੀ ਤੁਹਾਡੀ ਝੋਲੀ ਪਾਈਆ । ਸਾਰਿਆਂ ਦੀ ਸਾਂਝੀ ਇਕ ਬਾਤ, ਤੁਲਬੇ ਬਣਕੇ ਹੱਥ ਫੜੋ ਕਲਮ ਦਵਾਤ, ਸਾਂਝੇ ਨਾਮ ਦੀ ਪੱਟੀ ਲਿਖੋ ਸਾਖਿਆਤ, ਅਸਾਂ ਦੂਈ ਦਵੈਤ ਕਰਨਾ ਨਾਸ, ਇਕੋ ਨੂਰ ਵੇਖਣਾ ਪਰਕਾਸ਼, ਜੋ ਏਥੇ ਓਥੇ ਦੋ ਜਹਾਨ ਦੇਵੇ ਸਾਥ, ਆਤਮਾ ਦਾ ਰਥਵਾਹੀ ਪ੍ਰਭੂ ਰਘੁਨਾਥ, ਜਿਸ ਨੂੰ ਭਗਤ ਰਾਜਾ ਰਾਮ ਗਿਆ ਸਮਝਾਈਆ । ਹੁਣ ਅੱਗੇ ਰਹਿਣ ਨਹੀਂ ਦੇਣਾ ਕੋਈ ਇਖਤਲਾਫ, ਸੰਤ ਸਾਜਣ ਪਿਛਲੀਆਂ ਕੀਤੀਆਂ ਦੀ ਪ੍ਰਭ ਨੂੰ ਮਿਲ ਕੇ ਸਭ ਦੀ ਖਤਾ ਕਰਨ ਮੁਆਫ਼, ਭੁੱਲ ਅੱਗੇ ਨਾ ਕੋਇ ਕਰਾਈਆ । ਸਾਰੇ ਪ੍ਰਭ ਦੇ ਪਿਆਰੇ ਬਣ ਕੇ ਦੱਸ ਦਿਉ ਅਸੀਂ ਵੀ ਸਾਰੇ ਸਾਧ, ਸਾਧਾਂ ਦੀ ਸਾਧਨਾ ਨਾਲ ਮਤਾ ਆਪ ਲਿਆ ਬਣਾਈਆ । ਇਕ ਨੂੰ ਲਉ ਅਰਾਧ, ਜਿਸ ਨੂੰ ਰਾਧੇ ਸਵਾਮੀ ਕਹਿ ਕੇ ਰਾਧੇ ਕ੍ਰਿਸ਼ਨ ਕਹਿ ਸਾਰੇ ਰਹੇ ਮਨਾਈਆ । ਉਹ ਆਤਮਾ ਪਰਮਾਤਮਾ ਜਿਸ ਦਾ ਸਦਾ ਜੁੜਿਆ ਰਹੇ ਨਾਤ, ਆਤਮਾ ਨਾਲੋਂ ਹੋਏ (ਨਾ ਕਦੇ ਜੁਦਾਈਆ) । ਜੇ ਅੰਦਰ ਵੜ ਜਾਉ ਮੰਦਰ ਚੜ੍ਹ ਜਾਉ ਨਿਰੱਖਰ ਅੱਖਰ ਪੜ੍ਹ ਜਾਉ ਫੇਰ ਤੁਹਾਡੀ ਸਮਝ ਵਿਚ ਆਏ ਕਿ ਸਾਡੀ ਕਦੇ ਨਾ ਹੋਏ ਵਫ਼ਾਤ, ਆਤਮਾ ਮਰਨ ਜੰਮਣ ਵਿਚ ਨਾ ਆਈਆ । ਤੁਹਾਡਾ ਖ਼ੁਦਾ ਪਾਕ, ਤੁਸੀਂ ਵੀ ਹੋ ਜਾਓ ਪਾਕ, ਮੰਨ ਲਓ ਇਕੋ ਬਾਪ, ਜਿਸ ਵਿਚ ਮਜ਼ਾ ਸਚ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਭ ਦਾ ਰਥ, ਜੋ ਲੱਤਾਂ ਪੈਰਾਂ ਨਾਲ ਰਿਹਾ ਨੱਠ, ਨੇਤਰ ਇਸ਼ਾਰਿਆਂ ਨਾਲ ਆਪਣੀ ਕਰਵਟ ਲਏ ਵਟ, ਰਾਸਾਂ ਮਲ ਦੇ ਹੱਥ ਫੜਾਈਆ । ਹੁਣ ਸੰਤਾਂ ਮਹਾਤਮਾਂ ਕੀਤਾ ਇਕੱਠ, ਮੁਨੀ ਸੁਸ਼ੀਲ ਕੁਮਾਰ ਕਿਹਾ ਆਪਣੇ ਭਾਸ਼ਨ ਵਿਚ ਉਹ ਸਤਿ ਦਾ ਸਰੂਪ ਇਕੋ ਜੱਟ, ਜੋ ਸਿੱਧਾ ਸਾਦਾ ਨਜ਼ਰੀ ਆਈਆ । ਸਭ ਦੇ ਅੱਗੇ ਜਾਏ ਡਟ, ਸੂਰਬੀਰ ਆਪ ਅਖਵਾਈਆ । ਸੰਤ ਮਹਾਤਮਾ ਨੂੰ ਅੰਦਰ ਵੜ ਕੇ ਦੇਵੇ ਦੱਸ, ਸਹਿਜ ਨਾਲ ਸਮਝਾਈਆ । ਇਨ੍ਹਾਂ ਸਾਰਿਆਂ ਨੂੰ ਕਰ ਲਉ ਵੱਸ, ਵਾਸਤਾ ਇਕੋ ਨਾਲ ਜੁੜਾਈਆ । ਫੇਰ ਕਹੀਏ ਸ਼ਾਸਤਰੀ ਜੀ ਸ੍ਰੀ ਭਗਵਾਨ ਜ਼ਰੂਰ ਭਗਤਾਂ ਦਾ ਚਲਾਏ ਰਥ, ਰਥਵਾਹੀ ਹੋ ਕੇ ਭਗਤਾਂ ਦਾ ਬੇੜਾ ਪਾਰ ਕਰਾਈਆ । ਭਗਤੋ ਤੁਸੀਂ ਵੀ ਜਾਓ ਅੱਗੇ ਡਟ, ਆਕੜ ਨਾਲ ਪ੍ਰਭ ਨੂੰ ਦਿਉ ਸੁਣਾਈਆ । ਜੇ ਅਸੀਂ ਤੇਰੇ ਤੇ ਤੂੰ ਸਾਡਾ ਕਿਉਂ ਸਾਥੋਂ ਰਿਹਾ ਨੱਠ, ਨੇਤਰ ਅੱਖ ਨੈਣ ਸ਼ਰਮਾਈਆ । ਅਸੀਂ ਤੈਨੂੰ ਗਾਈਏ ਬਣ ਕੇ ਭੱਟ, ਤੂੰ ਕਰਵਟ ਨਾ ਸਕੇਂ ਵੱਟ, ਬਿਰਹੁ ਦਾ ਲਾ ਕੇ ਫੱਟ, ਵਿਛੋੜੇ ਵਿਚ ਤੜਫਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰਥ ਦਾ ਮਾਲਕ ਇਕ ਬਣਾਈਆ । ਰਥ ਕਹੇ ਮੇਰਾ ਮਾਲਕ ਕੌਣ, ਕਵਣ ਰਿਹਾ ਚਲਾਈਆ । ਜਿਸ ਦਾ ਲੇਖਾ ਪਾਣੀ ਪਵਣ ਪੌਣ, ਪਾਰਬ੍ਰਹਮ ਬੇਪਰਵਾਹੀਆ । ਜੋ ਦੁਸ਼ਟ ਸੰਘਾਰੀ ਬਣਿਆ ਰਾਮ ਰੌਣ, ਨਿਰਗੁਣ ਸਰਗੁਣ ਖੇਲ ਖਿਲਾਈਆ । ਜਿਸ ਦੀ ਮੁੱਛ ਦਾਹੜੀ ਤਨ ਵਿਚ ਨਾ ਕੋਈ ਧੌਣ, ਧਰਮ ਦਵਾਰੇ ਬੈਠਾ ਡੇਰਾ ਲਾਈਆ । ਜੁਗ ਜੁਗ ਉਜੜਿਆਂ ਆਏ ਵਸਾਉਣ, ਵਿਛੜਿਆਂ ਮੇਲ ਮਿਲਾਈਆ । ਸੋਈਆਂ ਸੁਰਤੀਆਂ ਆਏ ਜਗਾਉਣ, ਨਾਮ ਹਲੂਣੇ ਨਾਲ ਉਠਾਈਆ । ਸਚ ਦਵਾਰੇ ਆਏ ਬਹਾਉਣ, ਮੰਦਰ ਇਕੋ ਇਕ ਵਖਾਈਆ । ਕੂੜੀ ਕਿਰਿਆ ਆਏ ਢਾਹੁਣ, ਹੰਕਾਰੀ ਬੁਰਜ ਰਹਿਣ ਕੋਇ ਨਾ ਪਾਈਆ । ਸਾਚਾ ਨਾਮ ਆਵੇ ਜਪਾਉਣ, ਸੰਦੇਸ਼ਾ ਇਕ ਸੁਣਾਈਆ । ਰੋਂਦਿਆਂ ਆਏ ਹਸਾਉਣ,

ਜਿਸ ਤਰਾ ਮੁਨੀ ਸੁਸ਼ੀਲ ਕੁਮਾਰ ਜੀ ਹੱਸ ਹੱਸ ਕੇ ਸਭ ਦੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਬ ਵੇਖੇ ਥਾਉਂ ਥਾਈਂਆ । ਸ੍ਰੀ ਭਗਵਾਨ ਕਹੇ ਮੈਂ ਕਲਜੁਗ ਵੇਖਾਂ ਰਬ ਕਿਹੜਾ ਕਿਹੜਾ, ਚਾਰੋਂ ਕੁੰਟ (ਚਾਰੋ) ਓਰ ਧਿਆਨ ਲਗਾਈਆ । ਜਿਧਰ ਤੱਕਾਂ ਉਧਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦਿਸੇ ਝੇੜਾ, ਝਗੜਾ ਰੱਬ ਦੇ ਨਾਲ ਰਖਾਈਆ । ਦਹਿ ਦਿਸ਼ਾ ਹੋਵੇ ਮੇਰਾ ਮੇਰਾ, ਤੇਰਾ ਰਾਗ ਨਾ ਕੋਇ ਅਲਾਈਆ । ਮਾਇਆ ਮਮਤਾ ਪਾਇਆ ਘੇਰਾ, ਘਿਰਨਾ ਵਿਚ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਤੱਕਿਆ ਮੰਜ਼ਲ ਮੰਜ਼ਲ ਪਾਇਆ ਫੇਰਾ, ਬਣ ਪਾਂਧੀ ਪੰਧ ਮੁਕਾਈਆ । ਬਹੁਤਿਆਂ ਵਿਚੋਂ ਥੋੜ੍ਹਿਆਂ ਸੰਤਾਂ ਨੇ ਮੁਨੀਆਂ ਨੇ ਰਿਸ਼ੀਆਂ ਨੇ ਸੂਫ਼ੀਆਂ ਕੀਤਾ ਜ਼ੇਰਾ, ਆਪ ਆਪਣਾ ਬਲ ਪਰਗਟਾਈਆ । ਧਰਤੀ ਦਾ ਖੁਲ੍ਹਾ ਕਰਨਾ ਵਿਹੜਾ, ਵਿਚੋਂ ਹੱਦ ਬੰਨੇ ਦੇਣੇ ਬਾਹਰ ਕਢਾਈਆ । ਫੇਰ ਆਪੇ ਰਹਿਮਤ ਦਾ ਮਾਲਕ ਕਰੇ ਮਿਹਰਾ, ਮਿਹਰ ਦੀ ਬਰਖਾ ਦਏ ਲਗਾਈਆ । ਉਹ ਸਭ ਦਾ ਮਾਲਕ ਇਕ ਜੋ ਭੈ ਦੇਣ ਵਾਲਾ ਰੂਪ ਸਿੰਘ ਸ਼ੇਰਾ, ਸ਼ਰਅ ਦਾ ਲੇਖਾ ਦਏ ਮੁਕਾਈਆ । ਜਿਸ ਦੇ ਹੱਥ ਹਕ਼ੀਕ਼ੀ ਨਬੇੜਾ, ਵੇਖਣਹਾਰਾ ਥਾਉਂ ਥਾਈਂਆ । ਮਾਲਵੇ ਵਾਲਿਓ ਜ਼ਰਾ ਖੇਲ ਵੇਖਿਓ ਕੇਰਾਂ, ਕਿਰਤ ਕਰਮ ਦੇ ਵਿਛੜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਬ ਦਾ ਰਬਵਾਹੀ ਦਾਤਾ ਧੁਰਦਰਗਾਹੀ ਨੂਰ ਇਲਾਹੀ ਮੁਹੱਬਤਾਂ ਵਿਚ ਮਹਿਬੂਬ, ਵਸਣਹਾਰਾ ਅਰਸ਼ ਅਰੂਜ, ਆਲੀਸ਼ਾਨ ਬੇਪਰਵਾਹੀਆ । ਰਬ ਕਹੇ ਮੈਂ ਜਾਣਾ ਕਿੱਥੇ, ਰਸਤਾ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵ ਪੈਰਾਂ ਹੇਠਾਂ ਦੱਬੇ, ਮਾਇਆ ਮਮਤਾ ਮੋਹ ਭਾਰ ਟਿਕਾਈਆ । ਬੜੇ ਬੜੇ ਮੋਟੇ ਦੂਜਿਆਂ ਦੀ ਰਤ ਪੀ ਪੀ ਫਿੱਟੇ, ਆਪਣੇ ਆਪ ਨੂੰ ਬਲਵਾਨ ਰਹੇ ਬਣਾਈਆ । ਲੜਦੇ ਫਿਰਦੇ ਉਪਰੋਂ ਪੱਥਰ ਇੱਟੇ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਇਨ੍ਹਾਂ ਪਿਛੇ ਹੋਏ ਲੜਾਈਆ । ਵੇਖਿਓ ਪਰਮ ਪੁਰਖ ਸੰਤ ਸਾਜਣ ਸਾਰੇ ਮਿਲ ਕੇ ਹੁਣ ਦੀਨ ਦੁਨੀ ਦੇ ਕੱਢ ਦੇਣ ਸਿੱਟੇ, ਸਿੱਟੇਬਾਜ਼ੀ ਰਹਿਣ ਕੋਇ ਨਾ ਪਾਈਆ । ਸਭ ਦੇ ਲੇਖੇ ਹੋਣੇ ਚਿੱਟੇ, ਕੂੜੀ ਕਿਰਿਆ ਹੋਏ ਸਫ਼ਾਈਆ । ਮਾਰਗ ਲੱਗਣਾ ਸਿੱਧੇ, ਅੱਗੇ ਹੋ ਨਾ ਕੋਇ ਅਟਕਾਈਆ । ਖ਼ੁਸ਼ੀਆਂ ਵਿਚ ਦੋ ਹੱਥਾਂ ਦੇ ਤਾਲੀਆਂ ਨਾਲ ਪਾਉ ਗਿੱਧੇ, ਗੀਦੀ ਨਜ਼ਰ ਕੋਇ ਨਾ ਆਈਆ । ਸੰਤ ਕਿਰਪਾਲ ਸਿੰਘ ਨੇ ਜਿਨ੍ਹਾਂ ਦੇ ਅੰਤਰ ਤੀਰ ਨਾਲ ਵਿੱਧੇ, ਮੁਨੀ ਨਿਸ਼ਾਨਾ ਪ੍ਰੇਮ ਵਾਲਾ ਲਗਾਈਆ । ਪ੍ਰਭ ਮਿਲਣ ਦੀ ਦੱਸੀ ਬਿੱਧੇ, ਬਿਧਨਾ ਦਾ ਲੇਖਾ ਦਿਤਾ ਗਵਾਈਆ । ਉਹ ਭਾਗਾਂ ਵਾਲੇ ਕਿੱਡੇ, ਵਡੇ ਸੂਰਬੀਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਵਖਾਈਆ । ਸ਼ਾਸਤਰੀ ਜੀ ਆਪ ਨੇ ਭਗਤ ਭਗਵਾਨ ਦਾ ਕੀਤਾ ਬਿਆਨ, ਪਵਿਤ੍ਰ ਰਸਨਾ ਨਾਲ ਸਾਲਾਹੀਆ । ਇਹ ਜੱਟ ਦਾ ਵਿਧਾਨ, ਵਾਹਦ ਨਜ਼ਰੀ ਆਈਆ । ਜਿਸ ਦੇ ਮੰਨਿਆਂ ਮਿਲੇ ਕਲਿਆਣ, ਕਾਇਨਾਤ ਕਲਮਿਆਂ ਦੀ ਕਲਾਮ ਵਿਚੋਂ ਪੜਦਾ ਦਏ ਉਠਾਈਆ । ਵਖਾਵੇ ਉਹ ਨਿਸ਼ਾਨ, ਜਿਸ ਨੂੰ ਬੇਨਿਸ਼ਾਨ ਕਹਿ ਕੇ ਸਾਰੇ ਰਹੇ ਸੁਣਾਈਆ । ਸੰਤ ਮਹਾਤਮਾ ਮੁਨੀ ਇਕ ਪ੍ਰੇਮ ਦਾ ਲੈ ਕੇ ਆਏ ਤੁਫ਼ਾਨ, ਕੂੜੀ ਕਿਰਿਆ ਨੂੰ ਦੇਣ ਰੁੜ੍ਹਾਈਆ । ਸੂਰਬੀਰ ਬਹਾਦਰ ਬਣੋ ਨੌਜਵਾਨ, ਨਾਮ ਦਾ ਖੰਡਾ ਹੱਥ ਉਠਾਈਆ । ਤੁਹਾਡੇ ਅੰਦਰ ਰਹਿ ਨਾ ਸਕੇ ਕੋਈ ਸ਼ੈਤਾਨ, ਸ਼ੈਤਾਨ ਤੇ ਰਹਿਮਾਨ ਇਕ ਥਾਂ ਟਿਕਣ ਕਦੇ ਨਾ ਪਾਈਆ । ਤੁਸੀਂ ਹੁਣ ਤਲਵਾਰਾਂ ਮੈਂ ਸਭ ਦਾ ਸਾਂਝਾ ਇਕ ਮਿਆਨ, ਮੀਆਂ ਬੀਵੀ ਵੰਡ ਨਾ ਕੋਇ ਵੰਡਾਈਆ । ਧਰਮ ਸਿਆਸਤ ਸਿਆਸਤ ਧਰਮ ਧਰਮ ਦਾ ਰੂਪ ਧਰਮ ਨਿਸ਼ਾਨ, ਧਰਮ ਦੀ ਧਾਰ ਧਰਮੀਆਂ ਵਿਚੋਂ ਨਜ਼ਰੀ ਆਈਆ । ਜੋਤੀ

੧੦੭੪
੨੦

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਰਥ ਕਹੇ ਮੇਰਾ ਭੌਂਦਾ ਵੇਖੋ ਪਹੀਆ, ਚੱਕਰ ਧਰਤ ਵਾਲਾ ਲਗਾਈਆ । ਕ੍ਰਿਸ਼ਨ ਕਹੇ ਅਰਜਨ ਸਦੀ ਵੀਹਵੀਂ ਵੇਖ ਕਲਜੁਗ ਡੋਲਦੀ ਦਿਸੇ ਨਈਆ, ਨੌਕਾ ਪਾਰ ਨਾ ਕੋਇ ਕਰਾਈਆ । ਸਾਰੇ ਲੱਭਣ ਸੱਚਾ ਸਈਆ, ਭੱਜਣ ਥਾਉਂ ਥਾਈਂਆ । ਬਿਨ ਸੰਤ ਸਤਿਗੁਰ ਕੋਈ ਨਾ ਫੜੇ ਬਹੀਆ, ਅੰਗ ਨਾਲ ਅੰਗ ਨਾ ਕੋਇ ਜੁੜਾਈਆ । ਜਿਧਰ ਤੱਕਣ ਧਰਮ ਰਾਏ ਕੱਢੀ ਬੈਠਾ ਵਹੀਆ, ਚਿਤਰ ਗੁਪਤ ਸਭ ਦਾ ਲੇਖਾ ਰਿਹਾ ਸੁਣਾਈਆ । ਅਰਜਨ ਕਹੇ ਭਗਵਨ ਕਿਹੜੀ ਗੱਲ ਕਹੀਆ, ਕਹਿ ਕੇ ਦਿਤੀ ਸੁਣਾਈਆ । ਓਸ ਵੇਲੇ ਕੀ ਤੂੰ ਵੀ ਲੁਕ ਜਾਏਂਗਾ ਗੋਸਈਆਂ, ਆਪਣੀ ਬੰਸਰੀ ਨਾਮ ਛੁਪਾਈਆ । ਕ੍ਰਿਸ਼ਨ ਕਿਹਾ ਅਰਜਨ ਮੈਨੂੰ ਉਹ ਸਖ਼ੀਆਂ ਵਿਸਰ ਗਈਆ, ਜਿਹੜੀਆਂ ਵਿਸ਼ਿਆਂ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਸੁਣਾਈਆ । ਰਥ ਕਹੇ ਮੈਂ ਖਾਧੇ ਕਈ ਚੱਕਰ, ਚਕਰਵਰਤੀ ਦਿੱਤੇ ਖਪਾਈਆ । ਮੇਰਾ ਲੇਖਾ ਲਿਖਿਆ ਨਹੀਂ ਕਿਸੇ ਸਤਰ, ਇਕ ਲੱਖ ਸਤਾਰਾਂ ਹਜ਼ਾਰ ਸਲੋਕ ਸੋਭਾ ਨਾ ਕੋਇ ਸੁਣਾਈਆ । ਮੈਂ ਰਿਹਾ ਖ਼ਾਲੀ ਫੱਕੜ, ਫੋਕੜ ਰੂਪ ਬਣਾਈਆ । ਜੋਧਿਆਂ ਨਾਲ ਜੋਧਿਆਂ ਦੀ ਕਰਾਈ ਟੱਕਰ, ਘਮਸਾਨ ਵਾਲੀ ਲੜਾਈਆ । ਕ੍ਰਿਸ਼ਨ ਦਵਾਰੇ ਗਿਆ ਅੱਪੜ, ਆਪਣਾ ਪੰਧ ਮੁਕਾਈਆ । ਜੋ ਕੋਈ ਮੈਥੋਂ ਭੁੱਲ ਹੋਈ ਕਾਹਨ ਮੇਰੇ ਸਿਰ ਉਤੇ ਮਾਰ ਥੱਪੜ, ਹਥੇਲੀ ਪ੍ਰੇਮ ਵਾਲੀ ਲਗਾਈਆ । ਮੇਰੇ ਉਤੇ ਹੋਵੇ ਤੇਰੀ ਮਿਹਰ ਦਾ ਅਸਰ, ਅਸੁਰ ਰੂਪ ਰਹਿਣ ਨਾ ਪਾਈਆ । ਸੋਹਣਾ ਜੀਵਣ ਹੋਵੇ ਬਸਰ, ਜ਼ਿੰਦਗੀ ਵਿਚ ਵਡਿਆਈਆ । ਕ੍ਰਿਸ਼ਨ ਕਿਹਾ ਓ ਰਥਾ ਤੇਰੇ ਵਿਚ ਅਜੇ ਥੋੜ੍ਹੀ ਕਸਰ, ਕਸਰ ਇਸ਼ਾਰੀਏ ਨਾਲ ਮਿਲਾਈਆ । ਜਿਸ ਵੇਲੇ ਕਲਜੁਗ ਸਦੀ ਚੌਧਵੀਂ ਦੁਨੀਆ ਦਾ ਖ਼ੁਦਾ ਨੂੰ ਭੁੱਲ ਕੇ ਹੋਣ ਲੱਗਾ ਹਸ਼ਰ, ਹਸਤੀ ਜਗਤ ਮਸਤੀ ਵਿਚ ਭੁਲਾਈਆ । ਫੇਰ ਉਹ ਆਪੇ ਲਵੇ ਪਕੜ, ਡੋਰੀ ਆਪਣੇ ਹੱਥ ਰਖਾਈਆ । ਜਿਸ ਨੇ ਤਰਾਜ਼ੂ ਵਿਚ ਨਾਨਕ ਬਣ ਕੇ ਤੋਲਣਾ ਤੱਕੜ, ਸਰਗੁਣ ਜੋੜ ਜੁੜਾਈਆ । ਗੋਬਿੰਦ ਧਾਰ ਬਣੇ ਰੱਖਕ, ਰਖਸ਼ਾ ਕਰੇ ਚਾਈਂ ਚਾਈਂਆ । ਜਿਸ ਵੇਲੇ ਆਇਆ ਓਸ ਦਾ ਵਕਤ, ਆਪਣਾ ਨੂਰ ਕਰੇ ਰੁਸ਼ਨਾਈਆ । ਸਾਚਾ ਸੰਦੇਸ਼ਾ ਦੇਵੇ ਜਗਤ, ਜਾਗੋ ਜਾਗੋ ਜਾਗੋ ਸੋਇਆ ਰਹਿਣ ਕੋਇ ਨਾ ਪਾਈਆ । ਇਕ ਦੇ ਕੋਲ ਇਕ ਦੀ ਸ਼ਕਤ, ਇਕ ਸ਼ਕਤ ਦੇ ਸਾਰੇ ਭਗਤ, ਭਗਤਾਂ ਵਿਚ ਹੋਏ ਵਿਅਕਤ, ਵਿਅਕਤੀਗਤ ਬ੍ਰਹਮ ਮਤ ਪਾਰਬ੍ਰਹਮ ਦੀ ਧਾਰ ਪਰਗਟਾਈਆ । ਅਰਜਨ ਕਿਹਾ ਭਗਵਾਨ ਮੇਰੇ ਨਾਲ ਲਾ ਸ਼ਰਤ, ਕੀ ਫੇਰ ਵੀ ਆਵੇਂ ਪਰਤ, ਫੇਰਾ ਪਾਵੇਂ ਉਤੇ ਧਰਤ, ਭਗਤਾਂ ਮਨਜ਼ੂਰ ਕਰੇਂ ਅਰਜ਼, ਕ੍ਰਿਸ਼ਨ ਕਿਹਾ ਅਰਜਨ ਇਹ ਉਸ ਕਾਹਨ ਦਾ ਫ਼ਰਜ਼, ਜੋ ਕਾਹਨਾਂ ਦਾ ਕਾਹਨ ਨਜ਼ਰੀ ਆਈਆ । ਉਹ ਸਭ ਦੀ ਵੰਡੇ ਦਰਦ, ਛੁਰੀ ਚਲਣ ਨਾ ਦੇਵੇ ਕਰਦ, ਕਿਸੇ ਦਾ ਹੋਣ ਨਾ ਦੇਵੇ ਹਰਜ, ਦੁਖੀਆਂ ਦੀ ਮੇਟੇ ਮਰਜ਼, ਮਰੀਜ਼ਾਂ ਦਾ ਡਾਕਟਰ ਇਕੋ ਨਜ਼ਰੀ ਆਈਆ । ਅਰਜਨ ਕਿਹਾ ਫੇਰ ਕੀ ਹੋਵੇ ਫ਼ਰਕ, ਕ੍ਰਿਸ਼ਨ ਕਿਹਾ ਉਹ ਦੀਨ ਮਜ਼੍ਹਬ ਦੇਵੇ ਤਰਕ, ਸਭ ਦੇ ਕਾਇਆ ਮੰਦਰ ਅੰਦਰ ਵੜ ਕੇ ਲਵੇ ਪਰਖ, ਪਾਰਖੂ ਇਕੋ ਨਜ਼ਰੀ ਆਈਆ । ਸਾਚੇ ਸੰਤਾਂ ਭਗਤਾਂ ਜੋਤੀ ਜਾਤਾ ਪੁਰਖ ਬਿਧਾਤਾ ਪਰਵਰਦਿਗਾਰ ਸਾਂਝਾ ਯਾਰ ਹੋ ਕੇ ਦੇਵੇ ਦਰਸ, ਦਰਸੀ ਆਪਣਾ ਦਰਸ ਕਰਾਈਆ । ਖੇਲੇ ਖੇਲ ਅਰਸ਼ ਫ਼ਰਸ਼, ਜ਼ਿਮੀਂ ਅਸਮਾਨਾਂ ਆਪਣੀ ਕਾਰ ਕਮਾਈਆ । ਸਭ ਦੀ ਮੇਟਣਹਾਰਾ ਹਰਸ, ਹਵਸ ਕੂੜੀ ਦਏ ਮਿਟਾਈਆ । ਪੂਰਬ ਦਾ ਲੇਖਾ ਕਿਸੇ ਦਾ ਰਹਿਣ ਨਾ ਦੇਵੇ ਕਰਜ਼, ਮਕਰੂਜ਼ ਹੋ ਕੇ ਸਭ ਦੀ

ਝੋਲੀ ਦਏ ਭਰਾਈਆ । ਇਹ ਖੇਲ ਹੋਣਾ ਅਸਚਰਜ, ਉਹ ਪਰਮਾਤਮਾ ਨਾ ਨਾਰੀ ਤੇ ਨਾ ਮਰਦ, ਨਾ ਮੀਆਂ ਤੇ ਨਾ ਬੀਵੀ ਸਦਾ ਆਦਿ ਜੁਗਾਦਿ ਬੇਅੰਤ, ਮਹਿੰਮਾ ਅਕਥ ਕਥ ਨਾ ਕੋਇ ਜਣਾਈਆ । ਜਿਸ ਦੇ ਨੂਰ ਉਜਾਲੇ ਸਾਚੇ ਸੰਤ, ਜਿਨ੍ਹਾਂ ਦਾ ਨਿਸ਼ਾਨਾ ਇਕ ਭਗਵੰਤ, ਦੂਜਾ ਰਾਹ ਨਾ ਕੋਇ ਸਮਝਾਈਆ । ਅਰਜਨ ਕਿਹਾ ਭਗਵਨ ਉਹ ਕਿਹੜਾ ਹੋਵੇ ਸੰਮਤ, ਸਮਾਂ ਦੇ ਸੁਣਾਈਆ । ਭਗਵਨ ਕਿਹਾ ਅਰਜਨ ਜਿਸ ਵੇਲੇ ਗੁਰੂਆਂ ਦੇ ਚੇਲੇ ਹੋਣ ਹਰਾਮ ਨਿਮਕ, ਸਤਿਗੁਰ ਦਾ ਬਚਨ ਨਾ ਕੋਇ ਕਮਾਈਆ । ਸ੍ਰਿਸ਼ਟੀ ਦੀ ਬੁੱਧੀ ਹੋਵੇ ਅਹਿਮਕ, ਭਾਵੇਂ ਕਿਸੇ ਦੀ ਧੋਤੀ ਹੋਵੇ ਭਾਵੇਂ ਹੋਵੇ ਤਹਿਮਤ, ਭਾਵੇਂ ਹੋਵੇ ਬੋਦੀ ਭਾਵੇਂ ਮੰਗ ਕੇ ਖਾਵੇ ਰੋਜ਼ੀ, ਭਾਵੇਂ ਦਾੜ੍ਹੀ ਖੁਲ੍ਹੀ ਛੱਡ ਕੇ ਕਹੇ ਮੈਂ ਪ੍ਰਭ ਬੜਾ ਮੌਜੀ, ਪ੍ਰਭ ਜਿੰਨਾਂ ਚਿਰ ਅੰਦਰੋਂ ਨਾ ਦੇਵੇ ਸੋਝੀ, ਬੁੱਧੀ ਕੰਮ ਕਿਸੇ ਨਾ ਆਈਆ । ਅਰਜਨ ਦੁਨੀਆ ਹੋਣੀ ਹਉਮੇ ਦੀ ਰੋਗੀ, ਤ੍ਰਿਸ਼ਨਾ ਹੋਣੀ ਭੋਗੀ, ਕੋਈ ਵਿਰਲਾ ਦਿਸੇ ਜੋਗੀ, ਜੋ ਮੂੰਹ ਉਤੇ ਪੱਟੀ ਬੰਨ੍ਹ ਕੇ ਪਟੇਦਾਰੀ ਦਾ ਲੇਖਾ ਦਏ ਮੁਕਾਈਆ । ਕਿਸੇ ਨੇ ਬੰਨ੍ਹਣੀ ਤੇੜ ਲੰਗੋਟੀ, ਕਿਸੇ ਨੇ ਚੜ੍ਹਨਾ ਉਪਰ ਚੋਟੀ, ਕਿਸੇ ਨੇ ਹੱਥ ਵਿਚ ਫੜਨੀ ਸੋਟੀ, ਕਿਸੇ ਨੇ ਦੱਸਣਾ ਵਖਾਵਾਂ ਨਿਰਮਲ ਜੋਤੀ, ਕਿਸੇ ਨਾ ਕਹਿਣਾ ਮੈਂ ਮਾਲਕ ਸਾਰੇ ਲੋਕ ਪਰਲੋਕੀ, ਕਿਸੇ ਨੇ ਪੜ੍ਹ ਸੁਣੌਣੀ ਪੋਥੀ, ਕ੍ਰਿਸ਼ਨ ਕਿਹਾ ਅਰਜਨ ਜਿਸ ਨੇ ਇਕ ਸਤਿ ਦੀ ਵਿਚਾਰ ਸੋਚੀ, ਸੋ ਸੰਤ ਮਿਲੇ ਭਗਵੰਤ ਜਿਸ ਦਾ ਸੰਜਮ ਇਕੋ ਨਜ਼ਰੀ ਆਈਆ । ਕਈ ਹੋਏ ਜੋਗੀ, ਕਈ ਹੋਏ ਸੰਜੋਗੀ, ਕਈ ਹੋਏ ਵਿਜੋਗੀ, ਕਈ ਹੋਏ ਭੋਗੀ, ਕਈਆਂ ਚਲਾਉਣੇ ਖ਼ਾਨੇ ਮੋਦੀ, ਕਈ ਅਖਵਾਉਣੇ ਬੇਦੀ ਸੋਢੀ, ਜਿੰਨਾਂ ਚਿਰ ਅੰਦਰੋਂ ਕਵਲ ਦੀ ਖਿਲੇ ਨਾ ਡੋਡੀ, ਅੰਮ੍ਰਿਤ ਬੂੰਦ ਸਵਾਤ ਨਾ ਪਹੁੰਚੀ ਸੋ ਜਗਤ ਵਾਸਨਾ ਦਾ ਸ਼ੌਕੀ, ਉਹ ਸ਼ੌਕੀਨੀ ਕੰਮ ਕਿਸੇ ਨਾ ਆਈਆ ।

੧੦੭੫
੨੦
੧੦੭੫
੨੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਪਹੀਆ ਕਹੇ ਮੈਂ ਫਿਰਦਾ ਫਿਰਦਾ ਗਿਆ ਘਿਸ, ਮੇਰੀ ਖੱਲ ਦਿਤੀ ਲੁਹਾਈਆ । ਕ੍ਰਿਸ਼ਨ ਕੀ ਤੂੰ ਮੈਨੂੰ ਭਗਵਾਨ ਰਿਹਾ ਦਿਸ, ਪੜਦਾ ਦੇ ਉਠਾਈਆ । ਤ੍ਰਿਲੋਕੀ ਨਾਥ ਕਰ ਕੇ ਆਪਣੀ ਪਿੱਠ, ਪਿੱਛਾ ਲਿਆ ਬਦਲਾਈਆ । ਹੱਥ ਦੀ ਵਖਾ ਕੇ ਗਿੱਠ, ਸਵਾ ਦਿਤੀ ਵਧਾਈਆ । ਜੇ ਇਕ ਬਚਨ ਰਖੇਂ ਚਿਤ, ਚਿਤ ਠਗੌਰੀ ਕੋਇ ਨਾ ਪਾਈਆ । ਓਏ ਰਥਾ ਬਿਨਾ ਭਗਵਨ ਤੋਂ ਪੱਕਾ ਸਮਝੀਂ ਕੋਈ ਨਾ ਮਿਤ, ਅਰਜਨ ਵਰਗੇ ਪਲੂ ਗਏ ਛੁਡਾਈਆ । ਜੇ ਕਰਨਾ ਸਿਖਣਾ ਤੇ ਸਿਖੋ ਇਕ ਦਾ ਹਿਤ, ਜੋ ਹਿਤਕਾਰੀ ਆਪ ਅਖਵਾਈਆ । ਜਿਹੜਾ ਪਰਗਟ ਹੋਵੇ ਨਿਤ ਨਵਿਤ, ਜੁਗ ਜੁਗ ਵੇਸ ਵਟਾਈਆ । ਰਾਤੀ ਸੁੱਤਿਆਂ ਦਿਨੇ ਜਾਗਦਿਆਂ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਪਣੇ ਨਾਮ ਦੀ ਮਾਰੇ ਖਿੱਚ, ਬਾਹਰੋਂ ਡੰਕ ਨਾ ਕੋਇ ਵਜਾਈਆ । ਰਥ ਕਹਿੰਦਾ ਭਗਵਨ ਆਪਣੇ ਪਿਆਰ ਦੀ ਦੇ ਇਕ ਚਿਟ, ਚਿੱਠੀ ਮੇਰੇ ਹੱਥ ਫੜਾਈਆ । ਕ੍ਰਿਸ਼ਨ ਕਿਹਾ ਵੇਖੀਂ ਕਿਤੇ ਭੁੱਲ ਕੇ ਨਾ ਦੇਵੀਂ ਸਿੱਟ, ਮਿੱਟੀ ਖ਼ਾਕ ਵਿਚ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਪਹੀਆ ਕਹੇ ਮੈਂ ਰਿਹਾ ਭੌਂਦਾ, ਆਪਣਾ ਪੰਧ ਮੁਕਾਈਆ । ਤੂੰ ਹੀ ਤੂੰ ਹੀ ਰਿਹਾ ਗਾਉਂਦਾ, ਇਕੋ ਰਾਗ ਸੁਣਾਈਆ । ਚਰਨ ਧੂੜੀ ਰਿਹਾ ਨਹਾਉਂਦਾ, ਦੁਰਮਤ ਮੈਲ ਧਵਾਈਆ । ਜਿਸ ਵੇਲੇ ਵੇਲਾ ਵਕਤ ਆਇਆ ਮੇਰੇ ਗੌਂ ਦਾ, ਮੈਂ ਕਹਿ ਕੇ ਦਿਤਾ ਸੁਣਾਈਆ । ਐ ਕ੍ਰਿਸ਼ਨ ਕੀ ਭੁਲੇਖਾ ਪਾਵੇਂ ਆਪਣੇ ਨਾਉਂ ਦਾ, ਨਾਮ ਸਿਫ਼ਤ ਵਾਲਾ ਬਦਲਾਈਆ । ਕੀ ਝਗੜਾ ਮੁੱਕੇ ਤਨ ਵਜੂਦ ਗਰਾਉਂ ਦਾ, ਤਨ ਮਾਟੀ ਵਾਲਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਓ ਰਥ, ਭਗਵਨ ਧੁਰ ਦਾ ਸਦਾ ਅਦਲੀ, ਅਦਲ ਇਨਸਾਫ਼ ਇਕ ਕਰਾਈਆ । ਜੁਗ ਚੌਕੜੀ ਪੂਰੀ ਕਰੇ ਮਜ਼ਲੀ, ਮੰਜ਼ਲ ਸਭ ਦੀ ਵੇਖ ਵਖਾਈਆ । ਦੀਨ ਦੁਨੀ ਦੀ ਕਰੇ ਬਦਲੀ, ਬਦਲਾ ਆਪਣੇ ਹੱਥ ਜਣਾਈਆ । ਜਿਸ ਵੇਲੇ ਕਲਜੁਗ ਮਾਇਆ ਮਮਤਾ ਮੋਹ ਵੱਧ ਗਈ, ਕੂੜੀ ਕਿਰਿਆ ਹੋਏ ਹਲਕਾਈਆ । ਫੇਰ ਉਹ ਪਰਮ ਪੁਰਖ ਪਰਮਾਤਮਾ ਨਿਰਗੁਣ ਰੂਪ ਆਵੇ ਜਗ ਲਈ, ਜਿਸ ਵਿਚ ਜਾਗਰਤ ਜੋਤ ਬਿਨ ਵਰਨ ਗੋਤ ਸੰਤ ਫ਼ਕੀਰ ਕਰਨ ਰੁਸ਼ਨਾਈਆ । ਅਬਿਨਾਸ਼ੀ ਕਰਤਾ ਜਦ ਆਵੇ ਤੇ ਬੁਝਾਉਣ ਅੱਗ ਲਈ, ਅਗਲਾ ਮਾਰਗ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸਮਝਾਈਆ । ਪਹੀਆ ਕਹੇ ਮੇਰਾ ਆਪਣਾ ਆਪ ਹੋਇਆ ਚੂਰ, ਸਾੜ ਕੇ ਚੂਰਮਾ ਦਿਤਾ ਬਣਾਈਆ । ਯੁੱਧ ਦੀ ਅੱਗ ਨੇ ਕੀਤਾ ਮਨੂਰ, ਮਨੁੱਖਾਂ ਨੇ ਮਨੁੱਖਤਾ ਦਿਤੀ ਮਿਟਾਈਆ । ਦਰਯੋਧਨ ਦੇ ਹੰਕਾਰ ਮਚਾਇਆ ਫ਼ਤੂਰ, ਫ਼ਤਵਾ ਕ੍ਰਿਸ਼ਨ ਨੇ ਦਿਤਾ ਲਾਈਆ । ਇਹ ਯੁੱਧ ਹੋਇਆ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਰਥ ਕਹੇ ਪ੍ਰਭੂ ਮੇਰਾ ਕੀ ਕਸੂਰ, ਭਗਤ ਭਗਵਾਨ ਨੂੰ ਚੁੱਕ ਮੈਂ ਭੱਜਿਆ ਵਾਹੋ ਦਾਹੀਆ । ਕ੍ਰਿਸ਼ਨ ਕਿਹਾ ਰਥਾ ਜਿਨ੍ਹਾਂ ਦਾ ਮੈਂ ਸਾਥੀ ਉਨ੍ਹਾਂ ਦਾ ਡੋਬ ਦਿਤਾ ਪੂਰ, ਆਪਣਾ ਭੇਵ ਨਾ ਕਿਸੇ ਖੁਲ੍ਹਾਈਆ । ਭਾਣੇ ਅੰਦਰ ਹੁਕਮ ਅੰਦਰ ਸਭ ਨੂੰ ਹੋਣਾ ਪਏ ਮਜਬੂਰ, ਸਿਰ ਸਕੇ ਨਾ ਕੋਇ ਉਠਾਈਆ । ਸਮਾਂ ਬਦਲਨਾ ਪ੍ਰਭ ਦਾ ਇਹ ਦਸਤੂਰ, ਸਦਾ ਸਦ ਆਪਣੀ ਕਾਰ ਕਮਾਈਆ । ਓਏ ਰਥਾ, ਅੱਗੇ ਹੋਰ ਅਜੇ ਓਸ ਪਰਮਾਤਮਾ ਦਾ ਨਾਂ ਹੋਏ ਮਸ਼ਹੂਰ, ਓਨੂੰ ਅਲਾਹ ਕਹਿ ਕੇ ਸਾਰੇ ਮਲਾਹ ਲੈਣ ਬਣਾਈਆ । ਨਾਨਕ ਨਿਰਗੁਣ ਸਰਗੁਣ ਹੋਣਾ ਨੂਰ, ਸਤਿਨਾਮ ਦਏ ਦ੍ਰਿੜਾਈਆ । ਗੋਬਿੰਦ ਸਤਿ ਧਰਮ ਵਿਚ ਭਰਪੂਰ, ਫ਼ਤਹਿ ਡੰਕਾ ਦਏ ਸੁਣਾਈਆ । ਫੇਰ ਕਲਜੁਗ ਵਿਚ ਵਧਣਾ ਕੂੜ, ਮੂਰਖ ਮੂੜ੍ਹ ਬਣੇ ਲੋਕਾਈਆ । ਉਸ ਵੇਲੇ ਹਕੀਕਤ ਦੇ ਮਾਲਕ ਨੂੰ ਆਪਣੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਨੂੰ ਇਸ਼ਟੀ ਬਣ ਕੇ ਵੇਖਣਾ ਪਏ ਜ਼ਰੂਰ, ਪੂਰਬ ਲਹਿਣਾ ਦਏ ਚੁਕਾਈਆ । ਸਾਚੇ ਸੰਤੋ ਭਗਤੋ ਗੁਰਮੁਖੋ ਪ੍ਰੇਮੀਓ ਪਿਆਰਿਓ ਤੁਹਾਡੇ ਅੰਦਰ ਇਕੋ ਉਸ ਦਾ ਨੂਰ, ਜਿਸ ਨੂਰ ਨਾਲ ਏਸ ਤਨ ਵਿਚ ਹੋਵੇ ਰੁਸ਼ਨਾਈਆ । ਅੱਜ ਦਾ ਪਿਆਰ ਮੁਹੱਬਤ ਵਿਚ ਸਾਰੇ ਕਰੋ ਮਨਜ਼ੂਰ, ਮਨਜ਼ੂਰੀ ਵਿਚ ਵੱਜੇ ਵਧਾਈਆ । ਸੰਤ ਮਹਾਤਮਾ ਰਿਸ਼ੀ ਮੁਨੀ ਸੂਫ਼ੀ ਆਚਾਰੀਏ ਜੋ ਇਕੱਠੇ ਹੋਏ ਪੈਂਡਾ ਮਾਰ ਕੇ ਆਏ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਇਹ ਉਸੇ ਦੀ ਧੂੜ, ਜੋ ਧੂੜੀ ਟਿੱਕੇ ਸਭ ਨੂੰ ਦਏ ਲਗਾਈਆ । ਵੇਖਿਉ ਕੋਈ ਬਣੇ ਰਿਹੋ ਨਾ ਮੂਰਖ ਮੂੜ੍ਹ, ਅੰਧ ਅਗਿਆਨ ਅੰਦਰੋਂ ਦੇਣਾ ਕਢਾਈਆ । ਫੇਰ ਸਾਰਿਆਂ ਦੇ ਬਖ਼ਸ਼ੇ ਜਾਣ ਕਸੂਰ, ਪੁਰਖ ਅਬਿਨਾਸ਼ੀ ਘਟ ਨਿਵਾਸੀ ਪਰਵਰਦਿਗਾਰ ਸਾਂਝਾ ਯਾਰ ਵਲੀ ਅੱਲਾ ਅਲਾਹੀ ਨੂਰ ਯਾ ਮੁਬੀਨ ਕਹਿ ਕੇ ਸਭ ਦਾ ਸ਼ੁਕਰ ਮਨਾਈਆ ।

## ★ ੨੮ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਦੀਨ ਦੁਨੀ ਦਾ ਨਾਤਾ ਹੋਵੇ ਇਕ, ਏਕਾ ਮਿਲ ਕੇ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਕੇ ਗਏ ਭਵਿਖ, ਪੇਸ਼ੀਨਗੋਈ ਵਿਚ ਸੁਣਾਈਆ । ਸਭ ਦਾ ਸਾਂਝਾ ਯਾਰ ਹਰਿ ਕਰਤਾਰ ਪਏ ਦਿਸ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਮੇਲ ਮਿਲਾਏ ਹਿੰਦੂ ਮੁਸਲਿਮ ਸਿੱਖ ਈਸਾਈ

ਮਨ ਦੀ ਵਾਸਨਾ ਜਿਤ, ਕਲਪਣਾ ਕੂੜ ਦਏ ਮਿਟਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਸਭ ਦਾ ਲਹਿਣਾ ਦੇਣਾ ਲਏ ਨਜਿੱਠ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪ ਰਿਹਾ ਸੁਣਾਈਆ । ਸਾਂਝਾ ਨਾਤਾ ਹੋਵੇ ਜਗ, ਜਗਜੀਵਣ ਦਾਤਾ ਆਪ ਕਰਾਈਆ । ਉਚ ਨੀਚ ਸਾਰੇ ਸੱਦ, ਸ਼ਾਹ ਸੁਲਤਾਨ ਨਾਲ ਮਿਲਾਈਆ । ਤਨ ਦੀਆਂ ਵੰਡਾਂ ਵਾਲਾ ਰਹੇ ਨਾ ਕੋਇ ਅੱਡ, ਵਜੂਦ ਦਾ ਝਗੜਾ ਦਏ ਗਵਾਈਆ । ਦੀਨ ਮਜ਼ਬ ਦੀ ਤੋੜ ਕੇ ਹੱਦ, ਘਰ ਇਕੋ ਰੰਗ ਵਖਾਈਆ । ਜਿਸ ਘਰ ਆਤਮ ਪਰਮਾਤਮ ਦੋਵੇਂ ਰਹੇ ਵਸ, ਮੰਦਰ ਸਾਚਾ ਸੋਭਾ ਪਾਈਆ । ਓਥੇ ਵੇਖਣ ਵਾਲੀ ਵੀ ਇਕੋ ਅੱਖ, ਦੋ ਨੈਣਾਂ ਰਾਹ ਨਾ ਕੋਇ ਤਕਾਈਆ । ਪ੍ਰੇਮ ਪਿਆਰ ਦਾ ਹੋਵੇ ਜਸ, ਸੋਹਲਾ ਇਕੋ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦਾ ਸਾਚਾ ਰਾਹ ਚਲਾਈਆ । ਸਤਿ ਧਰਮ ਦੀ ਸਾਚੀ ਸ਼ਾਦੀ, ਨਾਮ ਸ਼ਾਦਿਆਨੇ ਵਿਚ ਕਰਾਈਆ । ਪ੍ਰੇਮ ਪਿਆਰ ਦਾ ਸਭ ਦੇ ਅੰਦਰ ਬੈਠਾ ਰਾਗੀ, ਅਨੁਰਾਗੀ ਆਪਣਾ ਤਾਲ ਵਜਾਈਆ । ਜਿਨ੍ਹਾਂ ਦੀ ਅੰਦਰੋਂ ਸੁਰਤੀ ਜਾਗੀ, ਮਾਇਆ ਮਮਤਾ ਮੋਹ ਗਏ ਮਿਟਾਈਆ । ਉਹ ਬਣਿਆ ਪ੍ਰੇਮ ਵੈਰਾਗੀ, ਵੈਰੀ ਕੂੜੇ ਬਾਹਰ ਕਢਾਈਆ । ਦੁਰਮਤ ਮੈਲ ਧੋ ਕੇ ਦਾਗ਼ੀ, ਪਤਤ ਪੁਨੀਤ ਅਖਵਾਈਆ । ਆਤਮਾ ਆਤਮਾ ਜੇ ਇਕ ਦੂਜੇ ਦਾ ਬਣੇ ਸਮਾਜੀ, ਫੇਰ ਝਗੜਾ ਤਤ ਰਹੇ ਨਾ ਰਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਾਰੇ ਕਰਨੇ ਆਂਢੀ ਗਵਾਂਢੀ, ਹਮਸਾਏ ਕਰ ਕੇ ਦੇਣੇ ਵਸਾਈਆ । ਸਭ ਦੇ ਕਾਇਆ ਮੰਦਰ ਅੰਦਰ ਨਾਮ ਨਿਧਾਨ ਵਾੜ ਕੇ ਢਾਡੀ, ਢੋਲਕ ਪ੍ਰੇਮ ਦੇਣੀ ਖੜਕਾਈਆ । ਰਸਮ ਰਿਵਾਜ ਅੰਦਰ ਵੇਖੋ ਇਨ੍ਹਾਂ ਨਾਲ ਕੋਈ ਨਹੀਂ ਜਾਂਦੀ, ਬੰਧੂ ਸੰਗ ਨਾ ਕੋਇ ਨਿਭਾਈਆ । ਦਰੋਪਤੀ ਕਿਹਾ ਮੇਰੀ ਕ੍ਰਿਸ਼ਨ ਬਿਨਾ ਪਤ ਜਾਂਦੀ, ਪੰਜੇ ਪਾਂਡੋ ਹੋਏ ਨਾ ਕੋਇ ਸਹਾਈਆ । ਜਿਨ੍ਹਾਂ ਦੀ ਅੰਤਰ ਆਤਮਾ ਇਕੋ ਓਟ ਤਕਾਂਦੀ, ਦੂਜਾ ਰਾਹ ਨਾ ਕੋਇ ਵਖਾਈਆ । ਸੋ ਮੁਹੱਬਤ ਵਿਚ ਸਚ ਪ੍ਰੀਤੀ ਵਿਚ ਹੋਵੇ ਬਾਂਦੀ, ਬੰਦਨਾ ਕਰ ਕੇ ਸੀਸ ਨਿਵਾਈਆ । ਰੁੱਤ ਸੁਹੰਜਣੀ ਹੋਵੇ ਠਾਂਡੀ, ਅਗਨੀ ਤਤ ਨਾ ਕੋਇ ਜਲਾਈਆ । ਤੂੰ ਮੇਰਾ ਮੈਂ ਤੇਰਾ ਜਗਤ ਵਿਹਾਰ ਵਿਚ ਜੇ ਪਤਨੀ ਹੋਵੇ ਗਾਂਦੀ, ਪਤੀ ਵੀ ਓਹੋ ਰਾਗ ਅਲਾਈਆ । ਇਹੋ ਖੇਲ ਧੁਰਾਂ ਦੀ, ਜੋ ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦਾ ਸਾਂਝਾ ਰਾਹ ਚਲਾਈਆ । ਇਕੱਠੇ ਹੋ ਜਾਓ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼, ਜਾਤ ਪਾਤ ਦਾ ਝਗੜਾ ਰਹੇ ਨਾ ਰਾਈਆ । ਈਸਾਈ ਮੁਸਲਿਮ ਮੰਨਿਓ ਕਲਮੇ ਵਾਲੀ ਹਦਾਇਤ, ਜੋ ਹਜ਼ਰਤਾਂ ਕਰੀ ਪੜ੍ਹਾਈਆ । ਜੇ ਮੁਰਸ਼ਦ ਮੁਰੀਦ ਉਤੇ ਕਰੇ ਅਨਾਇਤ, ਰਹਿਮਤ ਇਕ ਕਮਾਈਆ । ਧਰਮ ਦੀ ਕਰੇ ਅਜ਼ਮਾਇਸ਼, ਪਰਚਾ ਨਾਮ ਰਖਾਈਆ । ਸਾਂਝੀ ਬਣਾਵੇ ਰਿਹਾਇਸ਼, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਜਗਤ ਵੰਡ ਨਾ ਕੋਇ ਵਡਿਆਈਆ । ਫੇਰ ਕਿਰਪਾ ਕਰੇ ਨਹਾਇਤ, ਮਿਹਰਵਾਨ ਆਪਣਾ ਰੰਗ ਰੰਗਾਈਆ । ਜਨ ਭਗਤੋ ਅੱਗੇ ਸਚ ਦੀ ਉਪਜੇ ਪੈਦਾਇਸ਼, ਮੂਰਖ ਮੂੜ੍ਹ ਜਨਮ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਪਰਗਟਾਈਆ । ਵੇਖੋ ਇਕੱਠੇ ਹੋ ਕੇ ਨੀਚ ਊਚ, ਜਾਤ ਪਾਤ ਭੇਵ ਭਾਵ ਦੇਣਾ ਮਿਟਾਈਆ । ਸਾਚੇ ਪ੍ਰੇਮ ਦੀ ਸਮਝੋ ਸੂਚ, ਜੋ ਸੰਜਮ ਦਏ ਪਰਗਟਾਈਆ । ਧਰਮ ਵਖਾਓ ਚਾਰੇ ਕੂਟ, ਉੱਤਰ ਪੂਰਬ ਪੱਛਮ ਦੱਖਣ ਡੰਕ ਵਜਾਈਆ । ਸਭ ਨੇ ਆਪਣੇ ਅੰਦਰੋਂ ਕੱਢਣਾ ਝੂਠ, ਮਮਤਾ ਮੋਹ ਦੇਣਾ ਗਵਾਈਆ । ਸਤਿ ਦੇ

੧੦੭੭
੨੦

ਸਚ ਦੇ ਬਣ ਜਾਓ ਸਪੂਤ, ਪਿਤਾ ਪੁਰਖ ਅਕਾਲ ਇਕੋ ਲੈਣਾ ਮਨਾਈਆ । ਆਪਣੇ ਆਪ ਨੂੰ ਲਓ ਬੂਝ, ਜੋ ਬੁੱਝਾ ਦੀਪਕ ਦਏ ਜਗਾਈਆ । ਕੋਈ ਭੇਵ ਨਾ ਰਹੇ ਗੁਝ, ਪੜਦਾ ਬਜਰ ਕਪਾਟ ਉਠਾਈਆ । ਸਤਿਗੁਰ ਕੋਲ ਇਕੋ ਸ਼ਬਦ ਜੋ ਦੋ ਜਹਾਨਾਂ ਦੂਤ, ਦੂਤੀਆ ਭਾਉ ਦਏ ਗਵਾਈਆ । ਤੁਹਾਡੀ ਇਕੋ ਮੰਜ਼ਲ ਇਕੋ ਮਕਸੂਦ, ਇਕੋ ਮਹਿਫ਼ਲ ਸੋਭਾ ਪਾਈਆ । ਬੇਸ਼ਕ ਤੁਹਾਡਾ ਵੱਖ ਵੱਖ ਤਨ ਵਜੂਦ, ਅੰਦਰ ਇਕੋ ਨੂਰ ਰੁਸ਼ਨਾਈਆ । ਸਾਰੇ ਓਸੇ ਦੀ ਬਖ਼ਸ਼ਿਸ਼ ਦਾ ਸਮਝੋ ਕਲਬੂਤ, ਜੋ ਪੰਜ ਤਤ ਦਏ ਵਡਿਆਈਆ । ਸਮਾਜ ਵਿਚ ਰਾਜ ਵਿਚ ਰਿਵਾਜ ਵਿਚ ਜਨ ਭਗਤੋ ਤੁਹਾਡਾ ਦੇਣਾ ਓਸ ਸਬੂਤ, ਜਿਸ ਨੂੰ ਸਾਬਤ ਕਰ ਕੇ ਦਏ ਵਖਾਈਆ । ਸਭ ਦੀ ਤੋੜ ਕੇ ਹੱਦ ਹਦੂਦ, ਬਿਨਾ ਗ੍ਰੰਥ ਬਿਨਾ ਪੰਥ ਬਿਨਾ ਵੇਦੀ ਬਿਨਾ ਮੰਤਰ ਬਿਨਾ ਪੁਰਾਨ ਬਿਨਾ ਅੰਜੀਲ ਕਰ ਤਾਮੀਲ, ਤਾਮੀਰ ਨਵੀਂ ਰਿਹਾ ਬਣਾਈਆ । ਜਿਸ ਦੀ ਖੇਲ ਕੋਟਨ ਕੋਟ ਅਗਣਤ ਸਹੰਸ, ਸੰਸਾ ਸਭ ਦਾ ਦਏ ਮੁਕਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵਿਸ਼ਵ ਬਣ ਜਾਓ ਇਕ ਸਰਬੰਸ, ਕੁਨਬਾ ਕਾਇਨਾਤ ਇਕ ਅਖਵਾਈਆ । ਗੁਰਮੁਖ ਗੁਰਸਿਖ ਹੋ ਜਾਉ ਸਾਚੇ ਹੰਸ, ਬੁੱਧੀ ਕਾਗ ਦੇਣੀ ਗਵਾਈਆ । ਇਕ ਸਮਝ ਲਉ ਅੰਕ, ਕਾਇਆ ਵੇਖੋ ਦਵਾਰਾ ਬੰਕ, ਜਿਥੇ ਬੈਠਾ ਨਿਰਲੇਪ ਅਟੰਕ, ਵਜਾਏ ਸਚ ਨਾਮ ਦਾ ਡੰਕ, ਕਰੇ ਖੇਲ ਬਾਰ ਅਨਕ, ਅਨਕ ਕਲਧਾਰੀ ਆਪਣੀ ਕਾਰ ਕਮਾਈਆ । ਜਿਸ ਨੂੰ ਲੱਭਦੇ ਫਿਰਨ ਅਨੰਤ, ਖੋਜਦੇ ਫਿਰਨ ਸਾਧ ਸੰਤ, ਰਸਨਾ ਜਿਹਵਾ ਗਾਉਂਦੇ ਫਿਰਦੇ ਮੰਤ, ਸੋ ਸਵਾਮੀ ਸਾਹਿਬ ਬੇਅੰਤ, ਬੇਪਰਵਾਹ ਇਕ ਅਖਵਾਈਆ । ਸਭ ਨੇ ਧਰਮ ਪੁਜਾਰੀ ਬਣ ਕੇ ਬੁੱਧੀ ਦੇ ਬਣਨਾ ਪੰਡਤ, ਮਨ ਦੀ ਕਰੇ ਨਾ ਕੋਇ ਪੜ੍ਹਾਈਆ । ਗੜ੍ਹ ਤੋੜ ਦਿਉ ਹਉਮੇ ਹੰਗਤ, ਬਣ ਜਾਉ ਸਾਚੀ ਸੰਗਤ, ਜਿਸ ਸੰਗਤ ਵਿਚ ਅੱਖ ਨਾਲ ਅੱਖ ਨਾ ਕੋਇ ਰਲਾਈਆ । ਇਕ ਦੀ ਕਰੋ ਮਿੰਨਤ, ਜੋ ਸਭ ਨੂੰ ਦੇਵੇ ਹਿੰਮਤ, ਤੁਹਾਡੀ ਵਸੀਹ ਹੋ ਜਾਏ ਸਿੰਮਤ, ਸੀਮਾ ਵਿਚ ਤੁਹਾਨੂੰ ਬੰਦ ਨਾ ਕੋਇ ਕਰਾਈਆ । ਵੇਖਿਉ ਕਿਸੇ ਦੇ ਕਦੇ ਨਾ ਬਣਿਉ ਨਿੰਦਕ, ਮਨ ਦੀ ਕਲਪਣਾ ਵਿਚ ਕੋਈ ਨਾ ਕਰਿਉ ਚਿੰਤ, ਚਿੰਤਾ ਗ਼ਮ ਨੇੜ ਕੋਇ ਨਾ ਆਈਆ । ਵਿਕਾਰ ਵਿਚ ਸ਼ਰਅ ਵਿਚ ਸ਼ਰੀਅਤ ਵਿਚ ਅਸਲੀਅਤ ਵਿਚ ਨਵੀਅਤ ਵਿਚ ਵਲਦੀਅਤ ਵਿਚ ਅਕਲੀਅਤ ਵਿਚ ਕਦੇ ਨਾ ਕਰਿਉ ਇੱਲਤ, ਆਲਮਾ ਵਿਚ ਫ਼ਾਜ਼ਲਾਂ ਵਿਚ ਵਿਦਵਾਨਾਂ ਵਿਚ ਵਿਗਿਆਨਾਂ ਵਿਚ ਗਿਆਨਾ ਵਿਚ ਧਿਆਨਾ ਵਿਚ ਮਿਹਰਬਾਨਾਂ ਵਿਚ ਸ਼ਾਹ ਸੁਲਤਾਨਾਂ ਵਿਚ ਨਿਮਰਤਾ ਵਿਚ ਆਪਣਾ ਝਟ ਲੰਘਾਈਆ । ਮਨੁੱਖ ਮਨੁਸ਼ ਮਾਨਵ ਸਮਝੋ ਨਾ ਕੋਈ ਬੇਗਾਨਾ, ਸਭ ਦੇ ਅੰਦਰ ਇਕੋ ਵਸੇ ਭਗਵਾਨਾ, ਜੋ ਸਭ ਦਾ ਮਾਲਕ ਅਖਵਾਈਆ । ਤੁਹਾਡੇ ਹੱਥ ਫੜਾਵਾਂ ਧਰਮ ਦਾ ਨਿਸ਼ਾਨਾ, ਜੋ ਝੂਲੇ ਵਿਚ ਜਹਾਨਾਂ, ਜਿਸ ਨੂੰ ਦੀਨ ਮਜ਼੍ਹਬ ਕਰਨ ਸਲਾਮਾ, ਅੱਗੇ ਸਮਾਂ ਹੋਣਾ ਹੋਰ ਰਵਾਨਾ, ਮਸਤੀ ਵਿਚ ਭਗਤ ਹੋਏ ਦੀਵਾਨਾ, ਦੀਵਾਨੀ ਦਾ ਲਾਲਚ ਰਹਿਣ ਨਾ ਕੋਇ ਪਾਈਆ । ਸੁਣੋ ਸਚ ਦਾ ਸਚ ਫ਼ਰਮਾਨਾ, ਤੁਹਾਡਾ ਭਗਤਾਂ ਵਾਲਾ ਵਿਧਾਨਾ, ਵਹਦਤ ਵਿਚ ਇਬਾਦਤ ਵਿਚ ਸਦਾਕਤ ਵਿਚ ਰਫ਼ਾਕਤ ਵਿਚ ਲਿਆਕਤ ਵਿਚ ਮਜ਼ਾਹਮਤ ਕੂੜੀ ਦੇਣੀ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦੇਣਾ ਇਕ ਜਣਾਈਆ । ਸਤਿ ਧਰਮ ਦਾ ਆਪਣਾ ਲਉ ਰਸਤਾ, ਰਹਿਬਰ ਇਕੋ ਇਕ ਮਨਾਈਆ । ਪਿਛਲੀਆਂ ਰੀਤਾਂ ਦਾ ਬੰਨ੍ਹ ਦਿਉ ਬਸਤਾ, ਸਾਰੇ ਮਿਲ ਕੇ ਅੱਗੇ ਵਧੋ ਚਾਈਂ ਚਾਈਆ । ਪ੍ਰਭੂ ਦਾ ਪਿਆਰ ਬੜਾ ਜੇ ਸਸਤਾ, ਪੈਸੇ ਟਕੇ ਦੀ ਲੋੜ ਰਹੇ ਨਾ ਰਾਈਆ । ਜਿਹੜਾ ਤੁਹਾਡੇ ਅੰਦਰ ਸਦਾ ਵਸਦਾ, ਉਸੇ ਨੂੰ ਅੰਦਰ ਲੈਣਾ ਮਿਲਾਈਆ ।

ਫੇਰ ਨਜ਼ਾਰਾ ਲਉ ਉਸ ਅੱਖ ਦਾ, ਜੋ ਅੱਖਰਾਂ ਤੋਂ ਪਰੇ ਕਰੇ ਪੜ੍ਹਾਈਆ । ਜਿਸ ਘਰ ਮਹਿਬੂਬ ਤੁਹਾਡਾ ਵਸਦਾ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਨੁਰਾਨਾ ਨੂਰ ਕਰੇ ਰੁਸ਼ਨਾਈਆ । ਉਥੇ ਝਗੜਾ ਨਹੀਂ ਕੋਈ ਰਹਿਣਾ ਅਲੱਗ ਦਾ, ਵੱਖਰਾ ਗੜ੍ਹ ਨਾ ਕੋਇ ਸੁਹਾਈਆ । ਇਕੋ ਦੀਪਕ ਜੋਤੀ ਜਗਦਾ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਸੋ ਮਾਲਕ ਤੁਹਾਡੇ ਨਾਲ ਸਦਾ ਫਬਦਾ, ਜਗਤ ਨੈਣ ਵੇਖਣ ਕੋਇ ਨਾ ਪਾਈਆ । ਉਹਦਾ ਨੂਰ ਨੁਰਾਨਾ ਜੋਤੀ ਜੋਤ ਜਗਦਾ, ਜਾਗਰਤ ਜੋਤ ਸਭ ਦੇ ਕਰੇ ਰੁਸ਼ਨਾਈਆ । ਉਸ ਦੇ ਕੋਲ ਸਚ ਮੁਹੱਬਤ ਪ੍ਰੇਮ ਦਾ ਰੰਗਣ ਰੰਗਦਾ, ਲਲਾਰੀ ਇਕੋ ਇਕ ਅਖਵਾਈਆ । ਉਹ ਇਸ਼ਨਾਨ ਕਰਾਏ ਆਤਮ ਸਰੋਵਰ ਜਮਨਾ ਸੁਰਸਤੀ ਗੋਦਾਵਰੀ ਅਗੰਮੀ ਗੰਗ ਦਾ, ਜਿਥੇ ਤੀਰਥ ਤੱਟਾਂ ਦੀ ਵੰਡ ਨਾ ਕੋਇ ਵੰਡਾਈਆ । ਫੇਰ ਸੁੱਖ ਲਉ ਓਸ ਅਨੰਦ ਦਾ, ਜੋ ਨਿਜਾਨੰਦ ਨਿਜ ਆਤਮ ਵਿਚੋਂ ਪਰਗਟਾਈਆ । ਜਨ ਭਗਤੋ ਤੁਹਾਡਾ ਬਾਹਰੋਂ ਜੋੜਾ ਦੋ ਤਨ ਦਾ, ਜਗਤ ਗ੍ਰਿਹਸਤੀ ਜੋੜ ਜੁੜਾਈਆ । ਜੋ ਪ੍ਰੇਮ ਪ੍ਰੀਤੀ ਅੰਦਰ ਹੰਢਦਾ, ਧਰਮ ਦਾ ਮਾਰਗ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿ ਧਰਮ ਕਹੇ ਪ੍ਰਭੂ ਸੁਣ ਲੈ ਮੇਰੀ ਗੱਲ, ਨਿਉਂ ਕੇ ਸੀਸ ਨਿਵਾਈਆ । ਤੂੰ ਜੁਗ ਜੁਗ ਕਰੇਂ ਵਲ ਛੱਲ, ਅਛਲ ਅਛੱਲ ਤੇਰੀ ਬੇਪਰਵਾਹੀਆ । ਤੇਰਾ ਖੇਲ ਜਲ ਥਲ, ਹਰ ਘਟ ਰਿਹਾ ਸਮਾਈਆ । ਤੇਰਾ ਸੰਦੇਸ਼ਾ ਘੜੀ ਪਲ, ਦੋ ਜਹਾਨਾਂ ਹੁਕਮ ਅਲਾਈਆ । ਤੂੰ ਸਾਰੀ ਦੁਨੀਆ ਅੰਦਰ ਫਤੂਰ ਪਵਾ ਦਿਤਾ ਕੋਲੋਂ ਮਨ, ਮਨਸਾ ਦਿਤੀ ਵਧਾਈਆ । ਦਵੈਸ਼ ਦਵੈਤ ਦੂਈ ਫ਼ਿਰਕਾ ਪਰਸਤੀ ਸੁਣਾ ਕੇ ਵਿਚ ਕੰਨ, ਕਾਇਨਾਤ ਦਾ ਰੁਖ਼ ਦਿਤਾ ਬਦਲਾਈਆ । ਅੱਖਾਂ ਵਾਲਿਆਂ ਨੂੰ ਕਰ ਕੇ ਨੇਤਰ ਅੰਨ੍ਹ, ਆਪਣਾ ਨੂਰ ਨਾ ਕਿਸੇ ਦਿਖਾਈਆ । ਅਗਰ ਤੂੰ ਹੈਂ ਹੰ ਬ੍ਰਹਮ, ਪਾਰਬ੍ਰਹਮ ਹੋ ਕੇ ਕਿਉਂ ਨਾ ਬ੍ਰਹਮ ਦਾ ਪੜਦਾ ਲਾਹੀਆ । ਮੇਟ ਦੇ ਤ੍ਰਿਸ਼ਨਾ ਤਮ, ਤਤ ਆਪਣਾ ਦੇ ਸਮਝਾਈਆ । ਪਵਣ ਸਵਾਸੀ ਲੇਖੇ ਲਾ ਦਮ, ਦਾਮਨ ਪੱਲੂ ਆਪਣੇ ਦੇ ਫੜਾਈਆ । ਚਾਰ ਵਰਨਾਂ ਬੇੜਾ ਬੰਨ੍ਹ, ਚਾਰ ਕੁੰਟ ਏਕਾ ਰਾਹ ਚਲਾਈਆ । ਸਚ ਪਦਾਰਥ ਨਾਮ ਦਾ ਦੇ ਧਨ, ਜਿਸ ਨੂੰ ਠੱਗ ਚੋਰ ਯਾਰ ਲੁੱਟ ਕਦੇ ਨਾ ਜਾਈਆ । ਸਭ ਦਾ ਵਜੂਦ ਹੱਡ ਮਾਸ ਨਾੜੀ ਖੱਲ, ਖ਼ਲਕ ਦੇ ਮਾਲਕ ਕਿਉਂ ਪਲਕ ਦੇ ਪਿੱਛੇ ਬਹਿ ਕੇ ਆਪਣਾ ਆਪ ਛੁਪਾਈਆ । ਸਚ ਮੁਹੱਬਤ ਵਿਚ ਸਭ ਦਾ ਸੀਨਾ ਸੱਲ, ਤੀਰ ਨਿਰਾਲਾ ਇਕ ਚਲਾਈਆ । ਵੇਖ ਕੂੜੀ ਕਿਰਿਆ ਕਲਜੁਗ ਕਲ, ਕਲ ਕਾਤੀ ਹੋਈ ਲੋਕਾਈਆ । ਸਚ ਸਿੰਘਾਸਣ ਆਪਣਾ ਮੱਲ, ਬੇਦਰਦਾ ਦਰਦੀਆਂ ਨਾਲ ਦਰਦ ਵੰਡਾਈਆ । ਮਜ਼੍ਹਬਾਂ ਦੀ ਵੇਖ ਡੂੰਘੀ ਡਲ, ਮੂੰਹ ਦੇ ਭਾਰ ਡਿੱਗੇ ਬਿਨ ਤੇਰੀ ਕਿਰਪਾ ਬਾਹਰ ਨਾ ਕੋਇ ਕਢਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਬਣ ਗਈ ਜੰਗਲ ਜੂਹ ਉਜਾੜ ਵੈਰਾਨੀ ਝੱਲ, ਤੇਰੀ ਝਲਕ ਨਜ਼ਰ ਕਿਸੇ ਨਾ ਆਈਆ । ਜੇ ਸਾਚੇ ਸੰਤਾਂ ਨਾਲ ਮਿਲ ਕੇ ਸਾਰਿਆਂ ਦਾ ਸਾਂਝਾ ਸਵਾਲ ਹੋ ਜਾਏ ਹੱਲ, ਫੇਰ ਨੰਬਰੀਆਂ ਦੇ ਨੰਬਰ ਦੇਣ ਦੀ ਲੋੜ ਰਹੇ ਨਾ ਰਾਈਆ । ਤੇਰੇ ਪ੍ਰੇਮ ਦਾ ਦੀਪਕ ਜਾਏ ਬਲ, ਆਕਾਸ਼ ਪਰਕਾਸ਼ ਜ਼ਿਮੀਂ ਅਸਮਾਨ ਗਗਨ ਗਗਨੰਤਰ ਬ੍ਰਹਿਮੰਡ ਖੰਡ ਪੁਰੀ ਲੋਅ ਤੇਰੀ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਦਾ ਰਸਤਾ ਲੈਣਾ ਅਪਣਾਈਆ । ਸਤਿ ਧਰਮ ਕਰੇ ਪ੍ਰਭ ਕਿਸ ਬਿਧ ਦੇਵੇਂ ਸਹਿਯੋਗ, ਜੁਗਤੀ ਦੇ ਦ੍ਰਿੜਾਈਆ । ਪੁਰਖ ਅਕਾਲ ਕਹੇ ਮੈਂ ਸਾਚੇ ਸੰਤਾਂ ਦੱਸ ਕੇ ਆਪਣਾ ਜੋਗ, ਜੋਗੀਸ਼ਰਾਂ ਲਵਾਂ ਉਠਾਈਆ । ਜੋ ਮੇਰੇ ਪ੍ਰੇਮ ਦਾ ਆਤਮ ਪਰਮਾਤਮ ਭੋਗਦੇ ਭੋਗ, ਰਸ

੧੦੭੯
੨੦

੧੦੮੦
੨੦

ਰਸੀਏ ਧੁਰ ਦਰਗਾਹੀਆ । ਉਹ ਸੰਦੇਸ਼ਾ ਦੇਵਣ ਲੋਕ, ਲੋਕਮਾਤ ਸ਼ਨਵਾਈਆ । ਸਭ ਦਾ ਸਾਂਝਾ ਇਕ ਸਲੋਕ, ਸੋਹਲਾ ਧੁਰ ਦਰਗਾਹੀਆ । ਸਾਚੇ ਮੰਦਰ ਜਾਵੇ ਪਹੁੰਚ, ਜਿਥੇ ਮੰਜ਼ਲ ਰਹੇ ਨਾ ਰਾਈਆ । ਦੀਨ ਦਿਆਲਾ ਮਿਲੇ ਖ਼ੌਤ, ਖ਼ਸਮ ਇਕੋ ਇਕ ਵਡਿਆਈਆ । ਸਤਿ ਧਰਮ ਚਲਾਵੇ ਰੌਂਸ, ਚਾਰ ਵਰਨਾਂ ਗੰਢ ਪਵਾਈਆ । ਗਲੋਂ ਸ਼ਰਅ ਦਾ ਲਾਹ ਕੇ ਤੌਂਕ, ਤਕੱਬਰ ਕੂੜਾ ਦਏ ਮੁਕਾਈਆ । ਮਨਸਾ ਮੋਹ ਕੱਢ ਕੇ ਖੋਟ, ਖੋਟੇ ਖਰੇ ਆਪ ਬਣਾਈਆ । ਧੁਰ ਦੇ ਨਾਮ ਦੀ ਲਾ ਕੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਜਨ ਭਗਤੋ ਵੇਖਿਓ ਕਿਤੇ ਫਸਿਓ ਨਾ ਵਰਨ ਗੋਤ, ਸਚ ਦੀ ਗੋਤ ਗੌਤਮ ਬੁੱਧ ਗਿਆ ਸਮਝਾਈਆ । ਜਿਨ ਤਖ਼ਤ ਤਾਜ ਛੱਡ ਕੇ ਪ੍ਰਾਪਤ ਕੀਤੀ ਇਕ ਨਿਰਮਲ ਜੋਤ, ਜਿਹੜੀ ਜੋਤ ਸਭ ਦੇ ਵਿਚ ਸਮਾਈਆ । ਉਸ ਨਾਲ ਮਿਲ ਕੇ ਸਦਾ ਮਾਣੇ ਆਪਨੀ ਮੌਜ, ਮਜਲਸ ਪ੍ਰੇਮੀਆਂ ਨਾਲ ਬਣਾਈਆ । ਨਾ ਪਰਮਾਤਮਾ ਨਾ ਆਤਮਾ ਦੋਵੇਂ ਹੋਵਣ ਕਦੇ ਨਾ ਫ਼ੌਤ, ਤਨ ਵਜੂਦ ਨਾਤਾ ਕੂੜ ਖ਼ੁਦਾਈਆ । ਮੁੱਛ ਦਾਹੜੀ ਕੇਸ ਜੰਞੂ ਬੋਦੀ ਧੋਤੀ ਟਿੱਕਾ ਤਹਿਮਤ ਸੁੰਨਤ ਵੇਖ ਨਾ ਕਰਿਓ ਅਦੌਤ, ਅਦਾਵਤ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਕਿਹੋ ਜਿਹਾ ਚਲੇ ਰਿਵਾਜ, ਰਵਾਦਾਰੀ ਕਹਿਣ ਕੋਇ ਨਾ ਪਾਈਆ । ਅਬਿਨਾਸ਼ੀ ਕਰਤਾ ਕਹੇ ਸਭ ਨੂੰ ਇਕ ਦੇ ਕਰਾਂ ਮੁਹਤਾਜ, ਲੋੜ ਵੰਦਾ ਇਕ ਅਖਵਾਈਆ । ਪਹਿਲੋਂ ਸਚ ਦਾ ਪਰਗਟ ਕਰ ਕੇ ਰਾਜ, ਰਾਜੇ ਰਾਣਿਆਂ ਤਖ਼ਤੋਂ ਲਾਹੀਆ । ਮਹਿਬੂਬ ਦਾ ਮੁਹੱਬਤ ਵਾਲਾ ਤਾਜ, ਮਿਹਰ ਨਜ਼ਰ ਇਕ ਟਿਕਾਈਆ । ਨਾਮ ਦਾ ਸਚ ਤਿਆਰ ਕਰ ਜਹਾਜ਼, ਲੋਕਮਾਤ ਦਿਆਂ ਟਿਕਾਈਆ । ਤੂੰ ਮੇਰਾ ਮੈਂ ਤੇਰਾ ਮਾਰ ਕੇ ਇਕ ਆਵਾਜ਼, ਆਤਮ ਪਰਮਾਤਮ ਜੋੜ ਜੁੜਾਈਆ । ਫੇਰ ਖੋਲ੍ਹ ਕੇ ਆਪਨਾ ਆਗਾਜ਼, ਰਾਜ਼ ਪੋਸ਼ੀਦਾ ਦਿਆਂ ਜਣਾਈਆ । ਜਿਨ੍ਹਾਂ ਦੀ ਲੇਖੇ ਲੱਗੇ ਨਿਮਾਜ਼, ਨਿਵਾਜ਼ਸ਼ ਵਿਚ ਆਪਨਾ ਰੰਗ ਰੰਗਾਈਆ । ਜਿਨ੍ਹਾਂ ਦਾ ਪੂਰਾ ਹੋਇਆ ਪੂਜਾ ਪਾਠ, ਪਿੱਠ ਉਨ੍ਹਾਂ ਦੀ ਹੱਥ ਟਿਕਾਈਆ । ਜਿਨ੍ਹਾਂ ਦਾ ਲੇਖੇ ਲੱਗੇ ਜੋਗ ਅਭਿਆਸ, ਅਭਿਆਸੀ ਮੇਲ ਮਿਲਾਈਆ । ਜਿਨ੍ਹਾਂ ਦੇ ਅੰਤਰ ਸਚ ਵੈਰਾਗ, ਵੈਰੀ ਦੁਸ਼ਮਣ ਲਵਾਂ ਅਪਨਾਈਆ । ਜਿਨ੍ਹਾਂ ਸਭ ਕੁੱਛ ਦਿਤਾ ਤਿਆਗ, ਨੰਗੀ ਪੈਰੀਂ ਭੱਜਾ ਵਾਹੋ ਦਾਹੀਆ । ਉਹ ਸਭ ਦਾ ਸੱਜਣ ਸਾਕ, ਕਰਤਾ ਇਕ ਅਖਵਾਈਆ । ਜਿਸ ਦੀ ਨਾ ਕੋਈ ਦਿਵਸ ਨਾ ਕੋਈ ਰਾਤ, ਘੜੀ ਪਲ ਨਾ ਵੰਡ ਵੰਡਾਈਆ । ਸਭ ਦੀ ਸਾਂਝੀ ਕਰ ਜਮਾਤ, ਨਾਮ ਅੱਖਰ ਇਕ ਸੁਣਾਈਆ । ਧਰਮ ਦੀ ਦੇ ਸੌਗ਼ਾਤ, ਕਾਇਆ ਝੋਲੀ ਆਪ ਭਰਾਈਆ । ਬਾਹਮੀ ਜੋੜ ਕੇ ਨਾਤ, ਸਗਲਾ ਸੰਗ ਵਖਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਹੋ ਜਾਏ ਸਮਾਜ, ਸਮਝ ਵਿਚੋਂ ਸਮਝ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚੇ ਰੰਗ ਵਿਚ ਰੰਗਾਈਆ । ਸਤਿ ਧਰਮ ਕਹੇ ਐ ਪ੍ਰਭੂ ਕਿਉਂ ਤਨ ਵਜੂਦ ਨਾਤਾ ਜੁੜਦਾ, ਭੇਵ ਦੇਣਾ ਖੁਲ੍ਹਾਈਆ । ਕੀ ਖੇਲ ਸੱਚੇ ਸਤਿਗੁਰ ਦਾ, ਸਤਿ ਸਤਿ ਨਾਲ ਮਿਲਾਈਆ । ਪੁਰਖ ਅਕਾਲ ਕਹੇ ਇਹ ਲੇਖਾ ਧੁਰ ਦਾ, ਧੁਰ ਮਸਤਕ ਵੇਖ ਵਖਾਈਆ । ਜੋ ਪ੍ਰੇਮ ਵਿਚ ਪਿਆਰ ਵਿਚ ਤਨ ਵਜੂਦ ਵਿਚ ਜੁੜਦਾ, ਜੋੜੀ ਜਗਤ ਵਾਲੀ ਬਣਾਈਆ । ਉਹਦੇ ਅੰਦਰ ਰਾਗ ਉਪਜੇ ਓਸ ਸੁਰ ਦਾ, ਜੋ ਸੁਰਤੀ ਨਾਦ ਸ਼ਬਦ ਨਾਲ ਵੱਜੇ ਵਧਾਈਆ । ਉਥੇ ਘਾਟਾ ਨਹੀਂ ਕੋਈ ਥੁੜ ਦਾ, ਭੁੱਖਾ ਨੰਗਾ ਨਾ ਕੋਇ ਵਖਾਈਆ । ਇਹੋ ਖੇਲ ਦੇਵਤ ਸੁਰ ਦਾ, ਮਾਨਸ ਗੁਰਮੁਖ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਚ ਪ੍ਰੇਮ ਵਿਚ ਨੇਮ ਆਪਨਾ

ਦਏ ਬਣਾਈਆ । ਸਚ ਧਰਮ ਦਾ ਕਿਹੜਾ ਨੇਮ, ਨਿਮਰਤਾ ਵਿਚ ਜਣਾਈਆ । ਪੁਰਖ ਅਕਾਲ ਕਹੇ ਦੁਸ਼ਟ ਦਮਨ ਨੇ ਕੀਤਾ ਉਪਰ ਹੇਮ, ਹਿੰਮਤ ਇਕ ਜਣਾਈਆ । ਉਹ ਗੋਬਿੰਦ ਵਿਚ ਪ੍ਰੇਮ, ਜੋ ਸ਼ਬਦੀ ਰੂਪ ਦਏ ਸਮਝਾਈਆ । ਜੇ ਕੋਈ ਉਸ ਦਾ ਕਰੇ ਧੇਨ, ਧਿਆਨ ਵਿਚ ਰਖਾਈਆ । ਮਾਟੀ ਹੋ ਕੇ ਰੇਨ, ਨਿਮਰਤਾ ਵਿਚ ਸਮਾਈਆ । ਦਰਸ ਦਿਖਾਏ ਮੁਕਟ ਬੈਨ, ਕਵਲ ਨੈਣ ਹੋਏ ਰੁਸ਼ਨਾਈਆ । ਸਭ ਦਾ ਸਵਾਮੀ ਨਰ ਨਰਾਇਣ, ਨਿਰਾਕਾਰ ਇਕ ਅਖਵਾਈਆ । ਜਿਸ ਦੇ ਕੋਲ ਨਾਮ ਪਾਰਸ ਬਣੌਂਣ ਵਾਲੀ ਰਸਾਇਣ, ਲੋਹਾ ਕੰਚਨ ਦਏ ਬਦਲਾਈਆ । ਉਹਦਾ ਨੁਕਤਾ ਨਹੀਂ ਕੋਈ ਗ਼ੈਨ, ਐਨ ਆਪਣੀ ਕਲ ਵਰਤਾਈਆ । ਅਲਫ ਯੇ ਨਹੀਂ ਤਰਫੈਣ, ਦੋ ਤਰਫ਼ੀ ਕਾਰ ਨਾ ਕੋਇ ਕਮਾਈਆ । ਜੋ ਬਾਲਮੀਕ ਲਿਖਿਆ ਵਿਚ ਰਮਾਇਣ, ਰਾਮ ਰਾਮਾ ਜੋੜ ਜੁੜਾਈਆ । ਜੋ ਕ੍ਰਿਸ਼ਨ ਅਰਜਨ ਵਖਾਇਆ ਨੈਣ, ਵਿਰਾਟ ਆਪਣਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਧਰਮ ਕਹੇ ਮੇਰੇ ਨਿਰੰਕਾਰ, ਤੇਰੀ ਬੇਪਰਵਾਹੀਆ । ਤੇਰੇ ਦਰ ਸਨਕ ਸਨੰਦਨ ਸਨਾਤਨ ਵੇਖੇ ਸੰਤ ਕੁਮਾਰ, ਚਾਰੇ ਬੈਠੇ ਸੀਸ ਨਿਵਾਈਆ । ਬਰਾਹ ਬਣ ਦਰ ਭਿਖਾਰ, ਯਗੇ ਪੁਰਸ਼ ਧਿਆਨ ਲਗਾਈਆ । ਹਾਵ ਗਰੀਵ ਕਰੇ ਨਿਮਸਕਾਰ, ਨਰ ਨਰਾਇਣ ਤੇਰੀ ਸਰਨਾਈਆ । ਕਪਲ ਮੁਨ ਹੋ ਉਜਿਆਰ, ਦੱਤਾ ਤ੍ਰੈ ਝੋਲੀ ਡਾਹੀਆ । ਰਿਖਵ ਦੇਵ ਪਾਵੇ ਸਾਰ, ਪ੍ਰਿਥੂ ਆਸਾ ਇਕ ਜਣਾਈਆ । ਮਤਸ ਦਿਸੇ ਤੇਰੀ ਧਾਰ, ਜਲਧਾਰਾ ਸੋਭਾ ਪਾਈਆ । ਕੱਛਪ ਨੂਰ ਤੇਰਾ ਉਜਿਆਰ, ਧਨੰਤਰ ਤੇਰੀ ਦਏ ਗਵਾਹੀਆ । ਬਾਵਨ ਤੇਰਾ ਖੇਲ ਅਪਾਰ, ਹਰੀ ਗਜ ਲਏ ਤਰਾਈਆ । ਨਰ ਸਿੰਘ ਹੋ ਉਜਿਆਰ, ਭਗਤ ਸੁਹੇਲਾ ਗੋਦ ਉਠਾਈਆ । ਹੰਸ ਹੋ ਬੋਲੇ ਜੈਕਾਰ, ਮਾਣਕ ਮੋਤੀ ਸੋਭਾ ਪਾਈਆ । ਤੇਰਾ ਖੇਲ ਅਪਰ ਅਪਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਢੋਲਾ ਗਾਈਆ । ਪਰਸ ਰਾਮ ਬਣਾ ਕੇ ਧਾਰ, ਬ੍ਰਾਹਮਣ ਬ੍ਰਹਮ ਇਕ ਜਣਾਈਆ । ਰਾਮ ਰਾਮਾ ਲੈ ਅਵਤਾਰ, ਤ੍ਰੇਤਾ ਜੁਗ ਆਪਣੀ ਕਲ ਵਰਤਾਈਆ । ਜਨਕ ਸਪੁੱਤਰੀ ਕਰ ਪਿਆਰ, ਸੀਤਾ ਸਤਿ ਦੀ ਲਈ ਉਪਜਾਈਆ । ਵੇਦ ਵਿਆਸਾ ਕਰ ਕੇ ਖ਼ਬਰਦਾਰ, ਕਵਾਰ ਕੰਨਿਆ ਭਾਗ ਲਗਾਈਆ । ਸਭ ਦਾ ਵੇਤਾ ਬਣ ਲਿਖਾਰ, ਪੁਰਾਨ ਅਠਾਰਾਂ ਗਿਆ ਦ੍ਰਿੜਾਈਆ । ਕਾਹਨਾ ਕ੍ਰਿਸ਼ਨਾ ਪਾਵੇ ਸਾਰ, ਮਹਾਂਸਾਰਥੀ ਵੇਸ ਵਟਾਈਆ । ਭਗਤਾਂ ਦਏ ਆਧਾਰ, ਬਿਦਰ ਸੁਦਾਮਾ ਪਾਰ ਕਰਾਈਆ । ਦਰੋਪਤੀ ਲੱਜ ਰੱਖੇ ਵਿਚ ਸਭਾ ਦਾਤਾਰ, ਮਿਹਰ ਆਪਣੀ ਨਿਗਾਹ ਉਠਾਈਆ । ਬੁੱਧੀ ਬੋਧ ਦੇ ਆਧਾਰ, ਗੌਤਮ ਬੜ੍ਹ ਦੇ ਨਾਲ ਪਰਗਟਾਈਆ । ਮੂਸਾ ਕੋਹਤੂਰ ਕਰ ਉਜਿਆਰ, ਨੂਰੋ ਨੂਰ ਨੂਰ ਚਮਕਾਈਆ । ਈਸਾ ਇਸਮ ਦੇ ਅਗੰਮ ਅਪਾਰ, ਸੁਤ ਇਕਲੌਤਾ ਜਗਤ ਸੁਣਾਈਆ । ਮੁਹੰਮਦ ਹਮਦ ਵਿਚ ਕਰ ਉਜਿਆਰ, ਕਲਮਾ ਨਬੀਆਂ ਇਕ ਪੜ੍ਹਾਈਆ । ਗੁਫ਼ਤ ਸ਼ੁਨੀਦ ਕਰ ਗੁਫ਼ਤਾਰ, ਜੁਸਤ ਜੂ ਇਕੋ ਦਏ ਸਮਝਾਈਆ । ਨਾਨਕ ਨਿਰਗੁਣ ਸਰਗੁਣ ਹੋ ਤਿਆਰ, ਤ੍ਰੈਗੁਣ ਅਤੀਤਾ ਫੇਰਾ ਪਾਈਆ । ਏਕਾ ਜੋਤ ਨੂਰ ਉਜਿਆਰ, ਗੋਬਿੰਦ ਡੰਕਾ ਡੰਕ ਸੁਣਾਈਆ । ਭਗਤ ਅਠਾਰਾਂ ਹੋ ਮਿਹਰਵਾਨ, ਮਹਿਬੂਬ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੇਰਾ ਭੇਵ ਕੋਇ ਨਾ ਆਈਆ । ਸਤਿ ਧਰਮ ਕਹੇ ਕੀ ਦੇਵੇਂ ਦਾਤ, ਪ੍ਰਭ ਸਾਚੇ ਦੇ ਜਣਾਈਆ । ਕੀ ਹੁਣ ਵੀ ਕੋਈ ਹੋਵੇ ਭਗਤ ਪ੍ਰਹਿਲਾਦ, ਬੱਚਾ ਧਰੂਹ ਵਾਂਗ ਪਰਗਟਾਈਆ । ਕੀ ਜਨਕ ਵਾਲਾ ਹੋਵੇ ਸਮਾਜ, ਅਮਰੀਕ ਦਰਬਾਸ਼ਾ ਖੇਲ ਖਿਲਾਈਆ ।

੧੦੮੧
੨੦

ਕੀ ਬਿਦਰ ਸੁਦਾਮਾ ਹੋਵੇ ਸਾਥ, ਹਰੀ ਹਰਿ ਪੜਦਾ ਦੇਣਾ ਉਠਾਈਆ । ਕੀ ਹਰੀ ਚੰਦ ਵਰਗਾ ਕਰੇ ਕੋਈ ਸਾਚਾ ਰਾਜ, ਤਾਜ ਛੱਡ ਕੇ ਘਰ ਨੀਚਾਂ ਸੇਵ ਕਮਾਈਆ । ਕੀ ਜੈਦੇਵ ਵਰਗਾ ਕਰੇ ਕੋਈ ਪਾਠ, ਜੋ ਪਾਤਰ ਪਾਤਰ ਵਿਹੁ ਵਖਾਈਆ । ਕੀ ਨਾਮਦੇਵ ਵਰਗਾ ਹੋਵੇ ਕੋਈ ਸਾਕ, ਜੋ ਬਹੱਤਰ ਵਾਰ ਦਰਸ਼ਨ ਕਰ ਕੇ ਖ਼ੁਸ਼ੀ ਮਨਾਈਆ । ਕੀ ਸੈਣ ਨਾਈ ਵਰਗਾ ਹੋਵੇ ਕੋਈ ਦਾਸ, ਆਪ ਦਾਸ ਬਣ ਕੇ ਰਾਜੇ ਦਰ ਤੇ ਜਾਈਆ । ਕੀ ਰਵਿਦਾਸ ਹੋਵੇ ਤੇਰੇ ਪਾਸ, ਜੋ ਪਾਣਾ ਗੰਢ ਕੇ ਝਟ ਲੰਘਾਈਆ । ਕੀ ਕਬੀਰ ਆਪਣੀ ਭੇਟਾ ਤੇਰੇ ਅੱਗੇ ਕਰੇ ਲਾਸ਼, ਤਨ ਵਜੂਦ ਕਰੇ ਸਫ਼ਾਈਆ । ਕੀ ਪਾਪਣ ਗਨਕਾ ਧੋਵੇ ਦਾਗ਼, ਦੁਰਮਤ ਮੈਲ ਮਿਟਾਈਆ । ਕੀ ਬੱਧਕ ਪਿਆਰ ਕਰੇ ਸਾਚ, ਜੋ ਤੀਰ ਨਿਸ਼ਾਨਾ ਚਰਨ ਲਗਾਈਆ । ਕੀ ਪੂਤਨਾ ਕਰੇਂ ਘਾਤ, ਜੋ ਮੋਹਣ ਮੁੰਮੇ ਕਾਹਨ ਪਾਈਆ । ਕੀ ਪਾਰ ਉਤਾਰੇਂ ਅਜਾਮਲ ਬਦਮਾਸ਼, ਨਾਉਂ ਨਰਾਇਣ ਇਕ ਦ੍ਰਿੜਾਈਆ । ਕੀ ਸੂਫ਼ੀਆਂ ਪੂਰੀ ਕਰੇਂ ਖਾਹਿਸ਼, ਜੋ ਐਨੁਲ ਹਕ ਨਾਅਰਾ ਗਏ ਲਗਾਈਆ । ਜਿਨ੍ਹਾਂ ਤਨ ਉਤੋਂ ਤੁੜਾਇਆ ਮਾਸ, ਮਸਤੀ ਤੇਰੀ ਵਿਚ ਸੁਣਾਈਆ । ਸੋ ਸਾਰੇ ਤੇਰੇ ਦਾਸ, ਨਿਉਂ ਨਿਉਂ ਲਾਗਣ ਪਾਈਆ । ਸਤਿ ਧਰਮ ਕਹੇ ਪ੍ਰਭ ਇਕ ਮੇਰੀ ਅਰਦਾਸ, ਬੇਨੰਤੀ ਦਿਆਂ ਸੁਣਾਈਆ । ਪਹਿਲੋਂ ਕਲਜੁਗ ਕੂੜੀ ਕਿਰਿਆ ਕਰ ਨਾਸ, ਖੰਡਾ ਖੜਗ ਨਾਮ ਉਠਾਈਆ । ਫੇਰ ਸਾਚੇ ਭਗਤਾਂ ਕਰ ਪਰਕਾਸ਼, ਸਾਚੇ ਸੰਤ ਲੈ ਉਠਾਈਆ । ਸਾਰੇ ਇਕੱਠੇ ਹੋ ਕੇ ਤੇਰੇ ਨਾਮ ਦੀ ਪਾਵਣ ਰਾਸ, ਗੋਪੀ ਕਾਹਨ ਆਤਮ ਪਰਮਾਤਮ ਬਣਾਈਆ । ਸਭ ਦਾ ਇਕ ਹੋਵੇ ਵਿਸ਼ਵਾਸ, ਵਿਸ਼ਾ ਦੂਜਾ ਨਾ ਕੋਇ ਜਣਾਈਆ । ਤੈਨੂੰ ਤੇਰੇ ਕਰਨ ਤਲਾਸ਼, ਕਾਇਆ ਮੰਦਰ ਖੋਜ ਖੁਜਾਈਆ । ਤੇਰਾ ਨੂਰ ਹੋਵੇ ਪਰਕਾਸ਼, ਅੰਧ ਅੰਧੇਰ ਮਿਟਾਈਆ । ਵੱਜੇ ਅਗੰਮੀ ਨਾਦ, ਸੋਈ ਸੁਰਤ ਜਗਾਈਆ । ਨਜ਼ਰ ਆਏ ਬ੍ਰਹਿਮਾਦ, ਬ੍ਰਹਿਮੰਡ ਪੜਦਾ ਦੇ ਖੁਲ੍ਹਾਈਆ । ਅੱਗੇ ਸਾਜਣਾ ਸਾਚੀ ਸਾਜ, ਸੱਜਣ ਬਣ ਕੇ ਹੋ ਸਹਾਈਆ । ਜੋ ਸਤਿ ਧਰਮ ਦਾ ਸ਼ੁਰੂ ਕਰਨਾ ਰਿਵਾਜ, ਰਾਜਾ ਪਰਜਾ ਇਕੋ ਜੋੜ ਜੁੜਾਈਆ । ਤੇਰੀ ਫੁਲਵਾੜੀ ਤੇ ਤੇਰਾ ਬਾਗ਼, ਬਗ਼ੀਚੇ ਦੇ ਮਾਲਕ ਬਾਗ਼ਬਾਨ ਹੋ ਕੇ ਸਭ ਦੀ ਸੇਵ ਕਮਾਈਆ । ਸਾਚੀ ਜੋਤੀ ਦਾ ਜਗਾ ਚਿਰਾਗ਼, ਚਰਾਗਾਹਾਂ ਵਿਚ ਹੋਏ ਰੁਸ਼ਨਾਈਆ । ਤੇਰੀ ਸ੍ਰਿਸ਼ਟੀ ਤੇਰੀ ਦ੍ਰਿਸ਼ਟੀ ਤੇਰੀ ਦੁਨੀਆ ਰਿਖੀਆਂ ਮੁਨੀਆਂ ਦਾ ਬਣਾ ਸਮਾਜ, ਸਮੇਂ ਵਿਚੋਂ ਸਮਾਂ ਦੇ ਬਦਲਾਈਆ । ਸਭ ਦਾ ਰੂਹ ਬੁਤ ਹੋਵੇ ਪਾਕ, ਪਾਕੀਜ਼ਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਸਭ ਦੀ ਵਾਗ, ਰਖਵਾਹੀ ਬਣ ਕੇ ਜਿਧਰ ਚਾਹੇਂ ਉਧਰ ਲਏਂ ਭਵਾਈਆ । ਭਗਵਾਨ ਕਹੇ ਓਹ ਸਤਿ ਧਰਮ, ਕੀ ਮੈਂ ਰਥਵਾਹੀ, ਰਥ ਚੁਰਾਸੀ ਲੱਖ ਚਲਾਈਆ । ਸਤਿ ਕਹੇ ਪ੍ਰਭ ਤੂੰ ਬੇਪਰਵਾਹੀ, ਤੇਰਾ ਭੇਵ ਕੋਇ ਨਾ ਪਾਈਆ । ਤੈਨੂੰ ਸਾਰੇ ਮੰਨਦੇ ਸਾਚਾ ਮਾਹੀ, ਮਾਲਕ ਇਕ ਅਖਵਾਈਆ । ਕਦੇ ਮਿਲੇਂ ਤੇ ਕਦੇ ਕਰੇਂ ਜੁਦਾਈ, ਮਿਲਣਾ ਵਿਛੜਨਾ ਆਪਣੀ ਰੀਤ ਬਣਾਈਆ । ਕਦੇ ਬੋਧ ਗਿਆਨੀ ਕਦੇ ਬਣੇਂ ਸ਼ੁਦਾਈ, ਅਮੀਰੀ ਗ਼ਰੀਬੀ ਦੋਵੇਂ ਰਾਹ ਚਲਾਈਆ । ਕਦੇ ਰਾਜਾ ਸ਼ਹਿਨਸ਼ਾਹ ਤੇ ਕਦੇ ਬਣੇਂ ਨਾਈ, ਦੁਹਾਈ ਆਪਣੇ ਨਾਮ ਕਰਾਈਆ । ਕਦੇ ਜੱਟ ਬਣ ਕੇ ਕਰੇਂ ਵਾਹੀ, ਧੰਨੇ ਰੰਗ ਚੜ੍ਹਾਈਆ । ਕਦੇ ਗੋਬਿੰਦ ਬਣ ਕੇ ਬੂਟਾ ਪੁੱਟੇਂ ਕਾਈ, ਕਦੇ ਸੀਤਾ ਬਣਾਂ ਵਿਚ ਘੁਮਾਈਆ । ਕਦੇ ਰੁਕਮਣੀ ਖੋਹ ਕੇ ਬਲ ਵਖਾਈ, ਇਹ ਵੀ ਅਚਰਜ ਖੇਲ ਬਣਾਈਆ । ਕਦੇ ਮੂੰਹ ਦੇ ਭਾਰ ਡਿੱਗ ਕੇ ਦਏਂ ਦੁਹਾਈ, ਕਦੇ ਸਲੀਬ ਫਾਸੀ ਗਲ ਦੇ ਵਿਚ ਲਟਕਾਈਆ । ਕਦੇ ਨਬੀ ਬਣ ਕੇ ਕਰੇਂ ਲੜਾਈ, ਚਾਰ ਯਾਰਾਂ ਜੋੜ ਜੁੜਾਈਆ । ਕਦੇ

ਫਿਰੇਂ ਵਾਹੋ ਦਾਹੀ, ਭੱਜੇਂ ਦੋ ਜਹਾਨਾਂ ਚਾਈਂ ਚਾਈਆ । ਕਲਜੁਗ ਅੰਤਮ ਖੇਲ ਜਿਸ ਨੂੰ ਸਮਝੇ ਕੋਇ ਨਾਹੀਂ, ਬੁੱਧੀ ਵਿਚ ਨਾ ਕੋਇ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਈਆ । ਸਤਿ ਧਰਮ ਕਹੇ ਮੈਨੂੰ ਵੇਲਾ ਯਾਦ ਆਇਆ ਅਰਜਨ, ਅਰਜ਼ ਦਿਆਂ ਸੁਣਾਈਆ । ਜਿਸ ਵੇਲੇ ਚੌਥਾ ਜੁਗ ਸ਼ੁਰੂ ਹੋਣਾ ਸੀ ਵੇਦ ਅਥਰਬਣ, ਅਥਰੂ ਨੈਣਾਂ ਵਿਚੋਂ ਵਹਾਈਆ । ਘਾਉ ਹੋਇਆ ਅਰਬਨ ਖਰਬਨ, ਗਿਣਤੀ ਗਣਤ ਨਾ ਕੋਇ ਗਿਣਾਈਆ । ਇਕ ਅਕਸ਼ੂਹਣੀ ਦਾ ਲੇਖਾ ਅਠਾਈ ਲੱਖ ਅਨਗਿਣਤੀ ਦਾ ਵਜ਼ਨ, ਤੋਲਾ ਤੋਲ ਨਾ ਕੋਇ ਬਣਾਈਆ । ਭਾਈ ਭਾਈਆਂ ਨਾਲੋਂ ਕਰ ਕੇ ਵੱਖ, ਦੋਵੇਂ ਧਿਰਾਂ ਦਿਤੇ ਲੜਾਈਆ । ਨਾ ਸ਼ਸਤਰ ਫੜਿਆ ਹੱਥ, ਰਾਸਾਂ ਨਾਲ ਸਭ ਨੂੰ ਲਿਆ ਘੁੰਮਾਈਆ । ਜਿਸ ਵੇਲੇ ਅਰਜਨ ਰਥ ਤੋਂ ਉਤਰ ਕੇ ਚਰਨਾਂ ਗਿਆ ਢੱਠ, ਨਿਉਂ ਕੇ ਲਾਗਾਂ ਪਾਈਆ । ਕ੍ਰਿਸ਼ਨ ਆਪਣਾ ਹੱਥ ਰੱਖ ਕੇ ਉਤੇ ਪੱਟ, ਦੋਹਰਾ ਤਾਲ ਦਿਤਾ ਵਜਾਈਆ । ਕੀਤਾ ਖੇਲ ਆਪਣਾ ਨਟੂਆ ਨਟ, ਸਵਾਂਗ ਸਮਝ ਕਿਸੇ ਨਾ ਆਈਆ । ਕਰੇ ਖੇਲ ਪੁਰਖ ਸਮਰਥ, ਹਰਿ ਦਾਤਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸੁਣ ਅਰਜਨ, ਅਰਜਨ ਕਹੇ ਨਹੀਂ, ਬੇਨੰਤੀ ਇਕ ਜਣਾਈਆ । ਕੁਛ ਲੇਖਾ ਦੱਸ ਆਪਣੇ ਹਿਸਾਬ ਖਾਤੇ ਵਿਚੋਂ ਵਹੀ, ਜਿਥੇ ਕਲਮ ਦਵਾਤ ਲਿਖੇ ਕੋਇ ਨਾ ਸ਼ਾਹੀਆ । ਭਗਵਾਨ ਕਿਹਾ ਅਰਜਨ ਉਹਦੀ ਰਸਮ ਚਲਣੀ ਨਵੀਂ, ਨਵਾਂ ਰਾਹ ਪਰਗਟਾਈਆ । ਤੇਰੇ ਪਿਆਰ ਦੀ ਪਾ ਕੇ ਸਹੀ, ਸਚ ਦਿਆਂ ਜਣਾਈਆ । ਓਦੋਂ ਕਿਸੇ ਨੇ ਪੰਡਤਾਂ ਨੂੰ ਖਵੌਣੀ ਨਹੀਂ ਤਸਮਈ, ਖੀਰਾਂ ਦਾ ਪੀਰ ਨਾ ਕੋਇ ਮਨਾਈਆ । ਕੁਛ ਯਾਦ ਆ ਗਿਆ ਜਿਹੜੀ ਕਥਾ ਭਰਤ ਨੂੰ ਦੱਸੀ ਕੈਕਈ, ਅੰਦਰ ਵੜ ਸਮਝਾਈਆ । ਬੱਚਿਓ ਮੈਂ ਰਾਮ ਦੀ ਮਾਂ ਮਤਰੇਈ, ਕੁੱਖ ਦਾ ਜੰਮਿਆ ਇਕੋ ਨਜ਼ਰੀ ਆਈਆ । ਮੈਂ ਦਸਰਥ ਨਾਲ ਗੱਲ ਪੱਕੀ ਇਕ ਕਰ ਲਈ, ਜਿਹਨੂੰ ਮੋੜ ਨਾ ਸਕੇ ਰਾਈਆ । ਆਹ ਵੇਖ ਲੈ ਮੇਰੀ ਬਹੀ, ਜੋ ਪਹੀਆ ਰਥ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਅਰਜਨ ਕਹੇ ਪ੍ਰਭੂ ਮੈਂ ਸੁਣ ਲਈ ਤੇਰੀ ਅੰਦਰੋਂ ਗੀਤਾ, ਅੱਠ ਦਸ ਵੱਜੇ ਵਧਾਈਆ । ਕੁਛ ਹੁਕਮ ਦੇਵੇ ਸੀਤਾ, ਰਾਮ ਦਏ ਦੁਹਾਈਆ । ਅੱਖਾਂ ਚੁੱਕ ਕੇ ਅਰਜਨ ਤੱਕ ਲੈ ਨਾਲ ਨੀਝਾਂ, ਕਲਜੁਗ ਵੇਖ ਵਖਾਈਆ । ਉਸ ਵੇਲੇ ਪ੍ਰਭ ਨਾਲੋਂ ਟੁਟਣੀਆਂ ਸਭ ਦੀਆਂ ਮਾਤ ਪ੍ਰੀਤਾਂ, ਪ੍ਰੀਤਮ ਸਚ ਨਾ ਕੋਇ ਮਿਲਾਈਆ । ਝਗੜਾ ਪੈਣਾ ਮੰਦਰ ਮਸੀਤਾਂ, ਸ਼ਿਵਦਵਾਲੇ ਮੱਠ ਗੁਰੂਦਵਾਰ ਗਿਰਜੇ ਵੰਡ ਵੰਡਾਈਆ । ਸਭ ਦੀਆਂ ਅੰਦਰੋਂ ਬਦਲਣੀਆਂ ਨੀਤਾਂ, ਸਤਿ ਸਚ ਨਾ ਕੋਇ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਵਾਰੋ ਵਾਰੀ ਸਭ ਨੂੰ ਮਿਲ ਜਾਣੀਆਂ ਤਵਾਰੀਖਾਂ, ਭਵਿਖਤਾਂ ਵਿਚ ਸਮਝਾਈਆ । ਅੰਤ ਦੀ ਕਰਿਓ ਇਕ ਉਡੀਕਾ, ਜੋਬਨ ਆਪਣੇ ਉਪਰ ਨਾ ਕੋਇ ਰਖਾਈਆ । ਕਿਸੇ ਦਵਾਰੇ ਮੰਗਣ ਨਾ ਜਾਵੇ ਭੀਖਾ, ਭੀਸ਼ਮ ਪਿਤਾਮਾ ਗਿਆ ਸੁਣਾਈਆ । ਕਿਰਪਾਚਾਰਜ ਤਿੰਨ ਮਾਰ ਕੇ ਲੀਕਾਂ, ਦਰੋਣਾਚਾਰਜ ਨਾਲ ਮਿਲ ਕੇ ਕਰੀ ਸਲਾਹੀਆ । ਦਰਬਾਸ਼ਾ ਜੰਗਲ ਵਿਚ ਖੇਲ ਕਰ ਕੇ ਅਨਡੀਠਾ, ਝਗੜਾ ਕ੍ਰਿਸ਼ਨ ਨਾਲ ਜਣਾਈਆ । ਭਗਵਨ ਕਿਹਾ ਓਸ ਵੇਲੇ ਅਰਜਨ ਭਗਤੀ ਭਾਵ ਤੋਂ ਸਭ ਦਾ ਖ਼ਾਲੀ ਹੋਣਾ ਖ਼ੀਸਾ, ਖਾਲਸ ਨਜ਼ਰ ਕੋਇ ਨਾ ਆਈਆ । ਅਰਜਨ ਕਹੇ ਇਹ ਕੌਣ ਵਕਤ, ਭਗਵਨ ਕਹੇ ਉਹ ਬੀਸ ਬੀਸਾ, ਵੀਹਵੀਂ ਸਦੀ ਵੇਖ ਵਖਾਈਆ । ਸਭ ਨੂੰ ਭੁੱਲਣਾ ਰਾਗ ਛਤੀਸਾ, ਛਤਰਧਾਰੀ ਧਰਮ ਵਿਚ ਧਰਮ ਨਾ ਕੋਇ ਬਣਾਈਆ । ਨਾਮਾ ਕਹੇ ਉਹ ਖੇਲ

੧੦੮੩
੨੦

ਮੇਰੇ ਬੀਠਲੋ ਬੀਠਾ, ਜੋ ਮੇਰੀ ਛੱਪਰ ਛੰਨ ਛੁਹਾਈਆ । ਓਸ ਨੇ ਸਭ ਦਾ ਬਦਲ ਦੇਣਾ ਤਰੀਕਾ, ਹੁਕਮ ਧੁਰ ਦਾ ਇਕ ਸੁਣਾਈਆ । ਵਸੀਅਤ ਕਰੇ ਬਿਨ ਵਸੀਕਾ, ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜਿਸ ਵੇਲੇ ਧਰਮ ਦਵਾਰਿਆਂ ਵਿਚ ਸਿਆਸਤ ਨੇ ਮਾਰੀਆਂ ਚੀਕਾਂ, ਸਾਰੇ ਰੋਵਣ ਮਾਰਨ ਧਾਹੀਂਆ । ਓਸ ਵੇਲੇ ਪੁਰਖ ਅਕਾਲ ਕਰੇ ਸਚ ਪ੍ਰੀਤਾ, ਪ੍ਰੀਤਮ ਹੋ ਕੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਅਰਜਨ ਕਹੇ ਜੇ ਮੰਦਰ ਮਸੀਤ ਗੁਰੂਦਵਾਰ ਮੱਠ ਪੈ ਗਿਆ ਝਗੜਾ, ਕੀ ਕਰੂ ਲੋਕਾਈਆ । ਹੇ ਭਗਵਨ ਤ੍ਰਿਲੋਕੀ ਨਾਥ ਦੱਸ ਭੇਵ ਅਗਲਾ, ਅੱਗੇ ਦੇ ਜਣਾਈਆ । ਜਿਸ ਤਰ੍ਹਾਂ ਮੁਨੀ ਸ਼ੁਸ਼ੀਲ ਨੇ ਕਿਹਾ ਦੂਜੇ ਨੰਬਰ ਦਿਆਂ ਨੂੰ ਜਗ ਕਹੇ ਪਗ਼ਲਾ, ਉਹ ਪਗ਼ਲੇ ਤੇਰਾ ਨਾਮ ਧਿਆਈਆ । ਤੇ ਜਿਹੜੇ ਬਾਹਰੋਂ ਬਣੇ ਰਹਿਣ ਬਗ਼ਲਾ, ਮੇਰੇ ਵਾਂਗ ਚਿੱਟੇ ਬਸਤਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣੀ ਕਾਰ ਕਮਾਈਆ । ਭਗਤ ਕਹੇ ਐ ਮੇਰੇ ਭਗਵਾਨ, ਅਰਜਨ ਆਸਾ ਪੂਰ ਕਰਾਈਆ । ਕੁਛ ਬਖ਼ਸ਼ ਕੇ ਦਾਨ, ਕਲਜੁਗ ਜੀਵਾਂ ਝੋਲੀ ਪਾਈਆ । ਕ੍ਰਿਸ਼ਨ ਨੇ ਅੰਦਰ ਉਪਰ ਪਰੇ ਤੋਂ ਪਰੇ ਕਰ ਧਿਆਨ, ਪਾਰਬ੍ਰਹਮ ਦਾ ਲੇਖਾ ਬ੍ਰਹਮ ਦਿਤਾ ਸੁਣਾਈਆ । ਉਸ ਵੇਲੇ ਸਾਰੇ ਹੋਣ ਹੈਰਾਨ, ਹੈਰਾਨੀ ਹਰ ਘਟ ਅੰਦਰ ਆਈਆ । ਮਜ਼੍ਹਬੀ ਦਵਾਰੇ ਬਣ ਜਾਣ ਜਗਤ ਦੀ ਦੁਕਾਨ, ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਆਪਣਾ ਹੱਟ ਚਲਾਈਆ । ਫੇਰ ਕਿਰਪਾ ਕਰੇ ਆਪ ਮਿਹਰਵਾਨ, ਮਿਹਰ ਨਜ਼ਰ ਅੱਖ ਉਠਾਈਆ । ਸਤਿ ਧਰਮ ਕਰ ਪਰਵਾਨ, ਸਾਚਾ ਰਾਹ ਇਕ ਬਣਾਈਆ । ਭਗਤ ਦਵਾਰਾ ਪਰਗਟ ਕਰ ਕੇ ਵਿਚ ਜਹਾਨ, ਜੁਗ ਦੇ ਵਿਛੜਿਆਂ ਲਏ ਮਿਲਾਈਆ । ਜਿਥੇ ਨਾ ਕੋਈ ਹਿੰਦੂ ਸਿੱਖ ਈਸਾਈ ਨਾ ਕੋਈ ਮੁਸਲਮਾਨ, ਪਾਰਸੀ ਬੋਧੀ ਜੈਨੀ ਦਿਸਣ ਭਾਈ ਭਾਈਆ । ਸਤਿ ਧਰਮ ਦਾ ਉਥੇ ਮੁਨੀਆਂ ਨੇ ਕਰ ਦੇਣਾ ਫ਼ਰਮਾਨ, ਫ਼ਰਮਾਂਬਰਦਾਰ ਹੋ ਕੇ ਸਾਰੇ ਪ੍ਰਭ ਦੀ ਸੇਵ ਕਮਾਈਆ । ਇਹ ਬਣ ਜਾਏ ਉਹ ਵਿਧਾਨ, ਜਿਸ ਦੀ ਤਰਮੀਮ ਵਿਚ ਕਲਮ ਸਕੇ ਨਾ ਕੋਇ ਉਠਾਈਆ । ਤਕਸੀਮ ਰਹੇ ਨਾ ਕੋਇ ਸ਼ੈਤਾਨ, ਜ਼ੇਰ ਜ਼ਬਰ ਸਾਰੀ ਦੇਣ ਗਵਾਈਆ । ਵਾਹਦ ਇਕ ਸਮਝ ਰਮਜ਼ ਬੁੱਧੀ ਵਿਚ ਆਵੇ ਇਨਸਾਨ, ਇਨਸਾਨ ਇਨਸਾਨੀਅਤ ਸਭ ਦੇ ਅੰਦਰ ਟਿਕਾਈਆ । ਇਹ ਕ੍ਰਿਸ਼ਨ ਦਾ ਬਿਆਨ, ਅਰਜਨ ਦਾ ਧਿਆਨ, ਦੂਜਾ ਦੱਸਣ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਖੇਲ ਖਿਲਾਈਆ । ਅਰਜਨ ਕਹੇ ਕਿਉਂ ਮੇਰਾ ਚਲਾਉਂਦਾ ਰਿਹੋਂ ਰਥ, ਮੇਰੀ ਸੇਵ ਕਮਾਈਆ । ਕ੍ਰਿਸ਼ਨ ਘਾਹ ਦੇ ਉਤੇ ਬਹਿ ਕੇ ਝਟ, ਸਹਿਜ ਨਾਲ ਸੁਣਾਈਆ । ਰੱਖ ਕੇ ਪਿਠ ਹੱਥ, ਅੰਦਰੋਂ ਅੱਖ ਦਿਤੀ ਖੁਲ੍ਹਾਈਆ । ਅਰਜਨ ਭਗਤ ਭਗਵਾਨ ਨਹੀਂ ਵੱਖ, ਦੋਹਾਂ ਦਾ ਇਕੋ ਘਰ ਸੋਭਾ ਪਾਈਆ । ਮੈਂ ਹੁਣ ਮਾਰਗ ਰਿਹਾ ਦੱਸ, ਕਲਜੁਗ ਵਿਚ ਭਗਤਾਂ ਦੇ ਅੰਦਰ ਵੜ ਕੇ ਉਨ੍ਹਾਂ ਦਾ ਰਥ ਚਲਾਈਆ । ਤੁਸੀਂ ਮੇਰਾ ਗਾਉਂਦੇ ਜਸ, ਫੇਰ ਮੈਂ ਭਗਤਾਂ ਦਾ ਢੋਲਾ ਗਾਈਆ । ਨਿਰਗੁਣ ਨੂਰ ਜੋਤ ਕਰ ਪਰਤੱਖ, ਪਰਸ਼ਨਾਂ ਦਾ ਲੇਖਾ ਦੇਣਾ ਮੁਕਾਈਆ । ਇਕੋ ਨਾਮ ਨਿਧਾਨਾ ਨੌਜਵਾਨਾ ਕਰ ਪਰਗਟ, ਜਗਤ ਦੇ ਪਰਗਣੇ ਦੇਣੇ ਮੁਕਾਈਆ । ਸਚ ਦਾ ਖੋਲ੍ਹ ਕੇ ਹੱਟ, ਧਰਮ ਦੀ ਦਾਤ ਇਕ ਵਰਤਾਈਆ । ਜੋ ਆਵੇ ਸੋ ਲਾਹਾ ਜਾਵੇ ਖੱਟ, ਮਨਖੱਟੂ ਰਹਿਣ ਕੋਇ ਨਾ ਪਾਈਆ । ਕਿਉਂ ਮੁਨੀ ਨੇ ਕਿਹਾ ਪ੍ਰਭੂ ਸਿੱਧਾ ਸਾਦਾ ਜੱਟ, ਸਾਡੇ ਅੰਦਰ ਵੜ ਕੇ ਰੋਜ਼ੀ ਰਿਜ਼ਕ ਰਹੀਮ ਹੋ ਕੇ ਦੇਵੇ ਚਾਈਂ ਚਾਈਆ । ਕੁਛ ਲੇਖਾ ਰਾਮ ਨੇ ਜਾਣਿਆ ਜਿਹੜਾ ਬੇਟਾ ਦਸਰਥ,

੧੦੮੪
੨੦

ਪੰਚਵਟੀ ਵਿਚ ਲਛਮਣ ਦਿਤਾ ਸੁਣਾਈਆ । ਇਕ ਸੁੱਕੀ ਟਹਿਣੀ ਕੱਟ, ਕਟਾਕਸ਼ ਦਿਤਾ ਲਗਾਈਆ । ਸੀਤਾ ਬੋਲ ਪਈ ਝਟ, ਸਵਾਮੀ ਇਹ ਕੀ ਖੇਲ ਵਰਤਾਈਆ । ਰਾਮ ਕਿਹਾ ਸੀਤਾ ਆਹ ਵੇਖ ਮੇਰਾ ਹੱਥ, ਦਰਦ ਨਾਲ ਭਰਿਆ ਨਜ਼ਰੀ ਆਈਆ । ਕਲਜੁਗ ਵਿਚ ਮੇਰਾ ਪਿਆਰ ਮੇਰਿਆਂ ਜਾਣਾ ਛੱਡ, ਮੰਦਰ ਵਿਚ ਸੀਤਾ ਰਾਮ ਕਹਿ ਕੇ ਮਾਇਆ ਮਮਤਾ ਵਿਚ ਹੋਣ ਹਲਕਾਈਆ । ਪਰ ਮੈਂ ਰਾਮ, ਹਰ ਘਟ ਵਸਿਆ ਰਾਮ, ਸਭ ਤੋਂ ਨਿਆਰਾ ਰਾਮ ਹੋ ਕੇ ਦੇਣਾ ਦੱਸ, ਜ਼ੁਲਮ ਅਪਰਾਧ ਵਿਭਚਾਰ ਦੁਰਾਚਾਰ ਭਰਿਸ਼ਟਾਚਾਰ ਵਿਕਾਰ ਹੰਕਾਰ ਮੋਹੇ ਕਦੇ ਨਾ ਭਾਈਆ । ਓਸ ਵੇਲੇ ਪ੍ਰਭ ਦੀ ਖੇਲ ਵਰਤੇ ਵਿਚ ਸੰਸਾਰ, ਕਲਮਾ ਵੇਖੇ ਥਾਉਂ ਥਾਈਆ । ਫਿਰ ਰਾਮ ਦੇ ਨਾਮ ਨਾਲ ਕੱਟ ਦੇਣੀ ਕੂੜੀ ਧਾਰ, ਧਰਨੀ ਧਰਤ ਧਵਲ ਧੌਲ ਉਤੇ ਸਤਿ ਧਰਮ ਦੇਣਾ ਲਗਾਈਆ । ਜਿਹੜੇ ਮੇਰੇ ਹੋਣ ਪਿਆਰੇ ਸੁਗਰੀਵ ਦੇ ਭਤੀਜੇ ਅੰਗਦ ਵਰਗੇ ਦੁਲਾਰੇ, ਉਹ ਮੁਨੀਆਂ ਦਾ ਰੂਪ ਵਟਾਈਆ । ਧਰਤੀ ਨੂੰ ਦੇਣ ਹੁਲਾਰੇ, ਕੁਕਰਮਾਂ ਨੂੰ ਦੇਣ ਪਿਛਾੜੇ, ਭਾਗ ਲੌਣ ਵਿਚ ਉਜਾੜੇ, ਉਜੜਿਆਂ ਦੇਣ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਮੁਕਾਈਆ । ਸੀਤਾ ਕਹੇ ਮੇਰੇ ਰਘੁਪਤ, ਰਘਵੰਸੀ ਰਘੁਨਾਥ ਮੈਨੂੰ ਦੇ ਜਣਾਈਆ । ਰਾਮ ਕਿਹਾ ਸੀਤਾ ਕਿਸੇ ਵਿਚ ਦਿਸਦਾ ਨਹੀਂ ਸਤਿ, ਸੱਤਿਆ ਨਜ਼ਰ ਕੋਇ ਨਾ ਆਈਆ । ਸਭ ਨੂੰ ਭੁੱਲਣੀ ਬ੍ਰਹਮ ਮਤ, ਬ੍ਰਹਮ ਵੇਤਾ ਬ੍ਰਹਮ ਨਾ ਕੋਇ ਜਣਾਈਆ । ਜਗਤ ਵਿਕਾਰ ਨੇ ਅੰਦਰ ਪਾਉਣੀ ਨੱਥ, ਸਕੇ ਨਾ ਕੋਇ ਬਚਾਈਆ । ਵਿਦਵਾਨਾਂ ਨੇ ਕਥਾ ਕਰਨੀ ਰਸਨਾ ਨਾਲ ਕਥ, ਉਚੀ ਕੂਕ ਕੂਕ ਸੁਣਾਈਆ । ਥੋੜ੍ਹੇ ਸਮੇਂ ਬਾਦ ਓਹ ਵੀ ਜਾਣ ਛੱਡ, ਰੋਟੀਆਂ ਕਾਰਨ ਪੇਟ ਵਜਾਈਆ । ਜਿਧਰ ਮਾਇਆ ਮਿਲੇ ਉਧਰ ਸਾਧੂ ਵੀ ਜਾਣ ਨੱਠ, ਚੇਲਿਆਂ ਦੇ ਪਿਛੇ ਮਿੰਨਤਾਂ ਕਰ ਕਰ ਕੇ ਆਪਣਾ ਜੋੜ ਜੁੜਾਈਆ । ਸੀਤਾ ਕਹੇ ਮਹਾਰਾਜ ਕੀ ਇਹ ਸਮਾਂ ਆਵੇ ਵਤ, ਬੇਵਤਨ ਹੋਏ ਲੋਕਾਈਆ । ਰਾਮ ਜੀ ਹੱਥ ਉਤੇ ਹੱਥ ਮਾਰ ਕੇ ਪਏ ਹੱਸ, ਜਿਸ ਸੀਤਾ ਤੈਨੂੰ ਤੇ ਮੈਨੂੰ ਬਨਾਂ ਵਿਚ ਦਿਤਾ ਭਵਾਈਆ । ਉਹ ਰਾਮ ਸਦਾ ਸਮਰਥ, ਜੋ ਤੱਤਾਂ ਵਾਲੇ ਗੁਰ ਅਵਤਾਰ ਪੈਗ਼ੰਬਰ ਮਾਤ ਪਰਗਟਾਈਆ । ਓਸ ਵੇਲੇ ਕਿਸੇ ਦਾ ਚਲਣਾ ਨਹੀਂ ਕੋਈ ਵੱਸ, ਸਮੇਂ ਦਾ ਚੱਕਰ ਸਭ ਤੇ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਲਛਮਣ ਸਭ ਕੁਛ ਰਿਹਾ ਸੁਣਦਾ, ਫਿਰ ਕਰਵਟ ਲਏ ਬਦਲਾਈਆ । ਐ ਪ੍ਰਭੂ ਕੌਣ ਏਸ ਨੂੰ ਛਾਣਦਾ ਪੁਣਦਾ, ਜੋ ਧਰਮ ਅਧਰਮ ਵੇਖ ਵਖਾਈਆ । ਮੈਂ ਤੇ ਜਗਤ ਵੇਖਦਾ ਖੇਲ ਨਿਰਗੁਣ ਸਰਗੁਣ ਦਾ, ਦੂਜਾ ਨਜ਼ਰ ਕੋਇ ਨਾ ਆਈਆ । ਰਾਮ ਕਿਹਾ ਭਈਆ ਲਕਸ਼ਮਣ ਇਹ ਕੋਈ ਸੌਦਾ ਨਹੀਂ ਮੁੱਲ ਦਾ, ਕੀਮਤ ਵਾਲਾ ਵਣਜ ਨਾ ਕੋਇ ਕਰਾਈਆ । ਇਹ ਖੇਲ ਓਸ ਮਾਲਕ ਕੁਲ ਦਾ, ਜੋ ਕੁੱਲ ਆਲਮ ਵਿਚ ਬਾਲਮ ਬਣ ਕੇ ਖੇਲ ਖਿਲਾਈਆ । ਜਿਸ ਦਾ ਸਤਿ ਧਰਮ ਨਿਸ਼ਾਨਾ ਝੁਲਦਾ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਜਿਸ ਦੇ ਨਿਸ਼ਾਨ ਥੱਲੇ ਸੇਵ ਕਮਾਈਆ । ਉਹਦਾ ਖੇਲ ਇਕ ਬ੍ਰਹਮੇ ਵਾਲੇ ਨਾਭੀ ਕਵਲ ਫੁੱਲ ਦਾ, ਜਿਸ ਦੇ ਵਿਚ ਝਿਰਨਾ ਰਿਹਾ ਝਿਰਾਈਆ । ਉਹਦਾ ਬੂਟਾ ਕਦੇ ਨਾ ਹੁਲਦਾ, ਰਾਮ ਕਹੇ ਲਛਮਣ ਜੋ ਭਗਤ ਲਏ ਉਪਜਾਈਆ । ਜੇ ਕੋਈ ਸੁਖ ਲੈ ਲਏ ਓਸ ਦੀ ਚਰਨ ਧੂਲ ਦਾ, ਦੁੱਖ ਦਾ ਲੇਖਾ ਦਏ ਮੁਕਾਈਆ । ਸੁੱਖ ਮਾਣ ਲਏ ਓਸ ਕੰਤ ਕੰਤੂਹਲ ਦਾ, ਜੋ ਸੀਤਾ ਸਭ ਦੀ ਸੀਤਾ ਸੁਰਤੀ ਰਿਹਾ ਪਰਨਾਈਆ । ਓਸ ਦਾ ਖੇਲ ਸਦਾ ਅਮੂਲ ਦਾ, ਨਿਯਮ ਵਿਚ ਕਾਇਦੇ ਵਿਚ ਮਰਿਆਦਾ ਵਿਚ ਮਰਿਆਦਾ ਪਰਸ਼ੋਤਮ ਹੋ ਕੇ ਆਪਣੀ ਕਾਰ ਕਮਾਈਆ । ਉਹ

੧੦੮੫
੨੦

੧੦੮੬
੨੦

ਕਿਸੇ ਤੋਂ ਪੈਸੇ ਟਕੇ ਨਹੀਂ ਵਸੂਲਦਾ, ਸੀਤਾ ਕਹੇ ਰਾਮ ਕੀ ਕਰਦਾ, ਰਾਮ ਕਹੇ ਭਗਤਾਂ ਅੱਗੇ ਪ੍ਰੇਮ ਦੀ ਝੋਲੀ ਡਾਹੀਆ । ਪ੍ਰਭੂ ਕੋਈ ਮਾਲਕ ਨਹੀਂ ਚੁੰਗੀ ਵਾਲੇ ਮਸੂਲ ਦਾ, ਚੁੰਗੀਖ਼ਾਨੇ ਸਾਰੇ ਦਏ ਮਿਟਾਈਆ । ਇਹ ਕੋਈ ਲੇਖਾ ਨਹੀਂ ਕਿਸੇ ਮਜ਼ਮੂਨ ਦਾ, ਧੁਰ ਦੇ ਰਾਮ ਦੀ ਰਾਮ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਸੁਣਾਈਆ । ਸੀਤਾ ਕਹੇ ਪ੍ਰਭੂ ਕਿਉਂ ਫਿਰੀਏ ਵਿਚ ਬਨਬਾਸ, ਭੁੱਖੇ ਰਹਿ ਕੇ ਝਟ ਲੰਘਾਈਆ । ਰਾਮ ਕਿਹਾ ਆ ਜਾ ਮੇਰੇ ਪਾਸ, ਕੁਛ ਤੈਨੂੰ ਦਿਆਂ ਵਖਾਈਆ । ਥੋੜੀ ਜਿਹੀ ਮੀਟ ਆਂਖ, ਸਿਰ ਸੀਸ ਉਤੇ ਟਿਕਾਈਆ । ਪਹਿਲੋਂ ਦਿਤਾ ਉਹ ਪਰਕਾਸ਼, ਜਿਸ ਪਰਕਾਸ਼ ਵਿਚ ਪਰਕਾਸ਼ ਸੋਭਾ ਪਾਈਆ । ਫੇਰ ਹੋਰ ਕੀਤਾ ਵਿਕਾਸ, ਦੁਆਪਰ ਡਗਮਗਾਈਆ । ਕ੍ਰਿਸ਼ਨ ਹੋ ਕੇ ਭਗਤਾਂ ਦਾ ਰਥ ਚਲਾਵੇ ਆਪ, ਰਾਸਾਂ ਆਪਣੇ ਹੱਥ ਉਠਾਈਆ । ਸੀਤਾ ਦੇ ਅੰਦਰ ਥੋੜ੍ਹਾ ਆਇਆ ਪਸਚਾਤਾਪ, ਇਹ ਕੀ ਕਾਰ ਕਮਾਈਆ । ਰਾਮ ਨੇ ਫੇਰ ਕਿਹਾ ਕੁਛ ਹੋਰ ਅੱਗੇ ਝਾਕ, ਤੈਨੂੰ ਦਿਆਂ ਵਖਾਈਆ । ਸੀਤਾ ਦਾ ਖੋਲ੍ਹ ਕੇ ਤਾਕ, ਪੜਦਾ ਦਿਤਾ ਉਠਾਈਆ । ਕਲਜੁਗ ਦੀ ਚੌਧਵੀਂ ਸਦੀ ਵਿਚ ਦਿਸੇ ਨਾ ਕੋਇ ਇਨਸਾਫ਼, ਦਰੋਹੀ ਦਰੋਹੀ ਖ਼ਲਕ ਖ਼ੁਦਾਈਆ । ਨਾ ਕੋਈ ਮਾਈ ਤੇ ਨਾ ਕੋਈ ਬਾਪ, ਪਿਤਾ ਪੂਤ ਕਰੇ ਲੜਾਈਆ । ਭੈਣ ਭਾਈ ਤੇ ਭਾਈ ਭੈਣ ਵੱਲ ਲੈਣ ਝਾਕ, ਇਹੋ ਜਿਹਾ ਸੀਨ ਦਿਤਾ ਵਖਾਈਆ । ਇਸਤਰੀ ਕੋਈ ਨਜ਼ਰ ਨਾ ਆਵੇ ਸੀਤਾ ਜਿਹੜੀ ਤੇਰੇ ਵਾਂਗ ਫਿਰੇ ਵਿਚ ਬਨਬਾਸ, ਪਤੀਬਰਤਾ ਨਜ਼ਰ ਕੋਇ ਨਾ ਆਈਆ । ਸਾਰੀ ਦੁਨੀਆ ਉਤਰੇ ਇੰਦਰੀਆਂ ਦੇ ਘਾਟ, ਕੋਈ ਵਿਰਲਾ ਸਾਧੂ ਬਚ ਕੇ ਆਪਣਾ ਝਟ ਲੰਘਾਈਆ । ਬਥੇਰੇ ਮਾਲਾ ਮਣਕੇ ਫੇਰ ਕੇ ਜੈ ਸੀਤਾ ਰਾਮ ਦਾ ਕਰਨ ਪਾਠ, ਸੀਤਾ ਸੁਰਤੀ ਮੇਰੇ ਨਾਲ ਨਾ ਕੋਇ ਪਰਨਾਈਆ । ਸੀਤਾ ਕਹੇ ਮਹਾਰਾਜ ਕੀ ਇਹ ਤੁਹਾਡਾ ਸਚ ਹੋਵੇ ਵਾਕ, ਭਗਵਨ ਕਿਹਾ ਸਚ ਦੀ ਕਥਾ ਸੁਣਾਈਆ । ਸੀਤਾ ਕਿਸੇ ਦਾ ਨਹੀਂ ਰਹਿਣਾ ਇਤਫ਼ਾਕ, ਮੁਹੱਬਤ ਵਿਚ ਨਜ਼ਰ ਕੋਇ ਨਾ ਆਈਆ । ਧਰਮ ਦਾ ਰਹਿਣਾ ਨਹੀਂ ਕੋਈ ਰਾਜ, ਰਾਜੇ ਸ਼ਤਰੂ ਰੂਪ ਵਟਾਈਆ । ਲਛਮਣ ਅੱਗੋਂ ਕਹੇ ਕੀ ਫੇਰ ਹੋਵੇ ਮਹਾਰਾਜ, ਪੜਦਾ ਦੇਣਾ ਖੁਲ੍ਹਾਈਆ । ਰਾਮ ਹੌਲੀ ਜਿਹੀ ਦੱਸਿਆ ਵਿਚ ਆਵਾਜ਼, ਸਹਿਜ ਨਾਲ ਸਮਝਾਈਆ । ਉਸ ਵੇਲੇ ਕਿਰਪਾ ਕਰੇ ਆਪ, ਜਿਹੜਾ ਜਗਤ ਅੱਖਾਂ ਨਾਲ ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟੀ ਦਾ ਮੇਟ ਦੇਵੇ ਪਾਪ, ਪਤਤ ਪੁਨੀਤ ਬਣਾਈਆ । ਉਹ ਸੱਚਿਆਂ ਸੰਤਾਂ ਦਾ ਬਣਾ ਕੇ ਸਾਥ, ਚਾਰੋਂ ਕੁੰਟ ਕਰੇ ਸ਼ਨਵਾਈਆ । ਉਹ ਥਾਲਾਂ ਵਿਚ ਦੀਵੇ ਪਾ ਕੇ ਜਗਤ ਆਰਤੀ ਦੀ ਪਾਵੇ ਕੋਈ ਨਾ ਰਾਸ, ਘਿਰਤ ਨਾਲ ਨਾ ਕੋਇ ਵਡਿਆਈਆ । ਅੰਦਰ ਵੜ ਕੇ ਖੋਲ੍ਹੇ ਤਾਕ, ਪੜਦਾ ਦਏ ਚੁਕਾਈਆ । ਜਿਥੇ ਸਦਾ ਡਗਮਗਾਹਟ, ਅੱਠੇ ਪਹਿਰ ਹੋਵੇ ਰੁਸ਼ਨਾਈਆ । ਮੰਜ਼ਲ ਮੇਟ ਕੇ ਵਾਟ, ਪਾਂਧੀਆਂ ਪੰਧ ਦੂਰ ਕਰਾਈਆ । ਸੀਤਾ ਇਕ ਪਾਣੀ ਦਾ ਦੇ ਗਿਲਾਸ, ਸ੍ਰੀ ਰਾਮ ਜੀ ਮੰਗ ਮੰਗਾਈਆ । ਲਛਮਣ ਕਰ ਕੇ ਝਟ ਤਲਾਸ਼, ਜਲ ਠੰਡਾ ਲੈ ਕੇ ਆਈਆ । ਰਾਮ ਦੋਹਾਂ ਨੂੰ ਕਿਹਾ ਇਕੱਠੇ ਹੋ ਕੇ ਹੱਥ ਜੋੜ ਕੇ ਨਿਮਸਕਾਰ ਕਰ ਕੇ ਪੂਰਾ ਕਰੋ ਵਿਸ਼ਵਾਸ, ਵਾਸਤਾ ਰਾਮ ਨਾਲ ਜੁੜਾਈਆ । ਤੁਹਾਨੂੰ ਦੁੱਖ ਕੋਈ ਨਾ ਰਹੇ ਬਨਬਾਸ, ਮੈਂ ਸਦਾ ਤੁਹਾਡੇ ਪਾਸ, ਮੈਥੋਂ ਪਰੇ ਨਹੀਂ ਕੋਈ ਖ਼ਾਸ, ਹੁਣ ਮੈਂ ਤੱਤਾਂ ਵਾਲਾ ਬਾਹਰੋਂ ਤੇ ਅੰਦਰੋਂ ਪੁਰਖ ਅਬਿਨਾਸ਼, ਅਬਿਨਾਸ਼ੀ ਦਾ ਰੂਪ ਵਟਾਈਆ । ਲਕਸ਼ਮਣ ਮੈਂ ਨਹੀਂ ਹੋਣਾ ਨਾਸ਼, ਇਹ ਤਨ ਮਾਤਾ ਪਿਤਾ ਦਾ ਧਰਤੀ ਉਤੋਂ ਲਿਆ ਤੇ ਧਰਨੀ ਉਤੇ ਦੇਣਾ ਜਲਾਈਆ । ਮੇਰਾ ਉਸ ਥਾਂ ਨਿਵਾਸ, ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਮੁੜ ਕੇ ਆ ਜਾਵਾਂ ਆਪ,

ਬਣ ਕੇ ਰਥ ਰਥਵਾਹੀਆ । ਅਰਜਨ ਦਾ ਹੋਵੇ ਸਾਥ, ਬਿਨਾ ਜੋੜੀ ਤੋਂ ਰਾਮ ਰਹਿਣ ਕਦੇ ਨਾ ਪਾਈਆ । ਇਹ ਖੇਲ ਕਰਾਂ ਸਾਖਿਆਤ, ਦੁਆਪਰ ਵੇਖ ਵਖਾਈਆ । ਕਲਜੁਗ ਅੰਤਮ ਨਿਰਗੁਣ ਨੂਰ ਜੋਤ ਕਰਾਂ ਪਰਕਾਸ਼, ਵੇਦ ਵਿਆਸ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਰਿਹਾ ਉਠਾਈਆ । ਅਰਜਨ ਕਹੇ ਪ੍ਰਭੂ ਤੂੰ ਮੇਰੇ ਵੇਖੇ ਤੀਰ ਕਮਾਨ, ਚਿੱਲੇ ਜ਼ੋਰ ਨਾਲ ਚੜ੍ਹਾਈਆ । ਭਗਵਨ ਕਹੇ ਵਾਹ ਮੇਰੇ ਬਲਵਾਨ, ਇਹ ਤੇਰੇ ਵਿਚ ਵਡਿਆਈਆ । ਓਏ ਅਰਜਨ ਜੇ ਇਸਤਰੀ ਨਾਰੀ ਵਿਧਵਾ ਰੰਡੀ ਹੋ ਜਾਏ ਵਿਚ ਜਹਾਨ, ਓਸ ਨੂੰ ਉਂਗਲਾਂ ਵਾਲੀ ਤੱਕੇ ਲੋਕਾਈਆ । ਅਰਜਨ ਹੋ ਗਿਆ ਹੈਰਾਨ, ਹੈਰਾਨੀ ਅੰਦਰ ਡੇਰਾ ਲਾਈਆ । ਜਾਂ ਵੇਖਿਆ ਸਾਢੇ ਤਿੰਨ ਕਰੋੜ ਰਚਿਆ ਨਜ਼ਰੀ ਆਇਆ ਕਾਹਨ, ਬਿਨਾ ਕਾਹਨ ਤੋਂ ਅਰਜਨ ਦਾ ਤਨ ਵਜੂਦ ਕੰਮ ਕਿਸੇ ਨਾ ਆਈਆ । ਨਿਉਂ ਕਿ ਨਿਮਸਕਾਰ ਕੀਤੀ ਮੈਂ ਬਾਲ ਨਾਦਾਨ, ਬੱਚਾ ਨੱਢਾ ਤੇਰਾ ਅਖਵਾਈਆ । ਕ੍ਰਿਸ਼ਨ ਕਿਹਾ ਇਹ ਤੇਰੀ ਮੇਰੀ ਪਹਿਚਾਨ, ਦੋਵੇਂ ਮਿਲ ਕੇ ਸਾਝਾਂ ਝਟ ਲੰਘਾਈਆ । ਨਾ ਮੈਂ ਰਥਵਾਹੀ ਨਾ ਰਥਵਾਨ, ਮੈਂ ਮਾਲਕ ਕੁੱਲ ਜਹਾਨ ਤੁਹਾਡਾ ਰਸਤਾ ਕੀਤਾ ਆਸਾਨ, ਸੇਵਾਦਾਰ ਹੋ ਕੇ ਤੁਹਾਡੀ ਸੇਵ ਕਮਾਈਆ । ਇਹ ਰਸਤਾ ਦੱਸਣਾ ਨਿਮਰਤਾ ਵਿਚ ਗ਼ਰੀਬੀ ਵਿਚ ਹਲੀਮੀ ਵਿਚ ਰਹੋ ਵਿਚ ਜਹਾਨ, ਵਡਿਆਈ ਕੰਮ ਕਿਸੇ ਨਾ ਆਈਆ । ਜੇ ਅੱਖ ਨਾਲ ਤੱਕਣਾ ਤੇ ਤੱਕੋ ਸ੍ਰੀ ਭਗਵਾਨ, ਜੇ ਮਨ ਨਾਲ ਨੱਸਣਾ ਤੇ ਪੁੱਜੋ ਧਰਮ ਅਸਥਾਨ, ਜੇ ਤਨ ਕੋਠੇ ਵਿਚ ਵਸਣਾ ਮਮਤਾ ਸ਼ਰਅ ਨਾ ਰਹੇ ਬੇਈਮਾਨ, ਫੇਰ ਅਰਜਨ ਤੂੰ ਮੇਰਾ ਮੈਂ ਤੇਰਾ ਸਾਚਾ ਸੱਜਣਾ, ਖ਼ੁਸ਼ੀ ਪਿਆਰ ਦਾ ਦੇਵਾਂ ਧੂੜੀ ਮਜਨਾ, ਨਾਮ ਨੇਤਰ ਗਿਆਨ ਪਾਵਾਂ ਕਜਲਾ, ਨਿਜ ਨੈਣ ਚਕਸ਼ੂ ਸ਼ਿਵ ਨੇਤਰ ਇਕੋ ਦਿਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਅਰਜਨ ਕਹੇ ਕੀ ਕਲਜੁਗ ਵਰਤੇ ਕਲ, ਕਲ ਦੇ ਮਾਲਕ ਦੇ ਸਮਝਾਈਆ । ਕ੍ਰਿਸ਼ਨ ਕਿਹਾ ਇਹ ਮੇਰਾ ਵਲ ਛਲ, ਧੁਰ ਦੀ ਬਾਣ ਚਲੀ ਆਈਆ । ਜਿਸ ਵੇਲੇ ਵੇਲਾ ਵਕਤ ਆਵੇ ਓਸੇ ਵੇਲੇ ਕਰਾਂ ਗੱਲ, ਪਹਿਲੋਂ ਆਪਣਾ ਆਪ ਆਊਟ ਨਾ ਕੋਇ ਕਰਾਈਆ । ਅਰਜਨ ਕਰਮਾਂ ਦਾ ਸਭ ਨੂੰ ਦੇਣਾ ਫਲ, ਨਿਹਕਰਮੀ ਹੋ ਕੇ ਵੇਖ ਵਖਾਈਆ । ਭਗਤਾਂ ਦਾ ਮੇਟਣਾ ਦਵੈਤ ਵਾਲਾ ਸਲ, ਦੂਈ ਦਾ ਡੇਰਾ ਢਾਹੀਆ । ਜੋਤੀ ਜਾਤਾ ਹੋ ਕੇ ਅੰਦਰ ਜਾਵਾਂ ਰਲ, ਰਲ ਮਿਲ ਆਪਣਾ ਝਟ ਲੰਘਾਈਆ । ਜਿਹੜਾ ਲਹਿਣਾ ਦੇਣਾ ਪੂਰਬ ਲੇਖਾ ਰਾਜੇ ਬਲ, ਉਹ ਸਮਗਰੀ ਕਲਜੁਗ ਵਿਚ ਗੁਰਮੁਖਾਂ ਕੋਲੋਂ ਵਰਤਾਈਆ । ਨਾਮ ਸੰਦੇਸ਼ਾ ਧਰਮ ਦਵਾਰੇ ਦਾ ਘੱਲ, ਘਾਇਲ ਕਾਇਲ ਕਰਾਂ ਸ੍ਰਿਸ਼ਟ ਸਬਾਈਆ । ਜੇ ਕੋਈ ਸਚ ਦੇ ਮਾਰਗ ਜਾਏ ਚਲ, ਚਲਦਿਆਂ ਚਲਦਿਆਂ ਰਾਹ ਵਿਚ ਨਾ ਕੋਇ ਅਟਕਾਈਆ । ਸੀਤਾ ਫੜ ਕੇ ਗਲਾਸ ਜਲ, ਭਗਵਨ ਦੇ ਚਰਨਾਂ ਉਤੇ ਦਿਤਾ ਟਿਕਾਈਆ । ਭਗਵਨ ਨੇ ਅੱਗੋਂ ਹੱਥਾਂ ਨਾਲ ਲਿਆ ਠਲ੍ਹ, ਹੱਥ ਹੱਥ ਉਤੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਪੜਦਾ ਆਪ ਚੁਕਾਈਆ । ਜਲ ਕਹੇ ਕਿਉਂ ਮੈਨੂੰ ਪ੍ਰਭੂ ਚੁਕਿਆ, ਭੇਵ ਦੇਣਾ ਖੁਲ੍ਹਾਈਆ । ਨਿਮਰਤਾ ਵਿਚ ਪੁੱਛਿਆ, ਨਿਉਂ ਨਿਉਂ ਸੀਸ ਝੁਕਾਈਆ । ਭਗਵਨ ਕਿਹਾ ਕਲਜੁਗ ਅੰਤ ਸ੍ਰਿਸ਼ਟੀ ਦਾ ਬੂਟਾ ਦਿਸੇ ਸੁੱਕਿਆ, ਬਿਨ ਰਾਮ ਦੇ ਪਾਣੀ ਹਰਾ ਨਾ ਕੋਇ ਕਰਾਈਆ । ਓਸ ਵੇਲੇ ਬੜੀਆਂ ਸਿਫ਼ਤਾਂ ਨਾਲ ਰਾਗਾਂ ਨਾਲ ਸਾਜਾਂ ਨਾਲ ਸਭ ਨੇ ਪੜ੍ਹਨੀਆਂ ਗ੍ਰੰਥਾਂ ਵਾਲੀਆਂ ਤੁੱਕਿਆ, ਉਚੀ ਬੋਲ ਬੋਲ ਸੁਣਾਈਆ । ਜਿਸ ਵੇਲੇ ਪ੍ਰਭ ਨੇ ਓਨ੍ਹਾਂ ਨੂੰ ਪੁੱਛਿਆ, ਆਪਣਾ ਆਪ ਸਕੇ ਨਾ ਕੋਇ ਬਚਾਈਆ । ਜਲ ਕਹੇ ਐ ਪ੍ਰਭੂ ਕੀ ਕੋਈ


੧੦੮੭
੨੦

੧੦੮੮
੨੦

ਤੇਰੇ ਨਾਲੋਂ ਵੀ ਰੁੱਠਿਆਂ, ਰਾਮ ਨੇ ਥੋੜ੍ਹਾ ਦਿਤਾ ਹਿਲਾਈਆ । ਗਲਾਸ ਦੇ ਵਿਚ ਰੱਖ ਕੇ ਗੂਠਿਆ, ਫੇਰ ਬਾਕੀ ਚਾਰੇ ਉਂਗਲਾਂ ਦਿਤੀਆਂ ਛੁਹਾਈਆ । ਓ ਪਾਣੀ ਔਹ ਵੇਖ ਚਾਰ ਵੇਦ ਦਾ ਗਿਆਤਾ ਮੇਰੇ ਨਾਲੋਂ ਰੁੱਸਿਆਂ, ਰਾਵਣ ਦਏ ਦੁਹਾਈਆ । ਜਲ ਕਹੇ ਪ੍ਰਭੂ ਤੈਨੂੰ ਕਿਉਂ ਨਹੀਂ ਆਉਂਦਾ ਗੁੱਸਿਆ, ਗੁਸਤਾਖੀ ਅੰਦਰੋਂ ਦੇ ਮੁਕਾਈਆ । ਰਾਮ ਕਹੇ ਇਹ ਧੁਰ ਦਾ ਵਰ ਜਿਸ ਦੇ ਕਾਰਨ ਮੈਂ ਲੋਕਮਾਤ ਵਿਚ ਉਠਿਆ, ਰਾਮ ਦਾ ਰੂਪ ਵਟਾਈਆ । ਜਲ ਇਹ ਸਭ ਦਾ ਬੂਟਾ ਜਾਣਾ ਪੁੱਟਿਆ, ਬਿਨਾ ਰਾਮ ਤੋਂ ਰਾਮ ਦੀ ਪਏ ਦੁਹਾਈਆ । ਸੀਤਾ ਵੇਖ ਕਲਜੁਗ ਸਭ ਦਾ ਦਿਸੇ ਕਾਇਆ ਖ਼ਾਲੀ ਠੂਠਿਆ, ਅੰਮ੍ਰਿਤ ਜਲ ਨਜ਼ਰ ਕਿਸੇ ਨਾ ਆਈਆ । ਸਾਰਿਆਂ ਨੇ ਮਾਇਆ ਮਮਤਾ ਨਾਲ ਹਉਮੇ ਹੰਗਤਾ ਨਾਲ ਵਿਸ਼ਿਆਂ ਵਿਚ ਰੰਗ ਮਾਨਣਾ ਨਾਲ ਝੂਟਿਆ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਓਸ ਵੇਲੇ ਰਾਮ ਦਾ ਰਾਮ ਨੂਰ ਨੁਰਾਨਾ ਆਪਣੀ ਧਾਰ ਵਿਚੋਂ ਆਪੇ ਆਵੇ ਫੁੱਟਿਆ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਹ ਮੇਲ ਲਵੇ ਜਿਹੜੇ ਕਰਮ ਕਰ ਕੇ ਟੁੱਟਿਆ, ਟੁੱਟਿਆਂ ਗੰਢ ਪਵਾਈਆ । ਓਨੇ ਚਿਰ ਨੂੰ ਇਕ ਗਡਰੀਆ ਉਥੋਂ ਸੀਤਾਫਲ ਦਾ ਲੈ ਕੇ ਆ ਗਿਆ ਗੁਛਿਆ, ਪੰਜ ਪੰਜ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸੀਤਾਫਲ ਕਹੇ ਮੈਂ ਹੋਇਆ ਫਲੀ ਭੂਤ, ਪੰਜ ਭੂਤ ਮਿਲੇ ਵਡਿਆਈਆ । ਮੇਰਾ ਤਾਣਾ ਪੇਟਾ ਇਕੋ ਸੂਤ, ਸੂਤਰਧਾਰੀ ਦਇਆ ਕਮਾਈਆ । ਮੈਂ ਕਰ ਕੇ ਆਇਆ ਕੂਚ, ਕੂਚਾ ਗਲੀ ਫੇਰਾ ਪਾਈਆ । ਵੇਖ ਮੈਨੂੰ ਇਹ ਪੁਰਾਣਾ ਦੁੱਖ, ਦੁੱਖ ਦਰਦ ਨਾ ਕੋਇ ਮਿਟਾਈਆ । ਧੰਨ ਭਾਗ ਜੇ ਮੈਨੂੰ ਕਿਸੇ ਲਿਆਂਦਾ ਚੁੱਕ, ਰਾਮ ਦੀ ਭੇਟ ਚੜ੍ਹਾਈਆ । ਮੈਂ ਤੱਕ ਕੇ ਏਸ ਦਾ ਮੁਖ, ਆਪਣਾ ਜਨਮ ਲਿਆ ਬਦਲਾਈਆ । ਏਸੇ ਕਾਰਨ ਗੁਰੂ ਗੋਬਿੰਦ ਨੂੰ ਪਰਗਟਾਉਣੇ ਪਏ ਪੰਜ ਸੁਤ, ਜਿਨ੍ਹਾਂ ਨੂੰ ਪੰਜ ਪਿਆਰੇ ਕਹਿ ਕੇ ਸਾਰੇ ਗਾਈਆ । ਸੀਤਾ ਕਹੇ ਪ੍ਰਭੂ ਦੱਸ ਹੋਰ ਕੁੱਛ, ਭੇਵ ਅਭੇਦ ਖੁਲ੍ਹਾਈਆ । ਰਾਮ ਕਿਹਾ ਮੈਂ ਓਸ ਵੇਲੇ ਤਤ ਵਜੂਦ ਨਹੀਂ ਰੱਖਣਾ, ਸਰੀਰ ਨਹੀਂ ਰੱਖਣਾ, ਆਪਣਿਆਂ ਸੰਤਾਂ ਭਗਤਾਂ ਦੇ ਕਾਇਆ ਮੰਦਰ ਅੰਦਰ ਵਿਚ ਲੁਕਣਾ ਓਸ ਗੁੱਠ, ਜਿਥੋਂ ਜਗਤ ਅੱਖਾਂ ਵਾਲਾ ਵੇਖਣ ਕੋਇ ਨਾ ਪਾਈਆ । ਅੰਦਰੇ ਅੰਦਰ ਲਵਾਂ ਪੁਛ, ਸ਼ਬਦ ਸ਼ਬਦੀ ਧਾਰ ਮਿਲਾਈਆ । ਸਚ ਦੀ ਦੇ ਕੇ ਸੁੱਚ, ਸਤਿ ਦੇ ਨਾਲ ਕਰਾਂ ਕੁੜਮਾਈਆ । ਬਣ ਕੇ ਅਬਿਨਾਸ਼ੀ ਅਚੁੱਤ, ਚੇਤਨ ਸੁਰਤੀ ਦਿਆਂ ਕਰਾਈਆ । ਸੀਤਾ ਜੁਗ ਚੌਕੜੀ ਰਾਮ ਦੀ ਮੰਜ਼ਲ ਗਈ ਕਦੀ ਨਹੀਂ ਮੁਕ, ਪਾਂਧੀ ਦਾ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਸੀਤਾ ਕਹੇ ਪ੍ਰਭੂ ਕੀ ਫੇਰ ਆਉਂਗੇ । ਆਪਣੀ ਦਇਆ ਕਮਾਉਗੇ । ਸਤਿ ਦਾ ਡੰਕ ਵਜਾਉਗੇ । ਬ੍ਰਹਮ ਮਤ ਦਾ ਸਬਕ ਪੜ੍ਹਾਉਗੇ । ਨਿਜ ਨੇਤਰ ਅੱਖ ਦਾ ਪੜਦਾ ਲਾਹੋਗੇ । ਉਜੜੀ ਦੁਨੀਆ ਫੇਰ ਵਸਾਉਗੇ । ਜੰਗਲ ਬੇਲਿਆਂ ਵਿਚ ਫਿਰ ਕੇ ਝਟ ਲੰਘਾਉਗੇ । ਕੀ ਸੀਤਾ ਆਪਣੀ ਨਾਲ ਲਿਆਉਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਕੀ ਅਗਲੀ ਰਾਸ ਰਚਾਉਗੇ । ਰਾਮ ਕਹੇ ਮੈਂ ਆਵਾਂਗਾ । ਨਿਰਗੁਣ ਸਰਗੁਣ ਖੇਲ ਖਿਲਾਵਾਂਗਾ । ਕਾਹਨਾ ਕ੍ਰਿਸ਼ਨਾ ਰੂਪ ਵਟਾਵਾਂਗਾ । ਸੀਸ ਤਾਜ ਇਕ ਟਿਕਾਵਾਂਗਾ । ਮੁਕੰਦ ਮਨੋਹਰ ਲਖਮੀ ਨਰਾਇਣ ਆਪ ਅਖਵਾਵਾਂਗਾ । ਭਗਤ ਸੁਹੇਲਾ ਬਣ ਕੇ ਸੋਭਾ ਪਾਵਾਂਗਾ । ਗ਼ਰੀਬ ਨਿਮਾਣੇ ਗੋਦ ਉਠਾਵਾਂਗਾ । ਹੰਕਾਰੀਆਂ ਗੜ੍ਹ ਤੁੜਾਵਾਂਗਾ । ਕੰਨਿਆ ਦੀ ਲਾਜ ਰਖਾਵਾਂਗਾ । ਜਮਨਾ ਤੇ ਸੋਭਾ ਪਾਵਾਂਗਾ । ਗੋਪੀਆਂ ਦੀ ਰਾਸ ਰਚਾਵਾਂਗਾ । ਨਿਜ ਨੇਤਰ ਲੋਚਨ ਨੈਣ

੧੦੮੮
੨੦

ਅੱਖ ਖੁਲ੍ਹਾਵਾਂਗਾ । ਮੁਕਟ ਬੈਣ ਸੋਭਾ ਪਾਵਾਂਗਾ । ਤਖ਼ਤ ਤਾਜ ਸਰਬ ਉਲਟਾਵਾਂਗਾ । ਧਰਮ ਜੈਕਾਰ ਇਕ ਜਣਾਵਾਂਗਾ । ਭਗਤਾਂ ਦਾ ਰਥਵਾਹੀ ਬਣ ਕੇ ਰਥ ਚਲਾਵਾਂਗਾ । ਗੀਤਾ ਦਾ ਗਿਆਨ ਅੱਠ ਦਸ, ਅਠਾਰਾਂ ਵੰਡ ਵੰਡਾਵਾਂਗਾ । ਅੰਮ੍ਰਿਤ ਦੇ ਕੇ ਰਸ, ਨਿਝਰ ਝਿਰਨਾ ਇਕ ਝਿਰਾਵਾਂਗਾ । ਅੰਤਮ ਸਭ ਕੁਛ ਕਰ ਕੇ ਭੱਠ, ਸ਼ਾਹ ਸੁਲਤਾਨਾਂ ਖ਼ਾਕ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਵਾਂਗਾ । ਰਾਮ ਕਹੇ ਮੈਂ ਜੁਗ ਜੁਗ ਵੇਸ ਵਟਾਉਂਦਾ ਹਾਂ । ਜੁਗ ਚੌਕੜੀ ਖੇਲ ਖਿਲਾਉਂਦਾ ਹਾਂ । ਬੋਧ ਰੂਪ ਆਪ ਧਰਾਉਂਦਾ ਹਾਂ । ਈਸਾ ਮੂਸਾ ਮੁਹੰਮਦ ਕਲ ਵਰਤਾਉਂਦਾ ਹਾਂ । ਨਾਨਕ ਗੋਬਿੰਦ ਡੰਕ ਸੁਣਾਉਂਦਾ ਹਾਂ । ਫਿਰ ਆਪਣਾ ਆਪ ਜਣਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧਾਰ ਇਕ ਸੁਣਾਉਂਦਾ ਹਾਂ । ਸੀਤਾ, ਮੈਂ ਤੇਈ ਅਵਤਾਰ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਖੇਲ ਖਿਲਾ ਕੇ ਜਾਵਾਂ ਛੁਪ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟੀ ਵਿਚ ਹੋ ਜਾਏ ਅੰਧੇਰ ਘੁਪ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਕੇ ਕੋਈ ਹਉਮੇ ਦਾ ਮਿਟਾ ਸਕੇ ਨਾ ਦੁੱਖ, ਕਿਉਂ ਵਿਸ਼ਵਾਸ਼ ਘਾਤੀ ਹੋਏ ਲੋਕਾਈਆ । ਧਰਮ ਦਵਾਰੇ ਰਹੇ ਨਾ ਕੋਈ ਸੁੱਚ, ਠੱਗ ਚੋਰ ਯਾਰ ਧੀਆਂ ਭੈਣਾਂ ਲੈਣ ਤਕਾਈਆ । ਜਗਤ ਸਾਧਾਂ ਸੰਤਾਂ ਦੇ ਭੇਖਾਂ ਵਾਲੇ ਫਿਰਨੇ ਵੱਗ, ਉਨ੍ਹਾਂ ਦਾ ਵਾਗੀ ਨਜ਼ਰ ਕੋਇ ਨਾ ਆਈਆ । ਜਿਧਰ ਵੇਖੇ ਚਾਰ ਕੁੰਟ ਲੱਗੀ ਅੱਗ, ਅਗਨੀ ਅੱਗ ਨਾ ਕੋਇ ਬੁਝਾਈਆ । ਸੀਤਾ ਕਹੇ ਮਹਾਰਾਜ, ਕੀ ਪਾਪ ਦੀ ਵੀ ਕੋਈ ਹੱਦ, ਇਹ ਵੀ ਭੇਵ ਖੁਲ੍ਹਾਈਆ । ਰਾਮ ਕਿਹਾ ਸੁਣ ਲੈ ਮੇਰਾ ਨਦ, ਜੋ ਸ਼ਬਦ ਵਾਲਾ ਸੁਣਾਈਆ । ਜਿੰਨਾਂ ਚਿਰ ਇਹ ਖੇਲ ਨਾ ਹੋਵੇ ਵਿਚ ਜਗ, ਉਨ੍ਹਾਂ ਚਿਰ ਰਾਮ ਨੂੰ ਆਉਣ ਦਾ ਕਲ ਵਿਚ ਕੋਈ ਮੌਕਾ ਦੇਵੇ ਨਾ ਰਾਈਆ । ਫੇਰ ਸਾਰੇ ਦੁੱਖਾਂ ਵਿਚ ਲੈਣ ਸੱਦ, ਓ ਧੁਰ ਦੇ ਰਾਮ, ਓ ਧੁਰ ਦੇ ਕਾਨ੍ਹ, ਓ ਧੁਰ ਦੇ ਅਮਾਮ, ਓ ਧੁਰ ਦੇ ਭਗਵਾਨ, ਧੁਰ ਦਾ ਦੇ ਦਾਨ, ਤੇਰਾ ਧਰਮ ਝੁੱਲੇ ਨਿਸ਼ਾਨ, ਨਿਸ਼ਾਨੇ ਸਾਰੇ ਦੇ ਮਿਟਾਈਆ । ਤੂੰ ਦਾਤਾ ਮਿਹਰਵਾਨ, ਕਿਉਂ ਵਿਚ ਵਾੜਿਆ ਸਭ ਦੇ ਸ਼ੈਤਾਨ, ਸ਼ਰਅ ਕੀਤੀ ਬੇਈਮਾਨ, ਸਾਬਤ ਰਿਹਾ ਨਾ ਕਿਸੇ ਦਾ ਈਮਾਨ, ਇਹ ਸਾਰੇ ਤੇਰੇ ਇਨਸਾਨ, ਕਿਉਂ ਇਨਸਾਨੀਅਤ ਦਿਤੀ ਗਵਾਈਆ । ਸੀਤਾ ਓਸ ਵੇਲੇ ਫੇਰ ਮੈਨੂੰ ਆਪਣੇ ਭਗਤਾਂ ਦੀ ਜ਼ਰੂਰ ਕਰਨੀ ਪਏ ਪਹਿਚਾਣ, ਜੋਤੀ ਜਾਤਾ ਹੋ ਕੇ ਫਿਰਾਂ ਵਿਚ ਜਹਾਨ, ਕਾਇਆ ਦੇ ਮੰਦਰ ਵੇਖਾਂ ਛੱਡ ਦੇਵਾਂ ਜਗਤ ਮਕਾਨ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਕਦੇ ਨਾ ਜਾਈਆ । ਮੇਰਾ ਜਦੋਂ ਬਣਿਆ ਸੁਹੰਜਣਾ ਭਗਤਾਂ ਦੇ ਨਾਲ ਵਿਧਾਨ, ਕ੍ਰਿਸ਼ਨ ਤੇ ਅਰਜਨ ਮੇਰੀ ਦੇ ਕੇ ਜਾਣ ਗਵਾਹੀਆ । ਕਾਗਦ ਕਲਮ ਨਾਲ ਲੇਖਾ ਲਿਖਣਾ ਮਹਾਨ, ਕਾਤਬ ਚਲੇ ਨਾ ਕੋਇ ਚਤੁਰਾਈਆ । ਇਹ ਅਗੰਮੀ ਫ਼ਰਮਾਨ, ਜਿਹੜਾ ਅੱਜ ਤਕ ਨਹੀਂ ਆਇਆ ਕਿਸੇ ਦੇ ਵਿਚ ਧਿਆਨ, ਅੱਖਰਾਂ ਵਿਚ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਥ ਦਾ ਰਥਵਾਹੀ ਆਪਣੀ ਖੇਲ ਖਿਲਾਈਆ । ਅਰਜਨ ਕਹੇ ਕੀ ਭਗਵਨ ਤੇਰਾ ਖੇਲ, ਪੜਦਾ ਦੇ ਚੁਕਾਈਆ । ਕਿਸ ਬਿਧ ਲਵੇਂ ਮੇਲ, ਆਪਾ ਜੋੜ ਜੁੜਾਈਆ । ਭਗਵਨ ਕਿਹਾ ਮੇਰਾ ਪਰਕਾਸ਼ ਬਿਨ ਬਾਤੀ ਬਿਨ ਤੇਲ, ਘਰ ਘਰ ਕਰਾਂ ਰੁਸ਼ਨਾਈਆ । ਮੈਨੂੰ ਭਗਤਾਂ ਨੂੰ ਮਿਲਣ ਦਾ ਸਦਾ ਵਿਹਲ, ਹੋਰ ਕੰਮ ਕੰਮ ਕਿਸੇ ਨਾ ਆਈਆ । ਜਿਹੜਾ ਮੈਨੂੰ ਭੁੱਲੇ ਰਾਮ ਕਹੇ ਉਹ ਮੈਂ ਧੱਕ ਦੇਵਾਂ ਧਰਮ ਰਾਏ ਦੀ ਜੇਲ੍ਹ, ਚਿੱਤਰ ਗੁਪਤ ਲੇਖਾ ਸੁਣਾ ਕੇ ਚੁਰਾਸੀ ਵਿਚ

ਸੁਟਾਈਆ । ਜੇ ਮੰਨੇ ਸੀਤਾ ਹੁਣ ਤੱਕ ਸਭ ਤੋਂ ਨਵੇਲ, ਵੱਖਰੇ ਘਰ ਡੇਰਾ ਲਾਈਆ । ਜਿਥੇ ਪੁਹੰਚਣ ਵਿਚ ਸਾਰੇ ਹੋ ਜਾਣ ਫ਼ੇਲ੍ਹ, ਜੇ ਮੈਂ ਆਪਣੀ ਕਿਰਪਾ ਕਰਾਂ ਮਾਤਲੋਕ ਵਿਚ ਨਿਰਗੁਣ ਲਵਾਂ ਮਨਾਈਆ । ਏਸੇ ਕਰ ਕੇ ਮੈਨੂੰ ਈਸਾ ਮੂਸਾ ਮੁਹੰਮਦ ਸਾਰੇ ਕਹਿੰਦੇ ਬਾਪ, ਪਿਤਾ ਪੁਰਖ ਅਕਾਲ ਕਹਿ ਕੇ ਗੋਬਿੰਦ ਗਿਆ ਗਾਈਆ । ਜੇ ਕੋਈ ਮੇਰਾ ਮਜ਼ਮੂਨ ਮੇਰਾ ਕਾਨੂੰਨ ਲਏ ਵਾਚ, ਵਿਚਾਰ ਦੀ ਲੋੜ ਰਹੇ ਨਾ ਰਾਈਆ । ਮੇਰਾ ਸਭ ਤੋਂ ਵੱਖਰਾ ਬਾਗ਼, ਜਿਥੇ ਚਾਰ ਜੁਗ ਦਾ ਹਿਸਾਬ, ਬਿਨਾ ਅੱਖਰਾਂ ਤੋਂ ਕਿਤਾਬ, ਰੱਖੀ ਹਕ ਮਹਿਰਾਬ, ਜਿਥੇ ਨਵਾਬ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਓਸ ਦੇ ਅੱਗੇ ਸਾਰੇ ਹੋ ਜਾਣ ਲਾ ਜਵਾਬ, ਜਿਸ ਵੇਲੇ ਜਵਾਬ ਤਲਬੀ ਵਿਚ ਗੁਰ ਅਵਤਾਰ ਪੈਗ਼ੰਬਰਾਂ ਪੁਛ ਪੁਛਾਈਆ । ਸੀਤਾ ਕੁਛ ਹੋਰ ਦਿਸਦਾ ਕੋਈ ਨਾਨਕ ਦਾ ਖੇਲ ਹੋਣਾ ਵਿਚ ਬਗ਼ਦਾਦ, ਬਗ਼ਲਗੀਰ ਹਿੰਦੂ ਮੁਸਲਿਮ ਲਏ ਕਰਾਈਆ । ਗੋਬਿੰਦ ਦੀ ਪੁਰਖ ਅਕਾਲ ਨੇ ਕਰਨੀ ਇਮਦਾਦ, ਮਾਛੂਵਾੜੇ ਸੇਜ ਸੁਹਾਈਆ । ਫੇਰ ਸਦੀ ਚੌਧਵੀਂ ਆਪਣਿਆਂ ਭਗਤਾਂ ਦੀ ਖੋਲ੍ਹਣੀ ਜਾਗ, ਸੂਫ਼ੀਆਂ ਸੰਤਾਂ ਲਏ ਉਠਾਈਆ । ਅੰਦਰ ਦੇ ਕੇ ਵੈਰਾਗ, ਵੈਰੀ ਦੀ ਵੈਰੀਆਂ ਨਾਲ ਸੁਲਹਾ ਦੇਣੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅਰਜਨ ਕਹੇ ਮੇਰੀ ਆਰਜ਼ੂ ਇਕ ਖ਼ਾਹਿਸ਼, ਬੇਨੰਤੀ ਦਿਆਂ ਸੁਣਾਈਆ । ਕੀ ਪ੍ਰਭੂ ਤੈਨੂੰ ਭਗਤ ਕਰਨ ਤਲਾਸ਼, ਬਣ ਖੰਡ ਖੋਜਣ ਜਾਈਆ । ਕ੍ਰਿਸ਼ਨ ਨੇ ਕਿਹਾ ਅਰਜਨ ਮੈਂ ਜਦੋਂ ਮਿਲਾਂ ਤੇ ਭਗਤਾਂ ਨੂੰ ਮਿਲਾਂ ਆਪ, ਲੱਭਿਆਂ ਹੱਥ ਕਿਸੇ ਨਾ ਆਈਆ । ਇਕੋ ਦੱਸਾਂ ਜਾਪ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਈਆ । ਜਿਥੇ ਨਾ ਕੋਇ ਪੁੰਨ ਨਾ ਕੋਈ ਪਾਪ, ਓਥੇ ਭਗਤ ਭਗਵਾਨ ਰਹਿ ਕੇ ਆਪਣਾ ਝਟ ਲੰਘਾਈਆ । ਇਹ ਜਿਨ੍ਹਾਂ ਨੂੰ ਪੂਰਾ ਦੇਵਾਂ ਵਿਸ਼ਵਾਸ, ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਉਹ ਸਦਾ ਵਸਣ ਮੇਰੇ ਪਾਸ, ਏਥੇ ਓਥੇ ਹੋਵੇ ਨਾ ਕਦੇ ਜੁਦਾਈਆ । ਕਿਉਂ ਰਾਮ ਸਰਬ ਗੁਣਾ ਗੁਣਤਾਸ, ਭਰਪੂਰ ਰਿਹਾ ਸਰਬ ਠਾਈਆ । ਜੁਗ ਜੁਗ ਜਨ ਭਗਤਾਂ ਦੀ ਪੂਰੀ ਕਰੇ ਆਸ, ਸੂਫ਼ੀ ਸੰਤ ਫ਼ਕੀਰਾਂ ਆਪਣੇ ਰਾਹ ਚਲਾਈਆ । ਅਰਜਨ ਕਹੇ ਪ੍ਰਭੂ ਮੈਂ ਹੈਰਾਨ ਕਿਥੋਂ ਸਿੱਖੀ ਜਾਚ, ਦਰੋਣਾਚਾਰਜ ਕੋਲ ਪੜ੍ਹਨ ਕਦੇ ਨਾ ਜਾਈਆ । ਕਿਰਪਾ ਚਾਰਜ ਤੇਰੇ ਹੱਥ ਵਿਚ ਕਦੀ ਨਹੀਂ ਫੜਾਈ ਰਾਸ, ਗੋਪੀਆਂ ਨਾਲ ਖੇਲ ਕੇ ਆਪਣਾ ਝਟ ਲੰਘਾਈਆ । ਸਾਰਿਆਂ ਨਾਲੋਂ ਕਰ ਕੇ ਬਾਈਕਾਟ, ਕਿਉਂ ਅਰਜਨ ਦੀ ਸੇਵ ਕਮਾਈਆ । ਭਗਵਾਨ ਹੱਸ ਕੇ ਕਿਹਾ ਅਰਜਨ ਆਹ ਵੇਖ ਮੇਰਾ ਮਸਤਕ ਮਾਥ, ਅਰਜਨ ਨੇਤਰ ਨੈਣ ਉਠਾਈਆ । ਜਾਂ ਵੇਖਿਆ ਉਹਦੇ ਵਿਚ ਦੋਹਾਂ ਦੀ ਇਕ ਜਾਤ, ਦੂਜਾ ਨਜ਼ਰ ਕੋਇ ਨਾ ਆਈਆ । ਕ੍ਰਿਸ਼ਨ ਕਹੇ ਔਹ ਤੱਕ ਅਰਜਨ ਕਲਜੁਗ ਦੀ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਓਸ ਵੇਲੇ ਭਗਤ ਭਗਵਾਨ ਦਾ ਜਿੰਨਾਂ ਚਿਰ ਨਾ ਬਣਿਆ ਸਮਾਜ, ਓਨ੍ਹਾਂ ਚਿਰ ਸ੍ਰਿਸ਼ਟੀ ਦੀ ਦ੍ਰਿਸ਼ਟੀ ਸੁਖ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖ ਕਰਾਈਆ । ਸੀਤਾ ਜੋਰ ਨਾਲ ਕੰਬੀ, ਨੇਤਰ ਨੈਣਾਂ ਨੀਰ ਵਹਾਈਆ । ਜਾਂ ਵੇਖਿਆ ਕਿਸੇ ਦੀ ਧੋਤੀ ਕਿਸੇ ਦੀ ਤੰਬੀ, ਕੋਈ ਤਹਿਮਤ ਵਾਲਾ ਨਜ਼ਰੀ ਆਈਆ । ਸਭ ਦੇ ਉਤੇ ਮਜ਼੍ਹਬਾਂ ਦੀ ਪਾਬੰਦੀ, ਸ਼ਰਅ ਵਿਚ ਡਰ ਕੇ ਪ੍ਰਭ ਨੂੰ ਗਏ ਭੁਲਾਈਆ । ਕੋਈ ਕਹੇ ਮੇਰੀ ਰਾਮ ਕ੍ਰਿਸ਼ਨ ਈਸਾ ਮੂਸਾ ਮੁਹੰਮਦ ਨਾਲ ਪਈ ਗੰਢੀ, ਕੋਈ ਨਾਨਕ ਗੋਬਿੰਦ ਓਟ ਤਕਾਈਆ । ਕੋਈ ਕਹੇ ਸਾਡੀ ਰਸਮ ਰਿਵਾਜ ਚੰਗੀ, ਮੁੱਛ ਦਾਹੜੀ ਕੇਸਾਂ ਨਾਲ ਸੁਹਾਈਆ । ਸੀਤਾ ਕਹੇ, ਹਾਏ ਰਾਮ ਮੈਨੂੰ ਸਭ ਦੀ ਆਤਮਾ ਓਸ ਰਾਮ


੧੦੯੦
੨੦

ਨਾਲੋਂ ਵਿਛੜੀ ਦਿਸੇ ਰੰਡੀ, ਕੰਤ ਸੁਹਾਗ ਨਜ਼ਰ ਕੋਇ ਨਾ ਆਈਆ । ਭਾਵੇਂ ਕੋਈ ਤੀਰਥ ਨਾਹਵੇ ਗੋਦਾਵਰੀ ਜਮਨਾ ਸੁਰਸਤੀ ਗੰਗੀ, ਜਿੰਨਾਂ ਚਿਰ ਮੇਰੇ ਪ੍ਰੇਮ ਦੀ ਚੜ੍ਹੇ ਨਾ ਅੰਦਰ ਰੰਗੀ, ਦੁਰਮਤ ਮੈਲ ਨਾ ਕੋਇ ਧਵਾਈਆ । ਭਾਵੇਂ ਨਹਾ ਧੋ ਮੁਖ ਸਵਾਰ ਜਗਤ ਵੈਰਾਗਣ ਮੇਂਢੀ ਸੀਸ ਵਾਹਵੇ ਕੰਘੀ, ਬਿੰਦੀ ਤਿਲਕ ਸੰਧੂਰ ਲਗਾਈਆ । ਉਹ ਵੀ ਭਾਗਾਂ ਮੰਦੀ, ਜਿਨ੍ਹਾਂ ਨੂੰ ਮਿਲਿਆ ਨਾ ਰਾਮ ਬੇਪਰਵਾਹੀਆ । ਭਾਵੇਂ ਕੋਈ ਰੋਜ਼ ਸੇਵਾ ਕਮਾਏ ਪਿੰਡੀ, ਅਸ਼ਟਭੁਜ ਜੋਤ ਜਵਾਲਾ ਸਿੰਘ ਸਵਾਰ ਸ਼ਸਤਰਧਾਰੀ ਕਿਰਚ ਕਟਾਰ ਕਰੇ ਨੰਗੀ, ਲਾਲ ਭੂਸ਼ਣ ਸੋਭਾ ਪਾਈਆ । ਜਿੰਨਾਂ ਚਿਰ ਪ੍ਰਭੂ ਦੇ ਨਾਮ ਦੀ ਅੰਦਰੋਂ ਨਾ ਆਏ ਸੁਗੰਧੀ, ਓਨਾਂ ਚਿਰ ਪਾਬੰਦੀ ਨਾ ਕੋਇ ਕਟਾਈਆ । ਸੀਤਾ ਕਹੇ ਪ੍ਰਭੂ ਮੈਂ ਕੀ ਦੱਸਾਂ ਮੈਨੂੰ ਕਲਜੁਗ ਦੇ ਵਿਚ ਬੜੇ ਬੜੇ ਬੜੇ ਜਗਤ ਸਾਧ ਦਿਸਦੇ ਪਖੰਡੀ, ਜੋ ਪਖੰਡ ਵਿਚ ਲੋਕਾਂ ਦੀਆਂ ਧੀਆਂ ਭੈਣਾਂ ਲੈ ਕੇ ਨੱਠ ਜਾਈਆ । ਲਛਮਣ ਕਿਹਾ ਓ ਸੀਤਾ ਮੈਂ ਬੜਾ ਸੂਰਬੀਰ ਜੰਗੀ, ਜਗਤ ਦਾ ਮਾਲਕ ਇਕ ਅਖਵਾਈਆ । ਜਿਸ ਵੇਲੇ ਮੇਰੇ ਰਾਮ ਦੇ ਪਿਆਰਿਆਂ ਵਲ ਅੱਖ ਕੀਤੀ ਨੰਗੀ, ਮੈਂ ਸਿਰ ਧੜ ਅੱਡ (ਦਿਆਂ) ਕਰਾਈਆ । ਪ੍ਰਭੂ ਦੇ ਪਿਆਰਿਆਂ ਨੂੰ ਸਦਾ ਪਵਣ ਆਵੇ ਠੰਡੀ, ਅਗਨੀ ਤਤ ਨਾ ਕੋਇ ਤਪਾਈਆ । ਤੁਸੀਂ ਸਭ ਨੇ ਵੇਖਿਆ ਮੁਨੀ ਸੁਸ਼ੀਲ ਕੁਮਾਰ ਕਿਸ ਤਰ੍ਹਾਂ ਫਿਰਦਾ ਸੀ ਪੈਰੀਂ ਨੰਗੀ, ਇਸ ਤੋਂ ਵੱਡੀ ਹੋਰ ਸੀਤਾ ਕਿਹੜੀ ਨਜ਼ਰੀ ਆਈਆ । ਇਹ ਕਿਸੇ ਦਵਾਰਿਉਂ ਮੰਗ ਨਹੀਂ ਮਿਲਦੀ ਮੰਗੀ, ਆਪਣੀ ਕਮਾਈ ਆਪਣੀ ਸੁਰਤੀ ਆਪ ਪਰਨਾਈਆ । ਆਪੇ ਧੀ ਆਪੇ ਜਵਾਈ, ਸਹੁਰਾ ਪੇਈਆ ਆਪੇ ਆਪ ਅਖਵਾਈਆ । ਇਹੇ ਖ਼ੁਸ਼ੀ ਜਿਸ ਦੀ ਸਦਾ ਵੱਜਦੀ ਰਹੇ (ਸ਼ਹਿਨਾਈ), ਢੋਲ ਢਮੱਕਿਆਂ ਵਿਚ ਜਗਤ ਦੀ ਹੋਵੇ ਕੁੜਮਾਈਆ । ਭਗਤਾਂ ਵਿਚ ਭਗਵਨ ਪ੍ਰੇਮ ਦੀ ਧਾਰ ਚਲਾਈ, ਸ਼ਾਦੀਆਂ ਵਾਲਿਉ ਸੁਣ ਲਉ ਕੰਨ ਲਾਈ, ਇਕ ਦੂਜੇ ਨਾਲੋਂ ਕਦੀ ਨਹੀਂ ਕਰਨੀ ਜੁਦਾਈ, ਨਾਰ ਕੰਤ ਸਾਂਝਾ ਮਿਲ ਕੇ ਝਟ ਲੰਘਾਈਆ । ਸੇਵਾ ਵਿਚ ਰਹੇ ਨਾ ਕੋਇ ਊਣਤਾਈ, ਪਤੀਬਰਤ ਹੋ ਕੇ ਸਾਚਾ ਮਾਰਗ ਦੇਣਾ ਵਖਾਈਆ । ਪਤੀ ਨੇ ਕਦੀ ਨਹੀਂ ਬਣਨਾ ਕਸਾਈ, ਬਿਨਾ ਸੋਚੇ ਸਮਝੇ ਆਪਣੀ ਨਾਰੀ ਨੂੰ ਦਏ ਸਤਾਈਆ । ਦੋਹਾਂ ਦਾ ਸਾਂਝਾ ਪਿਆਰ ਤੇ ਇਕੋ ਵਾਗ ਰਖਾਈ, ਧਰਮ ਦੀ ਧਾਰ ਜਨਮ ਦੀ ਗੰਢ ਨਾਤਾ ਜੋੜ ਜੁੜਾਈਆ । ਸਭ ਸੰਗਤ ਪ੍ਰੇਮੀ ਪਿਆਰਿਆਂ ਗੁਰਮੁਖਾਂ ਦੇ ਅੰਦਰ ਰਹੇ ਠੰਡ, ਕਿਉਂ ਰਿਸ਼ੀ ਮੁਨੀ ਸੰਤ ਮਹਾਤਮਾ ਫ਼ਕੀਰ ਫ਼ੱਕਰ ਮਿਲ ਕੇ ਸੋਹਣਾ ਕਾਜ ਰਚਾਈਆ । ਧਰਮ ਸਮੇਲਨ ਜੋ ਸਦਾ ਧਰਮ ਦੇ ਰਹਿਣਾ ਪਾਬੰਦ, ਇਕੱਠੇ ਹੋ ਕੇ ਆਪਣਾ ਰਾਹ ਅਪਨਾਈਆ । ਜਿਧਰ ਜਾਓ ਚਾਰ ਕੁੰਟ ਦਹਿ ਦਿਸ਼ਾ ਉਚੀ ਕੂਕ ਬੋਲੋ ਤੂੰ ਮੇਰਾ ਮੈਂ ਤੇਰਾ ਛੰਦ, ਸੰਸਾ ਰੋਗ ਰਹੇ ਨਾ ਰਾਈਆ । ਆਤਮਾ ਪਰਮਾਤਮਾ ਸਦਾ ਚਿਤ ਅਨੰਦ, ਅਨੰਦ ਦਾ ਅਨੰਦ ਅਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਦੋਹਾਂ ਦਾ ਸਚ ਨਿਸ਼ਾਨ, ਸਤਿ ਧਰਮ ਦਾ ਇਕੋ ਇਕ ਵਖਾਈਆ ।

★ ੨੮ ਪੋਹ ਸ਼ਹਿਨਸ਼ਾਹੀ ਸੰਮਤ ੩ ਸਰਬ ਧਰਮ ਸਮੇਲਨ ਹਰਿ ਭਗਤ ਦਵਾਰ ਜੇਠੂਵਾਲ ★

ਸਭ ਨੂੰ ਇਕੱਠੇ ਹੋਣ ਦਾ ਮਿਲਿਆ ਇਤਫ਼ਾਕ, ਸਤਿ ਧਰਮ ਦਾ ਜੋੜ ਜੁੜਾਈਆ । ਆਈ ਸੰਗਤ ਪਹਿਲੋਂ ਆਪਣੇ ਅੰਦਰ ਦਾ ਖੋਲ੍ਹੋ ਰਾਜ਼,

ਪੜਦਾ ਦੂਈ ਵਾਲਾ ਹਟਾਈਆ । ਫੇਰ ਮਿਟੇ ਕਲਜੁਗ ਅੰਧੇਰੀ ਰਾਤ, ਸਾਚਾ ਚੰਦ ਹੋਵੇ ਰੁਸ਼ਨਾਈਆ । ਆਤਮਾ ਪਰਮਾਤਮਾ ਦੀ ਵੇਖੋ ਰਾਸ, ਜੋ ਨਿਰਗੁਣ ਨਿਰਗੁਣ ਨਾਲ ਵਖਾਈਆ । ਇਹ ਕੋਈ ਜਲਸਿਆਂ ਜਲੂਸਾਂ ਵਾਲਾ ਨਹੀਂ ਅਦਾ ਕੀਤਾ ਵਿਹਾਰ, ਵਿਸ਼ਵ ਧਰਮ ਦਾ ਡੰਕਾ ਦਿਤਾ ਵਜਾਈਆ । ਇਸ ਨੂੰ ਝੁੱਕਣੇ ਪ੍ਰਿਥਮੀ ਆਕਾਸ਼, ਬ੍ਰਹਿਮੰਡ ਖੰਡ ਖ਼ੁਸ਼ੀਆਂ ਵਿਚ ਤਾਲੀ ਰਹੇ ਵਜਾਈਆ । ਸੰਤ ਸਤਿਗੁਰ ਇਕੋ ਦੇਣਾ ਸਾਥ, ਪੱਲਾ ਸਕੇ ਨਾ ਕੋਇ ਛੁਡਾਈਆ । ਧਰਮ ਦੀ ਬਣੇ ਜਮਾਤ, ਤੁਲਬੇ ਗੁਰਮੁਖ ਨਜ਼ਰੀ ਆਈਆ । ਵਾਹਦ ਦਾ ਵਾਹਦ ਕਲਮੇ ਨਾਲ ਸ੍ਰਿਸ਼ਟੀ ਵਿਚ ਦੁਨੀਆ ਵਿਚ ਕਾਇਨਾਤ ਵਿਚ ਕਰ ਦਿਓ ਇਨਕਲਾਬ, ਨਾਅਰਾ ਹਕ ਹਕ ਲਗਾਈਆ । ਤੁਹਾਡੇ ਨੂਰ ਦਾ ਚਮਕੇ ਆਫ਼ਤਾਬ, ਜੋ ਛੁਪਣ ਵਿਚ ਕਦੇ ਨਾ ਆਈਆ । ਇਕ ਮਾਲਕ ਨੂੰ ਤੁਸੀਂ ਸਾਰੇ ਕਰਨ ਵਾਲੇ ਆਦਾਬ, ਜੋ ਹਰ ਘਟ ਅੰਦਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਸਮੇਲਨ ਦਾ ਧਰਮ ਸੰਦੇਸ਼ਾ ਇਕ ਸੁਣਾਈਆ । ਆਉਣ ਵਾਲਿਓ ਸਾਰੇ ਬਣ ਜਾਓ ਸਚ ਦੇ ਮਨੁੱਖ, ਮਾਨਵਤਾ ਲਓ ਅਪਣਾਈਆ । ਦਵੈਤ ਦਾ ਕੱਢ ਕੇ ਜਾਣਾ ਦੁੱਖ, ਦੂਈ ਰਹਿਣ ਕੋਇ ਨਾ ਪਾਈਆ । ਇਕ ਅੰਤਰ ਆਤਮਾ ਦਾ ਉਪਜਾਉਣਾ ਸੁਖ, ਇੰਦਰੀਆਂ ਤੋਂ ਪਰੇ ਡੇਰਾ ਲਾਈਆ । ਅੰਮ੍ਰਿਤ ਦਾ ਜਾਮ ਲੈਣਾ ਘੁਟ, ਜੋ ਸੰਤ ਸੁਹੇਲੇ ਰਹੇ ਵਰਤਾਈਆ । ਓਸ ਮੰਜ਼ਲ ਜਾਣਾ ਪੁੱਜ, ਜਿਸ ਨੂੰ ਹਕੀਕੀ ਕਹਿ ਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਸੁਣਾਈਆ । ਜਿਸ ਮੰਜ਼ਲ ਤੇ ਪੈਂਡਾ ਜਾਏ ਮੁਕ, ਦੀਨ ਮਜ਼੍ਹਬ ਰਹੇ ਨਾ ਕੋਇ ਲੜਾਈਆ । ਓਥੇ ਕੋਈ ਬੋਲਣ ਵਾਲੀ ਨਹੀਂ ਜ਼ਬਾਨ, ਸੁਣਨ ਵਾਲਾ ਨਹੀਂ ਕਾਨ, ਵੇਖਣ ਵਾਲਾ ਨਹੀਂ ਕੋਈ ਅੱਖ ਦਾ ਨਿਸ਼ਾਨ, ਇਕੋ ਨੂਰ ਇਲਾਹੀਆ । ਕੀ ਹੋਇਆ ਜੇ ਵੰਡ ਪਈ ਕਾਇਆ ਬੰਕ ਆ ਕੇ, ਮੁਛ ਦਾੜ੍ਹੀ ਕੇਸ ਮੰਡਾ ਕੇ, ਧੋਤੀ ਟਿੱਕਾ ਮਸਤਕ ਲਾ ਕੇ, ਤਹਿਮਤ ਨਾਲ ਲੱਕ ਸੁਹਾ ਕੇ ਰੀਤੀ ਜਗਤ ਵਖਾਈਆ । ਜੇ ਵੇਖੋ ਆਪਣੇ ਅੰਦਰੋਂ ਮੁਖ ਨਕਾਬ ਲਾਹ ਕੇ, ਦਰਸ਼ਨ ਦੇਵੇ ਇਕੋ ਆ ਕੇ, ਜਿਸ ਨੇ ਗੁਰ ਅਵਤਾਰ ਪੈਗ਼ੰਬਰ ਘੱਲੇ ਸਮਝਾ, ਨਾਮ ਸ਼ਬਦ ਕਲਮਾ ਲੋਕਮਾਤ ਵਿਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਦੇਸ਼ਾ ਇਕ ਪਰਗਟਾਈਆ । ਆਉਣ ਵਾਲਿਓ ਅੱਜ ਦਾ ਯਾਦ ਰੱਖਣਾ ਦਿਹਾੜਾ, ਜਿਸ ਦੀ ਸਤਿਜੁਗ ਦਏ ਗਵਾਹੀਆ । ਇਹ ਮੁਨੀਆਂ ਦਾ ਅਖਾੜਾ, ਪਰਮ ਪੁਰਖ ਰਿਸ਼ੀਆਂ ਦਾ ਲਾੜਾ, ਸਭ ਦੇ ਪਰਕਾਸ਼ ਕਰੇ ਅੰਦਰ ਬਹੱਤਰ ਨਾੜਾ, ਧੁਨ ਰਾਗ ਦਾ ਵਜਦਾ ਰਹੇ ਤਾੜਾ, ਅੱਠੇ ਪਹਿਰ ਦਿਵਸ ਰੈਣ ਘੜੀ ਪਲ ਏਕਾ ਨਾਮ ਦੀ ਸ਼ਬਦ ਹੋਏ ਸ਼ਨਵਾਈਆ । ਸਚ ਪਰਮਾਤਮਾ ਨੂੰ ਲੱਭਣ ਨਾ ਜਾਇਓ ਕਿਤੇ ਵਿਚ ਉਜਾੜਾਂ, ਉਸ ਦੇ ਅੱਗੇ ਪ੍ਰੇਮ ਪ੍ਰੀਤੀ ਦਾ ਕੱਢੋ ਹਾੜਾ, ਤੂੰ ਮੇਰਾ ਮੈਂ ਤੇਰਾ ਦਾ ਲਾਇਓ ਨਾਅਰਾ, ਆਪੇ ਆਵੇ ਭੱਜਾ ਵਾਹੋ ਦਾਹੀਆ । ਕਿਉਂ ਉਸ ਦਾ ਆਤਮਾ ਨਾਲ ਪਿਆਰਾ, ਪਰਮਾਤਮਾ ਦਾ ਖੇਲ ਨਿਆਰਾ ਸਚ ਦਾ ਜੈਕਾਰਾ, ਸ਼ਬਦ ਦਾ ਇਸ਼ਾਰਾ, ਨੂਰ ਦਾ ਉਜਿਆਰਾ, ਸਭ ਦਾ ਕੰਤ ਕੰਤੂਹਲ ਹੋ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘੜੀ ਘੜੀ ਘੜੀ ਵੇਖ ਵਖਾਈਆ । ਘੜੀ ਕਹੇ ਮੈਨੂੰ ਹਜ਼ਰਤ ਈਸਾ ਨੇ ਕਿਹਾ ਤੂੰ ਮੇਰਾ ਘੜਿਆਲ, ਘੰਟਾ ਦੋ ਜਹਾਨ ਖੜਕਾਈਆ । ਜਿਸ ਵੇਲੇ ਦੁਨੀਆ ਦੇ ਉਤੇ ਆਵੇ ਜ਼ਵਾਲ, ਚਾਰ ਕੁੰਟ ਪਏ ਦੁਹਾਈਆ । ਕਾਇਨਾਤ ਦਾ ਬੁਰਾ ਹੋਵੇ ਹਾਲ, ਹਾਲਤ ਸਮਝ ਕੋਇ ਨਾ ਪਾਈਆ । ਓਸ ਵੇਲੇ ਇਕ ਤੋਂ ਦੋ ਦੋ ਤੋਂ ਤਿੰਨ ਤਿੰਨਾਂ ਦਾ ਬਦਲ ਜਾਵੇ ਕਾਲ, ਵਿਸ਼ਨ ਬ੍ਰਹਮਾ ਸ਼ਿਵ ਜਿਸ ਨੂੰ ਕਹਿੰਦੇ ਭਗਤਾਂ ਦਾ ਭਗਵਾਨ


੧੦੯੨
੨੦

ਇਕੋ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਘੜੀ ਕਹੇ ਮੇਰਾ ਵਕਤ ਕਦੇ ਨਾ ਮੁੱਕਦਾ, ਮੁੱਕਣ ਵਿਚ ਕਦੇ ਨਾ ਆਈਆ । ਜਿਸ ਦਾ ਹਜ਼ਰਤ ਮੁਹੰਮਦ ਬੇੜਾ ਚੁਕਦਾ, ਚੌਦਾਂ ਤਬਕ ਚੌਦਾਂ ਸਦੀਆਂ ਦਾ ਰਾਹ ਵਖਾਈਆ । ਉਹ ਉਚਾਂ ਨੀਚਾਂ ਵਾਲੀ ਦੋ ਜਹਾਨ ਨਿਰਗੁਣ ਧਾਰ ਨਿਰਗੁਣ ਜੋਤ ਨਿਰਗੁਣ ਨੂਰ ਹੋ ਕੇ ਸਾਡੇ ਅੰਦਰ ਹੋ ਕੇ ਪੁਛਦਾ, ਪੋਸ਼ੀਦਾ ਹੋ ਕੇ ਖੋਜੇ ਥਾਉਂ ਥਾਈਆ । ਜੇ ਸਾਰੇ ਪਿਆਰ ਕਰ ਲਓ ਇਕ ਪਰਮ ਪੁਰਖ ਅਬਿਨਾਸ਼ੀ ਅਚੁਤ ਦਾ, ਚੇਤਨ ਸੁਰਤੀ ਸਭ ਦੀ ਦਏ ਕਰਾਈਆ । ਓਥੇ ਝਗੜਾ ਨਹੀਂ ਕਾਇਆ ਬੁਤ ਦਾ, ਸਚ ਦਵਾਰ ਪਰਵਰਦਿਗਾਰ ਸਾਂਝਾ ਯਾਰ ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਬੇਪਰਵਾਹ ਹਕ ਖ਼ੁਦਾ ਜਾਹਰ ਜਹੂਰ ਇਕੋ ਇਕ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਘੜੀ ਕਹੇ ਮੈਥੋਂ ਨਾਨਕ ਨੇ ਕਦੀ ਨਹੀਂ ਪੁਛਿਆ ਟਾਈਮ, ਮੇਰਾ ਵਕਤ ਨਾ ਕੋਇ ਜਣਾਈਆ । ਜਦ ਕਿਹਾ ਓ ਘੜੀਏ ਪਰਮਾਤਮਾ ਸਭ ਦਾ ਸਾਕ ਸੱਜਣ ਸੈਣ, ਵੰਡਾਂ ਵਿਚ ਕਦੇ ਨਾ ਆਈਆ । ਕਿਉਂ ਉਹ ਨਰਾਂ ਦਾ ਨਰ ਨਰਾਇਣ, ਨਿਰਾਕਾਰ ਨਿਰੰਕਾਰ ਨੂਰ ਇਲਾਹੀਆ । ਓਸੇ ਦੀ ਮਹਿੰਮਾ ਸਿਫ਼ਤ ਕਰੇ ਰਾਮਾਇਣ, ਗੀਤਾ ਦਾ ਗਿਆਨ ਓਸੇ ਦੀ ਸਿਫ਼ਤ ਸਾਲਾਹੀਆ । ਅੰਜੀਲ ਕੁਰਾਨ ਦੱਸਿਆ ਨਹੀਂ ਤਰਫ਼ੈਨ, ਤੀਸ ਬਤੀਸਾ ਢੋਲਾ ਗਾਈਆ । ਨਿਰਗੁਣ ਸਰਗੁਣ ਓਸੇ ਦਾ ਦੇਣ, ਜੋ ਉੱਤਰ ਪੂਰਬ ਪੱਛਮ ਦੱਖਣ ਆਪਣੀ ਖੇਲ ਕਰਾਈਆ । ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਨਾਰ ਮਰਦ ਮਰਦੋ ਜ਼ਨ, ਆਤਮਾ ਪਰਮਾਤਮਾ ਦਾ ਨਾਤਾ ਇਕ ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਰਿਹਾ ਇਕੋ ਇਕ ਸੁਣਾਈਆ । ਆਉਣ ਵਾਲਿਓ ਤੁਹਾਡੇ ਅੰਦਰ ਆਵੇ ਉਹ ਖ਼ੁਸ਼ੀ, ਫੇਰ ਖ਼ੁਸ਼ਾਮਦ ਕਰਨ ਦੀ ਲੋੜ ਰਹੇ ਨਾ ਰਾਈਆ । ਤੁਹਾਡੀ ਸਾਹਿਬ ਸਤਿਗੁਰ ਨਾਲ ਲੱਗ ਜਾਵੇ ਰੁਚੀ, ਜੋ ਰਿਸ਼ੀਆਂ ਮੁੰਨੀਆਂ ਦੇ ਅੰਦਰ ਆਪਣਾ ਨਿਰਗੁਣ ਨੂਰ ਧਰ ਕੇ ਬੈਠਾ ਡੇਰਾ ਲਾਈਆ । ਓਸ ਦੀ ਜੜ੍ਹ ਕਦੇ ਨਾ ਜਾਵੇ ਪੁੱਟੀ, ਦੋ ਜਹਾਨਾਂ ਤੋਂ ਪਰੇ ਉਸ ਦੀ ਸਮਝ ਕਿਸੇ ਨਾ ਆਈਆ । ਹੁਣ ਲੁਕਿਆ ਨਹੀਂ ਰਹਿਣਾ ਕਿਸੇ ਗੁੱਠੀ, ਉਚੀ ਡੰਕ ਦੇਣਾ ਵਜਾਈਆ । ਦੁਨੀਆ ਮੂਲ ਰਹੇ ਨਾ ਸੁੱਤੀ, ਸੁੱਤਿਆਂ ਦੇਣਾ ਉਠਾਈਆ । ਉਠੋ ਵੇਖੋ ਸੰਤਾਂ ਨੇ ਦੁਰਮਤ ਮੈਲ ਲਾਹੁਣ ਦੀ ਨਾਮ ਦੀ ਆਪਣੀ ਕਾਇਆ ਦੇ ਵਿਚੋਂ ਕੱਢ ਲਈ ਗੁੱਛੀ, ਸਭ ਦੀ ਅੰਦਰੋਂ ਕਰਨ ਸਫ਼ਾਈਆ । ਸਚ ਧਰਮ ਦੀ ਸੁਹਾਉਣੀ ਅੱਗੇ ਰੁੱਤੀ, ਰੁਤੜੀ ਪ੍ਰੇਮ ਨਾਲ ਮਹਿਕਾਈਆ । ਕਿਉਂ ਰਵਦਾਸ ਗ਼ਰੀਬ ਚਮਿਆਰੇ ਨੇ ਗੰਢ ਕੇ ਟੁੱਟੀ ਜੁੱਤੀ, ਆਪਣਾ ਝਟ ਲਿਆ ਲੰਘਾਈਆ । ਐਸ ਵੇਲੇ ਉਹਦੇ ਨਾਲੋਂ ਵੀ ਦੁਨੀਆ ਦੁੱਖੀ, ਪ੍ਰਭ ਤੋਂ ਵਿਛੜ ਕੇ ਸਾਰੇ ਦੇਣ ਦੁਹਾਈਆ । ਤੁਹਾਡਾ ਧਰਮ ਸਮੇਲਨ ਨਹੀਂ ਇਹ ਧਰਮ ਦੀ ਧਾਰ ਉਚੀ, ਧਰਮ ਦਾ ਦਵਾਰਾ ਸਭ ਦਾ ਇਕੋ ਨਜ਼ਰੀ ਆਈਆ । ਤੁਸਾਂ ਘਰ ਜਾ ਕੇ ਵਸਣਾ ਚਾ ਨਾਲ ਸੁਖੀ, ਸੁਖ ਵਿਚ ਆਪਣਾ ਝਟ ਲੰਘਾਈਆ । ਵੇਖਿਓ ਕਿਤੇ ਭੁੱਲ ਨਾ ਜਾਇਓ ਪਿਆਰ ਵਿਚ ਪੁੱਤੀਂ, ਸੰਤਾਂ ਦਾ ਬਚਨ ਮੁੜ ਕੇ ਹੱਥ ਕਦੇ ਨਾ ਆਈਆ । ਇਹ ਜਿਹੜੀ ਮੌਜ ਪਿਆਰ ਵਾਲੀ ਲੁੱਟੀ, ਇਸ ਨੂੰ ਆਪਣੇ ਅੰਦਰ ਲਓ ਟਿਕਾਈਆ । ਤੁਹਾਡੇ ਅੰਦਰ ਆਪੇ ਪੋਹ ਜਾਵੇ ਫੁੱਟੀ, ਦਿਵਸ ਰੈਣ ਕਰੇ ਰੁਸ਼ਨਾਈਆ । ਜਿਹੜੀ ਸੱਜਣ ਸੁਹੇਲੀ ਏਥੇ ਆ ਕੇ ਬਿਰਹੁ ਨਾਲ ਗਈ ਕੁੱਠੀ, ਪ੍ਰੇਮ ਵਿਚ ਆਪਣਾ ਆਪ ਜਲਾਈਆ । ਉਹ ਸਮਝਿਓ ਆਤਮਾ ਸਦਾ ਸੁੱਚੀ, ਸਵਾਨ ਕੁੱਤੇ ਵਾਂਗ ਜਗਤ ਦੇ ਸ਼ੀਸ਼ ਮਹਲ ਵਿਚ ਵੜ ਕੇ ਠੋਕਰ ਕਦੇ ਨਾ ਖਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਉਣ ਵਾਲਿਓ ਸਾਚੇ ਸੰਤਾਂ ਵਲੋਂ ਸਭ ਨੂੰ ਦਏ ਵਧਾਈਆ । ਆਏ ਮਿਤਰੋ ਵੇਖੋ ਸਾਚਾ ਮਿਤਰ, ਜੋ ਮਿਤਰ ਧੁਰਦਰਗਾਹੀਆ । ਤੁਹਾਡੇ ਕਾਇਆ ਮੰਦਰ ਅੰਦਰੋਂ ਆਵੇ ਨਿਕਲ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਜੇ ਬਚਨ ਸੁਣ ਕੇ ਹੋ ਜਾਓ ਸਿੱਥਲ, ਆਪਣਾ ਮਨ ਟਿਕਾਈਆ । ਫੇਰ ਭੱਜਣਾ ਨਾ ਪਏ ਇਧਰ ਉਧਰ, ਮਿਲੇ ਮਾਣ ਇਕੋ ਘਰ ਵਡਿਆਈਆ । ਉਹ ਨਿਰਮਲ ਦਾਤਾ ਪੁਰਖ ਬਿਧਾਤਾ ਸਚ ਦਵਾਰਿਉਂ ਆਵੇ ਨਿਕਲ, ਨਿਰਾਕਾਰ ਸਾਕਾਰ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਇਕ ਖੁਲ੍ਹਾਈਆ । ਆਉਣ ਵਾਲੇ ਬੜੇ ਚੰਗੇ, ਗੁਰਮੁਖ ਨਜ਼ਰੀ ਆਈਆ । ਬੱਤਰੇ ਕਿਹਾ ਸੁਰਸਤੀ ਜਮਨਾ ਧਾਰ ਗੰਗੇ, ਸੰਤ ਸਾਜਣ ਸੋਹਣਾ ਤਟ ਬਣਾਈਆ । ਅੱਖਾਂ ਵਾਲਿਓ ਅੱਖਾਂ ਖੋਲ੍ਹ ਕੇ ਜਾਇਓ ਕਿਤੇ ਬਣ ਨਾ ਜਾਇਓ ਅੰਧੇ, ਅਗਿਆਨ ਦਾ ਡੇਰਾ ਸੰਤ ਦੇਣ ਢਾਹੀਆ । ਸਦਾ ਟੁੱਟਿਆਂ ਦੀ ਪੌਂਦੇ ਗੰਢੇ, ਗੰਢਿਆਂ ਤੋੜ ਚੜ੍ਹਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਇਕੋ ਛੰਦੇ, ਸੋਹੰ ਢੋਲਾ ਵੱਜੇ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਸੰਤਾਂ ਨਾਲ ਮਿਲ ਕੇ ਮੰਦੇ ਹੋ ਜਾਣ ਚੰਗੇ, ਦੁਰਮਤ ਮੈਲ ਰਹੇ ਗਵਾਈਆ । ਜਗਤ ਸੁਖ ਤੁਹਾਡੇ ਘਰਾਂ ਵਿਚ ਰਹਿ ਜਾਣ ਟੰਗੇ, ਟੰਗਣ ਵਾਲਿਆਂ ਮਿਲੇ ਵਡਿਆਈਆ । ਬੰਦਗੀ ਵਿਚ ਪ੍ਰੇਮ ਵਿਚ ਮੁਹੱਬਤ ਵਿਚ ਬਣ ਜਾਓ ਓਸ ਪ੍ਰਭੂ ਦੇ ਬੰਦੇ, ਜੋ ਬੰਦੀਖਾਨੇ ਵਿਚੋਂ ਦਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਵਡ ਵਡਿਆਈਆ । ਆਉਣ ਵਾਲੇ ਨਰ ਨਾਰੀ, ਬੁੱਢੇ ਨੱਢੇ ਬੱਚੇ ਖ਼ੁਸ਼ੀ ਮਨਾਈਆ । ਹਰਿਜਨ ਸੰਗਤ ਬਣੀ ਪਿਆਰੀ, ਮਿਲ ਸੰਤਾਂ ਖ਼ੁਸ਼ੀ ਮਨਾਈਆ । ਵੇਖਿਓ ਬਿਨਾ ਨਾਮ ਤੋਂ ਬਿਨਾ ਸਤਿਗੁਰ ਤੋਂ ਕਿਸੇ ਦੀ ਸੁਰਤੀ ਨਾ ਰਹੇ ਕਵਾਰੀ, ਕਵਾਰੀ ਕੰਨਿਆ ਨੂੰ ਸਾਰੇ ਲੋਕੀਂ ਤਾਅਨੇ ਨਾਲ ਸਤਾਈਆ । ਜੇ ਆਪਣੀ ਆਤਮਾ ਲਓ ਸ਼ੰਗਾਰੀ, ਸਤਿਗੁਰ ਚਰਨ ਜਾਓ ਬਲਹਾਰੀ, ਉਹ ਮਿਹਰ ਕਰੇ ਇਕ ਵਾਰੀ, ਧੁਨ ਨਾਦ ਦੇਵੇ ਧੁਨਕਾਰੀ, ਨਿਰਮਲ ਜੋਤ ਕਰੇ ਉਜਿਆਰੀ, ਫੇਰ ਓਥੇ ਨਾ ਕੋਈ ਚੰਗੀ ਨਾ ਕੋਈ ਮਾੜੀ, ਗੁਰਮੁਖੋ ਤੁਹਾਡੀ ਆਤਮਾ ਓਸ ਪ੍ਰਭੂ ਦੀ ਲਾੜੀ, ਜਿਹੜਾ ਲਾੜਾ ਕਦੇ ਨਾ ਕਰੇ ਜੁਦਾਈਆ । ਇਹ ਨਾ ਸਮਝਿਓ ਸਮੇਲਨ ਅੱਜ ਦੀ ਦਿਹਾੜੀ, ਅੱਜ ਤੋਂ ਤੁਹਾਡਾ ਮਾਰਗ ਦਿਤਾ ਬਣਾਈਆ । ਇਸ ਸਮੇਲਨ ਨੂੰ ਯਾਦ ਰੱਖੇ ਦੁਨੀਆ ਸਾਰੀ, ਕਿਉਂ ਸੰਤ ਮੁਨੀ ਮਹਾਤਮਾ ਸੂਫ਼ੀ ਫ਼ਕੀਰ ਸਾਰੇ ਇਕੱਠੇ ਬੈਠੇ ਆਈਆ । ਇਹ ਕੋਈ ਤਜਾਰਤ ਨਹੀਂ ਤੇ ਤੁਸੀਂ ਨਹੀਂ ਕੋਈ ਵਪਾਰੀ, ਜਗਤ ਵਾਲੇ ਅੰਕੜੇ ਨਾ ਕੋਇ ਗਣਾਈਆ । ਜੇ ਲੈ ਕੇ ਜਾਓ ਸਾਚੇ ਨਾਮ ਦੀ ਖ਼ੁਮਾਰੀ, ਜਿਹੜੀ ਖ਼ੁਦਗਰਜ਼ੀ ਅੰਦਰੋਂ ਦਏ ਕਢਾਈਆ । ਇਕ ਦੂਜੇ ਉਤੇ ਕਰੋ ਇਤਬਾਰੀ, ਬੇਇਤਬਾਰਾ ਰਹਿਣ ਕੋਇ ਨਾ ਪਾਈਆ । ਕਾਦੀਆਂ ਵਾਲੇ ਨੇ ਉਚੀ ਬੋਲ ਕਿਹਾ ਲਲਕਾਰੀ, ਲਾਇਕ ਬਣ ਕੇ ਓਸ ਖ਼ੁਦਾ ਦੇ ਬੱਚੇ ਦਿਓ ਵਖਾਈਆ । ਜੋ ਸਭ ਦਾ ਪਰਾਣ ਆਧਾਰੀ, ਪਰਾਣਪਤ ਕਹਿ ਕੇ ਉਸ ਨੂੰ ਸੀਸ ਝੁਕਾਈਆ । ਇਹ ਥੋੜਿਆਂ ਮਿੰਟਾਂ ਦੀ ਵਾਰੀ, ਤੁਹਾਡਾ ਆਇਆਂ ਦਾ ਸਤਿ ਦਾ ਸਤਿ ਬਣੇ ਸਤਿਕਾਰੀ, ਰਿਸ਼ੀਆਂ ਮੁਨੀਆਂ ਮਹਾਤਮਾ ਮਹਾਂਪੁਰਸ਼ਾਂ ਸੂਫ਼ੀ ਫ਼ਕੀਰਾਂ ਦੀ ਸਦਾ ਚਾਲ ਜਗਤ ਨਿਆਰੀ, ਨਿਆਂਕਾਰ ਇਕੋ ਨਜ਼ਰੀ ਆਈਆ । ਇਹ ਮੰਚ ਵੇਖੋ ਸਭਾ ਵੇਖੋ ਸਟੇਜ ਵੇਖੋ ਜਿਸ ਦੇ ਉਤੇ ਮਹਿਕੀ ਉਹ ਫੁਲਵਾੜੀ, ਜਿਸ ਦਾ ਗੁਲਦਸਤਾ ਬਣਿਆ ਨਾਲ ਓਸ ਫੂਲ, ਜੋ ਫੂਲ ਕਾਂਟਿਆਂ ਵਿਚ ਕਦੇ ਨਾ ਆਈਆ । ਸਭ ਦਾ ਸਾਂਝਾ ਪਿਆਰ ਮੁਹੱਬਤ ਦਾ ਹੋਵੇ ਇਕ ਰਸਤਾ, ਰਸਤੇ ਵਿਚ ਸਾਰੇ ਭੱਜੇ ਚਾਈਂ ਚਾਈਆ । ਜੇ ਕਿਤੇ ਇਸ਼ਾਰਾ

ਵੇਖ ਲਓ ਓਸ ਅੱਖ ਦਾ, ਜਿਥੇ ਪਰਤੱਖ ਮਿਲੇ ਗੋਸਾਈਆ । ਫੇਰ ਤੁਹਾਡਾ ਮਨ ਵਿਕਾਰਾਂ ਵਲੋਂ ਆਪੇ ਹਟਦਾ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਗੁਰਮੁਖੋ ਬੜਾ ਸੋਹਣਾ ਸੁਹਾਵਣਾ ਸਮਾਂ ਤੇ ਵੇਲਾ ਇਹ ਇਕੱਠ ਦਾ, ਇਕੱਠੇ ਕਰ ਕੇ ਗਲਵਕੜੀ ਲੈਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਸਭ ਤੋਂ ਵੱਖਰਾ ਸਦਾ ਖੇਲ ਕਰੇ ਮੁਨੀ ਦੇ ਬਚਨ ਸਿੱਧੇ ਜੇਹੇ ਜੱਟ ਦਾ, ਜਟਾ ਜੂਟਾਂ ਵਿਚ ਆਪਣਾ ਹਿੱਸਾ ਲਵੇ ਪਾਈਆ । ਓਧਰੋਂ ਘੜੀ ਨੇ ਆਵਾਜ਼ ਦੇ ਦਿਤਾ ਟਕ ਟਕ ਦਾ, ਟਿਕਟਿਕੀ ਤੋਂ ਡਰੀ ਭੱਜੇ ਵਾਹੋ ਦਾਹੀਆ । ਇਕ ਹੋਰ ਆਵਾਜ਼ ਆਵੇ ਫਟ ਫਟ ਦਾ, ਜੋ ਮਿੰਟ ਵਿਚ ਪੂਰਾ ਚੱਕਰ ਲਏ ਲਗਾਈਆ । ਕਿਉਂਕਿ ਇਹ ਅਖਾੜਾ ਸਚ ਦਾ, ਧਰਮ ਦਵਾਰਾ ਸਚ ਦਾ, ਮੁਹੱਬਤ ਦਾ ਪਿਆਰਾ ਸਚ ਦਾ, ਏਸ ਕਰ ਕੇ ਦੂਰ ਟਾਇਮ ਨਾ ਕੋਇ ਲਗਾਈਆ । ਮੁਨੀ ਦਾ ਬਚਨ ਬ੍ਰਹਮ ਮਤ ਇਸ਼ਾਰਾ ਅਗੰਮੀ ਅੱਖ ਦਾ, ਜਿਥੇ ਪ੍ਰੀਤਮ ਪਿਆਰਾ ਵਸਦਾ, ਉਸ ਦੀ ਕੀਤੀ ਨਾ ਕੋਇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਏ ਗੁਰਮੁਖਾਂ ਗੁਰ ਗੁਰ ਸਤਿਗੁਰ ਸਤਿਗੁਰ ਗੁਰ ਗੁਰ ਗੁਰ ਚੇਲਾ ਇਕੋ ਰੰਗ ਵਖਾਈਆ ।

ਜੇ ਸਚ ਸੁਣਾਵਾਂ ਸਮੇਲਨ ਦਾ ਸਿੱਟਾ, ਸਿੱਟੇਦਾਰੀ ਅੱਗੇ ਰਹੇ ਨਾ ਰਾਈਆ । ਫੇਰ ਨਾ ਕਿਹੋ ਇਹ ਜੱਟ ਐਵੇਂ ਫਿੱਟਾ, ਸਭ ਨੂੰ ਰਿਹਾ ਡਰਾਈਆ । ਪ੍ਰਭ ਨੇ ਦਾਉ ਲਾਉਣਾ ਸਭ ਨੂੰ ਫੜ ਕੇ ਗਿੱਟਾ, ਨਕਾਲ ਕੱਢ ਕੇ ਲੈਣੇ ਢਾਹੀਆ । ਕੋਟਾਂ ਵਿਚੋਂ ਵਿਰਲੇ ਦੇ ਮਸਤਕ ਲਾਉਣਾ ਟਿੱਕਾ, ਜੋਤ ਨੂਰ ਕਰ ਰੁਸ਼ਨਾਈਆ । ਪਿਛਲੇ ਜੁਗ ਦਾ ਵੇਖ ਕੇ ਚਿੱਠਾ, ਭੇਵ ਅਭੇਦ ਖੁਲ੍ਹਾਈਆ । ਧਰਮ ਦਵਾਰ ਦਾ ਬਣ ਕੇ ਪਿਤਾ, ਪਤਿਪਰਮੇਸ਼ਵਰ ਦਇਆ ਕਮਾਈਆ । ਜਿਨ੍ਹਾਂ ਪਿਆਲਾ ਪੀਣ ਦੀ ਰੱਖੀ ਇੱਛਾ, ਕਾਇਆ ਕਾਸਾ ਅੱਗੇ ਡਾਹੀਆ । ਪਹਿਲੋਂ ਜਾਮ ਦੇਵੇ ਨਿੱਕਾ, ਜਿਸ ਨੂੰ ਪੀ ਕੇ ਦੁਰਮਤ ਮੈਲ ਧਵਾਈਆ । ਫੇਰ ਪਿਆਉਣ ਵਾਸਤੇ ਕਦੇ ਨਾ ਛੱਡੇ ਪਿੱਛਾ, ਹੌਲੀ ਹੌਲੀ ਹੋਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚੜ੍ਹਾਈਆ । ਸਮੇਲਨ ਹੁਣ ਅੱਗੇ ਨਾ ਹੋਵੇ ਸਿਟ, ਬੈਠਣ ਵਿਚ ਕਦੇ ਨਾ ਆਈਆ । ਜਿਸ ਨੇ ਖੜਕਾਉਣੀ ਇੱਟ ਦੇ ਨਾਲ ਇੱਟ, ਪੱਥਰ ਪੱਥਰਾਂ ਨਾਲ ਲੜਾਈਆ । ਸਭ ਨੇ ਘਰ ਘਰ ਲੈਣਾ ਪਿਟ, ਚਾਰੋਂ ਕੁੰਟ ਦੁਹਾਈਆ । ਪ੍ਰਭ ਦਾ ਖੇਲ ਸਦਾ ਅਨਡਿੱਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋ ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਗਏ ਲਿਖ, ਸੋ ਪੂਰਾ ਦੇਣਾ ਕਰਾਈਆ । ਧਰਮ ਵਿਚ ਕਰਮ ਵਿਚ ਕੋਈ ਵਿਰਲਾ ਪੂਰਾ ਰਹੇ ਸਿੱਖ, ਬਾਕੀ ਡੋਲੇ ਸਰਬ ਲੋਕਾਈਆ । ਸਭ ਦੇ ਅੰਦਰ ਵੜ ਗਈ ਵਿਸ, ਵਿਸ਼ਿਆਂ ਵਿਚ ਫਸਾਈਆ । ਗੁਰਮੁਖੋ ਸਚ ਸਮਝੋ ਆਤਮਾ ਨੂੰ ਕੋਈ ਨਾ ਸਕੇ ਭਿਟ, ਭਿੱਟੇ ਜਾਣ ਵਾਲੇ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਬਣਾਈਆ । ਸਮੇਲਨ ਦਾ ਸਿੱਟਾ ਵੱਡਾ ਲੰਬਾ, ਬੀਜ ਅਗਲਾ ਦਿਤਾ ਬਜਾਈਆ । ਪਾਣੀ ਦੇਣਾ ਨਾਲ ਓਸ ਬੰਬਾ, ਜਿਸ ਦਾ ਕੁਨੈਕਸ਼ਨ ਦੂਜਾ ਨਾ ਸਕੇ ਜੁੜਾਈਆ । ਝਗੜਾ ਮੁਕਾਉਣਾ ਟਿੱਕਾ ਬੋਦੀ ਤੰਬਾ, ਸੀਸ ਧੜ ਨਾ ਕੋਇ ਵਡਿਆਈਆ । ਜੱਟ ਦੇ ਕੋਲ ਵੱਟਾਂ ਬੰਨੇ ਖੋਤਰਨ ਵਾਲਾ ਨਾਮ ਦਾ ਹੱਥ ਵਿਚ ਆ ਗਿਆ ਰੰਬਾ, ਉਚੇ ਟੇਡੇ ਸਾਰੇ ਕਰੇ ਸਫ਼ਾਈਆ । ਭਾਵੇਂ ਫਿਰਨਾ ਪਏ ਪੈਰੀਂ ਨੰਗਾ,



੧੦੯੫
੨੦

ਦਰ ਭਗਤਾਂ ਜਾ ਜਾ ਸੁਤਿਆਂ ਸੇਵ ਕਮਾਈਆ । ਜਿਹੜੇ ਰਿੰਦ ਮੰਗਦੇ ਇਕ ਬੂੰਦ, ਉਨ੍ਹਾਂ ਦੇ ਅੰਦਰ ਵਹਾ ਦੇਵੇ ਗੰਗਾ, ਗਹਿਰ ਗੰਭੀਰ ਗੋਸਾਈਆ । ਜਨ ਭਗਤ ਨੇਤਰਹੀਣ ਰਹੇ ਕੋਈ ਨਾ ਅੰਧਾ, ਲੋਚਣ ਇਕੋ ਇਕ ਖੁਲ੍ਹਾਈਆ । ਗੁਰਮੁਖਾਂ ਵਿਚ ਦਿਸੇ ਕੋਈ ਨਾ ਗੰਦਾ, ਗੰਦਗੀ ਕੂੜੀ ਦੇਣੀ ਮਿਟਾਈਆ । ਭਗਤ ਭਗਵਾਨ ਇਕੋ ਰੂਪ ਤੇ ਇਕੋ ਚੰਦਾ, ਜਿਸ ਦਾ ਚੰਦ ਅੰਧੇਰ ਵਿਚ ਨਾ ਰੁੱਤ ਬਦਲਾਈਆ । ਗੁਰਮੁਖੋ ਤੁਸਾਂ ਕਿਹੜੀ ਘੋਟ ਕੇ ਪੀਣੀ ਭੰਗਾ, ਨਸ਼ਿਆਂ ਰਾਹ ਤਕਾਈਆ । ਇਕੋ ਜਾਮ ਦੇਵੇ ਅਨ ਮੂੰਹੋਂ ਮੰਗਾ, ਜਿਸ ਦਾ ਰਸ ਉਤਰ ਕਦੇ ਨਾ ਜਾਈਆ । ਉਹ ਪੀਤਾ ਨਹੀਂ ਜਾਂਦਾ ਨਾਲ ਕਦੇ ਦੰਦਾਂ, ਬੁੱਲ੍ਹਾਂ ਨਾਲ ਖਿਚ ਨਾ ਅੰਦਰ ਲੰਘਾਈਆ । ਜ਼ਬਾਨ ਵਾਲੀ ਨਹੀਂ ਕੋਈ ਵੰਡਾ, ਜਗਤ ਗਲਾਸ ਨਾ ਕੋਇ ਵਖਾਈਆ । ਜਿਸ ਵੇਲੇ ਦੇਵੇ ਮਿਹਰ ਵਿਚ ਮਹਿਬੂਬ ਬਿਨਾ ਬੰਦਗੀਉਂ ਬਣਾ ਦਏ ਬੰਦਾ, ਬੰਧਨ ਸਾਰੇ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਇਕੋ ਇਕ ਵਖਾਈਆ । ਜਾਮ ਕਹੇ ਮੈਂ ਫਸਿਆ ਵਿਚ ਸੁਰਾਹੀ, ਰਸਤਾ ਨਜ਼ਰ ਕੋਇ ਨਾ ਆਈਆ । ਸੁਰਾਹੀ ਕਹੇ ਸੁਰਾਹੀ ਨਹੀਂ ਉਹ ਧੁਰਦਰਗਾਹੀ, ਜਿਸ ਦਾ ਪਾਸਾ ਨਾ ਕੋਇ ਬਦਲਾਈਆ । ਉਸ ਨੇ ਮੋਰੀ ਕੋਈ ਘੁਮਿਆਰਾਂ ਠਠਿਆਰਾਂ ਵਾਲੀ ਨਹੀਂ ਰਖਾਈ, ਜਿਹੜਾ ਕੋਈ ਆਵੇ ਪਲਟ ਕੇ ਪਾਵੇ ਪੀ ਕੇ ਆਪਣਾ ਝਟ ਲੰਘਾਈਆ । ਪਹਿਲੋਂ ਪ੍ਰੇਮ ਪ੍ਰੀਤੀ ਦੇ ਲੇਖੇ ਕਰੇ ਸਾਂਵੇਂ, ਪਿਛਲੇ ਕਰਮ ਦੇ ਧੋਵੇ ਨਾਵੇਂ, ਫੇਰ ਅੱਗੇ ਕਰੇ ਦਾਅਵੇ, ਦਾਇਰ ਇਕੋ ਘਰ ਕਰਾਈਆ । ਜਿਥੇ ਵਕੀਲ ਕੋਈ ਨਾ ਜਾਵੇ, ਜੱਜ ਕਿਤਾਬ ਨਾ ਕੋਇ ਫੋਲਾਵੇ, ਚੋਬਦਾਰ ਵਾਜ ਨਾ ਕੋਇ ਸੁਣਾਵੇ, ਨਫ਼ਰ ਗ਼ੁਲਾਮ ਨਜ਼ਰ ਕੋਇ ਨਾ ਆਈਆ । ਉਥੇ ਰਸਨਾ ਢੋਲਾ ਕੋਈ ਨਾ ਗਾਵੇ, ਅੱਖਾਂ ਨਾਲ ਨਾ ਕੋਈ ਤਕਾਵੇ, ਬਾਂਹਵਾਂ ਬਲ ਨਾ ਕੋਇ ਵਖਾਵੇ, ਚਾਰਪਾਈ ਉਤੇ ਸੌਂ ਕੇ ਝਟ ਨਾ ਕੋਈ ਲੰਘਾਵੇ, ਅੱਖਰਾਂ ਵਾਲਾ ਕਾਗ਼ਜ਼ ਨਾ ਅੱਗੇ ਡਾਹਵੇ, ਪਾਣੀ ਨਾਲ ਕਦੇ ਨਾ ਨਹਾਵੇ, ਬਸਤਰ ਓੜ ਨਾ ਝਟ ਲੰਘਾਵੇ, ਸੌਹਰੇ ਪੇਕੇ ਕਦੇ ਨਾ ਜਾਵੇ, ਇਸਤਰੀ ਸੇਜ ਨਾ ਕੋਇ ਹੰਢਾਵੇ, ਪਿਤਾ ਪੂਤ ਨਾ ਗੋਦ ਟਿਕਾਵੇ, ਚਾਰੇ ਕੂਟ ਨਾ ਭਰੇ ਹਾਵੇ, ਪ੍ਰੀਤੀ ਇਕੋ ਨਾਮ ਲਾਵੇ, ਉਹ ਭਰ ਕੇ ਜਾਮ ਲਿਆਵੇ, ਬਿਨ ਪਿਆਲਿਉਂ ਅੰਦਰ ਟਿਕਾਵੇ, ਟਕਾ ਕੀਮਤ ਲੈਣ ਕੋਇ ਨਾ ਪਾਈਆ । ਕੀ ਸਵਰਨ ਅੱਜੇ ਨਹੀਂ ਪੀਤੀ, ਬੁੱਲ੍ਹਾਂ ਨਾਲ ਨਾ ਕਦੇ ਲਗਾਈਆ । ਭਗਤ ਭਗਵਾਨ ਦੀ ਸਮਝੀ ਨਹੀਂ ਰੀਤੀ, ਅਜੇ ਤੱਕ ਵੇਖੋ ਵੇਖੀ ਚਲ ਕੇ ਆਈਆ । ਕੀ ਅਜੇ ਗੰਢ ਨਹੀਂ ਪੀਚੀ, ਢਿੱਲੀ ਰੱਖ ਕੇ ਝਟ ਲੰਘਾਈਆ । ਬਦਲੀ ਨਹੀਂ ਨੀਤੀ, ਮਨਸਾ ਮਨ ਹਲਕਾਈਆ । ਜਿਨ੍ਹਾਂ ਦੀ ਸੱਚੀ ਲੱਗ ਗਈ ਪ੍ਰੀਤੀ, ਓਨ੍ਹਾਂ ਨੂੰ ਜਾਮ ਦੀ ਲੋੜ ਰਹੀ ਨਾ ਰਾਈਆ । ਸ਼ਮਸ ਤਬਰੇਜ਼ ਦੇ ਨਾਲ ਇਹ ਬੀਤੀ, ਜਿਸ ਨੇ ਖੱਲ ਦਿਤੀ ਲੁਹਾਈਆ । ਐਨਲਹਕ ਨੇ ਮੂੰਹ ਵਿਚ ਪਾ ਕੇ ਚੀਚੀ, ਨਾਅਰਾ ਇਕੋ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਲਾ ਹੱਥ ਉਠਾਈਆ । ਮੈ ਪਿਆਲਾ ਕਦੇ ਨਾ ਮੁੱਕਦਾ, ਖ਼ਾਲੀ ਨਾ ਕੋਇ ਕਰਾਈਆ । ਮੈਖ਼ਾਨਾ ਕਿਸੇ ਨਾ ਦਿਸਦਾ, ਜਿਥੇ ਮਜਲਸ ਹਰਿ ਉਪਜਾਈਆ । ਜਿਥੇ ਭੰਡਾਰਾ ਨਹੀਂ ਵਿਖ ਦਾ, ਅੰਮ੍ਰਿਤ ਇਕ ਵਰਤਾਈਆ । ਜੇ ਘਰ ਮਿਲ ਜਾਏ ਮਾਲਕ ਪਿਤ ਦਾ, ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਸੁਰਾਹੀ ਕਹੇ ਮੈਂ ਕਿਉਂ ਹੋਵਾਂ ਉਲਟੀ, ਉਲਟਾ ਰਾਹ ਚਲਾਈਆ । ਮੈਂ ਸੇਵਕਣ ਉਸ ਕੁਲ ਦੀ, ਜੋ ਕੁਲ ਭਗਤ ਭਗਵਾਨ ਉਪਜਾਈਆ । ਮੇਰੀ ਕੀਮਤ ਨਹੀਂ ਕਿਸੇ ਮੁੱਲ ਦੀ, ਮੁੱਲਾ ਸ਼ੇਖ਼ ਨਾ ਕੋਇ ਵਰਤਾਈਆ ।



੧੦੯੬
੨੦

ਮੈਂ ਪਿਆਸੀ ਨਹੀਂ ਪਿਆਰ ਦੇ ਬੁੱਲ ਦੀ, ਹੋਟਾਂ ਨਾਲ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਮੈਂ ਵਣਜਾਰਨ ਸੁਲਹਕੁਲ ਦੀ, ਜੋ ਕੁਲ ਮਾਲਕ ਅਖਵਾਈਆ । ਬਿਨ ਉਸ ਦੀ ਕਿਰਪਾ ਸੁਰਾਹੀ ਮੈਖ਼ਾਨਿਆਂ ਵਿਚ ਰੁਲਦੀ, ਅੱਗੇ ਹੋ ਹੱਥ ਨਾ ਕੋਇ ਲਗਾਈਆ । ਜਿਸ ਨੂੰ ਛਾਰ ਮਿਲ ਗਈ ਚਰਨ ਧੂਲ ਦੀ, ਸਚ ਖ਼ੁਮਾਰੀ ਦਏ ਚੜ੍ਹਾਈਆ । ਸਦਾ ਖੇਲ ਪ੍ਰਭੂ ਦੀ ਅਸੂਲ ਦੀ, ਅਸਲ ਵਿਚੋਂ ਅਸਲੀਅਤ ਦਏ ਪਰਗਟਾਈਆ । ਇਹ ਸੂਫ਼ੀਆਂ ਦੀ ਆਵਾਜ਼ ਜਿਨ੍ਹਾਂ ਨੂੰ ਰਹਿਮਤ ਮੰਗਣੀ ਅਜੇ ਮਨਜ਼ੂਰ ਦੀ, ਮਨਜ਼ੂਰੀ ਵਲ ਧਿਆਨ ਲਗਾਈਆ । ਜਿਥੇ ਰਹਿਮਤ ਹਕ ਮਸ਼ਕੂਰ ਦੀ, ਮੁਸ਼ਕਲ ਅਗਲੀ ਦਏ ਮਿਟਾਈਆ । ਉਹ ਸੁਰਾਹੀ ਪਿਆਲਿਆਂ ਨੂੰ ਸਦਾ ਘੂਰਦੀ, ਘੁਰਕੀ ਨਾਲ ਡਰਾਈਆ । ਉਹ ਪਿਆਲੇ ਪੀਣ ਵਾਲਿਆਂ ਦੀ ਮੰਜ਼ਲ ਅੱਗੇ ਹੋਰ ਦੂਰ ਦੀ, ਕਿਉਂ ਸ਼ਰੀਰ ਵਿਚ ਥੋੜ੍ਹਾ ਰਸ ਲੈ ਕੇ ਆਪਣੀ ਖ਼ੁਸ਼ੀ ਬਣਾਈਆ । ਜਿਨ੍ਹਾਂ ਮਸਤੀ ਦੇ ਦਏ ਆਪਣੇ ਨਾਮ ਸਰੂਰ ਦੀ, ਜਗ ਸੁਤਿਆਂ ਲਏ ਉਠਾਈਆ । ਦੁਨੀਆ ਵਖਾਵੇ ਕੂੜ ਦੀ, ਕੂੜ ਕੁਟੰਬ ਵਿਚੋਂ ਬਚਾਈਆ । ਮਨਸਾ ਮੇਟੇ ਮੂਰਖ ਮੂੜ੍ਹ ਦੀ, ਚਤੁਰ ਸੁਘੜ ਸੁਜਾਨ ਜਣਾਈਆ । ਸਾਚੀ ਬਖ਼ਸ਼ੇ ਦਾਤ ਆਪਣੇ ਨੂਰ ਦੀ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਵੇਖ ਵਖਾਈਆ । ਪਿਆਲਾ ਕਹੇ ਪੀਣ ਵਾਲਿਆਂ ਕਿਹੜਾ ਲੱਭਿਆ ਸਾਕੀ, ਸਾਖਿਆਤ ਨਜ਼ਰ ਨਾ ਆਈਆ । ਜਿਸ ਬਣਾਇਆ ਬੁਤ ਖ਼ਾਕੀ, ਤਨ ਵਜੂਦ ਵਡਿਆਈਆ । ਉਹ ਮਸਖ਼ਰਾ ਨਹੀਂ ਨਾ ਕਰੇ ਹਾਸੀ, ਜਿਹੜਾ ਹਸਤੀਆਂ ਵਿਚੋਂ ਹਸਤੀ ਦਏ ਬਦਲਾਈਆ । ਤੇਰੇ ਜਗਤ ਅੱਖਰਾਂ ਦੀ ਪਾਤੀ, ਅਲਿਫ਼ ਯੇ ਦੇ ਅੰਦਰ ਬੰਦ ਕਰਾਈਆ । ਜਿਸ ਪਿਆਲੇ ਪੀਤਿਆਂ ਬਦਲ ਜਾਏ ਹਯਾਤੀ, ਜ਼ਿੰਦਗੀ ਵਿਚੋਂ ਜ਼ਿੰਦਗੀ ਨਜ਼ਰੀ ਆਈਆ । ਉਹ ਮਜਲਸ ਸਦਾ ਇਖ਼ਲਾਕੀ, ਸ੍ਰੀ ਭਗਵਾਨ ਇਕ ਵਖਾਈਆ । ਜਿਥੇ ਭਗਤ ਭਗਵਾਨ ਇਕ ਦੂਜੇ ਦੇ ਦਾਸ ਦਾਸੀ, ਸੇਵਾ ਵਿਚ ਦੋਵੇਂ ਸੇਵ ਕਮਾਈਆ । ਸਚਖੰਡ ਘਰ ਦੇ ਵਾਸੀ, ਸਚ ਦਵਾਰੇ ਵੱਜੇ ਵਧਾਈਆ । ਪਹਿਲੋਂ ਪੀਣ ਦੀ ਸਿਖਣੀ ਜਾਚੀ, ਯਾਚਕ ਆਪਣਾ ਆਪ ਬਣਾਈਆ । ਫੇਰ ਬਖ਼ਸ਼ਿਸ਼ ਕਰੇ ਸਾਕੀ, ਸੁਰਾਹੀ ਦਏ ਉਲਟਾਈਆ । ਭਗਤਾਂ ਕੋਲੋਂ ਕਦੇ ਨਹੀਂ ਰਾਖੀ ਢਾਕੀ, ਜੇ ਢਕੀ ਹੁੰਦੀ ਬਿਨ ਪੀਤਿਆਂ ਏਥੇ ਚਲ ਕੋਇ ਨਾ ਆਈਆ । ਉਹ ਸੁਰਾਹੀ ਪ੍ਰਭ ਨੇ ਭਗਤਾਂ ਅੰਦਰ ਰੱਖੀ, ਜਿਸ ਵੇਲੇ ਸੌਂਦੇ ਭਾਰ ਵੱਖੀ, ਓਨ੍ਹਾਂ ਦੀ ਰਾਤੀਂ ਸੁੱਤਿਆਂ ਸੁੱਤਿਆਂ ਖੁਲ੍ਹ ਜਾਂਦੀ ਅੱਖੀ, ਏਥੇ ਮੇਰਾ ਦਰਸ਼ਨ ਪਾਈਆ । ਮੈਂ ਕਰਾਂ ਪਰਕਾਸ਼ ਬਿਨ ਮੋਮ ਬੱਤੀ, ਦਰਸ ਦਿਖਾਵਾਂ ਬਣ ਕੇ ਕਮਲਾਪਤੀ, ਨਾਮ ਦਾ ਭੋਰਾ ਜਾਮ ਦੇਵਾਂ ਉਹ ਰਤੀ, ਜਿਸ ਰਤੀ ਉਤੋਂ ਕੋਟਨ ਕੋਟ ਸੁਰਾਹੀਆਂ ਆਪਣੀ ਕੀਮਤ ਦੇਣ ਮਿਟਾਈਆ । ਪ੍ਰਭੂ ਕੋਈ ਚਰੌਂਦਾ ਨਹੀਂ ਫਿਰਦਾ ਗਾਂ ਵੱਛੀ, ਕੋਈ ਰੂਪ ਨਹੀਂ ਜਲ ਹੋੜਾ ਮੱਛੀ, ਕੋਈ ਤਨ ਵਜੂਦ ਨਹੀਂ ਬੱਧਾ ਨਾਲ ਰੱਸੀ, ਜਿਸ ਨੇ ਸਾਰ ਪਾਉਣੀ ਚਾਰ ਲੱਖ ਤੇ ਅੱਸੀ, ਉਸ ਨੇ ਸੁਰਾਹੀ ਸਾਂਭ ਕੇ ਓਥੇ ਰੱਖੀ, ਜਿਥੇ ਝੱਲੇ ਕੋਈ ਨਾ ਪੱਖੀ, ਜਿਸ ਵੇਲੇ ਭਗਤ ਭਗਵਾਨ ਦੀ ਹੋ ਜਾਏ ਪੱਕੀ, ਆਪੇ ਓਨ੍ਹਾਂ ਦੇ ਅੰਦਰ ਦਏ ਉਲਟਾਈਆ । ਵੇਖਿਓ ਲਾਲਚ ਵਿਚ ਪ੍ਰਭੂ ਦੀ ਕੋਈ ਨਾ ਭਰਿਓ ਚੱਟੀ, ਮੁਹੱਬਤ ਵਿਚ ਪਿਆਰ ਵਿਚ ਗੁਰਮੁਖ ਸਖ਼ੀ ਜਾਏ ਫਟੀ, ਬਿਨ ਪੀਤਿਆਂ ਆਵੇ ਨੱਠੀ, ਜੇ ਪਿਆਲਾ ਨਾ ਹੁੰਦਾ ਜਾਮ ਨਾ ਹੁੰਦਾ ਸਾਕੀ ਨਾ ਹੁੰਦਾ ਉਹ ਕਿਸ ਤਰ੍ਹਾਂ ਜਾਂਦੀ ਉਲਟੀ, ਘਟ ਘਟ ਆਪਣੀ ਧਾਰ ਵਹਾਈਆ । ਬਿਨਾ ਪੀਤਿਆਂ ਤੋਂ ਇਹ ਸੰਗਤ ਨਹੀਂ ਹੋਈ ਇਕੱਠੀ, ਨਿੱਕੇ ਨਿੱਕੇ ਬੱਚੇ ਜਿਨ੍ਹਾਂ ਜਗਤ ਦੀ ਵਾਸਨਾ ਛੱਡੀ, ਇਹ ਗੱਲ ਨਹੀਂ ਕੋਈ ਵੱਡੀ, ਛੋਟਿਆਂ ਬਾਲਿਆਂ ਆਪਣੇ

ਮਾਤਾ ਪਿਤਾ ਨੂੰ ਸਿਖਿਆ ਦੱਸੀ, ਜੇ ਚਾਅ ਛੱਡੋ ਤੇ ਚਾਹ ਤੁਹਾਡੀ ਚਾਹਾਂ ਨਾਲੋਂ ਚੰਗੀ ਦਏ ਬਣਾਈਆ । ਵੇਖ ਗੁਰਮੁਖ ਸਖ਼ੀਆਂ ਫਿਰਦੀਆਂ ਉਚੀ ਅੱਡੀ, ਇਨ੍ਹਾਂ ਦੇ ਅੰਦਰ ਸ੍ਰੀ ਭਗਵਾਨ ਖੇਲੇ ਕਬੱਡੀ, ਜੱਟ ਲੈਂਦਾ ਨਹੀਂ ਕਿਸੇ ਤੋਂ ਵੱਢੀ, ਕਿਸੇ ਦੇ ਘਰੋਂ ਖਾਂਦਾ ਨਹੀਂ ਮੱਛੀ ਡੱਡੀ, ਅੰਦਰ ਵੜ ਕੇ ਸਾਫ਼ ਕਰਦਾ ਸਭ ਦੀ ਨਾੜੀ ਹੱਡੀ, ਫੇਰ ਚੜ੍ਹਾ ਕੇ ਨਾਮ ਆਪਣੇ ਦੀ ਗੱਡੀ, ਗਾਈਡ ਹੋ ਕੇ ਵਾਹਦ ਹੋ ਕੇ ਆਪਣਾ ਰਾਹ ਵਖਾਈਆ । ਜਿਨ੍ਹਾਂ ਨੂੰ ਭਰਮ ਉਨ੍ਹਾਂ ਜੋਗੀ, ਇਨ੍ਹਾਂ ਗੁਰਮੁਖਾਂ ਨਹੀਂ ਛੱਡੀ, ਮੈਥੋਂ ਪੀ ਗਏ ਬਦੋ ਬਦੀ, ਲੋਕੀ ਸੁੱਤੇ ਏਨ੍ਹਾਂ ਦੀ ਰਾਤ ਅੱਜੇ ਨਹੀਂ ਹੋਈ ਅੱਧੀ, ਪਰ ਇਹ ਲੋਕਮਾਤ ਵਿਚ ਆਉਂਦੇ ਕਦੀ ਕਦੀ, ਚੁਰਾਸੀ ਵਿਚ ਗੇੜ ਨਾ ਕੋਇ ਰਖਾਈਆ । ਇਹ ਕੋਈ ਉਹ ਸ਼ਿਵਾਂ ਵਾਲੀ ਨਹੀਂ ਗੱਦੀ, ਜਿਸ ਨੂੰ ਬਣੀਏ ਸਵੇਰੇ ਲਾ ਕੇ, ਧੂਪ ਧੁਖਾ ਕੇ, ਤਕੜੀ ਉਠਾ ਕੇ, ਸਾਰਿਆਂ ਦੀ ਚੋਟੀ ਮੁੰਨ ਕੇ, ਪੈਸੇ ਟਕੇ ਉਂਗਲਾਂ ਉਤੇ ਗਿਣ ਕੇ, ਆਪਣੇ ਖ਼ਜ਼ਾਨੇ ਵਿਚ ਲੈਣ ਟਿਕਾਈਆ । ਜਿਨ੍ਹਾਂ ਨੇ ਦਰਸ਼ਨ ਕੀਤੇ ਇਕ ਚਿੰਨ ਦੇ, ਉਹ ਕਦੀ ਪੈਮਾਨੇ ਨਹੀਂ ਮਿਣਦੇ, ਇਹ ਕੋਈ ਖੇਲ ਰਾਤ ਦੇ ਨਹੀਂ ਅੰਧੇਰੇ ਦੇ ਨਹੀਂ ਜਦੋਂ ਕਰਾਂ ਤੇ ਦਿਨ ਦੇ, ਸਭ ਦੇ ਸਾਹਮਣੇ ਆਖ ਸੁਣਾਈਆ । ਜਿਸ ਦੀ ਗਾਥਾ ਗੁਰ ਅਵਤਾਰ ਪੈਗ਼ੰਬਰ ਚੌਂਹ ਜੁਗਾਂ ਵਿਚ ਰਹੇ ਗਿਣਦੇ, ਗਿਣ ਗਿਣ ਝਟ ਲੰਘਾਈਆ । ਉਸ ਦੇ ਇਸ਼ਾਰੇ ਛਿੰਨ ਦੇ, ਸੁਰਾਹੀ ਉਲਟਿਆਂ ਚਿਰ ਲੱਗੇ, ਪਿਆਲਾ ਫੜਿਆਂ ਚਿਰ ਲੱਗੇ, ਬੁੱਲ ਨਾਲ ਛੁਹਾਇਆਂ ਚਿਰ ਲੱਗੇ, ਘੁਟ ਘੁਟ ਲੰਘਾਇਆਂ ਚਿਰ ਲੱਗੇ, ਚਿਰਾਂ ਦਾ ਵਿਛੁੰਨਾ ਇਕੋ ਵਾਰ ਦਏ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਸੁਰਾਹੀ ਕਹੇ ਮੈਨੂੰ ਬੜਾ ਕੀਤਾ ਗੁਰੂਆਂ ਉਲਟੀ ਸਿੱਧੀ, ਗਾਟਿਉਂ ਫੜ ਭਵਾਈਆ । ਇਕ ਦਿਨ ਮੈਂ ਮੁਹੰਮਦ ਦੇ ਹੱਥੋਂ ਡਿੱਗੀ, ਉਹਦੇ ਪੱਟਾਂ ਉਤੇ ਵਜ ਕੇ ਉਛਾਲਾ ਲਿਆ ਚਾਈਂ ਚਾਈਂਆ । ਮੈਂ ਬਣ ਗਈ ਓਥੇ ਜ਼ਿੱਦੀ, ਆਪਣੀ ਕਥਾ ਕਹਾਣੀ ਦਿਤੀ ਸੁਣਾਈਆ । ਮੈਂ ਛੋਟੀ ਬਾਲੀ ਨਿੱਕੀ, ਮੇਰਾ ਰੂਪ ਨਜ਼ਰ ਕਿਸੇ ਨਾ ਆਈਆ । ਜਗ ਨੇਤਰ ਕਿਸੇ ਨਾ ਦਿਸੀ, ਲੱਭ ਕੇ ਸਕੇ ਨਾ ਕੋਇ ਚੁਰਾਈਆ । ਮੁਹੰਮਦ ਕਿਹਾ ਓ ਸੁਰਾਹੀਏ ਪਰਵਰਦਿਗਾਰ ਦੀ ਖੇਲ ਅਨਡਿੱਠੀ, ਅਨਡਿੱਠੜੀ ਕਾਰ ਕਮਾਈਆ । ਮੈਨੂੰ ਐਂ ਜਾਪਦਾ ਜਿਸ ਵੇਲੇ ਸ੍ਰੀ ਭਗਵਾਨ ਨੇ ਆਤਮਾ ਪਰਮਾਤਮਾ ਬਣਾਉਣੀ ਸਖ਼ੀ, ਓਸ ਵੇਲੇ ਤੇਰੀ ਲੋੜ ਰਹੇ ਨਾ ਰਾਈਆ । ਕਿਉਂ ਤੇਰੀ ਅੰਮ੍ਰਿਤ ਧਾਰ ਅੱਗੇ ਮਿਲਦੀ ਰਹੀ ਥੋੜ੍ਹੀ ਥੋੜ੍ਹੀ ਜਿਨ੍ਹਾਂ ਨੂੰ ਦੇਂਦਾ ਰਿਹਾ ਚਿੱਠੀ, ਚਿੱਠੀ ਰਸਾਇਣ ਤੇਰਾ ਰੰਗ ਰੰਗਾਈਆ । ਅੱਗੇ ਉਸ ਦੀ ਕਲਾ ਹੋ ਗਈ ਸਿੱਧੀ, ਸਿੱਧਾ ਆਪਣਾ ਪੜਦਾ ਲਾਹੀਆ । ਜਨ ਭਗਤਾਂ ਨੂੰ ਤੂੰ ਮੇਰਾ ਮੈਂ ਤੇਰਾ ਆਪਣੇ ਮਿਲਣ ਦੀ ਦੱਸ ਕੇ ਬਿਧੀ, ਬਦਲਾ ਦਿਤਾ ਚੁਕਾਈਆ । ਉਹ ਧਾਰ ਪਿੱਛੇ ਰਹਿ ਗਈ ਜਿਹੜੀ ਸਾਕੀ ਤੋਂ ਪਿਆਲਾ ਪੀਣ ਗਿਝੀ, ਮੁੜ ਮੁੜ ਕੇ ਮੰਗ ਮੰਗਾਈਆ । ਹੁਣ ਵਸਤ ਅਮੋਲਕ ਉਹ ਦਿਤੀ, ਜਿਥੇ ਦੂਜੇ ਪਿਆਲੇ ਦੀ ਆਸ ਨਾ ਕੋਇ ਰਖਾਈਆ । ਸੁਰਾਹੀ ਕਹੇ ਮੈਂ ਸੁਰਾਹੀ ਤੇ ਮੇਰੀ ਮਤ ਕਦੇ ਨਾ ਹੋਵੇ ਪਿੱਛੇ ਗਿਚੀ, ਗਿਚੀ ਧੌਣੋ ਫੜ ਕੇ ਗੁਰਮੁਖ ਦਿਆਂ ਮਨਾਈਆ । ਮੈਂ ਉਨ੍ਹਾਂ ਦੇ ਦਵਾਰੇ ਬਿਨ ਕੀਮਤੋਂ ਵਿਕੀ, ਆਪਣੀ ਕੀਮਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜਾਮ ਇਕ ਪਿਲਾਈਆ । ਸੁਰਾਹੀ ਕਹੇ ਮੈਂ ਡਰਦੀ ਮੇਰਾ ਕਿਹੜਾ ਖੋਲ੍ਹੇ ਡੱਟਾ, ਕਾਗ ਬਾਹਰ ਕਢਾਈਆ । ਕਿਉਂ ਜੱਟ ਹੱਟਾ ਕੱਟਾ, ਛੈਲ ਛਬੀਲਾ ਜੋਬਨ ਵੰਤਾ ਨਜ਼ਰੀ ਆਈਆ । ਜਿਸ ਦੀਆਂ ਲਾਲ ਗਹਿਰੀਆਂ ਅੱਖਾਂ, ਭੈ ਰਿਹਾ ਵਖਾਈਆ । ਮੈਂ ਭੱਜੜਿਆਂ ਪਿੱਟੀ

੧੦੯੮
੨੦

ਕਿਹਨੂੰ ਜਾ ਕੇ ਦੱਸਾਂ, ਕਿੱਥੇ ਦਿਆਂ ਦੁਹਾਈਆ । ਸੁਰਾਹੀ ਕਹੇ ਮੈਨੂੰ ਯਾਦ ਆਈ ਮੈਂ ਭਗਤਾਂ ਦੀ ਪ੍ਰੀਤੀ ਅੰਦਰ ਵਸਾਂ, ਦੂਜਾ ਥਾਂ ਨਾ ਕੋਇ ਵਡਿਆਈਆ । ਨਾਲੇ ਰੋਵਾਂ ਨਾਲੇ ਹੱਸਾਂ, ਅੱਖਾਂ ਮਲ ਮਲ ਝਟ ਲੰਘਾਈਆ । ਓਨ੍ਹਾਂ ਪਿਆਲਿਆਂ ਕੋਲੋਂ ਬਚਾਂ, ਜਿਸ ਪਿਆਲੇ ਵਿਚ ਪੀ ਪੀ ਪ੍ਰਭ ਦਾ ਰਾਹ ਤਕਾਈਆ । ਗੱਲ ਕਹਿਣੋਂ ਮੂਲ ਨਾ ਝਕਾਂ, ਸਚ ਸਚ ਦਿਆਂ ਸੁਣਾਈਆ । ਜਿਨ੍ਹਾਂ ਪ੍ਰਭੂ ਦਾ ਦਰਸ਼ਨ ਪਾ ਲਿਆ ਅੱਖਾਂ, ਓਨ੍ਹਾਂ ਨੂੰ ਜਾਮ ਪਿਆਲਾ ਸੁਰਾਹੀ ਦੀ ਲੋੜ ਰਹੀ ਨਾ ਰਾਈਆ । ਤੇ ਜੇ ਕੋਈ ਕਹੇ ਮੈਂ ਵੀ ਇਹੋ ਜਿਹੀ ਪੀ ਕੇ ਤੇ ਇਹੋ ਜਿਹਾ ਬਣ ਕੇ ਦੱਸਾਂ, ਇਹ ਵੱਥ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਕੀ ਤੁਹਾਨੂੰ ਪੀਤੀ ਇਹ ਲੱਗਦੀ ਨਹੀਂ ਚੰਗੀ, ਕਿ ਨਸ਼ਾ ਸਮਝ ਨਾ ਆਈਆ । ਜੇ ਗੋਬਿੰਦ ਵਾਂਗੂੰ ਖੰਡੇ ਦੀ ਧਾਰ ਹੁੰਦੀ ਨੰਗੀ, ਚਾਰੋਂ ਕੁੰਟ ਦੁਹਾਈਆ । ਭੱਜੇ ਫਿਰਦੇ ਨਾ ਰਾਹ ਲੱਭਦਾ ਨਾ ਡੰਡੀ, ਠੇਡੇ ਖਾਂਦਿਆਂ ਡੰਡਾਵਤ ਕਰ ਕੇ ਸੀਸ ਨਿਵਾਈਆ । ਪ੍ਰਭੂ ਦਵਾਰੇ ਪੀਣ ਵਾਲਿਆਂ ਦੀ ਕਦੀ ਨਾ ਲੱਗੀ ਮੰਡੀ, ਆਪਣੀ ਦਇਆ ਨਾਲ ਭਗਤਾਂ ਸਦਾ ਪਿਆਈਆ । ਭਾਵੇਂ ਕੋਟਨ ਕੋਟ ਹਸੀਨਾਂ ਪੱਟੀ ਵਾਹਵਣ ਕੰਘੀ, ਠੋਡੀ ਰੱਖਣ ਨੰਗੀ, ਬਿਨਾ ਭਗਤਾਂ ਹਰਿ ਜੂ ਅੱਖ ਨਾ ਕਿਤੇ ਟਿਕਾਈਆ । ਜੇ ਕੋਈ ਮਸਤ ਪਿਆਲਾ ਪੀ ਕੇ ਬਣ ਜਾਏ ਪਖੰਡੀ, ਆਖੇ ਮੈਂ ਓਸ ਰੰਗਣ ਵਿਚ ਗਈ ਰੰਗੀ, ਰੰਗ ਜਗਤ ਵਾਲਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਜੇ ਪਿਆਉਣ ਦਾ ਹੁੰਦਾ ਨਾ ਚਾਉ, ਸੁਰਾਹੀ ਨਾ ਬੰਦ ਖੁਲ੍ਹਾਈਆ । ਫੇਰ ਕਾਹਨੂੰ ਫੜਦਾ ਬਾਹੋਂ, ਸੁੱਤਿਆਂ ਕਿਉਂ ਜਗਾਈਆ । ਪਰਮ ਪੁਰਖ ਦਾ ਸਦਾ ਸੱਚਾ ਨਿਆਉਂ, ਅਦਾਲਤ ਇਕੋ ਇਕ ਵਖਾਈਆ । ਫ਼ੈਸਲਾ ਕਰੇ ਦਾਅਵੇਦਾਰ ਦਾ ਬਿਨਾ ਗਵਾਹੋਂ, ਸ਼ਹਾਦਤ ਜਗਤ ਨਾ ਕੋਇ ਭੁਗਤਾਈਆ । ਕਲਮ ਸ਼ਾਹੀ ਦਾ ਕੀ ਵਸਾਹੋ, ਜਿਸ ਵੇਲੇ ਚਾਹੇ ਤੇ ਓਸੇ ਵੇਲੇ ਬਦਲਾਓ, ਇਕ ਜੱਜ ਦਾ ਫ਼ੈਸਲਾ ਦੂਜਾ ਜੱਜ ਦਏ ਬਦਲਾਈਆ । ਜੇ ਦਾਅਵਾ ਦਾਇਰ ਹਕ਼ੀਕ਼ੀ ਇਕ ਕਰਾਓ, ਵਸੀਕੇ ਓਸ ਕੋਲੋਂ ਲਿਖਾਓ, ਜਿਥੇ ਕਲਮ ਸ਼ਾਹੀ ਦੀ ਲੋੜ ਰਹੇ ਨਾ ਰਾਈਆ । ਫੇਰ ਆਪਣੀ ਹਾਲਤ ਜਣਾਓ, ਪੜਦਾ ਕੋਈ ਰੱਖੋ ਨਾਹੋਂ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪ੍ਰਭ ਦੇ ਅੱਗੇ ਕਿਹੜਾ ਜ਼ੋਰ, ਜਿਉਂ ਭਾਵੇ ਤਿਉਂ ਚਲਾਈਆ । ਤੇ ਜੇ ਉਹ ਸੁਰਾਹੀ ਦੇਵੇ ਫੋੜ, ਫੇਰ ਪੀਣ ਵਾਲੇ ਮਸਤਾਨੇ ਪਿਆਸ ਵਿਚ ਮਰ ਮਰ ਆਪਣਾ ਆਪ ਗਵਾਈਆ । ਜੇ ਮਸਤਾਂ ਨੂੰ ਨਾਮ ਦੀ ਮਸਤੀ ਨਾਲ ਲਵੇ ਜੋੜ, ਵਿਛੜਿਆਂ ਮੇਲ ਮਿਲਾਈਆ । ਜਨਮ ਕਰਮ ਦਾ ਮੇਟ ਕੇ ਕੋਹੜ, ਧੁਰ ਦਾ ਰੰਗ ਰੰਗਾਈਆ । ਜ਼ਰਾ ਤੱਕੋ ਨਾਲ ਗ਼ੌਰ, ਗਹਿਰ ਗੰਭੀਰ ਇਕ ਸੁਣਾਈਆ । ਬਿਨਾ ਪੀਤਿਆਂ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਦਾ ਪਾਵੇ ਕੋਈ ਨਾ ਸ਼ੋਰ, ਜਿਨ੍ਹਾਂ ਨਹੀਂ ਪੀਤੀ ਉਹ ਸਾਹਮਣੇ ਬਹਿ ਕੇ ਮਿਲਣ ਕੋਈ ਨਾ ਆਈਆ । ਜਿਸ ਪਰਕਾਸ਼ ਕੀਤਾ ਅੰਧੇਰੇ ਘੋਰ, ਤੁਹਾਡੀ ਅੰਦਰੋਂ ਖਿੱਚੀ ਡੋਰ, ਦੀਨਾਂ ਮਜ਼੍ਹਬਾਂ ਵਿਚੋਂ ਹੋੜ, ਆਤਮਾ ਪਰਮਾਤਮਾ ਨਾਲ ਲਈ ਜੋੜ, ਜਗਤ ਜੁਗਤ ਵਿਚੋਂ ਬਾਹਰ ਕਢਾਈਆ । ਮੰਤਰ ਦੱਸਿਆ ਫੋਰ, ਫੁਰਨਾ ਪਿਛਲਾ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜਾਮ ਇਕ ਵਖਾਈਆ । ਜਿਸ ਦਿਤਾ ਜਾਮ ਹਕ਼ੀਕ਼ਤ, ਪਿਆਲਾ ਹਕ ਉਠਾਈਆ । ਅੰਦਰੋਂ ਕੱਢ ਸ਼ਰੀਕਤ, ਲਾਸ਼ਰੀਕ ਦਇਆ ਕਮਾਈਆ । ਸਚ ਧਾਰ ਦੀ ਦੱਸ ਅਸਲੀਅਤ, ਅਸਲ ਵਸਲ ਦਿਤਾ ਵਖਾਈਆ । ਜਿਨ੍ਹਾਂ ਨੂੰ ਪ੍ਰਭ



੧੦੯੯
੨੦

ਦੇ ਮਿਲਣ ਦੀ ਨਹੀਂ ਸੀ ਕਾਬਲੀਅਤ, ਓਨ੍ਹਾਂ ਦੇ ਅੰਦਰ ਵੜ ਕੇ ਪੜਦਾ ਦਿਤਾ ਉਠਾਈਆ । ਜ਼ਰਾ ਪੁਛੋ ਭਗਤਾਂ ਤੋਂ ਤੁਹਾਡੀ ਕਿਨ ਬਦਲਾਈ ਤਬੀਅਤ, ਬਿਨਾ ਪੀਤਿਆਂ ਤੋਂ ਨਸ਼ਾਂ ਕਿਵੇਂ ਚੜ੍ਹ ਕੇ ਆਈਆ । ਇਹਨਾਂ ਦੇ ਵਿਚ ਬੜੀ ਉਚੀ ਜ਼ਹਨੀਅਤ, ਜਿਹੜੀ ਜ਼ੋਰ ਜ਼ਬਰ ਦਾ ਲੇਖਾ ਗਈ ਮੁਕਾਈਆ । ਪ੍ਰੇਮ ਪਿਆਰ ਮੁਹੱਬਤ ਦੀ ਦੇ ਕੇ ਇਨਸਾਨੀਅਤ, ਨੀਤੀ ਦਿਤੀ ਉਲਟਾਈਆ । ਸਚ ਦਵਾਰੇ ਦੀ ਬਣ ਕੇ ਰਈਅਤ, ਪਾਤਸ਼ਾਹ ਇਕੋ ਰਹੇ ਮਨਾਈਆ । ਜੇ ਨਾ ਪੀਤੀ ਹੁੰਦੀ ਉਨ੍ਹਾਂ ਦੀ ਗੁਰ ਅਵਤਾਰ ਪੈਗ਼ੰਬਰ ਹੁੰਦੀ ਵਲਦੀਅਤ, ਇਹ ਵੀ ਹਿੰਦੂ ਮੁਸਲਿਮ ਸਿੱਖ ਈਸਾਈ ਬਣ ਕੇ ਆਪਸ ਵਿਚ ਕਰਦੇ ਲੜਾਈਆ । ਇਹ ਖੇਲ ਨਵੀਂ ਨਵੀਅਤ, ਨਵਾਂ ਰਾਹ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਕਿਸ਼ਨ ਸਿੰਘਾ ਕੀ ਤੈਨੂੰ ਨਹੀਂ ਚੜ੍ਹੀ ਖ਼ੁਮਾਰੀ, ਜ਼ਰਾ ਉਠ ਕੇ ਦੇ ਸਮਝਾਈਆ । ਕਿਸੇ ਹੋਰ ਪਿਆਲੇ ਦੀ ਹੈ ਵਾਰੀ, ਮੁਖ ਤੋਂ ਦੇ ਸੁਣਾਈਆ । ਜਿਨ੍ਹਾਂ ਦੀ ਕੱਚੀ ਅੰਦਰੋਂ ਯਾਰੀ, ਉਹ ਰੋ ਕੇ ਦੇਣ ਦੁਹਾਈਆ । ਜਿਹੜੇ ਸਾਂਭ ਨਾ ਸਕਣ ਆਪਣੀ ਨਾਰੀ, ਉਹ ਨਾਰ ਬਣ ਕੇ ਕਿਸ ਤਰਾ ਕੰਤ ਦੀ ਸੇਵ ਕਮਾਈਆ । ਤੇਰੇ ਮਨ ਦੀ ਖ਼ੁਆਰੀ, ਇਕ ਵੇਰਾਂ ਮੁੱਛ ਤੋਂ ਹੱਥ ਫੇਰ ਤੇ ਨਾਲੇ ਉਤੋਂ ਦਾੜ੍ਹੀ, ਅੱਜ ਦੀ ਰਾਤ ਜੇ ਤੇਰੇ ਅੰਦਰ ਖ਼ੁਮਾਰੀ ਨਾ ਵਾੜੀ, ਫੇਰ ਭਾਵੇਂ ਆਵੀਂ ਨਾ ਉਤੇ ਸਤਾਰਾਂ ਹਾੜੀ, ਪੱਲਾ ਲੈਣਾ ਛੁਡਾਈਆ । ਸਾਚਿਆਂ ਭਗਤਾਂ ਦੀ ਆਤਮਾ ਰਹਿਣ ਨਹੀਂ ਦਿਤੀ ਕਵਾਰੀ, ਰਾਤੀ ਸੁੱਤਿਆਂ ਘਰ ਜਾ ਕੇ ਪਿਆਰ ਕਰੇ ਵਾਰੋ ਵਾਰੀ, ਗਲਵਕੜੀ ਆਪਣੇ ਨਾਲ ਪਾਈਆ । ਸੁਰਾਹੀ ਮੈਂ ਲੁਕਾ ਕੇ ਰੱਖੀ ਨਹੀਂ ਕਿਸੇ ਵਿਚ ਬੁਖਾਰੀ, ਓਸ ਤਾਲੇ ਨੂੰ ਖੋਲ੍ਹਣ ਵਾਲੀ ਕੁੰਜੀ ਨਜ਼ਰ ਕੋਇ ਨਾ ਆਈਆ । ਲੁਹਾਰ ਤਰਖਾਣ ਦੀ ਅਕਲ ਓਥੇ ਕਰੇ ਕੋਈ ਨਾ ਕਾਰੀ, ਕਾਰੀਗਰੀ ਬਾਡੀ ਬਣਤ ਨਾ ਕੋਇ ਬਣਾਈਆ । ਪ੍ਰਭੂ ਹੈ ਬੜਾ ਕੰਜੂਸ ਐਵੇਂ ਆਪਣਾ ਨਾਮ ਧਨ ਨਹੀਂ ਜਾਂਦਾ ਉਜਾੜੀ, ਠੱਗਾਂ ਚੋਰਾਂ ਦੀ ਝੋਲੀ ਕਦੇ ਨਾ ਪਾਈਆ । ਵੇਖੋ ਕਿੰਨੇ ਲੱਭਦੇ ਉਤੇ ਪਹਾੜੀ, ਰੁਲਦੇ ਫਿਰਨ ਉਜਾੜੀ, ਧੂਣੀਆਂ ਨਾਲ ਤਨ ਰਹੇ ਸਾੜੀ, ਜਲ ਵਿਚ ਆਪਣਾ ਆਪ ਠਾਰੀ, ਦਰ ਦਰ ਘਰ ਘਰ ਮੰਗਦੇ ਫਿਰਨ ਵਾੜੀ, ਉਨ੍ਹਾਂ ਦੀ ਕ਼ਿਸਮਤ ਮਾੜੀ, ਪਿਆਲਾ ਦੇਣ ਵਾਲਾ ਹੱਥ ਕਿਸੇ ਨਾ ਆਈਆ । ਜਿਨ੍ਹਾਂ ਦਾ ਪੂਰਬ ਜਨਮ ਕਰਕੇ ਆ ਗਈ ਵਾਰੀ, ਉਨ੍ਹਾਂ ਦੇ ਅੰਦਰ ਸਾਫ਼ ਕਰੇ ਨਾਲ ਬਹਾਰੀ, ਗੁਰਮੁਖ ਬਣਾਏ ਆਪਣੀ ਪਿਆਰੀ, ਪ੍ਰੇਮ ਪਿਆਰ ਮੁਹੱਬਤ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਾਮ ਪਿਆਲਾ ਇਕ ਪਿਲਾਈਆ । ਜਾਮ ਪਿਆਲਾ ਪੀਣ ਨੂੰ ਸਾਰੇ ਲਬਰੇਜ਼, ਬੁੱਲਾਂ ਉਤੇ ਜ਼ਬਾਨ ਫਿਰਾਈਆ । ਸਾਰੇ ਕਹਿੰਦੇ ਅੰਦਰੇ ਅੰਦਰ ਸਾਨੂੰ ਵੀ ਮਿਲ ਜਾਏ ਜੋਤੀ ਦਾ ਤੇਜ, ਅਸੀਂ ਵੀ ਆਕੜ ਕੇ ਬਹਿ ਕੇ ਆਪਣੀ ਖ਼ੁਸ਼ੀ ਬਣਾਈਆ । ਬਹੁਤੇ ਕਹਿੰਦੇ ਜੇ ਪੂਰਨ ਦੇ ਥਾਂ ਸਾਨੂੰ ਦਿੰਦਾ ਭੇਜ, ਸਾਨੂੰ ਵੀ ਭਜਨ ਬੰਦਗੀ ਦੀ ਲੋੜ ਰਹਿੰਦੀ ਨਾ ਰਾਈਆ । ਪਤਾ ਨਹੀਂ ਪੂਰਨ ਦੀ ਪੂਰਨ ਕਿਸ ਤਰ੍ਹਾਂ ਮਾਣਦਾ ਸੇਜ, ਪੂਰਨ ਪੂਰਨ ਵਿਚ ਸਮਾਈਆ । ਜੇ ਪੂਰਨ ਨਾ ਹੁੰਦਾ ਪੂਰਨ ਖੌਰੇ ਸੁਰਾਹੀ ਪਿਆਲੇ ਨੂੰ ਲੁੱਟ ਕੇ ਸਾਰੇ ਆਉਂਦੇ ਵੇਚ, ਕੀਮਤ ਟੱਕਿਆ ਵਾਲੀ ਪਾਈਆ । ਪਰ ਇਹੋ ਦੁੱਖ ਜਿਹੜਾ ਅੰਦਰ ਵੜ ਕੇ ਮਾਰੇ ਪੇਚ, ਪੇਚੇ ਵਿਚ ਆਇਆ ਨਿਕਲ ਕੋਇ ਨਾ ਜਾਈਆ । ਬਜਰ ਕਪਾਟੀ ਵਿਚ ਕਰਕੇ ਛੇਕ, ਸੁਰਾਹੀ ਅੰਦਰੋਂ ਦਏ ਉਲਟਾਈਆ । ਜਿਸ ਦਾ ਹੌਲੀ ਹੌਲੀ ਸਾਰੇ ਸਰੀਰ ਵਿਚ ਚੜ੍ਹ ਜਾਏ ਰੇਜ, ਨਾੜੀ ਨਾੜੀ ਵਿਚ ਸਮਾਈਆ । ਪ੍ਰਭੂ ਦਾ ਪੈਮਾਨਾ ਕੋਈ ਨਾਪਣ ਵਾਲੀ ਨਹੀਂ ਲੁਹਾਰਾਂ ਵਾਲੀ ਗੇਜ, ਇਕ ਦੋ ਤਿੰਨ ਚਾਰ ਪੰਜ ਨੰਬਰ

੧੧੦੦
੨੦

ਨਾ ਕੋਇ ਲਗਾਈਆ । ਉਹ ਸੁਰਾਹੀ ਕੋਈ ਦਾਲ ਵਾਲੀ ਨਹੀਂ ਦੇਗ, ਜਿਹਦੀ ਮਰਜ਼ੀ ਕੜਛਾ ਭਰ ਕੇ ਭੱਜੇ ਵਾਹੋ ਦਾਹੀਆ । ਜਿੰਨਾਂ ਚਿਰ ਇਕ ਦੀ ਨਾ ਹੋਵੇ ਟੇਕ, ਬੁੱਧੀ ਨਾ ਹੋਵੇ ਬਿਬੇਕ, ਕੂੜਾ ਨਾ ਰਹੇ ਭੇਖ, ਵਸੇ ਨਾ ਓਸ ਦੇਸ, ਜਿਥੇ ਮਾਲਕ ਇਕ ਨਰੇਸ਼, ਨਰਾਂ ਦਾ ਨਰਾਇਣ ਨਜ਼ਰੀ ਆਈਆ । ਭਾਵੇਂ ਕੋਈ ਬੁਕਲ ਮਾਰੇ ਭੂਰੇ ਦੀ ਭਾਵੇਂ ਕੋਈ ਉਤੇ ਤਾਣੇ ਖੇਸ, ਵੇਰਵਾ ਕਰੇ ਨਾ ਕੋਈ ਸ਼ਬਦ ਗੁਰੂ ਦਸ ਦਸਮੇਸ਼, ਜੋ ਆਦਿ ਜੁਗਾਦਿ ਰਹੇ ਹਮੇਸ਼, ਹਮਸਾਜਣ ਹੋ ਕੇ ਝਟ ਲੰਘਾਈਆ । ਜੇ ਪਿਆਲੇ ਨੂੰ ਪੀਣ ਵਾਸਤੇ ਹੋਏ ਪੇਸ਼, ਪੇਸ਼ਤਰ ਪੀਣ ਤੋਂ ਪੀਣਾ ਦਏ ਸਿਖਾਈਆ । ਸਦਾ ਮੁਹੱਬਤ ਵਿਚ ਰਹੋ ਹਮੇਸ਼, ਪ੍ਰੀਤੀ ਪ੍ਰੀਤਮ ਨਾਲ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੀ ਪੀਣ ਵਾਲਾ ਹੋਰ ਵੀ ਕੋਈ ਸਾਕੀ, ਇਸ਼ਾਰਾ ਉਂਗਲੀ ਨਾਲ ਕਰਾਈਆ । ਇਹ ਸਾਰੀ ਇਨ੍ਹਾਂ ਗੱਲ ਆਖੀ, ਜਿਹੜੇ ਪੱਲੂ ਰਹੇ ਛੁਡਾਈਆ । ਆਪੇ ਆਪਣੀ ਸਾਫ਼ ਕਰਕੇ ਵਖਾਵੇ ਬਾਟੀ, ਫਿਰ ਸਹਿਜੇ ਦਿਆਂ ਉਲਟਾਈਆ । ਜੇ ਬਾਟੀ ਨਹੀਂ ਇਕੋ ਮੰਨੋ ਆਖੀ, ਪਿਆਲਾ ਪੀਣ ਦੀ ਲੋੜ ਰਹੇ ਨਾਂ ਰਾਈਆ । ਤੁਹਾਡਾ ਕੋਈ ਭੁੱਲਣ ਵਾਲਾ ਨਹੀਂ ਸਾਕੀ, ਕਿ ਸਵਰਨ ਦਾ ਪਿਆਲਾ ਦੂਜੇ ਦੇ ਮੂੰਹ ਨੂੰ ਲਾਈਆ । ਇਹ ਖੇਲ ਪੁਰਖ ਅਬਿਨਾਸ਼ੀ, ਹਰਿ ਕਰਤਾ ਆਪ ਕਰਾਈਆ । ਤੁਹਾਡੇ ਅੰਤਰ ਆਤਮਾ ਦਾ ਵਾਸੀ, ਪਰਕਾਸ਼ ਨੂਰ ਅਲਾਹੀਆ । ਜਨ ਭਗਤੋ ਪੀਣ ਦੀ ਲੋੜ ਰਹੇ ਨਾ ਬਾਕੀ, ਇਕ ਦੋ ਤਿੰਨਾਂ ਸਾਲਾਂ ਵਿਚ ਸਾਰੇ ਦਏ ਰਜਾਈਆ । ਜੇ ਬਹੁਤੇ ਰਜਾ ਦਿਤੇ ਤੁਸਾਂ ਆਪਣੀ ਭੁੱਲ ਜਾਣੀ ਮਾਈ ਤੇ ਤਾਈ ਤੇ ਚਾਚੀ, ਨਾਰੀ ਕੰਤ ਤੇ ਕੰਤ ਨਾਰੀ ਇਕ ਦੂਜੇ ਨੂੰ ਤੱਜ ਕੇ ਗਲਵਕੜੀ ਮੇਰੇ ਨਾਲ ਪਾਈਆ । ਥੋੜੇ ਸਮੇਂ ਨੂੰ ਦਰਸ਼ਨ ਕਰਕੇ ਤਰਨੇ ਪਾਪੀ, ਜੋ ਦਰ ਆਇਆ ਜੋਤ ਜਗਾ ਕੇ ਘਰ ਨੂੰ ਜਾਈਆ । ਇਸ ਦਾ ਲੇਖਾ ਲਿਖਾ ਦੇਵਾਂਗਾ ਏਸੇ ਵਿਸਾਖੀ, ਵਸਾਹ ਕੇ ਸਭ ਨੂੰ ਲੈਣਾ ਢਾਹੀਆ । ਇਕ ਪੰਡਤ ਰੋਂਦਾ ਵਿਚ ਕਾਸ਼ੀ, ਦੋ ਕਸ਼ਮੀਰ ਵਿਚ ਕੁਰਲਾਈਆ । ਸ੍ਰਿਸ਼ਟ ਸਬਾਈ ਵਰੋਲਣੀ ਕੂੜੀ ਕਿਰਿਆ ਛਾਛੀ, ਮੱਖਣ ਹਰਿਜਨ ਬਾਹਰ ਕਢਾਈਆ । ਪ੍ਰਭ ਦੀ ਮੋਹਰ ਜਨ ਭਗਤੋ ਦੂਜੇ ਹੋਰ ਕਿਸੇ ਨਹੀਂ ਛਾਪੀ, ਗੁਰ ਅਵਤਾਰ ਪੈਗ਼ੰਬਰਾਂ ਹੱਥ ਨਾ ਕਦੇ ਫੜਾਈਆ । ਸਦਾ ਸਚਖੰਡ ਦਵਾਰੇ ਰਹੇ ਢਾਂਪੀ, ਢਾਂਚਿਆ ਵਿਚ ਬੰਦ ਨਾ ਕਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖ਼ੁਮਾਰੀ ਦਏ ਚੜ੍ਹਾਈਆ । ਖ਼ੁਮਾਰੀ ਚੜ੍ਹ ਗਈ ਤੁਸਾਂ ਹਾਕਰ ਮਾਰਨੀ ਹੂੰ, ਹੋਕਿਆਂ ਵਿਚ ਅੰਗੜਾਈਆ । ਕਿਹੜਾ ਮੇਰੇ ਸਾਹਮਣੇ ਅੜੇ ਗੁਰੂ, ਗੁਰਦੇ ਵਾਲਾ ਮੈਂ ਇਕੋ ਨਜ਼ਰੀ ਆਈਆ । ਜਨ ਭਗਤੋ ਤੁਹਾਡੀ ਪਦਵੀ ਅਟੱਲ ਵਾਂਗ ਧਰੂ, ਧੁਰ ਦੀ ਬਣਤ ਦਿਤੀ ਬਣਾਈਆ । ਤੁਹਾਡੀ ਮੰਜ਼ਲ ਉਥੋਂ ਹੁੰਦੀ ਸ਼ੁਰੂ, ਜਿਥੋਂ ਜਗਤ ਅਭਿਆਸੀ ਆਪਣੀ ਮੰਜ਼ਲ ਮੁਕਾਈਆ । ਐਵੇ ਨਾ ਕਰੋ ਡਰੂੰ ਡਰੂੰ, ਡਰਪੋਕ ਰਹਿਣ ਕੋਇ ਨਾ ਪਾਈਆ । ਮੈਂ ਤੁਹਾਡੇ ਕਾਇਆ ਦੇ ਮੈਖ਼ਾਨੇ ਅੰਦਰ ਵੜੂੰ, ਅੰਦਰ ਵੜ ਕੇ ਪੜਦਾ ਲਾਹੀਆ । ਮੰਜ਼ਲ ਓਸ ਹਕ਼ੀਕ਼ੀ ਚੜੂੰ, ਜਿਥੇ ਤਖ਼ਤ ਨਿਵਾਸੀ ਸੋਭਾ ਪਾਈਆ । ਵੇਖ ਕੇ ਸੜ ਕੇ ਐਵੇਂ ਨਾ ਕਰਨਾ ਕੜੂੰ ਕੜੂੰ, ਇਹ ਵਸਤ ਬਿਨਾ ਪੂਰਨ ਦੇ ਹੱਥ ਕਿਸੇ ਨਾ ਆਈਆ । ਇਕ ਸ਼ਬਦ ਸੰਦੇਸ਼ਾ ਸਭ ਨੂੰ ਇਕੋ ਵਾਰ ਘੱਲੂੰ, ਘਾਇਲ ਕਰਕੇ ਫੱਟੜ ਸਾਰੇ ਦੇਣੇ ਕਰਾਈਆ । ਇਕੋ ਰਾਤ ਵਿਚ ਤੁਹਾਡੀ ਜਾਤ ਬਣ ਕੇ ਤੁਹਾਡੇ ਵਿਚ ਰਲੂੰ, ਫੇਰ ਰੌਲਾ ਪਾਉਣ ਦੀ ਲੋੜ ਰਹੇ ਨਾ ਰਾਈਆ । ਤੁਹਾਨੂੰ ਬਣਾਕੇ ਆਪਣੇ ਬੱਚੇ ਬੱਲੂ, ਲਾਡਲੇ ਗੋਦ ਉਠਾਈਆ । ਤੁਹਾਨੂੰ ਖੜਕਾਉਣਾ ਨਾ ਪਏ ਟੱਲੂ, ਵਰਕਿਆਂ ਵਾਲੀ ਕਰਨੀ ਨਾ ਪਏ ਪੜ੍ਹਾਈਆ । ਮਿਹਰ

ਨਿਗਾਹ ਨਾਲ ਓਸ ਟਿਕਾਣੇ ਘਲੂੰ, ਜਿਥੇ ਘਰ ਦਾ ਮਾਲਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਵੇਖ ਵਖਾਈਆ । ਮਸਤੋ ਕੀ ਮੰਗੋ ਬਣ ਦੀਵਾਨੇ, ਦਾਅਵਾ ਦੀਵਾਨੀ ਦਾਇਰ ਕਰਾਈਆ । ਕਿਉਂ ਲਾਲ ਅੱਖਾਂ ਕੱਢੋ ਆਨੇ, ਗ਼ੁੱਸਿਆਂ ਵਿਚ ਡਰਾਈਆ । ਪ੍ਰਭੂ ਦੇ ਸਦਾ ਇਕੋ ਜਿਹੇ ਪੈਮਾਨੇ, ਪੈਮਾਇਸ਼ ਵਿਚ ਬਦਲੀ ਨਾ ਕੋਇ ਵਖਾਈਆ । ਭਗਤਾਂ ਨੂੰ ਕਦੇ ਨਾ ਸਮਝੇ ਬੇਗਾਨੇ, ਆਪ ਆਪਣੇ ਗਲੇ ਲਗਾਈਆ । ਭਾਵੇਂ ਕਿੰਨੇ ਇਕੱਠੇ ਹੋ ਕੇ ਦਿਉ ਤਾਅਨੇ, ਬਿਨਾ ਵੇਲੇ ਤੋਂ ਆਪਣਾ ਖੇਲ ਨਾ ਕੋਇ ਵਖਾਈਆ । ਭਾਵੇ ਫੜ ਕੇ ਹੁਣੇ ਦੇ ਆਉ ਠਾਣੇ, ਠਾਕਰ ਠੋਕਰ ਵਿਚ ਕਦੇ ਨਾ ਆਈਆ । ਭਾਵੇਂ ਤੁਸੀਂ ਕਿੱਡੇ ਬੜੇ ਸਿਆਣੇ, ਅਕਲਮੰਦ ਅਖਵਾਈਆ । ਜਿਸ ਵੇਲੇ ਪ੍ਰਭੂ ਤੱਕੇ ਤੁਸੀਂ ਨਿੱਕੇ ਬਾਲ ਅੰਵਾਣੇ, ਨੰਨ੍ਹੇ ਨਜ਼ਰੀ ਆਈਆ । ਅਜੇ ਬਹੁਤੇ ਭੱਠੀਆਂ ਤੋਂ ਭੁੰਨਾ ਕੇ ਚੱਬਦੇ ਦਾਣੇ, ਰੀਤੀ ਪਿਉ ਦਾਦੇ ਵਾਲੀ ਚਲੀ ਆਈਆ । ਕਈ ਅੱਖਾਂ ਤੋਂ ਕਾਣੇ, ਟੇਢੀ ਅੱਖ ਤਕਾਈਆ । ਪਤਾ ਨਹੀਂ ਇਹ ਪੂਰਨ ਕਿ ਵਿਸ਼ਨੂੰ ਭਗਵਾਨੇ, ਲਾਰੇ ਲੱਪਿਆ ਵਿਚ ਝਟ ਲੰਘਾਈਆ । ਵੀਹ ਦਾ ਚਵ੍ਹੀ ਬਬੇਰੇ ਨਜ਼ਮਾਂ ਵਿਚ ਗਾਏ ਤਰਾਨੇ, ਪਰ ਤਰਾਨੇ ਗਾਉਂਦਿਆਂ ਘਰ ਦੀ ਮੁਕੀ ਨਾ ਅੱਜੇ ਲੜਾਈਆ । ਚਲੋ ਜੇ ਹੋਰ ਕੁਛ ਨਹੀਂ ਗ਼ੁੱਸਾ ਸਾਰਾ ਪਾਓ ਪ੍ਰਭ ਦੇ ਖ਼ਾਨੇ, ਆਪ ਖਾ ਪੀ ਕੇ ਝਟ ਲੰਘਾਈਆ । ਦੋ ਚਾਰ ਬੋਲ ਕੇ ਗਾਣੇ, ਪੱਲਾ ਲਓ ਛੁਡਾਈਆ । ਇਹ ਗੱਲ ਜ਼ਰੂਰ ਦੱਸੀ ਅਜੀਤ ਸਿੰਘ ਵਰਗੇ ਸਿਆਣੇ, ਜੋ ਸਲਾਹਕਾਰ ਪਿਛਲਾ ਨਜ਼ਰੀ ਆਈਆ । ਹੁਣ ਭਾਵੇਂ ਕਿੱਡੇ ਬਣਾਵੋ ਬਹਾਨੇ, ਅਸਲ ਗੱਲ ਸਭ ਨੂੰ ਸਮਝ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਕਿਹੜੀ ਕਲਮ ਨਾਲ ਲਿਖਿਆ ਮੁਕੱਦਮਾ, ਕਿਸ ਦੇ ਅੱਗੇ ਰਖਾਈਆ । ਓਹ ਗੁਰਮੁਖੋ ਤੁਹਾਡੇ ਮੁਕੱਦਮੇ ਦਾ ਜ਼ਰੂਰ ਮੈਨੂੰ ਸਦਮਾ, ਤੁਹਾਡੀ ਤਹਿਰੀਰ ਬੇਨਜ਼ੀਰ ਜਿਸ ਦੀ ਨਸਰ ਨਾ ਕੋਇ ਵਖਾਈਆ । ਨਾਲੇ ਝੁਕਣਾ ਉਤੇ ਕਦਮਾਂ, ਸੀਸ ਜਗਦੀਸ ਨਿਵਾਈਆ । ਗੌਣੀਆਂ ਬੇਮਨਜ਼ੂਰ ਨਜ਼ਮਾਂ, ਜਿਸ ਦੀ ਨਗ਼ਮਾ ਕਰੇ ਨਾ ਕੋਇ ਸ਼ਨਵਾਈਆ । ਬੁੱਧੀ ਦਾ ਲੈ ਕੇ ਤਗਮਾ, ਖ਼ੁਸ਼ੀ ਇਕ ਬਣਾਈਆ । ਖ਼ੁਸ਼ੀ ਵਿਚ ਲਾ ਕੇ ਫ਼ਤਵਾ, ਮੁਕੱਦਮਾ ਦਾਇਰ ਦਿਤਾ ਕਰਾਈਆ । ਇਹਦਾ ਅਰਥ ਦੱਸੋ ਕੀ ਅਥਵਾ, ਅਰਥਾਤ ਦਿਉ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਕਿਸ ਦੀ ਕਚਹਿਰੀ ਤੇ ਕਿਹੜਾ ਸ਼ੈਸ਼ਨ, ਰਜਿਸਟਰ ਕਰਨ ਵਾਲਾ ਕਿਹੜਾ ਨਜ਼ਰੀ ਆਈਆ । ਓਥੇ ਪਰਵਾਹ ਨਹੀਂ ਕਿਸੇ ਸ਼ੰਕਰ ਬ੍ਰਹਮਾ ਵਿਸ਼ਨ, ਕਲਮ ਸ਼ਾਹੀ ਲੈਣ ਚਲਾਈਆ । ਗੁਰ ਅਵਤਾਰ ਪੈਗ਼ੰਬਰ ਨਿਮਾਣੇ ਦਿਸਣ, ਬੈਠੇ ਸੀਸ ਝੁਕਾਈਆ । ਜਿਨ੍ਹਾਂ ਸਾਰਿਆਂ ਨੂੰ ਇਕੋ ਵਾਰ ਦੇਣੀ ਪੈਨਸ਼ਨ, ਪਿਛਲਾ ਲੇਖਾ ਦੇਣਾ ਮੁਕਾਈਆ । ਓਨ੍ਹਾਂ ਸਲਾਮ ਕਰਨਾ ਹੋ ਕੇ ਅਟੈਨਸ਼ਨ, ਸਲੂਟ ਬਿਨਾ ਕਲਬੂਤ ਦੇਣਾ ਲਗਾਈਆ । ਸਵਰਨ ਜੀ ਉਨ੍ਹਾਂ ਤੋਂ ਕੋਈ ਲੈਣ ਤੇ ਨਹੀਂ ਲੱਗਾ ਕਮਿਸ਼ਨ, ਹਿੱਸਾ ਵੰਡ ਵੰਡਾਈਆ । ਕੁਛ ਯਾਦ ਕਰ ਇਹ ਖੇਲ ਰਾਮ ਦਾ ਕੁਝ ਅਰਜਨ ਨੂੰ ਦੱਸਿਆ ਕ੍ਰਿਸ਼ਨ, ਕਸ਼ਮਕਸ਼ ਵਿਚ ਲੋਕਾਈਆ । ਅਰਜਨ ਜਿਹੜੇ ਭਗਤ ਭਗਵਾਨ ਉਤੋਂ ਵਿਕਣ, ਆਪਾ ਓਸੇ ਦੀ ਝੋਲੀ ਪਾਈਆ । ਉਨ੍ਹਾਂ ਨੂੰ ਪ੍ਰਭ ਮਿਲਦਾ (ਪ੍ਰਿਥਮ), ਪ੍ਰਿਥਮੀ ਉਤੇ ਫੇਰਾ ਪਾਈਆ । ਸ੍ਰਿਸ਼ਟੀ ਦੱਸੇ ਮਿਥਨ, ਮਿਥਿਆ ਕੂੜ ਲੋਕਾਈਆ । ਗੁਰਮੁਖਾਂ ਕੋਲੋਂ ਜਾਚ ਸਿਖਣ, ਜੋ ਸਿਖਿਆ ਵਿਚ ਆਪਣਾ ਆਪ ਗਏ ਮਿਟਾਈਆ । ਪ੍ਰਭ ਦੇ ਮੁਕੱਦਮੇ ਨੂੰ ਕਿਹੜਾ ਆਵੇ ਲਿਖਣ, ਕੇਹਦੀ ਜੁੱਰਅਤ ਅਸ਼ਟਾਮ ਉਤੇ ਮੋਹਰ ਦੇਵੇ ਲਗਾਈਆ । ਕਿਹੜਾ ਆਵੇ ਜਿਤਣ, ਗੁਰ ਅਵਤਾਰ ਪੈਗ਼ੰਬਰ ਸ਼ਹਾਦਤ

ਸਕੇ ਨਾ ਕੋਇ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਇਹ ਮੁਕੱਦਮਾ ਨਹੀਂ ਕੋਈ ਕਿ ਛਾਬੜੀ ਵਿਚੋਂ ਚੁਰਾ ਲਏ ਕਚਾਲੂ, ਟਕੇ ਦੇ ਸੇਰ ਜਗਤ ਵਿਕਾਈਆ । ਭਗਤੋ ਪ੍ਰਭੂ ਸਦਾ ਸਦਾ ਦਿਆਲੂ, ਦਿਆਲਤਾ ਵਿਚ ਸਮਾਈਆ । ਆਦਿ ਜੁਗਾਦਿ ਕਿਰਪਾਲੂ, ਕਿਰਪਾਨਿਧ ਅਖਵਾਈਆ । ਸਭ ਨੂੰ ਪਰਵਰਿਸ਼ ਕਰਕੇ ਪਾਲੂ, ਸੇਵਕ ਹੋ ਕੇ ਸੇਵ ਕਮਾਈਆ । ਤੁਹਾਡੇ ਦੁੱਖ ਦੀ ਘਾਲਣਾ ਘਾਲੂ, ਦੁੱਖ ਸੁਖ ਇਕੋ ਰੰਗ ਵਖਾਈਆ । ਅਜੇ ਤੇ ਸਮੇਲਨ ਵਿਚ ਪ੍ਰਭ ਦਾ ਹੁਕਮ ਹੋਣ ਲੱਗਾ ਚਾਲੂ, ਪਿੱਛੇ ਦੇ ਕਲਜੁਗ ਦਾ ਲੇਖਾ ਮੁਕਾਈਆ । ਫੇਰ ਜਾਮ ਪਿਆਲੇ ਪੀ ਕੇ ਵੱਡੇ ਮੋਟੇ ਬਣ ਜਾਓ ਗਾਹਲੂ, ਆਕੜ ਆਕੜ ਕੇ ਚਲਿਓ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਸਿਰ ਤੇ ਦੇਵੇ ਨਾਮ ਸਾਲੂ, ਸਾਲਮ ਆਪਣਾ ਰੰਗ ਚੜ੍ਹਾਈਆ । ਸੁਰਾਹੀ ਵਿਚੋਂ ਜਾਮ ਪੀ ਪੀ ਕਈ ਥੱਕੇ, ਛੁੱਟੀ ਜਗਤ ਲੋਕਾਈਆ । ਜਿਸ ਵੇਲੇ ਮੁਹੰਮਦ ਮਦੀਨਿਉਂ ਗਿਆ ਮੱਕੇ, ਹੋਈ ਦੁਹਾਈ ਦੁਹਾਈਆ । ਉਹ ਪੈਮਾਨੇ ਵਲ ਤੱਕੇ, ਆਪਣੀ ਅੱਖ ਉਠਾਈਆ । ਓਧਰੋਂ ਹੁਕਮ ਆਇਆ ਹਕੇ, ਹਕ਼ੀਕ਼ਤ ਵਿਚ ਸਮਾਈਆ । ਮੁਹੰਮਦਾ ਇਹ ਪਿਆਲਾ ਭਗਤ ਦਾ ਭਗਵਾਨ ਭਗਵਾਨ ਦਾ ਭਗਤ ਫੇਰ ਛਕੇ, ਸ਼ਕਾਇਤ ਵਾਲਿਆਂ ਦਾ ਸ਼ਿਕਵਾ ਦਏ ਗਵਾਈਆ । ਜਿਸ ਕਾਰਨ ਇਹ ਜਾਮ ਲੁਕਾ ਕੇ ਰੱਖੇ, ਇਸ ਦੀ ਸਮਝ ਨਾ ਕੋਇ ਸਮਝਾਈਆ । ਇਹ ਓਸ ਵੇਲੇ ਪਿਆਉਣੇ ਜਿਸ ਵੇਲੇ ਸਾਰੀ ਦੁਨੀਆ ਹੋਵੇ ਹਕੇ ਬੱਕੇ, ਹੈਰਾਨੀ ਵਿਚ ਦੁਹਾਈਆ । ਪ੍ਰਭੂ ਵੀ ਉਹ ਵੇਲਾ ਖ਼ੁਸ਼ੀਆਂ ਵਾਲਾ ਤੱਕੇ, ਹੌਲੀ ਹੌਲੀ ਪੰਧ ਮੁਕਾਈਆ । ਅੱਜੇ ਕੁਛ ਹੋਰ ਹੋਣ ਵਾਲੇ ਨਾਲ ਇਕੱਠੇ, ਉਨ੍ਹਾਂ ਨੂੰ ਰਿਹਾ ਮਿਲਾਈਆ । ਜਿਸ ਵੇਲੇ ਪੂਰੇ ਹੋ ਗਏ ਬੱਚੇ, ਇਕੋ ਵਾਰ ਰਸ ਦਏ ਚਖਾਈਆ । ਬਾਕੀ ਰਹਿਣੇ ਭਾਂਡੇ ਕੱਚੇ ਨਾਮ ਦੀ ਭੱਠੀ ਨਾ ਕੋਇ ਤਪਾਈਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਪਤੇ, ਪਤਿਪਰਮੇਸ਼ਵਰ ਬੇਪਰਵਾਹੀਆ । ਉਹ ਨਿਰਗੁਣ ਧਾਰ ਆਵੇ ਵਤੇ, ਬੇਵਤਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਇਕ ਨਿਭਾਈਆ । ਕੀ ਪੀ ਕੇ ਹੋਵੇ ਮਖ਼ਮੂਰ, ਆਪਣੀ ਸੁੱਧ ਭੁਲਾਈਆ । ਹੁਣ ਸਮਝੇਂ ਬਰਕਤ ਪੁਰੇ ਤੋਂ ਪੈਂਡਾ ਦੂਰ, ਘਰ ਦਾ ਧੰਦਾ ਦੋ ਦਿਨ ਨਾ ਛਡਾਈਆ । ਜੇ ਅੰਦਰ ਚੜ੍ਹ ਜਾਏ ਸਰੂਰ, ਕੀ ਧੀਆਂ ਪੁੱਤ ਦੇਵੇਂ ਤਜਾਈਆ । ਚਰਨ ਬਣਕੇ ਮਜਦੂਰ, ਸੇਵਾ ਸਚ ਕਮਾਈਆ । ਕੀ ਅੱਠੇ ਪਹਿਰ ਰਹੇਂਗਾ ਹਜ਼ੂਰ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭ ਦਾ ਇਹ ਦਸਤੂਰ, ਆਹਿਸਤਾ ਆਹਿਸਤਾ ਸਭ ਨੂੰ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਚਲਾਈਆ । ਕੀ ਨਾਮ ਖ਼ੁਮਾਰੀ ਨਾਲ ਹੋ ਜਾਏਂ ਮੋਟਾ, ਪੀ ਪਿਆਲਾ ਖ਼ੁਸ਼ੀ ਮਨਾਈਆ । ਤੂੰ ਅਜੇ ਉਨ੍ਹਾਂ ਨੂੰ ਨਹੀਂ ਛੱਡਦਾ ਜਿਹੜੇ ਤੇਰੇ ਕੋਲੋਂ ਹੱਥ ਨਾਲ ਗਿੜਾਉਂਦੇ ਟੋਕਾ, ਗ਼ੁੱਸੇ ਹੋ ਕੇ ਫੇਰ ਡਰਾਈਆ । ਜੇ ਜਾਮ ਪੀਣ ਦਾ ਲੈਣਾ ਮੌਕਾ, ਮੁਕੰਮਲ ਪ੍ਰਭ ਦੀ ਸੇਵ ਕਮਾਈਆ । ਜੇ ਅਜੇ ਲੱਜ ਨਾਲ ਬੱਧਾ ਤੇ ਖੂਹ ਵਿਚ ਲਮਕਿਆ ਬੋਕਾ, ਭੌਣੀ ਦੇ ਗੇੜ ਲੈਣੇ ਗਿੜਾਈਆ । ਜੇ ਸਚ ਮੁਹੱਬਤ ਦਾ ਅੰਦਰ ਹੋਕਾ, ਹਰਦਮ ਧਿਆਨ ਰਖਾਈਆ । ਫਿਰ ਸਤਿਗੁਰ ਸਾਚਾ ਪਹੁੰਚਾ, ਜਾਮ ਇਕੋ ਦਏ ਪਿਲਾਈਆ । ਓਏ ਜਾਮ ਪੀ ਕੇ ਫੇਰ ਕਿਤੇ ਹਾਂਡੀ ਵਿਚ ਨਾ ਫੇਰੀਂ ਘੋਂਚਾ, ਇਸਤਰੀਆਂ ਵਾਲੀ ਸੇਵ ਕਮਾਈਆ । ਛੱਡਣਾ ਪਊ ਘਰ ਦਾ ਚੁਲ੍ਹਾ ਚੌਂਕਾ, ਚਹੁੰ ਕੰਨਾ ਦਾ ਜੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।


੧੧੦੩
੨੦

ਸਾਰੇ ਕਹਿੰਦੇ ਪੀਣੀ ਪੀਣੀ, ਪੀ ਪੀ ਖ਼ੁਸ਼ੀ ਮਨਾਈਆ । ਜੇ ਪੀ ਕੇ ਫੇਰ ਘਰ ਦਿਆਂ ਦੀ ਫੜਨੀ ਵੀਣੀ, ਪੀਤੀ ਕੰਮ ਕਿਸੇ ਨਾ ਆਈਆ । ਬਦਲ ਜਾਵੇ ਜੀਣੀ, ਜ਼ਿੰਦਗੀ ਦਏ ਉਲਟਾਈਆ । ਮਤ ਰੱਖਣੀ ਪਏ ਹੀਣੀ, ਹੰਕਾਰ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜਾਮ ਕਹੇ ਪ੍ਰਭੂ ਮੈਨੂੰ ਛੇਤੀ ਦੇ ਪਿਆ, ਪਿਆਸੇ ਪਿਆਸ ਮਿਟਾਈਆ । ਸੁਰਾਹੀ ਕਹੇ ਪਿਆਲਿਆ ਉਹਦੇ ਘਰ ਦੇ ਰੋਵਣ ਮਾਰ ਕੇ ਧਾਹ, ਕਿਉਂ ਪੱਲੂ ਗਿਆ ਛੁਡਾਈਆ । ਸਾਡਾ ਪਿਆਰ ਛੱਡ ਕੇ ਓਸ ਦੀ ਸੇਵਾ ਰਿਹਾ ਕਮਾ, ਜੋ ਕਮਾਈ ਕਰਦਿਆਂ ਨੂੰ ਘਰੋਂ ਉਠਾ ਕੇ ਆਪਣੇ ਨਾਲ ਮਿਲਾਈਆ । ਫੇਰ ਪੰਜ ਸੱਤ ਇਕੱਠੇ ਹੋ ਕੇ ਜਾਵਣ ਆ, ਸਵਰਨ ਦੀ ਦੇਣ ਸਫ਼ਾਈਆ । ਅਜੇ ਤੇ ਏਸ ਨੇ ਨਵਾਂ ਕਰਾਇਆ ਵਿਆਹ, ਕਿਉਂ ਪੱਲੂ ਦਿਤਾ ਛੁਡਾਈਆ । ਪਰ ਏਥੇ ਲੜਨ ਨੂੰ ਦੋਹਾਂ ਨੂੰ ਨਹੀਂ ਥਾਂ, ਉਹ ਕਿਧਰੇ ਤੇ ਇਹ ਕਿਧਰੇ ਅੱਖ ਨਾਲ ਅੱਖ ਨਾ ਕੋਇ ਮਿਲਾਈਆ । ਜੇ ਚਾਹੇਂ ਤੇ ਹੁਣੇ ਦਿਆਂ ਪਿਆ, ਮਸਤਾਨਾ ਕਰ ਕੇ ਦਿਆਂ ਵਖਾਈਆ । ਦੂਜਿਆਂ ਮਸਤਾਂ ਨੂੰ ਐਵੇਂ ਨਾ ਨਾਲ ਫਸਾ, ਓਨ੍ਹਾਂ ਅਜੇ ਨਹੀਂ ਛੱਡਣੇ ਭੈਣ ਭਾਈਆ । ਖਵਰੇ ਆਹ ਵੀ ਤਿੰਨ ਦਿਨ ਉਹ ਆਪਣੇ ਬੱਚੇ ਆਏ ਰਵਾ, ਅੱਧੀ ਸੁਰਤੀ ਏਥੇ ਅੱਧੀ ਪਿੱਛੇ ਵੱਲ ਤਕਾਈਆ । ਬਹੁਤੇ ਪੱਲੂ ਗਏ ਛੁਡਾ, ਭੱਜੇ ਵਾਹੋ ਦਾਹੀਆ । ਏਸੇ ਕਰ ਕੇ ਜਾਮ ਰੱਖਿਆ ਲੁਕਾ, ਆਪਣੇ ਵਿਚ ਛੁਪਾਈਆ । ਓਸ ਵੇਲੇ ਦੇਵਾਂ ਪਿਆ, ਜਿਸ ਵੇਲੇ ਚਾਰ ਕੁੰਟ ਡੌਰੂ ਡੰਕਾ ਵੱਜੇ ਬਹੁੜੀ ਬਹੁੜੀ ਕਰੇ ਲੋਕਾਈਆ । ਫੇਰ ਸਾਰੇ ਕਹਿਣ ਭੱਜੋ ਓਏ ਨੱਠੋ ਓਏ ਓਹੋ ਪਿਤਾ ਤੇ ਓਹੋ ਮਾਂ, ਇਹ ਨਾਰ ਕੰਮ ਕਿਸੇ ਨਾ ਆਈਆ । ਗੁਰਮੁਖੋ ਜੇ ਪਹਿਲੋਂ ਪਿਆਵਾਂ ਤੇ ਮੇਰੀ ਵੀ ਪਤ ਦਿਉ ਗਵਾ, ਕਿਉਂ ਤੁਹਾਡਾ ਅੰਦਰ ਅਜੇ ਘਰ ਦੀ ਝਲ ਨਾ ਸਕੇ ਜੁਦਾਈਆ । ਤੇ ਜੇ ਸ਼ੌਕ ਹੋਵੇ ਵੇਖੋ ਸਾਡੇ ਵਰਗਾ ਬਣ ਗਿਆ ਖ਼ੁਦਾ, ਬੰਦਾ ਖ਼ੁਦੀ ਵਿਚ ਅਖਵਾਈਆ । ਨਹੀਂ, ਆਤਮਾ ਪਰਮਾਤਮਾ ਕਦੇ ਨਾ ਹੁੰਦੇ ਜੁਦਾ, ਜੋ ਜੁੜ ਗਏ ਉਹ ਜਗਤ ਵਲੋਂ ਮੁੜ ਗਏ, ਓਸ ਦੀ ਮੰਜ਼ਲ ਤੁਰ ਗਏ, ਜੋ ਬਿਨ ਮੰਜ਼ਲ ਸੋਭਾ ਪਾਈਆ । ਜਿਹੜੇ ਪਿਆਲੇ ਸਾਂਭ ਕੇ ਰੱਖੇ ਅਨੰਦਪੁਰ ਦੇ ਉਹ ਕਿਸੇ ਹੱਥ ਨਹੀਂ ਆਏ ਦੇਵਤ ਸੁਰ ਦੇ, ਰਸਨਾ ਨਾਲ ਨਾ ਕੋਇ ਛੁਹਾਈਆ । ਇਹੋ ਖੇਲ ਸਚੇ ਸਤਿਗੁਰ ਦੇ, ਪੌੜੀ ਪੌੜੀ ਮੰਜ਼ਲ ਮੰਜ਼ਲ ਡੰਡੇ ਡੰਡੇ ਆਪਣੇ ਘਰ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਮੁਕੱਦਮਾ ਕਿਵੇਂ ਹੋਵੇ ਖ਼ਾਰਜ, ਫ਼ੈਸਲਾ ਨਜ਼ਰ ਕੋਇ ਨਾ ਆਈਆ । ਕਿਉਂ ਭਗਤ ਨੇ ਭਗਵਾਨ ਉਤੇ ਲਾਇਆ ਚਾਰਜ, ਡਿਸਚਾਰਜ ਨਾ ਕੋਇ ਕਰਾਈਆ । ਜਿਹੜਾ ਸਭ ਦਾ ਮਾਲਕ ਜਾਰਜ, ਓਸੇ ਨੂੰ ਮੁਲਜ਼ਮ ਦਿਤਾ ਬਣਾਈਆ । ਜੇ ਪ੍ਰਭੂ ਮੁਲਜ਼ਮ ਹੋ ਗਿਆ ਕਿਹੜਾ ਸਵਾਰੂ ਕਾਰਜ, ਕਾਗ਼ਜਾਤਾਂ ਦੀ ਕਰੇ ਕਵਣ ਸਫ਼ਾਈਆ । ਗੁਰਮੁਖੋ ਹੁਣ ਏਸ ਦੇ ਉਤੇ ਲਾਵੋ ਗਾਰਦ, ਹੱਥ ਬੰਨ੍ਹ ਕੇ ਹੱਥਕੜੀ ਲਵੋ ਲਗਾਈਆ । ਇਹ ਕੋਈ ਖੇਲ ਨਹੀਂ ਨਾਰਦ, ਵਲ ਛਲ ਵਿਚ ਝਟ ਲੰਘਾਈਆ । ਜਿਸ ਬਣਾਉਣੇ ਕੰਚਨ ਪਾਰਸ, ਪਾਤਸ਼ਾਹ ਬੇਪਰਵਾਹੀਆ । ਅੰਦਰੇ ਅੰਦਰ ਕਰੇ ਤੁਆਰਫ਼, ਤਰਫ਼ਦਾਰੀ ਨਾ ਕੋਇ ਰਖਾਈਆ । ਜਿਹੜਾ ਸਭਨਾ ਦਾ ਵਾਰਸ, ਗ਼ੁਲਾਮ ਸਭਨਾ ਦਾ ਨਜ਼ਰੀ ਆਈਆ । ਪ੍ਰਭੂ ਦੀ ਹੁਣ ਕਿਹੜਾ ਕਰੂ ਸਫ਼ਾਰਸ਼, ਛਡਾਉਣ ਵਾਲਾ ਦੂਜਾ ਨਾ ਕੋਇ ਬਣਾਈਆ । ਕਿਸ ਤੋਂ ਲਵੇ ਕੋਈ ਇਜਾਜ਼ਤ, ਮਨਜ਼ੂਰ ਹੁਕਮ ਨਾ ਕੋਇ ਕਰਾਈਆ । ਜਿਸ ਦੀ ਕੀਤੀ ਇਬਾਦਤ, ਓਸੇ ਨੂੰ ਬੰਧਨਾ ਵਿਚ ਫਸਾਈਆ । ਜਨ ਭਗਤ ਪ੍ਰਭੂ ਦੇ ਨਾਲ ਕਦੇ ਨਹੀਂ ਕਰਦੇ ਬਗਾਵਤ, ਧੁਰ ਦੀ ਰੀਤੀ ਚਲੀ ਆਈਆ ।

ਅੱਗੇ ਰਹੇ ਨਾ ਕੋਈ ਅਦਾਵਤ, ਅਦਲ ਇਨਸਾਫ਼ ਇਕ ਕਮਾਈਆ । ਇਹ ਕੋਈ ਖੇਲ ਨਹੀਂ ਬਨਾਵਟ, ਬਨੌਟੀ ਨਾ ਰੂਪ ਪਰਗਟਾਈਆ । ਕੋਈ ਗਜ ਹਾਥੀ ਚਲਾਉਣ ਵਾਲਾ ਨਹੀਂ ਮਹਾਵਤ, ਬਨ ਜੰਗਲਾਂ ਵਿਚ ਫਿਰਾਈਆ । ਜਦੋਂ ਕਰੇ ਪ੍ਰੇਮ ਮੁਹੱਬਤ ਦੀ ਸਖ਼ਾਵਤ, ਸਖ਼ਾ ਸਖ਼ਾ ਨਜ਼ਰੀ ਆਈਆ । ਜੇ ਪ੍ਰਭੂ ਦੇ ਉਤੇ ਲੱਗ ਗਈ ਅਲਾਮਤ, ਕਰੇ ਨਾ ਕੋਇ ਸਫ਼ਾਈਆ । ਓਏ ਉਠ ਕੇ ਮੇਰੀ ਦਿਓ ਜ਼ਮਾਨਤ, ਮੁਜਰਮ ਨੂੰ ਲਊ ਛੁਡਾਈਆ । ਤੁਹਾਡਾ ਬੱਧਾ ਸਭ ਦੇ ਉਤੇ ਲਿਆ ਦੇਵੇ ਕਿਆਮਤ, ਫੇਰ ਤੁਸਾਂ ਵੀ ਰੋਣਾ ਮਾਰ ਕੇ ਧਾਈਆਂ । ਲੈਣੀ ਕੋਲ ਕਿਸੇ ਨੂੰ ਮਿਲਣ ਦੀ ਨਹੀਂ ਇਜਾਜਤ, ਜੇਲ ਅੰਦਰ ਲੁਕ ਕੇ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਅਗਲੀ ਦੱਸੋ ਕਿਹੜੀ ਪੈਣੀ ਤਰੀਕ, ਆਪਣੇ ਜੱਜ ਨੂੰ ਪੁਛ ਕੇ ਦੇਣਾ ਸੁਣਾਈਆ । ਮੈਂ ਓਸੇ ਦਿਨ ਦੀ ਰੱਖਾਂ ਉਡੀਕ, ਅਦਾਲਤ ਵਿਚ ਭੁਗਤਾਂ ਚਾਈਂ ਚਾਈਆ । ਨਵੀਂ ਬਦਲ ਦੇਣੀ ਤਾਰੀਖ, ਧੁਰ ਦਾ ਖੇਲ ਪਰਗਟਾਈਆ । ਹੁਣ ਮੈਨੂੰ ਤੱਕਿਓ ਵਿਚੋਂ ਸੀਖ, ਸੀਖਾਂ ਦੇ ਵਿਚ ਆਪਣਾ ਆਪ ਬੰਦ ਲੈਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦਾ ਫ਼ਤਵਾ ਜ਼ਰੂਰ ਦਏ ਭੁਗਤਾਈਆ । ਤੁਹਾਡੇ ਫ਼ਤਵੇ ਦੀ ਕਰਾਂ ਕਦਰ, ਕਦਰਦਾਨ ਅਖਵਾਈਆ । ਹੁਕਮ ਦਾ ਮਚਾ ਕੇ ਗ਼ਦਰ, ਖੇਲ ਦਿਆਂ ਵਖਾਈਆ । ਇਕ ਵਾਰ ਭਗਤਾਂ ਦੀ ਜ਼ਰੂਰ ਪੂਰੀ ਕਰਾਂ ਸੱਧਰ, ਜੇ ਪੂਰੀ ਨਾ ਕਰਾਂ ਭਗਵਾਨ ਦੀ ਧਾਰ ਨਾ ਕੋਇ ਪਰਗਟਾਈਆ । ਇਹੋ ਮੇਰਾ ਅਦਲ, ਜੁਗ ਜੁਗ ਸੇਵ ਕਮਾਈਆ । ਨਿਰਗੁਣ ਜੋਤ ਕਦੀ ਨਾ ਹੋਵੇ ਕਤਲ, ਗੂੜ੍ਹੀ ਨੀਂਦ ਨਾ ਕੋਇ ਸਵਾਈਆ । ਭਾਵੇਂ ਕੋਈ ਕਿੰਨਾ ਕਰੇ ਯਤਨ, ਯਥਾਰਥ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਜਣਾਈਆ । ਜੇ ਤਰੀਕ ਉਤੇ ਹੋਇਆ ਨਾ ਜਾਏ ਹਾਜ਼ਰ, ਹਾਜ਼ਰੀ ਨਾ ਕੋਇ ਲਗਾਈਆ । ਫੇਰ ਕੀ ਕਰੇ ਨਾਜ਼ਰ, ਨਾਦਰ ਹੁਕਮ ਸੁਣਾਈਆ । ਕੱਢ ਕੇ ਅਸ਼ਟਾਮ ਵਰਗੇ ਕਾਗ਼ਜ਼, ਮੋਹਰਾਂ ਦਏ ਲਗਾਈਆ । ਜਿਸ ਨੇ ਕੀਤੀ ਭਗਤਾਂ ਨਾਲ ਸਾਜ਼ਸ਼, ਉਹਨੂੰ ਲੱਭੋ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਚੁਕਾਈਆ । ਸਵਰਨ ਸਿੰਘ ਫੇਰ ਅਦਾਲਤ ਵਿਚੋਂ ਕਢਾਈਂ ਇਕ ਇਸ਼ਤਿਹਾਰ, ਇਸ਼ਤਿਹਾਰੀ ਦਈਂ ਬਣਾਈਆ । ਇਹ ਪਰਵਾਨਾ ਲੈ ਕੇ ਫਿਰੇਂ ਵਿਚ ਸੰਸਾਰ, ਭੱਜੇਂ ਵਾਹੋ ਦਾਹੀਆ । ਚਲੋ ਪੂਰਨ ਦੇ ਪੂਰਨ ਨੂੰ ਕਰੀਏ ਗ੍ਰਿਫ਼ਤਾਰ, ਫੜ ਕੇ ਝਟ ਲਿਆਈਆ । ਕਿਸੇ ਦੀ ਬੁੱਧੀ ਨਾ ਕਰੇ ਵਿਚਾਰ, ਸਮਝ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਆਪ ਚੁਕਾਈਆ । ਇਸ਼ਤਿਹਾਰ ਨਾਲ ਨਾ ਗਿਆ ਆ, ਲੱਭਿਆਂ ਹੱਥ ਨਾ ਆਈਆ । ਫੇਰ ਗ੍ਰਿਫ਼ਤਾਰੀ ਵਰੰਟ ਦੇਣੇ ਕਢਾ, ਮੋਹਰ ਅਸ਼ਟਾਮ ਉਤੇ ਲਗਾਈਆ । ਹੁਣ ਲੱਭ ਲੈ ਕਿਹੜਾ ਬਣਾਉਣਾ ਗਵਾਹ, ਜਿਹੜਾ ਅਦਾਲਤ ਵਿਚ ਜਾ ਕੇ ਮੁੱਕਰ ਕਦੇ ਨਾ ਜਾਈਆ । ਉਹਨੂੰ ਲਾਲਚ ਰਹੇ ਨਾ ਰਾ, ਮਮਤਾ ਨਾ ਮੋਹ ਵਖਾਈਆ । ਆਪੇ ਤਰੀਕਾਂ ਭੁਗਤਦਾ ਫਿਰੇ ਖ਼ੁਦਾ, ਖ਼ੁਦ ਮਾਲਕ ਜੋ ਅਖਵਾਈਆ । ਤੁਸੀਂ ਜ਼ਰਾ ਮੁਕੱਦਮਾ ਕਰ ਕੇ ਵੇਖੋ ਰਵਾਂ, ਜੱਜ ਆਪਣੇ ਨੂੰ ਲਵੇ ਸਮਝਾਈਆ । ਫੇਰ ਕਰਨਾ ਖੇਲ ਨਵਾਂ, ਨਵੇਂ ਦਾ ਨਵਾਂ ਨਵੇਂ ਰੰਗ ਬਦਲਾਈਆ । ਇਹ ਛੇਤੀ ਕਰ ਲਉ ਭਰੋਸਾ ਨਹੀਂ ਦਮਾਂ, ਪਤਾ ਨਹੀਂ ਅੱਜ ਕਲ ਰਹਿਣ ਕੋਇ ਨਾ ਪਾਈਆ । ਜੇ ਪੈਸੇ ਕੋਲ ਨਹੀਂ ਹਰਿ ਸੰਗਤ ਤੋਂ ਇਕੱਠੇ ਕਰ ਲਉ ਜਮ੍ਹਾ, ਖਰਚਣ ਵਿਚ ਬੁਝ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੧੧੦੫
੨੦

ਫਤਵੇ ਵਿਚ ਆਪਣਾ ਆਪ ਰਖਾਈਆ । ਦਾਅਵਾ ਦਾਇਰ ਹੋਏ ਉਹਨੂੰ ਕਿਹੜਾ ਫੇਰ ਕਰੇ ਬੇਦਖਲ, ਬੇਦਖਲੀ ਸਭ ਦੀ ਦਏ ਕਰਾਈਆ । ਵਲੀਆ ਛਲੀਆ ਸਾਰੇ ਪ੍ਰਭ ਨੂੰ ਆਖਣ, ਬਿਨਾ ਭਗਤਾਂ ਤੋਂ ਭਰੋਸਾ ਨਾ ਕੋਇ ਰਖਾਈਆ । ਧੁਰ ਦਾ ਖੇਲ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਵੇਖ ਵਖਾਈਆ । ਵਕੀਲ ਨੂੰ ਕਹਿਣਾ ਕੋਈ ਵੇਖੀਂ ਦਫ਼ਾ ਚੰਗੀ, ਤਅਜ਼ੀਰਾਤੇ ਹਿੰਦ ਫੋਲ ਫੁਲਾਈਆ । ਕਿਉਂ ਪ੍ਰਭ ਬਣਿਆ ਢੰਗੀ, ਪੇਚੇ ਵਿਚ ਕਦੇ ਨਾ ਆਈਆ । ਨਾਲੇ ਬਣਿਆ ਰਿਹਾ ਜੰਗੀ, ਚੰਗੀ ਕਰੇ ਲੜਾਈਆ । ਇਹਨੂੰ ਜੇਲ ਵਿਚ ਦੇ ਕੇ ਖੂਬ ਦੇਣੀ ਤੰਗੀ, ਇਹੋ ਮਨਸਾ ਮਨ ਵਿਚ ਰਖਾਈਆ । ਜਿਹੜੀ ਸੁਰਾਹੀ ਅਜੇ ਨਹੀਂ ਵੰਡੀ, ਫੇਰ ਆਪੇ ਦਏ ਪਿਆਈਆ । ਸੁਰਾਹੀ ਕਹੇ ਜੇ ਪਹਿਲੋਂ ਈ ਭੁੱਲ ਗਏ ਤੇਰੀ ਡੰਡੀ, ਔਝੜ ਰਾਹ ਨੱਠੇ ਵਾਹੋ ਦਾਹੀਆ । ਤੈਨੂੰ ਸਮਝ ਪਖੰਡੀ, ਝੂਠਾ ਇਕਰਾਰਾਂ ਵਾਲਾ ਬਣਾਈਆ । ਕੱਢ ਕੇ ਕਾਗ਼ਜ਼ਾਂ ਵਾਲੀ ਸੰਧੀ, ਪੜ੍ਹ ਕੇ ਦਿਤਾ ਸੁਣਾਈਆ । ਤੇਰੇ ਉਤੇ ਲਾ ਕੇ ਪਾਬੰਦੀ, ਹੁਕਮ ਸੰਗਤ ਵਿਚ ਸੁਣਾਈਆ । ਸੁਰਾਹੀ ਕਹੇ ਮੈਨੂੰ ਇਹਨਾਂ ਨੂੰ ਨਾ ਵੰਡੀ, ਜਿਹੜੇ ਤੇਰੇ ਮਿਤਰ ਨਾ ਨਜ਼ਰੀ ਆਈਆ । ਮੈਂ ਚੰਗੀ ਇਨ੍ਹਾਂ ਨਾਲੋਂ ਰੰਡੀ, ਇਕੱਲੀ ਬਹਿ ਕੇ ਝਟ ਲੰਘਾਈਆ । ਮੈਂ ਕੱਟ ਲਊਂਗੀ ਤੰਗੀ, ਆਪਣਾ ਮੁਖ ਛੁਪਾਈਆ । ਜਿਹੜੇ ਤੇਰੇ ਹੋ ਗਏ ਸੰਗੀ, ਉਨ੍ਹਾਂ ਨਾਲ ਮਿਲ ਕੇ ਤੇਰੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਚੁਕਾਈਆ । ਜਿਸ ਉਤੇ ਦਾਅਵਾ ਹੋ ਜਾਏ ਦਾਇਰ, ਦਾਇਰੇ ਵਿਚ ਬੰਦ ਕਰਾਈਆ । ਉਹ ਮਿਤਰ ਨਹੀਂ ਕੋਈ ਗ਼ੈਰ, ਬਿਨਾ ਦੁਸ਼ਮਣਾਂ ਤੋਂ ਦਾਅਵਾ ਉਤੇ ਨਾ ਕਿਸੇ ਕਰਾਈਆ । ਸਵੇਰੇ ਪੁਛ ਲੈਣਾ ਜਾ ਕੇ ਕਿਸੇ ਕੋਲੋਂ (ਸ਼ਹਿਰ), ਜੋ ਸ਼ਰਅ ਦਾ ਵਾਕਫ਼ਕਾਰ ਨਜ਼ਰੀ ਆਈਆ । ਉਹਨੂੰ ਕਹੋ ਜਿਹੜੀ ਪੂਰਨ ਨੂੰ ਆ ਗਈ ਲਹਿਰ, ਉਹ ਲਹਿਰ ਕਿਉਂ ਨਾ ਸਾਡੇ ਵਿਚ ਸਮਾਈਆ । ਸਾਡਾ ਇਸ ਗੱਲੋਂ ਵੈਰ, ਹਕ਼ੀਕ਼ੀ ਜਾਮ ਸਾਡੇ ਨਾ ਬੁੱਲ ਛੁਹਾਈਆ । ਏਸੇ ਕਰ ਕੇ ਓਹ ਗੁਰਮੁਖੋ ਹਰਿ ਸੰਗਤ ਵਿਚੋਂ ਕੱਢ ਕੇ ਬਿਠਾਇਆ ਨਿਖੇੜ, ਫ਼ਤਵਾ ਦੇਣ ਵਾਲਾ ਸੰਗਤ ਵਿਚ ਬਹਿ ਸਕੇ ਨਾ ਰਾਈਆ । ਅੰਦਰ ਵੜ ਕੇ ਛੇੜ ਦਿਤੀ ਛੇੜ, ਸਹਿਜੇ ਲਿਆ ਉਠਾਈਆ । ਏਸੇ ਕਰ ਕੇ ਨਾਂ ਰਖਾਇਆ ਸਿੰਘ ਸ਼ੇਰ, ਭੈ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰੰਗਾਈਆ । ਬੜੀ ਖ਼ੁਸ਼ੀ ਜੇ ਫਤਵਾ ਲੱਗਾ ਜਗ, ਗੁਰਮੁਖ ਦਿਤਾ ਲਗਾਈਆ । ਏਸੇ ਕਾਰਨ ਸ੍ਰਿਸ਼ਟੀ ਨੂੰ ਲੱਗਣੀ ਅੱਗ, ਚਾਰ ਕੁੰਟ ਦੁਹਾਈਆ । ਅਜੇ ਵੀ ਬਾਕੀ ਜਾਇਓ ਬਚ, ਬਚਨ ਇਕੋ ਇਕ ਸੁਣਾਈਆ । ਭਰੀ ਸਭਾ ਵਿਚ ਬੋਲਣਾ ਸੱਚ, ਸਤਿ ਨਾਲ ਸੁਣਾਈਆ । ਹੁਣ ਤੁਹਾਡੇ ਮੁਕੱਦਮੇ ਵਿਚ ਗਿਆ ਫਸ, ਇਕੱਠੇ ਹੋ ਕੇ ਦਿਉ ਗਵਾਹੀਆ । ਮੁਖੋਂ ਕਹਿਣਾ ਇਹ ਐਵੇਂ ਬਣਿਆ ਰੱਬ, ਸਾਨੂੰ ਮਮਤਾ ਵਿਚ ਫਸਾਈਆ । ਲਾਉਂਦਾ ਰਿਹਾ ਪਜ, ਲਾਰਿਆਂ ਵਿਚ ਵਕਤ ਲੰਘਾਈਆ । ਮੈਂ ਖ਼ੁਸ਼ੀ ਹੋਵਾਂ ਗਦ ਗਦ, ਆਪਣੀ ਖ਼ੁਸ਼ੀ ਬਣਾਈਆ । ਨਾਲੇ ਸਮਝ ਆਵੇ ਭਗਤ ਭਗਵਾਨ ਦੀ ਕਿਹੜੀ ਹੱਦ, ਸੀਮਾ ਕਿਹੜੀ ਵੰਡ ਵੰਡੀਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਕਰਾਈਆ । ਇਹ ਜਗਤ ਅੱਖਰਾਂ ਦੀ ਚਲਾਕੀ, ਅੱਗੇ ਪਿਛੇ ਜੋੜ ਕੇ ਢੋਲੇ ਦਿਤੇ ਗਾਈਆ । ਅੱਖਰਾਂ ਵਾਲਾ ਬਦਨ ਖ਼ਾਕੀ, ਅੰਤ ਖ਼ਾਕ ਵਿਚ ਸਮਾਈਆ । ਜੋ ਸਾਹਿਬ ਸਤਿਗੁਰ ਭਾਖੀ, ਸੋ ਭਾਖਿਆ ਵਿਚ ਲੋਕਾਈਆ । ਗੁਰਮੁਖ ਵਿਰਲਾ ਮੰਨੇ ਆਖੀ, ਆਖ਼ਰ ਚੋਟੀ ਚੜ੍ਹ ਕੇ ਖ਼ੁਸ਼ੀ ਮਨਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਜਨ ਭਗਤੋ ਠਹਿਰਾਇਆ ਕਸੂਰਵਾਰ, ਉਚੀ ਕੂਕ ਦਿਤਾ ਸੁਣਾਈਆ । ਸਤਿਗੁਰ ਬਚਨ ਤੋਂ ਗਿਆ ਹਾਰ, ਲਿਖ ਕੇ ਦਿਤਾ ਵਖਾਈਆ । ਜੇ ਬੁੱਧੀ ਪਾ ਲਏ ਸਾਰ, ਫੇਰ ਪ੍ਰਭ ਦੀ ਕੀ ਚਤੁਰਾਈਆ । ਜਿਸ ਨੂੰ ਸਮਝ ਨਾ ਸਕੇ ਗੁਰੂ ਅਵਤਾਰ, ਪੈਗ਼ੰਬਰ ਧਿਆਨ ਲਗਾਈਆ । ਉਹਦਾ ਸਭ ਤੋਂ ਵੱਖਰਾ ਵਿਹਾਰ, ਵਿਵਹਾਰੀ ਆਪ ਹੋ ਜਾਈਆ । ਸਦਾ ਖੇਲ ਕਰੇ ਕਰਤਾਰ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਉਹ ਕੋਈ ਨਵੇਂ ਨਹੀਂ ਬਣਾਉਦਾ ਯਾਰ, ਜੁਗ ਵਿਛੜੇ ਮੇਲ ਮਿਲਾਈਆ । ਸਵੇਰੇ ਲੇਖ ਦੇ ਦਿਉ ਵਿਚ ਅਖ਼ਬਾਰ, ਖ਼ਬਰ ਕਰੋ ਥਾਈਂ ਥਾਈਂਆ । ਸਾਡਾ ਇਹੋ ਜਿਹਾ ਪਿਆਰ, ਪਿਆਰ ਦੀ ਸ਼ਹਾਦਤ ਦਿਉ ਭੁਗਤਾਈਆ । ਇਹ ਬੁੱਧੀ ਦਾ ਵਿਸਥਾਰ, ਜਿਸ ਨੂੰ ਵਿਕਾਸ ਕਹੇ ਲੋਕਾਈਆ । ਇਸ ਦੇ ਨਾਲੋਂ ਚੰਗਾ ਜਰਨੈਲਾ ਜੱਟ ਗਵਾਰ, ਖ਼ੁਸ਼ੀ ਵਿਚ ਪ੍ਰਭ ਦੇ ਢੋਲੇ ਗਾਈਆ । ਸਭ ਨੂੰ ਕਹੇ ਵੰਗਾਰ, ਇਕੋ ਦਾਤਾ ਬੇਪਰਵਾਹੀਆ । ਜਿਸ ਦੀ ਮੰਜ਼ਲ ਸਦਾ ਦੁਸ਼ਵਾਰ, ਬਿਨ ਕਿਰਪਾ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਆਦਿ ਜੁਗਾਦੀ ਨੌਜਵਾਨ ਮਰਦ ਮਰਦਾਨਾ ਮਿਹਰਵਾਨ, ਮਹਿਬੂਬ ਮੁਹੱਬਤ ਦਾ ਮਾਲਕ ਖ਼ਲਕ ਦਾ ਖ਼ਾਲਕ ਇਕ ਅਖਵਾਈਆ । ਆਪਣਾ ਮੁਕੱਦਮਾ ਕਰ ਲੈ ਵਿਦਡਰਾ, ਡਰਾਫ਼ਟ ਅੱਗੇ ਨਾ ਕੋਇ ਬਣਾਈਆ । ਸਾਰੇ ਗਵਾਹ ਲੈ ਹਟਾ, ਜਗਤ ਸ਼ਹਾਦਤ ਨਾ ਕੋਇ ਭੁਗਤਾਈਆ । ਵਕੀਲ ਤੋਂ ਪੱਲੂ ਲੈ ਛੁਡਾ, ਆਪਣੀ ਗੰਢ ਕਟਾਈਆ । ਜੱਜ ਨੂੰ ਦੇ ਸੁਣਾ, ਉਚੀ ਕੂਕ ਸੁਣਾਈਆ । ਮੇਰਾ ਝਗੜਾ ਰਿਹਾ ਨਾ ਰਾ, ਰਾਜ਼ੀਨਾਵੇਂ ਵਿਚ ਜਨ ਭਗਤ ਦੇਣ ਸਫ਼ਾਈਆ । ਅਸੀਂ ਆਪੇ ਲਈਏ ਮੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਈਆ । ਜੱਜ ਕਹੇ ਆਪਣੇ ਕਰ ਕੇ ਦੇ ਦਸਖ਼ਤ, ਹਲਫੀਆ ਬਿਆਨ ਨਾਲ ਰਲਾਈਆ । ਮੁੜ ਕੇ ਫੇਰ ਨਾ ਕਰਾਂ ਵਤ, ਦੁਬਾਰਾ ਦਰਜ ਕਰਾਈਆ । ਮੇਰਾ ਮੈਨੂੰ ਮਿਲ ਗਿਆ ਹਕ, ਦੁੱਖ ਰਿਹਾ ਨਾ ਰਾਈਆ । ਬੋਲ ਕੇ ਦੱਸਾਂ ਸੱਚ, ਸਚ ਨਾਲ ਸੁਣਾਈਆ । ਮੈਂ ਮਾਟੀ ਭਾਂਡਾ ਕੱਚ, ਭੱਜਣ ਲੱਗਿਆਂ ਦੇਰ ਲੱਗੇ ਨਾ ਰਾਈਆ । ਪਤਾ ਨਹੀਂ ਏਸ ਮੁਕੱਦਮੇ ਦੀ ਕਿੰਨੀ ਲੰਬੀ ਹੱਦ, ਓਨੇ ਚਿਰ ਮੇਰਾ ਪੁੱਤ ਪੋਤਰਾ ਖਬਰੇ ਰਹਿਣ ਕੋਇ ਨਾ ਪਾਈਆ । ਕਿਉਂਕਿ ਮੁਲਜ਼ਮ ਕਿਸੇ ਨਹੀਂ ਪੈਣਾ ਲੱਭ, ਖੋਜਿਆਂ ਹੱਥ ਕਿਸੇ ਨਾ ਆਈਆ । ਭਾਂਵੇ ਫਿਰੇ ਵਿਚ ਜਗ, ਚਾਰੇ ਕੁੰਟਾਂ ਫੋਲ ਫੁਲਾਈਆ । ਉਹ ਸਭ ਤੋਂ ਵਸੇ ਅੱਡ, ਅੱਡਰਾ ਘਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਵਖਾਈਆ । ਜੱਜ ਕਹੇ ਮੈਨੂੰ ਮਨਜ਼ੂਰ, ਮਨਜ਼ੂਰੀ ਦਿਤੀ ਪਾਈਆ । ਜਾ ਕੇ ਸੁਲਹ ਕਰੋ ਜ਼ਰੂਰ, ਜ਼ਰੂਰੀ ਗੱਲ ਸਮਝਾਈਆ । ਫੇਰ ਇਕ ਦੂਜੇ ਤੋਂ ਨਹੀਂ ਰਹਿਣਾ ਦੂਰ, ਨੇਰਨ ਨੇਰਾ ਹੋ ਕੇ ਝਟ ਲੰਘਾਈਆ । ਜੇ ਤੂੰ ਓਸ ਤੇ ਲਾਇਆ ਫ਼ਤਵਾ ਉਹ ਤੇਰਾ ਜਨਮ ਦਾ ਬਖ਼ਸ਼ ਦੇਵੇ ਕਸੂਰ, ਕਸਰ ਅੱਗੇ ਰਹੇ ਨਾ ਰਾਈਆ । ਨਾਮ ਖ਼ੁਮਾਰੀ ਨਾਲ ਕਰੇ ਮਖ਼ਮੂਰ, ਖ਼ੁਦੀ ਦਏ ਮਿਟਾਈਆ । ਓਸ ਦੇ ਕੋਲ ਭੰਡਾਰਾ ਭਰਪੂਰ, ਦੇਂਦਿਆਂ ਤੋਟ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਵੰਡ ਵੰਡਾਈਆ । ਜੱਜ ਕਹੇ ਕਿਸ ਤਰ੍ਹਾਂ ਕਰੋ ਰਾਜ਼ੀਨਾਵਾਂ, ਕਰ ਕੇ ਦਿਉ ਵਖਾਈਆ । ਇਕ ਦੂਜੇ ਦੀਆਂ ਪਕੜੋ ਬਾਹਵਾਂ, ਗਲਵਕੜੀ ਗਲ ਵਿਚ ਪਾਈਆ । ਮੁਦਈ ਕਹੇ ਮੈਂ ਆਪਣੀ ਭੁੱਲ ਬਖ਼ਸ਼ਾਵਾਂ, ਮਣਕਾ ਮਨ ਭਵਾਈਆ । ਮੁਲਜ਼ਮ ਦਾ ਮੁਲਜ਼ਮ

ਹੋ ਕੇ ਵਾਸਤਾ ਅੱਗੇ ਪਾਵਾਂ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੇਰੀ ਰਹਿਮਤ ਵਿਚ ਠੰਡੀਆਂ ਛਾਵਾਂ, ਅਗਨੀ ਤਤ ਦੇਣਾ ਬੁਝਾਈਆ । ਤੇਰੀ ਸਿਫ਼ਤਾਂ ਦਾ ਢੋਲਾ ਗਾਵਾਂ, ਸਦਾ ਸਦਾ ਤੇਰੀ ਯਾਦ ਆਪਨੇ ਵਿਚ ਸਮਾਈਆ । ਫਿਰ ਆਪੇ ਚੁੱਕੇ ਜਿਵੇਂ ਪੁੱਤਰ ਗੋਦ ਉਠਾਉਂਦੀਆਂ ਮਾਵਾਂ, ਸਿਰ ਆਪਨਾ ਹੱਥ ਟਿਕਾਈਆ । ਆਪੇ ਖਾਰਜ ਹੋ ਜਾਵੇ ਦਾਅਵਾ, ਦਾਅਵੇ ਦਾਇਰ ਦਾ ਲੇਖਾ ਦਏ ਮੁਕਾਈਆ । ਫੇਰ ਭਗਤਾ ਵਿਚ ਲਾ ਕੇ ਨਾਵਾਂ, ਗੁਰਮੁਖ ਓਸੇ ਰੰਗ ਰੰਗਾਈਆ । ਹਰਿ ਸੰਗਤ ਵਿਚ ਬਿਠਾ ਕੇ ਨਾਲ ਚਾਵਾਂ, ਸੋਹਣੀ ਬਣਤ ਬਣਾਈਆ । ਏਸ ਦਵਾਰੇ ਤੇ ਆ ਕੇ ਕੋਈ ਨਾ ਰਹੇ ਨਿਥਾਵਾਂ, ਨਿਥਾਵਿਆਂ ਮਾਣ ਰਖਾਈਆ । ਭਗਤ ਭਗਵਾਨ ਦਾ ਪੱਲੂ ਹੋ ਜਾਵੇ ਸਾਂਵਾਂ, ਊਣਤਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਆਪਨੀ ਕਲ ਵਖਾਈਆ । ਰਾਜ਼ੀਨਾਵਾਂ ਲਿਖੇ ਬਿਨਾ ਕਲਮ ਦਵਾਤ, ਕਾਗ਼ਜ਼ ਨਜ਼ਰ ਕੋਇ ਨਾ ਆਈਆ । ਭਗਤ ਭਗਵਾਨ ਸੱਜਣ ਸਾਕ, ਧੁਰ ਦਾ ਸੰਗ ਰਖਾਈਆ । ਹਰਿ ਸੰਗਤ ਸਾਰੀ ਰਹੀ ਆਖ, ਅੰਦਰੇ ਅੰਦਰ ਸੁਣਾਈਆ । ਪ੍ਰਭੂ, ਬੱਚੇ ਸਦਾ ਹੁੰਦੇ ਗੁਸਤਾਖ਼, ਪਿਤਾ ਪੂਤ ਗੋਦ ਵਿਚ ਉਠਾਈਆ । ਕਿਉਂ ਤੂੰ ਆਤਮਾ ਦਾ ਬਾਪ, ਪਰਮਾਤਮਾ ਇਕ ਅਖਵਾਈਆ । ਤੈਨੂੰ ਭੁੱਲ ਕੇ ਵੀ ਫਿਰ ਵੀ ਤੇਰਾ ਕਰਨਾ ਜਾਪ, ਜਗਜੀਵਣ ਦਾਤੇ ਤੇਰੀ ਇਕ ਸ਼ਰਨਾਈਆ । ਰੂਹ ਬੁਤ ਕਰ ਦੇ ਸਾਫ਼, ਪਤਤ ਪੁਨੀਤ ਬਣਾਈਆ । ਭੁੱਲ ਕੀਤੀ ਹੋ ਜਾਏ ਮੁਆਫ਼, ਪਰ ਜਗਤ ਦਾ ਝਗੜਾ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਆਪ ਆਪਨਾ ਹੁਕਮ ਵਰਤਾਈਆ । ਮੁਕੱਦਮੇ ਦੇ ਕਾਗ਼ਜ਼ ਦਾਖ਼ਲ ਦੀ ਥਾਂ ਦਿਉ ਪਾੜ, ਕਤਰਾ ਕਤਰਾ ਵੰਡ ਵੰਡਾਈਆ । ਇਕ ਵੇਰਾਂ ਫੇਰ ਬੇਨੰਤੀ ਕਰਨੀ ਪਏ ਸਤਾਰਾਂ ਹਾੜ, ਕਿਉਂ ਸਤਾਰਾਂ ਹਾੜ ਦਾ ਲੇਖਾ ਦਿਤਾ ਲਿਖਾਈਆ । ਅਗਨੀ ਤਪੇ ਨਾ ਤਨ ਨਾੜ, ਸਾਂਤਕ ਸਤਿ ਸਤਿ ਵਰਤਾਈਆ । ਸਵਰਨ ਸਿੰਘਾ ਤੇਰਾ ਸੱਤਾਂ ਦਿਨਾਂ ਨੂੰ ਸਰੀਰ ਛੁਟਣਾ ਸੀ ਵਿਚ ਸੰਸਾਰ, ਏਸੇ ਕਰ ਕੇ ਬਣਤ ਬਣਾਈਆ । ਤੇਰੀ ਰੋਂਦੀ ਫਿਰਨੀ ਸੀ ਨਾਰ, ਪ੍ਰਭ ਦਾ ਵਿਗੜ ਕੁਛ ਨਾ ਜਾਈਆ । ਜੇ ਬੱਚੂ ਤੇਰੇ ਨਾਲ ਨਾ ਹੁੰਦਾ ਪਿਆਰ, ਪੜਦੇ ਵਿਚ ਛੁਪਾਈਆ । ਤੂੰ ਤੇ ਦਾਅਵਾ ਕੀਤਾ ਦਾਇਰ, ਮੈਂ ਤੇਰੇ ਜਨਮ ਜਨਮ ਦੇ ਦਾਅਵੇ ਖਾਰਜ ਦਿਤੇ ਕਰਾਈਆ । ਇਹੋ ਜਿਹਾ ਕਿਤੇ ਨਹੀਂ ਲੱਭਣਾ ਯਾਰ, ਜੋ ਬਿਨਾ ਸੁਰਾਹੀਉਂ ਜਾਮ ਪਿਆਈਆ । ਜੇ ਆਖੇਂ ਤੇ ਸਾਰੀ ਰਾਤ ਮੈਂ ਅੰਦਰ ਸੁੱਤਾ ਰਹਾਂ ਤੇਰੇ ਨਾਲ, ਜੇ ਹੱਥ ਮਾਰੇਂ ਬਿਸਤਰੇ ਉਤੇ ਨਜ਼ਰ ਕੋਇ ਨਾ ਆਈਆ । ਜਿਹੜੀ ਘਾਲੀ ਪਿਛਲੇ ਜਨਮ ਦੀ ਘਾਲ, ਉਸ ਦਾ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਜਿਸ ਕਾਰਨ ਕਿਸ਼ਨ ਸਿੰਘ ਲਿਆ ਉਠਾਲ, ਉਹ ਵੀ ਦਿਆਂ ਸਮਝਾਈਆ । ਕਿਸ਼ਨ ਸਿੰਘ ਲਾਲੋ ਪਿਛਲਾ ਤਰਖਾਣ, ਨਾਨਕ ਦਾ ਪਿਆਰਾ ਨਜ਼ਰੀ ਆਈਆ । ਇਕ ਦਿਨ ਫਿਰਦਾ ਸੀ ਵਿਚ ਬੀਆਬਾਨ, ਲਕੜੀ ਲੱਭੇ ਥਾਉਂ ਥਾਈਂਆ । ਤੂੰ ਉਸ ਵੇਲੇ ਬੱਚਾ ਸੈਂ ਨੌਂ ਸਾਲ ਦੀ ਉਮਰ ਨਾਦਾਨ, ਘਰ ਨੀਚਾਂ ਨਜ਼ਰੀ ਆਈਆ । ਤੇਰਾ ਜਨਮ ਸੀ ਮੁਸਲਮਾਨ, ਅੱਲਾ ਕਹਿ ਕੇ ਢੋਲਾ ਗਾਈਆ । ਲਾਲੋ ਨੂੰ ਕਿਹਾ ਮੇਰੇ ਮਿਹਰਵਾਨ, ਕਿਉਂ ਫਿਰੇ ਚਾਈਂ ਚਾਈਂਆ । ਲਾਲੋ ਕਹੇ ਮੇਰੇ ਘਰ ਆਉਣਾ ਗੁਣ ਨਿਧਾਨ, ਨਾਨਕ ਧੁਰਦਰਗਾਹੀਆ । ਬੱਚੇ ਕਿਹਾ ਮੈਨੂੰ ਦੇ ਵਖਾਲ, ਆਪਨਾ ਸੰਗ ਬਣਾਈਆ । ਲਾਲੋ ਕਿਹਾ ਚਲ ਮੇਰੇ ਨਾਲ, ਅਗਲਾ ਪੰਧ ਮੁਕਾਈਆ । ਓਨ ਹੋਰ ਕੀਤਾ ਸਵਾਲ, ਮੈਨੂੰ ਦੇ ਸਮਝਾਈਆ । ਜੋ ਨਾਨਕ ਦਾ ਰਖਵਾਲ, ਉਹ ਕਿਥੇ ਡੇਰਾ ਲਾਈਆ । ਮੈਂ ਸੁਣਿਆ ਅੱਲਾ ਮੀਆਂ ਸਭ ਦਾ

ਭਗਵਾਨ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੀ ਮੁਹੰਮਦ ਸੁਣਾਈ ਕੁਰਾਨ, ਹਦੀਸਾਂ ਵਿਚ ਸਾਲਾਹੀਆ । ਉਹ ਕਿੱਥੇ ਮਿਲੇ ਮਿਹਰਵਾਨ, ਪੜਦਾ ਦੇ ਚੁਕਾਈਆ । ਅਗੰਮੀ ਆਵਾਜ਼ ਆਈ, ਸ਼ਬਦ ਦੀ ਨਾਦ ਆਈ, ਸੁਣ ਧੁਰ ਫ਼ਰਮਾਨ ਸੁਣਾਈਆ । ਸੁਣ ਬਾਲੇ ਨੱਢੇ ਅੰਞਾਣ, ਤੈਨੂੰ ਦਿਆਂ ਸਮਝਾਈਆ । ਕਲਜੁਗ ਅੰਤ ਸਦੀ ਚੌਧਵੀਂ ਪੁਰਖ ਅਕਾਲ ਦੀਨ ਦਿਆਲ ਖੇਲ ਕਰੇ ਮਹਾਨ, ਅਵੱਲੜੀ ਚਾਲ ਚਲਾਈਆ । ਜੋਤੀ ਜਾਮਾ ਪਹਿਨੇ ਨੌਜਵਾਨ, ਨਾਰੀ ਪੁਰਸ਼ ਨਾ ਰੂਪ ਧਰਾਈਆ । ਆਪੇ ਮੇਲ ਮਿਲਾਏ ਆਣ, ਆਪਣਾ ਜੋੜ ਜੁੜਾਈਆ । ਲਾਲੋ ਕਿਹਾ ਜਾਹ ਬੱਚੂ ਜੇ ਉਹ ਤੇਰਾ ਤੇ ਤੇਰੀ ਆਪੇ ਕਰੂ ਪਹਿਚਾਣ, ਨਾਨਕ ਦੂਰੋਂ ਸਭ ਕੁਛ ਵੇਖ ਵਖਾਈਆ । ਸੋਈ ਵਕਤ ਪਹੁੰਚਿਆ ਆਣ, ਪਿਛਲਾ ਲੇਖਾ ਪੂਰ ਕਰਾਈਆ । ਤੈਨੂੰ ਸਭ ਵਿਚੋਂ ਬਾਹਰ ਕੱਢ ਕੇ ਬਿਠਾਇਆ ਬਣਾਇਆ ਵੱਖਰਾ ਨਿਸ਼ਾਨ, ਨਿਸ਼ਾਨਾ ਤੇਰੇ ਉਤੇ ਟਿਕਾਈਆ । ਲਾਲੋ ਕੋਲੋਂ ਕਰਾਈ ਪਹਿਚਾਣ, ਪਿਛਲਾ ਮੂਲ ਮੁਕਾਈਆ । ਅਗਲਾ ਸੁਣ ਧੁਰ ਫ਼ਰਮਾਨ, ਧਰਮ ਦਵਾਰੇ ਇਕ ਸੁਣਾਈਆ । ਤੇਰੇ ਮਾਪਿਆਂ ਦੇ ਘਰ ਆਉਣ ਨਹੀਂ ਦਿਤੀ ਮੁਕਾਣ, ਮਰਨ ਤੋਂ ਲਿਆ ਬਚਾਈਆ । ਅੱਗੇ ਫੇਰ ਨਾ ਸਮਝੀਂ ਇਨਸਾਨ, ਫਤਵੇ ਵਾਲਾ ਕਦਮ ਨਾ ਕੋਇ ਉਠਾਈਆ । ਇਹ ਬੁੱਧੀ ਦਾ ਗੁਮਾਨ, ਸਤਿਗੁਰ ਸਾਚੇ ਕਦੇ ਨਾ ਭਾਈਆ । ਉਹ ਭਗਤਾਂ ਨੂੰ ਦੇਵੇ ਸਦਾ ਆਰਾਮ, ਅੰਮ੍ਰਿਤ ਆਤਮ ਰਸ ਚਖਾਈਆ । ਬੇਨੰਤੀ ਕਰ ਪਰਵਾਨ, ਕਾਗ਼ਜ਼ ਪਿਛਲੇ ਦਏ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਧੀ ਨਾਲ ਜਨਮ ਦੀ ਸਿੱਧੀ ਦੇਵੇ ਕਰਾਈਆ ।



★ ੩੦ ਪੋਹ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸੱਜਣ ਸਾਹਿਬ ਲੋੜੀਂਦੜਾ, ਲੋਇਣ ਵਿਚ ਦੀਦਾਰ । ਹਰ ਘਟ ਅੰਦਰ ਵਸੰਦੜਾ, ਪਰਮ ਪੁਰਖ ਕਰਤਾਰ । ਨਿਰਗੁਣ ਜੋਤ ਜਗੰਦੜਾ, ਦੀਆ ਬਾਤੀ ਕਰ ਉਜਿਆਰ । ਨਾਦ ਧੁਨ ਉਪਜੰਦੜਾ, ਸ਼ਬਦ ਸੱਚੀ ਧੁਨਕਾਰ । ਅੰਮ੍ਰਿਤ ਰਸ ਚੁਅੰਦੜਾ, ਬੂੰਦ ਸਵਾਂਤੀ ਠਾਰ । ਲੋਚਣ ਅੱਖ ਖੁਲੰਦੜਾ, ਨਿਜ ਨੇਤਰ ਦੀਦਾਰ । ਬਜਰ ਕਪਾਟ ਤੁੜੰਦੜਾ, ਅੰਧ ਅੰਧੇਰ ਨਿਵਾਰ । ਤ੍ਰਿਬੈਣੀ ਖੇਲ ਖਿਲੰਦੜਾ, ਸੁਖਮਨ ਭੇਵ ਨਿਆਰ । ਜਗਤ ਦਵਾਰਾ ਪੰਧ ਮੁਕੰਦੜਾ, ਨਵ ਨੌ ਦੇ ਆਧਾਰ । ਸਾਚਾ ਰੰਗ ਰੰਗਦੜਾ, ਉਤਰੇ ਨਾ ਵਿਚ ਸੰਸਾਰ । ਆਤਮ ਸੇਜ ਸੁਹੰਦੜਾ, ਵੇਖ ਸਖ਼ੀ ਸੱਚੀ ਸਰਕਾਰ । ਸਾਚਾ ਜੋੜ ਜੁੜੰਦੜਾ, ਜੁਗ ਜੁਗ ਮੇਲਣਹਾਰ । ਕਲਜੁਗ ਵੇਖ ਵਖੰਦੜਾ, ਵੇਖੇ ਵਿਗਸੇ ਪਾਵੇ ਸਾਰ । ਦੀਨ ਦਿਆਲ ਬਣ ਬਖ਼ਸ਼ੰਦੜਾ, ਬਖ਼ਸ਼ਿਸ਼ ਰਹਿਮਤ ਕਰੇ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਸਚ ਦੇਵੇ ਇਕ ਪਿਆਰ ।

★ ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੩ ਜੈਨ ਮੰਦਰ ਬਟਾਲਾ ★

ਗੁਰਮੁਖ ਸੱਜਣ ਜਾਣਾ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਖੁਸ਼ੀਆਂ ਵਾਲਾ ਦਿਨ ਮਹੀਨਾ ਮਾਘ, ਮਜਨ ਧੂੜ ਇਸ਼ਨਾਨ ਇਕ ਵਡਿਆਈਆ ।

ਦੁਰਮਤ ਮੈਲ ਧੋਣਾ ਦਾਗ਼, ਕੂੜੀ ਕਿਰਿਆ ਬਾਹਰ ਕਢਾਈਆ । ਮਨ ਅੰਤਰ ਉਪਜਾਉਣਾ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਦੀਪਕ ਜੋਤ ਜਗਾਉਣਾ ਚਿਰਾਗ਼, ਨਿਜ ਆਤਮ ਹੋਏ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਬਣਾਉਣਾ ਸੱਚਾ ਸਾਕ, ਨਾਤਾ ਅਵਰ ਨਾ ਕੋਇ ਰਖਾਈਆ । ਭਾਗ ਲਾਉਣਾ ਕਾਇਆ ਪੰਜ ਤਤ ਮਾਟੀ ਖ਼ਾਕ, ਵਜੂਦ ਮਹਿਬੂਬ ਮਿਲ ਕੇ ਖ਼ੁਸ਼ੀ ਬਣਾਈਆ । ਸਾਚਾ ਮੇਲਾ ਸਚ ਦਵਾਰ ਸਾਚੇ ਸੰਤ ਸਾਧ, ਜੋ ਸਾਧਨਾ ਵਿਚ ਸਾਚਾ ਰਾਹ ਵਖਾਈਆ । ਬੁੱਧੀ ਤੋਂ ਪਰੇ ਗਿਆਨ ਦੇਣ ਬੋਧ ਅਗਾਧ, ਅਨੁਭਵ ਪੜਦਾ ਆਪ ਉਠਾਈਆ । ਹੰਸ ਬਣ ਜਾਓ ਸਾਰੇ ਰਿਹੋ ਕੋਈ ਨਾ ਕਾਗ, ਵਿਕਾਰ ਨਜ਼ਰ ਕੋਇ ਨਾ ਆਈਆ । ਮਮਤਾ ਮੋਹ ਨਾ ਰਹੇ ਵਿਵਾਦ, ਵਿਖ ਅੰਮ੍ਰਿਤ ਰੂਪ ਵਟਾਈਆ । ਰਸਨਾ ਦਾ ਛੱਡ ਜਾਓ ਸਵਾਦ, ਅੰਮ੍ਰਿਤ ਰਸ ਲੈ ਕੇ ਆਪਣੀ ਖ਼ੁਸ਼ੀ ਉਪਜਾਈਆ । ਧੁਨ ਆਤਮਕ ਸੁਣੋ ਇਲਾਹੀ ਨਾਦ, ਜਿਸ ਦੀ ਰਾਗ ਸਿਫ਼ਤ ਰਹੇ ਗਾਈਆ । ਖੇਲ ਵੇਖੋ ਵਿਚ ਬ੍ਰਹਿਮਾਦ, ਬ੍ਰਹਿਮਾਂਡ ਵੱਜੇ ਵਧਾਈਆ । ਸਾਚੀ ਮੰਜ਼ਲ ਹਕ਼ੀਕ਼ੀ ਚੜ੍ਹੋ ਭਾਜ, ਜਿਥੇ ਲਾਸ਼ਰੀਕ ਮਿਲੇ ਨੂਰ ਇਲਾਹੀਆ । ਉਸ ਨੂੰ ਸਜਦਾ ਕਰੋ ਆਦਾਬ, ਜੋ ਕਾਇਨਾਤ ਨੂੰ ਕਲਮਾ ਇਕ ਸਮਝਾਈਆ । ਹਕ਼ੀਕ਼ੀ ਦਏ ਮਹਿਰਾਬ, ਮੁਹੱਬਤਖ਼ਾਨਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਪੜਦਾ ਦਏ ਉਠਾਈਆ । ਬਟਾਲਾ ਨਿਵਾਸੀ ਅੱਜ ਦਾ ਦਿਵਸ ਸਮਝੋ ਚੰਗਾ, ਚੰਗੀ ਮਿਲੀ ਵਡਿਆਈਆ । ਮਨ ਕਲਪਣਾ ਸਾਰੇ ਛੱਡ ਦਿਓ ਦੰਗਾ, ਕੂੜੀ ਕਿਰਿਆ ਨਾ ਕੋਇ ਲੜਾਈਆ । ਪ੍ਰੇਮ ਪਾਇਓ ਏਕਾ ਸੰਦਾ, ਜੋ ਸਾਹਿਬ ਸਵਾਮੀ ਧੁਰ ਦਾ ਨਜ਼ਰੀ ਆਈਆ । ਜਿਸ ਤਨ ਵਜੂਦ ਖ਼ਾਕੀ ਬਣਾਇਆ ਬੰਦਾ, ਬੰਦਗੀ ਇਕੋ ਇਕ ਦ੍ਰਿੜਾਈਆ । ਹਉਮੇ ਹੰਗਤਾ ਵਿਚ ਰਿਹੋ ਕੋਈ ਨਾ ਗੰਦਾ, ਦੁਰਮਤ ਮੈਲ ਅੰਦਰੋਂ ਕਰੋ ਸਫ਼ਾਈਆ । ਤੁਸੀਂ ਉਸ ਪ੍ਰਭੂ ਦਾ ਅਗੰਮੀ ਉਹ ਚੰਦਾ, ਜੋ ਨੂਰ ਜੋਤ ਰੁਸ਼ਨਾਈਆ । ਮੰਜ਼ਲ ਚੜ੍ਹੋ ਹਕ਼ੀਕ਼ੀ ਡੰਡਾ, ਡੰਡੌਤ ਇਕੋ ਕਰ ਕੇ ਸੀਸ ਨਿਵਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਪਾਓ ਪ੍ਰੇਮ ਪਿਆਰ ਦੀਆਂ ਗੰਢਾਂ, ਨਾਤਾ ਸਕੇ ਨਾ ਕੋਇ ਤੁੜਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਜਲਵਾਗਰ ਨੂਰ ਇਲਾਹੀਆ । ਜੋ ਆਤਮ ਪਰਮਾਤਮ ਨਿਜਾਨੰਦ ਨਿਜ ਸਵਾਮੀ ਘਰ ਮਹਿਬੂਬ ਦੇਵੇ ਇਕ ਅਨੰਦਾ, ਜਿਸ ਨੂੰ ਰਸਨਾ ਰਸ ਸਮਝ ਕੋਇ ਨਾ ਪਾਈਆ । ਬੋਧ ਅਗਾਧ ਸ਼ਬਦ ਅਨਾਦ ਆਪ ਸੁਣਾਏ ਬਣ ਕੇ ਧਰਮ ਦਾ ਪੰਡਾ, ਜਗਤ ਵਿਦਿਆ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਭੇਵ ਖੁਲ੍ਹਾਈਆ । ਹਰਿਜਨ ਸਾਚੇ ਵੇਖ ਮਹੀਨਾ ਮਾਘ ਆਇਆ, ਸਚ ਸੰਦੇਸ਼ਾ ਜਗਤ ਸੁਣਾਈਆ । ਕੂੜੀ ਕਿਰਿਆ ਤਿਆਗੋ ਮਮਤਾ ਮੋਹ ਮਾਇਆ, ਹੰਗਤਾ ਗੜ੍ਹ ਰਹਿਣ ਨਾ ਪਾਈਆ । ਏਕਾ ਸਮਝੋ ਦਾਈ ਦਾਇਆ, ਜਿਸ ਨੇ ਮਾਨਸ ਜਨਮ ਦਵਾਈਆ । ਸਚਖੰਡ ਮੁਕਾਮੇ ਹਕ ਲਾਸ਼ਰੀਕ ਜਿਸ ਨੇ ਡੇਰਾ ਲਾਇਆ, ਸਚ ਤੌਫ਼ੀਕ ਹਰਿ ਰਫ਼ੀਕ ਇਕੋ ਇਕ ਦਰਸਾਈਆ । ਬੇਐਬ ਪਰਵਰਦਿਗਾਰ ਸਾਚੀ ਕਰਨੀ ਖੇਲ ਖਿਲਾਇਆ, ਖ਼ਾਲਕ ਖ਼ਲਕ ਵੇਖ ਵਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਇਆ, ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਜੋੜ ਜੁੜਾਇਆ, ਜਾਗਰਤ ਜੋਤ ਡਗਮਗਾਈਆ । ਜਿਸ ਦੇ ਪ੍ਰੇਮ ਪਿਆਰ ਮੁਹੱਬਤ ਵਿਚ ਮੁਨੀ ਸੁਸ਼ੀਲ ਕੁਮਾਰ ਭੱਜੇ ਚਾਰੋਂ ਕੁੰਟ ਵਾਹੋ ਦਾਹਿਆ, ਵਾਹ ਵਾ ਕਰਕੇ ਢੋਲਾ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ


੧੧੧੦
੨੦

੧੧੧੧
੨੦

ਇਕ ਵਖਾਈਆ । ਬਟਾਲੇ ਵਾਲਿਓ ਕਰੋ ਸਚ ਪਿਆਰ, ਪ੍ਰੇਮੀ ਆਪ ਜਣਾਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਜੋ ਅੰਦਰੋਂ ਝਗੜਾ ਦਏ ਮੁਕਾਈਆ । ਸਾਚੀ ਮੰਜ਼ਲ ਇਕ ਦਵਾਰ, ਘਰ ਇਕੋ ਵੱਜੇ ਵਧਾਈਆ । ਵੇਖੋ ਮਿਰਜਾ ਸਾਹਿਬ ਦੇ ਪਿਆਰੇ ਚੱਲ ਕੇ ਆਏ ਹਾਲ, ਬੈਠੇ ਸੋਭਾ ਪਾਈਆ । ਜਿਥੇ ਜਵਾਬ ਨਾ ਕੋਇ ਸਵਾਲ, ਇਕੋ ਰੰਗ ਇਕੋ ਮਰਦੰਗ ਆਪਣਾ ਨਾਦ ਸੁਣਾਈਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਤੋੜੇ ਜਗਤ ਜੰਜਾਲ, ਜਗ ਜੀਵਣ ਦਾਤਾ ਸਭ ਨੂੰ ਦਏ ਵਡਿਆਈਆ । ਸਾਚੀ ਦਰਗਾਹ ਮੁਕਾਮੇ ਹਕ ਲੈਣੀ ਭਾਲ, ਜਿਥੇ ਊਚ ਨੀਚ ਰਾਓ ਰੰਕ ਰਾਜ ਰਾਜਾਨ ਵੰਡ ਨਾ ਕੋਇ ਵੰਡਾਈਆ । ਕਾਇਆ ਅੰਦਰ ਆਪਣੇ ਮੰਦਰ ਆਪਣੇ ਆਪ ਦੀ ਕਰੋ ਪਹਿਚਾਨ ਨਿਜ ਆਤਮ ਲਵੋ ਭਾਲ, ਪਰਮਾਤਮ ਇਕੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਈਆ । ਸਚ ਦਰਬਾਰ ਸੱਚਾ ਦਰਬਾਰਾ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਘਰ ਵਸੇ ਏਕਾ ਏਕੰਕਾਰਾ, ਅਕਲ ਕਲਧਾਰੀ ਵਡ ਵਡਿਆਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਹਰ ਘਟ ਅੰਦਰ ਨਿਰਗੁਣ ਨੂਰ ਜੋਤ ਕਰੇ ਉਜਿਆਰਾ, ਦੀਆ ਬਾਤੀ ਕਮਲਾਪਾਤੀ ਇਕੋ ਇਕ ਡਗਮਗਾਈਆ । ਖ਼ਾਲਕ ਖ਼ਲਕ ਮਖ਼ਲੂਕ ਦੇਵੇ ਕਲਮਾ ਵਾਹਦ ਜਿਸ ਦਾ ਧੁਨ ਢੋਲ ਢਮੱਕ ਸਮਝੇ ਨਾ ਕੋਇ ਡਫਾਰਾ, ਬਾਹਰਲੇ ਸਾਜ ਨਾ ਕੋਇ ਖੜਕਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਤੱਕੋ ਉਹ ਨਜ਼ਾਰਾ, ਜੋ ਸੂਫ਼ੀ ਸੰਤ ਫ਼ਕੀਰ ਜਲਵਾ ਤੱਕ ਕੇ ਖ਼ੁਸ਼ੀ ਮਨਾਈਆ । ਵੇਖਿਓ ਮਨ ਕਲਪਣਾ ਵਿਚ ਫਿਰਿਓ ਨਾ ਜਗਤ ਆਵਾਰਾ, ਮਾਲਕ ਦੇਣਾ ਭੁਲਾਈਆ । ਸਾਹਿਬ ਸਤਿਗੁਰ ਪਰਮ ਪੁਰਖ ਪਰਮਾਤਮ ਆਤਮ ਦਾ ਸਦਾ ਪਿਆਰਾ, ਤਨ ਵਜੂਦ ਝਗੜਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਦਵਾਰ ਏਕੰਕਾਰ ਦਰਗਾਹ ਸਾਚੀ ਇਕੋ ਘਰ ਸੁਹਾਈਆ । ਹਰਿਜਨ ਸਾਚੇ ਸਾਰੇ ਬਣ ਜਾਓ ਭਗਤ, ਭਾਵਨੀ ਇਕ ਪਰਗਟਾਈਆ । ਲੇਖਾ ਵੇਖੋ ਵਿਚ ਜਗਤ, ਜੀਵਣ ਜੁਗਤ ਬਦਲਾਈਆ । ਪ੍ਰੇਮ ਪਿਆਰ ਦਾ ਸੁਹੰਜਣਾ ਹੋਵੇ ਵਕਤ, ਸੋਹਣੀ ਰੁੱਤ ਸੁਹਾਈਆ । ਜੋ ਮਾਲਕ ਵਸੇ ਉਤੇ ਅਰਸ਼, ਸੋ ਫ਼ਰਸ਼ ਹੋਏ ਸਹਾਈਆ । ਸਭ ਦੇ ਉਤੇ ਕਰੇ ਤਰਸ, ਵੈਰੀ ਮੀਤ ਵੰਡ ਨਾ ਕੋਇ ਵੰਡਾਈਆ । ਨਿਰਮਾਣਤਾ ਹਲੀਮੀ ਗ਼ਰੀਬੀ ਵਿਚ ਸਜਦੇ ਵਿਚ ਬੰਦਨਾ ਵਿਚ ਡੰਡਾਵਤ ਵਿਚ ਉਸ ਦੇ ਚਰਨ ਕਰੋ ਅਰਜ਼, ਆਰਜੂ ਆਪਣੀ ਇਕ ਸੁਣਾਈਆ । ਪ੍ਰਭੂ ਅਸੀਂ ਤੇਰੇ ਤੇ ਸਾਨੂੰ ਤੇਰੀ ਗ਼ਰਜ਼, ਤੁਧ ਬਿਨ ਰਹਿਣ ਕੋਇ ਨਾ ਪਾਈਆ । ਉਹ ਬੇਪਰਵਾਹ ਨੂਰ ਅਲਾਹ ਆਪੇ ਵੰਡੇ ਸਭ ਦੀ ਦਰਦ, ਦੀਨਾਂ ਅਨਾਥਾਂ ਦੁਖੀਆਂ ਲਏ ਉਠਾਈਆ । ਜ਼ੁਲਮ ਦੀ ਸ਼ਰਅ ਦੀ ਕਦੀ ਚਲਣ ਨਾ ਦੇਵੇ ਕਰਦ, ਕਤਲਗਾਹ ਨਾ ਕੋਇ ਬਣਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮਦਦ ਸਭ ਦੀ ਕਰੇ ਥਾਉਂ ਥਾਈਂਆ । ਪੁਰਖ ਅਕਾਲ ਹਕ ਖ਼ੁਦਾ ਏਕ ਨਹੀਂ ਕੋਈ ਗਿਣਤੀ ਵਿਚ ਬਹੁਤੇ ਅੱਦਦ, ਹਿੱਸਿਆਂ ਵਾਲਾ ਨਜ਼ਰ ਕੋਇ ਨਾ ਆਈਆ । ਜੁਗ ਜੁਗ ਲੋਕਮਾਤ ਦੀਨ ਦੁਨੀ ਮੇਟੇ ਤਸ਼ੱਦਦ, ਝਗੜਾ ਕੂੜ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਉਪਰ ਮਖ਼ਲੂਕ, ਖ਼ਾਲਕ ਖ਼ਲਕ ਵੱਡੀ ਵਡਿਆਈਆ । ਸਭ ਦਾ ਸਾਂਝਾ ਕਰੇ ਸਲੂਕ, ਸ਼ਿਰਕਤ ਅੰਦਰੋਂ ਦਏ ਕਢਾਈਆ । ਮਹੱਲ ਅਟਲ ਵਖਾਏ ਅਰਸ਼ ਅਰੂਜ਼, ਆਲੀਜਾਹ ਬੇਪਰਵਾਹੀਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਮੰਨਿਆਂ ਹਕ ਮਹਿਬੂਬ, ਅਮਾਮ ਅਮਾਮਾ ਨੂਰ ਇਲਾਹੀਆ । ਨਾ ਕੋਈ ਮਾਟੀ

ਖ਼ਾਕ ਤਨ ਵਜੂਦ, ਜਲਵਾ ਜੋਤ ਡਗਮਗਾਈਆ । ਹਕੀਕੀ ਦੱਸੇ ਮੰਜ਼ਲ ਮਕਸੂਦ, ਗ੍ਰਹਿ ਸਾਚੇ ਵੱਜੇ ਵਧਾਈਆ । ਜਿਸ ਦੀ ਸਿਫ਼ਤ ਹਜ਼ਾਰਾ ਦਰੂਦ, ਇਸਮ ਆਜਮ ਇਕ ਸਮਝਾਈਆ । ਜਿਧਰ ਤੱਕੋ ਓਧਰ ਮੌਜੂਦ, ਚਾਰੋਂ ਕੁੰਟ ਵੇਖ ਵਖਾਈਆ । ਜੇ ਕੋਈ ਓਸ ਦਾ ਹੁਕਮ ਇਸ਼ਾਰਾ ਰਮਜ਼ ਲਏ ਬੂਝ, ਨਾਮ ਨਿਧਾਨ ਸ਼ਨਵਾਈਆ । ਫੇਰ ਭੇਵ ਰਹੇ ਨਾ ਗੂਝ, ਪੜਦਾ ਅੰਦਰੋਂ ਦਏ ਉਠਾਈਆ । ਕੌਲ ਨਾਭ ਜੋ ਹੋਇਆ ਮੂਧ, ਸਿੱਧਾ ਕਰ ਕੇ ਨਿਝਰ ਝਿਰਨਾ ਦਏ ਝਿਰਾਈਆ । ਮਨ ਕਲਪਣਾ ਨਾ ਕੂਕੇ ਵਾਂਗ ਕੂੰਜ, ਇਕੋ ਹੂ ਹੂ ਨਾਅਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਨਿਰਮਲ ਦੂਧ ਦਾ ਦੂਧ, ਦੂਜਾ ਰਲਾ ਨਾ ਕੋਇ ਵਖਾਈਆ । ਬਟਾਲੇ ਵਾਲਿਓ ਤੁਹਾਨੂੰ ਕਦੇ ਲੱਗ ਨਾ ਜਾਵੇ ਵੱਟਾ, ਦਵੈਤ ਅੰਦਰੋਂ ਦੇਣੀ ਕਢਾਈਆ । ਜਿਸ ਕਾਰਨ ਮੁਨੀ ਸੁਸ਼ੀਲ ਆਇਆ ਨੱਠਾ, ਬਣ ਕੇ ਪਾਂਧੀ ਰਾਹੀਆ । ਮੇਲ ਮਿਲਿਆ ਨਾਲ ਸਿੱਧੇ ਸਾਦੇ ਜੱਟਾਂ, ਜਿਨ੍ਹਾਂ ਨੂੰ ਗਵਾਰ ਕਹੇ ਲੋਕਾਈਆ । ਜਿਨ ਝਗੜਾ ਰਹਿਣ ਨਹੀਂ ਦੇਣਾ ਪੱਥਰ ਇੱਟਾਂ, ਪਰਮ ਪੁਰਖ ਦਾ ਇਸ਼ਟ ਦੇਣਾ ਮਨਾਈਆ । ਸਭ ਦੇ ਅੰਦਰ ਵੜ ਕੇ ਮੰਦਰ ਚੜ੍ਹ ਕੇ ਸੁਰਤੀ ਨੂੰ ਸ਼ਬਦ ਦੀ ਮਾਰਨੀ ਸੱਟਾ, ਨਾਮ ਹਲੂਣੇ ਨਾਲ ਉਠਾਈਆ । ਕਿਸੇ ਨੂੰ ਮਦ ਪੀਣ ਨਹੀਂ ਦੇਣੀ ਰਸਨਾ ਬੁੱਲਾਂ ਨਾਲ ਗਟ ਗੱਟਾ, ਅੰਮ੍ਰਿਤ ਦਾ ਜਾਮ ਦੇਣਾ ਚਖਾਈਆ । ਆਬੇਹਯਾਤ ਮਨ ਕਲਪਣਾ ਦਾ ਮੇਟੇ ਰੱਟਾ, ਰਟਨ ਇਕੋ ਨਾਮ ਕਰਾਈਆ । ਬਿਨਾ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਦੇ ਬਾਕੀ ਛਾਨਣਾ ਘੱਟਾ, ਲਾਲ ਹੱਥ ਕਿਸੇ ਨਾ ਆਈਆ । ਅੱਗੇ ਵਾਸਤੇ ਨੀਤੀ ਤੋਂ ਪਰੇ ਲਾਲਚ ਛੱਡ ਦਿਓ ਪੈਸਾ ਟਕਾ, ਟਕਿਆਂ ਵਾਲੀ ਟਕਸਾਲ ਕੰਮ ਕਿਸੇ ਨਾ ਆਈਆ । ਸਾਰੇ ਇਕੱਠੇ ਹੋ ਕੇ ਸੰਤਾਂ ਸੂਫ਼ੀ ਫ਼ਕੀਰਾਂ ਦੀ ਮਜਲਸ ਵਿਚ ਕਰ ਲਓ ਇਹ ਮਤਾ, ਮਤਲਬ ਵਾਲਾ ਸਿੱਖ ਨਜ਼ਰ ਕੋਇ ਨਾ ਆਈਆ । ਜੇ ਬਣਨਾ ਤੇ ਬਣਿਓ ਅੰਦਰੋਂ ਸੱਚਾ, ਬਾਹਰੋਂ ਲਾਰਾ ਦੇਣ ਦੀ ਲੋੜ ਰਹੇ ਨਾ ਰਾਈਆ । ਤੁਹਾਨੂੰ ਸਭ ਨੂੰ ਪਤਾ ਇਹ ਮਾਟੀ ਭਾਂਡਾ ਕੱਚਾ, ਅੰਤ ਲੋਕਮਾਤ ਨਜ਼ਰ ਨਾ ਆਈਆ । ਜੇ ਕੋਈ ਓਸ ਪ੍ਰਭੂ ਦਾ ਬਣ ਜਾਏ ਬੱਚਾ, ਓਸੇ ਨੂੰ ਭਗਤ ਕਰ ਕੇ ਸਾਰੀ ਸ੍ਰਿਸ਼ਟੀ ਰਹੀ ਗਾਈਆ । ਵੇਖਿਓ ਕਿਤੇ ਮਨ ਦੀ ਵਾਸਨਾ ਵਿਚ ਨਾ ਕਿਹੋ ਅੱਛਾ, ਹਿਰਦੇ ਵਿਚੋਂ ਹਰਿ ਦੀ ਆਵਾਜ਼ ਲੈਣੀ ਉਠਾਈਆ । ਜੋ ਲੂੰ ਲੂੰ ਅੰਦਰ ਸਾਢੇ ਤਿੰਨ ਕਰੋੜ ਰਚਾ, ਇੰਦਰੀਆਂ ਦੇ ਘਾਟ ਤੋਂ ਪਰੇ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੇਲਾ ਰਿਹਾ ਮਿਲਾਈਆ । ਬਟਾਲੇ ਵਾਲਿਓ ਜ਼ਰਾ ਦੱਸਿਓ ਹਾਲ ਆਪਣੇ ਦਿਲ ਦਾ, ਕੀ ਅੰਦਰ ਆਵਾਜ਼ ਰਖਾਈਆ । ਕਿਸ ਤਰੀਕੇ ਢੰਗ ਬਿਧੀ ਨਾਲ ਪਰਮ ਪੁਰਖ ਮਿਲਦਾ, ਵਿਛੜਿਆਂ ਜੋੜ ਜੁੜਾਈਆ । ਕਿਸ ਤਰੀਕੇ ਨਾਲ ਪੜਦਾ ਹਟਾਵੇ ਬਜਰ ਕਪਾਟੀ ਸਿਲ ਦਾ, ਸਾਲਮ ਆਪਣਾ ਰੰਗ ਰੰਗਾਈਆ । ਕਿਸ ਬਿਧ ਲੇਖਾ ਜਣਾਵੇ ਅਗੰਮੀ ਤਿਲ ਦਾ, ਤ੍ਰਿਕੁਟੀ ਤੋਂ ਅਗਲਾ ਪੜਦਾ ਦਏ ਉਠਾਈਆ । ਕਿਸ ਬਿਧ ਕਵਲ ਨਾਭੀ ਫੁੱਲ ਖਿਲਦਾ, ਪੰਖੜੀਆਂ ਪੰਖੜੀਆਂ ਪੰਖੜੀਆਂ ਇਕੋ ਰੂਪ ਨਜ਼ਰੀ ਆਈਆ । ਕਿਸ ਬਿਧ ਲਹਿਣਾ ਦੇਣਾ ਮੁਕੇ ਸੁਖਮਨ ਟੇਢੀ ਬਿਲ ਦਾ, ਈੜਾ ਪਿੰਗਲ ਭੇਵ ਰਹਿਣ ਨਾ ਪਾਈਆ । ਕਿਸ ਤਰ੍ਹਾਂ ਨਜ਼ਾਰਾ ਤੱਕੇ ਓਸ ਗਹਿਰ ਗੰਭੀਰ ਨਿਲ ਦਾ, ਜੋ ਨੀਲੇ ਵਾਲਾ ਇਕ ਅਖਵਾਈਆ । ਜਿਸ ਦੇ ਹੁਕਮ ਅੰਦਰ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀ ਅਸਮਾਨ ਰਵ ਸਸ ਸੂਰਜ ਚੰਦ ਹਿਲਦਾ, ਚਾਰ ਕੁੰਟ ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਜੁਗ ਚੌਕੜੀ ਨਿਤ

੧੧੧੩
੨੦

ਨਵਿਤ ਨਿਰਗੁਣ ਸਰਗੁਣ ਧਾਰ ਹੋ ਕੇ ਜੋ ਫਿਰਦਾ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਈਆ । ਲਹਿਣਾ ਦੇਣਾ ਮੁਕਾਵੇ ਜੋ ਵਿਛੜਿਆ ਚਿਰ ਦਾ, ਚਿਰੀ ਵਿਛੁੰਨੇ ਜੋੜ ਜੁੜਾਈਆ । ਚੌਦਾਂ ਤਬਕ ਚੌਦਾਂ ਲੋਕ ਸਚ ਸਲੋਕ ਜਿਸ ਦਾ ਨਾਮ ਸੰਦੇਸ਼ਾ ਸੋ ਸਤਿਗੁਰ ਇਕੋ ਘਲਦਾ, ਘਾਇਲ ਕਰੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਬਟਾਲੇ ਵਾਲਿਓ ਚਾੜ੍ਹਿਓ ਅਨੋਖਾ ਰੰਗ, ਨੈਣ ਨੇਤਰਾਂ ਦਰਸ਼ਨ ਪਾਈਆ । ਬੈਠੇ ਹੋ ਨਾ ਜਾਇਓ ਤੰਗ, ਪਿਛਲੇ ਘਰ ਦੇ ਧੰਦਿਆਂ ਵੱਲ ਧਿਆਨ ਰਖਾਈਆ । ਲੈ ਕੇ ਜਾਣਾ ਆਤਮਾ ਦਾ ਅਨੰਦ, ਜਿਹੜਾ ਬਾਹਰੋਂ ਹੱਥ ਕਿਤੇ ਨਾ ਆਈਆ । ਘਰ ਜਮਨਾ ਗੰਗਾ ਸੁਰਸਤੀ ਗੋਦਾਵਰੀ ਦੇਵੇ ਸੰਗ, ਤਿੰਨ ਤੋਂ ਚਾਰ ਮਿਲ ਕੇ ਵੱਜੇ ਵਧਾਈਆ । ਏਸ ਜੀਵਣ ਦਾ ਜ਼ਿੰਦਗੀ ਦਾ ਮੇਟਣਾ ਪੰਧ, ਅੱਗੇ ਝਗੜਾ ਰਹੇ ਨਾ ਰਾਈਆ । ਸਚ ਮੁਹੱਬਤ ਦੀ ਦੇ ਕੇ ਜਾਣਾ ਗੰਢ, ਜਿਹੜੀ ਆਤਮ ਪਰਮਾਤਮ ਮਿਲ ਕੇ ਆਪਣਾ ਪ੍ਰੇਮ ਬਣਾਈਆ । ਤੁਸੀਂ ਓਸ ਪ੍ਰਭੂ ਦੇ ਚੰਦ, ਜਿਸ ਦਾ ਨੂਰ ਨੂਰ ਜੋਤ ਜੋਤ ਰੁਸ਼ਨਾਈਆ । ਹੰਗਤਾ ਦੀ ਢਾਹ ਕੇ ਕੰਧ, ਹੰ ਬ੍ਰਹਮ ਦਾ ਪੜਦਾ ਲੈਣਾ ਚੁਕਾਈਆ । ਤੁਹਾਡਾ ਤਨ ਸਰੀਰ ਮਾਤਾ ਪਿਤਾ ਦੀ ਰਾਹੀਂ ਪਿਆ ਜੰਮ, ਆਤਮਾ ਨੂੰ ਪਰਮਾਤਮਾ ਤੁਹਾਡੇ ਵਿਚ ਟਿਕਾਈਆ । ਐਸ ਵੇਲੇ ਸਾਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਦਾ ਹਿਲ ਗਿਆ ਥੰਮ੍ਹ, ਬਿਨਾ ਸਾਚੇ ਸੰਤਾਂ ਸਹਾਰਾ ਨਜ਼ਰ ਕੋਇ ਨਾ ਆਈਆ । ਰਾਜ ਰਾਜਾਨ ਸ਼ਾਹ ਸੁਲਤਾਨ ਸਿਆਸਤ ਵਿਰਾਸਤ ਵਾਲਿਆਂ ਪਿਆ ਗ਼ਮ, ਗ਼ਮੀਆਂ ਗ਼ਮ ਨਾ ਕੋਇ ਮਿਟਾਈਆ । ਵੇਖਿਓ ਕਿਤੇ ਝਗੜਾ ਰੱਖਿਓ ਨਾ ਕਾਇਆ ਮਾਟੀ ਚੰਮ, ਹਰ ਹਿਰਦੇ ਅੰਦਰ ਵਸੇ ਇਕੋ ਨੂਰ ਅਲਾਹੀਆ । ਜਿਸ ਦੀ ਯਾਦ ਕਰਨੀ ਪੌਣ ਵਸਣਾ ਦਮ ਦਮ, ਜੋ ਦਾਮਨਗੀਰ ਇਕ ਅਖਵਾਈਆ । ਉਸ ਦੇ ਹੱਥ ਸਾਰਾ ਇੰਤਜਾਮ, ਗੁਰ ਅਵਤਾਰ ਪੈਗ਼ੰਬਰ ਓਸੇ ਦੀ ਸੇਵਾ ਵਿਚ ਆਪਣੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਬਟਾਲੇ ਵਾਲਿਓ ਵੇਖ ਲਓ ਆਪਣੀ ਘੜੀ ਵਾਲੇ ਮਿੰਟ, ਇਕ ਪੰਜ ਨਾਲ ਮਿਲ ਕੇ ਕੀ ਸੁਣਾਈਆ । ਸਭ ਦਾ ਨਿਸ਼ਾਨਾ ਇਕੋ ਹਿੰਟ, ਹੈਟ ਟੋਪੀ ਪਗੜੀ ਵਾਲਾ ਇਕੋ ਰੂਪ ਨਜ਼ਰੀ ਆਈਆ । ਭਾਵੇਂ ਪਹਿਨੇ ਕੋਈ ਪਜਾਮਾ ਕੋਈ ਪੈਂਟ, ਧੋਤੀ ਤਹਿਮਤ ਵਾਲੀ ਵੰਡ ਨਾ ਕੋਇ ਵੰਡਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਐਂਡ, ਜਿਸ ਦਾ ਇਨਡੈਕਸ ਬਣਾ ਕੇ ਸਕੇ ਨਾ ਕੋਇ ਸਮਝਾਈਆ । ਓਸ ਦੀ ਯਾਦ ਵਿਚ ਪਿਆਰ ਵਿਚ ਸਾਰੇ ਖੜ੍ਹੇ ਕਰ ਦਿਉ ਹੈਂਡ, ਸੰਸਾਰ ਵਲੋਂ ਹੈਂਡਜ਼ ਅਪ ਹੋ ਕੇ ਨਾਅਰਾ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਹੁਕਮ ਸੰਦੇਸ਼ਾ ਧੁਰਦਰਗਾਹ ਸ੍ਰਿਸ਼ਟ ਸਬਾਈ ਕਰੇ ਸੈਂਡ, ਰਸੀਵਰ ਤੁਹਾਡੇ ਅੰਦਰ ਦਿਤਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਨੀਤੀ ਇਕ ਸਮਝਾਈਆ । ਧੁਰ ਦੀ ਨੀਤੀ ਇਕ ਅਪਾਰ, ਅਪਰੰਪਰ ਆਪ ਜਣਾਇੰਦਾ । ਦੁਨੀਆ ਵਾਲਿਓ ਹੋਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਇੰਦਾ । ਚਾਰ ਕੁੰਟ ਦਹਿ ਦਿਸ਼ਾ ਹੋਏ ਹਾਹਾਕਾਰ, ਧੀਰਜ ਧੀਰ ਨਾ ਕੋਇ ਰਖਾਇੰਦਾ । ਮਾਇਆ ਮਮਤਾ ਮੋਹ ਵਧਿਆ ਵਿਕਾਰ, ਕਾਮ ਕਰੋਧ ਲੋਭ ਮੋਹ ਹਲਕਾਇੰਦਾ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਸਿਆਸਤ ਬਣੀ ਅਖਾੜ, ਧਰਮ ਦਵਾਰਾ ਪਾਰ ਨਾ ਕੋਇ ਜਣਾਇੰਦਾ । ਕਾਦੀਆਂ ਵਾਲੇ ਇਕੱਠੇ ਹੋਏ ਯਾਰ, ਜਿਨ੍ਹਾਂ ਦਾ ਯਾਰ ਯਾਰਾਨਾ ਇਕੋ ਸਚ ਖ਼ੁਦਾਏ ਨਾਲ ਭਾਇੰਦਾ । ਦੋ ਤਰਫ਼ੀ ਚਲੇ ਨਾ ਕੋਇ ਧਾਰ, ਸੂਫ਼ੀ ਇਕੱਠੇ

ਮੰਜ਼ਲ ਉਤੇ ਬੈਠਣ ਇਕੋ ਵਾਰ, ਦੂਜਾ ਰੰਗ ਨਾ ਕੋਇ ਬਦਲਾਇੰਦਾ । ਸਾਚਿਆਂ ਸੰਤਾਂ ਦਾ ਹਰ ਹਿਰਦੇ ਅੰਦਰ ਇਸ਼ਤਹਾਰ, ਕੰਧਾਂ ਉਤੇ ਪੋਸਟਰ ਕੋਇ ਨਾ ਲਾਇੰਦਾ । ਜਿਨ੍ਹਾਂ ਦੀ ਰੀਤੀ ਪਿੱਛੇ ਚਲੀ ਆਈ ਜੁਗ ਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਾਰੇ ਓਸੇ ਦੇ ਢੋਲੇ ਗਾਇੰਦਾ । ਜੋ ਸਭ ਦਾ ਸਾਂਝਾ ਯਾਰ, ਆਦਿ ਜੁਗਾਦਿ ਸਦਾ ਮੁਖ਼ਤਿਆਰ, ਮੁਖ਼ਤਾਰਨਾਮੇ ਗੁਰ ਅਵਤਾਰ ਪੈਗ਼ੰਬਰਾਂ ਦੀਨਾਂ ਮਜ਼੍ਹਬਾਂ ਦੇ ਆਪ ਫੜਾਇੰਦਾ । ਸੋ ਅੰਤ ਕੰਤ ਭਗਵੰਤ ਸਦੀ ਚੌਦਵੀਂ ਸਭ ਨੂੰ ਵੇਖਣਹਾਰ, ਅਨਡਿੱਠ ਆਪਣੀ ਖੇਲ ਖਿਲਾਇੰਦਾ । ਬਟਾਲਾ ਪਰਗਣਾ ਇਹ ਪਰਵਰਦਿਗਾਰ ਦੀ ਧਾਰ, ਜਿਸ ਦਾ ਭੇਵ ਨਾ ਕਿਸੇ ਆਇੰਦਾ । ਕਾਦੀਆਂ ਕੁਦਰਤ ਦੀ ਬਹਾਰ, ਜਿਥੇ ਉਲਫ਼ਤ ਦੇ ਨਗਾਰ, ਜਿਸ ਨੂੰ ਵੇਖੇ ਇਕੋ ਸ਼ਾਹ ਅਸਵਾਰ, ਸ਼ਹਿਨਸ਼ਾਹ ਦੋ ਜਹਾਨਾਂ ਇਕ ਅਖਵਾਇੰਦਾ । ਸਾਰੇ ਰਲ ਮਿਲ ਕੇ ਓਸ ਦੇ ਨਾਲ ਕਰੋ ਪਿਆਰ, ਜੋ ਮੁਹੱਬਤ ਦਾ ਸਰਦਾਰ, ਸਾਹਿਬ ਸੁਲਤਾਨ ਮਹਿਬੂਬ ਇਕ ਅਖਵਾਇੰਦਾ । ਇਹ ਮੁਨੀਆਂ ਦਾ ਦਰਬਾਰ, ਇਕੱਠੇ ਕੀਤੇ ਮੁਹੱਬਤ ਵਿਚ ਆਣ, ਸਾਰੇ ਪੂਜੋ ਇਕ ਭਗਵਾਨ, ਜਿਸ ਦਾ ਝੁੱਲੇ ਧਰਮ ਦਾ ਇਕ ਨਿਸ਼ਾਨ, ਕਲਮਾ ਸੁਣਾਵੇ ਬਿਨਾ ਕਾਨ, ਇਲਾਹੀ ਬਾਂਗ ਸਚ ਸਦਾ, ਜਿਸ ਦੀ ਇਕ ਦੁਆ, ਦੂਜਾ ਨਜ਼ਰ ਕੋਇ ਨਾ ਆਈਆ । ਉਸ ਨੂੰ ਕਹਿੰਦੇ ਆਦਿ ਅਨਾਦੀ ਓਮ, ਓਸੇ ਦੇ ਯਗ ਤੇ ਓਸੇ ਦੇ ਹੋਮ, ਓਸੇ ਦੇ ਮਜ਼੍ਹਬ ਓਸੇ ਦੀ ਕੌਮ, ਓਸੇ ਦੇ ਵਜੂਦ ਓਸੇ ਦੇ ਰੋਮ, ਕਿਸੇ ਨੇ ਵਧਾ ਲਏ ਕਿਸੇ ਨੇ ਕਟਾ ਲਏ, ਕਿਸੇ ਨੇ ਮੁਨਾ ਲਏ, ਆਤਮਾ ਦਾ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪੜਦਾ ਆਪ ਉਠਾਈਆ । ਕੀ ਤੁਸੀਂ ਵੀ ਪੜਦਾ ਆਏ ਲਾਹੁਣ, ਸਾਰੇ ਦਿਉ ਸੁਣਾਈਆ । ਆਪਣੇ ਮਨ ਨੂੰ ਆਏ ਬਦਲਾਉਣ, ਕਲਪਨਾ ਵਿਚੋਂ ਬਾਹਰ ਕਢਾਈਆ । ਸਚ ਨੂੰ ਹਿਰਦੇ ਆਏ ਵਸਾਉਣ, ਧਰਮ ਦੀ ਜੜ੍ਹ ਲਗਾਈਆ । ਕੀ ਅੰਮ੍ਰਿਤ ਮੁਖ ਆਏ ਚੁਆਉਣ, ਨਿਜ ਨੇਤਰ ਦਰਸ਼ਨ ਪਾਈਆ । ਕੀ ਸਾਚੀ ਮੰਜ਼ਲ ਚੜ੍ਹਕੇ ਖ਼ੁਸ਼ੀ ਆਏ ਬਣਾਉਣ, ਆਪਣਾ ਪੰਧ ਮੁਕਾਈਆ । ਸਚ ਦੱਸਣਾ ਸਾਂਝੇ ਪਿਆਰ ਵਿਚ ਸਚ ਮੁਹੱਬਤ ਵਿਚ ਸਾਂਝੀਵਾਲ ਕੌਣ ਕੌਣ, ਹੱਥ ਉਪਰ ਦੇਣੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਸੰਤਾਂ ਸਾਚੇ ਮੁਨੀਆਂ ਸੰਸਾਰ ਵਿਚ ਭੇਜੇ ਉਜੜੇ ਵਸਾਉਣ, ਗ਼ਰੀਬ ਨਿਮਾਣਿਆਂ ਅਨਾਥਾਂ ਸੰਗ ਸਗਲਾ ਸਾਥ ਬਣਾਈਆ । ਸੰਤ ਸਤਿਗੁਰ ਕਦੇ ਨਾ ਹੁੰਦਾ ਵਿਦਾ, ਹਰ ਘਟ ਅੰਦਰ ਡੇਰਾ ਲਾਈਆ । ਪ੍ਰੇਮ ਪ੍ਰੀਤੀ ਦਾ ਮਾਰਗ ਦੱਸੇ ਸਿੱਧਾ, ਸਿੱਧ ਆਸਣ ਇਕ ਵਖਾਈਆ । ਆਤਮ ਪਰਮਾਤਮ ਮਿਲਣ ਦੀ ਬਿੱਧਾ, ਜੁਗਤੀ ਜਗਤ ਵਿਚ ਸਮਝਾਈਆ । ਪ੍ਰੇਮ ਪ੍ਰੀਤੀ ਦੱਸ ਕੇ ਇਕਾ, ਏਕੰਕਾਰ ਨਾਲ ਜੁੜਾਈਆ । ਨਿਰਮਾਣਤਾ ਵਿਚ ਨਿੱਕਾ, ਬਿਬੇਕੀ ਵਿਚ ਵੱਡਾ ਵੱਡਾ ਨਜ਼ਰੀ ਆਈਆ । ਜਿਸ ਦਾ ਲੇਖ ਤ੍ਰੇਤੇ ਜੁਗ ਵਿਚ ਲਿਖਾ, ਬਾਲੀ ਦਾ ਸੁਤ ਅੰਗਦ ਸੋਭਾ ਪਾਈਆ । ਇਹ ਪੂਰਬ ਦਾ ਲਹਿਣਾ ਪਿੱਛਾ, ਜੁਗ ਚੌਕੜੀ ਭੇਵ ਖੁਲ੍ਹਾਈਆ । ਸਤਿ ਧਾਰ ਦੀ ਇੱਛਾ, ਨਿਰਇੱਛਤ ਸੇਵ ਕਮਾਈਆ । ਕੋਈ ਜਗਤ ਕਹਾਣੀ ਨਹੀਂ ਕਿੱਸਾ, ਕਿਸਮਤ ਕਿਸਮਤ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚਮਕਾਈਆ । ਸੰਤ ਸਤਿਗੁਰ ਕਦੇ ਨਾ ਜਾਵੇ ਦੂਰ, ਵਿਛੋੜਾ ਰਹਿਣ ਕੋਇ ਨਾ ਪਾਈਆ । ਸਦਾ ਵਸੇ ਹਾਦਰ ਹਦੂਰ, ਹਰ ਹਿਰਦੇ ਡੇਰਾ ਲਾਈਆ । ਜੋਤੀ ਦੇ ਕੇ ਅਗੰਮਾ ਨੂਰ, ਅੰਧ ਅੰਧੇਰ ਦਏ ਮਿਟਾਈਆ । ਮੰਜ਼ਲ ਮਾਰਨੀ ਅੱਗੇ ਕੋਈ ਨਹੀਂ ਮਜਬੂਰ, ਮਜਬੂਰੀ

੧੧੧੪
੨੦

ਵਿਚੋਂ ਪ੍ਰੇਮ ਨਜ਼ਰੀ ਆਈਆ । ਕੋਈ ਨਾਤਾ ਸੱਜਣ ਨਹੀਂ ਕੂੜ, ਕੂੜੀ ਕਿਰਿਆ ਦੇਣੀ ਤਜਾਈਆ । ਸੰਤਾਂ ਦੀ ਸਾਂਝੀ ਇਕੋ ਧੂੜ, ਧੂੜੀ ਮਸਤਕ ਖ਼ਾਕ ਰਮਾਈਆ । ਕੋਈ ਰਹੇ ਨਾ ਮਨ ਮੂਰਖ ਮੂੜ੍ਹ, ਚਤੁਰ ਸੁਜਾਨ ਬੁੱਧੀ ਬਿਬੇਕ ਲੈਣੀ ਕਰਾਈਆ । ਸਤਿ ਧਰਮ ਦਾ ਸਤਿ ਅੱਗੇ ਹੋਵੇ ਮਸ਼ਹੂਰ, ਮਸ਼ਵਰਾ ਪ੍ਰਭ ਦੇ ਨਾਲ ਰਲਾਈਆ । ਹਰ ਇਕ ਦੇ ਅੰਦਰ ਨਾਮ ਦੀ ਮਸਤੀ ਪ੍ਰੇਮ ਦਾ ਚੜ੍ਹੇ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਹੰਗਤਾ ਗੜ੍ਹ ਹਉਮੇ ਤੋੜਨਾ ਗ਼ਰੂਰ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਸਚ ਦਵਾਰੇ ਦੇ ਚਾਕਰ ਬਣਨਾ ਮਜ਼ਦੂਰ, ਗ਼ੁਲਾਮ ਹੋ ਕੇ ਸੇਵ ਕਮਾਈਆ । ਵੇਖਿਓ ਪ੍ਰਭ ਦਵਾਰਿਉਂ ਕੋਈ ਨਾ ਹੋਇਓ ਮਫ਼ਰੂਰ, ਕਾਇਆ ਜੂਹ ਵਿਚ ਲੁਕ ਕੇ ਝਟ ਨਾ ਕੋਇ ਲੰਘਾਈਆ । ਅੱਗੇ ਸਦਾ ਦਾ ਮੇਲਾ ਬਣਿਆ ਰਹੇ ਜ਼ਰੂਰ, ਮੁਨੀ ਵਿਛੋੜਾ ਦੇ ਕੇ ਪਿੱਠ ਨਾ ਕਦੇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਸਚ ਸਮੇਲਨ ਹੋਇਆ ਜੇਠੂਵਾਲ, ਧਰਨੀ ਧਰਤ ਧਵਲ ਵੱਜੀ ਵਧਾਈਆ । ਜਿਸ ਵਿਚ ਇਕੱਠੇ ਬੈਠੇ ਸ਼ਾਹ ਕੰਗਾਲ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਹਰਿ ਭਗਤ ਦਵਾਰ ਧਰਮ ਦੀ ਸੱਚੀ ਧਰਮਸਾਲ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ, ਹਿੰਦੂ ਮੁਸਲਿਮ ਸਿੱਖ ਈਸਾਈ ਜਿਸ ਦਾ ਏਕਾ ਰੂਪ ਨਜ਼ਰੀ ਆਈਆ । ਜਿਥੇ ਸੋਹਣ ਵਰਨ ਚਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਜਿਥੇ ਸਤਿ ਧਰਮ ਦਾ ਪਰਚਾਰ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਿਥੇ ਏਕਾ ਮੇਲਾ ਜੋਤ ਨਿਰੰਕਾਰ, ਨਿਰਾਕਾਰ ਸਾਕਾਰ ਮਿਲ ਕੇ ਵੱਜੇ ਵਧਾਈਆ । ਜਿਥੇ ਇਕੋ ਜਿਹਾ ਆਹਾਰ, ਖਾਣ ਪੀਣ ਫ਼ਰਕ ਰਹੇ ਨਾ ਰਾਈਆ । ਜਿਥੇ ਇਕੋ ਜਿਹਾ ਸੁਧਾਰ, ਆਤਮਾ ਪਰਮਾਤਮਾ ਇਕੋ ਘਰ ਬਹਿਕੇ ਢੋਲਾ ਗਾਈਆ ।

੧੧੧੫ ੨੦ ਮੁਨੀ ਸੁਸ਼ੀਲ ਚੱਲ ਕੇ ਆਇਆ ਪ੍ਰੇਮ ਦੀ ਅੰਦਰ ਧਾਰ, ਜਗਤ ਪੰਧ ਨਾ ਕੋਇ ਬਣਾਈਆ । ਤਿਸ ਦਾ ਲੇਖਾ ਬਹੁ ਵੱਡਾ ਵਿਸਥਾਰ, ਜਿਸ ਨੂੰ ਲਿਖੇ ਨਾ ਕੋਇ ਕਲਮ ਸ਼ਾਹੀਆ । ਪਰਗਟ ਹੋਣਾ ਵਿਚ ਸੰਸਾਰ, ਮਹਾਂਸਾਰਥੀ ਇਕ ਅਖਵਾਈਆ । ਜਿਸ ਨੂੰ ਤੇਈ ਅਵਤਾਰ ਹਜ਼ਰਤ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਭਵਿਖਤਾਂ ਵਿਚ ਕਰਕੇ ਗਏ ਇਜ਼ਹਾਰ, ਪੇਸ਼ੀਨਗੋਈ ਵਿਚ ਸੁਣਾਈਆ । ਇਹ ਖੇਲ ਕਰੇ ਨਿਰੰਕਾਰ, ਜੋ ਕੁਦਰਤ ਦਾ ਕਾਦਰ ਇਕ ਅਖਵਾਈਆ । ਜਿਸ ਨੂੰ ਕਹਿੰਦੇ ਅਮਾਮਾਂ ਦਾ ਅਮਾਮ ਨਿਹਕਲੰਕ ਕਲਕੀ ਅਵਤਾਰ, ਕਲਾਧਾਰ ਆਪਣੀ ਕਲ ਵਰਤਾਈਆ । ਨਾਮ ਡੰਕਾ ਸ਼ਬਦ ਦਮਾਮਾ ਏਥੇ ਓਥੇ ਵੱਜੇ ਦੋ ਜਹਾਨ, ਜਹਾਲਤ ਕੂੜੀ ਕਿਰਿਆ ਸੰਸਾਰ ਵਿਚੋਂ ਬਾਹਰ ਕਢਾਈਆ । ਸਭ ਦਾ ਸਾਂਝਾ ਬਾਹਮੀ ਹੋਵੇ ਪਿਆਰ, ਸਿਦਕ ਭਰੋਸਾ ਹੋਵੇ ਏਤਮਾਦ, ਤਸੱਲੀ ਵਿਚ ਆਪਣਾ ਰੂਪ ਪਰਗਟਾਈਆ । ਪਰਮ ਪੁਰਖ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਦਾ ਸਾਚਾ ਯਾਰ, ਯਰਾਨਾ ਧੁਰ ਦਾ ਤੋੜ ਨਿਭਾਈਆ । ਅੱਜ ਦਾ ਵਿਹਾਰ, ਖੇਲ ਕਰਤਾਰ, ਜੋ ਕੁਦਰਤ ਦਾ ਮਾਲਕ, ਖ਼ਲਕ ਦਾ ਖ਼ਾਲਕ, ਸਰਬ ਦਾ ਪ੍ਰਿਤਪਾਲਕ, ਪ੍ਰੇਮ ਪਿਆਰ ਮੁਹੱਬਤ ਵਿਚ ਸਾਚਾ ਰੰਗ ਰਿਹਾ ਰੰਗਾਈਆ । ੧੧੧੫ ੨੦

### ★ ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੩ ਅਜੀਤ ਸਿੰਘ ਦੇ ਗ੍ਰਹਿ ਬਟਾਲਾ ★

ਮਾਘੀ ਦਾ ਨਫ਼ਾ ਖੱਟੋ ਮੁਫ਼ਤ, ਕੀਮਤ ਨਾ ਕੋਇ ਲਗਾਈਆ । ਮੁਹੱਬਤ ਵਿਚ ਹੋ ਜਾਓ ਚੁਸਤ, ਤੇਜ਼ੀ ਤੇਜ਼ੀ ਪ੍ਰੇਮ ਵਧਾਈਆ । ਗ਼ਫ਼ਲਤ

ਵਿਚ ਨਾ ਹੋਣਾ ਸੁਸਤ, ਸੁਸਤੀ ਦੇਣੀ ਕਢਾਈਆ । ਮਨ ਕਲਪਣਾ ਰਹੇ ਨਾ ਖ਼ੁਸ਼ਕ, ਖ਼ੁਸ਼ਹਾਲੀ ਨਜ਼ਰੀ ਆਈਆ । ਸਚ ਦਵਾਰ ਦਾ ਇਹ
ਉਰਸ, ਅਰੂਜ ਵੇਖ ਵਖਾਈਆ । ਜਿਸ ਧਾਮ ਨੂੰ ਲੱਭਦੇ ਮਹਾਂਪੁਰਸ਼, ਪੋਸ਼ੀਦਾ ਰਾਹ ਤਕਾਈਆ । ਦੀਨ ਮਜ਼੍ਹਬ ਦੀ ਲਾਉਂਦੇ ਬੁਰਦ, ਮੁਕਾਬਲੇ
ਵਿਚ ਵਡਿਆਈਆ । ਉਹ ਸਭ ਨੂੰ ਕਰਕੇ ਖੁਰਦ ਬੁਰਦ, ਬੁੱਧੀ ਤੋਂ ਪਰ੍ਹੇ ਕਰੇ ਲੜਾਈਆ । ਢਾਹ ਹੰਕਾਰੀ ਬੁਰਜ, ਹੰਗਤਾ ਗੜ੍ਹ ਤੁੜਾਈਆ ।
ਸਤਿ ਧਰਮ ਦੀ ਲੈ ਕੇ ਗੁਰਜ, ਗਿਰਜਿਆਂ ਤੋਂ ਉਪਰ ਆਵਾਜ਼ਾਂ ਰਿਹਾ ਸੁਣਾਈਆ । ਜਨ ਭਗਤਾਂ ਹਿਰਦੇ ਖੁਰਚ, ਕੂੜੀ ਕਿਰਿਆ ਕਰੇ ਸਫ਼ਾਈਆ ।
ਸਚ ਸੰਦੇਸ਼ਾ ਦੇਵੇ ਤੁਰਤ, ਤੁਰੀਆ ਤੋਂ ਪਰੇ ਇਕ ਜਣਾਈਆ । ਜਨ ਭਗਤ ਖੁਲ੍ਹੀ ਰੱਖੇ ਸੁਰਤ, ਸੁੱਤੀ ਆਪ ਉਠਾਈਆ । ਲੇਖਾ ਜਾਣੇ ਅਰਸ਼
ਕੁਰਸ਼, ਕਾਇਆ ਕੁਰ੍ਹਾ ਫੋਲ ਫੁਲਾਈਆ । ਸਤਿਗੁਰ ਸ਼ਬਦ ਇਕੋ ਬਹੁਤਾ ਲੋੜ ਨਹੀਂ ਕੋਈ ਗੁਰਸ, ਕੌੜੀਆਂ ਵਾਲੀ ਵੰਡ ਨਾ ਕੋਇ ਵੰਡਾਈਆ ।
ਨਾਮ ਨਿਧਾਨਾ ਸਭ ਨੂੰ ਕਰੇ ਬੁਰਸ਼, ਬੁਰਛਾਗਰਦੀ ਰਹਿਣ ਨਾ ਪਾਈਆ । ਗੁਰਮੁਖਾਂ ਚਾੜ੍ਹੇ ਲਾਲ ਰੰਗ ਸੁਰਖ, ਸੁਰਖੀ ਬਿੰਦੀ ਕੂੜੀ ਦਏ ਮਿਟਾਈਆ ।
ਪ੍ਰੇਮ ਪਿਆਰ ਮੁਹੱਬਤ ਅੰਮ੍ਰਿਤ ਰਸ ਨਾਲ ਦੇਵੇ ਬੁਰਕ, ਬੁਰਕੇ ਵਾਲਿਆਂ ਕਰੇ ਸਫ਼ਾਈਆ । ਕੁਛ ਹਲੂਣਾ ਦੇਵੇ ਤੁਰਕ, ਤੁਰਕਿਸਤਾਨ ਵੇਖ ਵਖਾਈਆ ।
ਸਭ ਦਾ ਲਹਿਣਾ ਦੇਣਾ ਕਰਕੇ ਕੁਰਕ, ਖ਼ਾਲੀ ਦਵਾਰੇ ਦਏ ਵਖਾਈਆ । ਸਭ ਨੂੰ ਪੈਣੀ ਕਲਜੁਗ ਕਿਰਿਆ ਦੀ ਖੁਰਕ, ਮਲ੍ਹਮ ਪੱਟੀ ਨਾ ਕੋਇ
ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਪਰਗਟਾਈਆ । ਮਾਘੀ ਦਾ ਮੁਫ਼ਤ ਦੇਵੇ ਸੌਦਾ, ਕਰਤਾ
ਕੀਮਤ ਨਾ ਕੋਇ ਰਖਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਆਹੁਦਾ, ਆਹੁਦੇਦਾਰ ਇਕੋ ਦਏ ਵਖਾਈਆ । ਜੋ ਸਭ ਦਾ ਚੁੱਕੇ ਬੋਝਾ, ਆਪਣੇ
ਕੰਧ ਟਿਕਾਈਆ । ਲੇਖਾ ਮੁਕਾਵੇ ਨਿਮਾਜ਼ ਰੋਜ਼ਾ, ਰੋਜ਼ੀ ਸਭ ਦੀ ਆਪਣੇ ਹੱਥ ਵਖਾਈਆ । ਲੇਖਾ ਜਾਣੇ ਅਭਿਆਸ ਜੋਗਾ, ਜੋਗੀਸ਼ਰਾਂ ਫੋਲ
ਫੁਲਾਈਆ । ਜੋਤੀ ਜਾਮਾ ਬਦਲ ਕੇ ਚੋਗਾ, ਚੁਗ਼ਲੀ ਨਿੰਦਿਆ ਵਾਲੇ ਸਾਰੇ ਦਏ ਖਪਾਈਆ । ਧਰਤੀ ਉਤੇ ਰੱਖ ਕੇ ਗੋਡਾ, ਗੁਡਮਾਰਨਿੰਗ
ਸਭ ਨੂੰ ਦਏ ਸਮਝਾਈਆ । ਕਿਸੇ ਦਾ ਉਚਾ ਰਹਿਣ ਨਾ ਦੇਵੇ ਬੋਦਾ, ਬੋਦੀ ਵਾਲਾ ਬਦੀ ਨਾ ਕੋਇ ਕਮਾਈਆ । ਸਭ ਦਾ ਲੇਖ ਮੁਕਾਵੇ ਹਰਖ
ਚਿੰਤ ਰਹੇ ਨਾ ਸੋਗਾ, ਗ਼ਮੀ ਗ਼ਮਖਾਰ ਵੇਖ ਵਖਾਈਆ । ਭਰਮ ਨਾ ਭੁੱਲਿਓ ਲੋਗਾ, ਗੁਰੂ ਗ੍ਰੰਥ ਦਏ ਗਵਾਹੀਆ । ਜੋ ਸਭ ਨੂੰ ਦੇਵੇ ਚੋਗਾ,
ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਸੂਰਬੀਰ ਬਾਂਕਾ ਜੋਧਾ, ਮਹਾਂਬਲੀ ਵਡ ਵਡਿਆਈਆ । ਉਸ ਦਾ ਰਸ ਕਿਸੇ ਨਾ ਭੋਗਾ, ਭੋਗੀ ਬਣੀ
ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਸਚ ਸੰਯੋਗਾ, ਵਿਯੋਗ ਨਜ਼ਰ ਕੋਇ ਨਾ ਆਈਆ ।
ਮਾਘੀ ਸੌਦਾ ਮਿਲੇ ਅਨਮੁੱਲ, ਅਨਮੁਲੜੀ ਦਾਤ ਵਰਤਾਈਆ । ਭਗਤ ਭਗਵਾਨ ਦੀ ਇਕ ਕੁਲ, ਕੁਲ ਆਲਮ ਵੇਖ ਵਖਾਈਆ । ਸਭ ਦਾ
ਦੀਵਾ ਕਰੇ ਗੁਲ, ਗੁਲਸ਼ਨ ਆਪਣਾ ਇਕ ਮਹਿਕਾਈਆ । ਜੋ ਸ੍ਰਿਸ਼ਟੀ ਗਈ ਭੁੱਲ, ਉਸੇ ਦਾ ਡੰਕ ਵਜਾਈਆ । ਹਰਿਜਨ ਸਾਚੇ ਤੋਲ ਜਾਏ
ਤੁਲ, ਕਰਤਾ ਕੀਮਤ ਆਪ ਮੁਕਾਈਆ । ਗੁਰਮੁਖ ਗੁਲਸ਼ਨ ਦੇ ਉਹ ਗੁਲ, ਜਿਨ੍ਹਾਂ ਦੀ ਮਹਿਕ ਮੁਹੱਬਤ ਵਿਚ ਟਿਕਾਈਆ । ਲੋਕਮਾਤ ਨਾ
ਜਾਵਣ ਰੁਲ, ਧਰਤੀ ਖ਼ਾਕ ਨਾ ਕੋਇ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ
ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਦਾ ਸੁਲਹਕੁਲ, ਸਾਚਾ ਨਾਤਾ ਇਕ ਰਖਾਈਆ ।

## ★ ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਚਾਵੀਜ਼ੇ ਚਵਿਪਲਯਮ ਜ਼ਾਵਿਲ ਚਾਜ਼ੀਨੇ ਕਸ਼ੂ ਕੁਜ਼ੁਨਸੇ ਵਲਿਕੀਊਮ ਚਪਸਜ਼ਿਤ ਅਨੀਜ਼ੁਲ ਜ਼ਵੀਜ਼ੁਲ ਜ਼ੁਜ਼ਰਾ ਸ਼ੇਮੇਸ਼ੀ ਚੋਸ਼ਾ ਬੀਆ ਕਿਆਨੇ ਚੂ ਨੇਹ ਹਜ਼ੂਪ ਤਾਨੇ ਕਤੀਰੇ ਸਨੀਤੇ ਜਮੂਨੇ ਜ਼ਈ ਮੂਸਾ ਮਮਵਿਜ਼ਲ ਈਸਾ ਦਾਖਲੇ ਜ਼ੂਲਲ ਮੁਹੰਮਦ ਜਾਗੀਰੇ ਸਲਮ ਨਦਸਤੇ ਨਾਨਕ ਬਹਸਤੇ ਗੋਬਿੰਦ ਗੋਬਿੰਦੇ ਗਵਿਦ ਜ਼ਾਰ ਜ਼ਰੂਏ ਜ਼ਿਆਰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਦਏ ਵਡਿਆਈਆ । ਪੈਗ਼ੰਬਰ ਕਹਿਣ ਪ੍ਰਭ ਰਿਹਾ ਨਾ ਕੋਈ ਅਕੀਦਾ, ਅਕਲ ਬੁੱਧ ਸਮਝ ਨਾ ਰਾਈਆ । ਤੇਰਾ ਖੇਲ ਹੋਇਆ ਪੇਚੀਦਾ, ਪੜ੍ਹਿਆਂ ਸਮਝ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਹੋਈ ਸੰਜੀਦਾ, ਧੀਰਜ ਧਰਮ ਨਾ ਕੋਇ ਰਖਾਈਆ । ਸਾਚਾ ਨੂਰ ਨਾ ਚਮਕੇ ਈਦਾ, ਰੰਗ ਪ੍ਰੇਮ ਨਾ ਕੋਇ ਰੰਗਾਈਆ । ਨਿਰਮਲ ਰਿਹਾ ਨਾ ਕਿਸੇ ਦਾ ਦੀਦਾ, ਚਸ਼ਮੇ ਗੁਲ ਜਗਤ ਲੋਕਾਈਆ । ਤੇਰੀ ਸਿਫ਼ਤਾਂ ਵਾਲੀ ਤਮਹੀਦਾ, ਸਾਰੇ ਰਹੇ ਗਾਈਆ । ਠਾਂਡੇ ਦਰ ਬਣੇ ਨਾ ਕੋਇ ਅਜ਼ੀਜ਼ਾ, ਖਿਦਮਤਗਾਰ ਨਾ ਰੂਪ ਵਟਾਈਆ । ਤੇਰੇ ਨੇਮ ਦੀ ਭੁੱਲੀ ਤਮੀਜ਼ਾ, ਤਮੰਨਾ ਕੂੜ ਵਿਚ ਫਸਾਈਆ । ਮੁਹੰਮਦ ਕਹੇ ਮੇਰਾ ਅੰਤਮ ਵਾਲਾ ਬਿਨਾ ਬਾਹਵਾਂ ਤੋਂ ਕਮੀਜ਼ਾ, ਕਫ਼ਨ ਤੋਂ ਪਹਿਲੋਂ ਦਿਤਾ ਪਹਿਨਾਈਆ । ਨਾ ਗੁਲਸ਼ਨ ਰਿਹਾ ਨਾ ਬਗ਼ੀਚਾ, ਬਾਗ਼ਬਾਨ ਖ਼ਾਲੀ ਹੱਥ ਚਲਿਆ ਵਾਹੋ ਦਾਹੀਆ । ਇਕੋ ਸਚ ਖ਼ੁਦਾ ਮੇਰੀ ਤੇਰੇ ਉਤੇ ਉਮੀਦਾ, ਆਮਦ ਵਿਚ ਧਿਆਨ ਲਗਾਈਆ । ਮੈਂ ਮਕਬਰੇ ਸੁੱਤਾ ਤੇ ਮੇਰਾ ਰਾਜ਼ ਪੋਸ਼ੀਦਾ, ਸਮਝ ਸਕੇ ਨਾ ਕੋਇ ਲੋਕਾਈਆ । ਓਸੇ ਵੇਲੇ ਕੌਲ ਇਕਰਾਰ ਕੀਤਾ, ਮੁਨਸਫ਼ ਹੋ ਕੇ ਆਪਣੀ ਗੰਢ ਪਵਾਈਆ । ਬਿਨ ਕਲਮ ਸ਼ਾਹੀ ਲਿਖ ਕੇ ਦਿਤੀ ਵਸੀਅਤਾ, ਵਸੀਹ ਹੁਕਮ ਇਕ ਸੁਣਾਈਆ । ਮੁਹੰਮਦ ਯਾਦ ਰੱਖੀਂ ਨਸੀਹਤਾ, ਧੁਰ ਸੰਦੇਸ਼ਾ ਇਕ ਸੁਣਾਈਆ । ਜਿਸ ਵੇਲੇ ਦੀਨ ਦੁਨੀ ਦੀ ਬਦਲੀ ਤਬੀਅਤਾ, ਤਬੀਬ ਨਜ਼ਰ ਕੋਇ ਨਾ ਆਈਆ । ਸਚ ਰਹੇ ਨਾ ਕੋਇ ਅਸਲੀਅਤਾ, ਅਸਲ ਵਸਲ ਨਾ ਕੋਇ ਕਰਾਈਆ । ਤੁਹਾਡੀ ਰਹੇ ਨਾ ਕੋਇ ਅਹਿਮੀਅਤਾ, ਕੂੜੀ ਕਿਰਿਆ ਜਗਤ ਕੁਰਲਾਈਆ । ਝਗੜਾ ਪਏ ਸਿਕਦਾਰ ਰਈਅਤਾ, ਖ਼ਾਦਮ ਸੇਵ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਮੁਹੰਮਦ ਕਹੇ ਮੇਰਾ ਅਲਫ਼ੀ ਤੋਂ ਬਾਹਰ ਕਫ਼ਨ, ਕੱਛਾਂ ਬਗ਼ਲਾਂ ਨੰਗੀਆਂ ਨਜ਼ਰੀਂ ਆਈਆ । ਜਿਸ ਵੇਲੇ ਮੇਰੀ ਲਾਸ਼ ਕਰਨ ਲੱਗੇ ਦਫਨ, ਮਾਟੀ ਖ਼ਾਕ ਵਿਚ ਰਖਾਈਆ । ਮੈਨੂੰ ਖ਼ੁਸ਼ੀਆਂ ਦਾ ਆਇਆ ਇਕ ਸੁਫ਼ਨ, ਮਨਸਾ ਨੂਰ ਵਾਲੀ ਪਰਗਟਾਈਆ । ਜਾਂ ਮੈਂ ਧਿਆਨ ਮਾਰਿਆ ਉੱਤਰ ਪੂਰਬ ਦੱਖਣ ਪੱਛਮ, ਚਾਰੋਂ ਕੁੰਟ ਨੈਣ ਉਠਾਈਆ । ਕੋਈ ਮੈਨੂੰ ਆ ਗਿਆ ਦੱਸਣ, ਸੁਨੇਹੜਾ ਇਕ ਸੁਣਾਈਆ । ਮੁਹੰਮਦਾ ਵੇਖ ਆਪਣਾ ਵਤਨ, ਬੇਵਤਨ ਦਿਸੇ ਲੋਕਾਈਆ । ਭਾਵੇਂ ਕਿੰਨਾ ਕਰ ਲੈ ਯਤਨ, ਲੋਕਮਾਤ ਰਹਿਣ ਨਾ ਪਾਈਆ । ਸਚ ਦਵਾਰਾ ਇਕੋ ਪੱਤਨ, ਸਭ ਨੂੰ ਦੇਵਾਂ ਵਖਾਈਆ । ਜਿਥੇ ਗੁਰੂ ਅਵਤਾਰ ਪੈਗ਼ੰਬਰ ਇਕੱਠੇ ਵਸਣ, ਢੋਲਾ ਇਕੋ ਨਾਮ ਗਾਈਆ । ਚਰਨ ਧੂੜੀ ਰਸ ਚੱਖਣ, ਚੇਟਕ ਅਵਰ ਨਾ ਕੋਇ ਲਗਾਈਆ । ਖ਼ੁਸ਼ੀਆਂ ਅੰਦਰ ਕਹਿਕਹਾ ਲਗਾ ਕੇ ਹੱਸਣ, ਤਾਲੀ ਤਲਬ ਵਾਲੀ ਵਜਾਈਆ । ਪ੍ਰੇਮ ਪ੍ਰੀਤੀ ਅੰਦਰ ਨੱਸਣ, ਭੱਜਣ ਵਾਹੋ ਦਾਹੀਆ । ਇਕ ਸੁਨੇਹੜਾ ਆਇਆ ਦੱਸਣ, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਕਫ਼ਨੀ ਕਹੇ ਮੇਰਾ ਵੇਖੋ ਰੂਪ ਨਿਰਾਲਾ, ਨਿਰਾਕਾਰ

੧੧੧੭
੨੦

ਦਿਤਾ ਬਣਾਈਆ । ਮੈਂ ਧਰਤੀ ਦੀ ਗੋਦੀ ਸਵਾਇਆ ਮੁਹੰਮਦ ਬਾਲਾ, ਖ਼ਾਕ ਬਾਲਿਸ਼ਤਾ ਨਾਲ ਮਿਣ ਮਿਣਾਈਆ । ਮੁਖ ਨਕਾਬ ਦਾ ਦੇ ਰੁਮਾਲਾ, ਰੋਮਨ ਦੀ ਸ਼ਹਾਦਤ ਦਿਤੀ ਪਾਈਆ । ਓਸ ਵੇਲੇ ਇਸ਼ਾਰੇ ਵਿਚ ਦੱਸਿਆ ਰਾਹ ਸੁਖਾਲਾ, ਪੜਦਾ ਓਹਲਾ ਆਪ ਉਠਾਈਆ । ਪ੍ਰਭ ਦਾ ਖੇਲ ਸਦਾ ਨਿਰਾਲਾ, ਜੁਗ ਚੌਕੜੀ ਆਪ ਕਰਾਈਆ । ਨਿਤ ਨਵਿਤ ਬਦਲਦਾ ਰਹੇ ਚਾਲਾ, ਚਲਾਕੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਵਖਾਈਆ । ਕਫ਼ਨੀ ਕਹੇ ਮੁਰਸ਼ਦ ਹੋ ਗਿਆ ਮੁਰਦਾ, ਮੁਰੀਦਾਂ ਦਿਤੀ ਦੁਹਾਈਆ । ਬਹੁੜੀ ਨਾ ਫਿਰਦਾ ਨਾ ਤੁਰਦਾ, ਚੁਪ ਚਾਪ ਡੇਰਾ ਲਾਈਆ । ਸਾਡਾ ਬੇੜਾ ਜਾਂਦਾ ਰੁੜ੍ਹਦਾ, ਉਮਤ ਹੋਵੇ ਕਵਣ ਸਹਾਈਆ । ਓਸੇ ਵੇਲੇ ਪਰਮਾਤਮਾ ਮੁਹੰਮਦ ਅੰਦਰ ਆ ਕੇ ਜੁੜਦਾ, ਜੋੜੀ ਇਕ ਵਖਾਈਆ । ਕੁਛ ਵਰ ਮੰਗ ਲੈ ਲੋੜ ਦਾ, ਲੋੜਿੰਦੜੀ ਆਸ ਪੂਰ ਕਰਾਈਆ । ਮੁਹੰਮਦਾ ਸਮਾਂ ਵੇਖ ਲੈ ਸਦੀ ਚੌਧਵੀਂ ਅੰਧ ਘੋਰ ਦਾ, ਸਾਚਾ ਚੰਦ ਨਾ ਕੋਇ ਚਮਕਾਈਆ । ਖੇਲ ਵੇਖ ਠੱਗ ਚੋਰ ਦਾ, ਸਤਿ ਧਰਮ ਨਾ ਕੋਇ ਵਡਿਆਈਆ । ਓਸੇ ਵੇਲੇ ਮੁਹੰਮਦ ਦੋਵੇਂ ਹੱਥ ਜੋੜਦਾ, ਭੁਜਾਂ ਬਾਹਰ ਦੀ ਸਿਰ ਉਪਰ ਲਿਆਈਆ । ਕਾਹਨੂੰ ਮੈਨੂੰ ਹੁਕਮੇ ਅੰਦਰ ਤੋਰਦਾ, ਤਨ ਵਜੂਦ ਖ਼ਾਲੀ ਰਿਹਾ ਕਰਾਈਆ । ਤੇਰਾ ਖੇਲ ਆਪਣੇ ਜੋਰ ਦਾ, ਨਿਉਂ ਕੇ ਸਜਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਮੁਹੰਮਦ ਕਹੇ ਮੇਰੀ ਤੱਕਿਓ ਕੋਈ ਨਾ ਲਾਸ਼, ਤਨ ਮਾਟੀ ਵੇਖ ਵਖਾਈਆ । ਮੇਰੇ ਮਹਿਬੂਬ ਦੀ ਕਰਿਓ ਤਲਾਸ਼, ਜੋ ਤਲਾਬਾਂ ਵਿਚ ਨਾ ਕਦੇ ਨੁਹਾਈਆ । ਸਭ ਦੀ ਪੂਰੀ ਕਰੇ ਆਸ, ਆਸ਼ਾ ਵਿਚ ਵਡਿਆਈਆ । ਉਹਦਾ ਰੂਪ ਨੂਰਾਨਾ ਖਾਸ, ਦੇ ਕੇ ਗਿਆ ਦੁਹਾਈਆ । ਉਹ ਸਭ ਦੇ ਵਸੇ ਪਾਸ, ਵਿਛੋੜਾ ਰਹੇ ਨਾ ਰਾਈਆ । ਉਸ ਦਾ ਖੇਲ ਉਪਰ ਆਕਾਸ਼, ਪਾਤਾਲਾਂ ਵਿਚ ਸਮਾਈਆ । ਮੈਂ ਬਣ ਕੇ ਆਇਆ ਦਾਸ, ਸੇਵਕ ਰੂਪ ਵਟਾਈਆ । ਸਾਚੇ ਕਲਮੇ ਦੀ ਪੂੰਜੀ ਦਿਤੀ ਰਾਸ, ਅੱਲਾ ਰਹਿਮਤ ਆਪ ਕਮਾਈਆ । ਅੰਤ ਮੇਰਾ ਟੁੱਟਣ ਲੱਗਾ ਸਾਥ, ਸਗਲਾ ਸੰਗ ਨਾ ਕੋਇ ਬਣਾਈਆ । ਇਕ ਸੰਦੇਸ਼ਾ ਜਾਵਾਂ ਆਖ, ਆਖ਼ਰ ਇਕ ਸੁਣਾਈਆ । ਨਬੀ ਰਸੂਲ ਪੈਗ਼ੰਬਰਾਂ ਜਿਸ ਉਤੇ ਰੱਖਿਆ ਵਿਸ਼ਵਾਸ, ਵਿਸ਼ਵ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਕਫ਼ਨੀ ਕਹੇ ਮੇਰਾ ਇਕੋ ਜਿਹਾ ਪਿੱਛਾ ਅੱਗਾ, ਸੋਹਣੀ ਬਣਤ ਬਣਾਈਆ । ਜਿਹੜੀ ਮੁਹੰਮਦ ਨੂੰ ਚੰਗੀ ਲੱਗੀ ਜਗ੍ਹਾ, ਅੰਦਰ ਬਹਿ ਕੇ ਆਪਣਾ ਧਿਆਨ ਲਗਾਈਆ । ਓਸ ਵੇਲੇ ਪਰਵਰਦਿਗਾਰ ਨਜ਼ਰ ਆਇਆ ਅਸਵਾਰ ਘੋੜੇ ਬੱਗਾ, ਜਿਸ ਨੂੰ ਦੁਲਦੁਲ ਧੁਰ ਦਾ ਸਾਰੇ ਰਹੇ ਗਾਈਆ । ਇਹੋ ਕਫ਼ਨੀ ਪੁਰਖ ਅਕਾਲ ਦੇ ਗਲ ਝੱਗਾ, ਦੂਜੀ ਨਜ਼ਰ ਕੋਇ ਨਾ ਆਈਆ । ਆਪਣੇ ਸੰਮਤ ਦਾ ਬਣਾ ਕੇ ਡੱਗਾ, ਲੋਕ ਪਰਲੋਕ ਦਿਤਾ ਸੁਣਾਈਆ । ਓਏ ਮੁਹੰਮਦਾ ਅਖ਼ੀਰੀ ਮੇਰਾ ਸੱਦਾ, ਸਦ ਕੇ ਦਿਆਂ ਸੁਣਾਈਆ । ਉਠ ਮੇਰੇ ਸ਼ੇਰ ਬੱਗਾ, ਸ਼ਹਿਨਸ਼ਾਹ ਇਲਾਹੀਆ । ਮੁਹੰਮਦ ਹੋ ਕੇ ਅਲਫ਼ੀ ਤੋਂ ਨੰਗਾ, ਨਿਉਂ ਕੇ ਵਾਸਤਾ ਪਾਈਆ । ਮੇਰੇ ਖ਼ੁਦਾ ਇਹ ਸਾਂਭ ਲੈ ਆਪਣਾ ਧੰਦਾ, ਧਰਨੀ ਧਰਤ ਧਵਲ ਨਾ ਕੋਇ ਚਤੁਰਾਈਆ । ਮੈਂ ਖ਼ਾਦਮ ਤੇਰਾ ਬੰਦਾ, ਬੰਦਗੀ ਵਿਚ ਸੀਸ ਨਿਵਾਈਆ । ਇਕੋ ਬਖ਼ਸ਼ ਦੇ ਆਪਣਾ ਡੰਡਾ, ਡੰਡਾਵਤ ਕਰ ਕੇ ਸੀਸ ਨਿਵਾਈਆ । ਅਬਿਨਾਸ਼ੀ ਕਰਤੇ ਬਿਨਾ ਬਾਹਵਾਂ ਤੋਂ ਨੰਗਾ ਕਰ ਕੇ ਕੰਧਾ, ਹੱਥ ਨਾਲ ਦਿਤਾ ਹਿਲਾਈਆ । ਦੱਸ ਕਿਹੜਾ ਖੇਲ ਚੰਗਾ, ਜੋ ਤੈਨੂੰ ਰਿਹਾ ਭਾਈਆ । ਜੋਤੀ ਜੋਤ ਸਰੂਪ


੧੧੧੮
੨੦

੧੧੧੯
੨੦

ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਫ਼ਨੀ ਕਹੇ ਵੇਖੇ ਚੁੱਪ ਕਰ ਗਿਆ ਮੁਰਸ਼ਦ, ਕਲਮਾ ਨਬੀ ਨਾ ਕੋਇ ਸੁਣਾਈਆ । ਆਵਾਜ਼ ਦੀ ਰਹੀ ਕੋਈ ਨਾ ਫ਼ੁਰਸਤ, ਫ਼ਰਮਾਂਬਰਦਾਰ ਸੇਵ ਨਾ ਕੋਇ ਕਮਾਈਆ । ਅੱਖਰਾਂ ਵਾਲੀ ਉਲਫ਼ਤ, ਕੁਰਾਨ ਦਏ ਗਵਾਹੀਆ । ਕੀ ਖੇਲ ਹੋਣਾ ਕਲਜੁਗ, ਅੰਤ ਅੰਤ ਜਣਾਈਆ । ਤਨ ਦੀ ਔਧ ਗਈ ਪੁਗ, ਅੱਗੇ ਅਵਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਕਫ਼ਨੀ ਕਹੇ ਮੈਂ ਵੇਖਿਆ ਮੁਹੰਮਦ ਵਾਲਾ ਵਜੂਦ, ਤਨ ਖ਼ਾਕੀ ਨਜ਼ਰੀ ਆਈਆ । ਬਿਨਾ ਦਮਾਂ ਤੋਂ ਖ਼ਾਲੀ ਦਿਸੇ ਕਲਬੂਤ, ਨਾਅਰਾ ਹਕ ਨਾ ਕੋਇ ਸੁਣਾਈਆ । ਓਸ ਵੇਲੇ ਮੁਹੰਮਦ ਦਾ ਤਿੰਨਾਂ ਰੰਗਾਂ ਦਾ ਪੈਰੀਂ ਸੀ ਜੂਤ, ਜਿਹੜਾ ਜੋੜਾ ਕਾਸਰ ਦਿਤਾ ਬਣਾਈਆ । ਉਹ ਸਾਢੇ ਪੰਦਰਾਂ ਉਂਗਲਾਂ ਦਏ ਸਬੂਤ, ਹਿੱਸਾ ਜਗਤ ਵਾਲਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵਖਾਈਆ । ਜਿਸ ਵੇਲੇ ਮੁਹੰਮਦ ਦੀ ਲਾਸ਼ ਰੱਖੀ ਵਿਚ ਕਬਰ, ਚਾਰੋਂ ਕੁੰਟ ਦੁਹਾਈਆ । ਪਰਵਰਦਿਗਾਰ ਕਿਹਾ ਥੋੜ੍ਹਾ ਕਰੋ ਸਬਰ, ਸ਼ਬਦੀ ਸ਼ਬਦ ਜਣਾਈਆ । ਨਿਰਗੁਣ ਧਾਰ ਆ ਗਿਆ ਸ਼ੇਰ ਬੱਬਰ, ਭੱਬਕ ਇਕ ਸੁਣਾਈਆ । ਮੁਹੰਮਦਾ ਕਿਉਂ ਵਿਛੋੜਾ ਕੀਤਾ ਨਾਲ ਆਪਣੇ ਟੱਬਰ, ਹੋਈ ਮਾਤ ਜੁਦਾਈਆ । ਕੀ ਤੇਰਾ ਹੋਵੇ ਕਦਰ, ਕੁਦਰਤ ਦਾ ਕਾਦਰ ਪੁਛ ਪੁਛਾਈਆ । ਮੁਹੰਮਦ ਕਿਹਾ ਮੇਰਾ ਤੇਰੇ ਘਰ ਪੈ ਗਿਆ ਨੰਬਰ, ਨੰਬਰ ਸਕੇ ਨਾ ਕੋਇ ਮਿਟਾਈਆ । ਮੇਰਾ ਲੇਖਾ ਦਿਸਦਾ ਉਤੇ ਅੰਬਰ, ਮੇਰੀ ਆਬਰੂ ਲੈਣੀ ਬਚਾਈਆ । ਸਚ ਦਵਾਰ ਦਾ ਵੇਖਾਂ ਮੰਦਰ, ਜਿਥੇ ਵਸੇ ਨੂਰ ਇਲਾਹੀਆ । ਪੁਰਖ ਅਕਾਲ ਕਿਹਾ ਉਹ ਵੇਖ ਆ ਗਿਆ ਕਲੰਦਰ, ਜੋ ਕਲਾ ਨਾਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਕਫ਼ਨੀ ਕਹੇ ਜਿਸ ਵੇਲੇ ਅੰਦਰ ਦਿਤਾ ਰੱਖ, ਸੋਹਣਾ ਰੰਗ ਰੰਗਾਈਆ । ਪਰਵਰਦਿਗਾਰ ਕਿਹਾ ਹੱਸ, ਹਸਤੀ ਆਪਣੀ ਆਪ ਪਰਗਟਾਈਆ । ਹਜ਼ਰਤ ਮੁਹੰਮਦ ਅੱਜੇ ਵੇਲਾ ਕੁਛ ਦੱਸ, ਮਿੱਟੀ ਪਾ ਨਾ ਬੰਦ ਕਰਾਈਆ । ਤੇਰੀ ਹਿੱਕ ਉਤੇ ਦੋਵੇਂ ਹੱਥ, ਮੁਰੀਦਾਂ ਦਿਤੇ ਟਿਕਾਈਆ । ਸੱਜਣਾਂ ਕੋਲੋਂ ਚੱਲਿਉਂ ਨੱਠ, ਆਪਣਾ ਪੱਲੂ ਛੁਡਾਈਆ । ਮੁਹੰਮਦ ਆਸਾ ਬੋਲੀ ਝੱਟ, ਤੇਰਾ ਨਾਮ ਦੁਹਾਈਆ । ਦੁਹੱਥੜ ਮਾਰੀ ਉਤੇ ਪੱਟ, ਬਹੁੜੀ ਬਹੁੜੀ ਕਰ ਸੁਣਾਈਆ । ਪੁਰਖ ਅਕਾਲ ਕਿਹਾ ਔਹ ਵੇਖ ਸਚ ਇਕੱਠ, ਜਿਥੇ ਤੇਈ ਅਵਤਾਰ ਮੂਸਾ ਈਸਾ ਡੇਰਾ ਲਾਈਆ । ਮੁਹੰਮਦ ਵੇਖ ਕੇ ਝੱਟ, ਸਹਿਜ ਸੁਭਾਉ ਸੀਸ ਨਿਵਾਈਆ । ਮੈਂ ਏਥੋਂ ਜਾਣਾ ਨੱਠ, ਆਪਣਾ ਪੰਧ ਮੁਕਾਈਆ । ਤੇਰੇ ਅੱਗੇ ਵਾਸਤਾ ਘੱਤ, ਬੇਨੰਤੀ ਦੇਣੀ ਸੁਣਾਈਆ । ਮੇਰੀ ਉਮਤ ਤੇਰੇ ਵਸ, ਵਾਸਤਾ ਤੇਰੇ ਨਾਲ ਰਖਾਈਆ । ਜਿਸ ਵੇਲੇ ਕਲ ਹੋਵੇ ਅੰਧੇਰੀ ਮੱਸ, ਸਾਚਾ ਚੰਦ ਨਾ ਕੋਇ ਚਮਕਾਈਆ । ਮੋਹ ਵਿਕਾਰ ਦੁਨੀਆ ਜਾਏ ਫਸ, ਫ਼ੈਸਲਾ ਸਚ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਦੇਣਾ ਰੰਗਾਈਆ । ਏਕਾ ਰੰਗ ਨਵੀਜ਼ਤੇ ਜ਼ੈਰੇ ਜੰਮੂ ਜ਼ਿਲਹਾਰ, ਨੇਤਰ ਨੀਰ ਵਹਾ ਕੇ ਰੋ ਪਏ ਫਰਿਸ਼ਤੇ, ਫ਼ਰਸ਼ ਅਰਸ਼ ਜ਼ਮੂੰਨੇ ਜ਼ਨਿੱਦੇ ਜ਼ਾਰੋ ਜ਼ਾਰ ਬੇਨੰਤੀ ਗੋਸ਼ੇ ਅਰਜ਼ ਹਜ਼ੂਅਲ ਸਤਾ ਤੇਰੀ ਰਜ਼ਾ ਰਿਜੰਤੇ ਦੁਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਕਫ਼ਨੀ ਕਹੇ ਜਿਸ ਵੇਲੇ ਮੁਹੰਮਦ ਤੇ ਪਾਉਣ ਲੱਗੇ ਮਿੱਟੀ, ਕੱਚੇ ਪਟਕਿਆਂ ਵਿਚ ਉਠਾਈਆ । ਮੈਂ ਦੁਹੱਥੜ ਮਾਰ ਕੇ ਪਿੱਟੀ, ਕੂਕ ਦਿਤਾ ਸੁਣਾਈਆ । ਮੈਨੂੰ ਧਾਰ ਨਜ਼ਰ ਆਈ ਚਿੱਟੀ, ਕਫ਼ਨੀ ਕਫ਼ਨ

ਦਏ ਗਵਾਹੀਆ । ਓਧਰੋਂ ਮਿਲੀ ਅਗੰਮੀ ਚਿੱਠੀ, ਜਿਸ ਦਾ ਹਰਫ਼ ਨਾ ਕੋਇ ਸਮਝਾਈਆ । ਇਹ ਖੇਲ ਵੇਖ ਅਨਡਿੱਠੀ, ਮੈਂ ਕੀਤੀ ਹਾਲ ਦੁਹਾਈਆ । ਮੈਨੂੰ ਖ਼ਬਰ ਕਿਸੇ ਖ਼ਬਰੇ ਕਿਉਂ ਦਿੱਤੀ, ਸਹਿਜੇ ਆਣ ਸੁਣਾਈਆ । ਉਠ ਕਫ਼ਨੀਏਂ ਜ਼ਰਾ ਧਿਆਨ ਮਾਰ ਮੁਹੰਮਦ ਦੀ ਗਿਚੀ, ਕੀ ਲੇਖਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਫ਼ਨੀ ਕਹੇ ਮੇਰਾ ਦੀਦ ਕੀ ਤੱਕੇ ਤੱਕੇ ਗਰਦਨ, ਗਰਦੋ ਗੁਬਾਰ ਨਜ਼ਰ ਕੋਇ ਨਾ ਆਈਆ । ਜਿਥੇ ਖੜਾ ਸੂਰਬੀਰ ਮਰਦਾਨਾ ਮਰਦਨ, ਮੱਦਦ ਦੀ ਲੋੜ ਰਹੇ ਨਾ ਰਾਈਆ । ਲੇਖਾ ਲਿਖੇ ਕੱਢ ਕੇ ਅਗੰਮੀ ਫ਼ਰਦਨ, ਹਰਫ਼ ਹਰੂਫ਼ ਆਪ ਬਣਾਈਆ । ਦਰਦਵੰਦ ਹੋ ਕੇ ਵੰਡੇ ਦਰਦਨ, ਦਰਦੀ ਧੁਰਦਰਗਾਹੀਆ । ਮੁਹੰਮਦ ਓਸ ਵੇਲੇ ਕੀਤੀ ਅਰਜ਼ਨ, ਖ਼ਾਹਿਸ਼ ਪਰਕਾਸ਼ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਕਫ਼ਨੀ ਕਹੇ ਹਾਏ ਇਹ ਕੀ ਹੋਇਆ, ਦਰੋਹੀ ਨਾਮ ਦੁਹਾਈਆ । ਜੇ ਕੋਈ ਕਹੇ ਮੁਰਸ਼ਦ ਮੋਇਆ, ਮੇਰੀ ਅੱਖ ਸ਼ਰਮ ਨਾਲ ਸ਼ਰਮਾਈਆ । ਜੇ ਕੋਈ ਕਹੇ ਗਫ਼ਲਤ ਵਿਚ ਸੋਇਆ, ਨਿੰਦਰਾ ਕੰਮ ਕਿਸੇ ਨਾ ਆਈਆ । ਜੇ ਕੋਈ ਕਹੇ ਨਵਾਂ ਨਰੋਆ, ਜ਼ਬਾਨ ਕਲਾਮ ਨਾ ਕੋਇ ਸੁਣਾਈਆ । ਜੇ ਕੋਈ ਕਹੇ ਲੈ ਕੇ ਗਿਆ ਢੋਆ, ਦਰਗਾਹ ਸਚ ਸਾਚੀ ਚਾਈਂ ਚਾਈਂਆ । ਜੇ ਕੋਈ ਕਹੇ ਤਨ ਵਜੂਦ ਖੋਹਿਆ, ਖ਼ਾਲੀ ਬੁਤ ਬੁੱਤਖ਼ਾਨਾ ਨਜ਼ਰੀ ਆਈਆ । ਬਹੁੜੀ ਤੇਰਾ ਨਾਮ ਦਰੋਹਿਆ, ਦਰੋਹੀ ਵਿਚ ਸੁਣਾਈਆ । ਇਹ ਭੇਵ ਜਾਣੇ ਨਾ ਕੋਇਆ, ਕੂਕ ਕੂਕ ਅਲਾਈਆ । ਜੇ ਆਖਾਂ ਇਹ ਨਵਾਂ ਨਰੋਇਆ, ਉਠ ਚਲੇ ਨਾ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਵਰਤਾਈਆ । ਕਫ਼ਨੀ ਕਹੇ ਸੁੱਤਾ ਚੌਦਾਂ ਲੋਕ ਦਾ ਮਾਲਕ, ਮਲਕੀਅਤ ਨਜ਼ਰ ਕੋਇ ਨਾ ਆਈਆ । ਜਿਸਨੇ ਦੱਸਿਆ ਵਾਹਦ ਖ਼ਾਲਕ, ਖ਼ਲਕ ਮਖ਼ਲੂਕ ਸੁਣਾਈਆ । ਉਮਤ ਬਣ ਕੇ ਸਾਲਸ, ਸਾਲਸੀ ਰਿਹਾ ਕਮਾਈਆ । ਨਿਰਗੁਣ ਨੂਰ ਨੂਰ ਜਾਣ ਕੇ ਖ਼ਾਲਸ, ਖਾਹਿਸ਼ ਰਿਹਾ ਪਰਗਟਾਈਆ । ਸਚ ਦਵਾਰੇ ਦਾ ਬਣ ਕੇ ਤਾਲਬ, ਤਲਬ ਆਪਣੀ ਨਾਲ ਵਧਾਈਆ । ਪ੍ਰਭ ਦਾ ਖੇਲ ਗ਼ਾਲਬਨ ਗਾਲਬ, ਗਹਿਰ ਗੰਭੀਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਚੋਲੀ ਕਹੇ ਜਿਸ ਵੇਲੇ ਮੁਹੰਮਦ ਰੱਖਿਆ ਵਿਚ ਕੁੰਦਰਾ, ਮਾਟੀ ਫੋਲ ਫੁਲਾਈਆ । ਉਸ ਦੇ ਹੱਥ ਵਿਚ ਇਕ ਤਾਂਬੇ ਦਾ ਸੀ ਮੁੰਦਰਾ, ਜਿਹੜਾ ਗੁਰਦੇਵ ਸਿੰਘ ਲੁਧਿਆਣਿਉਂ ਲੈ ਕੇ ਆਈਆ । ਇਸ ਦੇ ਵਿਚ ਬੜੀਆਂ ਗੁੰਝਲਾਂ, ਭੇਵ ਅਭੇਦ ਨਾ ਕਿਸੇ ਸਮਝਾਈਆ । ਮੁਹੰਮਦ ਬਦਲਦਾ ਰਹਿੰਦਾ ਸੀ ਚਾਰੇ ਉਂਗਲਾਂ, ਵਾਰੋ ਵਾਰ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਕਫ਼ਨੀ ਕਹੇ ਜਿਸ ਵੇਲੇ ਮੁਹੰਮਦ ਮਕਬਰੇ ਵਿਚ ਹੋਇਆ ਤਿਆਰ, ਆਸਨ ਦਿਤਾ ਲਗਾਈਆ । ਓਧਰੋਂ ਇਕ ਜੋੜੀ ਆ ਗਈ ਲੈ ਕੇ ਫੁੱਲਾਂ ਦਾ ਹਾਰ, ਮਦਨ ਭੇਟ ਦੇਣਾ ਕਰਾਈਆ । ਇਹ ਖੇਲ ਅਗੰਮ ਅਪਾਰ, ਸਦੀ ਚੌਦਾਂ ਸਮਝ ਕਿਸੇ ਨਾ ਆਈਆ । ਨੇੜੇ ਆ ਕੇ ਕਰ ਦੀਦਾਰ, ਸਜਦਾ ਸੀਸ ਝੁਕਾਈਆ । ਨਮੋਂ ਨਮੋਂ ਨਿਮਸਕਾਰ, ਨਿਉਂ ਨਿਉਂ ਲਾਗਾਂ ਪਾਈਆ । ਤੇਰੀ ਲਾਸ਼ ਦਾ ਹੋਇਆ ਦੀਦਾਰ, ਤਲਾਸ਼ ਕਰਾਂ ਨੂਰ ਖ਼ੁਦਾਈਆ । ਕਬਰ ਤੋਂ ਲੈ ਕੇ ਛਾਰ, ਮਸਤਕ ਉਤੇ ਲਗਾਈਆ । ਹੁਕਮ ਆਇਆ ਧੁਰ ਦਰਬਾਰ, ਪੁਰਖ ਅਕਾਲ ਦਿਤਾ ਜਣਾਈਆ । ਤੇਰਾ ਲੇਖਾ ਮੁੱਕੇ ਤੀਜੀ ਵਾਰ, ਇਕ ਜਨਮ ਹੋਰ ਦੇਣਾ ਭੁਗਤਾਈਆ । ਸੁਥਰਾ ਹੋ ਕੇ ਮੰਗਣਾ



੧੧੨੦
੨੦

ਹਰਿ ਗੋਬਿੰਦ ਦਵਾਰ, ਡੰਡਾ ਡੰਡੇ ਉਤੇ ਟਿਕਾਈਆ । ਜਿਸ ਵੇਲੇ ਆਵੇ ਪੁਰਖ ਅਕਾਲ, ਨਿਰਗੁਣ ਦਾਤਾ ਧੁਰਦਰਗਾਹੀਆ । ਤੇਰੀ ਮਨਸਾ ਦਾ ਪੂਰਾ ਕਰੇ ਸਵਾਲ, ਪੂਰਬ ਮੇਲਾ ਲਏ ਮਿਲਾਈਆ । ਸੋ ਵਕਤ ਪਹੁੰਚਿਆ ਆਣ, ਲੇਖਾ ਸਭ ਦਾ ਲੇਖੇ ਲਾਈਆ । ਦੇਣੇ ਵਿਚ ਪ੍ਰਭੂ ਬਲਵਾਨ, ਦੇਂਦਿਆਂ ਭੁੱਲ ਕਦੇ ਨਾ ਜਾਈਆ । ਭਾਵੇਂ ਪ੍ਰੇਮੀ ਪ੍ਰੀਤਮ ਕਹੋ ਭਾਵੇਂ ਕਹੋ ਸ਼ੈਤਾਨ, ਆਪਣੀ ਸ਼ਰਅ ਨਾ ਕਿਸੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਲੈ ਕੇ ਇਮਤਿਹਾਨ, ਨਤੀਜਾ ਰਿਜ਼ਲਟ ਸਭ ਦਾ ਵੇਖ ਵਖਾਈਆ । ਬਿਨਾ ਭਗਤਾਂ ਦੇ ਕਿਸੇ ਕੋਲ ਨਹੀਂ ਰਹਿਣਾ ਗਿਆਨ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਨਾਮ ਖੰਡਾ ਕੱਢੇ ਵਿਚੋਂ ਪ੍ਰੇਮ ਧਾਰ ਮਿਆਨ, ਮਿਹਰਵਾਨ ਦਇਆ ਕਮਾਈਆ । ਕੁਝ ਲੇਖਾ ਲਿਖ ਦੇਣਾ ਚੌਹਾਨ, ਨੌਜਵਾਨ ਆਪ ਸੁਣਾਈਆ । ਜਿਸ ਨੇ ਸ੍ਰਿਸ਼ਟੀ ਦੀ ਕਰਨੀ ਕਲਿਆਣ, ਕਰਨੀ ਦਾ ਕਰਤਾ ਇਕ ਅਖਵਾਈਆ । ਉਸ ਦਾ ਜਾਰੀ ਹੋਣ ਲੱਗਾ ਫ਼ਰਮਾਨ, ਸ਼ਾਹ ਸੁਲਤਾਨਾਂ ਰਿਹਾ ਉਠਾਈਆ । ਹੁਕਮ ਮੇਟੇ ਨਾ ਕੋਈ ਹੋ ਕੇ ਵਿਚ ਦਰਮਿਆਨ, ਦਰੇ ਦਰਬਾਰ ਆਪ ਜਣਾਈਆ । ਕਿਸੇ ਨੂੰ ਲੈਣ ਨਹੀਂ ਦੇਣਾ ਆਰਾਮ, ਸੋਏ ਸਾਰੇ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਕਫ਼ਨੀ ਕਹੇ ਮੈਨੂੰ ਸੀਂਤਾ ਨਹੀਂ ਕਿਸੇ ਦਰਜੀ, ਸਹਿਜ ਸੁਭਾਉ ਜੋੜ ਜੁੜਾਈਆ । ਮੈਂ ਖੇਲ ਦੱਸਾਂ ਕੁਛ ਮੁਹੰਮਦ ਦੇ ਤਨ ਵਾਲੇ ਘਰ ਦੀ, ਘਰੇਲੂ ਪੜਦਾ ਆਪ ਉਠਾਈਆ । ਜਿਥੇ ਜੋਤ ਇਲਾਹੀ ਨੂਰ ਧਾਰ ਹੋ ਕੇ ਵੜਦੀ, ਵੜੀ ਨਿਕਲ ਕੇ ਪੱਲੂ ਗਈ ਛੁਡਾਈਆ । ਮੇਰੀ ਨਿਗਾਹ ਪਈ ਉਸ ਵੇਲੇ ਸਿੰਮਤ ਚੜ੍ਹਦੀ, ਲਹਿੰਦੇ ਤੋਂ ਚੜ੍ਹਦੇ ਵੇਖ ਵਖਾਈਆ । ਇਕ ਆਵਾਜ਼ ਸੁਣੀ ਗੜ ਗੜ ਦੀ, ਗੜਗੜਾਹਟ ਰਹੀ ਡਰਾਈਆ । ਇਕ ਲਹਿਰ ਵੇਖੀ ਅਗੰਮੇ ਹੜ੍ਹ ਦੀ, ਜੋ ਦੀਨ ਮਜ਼੍ਹਬ ਸਾਰੇ ਰਹੀ ਰੁੜ੍ਹਾਈਆ । ਇਕ ਧਾਰ ਵੇਖੀ ਜੋ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦੀ, ਪੜਦਾ ਨਜ਼ਰ ਕੋਇ ਨਾ ਆਈਆ । ਮੈਂ ਨਿਉਂ ਕੇ ਸੀਸ ਚਰਨਾਂ ਉਤੇ ਧਰਦੀ, ਅੱਖ ਨਾ ਕੋਇ ਖੁਲ੍ਹਾਈਆ । ਆਵਾਜ਼ ਆਈ ਕੁਛ ਖੇਲ ਕਲਜੁਗ ਕਲ ਦੀ, ਕਲਮੇ ਵਾਲਿਆ ਤੈਨੂੰ ਸੁਣਾਈਆ । ਕਿਸੇ ਨੂੰ ਖ਼ਬਰ ਨਹੀਂ ਕੋਈ ਪਲ ਦੀ, ਘੜੀ ਘੜਿਆਲ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਲਾਸ਼ ਕਹੇ ਮੈਥੋਂ ਛੁਟਿਆ ਮੱਕਾ ਕਾਅਬਾ, ਮੁਕੱਦਸ ਅੰਦਰੋਂ ਪਲੂ ਗਿਆ ਛੁਡਾਈਆ । ਲੇਖਾ ਵੇਖ ਹਕੀਕ਼ਤ ਹਕਾ, ਹਕਦਾਰੀ ਦਿਤੀ ਗਵਾਈਆ । ਸਾਜਣ ਰਿਹਾ ਨਾ ਕੋਈ ਸਕਾ, ਚਾਰ ਯਾਰੀ ਨਾ ਗੰਢ ਪਵਾਈਆ । ਓਧਰੋਂ ਪਿਆ ਅਗੰਮੀ ਧੱਕਾ, ਠੋਕਰ ਦਿਤੀ ਲਗਾਈਆ । ਮੁਹੰਮਦ ਜ਼ਰਾ ਖੋਲ੍ਹ ਆਪਣੀਆਂ ਅੱਖਾਂ, ਆਖ਼ਰ ਦਿਆਂ ਜਣਾਈਆ । ਸਾਜਣ ਮੀਤ ਨਹੀਂ ਕੋਈ ਸਖ਼ਾ, ਸਖ਼ਾਵਤ ਕਰੇ ਨਾ ਕੋਇ ਲੋਕਾਈਆ । ਇਹ ਖੇਲ ਅਗੰਮ ਅਲਬੱਤਾ, ਭੇਵ ਅਭੇਦ ਛੁਪਾਈਆ । ਥੋੜਾ ਜਿਹਾ ਦੇਵਾਂ ਪਤਾ, ਪਤਿਪਰਮੇਸ਼ਵਰ ਆਖ ਸੁਣਾਈਆ । ਸਤਿ ਧਰਮ ਦੀ ਹੋਣੀ ਹੱਤਾ, ਡੰਕਾ ਕੂੜ ਕੁੜਿਆਰ ਸ਼ਨਵਾਈਆ । ਜਗਤ ਵਾਸਨਾ ਫਿਰਨਾ ਨੱਸਾ, ਦਹਿ ਦਿਸ਼ਾ ਉਠ ਉਠ ਧਾਈਆ । ਉਸ ਵੇਲੇ ਮੇਰੀ ਇਹੋ ਨਿਸ਼ਾਨੀ ਕਫ਼ਨੀ ਬਗ਼ਲਾਂ ਖ਼ਾਲੀ ਕੱਛਾਂ, ਬਾਜ਼ੂ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਵੇਖ ਕੇ ਹੱਸਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੁਹੰਮਦ ਕਿਹਾ ਕੀ ਇਸੇ ਤਰ੍ਹਾਂ ਹੋਵੇ ਅੱਛਾ, ਅੱਛੀ ਤਰ੍ਹਾਂ ਦ੍ਰਿੜਾਈਆ । ਪਰਵਰਦਿਗਾਰ ਕਿਹਾ ਸੁਣ ਬੱਚਾ, ਬੱਚਿਆ ਦਿਆਂ ਸਮਝਾਈਆ । ਮੇਰਾ ਹੁਕਮ ਕਦੇ ਨਾ ਕੱਚਾ, ਕੱਚਾ ਤੰਦ ਨਾ ਡੋਰ ਵਖਾਈਆ । ਜੋ ਬੋਲਾਂ ਸੋ ਸੱਚਾ, ਸਚ ਮੇਰੀ ਸਰਨਾਈਆ । ਸਭ ਦਾ ਖਹਿੜਾ ਛੁਡਾਵਾਂ ਮਦੀਨਾ

੧੧੨੧
੨੦

ਮੱਕਾ, ਮਕਬਰੇ ਵਾਲਿਆ ਤੈਨੂੰ ਦਿਆਂ ਵਖਾਈਆ । ਚੌਦਾਂ ਸਦੀਆਂ ਤੇਰਾ ਪੂਰਾ ਕਰਾਂ ਪੱਟਾ, ਪਟਨੇ ਵਾਲਾ ਜੋੜ ਜੁੜਾਈਆ । ਆਹ ਲੈ ਮੌਲੀ ਦਾ ਇਕ ਅੱਟਾ, ਤੇਰੀ ਭੇਟ ਕਰਾਈਆ । ਨਬੀਆਂ ਦੀ ਕੀਮਤ ਪੈ ਜਾਣੀ ਟਕਾ, ਹੱਟੋ ਹੱਟ ਵਿਕਾਈਆ । ਰਸੂਲਾਂ ਤੋਂ ਉਮਤ ਦਾ ਮਨ ਹੋ ਜਾਣਾ ਖੱਟਾ, ਦੀਦ ਈਦ ਰੁਸ਼ਨਾਈਆ । ਸਦੀ ਚੌਧਵੀਂ ਸਭ ਨੂੰ ਲੱਗਣਾ ਵੱਟਾ, ਵੱਟੇ ਵਿਚ ਆਵੇ ਧੁਰਦਰਗਾਹੀਆ । ਬੱਚੂ ਤੈਨੂੰ ਚੁਕਣਾ ਨਹੀਂ ਫਿਰ ਕਿਸੇ ਉਤੇ ਫੱਟਾ, ਬਿਨਾ ਫਾਟਕ ਤੋਂ ਦੇਣਾ ਕਰਾਈਆ । ਉਹਦੇ ਯਾਰ ਨੇ ਮਾਰ ਕੇ ਪਹਿਲਾ ਟੱਪਾ, ਮਿੱਟੀ ਲਾਸ਼ ਉਤੇ ਸੁਟਾਈਆ । ਪੁਰਖ ਅਕਾਲ ਕਿਹਾ ਤੇਰੀ ਪਿੱਠ ਉਤੇ ਲਾ ਕੇ ਜਾਵਾਂ ਠੱਪਾ, ਜਿਸਦਾ ਅੱਖਰ ਸਮਝ ਕਿਸੇ ਨਾ ਆਈਆ । ਮੁਹੰਮਦ ਹੋ ਕੇ ਹੱਕਾ ਬੱਕਾ, ਕਰਵਟ ਬਦਲ ਕੇ ਛਾਤੀ ਦਿਤੀ ਵਖਾਈਆ । ਜੇ ਤੂੰ ਪਰਮ ਪੁਰਖ ਮੇਰਾ ਅੱਬਾ ਸਕਾ, ਮਾਲਕ ਸਚ ਅਖਵਾਈਆ । ਮੈਨੂੰ ਕੁਛ ਆਇਆਂ ਏ, ਦੇ ਕੇ ਜਾ ਨਫ਼ਾ, ਘਾਟਾ ਕੋਇ ਨਾ ਪਾਈਆ । ਪਰਵਰਦਿਗਾਰ ਮਾਰ ਕੇ ਜੱਫਾ, ਲਾਸ਼ ਨੂੰ ਆਪਣੇ ਗਲੇ ਲਗਾਈਆ । ਮੁਹੰਮਦਾ ਯਾਦ ਰੱਖ ਜਦੋਂ ਮੇਰੇ ਨਾਮ ਨੂੰ ਲੱਗਾ ਪੱਪਾ, ਪੂਰਨ ਹੋ ਕੇ ਪੂਰਨ ਆਸ ਕਰਾਈਆ । ਮੈਂ ਦੱਸਾਂ ਆਪਣਾ ਪਤਾ, ਧਾਮ ਨਿਰਾਲਾ ਇਕ ਸਮਝਾਈਆ । ਜਿਹੜਾ ਦਵਾਰਾ ਅੱਗੇ ਕਦੇ ਨਹੀਂ ਵਸਾ, ਉਹ ਦਵਾਰਾ ਦੇਣਾ ਵਸਾਈਆ । ਜਿਹੜੀ ਮੁਹੱਬਤ ਵਿਚ ਅੱਗੇ ਕਦੇ ਨਹੀਂ ਫਸਾ, ਉਹ ਮੁਹੱਬਤ ਦੇਣੀ ਪਰਗਟਾਈਆ । ਉਹ ਮੈਨੂੰ ਵੇਖੇ ਕੋਈ ਨਾ ਨਾਲ ਅੱਖਾਂ, ਅੱਖਾਂ ਤੋਂ ਪਿੱਛੇ ਬਹਿ ਕੇ ਕਾਰ ਕਮਾਈਆ । ਮੈਂ ਸੜਾਂ ਕਦੇ ਨਾ ਨਾਲ ਕੱਖਾਂ, ਨਾ ਗੋਰ ਡੇਰਾ ਲਾਈਆ । ਜਦ ਆਵਾਂ ਤੇ ਆਪਣਾ ਖੇਲ ਰਟਾਂ, ਰੱਟੇ ਪਿਛਲੇ ਦਿਆਂ ਮੁਕਾਈਆ । ਤੇਰਾ ਵੀ ਜ਼ਰੂਰ ਪੂਰਾ ਕਰਾਵਾਂ ਪਟਾ, ਚੌਦਾਂ ਸਦੀਆਂ ਵੱਜੇ ਵਧਾਈਆ । ਅੱਗੇ ਬਚਨ ਦੱਸਾਂ ਸੱਚਾ, ਤੂੰ ਸੁਣਨਾ ਧਿਆਨ ਲਗਾਈਆ । ਹਜ਼ਰਤ ਮੁਹੰਮਦ ਕਹਿ ਕੇ ਅੱਛਾ, ਬਿਨ ਬੋਲਿਆਂ ਬੋਲ ਸੁਣਾਈਆ । ਪ੍ਰਭੂ ਫੇਰ ਕੀ ਹੋਵੇ ਤੇਰਾ ਜੁੱਸਾ, ਭੇਦ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਪਰਵਰਦਿਗਾਰ ਕਹੇ ਸੁਣ ਮੁਹੰਮਦ ਪਿਆਰਾ, ਪਿਆਰ ਨਾਲ ਜਣਾਈਆ । ਮੇਰਾ ਖੇਲ ਹੋਵੇ ਨਿਆਰਾ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਤੇਰੀ ਛਾਤੀ ਦਾ ਬਣ ਲਿਖਾਰਾ, ਲੇਖਾ ਉਂਗਲੀ ਨਾਲ ਬਣਾਈਆ । ਜਦ ਆਵਾਂ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਮੇਰਾ ਹੋਵੇ ਜੈਕਾਰਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਚੌਦਾਂ ਸਦੀਆਂ ਦਾ ਤੇਰਾ ਉਧਾਰਾ, ਫੇਰ ਉਧਾਰ ਦਾ ਕਰਜ਼ਾ ਦਿਆਂ ਚੁਕਾਈਆ । ਕਦੀ ਝੂਠਾ ਨਾ ਲਾਵਾਂ ਲਾਰਾ, ਸਚ ਸੰਦੇਸ਼ਾ ਇਕ ਸੁਣਾਈਆ । ਮੁਹੰਮਦਾ ਫੇਰ ਤੈਨੂੰ ਆਉਣਾ ਨਾ ਪਏ ਦੁਬਾਰਾ, ਦੁਆਬੇ ਆ ਕੇ ਤੇਰੀ ਉਮਤ ਵੇਖ ਵਖਾਈਆ । ਤੂੰ ਜੂਲੇ ਚਲਨ ਸਮੀਨੇ ਅਮਨ ਆਜ਼ਮੀਨੇ ਚਮਨ ਜ਼ੌਨਿਹਾਏ ਸਨਨ ਸਭ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਕਫ਼ਨੀ ਕਹੇ ਮੈਂ ਤੁਰਦਿਆਂ ਨਾਲ ਕਰਾਂ ਨਾ ਕੋਇ ਕਫ਼ਾਇਤ, ਕਿਫ਼ਾਇਤ ਸ਼ੁਆਰੀ ਨਾ ਕੋਇ ਰਖਾਈਆ । ਮੈਨੂੰ ਧੁਰ ਦੀ ਇਕ ਹਦਾਇਤ, ਹੁਕਮ ਬੇਪਰਵਾਹੀਆ । ਤਨ ਵਜੂਦ ਦੀ ਕਰ ਪੈਮਾਇਸ਼, ਅੰਦਰ ਬਾਹਰ ਨਾਪ ਨਪਾਈਆ । ਮੈਂ ਬੜੀ ਸਿਆਣੀ ਸੁਚੱਜੀ ਲਾਇਕ, ਜਿਸ ਗਲ ਪੈ ਜਾਵਾਂ ਉਸ ਨੂੰ ਸਦਾ ਲਈ ਦੇਵਾਂ ਸਵਾਈਆ । ਕਫ਼ਨੀ ਕਹੇ ਭਾਵੇਂ ਪ੍ਰਭੂ ਨੂੰ ਮੁਰਦਿਆਂ ਦਾ ਪੈ ਜਾਵੇ ਕਹਿਤ, ਪਰ ਮੈਂ ਭੰਡਾਰਾ ਭਰੀ ਨਜ਼ਰੀ ਆਈਆ । ਪਤਾ ਨਹੀਂ ਫੇਰ ਕਿਸੇ ਨੂੰ ਵਕਤ ਮਿਲੇ ਸ਼ਾਇਦ, ਜਨਮ ਜਨਮ ਵਿਚੋਂ ਬਦਲਾਈਆ ।

ਮੇਰਾ ਧੁਰ ਦੇ ਨਾਲ ਅਹਿਦ, ਇਕਰਾਰਨਾਮਾ ਇਕ ਲਿਖਾਈਆ । ਜਿਸ ਵੇਲੇ ਪ੍ਰਭੂ ਤੇਰਾ ਹੁਕਮ ਹੋਵੇ ਰਾਇਜ, ਰਾਜ ਰਜਾਨ ਸ਼ਾਹ ਸੁਲਤਾਨ ਇਕ ਸੁਣਾਈਆ । ਸਤਿ ਧਰਮ ਦਾ ਚਲੇ ਰਵਾਇਜ, ਧਰਮ ਦਵਾਰਾ ਇਕ ਵਖਾਈਆ । ਜਨ ਭਗਤਾਂ ਸਵਾਰੇ ਪੈਜ, ਮਿਹਰ ਨਜ਼ਰ ਉਠਾਈਆ । ਪਰਗਟ ਹੋਵੇਂ ਵਾਹਿਦ, ਨੂਰ ਇਕ ਅਲਾਹੀਆ । ਸਾਚੇ ਹੁਕਮ ਦਾ ਕਾਨੂੰਨ ਚਲੇ ਕਵਾਇਦ, ਬਾਕਾਇਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨਤੇ ਜ਼ਮੌਜਾ ਬਹਿਸ਼ਤੇ ਅਨੌਜ਼ਾ ਰਹਿਮਤੇ ਵਲੌਜ਼ਾ ਵਾਹਿਦ ਦੀ ਵਾਹਿਦ ਵਹਦਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਚੜ੍ਹਾਈਆ । ਲਾਸ਼ ਕਹੇ ਮੈਨੂੰ ਛੇਤੀ ਦੱਬੋ, ਮਿੱਟੀ ਖ਼ਾਕ ਛੁਹਾਈਆ । ਪਰਵਰਦਿਗਾਰ ਗੁਸਾਈਂ ਲੱਭੋ, ਜੋ ਬਿਨਾ ਲਬਾਂ ਤੋਂ ਪਿਆਸ ਬੁਝਾਈਆ । ਕਰੀਮ ਕਰਨੀ ਦਾ ਕਰਤਾ ਅੱਬੋ, ਜੋ ਆਤਮ ਪਰਮਾਤਮ ਜੋੜ ਜੁੜਾਈਆ । ਸਾਹਿਬ ਸਵਾਮੀ ਸਾਚਾ ਸੱਦੋ, ਸਦਕੇ ਵਾਰੀ ਘੋਲ ਘੁਮਾਈਆ । ਲਾਸ਼ ਕਹੇ ਜਿਸ ਲਾਸ਼ ਨੇ ਰਾਮ ਕ੍ਰਿਸ਼ਨ ਦੇ ਪੁਜਾਰੀ ਕੀਤੇ ਅੱਡ ਅੱਡੋ, ਅੱਡਰਾ ਹੁਕਮ ਸੁਣਾਈਆ । ਜਿਸ ਦੀ ਸਮਝੇ ਕੋਈ ਨਾ ਵਜ੍ਹੇ, ਵਜ਼ਾਹਤ ਕਰ ਨਾ ਕੋਇ ਜਣਾਈਆ । ਓਸ ਦਵਾਰੇ ਭੱਜੇ, ਜੋ ਭਜਨ ਬੰਦਗੀ ਰਿਹਾ ਸਿਖਾਈਆ । ਸਭ ਕੁਛ ਕੂੜਾ ਤਜੋ, ਤੱਜ ਲਸ਼ਕਰ ਰਹਿਣ ਕੋਇ ਨਾ ਪਾਈਆ । ਮੇਰੀ ਦੁਹਾਈ ਅੱਜੋ, ਅਜ਼ਲ ਤੋਂ ਮੁਰਸ਼ਦ ਬਚਿਆ ਰਹਿਣ ਕੋਇ ਨਾ ਪਾਈਆ । ਸਚ ਮੁਹੱਬਤ ਏਕਾ ਮੰਗੋ, ਪਰਵਰਦਿਗਾਰ ਅੱਗੇ ਝੋਲੀ ਡਾਹੀਆ । ਕਾਇਆ ਤਨ ਵਜੂਦ ਰੰਗੋ, ਰੰਗਣ ਇਕੋ ਦਏ ਚੜ੍ਹਾਈਆ । ਮਾਲਕ ਦੇ ਦਰ ਕਦੇ ਨਾ ਸੰਗੋ, ਊਚੀ ਕੂਕੇ ਕੂਕ ਸੁਣਾਈਆ । ਬਿਰਹੁ ਵਿਛੋੜੇ ਵਿਚ ਅੰਦਰ ਲੰਘੋ, ਸੁਰਤੀ ਸੁਰਤ ਵਿਚ ਬਦਲਾਈਆ । ਟੁੱਟੀ ਓਸ ਦੇ ਨਾਲ ਗੰਢੋ, ਜੋ ਗੰਢਣਹਾਰ ਅਖਵਾਈਆ । ਲਾਸ਼ ਕਹੇ ਜੇ ਮਿਲ ਜਾਵੇ ਪ੍ਰੇਮ ਸ਼ਰੀਣੀਆਂ ਵੰਡੋ, ਨਿਆਜ਼ਾਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਫ਼ਨੀ ਦਏ ਵਡਿਆਈਆ । ਕਫ਼ਨੀ ਕਹੇ ਮੈਨੂੰ ਕਹਿੰਦੇ ਤੇਰੀ ਥੋੜ੍ਹੀ ਕੀਮਤ, ਕੌਡੀ ਕੌਡੀ ਹੱਟ ਵਿਕਾਈਆ । ਤੈਨੂੰ ਸਵਾਣੀ ਪਾਏ ਨਾ ਕੋਇ ਤਰੀਮਤ, ਫ਼ੈਸ਼ਨ ਜਗਤ ਵਿਚ ਹਲਕਾਈਆ । ਕਫ਼ਨੀ ਕਹੇ ਮੈਨੂੰ ਮੌਕਾ ਮਿਲਿਆ ਗ਼ਨੀਮਤ, ਬਿਨਾ ਗ਼ਮ ਤੋਂ ਦਿਆਂ ਸੁਣਾਈਆ । ਮੈਨੂੰ ਮਿਲ ਗਈ ਉਹ ਅਜ਼ੀਮਤ, ਜੋ ਆਦਿ ਪੁਰਖ ਦੇ ਕੇ ਖ਼ੁਸ਼ੀ ਮਨਾਈਆ । ਮੈਂ ਕੋਈ ਭਟਕਦੀ ਨਹੀਂ ਜਲ ਮੀਨਤ, ਸਾਂਤਕ ਸਤਿ ਸਤਿ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਰਿਹਾ ਚੁਕਾਈਆ । ਕਫ਼ਨੀ ਕਹੇ ਮੇਰਾ ਮੁੱਲ ਛੋਟਾ ਤੇ ਕੰਮ ਵੱਡਾ, ਸਚ ਦਿਆਂ ਸੁਣਾਈਆ । ਮੈਂ ਆਪਣੇ ਵਿਚ ਲਪੇਟਿਆ ਬੁੱਢਾ ਨੱਢਾ, ਨੌਜਵਾਨ ਵੇਖ ਵਖਾਈਆ । ਪਾਤਸ਼ਾਹਾਂ ਦੇ ਸੁਹਾਵਾਂ ਉਤੇ ਠੱਪਾ, ਆਪਣਾ ਸੰਗ ਰਖਾਈਆ । ਚਾਰ ਜੁਗ ਜੋ ਉਪਜਿਆ ਉਸੇ ਨੂੰ ਆਪਣੇ ਅੰਦਰ ਸੁੱਟਾਂ, ਬਚਿਆ ਨਜ਼ਰ ਕੋਇ ਨਾ ਆਈਆ । ਪ੍ਰੇਮ ਪ੍ਰੀਤੀ ਨਾਲ ਫੜ ਕੇ ਘੁੱਟਾਂ, ਸਿਰ ਤੋਂ ਪੈਰਾਂ ਤਾਂਈ ਜੋੜ ਜੁੜਾਈਆ । ਖ਼ਾਲੀ ਹੱਥਾਂ ਦੀਆਂ ਮੀਟੀਆਂ ਵੇਖਾਂ ਮੁੱਠਾਂ, ਅੰਗੂਠੇ ਉਂਗਲਾਂ ਰਹੇ ਦਬਾਈਆ । ਇਕ ਅਗੰਮੜੇ ਕੋਲੋਂ ਪੁੱਛਾਂ, ਕੀ ਤੇਰੀ ਬੇਪਰਵਾਹੀਆ । ਕਫ਼ਨੀ ਕਹੇ ਪ੍ਰਭੂ ਜੇ ਮੈਂ ਤੇਰੇ ਨਾਲ ਰੁੱਸਾਂ, ਫਿਰ ਗੁਰ ਅਵਤਾਰ ਪੈਗ਼ੰਬਰਾਂ ਕਫ਼ਣ ਕਵਣ ਪਹਿਨਾਈਆ । ਸ੍ਰੀ ਭਗਵਾਨ ਕਹੇ ਜ਼ਰਾ ਨਾ ਕਰੀਂ ਗ਼ੁੱਸਾ, ਸਹਿਜ ਨਾਲ ਸੁਣਾਈਆ । ਜਿਸ ਕਾਰਨ ਮੁਹੰਮਦ ਕਟਾਈਆਂ ਮੁੱਛਾਂ, ਉਹ ਮਸਖ਼ਰੇ ਵਾਲੀ ਆਪਣੀ ਅੱਖ ਉਠਾਈਆ । ਇਹ ਲਹਿਣਾ ਦੇਣਾ ਕੁਛ ਦੀਪ

੧੧੨੩
੨੦

ਕੁਸ਼ਾ, ਕੱਛ ਬਰਾਹ ਧਿਆਨ ਲਗਾਈਆ । ਜੋ ਪ੍ਰਭੂ ਦਵਾਰਿਉਂ ਰੁੱਸਾ, ਜਗਤ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਕਬਰ ਕਹੇ ਮੇਰੇ ਅੰਦਰ ਵੜਿਆ, ਨਬੀਆਂ ਨਬੀ ਰਸੂਲ । ਜਿਸ ਧੁਰ ਦਾ ਕਲਮਾ ਪੜ੍ਹਿਆ, ਉਮਤ ਕਰੀ ਕਬੂਲ । ਸਚ ਦਵਾਰੇ ਏਕਾ ਖੜਿਆ, ਮਸਤਕ ਟਿੱਕਾ ਲਾਏ ਧੂਲ । ਇਹ ਖੇਲ ਨਰਾਇਣ ਨਰਿਆ, ਜੋ ਹੁਕਮ ਦੇਵੇ ਮਾਕੂਲ । ਇਕ ਕੌਲ ਇਕਰਾਰ ਕਰਿਆ, ਨਿਰਗੁਣ ਧਾਰ ਸਚ ਅਸੂਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਕਫ਼ਨੀ ਕਹੇ ਮੈਂ ਗਈ ਲੱਥ, ਆਪਣੀ ਸੇਵ ਕਮਾਈਆ । ਭਗਤਾਂ ਦੇ ਚਰਨਾਂ ਜਾਵਾਂ ਢੱਠ, ਨਿਉਂ ਕੇ ਸੀਸ ਨਿਵਾਈਆ । ਜਿਸਨੇ ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰਾਂ ਕਰਿਆ ਇਕੱਠ, ਸਾਂਝਾ ਹੁਕਮ ਮਨਾਈਆ । ਉਸ ਦਵਾਰੇ ਸਭ ਕੁਛ ਗਈ ਛੱਡ, ਆਪਣਾ ਆਪ ਮਿਟਾਈਆ । ਜਿਥੇ ਭਗਤ ਭਗਵਾਨ ਨਾ ਹੋਵਣ ਅੱਡ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਤਨ ਸ਼ਰੀਰ ਢਕਾਂ ਹੱਡ, ਆਤਮਾ ਵੇਖਣ ਕੋਇ ਨਾ ਪਾਈਆ । ਮੈਂ ਤੜਫਦੀ ਰਹੀ ਭਟਕਦੀ ਰਹੀ ਕਿਸ ਵੇਲੇ ਪ੍ਰੀਤਮ ਹੋਵੇ ਪਰਗਟ, ਹਰਿ ਕਰਤਾ ਦਇਆ ਕਮਾਈਆ । ਸਤਿ ਧਰਮ ਦਾ ਖੋਲ੍ਹੇ ਹੱਟ, ਵਸਤ ਅਮੋਲਕ ਇਕ ਵਰਤਾਈਆ । ਮੈਂ ਵੀ ਲਾਹਾ ਲਵਾਂ ਖੱਟ, ਸਦੀ ਚੌਧਵੀਂ ਖ਼ੁਸ਼ੀ ਬਣਾਈਆ । ਨਿਰਗੁਣ ਸਰਗੁਣ ਧਾਰ ਆਵੇ ਪਲਟ, ਪਲਟਾ ਦੇਵੇ ਜਗਤ ਲੋਕਾਈਆ । ਸੋ ਵੇਖਿਆ ਸਾਹਿਬ ਪੁਰਖ ਸਮਰਥ, ਮਾਲਕ ਇਕ ਅਖਵਾਈਆ । ਮੈਂ ਰਗੜ ਕੇ ਅੱਗੇ ਨੱਕ, ਸੀਸ ਦਿਤਾ ਝੁਕਾਈਆ । ਤੇਰੀ ਹਕੀਕਤ ਮਿਲ ਗਈ ਹਕ, ਕਲਮਾ ਹਕ ਸੁਣਾਈਆ । ਅੱਗੇ ਰਹੇ ਕੋਈ ਨਾ ਸ਼ੱਕ, ਸ਼ਕਾਇਤ ਕਰਨ ਕੋਇ ਨਾ ਆਈਆ ।

੧੧੨੪
੨੦
ਤੇਰਾ ਖੇਲ ਅਲੱਖਣਾ ਅਲੱਖ, ਅਲਖ ਅਗੋਚਰ ਤੇਰੀ ਵਡਿਆਈਆ । ਜਿਉਂ ਭਾਵੇਂ ਤਿਉਂ ਲੈਣਾ ਰੱਖ, ਸਿਰ ਆਪਣਾ ਹੱਥ ਟਿਕਾਈਆ । ਪਹਿਲੀ ਮਾਘ ਸਭ ਨੂੰ ਅੰਮ੍ਰਿਤ ਦੇ ਰਸ, ਰਸਤਾ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੁਹੰਮਦ ਦਾ ਲਹਿਣਾ ਕੁੰਦਨ ਸਿੰਘ ਸੁਖਦੇਵ ਕੱਲੇ ਵਾਲਾ ਉਸ ਵੇਲੇ ਦੇ ਸਾਥੀ ਸਚ, ਸਚ ਦਾ ਮਾਲਕ ਸਚ ਨਾਲ ਮਿਲਾਈਆ ।

## ★ ੨ ਮਾਘ ਸ਼ਹਿਨਸ਼ਾਹੀ ਸੰਮਤ ੩ ਮੁਨੀ ਸੁਸ਼ੀਲ ਕੁਮਾਰ ਜੈਨ ਸੰਤ ਮੰਡਲੀ ਦੀਨਾ ਨਗਰ ★

ਸੰਤ ਸੱਜਣ ਆਏ ਦੀਨਾ ਨਗਰ, ਨਗਰ ਦੀਨਾਂ ਦਾ ਨਜ਼ਰੀ ਆਈਆ । ਪ੍ਰਭੂ ਪ੍ਰੀਤੀ ਅੰਤਰ ਸਾਰੇ ਹੋ ਜਾਓ ਮਗਨ, ਆਤਮ ਪਰਮਾਤਮ ਧਿਆਨ ਲਗਾਈਆ । ਘਰ ਪਰਕਾਸ਼ ਦੀਪਕ ਜਗਣ, ਨਿਜ ਨੂਰ ਹੋਏ ਰੁਸ਼ਨਾਈਆ । ਕੂੜੀ ਕਿਰਿਆ ਸਾਰੇ ਛੱਡਣ, ਜੋ ਚਲ ਆਏ ਸਰਨਾਈਆ । ਝਗੜਾ ਰਹੇ ਨਾ ਕਾਇਆ ਮਾਟੀ ਬਦਨ, ਹਿੰਦੂ ਮੁਸਲਿਮ ਸਿੱਖ ਈਸਾਈ ਜੈਨੀ ਬੋਧੀ ਨਾ ਕੋਇ ਲੜਾਈਆ । ਅਬਿਨਾਸ਼ੀ ਕਰਤਾ ਏਕੰਕਾਰ ਇਕੋ ਲੱਭਣ, ਜੋ ਹਰ ਘਟ ਬੈਠਾ ਡੇਰਾ ਲਾਈਆ । ਏਥੇ ਓਥੇ ਦੋ ਜਹਾਨਾਂ ਸੱਚਾ ਸੱਜਣ, ਸਗਲਾ ਸੰਗ ਬਣਾਈਆ । ਗੜ੍ਹ ਹੰਕਾਰੀ ਸਭ ਦੇ ਭਾਂਡੇ ਭੱਜਣ, ਮਮਤਾ ਮੈਂ ਹਉਂ ਗਵਾਈਆ । ਨਿਜ ਘਰ ਸਵਾਮੀ ਅੰਤਰਜਾਮੀ ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਲੈਣਾ ਇਕ ਅਨੰਦਨ, ਅਨੰਦ ਅਨੰਦ

ਵਿਚੋਂ ਪਰਗਟਾਈਆ । ਨਾਮ ਧੂੜੀ ਧੁਰ ਦਾ ਟਿੱਕਾ ਮਸਤਕ ਲਾਉਣਾ ਚੰਦਨ, ਸਚ ਭਬੂਤੀ ਬੇਪਰਵਾਹੀਆ । ਪੁਰਖ ਅਕਾਲਾ ਦੀਨ ਦਿਆਲਾ ਏਕੰਕਾਰ ਰੱਖਣਾ ਅੰਗਣ, ਅੰਗੀਕਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਅੰਦਰ ਪੜਦਾ ਆਪ ਉਠਾਈਆ । ਦੀਨਾ ਨਗਰ ਦੇ ਜਨ ਭਗਤ ਵਾਸੀ, ਵਾਸਤਾ ਪ੍ਰਭ ਦੇ ਨਾਲ ਰਖਾਈਆ । ਏਕਾ ਮਿਲਣਾ ਪੁਰਖ ਅਬਿਨਾਸ਼ੀ, ਜੋ ਜਨਮ ਮਰਨ ਵਿਚ ਨਾ ਆਈਆ । ਮਾਨਸ ਜਨਮ ਜਿਸ ਦੀ ਪੂੰਜੀ ਜਿਸ ਦੀ ਰਾਸੀ, ਰਸਤਾ ਇਕੋ ਇਕ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਮਹਿੰਮਾ ਕਰਦੇ ਪੰਡਤ ਕਾਸ਼ੀ, ਸੋ ਕਾਇਆ ਅੰਦਰ ਮੰਦਰ ਬੈਠਾ ਸੋਭਾ ਪਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਊਚ ਨੀਚ ਰਾਓ ਰੰਕ ਇਕੋ ਘਰ ਦੇ ਬਣੇ ਜਮਾਤੀ, ਬਿਨ ਹਰਿ ਨਾਮੇ ਦੂਜਾ ਅੱਖਰ ਕੰਮ ਕਿਸੇ ਨਾ ਆਈਆ । ਸਫਲ ਸਮਝੋ ਅੱਜ ਦੀ ਰਾਤੀ, ਅੱਠੇ ਪਹਿਰ ਰਹੇ ਪਰਭਾਤੀ, ਅੰਮ੍ਰਿਤ ਮਿਲੇ ਬੂੰਦ ਸਵਾਂਤੀ, ਕਵਲ ਨਾਭੀ ਆਪ ਚੁਆਈਆ । ਜਿਨ੍ਹਾਂ ਨੂੰ ਮੁਨੀ ਸੁਸ਼ੀਲ ਵਰਗਾ ਲੱਭਾ ਸਾਥੀ, ਤਨ ਵਜੂਦ ਦਾ ਬਲੀਆ ਸੂਰਬੀਰ ਹਾਠੀ, ਸੰਜਮ ਤਪ ਵਿਚ ਆਪਣਾ ਪਰਣ ਨਿਭਾਈਆ । ਪ੍ਰਭ ਦੀ ਬੰਦਗੀ ਸਦਾ ਸਮਝੋ ਸਾਚੀ, ਸਚ ਸਚ ਵਿਚ ਮਿਲਾਈਆ । ਕਾਇਆ ਮਾਟੀ ਕੂੜੀ ਕਾਚੀ, ਥਿਰ ਰਹਿਣ ਕੋਇ ਨਾ ਪਾਈਆ । ਸਾਹਿਬ ਸਤਿਗੁਰ ਦੀਨ ਦਿਆਲਾ ਇਕੋ ਲੱਭੋ ਧੁਰ ਦਾ ਸਾਕੀ, ਜੋ ਸਾਚਾ ਜਾਮ ਦਏ ਪਿਲਾਈਆ । ਜੀਵਣ ਵਿਚੋਂ ਬਦਲ ਜਾਏ ਹਯਾਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਮੇਲ ਮਿਲਾਈਆ । ਸਚ ਦਰ ਦੇ ਸਾਚੇ ਭਗਤ, ਹਰਿ ਭਗਤੀ ਵਿਚ ਵਡਿਆਈਆ । ਉਠੋ ਨੌਜਵਾਨੋ ਵਿਚ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਤੁਹਾਡੇ ਅੰਦਰ ਉਸ ਪ੍ਰਭੂ ਦੀ ਸ਼ਕਤ, ਜੋ ਹਰ ਘਟ ਰਿਹਾ ਸਮਾਈਆ । ਸਾਂਝੇ ਸਮਾਜ ਦਾ ਆ ਗਿਆ ਵਕਤ, ਕੂੜੀ ਰੀਤੀ ਦਿਓ ਤਜਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਜੋ ਵਾਸੀ ਉਪਰ ਅਰਸ਼, ਫ਼ਰਸ਼ ਆਪਣੀ ਧਾਰ ਚਲਾਈਆ । ਰਹਿਮਤ ਵਿਚ ਕਰੇ ਸਭ ਤੇ ਤਰਸ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਿਨ ਹਰਿ ਨਾਮੇ ਸਾਰੇ ਰਹੇ ਭਟਕ, ਸਾਂਤਕ ਸਤਿ ਨਾ ਕੋਇ ਕਰਾਈਆ । ਸਾਚੀ ਮੰਜ਼ਲ ਚੜ੍ਹਨੋਂ ਰਹੇ ਅਟਕ, ਪੌੜੀ ਡੰਡਾ ਹੱਥ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਘਟ ਅੰਤਰ ਵੇਖ ਵਖਾਈਆ । ਦੀਨਾ ਨਗਰ ਦੇ ਸਚ ਪ੍ਰੇਮੀ, ਹਰਿਜਨ ਸਾਚੇ ਨਜ਼ਰੀ ਆਈਆ । ਪ੍ਰਾਰਥਨਾ ਵਿਚ ਧੁਰ ਦੇ ਨੇਮੀ, ਨਿਆਮਤ ਪ੍ਰਭ ਦਾ ਨਾਮ ਝੋਲੀ ਪਾਈਆ । ਮੁਹੱਬਤ ਵਿਚ ਸਾਕ ਸੈਣੀ, ਸੱਜਣ ਬਣ ਕੇ ਦੇਣਾ ਵਖਾਈਆ । ਆਪਣਾ ਨੂਰ ਆਪਣੇ ਵੇਖੋ ਨਿਜ ਨੈਣੀ, ਗਿਆਨ ਨੇਤਰ ਇਕ ਖੁਲ੍ਹਾਈਆ । ਜਿਥੇ ਦੀਨ ਮਜ਼੍ਹਬ ਦੀ ਨਹੀਂ ਕੋਈ ਸ਼ਰੇਣੀ, ਸ਼ਰਅ ਵੰਡ ਨਾ ਕੋਇ ਵੰਡਾਈਆ । ਸਚ ਨਿਵਾਸ ਸਚ ਭੂਮਿਕਾ ਜਿਥੇ ਆਤਮ ਸੁਹੰਜਣੀ ਸੇਜ ਬਹਿਣੀ, ਜਿਸ ਦਾ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਜੋ ਦੱਸ ਕੇ ਗਏ ਧੁਰ ਦੀ ਕਹਿਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਵਸਤ ਅਮੋਲਕ ਧਰਮ ਦਵਾਰਿਉਂ ਇਕੋ ਲੈਣੀ, ਦੂਜੀ ਓਟ ਨਾ ਕੋਇ ਰਖਾਈਆ । ਤੁਹਾਡੇ ਸੰਗ ਸਦਾ ਅੰਮ੍ਰਿਤ ਧਾਰ ਤ੍ਰਬੈਣੀ, ਗੰਗਾ ਜਮਨਾ ਸੁਰਸਤੀ ਆਪਣੀ ਲਹਿਰ ਲਹਿਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹਲੂਣਾ ਇਕ ਲਗਾਈਆ । ਸਾਰੇ ਅੰਦਰ ਮਾਰੋ ਝਾਕੀ, ਤਨ ਵਜੂਦ ਫੋਲ ਫੁਲਾਈਆ । ਬਜਰ ਕਪਾਟੀ ਪੜਦਾ ਲੱਭੇ ਤਾਕੀ, ਓਹਲਾ ਰਹਿਣ ਕੋਇ ਨਾ ਪਾਈਆ ।

੧੧੨੫
੨੦

੧੧੨੬
੨੦

ਪ੍ਰਭੂ ਪਿਆਰਾ ਖੋਜੋ ਸਾਥੀ, ਜੋ ਸਗਲਾ ਸੰਗ ਨਿਭਾਈਆ । ਜਿਸ ਦੀ ਜੋਤ ਹਰ ਘਟ ਨੂਰ ਪਰਕਾਸ਼ੀ, ਗ੍ਰਿਹ ਗ੍ਰਿਹ ਕਰੇ ਰੁਸ਼ਨਾਈਆ । ਮਨ ਕਲਪਣਾ ਮੇਟੇ ਉਦਾਸੀ, ਚਿੰਤਾ ਰੋਗ ਰਹੇ ਨਾ ਰਾਈਆ । ਮੰਜ਼ਲ ਚੜ੍ਹਾਵੇ ਔਖੀ ਘਾਟੀ, ਅਗੰਮ ਅਥਾਹ ਦਏ ਵਡਿਆਈਆ । ਭੇਵ ਖੁਲ੍ਹਾਵੇ ਏਕਾ ਰਾਤੀ, ਏਕੰਕਾਰ ਆਪਣੀ ਦਇਆ ਕਮਾਈਆ । ਝਗੜਾ ਮੁੱਕੇ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਲੇਖਾ ਦਏ ਮੁਕਾਈਆ । ਜੋ ਸਾਹਿਬ ਸੁਲਤਾਨ ਨੌਜਵਾਨ, ਮਰਦ ਮਰਦਾਨ ਪਾਰਬ੍ਰਹਮ ਪਤਿਪਰਮੇਸ਼ਵਰ ਸਚਖੰਡ ਦਾ ਨਿਵਾਸੀ, ਸਤਿ ਦਵਾਰੇ ਰਹਿ ਕੇ ਖ਼ੁਸ਼ੀ ਮਨਾਈਆ । ਸਭ ਦੀ ਪੂਰੀ ਕਰੇ ਆਸਾ ਮਨਸਾ ਲੇਖੇ ਲਾਏ ਪਵਣ ਸਵਾਸੀ, ਸਾਹ ਸਾਹ ਖੋਜ ਖੁਜਾਈਆ । ਝਗੜਾ ਮੁਕਾਵੇ ਊਚ ਨੀਚ ਜਾਤੀ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਇਕ ਪ੍ਰਭੂ ਦੀ ਸਾਰੇ ਮੰਨੋਂ ਆਖੀ, ਜੋ ਆਖ਼ਰ ਚੋਟੀ ਚੜ੍ਹ ਕੇ ਬੈਠਾ ਧੁਰ ਗੋਸਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਇਕ ਦਰ, ਦਰ ਦਰਵਾਜ਼ਾ ਧੁਰ ਖੁਲ੍ਹਾਈਆ । ਸਚ ਧਰਮ ਦਾ ਇਕ ਦਰਵਾਜ਼ਾ, ਦੂਜਾ ਰਾਹ ਨਜ਼ਰ ਨਾ ਆਈਆ । ਜਿਸ ਘਰ ਵਸੇ ਗ਼ਰੀਬ ਨਿਵਾਜਾ, ਦੀਨਾਂ ਅਨਾਥਾਂ ਹੋਏ ਸਹਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਇਕ ਅਖਵਾਈਆ । ਜਨ ਭਗਤਾਂ ਜੁਗ ਜੁਗ ਰੱਖੇ ਲਾਜਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਵਸਤ ਅਮੋਲਕ ਨਾਮ ਅਗੰਮਾ ਦੇਵੇ ਦਾਤਾ, ਦਾਤਾਰ ਹੋ ਕੇ ਆਪ ਵਰਤਾਈਆ । ਬਿਨ ਗੋਪੀ ਕਾਹਨ ਰਚਾਵੇ ਰਾਸਾ, ਸੁਰਤੀ ਸ਼ਬਦ ਜੋੜ ਜੁੜਾਈਆ । ਲੇਖਾ ਜਾਣੇ ਬਨ ਸੀਤਾ ਰਾਮ ਜੰਗਲ ਜੂਹ ਪਰਭਾਸਾ, ਬਨਬਾਸਾ ਆਪਣੀ ਕਲ ਵਰਤਾਈਆ । ਸੋ ਪਾਰਬ੍ਰਹਮ ਪਤਿਪਰਮੇਸ਼ਵਰ ਅੰਤਰ ਨਿਰੰਤਰ ਨਿਰਗੁਣ ਧਾਰ ਸਗਲਾ ਸਾਥਾ, ਸਾਚਾ ਸੰਗ ਬਣਾਈਆ । ਜਿਸ ਦੇ ਪ੍ਰੇਮ ਅੰਦਰ ਪ੍ਰੇਮ ਪ੍ਰੀਤੀ ਵਿਚ ਮਾਰੋ ਠਾਠਾਂ, ਕੂੜੀ ਕਿਰਿਆ ਬਾਹਰ ਕਢਾਈਆ । ਜਿਸ ਦਾ ਨੂਰ ਜੋਤ ਸਿੰਘ ਸਵਾਰ ਜਵਾਲਾ ਵਾਲੀ ਲਾਟਾਂ, ਨੂਰ ਨੂਰ ਨੂਰ ਰੁਸ਼ਨਾਈਆ । ਉਸ ਮੰਦਰ ਨਹੀਂ ਕੋਈ ਘਾਟਾ, ਜਿਸ ਮੰਦਰ ਅੰਦਰ ਏਕਾ ਦੀਪਕ ਡਗਮਗਾਈਆ । ਸਾਰੇ ਕੂੜੀ ਕਿਰਿਆ ਦੀਨ ਮਜ਼੍ਹਬ ਦੀਆਂ ਅੱਗੇ ਲੰਘ ਜਾਓ ਵਾਟਾਂ, ਰੋੜਾ ਜਗਤ ਨਾ ਕੋਇ ਅਟਕਾਈਆ । ਇਕੋ ਪੁਰਖ ਪਰਮਾਤਮ ਸਾਚਾ, ਸਚ ਸਮਗਰੀ ਸਭ ਨੂੰ ਦਏ ਵਰਤਾਈਆ । ਮਾਨਸ ਜਨਮ ਰਹੇ ਕੋਈ ਨਾ ਘਾਟਾ, ਅਨਮੁੱਲੀ ਦੌਲਤ ਝੋਲੀ ਪਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਜਨ ਭਗਤ ਲੱਖ ਚੁਰਾਸੀ ਵਿਚੋਂ ਕੋਟਾਂ ਜਾਗਾ, ਬਾਕੀ ਸੁੱਤੀ ਦਿਸੇ ਕੂੜ ਲੋਕਾਈਆ । ਜਿਹੜੇ ਇਕ ਦਾ ਮੰਨਣ ਆਖਾ, ਸੋ ਦਰਸ਼ਨ ਕਰਨ ਸਾਖਿਆਤਾ, ਸਨਮੁਖ ਹੋ ਕੇ ਮਿਲ ਕੇ ਵੱਜੇ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਖੇਲ ਸਦਾ ਬਹੁ ਭਾਂਤਾ, ਅਨੁਭਵ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੀਨਾਂ ਨਗਰ ਵਾਲਿਓ ਸਤਿ ਧਰਮ ਦਾ ਲੈ ਕੇ ਜਾਣਾ ਵਰ, ਨਿਰਭੈ ਹੋ ਚੁਕਾਉਣਾ ਡਰ, ਆਤਮ ਪਰਮਾਤਮ ਫੜਾਉਣਾ ਲੜ, ਫੜਿਆ ਲੜ ਅੱਗੇ ਛੁੱਟ ਕਦੇ ਨਾ ਜਾਈਆ ।

★ ੩ ਮਾਘ ਸ਼ਹਿਨਸ਼ਾਹੀ ਸੰਮਤ ੩ ਕਿਸ਼ਨ ਸਿੰਘ ਦੇ ਗ੍ਰਿਹ ਅਲੱੜ ਪਿੰਡੀ ਜ਼ਿਲਾ ਗੁਰਦਾਸਪੁਰ ★

ਜਨ ਭਗਤਾਂ ਆਤਮ ਵਖਾਏ ਕ਼ਸਮ, ਕ਼ਿਸਮ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਮੇਰਾ ਖ਼ਸਮ, ਸੁੰਞੀਂ ਸੇਜ ਨਾ ਕੋਇ ਵਖਾਈਆ ।

ਜਿਸ ਦੀ ਕਦੇ ਨਾ ਹੋਵੇ ਭਸਮ, ਮੜ੍ਹੀ ਗੋਰ ਨਾ ਕੋਇ ਦਬਾਈਆ । ਇਕੋ ਸਚ ਉਸ ਦੀ ਰਸਮ, ਜੋ ਰਿਵਾਜ ਦਏ ਬਦਲਾਈਆ । ਜਲਵਾ ਨੂਰ ਦੇਵੇ ਚਸ਼ਮ, ਜੋਤੀ ਜੋਤ ਡਗਮਗਾਈਆ । ਸਾਚਾ ਨਾਮ ਸੁਣਾਏ ਨਜ਼ਮ, ਢੋਲਾ ਬੇਪਰਵਾਹੀਆ । ਜਗਤ ਵਿਧਾਨ ਦੇਵੇ ਬਦਲ, ਬਦਲਾ ਦਏ ਚੁਕਾਈਆ । ਇਨਸਾਫ਼ ਕਰੇ ਅਦਲ, ਧੁਰ ਦਾ ਹੁਕਮ ਸੁਣਾਈਆ । ਚੁਰਾਸੀ ਕਰੇ ਵਜ਼ਨ, ਤੋਲੇ ਥਾਉਂ ਥਾਈਂਆ । ਚਾਚਾ ਰਹੇ ਕੋਈ ਨਾ ਕਜ਼ਨ, ਨਿਰਗੁਣ ਨਿਰਵੈਰ ਇਕੋ ਨਜ਼ਰੀ ਆਈਆ । ਸਾਚੀ ਰਚਨਾ ਆਇਆ ਰਚਨ, ਰਚ ਰਚ ਵੇਖੇ ਥਾਉਂ ਥਾਈਂਆ । ਸਾਚੇ ਨਾਮ ਦਾ ਦੇਵੇ ਬਚਨ, ਬੱਚੇ ਗੁਰਮੁਖ ਆਪ ਪੜ੍ਹਾਈਆ । ਲਿਆਇਆ ਉਸ ਪੱਤਣ, ਜਿਸ ਰਾਵੀ ਕੰਢੇ ਅਰਜਨ ਆਪਣਾ ਆਪ ਤਜਾਈਆ । ਧਰਮ ਬਣਾ ਕੇ ਵਤਨ, ਬੇਵਤਨਾਂ ਪੜਦਾ ਲਾਹੀਆ । ਪਤ ਆਵੇਂ ਰੱਖਣ, ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵਿਰੋਲ ਮੱਖਣ, ਭਗਤ ਸੁਹੇਲੇ ਬਾਹਰ ਕਢਾਈਆ । ਸਚ ਦਵਾਰਾ ਵਖਾ ਕੇ ਹੱਟਨ, ਵਣਜਾਰੇ ਰਿਹਾ ਬਣਾਈਆ । ਕੂੜੀ ਕਿਰਿਆ ਜੜ੍ਹ ਆਇਆ ਪੱਟਣ, ਪਟਨੇ ਦਾ ਮਾਲਕ ਫੇਰਾ ਪਾਈਆ । ਝਗੜਾ ਰਹਿਣ ਨਾ ਦੇਵੇ ਬਦਨ, ਤਨ ਵਜੂਦ ਨਾ ਕੋਇ ਲੜਾਈਆ । ਸਾਹਿਬ ਸਵਾਮੀ ਬਣ ਕੇ ਸੱਜਣ, ਧੁਰ ਦਾ ਸੰਗ ਰਖਾਈਆ । ਸਚ ਨਗਾਰੇ ਸਚ ਦਵਾਰੇ ਵੱਜਣ, ਵਜਹ ਸਮਝ ਕਿਸੇ ਨਾ ਆਈਆ । ਸੰਤ ਸੁਹੇਲੇ ਧੁਰ ਦੇ ਦਗਣ, ਜੋਤ ਨੂਰ ਜੋਤ ਰੁਸ਼ਨਾਈਆ । ਨਾਮ ਨਿਧਾਨਾ ਪਾ ਕੇ ਹੱਥੀਂ ਕੰਗਣ, ਸਗਨ ਸਾਚਾ ਆਪ ਮਨਾਈਆ । ਕੂੜੀ ਕਿਰਿਆ ਕਰ ਕੇ ਦਮਨ, ਦਾਮਨਗੀਰ ਆਪ ਅਖਵਾਈਆ । ਭਗਤ ਫੁਲਵਾੜੀ ਸੋਹਣਾ ਚਮਨ, ਗੁਲਦਸਤੇ ਫੂਲ ਮਹਿਕਾਈਆ । ਸਚ ਦਵਾਰਾ ਦੱਸ ਕੇ ਅਮਨ, ਅਮਾਨਤ ਗੁਰਮੁਖ ਵੇਖ ਵਖਾਈਆ । ਲੇਖਾ ਜਾਣੇ ਬ੍ਰਹਮਾ ਕਵਲ, ਕਵਲ ਨੈਣ ਧੁਰਦਰਗਾਹੀਆ । ਜਿਸ ਨੂੰ ਨਾਨਕ ਕਿਹਾ ਇਲਾਹੀ ਅੱਵਲ, ਆਲਮੀਨ ਸ਼ਹਿਨਸ਼ਾਹੀਆ । ਜਿਸ ਨੂੰ ਕਾਹਨਾ ਕਹਿੰਦੇ ਸਵਲ, ਮੁਕਟ ਬੈਣ ਹੁਕਮ ਵਰਤਾਈਆ । ਸੋ ਲੇਖਾ ਜਾਣੇ ਧਰਨੀ ਧਵਲ, ਧੌਲ ਪੜਦਾ ਲਾਹੀਆ । ਜਿਸ ਨੂੰ ਸਮਝੇ ਕੋਇ ਨਾ ਪੰਡਤ ਪਾਂਧਾ ਰਵਲ, ਹਿਸਾਬ ਕਿਤਾਬ ਨਾ ਕੋਇ ਰਖਾਈਆ । ਉਸ ਦਾ ਲੇਖਾ ਜਾਣੇ ਕਵਣ, ਗਹਿਰ ਗੰਭੀਰ ਵਡ ਵਡਿਆਈਆ । ਜਿਸ ਦੇ ਹੁਕਮ ਅੰਦਰ ਪਾਣੀ ਪਵਣ, ਸ੍ਰਿਸ਼ਟੀ ਦ੍ਰਿਸ਼ਟੀ ਫੋਲ ਫੁਲਾਈਆ । ਸੋ ਅੰਮ੍ਰਿਤ ਮੇਘ ਬਰਸੇ ਸਵਣ, ਘਟਾ ਘਨਘੋਰ ਇਕ ਪਰਗਟਾਈਆ । ਸਾਚੇ ਧਰਮ ਦਾ ਕਰ ਕੇ ਹਵਨ, ਭਬੂਤੀ ਸਮਗਰੀ ਪ੍ਰੇਮ ਪ੍ਰੀਤੀ ਵਿਚ ਰਖਾਈਆ । ਜ਼ਿੰਦਗੀ ਦਾ ਦੇ ਕੇ ਜਵਨ, ਜਵਾਲਾ ਜੋਤ ਨੈਣ ਸ਼ਰਮਾਈਆ । ਲੇਖਾ ਚੁਕਾ ਕੇ ਬਾਵਨ ਬਵਨ, ਬਲ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਤਿੰਨ ਮਾਘ ਕਹੇ ਜਨ ਭਗਤਾਂ ਖਾਣੀ ਪਏ ਸੌਗੰਦ, ਸੁਗੰਧੀ ਇਕੋ ਨਜ਼ਰੀ ਆਈਆ । ਹੋਣਾ ਪਏ ਪਾਬੰਦ, ਬੰਧਨ ਕੂੜ ਤੁੜਾਈਆ । ਪੌਣੀ ਪਏ ਗੰਢ, ਨਾਤਾ ਇਕੋ ਨਾਲ ਰਖਾਈਆ । ਜਿਸ ਨੂੰ ਰਾਤੀ ਲੱਗੀ ਠੰਡ, ਉਸ ਦਾ ਨੌਂ ਦਿਨ ਦਾ ਦੁੱਖ ਦਿਤਾ ਗਵਾਈਆ । ਸਚ ਪ੍ਰੀਤ ਦਾ ਗਾਉਣਾ ਪਏ ਛੰਦ, ਢੋਲਾ ਬੇਪਰਵਾਹੀਆ । ਪਰਮ ਪੁਰਖ ਦਾ ਲੈਣਾ ਪਏ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਭਗਤ ਸੁਹੇਲਾ ਬਣਨਾ ਪਏ ਚੰਦ, ਚੰਦ ਚਾਂਦਨੀ ਨੂਰ ਰੁਸ਼ਨਾਈਆ । ਪੁਰਖ ਅਕਾਲ ਵਸੇ ਸੰਗ, ਸਗਲਾ ਸੰਗ ਬਣਾਈਆ । ਕਿਸੇ ਦਾ ਕਾਗਜ਼ ਕੋਰਾ ਨਾ ਹੋਵੇ ਬਰੰਗ, ਮੋਹਰ ਆਪਣਾ ਨਾਮ ਲਗਾਈਆ । ਲੱਖ ਚੁਰਾਸੀ ਪਾਵੇ ਡੰਡ, ਡੰਡਾਵਤ ਸਮਝ ਕਿਸੇ ਨਾ ਆਈਆ । ਸਭ ਦੀ ਸੁਰਤੀ ਹੋਈ ਰੰਡ, ਕੰਤ ਕੰਤੂਹਲ ਨਾ ਕੋਇ ਹੰਢਾਈਆ ।

੧੧੨੭
੨੦

ਲੇਖਾ ਚੁੱਕੇ ਨਾ ਜੇਰਜ ਅੰਡ, ਉਤਭੁਜ ਸੇਤਜ ਲਹਿਣਾ ਨਾ ਕੋਇ ਮੁਕਾਈਆ । ਵਿਸ਼ਟਾ ਖਾ ਖਾ ਥੱਕੇ ਗੰਦ, ਗਹਿਰ ਗੰਭੀਰ ਨਾ ਮਿਲੇ ਗੋਸਾਈਆ । ਕੁਛ ਲੇਖਾ ਮੁੱਕਣ ਵਾਲਾ ਸੀ ਨਰਾਇਣ ਸਿੰਘ ਕੰਗ, ਉਸੇ ਦੇ ਕਾਰਨ ਉਸ ਦਾ ਜਨਮ ਦਿਤਾ ਬਦਲਾਈਆ । ਰਾਤੀਂ ਸੁੱਤਿਆਂ ਸਭ ਤੋਂ ਕਸ ਅਗੰਮੀ ਤੰਗ, ਗਲੀ ਕੂਚੇ ਮਹੱਲੇ ਵੇਖ ਵਖਾਈਆ । ਨਾਮ ਭੰਡਾਰਾ ਇਕੋ ਵੰਡ, ਜਨ ਭਗਤਾਂ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤਿੰਨ ਮਾਘ ਕਹੇ ਸਭ ਨੇ ਖਾਣੀ ਸੌਂਹ, ਸੌਹਰਾ ਪੇਈਆ ਨਜ਼ਰ ਕੋਇ ਨਾ ਆਈਆ । ਇਕੋ ਜਪਣਾ ਨਾਉਂ, ਨਰ ਨਿਰੰਕਾਰਾ ਢੋਲਾ ਗਾਈਆ । ਏਕਾ ਮੰਨਣਾ ਪਿਤਾ ਮਾਉਂ, ਦੂਜੀ ਗੋਦ ਨਾ ਕੋਇ ਸੁਹਾਈਆ । ਏਕਾ ਚਲਣਾ ਰਾਹੋ, ਰਹਿਬਰ ਇਕ ਅਖਵਾਈਆ । ਜਨ ਭਗਤੋ ਇਕੋ ਤੁਹਾਡਾ ਗਾਉਂ, ਜਿਥੇ ਗਹਿਰ ਗੰਭੀਰ ਡੇਰਾ ਲਾਈਆ । ਗੁਰ ਅਵਤਾਰ ਪੈਗ਼ੰਬਰ ਕਰਦੇ ਵਾਹੋ ਵਾਹੋ, ਵਾਹਵਾ ਤੇਰੀ ਵਡਿਆਈਆ । ਸਚ ਅਦਾਲਤ ਕਰੇ ਨਿਆਉਂ, ਨਿਆਂਕਾਰ ਇਕ ਅਖਵਾਈਆ । ਜੁਗ ਜਨਮ ਦੇ ਵਿਛੜੇ ਮੇਲੇ ਫੜ ਕੇ ਬਾਂਹੋਂ, ਪਲੂ ਆਪਣੀ ਗੰਢ ਬੰਧਾਈਆ । ਹੰਸ ਬੁੱਧੀ ਰਹੇ ਕੋਇ ਨਾ ਕਾਉਂ, ਵਿਸ਼ਟਾ ਕੂੜ ਨਾ ਕੋਇ ਫੁਲਾਈਆ । ਸਿਰ ਰੱਖੇ ਦੇ ਕਰ ਠੰਡੀ ਛਾਉਂ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਸਚ ਪ੍ਰੀਤੀ ਇਕ ਕਮਾਓ, ਕਮਲਿਆਂ ਕੋਝਿਆਂ ਪਾਰ ਲੰਘਾਈਆ । ਕੁਛ ਲੇਖਾ ਦੱਸੇ ਪਾਰ ਲੰਘ ਕੇ ਦਰਿਆਉਂ, ਰਾਵੀ ਦੀ ਭਾਵੀ ਕੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਈਆ । ਤਿੰਨ ਮਾਘ ਕਹੇ ਮੈਨੂੰ ਵੱਜਾ ਅਗੰਮੀ ਦਬਕਾ, ਹੁਕਮ ਨਾਲ ਡਰਾਈਆ । ਤੂੰ ਵੀ ਪੜ੍ਹ ਲਾ ਧੁਰ ਦਾ ਸਬਕਾ, ਸੰਥਿਆ ਇਕ ਸੁਣਾਈਆ । ਦੁਹਾਈ ਮੱਚੀ ਚੌਦਾਂ ਤਬਕਾਂ, ਤਬਕ ਤਬਕ ਕੁਰਲਾਈਆ । ਕਿਸੇ ਨੂੰ ਪਤਾ ਨਹੀਂ ਅਬ ਕਾ, ਅੱਗੇ ਕੀ ਕੀ ਖੇਲ ਕਰਾਈਆ । ਇਹ ਖੇਲ ਅਨੋਖੇ ਰੱਬ ਦਾ, ਜਿਸ ਨੂੰ ਰੱਬੇ ਆਲਮੀਨ ਕਹਿ ਕੇ ਗਾਈਆ । ਲੱਭਿਆਂ ਨਹੀਂ ਲੱਭਦਾ, ਖੋਜਿਆਂ ਹੱਥ ਕਿਸੇ ਨਾ ਆਈਆ । ਇਹ ਮੇਲਾ ਹੋਇਆ ਸਬਬ ਦਾ, ਕਰ ਕਿਰਪਾ ਮੇਲ ਮਿਲਾਈਆ । ਖੇਲ ਬਣਾਇਆ ਆਪਣੀ ਯਦ ਦਾ, ਯਦਪ ਆਪਣੀ ਕਾਰ ਕਮਾਈਆ । ਕੁਛ ਲਹਿਣਾ ਦੇਣਾ ਅੱਜ ਦਾ, ਵੇਦ ਵਿਆਸਾ ਗਿਆ ਲਿਖਾਈਆ । ਉਹ ਮਸਲਾ ਉਹ ਸਫ਼ਾ ਬਿਨ ਅੱਖਰਾਂ ਵਾਲਾ ਕੱਢਦਾ, ਜਿਸ ਦਾ ਨਕਸ਼ਨਗਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਤਿੰਨ ਮਾਘ ਕਹੇ ਮੈਨੂੰ ਪਿਛੋਂ ਵੱਜੇ ਧੱਕਾ, ਹਾਏ ਹਾਏ ਸੁਣਾਈਆ । ਬਹੁੜੀ ਕੋਈ ਨਹੀਂ ਦਿਸਦਾ ਸਕਾ, ਸੱਜਣ ਪੱਲੂ ਗਏ ਛੁਡਾਈਆ । ਉਜੜਦਾ ਦਿਸਦਾ ਮੱਕਾ, ਮਦੀਨਾ ਦਏ ਗਵਾਹੀਆ । ਖੇਲ ਹੋਣਾ ਬੂਰਾ ਕੱਕਾ, ਕੱਕਿਆਂ ਵਾਲੇ ਰੋਵਣ ਮਾਰਨ ਧਾਹੀਂਆ । ਸਭ ਨੂੰ ਲੰਘਾਉਣਾ ਵਿਚੋਂ ਸੂਈ ਨੱਕਾ, ਨਿੱਕਾ ਵੱਡਾ ਬਚਿਆ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤਮ ਸਭ ਨੂੰ ਦੇਵੇ ਫੱਕਾ, ਗੁਰਮੁਖ ਸਾਚੇ ਵੇਖ ਵਖਾਈਆ । ਜਿਸ ਕਾਰਨ ਜਨ ਭਗਤਾਂ ਨਾਲ ਲਾਈਆਂ ਅੱਖਾਂ, ਅੱਖ ਅੱਖ ਨਾਲ ਮਿਲਾਈਆ । ਉਤੇ ਬਠਾ ਕੇ ਕੱਖਾਂ, ਕੱਖਾਂ ਦੀ ਕੁਲੀ ਵੇਖ ਵਖਾਈਆ । ਓਨ੍ਹਾਂ ਦੀ ਪਤ ਰੱਖਾਂ, ਜਿਸ ਪੱਤਣ ਤੇ ਮਲਾਹ ਬੇੜਾ ਇਕੋ ਇਕ ਟਿਕਾਈਆ । ਆਪਣੀ ਕਰਨੀ ਕਰਤੂਤੋਂ ਕਦੇ ਨਾ ਹਟਾਂ, ਹੱਟਾ ਕੱਟਾ ਹੋ ਕੇ ਸਾਚੀ ਸੇਵ ਕਮਾਈਆ । ਏਸੇ ਕਰ ਕੇ ਆਇਆ ਵਿਚ ਜੱਟਾਂ, ਜਟਾ ਜੂਟ ਦਿਤੇ ਤਜਾਈਆ । ਸਭ ਦੇ ਗਲੋਂ ਲਾਹ ਕੇ ਸ਼ਰਅ ਦਾ ਪਟਾ, ਪਟਨੇ ਵਾਲੇ ਦਾ ਮੇਲਾ ਲਿਆ ਮਿਲਾਈਆ । ਕਿਸੇ ਦੇ ਕਰਮ ਦਾ ਕਾਗ਼ਜ਼ ਰਹੇ ਨਾ ਫਟਾ, ਸਾਫ਼

੧੧੨੮
੨੦

ਹਿਸਾਬ ਦਿਤਾ ਕਰਾਈਆ । ਚਾਰੋਂ ਕੁੰਟ ਪੈਣਾ ਰੱਟਾ, ਰਿਟਨ ਕਰ ਨਾ ਕੋਇ ਸਮਝਾਈਆ । ਕੂੜੀ ਕਿਰਿਆ ਲੱਗੇ ਵੱਟਾ, ਵਾਟ ਮੁਕੇ ਨਾ ਜਗਤ ਲੋਕਾਈਆ । ਜਿਨ੍ਹਾਂ ਨੂੰ ਜਗਤ ਜਹਾਨ ਕਰਦਾ ਠੱਠਾ, ਠਾਕਰ ਉਨ੍ਹਾਂ ਦਾ ਹੋਏ ਸਹਾਈਆ । ਗੁਰਮੁਖ ਓਸ ਸਾਹਿਬ ਦਾ ਪੱਠਾ, ਜਿਸ ਦਾ ਪਾਠ ਕਰ ਕੇ ਸਾਰੇ ਸ਼ੁਕਰ ਮਨਾਈਆ । ਸੋ ਸਾਹਿਬ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਜਿਸ ਕਾਰਨ ਭਗਤਾਂ ਦਾ ਕੀਤਾ ਇਕੱਠਾ, ਬਦੋ ਬਦੀ ਮੇਲ ਮਿਲਾਈਆ । ਇਹ ਹਨਵੰਤ ਦਾ ਰਾਮ ਦੇ ਚਰਨਾਂ ਵਿਚ ਪਹਿਲਾ ਟੱਪਾ, ਜੋ ਜ਼ਿਮੀਂ ਉਤੇ ਦਿਤਾ ਲਗਾਈਆ । ਰਾਮ ਮੁਖੋਂ ਕਹਿ ਕੇ ਅੱਛਾ, ਅੱਛੀ ਤਰਾ ਸਮਝਾਈਆ । ਉਹ ਪੁਰਖ ਅਕਾਲ ਵੇਖ ਸੱਚਾ, ਨਿਰਗੁਣ ਦਾਤਾ ਨੂਰ ਇਲਾਹੀਆ । ਜਿਸ ਦਾ ਮੈਂ ਵੀ ਇਕ ਬੱਚਾ, ਤਨ ਵਜੂਦ ਸੋਭਾ ਪਾਈਆ । ਉਸ ਦੀ ਆਦਿ ਜੁਗਾਦੀ ਸਤਾ, ਸਤਿ ਸਤਿ ਵਿਚ ਸਮਾਈਆ । ਕਲਜੁਗ ਖੇਲ ਵੇਖ ਰਤਾ, ਰਾਤੀਂ ਸੁੱਤਿਆਂ ਦਿਆਂ ਵਖਾਈਆ । ਰਾਮ ਸੁਣਾਈ ਇਕ ਕਥਾ, ਹਨਵੰਤ ਦਿਤਾ ਜਣਾਈਆ । ਰੱਖ ਕੇ ਤੀਰ ਕਮਾਨ ਭੱਥਾ, ਹੱਥ ਮੱਥੇ ਉਤੇ ਟਿਕਾਈਆ । ਹਨਵੰਤ ਵੇਖ ਭਗਤਾਂ ਦਾ ਜੱਥਾ, ਅੱਖ ਵਿਚੋਂ ਅੱਖ ਉਠਾਈਆ । ਹਨਵੰਤ ਵੇਖ ਕੇ ਹੱਸਾ, ਕੱਛਾਂ ਮਾਰ ਕੇ ਖ਼ੁਸ਼ੀ ਬਣਾਈਆ । ਪ੍ਰਭੂ ਕੀ ਖੇਲ ਪੁਰਖ ਸਮਰਥਾ, ਕੀ ਅਚਰਜ ਰਚਨ ਰਚਾਈਆ । ਨਿਰਗੁਣ ਜੋਤ ਵੇਖਿਆ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਰਾਮ ਕਿਹਾ ਆਪਣਾ ਨੇਤਰ ਵੇਖ ਪਟਾ, ਪਲਕ ਉਂਗਲਾਂ ਨਾਲ ਚੁਕਾਈਆ । ਹਨੂਵੰਤ ਤੱਕਿਆ ਧਰਤੀ ਦਾ ਉਹ ਇਕ ਹਿੱਸਾ, ਜਿਥੇ ਰਿਸ਼ੀ ਬਾਲਮੀਕ ਬਹਿ ਕੇ ਆਪਣਾ ਝਟ ਲੰਘਾਈਆ । ਇਹੋ ਦਿਨ ਤੇ ਇਹੋ ਥਿਤਾ, ਨਛੱਤਰ ਇਹੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਤਿੰਨ ਮਾਘ ਕਿਹਾ ਮੈਂ ਡਰਦਾ ਰਿਹਾ ਬੋਲ, ਬੋਲੀ ਬੋਲ ਸੁਣਾਈਆ । ਹਉਂ ਵਾਰੀ ਸਦਕੇ ਘੋਲ, ਘੋਲੀ ਘੋਲ ਘੁਮਾਈਆ । ਸੁਣਿਆ ਨਾਮ ਬਚਨ ਅਨਮੋਲ, ਅਨਮੁਲੜਾ ਦਿਤਾ ਜਣਾਈਆ । ਹਭ ਕਿਛ ਵਸਤ ਮੇਰੇ ਕੋਲ, ਦੇਂਦਿਆਂ ਤੋਟ ਰਹੇ ਨਾ ਰਾਈਆ । ਡੰਕਾ ਸ਼ਬਦ ਵਜਾ ਢੋਲ, ਡੌਰੂ ਇਕ ਉਠਾਈਆ । ਸਚ ਦਵਾਰਾ ਦੇਵਾਂ ਖੋਲ੍ਹ, ਦਰਵਾਜ਼ਾ ਬੰਦ ਨਾ ਕੋਇ ਕਰਾਈਆ । ਲੱਖ ਚੁਰਾਸੀ ਵਿਚੋਂ ਫੋਲ, ਵਸਤ ਅਮੋਲਕ ਇਕ ਟਿਕਾਈਆ । ਭਾਗ ਲਗਾ ਕੇ ਧਰਨੀ ਧੌਲ, ਧਰਮ ਦਵਾਰ ਸੋਭਾ ਪਾਈਆ । ਜਨ ਭਗਤ ਰਹੇ ਨਾ ਕੋਈ ਅਨਭੋਲ, ਸੁੱਤਿਆਂ ਲਵਾਂ ਉਠਾਈਆ । ਮਾਘ ਕਹੇ ਮੇਰੇ ਦਿਲ ਨੂੰ ਪੈਂਦਾ ਹੌਲ, ਕੀ ਹੌਲੀ ਹੌਲੀ ਕਾਰ ਕਮਾਈਆ । ਮੈਨੂੰ ਯਾਦ ਆ ਗਿਆ ਕੀ ਸੀਤਾ ਨਾਲ ਰਾਮ ਨੇ ਕੀਤਾ ਕੌਲ, ਇਕਰਾਰ ਆਪਣਾ ਆਪ ਬਣਾਈਆ । ਜਿਸ ਵੇਲੇ ਸਤਿ ਧਰਮ ਦਾ ਪਿਆ ਰੌਲ, ਰੌਲੇ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਤਿੰਨ ਮਾਘ ਕਹੇ ਮੈਂ ਕੀ ਵੇਖਿਆ ਸੀਤਾ ਸੁੱਤੀ, ਬਨਬਾਸ ਡੇਰਾ ਲਾਈਆ । ਉਹਦੀ ਆਹ ਨਿਕਲੀ ਉਚੀ, ਹੋਕਾ ਦੇ ਸੁਣਾਈਆ । ਆਪਣੀ ਹਿੱਕ ਤੇ ਮਾਰ ਕੇ ਮੁੱਕੀ, ਦਿਤੀ ਕੂਕ ਦੁਹਾਈਆ । ਅੱਭੜਵਾਹੀ ਉਠੀ, ਨੈਣਾਂ ਨੀਰ ਵਹਾਈਆ । ਹੋ ਕੇ ਪਿਠ ਭਾਰ ਪੁੱਠੀ, ਨੇਤਰ ਨੈਣ ਅੱਖ ਖੁਲ੍ਹਾਈਆ । ਐ ਪ੍ਰਭੂ ਮੈਂ ਕਲਜੁਗ ਵੇਖਿਆ ਤੇਰੇ ਨਾਲੋਂ ਸਭ ਦੀ ਧਾਰ ਟੁੱਟੀ, ਸਾਚਾ ਸੰਗ ਨਾ ਕੋਇ ਨਿਭਾਈਆ । ਗਾਨਾ ਰਿਹਾ ਕੋਇ ਨਾ ਗੁੱਟੀਂ, ਮੌਲੀ ਤੰਦ ਨਾ ਕੋਇ ਵਡਿਆਈਆ । ਸਚ ਦਵਾਰਿਓਂ ਸਭ ਨੂੰ ਮਿਲੀ ਛੁੱਟੀ, ਮਕਤਬ ਪੜ੍ਹਨ ਕੋਇ ਨਾ ਆਈਆ । ਤੇਰੀ ਆਤਮਾ ਤੈਥੋਂ ਰੁੱਸੀ, ਰੁੱਸੀ ਸਕੇ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਖੁਲ੍ਹਾਈਆ ।

੧੧੨੯
੨੦

ਤਿੰਨ ਮਾਘ ਕਹੇ ਸੀਤਾ ਨੂੰ ਫੇਰ ਆ ਗਈ ਨੀਂਦ, ਅੱਖਾਂ ਵਿਚ ਸਮਾਈਆ । ਕੀ ਤੱਕੇ ਕੂੜ ਕੁੜਿਆਰ ਚੜ੍ਹੀ ਪੀਂਘ, ਹੁਲਾਰਾ ਇਕੋ ਇਕ ਵਖਾਈਆ । ਓਨੇ ਚਿਰ ਨੂੰ ਇਕ ਗਧਾ ਗਿਆ ਹੀਂਗ, ਆਪਣੀ ਆਵਾਜ਼ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਤਿੰਨ ਮਾਘ ਕਹੇ ਸੀਤਾ ਨੂੰ ਤੀਜੀ ਵਾਰ ਫੇਰ ਆ ਗਿਆ ਆਲਸ, ਮੁਖ ਲਪੇਟ ਆਪਣੀ ਅੱਖ ਛੁਪਾਈਆ । ਕੀ ਤੱਕਿਆ ਸੁਫ਼ਨੇ ਦਾ ਰੂਪ ਉਹ ਖ਼ਾਲਸ, ਖ਼ਾਲਸ ਨੂਰ ਇਲਾਹੀਆ । ਜਾਂ ਸਮਝਿਆ ਸਭ ਦਾ ਉਹ ਸਾਲਸ, ਸਾਲਸੀ ਰਿਹਾ ਕਮਾਈਆ । ਸੀਤਾ ਦੀ ਲਾਹ ਕੇ ਆਲਸ, ਹੌਲੀ ਜਿਹੀ ਸੁਣਾਈਆ । ਓਹ ਵੇਖ ਕਲਜੁਗ ਜੀਵ ਹੋਏ ਰਾਕਸ਼, ਰਕਸ਼ਾ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਸੀਤਾ ਤੱਕੇ ਚਾਰੋਂ ਕੁੰਟ ਸਾਜ਼ਸ਼, ਸ਼ਰਅ ਵਿਚ ਲੜਾਈਆ । ਬਿਨਾ ਬਾਣਾਂ ਤੋਂ ਲੱਗੀ ਆਤਸ਼, ਅਗਨੀ ਅੱਗ ਨਾ ਕੋਇ ਬੁਝਾਈਆ । ਹੈਰਾਨ ਹੋ ਕੇ ਕਿਹਾ ਐ ਮੇਰੇ ਮਾਲਕ, ਰਾਮ ਦੇ ਰਾਮ ਤੇਰੀ ਦੁਹਾਈਆ । ਪੁਰਖ ਅਕਾਲ ਝਟ ਬਣ ਕੇ ਨਿੱਕਾ ਜਿਹਾ ਬਾਲਕ, ਉਂਗਲੀ ਇਸ਼ਾਰੇ ਨਾਲ ਵਖਾਈਆ । ਔਹ ਵੇਖ ਸੱਚੀ ਮੇਰੀ ਅਦਾਲਤ, ਜਿਥੇ ਬਹਿ ਕੇ ਹੁਕਮ ਵਰਤਾਈਆ । ਲੱਖ ਚੁਰਾਸੀ ਬਣ ਪ੍ਰਿਤਪਾਲਕ, ਸੇਵਕ ਹੋ ਕੇ ਸੇਵ ਕਮਾਈਆ । ਸਚ ਧਰਮ ਦਾ ਬਣ ਸੰਚਾਲਕ, ਜੁਗ ਜੁਗ ਵੇਖਾਂ ਚਾਈਂ ਚਾਈਂਆ । ਆਪਣਿਆਂ ਭਗਤਾਂ ਦਾ ਸਦਾ ਟਿੱਕਾ ਲਾਹਵਾਂ ਕਾਲਖ, ਕਿਲਵਿਖ ਪਾਪ ਗਵਾਈਆ । ਕੂੜੀ ਰਹੇ ਨਾ ਕੋਇ ਜਹਾਲਤ, ਮਮਤਾ ਮੋਹ ਮਿਟਾਈਆ । ਬਿਨਾਂ ਪੈਸਿਆਂ ਦੇ ਜ਼ਮਾਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਖੁਲ੍ਹਾਈਆ । ਤਿੰਨ ਮਾਘ ਕਹੇ ਸੀਤਾ ਵੇਖਿਆ ਅਜਬ ਨਜ਼ਾਰਾ, ਅੰਤਰ ਧਿਆਨ ਲਗਾਈਆ । ਫਿਰ ਰਾਮ ਨੂੰ ਕਰ ਨਿਮਸਕਾਰਾ,

੧੧੩੦
੨੦

ਸੱਜੇ ਚਰਨ ਦਾ ਅੰਗੂਠਾ ਫੜ ਕੇ ਦਿਤਾ ਹਿਲਾਈਆ । ਨੇਤਰ ਨੀਰ ਵਹਾ ਕੇ ਧਾਰਾ, ਛਹਿਬਰ ਇਕ ਵਖਾਈਆ । ਉਠ ਰਾਮ ਮੇਰੇ ਪਿਆਰਾ, ਕੂਕ ਦਿਤੀ ਦੁਹਾਈਆ । ਰਾਮ ਉਠ ਵੇਖਿਆ ਕਿਉਂ ਕਰੇਂ ਗਿਰਿਆਜ਼ਾਰਾ, ਆਪਣਾ ਆਪ ਗਵਾਈਆ । ਸੀਤਾ ਕਿਹਾ ਮੈਂ ਵੇਖਿਆ ਖੇਲ ਅਪਾਰਾ, ਅਪਰੰਪਰ ਸਵਾਮੀ ਦਿਆਂ ਜਣਾਈਆ । ਸੁੱਤੀ ਨੂੰ ਹੋਇਆ ਇਸ਼ਾਰਾ, ਤਿੰਨ ਵਾਰ ਵਖਾਈਆ । ਕਲਜੁਗ ਦਾ ਦਿਸਿਆ ਕਿਨਾਰਾ, ਚਾਰੇ ਕੁੰਟ ਕੂੜ ਕੁੜਿਆਰ ਨਜ਼ਰੀ ਆਈਆ । ਸਭ ਨੂੰ ਵਿਸਰਿਆ ਕਰਤਾਰਾ, ਅਕਿਰਤਘਣ ਦਿਸੇ ਲੋਕਾਈਆ । ਐ ਪ੍ਰਭੂ ਮੈਥੋਂ ਤੇਰਾ ਵਿਛੋੜਾ ਨਾ ਜਾਏ ਸਹਾਰਾ, ਜੰਗਲ ਵਿਚ ਮੰਗਲ ਤੇਰੇ ਨਾਲ ਨਜ਼ਰੀ ਆਈਆ । ਕੀ ਫੇਰ ਵੀ ਆਵੇਂ ਦੁਬਾਰਾ, ਦੁਖੀਆਂ ਦਾ ਦਰਦ ਗਵਾਈਆ । ਰਾਮ ਕਿਹਾ ਸੀਤਾ, ਓਹ ਰਾਮ ਮੇਰਾ ਨਿਆਰਾ, ਜੋ ਹਰ ਘਟ ਵਸਿਆ ਲੱਖ ਚੁਰਾਸੀ ਵਿਚ ਸਮਾਈਆ । ਮੈਂ ਕਹਿੰਦਾ ਉਸ ਨੇ ਆਪਣਾ ਆਪ ਧਾਰਨਾ ਅਵਤਾਰਾ, ਜੋ ਦੋ ਚਾਰ ਦਾ ਲੇਖਾ ਦਏ ਮੁਕਾਈਆ । ਭਗਤਾਂ ਦਾ ਬਣੇ ਸਹਾਰਾ, ਸਾਚਾ ਸੰਗ ਬਣਾਈਆ । ਜਿਹੜਾ ਚਾਰ ਜੁਗ ਗੁਰ ਅਵਤਾਰਾਂ ਪੈਗ਼ੰਬਰਾਂ ਦੇ ਕੇ ਜਾਣਾ ਲਾਰਾ, ਉਹਨਾਂ ਦਾ ਲਹਿਣਾ ਓਹੋ ਮੁਕਾਈਆ । ਰਾਮ ਕਿਹਾ ਫੇਰ ਕਰ ਇਸ਼ਾਰਾ, ਪਿੱਛਾ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਤਿੰਨ ਮਾਘ ਕਹੇ ਮੈਨੂੰ ਦਿਸੇ ਪੁਰਾਣ ਸਕੰਦ, ਧਿਆਏ ਤੇਰਵਾਂ ਨਜ਼ਰੀ ਆਈਆ । ਜਿਸ ਵਿਚ ਸੋਹੰ ਲਿਖ ਕੇ ਛੰਦ, ਜੈ ਅੱਗੇ ਦਿਤੀ ਲਗਾਈਆ । ਦਰਮਿਆਨ ਵਿਚ ਖੜ੍ਹੀ ਕਰ ਕੇ ਕੰਧ, ਓਹਲਾ ਦਿਤਾ ਵਖਾਈਆ । ਵਿਸ਼ਨੂੰ ਪੁਰਾਣ ਕਿਹਾ ਜਿਸ ਵੇਲੇ ਆਵੇ ਸੂਰਾ ਸਰਬੰਗ, ਸਾਹਿਬ ਧੁਰਦਰਗਾਹੀਆ । ਜਨ ਭਗਤਾਂ ਪਾਏ ਠੰਡ, ਠੰਡਕ ਇਕ ਵਰਤਾਈਆ । ਦੁਸ਼ਟਾਂ

੧੧੩੦
੨੦

ਦੇਵੇ ਡੰਡ, ਡੰਡਾ ਨਾਮ ਹੱਥ ਉਠਾਈਆ । ਓਨ੍ਹਾਂ ਲਵੇ ਗੰਢ, ਜਿਨ੍ਹਾਂ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤਿੰਨ ਮਾਘ ਕਹੇ ਪ੍ਰਭ ਲਾਉਂਦਾ ਜਾਏ ਪਾਬੰਦੀ, ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਨਾਲ ਕਰਦਾ ਜਾਏ ਸੰਧੀ, ਲਿਖਤ ਭਵਿਖਤ ਵੇਖ ਵਖਾਈਆ । ਕੂੜੀ ਕਿਰਿਆ ਮੇਟਦਾ ਜਾਏ ਗੰਦੀ, ਮਾਇਆ ਮਮਤਾ ਮੋਹ ਮਿਟਾਈਆ । ਤਿੰਨ ਮਾਘ ਕਹੇ ਮੈਨੂੰ ਇਕੋ ਗੱਲ ਲੱਗੀ ਚੰਗੀ, ਚੰਗੀ ਤਰ੍ਹਾਂ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਤਿੰਨ ਮਾਘ ਉਹ ਚੰਗੀ ਕਿਹੜੀ ਬਾਤ, ਪੜਦਾ ਦੇ ਉਠਾਈਆ । ਖੋਲ੍ਹ ਕੇ ਦੱਸ ਰਾਜ਼, ਭੇਵ ਰਹੇ ਨਾ ਰਾਈਆ । ਤਿੰਨ ਮਾਘ ਕਹੇ ਜਿਸ ਵੇਲੇ ਮੁਹੰਮਦ ਨੇ ਪਹਿਲੀ ਵਾਰ ਵੰਡੀ ਨਿਆਜ਼, ਮੁਰੀਦਾਂ ਦਿਤੀ ਵਖਾਈਆ । ਓਸ ਨੂੰ ਆਈ ਇਕ ਆਵਾਜ਼, ਹੁਕਮ ਧੁਰਦਰਗਾਹੀਆ । ਮੁਹੰਮਦ ਖੋਲ੍ਹ ਜਾਗ, ਆਲਸ ਨਿੰਦਰਾ ਗਵਾਈਆ । ਸਭ ਦਾ ਕਰ ਤਿਆਗ, ਇਕੋ ਧਿਆਨ ਰਖਾਈਆ । ਦੋ ਜਹਾਨ ਮੇਰਾ ਬਾਗ਼, ਲੱਖ ਚੁਰਾਸੀ ਗੁਲਸ਼ਨ ਇਕ ਮਹਿਕਾਈਆ । ਤੂੰ ਮੇਰਾ ਨਿੱਕਾ ਜਿਹਾ ਚਰਾਗ਼, ਦੀਵਾ ਦਿਤਾ ਟਿਕਾਈਆ । ਸੁਣਨਾ ਹੁਕਮ ਆਜ, ਤੈਨੂੰ ਦਿਆਂ ਸੁਣਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਜਿਸ ਦਾ ਆਦਿ ਜੁਗਾਦੀ ਰਾਜ, ਰਈਅਤ ਸਭ ਨੂੰ ਰਿਹਾ ਬਣਾਈਆ । ਮੁਹੰਮਦਾ ਤੱਕ ਜਿਸ ਦੇ ਸੀਸ ਉਤੇ ਤਾਜ, ਤਖ਼ਤ ਤਾਜ ਦਏ ਉਲਟਾਈਆ । ਉਸ ਨੇ ਬਦਲ ਦੇਣਾ ਰਿਵਾਜ, ਰਹਿਮਤ ਵਿਚ ਆਪਣਾ ਹੁਕਮ ਸੁਣਾਈਆ । ਤੁਹਾਨੂੰ ਹੋਣਾ ਪਏ ਮੁਹਤਾਜ, ਮੰਗਣਾ ਪਏ ਚਾਈਂ ਚਾਈਆ । ਮੁਹੰਮਦ ਕਿਹਾ ਐ ਖ਼ੁਦਾ ਕੀ ਦਿਤੀ ਆਵਾਜ਼, ਮੈਨੂੰ ਦੇ ਸਮਝਾਈਆ । ਪਰਵਰਦਿਗਾਰ ਕਿਹਾ ਪਹਿਲੋਂ ਕਰ ਆਦਾਬ, ਸਜਦਾ ਸੀਸ ਨਿਵਾਈਆ । ਆਹ ਵੇਖ ਮੇਰਾ ਹਿਸਾਬ, ਲੇਖਾ ਵੱਖੋ ਵੱਖ ਬਣਾਈਆ । ਪੁੱਠੀ ਸਿੱਧੀ ਕਰ ਕਿਤਾਬ, ਚਾਰੋਂ ਕੁੰਟ ਪੜ੍ਹਾਈਆ । ਮੁਹੰਮਦ ਹੋ ਗਿਆ ਲਾਜਵਾਬ, ਨਿਉਂ ਕੇ ਸੀਸ ਨਿਵਾਈਆ । ਪੁਰਖ ਅਕਾਲ ਮੁਖ਼ਾਤਬ ਹੋ ਕੇ ਦਿਤਾ ਖ਼ਤਾਬ, ਹੁਕਮ ਹੁਕਮ ਇਕ ਸੁਣਾਈਆ । ਔਹ ਵੇਖ ਨਾਨਕ ਦੀ ਰਬਾਬ, ਜੋ ਤੂੰ ਹੀ ਤੂੰ ਹੀ ਗਾਈਆ । ਮੁਹੰਮਦਾ ਨਿਆਜ਼ਾਂ ਦਾ ਕੀ ਸਵਾਦ, ਜਿੰਨਾਂ ਚਿਰ ਸਭ ਦਾ ਮਾਲਕ ਨਜ਼ਰ ਨਾ ਆਈਆ । ਇਹ ਇਸ਼ਾਰਾ ਦਿਤਾ ਵਿਚ ਬਗ਼ਦਾਦ, ਬਗ਼ਲੀਆਂ ਵਾਲੇ ਫਿਰਨ ਭੱਜਣ ਵਾਹੋ ਦਾਹੀਆ । ਕਰੇ ਨਾ ਕੋਈ ਇਮਦਾਦ, ਇਮਦਾਦੀ ਨਜ਼ਰ ਕੋਇ ਨਾ ਆਈਆ । ਜਿਧਰ ਵੇਖੇ ਉਧਰ ਬਰਬਾਦ, ਬਰਬਾਦੀ ਚਾਰੋਂ ਕੁੰਟ ਛਾਈਆ । ਪਰਵਰਦਿਗਾਰ ਆਪਣਾ ਵਜਾ ਕੇ ਇਕ ਨਾਦ, ਮੁਹੰਮਦ ਪੜਦਾ ਹੋਰ ਚੁਕਾਈਆ । ਜਾਂ ਵੇਖਿਆ ਸਦੀ ਚੌਧਵੀਂ ਨਾ ਕੋਈ ਸੰਤ ਨਾ ਕੋਈ ਸਾਧ, ਸੂਫ਼ੀ ਸੁਫ਼ਨੇ ਵਿਚ ਦਰਸ ਕੋਇ ਨਾ ਪਾਈਆ । ਮੁਹੰਮਦ ਕਵਲ ਚਰਨ ਕਰ ਅਦਾਬ, ਸੀਸ ਦਿਤਾ ਝੁਕਾਈਆ । ਸਾਹਿਬ ਤੇਰੇ ਹੱਥ ਵਾਗ, ਜਿਉਂ ਭਾਵੇ ਲੈਣੀ ਭਵਾਈਆ । ਉਹ ਵੀ ਦਿਨ ਸੀ ਤਿੰਨ ਮਾਘ, ਜਿਸ ਦੀ ਥਿਤ ਨਾ ਕਿਸੇ ਲਿਖਾਈਆ । ਸ੍ਰੀ ਭਗਵਾਨ ਕਿਹਾ ਮੁਹੰਮਦ ਔਹ ਵੇਖ ਹੰਸ ਵਿਚ ਕਾਗ, ਗੁਰਮੁਖ ਨਜ਼ਰੀ ਆਈਆ । ਓਨ੍ਹਾਂ ਦਾ ਧੋਣਾ ਦਾਗ਼, ਦੁਰਮਤ ਮੈਲ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਤਿੰਨ ਮਾਘ ਕਹੇ ਮੁਹੰਮਦ ਕੀ ਰਿਹਾ ਦੇਖ, ਦੀਖਿਆ ਵਿਚ ਲੋਕਾਈਆ । ਪ੍ਰਭ ਦਾ ਨਿਰਾਲਾ ਭੇਸ, ਭੇਖਾਧਾਰ ਰੁੜ੍ਹਾਈਆ । ਵਸ ਕੇ ਆਪਣੇ ਦੇਸ, ਦਿਸ਼ਾ ਰਿਹਾ ਬਦਲਾਈਆ । ਜੋ ਰਹੇ ਸਦਾ ਹਮੇਸ਼, ਨਿਰਗੁਣ ਨੂਰ ਇਲਾਹੀਆ । ਸਚ ਦਰ ਦਾ ਬਣ ਨਰੇਸ਼, ਨਰ ਨਰਾਇਣ ਅਖਵਾਈਆ । ਗੁਰ

੧੧੩੧
੨੦

ਅਵਤਾਰ ਪੈਗ਼ੰਬਰਾਂ ਲੈ ਕੇ ਭੇਟ, ਸਾਂਤਕ ਸਤਿ ਨਾ ਆਪਣਾ ਆਪ ਕਰਾਈਆ । ਸਭ ਨੂੰ ਕਰਨਾ ਪਏ ਓਸ ਦਾ ਵੇਟ, ਇੰਤਜਾਰੀ ਵਿਚ ਦੁਹਾਈਆ । ਜਿਸ ਦਾ ਧਰਮ ਦਾ ਹੋਣਾ ਗੇਟ, ਜਿਸ ਵਿਚ ਗੈਟ ਆਉਟ ਕਰੇ ਕੂੜ ਲੋਕਾਈਆ । ਰੂਪ ਹੋਣਾ ਏਕਾ ਏਕ, ਏਕੰਕਾਰ ਨੂਰ ਰੁਸ਼ਨਾਈਆ । ਸਾਨੂੰ ਸਭ ਨੂੰ ਉਸ ਦੇ ਅੱਗੇ ਹੋਣਾ ਪੈਣਾ ਪੇਸ਼, ਪੇਸ਼ਵਾ ਬਣ ਕੇ ਸੀਸ ਨਿਵਾਈਆ । ਝਗੜਾ ਰਹੇ ਨਾ ਮੁੱਲਾ ਸ਼ੇਖ਼, ਸ਼ੇਖੀ ਸਭ ਦੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਘਰ ਵਸਾਈਆ । ਤਿੰਨ ਮਾਘ ਕਹੇ ਮੇਰਾ ਨਹੀਂ ਕੋਈ ਚਾਰਾ, ਚਾਰੋਂ ਕੁੰਟ ਦੁਹਾਈਆ । ਇਹ ਖੇਲ ਹਰਿ ਨਿਰੰਕਾਰਾ, ਨਿਰਗੁਣ ਆਪ ਕਰਾਈਆ । ਕਲਜੁਗ ਦਾ ਅੰਤ ਕਿਨਾਰਾ, ਜਗਤ ਨਈਆ ਡਿਕਾ ਡੋਲੇ ਖਾਈਆ । ਸਾਚਾ ਦਿਸੇ ਨਾ ਕੋਇ ਗੁਰੂਦਵਾਰਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦੇਣ ਦੁਹਾਈਆ । ਹਰਿ ਕੰਤ ਮਿਲੇ ਨਾ ਮੀਤ ਮੁਰਾਰਾ, ਆਤਮ ਸੇਜ ਨਾ ਕੋਇ ਸੁਹਾਈਆ । ਚਾਰੋਂ ਕੁੰਟ ਧੂੰਆਂਧਾਰਾ, ਅੰਧ ਅੰਧੇਰਾ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਲਾਰਾ, ਜੁਗ ਚੌਕੜੀ ਹੁਕਮ ਸੁਣਾਈਆ । ਕਲਜੁਗ ਅੰਤਮ ਨਿਰਗੁਣ ਧਾਰ ਲਏ ਅਵਤਾਰਾ, ਨਿਹਕਲੰਕ ਵੇਖ ਵਖਾਈਆ । ਜਨ ਭਗਤਾਂ ਲਏ ਸਹਾਰਾ, ਸਗਲਾ ਸੰਗ ਬਣਾਈਆ । ਪੂਰਬ ਲਹਿਣਾ ਚੁਕਾਏ ਉਧਾਰਾ, ਮਿਹਰ ਨਜ਼ਰ ਇਕ ਉਠਾਈਆ । ਆਵੇ ਓਸ ਤਟ ਕਿਨਾਰਾ, ਜਿਸ ਦਾ ਪੱਤਣ ਨਸ਼ਟ ਨਾ ਕੋਇ ਕਰਾਈਆ । ਉਹ ਭਗਤਾਂ ਦਾ ਦਵਾਰਾ, ਜਿਥੇ ਭਗਵਨ ਬਹਿ ਕੇ ਖ਼ੁਸ਼ੀ ਮਨਾਈਆ । ਸਚ ਦਾ ਅਖਾੜਾ, ਗੁਰਮੁਖ ਮਿਲ ਕੇ ਵੱਜੇ ਵਧਾਈਆ । ਭਾਗ ਲੱਗੇ ਜੰਗਲ ਵਿਚ ਉਜਾੜਾ, ਉਜੜੀ ਬਸਤੀ ਦਏ ਵਸਾਈਆ । ਜ਼ਿਮੀਂ ਅਸਮਾਨਾਂ ਮੇਟ ਕੇ ਪਾੜਾ, ਪੜਦਾ ਅੰਦਰੋਂ ਦਏ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਤਖ਼ਤ ਨਿਵਾਸੀ ਇਕੋ ਲਾੜਾ, ਲੱਖ ਚੁਰਾਸੀ ਲਾੜੀ ਆਪ ਪਰਨਾਈਆ । ਨਿਰਗੁਣ ਜੋਤ ਆਵੇ ਦੋਬਾਰਾ, ਦੋਹਰਾ ਖੇਲ ਖਿਲਾਈਆ । ਜਿਸ ਨੂੰ ਸਮਝੇ ਨਾ ਕੋਇ ਵਿਚ ਸੰਸਾਰਾ, ਪੜਦਾ ਸਕੇ ਨਾ ਕੋਇ ਚੁਕਾਈਆ । ਕਾਗਤ ਕਲਮ ਨਾ ਲਿਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਵਸਾਈਆ । ਤਿੰਨ ਮਾਘ ਕਹੇ ਸ੍ਰਿਸ਼ਟੀ ਦੀ ਤਿੰਨ ਦਿਨ ਮੁਨਿਆਦ, ਹੁਕਮ ਹੁਕਮ ਵਿਚ ਮਨਾਈਆ । ਜਿਸ ਵਿਚ ਉਜੜ ਕੇ ਫੇਰ ਹੋਏ ਆਬਾਦ, ਬਹੁਤੇ ਥੋੜ੍ਹੇ ਸਮਝ ਕਿਸੇ ਨਾ ਆਈਆ । ਸਤਿ ਧਰਮ ਦਾ ਕਰੇ ਰਾਜ, ਰਈਅਤ ਇਕ ਵਖਾਈਆ । ਇਹ ਅਨਡਿੱਠੜਾ ਕਾਜ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਜਨ ਭਗਤੋ ਖੋਲ੍ਹ ਕੇ ਜਾਗ, ਜਗਜੀਵਣ ਦਾਤਾ ਹੋਏ ਸਹਾਈਆ । ਇਹ ਧਰਨੀ ਦਾ ਭਾਗ, ਹਿੱਸਾ ਵੰਡ ਝੋਲੀ ਪਾਈਆ । ਫ਼ਰੀਦ ਨੌ ਦਿਨ ਏਥੇ ਜਗਾ ਕੇ ਗਿਆ ਚਰਾਗ, ਚਰਾਗਾਹਾਂ ਵਿਚ ਆਪਣਾ ਡੇਰਾ ਲਾਈਆ । ਅੰਤ ਝੌਂਪੜੀ ਨੂੰ ਲਾ ਕੇ ਆਗ, ਖ਼ਾਕ ਗਿਆ ਬਣਾਈਆ । ਦੇ ਕੇ ਉਚੀ ਬਾਂਗ, ਨਾਅਰਾ ਇਕ ਸੁਣਾਈਆ । ਜਿਸ ਵੇਲੇ ਵਰਤੇ ਸਵਾਂਗ, ਸਵਾਂਗੀ ਹੋ ਕੇ ਫੇਰਾ ਪਾਈਆ । ਮੈਂ ਵੀ ਤੇਰੀ ਰੱਖਣੀ ਤਾਂਘ, ਆਸਾ ਆਸਾ ਨਾਲ ਮਿਲਾਈਆ । ਰੋ ਕੇ ਨਿਕਲੀ ਚਾਂਗ, ਬਹੁੜੀ ਬਹੁੜੀ ਦੁਹਾਈਆ । ਝਟ ਨਿਰਗੁਣ ਸਰਗੁਣ ਨਜ਼ਰ ਆਇਆ ਹੱਥ ਵਿਚ ਫੜ ਕੇ ਡਾਂਗ, ਆਪਣਾ ਰੂਪ ਬਦਲਾਈਆ । ਫੇਰ ਝਟ ਆਪਣੀ ਦੋ ਹੱਥਾਂ ਉਤੇ ਚੁੱਕ ਕੇ ਟਾਂਗ, ਦਰਸ ਦਿਤਾ ਦਿਖਾਈਆ । ਬਣ ਸ਼ੁਦਾਈਆਂ ਵਾਂਗ, ਘੱਟੇ ਉਤੇ ਆਸਣ ਲਾਈਆ । ਕੰਨਾਂ ਵਿਚ ਉਂਗਲਾਂ ਪਾ ਕੇ ਦਿਤੀ ਬਾਂਗ, ਹੱਥ ਸੀਨੇ ਉਤੇ ਟਿਕਾਈਆ । ਉਨੇ ਚਿਰ ਨੂੰ ਨਿਕਲ ਕੇ ਆ ਗਿਆ ਨਾਗ, ਕਾਲਾ ਆਪਣੀ ਫਨ ਫੈਲਾਈਆ । ਉਹਦੇ ਗੱਲ ਵਿਚ ਸੀ ਇਕ ਦਾਗ਼, ਜੋ

੧੧੩੨
੨੦

ਲਾਲ ਚਮਕੇ ਨੂਰ ਰੁਸ਼ਨਾਈਆ । ਉਧਰੋਂ ਭੱਜਾ ਆ ਗਿਆ ਬਾਘ, ਆਪਣੀ ਤਬਕ ਲਗਾਈਆ । ਪ੍ਰਭੂ ਨੂੰ ਫੇਰ ਆ ਗਿਆ ਵੈਰਾਗ, ਫ਼ਰੀਦ ਦੇ ਅੱਗੇ ਹੋ ਕੇ ਆਪਣੇ ਅਥਰੂ ਦਿਤੇ ਵਹਾਈਆ । ਫ਼ਰੀਦਾ ਕੁਛ ਮੰਗ ਲੈ ਇਮਦਾਦ, ਦੇਣ ਵਾਲਾ ਤੇਰੇ ਦਰ ਤੇ ਆਈਆ । ਫ਼ਰੀਦ ਕਿਹਾ ਪ੍ਰਭੂ ਜੇ ਕਿਰਪਾ ਕਰਨੀ ਤੇ ਕਦੇ ਬਣਾਵੀਂ ਭਗਤਾਂ ਦਾ ਸਮਾਜ, ਇਹੋ ਮੇਰੀ ਮਨਸਾ ਦਏ ਦੁਹਾਈਆ । ਮੈਂ ਤੇਰੇ ਪਿੱਛੇ ਰੋਟੀ ਖਾਧੀ ਕਾਠ, ਪੁੱਠਾ ਆਪਣਾ ਆਪ ਲਟਕਾਈਆ । ਮੇਰੇ ਨੇਤਰ ਠੂੰਗ ਗਏ ਕਾਗ, ਨੈਣ ਨਾ ਕੋਇ ਚਮਕਾਈਆ । ਮੈਂ ਚਾਹੁੰਦਾ ਤੇਰੇ ਭਗਤਾਂ ਦਾ ਬੇੜਾ ਭਰੇ ਜਹਾਜ਼, ਪੱਤਨ ਇਕੋ ਸੋਭਾ ਪਾਈਆ । ਉਨੇ ਚਿਰ ਨੂੰ ਉਡ ਕੇ ਆ ਗਿਆ ਇਕ ਬਾਜ਼, ਆਪਣੇ ਪੰਖ ਹਿਲਾਈਆ । ਉਧਰੋਂ ਨੰਗਾ ਆ ਗਿਆ ਸਾਧ, ਨਾਅਰਾ ਅਲੱਖ ਅਲੱਖ ਸੁਣਾਈਆ । ਮਸਤਾਨਾ ਹੋ ਕੇ ਕਹੇ ਜੇ ਤੂੰ ਰੱਬ ਕੂੜ ਦਾ ਮੇਟੀਂ ਰਾਜ, ਕੂੜੀ ਰਾਜਾ ਪਰਜਾ ਰਹਿਣ ਕੋਇ ਨਾ ਪਾਈਆ । ਪ੍ਰਭੂ ਉਸੇ ਵੇਲੇ ਉਹਦੇ ਕੋਲ ਹੌਲੀ ਹੌਲੀ ਗਿਆ ਭਾਜ, ਸਾਧੂ ਨੂੰ ਫੜ ਕੇ ਦਿਤਾ ਹਿਲਾਈਆ । ਬੱਚੂ ਮੈਂ ਤੈਨੂੰ ਦੱਸਾਂ ਇਕ ਜਾਚ, ਸਹਿਜ ਨਾਲ ਸਮਝਾਈਆ । ਫੇਰ ਵੀ ਤੇਰਾ ਤਨ ਬਣਾਉਣਾ ਮਾਟੀ ਕਾਚ, ਤੱਤਾਂ ਨਾਲ ਵਡਿਆਈਆ । ਤੂੰ ਉਸ ਵੇਲੇ ਫੇਰ ਮੇਰੀ ਕਰੇਂ ਯਾਦ, ਆਸਾ ਇਕ ਰਖਾਈਆ । ਇਹੋ ਧਰਤੀ ਫੇਰ ਕਰਾਂ ਅਬਾਦ, ਇਹ ਮੇਰੀ ਬੇਪਰਵਾਹੀਆ । ਹੁਣ ਤੁਸੀਂ ਇਕ ਦੋ ਫੇਰ ਬਗ਼ੀਚਾ ਹੋਵੇ ਬਾਗ਼, ਗੁਰਮੁਖ ਸੋਹਣੇ ਨਜ਼ਰੀ ਆਈਆ । ਓਨੇ ਚਿਰ ਨੂੰ ਇਕ ਕਬਾਬੀ ਭੁੰਨ ਕੇ ਇਕ ਲੈ ਆਇਆ ਕਬਾਬ, ਸੀਖਾਂ ਉਤੇ ਟਿਕਾਈਆ । ਨਾਲੇ ਕਰਦਾ ਆਵੇ ਹਿਸਾਬ, ਲੇਖਾ ਉਂਗਲਾਂ ਉਤੇ ਬਣਾਈਆ । ਨੇੜੇ ਆ ਕੇ ਮਾਰੀ ਆਵਾਜ਼, ਸੌਦਾ ਜਗਤ ਹੱਟ ਵਿਕਾਈਆ । ਐਸ ਦਾ ਵੇਖੋ ਸਵਾਦ, ਰਸ ਰਸਨਾ ਨਾਲ ਚਖਾਈਆ । ਇਹ ਵਸਤ ਤੁਹਾਨੂੰ ਦਿਤੀ ਨਹੀਂ ਤੁਹਾਡੇ ਮਾਈ ਬਾਪ, ਜਿਹੜੀ ਤੁਹਾਨੂੰ ਦਿਤੀ ਖਵਾਈਆ । ਫ਼ਰੀਦ ਕਿਹਾ ਐ ਖ਼ੁਦਾਵੰਦ ਪਾਕ, ਇਹ ਕੌਣ ਏਥੇ ਆਈਆ । ਕੀ ਕੋਈ ਪੁਤਲਾ ਮਾਟੀ ਖ਼ਾਕ, ਜੋ ਸਾਨੂੰ ਰਿਹਾ ਡਰਾਈਆ । ਸ੍ਰੀ ਭਗਵਾਨ ਕਿਹਾ ਇਹ ਖੇਲ ਹੋਇਆ ਨਾਲ ਇਤਫ਼ਾਕ, ਇਤਫ਼ਾਕੀਆਂ ਕਾਰ ਕਮਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਇਹ ਕੂੜਿਆਂ ਸਾਧਾਂ ਸੰਤਾਂ ਦੀ ਜਾਚ, ਜੋ ਕਬਾਬ ਭੁੰਨ ਕੇ ਭੱਜੇ ਵਾਹੋ ਦਾਹੀਆ । ਇਨ੍ਹਾਂ ਦਾ ਮਮਤਾ ਦਾ ਪਾਠ, ਲੋਭ ਦੀ ਪੜ੍ਹਾਈਆ । ਫ਼ਰੀਦ ਕਿਹਾ ਪ੍ਰਭੂ ਤੇਰੀ ਕਿਹੜੀ ਕਿਤਾਬ, ਮੈਨੂੰ ਦੇ ਵਖਾਈਆ । ਸ੍ਰੀ ਭਗਵਨ ਕਿਹਾ ਉਹ ਜਗਤ ਤੋਂ ਵੱਖਰੀ ਲੁਗ਼ਾਤ, ਜਿਸ ਦਾ ਅੱਖਰ ਅੱਖਰ ਨਾ ਕੋਇ ਪਰਗਟਾਈਆ । ਜਿਸ ਵੇਲੇ ਮੈਂ ਤੇ ਮੇਰੇ ਭਗਤਾਂ ਦੀ ਸਾਂਝੀ ਹੋਈ ਜਾਤ, ਓਸ ਵੇਲੇ ਵਰਕਾ ਦਿਆਂ ਉਲਟਾਈਆ । ਤੂੰ ਮੇਰਾ ਮੈਂ ਤੇਰਾ ਇਹ ਸਭ ਤੋਂ ਨਿੱਕੀ ਤੇ ਸਭ ਤੋਂ ਵੱਡੀ ਮੇਰੀ ਬਾਤ, ਚਾਰ ਜੁਗ ਨਾ ਕਿਸੇ ਸਮਝਾਈਆ । ਫ਼ਰੀਦਾ ਸਭ ਨੇ ਪਾਉਣੀ ਵਫ਼ਾਤ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ । ਤਿੰਨ ਮਾਘ ਕਹੇ ਮੈਂ ਵੇਖਿਆ ਖੇਲ ਅਜੀਬ, ਨਿਰਾਲਾ ਨਜ਼ਰੀ ਆਈਆ । ਜੋ ਜੁਗ ਚੌਕੜੀ ਦਏ ਤਰਤੀਬ, ਸਿਲਸਿਲੇਵਾਰ ਚਲਾਈਆ । ਉਹ ਸਾਹਿਬ ਬਣ ਗ਼ਰੀਬ, ਜਨ ਭਗਤਾਂ ਡੇਰਾ ਲਾਈਆ । ਇਹ ਵੀ ਲੇਖਾ ਲਿਖਿਆ ਮੁਹੰਮਦ ਨੇ ਵਿਚ ਕੁਰਾਨ ਮਜੀਦ, ਮਜਬੂਰੀ ਨਾਲ ਸੁਣਾਈਆ । ਉਸ ਦੀ ਕਰੋ ਸਾਰੇ ਉਮੀਦ, ਜੋ ਅਮਲ ਅਮਨ ਦਾ ਮਾਲਕ ਇਕ ਅਖਵਾਈਆ । ਜਿਹੜੀ ਬਾਹਵਾਂ ਤੋਂ ਬਿਨਾਂ ਕਮੀਜ਼, ਅਲਫ਼ੀ ਨਾਉਂ ਧਰਾਈਆ । ਉਸ ਨੇ ਭਗਤਾਂ ਨੂੰ ਦੇਣੀ ਤਮੀਜ਼, ਮਰਨ ਤੋਂ ਪਹਿਲੋਂ ਆਪਣਾ ਪ੍ਰਭ ਲੈਣਾ ਮਨਾਈਆ ।

ਬੇਸ਼ਕ ਇਹ ਧਾਰ ਬੜੀ ਬਾਰੀਕ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਨ੍ਹਾਂ ਦੇ ਅੰਦਰ ਦਏ ਤੌਫ਼ੀਕ਼, ਸਿਰ ਆਪਣਾ ਹੱਥ ਦਏ ਟਿਕਾਈਆ । ਉਹ ਮੂਰਖ ਮੁਗਧ ਸਮਝਣ ਠੀਕ, ਠਾਕਰ ਇਕੋ ਨਜ਼ਰੀ ਆਈਆ । ਜਿਨ੍ਹਾਂ ਦੀ ਆਪ ਕਰ ਕੇ ਜਾਏ ਤਸਦੀਕ, ਦੂਜੀ ਸ਼ਹਾਦਤ ਦੀ ਲੋੜ ਰਹੇ ਨਾ ਰਾਈਆ । ਜਨ ਭਗਤਾਂ ਭਗਤੀ ਵਾਲੀ ਪ੍ਰੀਤ, ਭਗਵਨ ਵਿਚ ਸਮਾਈਆ । ਗੁਰਮੁਖੋ ਧੰਨ ਭਾਗ ਤੁਸਾਂ ਮੈਨੂੰ ਇਥੇ ਦਾਖਲ ਕੀਤਾ ਬਿਨਾਂ ਫ਼ੀਸ, ਜੁਰਮਾਨਾ ਸ਼ਰਅ ਨਾ ਕੋਇ ਲਗਾਈਆ । ਮੈਂ ਤੁਹਾਨੂੰ ਦੇਣ ਆਇਆ ਅਸੀਸ, ਸ਼ੁਕਰ ਕਰ ਕੇ ਖ਼ੁਸ਼ੀ ਮਨਾਈਆ । ਯਾਦ ਕਰਿਓ ਬਿਨ ਤੁਹਾਡੇ ਦੁਨੀਆ ਵਿਚ ਆਉਣੀ ਨਹੀਂ ਪੀਸ, ਪੀਸ ਪੀਸ ਮਰੇ ਲੋਕਾਈਆ । ਤੁਸੀਂ ਮੇਰਾ ਖ਼ਜ਼ਾਨਾ ਤੇ ਮੈਂ ਤੁਹਾਡਾ ਖ਼ੀਸ, ਖ਼ਾਲੀ ਭੰਡਾਰੇ ਦਿਆਂ ਭਰਾਈਆ । ਤੁਹਾਡੀ ਕੋਈ ਨਾ ਕਰੇ ਰੀਸ, ਰਸਤੇ ਦਿਆਂ ਬਦਲਾਈਆ । ਜ਼ਰਾ ਥੋੜੀ ਜਿਹੀ ਵੱਟ ਲਉ ਚੀਸ, ਚਸ਼ਮੇ ਪ੍ਰੇਮ ਦੇ ਦਿਆਂ ਬਹਾਈਆ । ਝਗੜਾ ਰਹੇ ਨਾ ਹਸਤ ਕੀਟ, ਕੂੜ ਕੁਟੰਬ ਦਿਆਂ ਖਪਾਈਆ । ਸਭ ਦੀ ਸਾਫ਼ ਕਰ ਕੇ ਨੀਤ, ਨੀਤੀਵਾਨ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਵਖਾਈਆ । ਤਿੰਨ ਮਾਘ ਕਹੇ ਸਾਰੇ ਕਰਨ ਗੋਬਿੰਦਾ ਗੋਬਿੰਦਾ, ਗੋਬਿੰਦ ਤੇਰੀ ਸ਼ਰਨਾਈਆ । ਨਹਾ ਧੋ ਕੇ ਸਾਫ਼ ਕਰਦੇ ਪਿੰਡਾ, ਸ਼ੰਕਰ ਦੀ ਪਿੰਡੀ ਅੱਗੇ ਸੀਸ ਨਿਵਾਈਆ । ਹਰੀ ਓਮ ਤਤ ਸਤਿ ਬੋਲਦੇ ਵਾਂਗ ਬਿੰਡਾ, ਕੂਕ ਕੂਕ ਸੁਣਾਈਆ । ਸਾਫ਼ ਸੁਥਰੀਆਂ ਕਰ ਕੇ ਟਿੰਡਾਂ, ਹੱਥ ਸੀਸ ਉਤੇ ਟਿਕਾਈਆ । ਸੁਖ਼ਾਲੀਆਂ ਕਰ ਕੇ ਜਿੰਦਾਂ, ਜਗਤ ਮਾਇਆ ਮੋਹ ਵਿਚ ਹਲਕਾਈਆ । ਜਿੰਨਾਂ ਚਿਰ ਗੁਰਮੁਖੋ ਪ੍ਰਭ ਦੀ ਬਣੇ ਕੋਈ ਨਾ ਬਿੰਦਾ, ਬਿੰਦਰਾਬਨ ਵਾਲਾ ਹੋਏ ਨਾ ਕੋਇ ਸਹਾਈਆ । ਵੇਖੇ ਰੋਂਦਾ ਸੁਰਪਤ ਇੰਦਾ, ਨੇਤਰ ਨੈਣਾਂ ਛਹਿਬਰ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿੰਦਾ, ਕੂਕ ਕੂਕ ਸੁਣਾਈਆ । ਬਿਨ ਪ੍ਰਭੂ ਮੇਟੇ ਨਾ ਕੋਈ ਚਿੰਦਾ, ਚਿੰਤਾ ਦੁੱਖ ਨਾ ਕੋਇ ਗਵਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਭੰਡਾਰਾ ਦੇਂਦਾ, ਉਹ ਭਗਤਾਂ ਆਪ ਵਰਤਾਈਆ । ਜਨ ਭਗਤੋ ਤਿੰਨ ਮਾਘ ਕਹੇ ਮੈਂ ਤੁਹਾਨੂੰ ਦੇਣ ਆਇਆ ਨੇਂਦਾ, ਪਹਿਲੀ ਫੱਗਣ ਨਹੀਂ ਫੱਗਣ ਦੀ ਦੂਜੀ ਨਾਲ ਮਿਲਾਈਆ । ਜੋ ਜੁਗ ਚੌਕੜੀ ਰਿਹਾ ਵੇਂਹਦਾ, ਬਿਨ ਅੱਖਾਂ ਅੱਖ ਉਠਾਈਆ । ਹੁਣ ਤੁਹਾਡਾ ਮੁਕਾਉਣ ਲੱਗਾ ਪੈਂਡਾ, ਦੁਖੀਆਂ ਦਰਦ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਵਸਾਈਆ । ਤਿੰਨ ਮਾਘ ਕਹੇ ਇਕ ਵਖਾਈ ਪੁਸਤਕ, ਪ੍ਰਭ ਦਿਤੀ ਵਡਿਆਈਆ । ਜਿਸ ਦੇ ਵਿਚ ਭਗਤਾਂ ਦੀ ਉਸਤਤ, ਜਿਸ ਉਸਤਤ ਵਿਚੋਂ ਗੋਬਿੰਦ ਨੇ ਅਕਾਲ ਉਸਤਤ ਦਿਤੀ ਲਿਖਾਈਆ । ਓਥੇ ਸਭ ਦਾ ਸਾਂਝਾ ਇਕੋ ਮੁਰਸ਼ਦ, ਪੀਰਾਂ ਦਾ ਪੀਰ ਨਜ਼ਰੀ ਆਈਆ । ਜਿਸ ਦੀ ਸਾਰੇ ਕਰਦੇ ਉਲਫ਼ਤ, ਮਹਿੰਮਾ ਵਿਚ ਵਡਿਆਈਆ । ਓਸ ਨੂੰ ਦੁਨੀਆ ਨਾਲ ਮਿਲਣ ਦੀ ਕਦੇ ਨਹੀਂ ਮਿਲਦੀ ਫ਼ੁਰਸਤ, ਭਗਤਾਂ ਵਿਚੋਂ ਵਿਹਲਾ ਹੋ ਕੇ ਰਹਿਣ ਕਦੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਈਆ । ਤਿੰਨ ਮਾਘ ਕਹੇ ਭਗਤੋ ਮੇਰੇ ਉਤੇ ਹੋ ਨਾ ਜਾਇਓ ਗ਼ੁੱਸੇ, ਬੇਨੰਤੀ ਦਿਆਂ ਸੁਣਾਈਆ । ਕਿਉਂ ਮੇਰੇ ਵਿਹਾਰ ਕਾਰਨ ਪ੍ਰਭ ਆਇਆ ਬਿਨਾ ਸੱਦੇ ਪੁਛੇ, ਆਪਣਾ ਫੇਰਾ ਪਾਈਆ । ਘਰ ਦੇ ਕੰਮ ਕਾਜ ਬਦਲੇ ਕੋਈ ਨਾ ਰੁੱਸੇ, ਤੁਹਾਡਾ ਹਰਜ ਨਾ ਕੋਇ ਕਰਾਈਆ । ਜਿਹੜੇ ਫੁੱਲ ਟਾਹਣੀਆਂ ਨਾਲੋਂ ਟੁੱਟੇ, ਉਹ ਆਪਣੀ ਝੋਲੀ ਪਾਈਆ । ਆਓ ਮੇਰੇ ਲਾਡਲੇ ਪੁੱਤੇ, ਬੱਚਿਓ ਗੋਦੀ ਵਿਚ ਉਠਾਈਆ । ਤੁਸੀਂ ਏਥੇ ਓਥੇ ਸਦਾ ਸੁੱਚੇ, ਦੁਰਮਤ ਮੈਲ ਕਰਾਂ ਸਫ਼ਾਈਆ । ਤੁਹਾਡੇ ਜਨਮ ਜਨਮ


੧੧੩੪
੨੦

ਦੇ ਪੈਂਡੇ ਮੁੱਕੇ, ਕਰਮ ਦਾ ਗੇੜ ਚੁਕਾਈਆ । ਮਾਤ ਗਰਭ ਨਾ ਹੋਣਾ ਉਲਟੇ ਰੁੱਖੇ, ਦਸ ਦਸ ਮਾਸ ਨਾ ਅਗਨ ਤਪਾਈਆ । ਤੁਸੀਂ ਓਸ ਦੀ ਸੇਜੇ ਸੁੱਤੇ, ਜਿਥੋਂ ਸੁਤਿਆਂ ਨਾ ਕੋਇ ਉਠਾਈਆ । ਹੁਣ ਰਹਿਣ ਨਹੀਂ ਦੇਣਾ ਲੁਕੇ, ਪੜਦੇ ਸਰਬ ਚੁਕਾਈਆ । ਸ਼ਾਮ ਨੂੰ ਚਾਰ ਵਜੇ ਜਾਣ ਲੱਗਿਆਂ ਪੈਰੀਂ ਪਾਉਂਣੇ ਕਿਸੇ ਨਹੀਂ ਜੁੱਤੇ, ਨੰਗੀ ਪੈਰੀਂ ਪੰਧ ਮੁਕਾਈਆ । ਫੇਰ ਸਾਰੇ ਇਕੱਠੇ ਰੱਖਿਓ ਇਕੋ ਗੁੱਠੇ, ਇਹ ਵੀ ਚਮਿਆਰ ਗਿਆ ਲਿਖਾਈਆ । ਨੌ ਜੋੜੇ ਵਿਚੋਂ ਕਰ ਦਿਓ ਪੁੱਠੇ, ਹੱਥਾਂ ਦੀ ਸੇਵ ਕਮਾਈਆ । ਜਿਸ ਦੇ ਬੁੱਲ੍ਹੇ ਸ਼ਾਹ ਨੇ ਪ੍ਰੇਮ ਨਜ਼ਾਰੇ ਲੁੱਟੇ, ਉਹ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠ ਵਜੇ ਰਾਤ ਨੂੰ ਸਭ ਨੇ ਚਿੱਟੇ ਤੰਦ ਬੰਨ੍ਹਣੇ ਨਾਲ ਗੁੱਟੇ, ਗਾਨਾ ਸਗਨ ਵਾਲਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਤਿੰਨ ਮਾਘ ਕਹੇ ਕੀ ਰਾਤੀਂ ਸੁੱਤੇ ਸਾਰੇ ਆਪਣੇ ਕਾਇਆ ਮੰਦਰ, ਆਸਣ ਖੂਬ ਸਜਾਈਆ । ਸਚ ਦੱਸਣਾ ਜਿਸ ਨੂੰ ਹੁਕਮ ਮਿਲਿਆ ਸ਼ਬਦ ਵਿਚ ਅੱਜ ਕਿਸ ਦੇ ਘਰ ਹੋਣਾ ਲੰਗਰ, ਉਠ ਕੇ ਦੇਣਾ ਸਮਝਾਈਆ । ਭਾਗ ਲਗਾਏ ਓਸ ਅੰਦਰ, ਜਿਸ ਘਰ ਕਰੇ ਰੁਸ਼ਨਾਈਆ । ਪਿਆਰਾ ਸਿੰਘ ਤੇਰਾ ਨੌ ਛਟਾਂਕ ਗੁੜ ਆਵੇ ਵੰਡਣ, ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਲਏ ਅੰਗੜਾਈਆ । ਤਿੰਨ ਮਾਘ ਕਹੇ ਪ੍ਰਭੂ ਹੁਣ ਦੇ ਦੇ ਛੁੱਟੀ, ਆਪਣੀ ਦਇਆ ਕਮਾਈਆ । ਕਿਤੇ ਸੰਗਤ ਨਾ ਹੋਵੇ ਭੁੱਖੀ, ਧਿਆਨ ਰੋਟੀ ਵੱਲ ਰਖਾਈਆ । ਮੈਂ ਵੇਖਾਂ ਓਨ੍ਹਾਂ ਮੁਖੀਂ, ਜੋ ਤੇਰਾ ਢੋਲਾ ਗਾਈਆ । ਸਦਾ ਰਹਿਣ ਸੁਖੀ, ਮੇਰੀ ਆਸਾ ਮੰਗ ਮੰਗਾਈਆ । ਅੰਦਰ ਵੜ ਕੇ ਪੁਛੀਂ, ਸੁੱਤਿਆਂ ਆਪ ਜਗਾਈਆ । ਜਨ ਭਗਤੋ ਤੁਹਾਡੀ ਆਤਮਾ ਰਹੇ ਨਾ ਰੁੱਸੀ, ਰਸਤੇ ਜਾਂਦਿਆਂ ਕੁਛ ਹੋਰ ਲੇਖਾ ਦੇਣਾ ਬਣਾਈਆ । ਢਾਈ ਗਜ਼ ਦੀ ਇਕ ਮੁੰਜ ਦੀ ਨਾਲ ਰੱਖਣੀ ਰੱਸੀ, ਦੀਦਾਰ ਸਿੰਘ ਲੈ ਕੇ ਆਈਆ । ਰਾਤ ਦੇ ਨੌ ਵਜੇ ਇਕ ਵੇਰਾਂ ਜਾਣਾ ਪੈਣਾ ਉਤੇ ਧੁੱਸੀ, ਵੇਖਿਓ ਠੰਡ ਤੋਂ ਡਰਦਿਆਂ ਕਿਸੇ ਪੱਲਾ ਨਾ ਲੈਣਾ ਛੁਡਾਈਆ । ਓਥੇ ਸਭ ਨੇ ਆਪਣੀਆਂ ਬੰਦ ਕਰਨੀਆਂ ਦੋਵੇਂ ਮੁੱਠੀ, ਫੇਰ ਕੰਨਾਂ ਉਤੇ ਟਿਕਾਈਆ । ਬਾਹਰੋਂ ਜ਼ੋਰ ਨਾਲ ਲੈਣਾ ਘੁੱਟੀ, ਅੰਦਰ ਪ੍ਰਭ ਦਾ ਧਿਆਨ ਲਗਾਈਆ । ਤੁਹਾਡਾ ਸਤਿਗੁਰ ਪੈਰੀਂ ਪਾ ਨਾਲ ਨਾ ਜਾਵੇ ਜੁੱਤੀ, ਨੰਗੀ ਪੈਰੀਂ ਤੁਹਾਡੀ ਸੇਵ ਕਮਾਈਆ । ਗੁਰਮੁਖ ਸਵਾਣੀ ਕੋਈ ਨਾ ਹੋਵੇ ਦੁਖੀ, ਦੁਖੀਆਂ ਦਰਦ ਵੰਡਾਈਆ । ਜਿਹੜਾ ਥੱਕ ਗਿਆ ਓਸ ਗੁਰਮੁਖ ਨੂੰ ਹੱਥਾਂ ਉਤੇ ਜਾਵੇ ਚੁੱਕੀ, ਆਪਣੀ ਖ਼ੁਸ਼ੀ ਬਣਾਈਆ । ਫੇਰ ਗੁਰਸਿਖੋ ਗੁਰਮੁਖੋ ਸਾਚੇ ਸੰਤੋ ਸਾਚੇ ਭਗਤੋ ਤੁਸਾਂ ਜ਼ਰੂਰ ਵੱਡੇ ਛੋਟੇ ਪ੍ਰਭ ਦੀ ਪਿਠ ਉਤੇ ਮਾਰਨੀ ਇਕ ਇਕ ਮੁੱਕੀ, ਜ਼ੋਰ ਨਾਲ ਲਗਾਈਆ । ਫੇਰ ਮੈਂ ਕਹਵਾਂ ਅੱਜ ਮੈਨੂੰ ਹੋਈ ਖ਼ੁਸ਼ੀ, ਗੋਬਿੰਦ ਦਾ ਲੇਖ ਚੁਕਾਈਆ । ਖੇਲ ਕਰਨਾ ਵੇਲੇ ਉਸੀ, ਧੂੜੀ ਟਿੱਕੇ ਮਸਤਕ ਸਭ ਨੇ ਲੈਣੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਕਾਰਨ ਆਇਆ ਉਹ ਕਰ ਕੇ ਦਏ ਵਖਾਈਆ । ਤਿੰਨ ਮਾਘ ਕਹੇ ਜਨ ਭਗਤੋ ਨਾਲ ਪਾਣੀ ਦਾ ਰੱਖਿਓ ਗਲਾਸ, ਤੇਜ ਭਾਨ ਹੱਥ ਫੜਾਈਆ । ਅੰਦਰੋਂ ਪੂਰਾ ਰੱਖਿਓ ਵਿਸ਼ਵਾਸ, ਭਰਮ ਰਹੇ ਨਾ ਰਾਈਆ । ਵੇਲਾ ਹੋਣਾ ਰਾਤ, ਰੋਸ਼ਨ ਚੰਦ ਚਮਕਾਈਆ । ਗੁਰਮੁਖ ਲੇਖਾ ਲਿਖਣਾ ਕਲਮ ਦਵਾਤ, ਸ਼ਹਾਦਤ ਦੇਣੀ ਭੁਗਤਾਈਆ । ਜਿਸ ਵੇਲੇ ਵੱਜੇ ਸਚ ਆਵਾਜ਼, ਪ੍ਰੇਮ ਨਾਲ ਸੁਣਾਈਆ । ਫੇਰ ਜੈਕਾਰਾ ਲਾਉਣਾ ਸਭ ਨੇ ਤੂੰ ਹੀ ਸਾਡਾ ਬਾਪ, ਤੂੰ ਹੀ ਪਿਤਾ ਮਾਈਆ । ਤੂੰ ਹੀ ਰਸੂਲ ਪਾਕ, ਤੂੰ ਹੀ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਾਣੀ ਦਾ ਗਲਾਸ ਠੰਡਾ ਹੋਵੇ ਸੀਤ, ਠਰਿਆ ਨਜ਼ਰੀ ਆਈਆ । ਭਗਤੋ ਫੇਰ ਮੰਨਾਂ ਤੁਹਾਡੀ ਮੇਰੇ ਨਾਲ ਪ੍ਰੀਤ, ਮੇਰੇ ਸਿਰ ਵਿਚ ਦੇਣਾ ਉਲਟਾਈਆ । ਇਹ ਵੱਖਰੀ ਚਲਾਉਣੀ ਰੀਤ, ਅੱਗੇ ਤੋਂ ਭਗਤਾਂ ਨੂੰ ਭਗਤੀ ਕਰਨ ਵਿਚ ਦੁੱਖ ਵਿਚ ਮਾਰਨੀ ਨਾ ਪਏ ਚੀਕ, ਹਾਹਾਕਾਰ ਨਾ ਕੋਇ ਸੁਣਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਗੀਤ, ਆਪਣਾ ਪੈਂਡਾ ਲੈਣ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਤਿੰਨ ਮਾਘ ਕਹੇ ਮੈਂ ਵੀ ਆਵਾਂ ਓਸ ਵੇਲੇ ਚੁੱਪ, ਆਪਣਾ ਆਪ ਛੁਪਾਈਆ । ਖੇਲ ਵੇਖਾਂ ਲੁਕ, ਨੇਤਰ ਅੱਖ ਉਠਾਈਆ । ਕੀ ਕਰਦੇ ਪ੍ਰਭ ਦੇ ਸੁਤ, ਦਰ ਸਾਚੇ ਵੱਜੇ ਵਧਾਈਆ । ਕਰਨੀ ਦਾ ਕਰਤਾ ਹੋਵੇ ਖ਼ੁਸ਼, ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਧਾਰੋਂ ਆਪੇ ਉਠ, ਆਪਣੀ ਕਰਨੀ ਕਾਰ ਕਮਾਈਆ ।

ਇਹ ਦੌਰਾ ਨਹੀਂ ਭਗਤਾਂ ਦਾ ਦਾਇਰਾ, ਦਾਰੋਮਦਾਰ ਆਪਣੇ ਉਤੇ ਰਖਾਈਆ । ਪ੍ਰਭੂ ਪ੍ਰੇਮ ਪ੍ਰੀਤੀ ਦੀ ਕਰਨ ਆਇਆ ਸੈਰਾ, ਸੈਰਗਾਹ ਗੁਰਮੁਖ ਨਜ਼ਰੀ ਆਈਆ । ਜਿਹੜਾ ਗੋਬਿੰਦ ਨੂੰ ਇਸ਼ਨਾਨ ਕਰਾਉਂਦਾ ਸੀ ਮਹਿਰਾ, ਉਹ ਜੋਗਿੰਦਰ ਸਿੰਘ ਟਾਟਿਉਂ ਪਕੜ ਮੰਗਾਈਆ । ਜਿਸ ਨੇ ਸਭ ਦੀ ਵੇਖਣੀ ਲਹਿਰਾ, ਲਹਿਰ ਆਪਣੀ ਇਕ ਉਠਾਈਆ । ਜਿਸ ਨੇ ਮਾਣ ਦਿਤਾ ਬਾਬੂਪੁਰ ਇਕ ਸ਼ਹਿਰਾ, ਉਹ ਗਲੀਆਂ ਦੇ ਕੱਖਾਂ ਦਏ ਤਰਾਈਆ । ਜਿਸ ਨੇ ਭਗਵਨ ਨਾਲ ਕੀਤਾ ਕਹਿਰਾ, ਉਹ ਬੱਧਕ ਗਲੇ ਲਗਾਈਆ । ਜਿਸ ਨੇ ਭਗਤਾਂ ਦਾ ਦੇਣਾ ਪਹਿਰਾ, ਸੇਵਕ ਹੋ ਕੇ ਸੇਵ ਕਮਾਈਆ । ਉਹ ਪ੍ਰਭੂ ਗੰਭੀਰ ਗਹਿਰਾ, ਗਵਰ ਇਕ ਵਡਿਆਈਆ । ਸੋ ਹੋਣ ਲੱਗਾ ਜ਼ਾਹਰਾ, ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਜਨ ਭਗਤੋ ਏਸ ਨੂੰ ਸਮਝਣਾ ਨਹੀਂ ਕੋਈ ਖ਼ਰਚ, ਹਿਸਾਬ ਵਿਚ ਨਾ ਕੋਇ ਲਗਾਈਆ । ਮੈਂ ਤੁਹਾਡਾ ਦਰਸ਼ਨ ਕਰ ਕੇ ਜਾਵਾਂ ਪਰਚ, ਖਾਣ ਪੀਣ ਦੀ ਲੋੜ ਰਹੇ ਨਾ ਰਾਈਆ । ਗੁਰਮੁਖ ਸਿੰਘ ਰਾਤ ਨੂੰ ਬੈਠਣਾ ਉਤੇ ਫ਼ਰਸ਼, ਥਲੇ ਚਟਾਈ ਨਾ ਕੋਇ ਰਖਾਈਆ । ਸੁਰਜੀਤ ਸਿੰਘ ਨੇ ਰੱਖਣਾ ਰਾਤ ਨੂੰ ਵਰਤ, ਛੋਟਾ ਬੱਚਾ ਨਾਲ ਮਿਲਾਈਆ । ਜਿਸ ਕਾਰਨ ਆਇਆ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਜੇ ਤੁਹਾਡਾ ਮੇਰਾ ਰਹਿ ਗਿਆ ਫ਼ਰਕ, ਫ਼ਿਰਕੇ ਕੌਣ ਗਵਾਈਆ । ਜਿਹੜੀ ਗੋਬਿੰਦ ਦੀ ਸ਼ਰਤ, ਸ਼ਰਤੀਆ ਪੂਰ ਕਰਾਈਆ । ਪ੍ਰਭੂ ਬਣ ਮਰਦਾਨਾ ਮਰਦ, ਮੱਦਦ ਵਿਚ ਹੋਏ ਸਹਾਈਆ । ਭਾਵੇਂ ਹੁਣ ਤੇ ਮੇਲਾ ਸਿੰਘ ਤੁਸਾਂ ਨਹੀਂ ਕੀਤੀ ਅਰਜ਼, ਪਿਛਲਾ ਲੇਖਾ ਪਹਾੜੀ ਵਾਲਾ ਭੁੱਲ ਕਦੇ ਨਾ ਜਾਈਆ । ਤੁਹਾਡੇ ਨਾਲੋਂ ਮੈਨੂੰ ਬਹੁਤੀ ਗ਼ਰਜ਼, ਜੋ ਗ਼ਰੀਬ ਨਿਮਾਣਾ ਬਣ ਕੇ ਲੇਖਾ ਘਰ ਘਰ ਰਿਹਾ ਮੁਕਾਈਆ । ਸਭ ਦੀ ਸਿੱਧੀ ਕਰ ਕੇ ਨਰਦ, ਪਾਸਾ ਦੇਣਾ ਬਦਲਾਈਆ । ਨਾਮ ਪ੍ਰੇਮ ਦੀ ਦੇ ਕੇ ਜ਼ਰਬ, ਅੰਕੜੇ ਦੇਣੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਜਨ ਭਗਤੋ ਕਿਤੇ ਚਿੰਤਾ ਨਾ ਕਰ ਲਿਓ ਦਿਤਾ ਭਾੜਾ, ਰਾਜਾ ਰਾਣਾ ਰਹਿਣ ਕੋਇ ਨਾ ਪਾਈਆ । ਚਾਰ ਜੁਗ ਦਾ ਪਿਛਲਾ ਮੇਰਾ ਇਹ ਵਿਹਾਰਾ, ਜਿਸ ਦਾ ਲੇਖਾ ਰਿਹਾ ਮੁਕਾਈਆ । ਗ਼ਰੀਬ ਹੋ ਕੇ ਮੰਗਾਂ

ਤੁਹਾਡਾ ਵਾੜਾ, ਝੋਲੀ ਆਪਣੀ ਅੱਗੇ ਡਾਹੀਆ । ਬੇਸ਼ਕ ਮੈਂ ਧੁਰ ਦਾ ਲਾੜਾ, ਤੁਹਾਡੇ ਅੱਗੇ ਚਲੇ ਨਾ ਕੋਇ ਚਤੁਰਾਈਆ । ਜੇ ਮੇਰੇ ਸਾਥ ਨਾ ਹੁੰਦਾ ਮੇਰਾ ਰਵਦਾਸ ਚਮਾਰਾ, ਤੁਹਾਡੀ ਲਿਖਤ ਨਾ ਕੋਇ ਬਣਾਈਆ । ਮੈਂ ਕੋਈ ਫਿਰਦਾ ਨਹੀਂ ਆਵਾਰਾ, ਬਿਨਾ ਕਾਰਜ ਤੋਂ ਕਦਮ ਨਾ ਕੋਇ ਉਠਾਈਆ । ਗੁਰਮੁਖੋ ਰਾਵੀ ਉਤੇ ਇਕ ਵੇਰਾਂ ਫਿਰ ਜਾਣਾ ਪਊ ਦੋਬਾਰਾ, ਜਿਹੜਾ ਨਾ ਚਲ ਸਕੇ ਉਸ ਨੂੰ ਕੰਧਿਆਂ ਉਤੇ ਟਿਕਾਈਆ । ਵੇਖਿਓ ਦੁੱਖ ਨਾ ਮੰਨਿਓ ਚਿੱਕੜ ਗਾਰਾ, ਗ਼ਰੀਬਾਂ ਦਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਓਥੇ ਅਰਜ਼ ਕਰਨ ਦੀ ਕਿਹੜੀ ਲੋੜ, ਜੋ ਗਲਵਕੜੀ ਰਿਹਾ ਪਾਈਆ । ਬੱਚਿਓ ਵਿਛੜਿਆਂ ਨੂੰ ਰਿਹਾ ਜੋੜ, ਡੁਬਦਿਆਂ ਪਾਰ ਲੰਘਾਈਆ । ਜੇ ਤੁਸੀਂ ਨਾ ਨਿਭਾ ਸਕੋ ਤੇ ਮੈਂ ਨਿਭਾਵਾਂ ਤੋੜ, ਸਦ ਆਪਣੇ ਨਾਲ ਲਗਾਈਆ । ਤੁਹਾਡਾ ਪ੍ਰੇਮ ਮੈਂ ਖਾਵਾਂ ਭੋਰ ਭੋਰ, ਆਪਣਾ ਸਿਦਕ ਬਣਾਈਆ । ਤੁਸੀਂ ਕੁਛ ਹੋਰ ਨਹੀਂ ਤੇ ਮੈਂ ਨਹੀਂ ਕੋਈ ਹੋਰ, ਹਰਿ ਕਾ ਰੂਪ ਨਜ਼ਰੀ ਆਈਆ । ਬੇਸ਼ਕ ਮੈਂ ਸ੍ਰਿਸ਼ਟੀ ਦਾ ਚੋਰ, ਸ਼ਾਹ ਸੁਲਤਾਨ ਫੜ ਸਕੇ ਕੋਇ ਨਾ ਰਾਈਆ । ਪਰ ਤੁਹਾਡੀ ਆਪਣੇ ਹੱਥ ਵਿਚ ਰੱਖ ਕੇ ਡੋਰ, ਹੁਲਾਰਾ ਆਪਣਾ ਨਾਮ ਲਗਾਈਆ । ਜੇ ਅੱਜ ਹੁਕਮ ਨਾਲ ਦਿਓ ਮੋੜ, ਫਿਰ ਵੀ ਮੁੜ ਨਾ ਵਾਪਸ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਪ੍ਰਭੂ ਅੱਗੇ ਕਿਉਂ ਬੇਨੰਤੀਆਂ ਕਰਨ ਅਰਦਾਸੇ, ਗਲ ਵਿਚ ਪੱਲੂ ਪਾਈਆ । ਜਿਨ੍ਹਾਂ ਆਪਣੇ ਭੇਟ ਕਰ ਦਿੱਤੇ ਸਵਾਸੇ, ਸਵਾਰਥ ਜਗਤ ਨਾ ਕੋਇ ਰਖਾਈਆ । ਉਨ੍ਹਾਂ ਦੀ ਸਦਾ ਪੂਰੀ ਕਰ ਕੇ ਆਸੇ, ਆਹਿਸਤਾ ਆਹਿਸਤਾ ਵੇਖ ਵਖਾਈਆ । ਅਜੇ ਤੇ ਗੁਰਮੁਖੋ ਤੁਹਾਡੇ ਹੱਥਾਂ ਵਿਚ ਫੇਰ ਫੜਾਉਣੇ ਗੰਡਾਸੇ, ਜਿਹੜੇ ਆਪਣੇ ਬਦਨ ਉਤੇ ਲਗਵਾਈਆ । ਆਪਣੇ ਕੱਪੜੇ ਰੱਖਣੇ ਪਾਟੇ, ਤੁਹਾਨੂੰ ਚਿੱਟੇ ਦੇਣੇ ਪਹਿਨਾਈਆ । ਆਪਣਿਆਂ ਪੈਰਾਂ ਹੇਠਾਂ ਵਛਾ ਕੇ ਕਾਂਟੇ, ਤੁਹਾਨੂੰ ਹੱਥਾਂ ਉਤੇ ਤੁਰਾਈਆ । ਤੁਸਾਂ ਸੌਣਾ ਉਪਰ ਖਾਟੇ, ਆਪ ਫ਼ਰਸ਼ ਉਤੇ ਡੇਰਾ ਲਾਈਆ । ਤੁਸਾਂ ਛਕਣਾ ਵਿਚ ਬਾਟੇ, ਆਪ ਹੱਥਾਂ ਉਤੇ ਖਾਈਆ । ਕਿਉਂ ਤੁਸੀਂ ਮੇਰੇ ਨਿੱਕੇ ਜਿਹੇ ਕਾਕੇ, ਪਾਲਣਾ ਪੋਸਣਾ ਮੇਰੇ ਜ਼ੁੰਮੇ ਵਿਚ ਆਈਆ । ਕਿਸੇ ਨੂੰ ਕੁੱਛੜ ਤੇ ਕਿਸੇ ਨੂੰ ਚੁਕਾਂ ਢਾਕੇ, ਕਿਸੇ ਨੂੰ ਕੰਧਿਆਂ ਉਤੇ ਟਿਕਾਈਆ । ਕਿਸੇ ਨੂੰ ਉਂਗਲ ਲਾ ਕੇ ਚਲਾਂ ਸਾਥੇ, ਕਿਸੇ ਨੂੰ ਗੋਦ ਵਿਚ ਬਹਾਈਆ । ਕਿਸੇ ਦੇ ਅੰਦਰ ਕਰਕੇ ਵਾਸੇ, ਕਿਸੇ ਦੇ ਮਸਤਕ ਨੂਰ ਕਰਾਂ ਰੁਸ਼ਨਾਈਆ । ਫੇਰ ਕਹਵਾਂ ਸਾਰੇ ਆਓ ਮੇਰੇ ਪਾਸੇ, ਲੜੀ ਲੜੀ ਨਾਲ ਜੁੜਾਈਆ ਇਹੋ ਜਿਹੇ ਗੁਰਮੁਖ ਹੋਣੇ ਥੋੜ੍ਹੇ ਬਹੁਤੇ ਨਹੀਂ ਖ਼ਾਸੇ, ਖ਼ਾਲਸ ਆਪਣੇ ਰੰਗ ਰੰਗਾਈਆ । ਗੁਰਮੁਖੋ ਸਭ ਦੇ ਵਿਛੜ ਜਾਂਦੇ ਮਾਪੇ, ਪਿਤਾ ਪੁਰਖ ਅਕਾਲ ਵਿਸਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਵਸਾਈਆ । ਗੁਰ੍ਮੁਖੋ ਸਭ ਨੂੰ ਘਰ ਦੀ ਘਿਰਨਾ, ਘਰ ਘਰ ਰਹੀ ਸਤਾਈਆ । ਐਵੇਂ ਸਤਿਗੁਰ ਨਾਲ ਕਾਹਨੂੰ ਫਿਰਨਾ, ਆਪਣਾ ਕੰਮ ਗਵਾਈਆ । ਏਸ ਦਾ ਅਗਲੇ ਸਾਲ ਕਰਨਾ ਨਿਰਨਾ, ਨਿਰਵੈਰ ਹੋ ਕੇ ਦੇਣਾ ਜਣਾਈਆ । ਅੰਮ੍ਰਿਤ ਮੇਘ ਬਰਸਾਉਣਾ ਕਿਰਨਾ, ਬੂੰਦ ਸਵਾਂਤੀ ਇਕ ਚੁਆਈਆ । ਜਗਤ ਫਿਰਨਾ ਵਾਂਗ ਹਿਰਨਾ, ਸੁਗੰਧੀ ਹੱਥ ਕਿਸੇ ਨਾ ਆਈਆ । ਕੋਟਾਂ ਵਿਚੋਂ ਜਨ ਭਗਤ ਵਿਰਲੇ ਮਿਲਣਾ, ਜਿਸ ਦਾ ਮੇਲਾ ਆਪ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਪੱਥਰ ਪਾਹਨ ਸਿਲ ਨਾ, ਸਤਿ ਸਰੂਪ ਨਿਰਗੁਣ ਜੋਤ ਨਜ਼ਰੀ ਆਈਆ ।

੧੧੩੮
੨੦

## ★ ੩ ਮਾਘ ਸ਼ਹਿਨਸ਼ਾਹੀ ਸੰਮਤ ੩ ਬਾਊਪੁਰ ਬਾਹਰ ਜ਼ਿਲਾ ਗੁਰਦਾਸਪੁਰ ★

ਵੇਖੋ ਆਇਆ ਭਗਤਾਂ ਦਾ ਕੈਦੀ, ਹੱਥਕੜੀ ਹੱਥ ਲਗਾਈਆ । ਜਿਹੜੀ ਕੀਤੀ ਖੇਲ ਬਾਬਰ ਨਾਨਕ ਨਾਲ ਬੇਦੀ, ਵੇਦ ਸ਼ਾਸਤਰ ਦੇਵੇ ਨਾ ਕੋਇ ਗਵਾਹੀਆ । ਅਬਿਨਾਸ਼ੀ ਕਰਤਾ ਸਭ ਦਾ ਬਣ ਕੇ ਭੇਦੀ, ਭੇਵ ਆਪਣਾ ਰਿਹਾ ਖੁਲ੍ਹਾਈਆ । ਜਿਹੜੀ ਖੇਲ ਅਠਾਈ ਪੋਹ ਖੇਡੀ, ਹਰਿ ਸੰਗਤ ਵਿਚ ਸੁਣਾਈਆ । ਉਹਦਾ ਭੁਗਤਾਣ ਕੀਤਾ ਨਾਲ ਤੇਜ਼ੀ, ਬਹੁਤੀ ਦੇਰ ਨਾ ਕੋਇ ਲਗਾਈਆ । ਜਿਸ ਦਾ ਅਵਰ ਨਾ ਕੋਇ ਲੇਖੀ, ਲੇਖਾ ਲਿਖ ਨਾ ਕੋਇ ਸਮਝਾਈਆ । ਜਨ ਭਗਤੋ ਤੁਹਾਡਾ ਬੱਧਾ ਹੁਣ ਨਾ ਹੋਵੇ ਪਰਦੇਸੀ, ਸਦਾ ਤੁਹਾਡੇ ਵਿਚ ਮੁਲਜ਼ਮ ਦੀ ਰਹੀ ਨਾ ਕੋਈ ਸ਼ੇਖ਼ੀ, ਸ਼ਨਾਖ਼ਤ ਆਪਣੀ ਸਭ ਨੂੰ ਰਿਹਾ ਕਰਾਈਆ । ਇਹ ਯਾਦ ਰਖਿਓ ਪ੍ਰੇਮ ਵਾਲੀ ਨੇਕੀ, ਆਪਣਾ ਆਪ ਦਿਤਾ ਮਿਟਾਈਆ । ਤੁਹਾਨੂੰ ਲਾੜੀ ਮੌਤ ਨਾ ਵਿਆਹਵੇ ਧਰਮ ਰਾਏ ਦੀ ਬੇਟੀ, ਪ੍ਰਭ ਦਾ ਬੇਟਾ ਹਰਿ ਸ਼ਬਦ ਲਏ ਪਰਨਾਈਆ । ਅੱਜ ਸਭ ਨੇ ਰਾਤ ਨੂੰ ਘਰ ਘਰ ਬਿਸਤਰੇ ਨਵੇਂ ਕਢਣੇ ਜਿਹੜੇ ਬੰਦ ਕੀਤੇ ਵਿਚ ਪੇਟੀ, ਸੋਹਣੇ ਗੁਰਮੁਖਾਂ ਹੇਠ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਭੁਗਤਾਈਆ । ਗੁਰਮੁਖੋ ਵੇਖੋ ਆਇਆ ਬੱਧਾ, ਡੋਰੀ ਭਗਤਾਂ ਹੱਥ ਫੜਾਈਆ । ਕਿਸੇ ਨੂੰ ਦਿਤਾ ਨਹੀਂ ਕੋਈ ਸੱਦਾ, ਸੱਦ ਕੇ ਆਪਣੀ ਖੇਲ ਖਿਲਾਈਆ । ਕਿਸੇ ਤੇ ਭਾਰ ਨਹੀਂ ਕੋਈ ਦੱਬਾ, ਬੋਝ ਆਪਣੇ ਸਿਰ ਉਠਾਈਆ । ਫੇਰ ਨਾ ਕਿਹੋ ਕਿਉਂ ਧੋਖਾ ਦੇਨਾ ਰੱਬਾ, ਧੋਖੇ ਵਾਲਾ ਝਗੜਾ ਦਿਤਾ ਗਵਾਈਆ । ਕੁਛ ਕੌਲ ਇਕਰਾਰ ਹਰਿ ਗੋਬਿੰਦ ਨਾਲ ਸੁਲਖਣੀ ਚੱਬਾ, ਚੰਗੀ ਤਰ੍ਹਾਂ ਦ੍ਰਿੜਾਈਆ । ਜਿਸ ਨੂੰ ਸਾਹਿਬ ਸਤਿਗੁਰ ਲੱਭਾ, ਭਾਈ ਗੁਰਦਾਸ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਖਿਲਾਈਆ । ਅਠਾਈ ਪੋਹ ਕਹੇ ਮੁਲਜ਼ਮ ਦਾ ਚਲੇ ਨਾ ਕੋਇ ਜ਼ੋਰ, ਹੱਥੀਂ ਬੱਧਾ ਨਜ਼ਰੀ ਆਈਆ । ਜਿਧਰ ਮਰਜ਼ੀ ਲਓ ਤੋਰ, ਆਪਣਾ ਹੁਕਮ ਸੁਣਾਈਆ । ਭਾਵੇਂ ਅੰਧੇਰੇ ਰੱਖੋ ਘੋਰ, ਡੂੰਘੀ ਡੱਲ ਸੁਟਾਈਆ । ਭਾਵੇਂ ਚਾੜ੍ਹੋ ਉਪਰ ਘੋੜ, ਆਸਣ ਸਚ ਸਜਾਈਆ । ਭਾਵੇਂ ਬੰਨ੍ਹੋ ਨਾਲ ਬੋਹੜ, ਰਾਤੀ ਦਿਓ ਸਜ਼ਾਈਆ । ਇਹ ਨੌ ਸੌ ਚੁਰਾਨਵੇ ਚੌਕੜੀ ਜੁਗ ਦਾ ਚੋਰ, ਬਿਨਾ ਭਗਤਾਂ ਹੱਥ ਕਿਸੇ ਨਾ ਆਈਆ । ਜੇ ਤੁਹਾਡਾ ਕਾਰਜ ਜਾਵੇ ਸੌਰ, ਆਪਣੀ ਇੱਛਾ ਪੂਰੀ ਲੈਣੀ ਕਰਾਈਆ । ਜ਼ਰਾ ਵੇਖੋ ਨਾਲ ਤੱਕ ਕੇ ਗ਼ੌਰ, ਇਹ ਓਹੋ ਸ਼ਹਿਨਸ਼ਾਹ ਜਿਸ ਨੂੰ ਸੱਚੇ ਪਾਤਸ਼ਾਹ ਕਹਿ ਕੇ ਸੀਸ ਨਿਵਾਈਆ । ਕੀ ਲੱਭੇ ਓਹੋ ਬ੍ਰਾਹਮਣ ਗੌੜ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਜਿਸ ਦੇ ਚੜ੍ਹੇ ਕੋਈ ਨਾ ਪੌੜ, ਮਹੱਲ ਅਟਲ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਜਨ ਭਗਤੋ ਜਿਸ ਦੇ ਉਤੇ ਮੁਕੱਦਮਾ ਹੋਇਆ ਦਾਅਵਾ, ਦਾਅਵੇਦਾਰ ਅਖਵਾਈਆ । ਉਹਦੀਆਂ ਬੱਧੀਆਂ ਵੇਖੋ ਬਾਂਹਵਾਂ, ਭਗਤ ਦਾ ਲੇਖ ਨਾ ਕਦੇ ਬਦਲਾਈਆ । ਉਸ ਨੂੰ ਉਸੇ ਵੇਲੇ ਚੁੱਕ ਕੇ ਗੋਦੀ ਵਾਂਗ ਮਾਂਵਾਂ, ਜਨਮ ਕਰਮ ਦਾ ਲੇਖਾ ਦਿਤਾ ਬਦਲਾਈਆ । ਆਪਣਾ ਪੂਰਾ ਕਰਨ ਵਾਸਤੇ ਨਾਂਵਾਂ, ਭਗਤ ਦਵਾਰਿਉਂ ਬਾਹਰ ਆ ਕੇ ਤੁਹਾਡੇ ਦਰ ਤੇ ਮੰਗ ਮੰਗਾਈਆ । ਆਪਣਾ ਕੇਸ ਭੁਗਤਾ ਕੇ ਜਾਵਾਂ, ਜਿਸ ਦੀ ਇਕੋ ਦਸਮੇਸ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਈਆ । ਗੁਰਮੁਖੋ ਵੇਖੋ ਲੱਗੀ ਹੱਥਕੜੀ, ਰੱਸੀ ਘੁੱਟ ਕੇ ਦਿਤੀ ਬੰਧਾਈਆ । ਕਿਤੇ ਕਹਿ ਨਾ ਦਿਓ ਏਸ ਨੂੰ ਏਨੀ ਸਜ਼ਾ ਬੜੀ, ਰਾਤ ਨੂੰ ਮੁੱਕੀਆਂ ਨਾਲ ਕੁੱਟ ਕੇ

ਆਪਣਾ ਗ਼ੁੱਸਾ ਲੈਣਾ ਮਿਟਾਈਆ । ਹੱਥੀ ਬੱਧਾ ਕਰੇ ਕੋਈ ਨਾ ਅੜੀ, ਚੁਪ ਚਾਪ ਹੋ ਕੇ ਆਪਣੀ ਖ਼ੁਸ਼ੀ ਬਣਾਈਆ । ਥੱਲੇ ਵਿਛੌਣੀ ਨਹੀਂ ਕੋਈ ਦੱਰੀ, ਸਿੰਘਾਸਣ ਨਜ਼ਰ ਕੋਇ ਨਾ ਆਈਆ । ਜਿਹੜਾ ਖ਼ੁਦਾ ਜੁਗ ਚੌਕੜੀ ਬਣਦਾ ਰਿਹਾ ਸ਼ਰਈ, ਸ਼ਰਅ ਵਿਚ ਦੁਨੀਆ ਦਿਤੀ ਲੜਾਈਆ । ਉਸ ਦੀ ਤੁਸਾਂ ਪੌਣੀ ਸਹੀ, ਸਹੀ ਸਚ ਦੇਣੀ ਜਣਾਈਆ । ਇਕ ਨਾਲ ਰਾਤ ਨੂੰ ਰੱਖਿਓ ਕਹੀ, ਮੋਢੇ ਉਤੇ ਟਿਕਾਈਆ । ਕੁਛ ਹੋਰ ਨਾਲ ਲੈ ਜਾਇਓ ਦਹੀ, ਕਟੋਰਾ ਹੱਥ ਉਠਾਈਆ । ਇਕ ਲਿਖਣ ਵਾਲੀ ਨਾਲ ਲੈ ਜਾਇਓ ਵਹੀ, ਜਿਸ ਦਾ ਖਾਤਾ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਭੁਗਤਾਈਆ । ਜਨ ਭਗਤ ਕਹਿਣ ਇਸ ਨੂੰ ਲੱਭਦੇ ਰਹੇ ਇਹ ਬਣਿਆ ਰਿਹਾ ਨੂਰੀ, ਹੱਥ ਕਿਸੇ ਨਾ ਆਈਆ । ਅੱਜ ਏਸ ਦੀ ਸਜ਼ਾ ਕਰੋ ਪੂਰੀ, ਅੱਗੇ ਭੁੱਲ ਕਦੇ ਨਾ ਜਾਈਆ । ਸਾਰੇ ਗ਼ੁੱਸੇ ਵਿਚ ਵੱਟੋ ਘੂਰੀ, ਅੱਖਾਂ ਲਾਲ ਕੱਢ ਡਰਾਈਆ । ਕਿਉਂ ਨਾ ਸਾਨੂੰ ਰੰਗਣ ਚਾੜ੍ਹੀ ਗੂੜ੍ਹੀ, ਜੁਗ ਜੁਗ ਤੇਰੀ ਸੇਵ ਕਮਾਈਆ । ਬਣੇ ਰਹੇ ਮੂਰਖ ਮੂੜ੍ਹੀ, ਬੁੱਧੀ ਬਿਬੇਕ ਨਾ ਕੋਇ ਬਣਾਈਆ । ਕਿਉਂ ਨਹੀਂ ਦਿਤੀ ਚਰਨ ਧੂੜੀ, ਆਪਣਾ ਆਪ ਜਣਾਈਆ । ਅੱਜ ਵੇਖੀਂ ਰਾਤ ਨੂੰ ਤੇਰੀ ਕਿਸ ਤਰ੍ਹਾਂ ਠਾਰਦੇ ਜੂੜੀ, ਅਸੀਂ ਵੀ ਜਟਾ ਜੂਟ ਪਿਛਲੇ ਨਜ਼ਰੀ ਆਈਆ । ਤੇਰੀ ਲਾਹ ਦੇਣੀ ਗ਼ਰੂਰੀ, ਮਾਣ ਰਹੇ ਨਾ ਕੋਇ ਵਡਿਆਈਆ । ਮਨਾ ਕੇ ਛੱਡਾਂਗੇ ਅੱਗੇ ਭਗਤਾਂ ਦੀ ਕਰ ਮਸ਼ਹੂਰੀ, ਜਨ ਭਗਤਾਂ ਦਾ ਢੋਲਾ ਗਾਈਆ । ਆਪਣੀ ਮੰਜ਼ਲ ਨਾ ਰੱਖ ਦੂਰੀ, ਨੇੜ ਨੇੜਾ ਦਰਸ ਦਿਖਾਈਆ । ਬਥੇਰੀ ਗੋਪੀਆਂ ਤੋਂ ਖਾਧੀ ਚੂਰੀ , ਕ੍ਰਿਸ਼ਨ ਬਣ ਕੇ ਆਪਣੀ ਰਾਸ ਰਚਾਈਆ । ਭੋਗ ਲਾਉਂਦਾ ਰਿਹੋਂ ਖੀਰ ਪੂੜੀ, ਭੱਲਿਆਂ ਨਾਲ ਮਠਿਆਈਆ । ਜਨ ਭਗਤ ਕਹਿਣ ਅੱਜ ਇਹਨੂੰ ਬੰਨ੍ਹੋ ਜਿਸ ਅੰਦਰ ਹੋਵੇ ਤੂੜੀ, ਖਾਣ ਪੀਣ ਨੂੰ ਹੱਥ ਕੁਛ ਨਾ ਆਈਆ । ਫਿਰ ਆਪੇ ਛਡਾਏ ਸਾਡੀ ਕਿਰਿਆ ਕੂੜੀ, ਕੁਕਰਮਾਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਰੱਸੀ ਕਹੇ ਵੇਖੋ ਨੀ ਮੈਂ ਬੱਧਾ ਸਖ਼ੀ ਸੁਲਤਾਨ, ਜੋ ਸੂਰਬੀਰ ਅਖਵਾਈਆ । ਜੋ ਕਹਿੰਦਾ ਸੀਤਾ ਦਾ ਰਾਮ, ਸੁਰਤੀ ਸਤਿ ਪਰਨਾਈਆ । ਜੋ ਬਣਦਾ ਰਿਹਾ ਘਨਈਆ ਕਾਹਨ, ਮੁਕੰਦ ਮਨੋਹਰ ਲਖਮੀ ਨਰਾਇਣ ਆਪਣਾ ਵੇਸ ਵਟਾਈਆ । ਜੋ ਮੂਸਾ ਈਸਾ ਮੁਹੰਮਦ ਸੁਣਾਉਂਦਾ ਰਿਹਾ ਗਾਨ, ਕਲਮਾ ਇਕ ਉਪਜਾਈਆ । ਜੋ ਨਾਨਕ ਗੋਬਿੰਦ ਦੇਂਦਾ ਰਿਹਾ ਫ਼ਰਮਾਨ, ਸਚ ਸੰਦੇਸਾ ਨਾਮ ਦ੍ਰਿੜਾਈਆ । ਆਪ ਲੁਕਿਆ ਰਿਹਾ ਸ੍ਰੀ ਭਗਵਾਨ, ਪੜਦੇ ਵਿਚ ਆਪਣਾ ਆਪ ਛੁਪਾਈਆ । ਕਲਜੁਗ ਅੰਤ ਬਣਨ ਲੱਗਾ ਪਰਧਾਨ, ਭੇਵ ਅਭੇਦ ਖੁਲ੍ਹਾਈਆ । ਭਗਤ ਉਠਾਏ ਆਣ, ਸੁਰਤੀ ਸੁਰਤ ਖੁਲ੍ਹਾਈਆ । ਜੋਧੇ ਸੂਰਬੀਰਾਂ ਕੀਤਾ ਧਿਆਨ, ਆਪਣੀ ਅੱਖ ਪਲਟਾਈਆ । ਜਿੰਨਾਂ ਚਿਰ ਸਾਂਝਾ ਨਾ ਕਰੇ ਗਿਆਨ, ਆਤਮ ਪਰਮਾਤਮ ਰਾਗ ਅਲਾਹੀਆ । ਓਨਾਂ ਚਿਰ ਇਹਨੂੰ ਪਰਗਟ ਹੋਣ ਨਾ ਦਿਓ ਵਿਚ ਮੈਦਾਨ, ਇਕ ਇੱਕਲਾ ਆਪਣਾ ਢੋਲਾ ਨਾ ਕੋਇ ਸੁਣਾਈਆ । ਸਾਰੇ ਘੇਰੇ ਵਿਚ ਲੈ ਲਓ ਦਰਮਿਆਨ, ਦਰ ਦਰਵਾਜ਼ਾ ਨਜ਼ਰ ਕੋਇ ਨਾ ਆਈਆ । ਪਿਛਲਿਆਂ ਭਗਤਾਂ ਕਿਹਾ ਸੁਣੋ ਲਾ ਕਰ ਕਾਨ, ਕਬੀਰਾ ਡੰਕ ਵਜਾਈਆ । ਗੁਰਮੁਖੋ ਪ੍ਰਭੂ ਬੜਾ ਸ਼ੈਤਾਨ, ਸ਼ਰਅ ਵਿਚ ਸਭ ਨੂੰ ਰਿਹਾ ਭਵਾਈਆ । ਜੁਗ ਚੌਕੜੀ ਆਵੇ ਵਿਚ ਜਹਾਨ, ਨਿਤ ਨਵਿਤ ਵੇਸ ਵਟਾਈਆ । ਜੇ ਮੇਰਾ ਬਚਨ ਜਾਓ ਮਾਨ, ਸਭ ਨੂੰ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਕਬੀਰ ਕਿਹਾ ਭਗਤੋ ਉਹ ਬੜਾ ਜ਼ਿੱਦੀ,

੧੧੩੯
੨੦

ਤਰਸ ਨਾ ਕਦੇ ਕਮਾਈਆ । ਮੈਥੋਂ ਸਿਖ ਲਓ ਬਿਧੀ, ਸਹਿਜੇ ਦਿਆਂ ਸਮਝਾਈਆ । ਕਿਤੇ ਬਣੇ ਨਾ ਰਿਹੋ ਗੀਦੀ, ਸਿਰ ਗੋਡਿਆਂ ਵਿਚ ਲੁਕਾਈਆ । ਪ੍ਰਭ ਨੂੰ ਮਿਲਿਓ ਸਿੱਧੇ ਦੀਦੀਂ, ਅੱਖ ਅੱਖ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਜਨ ਭਗਤੋ ਹੋਰ ਸੁਣੋ ਤਰੀਕਾ, ਤੁਹਾਨੂੰ ਦਿਆਂ ਜਣਾਈਆ । ਜਿਸ ਦਾ ਖੇਲ ਨੀਕਨ ਨੀਕਾ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਉਸ ਦਾ ਬਣ ਜਾਇਓ ਆਪ ਵਸੀਕਾ, ਲਿਖਣਹਾਰ ਆਪ ਹੋ ਜਾਈਆ । ਜਿਹੜਾ ਪਿੱਛੇ ਵੇਲਾ ਬੀਤਾ, ਬੀਤੀ ਕਹਾਣੀ ਦੇਣੀ ਸੁਣਾਈਆ । ਤੇਰੀਆਂ ਰੱਖਦੇ ਰਹੇ ਉਡੀਕਾਂ, ਨਿਜ ਨੇਤਰ ਅੱਖ ਖੁਲ੍ਹਾਈਆ । ਪਿਛੇ ਚਾਰ ਜੁਗ ਦੁੱਖ ਦੇਂਦਾ ਰਿਹੋਂ ਵਾਂਗ ਸ਼ਰੀਕਾਂ, ਅਗਨੀ ਜਲ ਵਿਚ ਡੁਬਾਈਆ । ਹੁਣ ਬਣ ਜਾ ਸਿੱਧਾ ਮੀਤਾ, ਮਿਤਰ ਇਕ ਅਖਵਾਈਆ । ਨਹੀਂ ਤੇ ਭੁਗਤਣਾ ਪਊ ਆਪਣਾ ਕੀਤਾ, ਗੁਰਮੁਖਾਂ ਆਪਣੀ ਹੱਥਕੜੀ ਲਈ ਲਗਾਈਆ । ਅੱਗੇ ਲੁੱਕ ਗਿਉਂ ਗੋਬਿੰਦ ਨਾਲ ਲੈ ਕੇ ਵਿਚ ਅੰਗੀਠਾ, ਹੁਣ ਲੁਕਣ ਦੀ ਲੋੜ ਰਹੇ ਨਾ ਰਾਈਆ । ਤੂੰ ਮਾਲਕ ਹਰ ਘਟ ਜੀਅ ਕਾ, ਜੀਵਣ ਜੁਗਤ ਤੇਰੀ ਵਡਿਆਈਆ । ਤੇਰਾ ਝਗੜਾ ਨਹੀਂ ਕੋਈ ਸਾਢੇ ਤਿੰਨ ਹੱਥ ਸੀਂ ਕਾ, ਰਵਿਦਾਸ ਚਮਾਰਾ ਦਏ ਗਵਾਹੀਆ । ਗੁਰ ਅਵਤਾਰ ਪੈਗ਼ੰਬਰ ਮਦਦੀ ਨਹੀਂ ਕੋਈ ਭਤੀਜਾ, ਤੇਰਾ ਸਾਕ ਸੱਜਣ ਨਜ਼ਰ ਕੋਇ ਨਾ ਆਈਆ । ਜਿਹੜੇ ਮੇਰੀਆਂ ਕਰਦੇ ਰੀਝਾਂ, ਅੱਜ ਉਨ੍ਹਾਂ ਹੱਥਕੜੀ ਲਈ ਲਗਾਈਆ । ਕੀ ਪੱਕਾ ਖਾਵੇਂ ਸੀਧਾ, ਕਿ ਰੁੱਖੀ ਖਾ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਜਨ ਭਗਤ ਕਹਿਣ ਥੋੜ੍ਹਾ ਇਹਨੂੰ ਅੰਦਰ ਖਿਚੋ, ਅੱਗੇ ਲਓ ਲੰਘਾਈਆ । ਜਿੰਨਾਂ ਚਿਰ ਆਪਣਾ ਭੇਤ ਨਾ ਦੱਸੇ ਵਿਚੋਂ, ਹੱਥਕੜੀ ਨਾ ਕੋਇ ਖੁਲ੍ਹਾਈਆ । ਸੋਹਣਾ ਸੱਚਾ ਲੇਖ ਲਿਖੋ, ਲਿਖਤ ਵਾਲੀ ਗਵਾਹੀਆ । ਗੁਰਮੁਖੋ ਨਾਲੇ ਮਰਿਆਦਾ ਸਿੱਖੋ, ਭੁੱਲਿਆਂ ਸਭ ਨੂੰ ਮਿਲੇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਦਏ ਵਡਿਆਈਆ । ਜਨ ਭਗਤ ਕਹਿਣ ਇਹਨੂੰ ਅੰਦਰ ਲਵੋ ਵਾੜ, ਸਰਦਲ ਪਾਰ ਕਰਾਈਆ । ਫੜਿਆ ਵਿਚੋਂ ਉਜਾੜ, ਆਵਾਰਾ ਫਿਰਦਾ ਨਜ਼ਰੀ ਆਈਆ । ਰਾਤ ਨੂੰ ਮੁੱਕੀਆਂ ਮਾਰੋ ਝਾੜ ਝਾੜ, ਜ਼ੋਰ ਨਾਲ ਲਗਾਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰਾਂ ਦਾ ਲੇਖਾ ਮੁਕਾਇਆ ਸਤਾਰਾਂ ਹਾੜ੍ਹ, ਬਚਿਆ ਰਹਿਣ ਕੋਇ ਨਾ ਪਾਈਆ । ਅੱਜ ਏਸ ਦੀ ਕੁੱਟੋ ਨਾੜ ਨਾੜ, ਆਪਣੀ ਖ਼ੁਸ਼ੀ ਬਣਾਈਆ । ਨਾਲ ਵੇਖੋ ਇਹਦਾ ਯਾਰ, ਰਵਦਾਸ ਭੁੱਖਾ ਨਜ਼ਰੀ ਆਈਆ । ਇਹ ਸਦਾ ਭੁੱਖਿਆਂ ਨਾਲ ਕਰੇ ਪਿਆਰ, ਇਹਦੀ ਆਦਤ ਦੇਣੀ ਬਦਲਾਈਆ । ਆਪਣਾ ਕਾਰਜ ਲਵੋ ਸਵਾਰ, ਭੈ ਵਿਚ ਦਿਓ ਡਰਾਈਆ । ਪ੍ਰਭੂ ਅੱਗੇ ਖ਼ਾਲੀ ਬਾਂਝ ਰਹੇ ਕੋਈ ਨਾ ਨਾਰ, ਦੁੱਖੀ ਕੁੱਖੀਂ ਭਾਗ ਲਗਾਈਆ । ਜਿੰਨਾਂ ਚਿਰ ਦੇ ਕੇ ਨਾ ਜਾਏਂ ਆਪਣਾ ਇਤਬਾਰ, ਹੱਥਕੜੀ ਨਾ ਕੋਇ ਖੁਲ੍ਹਾਈਆ । ਕਿੱਥੇ ਤੇਰਾ ਸਚਖੰਡ ਦਵਾਰ, ਦੂਰ ਦੁਰਾਡਾ ਨਜ਼ਰੀ ਆਈਆ । ਇਹ ਭਗਤਾਂ ਦਾ ਘਰਬਾਰ, ਹਰਿਜਨ ਬੈਠੇ ਸੋਭਾ ਪਾਈਆ । ਕਦੀ ਤੈਨੂੰ ਕਹਿੰਦੇ ਸਾਂ ਸੱਚੀ ਸਰਕਾਰ, ਅੱਜ ਮੁਲਜ਼ਮ ਹੋ ਕੇ ਆਪਣਾ ਆਪ ਬੰਧਾਈਆ । ਇਹ ਦੱਸ ਕੀ ਵਿਹਾਰ, ਕਿਉਂ ਇਹ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਲਾਹੀਆ । ਜਨ ਭਗਤ ਕਹਿਣ ਪ੍ਰਭੂ ਵੇਖ ਲਾ ਬੱਧੀ ਰੱਸੀ ਡੋਰੀ, ਦੋਹਰੀ ਮੋੜ ਮੁੜਾਈਆ । ਕੀ ਭਗਤਾਂ ਨਾਲ ਫੇਰ ਕਰੇਂਗਾ ਚੋਰੀ, ਲੁਕ ਲੁਕ ਆਪਣਾ ਮੁਖ ਭਵਾਈਆ । ਅੱਜ ਮੰਨ ਕੇ ਜਾ ਤੁਸੀਂ ਮੇਰੇ ਤੇ ਮੈਂ ਤੁਹਾਡਾ ਜੋੜੀ, ਜੋੜੀ ਧੁਰ ਦੀ ਇਕ ਬਣਾਈਆ ।


੧੧੪੦
੨੦

ਭਾਵੇਂ ਕਿਸੇ ਦੀ ਭਗਤੀ ਬਹੁਤੀ ਤੇ ਭਾਵੇਂ ਥੋੜ੍ਹੀ, ਸਭ ਨੂੰ ਇਕੋ ਰੰਗ ਰੰਗਾਈਆ । ਦੁਨੀਆ ਨੇ ਸ੍ਰਿਸ਼ਟੀ ਨੇ ਖ਼ੁਸ਼ੀਆਂ ਵਿਚ ਵੰਡੀ ਲੋਹੜੀ, ਅਸੀਂ ਲੋਹੜਾ ਪਾਉਣ ਵਾਲਾ ਬੰਨ੍ਹ ਕੇ ਲਿਆ ਬਹਾਈਆ । ਸਾਚੀ ਦੱਸ ਦੇ ਆਪਣੀ ਪੌੜੀ, ਮੰਜ਼ਲ ਦੇ ਵਖਾਈਆ । ਅਸੀਂ ਨਹਾਉਣਾ ਨਹੀਂ ਕਿਸੇ ਤਾਲਾਬ ਜੌਹੜੀਂ, ਤੀਰਥ ਤਟ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ । ਰੱਸੀ ਕਹੇ ਬੰਨ੍ਹੋ ਛੇਤੀ ਘੁੱਟ, ਹੱਥ ਹੱਥ ਨਾਲ ਜਕੜਾਈਆ । ਕਿਤੇ ਚੋਰੀ ਜਾਏ ਨਾ ਛੁਟ, ਆਪਣਾ ਆਪ ਬਚਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਦੀ ਜੜ੍ਹ ਦਿਤੀ ਪੁੱਟ, ਕਲਮਾ ਦਿਤਾ ਬਦਲਾਈਆ । ਭਗਤ ਬਣਾ ਕੇ ਸੁਤ, ਸੁੱਤਿਆਂ ਰਿਹਾ ਉਠਾਈਆ । ਮੌਲੇ ਇਕੋ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਇਕ ਹੋਰ ਗੱਲ ਲਵੋ ਪੁਛ, ਸਹਿਜ ਨਾਲ ਸੁਣਾਈਆ । ਕੀ ਫੇਰ ਵੀ ਰੱਖੇਂਗਾ ਅੰਧੇਰਾ ਘੁੱਪ, ਭਗਤਾਂ ਨਾਲੋਂ ਜੁਦਾਈਆ । ਕੀ ਵੰਡੇਂਗਾ ਦੁੱਖ, ਦਰਦੀਆਂ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਸੋਭਾ ਪਾਈਆ । ਰੱਸੀ ਕਹੇ ਮੈਨੂੰ ਜਾਓ ਘੁੱਟੀ, ਜ਼ੋਰ ਨਾਲ ਬੰਧਾਈਆ । ਜਿੰਨੀ ਘੁਟੋਗੇ ਓਨਾਂ ਤੁਹਾਡੇ ਉਤੇ ਜਾਏ ਤੁੱਠੀ, ਮਿਹਰ ਨਜ਼ਰ ਉਠਾਈਆ । ਪ੍ਰੇਮ ਦਾ ਲਾਹਾ ਜਾਓ ਲੁੱਟੀ, ਨੇਤਰ ਨੈਣਾਂ ਅੱਖ ਡਰਾਈਆ । ਆਪਣੀ ਆਤਮਾ ਕਰੋ ਸੁੱਚੀ, ਨਿਰਮਲ ਨੂਰ ਰੁਸ਼ਨਾਈਆ । ਕੋਈ ਸਵਾਣੀ ਰਹੇ ਨਾ ਘੁੱਥੀ, ਸਚ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਪਰਗਟਾਈਆ । ਜਨ ਭਗਤ ਕਹਿਣ ਇਹਨੂੰ ਲੈ ਜਾਓ ਹੋਰ ਅੱਗੇ, ਪਿੱਛਾ ਨਾ ਕੋਇ ਸਮਝਾਈਆ । ਜਿੰਨਾਂ ਚਿਰ ਭੇਵ ਨਾ ਖੋਲ੍ਹੇ ਜਗੇ, ਜਾਗਰਤ ਜੋਤ ਕਰ ਰੁਸ਼ਨਾਈਆ । ਓਨਾਂ ਚਿਰ ਇਹਦੇ ਹੱਥ ਰਹਿਣ ਬੱਧੇ, ਗੰਢ ਨਾ ਕੋਇ ਖੁਲ੍ਹਾਈਆ । ਅਸੀਂ ਵੀ ਧਰਮ ਨਿਸ਼ਾਨੇ ਗੱਡੇ, ਜਨ ਭਗਤ ਰਹੇ ਸੁਣਾਈਆ । ਅਸੀਂ ਬੰਦ ਰਹਿਣਾ ਨਹੀਂ ਵਿਚ ਡੱਬੇ, ਸਾਡਾ ਪੜਦਾ ਦੇਣਾ ਚੁਕਾਈਆ । ਜਿਹੜੇ ਚੁਰਾਸੀ ਵਿਚੋਂ ਕੱਢੇ, ਆਪਣੇ ਨਾਲ ਮਿਲਾਈਆ । ਕਿੰਨਾਂ ਚਿਰ ਹੋ ਗਿਆ ਤੇਰੀ ਚਰਨੀ ਲੱਗੇ, ਤੇਰੀ ਆਸ ਤਕਾਈਆ । ਅੱਗੇ ਜਦ ਦਰਸ਼ਨ ਦੇਵੇਂ ਤੇ ਚੜ੍ਹ ਕੇ ਘੋੜੇ ਬੱਗੇ, ਸ਼ਾਹ ਸਵਾਰਾ ਨਜ਼ਰੀ ਆਈਆ । ਤੇਰਾ ਭਗਤ ਤੇਰਾ ਦਰਸ਼ਨ ਕਰ ਕੇ ਰੱਜੇ, ਤ੍ਰਿਸ਼ਨਾ ਤ੍ਰਿਖਾ ਦੇਣੀ ਬੁਝਾਈਆ । ਨਾਲ ਤੇਰਾ ਜੈਕਾਰਾ ਗੱਜੇ, ਨਾਦ ਧੁਨ ਸ਼ਬਦ ਸ਼ਨਵਾਈਆ । ਗੁਰਮੁਖ ਸੋਹੰ ਢੋਲਾ ਜਪੇ, ਇਕੋ ਮਿਲੇ ਸਰਨਾਈਆ । ਅੱਜ ਤੋਂ ਕੌਲ ਇਕਰਾਰ ਕਰ ਜਾ ਪੱਕੇ, ਨਹੀਂ ਤੇ ਬੰਧਨ ਨਾ ਕੋਇ ਤੁੜਾਈਆ । ਜੁਗ ਜੁਗ ਸੁਣਦੇ ਰਹੇ ਤੇਰੇ ਸਿਫ਼ਤਾਂ ਵਾਲੇ ਟੱਪੇ, ਟਾਪੂਆਂ ਵਿਚ ਆਪਣਾ ਫੇਰਾ ਪਾਈਆ । ਹਿਸਾਬ ਦੱਸਦਾ ਰਿਹੋਂ ਮਾਈਨਸ ਵਿਚ ਬਟੇ, ਜਮਾਂ ਜ਼ਰਬ ਜੋੜ ਜੁੜਾਈਆ । ਆਪਣੀ ਕੀਮਤ ਰਖਾਉਂਦਾ ਰਿਹੋਂ ਧੇਲੇ ਟਕੇ, ਹੱਟਾਂ ਵਿਚ ਵਿਕਾਈਆ । ਗੁਰ ਅਵਤਾਰ ਪੈਗ਼ੰਬਰ ਕਰੌਂਦੇ ਰਹੇ ਤੈਨੂੰ ਠੱਠੇ, ਜੁਗ ਜੁਗ ਤੇਰਾ ਨਾਮ ਬਦਲਾਈਆ । ਹੁਣ ਸਾਰੇ ਹੋਏ ਇਕੱਠੇ, ਘਰ ਇਕੋ ਸੋਭਾ ਪਾਈਆ । ਪਿਛਲੇ ਰਹਿਣ ਨਾ ਦੇਣੇ ਪਟੇਦਾਰੀ ਦੇ ਪਟੇ, ਪਟਨੇ ਵਾਲਾ ਨਾਲ ਮਿਲਾਈਆ । ਜਗਤ ਕੂੜ ਰਹਿਣ ਨਾ ਰੱਟੇ, ਰੱਟਾ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੰਧ ਮੁਕਾਈਆ । ਰੱਸੀ ਕਹੇ ਇਕ ਹੋਰ ਦਿਓ ਲਪੇਟ, ਉਂਗਲਾਂ ਉਂਗਲਾਂ ਨਾਲ ਜੁੜਾਈਆ । ਮਨਾ ਕੇ ਛੱਡੋ ਭਗਤਾਂ ਦੀ ਸਹਾਇਤਾ ਕਰਨੀ ਵਿਚ ਮਾਤਾ ਪੇਟ, ਗਰਭ ਹੋਣਾ ਸਹਾਈਆ । ਤੇਰੀ ਪੂਜਾ ਦਾ ਰਹੇ ਕੋਇ ਨਾ ਰੇਟ, ਕੀਮਤ ਜਗਤ ਨਾ ਕੋਇ ਲਗਾਈਆ । ਓ ਪ੍ਰਭੂ ਜਿਨ੍ਹਾਂ ਭਗਤਾਂ ਨੇ ਆਪਣਾ ਆਪ ਤੈਨੂੰ ਕੀਤਾ ਭੇਟ, ਹੋਰ ਤੇਰੀ ਕੀ

ਸੇਵ ਕਮਾਈਆ । ਜੇ ਰੁਖ਼ ਨਾ ਬਦਲਿਆ ਏਸ ਪਹਿਲੀ ਚੇਤ, ਫੇਰ ਤੈਨੂੰ ਚੇਤਨ ਕਹਿ ਕੇ ਕੋਇ ਨਾ ਗਾਈਆ । ਏਸੇ ਤਰਾ ਬੰਨ੍ਹ ਕੇ ਮੰਡੀ ਵਿਚ ਆਵਾਂਗੇ ਵੇਚ, ਪੱਲਾ ਆਪਣਾ ਆਪ ਛੁਡਾਈਆ । ਸ੍ਰੀ ਭਗਵਾਨ ਕਹੇ ਭਗਤੋ ਜਿਸ ਕਾਰਨ ਤੁਹਾਨੂੰ ਦਿਤਾ ਭੇਜ, ਭਜਨ ਬੰਦਗੀ ਤੋਂ ਬਾਹਰ ਕਢਾਈਆ । ਜ਼ਰੂਰ ਦੇਵਾਂ ਜੋਤੀ ਦਾ ਤੇਜ, ਤਪਸਵੀ ਧੁਰ ਦੇ ਦਿਆਂ ਬਣਾਈਆ । ਧਰਮ ਪੁਜਾਰੀ ਬਣਾ ਕੇ ਨੇਕ, ਨਿੱਕਿਆਂ ਵੱਡਿਆਂ ਰੰਗ ਰੰਗਾਈਆ । ਤੁਸੀਂ ਸਾਚੀ ਰੱਖੋ ਟੇਕ, ਟਿੱਕੇ ਮਸਤਕ ਧੂੜੀ ਆਪ ਛੁਹਾਈਆ । ਹੁਣ ਅਗਲੇ ਅੰਦਰ ਦਿਓ ਭੇਜ, ਮਾਂਗਤ ਹੋ ਕੇ ਮੰਗ ਮੰਗਾਈਆ । ਅੱਜ ਨਹੀਂ ਮੰਗਦਾ ਕੋਈ ਸੋਹਣੀ ਸੇਜ, ਭੁੰਜੇ ਬਹਿ ਕੇ ਝਟ ਲੰਘਾਈਆ । ਆਪਣੇ ਖਾਣ ਲਈ ਬਣਾ ਲਓ ਦੇਗ, ਮੈਨੂੰ ਰਸ ਨਾ ਕੋਇ ਚਖਾਈਆ । ਇਕ ਵਿਹਾਰ ਵੇਲੇ ਕੋਲ ਲਿਆ ਕੇ ਰੱਖਣੀ ਤੇਗ਼, ਮਿਆਨ ਵਿਚੋਂ ਬਾਹਰ ਕਢਾਈਆ । ਫੇਰ ਅਗਲਾ ਦੱਸੂੰ ਲੇਖ, ਕੀ ਖੇਲ ਕਰੇ ਬੇਪਰਵਾਹੀਆ । ਆਓ ਚਲੀਏ ਅਗਲੇ ਦੇਸ, ਪਿਛਲਾ ਪੰਧ ਮੁਕਾਈਆ । ਜਨ ਭਗਤੋ ਤਲਾਸ਼ੀ ਲੈ ਲਓ ਫੋਲ ਕੇ ਵੇਖ ਲਓ ਜੇਬ, ਤੁਹਾਡੀ ਵਸਤੂ ਨਾ ਕੋਇ ਚੁਰਾਈਆ । ਪਿੱਛੇ ਚਾਰ ਜੁਗ ਜ਼ਰੂਰ ਕਰਦਾ ਰਿਹਾ ਫ਼ਰੇਬ, ਛਿਨ ਵਿਚ ਦਰਸ਼ਨ ਦੇ ਕੇ ਫੇਰ ਆਪਣਾ ਆਪ ਛੁਪਾਈਆ । ਜਿਸ ਵੇਲੇ ਤੇਗ਼ ਬਹਾਦਰ ਨੇ ਸੱਦੇ ਅੰਗਰੇਜ਼, ਏਸੇ ਤਰ੍ਹਾਂ ਹੱਥ ਬੰਨ੍ਹ ਕੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਆਪ ਉਠਾਈਆ । ਜਨ ਭਗਤੋ ਮੇਰੀ ਖ਼ੂਬ ਲਓ ਤਲਾਸ਼ੀ, ਨਾੜੀ ਨਾੜੀ ਫੋਲ ਫੁਲਾਈਆ । ਤੁਹਾਡੀ ਪੂੰਜੀ ਚੁੱਕੀ ਨਹੀਂ ਕੋਈ ਰਾਸੀ, ਸਿਰਫ਼ ਆ ਕੇ ਰਸਤਾ ਰਿਹਾ ਵਖਾਈਆ । ਮੇਰਾ ਖੇਲ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰਾਂ ਹੋਏ ਰੁਸ਼ਨਾਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਅਬਿਨਾਸ਼ੀ, ਜਨਮ ਮਰਨ ਨਾ ਖੇਲ ਖਿਲਾਈਆ । ਪਰਮਾਤਮਾ ਆਤਮਾ ਆਤਮਾ ਪਰਮਾਤਮਾ ਦੀ ਜਾਤੀ, ਜੋਤੀ ਜਾਤਾ ਇਕ ਅਖਵਾਈਆ । ਕੁਛ ਯਾਦ ਆ ਗਈ ਗੋਬਿੰਦ ਵਾਲੀ ਬਾਤੀ, ਜੋ ਪੁਰੀ ਅਨੰਦ ਦਿਤੀ ਸੁਣਾਈਆ । ਜਿਸ ਵੇਲੇ ਅਨੰਦ ਪੁਰ ਨੂੰ ਛੱਡਣਾ ਤੇ ਗੋਬਿੰਦ ਪੁਰਖ ਅਕਾਲ ਦੀ ਬਣਿਆ ਦਾਸੀ, ਏਸੇ ਤਰ੍ਹਾਂ ਹੱਥ ਜੋੜ ਕੇ ਸੀਸ ਦਿਤਾ ਨਿਵਾਈਆ । ਇਕ ਬੇਨੰਤੀ ਧੁਰ ਦੀ ਆਖੀ, ਬਿਨਾਂ ਅੱਖਰਾਂ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਗੋਬਿੰਦ ਓਸ ਵੇਲੇ ਆਪਣੇ ਹੱਥ ਬੱਧੇ ਨਾਲ ਰੱਸੀ, ਦੂਜਾ ਨਜ਼ਰ ਕੋਇ ਨਾ ਆਈਆ । ਪ੍ਰਭੂ ਤੇਰੇ ਹੁਕਮ ਨਾਲ ਇਹ ਬਸਤੀ ਬਸੀ, ਤੇਰੇ ਹੁਕਮ ਨਾਲ ਉਜਾੜਾ ਦਿਤਾ ਪਾਈਆ । ਅਗਲਾ ਮਾਰਗ ਸੋਹਣਾ ਦੱਸੀਂ, ਮੈਂ ਸਾਚੀ ਸੇਵ ਕਮਾਈਆ । ਤੇਰਾ ਖੇਲ ਵੇਖਾਂ ਅੱਖੀਂ, ਆਖ਼ਰ ਓਟ ਤਕਾਈਆ । ਫਿਰ ਲੇਟ ਕੇ ਭਾਰ ਵੱਖੀ, ਦੋਵੇਂ ਹੱਥ ਕੰਨ ਉਤੇ ਟਿਕਾਈਆ । ਹੱਥਾਂ ਦੀ ਬਣਾ ਕੇ ਪੱਟੀ, ਗੋਬਿੰਦ ਨੈਣ ਲਏ ਛੁਪਾਈਆ । ਫੇਰ ਮੁੱਛਾਂ ਨੂੰ ਚਾੜ੍ਹ ਕੇ ਵੱਟੀ, ਬਲ ਆਪਣਾ ਲਿਆ ਪਰਗਟਾਈਆ । ਪੁਰਖ ਅਕਾਲ ਤੇਰੀ ਪੜ੍ਹ ਕੇ ਇਕੋ ਪੱਟੀ, ਦੂਜੀ ਵਿਦਿਆ ਦਿਤੀ ਭੁਲਾਈਆ । ਪੁਰਖ ਅਕਾਲ ਕਿਹਾ ਗੋਬਿੰਦ ਬਣ ਜਾ ਵੱਡਾ ਹਠੀ, ਤੈਨੂੰ ਦਿਆਂ ਸੁਣਾਈਆ । ਅਜੇ ਤੇ ਕਲਜੁਗ ਦੀ ਹੋਰ ਤਪਣੀ ਭੱਠੀ, ਓਸ ਵੇਲੇ ਅੰਮ੍ਰਿਤ ਪਿਆਉਣ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਕੈਦੀ ਕਹੇ ਭਾਈ ਕਿਹੜਾ ਕੈਦਖ਼ਾਨਾ, ਭਗਤੋ ਦਿਓ ਜਣਾਈਆ । ਜੇ ਇਸ ਤੋਂ ਅੱਗੇ ਓਧਰ ਨੂੰ ਹੋਵਾਂ ਰਵਾਨਾ, ਪਿਛਲਾ ਪੰਧ ਮੁਕਾਈਆ । ਮੈਨੂੰ ਹੱਥਕੜੀ ਤੇ ਤੁਸੀਂ ਬੰਨ੍ਹਣਾ ਗਾਨਾ, ਇਹੋ ਬੇਪਰਵਾਹੀਆ । ਤੁਸੀਂ ਮੇਰੇ ਤੇ ਮੈਂ ਵੇਖੋ ਬੇਗਾਨਾ, ਹਮੇਸ਼ਾ ਬੇਗਾਨਿਆਂ ਨੂੰ ਮਿਲੇ

ਸਜ਼ਾਈਆ । ਅੱਗੇ ਦਿਓ ਕੋਈ ਨਾ ਤਾਅਨਾ, ਮੇਹਣਾ ਰਹਿਣ ਕੋਇ ਨਾ ਪਾਈਆ । ਆਪਣੀ ਖੇਲ ਖੇਲੇ ਸ੍ਰੀ ਭਗਵਾਨਾ, ਜਿਸ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਬਣ ਨਿਮਾਣਾ, ਨਿਮਾਣਿਆਂ ਪਾਰ ਕਰਾਈਆ । ਰੱਸੀ ਕਹੇ ਅੱਗੇ ਹੋਰ ਜਗਹ, ਪਿਛਲੇ ਅੰਦਰ ਬੰਦ ਕਰਾਈਆ । ਕਿਤੇ ਫੇਰ ਵੀ ਨਾ ਨਿਕਲ ਜਾਵੇ ਦੇ ਕੇ ਦਗਾ, ਧੋਖਿਆਂ ਵਿਚ ਫਸਾਈਆ । ਰੱਸੀ ਕਹੇ ਇਸ ਨੂੰ ਬੰਨ੍ਹੋ ਮੇਰੇ ਨਾਲ ਉਤੋਂ ਰਗਾਂ, ਰਘੁਪਤ ਅਖਵਾ ਕੇ ਸੀਤਾ ਨੂੰ ਗਿਆ ਸਤਾਈਆ । ਬੜੀ ਮੁਸ਼ਕਲ ਨਾਲ ਭਗਤ ਦਵਾਰਿਉਂ ਲੱਭਾ, ਹੋਰ ਹੱਥ ਕਿਤੋਂ ਨਾ ਆਈਆ । ਗ੍ਰੰਥਾਂ ਵਿਚੋਂ ਸੁਣਿਆ ਬੜਾ ਕੱਬਾ, ਕਾਅਬੇ ਵਾਲਿਆਂ ਦਏ ਸਜ਼ਾਈਆ । ਅੱਜ ਚਖਾਓ ਇਹਨੂੰ ਆਪਣੀ ਸਜ਼ਾ ਦਾ ਮਜ਼ਾ, ਮਜ਼ਾਕ ਫੇਰ ਕਰਨ ਨਾ ਪਾਈਆ । ਜਿੰਨਾਂ ਚਿਰ ਜਨ ਭਗਤ ਨਾ ਚਲਾਵੇ ਆਪਣੀ ਰਜ਼ਾ, ਆਪਣੇ ਰੰਗ ਰੰਗਾਈਆ । ਓਨਾਂ ਚਿਰ ਰਹਿਣ ਦਿਓ ਬੱਧਾ, ਪਹਿਰੇਦਾਰ ਲਓ ਉਠਾਈਆ । ਵੇਖਾਂਗੇ ਕਿੱਡਾ ਵੱਡਾ, ਬਲ ਸਾਡੇ ਨਾਲੋਂ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਜਨ ਭਗਤ ਕਹਿਣ ਚੰਗਾ ਆ ਗਿਆ ਘੇਰੇ, ਘੇਰਾ ਲਓ ਪਾਈਆ । ਅੱਜ ਇਹਨੂੰ ਰੱਖੋ ਅੰਧੇਰੇ, ਦੀਪਕ ਨਾ ਕੋਇ ਰੁਸ਼ਨਾਈਆ । ਜਿੰਨਾਂ ਚਿਰ ਨਾ ਚਾੜ੍ਹੇ ਆਪਣੇ ਬੇੜੇ, ਡੁਬਦਿਆਂ ਨਾ ਪਾਰ ਕਰਾਈਆ । ਓਨਾਂ ਚਿਰ ਨਿੱਕਲ ਨਾ ਜਾਏ ਵਿਚੋਂ ਏਸ ਖੇੜੇ, ਖ਼ਬਰਦਾਰੀ ਘਰ ਘਰ ਦਿਓ ਕਰਾਈਆ । ਕਿਉਂ ਆ ਗਿਆ ਛੜਿਆਂ ਦੇ ਵਿਹੜੇ, ਤਰਸ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਅੱਜ ਇਹਨੂੰ ਕੁੱਟ ਕੁੱਟ ਕੇ ਕਰ ਦਿਓ ਢੇਰੇ, ਆਪਣਾ ਬਲ ਵਧਾਈਆ । ਜਿੰਨਾਂ ਚਿਰ ਸਾਡੇ ਬੰਨ੍ਹ ਕੇ ਨਾ ਜਾਏ ਬੇੜੇ, ਸਾਂਝ ਜਗਤ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਰੱਸੀ ਕਹੇ ਇਹ ਦੋਵੇਂ ਹੱਥ ਲੈ ਜਾਓ ਉਤੇ ਗਿੱਚੀ, ਗਰਦਨ ਦਿਓ ਝੁਕਾਈਆ । ਇਹਨੂੰ ਪੁਛੋ ਕਿਸ ਤਰਾ ਪਾਲਣੀ ਸਿੱਖੀ, ਸਾਨੂੰ ਦੇ ਸਮਝਾਈਆ । ਜਿਸ ਦੀ ਧਾਰ ਤਿੱਖੀ, ਉਤੇ ਪੈਰ ਨਾ ਕੋਇ ਟਿਕਾਈਆ । ਤੂੰ ਲਾਰਾ ਦੇਂਦਾ ਸਾਂ ਵੀਹ ਇੱਕੀ ਕਿਉਂ ਬੈਠਾ ਮੁਖ ਭਵਾਈਆ । ਅੱਜ ਖਾਣ ਨੂੰ ਨਹੀਂ ਦੇਣੀ ਤੈਨੂੰ ਟਿੱਕੀ, ਭੁੱਖਾਂ ਰਹਿ ਕੇ ਝਟ ਲੰਘਾਈਆ । ਜੇ ਸਾਨੂੰ ਗ਼ੁੱਸਾ ਆ ਗਿਆ ਭਗਤ ਕਹਿਣ ਤੇਰੇ ਮੂੰਹ ਉਤੇ ਦੇ ਦੇਈਏ ਛਿੱਕੀ, ਸਜ਼ਾ ਹੋਰ ਹੋਰ ਭੁਗਤਾਈਆ । ਆਪਣੀ ਵਾਰ ਵੇਖ ਲਾ ਥਿਤੀ, ਪਿਛਲੀ ਨਜ਼ਰੀ ਆਈਆ । ਜਿਹੜੀ ਗੋਬਿੰਦ ਨੂੰ ਦਿਤੀ ਚਿੱਠੀ, ਮਾਛੂਵਾੜੇ ਸਮਝਾਈਆ । ਜੋ ਤੇਰੀ ਹਾਹੇ ਉਤੇ ਲੱਗੀ ਟਿੱਪੀ, ਸੱਸੇ ਹੋੜੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਜਨ ਭਗਤ ਕਹਿਣ ਇਹਨੂੰ ਪੁਠਾ ਪਾ ਦਿਓ ਲੰਮਾਂ, ਹੁਕਮ ਇਕ ਸੁਣਾਈਆ । ਪ੍ਰਭੂ ਫੇਰ ਨਾ ਬਣੀਂ ਨਿਕੰਮਾ, ਨਕਰਮਣਾਂ ਲੈਣਾ ਤਰਾਈਆ । ਸਾਡੀ ਕੂੜੀ ਮੇਟ ਦੇ ਤਮਾ, ਲਾਲਚ ਦੇਣਾ ਗਵਾਈਆ । ਅੱਜ ਸਭ ਨੂੰ ਦੇ ਕੇ ਜਾ ਜਨਮ ਨਵਾਂ, ਨਵਾਂ ਰੰਗ ਚੜ੍ਹਾਈਆ । ਹਰਖ਼ ਰਹੇ ਨਾ ਗ਼ਮਾਂ, ਚਿੰਤਾ ਸੋਗ ਮਿਟਾਈਆ । ਤੇਰੇ ਪ੍ਰੇਮ ਦਾ ਵੇਖੀਏ ਸਮਾਂ, ਭਾਵੇਂ ਸਮਾਪਤ ਹੋਏ ਲੋਕਾਈਆ । ਜਨ ਭਗਤੋ ਅੱਗੇ ਕਦੇ ਨਾ ਕਿਹੋ ਕੀ ਭਰੋਸਾ ਦਮਾਂ, ਜਿਸ ਨੂੰ ਚਾਹੇ ਓਸੇ ਨੂੰ ਲਏ ਬਚਾਈਆ । ਸਭ ਦਾ ਲੇਖਾ ਮੇਰੇ ਕੋਲ ਜਮਾਂ, ਵਿਸ਼ਨ ਬ੍ਰਹਮਾ ਸ਼ਿਵ ਹੱਥ ਨਾ ਕੋਇ ਫੜਾਈਆ । ਮਿਹਰਵਾਨ ਹੋ ਕੇ ਬੇੜਾ ਬੰਨ੍ਹਾਂ, ਬੰਨ੍ਹਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਭੁਗਤਾਈਆ । ਜਨ ਭਗਤ ਕਹਿਣ ਗ਼ੁੱਸੇ ਵਿਚ ਸੁੱਟੋ ਭਾਰ ਵੱਖੀ, ਜ਼ੋਰ

੧੧੪੩
੨੦

ਨਾਲ ਦਬਾਈਆ । ਫੇਰ ਵੇਖੋ ਆਪਣੀ ਅੱਖੀ, ਕਿਸ ਬਿਧ ਮਿਲੇ ਸਜ਼ਾਈਆ । ਜੋ ਪ੍ਰੇਮ ਦੀ ਸਾਚੀ ਸਖ਼ੀ, ਸੋ ਸੋਹੰ ਢੋਲਾ ਗਾਈਆ । ਮੰਨ ਕੇ ਇਕੋ ਪਤੀ, ਪਤਿਪਰਮੇਸ਼ਵਰ ਧਿਆਨ ਲਗਾਈਆ । ਮੁਹੱਬਤ ਪਿਆਰ ਕੂੜ ਵਿਚ ਨਾ ਫਸੀ, ਫਾਸੀ ਗਲੋਂ ਲਈ ਕਟਾਈਆ । ਏਸੇ ਕਰ ਕੇ ਬੱਧੀ ਰੱਸੀ, ਰਸਤੇ ਭੁੱਲ ਕੇ ਗੁਰਮੁਖ ਔਝੜ ਰਾਹ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹਿਣ ਇਹਦਾ ਰਗੜੋ ਨੱਕ, ਜ਼ੋਰ ਨਾਲ ਦਬਾਈਆ । ਜਿੰਨਾਂ ਚਿਰ ਸਾਡਾ ਨਾ ਦੇਵੇ ਹਕ, ਹਕ਼ੀਕ਼ਤ ਦਏ ਸਮਝਾਈਆ । ਅਜੇ ਤਕ ਸਾਨੂੰ ਸ਼ੱਕ, ਪਤਾ ਨਹੀਂ ਪੁਰਖ ਅਕਾਲ ਕਿ ਧੋਖੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਖੁਲ੍ਹਾਈਆ । ਜਨ ਭਗਤ ਕਹਿਣ ਇਹਦੀ ਹਲੂਣੋ ਗਰਦਨ, ਗਰਦੋ ਗੁਬਾਰ ਦਏ ਗਵਾਈਆ । ਸੁਰਤੀ ਸੁੱਤੀ ਉਠਾ ਕੇ ਕਰੇ ਮਰਦਨ, ਮਰਦ ਮਰਦਾਨਾ ਦਇਆ ਕਮਾਈਆ । ਕੀ ਹੋਇਆ ਜੇ ਕ੍ਰਿਸ਼ਨ ਚੀਚੀ ਪਹਾੜ ਉਠਾਇਆ ਗੋਵਰਧਨ, ਬ੍ਰਹਿਮੰਡ ਖੰਡ ਬਿਨਾਂ ਉਂਗਲੀਆਂ ਤੋਂ ਰਿਹਾ ਟਿਕਾਈਆ । ਕੀ ਹੋਇਆ ਜੇ ਗੀਤਾ ਗਿਆਨ ਸੁਣਾਇਆ ਅਰਜਨ, ਅਠਾਰਾਂ ਧਿਆਏ ਪੜ੍ਹਾਈਆ । ਜਨ ਭਗਤੋ ਤੁਹਾਡਾ ਸਦਾ ਲਈ ਸਚ ਦਵਾਰੇ ਦਾ ਨੇਂਦਾ ਆਇਆ ਵਰਜਨ, ਨਾਮ ਮਹਿੰਮਾਨੀ ਇਕ ਖਵਾਈਆ । ਜਿਹੜੇ ਆਏ ਦਵਾਰੇ ਪਿੱਛੇ ਮੂਲ ਨਾ ਪਰਤਣ, ਚੁਰਾਸੀ ਵਿਚ ਨਾ ਕੋਇ ਫਿਰਾਈਆ । ਤੁਹਾਡੇ ਕਾਇਆ ਭਾਂਡੇ ਹੁਣ ਆਪ ਸਾਫ਼ ਕਰੇ ਬਰਤਨ, ਅੰਦਰ ਵੜ ਕੇ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਦਏ ਵਡਿਆਈਆ । ਰੱਸੀ ਕਹੇ ਮੈਨੂੰ ਘੁੱਟ ਕੇ ਦਿਓ ਗੰਢ, ਆਪਣਾ ਜ਼ੋਰ ਲਗਾਈਆ । ਫਿਰ ਭਗਤਾਂ ਪਏ ਠੰਡ, ਅਗਨੀ ਤਤ ਗਵਾਈਆ । ਜਿਥੇ ਅੱਜ ਦਾ ਖਾਣਾ ਡੰਗ, ਸੋ ਗ੍ਰਿਹਿ ਦਏ ਵਸਾਈਆ । ਤਾਅਮੀਲ ਅੰਦਰ ਹੋ ਪਾਬੰਦ, ਹੁਕਮ ਹੁਕਮ ਵਿਚ ਬਣਾਈਆ । ਗੁਰਮੁਖੋ ਤੁਹਾਡੇ ਨਾਲ ਨਾ ਕੋਈ ਝਗੜਾ ਤੇ ਨਾ ਕੋਈ ਜੰਗ, ਹੱਥੀਂ ਬੱਧਾ ਸੇਵ ਕਮਾਈਆ । ਸਭ ਨੇ ਅੱਠ ਵਜੇ ਚਿੱਟੇ ਤਾਗੇ ਦਾ ਬੰਨ੍ਹਣਾ ਤੰਦ, ਤੰਦੂਏ ਦੀ ਪੁਕਾਰ ਗਜ ਦਾ ਉਧਾਰ ਲੇਖਾ ਪਿਛਲਾ ਪੂਰ ਕਰਾਈਆ । ਹਰਿ ਭਗਤ ਸਦਾ ਬਖ਼ਸ਼ੰਦ, ਜਿਨ੍ਹਾਂ ਦਾ ਮਾਲਕ ਸੂਰਾ ਸਰਬੰਗ, ਇਕ ਅਨੇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਮਸਤਕ ਵੇਖ ਵਖਾਈਆ । ਜਨ ਭਗਤੋ ਇਹ ਤੁਹਾਡੇ ਹੱਥ ਅਸੂਲ, ਨਿਯਮ ਤੁਹਾਡੇ ਨਾਲ ਰਖਾਈਆ । ਜੇ ਛੱਡਣਾ ਕਰੋ ਕਬੂਲ, ਹੱਥਕੜੀ ਦਿਓ ਖੁਲ੍ਹਾਈਆ । ਜੇ ਕਿਸੇ ਦਾ ਲਹਿਣਾ ਨਹੀਂ ਹੋਇਆ ਵਸੂਲ, ਉਹ ਵੀ ਦਿਓ ਸਮਝਾਈਆ । ਪਤਾ ਨਹੀਂ ਤੁਸੀਂ ਭੁੱਲੇ ਕਿ ਪ੍ਰਭ ਨੇ ਕੀਤੀ ਭੂਲ, ਭੁੱਲਿਆਂ ਪ੍ਰਭੂ ਦਏ ਸਜ਼ਾਈਆ । ਸਭ ਨੂੰ ਬਖ਼ਸ਼ ਕੇ ਪ੍ਰੇਮ ਪਿਆਰ ਦੀ ਧੂਲ, ਟਿੱਕੇ ਦਏ ਲਗਾਈਆ । ਤੁਸੀਂ ਅਸਲ ਤੇ ਤੁਸੀਂ ਮੂਲ, ਸੂਦ ਤੇ ਕੁਲਜ਼ਰ ਕੁਲ ਮਾਲਕ ਨਜ਼ਰੀ ਆਈਆ । ਧੁਰਦਰਗਾਹੀ ਦਾ ਇਕੋ ਰੂਲ, ਜਿਸ ਦਾ ਨੰਬਰ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਈਆ । ਰੱਸੀ ਕਹੇ ਮੈਨੂੰ ਦੇ ਦਿਉ ਰਸਤਾ, ਬਾਹਰ ਦੇਣੀ ਕਢਾਈਆ । ਜਨ ਭਗਤੋ ਤੁਹਾਡਾ ਦਵਾਰਾ ਰਹੇ ਵਸਦਾ, ਬਸਤੀ ਸੋਹਣੀ ਨਜ਼ਰੀ ਆਈਆ । ਪ੍ਰਭੂ ਮਾਲਕ ਰਹੇ ਹੱਸਦਾ, ਹਸਤੀ ਹਸਤੀ ਵਿਚੋਂ ਪਰਗਟਾਈਆ । ਤੁਹਾਡਾ ਲੇਖਾ ਸਾਂਝੇ ਜਸ ਦਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪਿਆਰ ਲਉ ਓਸ ਅੱਖ ਦਾ, ਜਿਹੜੀ ਅੱਖ ਨਾ ਕਦੇ ਸ਼ਰਮਾਈਆ । ਤੁਹਾਡਾ ਪ੍ਰੀਤਮ ਤੁਹਾਡੇ ਅੰਦਰੋਂ ਕਦੇ ਨਾ ਨੱਸਦਾ, ਘਰ ਮੰਦਰ

ਡੇਰਾ ਲਾਈਆ । ਮੰਜ਼ਲ ਜਗਤ ਵਾਲੀ ਟੱਪਦਾ, ਕੂੜੀ ਕਿਰਿਆ ਪੰਧ ਚੁਕਾਈਆ । ਹਰਿ ਭਗਤਾਂ ਵਿਚ ਫਬਦਾ, ਸੋਹਣਾ ਜੋੜ ਜੁੜਾਈਆ । ਧੰਨ ਸੁ ਵੇਲਾ ਹੋਇਆ ਅੱਜ ਦਾ, ਤੁਹਾਡਾ ਲਹਿਣਾ ਦਿਤਾ ਮੁਕਾਈਆ । ਮੈਂ ਉਡੀਕਦਾ ਸਾਂ ਕਦ ਦਾ, ਜੁਗ ਚੌਕੜੀ ਵੇਖ ਵਖਾਈਆ । ਜਿਸ ਵੇਲੇ ਲੇਖਾ ਮੁਕਿਆ ਗੁਰ ਅਵਤਾਰ ਪੈਗ਼ੰਬਰਾਂ ਦੀ ਹੱਦ ਦਾ, ਹਾਜ਼ਰ ਹੋ ਕੇ ਦਿਤਾ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਸਦਾ ਲੱਭਦਾ, ਸਤਿ ਦਾ ਮਾਲਕ ਸਦਾ ਸਤਿ ਵਿਚ ਮਿਲਾਈਆ ।

## ★ ੩ ਮਾਘ ਸ਼ਹਿਨਸ਼ਾਹੀ ਸੰਮਤ ੩ ਬਲਾਕਾ ਸਿੰਘ ਦੇ ਗ੍ਰਿਹਿ ਬਾਊਪੁਰ ਜ਼ਿਲਾ ਗੁਰਦਾਸਪੁਰ ★

ਨੌਂ ਛਟਾਂਕ ਗੁੜ ਦੀ ਪੂਰਬ ਦਿਸੇ ਸ਼ਰੀਣੀ, ਸ਼ਰੀਣੀ ਸਭ ਦੀ ਸਾਂਝੀ ਬਣਾਈਆ । ਜਿਸ ਵੇਲੇ ਸੀਤਾ ਦੀ ਰਾਵਣ ਨੇ ਪਕੜੀ ਵੀਣੀ, ਬਾਂਹ ਹੱਥ ਨਾਲ ਫੜਾਈਆ । ਉਹ ਹੋ ਕੇ ਅੱਖੋਂ ਨੀਵੀਂ, ਨੀਰ ਦਿਤਾ ਵਹਾਈਆ । ਮੈਂ ਰਾਮ ਦੀ ਪ੍ਰਿਆ ਤੀਵੀਂ, ਮੇਰੇ ਰਾਮ ਦੁਹਾਈਆ । ਰਾਵਣ ਬਣਾ ਨਾ ਲਵੇ ਬੀਵੀ, ਖ਼ਾਵੰਦ ਰੂਪ ਬਦਲਾਈਆ । ਤੇਰੀ ਜ਼ਿੰਦਗੀ ਨਾਲ ਜੀਵੀ, ਜੀਵਣ ਤੇਰੀ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਦਏ ਵਡਿਆਈਆ । ਸ਼ਰੀਣੀ ਕਹੇ ਮੇਰਾ ਵਜ਼ਨ ਨੌਂ ਛਟਾਂਕ, ਸਚ ਸਚ ਸੁਣਾਈਆ । ਮੈਨੂੰ ਕੋਈ ਨਾ ਸਕੇ ਬਾਂਟ, ਹਿੱਸੇ ਵੰਡ ਨਾ ਕੋਇ ਕਰਾਈਆ । ਮੇਰਾ ਰੂਪ ਦਿਸੇ ਟਾਂਕ, ਜਿਸਤ ਦਾ ਅੰਕ ਨਾ ਕੋਇ ਗਿਣਾਈਆ । ਜਿਸ ਵੇਲੇ ਸੀਤਾ ਦੀ ਨਿਕਲੀ ਚਾਂਗ, ਉਚੀ ਕੂਕ ਸੁਣਾਈਆ । ਓਸ ਵੇਲੇ ਦਿਨੇ ਮੁਰਗੇ ਨੇ ਦਿਤੀ ਬਾਂਗ, ਧੁਰ ਦਾ ਰਾਗ ਜਣਾਈਆ । ਤੇਰੇ ਮਿਲਣ ਦੀ ਇਕ ਤਾਂਘ, ਦੂਜੀ ਓਟ ਨਾ ਕੋਇ ਵਖਾਈਆ । ਪ੍ਰੇਮ ਪ੍ਰੀਤੀ ਵਾਲੀ ਮਾਂਗ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਲਾਹੀਆ । ਨੌਂ ਛਟਾਂਕ ਕਹੇ ਮੇਰੀ ਪਿਛਲੀ ਇਹ ਇੱਛਿਆ, ਨਿਰਇੱਛਤ ਦਿਆਂ ਜਣਾਈਆ । ਜਿਹੜੀ ਸੀਤਾ ਨੇ ਰਾਵਣ ਨੂੰ ਪਾਈ ਭਿੱਛਿਆ, ਮੇਰਾ ਵਜ਼ਨ ਵਿਚ ਰਖਾਈਆ । ਇਹ ਪੂਰਬ ਦਾ ਹਿੱਸਿਆ, ਲਹਿਣਾ ਰਿਹਾ ਮੁਕਾਈਆ । ਜਿਸ ਨੇ ਮੋਹ ਵਿਕਾਰ ਨਾ ਜਿੱਤਿਆ, ਹੰਕਾਰ ਵਿਚ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਨੌਂ ਛਟਾਂਕ ਕਹੇ ਮੈਂ ਓਹੋ ਗੁੜ, ਜੋ ਸੀਤਾ ਰਾਵਣ ਝੋਲੀ ਪਾਈਆ । ਭਿੱਛਿਆ ਲੈ ਗਿਆ ਨਾ ਮੁੜ, ਸਤਵੰਤੀ ਕੰਧ ਉਠਾਈਆ । ਵੇਖ ਅੰਧੇਰਾ ਘੋਰ, ਅੰਧ ਅੰਧੇਰਾ ਛਾਈਆ । ਸ਼ਾਸਤਰ ਵੇਤਾ ਬਣਿਆ ਚੋਰ, ਠੱਗੀ ਰਾਮ ਨਾਲ ਕਮਾਈਆ । ਤੱਕਿਆ ਨਾਲ ਗ਼ੌਰ, ਖੋਜੀ ਹੋ ਕੇ ਖੋਜ ਖੁਜਾਈਆ । ਜਿਸ ਦੇ ਸਿਰ ਤੇ ਝੁਲਦੇ ਚੌਰ, ਸੋ ਭੇਖਾਧਾਰੀ ਭੇਖ ਵਟਾਈਆ । ਧੋਖਾ ਕਰ ਕੇ ਗਿਆ ਦੌੜ, ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖ ਸੁਣਾਈਆ । ਨੌਂ ਛਟਾਂਕ ਗੁੜ ਕਹੇ ਮੇਰੇ ਅੰਦਰ ਮਿੱਠਾ ਰਸ, ਰਸੀਆ ਇਕ ਅਖਵਾਈਆ । ਲੇਖਾ ਪਿਛਲਾ ਦੇਵਾਂ ਦੱਸ, ਦਹਿ ਦਿਸ਼ਾ ਸੁਣਾਈਆ । ਜਿਸ ਵੇਲੇ ਜਟਾਊ ਨੇ ਰਾਵਣ ਵੇਖਿਆ ਅੱਖ, ਗ਼ੁੱਸੇ ਵਿਚ ਲੜਾਈਆ । ਰਾਵਣ ਨੇ ਭਿੱਛਿਆ ਦਿਤੀ ਰੱਖ, ਜੋ ਸੀਤਾ ਝੋਲੀ ਪਾਈਆ । ਜਟਾਊ ਉਸ ਵਿਚੋਂ ਭੋਰਾ ਲਿਆ ਚੱਖ, ਚੱਖਦਿਆਂ ਚਖਸ਼ੂ ਖੁਲ੍ਹਿਆ ਨੈਣ ਹੋਵੇ ਰੁਸ਼ਨਾਈਆ । ਫਿਰ ਕਿਹਾ ਜੀਵਣ ਦਾ ਹੋਇਆ

ਬੱਸ, ਅੱਗੇ ਲੋੜ ਰਹੀ ਨਾ ਰਾਈਆ । ਓਸ ਦਵਾਰੇ ਜਾਵਾਂ ਵਸ, ਜਿਥੇ ਰਾਮ ਦੇ ਰਾਮ ਨਾਮ ਦੀ ਦੁਹਾਈਆ । ਛੇਤੀ ਜਾਵਾਂ ਨੱਠ, ਜਗਤ ਪੰਧ ਮੁਕਾਈਆ । ਏਨੇ ਚਿਰ ਨੂੰ ਰਾਵਣ ਸਿਰ ਵਿਚ ਮਾਰੀ ਸੱਟ, ਹੰਕਲ ਇਕ ਲਗਾਈਆ । ਮੂਦਾ ਹੋ ਗਿਆ ਲੱਗਾ ਫੱਟ, ਘਾਉ ਨਜ਼ਰੀ ਆਈਆ । ਇਹ ਖੇਲ ਪੁਰਖ ਸਮਰਥ, ਜੁਗ ਜੁਗ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁੜ ਕਹੇ ਮੈਨੂੰ ਜਿਸ ਵੇਲੇ ਜਟਾਊ ਖਾਧਾ, ਜਟਾ ਜੂਟ ਉਠੇ ਕੁਰਲਾਈਆ । ਓਸ ਵੇਲੇ ਓਸ ਨੇ ਕਿਹਾ ਜਿਸ ਵੇਲੇ ਪਰਗਟ ਹੋਵੇ ਪੁਰਖ ਅਕਾਲ ਦਾਦਾ, ਗੁਰ ਗੁਰ ਸ਼ਬਦੀ ਬੂਝ ਬੁਝਾਈਆ । ਕਲਜੁਗ ਕੂੜੀ ਕਿਰਿਆ ਮੇਟੇ ਵਾਦ ਵਿਵਾਦਾ, ਮਮਤਾ ਮੋਹ ਵਿਕਾਰ ਗਵਾਈਆ । ਲੇਖਾ ਮੁਕਾਏ ਸੀਤਾ ਰਾਮ ਕ੍ਰਿਸ਼ਨਾ ਰਾਧਾ, ਰਾਧੇ ਸ਼ਾਮ ਇਕੋ ਇਕ ਸਮਝਾਈਆ । ਨਾਮ ਪਰਗਟਾ ਕੇ ਬੋਧ ਅਗਾਧਾ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਏਕਾ ਸ਼ਬਦ ਸੁਣਾਏ ਨਾਦਾ, ਅਗੰਮੀ ਰਾਗ ਅਲਾਈਆ । ਸ਼ਾਹੋ ਭੂਪ ਬਣ ਕੇ ਰਾਜਾ, ਲੱਖ ਚੁਰਾਸੀ ਰਈਅਤ ਵੇਖ ਵਖਾਈਆ । ਜਨ ਭਗਤਾਂ ਰਚੇ ਕਾਜਾ, ਸਾਚਾ ਸੰਗ ਉਪਜਾਈਆ । ਰਾਤੀ ਸੁੱਤਿਆਂ ਮਾਰੇ ਆਵਾਜ਼ਾਂ, ਜਾਗਦਿਆਂ ਅੱਖ ਖੁਲ੍ਹਾਈਆ । ਧਰਮ ਦੀ ਧਾਰ ਕਰੇ ਵਾਧਾ, ਵਾਹਿਦ ਇਕ ਅਖਵਾਈਆ । ਲੇਖਾ ਜਾਣੇ ਮਾਧਵ ਮਾਧਾ, ਮਧ ਸੂਦਨ ਪੜਦਾ ਲਾਹੀਆ । ਸਤਿ ਸਤਾਰ ਵਜਾਏ ਰਬਾਬਾ, ਰੱਬੀ ਆਪਣਾ ਹੁਕਮ ਸੁਣਾਈਆ । ਮਜਲਸ ਮਹਿਬੂਬ ਵਖਾਏ ਕਾਅਬਾ, ਮੁਕੱਦਸ ਨੂਰ ਰੁਸ਼ਨਾਈਆ । ਅੰਮ੍ਰਿਤ ਦੇਵੇ ਹਯਾਤ ਆਬਾ, ਅੱਬਾ ਬਣ ਕੇ ਵੇਖ ਵਖਾਈਆ । ਭਾਗ ਲਗਾਵੇ ਧੁਰ ਮਹਿਰਾਬਾ, ਮਹਿਬੂਬ ਵਡ ਵਡਿਆਈਆ । ਭਗਤ ਦਵਾਰੇ ਆਵੇ ਭਾਜਾ, ਆਪਣਾ ਪੰਧ ਮੁਕਾਈਆ । ਲੇਖਾ ਜਾਣੇ ਸੰਤਨ ਸਾਧਾ, ਸਿਦਕ ਸਬੂਰੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਵੇਖ ਵਖਾਈਆ । ਗੁੜ ਕਹੇ ਮੈਨੂੰ ਜਟਾਊ ਦੇ ਕੇ ਗਿਆ ਲਾਰਾ, ਰਸਨਾ ਨਾਲ ਚੱਖ ਕੇ ਆਪਣੀ ਖ਼ੁਸ਼ੀ ਬਣਾਈਆ । ਤੂੰ ਸੱਚਾ ਪ੍ਰੀਤਮ ਪਿਆਰਾ, ਇਕੋ ਇਕ ਲੈਣਾ ਮਨਾਈਆ । ਜਿਸ ਨੂੰ ਸਾਰਿਆਂ ਕਹਿਣਾ ਚੌਵੀਵਾਂ ਅਵਤਾਰਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਜਨ ਭਗਤਾਂ ਨਾਲ ਲਗਾਏ ਅਖਾੜਾ, ਅਕਲ ਕਲਧਾਰੀ ਵੇਸ ਵਟਾਈਆ । ਪ੍ਰੀਤੀ ਚਾੜ੍ਹੇ ਰੰਗ ਗਾੜ੍ਹਾ, ਫਿਰ ਉਤਰ ਕਦੇ ਨਾ ਜਾਈਆ । ਸਾਂਝਾ ਹੋਵੇ ਯਾਰਾ, ਰਹਿਮਤ ਵਿਚ ਸਮਾਈਆ । ਧੁਰ ਦਾ ਬੋਲ ਜੈਕਾਰਾ, ਨਾਅਰਾ ਇਕ ਸੁਣਾਈਆ । ਦੀਨ ਮਜ਼੍ਹਬ ਦਾ ਤੋੜ ਕੇ ਦਾਇਰਾ, ਦਾਅਵੇ ਆਪਣੇ ਨਾਲ ਕਰਾਈਆ । ਗ਼ਰੀਬ ਨਿਮਾਣਿਆਂ ਬਖ਼ਸ਼ਣਹਾਰਾ, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਰਸ ਮਿੱਠਾ ਕਰ ਬਣੇ ਵਰਤਾਰਾ, ਵਰਤਮਾਨ ਖੋਜ ਖੁਜਾਈਆ । ਸਾਚੀ ਸਖ਼ੀਆਂ ਬਣ ਭਿਖਾਰਾ, ਕੰਤ ਕੰਤੂਹਲ ਸੇਜ ਹੰਢਾਈਆ । ਇਕ ਸੁਹਾਏ ਭਗਤ ਦਵਾਰਾ, ਦੁਤੀਆ ਭਾਉ ਰਹੇ ਨਾ ਰਾਈਆ । ਜਾਗਰਤ ਜੋਤ ਕਰ ਉਜਿਆਰਾ, ਨੂਰ ਉਜਾਲਾ ਡਗਮਗਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਪੜਦਾ ਲਾਹੀਆ । ਆਸਾ ਮਨਸਾ ਪੂਰੀ ਕਰ ਬਖ਼ਸ਼ੇ ਚਰਨ ਦਵਾਰਾ, ਦਵਾਰਕਾ ਵਾਸੀ ਜਿਥੇ ਸੀਸ ਨਿਵਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਹੁਕਮ ਇਕੋ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਗੁੜ ਕਹੇ ਮੇਰੀ ਨੌਂ ਛਟਾਂਕ ਸ਼ਰੀਣੀ, ਸ਼ਰੀਣੀ ਵਾਲੇ ਦਿਤੀ ਵਰਤਾਈਆ । ਇਹ ਲੇਖਾ ਹੋਇਆ ਜਨ ਭਗਤ ਘਰ ਬੇਣੀ, ਜਿਸ ਦੀ ਭੁੱਖ ਨਾ ਕੋਇ ਮਿਟਾਈਆ । ਜਿਹੜਾ ਧੂੜ ਮੰਗੇ ਰੇਣੀ, ਖ਼ਾਕੀ ਖ਼ਾਕ ਵਿਚ ਛੁਹਾਈਆ । ਪ੍ਰਭ ਦਾ ਦਰਸ਼ਨ ਲੋੜੇ ਨੈਣੀਂ, ਸਨਮੁਖ ਹੋ ਕੇ ਦਰਸ਼ਨ ਪਾਈਆ ।


੧੧੪੬
੨੦

ਓਸ ਦੀ ਮੁਹੱਬਤ ਵਾਲੀ ਕਹਿਣੀ, ਕਹਿ ਕੇ ਗਿਆ ਜਣਾਈਆ । ਜਿਸ ਵੇਲੇ ਪ੍ਰਭ ਨੇ ਛੱਡ ਦਿਤੀ ਗੰਗਾ ਗੋਦਾਵਰੀ ਜਮਨਾ ਸੁਰਸਤੀ ਤ੍ਰਬੈਣੀ, ਤਿੰਨਾਂ ਲੋਕਾਂ ਪੰਧ ਮੁਕਾਈਆ । ਜਾਮਾ ਧਾਰ ਨਰ ਨਰਾਇਣੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਾਚੀ ਸਿਖਿਆ ਦੇਵੇ ਬੇਣੀ, ਹੁਕਮ ਇਕ ਵਰਤਾਈਆ । ਚਾਰ ਵਰਨ ਨਾਤਾ ਜੋੜੇ ਭਾਈ ਭੈਣੀ, ਪਿਤਾ ਪੁਰਖ ਅਕਾਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵਖਾਈਆ । ਬੇਣੀ ਕਹੇ ਮੇਰੇ ਘਰ ਵੱਡਾ ਹੋਇਆ ਭੰਡਾਰਾ, ਨੌ ਛਟਾਂਕ ਗੁੜ ਗਿਆ ਆਈਆ । ਮੈਂ ਸ਼ੁਕਰ ਕੀਤਾ ਵਾਰ ਹਜ਼ਾਰਾ, ਪ੍ਰਭ ਦੇ ਅੱਗੇ ਸੀਸ ਨਿਵਾਈਆ । ਸਾਢੇ ਸੈਂਤੀਆਂ ਸਾਲਾਂ ਵਿਚ ਚੱਖ ਕੇ ਇਕ ਵਾਰ ਲਿਆ ਨਜ਼ਾਰਾ, ਇਹ ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਭੁਖਿਆਂ ਰਹਿ ਕੇ ਕੀਤਾ ਗੁਜ਼ਾਰਾ, ਪੇਟ ਭਰ ਨਾ ਕੋਇ ਰਜਾਈਆ । ਗੁੜ ਖਾ ਕੇ ਕੀਤੀ ਨਿਮਸਕਾਰਾ, ਪ੍ਰਭ ਨੂੰ ਸੀਸ ਝੁਕਾਈਆ । ਪੁਰਖ ਅਕਾਲ ਕਹੇ ਤੇਰਾ ਮੇਰਾ ਇਕ ਅਧਾਰਾ, ਤੇਰਾ ਪਰਸਾਦ ਪਰਸਾਦ ਰੂਪ ਬਦਲਾਈਆ । ਜਿਸ ਵੇਲੇ ਨਿਰਗੁਣ ਜੋਤ ਬਿਨ ਵਰਨ ਗੋਤ ਆਵਾਂ ਦੁਬਾਰਾ, ਰੂਪ ਅਨੂਪ ਵਟਾਈਆ । ਤੇਰਾ ਲੇਖਾ ਜਾਣਾਂ ਵਿਚ ਸੰਸਾਰਾ, ਸੰਸਾਰੀ ਭੰਡਾਰੀ ਨਾਲ ਰਲਾਈਆ । ਕਰਜ਼ਾ ਰਹਿਣ ਨਾ ਦੇਵਾਂ ਉਧਾਰਾ, ਲੇਖਾ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਪੂਰ ਕਰਾਈਆ । ਗੁੜ ਕਹੇ ਜਿਸ ਵੇਲੇ ਬੇਣੀ ਮੈਨੂੰ ਤੱਕਿਆ, ਚੱਖ ਕੇ ਖ਼ੁਸ਼ੀ ਮਨਾਈਆ । ਮੈਨੂੰ ਸਚ ਦਵਾਰੇ ਰੱਖਿਆ, ਜਿਥੇ ਰੱਛਿਆ ਕਰੇ ਗੁਸਾਈਂਆ । ਮੇਰੇ ਅੰਤਰ ਆ ਗਈ ਸੱਤਿਆ, ਸਤਿ ਵਿਚ ਮਿਲ ਕੇ ਵੱਜੀ ਵਧਾਈਆ । ਮੈਨੂੰ ਦੁੱਖ ਭੁੱਲ ਗਿਆ ਮੈਂ ਕਿਸ ਤਰ੍ਹਾਂ ਕੜਾਹੇ ਦੇ ਵਿਚ ਤਪਿਆ, ਅਗਨੀ ਅੱਗ ਬੁਝਾਈਆ । ਗੁੜ ਕਹੇ ਮੈਨੂੰ ਉਸ ਵੇਲੇ ਬੇਣੀ ਨੇ ਕਿਹਾ ਤੂੰ ਸੋਹੰ ਪੜ੍ਹ ਟੱਪਿਆ, ਜਿਸ ਅੱਖਰ ਨੇ ਮੇਰਾ ਸੱਥਰ ਦਿਤਾ ਸੁਹਾਈਆ । ਜਿਸ ਵੇਲੇ ਗੁੜ ਕਹੇ ਮੈਂ ਜਪਿਆ, ਅੱਖ ਖੁਲ੍ਹ ਗਈ ਪੜਦਾ ਰਿਹਾ ਨਾ ਰਾਈਆ । ਮੈਨੂੰ ਨਜ਼ਰੀ ਆਇਆ ਇਕੋ ਪੱਪਿਆ, ਪੱਪਾ ਪੂਰਨ ਪਰਮੇਸ਼ਵਰ ਪੂਰਨ ਵਿਚ ਸਮਾਈਆ । ਮੈਂ ਕੂਕ ਕੂਕ ਕੇ ਬਕਿਆ, ਬਕਤਾ ਹੋ ਕੇ ਦਿਤਾ ਗਾਈਆ । ਮੇਰਾ ਵਿਸ਼ਵਾਸ਼ ਹੋ ਗਿਆ ਪੱਕਿਆ, ਪੱਕਾ ਲਿਆ ਕਰਾਈਆ । ਮੈਂ ਖਿੜ ਖਿੜਾ ਕੇ ਹੱਸਿਆ, ਤਾਲੀ ਦਿਤੀ ਵਜਾਈਆ । ਕਿਰਪਾ ਕੀਤੀ ਪੁਰਖ ਸਮੱਰਥਿਆ, ਮੇਰਾ ਅਗਲਾ ਪੜਦਾ ਲਾਹੀਆ । ਜਿਸ ਵੇਲੇ ਹੋਵੇ ਕਲਜੁਗ ਅੰਧੇਰੀ ਮੱਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਉਸ ਵੇਲੇ ਦੀਨ ਦਿਆਲ ਆਵੇ ਨੱਸਿਆ, ਨਿਰਗੁਣ ਦਾਤਾ ਧੁਰਦਰਗਾਹੀਆ । ਝਗੜਾ ਮੁਕਾਏ ਪੱਥਰ ਵਟਿਆ, ਇਸ਼ਟ ਦ੍ਰਿਸ਼ਟ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਮੇਟੇ ਰੱਟਿਆ, ਰਟਨ ਇਕੋ ਨਾਮ ਸਮਝਾਈਆ । ਗੁੜ ਕਹੇ ਮੈਨੂੰ ਯਾਦ ਆਈ, ਆਸ਼ਾ ਵਿਚ ਪਰਗਟਾਈਆ । ਇਕੋ ਤੇਰਾ ਨਾਮ ਦੁਹਾਈ, ਜਿਸ ਦੋਹਰੀ ਚਾਲ ਚਲਾਈਆ । ਮੇਲ ਵਿਛੋੜਾ ਕਰੇ ਜੁਦਾਈ, ਵਿਚ ਆਪਣੀ ਬੇਪਰਵਾਹੀਆ । ਸਚ ਬੇਨੰਤੀ ਸੁਣ ਗੁਸਾਈਂ, ਗਹਿਰ ਗੰਭੀਰ ਦਇਆ ਕਮਾਈਆ । ਜਿਸ ਵੇਲੇ ਆਵੇਂ ਬਣ ਕੇ ਧੁਰ ਦਾ ਮਾਹੀ, ਨਿਰਗੁਣ ਨੂਰ ਕਰ ਰੁਸ਼ਨਾਈਆ । ਫਿਰ ਵੀ ਮੇਲਾ ਲਈਂ ਮਿਲਾਈ, ਆਪਣਾ ਜੋੜ ਜੁੜਾਈਆ । ਏਨੇ ਚਿਰ ਨੂੰ ਉਥੇ ਆ ਗਿਆ ਇਕ ਘਾਈ, ਘਸੇਰਾ ਰੰਬਾ ਹੱਥ ਵਿਚ ਉਠਾਈਆ । ਓਧਰੋਂ ਚਲ ਕੇ ਆ ਗਿਆ ਇਕ ਨਾਈ, ਗੁੱਛੀ ਗਲ ਵਿਚ ਲਟਕਾਈਆ । ਓਧਰੋਂ ਆ ਗਿਆ ਇਕ ਭਰਾਈ, ਢੋਲ ਰਿਹਾ ਖੜਕਾਈਆ । ਓਧਰੋਂ ਆ ਗਿਆ ਸੌਹਰੇ ਨਾਲ ਇਕ ਜਵਾਈ, ਕੰਨਿਆ ਭੇਟ ਜਿਸ ਕਰਾਈਆ ।


੧੧੪੭
੨੦

ਓਧਰੋਂ ਇਕ ਜੱਟ ਆ ਗਿਆ ਕਰਦਾ ਵਾਹੀ, ਸਾਂਘਾ ਕੰਧੇ ਉਤੇ ਰਖਾਈਆ । ਓਧਰੋਂ ਆ ਗਿਆ ਇਕ ਸ਼ੁਦਾਈ, ਉਚੀ ਕੂਕ ਕੂਕ ਜਣਾਈਆ । ਓਧਰੋਂ ਆ ਗਿਆ ਇਕ ਭਾਈ, ਜੋ ਭਾਈ ਨਾਲ ਕਰੇ ਲੜਾਈਆ । ਓਧਰੋਂ ਭੁੱਲਾ ਆ ਗਿਆ ਰਾਹੀ, ਨੈਣਹੀਣ ਅਖਵਾਈਆ । ਓਧਰੋਂ ਹਨੇਰਾ ਗਿਆ ਛਾਈ, ਸੂਰਜ ਆਪਣਾ ਆਪ ਮਿਟਾਈਆ । ਓਧਰੋਂ ਚੰਦ ਕਰੀ ਰੁਸ਼ਨਾਈ, ਸੀਤਲ ਧਾਰ ਵਹਾਈਆ । ਓਧਰੋਂ ਬੇਣੀ ਅੱਖ ਖੁਲ੍ਹਾਈ, ਪ੍ਰਭ ਦਾ ਰਾਹ ਤਕਾਈਆ । ਜੇ ਗੁੜ ਖਾਣ ਨੂੰ ਆ ਜਾਏ ਮੇਰਾ ਮਾਹੀ, ਉਸ ਦਾ ਮਿੱਠਾ ਮੂੰਹ ਦਿਆਂ ਕਰਾਈਆ । ਫੇਰ ਕਹਵਾਂ ਮੈਂ ਪ੍ਰੀਤੀ ਤੇਰੇ ਨਾਲ ਲਾਈ, ਯਾਰੀ ਤੂੰ ਵੀ ਤੋੜ ਨਿਭਾਈਆ । ਉਨੇ ਚਿਰ ਨੂੰ ਓਥੇ ਆ ਗਈ ਇਕ ਦਾਈ, ਜੋ ਬਾਲਕਾਂ ਨੂੰ ਜਨਮ ਰਹੀ ਦਵਾਈਆ । ਉਨੇ ਚਿਰ ਨੂੰ ਆ ਗਈ ਬੁੱਢੜੀ ਮਾਈ, ਬਿਰਧ ਅਵਸਥਾ ਡੰਗੋਰੀ ਹੱਥ ਉਠਾਈਆ । ਉਨੇ ਚਿਰ ਨੂੰ ਆ ਗਈ ਕਿਸੇ ਸ਼ੱਤਰੀ ਬੇਟੇ ਦੀ ਝਾਈ, ਜੋ ਅੰਮੀ ਕਹਿ ਸੁਣਾਈਆ । ਉਨੇ ਚਿਰ ਨੂੰ ਆ ਗਈ ਇਕ ਵੈਰਾਗਣ ਜੋ ਪ੍ਰਭ ਦੇ ਪਿਆਰ ਵਿਚ ਸ਼ੁਦਾਈ, ਨੇਤਰ ਨੈਣਾਂ ਨੀਰ ਵਹਾਈਆ । ਜਾਂ ਕੂਕੇ ਤੇ ਮਾਹੀ ਮਾਹੀ, ਬਹੁੜੀ ਬਹੁੜੀ ਕਰ ਸੁਣਾਈਆ । ਨੇੜੇ ਆ ਕੇ ਆਪਣੇ ਸੀਨੇ ਦੁਹੱਥੜ ਇਕ ਲਗਾਈ, ਜੋਰ ਨਾਲ ਪੱਟਾਂ ਉਤੇ ਛੁਹਾਈਆ । ਓਨੇ ਚਿਰ ਨੂੰ ਫਿਰਦਾ ਆ ਗਿਆ ਇਕ ਗਦਾਈ, ਗਦਾਗਰ ਪੰਧ ਮੁਕਾਈਆ । ਓਨੇ ਚਿਰ ਨੂੰ ਆ ਗਿਆ ਇਕ ਕਸਾਈ, ਛੁਰੀਆਂ ਬਗ਼ਲਾਂ ਵਿਚ ਲੁਕਾਈਆ । ਓਨੇ ਚਿਰ ਨੂੰ ਆ ਗਿਆ ਇਕ ਰਹਿਨੁਮਾਈ, ਜੋ ਰਹਿਮਤ ਰਿਹਾ ਕਰਾਈਆ । ਓਨੇ ਚਿਰ ਨੂੰ ਇਕ ਆ ਗਿਆ ਜਿਸ ਦਿਤੀ ਵਸਤ ਪਰਾਈ, ਠੱਗੀ ਚੋਰੀ ਕਰ ਕੇ ਝਟ ਲੰਘਾਈਆ । ਓਨੇ ਚਿਰ ਨੂੰ ਬੇਣੀ ਕਹੇ ਮੈਨੂੰ ਪ੍ਰਭ ਦੀ ਯਾਦ ਰਹੀ ਸਤਾਈ, ਸੁੱਤਿਆ ਵਿਚੋਂ ਦਿਤੀ ਸਵਾਈਆ । ਓਨੇ ਚਿਰ ਨੂੰ ਇਕ ਹਕੀਮ ਲੈ ਕੇ ਆਇਆ ਦਵਾਈ, ਸ਼ੀਸ਼ੀਆਂ ਨੌ ਹੱਥ ਰਖਾਈਆ । ਉਚੀ ਕੂਕ ਕੇ ਰੌਲੀ ਪਾਈ, ਸਭ ਨੂੰ ਰਿਹਾ ਸੁਣਾਈਆ । ਓਨੇ ਚਿਰ ਨੂੰ ਆ ਗਈ ਗੌਰਜਾਂ ਮਾਈ, ਦੁੱਧ ਕਟੋਰਾ ਹੱਥ ਟਿਕਾਈਆ । ਓਨੇ ਚਿਰ ਨੂੰ ਸ਼ਦੌਣ ਪੌਣ ਪੱਖਾ ਰਹੀ ਝੁਲਾਈ, ਆਪਣੀ ਸੇਵ ਕਮਾਈਆ । ਓਨੇ ਚਿਰ ਨੂੰ ਰੌਣ ਆਸਾ ਨੇਤਰ ਨੈਣਾਂ ਨੀਰ ਵਹਾਈ, ਹੰਝੂਆਂ ਹਾਰ ਬਣਾਈਆ । ਓਨੇ ਚਿਰ ਨੂੰ ਇਕ ਰਾਖੇ ਨੇ ਨੇੜੇ ਆ ਕੇ ਆਪਣੀ ਘੁਮਾਣੀ ਐਂ ਭਵਾਈ, ਘੁੰਮ ਘੁੰਮਾ ਕੇ ਦਿਤੀ ਵਖਾਈਆ । ਓਨੇ ਚਿਰ ਨੂੰ ਮੁਸਾਫ਼ਰ ਆਇਆ ਜਿਸ ਦੇ ਗਲ ਵਿਚ ਫਸੀ ਗਰਾਹੀ, ਪਾਣੀ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਮੇਲਾ ਰਿਹਾ ਮਿਲਾਈਆ । ਗੁੜ ਕਹੇ ਮੈਨੂੰ ਬੇਣੀ ਕਿਹਾ ਚੰਗਾ, ਬੜਾ ਮਿੱਠਾ ਨਜ਼ਰੀ ਆਈਆ । ਓਥੇ ਭੱਜੀ ਆ ਗਈ ਗੰਗਾ, ਆਪਣਾ ਪੰਧ ਮੁਕਾਈਆ । ਜਮਨਾ ਦਾ ਪਿੰਡਾ ਨੰਗਾ, ਤਨ ਓਢਨ ਨਾ ਸੀਸ ਟਿਕਾਈਆ । ਸੁਰਸਤੀ ਛੱਡ ਕੇ ਕੰਢਾ, ਆਪਣਾ ਪੰਧ ਚੁਕਾਈਆ । ਸਚ ਦਾ ਮਾਣ ਅਨੰਦਾ, ਸੁਖ ਸੁਖ ਵਿਚੋਂ ਉਪਜਾਈਆ । ਓਨੇ ਚਿਰ ਨੂੰ ਪ੍ਰਭੂ ਰੂਪ ਧਰ ਕੇ ਆ ਗਿਆ ਬੰਦਾ, ਬੰਦਗੀ ਇਕ ਸੁਣਾਈਆ । ਵੇਖਿਓ ਏਥੇ ਰਹੇ ਕੋਈ ਨਾ ਗੰਦਾ, ਗੰਦਗੀ ਵਾਲੇ ਬਾਹਰ ਕਢਾਈਆ । ਓਧਰੋਂ ਕਰ ਕੇ ਨੰਗਾ ਖੰਡਾ, ਸਭ ਨੂੰ ਰਿਹਾ ਡਰਾਈਆ । ਗੰਗਾ ਗੋਦਾਵਰੀ ਸੁਰਸਤੀ ਜਮਨਾ ਕਹੇ ਸਾਡੀਆਂ ਥੱਕ ਗਈਆਂ ਟੰਗਾਂ, ਭੱਜੀਆਂ ਵਾਹੋ ਦਾਹੀਆ । ਸੁੱਜ ਗਈਆਂ ਜੰਘਾਂ, ਤੇਰਾ ਨਾਮ ਦੁਹਾਈਆ । ਹੁਕਮ ਹੋਇਆ ਕੁਛ ਮੰਗ ਲਓ ਮੰਗਾਂ, ਆਪਣੀ ਝੋਲੀ ਡਾਹੀਆ । ਉਹ ਕਹਿਣ ਸਾਡੇ ਮੁਖ ਵਿਚ ਨਹੀਂ ਕੋਈ ਦੰਦਾ, ਗੱਲ ਕਹਿਣ ਕੋਇ ਨਾ ਪਾਈਆ । ਓਨੇ ਚਿਰ ਨੂੰ ਬੋਲ ਪਿਆ ਉਤੋਂ ਚੰਦਾ,


੧੧੪੮
੨੦

ਸਹਿਜ ਨਾਲ ਸੁਣਾਈਆ । ਨੀ ਕਮਲੀਓ ਤੁਹਾਡਾ ਕਿੱਥੇ ਆ ਪਾਣੀ ਠੰਡਾ, ਏਸ ਨੂੰ ਦਿਓ ਪਿਆਈਆ । ਇਹ ਨਹੀਂ ਕੋਈ ਖ਼ਾਕੀ ਬੰਦਾ, ਜਿਸ ਦੀ ਬੰਦਗੀ ਕਰਦੇ ਓਹੋ ਨਜ਼ਰੀ ਆਈਆ । ਓਨੇ ਚਿਰ ਨੂੰ ਗੰਗਾ ਆਪਣੇ ਸੀਸ ਵਿਚ ਵੌਹਣ ਲੱਗੀ ਕੰਘਾ, ਪੱਟੀ ਹੱਥ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਵੇ ਚੰਦ ਇਹ ਬੰਦਾ ਕਿ ਬੰਦਗੀ ਵਾਲਾ, ਸਚ ਦੇ ਸਮਝਾਈਆ । ਚੰਦ ਕਹੇ ਇਹ ਸਭ ਦਾ ਰਖਵਾਲਾ, ਧੁਰ ਦਾ ਮਾਲਕ ਇਕ ਅਖਵਾਈਆ । ਸਚਖੰਡ ਦਵਾਰ ਜਿਸ ਦੀ ਸੱਚੀ ਧਰਮਸਾਲਾ, ਦਰ ਇਕੋ ਸੋਭਾ ਪਾਈਆ । ਸਭ ਦਾ ਵੇਖੇ ਹਾਲਾ, ਹਾਲਤ ਖੋਜ ਖੁਜਾਈਆ । ਜੁਗ ਚੌਕੜੀ ਬਦਲੇ ਚਾਲਾ, ਚਾਲ ਨਿਰਾਲੀ ਇਕ ਸਮਝਾਈਆ । ਪਹਿਲੋਂ ਆਪਣੀ ਪੱਟੀ ਵਾਹ ਲਾ, ਹਾਰ ਸ਼ਿੰਗਾਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਗੰਗਾ ਕਹੇ ਨੀਂ ਜਮਨਾ ਮੈਨੂੰ ਵਾਹ ਦੇ ਕੰਘੀ, ਸੁਰਸਤੀ ਮੇਰੀ ਪੱਟੀ ਦੇ ਸੁਹਾਈਆ । ਨੀਂ ਸਖ਼ੀਓ ਮੈਨੂੰ ਦਿਓ ਅੰਗੀ, ਮੈਂ ਤਨ ਲਾ ਕੇ ਖ਼ੁਸ਼ੀ ਬਣਾਈਆ । ਮੇਰੀ ਹੱਡੀ ਪਸਲੀ ਰਹੇ ਕੋਈ ਨਾ ਨੰਗੀ, ਪੜਦਾ ਓਢਨ ਇਕ ਟਿਕਾਈਆ । ਨੀਂ ਔਹ ਆ ਗਿਆ ਜਿਸ ਦੇ ਕੋਲ ਸ਼ਸਤਰ ਜੰਗੀ, ਜੰਗਜੂ ਅਖਵਾਈਆ । ਪੈ ਗਿਆ ਟੇਢੀ ਡੰਡੀ, ਔਝੜ ਰਾਹ ਦੁਹਾਈਆ । ਭਗਤਾਂ ਦੀ ਮੇਟਣੀ ਤੰਗੀ, ਦੁਖੀਆਂ ਦੁੱਖ ਹਟਾਈਆ । ਓਨੇ ਚਿਰ ਨੂੰ ਆ ਗਈ ਹਵਾ ਠੰਡੀ, ਸੀਤਲ ਧਾਰ ਵਹਾਈਆ । ਜਮਨਾ ਕਹੇ ਨੀਂ ਭੈਣੇਂ ਕਿਤੇ ਦੁਨੀਆ ਕਰ ਨਾ ਜਾਵੇ ਰੰਡੀ, ਬਿਨਾ ਕੰਤ ਹੋਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਗੰਗਾ ਕਹੇ ਮੇਰਾ ਛੇਤੀ ਗੁੰਦ ਦਿਓ ਸੀਸ, ਸੋਹਣਾ ਰੂਪ ਬਣਾਈਆ । ਨੀਂ ਮੈਂ ਮੋਹ ਲਵਾਂ ਜਗਦੀਸ, ਮੁਹੱਬਤ ਵਿਚ ਫਸਾਈਆ । ਜਿਸ ਨੂੰ ਕਹਿੰਦੇ ਬੀਸ ਬੀਸ, ਸਰਗੁਣ ਜ਼ੀਰੋ ਲਏ ਉਪਜਾਈਆ । ਬੀਸ ਦਾ ਬਣ ਇਕੀਸ, ਵੀਹ ਇਕੀ ਗੁਰਦਾਸ ਦੀ ਇਕ ਪੜ੍ਹਾਈਆ । ਮੈਂ ਸਾਚੀ ਕਰਾਂ ਪ੍ਰੀਤ, ਪ੍ਰੀਤਮ ਲਵਾਂ ਮਨਾਈਆ । ਵਿਛੋੜੇ ਵਿਚ ਜੁਗ ਗਏ ਬੀਤ, ਯਾਦ ਵਿਚ ਤੜਫਾਈਆ । ਮੈਂ ਪੁਛਦੀ ਰਹੀ ਮੈਨੂੰ ਆਪਣਾ ਦੱਸ ਦੇ ਗੀਤ, ਕਿਸ ਬਿਧ ਢੋਲਾ ਗਾਈਆ । ਕਰਵਟ ਲੈ ਕੇ ਰੋਂਦਾ ਰਿਹਾ ਮੇਰੀ ਨਿਕਲਦੀ ਰਹੀ ਚੀਕ, ਉਚੀ ਕੂਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਦੱਸ ਕੇ ਗਏ ਠੀਕ, ਨਿਤ ਨਿਤ ਸੰਦੇਸ਼ ਸੁਣਾਈਆ । ਨੀਂ ਸਖ਼ੀਓ ਕਲਜੁਗ ਅੰਤਮ ਰੱਖਿਓ ਇਕ ਉਡੀਕ, ਵੇਲਾ ਵਕਤ ਇਕੋ ਨਜ਼ਰੀ ਆਈਆ । ਜਿਸ ਨੇ ਬਦਲ ਦੇਣੀ ਤਵਾਰੀਖ, ਤਾਰੀਖ ਆਪਣੀ ਆਪ ਬਣਾਈਆ । ਓਸ ਵੇਲੇ ਮੰਗਿਓ ਭੀਖ, ਭਿੱਖਕ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਵਰਤਾਈਆ । ਗੰਗਾ ਕਹੇ ਨੀਂ ਜਮਨਾ ਸੁਰਸਤੀ, ਮੈਨੂੰ ਚੂੜਾ ਦਿਓ ਚੜ੍ਹਾਈਆ । ਬਿੰਦੀ ਟਿੱਪੀ ਨਾਲ ਮੈਨੂੰ ਆਵੇ ਮਸਤੀ, ਸੁਰਖ਼ੀ ਬੁੱਲਾਂ ਨਾਲ ਛੁਹਾਈਆ । ਚਾਵਾਂ ਨਾਲ ਫਿਰਾਂ ਨਸਦੀ, ਪੈਰ ਪੰਜੇਬਾਂ ਨਾਲ ਛਣਕਾਈਆ । ਫਿਰ ਵੇਖੋ ਮੇਰੀ ਕੱਜਲ ਧਾਰ ਅੱਖ ਦੀ, ਚਿੱਟਾ ਕਾਲਾ ਰੰਗ ਬਦਲਾਈਆ । ਮੇਰੇ ਦੰਦਾਂ ਰੰਗਣ ਵੇਖੋ ਗੂੜ੍ਹੇ ਸੱਕ ਦੀ, ਜੋ ਆਪਣੀ ਕਲ ਵਰਤਾਈਆ । ਮੇਰੀ ਜਵਾਨੀ ਵੇਖੋ ਅਗੰਮੀ ਰੱਤ ਦੀ, ਜੋ ਲਾਲ ਗੁਲਾਲਾ ਰੰਗ ਚੜ੍ਹਾਈਆ । ਮੈਂ ਸਚ ਤੁਹਾਨੂੰ ਦੱਸਦੀ, ਭੁੱਲ ਕੋਇ ਨਾ ਪਾਈਆ । ਸਦਾ ਓਸੇ ਦਾ ਨਾਮ ਜਪਦੀ, ਓਸੇ ਦੀ ਆਸ ਰਖਾਈਆ । ਚਾਰੋਂ ਕੂੰਟ ਲੱਭਦੀ, ਭੱਜਾਂ ਵਾਹੋ ਦਾਹੀਆ । ਮੈਨੂੰ ਕ਼ਸਮ ਓਸੇ ਰੱਬ ਦੀ, ਜੋ ਕਰ ਕੇ ਬੈਠਾ ਜੁਦਾਈਆ । ਬਿਨਾ ਚਰਨਾਂ ਤੋਂ ਮੈਂ ਚਰਨ ਉਹਦੇ ਦੱਬਦੀ, ਖ਼ਾਲੀ ਹੱਥੀਂ ਸੇਵ

ਕਮਾਈਆ । ਮੇਰੀ ਮੁਹੱਬਤ ਅੰਦਰੇ ਅੰਦਰ ਵਧਦੀ, ਅਜੇ ਦਰਸ਼ਨ ਪਾਇਆ ਨਹੀਂ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਖਿਲਾਈਆ । ਜਮਨਾ ਕਹੇ ਨੀਂ ਗੰਗੀ ਜੁਗ ਚੌਕੜੀ ਦੇਂਦਾ ਆਇਆ ਲਾਰੇ, ਅਛਲ ਅਛੱਲ ਅਖਵਾਈਆ । ਬੀਤੇ ਜੁਗ ਚਾਰੇ, ਚਾਰੋਂ ਕੁੰਟ ਦੁਹਾਈਆ । ਜਿਸ ਗੁਰ ਅਵਤਾਰ ਪੈਗ਼ੰਬਰ ਰੱਖੇ ਕਵਾਰੇ, ਹੁਕਮੇ ਵਿਚ ਫਿਰਾਈਆ । ਪਤਾ ਨਹੀਂ ਓਸ ਨੇ ਕਦੋਂ ਚੜ੍ਹਨਾ ਆਪ ਖਾਰੇ, ਕੂੜੀਆਂ ਚੱਪਣੀਆਂ ਭੰਨ ਵਖਾਈਆ । ਸੁਰਸਤੀ ਕਹੇ ਨੀਂ ਭੈਣੇ ਉਹ ਸਰਗੁਣ ਤੋਂ ਨਿਰਗੁਣ ਹੋ ਕੇ ਫੇਰ ਆਵੇ ਦੁਬਾਰੇ, ਦੋਹਰਾ ਵੇਸ ਵਟਾਈਆ । ਸ਼ਾਇਦ ਤਰਸ ਕਰ ਕੇ ਤੈਨੂੰ ਲੈ ਜਾਏ ਓਸ ਚੁਬਾਰੇ, ਜਿਸ ਦਾ ਦਰਵਾਜ਼ਾ ਨਾ ਕੋਇ ਖੁਲ੍ਹਾਈਆ । ਗੰਗਾ ਕਹੇ ਜਿਸ ਵੇਲੇ ਮੈਂ ਗੁਰ ਅਵਤਾਰ ਪੈਗ਼ੰਬਰ ਵੇਖੇ ਲਾੜੇ, ਦੁਨੀਆ ਵਿਚ ਤਤ ਵਜੂਦ ਹੰਢਾਈਆ । ਓਸ ਵੇਲੇ ਮੈਨੂੰ ਕੋਈ ਅੰਦਰੋਂ ਦੇਂਦਾ ਰਿਹਾ ਇਸ਼ਾਰੇ, ਹੌਲੀ ਹੌਲੀ ਸਮਝਾਈਆ । ਤੂੰ ਸਦਾ ਰਹਿਣਾ ਕਵਾਰੇ, ਕਵਾਰੀ ਕੰਨਿਆ ਰੂਪ ਵਟਾਈਆ । ਅੰਤ ਭਗਵੰਤ ਆਪੇ ਦੇਵੇ ਸਚ ਨਜ਼ਾਰੇ, ਨਜ਼ਰ ਤੇਰੇ ਉਤੇ ਟਿਕਾਈਆ । ਜਮਨਾ ਕਹੇ ਨੀਂ ਤੂੰ ਵੰਡੀਂ ਗਿਰੀ ਬਦਾਮ ਛੁਹਾਰੇ, ਸੋਹਣੀ ਖ਼ੁਸ਼ੀ ਬਣਾਈਆ । ਬੇਣੀ ਕਿਹਾ ਓ ਕੋਝੀਓ ਕਮਲੀਓ ਪ੍ਰਭੂ ਜਦੋਂ ਆਏ ਤੇ ਆਏ ਭਗਤਾਂ ਦੇ ਵਾੜੇ, ਤੁਹਾਡੀ ਸੁਰਖ਼ੀ ਬਿੰਦੀ ਕੰਮ ਕਿਸੇ ਨਾ ਆਈਆ । ਅੰਦਰ ਵੜ ਕੇ ਸੀਨਾ ਪਾੜੇ, ਨਾਮ ਅਣਿਆਲਾ ਤੀਰ ਚਲਾਈਆ । ਖੇਲ ਕਰੇ ਹਾੜੇ ਸਰਦੀ ਵਿਚ ਜਾੜੇ, ਓਹਦੀ ਬੇਪਰਵਾਹੀਆ । ਗੰਗਾ ਕਹੇ ਓ ਬੇਣੀ ਵੇਖ ਮੈਂ ਵੀ ਨਾਰ ਮੁਟਿਆਰੇ, ਜੋਬਨਵੰਤੀ ਸੋਭਾ ਪਾਈਆ । ਜਿਸ ਨੇ ਦੋਵੇਂ ਨੈਣ ਸ਼ਿੰਗਾਰੇ, ਬ੍ਰਹਮਾ ਸ਼ੰਕਰ ਵਰਗੇ ਦਿਤੇ ਹਿਲਾਈਆ । ਉਹ ਮੇਰੀ ਸੱਚੀ ਸਰਕਾਰੇ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਵੇਲੇ ਮੈਂ ਮੰਗ ਮੰਗੀ ਦਵਾਰੇ, ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਸੁਰਸਤੀ ਕਹੇ ਨੀਂ ਗੰਗਾ ਜੇ ਪ੍ਰਭੂ ਆਏ ਅਚਾਨਕ, ਕੀ ਕੀ ਭੇਟ ਚੜ੍ਹਾਈਆ । ਜਮਨਾ ਕਹੇ ਕੀ ਉਹ ਸਮਾਂ ਹੋਵੇ ਭਿਆਨਕ, ਚਾਰੋਂ ਕੁੰਟ ਅੰਧੇਰਾ ਛਾਈਆ । ਗੰਗਾ ਕਹੇ ਮੈਂ ਓਸੇ ਦੀ ਅਮਾਨਤ, ਆਪਣਾ ਆਪ ਅੱਗੇ ਟਿਕਾਈਆ । ਬੇਣੀ ਕਹੇ ਤੁਹਾਡੀ ਕਿਹੜਾ ਦੇਵੇ ਜ਼ਮਾਨਤ, ਮੈਨੂੰ ਦਿਓ ਸਮਝਾਈਆ । ਜਿਹੜੀ ਵਸਤ ਪ੍ਰਭ ਦੇ ਕੋਲ ਨਿਆਮਤ, ਪਹਿਲੋਂ ਭਗਤਾਂ ਝੋਲੀ ਪਾਈਆ । ਓਨ੍ਹਾਂ ਨੂੰ ਕਰ ਕੇ ਸਹੀ ਸਲਾਮਤ, ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਮਨਾ ਕਹੇ ਗੰਗਾ ਨੀਂ ਪਹਿਲੋਂ ਆਪਣੇ ਕੇਸ ਧੋ, ਧੋਤੀ ਸਾੜ੍ਹੀ ਫੇਰ ਲਗਾਈਆ । ਸਾਡੇ ਨਾਲੋਂ ਹੋ ਨਿਰਮੋਹ, ਮੋਹ ਮੁਹੱਬਤ ਪੀਆ ਵਿਚ ਰਖਾਈਆ । ਓਸ ਬਿਨ ਅਵਰ ਨਾ ਕੋ, ਇਕੋ ਓਟ ਤਕਾਈਆ । ਜੇ ਤੇਰੇ ਨਾਲ ਜਾਵੇ ਛੋਹ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਫਿਰ ਤੇਰੇ ਜੋਗਾ ਜਾਏ ਹੋ, ਹੋਕਾ ਇਕੋ ਨਾਮ ਸੁਣਾਈਆ । ਸਚ ਪਰਕਾਸ਼ ਦੀ ਕਰੇ ਲੋ, ਬਿਨ ਲੋਇਣਾਂ ਡਗਮਗਾਈਆ । ਫਿਰ ਇਕ ਰਹੇ ਨਾ ਦੋ, ਦੂਆ ਏਕੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਜਮਨਾ ਸੁਰਸਤੀ ਕਹੇ ਗੰਗੀਏ ਰੱਖੀਏ ਆਸ, ਆਸਾ ਇਕ ਵਧਾਈਆ । ਜੇ ਉਹ ਭਗਤਾਂ ਦਾ ਦਾਸ, ਭਗਤਾਂ ਖ਼ੁਸ਼ੀ ਬਣਾਈਆ । ਦੇਵੇ ਨੂਰ ਪਰਕਾਸ਼, ਜੋਤ ਡਗਮਗਾਈਆ । ਕਦੀ ਸਾਡੀ ਬੁਝਾਵੇ ਪਿਆਸ, ਤ੍ਰਿਸ਼ਨਾ ਦੂਰ ਕਰਾਈਆ । ਜਮਨਾ ਤੱਕ ਕੇ ਉਤੇ ਆਕਾਸ਼, ਹੱਥ ਜੋੜ ਕੇ ਵਾਸਤਾ ਪਾਈਆ । ਤੇਰੀ ਕਿੱਥੇ ਕਰੀਏ ਤਲਾਸ਼, ਸਾਨੂੰ ਦੇ ਸਮਝਾਈਆ । ਆਵਾਜ਼ ਆਈ ਜਿਥੇ ਮੇਰੇ

੧੧੫੦
੨੦

ਭਗਤ ਨੇ ਮੇਰੇ ਸਿਰ ਵਿਚ ਪੌਣਾ ਜਲ ਗਲਾਸ, ਗਲਵਕੜੀ ਗਲ ਵਿਚ ਪਾਈਆ । ਉਹ ਦਿਸ਼ਾ ਲੈਣੀ ਭਾਖ, ਪੜਦਾ ਦਿਤਾ ਉਠਾਈਆ । ਜਿਸ ਵੇਲੇ ਗੁਰਮੁਖਾਂ ਧੂੜੀ ਮਸਤਕ ਲਾਉਣੀ ਰਾਖ, ਟਿੱਕੇ ਜਗਤ ਵਖਾਈਆ । ਓਸ ਵੇਲੇ ਮੈਂ ਉਪਰ ਹੋਣਾ ਨਹੀਂ ਆਕਾਸ਼, ਧਰਤੀ ਉਤੇ ਸੋਭਾ ਪਾਈਆ । ਜੇ ਤੁਹਾਨੂੰ ਹੋਇਆ ਵਿਸ਼ਵਾਸ, ਫੇਰ ਭਗਤਾਂ ਨਾਲ ਰਲਾਈਆ । ਧਰਮ ਬਣਾ ਕੇ ਸਾਥ, ਸਗਲਾ ਜੋੜ ਜੁੜਾਈਆ । ਗੁਰਮੁਖ ਮੇਰੀ ਚੜ੍ਹਨੇ ਬਰਾਤ, ਸੰਗੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਗੰਗਾ ਕਹੇ ਮੇਰੀ ਮੇਂਢੀ ਖੁਲ੍ਹੀ ਖੁਲ੍ਹੀ ਦਿਸੇ ਗੁੱਤ, ਸਤਿ ਸ਼ੰਗਾਰ ਨਾ ਕੋਇ ਬਣਾਈਆ । ਖ਼ਾਲੀ ਨਜ਼ਰੀ ਆਏ ਬੁਤ, ਬੁਤਖ਼ਾਨੇ ਪਈ ਦੁਹਾਈਆ । ਮੈਂ ਸਭ ਨੂੰ ਰਹੀ ਪੁਛ, ਭੱਜਾਂ ਵਾਹੋ ਦਾਹੀਆ । ਮੈਨੂੰ ਦੱਸੋ ਕੁਛ, ਸੰਦੇਸ਼ਾ ਇਕ ਸੁਣਾਈਆ । ਮੇਰਾ ਮਾਹੀ ਗਿਆ ਰੁੱਸ, ਰੁਸਿਆਂ ਕਿਵੇਂ ਮਨਾਈਆ । ਇਹ ਵੱਡਾ ਡਾਹਢਾ ਦੁੱਖ, ਦਰਦ ਨਾ ਕੋਇ ਚੁਕਾਈਆ । ਜਨ ਭਗਤ ਕਿਹਾ ਨਾ ਰੋ ਕਰ ਚੁਪ, ਚੁਪ ਚੁਪੀਤਾ ਭੇਵ ਖੁਲ੍ਹਾਈਆ । ਉਹ ਸਭ ਦੇ ਅੰਦਰ ਬੈਠਾ ਛੁਪ, ਆਪਣਾ ਪੜਦਾ ਪਾਈਆ । ਜ਼ਰਾ ਪਿਆਰ ਦੀ ਅੱਖ ਪੁੱਟ, ਨੇਤਰ ਨੈਣ ਖੁਲ੍ਹਾਈਆ । ਤੇਰੀ ਧਾਰੋਂ ਪਏ ਫੁੱਟ, ਘਰ ਸਾਚੇ ਵੱਜੇ ਵਧਾਈਆ । ਤੇਰੀ ਮੈਲ ਜਾਏ ਧੁਪ, ਜੋ ਕਲਜੁਗ ਜੀਵਾਂ ਦਿਤੀ ਚੜ੍ਹਾਈਆ । ਤੇਰੇ ਸਿਰ ਵਿਚ ਹਰਿ ਸੰਗਤ ਪਾਏ ਦਹੀ ਦਾ ਫੁੱਟ, ਸਾਚਾ ਸਗਣ ਬਣਾਈਆ । ਪੰਜ ਟੱਕ ਲਾ ਕੇ ਜਗਹ ਲੈਣ ਪੁੱਟ, ਕਹੀ ਦੇ ਨਾਲ ਵਹੀ ਨਜ਼ਰੀ ਆਈਆ । ਜਿਸ ਵਿਚ ਪੁਰਾਣਾ ਲੇਖ ਲਗਾ ਕੇ ਲਈਂ ਚੁੱਕ, ਹੱਥ ਨਾ ਕਿਸੇ ਫੜਾਈਆ । ਤੇਰੀ ਗੰਢੀ ਜਾਏ ਨਾ ਟੁੱਟ, ਟੁੱਟਿਆਂ ਰਿਹਾ ਜੁੜਾਈਆ । ਸੁਰਸਤੀ ਕਹੇ ਨੀ ਗੰਗਾ ਅੱਗੇ ਰੱਖੀਂ ਏਸੇ ਦੀ ਓਟ, ਲੱਖ ਲੱਖ ਸ਼ੁਕਰ ਮਨਾਈਆ । ਸੁਰਸਤੀ ਮਖ਼ੌਲ ਨਾਲ ਕਹਿੰਦੀ ਜਮਨਾ ਅੱਜ ਦੇ ਰਿਵਾਜ ਦਾ ਇਹਨੂੰ ਵੀ ਪਵਾ ਦੇ ਕੋਟ, ਕਲਜੁਗ ਵੇਸ ਬਣਾਈਆ । ਸਿਰ ਤੇ ਛੁਹਾ ਦੇ ਟੋਪ, ਪਟੇ ਦੇ ਬਣਾਈਆ । ਜਨ ਭਗਤ ਕਹਿਣ ਕਮਲੀਏ ਤੱਕ ਲੈ ਇਕੋ ਜੋਤ, ਜੋ ਜੋਤ ਜੋਤ ਰੁਸ਼ਨਾਈਆ । ਅਕਲ ਬੁੱਧੀ ਦੀ ਨਹੀਂ ਸੋਚ, ਸਮਝ ਤੋਂ ਪਰੇ ਪੜ੍ਹਾਈਆ । ਇਹ ਗੁਰਮੁਖ ਸ਼ੌਕੀਨ ਬਹੁਤ, ਸਾਫ਼ ਸੁਥਰੇ ਸੋਹਣੇ ਨਜ਼ਰੀ ਆਈਆ । ਇਹ ਕੋਈ ਕੱਪੜੇ ਨਹੀਂ ਧੋਂਦੇ ਰੋਜ, ਅੰਦਰੋਂ ਮੈਲ ਦਿਤੀ ਧਵਾਈਆ । ਇਹ ਕੋਈ ਸਿਰ ਤੇ ਪਾਉਂਦੇ ਨਹੀਂ ਸੱਗੀ ਚੌਂਕ, ਸ਼ਿੰਗਾਰ ਪੱਟੀ ਨਾ ਕੋਇ ਛੁਹਾਈਆ । ਇਹ ਕੋਈ ਹੰਢਾਉਂਦੇ ਨਹੀਂ ਮਰਨ ਵਾਲਾ ਖੌਂਤ, ਜੋ ਸੇਜ ਸੁੰਞੀ ਦਏ ਕਰਾਈਆ । ਇਹ ਜਾਂਦੇ ਨਹੀਂ ਕਦੇ ਔਂਤ, ਔਂਤਰੇ ਨਾ ਜਗ ਅਖਵਾਈਆ । ਇਹਨਾਂ ਦੀ ਓਥੇ ਪਹੁੰਚ, ਜਿਥੇ ਪਹੁੰਚ ਕੇ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਚਾਰੇ ਇਕੱਠੀਆਂ ਹੋਈਆਂ ਥਾਂ ਅਨਡਿੱਠੇ, ਜਗਹ ਸਮਝ ਕੋਇ ਨਾ ਪਾਈਆ । ਅੱਜ ਪ੍ਰਭੂ ਨਾਲ ਬਚਨ ਕਰੀਏ ਮਿੱਠੇ, ਹੌਲੀ ਹੌਲੀ ਸੁਣਾਈਆ । ਬਸਤਰ ਪਾਈਏ ਚਿੱਟੇ, ਸੋਹਣਾ ਰੂਪ ਵਖਾਈਆ । ਭੂਸ਼ਣ ਦੇ ਪੌਂਚੇ ਕੱਸੇ ਜਾਣ ਉਤੋਂ ਗਿਟੇ, ਤਣੀ ਖਿੱਚ ਖਿੱਚ ਬੰਧਾਈਆ । ਨਾਲੇ ਵੇਖੀਏ ਪੂਰਬ ਦੇ ਚਿੱਠੇ, ਕੀ ਲੇਖਾ ਦਿਤਾ ਵਖਾਈਆ । ਕਿਉਂ ਸਾਡੇ ਤੱਟਾਂ ਉਤੇ ਸਾਨੂੰ ਪੈਂਦੇ ਪੱਥਰ ਵੱਟੇ, ਠੱਗ ਚੋਰ ਕਰਨ ਲੜਾਈਆ । ਬ੍ਰਾਹਮਣਾਂ ਪਾ ਲਏ ਹਿੱਸੇ, ਪੰਡਤ ਬਗ਼ਲੀਆਂ ਵਿਚ ਟਿਕਾਈਆ । ਸਾਡੇ ਬਣ ਗਏ ਕਿੱਤੇ, ਸਾਹਿਬ ਨਜ਼ਰ ਕੋਇ ਨਾ ਆਈਆ । ਜਿਹੜਾ ਸਭ ਦੀ ਡੋਰੀ ਖਿੱਚੇ, ਅੰਦਰੇ ਅੰਦਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਆਪ ਚੁਕਾਈਆ । ਗੰਗਾ

ਕਹੇ ਕੀ ਹੋਇਆ ਵਕਤ ਵੇਲਾ, ਘੜੀ ਘੜੀ ਦਿਉ ਜਣਾਈਆ । ਹੁਣ ਸਾਹਿਬ ਸਤਿਗੁਰ ਸਭ ਨਾਲੋਂ ਹੋ ਜਾਏ ਵਿਹਲਾ, ਆਪਣੀ ਕਾਰ ਕਮਾਈਆ । ਨੌ ਛਟਾਂਕ ਗੁੜ ਦਾ ਲੈ ਆਉ ਢੇਲਾ, ਸ਼ਰੀਣੀ ਵਾਲਾ ਸਗਣ ਬਣਾਈਆ । ਭਗਤਾਂ ਵਾਲਾ ਮੇਲਾ, ਮਿਲਣੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਖ਼ੀਓ ਸਭ ਦਾ ਸੱਜਣ ਸੁਹੇਲਾ, ਅੱਖੀਓ ਨੈਣ ਜੋਤ ਅਲਬੇਲਾ, ਮੁਹੱਬਤ ਪਿਆਰ ਵਿਚ ਸਦਾ ਵਿਹਲਾ, ਕੰਮ ਕਾਜ ਨਜ਼ਰ ਕੋਇ ਨਾ ਆਈਆ ।

ਗੰਗਾ ਕਹੇ ਦੁਰਗਾ ਦੀ ਚੰਡੀ, ਚੰਡਾਲਾਂ ਦਏ ਖਪਾਈਆ । ਸਿੱਧੀ ਕਰ ਕੇ ਡੰਡੀ, ਮਾਰਗ ਇਕ ਲਗਾਈਆ । ਜਿਸ ਦਾ ਮਾਲਕ ਸੂਰਾ ਸਰਬੰਗੀ, ਇਕੋ ਇਕ ਅਖਵਾਈਆ । ਜਿਸ ਨੇ ਚਲਣਾ ਪੈਰੀਂ ਨੰਗੀ, ਆਪਣੀ ਸੇਵ ਬਣਾਈਆ । ਪ੍ਰਭ ਦੀ ਧਾਰ ਸਦਾ ਸੱਚ, ਸਚ ਸਚ ਸਚ ਖੇਲ ਖਿਲਾਇੰਦਾ । ਜੁਗ ਚੌਕੜੀ ਭਾਗ ਲਗਾਵੇ ਕਾਇਆ ਕੱਚ, ਕੰਚਨ ਗੜ੍ਹ ਸੁਹਾਇੰਦਾ । ਭਗਤਾਂ ਲੂੰ ਲੂੰ ਅੰਦਰ ਜਾਏ ਰਚ, ਰਚਨਾ ਆਪਣੀ ਆਪ ਵਖਾਇੰਦਾ । ਭੇਵ ਖੁਲ੍ਹਾ ਕੇ ਬ੍ਰਹਮ ਮਤ, ਤਤਵ ਤਤ ਪੜਦਾ ਉਠਾਇੰਦਾ । ਸਭ ਦੀ ਜਾਣੇ ਮਿਤ ਗਤ, ਲੱਖ ਚੁਰਾਸੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਵੇਖੋ ਖੇਲ ਗੰਗਾ ਗੋਦਾਵਰੀ ਜਮਨਾ ਸੁਰਸਤੀ, ਨੇਤਰ ਅੱਖ ਖੁਲ੍ਹਾਈਆ । ਪ੍ਰਭ ਦੀ ਇਕੋ ਹਸਤੀ, ਜੋ ਹਰ ਘਟ ਰਿਹਾ ਸਮਾਈਆ । ਨਾਮ ਖ਼ੁਮਾਰੀ ਦੇ ਕੇ ਮਸਤੀ, ਮਸਤ ਮਸਤਾਨੇ ਦਏ ਬਣਾਈਆ । ਮਾਲਕ ਬਣ ਕੇ ਅਰਸ਼ੀ, ਫ਼ਰਸ਼ ਦਏ ਵਡਿਆਈਆ । ਗ਼ਰੀਬਾਂ ਬਣ ਕੇ ਦਰਦੀ, ਦੁਖੀਆਂ ਦੁੱਖ ਗਵਾਈਆ । ਸਤਿ ਦਾ ਬਣ ਕੇ ਦਰਜ਼ੀ, ਵਿਛੜੇ ਜੋੜ ਜੁੜਾਈਆ । ਸਭ ਦੀ ਮਨਜ਼ੂਰ ਕਰ ਕੇ ਅਰਜ਼ੀ, ਲੇਖਾ ਲੇਖੇ ਵਿਚੋਂ ਬਣਾਈਆ । ਬਣ ਕੇ ਧੁਰ ਦਾ ਗ਼ਰਜ਼ੀ, ਆਪਣਾ ਫੇਰਾ ਪਾਈਆ । ਅੱਗੇ ਚਲੇ ਨਾ ਕਿਸੇ ਦੀ ਮਰਜ਼ੀ, ਸ਼ਾਹ ਸੁਲਤਾਨ ਸੀਸ ਝੁਕਾਈਆ । ਗੁਰੂ ਰਹੇ ਕੋਇ ਨਾ ਫ਼ਰਜ਼ੀ, ਪੁਰਖ ਅਕਾਲ ਇਕੋ ਨਜ਼ਰੀ ਆਈਆ । ਕਲਜੁਗ ਮੇਟੇ ਅੰਧੇਰ ਗਰਦੀ, ਸਾਚਾ ਚੰਦ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਵੇਖੋ ਅਛਲ ਅਛੱਲ ਦੀ, ਜੋ ਛਲਧਾਰੀ ਦਏ ਸਮਝਾਈਆ । ਛਲਧਾਰੀ ਮਾਰੇ ਝਟਕਾ, ਹਲੂਣਾ ਇਕ ਲਗਾਈਆ । ਸੀਸ ਰਹੇ ਕਿਸੇ ਨਾ ਪਟਕਾ, ਓਢਣ ਉਪਰ ਨਾ ਕੋਇ ਵਖਾਈਆ । ਸਭ ਦੇ ਅੰਦਰ ਪੈ ਜਾਏ ਖਟਕਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਇਹ ਖੇਲ ਪੁਰਖ ਸਮਰਥ ਕਾ, ਸਚ ਸਵਾਮੀ ਆਪ ਵਰਤਾਈਆ । ਕਲਜੁਗ ਕੂੜਾ ਰਥ ਅਗਨ ਕਾ, ਚਾਰੋਂ ਕੁੰਟ ਦੁਹਾਈਆ । ਜਨ ਭਗਤਾਂ ਵੇਲਾ ਮਿਲਣ ਕਾ, ਜੋਤ ਨੂਰ ਚਮਕਾਈਆ । ਲਹਿਣਾ ਪੂਰਾ ਹੋਣਾ ਸਗਨ ਕਾ, ਤ੍ਰਿਸ਼ਨਾ ਦਏ ਬੁਝਾਈਆ । ਨਾਤਾ ਤੁੱਟੇ ਕੂੜ ਬਦਨ ਕਾ, ਆਤਮ ਪਰਮਾਤਮ ਵੱਜੇ ਵਧਾਈਆ । ਬਿਰਥਾ ਖੇਲ ਜਗਤ ਯਤਨ ਕਾ, ਬਿਨ ਪ੍ਰਭ ਹੋਏ ਨਾ ਕੋਇ ਸਹਾਈਆ । ਲੇਖਾ ਚੁਕਣਾ ਵਤਨ ਕਾ, ਬੇਵਤਨਾਂ ਵਤਨ ਪੁਚਾਈਆ । ਇਹ ਘਾਟ ਉਸੇ ਪੱਤਨ ਕਾ, ਜਿਸ ਦੀ ਪੱਤਰੇ ਦੇ ਨਾ ਸਕਣ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਚਾਰੇ ਕਹਿਣ ਸਾਡਾ ਹੋਇਆ ਪੱਕ, ਪੱਕੀ ਤਰਾ ਸੁਣਾਈਆ । ਨਾਤਾ ਜੁੜਿਆ ਸਚ, ਸਚ ਵਿਚ ਸਮਾਈਆ । ਕਿਸ਼ਨ ਸਿੰਘ ਲਾ ਦੇ ਪੰਜ ਟੱਕ, ਕਹੀ ਹੱਥ ਵਿਚ ਉਠਾਈਆ । ਆਸਾ ਸਿੰਘ ਦਹੀਂ ਸੁਟੇ ਝਟ, ਕਟੋਰਾ ਮੂਧਾ ਦੇਣਾ ਕਰਾਈਆ । ਗੁਰਮੁਖਾਂ ਮੁੱਠਾਂ ਮੀਟਣੀਆਂ ਝਟ, ਕੰਨਾਂ ਉਤੋਂ ਦਬਾਈਆ ।

ਫੇਰ ਵਾਰੋ ਵਾਰੀ ਮਾਰਨੀਆਂ ਠੱਪ ਠੱਪ, ਆਪਣਾ ਬਲ ਪਰਗਟਾਈਆ । ਤੇਜ ਭਾਨ ਜਲ ਗਲਾਸ ਦੇਣਾ ਉਲਟ, ਸੇਵਾ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਤੇਜ ਭਾਨ ਪਾਣੀ ਪਾਵੇ ਸੀਸ, ਖ਼ੁਸ਼ੀ ਨਾਲ ਉਲਟਾਈਆ । ਇਹ ਖੇਲ ਖ਼ੁਸ਼ੀ ਜਗਦੀਸ਼, ਆਪਣਾ ਰੰਗ ਚੜ੍ਹਾਈਆ । ਧਰਮ ਦੀ ਇਕ ਪ੍ਰੀਤ, ਪ੍ਰੀਤਮ ਰਿਹਾ ਵਖਾਈਆ । ਗੁਰਮੁਖਾਂ ਕਰ ਕੇ ਸੀਤ, ਅਗਨੀ ਤਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਾਰੇ ਮਾਰੋ ਨਾਲ ਮੁੱਕੀ, ਪਹਿਲੇ ਗੁਰਮੁਖ ਆਪ ਲਗਾਈਆ । ਫਿਰ ਨਿਸ਼ਾਨਿਉਂ ਕੋਈ ਨਾ ਜਾਵੇ ਉਕੀ, ਸਾਰੇ ਵਾਰੋ ਵਾਰ ਵਾਰੀ ਲੈਣ ਭੁਗਤਾਈਆ । ਜੋ ਮਾਰਨ ਸੋ ਹੋਵਣ ਸੁਖੀ, ਮਿਹਰ ਨਜ਼ਰ ਉਠਾਈਆ । ਜਿਸ ਨੇ ਪੈਰੀਂ ਪਾਈ ਨਹੀਂ ਜੁੱਤੀ, ਚਰਨ ਧੂੜ ਦੇਣ ਦੀ ਖ਼ਾਤਰ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਛੇਤੀ ਛੇਤੀ ਮਾਰੋ ਨਾਲ ਜ਼ੋਰ, ਆਪਣੀ ਖ਼ੁਸ਼ੀ ਬਣਾਈਆ । ਜਿਸ ਦੇ ਹੱਥ ਤੁਹਾਡੀ ਡੋਰ, ਖੇਲ ਰਿਹਾ ਵਖਾਈਆ । ਸਭ ਦੀ ਸਾਂਝੀ ਕਰੇ ਲੋੜ, ਨਾਤਾ ਇਕ ਜੁੜਾਈਆ । ਭਾਂਡਾ ਵੇਖੋ ਠਕੋਰ, ਠਠਿਆਰ ਬਣ ਕੇ ਆਪਣਾ ਹੱਥ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਭੁਗਤਾਈਆ । ਅੱਜ ਮਾਰੋ ਖ਼ੂਬ, ਗ਼ੁੱਸੇ ਵਿਚ ਚੋਟ ਲਗਾਈਆ । ਫੇਰ ਬਣਿਆ ਰਹੇ ਮਹਿਬੂਬ, ਮੁਹੱਬਤ ਵਿਚ ਸਰਨਾਈਆ । ਜਿਧਰ ਤੱਕੋ ਉਧਰ ਮੌਜੂਦ, ਹਰ ਘਟ ਡੇਰਾ ਲਾਈਆ । ਪਾਣੀ ਦੇ ਬਦਲੇ ਦੇਵੇ ਦੂਧ, ਅੰਮ੍ਰਿਤ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਬਣਾਈਆ । ਜਿੰਨੀ ਜ਼ੋਰ ਦੀ ਮਾਰੋਗੇ ਸੱਟ, ਆਪਣਾ ਬਲ ਵਧਾਈਆ । ਓਨੀ ਛੇਤੀ ਹੋਵੇਗਾ ਪਰਗਟ, ਪੜਦਾ ਜਗਤ ਉਠਾਈਆ । ਸਭ ਦੀ ਲੇਖੇ ਲਾਵੇ ਰਤ, ਰਤਨ ਅਮੋਲਕ ਖੋਜ ਖੁਜਾਈਆ । ਜਿਨ੍ਹਾਂ ਸੋਹੰ ਨਾਮ ਲਿਆ ਜਪ, ਮਾਣਕ ਮੋਤੀ ਗਲ ਲਟਕਾਈਆ । ਏਥੇ ਉਥੇ ਰੱਖੇ ਪਤ, ਪਤਿਪਰਮੇਸ਼ਵਰ ਹੋ ਸਹਾਈਆ । ਸਾਂਝਾ ਨਾਤਾ ਜੋੜੇ ਪੱਕ, ਅੱਗੇ ਹੋ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਬਹਾਈਆ । ਮਾਰ ਮਾਰ ਕੇ ਸਭ ਨੂੰ ਹੋਵੇ ਖ਼ੁਸ਼ੀ, ਖ਼ੁਸ਼ੀ ਲੈਣੀ ਬਣਾਈਆ । ਅੰਤਰ ਹੋਵੇ ਰੁਚੀ, ਪ੍ਰੇਮ ਵਿਚ ਸਮਾਈਆ । ਕਾਇਆ ਹੋਵੇ ਸੁੱਚੀ, ਦੁਰਮਤ ਮੈਲ ਧਵਾਈਆ । ਗੁਰਮੁਖ ਆਤਮ ਰਹੇ ਕੋਇ ਨਾ ਰੁੱਠੀ, ਰੁੱਸੀ ਲੈਣੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਮੁੱਕੀਆਂ ਮਾਰੋ ਛੇਤੀ ਛੇਤੀ, ਆਪਣੀ ਸੇਵ ਕਮਾਈਆ । ਆਪਣੇ ਅੰਦਰ ਦੇ ਹੋ ਜਾਉ ਭੇਤੀ, ਪੜਦਾ ਰਹੇ ਨਾ ਰਾਈਆ । ਲੋਕਮਾਤ ਬਣੇ ਪਰਦੇਸੀ, ਦੇਸ ਆਪਣਾ ਲੈਣਾ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਈਆ । ਖੇਲ ਖੇਲਣ ਨੂੰ ਆਇਆ ਜਗ, ਜਗਜੀਵਣ ਦਾਤਾ ਬੇਪਰਵਾਹੀਆ । ਜਿਸ ਕਾਰਨ ਲਏ ਸੱਦ, ਹੋਕਾ ਨਾਮ ਸੁਣਾਈਆ । ਉਸੇ ਦਾ ਲਹਿਣਾ ਅੱਜ, ਪਿਛਲਾ ਮੂਲ ਚੁਕਾਈਆ । ਭਗਤਾਂ ਬਣਾ ਕੇ ਯਦ, ਯਦਿਪ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਇਕ ਵਖਾਈਆ । ਦਰਗਾਹ ਸਾਚੀ ਦਾ ਵੇਖੋ ਨਜ਼ਾਰਾ, ਹਰਿਜਨ ਆਪ ਵਖਾਇੰਦਾ । ਧਰਮ ਦਾ ਇਕ ਦਵਾਰਾ, ਧਰਨੀ ਧਰਤ ਧਵਲ ਸੁਹਾਇੰਦਾ । ਸਭ ਨੇ ਬੋਲਣਾ ਸਚ ਜੈਕਾਰਾ, ਤੂੰ ਹੀ ਸਾਡਾ ਬਾਪ ਤੂੰ ਹੀ ਪਿਤਾ ਮਾਈਆ । ਤੂੰ ਹੀ ਪਾਕ ਰਸੂਲ


੧੧੫੩
੨੦

(ਪਰਵਰਦਿਗਾਰਾ), ਤੂੰ ਹੀ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਆਪਣਾ ਡੇਰਾ ਲਾਇੰਦਾ । ਹਰ ਘਟ ਡੇਰਾ ਲਾਵਣ ਆਇਆ, ਆਪਣੀ ਦਇਆ ਕਮਾਈਆ । ਉਜੜੇ ਘਰ ਵਸਾਵਣ ਆਇਆ, ਮਿਹਰ ਨਜ਼ਰ ਟਿਕਾਈਆ । ਅੰਮ੍ਰਿਤ ਮੇਘ ਬਰਸਾਵਣ ਆਇਆ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਬੁਝੇ ਦੀਪ ਜਗਾਵਣ ਆਇਆ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸਾਚਾ ਮੰਦਰ ਸੁਹਾਵਣ ਆਇਆ, ਸਚ ਸਿੰਘਾਸਣ ਸੋਭਾ ਪਾਈਆ । ਅੰਮ੍ਰਿਤ ਮੇਘ ਬਰਸਾਵਣ ਆਇਆ, ਬੂੰਦ ਸਵਾਂਤੀ ਮੁਖ ਚੁਆਈਆ । ਤੂੰ ਮੇਰਾ ਮੈਂ ਤੇਰਾ ਨਾਮ ਜਪਾਵਣ ਆਇਆ, ਜਗਜੀਵਣ ਦਾਤਾ ਵਡ ਵਡਿਆਈਆ । ਕੂੜੀ ਕਿਰਿਆ ਡੇਰਾ ਢਾਇਆ, ਸਾਚਾ ਰਾਹ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੀਰ ਪੈਗ਼ੰਬਰ ਕਹਿਣ ਤੂੰ ਆਇਆ ਠਾਕਰ, ਆਪਣਾ ਫੇਰਾ ਪਾਈਆ । ਕਲਜੁਗ ਵੇਖੇ ਡੂੰਘਾ ਸਾਗਰ, ਭਵਰੀ ਫੋਲ ਫੁਲਾਈਆ । ਗ਼ਰੀਬ ਨਿਮਾਣਿਆਂ ਦੇਵੇ ਆਦਰ, ਦੀਨ ਦਿਆਲ ਹੋਏ ਸਹਾਈਆ । ਜੋ ਲਹਿਣਾ ਦੇਣਾ ਬਕਾਇਆ ਤੇਗ਼ ਬਹਾਦਰ, ਸਭ ਦੀ ਝੋਲੀ ਪਾਈਆ । ਗੁਰੂ ਗੋਬਿੰਦ ਸੂਰਾ ਇਕ ਬਹਾਦਰ, ਸੂਰਬੀਰ ਇਕ ਅਖਵਾਈਆ । ਜਿਸ ਦਾ ਮਾਲਕ ਇਕੋ ਕਾਦਰ, ਕਰਨੀ ਦਾ ਕਰਤਾ ਇਕ ਅਖਵਾਈਆ । ਨਿਰਮਲ ਨੂਰ ਕਰੇ ਉਜਾਗਰ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਖੇਲ ਖੇਲਣ ਨੂੰ ਆਇਆ ਖ਼ਲਕ, ਖ਼ਾਲਕ ਫੇਰਾ ਪਾਈਆ । ਲੇਖਾ ਜਾਣੇ ਉਪਰ ਫ਼ਲਕ, ਅਰਸ਼ੀ ਪ੍ਰੀਤਮ ਧੁਰਦਰਗਾਹੀਆ । ਕੀ ਲਹਿਣਾ ਦੇਣਾ ਬਣਾਵਾਂ ਭਗਤ, ਪੜਦਾ ਸਕੇ ਨਾ ਕੋਇ ਉਠਾਈਆ । ਨਿਰਗੁਣ ਧਾਰ ਨੁਰਾਨੀ ਝਲਕ, ਝੱਲੇ ਸਭ ਨੂੰ ਦਏ ਬਣਾਈਆ । ਜਨ ਭਗਤਾਂ ਮਸਤਕ ਲਾ ਕੇ ਤਿਲਕ, ਤਿਲਕਣਬਾਜ਼ੀ ਤੋਂ ਲਏ ਬਚਾਈਆ । ਜਿਸ ਵਹੀ ਦੇ ਉਤੇ ਜਿਲਦ, ਵਹੀਆਂ ਦਾ ਲੇਖ ਮੁਕਾਈਆ । ਮਨੂਆ ਕਰੇ ਕੋਈ ਨਾ ਇੱਲਤ, ਆਲਮਾਂ ਤੋਂ ਪਰੇ ਕਰੇ ਪੜ੍ਹਾਈਆ । ਜਨ ਭਗਤੋ ਤੁਹਾਡੀ ਇਕੋ ਸਿੰਮਤ, ਇਕੋ ਰਾਹ ਵਖਾਈਆ । ਮੁਹੱਬਤ ਵਿਚ ਕਰੋ ਹਿੰਮਤ, ਹੌਸਲਾ ਹਕ ਵਡਿਆਈਆ । ਤੁਹਾਡੇ ਵਿਚੋਂ ਕੋਈ ਨਾ ਬਣਿਓ ਕਿਸੇ ਦਾ ਨਿੰਦਕ, ਨਿੰਦਿਆ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲ ਮਿਲਾਈਆ । ਸਾਚਾ ਮੇਲਾ ਮੇਲਣ ਆਇਆ, ਆਪਣੀ ਦਇਆ ਕਮਾਇੰਦਾ । ਮਾਰਗ ਇਕੋ ਇਕ ਸਮਝਾਇਆ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਸਾਹਿਬ ਸਤਿਗੁਰ ਫੇਰਾ ਪਾਇਆ, ਨਿਰਗੁਣ ਕਾਰ ਕਮਾਇੰਦਾ । ਵੇਲਾ ਵਕਤ ਯਾਦ ਕਰਾਇਆ, ਪੂਰਬ ਪੜਦਾ ਲਾਹਿੰਦਾ । ਜਿਸ ਕਿਨਾਰੇ ਡੇਰਾ ਲਾਇਆ, ਇਹ ਕਿਨਾਰਾ ਪਿਛਲਾ ਸੋਭਾ ਪਾਇੰਦਾ । ਬਾਲਮੀਕ ਏਥੇ ਦੀਪ ਜਗਾਇਆ, ਨੌਂ ਦਿਨ ਨੂਰ ਚਮਕਾਇੰਦਾ । ਅੰਤਮ ਆਸਾ ਇਕ ਰਖਾਇਆ, ਨੇਤਰ ਨੈਣਾਂ ਨੀਰ ਵਹਾਇੰਦਾ । ਜਿਸ ਵੇਲੇ ਕਲਜੁਗ ਅੰਧੇਰਾ ਛਾਇਆ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਪਰਗਟ ਹੋਵੇ ਬੇਪਰਵਾਹਿਆ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਇੰਦਾ । ਭਗਤ ਸੁਹੇਲਾ ਬਣਕੇ ਆਇਆ, ਗੁਰ ਚੇਲਾ ਰੰਗ ਚੜ੍ਹਾਇੰਦਾ । ਮੇਰਾ ਲਹਿਣਾ ਦੇਣਾ ਲੇਖਾ ਪੂਰਾ ਦਏ ਕਰਾਇਆ, ਆਸਾ ਵਿਚ ਨਿਰਾਸਾ ਰਹਿਣ ਕੋਇ ਨਾ ਪਾਇੰਦਾ । ਵਾਹ ਵਾਹ ਅਚਰਜ ਖੇਲ ਰਚਾਇਆ, ਆਪਣੀ ਰਚਨਾ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦੀ ਸਾਚੀ ਕਾਰ ਕਮਾਇੰਦਾ । ਰਾਤ ਕਹੇ ਮੈਂ ਰੈਣ ਭਿੰਨੀ, ਭਿੰਨੜੀ ਨਜ਼ਰੀ



੧੧੫੪
੨੦

ਆਈਆ । ਮੈਂ ਖੇਲ ਵੇਖੀ ਵੱਡੀ ਕਿੰਨੀ, ਕਿੰਨੀ ਦਿਆਂ ਸਮਝਾਈਆ । ਲਹਿਣਾ ਮੁਕਣਾ ਦਿਨੀਂ ਤਿੰਨੀਂ, ਤ੍ਰੈਗੁਣ ਡੇਰਾ ਢਾਹੀਆ । ਜਿਹੜੀ ਨੀਂਹ ਪ੍ਰਭੂ ਨੇ ਚਿਣੀ, ਅੰਤ ਪੂਰੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਰੈਣ ਕਹੇ ਮੈਂ ਖ਼ੁਸ਼ੀਆਂ ਵਾਲੀ ਰਾਤ, ਲੋਕਮਾਤ ਵੱਜੀ ਵਧਾਈਆ । ਇਕੱਠੀ ਹੋਈ ਭਗਤਾਂ ਬਰਾਤ, ਗੁਰਮੁਖ ਸੋਹਣੇ ਸੋਭਾ ਪਾਈਆ । ਸਤਿ ਧਰਮ ਦੀ ਇਕ ਜਮਾਤ, ਚਾਰ ਵਰਨ ਜੋੜ ਜੁੜਾਈਆ । ਪ੍ਰਭੂ ਦੀ ਕਰ ਤਲਾਸ਼, ਨਿਰਗੁਣ ਨੂਰ ਵੇਖ ਵਖਾਈਆ । ਝਗੜਾ ਰਹੇ ਨਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੱਜੇ ਵਧਾਈਆ । ਜਿਨ੍ਹਾਂ ਦਾ ਅੰਦਰ ਬਣਿਆ ਵਿਸ਼ਵਾਸ਼, ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਮਾਲਕ ਇਕ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਦਰ ਦੇਵੇ ਮਾਣ ਵਡਿਆਈਆ । ਰੂਹ ਬੁਤ ਕਰਕੇ ਪਾਕ, ਦੁਰਮਤ ਮੈਲ ਧਵਾਈਆ । ਪਿਛਲਾ ਔਗੁਣ ਕਰਕੇ ਮੁਆਫ਼, ਅੱਗੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਰੱਖੇ ਸੱਚਾ ਸਾਕ, ਸੰਗੀ ਬਹੁਰੰਗੀ ਅਨਮੰਗੀ ਦਾਤ ਆਪੇ ਝੋਲੀ ਪਾਈਆ ।

### ★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਦਲੀਪ ਸਿੰਘ ਦੇ ਗ੍ਰਿਹ ਪਿੰਡ ਬਾਊਪੁਰ ਜ਼ਿਲਾ ਗੁਰਦਾਸਪੁਰ ★

ਸਚਖੰਡ ਦਵਾਰੇ ਖੇਲ ਅਪਾਰ, ਹਰਿ ਅਪਰੰਪਰ ਆਪ ਕਰਾਈਆ । ਭੱਜੇ ਫਿਰਨ ਗੁਰੂ ਅਵਤਾਰ, ਪੈਗ਼ੰਬਰ ਵਾਹੋ ਦਾਹੀਆ । ਇਕੱਠੇ ਹੋ ਕੇ ਏਕਾ ਵਾਰ, ਸੰਗਤ ਇਕ ਬਣਾਈਆ । ਕੁਛ ਦੱਸ ਅਰਜਨ ਯਾਰ, ਪਿਛਲਾ ਭੇਵ ਖੁਲ੍ਹਾਈਆ । ਕੀ ਲਹਿਣਾ ਵਿਚ ਸੰਸਾਰ, ਬਾਕੀ ਨਜ਼ਰੀ ਆਈਆ । ਜਿਸ ਦਾ ਹੋਇਆ ਨਹੀਂ ਇਜ਼ਹਾਰ, ਕਲਮ ਸ਼ਾਹੀ ਨਾ ਰੰਗ ਚੜ੍ਹਾਈਆ । ਗੁਫ਼ਤ ਸ਼ੁਨੀਦ ਗੁਫ਼ਤਾਰ, ਖ਼ੁਫ਼ੀਆ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪੜਦਾ ਰਿਹਾ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਇਕੱਠੇ ਹੋ ਕੇ ਰਹੇ ਹੱਸ, ਬਿਨ ਹੱਥਾਂ ਤਾਲੀ ਲਗਾਈਆ । ਅਰਜਨ ਕੁਛ ਸਾਨੂੰ ਦੱਸ, ਦਹਿ ਦਿਸ਼ਾ ਧਿਆਨ ਲਗਾਈਆ । ਅਰਜਨ ਸਹਿਜ ਨਾਲ ਪੁੱਟ ਕੇ ਅੱਖ, ਆਖ਼ਰ ਰਿਹਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਜਿਸ ਦਾ ਨਾਮ ਦੱਸ ਕੇ ਵੱਖ ਵੱਖ, ਸਿਫ਼ਤਾਂ ਵਿਚ ਸਾਲਾਹੀਆ । ਉਹ ਹਰ ਘਟ ਅੰਦਰ ਰਿਹਾ ਵਸ, ਤੁਹਾਡੀ ਕਲਾਮ ਦਏ ਗਵਾਹੀਆ । ਮੇਰਾ ਓਸ ਦੇ ਨਾਲ ਪੱਕ, ਕੌਲ ਇਕਰਾਰ ਆਪਣਾ ਇਕ ਜਣਾਈਆ । ਜਿਸ ਵੇਲੇ ਸ੍ਰਿਸ਼ਟੀ ਸਤਿ ਧਰਮ ਤੋਂ ਜਾਏ ਨਠ, ਸਾਚਾ ਕਰਮ ਨਾ ਕੋਇ ਕਮਾਈਆ । ਸਭ ਦਾ ਖੇੜਾ ਹੋਏ ਭੱਠ, ਭਠਿਆਲਾ ਅਗਨੀ ਤਤ ਤਪਾਈਆ । ਹਰਿ ਕਾ ਨਾਮ ਲਏ ਕੋਈ ਨਾ ਰਟ, ਮਣਕਾ ਮਨ ਕਾ ਨਾ ਕੋਇ ਭਵਾਈਆ । ਜਗਤ ਪਿਆਲੇ ਪੀਣ ਗਟ ਗਟ, ਰਸ ਜਾਮ ਨਾ ਕੋਇ ਛਕਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹੋਣ ਬੇਵਸ, ਸਾਚਾ ਸੰਗ ਨਾ ਕੋਇ ਰਖਾਈਆ । ਉਸ ਵੇਲੇ ਹੋਵੇ ਇਕ ਪਰਗਟ, ਜੋ ਸਭ ਦਾ ਪਿਤਾ ਮਾਈਆ । ਧਰਮ ਦਵਾਰਾ ਖੋਲ੍ਹੇ ਹੱਟ, ਵਸਤ ਅਮੋਲਕ ਇਕ ਵਰਤਾਈਆ । ਭਾਗ ਲਗਾਏ ਰਾਵੀ ਤਟ, ਕਿਨਾਰਾ ਇਕ ਸੁਹਾਈਆ । ਜਿਥੇ ਬਾਲਮੀਕ ਆਪਣੇ ਸੱਜੇ ਚਰਨ ਦੀ ਡੋਲ੍ਹ ਕੇ ਗਿਆ ਰੱਤ, ਬੂੰਦਾਂ ਪੰਜ ਸੱਤ ਚੁਆਈਆ । ਫੇਰ ਵੇਖ ਕੇ ਉਪਰ ਗਗਨ ਦੀ ਛੱਤ, ਵਾਸਤਾ ਦਿਤਾ ਪਾਈਆ । ਹੇ ਮੇਰੇ ਪਰਮੇਸ਼ਵਰ

ਪਤਿ, ਸਵਾਮੀ ਤੇਰੀ ਇਕ ਸਰਨਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਡੋਰੀ ਤੇਰੇ ਹੱਥ ਫੜਾਈਆ । ਕਲਜੁਗ ਮੰਦਰ ਰਿਹਾ ਢੱਠ, ਕੂੜੀ ਕਿਰਿਆ ਨੀਂਹ ਰਹੀ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਕਾਈਆ । ਅਵਤਾਰ ਪੈਗ਼ੰਬਰ ਵੇਖਣ ਨਾਲ ਗ਼ੌਰ, ਨਾਨਕ ਨਾਲ ਵਡਿਆਈਆ । ਅਰਜਨ ਤੇਰਾ ਲੇਖਾ ਵਿਚ ਲਾਹੌਰ, ਜਿਥੇ ਮਿਲੀ ਸਜ਼ਾਈਆ । ਅਰਜਨ ਨੇ ਨੰਗੇ ਕਰ ਕੇ ਮੌਰ, ਆਪਣਾ ਪਿੰਡਾ ਦਿਤਾ ਵਖਾਈਆ । ਅਜੇ ਹੋਈ ਨਹੀਂ ਭੌਰ, ਭਵਰੀ ਵਿਚ ਲੋਕਾਈਆ । ਮੇਰੇ ਪੁਰਖ ਅਕਾਲ ਦਾ ਇਕੋ ਜੌਹਰ, ਜੌਹਰੀ ਇਕ ਅਖਵਾਈਆ । ਉਸ ਵੇਲੇ ਇਕ ਮਸਤ ਰਹਿੰਦਾ ਸੀ ਕਲਾਨੌਰ, ਕਲਾ ਅੰਦਰਲੀ ਇਕ ਵਖਾਈਆ । ਸੌਂਦਾ ਸੀ ਵਿਚ ਰੌੜ, ਜਗਤ ਮਕਾਨ ਨਾ ਡੇਰਾ ਲਾਈਆ । ਓਥੇ ਅਜੇ ਵੀ ਇਕ ਜੌਹੜ, ਤਾਲਾਬ ਛੋਟਾ ਸੋਭਾ ਪਾਈਆ । ਉਹਦੇ ਪੰਜ ਸੱਤ ਪੌੜ, ਪੌੜੀ ਪੌੜੀ ਦਏ ਦੁਹਾਈਆ । ਓਸ ਨੇ ਕਿਹਾ ਜਿਹੜਾ ਅਰਜਨ ਨੂੰ ਰਿਹਾ ਬਹੁੜ, ਤੱਤੀ ਤਵੀ ਹੋਏ ਸਹਾਈਆ । ਉਹ ਹੋਣਾ ਬ੍ਰਾਹਮਣ ਗੌੜ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਜਿਸ ਦੇ ਸੀਸ ਝੁਲਦਾ ਚੌਰ, ਚਾਰੋਂ ਕੁੰਟ ਵੇਖ ਵਖਾਈਆ । ਇਕ ਦੁਖੀਆ ਰਹਿੰਦਾ ਸੀ ਵਿਚ ਕਥਲੌਰ, ਨੇਤਰ ਰੋ ਰੋ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੁਛ ਅਰਜਨ ਦੇ ਸਲਾਹ, ਮਸ਼ਵਰਾ ਸਚ ਬਣਾਈਆ । ਤੇਰਾ ਕਿਹੜਾ ਉਸ ਵੇਲੇ ਦਾ ਗਵਾਹ, ਜੋ ਸਹੀ ਦਏ ਕਰਾਈਆ । ਅਰਜਨ ਕਿਹਾ ਵਾਹ ਵਾਹ, ਇਹ ਕੀ ਪੁਛ ਪੁਛਾਈਆ । ਮੇਰਾ ਸਾਹਿਬ ਕਦੇ ਨਾ ਹੋਵੇ ਜੁਦਾ, ਜੁਗ ਚੌਕੜੀ ਸੰਗ ਨਿਭਾਈਆ । ਭਗਤ ਉਧਾਰਨੇ ਜਿਸ ਦੀ ਅਦਾ, ਅਦਲ ਇਨਸਾਫ਼ ਕਮਾਈਆ । ਜਿਸ ਵੇਲੇ ਮੈਂ ਕਰੀ ਅੰਤਰ ਦੁਆ, ਸੀਸ ਜਗਦੀਸ਼ ਝੁਕਾਈਆ । ਉਸ ਨੇ ਮੈਨੂੰ ਸਹਿਜੇ ਲਿਆ ਉਠਾ, ਅਗਨੀ ਤਤ ਪੋਹ ਨਾ ਸਕੇ ਰਾਈਆ । ਗੋਦੀ ਚੁੱਕ ਕੇ ਮੈਨੂੰ ਇਹ ਕਿਨਾਰਾ ਦਿਤਾ ਵਖਾ, ਜਿਸ ਦਾ ਭੇਵ ਨਾ ਕਿਸੇ ਸਮਝਾਈਆ । ਇੱਕੀ ਬਰਸ ਸਪਤ ਰਿਖੀ ਏਥੇ ਗਏ ਬਿਤਾ, ਦੁਨੀਆ ਵਿਚੋਂ ਲੁਕ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਦਏ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅੱਜ ਜਾਈਏ ਕਿਹੜੇ ਕੰਢੇ, ਕਵਣ ਘਾਟ ਵਡਿਆਈਆ । ਦੀਨ ਦੁਨੀ ਦੇ ਹਿੱਸੇ ਵੰਡੇ, ਸਾਂਝਾ ਦਰ ਨਾ ਕੋਇ ਸੁਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵੇਖੇ ਚੰਗੇ, ਗੁਰੂਦਵਾਰਾ ਸੋਭਾ ਪਾਈਆ । ਓਥੇ ਵੱਸਣ ਵਾਲੇ ਮੰਦੇ, ਮਨ ਵਾਸਨਾ ਨਾ ਪਰੇ ਹਟਾਈਆ । ਜਾਂ ਵੇਖੀਏ ਕਿਨਾਰੇ ਤਟ ਗੰਗੇ, ਨੇਤਰ ਲੋਚਣ ਨੈਣ ਖੁਲ੍ਹਾਈਆ । ਓਥੇ ਵੀ ਫਿਰਦੇ ਪੰਡੇ, ਜੋ ਠੱਗੀ ਚੋਰੀ ਯਾਰੀ ਰਹੇ ਕਮਾਈਆ । ਚਾਰੋਂ ਕੁੰਟ ਹੁੰਦੇ ਦੰਗੇ, ਦਗ਼ੇ ਫ਼ਰੇਬ ਵਿਚ ਦੁਹਾਈਆ । ਸਭ ਦੇ ਹਾਲ ਹੋਏ ਮੰਦੇ, ਮੰਦ ਵਾਸਨਾ ਨਾ ਕੋਇ ਕਢਾਈਆ । ਅਰਜਨ ਕਿਹਾ ਸੁਣੋ ਹੁਕਮ ਸੂਰੇ ਸਰਬੰਗੇ, ਸਤਿ ਸਚ ਦਿਆਂ ਸੁਣਾਈਆ । ਜਿਥੇ ਮਿਲਣਾ ਅੱਜ ਅਨੰਦੇ, ਸੁਖ ਸੁਖ ਵਿਚੋਂ ਪਰਗਟਾਈਆ । ਓਥੇ ਪ੍ਰਭੂ ਦੇ ਭਗਤ ਤੇ ਬੰਦਗੀ ਵਾਲੇ ਹੋਣੇ ਬੰਦੇ, ਦੂਜਾ ਨਜ਼ਰ ਕੋਇ ਨਾ ਆਈਆ । ਜਿਹੜੇ ਲੇਖ ਮੇਰੇ ਭਵਿਖਤ ਓਸ ਦਵਾਰੇ ਟੰਗੇ, ਆਪੇ ਲਏ ਕਢਾਈਆ । ਪੰਜਾਂ ਸਿੱਖਾਂ ਨੇ ਪੰਜ ਹੱਥ ਵਿਚ ਰੱਖਣੇ ਸਾਢੇ ਤਿੰਨ ਹੱਥ ਦੇ ਡੰਡੇ, ਮੋਟਾ ਪਤਲਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਹੋਵੇ ਸੰਗੇ, ਸਾਚਾ ਸੰਗ ਬਣਾਈਆ ।

★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਮੱਖਣ ਸਿੰਘ ਦੇ ਗ੍ਰਿਹ ਬਾਊਪੁਰਾ ਜ਼ਿਲਾ ਗੁਰਦਾਸਪੁਰ ★

ਗੁਰ ਅਰਜਨ ਕਹੇ ਗੁਰ ਅਵਤਾਰੋ ਏਥੇ ਫ਼ਰੀਦ ਨੇ ਬੱਧਾ ਇਕ ਦਿਨ ਸੰਗਲ, ਤਨ ਆਪਣੇ ਨਾਲ ਬੰਧਾਈਆ । ਬੜਾ ਘਨਾ ਹੁੰਦਾ ਸੀ ਜੰਗਲ, ਧੂਣੀ ਪ੍ਰੇਮ ਤਪਾਈਆ । ਖ਼ੁਸ਼ੀਆਂ ਵਿਚ ਗਾ ਕੇ ਬਣਾਇਆ ਮੰਗਲ, ਸੋਹਣਾ ਰਾਗ ਸੁਣਾਈਆ । ਏਥੇ ਰਹਿੰਦਾ ਸੀ ਇਕ ਹੋਰ ਭੰਗੜ, ਪੋਸਤੀ ਸੋਭਾ ਪਾਈਆ । ਉਤੇ ਲੈਣ ਨੂੰ ਰੱਖਦਾ ਸੀ ਇਕ ਤੰਗੜ, ਘਰੇ ਚਾਰ ਚਾਰ ਉਂਗਲਾਂ ਵੰਡ ਵੰਡਾਈਆ । ਉਸ ਦਾ ਇਕ ਸਾਥੀ ਚਾਰਦਾ ਸੀ ਡੰਗਰ, ਮੱਝਾਂ ਗਾਈਆ ਵਿਚ ਰਲਾਈਆ । ਇਕ ਸ਼ਿਵਾਂ ਦਾ ਹੁੰਦਾ ਸੀ ਮੰਦਰ, ਮੂਰਤੀ ਪਾਰਬਤੀ ਵਾਲੀ ਸੁਹਾਈਆ । ਉਸ ਦੇ ਪਿੱਛੇ ਰਹਿੰਦਾ ਸੀ ਇਕ ਬੰਦਰ, ਜਿਹੜਾ ਰੋਜ਼ ਦਾ ਪਰਸ਼ਾਦ ਖਾ ਕੇ ਆਪਣਾ ਝਟ ਲੰਘਾਈਆ । ਇਕ ਬੁੱਢਾ ਜਿਹਾ ਪੰਡਤ ਜਿਸ ਦਾ ਨਾਮ ਚੰਦਰ, ਚੰਦ ਨਿਸ਼ਾਨ ਮੱਥੇ ਉਤੇ ਸੁਹਾਈਆ । ਇਕ ਪਿੱਤਲ ਦਾ ਲੱਗਾ ਹੁੰਦਾ ਸੀ ਜੰਦਰ, ਜਿਸ ਦੀ ਕੁੰਜੀ ਪੇਚਾਂ ਤਿੰਨਾਂ ਨਾਲ ਵਡਿਆਈਆ । ਲਾਗੇ ਧੂੰਆਂ ਹੁੰਦਾ ਸੀ ਈਧਨ, ਲੱਕੜੀ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਗੁਰ ਅਰਜਨ ਕਹੇ ਸੁਣੋ ਸਰਬ ਅਵਤਾਰੀ, ਅਵਤਰ ਦਿਆਂ ਜਣਾਈਆ । ਇੱਕੀ ਫੁਟ ਦੀ ਹੁੰਦੀ ਸੀ ਇਕ ਅਟਾਰੀ, ਸੋਹਣੀ ਬਣਤ ਬਣਾਈਆ । ਉਸ ਵਿਚ ਵਸੇ ਕੰਨਿਆਂ ਕਵਾਰੀ, ਉਮਰ ਇੱਕੀ ਸਾਲ ਵਖਾਈਆ । ਉਸ ਦੇ ਤਨ ਦੇ ਅੰਦਰ ਬੀਮਾਰੀ, ਸਦਾ ਪ੍ਰਭ ਦੀ ਯਾਦ ਸਤਾਈਆ । ਮੇਰੀ ਓਸ ਨਾਲ ਲੱਗੇ ਯਾਰੀ, ਜੋ ਯਾਰਨਾ ਤੋੜ ਨਿਭਾਈਆ । ਜਗਤ ਸੇਜ ਨਾ ਜਾਏ ਸ਼ਿੰਗਾਰੀ, ਤਤ ਕੰਤ ਨਾ ਕੋਇ ਹੰਢਾਈਆ । ਮੈਨੂੰ ਬਖ਼ਸ਼ੇ ਇਕ ਖ਼ੁਮਾਰੀ, ਅੰਮ੍ਰਿਤ ਜਾਮ ਪਿਆਈਆ । ਸਵੇਰੇ ਉਠ ਕੇ ਦਏ ਬਹਾਰੀ, ਸਾਫ਼ ਸੁਥਰਾ ਥਾਂ ਕਰਾਈਆ । ਮਿਹਨਤ ਕਰੇ ਜਗਤ ਦਿਹਾੜੀ, ਆਪਣਾ ਭਾਰ ਵੰਡਾਈਆ । ਇਕ ਦਿਨ ਸੋਹਣੀ ਬਣ ਕੇ ਲਾੜੀ, ਹਾਰ ਸ਼ੰਗਾਰ ਖ਼ੂਬ ਸਜਾਈਆ । ਅੱਖੀਂ ਮੀਟ ਧਿਆਨ ਧਰ ਰਾਹ ਤੱਕੇ ਜੋਤ ਨਿਰੰਕਾਰੀ, ਨਿਰਾਕਾਰ ਵੇਖ ਵਖਾਈਆ । ਮੈਂ ਸਦਕੇ ਤੈਥੋਂ ਵਾਰੀ, ਘੋਲੀ ਘੋਲ ਘੁਮਾਈਆ । ਜੇ ਮਿਲ ਜਾਵੇਂ ਇਕ ਵਾਰੀ, ਗਲਵਕੜੀ ਲਵਾਂ ਪਾਈਆ । ਭਾਵੇਂ ਦੁਸ਼ਮਨ ਬਣ ਜਾਵੇ ਸ੍ਰਿਸ਼ਟੀ ਸਾਰੀ, ਤੇਰੀ ਨਾ ਹੋਵੇ ਜੁਦਾਈਆ । ਹੌਕਾ ਲੈ ਕੇ ਆਹ ਮਾਰੀ, ਬਹੁੜੀ ਬਹੁੜੀ ਕਰ ਸੁਣਾਈਆ । ਮੈਂ ਆਪਣੇ ਸੀਸ ਪੱਟੀ ਸਵਾਰੀ, ਮੀਢੀ ਸੁਹਾਗ ਬਣਾਈਆ । ਬਿਨਾ ਕੰਤ ਤੋਂ ਕੰਮ ਕਿਸੇ ਨਾ ਆਵੇ ਨਾਰੀ, ਜਗਤ ਦੁਹਾਗਣ ਕਹੇ ਲੋਕਾਈਆ । ਪ੍ਰਭੂ ਤੇਰੇ ਮਿਲਣ ਦੀ ਕਰੀ ਤਿਆਰੀ, ਤ੍ਰੈਗੁਣ ਡੇਰਾ ਢਾਹੀਆ । ਮੇਰੀ ਆਸ਼ਾਂ ਦੀ ਸਿਕਦਾਰੀ, ਸੱਧਰਾਂ ਵਿਚ ਦੁਹਾਈਆ । ਓਨੇ ਚਿਰ ਨੂੰ ਆ ਗਿਆ ਇਕ ਮਦਾਰੀ, ਡੌਰੂ ਰਿਹਾ ਖੜਕਾਈਆ । ਇਕ ਲੱਕੜਹਾਰੇ ਦੇ ਹੱਥ ਕੁਹਾੜੀ, ਭੱਜਿਆ ਵਾਹੋ ਦਾਹੀਆ । ਇਕ ਬੁੱਢੇ ਦੀ ਰੱਤੀ ਦਾੜ੍ਹੀ, ਆਯੂ ਸੱਤਰ ਸਾਲ ਪਰਗਟਾਈਆ । ਇਕ ਬੁੱਢੀ ਲੰਗੜੀ ਮਾੜੀ, ਨੇਤਰ ਨੈਣਾਂ ਨੀਰ ਵਹਾਈਆ । ਇਕ ਜੋਬਨਵੰਤੀ ਸਿਰ ਤੇ ਚੁੱਕ ਕੇ ਖਾਰੀ, ਫੂਲਨ ਬਰਖਾ ਲਾਈਆ । ਇਕ ਰੋਂਦਾ ਆ ਗਿਆ ਪਹਾੜੀ, ਮਹੀਉਂ ਤੁਹੀਉਂ ਕਹਿ ਕੇ ਗਾਈਆ । ਇਕ ਭੜਪੂੰਜੇ ਨੇ ਹੱਥ ਉਠਾਈ ਇਕ ਚੰਗਿਆੜੀ, ਚਾਰੋਂ ਕੁੰਟ ਭਵਾਈਆ । ਇਕ ਪਰਦੇਸਣ ਆ ਗਈ ਜਾਤ ਦੀ ਚਮਿਆਰੀ, ਟੁੱਟੀ ਜੁੱਤੀ ਗੰਢ ਪਵਾਈਆ । ਓਧਰੋਂ ਇੰਦਰ ਨੇ ਛਹਿਬਰ ਲਾ ਦਿਤੀ ਭਾਰੀ, ਮੇਘ ਰਿਹਾ ਬਰਸਾਈਆ । ਇਹ ਖੇਲ ਅਜਬ ਨਿਆਰੀ, ਨਿਰਾਕਾਰ ਕਰਾਈਆ । ਗੁਰ ਅਰਜਨ ਕਹੇ ਅਵਤਾਰ ਪੈਗ਼ੰਬਰੋ ਓਸ ਵੇਲੇ

ਸਭ ਦੀ ਆਹ ਪੁਕਾਰੀ, ਕੂਕ ਕੂਕ ਸੁਣਾਈਆ । ਜੇ ਪ੍ਰਭੂ ਏਸ ਕੰਨਿਆ ਨਾਲ ਸਭ ਨੂੰ ਦਰਸ਼ਨ ਦੇਵੇਂ ਇਕ ਵਾਰੀ, ਸਾਰੇ ਦਰ ਤੇਰੇ ਸੀਸ ਝੁਕਾਈਆ । ਫਿਰ ਆਤਮਾ ਰਹੇ ਨਾ ਕਿਸੇ ਦੀ ਕਵਾਰੀ, ਗਵਾਰੀ ਰੂਪ ਨਾ ਕੋਇ ਵਖਾਈਆ । ਪੁਰਖ ਅਕਾਲ ਕਿਹਾ ਬੱਚਿਓ ਤੁਹਾਨੂੰ ਜਨਮ ਦੇਵਾਂ ਫੇਰ ਦੁਬਾਰੀ, ਦੋਹਰੀ ਖੇਲ ਖਿਲਾਈਆ । ਨਿਰਗੁਣ ਜੋਤ ਆਵਾਂ ਕਰ ਉਜਿਆਰੀ, ਨੂਰ ਨੁਰਾਨਾ ਡਗਮਗਾਈਆ । ਤੁਸਾਂ ਫੇਰ ਸਾਰਿਆਂ ਇਕ ਦੇ ਹੋਣਾ ਪੁਜਾਰੀ, ਮੰਦਰਾਂ ਦਾ ਮਾਲਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਲਹਿਣਾ ਰਿਹਾ ਮੁਕਾਈਆ ।



### ★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਮੱਖਣ ਸਿੰਘ ਦੇ ਗ੍ਰਹਿ ਬਾਊਪੁਰ ਜ਼ਿਲਾ ਗੁਰਦਾਸਪੁਰ ★

ਅਵਤਾਰ ਪੈਗ਼ੰਬਰੋ ਓਥੇ ਰਹਿੰਦਾ ਸੀ ਇਕ ਫ਼ੱਕਰ, ਚਰਨ ਜੋੜਾ ਨਾ ਕਦੇ ਛੁਹਾਈਆ । ਰੈਣ ਵਸੇਰਾ ਕਰੇ ਵਿਚ ਛੱਪਰ, ਕੁੱਲੀ ਕੱਖ ਵਡਿਆਈਆ । ਬਣਾਈ ਸੀ ਨਾਲ ਪੱਤਰ, ਏਕਾ ਦੂਆ ਜੋੜ ਜੁੜਾਈਆ । ਉਸ ਦੇ ਹਿੱਸੇ ਸੀ ਬਹੱਤਰ, ਛੋਟੇ ਛੋਟੇ ਵੰਡ ਵੰਡਾਈਆ । ਸੁਘੜ ਸਿਆਣਾ ਬਣ ਕੇ ਚਤਰ, ਚਤਰਭੁਜ ਦਾ ਰਾਹ ਤਕਾਈਆ । ਇਕ ਕੰਨੀ ਆਪਣੀ ਕਤਰ, ਅੱਧਵਿਚਕਾਰ ਦਿਤੀ ਲਟਕਾਈਆ । ਨੇਤਰ ਰੋ ਕੇ ਅੱਥਰ, ਸਹਿਜੇ ਦਿਤਾ ਵਗਾਈਆ । ਮੁਹੱਬਤ ਦਾ ਪਾ ਕੇ ਸੱਥਰ, ਆਸਣ ਡੇਰਾ ਲਾਈਆ । ਮੁਖੋਂ ਲੱਗਾ ਕਥਨ, ਤੇਰੀ ਬੇਪਰਵਾਹੀਆ । ਜੇ ਆਵੇਂ ਮੇਰੇ ਪੱਤਣ, ਆਪਣਾ ਫੇਰਾ ਪਾਈਆ । ਫਿਰ ਪੂਰਾ ਹੋਵੇ ਯਤਨ, ਯਥਾਰਥ ਮਿਲ ਕੇ ਵੱਜੇ ਵਧਾਈਆ । ਉਸੇ ਥਾਂ ਦੋ ਮੈਂਡਕ ਲੱਗੇ ਵਸਣ, ਜਲ ਕੰਡੇ ਡੇਰਾ ਲਾਈਆ । ਜਿਸ ਵੇਲੇ ਕੰਢਾ ਲੱਗਾ ਢੱਠਣ, ਦੋਹਾਂ ਦਿਤੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅਰਜਨ ਕਹੇ ਫ਼ਕੀਰ ਕੁੱਲੀ ਵਿਚ ਪੜ੍ਹੇ ਕਲਾਮ, ਅੱਲਾ ਅੱਲਾ ਢੋਲਾ ਗਾਈਆ । ਓਥੇ ਆਇਆ ਮਸਜਿਦ ਦਾ ਅਮਾਮ, ਕਾਲੀ ਕਫ਼ਨੀ ਤਨ ਛੁਹਾਈਆ । ਸਤ ਛੁਹਾਰੇ ਨੌਂ ਬਾਦਾਮ, ਦਾਣਾ ਪਿਸਤਾ ਪੰਜ ਜੋੜ ਜੁੜਾਈਆ । ਨਾਲ ਥੋੜ੍ਹਾ ਜਿਹਾ ਪਕਵਾਨ, ਨੀਲੀ ਟਾਕੀ ਗੰਢ ਰਖਾਈਆ । ਇਕ ਕਰਦਾ ਆਏ ਧਿਆਨ, ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ । ਅਰਜਨ ਕਹੇ ਉਥੇ ਬੂਟਾ ਇਕ ਸਰੂਰ, ਨੇਜ਼ੇ ਨੌਂ ਲੰਬਾ ਨਜ਼ਰੀ ਆਈਆ । ਕੁੱਲੀ ਤੋਂ ਸੱਤ ਕਦਮ ਸੀ ਦੂਰ, ਸੋਹਣਾ ਸੁਥਰਾ ਰੂਪ ਬਦਲਾਈਆ । ਢਾਈ ਗਜ਼ ਉਤੇ ਪਰੇ ਖਜੂਰ, ਆਪਣਾ ਪੌਦਾ ਰਿਹਾ ਸੁਹਾਈਆ । ਉਥੇ ਤਿੰਨ ਕੰਮ ਕਰਨ ਮਜ਼ਦੂਰ, ਮਿੱਟੀ ਘੱਟੇ ਵਾਲੀ ਉਡਾਈਆ । ਉਧਰੋਂ ਹਵਾ ਨੇ ਪਾਇਆ ਫ਼ਤੂਰ, ਆਪਣਾ ਜ਼ੋਰ ਜਣਾਈਆ । ਠੰਡੀ ਪਵਣ ਕਰੇ ਚੂਰ ਚੂਰ, ਦੁੱਖ ਦਰਦ ਦਏ ਸਤਾਈਆ । ਉਨੇ ਚਿਰ ਨੂੰ ਆਕਾਸ਼ ਚੋਂ ਚਮਕਿਆ ਨੂਰ, ਨੂਰ ਵਿਚ ਰੁਸ਼ਨਾਈਆ । ਸਭ ਨੇ ਬੇਨੰਤੀ ਕੀਤੀ ਕਿੱਡਾ ਸੋਹਣਾ ਰਾਵੀ ਦੇ ਕੰਡੇ ਬਣਿਆ ਪੂਰ, ਪੂਰਨ ਆਸਾ ਇਕ ਕਰਾਈਆ । ਜੇ ਕੋਈ ਪਾਰ ਕਿਨਾਰੇ ਲੈ ਜਾਏ ਦੂਰ, ਬਿਨਾਂ ਪਤਣ ਪੰਧ ਮੁਕਾਈਆ । ਫੱਕਰ ਨੇ ਕਿਹਾ ਉਹ ਇਕੋ ਮਾਲਕ ਜੋ ਮਨਸਾ ਪੂਰੀ ਕਰੇ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਉਤੋਂ ਆਈ ਅਗੰਮੀ ਤੂਰ, ਤੁਰਤ ਦਿਤਾ ਸੁਣਾਈਆ । ਤੁਹਾਡਾ ਸਭ ਦਾ ਸਾਂਝਾ ਕੱਠਾ ਕਰ ਕੇ ਪੂਰ, ਪੂਰੀ ਅਨੰਦ

ਦਾ ਲੇਖਾ ਨਾਲ ਮਿਲਾਈਆ । ਹਾਜ਼ਰ ਹੋ ਕੇ ਹਜ਼ੂਰ, ਸਭ ਨੂੰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਇਕ ਰੰਗਾਈਆ ।

★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਕਰਤਾਰ ਕੌਰ ਦੇ ਗ੍ਰਹਿ ਬਾਊਪੁਰ ਗੁਰਦਾਸਪੁਰ ★

ਅਰਜਨ ਕਹੇ ਸਾਰੇ ਵੇਖੋ ਨਾਲ ਕਿਆਸਾ, ਪੈਗ਼ੰਬਰ ਧਿਆਨ ਲਗਾਈਆ । ਜਿਥੇ ਭਰਿੰਗੂ ਦਾ ਸੀ ਵਾਸਾ, ਨੌ ਸਾਲ ਛੁਪ ਕੇ ਝਟ ਲੰਘਾਈਆ । ਕੁੰਡਲੀਆਂ ਦਾ ਖਾਤਾ, ਬਹੁਤਾ ਏਥੇ ਦਿਤਾ ਲਿਖਾਈਆ । ਆਪਣੀ ਨਿਸ਼ਾਨੀ ਰੱਖਦਾ ਸੀ ਗੱਡ ਕੇ ਇਕ ਛਾਪਾ, ਜੰਗਲ ਵਿਚ ਦੂਰੋਂ ਨਜ਼ਰੀ ਆਈਆ । ਇਕ ਦਿਨ ਉਸ ਨੂੰ ਚੜ੍ਹਿਆ ਜ਼ੋਰ ਦਾ ਤਾਪਾ, ਬਦਨ ਅੱਗ ਵਾਂਗ ਤਪਾਈਆ । ਦੂਜਾ ਕੋਲ ਨਹੀਂ ਸੀ ਸਾਥਾ, ਸੰਗੀ ਸੰਗ ਨਾ ਕੋਇ ਵਖਾਈਆ । ਨੇਤਰ ਰੋ ਕੇ ਯਾਦ ਕੀਤਾ ਤੂੰ ਹੀ ਪਿਤਾ ਤੂੰ ਹੀ ਮਾਤਾ, ਦੂਜਾ ਦਿਸੇ ਨਾ ਕੋਇ ਸਹਾਈਆ । ਕਿਰਪਾ ਕਰੀ ਪੁਰਖ ਅਬਿਨਾਸ਼ਾ, ਸਚ ਸੰਦੇਸ਼ਾ ਇਕ ਸੁਣਾਈਆ । ਤੇਰੀ ਪੂਰੀ ਕਰਾਂ ਆਸ਼ਾ, ਮਨਸਾ ਮਨਸਾ ਵਿਚ ਮਿਲਾਈਆ । ਕਲਜੁਗ ਅੰਤਮ ਤੱਕ ਬਣਿਆ ਰਹਵਾਂ ਰਾਖਾ, ਸਿਰ ਆਪਣਾ ਹੱਥ ਟਿਕਾਈਆ । ਜਿਸ ਵੇਲੇ ਦੀਨ ਦੁਨੀ ਦਾ ਵੇਖਣ ਆਵਾਂ ਤਮਾਸ਼ਾ, ਨਿਰਗੁਣ ਵੇਸ ਵਟਾਈਆ । ਉਸ ਵੇਲੇ ਤੇਰਾ ਪੂਰਾ ਕਰਾਂ ਘਾਟਾ, ਚਿੰਤਾ ਗ਼ਮ ਚੁਕਾਈਆ । ਭਰਿੰਗੂ ਨਿਉਂ ਕੇ ਟੇਕਿਆ ਮਾਥਾ, ਡੰਡਾਵਤ ਵਿਚ ਸੀਸ ਨਿਵਾਈਆ । ਪੁਰਖ ਅਕਾਲ ਕਿਹਾ ਇਕ ਯਾਦ ਰੱਖੀਂ ਪਾਠਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਫਿਰ ਦੂਰ ਦੀਆਂ ਨੇੜੇ ਹੋਣ ਵਾਟਾਂ, ਅਗਲਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰੋ ਇਹ ਅਗੰਮੀ ਬਾਤਾਂ, ਲਿਖਣ ਵਾਲਾ ਨਜ਼ਰ ਕੋਇ ਨਾ ਆਈਆ । ਜਿਸ ਨੂੰ ਲਿਖਿਆ ਜੋਤੀ ਦਾ ਜਾਤਾ, ਜਾਗਰਤ ਜੋਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਪੂਰਾ ਕਰੇ ਭਰਵਾਸਾ, ਭਰਮਦਾ ਰਹਿਣ ਕੋਇ ਨਾ ਪਾਈਆ ।



★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਸੰਤ ਸਿੰਘ ਦੇ ਗ੍ਰਹਿ ਬਾਊ ਪੁਰ ਜ਼ਿਲਾ ਗੁਰਦਾਸਪੁਰ ★

ਅਵਤਾਰ ਪੈਗ਼ੰਬਰੋ ਉਥੇ ਰਹਿੰਦਾ ਸੀ ਗੁਰਦੇਵ, ਜੋ ਸ਼ੰਕਰ ਗੁਰੂ ਨੂੰ ਮਨਾਈਆ । ਪਾਹਨ ਦੀ ਕਰਦਾ ਸੀ ਸੇਵ, ਪੱਥਰਾਂ ਸੰਧੂਰ ਛੁਹਾਈਆ । ਠਾਕਰ ਠਾਕਰ ਕਹਿੰਦਾ ਸੀ ਜਿਹਵ, ਰਸਨਾ ਨਾਲ ਸਾਲਾਹੀਆ । ਕੁਛ ਆਪਣਾ ਦੱਸ ਭੇਵ, ਕੀ ਤੇਰੀ ਬੇਪਰਵਾਹੀਆ । ਭੋਗ ਚੜ੍ਹਾਉਂਦਾ ਸੀ ਰੋਜ਼ ਮੇਵ, ਹਰੀ ਸੌਗੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਇਕ ਦਿਨ ਗੁਰਦੇਵ ਸੀ ਸੁੱਤਾ, ਅੱਖਾਂ ਮੀਟ ਧਿਆਨ ਲਗਾਈਆ । ਉਹਦਾ ਮੁਖ ਚੱਟ ਗਿਆ ਕੁੱਤਾ, ਜ਼ਬਾਨ ਬੁੱਲਾਂ ਉਤੇ ਫਿਰਾਈਆ । ਉਸ ਨੂੰ ਝਟ ਆ ਗਿਆ ਗ਼ੁੱਸਾ, ਡੰਡਾ ਦਿਤਾ ਲਗਾਈਆ । ਜਾਂ ਫਿਰ ਤੱਕਿਆ ਤੇ ਨੂਰੀ ਦਿਸਿਆ ਜੁੱਸਾ, ਤੇਜ ਜੋਤ ਰੁਸ਼ਨਾਈਆ । ਫੇਰ ਵੇਖਿਆ ਵੱਡੀਆਂ ਵੱਡੀਆਂ

੧੧੫੯
੨੦

ਦਾੜ੍ਹੀ ਮੁੱਛਾਂ, ਵਾਲ ਲੰਮਿਆਂ ਨਾਲ ਸੁਹਾਈਆ । ਫੇਰ ਵੇਖਿਆ ਹੋ ਗਿਆ ਗੁੱਛਾ ਮੁੱਛਾ, ਲੱਤਾਂ ਬਾਹਵਾਂ ਨਜ਼ਰ ਕੋਇ ਨਾ ਆਈਆ । ਫੇਰ ਵੇਖਿਆ ਘੋਨਾ ਮੋਨਾ ਕੁੱਚਾ, ਦਾੜ੍ਹੀ ਮੁੱਛ ਕਟਾਈਆ । ਫੇਰ ਵੇਖਿਆ ਪੈਰੀਂ ਹੈ ਨਹੀਂ ਜੁੱਤਾ, ਨੰਗੀ ਪੈਰੀਂ ਸੋਭਾ ਪਾਈਆ । ਫੇਰ ਵੇਖਿਆ ਉਸ ਦਾ ਲੂੰ ਲੂੰ ਫੱਟੜ ਹੋਇਆ ਦੁੱਖਾ, ਘਾਓ ਘਾਓ ਉਤੇ ਛੁਹਾਈਆ । ਫੇਰ ਵੇਖਿਆ ਨਿੱਕਾ ਨਿੱਕਾ ਟੁੱਕਾ, ਟੁੱਕੜੇ ਟੁੱਕੜੇ ਸੋਭਾ ਪਾਈਆ । ਫੇਰ ਵੇਖਿਆ ਕਾਲਾ ਰੰਗ ਹੋਇਆ ਬੁੱਟਾਂ, ਸਾਚੀ ਚਮਕ ਨਾ ਕੋਇ ਚਮਕਾਈਆ । ਫੇਰ ਵੇਖਿਆ ਅੱਧਵਿਚਕਾਰੋਂ ਟੁੱਟਾ, ਆਤਮ ਪਰਮਾਤਮ ਵੰਡ ਵੰਡਾਈਆ । ਫੇਰ ਵੇਖਿਆ ਤੇ ਆਪਣੀ ਧਾਰੋਂ ਫੁੱਟਾ, ਸੋਹਣਾ ਰੂਪ ਵਖਾਈਆ । ਫੇਰ ਵੇਖਿਆ ਤੇ ਵੱਡਾ ਲੰਮਾਂ ਉਚਾ, ਜਿਸ ਦਾ ਅੰਤ ਨਾ ਕੋਇ ਜਣਾਈਆ । ਫੇਰ ਵੇਖਿਆ ਬਣ ਗਿਆ ਪ੍ਰੇਮ ਪ੍ਰੀਤੀ ਦਾ ਗੁੱਛਾ, ਗੁੰਝਲ ਸਕੇ ਨਾ ਕੋਇ ਖੁਲ੍ਹਾਈਆ । ਫੇਰ ਵੇਖਿਆ ਸਭ ਦੇ ਅੰਦਰ ਲੁੱਕਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਫੇਰ ਵੇਖਿਆ ਚਾਰ ਮੁਖਾ, ਬ੍ਰਹਮੇ ਰਿਹਾ ਪੜ੍ਹਾਈਆ । ਫੇਰ ਵੇਖਿਆ ਚਾਰ ਭੁੱਜਾਂ ਨਾ ਲਿੰਗ ਨਾ ਤੁਚਾ, ਭਜਨ ਬੰਦਗੀ ਬਾਹਰ ਡੇਰਾ ਲਾਈਆ । ਫੇਰ ਵੇਖਿਆ ਉਤੇ ਓੜ੍ਹ ਕੇ ਧੁੱਸਾ, ਬੈਠਾ ਸੋਭਾ ਪਾਈਆ । ਫੇਰ ਵੇਖਿਆ ਭਗਤਾਂ ਗੋਦੀ ਰਿਹਾ ਚੁੱਕਾ, ਆਪਣੀ ਝੋਲੀ ਰਿਹਾ ਭਰਾਈਆ । ਫੇਰ ਵੇਖਿਆ ਉਤੋਂ ਗੁਰਮੁਖ ਮਾਰਨ ਮੁੱਕਾ, ਇਹ ਅਰਜਨ ਗੁਰ ਅਵਤਾਰ ਪੈਗ਼ੰਬਰਾਂ ਦਿਤਾ ਵਖਾਈਆ । ਫੇਰ ਵੇਖਿਆ ਗ਼ਰੀਬਾਂ ਉਪਰ ਤੁੱਠਾ, ਰਹਿਮਤ ਸਚ ਕਮਾਈਆ । ਫੇਰ ਵੇਖਿਆ ਚਿੱਟਾ ਤਾਗਾ ਬੰਨ੍ਹੇ ਗੁਟਾਂ, ਆਪਣੀ ਕਾਰ ਕਮਾਈਆ । ਫੇਰ ਵੇਖਿਆ ਪ੍ਰੇਮ ਪਿਆਰ ਦੀਆਂ ਦੇਵੇ ਲੁੱਟਾਂ, ਅਨਮੁਲੜੀ ਦਾਤ ਵਰਤਾਈਆ । ਫੇਰ ਵੇਖਿਆ ਸਭ ਨੂੰ ਕਹੇ ਆਓ ਮੇਰੇ ਪੁੱਤਾ, ਪੂਤ ਸਪੂਤੇ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਰਿਹਾ ਚੜ੍ਹਾਈਆ ।


੧੧੬੦
੨੦

### ★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਭਾਗ ਸਿੰਘ ਦੇ ਗ੍ਰਹਿ ਬਾਊਪੁਰ ਜ਼ਿਲਾ ਗੁਰਦਾਸਪੁਰ ★

ਅਰਜਨ ਕਿਹਾ ਓਥੇ ਰਹਿੰਦਾ ਸੀ ਇਕ ਢਾਡੀ, ਢੋਲਕ ਢਿੱਡ ਦੀ ਸਦਾ ਵਜਾਈਆ । ਓਹਦੀ ਪ੍ਰੀਤ ਪ੍ਰਭੂ ਨਾਲ ਡਾਹਢੀ, ਡਾਹਢੇ ਅੱਗੇ ਸੀਸ ਝੁਕਾਈਆ । ਨਾਲ ਰੱਖੇ ਬੁੱਢੀ ਦਾਦੀ, ਮੁਹੱਬਤ ਵਿਚ ਮੁਹੱਬਤ ਆਪ ਬਣਾਈਆ । ਓਥੇ ਰੋਜ਼ ਆਉਂਦੇ ਜਾਂਦੇ ਪਾਂਧੀ, ਫਿਰਨ ਚਾਈਂ ਚਾਈਆ । ਇਕ ਆ ਗਿਆ ਦੇਵਰ ਭਾਬੀ, ਝਗੜਾ ਕਰ ਕਰ ਰਹੇ ਸੁਣਾਈਆ । ਇਕ ਆ ਗਿਆ ਬੁੱਢਾ ਨੱਢਾ ਬਾਢੀ, ਹੱਥ ਪਿਛੇ ਰਖਾਈਆ । ਇਕ ਆ ਗਿਆ ਵਜਾਉਂਦਾ ਨਾਦੀ, ਧੁਨ ਉਚੀ ਸਾਰੀ ਸੁਣਾਈਆ । ਇਕ ਪੇਲਦਾ ਆ ਗਿਆ ਬਾਜ਼ੀ, ਨਟੂਆ ਨਟ ਵਖਾਈਆ । ਇਕ ਬਗ਼ਲ ਕੁਰਾਨ ਲੈ ਕੇ ਆ ਗਿਆ ਕਾਜ਼ੀ, ਫ਼ਤਵਾ ਸ਼ਰਅ ਵਾਲਾ ਸੁਣਾਈਆ । ਇਕ ਸੂਰਬੀਰ ਆ ਗਿਆ ਗ਼ਾਜ਼ੀ, ਭੈ ਨਾਲ ਡਰਾਈਆ । ਇਕ ਘੋੜਾ ਆ ਗਿਆ ਤਾਜ਼ੀ, ਵਾਗ ਰਾਸ ਨਾ ਕੋਇ ਰਖਾਈਆ । ਇਕ ਫ਼ਕੀਰ ਆ ਗਿਆ ਨਮਾਜ਼ੀ, ਸਜਦਿਆਂ ਵਿਚ ਸੀਸ ਝੁਕਾਈਆ । ਸਾਰੇ ਕਹਿਣ ਜੇ ਬਣ ਜਾਈਏ ਇਕ ਜਮਾਤੀ, ਮਿਲ ਕੇ ਵੱਜੇ ਵਧਾਈਆ । ਸੰਦੇਸ਼ੇ ਵਿਚ ਮਿਲੀ ਪਾਤੀ, ਹੁਕਮ ਦਿਤਾ ਸੁਣਾਈਆ । ਸਭ ਦੀ ਪੂਰੀ ਹੋਵੇ ਆਸੀ, ਮਨਸਾ ਪੂਰ ਕਰਾਈਆ । ਇਹ ਖੇਲ ਪੁਰਖ ਅਬਿਨਾਸ਼ੀ, ਜੁਗ ਚੌਕੜੀ ਰਿਹਾ ਕਰਾਈਆ । ਜਿਸ ਵੇਲੇ ਨਿਰਗੁਣ ਜੋਤ ਹੋਵੇ ਪਰਕਾਸ਼ੀ, ਨਿਰਗੁਣ

ਨੂਰ ਰੁਸ਼ਨਾਈਆ । ਪਰਵਰਦਿਗਾਰ ਉਹ ਵੇਖੇ ਆ ਕੇ ਪਤਣ ਘਾਟੀ, ਤਟ ਕਿਨਾਰੇ ਸੋਭਾ ਪਾਈਆ । ਲਹਿਣਾ ਦੇਣਾ ਸਭ ਦਾ ਚੁਕਾਏ ਬਾਕੀ, ਪਿਛਲਾ ਝੋਲੀ ਪਾਈਆ । ਅੱਗੇ ਖੋਲ੍ਹ ਕੇ ਇਕੋ ਤਾਕੀ, ਤਕਵਾ ਇਕ ਦਰਸਾਈਆ । ਰਹਿਮਤ ਵਿਚ ਬਣ ਕੇ ਸਾਕੀ, ਜਾਮ ਪਿਆਲਾ ਦਏ ਪਿਆਈਆ । ਸਭ ਦੀ ਲੇਖੇ ਲਾਏ ਹਯਾਤੀ, ਹਜ਼ਰਤਾਂ ਦਾ ਹਜ਼ਰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਤ ਅਮੋਲਕ ਦੇਵੇ ਰਾਸੀ, ਰਸਤੇ ਵਿਚ ਹੋਰ ਵੀ ਨਾਲ ਮਿਲਾਈਆ ।

### ★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਦੀਦਾਰ ਸਿੰਘ ਦੇ ਗ੍ਰਿਹ ਬਾਊ ਪੁਰ ਜ਼ਿਲਾ ਗੁਰਦਾਸਪੁਰ ★

ਮੰਦਰ ਕੋਲ ਬੂਟਾ ਸੀ ਇਕ ਜਾਮਨ, ਫਲੀਭੂਤ ਸੋਭਾ ਪਾਈਆ । ਉਸ ਦੀ ਸੇਵਾ ਕਰੇ ਬਿਰਧ ਬ੍ਰਾਹਮਣ, ਪਾਣੀ ਸਿੰਚ ਹਰਾ ਕਰਾਈਆ । ਉਹ ਸਦਾ ਸਦਾ ਕਹੇ ਪ੍ਰਭੂ ਪਤਤ ਪਾਵਨ, ਪਤਤ ਪੁਨੀਤ ਬਣਾਈਆ । ਜਿਸ ਦਾ ਫੜੇ ਦਾਮਨ, ਦਾਮਨਗੀਰ ਆਪ ਹੋ ਜਾਈਆ । ਇਕ ਦਿਨ ਉਥੇ ਕੁੰਚਰ ਆਇਆ ਨਹਾਵਣ, ਗਜ ਸੋਭਾ ਪਾਈਆ । ਅੰਧੇਰਾ ਰੈਣ ਸ਼ਾਮਨ, ਸੰਧਿਆ ਵਕਤ ਚੁਕਾਈਆ । ਆਰਤੀ ਇਕੋ ਦੀ ਸਾਰੇ ਗਾਵਣ, ਤੂੰ ਹੀ ਤੂੰ ਹੀ ਰਾਗ ਅਲਾਈਆ । ਪੰਖਾ ਚਵਰ ਹਿਲਾਵਣ, ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਵਖਾਈਆ । ਅਰਜਨ ਕਹੇ ਉਥੇ ਲੱਗੀ ਇਕ ਇੱਟ, ਪੱਥਰ ਉਤੇ ਟਿਕਾਈਆ । ਜਿਸ ਦੇ ਨਾਲ ਬੱਧੀ ਚਿਟ, ਚਿੱਠੀ ਅੱਖਰਾਂ ਨਾਲ ਸੁਹਾਈਆ । ਉਹ ਲੰਮੀ ਸਵਾ ਗਿੱਠ, ਇੰਚ ਵੰਡ ਨਾ ਕੋਇ ਵੰਡਾਈਆ । ਉਹਦੀ ਇਕੋ ਜਿਹੀ ਪਿੱਠ, ਸਾਫ਼ ਸੁਥਰੀ ਸੋਭਾ ਪਾਈਆ । ਨੇਤਰ ਰੋ ਕੇ ਰਹੀ ਪਿੱਟ, ਕੂਕ ਕੂਕ ਸੁਣਾਈਆ । ਮੇਰਾ ਲਹਿਣਾ ਦੇਣਾ ਦੇ ਨਜਿੱਠ, ਪਿਛਲਾ ਮੂਲ ਚੁਕਾਈਆ । ਮੈਨੂੰ ਨਾਮਦੇਵ ਏਥੇ ਗਿਆ ਸਿੱਟ, ਸਹਿਜ ਨਾਲ ਟਿਕਾਈਆ । ਮੈਂ ਵੇਖਾਂ ਬਿਟ ਬਿਟ, ਕਿਧਰੋਂ ਆਵੇ ਮੇਰਾ ਮਾਹੀਆ । ਵੈਰਾਗਣ ਹੋ ਕੇ ਰਹੀ ਪਿੱਟ, ਪੱਟਣੇ ਵਾਲੇ ਰਹੀ ਸੁਣਾਈਆ । ਮੈਂ ਹਾਰੀ ਤੂੰ ਗਿਆ ਜਿਤ, ਤੇਰੀ ਬੇਪਰਵਾਹੀਆ । ਮੈਂ ਲੋੜਾਂ ਦਰਸ਼ਨ ਹੋਵੇ ਨਿਤ, ਨਿਤ ਦੀ ਖ਼ੁਆਰੀ ਦੇ ਗਵਾਈਆ । ਇਕੋ ਉਪਜੇ ਤੇਰਾ ਹਿੱਤ, ਪ੍ਰੇਮ ਪ੍ਰੀਤੀ ਸੇਵ ਕਮਾਈਆ । ਸਦਾ ਸੁਹੇਲੇ ਵਸੀਂ ਚਿਤ, ਠਗੌਰੀ ਅਵਰ ਰਹੇ ਨਾ ਰਾਈਆ । ਇਹੋ ਮੇਰੀ ਆਸਾ ਇਹੋ ਮੇਰੀ ਇੱਛ, ਚਿਰਾਂ ਵਿਛੁੰਨੀ ਦਿਆਂ ਦੁਹਾਈਆ । ਏਥੇ ਵਸਦਾ ਸੀ ਇਕ ਰਿੱਛ, ਕਾਲਾ ਰੰਗ ਸੋਭਾ ਪਾਈਆ । ਇਕ ਜ਼ਹਿਰ ਵਾਲਾ ਬਿਛ, ਬਿਸੀਅਰ ਡੰਗ ਚਲਾਈਆ । ਜਿਸ ਦੀ ਉਤਰੇ ਕਦੇ ਨਾ ਵਿਸ, ਵਿਸ ਅੰਗ ਅੰਗ ਤੜਫਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ । ਅਰਜਨ ਕਹੇ ਏਥੇ ਰਹਿੰਦਾ ਸੀ ਇਕ ਪੰਛੀ, ਖੰਭ ਛੋਟੇ ਨਜ਼ਰੀ ਆਈਆ । ਉਸ ਦੇ ਅੰਦਰ ਆਵੇ ਹੰਸੀ, ਖ਼ੁਸ਼ੀਆਂ ਨਾਲ ਸੁਣਾਈਆ । ਜਿਹੜੀ ਕ੍ਰਿਸ਼ਨ ਵਜਾਈ ਬੰਸੀ, ਉਹ ਬੰਸਰੀ ਏਸੇ ਬਨ ਵਿਚੋਂ ਗਈ, ਬਿੰਦਰਾਬਨ ਸੋਭਾ ਪਾਈਆ । ਜਿਹੜੀ ਮੋਹਨ ਦੇ ਪਿਆਰ ਵਿਚ ਫੰਸੀ, ਮੁਹੱਬਤ ਵਿਚ ਮਟਕਾਈਆ । ਜਿਸ ਚੌਕੀ ਉਤੇ ਇਸ਼ਨਾਨ ਕਰਦਾ ਸੀ ਹੰਕਾਰੀ ਕੰਸੀ, ਉਹ ਕੰਸ ਦੀ ਲੱਕੜੀ ਏਥੋਂ ਤੱਕੜੀਆਂ ਨਾਲ ਤੁਲ ਕੇ ਗਈਆ । ਜਿਹੜੀ ਮਰਿਆਦਾ ਚਲੀ ਸੂਰੀਆ ਬੰਸੀ, ਚੰਦਰ ਬੰਸੀ ਏਸੇ ਥਾਂ ਤੋਂ ਧੂੜ ਲੈ ਕੇ ਮਸਤਕ ਟਿੱਕੇ ਲਾਈਆ । ਇਹ

ਦਵਾਰਾ ਵਿਸ਼ਨੂੰ ਵੰਸੀ, ਵਿਸ਼ਨੂੰ ਪੂਰਬਲਾ ਫੇਰਾ ਪਾਈਆ । ਜਿਥੇ ਹੁਣ ਕੋਈ ਜਾਨਵਰ ਨਹੀਂ ਪੰਖੀ, ਨਿਸ਼ਾਨਾ ਸਮਝ ਕਿਸੇ ਨਾ ਆਈਆ । ਇਕ ਦਿਨ ਗੁਰੂ ਅਰਜਨ ਦਾ ਏਥੇ ਆਇਆ ਸੀ ਇਕ ਗ੍ਰੰਥੀ, ਜਿਸ ਨੂੰ ਗੁਪਤ ਹੁਕਮ ਸੁਣਾਈਆ । ਓਨ ਪੜੀ ਸੀ ਆ ਕੇ ਪੰਗਤੀ, ਸੁਨੇਹੜਾ ਸ਼ਬਦ ਇਲਾਹੀਆ । ਜਿਹੜਾ ਹੱਥ ਨਾ ਆਵੇ ਪੰਡਤੀ, ਖੋਜਿਆਂ ਖੋਜ ਨਾ ਕੋਇ ਖੋਜਾਈਆ । ਜੋ ਸੁਖ ਵਖਾਏ ਸਵਰਗ ਬਹਿਸ਼ਤੀ, ਬਹਿਸ਼ਤਾਂ ਤੋਂ ਪਰੇ ਪੜਦਾ ਲਾਹੀਆ । ਉਹ ਸਭ ਆਤਮਾ ਦਾ ਗ੍ਰਿਹਸਤੀ, ਪਰਮਾਤਮਾ ਬੇਪਰਵਾਹੀਆ । ਮਾਲਕ ਧੁਰ ਦਾ ਅਰਸ਼ੀ, ਫ਼ਰਸ਼ ਵੇਖ ਵਖਾਈਆ । ਇਹ ਖੇਲ ਅਗੰਮੇ ਘਰ ਦੀ, ਜੋ ਘਰਾਨੇ ਰਿਹਾ ਬਣਾਈਆ । ਗ਼ਰੀਬਾਂ ਬਣੇ ਦਰਦੀ, ਦਰਦੀਆਂ ਹੋਏ ਸਹਾਈਆ । ਇਹ ਖੇਲ ਕਲਜੁਗ ਕਲ ਦੀ, ਕਲਕਾਤੀ ਹੋਣ ਕਸਾਈਆ । ਕੁਛ ਆਸਾ ਓਸ ਜਲ ਦੀ, ਜੋ ਵਹਿਣਾ ਵਿਚ ਆਪਣਾ ਆਪ ਮਿਟਾਈਆ । ਕੁਛ ਮੁਹੱਬਤ ਓਸ ਥਲ ਦੀ, ਜੋ ਕਿਨਕਾ ਕਿਨਕਾ ਆਪਣਾ ਆਪ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦੇ ਲੇਖੇ ਵੇਖ ਵਖਾਈਆ । ਅਰਜਨ ਕਹੇ ਓਥੇ ਰਹਿੰਦਾ ਸੀ ਇਕ ਸੂਮ, ਸ਼ਾਹੂਕਾਰ ਨਜ਼ਰੀ ਆਈਆ । ਉਸ ਦੇ ਘਰ ਮੰਗਣ ਆ ਗਿਆ ਡੂਮ, ਮਰਾਸੀ ਫੇਰਾ ਪਾਈਆ । ਚਾਰੋਂ ਕੁੰਟ ਘੁਮ, ਹੋਕਾ ਦਿਤਾ ਸੁਣਾਈਆ । ਮੈਂ ਗ਼ਰੀਬ ਮਾਅਸੂਮ, ਮੇਰੀ ਝੋਲੀ ਦੇ ਭਰਾਈਆ । ਸ਼ਾਹ ਨੇ ਕਿਹਾ ਕਮਲਿਆ ਮੇਰੇ ਪੈਰ ਦਾ ਜੁਤਾ ਚੁਮ, ਜਿਸ ਪਿਛੇ ਲੱਛਮੀ ਭੱਜੇ ਵਾਹੋ ਦਾਹੀਆ । ਓਨੇ ਚਿਰ ਨੂੰ ਡਾਕੂਆਂ ਦਾ ਇਕ ਆ ਗਿਆ ਹਜੂਮ, ਰੌਲਾ ਉਚੀ ਉਚੀ ਪਾਈਆ । ਢੋਲ ਨਾਲ ਮਚਾਈ ਧੂਮ, ਧਵਲ ਦਿਤੀ ਸੁਹਾਈਆ । ਓਨੇ ਚਿਰ ਨੂੰ ਬ੍ਰਾਹਮਣ ਆ ਗਿਆ ਲਾਉਣ ਵਾਲਾ ਨਜੂਮ, ਪੱਤਰੀ ਕੱਢ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਪੱਤਰੀ ਕਹੇ ਮੇਰੀ ਵੇਖੋ ਪੱਤਰੀ, ਪਤਰਕਾ ਕੀ ਜਣਾਈਆ । ਇਹ ਦੱਸੇ ਇਕੋ ਮਾਲਕ ਸ਼ੂਦਰ ਬ੍ਰਾਹਮਣ ਵੈਸ਼ ਸ਼ੱਤਰੀ, ਜੋ ਸ਼ਰਅ ਤੋਂ ਬਾਹਰ ਸਮਾਈਆ । ਜਿਸ ਦੀ ਉਮਰ ਕਦੇ ਨਾ ਹੋਵੇ ਸੱਤਰੀ ਬਹੱਤਰੀ, ਬਿਰਧ ਬਾਲ ਨਾ ਰੂਪ ਵਟਾਈਆ । ਬੰਦ ਹੋਵੇ ਨਾ ਗ੍ਰਹਿ ਨਛੱਤਰੀ, ਹਿੱਸਾ ਸਕੇ ਨਾ ਕੋਇ ਵਖਾਈਆ । ਪੜ੍ਹਿਆ ਜਾਏ ਨਾ ਜਗਤ ਅੱਖਰੀ, ਅੱਖਰਾਂ ਵਿਚ ਨਾ ਕਦੇ ਸਮਾਈਆ । ਉਸ ਦੀ ਧਾਰ ਸਦਾ ਵੱਖਰੀ, ਅੱਡਰਾ ਰਾਹ ਚਲਾਈਆ । ਓਨੇ ਚਿਰ ਨੂੰ ਇਕ ਆ ਗਈ ਬੱਕਰੀ, ਆਪਣਾ ਪੰਧ ਮੁਕਾਈਆ । ਓਨੇ ਚਿਰ ਨੂੰ ਮੁਸਾਫ਼ਰ ਸਿਰ ਉਤੇ ਚੁੱਕ ਕੇ ਆ ਗਿਆ ਪਟੜੀ, ਫੱਟਾ ਸਾਢੇ ਤਿੰਨ ਹੱਥ ਵਖਾਈਆ । ਓਨੇ ਚਿਰ ਨੂੰ ਇਕ ਲੈ ਕੇ ਆ ਗਿਆ ਤੱਕੜੀ, ਛਾਬੇ ਦੋਵੇਂ ਰਿਹਾ ਹਿਲਾਈਆ । ਓਨੇ ਚਿਰ ਨੂੰ ਆਰਨ ਦਲ ਆ ਗਿਆ ਮੱਕੜੀ, ਅੰਧੇਰਾ ਚਾਰੋਂ ਕੁੰਟ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ ।

### ★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਵਿਰਸਾ ਸਿੰਘ ਦੇ ਗ੍ਰਿਹ ਬਾਊਪੁਰ ਜ਼ਿਲਾ ਗੁਰਦਾਸਪੁਰ ★

ਇਕ ਦਿਨ ਓਥੇ ਵਿਆਹੀ ਲਾੜੀ ਦੀ ਭਾਜੀ ਆ ਗਈ ਲੱਡੂ, ਪ੍ਰੇਮ ਨਾਲ ਬਣਾਈਆ । ਸਾਰੇ ਜਲ ਦੇ ਭੁੜਕਣ ਲੱਗ ਪਏ ਡੱਡੂ, ਆਪਣੀ ਖ਼ੁਸ਼ੀ ਵਖਾਈਆ । ਇਕ ਵੱਡਾ ਮੈਂਡਕ ਜਿਸ ਦਾ ਨਾਂ ਰੱਖਿਆ ਜੱਗੂ, ਛੋਟੇ ਵੱਡੇ ਉਸੇ ਨੂੰ ਸੀਸ ਨਿਵਾਈਆ । ਸਾਨੂੰ ਸਚ ਦੱਸ ਕਿਸ ਵੇਲੇ ਪ੍ਰਭ

ਨਿਸ਼ਾਨਾ ਗੱਡੂ, ਏਥੇ ਆ ਕੇ ਦਇਆ ਕਮਾਈਆ । ਉਸ ਹੱਸ ਕੇ ਕਿਹਾ ਜਿਸ ਵੇਲੇ ਕਲਜੁਗ ਕੂੜ ਨਗਾਰਾ ਵੱਜੂ, ਚਾਰੋਂ ਕੁੰਟ ਦੁਹਾਈਆ । ਭਗਤ ਚੁਬਾਰੇ ਰਹੇ ਕੋਈ ਨਾ ਛੱਜੂ, ਚਸ਼ਮਾ ਨੀਰ ਨਾ ਕੋਇ ਵਹਾਈਆ । ਸਾਰੇ ਰੂਪ ਹੋਵਣ ਬੱਦੂ, ਬਦਕਾਰੀ ਵਿਚ ਲੋਕਾਈਆ । ਉਸ ਵੇਲੇ ਪੁਰਖ ਅਕਾਲ ਆਪਣੇ ਭਗਤ ਸੱਦੂ, ਸੱਦਾ ਨਾਮ ਕਰ ਸ਼ਨਵਾਈਆ । ਕਲਜੁਗ ਕੂੜੀ ਕਿਰਿਆ ਜੜ੍ਹ ਵੱਢੂ, ਕਟਾਕਸ਼ ਆਪਣਾ ਨਾਮ ਲਗਾਈਆ । ਕੁਛ ਲੇਖਾ ਲਿਖਿਆ ਰਾਜੇ ਰੱਘੂ, ਸੰਦੇਸ਼ਾ ਸੋਹਣਾ ਜਿਹਾ ਸੁਣਾਈਆ । ਪੁਰਖ ਅਕਾਲ ਕਲਜੁਗ ਅੰਤ ਸਭ ਨੂੰ ਦੱਬੂ, ਦਬਦਬਾ ਆਪਣਾ ਇਕ ਜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗਲਾ ਪਿਛਲਾ ਕੱਢੂ, ਵਹੀ ਖਾਤਾ ਫੋਲ ਫੁਲਾਈਆ । ਅਰਜਨ ਕਹੇ ਗੁਰ ਅਵਤਾਰ ਪੈਗ਼ੰਬਰੋ ਨਹੀਂ ਖ਼ਵਾਬ, ਸਤਿ ਸਚ ਸਮਝਾਈਆ । ਪੁਰਖ ਅਕਾਲਾ ਆਵੇ ਆਪ, ਆਪਣਾ ਫੇਰਾ ਪਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਜਗ ਦੀ ਰੀਤੀ ਦਏ ਬਦਲਾਈਆ । ਚਾਰੋਂ ਕੁੰਟ ਕੰਬੇ ਪਾਪ, ਦੁਸ਼ਟ ਦੇਣ ਦੁਹਾਈਆ । ਇਹ ਵੇਖੇ ਖੇਲ ਤਮਾਸ਼, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਭ ਦੀ ਪੂਰੀ ਕਰੇ ਆਸ, ਆਸਾ ਮਨਸਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਕਰ ਤਲਾਸ਼, ਪੰਜ ਤਤ ਖ਼ਾਕੀ ਮਾਟੀ ਵੇਖੇ ਲਾਸ਼, ਲਾਸ਼ ਵਿਚ ਆਪਣਾ ਪਰਕਾਸ਼ ਦਏ ਕਰਾਈਆ ।



## ★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਬੀਬੀ ਹਰਨਾਮੋ ਦੇ ਗ੍ਰਿਹਿ ਬਾਊਪੁਰ ਜ਼ਿਲਾ ਗੁਰਦਾਸਪੁਰ ★

੧੧੬੩
੨੦

ਗੁਰ ਅਰਜਨ ਕਹੇ ਗੁਰ ਅਵਤਾਰੋ ਮੇਰੇ ਪ੍ਰਭ ਦਾ ਸਦਾ ਨਵਾਂ ਛੱਪਰ ਤੇ ਨਵਾਂ ਢਾਰਾ, ਪੁਰਾਣੀ ਕੁਟੀਆ ਰਹਿਣ ਕੋਇ ਨਾ ਪਾਈਆ । ਸਚ ਪ੍ਰੀਤੀ ਇੱਟਾਂ ਗਾਰਾ, ਪਾਣੀ ਪ੍ਰੇਮ ਵਾਲਾ ਮਿਲਾਈਆ । ਨਿਰਧਨ ਬਣਿਆ ਸੇਵਾਦਾਰਾ, ਸਾਚੀ ਸੇਵ ਕਮਾਈਆ । ਮਨ ਵਿਚ ਚਾਉ ਸਦਾ ਅਪਾਰਾ, ਇਕੋ ਆਸ ਰਖਾਈਆ । ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਹੀਂ ਗੁਰੂਦਵਾਰਾ, ਮਹੱਲ ਅਟਲ ਨਾ ਕੋਇ ਬਣਾਈਆ । ਨਿਉਂ ਨਿਉਂ ਸਾਚੇ ਦਰ ਕਰੇ ਨਿਮਸਕਾਰਾ, ਬੇਨੰਤੀ ਵਿਚ ਹਾਲ ਦੁਹਾਈਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਗੁਣ ਦਾਤਾ ਵੇਖ ਵਖਾਈਆ । ਸੋਹਣਾ ਲੱਗਾ ਦਵਾਰਾ, ਜਿਸ ਦਵਾਰੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਵਸਾਈਆ । ਆਪਣਾ ਘਰ ਕਹੇ ਤੂੰ ਸਭ ਦਾ ਬਾਪੂ, ਪਿਤਾ ਪੁਰਖ ਅਕਾਲ ਅਖਵਾਈਆ । ਅੱਗੇ ਬਣਿਆ ਨਾ ਰਹੀਂ ਡਾਕੂ, ਡਾਕਾ ਘਰ ਘਰ ਆਪ ਲਗਾਈਆ । ਜਿਸ ਕਾਰਨ ਗੋਬਿੰਦ ਤਜਾਇਆ ਤਮਾਕੂ, ਉਹ ਤੁਖ਼ਮ ਤਾਸੀਰ ਦੇਣੀ ਬਦਲਾਈਆ । ਅਰਜਨ ਇਕ ਦਿਨ ਆਪਣੀ ਜੇਬ ਵਿਚੋਂ ਕੱਢ ਕੇ ਚਾਕੂ, ਆਪਣੀਆਂ ਉਂਗਲਾਂ ਉਤੇ ਘਸਾਈਆ । ਕੁਛ ਬਚਨ ਕਿਹਾ ਗੋਬਿੰਦ ਦਾਦੂ, ਦੋਹਰੇ ਗਿਆ ਸੁਣਾਈਆ । ਜਿਸ ਵੇਲੇ ਪੁਰਖ ਅਕਾਲ ਭਗਤਾਂ ਦਾ ਹਿਰਦਾ ਸਾਧੂ, ਸਾਧ ਰਹਿਣ ਕੋਇ ਨਾ ਪਾਈਆ । ਗੋਬਿੰਦ ਕਿਹਾ ਮੇਰੇ ਪ੍ਰਭ ਦਾ ਅਗੰਮਾ ਜਾਦੂ, ਜੋ ਸੁੱਤਿਆਂ ਜਾਗਦਿਆਂ ਇਕੋ ਰੰਗ ਰੰਗਾਈਆ । ਜੋ ਉਸ ਦੀ ਸਰਨੀ ਲਾਗੂ, ਸੀਸ ਜਗਦੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵਖਾਈਆ । ਢਾਰਾ ਕਹੇ ਮੇਰੀ ਨਵੀਂ ਪੁਰਾਣੀ ਨਹੀਂ ਛੱਤ, ਮਿੱਟੀ ਗਾਰਾ ਕੱਖ ਨਾ ਕੋਇ ਵਡਿਆਈਆ । ਮੈਂ ਸਮਝਾਂ ਮੇਰਾ ਮਾਲਕ ਕਮਲਾਪਤ, ਜੋ ਜੁਗ ਜੁਗ ਸਭ ਦਾ ਵੇਸ ਵਟਾਈਆ ।

ਕਦੇ ਹੇਠਾਂ ਦੇਵੇ ਸੱਟ, ਧਰਤੀ ਉਤੇ ਟਿਕਾਈਆ । ਕਦੀ ਆਪਣੇ ਖਾਨੇ ਵਿਚ ਦੇਵੇ ਘੱਤ, ਜਿਥੇ ਵੇਖਣ ਕੋਇ ਨਾ ਜਾਈਆ । ਢਾਰਾ ਕਹੇ ਮੈਂ ਖ਼ੁਸ਼ੀ ਮਨਾਈ ਜੇ ਮੇਰੇ ਵਿਚ ਵਸਣ ਵਾਲਿਆਂ ਦੀ ਅੰਦਰੋਂ ਖੁਲ੍ਹ ਗਈ ਅੱਖ, ਪ੍ਰਭ ਨੂੰ ਮਿਲ ਕੇ ਖ਼ੁਸ਼ੀ ਬਣਾਈਆ । ਸਦਾ ਸੁਖੀ ਰਹਿਣ ਵਸ, ਵਾਸਤਾ ਇਕੋ ਨਾਲ ਜੁੜਾਈਆ । ਜਨਮ ਦਾ ਲਾਹਾ ਲੈਣ ਖੱਟ, ਖੱਟੀ ਮੁਕ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਚੜ੍ਹਾਈਆ । ਢਾਰਾ ਕਹੇ ਹੋ ਜਾਓ ਢਹਿ ਢੇਰੀ, ਆਪਣਾ ਆਪ ਮਿਟਾਈਆ । ਜਨ ਭਗਤੋ ਚਿਰਾਂ ਪਿਛੋਂ ਮਾਰੇ ਫੇਰੀ, ਜੁਗ ਚੌਕੜੀ ਹੱਥ ਕਿਸੇ ਨਾ ਆਈਆ । ਸਦਾ ਆਪਣੇ ਨਾਲ ਰੱਖੇ ਆਪਣੀ ਬੇੜੀ, ਬਿਨਾਂ ਵੰਝ ਮੁਹਾਣੇ ਰਿਹਾ ਚਲਾਈਆ । ਚੜ੍ਹ ਗਈ ਜਿਹੜੀ ਜਿਹੜੀ, ਪਾਰ ਕਿਨਾਰੇ ਦਏ ਲਗਾਈਆ । ਜਿਸ ਵੱਲ ਮਿਹਰ ਦੀ ਨਿਗਾਹ ਫੇਰੀ, ਫੇਰਾ ਅਗਲਾ ਪਿਛਲਾ ਦਏ ਮੁਕਾਈਆ । ਅਰਜਨ ਕਿਹਾ ਰਾਵੀ ਦੇ ਕੰਢੇ ਹੁੰਦੀ ਸੀ ਇਕ ਬੇਰੀ, ਬੇਰਾਂ ਨਾਲ ਸੋਭਾ ਪਾਈਆ । ਉਥੇ ਚਰਦੀ ਇਕ ਵਛੇਰੀ, ਢਾਈ ਸਾਲ ਆਪਣੀ ਉਮਰ ਗਣਾਈਆ । ਨੇੜੇ ਖ਼ਾਕ ਦੀ ਇਕ ਢੇਰੀ, ਜਿਹਨੂੰ ਸਵਾਹ ਕਹਿ ਕੇ ਗਾਈਆ । ਇਕ ਸਾਧੂ ਆ ਗਿਆ ਕੱਪੜੇ ਪਹਿਨ ਕੇ ਗੇਰੀ, ਕੁੰਡਲ ਕੰਨਾਂ ਵਿਚ ਲਟਕਾਈਆ । ਉਸ ਦੇ ਨਾਲ ਤੇਈ ਸਾਲ ਦੀ ਚੇਰੀ, ਜੋਬਨਵੰਤੀ ਸੋਭਾ ਪਾਈਆ । ਉਨ੍ਹਾਂ ਆ ਕੇ ਸੁਰਤੀ ਲਾਈ ਬਥੇਰੀ, ਮਨ ਟਿਕਣ ਮੂਲ ਨਾ ਪਾਈਆ । ਭਰਮ ਹੋਇਆ ਅਵੱਗਿਆ ਹੋਈ ਕਿਹੜੀ, ਕਵਣ ਰਿਹਾ ਤੜਫਾਈਆ । ਓਨੇ ਚਿਰ ਨੂੰ ਕੋਈ ਵਣਜਾਰਾ ਆ ਗਿਆ ਰੇੜ੍ਹ ਕੇ ਰੇੜ੍ਹੀ, ਸੌਦਾ ਥੋੜਾ ਉਤੇ ਟਿਕਾਈਆ । ਓਨ੍ਹ ਅੱਖ ਕਰ ਕੇ ਟੇਢੀ, ਚੋਰੀ ਵੇਖ ਵਖਾਈਆ । ਜਾਂ ਤੱਕੀ ਸਵਾਣੀ ਦੀ ਮੇਂਢੀ, ਜ਼ੁਲਫ਼ ਖੁਲ੍ਹੀ ਨਜ਼ਰੀ ਆਈਆ । ਫੇਰ ਵੇਖਿਆ ਹੱਥਾਂ ਲੱਗੀ ਮਹਿੰਦੀ, ਲਾਲ ਰੰਗ ਚੜ੍ਹਾਈਆ । ਜਾਂ ਅੰਦਰ ਤੱਕਿਆ ਤੂੰ ਹੀ ਤੂੰ ਹੀ ਪ੍ਰਭੂ ਕਹਿੰਦੀ, ਦੂਜੀ ਮਨਸਾ ਨਾ ਕੋਇ ਵਧਾਈਆ । ਫੇਰ ਪਿਛੇ ਹੋ ਕੇ ਬਹਿੰਦੀ, ਆਪਣਾ ਸੀਸ ਝੁਕਾਈਆ । ਇਹ ਉਹੋ ਜਿਹੜੀ ਚਰਨਾਂ ਉਤੇ ਢਹਿੰਦੀ, ਹੁਣ ਹਰਨਾਮੋ ਨਾਂ ਆਈ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਸਭ ਦਾ ਵੇਖ ਵਖਾਈਆ ।

### ★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਮੇਲਾ ਸਿੰਘ ਬੀਬੀ ਨੰਤੋ ਦੇ ਗ੍ਰਿਹ ਬਾਊਪੁਰ ਜ਼ਿਲਾ ਗੁਰਦਾਸਪੁਰ ★

ਰਾਵੀ ਕਹੇ ਮੈਂ ਇਕੇ ਨੂੰ ਰਾਵਾਂ, ਜੋ ਰਮਿਆ ਹਰ ਘਟ ਨਜ਼ਰੀ ਆਈਆ । ਉਸੇ ਦੇ ਗੁਣ ਗਾਵਾਂ, ਬਣ ਵੈਰਾਗਣ ਰਾਗ ਅਲਾਈਆ । ਲੰਮੀਆਂ ਕਰਾਂ ਭੁਜਾਂ ਬਾਹਵਾਂ, ਆਪਣੀਆਂ ਆਪ ਵਧਾਈਆ । ਕਿਤੇ ਮਾਲਕ ਆ ਜਾਏ ਜਿਸ ਨੂੰ ਜਗਤ ਕਹੇ ਨਿਥਾਵਾਂ, ਦਰ ਆਪਣਾ ਇਕ ਸੁਹਾਈਆ । ਮੈਂ ਕੂਕਾਂ ਕੁਰਲਾਵਾਂ ਵਾਂਗ ਕਾਵਾਂ, ਕੋਇਲ ਆਵਾਜ਼ ਨਾ ਕੋਇ ਬਣਾਈਆ । ਉਸੇ ਤੋਂ ਬਲ ਬਲ ਜਾਵਾਂ, ਜੋ ਸਭ ਦਾ ਸੱਜਣ ਮਾਹੀਆ । ਨਿਉਂ ਨਿਉਂ ਲਾਗਾਂ ਪਾਵਾਂ, ਚਰਨ ਕਵਲ ਸਰਨਾਈਆ । ਸਾਚੇ ਤੀਰਥ ਨਹਾਵਾਂ, ਦੁਰਮਤ ਮੈਲ ਧਵਾਈਆ । ਭਾਰ ਕਰਾਂ ਸਾਂਵਾਂ, ਤੱਕੜ ਇਕੋ ਹੱਥ ਉਠਾਈਆ । ਮਾਣਾਂ ਠੰਡੀਆਂ ਛਾਂਵਾਂ, ਅਗਨੀ ਤਤ ਨਾ ਕੋਇ ਤਪਾਈਆ । ਰਾਵੀ ਕਹੇ ਜਿਸ ਨਾਲ ਅਜੇ ਤੱਕ ਕਿਸੇ ਨਹੀਂ ਲਈਆਂ ਲਾਵਾਂ, ਚਾਰ ਜੁਗ ਪਲੂ ਫੜਾ ਕੇ ਸਭ ਤੋਂ ਗਿਆ ਛੁਡਾਈਆ । ਕਿੰਨੀਆਂ ਕਿੰਨੀਆਂ ਤੇ ਕਿੰਨੀਆਂ ਮਾਂਵਾਂ, ਸਮਝ ਕਿਸੇ ਨਾ ਆਈਆ । ਕਦੇ ਗੋਪੀਆਂ ਨਾਲ

ਫਿਰੇ ਕਰੇ ਚਾਵਾਂ, ਚਾਉ ਘਨੇਰਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਰਾਵੀ ਕਹੇ ਨੀਂ ਮੈਂ ਰੋ ਰੋ ਥੱਕੀ, ਸਖ਼ੀਓ ਦਿਆਂ ਸੁਣਾਈਆ । ਹੋ ਗਈ ਹੱਕੀ ਬੱਕੀ, ਹੈਰਾਨੀ ਵਿਚ ਪਛਤਾਈਆ । ਅਰਜਨ ਕਰ ਕੇ ਗਿਆ ਪੱਕੀ, ਧੁਰ ਫ਼ਰਮਾਨਾ ਇਕ ਸੁਣਾਈਆ । ਏਥੇ ਆਵੇ ਧੁਰ ਦਾ ਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਮੇਰੀਆਂ ਥੱਕ ਗਈਆਂ ਅੱਖੀਂ, ਆਖ਼ਰ ਓਟ ਤਕਾਈਆ । ਚਾਰੋਂ ਕੁੰਟ ਫਿਰਾਂ ਨੱਸੀ, ਭੱਜਾਂ ਵਾਹੋ ਦਾਹੀਆ । ਜਾਂ ਵੇਖਿਆ ਰਾਵੀ ਕਹੇ ਉਹ ਭਗਤਾਂ ਨੇ ਬੱਧਾ ਨਾਲ ਰੱਸੀ, ਰਸਤਾ ਮੇਰਾ ਰਹੇ ਵਖਾਈਆ । ਜਿਨ੍ਹਾਂ ਨੇ ਤਪੱਸਿਆ ਕੀਤੀ ਪਿਛੇ ਹਜ਼ਾਰ ਅੱਸੀ, ਉਹ ਸਾਰੇ ਲਏ ਮਿਲਾਈਆ । ਕੋਈ ਹਿੱਸਾ ਨਹੀਂ ਕੋਈ ਪੱਤੀ, ਝੂਠੀ ਗੰਢ ਨਾ ਕੋਇ ਬੰਧਾਈਆ । ਜਿਹੜੀ ਆਤਮਾ ਪਰਮਾਤਮਾ ਤੋਂ ਹੋ ਗਈ ਸਤੀ, ਸਤਿ ਉਸੇ ਦਾ ਰਸ ਚਖਾਈਆ । ਕੋਈ ਤੀਰਥ ਨੁਹੌਣ ਵਾਸਤੇ ਕਰਨੀ ਨਹੀਂ ਗਤੀ, ਭੈ ਭੌ ਨਾ ਕੋਇ ਮਿਟਾਈਆ । ਇਹ ਪਿਛਲੀ ਖੇਲ ਜਨ ਭਗਤੋ ਤੁਹਾਡੇ ਵਾਸਤੇ ਸਾਂਭ ਕੇ ਰੱਖੀ, ਆਪਣੇ ਵਿਚ ਛੁਪਾਈਆ । ਹੁਣ ਸੁਣੋ ਕੰਨੀ ਤੇ ਵੇਖੋ ਅੱਖੀਂ, ਸਭ ਦਾ ਲਹਿਣਾ ਝੋਲੀ ਪਾਈਆ । ਰਾਵੀ ਕਹੇ ਜਨ ਭਗਤੋ ਅੱਗੇ ਕਦੇ ਨਾ ਫੇਰਿਉ ਆਪਣੇ ਮਨ ਦੀ ਆਸਾ ਜੋ ਨਿਰਾਸਾ ਵਿਚ ਰੱਖੀ, ਵਾਸਾ ਇਕੋ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਕਰ ਇਕੱਠੀ, ਆਪਣਾ ਪੜਦਾ ਰਿਹਾ ਚੁਕਾਈਆ ।


੧੧੬੫
੨੦

## ★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਰਾਵੀ ਕੰਢੇ ★

ਕਾਲ ਕਹੇ ਮੈਂ ਆਇਆ ਭੱਜਾ, ਆਪਣਾ ਜ਼ੋਰ ਲਗਾਈਆ । ਮੇਰਾ ਪੈਰ ਦੁਖਦਾ ਸੱਜਾ, ਦੁੱਖ ਨਾਲ ਤੜਫਾਈਆ । ਮੈਨੂੰ ਅਰਜਨ ਦਾ ਮਿਲਿਆ ਸੱਦਾ, ਹੁਕਮ ਦਿਤਾ ਸੁਣਾਈਆ । ਸ਼ਾਹ ਦਾ ਆਇਆ ਬੱਧਾ, ਸ਼ਹਿਨਸ਼ਾਹ ਸੀਸ ਨਿਵਾਈਆ । ਜਗਤ ਦਾ ਵੇਖਿਆ ਮਜ਼ਾ, ਲੱਖ ਚੁਰਾਸੀ ਖਾਈਆ । ਚਾਰ ਜੁਗ ਅਜੇ ਨਾ ਰੱਜਾ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਮਿਟਾਈਆ । ਸਭ ਦੇ ਨਾਲ ਕਰਦਾ ਰਿਹਾ ਦਗ਼ਾ, ਫ਼ਰੇਬਾਂ ਵਿਚ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੁਕਮੇ ਵਿਚ ਭਵਾਈਆ । ਕਾਲ ਕਹੇ ਮੈਂ ਆਇਆ ਅਗਲਵਾਂਢੀ, ਵਾਟਾ ਲਈ ਮੁਕਾਈਆ । ਲੱਖ ਚੁਰਾਸੀ ਜਿਸ ਦੀ ਬਾਂਦੀ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਚਰਨ ਧੂੜ ਜਿਸ ਦੇ ਸ੍ਰਿਸ਼ਟੀ ਨਹਾਂਦੀ, ਦੁਰਮਤ ਮੈਲ ਧਵਾਈਆ । ਇਕੋ ਢੋਲਾ ਗਾਂਦੀ, ਧੁਰ ਦਾ ਰਾਗ ਸੁਣਾਈਆ । ਉਸ ਬਿਨਾ ਸਭ ਦੀ ਪਤ ਜਾਂਦੀ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵਰਤਾਈਆ । ਕਾਲ ਕਹੇ ਮੈਨੂੰ ਕਹਿੰਦੇ ਬੁਰਾ, ਬੁਰਾ ਕਹਿ ਕੇ ਗਾਈਆ । ਮੈਨੂੰ ਕਹਿੰਦੇ ਨਿਗੁਰਾ, ਗੁਰੂ ਨਾ ਕੋਇ ਜਣਾਈਆ । ਮੈਂ ਪ੍ਰਭ ਦੇ ਹੁਕਮੇ ਅੰਦਰ ਤੁਰਾ, ਤੁਰਤ ਸੇਵ ਕਮਾਈਆ । ਜੇ ਮੈਂ ਨਾ ਹੁੰਦਾ ਤੇ ਗੋਬਿੰਦ ਨੂੰ ਫਿਰ ਕੌਣ ਮਾਰਦਾ ਛੁਰਾ, ਸੇਵਾਦਾਰ ਭੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵਖਾਈਆ । ਕਾਲ ਕਹੇ ਜਿਸ ਨੇ ਲਾਇਆ ਘਾਉ, ਗੋਬਿੰਦ ਸੀਸ ਟਿਕਾਈਆ । ਉਸ ਦਾ ਹੋਇਆ ਨਹੀਂ ਅਜੇ ਨਿਆਉਂ, ਚੁਰਾਸੀ ਵਿਚੋਂ ਬਾਹਰ ਭਵਾਈਆ । ਸਦ

ਰੋਵੇ ਮਾਉਂ ਮਾਉਂ, ਕਹਿ ਕੇ ਹਾਲ ਸੁਣਾਈਆ । ਕੋਈ ਨਾ ਪਕੜੇ ਬਾਹੋਂ, ਦੁੱਖ ਨਾ ਕੋਇ ਮਿਟਾਈਆ । ਕਾਲ ਕਹੇ ਮੈਂ ਓਸ ਨੂੰ ਕਿਹਾ ਜਿਹੜਾ ਸ਼ੌਹ ਦਰਿਆ ਪਾਰ ਤਰਾਓ, ਤੁਰਤ ਆਪਣੀ ਦਇਆ ਕਮਾਈਆ । ਉਸ ਦੇ ਲਾਗ ਪਾਉਂ, ਪਾਹਨੀ ਸੇਵ ਕਮਾਈਆ । ਉਹ ਔਝੜ ਪੈ ਕੇ ਰਾਹੋਂ, ਚਲਿਆ ਵਾਹੋ ਦਾਹੀਆ । ਹੁਣ ਆਪਣਾ ਲਾ ਲਾ ਦਾਓ, ਵੇਲਾ ਗਿਆ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਆਸ਼ਾ ਕਹੇ ਮੁਗ਼ਲ, ਕਾਲ ਤੇਰੀ ਵਡਿਆਈਆ । ਮੈਨੂੰ ਇਸ਼ਾਰਾ ਕਰ ਉਂਗਲ, ਕਿਹੜਾ ਧੁਰ ਦਾ ਮਾਹੀਆ । ਮੇਰੀ ਅੰਦਰੋਂ ਖੁਲ੍ਹੇ ਗੁੰਝਲ, ਪੜਦਾ ਰਹੇ ਨਾ ਰਾਈਆ । ਮੈਂ ਵੇਖਾਂ ਸੋਹਣਾ ਸੁੰਦਰ, ਬਾਂਕਾ ਨੂਰ ਇਲਾਹੀਆ । ਜੋ ਵਸੇ ਡੂੰਘੀ ਕੁੰਦਰ, ਆਪਣਾ ਡੇਰਾ ਲਾਈਆ । ਜਿਸ ਨੂੰ ਬਾਹਰੋਂ ਸਾਰੇ ਢੂੰਡਣ, ਲੱਭ ਲੱਭ ਥੱਕੀ ਲੋਕਾਈਆ । ਸੋ ਅੰਮ੍ਰਿਤ ਰਸ ਦੇਵੇ ਬੂੰਦਨ, ਜਾਮ ਇਕ ਚਖਾਈਆ । ਜਿਸ ਨੂੰ ਮੰਨਦੇ ਮਧਸੂਦਨ, ਸੂਤਰਧਾਰ ਹੋ ਜਾਈਆ । ਉਹ ਫਿਰੇ ਜੰਗਲ ਬੇਲੇ ਵਿਚ ਬੂਝਨ, ਦੱਭ ਕਾਹੀ ਮਿਲ ਕੇ ਖ਼ੁਸ਼ੀ ਬਣਾਈਆ । ਓਸੇ ਨੂੰ ਗੁਰ ਅਵਤਾਰ ਪੈਗ਼ੰਬਰ ਪੂਜਣ, ਨਿਉਂ ਨਿਉਂ ਸੀਸ ਨਿਵਾਈਆ । ਕਲਜੁਗ ਮੇਟੇ ਦੁਤੀਆ ਦੂਜਨ, ਭਾਉ ਇਕੋ ਇਕ ਵਖਾਈਆ । ਨੈਣ ਮੁੰਦਾਰੀ ਬਣ ਕੇ ਮੂੰਦਨ, ਮੁੰਦਰਾ ਧਾਰੀ ਸੋਭਾ ਪਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ੰਕਰ ਕੂਕਣ, ਕੂਕ ਕੂਕ ਸੁਣਾਈਆ । ਜਿਸ ਦੇ ਕਾਰਨ ਤਨ ਭਠਿਆਲੇ ਫੂਕਣ, ਤੱਤੀ ਰੇਤ ਸੀਸ ਵਹਾਈਆ । ਸੋ ਸਾਹਿਬ ਸਵਾਮੀ ਮੌਜੂਦਨ, ਮੁਫ਼ਲਿਸਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਚੁਕਾਈਆ । ਕਾਲ ਕਹੇ ਛੁਰੇ ਵਾਲੇ ਰੱਖ ਯਾਦ, ਸ਼ਰਅ ਰਹੀ ਸਮਝਾਈਆ । ਖੜਗ ਵਾਲੇ ਸੁਣ ਆਵਾਜ਼, ਜਿਸ ਤੇਗ਼ ਬਹਾਦਰ ਸੀਸ ਟਿਕਾਈਆ । ਤਨ ਧੜ ਦਿਤਾ ਕਾਟ, ਹੁਕਮ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਤੇਗ਼ ਬਹਾਦਰ ਕਹੇ ਜਿਸ ਨੇ ਮੇਰੇ ਉਤੇ ਉਠਾਈ ਤੇਗ਼, ਤੇਗ਼ ਦੀ ਧਾਰ ਦਿਤੀ ਚਲਾਈਆ । ਮੈਂ ਓਸ ਨੂੰ ਓਥੇ ਦਿਤਾ ਭੇਜ, ਜਿਥੇ ਪ੍ਰਭ ਦੀ ਮਿਲੇ ਸਰਨਾਈਆ । ਜਿਸ ਨੇ ਮੇਰਾ ਕੱਪੜ ਦਿਤਾ ਵੇਚ, ਦੋ ਦੋਸ਼ਾਲੇ ਹੱਟ ਵਿਕਾਈਆ । ਉਹਨੂੰ ਬਣਾ ਕੇ ਨੇਕ, ਨਿੱਕਾ ਵੱਡਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਤੇਗ਼ ਬਹਾਦਰ ਕਹੇ ਜੋ ਮੇਰਾ ਜਲਾਦ, ਜਲਾਵਤਨ ਨਾ ਕੋਇ ਕਰਾਈਆ । ਉਹ ਐਥੇ ਹੁੰਦਾ ਸੀ ਆਬਾਦ, ਰਾਵੀ ਕੰਢੇ ਡੇਰਾ ਲਾਈਆ । ਉਹਦੀ ਕੌਮ ਸੀ ਰੰਗੜ ਜਾਟ, ਭੰਗੜ ਵਿਚ ਸ਼ੌਦਾਈਆ । ਇਕ ਹੋਰ ਸੀ ਉਸ ਦਾ ਸਾਥੀ ਸਾਧ, ਜੋ ਧੂਣੀ ਸਦਾ ਤਪਾਈਆ । ਉਸ ਨੂੰ ਇਕ ਦਿਨ ਚੜ੍ਹਿਆ ਤਾਪ, ਅਗਨੀ ਅੱਗ ਲਗਾਈਆ । ਉਹ ਛੱਡ ਕੇ ਸੱਜਣ ਸਾਕ, ਇਕ ਦੀ ਓਟ ਰਖਾਈਆ । ਤੂੰ ਹੀ ਮਾਈ ਬਾਪ, ਤੇਰੀ ਇਕ ਸਰਨਾਈਆ । ਸਿਰ ਮੇਰੇ ਰੱਖ ਹਾਥ, ਮਿਹਰ ਨਜ਼ਰ ਉਠਾਈਆ । ਹੁਕਮ ਆਇਆ ਤੂੰ ਮੇਰਾ ਮੈਂ ਤੇਰਾ ਕਰ ਜਾਪ, ਆਪਣੀ ਰਸਨਾ ਗਾਈਆ । ਜਿਸ ਵੇਲੇ ਪੁਰਖ ਅਕਾਲ ਆਇਆ ਆਪ, ਤੇਰਾ ਲਹਿਣਾ ਦਏ ਚੁਕਾਈਆ । ਤੈਨੂੰ ਮੰਜ਼ਲ ਦੇ ਕੇ ਸਾਚ, ਸਾਚੇ ਘਰ ਟਿਕਾਈਆ । ਕਰ ਕੇ ਧੁਰ ਦਾ ਦਾਸ, ਸੇਵਕ ਲਏ ਬਣਾਈਆ । ਜੋ ਤੇਗ਼ ਬਹਾਦਰ ਗਿਆ ਆਖ, ਓਸੇ ਦਾ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਅਰਜਨ ਕਹੇ ਜਿਸ ਨੇ ਮੇਰੇ ਬਰਖ਼ਲਾਫ਼ ਲਿਖੀ ਅਰਜ਼ੀ, ਕਾਗ਼ਜ਼ ਸ਼ਾਹੀ ਕਲਮ ਬਣਾਈਆ । ਉਹ ਵੀ ਐਥੋਂ ਦਾ ਸੀ ਦਰਜ਼ੀ, ਡੇਰਾ

੧੧੬੬
੨੦

ਛੱਪਰਾਂ ਵਿਚ ਲਾਈਆ । ਨਿੱਕੇ ਹੁੰਦੇ ਦੀ ਮਾਂ ਸੀ ਮਰ ਗਈ, ਦੋ ਸਾਲ ਸੱਤ ਮਹੀਨੇ ਦਾ ਲਾਹੌਰ ਡੇਰਾ ਫੁੱਫੀ ਕੋਲ ਲਗਾਈਆ । ਉਸ ਨੇ ਵਿਦਿਆ ਨੌ ਜਮਾਤ ਪੜ੍ਹ ਲਈ, ਨਾਲ ਕੁਰਾਨ ਸ਼ਰੀਫ਼ ਸ਼ਰੀਫ਼ੀ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਅਰਜਨ ਕਹੇ ਦਰਜ਼ੀ ਦਾ ਸੀ ਇਕ ਚਾਚਾ, ਨੌਜਵਾਨ ਨਜ਼ਰੀ ਆਈਆ । ਤੇੜ ਲਾਲ ਕੰਨੀ ਦਾ ਬੰਨ੍ਹੇ ਲਾਚਾ, ਲੁੰਗੀ ਮੋਢਿਆਂ ਉਤੇ ਸੁਟਾਈਆ । ਉਸ ਦਾ ਪਿਆਰ ਸੀ ਭਤੀਜੇ ਨਾਲ ਖ਼ਾਸਾ, ਸੋਹਣਾ ਜੋੜ ਜੁੜਾਈਆ । ਤਿੰਨ ਦਿਨ ਉਹ ਵੀ ਐਥੇ ਕਰ ਕੇ ਗਿਆ ਵਾਸਾ, ਰੋਟੀ ਹੱਥਾਂ ਉਤੇ ਖਾਈਆ । ਅੰਤਮ ਜਾਂਦਿਆਂ ਭੰਨਿਆ ਕਾਸਾ, ਮਾਟੀ ਬਬਰ ਖੇਹ ਮਿਲਾਈਆ । ਨਾਲੇ ਖ਼ੁਸ਼ੀ ਵਿਚ ਆਇਆ ਹਾਸਾ, ਤਾਲੀ ਦਿਤੀ ਵਜਾਈਆ । ਏਥੇ ਕਿਹੜਾ ਵੇਂਹਦਾ ਪੁਰਖ ਅਬਿਨਾਸ਼ਾ, ਦੇਵੇ ਕਵਣ ਸਜ਼ਾਈਆ । ਆਵਾਜ਼ ਆਈ ਇਹ ਓਸੇ ਦਾ ਖੇਲ ਤਮਾਸ਼ਾ, ਜਿਸ ਨੇ ਜਗਤ ਰਚਨਾ ਲਈ ਰਚਾਈਆ । ਜਿਹੜਾ ਨਾ ਮੰਨੇ ਓਸ ਦਾ ਆਖਾ, ਉਸੇ ਨੂੰ ਦਏ ਸਜ਼ਾਈਆ । ਸੁਣ ਲੈ ਮੇਰੀਆਂ ਬਾਤਾਂ, ਧੁਰ ਦਾ ਹੁਕਮ ਵਰਤਾਈਆ । ਜਿਸ ਵੇਲੇ ਝਗੜਾ ਪੈਣਾ ਜਾਤਾਂ ਪਾਤਾਂ, ਦੀਨ ਮਜ਼੍ਹਬ ਕਰੇ ਲੜਾਈਆ । ਪਿਤਾ ਪੁੱਤ ਨਾ ਮੰਨੇ ਆਖਾ, ਭੈਣ ਭਰਾ ਵਿਭਚਾਰ ਕਮਾਈਆ । ਪ੍ਰਭ ਦੀ ਭੁੱਲੇ ਗਾਥਾ, ਹਿਰਦੇ ਹਰਿ ਨਾ ਕੋਇ ਵਸਾਈਆ । ਅਬਿਨਾਸ਼ੀ ਕਰਤਾ ਸਭ ਦਾ ਖੋਲ੍ਹੇ ਖਾਤਾ, ਪੂਰਬ ਲਹਿਣਾ ਫੋਲ ਫੁਲਾਈਆ । ਫੇਰ ਪੰਧ ਮੁਕਾ ਕੇ ਮੰਜ਼ਲ ਪੂਰੀ ਕਰੇ ਵਾਟਾ, ਕਦਮ ਕਦਮਾਂ ਹੇਠ ਦਬਾਈਆ । ਉਨੇ ਚਿਰ ਨੂੰ ਜੋਗਣ ਆ ਗਈ ਜਿਸ ਦਾ ਖੁਲ੍ਹਾ ਝਾਟਾ, ਅੱਖਾਂ ਲਾਲ ਕੱਢ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਈਆ । ਗੁਰ ਤੇਗ਼ ਬਹਾਦਰ ਕਿਹਾ ਗੁਜਰੀ ਦਾ ਐਥੇ ਸੀ ਕੁਛ ਰਿਸ਼ਤਾ, ਪੀਹੜੀ ਦਾਦੇ ਵਾਲੀ ਨਜ਼ਰੀ ਆਈਆ । ਕੁਛ ਹੁਕਮ ਦੇਵੇ ਫ਼ਰਿਸ਼ਤਾ, ਜਬਰਾਈਲ ਰਿਹਾ ਸੁਣਾਈਆ । ਇਹ ਖੇਲ ਆਹਿਸਤਾ ਆਹਿਸਤਾ ਹੌਲੀ ਹੌਲੀ ਭੇਵ ਚੁਕਾਈਆ । ਏਸੇ ਥਾਂ ਤੇ ਮੁਲਾ ਨੇ ਸ਼ਰਅ ਦਾ ਬੰਨ੍ਹਿਆ ਬਸਤਾ, ਸ਼ਰੀਅਤ ਵਿਚ ਲੜਾਈਆ । ਇਹੋ ਥਾਂ ਬਲ ਦਾ ਰਾਹ ਦੱਸਦਾ, ਸਤਿਜੁਗ ਦਏ ਗਵਾਹੀਆ । ਇਹੋ ਥਾਂ ਜਿਥੇ ਬਾਲਮੀਕ ਹੱਸਦਾ, ਹਸਤੀ ਵੇਖ ਬੇਪਰਵਾਹੀਆ । ਐਥੇ ਬੂਟਾ ਹੁੰਦਾ ਸੀ ਅੱਕ ਦਾ, ਜਿਸ ਦੇ ਡੋਡੇ ਜ਼ਹਿਰ ਨਾਲ ਭਰਾਈਆ । ਉਹ ਅੱਕ ਸਦਾ ਸੀ ਤੱਕਦਾ, ਅੰਤਰ ਆਤਮ ਅੱਖ ਖੁਲ੍ਹਾਈਆ । ਪ੍ਰਭ ਲਹਿਣਾ ਦੇਵੇ ਹਕ ਦਾ, ਹਕੀਕ਼ਤ ਝੋਲੀ ਪਾਈਆ । ਮੈਂ ਉਸ ਦੇ ਚਰਨਾਂ ਵਸਦਾ, ਇਕੋ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਥਾਂ ਕਹੇ ਮੇਰੀ ਧਰਤੀ ਵਾਲੀ ਵੰਡ, ਥੰਮ੍ਹ ਨਜ਼ਰ ਕੋਇ ਨਾ ਆਈਆ । ਮੇਰੇ ਬੋਲਣ ਵਾਲੇ ਨਹੀਂ ਦੰਦ, ਢੋਲਾ ਰਸਨ ਨਾ ਗਾਈਆ । ਇਕੋ ਗੁਣ ਮੈਂ ਕਲਜੁਗ ਦਿਤੀ ਕੰਡ, ਆਪਣਾ ਮੁਖ ਭਵਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਛੰਦ, ਸਾਚਾ ਸਗਨ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਸਭ ਦਾ ਰਿਹਾ ਮਿਲਾਈਆ । ਪੁਰਖ ਅਕਾਲ ਕਹੇ ਜੋ ਰਾਹ ਵਿਚ ਫਿਰਦੇ ਤੁਰਦੇ, ਤੁਰਤ ਲਵਾਂ ਮਿਲਾਈਆ । ਜਿਹੜੇ ਪੂਰਬ ਪਿਛਲੇ ਮੁਰਦੇ, ਸੁੱਤਿਆਂ ਲਵਾਂ ਜਵਾਈਆ । ਇਹੋ ਖੇਲ ਸੱਚੇ ਸਤਿਗੁਰ ਦੇ, ਡੁੱਬਿਆਂ ਪਾਰ ਕਰਾਈਆ । ਓਨ੍ਹਾਂ ਬੇੜੇ ਕਦੇ ਨਾ ਰੁੜ੍ਹਦੇ, ਜੋ ਚਲ ਆਵਣ ਸਰਨਾਈਆ । ਕੁਛ ਲੇਖੇ ਅਨੰਦ ਪੁਰ ਦੇ, ਗੋਬਿੰਦ ਰਿਹਾ ਦਰਸਾਈਆ । ਕੁਛ ਝਗੜੇ ਦੇਵਤ ਸੁਰ ਦੇ, ਕੈਲਾਸ਼ ਕਰੇ ਅਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵਖਾਈਆ ।


੧੧੬੭
੨੦

੧੧੬੮
੨੦

ਧਰਨੀ ਕਹੇ ਇਕ ਗੋਬਿੰਦ ਦੀ ਸੀ ਦਾਸੀ, ਦਸਾਂ ਨੌਂਹਾਂ ਦੀ ਕਾਰ ਕਮਾਈਆ । ਉਸ ਦੀ ਐਥੇ ਸੀ ਇਕ ਮਾਸੀ, ਜਿਸ ਨੂੰ ਮਿਲਣ ਚਾਰ ਵੇਰਾਂ ਆਈਆ । ਕਦੀ ਮਿਲ ਕੇ ਕਰਿਆ ਕਰੇ ਹਾਸੀ, ਕਿੱਥੇ ਰਾਵੀ ਕੰਢੇ ਡੇਰਾ ਲਾਈਆ । ਇਹ ਕਿੱਡੀ ਔਖੀ ਘਾਟੀ, ਵਹਿਣਾਂ ਵਿਚ ਵਹਾਈਆ । ਉਸ ਨੇ ਕੱਢ ਕੇ ਅੰਦਰੋਂ ਚਾਟੀ, ਦੁੱਧ ਦਹੀਂ ਵਾਲੀ ਦਿਤੀ ਵਖਾਈਆ । ਨੀਂ ਆਹ ਵੇਖ ਮੇਰੀ ਕੱਚੀ ਮਾਟੀ, ਸੋਹਣਾ ਰੰਗ ਬਦਲਾਈਆ । ਕੀ ਖੇਲ ਵੇਖਿਆ ਰਾਤੀਂ, ਰਾਤੀਂ ਸੁੱਤਿਆਂ ਸਵੇਰੇ ਉਠ ਕੇ ਦੇਣਾ ਸਮਝਾਈਆ । ਉਸ ਨੇ ਕਿਹਾ ਜਿਸ ਵੇਲੇ ਹੋਈ ਪਰਭਾਤੀ, ਅੰਮ੍ਰਿਤ ਵੇਲਾ ਆਈਆ । ਮੈਂ ਸੁਣੀ ਇਕ ਆਵਾਜ਼ੀ, ਸੋਹਣਾ ਰਾਗ ਸੁਣਾਈਆ । ਕਲਜੁਗ ਅੰਤਮ ਸਭ ਦਾ ਲੇਖਾ ਚੁਕਾਵੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪਣੀ ਦਇਆ ਕਮਾਈਆ । ਜੋ ਸਚਖੰਡ ਦਾ ਨਿਵਾਸੀ, ਨਿਰਾਕਾਰ ਨੂਰ ਰੁਸ਼ਨਾਈਆ । ਸਭ ਨੇ ਮੰਨਣੀ ਉਸ ਦੀ ਆਖੀ, ਸਿਰ ਸਕੇ ਨਾ ਕੋਇ ਉਠਾਈਆ । ਜੇ ਕੋਈ ਤੈਥੋਂ ਹੋਈ ਗੁਸਤਾਖ਼ੀ, ਭੁੱਲ ਲੈਣੀ ਬਖ਼ਸ਼ਾਈਆ । ਉਹ ਦੇਵਣਹਾਰ ਮੁਆਫ਼ੀ, ਕੋਟ ਜਨਮ ਦੇ ਪਾਪਾਂ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਭੇਵ ਖੁਲ੍ਹਾਈਆ । ਅਰਜਨ ਕਿਹਾ ਜਿਸ ਵੇਲੇ ਹੁਕਮ ਦਿਤਾ ਮੈਨੂੰ ਸ਼ਾਹੀ, ਸ਼ਹਿਨਸ਼ਾਹ ਸੁਣਾਈਆ । ਉਹ ਕਲਮ ਐਥੋਂ ਦਾ ਬੂਟਾ ਸੀ ਕਾਹੀ, ਦਵਾਤ ਏਸੇ ਮਿੱਟੀ ਨਾਲ ਬਣਾਈਆ । ਐਥੋਂ ਦੀ ਰਹਿਣ ਵਾਲੀ ਸੀ ਚੰਦੂ ਦੀ ਦਾਈ, ਜਿਸ ਦਾ ਅੱਗਾ ਪਿੱਛਾ ਨਾ ਕੋਇ ਬਤਾਈਆ । ਓਦੋਂ ਐਥੇ ਵਗਦੀ ਸੀ ਡੂੰਘੀ ਖਾਈ, ਨੌ ਗਜ਼ ਦੂਰ ਵਹਿਣ ਵਹਾਈਆ । ਐਥੇ ਹੁੰਦੀ ਸੀ ਠੰਡੀ ਛਾਈਂ, ਬਾਗ਼ ਬਗ਼ੀਚਾ ਸੋਭਾ ਪਾਈਆ । ਸਦਾ ਸਾਹ ਲੈਂਦੇ ਸੀ ਰਾਹੀ, ਆਪਣੀ ਖ਼ੁਸ਼ੀ ਬਣਾਈਆ । ਇਕ ਦਿਨ ਘਾਹ ਖੋਤਦੇ ਸੀ ਘਾਹੀ, ਰੰਬਾ ਹੱਥ ਵਿਚ ਉਠਾਈਆ । ਓਨ੍ਹਾਂ ਦੇ ਹੱਥ ਵਿਚ ਆ ਗਈ ਟਕਸਾਲ ਬਣਾਉਣ ਵਾਲੀ ਡਾਈ, ਮੋਹਰ ਅਕਬਰ ਵਾਲੀ ਨਜ਼ਰੀ ਆਈਆ । ਉਨ੍ਹਾਂ ਕੂਕ ਕੇ ਦਿਤੀ ਦੁਹਾਈ, ਸਭ ਨੂੰ ਦਿਤਾ ਸੁਣਾਈਆ । ਕੋਈ ਵੱਡਾ ਖ਼ਜ਼ਾਨਾ ਏਥੇ ਭਾਈ, ਲੱਭੇ ਚਾਈਂ ਚਾਈਂਆ । ਇਹ ਖ਼ਬਰ ਕਿਸੇ ਕਲਾਨੌਰ ਸੁਣਾਈ, ਹਕੂਮਤ ਕੰਨ ਪੁਚਾਈਆ । ਉਹ ਸਾਰੇ ਭੱਜੇ ਵਾਹੋ ਦਾਹੀ, ਅਹਿਲਕਾਰ ਇਕੱਠੇ ਹੋ ਕੇ ਆਈਆ । ਵਸਦੀ ਬਸਤੀ ਦਿਤੀ ਢਾਈ, ਖੁਰਾ ਖੋਜ ਮਿਟਾਈਆ । ਨੌ ਨੌ ਹੱਥ ਪੁੱਟ ਕੇ ਡੂੰਘੀ ਕੀਤੀ ਖ਼ੁਦਾਈ, ਖੋਦਿਆਂ ਹੱਥ ਕੁਛ ਨਾ ਆਈਆ । ਉਨੇ ਚਿਰ ਨੂੰ ਇਕ ਏਥੇ ਆ ਗਿਆ ਚਰਵਾਹੀ, ਜੋ ਭੇਡਾਂ ਬੱਕਰੀਆਂ ਚਾਰ ਕੇ ਝਟ ਲੰਘਾਈਆ । ਉਹ ਮਸਤ ਕਹੇ ਤੁਸੀਂ ਕਿਉਂ ਹੋਏ ਸ਼ੌਦਾਈ, ਸ਼ੌਦਾਈਆਂ ਵਾਲੀ ਕਾਰ ਕਮਾਈਆ । ਕਿਉਂ ਮੇਰੀ ਇਥੋਂ ਉਜਾੜ ਦਿਤੀ ਭਰਜਾਈ, ਜੋ ਪੰਜਾਂ ਸੱਤਾਂ ਬਾਲਾਂ ਦੀ ਮਾਂ ਅਖਵਾਈਆ । ਉਧਰੋਂ ਰੋਂਦਾ ਆ ਗਿਆ ਨਾਈ, ਨੀਰ ਨੈਣਾਂ ਵਿਚੋਂ ਵਹਾਈਆ । ਕਿੱਥੇ ਸੁੱਟੀ ਮੇਰੀ ਰਜਾਈ ਤਲਾਈ, ਪੂੰਜੀ ਹੱਥ ਕੋਇ ਨਾ ਆਈਆ । ਉਨੇ ਚਿਰ ਨੂੰ ਆ ਗਿਆ ਇਕ ਕਸਾਈ, ਛੁਰੀਆਂ ਬਗ਼ਲਾਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਬਣਾਈਆ । ਤੇਗ਼ ਬਹਾਦਰ ਕਹੇ ਇਕ ਹੋਰ ਦੇਵਾਂ ਸਲਾਹ, ਸਹਿਜ ਨਾਲ ਸੁਣਾਈਆ । ਜਿਹੜਾ ਮੇਰਾ ਬਣਿਆ ਗਵਾਹ, ਉਸ ਦਾ ਮਾਮਾ ਏਥੋਂ ਦਾ ਕਸਾਈਆ । ਜਿਸ ਨੇ ਸੂਰ ਦੀ ਕ਼ਸਮ ਖਾ, ਦਿਤੀ ਇਕ ਸਫ਼ਾਈਆ । ਮੈਂ ਹੱਸ ਕੇ ਕਿਹਾ ਵਾਹ ਵਾਹ, ਕਲਮੇ ਵਾਲਿਓ ਆਪਣੀ ਜੜ੍ਹ ਲਈ ਪੁਟਾਈਆ । ਮੇਰਾ ਮਾਲਕ ਪਾਤਸ਼ਾਹ, ਸ਼ਹਿਨਸ਼ਾਹ ਦਾ ਸ਼ਾਹ ਆਪ ਹੋ ਜਾਈਆ । ਜਿਸ ਨੂੰ ਤੁਸੀਂ ਮੰਨੋਂ ਖ਼ੁਦਾ, ਉਹ ਤੁਹਾਡੀ ਖ਼ੁਦੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ ।

ਅਰਜਨ ਕਹੇ ਇਕ ਵੇਖੋ ਖੇਲ ਨਿਆਰੀ, ਨਿਆਂ ਵਿਚ ਸਮਝਾਈਆ । ਜਿਹੜੀ ਮੇਰੇ ਦਰ ਤੇ ਫਿਰੇ ਬਹਾਰੀ, ਉਸ ਦੇ ਨੌਂ ਤੀਲੇ ਏਥੋਂ ਦੀ ਕਾਹੀ ਨਜ਼ਰੀ ਆਈਆ । ਏਸ ਨੂੰ ਵੇਚਣ ਗਿਆ ਸੀ ਵੇਚਣ ਵਾਲਾ ਤੀਜੀ ਵਾਰੀ, ਗੱਠ ਸਿਰ ਉਤੇ ਟਿਕਾਈਆ । ਉਹ ਸਦਾ ਆਪਣੀ ਲੰਮੀ ਰੱਖਦਾ ਸੀ ਢਾਈ ਉਂਗਲਾਂ ਦਾੜ੍ਹੀ, ਅੱਗੇ ਵਾਲ ਨਾ ਕੋਇ ਵਧਾਈਆ । ਸਦਾ ਭੰਗ ਪੀਂਦਾ ਸੀ ਗਾੜ੍ਹੀ, ਪੋਸਤੀ ਕਹਿਣ ਲੋਕ ਸ਼ੌਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਆਪਣਾ ਖੇਲ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਰਾਹ ਵਿਚ ਬੈਠੇ ਦੇਵੇ ਤਾਰ, ਤੁਰਤ ਹੋਏ ਸਹਾਈਆ । ਲਹਿਣਾ ਦੇਣਾ ਸਰਬ ਵਿਚਾਰ, ਪੂਰਬ ਝੋਲੀ ਪਾਈਆ । ਜਿਸ ਦਾ ਭੇਵ ਨਾ ਪਾਇਣ ਗੁਰ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਉਹ ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਕਲਾ ਆਪ ਪਰਗਟਾਈਆ । ਸਭ ਦਾ ਕਰਜ਼ਾ ਦਏ ਉਤਾਰ, ਬਾਕੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਸਰਕਾਰ, ਅਦਾਲਤ ਵਿਚ ਅਦਲ ਆਪਣੇ ਹੱਥ ਰਖਾਈਆ ।

ਫ਼ਰੀਦ ਕਹੇ ਕਿਉਂ ਜਾਂਦਾ ਖ਼ਾਮੋਸ਼, ਲੁਕ ਲੁਕ ਪੰਧ ਮੁਕਾਈਆ । ਕੁਛ ਯਾਦ ਕਰ ਲਾ ਜਿਸ ਵੇਲੇ ਮੇਰੇ ਕੋਲੋਂ ਪੈਰਾਂ ਹੇਠਾਂ ਆ ਕੇ ਮਰਿਆ ਖ਼ਰਗੋਸ਼, ਬੱਚਾ ਢਾਈ ਦਿਨ ਦਾ ਨਜ਼ਰੀ ਆਈਆ । ਮੇਰੇ ਉਤੇ ਹੁਕਮ ਦਾ ਲੱਗਾ ਦੋਸ਼, ਦੋਸ਼ੀ ਦਿਤਾ ਬਣਾਈਆ । ਮੈਂ ਉਸ ਵੇਲੇ ਆਪਣੇ ਪੈਰ ਦਾ ਢਾਈ ਉਂਗਲਾਂ ਕੱਟ ਕੇ ਪੋਸ਼, ਤੇਰੀ ਭੇਟ ਕਰਾਈਆ । ਬਿਨਾ ਤੇਰੀ ਕਿਰਪਾ ਰਹੇ ਨਾ ਕੋਈ ਨਿਰਦੋਸ਼, ਸਾਚੀ ਸੇਵ ਨਾ ਕੋਇ ਕਮਾਈਆ । ਪ੍ਰਭੂ ਤੂੰ ਝਟ ਕੰਨ ਫੜ ਕੇ ਹਲੂਣਿਆ ਮੈਨੂੰ ਆਈ ਹੋਸ਼, ਹਵਸ ਦਿਤੀ ਗਵਾਈਆ । ਕੱਢ ਕੇ ਅਗੰਮਾ ਕੋਸ਼, ਭੇਵ ਦਿਤਾ ਖੁਲ੍ਹਾਈਆ । ਕਰ ਕੇ ਮਦਹੋਸ਼, ਮਧੁਰ ਧੁਨ ਦਿਤੀ ਸੁਣਾਈਆ । ਮੇਰੇ ਅੰਦਰ ਆਈ ਸੋਚ, ਸਮਝ ਲਈ ਬਦਲਾਈਆ । ਜਿਸ ਨੂੰ ਯਾਦ ਕਰਾਂ ਰੋਜ਼, ਰੋਜ਼ੇ ਬਾਂਗਾਂ ਵਿਚ ਸ਼ੌਦਾਈਆ । ਕੀ ਇਹ ਉਸੇ ਦਾ ਚੋਜ, ਜੋ ਆਪਣੀ ਖੇਲ ਵਖਾਈਆ । ਫ਼ਰੀਦ ਕਹੇ ਉਸ ਦਿਨ ਮੈਨੂੰ ਲੱਗਾ ਇਕ ਰੋਗ, ਦੁੱਖ ਅੰਦਰੇ ਅੰਦਰ ਬਣਾਈਆ । ਜਿੰਨਾਂ ਚਿਰ ਪ੍ਰਭੂ ਨਾ ਦੇਵੇ ਮੌਜ, ਆਪਣਾ ਰੰਗ ਰੰਗਾਈਆ । ਸਾਚੀ ਸੇਜ ਨਾ ਸਵੇਂ ਖ਼ੌਂਤ, ਆਪਣੇ ਅੰਗ ਲਗਾਈਆ । ਏਸ ਜੀਵਣ ਨਾਲੋਂ ਚੰਗੀ ਮੌਤ, ਕਿਵੇਂ ਝੱਲਾਂ ਜੁਦਾਈਆ । ਮੈਂ ਚਾਰ ਲਕੀਰ ਦਾ ਬਣਾਇਆ ਇਕ ਚੌਕ, ਚਾਰੋਂ ਕੁੰਟ ਧਿਆਨ ਰਖਾਈਆ । ਉਨੇ ਚਿਰ ਨੂੰ ਨੇੜਿਉਂ ਕੁੱਤਾ ਪਿਆ ਭੌਂਕ, ਆਵਾਜ਼ ਦਿਤੀ ਲਗਾਈਆ । ਮੈਂ ਹੱਸ ਕੇ ਕਿਹਾ ਸਭ ਕੁਛ ਉਸੇ ਨੂੰ ਦਿਤਾ ਸੌਂਪ, ਉਸੇ ਦੀ ਝੋਲੀ ਪਾਈਆ । ਜਿਸ ਦੀ ਜੁਗ ਚੌਕੜੀ ਰੌਸ, ਰਸਤੇ ਰਸਤਿਆਂ ਵਿਚੋਂ ਬਦਲਾਈਆ । ਮੁਹੱਬਤ ਵਿਚ ਕਦੇ ਨਾ ਕਰੇ ਅਦੌਤ, ਝਗੜਾ ਨਾ ਕੋਇ ਰਖਾਈਆ । ਉਹ ਮਿਲ ਜਾਏ ਤੇ ਇਕੋ ਬਹੁਤ, ਭਜਨ ਬੰਦਗੀ ਦੀ ਲੋੜ ਰਹੇ ਨਾ ਰਾਈਆ । ਅਸੀਂ ਆਲ੍ਹਣਿਉਂ ਡਿੱਗੇ ਬੋਟ, ਫੜ ਨਾ ਕੋਇ ਉਠਾਈਆ । ਸਚ ਨਾ ਲੱਗੇ ਚੋਟ, ਸੋਈ ਸੁਰਤ ਜਗਾਈਆ । ਮਿਲੇ ਨਾ ਸਾਚੀ ਗੋਤ, ਵਰਨ ਬਰਨ ਨਾ ਡੇਰਾ ਢਾਹੀਆ । ਫ਼ਰੀਦ ਕਹੇ ਬਿਨ ਤੇਰੀ ਕਿਰਪਾ ਹੋਵੇ ਨਾ ਕੋਇ ਨਿਰਦੋਸ਼, ਦੋਸ਼ੀਆਂ ਮਿਲੇ ਸਜ਼ਾਈਆ । ਫ਼ਰੀਦ ਕਹੇ ਕਿਉਂ ਜਾਵੇਂ ਛੁੱਪ ਛੁੱਪ, ਛੁੱਪਣ ਵਾਲਿਆ ਦੇ ਸਮਝਾਈਆ । ਹੁਣ ਕਿਹੜਾ ਅੰਧੇਰਾ

ਘੁਪ, ਪੌਣੇ ਤਿੰਨ ਦਾ ਵਕਤ ਰਿਹਾ ਵਖਾਈਆ । ਐਂਵੇ ਭੱਜਾਂ ਜਾਵੇਂ ਟੁੱਪ ਟੁੱਪ, ਨੀਵੀਂ ਅੱਖਾਂ ਧਿਆਨ ਲਗਾਈਆ । ਉਨ੍ਹਾਂ ਕੋਲੋਂ ਪੁਛ, ਜਿਹੜੇ ਤੇਰਾ ਰਾਹ ਤਕਾਈਆ । ਬਾਲੂ ਰੇਤ ਵਿਚ ਤੜਫਦੇ ਕੜਕਦੀ ਜੇਠ ਦੀ ਧੁੱਪ, ਬਾਗ਼ ਬਗ਼ੀਚਾ ਸੋਭਾ ਕੋਇ ਨਾ ਪਾਈਆ । ਮੇਟ ਕੇ ਤ੍ਰਿਸ਼ਨਾ ਭੁੱਖ, ਤੇਰੀ ਓਟ ਤਕਾਈਆ । ਜ਼ਰਾ ਨੇੜੇ ਆ ਕੇ ਢੁਕ, ਅੱਗੇ ਕਦਮ ਉਠਾਈਆ । ਕੀ ਤੈਨੂੰ ਨਹੀਂ ਦੁਖੀਆਂ ਦਾ ਦੁੱਖ, ਇਹ ਵੀ ਦੇਣਾ ਸਮਝਾਈਆ । ਲਾਰਿਆਂ ਵਿਚ ਕਰੀਂ ਨਾ ਪੁੱਤ ਪੁੱਤ, ਪਿਤਾ ਬਣ ਕੇ ਆਪਣੀ ਗੋਦ ਲੈਣਾ ਟਿਕਾਈਆ । ਫ਼ਰੀਦ ਕਹੇ ਓ ਸੂਫ਼ੀਆ ਤੂੰ ਵੀ ਲਾਗੋਂ ਉਠ, ਆਪਣੀ ਲੈ ਅੰਗੜਾਈਆ । ਬੁਕਲ ਮਾਰ ਬਹੁ ਨਾ ਗੁੱਠ, ਸਿਰ ਗੋਡਿਆਂ ਵਿਚ ਦਬਾਈਆ । ਸਾਡੀ ਧਾਰ ਨਹੀਂ ਗਈ ਟੁੱਟ, ਕਿਸ ਕਾਰਣ ਬਣੇ ਪਾਂਧੀ ਰਾਹੀਆ । ਕੁਛ ਰਾਖ ਫੜ ਜਿਹੜੀ ਰੱਖੀ ਵਿਚ ਮੁੱਠ, ਉਂਗਲੀਆਂ ਵਿਚ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਫ਼ਰੀਦ ਕਹੇ ਪ੍ਰਭੂ ਛੱਡ ਦੇ ਆਪਣੀ ਵਾਦੀ, ਵਾਅਦਾ ਕਰ ਨਾ ਦੇਣਾ ਭੁਲਾਈਆ । ਬੇਸ਼ਕ ਤੇਰੀ ਖੇਲ ਨਿਰਾਲੀ ਡਾਹਢੀ, ਡਾਹਢਾ ਹੋ ਕੇ ਜਗਤ ਸਤਾਈਆ । ਅਸੀਂ ਹੁਣ ਨਹੀਂ ਸੁਣਨੀ ਤੇਰੀ ਢੱਡਾਂ ਵਾਲੀ ਰਾਗੀ, ਢੋਲਕ ਵਾਲੀ ਸ਼ਨਵਾਈਆ । ਸਾਡੀ ਅੰਦਰੋਂ ਸੁਰਤੀ ਜਾਗੀ, ਸੁੱਤੇ ਲਏ ਉਠਾਈਆ । ਫ਼ਰੀਦ ਕਹੇ ਇਹ ਸਾਰੇ ਵੱਡੇ ਭਾਗੀ, ਭਾਗਾਂ ਵਾਲੇ ਨਜ਼ਰੀ ਆਈਆ । ਜਿਨ੍ਹਾਂ ਦੀ ਭਗਤਾਂ ਵਿਚ ਆਬਾਦੀ, ਦੂਜੇ ਘਰ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਫ਼ਰੀਦ ਕਹੇ ਤਿੰਨ ਕਦਮ ਉਤੇ ਵੇਖ ਮੇਰਾ ਝੰਡਾ, ਝੰਡੀ ਸਭ ਨੂੰ ਰਿਹਾ ਹਿਲਾਈਆ । ਸਿਗਨਲ ਦੇਵੇ ਨਾਲ ਡੰਡਾ, ਡੰਡਾਵਤ ਰਿਹਾ ਬਦਲਾਈਆ । ਜਿਸ ਕਾਰਨ ਫ਼ਰੀਦ ਕਹੇ ਮੈਂ ਆਇਆ ਰਾਵੀ ਕੰਢਾ, ਆਪਣਾ ਫੇਰਾ ਪਾਈਆ । ਇਹ ਕੌਲ ਇਕਰਾਰ ਪ੍ਰਭੂ ਸੰਦਾ, ਜਿਸ ਦੀ ਸਨਦ ਨਾ ਕਿਸੇ ਵਖਾਈਆ । ਚਰਨ ਚੁੰਮਣ ਸੁਰਸਤੀ ਜਮਨਾ ਗੋਦਾਵਰੀ ਗੰਗਾ, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਫ਼ਰੀਦ ਕਹੇ ਮੇਰੇ ਏਥੇ ਪੁਰਾਣੇ ਡੱਬੇ, ਟੁੱਟੇ ਫੁੱਟੇ ਦਿਤੇ ਸੁਟਾਈਆ । ਡੂੰਘੀ ਖਾਈ ਵਿਚ ਦੱਬੇ, ਫੇਰ ਬਾਹਰ ਨਾ ਕੋਇ ਕਢਾਈਆ । ਤਿੰਨ ਕਾਲੇ ਤੇ ਤਿੰਨ ਬੱਗੇ, ਤਿੰਨ ਰੰਗ ਬਰੰਗ ਜਣਾਈਆ । ਕੁਛ ਪਾਟੇ ਚੀਥੜ ਲਾਹੇ ਝੱਗੇ, ਉਹ ਵੀ ਦਿਤੇ ਸੁਟਾਈਆ । ਉਧਰੋਂ ਆ ਗਏ ਚਾਰ ਗਧੇ, ਆਪਣਾ ਫੇਰਾ ਪਾਈਆ । ਮਗਰ ਘੁਮਿਆਰ ਪੈਰੀਂ ਦੱਬੇ, ਭੱਜਿਆ ਚਾਈਂ ਚਾਈਂਆ । ਏਥੇ ਆ ਕੇ ਖਲੋ ਗਏ ਸੱਭੇ, ਅੱਗੇ ਕਦਮ ਨਾ ਕੋਇ ਉਠਾਈਆ । ਕਹਿਣ ਫ਼ਰੀਦਾ ਤੈਨੂੰ ਕਿਥੋਂ ਖ਼ੁਦਾ ਲੱਭੇ, ਸਾਨੂੰ ਦੇ ਸਮਝਾਈਆ । ਫ਼ਰੀਦ ਕਿਹਾ ਸਬਰ ਕਰੋ ਅਜੇ, ਤੁਹਾਡਾ ਲੇਖਾ ਦਿਆਂ ਸਮਝਾਈਆ । ਜਿਸ ਵੇਲੇ ਇਕੋ ਜੋਤ ਜਗੇ, ਦੂਜਾ ਨਜ਼ਰ ਕੋਇ ਨਾ ਆਈਆ । ਖੇਲ ਕਰੇ ਸੂਰਾ ਸਰਬਗੇ, ਆਪਣਾ ਵੇਸ ਵਟਾਈਆ । ਤੁਹਾਡਾ ਲੇਖਾ ਮੇਟੇ ਸਭੇ, ਸਭਨਾ ਮਾਨਸ ਰੂਪ ਵਟਾਈਆ । ਸਚ ਪ੍ਰੇਮ ਦੇ ਦੇਵੇ ਮਜ਼ੇ, ਮਜ਼ਾ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਫ਼ਰੀਦ ਕਹੇ ਪ੍ਰਭੂ ਥੋੜੀ ਦੂਰ ਅੱਗੇ ਇਕ ਛੱਪੜੀ, ਕੰਢੀ ਦਾ ਕੰਢਾ ਨਜ਼ਰੀ ਆਈਆ । ਉਥੇ ਮੇਰੀ ਵਿਛਣੀ ਤਪੜੀ, ਆਸਣ ਲੈਣਾ ਜਮਾਈਆ । ਇਹ ਮੈਂ ਲਿਆਂਦੀ ਸੀ ਕੋਲੋਂ ਸ਼ੱਤਰੀ, ਟਕੇ ਨੌਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਵਸਾਈਆ । ਤਪੜੀ ਕਹੇ ਮੈਂ ਹੁਣ ਨਹੀਂ ਰਿਹਾ ਤੱਪੜ, ਤਪਦੀ ਦਿਤਾ ਠਰਾਈਆ । ਸਚ ਸਵਾਮੀ

ਗਿਆ ਅੱਪੜ, ਆਪਣਾ ਪੰਧ ਮੁਕਾਈਆ । ਵਰੋਲਾ ਰਿਹਾ ਕੋਈ ਨਾ ਝੱਖੜ, ਆਂਧੀ ਸਕੇ ਨਾ ਕੋਇ ਉਡਾਈਆ । ਜਿਸ ਦਾ ਇਕੋ ਸੋਹਣਾ ਅੱਖਰ, ਭਗਤਾਂ ਕਰੇ ਪੜ੍ਹਾਈਆ । ਕੂੜ ਹਟਾ ਕੇ ਪੱਥਰ, ਸਚ ਕਰੇ ਸਫ਼ਾਈਆ । ਨੇਤਰ ਵਰੋਲ ਕੇ ਅੱਥਰ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਤਪੜੀ ਕਹੇ ਮੇਰੀ ਲੰਬਾਈ ਸਾਢੇ ਤਿੰਨ ਹੱਥ, ਫ਼ਰੀਦ ਮੋਢਿਆਂ ਉਤੇ ਟਿਕਾਈਆ । ਦਿਨੇ ਬਹਵੇ ਤੇ ਰਾਤ ਨੂੰ ਦੇਵੇ ਠੱਪ, ਆਪਣੇ ਗੋਡੇ ਕੋਲ ਰਖਾਈਆ । ਫੇਰ ਮੇਰੇ ਉਤੇ ਰੱਖ ਕੇ ਹੱਥ, ਤਲੀਆਂ ਨਾਲ ਦਬਾਈਆ । ਇਕ ਦਿਨ ਮੈਂ ਹੋ ਕੇ ਬੇਵਸ, ਬੋਲੀ ਦਿਤੀ ਲਗਾਈਆ । ਮੈਥੋਂ ਦੂਰ ਹੋ ਕੇ ਵਸ, ਕਿਉਂ ਐਵੇਂ ਰਿਹਾ ਸਤਾਈਆ । ਫ਼ਰੀਦ ਕਿਹਾ ਕਮਲੀਏ ਤੂੰ ਵੀ ਰਾਮ ਜਪ, ਜੋ ਸਭ ਦਾ ਇਕ ਗੋਸਾਈਆਂ । ਫੇਰ ਉਤੋਂ ਮੇਰੇ ਕੱਢ ਕੇ ਵੱਟ, ਸਹਿਜ ਨਾਲ ਹੱਥ ਦਿਤਾ ਫਿਰਾਈਆ । ਮੇਰੇ ਉਤਲੇ ਰੋਮ ਕੱਟ, ਸਾਫ਼ ਸੁਥਰੀ ਦਿਤਾ ਕਰਾਈਆ । ਮੇਰੇ ਅੰਦਰ ਖ਼ਾਹਸ਼ ਹੋਈ ਝਟ, ਆਸਾ ਲਈ ਬਦਲਾਈਆ । ਬਿਰਹੋਂ ਦਾ ਵੱਜਾ ਫੱਟ, ਅਗਨੀ ਤਤ ਗਵਾਈਆ । ਮੈਂ ਰੋ ਕੇ ਕਿਹਾ ਫ਼ਰੀਦਾ ਮੈਨੂੰ ਕੁਝ ਦੱਸ, ਸਤਿ ਸਚ ਸਮਝਾਈਆ । ਤਪੜੀ ਕਹੇ ਜਿਸ ਵੇਲੇ ਉਸ ਮੈਨੂੰ ਵੇਖਿਆ ਆਪਣੀ ਨਾਲ ਅੱਖ, ਅੱਖ ਅੱਖ ਨਾਲ ਮਿਲਾਈਆ । ਮੈਂ ਕੱਖੋਂ ਹੋ ਗਈ ਲੱਖ, ਮੇਰੀ ਕੀਮਤ ਕੋਇ ਨਾ ਪਾਈਆ । ਮੈਂ ਬਾਹੋਂ ਫੜ ਲਿਆ ਝਟ, ਫ਼ਰੀਦ ਦਾ ਹੱਥ ਆਪਣੇ ਸੀਨੇ ਉਤੇ ਟਿਕਾਈਆ । ਉਸ ਨੇ ਕਿਹਾ ਤੂੰ ਸੋਹੰ ਢੋਲਾ ਰਟ, ਇਹ ਭਗਤਾਂ ਦੀ ਬਾਣੀ ਧੁਰ ਦੀ ਚਲੀ ਆਈਆ । ਜਿਸ ਵੇਲੇ ਆਵੇ ਸਾਹਿਬ ਸੁਲਤਾਨਾ ਬਣ ਕੇ ਜੱਟ, ਸਿੱਧਾ ਸਾਦਾ ਭੇਖ ਬਣਾਈਆ । ਸਭ ਦਾ ਲਹਿਣਾ ਦੇਵੇ ਠੱਪ, ਅੱਗੇ ਚਲੇ ਨਾ ਕੋਇ ਚਤੁਰਾਈਆ ।


੧੧੭੧
੨੦

ਤਪੜੀ ਕਿਹਾ ਕੀ ਇਹ ਪੱਕ, ਏਸੇ ਤਰ੍ਹਾ ਖੇਲ ਖਿਲਾਈਆ । ਫ਼ਰੀਦ ਕਿਹਾ ਜੋ ਕਿਹਾ ਸੋ ਸਚ, ਸਤਿ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਤਪੜੀ ਕਹੇ ਮੇਰਾ ਤਾਣਾ ਪੇਟਾ, ਦੋਹਰੀ ਧਾਰ ਨਜ਼ਰੀ ਆਈਆ । ਫ਼ਰੀਦਾ ਹੁਣ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਕੋਲ ਠੇਕਾ, ਦੁਨੀਆ ਹਿੱਸਿਆਂ ਵਿਚ ਵੰਡਾਈਆ । ਫੇਰ ਕਿਹੜਾ ਬਣੇ ਨੇਤਾ, ਜੋ ਹੁਕਮ ਸਚ ਪਰਗਟਾਈਆ । ਫ਼ਰੀਦ ਕਹੇ ਮੈਨੂੰ ਆ ਗਿਆ ਚੇਤਾ, ਚੇਤਾਵਨੀ ਦਿਆਂ ਸੁਣਾਈਆ । ਜਿਸ ਗੋਬਿੰਦ ਨੇ ਅੱਜੇ ਆ ਕੇ ਬਾਲ ਚਾੜ੍ਹਨੇ ਭੇਟਾ, ਸੂਲਾਂ ਸਥਰ ਸੇਜ ਹੰਢਾਈਆ । ਉਸ ਨੇ ਪੁਰਖ ਅਕਾਲ ਦਾ ਫੇਰ ਬਣਨਾ ਬੇਟਾ, ਜੋਤੀ ਧਾਰ ਸ਼ਬਦ ਰੂਪ ਬਦਲਾਈਆ । ਉਹ ਸਭ ਦਾ ਰੱਖੇ ਚੇਤਾ, ਭੁੱਲ ਵਿਚ ਭੁੱਲ ਨਾ ਕੋਇ ਰਖਾਈਆ । ਜੋਤੀ ਜਾਮਾ ਧਰੇ ਵੇਸਾ, ਵੇਖੇ ਥਾਉਂ ਥਾਈਂਆ । ਤਪੜੀ ਕਿਹਾ ਕੀ ਮੇਰਾ ਵੀ ਹੋਵੇ ਵਿਚ ਹਿੱਸਾ, ਪੜਦਾ ਦੇਣਾ ਉਠਾਈਆ । ਫ਼ਰੀਦ ਕਿਹਾ ਉਹ ਸਭ ਦਾ ਸਾਂਝਾ ਪਿਤਾ, ਲੇਖਾ ਸਭ ਦਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਫ਼ਰੀਦ ਕਹੇ ਪ੍ਰਭੂ ਮੈਂ ਬੂਟਾ ਲਾਇਆ ਇਕ ਖਜੂਰ, ਆਪਣੀ ਹੱਥੀਂ ਸੇਵ ਕਮਾਈਆ । ਏਥੋਂ ਪੁੱਠੇ ਕਦਮ ਤੇਰਾਂ ਦੂਰ, ਨਿਸ਼ਾਨੀ ਉਚੀ ਜਗਹ ਨਜ਼ਰੀ ਆਈਆ । ਉਸ ਨਾਲ ਮੈਂ ਕੌਲ ਕੀਤਾ ਜ਼ਰੂਰ, ਇਕਰਾਰ ਇਕ ਬਣਾਈਆ । ਨਿਗਾਹ ਮਾਰ ਕੇ ਵੇਖਿਆ ਦੂਰ, ਦੂਰ ਦੁਰਾਡਾ ਤੇਰਾ ਨੂਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਖਜੂਰ ਦਾ ਬੂਟਾ ਕਹੇ ਮੇਰੇ ਫਲ ਨੂੰ ਕਹਿੰਦੇ ਖੱਜੀ, ਖਾ ਖਾ ਖ਼ੁਸ਼ੀ ਬਣਾਈਆ । ਪ੍ਰਭੂ ਕਿਸ ਬਿਧ ਆਵੇਂ ਕੀ ਕਰੇਂ ਅੱਜ ਪੱਜੀ, ਭੇਵ ਦੇਣਾ ਖੁਲ੍ਹਾਈਆ । ਤੇਰਾ ਨੂਰ ਇਲਾਹੀ

ਰੱਬੀ, ਆਲਮੀਨ ਤੇਰੀ ਵਡਿਆਈਆ । ਕਿਸ ਬਿਧ ਲਹਿਣਾ ਚੁਕਾਵੇਂ ਸਭੀ, ਸਭਨਾਂ ਹੋ ਸਹਾਈਆ । ਪੁਰਖ ਅਕਾਲ ਕਹੇ ਜਿਸ ਵੇਲੇ ਦੁਨੀਆ ਪਾਪਾਂ ਨਾਲ ਜਾਏ ਦੱਬੀ, ਸਿਰ ਸਕੇ ਨਾ ਕੋਇ ਉਠਾਈਆ । ਕਾਇਮ ਰਹੇ ਕੋਈ ਨਾ ਗੱਦੀ, ਗਦਾਗਰ ਹੋਵੇ ਲੋਕਾਈਆ । ਨਿਰਗੁਣ ਧਾਰ ਆਵੇ ਭੱਜੀ, ਭੱਜੇ ਵਾਹੋ ਦਾਹੀਆ । ਹੋਵੇ ਵੀਹਵੀਂ ਸਦੀ, ਸੱਦਾ ਦੇ ਸੁਣਾਈਆ । ਵੇਖੇ ਪੁਰਖ ਅਕਾਲ ਆਵੇ ਕਦੀ ਕਦੀ, ਕਦੀਮ ਦੇ ਵਿਛੜੇ ਜੋੜ ਜੁੜਾਈਆ । ਝਗੜਾ ਰਹੇ ਨਾ ਸੁਦੀ ਵਦੀ, ਵਾਧਾ ਆਪਣੇ ਨਾਲ ਪਵਾਈਆ । ਲੇਖੇ ਲਾਵੇ ਮੱਛੀ ਡੱਡੀ, ਡੰਡੌਤ ਇਕੋ ਇਕ ਸਿਖਾਈਆ । ਜਿਸ ਬਾਲਮੀਕ ਦੀ ਫੱਟੜ ਕੀਤੀ ਅੱਡੀ, ਤਿੱਖੀ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਫ਼ਰੀਦ ਕਹੇ ਔਹ ਵੇਖ ਮੰਦਰ ਵਾਲਾ ਬਗ਼ੀਚਾ, ਘਨਾ ਨਜ਼ਰੀ ਆਈਆ । ਜਿਸ ਵਿਚ ਖ਼ਾਲੀ ਦਿਸੇ ਪੀਪਾ, ਪੀਪਾ ਭਗਤ ਦਏ ਗਵਾਹੀਆ । ਝਗੜਾ ਪਿਆ ਸੱਤਾਂ ਦੀਪਾਂ, ਦੀਪ ਜੋਤ ਨਾ ਕੋਇ ਰੁਸ਼ਨਾਈਆ । ਜਗਤ ਰਸ ਹੋਇਆ ਫੀਕਾ, ਅੰਮ੍ਰਿਤ ਜਾਮ ਨਾ ਕੋਇ ਪਿਲਾਈਆ । ਕੁਛ ਲੇਖਾ ਦੱਸਿਆ ਰਾਮ ਨੇ ਸੀਤਾ, ਸੀਤਾ ਤਾਈਂ ਸੁਣਾਈਆ । ਕੁਛ ਇਸ਼ਾਰਾ ਕ੍ਰਿਸ਼ਨ ਨੇ ਅਰਜਨ ਨੂੰ ਕੀਤਾ ਤੇਰ੍ਹਵਾਂ ਧਿਆਏ ਵਿਚ ਗੀਤਾ, ਗਿਆਨ ਨਾਲ ਜਣਾਈਆ । ਜੋ ਮਾਲਕ ਇਕ ਅਨਡੀਠਾ, ਲੇਖਾ ਸਭ ਦਾ ਫੋਲ ਫੁਲਾਈਆ । ਧੁਰਦਰਗਾਹੀ ਮੀਤਾ, ਪਤਿਪਰਮੇਸ਼ਵਰ ਆਪ ਹੋ ਜਾਈਆ । ਜਿਸ ਦੇ ਛਤਰ ਝੁੱਲੇ ਸੀਸਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਚੁਕਾਈਆ । ਫ਼ਰੀਦ ਕਹੇ ਪਿਛਲੀ ਸਾਰੀ ਵੇਖ ਲਾ ਫ਼ਰਦ, ਦੱਸਣ ਦੀ ਲੋੜ ਰਹੇ ਨਾ ਰਾਈਆ । ਕੂੜੀ ਕਿਰਿਆ ਮੇਟ ਦੇ ਦਰਦ, ਦੁਖੀਆਂ ਦੁੱਖ ਗਵਾਈਆ । ਤੇਰੀ ਮਿਹਰ ਸਦਾ ਅਸਚਰਜ, ਅਚਰਜ ਲੀਲਾ ਦੇਣੀ ਵਖਾਈਆ । ਜੋਧੇ ਸੂਰਬੀਰ ਮਰਦਾਨੇ ਮਰਦ, ਮਦਦ ਤੇਰੀ ਮੰਗ ਮੰਗਾਈਆ । ਇਕੋ ਵਾਰ ਕਰਾਂ ਅਰਜ਼, ਬੇਨੰਤੀ ਦਿਤੀ ਸੁਣਾਈਆ । ਸਾਹਿਬ ਤੇਰਾ ਕੁਛ ਨਾ ਹੋਵੇ ਹਰਜ, ਹਰਜਾਨੇ ਸਭ ਦੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਅਭੇਦਾ ਆਪ ਜਣਾਈਆ ।

ਫ਼ਰੀਦ ਕਹੇ ਪ੍ਰਭ ਅੱਗੇ ਜਾ ਉਠ, ਪਿਛਲੇ ਸਾਥੀ ਰਾਹ ਤਕਾਈਆ । ਜਨ ਭਗਤਾਂ ਰੇਤੇ ਦੀ ਭਰਨੀ ਇਕ ਇਕ ਮੁੱਠ, ਘੁੱਟ ਕੇ ਲੈਣੀ ਦਬਾਈਆ । ਅੱਗੇ ਜਾਣਾ ਚੁਪ, ਰਸਨਾ ਬੋਲ ਨਾ ਕੋਇ ਸੁਣਾਈਆ । ਉਸ ਤੋਂ ਲੈਣਾ ਪੁਛ, ਜੋ ਨੇਤਰ ਨੈਣਾਂ ਨੀਰ ਵਹਾਈਆ । ਵਿਛੋੜੇ ਵਿਚ ਗਿਆ ਸੁੱਕ, ਹੱਡ ਮਾਸ ਨਾੜੀ ਲਿਆ ਜਲਾਈਆ । ਮੁਹੱਬਤ ਵਿਚ ਮੇਟ ਦੁੱਖ, ਦੁਖੀਆਂ ਦਰਦ ਮਿਟਾਈਆ । ਬਿਨ ਤੇਰੀ ਕਿਰਪਾ ਮਿਲੇ ਕੋਈ ਨਾ ਸੁਖ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਰੇਤ ਕਹੇ ਮੇਰੀ ਮੁੱਠੀ ਲੈਣੀ ਭਰ, ਖ਼ਾਲੀ ਰਹਿਣ ਕੋਇ ਨਾ ਪਾਈਆ । ਪਿਛਲਾ ਪੂਰਾ ਹੋਵੇ ਵਰ, ਜੋ ਰਾਮ ਸੀਤਾ ਗਿਆ ਸਮਝਾਈਆ । ਉਸ ਦਾ ਲੰਘਣਾ ਦਰ, ਜੋ ਦਰਵਾਜ਼ਾ ਰਿਹਾ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਰਿਹਾ ਪੜ੍ਹ, ਸੋਹਣਾ ਰਾਗ ਅਲਾਈਆ । ਇਹ ਰਾਵੀ ਦਾ

ਪਾਰ ਕਿਨਾਰਾ, ਪਿਛਲਾ ਵਹਿਣ ਸੋਭਾ ਪਾਈਆ । ਅਗਲਾ ਲੇਖਾ ਬਣਿਆ ਫੇਰ ਦੋਬਾਰਾ, ਪਿਛਲਾ ਨਿਸ਼ਾਨ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਇਹ ਰੇਤ ਦੀ ਮੁੱਠੀ ਪੁਰਾਣੀ, ਪੁਰਾਨ ਸਕੇ ਨਾ ਕੋਇ ਸਮਝਾਈਆ । ਜਿਸ ਵੇਲੇ ਗੁਰ ਅਰਜਨ ਲਿਖਣ ਲੱਗਾ ਸੀ ਬਾਣੀ, ਪ੍ਰਭ ਚਰਨ ਧਿਆਨ ਲਗਾਈਆ । ਉਸ ਵੇਲੇ ਝਲਕ ਹੋਈ ਨੂਰਾਨੀ, ਨੂਰ ਜੋਤ ਰੁਸ਼ਨਾਈਆ । ਖੇਲ ਵੇਖਿਆ ਅਸਮਾਨੀ, ਵੱਜੀ ਸਚ ਵਧਾਈਆ । ਵਹਿਣ ਵੇਖਿਆ ਪਾਣੀ, ਅੰਮ੍ਰਿਤ ਧਾਰ ਪਰਗਟਾਈਆ । ਸੁਣਿਆ ਧੁਰ ਫ਼ਰਮਾਨੀ, ਸ੍ਰੀ ਭਗਵਾਨ ਦਿਤਾ ਸੁਣਾਈਆ । ਅਰਜਨ ਤੈਨੂੰ ਦੇਣੀ ਪਏ ਕੁਰਬਾਨੀ, ਕਰਮ ਕਾਂਡ ਨਾ ਕੋਇ ਵਖਾਈਆ । ਇਕ ਰੇਤ ਦੀ ਮੁੱਠੀ ਤੇਰੀ ਨਿਸ਼ਾਨੀ, ਜੋ ਨਿਸ਼ਾਨਾ ਤੈਨੂੰ ਲਏ ਬਣਾਈਆ । ਸਤਿਗੁਰ ਸਭ ਦਾ ਜਾਣ ਜਾਣੀ, ਭੇਵ ਅਭੇਦ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਲਾਹੀਆ । ਹੁਕਮੇ ਅੰਦਰ ਖੋਲ੍ਹਿਆ ਭੇਤ, ਪੁਰਖ ਅਕਾਲ ਗੁਰ ਅਰਜਨ ਦਿਤਾ ਸਮਝਾਈਆ । ਪਹਿਲੋਂ ਮੁੱਠੀ ਭਰ ਕੇ ਰੇਤ, ਆਪਣੇ ਉਤੇ ਲੈਣੀ ਸੁਟਾਈਆ । ਫਿਰ ਸੋਹਣੀ ਬਣਾ ਕੇ ਸੇਜ, ਆਸਣ ਲੈਣਾ ਜਮਾਈਆ । ਫਿਰ ਕਲਮ ਚਲੇ ਤੇਜ਼, ਭੱਜੇ ਵਾਹੋ ਦਾਹੀਆ । ਕੋਲ ਨੰਗੀ ਵਖਾ ਕੇ ਤੇਗ਼, ਪੜਦਾ ਦਿਤਾ ਚੁਕਾਈਆ । ਜਿਸ ਵੇਲੇ ਤੇਗ਼ ਬਹਾਦਰ ਦਿਤਾ ਭੇਜ, ਕਟਾਰ ਉਸੇ ਦੇ ਹਿੱਸੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਵਰਤਾਈਆ । ਰੇਤ ਕਹੇ ਮੈਂ ਪ੍ਰੇਮ ਵਿਚ ਰੱਤੀ, ਗੁਰਮੁਖੋ ਥੱਲੇ ਦਿਓ ਟਿਕਾਈਆ । ਮੇਰਾ ਸਾਂਝਾ ਹਿੱਸਾ ਤੇ ਸਾਂਝੀ ਪੱਤੀ, ਗੁਰ ਅਰਜਨ ਦਿਤੀ ਬਣਾਈਆ । ਜੇ ਮੈਂ ਸੀਸ ਦੇ ਵਿਚ ਨਾ ਪੈਂਦੀ ਤੱਤੀ, ਤੱਤਾਂ ਨੂੰ ਨਾ ਦੇਂਦੀ ਜਲਾਈਆ । ਮੈਨੂੰ ਫਿਰ ਕਿਸੇ ਨਹੀਂ ਸੀ ਕਹਿਣਾ ਸੱਚੀ, ਮੈਂ ਸੱਚੀ ਪ੍ਰਭ ਦੇ ਭਾਣੇ ਵਿਚ ਸਮਾਈਆ । ਰੇਤ ਕਹੇ ਉਸ ਵੇਲੇ ਸਾਰੇ ਮੀਟ ਗਏ ਅੱਖੀ, ਨੇਤਰ ਨੈਣਾਂ ਨੀਰ ਵਹਾਈਆ । ਮੈਂ ਬਣੀ ਰਹੀ ਪੱਕੀ, ਅਰਜਨ ਦੇ ਸੀਸ ਉਤੇ ਪੈ ਕੇ ਪੈਰਾਂ ਤਾਈਂ ਆਪਣੀ ਧਾਰ ਬਣਾਈਆ । ਇਹ ਨਜ਼ਾਰਾ ਮੇਰੇ ਬਿਨਾਂ ਹੋਰ ਕਿਸੇ ਵੇਖਿਆ ਨਹੀਂ ਅੱਖੀ, ਅਖ਼ੀਰ ਤੱਕ ਅਰਜਨ ਦਾ ਦਰਸ਼ਨ ਪਾਈਆ । ਅੰਤ ਵੇਲੇ ਮਾਰ ਕੇ ਜੱਫੀ, ਨਾਲ ਚਿੰਬੜ ਕੇ ਦਿਤੀ ਦੁਹਾਈਆ । ਸੋਹਣੀ ਸਤਿ ਸਰੂਪ ਨਾਲ ਫੱਬੀ, ਜ਼ਖ਼ਮਾਂ ਉਤੇ ਆਪਣਾ ਆਪ ਦਿਤਾ ਟਿਕਾਈਆ । ਮੈਨੂੰ ਨਜ਼ਾਰਾ ਆਇਆ ਨੂਰ ਰੱਬੀ, ਸਤਿ ਜੋਤ ਹੋਈ ਰੁਸ਼ਨਾਈਆ । ਮੈਂ ਫਿਰ ਅੱਗੇ ਹੋ ਕੇ ਭੱਜੀ, ਪੱਲੂ ਗਲ ਵਿਚ ਪਾਈਆ । ਕੁਛ ਮੈਨੂੰ ਭੇਤ ਦੱਸੀਂ, ਦਹਿ ਦਿਸ਼ਾ ਅੱਖ ਉਠਾਈਆ । ਗੁਰੂ ਅਰਜਨ ਕਿਹਾ ਓ ਰੇਤੇ ਜਿਸ ਵੇਲੇ ਪ੍ਰਭ ਨੂੰ ਭਗਤਾਂ ਨੇ ਬੱਧਾ ਨਾਲ ਰੱਸੀ, ਹੱਥਕੜੀ ਹੱਥਾਂ ਨੂੰ ਲਗਾਈਆ । ਓਸ ਵੇਲੇ ਓਸਨੇ ਸਾਰੀ ਤਾਰਨੀ ਡੱਡੀ ਮੱਛੀ, ਜੋ ਰਾਵੀ ਕੰਢੇ ਡੇਰਾ ਲਾਈਆ । ਜਿਹੜੀ ਕਹਾਣੀ ਰਾਮ ਨੇ ਕੀਤੀ ਪੰਚਬਟੀ, ਉਸ ਦਾ ਬਦਲਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਵਸਾਈਆ । ਰੇਤ ਕਹੇ ਏਥੇ ਸਾਰੀ ਵਸਦੀ ਬਸਤੀ, ਬਿਨਾਂ ਧੜ ਤੋਂ ਨਜ਼ਰੀ ਆਈਆ । ਜਿਥੇ ਆਵੇ ਪ੍ਰੀਤਮ ਅਰਸ਼ੀ, ਫ਼ਰਸ਼ ਸੋਭਾ ਪਾਈਆ । ਸਾਰਿਆਂ ਦੀ ਖ਼ੁਸ਼ੀਆਂ ਵਾਲੀ ਬਰਸੀ, ਸਾਚਾ ਸਗਨ ਮਨਾਈਆ । ਜਿਨ੍ਹਾਂ ਦਾ ਮਾਲਕ ਇਕੋ ਨਿਧਪਰਤੀ, ਨਰ ਨਰਾਇਣ ਵੱਡੀ ਵਡਿਆਈਆ । ਉਹ ਸਭ ਦੀ ਮੇਟਣ ਆਇਆ ਸਰਦੀ, ਦਰਦੀਆਂ ਦਰਦ ਗਵਾਈਆ । ਫੇਰ ਨਿਗਾਹ ਰਖਾਏ ਦਿਸ਼ਾ ਚੜ੍ਹਦੀ, ਆਪਣੀ ਅੱਖ ਉਠਾਈਆ । ਦੁਨੀਆ ਦੀ ਬਾਜ਼ੀ ਲੱਗੇ ਸੀਸ ਧੜ ਦੀ, ਧੜਿਆਂ ਵਿਚ ਦੁਹਾਈਆ । ਗੁਰਮੁਖ ਆਸਾ ਰਹੇ ਨਾ ਸੜਦੀ, ਅਗਨੀ ਅੱਗ


੧੧੭੩ ੨੦

ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਇਕ ਵਖਾਈਆ । ਐਥੇ ਹਾਰ ਸ਼ੰਗਾਰ ਕੀਤਾ ਸੀ ਸੁੰਦਰੀ, ਸੋਹਣਾ ਰੂਪ ਬਣਾਈਆ । ਜ਼ਬਾਨੋਂ ਹੋ ਕੇ ਗੁੰਗਲੀ, ਅੱਖ ਇਸ਼ਾਰੇ ਨਾਲ ਸਮਝਾਈਆ । ਮੈਂ ਕਿਥੇ ਲੱਭਾਂ ਜੰਗਲੀਂ, ਜੂਹਾਂ ਖੋਜ ਖੁਜਾਈਆ । ਜੇ ਅਰਜ਼ੋਈ ਮੇਰੀ ਮੰਨ ਲਈ, ਮਨਸਾ ਪੂਰ ਕਰਾਈਆ । ਮੈਂ ਜੀਵਾਂ ਤੇ ਜੀਵਾਂ ਉਸੇ ਚੰਨ ਲਈ, ਜੋ ਦੋ ਜਹਾਨਾਂ ਕਰੇ ਰੁਸ਼ਨਾਈਆ । ਕੁਛ ਵਸਤ ਲੈ ਕੇ ਆਵੇ ਮੇਰੇ ਕੰਨ ਲਈ, ਸਹਿਜੇ ਦਏ ਫੜਾਈਆ । ਮੈਂ ਆਸ ਨਹੀਂ ਰੱਖਦੀ ਕੋਈ ਧਨ ਲਈ, ਧਰਮ ਦਾ ਰਾਹ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਸੁੰਦਰੀ ਕਹੇ ਮੈਂ ਜੋਬਨਵੰਤੀ, ਵਤਨ ਆਪਣਾ ਆਈ ਤਜਾਈਆ । ਇਕੋ ਦਰ ਦੀ ਬਣ ਕੇ ਮੰਗਤੀ, ਝੋਲੀ ਰਹੀ ਵਖਾਈਆ । ਪਿਛੇ ਚਾਰ ਜੁਗ ਰਹੀ ਸੰਗਦੀ, ਨੇਤਰ ਅੱਖ ਸ਼ਰਮਾਈਆ । ਜਿਸ ਵੇਲੇ ਭਗਤਾਂ ਧਾਰ ਵੇਖੀ ਚੋਲੀ ਰੰਗਦੀ, ਮਿਲ ਕੇ ਰੰਗਲੇ ਮਾਹੀਆ । ਮੇਰੇ ਅੰਦਰ ਖ਼ੁਸ਼ੀ ਆਈ ਅਨੰਦ ਦੀ, ਅਨੰਦ ਵਿਚ ਸੁਣਾਈਆ । ਪਿਛਲੀ ਪਿੱਛੇ ਹੰਢ ਗਈ, ਹੁੰਦੀ ਰਹੀ ਜੁਦਾਈਆ । ਹੁਣ ਪਰਗਟ ਹੋਇਆ ਪ੍ਰੇਮ ਪ੍ਰੀਤੀ ਗੰਢ ਲਈ, ਗੰਢ ਆਪਣੇ ਨਾਲ ਰਖਾਈਆ । ਮੈਂ ਵੇਸ ਨਹੀਂ ਕੀਤਾ ਭੇਖ ਪਖੰਡ ਲਈ, ਕੰਤ ਇਕੋ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰੰਗਾਈਆ । ਸੁੰਦਰੀ ਕਹੇ ਓਅੰ ਹਰੀਅੰ ਲਰੀਅੰ ਸੁੰਦਰੀ ਯਨਮਹਿ ਬਾਲਾ, ਗੋਬਿੰਦ ਗਿਆ ਲਿਖਾਈਆ । ਓਅੰ ਸੋਹੰ ਪੁਰਖ ਅਕਾਲਾ, ਆਤਮ ਪਰਮਾਤਮ ਜੋੜ ਜੁੜਾਈਆ । ਨੂਰ ਜਵਾਲੀ ਸ਼ਬਦ ਰਖਵਾਲਾ, ਚਾਰੋਂ ਕੁੰਟ ਸਹਾਈਆ । ਸਚ ਮੁਹੱਬਤ ਧੁਰ ਦੀ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਸਾਚਾ ਮਾਰਗ ਇਕ ਸੁਖਾਲਾ, ਸਹਿਜੇ ਦੇਵਾਂ ਜਣਾਈਆ । ਗੁਰ ਅਰਜਨ ਪ੍ਰਭ ਤੇਰਾ ਦੇ ਕੇ ਗਿਆ ਅਹਿਵਾਲਾ, ਨਾਮ ਸੰਦੇਸ਼ੇ ਵਿਚ ਸੁਣਾਈਆ । ਕ੍ਰਿਸ਼ਨ ਦੱਸ ਕੇ ਗਿਆ ਗਵਾਲਾ, ਕਾਹਨ ਕਾਹਨਾ ਰਾਹ ਤਕਾਈਆ । ਰਾਮ ਨੇ ਰਾਮ ਦੱਸਿਆ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਅਸ਼ਟਭੁਜ ਇਸ਼ਾਰਾ ਕੀਤਾ ਜੋਤ ਜਵਾਲਾ, ਦੁਰਗਾ ਸਿੰਘ ਸਵਾਰ ਸਰਨਾਈਆ । ਕਰੇ ਖੇਲ ਪ੍ਰਭ ਨਿਰਾਲਾ, ਨਿਰਾਕਾਰ ਫੇਰਾ ਪਾਈਆ । ਜਿਥੇ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਹੀਂ ਕੋਈ ਗੁਰੂਦਵਾਰਾ, ਪਿੰਡ ਗਰਾਂ ਨਗਰ ਖੇੜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਵਰਤਾਈਆ । ਰਾਵੀ ਕਹੇ ਮੈਂ ਰੋਵਾਂ ਕਿ ਹੱਸਾਂ, ਸਖ਼ੀਓ ਮੈਨੂੰ ਦਿਓ ਸਮਝਾਈਆ । ਮੇਰੀਆਂ ਬਦਲ ਗਈਆਂ ਅੱਖਾਂ, ਅੱਖੀਆਂ ਵਾਲਿਓ ਅੱਖ ਰਹੀ ਨਾ ਰਾਈਆ । ਕਿਹੜੀ ਕੂਟੇ ਨੱਠਾਂ, ਭੱਜਾਂ ਵਾਹੋ ਦਾਹੀਆ । ਦੋਹੱਥੜ ਮਾਰ ਕੇ ਉਪਰ ਪੱਟਾਂ, ਬਹੁੜੀ ਬਹੁੜੀ ਸੁਣਾਈਆ । ਸਿਰ ਓਸ ਦੇ ਚਰਨਾਂ ਸੱਟਾਂ, ਜੋ ਸੁੱਤਿਆਂ ਰਿਹਾ ਉਠਾਈਆ । ਜੋ ਲੰਘ ਕੇ ਆਇਆ ਵਿੰਗੀਆਂ ਟੇਢੀਆਂ ਵੱਟਾਂ, ਪੰਧ ਮਜ਼੍ਹਬਾਂ ਵਾਲਾ ਮੁਕਾਈਆ । ਆਪਣੀ ਕਥਾ ਕਹਾਣੀ ਓਸ ਨੂੰ ਦੱਸਾਂ, ਅਨਸੁਣਤ ਦਿਆਂ ਸੁਣਾਈਆ । ਜੇ ਤੂੰ ਸਾਹਿਬ ਸਤਿਗੁਰ ਸੱਚਾ, ਸਚ ਦੇ ਸਰਨਾਈਆ । ਜਨ ਭਗਤ ਤੇਰਾ ਬੱਚਾ, ਗੁਰਮੁਖਾਂ ਲੈ ਤਰਾਈਆ । ਰਾਵੀ ਕਹੇ ਜਨ ਭਗਤੋ ਮੇਰਾ ਕਿਨਾਰਾ ਕੱਚਾ, ਢਾਹ ਢਾਹ ਆਪਣਾ ਰੁਖ਼ ਲਏ ਬਦਲਾਈਆ । ਮੇਰੇ ਪ੍ਰਭ ਦਾ ਸੁਣ ਲਓ ਪਤਾ, ਜੋ ਪਤਣ ਆਇਆਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚੜ੍ਹਾਈਆ । ਰਾਵੀ ਕਹੇ ਨਾ ਹੱਸਣਾ ਨਾ ਰੋਣਾ, ਨੈਣਾਂ ਨੀਰ ਨਾ ਕੋਇ ਵਹਾਈਆ । ਨਾ ਜਾਗਣਾ ਨਾ ਸੌਣਾ, ਗ਼ਫ਼ਲਤ ਵਿਚ ਨਾ ਵਕਤ ਗਵਾਈਆ । ਇਕੋ


੧੧੭੪
੨੦

ਪ੍ਰਭ ਦਾ ਦਰਸ਼ਨ ਪਾਉਣਾ, ਦੂਜੀ ਆਸ ਨਾ ਕੋਇ ਤਕਾਈਆ । ਜਿਸ ਨੇ ਮੁਰਦਿਆਂ ਫੇਰ ਜਵਾਉਣਾ, ਜੀਵਣ ਜੋਤ ਕਰੇ ਰੁਸ਼ਨਾਈਆ । ਦਰ ਓਸੇ ਸੀਸ ਨਿਵਾਉਣਾ, ਜਿਥੇ ਮਿਲੇ ਸੱਚੀ ਸਰਨਾਈਆ । ਅਗਲਾ ਖੇਲ ਕੀ ਵਰਤਾਉਣਾ, ਹੁਕਮ ਦੇਵੇ ਧੁਰਦਰਗਾਹੀਆ । ਰਾਵੀ ਤੇਰਾ ਆਰ ਪਾਰ ਕੰਢਾ ਨੇਤਰ ਨੈਣਾਂ ਨੀਰ ਸਰਬ ਵਹਾਉਣਾ, ਸਤਿ ਵਿਚ ਨਾ ਕੋਇ ਸਮਾਈਆ । ਕਲਜੁਗ ਕੋਈ ਦੋ ਚਾਰ ਦਿਨ ਦਾ ਪਰਾਹੁਣਾ, ਪਾਰਬ੍ਰਹਮ ਪ੍ਰਭ ਲੇਖਾ ਦਏ ਮੁਕਾਈਆ । ਗੜ੍ਹ ਹੰਕਾਰੀ ਬੁਰਜ ਢਾਹੁਣਾ, ਢਾਹ ਢਾਹ ਖ਼ਾਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਇਕ ਰੰਗਾਈਆ ।

ਫ਼ਕੀਰ ਕਹੇ ਫ਼ਾਕਾ ਕਸ਼ੀ ਦੀ ਫ਼ਕੀਰੀ, ਫ਼ਿਕਰ ਦਿਤਾ ਗਵਾਈਆ । ਸ਼ਰਅ ਦੀ ਜ਼ੰਜੀਰੀ, ਸ਼ਰਅ ਨਾਲ ਬੰਧਾਈਆ । ਜਗਤ ਦੀ ਦਿਲਗੀਰੀ, ਜਗਤ ਵਿਚ ਸਮਾਈਆ । ਮੁਰਸ਼ਦਾਂ ਦੀ ਪੀਰੀ, ਪੀਰਾਂ ਦੀ ਵਡਿਆਈਆ । ਸਾਰੇ ਕੂਕਣ ਵਕਤ ਆਇਆ ਅਖ਼ੀਰੀ, ਆਖ਼ਰ ਇਕ ਸੁਣਾਈਆ । ਰਾਵੀ ਕਹੇ ਸਭ ਦੀ ਬਦਲ ਜਾਵੇ ਤਕਦੀਰੀ, ਤਦਬੀਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਵੇ ਰਵਦਾਸ, ਵੀਰਾ ਤੈਨੂੰ ਦਿਆਂ ਸੁਣਾਈਆ । ਮੈਂ ਵੀ ਓਸ ਦੀ ਇਕ ਸ਼ਾਖ਼, ਭੱਜਾਂ ਵਾਹੋ ਦਾਹੀਆ । ਮਿਲਣ ਦੀ ਰੱਖੀ ਆਸ, ਜੁਗ ਚੌਕੜੀ ਧਿਆਨ ਲਗਾਈਆ । ਅਰਜਨ ਦੱਸ ਕੇ ਗਿਆ ਖ਼ਾਸ, ਸਿਫ਼ਤਾਂ ਵਿਚ ਸਾਲਾਹੀਆ । ਨਿਰਗੁਣ ਨੂਰ ਕਰੇ ਪਰਕਾਸ਼, ਜੋਤੀ ਜਾਤਾ ਫੇਰਾ ਪਾਈਆ । ਤੇਰੇ ਚਲ ਕੇ ਆਵੇ ਘਾਟ, ਘਾਟਾ ਪੂਰ ਕਰਾਈਆ । ਰਾਵੀ ਕਹੇ ਆਹ ਮੇਰੀ ਓਸ ਵੇਲੇ ਦੀ ਅਖ਼ੀਰੀ ਵਾਟ, ਜਿਸ ਕੰਢੇ ਉਤੇ ਬਹਿ ਕੇ ਸੁਥਰੇ ਡੰਡੇ ਗਏ ਵਜਾਈਆ । ਜਲਧਾਰ ਮਾਰਦਾ ਠਾਠ, ਲਹਿਰ ਲਹਿਰ ਨਾਲ ਟਕਰਾਈਆ । ਇਕ ਦਿਨ ਢਾਈ ਮਿੰਟ ਨਾਨਕ ਨੇ ਮਰਦਾਨੇ ਕੋਲੋਂ ਵਜਾਈ ਸੀ ਰਬਾਬ, ਆਸਣ ਏਸੇ ਜਗਹ ਲਾਈਆ । ਓਸੇ ਵੇਲੇ ਆਇਆ ਧੁਰ ਜਵਾਬ, ਸ਼ਬਦ ਦਿਤਾ ਸੁਣਾਈਆ । ਜਿਸ ਵੇਲੇ ਦੀਨ ਦੁਨੀ ਦਾ ਬਦਲਣਾ ਰਾਜ, ਕਲਜੁਗ ਕਿਰਿਆ ਕੂੜ ਮਿਟਾਈਆ । ਭਗਤਾਂ ਦਾ ਚਲਾਉਣਾ ਜਹਾਜ਼, ਗੁਰਮੁਖਾਂ ਸੰਗ ਬਣਾਈਆ । ਨਵਾਂ ਵਖਾ ਸਮਾਜ, ਸ੍ਰਿਸ਼ਟੀ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਰਾਵੀ ਕਹੇ ਮੇਰੀ ਨਮਸਤੇ, ਨਿਮਸਕਾਰ ਸਰਨਾਈਆ । ਪ੍ਰਭੂ ਤੇਰੇ ਭਗਤ ਰਹਿਣ ਵਸਦੇ, ਜਿਨ੍ਹਾਂ ਮੈਨੂੰ ਦਰਸ਼ਨ ਦਿਤਾ ਕਰਾਈਆ । ਇਹ ਮਾਲਕ ਬਣੇ ਹਕ ਦੇ, ਸਚ ਵਿਚ ਸਮਾਈਆ । ਪੈਂਡਾ ਕਰਦਿਆਂ ਕਦੇ ਨਾ ਥਕਦੇ, ਭੱਜਣ ਵਾਹੋ ਦਾਹੀਆ । ਅੱਜ ਫ਼ੈਸਲੇ ਕਰ ਦੇ ਪਿਛਲੇ ਕਰਮਾਂ ਦੇ ਫ਼ੱਕ ਦੇ, ਲੇਖਾ ਅਵਰ ਨਾ ਕੋਇ ਜਣਾਈਆ । ਇਹ ਮਤਵਾਲੇ ਹੋਣ ਤੇਰੀ ਪ੍ਰੇਮ ਪਿਆਰ ਦੀ ਰੱਤ ਦੇ, ਰਤਨ ਅਮੋਲਕ ਲਏ ਬਣਾਈਆ । ਮੈਂ ਠੀਕ ਵੇਖਿਆ ਇਹ ਓਹੋ ਸੋਹੰ ਢੋਲਾ ਜਪਦੇ, ਜੋ ਅਰਜਨ ਮੇਰੇ ਵਿਚ ਵੜ ਕੇ ਗਿਆ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰੇ ਦੇ ਸਤਿ ਦੇ, ਸਤਿ ਸਤਿ ਸਤਿ ਇਕ ਵਰਤਾਈਆ ।


੧੧੭੫
੨੦

ਰਾਵੀ ਕਹੇ ਮੇਰੇ ਵਿਚ ਆਉਂਦੀਆਂ ਵੇਖੋ ਕਾਂਗਾਂ, ਲਹਿਰ ਲਹਿਰ ਨਾਲ ਟਕਰਾਈਆ । ਜਨ ਭਗਤੋ ਸਤਿਗੁਰ ਦੇ ਸਿਰ ਤੇ ਪੰਜੇ ਰੱਖ ਦਿਓ ਡਾਂਗਾਂ, ਹੌਲੀ ਹੌਲੀ ਠੁਕਰਾਈਆ । ਜੁਗ ਬੀਤੇ ਤੇਰੀਆਂ ਰੱਖਦਿਆਂ ਤਾਂਘਾਂ, ਅੱਖਾਂ ਰਾਹ ਤਕਾਈਆ । ਮਸਜਿਦ ਮਨਾਰੇ ਦਿਤੀਆਂ ਬਾਂਗਾਂ, ਮੰਬਰਾਂ ਉਤੇ ਦੁਹਾਈਆ । ਤੂੰ ਕਿਹੜੇ ਰਾਹੇ ਜਾਂਦਾ, ਆਪਣਾ ਰਸਤਾ ਦੇਣਾ ਸਮਝਾਈਆ । ਕਿਹੜਾ ਢੋਲਾ ਗਾਂਦਾ, ਰਾਗ ਕੀ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਪੁਰਖ ਅਕਾਲ ਕਹੇ ਕਿਉਂ ਵੱਜਣ ਸਿਰ ਵਿਚ ਸੋਟੇ, ਪੜਦਾ ਦਿਆਂ ਉਠਾਈਆ । ਇਕ ਦਿਨ ਸੀਤਾ ਆਪਣੇ ਲਾਲ ਕੀਤੇ ਪੰਜੇ ਪੋਟੇ, ਪੰਜ ਪੰਜਾਂ ਨਾਲ ਛੁਹਾਈਆ । ਫੇਰ ਚੜ੍ਹ ਕੇ ਉਤੇ ਕੋਠੇ, ਰਾਮ ਦਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਬਣਾਈਆ । ਸੀਤਾ ਕਹੇ ਰਾਮ ਦੁਹਾਈ, ਰਾਮ ਰਾਮ ਸੁਣਾਈਆ । ਰਾਮ ਕਹੇ ਮੇਰਾ ਲਸ਼ਕਰ ਸ਼ਾਹੀ, ਹੋਣੀ ਅੰਤ ਜੁਦਾਈਆ । ਭਰਤ ਸ਼ਤਰੂਗਣ ਤੇਰੀ ਲੜਾਈ, ਪ੍ਰੇਮ ਵਿਚ ਪਰਗਟਾਈਆ । ਜਿਸ ਨੇ ਰਾਜ ਗੱਦੀ ਦਿਤੀ ਤਜਾਈ, ਬਣਾਂ ਦਾ ਰਾਹ ਤਕਾਈਆ । ਉਸ ਨੇ ਕਰਨੀ ਹੋਰ ਲੜਾਈ, ਰਾਵਣ ਗੜ੍ਹ ਤੁੜਾਈਆ । ਤੁਹਾਨੂੰ ਮਿਲੇ ਨਾ ਕੋਇ ਸਜ਼ਾਈ, ਰਾਮ ਦੇ ਸੀਸ ਉਤੇ ਡੰਡੇ ਦਿਓ ਛੁਹਾਈਆ । ਰੋਣ ਨੈਣਾਂ ਨੀਰ ਵਹਾਈ, ਰੋ ਕੇ ਰਹੇ ਕੁਰਲਾਈਆ । ਤੂੰ ਰਾਮ ਵੱਡਾ ਭਾਈ, ਰਘੁਪਤਿ ਅਖਵਾਈਆ । ਕਿਸ ਬਿਧ ਦੇਦੀਏ ਸਜ਼ਾਈ, ਸਜ਼ਾ ਜਗਤ ਵਾਲੀ ਭੁਗਤਾਈਆ । ਰਾਮ ਨੇ ਕਿਹਾ ਇਹ ਭਗਤਾਂ ਦੀ ਵਡਿਆਈ, ਜੋ ਹੁਕਮ ਮੰਨ ਕੇ ਸੀਸ ਨਿਵਾਈਆ । ਜਿਸ ਵੇਲੇ ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਕੂੜੀ ਬਦਲੇ ਸ਼ਾਹੀ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਓਸ ਵੇਲੇ ਇਹ ਲੇਖਾ ਦਏ ਚੁਕਾਈ, ਮੇਰਾ ਕੀਤਾ ਕੌਲ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਮੁਕਾਈ, ਚਾਰ ਜੁਗ ਦਾ ਭੁੱਲ ਕੋਇ ਨਾ ਜਾਈਆ ।



★ ੪ ਮਾਘ ਸ਼ਹਿਨਸ਼ਾਹੀ ਸੰਮਤ ੩ ਓਗਰਾ ਹਰਿ ਸੰਗਤ ਜ਼ਿਲਾ ਗੁਰਦਾਸਪੁਰ ★

ਰਾਵੀ ਕਹੇ ਮੈਂ ਸਿਰ ਤੇ ਲਈ ਚਿੱਟੀ ਚੁੰਨੀ, ਘੁੰਮਰ ਖ਼ੁਸ਼ੀਆਂ ਨਾਲ ਪਾਈਆ । ਚਾਰ ਜੁਗ ਦੀ ਪਿਛਲੀ ਆਸਾ ਸਭ ਦੀ ਪੁੰਨੀ, ਮਨਸਾ ਤ੍ਰਿਪਤ ਕਰਾਈਆ । ਨਾਤਾ ਕੂੜਾ ਵੇਖਿਆ ਦੀਨ ਦੁਨੀ, ਦਇਆਵਾਨ ਦਏ ਵਡਿਆਈਆ । ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਗੁਣੀ, ਗਹਿਰ ਗੰਭੀਰ ਅਖਵਾਈਆ । ਜਿਸ ਦੀ ਸ਼ਬਦ ਆਵਾਜ਼ ਸੁਣੀ, ਸਰੋਤੇ ਹੋ ਕੇ ਧਿਆਨ ਲਗਾਈਆ । ਅੰਤ ਮੈਲ ਧੁਲੀ, ਪਤਤ ਪੁਨੀਤ ਵਖਾਈਆ । ਮੇਰੀ ਖ਼ੁਸ਼ੀ ਆ ਗਈ ਉਤੇ ਬੁੱਲੀਂ, ਮੁਸਕਰਾਹਟ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਰਾਵੀ ਕਹੇ ਮੇਰੇ ਸੋਹਣੇ ਚਿੱਟੇ ਬਸਤਰ, ਭੂਸ਼ਨ ਨਜ਼ਰੀ ਆਈਆ । ਨੈਣੀਂ ਤੱਕੇ ਅਗੰਮੇ ਸ਼ਸਤਰ, ਅਸਤਰਾਂ ਨਾਲ ਵਡਿਆਈਆ । ਲੇਖਾ ਯਾਦ ਆਇਆ ਦਸਰਥ, ਰਾਮ ਰਾਮਾ ਗਿਆ ਜਣਾਈਆ । ਕਲਜੁਗ ਕੂੜੀ ਕਿਰਿਆ ਐਸ਼ੋ ਇਸ਼ਰਤ, ਜਗਤ ਵਿਕਾਰ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਵਖਾਈਆ । ਰਾਵੀ ਕਹੇ ਮੇਰਾ ਸੋਹਣਾ ਰੂਪ ਨਿਰਾਲਾ, ਪ੍ਰੇਮ ਲਹਿਰ ਟਕਰਾਈਆ ।

ਪ੍ਰਭ ਮਿਲਿਆ ਪੁਰਖ ਅਕਾਲਾ, ਅਕਲ ਕਲਧਾਰੀ ਦਇਆ ਕਮਾਈਆ । ਮੇਰਾ ਤੁੱਟਾ ਕੂੜ ਜੰਜਾਲਾ, ਜਾਗਰਤ ਜੋਤ ਕਰੀ ਰੁਸ਼ਨਾਈਆ । ਵਕਤ ਵੇਖਿਆ ਹਾਲਾ, ਬੇਹਾਲਾਂ ਲਏ ਉਠਾਈਆ । ਕੂੜੀ ਕਿਰਿਆ ਟਿੱਕਾ ਰਹੇ ਨਾ ਕਾਲਾ, ਅੰਮ੍ਰਿਤ ਮੇਘ ਇਕ ਬਰਸਾਈਆ । ਸਭ ਦਾ ਪੂਰਾ ਕਰ ਸਵਾਲਾ, ਆਸਾ ਮਨਸਾ ਵੇਖ ਵਖਾਈਆ । ਸਤਿ ਧਰਮ ਦੀ ਬਦਲ ਕੇ ਚਾਲਾ, ਚਾਲ ਨਿਰਾਲੀ ਇਕ ਪਰਗਟਾਈਆ । ਸੰਤ ਸੁਹੇਲਾ ਵੇਖ ਕੇ ਬਾਲਾ, ਗੁਰਮੁਖ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਰਾਵੀ ਕਹੇ ਮੈਂ ਵੇਖੀ ਸਚ ਪ੍ਰੀਤ, ਪ੍ਰੀਤਮ ਇਕੋ ਇਕ ਕਮਾਈਆ । ਧੁਰ ਦਾ ਸਾਂਝਾ ਮੀਤ, ਹਰ ਘਟ ਸੋਭਾ ਪਾਈਆ । ਕਲਜੁਗ ਅੰਦਰ ਸਤਿਜੁਗ ਰੀਤ, ਰੀਤੀਵਾਨ ਆਪਣੀ ਆਪ ਵਖਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਸੋਹੰ ਸ਼ਬਦ ਕਰੇ ਸ਼ਨਵਾਈਆ । ਨਿਰਗੁਣ ਹੋ ਕੇ ਵਸੇ ਚੀਤ, ਮਨ ਚੰਚਲ ਡੇਰਾ ਢਾਹੀਆ । ਜਨ ਭਗਤਾਂ ਕਾਇਆ ਕਰੇ ਠੰਡੀ ਸੀਤ, ਅਗਨੀ ਤਤ ਬੁਝਾਈਆ । ਨਾਮ ਭੰਡਾਰਾ ਕਰ ਬਖ਼ਸ਼ੀਸ਼, ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਸੋਭਾ ਪਾਈਆ । ਰਾਵੀ ਕਹੇ ਮੈਂ ਵੇਖਿਆ ਅਜਬ ਰਿਵਾਜ, ਸੋਹਣੀ ਬਣਤ ਬਣਾਈਆ । ਸਭ ਦੇ ਪੂਰੇ ਕਰ ਕੇ ਕਾਜ, ਲੇਖਾ ਮੂਲ ਚੁਕਾਈਆ । ਸੀਸ ਜਗਦੀਸ਼ ਰੱਖ ਕੇ ਤਾਜ, ਤਾਜਾਂ ਵਾਲਿਆਂ ਦਏ ਖਪਾਈਆ । ਕਲਜੁਗ ਕੂੜੀ ਕਿਰਿਆ ਬੇੜਾ ਡੁੱਬੇ ਜਹਾਜ਼, ਸ਼ੌਹ ਦਰਿਆ ਰੁੜ੍ਹਾਈਆ । ਜਨ ਭਗਤਾਂ ਕਰੇ ਆਬਾਦ, ਉਜੜੇ ਖੇੜੇ ਆਪ ਵਸਾਈਆ । ਸੰਤ ਸੁਹੇਲੇ ਵੇਖੇ ਸਾਧ, ਜਿਨ੍ਹਾਂ ਸਾਧਨਾ ਇਕ ਸਮਝਾਈਆ । ਜਗਤ ਤ੍ਰਿਸ਼ਨਾ ਮੇਟ ਕੇ ਆਗ, ਅਗਨੀ ਅੱਗ ਗਵਾਈਆ । ਹੰਸ ਬਣਾਏ ਕਾਗ, ਕਾਗੋਂ ਹੰਸ ਉਡਾਈਆ । ਦੀਪਕ ਜੋਤ ਜਗਾ ਚਿਰਾਗ਼, ਅੰਧ ਅੰਧੇਰ ਦਏ ਮਿਟਾਈਆ । ਸਾਚਾ ਦੇਵੇ ਅਗੰਮ ਸਵਾਦ, ਬਿਨ ਰਸਨਾ ਰਸ ਚਖਾਈਆ । ਰਾਵੀ ਕਹੇ ਮੇਰੀ ਓਸ ਨੂੰ ਆਦਾਬ, ਸਿਰ ਚਰਨਾਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਰਮਤ ਮੈਲ ਸਭ ਦੀ ਧੋਵੇ ਦਾਗ਼, ਦਗ਼ੇਦਾਰੀ ਦਾ ਪੈਂਡਾ ਦਏ ਮੁਕਾਈਆ ।

### ★ ੫ ਮਾਘ ਸ਼ਹਿਨਸ਼ਾਹੀ ਸੰਮਤ ੩ ਓਗਰਾ ਹਰਿ ਸੰਗਤ ਜ਼ਿਲਾ ਗੁਰਦਾਸਪੁਰ ★

ਕਲਜੁਗ ਕਹੇ ਆਓ ਦੁਆਪਰ ਤ੍ਰੇਤਾ ਸਤਿਜੁਗ, ਸਤਿ ਵਾਲਿਓ ਤੁਹਾਨੂੰ ਦਿਆਂ ਵਖਾਈਆ । ਹੁਣ ਮੇਰੀ ਵੀ ਔਧ ਰਹੀ ਪੁਗ, ਵੇਲਾ ਅੰਤ ਸੁਣਾਈਆ । ਚਾਰ ਕੁੰਟ ਅੰਧੇਰਾ ਘੁੱਪ, ਮੇਰੀ ਸੇਵਾ ਬੇਪਰਵਾਹੀਆ । ਨਾਤਾ ਜੁੜਿਆ ਰਹਿਣ ਨਹੀਂ ਦਿਤਾ ਪਿਤਾ ਪੁੱਤ, ਸੱਜਣ ਮੀਤ ਕਰਨ ਲੜਾਈਆ । ਸਾਚਾ ਨਾਮ ਗਿਆ ਛੁਪ, ਉਘਣ ਆਥਣ ਨਜ਼ਰ ਕੋਇ ਨਾ ਆਈਆ । ਮੈਂ ਪ੍ਰਭੂ ਦਾ ਲਾਡਲਾ ਸੁਤ, ਜਗ ਸਾਚੀ ਸੇਵ ਕਮਾਈਆ । ਤੁਹਾਡੇ ਸਾਹਮਣੇ ਇਕ ਬਚਨ ਲਵਾਂ ਪੁਛ, ਪ੍ਰਭ ਅੱਗੇ ਸੀਸ ਨਿਵਾਈਆ । ਸਾਹਿਬ ਸਤਿਗੁਰ, ਤਿੰਨੇ ਜੁਗ ਮੇਰੇ ਨਾਲ ਕਰਦੇ ਦੁੱਖ, ਵੈਰੀ ਰੂਪ ਬਣਾਈਆ । ਪੁਰਖ ਅਕਾਲ ਕਹੇ, ਕਿਉਂ, ਦੱਸ ਮੇਰੇ ਪੁੱਤ, ਬੱਚਿਆ ਭੇਵ ਖੁਲ੍ਹਾਈਆ । ਪ੍ਰਭੂ ਇਹ ਕਹਿੰਦੇ ਅੱਗੇ ਗੁਰ ਅਵਤਾਰ ਪੈਗ਼ੰਬਰ ਬਣਦਾ ਰਿਹਾ ਮਨੁੱਖ, ਤਤ ਵਜੂਦ ਹੰਢਾਈਆ । ਹੁਣ ਨਿਰਗੁਣ ਧਾਰੋਂ ਆਇਆ ਉਠ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਰਿਹਾ ਤੁਠ, ਮਿਹਰ ਨਜ਼ਰ

੧੧੭੭
੨੦

ਟਿਕਾਈਆ । ਪੜਦਾ ਓਹਲਾ ਰਿਹਾ ਨਾ ਲੁਕ, ਮੁਖ ਨਕਾਬ ਨਾ ਕੋਇ ਟਿਕਾਈਆ । ਕੁਛ ਲਹਿਣਾ ਰਾਵੀ ਦੀ ਗੁੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਏ ਵਡਿਆਈਆ । ਕਲਜੁਗ ਕਹੇ ਤਿੰਨੇ ਜੁਗ ਬੜੇ ਹਾਵੀ, ਹਿੰਮਤ ਵਾਲੇ ਨਜ਼ਰੀ ਆਈਆ । ਹੁਣ ਮੇਰੇ ਪ੍ਰਭ ਦੀ ਵੇਖੋ ਭਾਵੀ, ਭਾਣਾ ਕੀ ਵਰਤਾਈਆ । ਚਰਨ ਛੁਹਾਉਣਾ ਕੰਢੇ ਰਾਵੀ, ਰਾਵਣ ਦੂਤੀ ਦਏ ਉਠਾਈਆ । ਗੁਰ ਅਵਤਾਰ ਪੈਗੰਬਰ ਸਤਿ ਧਰਮ ਦੀ ਕਰ ਕੇ ਗਏ ਲਾਵੀ, ਹਿੱਸਾ ਆਪਣਾ ਆਪ ਉਠਾਈਆ । ਭਵਿਖਤਾਂ ਨਾਲ ਵਾਰਤਾ ਥੋੜ੍ਹੀ ਗਾਵੀ, ਗਾ ਗਾ ਗਏ ਜਣਾਈਆ । ਜਿਸ ਵੇਲੇ ਸ੍ਰਿਸ਼ਟੀ ਹੋਈ ਨਿਥਾਵੀਂ, ਗੁਰੂ ਗੁਰਦੇਵ ਨਾ ਕੋਇ ਸਹਾਈਆ । ਬਲ ਰਹੇ ਨਾ ਭੁਜਾਂ ਬਾਹਵੀਂ, ਸਾਚਾ ਮੇਲ ਨਾ ਕੋਇ ਮਿਲਾਈਆ । ਕੂੜੀ ਕਿਰਿਆ ਤਪੇ ਆਵੀ, ਅਗਨੀ ਅੱਗ ਜਲਾਈਆ । ਕਲਜੁਗ ਕਹੇ ਗੁਰ ਅਵਤਾਰ ਪੈਗੰਬਰਾਂ ਸਭ ਨੇ ਆਖਿਆ ਪ੍ਰਭ ਓਸ ਵੇਲੇ ਆਵੀਂ, ਨਿਰਗੁਣ ਆਪਣਾ ਫੇਰਾ ਪਾਈਆ । ਦੀਨਾਂ ਮਜ਼੍ਹਬਾਂ ਤੱਕੜੀ ਕਰੀਂ ਸਾਵੀਂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਚੁਕਾਈਆ । ਕਲਜੁਗ ਕਹੇ ਵੇਖੋ ਸਾਚ ਕਿਨਾਰਾ, ਤਟ ਇਕ ਵਖਾਈਆ । ਜਿਥੇ ਪਿਰਥੂ ਬਣ ਕੇ ਸੇਵਾਦਾਰਾ, ਸੇਵਾ ਆਪਣੀ ਗਿਆ ਕਮਾਈਆ । ਧਨੰਤਰ ਫਿਰਿਆ ਵਿਚ ਉਜਾੜਾ, ਜੜੀ ਬੂਟੀ ਖੋਜ ਖੁਜਾਈਆ । ਨਰ ਸਿੰਘ ਏਥੇ ਕਰ ਕੇ ਗਿਆ ਇਸ਼ਾਰਾ, ਪ੍ਰਹਿਲਾਦ ਪੜਦਾ ਲਾਹੀਆ । ਧਰੂ ਨੂੰ ਵਖਾਇਆ ਧਰਮ ਦਵਾਰਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਬੀਰ ਦਿਤਾ ਸਚ ਇਸ਼ਾਰਾ, ਗੰਗਾ ਧਾਰ ਦੁਹਾਈਆ । ਸਧਨੇ ਰੋ ਕੇ ਜ਼ਾਰੋ ਜ਼ਾਰਾ, ਉਂਗਲੀ ਆਪਣੀ ਦਿਤੀ ਉਠਾਈਆ । ਇਹ ਖੇਲ ਅਗੰਮ ਅਪਾਰਾ, ਜੈਦੇਵ ਵਡਿਆਈਆ । ੧੧੭੮
ਦੇਵਤ ਸੁਰ ਕਰਨ ਨਿਮਸਕਾਰਾ, ਮੁਨ ਜਨ ਸੀਸ ਝੁਕਾਈਆ । ਬ੍ਰਹਮਾ ਚਾਰ ਦਿਨ ਕਰ ਕੇ ਗਿਆ ਗੁਜ਼ਾਰਾ, ਏਸੇ ਕੰਢੇ ਆਸਣ ਲਾਈਆ । ਸ਼ੰਕਰ ਪਾਰਬਤੀ ਦਾ ਧਰਮ ਲੱਗਾ ਅਖਾੜਾ, ਨੌ ਦਿਨ ਪੁੱਠੀ ਪੈਰੀਂ ਨਾਚ ਨਚਾਈਆ । ਲਛਮੀ ਲਾਲ ਰੰਗ ਚਾੜ੍ਹ ਕੇ ਗਾੜ੍ਹਾ, ਵਿਸ਼ਨੂੰ ਚਰਨਾਂ ਸੇਵ ਕਮਾਈਆ । ਪਰਵਰਦਿਗਾਰ ਲੰਮਾਂ ਕਰ ਕੇ ਦਾੜ੍ਹਾ, ਨਿਰਗੁਣ ਫੇਰਾ ਗਿਆ ਪਾਈਆ । ਇੰਦਰ ਦਾ ਸੁਫ਼ਨੇ ਵਾਲਾ ਅਖਾੜਾ, ਅਪੱਛਰਾਂ ਨਾਚ ਨਚਾਈਆ । ਬਲ ਦਾ ਸਰਦੀ ਵਾਲਾ ਜਾੜਾ, ਅਗਨੀ ਤਤ ਗਵਾਈਆ । ਆਵੀ ਚਾੜ੍ਹਨ ਵਾਲਾ ਘੁਮਿਆਰਾ, ਪ੍ਰਹਿਲਾਦ ਦੇ ਸਮੇਂ ਦਾ ਜਿਸ ਦੀ ਏਥੇ ਜਨਮੀ ਮਾਈਆ । ਗੋਬਿੰਦ ਦਾ ਤਿੱਖਾ ਕੁਹਾੜਾ, ਮੁੱਠ ਏਸੇ ਲੱਕੜੀ ਨਾਲ ਛੁਹਾਈਆ । ਕਲਜੁਗ ਕਹੇ ਵੇਖੋ ਮੇਰੇ ਯਾਰਾ, ਦਵਾਪਰ ਤਰੇਤਾ ਸਤਿਜੁਗ ਦਿਆਂ ਸੁਣਾਈਆ । ਪੁਰਖ ਅਕਾਲ ਕਰੇ ਖੇਲ ਨਿਆਰਾ, ਨਿਆਂਕਾਰ ਆਪਣਾ ਫੇਰਾ ਪਾਈਆ । ਜਿਸ ਕਾਰਨ ਚਲਿਆ ਫੇਰ ਦੁਬਾਰਾ, ਦੁਬਧਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਬਣ ਸਹਾਰਾ, ਸਹਾਇਕ ਇਕੋ ਇਕ ਅਖਵਾਈਆ ।



★ ੫ ਮਾਘ ਸ਼ਹਿਨਸ਼ਾਹੀ ਸੰਮਤ ੩ ਰਾਵੀ ਕਿਨਾਰੇ ਜ਼ਿਲਾ ਗੁਰਦਾਸਪੁਰ ★

ਫ਼ਰੀਦ ਦੇ ਕੋਲ ਆ ਗਈ ਇਕ ਘੁੱਗੀ, ਘੂੰ ਘੂੰ ਕਰ ਕੇ ਰਹੀ ਸੁਣਾਈਆ । ਨੇਤਰ ਛਹਿਬਰ ਰੋ ਪਈ ਭੁੱਬੀਂ, ਅੱਖੀਆਂ ਜਲ ਵਹਾਈਆ ।

ਮੇਰੀ ਨਿੱਕੀ ਜਿਹੀ ਬੁੱਧੀ, ਸਕਾਂ ਨਾ ਕੁਛ ਸਮਝਾਈਆ । ਮੈਨੂੰ ਪ੍ਰਭ ਮਿਲਿਆ ਨਹੀ ਚੌਂਹ ਜੁਗੀਂ, ਜੁਗ ਚੌਕੜੀ ਧਿਆਨ ਲਗਾਈਆ । ਮੈਂ ਚਲ ਕੇ ਲੱਤੋਂ ਹੋ ਗਈ ਡੁੱਡੀ, ਬਲਹੀਣ ਅਖਵਾਈਆ । ਲੱਕ ਤੋਂ ਹੋ ਗਈ ਕੁੱਬੀ, ਸਿੱਧਾ ਅੰਗ ਨਾ ਕੋਇ ਕਰਾਈਆ । ਮੈਨੂੰ ਰਮਜ਼ ਦੱਸੀ ਕਿਸੇ ਨਹੀਂ ਗੁੱਝੀ, ਸਿਫ਼ਤਾਂ ਸੁਣ ਸੁਣ ਝਟ ਲੰਘਾਈਆ । ਮੇਰੀ ਪਾਰ ਦਰਿਆ ਤੋਂ ਝੁੱਗੀ, ਬੜੀ ਔਖੀ ਏਥੇ ਚਲ ਕੇ ਆਈਆ । ਵੇਖੀਂ ਕੋਈ ਖੇਲ ਨਾ ਦੱਸੀਂ ਦੂਜੀ, ਇਕੋ ਨਾਲ ਲੈਣਾ ਮਿਲਾਈਆ । ਜਿਸ ਦੇ ਪ੍ਰੇਮ ਅੰਦਰ ਰੁਝੀ, ਅੱਠੇ ਪਹਿਰ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵਖਾਈਆ । ਘੁੱਗੀ ਕਹੇ ਵੇ ਫ਼ਰੀਦਾ ਫ਼ੱਕਰ, ਫ਼ਾਕੇ ਵਾਲਿਆ ਦੇਣਾ ਸਮਝਾਈਆ । ਤੇਰੇ ਦਰ ਤੇ ਗਈ ਅੱਪੜ, ਆਪਣਾ ਪੰਧ ਮੁਕਾਈਆ । ਤੇਰਾ ਵਿਛਿਆ ਵੇਖਿਆ ਤੱਪੜ, ਧਰਤੀ ਉਤੇ ਸੋਭਾ ਪਾਈਆ । ਜਲ ਪੀਤਾ ਥੋੜ੍ਹਾ ਵਿਚੋਂ ਛੱਪੜ, ਆਪਣੀ ਤ੍ਰਿਖਾ ਬੁਝਾਈਆ । ਮੇਰੀ ਸਿੱਧੀ ਲਗਾ ਦੇ ਟੱਕਰ, ਪ੍ਰਭ ਦੇ ਨਾਲ ਮਿਲਾਈਆ । ਫ਼ਰੀਦ ਕਿਹਾ ਮੇਰਾ ਵੀ ਕੱਖਾਂ ਵਾਲਾ ਛੱਪਰ, ਮਹੱਲ ਅਟਲ ਨਾ ਕੋਇ ਸੁਹਾਈਆ । ਅਜੇ ਕਲਜੁਗ ਝੁੱਲਣਾ ਅੰਧੇਰੀ ਝੱਖੜ, ਚਾਰੋਂ ਕੁੰਟ ਦੁਹਾਈਆ । ਭੈਣਾਂ ਭਾਈਆ ਨਹੀਂ ਬੰਨ੍ਹਣਾ ਰੱਖੜ, ਜਗਤ ਵਿਹਾਰ ਦੇਣਾ ਤਜਾਈਆ । ਸ੍ਰਿਸ਼ਟੀ ਉਤੇ ਕੂੜਾ ਚਲਣਾ ਚੱਕਰ, ਚਾਰ ਕੁੰਟ ਭਵਾਈਆ । ਦੀਨ ਦੁਨੀ ਨੇ ਕਰਨਾ ਮਕਰ, ਫਰੇਬਾਂ ਵਿਚ ਫ਼ਰੇਬ ਕਮਾਈਆ । ਕਿਸੇ ਸ਼ਰੀਣੀ ਨਹੀਂ ਵੰਡਣੀ ਸ਼ੱਕਰ, ਮਿੱਠਾ ਰਸ ਨਾ ਕੋਇ ਚਖਾਈਆ । ਪ੍ਰੇਮ ਦਾ ਲਿਖੇ ਕੋਈ ਨਾ ਪੱਤਰ, ਪਾਤੀ ਘਰ ਨਾ ਕੋਇ ਪੁਚਾਈਆ । ਓਸ ਵੇਲੇ ਨਿਰਗੁਣ ਧਾਰੋਂ ਆਵੇ ਉਤਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਭਗਤ ਸੁਹੇਲੇ ਲੱਭ ਕੇ ਪੁੱਤਰ, ਪਿਤਾ ਪੂਤ ਜੋੜ ਜੁੜਾਈਆ । ਆਵੇ ਰਾਵੀ ਦੇ ਕੰਢੇ ਓਸੇ ਨੁੱਕਰ, ਜਿਸ ਦਾ ਨੁਕਤਾ ਨਾ ਕੋਇ ਜਣਾਈਆ । ਕੀਤਾ ਕੋਲ ਨਾ ਜਾਵੇ ਮੁਕਰ, ਜੁਗ ਚੌਕੜੀ ਹੋਏ ਸਹਾਈਆ । ਫਿਰ ਦੋਵੇਂ ਮਿਲ ਕੇ ਕਰੀਏ ਸ਼ੁਕਰ, ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਘੁੱਗੀ ਕਹੇ ਮੈਂ ਲੰਗੜੀ ਲੂਲ੍ਹੀ, ਬਲਹੀਣ ਅਖਵਾਈਆ । ਓਨੇ ਚਿਰ ਨੂੰ ਗਵਾਲਣ ਆ ਗਈ ਰਸਤਾ ਭੂਲੀ, ਮਟਕਾ ਦੂਧ ਸੀਸ ਰਖਾਈਆ । ਓਨੇ ਚਿਰ ਨੂੰ ਵੇਚਣ ਵਾਲਾ ਆ ਗਿਆ ਮੂਲੀ, ਨਿਮਕ ਆਪਣੇ ਹੱਥ ਟਿਕਾਈਆ । ਓਨੇ ਚਿਰ ਨੂੰ ਸ਼ੰਕਰ ਆ ਗਿਆ ਮੋਢੇ ਉਤੇ ਰੱਖ ਤਰਸੂਲੀ, ਅਲੱਖ ਅਲੱਖ ਨਾਅਰਾ ਲਾਈਆ । ਓਨੇ ਚਿਰ ਨੂੰ ਹਵਾ ਨੇ ਉਡਾ ਦਿਤੀ ਧੂਲੀ, ਘੱਟਾ ਮਿੱਟੀ ਛਾਰ ਦਿਤੀ ਬਣਾਈਆ । ਓਨੇ ਚਿਰ ਨੂੰ ਮੁਲਜ਼ਮ ਆ ਗਿਆ ਜਿਸ ਨੂੰ ਚਾੜ੍ਹਨਾ ਸੀ ਸੂਲੀ, ਸਜ਼ਾ ਜਗਤ ਵਾਲੀ ਭੁਗਤਾਈਆ । ਓਨੇ ਚਿਰ ਨੂੰ ਗਜ ਆ ਗਿਆ ਜੋ ਮਸਤੀ ਵਿਚ ਰਿਹਾ ਝੂਲੀ, ਆਪਣਾ ਸੁੰਡ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਘੁੱਗੀ ਕਹੇ ਮੈਂ ਡੁੱਡੀ ਲੰਙੀ ਬਲਹੀਣ, ਜੋਬਨ ਰਿਹਾ ਨਾ ਰਾਈਆ । ਮੈਂ ਪਿਛਲੇ ਵੇਖੇ ਜੁਗ ਤੀਨ, ਜੁਗ ਜੁਗ ਜਨਮਾਂ ਵਿਚ ਭਵਾਈਆ । ਮੈਨੂੰ ਰਾਮ ਨੇ ਦਿਤਾ ਯਕੀਨ, ਕ੍ਰਿਸ਼ਨ ਭਰੋਸਾ ਗਿਆ ਬਣਾਈਆ । ਮੂਸਾ ਈਸਾ ਮੁਹੰਮਦ ਕੀਤੀ ਤਲਕੀਨ, ਕਲਮਿਆਂ ਵਿਚ ਸ਼ਨਵਾਈਆ । ਸੂਫ਼ੀਆਂ ਕਿਹਾ ਆਲਮੀਨ, ਅੱਲਾ ਹੂ ਅਕਬਰ ਨਾਅਰਾ ਲਾਈਆ । ਮੈਂ ਜੋ ਵੇਖਿਆ ਸੋ ਕਰਦਾ ਗਿਆ ਤਕਸੀਮ, ਸਾਂਝਾ ਸੰਗ ਨਾ ਕੋਇ ਰਖਾਈਆ । ਮੇਰੀ ਆਸਾ ਪੁਰਾਣੀ ਕਦੀਮ, ਪਿਛਲੀ ਦਿਆਂ ਦ੍ਰਿੜਾਈਆ । ਮੈਂ ਜਦ ਬਣਾਂ ਤੇ ਬਣਾਂ ਮਦੀਨ, ਨਰ ਰੂਪ ਨਾ ਕੋਇ ਵਖਾਈਆ । ਇਕੋ ਆਸ ਪ੍ਰਭ ਦੇ ਰਹਾਂ ਅਧੀਨ, ਸਦ

ਸਦ ਸੇਵ ਕਮਾਈਆ । ਮੁਹੱਬਤ ਵਿਚ ਲੀਨ, ਦੂਜਾ ਕੰਤ ਨਾ ਕੋਇ ਹੰਢਾਈਆ । ਫ਼ਰੀਦਾ ਤੂੰ ਦੱਸ ਤੂੰ ਪੱਕਾ ਕਿ ਹਕੀਮ ਨੀਮ, ਖ਼ਤਰਾ ਜਾਨ ਨਾ ਕੋਇ ਵਖਾਈਆ । ਫ਼ਰੀਦ ਕਿਹਾ ਉਹ ਮਾਲਕ ਰਹਿਮ ਰਹੀਮ, ਰਹਿਮਤ ਵਿਚ ਵਡਿਆਈਆ । ਨੇਤਰ ਅੰਧ ਨਾ ਹੋਏ ਨਾਬੀਨ, ਹਰ ਘਟ ਅੰਦਰ ਵੇਖ ਵਖਾਈਆ । ਤੇਰਾ ਪ੍ਰੇਮ ਪਰੇ ਜਲ ਮੀਨ, ਰੀਤੀ ਭਗਤ ਵਾਲੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਘੁੱਗੀ ਕਹੇ ਮੇਰਾ ਨਾ ਘਰ ਨਾ ਘੌਂਸਲਾ, ਆਲ੍ਹਣਾ ਨਜ਼ਰ ਕੋਇ ਨਾ ਆਈਆ । ਇਕੋ ਪ੍ਰਭੂ ਮਿਲਣ ਦਾ ਹੌਸਲਾ, ਦੂਜੀ ਓਟ ਨਾ ਕੋਇ ਤਕਾਈਆ । ਜਨਮ ਮਰਨ ਦਾ ਨਹੀਂ ਕੋਈ ਤੌਖਲਾ, ਭੈ ਵਿਚ ਨਾ ਕੋਇ ਡਰਾਈਆ । ਫ਼ਰੀਦ ਕਿਹਾ ਹੁਣ ਅੱਗੋਂ ਜ਼ਬਾਨ ਰੋਕ ਲਾ, ਕੁਛ ਕਹਿਣ ਕਹਿਣ ਨਾ ਪਾਈਆ । ਇਕ ਵਾਰ ਥੋੜ੍ਹਾ ਸੋਚ ਲਾ, ਸਮਝ ਸਮਝ ਵਿਚੋਂ ਪਰਗਟਾਈਆ । ਆਪਣੇ ਆਪ ਦਾ ਵਜ਼ਨ ਜੋਖ਼ ਲਾ, ਕੀ ਭਗਤੀ ਸੇਵ ਕਮਾਈਆ । ਘੁੱਗੀ ਕਹੇ ਮੇਰਾ ਤਨ ਵਜੂਦ ਖੋਖਲਾ, ਨਾਮਹੀਣ ਨਾ ਕੋਇ ਵਡਿਆਈਆ । ਜੋ ਕੁੱਛ ਲੱਭੇ ਓਹੋ ਖਾਣ ਨੂੰ ਬੋਚ ਲਾਂ, ਚੁੰਝੀਂ ਚੁਗ ਚੁਗ ਆਪਣਾ ਝਟ ਲੰਘਾਈਆ । ਇਹੋ ਆਸਾ ਪ੍ਰਭੂ ਜਨਮ ਮਰਨ ਦਾ ਰੋਗ ਲਾਹ, ਕਿਉਂ ਚੁਰਾਸੀ ਵਿਚ ਭਵਾਈਆ । ਸਚ ਪ੍ਰੀਤੀ ਦੱਸ ਰਾਹ, ਰਹਿਬਰ ਇਕ ਅਖਵਾਈਆ । ਫ਼ਰੀਦ ਕਿਹਾ ਉਹ ਇਕੋ ਇਕ ਖ਼ੁਦਾ, ਨਿਰਗੁਣ ਨੂਰ ਡਗਮਗਾਈਆ । ਕਲਜੁਗ ਅੰਤਮ ਜਾਵੇ ਆ, ਆਲਮ ਵੇਖੇ ਖ਼ਲਕ ਖ਼ੁਦਾਈਆ । ਤੈਨੂੰ ਵਿਛੜੀ ਨੂੰ ਲਏ ਮਿਲਾ, ਮੇਲ ਮਿਲਾਵਾ ਆਪਣੇ ਨਾਲ ਰਖਾਈਆ । ਮੈਂ ਵੀ ਆਵਾਂ ਓਸੇ ਥਾਂ, ਦੋਹਾਂ ਮਿਲ ਕੇ ਵੱਜੇ ਵਧਾਈਆ । ਪਿਛਲਾ ਦਸੇ ਨਾ ਕੋਇ ਨਿਸ਼ਾਂ, ਹਰ ਘਟ ਜਾਣੀ ਫੋਲ ਫੁਲਾਈਆ । ਸਾਡਾ ਦੋਹਾਂ ਦਾ ਇਕ ਗਵਾਹ, ਜਿਸ ਦੀ ਗਵਾਹੀ ਨਾ ਕੋਇ ਬਦਲਾਈਆ । ਫ਼ਰੀਦ ਕਿਹਾ ਘੁੱਗੀਏ ਦੋਵੇਂ ਮਿਲ ਕੇ ਕਰੀਏ ਦੁਆ, ਵਾਸਤਾ ਇਕੋ ਅੱਗੇ ਪਾਈਆ । ਜਿਹੜਾ ਚਲਾਏ ਆਪਣੀ ਰਜ਼ਾ, ਰਾਜ਼ਕ ਰਹੀਮ ਅਖਵਾਈਆ । ਉਹ ਮਿਲੇ ਮਹਿਬੂਬ ਖ਼ੁਦਾ, ਖ਼ੁਦ ਮਾਲਕ ਧੁਰਦਰਗਾਹੀਆ । ਦੋਹਾਂ ਨੇ ਇਕੱਠਾ ਸੀਸ ਦਿਤਾ ਝੁਕਾ, ਪ੍ਰਭ ਤੇਰੀ ਸਰਨ ਸਰਨਾਈਆ । ਸਾਡਾ ਆਪੇ ਲੇਖਾ ਦਈਂ ਮੁਕਾ, ਸਭ ਕੁਛ ਤੇਰੀ ਝੋਲੀ ਪਾਈਆ । ਏਸੇ ਕਾਰਨ ਗਿਆ ਆ, ਮਲਾਹਾਂ ਦਾ ਮਲਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਰਿਹਾ ਤਰਾ, ਤਾਰਨਹਾਰ ਇਕ ਅਖਵਾਈਆ ।


੧੧੮੦
੨੦

### ★ ੫ ਮਾਘ ਸ਼ਹਿਨਸ਼ਾਹੀ ਸੰਮਤ ੩ ਉਜਾਗਰ ਸਿੰਘ ਦੇ ਗ੍ਰਿਹ ਰਾਜ ਪੁਰ ਚੇਬੇ ਜ਼ਿਲਾ ਗੁਰਦਾਸਪੁਰ ★

ਰਾਵੀ ਕਹੇ ਤ੍ਰੇਤੇ ਦੀ ਗੱਲ, ਸੱਚੀ ਦਿਆਂ ਸੁਣਾਈਆ । ਐਥੇ ਵੱਡਾ ਹੁੰਦਾ ਸੀ ਝੱਲ, ਬੂਟੇ ਕੰਡਿਆਂ ਵਾਲੇ ਸਮਝਾਈਆ । ਇਕ ਵੈਰਾਗੀਆਂ ਦਾ ਦਲ, ਨੌ ਤੇਰਾਂ ਗਣਤ ਗਣਾਈਆ । ਸਿਧ ਆਸਣ ਬੈਠੇ ਮੱਲ, ਮਾਟੀ ਪੋਚ ਪੁਚਾਈਆ । ਪਵਿਤ੍ਰ ਲੈ ਕੇ ਜਲ, ਕੁੰਭ ਵਿਚ ਰਖਾਈਆ । ਪਾਹਨ ਪਾ ਕੇ ਗਲ, ਠਾਕਰ ਚੁੰਮ ਕੇ ਖ਼ੁਸ਼ੀ ਬਣਾਈਆ । ਰੇਤ ਦਾ ਵੇਖ ਕੇ ਥਲ, ਖ਼ਾਕ ਸੀਸ ਵਿਚ ਸੁਟਾਈਆ । ਪ੍ਰੀਤੀ ਵਿਚ ਰਲ, ਧਿਆਨ ਪ੍ਰਭ ਦੇ ਵੱਲ ਟਿਕਾਈਆ । ਮਿਰਗ ਵਛਾ ਕੇ ਖੱਲ, ਬਹਿ ਕੇ ਸੋਭਾ ਪਾਈਆ । ਕੋਲ ਡੂੰਘੀ ਵਹਿਣ ਡਲ, ਸੱਤ ਹੱਥ ਨਾਪ ਮਿਣਾਈਆ । ਅੱਗੇ

ਮਿੱਟੀ ਵਾਲੀ ਠੱਲ, ਵਹਿੰਦਾ ਵਹਿਣ ਦਏ ਅਟਕਾਈਆ । ਉਪਰ ਸਨਿਆਸੀ ਬੈਠਾ ਸਿੰਘਾਸਣ ਮੱਲ, ਇਕੋ ਸ਼ੰਕਰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਚਲਾਈਆ । ਰਾਵੀ ਕਹੇ ਬਹੁਭਾਰੀ ਹੁੰਦੇ ਸੀ ਦਰਖ਼ਤ, ਟਹਿਣੀਆਂ ਪੱਤਿਆਂ ਨਾਲ ਲਹਿਰਾਈਆ । ਇਕ ਦਿਨ ਤਿੰਨ ਦਾ ਸੀ ਵਕਤ, ਦਿਵਸ ਆਪਣਾ ਜੋਬਨ ਰਿਹਾ ਵਖਾਈਆ । ਰਾਮ ਦਾ ਆ ਗਿਆ ਭਗਤ, ਮਸਤਾਨੀ ਬਿਰਤੀ ਵਿਚ ਸ਼ੌਦਾਈਆ । ਰੱਖ ਕੇ ਬਹਿ ਗਿਆ ਵਰਤ, ਅੰਨ ਦਾਣਾ ਨਾ ਮੁਖ ਛੁਹਾਈਆ । ਪ੍ਰਭ ਨਾਲ ਲਾ ਕੇ ਸ਼ਰਤ, ਸਵਾਸਿਆਂ ਵਿਚ ਸੁਣਾਈਆ । ਜਿੰਨਾਂ ਚਿਰ ਨਾ ਦੇਵੇਂ ਦਰਸ, ਆਪਣਾ ਆਪ ਪਰਗਟਾਈਆ । ਮੇਰੀ ਬੁਝੇ ਮੂਲ ਨਾ ਹਰਸ, ਹਵਸ ਨਾ ਕੋਇ ਗਵਾਈਆ । ਮਿਹਰਵਾਨ ਕੀਤਾ ਤਰਸ, ਤ੍ਰੈਗੁਣ ਅਤੀਤੇ ਦਿਤਾ ਸੁਣਾਈਆ । ਜਿਸ ਵੇਲੇ ਨਿਰਗੁਣ ਧਾਰ ਆਵਾਂ ਉਤੇ ਫ਼ਰਸ਼, ਜੋਤੀ ਜਾਮਾ ਵੇਸ ਵਟਾਈਆ । ਇਕ ਦਿਨ ਸੁਫ਼ਨੇ ਵਿਚ ਇਹ ਖੇਲ ਵੇਖਿਆ ਭਰਤ, ਕੈਕਈ ਬੇਟਾ ਅੱਖ ਖੁਲ੍ਹਾਈਆ । ਸ੍ਰਿਸ਼ਟੀ ਹੁੰਦੀ ਦਿਸੀ ਗ਼ਰਕ, ਧੀਰਜ ਧੀਰ ਨਾ ਕੋਇ ਧਰਾਈਆ । ਝਗੜਾ ਪਿਆ ਨਾਰ ਮਰਦ, ਘਰ ਘਰ ਹੋਏ ਲੜਾਈਆ । ਦੁਖੀਆਂ ਕੋਈ ਨਾ ਵੰਡੇ ਦਰਦ, ਦੀਨਾਂ ਅਨਾਥਾਂ ਨਾ ਕੋਇ ਸਹਾਈਆ । ਭਰਤ ਨੇ ਰੋ ਕੇ ਕੀਤੀ ਅਰਜ਼, ਰਾਮ ਤੇਰਾ ਨਾਮ ਦੁਹਾਈਆ । ਸ਼ਬਦ ਅਗੰਮੀ ਆਈ ਗ਼ਰਜ, ਬੋਲ ਕੇ ਦਿਤਾ ਸੁਣਾਈਆ । ਇਹ ਖੇਲ ਹੋਣਾ ਅਸਚਰਜ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜਿਸ ਵੇਲੇ ਆਇਆ ਜੋਧਾ ਸੂਰਬੀਰ ਮਰਦਾਨਾ ਮਰਦ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਜਨ
੧੧੮੧ ਭਗਤਾਂ ਸਿੱਧੀ ਕਰੇ ਨਰਦ, ਦੀਨ ਦੁਨੀ ਦਾ ਪਾਸਾ ਦਏ ਉਲਟਾਈਆ । ਸ਼ਰਅ ਕਸਾਈ ਰਹੇ ਨਾ ਕਰਦ, ਕਾਤਲ ਮਕਤੂਲ ਕਰੇ ਸਫ਼ਾਈਆ । ੧੧੮੧
੨੦ ਪਿਛਲੀ ਫੋਲ ਕੇ ਵੇਖੇ ਫ਼ਰਦ, ਫ਼ੈਸਲਾ ਹਕੋ ਹਕ ਸੁਣਾਈਆ । ਸਿੱਧਾ ਚਲ ਕੇ ਆਵੇ ਨਿਧੜਕ, ਆਪਣਾ ਪੰਧ ਮੁਕਾਈਆ । ਰਾਹ ਖਹਿੜਾ ੨੦
ਕੋਈ ਨਹੀਂ ਹੋਣੀ ਸੜਕ, ਪਗਡੰਡੀ ਭੱਜੇ ਵਾਹੋ ਦਾਹੀਆ । ਨੂਰ ਨੁਰਾਨੀ ਹੋਵੇ ਮਟਕ, ਜੋਬਨ ਜਵਾਨੀ ਵੇਸ ਵਟਾਈਆ । ਰਾਹ ਵਿਚ ਨਾ ਜਾਵੇ ਅਟਕ, ਅਟਕਾਂ ਪਿਛਲੀਆਂ ਦਏ ਕਢਾਈਆ । ਨਾਲ ਹਰਿ ਸੰਗਤ ਹੋਵੇ ਕਟਕ, ਦਲ ਲਸ਼ਕਰ ਸ਼ਾਹੀ ਨਜ਼ਰੀ ਆਈਆ । ਜਿਸ ਦਾ ਹੁਕਮ ਹੋਵੇ ਸਖ਼ਤ, ਨਾ ਕੋਈ ਮੇਟੇ ਮੇਟ ਮਿਟਾਈਆ । ਭਰਤ ਵੇਖਿਆ ਉਪਰ ਅਰਸ਼, ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਏ ਵਡਿਆਈਆ । ਭਰਤ ਦੇ ਅੰਦਰ ਆਈ ਖ਼ੁਸ਼ੀ, ਬੈਠਾ ਧਿਆਨ ਲਗਾਈਆ । ਓਧਰੋਂ ਆ ਗਿਆ ਇਕ ਜੋਸ਼ੀ, ਜੋਤਸ਼ ਨਾਲ ਸਮਝਾਈਆ । ਉਸ ਦੇ ਨਾਲ ਸੀ ਉਹਦੀ ਦੋਹਤੀ, ਬਾਲੀ ਨੱਢੀ ਸੋਭਾ ਪਾਈਆ । ਉਹਦੇ ਅੰਦਰ ਜਗੇ ਜੋਤੀ, ਨੂਰ ਨੂਰ ਰੁਸ਼ਨਾਈਆ । ਓਸ ਹੱਥ ਵਿਚ ਫੜ ਕੇ ਸੋਟੀ, ਇਸ਼ਾਰਾ ਅੱਗੇ ਦਿਤਾ ਕਰਾਈਆ । ਜਿਸ ਵੇਲੇ ਸਤਿ ਦੀ ਰਹੀ ਕੋਈ ਨਾ ਰੋਜ਼ੀ, ਨਾਮ ਭੰਡਾਰਾ ਨਾ ਕੋਇ ਵਰਤਾਈਆ । ਧਰਮ ਦਾ ਰਿਹਾ ਕੋਈ ਨਾ ਜੋਗੀ, ਜੋਗੀਸ਼ਰ ਸਤਿ ਨਾ ਕੋਇ ਸਮਾਈਆ । ਵਿਵੇਕ ਦਾ ਰਿਹਾ ਕੋਈ ਨਾ ਬੋਧੀ, ਮਨ ਮਮਤਾ ਹੋਏ ਹਲਕਾਈਆ । ਸ੍ਰਿਸ਼ਟੀ ਅੰਤਰ ਹੋਵੇ ਰੋਗੀ, ਹਉਮੇ ਰੋਗ ਨਾ ਕੋਇ ਚੁਕਾਈਆ । ਵਾਸਨਾ ਕਿਸੇ ਜਾਵੇ ਨਾ ਸੋਧੀ, ਸੁਧ ਰੂਪ ਨਾ ਕੋਇ ਪਰਗਟਾਈਆ । ਝਗੜਾ ਪੈ ਜਾਏ ਜੰਞੂ ਬੋਦੀ, ਮੁੱਛ ਦਾੜ੍ਹੀ ਨਾਲ ਦੁਹਾਈਆ । ਉਸ ਵੇਲੇ ਖੇਲ ਹੋਣੀ ਇਕ ਛੱਬੀ ਪੋਹ ਦੀ, ਬਾਲੀ ਨੱਢੀ ਦਿਤਾ ਸੁਣਾਈਆ । ਪਰਕਾਸ਼ ਹੋਣਾ ਸਚ ਲੋ ਦੀ, ਲੋਆਂ ਪੁਰੀਆਂ ਕਰੇ ਰੁਸ਼ਨਾਈਆ । ਖੇਲ ਚਲਣੀ ਇਕ ਨਿਰਮੋਹ ਦੀ, ਜੋ ਮਿਹਰ ਮੁਹੱਬਤ ਵਿਚ ਸਮਾਈਆ । ਧਾਰ ਵੇਖਣੀ

ਇਕ ਗਰੋਹ ਦੀ, ਜੋ ਭਗਤਾਂ ਨਾਲ ਵਡਿਆਈਆ । ਇਹ ਵਾਟ ਲੰਮੀਂ ਹੋਣੀ ਸਾਢੇ ਤਿੰਨ ਕੋਹ ਦੀ, ਓਗਰੇ ਤੋਂ ਮਮੀਆਂ ਦਿਤਾ ਮਿਣਾਈਆ । ਆਵਾਜ਼ ਆਈ ਹੋ ਹੋ ਦੀ, ਹੋਕਾ ਦਿਤਾ ਸੁਣਾਈਆ । ਅੱਗੇ ਧਾਰ ਅੱਧੇ ਕੋਹ ਦੀ, ਜਿਥੇ ਜੋਗ ਜੁਗੀਸ਼ਰ ਸੋਭਾ ਪਾਈਆ । ਓਥੇ ਖੇਲ ਹੋਣੀ ਲੁੱਟ ਖੋਹ ਦੀ, ਖ਼ਾਲੀ ਹੱਥ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੰਧਨ ਪਾਈਆ । ਰਾਵੀ ਕਹੇ ਮੈਂ ਇਕ ਵੇਰਾਂ ਰੋਈ, ਚਾਰ ਜੁਗ ਧਿਆਨ ਲਗਾਈਆ । ਇਕ ਵੇਰਾਂ ਕੀਤੀ ਦਰੋਹੀ, ਬਹੁੜੀ ਬਹੁੜੀ ਕਰ ਸੁਣਾਈਆ । ਇਕ ਵੇਰਾਂ ਸਿਰ ਤੋਂ ਲਾਹੀ ਲੋਈ, ਨਪੜਦ ਹੋ ਕੇ ਦਿਤਾ ਵਖਾਈਆ । ਇਕ ਵਾਰ ਕਰੀ ਅਰਜ਼ੋਈ, ਪ੍ਰਭ ਅੱਗੇ ਵਾਸਤਾ ਪਾਈਆ । ਇਕ ਵਾਰ ਹੋਈ ਨਿਰਮੋਹੀ, ਮੁਹੱਬਤ ਦਿਤੀ ਤੁੜਾਈਆ । ਇਕ ਵਾਰ ਅਰਜਨ ਦੇ ਚਰਨਾਂ ਨਾਲ ਛੋਹੀ, ਮੁੜ ਕੇ ਨਜ਼ਰ ਕਿਤੇ ਨਾ ਆਈਆ । ਮੈਨੂੰ ਸੰਦੇਸ਼ਾ ਦੇਵੇ ਕੋਈ, ਹੁਕਮ ਨਾਲ ਸਮਝਾਈਆ । ਪਰਦੇਸਣ ਨੂੰ ਮਿਲੇ ਕਿਤੇ ਨਾ ਢੋਈ, ਭੱਜਿਆਂ ਰਾਹ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਭਰਤ ਕਹੇ ਮੈਂ ਸੁਫ਼ਨੇ ਵਿਚ ਤੱਕ ਹੋਇਆ ਹੈਰਾਨ, ਹੈਰਾਨੀ ਅੰਦਰ ਨਜ਼ਰੀ ਆਈਆ । ਜਿਥੇ ਬੀਆਬਾਨ, ਜੰਗਲ ਜੂਹ ਵਖਾਈਆ । ਓਥੇ ਵੇਖਿਆ ਕੀ ਨਿਸ਼ਾਨ, ਜੋ ਨਿਸ਼ਾਨਾ ਸੋਭਾ ਪਾਈਆ । ਪਰਮ ਪੁਰਖ ਭਗਵਾਨ, ਨਿਰਗੁਣ ਜੋਤੀ ਜਾਤਾ ਨੂਰ ਰੁਸ਼ਨਾਈਆ । ਭੂਮਿਕਾ ਸੁਹਾਏ ਅਸਥਾਨ, ਧਰਨੀ ਧਰਤ ਧਵਲ ਦਏ ਵਡਿਆਈਆ । ਜਨ ਭਗਤਾਂ ਹੋ ਕੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਨਿਰਗੁਣ ਸਰਗੁਣ ਕਰਾ ਪਹਿਚਾਨ, ਪੜਦਾ ਦੂਈ ਰਿਹਾ ਚੁਕਾਈਆ । ਇਹ ਸਹਿਜੇ ਗੱਲ ਆਣ ਕੇ ਦੱਸੀ ਰਾਮ, ਨਿਉਂ ਕੇ ਲਾਗਾ ਪਾਈਆ । ਰਾਮ ਕਿਹਾ ਇਹ ਪ੍ਰਭੂ ਦਾ ਕਾਮ, ਜੁਗ ਜੁਗ ਖੇਲ ਖਿਲਾਈਆ । ਜਿਸ ਵੇਲੇ ਕਲਜੁਗ ਅੰਤ ਸ੍ਰਿਸ਼ਟੀ ਦਾ ਵਿਗੜੇ ਇੰਤਜ਼ਾਮ, ਨਜ਼ਾਮ ਨਜ਼ਰ ਕੋਇ ਨਾ ਆਈਆ । ਮਨੁਖਤਾ ਮਜ੍ਹਬਾਂ ਦੀ ਹੋਏ ਗ਼ੁਲਾਮ, ਜਾਤਾਂ ਪਾਤਾਂ ਪਏ ਲੜਾਈਆ । ਓਸ ਵੇਲੇ ਆਵੇ ਇਕ ਅਮਾਮ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਕਰੇ ਨਾ ਕੋਇ ਪਹਿਚਾਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਗਾਵੇ ਗਾਨ, ਸਾਚਾ ਢੋਲਾ ਇਕ ਸੁਣਾਈਆ । ਸਾਰੇ ਵਿਛੜੇ ਮੇਲੇ ਆਣ, ਰਾਵੀ ਕੰਢੇ ਵੱਜੇ ਵਧਾਈਆ । ਰਾਮ ਕਹੇ ਭਰਤ ਸੁਣ ਲਾ ਕੇ ਕਾਨ, ਸੋਝੀ ਸਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲੇਖਾ ਸਭ ਦਾ ਆਇਆ ਚੁਕਾਣ, ਚਾਰ ਜੁਗ ਦੇ ਪ੍ਰਦੇਸੀ, ਜੋ ਨਿਰਗੁਣ ਧਾਰ ਰਹੇ ਵੇਖੀ, ਓਨ੍ਹਾਂ ਲੇਖਾ ਪੂਰ ਕਰਾਈਆ ।

★ ੫ ਮਾਘ ਸ਼ਹਿਨਸ਼ਾਹੀ ਸੰਮਤ ੩ ਉਜਾਗਰ ਸਿੰਘ ਦੇ ਗ੍ਰਿਹਿ ਪਿੰਡ ਮਮੀਆਂ ਜ਼ਿਲਾ ਗੁਰਦਾਸਪੁਰ ★

ਧਰਨੀ ਕਹੇ ਇਹ ਕਸ਼ਪ ਮੁਨ ਦੀ ਆਸਾ, ਮੋਨ ਵਿਚ ਬਹਿ ਕੇ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਦਲਦਾ ਵੇਖਣਾ ਪਾਸਾ, ਪਾਸਾ ਦੀਨ ਦੁਨੀ ਖੋਜ ਖੁਜਾਈਆ । ਨੂਰ ਤਕਣਾ ਨਿਰਵੈਰ ਪੁਰਖ ਅਬਿਨਾਸ਼ਾ, ਅਕਾਲ ਅਕਲ ਕਲਧਾਰੀ ਵੇਖ ਵਖਾਈਆ । ਧਰਮ ਦਵਾਰਾ ਵੇਖਣਾ ਸਾਚਾ, ਜਿਥੇ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਨਾ ਕੋਇ ਲੜਾਈਆ । ਜੀਉ ਪਿੰਡ ਵੇਖਣਾ ਕਾਚਾ, ਪੰਜ ਤਤ ਕਾਇਆ ਮੰਦਰ

੧੧੮੨
੨੦

ਅੰਦਰ ਏਕਾ ਨਿਰਗੁਣ ਨੂਰ ਜੋਤ ਹੋਏ ਰੁਸ਼ਨਾਈਆ । ਪਵਣੀ ਪਵਣ ਵੇਖਣਾ ਸਵਾਸਾ, ਜੋ ਦਿਵਸ ਰੈਣ ਪ੍ਰਭ ਦਾ ਨਾਮ ਧਿਆਈਆ । ਸਚ ਦਵਾਰੇ ਵੇਖਣੀ ਰਾਸਾ, ਬਿਨ ਗੋਪੀ ਕਾਹਨ ਆਤਮ ਪਰਮਾਤਮ ਵੱਜੇ ਵਧਾਈਆ । ਸਤਿ ਗਵੱਈਆ ਵੇਖਣਾ ਭਾਟਾ, ਜੋ ਧੁਨ ਅਨਾਦੀ ਆਤਮਕ ਰਾਗ ਸੁਣਾਈਆ । ਧੁਰ ਦਾ ਵੇਖਣਾ ਪੂਜਾ ਪਾਠਾ, ਜੋ ਨਿਰਗੁਣ ਨਿਰਗੁਣ ਮੇਲਾ ਲਏ ਮਿਲਾਈਆ । ਸਚ ਦਵਾਰ ਦਾ ਖੁਲ੍ਹਾ ਵੇਖਣਾ ਤਾਕਾ, ਜਿਥੇ ਗੁਰ ਅਵਤਾਰ ਪੈਗ਼ੰਬਰ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਭਗਤ ਭਗਵਾਨ ਸੋਹਣ ਸਾਖਿਆਤਾ, ਜੋਤੀ ਜਾਤਾ ਮਿਲ ਕੇ ਵੱਜੇ ਵਧਾਈਆ । ਸਚ ਦਵਾਰੇ ਜਾਏ ਨਾ ਕੋਇ ਨਿਰਾਸਾ, ਨਿਰਇੱਛਤ ਸਭ ਦੀ ਆਸਾ ਪੂਰ ਕਰਾਈਆ । ਜੰਗਲ ਜੂਹ ਉਜਾੜ ਪਹਾੜ ਵੇਖੇ ਪਰਭਾਸਾ, ਟਿੱਲੇ ਪਰਬਤ ਚੋਟੀ ਖੋਜ ਖੁਜਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਜੁਗ ਚੌਕੜੀ ਫੋਲੇ ਖਾਤਾ, ਪੁਰਖ ਅਬਿਨਾਸ਼ੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਸਾਚਾ ਰੰਗ ਰੰਗਾਈਆ । ਕਸ਼ਪ ਮੁਨ ਕਹੇ ਮੇਰੀ ਆਸ਼ਾ ਅੰਤ ਅਖ਼ੀਰ, ਆਖ਼ਰ ਦਿਆਂ ਦ੍ਰਿੜਾਈਆ । ਮੈਂ ਪੈਦਲ ਲੰਘਿਆ ਮੁੱਕਿਆ ਪੰਧ ਕਸ਼ਮੀਰ, ਕੱਛ ਮੱਛ ਦੋਵੇਂ ਦੇਣ ਗਵਾਹੀਆ । ਝਗੜਾ ਵੇਖਿਆ ਸ਼ਾਹ ਹਕੀਰ, ਊਚ ਨੀਚ ਦੇਣ ਦੁਹਾਈਆ । ਸਭ ਦੀ ਬਦਲੀ ਵੇਖੀ ਜ਼ਮੀਰ, ਸਚ ਸੁਚ ਨਾ ਕੋਇ ਵਰਤਾਈਆ । ਸਤਿ ਧਰਮ ਦੀ ਸਮਝੇ ਨਾ ਕੋਇ ਲਕੀਰ, ਮਜ਼੍ਹਬ ਦੀਨ ਨਾਲ ਲੜਾਈਆ । ਕੁਛ ਇਸ਼ਾਰਾ ਦਿਤਾ ਵਾਸਤੇ ਕਬੀਰ, ਬਿਨ ਹੁਕਮੇ ਹੁਕਮ ਬਣਾਈਆ । ਜਿਸ ਵੇਲੇ ਸਤਿਜੁਗ ਕਲਜੁਗ ਵਿਚ ਹੋਵੇ ਤਾਅਮੀਰ, ਸਤਿ ਸਤਿਵਾਦੀ ਰਾਹ ਚਲਾਈਆ । ਕਰੇ ਖੇਲ ਪ੍ਰਭ ਗਹਿਰ ਗੰਭੀਰ, ਨਿਰਗੁਣ ਆਪਣੀ ਦਇਆ ਕਮਾਈਆ । ਲੇਖਾ ਜਾਣੇ ਬੇਨਜ਼ੀਰ, ਨਜ਼ਰ ਸਭ ਦੀ ਦਏ ਬਦਲਾਈਆ । ਗੁਰ ਅਵਤਾਰ



ਪੈਗ਼ੰਬਰ ਹੋਣ ਦਿਲਗੀਰ, ਦਰਗਾਹ ਸਾਚੀ ਸੀਸ ਨਿਵਾਈਆ । ਸ਼ਰਅ ਕਟੇ ਨਾ ਕੋਇ ਜ਼ੰਜੀਰ, ਕੜੀ ਕੜੀ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਧਰਤੀ ਕਹੇ ਮੇਰਾ ਧਾਮ ਨਿਰਾਲਾ, ਜੁਗ ਜੁਗ ਵੰਡ ਵੰਡਾਈਆ । ਕਸ਼ਪ ਰਿਖੀ ਵਛਾ ਕੇ ਦੁਸ਼ਾਲਾ, ਮਿਰਗਛਾਲਾ ਸੋਭਾ ਪਾਈਆ । ਰਾਤੀ ਸੁੱਤਿਆਂ ਲੱਗਾ ਪਾਲਾ, ਕਰਵਟ ਕਰਵਟ ਵਿਚੋਂ ਬਦਲਾਈਆ । ਕਰੇ ਬੇਨੰਤੀ ਅੱਗੇ ਹਰਿ ਗੋਪਾਲਾ, ਦੀਨਨ ਹੋ ਕੇ ਸੀਸ ਨਿਵਾਈਆ । ਤੂੰ ਸਮਰਥ ਸਾਹਿਬ ਆਦਿ ਜੁਗਾਦਿ ਸਦਾ ਰਖਵਾਲਾ, ਰੱਖਿਆ ਕਰੇਂ ਥਾਉਂ ਥਾਈਂਆ । ਹਉਂ ਬਾਲਕ ਤੇਰਾ ਲਾਲਾ, ਨੰਨ੍ਹਾਂ ਬੱਚਾ ਨਜ਼ਰੀ ਆਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸ਼ਾਹੋ ਭੂਪ ਭੂਪ ਸੁਲਤਾਨਾਂ, ਰਾਜ ਰਾਜਾਨਾ ਆਪ ਜਣਾਈਆ । ਕਲਜੁਗ ਅੰਤਮ ਵੇਖ ਮਾਰ ਧਿਆਨਾ, ਬੀਸ ਬੀਸਾ ਰਾਹ ਤਕਾਈਆ । ਪਰਗਟ ਹੋਵੇ ਜੋਧਾ ਸੂਰਬੀਰ ਬਲੀ ਨੌਜਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਨਿਰਗੁਣ ਧਾਰ ਨਿਰਵੈਰ ਨਿਰੰਕਾਰ ਜੋਤੀ ਪਹਿਨੇ ਜਾਮਾ, ਕ੍ਰਿਸ਼ਨਾ ਰਾਮਾ ਸਾਰੇ ਸੀਸ ਨਿਵਾਈਆ । ਪੀਰ ਪੈਗ਼ੰਬਰ ਕਰਨ ਸਲਾਮਾਂ, ਸਜਦਿਆਂ ਵਿਚ ਸਰ ਨਾ ਕੋਇ ਉਠਾਈਆ । ਸੋ ਸਾਹਿਬ ਸਤਿਗੁਰ ਦੱਸੇ ਅਗੰਮੀ ਇਕ ਕਲਾਮਾ, ਕਾਇਨਾਤ ਕਰੇ ਪੜ੍ਹਾਈਆ । ਨਾਮ ਡੰਕ ਵਜਾਏ ਦਮਾਮਾ, ਦਮਾਂ ਵਾਲੇ ਸਾਰੇ ਲਏ ਜਗਾਈਆ । ਸਤਿ ਧਰਮ ਦਾ ਲੈ ਕੇ ਸਚ ਨਿਸ਼ਾਨਾ, ਭੱਜੇ ਚਾਈਂ ਚਾਈਂਆ । ਜ਼ਰੂਰ ਪਹੁੰਚੇ ਏਸ ਅਸਥਾਨਾ, ਜਿਥੇ ਬਹਿ ਕੇ ਆਪਣੀ ਕਾਰ ਕਮਾਈਆ । ਮੁਹੰਮਦ ਯਾਦ ਕਰਾਇਆ ਵਿਚ ਕੁਰਾਨਾ, ਤੀਸ ਬਤੀਸ ਸਿਫ਼ਤ ਸਾਲਾਹੀਆ । ਜੋ ਮੁਰਸ਼ਦ ਮੁਰੀਦਾਂ ਕਰੇ ਦੀਵਾਨਾ, ਮਹਿਰਮ ਹੋ ਕੇ ਵੇਖ ਵਖਾਈਆ । ਉਹ ਭਗਤਾਂ ਸਮਝੇ ਨਾ ਕਦੇ ਬੇਗਾਨਾ, ਹਰਿਜਨ ਆਪਣੇ ਰੰਗ ਰੰਗਾਈਆ ।

ਲਹਿਣਾ ਦੇਣਾ ਚੁਕਾਵੇ ਦੋ ਜਹਾਨਾਂ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਫੋਲ ਫੁਲਾਈਆ । ਸੋ ਬੇਨੰਤੀ ਮਨਜ਼ੂਰ ਕਰੇ ਪਰਵਾਨਾ, ਪਰਵਾਨਗੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਦੋ ਜਹਾਨਾਂ, ਦੋਹਰੀ ਆਪਣੀ ਧਾਰ ਵਖਾਈਆ ।

★ ੫ ਮਾਘ ਸ਼ਹਿਨਸ਼ਾਹੀ ਸੰਮਤ ੩ ਸਰਦੂਲ ਸਿੰਘ ਵਜ਼ੀਰ ਪੁਰ ਜੱਟਾਂ
ਮਲਾਹ ਦੇ ਨਾਲ ਰਾਵੀ ਕਿਨਾਰੇ ਜ਼ਿਲਾ ਗੁਰਦਾਸਪੁਰ ★

ਬੇੜੀ ਕਹੇ ਮੇਰੀ ਨਿਮਸਕਾਰ, ਗੁਰ ਗੋਬਿੰਦ ਤੇਰੀ ਇਕ ਸਰਨਾਈਆ । ਧੁਰ ਮਲਾਹ ਬੇਐਬ ਪਰਵਰਦਿਗਾਰ, ਸ਼ਹਿਨਸ਼ਾਹ ਤੇਰੀ ਸਰਨਾਈਆ । ਭਵਜਲ ਸਾਗਰ ਗੁਰਮੁਖ ਡੁੱਬੇ ਨਾ ਮੰਝਧਾਰ, ਚੱਪੂ ਨਾਮ ਮੁਹਾਣਾ ਇਕ ਲਗਾਈਆ । ਗੁਰ ਅਰਜਨ ਲਿਖ ਕੇ ਗਿਆ ਆਪਣੀ ਧਾਰ, ਰਾਵੀ ਕੰਢਾ ਵੇਖ ਵਖਾਈਆ । ਜਿਸ ਵੇਲੇ ਆਵੇ ਕਲ ਕਲਕੀ ਅਵਤਾਰ, ਨਿਰਗੁਣ ਦਾਤਾ ਧੁਰਦਰਗਾਹੀਆ । ਬੇੜੀ ਪਿੱਛੇ ਬੇੜਾ ਪਰਵਾਰ ਦਾ ਜਾਏ ਤਾਰ, ਵੱਡਾ ਛੋਟਾ ਜਨਮ ਮਰਨ ਵਿਚ ਕੋਇ ਨਾ ਆਈਆ । ਸਚਖੰਡ ਪੁੱਜੇ ਸਚ ਸੱਚੇ ਦਰਬਾਰ, ਜਿਥੇ ਪੁਰਖ ਅਕਾਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਵਸਾਈਆ । ਰਾਵੀ ਕਹੇ ਮੇਰਾ ਜਲ ਠੰਡਾ, ਵੰਞਾਂ ਨਾਪ ਨਪਾਈਆ । ਪੁਰਖ ਅਕਾਲ ਸਚ ਪ੍ਰੇਮੀਆਂ ਧੁਰ ਦਰਬਾਰੇ ਦੇਵੇ ਗੰਢਾਂ, ਟੁੱਟਿਆਂ ਗੰਢ ਵਖਾਈਆ । ਜਿਸ ਪ੍ਰੇਮ ਨੂੰ ਲੱਭਦੀ ਜਮਨਾ ਸੁਰਸਤੀ ਗੰਗਾ, ਨਿਤ ਨਵਿਤ ਧਿਆਨ ਲਗਾਈਆ । ਉਸ ਤੋਂ ਉਤਮ ਸ੍ਰੇਸ਼ਟ ਹੋਇਆ ਇਹ ਕੰਢਾ, ਜਿਸ ਪੱਤਣ ਤੇ ਮਿਲਿਆ ਬੇਪਰਵਾਹੀਆ । ਬਾਹਰੋਂ ਬੰਦਾ ਅੰਦਰੋਂ ਬਖ਼ਸ਼ੰਦਾ, ਬਖ਼ਸ਼ਿਸ਼ ਵਿਚ ਰਹਿਮਤ ਆਪ ਕਮਾਈਆ । ਸਚ ਪ੍ਰੇਮ ਦਾ ਦੇਵੇ ਇਕ ਅਨੰਦਾ, ਅਨੰਦ ਧੁਰ ਦਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇਵੇ ਮਾਣ ਵਡਿਆਈਆ । ਪਾਰ ਉਤਾਰੇ ਜਗਤ ਮਲਾਹ, ਭਗਤਾਂ ਨਾਲ ਵਡਿਆਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਲਹਿਣਾ ਦੇਣਾ ਸਭ ਦਾ ਦਏ ਚੁਕਾਈਆ । ਡੂੰਘਰ ਪਾਰ ਕਰਾਏ ਜਲ ਥਲ ਅਸਗਾਹ, ਟਿੱਲੇ ਪਰਬਤ ਚੋਟੀ ਰਾਹ ਵਿਚ ਨਾ ਕੋਇ ਅਟਕਾਈਆ । ਸਚ ਦਵਾਰੇ ਦੇਵੇ ਅਗੰਮੀ ਥਾਂ, ਜਿਥੇ ਗੁਰ ਅਵਤਾਰ ਪੈਗ਼ੰਬਰ ਬੈਠੇ ਆਸਣ ਲਾਈਆ । ਧਰਮ ਦਵਾਰ ਦਾ ਧਰਮ ਨਿਆਂ, ਲਹਿਣਾ ਦੇਣਾ ਪਿਛਲਾ ਝੋਲੀ ਪਾ, ਪੂਰਬ ਵੇਖ ਵਖਾਈਆ । ਦਾਦੂ ਦੇ ਦੇਹੁਰੇ ਇਹ ਸੂਫ਼ੀ ਜਿਸ ਨੇ ਬਖ਼ਸ਼ਾਏ ਗੁਨਾਹ, ਗੋਬਿੰਦ ਅੱਗੇ ਸੀਸ ਨਿਵਾਈਆ । ਚਰਨ ਕਵਲ ਮੰਗ ਪਨਾਹ, ਸਿਰ ਕਦਮਾਂ ਉਤੇ ਟਿਕਾਈਆ । ਗੋਬਿੰਦ ਪਿੱਠ ਉਤੇ ਹੱਥ ਦਿਤਾ ਟਿਕਾ, ਥਾਪੀ ਪੁਸ਼ਤ ਪਨਾਹ ਲਗਾਈਆ । ਜਿਸ ਵੇਲੇ ਮਾਲਕ ਖ਼ਾਲਕ ਪ੍ਰਿਤਪਾਲਕ ਆਵੇ ਬੇਪਰਵਾਹ, ਇਕ ਨਹੀਂ ਤੇਰਾ ਬੇੜਾ ਸਭ ਦਾ ਪਾਰ ਕਰਾਈਆ । ਛੋਟੇ ਵੱਡੇ ਨੱਢੇ ਬੱਚੇ ਇਸਤਰੀ ਪੁਰਸ਼ ਸਾਕ ਸੱਜਣ ਅੱਧ ਵਿਚ ਰਹੇ ਕੋਈ ਨਾ, ਧਰਮ ਰਾਏ ਦੀ ਦਏ ਨਾ ਕੋਇ ਸਜ਼ਾਈਆ । ਛਿਆਸੀਆਂ ਪਿੱਛੇ ਛੇ ਗੁਣਾਂ ਤੇਰਾ ਕੁਟੰਬ ਦਏ ਤਰਾ, ਛੇ ਸ਼ਾਸਤਰ ਛੇ ਘਰ ਛੇ ਗੁਰ ਛੇ ਉਪਦੇਸ਼ ਨਾਲ ਮਿਲਾਈਆ । ਕਿਉਂ, ਜਗਤ ਮਾਇਆ ਤੋਂ ਕੀਤੀ ਨਾਹ, ਗੁਰਮੁਖਾਂ ਦੀ ਪ੍ਰੇਮ ਨਾਲ ਪਕੜੀ ਬਾਂਹ,

ਬੇੜੀ ਕਾਠ ਉਤੇ ਦਿਤਾ ਥਾਂ, ਏਸੇ ਕਾਰਨ ਜਨਮ ਜਨਮ ਦੇ ਬਖ਼ਸ਼ੇ ਗਏ ਗੁਨਾਹ, ਰੂਹ ਬੁਤ ਦੋਵੇਂ ਪਾਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਨੂੰ ਕਰਕੇ ਜਾਏ ਹਾਂ, ਹਰਿ ਘਾਟ ਹਰਿ ਮੰਦਰ ਦਰਗਾਹ ਸਾਚੀ ਸਚਖੰਡ ਦਵਾਰ ਦਏ ਪੁਚਾਈਆ ।

ਰਾਵੀ ਕਹੇ ਲਹਿੰਦਿਉਂ ਆਇਆ ਚੜ੍ਹਦੇ, ਲਹਿੰਦਾ ਚੜ੍ਹਦਾ ਦੱਖਣ ਪਹਾੜ ਵੇਖ ਵਖਾਈਆ । ਕੁਛ ਭੇਵ ਦੱਸ ਆਪਣੇ ਘਰ ਦੇ, ਕੀ ਚੋਰੀ ਚੋਰੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਤੈਥੋਂ ਰਹੇ ਡਰਦੇ, ਸਿਰ ਸਕਿਆ ਨਾ ਕੋਇ ਉਠਾਈਆ । ਝਗੜੇ ਪਾਏ ਤਨ ਵਜੂਦ ਜੜ੍ਹ ਦੇ, ਚੇਤਨ ਰੰਗ ਨਾ ਕੋਇ ਰੰਗਾਈਆ । ਬਿਰਹੋਂ ਵਿਛੋੜੇ ਵਿਚ ਸਾਰੇ ਰਹੇ ਮਰਦੇ, ਹੌਕਿਆਂ ਵਿਚ ਤੜਫਾਈਆ । ਅਨਕ ਪ੍ਰਕਾਰ ਤੇਰਾ ਨਾਮ ਕਲਮਾ ਰਹੇ ਪੜ੍ਹਦੇ, ਸਿਫ਼ਤਾਂ ਵਿਚ ਸਾਲਾਹੀਆ । ਸੀਸ ਜਗਦੀਸ ਭਾਣਾ ਰਹੇ ਜਰਦੇ, ਦੁੱਖ ਸੁਖ ਵਿਚ ਬਦਲਾਈਆ । ਕੂੜ ਵਿਕਾਰ ਰਹੇ ਠਲ੍ਹਦੇ, ਆਪਣਾ ਬਲ ਪਰਗਟਾਈਆ । ਜਗਤ ਜਵਾਨੀਉਂ ਰਹੇ ਢਲਦੇ, ਬੁੜ੍ਹੇਪਾ ਸਿਰ ਤੇ ਛਾਈਆ । ਅੰਤਮ ਰਹੇ ਸਾਰੇ ਮਰਦੇ, ਹੁੰਦੀ ਰਹੀ ਕਿਉਂ ਜੁਦਾਈਆ । ਰਾਵੀ ਕਹੇ ਮੇਰੀ ਅਰਜ਼ੇ, ਆਰਜ਼ੂ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਰਾਵੀ ਮੇਰਾ ਨਾ ਲਹਿੰਦਾ ਨਾ ਚੜ੍ਹਦਾ, ਦੱਖਣ ਪਹਾੜ ਵੰਡ ਨਾ ਕੋਇ ਵੰਡਾਈਆ । ਚਾਰ ਕੁੰਟ ਦਹਿ ਦਿਸ਼ਾ ਹਰ ਘਟ ਅੰਦਰ ਬਹਿੰਦਾ, ਘਰ ਘਰ ਡੇਰਾ ਲਾਈਆ । ਧੁਰ ਸੰਦੇਸਾ ਸਦਾ ਸਦਾ ਜਗ ਕਹਿੰਦਾ, ਕਹਿ ਕਹਿ ਆਖ ਸੁਣਾਈਆ । ਤੇਰੇ ਨਾਲੋਂ ਤਿੱਖਾ ਮੇਰਾ ਪ੍ਰੇਮ ਜਲ ਵਹਿੰਦਾ, ਜੋ ਗੁਰਮੁਖਾਂ ਦਾ ਕੂੜਾ ਕਰਕਟ ਦਏ ਰੁੜ੍ਹਾਈਆ । ਜਿਥੇ ਵਹਿਣ ਗਹਿਣ ਕੋਈ ਨਹੀਂ ਪੈਂਦਾ, ਰਾਹ ਇਕੋ ਜਿਹਾ ਦਰਸਾਈਆ । ਵੇਖ ਹੁਲਾਰਾ ਮੇਰੀ ਕਾਂਗ ਨੈਂ ਦਾ, ਘੁੰਮਣ ਘੇਰ ਧਿਆਨ ਲਗਾਈਆ । ਜਿਥੇ ਝਗੜਾ ਨਹੀਂ ਮੈਂ ਤੈਂ ਦਾ, ਤੂੰ ਮੈਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਰਾਵੀ ਕਹੇ ਮੈਂ ਨਹੀਂ ਮੰਨਦੀ, ਤੇਰੀ ਬੇਪਰਵਾਹੀਆ । ਮੈਂ ਗੱਲਾਂ ਸੁਣਦੀ ਕਲ੍ਹ ਦੀ, ਕੀ ਕੀ ਗੁਰਮੁਖ ਰਹੇ ਸੁਣਾਈਆ । ਕੋਈ ਕਹੇ ਮੈਂ ਵੇਖੀ ਨਹੀਂ ਧਾਰ ਜਲ ਦੀ, ਪਿੱਛੇ ਮੁੜ ਕੇ ਪਿੱਛਾ ਆਇਆ ਭਵਾਈਆ । ਰਾਵੀ ਕਹੇ ਪ੍ਰਭੂ ਕਿਸੇ ਨੂੰ ਖ਼ਬਰ ਕਿਹੜੀ ਘੜੀ ਪਲ ਦੀ, ਬੁੱਧੀ ਕੀ ਚਤੁਰਾਈਆ । ਮੈਂ ਇਕੋ ਆਖਾ ਤੇਰਾ ਮੰਨਦੀ, ਨਿਉਂ ਕੇ ਸੀਸ ਨਿਵਾਈਆ । ਕੁਝ ਹਾਲਤ ਦੱਸ ਅਰਜਨ ਚੰਨ ਦੀ, ਜੋ ਮੇਰੇ ਵਿਚ ਆਪਾ ਭੇਟ ਕਰਾਈਆ । ਪੁਰਖ ਅਕਾਲ ਕਿਹਾ ਇਹ ਗੱਲ ਸੁਣਨੀ ਨਹੀਂ ਕਿਸੇ ਕੰਨ ਦੀ, ਅਨਬੋਲਤ ਬੋਲ ਜਣਾਈਆ । ਜਿਹੜੀ ਧਾਰ ਗੁਰ ਅਵਤਾਰ ਪੈਗ਼ੰਬਰ ਘਲਦੀ, ਹੁਕਮੇ ਵਿਚ ਭਵਾਈਆ । ਇਹ ਖੇਲ ਉਸੇ ਅਛਲ ਅਛੱਲ ਦੀ, ਜਿਸ ਨੂੰ ਵਲੀਆ ਛਲੀਆ ਕਹਿ ਕੇ ਸਾਰੇ ਗਾਈਆ । ਰਾਵੀ ਕਹੇ ਕਿਉਂ ਫੌਜ ਚੜ੍ਹਾਈ ਦਲ ਦੀ, ਭਗਤਾਂ ਨਾਲ ਮਿਲਾਈਆ । ਪੁਰਖ ਅਕਾਲ ਕਿਹਾ ਕਮਲੀਏ ਤੂੰ ਇਨ੍ਹਾਂ ਦੇ ਨਾਲ ਫਲਦੀ, ਇੱਕਲੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਰਾਵੀ ਕਹੇ ਲਹਿੰਦਾ ਚੜ੍ਹਦਾ ਤੇਰਾ ਕੋਈ ਨਹੀਂ ਪਤਣ, ਮੈਨੂੰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਹਾਂ ਜਿਥੇ ਭਗਤ

ਸੁਹੇਲੇ ਵਸਣ, ਉਹ ਤਟ ਕਿਨਾਰੇ ਸੋਭਾ ਪਾਈਆ । ਰਾਵੀ ਖਿੜ ਕੇ ਲੱਗੀ ਹੱਸਣ, ਦੋ ਟੁੱਟੇ ਦੰਦ ਵਖਾਈਆ । ਪੁਰਖ ਅਕਾਲ ਕਿਹਾ ਮੈਂ ਉਨ੍ਹਾਂ ਦੀ ਪੈਜ ਆਇਆ ਰੱਖਣ, ਜੋ ਚਾਰ ਜੁਗ ਧਿਆਨ ਲਗਾਈਆ । ਰਾਵੀ ਕਹੇ ਮੈਂ ਸੁਣਿਆ ਕਾਹਨ ਜਮਨਾ ਉਤੇ ਖਾਂਦਾ ਰਿਹਾ ਮੱਖਣ, ਗੋਪੀਆਂ ਖੇਲ ਰਚਾਈਆ । ਹੁਣ ਤੂੰ ਸਵਾਦ ਕੀ ਆਇਉਂ ਚੱਖਣ, ਮੈਨੂੰ ਦੇ ਦ੍ਰਿੜਾਈਆ । ਪੁਰਖ ਅਕਾਲ ਕਹੇ ਮੈਂ ਭਗਤਾਂ ਦੇ ਪੜਦੇ ਆਇਆ ਢਕਣ, ਖਾਣ ਪੀਣ ਦੀ ਲੋੜ ਨਾ ਕੋਇ ਰਖਾਈਆ । ਕਲਜੁਗ ਕੂੜੀ ਜੜ੍ਹ ਆਇਆ ਪੱਟਣ, ਪਟਣੇ ਵਾਲਾ ਨਾਲ ਮਿਲਾਈਆ । ਰਾਵੀ ਕਹੇ ਮੈਨੂੰ ਯਾਦ ਆ ਗਈ ਗੁਰ ਅਰਜਨ ਨੇ ਵਿਚਲੇ ਦੋ ਖੋਲ੍ਹੇ ਸੀ ਬਟਨ, ਸੀਨਾ ਤੈਨੂੰ ਦਿਤਾ ਵਖਾਈਆ । ਮੈਂ ਖ਼ੁਸ਼ੀਆਂ ਵਿਚ ਲੱਗੀ ਟੱਪਣ, ਵਾਹਵਾ ਤੇਰੀ ਬੇਪਰਵਾਹੀਆ । ਇਧਰ ਉਧਰ ਲੱਗੀ ਨੱਸਣ, ਭੱਜੀ ਚਾਈਂ ਚਾਈਆ । ਜਾਂ ਰੇਤ ਪੈਂਦੀ ਵੇਖੀ ਮੈਨੂੰ ਪੈ ਗਈ ਗ਼ਸ਼ਨ, ਮੈਂ ਕੀਤੀ ਹਾਲ ਦੁਹਾਈਆ । ਜਾਂ ਤੱਕ ਕੇ ਵੇਖਿਆ ਵੱਲ ਪੱਛਮ, ਆਪਣੀ ਅੱਖ ਉਠਾਈਆ । ਸੰਦੇਸ਼ੇ ਵਿਚ ਸੁਣਿਆ ਇਕ ਬਚਨ, ਕਿਸੇ ਅਗੰਮੜੇ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਰਾਵੀ ਕਹੇ ਪ੍ਰਭੂ ਤੂੰ ਬੜਾ ਡਾਹਢਾ, ਡਾਹਢਿਆ ਕੀ ਤੇਰੀ ਵਡਿਆਈਆ । ਪੁਰਖ ਅਕਾਲ ਕਹੇ ਮੈਂ ਕਰਾਂ ਖੇਲ ਨਾੜੀ ਮਾਸ ਹਾਡਾ, ਨਿਰਗੁਣ ਨੂਰ ਇਕ ਚਮਕਾਈਆ । ਕੁਛ ਬਚਨ ਕਰ ਯਾਦਾ, ਪਿਛਲੀ ਯਾਦ ਵਖਾਈਆ । ਜਿਸ ਵੇਲੇ ਬਾਲਮੀਕ ਬਣ ਕੇ ਆਇਆ ਸੀ ਸਾਦਾ, ਤੇੜ ਲੰਗੋਟੀ ਇਕ ਛੁਹਾਈਆ । ਆਪਣੇ ਬਦਨ ਤੇ ਲਾ ਕੇ ਪੰਜ ਦਾਗ਼ਾ, ਨਿਸ਼ਾਨ ਲਏ ਬਣਾਈਆ । ਫਿਰ ਸੁਣਾਈ ਇਕ ਆਵਾਜ਼ਾ, ਕੂਕ ਕੂਕ ਅਲਾਈਆ । ਜੇ ਕਿਤੇ ਹੈਂ ਤੇ ਪ੍ਰਭੂ ਆਜਾ, ਜੰਗਲ ਵਿਚ ਆਸਾ ਪੂਰ ਕਰਾਈਆ । ਸ੍ਰੀ ਭਗਵਾਨ ਕਿਹਾ ਮੈਂ ਰਾਮ ਨਹੀਂ ਰਾਮ ਦਾ ਰਾਜਾ, ਰਾਮ ਰਾਜੇ ਦਾ ਢੋਲਾ ਗਾਈਆ । ਬਾਲਮੀਕ ਕਿਹਾ ਤੇਰਾ ਕਿਹੋ ਜਿਹਾ ਸਮਾਜਾ, ਮੈਨੂੰ ਦੇ ਵਖਾਈਆ । ਪੁਰਖ ਅਕਾਲ ਕਿਹਾ ਔਹ ਵੇਖ ਅਸਵ ਘੋੜਾ ਤਾਜਾ, ਜਿਸ ਦੀ ਹੱਡ ਮਾਸ ਨਾੜੀ ਨਜ਼ਰ ਕੋਇ ਨਾ ਆਈਆ । ਇਹ ਤਿੱਖਾ ਬੜਾ ਚਲਾਕਾ, ਦੋ ਜਹਾਨਾਂ ਫਿਰ ਕੇ ਆਪਣਾ ਪਹਿਲਾ ਕਦਮ ਟਿਕਾਈਆ । ਇਕ ਹੋਰ ਵੇਖ ਤਮਾਸ਼ਾ, ਤੈਨੂੰ ਦਿਆਂ ਵਖਾਈਆ । ਕਲਜੁਗ ਅੰਤ ਅਖ਼ੀਰ ਸਤਿ ਧਰਮ ਹੋਏ ਵਿਨਾਸ਼ਾ, ਅਬਿਨਾਸ਼ੀ ਨਜ਼ਰ ਕਿਸੇ ਨਾ ਆਈਆ । ਪਿਤਾ ਪੁੱਤਰ ਕਰੇ ਘਾਤਾ, ਘਰ ਘਰ ਪਏ ਲੜਾਈਆ । ਚਾਰੋਂ ਕੁੰਟ ਹੋਏ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਚੇਲਾ ਗੁਰੂ ਨਾ ਮੰਨੇ ਆਖਾ, ਗੁਰੂ ਚੇਲਿਆਂ ਅੱਗੇ ਝੋਲੀਆਂ ਡਾਹੀਆ । ਨੇਤਰ ਰੋਵੇ ਜਾਤ ਪਾਤਾ, ਪਤਣ ਨਜ਼ਰ ਕੋਇ ਨਾ ਆਈਆ । ਬਾਲਮੀਕ ਕਿਹਾ ਪ੍ਰਭੂ ਇਹ ਬੜੀਆਂ ਲੰਮੀਆਂ ਬਾਤਾਂ, ਤ੍ਰੇਤੇ ਪਿਛੋਂ ਦੁਆਪਰ ਦੁਆਪਰ ਪਿਛੋਂ ਕਲਜੁਗ ਕਲਜੁਗ ਦਾ ਅੰਤ ਸਮਾਂ ਬਹੁਤਾ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਜ਼ਰਾ ਤੱਕ ਉਪਰ ਆਕਾਸ਼ਾ, ਬਿਨ ਅੱਖਾਂ ਅੱਖ ਉਠਾਈਆ । ਜਾਂ ਵੇਖਿਆ ਤੇ ਉਨੂੰ ਕਲਜੁਗ ਦਾ ਨਜ਼ਰ ਆ ਗਿਆ ਤਮਾਸ਼ਾ, ਸਭ ਕੁਛ ਦਿਤਾ ਵਖਾਈਆ । ਬਾਲਮੀਕ ਟੇਕ ਕੇ ਮਾਥਾ, ਸੀਸ ਦਿਤਾ ਝੁਕਾਈਆ । ਪ੍ਰਭੂ ਤੂੰ ਆਪਣਾ ਜਾਣੇਂ ਆਪੇ ਸਾਕਾ, ਤੇਰੀ ਕਹਾਣੀ ਕਥਨ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਖੇਲ ਪ੍ਰਭ ਸਾਚਾ, ਸਚ ਦਾ ਮਾਲਕ ਇਕ ਹੋ ਜਾਈਆ । ਰਾਵੀ ਕਹੇ ਪ੍ਰਭੂ ਚੜ੍ਹਦੇ ਨੂੰ ਹੋਰ ਤੁਰ, ਅਗਲਾ ਪੰਧ ਮੁਕਾਈਆ । ਅੱਗੋਂ ਮਿਲਣ ਆਏ ਅਵਤਾਰ ਗੁਰ, ਆਸਾ ਇਕ ਰਖਾਈਆ । ਜਿਹੜਾ ਲਿਖਿਆ ਅਨੰਦ ਪੁਰ, ਉਹ ਭੁਲੇਖਾ ਦੇ ਕਢਾਈਆ । ਜਿਹੜੀ ਗੁਰਮੁਖਾਂ ਤੋਂ ਰਹਿ


੧੧੮੬
੨੦

ਗਈ ਬੁਝ, ਉਹ ਵੀ ਪੂਰੀ ਕਰ ਵਖਾਈਆ । ਹੋਰ ਵੇਖ ਪ੍ਰਭੂ ਆ ਗਏ ਦੇਵਤ ਸੁਰ, ਫੂਲਨ ਬਰਖਾ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਆਏ ਮੁੜ, ਆਪਣਾ ਮੁਖ ਭਵਾਈਆ । ਸਾਰੇ ਕਹਿਣ ਅਸੀਂ ਸਮਝਦੇ ਪੁਰਖ ਅਕਾਲ ਸਦਾ ਵਸੇ ਸਚਖੰਡ ਦੀ ਕੁੜ, ਜਿਸ ਨੂੰ ਵੇਖਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਬਾਪੂ ਆ ਗਏ ਰਾਵੀ ਦੇ ਕੰਢੇ, ਦਰ ਤੇਰੇ ਸੀਸ ਨਿਵਾਈਆ । ਦੱਸ ਕਿਹੜੀ ਵਸਤ ਸਾਨੂੰ ਵੰਡੇਂ, ਪਿਛਲੀਆਂ ਵੰਡਾਂ ਦੇ ਮੁਕਾਈਆ । ਅਸੀਂ ਛੱਡੇ ਮਜ਼੍ਹਬਾਂ ਵਾਲੇ ਡੰਡੇ, ਡੰਡਾਵਤ ਇਕੋ ਦੇ ਸਮਝਾਈਆ । ਸਾਰੇ ਆਏ ਪੈਰੀਂ ਨੰਗੇ, ਖ਼ੁਸ਼ੀਆਂ ਪੰਧ ਮੁਕਾਈਆ । ਠੰਡੇ ਪਾਣੀ ਵਿਚੋਂ ਲੰਘੇ, ਜੋੜਾ ਚਰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਦੇਵਤ ਸੁਰ ਕਹਿਣ ਹੁਣ ਤੇ ਖੋਲ੍ਹ ਦੇ ਸੁਰਤੀ, ਸੁੱਤਿਆਂ ਲੈ ਜਗਾਈਆ । ਦਰਸ ਕਰਾ ਆਪਣੀ ਮੂਰਤੀ, ਮੂਰਤ ਅਕਾਲ ਤੇਰੀ ਵਡਿਆਈਆ । ਆਵਾਜ਼ ਸੁਣਾ ਆਪਣੇ ਤੂਰ ਦੀ, ਤੁਰਤ ਕਰ ਸ਼ਨਵਾਈਆ । ਕੀ ਆਗਿਆ ਹਜ਼ੂਰ ਦੀ, ਸਾਨੂੰ ਦੇ ਸਮਝਾਈਆ । ਅਸੀਂ ਖ਼ੁਸ਼ੀ ਵੇਖਣ ਆਏ ਏਸੇ ਬੇੜੇ ਪੂਰ ਦੀ, ਜੋ ਪੁਰੀ ਅਨੰਦ ਦੀ ਦੇਣ ਗਵਾਹੀਆ । ਝਲਕ ਤੱਕਣ ਆਏ ਕੋਹਤੂਰ ਦੀ, ਜੋ ਮੂਸਾ ਕਰੇ ਰੁਸ਼ਨਾਈਆ । ਸਾਰੇ ਕਹਿਣ ਪ੍ਰਭੂ ਹੁਣ ਲੰਘਣ ਨਹੀਂ ਦੇਣਾ ਦੂਰ ਦੀ, ਅੱਗੇ ਹੋ ਕੇ ਝੋਲੀ ਡਾਹੀਆ । ਮਜ਼ਦੂਰੀ ਦੇ ਜਾ ਪਿਛਲੇ ਮਜ਼ਦੂਰ ਦੀ, ਜੁਗ ਚੌਕੜੀ ਤੇਰੀ ਸੇਵ ਕਮਾਈਆ । ਅੱਗੇ ਸਜ਼ਾ ਨਾ ਦੇਵੀਂ ਕਿਸੇ ਕਸੂਰ ਦੀ, ਇਹੋ ਮੰਗ ਮੰਗਾਈਆ । ਇਕੋ ਲੋੜ ਚਰਨ ਧੂੜ ਦੀ, ਟਿੱਕੇ ਇਕੋ ਨਾਮ ਵਖਾਈਆ । ਬੁੱਧੀ ਪਵਿਤ੍ਰ ਹੋਵੇ ਮੂੜ੍ਹ ਦੀ, ਮੂਰਖਾਂ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ,

੧੧੮੭ ੨੦

ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਿਸ਼ਨ ਕਹੇ ਆ ਓਏ ਸ਼ਿਵ ਬ੍ਰਹਮਾ, ਬ੍ਰਾਹਮਣਾ ਦਿਆਂ ਜਣਾਈਆ । ਕਿਉਂ ਝਗੜਾ ਪਿਆ ਕਾਇਆ ਚੰਮਾ, ਤੱਤਾਂ ਵਾਲੀ ਵੰਡ ਵੰਡਾਈਆ । ਕਿਉਂ ਬਣਿਆ ਰਿਹੋਂ ਨਿਕੰਮਾ, ਬਲਹੀਣ ਹੋ ਜਾਈਆ । ਬ੍ਰਹਮਾ ਕਹੇ ਮੇਰੇ ਹੱਥ ਨਹੀਂ ਰਿਹਾ ਸਮਾਂ, ਜੁਗ ਜੁਗ ਹਰਿ ਕਰਤਾ ਆਪਣੀ ਕਾਰ ਕਮਾਈਆ । ਪ੍ਰਭ ਨੂੰ ਲਾਲਚ ਨਿਤ ਨਿਤ ਆਪਣਾ ਨਾਮ ਚਲਾਉਂਦਾ ਰਿਹਾ ਨਵਾਂ, ਬਦਲੀ ਵਿਚ ਆਪਣੀ ਬਦਲੀ ਆਪ ਕਰਾਈਆ । ਮੈਂ ਨੇਤਰ ਰੋਵਾਂ ਛਮ ਛਮਾਂ, ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਪਕੜ ਸਭ ਦਾ ਬਾਜ਼ੂ, ਆਪਣੇ ਨਾਲ ਮਿਲਾਈਆ । ਤੇਰੇ ਹੱਥ ਤੱਕੜ ਤਰਾਜ਼ੂ, ਅਗਲਾ ਤੋਲ ਦੇਣਾ ਸਮਝਾਈਆ । ਬਿਨ ਤੇਰੀ ਕਿਰਪਾ ਕੋਈ ਨਾ ਜਾਗੂ, ਬਿਨ ਕਿਰਪਾ ਅੱਖ ਨਾ ਕੋਇ ਖੁਲ੍ਹਾਈਆ । ਸਤਿ ਦਾ ਰਹੇ ਕੋਇ ਨਾ ਸਾਧੂ, ਸਾਧਨਾ ਸਚ ਨਾ ਕੋਇ ਕਮਾਈਆ । ਜੁਗ ਚੌਕੜੀ ਤੇਰੇ ਬਣੇ ਰਹੇ ਆਗੂ, ਆਗਿਆ ਵਿਚ ਸੀਸ ਨਿਵਾਈਆ । ਹੁਣ ਸਭ ਦੀ ਬੀਤੀ ਆਯੂ, ਉਮਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਗੁਰ ਅਵਤਾਰ ਪੈਗ਼ੰਬਰੋ ਇਸ ਦਾ ਲੇਖਾ ਦੱਸਾਂਗਾ ਅੱਜ ਦੀ ਰਾਤ, ਛੇਤੀ ਨਾਲ ਸਮਝਾਈਆ । ਹੁਣ ਥੋੜ੍ਹੇ ਸਮੇਂ ਵਾਸਤੇ ਤੁਸੀਂ ਆਪਣੀ ਕਰ ਲਓ ਗੱਲ ਬਾਤ, ਮਸ਼ਵਰੇ ਇਕ ਦੂਜੇ ਨਾਲ ਮਿਲਾਈਆ । ਮੇਰਾ ਲੇਖਾ ਹਿਸਾਬ ਨਾਲ ਕਲਮ ਦਵਾਤ, ਪੱਕੀ ਗੰਢ ਰਖਾਈਆ । ਸਾਰੇ ਕਰੋ ਅਰਦਾਸ, ਨਿਉਂ ਕੇ ਸੀਸ ਝੁਕਾਈਆ । ਚੜ੍ਹੋ ਉਪਰ ਓਸ ਆਕਾਸ਼, ਜਿਸ ਧਾਰੋਂ ਚਲ ਕੇ ਏਥੇ ਆਈਆ । ਸਚਖੰਡ ਕਰੋ ਨਿਵਾਸ, ਆਸਣ ਇਕ ਜਮਾਈਆ ।

ਨੌ ਵਜੇ ਆਉਣਾ ਫੇਰ ਮੇਰੇ ਪਾਸ, ਭੱਜਣਾ ਚਾਈਂ ਚਾਈਆ । ਆਪਣੀ ਪੂੰਜੀ ਨਾਲ ਲਿਆਉਣੀ ਰਾਸ, ਸਮਗਰੀ ਦੇਣੀ ਵਖਾਈਆ । ਫਿਰ ਮੈਂ ਵੇਖਾਂਗਾ ਕਿ ਤੁਹਾਨੂੰ ਕਿਸ ਵੇਲੇ ਦੇਵਾਂ ਸ਼ਾਬਾਸ਼, ਸਿਰ ਆਪਣਾ ਹੱਥ ਟਿਕਾਈਆ । ਸਾਰੇ ਕਹਿਣ ਪ੍ਰਭੂ ਅਸੀਂ ਜਪਦੇ ਆਵਾਂਗੇ ਸਾਰੇ ਸੋਹੰ ਜਾਪ, ਫਿਰ ਕਿਸ ਤਰਾ ਅੱਖ ਲਏਂ ਬਦਲਾਈਆ । ਤੂੰ ਸਾਡਾ ਅਸੀਂ ਤੇਰੇ ਤੇ ਅਸੀਂ ਭਗਤਾਂ ਨਾਲ ਬਣਾਉਣਾ ਸਾਕ, ਨਾਤਾ ਤੇਰੇ ਘਰ ਜੁੜਾਈਆ । ਸਾਡਾ ਪਿਛਲਾ ਭਵਿਖਤ ਵਾਕ, ਸ਼ਹਾਦਤ ਦਏ ਗਵਾਹੀਆ । ਸਭ ਦੀ ਪੂਰੀ ਕਰਨੀ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਹੁਣ ਪਰਗਟ ਹੋਇਉਂ ਆਪ, ਆਪਣਾ ਫੇਰਾ ਪਾਈਆ । ਰਲ ਮਿਲ ਸਾਰੇ ਕਹੀਏ ਤੈਨੂੰ ਬਾਪ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਵੇਖਿਆ ਇਕੋ ਘਾਟ, ਜਿਥੇ ਪਤਣ ਪਾਤਣ ਨਜ਼ਰ ਕੋਇ ਨਾ ਆਈਆ ।

★ ੫ ਮਾਘ ਸ਼ਹਿਨਸ਼ਾਹੀ ਸੰਮਤ ੩ ਓਗਰਾ ਹਰਿ ਸੰਗਤ ਜ਼ਿਲਾ ਗੁਰਦਾਸਪੁਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਆ ਕੇ ਪੁੱਜੇ, ਪੂਜਨੀਕ ਸੀਸ ਨਿਵਾਈਆ । ਜਿਹੜਾ ਰਮਜ਼ ਇਸ਼ਾਰੇ ਸਭ ਦੇ ਬੁੱਝੇ, ਬੁਝੇ ਦੀਪਕ ਰਿਹਾ ਜਗਾਈਆ । ਆਪਣੇ ਹਿਸਾਬ ਕਿਤਾਬ ਨਾਲ ਲਿਆਏ ਗੁੱਝੇ, ਜੋ ਆਪਣੇ ਵਿਚ ਛੁਪਾਈਆ । ਸਦੀ ਚੌਧਵੀਂ ਕੁਛ ਨਾ ਸੁੱਝੇ, ਪੜਦਾ ਓਹਲਾ ਨਾ ਕੋਇ ਉਠਾਈਆ । ਲੇਖੇ ਰਹਿਣ ਮੂਲ ਨਾ ਲੁਕੇ, ਕਰੇ ਖੇਲ ਬੇਪਰਵਾਹੀਆ । ਕਿਉਂ ਚਲਾਈ ਰੀਤੀ ਪੀਤੇ ਹੁੱਕੇ, ਮੁੱਛਾਂ ਲਈਆਂ ਕਟਾਈਆ । ਕਿਉਂ ਦੀਨ ਮਜ਼੍ਹਬ ਦੇ ਲਾਏ ਬੂਟੇ, ਵੱਖ ਵੱਖ ਰਾਹ ਚਲਾਈਆ । ਕਿਉਂ ਫਿਰਦੇ ਰਹੇ ਆਪਣੀ ਕੂਟੇ, ਚਾਰੋਂ ਕੁੰਟ ਨਾ ਡੰਕ ਵਜਾਈਆ । ਭਾਉ ਰਖਾਏ ਦੂਜੇ, ਹਿੰਦੂ ਮੁਸਲਿਮ ਸਿੱਖ ਈਸਾਈ ਦਿੱਤੇ ਬਣਾਈਆ । ਖਵਾਏ ਮੁਰਗੀ ਚੂਜ਼ੇ, ਛੁਰੀ ਗਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਲੈ ਕੇ ਆਏ ਹਿਸਾਬ, ਆਪਣਾ ਪੰਧ ਮੁਕਾਈਆ । ਧਰਮ ਗ੍ਰੰਥ ਦੀ ਖੋਲ੍ਹਣ ਸਰਬ ਕਿਤਾਬ, ਵਰਕਾ ਵਰਕਾ ਉਲਟਾਈਆ । ਉਚੀ ਕੂਕ ਸੁਣਾਵਣ ਆਵਾਜ਼, ਦੀਨ ਦੁਨੀ ਸ਼ਨਵਾਈਆ । ਸਾਰੇ ਖੋਲ੍ਹੋ ਜਾਗ, ਨਿੰਦਰਾ ਦੂਰ ਕਰਾਈਆ । ਸਾਚਾ ਸਿੱਖੋ ਤਿਆਗ, ਤੇਗ਼ਧਾਰੀ ਦਏ ਦੁਹਾਈਆ । ਕੀ ਲੇਖਾ ਮੁਕਣਾ ਆਜ, ਭਾਂਡਾ ਭਰਮ ਭੰਨਾਈਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਅਸੀਂ ਚਲਾਉਂਦੇ ਗਏ ਜਹਾਜ਼, ਬੇੜਾ ਪਤਣ ਆਪਣਾ ਆਪਣਾ ਵਖਾਈਆ । ਰਚਾਉਂਦੇ ਗਏ ਕਾਜ, ਅੱਲਾ ਵਾਹਿਗੁਰੂ ਨਾਮ ਸਤਿ ਰਾਮ ਕ੍ਰਿਸ਼ਨ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਏ ਲੇਖਾ ਚੁੱਕ, ਚੁੱਕੀ ਪੀੜ ਪਰਾਈਆ । ਪ੍ਰਭ ਸਾਥੋਂ ਰਿਹਾ ਪੁਛ, ਹੁਕਮੀ ਹੁਕਮ ਸੁਣਾਈਆ । ਸਾਨੂੰ ਲੱਗਾ ਦੁੱਖ, ਦੀਨ ਦੁਨੀ ਦੁਹਾਈਆ । ਸਾਚਾ ਮਿਲੇ ਕਿਸੇ ਨਾ ਸੁਖ, ਸਾਂਤਕ ਸਤਿ ਨਾ ਕੋਇ ਕਰਾਈਆ । ਉਜਲ ਕਰੇ ਕੋਇ ਨਾ ਮੁਖ, ਦੁਰਮਤ ਮੈਲ ਧਵਾਈਆ । ਸ਼ਾਹ ਸੁਲਤਾਨਾਂ ਵਰਤੀ ਭੁੱਖ, ਤ੍ਰਿਸਨਾ ਤ੍ਰਿਪਤ ਨਾ ਕੋਇ ਵਖਾਈਆ । ਅਸੀਂ ਸਾਰੇ ਬੈਠੇ ਲੁਕ, ਸਿਰ ਹੱਥ ਨਾ ਕੋਇ ਰਖਾਈਆ । ਹੁਣ ਨੇੜੇ

ਜਾਓ ਢੁੱਕ, ਜਵਾਬ ਤਲਬੀ ਵਿਚ ਸੀਸ ਨਿਵਾਈਆ । ਸਾਰੇ ਕਹਿਣ ਕੀ ਸਾਡਾ ਪੈਂਡਾ ਗਿਆ ਮੁਕ, ਮੰਜ਼ਲ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਖੋਲ੍ਹੀਏ ਆਪਣਾ ਬਸਤਾ, ਵਸਿਆ ਨਜ਼ਰ ਕੋਇ ਨਾ ਆਈਆ । ਗੋਬਿੰਦ ਸਭ ਦੇ ਪਿਛੇ ਹੱਸਦਾ, ਆਪਣੀ ਲੈ ਅਗੰੜਾਈਆ । ਦੱਸੋ ਕਿਹੜਾ ਹਕ ਰਖਦਾ, ਜੋ ਸਭ ਨੂੰ ਰਿਹਾ ਮਿਲਾਈਆ । ਕਿਹੜਾ ਨਾਮ ਜਪਦਾ, ਜੋ ਜੀਵਣ ਦਾਤਾ ਨਜ਼ਰੀ ਆਈਆ । ਕਿਹੜਾ ਮਾਰਗ ਦੱਸਿਆ ਸਤਿ ਦਾ, ਸੁਲਹਕੁਲ ਮਨਾਈਆ । ਕਿਉਂ ਬੇੜਾ ਭਰਿਆ ਪੱਪ ਦਾ, ਕਲਜੁਗ ਕੂੜ ਦੁਹਾਈਆ । ਕਿਉਂ ਨਾ ਪੜਦਾ ਖੁਲ੍ਹਾ ਅਪ ਦਾ, ਆਪਣਾ ਨੂਰ ਚਮਕਾਈਆ । ਕਿਉਂ ਨਾ ਇਸ਼ਾਰਾ ਹੋਇਆ ਅੱਖ ਦਾ, ਨਿਜ ਨੇਤਰ ਨੈਣ ਲੋਚਣ ਸ਼ਰਮਾਈਆ । ਮੁਹੰਮਦ ਕਹੇ ਮੈਂ ਬਚਨ ਦੱਸਾਂ ਸਚ ਦਾ, ਸਹਿਜ ਨਾਲ ਸਮਝਾਈਆ । ਮੈਂ ਚੌਂਹ ਯਾਰਾਂ ਦੱਸਿਆ ਜਿਸ ਵੇਲੇ ਝਗੜਾ ਪਿਆ ਨੂੰਹ ਸੱਸ ਦਾ, ਸੌਹਰੇ ਪੇਕੇ ਰਸ ਨਾ ਕੋਇ ਬਣਾਈਆ । ਫੇਰ ਖੇਲ ਹੋਣਾ ਪੁਰਖ ਸਮਰਥ ਦਾ, ਜੋ ਆਪਣੀ ਕਾਰ ਕਮਾਈਆ । ਓਸ ਨੇ ਸਾਥੋਂ ਲੇਖਾ ਮੰਗਣਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਬਾਣੀ ਹੱਥ ਦਾ, ਜੋ ਹੱਥਾਂ ਨਾਲ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਮੁਕੱਰਰ ਹੋ ਗਿਆ ਰੈਂਟ, ਕਿਰਾਏਦਾਰ ਅਖਵਾਈਆ । ਮੁਹੰਮਦ ਕਹੇ ਕਿਹੜੇ ਵਸੀਏ ਟੈਂਟ, ਮਸਜਦ ਸੋਭਾ ਕੋਇ ਨਾ ਪਾਈਆ । ਮੂਸਾ ਈਸਾ ਕਹੇ ਕੀ ਕਰੀਏ ਜਿਧਰ ਵੇਖੀਏ ਘੜੀ ਕਲਾਕ ਹੈਟ ਪੈਂਟ, ਗਿਰਜਾ ਗਿਰਹਾ ਨਾ ਕੋਇ ਖੁਲ੍ਹਾਈਆ । ਰਾਮ ਕ੍ਰਿਸ਼ਨ ਕਹਿਣ ਸਭ ਨੇ ਲਾਇਆ ਸੈਂਟ, ਗੁਲਸ਼ਨ ਰਹੇ ਮਹਿਕਾਈਆ । ਨਾਨਕ ਗੋਬਿੰਦ ਕਹੇ ਧਰਮ ਪੁਜਾਰੀ ਬਣ ਗਏ ਅਜੈਂਟ, ਆਪਣਾ ਰੂਪ ਬਦਲਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਬਣ ਗਏ ਕੈਂਟ, ਧਰਮ ਦਵਾਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਈਸਾ ਕਹੇ ਮੈਂ ਲੈ ਕੇ ਆਇਆ ਕਲਾਕ, ਜੋ ਵੇਲਾ ਵਕਤ ਸਮਝਾਈਆ । ਮੂਸਾ ਕਹੇ ਮੈਂ ਸਭ ਦੀ ਸੁਣ ਕੇ ਆਇਆ ਟਾਕ, ਕੀ ਪੋਪ ਰਹੇ ਸੁਣਾਈਆ । ਅਵਤਾਰ ਪੈਗ਼ੰਬਰ ਕਹਿਣ ਅਸੀਂ ਫੋਲ ਕੇ ਆਏ ਡਾਕ, ਲੇਖਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦੇ ਹਿੱਸੇ ਵੇਖੇ ਬਲਾਕ, ਚਾਰੋਂ ਕੁੰਟ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਭੱਜੇ ਆਏ ਡਾਇਰੈਕਟ, ਰਾਹ ਵਿਚ ਨਾ ਕੋਇ ਅਟਕਾਈਆ । ਦੀਨ ਦੁਨੀ ਵਿਚੋਂ ਕਰਦੇ ਆਏ ਸਿਲੈਕਟ, ਗੁਰਮੁਖ ਹਰਿਜਨ ਸੱਜਣ ਵੇਖ ਵਖਾਈਆ । ਦੀਨ ਮਜ਼੍ਹਬ ਦੇ ਭੰਨਦੇ ਆਏ ਬਰੈਕਟ, ਬੰਧਨ ਬੰਧ ਨਾ ਕੋਇ ਰਖਾਈਆ । ਸਚਖੰਡ ਦਵਾਰਿਉਂ ਚਲੇ ਨੌਂ ਵੱਜੇ ਕੁਰੈਕਟ, ਬੀਸ ਮਿੰਟ ਰਸਤੇ ਵਿਚ ਲਗਾਈਆ । ਥੋੜ੍ਹਾ ਧਰਮ ਰਾਏ ਕੋਲ ਪਿਆ ਡੀਫ਼ੈਕਟ, ਉਸ ਨੂੰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਮੂਸਾ ਕਹੇ ਈਸਾ ਵੇਖ ਲਾਈਨ ਡਿਵਨ, ਡੀਵਾਈਡ ਨਾ ਕੋਇ ਕਰਾਈਆ । ਪਰਵਰਦਿਗਾਰ ਕੁਛ ਲੇਖਾ ਦੇਵੇ ਗਿਵਨ, ਗੋ ਗਾਡ ਦਇਆ ਕਮਾਈਆ । ਜਿਹੜੀ ਵਸਤ ਪਾਈ ਵਿਚ ਟਿਫ਼ਨ, ਲਾਕ ਤਾਕ ਨਾਲ ਕਰਾਈਆ । ਉਹ ਜਵਾਬ ਮੰਗੇ ਰਿਟਨ, ਕਲਮ ਸ਼ਾਹੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਮੂਸਾ ਕਹੇ ਵੇਖੋ ਇਕ ਅਗੰਮਾ ਗੇਟ, ਗਾਈਡ ਨਜ਼ਰ ਕੋਇ ਨਾ ਆਈਆ ।

੧੧੮੯
੨੦

ਕੋਈ ਹੋ ਨਾ ਜਾਇਓ ਲੇਟ, ਆਪਣਾ ਵਕਤ ਗਵਾਈਆ । ਪਿਛੇ ਕਰਿਓ ਨਾ ਕੋਈ ਵੇਟ, ਇੰਤਜ਼ਾਰ ਨਾ ਕੋਇ ਰਖਾਈਆ । ਪਿਛਲੀ ਯਾਦ ਕਰ ਲਿਓ ਡੇਟ, ਹੁਕਮ ਹੁਕਮ ਇਕ ਸੁਣਾਈਆ । ਤੁਹਾਡੀ ਕੀਮਤ ਮੁਕੱਰਰ ਹੋ ਗਈ ਰੇਟ, ਦੀਨ ਦੁਨੀ ਰਹੀ ਚੁਕਾਈਆ । ਹੁਣ ਅੱਖਰ ਲਿਖਣੇ ਨਹੀਂ ਨਾਲ ਸਲੇਟ, ਪੱਥਰਾਂ ਉਤੇ ਘਸਾਈਆ । ਪਿਛਲੀ ਭੁੱਲ ਜਾਓ ਪਰੇਟ, ਪਟਨੇ ਵਾਲਾ ਕਰੇ ਅਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਖਿਲਾਈਆ । ਮੂਸਾ ਕਹੇ ਮੈਂ ਵੇਖਿਆ ਅਗੰਮ ਗਾਡ, ਨੂਰ ਨੂਰਾਨਾ ਨਜ਼ਰੀ ਆਈਆ । ਜਿਸ ਦੇ ਹੱਥ ਵਿਚ ਸ਼ਬਦੀ ਰਾਡ, ਇਸ਼ਾਰੇ ਨਾਲ ਸਮਝਾਈਆ । ਨਾਨਕ ਕਿਹਾ ਓਸ ਦਾ ਲੇਖਾ ਆਦਿ, ਅੰਤ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਏ ਪਹੁੰਚੇ ਦਰ, ਦਰ ਦਵਾਰ ਸੁਹਾਈਆ । ਨਿਮਸਕਾਰ ਕਰ, ਸੀਸ ਜਗਦੀਸ ਝੁਕਾਈਆ । ਮਿਹਰਵਾਨ ਹਰਿ, ਸਚ ਤੇਰੀ ਸਰਨਾਈਆ । ਤੇਰਾ ਅੱਖਰ ਲਿਆ ਪੜ੍ਹ, ਜੋ ਹੁਕਮ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਮੂਸਾ ਕਹੇ ਈਸਾ ਹੋ ਜਾ ਇਕ ਸਾਈਡ, ਤਰਫ਼ ਤਰਫ਼ ਬਦਲਾਈਆ । ਸ਼ਾਹ ਅਸਵਾਰਾ ਬਣ ਰਾਈਡ, ਆਪਣਾ ਬਲ ਧਰਾਈਆ । ਦੀਨ ਦੁਨੀ ਮਾਰਗ ਕਰ ਵਾਈਡ, ਨੈਰੋ ਰਹਿਣ ਕੋਇ ਨਾ ਪਾਈਆ । ਪੜਦਾ ਓਹਲਾ



ਚੁਕਾ ਬੀਹਾਈਂਡ, ਸਨਮੁਖ ਹੋ ਕੇ ਸੋਭਾ ਪਾਈਆ । ਤੇਰੀ ਖੇਲ ਕੋਈ ਨਾ ਜਾਣੇ ਕਾਈਂਡ, ਅੱਖਰਾਂ ਵਿਚ ਨਾ ਸਿਫ਼ਤ ਸਾਲਾਹੀਆ । ਸਭ ਨੂੰ ਮਾਈਨਸ ਕਰਦੇ ਮਾਈਂਡ, ਮੁਹੱਬਤ ਤੇਰੀ ਬੇਪਰਵਾਹੀਆ । ਤੇਰਾ ਇਕੋ ਹੋ ਜਾਏ ਸਾਈਂਡ, ਬਿਨ ਕਲਮ ਸ਼ਾਹੀ ਸ਼ਾਹ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਮੂਸਾ ਕਹੇ ਈਸਾ ਵੇਖ ਨਾਈਟ, ਬਲੈਕ ਕਾਲੀ ਨਜ਼ਰੀ ਆਈਆ । ਗੋਬਿੰਦ ਕਹੇ ਨਿਰਗੁਣ ਧਾਰ ਤੱਕ ਵਾਈਟ, ਸਤਿ ਸਫ਼ੈਦੀ ਸੋਭਾ ਪਾਈਆ । ਨਾਨਕ ਕਹੇ ਕਵਾਈਟ, ਜੋ ਗੋਬਿੰਦ ਦਿਤਾ ਸੁਣਾਈਆ । ਮੁਹੰਮਦ ਸਿਰ ਹਿਲਾ ਕੇ ਕਹੇ ਰਾਈਟ, ਇਹੋ ਪ੍ਰਭ ਦੀ ਬੇਪਰਵਾਹੀਆ । ਸਾਰੇ ਕਹਿਣ ਵੇਖੋ ਕਿਸ ਬਿਧ ਸਭ ਦੇ ਨਾਲ ਕਰੇ ਫ਼ਾਈਟ, ਫ਼ਿਟ ਆਪਣਾ ਆਪ ਕਰਾਈਆ । ਪੋਇਟਰੀ ਵਿਚ ਲਿਖ ਸਕੇ ਨਾ ਕੋਇ ਪੁਆਇੰਟ, ਹਿੰਟ ਦੇ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਈਆ । ਈਸਾ ਕਹੇ ਮੇਰੀ ਮਾਰਨਿੰਗ ਗੁਡ, ਈਵਨਿੰਗ ਨੂਨ ਨਜ਼ਰ ਕੋਇ ਨਾ ਆਈਆ । ਮੂਸਾ ਕਹੇ ਸ੍ਰਿਸ਼ਟ ਸਬਾਈ ਦਿਸੇ ਵੁੱਡ, ਫ਼ਾਇਰ ਅਗਨੀ ਤਤ ਜਲਾਈਆ । ਜਿਸ ਦਾ ਲੇਖਾ ਸ਼ਰਅ ਦਾ ਸ਼ੁੱਡ, ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਰਬ ਭਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੂਰੋਂ ਆਏ ਭੱਜੇ, ਆਪਣਾ ਪੰਧ ਮੁਕਾਈਆ । ਵੇਖੀਏ ਸੱਜੇ ਖੱਬੇ, ਕਵਣ ਗ੍ਰਿਹਿ ਹੋਵੇ ਰੁਸ਼ਨਾਈਆ । ਨਾਨਕ ਕਿਹਾ ਜਿਥੇ ਭਗਤ ਸਹੇਲੇ ਸਜੇ, ਸਾਜਨ ਮਿਲ ਕੇ ਖ਼ੁਸ਼ੀ ਬਣਾਈਆ । ਓਥੇ ਪੁੱਜੇ ਪੈਰੀਂ ਨੰਗੇ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਹ ਥਾਂ ਨਹੀਂ ਚੰਗੇ, ਸਾਫ਼ ਸੁਥਰੇ ਨਾ ਕੋਇ ਬਣਾਈਆ । ਗੋਬਿੰਦ ਕਹੇ ਖ਼ਬਰਦਾਰ ਜਿਥੇ ਵਸੇ ਸੂਰਾ ਸਰਬੰਗੇ, ਪਵਿਤ੍ਰ ਓਹੋ ਨਜ਼ਰੀ ਆਈਆ । ਤੁਹਾਨੂੰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵੰਡੇ, ਹਿੱਸੇ ਗੁਰਦੁਆਰਿਆਂ ਵਾਲੇ ਪਾਈਆ । ਜਿਥੇ ਮੁੱਲਾਂ ਸ਼ੇਖ਼ ਮਸਾਇਕ ਪੰਡਤ ਗ੍ਰੰਥੀ ਬੈਠੇ ਗੰਦੇ, ਅੱਠੇ ਪਹਿਰ ਕੁਕਰਮ ਕਮਾਈਆ । ਪ੍ਰੇਮ ਪ੍ਰੀਤੀ ਹੋਏ ਰੰਡੇ, ਰੰਡੀ ਵੇਸਵਾ ਜਗਤ ਹੰਢਾਈਆ ।

ਇਹ ਭਗਤ ਸੁਹੇਲੇ ਸਭ ਦੇ ਨਾਲੋਂ ਚੰਗੇ, ਜੋ ਪ੍ਰਭ ਨੂੰ ਮਿਲਕੇ ਆਪਣਾ ਝਟ ਲੰਘਾਈਆ । ਕੀ ਕੌਲ ਇਕਰਾਰ ਕੀਤਾ ਰਾਵੀ ਕੰਢੇ, ਉਹ ਲੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਸੁਣਾਈਆ । ਸੁਣੋ ਹੁਕਮ ਅੰਗਮੀ ਧਾਰ, ਧਰਮ ਦਵਾਰ ਜਣਾਈਆ । ਸਾਚੇ ਭਗਤਾਂ ਦਾ ਕਰੋ ਦੀਦਾਰ, ਦਾਅਵਾ ਪਿਛਲਾ ਦੇਣਾ ਮੁਕਾਈਆ । ਦੀਨ ਮਜ਼੍ਹਬ ਦੀ ਹੱਦ ਪਾਰ, ਆਰ ਪਾਰ ਕਿਨਾਰਾ ਇਕੋ ਨਜ਼ਰੀ ਆਈਆ । ਸਭ ਨੇ ਸਾਂਝਾ ਮੰਨਣਾ ਯਾਰ, ਪਰਵਰਦਿਗਾਰ ਇਕੋ ਨਜ਼ਰੀ ਆਈਆ । ਨੇਤਰ ਨੈਣ ਹੋਵਣ ਸ਼ਰਮਸਾਰ, ਅੱਗੇ ਵੰਡ ਨਾ ਕੋਇ ਵੰਡਾਈਆ । ਸ੍ਰਿਸ਼ਟੀ ਬਣਨ ਨਹੀਂ ਦੇਣੀ ਗ਼ਦਾਰ, ਹੰਕਾਰ ਵਿਕਾਰ ਦੇਣਾ ਮਿਟਾਈਆ । ਸਭ ਦਾ ਪੂਰਾ ਕਰ ਇਕਰਾਰ, ਕੌਲ ਆਪਣਾ ਦੇਣਾ ਨਿਭਾਈਆ । ਅੱਗੇ ਕਰਿਓ ਨਾ ਕੋਇ ਤਕਰਾਰ, ਝਗੜਾ ਅਵਰ ਰਹੇ ਨਾ ਰਾਈਆ । ਸਭ ਦਾ ਇਕ ਹੋਣਾ ਸਿਕਦਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਮੰਜ਼ਲ ਕਰਨੀ ਹਮਵਾਰ, ਇਕੋ ਰੰਗ ਰੰਗਾਈਆ । ਭਗਤਾਂ ਨਾਲ ਮਿਲ ਕੇ ਕਰੋ ਦੀਦਾਰ, ਨੂਰ ਨੁਰਾਨਾ ਦਰਸ਼ਨ ਪਾਈਆ । ਕਰੇ ਖੇਲ ਸੱਚੀ ਸਰਕਾਰ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰਾਂ ਭਗਤਾਂ ਨਾਲ ਸਾਂਝਾ ਕਰੇ ਬਿਵਹਾਰ, ਵੱਖਰਾ ਨਜ਼ਰ ਕੋਇ ਨਾ ਆਈਆ ।

੧੧੬੧ ੨੦ ੧੧੬੧ ੨੦

ਈਸਾ ਕਹੇ ਪ੍ਰਭੂ ਇਕ ਹੋਰ ਨਿੱਕੀ ਜਿਹੀ ਫ਼ਾਈਲ, ਫ਼ੈਸਲੇ ਵਾਲੀ ਵਖਾਈਆ । ਜਿਸ ਦੇ ਵਿਚ ਲੇਖਾ ਫ਼ੈਮਲੀ ਰਾਇਲ, ਜਾਰਜਾਂ ਵਾਲੀ ਵੰਡ ਵੰਡਾਈਆ । ਨਾਲ ਮਾਰਚ ਤੇ ਨਾਲ ਆਇਲ, ਸਾਂਝਾ ਜੋੜ ਜੁੜਾਈਆ । ਤੇਰੇ ਹੁਕਮ ਅੰਦਰ ਸਭ ਨੂੰ ਕਰਕੇ ਮੁਬਾਇਲ, ਚਾਰੋਂ ਕੁੰਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਈਸਾ ਕਹੇ ਪ੍ਰਭੂ ਮੈਂ ਦੱਸਿਆ ਰਾਮ ਕ੍ਰਿਸ਼ਨ, ਸਹਿਜ ਨਾਲ ਸੁਣਾਈਆ । ਮੂਸਾ ਕਹੇ ਮੈਂ ਇਨ੍ਹਾਂ ਦਾ ਬਦਲਿਆ ਮਿਸ਼ਨ, ਹੁਕਮ ਧੁਰ ਦਾ ਇਕ ਸੁਣਾਈਆ । ਮੇਰਾ ਕੇਸ ਗਿਆ ਨਹੀਂ ਕਿਸੇ ਵਿਚ ਸੈਸ਼ਨ, ਹਾਈ ਕੋਰਟ ਸੁਪਰੀਮ ਕੋਰਟ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਤੇਰੀ ਇਕ ਸਰਨਾਈਆ । ਈਸਾ ਕਹੇ ਗੁਰ ਅਵਤਾਰ ਪੈਗ਼ੰਬਰੋ ਜਿਸ ਵੇਲੇ ਜਨ ਭਗਤ ਚੜ੍ਹੇ ਵਿਚ ਬੋਟ, ਆਪਣਾ ਚਰਨ ਟਿਕਾਈਆ । ਉਸ ਵੇਲੇ ਸਾਹਿਬ ਨੇ ਹੱਥ ਮਾਰਿਆ ਉਤੇ ਜੇਬ ਦੀ ਕੋਟ, ਉਂਗਲਾਂ ਤਿੰਨ ਪੰਜ ਛੁਹਾਈਆ । ਮੁਹੰਮਦ ਕਹੇ ਮੈਨੂੰ ਲੱਗੀ ਚੋਟ, ਸੁੱਤਾ ਲਿਆ ਉਠਾਈਆ । ਨਾਨਕ ਕਹੇ ਮੈਂ ਵੀ ਤੱਕੀ ਓਟ, ਇਕੋ ਆਸ ਰਖਾਈਆ । ਗੋਬਿੰਦ ਕਹੇ ਮੈਂ ਵੇਖੇ ਪਰਲੋਕ ਲੋਕ, ਪਰਤੱਖ ਅੱਖ ਖੁਲ੍ਹਾਈਆ । ਜਨ ਭਗਤਾਂ ਜਿਸ ਵੇਲੇ ਗਾਇਆ ਸਚ ਸਲੋਕ, ਸੋਹੰ ਰਾਗ ਅਲਾਈਆ । ਇਹ ਸਭ ਤੋਂ ਵੱਖਰੀ ਮੌਜ, ਮਲਾਹਾਂ ਦਾ ਮਲਾਹ ਆਪਣੀ ਖੇਲ ਕਰਾਈਆ । ਮੁਹੰਮਦ ਹੱਸ ਕੇ ਕਹਿੰਦਾ ਗੋਬਿੰਦ ਭਗਤ ਕਿ ਭਗਤਾਂ ਦੀ ਫ਼ੌਜ, ਮੂਸਾ ਕਹਿੰਦਾ ਫ਼ੌਜਦਾਰ ਇਕੋ ਨਾਲ ਨਜ਼ਰੀ ਆਈਆ । ਉਸ ਦੀ ਕਿਸੇ ਨਾਲ ਨਹੀਂ ਅਦੌਤ, ਖੰਡਾ ਖੜਗ ਨਾ ਹੱਥ ਉਠਾਈਆ । ਈਸਾ ਕਹੇ ਮੈਂ ਵੇਖਿਆ ਭਗਤਾਂ ਦੇ ਚਰਨ ਚੁੰਮੇ ਮੌਤ, ਨਿਉਂ ਨਿਉਂ ਲਾਗੇ ਪਾਈਆ । ਮੁਹੰਮਦ ਕਹੇ ਭਰਾਵਾ

ਓਹ ਕਰੇ ਕੀ ਜਿਨ੍ਹਾਂ ਦਾ ਮਾਲਕ ਇਕ ਖ਼ੌਂਤ, ਖ਼ਸਮ ਡਾਹਢਾ ਨਜ਼ਰੀ ਆਈਆ । ਨਾਨਕ ਕਹੇ ਓਥੇ ਚਿੜੀ ਨਾ ਸਕੇ ਚੌਂਕ, ਗੁਰ ਅਵਤਾਰ ਪੈਗ਼ੰਬਰੋ ਸਾਡੀ ਚਲੇ ਨਾ ਕੋਇ ਚਤੁਰਾਈਆ । ਮੂਸਾ ਕਹੇ ਯਾਰ ਕਿੱਡੀ ਵੱਖਰੀ ਚਲਾਈ ਰੌਂਸ, ਇਕੋ ਰਾਹ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਮੂਸਾ ਕਹੇ ਈਸਾ ਮੈਂ ਖੇਲ ਵੇਖਿਆ ਉਤੇ ਵਾਟਰ, ਲਹਿਰ ਵਿਚੋਂ ਲਹਿਰ ਵੇਖ ਵਖਾਈਆ । ਈਸਾ ਕਹੇ ਮੂਸਾ ਮੈਂ ਸਮਝਿਆ ਬੇੜੀ ਨਹੀਂ ਕੋਈ ਭਗਤਾਂ ਦਾ ਕਵਾਟਰ, ਫ਼ੈਮਲੀ ਬਣ ਕੇ ਬੈਠੇ ਸੋਭਾ ਪਾਈਆ । ਓਸ ਵੇਲੇ ਤਿੰਨ ਬੀਬੀਆਂ ਨੇ ਆਪਣੇ ਹੱਥ ਲਾਇਆ ਸਵੈਟਰ, ਤਿੰਨੇ ਪਿਛਲੇ ਜਨਮ ਦੀਆਂ ਈਸਾ ਦੀ ਛਾਰ ਨਜ਼ਰੀ ਆਈਆ । ਮੁਹੰਮਦ ਕਹੇ ਤੁਸਾਂ ਹੋਰ ਨਹੀਂ ਸੁਣਿਆ ਕੀ ਦਿਤਾ ਆਡਰ, ਆਪਣਾ ਹੁਕਮ ਸੁਣਾਈਆ । ਨਾਨਕ ਕਹਿੰਦਾ ਮੈਂ ਜਾਣਿਆ ਗੁਰ ਅਵਤਾਰ ਪੈਗ਼ੰਬਰ ਪ੍ਰਭ ਨੇ ਕਿਹਾ ਦੀਨਾਂ ਮਜ਼੍ਹਬਾਂ ਦਾ ਮਸਨੂਈ ਬਾਡਰ, ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਸੁਣਾਈਆ । ਈਸਾ ਕਹੇ ਓ ਮੂਸਾ ਜਿਸ ਵੇਲੇ ਮੁਖ ਕੀਤਾ ਸੀ ਵੈਸਟ, ਬਿਨ ਸਾਈਜ਼ ਆਈਜ਼ ਵੇਖ ਵਖਾਈਆ । ਓਸ ਵੇਲੇ ਸਾਨੂੰ ਸਭ ਨੂੰ ਕਰ ਲਿਆ ਅਰੈਸਟ, ਹੁਕਮ ਵਿਚ ਬੰਧਾਈਆ । ਹੁਣ ਲੈਣ ਲੱਗਾ ਟੈਸਟ, ਚਾਰ ਜੁਗ ਦੀ ਪੜ੍ਹਾਈ ਬੁਕਸ ਵਰਕੇ ਰਿਹਾ ਖੁਲ੍ਹਾਈਆ । ਅਸੀਂ ਸਮਝਦੇ ਰਹੇ ਮਾਤਲੋਕ ਅਸੀਂ ਪ੍ਰਭੂ ਦੇ ਗੈਸਟ, ਖਾ ਪੀ ਆਪਣੀ ਖ਼ੁਸ਼ੀ ਬਣਾਈਆ । ਨਿਰਗੁਣ ਧਾਰ ਜੋਤੀ ਦੇ ਈਲੈਕਟ, ਨੂਰ ਨਾਲ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣਾ ਆਪਣਾ ਦੱਸੋ ਅਡਰੈਸ, ਮੁਕਾਮ ਦਿਓ ਜਣਾਈਆ । ਅਗੋਂ ਹੱਸ ਕੇ ਕਿਹਾ ਕਰਾਈਸ, ਕ਼ਸਮ ਨਾਲ ਸੁਣਾਈਆ । ਰਾਮ ਕ੍ਰਿਸ਼ਨ ਕੀ ਏਥੇ ਖਾਂਦੇ ਜੇ ਕੁਛ ਰਾਈਸ, ਬਰੈਡ ਹੱਥ ਵਿਚ ਫੜ ਕੇ ਦਿਤੀ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਚਲਾਈਆ । ਮੂਸਾ ਕਹੇ ਈਸਾ ਹੂਜ਼, ਹੈਜ਼ ਹੂ ਨਜ਼ਰ ਕੋਇ ਨਾ ਆਈਆ । ਮੂਸਾ ਕਹੇ ਅਸੀਂ ਸਾਰੇ ਓਸ ਪ੍ਰਭੂ ਦੇ ਸ਼ੂਜ਼, ਜੋ ਚਰਨਾਂ ਵਿਚ ਟਿਕਾਈਆ । ਨਾ ਯਸੂ ਨਾ ਜੂਜ਼, ਜਜ਼ਬਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਈਸਾ ਕਹੇ ਮੂਸਾ ਕੀ ਕੁਛ ਕੀਤਾ ਈਟ, ਪਿਆਰ ਨਾਲ ਸਮਝਾਈਆ । ਮੂਸਾ ਕਹੇ ਪ੍ਰਭ ਧੂੜੀ ਮਿਲੀ ਫ਼ੀਟ, ਫ਼ਿਟ ਆਪਣਾ ਆਪ ਕਰਾਈਆ । ਜਿਸ ਦਾ ਵਜ਼ਨ ਨਾ ਕੋਈ ਲੀਟ, ਔਂਸ ਪੌਂਡ ਨਾ ਕੋਇ ਵਖਾਈਆ । ਮੁਹੰਮਦ ਕਹੇ ਮਿਤਰੋ ਮੈਂ ਇਕੋ ਵੇਖੀ ਸਟਰੀਟ, ਸਿੱਧਾ ਰਾਹ ਵਖਾਈਆ । ਉਸ ਦੇ ਵਿਚ ਨਹੀਂ ਕੋਈ ਕੰਕਰੀਟ, ਕਾਂਟਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਈਸਾ ਕਹੇ ਮੇਰੀ ਸੱਚੀ ਆਸ, ਆਸ਼ਾ ਮਿਲੀ ਵਡਿਆਈਆ । ਸਾਰੇ ਕਰੋ ਵਿਸ਼ਵਾਸ, ਵਿਸ਼ਾ ਇਕੋ ਲਓ ਅਪਨਾਈਆ । ਮਾਲਕ ਪੁਰਖ ਅਬਿਨਾਸ਼, ਹਕ ਸਚ ਖ਼ੁਦਾਈਆ । ਜੋ ਭਗਤਾਂ ਦਾ ਦੇਵੇ ਸਾਥ, ਸਗਲਾ ਸੰਗ ਬਣਾਈਆ । ਇਕ ਹੋਵੇ ਜਮਾਤ, ਇਕੋ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਪ੍ਰਭ ਦਾ ਖੇਲ ਵੇਖੋ ਡੀਪ, ਬਿਨਾ ਪੈਮਾਨੇ ਨਾਪ ਨਪਾਈਆ । ਨਾਨਕ ਕਹੇ ਮੈਂ ਸਿੱਧਾ ਦੱਸਾਂ ਸੱਤ ਦੀਪ, ਭਾਸ਼ਾ ਪੰਜਾਬੀ ਵਿਚ ਸੁਣਾਈਆ । ਸਾਨੂੰ ਸਭ ਨੂੰ ਕਰਨੀ ਪਏ ਇਕ ਪ੍ਰੀਤ, ਇਕੋ ਧਿਆਨ ਲਗਾਈਆ ।

੧੧੯੨
੨੦

"ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਗਾਉਣਾ ਪਏ ਗੀਤ, ਪਿਛਲੀ ਛੁੱਟੇ ਪੜ੍ਹਾਈਆ । ਝਗੜਾ ਮੇਟਣਾ ਪਏ ਮੰਦਰ ਮਸੀਤ, ਗੁਰੂਦਵਾਰ ਮੱਠ ਸ਼ਿਵਦਵਾਲੇ ਨਾ ਕੋਇ ਲੜਾਈਆ । ਭਗਤ ਦਵਾਰਾ ਵੇਖਣਾ ਪਏ ਠੀਕ, ਜਿਥੇ ਭਗਵਨ ਡੇਰਾ ਲਾਈਆ । ਸਾਰੇ ਮਿਲ ਕੇ ਉਸ ਦੇ ਬਣ ਜਾਈਏ ਅਜ਼ੀਜ਼, ਸੀਸ ਮੁਹੱਬਤ ਵਿਚ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਬਖ਼ਸ਼ੇ ਇਕ ਤਮੀਜ਼, ਤਮੰਨਾ ਇਕੋ ਇਕ ਜਣਾਈਆ ।

ਮੂਸਾ ਕਹੇ ਓ ਈਸਾ ਵੇਖ ਆਪਣੀ ਪਾਕਟ, ਹੱਥ ਜੇਬ ਵਿਚ ਟਿਕਾਈਆ । ਈਸਾ ਕਹੇ ਮੇਰੇ ਗਲ ਹੈ ਨਹੀਂ ਜਾਕਟ, ਪਤਾ ਨਹੀਂ ਕੌਣ ਗਿਆ ਉਠਾਈਆ । ਮੁਹੰਮਦ ਕਹੇ ਉਹ ਬੁੱਧੀ ਦੇ ਚੋਰ ਜਿਹੜੇ ਬਣਾਉਂਦੇ ਰਾਕਟ, ਅਗਨੀ ਅੱਗ ਤਪਾਈਆ । ਓਨ੍ਹਾਂ ਦਾ ਜੋੜ ਰਿਹਾ ਨਾ ਨਾਲ ਸਾਕਟ, ਜੋ ਮੇਲਾ ਲਏ ਮਿਲਾਈਆ । ਨਾਨਕ ਕਹੇ ਕੁਝ ਖੇਲ ਵੇਖੋ ਓਸ਼ਨ ਅਟਲਾਂਟਕ, ਲਾਈਟ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਈਸਾ ਕਹੇ ਮੂਸਾ ਵੇਖ ਆਪਣਾ ਸ਼ਰਟ, ਸ਼ਾਰਟ ਹਰਫ਼ਾਂ ਵਿਚ ਜਣਾਈਆ । ਮੁਹੰਮਦ ਕਹੇ ਉਲਟਾ ਗੇੜਨ ਲੱਗਾ ਹਲਟ, ਪ੍ਰਭ ਆਪਣੀ ਕਾਰ ਕਮਾਈਆ । ਜਿਸ ਨੇ ਸਭ ਦੀ ਕਾਇਆ ਦੇਣੀ ਪਲਟ, ਮਾਰਗ ਇਕ ਵਖਾਈਆ । ਸਮਝਾ ਦੇਣੇ ਪਸੂ ਪੰਖੀ ਬਰਡ, ਮਿਹਰ ਨਜ਼ਰ ਉਠਾਈਆ । ਇਹ ਹੁਕਮ ਚਲਣਾ ਸ੍ਰਿਸ਼ਟ ਸਬਾਈ ਵਰਲਡ, ਵਾਹਦ ਗਾਡ ਇਕੋ ਇਕ ਸੁਣਾਈਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਚਿਲਡਰਨ ਚਾਈਲਡ, ਨਿੱਕੇ ਬਾਲੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਰਿਹਾ ਰੰਗਾਈਆ । ਈਸਾ ਕਹੇ ਮੈਂ ਵੈਸਟ ਵੱਲ ਹੁੰਦਾ ਵੇਖਿਆ ਫ਼ੇਸ, ਆਪਣਾ ਰੁਖ਼ ਬਦਲਾਈਆ । ਈਸਾ ਕਹੇ ਮੈਂ ਯੋਰੋਸ਼ਲਮ ਤੱਕੀ ਪਲੇਸ, ਪੋਲਿਟੀਕਲ ਧਿਆਨ ਲਗਾਈਆ । ਨਾਲੇ ਪ੍ਰਭ ਦੀ ਦੌੜ ਵੇਖੀ ਰੇਸ, ਭੱਜਿਆ ਵਾਹੋ ਦਾਹੀਆ । ਉਸ ਨੇ ਖ਼ਾਕਾ ਕਰ ਟਰੇਸ, ਲੈਂਡ ਮਾਰਕ ਦਿਤਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਈਸਾ ਕਹੇ ਓ ਮੁਹੰਮਦਾ ਵੇਖ ਸਟਿਕ, ਸਿਟੀਜ਼ਨ ਦਾ ਮਾਲਕ ਰਿਹਾ ਉਠਾਈਆ । ਮੂਸਾ ਕਹੇ ਇਸ ਦਾ ਇਸ਼ਾਰਾ ਵੱਲ ਗਰਿਕ, ਗਰੀਕਾਂ ਰਿਹਾ ਉਠਾਈਆ । ਕਿਸੇ ਨੂੰ ਕੋਈ ਨਾ ਕਹੇ ਸਿਟ, ਸਟੈਂਡਅਪ ਸਭ ਨੂੰ ਦਏ ਕਰਾਈਆ । ਸਦੀ ਚੌਧਵੀਂ ਸਭ ਦੇ ਉਤੇ ਕਰਨ ਲੱਗੀ ਰਿਟ, ਆਪਣੀ ਸਲਾਹ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ ।

### ★ ੯ ਮਾਘ ਸ਼ਹਿਨਸ਼ਾਹੀ ਸੰਮਤ ੩ ਓਗਰਾ ਹਰਿ ਸੰਗਤ ਜ਼ਿਲਾ ਗੁਰਦਾਸਪੁਰ ★

ਪ੍ਰਭ ਤੇਰਾ ਖੇਲ ਤੇਰੀ ਕੁਦਰਤ, ਕਾਦਰ ਇਕੋ ਨਜ਼ਰੀ ਆਈਆ । ਦੋ ਜਹਾਨਾਂ ਡਾਹਢਾ ਮੁਰਸ਼ਦ, ਮੁਰੀਦ ਮਰਹੂਮ ਨਾ ਕੋਇ ਰਖਾਈਆ । ਧਰਮ ਦਵਾਰ ਦੀ ਦੇ ਕੇ ਉਲਫ਼ਤ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਦੋ ਜਹਾਨਾਂ ਲੈ ਕੇ ਫ਼ੁਰਸਤ, ਫ਼ਰਮਾਂਬਰਦਾਰਾਂ ਵੇਖ ਵਖਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡੇ ਖੇਲ ਖਿਲਾਈਆ । ਘਰ ਠਾਂਡਾ ਤੇਰਾ ਸੀਤ, ਸਤਿ ਸਚ ਨਜ਼ਰੀ ਆਈਆ । ਧੁਰਦਰਗਾਹੀ ਇਕ ਪ੍ਰੀਤ, ਪ੍ਰੀਤਮ ਪ੍ਰੇਮ ਬਣਾਈਆ । ਸਤਿਜੁਗ ਸਾਚੀ ਦੱਸ ਰੀਤ, ਰਹਿਬਰ ਰਸਤਾ ਇਕ ਵਖਾਈਆ । ਰੰਗ ਚੜ੍ਹੇ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਝਗੜਾ ਮੁਕ ਜਾਏ ਮਸੀਤ, ਘਰ ਇਕੋ ਦੇਣਾ ਵਖਾਈਆ । ਜਿਥੇ ਸਾਂਝਾ ਹੋਵੇ ਗੀਤ, ਇਕੋ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਦੇਣਾ ਮੁਕਾਈਆ । ਪਿਛਲਾ ਲੇਖਾ ਜਾਏ ਮੁਕ, ਮੁਕੰਮਲ ਹੁਕਮ ਜਣਾਈਆ । ਕਰਨੀ ਜਾਵੇ ਛੁਟ, ਛੁੱਟੇ ਕੂੜ ਲੋਕਾਈਆ । ਹੋਈਏ ਇਕ ਮੁਠ, ਆਪਾ ਜੋੜ ਜੁੜਾਈਆ । ਸਾਹਿਬ ਜਾਣਾ ਤੁੱਠ, ਤੇਰੀ ਬੇਪਰਵਾਹੀਆ । ਕਲ ਵੇਖ ਅੰਧੇਰਾ ਘੁੱਪ, ਕੂੜ ਕੁੜਿਆਰਾ ਰਿਹਾ ਕੁਰਲਾਈਆ । ਸਤਿ ਸਵਾਮੀ ਦੇ ਸੁਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਮੰਗ ਮੰਗਾਈਆ । ਦਰ ਤੇਰਾ ਮੰਗਣ ਜੋਗੀ, ਜੋਗੀਸ਼ਰ ਧਿਆਨ ਲਗਾਈਆ । ਦਰ ਤੇਰਾ ਮੰਗਣ ਭੋਗੀ, ਰਾਤੀਂ ਸੁਤਿਆਂ ਅੱਖ ਖੁਲ੍ਹਾਈਆ । ਦਰ ਤੇਰਾ ਮੰਗਣ ਸੰਜੋਗੀ, ਸਾਚਾ ਨਾਤਾ ਲੈਣਾ ਜੁੜਾਈਆ । ਦਰ ਤੇਰਾ ਮੰਗਣ ਵਜੋਗੀ, ਵਿਛੜ ਹਾਲ ਦੁਹਾਈਆ । ਦਰ ਤੇਰਾ ਮੰਗਣ ਰੋਗੀ, ਦੁੱਖ ਦਰਦਾਂ ਡੇਰਾ ਢਾਹੀਆ । ਦਰ ਤੇਰਾ ਮੰਗਣ ਲੋਕ ਪਰਲੋਕੀ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਦਰ ਤੇਰਾ ਮੰਗਣ ਸ਼ਾਸਤਰ ਸਿਮਰਤ ਵੇਦ ਪੁਰਾਨ ਸਲੋਕੀ, ਨਿਉਂ ਨਿਉਂ ਲਾਗਣ ਪਾਈਆ । ਦਰ ਤੇਰਾ ਮੰਗਣ ਪੁਸਤਕ ਪੋਥੀ, ਅੱਖਰਾਂ ਵਿਚ ਸ਼ਰਨਾਈਆ । ਦਰ ਤੇਰਾ ਮੰਗਣ ਧਰਮ ਦਵਾਰ ਦੇ ਖੋਜੀ, ਸਾਧ ਸੰਤ ਨੈਣ ਤਕਾਈਆ । ਦਰ ਤੇਰਾ ਮੰਗਣ ਜੋ ਸੀਸ ਉਠਾਉਂਦੇ ਬੋਝੀ, ਕੰਧੇ ਭਾਰ ਟਿਕਾਈਆ । ਦਰ ਤੇਰਾ ਮੰਗਣ ਜਿਨ੍ਹਾਂ ਨੂੰ ਆਈ ਸੋਝੀ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਦਰ ਤੇਰਾ ਮੰਗਣ ਜਿਨ੍ਹਾਂ ਬਸਤਰ ਦੋਸ਼ਾਲ ਕੋਈ ਨਹੀਂ ਓਢੀ, ਓਢਨ ਸੀਸ ਨਾ ਕੋਇ ਟਿਕਾਈਆ । ਦਰ ਤੇਰਾ ਮੰਗਣ ਜਿਨ੍ਹਾਂ ਗਰਦਨ ਕੀਤੀ ਰੋਡੀ, ਮੂੰਡ ਮੁੰਡਾਏ ਵੇਖ ਵਖਾਈਆ । ਦਰ ਤੇਰਾ ਮੰਗਣ ਜਿਨ੍ਹਾਂ ਦੀ ਕੀਮਤ ਨਹੀਂ ਕੌਡੀ, ਹੱਟੋ ਹੱਟ ਫਿਰਾਈਆ । ਦਰ ਤੇਰਾ ਮੰਗਣ ਜੋ ਪ੍ਰੇਮ ਵਿਚ ਮੌਜੀ, ਮਜਲਸ ਤੇਰੇ ਨਾਲ ਰਖਾਈਆ । ਦਰ ਤੇਰਾ ਮੰਗਣ ਵੇਦੀ ਸੋਢੀ, ਨਿਜ ਨੇਤਰ ਰਾਹ ਤਕਾਈਆ । ਦਰ ਤੇਰਾ ਮੰਗਣ ਗੁਲਸ਼ਨ ਵਾਲੀ ਡੋਡੀ, ਸੁਗੰਧੀ ਮਹਿਕ ਵਿਚ ਮਹਿਕਾਈਆ । ਦਰ ਤੇਰਾ ਮੰਗਣ ਨਾਥ ਤ੍ਰਿਲੋਕੀ, ਨਿਉਂ ਨਿਉਂ ਲਾਗਣ ਪਾਈਆ । ਦਰ ਤੇਰਾ ਮੰਗਣ ਜਿਨ੍ਹਾਂ ਦੀ ਆਯੂ ਹੋ ਗਈ ਬਹੁਤੀ, ਜੁਗ ਚੌਕੜੀ ਸੇਵ ਕਮਾਈਆ । ਦਰ ਤੇਰਾ ਮੰਗਣ ਜਿਹੜੇ ਸਚ ਪਾਉਂਦੇ ਆਹੂਤੀ, ਘਿਰਤ ਨਾਲ ਸੁਹਾਈਆ । ਦਰ ਤੇਰਾ ਮੰਗਣ ਜਿਹੜੇ ਤਨ ਛੁਹਾਉਂਦੇ ਭਬੂਤੀ, ਭਸਮ ਖ਼ਾਕ ਰਮਾਈਆ । ਦਰ ਤੇਰਾ ਮੰਗਣ ਜਿਹੜੇ ਧਾਰੀ ਸੂਤੀ, ਸੂਤਰ ਧਾਰੀ ਸੀਸ ਨਿਵਾਈਆ । ਦਰ ਤੇਰਾ ਮੰਗਣ ਬ੍ਰਹਮਾ ਵਿਸ਼ਨ ਸ਼ਿਵ ਦੂਤੀ, ਭੱਜਣ ਵਾਹੋ ਦਾਹੀਆ । ਦਰ ਤੇਰਾ ਮੰਗਣ ਦਹਿ ਦਿਸ਼ਾ ਚਾਰ ਕੂਟੀ, ਉੱਤਰ ਪੂਰਬ ਪੱਛਮ ਦੱਖਣ ਰਾਹ ਤਕਾਈਆ । ਦਰ ਤੇਰਾ ਮੰਗਣ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਬੂਟੀ, ਵੱਡੇ ਛੋਟੇ ਸੀਸ ਨਿਵਾਈਆ । ਦਰ ਤੇਰਾ ਮੰਗਣ ਜਿਨ੍ਹਾਂ ਦੇ ਹੱਥ ਵਿਚ ਖ਼ਾਲੀ ਠੂਠੀ, ਕਾਸਾ ਤੇਰੇ ਅੱਗੇ ਡਾਹੀਆ । ਦਰ ਤੇਰਾ ਮੰਗਣ ਜਿਨ੍ਹਾਂ ਦੀ ਆਤਮਾ ਜਨਮ ਜਨਮ ਦੀ ਰੂਠੀ, ਲੱਖ ਚੁਰਾਸੀ ਗੇੜੇ ਪਾਈਆ । ਦਰ ਤੇਰਾ ਮੰਗਣ ਜਿਨ੍ਹਾਂ ਦੀ ਧਾਰ ਤੇਰੇ ਨਾਲੋਂ ਟੁੱਟੀ, ਨੇਤਰ ਰੋ ਰੋ ਦੇਣ ਦੁਹਾਈਆ । ਦਰ ਤੇਰਾ ਮੰਗਣ ਜਿਨ੍ਹਾਂ ਦੀ ਚੋਗ ਜਗਤ ਨਿਖੁੱਟੀ, ਵਸਤ ਨਜ਼ਰ ਕੋਇ ਨਾ ਆਈਆ । ਦਰ ਤੇਰਾ ਮੰਗਣ ਜਿਨ੍ਹਾਂ

ਲੱਭੇ ਨਾ ਖਾਣ ਨੂੰ ਰੋਟੀ, ਭੁੱਖੇ ਨੰਗੇ ਤੇਰੀ ਓਟ ਤਕਾਈਆ । ਦਰ ਤੇਰਾ ਮੰਗਣ ਜਿਹੜੇ ਚੜ੍ਹ ਗਏ ਮੰਜ਼ਲ ਚੋਟੀ, ਸਚ ਦਵਾਰੇ ਬਹਿ ਕੇ ਖ਼ੁਸ਼ੀ ਬਣਾਈਆ । ਦਰ ਤੇਰਾ ਮੰਗਣ ਕੋਟਨ ਕੋਟੀ, ਕਾਇਆ ਕੁਟੀਆ ਖੋਜ ਖੁਜਾਈਆ । ਦਰ ਤੇਰਾ ਮੰਗਣ ਜਿਨ੍ਹਾਂ ਬੁੱਧੀ ਵਾਲੀ ਸੋਚ ਸੋਚੀ, ਮਨ ਮਤ ਨਾਲ ਵਡਿਆਈਆ । ਦਰ ਤੇਰਾ ਮੰਗਣ ਰਵਦਾਸ ਚਮਾਰੇ ਵਰਗੇ ਮੋਚੀ, ਪਾਣਾ ਗੰਢ ਝਟ ਲੰਘਾਈਆ । ਦਰ ਤੇਰਾ ਮੰਗਣ ਗਿਆਨਵਾਨ ਵਡ ਬੋਧੀ, ਬੁੱਧੀ ਤੋਂ ਪਰੇ ਵੇਖ ਵਖਾਈਆ । ਦਰ ਤੇਰਾ ਮੰਗਣ ਲੋਭ ਮੋਹ ਵਿਕਾਰ ਹੰਕਾਰ ਕਰੋਧੀ, ਜਿਨ੍ਹਾਂ ਅਗਨੀ ਤਤ ਜਲਾਈਆ । ਦਰ ਤੇਰਾ ਮੰਗਣ ਜਿਨ੍ਹਾਂ ਨੂੰ ਆ ਗਈ ਤੇਰੀ ਸੋਝੀ, ਆਪ ਆਪਾ ਗਏ ਮਿਟਾਈਆ । ਪ੍ਰਭੂ ਬਿਨ ਤੇਰੀ ਕਿਰਪਾ ਮੰਜ਼ਲ ਮਿਲੇ ਕਿਸੇ ਨਾ ਸੌਖੀ, ਦਰਸ਼ਨ ਕਰਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਤ ਰਹਿਣ ਨਾ ਦੇਵੇ ਹੋਛੀ, ਹੁਸ਼ਿਆਰੀ ਵਿਚ ਯਾਰੀ ਆਪਣੇ ਨਾਲ ਰਖਾਈਆ ।

★ ੯ ਮਾਘ ਸ਼ਹਿਨਸ਼ਾਹੀ ਸੰਮਤ ੩ ਮਹਿੰਦਰ ਸਿੰਘ ਗੜ੍ਹੀ ਲਾਂਗਰੀ ਵਾਲਾ ਹਰਿ ਭਗਤ ਦਵਾਰ ਜੇਠੂਵਾਲ ★

ਆਤਮਾ ਕਹੇ ਮੈਂ ਕਦੇ ਨਾ ਮਰਦਾ, ਮਰਨ ਜਨਮ ਪ੍ਰਭ ਦੀ ਖੇਲ ਨਜ਼ਰੀ ਆਈਆ । ਤਨ ਵਜੂਦ ਵਸੇਰਾ ਮੇਰੇ ਘਰ ਦਾ, ਸਾਢੇ ਤਿੰਨ ਹੱਥ
੧੧੯੫ ਸੋਭਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਭਾਣਾ ਜਰਦਾ, ਹੁਕਮੇ ਅੰਦਰ ਸੀਸ ਨਿਵਾਈਆ । ਜੋ ਸਾਹਿਬ ਸੁਲਤਾਨ ਹੁਕਮ ਕਰਦਾ, ਧੁਰ ੧੧੯੫
੨੦ ਸੰਦੇਸ਼ਾ ਇਕ ਸੁਣਾਈਆ । ਓਸ ਤੋਂ ਸਦਾ ਰਹਿੰਦਾ ਡਰਦਾ, ਸਿਰ ਅੱਗੇ ਨਾ ਕੋਇ ਉਠਾਈਆ । ਨਿਤ ਨਵਿਤ ਯਾਦ ਓਸੇ ਦੀ ਕਰਦਾ, ਜਿਸ ੨੦
ਮੇਰੀ ਬਣਤ ਬਣਾਈਆ । ਸ੍ਰਿਸ਼ਟੀ ਤੋਂ ਪਾ ਕੇ ਪੜਦਾ, ਓਹਲੇ ਆਪਣਾ ਡੇਰਾ ਲਾਈਆ । ਮੰਜ਼ਲ ਹਕੀਕੀ ਚੜ੍ਹਦਾ, ਸਚ ਦਵਾਰੇ ਮਿਲ ਕੇ ਵੱਜੇ ਵਧਾਈਆ । ਵੇਖਾਂ ਖੇਲ ਨਰ ਹਰਿ ਦਾ, ਨਰ ਨਰਾਇਣ ਆਪ ਵਖਾਈਆ । ਕੁਛ ਲੇਖਾ ਮੇਰਾ ਕਲ ਦਾ, ਕਲ ਕਾਤੀ ਵਿਚ ਸਮਝਾਈਆ । ਰਸ ਵੇਖਿਆ ਪ੍ਰਭ ਸਾਗਰ ਜਲ ਦਾ, ਜਲ ਥਲ ਮਹੀਅਲ ਖੋਜ ਖੁਜਾਈਆ । ਪ੍ਰਭ ਦਾ ਹੁਕਮ ਪ੍ਰਭ ਦੀ ਕਿਰਪਾ ਨਾਲ ਟਲਦਾ, ਦੂਜਾ ਮੇਟ ਨਾ ਕੋਇ ਮਿਟਾਈਆ । ਮਹਿੰਦਰ ਸਿੰਘ ਦਾ ਦੀਪਕ ਜੋਤ ਰਹੇ ਬਲਦਾ, ਸਾਹਿਬ ਸਤਿਗੁਰ ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਅੰਦਰ ਰਲਦਾ, ਰਲਾ ਰਹਿਣ ਕੋਇ ਨਾ ਪਾਈਆ ।

★ ੯ ਮਾਘ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਸਚ ਸੁਖ ਸਾਹਿਬ ਸਤਿ ਓਟ, ਓੜਕ ਇਕ ਧਿਆਨ ਲਗਾਈਆ । ਸਚ ਪ੍ਰੀਤ ਲਗਾਵੇ ਚੋਟ, ਚੋਟੀ ਚੜ੍ਹ ਕੇ ਲਏ ਉਠਾਈਆ । ਨਿਰਗੁਣ ਧਾਰ ਦੱਸ ਕੇ ਗੋਤ, ਆਤਮ ਪਰਮਾਤਮ ਮੇਲ ਮਿਲਾਈਆ । ਕਰ ਪਰਕਾਸ਼ ਅਗੰਮੀ ਜੋਤ, ਅੰਧ ਅੰਧਿਆਰਾ ਦਏ ਗਵਾਈਆ । ਮਨ ਮਨਸਾ

ਤੋਂ ਪਰੇ ਦੱਸੇ ਸੋਚ, ਸਮਝ ਆਪਣੇ ਨਾਲ ਮਿਲਾਈਆ। ਧਰਮ ਦਵਾਰ ਦੀ ਦੇ ਕੇ ਮੌਜ, ਦੀਨਾਂ ਅਨਾਥਾਂ ਵੇਖ ਵਖਾਈਆ। ਬਾਹਰ ਖੋਜਣੀ ਨਾ ਪਏ ਖੋਜ, ਗ੍ਰਿਹਿ ਮੰਦਰ ਜੋੜ ਜੁੜਾਈਆ। ਜਗਤ ਕਰਨਾ ਪਏ ਨਾ ਜੋਗ, ਸਚ ਜੋਗੀਸ਼ਰ ਦਏ ਬਣਾਈਆ। ਅੰਦਰੋਂ ਕੱਟ ਹਉਮੇ ਰੋਗ, ਹੰਗਤਾ ਗੜ੍ਹ ਤੁੜਾਈਆ। ਆਤਮ ਪਰਮਾਤਮ ਜੋੜ ਸੰਯੋਗ, ਸਾਚਾ ਲੇਖਾ ਵੇਖ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ। ਸਚ ਸੁਖ ਸਾਹਿਬ ਗੁਰ ਦਰਸ, ਦਰਸ ਮਿਲੇ ਵਡਿਆਈਆ। ਜਨਮ ਜਨਮ ਦੀ ਮਿਟੇ ਹਰਸ, ਤ੍ਰਿਸ਼ਨਾ ਕੂੜ ਬੁਝਾਈਆ। ਮਿਹਰਵਾਨ ਹੋ ਕੇ ਕਰੇ ਤਰਸ, ਦੁਖੀਆਂ ਦਰਦ ਵੰਡਾਈਆ। ਲੇਖਾ ਜਾਣ ਅਰਸ਼ ਫ਼ਰਸ਼, ਦੋ ਜਹਾਨਾਂ ਖੋਜ ਖੁਜਾਈਆ। ਭਗਤ ਪ੍ਰੀਤੀ ਰੱਖ ਕੇ ਗ਼ਰਜ਼, ਨਿਰਗੁਣ ਸਰਗੁਣ ਵੇਖ ਵਖਾਈਆ। ਸਚ ਬੇਨੰਤੀ ਸੁਣ ਕੇ ਅਰਜ਼, ਆਜਜ਼ਾਂ ਪੜਦਾ ਲਾਹੀਆ। ਨਿਮਾਣਿਆਂ ਵੰਡੇ ਦਰਦ, ਦੁਖੀਆਂ ਗੋਦ ਉਠਾਈਆ। ਸਦਾ ਖੇਲ ਕਰੇ ਅਸਚਰਜ, ਜੁਗ ਚੌਕੜੀ ਵੇਸ ਵਟਾਈਆ। ਜੋਧਾ ਸੂਰਬੀਰ ਮਰਦਾਨਾ ਮਰਦ, ਮੁੱਦਤਾਂ ਦੇ ਵਿਛੜੇ ਲਏ ਮਿਲਾਈਆ। ਜਨਮ ਕਰਮ ਦੀ ਵੇਖ ਕੇ ਫ਼ਰਦ, ਫ਼ੈਸਲਾ ਦੱਸੇ ਥਾਉਂ ਥਾਈਂਆ। ਵਿਛੋੜੇ ਵਿਚ ਜੋ ਰਹੇ ਤੜਪ, ਨਿਰਗੁਣ ਹੋ ਕੇ ਜੋੜ ਜੁੜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਜਨਮ ਕਰਮ ਦੀ ਪੂਰੀ ਸਭ ਦੀ ਕਰੇ ਸ਼ਰਤ, ਸ਼ਰੀਅਤ ਵਿਚ ਅਸਲੀਅਤ ਭੁੱਲ ਕਦੇ ਨਾ ਜਾਈਆ।



੧੧੯੬ ੨੦

## ★ ੧੫ ਮਾਘ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਰਾਵੀ ਕਹੇ ਦਸ ਦਿਨ ਰਹੀ ਰੋਂਦੀ, ਨੈਣਾਂ ਨੀਰ ਵਹਾਈਆ। ਸਿਰ ਦੇ ਵਾਲ ਰਹੀ ਖੋਂਹਦੀ, ਪੱਟੀ ਸੀਸ ਪੁਟਾਈਆ। ਅੱਗਾ ਪਿੱਛਾ ਰਹੀ ਟੋਂਹਦੀ, ਬਿਨ ਹੱਥਾਂ ਹੱਥ ਹਿਲਾਈਆ। ਯਾਦ ਆਉਂਦੀ ਰਹੀ ਅਰਜਨ ਵਾਲੀ ਸੌਂਹ ਦੀ, ਜੋ ਕ਼ਸਮ ਖਾ ਕੇ ਗਿਆ ਸੁਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ। ਰਾਵੀ ਕਹੇ ਮੈਂ ਰੋਂਦੀ ਭੁੱਬੀਂ, ਨੈਣਾਂ ਨੀਰ ਵਹਾਈਆ। ਚਿੱਕੜ ਗਾਰੇ ਵਿਚ ਖੁੱਭੀ, ਬਲਹੀਣ ਦੁਹਾਈਆ। ਪ੍ਰਭੂ ਜਾਂ ਤੈਨੂੰ ਵੇਖਿਆ ਬੱਧਾ ਨਾਲ ਸੁੱਬੀ, ਸੁਬਹ ਅੰਮ੍ਰਿਤ ਵੇਲਾ ਧਿਆਨ ਲਗਾਈਆ। ਮੈਂ ਸਮਝਿਆ ਮੇਰੀ ਔਧ ਪੁੱਗੀ, ਪੈਂਡਾ ਲਿਆ ਮੁਕਾਈਆ। ਮੈਨੂੰ ਕਿਸੇ ਨੇ ਅੰਦਰ ਰਮਜ਼ ਮਾਰੀ ਗੁੱਝੀ, ਸਹਿਜੇ ਦਿਤਾ ਸੁਣਾਈਆ। ਕਮਲੀਏ ਪਵਿਤ ਕਰ ਬੁੱਧੀ, ਬੁੱਧ ਦਏ ਦੁਹਾਈਆ। ਜਿਸ ਨੇ ਸੈਣ ਬਣ ਕੇ ਸੇਵ ਕਮਾਈ ਰੁੱਗੀਂ, ਆਪਣਾ ਫੇਰਾ ਪਾਈਆ। ਉਹ ਸਰਗੁਣ ਨਿਰਗੁਣ ਰੂਪ ਧਰੇ ਵਾਰ ਦੂਜੀ, ਦੋ ਜਹਾਨਾਂ ਵੇਖ ਵਖਾਈਆ। ਲੇਖਾ ਬਾਕੀ ਰਵਦਾਸ ਝੁੱਗੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ। ਰਾਵੀ ਕਹੇ ਮੇਰੇ ਵੇਖ ਡਿਗਦੇ ਨੇਤਰ ਹੰਝੂ, ਛਹਿਬਰ ਇਕੋ ਨਜ਼ਰੀ ਆਈਆ। ਤੈਨੂੰ ਮੰਨਿਆ ਦੀਨਾਂ ਬੰਧੂ, ਬੰਧਨ ਦੇ ਤੁੜਾਈਆ। ਤੂੰ ਗਹਿਰ ਗੰਭੀਰ ਸਾਗਰ ਸਿੰਧੂ, ਸਾਹਿਬ ਸੁਲਤਾਨ ਅਖਵਾਈਆ। ਤੇਰੀ ਕਰਨੀ ਕਿਹੜਾ ਨਿੰਦੂ, ਨਿੰਦਕ ਦੇਣ ਦੁਹਾਈਆ। ਮੇਰੀ ਮਨ ਵਾਸਨਾ ਮੇਟ ਦੇ ਚਿੰਦੂ, ਚਿੰਤਾ ਗ਼ਮ ਦੂਰ ਕਰਾਈਆ। ਰਾਵੀ ਕਹੇ ਮੇਰੀ ਪੂਜਾ ਪਹਿਲੇ ਕਰਦੇ ਹਿੰਦੂ, ਪਾਣੀ ਦੇਵਤਿਆਂ ਚੜ੍ਹਾਈਆ। ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਰਾਵੀ ਕਹੇ ਮੈਂ ਰੋ ਰੋ ਥੱਕੀ, ਥਕਾਵਟ ਵਿਚ ਦੁਹਾਈਆ । ਕਿਰਪਾ ਕਰ ਪੁਰਖ ਸਮਰਥੀ, ਸਾਹਿਬ ਤੇਰੀ ਸਰਨਾਈਆ । ਚਾਰੋਂ ਕੁੰਟ ਫਿਰਾਂ ਨੱਸੀ, ਭੱਜਾਂ ਵਾਹੋ ਦਾਹੀਆ । ਕੂਕ ਸੁਣਾਵਾਂ ਸੱਚੀ, ਗਲ ਵਿਚ ਪਲੂ ਪਾਈਆ । ਬਿਰਹੋਂ ਵੈਰਾਗਣ ਹੋ ਕੇ ਨੱਚੀ, ਮੁਖ ਘੁੰਗਟ ਲਿਆ ਉਠਾਈਆ । ਸਚ ਕਹਾਣੀ ਕਿਸੇ ਨਾ ਦੱਸੀ, ਦਹਿ ਦਿਸ਼ਾ ਵੇਖ ਵਖਾਈਆ । ਜਿਸ ਵੇਲੇ ਤੈਨੂੰ ਬੱਧਾ ਵੇਖਿਆ ਨਾਲ ਰੱਸੀ, ਰਸਤਾ ਭੁੱਲੀ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਚੜ੍ਹਾਈਆ । ਰਾਵੀ ਕਹੇ ਤੈਨੂੰ ਰੁਆਉਣ ਦੀ ਕੀ ਵਾਦੀ, ਪਿਛਲਾ ਵਾਅਦਾ ਪੂਰ ਕਰਾਈਆ । ਵੇਖੀ ਜਗਤ ਤੇਰੀ ਆਬਾਦੀ, ਇਬਾਦਤ ਵਿਚ ਨਾ ਕੋਇ ਲੋਕਾਈਆ । ਮੈਂ ਤੇਰੀ ਵੈਰਾਗਣ ਸਿੱਧੀ ਸਾਦੀ, ਕੂੜਾ ਰੰਗ ਨਾ ਕੋਇ ਚੜ੍ਹਾਈਆ । ਮੈਂ ਭਾਲ ਕਰਾਂ ਤੇਰੇ ਰਾਹ ਦੀ, ਵੇਖਾਂ ਥਾਉਂ ਥਾਈਆ । ਮੈਨੂੰ ਯਾਦ ਆਈ ਅਰਜਨ ਵਾਲੀ ਸਲਾਹ ਦੀ, ਜੋ ਸਤਿ ਗਿਆ ਸੁਣਾਈਆ । ਕਮਲੀਏ ਇਕ ਓਟ ਰੱਖੀਂ ਉਸ ਮਲਾਹ ਦੀ, ਜੋ ਬੇੜੇ ਡੁਬਦੇ ਪਾਰ ਲੰਘਾਈਆ । ਮੇਰੇ ਅੰਦਰੋਂ ਆਹ ਨਿਕਲੀ ਉਚੀ ਧਾਹ ਦੀ, ਧਵਲ ਦਿਤੀ ਹਿਲਾਈਆ । ਕਿਸ ਬਿਧ ਖੇਲ ਵੇਖਾਂ ਬੇਪਰਵਾਹ ਦੀ, ਜੋ ਪਾਰਬ੍ਰਹਮ ਅਖਵਾਈਆ । ਸ਼ਬਦ ਅਗੰਮੀ ਆਵਾਜ਼ ਆਈ ਵਾਹ ਵਾਹ ਦੀ, ਢੋਲਾ ਸੁਣਿਆ ਚਾਈਂ ਚਾਈਂਆ । ਇਹ ਖੇਲ ਅਨੋਖੇ ਸ਼ਾਹ ਦੀ, ਜੋ ਸ਼ਹਿਨਸ਼ਾਹ ਵਡ ਵਡਿਆਈਆ । ਇਹ ਧਾਰ ਨਹੀਂ ਵਹਿਣ ਦਰਿਆ ਦੀ, ਜਲ ਪਾਣੀ ਨਾ ਰੂਪ ਧਰਾਈਆ । ਖੇਲ ਨਹੀਂ ਥਲ ਅਸਗਾਹ ਦੀ, ਮਹੀਅਲ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਸੁਣਾਈਆ । ਰਾਵੀ ਕਹੇ ਮੈਂ ਰੋ ਰੋ ਹਾਰੀ, ਹਾਏ ਹਾਏ ਸੁਣਾਈਆ । ਤੇਰੀ ਵੇਖੀ ਅਨੋਖੀ ਯਾਰੀ, ਦਰਦੀਆ ਦਰਦ ਨਾ ਕੋਇ ਵੰਡਾਈਆ । ਚਾਰੋਂ ਕੁੰਟ ਦਿਸੇ ਖ਼ੁਆਰੀ, ਧੀਰਜ ਧੀਰ ਨਾ ਕੋਇ ਧਰਾਈਆ । ਮਾਇਆ ਮਮਤਾ ਮੋਹ ਬੀਮਾਰੀ, ਘਰ ਘਰ ਨਜ਼ਰੀ ਆਈਆ । ਧਰਮ ਦਾ ਦਿਸੇ ਨਾ ਕੋਇ ਖਿਲਾੜੀ, ਚੌਪਟ ਸਾਰ ਕੂੜ ਲੋਕਾਈਆ । ਗੁਰ ਅਰਜਨ ਨੇ ਮੇਰੇ ਵਿਚ ਪੰਜ ਵਾਰ ਧੋ ਕੇ ਹਿਲਾਈ ਦਾੜ੍ਹੀ, ਤੇਰੇ ਚਰਨਾਂ ਦਿਤੀ ਟਿਕਾਈਆ । ਓਸੇ ਵੇਲੇ ਰਵਦਾਸ ਚਮਾਰ ਆਇਆ ਅਗਾੜੀ, ਰੰਬੀ ਆਰ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਚੁਕਾਈਆ । ਰਾਵੀ ਕਹੇ ਮੇਰੇ ਰੋਂਦੇ ਨੈਣ, ਨੈਨਣ ਨੈਣ ਬੇਹਾਲਿਆ । ਮੈਂ ਵੇਖੇ ਵਗਦੇ ਵਹਿਣ, ਪੁਰਖ ਅਕਾਲ ਅਕਾਲਿਆ । ਕੋਈ ਨਾ ਸੱਜਣ ਸੈਣ, ਝੂਠਾ ਜਗਤ ਮਤਵਾਲਿਆ । ਮੁਕਾਵੇ ਪੂਰਬ ਲਹਿਣ, ਦੇਵਣਹਾਰ ਇਕ ਮਨਾ ਲਿਆ । ਸਤਿ ਨਾ ਆਵੇ ਚੈਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾ ਲਿਆ । ਰਾਵੀ ਕਹੇ ਮੈਂ ਵੇਖੀ ਰਵਦਾਸ ਦੀ ਆਰ ਰੰਬੀ, ਤਿੱਖੀ ਧਾਰ ਜਣਾਈਆ । ਮੈਂ ਡਰਦੀ ਡਰਦੀ ਕੰਬੀ, ਨੇਤਰ ਅੱਖ ਸ਼ਰਮਾਈਆ । ਮੈਂ ਆਪਣੇ ਪੈਰ ਦੀ ਅੱਡੀ ਦੱਬੀ, ਭਾਰ ਧਰਤ ਉਤੇ ਟਿਕਾਈਆ । ਨਜ਼ਰੀ ਆਈ ਜੋਤ ਰੱਬੀ, ਨੂਰ ਨੁਰਾਨਾ ਨੂਰ ਕਰੇ ਰੁਸ਼ਨਾਈਆ । ਇਹ ਖੇਲ ਹੁੰਦਾ ਕਦੇ ਕਦੀ, ਕਦੀਮ ਦੀ ਆਦਤ ਪ੍ਰਭ ਦੀ ਚਲੀ ਆਈਆ । ਜਿਸ ਵੇਲੇ ਹੋਵੇ ਪ੍ਰਭ ਦੀ ਆਪਣੀ ਸਦੀ, ਸਦਮੇ ਸਾਰੇ ਦਏ ਮਿਟਾਈਆ । ਰਾਵੀ ਕਹੇ ਮੈਂ ਖਲੋ ਗਈ ਹੱਥ ਬੱਧੀ, ਬੰਦਨਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਰਾਵੀ ਕਹੇ ਮੈਂ ਰੋ ਰੋ ਆਖਾਂ, ਆਖ਼ਰ ਦਿਆਂ ਸੁਣਾਈਆ । ਮੈਨੂੰ ਯਾਦ ਪਿਛਲਾ ਸਾਕਾ, ਸਾਖੀ ਬੇਪਰਵਾਹੀਆ । ਓਸ ਨੂੰ ਟੇਕਾਂ

੧੧੯੭
੨੦

ਮਾਥਾ, ਜੋ ਮਿਥਿਆ ਦੱਸੇ ਲੋਕਾਈਆ । ਸੰਦੇਸ਼ਾ ਦੇਵੇ ਸਾਚਾ, ਸਚ ਸਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਦਸ ਦਿਨ ਗਏ ਲੰਘ, ਬਹੁੜੀ ਬਹੁੜੀ ਕਰ ਸੁਣਾਈਆ । ਮੇਰਾ ਸੁੰਞਾ ਹੋਇਆ ਪਲੰਘ, ਲੇਫ਼ ਤਲਾਈ ਨਾ ਕੋਇ ਵਡਿਆਈਆ । ਕਸੁੰਭੜਾ ਹੋ ਗਿਆ ਰੰਗ, ਲਾਲਨ ਲਾਲ ਨਾ ਕੋਇ ਚਮਕਾਈਆ । ਆਸਾਂ ਢਹਿ ਗਈ ਕੰਧ, ਮਹੱਲ ਨਾ ਕੋਇ ਸੁਹਾਈਆ । ਭੁੱਲਿਆ ਰਸ ਅਨੰਦ, ਸਚ ਨਾ ਕੋਇ ਸਮਾਈਆ । ਲੁਕਿਆ ਨੂਰੀ ਚੰਦ, ਨੂਰ ਨਾ ਕੋਇ ਰੁਸ਼ਨਾਈਆ । ਮੈਂ ਦੋਵੇਂ ਹੱਥ ਬੰਧ, ਬੰਦਨਾ ਸੀਸ ਝੁਕਾਈਆ । ਕਿਰਪਾ ਕਰ ਸੂਰੇ ਸਰਬੰਗ, ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਨਾਲ ਰਖਾਈਆ । ਸ੍ਰੀ ਭਗਵਾਨ ਕਹੇ ਸੁਣ ਰਾਵੀ ਰਮਤੀ, ਰਮਤਾ ਰਮਤਾ ਦਿਆਂ ਜਣਾਈਆ । ਮੇਰਾ ਲੇਖਾ ਸੰਮਤ ਸੰਮਤੀ, ਸਮੇਂ ਵਿਚ ਵਡਿਆਈਆ । ਖੇਲ ਅਥਾਹ ਅਗੰਮ ਦੀ, ਅਗੰਮੜੀ ਕਾਰ ਕਮਾਈਆ । ਧਾਰ ਛੱਡੀ ਮਾਟੀ ਚੰਮ ਦੀ, ਨਾਤਾ ਤਤ ਵਜੂਦ ਤੁੜਾਈਆ । ਖੇਲ ਮੁੱਕੀ ਹਰਖ਼ ਸੋਗ ਗ਼ਮ ਦੀ, ਚਿੰਤਾ ਦਿਤੀ ਚੁਕਾਈਆ । ਛਹਿਬਰ ਵੇਖੀ ਤੇਰੀ ਛੰਮ ਛੰਮ ਦੀ, ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਰਾਵੀ ਨੱਢੀ ਬੱਚੀ ਉਠ ਕੇ ਝਾਕ, ਤੇਰੀ ਅੱਖ ਖੁਲ੍ਹਾਈਆ । ਇੱਕੀ ਮਾਘ ਦੀ ਵੇਖ ਰਾਤ, ਪਿਛਲਾ ਰਾਹ ਤਕਾਈਆ । ਰਵਦਾਸ ਦੀ ਮਿਲੇ ਜਾਤ, ਪਰਭਾਤ ਵੱਜੇ ਵਧਾਈਆ । ਸਚ ਮਿਲੇ ਸੌਗ਼ਾਤ, ਸੋਹਣਾ ਰੰਗ ਚੜ੍ਹਾਈਆ । ਸ਼ੰਕਰ ਵੇਖੇ ਕੈਲਾਸ਼, ਭੱਜਾ ਵਾਹੋ ਦਾਹੀਆ । ਬ੍ਰਹਮਾ ਹੋਵੇ ਸਾਥ, ਸੀਸ ਜਗਦੀਸ ਨਿਵਾਈਆ । ਵਿਸ਼ਨੂੰ ਸੁਣਾਏ ਆਖ, ਤੇਰੀ ਬੇਪਰਵਾਹੀਆ । ਇਹ ਧਰਮ ਮਹੀਨਾ ਮਾਘ, ਮਜਨ ਧੂੜ ਕਰਾਈਆ । ਤੇਰੇ ਸੁਖ਼ਨ ਦਾ ਓਥੇ ਮਿਲੇ ਜਵਾਬ, ਜਿਥੇ ਗੁਰਮੁਖ ਸੋਭਾ ਪਾਈਆ । ਨਾਨਕ ਲੈ ਕੇ ਆਏ ਰਬਾਬ, ਮਰਦਾਨਾ ਵੇਸ ਨਾ ਕੋਇ ਵਟਾਈਆ । ਕੁਛ ਲੇਖਾ ਦੱਸਣਾ ਬਗ਼ਦਾਦ, ਬਗ਼ਲੀ ਕਾਲੀ ਲੈਣੀ ਸਵਾਈਆ । ਨਾਲ ਲੈ ਕੇ ਜਾਣਾ ਨਕਾਬ, ਰੰਗ ਗੂੜ੍ਹਾ ਦੇਣਾ ਚੜ੍ਹਾਈਆ । ਸਾਢੇ ਤਿੰਨਾਂ ਸਫ਼ਿਆਂ ਵਾਲੀ ਹੋਵੇ ਕਿਤਾਬ, ਪੰਜ ਸੱਤ ਇੰਚ ਲੰਬਾਈ ਚੌੜਾਈਆ । ਚੋਲਾ ਚਿੱਟਾ ਹੋਵੇ ਬਿਨਾਂ ਦਾਗ਼, ਬੇਦਾਗ਼ ਵੇਖ ਵਖਾਈਆ । ਇਕ ਤਿੰਨਾਂ ਮੁੱਖਾਂ ਵਾਲਾ ਹੋਵੇ ਚਰਾਗ਼, ਮਿੱਟੀ ਕੱਚੀ ਨਾਲ ਸੁਹਾਈਆ । ਸਵਾ ਸੇਰ ਦੁੱਧ ਨੂੰ ਲੱਗੀ ਹੋਵੇ ਜਾਗ, ਕਟੋਰਾ ਦਰਸ਼ਨ ਹੱਥ ਫੜਾਈਆ । ਨਾਲ ਮਰਿਆ ਹੋਇਆ ਹੋਵੇ ਕਾਗ, ਪਾਲ ਸਿੰਘ ਡਾਕਟਰ ਉਂਗਲਾਂ ਵਿਚ ਫਸਾਈਆ । ਨੌ ਗਾਉਂਦੇ ਹੋਣ ਰਾਗ, ਸੋਹੰ ਢੋਲਾ ਸਹਿਜ ਸੁਭਾਈਆ । ਸਾਢੇ ਤਿੰਨ ਹੱਥ ਲਕੜੀ ਹੋਵੇ ਕਾਠ, ਵਿੰਗੀ ਟੇਢੀ ਸੋਭਾ ਪਾਈਆ । ਮਹਿੰਦਰ ਸਿੰਘ ਸਿਰ ਤੋਂ ਨੰਗਾ ਜਿਸ ਦਾ ਪਿੰਡ ਬਾਠ, ਧੁਰ ਦੀ ਸੇਵ ਕਮਾਈਆ । ਸਾਢੇ ਅੱਠ ਦਾ ਵਕਤ ਹੋਵੇ ਰਾਤ, ਰਾਤੀ ਰੁੱਤੀ ਵੱਜੇ ਵਧਾਈਆ । ਤਿੰਨ ਗੁਰਮੁਖ ਜਿਨ੍ਹਾਂ ਦੀ ਰਾਮਗੜ੍ਹੀਆ ਹੋਵੇ ਜਾਤ, ਪਾਣੀ ਕਟੋਰੇ ਨਾਲ ਰਲਾਈਆ । ਫੇਰ ਰਾਵੀ ਕਰਾਂ ਤੇਰੇ ਨਾਲ ਬਾਤ, ਤੇਰੇ ਨੈਣਾਂ ਕਰਾਂ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਰਾਵੀ ਕਹੇ ਕੀ ਕਿਹਾ ਨਾਲ ਹੌਲੀ, ਸਚ ਦੇ ਸਮਝਾਈਆ । ਮੈਂ ਕੰਨਾਂ ਹੋਈ ਬੋਲੀ, ਸਮਝ ਕੁਛ ਨਾ ਆਈਆ । ਪੁਰਖ ਅਕਾਲ ਕਹੇ ਮੇਰਾ ਗੁਰਮੁਖ ਧੁਰ ਦਾ ਢੋਲੀ, ਡੱਗਾ ਨਾਮ ਦਏ ਲਗਾਈਆ । ਤੂੰ ਪੜਦਾ ਆਪਣਾ ਖੋਲ੍ਹੀਂ, ਝਰੋਖਾ ਬੰਦ ਨਾ ਕੋਇ ਕਰਾਈਆ । ਨਾਲ ਲੈ ਕੇ ਆਵੀਂ ਮੌਲੀ, ਜਿਹੜਾ ਮੌਲਾ ਤੰਦ ਮੁਹੰਮਦ ਦਿਤਾ ਬੰਨ੍ਹਾਈਆ । ਸ਼ੋਰ ਨਾਲ ਪਾਵੀਂ ਰੌਲੀ, ਉਚੀ ਕੂਕ

੧੧੯੮
੨੦

ਕੂਕ ਸੁਣਾਈਆ । ਨਾਲ ਨਿੱਕੀ ਹੋਵੇ ਕੌਲੀ, ਕਵਲ ਫੁੱਲ ਵਿਚ ਟਿਕਾਈਆ । ਰਵਦਾਸ ਦਾ ਉਹ ਥਾਂ ਜਿਥੇ ਪੁਰਾਣੀ ਇਕ ਬੌਲੀ, ਨਿਸ਼ਾਨਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਰਾਵੀ ਕਹੇ ਮੈਂ ਸੁਣਿਆ ਅਗੰਮ ਨਾਦਾ, ਵੱਜੀ ਸਚ ਵਧਾਈਆ । ਪੁਰਖ ਅਕਾਲ ਕਿਹਾ ਇਹ ਹੁਕਮ ਮੇਰਾ ਸਾਦਾ, ਸਾਦਗੀ ਵਿਚ ਸਮਝਾਈਆ । ਅੱਗੇ ਖੇਲ ਵਰਤਣਾ ਡਾਢਾ, ਡੋਰੂ ਡੰਕ ਵਜਾਈਆ । ਜਨ ਭਗਤਾਂ ਇਕ ਨਾਲ ਅੱਧਾ ਖਾਣਾ ਪਰਸ਼ਾਦਾ, ਪਰਸ਼ਾਦ ਸੰਗਤ ਦਾ ਦੇਣਾ ਵਰਤਾਈਆ । ਇਹ ਨਵਾਂ ਖੇਲ ਵਿਚ ਦੇਸ ਮਾਝਾ, ਪਰਦੇਸ ਪੜਦਾ ਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਹੁਕਮ ਆਪਣੇ ਰਿਵਾਜਾ, ਦੂਜਾ ਹੁਕਮ ਨਾ ਕੋਇ ਮਨਾਈਆ ।

### ★ ੨੧ ਮਾਘ ਸ਼ਹਿਨਸ਼ਾਹੀ ਸੰਮਤ ੩ ਭਲਾਈ ਪੁਰ ਡੋਗਰਾਂ ਹਰਿ ਸੰਗਤ ★

ਗੁਰ ਅਰਜਨ ਕਹੇ ਖ਼ੁਸ਼ੀ ਹੋਈ ਆਜ, ਦੋ ਜਹਾਨ ਵੱਜੀ ਵਧਾਈਆ । ਕਿਰਪਾ ਕਰੇ ਪੁਰਖ ਅਕਾਲ ਸਾਹਿਬ ਸਿਰਤਾਜ, ਹਰਿ ਜਗਦੀਸ਼ਰ ਵਡ ਵਡਿਆਈਆ । ਜਿਸ ਦਾ ਏਥੇ ਓਥੇ ਦੋ ਜਹਾਨਾਂ ਰਾਜ, ਆਦਿ ਜੁਗਾਦਿ ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਾਜਨ ਸਾਜ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਵੇਖ ਵਖਾਈਆ । ਅਵਤਾਰ ਪੈਗ਼ੰਬਰ ਗੁਰ ਦੇਵਣਹਾਰਾ ਦਾਤ, ਦਾਤਾ ਦਾਨੀ ਸ਼ਾਹ ਸੁਲਤਾਨੀ ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਜਿਸ ਦਾ ਲੇਖਾ ਸਦਾ ਬਿਨ ਕਲਮ ਦਵਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਰਜਨ ਕਹੇ ਮੈਂ ਇਕੋ ਵੇਖਿਆ ਸ਼ਾਹ ਨਵਾਬ, ਨੌਬਤ ਹਕ ਨਾਮ ਵਜਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਸਜਦਾ ਕਰੋ ਆਦਾਬ, ਨਿਉਂ ਨਿਉਂ ਸੀਸ ਝੁਕਾਈਆ । ਇਕੋ ਕਲਮਾ ਪੜ੍ਹੋ ਵਾਹਦ, ਦੂਜੀ ਅਲਖ ਨਾ ਕੋਇ ਜਗਾਈਆ । ਜੋ ਦੋ ਜਹਾਨਾਂ ਮੁਸਾਹਿਬ, ਮੁਕਾਮੇ ਹਕ ਸੋਭਾ ਪਾਈਆ । ਅੰਤਮ ਸਭ ਦੀ ਕਰਨਹਾਰ ਅਜ਼ਮਾਇਸ਼, ਵੇਖਣਹਾਰਾ ਥਾਉਂ ਥਾਈਆ । ਘਟ ਨਿਵਾਸੀ ਜਾਨਣਹਾਰ ਰਹਾਇਸ਼, ਰਹਿਬਰ ਹੋ ਕੇ ਪੜਦਾ ਰਿਹਾ ਉਠਾਈਆ । ਜਿਸ ਦੀ ਸਮਝੇ ਨਾ ਕੋਇ ਪੈਦਾਇਸ਼, ਮਰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਅਰਜਨ ਕਹੇ ਮੈਨੂੰ ਯਾਦ ਆਇਆ ਚੇਤਾ, ਚਰਨ ਕਵਲ ਮਿਲੀ ਸਰਨਾਈਆ । ਪੁਰਖ ਅਕਾਲ ਇਕੋ ਨੇਤਾ, ਨਰ ਨਰਾਇਣ ਵੱਡੀ ਵਡਿਆਈਆ । ਜਿਸ ਨੇ ਲੋਕਮਾਤ ਸਭ ਨੂੰ ਦਿਤਾ ਠੇਕਾ, ਠਾਕਰ ਹੋ ਕੇ ਸੇਵ ਸਮਝਾਈਆ । ਭੇਜੇ ਅਗੇਤਾ ਪਛੇਤਾ, ਆਵਣ ਜਾਵਣ ਆਪਣਾ ਹੁਕਮ ਵਰਤਾਈਆ । ਜਿਸ ਕਾਰਨ ਮੇਰੇ ਸਿਰ ਵਿਚ ਪਈ ਰੇਤਾ, ਤੱਤੀ ਤਵੀ ਦਿਤਾ ਟਿਕਾਈਆ । ਇਸ ਦਾ ਨਾਨਕ ਕੋਲ ਲੇਖਾ, ਦੂਜਾ ਸਮਝ ਨਾ ਕੋਇ ਸਮਝਾਈਆ । ਜੋ ਵਸੇ ਸਚਖੰਡ ਸਾਚੇ ਦੇਸਾ, ਦਰਗਾਹ ਸਾਚੀ ਡੇਰਾ ਲਾਈਆ । ਜਿਸ ਦਾ ਆਦਿ ਜੁਗਾਦੀ ਏਕਾ, ਏਕਾ ਏਕੰਕਾਰ ਬੇਪਰ੍ਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਹਿਕਮਤ ਵਿਚੋਂ ਬਦਲਾਈਆ । ਅਰਜਨ ਕਹੇ ਸੁਣ ਕੇ ਸਾਰੇ ਹੋਵੇ ਲਾਜਵਾਬ, ਜਵਾਬ ਦੇਵਣ ਕੋਇ ਨਾ ਪਾਈਆ । ਜਿਸ ਦੇ ਲੈਂਦੇ ਰਹੇ ਖ਼ਵਾਬ, ਭਵਿਖਤਾਂ ਵਿਚ ਸਮਝਾਈਆ । ਜੋ ਵਸੇ ਹਕ ਮਹਿਰਾਬ, ਮਹਿਬੂਬ ਨੂਰ ਅਲਾਹੀਆ । ਕੁਛ

ਓਸ ਨੇ ਹੁਕਮ ਦਿਤਾ ਨਿਰਗੁਣ ਧਾਰ ਬਗਦਾਦ, ਸਰਗੁਣ ਨਾਨਕ ਆਪ ਸਮਝਾਈਆ । ਏਕਾ ਇਕ ਲੈਣਾ ਆਰਾਧ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਅਰਜਨ ਕਹੇ ਮੈਂ ਚੁਕਾਵਾਂ ਪੜਦਾ ਓਹਲਾ, ਭੇਵ ਰਹੇ ਨਾ ਰਾਈਆ । ਪੁਰਖ ਅਕਾਲ ਕਿਹਾ ਨਾਨਕ ਗਾ ਏਕਾ ਸੋਹਲਾ, ਤੇਰਾ ਮੇਰਾ ਇਕੋ ਰੂਪ ਨਜ਼ਰੀ ਆਈਆ । ਪ੍ਰੇਮ ਰਸ ਦਾ ਹੋਵੇ ਢੋਲਾ, ਅਗੰਮੀ ਨਾਦ ਸ਼ਨਵਾਈਆ । ਨਾਨਕ ਕਿਹਾ ਕੌਣ ਬਣੇ ਵਿਚੋਲਾ, ਪੜਦਾ ਦਏ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖਿਆ ਰੌਲਾ, ਚਾਰੋਂ ਕੁੰਟ ਦੁਹਾਈਆ । ਅੱਗੇ ਤੈਨੂੰ ਕਹਿੰਦੇ ਮੌਲਾ, ਅੱਲਾ ਅੱਖਰ ਦਿਤਾ ਪੜ੍ਹਾਈਆ । ਵੇਖ ਆਪਣੀ ਧਰਨੀ ਧੌਲਾ, ਧਵਲ ਧਿਆਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਪੁਰਖ ਅਕਾਲ ਕਿਹਾ ਨਾਨਕ ਮੇਰੇ ਨਾਮ ਦਾ ਲੈ ਸਵਾਦ, ਨਾਮ ਸਤਿ ਸਤਿ ਦ੍ਰਿੜਾਈਆ । ਤੇਰੇ ਤਨ ਦੀ ਇਕ ਰਬਾਬ, ਬਿਨ ਸਤਾਰਾਂ ਦਿਆਂ ਹਿਲਾਈਆ । ਜਿਸ ਦੇ ਵਿਚੋਂ ਤੂੰ ਹੀ ਤੂੰ ਹੀ ਨਿਕਲੇ ਰਾਗ, ਦੂਜੀ ਤੂਰ ਨਾ ਕੋਇ ਅਲਾਈਆ । ਤਤ ਵਜੂਦ ਸਵਰੇ ਕਾਜ, ਮਨਸਾ ਮਨ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਾਨਕ ਕਿਹਾ ਰਬਾਬ ਕਿਹੜਾ ਤੰਦ, ਸਾਹਿਬ ਸਵਾਮੀ ਦੇ ਸਮਝਾਈਆ । ਪੁਰਖ ਅਕਾਲ ਬੋਲਿਆ ਬਿਨਾ ਦੰਦ, ਰਸ ਨਾਲ ਰਸਨਾ ਦਿਤਾ ਸਮਝਾਈਆ । ਸਤਿ ਸਤਿ ਦਾ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਜਿਥੇ ਦੋਹਾਂ ਦਾ ਸਾਂਝਾ ਹੋਵੇ ਛੰਦ, ਓਥੇ ਦੂਜੀ ਲੋੜ ਰਹੇ ਨਾ ਰਾਈਆ । ਆਪਣੀ ਧਾਰ ਆਪਣੇ ਲਾਵਾਂ ਅੰਗ, ਅੰਗੀਕਾਰ ਇਕ ਅਖਵਾਈਆ । ਮੈਂ ਸਾਹਿਬ ਸੂਰਾ ਸਰਬੰਗ, ਸ਼ਹਿਨਸ਼ਾਹ ਧੁਰਦਰਗਾਹੀਆ । ਨਾਨਕ ਨਿਰਗੁਣ ਮੰਗੀ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਕਿਸ ਬਿਧ ਤੇਰੇ ਪ੍ਰੇਮ ਦਾ ਬੱਝੇ ਤੰਦ, ਤੰਦੀ ਤੰਦ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਨਾਨਕ ਦੱਸਾਂ ਬਾਤ, ਬਾਤਨ ਭੇਵ ਜਣਾਈਆ । ਵੇਖੀਂ ਲਿਖੀਂ ਨਾਲ ਨਾ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾ ਜੋੜ ਜੁੜਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚੀ ਰਹੇ ਨਾ ਕੋਇ ਜਮਾਤ, ਪ੍ਰੀਤੀ ਪ੍ਰੇਮ ਨਾ ਕੋਇ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਭੁੱਲੇ ਗਾਥ, ਸੋਹਲਾ ਸਚ ਨਾ ਕੋਇ ਸੁਣਾਈਆ । ਗੁਰ ਚੇਲਾ ਰਹੇ ਕੋਈ ਨਾ ਦਾਸ, ਚੇਲਾ ਗੁਰੂ ਕਰੇ ਪੜ੍ਹਾਈਆ । ਪਿਤਾ ਪੁੱਤ ਦਾ ਹੋਵੇ ਘਾਤ, ਚਾਰੋਂ ਕੁੰਟ ਹੋਏ ਦੁਹਾਈਆ । ਓਸ ਵੇਲੇ ਵੇਖਾਂ ਖੇਲ ਤਮਾਸ਼, ਨਿਰਗੁਣ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਸੁਣ ਨਾਨਕ ਬੱਚੇ ਨੰਨ੍ਹੇ, ਸਚ ਦਿਆਂ ਸਮਝਾਈਆ । ਜੇ ਤੂੰ ਇਕੋ ਮੇਰੀ ਮੰਨੇ, ਮਮਤਾ ਅਵਰ ਰਹੇ ਨਾ ਰਾਈਆ । ਕਰਾਂ ਪਰਕਾਸ਼ ਸਾਚੇ ਤਨੇ, ਲੋਇਣ ਇਕੋ ਨਜ਼ਰੀ ਆਈਆ । ਆਪ ਫਿਰਾਂ ਤੇਰੇ ਸੰਨੇ, ਘਰ ਘਰ ਵਿਚ ਮੇਲ ਮਿਲਾਈਆ । ਨਿਰਗੁਣ ਦੀਪਕ ਏਕਾ ਬਲੇ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਕਾਰਨ ਤੈਨੂੰ ਘੱਲੇ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸਾਚਾ ਬਚਨ ਬੰਨ੍ਹਣਾ ਪੱਲੇ, ਪੱਲੂ ਆਪਣੀ ਗੰਢ ਰਖਾਈਆ । ਜਿਸ ਵੇਲੇ ਕਲਜੁਗ ਅੰਤਮ ਹੋਏ ਹੱਲੇ, ਹਾਲਤ ਵਿਗੜੇ ਜਗਤ ਲੋਕਾਈਆ । ਓਸ ਵੇਲੇ ਪੁਰਖ ਅਕਾਲ ਆਉਣਾ ਇਕੱਲੇ, ਦੂਜਾ ਸੰਗ ਨਾ ਕੋਇ ਰਖਾਈਆ । ਜਨ ਭਗਤਾਂ ਦੇ ਅੰਦਰ ਸਿੰਘਾਸਣ ਮੱਲੇ, ਦਵਾਰਾ ਇਕੋ ਇਕ ਵਡਿਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਨਾਨਕ ਨਿਰਗੁਣ ਦੱਸਾਂ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਇਹ ਸ਼ਬਦੀ ਅਕਥ ਕਹਾਣੀ, ਕਥਨੀ ਕਥ ਨਾ ਸਕੇ ਰਾਈਆ । ਲੇਖਾ ਸਮਝੇ ਨਾ ਕੋਇ ਦੋ ਜਹਾਨੀ, ਨਿਰਗੁਣ ਸਰਗੁਣ ਭੇਵ ਕੋਇ ਨਾ ਪਾਈਆ । ਪਰਮ ਪੁਰਖ ਪਰਮਾਤਮ ਦੇਵੇ ਇਕ ਨਿਸ਼ਾਨੀ, ਨਿਸ਼ਾਨਾ ਆਪਨਾ ਤੀਰ ਚਲਾਈਆ । ਜਿਸ ਵੇਲੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਅਭਿਮਾਨੀ, ਮਾਇਆ ਮਮਤਾ ਮੋਹ ਵਿਕਾਰ ਹਲਕਾਈਆ । ਓਸ ਵੇਲੇ ਜਨ ਭਗਤਾਂ ਉਤੇ ਕਰਾਂ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਾਰ ਕਮਾਵਾਂਗਾ । ਮਿਹਰਵਾਨ ਹੋ ਕੇ ਮਿਹਰ ਨਜ਼ਰ ਟਿਕਾਵਾਂਗਾ । ਸ੍ਰਿਸ਼ਟ ਸਬਾਈ ਕਰ ਕੇ ਹੇਰ ਫੇਰ, ਦੀਨ ਦੁਨੀ ਆਪ ਭੁਲਾਵਾਂਗਾ । ਸਾਚੇ ਸੰਤਾਂ ਲਹਿਣਾ ਦੇਣਾ ਦਿਆਂ ਨਬੇੜ, ਝਗੜਾ ਅਵਰ ਨਾ ਕੋਇ ਜਣਾਵਾਂਗਾ । ਸ਼ਬਦ ਹਲੂਣੇ ਸੋਈ ਸੁਰਤੀ ਛੇੜ, ਤੰਦ ਸਤਾਰ ਆਪ ਵਜਾਵਾਂਗਾ । ਓਸ ਵੇਲੇ ਮੇਰੇ ਨਾਮ ਦੀ ਇਕੋ ਹੋਵੇ ਡੇੜ੍ਹ, ਦੋਹਰਾ ਸਵਈਆਾ ਕਵਿਤ ਛੱਤੀ ਰਾਗਾਂ ਵਿਚ ਨਾ ਕੋਇ ਅਲਾਵਾਂਗਾ । ਸਭ ਤੋਂ ਵਸਾਂ ਨੇਰਨ ਨੇਰ, ਦੂਰ ਦੁਰਾਡਾ ਪੰਧ ਮੁਕਾਵਾਂਗਾ । ਇਕ ਅਰਜਨ ਵਖਾਵਾਂ ਆਪਨੀ ਖੇਡ, ਰਾਵੀ ਕੰਡਾ ਤਟ ਸੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਰਾਂਗਾ । ਸੰਤ ਸੁਹੇਲੇ ਗੁਰਮੁਖ ਵਰਾਂਗਾ । ਲੱਖ ਚੁਰਾਸੀ ਵਿਚੋਂ ਫੜਾਂਗਾ । ਕਾਇਆ ਮੰਦਰ ਸਾਚੇ ਚੜ੍ਹਾਂਗਾ । ਜੋਤੀ ਨੂਰ ਇਕੋ ਧਰਾਂਗਾ । ਸਚ ਦਵਾਰੇ ਅਗੰਮੀ ਖੜਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚੀ ਕਰਨੀ ਆਪੇ ਕਰਾਂਗਾ ।



ਸਾਚੀ ਕਰਨੀ ਕਾਰ ਕਮਾਵਾਂਗਾ । ਭਗਤ ਸੁਹੇਲੇ ਆਪ ਉਠਾਵਾਂਗਾ । ਗੁਰ ਚੇਲੇ ਮੇਲ ਮਿਲਾਵਾਂਗਾ । ਤੁਰੀਆ ਪਦ ਦਾ ਭੇਵ ਖੁਲ੍ਹਾਵਾਂਗਾ । ਨਾਮ ਸਰੰਗਾ ਇਕ ਵਜਾਵਾਂਗਾ । ਨਾਨਕ ਨਿਰਗੁਣ ਜੋੜ ਜੁੜਾਵਾਂਗਾ । ਸਚ ਦਵਾਰੇ ਆਪੇ ਬਹੁੜ, ਪੜਦਾ ਓਹਲਾ ਆਪ ਉਠਾਵਾਂਗਾ । ਸਾਚੇ ਸੰਤਾਂ ਵੇਖਾਂ ਕਰ ਕੇ ਗ਼ੌਰ, ਗਹਿਰ ਗੰਭੀਰ ਹੋ ਕੇ ਆਪਨਾ ਫੇਰਾ ਪਾਵਾਂਗਾ । ਓਨ੍ਹਾਂ ਦਾ ਮਾਨਸ ਜਨਮ ਜਾਏ ਸੌਰ, ਜਿਨ੍ਹਾਂ ਨੂੰ ਆਪਨੇ ਰੰਗ ਰੰਗਾਵਾਂਗਾ । ਨਾਨਕ ਅਰਜਨ ਦਾ ਲੇਖਾ ਵਿਚ ਲਾਹੌਰ, ਲਹਿਰ ਆਪਨੀ ਇਕ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵਾਂਗਾ । ਨਾਨਕ ਭਗਤਾਂ ਦੀ ਰਬਾਬ ਹੋਵੇ ਰੱਬੀ, ਬਾਢੀ ਬਣਤ ਨਾ ਕੋਇ ਬਣਾਈਆ । ਜਿਸ ਦੀ ਸੁਰ ਬਿਨਾ ਹੱਥ ਤੋਂ ਜਾਵੇ ਵੱਜੀ, ਉਂਗਲਾਂ ਦੀ ਲੋੜ ਰਹੇ ਨਾ ਰਾਈਆ । ਚੁੱਕਣਾ ਪਏ ਨਾ ਭਾਰ ਮੋਢਿਆਂ ਉਤੇ ਵਾਂਗ ਡੱਗੀ, ਸਰੰਗਾ ਗਜ ਨਾ ਹੱਥ ਉਠਾਈਆ । ਬਿਨਾ ਕੱਪੜੇ ਤੋਂ ਹੋਵੇ ਕਦੇ ਨਾ ਨੰਗੀ, ਜਗਤ ਨੇਤਰ ਨਜ਼ਰ ਕੋਇ ਨਾ ਪਾਈਆ । ਸਤਿਗੁਰ ਨਾਨਕ ਕਿਹਾ ਪ੍ਰਭੂ ਤੇਰੀ ਖੇਲ ਬਹੁ ਰੰਗੀ, ਤੇਰਾ ਭੇਵ ਕੋਇ ਨਾ ਆਈਆ । ਤੂੰ ਆਦਿ ਜੁਗਾਦਿ ਸਦਾ ਕਰਨੀ ਦਾ ਕਰਤਾ ਢੰਗੀ, ਤਰੀਕਾ ਅਵਰ ਨਾ ਕਿਸੇ ਸਮਝਾਈਆ । ਮਿਹਰਵਾਨ ਉਹ ਕਿਹੜੇ ਦਵਾਰੇ ਟੰਗੀ, ਕਿੱਲੀ ਕਵਣ ਲਟਕਾਈਆ । ਪੁਰਖ ਅਕਾਲ ਕਿਹਾ ਨਾਨਕ ਨਜ਼ਰ ਨਾ ਆਏ ਵਿਚ ਬ੍ਰਹਿਮੰਡੀ, ਖੰਡੀਂ ਖੋਜ ਨਾ ਕੋਇ ਖੁਜਾਈਆ । ਜਿਸ ਦੀ ਲਿਖਤ ਲਿਖੀ ਕਿਸੇ ਨਹੀਂ ਸੰਦੀ, ਤਕਰੀਰ ਤਹਿਰੀਰ ਨਾ ਕੋਇ ਬਣਾਈਆ । ਖੋਜਿਆਂ ਹੱਥ ਨਾ ਆਏ ਵਿਚ ਵਰਭੰਡੀ, ਚਾਰੋਂ ਕੁੰਟ ਕੁਰਲਾਈਆ । ਉਹ ਓਸ ਥਾਂ ਉਤੇ ਟੰਗੀ ਜਿਥੇ ਇਕੋ ਜੋਤ ਨਿਰੰਜਣ ਲੰਘੀ, ਵਾਸਨਾ ਰਹੇ ਕੋਇ ਨਾ ਮੰਦੀ, ਦੀਨ ਮਜ੍ਹਬ ਦੀ ਨਹੀਂ ਪਾਬੰਦੀ, ਨਾਰ ਦੁਹਾਗਣ

੧੨੦੧
੨੦

ਕਦੇ ਨਾ ਰੰਡੀ, ਅਰਜਨ ਧਾਰ ਉਹ ਰਾਵੀ ਦੀ ਕੰਢੀ, ਜਿਥੇ ਪਵਣ ਸਦਾ ਠੰਡੀ, ਅਗਨੀ ਤਤ ਨਾ ਕੋਇ ਤਪਾਈਆ । ਕੂੜੀ ਰਹੇ ਨਾ ਕੋਇ ਪਾਬੰਦੀ, ਨੇਤਰ ਅੱਖ ਨਾ ਹੋਵੇ ਅੰਧੀ, ਪੁਰਖ ਅਕਾਲ ਸਾਚਾ ਸੰਗੀ, ਸਾਚਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਨਾਨਕ ਕਿਹਾ ਪ੍ਰਭੂ ਓਸ ਸੁਰੰਗੀ ਦੀ ਕੀ ਆਵਾਜ਼, ਸਚ ਦੇ ਸੁਣਾਈਆ । ਪੁਰਖ ਅਕਾਲ ਕਿਹਾ ਉਹ ਸਿੱਧਾ ਮੇਰਾ ਖੋਲ੍ਹੇ ਰਾਜ਼, ਅੱਗੇ ਹੋ ਨਾ ਕੋਇ ਅਟਕਾਈਆ । ਉਹਦੀ ਸੁਰ ਵਿਚ ਸੁਰ ਦਾ ਸੁਰ ਜਵਾਬ, ਸਵਾਲ ਦੀ ਲੋੜ ਰਹੇ ਨਾ ਰਾਈਆ । ਸਦਾ ਦਿਵਸ ਰੈਣ ਵੱਜਦੀ ਰਹੇ ਰਬਾਬ, ਰਹਿਮਤ ਆਪ ਕਮਾਈਆ । ਪੁਰਖ ਅਕਾਲ ਕਿਹਾ ਨਾਨਕ ਇਕ ਵੇਰ ਕਰ ਆਦਾਬ, ਸੀਸ ਜਗਦੀਸ ਝੁਕਾਈਆ । ਸੀਸ ਝੁਕਦਿਆਂ ਲੇਖਾ ਦਿਸਿਆ ਵਿਚ ਬਗ਼ਦਾਦ, ਬਗ਼ਲੀ ਕਾਲੀ ਨਾਨਕ ਹੱਥ ਨਜ਼ਰੀ ਆਈਆ । ਜਿਸ ਦੇ ਵਿਚ ਉਹ ਹਿਸਾਬ, ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਮਝ ਸਕੇ ਨਾ ਰਾਈਆ । ਵੇਖਿਆ ਓਸ ਮਹਿਰਾਬ, ਜਿਥੇ ਮਹਿਬੂਬ ਡੇਰਾ ਲਾਈਆ । ਜਲਵਾ ਨੂਰ ਵਾਹਦ, ਵਾਹਦ ਕਲਮਾ ਰਿਹਾ ਸੁਣਾਈਆ । ਨਾਨਕ ਨਿਰਗੁਣ ਕਰ ਅਦਾਬ, ਅਦਬ ਨਾਲ ਆਪਣਾ ਆਪ ਝੁਕਾਈਆ । ਮੁਖ਼ਾਤਬ ਹੋ ਕੇ ਦਿਤਾ ਖ਼ਤਾਬ, ਖ਼ੁਦ ਆਪਣਾ ਹੁਕਮ ਸੁਣਾਈਆ । ਨਾਨਕ ਵੇਖ ਉਹ ਰਬਾਬ, ਜਿਸ ਦਾ ਸਭ ਤੋਂ ਵੱਖਰਾ ਸਾਜ, ਸਾਜਣਹਾਰਾ ਆਪੇ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਨਾਨਕ ਕਿਹਾ ਪਰਮ ਪੁਰਖ ਕਿਉਂ ਵਖਾਈ ਕਾਲੀ ਬਗ਼ਲੀ, ਮਿਹਰਵਾਨ ਦੇਣਾ ਸਮਝਾਈਆ । ਪੁਰਖ ਅਕਾਲ ਕਿਹਾ ਸਦੀ ਚੌਧਵੀਂ ਉਮਤ ਵੇਖੀ ਪਗ਼ਲੀ, ਕਲਮਾ ਹਕ ਨਾ ਕੋਇ ਸੁਣਾਈਆ ।



ਸਭ ਨੇ ਫਿਰਨਾ ਵਿਚ ਜੰਗਲੀਂ, ਜਹਾਲਤ ਵਿਚ ਦੁਹਾਈਆ । ਗੋਬਿੰਦ ਦੀ ਚੌਦਾਂ ਕੜੀਆਂ ਵਾਲੀ ਸੰਗਲੀ, ਫ਼ਕੀਰਾਂ ਦੇ ਤਨੋਂ ਦੇਣੀ ਲੁਹਾਈਆ । ਸਚ ਖ਼ੁਦਾ ਦੇ ਨਾਲ ਰਹੇ ਕਿਸੇ ਦੀ ਨਾ ਮੰਗਣੀ, ਨਾਤਾ ਤੁੱਟੇ ਲੋਕਾਈਆ । ਦਹਿ ਦਿਸ਼ਾ ਲੱਗੇ ਅਗਨੀ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਨਾਨਕ ਕਿਹਾ ਮੈਂ ਵੇਖਿਆ ਝਾਕ, ਬਿਨ ਅੱਖਾਂ ਅੱਖ ਉਠਾਈਆ । ਪੁਰਖ ਅਕਾਲ ਖੋਲ੍ਹਿਆ ਤਾਕ, ਪੜਦਾ ਦਿਤਾ ਹਟਾਈਆ । ਸਦੀ ਚੌਧਵੀਂ ਫ਼ਕੀਰਾਂ ਦੀ ਬਗ਼ਲੀ ਵਿਚ ਖ਼ਾਕ, ਖ਼ਾਲਸ ਵਸਤ ਨਜ਼ਰ ਕੋਇ ਨਾ ਆਈਆ । ਜਿਧਰ ਤੱਕਾਂ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਅੰਤਮ ਮੁੱਕਦੀ ਦਿਸੇ ਵਾਟ, ਪਾਂਧੀ ਰਹੇ ਕੁਰਲਾਈਆ । ਰਾਵੀ ਕੰਢੇ ਅਰਜਨ ਦੀ ਜਾਤ, ਉਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਜਿਸ ਨੇ ਸਭ ਦਾ ਕਰਨਾ ਪੂਰਾ ਭਵਿਖਤ ਵਾਕ, ਵਾਕਿਆ ਵੇਖੇ ਥਾਈਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਈਆ । ਬਗ਼ਲੀ ਕਹੇ ਮੇਰਾ ਰਿਹਾ ਨਾ ਕੋਇ ਬਗ਼ਲਗੀਰ, ਸੰਗੀ ਸਾਥ ਨਾ ਕੋਇ ਨਿਭਾਈਆ । ਦਸਤ ਛੁੱਟ ਗਿਆ ਦਸਤਗੀਰ, ਬੇਦਸਤ ਹੋਈ ਲੋਕਾਈਆ । ਨਜ਼ਰੀ ਆਏ ਨਾ ਬੇਨਜ਼ੀਰ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਏਸ ਵਿਚ ਮੂੰਹ ਪਾ ਕੇ ਰੋ ਕੇ ਕਿਹਾ ਕਬੀਰ, ਤੇਰਾ ਨਾਮ ਦੁਹਾਈਆ । ਕਿਸੇ ਕੰਮ ਨਾ ਆਵੇ ਇਹ ਮਾਟੀ ਖ਼ਾਕੀ ਸਰੀਰ, ਜਿੰਨਾਂ ਚਿਰ ਤੇਰਾ ਨੂਰ ਨੂਰ ਨਾ ਕੋਇ ਚਮਕਾਈਆ । ਓਸ ਵੇਲੇ ਕਬੀਰ ਨੂੰ ਏਸ ਦੇ ਵਿਚੋਂ ਨਜ਼ਰੀ ਆਈ ਓਸ ਦੀ ਤਸਵੀਰ, ਜਿਸ ਨੂੰ ਲਾਤਸਵੀਰ ਕਰ ਕੇ ਸਾਰੇ ਰਹੇ ਗਾਈਆ । ਉਸ ਦੀ ਬਦਲ ਗਈ ਜ਼ਮੀਰ, ਜ਼ੱਰਾ ਜ਼ੱਰਾ ਵਿਚੋਂ ਇਕੋ ਨੂਰ ਕਰੇ ਰੁਸ਼ਨਾਈਆ । ਲੇਖਾ ਮੁਕਿਆ

੧੨੦੨
੨੦

ਦਿਸਿਆ ਸ਼ਾਹ ਹਕੀਰ, ਸ਼ਹਿਨਸ਼ਾਹ ਇਕੋ ਹੁਕਮ ਵਰਤਾਈਆ । ਫੇਰ ਕਿਹਾ ਕਿਸ ਬਿਧ ਬਦਲੇ ਤਕਦੀਰ, ਤਦਬੀਰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਬਗ਼ਲੀ ਕਹੇ ਮੈਨੂੰ ਨਾਨਕ ਰੱਖਿਆ ਤਿੰਨ ਦਿਨ ਆਪਣੇ ਹੱਥ, ਹੋਕਾ ਬਗ਼ਦਾਦ ਵਿਚ ਸੁਣਾਈਆ । ਸੂਫ਼ੀ ਫ਼ਕੀਰੋ ਕੋਈ ਵਸਤ ਹੈ ਤੇ ਇਹਦੇ ਵਿਚ ਦਿਓ ਘੱਤ, ਖਾਲੀ ਦਿਓ ਭਰਾਈਆ । ਨਾਨਕ ਏਥੇ ਫੇਰ ਨਹੀਂ ਔਣਾ ਵਤ, ਬੇਵਤਨੋਂ ਤੁਹਾਨੂੰ ਵਤਨ ਨਾ ਕੋਇ ਵਖਾਈਆ । ਜ਼ਰਾ ਤੱਕੋ ਓਸ ਅੱਖ, ਜਿਹੜੀ ਅੱਖ ਦੇ ਨਾਲ ਮੁਹੰਮਦ ਮਹਿਬੂਬ ਦਾ ਦਰਸ਼ਨ ਪਾਈਆ । ਮੈਨੂੰ ਖ਼ਾਲੀ ਦਿਸਦੇ ਹੱਟ, ਵਣਜਾਰੇ ਰਹੇ ਕੁਰਲਾਈਆ । ਖ਼ਾਲੀ ਦਿਸਣ ਤਟ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਬਗ਼ਲੀ ਕਹੇ ਨਾਨਕ ਕਿਉਂ ਮੈਨੂੰ ਫੜਿਆ, ਚਾਰੇ ਕੰਨੀਆਂ ਜੋੜ ਜੁੜਾਈਆ । ਵੇ ਮੈਂ ਕਮਲੀ ਕੋਝੀ ਅੜਿਆ, ਅੰਦਰੋਂ ਬਾਹਰੋਂ ਕਾਲੀ ਨਜ਼ਰੀ ਆਈਆ । ਮੇਰੇ ਵਿਚ ਕਿਸੇ ਨਹੀਂ ਕੁਛ ਧਰਿਆ, ਭੁੱਖੀ ਤਿਹਾਈ ਦਿਆਂ ਦੁਹਾਈਆ । ਮੇਰਾ ਨਕਰਮੀ ਦਾ ਮਸਤਕ ਸੜਿਆ, ਨੇਤਰ ਨੈਣਾਂ ਨੀਰ ਵਹਾਈਆ । ਓਸ ਵੇਲੇ ਨਾਨਕ ਖ਼ੁਸ਼ੀ ਵਿਚ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਿਆ, ਸੋਹੰ ਦਿਤਾ ਗਾਈਆ । ਪੁਰਖ ਅਕਾਲ ਸਭ ਦਾ ਮਾਲਕ ਹੋ ਕੇ ਏਸ ਦੇ ਵਿਚ ਵੜਿਆ, ਨਾਨਕ ਨੂੰ ਸਿੱਧਾ ਨਜ਼ਰੀ ਆਈਆ । ਫੇਰ ਵਖਾ ਕੇ ਆਪਣਾ ਘਰਿਆ, ਗ੍ਰਿਹਿ ਮੰਦਰ ਦਿਤਾ ਸੁਹਾਈਆ । ਬੰਨ੍ਹ ਕੇ ਆਪਣੇ ਲੜਿਆ, ਲੜ ਪੱਲੂ ਦਿਤਾ ਫੜਾਈਆ । ਕੌਲ ਇਕਰਾਰ ਇਕ ਕਰਿਆ, ਵਾਅਦੇ ਨਾਲ ਸਮਝਾਈਆ । ਨਾਨਕ ਜਿਸ ਵੇਲੇ ਚਾਰ ਕੁੰਟ ਦਹਿ ਦਿਸ਼ਾ ਸਤਿ ਧਰਮ ਹਰਿਆ, ਤੁਹਾਡਾ ਭੈ ਨਾ ਕੋਇ ਰਖਾਈਆ । ਓਸ ਵੇਲੇ ਆਵੇ ਨਰਾਇਣ ਨਰਿਆ, ਕਲ ਕਲਕੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਨਾਨਕ ਕਿਹਾ ਚਾਰ ਕੁੰਟ ਦੀ ਵੇਖੀ ਹਦੂਦ, ਬਿਨ ਅੱਖਾਂ ਅੱਖ ਉਠਾਈਆ । ਬਗ਼ਲਗੀਰ ਹੋਇਆ ਮੌਜੂਦ, ਬਗ਼ਲੀ ਵਿਚ ਸੋਭਾ ਪਾਈਆ । ਓਸ ਨੇ ਸੁਣਾਇਆ ਹਜ਼ਾਰਾ ਦਰੂਦ, ਧੁਰ ਦਾ ਢੋਲਾ ਇਕ ਅਲਾਹੀਆ । ਜਿਸ ਦੇ ਨਾਲ ਸ੍ਰਿਸ਼ਟੀ ਹੋ ਜਾਏ ਨੇਸਤੋ ਨਾਬੂਦ, ਜੜ੍ਹ ਨਜ਼ਰ ਕੋਇ ਨਾ ਆਈਆ । ਫੇਰ ਕਿਹਾ ਨਾਨਕ ਵੇਖ ਆਪਣੇ ਅੰਦਰ ਕਲਬੂਤ, ਕਾਇਆ ਦਾ ਕਾਅਬਾ, ਕਾਅਬੇ ਦਾ ਦੋਆਬਾ, ਦੋਆਬੇ ਦਾ ਮਹਿਰਾਬਾ, ਮਹਿਰਾਬੇ ਦਾ ਮਹਿਬੂਬ ਬੈਠਾ ਸੋਭਾ ਪਾਈਆ । ਜਿਥੇ ਨਾ ਕੋਈ ਪੁੰਨ ਨਾ ਕੋਈ ਸਵਾਬਾ, ਨਾ ਕੋਈ ਸਵਾਲ ਨਾ ਕੋਈ ਜਵਾਬਾ, ਜਵਾਬ ਤਲਬੀ ਵਿਚ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰਾਈਆ । ਬਗ਼ਲੀ ਕਹੇ ਨਾਨਕ ਮੇਰੀ ਇਕ ਅਰਜ਼, ਆਰਜ਼ੂ ਦਿਆਂ ਜਣਾਈਆ । ਕੁਛ ਮੇਰਾ ਦੱਸ ਫ਼ਰਜ਼, ਸੇਵਾ ਕੀ ਕਮਾਈਆ । ਤੇਰਾ ਪ੍ਰਭੂ ਬੜਾ ਬੇਗ਼ਰਜ਼, ਬੇਅੰਤ ਆਪ ਅਖਵਾਈਆ । ਤੁਹਾਨੂੰ ਆਪਣੇ ਨਾਮ ਦੀ ਸੁਣਾ ਕੇ ਨਿੱਕੀ ਜਿਹੀ ਤਰਜ਼, ਤਰਾਜ਼ੂਆਂ ਵਿਚ ਤੋਲੀ ਲੋਕਾਈਆ । ਸ੍ਰਿਸ਼ਟੀ ਦਾ ਖੇਲ ਖਿਲਾ ਕੇ ਨਾਰ ਮਰਦ, ਲੱਖ ਚੁਰਾਸੀ ਜੋੜੇ ਜੋੜਿਆਂ ਨਾਲ ਜੁੜਾਈਆ । ਆਪਣਾ ਭੇਵ ਵੱਖਰਾ ਰੱਖ ਕੇ ਅਚਰਜ, ਸਨਮੁਖ ਹੋ ਕੇ ਨਜ਼ਰ ਕਦੇ ਨਾ ਆਈਆ । ਸਚ ਦੱਸ ਕਿਸ ਵੇਲੇ ਵੰਡੇ ਦਰਦ, ਦੁਖੀਆਂ ਦੁੱਖ ਮਿਟਾਈਆ । ਨਾਨਕ ਕਿਹਾ ਜਿਸ ਵੇਲੇ ਨਿਰਗੁਣ ਦਾ ਨਿਰਗੁਣ ਆਵੇ ਪਰਤ, ਤੱਤਾਂ ਦਾ ਡੇਰਾ ਢਾਹੀਆ । ਕਰੇ ਪਰਕਾਸ਼ ਉਤੇ ਧਰਤ, ਧਵਲ ਦਏ ਸੁਹਾਈਆ । ਓਸ ਵੇਲੇ ਆਪਣਿਆਂ ਭਗਤਾਂ ਉਤੇ ਕਰੇ ਤਰਸ, ਰਹਿਮਤ ਸਚ ਕਮਾਈਆ ।

੧੨੦੩
੨੦

੧੨੦੪
੨੦

ਜਨਮ ਜਨਮ ਦੀ ਮੇਟ ਕੇ ਹਰਸ, ਹਵਸ ਅਗਲੀ ਦਏ ਬੁਝਾਈਆ । ਮੇਲ ਮਿਲਾ ਕੇ ਉਤੇ ਫ਼ਰਸ਼, ਅਰਸ਼ਾਂ ਦੇ ਉਤੇ ਦਏ ਟਿਕਾਈਆ । ਬਗ਼ਲੀ ਕਿਹਾ ਨਾਨਕ ਉਹ ਕਿਸ ਤਰਾ ਦਾ ਹੋਵੇ ਮਰਦ, ਰੂਪ ਰੰਗ ਕੀ ਨਜ਼ਰੀ ਆਈਆ । ਨਾਨਕ ਕਿਹਾ ਜਿਸ ਨੂੰ ਛੁਰੀ ਕੱਟੇ ਕੋਈ ਨਾ ਕਰਦ, ਕਤਲਗਾਹ ਵਿਚ ਕਾਤਲ ਮਕਤੂਲ ਰੂਪ ਨਾ ਕੋਇ ਵਟਾਈਆ । ਉਹ ਸਭ ਦੀ ਲੈ ਕੇ ਆਵੇ ਫ਼ਰਦ, ਪਿਛਲੇ ਲੇਖੇ ਵੇਖ ਵਖਾਈਆ । ਬਗ਼ਲੀਏ ਤੇਰੀ ਜ਼ਰੂਰ ਮਨਜ਼ੂਰ ਕਰੇ ਅਰਜ਼, ਖ਼ਾਹਿਸ਼ ਆਪਣੀ ਝੋਲੀ ਪਾਈਆ । ਬਗ਼ਲੀ ਕਹੇ ਨਾਨਕ ਮੈਨੂੰ ਫੜਦੇ ਸਦਾ ਮੰਗਤੇ, ਭਿਖਾਰੀ ਦਰ ਦਰ ਅਲਖ ਜਗਾਈਆ । ਨਾਨਕ ਕਿਹਾ ਓ ਕਮਲੀਏ ਨਹੀਂ ਤੇਰੇ ਵਿਚ ਉਹ ਰੰਗ ਰੰਗਤੇ, ਜਿਨ੍ਹਾਂ ਦਾ ਰੰਗ ਨਾ ਕੋਇ ਬਦਲਾਈਆ । ਓ ਤੇਰਾ ਲਹਿਣਾ ਨਾਲ ਪ੍ਰਭੂ ਦੀ ਸੰਗਤੇ, ਜਿਨ੍ਹਾਂ ਦੀ ਭਿੱਛਿਆ ਨਾ ਕੋਇ ਬਦਲਾਈਆ । ਕੋਟਨ ਕੋਟ ਗੁਰੂ ਅਵਤਾਰ ਪੈਗ਼ੰਬਰ ਜੰਮਦੇ, ਜੰਮ ਕੇ ਮਰ ਕੇ ਫੇਰ ਓਸੇ ਵਿਚ ਸਮਾਈਆ । ਕੋਈ ਦਿਨ ਵਣਜਾਰੇ ਹੁੰਦੇ ਦਮ ਦੇ, ਸਾਹ ਸਾਹ ਨਾਲ ਢੋਲੇ ਗਾਈਆ । ਇਹ ਖੇਲ ਓਸ ਪ੍ਰਭੂ ਦੇ ਕੰਮ ਦੇ, ਜੋ ਕਾਮਨਾ ਸਭ ਦੀ ਵੇਖ ਵਖਾਈਆ । ਤੇਰਾ ਲੇਖਾ ਓਸ ਵੇਲੇ ਜਿਸ ਵੇਲੇ ਭਗਤਾਂ ਦੇ ਲੇਖੇ ਮੁਕੌਣੇ ਗ਼ਮ ਦੇ, ਪਹਿਲੋਂ ਹੱਥ ਨਾ ਕਿਸੇ ਫੜਾਈਆ । ਤੈਨੂੰ ਸਾਰੇ ਕਿੱਲੀਆਂ ਦੇ ਉਤੇ ਰਹੇ ਟੰਗਦੇ, ਮੈਂ ਭਗਤਾਂ ਦੇ ਅੰਦਰ ਦੇਣੀ ਲੁਕਾਈਆ । ਜਿਥੇ ਪਰਕਾਸ਼ ਨਹੀਂ ਸੂਰਜ ਚੰਦ ਦੇ, ਤਾਰਿਆਂ ਦੀ ਲੋੜ ਨਜ਼ਰ ਨਾ ਆਈਆ । ਜੇ ਵੇਖੇਂ ਤੇ ਵੇਖੇਂ ਖੇਲ ਓਸ ਪਾਰਬ੍ਰਹਮ ਦੇ, ਜੋ ਬ੍ਰਹਮ ਨੂੰ ਰਿਹਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਬਗ਼ਲੀ ਕਹੇ ਸਤਿਗੁਰ ਨਾਨਕ ਮੈਂ ਕਾਲੀ, ਕਲਜੁਗ ਕਾਲਾ ਟਿੱਕਾ ਦਿਤਾ ਲਗਾਈਆ । ਜਿਸ ਘਰ ਜਾਵਾਂ ਕੁੱਤੇ ਭੌਂਕਣ ਤੇ ਬੱਚੇ ਕੱਢਣ ਗਾਲੀ, ਤੇ ਸਾਰੇ ਗ਼ੁੱਸੇ ਨਾਲ ਖ਼ੈਰ ਮੇਰੇ ਵਿਚ ਪਾਈਆ । ਮੈਂ ਘਰ ਘਰ ਦੀ ਬਣਾਂ ਸਵਾਲੀ, ਫਿਰਾਂ ਥਾਉਂ ਥਾਈਆ । ਨਾਨਕ ਕਿਹਾ ਮੇਰੇ ਪ੍ਰਭ ਦੀ ਚਾਲ ਨਿਰਾਲੀ, ਜੁਗ ਜੁਗ ਵੇਸ ਵਟਾਈਆ । ਫਲ ਵੇਖੇ ਪੱਤ ਡਾਲੀ, ਲੱਖ ਚੁਰਾਸੀ ਫੋਲ ਫੁਲਾਈਆ । ਤੈਨੂੰ ਦੱਸਾਂ ਇਕ ਬਾਤ ਸੁਖਾਲੀ, ਸਹਿਜੇ ਦਿਆਂ ਸਮਝਾਈਆ । ਜਿਸ ਵੇਲੇ ਪ੍ਰਭ ਭਗਤਾਂ ਦੇ ਅੰਦਰ ਆਪਣੇ ਨੂਰ ਦੀ ਚਾੜ੍ਹਨੀ ਲਾਲੀ, ਨਾਮ ਦਾ ਰੰਗ ਰੰਗਾਈਆ । ਓਸ ਵੇਲੇ ਤੂੰ ਵੀ ਦਰ ਤੇ ਬਣੀਂ ਸਵਾਲੀ, ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਕਫ਼ਨੀ ਕਹੇ ਜਨ ਭਗਤੋ ਮੈਂ ਆ ਗਈ ਭੱਜੀ, ਭਜਨ ਬੰਦਗੀ ਦਾ ਪੰਧ ਮੁਕਾਈਆ । ਗੁਰਮੁਖਾਂ ਦੀ ਵੇਖੀ ਸੰਗਤ ਸੱਜੀ, ਸਜਰਾ ਰਾਹ ਤਕਾਈਆ । ਪਹਿਲੋਂ ਦਰਸ਼ਨ ਕਰ ਕੇ ਰੱਜੀ, ਬਿਨਾ ਅੱਖ ਤੋਂ ਅੱਖ ਉਠਾਈਆ । ਫੇਰ ਭੋਜਨ ਖਾ ਕੇ ਰੱਜੀ, ਜਿਹੜਾ ਚਾਰ ਜੁਗ ਨਾ ਕੋਇ ਖਵਾਈਆ । ਮੁਹੱਬਤ ਵਿਚ ਬੱਝੀ, ਨਿਉਂ ਨਿਉਂ ਸੀਸ ਨਿਵਾਈਆ । ਇਹ ਵੇਖੋ ਅੰਤ ਤੇ ਆਈ ਚੌਧਵੀਂ ਸਦੀ, ਸੱਦਾ ਦੇ ਕੇ ਰਹੀ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਿਸੇ ਦੀ ਰਹਿਣੀ ਨਹੀਂ ਕੋਈ ਗੱਦੀ, ਗਦਾਗਰ ਹੋਵੇ ਲੋਕਾਈਆ । ਨਾਮ ਦੀ ਦੇਵੇ ਕੋਈ ਨਾ ਵੱਢੀ, ਵੱਢੀ ਖਾਣ ਵਾਲੇ ਸਾਰੇ ਦੇਣੇ ਮੁਕਾਈਆ । ਮੈਂ ਫਿਰਾਂ ਉਚੀ ਅੱਡੀ, ਭੱਜਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਗ਼ਲੀ ਕਹੇ ਮੇਰੇ ਵਿਚ ਕੋਈ ਨਹੀਂ ਦਾਣਾ ਆਟਾ, ਖ਼ਾਲੀ ਅੰਦਰੋਂ ਬਾਹਰੋਂ ਨਜ਼ਰੀ ਆਈਆ । ਜਨ ਭਗਤੋ ਤੁਹਾਡਾ ਪ੍ਰਭੂ ਤੋਂ ਪੂਰਾ ਕਰਾਵਾਂ ਘਾਟਾ, ਘਾਟੇ ਵਿਚੋਂ ਹਿੱਸਾ ਮੇਰੇ ਵਿਚ ਦੇਣਾ ਟਿਕਾਈਆ । ਬਗ਼ਦਾਦ ਦੀ ਵਿਛੜੀ ਕੱਟਦੀ ਰਹੀ ਵਾਟਾਂ, ਨਾਨਕ ਨਿਰਗੁਣ ਨਿਰਵੈਰ ਨਾਲ ਦਿਤਾ ਮਿਲਾਈਆ ।

ਵੇਂਹਦੀ ਰਹੀ ਇਹ ਰਾਤਾਂ, ਨੈਣਾਂ ਅੱਖ ਖੁਲ੍ਹਾਈਆ । ਜੋ ਅਰਜਨ ਦੱਸੀਆਂ ਬਾਤਾਂ, ਬਿਨ ਅੱਖਰਾਂ ਲੇਖ ਲਿਖਾਈਆ । ਸੋ ਸਚ ਸਚ ਆਖਾਂ, ਤੁਹਾਨੂੰ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਗ਼ਲੀ ਕਹੇ ਮੈਂ ਕਦੀ ਨਹੀਂ ਆਈ ਜਗ, ਪ੍ਰਭੂ ਹੱਥ ਨਾ ਕਦੇ ਉਠਾਈਆ । ਸਦਾ ਰਹੀ ਅੱਡ, ਵੱਖਰਾ ਖੇਲ ਖਿਲਾਈਆ । ਜਨ ਭਗਤੋ ਕੱਪੜਿਆਂ ਦੀ ਬਗ਼ਲੀ ਦਿਓ ਛੱਡ, ਜਗਤ ਵਾਸਨਾ ਨਾ ਕੋਇ ਵਧਾਈਆ । ਆਪਣੇ ਅੰਤਰ ਆਤਮਾ ਦੀ ਝੋਲੀ ਦਿਓ ਅੱਡ, ਪਰਮਾਤਮਾ ਆਪੇ ਵਸਤ ਦਏ ਟਿਕਾਈਆ । ਜੇ ਤੁਸੀਂ ਨਹੀਂ ਲੱਭ ਸਕੇ ਤੇ ਓਨ ਤੁਹਾਨੂੰ ਲਿਆ ਲੱਭ, ਵਿਛੜਿਆਂ ਮੇਲ ਮਿਲਾਈਆ । ਹੁਣ ਮੰਗਣ ਦੀ ਖ਼ਤਮ ਹੋ ਜਾਏ ਹੱਦ, ਅਨਮੰਗੀ ਦੌਲਤ ਝੋਲੀ ਪਾਈਆ । ਤੁਸੀਂ ਓਸ ਪ੍ਰਭੂ ਦੀ ਯਦ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਅੱਗੇ ਰਹਿਣ ਨਾ ਦੇਵੇ ਵਿਚ ਅੰਧੇਰੀ ਖੱਡ, ਫੜ ਕੇ ਬਾਹੋਂ ਪਾਰ ਕਰਾਈਆ । ਜਿਸ ਕਾਰਨ ਲਏ ਸੱਦ, ਸੋ ਸੰਦੇਸ਼ਾ ਰਹੀ ਸੁਣਾਈਆ । ਸਭ ਦੇ ਪੜਦੇ ਲਵੇ ਕੱਜ, ਬਗ਼ਲਗੀਰ ਆਪ ਹੋ ਜਾਈਆ । ਜੇ ਮੰਗਣ ਦੀ ਨਹੀਂ ਜਾਚ, ਬਗ਼ਲੀ ਕਹੇ ਮੈਥੋਂ ਸਿੱਖੋ ਅੱਜ, ਚਾਰੇ ਕੰਨੀਆਂ ਅੱਗੇ ਡਾਹੀਆ । ਵੇਖਿਓ ਭੁਲੇਖੇ ਵਿਚ ਕੋਈ ਕਰਿਓ ਨਾ ਅੱਜ ਪੱਜ, ਭਰਮ ਦਾ ਭਾਂਡਾ ਲੈਣਾ ਭੰਨਾਈਆ । ਤੁਹਾਨੂੰ ਜਦੋਂ ਮਿਲੇ ਉਪਰ ਸ਼ਾਹ ਰਗ, ਨੌਂ ਦਵਾਰੇ ਦਾ ਡੇਰਾ ਢਾਹੀਆ । ਇਹੋ ਜਿਹਾ ਵੇਲਾ ਕਦੇ ਨਹੀਂ ਕਿਸੇ ਦੇ ਆਇਆ ਹੱਥ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਾਰੇ ਦੇਣ ਦੁਹਾਈਆ । ਤੁਹਾਡੀ ਬੁਝਾਵੇ ਆਪ ਅਗਨੀ ਅੱਗ, ਅੰਮ੍ਰਿਤ ਮੇਘ ਬਰਸਾਈਆ । ਤੁਸੀਂ ਉਹ ਮਾਣਕ ਮੋਤੀ ਹੀਰੇ ਨਗ, ਜੋ ਨਾਨਕ ਨਿਰਗੁਣ ਸਰਗੁਣ ਗਿਆ ਸਮਝਾਈਆ । ਸਾਰੀ ਸ੍ਰਿਸ਼ਟੀ ਤੋਂ ਪੜਦਾ ਲਿਆ ਕੱਜ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਕਾਬ ਕਹੇ ਮੈਂ ਪਾਇਆ ਪੜਦਾ, ਪਰਦਾਨਸ਼ੀਂ ਨਜ਼ਰ ਕਿਸੇ ਨਾ ਆਈਆ । ਜਗਤ ਜਹਾਨ ਵੇਖਿਆ ਸੜਦਾ, ਸ੍ਰਿਸ਼ਟੀ ਰਹੀ ਕੁਰਲਾਈਆ । ਮੈਂ ਹੈਰਾਨ ਹੋ ਗਈ ਜਿਸ ਵੇਲੇ ਭਗਤਾਂ ਦੇ ਅੰਦਰ ਵੜਦਾ, ਆਪਣਾ ਪੰਧ ਮੁਕਾਈਆ । ਖੇਲ ਅਗੰਮੀ ਕਰਦਾ, ਵਡ ਦਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਕਾਬ ਕਹੇ ਮੇਰਾ ਸਮਝੇ ਕੋਈ ਨਾ ਨੁਕਤਾ, ਮੂਸਾ ਈਸਾ ਮੁਹੰਮਦ ਅੱਖ ਨਾ ਕੋਇ ਖੁਲ੍ਹਾਈਆ । ਜਿਥੇ ਸਭ ਦੀ ਮੰਜ਼ਲ ਦਾ ਪੈਂਡਾ ਮੁੱਕਦਾ, ਓਥੇ ਮੇਰੀ ਹੋਏ ਚੜ੍ਹਾਈਆ । ਮੇਰਾ ਲਹਿਣਾ ਓਸ ਉਸ ਦਾ, ਜਿਸ ਦੀ ਉਸਤੱਤ ਕਰ ਕੇ ਸਾਰੇ ਰਹੇ ਗਾਈਆ । ਹੁਣ ਪੜਦਾ ਓਹਲਾ ਨਹੀਂ ਰਹਿਣਾ ਲੁੱਕ ਦਾ, ਹੁਕਮ ਧੁਰ ਦਾ ਦੇਣਾ ਸੁਣਾਈਆ । ਜੋ ਪ੍ਰਭੂ ਨਾਲੋਂ ਰੁੱਸਦਾ, ਰੁਸਿਆਂ ਨਾ ਕੋਇ ਮਨਾਈਆ । ਨਕਾਬ ਕਹੇ ਬੇਨਕਾਬਾਂ ਨੂੰ ਆਪੇ ਪੁੱਛਦਾ, ਜਿਨ੍ਹਾਂ ਲੋਕ ਲੱਜਿਆ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਆਪ ਵਸਾਈਆ । ਨਕਾਬ ਕਿਹਾ ਮੈਂ ਆਈ ਮੁਹੰਮਦ ਦੀ ਉਤੇ ਅੱਖ, ਪੜਦਾ ਨੂਰ ਵਾਲਾ ਚਮਕਾਈਆ । ਪੁੱਠਾ ਦਿਤਾ ਪਲੱਟ, ਧਰਨੀ ਉਤੇ ਸਵਾਈਆ । ਖ਼ੁਦਾ ਦਾ ਨੂਰ ਹੋਇਆ ਪਰਤੱਖ, ਜਲਵਾ ਇਕ ਰੁਸ਼ਨਾਈਆ । ਸੰਦੇਸ਼ਾ ਦਿਤਾ ਹਕ, ਹਕੀਕਤ ਵਿਚੋਂ ਪੜ੍ਹਾਈਆ । ਮੁਹੰਮਦਾ ਸਦੀ ਚੌਧਵੀਂ ਵਲ ਤੱਕ, ਤਕੱਬਰ ਰਹੇ ਨਾ ਰਾਈਆ । ਪਿਛਲਾ ਹੁਕਮ ਹੋਣਾ ਫੱਕ, ਫ਼ੈਸਲਾ ਇਕ ਸੁਣਾਈਆ । ਮਾਲਗੁਜ਼ਾਰੀ ਰਹੇ ਕੋਈ ਨਾ ਟੱਕ, ਚੌਦਾਂ ਤਬਕਾਂ ਡੇਰਾ ਢਾਹੀਆ । ਮੱਥੇ ਉਤੇ ਮਾਰ ਕੇ ਸੱਟ, ਠੋਕਰ ਦਿਤੀ ਲਗਾਈਆ ।


੧੨੦੫
੨੦

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਸਮਝਾਈਆ । ਨਕਾਬ ਕਹੇ ਮੈਂ ਕਦੇ ਨਾ ਆਉਂਦੀ ਕਿਸੇ ਦੇ ਮੁੱਖ, ਬੁਰਕੇ ਜਗਤ ਵਾਲੇ ਲੁਕਾਈਆ । ਮੇਰੀ ਸਾਰੇ ਸੁੱਖਣਾ ਗਏ ਸੁੱਖ, ਪ੍ਰਭ ਅੱਗੇ ਵਾਸਤਾ ਪਾਈਆ । ਜਿਸ ਈਸਾ ਨੇ ਆਪਣਾ ਆਪ ਮੰਨਿਆਂ ਖ਼ੁਦਾ ਦਾ ਸੁਤ, ਮਰੀਆ ਮਰਹੂਮ ਮਹਿਰਮ ਇਕ ਜਣਾਈਆ । ਓਸ ਨੂੰ ਲੱਗਾ ਦੁੱਖ, ਦਰਦ ਦਰਦ ਵਿਚ ਰਖਾਈਆ । ਜਿਸ ਵੇਲੇ ਫਾਸੀ ਦੇ ਫੱਟੇ ਤੋਂ ਲਿਆ ਚੁੱਕ, ਸਲੀਬ ਦੀ ਤਰਤੀਬ ਨਾ ਕਿਸੇ ਸਮਝਾਈਆ । ਨਿਰਗੁਣ ਧਾਰੋਂ ਆਪੇ ਉਠ, ਨਿਰਵੈਰ ਵੇਸ ਵਟਾਈਆ । ਸ਼ੇਰ ਵਾਂਗੂੰ ਬੁੱਕ, ਭਬਕ ਇਕ ਲਗਾਈਆ । ਓਸ ਵੇਲੇ ਈਸਾ ਕਿਹਾ ਤੂੰ ਮੇਰਾ ਮੈਂ ਤੇਰਾ ਇਹੋ ਪੜ੍ਹੀਂ ਤੁੱਕ, ਆਪਣਾ ਪੜਦਾ ਨਕਾਬ ਵਾਲਾ ਪਾਈਆ । ਬਿਨਾ ਸਜਦਿਆਂ ਤੋਂ ਸੀਸ ਗਿਆ ਝੁਕ, ਝੁਕਿਆਂ ਫੇਰ ਨਾ ਕੋਇ ਉਠਾਈਆ । ਓਸ ਵੇਲੇ ਓਸ ਕਿਹਾ ਜਿਸ ਵੇਲੇ ਬਦਲ ਕੇ ਆਵੇਂ ਆਪਣਾ ਰੁਖ਼, ਰੁਖ਼ਸਤ ਸਾਨੂੰ ਦੇਣੀ ਕਰਾਈਆ । ਪਰਵਰਦਿਗਾਰ ਸਾਂਝੇ ਯਾਰ ਤੂੰ ਨਾ ਮਾਨਸ ਤੇ ਨਾ ਮਾਨੁਖ, ਦੇਹੀ ਸਨੇਹੀ ਤੇਰਾ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚੌਥੀ ਧਾਰ ਰਿਹਾ ਪੁਛ, ਪੜ੍ਹ ਕੇ ਦੇਣਾ ਸੁਣਾਈਆ । ਸਾਢੇ ਤਿੰਨ ਸਫ਼ੇ ਦੀ ਕੱਢ ਲਓ ਕਾਪੀ, ਜਿਸ ਦੀ ਕਾਪੀ ਨਾ ਕੋਇ ਕਰਾਈਆ । ਗੁਰੂ ਗ੍ਰੰਥ ਲਿਖਣ ਲੱਗਿਆਂ ਅਰਜਨ ਨੇ ਛੱਡ ਦਿਤੇ ਸੀ ਪਾਪੀ, ਪ੍ਰਭ ਦੇ ਅੱਗੇ ਵਾਸਤਾ ਪਾਈਆ । ਮੈਂ ਭਗਤਾਂ ਦਾ ਸਾਥੀ, ਗੁਰਮੁਖਾਂ ਦਾ ਜੋੜ ਜੁੜਾਈਆ । ਸਾਹਿਬ ਸਤਿਗੁਰ ਮੰਨ ਕੇ ਆਖੀ, ਧੁਰ ਸੰਦੇਸ਼ਾ ਇਕ ਅਲਾਈਆ । ਅਰਜਨ ਇਹ ਮੇਰੀ ਰਹਿਣ ਦੇ ਬਾਕੀ, ਬਾਕੀ ਨਵੀਸ ਇਕ ਅਖਵਾਈਆ । ਜਿਸ ਵੇਲੇ ਆਪ ਆਵਾਂ ਇਤਫ਼ਾਕੀ, ਇਤਫ਼ਾਕੀਆ ਫੇਰਾ ਪਾਈਆ । ਸਭ ਦਾ ਬਣਾਂ ਸਾਥੀ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਮੈਂ ਮਾਲਕ ਪ੍ਰਿਤਪਾਲਕ ਖ਼ਾਲਕ ਸਭ ਦੀ ਮੁਆਫ਼ ਕਰਾਂ ਗੁਸਤਾਖ਼ੀ, ਜੋ ਚਰਨ ਕਵਲ ਸੀਸ ਨਿਵਾਈਆ । ਮਿਹਰ ਨਿਗਾਹ ਨਾਲ ਬਦਲ ਦੇਵਾਂ ਹਯਾਤੀ, ਹਯਾ ਸ਼ਰਮ ਰਹੇ ਕੋਇ ਨਾ ਰਾਈਆ । ਮੇਰਾ ਖੇਲ ਨਹੀਂ ਕੋਈ ਨਬਾਤਾਤੀ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਗੁਰ ਅਰਜਨ ਬਣ ਕੇ ਦਾਸ ਦਾਸੀ, ਸੀਸ ਜਗਦੀਸ ਦਿਤਾ ਝੁਕਾਈਆ । ਓਸੇ ਵੇਲੇ ਨਿਰਗੁਣ ਜੋਤ ਪਰਕਾਸ਼ੀ, ਦੋ ਜਹਾਨਾਂ ਹੋਈ ਰੁਸ਼ਨਾਈਆ । ਲੱਖ ਚੁਰਾਸੀ ਵਿਚੋਂ ਅਰਜਨ ਨੂੰ ਕੋਈ ਨਾ ਦਿਸਿਆ ਪਾਪੀ, ਸਭ ਦੇ ਅੰਦਰ ਬੈਠਾ ਬੇਪਰਵਾਹੀਆ । ਜਿਧਰ ਵੇਖੇ ਵੱਡ ਪਰਤਾਪੀ, ਸ਼ਹਿਨਸ਼ਾਹ ਇਕ ਅਖਵਾਈਆ । ਚੀਊਂਟੀ ਹਾਥੀ ਦੀ ਕਰੇ ਰਾਖੀ, ਵਿਸ਼ਨ ਬ੍ਰਹਮਾ ਸ਼ਿਵ ਸਭ ਨੂੰ ਉਂਗਲੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਅਰਜਨ ਕਹੇ ਮੈਂ ਛੱਡੇ ਸਾਢੇ ਤਿੰਨ ਸਫ਼ੇ, ਲੇਕਿਨ ਸਾਢੇ ਤਿੰਨ ਸਫ਼ੇ ਵੰਡ ਨਾ ਕੋਇ ਵੰਡਾਈਆ । ਕਿਉਂ, ਸਾਢੇ ਤਿੰਨ ਹੱਥ ਵਿਚ ਮਿਲਦੇ ਪ੍ਰਭੂ ਦੇ ਨਾਮ ਦੇ ਗੱਫ਼ੇ, ਜੋ ਮੁਫ਼ਤ ਦਏ ਵਰਤਾਈਆ । ਜਗਤ ਭੁੱਖੇ ਚਨਿਆਂ ਦੇ ਮਾਰਦੇ ਫੱਕੇ, ਗੁਰਮੁਖ ਅੰਮ੍ਰਿਤ ਜਾਮ ਪੀ ਪੀ ਖ਼ੁਸ਼ੀ ਬਣਾਈਆ । ਅਰਜਨ ਤੱਕਿਆ ਪ੍ਰਭੂ ਦਵਾਰੇ ਪਾਪੀ ਅਪਰਾਧੀ ਭਗਤ ਸੰਤ ਸਾਰੇ ਭਾਈ ਸਕੇ, ਜੋ ਚਲ ਕੇ ਆਵਣ ਸਰਨਾਈਆ । ਜਿਨ੍ਹਾਂ ਦੇ ਸਿਰ ਉਤੇ ਹੱਥ ਰੱਖੇ, ਪੁਸ਼ਤ ਪਨਾਹ ਆਪ ਟਿਕਾਈਆ । ਉਹ ਓਸ ਦਵਾਰੇ ਵਸੇ, ਜਿਸ ਘਰ ਇਕੋ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਾਢੇ ਤਿੰਨ ਸਫੇ ਕਹਿਣ ਸਾਡੀ ਕਿਸੇ ਨਾ ਕੀਤੀ ਵੰਡ, ਵੰਡਣ ਵਾਲਾ ਨਜ਼ਰ ਕੋਇ ਨਾ ਆਈਆ । ਅਰਜਨ ਦੇ ਅੱਗੇ ਅਸਾਂ ਪਾਈ

ਡੰਡ, ਰੋ ਰੋ ਦਿਤਾ ਸੁਣਾਈਆ । ਕਿਉਂ, ਕਰਵਟ ਬਦਲੀ ਕੰਡ, ਮੁਖ ਲਿਆ ਭਵਾਈਆ । ਅਰਜਨ ਕਿਹਾ ਤੁਹਾਡੇ ਉਤੇ ਉਹ ਆਉਣਾ ਛੰਦ,
ਜਿਸ ਦਾ ਬੰਦ ਨਾ ਕੋਇ ਬਣਾਈਆ । ਪਾਪੀਆਂ ਨੇ ਓਸ ਦਵਾਰੇ ਜਾਣਾ ਲੰਘ, ਜਿਥੇ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਦਰਸ਼ਨ ਕੀਤਿਆਂ
ਦਰਸੀ ਦੇ ਪੈ ਜਾਏ ਠੰਡ, ਆਦਰਸ਼ੀ ਇਕੋ ਵੇਖ ਵਖਾਈਆ । ਸਾਢੇ ਤਿੰਨ ਹੱਥ ਸਭ ਨੂੰ ਪੈ ਜਾਏ ਗੰਢ, ਸਾਢੇ ਤਿੰਨ ਹੱਥ ਦੀ ਨਿਸ਼ਾਨੀ ਦਏ
ਬਣਾਈਆ । ਸਾਢੇ ਤਿੰਨ ਹੱਥ ਦਾ ਨਿਸ਼ਾਨਾ ਦੇਵੇ ਟੰਗ, ਜਿਸ ਨੂੰ ਬ੍ਰਹਿਮੰਡ ਖੰਡ ਸੀਸ ਨਿਵਾਈਆ । ਸਾਢੇ ਤਿੰਨ ਸਫ਼ਿਓ ਤੁਹਾਡੇ ਲੇਖੇ ਦੇ ਪਿਛੋਂ
ਸ੍ਰਿਸ਼ਟੀ ਵਿਚ ਹੋ ਜਾਏ ਜੰਗ, ਝਗੜਾ ਨਾ ਕੋਇ ਮੁਕਾਈਆ । ਭਗਤਾਂ ਨੂੰ ਚੜ੍ਹੇ ਰੰਗ, ਆਤਮ ਵੱਜੇ ਵਧਾਈਆ । ਪ੍ਰਭੂ ਸੌਂ ਜਾਏ ਅੰਦਰ ਆਤਮਾ
ਦੀ ਸੇਜ ਪਲੰਘ, ਸੋਹਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਿਤਾਬ
ਕਹੇ ਮੇਰੇ ਸਫ਼ੇ ਸਾਢੇ ਤਿੰਨ, ਤਿੰਨ ਲੋਕ ਧਿਆਨ ਲਗਾਈਆ । ਮੈਂ ਵਕਤ ਲੰਘਾਏ ਗਿਣ ਗਿਣ, ਦਿਨੇ ਰਾਤੀਂ ਨੀਂਦ ਕਦੇ ਨਾ ਆਈਆ । ਜਗਤ
ਵੇਖੇ ਪੈਮਾਇਸ਼ਾਂ ਤੋਂ ਬਿਨਾ ਮਿਣ ਮਿਣ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਪ੍ਰਭ ਦਾ ਖੇਲ ਹੋਣਾ ਕਿਹੜੇ ਛਿੰਨ, ਸ਼ੰਕਰ
ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਸਫ਼ੇ ਕਹਿਣ ਅਸਾਂ ਵੇਖਿਆ
ਪ੍ਰਭ ਦਾ ਓਹਲਾ, ਓਹਲੇ ਬਹਿ ਕੇ ਖੇਲ ਖਿਲਾਈਆ । ਜਿਸ ਨੇ ਭਗਤ ਪਿਆਰ ਦਾ ਚਿੱਟਾ ਪੌਣਾ ਚੋਲਾ, ਭਗਵਨ ਆਪਣਾ ਰੰਗ ਵਖਾਈਆ ।
ਪੂਰਬ ਉਧਾਰ ਤੇ ਪਿਛਲਾ ਲਹਿਣਾ ਸਵਰਨ ਨਾਨਕ ਨਾਲ ਹੁੰਦਾ ਸੀ ਤੋਲਾ, ਸੌਦਾ ਤੱਕੜੀ ਵਿਚ ਟਿਕਾਈਆ । ਇਕ ਦਿਨ ਤੋਲਦਿਆਂ ਤੋਲਦਿਆਂ
੧੨੦੭ ੨੦ ਨਾਨਕ ਦਾ ਫੜ ਲਿਆ ਡੋਲਾ, ਬਸ ਬਸ ਦੀ ਆਵਾਜ਼ ਸੁਣਾਈਆ । ਨਾਨਕ ਹੁਲਾਰਾ ਮਾਰਿਆ ਤੇ ਛਾਬਾ ਭਰਿਆ ਹੋ ਗਿਆ ਹੌਲਾ, ਵਸਤ ਹੋਰ ੧੨੦੭ ੨੦
ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਨਾਨਕ ਕਿਹਾ ਮੇਰੀ ਤੱਕੜੀ ਨੂੰ ਬੰਨ੍ਹ
ਦੇ ਬੋਦੀ, ਚਿੱਟਾ ਰੰਗ ਰਖਾਈਆ । ਹੁਣ ਮੈਂ ਵੇਦੀ ਤੇ ਫੇਰ ਹੋਵਾਂ ਸੋਢੀ, ਮੇਰੀ ਬੇਪਰਵਾਹੀਆ । ਹੁਣ ਮੈਂ ਭੇਖੀ ਤੇ ਜੋਗੀ, ਫੇਰ ਸ਼ਹਿਨਸ਼ਾਹ
ਅਖਵਾਈਆ । ਸਮਝੇ ਨਾ ਕੋਇ ਲੋਕ ਪਰਲੋਕੀ, ਭੇਵ ਕਿਸੇ ਨਾ ਆਈਆ । ਤੋਲੇ ਕਿਹਾ ਕੀ ਮੈਨੂੰ ਵੀ ਦੇਵੇਂ ਸੋਝੀ, ਮੇਰੀ ਅੱਖ ਖੁਲ੍ਹਾਈਆ ।
ਨਾਨਕ ਕਿਹਾ ਮੇਰੇ ਹੱਥ ਲਾ ਗੋਡੀਂ, ਸਿਰ ਗੋਡਿਆਂ ਵਿਚ ਰਖਾਈਆ । ਤੈਨੂੰ ਓਸ ਬਾਗ਼ ਦੀ ਬਣਾਵਾ ਡੋਡੀ, ਜਿਥੇ ਭਗਤ ਭਗਵਾਨ ਮਹਿਕਾਈਆ ।
ਧਰਮ ਦਾ ਕਰ ਸੰਜੋਗੀ, ਮੇਲਾ ਲਵਾਂ ਮਿਲਾਈਆ । ਪ੍ਰੇਮ ਦਾ ਬਣ ਕੇ ਮੌਜੀ, ਮਜਲਸ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤੋਲੇ ਕਿਹਾ ਕੁਛ ਮੇਰਾ ਦੱਸ ਪਤਾ ਨਿਸ਼ਾਨੀ, ਕਿਸ ਬਿਧ ਮੇਲਾ ਲਏਂ ਮਿਲਾਈਆ ।
ਨਾਨਕ ਕਿਹਾ ਇਹ ਓਸ ਦੀ ਮਿਹਰਵਾਨੀ, ਜੋ ਮਾਲਕ ਮੇਰਾ ਮਾਹੀਆ । ਓਨੇ ਚਿਰ ਨੂੰ ਉਸ ਦੀ ਭੈਣ ਆ ਗਈ ਅੰਞਾਣੀ, ਉਮਰ ਨੌਂ ਸਾਲ
ਵਖਾਈਆ । ਹੱਥ ਵਿਚ ਦਵਾਤ ਤੇ ਕਾਨੇ ਵਾਲੀ ਕਾਨੀ, ਨਾਨਕ ਅੱਗੇ ਦਿਤੀ ਟਿਕਾਈਆ । ਬਾਬਾ ਮੈਨੂੰ ਲਿਖ ਕੇ ਦੱਸ ਆਪਣੀ ਕਹਾਣੀ, ਭੁੱਲ
ਕਦੇ ਨਾ ਜਾਈਆ । ਨਾਨਕ ਕਿਹਾ ਆ ਮੇਰੀ ਰਾਣੀ, ਦੇਵਾਂ ਮਾਣ ਵਡਿਆਈਆ । ਆਹ ਲੈ ਮੇਰੇ ਚਰਨਾਂ ਦਾ ਠੰਡਾ ਪਾਣੀ, ਅੰਮ੍ਰਿਤ ਦਿਆਂ
ਚਖਾਈਆ । ਮੇਰਾ ਪਰਮ ਪੁਰਖ ਸੁਲਤਾਨੀ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਵੇਲੇ ਜਲਵਾ ਨੂਰ ਕਰੇ ਨੁਰਾਨੀ, ਨਿਰਗੁਣ ਫੇਰਾ ਪਾਈਆ ।

ਭਗਤਾਂ ਦੇ ਘਰ ਖਾਵੇ ਮਹਿੰਮਾਨੀ, ਦਰ ਦਰ ਡੇਰਾ ਲਾਈਆ । ਕਲਜੁਗ ਦੀ ਕੂੜ ਵੇਖੇ ਤੁਗ਼ਿਆਨੀ, ਚਾਰੋਂ ਕੁੰਟ ਫੇਲ ਫੁਲਾਈਆ । ਸਾਚੇ ਨਾਮ ਦੀ ਹੋਵੇ ਹਾਨੀ, ਚਾਰ ਵਰਨ ਲੜਾਈਆ । ਓਸ ਵੇਲੇ ਕਲਾ ਵਰਤੇ ਦੋ ਜਹਾਨੀ, ਜੀਵ ਜਗਤ ਸਮਝ ਕਿਸੇ ਨਾ ਆਈਆ । ਪੁਰਖ ਅਕਾਲ ਖੇਲ ਕਰੇ ਆਸਾਨੀ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਤੋਲੇ ਦੀ ਛੋਟੀ ਭੈਣ ਦੋਹਾਂ ਦੀ ਜਵਾਨੀ, ਪ੍ਰੇਮ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਨੰਨ੍ਹੀ ਕਿਹਾ ਲਿਖ ਦੇ ਨਾਲ ਕਲਮ ਦਵਾਤ, ਬਾਬਾ ਅੱਖਰ ਸੋਹਣਾ ਪਾਈਆ । ਮੇਰੇ ਭਾਈ ਨੂੰ ਨਹੀਂ ਜਾਚ, ਕਿਸ ਬਿਧ ਸਤਿਗੁਰ ਤੋਂ ਮੰਗ ਮੰਗਾਈਆ । ਇਹ ਤੱਕੜੀ ਦੀ ਬੋਦੀ ਨਹੀਂ ਜਾਣੀ ਸਾਥ, ਪੈਸਾ ਧੇਲਾ ਕੰਮ ਕਿਸੇ ਨਾ ਆਈਆ । ਕੁਝ ਸਾਨੂੰ ਭੈਣ ਭਰਾਵਾਂ ਨੂੰ ਦੇ ਸੌਗ਼ਾਤ, ਵਸਤ ਅਮਲੋਕ ਝੋਲੀ ਪਾਈਆ । ਨਾਨਕ ਮਿਹਰ ਨਿਗਾਹ ਨਾਲ ਲਿਆ ਝਾਕ, ਮੁਹੱਬਤ ਅੱਖ ਉਠਾਈਆ । ਬੱਚਿਓ ਤੁਹਾਡਾ ਪਿਛਲਾ ਲੇਖਾ ਕੀਤਾ ਸਾਫ਼, ਜਨਮ ਦਾ ਗੁਨਾਹ ਰਿਹਾ ਨਾ ਰਾਈਆ । ਅੱਗੇ ਸੁਣੋ ਨਿੱਕੀ ਜਿਹੀ ਬਾਤ, ਤੁਹਾਨੂੰ ਦਿਆਂ ਸਮਝਾਈਆ । ਜਿਸ ਵੇਲੇ ਆਵੇ ਕਲਜੁਗ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਓਸ ਵੇਲੇ ਹੁਕਮ ਦੇਵਾਂ ਆਪ, ਆਪਣੇ ਹੁਕਮ ਨਾਲ ਪਰਗਟਾਈਆ । ਹੁਣ ਤੁਸੀਂ ਭੈਣ ਭਰਾ ਫੇਰ ਦੋਹਾਂ ਦਾ ਵੱਖਰਾ ਵੱਖਰਾ ਹੋਵੇ ਬਾਪ, ਮਾਈ ਇਕ ਨਾ ਕੋਇ ਜਾਈਆ । ਦੋਹਾਂ ਨੂੰ ਦੱਸ ਕੇ ਆਪਣਾ ਜਾਪ, ਤੂੰ ਮੇਰਾ ਮੈਂ ਤੇਰਾ ਦਿਆਂ ਸਮਝਾਈਆ । ਸ਼ਬਦੀ ਹੁਕਮ ਅੰਦਰ ਆਖ, ਸੰਦੇਸ਼ਾ ਸਚ ਸੁਣਾਈਆ । ਸੰਮਤ ਸ਼ਹਿਨਸ਼ਾਹੀ ਤਿੰਨ ਦੀ ਇੱਕੀ ਮਾਘ ਦੀ ਹੋਣੀ ਰਾਤ, ਨਾਨਕ ਅੰਕ ਦਿਤਾ ਬਣਾਈਆ । ਓ ਤੋਲਿਆ ਹੁਣ ਤੂੰ ਅਨਪੜ੍ਹ ਫੇਰ ਤੈਨੂੰ ਪੜ੍ਹਾ ਕੇ ਜਗਤ ਦੇ ਪਿਛੋਂ ਆਪਣੀ ਜਮਾਤ, ਪੱਟੀ ਦੇਣੀ ਸਮਝਾਈਆ । ਤੇਰੀ ਚਿੱਟੀ ਬੋਦੀ ਦਾ ਚਿੱਟਾ ਚੋਲਾ ਹੋਵੇ ਸਾਥ, ਚਿੱਟੀ ਧਾਰ ਦਏ ਸਮਝਾਈਆ । ਤੇਰੀ ਨਿੱਕੀ ਭੈਣ ਜਿਹੜੀ ਮਰ ਜਾਣੀ ਐਸੇ ਵਿਸਾਖ, ਫੇਰ ਜਨਮ ਵਿਚ ਨਾ ਆਈਆ । ਉਹਦਾ ਬੱਧਕ ਨਾਲ ਨਾਤ, ਕ੍ਰਿਸ਼ਨ ਦਏ ਗਵਾਹੀਆ । ਫੇਰ ਭਗਤਾਂ ਦੀ ਮਿਲੇ ਜਮਾਤ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਇਹੋ ਕਲਮ ਤੇ ਇਹੋ ਦਵਾਤ, ਫੇਰ ਓਸੇ ਦੇ ਹੱਥ ਫੜਾਈਆ । ਓਸ ਬੱਚੀ ਨੂੰ ਬੱਚਿਆਂ ਵਾਂਗ ਪ੍ਰਭ ਦੇ ਹੁਕਮ ਦੇ ਲਿਖਣ ਦੀ ਹੋਵੇ ਜਾਚ, ਕਲਮ ਸ਼ਾਹੀ ਰੰਗ ਚੜ੍ਹਾਈਆ । ਚਿੱਟਾ ਚੋਲਾ ਕਹੇ ਬੱਧਕ ਦੀ ਬੇਟੀ ਨਾਂ ਜੋਗਿੰਦਰ ਤੇ ਸਵਰਨ ਦੀ ਪਿਛਲੀ ਭੈਣ ਤੇ ਨਾਤਾ ਭਰਾਤ, ਹੁਣ ਤੱਕ ਸਮਝ ਕਿਸੇ ਨਾ ਆਈਆ । ਅਗਲੀ ਖੇਲ ਪੁਰਖ ਅਬਿਨਾਸ਼, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣੇ ਸਭ ਦੇ ਰਿਹਾ ਮੁਕਾਈਆ ।

ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਪ੍ਰਭ ਦੇ ਨਿੱਕੇ ਜਿਹੇ ਦੀਵੇ, ਜੁਗ ਚੌਕੜੀ ਸੇਵ ਕਮਾਈਆ । ਜਗਦੇ ਜਗਦੇ ਜਗਦੇ ਲੋਕਮਾਤ ਹੋ ਗਏ ਆ ਕੇ ਨੀਵੇਂ, ਨਿਉਂ ਨਿਉਂ ਸੀਸ ਝੁਕਾਈਆ । ਵਿਸ਼ਨੂੰ ਕਹੇ ਓ ਬ੍ਰਹਮੇ ਹੁਣ ਅੰਮ੍ਰਿਤ ਰਸ ਕਿਥੋਂ ਪੀਵੇਂ, ਸ਼ੰਕਰ ਲੈ ਹਿਲਾਈਆ । ਸ਼ੰਕਰ ਕਿਹਾ ਮੈਂ ਵੇਖਿਆ ਉਹਦੇ ਭਗਤ ਹੋ ਗਏ ਖੀਵੇ, ਮਸਤੀ ਵਿਚ ਸਰਨਾਈਆ । ਜਿਹੜਾ ਏਸ ਦੇ ਚਰਨਾਂ ਥੀਵੇ, ਮਸਤਕ ਧੂੜ ਰਮਾਈਆ । ਉਹ ਆਦਿ ਜੁਗਾਦਿ ਜੀਵੇ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ

ਸਾਡਾ ਪਰਕਾਸ਼ ਹੋਇਆ ਮੱਧਮ, ਮੱਦਦ ਇਕੋ ਮੰਗ ਮੰਗਾਈਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਚੁੰਮਦੇ ਕਦਮ, ਨਿਉਂ ਨਿਉਂ ਸੀਸ ਨਿਵਾਈਆ । ਉਸ ਦਾ ਰੂਪ ਰੰਗ ਰੇਖ ਸਮਝੇ ਕੋਈ ਨਾ ਬਦਨ, ਜੋਤੀ ਜਾਤਾ ਪੁਰਦਰਗਾਹੀਆ । ਜੋ ਭਗਤਾਂ ਆਇਆ ਸੱਦਣ, ਹੁਕਮੇ ਹੁਕਮ ਸੁਣਾਈਆ । ਹੈਰਾਨ ਹੋ ਕੇ ਵਿਸ਼ਨੂੰ ਕਹਿੰਦਾ ਓ ਬ੍ਰਹਮੇ ਓ ਸ਼ੰਕਰ ਵੇਖ ਅੱਗ ਲੱਗੀ ਲੱਗਣ, ਸਕੇ ਨਾ ਕੋਇ ਬੁਝਾਈਆ । ਗੁਰ ਅਵਤਾਰ ਪੈਗ਼ੰਬਰ ਆਪਣੇ ਹੁਕਮ ਲੱਗੇ ਤੱਜਣ, ਪੱਲੂ ਰਹੇ ਛੁਡਾਈਆ । ਸਾਚੀ ਧੂੜੀ ਮਿਲੇ ਕਿਸੇ ਨਾ ਮਜਨ, ਦੁਰਮਤ ਮੈਲ ਨਾ ਕੋਇ ਧਵਾਈਆ । ਤੱਤੀ ਵਾ ਲੱਗੀ ਵਗਣ, ਅਗਨੀ ਅੱਗ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਬ੍ਰਹਮਾ ਕਹੇ ਸ਼ੰਕਰ ਵੇਖ ਮੈਂ ਕਿੱਡਾ ਚਾਲਾਕ, ਚਾਲਾਕੀ ਸਮਝ ਕਿਸੇ ਨਾ ਆਈਆ । ਵਿਸ਼ਨੂੰ ਨੂੰ ਨਾਲ ਲੈ ਕੇ ਪ੍ਰਭ ਦੀ ਕਿਰਪਾ ਨਾਲ ਸ੍ਰਿਸ਼ਟੀ ਦੀ ਰਚਨਾ ਰਚ ਦਿਤੀ ਪੰਜ ਤਤ ਮਾਟੀ ਖ਼ਾਕ, ਖ਼ਾਕ ਦੇ ਅੰਦਰ ਦੀਵੇ ਦਿਤੇ ਟਿਕਾਈਆ । ਇਹ ਤਿੰਨਾਂ ਬੱਤੀਆਂ ਦੀ ਹਰ ਅੰਦਰ ਲਾਟ, ਇਕ ਮਨ ਇਕ ਆਤਮਾ ਇਕ ਪਰਮਾਤਮਾ ਤਿੰਨਾਂ ਦੀ ਸਮਝ ਨਾ ਕਿਸੇ ਸਮਝਾਈਆ । ਜੇ ਕੋਈ ਗੁਰ ਅਵਤਾਰ ਪੈਗ਼ੰਬਰ ਆਇਆ ਤੇ ਬਣ ਕੇ ਪ੍ਰਭੂ ਦਾ ਚਾਕ, ਚਾਕਰ ਹੋ ਕੇ ਸੀਸ ਨਿਵਾ ਨਿਵਾ ਕੇ ਆਪਣਾ ਝਟ ਲੰਘਾਈਆ । ਥੋੜ੍ਹਾ ਜਿਹਾ ਪ੍ਰਭੂ ਖੋਲ੍ਹਦਾ ਰਿਹਾ ਤਾਕ, ਘੁੰਗਟ ਵਿਚੋਂ ਪੜਦਾ ਆਪ ਉਠਾਈਆ । ਰਮਜ਼ ਨਾਲ ਦੱਸਦਾ ਰਿਹਾ ਬਾਤ, ਇਸ਼ਾਰਿਆਂ ਵਿਚ ਸਮਝਾਈਆ । ਸਿਫ਼ਤਾਂ ਲਿਖਾ ਕੇ ਉਤੇ ਕਾਗ਼ਜਾਤ, ਜਗਤ ਦਿਤੀ ਵਡਿਆਈਆ । ਅੰਤ ਸਾਰੇ ਪਾ ਕੇ ਗਏ ਵਫਾਤ, ਨਜ਼ਰ ਕੋਇ ਨਾ ਆਈਆ । ਕਿਉਂ, ਸਾਰਿਆਂ ਨੂੰ ਬੰਦ ਕੀਤਾ ਪੰਜ ਤਤ ਕਾਇਆ ਹਵਾਲਾਤ, ਕੁੰਜੀ ਜਿੰਦਾ ਆਪਣੇ ਹੱਥ ਰਖਾਈਆ । ਬਿਨਾ ਨਾਨਕ ਤੋਂ ਕਿਸੇ ਨੂੰ ਹੱਥ ਨਾ ਆਈ ਰਬਾਬ, ਜੋ ਭਗਤਾਂ ਦੇ ਅੰਦਰ ਦਿੱਤੀ ਟਿਕਾਈਆ । ਕਾਇਆ ਕੱਪੜ ਦੇ ਸਾਰੇ ਬਣੇ ਰਹੇ ਬਜ਼ਾਜ਼, ਰਾਮ ਕ੍ਰਿਸ਼ਨ ਅੱਲ੍ਹਾ ਵਾਹਿਗੁਰੂ ਸਤਿਨਾਮ ਦੇ ਟੁਕੜੇ ਦਿਤੇ ਕਰਾਈਆ । ਹੁਣ ਵਹੀ ਖਾਤੇ ਦਾ ਹੋਣ ਲੱਗਾ ਹਿਸਾਬ, ਅੰਕੜਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਅਸੀਂ ਜਗਦੇ ਰਹੇ ਜੋਤ, ਜੋਤ ਜੋਤ ਰੁਸ਼ਨਾਈਆ । ਜੋਤ ਤੋਂ ਬਣ ਗਈ ਵਰਨ ਗੋਤ, ਤੱਤਾਂ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਸਕਿਆ ਨਾ ਕੋਈ ਸੋਚ, ਸਮਝ ਨਾ ਕੋਇ ਸਮਝਾਈਆ । ਪ੍ਰਭ ਨੇ ਦੇ ਕੇ ਨਾਮ ਸਲੋਕ, ਸੂਰੇ ਦਿਤੇ ਬਣਾਈਆ । ਥੋੜ੍ਹਾ ਥੋੜ੍ਹਾ ਨਾਲ ਦੇ ਕੇ ਰੋਕ, ਹੱਟ ਨਿੱਕੇ ਨਿੱਕੇ ਖੁਲ੍ਹਾਈਆ । ਜੇ ਕੋਈ ਘਰ ਮੰਗਣ ਆਇਆ ਥੋਕ, ਪਿੱਠ ਤੇ ਠਪਕੀ ਲਾ ਕੇ ਮਾਤਲੋਕ ਦਿਤਾ ਭਜਾਈਆ । ਤੂੰ ਚਲ ਤੇ ਮੈਂ ਪਿਛੇ ਘਲਦਾ ਆਂ ਜੋਤ, ਪਹਿਲੇ ਮਾਤ ਗਰਭ ਵਿਚ ਡੇਰਾ ਲਾਈਆ । ਬਾਹਰ ਆਵੀਂ ਤੇ ਫੇਰ ਦੱਸਾਂ ਮੌਜ, ਅੰਦਰ ਸੜਨ ਦੀ ਮੈਨੂੰ ਲੋੜ ਨਾ ਰਾਈਆ । ਅੱਖਾਂ ਮੀਟ ਕੇ ਧਿਆਨ ਧਰ ਕੇ ਮੇਰੀ ਕਰਿਓ ਖੋਜ, ਪੱਲੂ ਗੱਲ ਵਿਚ ਪਾਈਆ । ਸਾਧਨਾ ਵਾਲਾ ਸਾਧਿਓ ਜੋਗ, ਜੁਗਤੀ ਦਿਆਂ ਦ੍ਰਿੜਾਈਆ । ਜੇ ਧਿਆਨ ਧਰੋਗੇ ਤੇ ਫੇਰ ਦਰਸ ਦਿਆਂਗਾ ਰੋਜ਼, ਬਿਨਾ ਕਾਰ ਕਮਾਈ ਤੋਂ ਹੱਥ ਕਿਸੇ ਨਾ ਆਈਆ । ਪਰ ਸਰੀਰ ਦਾ ਜ਼ਰੂਰ ਭੁਗਤਾਊਂਗਾ ਰੋਗ, ਛੁਟਕਾਰਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਮੇਰਾ ਵੇਖਣਾ ਚਾਹੋਗੇ ਚੋਜ, ਚੋਜੀ ਪ੍ਰੀਤਮ ਹੋ ਦੇ ਦਿਆਂ ਵਖਾਈਆ । ਜੇ ਕਹੋ ਅਸੀਂ ਮਾਲਕ ਲੋਕ ਪਰਲੋਕ, ਫੇਰ ਸੁਣਾ ਕੇ ਇਕ ਸਲੋਕ, ਤੁਹਾਨੂੰ ਬੱਚਿਆਂ ਵਾਂਗ ਵਰਚਾਈਆ । ਜੇ ਆਕੜੋ ਓਸੇ ਵੇਲੇ ਖਿੱਚ ਲਵਾਂ ਜੋਤ, ਖਾਲੀ ਭਾਂਡੇ ਦਿਆਂ

੧੨੧੦
੨੦

ਕਰਾਈਆ । ਏਸੇ ਕਰ ਕੇ ਗੁਰ ਅਵਤਾਰ ਪੈਗ਼ੰਬਰ ਡਰਦੇ ਰਹੇ ਬਹੁਤ, ਅੱਲਾ ਅੱਲਾ ਵਾਹਿਗੁਰੂ ਵਾਹਿਗੁਰੂ ਰਾਮ ਰਾਮ ਕਹਿ ਕੇ ਸੀਸ ਨਿਵਾਈਆ । ਕਿਤੇ ਸਾਡੇ ਉਤੇ ਲੱਗ ਨਾ ਜਾਏ ਕੋਈ ਦੋਸ਼, ਭੁੱਲ ਨਾ ਲਏ ਭੁਲਾਈਆ । ਜਿਤਨੇ ਗੁਰ ਅਵਤਾਰ ਪੈਗ਼ੰਬਰ ਹੋਏ ਰਾਤ ਨੂੰ ਬੁੱਲਾਂ ਉਤੇ ਹੱਥ ਰੱਖ ਕੇ ਰਹਿੰਦੇ ਰਹੇ ਖ਼ਾਮੋਸ਼, ਆਸਣ ਐਹੋ ਰਹੇ ਲਗਾਈਆ । ਨਾ ਕਿਸੇ ਦਾ ਬੰਕ ਦਵਾਰ ਨਾ ਰਿਹਾ ਕੋਟ, ਕੋਟੀ ਕੋਟ ਗਏ ਫੇਰੀਆਂ ਪਾਈਆ । ਇਕ ਦੂਜੇ ਨੂੰ ਸਾਰੇ ਗਏ ਟੋਕ, ਨਾਮ ਦਾ ਟੁਕੜਾ ਦੇ ਕੇ ਸਾਰੇ ਦਿੱਤੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਦੀਵੇ ਕਹਿਣ ਸਾਡੀ ਬੁਝਣ ਵਾਲੀ ਲੋ, ਸਦਾ ਰਹਿਣ ਕੋਇ ਨਾ ਪਾਈਆ । ਜਨ ਭਗਤੋ ਤੁਸੀਂ ਸੁਣੋ ਓਸ ਦੀ ਸੋ, ਜੋ ਸੋਹੰ ਰੂਪ ਸਮਾਈਆ । ਜੋ ਤੁਹਾਡੇ ਜੋਗਾ ਗਿਆ ਹੋ, ਹੁਕਮ ਨਾਲ ਮਿਲਾਈਆ । ਜੇ ਤੁਸੀਂ ਹੋ ਜਾਵੋ ਨਿਰਮੋਹ, ਫਿਰ ਵੀ ਨਾ ਕਦੇ ਭੁਲਾਈਆ । ਜਿਸ ਦਾ ਬੂਟਾ ਲਿਆ ਬੋ, ਬੀਜ ਉਪਰ ਫਲ ਲਗਾਈਆ । ਜਿਥੇ ਨਾ ਇਕ ਤੇ ਨਾ ਦੋ, ਦੋਹਾਂ ਦਾ ਏਕਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਤਿੰਨ ਮੁਖੀਆ ਕਹੇ ਗੁਰਮੁਖੋ ਕਰ ਨਾ ਲਿਓ ਗ਼ੁੱਸਾ, ਮੈਂ ਸਚ ਦਿਆਂ ਸੁਣਾਈਆ । ਵੇਖੋ ਵਿਸ਼ਨ ਬ੍ਰਹਮਾ ਸ਼ਿਵ ਦਾ ਇਕੋ ਗੁੱਛਾ, ਤਿੰਨੇ ਮਿਲ ਕੇ ਸਾਰੀ ਸ੍ਰਿਸ਼ਟੀ ਰਹੇ ਚਲਾਈਆ । ਮਰਨ ਜੰਮਣ ਦਾ ਇਨ੍ਹਾਂ ਨੂੰ ਨਹੀਂ ਕੋਈ ਦੁੱਖਾ, ਕੋਈ ਉਪਾਏ ਕੋਈ ਸੰਘਾਰੇ ਆਪਣੀ ਆਪਣੀ ਸੇਵ ਕਮਾਈਆ । ਜੇ ਤੁਸੀਂ ਚਾਹੋ ਸਾਚਾ ਸੁਖਾ, ਸੁਖਮਨ ਦਾ ਖਹਿੜਾ ਲਓ ਛੁਡਾਈਆ । ਇਕੋ ਪ੍ਰਭ ਦਾ ਨਾਮ ਲਓ ਸੁੱਕਾ, ਜਗਤ ਲਾਜ਼ਮਾ ਮਾਇਆ ਮਮਤਾ ਨਾਲ ਰਲਾਈਆ । ਪਿਛੇ ਭਾਵੇਂ ਕਿਸੇ ਦਾ ਤੀਰ ਨਹੀਂ ਲੱਗਾ ਤੇ ਤੁਹਾਡਾ ਸਹਿਜੇ ਲੱਗ ਗਿਆ ਤੁੱਕਾ, ਆਪਣਾ ਗੇੜਾ ਲਓ ਗਿੜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਓ ਤੁਹਾਡਾ ਵੇਲਾ ਉਹ ਢੁੱਕਾ, ਜਿਸ ਢੁਕਾਓ ਦਾ ਗੁਰ ਅਵਤਾਰ ਪੈਗ਼ੰਬਰ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਦੀਪਕ ਕਹਿਣ ਕੀ ਸਾਰੇ ਬਣੋਗੇ ਤ੍ਰੈਮੁਖੀ, ਮੁਖੋਂ ਦਿਓ ਜਣਾਈਆ । ਪਹਿਲਾ ਵਾਕ ਅਸੀਂ ਜਨਮ ਨਹੀਂ ਲੈਣਾ ਫੇਰ ਕੁੱਖੀਂ, ਮਾਤ ਗਰਭ ਕਦੇ ਨਾ ਆਈਆ । (ਦੂਜਾ ਵਾਕ) ਚੁਰਾਸੀ ਵਿਚ ਨਹੀਂ ਹੋਣਾ ਦੁਖੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਤੀਜਾ ਬਚਨ ਪ੍ਰਭ ਦੀ ਗੋਦ ਵਿਚ ਰਹਿਣਾ ਸੁਖੀ, ਜਿਸ ਘਰ ਇਕੋ ਵੱਜੇ ਵਧਾਈਆ । ਇਹ ਮੰਗ ਮਨੀ ਸਿੰਘ ਨੇ ਉਂਗਲੀ ਨਾਲ ਲਿਖ ਕੇ ਤੇ ਮੰਗੀ ਸੀ ਬੜੂੱਖੀਂ, ਮਸਤੂਆਣਾ ਦਏ ਗਵਾਹੀਆ । ਆਪ ਲੇਟ ਕੇ ਪਿਠ ਪੁੱਠੀ, ਨੇਤਰ ਨੈਣਾਂ ਨੀਰ ਵਹਾਈਆ । ਕਿਹਾ, ਐ ਪ੍ਰਭੂ ਆਪਣਿਆਂ ਭਗਤਾਂ ਨੂੰ ਕਦੇ ਨਾ ਵਾੜੀਂ ਵਿਚ ਤ੍ਰਿਕੁਟੀ, ਤ੍ਰਿਕੁਟੀ ਤੋਂ ਅੱਗੇ ਸਿੱਧਾ ਆਪਣਾ ਰਾਹ ਵਖਾਈਆ । ਜਿਹੜੀ ਲਿਵ ਮਾਤਾ ਦੇ ਗਰਭ ਤੋਂ ਬਾਹਰ ਆ ਕੇ ਛੁੱਟੀ, ਓਹੋ ਫੇਰ ਲੈਣੀ ਬੰਧਾਈਆ । ਤੇਰੇ ਕੋਲ ਕਿਹੜੀ ਤਰੁੱਟੀ, ਖ਼ਾਲੀ ਭੰਡਾਰੇ ਦੇਣੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਦੀਵੇ ਕਹਿਣ ਸਾਡੀ ਸਮਝਿਓ ਨਾ ਕੋਇ ਦੀਵਾਲੀ, ਦੀਵਾਲਾ ਸਭ ਦਾ ਕੱਢ ਵਖਾਈਆ । ਅਸਾਂ ਵੇਖਣਾ ਖੇਲ ਹਾਲੀ, ਮਾਝੀ ਦਾ ਡੇਰਾ ਦੇਣਾ ਢਾਹੀਆ । ਜਨ ਭਗਤੋ ਆਪਣੀ ਕਰ ਲਓ ਬਹਾਲੀ, ਬਹੁੜ ਜਨਮ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਚਲ ਕੇ ਆ ਗਏ ਮਾਰਨ ਤਾਲੀ, ਆਪਣਾ ਤਾਲ ਵਜਾਈਆ । ਅੱਗੇ ਕਿਸੇ ਦੀ ਰਹਿਣ ਨਹੀਂ ਦੇਣੀ ਕੋਈ ਦਲਾਲੀ, ਟਕਿਆਂ ਵਾਲਾ ਹੱਟ ਨਾ ਕੋਇ ਵਖਾਈਆ । ਸ਼ਰਅ ਦੀ ਰਹੇ ਨਾ ਕੋਇ ਗ਼ੁਲਾਮੀ,

ਗ਼ੁਲਾਮ ਨਫਰ ਗੁਰਮੁਖ ਨਾ ਕੋਇ ਅਖਵਾਈਆ । ਜਨ ਭਗਤੋ ਤੁਹਾਡੀ ਮਨਜ਼ੂਰ ਹੋਈ ਸਲਾਮੀ, ਜਿਸ ਨੂੰ ਸਲਾਮ ਸਲਾਮਾਲੈਕਮ ਈਸਾ ਮੂਸਾ ਮੁਹੰਮਦ ਸਾਰੇ ਰਹੇ ਸੁਣਾਈਆ । ਤੁਹਾਡੀ ਕੱਟਣ ਆਇਆ ਬਦਨਾਮੀ, ਬਦੀਆਂ ਦਾ ਡੇਰਾ ਢਾਹੀਆ । ਤੁਹਾਡਾ ਮਾਲਕ ਇਕ ਅਨਾਮੀ, ਜੋ ਇਨਾਮ ਵਿਚ ਆਪਣਾ ਪੈਗ਼ਾਮ ਰਿਹਾ ਸੁਣਾਈਆ । ਦੇ ਕੇ ਧਰਮ ਨਿਸ਼ਾਨੀ, ਨਿਸ਼ਾਨਾ ਰਿਹਾ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੀਪਕ ਦੀਆ ਸਭ ਦਾ ਡਗਮਗਾਈਆ ।

ਬਾਵਨ ਆਹ ਪਿਛਲਾ ਲੈ ਲਾ ਕਟੋਰਾ, ਕੁਟੀਆ ਦੇ ਲੁਕਣ ਵਾਲੇ ਜਿਸ ਨੇ ਦਿਤੇ ਭੁਲਾਈਆ । ਬਲ ਦਾ ਪਕਵਾਨ ਸੀ ਥੋੜ੍ਹਾ, ਜਿਸ ਵਿਚ ਦਹੀਂ ਨਜ਼ਰ ਨਾ ਆਈਆ । ਜਿਸ ਤਰਾ ਦੁੱਧ ਦਹੀਂ ਦਾ ਰੂਪ ਇਕ ਤੇ ਵੱਖਰਾ ਜੋੜਾ, ਭਗਤ ਭਗਵਾਨ ਆਪਣੀ ਖੇਲ ਰਖਾਈਆ । ਤਿੰਨ ਜੁਗ ਵਿਚ ਅਟਕਦਾ ਰਿਹਾ ਰੋੜਾ, ਗੁਰ ਅਵਤਾਰ ਪੈਗ਼ੰਬਰ ਆਪਣੀ ਆਪਣੀ ਕਥਾ ਗਏ ਸੁਣਾਈਆ । ਸੱਸੇ ਉਤੇ ਤੜਫਦਾ ਰਿਹਾ ਹੋੜਾ, ਨਿਰਗੁਣ ਸਰਗੁਣ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਦਹੀਂ ਕਹੇ ਬਾਵਨ ਕੁਛ ਹੱਸ ਕੇ ਗਿਆ ਦੱਸ, ਮਸਖ਼ਰਾ ਰੂਪ ਵਟਾਈਆ । ਜਿਸ ਵੇਲੇ ਸਾਰਿਆਂ ਜੁਗਾਂ ਦੀ ਹੋ ਗਈ ਬੱਸ, ਦਾਨੀ ਰਹਿਣ ਕੋਇ ਨਾ ਪਾਈਆ । ਚੱਕਰਵਰਤੀ ਹੋਣੇ ਭੱਠ, ਸੀਸ ਤਾਜ ਨਾ ਕੋਇ ਟਿਕਾਈਆ । ਧਰਮ ਦਾ ਰਿਹਾ ਨਾ ਕੋਇ ਇਕੱਠ, ਸਾਧ ਸੰਤ ਨਾ ਕੋਇ ਵਡਿਆਈਆ । ਭੰਡਾਰੇ ਵਾਲਾ ਰਿਹਾ ਕੋਈ ਨਾ ਹੱਟ, ਸਚ ਵਸਤ ਨਾ ਕੋਇ ਵਿਕਾਈਆ । ਮਨ ਨੇ ਸਾਧੂਆਂ ਦੇ ਭਾਂਡੇ ਅੰਦਰੋਂ ਲੈਣੇ ਚੱਟ, ਸਵਾਨ ਵਾਂਗ ਸਾਫ਼ ਦੇਣੇ ਕਰਾਈਆ । ਸਭ ਨੇ ਖਾਣਾ ਕੱਟ ਵੱਛ, ਬੁੱਧੀ ਬਿਬੇਕ ਨਾ ਕੋਇ ਬਣਾਈਆ । ਓ ਪ੍ਰਭੂ ਤੇਰੀ ਧਾਰ ਬ੍ਰਹਮ ਦੁੱਧ ਵਾਂਗੂੰ ਜਾਏ ਫਟ, ਖੱਟਾ ਮਿੱਠਾ ਸਵਾਦ ਬਣਾਈਆ । ਤੇਰਾ ਨਾਮ ਕਿਸੇ ਨਹੀਂ ਲੈਣਾ ਰਟ, ਰੱਟਿਆਂ ਵਿਚ ਲੋਕਾਈਆ । ਬਲ ਨੇ ਕਿਹਾ ਇਹ ਕੌਣ ਮਾਰੇ ਸੱਟ, ਅੰਦਰੇ ਅੰਦਰ ਹਿਲਾਈਆ । ਬਾਵਨ ਕਿਹਾ ਇਹ ਖੇਲ ਪੁਰਖ ਸਮਰਥ, ਜਿਸ ਦਾ ਭੇਵ ਕੋਇ ਨਾ ਪਾਈਆ । ਅੰਤ ਓਹੋ ਹੋਵੇ ਪਰਗਟ, ਜੋ ਪਰਗਣੇ ਰਿਹਾ ਪਰਗਟਾਈਆ । ਸਭ ਦਾ ਲੇਖਾ ਵੇਖੇ ਸਚ, ਜੁਗ ਚੌਕੜੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਬਾਵਨ ਕਿਹਾ ਬਲ ਤੇਰੇ ਦਵਾਰੇ ਨਹੀਂ ਦਹੀਂ ਦੀ ਫੁੱਟੀ, ਮੈਂ ਫੁਟਕਲ ਵੇਖੀ ਲੋਕਾਈਆ । ਕਲਜੁਗ ਅੰਤ ਪ੍ਰੀਤ ਵੇਖੀ ਟੁੱਟੀ, ਟੁੱਟਿਆਂ ਨਾ ਕੋਇ ਜੁੜਾਈਆ । ਗਾਨਾ ਬੱਧਾ ਨਾ ਕਿਸੇ ਗੁੱਟੀਂ, ਸਗਨ ਸਚ ਨਾ ਕੋਇ ਮਨਾਈਆ । ਅੰਤਰ ਲਿਵ ਰਹੇ ਨਾ ਰੁਚੀ, ਰਚਨਾ ਕੂੜ ਹੋਵੇ ਲੋਕਾਈਆ । ਆਤਮਾ ਰਹੇ ਕੋਈ ਨਾ ਸੁਚੀ, ਕਿਉਂ ਸੁੱਚੀ ਆਤਮਾ ਮਨ ਦੇ ਓਹਲੇ ਬਹਿ ਕੇ ਅੱਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਬਾਵਨ ਕਿਹਾ ਅੰਤਰ ਵਿਚਾਰ, ਵਿਚਰਨ ਦੀ ਲੋੜ ਰਹੀ ਨਾ ਰਾਈਆ । ਕਵਾਰੀ ਕੰਨਿਆ ਘਰ ਭੰਡਾਰ, ਸਵਾ ਸੇਰ ਦਹੀਂ ਨਜ਼ਰੀ ਆਈਆ । ਜਿਸ ਦਾ ਕਲਜੁਗ ਅੰਤ ਹੋਣਾ ਵਿਹਾਰ, ਭੰਡਾਰਾ ਦੇਣਾ ਭਰਾਈਆ । ਜਿਸ ਵੇਲੇ ਜੀਵ ਤਨ ਛੱਡੇ ਵਿਚ ਸੰਸਾਰ, ਅੰਤ ਸਾਰੇ ਦਹੀਂ ਨਾਲ ਉਸ ਦਾ ਇਸ਼ਨਾਨ ਦੇਣ ਕਰਾਈਆ । ਉਹ ਦਹੀਂ ਦੁਰਮਤ ਮੈਲ ਨਾ ਸਕੇ ਉਤਾਰ, ਪਾਪਾਂ ਪਾਰ ਨਾ ਕੋਇ ਕਰਾਈਆ । ਬਾਵਨ ਕਿਹਾ ਇਹ ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਆਪਣਾ ਫੇਰਾ ਪਾਈਆ । ਸਵਾ ਸੇਰ ਨਾਲ ਇਕੇ ਵਾਰ ਸਾਰੇ ਭਗਤ ਦਏ ਨੁਹਾਲ,


੧੨੧੧
੨੦

ਮਰਨ ਤੋਂ ਪਿਛੋਂ ਮੁੜ ਕੇ ਨੁਹਾਉਣ ਦੀ ਲੋੜ ਰਹੇ ਨਾ ਰਾਈਆ । ਮਰਿਆਂ ਨੂੰ ਫੇਰ ਲਏ ਜਵਾਲ, ਆਤਮਾ ਪਰਮਾਤਮਾ ਵਿਚ ਮਿਲਾਈਆ । ਨਾਲੇ ਗੁਰੂ ਨਾਲੇ ਸ਼ਬਦ ਨਾਲੇ ਦਲਾਲ ਨਾਲੇ ਅਕਾਲ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਬਿਨਾ ਅੱਖਾਂ ਤੋਂ ਸਭ ਨੂੰ ਲਏ ਭਾਲ, ਜੁਗ ਜਨਮ ਕੇ ਵਿਛੜੇ ਆਪਣੇ ਜੋੜ ਜੁੜਾਈਆ । ਬਗ਼ਲੀ ਫੜ ਕੇ ਬਣੇ ਨਾ ਕਦੇ ਕੰਗਾਲ, ਬਗ਼ਲੀਆਂ ਸਭ ਦੀਆਂ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਦਹੀਂ ਕਹੇ ਬਾਵਨ ਮੈਨੂੰ ਯਾਦ ਆਈ ਬੋਲੀ, ਅਨਬੋਲਤ ਦਿੱਤੀ ਸੁਣਾਈਆ । ਸਤਿਜੁਗ ਦੀ ਵਿਛੜੀ ਕਲਜੁਗ ਵਿਚ ਓਹੋ ਕੰਨਿਆ ਭਗਤਾਂ ਦੀ ਬਣੀ ਵਿਚੋਲੀ, ਗੁਰਦਰਸ਼ਨ ਦਰਸ਼ਨ ਗੁਰ ਕਾ ਪਾਈਆ । ਪ੍ਰਭੂ ਦੀ ਖੇਲ ਬੜੀ ਆਹਿਸਤਾ ਤੇ ਬੜੀ ਹੌਲੀ, ਤਿੰਨ ਜੁਗ ਅੱਖ ਨਾ ਕੋਇ ਉਠਾਈਆ । ਦਹੀਂ ਕਹੇ ਮੇਰਾ ਹਿਸਾਬ ਵੇਖ ਲਓ ਤੇ ਗੁਰਮੁਖੋ ਐਵੇਂ ਛੇਤੀ ਨਾ ਪਾਓ ਰੌਲੀ, ਵੇਲੇ ਨਾਲ ਸਭ ਕੁਛ ਦਏ ਕਰਾਈਆ । ਇਹਨੂੰ ਤੁਹਾਡੇ ਨਾਲੋਂ ਤੋਲੀ, ਤੋਲੇ ਤੋਲੇ ਆਪਣੀ ਖੇਲ ਵਖਾਈਆ । ਤੁਹਾਡੇ ਨਾਲੋਂ ਬਹੁਤੀ ਰੋਵੇ ਧੌਲੀ, ਧਰਨੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਦਹੀਂ ਕਹੇ ਮੈਨੂੰ ਕਿਉਂ ਕਿਹਾ ਸੇਰ ਸਵਾ, ਸਵਾਇਆ ਦਿਤਾ ਬਣਾਈਆ । ਭਗਤੋ ਅੱਗੇ ਜੁਗ ਚਲਣਾ ਨਵਾਂ, ਨਵੀਂ ਰੀਤ ਵਖਾਈਆ । ਸਭ ਦਾ ਬਦਲ ਦੇਣਾ ਸਮਾਂ, ਸਮਝ ਦੇਣੀ ਸਮਝਾਈਆ । ਮੈਂ ਸਚ ਸਚ ਕਹਵਾਂ, ਸੁਨੇਹੜਾ ਇਕ ਸੁਣਾਈਆ । ਮੈਨੂੰ ਖ਼ੁਸ਼ੀ ਸਤਿਜੁਗ ਦੀ ਮੰਗ ਮੰਗੀ ਤੇ ਕਲਜੁਗ ਅੰਤ ਭਗਤਾਂ ਵਿਚ ਬਹਵਾਂ, ਇਹ ਪ੍ਰਭ ਦੀ ਬੇਪਰਵਾਹੀਆ । ਮੈਂ ਤਿੰਨ ਜੁਗ ਕੀਤਾ ਨਹੀਂ ਕੋਈ ਤਮਾ, ਸਵਾ ਦਾ ਸੇਰ ਸਵਾ ਸੇਰ ਫੇਰ ਤੁਹਾਡੇ ਅੱਗੇ ਆਈਆ । ਤੁਹਾਡਾ ਅੱਜ ਤੋਂ ਚੁੱਕਿਆ ਗ਼ਮਾ ਆਵਣ ਜਾਵਣ ਦਿਤਾ ਕਟਾਈਆ । ਬੇਸ਼ਕ ਵਿਸ਼ਨ ਬ੍ਰਹਮਾ ਸ਼ਿਵ ਦੀ ਬੁਝ ਜਾਏ ਸ਼ਮਾਂ, ਤੁਹਾਡਾ ਦੀਵਾ ਗੁਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡਾ ਭੰਡਾਰਾ ਤਿੰਨ ਜੁਗ ਸਾਂਭ ਕੇ ਰੱਖਿਆ ਭਗਤੋ ਤੁਹਾਨੂੰ ਦੇਣਾ ਵਰਤਾਈਆ । ਵੇਖ ਲਓ ਪ੍ਰਭ ਨੇ ਕੀਤਾ ਨਹੀਂ ਕੋਈ ਲਾਲਚ, ਉਂਗਲੀ ਮੁਖ ਨਾ ਕੋਇ ਛੁਹਾਈਆ । ਤੁਹਾਡਾ ਹਿੱਸਾ ਪੂਰਾ ਤੇ ਪੂਰਾ ਵੇਖੋ ਖ਼ਾਲਸ, ਰਲਾ ਅਵਰ ਨਾ ਕੋਇ ਰਲਾਈਆ । ਪਿਛਲੇ ਜਨਮ ਦੀ ਬੱਚੀ ਕਲਜੁਗ ਅੰਤਮ ਸਾਲਸ, ਸਾਲਸੀ ਬਾਲਕਾਂ ਵਿਚ ਰਖਾਈਆ । ਮਕਰੂਜ਼ ਕਦੇ ਨਾ ਕਰੇ ਆਲਸ, ਕਰਜ਼ਾ ਤੁਹਾਡਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਪਾਰ ਕਰਾਏ ਬਿਨਾ ਸਫ਼ਾਰਸ਼, ਭਗਤਾਂ ਤੋਂ ਵੱਡਾ ਸਫ਼ਾਰਸ਼ ਕਰਨ ਵਾਲਾ ਨਜ਼ਰ ਕੋਇ ਨਾ ਆਈਆ ।

ਬਾਲਮੀਕ ਦੀ ਮਰ ਗਈ ਗਾਂ, ਵੈਰਾਗੀ ਹੋ ਕੇ ਧਿਆਨ ਲਗਾਈਆ । ਓਸ ਨੇ ਮਰੀ ਉਤੇ ਕੀਤੀ ਛਾਂ, ਪੱਲਾ ਦਿਤਾ ਪਾਈਆ । ਓਨੇ ਚਿਰ ਨੂੰ ਆ ਗਈ ਉਸ ਦੀ ਮਾਂ, ਵੇਖ ਕੇ ਦਏ ਦੁਹਾਈਆ । ਓਧਰੋਂ ਉਡਦਾ ਆ ਗਿਆ ਕਾਂ, ਠੂੰਗਾ ਸਿਰ ਵਿਚ ਟਿਕਾਈਆ । ਲਾ ਕੇ ਆਪਣਾ ਦਾਅ, ਭੱਜਿਆਂ ਵਾਹੋ ਦਾਹੀਆ । ਉਸ ਨੇ ਕੀਤਾ ਹਾ ਹਾ, ਹੋਕਰ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਬਾਲਮੀਕ ਦੀ ਮਾਂ ਆਈ ਨੇੜੇ, ਆਪਣਾ ਪੰਧ ਮੁਕਾਈਆ । ਗਾਂ ਦਵਾਲੇ ਦੇ ਕੇ ਤਿੰਨ ਗੇੜੇ, ਨੈਣਾਂ ਨੀਰ ਵਹਾਈਆ ।

ਬਾਲਮੀਕ ਨਾਲ ਕਰੇ ਝੇੜੇ, ਤੇਰੀ ਭਗਤੀ ਕੰਮ ਕਿਸੇ ਨਾ ਆਈਆ । ਨਿੱਝ ਜੰਮਿਆ ਤੂੰ ਰੋੜ੍ਹ ਦਿਤੇ ਸਾਡੇ ਬੇੜੇ, ਗਊ ਮਾਤਾ ਦਿਤੀ ਸਵਾਈਆ । ਓਨੇ ਚਿਰ ਨੂੰ ਕਾਂ ਦੇ ਕੇ ਆ ਗਿਆ ਗੇੜੇ, ਠੂੰਗਾ ਮਾਤਾ ਸਿਰ ਵਿਚ ਟਿਕਾਈਆ । ਉਹ ਕਰ ਕੇ ਵੱਡੇ ਜੇਰੇ, ਦੁੱਖ ਆਪਣੇ ਅੰਦਰ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਮਾਈ ਕਹੇ ਵੇ ਬਾਲਮੀਕੂ, ਮੁੱਕੀ ਜ਼ੋਰ ਨਾਲ ਲਗਾਈਆ । ਤੈਨੂੰ ਸੀਖਾਂ ਨਾਲ ਸੀਖੂੰ, ਅੱਖਾਂ ਲਾਲ ਕੱਢ ਡਰਾਈਆ । ਤੂੰ ਬੜਾ ਬਣਿਆ ਮੀਸੂ, ਚੁਪ ਵੱਟ ਕੇ ਅੱਖ ਸ਼ਰਮਾਈਆ । ਓਨੇ ਚਿਰ ਨੂੰ ਓਥੇ ਆ ਗਿਆ ਜਗਦੀਸ਼ੂ, ਬ੍ਰਾਹਮਣ ਬਣ ਕੇ ਫੇਰਾ ਪਾਈਆ । ਬਟਵਾਰੇ ਕੀ ਤੁਹਾਡੀ ਰੀਤੂ, ਚਲ ਗਾਂ ਦਈਏ ਦਫ਼ਨਾਈਆ । ਅੱਗੋਂ ਮਾਂ ਦੀ ਨਿਕਲੀ ਚੀਕੂ, ਰੋ ਰੋ ਦਿਤਾ ਸੁਣਾਈਆ । ਇਹਨੂੰ ਮੋਈ ਨੂੰ ਕਿਹੜਾ ਘਸੀਟੂ, ਆਪਣਾ ਜ਼ੋਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਬ੍ਰਾਹਮਣ ਕਹੇ ਬਾਲਮੀਕ ਲਈਏ ਖਿੱਚ, ਆਪਣਾ ਬਲ ਵਧਾਈਆ । ਦੋਵੇਂ ਵੜ ਗਏ ਚੌਂਹ ਟੰਗਾਂ ਦੇ ਵਿਚ, ਖੁਰ ਦੋ ਦੋ ਬੰਧਾਈਆ । ਓਨੇ ਚਿਰ ਨੂੰ ਬਾਲਮੀਕ ਨੂੰ ਆ ਗਈ ਛਿੱਕ, ਜ਼ੋਰ ਨਾਲ ਲਗਾਈਆ । ਓਨੇ ਚਿਰ ਨੂੰ ਇਕ ਫਿਰਦਾ ਆ ਗਿਆ ਰਿੱਛ, ਕਾਲਾ ਰੰਗ ਰੰਗਾਈਆ । ਬਾਲਮੀਕ ਦੀ ਮਾਤਾ ਅੰਦਰ ਆਈ ਇੱਛ, ਮਨਸਾ ਇਕ ਵਧਾਈਆ । ਜੇ ਬ੍ਰਾਹਮਣ ਕੁਛ ਮੈਨੂੰ ਦੇਵੇ ਲਿਖ, ਨਾਲ ਕਲਮ ਸ਼ਾਹੀਆ । ਮੇਰਾ ਦੁਖੜਾ ਦਏ ਨਜਿੱਠ, ਮਿਹਰ ਨਜ਼ਰ ਉਠਾਈਆ । ਅੰਦਰੋਂ ਕਾਗ਼ਜ਼ ਲੈ ਆਈ ਸਵਾ ਗਿੱਠ, ਨੌ ਉਂਗਲ ਚੌੜਾ ਸੋਭਾ ਪਾਈਆ । ਰੱਖ ਕੇ ਬਾਲਮੀਕ ਦੀ ਪਿੱਠ, ਸਹਿਜ ਨਾਲ ਸੁਣਾਈਆ । ਪੰਡਤਾ ਸਾਡੇ ਨਾਲ ਕਰ ਹਿਤ, ਸਾਡੀ ਗਾਂ ਦੇ ਜਵਾਈਆ । ਮੇਰੇ ਅੰਦਰ ਪੈਂਦੀ ਖਿੱਚ, ਕੋਈ ਹਲੂਣਾ ਰਿਹਾ ਲਗਾਈਆ । ਜਿਸ ਦੀ ਸੇਵਾ ਕਰਦੀ ਸਾਂ ਨਿਤ, ਅੱਜ ਹੋ ਚਲੀ ਜੁਦਾਈਆ । ਦੋਹੱਥੜ ਮਾਰ ਕੇ ਪਈ ਪਿੱਟ, ਕੂਕ ਕੂਕ ਸੁਣਾਈਆ । ਬਾਲਮੀਕ ਨੇ ਫੜ ਕੇ ਇਕ ਇੱਟ, ਹੱਥ ਉਤੇ ਰਖਾਈਆ । ਜਾਂ ਵੇਖਿਆ ਉਹਦੇ ਥੱਲਿਉਂ ਨਿਕਲੀ ਇਕ ਚਿੱਟ, ਜਿਸ ਦੇ ਉਤੇ ਲਿਖਿਆ ਲੇਖ ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਇਸ ਨੂੰ ਗਊ ਦੇ ਉਤੇ ਸਿੱਟ, ਸਿੱਟਾਬਾਜ਼ੀ ਲੈ ਲਗਾਈਆ । ਫੇਰ ਬ੍ਰਾਹਮਣ ਵੱਲ ਲਾ ਟਿੱਕ, ਟਿਕ ਟਿਕੀ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਓਨੇ ਚਿਰ ਨੂੰ ਕਾਂ ਆਇਆ ਚੱਕਰ ਲਾ, ਆਪਣਾ ਫੇਰਾ ਪਾਈਆ । ਤੀਜਾ ਠੂੰਗਾ ਦਿਤਾ ਲਾ, ਚੁੰਜ ਜ਼ੋਰ ਨਾਲ ਖੁਭਾਈਆ । ਰੋ ਕੇ ਕਿਹਾ ਬਾਲਮੀਕ ਦੀ ਮਾਂ, ਬੱਚਿਆ ਮੈਨੂੰ ਲੈ ਬਚਾਈਆ । ਬ੍ਰਾਹਮਣ ਕਿਹਾ ਨਾਹ, ਹੱਥ ਨਾ ਕੋਇ ਛੁਹਾਈਆ । ਬਾਲਮੀਕ ਨੀਵੀਂ ਲਈ ਪਾ, ਮਾਂ ਵੱਲ ਨਾ ਮੂਲ ਤਕਾਈਆ । ਉਸ ਦੋਹੱਥੜ ਦਿਤੀ ਲਾ, ਜ਼ੋਰ ਨਾਲ ਟਿਕਾਈਆ । ਨਾਲੇ ਮੇਰੀ ਗਾਂ ਜਵਾ, ਨਾਲੇ ਮੇਰਾ ਦੁੱਖ ਵੰਡਾਈਆ । ਦੋਹਾਂ ਦੀ ਬ੍ਰਾਹਮਣ ਫੜ ਲਈ ਬਾਂਹ, ਸਹਿਜ ਨਾਲ ਸਮਝਾਈਆ । ਮਸਤਕ ਨਾਲ ਮੱਥੇ ਲਓ ਲਗਾ, ਮਾਂ ਪੁੱਤਰ ਜੋੜ ਦਿਤਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਖਿਲਾਈਆ । ਬ੍ਰਾਹਮਣ ਨੇ ਦੋਹਾਂ ਦੇ ਜੋੜੇ ਸਿਰ, ਸਿਰ ਉਪਰ ਹੱਥ ਰਖਾਈਆ । ਸਾਝਾਂ ਦੱਸਿਆ ਪਿਰ, ਪ੍ਰੀਤਮ ਬੇਪਰਵਾਹੀਆ । ਜੋ ਵਸਿਆ ਘਰ ਥਿਰ, ਦਰਗਾਹ ਸਾਚੀ ਡੇਰਾ ਲਾਈਆ । ਨਿਰਵੈਰ ਸਦਾ ਨਿਰ, ਨਿਰਾਕਾਰ ਨੂਰ ਰੁਸ਼ਨਾਈਆ । ਜਿਸ ਲੇਖਾ ਪਿਛਲਾ ਚਿਰ, ਚਿਰੀ ਵਿਛੁੰਨੇ ਰਿਹਾ ਵਖਾਈਆ । ਉਲਟਾ ਗੇੜਾ ਰਿਹਾ ਗਿੜ, ਪੜਦਾ ਓਹਲਾ ਆਪ ਉਠਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਬ੍ਰਾਹਮਣ ਕਿਹਾ ਮਾਂ ਪੁੱਤ ਮੱਥੇ ਉਤੇ ਰੱਖੋ ਹੱਥ, ਹਥੇਲੀ ਨਾਲ ਦਬਾਈਆ । ਓਸੇ ਵੇਲੇ ਦੋਨਾਂ ਦੀ ਅੰਦਰੋਂ ਖੁਲ੍ਹੀ ਅੱਖ, ਨੂਰ ਜੋਤ ਜੋਤ ਰੁਸ਼ਨਾਈਆ । ਬਚਨ ਦਿਤਾ ਸੱਚ, ਹੁਕਮ ਇਕ ਸੁਣਾਈਆ । ਕਰੇ ਖੇਲ ਪੁਰਖ ਸਮਰਥ, ਵਡ ਦਾਤਾ ਬੇਪਰਵਾਹੀਆ । ਤ੍ਰੇਤਾ ਦੁਆਪਰ ਜਾਣਾ ਨੱਸ, ਕਲਜੁਗ ਵੇਲਾ ਅੰਤਮ ਆਈਆ । ਜਿਸ ਕਾਂ ਨੇ ਮਾਤਾ ਤੈਨੂੰ ਮਾਰੀ ਸੱਟ, ਤਿੰਨ ਵਾਰ ਆਪਣੀ ਚੁੰਜ ਲਗਾਈਆ । ਇਸ ਦਾ ਤਿੰਨ ਜਨਮ ਦਾ ਅੱਗੇ ਲੇਖਾ ਦੇਵਾਂ ਘਤ, ਨਾਤਾ ਲੋਕਮਾਤ ਜੁੜਾਈਆ । ਇਸ ਨੇ ਰਾਜਾ ਬਣਨਾ ਸਮਰਠ, ਆਪਣਾ ਬਲ ਧਰਾਈਆ । ਪੁਰਖ ਅਕਾਲ ਨਿਰਗੁਣ ਸੂਰਬੀਰ ਸੁੱਤ ਦੁਲਾਰਾ ਕਰਨਾ ਪਰਗਟ, ਜੋਧਾ ਗੋਬਿੰਦ ਇਕ ਅਖਵਾਈਆ । ਦੋਹਾਂ ਦਾ ਮੁਕਾਬਲਾ ਵੇਖਣਾ ਡੱਟ, ਵਿਚ ਆਪਣਾ ਪੜਦਾ ਪਾਈਆ । ਸਤਿ ਜ਼ੁਲਮ ਦਾ ਸਾਂਝਾ ਕਰ ਕੇ ਹੱਟ, ਇਕੋ ਧਰਤੀ ਦੇਣਾ ਟਿਕਾਈਆ । ਅੱਲਾ ਵਾਹਿਗੁਰੂ ਪਾ ਕੇ ਵੱਟ, ਦੋਵੇਂ ਦੇਣੇ ਲੜਾਈਆ । ਇਹ ਖੇਲ ਹੋਣਾ ਅਕੱਥ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਬ੍ਰਾਹਮਣ ਕਿਹਾ ਇਹ ਹੋਣਾ ਸ਼ਾਹ ਔਰੰਗਾ, ਅਵਰ ਕੀ ਅਵਰ ਖੇਲ ਖਿਲਾਈਆ । ਗੋਬਿੰਦ ਦੇ ਹੱਥ ਫੜਾਉਣਾ ਮਰਦੰਗਾ, ਪ੍ਰਭ ਦੀ ਬੇਪਰਵਾਹੀਆ । ਦੋਹਾਂ ਦਾ ਹੋਣਾ ਜੰਗਾ, ਸੂਰਬੀਰ ਅਖਵਾਈਆ । ਏਸ ਕਾਂ ਦਾ ਤਿੰਨਾਂ ਚੁੰਜਾਂ ਵਾਲਾ ਡੰਗਾ, ਤਿੰਨਾਂ ਜਨਮਾਂ ਵੇਖ ਵਖਾਈਆ । ਇਹ ਪ੍ਰਭ ਦੀ ਸਾਚੀ ਵੰਡਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਭਗਤ ਦੀ ਮਾਂ ਨਾਲ ਕੀਤਾ ਦੰਗਾ, ਦੁੱਖ ਵਿਚ ਦੁੱਖ ਪੁਚਾਈਆ । ਇਸ ਤੋਂ ਹੋਰ ਸੂਰਮਾਂ ਕਿਹੜਾ ਚੰਗਾ, ਜਿਹੜਾ ਚੰਗਿਆਂ ਨਾਲ ਕਰੇ ਲੜਾਈਆ । ਇਸ ਨੂੰ ਕਲਜੁਗ ਦੀ ਚੋਟੀ ਉਤੇ ਟੰਗਾਂ, ਬੋਦੀਆਂ ਵਾਲਿਆਂ ਦੀਆਂ ਬੋਦੀਆਂ ਹੱਥ ਫੜਾਈਆ । ਗੋਬਿੰਦ ਦੇ ਹੱਥ ਫੜਾ ਕੇ ਡੰਡਾ, ਵੇਖਾਂ ਖ਼ੂਬ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਕਾਂ ਬਣ ਗਿਆ ਔਰੰਗਜ਼ੇਬ, ਜ਼ੇਬੋ ਜ਼ੀਨਤ ਸੋਭਾ ਪਾਈਆ । ਗੋਬਿੰਦ ਭਰ ਕੇ ਧੁਰ ਦੀ ਜੇਬ, ਨਾਮ ਖ਼ਜ਼ਾਨਾ ਲੈ ਕੇ ਆਈਆ । ਦੋਹਾਂ ਨੂੰ ਹੁਕਮੇ ਨਾਲ ਦਿਤਾ ਭੇਜ, ਹੁਕਮ ਵਿਚ ਵਡਿਆਈਆ । ਪਰਮਾਤਮਾ ਦੋਹਾਂ ਦਾ ਸਾਝਾਂ ਤੇ ਅੰਦਰੋਂ ਵੱਖਰੀ ਸੇਜ, ਸੁਖ ਦੁੱਖ ਵਿਚ ਭੁਗਤਾਈਆ । ਅੰਤ ਗੋਬਿੰਦ ਨੇ ਲਿਖਿਆ ਲੇਖ, ਔਰੰਗੇ ਦਿਤਾ ਸਮਝਾਈਆ । ਹੁਣ ਛੱਡਣਾ ਪਏ ਦੇਸ, ਕੂੜੀ ਜਗਤ ਸ਼ਾਹੀਆ । ਹੁਕਮ ਇਕ ਨਰੇਸ਼, ਤੈਨੂੰ ਦੇਵਾਂ ਸੁਣਾਈਆ । ਤੇਰੀ ਆਤਮਾ ਹੋਵੇ ਪੇਸ਼, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਸੁਣਾਈਆ । ਗੋਬਿੰਦ ਕਿਹਾ ਨਜ਼ੂਨਾ ਨਾ ਰੰਗੇ ਜ਼ਰੇ ਜ਼ੂ ਰ, ਹਮਦੇ ਸਨਾ ਤੌਫ਼ੀਕੇ ਖ਼ੁਦਾ ਦੇਵੇ ਅਜ਼ਾਬ, ਜਲਾਵਤਨੇ ਬੇਵਤਨੇ ਖ਼ਾਤਾਏ ਖ਼ਤ, ਕਾਗੋਂ ਕੇ ਕਾਗ ਕਾਗੋਂ ਕੇ ਕਾਗ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਬੈਠ ਸੱਚੀ ਮਹਿਰਾਬ । ਸੁਣੀ ਆਵਾਜ਼ ਔਰੰਗੇ, ਬਿਨ ਕੰਨਾਂ ਅੰਦਰੀ ਆਈਆ । ਕਵਣ ਵਜਾਏ ਮਰਦੰਗੇ, ਕਵਣ ਰਿਹਾ ਸਮਝਾਈਆ । ਜਾਂ ਤਕਿਆ ਕੁਰਾਨ ਸ਼ਰੀਫ਼ ਬੱਤੀ ਟੰਗੇ, ਸਾਹਮਣੇ ਸੋਭਾ ਪਾਈਆ । ਉਹ ਵੀ ਨਹੀਂ ਲੱਗਦੇ ਚੰਗੇ, ਜਿਸ ਵੇਲੇ ਜਮ ਰਹੇ ਡਰਾਈਆ । ਜਾਂ ਵੇਖਿਆ ਗੋਬਿੰਦ ਦਿਸਿਆ ਕੰਢੇ, ਜੋ ਭਵਜਲ ਪਾਰ ਕਰਾਈਆ । ਓਸ ਵੇਲੇ ਕਿਹਾ ਐ ਬੰਦਗੀ ਵਾਲੇ ਬੰਦੇ, ਬੰਦਨਾ ਸੀਸ ਨਿਵਾਈਆ । ਮੈਂ ਕਾਗ ਨੇ ਕੀਤੇ ਕੰਮ ਗੰਦੇ, ਫਿਰ ਕਿਉਂ ਕਾਗ ਕਾਗਾਂ ਵਿਚ ਮਿਲਾਈਆ । ਗੋਬਿੰਦ ਕਿਹਾ

ਆਪਣੇ ਸੀਨੇ ਰੱਖ ਠੰਡੇ, ਹੌਸਲਾ ਇਕ ਵਧਾਈਆ । ਸਚ ਦੱਸ ਕਿੰਨੇ ਮਾਰੇ ਪੰਡੇ, ਕਿੰਨੇ ਹਿੰਦੂ ਮੁਸਲਮ ਦਿਤੇ ਬਣਾਈਆ । ਕਿੱਥੇ ਮੁਹੰਮਦ ਜਿਹੜਾ ਟੁੱਟੀ ਤੇਰੀ ਗੰਢੇ, ਨਾਤਾ ਆਪਣੇ ਨਾਲ ਜੁੜਾਈਆ । ਜ਼ਰਾ ਅੱਖੀਂ ਮੀਟ ਧਿਆਨ ਧਰ ਤੈਨੂੰ ਨਜ਼ਰੀ ਆਵਣ ਉਹ ਬੰਦੇ, ਜੋ ਬਾਲਮੀਕ ਤੇਰਾ ਵੇਖੇ ਅੰਧੇਰਾ ਤਾਰੀਕ, ਲਾਸ਼ਰੀਕ ਨਾਲ ਮਿਲ ਕੇ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਗੋਬਿੰਦ ਕਿਹਾ ਔਰੰਗੇ ਸਵਲਲੇ ਸਲਦ ਈਦ ਨਾਮੇ ਮਧ ਕਦੀਮੇ ਯਦ ਸਦ ਇਕੋ ਇਕ ਸੁਣਾਈਆ । ਹੁਣ ਜ਼ਰੂਰ ਬਣਨਾ ਪਏ ਕਗ, ਰੁਲਣਾ ਪਏ ਜਗ, ਫਿਰ ਵੀ ਤੇਰਾ ਵਿਚੋਲਾ ਪੁਰਖ ਅਕਾਲ ਲਿਆਵਾਂ ਸੱਦ, ਤੇਰੇ ਮਕਬਰੇ ਉਤੇ ਤੇਰਾ ਪੂਰਾ ਕਰਾ ਦਿਆਂ ਹੱਜ, ਹੁਜਰਾ ਤੇਰਾ ਇਕ ਸੁਹਾਈਆ । ਬਿਨ ਚਸ਼ਮਦੀਦ ਤੋਂ ਮੇਰਾ ਦਰਸ਼ਨ ਕਰ ਲੈ ਰੱਜ, ਅੱਗੇ ਜ਼ਰੂਰ ਛੁਟਕਾਰਾ ਕਰਾਵਾਂ ਜਗ, ਬਾਲਮੀਕ ਨੂੰ ਲਿਆਵਾਂ ਸੱਦ, ਜਿਸ ਦੀ ਮਾਂ ਦੇ ਪਿਛੇ ਤੈਨੂੰ ਮਿਲੀ ਸਜ਼ਾਈਆ । ਪਾਲ ਸਿੰਘ ਇਹਨੂੰ ਉਂਗਲਾਂ ਵਿਚ ਟੰਗ, ਇਹਨੂੰ ਗੋਬਿੰਦ ਚਾੜ੍ਹੇ ਰੰਗ, ਅੱਗੇ ਬਖ਼ਸ਼ੇ ਸੰਗ, ਜਿਥੇ ਭੁੱਖ ਰਹੇ ਨਾ ਨੰਗ, ਦੁਖੀਆਂ ਦੁੱਖ ਗਵਾਈਆ । ਪਿਛਲਾ ਕੌਲ ਇਕਰਾਰ ਕੀਤਾ ਨਹੀਂ ਹੋਣ ਦਿਤਾ ਭੰਗ, ਵੇਖੋ ਮਾਰਿਆਂ ਬਿਨਾ ਜੰਗ, ਨਿਸ਼ਾਨੇ ਓਸੇ ਨਾਲ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣੇ ਸਭ ਦੇ ਪੂਰ ਕਰਾਈਆ । ਨਵ ਨੌ ਦਾ ਨਵ ਜੈਕਾਰਾ, ਢੋਲਾ ਬੇਪਰਵਾਹੀਆ । ਨੌ ਦਵਾਰ ਤੋਂ ਪਾਰ ਕਿਨਾਰਾ, ਸਾਹਿਬ ਸਤਿਗੁਰ ਆਪ ਕਰਾਈਆ । ਨੌ ਜਨਮ ਦਾ ਪੂਰਬ ਉਧਾਰਾ, ਪਿਛਲਾ ਝੋਲੀ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਦਾ ਅੰਤ ਸਹਾਰਾ, ਪੁਰਖ ਅਕਾਲ ਨਜ਼ਰੀ ਆਈਆ । ਜਨ ਭਗਤ ਬਹਾਏ ਉਸ ਦਵਾਰਾ, ਜਿਸ ਦਾ ਦਰਵਾਜ਼ਾ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੌ ਨੌ ਨੌਂ, ਤਿੰਨਾਂ ਮੇਲ ਨਾ ਕੋਇ ਮਿਲਾਈਆ । ਜੋ ਆਇਆ ਸੋ ਦਿਨੇ ਜਾਗਿਆ ਤੇ ਰਾਤ ਨੂੰ ਜ਼ਰੂਰ ਗਿਆ ਸੌਂ, ਗੁਰ ਅਵਤਾਰ ਪੈਗ਼ੰਬਰ ਖਰਾਟਿਆਂ ਵਿਚ ਆਪਣਾ ਝਟ ਲੰਘਾਈਆ । ਪ੍ਰਭ ਨੂੰ ਯਾਦ ਕਰਦੇ ਰਹੇ ਕਿਉਂ ਉਹਨਾਂ ਦੇ ਅੰਦਰ ਆਪਣੇ ਮਿਲਣ ਦਾ ਰੱਖਿਆ ਗਉਂ, ਇਸੇ ਲਾਲਚ ਵਿਚ ਦਿਵਸ ਰੈਣ ਧਿਆਈਆ । ਆਪਣੀ ਲੋੜ ਨੂੰ ਕਹਿੰਦੇ ਰਹੇ ਸਾਡਾ ਪਿਤਾ ਸਾਡਾ ਮਾਉਂ, ਜੇ ਇਹ ਨਾ ਕਹਿੰਦੇ ਤੇ ਸਿਰ ਹੱਥ ਕੌਣ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਨੌ ਨੌ ਨੌ ਸਾਰੇ ਲਿਖ ਕੇ ਗਏ ਅੰਕ, ਨੌ ਤੱਕ ਹਿੰਦਸਾ ਇਕੋ ਨਜ਼ਰੀ ਆਈਆ । ਇਸ ਤੋਂ ਅੱਗੇ ਕਿਉਂ ਇਕ ਤੇ ਸਿਫ਼ਰ ਦਾ ਬਣ ਗਿਆ ਬੰਕ, ਇਹ ਗੱਲ ਨਾ ਕਿਸੇ ਸਮਝਾਈਆ । ਕਲਮ ਸ਼ਾਹੀ ਨਾਲ ਲਿਖ ਕੇ ਭਾਰ ਟੰਕ, ਵਜ਼ਨਾਂ ਵਿਚ ਟਿਕਾਈਆ । ਰਾਮ ਕ੍ਰਿਸ਼ਨ ਅੱਲ੍ਹਾ ਵਾਹਿਗੁਰੂ ਵਜਾ ਕੇ ਡੰਕ, ਡੌਰੂ ਸਾਰੇ ਗਏ ਖੜਕਾਈਆ । ਪੂਰਾ ਕਿਸੇ ਨਹੀਂ ਮੇਟਿਆ ਸ਼ੰਕ, ਜੇ ਸ਼ੰਕਾ ਮਿਟ ਜਾਂਦਾ ਫਿਰ ਪ੍ਰਭ ਦਾ ਨਾਂ ਕਿਉਂ ਗਏ ਬਦਲਾਈਆ । ਕਿਸੇ ਮੱਕੀ ਤੇ ਖਾਧਾ ਬਾਜਰਾ ਕਿਸੇ ਖਾਧੀ ਕਣਕ, ਚਪਾਤੀ ਰੋਟੀ ਦਾਲ ਨਾਲ ਮਿਲਾਈਆ । ਬਿਨਾ ਪ੍ਰਭੂ ਤੋਂ ਕੋਈ ਆਣ ਕੇ ਬੈਠਾ ਨਾ ਕਦੇ ਅਟੰਕ, ਆਸਾ ਤ੍ਰਿਸ਼ਨਾ ਤੋਂ ਬਾਹਰ ਡੇਰਾ ਲਾਈਆ । ਅੱਜ ਦੀ ਰਾਤ ਇਹ ਵੀ ਵਾਸਤਾ ਪਾ ਕੇ ਸੀਤਾ ਦੇ ਨਾਲ ਮਿਲ ਕੇ ਮੰਗੀ ਸੀ ਜਨਕ, ਓ ਰਾਮ ਦੇ ਰਾਮ ਬਿਨਾ ਤੇਰੇ ਭਗਤਾਂ ਦਾ ਭਾਰ ਨਾ ਕੋਇ ਉਠਾਈਆ । ਜਨਕ ਨੇ ਕੰਨ ਫੜਕੇ ਮੱਥਾ ਰਗੜ ਕੇ ਕਿਹਾ ਅਨੇਕ ਤੇਰੇ ਹੋਣੇ ਸੰਤ, ਬਿਨਾ ਕੰਤ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ


੧੨੧੫
੨੦

ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਹੋ ਜਾਓ ਹਾਜ਼ਰ, ਹਜ਼ੂਰੀਓ ਹਜ਼ੂਰ ਰਿਹਾ ਸੁਣਾਈਆ । ਚਾਰ ਜੁਗ ਦੇ ਬਣੇ ਰਹੇ ਤਾਜਰ, ਵਪਾਰੀ ਸੋਹਣੇ ਨਜ਼ਰੀ ਆਈਆ । ਪ੍ਰਭ ਦਾ ਨਾਮ ਛੋਟੇ ਛੋਟੇ ਹਿੱਸਿਆਂ ਵਿਚ ਵੇਚਿਆ ਬਣਾ ਕੇ ਮੂਲੀ ਗਾਜਰ, ਕੀਮਤ ਟਕਿਆ ਵਾਲੀ ਪਾਈਆ । ਕਿਉਂ ਨਹੀਂ ਵਖਾਇਆ ਵਿਚ ਕਾਇਆ ਗਾਗਰ, ਇਹੋ ਜਿਹੀ ਟੇਢੀ ਬੰਕ ਤੁਸੀਂ ਨਾ ਪਾਰ ਕਰਾਈਆ । ਕਿਉਂ ਬਣੇ ਬਹਾਦਰ, ਸੂਰਬੀਰ ਅਖਵਾਈਆ । ਜਿਸ ਵੇਲੇ ਮੈਂ ਆਪਣੇ ਭਗਤ ਨੂੰ ਜੁਗ ਜੁਗ ਸਿੱਧਾ ਦੇਂਦਾ ਰਿਹਾ ਆਰਡਰ, ਉਹ ਦੀਨ ਦੁਨੀ ਨੂੰ ਛੱਡ ਕੇ ਸਿੱਧਾ ਮੇਰੇ ਵਿਚ ਸਮਾਈਆ । ਮੇਰੇ ਭਗਤ ਜਿਨ੍ਹਾਂ ਨੂੰ ਮੈਂ ਦਰਸ਼ਨ ਦਿਤਾ ਉਹ ਚਾਰ ਜੁਗ ਉਜਾਗਰ, ਤੁਹਾਡਾ ਸੇਵਕ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੂੰ ਗਹਿਰ ਗੰਭੀਰ ਵੱਡਾ ਸਾਗਰ, ਅਸੀਂ ਤੇਰੀ ਬੂੰਦ ਤੇਰੇ ਵਿਚੋਂ ਨਿਕਲ ਕੇ ਤੇਰੇ ਵਿਚ ਸਮਾਈਆ । ਪੁਰਖ ਅਕਾਲ ਕਹੇ ਬੱਚਿਓ ਸ਼ਾਬਾਸ਼ ਹੁਣ ਸੌਂ ਜਾਓ ਅੱਗੇ ਤਾਣ ਕੇ ਚਿੱਟੀ ਚਾਦਰ, ਤੁਹਾਡੀ ਲੋਕਮਾਤ ਲੋੜ ਰਹੇ ਨਾ ਰਾਈਆ । ਯਾਦ ਕਰੋ ਜਿਸ ਵੇਲੇ ਨਾਨਕ ਨੇ ਸ਼ਾਹੀ ਬਖ਼ਸ਼ੀ ਸੀ ਬਾਬਰ, ਵਾਸਤਾ ਮੇਰੇ ਅੱਗੇ ਪਾਈਆ । ਮੈਂ ਸਮਝ ਕੇ ਸੁਤ ਕਾਬਲ, ਗੋਬਿੰਦ ਇਕ ਪਰਗਟਾਈਆ । ਕਰ ਕੇ ਇਨਸਾਫ਼ ਅਦਲ ਬਣ ਕੇ ਆਦਲ, ਲਹਿਣਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਸਾਢੇ ਤਿੰਨ ਹੱਥ ਕਹੇ ਮੈਂ ਟੇਢੀ ਡੰਡੀ, ਡੰਡੌਤ ਕਰਨ ਵਾਲਿਆਂ ਪਾਰ ਨਾ ਕੋਇ ਕਰਾਈਆ । ਜੇ ਪ੍ਰਭੂ ਮੈਂ ਨਾ ਹੁੰਦੀ ਤੇਰੇ ਦਵਾਰੇ ਤੇ ਸਾਧਾਂ ਦੀ ਲੱਗ ਜਾਂਦੀ ਮੰਡੀ, ਸਾਰੇ ਬਹਿੰਦੇ ਧੂਣੀਆਂ ਤਾਈਆ । ਮੈਂ ਆਪਣੇ ਵਿਚ ਫਸਾ ਲੈਂਦੀ ਪਖੰਡੀ, ਅੱਗੇ ਰਾਹ ਨਾ ਕੋਇ ਵਖਾਈਆ । ਜੇ ਕੋਈ ਕਹੇ ਏਥੋਂ ਚੰਗੀ ਏਥੋਂ ਗੰਦੀ, ਅੱਗੋਂ ਕੱਢ ਕੇ ਦੰਦੀ ਹੀਂ ਹੀਂ ਕਰ ਕੇ ਸਾਰੇ ਦੇਵਾਂ ਡਰਾਈਆ । ਸਚ ਪੁਛੇਂ ਮੈਨੂੰ ਇਕ ਭੈ ਆਵੇ ਗੋਬਿੰਦ ਕੋਲੋਂ ਚੰਡੀ, ਜਿਹੜੀ ਚੰਡਾਲਾਂ ਕਰੇ ਸਫ਼ਾਈਆ । ਇਹ ਮੰਗ ਨੈਣਾਂ ਦੇਵੀ ਉਤੇ ਉਸ ਨੇ ਸੀ ਮੰਗੀ, ਕਲਗੀ ਤੋੜਾ ਲਾ ਕੇ ਉਂਗਲ ਕੰਨ ਵਿਚ ਟਿਕਾਈਆ । ਪ੍ਰਭੂ ਤੇਰਾ ਸੁਤ ਦੁਲਾਰਾ ਇਕੋ ਸ਼ਬਦ ਬੜਾ ਜੰਗੀ, ਜੰਗਜੂ ਬਹਾਦਰ ਦੋ ਜਹਾਨ ਅਖਵਾਈਆ । ਤੇਰੇ ਭਗਤਾਂ ਨੂੰ ਅੱਗੇ ਮੈਂ ਆਉਣ ਨਹੀਂ ਦੇਂਦਾ ਤੰਗੀ, ਦੁੱਖ ਸੁਖ ਵਿਚ ਬਦਲਾਈਆ । ਮੇਰੀ ਕਟਾਰ ਰਹੀ ਨੰਗੀ, ਜਿਸ ਦਾ ਬਿਆਨ ਨਾ ਕੋਇ ਵਖਾਈਆ । ਵਾਅਦਾ ਕਰ ਕੌਲ ਕਰ ਇਕਰਾਰ ਕਰ ਅਹਿਦ ਕਰ ਮੈਂ ਸਦਾ ਬਣਾਂ ਤੇਰਾ ਸੰਗੀ, ਧੁਰ ਦਾ ਸੰਗ ਨਿਭਾਈਆ । ਜਨ ਭਗਤਾਂ ਤੋੜਾਂ ਖਾਨਾਬੰਦੀ, ਬੰਦਗੀ ਇਕ ਸੁਣਾਈਆ । ਗੋਬਿੰਦ ਕਿਹਾ ਪ੍ਰਭੂ ਮੈਨੂੰ ਐਂ ਜਾਪਦਾ ਜਿਵੇਂ ਕਲਜੁਗ ਸੰਤਾਂ ਦੇ ਅੰਦਰ ਹੋਣੀ ਖਾਨਾਜੰਗੀ, ਦਿਵਸ ਰੈਣ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਸਾਢੇ ਤਿੰਨ ਹੱਥ ਦੀ ਵਿੰਗੀ ਟੇਢੀ ਕਹੇ ਸੋਟੀ, ਸੋਹਣਾ ਹੁਕਮ ਸੁਣਾਈਆ । ਜਨ ਭਗਤੋ ਮੈਂ ਰੋਂਦੀ ਟੇਢੀ ਬੰਕ ਕਿਉਂ ਤੁਹਾਡੇ ਅੰਦਰ ਪ੍ਰਭੂ ਚੜ੍ਹ ਗਿਆ ਆਪਣੀ ਚੋਟੀ, ਚੋਟ ਆਪਣਾ ਨਾਮ ਲਗਾਈਆ । ਸਭ ਦੀ ਦੁਰਮਤ ਮੈਲ ਜਾਏ ਧੋਤੀ, ਪਤਤ ਪੁਨੀਤ ਕਰਾਈਆ । ਕਿਸੇ ਦੀ ਮੱਤ ਰਹੇ ਨਾ ਹੋਛੀ, ਦੇਵੇ ਮਾਣ ਵਡਿਆਈਆ । ਖ਼ਬਰਦਾਰ ਕਿਸੇ ਪੜ੍ਹੀ ਪੋਥੀ, ਬੇਖ਼ਬਰਾਂ ਰਿਹਾ ਉਠਾਈਆ । ਜਿਹੜੀ ਕਥਾ ਕਹਾਣੀ ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਕਿਸੇ ਨਹੀਂ ਸੋਚੀ, ਬਿਨਾ ਸੋਚਿਆਂ ਤੁਹਾਨੂੰ ਦਿਤੀ ਸਮਝਾਈਆ । ਸਚ ਦਵਾਰ ਦੀ ਦੇ ਕੇ ਸੋਝੀ, ਸੁੱਤਿਆਂ ਲਿਆ ਉਠਾਈਆ । ਗੁਰਮੁਖ ਸਵਾਣੀ ਕਦੇ ਨਾ ਹੋਵੇ ਕਮਲੀ ਕੋਝੀ, ਨਾਰ ਸੁਹਾਗਣ ਸਚਖੰਡ ਦਵਾਰੇ ਸੋਭਾ ਪਾਈਆ । ਜੋਤੀ

੧੨੧੯
੨੦

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਢੇ ਤਿੰਨ ਹੱਥ ਸਭ ਦਾ ਲੇਖਾ ਰਿਹਾ ਮੁਕਾਈਆ । ਸੋਟੀ ਕਹੇ ਵੇਖੋ ਮੇਰੇ ਵਲ, ਵਲਵਲੇ ਸਭ ਨੂੰ ਰਹੀ ਵਖਾਈਆ । ਸ੍ਰਿਸ਼ਟ ਸਬਾਈ ਨਾਲ ਕਰ ਕੇ ਛਲ, ਅਛਲ ਛਲ ਰਿਹਾ ਕਮਾਈਆ । ਜਨ ਭਗਤਾਂ ਦਵਾਰਾ ਅੰਤਰ ਮੱਲ, ਮਲੀਨ ਸਾਫ਼ ਕਰਾਈਆ । ਤੁਹਾਡੀ ਖ਼ਾਤਰ ਆਇਆ ਚਲ, ਨਿਹਚਲ ਫੇਰਾ ਪਾਈਆ । ਅੰਤਰ ਗਿਆ ਰਲ, ਨੂਰ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਰਿਹਾ ਰੰਗਾਈਆ । ਗੁਰਮੁਖ ਦਾ ਸਿਰ ਰਹੇ ਕਦੇ ਨਾ ਨੰਗਾ, ਗ਼ਰੀਬਾਂ ਉਤੇ ਪੜਦਾ ਪਾਈਆ । ਜਿਹੜੀ ਸ਼ੰਕਰ ਦੀ ਧਾਰ ਗੰਗਾ, ਸਭ ਦੇ ਅੰਤਰ ਦਿਤੀ ਵਹਾਈਆ । ਇਕੋ ਘਾਟ ਪੱਤਣ ਇਕੋ ਕੰਡਾ, ਸਭ ਦਾ ਦਿਤਾ ਬਣਾਈਆ । ਜਿਸ ਦਾ ਅੰਮ੍ਰਿਤ ਜਲ ਠੰਡਾ, ਅਗਨ ਜੇਠ ਨਾ ਕੋਇ ਤਪਾਈਆ । ਪ੍ਰੇਮ ਪ੍ਰੀਤੀ ਚਾੜ੍ਹੇ ਰੰਗਾ, ਕਸੁੰਭੜਾ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੰਗਾ ਸਿਰ ਤੇ ਖੁਲ੍ਹੜੇ ਕੇਸ, ਸੋਹਣਾ ਵੇਸ ਵਟਾਈਆ । ਇਹ ਪ੍ਰੇਮ ਕੀਤਾ ਦਸ ਦਸਮੇਸ਼, ਪੁਰੀ ਅਨੰਦ ਵੱਜੀ ਵਧਾਈਆ । ਇਕ ਘੜੇ ਵਿਚ ਕਰ ਕੇ ਛੇਕ, ਮੋਰੀ ਵਿਚੋਂ ਉਂਗਲ ਲੰਘਾਈਆ । ਪਰਕਾਸ਼ ਪਾ ਕੇ ਆਪਣਾ ਤੇਜ, ਜੋਤ ਦਿੱਤੀ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਚੜ੍ਹਾਈਆ । ਗੋਬਿੰਦ ਘੜੇ ਵਿਚ ਕੱਢੀ ਮੋਰੀ, ਸਾਢੇ ਤਿੰਨ ਹੱਥ ਉਚੀ ਦਿੱਤੀ ਰਖਾਈਆ । ਰਾਤ ਸਭ ਤੋਂ ਕਰ ਕੇ ਚੋਰੀ, ਪੰਜਾਂ ਗ਼ਰੀਬਾਂ ਲਿਆ ਉਠਾਈਆ । ਆਓ ਤੁਹਾਨੂੰ ਵਸਤ ਦੇਵਾਂ ਥੋੜ੍ਹੀ ਥੋੜ੍ਹੀ, ਛੋਟਿਆਂ ਨੂੰ ਵੱਡਿਆਂ ਨਾਲ ਮਿਲਾਈਆ । ਜਿਸ ਵੇਲੇ ਮੇਰੀ ਅਕਾਲ ਨਾਲ ਬਣੀ ਜੋੜੀ, ਜੋੜਾ ਜੁੜ ਕੇ ਫੇਰਾ ਪਾਈਆ । ਸਾਚੇ ਨਾਮ ਦੀ ਲਾ ਕੇ ਪੌੜੀ, ਹਰਿਜਨ ਵੇਖਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਮੋਰੀ ਵਿਚ ਵਹਾਈ ਜਲ ਧਾਰ, ਪਾਣੀ ਪਾਣੀ ਵਿਚੋਂ ਬਦਲਾਈਆ । ਹੱਸ ਕੇ ਕਿਹਾ ਨਾਲ ਪਿਆਰ, ਪ੍ਰਭੂ ਤੇਰੀ ਬੇਪਰਵਾਹੀਆ । ਜੇ ਐਸੇ ਤਰਾ ਉਤੋਂ ਮਿਲੇਂ ਆਣ, ਵਹਿਣ ਥੱਲੇ ਵਲ ਵਹਾਈਆ । ਫੇਰ ਭਗਤਾਂ ਦੀ ਮੰਜ਼ਲ ਹੋਏ ਆਸਾਨ, ਜਿਨ੍ਹਾਂ ਦੇ ਅੰਦਰ ਵੜ ਕੇ ਆਪਣਾ ਭੇਵ ਖੁਲ੍ਹਾਈਆ । ਜੇ ਤੈਨੂੰ ਲੱਭਣ ਜਾਣ ਵਿਚ ਜੰਗਲ ਬੀਆਬਾਨ, ਟਿੱਲੇ ਪਰਬਤ ਫੋਲ ਫੁਲਾਈਆ । ਓਥੇ ਮਿਲੇ ਨਾ ਤੇਰਾ ਨਿਸ਼ਾਨ, ਬਿਨ ਤੇਰੀ ਕਿਰਪਾ ਤੇਰਾ ਘਰ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤੇ ਕੀਤਾ ਪਰਵਾਨ, ਸੰਦੇਸ਼ਾ ਗੋਬਿੰਦ ਦਿਤਾ ਦ੍ਰਿੜਾਈਆ । ਜਿਸ ਵੇਲੇ ਆਵਾਂ ਬਣ ਕੇ ਵਾਲੀ ਦੋ ਜਹਾਨ, ਭਗਤ ਸੁਹੇਲੇ ਸਹਿਜੇ ਲਵਾਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਨਾਮਾ ਕਹੇ ਭਰੀ ਕਟੋਰੀ ਦੁੱਧ, ਠਾਕਰ ਭੋਗ ਲਗਾਈਆ । ਅਗਲੀ ਆਵੇ ਸੁੱਧ, ਪੜਦਾ ਦੇ ਚੁਕਾਈਆ । ਤੈਨੂੰ ਲਵਾਂ ਬੁਝ, ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਠਾਕਰ ਕਿਹਾ ਸੁਣ ਨਾਮੇ, ਸਚ ਸੰਦੇਸ਼ ਸੁਣਾਈਆ । ਕਰਾਂ ਖੇਲ ਆਪਣੇ ਬਦਲ ਕੇ ਜਾਮੇ, ਬਹੱਤਰ ਰੂਪ ਧਰਾਈਆ । ਕ੍ਰਿਸ਼ਨ ਨੇ ਮਹਿਲ ਬਣਾਏ ਸੁਦਾਮੇ, ਮੈਂ ਤੇਰੀ ਛੱਪਰ ਛੰਨ ਛੁਹਾਈਆ । ਛੱਡਾਂ ਪੀਣੇ ਖਾਣੇ, ਮੁਫ਼ਤ ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਨਾਮੇ ਕਿਹਾ ਤੂੰ ਬਾਢੀ ਬੜਾ ਸੋਹਣਾ ਤਰਖਾਣ, ਪ੍ਰਭੂ ਨਜ਼ਰੀ ਆਈਆ ।

੧੨੧੭
੨੦

ਸਚਖੰਡ ਦਾ ਭਗਵਾਨ, ਪਹਿਲਾ ਕਟੋਰਾ ਤੈਨੂੰ ਸਚਖੰਡ ਭੇਟ ਚੜ੍ਹਾਈਆ । ਫੇਰ ਆਵੇਂ ਵਿਚ ਜਹਾਨ, ਨਿਰਗੁਣ ਸਰਗੁਣ ਰੂਪ ਧਰਾਈਆ । ਇਹ ਭਗਤਾਂ ਦਾ ਦਾਨ, ਮੈਂ ਤੇਰੀ ਝੋਲੀ ਪਾਈਆ । ਤੀਜਾ ਹੋਰ ਸੁਣ ਫ਼ਰਮਾਨ, ਤੈਨੂੰ ਦਿਆਂ ਸੁਣਾਈਆ । ਜਿਸ ਵੇਲੇ ਫੇਰ ਜਾਵੇਂ ਉਤੇ ਅਸਮਾਨ, ਆਹ ਤੀਜਾ ਕਟੋਰਾ ਨਾਲ ਲੈ ਕੇ ਜਾਈਂ ਚਾਈਂ ਚਾਈਆ । ਅੱਗੋਂ ਹੱਸ ਕੇ ਕਿਹਾ ਮਿਹਰਵਾਨ, ਨਾਮੇ ਇਹ ਕੀ ਖੇਲ ਬਣਾਈਆ । ਨਾਮੇ ਕਿਹਾ ਤੂੰ ਭਗਤਾਂ ਦਾ ਮਹਿੰਮਾਨ, ਭਗਤ ਚਾਹੁੰਦੇ ਤੈਨੂੰ ਓਥੇ ਏਥੇ ਏਥੇ ਓਥੇ ਸਦਾ ਦੇਈਏ ਰਜਾਈਆ । ਪਰ ਇਹੋ ਦੁੱਖ ਸਾਡੇ ਕੋਲ ਕੋਈ ਦੇਣ ਵਾਲਾ ਨਹੀਂ ਦਾਨ, ਸਾਰੇ ਤੇਰੇ ਮੰਗਤੇ ਨਜ਼ਰੀ ਆਈਆ । ਜੇ ਤੂੰ ਕਿਰਪਾ ਕਰੇਂ ਸ੍ਰੀ ਭਗਵਾਨ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਆਵੇਂ ਵਿਚ ਜਹਾਨ, ਆਪਣਾ ਫੇਰਾ ਪਾਈਆ । ਫਿਰ ਭਗਤਾਂ ਲਈ ਸਭ ਤੋਂ ਵੱਖਰਾ ਲੈ ਕੇ ਆਵੀਂ ਦਾਨ, ਜਿਹੜਾ ਤਿੰਨਾਂ ਲੋਕਾਂ ਵਿਚ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ ।

ਮੁਹੰਮਦ ਨਬੀ ਬਣਨਾ ਕਿ ਰਸੂਲ, ਰਸੂਲੱਲਾਹ ਰਿਹਾ ਜਣਾਈਆ । ਕਿਸ ਨੂੰ ਕਰਨਾ ਕਬੂਲ, ਕਾਅਬਾ ਕਿ ਕਾਅਬੇ ਦਾ ਮਾਲਕ ਲੈਣਾ ਮਨਾਈਆ । ਕਿਹੜਾ ਮੰਨਣਾ ਦਸਤੂਰ, ਦਸਤ ਮਿਲੌਣਾ ਕਿ ਦਰਸ਼ਨ ਕਰਨਾ ਨੂਰ ਇਲਾਹੀਆ । ਇਕੋ ਸ਼ੁਕਰੀਏ ਵਿਚ ਹੋਣਾ ਮਸ਼ਕੂਰ, ਕਿਸ ਮੁਸ਼ਕਲ ਵਿਚ ਧਿਆਨ ਲਗਾਈਆ । ਜ਼ਰਾ ਨਿਗਾਹ ਮਾਰ ਵੇਖ ਦੂਰ, ਦੁਰਾਡੀ ਅੱਖ ਖੁਲ੍ਹਾਈਆ । ਸੂਲੀ ਚੜ੍ਹਦਾ ਵੇਖ ਮਨਸੂਰ, ਤਬਰੇਜ਼ ਖੱਲ ਲੁਹਾਈਆ । ਮੁਹੰਮਦ ਕਿਹਾ ਮੈਨੂੰ ਮਨਜ਼ੂਰ, ਮਨਜ਼ੂਰੀ ਵਿਚ ਸੀਸ ਝੁਕਾਈਆ । ਮੈਂ ਤੇਰਾ ਬਰਦਾ ਮਜ਼ਦੂਰ, ਚਾਕਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ,  ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਮੁਹੰਮਦ ਕਿਹੜੀ ਕਰੇਂ ਇਬਾਦਤ, ਅੱਵਲ ਦੇ ਜਣਾਈਆ । ਮੁਹੰਮਦ ਕਿਹਾ ਜਿਹੜੀ ਪਾਵੇਂ ਆਦਤ, ਓਹੋ ਰਾਹ ਵਖਾਈਆ । ਜਿਹੜਾ ਬਣਾਵੇਂ ਤਾਲਬ, ਓਹੋ ਕਰਾਂ ਪੜ੍ਹਾਈਆ । ਤੂੰ ਸਾਹਿਬ ਇਕੋ ਮਾਲਕ, ਤੇਰੀ ਬੇਪਰਵਾਹੀਆ । ਮੈਂ ਨੰਨ੍ਹਾ ਤੇਰਾ ਬਾਲਕ, ਨੂਰ ਵਿਚ ਰੁਸ਼ਨਾਈਆ । ਮੈਨੂੰ ਐਂ ਦਿਸਦਾ ਸਦੀ ਚੌਧਵੀਂ ਸਭ ਦੇ ਮੱਥੇ ਲੱਗਣੀ ਕਾਲਖ, ਟਿੱਕਾ ਸਾਫ਼ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਮੁਹੰਮਦ ਆਹ ਲੈ ਬੰਨ੍ਹ ਲਾ ਮੌਲੀ ਤੰਦ, ਤੈਨੂੰ ਦਿਆਂ ਸਮਝਾਈਆ । ਓਨਾਂ ਚਿਰ ਤੇਰਾ ਚਮਕਦਾ ਰਹੇ ਚੰਦ, ਲੋਕਮਾਤ ਹੋਏ ਰੁਸ਼ਨਾਈਆ । ਜਿਸ ਵੇਲੇ ਅਮਾਮ ਬਣ ਕੇ ਆਵਾਂ ਤੇ ਸਾਰਿਆਂ ਦਾ ਲੇਖਾ ਹੋ ਜਾਏ ਬੰਦ, ਪਿਛਲੀ ਬੰਦਗੀ ਦੀ ਲੋੜ ਰਹੇ ਨਾ ਰਾਈਆ । ਸਭ ਦੀ ਬਦਲ ਦੇਵਾਂ ਕੰਡ, ਮੁਖ ਮੁਖ ਨਾਲੋਂ ਭਵਾਈਆ । ਇਕ ਸੁਣਾਵਾਂ ਛੰਦ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਲਾਹੀਆ । ਮੁਹੰਮਦ ਕਿਹਾ ਉਹ ਕਿਹੜਾ ਵੇਲਾ ਹੋਵੇ ਜਗਤ, ਸਚ ਦੇਣਾ ਦਰਸਾਈਆ । ਪਰਵਰਦਿਗਾਰ ਕਿਹਾ ਜਿਸ ਵੇਲੇ ਸਭ ਦੀ ਖਿੱਚਾਂ ਸ਼ਕਤ, ਤਾਕਤ ਰਹਿਣ ਕੋਇ ਨਾ ਪਾਈਆ । ਨੂਰ ਅਲਾਹੀ ਹੋ ਕੇ ਆਵਾਂ ਫ਼ਰਸ਼, ਅਰਸ਼ ਵੇਖ ਵਖਾਈਆ । ਸੂਫ਼ੀਆਂ ਉਤੇ ਕਰਾਂ ਤਰਸ, ਭਗਤਾਂ ਨਾਲ ਮਿਲਾਈਆ । ਮੁਹੰਮਦਾ ਤੇਰੀ ਮੇਰੀ ਪੱਕੀ ਹੋ ਗਈ ਸ਼ਰਤ, ਤੇਰੇ ਵਾਲਾ ਗਾਨਾ ਫੇਰ ਭਗਤਾਂ ਦੇਵਾਂ ਬੰਧਾਈਆ । ਅੱਲਾ ਆਪਣਿਆਂ ਬੰਦਿਆਂ ਵਿਚ ਕਦੇ ਨਾ ਪਾਵੇ ਫ਼ਰਕ, ਫ਼ਿਰਕੇਦਾਰੀ ਦਿਆਂ ਗਵਾਈਆ । ਹੁਣ ਮਗ਼ਰਬ ਤੇ ਫੇਰ ਸ਼ਰਕ, ਮਸ਼ਰਕ ਮੁਸਤਫ਼ਾ ਸਾਰੇ ਵੇਖ ਵਖਾਈਆ । ਸਭ ਦੀ ਮਾਣ ਵਡਿਆਈ ਹੋਣੀ ਗ਼ਰਕ, ਗ਼ਰੂਬ

ਆਫ਼ਤਾਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਅੱਲਾ ਦਾ ਮੌਲੀ ਤੰਦ, ਮੁਹੰਮਦ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਵਿਚ ਰਖਸ਼ਿਸ਼, ਰਹਿਮਤ ਆਪਣੇ ਨਾਲ ਰਖਾਈਆ । ਆ ਬ੍ਰਹਮੇ ਵੇਖ ਆਪਣੀ ਕੌਲੀ, ਕਵਲ ਫੁੱਲ ਰਹੇ ਮੁਰਝਾਈਆ । ਸਭ ਦੀ ਸੁੱਕਣ ਲੱਗੀ ਬੌਲੀ, ਜੌਹੜ ਤਾਲਾਬ ਰਹੇ ਕੁਰਲਾਈਆ । ਚਾਰੇ ਖਾਣੀ ਪਾਵੇ ਰੌਲੀ, ਰੋ ਰੋ ਨੀਰ ਵਹਾਈਆ । ਧੀਰਜ ਮਿਲੇ ਨਾ ਕੋਇ ਧੌਲੀ, ਧਰਨੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਰਿਹਾ ਚੁਕਾਈਆ । ਕੌਲੀ ਕਹੇ ਜਿਸ ਵੇਲੇ ਮੁਹੰਮਦ ਨੇ ਪਹਿਲੇ ਪੜ੍ਹੀ ਕਲਾਮ, ਕਲਮਾ ਅੰਦਰੇ ਅੰਦਰ ਸੁਣ ਕੇ ਖ਼ੁਸ਼ੀ ਮਨਾਈਆ । ਹਕ ਦਾ ਜਾਣਿਆ ਪੈਗ਼ਾਮ, ਆਵਾਜ਼ ਇਕ ਅਲਾਈਆ । ਤੱਕਿਆ ਵੱਲ ਅਸਮਾਨ, ਅੱਖਾਂ ਅੱਖ ਉਠਾਈਆ । ਬਦਲਦਾ ਵੇਖਿਆ ਨਜ਼ਾਮ, ਦੋ ਜਹਾਨ ਦੁਹਾਈਆ । ਝਗੜਾ ਪਿਆ ਇਸਲਾਮ, ਅਸਲ ਵਸਲ ਨਾ ਕੋਇ ਕਰਾਈਆ । ਬਰਦੇ ਹੋਏ ਹੈਰਾਨ, ਗ਼ੁਲਾਮ ਭੱਜਣ ਵਾਹੋ ਦਾਹੀਆ । ਖ਼ੁਦਾ ਕਿਹਾ ਮੁਹੰਮਦ ਆਪਣੀ ਕਾਇਆ ਕੌਲੀ ਵਿਚ ਮੇਰੀ ਕਰ ਪਹਿਚਾਨ, ਜਿਸ ਵਿਚ ਆਪਣੇ ਪ੍ਰੇਮ ਦਾ ਫੁੱਲ ਅਨਮੁੱਲ ਦਿਤਾ ਟਿਕਾਈਆ । ਮੁਹੰਮਦ ਕਰ ਕੇ ਸਲਾਮ, ਸਜਦੇ ਵਿਚ ਸੀਸ ਦਿਤਾ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਨਾਲ ਤਰਾਈਆ । ਕੌਲੀ ਕਹੇ ਮੇਰਾ ਸਭ ਤੋਂ ਛੋਟਾ ਰਕਬਾ, ਅਰਜ਼ ਤੂਲ ਸਮਝ ਕੋਇ ਨਾ ਪਾਈਆ । ਮੈਂ ਵਸਾਵਾਂ ਕਾਇਆ ਦੇ ਅੰਦਰ ਇਕ ਕਸਬਾ, ਸਭ ਕੁਛ ਓਸੇ ਵਿਚ ਟਿਕਾਈਆ । ਮੇਰੇ ਵਿਚ ਵੱਡਾ ਗੁਣ ਤੇ ਵੱਡਾ ਵਸਫ਼ਾ, ਕਾਬਲੀਅਤ ਵਿਚ ਵੱਡੀ ਨਜ਼ਰੀ ਆਈਆ । ਭਗਤੋ ਸੰਤੋ ਗੁਰਮੁਖੋ ਗੁਰਸਿੱਖੋ ਪ੍ਰਭ ਨੂੰ ਆਪਣੇ ਨਾਮ ਵਰਤੌਣ ਦਾ ਬੜਾ ਸਰਫ਼ਾ, ਗੁਰ ਅਵਤਾਰ ਪੈਗ਼ੰਬਰਾਂ ਨੂੰ ਨਿੱਕੀ ਜਿਹੀ ਕੌਲੀ ਦਾ ਜਾਮ ਪਿਆਈਆ । ਅੱਗੇ ਪਾ ਕੇ ਆਪਣੇ ਨਾਮ ਦਾ ਪਰਚਾ, ਪਰਾਚੀਨ ਦੇ ਵਿਛੜਿਆਂ ਤੋਂ ਸਵਾਲ ਰਿਹਾ ਕਢਾਈਆ । ਕਿਸੇ ਨੂੰ ਸਤਿਜੁਗ ਕਿਸੇ ਨੂੰ ਤਰੇਤਾ ਕਿਸੇ ਨੂੰ ਦਵਾਪਰ ਕਿਸੇ ਨੂੰ ਕਲਜੁਗ ਕਿਸੇ ਨੂੰ ਚੌਦਾਂ ਸਦੀਆਂ ਦਾ ਦਿਤਾ ਖ਼ਰਚਾ, ਅੱਗੋਂ ਖਾਲੀ ਸਾਰੇ ਦਿੱਤੇ ਕਰਾਈਆ । ਸਚਖੰਡ ਵਿਚ ਸਾਰੇ ਬਹਿ ਕੇ ਕਰਦੇ ਚਰਚਾ, ਚਰਚਾਂ ਵਿਚ ਨਜ਼ਰ ਕੋਇ ਨਾ ਆਈਆ । ਖੌਰੇ ਕਿਹੋ ਜਿਹਾ ਚੜ੍ਹਨਾ ਅੱਗੇ ਬਰਸਾ, ਸਾਡੀ ਬਰਸੀ ਭੁੱਲੇ ਜਗਤ ਲੋਕਾਈਆ । ਔਹ ਵੇਖੋ ਭਗਤਾਂ ਦੇ ਉਤੇ ਕਿਹੜੀ ਕਰਦਾ ਵਰਸ਼ਾ, ਕਵਣ ਮੇਘ ਵਰਸਾਈਆ । ਗੋਬਿੰਦ ਕਿਹਾ ਖ਼ਬਰਦਾਰ ਇਹ ਉਹ ਜਿਹੜੇ ਵਿਛੜੇ ਸਰਸਾ, ਗੁਰ ਅਵਤਾਰ ਪੈਗ਼ੰਬਰ ਅੱਖ ਨਾ ਕੋਇ ਉਠਾਈਆ । ਮੇਰੇ ਕੋਲ ਸਭ ਦੀਆਂ ਫ਼ਰਦਾਂ, ਜੁਗ ਜਨਮ ਦੇ ਵਿਛੜੇ ਲਵਾਂ ਉਠਾਈਆ । ਮੇਰੇ ਕੋਲ ਵਿਛੋੜੇ ਦੀਆਂ ਦਰਦਾਂ, ਬਿਰਹੁ ਵਾਲੇ ਲਵਾਂ ਜਗਾਈਆ । ਜਿਨ੍ਹਾਂ ਦੀਆਂ ਜਨਮ ਜਨਮ ਦੀਆਂ ਅਰਜ਼ਾਂ, ਓਨ੍ਹਾਂ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਕੌਲੀ ਕਹੇ ਮੈਂ ਵੇਖਾਂ ਕਾਇਨਾਤ, ਦੀਨ ਦੁਨੀ ਫੋਲ ਫੁਲਾਈਆ । ਬਿਨਾ ਮੇਰੇ ਕਿਸੇ ਨੂੰ ਪ੍ਰਭ ਕਰੇ ਨਾ ਕੁਛ ਅਨਾਇਤ, ਵਸਤ ਝੋਲੀ ਨਾ ਕੋਇ ਟਿਕਾਈਆ । ਚਾਰ ਜੁਗ ਮੈਂ ਸਭ ਦੀ ਕਰਦੀ ਰਹੀ ਹਮਾਇਤ, ਹਮਸਾਜਨ ਹੋ ਕੇ ਸੇਵ ਕਮਾਈਆ । ਜਨ ਭਗਤੋ ਹੁਣ ਪਤਾ ਨਹੀਂ ਸ਼ਾਇਦ, ਪ੍ਰਭ ਆਪਣੀ ਰੀਤੀ ਦਿਤੀ ਬਦਲਾਈਆ । ਅੱਜ ਤੋਂ ਮੈਂ ਛੋਟੀ ਪਿਆਲੀ ਹੋ ਗਈ ਗ਼ਾਇਬ, ਜਿੰਨਾਂ ਚਾਹੇ ਤੁਹਾਨੂੰ ਅੰਮ੍ਰਿਤ ਰਸ ਦਏ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਚੜ੍ਹਾਈਆ ।

ਜੁਗ ਫਿਰਦਿਆਂ ਫਿਰਦਿਆਂ ਆ ਗਿਆ ਉਹ ਟਿਕਾਣਾ, ਜਿਸ ਦੇ ਟਿੱਕੇ ਸਾਰੇ ਰਹੇ ਲਗਾਈਆ । ਲੱਭਦਿਆਂ ਲੱਭਦਿਆਂ ਮਿਲ ਗਿਆ ਉਹ ਘਰਾਨਾ, ਜਿਥੇ ਘਰਾਂ ਦੀ ਵੰਡ ਨਾ ਕੋਇ ਵੰਡਾਈਆ । ਚੜ੍ਹਦਿਆਂ ਚੜ੍ਹਦਿਆਂ ਮਿਲ ਗਿਆ ਉਹ ਬਬਾਣਾ, ਜੋ ਦੋ ਜਹਾਨ ਆਪਣੇ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰੰਗਾਈਆ । ਜਨ ਭਗਤੋ ਰਵਦਾਸ ਦੀ ਉਹ ਬੌਲੀ, ਜੋ ਚਮੜਿਆਂ ਰੰਗ ਰੰਗਾਈਆ । ਜਿਥੇ ਪ੍ਰੇਮ ਦੀ ਹੋਵੇ ਬੋਹਣੀ, ਨੇਮ ਦਾ ਭੇਵ ਖੁਲ੍ਹਾਈਆ । ਸਭ ਦੀ ਲੇਖੇ ਲੱਗ ਜਾਏ ਆਉਣੀ, ਦੁਰਮਤ ਮੈਲ ਧਵਾਈਆ । ਕਾਇਆ ਅੰਦਰ ਹੋ ਜਾਏ ਰੌਣੀ, ਅੰਮ੍ਰਿਤ ਜਲ ਕਰੇ ਸਿੰਚਾਈਆ । ਮਨਸਾ ਪੂਰੀ ਹੋਵੇ ਭਾਉਣੀ, ਭਾਵਨਾ ਆਪਣੇ ਰੰਗ ਰੰਗਾਈਆ । ਜਿਸ ਨੇ ਉਜੜੀ ਵਸਤੀ ਸਭ ਦੀ ਵਸਾਉਣੀ, ਦਰ ਠਾਂਡਾ ਇਕ ਵਖਾਈਆ । ਕਲਜੁਗ ਰੈਣ ਨਾ ਰਹੇ ਡਰਾਉਣੀ, ਸਤਿਜੁਗ ਸਾਚਾ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਰਵਦਾਸ ਬੌਲੀ ਪ੍ਰਭ ਦਾ ਤਾਲਾਬ, ਤਾਰਨਹਾਰ ਇਕ ਅਖਵਾਈਆ । ਭਗਤ ਸੁਹੇਲੇ ਫੁੱਲ ਉਹ ਗੁਲਾਬ, ਜਿਹੜਾ ਗੁਲ ਆਪ ਖਿਲਾਈਆ । ਜਿਥੇ ਨਾਨਕ ਦੀ ਵੱਜੇ ਰਬਾਬ, ਬਿਨ ਤਾਲ ਸੁਰ ਸੁਣਾਈਆ । ਖੇਲ ਸੱਚੀ ਜਨਾਬ, ਹਰਿ ਕਰਤਾ ਆਪ ਵਖਾਈਆ । ਅਰਜਨ ਦੀ ਕਿਤਾਬ, ਕੁਤਬਖ਼ਾਨਿਆਂ ਬਾਹਰ ਟਿਕਾਈਆ । ਦੁੱਧ ਦੀ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦੇਵੇ ਵਡਿਆਈਆ । ਬੌਲੀ ਕਹੇ ਮੇਰੇ ਪਾਣੀ ਦਾ ਨਹੀਂ ਕੋਈ ਨਾਪ, ਪੈਮਾਨਾ ਨਜ਼ਰ ਕੋਇ ਨਾ ਆਈਆ । ਮੇਰੇ ਅੰਦਰਲੇ ਕੋਟ ਉਤਰਨ ਪਾਪ, ਪਾਪਾਂ ਕਰਾਂ ਸਫ਼ਾਈਆ । ਮੈਂ ਸਦਾ ਸੁਣਦੀ ਇਕੋ ਦਾ ਜਾਪ, ਜੋ ਸੋਹੰ ਢੋਲਾ ਗਾਈਆ । ਅੰਤ ਸਭ ਨੂੰ ਜਾਵਾਂ ਆਖ, ਸੰਦੇਸਾ ਇਕ ਇਲਾਹੀਆ । ਚਾਰ ਜੁਗ ਦੇ ਪੂਰੇ ਹੋਣੇ ਭਵਿਖਤ ਵਾਕ, ਜੋ ਭਾਖਿਆ ਗੁਰ ਅਵਤਾਰ ਪੈਗ਼ੰਬਰ ਗਏ ਸੁਣਾਈਆ । ਜਨ ਭਗਤ ਹੋਏ ਨਾ ਕੋਇ ਉਦਾਸ, ਗ਼ਮੀ ਵਿਚ ਗ਼ਮ ਨਾ ਕੋਇ ਬਣਾਈਆ । ਪ੍ਰਭ ਦਾ ਖੇਲ ਤਮਾਸ਼, ਹੁਕਮੇ ਅੰਦਰ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹੋਣ ਨਾ ਦੇਵੇ ਨਿਰਾਸ, ਨਿਰਾਸਾ ਆਸਾ ਵਿਚ ਸਮਾਈਆ ।



ਡੇਢ੍ਹ ਰੋਟੀ ਦਾ ਖਾਣਾ ਖਾਧਾ, ਖਾ ਖਾ ਖ਼ੁਸ਼ੀ ਮਨਾਈਆ । ਇਹ ਭਗਤ ਭਗਵਾਨ ਦਾ ਵਾਧਾ, ਇਕ ਦਾ ਅੱਧਾ ਅੱਧੇ ਦਾ ਇਕ ਦੋਹਾਂ ਦਾ ਡੇਢ੍ਹ ਸੋਭਾ ਪਾਈਆ । ਗੋਬਿੰਦ ਪਿਤਾ ਤੇ ਪੁਰਖ ਅਕਾਲ ਦਾਦਾ, ਦੋਹਾਂ ਦਾ ਰਿਜ਼ਕ ਮੁਕ ਕਦੇ ਨਾ ਜਾਈਆ । ਸਦਾ ਪ੍ਰੇਮ ਪਿਆਰ ਵਿਚ ਹੋਵੇ ਸਾਦਾ, ਬੁੱਧੀ ਸਾਦੀ ਦਏ ਬਣਾਈਆ । ਦੁਰਮਤ ਮੈਲ ਧੋਵੇ ਦਾਗ਼ਾ, ਦਲਿਦਰੀਆਂ ਦਲਿਦ੍ਰ ਗਵਾਈਆ । ਇਹ ਖਾਣਾ ਮੰਗਿਆ ਸੀ ਬਾਵਨ ਕੋਲੋਂ ਬਲ ਰਾਜਾ, ਭਗਤੀ ਵਿਚ ਭਗਤ ਹੋ ਕੇ ਧਿਆਨ ਲਗਾਈਆ । ਹੁਕਮ ਹੋਇਆ ਜਿਸ ਵੇਲੇ ਆਪਣਾ ਭਗਤ ਪਰਗਟਾਵਾਂ ਧੁਰ ਦਾ ਸਾਹਿਬਜ਼ਾਦਾ, ਵੰਸ ਬੰਸ ਇਕੋ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਇਹ ਰੋਟੀ ਨਹੀਂ ਡੇਢ੍ਹ ਫੁਲਕਾ, ਫਲ ਫੂਲ ਰਿਹਾ ਮਹਿਕਾਈਆ । ਪਾਰ ਉਤਾਰਾ ਹੋਵੇ ਓਸ ਕੁਲ ਕਾ, ਜਿਸ ਕੁਲ ਵਿਚ ਗੁਰਮੁਖ ਨਜ਼ਰੀ ਆਈਆ । ਲੱਖ

ਚੁਰਾਸੀ ਕਦੇ ਨਾ ਰੁਲਦਾ, ਜੂਨੀ ਵਿਚ ਨਾ ਕੋਇ ਭਵਾਈਆ । ਕਿਸੇ ਸਵਾਦ ਨਹੀਂ ਮਾਨਣਾ ਬੁੱਲ ਦਾ, ਰਸਨਾ ਰਸ ਨਾ ਕੋਇ ਵਡਿਆਈਆ । ਸੋ ਭਗਤ ਜੋ ਪ੍ਰਭ ਦੇ ਹੁਕਮ ਅੰਦਰ ਤੁਲਦਾ, ਨਾਮ ਤਰਾਜ਼ੂ ਉਤੇ ਆਪਣਾ ਆਪ ਟਿਕਾਈਆ । ਇਹ ਭਾਂਡਾ ਭੱਜਣਾ ਸਭ ਦੀ ਕਾਇਆ ਚੁਲ੍ਹ ਦਾ, ਠੀਕਰ ਨਜ਼ਰ ਕੋਇ ਨਾ ਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਭਗਤਾਂ ਦਾ ਦਵਾਰਾ ਖੁਲ੍ਹਦਾ, ਭਗਵਨ ਹੋਵੇ ਆਪ ਸਹਾਈਆ । ਜਿਸ ਦਾ ਰਾਹ ਸੁਲਹਕਲ ਦਾ, ਮਾਰਗ ਇਕੋ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ ।

ਹਰਿ ਸੰਗਤ ਤੇਰਾ ਪਰਸ਼ਾਦ, ਪਰਸ਼ਾਦਿਆਂ ਦਾ ਲਹਿਣਾ ਦਏ ਚੁਕਾਈਆ । ਤੁਹਾਡਾ ਪ੍ਰਭੂ ਆਦਿ, ਤੁਸੀਂ ਜੁਗ ਤੇ ਸਤਿਗੁਰੂ ਜੁਗਾਦਿ, ਬਿਨਾ ਜੁਗ ਤੋਂ ਜਗਤ ਨਾ ਕੋਇ ਵਡਿਆਈਆ । ਤੁਸੀਂ ਪ੍ਰਭੂ ਦੇ ਪੁੱਤਰ ਤੁਸੀਂ ਦਾਮਾਦ, ਤੇ ਪੁੱਤਰ ਧੀ ਇਕੋ ਰੰਗ ਵਖਾਈਆ । ਤੁਸੀਂ ਓਸ ਦੇ ਸੰਤ ਤੁਸੀਂ ਓਸ ਦੇ ਸਾਧ, ਬਿਨਾ ਤੁਹਾਡੇ ਨਾਦ ਨਾ ਕਿਤੇ ਵਜਾਈਆ । ਤੁਸੀਂ ਸੁੱਤੇ ਤੇ ਤੁਸੀਂ ਪਏ ਜਾਗ, ਜਗਾਵਣ ਵਾਲਾ ਤੁਹਾਨੂੰ ਰਿਹਾ ਉਠਾਈਆ । ਅੱਜ ਤੋਂ ਤੁਸੀਂ ਨਹੀਂ ਰਹੇ ਕਾਗ, ਕਾਗੋਂ ਹੰਸ ਬਣਾਈਆ । ਸ੍ਰਿਸ਼ਟੀ ਵਿਚ ਤੁਹਾਡਾ ਜਗੇ ਚਰਾਗ਼, ਤੇਲ ਬਾਤੀ ਪ੍ਰਭੂ ਆਪੇ ਵਿਚ ਟਿਕਾਈਆ । ਤੂੰ ਮੇਰਾ ਮੈਂ ਤੇਰਾ ਇਹੋ ਪੱਕਾ ਰਹੇ ਸਾਕ, ਦੂਜਾ ਨਾਤਾ ਨਾ ਕੋਇ ਬਣਾਈਆ । ਤੁਸੀਂ ਭਗਤ ਤੇ ਪ੍ਰਭੂ ਤੁਹਾਡਾ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਤੁਸੀਂ ਆਤਮਾ ਤੇ ਉਹ ਤੁਹਾਡੀ ਤੱਤਾਂ ਵਾਲੀ ਖ਼ਾਕ, ਅੱਠੇ ਪਹਿਰ ਪੜਦਾ ਰਿਹਾ ਪਾਈਆ । ਜੇ ਇਕ ਮੰਨ ਲਓ ਬਾਤ, ਬਾਤਨ ਹੋਵੇ ਰੁਸ਼ਨਾਈਆ । ਸਾਰੇ ਸਮਝੋ ਇਕ ਨੂੰ ਬਾਪ, ਦੂਜੀ ਜਨਮ ਵਾਲੀ ਨਾ ਕੋਇ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਪਰਸ਼ਾਦ ਕਹੇ ਮੈਂ ਸਭ ਨੂੰ ਕੀਤਾ ਇਕੱਠਾ, ਪ੍ਰੀਤੀ ਅੰਦਰ ਮੇਲ ਮਿਲਾਈਆ । ਕਿਉਂ ਟੈਂਕੇ ਅੱਗੇ ਲੱਗਾ ਠੱਠਾ, ਪ੍ਰਭ ਨੂੰ ਸਾਰੇ ਕਰਦੇ ਠੱਠਾ, ਠੱਠੇ ਦਾ ਠਾਕਰ ਨਜ਼ਰ ਕਿਸੇ ਨਾ ਆਈਆ । ਜੇ ਕੋਈ ਵੇਖੇ ਲੰਮਾ ਉਚਾ ਜਾਂ ਕੋਈ ਤੱਕੇ ਗੱਠਾ, ਨਿੱਕਿਆਂ ਤੋਂ ਨਿੱਕਾ ਵੇਖਣ ਕੋਇ ਨਾ ਪਾਈਆ । ਜਿਸ ਗੁਰ ਅਵਤਾਰ ਪੈਗ਼ੰਬਰਾਂ ਤੋਂ ਸ੍ਰਿਸ਼ਟੀ ਵਿਚ ਪਵਾਇਆ ਰੱਟਾ, ਰਿਟਨ ਵਿਚ ਆਪਣਾ ਨਾਮ ਸਮਝਾਈਆ । ਤੇ ਜੇ ਆਦਿ ਤੋਂ ਅੰਤ ਤਕ ਇਕੋ ਦੱਸ ਦੇਂਦਾ ਆਪਣੇ ਨਾਮ ਦਾ ਟੱਪਾ, ਫੇਰ ਟਿੱਪੀ ਬਿੰਦੀ ਦੀ ਲੋੜ ਰਹਿੰਦੀ ਨਾ ਰਾਈਆ । ਸਚਖੰਡ ਬਹਿ ਕੇ ਗੁਰ ਅਵਤਾਰ ਪੈਗ਼ੰਬਰਾਂ ਉਤੇ ਲੋਕਮਾਤ ਰਖਦਾ ਰਿਹਾ ਛੱਪਾ, ਹੁਕਮ ਵਿਚ ਡਰਾਈਆ । ਪੱਚੀ ਅੱਖਰ ਬਣਾ ਕੇ ਪੱਚੀ ਪਰਕਿਰਤੀ ਵੰਡ ਵੰਡਾ ਕੇ ਸਭ ਤੋਂ ਅਖ਼ੀਰ ਛੱਬੀਆਂ ਬਣਾਇਆ ਪੱਪਾ, ਪੱਪੇ ਵਿਚ ਪੂਰਨ ਦਿਤਾ ਸਮਾਈਆ । ਜਿਸ ਨੇ ਫੱਫਾ ਬਣ ਸਭ ਦਾ ਮਾਰਨਾ ਫੱਕਾ, ਬੱਬਾ ਬੱਕਰੇ ਖਾਣ ਵਾਲਾ ਰਹਿਣ ਕੋਇ ਨਾ ਪਾਈਆ । ਭੱਬਾ ਹੋ ਕੇ ਭਿਅੰਕਰ ਦੇਵੇ ਧੱਕਾ, ਮੱਮਾ ਮਛਲੀਆਂ ਜਲਾਂ ਵਿਚ ਤਰਾਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰ ਯੱਯੇ ਦਾ ਬਣਾ ਕੇ ਯੱਕਾ, ਰਾਰਾ ਰੇਲ ਉਤੇ ਚੜ੍ਹਾਈਆ । ਆਉਂਦੇ ਗਏ ਕੋਟਨ ਵਾਰ ਲੱਖਾਂ, ਲੱਲਾ ਲੇਖ ਦਏ ਸਮਝਾਈਆ । ਵਾਵਾ ਵਤਨ ਵਾਲਾ ਬੇਵਤਨ ਹੋ ਕੇ ਕੋਈ ਨਾ ਬਣਿਆ ਪੱਕਾ, ਜੋ ਆਇਆ ਸੋ ਗਿਆ ਪੰਧ ਮੁਕਾਈਆ । ੜਾੜਾ ਕਹੇ ਹੁਣ ੜਾੜ ਮੇਟੇ ਪ੍ਰਭ ਬਣ ਕੇ ਸਿੱਧਾ ਜੱਟਾ, ਜਟਾ ਜੂਟ

੧੨੨੧
੨੦

ਧਾਰੀ ਨਜ਼ਰ ਕੋਇ ਨਾ ਆਈਆ । ਸਭ ਦੀ ਅੱਖੀਂ ਪਾ ਕੇ ਘੱਟਾ, ਆਪਣਾ ਖੇਲ ਖਿਲਾਈਆ । ਸਵਾਲ ਵਿਚ ਆਪਣਾ ਸਮਝਾਇਆ ਨਹੀਂ ਕਿਸੇ ਬਟਾ, ਇਸ਼ਾਰੀਏ ਕਸਰ ਸਾਰੇ ਦਿਤੇ ਉਡਾਈਆ । ਆਪਣੇ ਨਾਂ ਨੂੰ ਲੱਗਣ ਦੇਵੇ ਕਦੇ ਨਾ ਵੱਟਾ, ਵਟਾਂਦਰੇ ਵਿਚ ਗੁਰ ਅਵਤਾਰ ਪੈਗ਼ੰਬਰ ਸਾਰੇ ਦਏ ਬਦਲਾਈਆ । ਸਭ ਦਾ ਲੇਖਾ ਕਰ ਕੇ ਪੂਰਾ ਪਟੇਦਾਰੀ ਦਾ ਪੱਟਾ, ਸਦੀ ਚੌਧਵੀਂ ਪੰਧ ਮੁਕਾਈਆ । ਪਰਸ਼ਾਦ ਕਹੇ ਗੁਰਮੁਖੋ ਜ਼ਰੂਰ ਤੁਹਾਨੂੰ ਪਾਲਾ ਲੱਗਦਾ ਹੋਊਗਾ ਠੱਕਾ, ਸਾਰੇ ਲੇਫਾਂ ਤਲਾਈਆਂ ਵੱਲ ਵੇਖ ਵਖਾਈਆ । ਇਹ ਵੀ ਵਾਅਦਾ ਸੀ ਪਿਛਲਾ ਪੂਰਾ ਪੱਕਾ, ਜਿਸ ਕਾਰਨ ਪੂਰ ਕਰਾਈਆ । ਜੇ ਤੁਹਾਨੂੰ ਸਰਦੀ ਤੇ ਮੈਂ ਪਿੰਡਾ ਕਰ ਲਵਾਂ ਨੰਗਾ, ਨੰਗਾ ਹੋ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪਰਸ਼ਾਦ ਕਹੇ ਮੈਨੂੰ ਦਿਓ ਵਰਤ, ਵਰਤਮਾਨ ਵੇਖ ਵਖਾਈਆ । ਜੇ ਪ੍ਰਭੂ ਆਇਉਂ ਪਰਤ, ਪਤਿਪਰਮੇਸ਼ਵਰ ਹੋ ਸਹਾਈਆ । ਲੇਖਾ ਚੁਕਾ ਉਤੇ ਧਰਤ, ਧਰਨੀ ਧਵਲ ਧੌਲ ਤੇਰੀ ਓਟ ਤਕਾਈਆ । ਸਾਰਿਆਂ ਦੀ ਪੂਰੀ ਕਰ ਕੇ ਸ਼ਰਤ, ਸ਼ਰੀਅਤ ਤੋਂ ਬਾਹਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਹਿਮਤ ਵਿਚ ਕਰੇ ਤਰਸ, ਸਦਾ ਸਦਾ ਸਦ ਸਿਰ ਆਪਣਾ ਹੱਥ ਰਖਾਈਆ ।



## ★ ੨੨ ਮਾਘ ਸ਼ਹਿਨਸ਼ਾਹੀ ਸੰਮਤ ੩ ਪਾਲ ਸਿੰਘ ਦੇ ਗ੍ਰਿਹ ਭਲਾਈ ਪੁਰ ਡੋਗਰਾ ★

ਗੋਬਿੰਦ ਕਹੇ ਪ੍ਰਭ ਤੇਰੀ ਵੇਖੀ ਰਸਮ, ਰਸੀਆ ਹੋ ਕੇ ਖੋਜ ਖੁਜਾਈਆ । ਸਚ ਸੌਗੰਦ ਖਾਧੀ ਕਸਮ, ਇਕਰਾਰ ਤੇਰਾ ਚੇਤੇ ਆਈਆ । ਮਾਟੀ ਖ਼ਾਕ ਵੇਖ ਭਸਮ, ਜੋ ਭਾਂਡਾ ਭਰਮ ਭੌ ਭੰਨਾਈਆ । ਨਿਗਾਹ ਮਾਰ ਅਗੰਮੇ ਨੂਰੇ ਚਸ਼ਮ, ਪੜਦਾ ਓਹਲਾ ਆਪ ਉਠਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਚਰਨ ਵਸਣ, ਸੀਸ ਜਗਦੀਸ ਇਕ ਝੁਕਾਈਆ । ਹੁਕਮੇ ਅੰਦਰ ਜੁਗ ਚੌਕੜੀ ਨੱਸਣ, ਭੱਜਣ ਵਾਹੋ ਦਾਹੀਆ । ਧੁਰ ਸੰਦੇਸਾ ਮਾਤ ਦੱਸਣ, ਕਲਮਾ ਨਾਮ ਸਿਫ਼ਤ ਸਾਲਾਹੀਆ । ਅੰਤਮ ਸਭ ਦੀ ਪੈਜ ਆਵੇ ਰੱਖਣ, ਨਿਰਗੁਣ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਮੈਂ ਵੇਖਿਆ ਤੇਰਾ ਰਿਵਾਜ, ਜੁਗ ਚੌਕੜੀ ਭੇਵ ਖੁਲ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਤੱਕੀ ਸਮਾਜ, ਇਸ਼ਟੀ ਵੰਡ ਵੰਡਾਈਆ । ਪੈਗ਼ਬਰ ਤੇਰੇ ਮੁਹਤਾਜ, ਅਵਤਾਰ ਝੋਲੀਆਂ ਡਾਹੀਆ । ਨਿਰਗੁਣ ਤੇਰਾ ਕਾਜ, ਸਰਗੁਣ ਜੋੜ ਜੁੜਾਈਆ । ਦੋ ਜਹਾਨਾਂ ਸੀਸ ਦਿਸੇ ਕਿਸੇ ਨਾ ਤਾਜ, ਹੁਕਮਰਾਨ ਹੁਕਮ ਨਾ ਕੋਇ ਮਨਾਈਆ । ਕਲਜੁਗ ਅੰਤ ਸਭ ਦਾ ਬੇੜਾ ਡੁਬਦਾ ਦਿਸੇ ਜਹਾਜ਼, ਪਾਰ ਕਿਨਾਰਾ ਨਾ ਕੋਇ ਵਖਾਈਆ । ਇਕ ਬੇਨੰਤੀ ਕਰਾਂ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਭੇਵ ਖੋਲ੍ਹ ਬੋਧ ਅਗਾਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਸਾਚਾ ਦਿਸੇ ਕੋਈ ਨਾ ਸਾਧ, ਸਾਧਨਾ ਸਿੱਧ ਨਾ ਕੋਇ ਵਖਾਈਆ । ਰਸਨਾ ਜਿਹਵਾ ਸਾਰੇ ਤੈਨੂੰ ਰਹੇ ਆਰਾਧ, ਹਿਰਦੇ ਅੰਦਰ ਦਰਸ ਕੋਇ ਨਾ ਪਾਈਆ । ਦੀਨ ਦੁਨੀਆ ਹੋਈ ਬੇਇਲਾਜ, ਨਾਮ ਦਾਰੂ ਮੁਖ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੋਬਿੰਦ ਕਹੇ ਵੇਖ ਆਪਣੀ ਰੀਤੀ, ਜੁਗ ਚੌਕੜੀ ਧਿਆਨ

ਲਗਾਈਆ । ਅੰਤਮ ਤੇਰੀ ਸਦੀ ਬੀਤੀ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਮੇਰਾ ਲੇਖੇ ਲਾ ਖ਼ੂਨ ਕੱਢਿਆ ਚੀਚੀ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਗੁਰਮੁਖ ਭਗਤ ਸੁਹੇਲੇ ਧਰਮ ਦੀ ਇਕ ਬਗ਼ੀਚੀ, ਬਾਗ਼ਬਾਨ ਹੋ ਕੇ ਵੇਖ ਵਖਾਈਆ । ਦੂਰ ਦੁਰਾਡੇ ਵਸ ਨਜ਼ਦੀਕੀ, ਨੇਰਨ ਨੇਰਾ ਨਜ਼ਰੀ ਆਈਆ । ਸ਼ਰਅ ਤੋੜ ਜਗਤ ਸ਼ਰੀਕੀ, ਲਾਸ਼ਰੀਕ ਆਪਣੀ ਅੱਖ ਖੁਲ੍ਹਾਈਆ । ਤੇਰੇ ਵਿਚ ਇਕ ਤੌਫ਼ੀਕੀ, ਰਹਿਮਤ ਸਭ ਦੇ ਉਤੇ ਕਮਾਈਆ । ਪਿਛਲੀ ਬਦਲ ਸਰਬ ਤਵਾਰੀਖੀ, ਤਾਰੀਖ ਇਕ ਦ੍ਰਿੜਾਈਆ । ਦਰ ਦਰਵੇਸ਼ ਮੰਗਣ ਭੀਖੀ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੋਬਿੰਦ ਕਹੇ ਮੈਂ ਤੇਰਾ ਤੱਕਿਆ ਬਿਵਹਾਰ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਸਾਚਾ ਦਿਸੇ ਨਾ ਕੋਇ ਮਿੱਤਰ ਪਿਆਰ, ਮਾਇਆ ਮਮਤਾ ਮੋਹ ਹਲਕਾਈਆ । ਸਚ ਸੰਦੇਸ਼ਾ ਦੇ ਅਗੰਮੀ ਧਾਰ, ਧੁਰ ਦਾ ਹੁਕਮ ਇਕ ਪਰਗਟਾਈਆ । ਭਵਿਖਤਾਂ ਵਾਲਾ ਲੇਖਾ ਮੁਕੇ ਵਿਚ ਸੰਸਾਰ, ਸੰਸੇ ਸਭ ਦੇ ਦੂਰ ਕਰਾਈਆ । ਤੇਰੀ ਇਕ ਸੁਣੇ ਗੁਫ਼ਤਾਰ, ਦੂਜਾ ਰਾਗ ਨਾ ਕੋਇ ਅਲਾਈਆ । ਦਰ ਵਖਾ ਸੱਚਾ ਦਰਬਾਰ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਹਉਂ ਮਾਂਗਤ ਦਰ ਭਿਖਾਰ, ਜਗਦੀਸ ਸੀਸ ਨਿਵਾਈਆ । ਤੇਰਾ ਲੇਖਾ ਕਾਗਦ ਕਲਮ ਨਾ ਲਿਖਣਹਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਨਾਨਕ ਨਿਰਗੁਣ ਤੇਰੇ ਪ੍ਰੇਮ ਦੀ ਵਜਾਏ ਇਕ ਸਤਾਰ, ਰਬਾਬ ਰੱਬੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਗੋਬਿੰਦ ਕਹੇ ਤੇਰਾ ਵੇਖਿਆ ਘਾਟ ਪਤਣ, ਕਿਨਾਰਾ ਸੋਭਾ ਪਾਈਆ । ਜੁਗ ਚੌਕੜੀ ਸਾਰੇ ਕਰਦੇ ਗਏ ਯਤਨ, ਯਥਾਰਥ ਤੇਰੀ ਸੇਵ ਕਮਾਈਆ । ਦੁਨੀਆ ਵੇਖਦੇ ਗਏ ਬੇਵਤਨ, ਤੇਰਾ ਵਤਨ ਨਜ਼ਰ ਕਿਸੇ ਨਾ ਆਈਆ । ਧੰਨ ਭਾਗ ਜੋ ਕਲਜੁਗ ਅੰਤਮ ਆਇਉਂ ਪੈਜ ਰੱਖਣ, ਨਿਰਗੁਣ ਹੋ ਕੇ ਫੇਰਾ ਪਾਈਆ । ਸਚ ਦਵਾਰ ਦਾ ਦਿਤਾ ਭਜਨ, ਬੰਦਗੀ ਇਕੋ ਇਕ ਦਰਸਾਈਆ । ਲੱਖ ਚੁਰਾਸੀ ਤੋਲ ਕੇ ਵਜ਼ਨ, ਭਗਤ ਸੁਹੇਲੇ ਲਏ ਉਠਾਈਆ । ਜਿਨ੍ਹਾਂ ਦੇ ਨੇੜ ਨਾ ਆਵੇ ਅਜ਼ਲ, ਭੈ ਭੌ ਨਾ ਕੋਇ ਰਖਾਈਆ । ਉਨ੍ਹਾਂ ਦੀ ਪੂਰੀ ਕਰਦੇ ਮਜ਼ਲ, ਪੈਂਡਾ ਅਗਲਾ ਦੇ ਚੁਕਾਈਆ । ਤੂੰ ਮੇਰਾ ਮੈਂ ਤੇਰਾ ਸਾਚੀ ਗਾਉਂਦੇ ਗ਼ਜ਼ਲ, ਗ਼ਰਜ਼ ਸਭ ਦੀ ਵੇਖ ਵਖਾਈਆ । ਮਨ ਵਿਕਾਰ ਕੂੜੀ ਕਿਰਿਆ ਕਰਦੇ ਕਤਲ, ਨਾਮ ਖੰਡਾ ਇਕ ਚਮਕਾਈਆ । ਕੁਝ ਲੇਖਾ ਵੇਖਾਂ ਦੱਖਣ, ਨਦੇੜ, ਅਧੇੜ ਛੇੜ ਜਗਤ ਵਾਲੀ ਛਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦੇਣਾ ਰੰਗਾਈਆ । ਗੋਬਿੰਦ ਕਹੇ ਮੈਂ ਵੇਖਾਂ ਤੇਰਾ ਰੰਗ, ਰੰਗ ਰੰਗੀਲਾ ਸੋਹਣਾ ਭਾਈਆ । ਸਚ ਸੁਹੰਜਣਾ ਤੇਰਾ ਪਲੰਘ, ਪਾਰਬ੍ਰਹਮ ਨਜ਼ਰੀ ਆਈਆ । ਨਾਮ ਨਿਧਾਨ ਤੇਰਾ ਮਰਦੰਗ, ਦੋ ਜਹਾਨ ਕਰੇ ਸ਼ਨਵਾਈਆ । ਜੁਗ ਚੌਕੜੀ ਗਏ ਲੰਘ, ਗੁਰ ਅਵਤਾਰ ਪੈਗ਼ੰਬਰ ਤੇਰਾ ਰਾਹ ਤਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪਾਵੇ ਡੰਡ, ਡੰਡਾਵਤ ਵਿਚ ਤੈਨੂੰ ਸੀਸ ਨਿਵਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਨੇਤਰ ਨੀਰ ਵਹਾਵੇ ਜਮਨਾ ਸੁਰਸਤੀ ਗੋਦਾਵਰੀ ਗੰਗ, ਗਹਿਰ ਗੰਭੀਰ ਤੇਰੀ ਓਟ ਤਕਾਈਆ । ਸਾਚਾ ਦੇ ਇਕ ਅਨੰਦ, ਜੋ ਪੁਰੀ ਅਨੰਦ ਵਿਚੋਂ ਅਨੰਦ ਮੇਰੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਪ੍ਰਭੂ ਮੇਰਾ ਜੰਗ ਤੇਰਾ ਜਿਦਾਲ, ਮਸੀਹ ਵਸੀਅ ਮੁਹੰਮਦ ਰਬੀਅ ਵਿਚ ਧਿਆਨ

ਲਗਾਈਆ । ਜਮਾਦ ਉਲਸਾਨੀ ਤੇਰਾ ਖ਼ਿਆਲ, ਖ਼ੈਰਖ਼ਾਹ ਤੇਰੀ ਵਡ ਵਡਿਆਈਆ । ਰਮਜ਼ਾਨ ਸਮਝੇ ਨਾ ਕੋਇ ਨਿਸ਼ਾਨ, ਨਿਸ਼ਾਨੇ ਸਾਰੇ ਗਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਜਿਦਾਲ ਦਾ ਖੇਲ ਕਰ ਜਦੀਦ, ਯਦੀ ਆਪਣਾ ਹੁਕਮ ਚਲਾਈਆ । ਪੜਦਾ ਲਾਹ ਸ਼ੁਨੀਦ, ਗੁਫ਼ਤ ਰਾਗ ਸੁਣਾਈਆ । ਤੇਰਾ ਹੁਕਮ ਹੋਵੇ ਸ਼ਦੀਦ, ਸ਼ਹਾਦਤ ਦੀ ਲੋੜ ਰਹੇ ਨਾ ਰਾਈਆ । ਮੇਰੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਦੀ ਰੱਖੀ ਉਹ ਰਸੀਦ, ਜਿਸ ਵਿਚ ਹੁਕਮਨਾਮੇ ਸਭ ਨੂੰ ਦਿਤੇ ਸੁਣਾਈਆ । ਕਲਮਿਆਂ ਵਿਚ ਕੀਤੀ ਤਮਹੀਦ, ਤਾਕੀਦ ਆਪਣਾ ਨਾਮ ਦ੍ਰਿੜਾਈਆ । ਝਗੜਾ ਰਹੇ ਨਾ ਈਦ ਬਕਰੀਦ, ਬੱਕਰ ਬੁੱਕਰ ਬਾਕਾਇਦਾ ਵੇਖ ਵਖਾਈਆ । ਕਾਲੀ ਕਫ਼ਨੀ ਬਿਨਾ ਬਾਂਹਵਾਂ ਤੋਂ ਮੁਹੰਮਦ ਦੀ ਵੇਖ ਕਮੀਜ਼, ਜਿਸ ਦਾ ਅੱਗਾ ਪਿੱਛਾ ਰੂਪ ਨਾ ਕੋਇ ਸਮਝਾਈਆ । ਸਾਚੀ ਰਹੀ ਨਾ ਕੋਈ ਤਮੀਜ਼, ਤਮਾ ਵਿਚ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਗੋਬਿੰਦ ਕਹੇ ਮੈਂ ਤੱਕਾਂ ਕਿਹੜੀ ਅੱਖ, ਆਖ਼ਰ ਇਕੋ ਨਜ਼ਰੀ ਆਈਆ । ਸਭ ਨੂੰ ਦੱਸਾਂ ਸਚ, ਸਚ ਦਿਆਂ ਸਮਝਾਈਆ । ਗੁਰ ਅਵਤਾਰ ਪੈਗ਼ੰਬਰੋ ਪੁਰਖ ਅਕਾਲ ਆਦਿ ਜੁਗਾਦੀ ਇਸ਼ਟ ਪੱਕ, ਤੱਤਾਂ ਵਾਲਾ ਇਸ਼ਟ ਰਹਿਣ ਕੋਇ ਨਾ ਪਾਈਆ । ਅੱਗੇ ਸਾਰੇ ਮਿਲ ਕੇ ਇਕੋ ਗਾਓ ਜਸ, ਇਕੋ ਨਾਮ ਸਿਫ਼ਤ ਸਾਲਾਹੀਆ । ਇਕ ਦਵਾਰੇ ਜਾਓ ਵਸ, ਵਾਸਤਾ ਇਕੋ ਨਾਲ ਰਖਾਈਆ । ਚਰਨ ਕਵਲ ਜਾਓ ਢੱਠ, ਧੂੜੀ ਟਿੱਕੇ ਮਸਤਕ ਲਾਈਆ । ਮੁਹੰਮਦ ਕਿਹਾ ਮੇਰਾ ਲੇਖਾ ਪੂਰਾ ਹੋਣਾ ਵਿਚ ਸਾਲ ਅੱਠ, ਅੱਠ ਸੱਠ ਦਏ ਦੁਹਾਈਆ । ਮੇਰੀ ਬੱਧੀ ਵੇਖੋ ਗੱਠ, ਗਠੜੀ ਆਪਣੇ ਕੋਲ ਟਿਕਾਈਆ । ਮੈਂ ਚੌਦਾਂ ਤਬਕਾਂ ਬਾਹਰ ਜਾਣਾ ਨੱਠ, ਆਪਣਾ ਪੰਧ ਮੁਕਾਈਆ । ਮੇਰੀ ਉਮਤ ਦਾ ਅੰਤਮ ਲੇਖਾ ਹੋਣਾ ਵਿਚ ਦਿਨ ਸੱਠ, ਸੱਠਾਂ ਤੋਂ ਅੱਗੇ ਨਾ ਕੋਇ ਟਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਪ੍ਰਭੂ ਮੈਂ ਵੇਖੀ ਤੇਰੀ ਕਿਤਾਬ, ਸੱਤਾਂ ਸਤਰਾਂ ਵਾਲੀ ਨਜ਼ਰੀ ਆਈਆ । ਜਿਸ ਦਾ ਸਮਝੇ ਨਾ ਕੋਇ ਹਿਸਾਬ, ਇਲਮ ਵਿਚ ਨਾ ਕੋਇ ਵਡਿਆਈਆ । ਹਿੱਸਿਆਂ ਵਾਲਾ ਨਹੀਂ ਬਾਬ, ਗਿਣਤੀ ਗਣਤ ਨਾ ਕੋਇ ਗਣਾਈਆ । ਓਸ ਦੇ ਵਿਚ ਇਕੋ ਸਜਦਾ ਇਕੋ ਆਦਾਬ, ਨਮਸਤੇ ਇਕੋ ਇਕ ਦਰਸਾਈਆ । ਸਚ ਖ਼ੁਦਾ ਦੱਸ ਕੇ ਵਾਹਦ, ਪੁਰਖ ਅਕਾਲ ਪੜਦਾ ਲਾਹੀਆ । ਜਿਸ ਦਾ ਦੋ ਜਹਾਨਾਂ ਰਾਜ, ਰਈਅਤ ਵਿਸ਼ਨ ਬ੍ਰਹਮਾ ਸ਼ਿਵ ਸਰਬ ਅਖਵਾਈਆ । ਅੰਤਮ ਸਭ ਦਾ ਕਰੇ ਕਾਜ, ਕਰਨੀ ਦਾ ਕਰਤਾ ਇਕ ਹੋ ਆਈਆ । ਸਭ ਨੂੰ ਦੇਵੇ ਦਾਤ, ਅਨਮੁਲੀ ਝੋਲੀ ਪਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਧੁਰ ਦੇ ਭਗਤਾਂ ਦੇਵੇ ਸਾਥ, ਸੱਚਾ ਸੰਗੀ ਇਕੋ ਨਜ਼ਰੀ ਆਈਆ । ਗੋਬਿੰਦ ਕਹੇ ਪ੍ਰਭੂ ਸਭ ਨੂੰ ਦੇ ਦੇ ਆਪਣਾ ਵਿਸ਼ਵਾਸ਼, ਵਿਸ਼ਿਆਂ ਦਾ ਝਗੜਾ ਦੇ ਚੁਕਾਈਆ । ਤੂੰ ਦਾਤਾ ਸਰਬ ਗੁਣਤਾਸ, ਗਹਿਰ ਗੰਭੀਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਬਣਾ ਇਕ ਸਮਾਜ, ਸਮੇਂ ਦੀ ਸਮਗਰੀ ਸਭ ਦੀ ਝੋਲੀ ਪਾਈਆ ।

★ ੨੨ ਮਾਘ ਸ਼ਹਿਨਸ਼ਾਹੀ ਸੰਮਤ ੩ ਗਿਆਨੀ ਗੁਰਮੁਖ ਸਿੰਘ ਦੇ ਟੀਉਬੈਲ ਲਈ ਨੀਂਹ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ★

ਰਾਵੀ ਕਹੇ ਖੇਲ ਅਨਡਿੱਠਾ, ਯਾਦ ਪੁਰਾਣੀ ਨਜ਼ਰੀ ਆਈਆ । ਜਿਥੇ ਮਿਲਿਆ ਅੰਮ੍ਰਿਤ ਰਸ ਮਿੱਠਾ, ਬੂੰਦ ਸਵਾਂਤ ਸੋਭਾ ਪਾਈਆ । ਸ਼ਬਦੀ ਹੁਕਮ ਸੁਣਿਆ ਚਿੱਠਾ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਕਲਜੁਗ ਅੰਤਮ ਪਾਇਆ ਹਿੱਸਾ, ਸਾਚੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਸਮਾਈਆ । ਰਾਵੀ ਕਹੇ ਏਥੇ ਹੁੰਦੀ ਸੀ ਇਕ ਝਿੜੀ, ਜੰਡ ਇੱਕੀ ਸੋਭਾ ਪਾਈਆ । ਪੱਤਿਆਂ ਵਾਲੀ ਗੁਲਜ਼ਾਰ ਖਿੜੀ, ਫੁੱਲ ਨਜ਼ਰ ਕੋਇ ਨਾ ਆਈਆ । ਕੀ ਵੇਖਿਆ ਅੰਮ੍ਰਿਤ ਝਿਰਨਾ ਰਿਹਾ ਝਿਰੀ, ਆਪਣਾ ਰਸ ਵਖਾਈਆ । ਜਾਂ ਤੱਕਿਆ ਦੂਰ ਦੁਰਾਡੀ ਇਕ ਸਿੱਲੀ, ਜੋ ਪੂਜਸ ਪਾਹਨ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਸਾਚਾ ਖੇਲ ਸ੍ਰੀ ਭਗਵਾਨ, ਹਰਿ ਕਰਤਾ ਆਪ ਜਣਾਈਆ । ਅੰਮ੍ਰਿਤ ਰਸ ਠੰਡਾ ਪਾਣ, ਅਮਿਉਂ ਆਪ ਵਹਾਈਆ । ਪੂਰਬ ਸ਼ਬਦ ਦਾ ਗਿਆਨ, ਅਗੰਮੀ ਆਵਾਜ਼ ਇਲਾਹੀਆ । ਸਚ ਦਰ ਕਰ ਪਰਵਾਨ, ਲੇਖਾ ਪੂਰਬ ਦਏ ਚੁਕਾਈਆ । ਬੌਲੀ ਨਹੀਂ ਬਲੀਆਂ ਦਾ ਵਿਧਾਨ, ਵਾਸ ਬੌਲੀ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਸਤਿਜੁਗ ਦਾ ਸਚ ਬਣਾ ਕੇ ਜਾਏ ਨਿਸ਼ਾਨ, ਜੋ ਨਿਸ਼ਾਨਾ ਚੌਸਠ ਹਜ਼ਾਰ ਬਰਸ ਨਾ ਕੋਇ ਉਠਾਈਆ ।


੧੨੨੫
੨੦

★ ੨੨ ਮਾਘ ਸ਼ਹਿਨਸ਼ਾਹੀ ਸੰਮਤ ੩ ਊਧਮ ਸਿੰਘ ਦੇ ਗ੍ਰਹਿ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ★

ਧਰਨੀ ਕਹੇ ਮੈਂ ਆ ਗਈ ਪੈਰ ਦੱਬੇ, ਹੌਲੀ ਹੌਲੀ ਕਦਮ ਟਿਕਾਈਆ । ਭਗਤ ਸੁਹੇਲੇ ਸਾਚੇ ਲੱਭੇ, ਮਿਲੀ ਮਾਣ ਸੱਚੀ ਵਡਿਆਈਆ । ਜੋ ਪ੍ਰੇਮ ਪ੍ਰੀਤੀ ਅੰਦਰ ਬੱਧੇ, ਹੁਕਮ ਹੁਕਮੀ ਜੋੜ ਜੁੜਾਈਆ । ਸਚ ਦਵਾਰੇ ਬਹਿ ਕੇ ਸਜੇ, ਸਾਜਣ ਮਿਲਿਆ ਧੁਰਦਰਗਾਹੀਆ । ਜੀਹਦੇ ਨਾਮ ਨਗਾਰੇ ਵੱਜੇ, ਦੋ ਜਹਾਨ ਕਰੇ ਸ਼ਨਵਾਈਆ । ਨਿਰਗੁਣ ਧਾਰ ਵੱਖਰੀ ਅੱਡੇ, ਨੇਤਰ ਜਗ ਨਜ਼ਰ ਨਾ ਆਈਆ । ਜਿਸ ਨੇ ਧਰਮ ਨਿਸ਼ਾਨੇ ਗੱਡੇ, ਚਾਰ ਕੁੰਟ ਰਿਹਾ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣੇ ਹੱਥ ਵਖਾਈਆ । ਧਰਨੀ ਕਹੇ ਮੈਂ ਆਈ ਛੇਤੀ ਛੇਤੀ, ਛਤਰਧਾਰੀ ਦਿਤੇ ਤਜਾਈਆ । ਜਨ ਭਗਤ ਵੇਖੇ ਪ੍ਰਭ ਦੇ ਭੇਤੀ, ਦਰ ਘਰ ਬੈਠੇ ਸੋਭਾ ਪਾਈਆ । ਮੈਨੂੰ ਯਾਦ ਪ੍ਰਹਿਲਾਦ ਵਾਲੀ ਨੇਕੀ, ਸਚ ਸੰਦੇਸ਼ੇ ਵਿਚ ਦ੍ਰਿੜਾਈਆ । ਜਿਸ ਦੇ ਪਿਛੇ ਮਾਲਕ ਬਣਿਆ ਪਰਦੇਸੀ, ਨਿਰਗੁਣ ਸਰਗੁਣ ਫੇਰਾ ਪਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼ੀ, ਸਚਖੰਡ ਨਿਵਾਸੀ ਏਕਾ ਏਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ ਮੈਂ ਧਰਨੀ ਓਸੇ ਦੀ ਬੇਟੀ, ਧੌਲ ਧਰਮ ਦੀ ਧਾਰ ਬੰਧਾਈਆ । ਧਰਤੀ ਕਹੇ ਮੈਂ ਆ ਗਈ ਅੱਗੇ, ਪਿਛਲਾ ਪੰਧ ਮੁਕਾਈਆ । ਜਿਥੇ ਦੀਪਕ ਜੋਤ ਏਕਾ ਜਗੇ, ਅੰਧ ਅੰਧੇਰਾ ਰਿਹਾ ਨਾ ਰਾਈਆ । ਸਚ ਪ੍ਰੇਮ ਦੇ ਮਿਲਦੇ ਮਜ਼ੇ, ਮਜ਼ਾਕ ਵੇਖਿਆ ਜਗਤ ਲੋਕਾਈਆ । ਸੰਤ ਸੁਹੇਲੇ ਗੁਰ

ਚੇਲੇ ਧੁਰ ਦੇ ਸੱਦੇ, ਤਿੰਨ੍ਹਾਂ ਸਦਕੇ ਵਾਰੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਧਰਨੀ ਕਹੇ ਮੈਂ ਆ ਕੇ ਗਈ ਝੁਕ, ਨਮਸਤੇ ਸੀਸ ਨਿਵਾਈਆ । ਕਦਮ ਗਿਆ ਰੁਕ, ਪੰਧ ਲਿਆ ਮੁਕਾਈਆ । ਜਾਂ ਵੇਖਿਆ ਗੁਰਮੁਖ ਗਾਉਂਦੇ ਇਕੋ ਤੁਕ, ਸੋਹੰ ਢੋਲਾ ਧੁਰਦਰਗਾਹੀਆ । ਮੇਰੀ ਜਨਮ ਜਨਮ ਦੀ ਮਿਟੀ ਭੁੱਖ, ਤ੍ਰਿਸ਼ਨਾ ਅਵਰ ਰਹੀ ਨਾ ਰਾਈਆ । ਅਗਨੀ ਵਿਚ ਮਿਲਿਆ ਸੁਖ, ਤਤਵ ਤਤ ਨਾ ਕੋਇ ਤਪਾਈਆ । ਮੈਂ ਸੁਭਾਵਕ ਰਹੀ ਪੁਛ, ਸੀਸ ਜਗਦੀਸ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਮੇਰੇ ਉਤੇ ਤੇਰੇ ਕਿੰਨੇ ਸਚੇ ਪੁੱਤ, ਲੱਖ ਚੁਰਾਸੀ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਦੇ ਅੰਦਰ ਤੇਰੀ ਧਾਰ ਪਏ ਫੁੱਟ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਨ੍ਹਾਂ ਦੇ ਗਾਨਾ ਬੰਨ੍ਹੇਂ ਗੁਟ, ਤੰਦਵ ਤੰਦ ਜੋੜ ਜੁੜਾਈਆ । ਜਿਨ੍ਹਾਂ ਦਾ ਆਵਣ ਜਾਵਣ ਲੱਖ ਚੁਰਾਸੀ ਜਨਮ ਮਰਨ ਜਾਏ ਛੁੱਟ, ਮੜ੍ਹੀ ਗੋਰ ਨਾ ਕੋਇ ਦਬਾਈਆ । ਮਾਤ ਗਰਭ ਹੋਵਣ ਨਾ ਉਲਟੇ ਰੁੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇਣਾ ਚੁਕਾਈਆ । ਧਰਤੀ ਕਹੇ ਮੈਂ ਆ ਕੇ ਝੁਕਾਇਆ ਸੀਸ, ਆਪਣਾ ਆਪ ਮਿਟਾਈਆ । ਚਰਨ ਛੋਹ ਕੇ ਇਕ ਜਗਦੀਸ, ਜਾਗਰਤ ਜੋਤ ਵੇਖ ਵਖਾਈਆ । ਕਲਮਾ ਸੁਣਿਆ ਹਕ ਹਦੀਸ, ਜੋ ਹਜ਼ਰਤਾਂ ਕਰੇ ਪੜ੍ਹਾਈਆ । ਸਦੀ ਵੇਖ ਕੇ ਬੀਸ, ਆਪਣਾ ਘੁੰਗਟ ਲਿਆ ਚੁਕਾਈਆ । ਜਾਂ ਸੁਣਿਆ ਤੇ ਇਕੋ ਸੁਣਿਆ ਗੀਤ, ਤੂੰ ਮੇਰਾ ਮੈਂ ਤੇਰਾ ਰਾਗ ਬੇਪਰਵਾਹੀਆ । ਮੇਰਾ ਧਿਆਨ ਬਦਲ ਗਿਆ ਖਹਿੜਾ ਛੁੱਟ ਗਿਆ ਮੰਦਰ ਮਸੀਤ, ਮੱਠਾਂ ਵਾਲੇ ਮੱਠ ਦਿੱਤੇ ਤਜਾਈਆ । ਵੇਖ ਕੇ ਅਨੋਖੀ ਰੀਤ, ਪਰੀਤ ਮੇਰੇ ਅੰਦਰ ਆਈਆ । ਜਿਸ ਦੀ ਤੇਈ ਅਵਤਾਰ ਹਜ਼ਰਤ ਮੂਸਾ ਈਸਾ ਮੁਹੰਮਦ ਗੁਰੂ ਦਸ ਕਰਨ ਤਸਦੀਕ ਸ਼ਹਾਦਤ ੧੨੨੬
੨੦
ਵਿਚ ਇਬਾਦਤ ਵਿਚ ਸਾਰੇ ਆਪਣਾ ਆਪ ਭੁਗਤਾਈਆ । ਜਾਂ ਵੇਖਿਆ ਜਨ ਭਗਤਾਂ ਅੰਦਰ ਬਾਹਰ ਨਜ਼ਦੀਕ, ਦੂਰ ਦੁਰਾਡਾ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਵਲੋਂ ਬਦਲ ਕੇ ਪੀਠ, ਕਰਵਟ ਆਪਣੀ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਧਰਤੀ ਕਹੇ ਮੈਂ ਆ ਕੇ ਕੀਤਾ ਦਰਸ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਪ੍ਰਭੂ ਹੋਰ ਕਿੰਨੇ ਬਰਸ, ਜਦੋਂ ਪਾਪੀਆਂ ਕਰੇਂ ਸਫ਼ਾਈਆ । ਸਾਰੇ ਤੇਰੇ ਦਵਾਰੇ ਰਹੇ ਤਰਸ, ਤੜਪਨਾ ਸਕੇ ਨਾ ਕੋਇ ਬੁਝਾਈਆ । ਮੇਰੀ ਆਸਾ ਰਹੀ ਭਟਕ, ਮੈਂ ਭੱਜੀ ਵਾਹੋ ਦਾਹੀਆ । ਜਿਧਰ ਵੇਖਾਂ ਕੂੜ ਕੁੜਿਆਰ ਦਾ ਚੜ੍ਹਿਆ ਕਟਕ, ਗੁਰ ਪੀਰ ਨਾ ਕੋਇ ਸਹਾਈਆ । ਅਧਵਿਚਕਾਰ ਸਾਰੇ ਰਹੇ ਲਟਕ, ਫ਼ਾਸੀ ਗਲੋਂ ਨਾ ਕੋਇ ਤੁੜਾਈਆ । ਧਰਮ ਦੀ ਧਾਰ ਬਣੇ ਨਾ ਕੋਇ ਰੱਖਕ, ਰੱਛਿਆ ਕਰੇ ਨਾ ਥਾਉਂ ਥਾਈਆ । ਧਰਨੀ ਕਹੇ ਮੈਂ ਸਮਝਿਆ ਉਹ ਵੇਲਾ ਆ ਗਿਆ ਵਕ਼ਤ, ਜਿਸ ਦੀ ਥਿਤ ਨਾ ਕੋਇ ਸਮਝਾਈਆ । ਕਿਉਂ ਮੇਲ ਤੱਕਿਆ ਭਗਵਾਨ ਭਗਤ, ਭਾਂਡਾ ਭਰਮ ਭੰਨਾਈਆ । ਪਰਕਾਸ਼ ਵੇਖਿਆ ਨਾ ਅਰਸ਼, ਅਰਸ਼ ਦਾ ਫ਼ਰਸ਼ ਸੋਭਾ ਪਾਈਆ । ਸਭ ਦੀ ਪੂਰੀ ਕਰਨ ਆ ਗਿਆ ਸ਼ਰਤ, ਸ਼ਰਅ ਦਾ ਮਾਲਕ ਸ਼ਰੀਅਤ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇਣਾ ਵਖਾਈਆ । ਧਰਤੀ ਕਹੇ ਮੈਂ ਆ ਕੇ ਮੰਗਾਂ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਜੁਗ ਚੌਕੜੀ ਮੰਗਦਿਆਂ ਮੰਗਦਿਆਂ ਮੰਗਦਿਆਂ ਮੇਰੇ ਘਸ ਗਏ ਦੰਦ, ਦੰਦੀ ਪੀਹ ਕੇ ਦਿਆਂ ਦੁਹਾਈਆ । ਮੈਨੂੰ ਇਸ਼ਾਰਾ ਕਰ ਗਿਆ ਗੁਜਰੀ ਦਾ ਚੰਦ, ਹਲੂਣਾ ਦੇ ਕੇ ਗਿਆ ਉਠਾਈਆ । ਜਿਸ ਵੇਲੇ ਆਵੇ

ਸਾਹਿਬ ਬਖ਼ਸ਼ੰਦ, ਹਰਿ ਕਰਤਾ ਧੁਰਦਰਗਾਹੀਆ । ਤੂੰ ਰੋ ਕੇ ਪਾਵੀਂ ਡੰਡ, ਨੇਤਰ ਨੈਣਾਂ ਨੀਰ ਵਹਾਈਆ । ਸੁਣੀਂ ਇਕੋ ਸੋਹੰ ਛੰਦ, ਜੋ ਸੋਹਲਾ ਰਿਹਾ ਸੁਣਾਈਆ । ਗੋਬਿੰਦ ਕਿਹਾ ਧਰਨੀ ਵੇਖ ਮੈਂ ਤੇਰੇ ਉਤੇ ਕੀਤਾ ਜੰਗ, ਖੰਡਾ ਖੜਗ ਦਿਤਾ ਖੜਕਾਈਆ । ਛੱਡ ਕੇ ਪੁਰੀ ਅਨੰਦ, ਮਾਛੂਵਾੜੇ ਡੇਰਾ ਲਾਈਆ । ਮੇਰਾ ਖ਼ੁਸ਼ੀ ਬੰਦ ਬੰਦ, ਬੰਦਗੀ ਵਿਚ ਸਮਾਈਆ । ਅੱਗੇ ਹੁਕਮ ਦਾ ਹੋਵਾਂ ਪਾਬੰਦ, ਨਿਉਂ ਨਿਉਂ ਸੀਸ ਝੁਕਾਈਆ । ਸਦਾ ਦਾ ਰੱਖਾਂ ਸੰਗ, ਵਿਛੋੜਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਸਦੀ ਚੌਧਵੀਂ ਗਈ ਹੰਢ, ਆਪਣਾ ਪੰਧ ਮੁਕਾਈਆ । ਓਸ ਵੇਲੇ ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਪਾਵੇ ਠੰਡ, ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਧਰਨੀ ਕਹੇ ਮੋਹੇ ਹੋਇਆ ਚਾਉ ਘਨੇਰਾ, ਮੇਰੇ ਅੰਤਰ ਵੱਜੀ ਵਧਾਈਆ । ਘਰ ਸਵਾਮੀ ਠਾਕਰ ਮਿਲਿਆ ਮੇਰਾ, ਮੇਰਾ ਮੇਰਾ ਨਜ਼ਰੀ ਆਈਆ । ਜਿਸ ਦਾ ਭਗਤਾਂ ਦੇ ਅੰਦਰ ਡੇਰਾ, ਬਾਹਰੋਂ ਨਜ਼ਰ ਕਿਤੇ ਨਾ ਆਈਆ । ਮੈਂ ਵੇਖਿਆ ਲੱਖ ਚੁਰਾਸੀ ਖੇੜਾ, ਬਨ ਖੰਡ ਫੇਰਾ ਪਾਈਆ । ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਉਚੇ ਪੇੜਾ, ਚੋਟੀਆਂ ਪੱਤੇ ਫੋਲ ਫੁਲਾਈਆ । ਜਿਧਰ ਤੱਕਾਂ ਮਾਇਆ ਮਮਤਾ ਦਾ ਕੂੜਾ ਗੇੜਾ, ਸਾਚਾ ਧਰਮ ਨਾ ਕੋਇ ਦਰਸਾਈਆ । ਬਿਨਾ ਪੁਰਖ ਅਕਾਲ ਦੀਨ ਦਿਆਲ ਕਰੇ ਨਾ ਕੋਇ ਹਕ ਨਬੇੜਾ, ਅਦਲ ਸਚ ਨਾ ਕੋਇ ਕਮਾਈਆ । ਹੁਣ ਹੁੰਦਾ ਨਹੀਂ ਮੈਥੋਂ ਹੋਰ ਵੱਡਾ ਜੇਰਾ, ਜੇਰਜ ਅੰਡਜ ਉਤਭੁਜ ਸੇਤਜ ਚਾਰੇ ਖਾਣੀ ਚਾਰੋਂ ਕੁੰਟ ਦਏ ਦੁਹਾਈਆ । ਮੈਂ ਖ਼ਬਰ ਸੁਣੀ ਆ ਗਿਆ ਇਕੋ ਪੁਰਖ ਅਕਾਲ ਸ਼ੇਰਾ, ਭਬਕ ਅਗੰਮੀ ਸ਼ਬਦ ਲਗਾਈਆ । ਜਿਸ ਨੇ ਸ਼ਰਅ ਦਾ ਕੱਟਿਆ ਜੇੜਾ, ਜੇਉੜੀਆਂ ਵਾਲੇ ਆਪਣੇ ਚਰਨਾਂ ਹੇਠ ਦਬਾਈਆ । ਅੱਗੇ ਸਤਿ ਦਾ ਬੰਨ੍ਹੇ ਬੇੜਾ, ਵੰਝ ਮੁਹਾਣਾ ਇਕੋ ਨਾਮ ਰਖਾਈਆ । ਗ਼ਰੀਬਾਂ ਕਾਰਨ ਮਾਰਿਆ ਫੇਰਾ, ਗੁਰਮੁਖਾਂ ਗੋਦ ਬਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਧਰਤੀ ਕਹੇ ਮੈਂ ਆ ਗਈ ਧਰਮ ਦਵਾਰੇ, ਜਿਥੇ ਦਵਾਰਕਾ ਵਾਸੀ ਸੀਸ ਨਿਵਾਈਆ । ਝੁਕਦੇ ਵੇਖੇ ਗੁਰ ਅਵਤਾਰੇ, ਪੈਗ਼ੰਬਰ ਸਜਦਿਆਂ ਵਿਚ ਨਿਉਂ ਨਿਉਂ ਲਾਗਣ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣੇ ਭਿਖਾਰੇ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਚਾਰੇ ਜੁਗ ਜਿਸ ਦੇ ਵਣਜਾਰੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਜੁਗ ਜੁਗ ਕਾਰ ਕਮਾਈਆ । ਜਿਸ ਦੇ ਸ਼ਬਦ ਅਗੰਮ ਇਸ਼ਾਰੇ, ਨਿਰਗੁਣ ਸਰਗੁਣ ਭੇਵ ਖੁਲ੍ਹਾਈਆ । ਨਿਰਗੁਣ ਨੂਰ ਜੋਤ ਉਜਿਆਰੇ, ਸੂਰਜ ਚੰਦ ਨਾ ਕੋਇ ਚਮਕਾਈਆ । ਸਾਚਾ ਗ੍ਰਿਹ ਮੰਦਰ ਇਕ ਵਖਾਲੇ, ਭਗਤ ਸੁਹੇਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਪੁੱਜ ਗਈ ਓਸ ਦਰਵਾਜ਼ੇ, ਜਿਸ ਦਾ ਦਰ ਬੰਦ ਨਾ ਕੋਇ ਕਰਾਈਆ । ਜਿਥੇ ਭਿਖਾਰੀ ਰਾਜੇ ਮਹਾਰਾਜੇ, ਸ਼ਾਹ ਪਾਤਸ਼ਾਹ ਜਗਤ ਸੀਸ ਨਿਵਾਈਆ । ਜੋ ਸਭ ਦੇ ਸਵਾਰੇ ਕਾਜੇ, ਕਰਨੀ ਦਾ ਕਰਤਾ ਇਕ ਅਖਵਾਈਆ । ਜਿਸ ਨੇ ਸਭ ਤੋਂ ਵੱਖਰਾ ਖੇਲ ਕਰਨਾ ਵਿਚ ਮਾਝੇ, ਮਜਲਸ ਗੁਰ ਅਵਤਾਰ ਪੈਗ਼ੰਬਰਾਂ ਦੇਣੀ ਮਿਟਾਈਆ । ਜਨ ਭਗਤਾਂ ਸੋਈ ਸੁਰਤੀ ਜਾਗੇ, ਆਲਸ ਨਿੰਦਰਾ ਰਹੇ ਨਾ ਰਾਈਆ । ਇਕੋ ਆਤਮਾ ਪਰਮਾਤਮਾ ਆਰਾਧੇ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਚਾਰ ਜੁਗ ਨਾਲੋਂ ਵੱਖਰੇ ਕਰਨੇ ਵਾਧੇ, ਵਾਅਦਾ ਪਿਛਲਾ ਪੂਰ ਕਰਾਈਆ । ਜਨ ਭਗਤਾਂ ਨੂੰ ਨਿੱਕੇ ਨਿੱਕੇ ਸੁਣਨ ਨਹੀਂ ਦੇਣੇ ਅੰਦਰ ਵਾਜੇ, ਸਿੱਧਾ ਆਪਣਾ ਦਰਸ ਵਖਾਈਆ । ਮਨੁੱਸ਼ਾਂ ਦੇ ਵੰਡੇ ਹੋਏ ਰਹਿਣ ਨਹੀਂ ਦੇਣੇ ਇਲਾਕੇ,



੧੨੨੭
੨੦

ਇਕੋ ਨਾਮ ਦੇਣਾ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਨਿੱਕੇ ਨਿੱਕੇ ਆਪਣੇ ਕਾਕੇ, ਆਪਣੀ ਗੋਦ ਲੈਣੇ ਬਹਾਈਆ । ਸਾਚੇ ਨਾਮ ਦੇ ਕਿਸੇ ਨੂੰ ਕੱਟਣੇ ਪੈਣ ਨਾ ਫ਼ਾਕੇ, ਭੁੱਖਿਆਂ ਦੇਣਾ ਰਜਾਈਆ । ਦੀਨ ਮਜ਼੍ਹਬ ਦੀ ਰਹੇ ਕੋਈ ਨਾ ਜਾਤੇ, ਜਾਤ ਇਕੋ ਦੇਣੀ ਦਰਸਾਈਆ । ਜੋ ਗਾਵੇ ਸੋ ਪ੍ਰਭ ਦੀ ਗਾਥੇ, ਤੱਤਾਂ ਵਾਲਾ ਗੁਰੂ ਨਾ ਕੋਇ ਮਨਾਈਆ । ਧਰਤੀ ਕਹੇ ਪ੍ਰਭ ਮੇਰੇ ਵੀ ਚੀਥੜ ਪਾਟੇ, ਲੀਰੋ ਲੀਰ ਨਜ਼ਰੀ ਆਈਆ । ਕਲਜੁਗ ਜੀਵਾਂ ਖੇਹ ਪਾਈ ਮੇਰੇ ਵਿਚ ਝਾਟੇ, ਅੰਮਾਂ ਕਹਿ ਕੇ ਮੈਨੂੰ ਧੱਕੇ ਲਾਈਆ । ਸਭ ਨੂੰ ਭੁੱਲ ਗਿਆ ਜੋ ਗੋਬਿੰਦ ਅੰਮ੍ਰਿਤ ਪਿਆਇਆ ਇਕ ਬਾਟੇ, ਚਾਰ ਵਰਨਾਂ ਜੋੜ ਜੁੜਾਈਆ । ਏਸੇ ਕਾਰਨ ਸਦੀ ਬੀਸਵੀਂ ਸਭ ਨੂੰ ਪੈ ਗਏ ਘਾਟੇ, ਸਾਧ ਸੰਤ ਆਪਣਾ ਪਲੂ ਨਾ ਕੋਇ ਬਚਾਈਆ । ਸਾਰੇ ਬੈਠੇ ਅੱਧਵਾਟੇ, ਜਗਤ ਕਿਨਾਰਾ ਪਾਰ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਧਰਤੀ ਕਹੇ ਪ੍ਰਭੂ ਮੈਂ ਆ ਗਈ ਦੌੜੀ, ਖੱਲ ਸਾਹ ਨਾਲ ਭਰਾਈਆ । ਤੇਰੀ ਮੰਜ਼ਲ ਕਿੱਡੀ ਲੰਮੀ ਚੌੜੀ, ਜੋਜਨਾਂ ਵਿਚ ਸਮਝ ਕੋਇ ਨਾ ਪਾਈਆ । ਮੈਂ ਬਥੇਰੇ ਵੇਖੇ ਰਾਗ ਪੜ੍ਹਦੇ ਗੌੜੀ, ਸੁਰਾਂ ਨਾਲ ਸੁਣਾਈਆ । ਜਿਧਰ ਤੱਕਿਆ ਸਭ ਦੇ ਅੰਦਰ ਵਾਸਨਾ ਕੌੜੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਏਥੇ ਆ ਕੇ ਵੇਖਿਆ ਤੂੰ ਭਗਤਾਂ ਅੰਦਰ ਲਾਈ ਆਪਣੀ ਪੌੜੀ, ਪਉੜੀ ਪੜ੍ਹਨ ਦੀ ਲੋੜ ਰਹੀ ਨਾ ਰਾਈਆ । ਮੈਂ ਕੂਕਾਂ ਕਰਾਂ ਬਹੁੜੀ ਬਹੁੜੀ, ਜ਼ੋਰ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਂਡਾ ਭਰਮ ਦੇਣਾ ਭੰਨਾਈਆ । ਧਰਤੀ ਕਹੇ ਮੈਂ ਭੱਜ ਭੱਜ ਗਈ ਥੱਕ, ਤਨ ਜ਼ੋਰ ਰਿਹਾ ਨਾ ਰਾਈਆ । ਲੱਭ ਲੱਭ ਗਈ ਅੱਕ, ਖੋਜਿਆਂ ਹੱਥ ਕਿਤੋਂ ਨਾ ਆਈਆ । ਝੋਲੀ ਕਿਸੇ ਨਾ ਪਾਇਆ ਹਕ, ਹਕੀਕਤ ਸਚ ਨਾ ਕੋਇ ਸਮਝਾਈਆ । ਤੇਰਾ ਹੁਕਮ ਸੁਣਿਆ ਯਕ, ਜੋ ਇਕੋ ਵਾਰ ਦਿਤਾ ਦ੍ਰਿੜਾਈਆ । ਜਨ ਭਗਤੋ ਕਿਸੇ ਰਹੇ ਕੋਈ ਨਾ ਸ਼ੱਕ, ਸੰਸਾ ਅੰਦਰੋਂ ਦੇਣਾ ਮਿਟਾਈਆ । ਸਭ ਦਾ ਮਾਲਕ ਇਕੋ ਹੋਵੇ ਪਤਿ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਸਭ ਦੀ ਕਾਇਮ ਰੱਖੇ ਸੁਹਾਗ ਨਥ, ਰੰਡੇਪਾ ਰੰਡ ਨਾ ਕੋਇ ਵਖਾਈਆ । ਜਿਸ ਨੇ ਸੋਹੰ ਢੋਲਾ ਲਿਆ ਜਪ, ਜਪੁਜੀ ਦਾ ਨਾਨਕ ਲੇਖਾ ਪੂਰ ਕਰਾਈਆ । ਇਸ ਤੋਂ ਵੱਡਾ ਹੋਰ ਨਹੀਂ ਕੋਈ ਤਪ, ਤਪੀਸ਼ਰ ਰੋਵਣ ਮਾਰਨ ਧਾਹੀਂਆ । ਆਦਿ ਜੁਗਾਦਿ ਗੁਰ ਅਵਤਾਰ ਪੈਗ਼ੰਬਰਾਂ ਨਾਲ ਜੋ ਹੋਇਆ ਪੱਕ, ਪੱਕੀ ਤਰਾ ਸਮਝਾਈਆ । ਧਰਤੀ ਕਹੇ ਮੈਂ ਬੋਲਾਂ ਸਚ, ਸਚ ਦਿਆਂ ਸੁਣਾਈਆ । ਮੇਰੇ ਉਤੇ ਗੁਰ ਅਵਤਾਰ ਪੈਗ਼ੰਬਰ ਫਿਰਦੇ ਰਹੇ ਮਾਟੀ ਭਾਂਡੇ ਕੱਚ, ਕੰਚਨ ਗੜ੍ਹ ਬਣਾਈਆ । ਅੰਤਮ ਸਭ ਕੁਛ ਏਥੇ ਗਏ ਛੱਡ, ਤਨ ਵਜੂਦ ਸਾਥ ਨਾ ਕੋਇ ਲੈ ਜਾਈਆ । ਮੈਂ ਕੁਛ ਪੈਗ਼ੰਬਰਾਂ ਦੇ ਲੈ ਕੇ ਆਈ ਹੱਡ, ਮਕਬਰਿਆਂ ਵਿਚੋਂ ਬਾਹਰ ਕਢਾਈਆ । ਐ ਪ੍ਰਭੂ ਕੀ ਖੇਲ ਕਰਾਇਆ ਜਗ, ਜਗਜੀਵਣ ਦਾਤੇ ਦੇ ਸਮਝਾਈਆ । ਉਹ ਕਿੱਥੇ ਰਹਿੰਦੇ ਜਿਹੜੇ ਸਾੜੇ ਵਿਚ ਅੱਗ, ਮੇਰੇ ਉਤੇ ਖ਼ਾਕ ਨਜ਼ਰ ਕਿਤੇ ਨਾ ਆਈਆ । ਇਹ ਹੁਣ ਪਿਛਲੀ ਵਾਦੀ ਛੱਡ, ਅੱਗੇ ਇਕੋ ਮਾਰਗ ਲਾਈਆ । ਜੇ ਤੂੰ ਸਭ ਦਾ ਸਾਂਝਾ ਰੱਬ, ਇਕੋ ਸਿਖਿਆ ਦੇਣੀ ਸੁਣਾਈਆ । ਮੈਂ ਮੰਨਾਂ ਫੇਰ ਤਬ, ਜਿਸ ਵੇਲੇ ਤਾਬਿਆ ਵਿਚ ਹੋਵੇ ਲੋਕਾਈਆ । ਧਰਨੀ ਕਹੇ ਮੈਂ ਚਾਹੁੰਦੀ ਪ੍ਰਭੂ ਕੋਈ ਦਿਨ ਮੁਕੱਰਰ ਕਰ ਜਿਸ ਵੇਲੇ ਆਪਣੇ ਭਗਤਾਂ ਨੂੰ ਬੰਨ੍ਹੇਂ ਪੱਗ, ਸੀਸ ਦਸਤਾਰ ਇਕ ਟਿਕਾਈਆ । ਓਸ ਵੇਲੇ ਪੈਗ਼ੰਬਰਾਂ ਨੂੰ ਭੁੱਲ ਜਾਏ ਹੱਜ, ਅਰਸ਼ਾਂ ਤੋਂ ਆਵਣ ਭੱਜ, ਕਦਮਾਂ ਵਿਚ ਜਾਵਣ ਸੱਜ, ਕੋਈ ਰਹੇ ਨਾ ਲੋਕ ਲੱਜ, ਉਚੀ ਕੂਕ ਗਾਵਣ ਗੱਜ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ


੧੨੨੮
੨੦

੧੨੨੯
੨੦

ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇੜਾ ਦੇਣਾ ਵਸਾਈਆ । ਧਰਤੀ ਕਹੇ ਮੈਂ ਦੱਸਾਂ ਨਾਲ ਜ਼ੋਰ, ਮਾਣ ਤੇਰੇ ਉਤੇ ਰਖਾਈਆ । ਪ੍ਰਭੂ ਤੇਰੇ ਹੱਥ ਸਭ ਦੀ ਡੋਰ, ਜੁਗ ਚੌਕੜੀ ਤੇਰੇ ਨਾਲ ਬੰਧਾਈਆ । ਹੁਣ ਅਵਰ ਨਾ ਬਣ ਕੋਈ ਹੋਰ, ਅਵਰ ਦਾ ਅਵਰ ਰੂਪ ਵਟਾਈਆ । ਪਿੱਛੇ ਜੁਗ ਚੌਕੜੀ ਬਣਿਆ ਰਿਹੋਂ ਚੋਰ, ਚੋਰੀ ਚੋਰੀ ਆਪਣੀ ਖੇਲ ਖਿਲਾਈਆ । ਕਲਜੁਗ ਅੰਤਮ ਕੌਲ ਇਕਰਾਰ ਕਰ ਕੇ ਗਿਉਂ ਬਹੁੜ, ਕਰਨੀ ਦੇ ਕਰਤੇ ਫੇਰਾ ਪਾਈਆ । ਹੁਣ ਮਿਟਾ ਦੇ ਪਿਛਲੀ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਧਰਨੀ ਕਹੇ ਮੈਂ ਚਾਹੁੰਦੀ ਬਿਨਾ ਤੇਰੇ ਦੂਜੇ ਸਿਰ ਝੁੱਲੇ ਕਿਸੇ ਨਾ ਚੌਰ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਆਪਣੇ ਹੁਕਮ ਨਾਲ ਸਭ ਨੂੰ ਹੋੜ, ਧੁਰ ਫ਼ਰਮਾਨਾ ਇਕ ਸੁਣਾਈਆ । ਮੈਂ ਸੁਣਿਆ ਖੌਰੇ ਕਿਸ ਤਰ੍ਹਾਂ ਮੇਰੇ ਉਤੇ ਫਿਰੇ ਬ੍ਰਾਹਮਣ ਗੌੜ, ਕੀ ਪਾਂਧਾ ਰੂਪ ਬਣਾਈਆ । ਕਿਹੜੇ ਚੜ੍ਹੇ ਘੋੜ, ਵਾਗਾਂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਉਠਾਈਆ । ਧਰਤੀ ਕਹੇ ਮੈਨੂੰ ਆਇਆ ਕੁਛ ਆਰਾਮ, ਥਕਾਵਟ ਦੂਰ ਕਰਾਈਆ । ਪ੍ਰਭੂ ਤੂੰ ਕਿਹੋ ਜਿਹਾ ਅਮਾਮ, ਜੋ ਮੁਹੰਮਦ ਗਿਆ ਸਮਝਾਈਆ । ਮੈਨੂੰ ਸਹਿਜ ਨਾਲ ਦੱਸ ਆਪਣਾ ਪੈਗ਼ਾਮ, ਕਲਮਾ ਇਕ ਦ੍ਰਿੜਾਈਆ । ਮਿਹਰਵਾਨ ਮਿਹਰਵਾਨ ਮੈਂ ਵੇਖ ਸਭ ਦੀ ਗ਼ੁਲਾਮ, ਹੱਥੀਂ ਬੱਧੀ ਸੀਸ ਨਿਵਾਈਆ । ਮੇਰੇ ਉਤੇ ਫਿਰਦੇ ਤਮਾਮ, ਤਮਾ ਦੇ ਮਾਰੇ ਨਜ਼ਰੀ ਆਈਆ । ਤੇਰਾ ਬਦਲਦਾ ਵੇਖਿਆ ਇੰਤਜ਼ਾਮ, ਬਿਨ ਤੁਧ ਨਜ਼ਾਮ ਕਾਇਮ ਨਾ ਕੋਇ ਕਰਾਈਆ । ਮੇਰੀ ਇਜ਼ਤ ਹੁੰਦੀ ਬਦਨਾਮ, ਬਦੀ ਕਲਜੁਗ ਜੀਵ ਕਮਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹੁੰਦਾ ਹਰਾਮ, ਤੀਰਥ ਤੱਟਾਂ ਧੀਆਂ ਭੈਣਾਂ ਸਰਬ ਤਕਾਈਆ । ਚਾਰੋਂ ਕੁੰਟ ਫਿਰੇ ਸ਼ੈਤਾਨ, ਸ਼ਰਅ ਵਿਚ ਲੜਾਈਆ । ਮੇਰੇ ਸਿਰ ਕਰ ਅਹਿਸਾਨ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਤੀ ਕਹੇ ਮੇਰੇ ਵੇਖ ਹੱਥ ਜੁੜਦੇ, ਵਾਸਤਾ ਰਹੀ ਪਾਈਆ । ਪ੍ਰਭੂ ਜਿਹੜੇ ਗੁਰ ਅਵਤਾਰ ਆ ਕੇ ਗਏ ਉਹ ਫੇਰ ਕਦੇ ਨਾ ਮੁੜਦੇ, ਮੈਂ ਬੈਠੀ ਰਾਹ ਤਕਾਈਆ । ਕੁਛ ਕੌਲ ਯਾਦ ਕਰਾਂ ਅਨੰਦ ਪੁਰ ਦੇ, ਗੋਬਿੰਦ ਗਿਆ ਸਮਝਾਈਆ । ਜਿਸ ਵੇਲੇ ਕਲਜੁਗ ਸਤਿਜੁਗ ਦੋਵੇਂ ਪੁੜ ਜੁੜਦੇ, ਓਸ ਵੇਲੇ ਗੇੜਾ ਦੇਵੇ ਧੁਰਦਰਗਾਹੀਆ । ਖੇਲ ਕਰੇ ਆਪਣੀ ਲੋੜ ਦੇ, ਲੋੜੀਂਦਾ ਸੱਜਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਧਰਨੀ ਕਹੇ ਪ੍ਰਭੂ ਮੇਰਾ ਧੋ ਦੇ ਧੱਬਾ, ਜਗਤ ਧੋਬੀ ਨਜ਼ਰ ਕੋਇ ਨਾ ਆਈਆ । ਜੇ ਇਕੋ ਬਣ ਜਾਏ ਸਭ ਦਾ ਅੱਬਾ, ਫਿਰ ਧਰਤੀ ਮਾਂ ਦੀ ਵੰਡ ਵੰਡ ਮੀਂਢੀ ਨਾ ਕੋਇ ਪੁਟਾਈਆ । ਮੈਂ ਵਾਸਤਾ ਪਾਵਾਂ ਹਾਏ ਮੇਰਿਆ ਰੱਬਾ, ਦਰੋਹੀ ਆਖ ਸੁਣਾਈਆ । ਦੋ ਜਹਾਨ ਤੇਰੇ ਹੁਕਮ ਬੱਧਾ, ਸਿਰ ਸਕੇ ਨਾ ਕੋਇ ਉਠਾਈਆ । ਇਕੋ ਸ਼ਬਦ ਦਾ ਮਾਰ ਦੱਬਾ, ਹੁਕਮ ਇਕ ਜਣਾਈਆ । ਕਾਹਨੂੰ ਫਿਰਦਾ ਵਿਚ ਗੱਭਾ, ਫ਼ੈਸਲਾ ਇਕੋ ਇਕ ਕਰਾਈਆ । ਜਨ ਭਗਤਾਂ ਦੇ ਆਪਣਾ ਸੱਦਾ, ਸੰਦੇਸ਼ਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕ ਵਰਤਾਈਆ । ਧਰਤੀ ਕਹੇ ਮੇਰਾ ਧੋ ਦੇ ਦਾਗ਼, ਮੈਲ ਰਹੇ ਨਾ ਰਾਈਆ । ਮੇਰੇ ਉਤੇ ਤੇਰਾ ਜਗੇ ਇਕ ਚਿਰਾਗ, ਦੂਜਾ ਦੀਵਾ ਨਜ਼ਰ ਕੋਇ ਨਾ ਆਈਆ । ਜੇ ਤੂੰ ਕੱਲਾ ਜਾਵੇਂ ਜਾਗ, ਆਲਸ ਨਿੰਦਰਾ ਸਭ ਦੀ ਦਏਂ ਮਿਟਾਈਆ । ਕਿਉਂ ਤੇਰੇ ਹੱਥ ਚੁਰਾਸੀ ਦੀ ਵਾਗ, ਵਿਸ਼ਨ ਬ੍ਰਹਮਾ ਸ਼ਿਵ ਤੇਰੇ ਹੁਕਮੇ ਸੇਵ ਕਮਾਈਆ । ਮੈਂ ਮੰਗਤੀ ਬਣੀ

ਆਜ, ਦਰ ਭਿਖਾਰਨ ਫੇਰੀ ਪਾਈਆ । ਪ੍ਰਭੂ ਭਗਤਾਂ ਦਾ ਬਣਾ ਦੇ ਸਮਾਜ, ਸਮਗਰੀ ਇਕ ਵਰਤਾਈਆ । ਸਤਿਜੁਗ ਦਾ ਚਲਾ ਰਿਵਾਜ, ਕਲਜੁਗ ਕੂੜਾ ਡੇਰਾ ਢਾਹੀਆ । ਤੇਰੀ ਸਰਨੀ ਸਰਨਗਤ ਸਾਰੇ ਜਾਣ ਲਾਗ, ਚਰਨ ਮਿਲੇ ਵਡਿਆਈਆ । ਮੈਨੂੰ ਉਜੜੀ ਨੂੰ ਕਰ ਆਬਾਦ, ਅੰਮ੍ਰਿਤ ਸਿੰਚ ਹਰਾ ਕਰਾਈਆ । ਤੇਰੀ ਫੁਲਵਾੜੀ ਤੇਰਾ ਮਹਿਕੇ ਬਾਗ਼, ਗੁਲਸ਼ਨ ਤੇਰਾ ਸੋਭਾ ਪਾਈਆ । ਏਥੇ ਓਥੇ ਦੋ ਜਹਾਨਾਂ ਤੇਰਾ ਹੋਵੇ ਇਕੋ ਰਾਜ, ਰਈਅਤ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਸਰਨ ਸਰਨਾਈ ਤੇਰੀ ਜਾਏ ਲਾਗ, ਓਨ੍ਹਾਂ ਦੀ ਲਾਗਤ ਕੀਮਤ ਦੇ ਚੁਕਾਈਆ ।

### ★ ੨੩ ਮਾਘ ਸ਼ਹਿਨਸ਼ਾਹੀ ਸੰਮਤ ੩ ਗੁਲਜ਼ਾਰ ਸਿੰਘ ਦੇ ਗ੍ਰਿਹ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ★

ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਕੂੰਜਾਂ ਭਰੀ ਡਾਰ, ਜੁਗ ਚੌਕੜੀ ਵਿਲਕ ਵਿਲਕ ਕੁਰਲਾਈਆ । ਵਸੇਰਾ ਛੱਡ ਕੇ ਜੰਗਲ ਜੂਹ ਉਜਾੜ ਪਹਾੜ, ਬਾਲੂ ਟਿੱਲਿਆਂ ਡੇਰਾ ਲਾਈਆ । ਤੇਰਾ ਖੇਲ ਅਗੰਮ ਅਪਾਰ, ਪਾਰਬ੍ਰਹਮ ਭੇਵ ਕੋਇ ਨਾ ਆਈਆ । ਪਾਛੇ ਬਚਰੇ ਛੱਡੇ ਵਿਚ ਸੰਸਾਰ, ਪਸਚਾਤਾਪ ਵਿਚ ਸੁਣਾਈਆ । ਕਿਰਪਾ ਕਰ ਪਰਵਰਦਿਗਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੀ ਸਾਚੀ ਸਚ ਨਾ ਲੱਭੀ ਯਾਦਗਾਰ, ਯਾਦ ਵਿਚ ਯਾਦ ਆਏ ਸਮਝਾਈਆ । ਸਰਗੁਣ ਹੋ ਕੇ ਕੱਟ ਕੇ ਆਏ ਵਗਾਰ, ਵਗਾਰੀ ਹੋ ਕੇ ਫੇਰਾ ਪਾਈਆ । ਭਰੋਸਿਆਂ ਵਿਚ ਦੇ ਕੇ ਆਏ

ਇਤਬਾਰ, ਯਕੀਨਾਂ ਵਿਚ ਏਤਮਾਦ ਦਵਾਈਆ । ਤੇਰਾ ਸਾਹਿਬ ਸਚ ਦਰਬਾਰ, ਦਰ ਦਰਵਾਜ਼ਾ ਦੇ ਖੁਲ੍ਹਾਈਆ । ਇਕੱਠੇ ਹੋ ਕੇ ਰੋਈਏ ਏਕਾ ਵਾਰ, ਏਕੰਕਾਰ ਤੇਰੀ ਸਰਨਾਈਆ । ਤੇਰੀ ਖ਼ਬਰ ਸੁਣੀ ਵਾਰੋ ਵਾਰ, ਤੇਰੀ ਵਾਰਤਾ ਵਿਰਸਾ ਜਗਤ ਦਿੱਤੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਕਲਪਣਾ ਉਹ ਕੂੰਜ, ਜਿਸ ਦੀ ਬੋਲੀ ਚਾਰ ਜੁਗ ਨਾ ਕਿਸੇ ਸਮਝਾਈਆ । ਅੰਤਮ ਸਾਡੇ ਨੇਤਰ ਅੱਥਰੂ ਦੇ ਪੂੰਝ, ਹੰਝੂ ਹਰਿ ਹਰਿ ਆਪਣੀ ਝੋਲੀ ਪਾਈਆ । ਸਾਨੂੰ ਇਕੱਠਿਆਂ ਨੂੰ ਤੇਰੀ ਆ ਜਾਏ ਇਕੋ ਸੂਝ, ਸਮਝ ਇਕੋ ਨਾਲ ਸਮਝਾਈਆ । ਤੇਰੇ ਦਵਾਰੇ ਛੱਡ ਜਾਈਏ ਦੂਜ, ਦੁਤੀਆ ਭਾਉ ਨਾ ਕੋਇ ਵਖਾਈਆ । ਤੇਰਾ ਵੇਖ ਕੇ ਉਚ ਅਰੂਜ, ਮਹੱਲ ਅਟੱਲ ਸੋਭਾ ਪਾਈਆ । ਮਜ਼੍ਹਬ ਦੀ ਰਹੇ ਨਾ ਕੋਇ ਹਦੂਦ, ਹੱਦ ਬੇਹਦ ਦੇਣੀ ਵਖਾਈਆ । ਕਲਮਿਆਂ ਵਿਚ ਬੰਦ ਨਾ ਰੱਖੀਂ ਮਹਿਦੂਦ, ਮੁੱਦਾ ਇਕੋ ਇਕ ਦਰਸਾਈਆ । ਸਚਖੰਡ ਦਵਾਰੇ ਨਾ ਤੇਰਾ ਤੇ ਨਾ ਸਾਡਾ ਤੱਤਾਂ ਵਾਲਾ ਵਜੂਦ, ਕਿਉਂ ਵਜੂਆਂ ਦੇ ਝਗੜੇ ਵਿਚ ਖ਼ਲਕ ਦਿਤੀ ਲੜਾਈਆ । ਜਿਧਰ ਵੇਖੀਏ ਓਧਰ ਮੌਜੂਦ, ਚਾਰੋਂ ਕੁੰਟ ਸੋਭਾ ਪਾਈਆ । ਕਿਰਪਾ ਕਰ ਕੇ ਸਾਡੇ ਭਵਿਖਤਾਂ ਦਾ ਦੇ ਦੇ ਆਪ ਸਬੂਤ, ਸਫ਼ਾ ਕੂੜੀ ਦੇ ਚੁਕਾਈਆ । ਤੇਰਾ ਹੁਕਮ ਇਕ ਮਜ਼ਬੂਤ, ਮੁਸ਼ਕਲ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਸੁਣ ਵਰਲਾਪ, ਦਿਵਸ ਰੈਣ ਰਹੇ ਕੁਰਲਾਈਆ । ਤੇਰਾ ਜੁਗ ਜੁਗ ਕੀਤਾ ਜਾਪ, ਸਿਮਰਨ ਸਿਮਰ ਸਿਮਰ ਸਿਮਰ ਤੇਰਾ ਨਾਮ ਧਿਆਈਆ । ਤੇਰੇ ਹਵਾਲੇ ਕੀਤਾ ਆਪਣਾ ਆਪ, ਤਨ ਮਾਟੀ ਤੇਰੀ ਝੋਲੀ ਪਾਈਆ ।

ਤੈਨੂੰ ਮੰਨਦੇ ਰਹੇ ਅਗੰਮਾ ਬਾਪ, ਪਿਤਾ ਪੁਰਖ ਅਕਾਲ ਸਹਾਈਆ । ਤੇਰਾ ਸੰਦੇਸ਼ਾ ਦੇਂਦੇ ਰਹੇ ਸਾਚ, ਸਚ ਸਚ ਸਮਝਾਈਆ । ਦੋ ਜਹਾਨਾਂ ਜਣਾਉਂਦੇ ਆਏ ਤੇਰਾ ਰਾਜ, ਸ਼ਹਿਨਸ਼ਾਹ ਇਕੋ ਬੇਪਰਵਾਹੀਆ । ਕਲਜੁਗ ਅੰਤਮ ਅਸੀਂ ਸਾਰੇ ਹੋਏ ਮੁਹਤਾਜ, ਤੇਰੇ ਅੱਗੇ ਝੋਲੀਆਂ ਡਾਹੀਆ । ਸ੍ਰਿਸ਼ਟੀ ਵੱਲੋਂ ਅਸੀਂ ਦੇਈਏ ਜਵਾਬ, ਸਾਡੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪੇ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਜ਼ੋਰ ਜ਼ੋਰ ਦੀ ਕੂਕੇ, ਕੂਕ ਕੂਕ ਸੁਣਾਈਆ । ਭੇਵ ਦੱਸਦੇ ਰਹੇ ਸੱਚੇ ਸਤਿਗੁਰ ਦੇ, ਗੁਰ ਗੁਰ ਪੜਦਾ ਲਾਹੀਆ । ਤੇਰੇ ਖੇਲ ਅਗੰਮੇ ਧੁਰ ਦੇ, ਧੁਰ ਦੀ ਬਾਣੀ ਅਗੰਮ ਅਕਥ ਕਹਾਣੀ ਸੰਦੇਸ਼ਿਆਂ ਵਿਚ ਸੁਣਾਈਆ । ਤੇਰੇ ਹੁਕਮ ਕਦੇ ਨਾ ਮੁੜਦੇ, ਭਾਣੇ ਵਿਚ ਭਾਵੀ ਸੀਸ ਨਿਵਾਈਆ । ਕਲਜੁਗ ਅੰਤਮ ਬੇੜੇ ਵੇਖੇ ਰੁੜ੍ਹਦੇ, ਨਈਆ ਨਾਮ ਨਾ ਕੋਇ ਚੜ੍ਹਾਈਆ । ਲੇਖੇ ਪੂਰੇ ਕਰਦੇ ਅਨੰਦ ਪੁਰ ਦੇ, ਪੁਰੀਆਂ ਤੋਂ ਬਾਹਰ ਦੇਣਾ ਸਮਝਾਈਆ । ਜਿਹੜੇ ਸਾਡੇ ਅੰਦਰ ਚਾਰ ਜੁਗ ਫੁਰਨੇ ਰਹੇ ਫੁਰਦੇ, ਫੁਰਨਿਆਂ ਦਾ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਰੰਗ ਵਖਾਈਆ । ਅਵਤਾਰ ਪੈਗ਼ੰਬਰ ਕਹਿਣ ਗੁਰ ਪੁਰਖ ਅਕਾਲ ਚੁੱਕ ਲਾ ਗੋਦੀ, ਗੋਦ ਤੇਰੀ ਇਕੋ ਇਕ ਸੁਹਾਈਆ । ਝਗੜਾ ਮੁਕਾ ਦੇ ਜੰਞੂ ਬੋਦੀ, ਤਿਲਕ ਤ੍ਰਿਸੂਲ ਨਾ ਕੋਇ ਵਡਿਆਈਆ । ਤੇਰਾ ਗੁੰਚਾ ਫੁੱਲ ਇਕੋ ਡੋਡੀ, ਮਹਿਕ ਇਕੋ ਦੇ ਭਰਾਈਆ । ਕਿਉਂ ਨਾਨਕ ਨੇ ਧਾਰ ਬਦਲੀ ਸੋਢੀ, ਸੋਢੀ ਦਾ ਬੇਦੀ ਬੇਦੀ ਦਾ ਭੇਦੀ ਅਭੇਦੀ ਦਾਤਾ ਇਕੋ ਨਜ਼ਰੀ ਆਈਆ । ਅੱਗੇ ਰਹੇ ਕੋਈ ਨਾ ਜੋਗੀ, ਜਗਤ ਜੋਗੀਸ਼ਰਾਂ ਡੇਰਾ ਢਾਹੀਆ । ਇਕੋ ਭਗਤਾਂ ਦੇ ਸੋਝੀ, ਸੁੰਞੀ ਦਿਸੇ ਲੋਕਾਈਆ । ਤੇਰੇ ਨਾਮ ਦੀ ਮਿਲੇ ਇਕੋ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਦੇਣੀ ਪੁਚਾਈਆ । ਤੇਰਾ ਖੇਲ ਸਦਾ ਸਚ ਦਵਾਰੇ ਚੋਜੀ, ਚੋਰਾਂ ਯਾਰਾਂ ਠੱਗਾਂ ਝਗੜਾ ਦੇਣਾ ਗਵਾਈਆ । ਬਿਰਹੋਂ ਦਾ ਰਹੇ ਕੋਈ ਨਾ ਰੋਗੀ, ਰਹਿਮਤ ਆਪਣੀ ਨਾਲ ਮਿਲਾਈਆ । ਧਰਮ ਦਵਾਰੇ ਦਾ ਬਣ ਕੇ ਧੋਬੀ, ਦੁਰਮਤ ਮੈਲ ਸਾਫ਼ ਕਰਾਈਆ । ਜਿਨ੍ਹਾਂ ਦੀ ਕੀਮਤ ਨਹੀਂ ਕੋਈ ਕੌਡੀ, ਹੀਰੇ ਲਾਲ ਲੈਣੇ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦੇਣੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਕੂੰਜ ਵਾਲੀ ਪੁਕਾਰ, ਪੁਨਾਹ ਪੁਨਹ ਸੀਸ ਨਿਵਾਈਆ । ਜੇ ਪ੍ਰਭ ਆਇਉਂ ਸਰਗੁਣ ਤੋਂ ਨਿਰਗੁਣ ਹੋ ਕੇ ਆਪਣੀ ਧਾਰ, ਨਿਰਵੈਰ ਫੇਰਾ ਪਾਈਆ । ਇਕ ਬਣਾ ਸੱਚੀ ਸਰਕਾਰ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਇਕੋ ਕਦਮ ਝੁਕੇ ਸੰਸਾਰ, ਦੂਜਾ ਦਰ ਨਾ ਕੋਇ ਵਡਿਆਈਆ । ਇਕੋ ਨਾਮ ਹੋਵੇ ਜੈਕਾਰ, ਸਤਿਕਾਰ ਇਕੋ ਇਕ ਅਖਵਾਈਆ । ਤੇਰੇ ਦਰ ਖੜ੍ਹੇ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਕਿਰਪਾ ਆਪ ਕਰਤਾਰ, ਕ਼ੁਦਰਤ ਕ਼ਾਦਰ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦੋ ਜਹਾਨਾਂ ਨਜ਼ਰੀ ਆਏ ਇਕ ਦਰਬਾਰ, ਦਰ ਬਦਰ ਫਿਰਨ ਦੀ ਲੋੜ ਰਹੇ ਨਾ ਰਾਈਆ ।

★ ੨੩ ਮਾਘ ਸ਼ਹਿਨਸ਼ਾਹੀ ਸੰਮਤ ੩ ਸੁਖਵਿੰਦਰ ਸਿੰਘ ਦੇ ਗ੍ਰਿਹ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਅਜੇ ਤਕ ਸਾਰੇ ਗਿਣੇ ਨਹੀਂ ਕਿਸੇ ਨੇ ਹਰਫ਼, ਇਕੱਠਾ ਜੋੜ ਨਾ ਕੋਇ ਜੁੜਾਈਆ । ਆਦਿ ਦੀ ਰਚਨਾ ਦੇ ਅੰਕੜਿਆਂ ਵਿਚ ਹਿਸਾਬ ਲਾਏ ਨਹੀਂ ਕਿਸੇ ਨੇ ਬਰਸ, ਜੁਗ ਚੌਕੜੀ ਭੇਵ ਨਾ ਕੋਇ ਖੁਲ੍ਹਾਈਆ । ਨਿਰਗੁਣ ਧਾਰ ਸਰਗੁਣ ਕਰ ਸਕਿਆ ਨਾ ਕੋਇ ਪਰਖ, ਭੇਵ ਅਗੰਮ ਨਾ ਕੋਇ ਖੁਲ੍ਹਾਈਆ । ਜੁਗ ਚੌਕੜੀ ਕਿਸੇ ਦਾ ਮਿਟਿਆ ਨਹੀਂ ਹਰਖ਼, ਗੁਰ ਅਵਤਾਰ ਪੈਗ਼ੰਬਰ ਚਿੰਤਾ ਦੀਨ ਮਜ਼੍ਹਬ ਦੀ ਦਿਤੀ ਲਗਾਈਆ । ਕਿਸੇ ਕੋਲੋਂ ਆਦਿ ਅੰਤ ਦਾ ਪੂਰਾ ਨਹੀਂ ਹੋਇਆ ਖ਼ਰਚ, ਜੋ ਆਇਆ ਸੋ ਪ੍ਰਭ ਦੇ ਕੋਲੋਂ ਮੰਗ ਮੰਗ ਝਟ ਲੰਘਾਈਆ । ਕਿਸੇ ਦਾ ਸਚਖੰਡ ਵਿਚ ਪ੍ਰਭ ਦੇ ਅੰਤਰ ਨਾਮ ਹੋਇਆ ਨਹੀਂ ਦਰਜ, ਦਰਜਾ ਬਦਰਜਾ ਸਿਲਸਿਲੇ ਵਾਰ ਸਾਰੇ ਦਿਤੇ ਟਿਕਾਈਆ । ਹਰਜਾਨਿਆਂ ਵਿਚ ਪੂਰਾ ਕਰ ਸਕਿਆ ਕੋਇ ਨਾ ਹਰਜ, ਸਾਚੇ ਕੰਡੇ ਤੋਲ ਤਰਾਜ਼ੂ ਤੱਕੜ ਨਾ ਕੋਇ ਤੁਲਾਈਆ । ਸਬਰ ਸਬੂਰੀ ਸਿਦਕ ਵਿਚ ਕਿਸੇ ਦੀ ਪੂਰੀ ਹੋਈ ਨਾ ਗ਼ਰਜ਼, ਹਵਸ ਵਿਚ ਹਵਾਸ ਸਭ ਦੇ ਦਿਤੇ ਉਡਾਈਆ । ਜਿਤਨੇ ਅੱਖਰ ਜਿਤਨੇ ਸ਼ਬਦ ਜਿਤਨੇ ਨਾਮ ਜਿਤਨੇ ਕਲਮੇ ਇਕੋ ਪ੍ਰਭ ਦੇ ਨਾਮ ਨੂੰ ਹੁੰਦੀ ਰਹੀ ਜ਼ਰਬ, ਅਸਲ ਦਾ ਅਸਲ ਹੱਥ ਕਿਸੇ ਨਾ ਆਈਆ । ਮਮਤਾ ਵਿਚ ਪੂਰਾ ਹੋਇਆ ਕਿਸੇ ਨਾ ਦਰਬ, ਸਾਂਤਕ ਸਤਿ ਨਾ ਕੋਇ ਵਖਾਈਆ । ਮੁਹੰਮਦ ਨੇ ਰੋ ਕੇ ਕਿਹਾ ਵਿਚ ਅਰਬ, ਹੌਕਾ ਹਕ ਹਕ ਸੁਣਾਈਆ । ਪਰਵਰਦਿਗਾਰ ਇਕ ਕਦਮ ਦਾ ਵਖਾਇਆ ਇਕ ਕਰਬ, ਕਰਬ ਦਾ ਪਿਛਲਾ ਨਿਸ਼ਾਨਾ ਕਰਬਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਜਾਣ ਨਾ ਸਕੇ ਤੇਰੇ ਹਰੂਫ਼, ਸ਼ਕਲ ਅਕਲ ਵਿਚ ਕੋਇ ਨਾ ਆਈਆ । ਤੇਰੀ ਸਿਫ਼ਤ ਵਿਚ ਹੋਏ ਰਹੇ ਮਸਰੂਫ਼, ਕਲਮਿਆਂ ਵਿਚ ਢੋਲੇ ਗਾਈਆ । ਈਸਾ ਕਿਹਾ ਮਖ਼ਰੂਬ ਮੁਖ਼ਿਲਲ ਵਿਜ਼ਾਹ ਵਸੀਅ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਘਰ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਜਾਣੀਏ ਤੇਰਾ ਲੇਖਾ, ਲਿਖਣ ਵਾਲੀ ਕਲਮ ਨਾ ਕੋਇ ਵਡਿਆਈਆ । ਜੁਗ ਜੁਗ ਤੂੰ ਆਪਣਾ ਰੱਖੇਂ ਭੁਲੇਖਾ, ਪੜਦਿਆਂ ਵਿਚ ਪੜਦਾ ਇਕ ਛੁਪਾਈਆ । ਸਾਨੂੰ ਇਲਮ ਦਾ ਦੇ ਕੇ ਠੇਕਾ, ਲਾਇਲਮ ਹੋ ਕੇ ਆਪਣਾ ਭੇਵ ਛੁਪਾਈਆ । ਮਜ਼੍ਹਬਾਂ ਦਾ ਬਣਾ ਕੇ ਨੇਤਾ, ਹੁਕਮੇ ਵਿਚ ਭਵਾਈਆ । ਛੁਡਾ ਕੇ ਆਪਣਾ ਦੇਸਾ, ਧਰਨੀ ਧਰਤ ਧਵਲ ਧੌਲ ਵਖਾਈਆ । ਅੱਗੋਂ ਬੋਲ ਪਿਆ ਦਸ ਦਸਮੇਸ਼ਾ, ਗੋਬਿੰਦ ਗੋਬਿੰਦ ਬਚਨ ਅਲਾਈਆ । ਸਭ ਦਾ ਯਾਦ ਕਰ ਕੇ ਚੇਤਾ, ਚੇਤਾਵਨੀ ਇਕ ਜਣਾਈਆ । ਤੇਰਾ ਇਕੋ ਸ਼ਬਦ ਇਕੋ ਗੁਰੂ ਇਕੋ ਬੇਟਾ, ਇਕੋ ਜਨਮ ਵਾਲੀ ਮਾਈਆ । ਬਾਕੀ ਤੇਰੇ ਹੁਕਮ ਦਾ ਸ਼ਬਦੀ ਧਾਰ ਭੇਖਾ, ਜੋ ਤੱਤਾਂ ਵਿਚ ਵੜ ਕੇ ਤੇਰੀ ਕਰੇ ਵਡਿਆਈਆ । ਇਕੋ ਦੱਸ ਟੇਕਾ, ਟੇਕ ਵਿਚ ਸਿੱਕੇ ਧਰਮ ਦੇ ਦਏ ਬਦਲਾਈਆ । ਇਹੋ ਗੁਰ ਅਵਤਾਰ ਪੈਗ਼ੰਬਰਾਂ ਵਿਚ ਰੱਖਿਆ ਤੂੰ ਭੁਲੇਖਾ, ਜਿਸ ਭੁਲੇਖੇ ਦਾ ਮੂਲ ਸਮਝ ਕਿਸੇ ਨਾ ਆਈਆ । ਮੂੰਡ ਮੁੰਡਾਏ ਸ਼ਰਅ ਚਲਾਏ ਵਾਲ ਵਧਾਏ ਧਾਰੀ ਕੇਸਾ, ਕਿਸਮ ਸਭ ਦੀ ਆਪਣੇ ਅੰਦਰ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇਣਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੀ ਅੱਖਰਾਂ ਵਿਚ ਹਰਫ਼ਾਂ ਵਿਚ ਕੀਤੀ ਉਲਫ਼ਤ,


੧੨੩੨
੨੦

ਮਹਿੰਮਾ ਵਿਚ ਵਡਿਆਈਆ । ਜਾਂ ਤੱਕੀਏ ਤੂੰ ਇਕੋ ਸਭ ਦਾ ਮੁਰਸ਼ਦ, ਮੁਰੀਦਾਂ ਵਿਚ ਵੰਡ ਨਾ ਕੋਇ ਵੰਡਾਈਆ । ਜੁਗ ਚੌਕੜੀ ਤੈਨੂੰ ਮਿਲੇ ਕੋਈ ਨਾ ਫ਼ੁਰਸਤ, ਵਿਹਲਾ ਹੋ ਕੇ ਆਪਣੀ ਕਾਰ ਕਮਾਈਆ । ਕੋਟਾਂ ਵਿਚੋਂ ਕੋਈ ਵਿਰਲਾ ਤੇਰਾ ਗੁਰਮੁਖ, ਜਿਸ ਨੂੰ ਸਿਖਿਆ ਦੇ ਕੇ ਗੁਰਸਿਖ ਲਏਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਕਰੀਏ ਤੇਰੀ ਗਿਣਤੀ, ਅਗਣਤ ਤੇਰੀ ਵਡਿਆਈਆ । ਕੀ ਨਾਪ ਕਰੀਏ ਮਿਣਤੀ, ਪੈਮਾਇਸ਼ ਨਾ ਕੋਇ ਕਰਾਈਆ । ਕੀ ਵੇਖੀਏ ਦਿਸ਼ਾ ਸਿੰਮਤੀ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਕੀ ਬਣੀਏ ਹਿੰਮਤੀ, ਹੌਸਲਾ ਸਚ ਵਧਾਈਆ । ਗੋਬਿੰਦ ਕਿਹਾ ਨਹੀਂ ਕਰੋ ਅਰਜ਼ੋਈ ਸੀਸ ਜਗਦੀਸ ਮਿੰਨਤੀ, ਨਿਉਂ ਨਿਉਂ ਲਾਗੋ ਪਾਈਆ । ਇਸ ਦੀ ਖੇਲ ਇਨ ਬਿਨ ਦੀ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਹੁਕਮ ਆਪਣੇ ਵਿਚ ਰਖਾਈਆ ।

### ★ ੨੩ ਮਾਘ ਸ਼ਹਿਨਸ਼ਾਹੀ ਸੰਮਤ ੩ ਬਲਵੰਤ ਸਿੰਘ ਦੇ ਗ੍ਰਿਹ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ★



ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਕਰੀਏ ਤੇਰੀ ਸਿਫ਼ਤ, ਸਾਲਾਹੀ ਸਾਲਾਹ ਨਾ ਕੋਇ ਸਾਲਾਹੀਆ । ਤੇਰੇ ਨਾਮ ਵਿਚ ਹੋ ਕੇ ਗ੍ਰਿਫ਼ਤ, ਪਾਬੰਦੀ ਮਜ਼੍ਹਬਾਂ ਵਾਲੀ ਨਜ਼ਰੀ ਆਈਆ । ਸਾਡੇ ਕੋਲ ਕੋਈ ਹਿੱਸਾ ਨਹੀਂ ਨਿਸਫ਼, ਅੱਧੋ ਅੱਧ ਨਾ ਵੰਡ ਵੰਡਾਈਆ । ਸਾਨੂੰ ਤੂੰ ਦਿਤਾ ਪੰਜ ਤਤ ਖ਼ਾਕੀ ਜਿਸਮ, ਸ੍ਰਿਸ਼ਟ ਵਿਚ ਵਖਾਈਆ । ਉਸ ਦੇ ਅੰਦਰ ਆਪਣੀ ਨੂਰ ਜੋਤ ਦਾ ਰੱਖ ਕੇ ਇਸਮ, ਆਪਣਾ ਭੇਵ ਛੁਪਾਈਆ । ਬਾਹਰੋਂ ਸ਼ਰੀਰ ਦੀ ਬਣਾ ਕੇ ਕਿਸਮ, ਨਾਂ ਗੁਰੂ ਅਵਤਾਰ ਪੈਗ਼ੰਬਰ ਦਿਤਾ ਧਰਾਈਆ । ਜਿਹੜੇ ਜਗਤ ਅੱਖਾਂ ਦਿਸਣ, ਜਗਤ ਨੂੰ ਜਗਤ ਭੁਲੇਖੇ ਵਿਚ ਰਖਾਈਆ । ਜਿਸਮਾਂ ਤੋਂ ਬਣਾ ਕੇ ਮਿਸ਼ਨ, ਮਿਸ਼ਨਰੀ ਆਪਣੀ ਨਾ ਕਿਸੇ ਸਮਝਾਈਆ । ਗ੍ਰੰਥਾਂ ਵਿਚ ਲਿਖਾ ਕੇ ਸ੍ਰਿਸ਼ਟੀ ਬਣਾਈ ਬ੍ਰਹਮਾ ਸ਼ੰਕਰ ਤੇ ਵਿਸ਼ਨ, ਆਪਣਾ ਪਲੂ ਲਿਆ ਛੁਡਾਈਆ । ਥੋੜ੍ਹੀ ਜਿਹੀ ਥਪਕੀ ਦੇ ਕੇ ਕ੍ਰਿਸ਼ਨ, ਤ੍ਰੈਲੋਕੀ ਦੀ ਝਲਕ ਜਣਾਈਆ । ਆਪੇ ਮਰਨ ਤੇ ਆਪੇ ਜੰਮਣ ਆਪਣਾ ਝਗੜਾ ਨਜਿੱਠਣ, ਲੜਦੀ ਵੇਖਣ ਲੋਕਾਈਆ । ਧੜਿਆਂ ਵਿਚ ਆ ਕੇ ਪਿੱਟਣ, ਝਗੜਿਆਂ ਵਿਚ ਦੁਹਾਈਆ । ਜੇ ਸਾਰੇ ਗੁਰ ਅਵਤਾਰ ਪੈਗ਼ੰਬਰ ਆਦਿ ਤੋਂ ਅੰਤ ਤੱਕ ਇਕੋ ਸਿਖਿਆ ਸਿੱਖਣ, ਫੇਰ ਸਿੱਖ ਬਣਾਉਣ ਦੀ ਲੋੜ ਰਹੇ ਨਾ ਰਾਈਆ । ਵੱਖਰੇ ਵੱਖਰੇ ਚਰਨ ਪ੍ਰੀਤੀ ਓਸੇ ਵਿਕਣ, ਆਪਣੀ ਕੀਮਤ ਪਾਈਆ । ਜੇ ਧਰਮ ਦੇ ਵਿਚ ਧਰਮ ਦਵਾਰੇ ਟਿੱਕਣ, ਜਿਥੇ ਅਲ੍ਹਾ ਵਾਹਿਗੁਰੂ ਓਮ ਰਾਮ ਕ੍ਰਿਸ਼ਨ ਨਜ਼ਰ ਕੋਇ ਨਾ ਆਈਆ । ਜੇ ਇਕੇ ਦੀ ਸਿਫ਼ਤ ਇਕੇ ਦੀ ਏਕ ਲਿਖਣ, ਏਕੰਕਾਰ ਇਕ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਜਣਾਈਆ । ਗੁਰ ਅਵਤਾਰ ਪੈਗ਼ੰਬਰ ਜੇ ਪੜ੍ਹਦੇ ਇਕੋ ਪੱਟੀ, ਕਿਉਂ ਪਟਨੇ ਵਾਲਾ ਦੇਂਦਾ ਦੁਹਾਈਆ । ਮਜ਼੍ਹਬਾਂ ਦੀ ਚਲਦੀ ਕੋਈ ਨਾ ਹੱਟੀ, ਹਰਿ ਦੀ ਵੰਡ ਨਾ ਕੋਇ ਵੰਡਾਈਆ । ਸਭ ਦੀ ਸਾਂਝੀ ਹੁੰਦੀ ਖੱਟੀ, ਵੱਖਰਾ ਘਰ ਨਾ ਕੋਇ ਸੁਹਾਈਆ । ਮੁਹੰਮਦ ਕਹੇ ਜੇ ਮੈਨੂੰ ਤੰਦ ਨਾ ਬੰਨ੍ਹਦੋਂ

੧੨੩੩ ੨੦

ਵਿਚੋਂ ਮੌਲੀ ਦੀ ਅੱਟੀ, ਚਿੱਟਾ ਲਾਲ ਰੰਗ ਬਦਲਾਈਆ । ਫੇਰ ਦਾੜ੍ਹੀ ਕੌਣ ਕਰਦਾ ਰੱਤੀ, ਰਾਹਤ ਵਿਚ ਰਹਿਤ ਕੌਣ ਸਮਝਾਈਆ । ਜੇ ਤੂੰ ਬਣ ਜਾਂਦੋਂ ਸਭ ਦਾ ਸਾਂਝਾ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਇਕੋ ਦੇਨੋਂ ਸਾਂਝੀ ਮੱਤੀ, ਹੁਕਮ ਇਕ ਮਨਾਈਆ । ਸਾਡੇ ਅੰਦਰ ਨਾ ਰੱਖਦੋਂ ਆਪਣੀ ਮੋਮਬੱਤੀ, ਜੋ ਮੋਮਨ ਗਈ ਸਮਝਾਈਆ । ਫੇਰ ਤੇਰੀ ਸਿਫ਼ਤਾਂ ਵਾਲੀ ਕਹਾਣੀ ਰਹਿੰਦੀ ਠੱਪੀ, ਇਹ ਗੁਰ ਅਵਤਾਰ ਪੈਗ਼ੰਬਰ ਤੇਰੇ ਵੱਖਰੇ ਵੱਖਰੇ ਠੱਪੇ ਨਜ਼ਰੀ ਆਈਆ । ਅੱਗੇ ਸਾਡੇ ਨਾਲ ਕਰ ਲਾ ਪੱਕੀ, ਸੁਖ਼ਨ ਸਚ ਸੁਣਾਈਆ । ਸਾਚਾ ਨਾਮ ਇਕੋ ਦੱਸੀਂ, ਦਹਿ ਦਿਸ਼ਾ ਕਰ ਪੜ੍ਹਾਈਆ । ਪ੍ਰੇਮ ਪਿਆਰ ਅੰਦਰ ਵਸੀਂ, ਵਾਸਤਾ ਆਪਣੇ ਨਾਲ ਰਖਾਈਆ । ਵਿਛੋੜਾ ਦੇ ਕਦੇ ਨਾ ਨੱਸੀਂ, ਕਰਵਟ ਆਪਣੀ ਪਿਠ ਬਦਲਾਈਆ । ਤੇਰੇ ਪਿਆਰੇ ਤੇਰੇ ਦੁਲਾਰੇ ਤੇਰੇ ਮੁਰੀਦ ਧੁਰ ਦੇ ਮੁਰਸ਼ਦ ਦਰਸ਼ਨ ਪਾਵਣ ਅੱਖੀਂ, ਅੱਖ ਵਿਚ ਅੱਖ ਲੈਣੀ ਮਿਲਾਈਆ । ਕਾਹਨਾਂ ਦੇ ਕਾਹਨ ਸ੍ਰੀ ਭਗਵਾਨ ਜਨ ਭਗਤ ਸੁਹੇਲੇ ਬਣਾਉਣੇ ਆਪਣੀ ਸਖ਼ੀ, ਸਖ਼ਾਵਤ ਵਿਚ ਸਚ ਪ੍ਰੀਤੀ ਝੋਲੀ ਪਾਈਆ । ਧੁਰ ਦੇ ਰਾਮ ਲੱਖ ਚੁਰਾਸੀ ਸੀਤਾ ਸੁਰਤੀ ਦਾ ਬਣਨਾ ਪਤੀ, ਪਤਿਪਰਮੇਸ਼ਵਰ ਦਇਆ ਕਮਾਈਆ । ਤੇਰੀ ਤਾਰ ਨਿਰਾਕਾਰ ਸੰਸਾਰ ਵਿਚੋਂ ਜਾਏ ਨਾ ਕਟੀ, ਕਟਾਕਸ਼ ਆਪਣਾ ਦੇਣਾ ਲਗਾਈਆ । ਤੇਰੀ ਸਿਖਿਆ ਸਾਖਿਆਤ ਨਜ਼ਰ ਆਏ ਇਕੋ ਪੱਟੀ, ਜਿਸ ਦਾ ਹਰਫ਼ ਨਾ ਕੋਇ ਬਦਲਾਈਆ । ਪਿਛਲੀ ਚਾਰ ਜੁਗ ਦੀ ਆਪਣੀ ਕੀਤੀ ਹੱਦ ਆਪੇ ਟੱਪੀਂ, ਪੰਧ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਕਿਹੜਾ ਸਰੂਪ ਕਾਰਨ, ਸੂਖ਼ਮ ਦੇ ਸਮਝਾਈਆ । ਜੜ੍ਹ ਚੇਤਨ ਸਾਰੇ ਵਿਚਾਰਨ, ਖੋਜਤ ਖੋਜ ਖੁਜਾਈਆ । ਕਿਸ ਬਿਧ ਆਇਉਂ ਪੈਜ ਸੁਆਰਨ ਪੜਦਾ ਦੇ ਉਠਾਈਆ । ਤੇਰਾ ਰੂਪ ਨਿਰਾਕਾਰਨ, ਨਿਰਵੈਰ ਤੇਰੀ ਸਰਨਾਈਆ । ਤੇਰੇ ਨਜ਼ਰੀ ਆਇਣ ਆਸਾਰਨ, ਅਸਲ ਆਪਣਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਅਸਬੂਲ ਤੇਰੀ ਅਸਥਿੱਤੀ, ਅਸਤ ਹਸਤ ਵਸਤ ਦੇ ਸਮਝਾਈਆ । ਕੀ ਸੂਖਮ ਤੇਰੀ ਮਿਤੀ, ਮਿੱਤਰ ਪਿਆਰੇ ਪੜਦਾ ਲਾਹੀਆ । ਕੀ ਕਾਰਨ ਪੱਟੀ ਲਿਖੀ, ਪੜਦਾ ਓਹਲਾ ਦੇ ਚੁਕਾਈਆ । ਤਿੰਨਾਂ ਤੋਂ ਬਾਹਰ ਕਿਹੜੀ ਤੇਰੀ ਧਾਰ ਤਿੱਖੀ, ਇਹ ਦੇ ਸਮਝਾਈਆ । ਕਿਹੜੀ ਤੇਰੀ ਦੋ ਇਕ ਦੀ ਸਿੱਖੀ, ਸਾਖਿਆਤ ਦੇ ਵਖਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਸੱਸੇ ਦਾ ਹੋੜਾ ਹਾਹੇ ਦੀ ਟਿੱਪੀ, ਕਾਰਨ ਕਰਤੇ ਦਾ ਨਜ਼ਰੀ ਆਈਆ । ਸੂਖ਼ਮ ਇਸ ਦੇ ਵਿਚ ਵਿੱਚੀ, ਫਿਰੇ ਚਾਈਂ ਚਾਈਆ । ਜੜ੍ਹ ਦੀ ਜੜ੍ਹ ਤੱਤਾਂ ਦਾ ਤਤ ਮਿੱਟੀ ਦਾ ਮਿੱਟੀ, ਅਸਬੂਲ ਦਾ ਅਸੂਲ ਇਕ ਸਮਝਾਈਆ । ਜਿਨ੍ਹਾਂ ਸਿੱਧੀ ਪੁਰਖ ਅਕਾਲ ਤੋਂ ਸਿਖਣਾ ਸਿੱਖੀ, ਉਹ ਤਿੰਨਾਂ ਤੋਂ ਲੇਖਾ ਗਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰਾਂ ਜੋ ਦੇਂਦਾ ਰਿਹਾ ਚਿੱਠੀ, ਜਿਸ ਦੀ ਇਬਾਰਤ ਸਦਾ ਅਨਡਿੱਠੀ, ਪੜ੍ਹਨ ਵਿਚ ਸੁਣਨ ਵਿਚ ਸੁਣਾਉਣ ਵਿਚ ਪੁਚਾਉਣ ਵਿਚ ਪਰਚੇ ਦਾ ਖਰਚਾ ਨਾ ਕੋਇ ਰਖਾਈਆ ।


੧੨੩੪
੨੦

★ ੨੩ ਮਾਘ ਸ਼ਹਿਨਸ਼ਾਹੀ ਸੰਮਤ ੩ ਸੁਰੈਣ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਪੂਰਾ ਕਰ ਦੇ ਪੱਟਾ, ਲੇਖਾ ਅਗਲਾ ਤੇਰੀ ਝੋਲੀ ਪਾਈਆ । ਤੇਰੇ ਨਾਮ ਨੂੰ ਲੱਗੇ ਕੋਈ ਨਾ ਵੱਟਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਸਭ ਦਾ ਸਾਂਝਾ ਕਰ ਦੇ ਇਕੋ ਹੱਟਾ, ਦਰ ਦਵਾਰਾ ਏਕੰਕਾਰ ਇਕੋ ਸੋਭਾ ਪਾਈਆ । ਕਿਸੇ ਦੀ ਕੀਮਤ ਰਹੇ ਨਾ ਕੋਈ ਟਕਾ, ਟਿਕਟਿਕੀ ਇਕੋ ਨਾਲ ਲਗਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਉਡੇ ਘੱਟਾ, ਅੰਮ੍ਰਿਤ ਮੇਘ ਅਮਰ ਨਾ ਕੋਇ ਬਰਸਾਈਆ । ਸਭ ਦਾ ਚੀਥੜ ਪੁਰਾਣਾ ਫਟਾ, ਅਲਫ਼ੀ ਤਨ ਨਾ ਕੋਇ ਹੰਢਾਈਆ । ਦੀਨ ਦੁਨੀ ਵਿਚ ਧਰਮ ਦਾ ਹੋ ਗਿਆ ਬਟਾ, ਅੰਕ ਵੰਡ ਨਾ ਕੋਇ ਵੰਡਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚ ਰਿਹਾ ਕੋਈ ਨਾ ਸੱਚਾ, ਸਚ ਸੰਜਮ ਨੇਮ ਸਮਝ ਕੋਇ ਨਾ ਪਾਈਆ । ਅੰਮ੍ਰਿਤ ਧਾਰ ਮਿਲੇ ਕੋਈ ਨਾ ਰਸਾ, ਰਸਨਾ ਜਗਤ ਵਿਵਾਦ ਵਿਚ ਹਲਕਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਚੜ੍ਹਿਆ ਨਸ਼ਾ, ਹਉਮੇ ਹੰਗਤਾ ਕਰੇ ਲੜਾਈਆ । ਜੋ ਮਾਰਗ ਗੁਰ ਅਵਤਾਰ ਪੈਗ਼ੰਬਰਾਂ ਦੱਸਾ, ਚਾਰ ਜੁਗ ਸਿਖਿਆ ਸਾਖਿਆਤ ਸਮਝਾਈਆ । ਕਲਜੁਗ ਜੀਵ ਅੰਤ ਕੰਤ ਭਗਵੰਤ ਉਸ ਦੇ ਕੋਲੋਂ ਨੱਸਾ, ਦੂਰ ਦੁਰਾਡਾ ਭੱਜਿਆ ਵਾਹੋ ਦਾਹੀਆ । ਚਾਰੋਂ ਕੁੰਟ ਰੈਣ ਅੰਧੇਰੀ ਮੱਸਾ, ਨਿਰਮਲ ਜੋਤ ਬਿਨ ਵਰਨ ਗੋਤ ਕਰੇ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਡ ਠਾਕਰ ਤੇਰੀ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਪੂਰਾ ਹੋਇਆ ਠੇਕਾ, ਠਾਕਰ ਤੇਰੇ ਅੱਗੇ ਅਰਜ਼ੋਈਆ । ਅਸੀਂ ਸਾਰੇ ਇਕੱਠੇ ਹੋ ਗਏ ਕਰ ਕੇ ਏਕਾ, ਏਕੰਕਾਰ ਤੇਰੀ ਸਰਨਾਈਆ । ਸਭ ਨੇ ਮੱਥਾ ਬਿਨ ਸੀਸ ਜਗਦੀਸ ਟੇਕਾ, ਚਰਨ ਕਵਲ ਕਵਲ ਸਰਨਾਈਆ । ਸ਼ਬਦੀ ਸ਼ਬਦ ਅਗੰਮ ਅਥਾਹ ਬੇਪਰਵਾਹ ਤੇਰਾ ਬੇਟਾ, ਸੁਤ ਅਨਾਦੀ ਬ੍ਰਹਮ ਬ੍ਰਹਿਮਾਦੀ ਇਕੋ ਇਕ ਨਜ਼ਰੀ ਆਈਆ । ਸਚ ਸਿੰਘਾਸਣ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਲੱਖ ਚੁਰਾਸੀ ਵੇਖਿਆ ਲੇਟਾ, ਦਰ ਦਰ ਘਰ ਘਰ ਮੰਦਰ ਅੰਦਰ ਫੋਲ ਫੁਲਾਈਆ । ਭਵਿਖਤ ਲਿਖਤ ਇਸ਼ਟ ਗੁਰਦੇਵ ਸਵਾਮੀ ਕਰ ਲਾ ਚੇਤਾ, ਚੇਤਨ ਧਾਰ ਆਪਣਾ ਪੜਦਾ ਲਾਹੀਆ । ਪਰਵਰਦਿਗਾਰ ਸਾਂਝੇ ਯਾਰ ਪਰਮ ਪੁਰਖ ਸਭ ਦਾ ਨਜ਼ਰੀ ਆਏ ਇਕੋ ਨੇਤਾ, ਨਰ ਨਰਾਇਣ ਤੇਰੀ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਸੱਤ ਦੀਪ ਸਭ ਦਾ ਮੇਟ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਸ੍ਰੀ ਭਗਵਾਨ ਤੇਰੀ ਇਕ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਧੁਰ ਦੇ ਜਗਦੀਸ, ਜਗਤ ਮਾਲਕ ਖ਼ਾਲਕ ਪ੍ਰਿਤਪਾਲਕ ਤੇਰੀ ਓਟ ਤਕਾਈਆ । ਤੇਰਾ ਇਕੋ ਕਲਮਾ ਇਕੋ ਹਦੀਸ, ਨਾਮ ਪੈਗ਼ਾਮ ਰਾਮ ਇਕ ਸੁਣਾਈਆ । ਸਦੀ ਚੌਧਵੀਂ ਰਹੀ ਬੀਤ, ਬਾਤਨ ਸਭ ਦਾ ਪੜਦਾ ਦੇ ਉਠਾਈਆ । ਸਤਿਜੁਗ ਸਾਚੀ ਸਤਿ ਧਰਮ ਦੀ ਚਲਾ ਆਪਣੀ ਰੀਤ, ਰੀਤੀਵਾਨ ਹੋ ਕੇ ਆਪੇ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਇਕੋ ਦੱਸ ਗੀਤ, ਗਹਿਰ ਗੰਭੀਰ ਬੇਨਜ਼ੀਰ ਆਪਣੀ ਅੱਖ ਖੁਲ੍ਹਾਈਆ । ਝਗੜਾ ਚੁੱਕ ਜਾਏ ਮੰਦਰ ਮਸੀਤ, ਕਾਇਆ ਕਾਅਬਾ ਇਕੋ ਸੋਭਾ ਪਾਈਆ । ਜਿਥੇ ਅੰਮ੍ਰਿਤ ਧਾਰ ਨਿਝਰ ਰਸ ਮਿਲੇ ਠਾਂਡਾ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਝਗੜਾ ਰਹੇ ਨਾ ਹਸਤ ਕੀਟ, ਊਚ ਨੀਚ ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਸਚ ਸਵਾਮੀ ਸਾਹਿਬ ਸੁਲਤਾਨ ਇਕੋ ਨਜ਼ਰੀ



੧੨੩੫
੨੦

ਆਏ ਮੀਤ, ਮਿੱਤਰ ਪਿਆਰਾ ਏਕੰਕਾਰਾ ਸੋਭਾ ਪਾਈਆ । ਤੇਰੇ ਛਤਰ ਝੁੱਲੇ ਸੀਸ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਆਸਾ ਮਨਸਾ ਹੋਈ ਪੂਰੀ, ਪੂਰਨ ਬ੍ਰਹਮ ਸਭ ਨੂੰ ਦੇ ਦ੍ਰਿੜਾਈਆ । ਤੇਰਾ ਜਲਵਾ ਜੋਤ ਇਕੋ ਨਜ਼ਰ ਆਵੇ ਧੁਰ ਦਾ ਨੂਰੀ, ਨੂਰ ਨੁਰਾਨਾ ਨੂਰ ਕਰ ਰੁਸ਼ਨਾਈਆ । ਚਾਰ ਜੁਗ ਦੀ ਸਾਡੀ ਲੇਖੇ ਲਾ ਮਜ਼ਦੂਰੀ, ਜੋ ਚਾਕਰ ਬਰਦੇ ਹੋ ਕੇ ਸੇਵ ਕਮਾਈਆ । ਤੂੰ ਸਾਹਿਬ ਸੁਲਤਾਨ ਸ੍ਰੀ ਭਗਵਾਨ ਸਰਬ ਕਲਾ ਭਰਪੂਰੀ, ਬੇਅੰਤ ਤੇਰੀ ਸਰਨਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਮੂਰਖ ਮੂੜ੍ਹੀ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜਦਾ ਨਾ ਕੋਇ ਉਠਾਈਆ । ਕਲਜੁਗ ਮਾਇਆ ਮਮਤਾ ਮੋਹ ਵਿਕਾਰ ਹੰਕਾਰ ਜੀਵ ਜੰਤ ਸਾਧ ਸੰਤ ਮਨ ਦੇ ਬਣਾਏ ਹਜ਼ੂਰੀ, ਹਜ਼ੂਰ ਮਨ ਨੂੰ ਕਹਿ ਕੇ ਆਪਣਾ ਝਟ ਲੰਘਾਈਆ । ਮੁੱਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਰਿਹਾ ਨਾ ਕੋਇ ਦਸਤੂਰੀ, ਬੇਦਸਤ ਹੋਈ ਲੋਕਾਈਆ । ਜਿਧਰ ਤੱਕੀਏ ਵਾਸਨਾ ਦਿਸੇ ਕੂੜੀ, ਕੂੜ ਕੁਟੰਬ ਮਿਲ ਕੇ ਵੱਜੀ ਵਧਾਈਆ । ਸਾਚਾ ਟਿੱਕਾ ਮਸਤਕ ਲਾਏ ਕੋਇ ਨਾ ਧੂੜੀ, ਧੂੜੀ ਖ਼ਾਕ ਨਾ ਕੋਇ ਰਮਾਈਆ । ਸਚ ਪ੍ਰੀਤੀ ਨਾਮ ਰੰਗਣ ਚਾੜ੍ਹੇ ਕੋਈ ਨਾ ਗੂੜ੍ਹੀ, ਦੁਰਮਤ ਮੈਲ ਨਾ ਕੋਇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮਿਹਰਵਾਨ ਧੁਰ ਦੇ ਮਾਲਕ, ਦਰ ਤੇਰੇ ਆਸ ਰਖਾਈਆ । ਦੀਨ ਦੁਨੀ ਕਾਇਨਾਤ ਵੇਖ ਆਪਣੀ ਖ਼ਲਕ ਖ਼ਾਲਕ, ਮਖ਼ਲੂਕ ਪੜਦਾ ਆਪ ਉਠਾਈਆ । ਸਾਚਾ ਦਿਸੇ ਨਾ ਕੋਇ ਸਾਲਸ, ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਤੇਰਾ ਦਰ ਨਾ ਕੋਇ ਵਖਾਈਆ । ਸਦੀ ਚੌਧਵੀਂ ਸਭ ਤੇ ਪਈ ਆਲਸ, ਮਾਇਆ ਮਮਤਾ ਨਿੰਦਰਾ ਅੱਖ ਨਾ ਕੋਇ ਖੁਲ੍ਹਾਈਆ । ਕੋਟਾਂ ਵਿਚੋਂ ਜਨ ਭਗਤ ਤੇਰੇ ਥੋੜ੍ਹੇ ਖ਼ਾਲਸ, ਜਿਸ ਸਿਰ ਆਪਣਾ ਹੱਥ ਟਿਕਾਈਆ । ਪਰਵਰਦਿਗਾਰ ਸਾਂਝੇ ਯਾਰ ਹਕ ਮੁਕਾਮ ਲਾ ਇਕ ਅਦਾਲਤ, ਅਦਲ ਇਨਸਾਫ਼ ਆਪਣਾ ਇਕ ਕਮਾਈਆ । ਮਨ ਮਨੂਆਂ ਮੇਟ ਸਰਬ ਬਗ਼ਾਵਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਅਰਜ਼ੋਈ, ਆਰਜ਼ੂ ਤੇਰੇ ਅੱਗੇ ਰਖਾਈਆ । ਤਨ ਵਜੂਦ ਅੰਦਰ ਮਹਿਬੂਬ ਤੇਰੀ ਸੁਰਤੀ ਸੋਈ, ਜਾਗਤ ਜੋਤ ਨਾ ਕੋਇ ਰੁਸ਼ਨਾਈਆ । ਸਚ ਦਵਾਰ ਏਕੰਕਾਰ ਮਿਲੇ ਕਿਸੇ ਨਾ ਢੋਈ, ਢੋਲਕ ਛੈਣੇ ਸਾਰੇ ਰਹੇ ਖੜਕਾਈਆ । ਪੈਗ਼ੰਬਰ ਕਹਿਣ ਓ ਤੇਰੇ ਨਾਮ ਦੀ ਇਕ ਦਰੋਹੀ, ਯਾਮੁਬੀਨ ਯਾ ਮਹਿਬੂਬ ਨਿਊਂ ਨਿਊਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਦੇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਬੰਦਗੀ ਡੰਡਾਵਤ ਸਜਦਿਆਂ ਵਿਚ ਸਲਾਮ, ਨਮਸਤੇ ਕਹਿ ਕੇ ਸੀਸ ਝੁਕਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਏਕਾ ਦੇ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਆਪਣੀ ਦੱਸ ਪੜ੍ਹਾਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਇ ਗ਼ੁਲਾਮ, ਗ਼ੁਲਾਮੀ ਸਭ ਦੀ ਸ਼ਰਅ ਜ਼ੰਜੀਰ ਦੇ ਕਟਾਈਆ । ਨਜ਼ਰੀ ਆ ਇਕ ਅਮਾਮ, ਅਮਲਾਂ ਤੋਂ ਰਹਿਤ ਕਰ ਆਪਣੀ ਖ਼ਲਕ ਖ਼ੁਦਾਈਆ । ਮਾਇਆ ਮਮਤਾ ਕਰੇ ਨਾ ਕੋਇ ਹਰਾਮ, ਬੇਪਹਿਚਾਨ ਪਹਿਚਾਨ ਆਪਣੀ ਦੇ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਚਾਰ ਕੁੰਟ ਦਹਿ ਦਿਸ਼ਾ ਢੋਲਾ ਗਾਣ, ਇਕੋ ਤੇਰਾ ਰਾਗ ਅਲਾਈਆ । ਕਾਇਆ


੧੨੩੯
੨੦

ਮੰਦਰ ਸਾਚਾ ਕਾਅਬਾ ਦੱਸ ਇਕ ਮੁਕਾਮ, ਦੀਆ ਬਾਤੀ ਕਮਲਾਪਾਤੀ ਇਕੋ ਕਰ ਰੁਸ਼ਨਾਈਆ । ਨਾਦ ਸ਼ਬਦ ਧੁਨ ਅਗੰਮੀ ਦੇ ਧੁਨਕਾਨ, ਅੰਮ੍ਰਿਤ ਆਤਮ ਜਾਮ ਪਿਆਈਆ । ਅੰਤ ਅਖ਼ੀਰ ਸ਼ਾਹ ਹਕੀਰ ਹੋ ਮਿਹਰਵਾਨ, ਨਜ਼ਰੇ ਕਰਮ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਵਣ ਪਾਣੀ ਸਭ ਤੇਰੀ ਸੇਵ ਕਮਾਣ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਕਰ ਕੇ ਆਏ ਸਲਾਹ, ਮਸ਼ਵਰਾ ਇਕੋ ਵਾਰ ਬਣਾਈਆ । ਤੂੰ ਦਾਤਾ ਬੇਪਰਵਾਹ, ਬੇਪਰਵਾਹ ਤੇਰੀ ਵਡ ਵਡਿਆਈਆ । ਸਭ ਦਾ ਸਾਂਝਾ ਬਣ ਇਕ ਮਲਾਹ, ਖੇਵਟ ਖੇਟਾ ਹੋ ਕੇ ਜਗਤ ਨਈਆ ਲੈ ਚਲਾਈਆ । ਚਾਰ ਜੁਗ ਦੇ ਭਵਿਖਤ ਹਕੀਕੀ ਤੇਰੇ ਗਵਾਹ, ਲਾਸ਼ਰੀਕ ਤੇਰੀ ਤੌਫ਼ੀਕ ਨਾਲ ਦਈਏ ਭੁਗਤਾਈਆ । ਸਤਿ ਧਰਮ ਦਾ ਮਾਰਗ ਇਕ ਲਗਾ, ਦੂਜੀ ਲਗ ਮਾਤਰ ਰਹਿਣ ਕੋਇ ਨਾ ਪਾਈਆ । ਤੂੰ ਕਲਮਿਆਂ ਦਾ ਮਾਲਕ ਵਾਹਦ ਇਕ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਈਆ । ਮਾਇਆ ਮਮਤਾ ਰਹੇ ਨਾ ਕੋਈ ਵਬਾ, ਤਬੀਬ ਤਬਾ ਸਭ ਦੀ ਦੇ ਬਦਲਾਈਆ । ਪਵਿਤ੍ਰ ਕਰ ਪੰਜ ਤਤ ਅਜ਼ਾ, ਦੁਰਮਤ ਮੈਲ ਧਵਾਈਆ । ਸਦੀ ਚੌਧਵੀਂ ਸਭ ਦੇ ਸਿਰ ਤੇ ਕੂਕੇ ਕਜ਼ਾ, ਕਿਆਮਤ ਆਪਣਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੂੰ ਸਾਹਿਬ ਨਰ ਨਰੇਸ਼ਾ, ਵਾਲੀ ਦੋ ਜਹਾਨ ਅਖਵਾਈਆ । ਤੈਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਸੁਰਪਤ ਸੀਸ ਜਗਦੀਸ ਨਿਵਾਈਆ । ਆਦਿ ਜੁਗਾਦਿ ਜੁਗ ਚੌਕੜੀ ਰਹੇ ਸਦਾ ਹਮੇਸ਼ਾ, ਹਮਸਾਜਨ ਸਭ ਦਾ ਨਜ਼ਰੀ ਆਈਆ । ਸਦ ਵਸੇਂ ਸਚਖੰਡ ਦੇਸਾ, ਲੱਖ ਚੁਰਾਸੀ ਕਾਇਆ ਮੰਦਰ ਅੰਦਰ ਆਪਣਾ ਨੂਰ ਜੋਤ ਕਰੇਂ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਸ਼ਬਦੀ ਧਾਰ ਬੇਟਾ, ਸੁਤ ਦੁਲਾਰਾ ਸਾਚਾ ਸੋਭਾ ਪਾਈਆ । ਅੰਤਮ ਸਭ ਦਾ ਪੂਰਾ ਕਰ ਦੇ ਠੇਕਾ, ਲਹਿਣਾ ਦੇਣਾ ਦੇ ਚੁਕਾਈਆ । ਨਿਉਂ ਨਿਉਂ ਸਜਦਿਆਂ ਵਿਚ ਤੈਨੂੰ ਕਰਨ ਸਰਬ ਆਦੇਸਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਧਾਰ ਏਕੰਕਾਰ ਨਿਰਾਕਾਰ ਨਿਰਵੈਰ ਤੇਰਾ ਵੇਸਾ, ਭੇਖ ਅਵੱਲੜਾ ਸਭ ਨੂੰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਆਪਣਾ ਮਾਰਗ ਇਕ ਲਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਕੂੜੀ ਕਿਰਿਆ ਬੁਝਾ ਅੱਗ, ਅਗਨੀ ਤਤ ਰਹਿਣ ਨਾ ਪਾਈਆ । ਸਮਰਥ ਸਵਾਮੀ ਅੰਤਰਜਾਮੀ ਕਰ ਪਰਕਾਸ਼ ਸ੍ਰਿਸ਼ਟੀ ਜਗ, ਜਾਗਰਤ ਜੋਤ ਡਗਮਗਾਈਆ । ਬਿਨ ਮੱਕੇ ਕਾਅਬਿਓ ਕਰਾ ਦੇ ਸਭ ਨੂੰ ਹੱਜ, ਹਾਜਤ ਅਵਰ ਨਾ ਕੋਇ ਜਣਾਈਆ । ਕਾਇਆ ਮੰਦਰ ਅੰਦਰ ਵਖਾ ਦੇ ਤੀਰਥ ਤੱਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਜਿਥੇ ਨਿਉਂ ਨਿਉਂ ਲਾਗੇ ਪਾਈਆ । ਨਾਮ ਭੰਡਾਰਾ ਧਰਮ ਦਵਾਰਾ ਖੋਲ੍ਹ ਦੇ ਹੱਟ, ਬਣਜਾਰੇ ਗੁਰਮੁਖ ਗੁਰ ਗੁਰ ਸੰਤ ਲੈ ਬਣਾਈਆ । ਝਗੜਾ ਰਹੇ ਨਾ ਅੱਠ ਸੱਠ, ਤੀਰਥ ਤਟ ਨਾ ਕੋਇ ਵਡਿਆਈਆ । ਮਿਹਰ ਨਿਗਾਹ ਨਾਲ ਦੁਰਮਤ ਮੈਲ ਸਭ ਦੀ ਕੱਟ, ਕਟਾਕਸ਼ ਆਪਣਾ ਨਾਮ ਲਗਾਈਆ । ਤੂੰ ਸਾਹਿਬ ਸਵਾਮੀ ਸਰਬ ਕਲਾ ਸਮਰਥ, ਤੇਰੇ ਹੱਥ ਵੱਡੀ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਮਾਨਵ ਮਨੁੱਸ਼ ਮਾਨੁਖ ਤੇਰਾ ਗਾਵਣ ਜਸ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਈਆ । ਨਿਜ ਨੇਤਰ ਗਿਆਨ ਖੋਲ੍ਹ ਅੱਖ, ਪਰਤੱਖ ਦਰਸ ਦੇ ਗੁਸਾਈਆਂ । ਸਰਨ ਸਰਨਾਈ ਤੇਰੀ ਸਾਰੇ ਜਾਵਣ ਢੱਠ, ਢੱਠਿਆਂ ਆਪਣੀ ਗੋਦ ਉਠਾਈਆ । ਤੂੰ ਵਸਣਹਾਰਾ ਘਟ ਘਟ, ਗ੍ਰਿਹ ਗ੍ਰਿਹ ਅੰਦਰ ਸੋਭਾ ਪਾਈਆ । ਕਲਜੁਗ


੧੨੩੭
੨੦

੧੨੩੮
੨੦

ਅੰਤ ਸ੍ਰੀ ਭਗਵੰਤ ਸਚ ਨਾਮ ਦਾ ਦੇ ਰਸ, ਰਸਤਾ ਵਾਬਸਤਾ ਹੋ ਕੇ ਆਪਣਾ ਇਕ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਜੈਕਾਰਾ ਇਕ ਅਲੱਖ ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਦਰਗਾਹ ਸਾਚੀ ਸਚ ਮੁਕਾਮ ਹਕ਼ੀਕ਼ਤ ਵਾਲੀ ਵੱਜੇ ਇਕ ਵਧਾਈਆ ।

★ ੨੪ ਮਾਘ ਸ਼ਹਿਨਸ਼ਾਹੀ ਸੰਮਤ ੩ ਤੇਜਾ ਸਿੰਘ ਦੇ ਗ੍ਰਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਮਾਰਗ ਲਾ ਇਕ, ਏਕੰਕਾਰ ਤੇਰੀ ਸਰਨਾਈਆ । ਚਾਰ ਵਰਨ ਅਠਾਰਾਂ ਬਰਨ ਬਣੇ ਧਰਮ ਦਾ ਸਿੱਖ, ਜਾਤ ਪਾਤ ਝਗੜਾ ਰਹੇ ਨਾ ਰਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਤੇਰਾ ਇਸ਼ਟ ਆਵੇ ਦਿਸ, ਦੂਜਾ ਰੂਪ ਨਾ ਕੋਇ ਬਦਲਾਈਆ । ਆਤਮ ਪਰਮਾਤਮ ਕਰ ਸਾਚਾ ਹਿਤ, ਨਿਰਵੈਰ ਨਿਰਾਕਾਰ ਆਪਣੀ ਖੇਲ ਆਪ ਖਿਲਾਈਆ । ਹਰ ਘਟ ਅੰਤਰ ਵਸ ਚਿਤ, ਸਰਗੁਣ ਆਪਣਾ ਪੜਦਾ ਲਾਹੀਆ । ਵਸਤ ਅਮੋਲਕ ਕਾਇਆ ਗੋਲਕ ਪਾ ਭਿੱਖ, ਅਗੰਮ ਅਥਾਹ ਬੇਪਰਵਾਹ ਆਪ ਵਰਤਾਈਆ । ਜਗਤ ਵਿਕਾਰ ਸ਼ਬਦੀ ਧਾਰ ਅੰਦਰ ਜਿੱਤ, ਕੂੜੀ ਕਿਰਿਆ ਡੇਰਾ ਢਾਹੀਆ । ਅੰਮ੍ਰਿਤ ਨਾਮ ਅਗੰਮਾ ਦੇ ਮਿੱਠ, ਰਸ ਇਕੋ ਇਕ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਏਕਾ ਵਰ, ਦਰਗਾਹ ਸਾਚੀ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੀ ਸਿਖਿਆ ਹੋਵੇ ਸਚ, ਸਚ ਸਮਗਰੀ ਝੋਲੀ ਪਾਈਆ । ਭਾਗ ਲੱਗੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦੇਣਾ ਸੁਹਾਈਆ । ਚਾਰ ਕੁੰਟ ਦਹਿ ਦਿਸ਼ਾ ਉਪਜੇ ਸਤਿ, ਸਤਿ ਸੰਤੋਖ ਧੀਰਜ ਯਤ ਦੇਣਾ ਸਮਝਾਈਆ । ਤੇਰੇ ਮਿਲਣ ਦੀ ਨਿਜ ਨੇਤਰ ਖੁਲ੍ਹੇ ਅੱਖ, ਅੱਖਰਾਂ ਤੋਂ ਪਰੇ ਕਰ ਪੜ੍ਹਾਈਆ । ਤੂੰ ਸਾਹਿਬ ਸਵਾਮੀ ਪਰਮ ਪੁਰਖ ਸਮਰਥ, ਸਮਰਥਿਆ ਤੇਰੇ ਵਿਚ ਨਜ਼ਰੀ ਆਈਆ । ਹਉਂ ਸੇਵਕ ਬਾਲ ਅੰਞਾਣ ਜੁਗ ਚੌਕੜੀ ਤੇਰੀ ਮਹਿੰਮਾ ਆਏ ਦੱਸ, ਕਹਾਣੀ ਅਕਥ ਕਥ ਸੁਣਾਈਆ । ਕਲਜੁਗ ਅੰਤ ਸਤਿਜੁਗ ਸਚ ਦਵਾਰਾ ਖੋਲ੍ਹ ਹੱਟ, ਵਸਤ ਇਕੋ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਇਕੋ ਹੋ ਜਾਏ ਨਾਮ, ਕਲਮਾ ਇਕੋ ਨਜ਼ਰੀ ਆਈਆ । ਸ਼ਬਦ ਸੰਦੇਸ਼ਾ ਧੁਰ ਪੈਗ਼ਾਮ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਦੇ ਸੁਣਾਈਆ । ਸਦੀ ਚੌਧਵੀਂ ਸਭ ਦਾ ਬਦਲ ਗਿਆ ਇੰਤਜ਼ਾਮ, ਨਜ਼ਾਮ ਕਾਇਮ ਨਾ ਕੋਇ ਕਰਾਈਆ । ਸਾਚੇ ਦਰ ਗੁਰ ਅਵਤਾਰ ਪੈਗ਼ੰਬਰ ਕਰੇ ਨਾ ਕੋਇ ਕਿਆਮ, ਕਿਆਮਤ ਸਭ ਦੇ ਸਿਰ ਤੇ ਆਈਆ । ਮਨ ਕਲਪਣਾ ਦੀਨ ਦੁਨੀ ਭਰਮੀ ਵਿਚ ਹਰਾਮ, ਬੇਈਮਾਨ ਸ਼ੈਤਾਨ ਸ਼ਰਅ ਮਨ ਕਰੇ ਲੜਾਈਆ । ਸਾਚੀ ਮੰਜ਼ਲ ਕਰੇ ਨਾ ਕੋਇ ਆਸਾਨ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਨਾ ਕੋਇ ਉਠਾਈਆ । ਹਉਂ ਸੇਵਕ ਬਰਦੇ ਤੇਰੇ ਗ਼ੁਲਾਮ, ਚਾਕਰ ਖ਼ਾਕੀ ਖ਼ਾਕ ਨਜ਼ਰੀ ਆਈਆ । ਸਭ ਦਾ ਇਕੋ ਸਜਦਾ ਇਕੋ ਸਲਾਮ, ਨਮਸਤੇ ਡੰਡਾਵਤ ਕਹਿ ਕੇ ਸੀਸ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਆਪਣਾ ਕਰੇਂ ਕਾਮ, ਕਰਨੀ ਦੇ ਕਰਤੇ ਬੇਪਰਵਾਹ ਅਗੰਮ ਅਥਾਹ ਧੁਰ ਦਾ ਸਾਚਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਘਟ ਪਰਕਾਸ਼ੀ ਅਬਿਨਾਸ਼ੀ ਤੇਰੀ ਓਟ ਤਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੀ ਇਕ ਹੋਵੇ ਗੁਫ਼ਤਾਰ, ਗੁਫ਼ਤ ਸ਼ਨੀਦ ਕਰ ਸ਼ਨਵਾਈਆ । ਹਉਂ ਬਾਲੇ ਨੱਢੇ ਤੇਰੇ ਬਰਖ਼ੁਰਦਾਰ, ਬਰਖ਼ਲਾਫ਼ੀ ਰਹਿਣ ਕੋਇ ਨਾ ਪਾਈਆ । ਸਾਚੀ ਸਿਖਿਆ ਦੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਸੀਸ ਨਿਵਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰਾ ਜਲਵਾ ਨੂਰ ਹੋਵੇ ਉਜਿਆਰ, ਜੋਤੀ ਜਾਤੇ ਪੁਰਖ ਬਿਧਾਤੇ ਇਕੋ ਵੱਜੇ ਹਕ ਵਧਾਈਆ । ਤੂੰ ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ, ਦੋ ਜਹਾਨ ਕੂੜੀ ਕਿਰਿਆ ਜਗਤ ਅਲਾਮਤ ਅਦਾਵਤ ਵਿਚ ਅਦਲ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦਾ ਸਤਿ ਧਰਮ ਤੇਰੀ ਅਮਾਨਤ, ਕਲਜੁਗ ਅੰਤਮ ਤੇਰੀ ਝੋਲੀ ਪਾਈਆ ।

### ★ ੨੪ ਮਾਘ ਸ਼ਹਿਨਸ਼ਾਹੀ ਸੰਮਤ ੩ ਸੰਤੋਖ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ★

ਪੁਰਖ ਅਕਾਲ ਦਾ ਸਾਚਾ ਨਾਮ ਆਦਿ, ਆਦਿ ਆਪਣੇ ਵਿਚੋਂ ਪਰਗਟਾਈਆ । ਨਿਰਗੁਣ ਨਿਰਗੁਣ ਬਣਾਏ ਸਮਾਜ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਜੁਗ ਚੌਕੜੀ ਕਰੇ ਰਾਇਜ, ਰਈਅਤ ਲੱਖ ਚੁਰਾਸੀ ਵੰਡ ਵੰਡਾਈਆ । ਸਤਿ ਸਚ ਦਾ ਸਾਜਣ ਸਾਜ, ਸਤਿ ਸਤਿਵਾਦੀ ਵੇਖ ਵਖਾਈਆ । ਪਰਮਾਤਮ ਆਤਮ ਮਾਰ ਆਵਾਜ਼, ਹੁਕਮ ਸੰਦੇਸ਼ਾ ਇਕ ਸੁਣਾਈਆ । ਨਿਰਵੈਰ ਨਿਰਾਕਾਰ ਰਚ ਕੇ ਕਾਜ, ਕਰਨੀ ਕਰਤਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਨਾਮ ਇਕ ਸਮਝਾਈਆ । ਸਾਚਾ ਨਾਮ ਇਕੋ ਆਦਿ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਜਿਸ ਦੀ ਧਾਰ ਸ੍ਰੀ ਭਗਵੰਤ, ਭਗਵਨ ਆਪਣੀ ਕਾਰ ਕਮਾਈਆ । ਜੋ ਚੱਲੇ ਜੁਗਾ ਜੁਗੰਤ, ਜੁਗ ਚੌਕੜੀ ਵੇਖ ਵਖਾਈਆ । ਲੱਖ ਚੁਰਾਸੀ ਆਤਮ ਦਾ ਬਣੇ ਕੰਤ, ਮਾਲਕ ਇਕ ਅਖਵਾਈਆ । ਜਿਸ ਦੀਆਂ ਸਿਫ਼ਤਾਂ ਕਰਦੇ ਗਏ ਗੁਰ ਅਵਤਾਰ ਪੈਗ਼ੰਬਰ ਸੰਤ, ਸਾਲਾਹੀ ਸਾਲਾਹ ਸਾਲਾਹੀਆ । ਤਿਸ ਦਾ ਲੇਖਾ ਸਦਾ ਅਨੰਤ, ਗਿਣਤੀ ਗਣਤ ਨਾ ਕੋਇ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਉਪਜਾਈਆ । ਸਾਚਾ ਨਾਮ ਆਦੀ ਮੇਰਾ ਸੰਗ, ਅੰਤ ਮੇਰੇ ਵਿਚ ਸਮਾਈਆ । ਦੋ ਜਹਾਨਾਂ ਚਾੜ੍ਹੇ ਰੰਗ, ਰੂਪ ਸਕੇ ਨਾ ਕੋਇ ਬਦਲਾਈਆ । ਨਿਰਗੁਣ ਸਰਗੁਣ ਪਾਵੇ ਠੰਡ, ਸਾਂਤਕ ਸਤਿ ਵਰਤਾਈਆ । ਆਤਮ ਪਰਮਾਤਮ ਜੋੜੇ ਗੰਢ, ਮੇਲ ਮਿਲਾਵਾ ਸਹਿਜ ਸੁਭਾਈਆ । ਨਿਰਗੁਣ ਨਿਰਗੁਣ ਸਾਂਝਾ ਕਰ ਕੇ ਛੰਦ, ਸੋਹੰ ਢੋਲਾ ਵਡ ਵਡਿਆਈਆ । ਦੋ ਜਹਾਨਾਂ ਵੱਖਰਾ ਦੇਵੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਗੁਰ ਅਵਤਾਰ ਪੈਗ਼ੰਬਰੋ ਅਗਲਾ ਖੇਲ ਸੂਰਾ ਸਰਬੰਗ, ਹਰਿ ਕਰਤਾ ਆਪ ਕਰਾਈਆ । ਸਭ ਦਾ ਪਿਛਲਾ ਪੂਰਾ ਕਰ ਕੇ ਪੰਧ, ਪਾਂਧੀ ਆਪਣੇ ਚਰਨ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਕਰ ਆਪ ਪਾਬੰਦ, ਪਾਬੰਦੀ ਆਪਣੀ ਵਿਚ ਰਖਾਈਆ ।


੧੨੩੯
੨੦

ਪੁਰਖ ਅਕਾਲ ਕਹੇ ਮੇਰਾ ਆਦਿ ਜੁਗਾਦੀ ਏਕਾ ਨਾਮ, ਨਾਮ ਨਿਧਾਨ ਮੇਰੀ ਵਡਿਆਈਆ । ਜਿਸ ਨੂੰ ਗੁਰ ਅਵਤਾਰ ਪੈਗੰਬਰ ਵਿਸ਼ਨ ਬ੍ਰਹਮਾ ਸ਼ਿਵ ਗਾਣ, ਬਿਨ ਜ਼ਬਾਨ ਰਾਗ ਅਲਾਈਆ । ਚਲਦਾ ਰਹੇ ਵਿਚ ਦੋ ਜਹਾਨ, ਜੁਗ ਚੌਕੜੀ ਨਾ ਕੋਇ ਬਦਲਾਈਆ । ਸੁਣਿਆ ਜਾਵੇ ਨਾ ਕਿਸੇ ਕਾਨ, ਸਰਵਣ ਸਮਝ ਕੋਇ ਨਾ ਆਈਆ । ਝੁਲਾਉਂਦਾ ਰਹੇ ਅਗੰਮ ਨਿਸ਼ਾਨ, ਨਿਸ਼ਾਨਾ ਇਕ ਪਰਗਟਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਜਿਸ ਵੇਲੇ ਸਭ ਦਾ ਬਦਲੇ ਵਿਧਾਨ, ਪੂਰਬ ਲੇਖਾ ਸਰਬ ਮੁਕਾਈਆ । ਓਸ ਵੇਲੇ ਲੋਕਮਾਤ ਪਰਗਟ ਕਰਾਂ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਾਚੀ ਵਸਤ ਪਾ ਕੇ ਦਾਨ, ਭਗਤ ਸੁਹੇਲੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਸਮਾਈਆ । ਪੁਰਖ ਅਕਾਲ ਕਹੇ ਮੇਰਾ ਨਾਮ ਅਗੰਮਾ ਅਦਲੀ, ਆਦਲ ਇਕ ਅਖਵਾਈਆ । ਜਿਸ ਦੀ ਕਰੇ ਕੋਇ ਨਾ ਬਦਲੀ, ਤਰਮੀਮ ਕਰ ਨਾ ਕੋਇ ਵਖਾਈਆ । ਉਹ ਪੰਧ ਮਾਰੇ ਨਾ ਮਜ਼ਲੋ ਮਜ਼ਲੀ, ਮੰਜ਼ਲ ਮੰਜ਼ਲ ਨਾ ਕੋਇ ਵਖਾਈਆ । ਉਸ ਦਾ ਰਾਗ ਸਮਝੇ ਨਾ ਕੋਇ ਗ਼ਜ਼ਲੀ, ਰਸਨਾ ਸਿਫ਼ਤ ਨਾ ਕੋਇ ਸਾਲਾਹੀਆ । ਉਸ ਦੀ ਚਾਲ ਨਿਰਾਲੀ ਰੰਗਲੀ, ਰੰਗਤ ਬੇਪਰਵਾਹੀਆ । ਉਹਦੀ ਮਜਲਸ ਅਗੰਮ ਮੰਗਲੀ, ਮੰਗਲਾਚਾਰ ਇਕੋ ਘਰ ਕਰਾਈਆ । ਚਾਰ ਜੁਗ ਕਿਸੇ ਹੱਥ ਨਾ ਆਇਆ ਵਿਚੋਂ ਜੰਗਲੀਂ, ਬਨ ਖੰਡ ਢੂੰਡ ਢੂੰਡ (ਥੱਕੀ) ਜਗਤ ਲੋਕਾਈਆ । ਜਿਸ ਨੇ ਗੁਰ ਅਵਤਾਰ ਪੈਗੰਬਰਾਂ ਹੱਥ ਫੜਾਈ ਆਪਣੀ ਸਿਫ਼ਤ ਨਾਮ ਦੀ ਬਗ਼ਲੀ, ਚਾਰ ਕੁੰਟ ਅਲਖ ਜਗਾਈਆ । ਉਸ ਦੀ ਖੇਲ ਸਮਝੇ ਕੋਇ ਨਾ ਅਗਲੀ, ਪੜਦਾ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਮੇਰਾ ਆਦਿ ਜੁਗਾਦੀ ਨਾਮ ਇਕੋ ਨਵਾਂ, ਨਵੀਨ ਨਜ਼ਰੀ ਆਈਆ । ਬਿਨ ਰਸਨਾ ਜਿਹਵਾ ਸਦਾ ਓਹਨੂੰ ਗਵਾਂ, ਬਿਨ ਆਵਾਜ਼ ਕਰੇ ਸ਼ਨਵਾਈਆ । ਬਿਨਾ ਬੰਦ ਕਰਾਵਾਂ ਦਮਾਂ, ਸਾਹ ਸਾਹ ਨਾ ਕੋਇ ਵਡਿਆਈਆ । ਜਿਸ ਨੂੰ ਹਰਖ਼ ਸੋਗ ਨਹੀਂ ਕੋਈ ਤਮਾ, ਲਾਲਚ ਵਿਚ ਖ਼ਾਲਸ ਕਦੇ ਨਾ ਆਈਆ । ਜਿਸ ਦੇ ਹੁਕਮ ਨਾਲ ਜੁਗ ਚੌਕੜੀ ਬਦਲਦਾ ਸਮਾਂ, ਸਮਾਪਤ ਪਿਛਲਾ ਲੇਖ ਕਰਾਈਆ । ਧੁਰ ਫ਼ਰਮਾਨਾ ਹੁੰਦਾ ਰਵਾਂ, ਧਰਨ ਧਰਤ ਧਵਲ ਮਿਲੇ ਵਡਿਆਈਆ । ਜਿਸ ਦੀ ਕਰ ਨਾ ਸਕੇ ਕੋਈ ਤਫ਼ਰੀਕ ਜਮਅ, ਹਿੱਸਾ ਵੰਡ ਨਾ ਕੋਇ ਵੰਡਾਈਆ । ਸਮਝ ਸਕੇ ਕੋਈ ਨਾ ਸ਼ਮਅ, ਨੇਤਰ ਨਜ਼ਰ ਕੋਇ ਨਾ ਪਾਈਆ । ਭੇਵ ਪਾਏ ਕੋਈ ਨਾ ਚੌੜਾ ਲੰਮਾਂ, ਲਮਹਾ ਵਿਚ ਧਿਆਨ ਨਾ ਕੋਇ ਲਗਾਈਆ । ਜੁਗ ਜੁਗ ਹੋਵੇ ਨਾ ਕਦੇ ਨਕੰਮਾ, ਬਦਲੀ ਵਿਚ ਨਾ ਕੋਇ ਬਦਲਾਈਆ । ਰੂਪ ਧਾਰੇ ਕਦੇ ਨਾ ਪੰਮਾ, ਬੋਧ ਅਗਾਧ ਕਰੇ ਪੜ੍ਹਾਈਆ । ਆਪਣਾ ਹੁਨਰ ਕਰਤਬ ਦੱਸੇ ਕਿਸੇ ਨਾ ਫ਼ਨਾ, ਪੜਦਾ ਸਕੇ ਨਾ ਕੋਇ ਉਠਾਈਆ । ਹੱਦ ਹਦੂਦ ਨਾ ਜਣਾਏ ਬੰਨਾ, ਬਨਾਵਟ ਨਜ਼ਰ ਕੋਇ ਨਾ ਆਈਆ । ਲੇਖਾ ਜਣਾਏ ਨਾ ਉਤੇ ਕਿਸੇ ਸਫ਼ਾ ਪੰਨਾ, ਕਾਗ਼ਜ਼ ਕਲਮ ਸ਼ਾਹੀ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਮਝਾਈਆ । ਪੁਰਖ ਅਕਾਲ ਕਹੇ ਮੇਰਾ ਨਾਮ ਸਦਾ ਨਿਧਾਨਾ, ਗਹਿਰ ਗੰਭੀਰ ਨਜ਼ਰੀ ਆਈਆ । ਜਿਸ ਦੀ ਸਿਫ਼ਤਾਂ ਦਾ ਸਾਰੇ ਗਾਉਂਦੇ ਤਰਾਨਾ, ਤੁਰੀਆ ਤਕ ਰਾਗ ਅਲਾਈਆ । ਅੱਗੇ ਹੋ ਜਾਏ ਉਹ ਬੇਗਾਨਾ, ਵੇਖਿਆਂ ਨਜ਼ਰ ਕਿਸੇ ਨਾ ਆਈਆ । ਗੁਰ


੧੨੪੦ ੨੦

ਅਵਤਾਰ ਪੈਗ਼ੰਬਰ ਓਸੇ ਦੀ ਮਹਿੰਮਾ ਦਾ ਗਾਉਂਦੇ ਗਾਣਾ, ਗਾ ਗਾ ਸ਼ੁਕਰ ਮਨਾਈਆ । ਜਿਸ ਦੀ ਧਾਰੋਂ ਸਾਰੇ ਹੁੰਦੇ ਰਵਾਨਾ, ਬਣ ਕੇ ਪਾਂਧੀ ਰਾਹੀਆ । ਓਸ ਦਾ ਵੇਖਿਆ ਨਾ ਕਿਸੇ ਮੈਦਾਨਾ, ਦਰ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਪੁਰਖ ਅਕਾਲ ਕਹੇ ਮੇਰਾ ਨਾਮ ਸਦਾ ਅਨਦ੍ਰਿਸ਼ਟ, ਦ੍ਰਿਸ਼ਟੀ ਵਿਚ ਕਦੇ ਨਾ ਆਈਆ । ਹੱਥ ਆਇਆ ਨਾ ਕਿਸੇ ਵਿਚ ਸ੍ਰਿਸ਼ਟ, ਸ੍ਰਿਸ਼ਟੀ ਰੂਪ ਨਾ ਕੋਇ ਵਖਾਈਆ । ਮੇਰਾ ਮੇਰੀ ਧਾਰ ਦਾ ਆਪਣਾ ਇਸ਼ਟ, ਇਸ਼ਟ ਇਸ਼ਟ ਆਪ ਅਖਵਾਈਆ । ਜਿਥੇ ਨਾ ਕੋਈ ਸੰਗੀ ਸਾਥੀ ਨਾ ਕੋਈ ਨਰ ਨਾਰੀ ਗਰਿਸਤ, ਗਹਿਰ ਗੰਭੀਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਪੁਰਖ ਅਕਾਲ ਕਹੇ ਸਾਚੇ ਨਾਮ ਨੂੰ ਜਾਣੇ ਕੌਣ, ਕਵਣ ਕਰੇ ਵਡਿਆਈਆ । ਜਿਸ ਦੇ ਹੁਕਮੇ ਅੰਦਰ ਸਾਰੇ ਗਾਉਣ, ਢੋਲੇ ਰਾਗ ਨਾਦ ਕਲਮੇ ਕਰ ਸ਼ਨਵਾਈਆ । ਜਿਸ ਨੂੰ ਸਜਦਿਆਂ ਅੰਦਰ ਸੀਸ ਸਾਰੇ ਝੁਕਾਉਣ, ਨਿਉਂ ਨਿਉਂ ਝੋਲੀਆਂ ਡਾਹੀਆ । ਹੁਕਮੇ ਅੰਦਰ ਭੱਜੇ ਪਾਣੀ ਪਵਣ ਪੌਣ, ਬਸੰਤਰ ਸੇਵ ਕਮਾਈਆ । ਜੋ ਸਭ ਨੂੰ ਹੁਕਮ ਆਵੇ ਸੁਣਾਉਣ, ਸਚ ਸੰਦੇਸ਼ਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਨਾਮ ਦਾ ਪਰਚਾ ਕਲਜੁਗ ਅੰਤਮ ਆਇਆ ਛਪਾਉਣ, ਜਿਸ ਦੀ ਛਾਪ ਮੋਹਰ ਆਪਣਾ ਆਪ ਲਗਾਈਆ ।

★ ੨੯ ਮਾਘ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★



੧੨੪੧
੨੦

ਵੇਖੋ ਖੇਲ ਬ੍ਰਾਹਮਣ ਗੌੜੇ, ਗੋਬਿੰਦ ਗੋਬਿੰਦ ਗੋਬਿੰਦ ਵਡ ਵਡਿਆਈਆ । ਜਿਸ ਦੇ ਹੁਕਮੇ ਅੰਦਰ ਕਿਸੇ ਕੁਛ ਨਾ ਔੜੇ, ਬੁੱਧੀ ਵਾਲੀ ਚਲੇ ਨਾ ਕੋਇ ਚਤਰਾਈਆ । ਕਲਜੁਗ ਸੰਤ ਬਣਾ ਕੀੜੇ ਮਕੌੜੇ, ਮਕੜੀ ਵਾਂਗ ਦਿਤੇ ਉਡਾਈਆ । ਲੱਤਾਂ ਬਾਹਵਾਂ ਮਾਰ ਕੇ ਫਿਰਨ ਦੌੜੇ, ਭੱਜਣ ਵਾਹੋ ਦਾਹੀਆ । ਮੰਜ਼ਲ ਚੜ੍ਹੇ ਕੋਈ ਨਾ ਪੌੜੇ, ਪੁੱਠੇ ਡਿੱਗ ਡਿੱਗ ਆਪਣਾ ਆਪ ਭੰਨਾਈਆ । ਕਾਰਜ ਕੰਮ ਕੋਇ ਨਾ ਸੌਰੇ, ਸੌਹਰੇ ਪਈਏ ਹੋਈ ਜੁਦਾਈਆ । ਮਨ ਕਲਪਣਾ ਕਹੇ ਕਰੇ ਖੇਲ ਕਵਣ ਖੌਰੇ, ਖ਼ਬਰੇ ਖ਼ਬਰ ਨਾ ਕੋਇ ਸਮਝਾਈਆ । ਕਿਸੇ ਕੰਮ ਨਾ ਆਵਣ ਕੀਤੇ ਦੌਰੇ, ਦਰ ਦਰ ਹੋਏ ਹਲਕਾਈਆ । ਬਿਨ ਹਰਿ ਕਿਰਪਾ ਕਾਰਜ ਕੋਇ ਨਾ ਸੌਰੇ, ਸਿੱਧ ਪਰਸਿੱਧ ਨਾ ਕੋਇ ਵਖਾਈਆ । ਬਿਨ ਸੁਰਤੀ ਹੋਏ ਡੌਰੇ, ਡੰਕ ਹਕ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਖਾਈਆ । ਬ੍ਰਾਹਮਣ ਗੌੜਾ ਦੇਵੇ ਹਕ ਸਬੂਤ, ਹਰਿ ਵੱਡਾ ਵਡ ਵਡਿਆਈਆ । ਵੇਖੇ ਸਭ ਦੇ ਕਾਇਆ ਕਲਬੂਤ, ਤਤਵ ਤਤ ਖੋਜ ਖੁਜਾਈਆ । ਜਗਤ ਸਾਧ ਹੋਏ ਅਵਧੂਤ, ਔਧ ਆਪਣੀ ਰਹੇ ਮੁਕਾਈਆ । ਕੋਈ ਸਾਫ਼ ਕਰੇ ਨਾ ਆਪਣਾ ਗਲੀ ਕੂਚਾ ਤੇ ਦਿਵਸ ਰੈਣ ਕਰਦੇ ਕੂਚ, ਬਣ ਬਣ ਪਾਂਧੀ ਚੱਲਣ ਰਾਹੀਆ । ਸਾਚਾ ਮਾਰਗ ਪਰਸਿੱਧ ਨਾ ਹੋਏ ਸੂਤ, ਸੂਤਰਧਾਰੀ ਦੇਣ ਦੁਹਾਈਆ । ਜਗਤ ਵਾਸਨਾ ਕੂੜ ਕਲਪਣਾ ਭੂਤ, ਪੰਜ ਭੂਤਕ ਸਮਝ ਕੋਇ ਨਾ ਪਾਈਆ । ਬਿਨ ਹਰਿ ਕਿਰਪਾ ਸਾਰੇ ਦਿਸਣ ਊਤ, ਉੱਤਰ ਪੂਰਬ ਪੱਛਮ ਦੱਖਣ ਰਾਹ ਨਾ ਕੋਇ ਵਖਾਈਆ । ਸਭ ਦੀ ਲਿਵ ਅੰਦਰੋਂ ਗਈ ਛੂਟ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਬਦਲ ਦੇਵੇ ਰੂਟ, ਰਸਤਾ

ਆਪਣੇ ਹੱਥ ਰਖਾਈਆ । ਬ੍ਰਾਹਮਣ ਗੌੜ ਵੇਖੇ ਬ੍ਰਹਮ ਦੀ ਧਾਰ, ਪਾਰਬ੍ਰਹਮ ਦਇਆ ਕਮਾਈਆ । ਲੇਖਾ ਜਾਣੇ ਜੀਵ ਜਗਤ ਸੰਸਾਰ, ਲੱਖ ਚੁਰਾਸੀ ਫੋਲ ਫੁਲਾਈਆ । ਚਾਰੋਂ ਕੁੰਟ ਵੇਖੇ ਵਿਗਸੇ ਵੇਖਣਹਾਰ, ਹਰ ਹਿਰਦਾ ਫੋਲ ਫੁਲਾਈਆ । ਸਾਧ ਸੰਤ ਕਰਨ ਵਿਭਚਾਰ, ਕਰਮ ਕੁਕਰਮ ਵਿਚ ਲੋਕਾਈਆ । ਧਰਮ ਦਾ ਬੋਲੇ ਨਾ ਕੋਇ ਜੈਕਾਰ, ਨਾਅਰਾ ਹਕ ਨਾ ਕੋਇ ਸੁਣਾਈਆ । ਹਕੀਕ਼ਤ ਦਾ ਬਣੇ ਨਾ ਕੋਇ ਖ਼ਿਦਮਤਗਾਰ, ਖ਼ਾਦਮ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਸਭ ਦੇ ਉਪਰ ਪਾਈਆ । ਬ੍ਰਾਹਮਣ ਗੌੜ ਖੇਲੇ ਖੇਲ ਅਪਾਰੀ, ਅਪਰੰਪਰ ਵਡ ਵਡਿਆਈਆ । ਕਿਸੇ ਦੀ ਰਹਿਣ ਨਾ ਦੇਵੇ ਸਰਦਾਰੀ, ਸੀਸ ਤਾਜ ਨਾ ਕੋਇ ਰਖਾਈਆ । ਜੁਗ ਜਗਤ ਕਰੇ ਖ਼ੁਆਰੀ, ਕੰਡਾ ਖ਼ਾਰ ਵਾਲਾ ਚੁਭਾਈਆ । ਜਿਸ ਦੀ ਸ਼ਬਦ ਇਕ ਉਡਾਰੀ, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਵੇਖ ਵਖਾਈਆ । ਬ੍ਰਾਹਮਣ ਗੌੜ ਕਹੇ ਮੇਰਾ ਕੋਈ ਨਾ ਸਮਝੇ ਮੂਲੇ, ਅਸਲ ਵਸਲ ਕਰਨ ਕੋਇ ਨਾ ਆਈਆ । ਮਾਇਆ ਮਮਤਾ ਸਾਰੇ ਭੂਲੇ, ਅਭੁੱਲ ਮਿਲ ਨਾ ਦਰਸ਼ਨ ਪਾਈਆ । ਸਾਚੀ ਚਰਨ ਮਿਲੇ ਨਾ ਧੂਲੇ, ਮਸਤਕ ਖ਼ਾਕ ਨਾ ਕੋਇ ਰਮਾਈਆ । ਪ੍ਰੇਮ ਪਿਆਰ ਮਿਲੇ ਨਾ ਝੂਲੇ, ਸਾਚਾ ਰੰਗ ਨਾ ਕੋਇ ਰੰਗਾਈਆ । ਸ੍ਰਿਸ਼ਟ ਸਬਾਈ ਭਰਮੇ ਭੂਲੇ, ਭਾਂਡਾ ਭਰਮ ਨਾ ਕੋਇ ਭੰਨਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਦੂਲ੍ਹੇ, ਜੋ ਦੁਰਮਤ ਮੈਲ ਰਹੇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਬ੍ਰਾਹਮਣ ਗੌੜ ਕਹੇ ਮੈਂ ਵੇਖਣੀ ਸਭ ਦੀ ਪਿੰਡੀ, ਠਾਕਰ ਪਾਹਨ ਫੋਲ ਫੁਲਾਈਆ । ਕਾਇਆ ਮੰਦਰ ਅੰਦਰ ਕਿਸੇ ਦੀ ਵੱਜਣ ਨਹੀਂ ਦੇਣੀ ਬਿੰਡੀ, ਸਰੰਗੀ ਰਾਗ ਤਾਲ ਨਾ ਕੋਇ ਸੁਣਾਈਆ । ਜਿਸ ਨੂੰ ਸਮਝੇ ਨਾ ਕੋਇ ਆਲਮ ਉਲਮਾ ਬੇਰੂਨੀ ਅੰਦਰੂਨੀ ਹਿੰਦੀ, ਹਿੰਦਸਾ ਸਕੇ ਨਾ ਕੋਇ ਸਮਝਾਈਆ । ਜਿਸ ਨੂੰ ਜੁਗ ਚੌਕੜੀ ਸਾਰੇ ਗਏ ਨਿੰਦੀ, ਸਿਫ਼ਤ ਸਿਫ਼ਤ ਨਾ ਕੋਇ ਵਡਿਆਈਆ । ਸ੍ਰਿਸ਼ਟੀ ਸਬਾਈ ਓਸੇ ਦੀ ਨੁਕਤੇ ਵਾਲੀ ਨਿੱਕੀ ਜਿਹੀ ਬਿੰਦੀ, ਜਿਸ ਬਿੰਦੀ ਵਿਚੋਂ ਬਿੰਦਰਾਬਨ ਰਹਿਣ ਵਾਲੇ ਕਾਹਨ ਦਿਤੇ ਉਪਜਾਈਆ । ਜਿਸ ਦੀ ਡੰਡੀ ਸਦਾ ਵਿੰਗੀ, ਰਸਤਾ ਸਾਫ਼ ਨਾ ਕੋਇ ਕਰਾਈਆ । ਜਿਸ ਦਾ ਰਾਹ ਤਕਦੇ ਰਿਖੀ ਭ੍ਰਿਗੂ ਸਰਿੰਗੀ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਬ੍ਰਾਹਮਣ ਗੌੜ ਕਹੇ ਕੋਈ ਨਾ ਸਮਝੇ ਹਸਤ ਕੀਟ, ਪ੍ਰਭ ਦਾ ਭੇਵ ਕੋਇ ਨਾ ਆਈਆ । ਵਰਨ ਬਰਨ ਰਹੇ ਪੀਟ, ਸਰਨ ਮਿਲੇ ਨਾ ਕੋਇ ਸਰਨਾਈਆ । ਮਾਨਸ ਜਨਮ ਲਏ ਕੋਈ ਨਾ ਜੀਤ, ਕਲਪਣਾ ਤਨ ਨਾ ਕੋਇ ਮਿਟਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਏ ਕੋਈ ਨਾ ਚੀਤ, ਚੇਤਨ ਸੁਰਤੀ ਨਾ ਕੋਇ ਬਣਾਈਆ । ਪੁਰਖ ਅਕਾਲਾ ਦੀਨ ਦਿਆਲਾ ਮਿਹਰਵਾਨ ਮਹਿਬੂਬ ਕਲਜੁਗ ਵਿਚ ਸਤਿਜੁਗ ਬਦਲੇ ਰੀਤ, ਰੀਤੀਵਾਨ ਹੋਏ ਸਹਾਈਆ । ਝਗੜਾ ਮਿਟਾ ਕੇ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਜਿਥੇ ਮਿਲੇ ਹਕ ਅਸਲੀਅਤ, ਅਸਲ ਵਸਲ ਇਕ ਵਖਾਈਆ । ਖ਼ਰਾਬ ਹੋਵੇ ਨਾ ਕਦੇ ਤਬੀਅਤ, ਤਬਾ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੀ ਸਚ ਪਰਗਟਾਏ ਅਸਲੀਅਤ, ਅਸਲ ਦਾ ਅਸਲ ਦਏ ਵਖਾਈਆ ।

## ★ ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਜਨ ਭਗਤੋ ਤੁਹਾਡਾ ਫਲ ਪ੍ਰਭੂ ਦਾ ਗੁਣ, ਫਲਗੁਣ ਗੁਣਵੰਤ ਆਪ ਦ੍ਰਿੜਾਈਆ । ਲੱਖ ਚੁਰਾਸੀ ਵਿਚੋਂ ਲਏ ਚੁਣ, ਨਿਰਗੁਣ ਨਿਰਵੈਰ ਖੋਜ ਖੁਜਾਈਆ । ਸਾਚੇ ਨਾਮ ਦੀ ਦੇ ਕੇ ਧੁਨ, ਆਤਮ ਅੰਤਰ ਭੇਵ ਖੁਲ੍ਹਾਈਆ । ਚਾਰ ਜੁਗ ਤੋਂ ਉਤਮ ਬਣਾ ਕੇ ਮੁਨ, ਮਮਤਾ ਮੋਹ ਰਿਹਾ ਮਿਟਾਈਆ । ਮੇਲ ਮਿਲਾ ਕੇ ਮਾਲਕ ਕੁਲ, ਕੁਲਵੰਤਾ ਹੋਏ ਸਹਾਈਆ । ਕਲਜੁਗ ਕੂੜੀ ਕਿਰਿਆ ਦੀਵਾ ਕਰ ਕੇ ਗੁਲ, ਚਿਰਾਗ਼ ਚਸ਼ਮ ਨਾ ਕੋਇ ਚਮਕਾਈਆ । ਕਰੇ ਖੇਲ ਆਪ ਅਭੁੱਲ, ਭਾਂਡਾ ਭਰਮ ਭੌ ਭੰਨਾਈਆ । ਹਰਿਜਨ ਸਾਚੇ ਕੰਡੇ ਗਏ ਤੁਲ, ਮਿਹਰਵਾਨ ਆਪਣੀ ਦਇਆ ਕਮਾਈਆ । ਜਨ ਭਗਤੋ ਅਗਲਾ ਜਾਪ ਰਹਿਣ ਨਹੀਂ ਦੇਣਾ ਬੁੱਲ, ਹਰ ਹਿਰਦੇ ਵਿਚ ਸਮਾਈਆ । ਸਚ ਦਵਾਰਾ ਜਾਵੇ ਖੁਲ੍ਹ, ਪੜਦਾ ਅੰਤਰ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਫਲਗੁਣ ਕਹੇ ਮੈਂ ਵੇਖਾਂ ਗੁਣਵੰਤਾ, ਹਰਿ ਵੱਡਾ ਵਡ ਵਡਿਆਈਆ । ਜਿਸ ਦੀ ਮਹਿੰਮਾ ਸਦਾ ਬੇਅੰਤਾ, ਬੇਅੰਤ ਰਿਹਾ ਅਖਵਾਈਆ । ਜਿਸ ਨੂੰ ਝੁਕਦੇ ਗੁਰ ਅਵਤਾਰ ਪੈਗ਼ੰਬਰ ਸੰਤਾ, ਭਗਤ ਭਗਵਾਨ ਰਾਹ ਤਕਾਈਆ । ਉਹ ਜੁਗ ਜੁਗ ਬਣਾਵੇ ਆਪਣੀ ਬਣਤਾ, ਭੇਵ ਅਭੇਦ ਨਾ ਕਿਸੇ ਸਮਝਾਈਆ । ਲੱਖ ਚੁਰਾਸੀ ਬਣ ਕੇ ਧੁਰ ਦਾ ਕੰਤਾ, ਕੰਤ ਕੰਤੂਹਲ ਵੇਖ ਵਖਾਈਆ । ਕਲਜੁਗ ਮੌਲੀ ਵੇਖੇ ਰੁੱਤ ਬਸੰਤਾ, ਕੂੜ ਵਿਕਾਰ ਜਗਤ ਮਹਿਕਾਈਆ । ਖੋਜ ਖੋਜਾਏ ਬ੍ਰਾਹਮਣ ਪੰਡਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਫਲਗੁਣ ਕਹੇ ਮੈਂ ਵੇਖਾਂ ਭਗਤ ਨਿਰਾਲੇ, ਨਿਰਾਕਾਰ ਦਏ ਵਖਾਈਆ । ਜਿਨ੍ਹਾਂ ਮਿਲਿਆ ਦੀਨ ਦਿਆਲੇ, ਦਇਆਨਿਧ ਹੋਏ ਸਹਾਈਆ । ਵੱਸਣ ਸਚ ਸੱਚੀ ਧਰਮਸਾਲੇ, ਦਵਾਰਾ ਇਕੋ ਸੋਭਾ ਪਾਈਆ । ਨੇੜ ਨਾ ਆਵੇ ਕਾਲ ਮਹਾਂਕਾਲੇ, ਰਾਏ ਧਰਮ ਨਾ ਦਏ ਸਜ਼ਾਈਆ । ਜੀਵਣ ਜਗਤ ਤੁੱਟੇ ਜ਼ੰਜਾਲੇ, ਜਾਗਰਤ ਜੋਤ ਡਗਮਗਾਈਆ । ਸਾਹਿਬ ਸਵਾਮੀ ਵਸੇ ਨਾਲੇ, ਵਿਛੋੜਾ ਰਹਿਣ ਕੋਇ ਨਾ ਪਾਈਆ । ਹਰਿਜਨ ਬਾਹਰ ਕੋਈ ਨਾ ਭਾਲੇ, ਖੋਜਣ ਬਨ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚੜ੍ਹਾਈਆ । ਫਲਗੁਣ ਕਹੇ ਮੈਂ ਵੇਖਾਂ ਫੁੱਲ ਫੁਲਵਾੜੀ, ਹਰਿ ਕਰਤਾ ਆਪ ਵਖਾਈਆ । ਜੁਗ ਚੌਕੜੀ ਆਵੇ ਮੇਰੀ ਵਾਰੀ, ਵਾਰਤਾ ਸਭ ਦੀ ਦਿਆਂ ਦੁਹਰਾਈਆ । ਮੇਰੀ ਖੇਲ ਅਗੰਮ ਅਪਾਰੀ, ਅਪਰੰਪਰ ਭੇਵ ਕੋਇ ਨਾ ਪਾਈਆ । ਭੱਜੇ ਫਿਰਦੇ ਵਿਸ਼ਨ ਬ੍ਰਹਮਾ ਸ਼ਿਵ ਸਿਕਦਾਰੀ, ਕਦਮ ਕਦਮ ਨਾਲ ਉਠਾਈਆ । ਨੇਤਰ ਤੱਕਣ ਗੁਰੂ ਅਵਤਾਰੀ, ਪੈਗ਼ੰਬਰ ਅੱਖ ਖੁਲ੍ਹਾਈਆ । ਕੀ ਖੇਲ ਕਰੇ ਨਿਰੰਕਾਰੀ, ਨਿਰਗੁਣ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਾਰੇ ਕਹਿੰਦੇ ਗਏ ਜੁਆਰੀ, ਦਾਉ ਅੱਗੇ ਨਾ ਕੋਇ ਲਗਾਈਆ । ਕਲਜੁਗ ਅੰਤ ਓਸੇ ਦੀ ਆਈ ਵਾਰੀ, ਜਿਸ ਦੀ ਵਾਰਤਾ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਫਲਗੁਣ ਕਹੇ ਮੈਂ ਵੇਖਾਂ ਇਕੋ ਵਾਰਸ, ਵਰਾਸਤ ਜਿਸ ਦੀ ਨਜ਼ਰੀ ਆਈਆ । ਜਿਸ ਦੀ ਲਿਖੀ ਅੱਖਰਾਂ ਵਾਲੀ ਇਬਾਰਤ, ਸਿਫ਼ਤਾਂ ਵਿਚ ਸਾਲਾਹੀਆ । ਉਹ ਪਰਗਟ ਹੋਇਆ ਭਾਰਤ, ਭਾਵ ਭੇਵ ਦਏ ਜਣਾਈਆ । ਜਿਸ ਦੀ ਸਭ ਨੇ ਕਰਨੀ ਜ਼ਿਆਰਤ, ਅਜ਼ੀਜ਼ ਹੋ ਕੇ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਸਫ਼ਾਰਸ਼, ਸਿਫ਼ਤਾਂ ਵਿਚ ਵਡਿਆਈਆ । ਉਹ ਕਰਨ ਆਇਆ ਇਕ ਅਦਾਲਤ,

ਅਦਲੀ ਦਾਤਾ ਧੁਰਦਰਗਾਹੀਆ । ਕਲਜੁਗ ਮੇਟੇ ਕੂੜ ਜਹਾਲਤ, ਮਾਇਆ ਮਮਤਾ ਮੋਹ ਮਿਟਾਈਆ । ਜਨ ਭਗਤਾਂ ਰੱਖੇ ਸਹੀ ਸਲਾਮਤ, ਮਿਹਰ ਨਜ਼ਰ ਇਕ ਉਠਾਈਆ । ਆਪਣਾ ਖੇਲ ਕਰੇ ਅਚਾਨਕ, ਚੰਚਲ ਬੁੱਧੀ ਸਮਝ ਕੋਇ ਨਾ ਪਾਈਆ । ਜਿਸ ਦਾ ਹੁਕਮ ਹੋਵੇ ਭਿਆਨਕ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਫਲਗੁਣ ਕਹੇ ਮੈਂ ਸੰਦੇਸ਼ਾ ਦੇਵਾਂ ਮੁਫ਼ਤ, ਜਗਤ ਮੁਫ਼ਤੀਆਂ ਆਪ ਜਣਾਈਆ । ਪ੍ਰਭ ਦਾ ਹੁਕਮ ਸਮਝੇ ਨਾ ਕੋਇ ਦਰੁਸਤ, ਦਰੁਸਤੀ ਕਰਨੀ ਵਿਚ ਲੋਕਾਈਆ । ਸਾਰੇ ਖ਼ਬਰਦਾਰ ਹੋਵੋ ਚੁਸਤ, ਪੜਦਾ ਓਹਲਾ ਦਿਓ ਉਠਾਈਆ । ਕੁਛ ਝਗੜਾ ਪੈਣਾ ਧਰਤੀ ਖ਼ੁਸ਼ਕ, ਖ਼ੁਸ਼ਹਾਲੀ ਸਭ ਦੀ ਦਏ ਮਿਟਾਈਆ । ਕਾਲ ਦੀ ਪਿਠ ਠਕੋਰੇ ਪੁਸ਼ਤ, ਸੈਨਤ ਨਾਲ ਸਮਝਾਈਆ । ਨਗਾਰਾ ਵਜਾਵੇ ਅਰਸ਼ ਕੁਰਸ਼, ਜਗਤ ਕੁਰਾਹ ਵੇਖ ਵਖਾਈਆ । ਮੇਲਾ ਰਹੇ ਨਾ ਕੌੜੀ ਗੁਰਸ, ਦਰਜਨ ਅਰਜਨ ਗਿਆ ਸਮਝਾਈਆ । ਮੁਨਾਰਾ ਰਹੇ ਕੋਈ ਨਾ ਉਰਸ, ਅਰਸ਼ ਫ਼ਰਸ਼ ਪਏ ਦੁਹਾਈਆ । ਸਾਬਤ ਰਹੇ ਕੋਈ ਨਾ ਪੁਰਸ਼, ਜਗਤ ਦੇ ਮਹਾਂਪੁਰਸ਼ਾਂ ਦੀ ਕਰ ਸਫ਼ਾਈਆ । ਮਨ ਕਲਮਣਾ ਵਿਚ ਜਿਹੜੇ ਰਹੇ ਭੁੜਕ, ਬੰਦੀਖ਼ਾਨੇ ਵਿਚ ਟਿਕਾਈਆ । ਜੋ ਹੌਲੀ ਹੌਲੀ ਰਹੇ ਸੁਰਕ, ਸੁਰਤੀ ਥੋੜ੍ਹੀ ਥੋੜ੍ਹੀ ਹਿਲਾਈਆ । ਓਨ੍ਹਾਂ ਮਾਇਆ ਮਮਤਾ ਪਾ ਦੇ ਖ਼ੁਰਕ, ਖ਼ਾਰਸ਼ ਸਕੇ ਨਾ ਕੋਇ ਮਿਟਾਈਆ । ਮੁਹੰਮਦ ਕਹੇ ਪ੍ਰਭੂ ਇਹ ਵਰ ਦੇ ਦੇ ਪਹਿਲੋਂ ਤੁਰਕ, ਮੇਰੀ ਇਕ ਅਰਜ਼ੋਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਫਲਗੁਣ ਕਹੇ ਮੈਂ ਵੇਖਾਂ ਪੱਤ ਡਾਲੀ, ਟਹਿਣੀ ਖੋਜ ਖੁਜਾਈਆ । ਵਕ਼ਤ ਦੁਹੰਜਣਾ ਦੋਭਰ ਤੱਕਾਂ ਹਾਲੀ, ਹਾਲਤ ਕੂੜ ਲੋਕਾਈਆ । ਜਿਸ ਗਗਨ ਵਿਚ ਦੀਪਕ ਮੰਡਲ ਦੱਸਿਆ ਥਾਲੀ, ਰਵ ਸਸ ਡਗਮਗਾਈਆ । ਉਸ ਤੋਂ ਵੱਖਰੀ ਖੇਲ ਨਿਰਾਲੀ, ਨਿਰਾਕਾਰ ਆਪ ਕਰਾਈਆ । ਪਰਗਟ ਹੋ ਕੇ ਜੋਤ ਅਕਾਲੀ, ਅਕਲ ਕਲ ਵਰਤਾਈਆ । ਜਿਸ ਨੇ ਲੱਖ ਚੁਰਾਸੀ ਅੰਦਰ ਨਿਰਗੁਣ ਜੋਤ ਬਾਲੀ, ਬਾਲਮ ਹੋ ਕੇ ਫੋਲ ਫੁਲਾਈਆ । ਕਲਜੁਗ ਅੰਤਮ ਕਰਨ ਆਇਆ ਦਲਾਲੀ, ਦਿਲਬਰ ਆਪਣਾ ਵੇਸ ਵਟਾਈਆ । ਅੱਗੇ ਕਿਸੇ ਦੀ ਰਹੇ ਨਾ ਕੋਈ ਕਵਾਲੀ, ਕਵਿਤਾ ਜਗਤ ਨਾ ਕੋਇ ਚਤੁਰਾਈਆ । ਸੂਰਬੀਰ ਜੋਧਾ ਰਣ ਭੂਮੀ ਬੰਨ੍ਹੇ ਨਾ ਕੋਇ ਰੁਮਾਲੀ, ਛਾਤੀ ਠੋਕ ਨਾ ਕੋਇ ਵਖਾਈਆ । ਜਗਤ ਸਾਧੂ ਬਿਨਾ ਸਾਧਨਾ ਸਭ ਇਕ ਦੂਜੇ ਨੂੰ ਕੱਢਣ ਗਾਲੀ, ਗਲਵਕੜੀ ਪਾ ਮਿਲਣ ਕੋਇ ਨਾ ਆਈਆ । ਪੰਜਾਂ ਵਿਕਾਰਾਂ ਦੀ ਸਭ ਦੀ ਗਰਦਨ ਰੱਖ ਦੇਣੀ ਪੰਜਾਲੀ, ਪੰਜਾਂ ਦਾ ਪੰਜਾ ਉਤੇ ਲਾਈਆ । ਜੱਟ ਕਿਰਸਾਣ ਪੁਰਾਣਾ ਹਾਲੀ, ਸਾਚੀ ਸਿਖਿਆ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੈਂ ਵੇਖਾਂ ਖੇਲ ਅਨਡਿੱਠਾ, ਅਨਡਿੱਠੜੀ ਕਾਰ ਕਮਾਈਆ । ਜਿਸ ਦਾ ਨਿਕਲਣ ਵਾਲਾ ਸਿੱਟਾ, ਸਿੱਟੇਬਾਜ਼ੀ ਜਗਤ ਲੋਕਾਈਆ । ਕਲਜੁਗ ਅੰਤਮ ਰਸ ਫਿਕਾ, ਕੂੜੀ ਕਿਰਿਆ ਜਾਗ ਲਗਾਈਆ । ਬਿਨਾ ਭਗਤਾਂ ਤੋਂ ਕਿਸੇ ਦਾ ਕਰਮ ਹੋਣਾ ਨਹੀਂ ਚਿੱਟਾ, ਜਨਮ ਜਨਮ ਨਾ ਕੋਇ ਬਦਲਾਈਆ । ਪੂਰੀ ਹੋਵੇ ਕੋਈ ਨਾ ਇੱਛਾ, ਵਸਤੂ ਸਤਿ ਨਾ ਕੋਇ ਵਰਤਾਈਆ । ਧੁਰਦਰਗਾਹੋਂ ਮਿਲੇ ਕੋਈ ਨਾ ਭਿੱਛਾ, ਖ਼ਾਲੀ ਭਾਂਡੇ ਨਾ ਕੋਇ ਭਰਾਈਆ । ਜਿਹੜਾ ਲੇਖ ਪ੍ਰਭੂ ਨੇ ਲਿਖਾ, ਅੰਤਮ ਓਹੋ ਦਏ ਭੁਗਤਾਈਆ । ਗੁਰਮੁਖ ਬਣਾ ਕੇ ਸਾਚਾ ਸਿੱਖਾ, ਸਿਖਿਆ ਇਕੋ ਇਕ ਸੁਣਾਈਆ । ਲਹਿਣਾ ਮੁੱਕ ਜਾਏ ਮੁਨ ਰਿਖਾ, ਰਿਖੀ ਮੁਨੀ ਨਾ ਕੋਇ ਦਰਸਾਈਆ । ਇਹ ਪਿਛਲੀ ਕਹਾਣੀ ਤੇ ਪਿਛਲਾ ਕਿੱਸਾ,

ਅੱਗੇ ਸਭ ਦੀ ਕਰੇ ਸਫ਼ਾਈਆ । ਪ੍ਰਭ ਦਾ ਦਾਉ ਪਹਿਲੋਂ ਉਠਾਏ ਤੇ ਫੇਰ ਥੱਲਿਉਂ ਖਿੱਚ ਦਏ ਗਿੱਟਾ, ਮੂੰਹ ਦੇ ਭਾਰ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵਖਾਈਆ । ਫਲਗੁਣ ਕਹੇ ਮੈਂ ਕੁਛ ਤਕਦਾ ਖੇਲ ਅਨੋਖਾ, ਵੱਖਰਾ ਦਿਆਂ ਜਣਾਈਆ । ਪ੍ਰਭ ਨੇ ਇਕ ਅਖ਼ੀਰੀ ਕਰਨਾ ਧੋਖਾ, ਪੜਦਾ ਪੜਦਿਆਂ ਵਿਚ ਪਾਈਆ । ਜਨ ਭਗਤਾਂ ਦੇਣਾ ਮੌਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਫਲਗੁਣ ਕਹੇ ਨੌਂ ਦਿਨ ਦੀ ਖੇਲ ਵੱਖਰੀ, ਮੈਨੂੰ ਨਜ਼ਰੀ ਆਈਆ । ਜਿਸ ਨੂੰ ਸਮਝੇ ਕੋਈ ਨਾ ਪੱਤਰੀ, ਵਾਚਣ ਵਿਚ ਕਦੇ ਨਾ ਆਈਆ । ਹੱਥ ਨਾ ਆਏ ਪਤਣੀਂ, ਭੱਜਣ ਵਾਹੋ ਦਾਹੀਆ । ਚੁਪ ਚੁਪੀਤੇ ਜਗਤ ਜਗਿਆਸੂਆਂ ਧਾਰ ਕਰਨੀ ਸੱਖਣੀ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਫਲਗੁਣ ਕਹੇ ਮੈਂ ਦੱਸਾਂ ਕੀ ਬਾਤ, ਬਾਤਨ ਹਾਲ ਸੁਣਾਈਆ । ਅਬਿਨਾਸ਼ੀ ਕਰਤੇ ਖੇਲ ਸ਼ੁਰੂ ਕਰਨਾ ਪੰਜ ਚੇਤ ਦੀ ਰਾਤ, ਰਾਤੋ ਰਾਤ ਆਪਣੀ ਧਾਰ ਚਲਾਈਆ । ਪੰਜ ਸੱਤ ਦੀ ਹੋਵੇ ਨਾਲ ਜਮਾਤ, ਦੂਜੇ ਸਮਝ ਨਾ ਕੋਇ ਸਮਝਾਈਆ । ਮਜ਼ਲ ਕਰੇ ਅੰਮ੍ਰਿਤ ਵੇਲੇ ਪਰਭਾਤ, ਆਪਣਾ ਪੰਧ ਮੁਕਾਈਆ । ਬੇਖ਼ਬਰਾਂ ਖੋਲ੍ਹੇ ਜਾਗ, ਸੁੱਤਿਆਂ ਆਪ ਉਠਾਈਆ । ਲਹਿਣਾ ਚੁਕਾ ਕਲਮ ਦਵਾਤ, ਪੂਰਬ ਗੰਢ ਪਵਾਈਆ । ਇਹ ਖੇਲ ਹੋਵੇ ਇਤਫ਼ਾਕ, ਇਤਫ਼ਾਕੀਆਂ ਕਾਰ ਕਮਾਈਆ । ਕਿਸੇ ਨੂੰ ਪਤਾ ਨਹੀਂ ਕਿਸ ਦੇ ਘਰ ਕੱਟਿਆ ਕਰੇ ਰਾਤ, ਸਵੇਰੇ ਉਠ ਕਿਧਰ ਨੂੰ ਜਾਈਆ । ਜਿਹੜਾ ਨਾਲ ਰੱਖੇ ਸਾਥ, ਪੜਦਾ ਓਨ੍ਹਾਂ ਕੋਲੋਂ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਪੰਜ ਚੇਤ ਦੀ ਰਾਤ ਕਹਿੰਦੀ, ਕਹਿ ਕਹਿ ਖ਼ੁਸ਼ੀ ਮਨਾਈਆ । ਗੁਰਮੁਖ ਸਿੰਘ ਹੱਥਾਂ ਨੂੰ ਲਾਉਣੀ ਮਹਿੰਦੀ, ਤਲੀ ਵਿਚ ਪੋਟੇ ਪੰਜ ਪੰਜ ਛੁਹਾਈਆ । ਕਾਕੇ ਸੁਰਜੀਤ ਨੇ ਨਾਲ ਰੱਖਣੀ ਇਕ ਵਹਿੰਗੀ, ਸੋਹਣੀ ਬਣਤ ਬਣਾਈਆ । ਪਹਿਲੋਂ ਚਲਣਾ ਦਿਸ਼ਾ ਲਹਿੰਦੀ, ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਪੰਜ ਚੇਤ ਕਹੇ ਮੈਂ ਕੀ ਰੱਖਾਂ ਉਡੀਕਾਂ, ਕਵਣ ਧਿਆਨ ਲਗਾਈਆ । ਕਿਸ ਵੇਲੇ ਕਰਾਂ ਪ੍ਰੀਤਾਂ, ਪ੍ਰੀਤਮ ਲਵਾਂ ਮਨਾਈਆ । ਪੁਰਖ ਅਕਾਲ ਕਿਹਾ ਆਪਣੀਆਂ ਪਿਛਲੀਆਂ ਵੇਖ ਤਵਾਰੀਖਾਂ, ਪਤਰੇ ਵਰਕਿਆਂ ਵਿਚੋਂ ਉਲਟਾਈਆ । ਜਿਸ ਦੀਆਂ ਗੁਰ ਅਵਤਾਰ ਪੈਗ਼ੰਬਰ ਕਰਨ ਤਸਦੀਕਾਂ, ਸ਼ਹਾਦਤ ਇਕ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਪੰਜ ਚੇਤ ਕਹੇ ਸਵਾ ਪੰਜ ਸੇਰ ਨਾਲ ਰੱਖਿਓ ਘਿਰਤ, ਧਰਮ ਦੀ ਗੰਢ ਬੰਨ੍ਹਾਈਆ । ਜਿਸ ਨਾਲ ਮਰਿਆਦਾ ਚਲਾਏ ਪਿਰਤ, ਅਗਲਾ ਰਾਹ ਵਖਾਈਆ । ਸਭ ਦੀ ਮੇਟੇ ਹਿਰਸ, ਹਵਸ ਦਏ ਗਵਾਈਆ । ਜਨ ਭਗਤਾਂ ਦੀ ਜੋ ਸਾਂਭ ਕੇ ਰੱਖੀ ਕਿਰਸ, ਪਿਛਲੀ ਝੋਲੀ ਪਾਈਆ । ਉਲਟਾ ਰਹੇ ਕੋਈ ਨਾ ਬਿਰਖ, ਜਨਮ ਯੂਨੀ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਪੰਜ ਚੇਤ ਕਹੇ ਮੈਨੂੰ ਥਿਤ ਦਿਸਦੀ ਇੱਕੀ, ਦੂਏ ਏਕੇ ਵਿਚ ਵਡਿਆਈਆ । ਤਿੰਨ ਸੱਤ ਦੀ ਸਾਚੀ ਸਿੱਖੀ, ਸੱਤ ਸੱਤ ਨਾਲ ਵਡਿਆਈਆ । ਰੋਜ਼ ਗੋਬਿੰਦ ਦੀ ਲਿਖਾਇਆ ਕਰਨੀ ਪਿਛਲੀ ਚਿੱਠੀ, ਬਿਨਾ ਗੁਰਮੁਖਾਂ ਤੋਂ ਦੂਜਾ ਸੁਣਨ ਕੋਇ ਨਾ ਪਾਈਆ । ਧਰਨੀ ਧਰਤ ਧਵਲ ਰਹੀ ਪਿੱਟੀ, ਨੇਤਰ ਰੋ ਦਏ ਦੁਹਾਈਆ । ਮੇਰੀ ਖ਼ਾਕ ਉਡਦੀ ਮਿੱਟੀ, ਮਾਟੀ ਭਾਂਡੇ ਨਾ ਕੋਇ ਪੋਚ ਪੋਚਾਈਆ । ਕਿਹੋ ਜਿਹੀ ਤਕਦੀਰ

੧੨੪੫
੨੦

ਲਿਖੀ, ਮੇਰਾ ਲੇਖ ਦੇ ਬਦਲਾਈਆ । ਮੈਂ ਚਾਹੁੰਦੀ ਮੈਂ ਵੇਖਾਂ ਤੇਰੀ ਨਵੇਂ ਸਾਲ ਦੀ ਮਿਤੀ, ਮਿੱਤਰ ਪਿਆਰੇ ਧਿਆਨ ਲਗਾਈਆ । ਮੈਂ ਨਿਵਾ ਕੇ ਆਪਣੀ ਗਿੱਚੀ, ਤੈਨੂੰ ਸੀਸ ਦਿਤਾ ਝੁਕਾਈਆ । ਜਿਹੜੀ ਗੋਬਿੰਦ ਕਟਾਰ ਖਿੱਚੀ, ਹੱਥ ਮੁਖ ਉਤੇ ਟਿਕਾਈਆ । ਹੁਣ ਕਿਹੜੇ ਦਵਾਰੇ ਟਿਕੀ, ਮੈਨੂੰ ਦੇ ਵਖਾਈਆ । ਪੁਰਖ ਅਕਾਲ ਕਿਹਾ ਧਰਨੀ ਇਕ ਵੇਰਾਂ ਮੁਖ ਚੋਂ ਕਹਿ ਦੇ ਮੇਰੇ ਉਤੇ ਕੋਈ ਰਿਹਾ ਨਹੀਂ ਮੁਨੀ ਰਿਖੀ, ਸੰਤ ਸੁਰਤ ਨਾ ਕੋਇ ਖੁਲ੍ਹਾਈਆ । ਬਿਨ ਤੇਰੇ ਪ੍ਰਭੂ ਹੋਈ ਜਿੱਚੀ, ਯਾਚਕ ਨਜ਼ਰ ਕੋਇ ਨਾ ਆਈਆ । ਨਿਰਮਾਣਤਾ ਵਿਚ ਹੋ ਨਿੱਕੀ, ਸੀਸ ਜਗਦੀਸ ਝੁਕਾਈਆ । ਫੇਰ ਤੇਰੀ ਤਕਦੀਰ ਜਾਏ ਲਿਖੀ, ਕਿਸਮਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਪੰਜ ਚੇਤ ਕਹੇ ਖੇਲ ਖੇਲੇ ਚੁਪ ਚੁਪੀਤਾ, ਚੌਪਟ ਬਾਜ਼ੀ ਜਗਤ ਲੋਕਾਈਆ । ਚੌਥੇ ਜੁਗ ਦੀ ਚੌਥੇ ਸੰਮਤ ਵਿਚ ਰੀਤਾ, ਅਗਲੀ ਦਏ ਬਦਲਾਈਆ । ਇਹ ਖੇਲ ਪ੍ਰਭੂ ਜਗਦੀਸਾ, ਜਗਤ ਦਾ ਮਾਲਕ ਆਪ ਕਰਾਈਆ । ਗੁਰਮੁਖ ਨੇ ਨੌਂ ਟਕੇ ਰੱਖਣੇ ਵਿਚ ਖ਼ੀਸਾ, ਦਸਵਾਂ ਪ੍ਰਭ ਦੀ ਝੋਲੀ ਪਾਈਆ । ਸਾਚੇ ਹੁਕਮ ਦਾ ਸਾਫ਼ ਕਰਨਾ ਸ਼ੀਸ਼ਾ, ਧੱਬਾ ਅੱਬਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਆਪਣਾ ਖੇਲ ਖੇਲੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰ, ਸੰਸਾਰੀ ਭੰਡਾਰੀ ਭੇਵ ਕੋਇ ਨਾ ਆਈਆ । ਜਿਸ ਦਾ ਰਾਹ ਤੱਕਣ ਜੁਗ ਚਾਰ, ਚਾਰੇ ਵੇਦ ਧਿਆਨ ਲਗਾਈਆ । ਜਿਸ ਨੂੰ ਖੋਜਦੇ ਗੁਰ ਅਵਤਾਰ, ਪੈਗ਼ੰਬਰ ਅੱਖ ਉਠਾਈਆ । ਉਹ ਖੇਲ ਕਰੇ ਨਿਰੰਕਾਰ, ਨਿਰਾਕਾਰ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਆਪ ਉਠਾਈਆ । ਚੇਤ ਕਹੇ ਮੇਰੇ ਵਿਚ ਖੇਲ ਹੋਣਾ ਚੁਪ ਚੁਪੀਤੇ, ਸਮਝ ਕੋਇ ਨਾ ਪਾਈਆ । ਇਹ ਵਾਅਦੇ ਗੋਬਿੰਦ ਪਿਛਲੇ ਕੀਤੇ, ਲੇਖਾ ਪ੍ਰਭ ਦੇ ਨਾਲ ਬਣਾਈਆ । ਜਿਸ ਵੇਲੇ ਭੱਥਾ ਲਾਹਿਆ ਸੀ ਉਤੋਂ ਪੀਠੇ, ਧਰਤੀ ਉਤੇ ਦਬਾਈਆ । ਜਿਸ ਵੇਲੇ ਵੜਨ ਲੱਗਾ ਸੀ ਵਿਚ ਅੰਗੀਠੇ, ਚੁਪ ਕਰ ਕੇ ਆਪਣਾ ਡੇਰਾ ਲਾਈਆ । ਇਕ ਗਾਇਆ ਸਾਚਾ ਗੀਤੇ, ਢੋਲਾ ਧੁਰਦਰਗਾਹੀਆ । ਓਸੇ ਵੇਲੇ ਸ੍ਰੀ ਭਗਵਾਨ ਆ ਕੇ ਖੜ੍ਹਿਆ ਪੀਛੇ, ਪਿਛੇ ਹੱਥ ਦਿਤਾ ਲਗਾਈਆ । ਗੋਬਿੰਦ ਸਿਰ ਤੋਂ ਲਾਹ ਦੇ ਕਲਗੀ ਤੇ ਸਾਫ਼ ਦਿਸੇ ਸੀਸੇ, ਸੋਹਣਾ ਨਜ਼ਰੀ ਆਈਆ । ਅੱਗੇ ਤੇਰਾ ਲੇਖਾ ਨਾਲ ਜਗਦੀਸੇ, ਜਗਤ ਦਾ ਮਾਲਕ ਜੋੜ ਜੁੜਾਈਆ । ਗੋਬਿੰਦ ਤੂੰ ਅੱਗੇ ਤੇ ਮੈਂ ਤੇਰੇ ਪੀਛੇ, ਪਿੱਛਾ ਛੱਡ ਕਦੇ ਨਾ ਜਾਈਆ । ਗੋਬਿੰਦ ਕਿਹਾ ਪਹਿਲੋਂ ਲੰਘ ਮੇਰੀ ਦਹਿਲੀਜ਼ੇ, ਅੰਦਰ ਵੜ ਕੇ ਦੇ ਵਖਾਈਆ । ਪੁਰਖ ਅਕਾਲ ਕਿਹਾ ਇਹ ਤੇਰੀ ਸੱਚੀ ਰੀਝੇ, ਮੈਨੂੰ ਸੋਹਣੀ ਭਾਈਆ । ਜਿਸ ਵੇਲੇ ਤੇਰੀ ਕਾਇਆ ਦਾ ਕੱਪੜ ਪਹਿਨਾਂ ਕਮੀਜ਼ੇ, ਆਪਣੀ ਖੇਲ ਵਖਾਈਆ । ਤੇਰੇ ਗੁਰਸਿਖ ਮਿਲਾਵਾਂ ਨਾਲ ਬੀਬੇ, ਬਾਹੋਂ ਫੜ ਉਠਾਈਆ । ਫੇਰ ਤੇਰੇ ਨਾਲ ਤੇਰਾ ਹੋ ਪਤੀਜੇ, ਪਿਤਾ ਪੁਰਖ ਅਕਾਲ ਦਏ ਵਡਿਆਈਆ । ਓਸ ਵੇਲੇ ਗੋਬਿੰਦ ਨੇ ਬਾਹਰੋਂ ਮੀਟ ਲਏ ਦੀਦੇ, ਅੰਦਰ ਇਕੋ ਵਿਚ ਸਮਾਈਆ । ਜਾਂ ਤੱਕਿਆ ਉਹ ਸਭ ਦੇ ਅੰਦਰ ਆਪਣਾ ਨਾਮ ਬੀਜ ਬੀਜੇ, ਕਿਰਸਾਣਾ ਇਕੋ ਨਜ਼ਰੀ ਆਈਆ । ਫੇਰ ਵੇਖਿਆ ਲੱਖ ਚੁਰਾਸੀ ਵਿਚੋਂ ਭਗਤਾਂ ਦੀ ਫੁਲਵਾੜੀ ਵਿਚ ਪ੍ਰਭੂ ਦੇ ਬਗ਼ੀਚੇ, ਗੁਰ ਅਵਤਾਰ ਪੈਗ਼ੰਬਰ ਮਾਲੀ ਨਜ਼ਰ ਕੋਇ ਨਾ ਆਈਆ । ਓਸੇ ਵੇਲੇ ਆਪਣੇ ਮੱਥੇ ਉਤੇ ਲਾਈ ਇਕ ਲੀਕੇ, ਲਾਈਨ ਦਿੱਤੀ ਬਣਾਈਆ । ਪ੍ਰਭੂ ਸਚ ਦੱਸ ਸਾਡੇ ਵਿਚੋਂ ਕੌਣ ਇਕ ਦੂਜੇ ਨੂੰ ਉਡੀਕੇ, ਕਵਣ ਰਾਹ

ਤਕਾਈਆ । ਪੁਰਖ ਅਕਾਲ ਕਿਹਾ ਗੋਬਿੰਦ ਬਿਨਾ ਤੇਰੇ ਮੇਰੇ ਬਾਕੀ ਸਭ ਦੇ ਪੈਣੇ ਸ਼ਰੀਕੇ, ਸ਼ਰਕਤ ਸਕੇ ਨਾ ਕੋਇ ਮਿਟਾਈਆ । ਓਸ ਵੇਲੇ ਪ੍ਰਭ ਨੇ ਜੋਤ ਸ਼ਬਦ ਦੀ ਧਾਰ ਵਿਚ ਉਹ ਅੱਖਰ ਉਲੀਕੇ, ਜਿਸ ਨੂੰ ਲਿਖੇ ਕੋਇ ਨਾ ਕਲਮ ਸ਼ਾਹੀਆ । ਗੋਬਿੰਦ ਕਿਹਾ ਪਭੂ ਉਹ ਕਿਹੜਾ ਹੋਵੇ ਤਰੀਕੇ, ਤਰੀਕਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਚੁਕਾਈਆ । ਚੇਤ ਕੇ ਮੈਂ ਬੜਾ ਆਤਰ, ਆਦਿ ਦਾ ਰਾਹ ਤਕਾਈਆ । ਮੇਰੀ ਰੁੱਤ ਬੜੀ ਚਾਤਰ, ਚਾਤ੍ਰਿਕ ਸਾਰੇ ਵੇਖ ਵਖਾਈਆ । ਮੇਰੀ ਸਾਰੇ ਕਰਦੇ ਖ਼ਾਤਰ, ਖ਼ੁਸ਼ੀਆਂ ਵਿਚ ਸੇਵ ਕਮਾਈਆ । ਮੈਂ ਇਕ ਸੰਦੇਸ਼ਾ ਦੇਵਾਂ ਪਾਤਰ, ਸ਼ਬਦੀ ਸ਼ਬਦ ਸੁਣਾਈਆ । ਜਿਸ ਵੇਲੇ ਆਵੇ ਪੰਜ ਚੇਤ ਦੀ ਰਾਤਰ, ਰੁਤੜੀ ਇਕ ਮਹਿਕਾਈਆ । ਸਵਾ ਫੁਟ ਦਾ ਪ੍ਰਭ ਨੇ ਪਾਉਣਾ ਗਾਤਰ, ਤਨ ਨੰਗੇ ਬਦਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਚੇਤ ਕਹੇ ਮੈਂ ਆਪਣੇ ਕੋਲ ਰੱਖਣਾ ਕੁਛ ਇਨਾਮ, ਸੋਹਣੀ ਗੰਢ ਬੰਧਾਈਆ । ਨੌ ਛੁਹਾਰੇ ਨੌ ਬਾਦਾਮ, ਨੌ ਦਾਣੇ ਕਿਸ਼ਮਿਸ਼ ਜੋੜ ਜੁੜਾਈਆ । ਜਿਹੜਾ ਮੁਹੰਮਦ ਨੂੰ ਪਹਿਲਾ ਦਿਤਾ ਹਕ ਪੈਗ਼ਾਮ, ਉਸ ਦਾ ਲੇਖਾ ਦੇਣਾ ਸਮਝਾਈਆ । ਜਿਸ ਵਿਚ ਬਦਲ ਜਾਣਾ ਨਜ਼ਾਮ, ਉਹ ਵੀ ਪੜਦਾ ਲਾਹੀਆ । ਜਿਹੜੀ ਮੁਹੰਮਦ ਦੇ ਚਾਰ ਤਰਫ਼ ਘੁੰਮਦੀ ਰਹੀ ਕਲਾਮ, ਅੰਦਰ ਵੜਨ ਦਾ ਹੁਕਮ ਨਾ ਕੋਇ ਸੁਣਾਈਆ । ਕਹਿੰਦੀ ਰਹੀ ਤੇਰਾ ਆਵੇ ਅਮਾਮ, ਜਲਵਾਗਰ ਨੂਰ ਖ਼ੁਦਾਈਆ । ਓਸ ਨੂੰ ਮੁਹੰਮਦ ਪੁੱਠਿਆਂ ਹੱਥਾਂ ਦਾ ਕਰਦਾ ਰਿਹਾ ਸਲਾਮ, ਸਿਰ ਪਿਛੇ ਨੂੰ ਨਿਵਾਈਆ । ਕਿਉਂ ਅੱਗੇ ਨੂੰ ਝੁਕਿਆਂ ਦਿਸਦਾ ਨਹੀਂ ਸੀ ਉਤੇ ਅਸਮਾਨ, ਅਸਮਾਨ ਉਤੇ ਰਹਿਮਾਨ ਆਪਣਾ ਹੁਕਮ ਮਨਾਈਆ । ਜਿਸ ਦੇ ਬਰਦੇ ਗ਼ੁਲਾਮ, ਸੇਵਕ ਚਾਕਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪੰਜ ਚੇਤ ਕਹੇ ਪੰਜ ਤੋਂ ਇੱਕੀ ਦੀ ਹੋਵੇ ਥਿਤ, ਦੋਹਾਂ ਜੋੜ ਜੁੜਾਈਆ । ਖੇਲ ਹੋਣਾ ਇਨ੍ਹਾਂ ਦੇ ਵਿਚ, ਪੜਦਿਆਂ ਵਿਚ ਰਖਾਈਆ । ਧਾਰ ਅਗੰਮੀ ਜਾਏ ਲਿਖ, ਲਿਖਤ ਵਿਚ ਵਡਿਆਈਆ । ਪੰਜ ਸੱਤ ਦੀ ਰਹੇ ਵਿਥ, ਵੱਧ ਘੱਟ ਨਾ ਕੋਇ ਬਣਾਈਆ । ਨਾਲ ਨੀਲਾ ਕੱਪੜਾ ਰੱਖਣਾ ਚਾਰੋਂ ਤਰਫ਼ ਸਵਾ ਗਿੱਠ, ਇੰਚਾਂ ਨਾਪ ਨਾ ਕੋਇ ਨਪਾਈਆ । ਓਸ ਨੂੰ ਪ੍ਰਭ ਨੇ ਬੰਨ੍ਹਣਾ ਉਤੇ ਪਿਠ, ਪਿੰਡੇ ਨੰਗੇ ਸੋਭਾ ਪਾਈਆ । ਉਤੇ ਲਾਉਣੀ ਗੋਬਿੰਦ ਵਾਲੀ ਚਿਟ, ਤੂੰ ਹੀ ਪਿਤਾ ਤੂੰ ਹੀ ਮਾਈਆ । ਇਕ ਨਾਲ ਰੱਖਣੀ ਇੱਟ, ਜੋ ਭਗਤ ਦਵਾਰੇ ਦੀ ਸੇਵ ਕਮਾਈਆ । ਇਕ ਕੋਲ ਰੱਖਣੀ ਸਟਿਕ, ਪਿਛਲਾ ਲੇਖਾ ਲੇਖ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਭੁਗਤਾਈਆ । ਚੇਤ ਕਹੇ ਮੈਂ ਚਾਤ੍ਰਿਕ ਪਿਆਸਾ, ਤ੍ਰਿਖਾਵੰਤ ਧਿਆਨ ਲਗਾਈਆ । ਰੱਖ ਕੇ ਇਕ ਭਰਵਾਸਾ, ਬੈਠਾ ਰਾਹ ਤਕਾਈਆ । ਕਵਣ ਵੇਲਾ ਆਏ ਪੁਰਖ ਅਬਿਨਾਸ਼ਾ, ਆਪਣਾ ਫੇਰਾ ਪਾਈਆ । ਅਗਲਾ ਖੋਲ੍ਹੇ ਖ਼ੁਲਾਸਾ, ਪੜਦਾ ਦਏ ਚੁਕਾਈਆ । ਭਗਤਾਂ ਹੋਵੇ ਦਾਸਾ, ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਚੇਤ ਕਹੇ ਇਕ ਨਾਲ ਰੱਖਣੀ ਚੌਕੀ, ਇੰਚ ਸਤਾਰਾਂ ਸਤਾਰਾਂ ਵੰਡ ਵੰਡਾਈਆ । ਜਿਹੜੀ ਖ਼ਬਰ ਕਿਤੇ ਨਹੀਂ ਪਹੁੰਚੀ, ਉਹ ਹੁਕਮੇ ਦੇਣੀ ਜਣਾਈਆ । ਸ੍ਰਿਸ਼ਟੀ ਬਹੁਤੀ ਦਿਸੇ ਔਤੀ, ਸਾਚਾ ਖ਼ੌਂਤ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਚੇਤ ਕਹੇ ਮੈਂ ਕੀ ਦੱਸਾਂ ਬੋਲ, ਅਨਬੋਲਤ ਰਿਹਾ ਜਣਾਈਆ । ਜਨ ਭਗਤੋ ਸਾਰੇ ਆਪਣੇ

ਦਵਾਰੇ ਰੱਖਿਓ ਖੋਲ੍ਹ, ਹਿਰਦੇ ਅੰਦਰ ਧਿਆਨ ਲਗਾਈਆ । ਪਤਾ ਨਹੀਂ ਆ ਜਾਏ ਕਿਹਦੇ ਕੋਲ, ਸੁੱਤਿਆਂ ਆਣ ਜਗਾਈਆ । ਕਿਹੜਾ ਦੱਸ ਕੇ ਜਾਵੇ ਬੋਲ, ਆਪਣਾ ਹੁਕਮ ਅਲਾਹੀਆ । ਇਹਨੂੰ ਕੋਈ ਨਾ ਸਮਝਿਓ ਰੋਲ, ਧੋਖਾ ਜਗਤ ਨਾ ਕੋਇ ਵਖਾਈਆ । ਇਹ ਹੁਕਮ ਗੋਬਿੰਦ ਦਾ ਸਾਂਭ ਕੇ ਰੱਖਿਆ ਕੋਲ, ਅੱਖਰਾਂ ਵਿਚ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਚੇਤ ਕਹੇ ਨਾਲ ਰੱਖਣਾ ਇਕ ਪੈਮਾਨਾ, ਪੈਮਾਇਸ਼ ਕਰੇ ਲੋਕਾਈਆ । ਜਿਸ ਵੇਲੇ ਹੋਣਾ ਭਗਤ ਦਵਾਰਿਉਂ ਰਵਾਨਾ, ਪੁੱਠੇ ਪੈਰੀਂ ਚਲ ਕੇ ਪਿਛਲਾ ਪੰਧ ਮੁਕਾਈਆ । ਸਾਢੇ ਤਿੰਨ ਹੱਥ ਦਾ ਨਾਲ ਰੱਖਣਾ ਕਾਨਾ, ਕਾਇਨਾਤ ਦਏ ਉਠਾਈਆ । ਕਾਲੀ ਅਲਫ਼ੀ ਵਿਚ ਨਿਕਲੇ ਦੀਵਾਨਾ, ਮਸਤ ਅਲਮਸਤ ਰੂਪ ਵਟਾਈਆ । ਸ਼ਬਦੀ ਸਭ ਨੂੰ ਦੇਵੇ ਪਰਵਾਨਾ, ਪਰੇ ਤੋਂ ਪਰੇ ਆਪ ਜਣਾਈਆ । ਕੁਛ ਲੇਖਾ ਲਿਖੇ ਚੁਹਾਨਾ, ਚੌਂਹ ਅੱਖਰਾਂ ਵਿਚ ਸਮਝਾਈਆ । ਜੋ ਮਿੱਤਰ ਸੋਈ ਹੋਵੇ ਬੇਗਾਨਾ, ਸਾਚਾ ਸੰਗ ਨਾ ਕੋਇ ਬਣਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਪ੍ਰਭੂ ਕਰੇ ਕਮਾਨਾ, ਹੁਕਮੇ ਅੰਦਰ ਜਗਤ ਗ੍ਰਿਹਿਸਤੀ ਰਿਹਾ ਭਵਾਈਆ । ਜਿਸ ਦਾ ਝੁਲਣਾ ਇਕ ਨਿਸ਼ਾਨਾ, ਨਿਸ਼ਾਨੇ ਨਿਛਾਵਰ ਦਿਓ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਾ ਯੁੱਧ ਕਰੇ ਮਹਾਨਾ, ਯਥਾਰਥ ਆਪਣਾ ਹੁਕਮ ਵਰਤਾਈਆ । ਚੇਤ ਕਹੇ ਗੁਰਮੁਖ ਇਕੋ ਵਾਰ ਲੈਣੀ ਨਾਲ ਸ਼ਾਹੀ, ਦੂਜੀ ਦਵਾਤ ਨਾ ਕੋਇ ਉਠਾਈਆ । ਇਕੋ ਹੁਕਮ ਨਾਲ ਹੋਣੀ ਤਬਾਹੀ, ਤੋਬਾ ਤੋਬਾ ਕਰੇ ਲੋਕਾਈਆ । ਚੋਰੀ ਚੋਰੀ ਫਿਰੇ ਬਣ ਕੇ ਰਾਹੀ, ਰਹਿਬਰ ਧੁਰਦਰਗਾਹੀਆ । ਸਭ ਦੀ ਸ਼ਹਾਦਤ ਦਏ ਭੁਗਤਾਈ, ਹੁਕਮੇ ਅੰਦਰ ਆਪ ਬੁਲਾਈਆ । ਜਿਸ ਦੀ ਦਰੋਹੀ ਓਸੇ ਦੀ ਦੁਹਾਈ, ਵੇਖਣਹਾਰਾ ਉਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵੇਰੇ ਅੱਠ ਵਜੇ ਇਸ ਤੋਂ ਅਗਲਾ ਲੇਖਾ ਦਏ ਲਿਖਾਈ, ਇਕ ਤੋਂ ਦੋ ਨਜ਼ਰੀ ਆਈਆ ।



ਫਲਗੁਣ ਕਹੇ ਤਿੰਨ ਦਿਨ ਮੇਰੀ ਪਾ ਦੇ ਝੋਲੀ, ਝੋਲੀ ਤੇਰੇ ਅੱਗੇ ਡਾਹੀਆ । ਜੋ ਤੇਰੇ ਪ੍ਰੇਮ ਦੀ ਗੋਲੀ, ਗੋਲਕ ਉਸ ਦੀ ਦੇ ਭਰਾਈਆ । ਜਿਸ ਵੇਲੇ ਇਸ ਸੰਮਤ ਦੀ ਪਹਿਲੀ ਆਵੇ ਹੋਲੀ, ਹੌਲੀ ਜਿਹੀ ਆਪਣਾ ਕਦਮ ਉਠਾਈਆ । ਕੁਛ ਲੇਖਾ ਚੁਕਾਉਣਾ ਧੌਲੀ, ਧਵਲ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਫਲਗੁਣ ਕਹੇ ਤਿੰਨ ਦਿਨ ਵੇਖੀਂ ਆਪਣੇ ਯਾਰ, ਮਿੱਤਰ ਪਿਆਰੇ ਖੋਜ ਖੁਜਾਈਆ । ਸਭ ਦਾ ਪਿਛਲਾ ਦਿਸੇ ਵਿਹਾਰ, ਪੂਰਬ ਵੰਡ ਵੰਡਾਈਆ । ਮੇਰਾ ਨਹੀਂ ਕੁਛ ਅਖ਼ਤਿਆਰ, ਤੇਰੇ ਹੁਕਮੇ ਮੰਗ ਮੰਗਾਈਆ । ਫੜ ਬਾਂਹੋਂ ਦੇਣੇ ਤਾਰ, ਆਪਣੀ ਗੋਦ ਟਿਕਾਈਆ । ਪੰਦਰਾਂ ਇੱਕੀ ਦੇ ਵਿਚਕਾਰ, ਇਹ ਲੇਖਾ ਦੇਣਾ ਭੁਗਤਾਈਆ । ਤੇਰੀ ਲਿਖਤ ਦਾ ਲਿਖਾਰ, ਲੇਖਕ ਇਕ ਉਪਜਾਈਆ । ਸਿਰ ਤੇ ਬੰਨ੍ਹ ਕੇ ਆਵੀਂ ਦਸਤਾਰ, ਨਵਾਂ ਜਨਮ ਦਵਾਈਆ । ਕਿਉਂ, ਨੌ ਚੇਤ ਨੂੰ ਉਸ ਦਾ ਵਕਤ ਪਹੁੰਚਿਆ ਆਣ, ਅੱਗੇ ਲੇਖਾ ਰਿਹਾ ਨਾ ਰਾਈਆ । ਜਿਨ੍ਹਾਂ ਚਿਰ ਕਿਰਪਾ ਕਰੇ ਨਾ ਆਪ ਭਗਵਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਓਨਾਂ ਚਿਰ ਜੀਵਣ ਦਾ ਮਿਲੇ ਨਾ ਕਿਸੇ ਦਾਨ, ਅਗਲਾ ਪੰਧ ਨਾ ਕੋਇ ਮੁਕਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਸਦਾ ਸਦਾ ਮਿਹਰਵਾਨ, ਮਿਹਰਵਾਨ

ਤੇਰੀ ਵਡਿਆਈਆ । ਫਲਗੁਣ ਕਹੇ ਮੇਰੀ ਝੋਲੀ ਪਾ ਦੇ ਦਾਨ, ਦਾਤੇ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੀ ਸਰਨਾਈਆ ।

## ★ ੨ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਰਿ ਭਗਤ ਦਵਾਰ ਜੇਠੂਵਾਲ ★

ਗੋਬਿੰਦ ਕਿਹਾ ਸੁਣ ਪ੍ਰਭੂ ਮੇਰਿਆ ਵੱਡਿਆ ਸੇਠਾ, ਗੁਮਰਾਹ ਤੇਰੀ ਵਡਿਆਈਆ । ਦੋ ਫੱਗਣ ਨੂੰ ਉਪਰੋਂ ਆ ਹੇਠਾਂ, ਆਪਣੀ ਦਇਆ ਕਮਾਈਆ । ਕੁਛ ਕੌਲ ਇਕਰਾਰ ਕਰ ਚੇਤਾ, ਪਿਛਲੀ ਯਾਦ ਕਰਾਈਆ । ਜੇ ਤੇਰਾ ਇਕ ਮੈਂ ਬੇਟਾ, ਸਪੂਤ ਲਿਆ ਬਣਾਈਆ । ਤੂੰ ਮੈਨੂੰ ਬਣਾਇਆ ਖੇਵਟ ਖੇਟਾ, ਸੇਵਾ ਸਚ ਸਚ ਸਮਝਾਈਆ । ਧਰਮ ਦੀ ਧਾਰ ਬਣਾ ਕੇ ਨੇਤਾ, ਨਿਜ ਦਾ ਹੁਕਮ ਦਿਤਾ ਸੁਣਾਈਆ । ਮੇਰੇ ਹੱਥ ਫੜਾਇਆ ਗੁਰਮੁਖਾਂ ਦਾ ਲੇਖਾ, ਸੱਜਣ ਸਾਚੇ ਜੋੜ ਜੁੜਾਈਆ । ਮੈਂ ਪੈਣ ਨਹੀਂ ਦੇਣਾ ਕੋਈ ਭੁਲੇਖਾ, ਭਰਮ ਅੰਦਰੋਂ ਚਰਮ ਦੇਣਾ ਕਢਾਈਆ । ਮੇਰਾ ਵਸਣ ਵਾਲਾ ਗੁਰਮੁਖਾਂ ਦੇ ਅੰਦਰ ਹੋਣਾ ਦੇਸਾ, ਦੂਜਾ ਧਾਮ ਨਾ ਕੋਇ ਰਖਾਈਆ । ਸ਼ਬਦੀ ਧਾਰ ਅਗੰਮਾ ਵੇਸਾ, ਤਤ ਸਮਝ ਕੋਇ ਨਾ ਪਾਈਆ । ਮੈਂ ਤੇਰਾ ਆਦੀ ਸੁੱਤ ਇਕ ਪਲੇਠਾ, ਜਿਸ ਨੂੰ ਮੁੜ ਕੇ ਜਨਮੇ ਕੋਇ ਨਾ ਮਾਈਆ । ਮੇਰੀ ਸਦਾ ਅੱਲ੍ਹੜ ਜਵਾਨੀ ਨਵ ਨਰੇਸ਼ਾ, ਬਿਰਧ ਬਾਲ ਰੂਪ ਨਾ ਕੋਇ ਵਖਾਈਆ । ਦੋ ਜਹਾਨ ਤੇਰੀ ਮਿਹਰ ਅੰਦਰ ਦੇਖਾ, ਪੜਦਾ ਅਵਰ ਰਿਹਾ ਨਾ ਰਾਈਆ । ਤੈਨੂੰ ਨਹੀਂ ਪਤਾ ਕਿਉਂ ਬੱਚੇ ਚੜ੍ਹਾਏ ਭੇਟਾ, ਆਪਣਾ ਆਪ ਮਿਟਾਈਆ । ਤੇਰਾ ਖੇਲ ਵੇਖਦਾ ਰਿਹਾ ਅਗੇਤਾ ਪਛੇਤਾ, ਜੁਗ ਚੌਕੜੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ ਮੰਗਾਈਆ । ਗੋਬਿੰਦ ਕਹੇ ਪ੍ਰਭ ਪਹਿਲੀ ਫੱਗਣ ਤੇਰੀ ਰਾਤ, ਤੇਰੇ ਹਿੱਸੇ ਆਈਆ । ਅੱਜ ਦੋ ਵਾਲੀ ਪਰਭਾਤ, ਮੈਂ ਏਸੇ ਕਰ ਕੇ ਪਹਿਲੋਂ ਮੰਗ ਮੰਗਾਈਆ । ਜਿਸ ਵਿਚ ਲੇਖਾ ਪਿਛਲਾ ਕਰਾਉਣਾ ਯਾਦ, ਯਾਦਦਾਸ਼ਤ ਅਗਲੀ ਲੈਣੀ ਬਣਾਈਆ । ਮੇਰਾ ਕੋਈ ਤੱਤਾਂ ਵਾਲਾ ਨਹੀਂ ਸਮਾਜ, ਸਮਗਰੀ ਜਗਤ ਨਾ ਕੋਇ ਵਖਾਈਆ । ਮੈਂ ਤੈਨੂੰ ਰਿਹਾ ਅਰਾਧ, ਤੇਰੀ ਓਟ ਤਕਾਈਆ । ਤੇਰਾ ਹੁਕਮ ਬੋਧ ਅਗਾਧ, ਸਮਝ ਕਿਸੇ ਨਾ ਆਈਆ । ਨਾ ਤੂੰ ਸੁੱਤਾ ਨਾ ਮੈਂ ਸੁੱਤਾ ਦੋਹਾਂ ਦੀ ਖੁਲ੍ਹੀ ਰਹੀ ਜਾਗ, ਨੇਤਰ ਅੱਖ ਬੰਦ ਨਾ ਕੋਇ ਕਰਾਈਆ । ਪੁਰਖ ਅਕਾਲ ਤੈਨੂੰ ਦੱਸਾਂ ਮਾਰ ਅਵਾਜ, ਸੰਦੇਸ਼ੇ ਵਿਚ ਜਣਾਈਆ । ਜੇ ਤੂੰ ਮੇਰੇ ਸਿਰ ਤੇ ਧਰਿਆ ਤਾਜ, ਹਕੂਮਤ ਦੋ ਜਹਾਨ ਬਣਾਈਆ । ਖੇਲ ਵਖਾਇਆ ਆਦਿ, ਅੰਤ ਦਿਤਾ ਦ੍ਰਿੜਾਈਆ । ਬਣ ਕੇ ਕੰਤ ਸੁਹਾਗ, ਸੇਜ ਦਿੱਤੀ ਸੁਹਾਈਆ । ਮੇਰੀ ਬੇਨੰਤੀ ਦਾ ਦੇ ਇਕ ਜਵਾਬ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੈਂ ਸੁਣਦਾ ਰਿਹਾ ਤੇਰੀ ਧਾਰ, ਸੁਣ ਸੁਣ ਖ਼ੁਸ਼ੀ ਮਨਾਈਆ । ਮੇਰੇ ਸਾਹਿਬ ਸੱਚੀ ਸਰਕਾਰ, ਤੇਰੇ ਹੱਥ ਵਡਿਆਈਆ । ਬੇਸ਼ਕ ਤੂੰ ਸਚਖੰਡ ਦਾ ਮੁਖ਼ਤਿਆਰ, ਦਰਗਾਹ ਸਾਚੀ ਡੇਰਾ ਲਾਈਆ । ਲੋਕਮਾਤ ਤੇਰੇ ਨਾਲ ਮੇਰਾ ਅਖਾੜ, ਬਿਨਾ ਤੱਤਾਂ ਤੇਰਾ ਸੰਗ ਨਾ ਕੋਇ ਮਨਾਈਆ । ਯਾਦ ਰੱਖ ਸਤਾਰਾਂ ਹਾੜ੍ਹ, ਪਿਛਲਾ ਦਿਆਂ ਜਣਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਦਾ ਕਰਜ਼ਾ ਦਿਤਾ ਉਤਾਰ, ਬਾਕੀ ਰਹੀ ਨਾ ਰਾਈਆ । ਤੂੰ ਸ਼ਬਦੀ ਬੋਲ

ਕਿਹਾ ਲਲਕਾਰ, ਹੁਕਮ ਇਕ ਸੁਣਾਈਆ । ਜਨ ਭਗਤੋ ਤੁਹਾਡਾ ਤੁੱਟੇ ਕਦੇ ਨਾ ਪਿਆਰ, ਓਹਲਾ ਰਹਿਣ ਕਦੇ ਨਾ ਪਾਈਆ । ਸਦਾ ਹੋਵਾ ਸਾਂਝਾ ਯਾਰ, ਮਿੱਤਰ ਪਿਆਰਾ ਇਕ ਅਖਵਾਈਆ । ਜੇ ਭੱਜਾਂ ਤੇ ਬਣਾਂ ਗ਼ਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਪ੍ਰਭੂ ਮੈਂ ਰਾਤੀ ਖਿੜ ਖਿੜ ਹੱਸਿਆ, ਖ਼ੁਸ਼ੀ ਦਿਤੀ ਜਣਾਈਆ । ਜਿਸ ਵੇਲੇ ਤੂੰ ਹੁਕਮ ਆਪਣਾ ਧੁਰ ਦਾ ਦੱਸਿਆ, ਜਨ ਭਗਤਾਂ ਦਿਤਾ ਸਮਝਾਈਆ । ਓਸੇ ਵੇਲੇ ਮੈਂ ਬ੍ਰਹਿਮੰਡ ਖੰਡ ਪੁਰੀ ਲੋਅ ਨੱਸਿਆ, ਦੋ ਜਹਾਨ ਵੇਖ ਵਖਾਈਆ । ਜਿਧਰ ਜਾਵਾਂ ਹੋਵੇ ਅੰਧੇਰੀ ਮਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਨੂੰ ਕੁਛ ਨਾ ਲੱਗਾ ਅੱਛਿਆ, ਨੇਤਰ ਮੀਟ ਵੇਖ ਵਖਾਈਆ । ਇਕ ਆਵਾਜ਼ ਆਈ ਗੋਬਿੰਦ ਵੇਖ ਆਪਣੇ ਬੱਚਿਆਂ, ਜੋ ਤੇਰਾ ਰਾਹ ਤਕਾਈਆ । ਜਿਨ੍ਹਾਂ ਨੂੰ ਗੁਰ ਅਵਤਾਰ ਪੈਗ਼ੰਬਰਾਂ ਮੰਨਿਆਂ ਸੱਚਿਆ, ਸਚ ਦੇਣਾ ਦ੍ਰਿੜਾਈਆ । ਜਿਨ੍ਹਾਂ ਦੇ ਲੂੰ ਲੂੰ ਅੰਦਰ ਰਚਿਆਂ, ਘਰ ਘਰ ਡੇਰਾ ਲਾਈਆ । ਸਾਡਾ ਅੰਦਰੋਂ ਅੰਦਰ ਮੱਚਿਆ, ਅਗਨੀ ਪ੍ਰੇਮ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇ ਉਠਾਈਆ । ਗੋਬਿੰਦ ਕਹੇ ਮੈਨੂੰ ਆ ਗਈ ਹੈਰਾਨੀ, ਹੈਰਤ ਵਿਚ ਸਮਝਾਈਆ । ਤੇਰਾ ਖੇਲ ਸ਼ਾਹ ਸੁਲਤਾਨੀ, ਸ਼ਰੀਅਤ ਵਾਲੇ ਕਿਉਂ ਸ਼ਰਅ ਰਿਹਾ ਬਦਲਾਈਆ । ਤੇਰਾ ਪਿਛਲਾ ਝਗੜਾ ਚਾਰ ਜੁਗ ਦਾ ਦੀਵਾਨੀ, ਦਾਅਵੇਦਾਰ ਰਹੇ ਕੁਰਲਾਈਆ । ਮੇਰੀ ਜੋਬਨ ਵਾਲੀ ਜਵਾਨੀ, ਬਲ ਆਪਣਾ ਰਹੀ ਵਖਾਈਆ । ਮੈਂ ਭਗਤਾਂ ਨਾਲ ਗੁਰਮੁਖਾਂ ਨਾਲ ਤੇਰੀ ਚਲਣ ਨਹੀਂ ਦੇਣੀ ਬੇਈਮਾਨੀ, ਛਲ ਕਪਟ ਨਾ ਕੋਇ ਕਮਾਈਆ । ਤੈਥੋਂ ਦੂਰ ਤੇ ਮੇਰੀ ਜਗਤ ਇਹ ਨਿਸ਼ਾਨੀ, ਨਿਸ਼ਾਨਾ ਤੈਨੂੰ ਦੇਣਾ ਵਖਾਈਆ । ਹਰਿ ਸੰਗਤ ਨਹੀਂ ਬੇਗਾਨੀ, ਜਿਨ੍ਹਾਂ ਤੋਂ ਲੁਕ ਕੇ ਝਟ ਲੰਘਾਈਆ । ਜੇ ਤੂੰ ਨਾ ਕਰੇਂ ਤੇ ਮੈਂ ਕਰਾਂਗਾ ਮਿਹਰਵਾਨੀ, ਇਹ ਮੇਰੇ ਵਿਚ ਵਡਿਆਈਆ । ਮੇਰੇ ਕੋਲ ਮੰਜ਼ਲ ਰੁਹਾਨੀ, ਰਹਿਮਤ ਦਿਆਂ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਵੇਖ ਵਖਾਈਆ । ਗੋਬਿੰਦ ਕਹੇ ਕੀ ਲਿਖਾਇਆ ਲੇਖ, ਮੈਨੂੰ ਦੇ ਸਮਝਾਈਆ । ਕੀ ਹੋਇਆ ਤੇਰਾ ਜੋਤੀ ਜਾਮਾ ਵੇਸ, ਬਿਨਾ ਮੇਰੇ ਸ਼ਬਦ ਦੇ ਤੇਰੀ ਆਵਾਜ ਨਾ ਕੋਇ ਸੁਣਾਈਆ । ਤੂੰ ਉਤੇ ਤੇ ਮੈਂ ਹੇਠ, ਦੋਵੇਂ ਮਿਲ ਕੇ ਰੰਗ ਰੰਗਾਈਆ । ਮੈਂ ਧੋਖਾ ਹੋਣ ਨਹੀਂ ਦੇਣਾ ਵਿਚ ਮਹੀਨੇ ਚੇਤ, ਚਾਤਿਰਕਾ ਦਾ ਸਾਥੀ ਹੋ ਕੇ ਦੇਣਾ ਸਮਝਾਈਆ । ਮੈਂ ਵੀ ਰਹਿਣ ਵਾਲਾ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਭਗਤਾਂ ਦੀ ਥਾਂ ਗੁਰਮੁਖਾਂ ਦੀ ਥਾਂ ਮੈਂ ਤੇਰੇ ਅੱਗੇ ਆਪ ਹੋਵਾਂ ਪੇਸ਼, ਏਸੇ ਕਰਕੇ ਅੱਜ ਦੀ ਪੇਸ਼ੀ ਪਹਿਲੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਗੋਬਿੰਦ ਕਹੇ ਉਹ ਪ੍ਰਭ ਲੁਕਣ ਛਿਪਣ ਵਾਲੇ ਚੋਰ, ਬੇਨੰਤੀ ਦਿਆਂ ਸੁਣਾਈਆ । ਤੂੰ ਮੇਰੇ ਵਿਚ ਵਧਾਇਆ ਜ਼ੋਰ, ਆਪਣੀ ਤਾਕਤ ਨਾਲ ਮਿਲਾਈਆ । ਮੈਨੂੰ ਭੇਜਿਆ ਵਿਚ ਅੰਧੇਰੇ ਘੋਰ, ਕਲਜੁਗ ਅੰਤਮ ਹੁਕਮ ਸੁਣਾਈਆ । ਆਪਣੇ ਨਾਲ ਬੰਨ੍ਹ ਕੇ ਡੋਰ, ਨਾਤਾ ਲਿਆ ਜੁੜਾਈਆ । ਮੈਂ ਸੁਣ ਕੇ ਤੇਰਾ ਵਿਛੋੜੇ ਵਾਲਾ ਸ਼ੋਰ, ਆਪਣਾ ਬਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਕਰ ਬੇਪਰਵਾਹੀਆ । ਗੋਬਿੰਦ ਕਹੇ ਮੇਰੀ ਪਿਛਲੀ ਵੇਖ ਲੈ ਅਰਜ਼ੀ, ਦਰ ਦਰਖ਼ਾਸਤ ਦਿਆਂ ਵਖਾਈਆ । ਬਿਨਾ ਮੇਰੇ ਤੇਰੀ ਲੋਕਮਾਤ ਵਿਚ ਚਲੇ ਨਾ ਕੋਈ ਮਰਜ਼ੀ, ਇਕੱਲਾ ਆਪਣਾ ਹੁਕਮ ਨਾ ਕੋਇ ਬਣਾਈਆ । ਜਿਸ ਤਰਾ ਤੂੰ ਮੇਰਾ ਗ਼ਰਜ਼ੀ, ਮੈਂ ਗ਼ਰਜ਼ ਗੁਰਮੁਖਾਂ ਨਾਲ ਰਖਾਈਆ । ਪੁਰਖ


੧੨੫੦
੨੦

ਅਕਾਲ ਤੂੰ ਮੇਰਾ ਦਰਦੀ, ਮੈਂ ਦਰਦ ਗ਼ਰੀਬ ਨਿਮਾਣਿਆਂ ਝੋਲੀ ਪਾਈਆ । ਜਿਹੜੀ ਧਾਰ ਤੇਰਾ ਮੇਰਾ ਢੋਲਾ ਪੜ੍ਹਦੀ, ਉਹਨਾਂ ਦੀ ਹੋਣ ਨਾ ਦੇਵਾਂ ਜੁਦਾਈਆ । ਗੁਰਮੁਖ ਆਸਾ ਰਹੇ ਨਾ ਸੜਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸੰਦੇਸ਼ ਇਕ ਸੁਣਾਈਆ । ਪੁਰਖ ਅਕਾਲ ਕਹੇ ਗੋਬਿੰਦ ਚੁਪ, ਚੁਪ ਚੁਪੀਤਾ ਦਿਆਂ ਜਣਾਈਆ । ਮੈਨੂੰ ਫਿਰ ਲੈਣ ਦੇ ਛੁਪ, ਲੁਕ ਲੁਕ ਵਕ਼ਤ ਲੰਘਾਈਆ । ਤੂੰ ਮੇਰਾ ਲਾਡਲਾ ਪੁੱਤ, ਨਿਉਂ ਕੇ ਸੀਸ ਦੇ ਨਿਵਾਈਆ । ਮੈਂ ਬਦਲਾਂ ਆਪਣਾ ਰੁਖ਼, ਰਸਤਾ ਇਕ ਪਰਗਟਾਈਆ । ਤੈਨੂੰ ਬੜਾ ਦੇਵਾਂ ਸੁਖ, ਸੁਖ ਵਿਚ ਸਮਾਈਆ । ਗੋਬਿੰਦ ਅੱਗੋਂ ਪਿਆ ਉਠ, ਆਪਣਾ ਬਲ ਪਰਗਟਾਈਆ । ਤੂੰ ਮੇਰੇ ਉਤੇ ਰਿਹਾ ਤੁਠ, ਮੈਂ ਭਗਤਾਂ ਦਇਆ ਕਮਾਈਆ । ਜੇ ਮੈਨੂੰ ਲਵੇਂ ਪੁਛ, ਪ੍ਰਭ ਤੈਨੂੰ ਦਿਆਂ ਜਣਾਈਆ । ਮੇਰਾ ਨਹੀਂ ਗੁਰਮੁਖਾਂ ਦਾ ਸਭ ਕੁਛ, ਸਭ ਕੁਛ ਇਹਨਾਂ ਦੀ ਝੋਲੀ ਪਾਈਆ । ਇਹਨਾਂ ਦਾ ਵਿਛੋੜੇ ਦਾ ਮੈਨੂੰ ਵੱਡਾ ਦੁੱਖ, ਤੇਰਾ ਸੁਖ ਕੰਮ ਕਿਸੇ ਨਾ ਆਈਆ । ਉਜਲ ਕਰਾਂ ਮੁਖ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਗੋਬਿੰਦ, ਕਰ ਲੈਣ ਦੇ ਇਕ ਵਿਹਾਰ, ਚੋਰੀ ਯਾਰੀ ਮੇਰੀ ਰੀਤੀ ਚਲੀ ਆਈਆ । ਮੈਨੂੰ ਫੇਰ ਕਿਸੇ ਨਹੀਂ ਕਹਿਣਾ ਚੌਵੀਆਂ ਅਵਤਾਰ, ਕਲ ਕਲਕੀ ਫੇਰਾ ਪਾਈਆ । ਨਬੀਆਂ ਦਾ ਸਰਦਾਰ, ਅਮਾਮ ਧੁਰਦਰਗਾਹੀਆ । ਜੋਤ ਦੀ ਧਾਰ, ਜੋਤ ਵਿਚ ਰੁਸ਼ਨਾਈਆ । ਵੇਖਾਂ ਜਾ ਜਾ ਘਰ ਬਾਰ, ਆਪਣੀ ਸਮਝ ਨਾ ਕਿਸੇ ਸਮਝਾਈਆ । ਭਗਤਾਂ ਲਵਾਂ ਉਠਾਲ, ਹਲੂਣਾ ਇਕ ਦਵਾਈਆ । ਕਦੇ ਸ਼ਾਹ ਕਦੇ ਕੰਗਾਲ, ਦੋਵੇਂ ਰੂਪ ਵਖਾਈਆ । ਲੱਭਿਆਂ ਕੋਈ ਨਾ ਸਕੇ ਭਾਲ, ਖੋਜਿਆਂ ਖੋਜ ਨਾ ਕੋਇ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸੁਣਾਈਆ । ਗੋਬਿੰਦ ਕਿਹਾ ਪ੍ਰਭੂ ਵੇਖ ਆਪਣੀ ਇਬਾਰਤ, ਜਿਹੜੀ ਬਿਨ ਅੱਖਰਾਂ ਦਿਤੀ ਲਿਖਾਈਆ । ਮੈਂ ਭਗਤਾਂ ਨਾਲ ਹੋਣ ਨਹੀਂ ਦੇਣੀ ਸ਼ਰਾਰਤ, ਪੜਦਾ ਰਹਿਣ ਕੋਇ ਨਾ ਪਾਈਆ । ਇਹ ਕ੍ਰਿਸ਼ਨ ਨਹੀਂ ਜਿਹੜਾ ਫੇਰ ਬਣਾਵੇ ਮਹਾਂਭਾਰਤ, ਜੇਬ ਵਿਚੋਂ ਖਰਚ ਨਾ ਕੋਇ ਕਰਾਈਆ । ਹੁਣ ਕੋਈ ਅਵਤਾਰ ਪੈਗ਼ੰਬਰ ਨਹੀਂ ਜਿਹੜਾ ਮੈਂ ਕਿਸੇ ਮਜ਼੍ਹਬ ਦੀ ਲਵਾਂ ਆੜ੍ਹਤ, ਦੁਕਾਨ ਜਗਤ ਵਿਚ ਚਲਾਈਆ । ਹੁਣ ਲੱਗਣਾ ਨਹੀਂ ਕਿਸੇ ਵਿਚ ਗਾਰਤ, ਪੜਦਿਆਂ ਵਿਚ ਨਾ ਕੋਇ ਛੁਪਾਈਆ । ਮੇਰੀ ਸਭ ਤੋਂ ਵੱਖਰੀ ਹੋਣੀ ਜ਼ਿਆਰਤ, ਜਾਹਰ ਜਹੂਰ ਕਰਾਂ ਰੁਸ਼ਨਾਈਆ । ਪੁਰਖ ਅਕਾਲ ਆਪਣਾ ਲੇਖਾ ਵੇਖ ਜਿਥੇ ਇੱਕੀ ਭਗਤਾਂ ਦੀ ਵਜ਼ਾਰਤ, ਨੌਂ ਸਾਲ ਲਿਖ ਕੇ ਝਟ ਲੰਘਾਈਆ । ਜੇ ਮੈਂ ਨਾ ਬਣਿਆ ਅੱਜ ਇਹਨਾਂ ਦਾ ਵਾਰਸ, ਵਿਰਸਾ ਕਾਇਮ ਨਾ ਕੋਇ ਕਰਾਈਆ । ਮੈਂ ਕਹਿ ਕੇ ਆਇਆ ਗੋਬਿੰਦ ਦਾ ਖ਼ਾਲਸਾ ਹੋਵੇ ਖ਼ਾਲਸ, ਬਿਨਾ ਭਗਤਾਂ ਤੋਂ ਖ਼ਾਲਸ ਨਜ਼ਰ ਕੋਇ ਨਾ ਆਈਆ । ਮੈਨੂੰ ਨਾ ਕੋਈ ਨਿੰਦਰਾ ਨਾ ਕੋਈ ਆਲਸ, ਗ਼ਫ਼ਲਤ ਵਿਚ ਝਟ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਰੰਗ ਰੰਗਾਈਆ । ਗੋਬਿੰਦ ਕਹੇ ਓਏ ਅੱਗੇ ਆ ਜਾ ਇੱਕੀ ਚੇਤ, ਤੈਨੂੰ ਦਿਆਂ ਸਮਝਾਈਆ । ਕੀ ਤੈਨੂੰ ਨਹੀਂ ਮੇਰਾ ਭੇਤ, ਮੈਂ ਕਾਹਨ ਰੂਪ ਵਟਾਈਆ । ਜ਼ਰਾ ਤੱਕ ਲੈ ਨੇਤ ਨੇਤ, ਨੇਤਰ ਅੱਖ ਖੁਲ੍ਹਾਈਆ । ਜਿਸ ਵੇਲੇ ਰਣ ਭੂਮੀ ਵੇਖੀ ਖੇਤ, ਸ਼ਤਰੂ ਮਿੱਤਰ ਖੋਜ ਖੁਜਾਈਆ । ਓਸ ਦਾ ਉਹਨਾਂ ਨਾਲ ਹੇਤ, ਜੋ ਜੁਗ ਜੁਗ ਸਾਚਾ ਸੰਗ ਨਿਭਾਈਆ । ਉਹਨਾਂ ਦਾ ਬਦਲਣ ਆਇਆ ਲੇਖ, ਲੇਖਾ ਕੂੜ ਮਿਟਾਈਆ । ਏਸੇ ਕਾਰਨ ਹੋਇਆ ਪੇਸ਼, ਸਨਮੁਖ ਹੋ ਕੇ ਰਿਹਾ ਸੁਣਾਈਆ । ਪ੍ਰਭੂ ਕਿਉਂ


੧੨੫੧
੨੦

ਬਣੇ ਮੁੱਲਾ ਸ਼ੇਖ਼, ਮਸਲਾ ਝੂਠਾ ਨਾ ਕੋਇ ਬਣਾਈਆ । ਜੇ ਤੂੰ ਆਪਣਾ ਨਾਮ ਰਖਾਇਆ ਦਰਵੇਸ਼, ਮੰਗਣ ਵਾਲਾ ਮੰਗਤਾ ਲੁਕ ਕੇ ਝਟ ਨਾ ਕਦੇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਗੋਬਿੰਦ ਇਹ ਖੇਲ ਬੜੀ ਸੋਹਣੀ, ਮੈਨੂੰ ਨਜ਼ਰੀ ਆਈਆ । ਗੋਬਿੰਦ ਕਿਹਾ ਇਹ ਗੱਲ ਕਦੇ ਨਾ ਹੋਣੀ, ਜਿੰਨਾਂ ਚਿਰ ਚਲੇਂ ਨਾ ਮੇਰੀ ਰਜ਼ਾਈਆ । ਇਹ ਕੋਈ ਜਗਤ ਵਾਲਾ ਨਹੀਂ ਨਛੱਤਰ ਰੋਹਣੀ, ਜਿਸ ਦਾ ਭੇਵ ਨਾ ਕੋਇ ਖੁਲ੍ਹਾਈਆ । ਮੈਂ ਸ਼ਬਦ ਖੰਡੇ ਨਾਲ ਸ੍ਰਿਸ਼ਟੀ ਸਾਰੀ ਕੋਹਣੀ, ਬ੍ਰਹਿਮੰਡਾਂ ਵੇਖ ਵਖਾਈਆ । ਤੂੰ ਤੇ ਪ੍ਰਭੂ ਇਕ ਨਿੱਕੀ ਜਿਹੀ ਜੋਤ ਜਗੌਣੀ, ਛੋਟਿਆਂ ਘਰਾਂ ਵਿਚ ਕਰੇਂ ਰੁਸ਼ਨਾਈਆ । ਮੈਂ ਹਾਹਾਕਾਰ ਜਗਤ ਮਚਾਉਣੀ, ਜਿਸ ਨੂੰ ਸੁਣੇ ਸਰਬ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਹਰਿ ਸੰਗਤ ਪਹਿਲੋਂ ਮੇਰੇ ਦਵਾਰੇ ਦੀ ਪਰਾਹੁਣੀ, ਫੇਰ ਤੇਰੇ ਘਰ ਦੇਣੀ ਪੁਚਾਈਆ । ਪੰਜ ਚੇਤ ਨੂੰ ਜਿਹੜੀ ਤੂੰ ਖੇਲ ਖਿਲਾਉਣੀ, ਉਹ ਮੈਨੂੰ ਮੂਲ ਨਾ ਭਾਈਆ । ਜੇ ਧਰਮ ਦਾ ਪਿਆਰ ਤੇ ਸਚ ਦੀ ਕਰਨੀ ਬਹੁਣੀ, ਧੁਰ ਦਾ ਕਰਮ ਬਣਾਈਆ । ਕਿਉਂ ਲੁਕਣ ਛੁਪਣ ਦੀ ਪਾਈ ਅੜੌਣੀ, ਮੈਨੂੰ ਦੇ ਸਮਝਾਈਆ । ਮੈਂ ਚਾਹੁੰਦਾ ਪੰਜ ਚੇਤ ਨੂੰ ਇੱਕੀਆਂ ਦੀ ਧਾਰ ਆਪਣੇ ਨਾਲ ਰਖਾਉਣੀ, ਇਕ ਦਾ ਲੇਖਾ ਦਿਆਂ ਮੁਕਾਈਆ । ਪਿਛਲੀ ਕੀਤੀ ਸਰਬ ਗਵੌਣੀ, ਗਵਾਹ ਵਿਚ ਪੁਰਖ ਅਕਾਲ ਤੇਰੀ ਸ਼ਹਾਦਤ ਦਿਆਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਾਤੇ ਦੇ ਵਡਿਆਈਆ । ਪੁਰਖ ਅਕਾਲ ਕਹੇ ਗੋਬਿੰਦ ਸੁਣ ਲਾਡਲੇ ਪੁੱਤਾ, ਪਿਤਰ ਹੋ ਕੇ ਦਿਆਂ ਜਣਾਈਆ । ਆਹ ਲੈ ਮੇਰੀ ਮੁਹੱਬਤ ਦਾ ਗੁੱਛਾ, ਚਾਰ ਜੁਗ ਦਾ ਲੇਖਾ ਤੇਰੀ ਝੋਲੀ ਪਾਈਆ । ਮੇਰੇ ਉਤੇ ਕਰ ਨਾ ਗੁੱਸਾ, ਸਹਿਜ ਦਿਆਂ ਸੁਣਾਈਆ । ਮੈਂ ਅੱਗੇ ਵੀ ਪਿਛੇ

੧੨੫੨ ੨੦ ਰਿਹਾ ਲੁਕਾ, ਲੁਕ ਲੁਕ ਕੇ ਆਪਣਾ ਖੇਲ ਵਖਾਈਆ । ਗੋਬਿੰਦ ਤਾਅ ਦੇ ਕੇ ਮੁੱਛਾ, ਬਿਨ ਮੁੱਛਾਂ ਵਟ ਚੜ੍ਹਾਈਆ । ਫੜ ਕੇ ਬਾਹੋਂ ਗੁੱਟਾ, ਹਲੂਣਾ ਰਿਹਾ ਲਗਾਈਆ । ਪ੍ਰਭੂ ਜੇ ਤੇਰਾ ਲੜ ਮੈਥੋਂ ਨਹੀਂ ਛੁੱਟਾ ਤੇ ਮੈਂ ਭਗਤਾਂ ਨਾਲੋਂ ਪਲੂ ਨਾ ਕਦੇ ਛੁਡਾਈਆ । ਮੇਰਾ ਪ੍ਰੇਮ ਕਦੇ ਨਾ ਟੁੱਟਾ, ਟੁੱਟਦਿਆਂ ਰਿਹਾ ਜੁੜਾਈਆ । ਮੈਨੂੰ ਇਹੋ ਵੱਡਾ ਦੁੱਖਾ, ਜਿਹੜਾ ਤੂੰ ਲੁਕਣ ਦਾ ਸ਼ਬਦ ਦਿਤਾ ਲਿਖਾਈਆ । ਜੇ ਤੂੰ ਪਿਤਾ ਨਾ ਹੋਵੇਂ ਮੈਂ ਤੈਨੂੰ ਟੰਗ ਦੇਵਾਂ ਪੁੱਠਾ, ਉਲਟਾ ਦਿਆਂ ਲਟਕਾਈਆ । ਫਿਰ ਗੁੱਸੇ ਵਿਚ ਪੁਛਾਂ, ਕੀ ਭਗਤਾਂ ਤੋਂ ਮੁਖ ਛੁਪਾਈਆ । ਜੇ ਤੂੰ ਪ੍ਰਭੂ ਧੁਰ ਦਾ ਸੁੱਚਾ, ਕਿਉਂ ਲੁਕ ਲੁਕ ਝਟ ਲੰਘਾਈਆ । ਮੈਂ ਹੁਣ ਨਾ ਆਪ ਤੇ ਨਾ ਤੈਨੂੰ ਬੰਦ ਹੋਣ ਨਹੀਂ ਦੇਣਾ ਵਿਚ ਕੁੱਜਾ, ਤੇ ਕੂਜੇ ਮਿਸ਼ਰੀ ਦਾ ਸਵਾਦ ਦੇਣਾ ਤਜਾਈਆ । ਜੇ ਤੂੰ ਮੈਨੂੰ ਬੁੱਝਾ ਤੇ ਮੈਂ ਗੁਰਮੁਖਾਂ ਭੇਤ ਖੋਲ੍ਹਿਆ ਗੁੱਝਾ, ਦਿਵਸ ਰੈਣ ਏਸੇ ਵਿਹਾਰ ਵਿਚ ਰੁੱਝਾ, ਚਾਰ ਕੁੰਟ ਵੇਖਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਦਇਆ ਕਮਾਈਆ । ਪੁਰਖ ਅਕਾਲ ਕਹੇ ਗੋਬਿੰਦ ਇਹ ਮੇਰੀ ਪਹਿਲੀ ਪਰਖ, ਸ਼ਬਦੀ ਸ਼ਬਦ ਜਣਾਈਆ । ਗੋਬਿੰਦ ਕਿਹਾ ਮੈਨੂੰ ਏਸੇ ਕਰ ਕੇ ਆਇਆ ਹਰਖ਼, ਪ੍ਰਭ ਤੈਨੂੰ ਦਿਆਂ ਸੁਣਾਈਆ । ਜਿਸ ਤਰ੍ਹਾਂ ਮੈਂ ਖ਼ੁਸ਼ ਤੇਰਾ ਕਰ ਕੇ ਦਰਸ, ਏਸੇ ਤਰ੍ਹਾਂ ਗੁਰਮੁਖ ਮੇਰਾ ਦਰਸ਼ਨ ਕਰ ਕੇ ਖ਼ੁਸ਼ੀ ਮਨਾਈਆ । ਮੈਂ ਚਾਹੁੰਦਾ ਦੋਵੇਂ ਮਿਲ ਕੇ ਉਨ੍ਹਾਂ ਦੀ ਮੇਟੀਏ ਹਰਸ, ਤ੍ਰਿਸ਼ਨਾ ਦਈਏ ਬੁਝਾਈਆ । ਜਿਸ ਕਾਰਨ ਆਏ ਉਤੇ ਫ਼ਰਸ਼, ਧਰਤੀ ਉਤੇ ਡੇਰਾ ਲਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਮਨਜ਼ੂਰ ਕਰ ਕੇ ਅਰਜ਼, ਨਿਰਗੁਣ ਧਾਰ ਵੇਸ ਵਟਾਈਆ । ਅੱਗੇ ਹੋਈਏ ਨਾ ਦੋਵੇਂ ਲਗਰਜ਼, ਮਿਹਨਤ ਨਾਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ੧੨੫੨ ੨੦

ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਗੋਬਿੰਦ ਸ਼ਾਬਾਸ਼, ਸ਼ਹਿਨਸ਼ਾਹ ਹੋ ਕੇ ਦਿਆਂ ਵਡਿਆਈਆ । ਮੈਨੂੰ ਚਾਰ ਜੁਗ ਲੰਘ ਗਏ ਕਰਦਿਆਂ ਤਲਾਸ਼, ਵੇਖਾਂ ਥਾਉਂ ਥਾਈਂਆ । ਸਾਰੇ ਰੋਂਦੇ ਵੇਖੇ ਜਿਉਂ ਸ਼ੰਕਰ ਨੀਰ ਵਹਾਏ ਕੈਲਾਸ਼, ਕਲਾਧਾਰੀ ਨਜ਼ਰ ਕੋਇ ਨਾ ਆਈਆ । ਬਿਨ ਤੇਰੇ ਮੇਰਾ ਦਿਤਾ ਨਾ ਕਿਸੇ ਸਾਥ, ਅਗਲਾ ਸੰਗ ਨਾ ਕੋਇ ਬਣਾਈਆ । ਮੈਂ ਤੇਰੀ ਲੇਖੇ ਲਾਵਾਂ ਮਿੱਟੀ ਖ਼ਾਕ, ਰਾਖ ਸਭ ਨੂੰ ਦਿਆਂ ਵਰਤਾਈਆ । ਤੂੰ ਮੇਰਾ ਜਨ ਭਗਤ ਮੇਰੀ ਸ਼ਾਖ਼, ਦੋਹਾਂ ਦਾ ਮੇਲਾ ਸਹਿਜ ਸੁਭਾਈਆ । ਤੂੰ ਇਹ ਦੱਸ ਦੇ ਪੰਜ ਚੇਤ ਦੀ ਕਿਥੇ ਕੱਟਣੀ ਰਾਤ, ਮੈਨੂੰ ਦੇ ਸਮਝਾਈਆ । ਗੋਬਿੰਦ ਕਿਹਾ ਪਹਿਲੋਂ ਮਨਜ਼ੂਰ ਕਰ ਲੈ ਜਿਹੜਾ ਲੇਖਾ ਲਿਖਿਆ ਨਾਲ ਕਲਮ ਦਵਾਤ, ਪਹਿਲੀ ਫੱਗਣ ਲੇਖ ਬਣਾਈਆ । ਪ੍ਰਭ ਦਾ ਕੀਤਾ ਤੇ ਗੋਬਿੰਦ ਕੀਤਾ (ਸਾਫ਼), ਰਸਤਾ ਗੁਰਮੁਖਾਂ ਇਕ ਜਣਾਈਆ । ਬਚਨ ਦੇਦੇ ਮੈਨੂੰ ਕਹਿਵੀਂ ਨਾ ਕਦੀ ਗੁਸਤਾਖ਼, ਮੈਂ ਆਪਣੀ ਆਸਾ ਦਿਤੀ ਵਖਾਈਆ । ਗੋਬਿੰਦ ਕਹੇ ਪ੍ਰਭੂ ਮੈਂ ਚਾਹੁੰਦਾ ਜਿਧਰ ਜਾਵਾਂ ਅੱਗੇ ਤੇਰੇ ਪ੍ਰੇਮ ਦੀ ਕਰਾਂ ਬਰਸਾਤ, ਛਹਿਬਰ ਆਪਣੀ ਨਾਲ ਲਗਾਈਆ । ਸਤਿ ਦੀ ਦੇਵਾਂ ਦਾਤ, ਧਰਮ ਦੀ ਧਾਰ ਬੰਧਾਈਆ । ਗੁਰਮੁਖ ਸੁੱਤਾ ਜਾਏ ਜਾਗ, ਜਾਗਣ ਵੇਲਾ ਦਿਆਂ ਦ੍ਰਿੜਾਈਆ । ਚਾਰੋਂ ਕੁੰਟ ਰੌਲੀ ਪੈ ਜਾਏ ਵਾਂਗ ਕਾਗ, ਸ੍ਰਿਸ਼ਟੀ ਕਾਗ ਵਾਂਗ ਕੁਰਲਾਈਆ । ਪੁਰਖ ਅਕਾਲ ਦੀਨ ਦਿਆਲ ਲੁਕਣ ਨਾਲੋਂ ਭਗਤਾਂ ਦੇ ਅੰਦਰ ਦੇ ਉਹ ਵੈਰਾਗ, ਜਿਸ ਵੈਰਾਗ ਵਿਚ ਕੂੜੇ ਵੈਰੀ ਅੰਦਰੋਂ ਦੇ ਕਢਾਈਆ । ਜੇ ਮਾਲੀ ਹੀ ਲੁਕ ਗਿਆ ਤੇ ਸੁੰਞਾ ਰਹਿ ਜਾਊ ਬਾਗ਼, ਫਲ ਫੁੱਲ ਕੰਮ ਕਿਸੇ ਨਾ ਆਈਆ । ਜੇ ਮੰਦਰ ਹੀ ਢਹਿ ਗਿਆ ਤੇ ਕਿੱਥੇ ਜਗੂ ਚਰਾਗ਼, ਕਰੇ ਕੌਣ ਰੁਸ਼ਨਾਈਆ । ਤੇ ਜੇ ਤੂੰ ਵੀ ਲੁਕ ਕੇ ਕੱਢੇਂ ਰਾਤ, ਗੁਰਮੁਖ ਕਿਸ ਦਾ ਦਰਸ਼ਨ ਪਾਈਆ । ਪਿਛੇ ਮੈਂ ਡਰਦਾ ਰਿਹਾ ਗੋਬਿੰਦ ਕਹੇ ਹੁਣ ਜੇ ਹੇਰਾ ਫੇਰੀ ਕੀਤੀ ਖੋਲ੍ਹ ਦਿਉਂਗਾ ਪਾਜ, ਪੜਦਾ ਦਿਆਂ ਉਠਾਈਆ । ਕਿਉਂ, ਮੈਂ ਜਾਣਦਾ ਬਿਨਾ ਗੋਬਿੰਦ ਦੇ ਤੇਰਾ ਦੋ ਜਹਾਨਾਂ ਦਾ ਚਲਣਾ ਨਹੀਂ ਰਾਜ, ਰਈਅਤ ਸੰਭਾਲਣ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਸਦਾ ਰੱਖਣੀ ਆਪਣੇ ਨਾਲ ਇੱਕੀਆਂ ਦੀ ਜਮਾਤ, ਇੱਕੀਆਂ ਤੋਂ ਘਟ ਆਪਣਾ ਕਦਮ ਨਾ ਕੋਇ ਉਠਾਈਆ । ਮੇਰਾ ਸ਼ਹਿਨਸ਼ਾਹਾਂ ਵਰਗਾ ਹੋਵੇ ਠਾਠ, ਠੋਕਰਾਂ ਨਾਲ ਸਭ ਨੂੰ ਦਿਆਂ ਉਠਾਈਆ । ਚਾਰ ਜੁਗ ਦੇ ਸਾਫ਼ ਕਰਾਂ ਕਾਗ਼ਜਾਤ, ਅੱਗੇ ਇਕੋ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਗੋਬਿੰਦ ਕਿਹਾ ਪ੍ਰਭੂ ਤੇਰਾ ਲਿਖਿਆ ਲੇਖ ਸਕੇ ਨਾ ਕੋਇ ਮਿਟਾ, ਅੱਖਰ ਅੱਖਰ ਨਾ ਕੋਇ ਬਦਲਾਈਆ । ਪੁਰਖ ਅਕਾਲ ਕਿਹਾ ਗੋਬਿੰਦ ਜਿਸ ਉਤੇ ਮਿਹਰ ਦੀ ਨਿਗਾਹ ਦਿਆਂ ਟਿਕਾ, ਦਇਆਵਾਨ ਹੋ ਕੇ ਦਇਆ ਕਮਾਈਆ । ਓਸ ਦੇ ਪਿਆਰ ਵਿਚ ਜੁਗ ਦਿਆਂ ਉਲਟਾ, ਇਹ ਮੇਰੀ ਬੇਪਰਵਾਹੀਆ । ਮੈਂ ਕੋਈ ਖ਼ੁਦੀ ਕਰਨ ਵਾਲਾ ਨਹੀਂ ਖ਼ੁਦਾ, ਖ਼ੁਦ ਮਾਲਕ ਹੋ ਕੇ ਖ਼ਾਦਮ ਬਣ ਕੇ ਸੇਵ ਕਮਾਈਆ । ਮੈਂ ਵੇਖਣਾ ਚਾਹੁੰਦਾ ਸਾਂ ਤੇਰੀ ਪ੍ਰੇਮ ਦੀ ਕੇਹੋ ਜਿਹੀ ਅਦਾ, ਭਗਤਾਂ ਨਾਲ ਨਜ਼ਰੀ ਆਈਆ । ਗੋਬਿੰਦ ਕਿਹਾ ਇਨ੍ਹਾਂ ਪਿਛੇ ਆਪਣੇ ਬੱਚੇ ਕਰ ਕੇ ਫ਼ਿਦਾ, ਤੇਰੀ ਝੋਲੀ ਪਾਈਆ । ਹੁਣ ਕਿਸ ਤਰਾ ਰਹਵਾਂ ਜੁਦਾ, ਅੱਡਰਾ ਝਟ ਲੰਘਾਈਆ । ਮੇਰੀ ਤੇ ਇਕੋ ਇਕ ਦੁਆ, ਬੇਨੰਤੀ ਇਕ ਸੁਣਾਈਆ । ਸਾਚਾ ਮੇਲਾ ਲਵਾਂ ਮਿਲਾ, ਮਿਲਿਆਂ ਵਿਛੜ ਕੋਇ ਨਾ ਜਾਈਆ । ਤੇਰੇ ਦਵਾਰੇ ਦੇਵਾਂ ਬਹਾ, ਜਿਥੇ ਸਤਿ ਦੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਪੁਰਖ ਅਕਾਲ ਕਿਹਾ ਗੋਬਿੰਦ ਮੈਂ

੧੨੫੩
੨੦

ਵੇਖਾਂ ਪਿਆਰ ਤੇਰੀ ਸਿੱਖੀ, ਨਿਗਾਹ ਭਗਤਾਂ ਵੱਲ ਉਠਾਈਆ । ਮੇਰੇ ਸਾਹਮਣੇ ਪੁਛ ਕਿ ਗੁਰਮੁਖੋ ਸਦਾ ਨਾਲ ਜਾਣ ਨੂੰ ਤਿਆਰ ਰਹੋਗੇ ਇੱਕੀ, ਜੇ ਮਨਜ਼ੂਰ ਤੇ ਹੱਥ ਦਿਓ ਉਠਾਈਆ । ਫੇਰ ਕੋਈ ਨਾ ਰਹਿਣਾ ਮੁਨੀ ਰਿਖੀ, ਸਭ ਦਾ ਲੇਖਾ ਦੇਣਾ ਮੁਕਾਈਆ । ਜਗਤ ਦੀ ਰਸ ਧਾਰ ਹੋਣੀ ਫਿੱਕੀ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਗੁਰਮੁਖ ਨਾਲ ਸਵਾ ਸੇਰ ਪਕਾ ਕੇ ਰੱਖਣੀ ਟਿੱਕੀ, ਰੋਟੀ ਇਕੋ ਨਜ਼ਰੀ ਆਈਆ । ਇਸ ਦੇ ਉਤੇ ਧਾਰ ਰੱਖਣੀ ਚਿੱਟੀ, ਕੱਪੜ ਬਸਤਰ ਸੋਹਣਾ ਉਪਰ ਪਾਈਆ । ਇਕ ਪਹਿਲੀ ਚੇਤ ਨੂੰ ਲਿਖਾਉਣੀ ਚਿੱਠੀ, ਮਜ਼ਮੂਨ ਧੁਰ ਦਾ ਆਪ ਬਣਾਈਆ । ਨਾਲ ਤਿੰਨ ਰੰਗ ਦੀ ਲੈਣੀ ਮਿੱਟੀ, ਲਾਲ ਕੰਚਨ ਸੂਹਾ ਲੈਣਾ ਚੜ੍ਹਾਈਆ । ਢਾਈ ਇੰਚ ਲੱਕੜ ਦੀ ਲੈਣੀ ਗਿੱਟੀ, ਚਾਰੋਂ ਤਰਫ਼ ਇਕੋ ਜਿਹੀ ਨਜ਼ਰੀ ਆਈਆ । ਕਾਗ਼ਜ਼ ਉਤੇ ਇਕ ਗੋਲ ਬਣਾਉਣੀ ਟਿੱਪੀ, ਹਾਹਾ ਥੱਲੇ ਨਾ ਕੋਇ ਵਖਾਈਆ । ਇਕ ਕਰਦ ਰੱਖਣੀ ਨਿੱਕੀ, ਛੋਟੀ ਜਿਹੀ ਜੋ ਪਿਛੇ ਮਾਲਵੇ ਦੇ ਹਿੱਸੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਗੋਬਿੰਦ ਕਹੇ ਕੀ ਪ੍ਰਭ ਤੈਨੂੰ ਮਨਜ਼ੂਰ, ਜੋ ਬੇਨੰਤੀ ਦਿੱਤੀ ਸੁਣਾਈਆ । ਜੇ ਮੈਂ ਕਰ ਬੈਠਾ ਕਸੂਰ, ਉਹ ਵੀ ਤੇਰੀ ਝੋਲੀ ਪਾਈਆ । ਮੈਂ ਵਿਛੋੜੇ ਵਿਚ ਚੂਰ, ਝਲ ਨਾ ਸਕਾਂ ਜੁਦਾਈਆ । ਗੁਰਮੁਖ ਇਕੱਠੇ ਹੋਣ ਨੇੜੇ ਦੂਰ, ਸੋਹਣਾ ਸੰਗ ਬਣਾਈਆ । ਮੈਂ ਬਣਾਂ ਹਕ ਦਾ ਮਜ਼ਦੂਰ, ਚਾਰੋਂ ਕੁੰਟ ਵੇਖ ਵਖਾਈਆ । ਕਿਉਂ, ਤੇਰਾ ਸੰਗ ਰਿਹਾ ਜ਼ਰੂਰ, ਸਗਲਾ ਸੰਗ ਜਣਾਈਆ । ਹੁਣ ਦੋਵੇਂ ਸਾਚੇ ਭਗਤਾਂ ਨੂੰ ਕਰ ਲਈਏ ਮਸ਼ਹੂਰ, ਆਪਣੀ ਲੋੜ ਰਹੀ ਨਾ ਰਾਈਆ । ਪਾਣੀ ਤੋਂ ਸਾਫ਼ ਹੋ ਜਾਏ ਬੂਰ, ਦੁਰਗੰਧੀ ਅੰਦਰੋਂ ਬਾਹਰ ਕਢਾਈਆ । ਜੇ ਮੇਰੀ ਅਰਜ਼ ਤੈਨੂੰ ਕਬੂਲ, ਸਿਰ ਮੇਰੇ ਹੱਥ ਟਿਕਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੇਰਾ ਸੱਚਾ ਸਚ ਅਸੂਲ, ਅਸਲ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੈਨੂੰ ਲੇਖ ਵਖਾ ਦੇ ਬਿਨਾ ਕਲਮ ਸ਼ਾਹੀ, ਬਿਨਾ ਅੱਖਰਾਂ ਅੱਖਰ ਵਖਾਈਆ । ਆਪਣੀ ਤਸਦੀਕ ਕਰਕੇ ਆਪੇ ਪਾ ਦੇ ਗਵਾਹੀ, ਸ਼ਹਾਦਤ ਸ਼ਾਹ ਹੋ ਕੇ ਭੁਗਤਾਈਆ । ਸਦਾ ਚੱਲਾਂ ਸਤਿ ਰਜ਼ਾਈ, ਰਜ਼ਾ ਤੇਰੀ ਨਾਲ ਮਿਲਾਈਆ । ਜਿਹੜੀ ਪਹਿਲੀ ਫੱਗਣ ਲਿਖਤ ਲਿਖਾਈ, ਲੁਕ ਲੁਕ ਕੇ ਝਟ ਲੰਘਾਈਆ । ਉਸ ਦੇ ਥਾਂ ਕਰ ਰੁਸ਼ਨਾਈ, ਮੇਰੀ ਆਸਾ ਪੂਰ ਕਰਾਈਆ । ਪੁਰਖ ਅਕਾਲ ਕਹੇ ਗੋਬਿੰਦ ਮੈਂ ਜ਼ਰੂਰ ਤੇਰੀ ਤੇ ਤੇਰਿਆਂ ਗੁਰਮੁਖਾਂ ਦੀ ਕਰਾਂ ਵਡਿਆਈ, ਮਿਹਰ ਨਿਗਾਹ ਇਕ ਟਿਕਾਈਆ । ਪਹਿਲੇ ਦਿਨ ਜਾਣਾ ਪੁਰ ਭਲਾਈ, ਗੁਰਮੁਖ ਦਾ ਨਿਸ਼ਾਨ ਆਉਣਾ ਬਣਾਈਆ । ਅਗਲਾ ਲੇਖਾ ਆਪੇ ਦਏ ਸਮਝਾਈ, ਚਿੰਤਾ ਦੀ ਲੋੜ ਰਹੇ ਨਾ ਰਾਈਆ । ਗੋਬਿੰਦ ਕਿਹਾ ਪ੍ਰਭੂ ਤੂੰ ਦੱਸਿਆ ਲਹਿੰਦੇ ਤੇ ਮੈਂ ਚੜ੍ਹਦੇ ਕਰਨੀ ਚੜ੍ਹਾਈ, ਲਹਿੰਦੀਆਂ ਕਲਾਂ ਵਿਚ ਕਦੇ ਨਾ ਆਈਆ । ਤੂੰ ਦੱਸਿਆ ਗੁਰਮੁਖ ਦੇ ਹੱਥ ਨੂੰ ਲਾਉਣੀ ਮਹਿੰਦੀ, ਪੰਜੇ ਨਿਸ਼ਾਨਾਂ ਨਾਲ ਵਡਿਆਈਆ । ਮੈਂ ਦੱਸਣਾ ਜਿਥੇ ਪ੍ਰੇਮੀਆਂ ਦੀ ਮਜਲਸ ਰਹੀ ਬਹਿੰਦੀ, ਚਾਰ ਜੁਗ ਦੇ ਡੇਰੇ ਲਾਈਆ । ਓਥੇ ਹੁਣ ਵੇਖਿਓ ਕੱਚੀ ਕੰਧ ਢਹਿੰਦੀ, ਕੱਲਰ ਵਾਲੀ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਚਾ ਰੰਗ ਰੰਗਾਈਆ । ਗੋਬਿੰਦ ਕਹੇ ਵਾਹ ਮੇਰੇ ਯਾਰ, ਤੇਰੀ ਬੇਪਰਵਾਹੀਆ । ਸਚ ਦਾ ਦੱਸ ਪਿਆਰ, ਰੀਤੀ ਲਈ ਬਣਾਈਆ । ਸਤਾਰਾਂ ਦਿਨ ਦਾ ਵਿਹਾਰ, ਖ਼ੁਸ਼ੀਆਂ ਨਾਲ ਲੰਘਾਈਆ । ਹਰਿ ਸੰਗਤ ਦਾ ਸਾਂਝਾ ਹੋਵੇ ਘਰ ਬਾਰ, ਕੱਲਾ ਸੇਵ ਨਾ ਕੋਇ ਕਮਾਈਆ । ਸਿਰਫ਼ ਰੋਟੀ ਹੋਵੇ ਤੇ ਦਾਲ, ਦੂਜੀ ਵਸਤ

ਨਾ ਕੋਇ ਬਣਾਈਆ । ਖਾਏ ਕੋਈ ਨਾ ਵਿਚ ਥਾਲ, ਹੱਥਾਂ ਉਤੇ ਟਿਕਾਈਆ । ਪਰਸ਼ਾਦਾ ਢਕੇ ਨਾ ਕੋਇ ਨਾਲ ਰੁਮਾਲ, ਪੜਦਾ ਉਤੇ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਗੋਬਿੰਦ ਕਹੇ ਗੁਰਮੁਖੋ ਮੈਂ ਵੇਖੇ ਤੁਹਾਥੋਂ ਕਿੰਨਾਂ ਡਰਦਾ, ਸਾਚਾ ਸੰਗੀ ਨਜ਼ਰੀ ਆਈਆ । ਜਿਸ ਵੇਲੇ ਮੈਂ ਸ਼ਬਦ ਸੁਣਿਆ ਰਾਤੀਂ ਹਰਿ ਦਾ, ਰਾਤੀਂ ਸੁਤਿਆਂ ਨੀਂਦ ਨਾ ਆਈਆ । ਜਿਨ੍ਹਾਂ ਦੇ ਪਿਛੇ ਦੁਖੜੇ ਰਿਹਾ ਝਲਦਾ, ਸੂਲਾਂ ਸੇਜ ਹੰਢਾਈਆ । ਵਿਛੋੜਾ ਰੱਖਾਂ ਕਦੇ ਨਾ ਪਲ ਦਾ, ਪਲਕ ਨਾ ਹੋਵੇ ਜੁਦਾਈਆ । ਸ਼ਬਦੀ ਧਾਰ ਹੋ ਕੇ ਰਲਦਾ, ਰਲ ਮਿਲ ਆਪਣਾ ਝਟ ਲੰਘਾਈਆ । ਪੁਰਖ ਅਕਾਲ ਮਿਹਰਵਾਨ ਹੋ ਕੇ ਆਪਣਾ ਲੇਖ ਬਦਲਿਆ ਕਲ ਦਾ, ਕਲਮ ਦੀ ਕਲਮ ਨਾਲ ਕੀਤੀ ਸਫ਼ਾਈਆ । ਕਿਉਂ, ਉਹ ਸਭ ਦੇ ਦੁੱਖੜੇ ਝਲਦਾ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਭਗਤਾਂ ਨਾਲ ਝਗੜਾ ਰਹੇ ਨਾ ਕਪਟ ਛਲ ਦਾ, ਏਸੇ ਕਰਕੇ ਅੱਜ ਫ਼ੈਸਲਾ ਦਿਤਾ ਕਰਾਈਆ । ਤੁਹਾਨੂੰ ਸ਼ੱਕ ਹੁੰਦਾ ਜੇ ਫੱਗਣ ਦੋ ਦਾ ਪਹਿਲੇ ਦਿਨ ਨਾ ਮੰਗਦਾ, ਆਸਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਪੁਰਖ ਅਕਾਲ ਕਹੇ ਗੋਬਿੰਦ ਤੂੰ ਹੋ ਗਿਆ ਮੇਰਾ ਭੇਤੀ, ਇਹ ਵੀ ਮੇਰੀ ਬੇਪਰਵਾਹੀਆ । ਪਰ ਬਹੁਤਾ ਕਾਹਲਾ ਪਵੀਂ ਨਾ ਕਰੀਂ ਛੇਤੀ, ਖ਼ਾਮੋਸ਼ ਨੂੰ ਜੋਸ਼ ਵਿਚ ਲਿਆਈਆ । ਗੋਬਿੰਦ ਕਿਹਾ ਪ੍ਰਭੂ ਇਹ ਤੇਰੀ ਖੇਤੀ, ਮੈਂ ਤੇ ਰਾਖਾ ਬਣ ਕੇ ਸੇਵ ਕਮਾਈਆ । ਮੈਂ ਕਿਸੇ ਹੱਟ ਬਾਜ਼ਾਰ ਨਹੀਂ ਵੇਚੀ, ਕੀਮਤ ਤੇਰੇ ਦਵਾਰੇ ਰਖਾਈਆ । ਮੈਂ ਮੁਹੱਬਤ ਦੀ ਕਰਾਂ ਨੇਕੀ, ਨਿੱਕਿਆਂ ਵੱਡਿਆਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਬਖ਼ਸ਼ਣੀ ਇਕ ਸਰਨਾਈਆ । ਪੁਰਖ ਅਕਾਲ ਕਿਹਾ ਅੰਦਰ ਬਾਹਰ ਮਾਰ ਲਾ ਝਾਤੀ, ਬਾਹਰੋਂ ਅੰਦਰ ਤੇ ਅੰਦਰੋਂ ਬਾਹਰ ਦਿਆਂ ਵਖਾਈਆ । ਗੋਬਿੰਦ ਪੁਰਖ ਅਕਾਲ ਦੀ ਰਾਤੀ, ਤੇਰੀ ਸੁਲਝ ਗਈ ਪਰਭਾਤੀ, ਪਰਭਾਤੀ ਵੇਲਾ ਸਭ ਨੂੰ ਭਾਈਆ । ਤੇਰੇ ਸਾਥੀ ਨਾਮ ਦੇ ਜਮਾਤੀ, ਸ਼ਬਦ ਦੀ ਹਕ ਪੜ੍ਹਾਈਆ । ਮੈਂ ਇਨ੍ਹਾਂ ਦੇ ਅੰਦਰ ਦਾ ਪਾਠੀ, ਬਿਨਾ ਰਸਨਾ ਤੋਂ ਜਾਪ ਜਪਾਈਆ । ਤੂੰ ਸੂਰਬੀਰ ਜੋਧਾ ਹਾਠੀ ਮੈਂ ਦਇਆਵਾਨ ਦਇਆ ਕਮਾਈਆ । ਤੂੰ ਮੰਜ਼ਲ ਚੜ੍ਹੀਂ ਘਾਟੀ, ਮੈਂ ਉਪਰ ਨੀਚੇ ਵੇਖ ਵਖਾਈਆ । ਤੇਰਾ ਖੇਲ ਲੋਕਮਾਤੀ, ਮੈਂ ਪਾਤਾਲ ਆਕਾਸ਼ ਹੁਕਮ ਵਰਤਾਈਆ । ਜ਼ਰਾ ਵੇਖ ਮੇਰੀ ਉਹ ਪਾਤੀ, ਪਤਰਕਾ ਇਕ ਉਲਟਾਈਆ । ਜਿਸ ਦੀ ਸਮਝ ਕਿਸੇ ਨਾ ਜਾਤੀ, ਜਾਤਾਂ ਪਾਤਾਂ ਵਿਚ ਵੰਡੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਸੁਹਾਈਆ । ਗੋਬਿੰਦ ਕਹੇ ਸਭ ਨੂੰ ਦੇ ਦੇ ਇਕ ਦਲਾਸਾ, ਸਹੀ ਸਲਾਮਤ ਦਇਆ ਕਮਾਈਆ । ਭਰਮ ਵਿਚੋਂ ਪਰਗਟ ਕਰ ਭਰਵਾਸਾ, ਧੀਰਜ ਧੀਰ ਧਰਾਈਆ । ਪੂਰੀ ਹੋਵੇ ਆਸਾ, ਤ੍ਰਿਸ਼ਨਾ ਦੇ ਬੁਝਾਈਆ । ਜਨ ਭਗਤ ਤੇਰਾ ਸਾਚਾ, ਗੁਰਮੁਖ ਮੇਰਾ ਨਜ਼ਰੀ ਆਈਆ । ਦੋਹਾਂ ਦਾ ਸਾਂਝਾ ਹੋਵੇ ਵਾਸਾ, ਘਰ ਇਕੋ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਪੂਰਾ ਕਰੇ ਘਾਟਾ, ਕੀਮਤ ਕੌਡੀਆਂ ਵਾਲੀ ਚੁਕਾਈਆ ।



੧੨੫੫
੨੦

ਫ਼ਰੀਦਾ ਤੇਰਾ ਲਾਹਿਆ ਉਲ੍ਹਾਮਾ, ਚਿੜੀਆ ਖ਼ੁਸ਼ੀ ਮਨਾਈਆ । ਮਿਲਿਆ ਧੁਰ ਅਮਾਮਾ, ਸ਼ਹਿਨਸ਼ਾਹ ਪਾਤਸ਼ਾਹੀਆ । ਸੁਣਿਆ ਪੂਰਬ ਪੈਗ਼ਾਮਾ, ਹੁਕਮ ਇਕ ਇਲਾਹੀਆ । ਮੁਕਿਆ ਤ੍ਰਿਸ਼ਨਾ ਤਾਮਾ, ਤ੍ਰਿਖਾ ਦਿੱਤੀ ਬੁਝਾਈਆ । ਮੇਰਾ ਪਿਛਲਾ ਲਹਿਣਾ ਕ੍ਰਿਸ਼ਨਾ ਕਾਹਨਾ, ਤਰੇਤਾ ਰਾਮ ਦੀ ਦੁਹਾਈਆ । ਮੈਂ ਸਦਾ ਬਣਦਾ ਰਿਹਾ ਕਾਮਾ, ਗੁਰੂ ਘਰ ਦੀ ਸੇਵ ਕਮਾਈਆ । ਲੰਗਰ ਵਿਚੋਂ ਚੋਰੀ ਰਿਹਾ ਖਾਂਦਾ, ਪੜਦਿਆਂ ਵਿਚ ਛੁਪਾਈਆ । ਪਵਿਤ੍ਰ ਪਾਣੀ ਵਿਚ ਰਿਹਾ ਨਹਾਂਦਾ, ਚੰਗਾ ਆਪਣੇ ਨਾਲ ਛੁਹਾਈਆ । ਖ਼ੁਸ਼ੀਆਂ ਨਾਲ ਰਿਹਾ ਗਾਂਦਾ, ਤੇਰੀ ਬੇਪਰਵਾਹੀਆ । ਇਕ ਦਿਨ ਮੈਨੂੰ ਵੇਖ ਲਿਆ ਇਕ ਪਾਂਡਾ, ਨੇਤਰ ਅੱਖ ਚੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਚਿੜੀਆ ਕਹੇ ਮੈਂ ਪਿਛਲਾ ਸੇਵਾਦਾਰ, ਦਸਰਥ ਦਵਾਰ ਦਾ ਨਜ਼ਰੀ ਆਈਆ । ਕ੍ਰਿਸ਼ਨ ਨਾਲ ਕਰਦਾ ਰਿਹਾ ਪਿਆਰ, ਅੰਦਰ ਬਾਹਰ ਵੇਖ ਵਖਾਈਆ । ਮੈਂ ਆਦਤ ਵਿਚ ਬੁਰਿਆਰ, ਮੇਰੀ ਨੀਤੀ ਨਾ ਕੋਇ ਬਦਲਾਈਆ । ਜਦੋਂ ਦਿਲ ਚਾਹੇ ਜੂਠਾ ਕਰਦਾ ਰਿਹਾ ਆਹਾਰ, ਆਪਣਾ ਦਾਓ ਲਗਾਈਆ । ਪੰਡਤ ਵੇਖ ਬ੍ਰਾਹਮਣ ਆਈ ਵਿਚਾਰ, ਮਨ ਹੀ ਮਨ ਸਮਾਈਆ । ਜੇ ਬਲ ਹੋਵੇ ਇਹਨੂੰ ਦੇਵਾਂ ਮਾਰ, ਜੋ ਗੁਰੂ ਘਰ ਦਾ ਚੋਰ ਨਜ਼ਰੀ ਆਈਆ । ਗ਼ੁੱਸੇ ਵਿਚ ਮਨ ਦਾ ਕੀਤਾ ਵਾਰ, ਬਾਹੂ ਬਲ ਨਾ ਕੋਇ ਵਡਿਆਈਆ । ਓਨੇ ਚਿਰ ਨੂੰ ਕ੍ਰਿਸ਼ਨ ਆ ਗਿਆ ਰਾਧਾ ਨਾਲ, ਆਪਣੀ ਖ਼ੁਸ਼ੀ ਬਣਾਈਆ । ਪੰਡਤ ਰੋ ਕੇ ਦੱਸਿਆ ਹਾਲ, ਬੌਹੜੀ ਦਿਤੀ ਸੁਣਾਈਆ । ਇਹ ਸਭ ਨੂੰ ਜੂਠ ਰਿਹਾ ਖਵਾਲ, ਮੂਰਖ

ਮੂੜ੍ਹਾ ਨਜ਼ਰੀ ਆਈਆ । ਇਹਨੂੰ ਏਥੋਂ ਦਿਓ ਨਿਕਾਲ, ਸਜ਼ਾ ਅਵਰ ਭੁਗਤਾਈਆ । ਮਾਰੋ ਐਸੀ ਮਾਰ, ਦੁੱਖ ਦੁੱਖ ਵਿਚ ਸਤਾਈਆ । ਕ੍ਰਿਸ਼ਨ ਹੱਸ ਕੇ ਕਿਹਾ ਪੰਡਤਾ ਕਰਾਂ ਖ਼ਬਰਦਾਰ, ਤੈਨੂੰ ਦਿਆਂ ਸੁਣਾਈਆ । ਇਸ ਦਾ ਜਾਮਾ ਫੇਰ ਹੋਵੇ ਸੰਸਾਰ, ਪੰਖੀ ਰੂਪ ਵਟਾਈਆ । ਫੇਰ ਭਗਤ ਦਏ ਆਧਾਰ, ਨਵਾਂ ਰੂਪ ਬਦਲਾਈਆ । ਫੇਰ ਆਉਣਾ ਪਏ ਵਿਚ ਸੰਸਾਰ, ਜਨਮ ਅਜਨਮਾ ਵੇਸ ਵਟਾਈਆ । ਤੇਰਾ ਏਸੇ ਨਾਲ ਆਧਾਰ, ਤੈਨੂੰ ਦਿਆਂ ਦ੍ਰਿੜਾਈਆ । ਜਿਹੜਾ ਤੇਰੇ ਅੰਦਰ ਗ਼ੁੱਸਾ ਆਇਆ ਵਸ਼ਾਲ, ਮੈਂ ਇਹ ਵੀ ਵੇਖ ਵਖਾਈਆ । ਜੇ ਤੂੰ ਵੱਡਾ ਹੁੰਦੋਂ ਬਲਵਾਨ, ਅੱਜ ਮਾਰ ਕੇ ਦੇਣਾ ਸੀ ਵਖਾਈਆ । ਮੈਂ ਅੰਦਰੋਂ ਸਮਝੀ ਤੇਰੀ ਚਾਲ, ਪੜਦਾ ਦਿਆਂ ਉਠਾਈਆ । ਜਿਸ ਵੇਲੇ ਖੇਲ ਕਰੇ ਪ੍ਰਭ ਆਪ, ਆਪਣੀ ਦਇਆ ਕਮਾਈਆ । ਸ੍ਰਿਸ਼ਟੀ ਉਤੇ ਵਧੇ ਪਾਪ, ਪਤਤ ਪੁਨੀਤ ਬਣਾਈਆ । ਪੂਰੀ ਹੋਵੇ ਕਿਸੇ ਨਾ ਆਸ, ਨਿਰਾਸਾ ਦਿਸੇ ਲੋਕਾਈਆ । ਕਰੇ ਖੇਲ ਪੁਰਖ ਅਬਿਨਾਸ਼, ਆਪਣੀ ਕਲ ਵਰਤਾਈਆ । ਤੇਰਾ ਭਗਤਾਂ ਵਿਚ ਜਨਮ ਹੋਵੇ ਖ਼ਾਸ, ਬ੍ਰਾਹਮਣ ਦਿਆਂ ਮਾਣ ਵਡਿਆਈਆ । ਇਹਦਾ ਬਿਨਾ ਤ੍ਰਿਸ਼ਨਾ ਤੋਂ ਹੋਵੇ ਖਾਜ, ਤ੍ਰਿਪਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਬ੍ਰਾਹਮਣ ਕਹੇ ਤੇਰੇ ਅੱਗੇ ਲਾਈ ਸ਼ਕਾਇਤ, ਪ੍ਰਭੂ ਦਿਤੀ ਸੁਣਾਈਆ । ਤੂੰ ਵੀ ਕਰੇਂ ਹਮਾਇਤ, ਤੇਰੀ ਬੇਪਰਵਾਹੀਆ । ਕ੍ਰਿਸ਼ਨ ਕਿਹਾ ਮੈਂ ਕਰਾਂ ਨਾ ਕੋਈ ਰਿਆਇਤ, ਧੁਰ ਦਾ ਹੁਕਮ ਜਣਾਈਆ । ਇਸ ਦੇ ਵਿਚ ਨਹੀਂ ਅਸ਼ਾਇਤ, ਸ਼ੱਕ ਨਾ ਕੋਇ ਰਖਾਈਆ । ਫੇਰ ਮੈਂ ਨਾ ਹੋਵਾਂ ਸ਼ਾਇਦ, ਸਚ ਸਚ ਸਮਝਾਈਆ । ਜਿਸ ਵੇਲੇ ਮੇਰੇ ਕਾਹਨ ਦਾ ਹੁਕਮ ਹੋਣਾ ਰਾਇਜ, ਰਈਅਤ ਦੋ ਜਹਾਨ ਬਣਾਈਆ । ਤੈਨੂੰ ਪ੍ਰੇਮ ਪ੍ਰੀਤੀ ਵਿਚ ਬਣਾ ਕੇ ਲਾਇਕ,

੧੨੫੬
੨੦

ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਬ੍ਰਾਹਮਣ ਤੂੰ ਨਾ ਕਰ ਗੁੱਸਾ, ਤ੍ਰਿਲੋਕੀ ਨੰਦਨ ਦਿਤਾ ਜਣਾਈਆ । ਤੇਰਾ ਰੂਪ ਬਣਾਵਾਂ ਫੇਰ ਦਾੜ੍ਹੀ ਮੁੱਛਾ, ਨਾਤਾ ਧਰਮ ਦੇ ਨਾਲ ਜੁੜਾਈਆ । ਏਸ ਨੂੰ ਖਾਣ ਪੀਣ ਨੂੰ ਲੱਭੇ ਨਾ ਟੁੱਕਰ ਸੁੱਕਾ, ਜਨਮ ਜਨਮ ਦਿਆਂ ਬਦਲਾਈਆ । ਚੀਂ ਚੀਂ ਵਿਚ ਸਭ ਚਿੜੀਆਂ ਨੂੰ ਅੰਦਰ ਪੈਂਦੀ ਹੁੱਕਾ, ਜਿਸ ਦੀ ਬੋਲੀ ਬਾਹਰੋਂ ਸਮਝ ਕਿਸੇ ਨਾ ਆਈਆ । ਸਦਾ ਇਹ ਕਹਿੰਦੀਆਂ ਪ੍ਰਭੂ ਸਾਡਾ ਦਾਣਾ ਪਾਣੀ ਮੁਕਾ, ਅਸਾਂ ਤੇਰੀ ਆਸ ਰਖਾਈਆ । ਮੰਗਦੀਆਂ ਰਹਿੰਦੀਆਂ ਸੁੱਖਾਂ, ਸਾਹ ਸਾਹ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਵਖਾਈਆ । ਬ੍ਰਾਹਮਣ ਕਿਹਾ ਇਕ ਵੇਰਾਂ ਸੱਦ ਲਓ ਕੋਲ, ਆਪਣਾ ਸੇਵਾਦਾਰ ਲਓ ਬੁਲਾਈਆ । ਕ੍ਰਿਸ਼ਨ ਮਾਰ ਕੇ ਬੋਲ, ਨੇੜੇ ਲਿਆ ਬੁਲਾਈਆ । ਹੱਸ ਕੇ ਕਿਹਾ ਅੱਜ ਕਿੰਨੇ ਚੁਰਾ ਲਏ ਚੌਲ, ਮੈਨੂੰ ਦੇ ਵਖਾਈਆ । ਉਸ ਨੇ ਕਿਹਾ ਢਾਈ ਛਟਾਂਕਾਂ ਦਾ ਤੋਲ, ਕੱਢ ਕੇ ਆਪਣੇ ਅੰਦਰ ਲਿਆ ਟਿਕਾਈਆ । ਫੇਰ ਪੂਰੇ ਕਰ ਕੇ ਅਡੋਲ, ਪੜਦਾ ਆਇਆ ਪਾਈਆ । ਇਹ ਮੈਂ ਸਦਾ ਮਾਰਦਾ ਰੋਲ, ਮੇਰੇ ਅੰਦਰ ਦੀ ਆਸਾ ਮੈਨੂੰ ਭੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਸਮਝਾਈਆ । ਕ੍ਰਿਸ਼ਨ ਨੂੰ ਆਇਆ ਬੜਾ ਹਾਸਾ, ਹੱਸ ਕੇ ਦਿਤਾ ਵਖਾਈਆ । ਜਾਹ ਚੌਲਾਂ ਵਾਲਾ ਲਿਆ ਕਾਸਾ, ਜੋ ਅੰਦਰ ਆਇਆ ਛੁਪਾਈਆ । ਉਸ ਨੇ ਬਦਲ ਕੇ ਆਪਣਾ ਪਾਸਾ, ਮੁਖ ਲਿਆ ਭਵਾਈਆ । ਮੰਨਿਆ ਸੱਚਾ ਆਖਾ, ਚਲਿਆ ਵਾਹੋ ਦਾਹੀਆ । ਜਿਸ ਵੇਲੇ ਖੋਲ੍ਹਿਆ ਤਾਕਾ, ਅੱਗੇ ਨਜ਼ਰ ਕੁਛ ਨਾ ਆਈਆ । ਇਕ ਚਿੜੀਆ ਦਾ ਨਿੱਕਾ ਜਿਹਾ ਕਾਕਾ, ਬਾਟੇ ਵਿਚ ਬੈਠਾ ਮਾਰੇ ਧਾਹੀਂਆ । ਉਸ ਸਹਿਜ ਨਾਲ ਫੜਿਆ ਹਾਥਾ, ਉਹ ਫੜਨ ਨਾਲ ਆਪਣਾ ਆਪ ਗਿਆ ਤਜਾਈਆ । ਅੰਤ ਸਮੇਂ ਓਸ ਕਿਹਾ ਮੈਂ ਕਟਦਾ ਰਿਹਾ ਫ਼ਾਕਾ, ਭੁੱਖਿਆਂ ਭੁੱਖ ਸਤਾਈਆ । ਮੈਨੂੰ ਚੁੱਕ ਕੇ ਲੈ ਜਾ ਜਿਥੇ ਤੇਰਾ ਆਕਾ, ਮਾਲਕ ਧੁਰਦਰਗਾਹੀਆ । ਮੇਰਾ ਲੇਖਾ ਰਹੇ ਨਾ ਬਾਕਾ, ਪੂਰਬ ਦੇਣਾ ਮੁਕਾਈਆ । ਮੇਰੀ ਅੰਤਮ ਇਹੋ ਆਸਾ, ਭਗਵਨ ਚਰਨਾਂ ਵਿਚ ਟਿਕਾਈਆ । ਤੂੰ ਵੀ ਸੁਣ ਲਾ ਮੇਰੀ ਇਕ ਬਾਤਾ, ਤੈਨੂੰ ਦਿਆਂ ਸਮਝਾਈਆ । ਤੂੰ ਜੋ ਚੋਰੀ ਚੋਰੀ ਖਾਧਾ, ਲੰਗਰ ਵਿਚ ਧਰੋਹ ਕਮਾਈਆ । ਇਹੋ ਹੁਕਮ ਦੇਵੇ ਰਾਜਨ ਰਾਜਾ, ਮੇਰੇ ਵਾਲੀ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਸੇਵਾਦਾਰ ਚੁੱਕ ਕੇ ਲੈ ਗਿਆ ਪੰਖੀ, ਕ੍ਰਿਸ਼ਨ ਚਰਨਾਂ ਨਾਲ ਛੁਹਾਈਆ । ਕਾਹਨ ਵਜਾ ਕੇ ਆਪਣੀ ਬੰਸੀ, ਮੁਰਲੀ ਵਿਚੋਂ ਆਵਾਜ਼, ਸੁਣਾਈਆ । ਨਾਲੇ ਖ਼ੁਸ਼ੀ ਨਾਲ ਕੀਤੀ ਹੰਸੀ, ਹੱਸ ਕੇ ਦਿਤਾ ਵਖਾਈਆ । ਜਿਸ ਵੇਲੇ ਮਾਲਕ ਆਇਆ ਫ਼ਰਸ਼ੀ ਅਰਸ਼ੀ, ਨਿਰਗੁਣ ਦਾਤਾ ਧੁਰਦਰਗਾਹੀਆ । ਕਰੇ ਪਰਕਾਸ਼ ਉਪਰ ਧਰਤੀ, ਧਰਨ ਧਰਤ ਧਵਲ ਸੁਹਾਈਆ । ਓਸ ਵੇਲੇ ਤੁਹਾਡੇ ਲੇਖ ਦੀ ਕੱਢੇ ਪਰਚੀ, ਪਿਛਲਾ ਫੋਲ ਫੁਲਾਈਆ । ਲਹਿਣੇ ਦਾ ਹੋਵੇ ਦਰਦੀ, ਦੇਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਚੜ੍ਹਾਈਆ । ਚਿੜੀਆ ਕਹੇ ਮੇਰੇ ਭਗਵਾਨ, ਦਰ ਤੇਰੇ ਸੀਸ ਨਿਵਾਈਆ । ਤੇਰਾ ਸੇਵਾਦਾਰ ਬੜਾ ਸ਼ੈਤਾਨ, ਚੋਰੀ ਚੋਰੀ ਖਾ ਕੇ ਖ਼ੁਸ਼ੀ ਮਨਾਈਆ । ਮੈਂ ਬਾਲ ਨੱਢਾ ਅੰਞਾਣ, ਬੇਨੰਤੀ ਇਕ ਸੁਣਾਈਆ । ਇਹਦਾ ਲੇਖਾ ਏਸੇ ਤਰਾ ਹੋਵੇ ਜਹਾਨ, ਜਿਸ ਤਰਾ ਮੈਂ ਭੁੱਖੇ ਮਰਦੇ ਇਹਦੇ ਹੱਥੋਂ ਆਪਣੀ ਜਾਨ ਛੁਡਾਈਆ । ਕ੍ਰਿਸ਼ਨ ਕਿਹਾ ਇਹ ਤੈਨੂੰ ਦੇਵਾਂ ਦਾਨ, ਇਹਦਾ ਇਹੋ ਜਨਮ ਬਦਲਾਈਆ ।

ਜਿਸ ਬ੍ਰਾਹਮਣ ਨੂੰ ਗੁੱਸਾ ਚੜ੍ਹਿਆ ਵਿਚ ਆਣ, ਓਸ ਦਾ ਮੇਲਾ ਸਹਿਜ ਸੁਭਾਈਆ । ਉਹ ਮਨੁਖ ਮਾਨਸ ਇਹ ਪੰਖੇਰੂ ਨਾਦਾਨ, ਦੋਹਾਂ ਦਾ ਲੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਸਾਚਾ ਰੰਗ ਰੰਗਾਵਾਂ ਆਪ, ਆਪਣੀ ਦਇਆ ਕਮਾਈਆ । ਸਭ ਦਾ ਵੇਖ ਕੇ ਪੁੰਨ ਪਾਪ, ਲਹਿਣੇ ਦੇਵਾਂ ਮੁਕਾਈਆ । ਭਗਤਾਂ ਦਾ ਬਣ ਕੇ ਬਾਪ, ਸਿਰ ਆਪਣਾ ਹੱਥ ਟਿਕਾਈਆ । ਰੂਹ ਬੁਤ ਕਰ ਕੇ ਪਾਕ, ਅੰਦਰੋਂ ਕਰਾਂ ਸਫ਼ਾਈਆ । ਸਚ ਦਵਾਰ ਦਾ ਖੋਲ੍ਹ ਕੇ ਤਾਕ, ਪੜਦਾ ਆਪ ਉਠਾਈਆ । ਪੂਰਾ ਕਰਾਂ ਭਵਿਖਤ ਵਾਕ, ਪਿਛਲਾ ਲੇਖਾ ਮੂਲ ਚੁਕਾਈਆ । ਜਿਹੜਾ ਸੇਵਾਦਾਰ ਗੁਸਤਾਖ਼, ਉਹ ਚਿੜੀਆ ਰੂਪ ਵਟਾਈਆ । ਜਿਸ ਬ੍ਰਾਹਮਣ ਨੇ ਕ੍ਰਿਸ਼ਨ ਦਾ ਪਕੜ ਕੇ ਹਾਥ, ਸੰਦੇਸ਼ਾ ਦਿਤਾ ਜਣਾਈਆ । ਦੋਹਾਂ ਵਿਚੋਲਾ ਬਣ ਕੇ ਆਪ, ਆਪਣਾ ਹੁਕਮ ਵਰਤਾਈਆ । ਜੇ ਉਹ ਕਾਹਨ ਨਹੀਂ ਇਹ ਕਾਹਨਾਂ ਦਾ ਕਾਹਨ ਆਪ, ਜਿਸ ਦੀ ਕ੍ਰਿਸ਼ਨ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਬ੍ਰਾਹਮਣ ਕਿਹਾ ਭਗਵਨ ਦੱਸ ਬਾਤ, ਕਾਹਨਾ ਦੇ ਸੁਣਾਈਆ । ਕਿਸ ਬਿਧ ਹੋਵੇ ਖੇਲ ਤਮਾਸ਼, ਪੜਦਾ ਆਪ ਚੁਕਾਈਆ । ਕ੍ਰਿਸ਼ਨ ਕਿਹਾ ਇਹ ਪ੍ਰਭ ਦਾ ਖੇਲ ਤਮਾਸ਼, ਓਸੇ ਦੀ ਬੇਪਰਵਾਹੀਆ । ਜ਼ਰੂਰ ਪੂਰੀ ਕਰਾਂ ਆਸ, ਦੋਹਾਂ ਦਾ ਮੇਲ ਮਿਲਾਈਆ । ਆਪ ਵਿਚੋਲਾ ਰਹੇ ਸਾਥ, ਇਸ਼ਾਰੇ ਵਿਚ ਵਡਿਆਈਆ । ਓਸ ਵੇਲੇ ਬ੍ਰਾਹਮਣ ਟੇਕ ਕੇ ਮਾਥ, ਮੁਖੋਂ ਮੰਗ ਮੰਗਾਈਆ । ਕੁਛ ਮੈਨੂੰ ਦੇ ਖਾਜ, ਕ੍ਰਿਸ਼ਨ ਮਿਹਰ ਦਇਆ ਕਮਾਈਆ । ਓਸ ਨੇ ਕਿਹਾ ਝਟ ਦੇਵਾਂ ਆਜ, ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਈਆ । ਬ੍ਰਾਹਮਣ ਕਿਹਾ ਕਿੰਨੀ ਦੇਵੇਂ ਦਾਤ, ਵਸਤ ਕੀ ਵਰਤਾਈਆ । ਕ੍ਰਿਸ਼ਨ ਕਿਹਾ ਇਕ ਪਾਓ ਸੌਗਾਤ, ਤੇਰੀ ਝੋਲੀ ਪਾਈਆ । ਹੱਸਦੇ ਹੱਸਦਿਆਂ ਕਹਿ ਕੇ ਨਿੱਕੀ ਜਿਹੀ ਬਾਤ, ਹੁਕਮ ਦਿਤਾ ਸੁਣਾਈਆ । ਇਹ ਸਾਂਭ ਕੇ ਰੱਖੀਂ ਸੌਗਾਤ, ਕਲਜੁਗ ਅੰਤਮ ਪ੍ਰਭ ਆਪੇ ਲਏ ਕਢਾਈਆ । ਜਿਸ ਵੇਲੇ ਇਹੋ ਤਿੰਨ ਚਾਰ ਫੱਗਣ ਦੀ ਆਏ ਰਾਤ, ਸੰਮਤ ਸ਼ਹਿਨਸ਼ਾਹੀ ਵਡਿਆਈਆ । ਸੇਵਾਦਾਰ ਪੰਖੀ ਨੇ ਅਰਜ਼ ਕਰਨੀ ਵੇਲੇ ਪਰਭਾਤ, ਤੜਫ ਤੜਫ ਕੇ ਹਾਲ ਸੁਣਾਈਆ । ਤੇਰਾ ਪੰਡਤਾ ਪੂਰਾ ਹੋਵੇ ਖਵਾਬ, ਭਗਤ ਸੁਹੇਲੇ ਦਿਆਂ ਵਡਿਆਈਆ । ਤੈਨੂੰ ਸੱਦ ਕੇ ਆਖੇ ਆਪ, ਇਹਦਾ ਲੇਖਾ ਦੇ ਮੁਕਾਈਆ । ਪੂਰਾ ਕਰ ਕੇ ਹਿਸਾਬ, ਪਾਓ ਪਰਸ਼ਾਦ ਲਏ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸੇਵਾਦਾਰ ਚੋਰੀ ਕਰਨ ਵਾਲੀ ਚਿੜੀ, ਚਿੜੀਆ ਸਮਝ ਕਿਸੇ ਨਾ ਆਈਆ । ਜਿਸ ਨੇ ਆਸਾ ਕੀਤੀ ਬੜੀ, ਨੌਂ ਮਹੀਨੇ ਅਠਾਰਾਂ ਦਿਨ ਰਾਹ ਤਕਾਈਆ । ਅੱਜ ਸਾਢੇ ਪੰਜ ਇਕ ਤੁਕ ਪੜ੍ਹੀ, ਅੰਦਰੇ ਅੰਦਰ ਦਿਤੀ ਦੁਹਾਈਆ । ਯਾਦ ਕਰ ਕ੍ਰਿਸ਼ਨ ਵਾਲੀ ਕੜੀ, ਮੇਰਾ ਲੇਖਾ ਦੇ ਮੁਕਾਈਆ । ਮੈਂ ਪੁਰਾਣਾ ਸੇਵਾਦਾਰ ਤੇਰੀ ਕਿਰਪਾ ਨਾਲ ਹੋਵਾਂ ਬਰੀ, ਚੁਰਾਸੀ ਵਿਚੋਂ ਬਾਹਰ ਕਢਾਈਆ । ਪੁਰਖ ਅਕਾਲ ਕਿਹਾ ਅੱਠ ਤੇਈ ਦਾ ਵਕਤ ਵੇਖ ਘੜੀ, ਘੜਿਆਲ ਦਿਤੀ ਵਖਾਈਆ । ਐਨਾ ਸਮਾਂ ਹੋਰ ਜਰੀਂ, ਤੇਰਾ ਲਹਿਣਾ ਦਿਆਂ ਮੁਕਾਈਆ । ਫੇਰ ਚਰਨੀਂ ਆ ਕੇ ਪੜੀਂ, ਸੀਸ ਜਗਦੀਸ ਝੁਕਾਈਆ । ਚਰਨ ਛੁਹਾ ਕੇ ਤੈਨੂੰ ਪੁਚਾਵਾਂ ਓਸ ਘਰੀ, ਜਿਥੇ ਘਰ ਦਾ ਮਾਲਕ ਇਕੋ ਨਜ਼ਰੀ ਆਈਆ । ਰਾਹ ਵਿਚ ਮੂਲ ਨਾ ਡਰੀਂ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਤੇਰਾ ਰਾਹ ਤਕਾਈਆ । ਇਕੋ ਢੋਲਾ ਗਾਵੀਂ ਹਰੀ, ਤੂੰ ਹੀ ਤੂੰ ਹੀ ਰਾਗ ਅਲਾਈਆ ।


੧੨੫੮
੨੦

ਭਗਤਨ ਆਸ਼ਾ ਅੱਗੇ ਖੜ੍ਹੀ, ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਓਸ ਬ੍ਰਾਹਮਣ ਦਾ ਨਾਂ ਦਲੀਪ ਕੁਮਾਰ, ਪਿਛਲਾ ਦਿਆਂ ਸਮਝਾਈਆ । ਏਸੇ ਕਰ ਕੇ ਦਸ ਸਾਲਾਂ ਤੋਂ ਦਲੀਪ ਸਿੰਘ ਕਰ ਕੇ ਮਾਰੀ ਨਹੀਂ ਕਦੇ ਆਵਾਜ਼, ਕੁਮਾਰ ਕਹਿ ਕੇ ਆਪ ਬੁਲਾਈਆ । ਅੱਜ ਉਤਰ ਗਿਆ ਉਧਾਰ, ਲਹਿਣਾ ਦਿਤਾ ਮੁਕਾਈਆ । ਕਿਸੇ ਸਮਝ ਨਹੀਂ ਆਈ ਕਿਉਂ ਇਹ ਨਾਉਂ ਲਏ ਪੁਕਾਰ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਰੰਗ ਚੜ੍ਹਾਈਆ । ਚਿੜੀਆਂ ਕਹੇ ਓ ਬ੍ਰਾਹਮਣ ਕੁਮਾਰ ਦਲੀਪ, ਦੀਪਾਂ ਵਾਲੇ ਨੂੰ ਦਿਤਾ ਮਿਲਾਈਆ । ਮੇਰੀ ਸਚ ਦੀ ਲੱਗੀ ਪ੍ਰੀਤ, ਪ੍ਰੀਤਮ ਦਏ ਵਡਿਆਈਆ । ਮੇਰਾ ਲੇਖੇ ਲੱਗਾ ਅੰਮ੍ਰਿਤ ਵੇਲੇ ਦਾ ਗਾਇਆ ਗੀਤ, ਆਸਾ ਪੂਰ ਕਰਾਈਆ । ਚਰਨ ਛੋਹ ਨਾਲ ਹੋ ਗਿਆ ਠੰਡਾ ਸੀਤ, ਮਿਲੀ ਮਾਣ ਵਡਿਆਈਆ । ਜਿਹੜੀ ਕੰਨਿਆ ਲਿਖਦੀ ਸੀ ਕੋਲ ਅਤੀਤ, ਇਹ ਬ੍ਰਾਹਮਣ ਦੀ ਬੇਟੀ ਸਾਢੇ ਤਿੰਨ ਸਾਲ ਦੀ ਉਂਗਲੀ ਨਾਲ ਲਗਾਈਆ । ਏਸੇ ਕਾਰਨ ਸਭ ਦਾ ਮੇਲਾ ਕੀਤਾ ਠੀਕ, ਮਾਤ ਪਿਤਾ ਸਮਝ ਕਿਸੇ ਨਾ ਆਈਆ । ਭਾਵੇਂ ਮਾੜਾ ਕਹੋ ਤੇ ਭਾਵੇਂ ਚੰਗਾ ਕਹੋ ਮੀਤ, ਮਿੱਤਰ ਪਿਆਰਾ ਆਪਣੀ ਸੇਵ ਕਮਾਈਆ । ਇਹ ਪ੍ਰਭੂ ਦੀ ਆਦਿ ਜੁਗਾਦੀ ਰੀਤ, ਜੁਗ ਜੁਗ ਲਹਿਣਾ ਝੋਲੀ ਪਾਈਆ । ਚਿੜੀਆ ਕਹੇ ਮੇਰੀ ਆਸਾ ਪੁੰਨੀ ਅਗਲੀ ਮੁੱਕੀ ਉਡੀਕ, ਘਰ ਬੈਠਾ ਚਾਈਂ ਚਾਈਂਆ । ਜਿਥੇ ਰਹਿਮਤ ਦੀ ਬਖ਼ਸ਼ੀਸ਼, ਨਿਗਾਹ ਮਿਹਰ ਵਰਸਾਈਆ । ਜਿਧਰ ਵੇਖਾਂ ਇਕੋ ਛਤਰ ਝੁੱਲੇ ਸੀਸ, ਜਗਦੀਸ ਸੋਭਾ ਪਾਈਆ । ਇਕ ਸੰਦੇਸ਼ਾ ਦੇਵਾਂ ਮੈਂ ਨਿਮਾਣਾ ਹੋ ਕੇ ਨੀਚ, ਨੰਨ੍ਹਾਂ ਨੰਨ੍ਹਾਂ ਆਖ ਸੁਣਾਈਆ । ਜਨ ਭਗਤੋ ਏਥੇ ਲੇਖਾ ਮੁਕਦਾ ਹਸਤ ਕੀਟ, ਜੂਨੀਆਂ ਵਿਚੋਂ ਬਾਹਰ ਕਢਾਈਆ । ਕਿੰਨਾਂ ਸਮਾਂ ਗਿਆ ਬੀਤ, ਗੁਰ ਅਵਤਾਰ ਸਕਿਆ ਨਾ ਕੋਇ ਸਮਝਾਈਆ । ਮੈਂ ਨਿਮਾਣਾ ਨਾਚੀਜ਼, ਬੈਠਾ ਰਾਹ ਤਕਾਈਆ । ਜਿਸ ਵੇਲੇ ਸਵੇਰੇ ਮੇਰੀ ਚਰਨਾਂ ਉਤੇ ਡਿੱਗ ਕੇ ਨਿਕਲੀ ਚੀਕ, ਅੰਮ੍ਰਿਤ ਵੇਲੇ ਦਿਤੀ ਦੁਹਾਈਆ । ਉਹ ਪਹਿਲਾ ਵੇਲਾ ਚਾਰ ਨੌਂ ਦਾ ਸੀ ਠੀਕ, ਆਪਣਾ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਚਿੜੀਆ ਕਹੇ ਜਿਸ ਵੇਲੇ ਮੇਰੀ ਚਰਨਾਂ ਨਾਲ ਲੱਗੀ ਛਾਤੀ, ਛਤਰਧਾਰੀ ਨਜ਼ਰੀ ਆਈਆ । ਮੇਰੇ ਅੰਦਰ ਜਗੀ ਬਾਤੀ, ਬਾਤਨ ਹੋਈ ਰੁਸ਼ਨਾਈਆ । ਦਰਸ਼ਨ ਪਾਇਆ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਧੰਨ ਭਾਗ ਏਸ ਨੇ ਮੇਰੀ ਮੰਨ ਲਈ ਆਖੀ, ਆਖ਼ਰ ਆਪਣੇ ਵਿਚ ਮਿਲਾਈਆ । ਗੁਰਮੁਖੋ ਮੈਂ ਸੰਦੇਸ਼ਾ ਦੇਵਾਂ ਪਾਤੀ, ਧੁਰ ਦਾ ਰਾਗ ਜਣਾਈਆ । ਭਾਵੇਂ ਮਸਤੀ ਵਿਚ ਸੁੱਤੇ ਰਹੋ ਰਾਤੀ, ਗ਼ਫ਼ਲਤ ਵਿਚ ਲੰਘਾਈਆ । ਇਕ ਬਚਨ ਸਵੇਰੇ ਉਠ ਕੇ ਪਰਭਾਤੀ, ਜ਼ਰੂਰ ਚਰਨਾਂ ਨਾਲ ਛੋਹ ਕੇ ਆਪਣਾ ਜਨਮ ਲੈਣਾ ਬਦਲਾਈਆ । ਇਹ ਕੋਈ ਚਿੜੀ ਦੀ ਆਪਣੀ ਨਹੀਂ ਸਾਖੀ, ਸਾਖਿਆਤ ਭਗਵਾਨ ਦਿਤੀ ਸਮਝਾਈਆ । ਮੈਂ ਕੋਈ ਬੰਦਾ ਨਹੀਂ ਸਾਂ ਖ਼ਾਕੀ, ਰਸਨਾ ਢੋਲਾ ਗਾਈਆ । ਚਰਨ ਛੋਹ ਨਾਲ ਦਰਸ਼ਨ ਕਰਨ ਨਾਲ ਮੇਰੀ ਬਦਲ ਗਈ ਹਯਾਤੀ, ਹਰਿ ਦਰ ਮਿਲੀ ਵਡਿਆਈਆ । ਇਹ ਸਭ ਦੀ ਮਨਸਾ ਪੂਰੀ ਕਰਦਾ ਆਸੀ, ਅਸਲ ਆਪਣਾ ਰੰਗ ਚੜ੍ਹਾਈਆ । ਬਾਹਰੋਂ ਇਹਦੀ ਕਰੇ ਨਾ ਕੋਇ ਸ਼ਨਾਸੀ, ਸ਼ਨਾਖ਼ਤ ਵਿਚ ਕਦੇ ਨਾ ਆਈਆ । ਕਿਰਪਾ ਕਰ ਕੇ ਮੇਰੀ ਲਾਹ ਦਿਤੀ ਉਦਾਸੀ, ਚਿੰਤਾ ਗ਼ਮ ਦਿਤਾ ਮਿਟਾਈਆ । ਚਿੜੀਆ ਕਹੇ ਮੈਨੂੰ ਯਾਦ ਆ ਗਿਆ ਜਿਸ ਵੇਲੇ ਈਸਾ ਨੂੰ ਦਿਤੀ ਫਾਸੀ, ਸਲੀਬ ਗਲ ਦੇ ਵਿਚ ਲਟਕਾਈਆ । ਓਸ ਅੰਤ ਅਖ਼ੀਰ ਇਕ ਉਚੀ

ਆਵਾਜ਼ ਆਖੀ, ਹਕ ਖ਼ੁਦਾ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਰਿਹਾ ਖੁਲ੍ਹਾਈਆ । ਈਸਾ ਕਹੇ ਮੇਰੇ ਆਜ਼ਮ ਇਸਮ, ਅਸਮਾਨਾਂ ਤੋਂ ਪਰੇ ਧਿਆਨ ਲਗਾਈਆ । ਆਹ ਸੰਭਾਲ ਆਪਣਾ ਜਿਸਮ, ਮੈਨੂੰ ਲੋੜ ਰਹੀ ਨਾ ਰਾਈਆ । ਧੁਰ ਆਵਾਜ਼ ਆਈ ਆਪਣੀ ਖਾ ਕਸਮ, ਗੰਢ ਆਪਣੇ ਨਾਲ ਪਵਾਈਆ । ਮੇਰੀ ਇਸ ਤੋਂ ਅੱਗੇ ਵੱਖਰੀ ਚਲਣੀ ਰਸਮ, ਜਿਸ ਨੂੰ ਰਸਨਾ ਸਕੇ ਨਾ ਕੋਇ ਜਣਾਈਆ । ਸਭ ਨੂੰ ਹਾਲ ਵਖਾਵਾਂ ਨਵਾਂ ਚਸ਼ਮ, ਚਸ਼ਮ ਦੀਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇਵੇ ਵਡਿਆਈਆ । ਈਸਾ ਫਾਸੀ ਦਾ ਕਾਹਦਾ ਦੁੱਖ, ਫ਼ੈਸਲਾ ਬੇਪਰਵਾਹੀਆ । ਤੇਰਾ ਰੂਪ ਤੱਤਾਂ ਵਾਲਾ ਮਨੁੱਖ, ਜਿਸਮ ਸੋਭਾ ਪਾਈਆ । ਤੂੰ ਮੇਰੀ ਧਾਰ ਜਾਣਾ ਲੁਕ, ਆਪਣਾ ਆਪ ਛੁਪਾਈਆ । ਜਿਸ ਵੇਲੇ ਮੈਂ ਆਪ ਆਇਆ ਉਠ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮਿਹਰਵਾਨ ਹੋ ਕੇ ਜਾਵਾਂ ਤੁਠ, ਦੀਨਾਂ ਅਨਾਥਾਂ ਖੋਜ ਖੁਜਾਈਆ । ਮੈਂ ਲਹਿਣਾ ਦੇਣਾ ਪੂਰਬ ਸਭ ਦਾ ਮੁਕਾਉਣਾ ਹਭ ਕੁਛ, ਬਚਿਆ ਨਜ਼ਰ ਕੋਇ ਨਾ ਆਈਆ । ਸ਼ਬਦੀ ਹੁਕਮ ਅੰਦਰ ਰਹਿਣਾ ਨਹੀਂ ਚੁਪ, ਸੰਦੇਸ਼ਾ ਇਕ ਸੁਣਾਈਆ । ਓਸ ਵੇਲੇ ਕਲਜੁਗ ਅੰਧੇਰਾ ਹੋਣਾ ਘੁਪ, ਸਾਚਾ ਚੰਦ ਨਾ ਕੋਇ ਚਮਕਾਈਆ । ਭਗਤ ਬਣਨੇ ਪ੍ਰਭ ਦੇ ਪੁਤ, ਪਿਤਾ ਪੂਤ ਗੋਦ ਉਠਾਈਆ । ਓਸ ਵੇਲੇ ਚਾਰ ਖਾਣੀ ਦੇ ਉਜਲ ਕਰਨੇ ਮੁਖ, ਅੰਡਜ ਜੇਰਜ ਉਤਭੁਜ ਸੇਤਜ ਚਰਨ ਆਏ ਸਰਬ ਪਾਰ ਕਰਾਈਆ । ਓਨੇ ਚਿਰ ਨੂੰ ਜਲਾਦ ਨੇ ਰੱਸਾ ਲਿਆ ਘੁੱਟ ਫੱਟਾ ਦਿਤਾ ਖਸਕਾਈਆ । ਪੁਰਖ ਅਕਾਲ ਕਿਹਾ ਮੇਰੀ ਪ੍ਰੀਤ ਨਾ ਜਾਵੇ ਟੁੱਟ, ਤੱਤਾਂ ਤੋਂ ਬਾਹਰ ਜਣਾਈਆ । ਈਸਾ ਵੇਖ ਭਗਤ ਭਗਵਾਨ ਦਾ ਜੁਟ, ਜੋੜੀ ਜੋੜੀ ਆਪਣੇ ਨਾਲ ਰਖਾਈਆ । ਜਿਸ ਵੇਲੇ ਕਲਜੁਗ ਅੰਧੇਰਾ ਹੋਇਆ ਘੁੱਪ, ਸਾਚਾ ਚੰਦ ਨਾ ਕੋਇ ਚਮਕਾਈਆ । ਓਸ ਵੇਲੇ ਚਾਰ ਜੁਗ ਦੇ ਲਹਿਣਿਆਂ ਦਾ ਲੇਖਾ ਜਾਏ ਮੁਕ, ਹਰਿ ਕਰਤਾ ਆਪ ਮੁਕਾਈਆ । ਚਿੜੀਆ ਕਹੇ ਮੈਂ ਓਥੇ ਗਈ ਪੁੱਜ, ਜਿਥੇ ਪੂਜਣ ਵਾਲਾ ਇਕੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਚੌਕੜੀ ਜੁਗ, ਜੁਗਾਂ ਦੇ ਲੇਖੇ ਪੂਰ ਕਰਾਈਆ ।



## ★ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੩ ਸੁਰਜੀਤ ਸਿੰਘ ਦੇ ਜਨਮ ਦਿਨ ਤੇ ਹਰਿ ਭਗਤ ਦਵਾਰ ਜੇਠੂਵਾਲ ★

ਫਲਗੁਣ ਕਹੇ ਮੈਂ ਇਕ ਇਕ ਗਿਆਰਾਂ, ਗਿਆਰਵਾਂ ਗੁਰੂ ਨਾ ਕੋਇ ਵਡਿਆਈਆ । ਇਕ ਨਾਲ ਇਕ ਦੀਆਂ ਬਹਾਰਾਂ, ਜੋਤ ਸ਼ਬਦ ਵੱਜੇ ਵਧਾਈਆ । ਸ਼ਬਦ ਧਾਰ ਗੋਬਿੰਦ ਬਲਕਾਰਾ, ਸੂਰਬੀਰ ਇਕ ਅਖਵਾਈਆ । ਜਿਸ ਦਾ ਸਤਿ ਧਰਮ ਦੁਲਾਰਾ, ਪੂਤ ਸਪੂਤਾ ਇਕ ਪਰਗਟਾਈਆ । ਜਿਸ ਦਾ ਸਾਰੇ ਦੇਂਦੇ ਗਏ ਇਸ਼ਾਰਾ, ਬਿਨ ਆਵਾਜ਼ਾਂ ਨਾਦ ਸੁਣਾਈਆ । ਸੋ ਸਵਾਮੀ ਖੇਲ ਕਰੇ ਕਰਤਾਰਾ, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਵਸੇ ਇਕ (ਦੁਆਰਾ), ਦੂਜਾ ਘਰ ਨਾ ਕੋਇ ਵਖਾਈਆ । ਵੇਖਣਹਾਰ ਸਰਬ ਸੰਸਾਰਾ, ਸ੍ਰਿਸ਼ਟੀ ਦ੍ਰਿਸ਼ਟੀ ਫੋਲ ਫੁਲਾਈਆ । ਨਿਰਗੁਣ ਰੂਪ ਚਵੀਆਂ ਅਵਤਾਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਦੇਵਣਹਾਰ ਆਦਿ ਅੰਤ ਸਹਾਰਾ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਇਕੋ ਇਕ ਵਖਾਈਆ । ਫਲਗੁਣ ਕਹੇ ਮੈਂ ਇਕ ਇਕ ਇੱਕਾ, ਅੰਕ ਅੰਕ ਮਿਲ ਕੇ ਵੱਜੇ ਵਧਾਈਆ ।

ਇਕ ਨਾਲ ਇਕ ਮਿਲ ਕੇ ਬਣਦਾ ਸਿੱਖਾ, ਸਿੱਖ ਸਤਿਗੁਰ ਵਿਚ ਸਮਾਈਆ । ਇਕ ਇਕ ਦਾ ਭੇਵ ਲਿਖਾ, ਦੂਜੀ ਪੱਟੀ ਨਾ ਕੋਇ ਪੜ੍ਹਾਈਆ । ਇਕ ਇਕ ਦਾ ਆਦੀ ਹਿਤਾ, ਅੰਤ ਇਕ ਇਕ ਵਿਚ ਸਮਾਈਆ । ਇਕ ਦਾ ਇਕੋ ਇਕ ਪਿਤਾ, ਇਕੋ ਇਕ ਜਣੇਂਦੀ ਮਾਈਆ । ਜਿਸ ਦਾ ਕੋਈ ਨਾ ਵੰਡੇ ਹਿੱਸਾ, ਦਾਅਵੇਦਾਰ ਨਾ ਕੋਇ ਅਖਵਾਈਆ । ਸਾਚੇ ਭਗਤਾਂ ਕਰੇ ਰੱਛਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਅਨਮੰਗੀ ਦੌਲਤ ਪਾਵੇ ਭਿੱਛਾ, ਮਿਹਰ ਨਜ਼ਰ ਇਕ ਉਠਾਈਆ । ਜਿਸ ਦਾ ਜਨਮ ਕਰਮ ਲੇਖ ਪੂਰਬ ਲਿਖਾ, ਤਿਨ੍ਹਾਂ ਆਪਣੇ ਲੇਖੇ ਲਾਈਆ । ਧੂੜੀ ਮਸਤਕ ਲਾ ਕੇ ਟਿੱਕਾ, ਟਕਿਆਂ ਦਾ ਲਹਿਣਾ ਦਏ ਚੁਕਾਈਆ । ਕਰਮ ਕਾਗਦ ਕਰ ਕੇ ਚਿੱਟਾ, ਦੁਰਮਤ ਮੈਲ ਧਵਾਈਆ । ਪੰਧ ਮੁਕਾ ਕੇ ਪੱਥਰ ਇੱਟਾਂ, ਇਕੋ ਨਿਰਗੁਣ ਜੋਤ ਦਏ ਜਣਾਈਆ । ਸ਼ਬਦੀ ਧਾਰ ਕੱਢ ਕੇ ਚਿੱਠਾ, ਗੋਬਿੰਦ ਲਹਿਣਾ ਦਏ ਵਖਾਈਆ । ਜਿਸ ਦਾ ਝੂਜਣ ਵਾਲਾ ਸੁਤ ਦੁਲਾਰਾ ਨਿੱਕਾ, ਨਿੱਕਾ ਵੱਡਾ ਮੇਲ ਮਿਲਾਈਆ । ਪੁਰਖ ਅਕਾਲ ਬਣ ਕੇ ਧੁਰ ਦਾ ਪਿਤਾ, ਪਤਿਪਰਮੇਸ਼ਵਰ ਵੇਖ ਵਖਾਈਆ । ਨੇਤਰ ਨੈਣ ਕਿਸੇ ਨਾ ਦਿਸਾ, ਨਿਰਗੁਣ ਧਾਰ ਖੇਲ ਖਿਲਾਈਆ । ਮਹੱਲ ਅਗੰਮ ਅਥਾਹ ਟਿਕਾ, ਕਾਇਆ ਬੰਕ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਖਿਲਾਈਆ । ਫਲਗੁਣ ਕਹੇ ਮੇਰਾ ਯਾਰਾਂ ਪਰਵਿਸ਼ਟਾ, ਪੁਰਖ ਪੁਰਖੋਤਮ ਦਇਆ ਕਮਾਈਆ । ਸ੍ਰਿਸ਼ਟ ਸਬਾਈ ਏਕਾ ਇਸ਼ਟਾ, ਦੀਨ ਦੁਨੀ ਦੇਣਾ ਦ੍ਰਿੜਾਈਆ । ਜਨ ਭਗਤਾਂ ਅੰਦਰ ਖੋਲ੍ਹਣੀ ਦ੍ਰਿਸ਼ਟਾ, ਦ੍ਰਿਸ਼ਟੀਕੋਨ ਦੇਣਾ ਦ੍ਰਿੜਾਈਆ । ਆਤਮ ਪਰਮਾਤਮ ਰਸ ਜਣਾ ਕੇ ਗ੍ਰਹਿਸਤਾ, ਗਹਿਰ ਗੰਭੀਰ ਪੜਦਾ ਦੇਣਾ ਉਠਾਈਆ । ਪਾਰਬ੍ਰਹਮ ਬ੍ਰਹਮ ਮੇਲ ਕੇ ਰਿਸ਼ਤਾ, ਧੁਰ ਦਾ ਜੋੜਾ ਲੈਣਾ ਉਪਜਾਈਆ ।
੧੨੬੧ ਜਿਹੜਾ ਮੁਹੰਮਦ ਨੂੰ ਸੁਨੇਹੜੇ ਦਿੰਦਾ ਰਿਹਾ ਫ਼ਰਿਸ਼ਤਾ, ਜਬਰਾਈਲ ਸੀਸ ਝੁਕਾਈਆ । ਜੋ ਕਲਮ ਸ਼ਾਹੀ ਨਾਲ ਚਲਾਉਂਦਾ ਰਿਹਾ ਸ਼ਕਸਤਾ, ਸ਼ਿਕਮ ੧੨੬੧
੨੦ ਅੰਦਰ ਧਿਆਨ ਲਗਾਈਆ । ਰਹਿਬਰ ਦੱਸਦਾ ਰਿਹਾ ਰਸਤਾ, ਰਾਹ ਧੁਰ ਦਾ ਇਕ ਵਖਾਈਆ । ਪੁਸਤਕ ਬੰਨ੍ਹਦਾ ਰਿਹਾ ਬਸਤਾ, ਅੱਖਰਾਂ ਜੋੜ ੨੦
ਜੁੜਾਈਆ । ਸੋ ਹਰ ਘਟ ਅੰਦਰ ਵਸਦਾ, ਨਿਰਗੁਣ ਬੈਠਾ ਡੇਰਾ ਲਾਈਆ । ਗੀਤ ਸੁਣਾਵੇ ਸਾਚੇ ਜਸ ਦਾ, ਸਿਫ਼ਤੀ ਰਾਗ ਅਲਾਈਆ । ਦੰਦਾਂ ਨਾਲ ਕਦੇ ਨਹੀਂ ਹੱਸਦਾ, ਅੰਤਰ ਖ਼ੁਸ਼ੀ ਦਏ ਪਰਗਟਾਈਆ । ਨਾਮ ਅਣਿਆਲਾ ਤੀਰ ਕਸਦਾ, ਨੇਤਰਾਂ ਤੋਂ ਪਿਛੇ ਦਏ ਲਗਾਈਆ । ਜਿਥੇ ਲਹਿਣਾ ਇਕੋ ਅੱਖ ਦਾ, ਦਿਬ ਨੂਰ ਕਰੇ ਰੁਸ਼ਨਾਈਆ । ਝਗੜਾ ਮੁਕ ਜਾਏ ਰਹਿਣਾ ਇਕੋ ਵੱਖ ਦਾ, ਮਹੱਲ ਇਕੋ ਸੋਭਾ ਪਾਈਆ । ਰਾਗ ਸੁਣਨਾ ਨਾ ਪਏ ਕਿਸੇ ਭੱਟ ਦਾ, ਧੁਰ ਦੀ ਧਾਰ ਆਪ ਜਣਾਈਆ । ਜਿਥੇ ਡੋਰ ਨਹੀਂ ਕੋਈ ਕਟਦਾ, ਤੰਦੀ ਤੰਦ ਨਾ ਕੋਇ ਤੁੜਾਈਆ । ਉਹ ਗ੍ਰਹਿ ਪੁਰਖ ਸਮਰਥ ਦਾ, ਜਿਥੇ ਮਿਲੇ ਇਕ ਵਡਿਆਈਆ । ਸੋ ਸਭ ਦੀ ਪੈਜ ਰੱਖਦਾ, ਮਿਹਰ ਨਜ਼ਰ ਇਕ ਉਠਾਈਆ । ਪੜਦਾ ਲਾਹ ਅਲਖਣਾ ਅਲਖ ਦਾ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗਿਆਰਾਂ ਫੱਗਣ ਕਹੇ ਮੇਰਾ ਭਾਗ, ਜਨ ਭਗਤ ਦਿਆਂ ਜਣਾਈਆ । ਗੋਬਿੰਦ ਦਾ ਜਗਦਾ ਵੇਖੋ ਚਿਰਾਗ਼, ਚਰਾਗਾਹਾਂ ਵਿਚ ਕਰੇ ਰੁਸ਼ਨਾਈਆ । ਧੋਣਹਾਰਾ ਦੁਰਮਤ ਦਾਗ਼, ਪਾਪਾਂ ਮੈਲ ਗਵਾਈਆ । ਹੰਸ ਬਣਾਵੇ ਕਾਗ, ਨਾਮ ਮੋਤੀ ਚੋਗ ਚੁਗਾਈਆ । ਸੋਈ ਸੁਰਤੀ ਖੋਲ੍ਹੇ ਜਾਗ, ਨੇਤਰ ਅੱਖ ਉਠਾਈਆ । ਬਿਰਹਾ ਲਾ ਵੈਰਾਗ, ਬਿਰਹੋਂ ਅੰਦਰ ਦਏ ਉਪਜਾਈਆ । ਤ੍ਰੈਗੁਣ ਮਾਇਆ ਬੁਝਾਏ ਆਗ, ਅੰਮ੍ਰਿਤ ਮੇਘ ਬਰਸਾਈਆ । ਲੇਖਾ ਪੂਰਬ ਵੇਖਣਹਾਰਾ

ਆਜ, ਅੱਜ ਦਾ ਭਲਕ ਨਾ ਕੋਇ ਬਣਾਈਆ । ਸਤਿ ਸਚ ਦਾ ਹੋਣਾ ਕਾਜ, ਕੰਚਨ ਗੜ੍ਹ ਕਰ ਰੁਸ਼ਨਾਈਆ । ਧਰਮ ਦੀ ਧਾਰ ਚਲੇ ਰਿਵਾਜ, ਰਵਾਦਾਰ ਨਾ ਕੋਇ ਬਣਾਈਆ । ਸਾਰੇ ਇਕ ਦੇ ਹੋਵਣ ਮੁਹਤਾਜ, ਮਹਿਬੂਬ ਇਕ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗਿਆਰਾਂ ਫੱਗਣ ਕਹੇ ਗੋਬਿੰਦ ਦਾ ਲਹਿਣਾ ਕਰਜਾ, ਮਕਰੂਜ਼ ਖ਼ੁਸ਼ੀ ਬਣਾਈਆ । ਦੂਸਰ ਹੋਏ ਕੋਇ ਨਾ ਹਰਜਾ, ਹਰਜਾਨਾ ਰਹਿਣ ਕੋਇ ਨਾ ਪਾਈਆ । ਭਗਤਾਂ ਵਿਚ ਭਗਤਾਂ ਦਾ ਦਰਜਾ, ਦਰਜ ਆਪਣੇ ਨਾਲ ਕਰਾਈਆ । ਲੇਖਾ ਇਕੋ ਸਾਚੇ ਘਰ ਦਾ, ਗ੍ਰਿਹਿ ਮੰਦਰ ਵੱਜੇ ਵਧਾਈਆ । ਜੋ ਭਾਣਾ ਧੁਰ ਦਾ ਜਰਦਾ, ਸੀਸ ਜਗਦੀਸ ਝੁਕਾਈਆ । ਸੋ ਪਲੂ ਇਕੋ ਫੜਦਾ, ਟੁੱਟੀ ਗੰਢ ਵਖਾਈਆ । ਇਹ ਖੇਲ ਪੁਰਖ ਨਰਾਇਣ ਨਰ ਦਾ, ਨਰ ਹਰਿ ਆਪਣਾ ਰਾਹ ਚਲਾਈਆ । ਜਿਹੜਾ ਸੁਤ ਦੁਲਾਰਾ ਕਦੇ ਨਹੀਂ ਮਰਦਾ, ਸੋ ਆਪਣੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫਲਗੁਣ ਕਹੇ ਗੋਬਿੰਦ ਦਾ ਲਹਿਣਾ ਪੂਰਬ ਬਾਕੀ, ਬਕਤਾ ਸਮਝ ਕੋਇ ਨਾ ਪਾਈਆ । ਬਿਨਾ ਸ਼ਬਦ ਤੋਂ ਵੇਖੇ ਕੋਇ ਨਾ ਮਾਰ ਝਾਕੀ, ਅੱਖਾਂ ਵਾਲਾ ਅੱਖ ਨਾ ਕੋਇ ਉਠਾਈਆ । ਪ੍ਰਭ ਦਾ ਖੇਲ ਪ੍ਰਭ ਦੀ ਰਾਤੀ, ਪਰਭਾਤੀ ਗੋਬਿੰਦ ਨਜ਼ਰੀ ਆਈਆ । ਸਚ ਦਵਾਰ ਦਾ ਏਕਾ ਸਾਥੀ, ਸੱਜਣ ਧੁਰਦਰਗਾਹੀਆ । ਜਿਸ ਨੇ ਰਚਨਾ ਰਚੀ ਸਾਚੀ, ਸਚ ਸਚ ਵਿਚ ਸਮਾਈਆ । ਆਪਣਾ ਨਾਉਂ ਰਖ ਅਬਿਨਾਸ਼ੀ, ਨਿਰਗੁਣ ਸਰਗੁਣ ਵੰਡ ਵੰਡਾਈਆ । ਕਲਜੁਗ ਅੰਤਮ ਦੇਵੇ ਦਾਤੀ, ਦਇਆਵਾਨ ਦਇਆ ਕਮਾਈਆ । ਲੇਖਾ ਬਣੇ ਕਲਮ ਦਵਾਤੀ, ਲਿਖਿਆ ਲੇਖ ਨਾ ਕੋਇ ਮਿਟਾਈਆ । ਝਗੜਾ ਰਹੇ ਨਾ ਜਾਤ ਪਾਤੀ, ਪਤਣ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ । ਯਾਰਾਂ ਫੱਗਣ ਕਹੇ ਕਿਉਂ ਨੌ ਤੋਂ ਹੋਏ ਯਾਰਾਂ ਬਦਲੀ ਜਗਤ ਕਰਾਈਆ । ਇਸ ਦਾ ਵੱਖਰਾ ਅਜਬ ਵਿਹਾਰਾ, ਵਿਵਹਾਰੀ ਆਪਣੇ ਵਿਚ ਛੁਪਾਈਆ । ਇਹ ਲੇਖਾ ਗੋਬਿੰਦ ਵੇਖਿਆ ਸਰਸਾ ਕਿਨਾਰਾ, ਆਰ ਪਾਰ ਧਿਆਨ ਲਗਾਈਆ । ਪੁਰਖ ਅਕਾਲ ਕੀਤਾ ਇਸ਼ਾਰਾ, ਧੁਰ ਦੇ ਸ਼ਬਦ ਨਾਲ ਦ੍ਰਿੜਾਈਆ । ਕੋਲ ਆ ਖੜ੍ਹਾ ਜੁਝਾਰਾ, ਹੱਥ ਕਮਰਕਸੇ ਉਤੇ ਟਿਕਾਈਆ । ਸਾਹਿਬ ਕਿੱਡਾ ਸੋਹਣਾ ਅਖਾੜਾ, ਘਮਸਾਨ ਸੋਭਾ ਪਾਈਆ । ਮੈਂ ਨੰਨ੍ਹਾਂ ਬੱਚਾ ਦੂਲ੍ਹਾ ਤੇਰਾ ਲਾੜਾ, ਜੋਬਨਵੰਤਾ ਨਜ਼ਰੀ ਆਈਆ । ਮੇਰੀ ਮਿੰਨਤ ਮੇਰਾ ਹਾੜਾ, ਸੀਸ ਸਾਹਿਬ ਦਿਆਂ ਝੁਕਾਈਆ । ਮੈਨੂੰ ਦੱਸ ਉਹ ਇਸ਼ਾਰਾ, ਜੋ ਬਿਨ ਕੰਨਾਂ ਤੋਂ ਸੁਣਦਾ ਚਾਈਂ ਚਾਈਆ । ਗੋਬਿੰਦ ਕਿਹਾ ਉਠ ਵੇਖ ਫੇਰ ਦੁਬਾਰਾ, ਲੋਚਨ ਅੱਖ ਖੁਲ੍ਹਾਈਆ । ਜਾਂ ਤੱਕਿਆ ਮਿਲਿਆ ਨੂਰ ਚਮਕਤਕਾਰਾ, ਚਮਕ ਚਮਕ ਵਿਚੋਂ ਰੁਸ਼ਨਾਈਆ । ਹੁਕਮ ਨਾਦ ਸੁਣਿਆ ਧੁਨਕਾਰਾ, ਅਗੰਮ ਆਵਾਜ਼ ਸੁਣਾਈਆ । ਇਹ ਲੇਖਾ ਅਗਲੀ ਵਾਰਾ, ਜਨਮ ਦਾ ਜਨਮ ਫੇਰ ਬਦਲਾਈਆ । ਰੁੱਤ ਦੀ ਰੁੱਤ ਨਾਲ ਬਹਾਰਾ, ਬਸੰਤ ਨਾਲ ਫੂਲ ਫੁੱਲਾਂ ਨਾਲ ਬਸੰਤ ਸੋਭਾ ਪਾਈਆ । ਕਲਜੁਗ ਦੀ ਕਾਲੀ ਧਾਰਾ, ਧਰਨੀ ਦੀ ਧਾਰ ਦੁਹਾਈਆ । ਕਲਕੀ ਦਾ ਕਲ ਅਵਤਾਰਾ, ਨਿਹਕਰਮੀ ਕਰਮ ਕਮਾਈਆ । ਗੋਬਿੰਦ ਦਾ ਸ਼ਬਦ ਜੈਕਾਰਾ, ਢੋਲਾ ਨਾਮ ਅਲਾਹੀਆ । ਤਤਵ ਦਾ ਤਤ ਅਖਾੜਾ, ਬਾਲੇ ਵੱਜੇ ਵਧਾਈਆ । ਤਿੰਨਾਂ ਦਾ ਇਕ ਦਵਾਰਾ, ਦਰ ਠਾਂਡਾ ਸੋਭਾ ਪਾਈਆ । ਭਗਤਾਂ ਦਾ ਘਰ ਬਾਹਰਾ, ਗ੍ਰਿਹਿ ਮੰਦਰ ਇਕ ਜਣਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸਚ ਜੈਕਾਰਾ, ਜੈ ਜੈ ਕਾਰ ਦੋ ਜਹਾਨ ਕਰਾਈਆ । ਓਸ ਓਸੇ ਵੇਲੇ ਕਰ ਨਿਮਸਕਾਰਾ, ਸੀਸ



੧੨੬੨
੨੦

ਦਿਤਾ ਨਿਵਾਈਆ । ਇਹ ਖੇਲ ਅਗੰਮ ਅਪਾਰਾ, ਅਲਖ ਅਗੋਚਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੇ ਜੁਗ ਦਾ ਚੌਵੀਆਂ ਅਵਤਾਰਾ, ਜਿਸ ਦਾ ਰੂਪ ਰੰਗ ਚੱਕਰ ਚਿਹਨ ਵਰਨ ਬਰਨ ਨਜ਼ਰ ਕੋਇ ਨਾ ਆਈਆ ।

★ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਰਬੰਸ ਸਿੰਘ ਦੇ ਨਵਿਤ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ★

ਜਨ ਭਗਤ ਕਹੇ ਮੈਂ ਕਦੇ ਨਾ ਮਰਦਾ, ਮਰਦ ਮਰਦਾਨਾ ਦਏ ਵਡਿਆਈਆ । ਭਵਜਲ ਪਾਰ ਜਗਤ ਸਾਗਰ ਤਰਦਾ, ਅੱਗੇ ਹੋ ਨਾ ਕੋਇ ਅਟਕਾਈਆ । ਮੈਂ ਮਾਲਕ ਬਣਾਂ ਓਸ ਘਰ ਦਾ, ਜਿਸ ਗ੍ਰਿਹਿ ਬੈਠਾ ਧੁਰਦਰਗਾਹੀਆ । ਸਾਚੀ ਮੰਜ਼ਲ ਹਕੀਕੀ ਚੜ੍ਹਦਾ, ਅਗਲਾ ਪਿਛਲਾ ਪੰਧ ਮੁਕਾਈਆ । ਪਰਮ ਪੁਰਖ ਪਰਮਾਤਮ ਦਰਸ਼ਨ ਕਰਦਾ, ਬਿਨ ਨੇਤਰ ਅੱਖ ਖੁਲ੍ਹਾਈਆ । ਝਗੜਾ ਚੁੱਕੇ ਭੈ ਭੌ ਡਰਦਾ, ਭਿਆਨਕ ਨਜ਼ਰ ਕੋਇ ਨਾ ਆਈਆ । ਖੇਲ ਵੇਖ ਅਗੰਮੀ ਹਰਿ ਦਾ, ਹਰਿ ਹਰਿ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਜਨ ਭਗਤ ਕਹੇ ਮੈਂ ਵੇਖੇ ਜਗਤ ਸੰਤਾਪੀ ਰੋਗ, ਦੁਖੜਾ ਜਗਤ ਲੋਕਾਈਆ । ਚਿੰਤਾ ਹਰਖ ਸੋਗ, ਗ਼ਮਾਂ ਵਿਚ ਦੁਹਾਈਆ । ਮਮਤਾ ਮੋਹ ਵਿਕਾਰ ਜਗਤ ਤ੍ਰਿਸ਼ਨਾ ਲੋਚ, ਲੋਚਣ ਨੈਣ ਅੱਖ ਸ਼ਰਮਾਈਆ । ਬੁੱਧੀ ਮਨ ਕੂੜੀ ਕਰੇ ਸੋਚ, ਸਚ ਸਮਝ ਨਾ ਕੋਇ ਦ੍ਰਿੜਾਈਆ । ਝੂਠਾ ਵੇਖਾਂ ਕਾਇਆ ਬੰਕ ਕੋਟ, ਤਨ ਵਜੂਦ ਸੰਗ ਨਾ ਕੋਇ ਨਿਭਾਈਆ । ਬਿਨ ਸਾਹਿਬ ਸਤਿਗੁਰ ਸਾਚੇ ਸ਼ਬਦ ਲਾਏ ਕੋਇ ਨਾ ਚੋਟ, ਚੋਟੀ ਚੜ੍ਹ ਪੜਦਾ ਨਾ ਕੋਇ ਉਠਾਈਆ । ਸਦਾ ਤਾਅਨੇ ਦੇਵਣ ਲੋਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹੇ ਮੇਰਾ ਕਾਇਆ ਨਾਤਾ ਕੂੜ, ਸਗਲਾ ਸੰਗ ਨਾ ਕੋਇ ਰਖਾਈਆ । ਮਨ ਕਲਪਣਾ ਕਰੇ ਮੂੜ੍ਹ, ਬੁੱਧ ਬਿਬੇਕ ਨਾ ਕੋਇ ਚਤੁਰਾਈਆ । ਸਚ ਦਵਾਰਿਉਂ ਵਸਿਆ ਦੂਰ, ਨੇਰਨ ਨੇਰਾ ਪੰਧ ਨਾ ਕੋਇ ਵਖਾਈਆ । ਮਮਤਾ ਮੋਹ ਵਿਕਾਰ ਕੀਤਾ ਚੂਰ, ਗੜ੍ਹ ਹੰਕਾਰ ਨਾ ਕੋਇ ਤੁੜਾਈਆ । ਤਨ ਵਜੂਦ ਤਪੇ ਤੰਦੂਰ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਾਰੇ ਕਹਿੰਦੇ ਕਰਮਾਂ ਦਾ ਕਸੂਰ, ਨਿਹਕਰਮੀ ਅੱਖ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਇਕ ਸੁਹਾਈਆ । ਜਨ ਭਗਤ ਕਹੇ ਮੈਂ ਦੱਸਾਂ ਇਕ ਸੰਦੇਸ਼, ਸੰਦੇਸ਼ਾ ਧੁਰ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਏਕਾ ਲਿਆ ਵੇਖ, ਏਕੰਕਾਰਾ ਨੂਰ ਇਲਾਹੀਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਭੇਖ, ਜੋਤੀ ਜਾਤਾ ਪੁਰਖ ਬਿਧਾਤਾ ਵੇਸ ਵਟਾਈਆ । ਸਮਝ ਸਕੇ ਨਾ ਕੋਈ ਰੰਗ ਰੂਪ ਰੇਖ, ਪੜਦਾ ਅੰਤਰ ਨਿਰੰਤਰ ਨਾ ਕੋਇ ਉਠਾਈਆ । ਦੋ ਜਹਾਨਾਂ ਖੇਲੇ ਖੇਡ, ਵਡ ਖਿਲਾੜੀ ਨਜ਼ਰੀ ਆਈਆ । ਜਿਸ ਨੇ ਸੰਸਾਰੀ ਬਣਾ ਕੇ ਦਿਤਾ ਭੇਜ, ਲੋਕਮਾਤ ਮਾਤ ਵਡਿਆਈਆ । ਜੋਤੀ ਜਲਵਾ ਦੇ ਕੇ ਤੇਜ, ਨੂਰ ਤਤ ਵਿਚ ਸਮਾਈਆ । ਸਾਚਾ ਨਾਮ ਦੇ ਸੰਦੇਸ਼, ਸੁਨੇਹੜਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਵਖਾਈਆ । ਭਗਤ ਕਹੇ ਮੇਰੀ ਆਤਮ ਸਤਿ, ਸਤਿ ਵਿਚ ਸਮਾਈਆ । ਨਾਤਾ ਛੁੱਟਿਆ ਕਾਇਆ ਕੱਚ, ਕੰਚਨ ਗੜ੍ਹ ਵੇਖ ਵਖਾਈਆ । ਜਿਥੇ ਇਕੋ ਪੁਰਖ ਸਮਰਥ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਮਹਿੰਮਾ ਦੱਸੇ

੧੨੬੩
੨੦

ਨਾਮ ਅਕਥ, ਅਨਬੋਲਤ ਰਾਗ ਸੁਣਾਈਆ । ਵਸਤ ਅਮੋਲਕ ਦੇ ਕੇ ਵਥ, ਖਾਲੀ ਝੋਲੀ ਦਏ ਭਰਾਈਆ । ਤੂੰ ਮੇਰਾ ਮੈਂ ਤੇਰਾ ਸਾਂਝਾ ਦੱਸ ਕੇ ਜਸ, ਵੇਦ ਪੁਰਾਨਾਂ ਦਾ ਖਹਿੜਾ ਦਏ ਛੁਡਾਈਆ । ਮੰਜ਼ਲ ਚਾੜ੍ਹ ਹਕੀਕੀ ਹਕ, ਮਹਿਬੂਬ ਪੜਦਾ ਅੰਦਰੋਂ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਸਦਾ ਰੰਗਾਈਆ । ਜਨ ਭਗਤ ਆਤਮਾ ਕਹੇ ਮੈਂ ਓਸ ਪ੍ਰਭੂ ਦੀ ਅੰਸ, ਜੋ ਆਦਿ ਅੰਤ ਅਖਵਾਈਆ । ਤੱਤਾਂ ਕਰ ਕੇ ਮੇਰਾ ਨਾਮ ਰੱਖਿਆ ਸਿੰਘ ਹਰਬੰਸ, ਜਗਤ ਜੁਗਤ ਵਿਚ ਵਡਿਆਈਆ । ਕੋਟ ਜਨਮ ਲੇਖੇ ਵੇਖਣਹਾਰ ਸਹੰਸ, ਬੇਪਰਵਾਹ ਬੇਪਰਵਾਹੀਆ । ਜਿਸ ਦਾ ਸੋਹਣਾ ਸੱਚਾ ਭਗਤਾਂ ਵਾਲਾ ਸਰਬੰਸ, ਕੁਨਬਾ ਇਕੋ ਇਕ ਵਡਿਆਈਆ । ਪ੍ਰਭ ਠਾਕਰ ਮਿਲਿਆ ਕੰਤ, ਹਰਿ ਮਾਲਕ ਸ਼ਹਿਨਸ਼ਾਹੀਆ । ਜਿਸ ਦੀ ਰੁੱਤ ਸਦਾ ਬਸੰਤ, ਖ਼ਿਜ਼ਾਂ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਿਤਾ ਵਖਾਈਆ । ਆਤਮਾ ਕਹੇ ਮੈਂ ਵੇਖਿਆ ਸਚ ਘਰਾਨਾ, ਗ੍ਰਿਹ ਮੰਦਰ ਸੋਭਾ ਪਾਈਆ । ਜਿਥੇ ਵਸੇ ਸ੍ਰੀ ਭਗਵਾਨਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਧੁਰ ਦੇ ਨਾਮ ਦਾ ਇਕ ਤਰਾਨਾ, ਜਗਤ ਰਾਗ ਨਾ ਕੋਇ ਸੁਣਾਈਆ । ਸੋਹਣਾ ਦਿਸੇ ਮਹੱਲ ਅਟਲ ਮਕਾਨਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮਸਤੀ ਵਿਚ ਹੋ ਕੇ ਮਸਤ ਦੀਵਾਨਾ, ਚਰਨ ਕਵਲਾਂ ਸੀਸ ਝੁਕਾਈਆ । ਮੈਨੂੰ ਭੁੱਲ ਗਿਆ ਆਵਣ ਜਾਣਾ, ਅੱਗਾ ਪਿੱਛਾ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਆਤਮਾ ਕਹੇ ਮੈਂ ਦੱਸਾਂ ਖੇਲ ਅਗੰਮੀ, ਗ਼ਮਾਂ ਵਿਚੋਂ ਬਾਹਰ ਕਢਾਈਆ । ਮੈਂ ਪ੍ਰਭ ਦੀ ਧਾਰੋਂ ਜੰਮੀ, ਅੰਤ ਓਸੇ ਵਿਚ ਸਮਾਈਆ । ਇਹ ਖੇਲ ਨਹੀਂ ਕੋਈ ਨਵੀਂ, ਜੁਗ ਚੌਕੜੀ ਚਲੀ ਆਈਆ । ਜਗਤ ਨਾਤਾ ਪਵਣ ਸਵਾਸ ਦਮੀ, ਦਾਮਨਗੀਰ ਪਲੂ ਨਾ ਕੋਇ ਫੜਾਈਆ । ਜਿਸ ਨੇ ਸਚ ਰਜ਼ਾ ਹੁਕਮ ਵਾਲੀ ਮੰਨੀ, ਸੀਸ ਜਗਦੀਸ ਝੁਕਾਈਆ । ਉਹ ਨੇਤਰਹੀਣ ਹੋਵੇ ਨਾ ਅੰਨ੍ਹੀ, ਨੇਤਰ ਲੋਚਨ ਇਕੋ ਇਕ ਖੁਲ੍ਹਾਈਆ । ਦਰਗਾਹ ਸਾਚੀ ਜਾਵੇ ਭੰਨੀ, ਮੰਜ਼ਲ ਆਪਣੀ ਪੰਧ ਮੁਕਾਈਆ । ਸਚ ਪਰਕਾਸ਼ ਦਾ ਬਣ ਕੇ ਚੰਨੀ, ਚੰਦ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਵਿਚ ਸਮਾਈਆ । ਆਤਮਾ ਕਹੇ ਮੇਰਾ ਤੱਤਾਂ ਵਾਲਾ ਕੂੜ ਵਜੂਦ, ਨਾਤਾ ਜਗਤ ਵਿਚ ਰਖਾਈਆ । ਮੰਜ਼ਲ ਇਕੋ ਜਿਥੇ ਮਿਲੇ ਮਹਿਬੂਬ, ਮੁਹੱਬਤ ਵਿਚ ਸਮਾਈਆ । ਜਗਤ ਦਵਾਰਾ ਛੁੱਟੀ ਹਦੂਦ, ਬੰਧਨ ਨਜ਼ਰ ਕੋਇ ਨਾ ਆਈਆ । ਜਿਧਰ ਤੱਕਾਂ ਉਧਰ ਮੌਜੂਦ, ਹਰਿ ਕਰਤਾ ਸ਼ਹਿਨਸ਼ਾਹੀਆ । ਜਿਸ ਦਾ ਅਰਸ਼ ਤੋਂ ਉਤੇ ਅਰੂਜ, ਅਲੀਸ਼ਾਨ ਆਪਣੀ ਸ਼ਾਨ ਦਏ ਵਡਿਆਈਆ । ਲੋਕਮਾਤ ਵਿਚੋਂ ਕਰ ਕੇ ਕੂਚ, ਸਚ ਦਵਾਰੇ ਸੋਭਾ ਪਾਈਆ । ਜਿਥੇ ਇਕੋ ਨਾਤਾ ਪਿਤਾ ਪੂਤ, ਪੁਰਖ ਅਕਾਲਾ ਦੀਨ ਦਿਆਲਾ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਇਕ ਵਖਾਈਆ । ਭਗਤ ਆਤਮਾ ਕਹੇ ਬਿਨ ਪ੍ਰਭ ਦੀ ਕਿਰਪਾ ਲੱਗੇ ਕੋਈ ਨਾ ਜੜ੍ਹ, ਬੰਸਾਵਲੀ ਨਾ ਕੋਇ ਵਡਿਆਈਆ । ਮੈਂ ਓਸ ਮੰਜ਼ਲ ਗਈ ਚੜ੍ਹ, ਜਿਥੇ ਇਕੋ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਕਿਰਪਾ ਦਿਤੀ ਕਰ, ਮਿਹਰ ਨਜ਼ਰ ਉਠਾਈਆ । ਮੇਰਾ ਪੂਰਬ ਜਨਮ ਲੇਖਾ ਪੂਰਾ ਕਰਕੇ ਵਰ, ਵਾਰਤਾ ਅੱਗੇ ਦਿਤੀ ਜਣਾਈਆ । ਮੈਂ ਕਦੇ ਨਾ ਜਾਵਾਂ ਮਰ, ਮਰਜੀਵਤ ਰੂਪ ਨਾ ਕੋਇ ਵਟਾਈਆ । ਓਸੇ ਦੇ ਹੁਕਮ ਅੰਦਰ ਵਸਾਂ ਕਾਇਆ ਘਰ, ਤਤ ਤੱਤ ਵਿਚ ਰਖਾਈਆ । ਓਸੇ ਦਾ ਅੱਖਰ ਪੜ੍ਹ, ਨਿਰਅੱਖਰ



੧੨੬੪
੨੦

ਢੋਲਾ ਗਾਈਆ । ਓਸੇ ਦੇ ਲੱਗਾਂ ਲੜ, ਜਿਥੈਂ ਨਾ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਵਖਾਈਆ । ਆਤਮਾ ਕਹੇ ਮੈਨੂੰ ਹਰਬੰਸ ਸਿੰਘ ਕਹਿ ਕੇ ਜਗਤ ਕਹਿੰਦੇ, ਆਵਾਜ਼ਾਂ ਰਸਨਾ ਨਾਲ ਲਗਾਈਆ । ਮੇਰਾ ਖੇਲ ਵੇਖਦੇ ਰਹੇ ਤਨ ਸ਼ਰੀਰ ਸਹਿੰਦੇ, ਦਰੋਹੀ ਦੂਰ ਦੁਹਾਈਆ । ਸੰਗੀ ਸਾਥੀ ਇਕੱਠੇ ਹੋ ਕੇ ਬਹਿੰਦੇ, ਮਨ ਕਲਪਣਾ ਵਿਚ ਕੁਰਲਾਈਆ । ਵੇਂਹਦੇ ਰਹੇ ਚੜ੍ਹਦੇ ਲਹਿੰਦੇ, ਦੱਖਣ ਪਹਾੜ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖਾ ਕਰੇ ਵਿਚਾਰ, ਹਰਿ ਵੱਡਾ ਵੱਡ ਵਡਿਆਈਆ । ਜਿਸ ਦੀ ਸਮਝ ਪਾਵੇ ਕੋਈ ਨਾ ਸਾਰ, ਪੜਦਾ ਸਕੇ ਨਾ ਕੋਇ ਉਠਾਈਆ । ਤਨ ਵਜੂਦ ਦਾ ਦੁੱਖ ਜਗਤ ਵਾਲਾ ਸੰਸਾਰ, ਸੰਸਾਰੀਆਂ ਵਿਚ ਕੁਰਲਾਈਆ । ਆਤਮ ਰਹਿਤ ਕਰੇ ਨਾ ਕੋਇ ਵਿਭਚਾਰ, ਕੁਕਰਮੀ ਕਾਰ ਨਾ ਕੋਇ ਕਮਾਈਆ । ਅੰਤਰ ਨਿਰੰਤਰ ਇਕੋ ਇਕ ਦਾ ਪਿਆਰ, ਅੰਤਰ ਪ੍ਰੀਤਮ ਆਪਣਾ ਆਪ ਬਣਾਈਆ । ਜੋ ਏਥੇ ਓਥੇ ਦੋ ਜਹਾਨਾਂ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਲੇਖਾ ਜਾਣੇ ਅੰਦਰ ਬਾਹਰ ਗੁਪਤ ਜਾਹਰ, ਬਾਤਨ ਖੋਜਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦੇਵੇ ਮਾਣ ਵਡਿਆਈਆ । ਆਤਮਾ ਕਹੇ ਮੇਰਾ ਮਿਲਿਆ ਪ੍ਰਭੂ ਨਿਹਕਰਮੀ, ਕਰਮ ਕਾਂਡ ਦਿਤਾ ਗਵਾਈਆ । ਜਿਸ ਦੀ ਧਾਰ ਵਿਚੋਂ ਜਰਮੀ, ਅੰਤਮ ਓਸੇ ਵਿਚ ਸਮਾਈਆ । ਮੇਰੇ ਅੰਤਸ਼ਕਰਨ ਦਾ ਬਣ ਕੇ ਮਰ੍ਹਮੀ, ਮਹਿਰਮ ਹੋ ਕੇ ਵੇਖ ਵਖਾਈਆ । ਅੰਤ ਨਿਵਾਸ ਦੇ ਕੇ ਆਪਣੀ ਸਰਨੀ, ਸਚ ਦਵਾਰੇ ਲਿਆ ਟਿਕਾਈਆ । ਮੈਨੂੰ ਰਿਹਾ ਕੋਈ ਨਾ ਭਰਮੀ, ਭਾਂਡਾ ਭਰਮ ਦਿਤਾ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਖਾਈਆ । ਘਰ ਵੇਖਿਆ ਇਕ ਸੁਹੰਜਣਾ, ਸੋਭਾਵੰਤ ਸੁਹਾਈਆ । ਦੀਪਕ ਜਗੇ ਆਦਿ ਨਿਰੰਜਣਾ, ਜੋਤੀ ਜਾਤਾ ਡਗਮਗਾਈਆ । ਵੇਖਣਹਾਰਾ ਦਰਦ ਦੁਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਚਰਨ ਧੂੜ ਕਰਾ ਕੇ ਧੁਰ ਦਾ ਮਜਨਾ, ਦੁਰਮਤ ਮੈਲ ਧਵਾਈਆ । ਠਾਕਰ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਬਣ ਕੇ ਇਕੋ ਸੱਜਣਾ, ਸਾਜਣ ਹੋ ਕੇ ਮੇਲ ਮਿਲਾਈਆ । ਅੰਤਮ ਓਸ ਦਵਾਰੇ ਵਸਣਾ, ਜਿਥੋਂ ਬਾਹਰ ਨਾ ਕੋਇ ਕਢਾਈਆ । ਸਚ ਸੰਦੇਸ਼ਾ ਇਕੋ ਦੱਸਣਾ, ਸਭ ਨੂੰ ਆਪ ਸੁਣਾਈਆ । ਭਗਤ ਸ਼ਰੀਰ ਛੱਡੇ ਤੇ ਗੁਰਮੁਖਾਂ ਨੇ ਹੱਸਣਾ, ਰੋਣ ਵਾਲੀ ਨੀਤ ਦੇਣੀ ਬਦਲਾਈਆ । ਇਹ ਲੇਖਾ ਸਮਝਾ ਕੇ ਗਿਆ ਜਿਸ ਨੇ ਜਨਮ ਲਿਆ ਪਟਨਾ, ਬੱਚੇ ਨੀਹਾਂ ਹੇਠ ਦਬਾਈਆ । ਦੋਹਾਂ ਨੂੰ ਮਲ ਕੇ ਪ੍ਰੇਮ ਦਾ ਵਟਨਾ, ਜਗਤ ਸ਼ਹਾਦਤ ਦਿਤੀ ਭੁਗਤਾਈਆ । ਗੁਰਮੁਖਾਂ ਨੂੰ ਓਸ ਨੇ ਆਪਣੀ ਗੋਦੀ ਵਿਚ ਰੱਖਣਾ, ਜਿਸ ਗੋਦੀ ਵਿਚੋਂ ਬਾਹਰ ਨਾ ਕੋਇ ਕਢਾਈਆ । ਪੁਰਖ ਅਕਾਲ ਦੀਨ ਦਿਆਲ ਦਾ ਜਿਸ ਨੇ ਮੰਨਿਆ ਬਚਨਾ, ਬਚਪਨ ਓਸੇ ਦੀ ਝੋਲੀ ਪਾਈਆ । ਓਸ ਨੂੰ ਓਸ ਨੇ ਓਸ ਥਾਂ ਤੇ ਰੱਖਣਾ, ਜਿਥੋਂ ਕਦੇ ਨਾ ਹੋਏ ਜੁਦਾਈਆ । ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਜਨਮ ਮਰਨ ਕੱਟਣਾ, ਜੋ ਨੀਹਾਂ ਵਿਚ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਲਖਣਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਪਾਰਬ੍ਰਹਮ ਪਤਿਪਰਮੇਸ਼ਵਰ ਪਰਮਾਤਮ ਆਤਮ ਆਤਮ ਪਰਮਾਤਮ ਆਪਣੇ ਵਿਚ ਸਮਾਈਆ ।

੧੨੬੫
੨੦

१२६६ २०

★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਰਬੰਸ ਸਿੰਘ ਦੇ ਨਵਿਤ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ★

ਸਚਖੰਡ ਦਾ ਸੋਹਣਾ ਅਨੰਦ, ਅਨਰਸ ਆਪ ਉਪਜਾਈਆ । ਜਨ ਭਗਤਾਂ ਹੋ ਬਖ਼ਸ਼ੰਦ, ਪਰਮ ਪੁਰਖ ਪ੍ਰਭ ਦਏ ਵਖਾਈਆ । ਨਿਰਗੁਣ ਧਾਰ ਬਣ ਕੇ ਸੰਗ, ਨਾਤਾ ਤੋੜ ਨਿਭਾਈਆ । ਸਚ ਸੁਹੰਜਣੀ ਸੇਜ ਅਗੰਮ ਪਲੰਘ, ਆਸਣ ਅਬਿਨਾਸ਼ਣ ਇਕ ਪਰਗਟਾਈਆ । ਜਿਥੇ ਸ਼ਬਦ ਵੱਜੇ ਮਰਦੰਗ, ਦੂਜਾ ਨਾਦ ਨਾ ਕੋਇ ਸ਼ਨਵਾਈਆ । ਲੇਖਾ ਰਹੇ ਨਾ ਹੰ ਬ੍ਰਹਮ, ਪਾਰਬ੍ਰਹਮ ਵਿਚ ਸਮਾਈਆ । ਝਗੜਾ ਮੁਕ ਜਾਏ ਮਾਟੀ ਚੰਮ, ਚਮਨ ਇਕੋ ਵੇਖ ਵਖਾਈਆ । ਝਗੜਾ ਰਹੇ ਨਾ ਪਵਣ ਸਵਾਸੀ ਦਮ, ਦਮਨ ਆਪਣੇ ਵਿਚ ਕਰਾਈਆ । ਹਰਖ਼ ਰਹੇ ਨਾ ਸੋਗ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਨੇਤਰ ਰੋਣਾ ਪਏ ਨਾ ਛਮ ਛਮ, ਛਹਿਬਰ ਅੱਖ ਨਾ ਕੋਇ ਵਖਾਈਆ । ਕਲਪਣਾ ਰਹੇ ਕੋਇ ਨਾ ਮਨ, ਮਨਸਾ ਮੋਹ ਨਾ ਕੋਇ ਹਲਕਾਈਆ । ਲਾਲਚ ਦਿਸੇ ਕੋਈ ਨਾ ਧੰਨ, ਵਿਕਾਰ ਹੰਕਾਰ ਨਾ ਕੋਇ ਪਰਗਟਾਈਆ । ਲੋੜ ਰਹੇ ਨਾ ਸੂਰਜ ਚੰਨ, ਦਿਵਸ ਰੈਣ ਵੇਖ ਵਖਾਈਆ । ਸੁਣਨਾ ਪਏ ਨਾ ਸਰਵਣ ਕੰਨ, ਰਸਨਾ ਜਿਹਵਾ ਨਾ ਕੋਇ ਅਲਾਈਆ । ਜਿਧਰ ਤੱਕਾਂ ਓਧਰ ਸ੍ਰੀ ਭਗਵਨ, ਨਿਰਗੁਣ ਨੂਰ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਰਿਹਾ ਵਖਾਈਆ । ਜਨ ਭਗਤੋ ਸਚਖੰਡ ਦਵਾਰਾ ਕਿੱਡਾ ਸੋਹਣਾ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਐਰ ਗ਼ੈਰ ਓਥੇ ਦਿਸੇ ਨਾ ਕੋਇ ਪਰਾਹੁਣਾ, ਸੰਗੀ ਸਾਥੀ ਸੰਗ ਨਾ ਕੋਇ ਵਖਾਈਆ । ਰਸਨਾ ਜਿਹਵਾ ਸ਼ਾਸਤਰ ਸਿਮਰਤ ਵੇਦ ਪੁਰਾਨ ਪਏ ਕੋਈ ਨਾ ਗਾਉਣਾ, ਚਾਰੇ ਬਾਣੀ ਵੰਡ ਨਾ ਕੋਇ ਵੰਡਾਈਆ । ਬਿਸਤਰ ਸੇਜ ਜਗਤ ਲੇਫ ਤਲਾਈ ਨਾ ਪਏ ਸੌਣਾ, ਖਟੀਆ ਖਾਟ ਨਾ ਕੋਇ ਵਖਾਈਆ । ਜਲ ਪਾਣੀ ਪਏ ਨਾ ਨਹਾਉਣਾ, ਬਸਤਰ ਤਨ ਨਾ ਕੋਇ ਹੰਢਾਈਆ । ਇਸ਼ਟ ਦੇਵ ਪਏ ਨਾ ਕੋਈ ਮਨਾਉਣਾ, ਗ੍ਰੰਥਾਂ ਵਾਲੀ ਨਾ ਕੋਇ ਪੜ੍ਹਾਈਆ । ਠਾਕਰ ਸਵਾਮੀ ਪਏ ਨਾ ਕੋਇ ਮਨਾਉਣਾ, ਨਿਉਂ ਨਿਉਂ ਨਾ ਲਾਗੇ ਪਾਈਆ । ਆਲਸ ਵਿਚੋਂ ਪਏ ਨਾ ਕੋਇ ਉਠਾਉਣਾ, ਨਿੰਦਰਾ ਅੱਖ ਨਾ ਕੋਇ ਸਮਾਈਆ । ਕਲਮੇ ਪੜ੍ਹ ਕੇ ਆਪਣਾ ਆਪ ਨਾ ਪਏ ਪਰਚਾਉਣਾ, ਜਗਤ ਵਿਦਿਆ ਵਿਚ ਸਾਲਾਹੀਆ । ਓਥੇ ਇਕੋ ਪੁਰਖ ਆਕਲ ਦੀਨ ਦਿਆਲ ਦਾ ਦਰਸ਼ਨ ਪਾਉਣਾ, ਜਿਸ ਦਾ ਨੂਰ ਨੂਰ ਜੋਤ ਰੁਸ਼ਨਾਈਆ । ਮਹੱਲ ਅਟੱਲ ਇਕ ਸੁਹਾਉਣਾ, ਬਿਨ ਦੀਆ ਬਾਤੀ ਕਮਲਾਪਾਤੀ ਡਗਮਗਾਈਆ । ਬਿਨ ਅੱਖਾਂ ਦਰਸ਼ਨ ਪਾਉਣਾ, ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਈਆ । ਸਦਾ ਸੁਖ ਦੀ ਨੀਂਦੇ ਸੌਣਾ ਜਿਥੋਂ ਸੁੱਤਿਆਂ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤੋ ਸਚਖੰਡ ਦਵਾਰਾ ਕਿੱਡਾ ਸੋਹਣਾ, ਪ੍ਰਭ ਸੋਹਣੀ ਬਣਤ ਬਣਾਈਆ । ਜਿਥੇ ਤੱਤਾਂ ਵਾਲਾ ਸ਼ਰੀਰ ਪਏ ਨਾ ਕੋਈ ਵਸਾਉਣਾ, ਨਿਰਗੁਣ ਜੋਤ ਜੋਤ ਵਿਚ ਮਿਲਾਈਆ । ਦਰ ਦਰਵਾਜ਼ਾ ਪਏ ਨਾ ਕੋਇ ਖੁਲ੍ਹਾਉਣਾ, ਕੁੰਡੀ ਖਿੜਕੀ ਨਾ ਕੋਇ ਖੜਕਾਈਆ । ਮੰਜ਼ਲ ਪੈਂਡਾ ਪੰਧ ਪਏ ਨਾ ਕੋਇ ਮੁਕਾਉਣਾ, ਬਣਨਾ ਪਏ ਨਾ ਪਾਂਧੀ ਰਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਪਏ ਕਿਸੇ ਪੜ੍ਹਾਉਣਾ, ਅੱਖਰਾਂ ਵਾਲੀ ਨਾ ਕੋਇ ਲਿਖਾਈਆ । ਜਿਧਰ ਤੱਕੋ ਇਕੋ ਇਕ ਨਜ਼ਰੀ ਔਣਾ, ਨਰ ਨਿਰੰਕਾਰ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਪੂਰਬ ਲਹਿਣਾ ਸਰਬ ਚੁਕਾਉਣਾ, ਚੁੱਕ ਚੁੱਕ ਆਪਣੀ ਗੋਦ ਉਠਾਈਆ । ਜੁਗ ਜਨਮ ਦੇ ਵਿਛੜਿਆਂ ਚੁੱਕ ਚੁੱਕ ਆਪਣੇ ਗਲ ਲਾਉਣਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ

१२६६ २०

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਵਖਾਈਆ । ਜਨ ਭਗਤੋ ਸਚਖੰਡ ਦੀ ਖੇਲ ਖ਼ਾਸੀ, ਖ਼ਾਲਸ ਆਪਣਾ ਰੰਗ ਰੰਗਾਈਆ । ਇਕੋ ਵਸੇ ਪੁਰਖ ਅਬਿਨਾਸ਼ੀ, ਦੂਜਾ ਨਜ਼ਰ ਕੋਇ ਨਾ ਆਈਆ । ਖੇਲ ਕਰੇ ਜੋਤੀ ਜਾਤਾ ਸਰਬ ਦੀ ਜਾਤੀ, ਜਗਜੀਵਣ ਦਾਤਾ ਵਡ ਵਡਿਆਈਆ । ਨਾਮ ਸੰਦੇਸ਼ਾ ਦੇ ਕੇ ਧੁਰ ਦੀ ਪਾਤੀ, ਪੱਤਨ ਆਪਣਾ ਦਏ ਵਖਾਈਆ । ਗੁਰਮੁਖ ਲਹਿਣਾ ਮੁਕਦਾ ਰਿਹਾ ਰਾਤੀ, ਰਾਤੀ ਪਰਭਾਤੀ ਆਪਣਾ ਰੰਗ ਰੰਗਾਈਆ । ਅੰਮ੍ਰਿਤ ਦੇ ਕੇ ਬੂੰਦ ਸਵਾਂਤੀ, ਸਾਂਤਕ ਸਤਿ ਸਤਿ ਕਰਾਈਆ । ਜਨ ਭਗਤਾਂ ਜਨਮ ਜਨਮ ਦੀ ਮੇਟੇ ਉਦਾਸੀ, ਚਿੰਤਾ ਚਿਖਾ ਨਾ ਕੋਇ ਜਲਾਈਆ । ਆਵਣ ਜਾਵਣ ਮੇਟ ਕੇ ਵਾਟੀ, ਪੰਧ ਚੁਰਾਸੀ ਦਏ ਮੁਕਾਈਆ । ਮੰਜ਼ਲ ਚਾੜ੍ਹ ਕੇ ਆਪਣੀ ਘਾਟੀ, ਸਚ ਦਵਾਰਾ ਦਏ ਵਖਾਈਆ । ਕਰ ਪਰਕਾਸ਼ ਆਪਣੀ ਬਾਤੀ, ਲੋਇਣ ਲੋਚਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨੂਰ ਜੋਤ ਆਦਿ ਆਦੀ, ਜੁਗ ਜਗਤ ਜੁਗਾਦਿ ਵੇਖ ਵਖਾਈਆ ।

## ★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੩ ਭਾਗ ਸਿੰਘ ਦੇ ਗ੍ਰਿਹ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ★



ਸਚਖੰਡ ਦਵਾਰਾ ਧੁਰ ਦੀ ਬਸਤੀ, ਵਸਾਵਣਹਾਰਾ ਬੇਪਰਵਾਹੀਆ । ਜਿਸ ਵਿਚ ਵਸੇ ਇਕੋ ਪੁਰਖ ਅਕਾਲ ਦੀ ਹਸਤੀ, ਦੂਸਰ ਨਜ਼ਰ ਕੋਇ ਨਾ ਆਈਆ । ਪ੍ਰੇਮ ਪਿਆਰ ਮੁਹੱਬਤ ਸਾਚੇ ਨਾਮ ਦੀ ਬਖ਼ਸ਼ੇ ਮਸਤੀ, ਖ਼ੁਮਾਰੀ ਦੋ ਧਾਰੀ ਨਾ ਰੂਪ ਵਟਾਈਆ । ਓਥੇ ਯਾਦ ਨਾ ਆਵੇ ਰਹਿਣਾ ਉਤੇ ਧਰਤੀ, ਧਰਨੀ ਦੀ ਆਸ ਨਾ ਕੋਇ ਰਖਾਈਆ । ਇਕੋ ਮਿਲ ਕੇ ਪ੍ਰੀਤਮ ਅਰਸ਼ੀ, ਆਸਾ ਮਨਸਾ ਵਿਚ ਖਪਾਈਆ । ਜਨ ਭਗਤਾਂ ਸਦਾ ਬਣਿਆ ਰਹੇ ਦਰਦੀ, ਦੀਨਾਂ ਅਨਾਥਾਂ ਗੋਦ ਉਠਾਈਆ । ਇਹ ਖੇਲ ਅਗੰਮੀ ਓਸ ਹਰਿ ਦੀ, ਜੋ ਹਰ ਹਿਰਦੇ ਅੰਦਰ ਡੇਰਾ ਲਾਈਆ । ਕੋਟਾਂ ਵਿਚੋਂ ਜਨ ਭਗਤ ਆਤਮਾ ਮੰਜ਼ਲ ਇਹ ਚੜ੍ਹਦੀ, ਲੱਖ ਚੁਰਾਸੀ ਅਧਵਾਟੇ ਬੈਠੀ ਲੋਕਾਈਆ । ਜੋ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਢੋਲਾ ਪੜ੍ਹਦੀ, ਅੱਖਰ ਧਾਰ ਨਿਰਅੱਖਰ ਵਿਚ ਦਰਸਾਈਆ । ਇਹ ਖੇਲ ਓਸ ਅਗੰਮੇ ਘਰ ਦੀ, ਜਿਥੇ ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਇਕੋ ਜੋਤ ਪਰਕਾਸ਼ ਰੂਪ ਹੋ ਕੇ ਬਲਦੀ, ਨੂਰ ਨੁਰਾਨਾ ਡਗਮਗਾਈਆ । ਸੋਭਾ ਬਣੇ ਨਿਹਚਲ ਧਾਮ ਅਟੱਲ ਦੀ, ਸਿੰਘਾਸਣ ਆਸਣ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਸੁਹਾਈਆ । ਜਨ ਭਗਤੋ ਸਚਖੰਡ ਦਵਾਰਾ ਸੋਭਾਵੰਤ, ਗਹਿਰ ਗੰਭੀਰ ਆਪ ਬਣਾਇੰਦਾ । ਜਿਸ ਗ੍ਰਿਹ ਵਸੇ ਧੁਰ ਦਾ ਸਵਾਮੀ ਕੰਤ, ਹਰਿ ਕਰਤਾ ਡੇਰਾ ਲਾਇੰਦਾ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਮੰਨਦੇ ਰਹੇ ਭਗਵੰਤ, ਅਬਿਨਾਸ਼ੀ ਕਰਤਾ ਸੋਭਾ ਪਾਇੰਦਾ । ਜਿਸ ਦੀ ਸਿਫ਼ਤ ਸਾਲਾਹ ਗੁਰ ਅਵਤਾਰ ਪੈਗ਼ੰਬਰ ਗਾਉਂਦੇ ਗਏ ਸੰਤ, ਰਾਗਾਂ ਨਾਦਾਂ ਵਿਚ ਕਰ ਸ਼ਨਵਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਦਾ ਬੇਅੰਤ, ਬੇਪਰਵਾਹੀ ਵਿਚ ਸਮਾਈਆ । ਸੋ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਚਾਰੇ ਖਾਣੀ ਚਾਰੇ ਬਾਣੀ ਚਾਰ ਕੁੰਟ ਚਾਰੇ ਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ

੧੨੬੭
੨੦

ਧੁਰ ਦਾ ਘਰ, ਜਿਸ ਗ੍ਰਿਹਿ ਮੰਦਰ ਅੰਦਰ ਨਿਰਗੁਣ ਧਾਰ ਜੋਤ ਰੁਸ਼ਨਾਈਆ । ਜਨ ਭਗਤੋ ਸਚਖੰਡ ਦਵਾਰਾ ਸੋਹਣਾ ਸੋਭਨੀਕ, ਪਵਿੱਤ੍ਰ ਨਜ਼ਰੀ ਆਈਆ । ਜਿਥੇ ਵਸੇ ਇਕ ਜਿਸ ਦੇ ਵਿਚ ਹਕ ਤੌਫ਼ੀਕ, ਤੋਹਫ਼ੇ ਸਭ ਨੂੰ ਰਿਹਾ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਨਿੱਕੀ ਧਾਰ ਬਾਰੀਕ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਸੋ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰੇ ਠੀਕ, ਠਾਕਰ ਹੋ ਕੇ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਬੀਸ ਇਕੀਸੇ ਹਰਿ ਜਗਦੀਸੇ ਜੋ ਕਰਦੇ ਗਏ ਉਡੀਕ, ਬਿਨ ਅੱਖਾਂ ਅੱਖ ਉਠਾਈਆ । ਤਿਨ੍ਹਾਂ ਦੀ ਸਾਹਿਬ ਸਤਿਗੁਰ ਪੁਰਖ ਅਕਾਲਾ ਦੀਨ ਦਿਆਲਾ ਕਰੇ ਤਸਦੀਕ, ਵੇਖਣਹਾਰਾ ਥਾਉਂ ਥਾਈਂਆ । ਗੁਰਮੁਖ ਸਾਚੇ ਸੰਤ ਜਨਾਂ ਆਸਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਢੋਲਾ ਧੁਰ ਦਾ ਸਾਚਾ ਗੀਤ, ਆਤਮ ਪਰਮਾਤਮ ਲੇਖਾ ਰਿਹਾ ਚੁਕਾਈਆ । ਪਾਰਬ੍ਰਹਮ ਬ੍ਰਹਮ ਦੱਸ ਕੇ ਆਪਣੀ ਪ੍ਰੀਤ, ਪ੍ਰੀਤਮ ਹੋ ਕੇ ਪੁਰਖੋਤਮ ਹੋ ਕੇ ਪਰਮ ਪੁਰਖ ਪ੍ਰਭ ਆਪਣਾ ਰੰਗ ਰੰਗਾਈਆ । ਸਚਖੰਡ ਦਵਾਰ ਏਕੰਕਾਰ ਵਖਾ ਕੇ ਇਕ ਅਤੀਤ, ਤ੍ਰੈਗੁਣ ਲੇਖਾ ਦਏ ਚੁਕਾਈਆ । ਗੁਰਮੁਖਾਂ ਆਤਮ ਕਰ ਕੇ ਠਾਂਡਾ ਸੀਤ, ਅਗਨੀ ਤਤ ਦਏ ਬੁਝਾਈਆ । ਝਗੜਾ ਮੁਕਾ ਕੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਮਸੀਤ, ਕਾਇਆ ਕਾਅਬਾ ਇਕ ਦਰਸਾਈਆ । ਜਿਥੇ ਝਗੜਾ ਰਹੇ ਨਾ ਊਚ ਨੀਚ, ਜਾਤ ਪਾਤ ਦੀ ਵੰਡ ਨਾ ਕੋਇ ਵੰਡਾਈਆ । ਇਕੋ ਹੁਕਮ ਇਕੋ ਕਲਮਾ ਇਕੋ ਨਾਮ ਇਕੋ ਹਦੀਸ, ਇਕੋ ਹਜ਼ਰਤ ਹਰਿ ਹਜ਼ੂਰ ਸਾਹਿਬ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਸਚਖੰਡ ਦਵਾਰਾ ਏਕੰਕਾਰਾ ਨਿਰਗੁਣ ਧਾਰਾ ਆਪਣਾ ਆਪ ਲਏ ਪਰਗਟਾਈਆ । ੧੨੬੮ ੨੦ ਸਚਖੰਡ ਦਵਾਰਾ ਸਚ ਸੁਹੰਜਣਾ, ਸਾਹਿਬ ਸਵਾਮੀ ਅੰਤਰਜਾਮੀ ਸੋਭਾ ਪਾਈਆ । ਕਰੇ ਪਰਕਾਸ਼ ਆਦਿ ਨਿਰੰਜਣਾ, ਨਰ ਨਰਾਇਣ ਵੱਡੀ ਵਡਿਆਈਆ । ਵਸੇ ਦਾਤਾ ਦਰਦ ਦੁਖ ਭੈ ਭੰਜਨਾ, ਆਦਿ ਪੁਰਖ ਅਪਰੰਪਰ ਸਵਾਮੀ ਆਪਣਾ ਡੇਰਾ ਲਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਾਜਣ ਸੱਜਣਾ, ਸਨਬੰਧੀ ਇਕੋ ਇਕ ਅਖਵਾਈਆ । ਜਿਸ ਦੇ ਹੁਕਮ ਅੰਦਰ ਚਾਰ ਕੁੰਟ ਦਹਿ ਦਿਸ਼ਾ ਸਭ ਨੇ ਭੱਜਣਾ, ਦਿਵਸ ਰੈਣ ਚਲਣ ਵਾਹੋ ਦਾਹੀਆ । ਸਚ ਦਵਾਰਾ ਦਰ ਦਰਵੇਸ਼ ਹੋ ਕੇ ਸਭ ਨੇ ਮੰਗਣਾ, ਮੰਗਤੇ ਹੋ ਕੇ ਝੋਲੀ ਡਾਹੀਆ । ਮਿਹਰਵਾਨ ਹੋ ਜਿਨ੍ਹਾਂ ਦਾ ਕਾਇਆ ਮਾਟੀ ਚੋਲਾ ਰੰਗਣਾ, ਦੁਰਮਤ ਮੈਲ ਅੰਦਰੋਂ ਬਾਹਰੋਂ ਦਏ ਧਵਾਈਆ । ਸਾਚਾ ਦੇ ਕੇ ਇਕ ਅਨੰਦ ਅਨੰਦਨਾ, ਨਿਜ ਆਤਮ ਰਸ ਚਖਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਸਾਂਝੀ ਦੱਸ ਕੇ ਬੰਦਨਾ, ਬੰਦਗੀ ਇਕੋ ਇਕ ਦਰਸਾਈਆ । ਲੋਕਮਾਤ ਮਾਰ ਝਾਤ ਗੁਰਮੁਖਾਂ ਕੱਟ ਲੱਖ ਚੁਰਾਸੀ ਫੰਦਨਾ, ਫਾਸੀ ਜਮ ਨਾ ਕੋਇ ਲਟਕਾਈਆ । ਧਾਮ ਅਗੰਮੇ ਨਿਰਗੁਣ ਜੋਤ ਆਪੇ ਟੰਗਣਾ, ਮਹੱਲ ਅਟੱਲ ਉਚ ਅਥਾਹ ਆਪ ਵਖਾਈਆ । ਜਿਥੇ ਨਾਦ ਧੁਨ ਸ਼ਬਦ ਬਿਨਾ ਆਵਾਜ਼ ਤੋਂ ਵੱਜੇ ਮਰਦੰਗਨਾ, ਭੇਵ ਅਭੇਦਾ ਇਕ ਖੁਲ੍ਹਾਈਆ । ਤਿਸ ਦਵਾਰੇ ਜਨ ਭਗਤ ਸੁਹੇਲੇ ਗੁਰਮੁਖ ਸਾਚੇ ਸੰਤ ਅੰਤ ਲੰਘਣਾ, ਨਾਤਾ ਤੱਤਾਂ ਵਾਲਾ ਛੁਡਾਈਆ । ਅੱਗੋਂ ਮਿਲੇ ਸਾਹਿਬ ਸੂਰਾ ਸਰਬੰਗਣਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੁਰਖ ਅਕਾਲਾ ਦੀਨ ਦਿਆਲਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸ਼ਬਦੀ ਚਾੜ੍ਹੇ ਰੰਗਣਾ, (ਰੰਗਤ) ਉਤਰ ਕਦੇ ਨਾ ਜਾਈਆ ।

## ★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੩ ਹਜ਼ਾਰਾ ਸਿੰਘ ਦੇ ਗ੍ਰਹਿ ਅੰਮ੍ਰਿਤਸਰ ★

ਜਨ ਭਗਤ ਤੇਰਾ ਸਚਖੰਡ ਦਵਾਰਾ, ਸਚ ਸਾਚਾ ਇਕ ਜਣਾਈਆ । ਜਿਸ ਗ੍ਰਹਿ ਮੰਦਰ ਵਸੇ ਆਪ ਨਿਰੰਕਾਰਾ, ਨਿਰਗੁਣ ਨਿਰਵੈਰ ਸੋਭਾ ਪਾਈਆ । ਦੀਵਾ ਬਾਤੀ ਜਗਾਏ ਅਗੰਮ ਅਪਾਰਾ, ਕਮਲਾਪਾਤੀ ਕਰੇ ਰੁਸ਼ਨਾਈਆ । ਨਾਮ ਸੁਣਾਏ ਅਗੰਮੀ ਧੁਨਕਾਰਾ, ਅਨਾਦੀ ਨਾਦ ਸ਼ਨਵਾਈਆ । ਪੜਦਾ ਲਾਹ ਕੇ ਬਜਰ ਕਿਵਾੜਾ, ਘਰ ਇਕੋ ਇਕ ਵਖਾਈਆ । ਝਗੜਾ ਮੁਕਾ ਕੇ ਪੰਜ ਤਤ ਵਿਕਾਰਾ, ਅਗਨੀ ਤ੍ਰਿਸ਼ਨਾ ਅੱਗ ਬੁਝਾਈਆ । ਹਉਮੇ ਹੰਗਤਾ ਰਹੇ ਨਾ ਕੋਈ ਦੀਵਾਰਾ, ਜੂਠ ਝੂਠ ਦਏ ਚੁਕਾਈਆ । ਦਰਸ ਵਖਾ ਕੇ ਏਕੰਕਾਰਾ, ਅਕਲ ਕਲਧਾਰੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪੜਦਾ ਲਾਹੀਆ । ਸਚਖੰਡ ਜਨ ਭਗਤ ਘਰਾਨਾ, ਗ੍ਰਹਿ ਮੰਦਰ ਵੱਜਦੀ ਰਹੇ ਵਧਾਈਆ । ਤਖ਼ਤ ਨਿਵਾਸੀ ਨਜ਼ਰੀ ਆਏ ਸ੍ਰੀ ਭਗਵਾਨਾ, ਸ਼ਾਹੋ ਭੂਪ ਸੱਚਾ ਸ਼ਹਿਨਸ਼ਾਹੀਆ । ਜਲਵਾ ਨੂਰ ਜੋਤ ਮਹਾਨਾ, ਸ਼ਾਹ ਸੁਲਤਾਨ ਡਗਮਗਾਈਆ । ਤਖ਼ਤ ਨਿਵਾਸੀ ਹੋ ਪਰਧਾਨਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਲੇਖਾ ਜਾਣੇ ਦੋ ਜਹਾਨਾਂ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਜੁਗ ਚੌਕੜੀ ਵੇਖਣਹਾਰਾ ਨੌਜਵਾਨਾ, ਮਰਦ ਮਰਦਾਨਾ ਆਪਣਾ ਖੇਲ ਖਿਲਾਈਆ । ਨਿਤ ਨਵਿਤ ਪਹਿਰੇ ਬਾਣਾ, ਨਿਰਗੁਣ ਸਰਗੁਣ ਆਪਣਾ ਰੰਗ ਰੰਗਾਈਆ । ਨਿਰਅੱਖਰ ਅੱਖਰ ਕਰ ਪਰਧਾਨਾ, ਜਗਤ ਖਾਣੀ ਬਾਣੀ ਰਾਹ ਚਲਾਈਆ । ਸਚ ਨਾਮ ਝੁਲਾ ਨਿਸ਼ਾਨਾ, ਚਾਰ ਕੁੰਟ ਆਪਣਾ ਹੁਕਮ ਵਰਤਾਈਆ । ਸੰਤ ਸੁਹੇਲਾ ਰਹਿਣ ਨਾ ਦੇਵੇ ਕੋਈ ਬੇਗਾਨਾ, ਵੈਰੀ ਮਿੱਤਰ ਆਪਣੇ ਘਰ ਵਸਾਈਆ । ਕਿਰਪਾ ਨਿਧਾਨ ਹੋ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਖੇਲੇ ਖੇਲ ਹਰਿ ਵਾਲੀ ਦੋ ਜਹਾਨਾਂ, ਦੋਏ ਦੋਏ ਆਪਣਾ ਹੁਕਮ ਵਰਤਾਈਆ । ਸਚ ਵਖਾਏ ਇਕ ਮਕਾਨਾ, ਸਾਢੇ ਤਿੰਨ ਹੱਥ ਡੇਰਾ ਲਾਈਆ । ਹਰ ਘਟ ਅੰਤਰ ਹੋ ਕੇ ਜਾਣੀ ਜਾਣਾ, ਜਨ ਭਗਤ ਸੁਹੇਲੇ ਮੇਲ ਮਿਲਾਈਆ । ਪ੍ਰੇਮ ਪ੍ਰੀਤੀ ਅੰਦਰ ਦੇ ਕੇ ਪਦ ਨਿਰਬਾਨਾ, ਸਚ ਠਿਕਾਣਾ ਇਕ ਵਖਾਈਆ । ਜਿਥੇ ਪੁੱਜੇ ਕੋਈ ਨਾ ਰਾਜਾ ਰਾਣਾ, ਸ਼ਾਹ ਸੁਲਤਾਨਾਂ ਹੱਥ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਦਰ, ਧੁਰ ਦਾ ਮੰਦਰ ਇਕ ਸੁਹਾਈਆ । ਜਨ ਭਗਤਾਂ ਸਚਖੰਡ ਦਵਾਰਾ ਏਕ, ਏਕੰਕਾਰਾ ਆਪ ਜਣਾਈਆ । ਜਿਥੇ ਮਿਲੇ ਪ੍ਰਭੂ ਦੀ ਟੇਕ, ਦੂਜਾ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਲਾਏ ਕੋਇ ਨਾ ਸੇਕ, ਅਗਨੀ ਤਤ ਨਾ ਕੋਇ ਜਲਾਈਆ । ਕੂੜਾ ਦਿਸੇ ਕੋਇ ਨਾ ਭੇਖ, ਪਖੰਡੀ ਰੂਪ ਨਾ ਕੋਇ ਵਖਾਈਆ । ਸੁਹੰਜਣਾ ਹੋਵੇ ਇਕ ਦੇਸ, ਸਚ ਸਵਾਮੀ ਡੇਰਾ ਲਾਈਆ । ਰੁੱਤ ਮੌਲੀ ਰਹੇ ਬਿਨਾ ਚੇਤ, ਪੱਤ ਟਹਿਣੀ ਆਪ ਮਹਿਕਾਈਆ । ਤ੍ਰੈਗੁਣ ਮੂਲ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਜਨਮ ਕਰਮ ਦਾ ਰਹੇ ਕੋਈ ਨਾ ਲੇਖ, ਕਰਮ ਕਾਂਡ ਦਾ ਡੇਰਾ ਢਾਹੀਆ । ਇਕੋ ਸੁਣੇ ਸਚ ਸੰਦੇਸ਼, ਢੋਲਾ ਧੁਰਦਰਗਾਹੀਆ । ਨਰ ਨਰਾਇਣ ਲਏ ਪੇਖ, ਲੋਚਣ ਲੋਚਣ ਅੱਖ ਖੁਲ੍ਹਾਈਆ । ਜੋ ਸਦਾ ਰਹੇ ਹਮੇਸ਼, ਰਵਿਆ ਹਰ ਘਟ ਥਾਈਂਆ । ਸੋ ਵੇਖਣਹਾਰਾ ਪੂਰਬ ਪਿਛਲਾ ਪਰਦੇਸ, ਪਰਦੇਸੀਆਂ ਦੇਸ ਇਕ ਸਮਝਾਈਆ । ਜਿਸ ਨੂੰ ਲੱਭਦੇ ਗਏ ਕੇਤੀ ਕੇਤ, ਕੋਟਨ ਕੋਟ ਫੇਰੀਆਂ ਗਏ ਪਾਈਆ । ਨਜ਼ਰ ਨਾ ਆਵੇ ਨੇਤਨ ਨੇਤ, ਨਿਜ ਨੈਣ ਨਾ ਕੋਇ ਖੁਲ੍ਹਾਈਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਬਖ਼ਸ਼ੇ ਇਕੋ ਟੇਕ, ਟਿੱਕਾ ਮਸਤਕ ਧੂੜੀ ਨਾਮ ਲਗਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਈਆ । ਸਚਖੰਡ ਦਵਾਰਾ ਸਭ ਤੋਂ ਨਿਰਾਲਾ, ਨਿਰਾਕਾਰ ਆਪ ਵਖਾਈਆ । ਜਿਸ ਗ੍ਰਿਹਿ ਵਸੇ ਦੀਨ ਦਿਆਲਾ, ਦਇਆਨਿਧ ਵੱਡੀ ਵਡਿਆਈਆ । ਸੋਭਾਵੰਤ ਕਰੇ ਸੱਚੀ ਧਰਮਸਾਲਾ, ਧਰਮ ਦਵਾਰਾ ਇਕੋ ਇਕ ਜਣਾਈਆ । ਜਿਸ ਗ੍ਰਿਹਿ ਦੀਪਕ ਅਗੰਮੀ ਇਕੋ ਬਾਲਾ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਘਰ ਮੰਦਰ ਇਕ ਪਰਗਟਾਈਆ । ਸਚਖੰਡ ਦਵਾਰਾ ਜਗ ਨੇਤਰ ਨਜ਼ਰ ਨਾ ਆਏ ਅੱਖ, ਲੋਚਨ ਮਿਲੇ ਨਾ ਕੋਇ ਵਡਿਆਈਆ । ਜਿਨ੍ਹਾਂ ਉਤੇ ਕਿਰਪਾ ਕਰੇ ਪੁਰਖ ਸਮਰਥ, ਮਿਹਰ ਨਿਗਾਹ ਨੈਣ ਉਠਾਈਆ । ਉਨ੍ਹਾਂ ਅੰਤਰ ਆਤਮ ਦੇ ਕੇ ਨਾਮ ਵਥ, ਵਸਤ ਅਮੋਲਕ ਝੋਲੀ ਪਾਈਆ । ਸਾਂਝਾ ਦੱਸ ਕੇ ਜਸ, ਸੋਭਤ ਇਕੋ ਇਕ ਦਰਸਾਈਆ । ਅੰਮ੍ਰਿਤ ਝਿਰਨਾ ਦੇ ਕੇ ਨਿਝਰ ਰਸ, ਰਸਤਾ ਆਪਣਾ ਦਏ ਪਰਗਟਾਈਆ । ਗੁਰਮੁਖ ਸੰਤ ਸੁਹੇਲਾ ਜਾਏ ਨਠ ਨਠ, ਜਗਤ ਵਿਕਾਰ ਨਾ ਕੋਇ ਅਟਕਾਈਆ । ਝਗੜਾ ਮੁਕਾਵੇ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੀਰ ਨਾ ਕੋਇ ਵਹਾਈਆ । ਦੂਈ ਦਵੈਤੀ ਮੇਟ ਕੇ ਫੱਟ, ਮਮਤਾ ਮੋਹ ਵਿਕਾਰ ਮਿਟਾਈਆ । ਲੇਖੇ ਲਾ ਕੇ ਹੱਡ ਮਾਸ ਨਾੜੀ ਰਤ, ਰਤਨ ਅਮੋਲਕ ਹੀਰਾ ਲਏ ਬਣਾਈਆ । ਆਪੇ ਜਾਨਣਹਾਰਾ ਸਭ ਦੀ ਮਿਤ ਗਤ, ਪਾਰਬ੍ਰਹਮ ਪਤਿਪਰਮੇਸ਼ਵਰ ਬਖ਼ਸ਼ੇ ਇਕ ਸਰਨਾਈਆ । ਜਿਸ ਦਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਸਚ, ਸਚ ਸਤਿ ਵਿਚ ਸਮਾਈਆ । ਸੋ ਲੂੰ ਲੂੰ ਅੰਦਰ ਜਾਏ ਰਚ, ਰਸ ਆਪਣਾ ਦਏ ਚਖਾਈਆ । ਦਇਆਵਾਨ ਦਇਆ ਕਰੇ ਪੁਰਖ ਸਮਰਥ, ਮਿਹਰਵਾਨ ਮਿਹਰਵਾਨ ਮਿਹਰ ਨਿਗਾਹ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਚ ਦਵਾਰੇ ਅੰਤਮ ਕਰੇ ਇਕ ਇਕਠ, ਜਿਥੇ ਨਾ ਕੋਈ ਸ਼ਿਵਦਵਾਲਾ ਮੰਦਰ ਮਸਜਿਦ ਮੱਠ, ਗੁਰਦਵਾਰਾ ਨਜ਼ਰ ਕੋਇ ਨਾ ਆਈਆ ।

### ★ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੩ ਦਲੀਪ ਸਿੰਘ ਦੇ ਗ੍ਰਿਹਿ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ ★

ਸਚਖੰਡ ਕਹੇ ਮੈਂ ਤੱਕਾਂ ਰਾਹ, ਜੁਗ ਚੌਕੜੀ ਧਿਆਨ ਲਗਾਈਆ । ਕਵਣ ਵੇਲਾ ਪੁਰਖ ਅਕਾਲ ਦੀਨ ਦਿਆਲ ਬਣੇ ਗਵਾਹ, ਖੇਵਟ ਖੇਟਾ ਆਪਣਾ ਰੂਪ ਬਦਲਾਈਆ । ਜਨ ਭਗਤਾਂ ਸਾਚੇ ਸੰਤਾਂ ਦੇਵੇ ਸਤਿ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਵਾਹਦ ਕਲਮਾ ਦਏ ਪੜ੍ਹਾ, ਨਾਮ ਇਕੋ ਇਕ ਉਪਜਾਈਆ । ਨੂਰੀ ਦੱਸ ਕੇ ਹਕ ਖ਼ੁਦਾ, ਖ਼ੁਦੀ ਤਕੱਬਰੀ ਮੇਟ ਮਿਟਾਈਆ । ਸਾਚਾ ਨਾਅਰਾ ਦਏ ਲਗਾ, ਢੋਲਾ ਧੁਰਦਗਾਹੀਆ । ਆਤਮ ਪਰਮਾਤਮ ਮੇਲਾ ਲਏ ਮਿਲਾ, ਜਗਤ ਵਿਛੋੜਾ ਦੂਰ ਕਰਾਈਆ । ਮਾਰਗ ਸਾਚਾ ਦਏ ਵਖਾ, ਅੱਗੇ ਹੋ ਨਾ ਕੋਇ ਅਟਕਾਈਆ । ਸਿਰੇ ਦਵਾਰੇ ਦਏ ਪੁਚਾ, ਜੋਤੀ ਸ਼ਬਦੀ ਧਾਰ ਸਮਾਈਆ । ਮੈਨੂੰ ਚਾਉ ਘਨੇਰਾ ਚੜ੍ਹੇ ਅਗੰਮਾ ਚਾ, ਖ਼ੁਸ਼ੀਆਂ ਵਿਚ ਰਾਗ ਅਲਾਈਆ । ਜਿਸ ਵੇਲੇ ਭਗਤ ਸੁਹੇਲਾ ਮਿਲੇ ਆ, ਦਰ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਸਚਖੰਡ ਕਹੇ ਮੈਂ ਰੱਖਾਂ ਉਡੀਕ, ਆਦਿ ਜੁਗਾਦਿ ਧਿਆਨ ਲਗਾਈਆ । ਕਵਣ ਵੇਲਾ ਕਿਰਪਾ ਕਰੇ ਹਰਿ ਜਗਦੀਸ਼,

੧੨੭੧
੨੦

ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਨ ਭਗਤਾਂ ਦੱਸ ਕੇ ਅਗੰਮੀ ਰੀਤ, ਪਤਤ ਪੁਨੀਤ ਦਏ ਬਣਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾ ਕੇ ਗੀਤ, ਗਹਿਰ ਗੰਭੀਰ ਬੇਨਜ਼ੀਰ ਪੜਦਾ ਦਏ ਉਠਾਈਆ । ਸਚ ਸਵਾਮੀ ਅੰਤਰਜਾਮੀ ਹੋ ਕੇ ਵਸੇ ਚੀਤ, ਚੇਤਨ ਸੁਰਤੀ ਆਪ ਕਰਾਈਆ । ਲੇਖਾ ਮੁਕਾ ਕੇ ਹਸਤ ਕੀਟ, ਕੂੜੀ ਕਿਰਿਆ ਡੇਰਾ ਢਾਹੀਆ । ਕਾਇਆ ਚੋਲੀ ਰੰਗ ਚੜ੍ਹਾ ਕੇ ਇਕ ਮਜੀਠ, ਦੁਰਮਤ ਮੈਲ ਅੰਦਰ ਬਾਹਰ ਧਵਾਈਆ । ਸਾਚੀ ਵਸਤ ਅਮੋਲਕ ਕਰ ਬਖ਼ਸ਼ੀਸ਼, ਰਹਿਮਤ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਸੁਹਾਈਆ । ਸਾਚਾ ਘਰ ਸਚਖੰਡ ਰੰਗ ਰਾਤਾ, ਹਰਿ ਕਰਤਾ ਆਪ ਉਪਜਾਈਆ । ਜਿਥੇ ਵਸੇ ਪੁਰਖ ਬਿਧਾਤਾ, ਪਾਰਬ੍ਰਹਮ ਪ੍ਰਭ ਸੋਭਾ ਪਾਈਆ । ਨਾ ਕੋਈ ਦਿਵਸ ਨਾ ਕੋਈ ਰਾਤਾ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਢੋਲਾ ਨਾ ਕੋਈ ਗਾਥਾ, ਨਾ ਕੋਈ ਰਸਨਾ ਜਿਹਵਾ ਕਰੇ ਪੜ੍ਹਾਈਆ । ਨਾ ਕੋਈ ਨਿਰਗੁਣ ਸਰਗੁਣ ਦਿਸੇ ਨਾਤਾ, ਏਕਾ ਨੂਰ ਜੋਤ ਰੁਸ਼ਨਾਈਆ । ਨਾ ਕੋਈ ਸੇਜਾ ਬਿਸਤਰ ਖਾਟਾ, ਦਰ ਦਵਾਰ ਨਾ ਕੋਇ ਪਰਗਟਾਈਆ । ਨਾ ਕੋਈ ਮੰਜ਼ਲ ਦਿਸੇ ਵਾਟਾ, ਪਾਂਧੀ ਪੰਧ ਨਾ ਕੋਇ ਭਵਾਈਆ । ਨਾ ਕੋਈ ਸੇਵਕ ਨਾ ਕੋਈ ਦਾਸੀ ਨਾ ਕੋਈ ਦਾਸਾ, ਗੁਰ ਚੇਲਾ ਨਜ਼ਰ ਕੋਇ ਨਾ ਆਈਆ । ਨਾ ਕੋਈ ਤੀਰਥ ਨਾ ਕੋਈ ਤਾਟਾ, ਜਲ ਧਾਰਾ ਵਹਿਣ ਨਾ ਕੋਇ ਵਹਾਈਆ । ਨਾ ਕੋਈ ਬਸਤਰ ਦਿਸੇ ਓਢਨ ਪਾਟਾ, ਚੀਥੜ ਰੰਗ ਨਾ ਕੋਇ ਵਖਾਈਆ । ਇਕੋ ਨੂਰ ਅਗੰਮੀ ਜੋਤੀ ਜੋਤ ਜੋਤ ਪਰਕਾਸ਼ਾ, ਬਿਨ ਤੇਲ ਬਾਤੀ ਡਗਮਗਾਈਆ । ਜੁਗ ਚੌਕੜੀ ਖ਼ੇਲੇ ਖੇਲ ਤਮਾਸ਼ਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਭੇਵ ਚੁਕਾਈਆ । ਜਨ ਭਗਤਾਂ ਸਦਾ ਉਡੀਕੇ ਰੱਖੇ ਆਸਾ, ਆਸਾਵੰਦ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਦਵਾਰਾ ਇਕ ਸੁਹਾਈਆ । ਸਚਖੰਡ ਕਹੇ ਮੈਂ ਤੱਕਾਂ ਬਿਨਾ ਅੱਖ, ਪ੍ਰਭ ਆਸਾ ਦਿਤੀ ਵਧਾਈਆ । ਜਨ ਭਗਤ ਸੁਹੇਲੇ ਹੋਣ ਪਰਤੱਖ, ਪਾਰਬ੍ਰਹਮ ਦਏ ਵਡਿਆਈਆ । ਇਕ ਜੈਕਾਰਾ ਬੋਲਣ ਅਲੱਖ, ਦੂਜਾ ਨਾਉਂ ਨਾ ਕੋਇ ਧਿਆਈਆ । ਰਾਹ ਤੱਕਣ ਧੁਰ ਦਾ ਸਚ, ਸਚ ਮਿਲੇ ਵਡਿਆਈਆ । ਭਾਗ ਲਗਾਵਣ ਕਾਇਆ ਮਾਟੀ ਕੱਚ, ਕੰਚਨ ਗੜ੍ਹ ਮਿਲੇ ਵਡਿਆਈਆ । ਸਭ ਦੀ ਸਾਂਝੀ ਪਰਮਾਤਮ ਆਤਮ ਵਾਲੀ ਹੋਵੇ ਮਤ, ਮਤਾ ਅਵਰ ਨਾ ਕੋਇ ਪਕਾਈਆ । ਜਗਤ ਤ੍ਰਿਸ਼ਨਾ ਮੂਲ ਨਾ ਉਬਲੇ ਰਤ, ਅਗਨੀ ਅੱਗ ਨਾ ਕੋਇ ਜਲਾਈਆ । ਅੰਮ੍ਰਿਤ ਝਿਰਨਾ ਨਿਝਰ ਰਸ ਲੈਣ ਚਖ, ਬੂੰਦ ਸਵਾਂਤੀ ਇਕ ਟਪਕਾਈਆ । ਘਰ ਸਵਾਮੀ ਵੱਜੇ ਵਧਾਈ ਤਤ ਸ਼ਰੀਰ ਨਾਤਾ ਜਾਵਣ ਛੱਡ, ਮਾਟੀ ਖ਼ਾਕ ਖ਼ਾਕ ਵਿਚ ਮਿਲਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਪਾਰ ਕਰ ਕੇ ਹੱਦ, ਦਰ ਘਰ ਸਾਚਾ ਵੇਖ ਵਖਾਈਆ । ਜਿਥੇ ਭਗਤ ਭਗਵਾਨ ਹੋਵਣ ਨਾ ਕਦੇ ਅਲਗ, ਵੱਖਰਾ ਘਰ ਨਾ ਕੋਇ ਬਣਾਈਆ । ਸਚ ਸਰਨਾਈ ਜਾਵਣ ਢੱਠ, ਨਿਉਂ ਨਿਉਂ ਲਾਗਣ ਪਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਮਾਲਕ ਖ਼ਾਲਕ ਪ੍ਰਿਤਪਾਲਕ ਦਇਆ ਕਮਾਈਆ । ਸਚਖੰਡ ਕਹੇ ਮੈਂ ਵੇਖਾਂ ਭਗਤ ਸੁਹੇਲੇ, ਹਰਿ ਕਰਤੇ ਦਿਤੀ ਵਡਿਆਈਆ । ਜੁਗ ਚੌਕੜੀ ਕਰਾਂ ਮੇਲੇ, ਨਿਤ ਨਵਿਤ ਧਿਆਨ ਰਖਾਈਆ । ਕਲਜੁਗ ਅੰਤ ਅਚਰਜ ਖੇਲ ਪ੍ਰਭੂ ਕਲ ਖੇਲੇ, ਕਲਕਾਤੀ ਵੇਖ ਵਖਾਈਆ । ਹਰਿਜਨ ਵਸਾਏ ਧਾਮ ਨਵੇਲੇ, ਗ੍ਰਿਹਿ ਮੰਦਰ ਇਕ ਉਪਜਾਈਆ । ਜਿਥੇ ਹੋਵੇ ਪਰਕਾਸ਼ ਬਿਨ ਬਾਤੀ ਤੇਲੇ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਗ੍ਰਿਹ ਮੰਦਰ ਇਕ ਵਡਿਆਈਆ । ਸਚਖੰਡ ਕਹੇ ਮੇਰਾ ਅੰਤ ਅਖ਼ੀਰੀ ਇਕ ਸੰਦੇਸ਼ਾ, ਜੁਗ ਚੌਕੜੀ ਵਿਛੜਿਆਂ ਦਿਆਂ ਜਣਾਈਆ । ਕੂੜ ਕਲਪਣਾ ਪ੍ਰਭ ਦੀ ਕਰਿਓ ਭੇਟਾ, ਮਨ ਮਨਸਾ ਮੋਹ ਮਿਟਾਈਆ । ਸਭ ਦਾ ਲਹਿਣਾ ਮੁਕੇ ਲੇਖਾ, ਚੁਰਾਸੀ ਗੇੜਾ ਰਹੇ ਨਾ ਰਾਈਆ । ਜੋ ਸਾਹਿਬ ਸਤਿਗੁਰ ਦਾ ਨਿਰਗੁਣ ਧਾਰ ਹੋ ਕੇ ਬਣੇ ਬੇਟਾ, ਪਿਤਾ ਪੂਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦਵਾਰ ਏਕੰਕਾਰ ਸਦਾ ਰੱਖੇ ਹਮੇਸ਼ਾ, ਜੁਗ ਚੌਕੜੀ ਰੂਪ ਨਾ ਕੋਇ ਬਦਲਾਈਆ ।

### ★ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੩ ਲਾਭ ਸਿੰਘ ਦੇ ਗ੍ਰਿਹ ਚੱਕ ਫ਼ਤਹਿ ਸਿੰਘ ਵਾਲਾ ★

ਸਤਿ ਧਰਮ ਕਹੇ ਮੈਨੂੰ ਪ੍ਰਭ ਦੀ ਏਕਾ ਓਟ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਪਰਕਾਸ਼ ਨਿਰਮਲ ਜੋਤ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਰੇ ਰੁਸ਼ਨਾਈਆ । ਦੁਰਮਤ ਮੈਲ ਕੱਢੇ ਅੰਤਰ ਖੋਟ, ਨਿਰੰਤਰ ਆਪਣਾ ਭੇਵ ਖੁਲ੍ਹਾਈਆ । ਮਨ ਬੁੱਧੀ ਤੋਂ ਪਰੇ ਦੱਸੇ ਸੋਚ, ਚੰਚਲ ਚਿਤ ਨਾ ਕੋਇ ਵਡਿਆਈਆ । ਸੁਰਤੀ ਸ਼ਬਦ ਸਮਝਾਵੇ ਖੋਜ, ਪੜਦਾ ਓਹਲਾ ਆਪ ਉਠਾਈਆ । ਸਚ ਦਵਾਰੇ ਬਖ਼ਸ਼ ਕੇ ਮੌਜ, ਰਸ ਅਗੰਮਾ ਮੁਖ ਚੁਆਈਆ । ਝਗੜਾ ਮੁਕਾ ਕੇ ਲੋਕ ਪਰਲੋਕ, ਸਚ ਸਲੋਕ ਇਕ ਸੁਣਾਈਆ । ਲੇਖਾ ਰਹੇ ਨਾ ਹਰਖ਼ ਸੋਗ, ਚਿੰਤਾ ਗ਼ਮ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿ ਧਰਮ ਕਹੇ ਮੇਰੀ ਇਕੋ ਆਸ, ਹਰਿ ਕਰਤਾ ਦਏ ਵਡਿਆਈਆ । ਜੁਗ ਜਨਮ ਦੀ ਪੂਰੀ ਹੋਵੇ ਆਸ, ਤ੍ਰਿਸ਼ਨਾ ਮਮਤਾ ਮੋਹ ਮਿਟਾਈਆ । ਜਨ ਭਗਤਾਂ ਲੇਖੇ ਲਾਵੇ ਪਵਣ ਸਵਾਸ, ਸਾਹ ਸਾਹ ਆਪਣਾ ਨਾਮ ਜਪਾਈਆ । ਆਤਮ ਪਰਮਾਤਮ ਮਿਲ ਕੇ ਪਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਨਿਜ ਘਰ ਮੰਦਰ ਅੰਦਰ ਸਵਾਮੀ ਹੋ ਕੇ ਰੱਖੇ ਵਾਸ, ਵਸਲ ਅਸਲ ਆਪਣਾ ਇਕ ਸਮਝਾਈਆ । ਨਿਜ ਨੇਤਰ ਕਰ ਪਰਕਾਸ਼, ਲੋਇਣ ਆਪਣਾ ਦਏ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਅਗੰਮ ਅਥਾਹ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਰੰਗ ਆਪ ਰੰਗਾਈਆ । ਸਤਿ ਧਰਮ ਕਹੇ ਮੇਰੀ ਇਕੋ ਆਸਾ ਮਨਸਾ, ਦੂਜੀ ਓਟ ਨਾ ਤਕਾਈਆ । ਹਰਿਜਨ ਵੇਖਾਂ ਸਾਚੇ ਸੰਤਾ, ਗੁਰਮੁਖ ਗੁਰ ਗੁਰ ਸੇਵ ਕਮਾਈਆ । ਚਾਰ ਵਰਨ ਅਠਾਰਾਂ ਬਰਨ ਬਣੇ ਇਕੋ ਬੰਸਾ, ਦਵੈਤੀ ਨਜ਼ਰ ਕੋਇ ਨਾ ਆਈਆ । ਮਨ ਹੰਕਾਰੀ ਰਹੇ ਨਾ ਕੰਸਾ, ਦੁਸ਼ਟ ਦੁਰਾਚਾਰੀ ਦਏ ਖਪਾਈਆ । ਮਿਲੇ ਵਡਿਆਈ ਸਾਚੇ ਸੰਤਾ, ਸਤਿ ਸਤਿਵਾਦੀ ਵੇਖ ਵਖਾਈਆ । ਮੇਲ ਮਿਲਾਏ ਧੁਰ ਦਾ ਕੰਤਾ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਗਾਹ ਸਾਚੀ ਭੇਵ ਚੁਕਾਈਆ । ਸਤਿ ਧਰਮ ਮੈਂ ਨਿਉਂ ਨਿਉਂ ਰਿਹਾ ਝੁਕ, ਹਰਿ ਸਰਨ ਮਿਲੇ ਸਰਨਾਈਆ । ਕਲਜੁਗ ਕੂੜੀ ਕਿਰਿਆ ਪੈਂਡਾ ਜਾਏ ਮੁਕ, ਦੂਰ ਦੁਰਾਡਾ ਪੰਧ ਮੁਕਾਈਆ । ਸਤਿਜੁਗ ਸਾਚਾ ਪੁਰਖ ਅਕਾਲ ਦਾ ਉਠੇ ਇਕੋ ਸੁਤ, ਨੌਜਵਾਨ ਮਰਦ ਮਰਦਾਨ ਆਪਣੀ ਲਏ ਅੰਗੜਾਈਆ । ਧਰਨੀ

੧੨੭੨
੨੦

ਧਰਤ ਧਵਲ ਧੌਲ ਦੀ ਸੁਹੰਜਣੀ ਕਰੇ ਕੁੱਖ, ਜਗਤ ਜਨ ਜਣੇਦੀ ਵੇਖੇ ਮਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦਰਦੀਆਂ ਵੰਡੇ ਦੁੱਖ, ਦਲਿੱਦਰੀਆਂ ਦਲਿੱਦ੍ਰ ਦੂਰ ਕਰਾਈਆ । ਜਨ ਭਗਤਾਂ ਦੀ ਧਾਰੋਂ ਪਏ ਉਠ, ਕਾਇਆ ਮੰਦਰ ਅੰਦਰ ਲਏ ਅੰਗੜਾਈਆ । ਕਾਮ ਕਰੋਧ ਲੋਭ ਮੋਹ ਵਿਕਾਰ ਹੰਕਾਰਾ ਕੱਢੇ ਕੁੱਟ, ਧਰਮ ਦੀ ਕੁਟੀਆ ਕਰੇ ਸਫ਼ਾਈਆ । ਵਸਤ ਅਮੋਲਕ ਕਾਇਆ ਗੋਲਕ ਦੇਵੇ ਹਭ ਕੁਛ, ਕੁਸ਼ਲਤਾ ਵਿਚ ਵੇਖੇ ਥਾਉਂ ਥਾਈਂਆ । ਲੇਖੇ ਲਾਵੇ ਜਨ ਭਗਤ ਮਾਨਸ ਮਨੁੱਖ, ਮਾਨਵ ਆਪਣਾ ਰੂਪ ਦਰਸਾਈਆ । ਸਚ ਦਵਾਰ ਏਕੰਕਾਰ ਘਰ ਸਵਾਮੀ ਜਾਏ ਪੁੱਜ, ਅੰਤਰਜਾਮੀ ਸੋਭਾ ਪਾਈਆ । ਭਾਉ ਦੁਤੀਆ ਰਹੇ ਨਾ ਦੁਜ, ਏਕਾ ਅੰਕਰ ਏਕਾ ਗ੍ਰਿਹਿ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹਿ ਮੰਦਰ ਇਕ ਉਪਜਾਈਆ । ਸਤਿ ਧਰਮ ਕਹੇ ਮੈਂ ਨਿਤ ਨਿਤ ਰਿਹਾ ਉਡੀਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਵਣ ਵੇਲਾ ਪ੍ਰਭ ਬਦਲੇ ਰੀਤ, ਸਤਿਜੁਗ ਸਾਚਾ ਰਾਹ ਚਲਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਤਸਦੀਕ, ਸ਼ਹਾਦਤ ਇਕੋ ਵਾਰ ਭੁਗਤਾਈਆ । ਝਗੜਾ ਰਹੇ ਨਾ ਊਚ ਨੀਚ, ਜਾਤ ਪਾਤ ਨਾ ਕੋਇ ਲੜਾਈਆ । ਪੁਰਖ ਅਕਾਲਾ ਬਣੇ ਮੀਤ, ਮਿੱਤਰ ਪਿਆਰਾ ਸੋਭਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਗਾਵੇ ਗੀਤ, ਢੋਲਾ ਧੁਰ ਦਾ ਰਾਗ ਇਲਾਹੀਆ । ਝਗੜਾ ਮੁੱਕ ਜਾਏ ਸ਼ਿਵਦਵਾਲਾ ਮੱਠ ਮੰਦਰ ਮਸੀਤ, ਕਾਇਆ ਕਾਅਬਾ ਹੋਏ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਝਗੜਾ ਰਹੇ ਨਾ ਹਸਤ ਕੀਟ, ਕੀਟਾਂ ਆਪਣੇ ਘਰ ਵਸਾਈਆ । ਚਰਨ ਕਵਲ ਸਚ ਸਰਨਾਈ ਬਖ਼ਸ਼ੇ ਇਕ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ ।



ਰਹਿਮਤ ਵਿਚ ਨਾਮ ਕਰੇ ਬਖ਼ਸ਼ੀਸ਼, ਬਖ਼ਸ਼ਣਹਾਰ ਨੂਰ ਇਲਾਹੀਆ । ਸਾਚਾ ਕਲਮਾ ਇਕ ਹਦੀਸ, ਹਰਿ ਹਜ਼ਰਤ ਦਏ ਪੜ੍ਹਾਈਆ । ਸੰਤ ਸੁਹੇਲੇ ਬਣਾ ਆਪਣੇ ਅਜ਼ੀਜ਼, ਪ੍ਰੇਮ ਪਿਆਰ ਮੁਹੱਬਤ ਵਿਚ ਰਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਤਮੀਜ਼, ਤਮਾ ਤਮੰਨਾ ਕੂੜੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਦਰ ਦਰਵਾਜ਼ਾ ਇਕ ਦਰਸਾਈਆ । ਸਤਿ ਧਰਮ ਕਹੇ ਮੈਂ ਤੱਕਾਂ ਧੁਰ ਦਾ ਰਾਹ, ਬਿਨ ਅੱਖਾਂ ਅੱਖ ਖੁਲ੍ਹਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਮਿਲੇ ਮਲਾਹ, ਬੇੜਾ ਆਪਣੇ ਕੰਧ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਦੇਣ ਸਲਾਹ, ਮਸ਼ਵਰਾ ਇਕੋ ਇਕ ਦ੍ਰਿੜਾਈਆ । ਪੁਰਖ ਅਕਾਲ ਦੀ ਸਾਰੇ ਲਓ ਪਨਾਹ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋ ਬਖ਼ਸ਼ਣਹਾਰਾ ਲੱਖ ਚੁਰਾਸੀ ਗੁਨਾਹ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਸਭ ਦਾ ਇਕੋ ਰਾਮ ਅੱਲਾ ਵਾਹਿਗੁਰੂ ਨੂਰੀ ਜਲਵਾਗਰ ਖ਼ੁਦਾ, ਖ਼ੁਦੀ ਕੂੜੀ ਦਏ ਮਿਟਾਈਆ । ਭਗਤ ਉਧਾਰਨਾ ਪੈਜ ਸਵਾਰਨਾ ਜਿਸ ਦੀ ਅਦਾ, ਅਦਾਲਤ ਇਕੋ ਇਕ ਵਖਾਈਆ । ਜਿਥੇ ਦੇਵੇ ਨਾ ਕੋਈ ਸਜ਼ਾ, ਬੰਦੀਖ਼ਾਨੇ ਨਾ ਕੋਇ ਟਿਕਾਈਆ । ਮਿਹਰ ਵਿਚ ਮੁਹੱਬਤ ਵਿਚ ਮਿਹਰਵਾਨ ਮਹਿਬੂਬ ਦਰਸ ਦਏ ਵਖਾ, ਬਿਨ ਲੋਇਣ ਲੋਇਣ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰ ਘਰ ਠਾਂਡੇ ਸੋਭਾ ਪਾਈਆ । ਸਤਿ ਧਰਮ ਕਹੇ ਪ੍ਰਭੂ ਆਸਾ ਮਨਸਾ ਕਰ ਪੂਰ, ਦਰ ਠਾਂਡੇ ਸੀਸ ਨਿਵਾਈਆ । ਜਨਮ ਜਨਮ ਦਾ ਮੇਟ ਕਸੂਰ, ਕਸਮ ਖਾ ਕੇ ਦਿਆਂ ਦੁਹਾਈਆ । ਦਰ ਤੇਰੇ ਚਾਕਰ ਬਣਾਂ ਮਜ਼ਦੂਰ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਸਾਹਿਬ ਸਵਾਮੀ ਹਾਜ਼ਰ ਹਜ਼ੂਰ, ਹਰਿ ਵੱਡਾ ਇਕ ਅਖਵਾਈਆ । ਪੰਧ

ਮੁਕਾ ਦੇ ਨੇੜਾ ਦੂਰ, ਘਰ ਘਰ ਵਿਚ ਕਰ ਰੁਸ਼ਨਾਈਆ । ਕਾਇਆ ਮੰਦਰ ਜਲਵਾ ਵਖਾ ਦੇ ਕੋਹਤੂਰ, ਨੂਰੇ ਚਸ਼ਮ ਚਸ਼ਮ ਦੀਦ ਚਮਕਾਈਆ । ਦਰਸ ਦਖਾ ਆ ਜ਼ਰੂਰ, ਜਾਹਰ ਜਹੂਰ ਫੇਰਾ ਪਾਈਆ । ਸਦੀ ਚੌਧਵੀਂ ਸਾਰੇ ਕੀਤੇ ਮਜਬੂਰ, ਪਲੂ ਸਕੇ ਨਾ ਕੋਇ ਛੁਡਾਈਆ । ਗੜ੍ਹ ਤੁੱਟੇ ਨਾ ਕੋਇ ਗ਼ਰੂਰ, ਗ਼ੁਰਬਤ ਵਿਚ ਵੇਖੀ ਲੋਕਾਈਆ । ਤੂੰ ਸਰਬ ਕਲਾ ਭਰਪੂਰ, ਦੀਨ ਦਿਆਲ ਤੇਰੀ ਸਰਨਾਈਆ । ਨਾਤਾ ਤੋੜ ਕੇ ਕੂੜੇ ਕੂੜ, ਜੂਠ ਝੂਠ ਪੰਧ ਮੁਕਾਈਆ । ਜਨ ਭਗਤਾਂ ਬਖ਼ਸ਼ ਆਪਣੀ ਧੂੜ, ਧੂੜੀ ਟਿੱਕੇ ਮਸਤਕ ਲੈਣ ਛੁਹਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਨਾਮ ਨਿਧਾਨਾ ਝੋਲੀ ਪਾਈਆ । ਤੂੰ ਦਾਤਾ ਜੋਧਾ ਬੀਰ ਸੂਰ, ਸੂਰਬੀਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਭਗਤ ਉਧਾਰਨਾ ਤੇਰਾ ਦਸਤੂਰ, ਸਾਚੇ ਸੰਤਾਂ ਗੁਰਮੁਖਾਂ ਗੁਰਸਿੱਖਾਂ ਸਦ ਆਪਣੇ ਵਿਚ ਸਮਾਈਆ ।

### ★ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੩ ਜਾਗੀਰ ਸਿੰਘ ਦੇ ਗ੍ਰਹਿ ਰੱਤੇ ਵਾਲ ★

ਫਲਗੁਣ ਕਹੇ ਮੇਰੀ ਥਿਤ ਆਈ ਇੱਕੀ, ਏਕੰਕਾਰ ਨਿਰੰਕਾਰ ਦਿਆਂ ਦ੍ਰਿੜਾਈਆ । ਸ਼ਬਦ ਅਗੰਮੀ ਵੇਖ ਬਿਨ ਅੱਖਰਾਂ ਗੋਬਿੰਦ ਵਾਲੀ ਚਿੱਠੀ, ਪਾਤਰ ਪੜਦਾ ਆਪ ਉਠਾਈਆ । ਜਿਸ ਵਿਚ ਧਾਰ ਅਗੰਮੀ ਲਿਖੀ, ਵਾਚ ਕੇ ਸਕੇ ਨਾ ਕੋਇ ਸਮਝਾਈਆ । ਜਿਹੜੀ ਹੱਥ ਕਿਸੇ ਨਹੀਂ ਦਿੱਤੀ, ਜਗਤ ਵੰਡ ਨਾ ਕੋਇ ਵੰਡਾਈਆ । ਉਸ ਵਿਚ ਇਸ਼ਾਰਾ ਅਗੰਮੀ ਸਿੱਖੀ, ਜੋ ਸਾਖਿਆਤ ਪ੍ਰਭ ਦਾ ਦਰਸ਼ਨ ਪਾਈਆ । ਜਿਸ ਦੀ ਧਾਰ ਨਿਰਗੁਣ ਰੱਖੀ ਨਿੱਕੀ, ਵੱਡਿਆਂ ਵਡ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਫਲਗੁਣ ਕਹੇ ਮੇਰੇ ਮਿਹਰਵਾਨ, ਮਹਿਬੂਬ ਤੇਰੀ ਸਰਨਾਈਆ । ਮੈਂ ਮੰਗਾਂ ਏਕਾ ਦਾਨ, ਏਕੰਕਾਰ ਝੋਲੀ ਡਾਹੀਆ । ਸਾਚਾ ਬਖ਼ਸ਼ ਧਰਮ ਗਿਆਨ, ਅਗਿਆਨ ਅੰਧੇਰਾ ਦੇ ਮਿਟਾਈਆ । ਤੇਰਾ ਡੰਕਾ ਵੱਜੇ ਦੋ ਜਹਾਨ, ਬ੍ਰਹਿਮੰਡ ਖੰਡ ਹੋਵੇ ਸ਼ਨਵਾਈਆ । ਲੱਖ ਚੁਰਾਸੀ ਹੋਵੇ ਤੇਰੀ ਆਣ, ਸਿਰ ਸਕੇ ਨਾ ਕੋਇ ਉਠਾਈਆ । ਆਤਮ ਪਰਮਾਤਮ ਸਾਰੇ ਢੋਲਾ ਗਾਣ, ਤੇਰੀ ਵੱਜਦੀ ਰਹੇ ਵਧਾਈਆ । ਸ਼ਰਅ ਸ਼ਰੀਅਤ ਰਹੇ ਨਾ ਕੋਇ ਸ਼ੈਤਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਨਿਜ ਆਤਮ ਪਰਮਾਤਮ ਹੋਣਾ ਨਿਗਾਹਬਾਨ, ਨਿਜ ਲੋਇਣ ਦੇਣਾ ਖੁਲ੍ਹਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਤੇਰੀ ਉਪਜੇ ਕਲਾਮ, ਧੁਨ ਆਤਮਕ ਰਾਗ ਦੇਣਾ ਸੁਣਾਈਆ । ਨਾਮ ਖ਼ੁਮਾਰੀ ਅਗੰਮੀ ਦੇਣਾ ਜਾਮ, ਅਨਰਸ ਆਪਣਾ ਰਸ ਚਖਾਈਆ । ਢੋਲਾ ਗੀਤ ਸੰਗੀਤ ਸੁਣਾਉਣਾ ਬਿਨਾ ਕਾਨ, ਬਿਨ ਆਵਾਜ਼ ਰਾਜ਼ ਜਣਾਈਆ । ਸਾਚਾ ਮੰਦਰ ਸੁਹਾਉਣਾ ਇਕ ਮਕਾਨ, ਮਕਬਰਿਆਂ ਦਾ ਡੇਰਾ ਦੇਣਾ ਢਾਹੀਆ । ਤੇਰਾ ਧਰਮ ਦਾ ਝੁੱਲੇ ਇਕ ਨਿਸ਼ਾਨ, ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀ ਮਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਬਦਲ ਦੇ ਨਜ਼ਾਮ, ਨੌਬਤ ਆਪਣਾ ਨਾਮ ਹਕ ਵਜਾਈਆ । ਮਨਸਾ ਮਨ ਰਹੇ ਨਾ ਕੋਇ ਗ਼ੁਲਾਮ, ਤ੍ਰਿਸ਼ਨਾ ਤ੍ਰਿਖਾ ਦੇਣੀ ਗਵਾਈਆ । ਦੋ ਜਹਾਨਾਂ ਦਿਸੇ ਤੇਰਾ ਇੰਤਜ਼ਾਮ, ਬੰਦੋਬਸਤ ਵੇਖ ਲੋਕਾਈਆ । ਜਨ ਭਗਤਾਂ ਆਤਮ ਬਖ਼ਸ਼ ਸੱਚਾ ਬਿਸਰਾਮ, ਵਿਸ਼ਵ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ


੧੨੭੪
੨੦

ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਫਲਗੁਣ ਕਹੇ ਇੱਕੀ ਮਿਤੀ ਮੇਰਾ ਮਿੱਤਰ, ਪੀਆ ਪ੍ਰੀਤਮ ਪਿਆਰਾ ਨਜ਼ਰੀ ਆਈਆ । ਜੋ ਨਿਰਗੁਣ ਧਾਰੋਂ ਆਵੇ ਨਿਤਰ, ਜਗਤ ਜਨਮੇ ਕੋਇ ਨਾ ਮਾਈਆ । ਸਭ ਦੀ ਚੋਟੀ ਚੜ੍ਹੇ ਸਿਖ਼ਰ, ਸਚ ਸਿੰਘਾਸਣ ਡੇਰਾ ਲਾਈਆ । ਮੁਲੱਮਾ ਕੂੜ ਮੇਟੇ ਪਿੱਤਲ, ਮਾਟੀ ਹਾਟੀ ਖੋਜ ਖੁਜਾਈਆ । ਸਚ ਸੰਦੇਸ਼ਾ ਦੇਵੇ ਬਣ ਕੇ ਧੁਰ ਦਾ ਪਿੱਤਨ, ਪਤਿਪਰਮੇਸ਼ਵਰ ਬੇਪਰਵਾਹੀਆ । ਕਲਜੁਗ ਲਹਿਣਾ ਦੇਣਾ ਆਵੇ ਨਜਿੱਠਣ, ਸਤਿਜੁਗ ਸਾਚਾ ਰਾਹ ਧਰਮ ਚਲਾਈਆ । ਜਗਤ ਵਾਸਨਾ ਮਨ ਕਲਪਣਾ ਆਵੇ ਜਿੱਤਣ, ਵੈਰੀ ਅੰਦਰੋਂ ਬਾਹਰ ਕਢਾਈਆ । ਧੁਰ ਦਾ ਲੇਖ ਅਗੰਮੀ ਆਵੇ ਲਿਖਣ, ਕਾਤਬ ਬਣ ਕੇ ਕਲਮ ਚਲਾਈਆ । ਜਨ ਭਗਤਾਂ ਪ੍ਰੇਮ ਪ੍ਰੀਤੀ ਵਿਚ ਆਵੇ ਵਿਕਣ, ਕੀਮਤ ਅੱਗੇ ਨਾ ਕੋਇ ਰਖਾਈਆ । ਸਾਚੀ ਸਿਖਿਆ ਜਿਸ ਤੋਂ ਗੁਰ ਅਵਤਾਰ ਪੈਗ਼ੰਬਰ ਜੁਗ ਚੌਕੜੀ ਸਿੱਖਣ, ਸੋ ਸਾਖਿਆਤ ਪਰਗਟ ਹੋ ਕੇ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਫਲਗੁਣ ਕਹੇ ਮੇਰਾ ਇੱਕੀਵਾਂ ਅੱਜ ਦਿਹਾੜਾ, ਤਿਉਹਾਰ ਸੋਹਣਾ ਨਜ਼ਰੀ ਆਈਆ । ਮੈਂ ਤੱਕਾਂ ਪੁਰਖ ਅਕਾਲ ਇਕੋ ਲਾੜਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸੋਭਾ ਪਾਈਆ । ਜਿਸ ਦਾ ਜਲਵਾ ਜੋਤ ਜੋਤ ਨਜ਼ਾਰਾ, ਨੂਰੋ ਨੂਰ ਕਰੇ ਰੁਸ਼ਨਾਈਆ । ਜਿਸ ਦਾ ਨਾਦ ਸ਼ਬਦ ਧੁਨ ਧੁਨਕਾਰਾ, ਅਗੰਮੀ ਰਾਗ ਸੁਣਾਈਆ । ਜਿਸ ਦਾ ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਤ੍ਰੈ ਪੰਜ ਦਾ ਮੇਲਾ ਕਰੇ ਸਹਿਜ ਸੁਭਾਈਆ । ਜਿਸ ਨੂੰ ਝੁਕਦੇ ਗੁਰ ਅਵਤਾਰਾ, ਪੈਗ਼ੰਬਰ ਨਿਊਂ ਨਿਊਂ ਲਾਗਣ ਪਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਇਜ਼ਹਾਰਾ, ਰਸਨਾ ਜਿਹਵਾ ਢੋਲੇ ਸਿਫ਼ਤਾਂ ਵਾਲੇ ਸਾਲਾਹੀਆ । ਜਿਸ ਦਾ ਤੀਰਥ ਤਟ ਕਿਨਾਰਾ, ਅੱਠ ਸੱਠ ਵੇਖਣ ਰੋਵਣ ਮਾਰਨ ਧਾਹੀਂਆ । ਜਿਸ ਦਾ ਲਹਿਣਾ ਦੇਣਾ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰ ਖੋਜ ਖੁਜਾਈਆ । ਜਿਸ ਦਾ ਸਤਿਜੁਗ ਤਰੇਤਾ ਦੁਆਪਰ ਕਲਜੁਗ ਚਲਦਾ ਰਹੇ ਬਿਵਹਾਰਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰਾ ਸਾਂਝਾ ਯਾਰਾ, ਮਹਿਬੂਬ ਮਹਿਬਾਨ ਬੀਦੋ ਜਗਤ ਵਿਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੰਗ ਰੰਗੀਲਾ ਆਪਣਾ ਰੰਗ ਰੰਗਾਈਆ । ਫਲਗੁਣ ਕਹੇ ਮੇਰਾ ਇੱਕੀਵਾਂ ਆਇਆ ਦਿਨ, ਦਿਵਸ ਰੈਣ ਖ਼ੁਸ਼ੀ ਮਨਾਈਆ । ਜੁਗ ਚੌਕੜੀ ਵਕਤ ਲੰਘਾਇਆ ਗਿਣ ਗਿਣ, ਨਵ ਨੌ ਚਾਰ ਪੰਧ ਮੁਕਾਈਆ । ਬ੍ਰਹਿਮੰਡ ਖੰਡ ਵੇਖੇ ਮਿਣ ਮਿਣ, ਪੈਮਾਇਸ਼ ਵਿਚ ਵੰਡ ਵੰਡਾਈਆ । ਸਚ ਸਰੂਪ ਦਾ ਮਿਲਿਆ ਕੋਈ ਨਾ ਚਿੰਨ੍ਹ, ਚਿੰਤਾ ਗ਼ਮੀ ਨਾ ਕੋਇ ਮਿਟਾਈਆ । ਖੇਲ ਵੇਖਦਾ ਰਿਹਾ ਭਿੰਨ ਭਿੰਨ, ਭਿੰਨੜੀ ਰੈਣ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪਣਾ ਦਏ ਖੁਲ੍ਹਾਈਆ । ਫਲਗੁਣ ਕਹੇ ਮੈਂ ਸਾਹਿਬ ਸਵਾਮੀ ਤੱਕਾਂ ਮੀਤ, ਸ਼ਾਹ ਸੁਲਤਾਨਾ ਨਜ਼ਰੀ ਆਈਆ । ਜਿਸ ਦਾ ਢੋਲਾ ਇਕੋ ਗੀਤ, ਦੋ ਜਹਾਨ ਰਿਹਾ ਸੁਣਾਈਆ । ਜਿਸ ਨੇ ਝਗੜਾ ਮੁਕਾਉਣਾ ਮੰਦਰ ਮਸੀਤ, ਕਾਇਆ ਕਾਅਬਾ ਦਏ ਵਖਾਈਆ । ਸਤਿਜੁਗ ਚਲਾਉਣੀ ਧੁਰ ਦੀ ਰੀਤ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਲੱਖ ਚੁਰਾਸੀ ਪਰਖੇ ਨੀਤ, ਨੀਤੀਵਾਨ ਹੋਏ ਸਹਾਈਆ । ਜਨ ਭਗਤਾਂ ਇਕੋ ਨਾਮ ਕਰੇ ਬਖ਼ਸ਼ੀਸ਼, ਰਹਿਮਤ ਰਹੀਮ ਆਪ ਕਮਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਗਾਉਣਾ ਗੀਤ, ਗਹਿਰ ਗੰਭੀਰ

੧੨੭੫
੨੦

੧੨੭੬
੨੦

ਬੇਨਜ਼ੀਰ ਦਏ ਸਮਝਾਈਆ । ਸਤਿ ਸਤਿਵਾਦੀ ਸਾਚੀ ਚਲੇ ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਦ੍ਰਿੜਾਈਆ । ਫਲਗੁਣ ਕਹੇ ਮੇਰਾ ਮਹੀਨਾ ਸੋਹਣਾ ਰੁੱਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਕੀਤਾ ਖੇਲ ਅਬਿਨਾਸ਼ੀ ਅਚੁੱਤ, ਚੇਤਨ ਸੁਰਤੀ ਲੈਣੀ ਕਰਾਈਆ । ਇਕ ਹੁਕਮ ਸੰਦੇਸ਼ਾ ਲੈਣਾ ਪੁੱਛ, ਆਜਜ਼ ਹੋ ਕੇ ਸੀਸ ਝੁਕਾਈਆ । ਕਵਣ ਕੂਟ ਕਵਣ ਦਵਾਰੇ ਰਹੇਂ ਲੁਕ, ਕਵਣ ਆਸਣ ਸਿੰਘਾਸਣ ਡੇਰਾ ਲਾਈਆ । ਕਵਣ ਤੇਰਾ ਨਾਮ ਕਵਣ ਰਾਮ ਕਵਣ ਸ਼ਾਮ ਕਵਣ ਪੈਗ਼ਾਮ ਕਵਣ ਪੜ੍ਹੇਂ ਤੁਕ, ਤੁਖ਼ਮ ਤਾਸੀਰ ਕਵਣ ਬਦਲਾਈਆ । ਕਵਣ ਅੰਮ੍ਰਿਤ ਨਾਮ ਧੁਰ ਦਾ ਜਾਮ ਆਬੇਹਯਾਤ ਦੇਵੇਂ ਘੁਟ, ਹਯਾਤੀ ਵਿਚੋਂ ਜ਼ਿੰਦਗੀ ਦਏਂ ਬਦਲਾਈਆ । ਕਿਸ ਬਿਧ ਸਾਹਿਬ ਸਵਾਮੀ ਅੰਤਰਜਾਮੀ ਸਤਿਗੁਰ ਸਵਾਮੀ ਠਾਂਡੇ ਸੀਤੇ ਆਵਣ ਜਾਵਣ ਲੱਖ ਚੁਰਾਸੀ ਪੈਂਡਾ ਜਾਏ ਮੁਕ, ਜਨਮ ਜਨਮ ਨਾ ਕੋਇ ਬਦਲਾਈਆ । ਸਚ ਦਵਾਰ ਏਕੰਕਾਰ ਤੇਰੀ ਸਰਨ ਸਰਨਾਈ ਮਿਲੇ ਸੁਖ, ਸੁਖ ਆਤਮਾ ਪਰਮਾਤਮਾ ਵਿਚ ਸਮਾਈਆ । ਦੀਨ ਦਿਆਲ ਹੋ ਕਿਰਪਾਲ ਆਪਣਾ ਬਣਾਏਂ ਧੁਰ ਦਾ ਸੁਤ, ਅਬਿਨਾਸ਼ੀ ਅਚੁਤ ਹੋ ਕੇ ਵੇਖ ਵਖਾਈਆ । ਜਨਮ ਜਨਮ ਦਾ ਕਰਮ ਕਰਮ ਦਾ ਕੂੜ ਕੁੜਿਆਰ ਭਾਂਡਾ ਜਾਏ ਫੁੱਟ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਬਾਹਰ ਕਢਾਈਆ । ਤੇਰੇ ਚਰਨ ਕਵਲ ਉਪਰ ਧਵਲ ਸਰਨ ਸਰਨਾਈ ਜਾਈਏ ਝੁਕ, ਬੰਦਨਾ ਵਿਚ ਬੰਦਗੀ ਮੁਛੰਦਗੀ ਵਿਚ ਤੇਰਾ ਰਾਹ ਤਕਾਈਆ । ਫਲਗੁਣ ਕਹੇ ਇਕ ਤੇਰੀ ਰੱਖੀ ਓਟ, ਸਚ ਨਗਾਰੇ ਲਾ ਚੋਟ, ਭਾਗ ਲੱਗੇ ਕਿਲ੍ਹਾ ਕੋਟ, ਬੰਕ ਰੰਕ ਦੇ ਵਡਿਆਈਆ । ਤੇਰਾ ਪਰਕਾਸ਼ ਹੋਵੇ ਨਿਰਮਲ ਜੋਤ, ਝਗੜਾ ਰਹੇ ਨਾ ਵਰਨ ਗੋਤ, ਮਨ ਬੁੱਧੀ ਦੀ ਪਰੇ ਹੋਵੇ ਸੋਚ, ਸਮਝ ਵਿਚ ਰਮਜ਼ ਆਪਣੀ ਦੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਪਰਕਾਸ਼ ਲੋਕ ਪਰਲੋਕ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਇਕੋ ਨਜ਼ਰੀ ਆਈਆ ।

### ★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੩ ਸਾਧੂ ਸਿੰਘ ਦੇ ਗ੍ਰਿਹ ੧ ਸੀ੦ ਸੀ੦ ਰਾਜਸਥਾਨ ★

ਪੰਜਾਹ ਸੱਠ ਸਾਲ ਪਿਛੋਂ ਜੇ ਮਿਲ ਜਾਏ ਇਕ ਨੁਕਤਾ, ਨੁਕਤਾ ਨਜ਼ਰ ਦਏ ਬਦਲਾਈਆ । ਜਿਸ ਨੁਕਤੇ ਤੋਂ ਪੈਂਡਾ ਮੁਕਦਾ, ਮੰਜ਼ਲ ਅਗਲੀ ਰਹੇ ਨਾ ਰਾਈਆ । ਘਰ ਮਾਰਗ ਮਿਲੇ ਸਾਚੇ ਸੁਖ ਦਾ, ਕੂੜੀ ਕਿਰਿਆ ਡੇਰਾ ਢਾਹੀਆ । ਝਗੜਾ ਮੁਕੇ ਮੋਹ ਵਿਕਾਰ ਕੂੜ ਕੁੜਿਆਰ ਦੁੱਖ ਦਾ, ਅਗਨੀ ਤਤ ਨਾ ਕੋਇ ਜਲਾਈਆ । ਜਾਮ ਪਿਆਵੇ ਹਕ਼ੀਕ਼ੀ ਸਤਿ ਸਤਿਵਾਦੀ ਚੁਪ ਦਾ, ਬਿਨ ਰਸਨਾ ਜਿਹਵਾ ਅਨਰਸ ਦਏ ਚਖਾਈਆ । ਨਾਮ ਨਿਧਾਨ ਸ਼ਬਦ ਗਿਆਨ ਦੇਵੇ ਇਕ ਤੁਕ ਦਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜਿਥੇ ਪਰਮਾਤਮਾ ਆਤਮਾ ਕੋਲੋਂ ਪੁਛਦਾ, ਕਾਇਆ ਮੰਦਰ ਸਾਚੇ ਕਾਅਬੇ ਫੋਲ ਫੁਲਾਈਆ । ਪੜਦਾ ਓਹਲਾ ਰਹੇ ਨਾ ਲੁਕ ਦਾ, ਬਜਰ ਕਪਾਟੀ ਕੁੰਡਾ ਲਾਹੀਆ । ਝਗੜਾ ਮੁਕਾ ਅੰਧੇਰੇ ਘੁਪ ਦਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਬਾਹਰੋਂ ਤੱਤਾਂ ਵਾਲਾ ਸ਼ਰੀਰ ਮਨੁੱਖ ਦਾ, ਅੰਤਰ ਨਿਰੰਤਰ ਦਾਤਾ ਬੇਪਰਵਾਹੀਆ । ਜੋ ਆਵਣ ਜਾਵਣ ਗੇੜ ਚੁਕਾਏ ਜਨਨੀ ਕੁੱਖ ਦਾ, ਲੱਖ ਚੁਰਾਸੀ ਡੇਰਾ ਢਾਹੀਆ । ਧੁਰ ਦਾ ਨਾਤਾ ਜੋੜ ਕੇ ਪਿਤਾ ਪੁੱਤ ਦਾ, ਪਤਿਪਰਮੇਸ਼ਵਰ ਗੋਦ ਉਠਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਨੁਕਤਾ ਕਹੇ ਜੇ ਮੈਨੂੰ ਲਏ ਕੋਈ ਜਾਣ, ਅਨਜਾਣਤ ਦਿਆਂ ਜਣਾਈਆ । ਸਤਿ ਧਰਮ ਵਖਾ ਨਿਸ਼ਾਨ, ਨਿਸ਼ਾਨੇ ਪਿਛਲੇ ਦਿਆਂ ਚੁਕਾਈਆ । ਅੰਤਰ ਦੇ ਕੇ ਇਕ ਗਿਆਨ, ਅਗਿਆਨ ਅੰਧੇਰਾ ਦੂਰ ਕਰਾਈਆ । ਅੰਮ੍ਰਿਤ ਬਖ਼ਸ਼ ਕੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਨਾਮ ਧੁਨ ਦੇ ਧੁਨਕਾਨ, ਸੋਈ ਸੁਰਤੀ ਸੁਰਤ ਜਗਾਈਆ । ਘਰ ਸਵਾਮੀ ਮੇਲ ਭਗਵਾਨ, ਭਾਗ ਪਿਛਲਾ ਝੋਲੀ ਪਾਈਆ । ਪਰਕਾਸ਼ ਹੋਵੇ ਕਾਇਆ ਮੰਦਰ ਮਕਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਧੁਰ ਦਾ ਠਾਕਰ ਮਿਲੇ ਆਣ, ਗਹਿਰ ਗੰਭੀਰ ਗੁਣ ਸਾਗਰ ਫੇਰਾ ਪਾਈਆ । ਮੁਹੱਬਤ ਵਿਚ ਮਹਿਬੂਬ ਹੋਵੇ ਮਿਹਰਵਾਨ, ਹਕ ਹਕ਼ੀਕ਼ਤ ਪੜਦਾ ਦਏ ਉਠਾਈਆ । ਸਾਚੀ ਮੰਜ਼ਲ ਕਰੇ ਆਸਾਨ, ਮੁਸ਼ਕਲ ਨਜ਼ਰ ਕੋਇ ਨਾ ਆਈਆ । ਸਚਖੰਡ ਦਵਾਰ ਏਕੰਕਾਰ ਮਹੱਲ ਅਟਲ ਵਖਾਏ ਜਿਥੇ ਵਸੇ ਸ਼ਹਿਨਸ਼ਾਹ ਸੁਲਤਾਨ, ਭੂਪਤ ਭੂਪ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਪੰਜਾਹ ਸੱਠ ਸਾਲ ਜਿਸ ਦੇ ਗਏ ਬੀਤ, ਦਿਵਸ ਰੈਣ ਆਪਣਾ ਪੰਧ ਮੁਕਾਈਆ । ਕਾਇਆ ਹੋਈ ਨਾ ਠੰਡੀ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਬਿਨ ਹਰਿ ਕਿਰਪਾ ਤ੍ਰੈਗੁਣ ਹੋਵੇ ਨਾ ਕੋਇ ਅਤੀਤ, ਤ੍ਰੈਭਵਨ ਧਨੀ ਦਰਸ ਕੋਇ ਨਾ ਪਾਈਆ । ਮਨ ਕਲਪਣਾ ਕੋਈ ਨਾ ਸਕੇ ਜੀਤ, ਚੰਚਲ ਚਿਤ ਨਾ ਕੋਇ ਚਤਰਾਈਆ । ਝਗੜਾ ਮੁਕੇ ਨਾ ਊਚ ਨੀਚ, ਜਾਤ ਪਾਤ ਨਾ ਡੇਰਾ ਢਾਹੀਆ । ਜਿਸ ਵੇਲੇ ਸਾਹਿਬ ਸਤਿਗੁਰ ਕਰੇ ਬਖ਼ਸ਼ੀਸ਼, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸਚ ਦਵਾਰੇ ਬਖ਼ਸ਼ ਕੇ ਪ੍ਰੀਤ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਝਗੜਾ ਮੁਕਾ ਕੇ ਹਸਤ ਕੀਟ, ਘਰ ਇਕੋ ਦਏ ਵਖਾਈਆ । ਜਿਥੇ ਸਾਹਿਬ ਸਵਾਮੀ ਬੈਠਾ ਬੀਠਲੋ ਬੀਠ, ਨਾਮੇਂ ਦਾ ਠਾਕਰ ਡੇਰਾ ਲਾਈਆ । ਤੂੰ ਮੇਰਾ ਮੈਂ ਤੇਰਾ ਧਰਮ ਦਵਾਰ ਦਾ ਇਕੋ ਗੀਤ, ਸੋਹਲਾ ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ । ਸਾਚਾ ਰੰਗ ਕਹੇ ਮੇਰੀ ਸਭ ਤੋਂ ਵੱਖਰੀ ਰੰਗਤ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਕੋਟਨ ਕੋਟ ਬੈਠੇ ਰਹੇ ਮੰਗਤ, ਦਰ ਠਾਂਡੇ ਰਹੇ ਝੋਲੀ ਡਾਹੀਆ । ਕੋਟਨ ਕੋਟ ਖੋਜਦੇ ਰਹੇ ਪੰਡਤ, ਅੱਖਰ ਵੱਖਰ ਰਾਹ ਤਕਾਈਆ । ਸੂਫ਼ੀ ਸੰਤ ਫ਼ਕੀਰ ਕਰਦੇ ਰਹੇ ਮਿੰਨਤ, ਨਿਉਂ ਨਿਉਂ ਨੈਣ ਅੱਖ ਸ਼ਰਮਾਈਆ । ਜੋਗੀ ਜਤੀ ਕਰਦੇ ਰਹੇ ਹਿੰਮਤ, ਸਨਿਆਸੀ ਵੈਰਾਗੀ ਪੰਧ ਮੁਕਾਈਆ । ਸਾਚੀ ਮਿਲੀ ਕਿਸੇ ਨਾ ਖ਼ਿੱਲਤ, ਓਢਨ ਸੀਸ ਨਾ ਕੋਇ ਟਿਕਾਈਆ । ਕਲਜੁਗ ਅੰਤ ਖ਼ੁਆਰੀ ਚਾਰ ਕੁੰਟ ਦਹਿ ਦਿਸ਼ਾ ਦਿਸੇ ਜ਼ਿੱਲਤ, ਧਰਮ ਦੀ ਧਾਰ ਨਾ ਕੋਇ ਬੰਧਾਈਆ । ਧਰਮ ਪੁਜਾਰੀ ਵੇਖੇ ਨਿੰਦਕ, ਦੁਸ਼ਟ ਦੁਰਾਚਾਰ ਦੇਣ ਦੁਹਾਈਆ । ਸਚ ਦਵਾਰ ਮਨਜ਼ੂਰ ਹੋਵੇ ਕਿਸੇ ਨਾ ਮਿੰਨਤ, ਜੋਤੀ ਜੋਤ ਨਾ ਕੋਇ ਸਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਚ ਨਾਮ ਦੀ ਹੋਈ ਕਿੱਲਤ, ਕਿਲ ਵਿਖ ਪਾਪ ਨਾ ਕੋਇ ਗਵਾਈਆ । ਮਾਇਆ ਮਮਤਾ ਮੋਹ ਵਿਕਾਰ ਫਸਿਆ ਮਿਲਖ, ਨਾਮ ਧਨ ਖ਼ਜ਼ੀਨਾ ਹੱਥ ਨਾ ਕਿਸੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਅਛਲ ਅਛੇਦਾ ਆਪਣਾ ਆਪ ਖੁਲ੍ਹਾਈਆ । ਭੇਵ ਕਹੇ ਮੈਂ ਕਦੇ ਨਾ ਖੁੱਲ੍ਹਿਆ, ਬਿਨ ਪੁਰਖ ਅਕਾਲ ਨਾ ਕੋਇ ਖੁਲ੍ਹਾਈਆ । ਜਗ ਕੀਮਤ ਪਾਈ ਨਾ ਕੋਈ ਮੁੱਲਿਆ, ਵਜ਼ਨਾਂ ਵਿਚ ਵਜ਼ਨ ਨਾ ਕੋਇ ਰਖਾਈਆ । ਸਚ ਦਵਾਰੇ ਧਰਮ ਦਵਾਰਾ ਇਕੋ ਖੁੱਲ੍ਹਿਆ, ਜਿਸ ਦਾ ਤੋਲਣਹਾਰਾ ਇਕੋ

ਨਜ਼ਰੀ ਆਈਆ । ਜਿਸ ਦਾ ਰਸ ਨਾਮ ਨਾ ਡੁੱਲ੍ਹਿਆ, ਧਰਨੀ ਧਰਤ ਧਵਲ ਧੌਲ ਨਾ ਕੋਇ ਵਡਿਆਈਆ । ਸੋ ਭਾਗ ਲਗਾਵੇ ਭਗਤਾਂ ਕੁੱਲਿਆ, ਕੁੱਲੀ ਕਾਇਆ ਕਾਅਬਾ ਵੇਖ ਵਖਾਈਆ । ਹਰਿਜਨ ਹਰਿ ਭਗਤ ਹਰਿ ਸੰਤ ਗੁਰਮੁਖ ਗੁਰਸਿਖ ਸੂਫ਼ੀ ਸੰਤ ਫ਼ਕੀਰ ਕਦੇ ਨਾ ਰੁਲਿਆ, ਮਾਟੀ ਖ਼ਾਕ ਨਾ ਕੋਇ ਮਿਲਾਈਆ । ਜੋ ਪੁਰਖ ਅਕਾਲ ਦੀਨ ਦਿਆਲ ਦੇ ਦਵਾਰੇ ਆ ਜਾਏ ਭੁੱਲਿਆ, ਭਟਕਣਾ ਵਿਚੋਂ ਅਟਕਨ ਦਏ ਮਿਟਾਈਆ । ਉਸ ਦਾ ਦੀਵਾ ਚਿਰਾਗ ਚਸ਼ਮ ਕਦੇ ਨਾ ਗੁੱਲਿਆ, ਜੋਤੀ ਜੋਤ ਜੋਤ ਰੁਸ਼ਨਾਈਆ । ਏਥੇ ਓਥੇ ਉਹ ਦੋ ਜਹਾਨ ਫਲਿਆ ਫੁੱਲਿਆ, ਫਲਗੁਣ ਰੁੱਤ ਫੁੱਲ ਫੁਲਵਾੜੀ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਅਗੰਮ ਅਥਾਹ ਬੇਪਰਵਾਹ ਏਕਾ ਏਕੰਕਾਰ ਦੇਵੇ ਅਨਮੁੱਲਿਆ, ਅਨਡਿੱਠੀ ਦੌਲਤ ਮਹਾਂਬਦੌਲਤ ਧੁਰ ਝੋਲੀ ਪਾਈਆ ।

★ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੩ ਮਹਾਂ ਸਿੰਘ ਦੇ ਗ੍ਰਿਹ ੨੫ ਬੀ੦ ਬੀ੦ ਰਾਜਸਥਾਨ ★

ਸਤਿ ਧਰਮ ਕਹੇ ਪ੍ਰਭ ਮੇਰੀ ਇਕ ਬੇਨੰਤੀ, ਪਾਰਬ੍ਰਹਮ ਪਤਿਪਰਮੇਸ਼ਵਰ ਦਿਆਂ ਜਣਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦਾ ਕੰਤੀ, ਸਤਿ ਸਵਾਮੀ ਅੰਤਰਜਾਮੀ ਨਜ਼ਰੀ ਆਈਆ । ਤੇਰਾ ਆਦਿ ਜੁਗਾਦਿ ਜੁਗ ਚੌਕੜੀ ਲੇਖਾ ਅੱਖਰ ਵਿਚ ਪੰਗਤੀ, ਪਾਰਬ੍ਰਹਮ ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਤੇਰੀ ਵਿਦਿਆ ਰਸਨਾ ਜਿਹਵਾ ਬੋਧ ਅਗਾਧੀ ਬਣੀ ਪੰਡਤੀ, ਤਕਰੀਰ ਤਹਿਰੀਰ ਵਿਚ ਬਦਲਾਈਆ । ਸਾਚੀ ਸਮਝ ਨਾ ਆਈ ਕਿਸੇ ਇਕ ਅੰਕ ਦੀ, ਅੰਤਸ਼ਕਰਨ ਵਿਚ ਸ਼ੰਕਾ ਨਾ ਕੋਇ ਮਿਟਾਈਆ । ਮੰਜ਼ਲ ਮੁਕੀ ਨਾ ਦੋ ਜਹਾਨ ਇਕ ਬੰਕ ਦੀ, ਕੋਟਨ ਕੋਟ ਪਾਂਧੀ ਚੜ੍ਹ ਚੜ੍ਹ ਥੱਕੇ ਰਾਹੀਆ । ਜਗਤ ਰੁਹਾਨੀ ਵੇਖੀ ਖੇਲ ਸੰਤ ਦੀ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੇਰਾ ਰਾਹ ਤਕਾਈਆ । ਦੋ ਜਹਾਨ ਨੌਜਵਾਨ ਸ੍ਰੀ ਭਗਵਾਨ ਤੇਰੀ ਰਮਜ਼ ਨਾ ਜਾਣੀ ਇਕ ਮੰਤ ਦੀ, ਮੰਤਰ ਅੰਤਰ ਨਿਰੰਤਰ ਪੜ੍ਹ ਪੜ੍ਹ ਥੱਕੀ ਲੋਕਾਈਆ । ਸੇਜ ਸੁਹੰਜਣੀ ਆਦਿ ਨਿਰੰਜਣੀ ਸੁਭਾਏਮਾਨ ਨਾ ਹੋਈ ਅਗੰਮੀ ਕੰਤ ਦੀ, ਲੱਖ ਚੁਰਾਸੀ ਜੀਵ ਜੰਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਸਤਿ ਧਰਮ ਕਹੇ ਪ੍ਰਭ ਮੈਂ ਇਕੋ ਤੇਰਾ ਮੰਗਤਾ, ਦਰੇ ਦਰਬਾਰ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਗੜ੍ਹ ਤੋੜ ਦੇ ਹਉਮੇ ਹੰਗਤਾ, ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਆਪਣਾ ਪੜਦਾ ਦੇ ਚੁਕਾਈਆ । ਝਗੜਾ ਰਹੇ ਨਾ ਕੂੜ ਕੁੜਿਆਰ ਵਿਭਚਾਰ ਮਨ ਦਾ, ਮਨ ਕਾ ਮਣਕਾ ਦੇ ਭਵਾਈਆ । ਇਸ਼ਟ ਤਤ ਵਜੂਦ ਰਹੇ ਨਾ ਤਨ ਕਾ, ਸਤਿਗੁਰ ਸ਼ਬਦ ਨਾਦ ਵੱਜੇ ਸ਼ਨਵਾਈਆ । ਸਾਚਾ ਮਾਰਗ ਨਜ਼ਰੀ ਆਏ ਦੋ ਜਹਾਨ ਤੇਰੇ ਧਰਮ ਦਾ, ਕੁਕਰਮ ਦਾ ਲੇਖਾ ਦੇਣਾ ਚੁਕਾਈਆ । ਤੇਰੇ ਹੁਕਮ ਨਾਲ ਜੁਗ ਚੌਕੜੀ ਲੋਕਮਾਤ ਜਰਮ ਦਾ, ਜਨਮ ਦਾ ਦਾਤਾ ਇਕ ਅਖਵਾਈਆ । ਅੰਤਮ ਲੇਖਾ ਮੁਕਾ ਦੇ ਮਨ ਭਰਮ ਦਾ, ਭਾਂਡਾ ਭਰਮ ਭੌ ਭੰਨਾਈਆ । ਹਿੱਸਾ ਰਹੇ ਨਾ ਵਰਨ ਬਰਨ ਦਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਸਾਚਾ



੧੨੭੮ ੨੦

ਰਸਤਾ ਮਾਰਗ ਦੱਸ ਦੇ ਆਪਣੇ ਚੜ੍ਹਨ ਦਾ, ਬੰਕ ਦਵਾਰੀ ਟੇਢੀ ਬੰਕ ਅੱਧਵਿਚਕਾਰ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਾਦ ਧੁਨ ਸ਼ਬਦ ਸਲੋਕ ਦੱਸ ਦੇ ਅਗੰਮਾ ਪੜ੍ਹਨ ਦਾ, ਜਗਤ ਵਿਦਿਆ ਦਾ ਖਹਿੜਾ ਦੇਣਾ ਛੁਡਾਈਆ । ਭੈ ਚੁਕਾ ਦੇ ਆਵਣ ਜਾਵਣ ਮਰਨ ਡਰਨ ਦਾ, ਲੱਖ ਚੁਰਾਸੀ ਜਮ ਕੀ ਫਾਸੀ ਨਜ਼ਰ ਕੋਇ ਨਾ ਆਈਆ । ਸਚ ਦਵਾਰ ਏਕੰਕਾਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਖ਼ਸ਼ ਆਪਣੀ ਸਰਨ ਦਾ, ਸਰਨਗਤ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਖਾ ਧੁਰ ਦਾ ਦਰ, ਦਰ ਠਾਂਡੇ ਮੰਗ ਮੰਗਾਈਆ । ਸਤਿ ਧਰਮ ਕਹੇ ਮੇਰੀ ਅਰਦਾਸ, ਪ੍ਰਭ ਚਰਨ ਕਵਲ ਸੀਸ ਨਿਵਾਈਆ । ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਵਸਣਾ ਪਾਸ, ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਨਜ਼ਰੀ ਆਈਆ । ਸਚ ਦਵਾਰ ਏਕੰਕਾਰ ਬਿਨ ਗੋਪੀ ਕਾਹਨ ਵੇਖਾਂ ਤੇਰੀ ਰਾਸ, ਮੰਡਲ ਮੰਡਪ ਵੱਜਦੀ ਰਹੇ ਵਧਾਈਆ । ਤੂੰ ਮੇਰਾ ਮੈਂ ਤੇਰਾ ਨੂਰ ਨੁਰਾਨਾ ਜੋਤੀ ਜਾਤੇ ਤੇਰਾ ਹੋਵੇ ਜਾਪ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਨਾ ਕੋਇ ਸਾਲਾਹੀਆ । ਰੂਹ ਬੁਤ ਅਬਿਨਾਸ਼ੀ ਅਚੁਤ ਦੋਵੇਂ ਕਰ ਪਾਕ, ਪਤਤ ਪੁਨੀਤ ਆਪਣੇ ਰੰਗ ਰੰਗਾਈਆ । ਤੂੰ ਦੀਨ ਦਿਆਲਾ ਸਦ ਕਿਰਪਾਲਾ ਭਗਤ ਵਛਲ ਤੈਨੂੰ ਰਹੇ ਆਖ, ਆਖ਼ਰ ਮੰਜ਼ਲ ਆਪਣੀ ਦੇ ਵਖਾਈਆ । ਸਾਚਾ ਪੜਦਾ ਖੋਲ੍ਹ ਦੇ ਤਾਕ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਤੇਰਾ ਨੂਰ ਹੋਵੇ ਰੁਸ਼ਨਾਈਆ । ਮਨ ਕਲਪਣਾ ਕੂੜੀ ਕਿਰਿਆ ਰਹੇ ਨਾ ਨਾਰ ਕਮਜਾਤ, ਧੁਰ ਸੁਹਾਗੀ ਹਰਿ ਕੰਤ ਆਪਣਾ ਸ਼ਬਦ ਦੇਣਾ ਮਿਲਾਈਆ । ਸਤਿਜੁਗ ਸੋਇਆ ਤੇਰੀ ਗੋਦੀ ਵਿਚੋਂ ਜਾਏ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਧਰਨੀ ਧਰਤ ਧੌਲ ਕਰ ਵੱਡ ਵੱਡ ਭਾਗ, ਭਗਵਨ ਆਪਣੀ ਦਇਆ ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਹੋ ਕੇ ਪਕੜ ਵਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਧੁਰ ਦਾ ਘਰ, ਜਿਸ ਗ੍ਰਿਹਿ ਨਿਰਗੁਣ ਨੂਰ ਜੋਤ ਹੋਵੇ ਰੁਸ਼ਨਾਈਆ । ਸਤਿ ਧਰਮ ਕਹੇ ਪ੍ਰਭ ਮੇਰੇ ਧੁਰ ਦੇ ਠਾਕਰ, ਨੌਕਰ ਆਪਣੀ ਦੇ ਲਗਾਈਆ । ਕਲਜੁਗ ਗਹਿਰ ਗੰਭੀਰ ਵੇਖ ਡੂੰਘਾ ਸਾਗਰ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਸਤਿ ਧਰਮ ਦਾ ਬਣੇ ਨਾ ਕੋਇ ਸੌਦਾਗਰ, ਕੂੜ ਕੁੜਿਆਰਾ ਵਣਜ ਜਗਤ ਕਰਾਈਆ । ਬਿਨ ਤੇਰੇ ਤੇਰੇ ਭਗਤਾਂ ਮਿਲੇ ਕੋਈ ਨਾ ਆਦਰ, ਸਚ ਆਦਰਸ਼ ਨਾ ਕੋਇ ਜਣਾਈਆ । ਤੂੰ ਖ਼ਾਲਕ ਪ੍ਰਿਤਪਾਲਕ ਕਰੀਮ ਕ਼ਾਦਰ, ਕ਼ੁਦਰਤ ਤੇਰਾ ਰਾਹ ਤਕਾਈਆ । ਤੂੰ ਜੋਧਾ ਸੂਰਬੀਰ ਬਹਾਦਰ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਤ੍ਰੈਗੁਣ ਮਾਇਆ ਤੇਰੇ ਚਰਨ ਕਵਲ ਮੰਗੇ ਸਰਨਾਈਆ । ਜਨ ਭਗਤਾਂ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸਤਿ ਧਰਮ ਕਹੇ ਪ੍ਰਭ ਰੰਗ ਅਗੰਮੀ ਰੰਗ, ਰੰਗਤ ਤੇਰੀ ਨਜ਼ਰੀ ਆਈਆ । ਕੂੜੀ ਕਿਰਿਆ ਕਰ ਭੰਗ, ਭਾਂਡਾ ਭਰਮ ਭੌ ਭੰਨਾਈਆ । ਤੇਰੇ ਨਾਮ ਦਾ ਵੱਜੇ ਇਕ ਮਰਦੰਗ, ਦੋ ਜਹਾਨਾਂ ਕਰ ਸ਼ਨਵਾਈਆ । ਚਾਰ ਕੁੰਟ ਦਹਿ ਦਿਸ਼ਾ ਆਤਮ ਪਰਮਾਤਮ ਨਿਰਗੁਣ ਨਿਰਗੁਣ ਹੋਣਾ ਸੰਗ, ਦੂਜੀ ਲੋੜ ਰਹੇ ਨਾ ਰਾਈਆ । ਜੋਤੀ ਜਾਤੇ ਚਾੜ੍ਹ ਚੰਦ, ਅੰਧ ਅੰਧੇਰ ਦੇ ਗਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਂਝਾ ਹੋਵੇ ਦੋਹਾਂ ਦਾ ਛੰਦ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਜਨਮ ਜਨਮ ਦੀ ਕਰਮ ਕਰਮ ਦੀ ਆਦਿ ਜੁਗਾਦੀ ਟੁੱਟੀ ਗੰਢ, ਗੰਢਣਹਾਰ ਗੋਪਾਲ, ਸਵਾਮੀ ਆਪਣੀ ਦਇਆ ਕਮਾਈਆ ।

੧੨੮੦
੨੦

ਨਿਜ ਗ੍ਰਿਹਿ ਨਿਜ ਘਰ ਸਾਚਾ ਦੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਅੰਤ ਅਖ਼ੀਰੀ ਰਿਹਾ ਹੰਢ, ਸਦੀ ਚੌਧਵੀਂ ਰੋ ਰੋ ਦਏ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਹਕ ਮੁਕਾਮੇ ਦਰਗਾਹ ਸਾਚੀ ਮੰਗਾਂ ਰਹੇ ਮੰਗ, ਦਰ ਦਰਵੇਸ਼ ਹੋ ਕੇ ਅਲਖ ਜਗਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਆਪੇ ਪਾਰ ਲੰਘ, ਗਗਨ ਗਗਨੰਤਰ ਪੜਦਾ ਦੇ ਚੁਕਾਈਆ । ਬਿਨ ਤੇਰੀ ਕਿਰਪਾ ਮਨ ਵਾਸਨਾ ਕੂੜ ਕਲਪਣਾ ਕੋਈ ਨਾ ਮੇਟੇ ਗੰਦ, ਸੁਗੰਧ ਸਚ ਨਾ ਕੋਇ ਭਰਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਪਾਈਂ ਠੰਡ, ਅਗਨੀ ਤਤ ਦੇ ਬੁਝਾਈਆ । ਸਤਿ ਧਰਮ ਕਹੇ ਮੇਰੀ ਆਸਾ ਮਨਸਾ ਪੂਰੀ ਕਰ ਦੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਸੁਲਤਾਨ ਸੂਰਾ ਸਰਬੰਗ, ਸਮਰਥ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਹੋਣਾ ਸੰਗ, ਸਰਗੁਣ ਆਪਣਾ ਮੇਲ ਮਿਲਾਈਆ ।

★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੩, ੨੫ ਬੀ੦ ਬੀ੦ ਰਾਜਸਥਾਨ ★

ਧਰਨੀ ਕਹੇ ਪ੍ਰਭ ਵੇਖ ਭਗਤ ਸੁਹੇਲੇ ਸੱਚੇ, ਹਰਿ ਸਾਜਨ ਹੋ ਕੇ ਦਇਆ ਕਮਾਈਆ । ਜਿਨ੍ਹਾਂ ਦੇ ਬਾਹਰੋਂ ਤਨ ਵਜੂਦ ਮਾਟੀ ਭਾਂਡੇ ਕੱਚੇ, ਹੱਡ ਮਾਸ ਨਾੜੀ ਮਿਲ ਕੇ ਸੋਭਾ ਪਾਈਆ । ਉਹ ਅੰਤਰ ਆਤਮ ਪ੍ਰੇਮ ਪਿਆਰ ਵਿਚ ਪੱਕੇ, ਪਾਰਬ੍ਰਹਮ ਬ੍ਰਹਮ ਤੇਰਾ ਰੂਪ ਵੇਖ ਖ਼ੁਸ਼ੀ ਮਨਾਈਆ । ਬਿਨ ਤੇਰੀ ਕਿਰਪਾ ਓਨ੍ਹਾਂ ਪਤ ਕੋਈ ਨਾ ਰੱਖੇ, ਦੋ ਜਹਾਨ ਸ੍ਰੀ ਭਗਵਾਨ ਦੇ ਵਡਿਆਈਆ । ਸਾਚਾ ਨਾਮ ਜੈਕਾਰਾ ਦੇ ਇਕ ਅਲੱਖੇ, ਅਲਖ ਅਗੋਚਰ ਅਗੰਮ ਅਥਾਹ ਆਪਣਾ ਪੜਦਾ ਦੇ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਇਕੋ ਨਾਮ ਸਵਾਮੀ ਜਪੇ, ਜਪ ਜੀਵਤ ਜਗ ਜੀਵਣ ਲੈ ਬਦਲਾਈਆ । ਨਿਝਰ ਧਾਰ ਅੰਮ੍ਰਿਤ ਦੇ ਰਸੇ, ਰਸਤਾ ਵਾਬਸਤਾ ਹੋ ਕੇ ਆਪਣਾ ਦੇ ਵਖਾਈਆ । ਜਨਮ ਕਰਮ ਦਾ ਲੇਖ ਬਦਲ ਦੇ ਮਸਤਕ ਵਿਚ ਮੱਥੇ, ਤ੍ਰਬੈਣੀ ਨੈਣੀ ਆਪਣੀ ਧਾਰ ਬੰਧਾਈਆ । ਲੱਖ ਚੁਰਾਸੀ ਆਵਣ ਜਾਵਣ ਮੂਲ ਰਹਿਣ ਨਾ ਰੱਟੇ, ਜਮ ਕੀ ਫਾਸੀ ਫੰਦ ਦੇਣਾ ਕਟਾਈਆ । ਤੇਰੀ ਸਰਨ ਸੱਚਾ ਲਾਹਾ ਇਕੋ ਖੱਟੇ, ਖਟਕਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਧੁਰ ਦਾ ਦੇਣਾ ਸਮਝਾਈਆ । ਧਰਨੀ ਕਹੇ ਪ੍ਰਭ ਵੇਖ ਸੱਜਣ ਮੀਤ, ਮਿੱਤਰ ਪਿਆਰੇ ਦਇਆ ਕਮਾਈਆ । ਲੱਖ ਚੁਰਾਸੀ ਪਰਖਣਹਾਰੇ ਨੀਤ, ਜੀਵ ਜੰਤ ਸਾਧ ਸੰਤ ਖੋਜ ਖੁਜਾਈਆ । ਕਵਣ ਕਰੇ ਤੇਰੇ ਨਾਲ ਹਕ ਪ੍ਰੀਤ, ਪ੍ਰੀਤਮ ਹੋ ਕੇ ਪੜਦਾ ਦੇ ਉਠਾਈਆ । ਸਾਚਾ ਨਾਮ ਕਰ ਬਖ਼ਸ਼ੀਸ਼, ਰਹਿਮਤ ਆਪਣੀ ਧੁਰ ਦੀ ਝੋਲੀ ਪਾਈਆ । ਕਾਇਆ ਮਾਟੀ ਕਰ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਜਨ ਭਗਤਾਂ ਝਗੜਾ ਮੁਕ ਜਾਏ ਮੰਦਰ ਮਸੀਤ, ਕਾਇਆ ਕਾਅਬਾ ਪੜਦਾ ਦੇ ਚੁਕਾਈਆ । ਗ੍ਰਿਹਿ ਮੰਦਰ ਅੰਦਰ ਬੈਠਾ ਨਜ਼ਰੀ ਆਏਂ ਤ੍ਰੈਗੁਣ ਅਤੀਤ, ਜੂਠਾ ਝੂਠਾ ਡੇਰਾ ਦੇਣਾ ਢਾਹੀਆ । ਭਰਮ ਰਹੇ ਨਾ ਹਸਤ ਕੀਟ, ਊਚ ਨੀਚ ਇਕੋ ਰੰਗ ਰੰਗਾਈਆ । ਆਤਮ ਪਰਮਾਤਮ ਸਾਂਝਾ ਢੋਲਾ ਹੋਵੇ ਗੀਤ, ਗਹਿਰ ਗੰਭੀਰ ਗੁਣੀ ਗਹਿੰਦ ਗੋਬਿੰਦ ਮਿਲੇ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਧੁਰ

ਦਾ ਘਰ, ਜਿਸ ਗ੍ਰਿਹ ਛਤਰ ਝੁੱਲੇ ਤੇਰੇ ਸੀਸ, ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੇਰੇ ਸਾਹਿਬ ਪ੍ਰਭੂ ਸਵਾਮੀ, ਸਤਿਗੁਰ ਤੇਰੀ ਸਰਨਾਈਆ । ਆਦਿ ਜੁਗਾਦੀ ਅੰਤਰਜਾਮੀ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਸੁਣ ਸੁਣ ਥੱਕੀ ਕਹਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਢੋਲੇ ਗਾਈਆ । ਬਿਨ ਨੇਤਰ ਲੋਚਣ ਨੈਣ ਤੇਰੀ ਤੱਕਦੀ ਰਹੀ ਚਾਰੇ ਖਾਣੀ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਅੱਠ ਸੱਠ ਤੀਰਥ ਤਟ ਗੰਗਾ ਗੋਦਾਵਰੀ ਜਮਨਾ ਸੁਰਸਤੀ ਤੇਰਾ ਵੇਖਦੀ ਰਹੀ ਪਾਣੀ, ਅਛਲ ਛਲ ਤੇਰੀ ਲਹਿੰਦੀ ਧਾਰ ਵਹਿਣਾਂ ਵਿਚ ਵਹਾਈਆ । ਮੈਂ ਸੇਵਕ ਦਰਵੇਸ਼ ਤੇਰੇ ਦਰ ਦੀ ਬਾਂਦੀ, ਬੰਦਨਾ ਵਿਚ ਸੀਸ ਨਿਵਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ ਤੇਰੇ ਅੱਗੇ ਵਾਸਤਾ ਪਾਂਦੀ, ਦੋਏ ਜੋੜ ਸੀਸ ਜਗਦੀਸ ਝੁਕਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਵਗੇ ਆਂਧੀ, ਸਾਚਾ ਚੰਦ ਨਾ ਕੋਇ ਚਮਕਾਈਆ । ਮਨ ਕਲਪਨਾ ਦ੍ਰਿਸ਼ਟੀ ਸ੍ਰਿਸ਼ਟੀ ਸਾਰੇ ਫਾਂਦੀ, ਫੰਦਨ ਸਕੇ ਨਾ ਕੋਇ ਕਟਾਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਢਾਂਡੀ, ਡੰਡਾਵਤ ਵਾਲਾ ਨਜ਼ਰ ਕੋਇ ਨਾ ਆਈਆ । ਸਭ ਦੀ ਬੁੱਧੀ ਕਾਗ ਵਾਂਗ ਕੁਰਲਾਂਦੀ, ਹੰਸ ਰੂਪ ਨਾ ਕੋਇ ਬਦਲਾਈਆ । ਮੈਂ ਜੁਗ ਚੌਕੜੀ ਥੱਕੀ ਮਾਂਦੀ, ਬਲਹੀਣ ਦਿਆਂ ਦੁਹਾਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਇਕੋ ਤੇਰਾ ਸੋਹਲਾ ਢੋਲਾ ਗਾਂਦੀ, ਕਲਮਾ ਤੇਰਾ ਨਾਮ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਧਰਨੀ ਕਹੇ ਪ੍ਰਭ ਜਨ ਭਗਤ ਸੁਹੇਲੇ ਵੇਖ ਵੱਡੇ ਨਿੱਕੇ, ਆਯੂ ਵੰਡ ਨਾ ਕੋਇ ਵੰਡਾਈਆ । ਜਿਨ੍ਹਾਂ ਨੂੰ ਨਿਜ ਨਿਰੰਤਰ ਅੰਤਰ ਆਤਮ ਪਰਮਾਤਮ ਹੋ ਕੇ ਦਿਸੇਂ, ਲੋਇਣ ਇਕੋ ਇਕ ਖੁਲ੍ਹਾਈਆ । ਲੱਖ ਚੁਰਾਸੀ ਵਿਚੋਂ ਥੋੜ੍ਹੇ ਆਏ ਤੇਰੇ ਹਿੱਸੇ, ਜੋ ਇਕੋ ਓਟ ਰਹੇ ਤਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਧਾਰ ਕਰ ਹਿੱਤੇ, ਹਿਤਕਾਰੀ ਹੋ ਕੇ ਦਇਆ ਕਮਾਈਆ । ਓਨ੍ਹਾਂ ਦੇ ਮਾਨਸ ਜਨਮ ਜਾਣ ਜਿੱਤੇ, ਦੂਜੀ ਵਾਰ ਜਨਮ ਦੀ ਲੋੜ ਰਹਿਣ ਨਾ ਪਾਈਆ । ਜਨਮ ਕਰਮ ਦੇ ਲੇਖੇ ਕਰ ਦੇ ਚਿੱਟੇ, ਦੁਰਮਤ ਮੈਲ ਧਵਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਨੂਰ ਤੇਰਾ ਦਿਸੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਚ ਸਿੰਘਾਸਣ ਤੇਰੇ ਲਿਟੇ, ਜਗਤ ਖਾਟੀ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਦਏ ਵਖਾਈਆ । ਧਰਨੀ ਕਹੇ ਤੇਰਾ ਭਗਤ ਸੁਹੇਲਾ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਜਿਸ ਦੀ ਚਾਰ ਜੁਗ ਦੀ ਵੱਖਰੀ ਰੀਤ, ਸਤਿਜੁਗ ਤਰੇਤਾ ਦੁਆਪਰ ਕਲਜੁਗ ਬੈਠੇ ਸੀਸ ਨਿਵਾਈਆ । ਇਕੋ ਪਰਮ ਪੁਰਖ ਦਾ ਗਾਉਂਦੇ ਗੀਤ, ਦੂਜਾ ਕਲਮਾ ਨਾਮ ਨਾ ਕੋਇ ਸ਼ਨਵਾਈਆ । ਆਪਣਾ ਆਪ ਕਰ ਕੇ ਠਾਂਡਾ ਸੀਤ, ਅਗਨੀ ਅੱਗ ਡੇਰਾ ਢਾਹੀਆ । ਤੂੰ ਸਾਹਿਬ ਸੁਹੇਲਾ ਵਸਿਆ ਚੀਤ, ਚੇਤਨ ਸੁਰਤੀ ਦਿਤੀ ਕਰਾਈਆ । ਸਤਿ ਧਰਮ ਦੀ ਦੱਸ ਕੇ ਰੀਤ, ਰੀਤੀਵਾਨ ਆਪਣੀ ਅੱਖ ਖੁਲ੍ਹਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਦੱਸ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਸਦੀ ਚੌਧਵੀਂ ਰਹੀ ਬੀਤ, ਬਾਤਨ ਪੜਦਾ ਦੇ ਉਠਾਈਆ । ਕਲਜੁਗ ਅੰਤ ਅਖ਼ੀਰੀ ਦਿਸੇ ਕਰੀਬ, ਕਰਬਲੇ ਵਾਲੇ ਰਹੇ ਕੁਰਲਾਈਆ । ਨੇਤਰ ਰੋਵਣ ਅਮੀਰ ਗ਼ਰੀਬ, ਗ਼ੁਰਬਤ ਅੰਦਰੋਂ ਬਾਹਰ ਨਾ ਕੋਇ ਕਢਾਈਆ । ਮਨ ਕਲਪਣਾ ਸਭ ਦਾ ਬਦਲ ਦੇ ਨਸੀਬ, ਨਿਸਬਤ ਆਪਣੀ ਦੇ ਸਮਝਾਈਆ । ਸਾਚਾ ਕਲਮਾ ਧੁਰ

ਦਾ ਦੱਸ ਇਕ ਹਦੀਸ, ਗੁਰ ਅਵਤਾਰ ਪੈਗ਼ੰਬਰ ਹਜ਼ਰਤਾਂ ਦੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਨਿਰੰਕਾਰਾ ਇਕ ਸੁਣਾਈਆ । ਧਰਨੀ ਕਹੇ ਮੇਰੇ ਦੀਨ ਦਿਆਲ ਤੇਰਾ ਧਰਮ ਦਾ ਵੇਖਾਂ ਯੁੱਧ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਜਨ ਭਗਤਾਂ ਕਾਰਜ ਕਰ ਸੁੱਧ, ਵਦੀ ਸੁਦੀ ਦੀ ਲੋੜ ਰਹੇ ਨਾ ਰਾਈਆ । ਨਿਰਮਲ ਕਰ ਉਜਲ ਬੁਧ, ਬਿਬੇਕ ਰੂਪ ਦੇ ਸਮਝਾਈਆ । ਕੂੜੀ ਕਿਰਿਆ ਦੀਪਕ ਜਾਏ ਬੁਝ, ਨਿਰਮਲ ਜੋਤ ਕਰ ਰੁਸ਼ਨਾਈਆ । ਪੜਦਾ ਓਹਲਾ ਚੁਕਾ ਭੇਵ ਖੁਲ੍ਹੇ ਗੁਝ, ਗਹਿਰ ਗੰਭੀਰ ਬੇਨਜ਼ੀਰ ਆਪਣਾ ਰੰਗ ਰੰਗਾਈਆ । ਸਤਿ ਧਰਮ ਦੀ ਸਾਚੀ ਸਿਖਿਆ ਸਭ ਨੂੰ ਜਾਏ ਸੁਝ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਪੜਦਾ ਦੇ ਉਠਾਈਆ । ਕਲਜੁਗ ਅੰਤ ਅਖ਼ੀਰੀ ਲੇਖਾ ਰਿਹਾ ਮੁਕ, ਮੁਕੰਮਲ ਆਪਣਾ ਹੁਕਮ ਵਰਤਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਸਤ ਤੇਰੇ ਨਾਮ ਦੀ ਮਾਨਵ ਇਕੋ ਪੜ੍ਹੇ ਤੁਕ, ਆਤਮ ਪਰਮਾਤਮ ਰਾਗ ਅਨਾਦੀ ਦੇਣਾ ਜਣਾਈਆ । ਸ਼ਾਹ ਸੁਲਤਾਨ ਨੌਜਵਾਨ ਮਰਦ ਮਰਦਾਨ ਤੈਨੂੰ ਸਾਰੇ ਜਾਵਣ ਝੁਕ, ਨਿਵ ਨਿਵ ਲਾਗਣ ਪਾਈਂਆ । ਸਤਿ ਧਰਮ ਦੀ ਸਾਚੀ ਮੌਲੇ ਰੁੱਤ, ਬਸੰਤ ਕੰਤ ਭਗਵੰਤ ਆਪਣੀ ਮਹਿਕ ਇਕ ਮਹਿਕਾਈਆ । ਝਗੜਾ ਮੁਕਾ ਦੇ ਕਾਇਆ ਮਾਟੀ ਤੱਤਾਂ ਵਾਲਾ ਬੁੱਤ, ਇਸ਼ਟ ਦੇਵ ਸਵਾਮੀ ਹੁਜਰਾ ਹਕ ਇਕੋ ਸੋਭਾ ਪਾਈਆ । ਜਨ ਭਗਤ ਸੁਹੇਲੇ ਤੇਰੇ ਵਿਛੋੜੇ ਦਾ ਰਹੇ ਕੋਈ ਨਾ ਦੁੱਖ, ਬਿਛਰਤ ਆਪਣਾ ਮੇਲ ਮਿਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਨਿਰਗੁਣ ਧਾਰ ਅਨਡਿੱਠ, ਦੋ ਜਹਾਨਾਂ ਹੋ ਸਹਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਉਤੇ ਤੁਠ, ਅਤੁਟ ਨਾਮ ਭੰਡਾਰਾ ਦੇ ਵਰਤਾਈਆ । ਆਵਣ ਜਾਵਣ ਲੱਖ ਚੁਰਾਸੀ ਸਭ ਦਾ ਪੈਂਡਾ ਜਾਏ ਮੁਕ, ਰਾਏ ਧਰਮ ਨਾ ਦਏ ਸਜ਼ਾਈਆ । ਗੁਰਮੁਖ ਗੁਰਸਿੱਖ ਹਰਿਜਨ ਭਗਤ ਵੱਡੇ ਛੋਟੇ ਬੱਚੇ ਨੰਨ੍ਹੇ ਆਪੇ ਪੁਛ, ਨਿਰਗੁਣ ਨਿਰਾਕਾਰ ਆਪਣਾ ਫੇਰਾ ਪਾਈਆ । ਤੇਰੀ ਪ੍ਰੇਮ ਪਿਆਰ ਮੁਹੱਬਤ ਵਾਲੀ ਮੌਲੇ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਤੇਰੀ ਮੰਜ਼ਲ ਚੜ੍ਹਦਿਆਂ ਹਰਿਜਨ ਅਧਵਿਚਕਾਰ ਕੋਈ ਨਾ ਜਾਵੇ ਰੁਕ, ਦੇਵਤ ਸੁਰ ਵਿਸ਼ਨ ਬ੍ਰਹਮਾ ਸ਼ਿਵ ਰਾਹ ਤੱਕਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸਤਿਗੁਰ ਸਤਿ ਪੁਰਖ ਨਿਰੰਜਣ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੇਰਾ ਮਨਜ਼ੂਰ ਕਰ ਅਰਦਾਸਾ, ਅਰਜ਼ ਤੇਰੇ ਅੱਗੇ ਸੁਣਾਈਆ । ਜਨ ਭਗਤਾਂ ਪੂਰਾ ਦੇ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਕਾਇਆ ਮੰਦਰ ਅੰਦਰ ਵੇਖਾਂ ਤੇਰੀ ਰਾਸਾ, ਬਿਨ ਗੋਪੀ ਕਾਹਨ ਕਾਹਨ ਗੋਪੀ ਦੇਣਾ ਬਣਾਈਆ । ਜਨ ਭਗਤਾਂ ਲੇਖੇ ਲਾ ਪਵਣ ਸਵਾਸਾ, ਸਾਹ ਸਾਹ ਤੇਰਾ ਨਾਮ ਧਿਆਈਆ । ਪੰਧ ਮੁਕਾ ਦੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਲੇਖਾ ਦੇ ਚੁਕਾਈਆ । ਕਲਜੁਗ ਮਿਟੇ ਰੈਣ ਅੰਧੇਰੀ ਰਾਤਾ, ਨਿਰਗੁਣ ਸਰਗੁਣ ਸਾਚਾ ਚੰਦ ਕਰ ਰੁਸ਼ਨਾਈਆ । ਸਤਿ ਧਰਮ ਦਾ ਤੇਰਾ ਵੇਖਾਂ ਇਕ ਤਮਾਸ਼ਾ, ਚਾਰ ਕੁੰਟ ਦਹਿ ਦਿਸ਼ਾ ਅੱਖ ਖੁਲ੍ਹਾਈਆ । ਤੇਰਾ ਨੂਰ ਹੋਵੇ ਪਰਕਾਸ਼ਾ, ਪਰਕਾਸ਼ ਹੋਵੇ ਸਰਬ ਲੋਕਾਈਆ । ਜਨ ਭਗਤਾਂ ਪੂਰੀਆਂ ਕਰ ਆਸਾਂ, ਆਹਿਸਤਾ ਆਹਿਸਤਾ ਪੜਦਾ ਦੇ ਉਠਾਈਆ । ਸਾਢੇ ਤਿੰਨ ਹੱਥ ਕਰ ਵਾਸਾ, ਬੰਕ ਦਵਾਰਾ ਸੋਭਾ ਪਾਈਆ । ਸ਼ਬਦ ਅਗੰਮੀ ਸੁਣਾ ਅਨਾਦਾ, ਅਨਹਦ ਨਾਦੀ ਨਾਦ ਵਜਾਈਆ । ਗਿਆਨ ਦੇ ਬੋਧ ਅਗਾਧਾ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਇਕੋ ਤੇਰੇ ਨਾਮ ਦੀ ਜਨ ਭਗਤ ਸੁਣਨ ਅਗੰਮੀ ਆਵਾਜ਼ਾ, ਰਾਜ਼ ਆਪਣਾ ਦੇਣਾ ਖੁਲ੍ਹਾਈਆ । ਪੜ੍ਹਨੀ ਪਏ ਨਾ ਕੋਈ ਨਿਮਾਜ਼ਾ,

੧੨੮੨
੨੦

ਸਜਦਿਆਂ ਵਿਚ ਸੀਸ ਨਾ ਕੋਇ ਝੁਕਾਈਆ । ਤੂੰ ਸ਼ਾਹੋ ਭੂਪ ਵਡ ਸੁਲਤਾਨ ਧੁਰ ਦਾ ਰਾਜਾ, ਨਵਾਬ ਨੌਬਤ ਆਪਣੀ ਦੇ ਵਜਾਈਆ । ਜਨ ਭਗਤਾਂ ਰਚ ਕੇ ਧੁਰ ਦਾ ਕਾਜਾ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਮੇਲਾ ਲੈਣਾ ਮਿਲਾਈਆ । ਤੇਰਾ ਨਾਉਂ ਗ਼ਰੀਬ ਨਿਵਾਜਾ, ਸੀਸ ਜਗਦੀਸ ਸੋਹੇ ਤਾਜਾ, ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼ੀ ਆਪਣਾ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਜਨ ਤੇਰੀ ਸਰਨ ਸਰਨਾਈ ਲਾਗਾ, ਓਨ੍ਹਾਂ ਦਾ ਦੁਰਮਤ ਮੈਲ ਧੋ ਦਾਗ਼ਾ, ਆਤਮ ਦੀਪ ਜਗੇ ਚਿਰਾਗ਼ਾ, ਬੁੱਧੀ ਰਹੇ ਕੂੜ ਨਾ ਕਾਗਾ, ਸਰਵਣ ਸੁਣਨ ਕੋਈ ਨਾ ਰਾਗਾ, ਧੁਨ ਆਤਮਕ ਰਾਗ ਦੇਣਾ ਸੁਣਾਈਆ । ਧਰਨੀ ਕਹੇ ਮੇਰੀ ਧਰਮ ਦੀ ਇਕ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਨਿਰਵੈਰ ਤੇਰੀ ਓਟ ਤਕਾਈਆ । ਜਨ ਭਗਤ ਸੁਹੇਲੇ ਕਰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਤੇਰੀ ਮੰਜ਼ਲ ਚੜ੍ਹਨ ਦੁਸ਼ਵਾਰ, ਦੂਤੀ ਦੁਸ਼ਟ ਰਾਹ ਨਾ ਕੋਇ ਅਟਕਾਈਆ । ਜਿਧਰ ਵੇਖਣ ਤੇਰਾ ਉਜਿਆਰ, ਹਰ ਘਟ ਅੰਦਰ ਬੈਠਾ ਸੋਭਾ ਪਾਈਆ । ਜਨ ਭਗਤ ਸੁਹੇਲੇ ਤੇਰੇ ਖ਼ਿਦਮਤਗਾਰ, ਖ਼ੁਦੀ ਤਕੱਬਰ ਅੰਦਰੋਂ ਦੇਣਾ ਕਢਾਈਆ । ਤੂੰ ਆਦਿ ਜੁਗਾਦੀ ਸਾਂਝਾ ਯਾਰ, ਤਖ਼ਤ ਨਿਵਾਸੀ ਸਚਖੰਡ ਦਵਾਰੇ ਸੋਭਾ ਪਾਈਆ । ਪ੍ਰੇਮ ਮੁਹੱਬਤ ਬਖ਼ਸ਼ ਅਗੰਮ ਅਪਾਰ, ਜਿਸ ਨੂੰ ਮਨ ਕਲਪਨਾ ਸਕੇ ਨਾ ਕੋਇ ਤੁੜਾਈਆ । ਮੈਂ ਪਿਛਲੀ ਵੇਖਾਂ ਧਾਰ, ਕੁਛ ਲਾਲੋ ਦਾ ਬਿਵਹਾਰ, ਜਿਸ ਦੀ ਮਹਿਕੀ ਇਕ ਗੁਲਜ਼ਾਰ, ਨੰਨ੍ਹਾ ਬੱਚਾ ਇਕ ਅਪਾਰ, ਭਈਆ ਦਾ ਭਤੀਜਾ ਪਿਛਲਾ ਨਜ਼ਰੀ ਆਈਆ । ਜਿਸ ਦਾ ਕਰਜ਼ਾ ਰਿਹਾ ਉਤਾਰ, ਪਿਛਲਾ ਰਿਹਾ ਨਾ ਕੋਇ ਉਧਾਰ, ਜਨਮ ਜਨਮ ਦੀ ਪੈਜ ਦਿਤੀ ਸੁਧਾਰ, ਲੱਖ ਚੁਰਾਸੀ ਵਿਚੋਂ ਕਰ ਕੇ ਬਾਹਰ, ਪਾਰਬ੍ਰਹਮ ਬ੍ਰਹਮ ਮੇਲਾ ਕਰਾਏ ਆਪਣੀ ਧਾਰ, ਜੋਤੀ ਜਾਤਾ ਅਕਲ ਕਲਧਾਰੀ ਕਲ ਆਪਣੀ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਆਦਿ ਜੁਗਾਦਿ ਸਦਾ ਸਿਕਦਾਰ, ਹੁਕਮ ਵਿਚ ਹੁਕਮ ਧੁਰ ਦਾ ਇਕ ਜਣਾਈਆ ।

### ★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੩ ਗੁਰਦਿਆਲ ਸਿੰਘ ਦੇ ਗ੍ਰਿਹ ੨੫ ਬੀ੦ ਬੀ੦ ਰਾਜਸਥਾਨ ★

ਧਰਨੀ ਧਰਤ ਧਵਲ ਧੌਲ ਕਹੇ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਦਰ ਠਾਂਡਾ ਵੇਖ ਤੇਰਾ ਸੱਚਾ ਦਰਬਾਰ, ਸਚਖੰਡ ਦਵਾਰ ਦਰਗਾਹ ਸਾਚੀ ਧਿਆਨ ਲਗਾਈਆ । ਜਿਸ ਗ੍ਰਿਹ ਬਿਨ ਦੀਆ ਬਾਤੀ ਕਮਲਾਪਾਤੀ ਤੇਰਾ ਨਿਰਗੁਣ ਨੂਰ ਜੋਤ ਹੋਵੇ ਉਜਿਆਰ, ਸ਼ਾਹ ਸੁਲਤਾਨ ਨੌਜਵਾਨ ਜਲਵਾਗਰ ਤੇਰੀ ਰੁਸ਼ਨਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸ਼ਾਹੋ ਭੂਪ ਨਜ਼ਰੀ ਆਏ ਇਕ ਸਰਕਾਰ, ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਸੋਭਾ ਪਾਈਆ । ਚਰਨ ਕਵਲ ਬਿਨ ਸੀਸ ਜਗਦੀਸ ਝੁਕਦੇ ਵੇਖੇ ਗੁਰੂ ਅਵਤਾਰ, ਪੈਗ਼ੰਬਰ ਬਿਨ ਸਜਦਿਆਂ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦਿਸਣ ਖ਼ਿਦਮਤਗਾਰ, ਸਿਰ ਸਕੇ ਨਾ ਕੋਇ ਉਠਾਈਆ । ਜੁਗ ਚੌਕੜੀ ਤੇਰੇ ਪਨਹਾਰ, ਦਰ ਠਾਂਡੇ ਝੋਲੀ ਡਾਹੀਆ । ਤੂੰ ਦੇਵਣਹਾਰ ਦਾਤਾਰ, ਦਾਤਾ ਦਾਨੀ ਇਕ ਅਖਵਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਤੇਰਾ ਸਹਾਰ, ਮੰਡਲ



੧੨੮੩
੨੦

ਮੰਡਪ ਤੇਰੀ ਵੱਜੇ ਵਧਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤ੍ਰੈਗੁਣ ਮਾਇਆ ਪੰਜ ਤਤ ਤੇਰਾ ਪਸਾਰ, ਚਾਰੇ ਖਾਣੀ ਚਾਰੇ ਬਾਣੀ ਤੇਰੀ ਧਾਰ ਵਿਚ ਵਡਿਆਈਆ । ਪਵਣ ਪਾਣੀ ਸ਼ਬਦ ਨਾਦ ਧੁਨ ਤੇਰਾ ਜੈਕਾਰ, ਬੋਧ ਅਗਾਧ ਬੇਪਰਵਾਹ ਸਿਫ਼ਤ ਤੇਰੀ ਸਾਲਾਹੀਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਦਿ ਜੁਗਾਦਿ ਤੇਰੀ ਧਾਰ, ਆਤਮ ਪਰਮਾਤਮ ਪਰਮਾਤਮ ਆਤਮ ਤੇਰਾ ਵਣਜ ਵਪਾਰਾ ਇਕੋ ਸੋਭਾ ਪਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਡਜ ਜੇਰਜ ਉਤਭੁਜ ਸੇਹਤਜ ਚਾਰੇ ਖਾਣੀ ਸੇਵਾਦਾਰ, ਹੁਕਮ ਅੰਦਰ ਹੁਕਮ ਮੰਨ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪਰਮ ਪੁਰਖ ਤੇਰੀ ਵੇਖੀ ਸੱਚੀ ਧਰਮਸਾਲ, ਧਰਮ ਦਵਾਰਾ ਸੋਭਾ ਪਾਈਆ । ਜਿਥੇ ਏਕਾ ਏਕ ਏਕੰਕਾਰਾ ਆਦਿ ਜੁਗਾਦਿ ਜੁਗ ਚੌਕੜੀ ਬੈਠਾ ਦੀਨ ਦਿਆਲ, ਦੀਨਨ ਰੱਛਿਆ ਆਪ ਕਮਾਈਆ । ਏਥੇ ਓਥੇ ਦੋ ਜਹਾਨ ਕਰੇ ਸਰਬ ਸੰਭਾਲ, ਹੁਕਮੇ ਅੰਦਰ ਆਪਣਾ ਹੁਕਮ ਮਨਾਈਆ । ਨਾਮ ਸੰਦੇਸ਼ਾ ਧੁਰ ਫ਼ਰਮਾਨਾ ਦੇ ਕੇ ਵਿਚ ਜਹਾਨ, ਜੀਵਤ ਜਾਗਰਤ ਜੋਤ ਕਰੇ ਰੁਸ਼ਨਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਢੋਲੇ ਰਾਗ ਨਾਦ ਗੀਤ ਸੰਗੀਤ ਤੇਰਾ ਗਾਨ, ਗਾਵਤ ਗਾ ਗਹਿਰ ਗੰਭੀਰ ਖ਼ੁਸ਼ੀ ਮਨਾਈਆ । ਦੇਵਤ ਸੁਰ ਬਿਨ ਸੂਰਤ ਅਕਾਲ ਮੂਰਤ ਤੇਰਾ ਧਰਨ ਧਿਆਨ, ਨਾਦ ਤੂਰਤ ਤੁਰੀਆ ਤੋਂ ਪਰੇ ਕਰੇ ਸ਼ਨਵਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਸੁਣਾਉਂਦੇ ਧੁਰ ਫ਼ਰਮਾਨ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਅੱਖਰ ਧਾਰ ਅੱਖਰਾਂ ਵਿਚ ਪਰਗਟਾਈਆ । ਬਿਨ ਤੇਰੀ ਕਿਰਪਾ ਮਿਹਰਵਾਨ, ਮਹਿਬੂਬ ਮੁਹੱਬਤ ਹਕ ਨਾ ਕੋਇ ਕਮਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਪਰਵਰਦਿਗਾਰ ਸਾਂਝੇ ਯਾਰ ਲਾਸ਼ਰੀਕ ਮੈਂ ਵੇਖ ਹੋਈ ਹੈਰਾਨ, ਚਾਰ ਕੁੰਟ ਦਹਿ ਦਿਸ਼ਾ ਹੈਰਾਨੀ ਇਕੋ ਨਜ਼ਰੀ ਆਈਆ । ਸਤਿ ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਸ਼ਾਹ ਸੁਲਤਾਨ ਕਰਨ ਲੜਾਈਆ । ਸ਼ਰਅ ਸ਼ਰੀਅਤ ਮਨ ਕਲਪਣਾ ਹਰ ਘਟ ਅੰਦਰ ਵੜੀ ਸ਼ੈਤਾਨ, ਦਿਵਸ ਰੈਣ ਅੱਠੇ ਪਹਿਰ ਸਾਂਤਕ ਸਤਿ ਨਾ ਕੋਇ ਕਰਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਵਿਭਚਾਰ ਦੁਰਾਚਾਰ ਹੋਇਆ ਪਰਧਾਨ, ਜੂਠ ਝੂਠ ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਆਤਮ ਬ੍ਰਹਮ ਰਿਹਾ ਨਾ ਕਿਸੇ ਦੇ ਕੋਲ ਗਿਆਨ, ਬੁੱਧੀਵਾਨ ਬੁੱਧੀ ਦੀ ਕਰਨ ਚਤੁਰਾਈਆ । ਅੰਤਰ ਅੰਤਰ ਮੰਜ਼ਲ ਚੜ੍ਹੇ ਨਾ ਕੋਇ ਮਹਾਨ, ਨਿਰੰਤਰ ਤੇਰਾ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਵਾਲੇ ਢੋਲੇ ਗਾਣ, ਸਰਵਣਾਂ ਨਾਲ ਸੁਣ ਕੇ ਜਗਤ ਜੀਵ ਵਕਤ ਲੰਘਾਈਆ । ਮੈਂ ਦਰ ਨਿਮਾਣੀ ਮੰਗਾਂ ਇਕੋ ਦਾਨ, ਸੀਸ ਜਗਦੀਸ ਤੇਰੇ ਚਰਨ ਕਵਲ ਟਿਕਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਜਨ ਭਗਤ ਆਪ ਪਛਾਣ, ਆਪਣਾ ਪੜਦਾ ਦੇ ਉਠਾਈਆ । ਨਾਮ ਨਿਧਾਨਾ ਸੁਣਾ ਅਗੰਮਾ ਧੁਰ ਫ਼ਰਮਾਨ, ਜਿਸ ਨੂੰ ਦੂਜਾ ਸੁਣਨ ਕੋਇ ਨਾ ਪਾਈਆ । ਭਾਗ ਲਗਾ ਕਾਇਆ ਮਾਟੀ ਸਾਢੇ ਤਿੰਨ ਹੱਥ ਮਕਾਨ, ਘਰ ਵਿਚ ਘਰ ਮੇਲਾ ਲੈ ਮਿਲਾਈਆ । ਅੰਮ੍ਰਿਤ ਆਤਮ ਰਸ ਦੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਦੇ ਮਿਟਾਈਆ । ਦੀਆ ਬਾਤੀ ਕਮਲਾਪਾਤੀ ਇਕ ਜਗਾ ਮਹਾਨ, ਅੰਧ ਅੰਧੇਰ ਅੰਦਰੋਂ ਦੇ ਚੁਕਾਈਆ । ਆਤਮ ਸੇਜਾ ਸਚ ਸਿੰਘਾਸਣ ਸਚ ਸਵਾਮੀ ਕਰ ਬਿਸਰਾਮ, ਬਿਸਤਰ ਕੂੜੀ ਸਫਾ ਦੇ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਹੋ ਨਿਗਾਹਬਾਨ, ਨੌ ਦਵਾਰੇ ਮਮਤਾ ਕੂੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ


੧੨੮੪
੨੦

ਤੇਰੀ ਓਟ ਤਕਾਈਆ । ਧਰਨੀ ਕਹੇ ਪ੍ਰਭ ਮੇਰੇ ਕਰ ਦੇ ਵੱਡੇ ਭਾਗ, ਭਗਤ ਭਗਵਾਨ ਜੋੜ ਜੁੜਾਈਆ । ਦੀਪਕ ਬੁਝਿਆ ਜਗਾ ਚਿਰਾਗ਼, ਚਰਾਗਾਹਾਂ ਵਿਚ ਕਰ ਰੁਸ਼ਨਾਈਆ । ਹਰਿਜਨ ਪਿਆਰੇ ਅੰਦਰ ਧੋ ਦਾਗ਼, ਦੁਰਮਤ ਮੈਲ ਰਹਿਣ ਨਾ ਪਾਈਆ । ਹੰਸ ਬੁੱਧੀ ਬਣਾ ਕਾਗ, ਕਾਗੋਂ ਹੰਸ ਦੇ ਵਖਾਈਆ । ਜੋ ਸਰਨ ਸਰਨਾਈ ਤੇਰੀ ਲੱਗ ਜਾਏ ਆਜ, ਅੱਜ ਦਾ ਕੱਲ ਲੇਖਾ ਦੇ ਮੁਕਾਈਆ । ਮਨ ਕਲਪਣਾ ਕੂੜੀ ਕਿਰਿਆ ਆਪਣੇ ਹੱਥ ਪਕੜ ਵਾਗ, ਸੁਰਤ ਸ਼ਬਦ ਲੈ ਉਠਾਈਆ । ਪ੍ਰੇਮ ਪਿਆਰ ਮੁਹੱਬਤ ਦਾ ਦੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਘਰ ਸਵਾਮੀ ਠਾਕਰ ਮੇਲਾ ਹੋਵੇ ਕੰਤ ਸੁਹਾਗ, ਜੋ ਏਥੇ ਓਥੇ ਦੋ ਜਹਾਨ ਵਿਛੜ ਕਦੇ ਨਾ ਜਾਈਆ । ਝਗੜਾ ਮੁਕਾ ਦੇ ਦੀਨ ਮਜ਼੍ਹਬ ਜਾਤ ਪਾਤ ਜਗਤ ਸਮਾਜ, ਸਚ ਸਮਗਰੀ ਜੋਤ ਇਕਗਰੀ ਆਪਣੀ ਦੇ ਵਖਾਈਆ । ਸਤਿ ਦਵਾਰਾ ਏਕੰਕਾਰਾ ਇਕ ਵਖਾ ਆਪਣਾ ਮਹਾਰਾਜ, ਜਗਤ ਦਵਾਰੇ ਡੇਰਾ ਢਾਹੀਆ । ਤ੍ਰੈਗੁਣ ਮਾਇਆ ਕੂੜੀ ਤ੍ਰਿਸ਼ਨਾ ਬੁਝੇ ਆਗ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸਾ ਇਕੋ ਇਕ ਵਧਾਈਆ । ਧਰਨੀ ਕਹੇ ਸਾਚਾ ਭਗਤ ਬਣਾ ਧੁਰ ਦਾ ਜੋਗੀ, ਜੋਗੀਸ਼ਰ ਆਪਣਾ ਰੂਪ ਬਣਾਈਆ । ਆਤਮ ਪਰਮਾਤਮ ਬਣ ਮੌਜੀ, ਮਜਲਸ ਆਪਣੀ ਦੇ ਵਖਾਈਆ । ਕਾਇਆ ਮੰਦਰ ਅੰਦਰ ਬਣ ਕੇ ਖੋਜੀ, ਪੜਦਾ ਦੂਈ ਦੇ ਚੁਕਾਈਆ । ਜਿਸ ਧਾਰ ਨੂੰ ਦੱਸਦੇ ਗਏ ਵੇਦੀ ਸੋਢੀ, ਨਾਨਕ ਗੋਬਿੰਦ ਢੋਲਾ ਗਾਈਆ । ਉਹ ਹੁਕਮ ਵਰਤਾ ਲੋਕ ਪਰਲੋਕੀ, ਪਾਰਬ੍ਰਹਮ ਤੇਰੀ ਸਰਨਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਨਾਮ ਗਾਵਣ ਇਕ ਸਲੋਕੀ, ਸੋਹਲਾ ਇਕੋ ਇਕ ਸਮਝਾਈਆ । ਸਾਚੇ ਸੰਤਾਂ ਪੜ੍ਹਨੀ ਪਏ ਕੋਈ ਨਾ ਪੋਥੀ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਇਕੋ ਪਰਕਾਸ਼ ਤੇਰਾ ਵੇਖਣ ਨਿਰਮਲ ਜੋਤੀ, ਜੋਤੀ ਜੋਤ ਕਰ ਰੁਸ਼ਨਾਈਆ । ਆਤਮਾ ਪਰਮਾਤਮਾ ਤੇਰਾ ਗੋਤੀ, ਦੂਜੀ ਵੰਡ ਨਾ ਕੋਇ ਵਖਾਈਆ । ਜਨ ਭਗਤਾਂ ਆਪਣੀ ਮੰਜ਼ਲ ਦੇ ਸੌਖੀ, ਔਝੜ ਰਾਹ ਨਾ ਕੋਇ ਭਵਾਈਆ । ਹਰਖ਼ ਸੋਗ ਚਿੰਤਾ ਗ਼ਮ ਵਿਚ ਰਹੇ ਕੋਈ ਨਾ ਦੋਖੀ, ਦੁਖੀਆਂ ਦਰਦ ਲੈਣਾ ਵੰਡਾਈਆ । ਤੇਰੀ ਯਾਦ ਵਿਚ ਦਾਦ ਵਿਚ ਇਮਦਾਦ ਵਿਚ ਬੈਠੇ ਕੋਟਨ ਕੋਟੀ, ਕਾਇਆ ਕੁਟੀਆ ਬੈਠੇ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਕਾਇਆ ਮੰਜ਼ਲ ਚੜ੍ਹੇ ਕੋਈ ਨਾ ਚੋਟੀ, ਆਖ਼ਰ ਚੜ੍ਹ ਕੇ ਦਰਸ ਕੋਇ ਨਾ ਪਾਈਆ । ਮਾਇਆ ਮਮਤਾ ਹਉਮੇ ਹੰਗਤਾ ਦੇ ਸਾਰੇ ਬਣ ਗਏ ਰੋਗੀ, ਹੰ ਬ੍ਰਹਮ ਪਾਰਬ੍ਰਹਮ ਤੇਰਾ ਭੇਵ ਕੋਇ ਨਾ ਪਾਈਆ । ਜਗਤ ਵਿਕਾਰ ਸ੍ਰਿਸ਼ਟੀ ਕੀਤੀ ਵਿਜੋਗੀ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਜਨ ਭਗਤਾਂ ਬੁੱਧੀ ਜਾ ਸੋਧੀ, ਸੁਧ ਆਪਣੇ ਨਾਲ ਮਿਲਾਈਆ । ਧਰਨੀ ਕਹੇ ਮੇਰੇ ਸਾਹਿਬ ਸਵਾਮੀ ਸਮਰਥ, ਸਮਾਂ ਤੇਰਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਥਾ ਕਹਾਣੀ ਲਿਖ ਕੇ ਗਏ ਅਕਥ, ਜਿਸ ਨੂੰ ਕਥਨੀ ਕਥ ਨਾ ਸਕੇ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਵਿਖਤਾਂ ਵਿਚ ਗਏ ਦੱਸ, ਨਾਮ ਸੰਦੇਸ਼ਿਆਂ ਵਿਚ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਧਾਰ ਹੋਏ ਪਰਗਟ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਜਿਸ ਨੂੰ ਜਗਤ ਨੇਤਰ ਵੇਖੇ ਕੋਈ ਨਾ ਅੱਖ, ਪਰਤੱਖ ਰੂਪ ਕਵਣ ਗੋਸਾਈਆ । ਸੋ ਦੀਨ ਦਿਆਲਾ ਹੋ ਕਿਰਪਾਲਾ ਸਤਿ ਧਰਮ ਦਾ ਖੋਲ੍ਹੇ ਇਕੋ ਹੱਟ, ਜਿਸ ਹੱਟ ਦੇ ਵਣਜਾਰੇ ਗੁਰ ਅਵਤਾਰ ਪੈਗ਼ੰਬਰ ਨਜ਼ਰੀ ਆਈਆ । ਚਾਰ ਕੁੰਟ ਦਹਿ ਦਿਸ਼ਾ

੧੨੮੫
੨੦

ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇਵੇ ਇਕ ਵੱਥ, ਵਸਤ ਅਮੋਲਕ ਇਕ ਵਰਤਾਈਆ । ਸਤਿ ਧਰਮ ਦਾ ਸਤਿ ਸਤਿਵਾਦੀ ਹੋ ਕੇ ਚਲਾਵੇ ਰਥ, ਰਥਵਾਹੀ ਬਣੇ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਜਗਤ ਮਨਾਰਾ ਜਾਵੇ ਢੱਠ, ਸਤਿਜੁਗ ਸਾਚੀ ਨੀਂਹ ਧਰਾਈਆ । ਤਟ ਕਿਨਾਰਾ ਵਿਰੋਲੇ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪੜਦਾ ਰਹੇ ਨਾ ਰਾਈਆ । ਰਾਗੀ ਨਾਦੀ ਵਿਸਮਾਦੀ ਬ੍ਰਹਿਮਾਦੀ ਵੇਖੇ ਗਾਵਤ ਗਾਣੇਹਾਰੇ ਭੱਟ, ਭਟਨਾਗਰ ਆਪਣੀ ਧਾਰ ਚਲਾਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਅੱਖਰਾਂ ਵਿਚ ਸਤਰਾਂ ਵਿਚ ਗਈ ਰਟ, ਰੋਟੀਨ ਵਿਚ ਜਗਤ ਧੰਦੇ ਲਾਈਆ । ਸੋ ਦੀਨ ਦਿਆਲਾ ਆਪਣੇ ਨਾਮ ਦਾ ਜੈਕਾਰਾ ਬੋਲ ਇਕ ਅਲੱਖ, ਅਲਖ ਅਗੋਚਰ ਅਗੰਮ ਅਥਾਹ ਪੜਦਾ ਸਭ ਦਾ ਦਏ ਉਠਾਈਆ । ਜੋ ਹਰ ਘਟ ਅੰਦਰ ਰਿਹਾ ਵਸ, ਨਾਮ ਨਿਧਾਨਾ ਦੇਵੇ ਰਸ, ਮਨ ਮਨੂਆ ਕਰੇ ਵੱਸ, ਵਾਸਤਾ ਆਪਣੇ ਨਾਲ ਜੁੜਾਈਆ । ਭਾਗ ਲਗਾ ਕੇ ਕਾਇਆ ਮੱਟ, ਸ਼ਬਦ ਅਗੰਮੀ ਲਾ ਕੇ ਸੱਟ, ਸੋਈ ਸੁਰਤ ਅਕਾਲ ਮੂਰਤ ਲਏ ਉਠਾਈਆ । ਲੱਖ ਚੁਰਾਸੀ ਆਵਣ ਜਾਵਣ ਗੇੜਾ ਦੇਵੇ ਕਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਬੇਪਰਵਾਹੀਆ । ਧਰਨੀ ਮੇਰੀ ਪੁਨਹ ਪੁਨਹ ਨਮਸਕਾਰ, ਜਗਤ ਜਗਦੀਸ਼ ਸੀਸ ਨਿਵਾਈਆ । ਸਦੀ ਬੀਸਵੀਂ ਪਾ ਸਾਰ, ਮਹਾਂਸਾਰਥੀ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹੋਏ ਖ਼ੁਆਰ, ਗੁਰੂਦਵਾਰ ਗੁਰਦੇਵ ਸਵਾਮੀ ਨਜ਼ਰ ਕੋਇ ਨਾ ਆਈਆ । ਤੀਰਥ ਤਟ ਦੁਰਮਤ ਮੈਲ ਨਾ ਸਕੇ ਕੋਇ ਉਤਾਰ, ਪਾਪੀ ਅਪਰਾਧੀ ਦੁਸ਼ਟ ਦੁਰਾਚਾਰੀ ਵਿਕਾਰੀ ਹੰਕਾਰੀ ਕਰਨ ਲੜਾਈਆ । ਸਾਚੀ ਲੇਖੇ ਲੱਗੇ ਕਿਸੇ ਨਾ ਘਾਲ, ਘਾਇਲ ਵੇਖੀ ਜਗਤ ਲੋਕਾਈਆ । ਕੋਟਾਂ ਵਿਚੋਂ ਥੋੜ੍ਹੇ ਦਿਸਣ ਤੇਰੇ ਲਾਲ, ਜੋ ਬੈਠੇ ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਜਗਤ ਦਵਾਰੇ ਡੇਰਾ ਢਾਹੀਆ । ਉਨ੍ਹਾਂ ਦੀ ਆ ਕੇ ਸੁਰਤ ਸੰਭਾਲ, ਨੇੜ ਆ ਨਾ ਸਕੇ ਕਾਲ ਮਹਾਂਕਾਲ, ਦੀਨ ਦਿਆਲ ਤੇਰੀ ਸਰਨ ਸਰਨਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਨਾਮ ਵਸਤ ਦੇ ਸੱਚਾ ਧਨ ਮਾਲ, ਦੀਪਕ ਦੀਆ ਜੋਤੀ ਇਕੋ ਬਾਲ, ਗੁਰਮੁਖ ਬਾਲਕ ਆਪਣੇ ਰੰਗ ਰੰਗਾਈਆ । ਤੂੰ ਆਦਿ ਜੁਗਾਦੀ ਇਕ ਅਮਾਮ, ਝਗੜਾ ਮੇਟ ਕੂੜ ਤਮਾਮ, ਸ਼ਰਅ ਦਾ ਰਹੇ ਨਾ ਕੋਇ ਨਜ਼ਾਮ, ਸਤਿ ਧਰਮ ਦਾ ਕਰ ਇੰਤਜ਼ਾਮ, ਅਦਲ ਇਨਸਾਫ਼ ਇਕੋ ਇਕ ਵਖਾਈਆ । ਧਰਨੀ ਕਹੇ ਮੈਂ ਜੁਗ ਚੌਕੜੀ ਤੇਰੇ ਆਗਮਨ ਦਾ ਸੁਣਦੀ ਰਹੀ ਪੈਗ਼ਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਰਗੁਣ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਮੇਰੇ ਸਾਹਿਬ ਸਵਾਮੀ ਮਹਿਬੂਬ, ਤੇਰੀ ਮੁਹੱਬਤ ਵਿਚ ਕੁਰਲਾਈਆ । ਰਾਹ ਵੇਖਾਂ ਤੇਰਾ ਅਰਸ਼ ਉਚ ਅਰੂਜ, ਦਰਗਾਹ ਸਾਚੀ ਧਿਆਨ ਲਗਾਈਆ । ਜਿਥੇ ਪੀਰ ਪੈਗ਼ੰਬਰ ਗਏ ਡੂਜ, ਨਿਛਾਵਰ ਆਪਣਾ ਆਪ ਕਰਾਈਆ । ਉਥੇ ਝਗੜਾ ਨਹੀਂ ਦੂਜ, ਕਲਮਾ ਅਵਰ ਨਾ ਕੋਇ ਪੜ੍ਹਾਈਆ । ਤੇਰੀ ਇਕੋ ਹੱਦ ਮੰਜ਼ਲ ਮਕਸੂਦ, ਮੁਕਾਮੇ ਹਕ ਸੋਭਾ ਪਾਈਆ । ਸਾਚੀ ਰਮਜ਼ ਦੇ ਸੂਝ, ਧੁਰ ਇਸ਼ਾਰੇ ਨਾਲ ਦ੍ਰਿੜਾਈਆ । ਜਗਤ ਜਗਿਆਸੂ ਤੈਨੂੰ ਲੈਣ ਬੂਝ, ਪੜਦਾ ਅੰਦਰੋਂ ਦੇ ਉਠਾਈਆ । ਮਾਇਆ ਮਮਤਾ ਵਿਚ ਰਹੇ ਨਾ ਕੋਇ ਬੇਵਕੂਫ਼, ਭਾਂਡਾ ਭਰਮ ਦੇ ਭੰਨਾਈਆ । ਪਿਛਲਾ ਹੁਕਮ ਚਾਰ ਜੁਗ ਦਾ ਕਰ ਮਨਸੂਖ਼, ਅੱਗੇ ਇਕੋ ਹੁਕਮ ਵਰਤਾਈਆ । ਸਚ ਪ੍ਰੇਮ ਦਾ ਦੇ ਰਸੂਖ਼, ਰੁਖ਼ਸਤ



੧੨੮੬
੨੦

ਕੂੜੀ ਕਿਰਿਆ ਦੇ ਕਰਾਈਆ । ਸ਼ਿਕਵਾ ਰਹੇ ਨਾ ਕਿਸੇ ਸ਼ਕੂਕ, ਸ਼ਿਕਵਾਗਰ ਤੇਰੀ ਸਰਨਾਈਆ । ਚਾਰ ਕੁੰਟ ਦਹਿ ਦਿਸ਼ਾ ਆਪਣੇ ਹੁਕਮ ਅੰਦਰ ਕਰ ਮਹਿਫ਼ੂਜ਼, ਨਾਮ ਖੰਡਾ ਇਕ ਚਮਕਾਈਆ । ਤੇਰਾ ਸ਼ਬਦੀ ਧੁਰਦਰਗਾਹੀ ਇਕੋ ਦੂਤ, ਦੋ ਜਹਾਨ ਲਏ ਸਮਝਾਈਆ । ਸਿਖਿਆ ਦੇ ਦੇ ਸਭ ਨੂੰ ਕਾਇਆ ਪੰਜ ਭੂਤ, ਪੰਚ ਮਾਰ ਪੰਚ ਦੇ ਵਡਿਆਈਆ । ਜਿਧਰ ਵੇਖਾਂ ਓਧਰ ਦਿਸੇਂ ਮੌਜੂਦ, ਮਜਲਸ ਭਗਤਾਂ ਨਾਲ ਰਖਾਈਆ । ਕੂੜ ਕੁੜਿਆਰ ਕਾਇਆ ਵਿਭਚਾਰ ਕਰ ਨੇਸਤੋ ਨਾਬੂਦ, ਸਦੀ ਚੌਧਵੀਂ ਜੜ੍ਹ ਉਖੜਾਈਆ । ਤੂੰ ਇਕ ਇਕੱਲਾ ਵਾਹਦ ਤੇਰਾ ਆਪਣਾ ਆਪ ਸਬੂਤ, ਦੂਸਰੀ ਸ਼ਹਾਦਤ ਨਾ ਕੋਇ ਭੁਗਤਾਈਆ । ਨਾ ਕੋਈ ਤਤ ਨਾ ਵਜੂਦ, ਨਾ ਕੋਈ ਕਾਇਆ ਕਲਬੂਤ, ਨਿਰਗੁਣ ਨੂਰ ਤੇਰਾ ਰੁਸ਼ਨਾਈਆ । ਧਰਨੀ ਕਹੇ ਤੇਰਾ ਹੁਕਮ ਵਰਤੇ ਚਾਰੇ ਕੂਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਫ਼ਰਮਾਨਾ ਇਕ ਸਮਝਾਈਆ । ਧਰਨੀ ਕਹੇ ਮੇਰੇ ਧਰਮ ਦੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਮਾਰਗ ਦੱਸ ਦੇ ਭਗਤ ਭਗਵਾਨ, ਦੂਜੀ ਵੰਡ ਨਾ ਕੋਇ ਵੰਡਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੇਰਾ ਢੋਲਾ ਗਾਣ, ਧੁਰ ਦਾ ਰਾਗ ਅਲਾਈਆ । ਨਵ ਨੌਂ ਚਾਰ ਝੁੱਲੇ ਤੇਰਾ ਨਿਸ਼ਾਨ, ਬ੍ਰਹਿਮੰਡ ਖੰਡ ਤੇਰੀ ਸਰਨਾਈਆ । ਤੇਰਾ ਮੰਦਰ ਸੋਹੇ ਇਕ ਮਕਾਨ, ਜਗਤ ਦਵਾਰੇ ਲੋੜ ਰਹੇ ਨਾ ਰਾਈਆ । ਅੰਮ੍ਰਿਤ ਰਸ ਦੇ ਪੀਣ ਖਾਣ, ਰਸਨਾ ਜਿਹਵਾ ਨਾ ਹੋਏ ਹਲਕਾਈਆ । ਸਚ ਪ੍ਰੀਤੀ ਬਖ਼ਸ਼ ਚਰਨ ਧਿਆਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਆਤਮ ਪਰਮਾਤਮ ਕਰ ਪਰਵਾਨ, ਪਰਮ ਪੁਰਖ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਮਿਟੇ ਨਿਸ਼ਾਨ, ਸਤਿਜੁਗ ਸਾਚਾ ਰਾਹ ਵਖਾਈਆ । ਪੂਰਬ ਜਨਮ ਦਾ ਲੇਖਾ ਸਭ ਨੂੰ ਦੇ ਆਣ, ਆਨਨ ਫ਼ਾਨਨ ਪੜਦਾ ਦੇ ਉਠਾਈਆ । ਮੂਰਖ ਮੁਗਧਾਂ ਆਏ ਗਿਆਨ, ਜਗਤ ਵਿਦਿਆ ਦੀ ਲੋੜ ਰਹੇ ਨਾ ਰਾਈਆ । ਤਨ ਮਾਇਆ ਅੰਦਰ ਤੇਰੇ ਸ਼ਬਦ ਉਪਜੇ ਧੁਨਕਾਨ, ਧੁਨ ਆਤਮਕ ਰਾਗ ਸਮਝਾਈਆ । ਤੇਰਾ ਨੂਰ ਹੋਵੇ ਮਹਾਨ, ਜੋਤੀ ਜੋਤ ਡਗਮਗਾਈਆ । ਸਚਖੰਡ ਤੇਰੀ ਭੂਮਿਕਾ ਸੋਹੇ ਅਸਥਾਨ, ਅਸਥਲ ਤੇਰਾ ਦਵਾਰਾ ਨਜ਼ਰੀ ਆਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਸੀਸ ਨਿਵਾਣ, ਨਿਉਂ ਨਿਉਂ ਲਾਗਣ ਪਾਈਆ । ਤੂੰ ਤਖ਼ਤ ਨਿਵਾਸੀ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨੌਜਵਾਨ, ਸਚ ਦਵਾਰੇ ਸੋਭਾ ਪਾਈਆ । ਤੇਰਾ ਇਕੋ ਹੁਕਮ ਇਕ ਫ਼ਰਮਾਨ, ਇਕ ਦ੍ਰਿਸ਼ਟੀ ਇਕ ਧਿਆਨ, ਇਕ ਇਸ਼ਟ ਇਕ ਈਮਾਨ, ਇਕ ਧਰਮ ਇਕ ਪਰਵਾਨ, ਸਤਿਜੁਗ ਰੀਤੀ ਚਲੇ ਭਗਤ ਭਗਵਾਨ, ਭਾਗ ਧਰਨੀ ਕਹੇ ਪ੍ਰਭ ਮੇਰਾ ਮੇਰੀ ਝੋਲੀ ਪਾਈਆ ।

★ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੩ ਰਤਨ ਸਿੰਘ ਦੇ ਗ੍ਰਿਹ ੨੫ ਬੀ੦ ਬੀ੦ ਰਾਜਸਥਾਨ ★

ਤੇਈ ਫਲਗੁਣ ਕਹੇ ਰਾਹ ਤੱਕਣ ਤੇਈ ਅਵਤਾਰ, ਤ੍ਰੈਗੁਣ ਅਤੀਤਾ ਧਿਆਨ ਲਗਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੇਵ ਕਮਾਈਆ । ਸ਼ਾਸਤਰ ਸਿਮਰਤ ਰਹੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਜ਼ਿਮੀਂ ਅਸਮਾਨਾਂ ਹਾਹਾਕਾਰ, ਦੀਨ ਦੁਨੀ ਵੱਜੀ ਕੂੜ ਵਧਾਈਆ । ਸਾਚਾ ਮਿਲੇ ਨਾ ਕੋਈ ਮਿੱਤਰ ਯਾਰ, ਧਰਮ ਦੀ ਧਾਰ ਨਾ ਕੋਇ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਹੋਏ ਖ਼ੁਆਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਭੇਵ ਕੋਇ ਨਾ ਆਈਆ । ਨਵ ਨੌਂ ਚਾਰ ਰਿਹਾ ਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਆਸ਼ਾ ਕਹੇ ਮੈਂ ਵੇਖਣਾ ਦਰ, ਦਰਗਾਹ ਸਾਚੀ ਧਿਆਨ ਲਗਾਈਆ । ਜਿਥੇ ਸਚ ਸਵਾਮੀ ਅੰਤਰਜਾਮੀ ਵਸਿਆ ਆਪਣੇ ਘਰ, ਗ੍ਰਿਹਿ ਮੰਦਰ ਫੋਲ ਫੁਲਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਬੈਠਾ ਵੜ, ਪਤਿਪਰਮੇਸ਼ਵਰ ਡੇਰਾ ਲਾਈਆ । ਨਿਰਗੁਣ ਧਾਰ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਖੇਲ ਰਿਹਾ ਕਰ, ਖ਼ਾਲਕ ਖ਼ਲਕ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਦਰਵੇਸ ਬੈਠੇ ਦਰ, ਸੀਸ ਜਗਦੀਸ ਰਹੇ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸਰਨੀ ਰਹੇ ਪੜ, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਧੁਰ ਫ਼ਰਮਾਨਾ ਕਹੇ ਮੈਂ ਅਗੰਮ ਅਥਾਹ, ਨਿਰਗੁਣ ਸਰਗੁਣ ਭੇਵ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਲੇਖਾ ਬੇਪਰਵਾਹ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਧਿਆ, ਸੀਸ ਜਗਦੀਸ ਇਕ ਝੁਕਾਈਆ । ਰਹਿਬਰ ਤੱਕਣ ਰਾਹ ਖ਼ੁਦਾ, ਖ਼ੁਦੀ ਤਕੱਬਰ ਡੇਰਾ ਢਾਹੀਆ । ਜਿਹੜਾ ਆਤਮ ਪਰਮਾਤਮ ਨਾਲੋਂ ਹੋਇਆ ਜੁਦਾ, ਜੁਜ਼ ਆਪਣਾ ਵੰਡ ਵੰਡਾਈਆ । ਉਸ ਨੇ ਸ਼ਾਹ ਸੁਲਤਾਨ ਕੀਤੇ ਜਗਤ ਗਦਾ, ਚਾਰ ਕੁੰਟ ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਮਨ ਵਾਸਨਾ ਕੂੜੀ ਕਿਰਿਆ ਰਹੇ ਕੁਰਲਾ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਹੋਏ ਹਲਕਾਈਆ । ਸਾਚਾ ਮਾਰਗ ਦੱਸੇ ਕੋਈ ਨਾ ਆ, ਆਮਦ ਵਿਚ ਖ਼ੁਸ਼ਾਮਦ ਵਿਚ ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਕਲ ਆਪਣੀ ਕਾਰ ਕਮਾਈਆ ।



ਕਲ ਆਪਣੀ ਕਾਰ ਕਮਾਵੇਗਾ । ਦੀਨ ਦਿਆਲ ਖੇਲ ਖਿਲਾਵੇਗਾ । ਬ੍ਰਹਿਮੰਡ ਖੰਡ ਫੋਲ ਫੁਲਾਵੇਗਾ । ਜੇਰਜ ਅੰਡ ਪੜਦਾ ਲਾਹਵੇਗਾ । ਸਚ ਵਜਾ ਇਕ ਮਰਦੰਗ, ਸੋਹਲਾ ਢੋਲਾ ਦੋ ਜਹਾਨ ਸੁਣਾਵੇਗਾ । ਲੱਖ ਚੁਰਾਸੀ ਅੰਦਰ ਲੰਘ, ਕਾਇਆ ਮਾਟੀ ਹਾਟੀ ਵੇਖ ਵਖਾਵੇਗਾ । ਜਨ ਭਗਤਾਂ ਦੇ ਕੇ ਇਕ ਅਨੰਦ, ਅਨੰਦ ਆਤਮ ਪਰਮਾਤਮ ਵਿਚੋਂ ਪਰਗਟਾਵੇਗਾ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦਗੀ ਇਕੋ ਇਕ ਸਮਝਾਵੇਗਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੋ ਜਹਾਨ ਗੌਣਾ ਛੰਦ, ਸੋਹੰ ਢੋਲਾ ਰਾਗ ਅਲਾਵੇਗਾ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣਾ ਜੋੜ ਜੁੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰ ਇਕ ਇਕੱਲਾ ਆਪ ਪਰਗਟਾਵੇਗਾ । ਸਚ ਸੰਦੇਸ਼ਾ ਇਕ ਸੁਣਾਵਾਂਗਾ । ਦੋ ਜਹਾਨ ਆਪ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਹਿਲਾਵਾਂਗਾ । ਗੁਰ ਅਵਤਾਰ ਪੈਗ਼ੰਬਰ ਏਕਾ ਰਾਗ ਸੁਣਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਮਿਟਾਵਾਂਗਾ । ਸਤਿਜੁਗ ਸਾਚਾ ਰਾਹ ਚਲਾਵਾਂਗਾ । ਚਾਰ ਵਰਨ ਅਠਾਰਾਂ ਬਰਨ ਇਕੋ ਘਰ ਵਸਾਵਾਂਗਾ । ਜਨ ਭਗਤਾਂ ਨੇਤਰ ਖੋਲ੍ਹ ਕੇ ਹਰਨ ਫਰਨ, ਨਿਜ ਲੋਚਨ ਨੈਣ ਨੂਰ ਚਮਕਾਵਾਂਗਾ । ਸਾਚੇ ਪੌੜੇ ਦੱਸਾਂ ਚੜ੍ਹਨ, ਮੰਦਰ ਅੰਦਰ ਇਕ ਸੁਹਾਵਾਂਗਾ । ਆਤਮ ਪਰਮਾਤਮ ਸਾਚਾ ਗੀਤ ਸੁਹਾਗੀ ਬਿਨ ਰਸਨਾ ਜਿਹਵਾ ਸਾਰੇ ਪੜ੍ਹਨ, ਅਨਾਦੀ ਨਾਦ ਇਕ ਵਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਹੋ ਕੇ ਏਕਾ ਹੁਕਮ ਵਰਤਾਵਾਂਗਾ । ਏਕਾ ਹੁਕਮ ਹਰਿ ਵਰਤਾਏਗਾ । ਲੱਖ ਚੁਰਾਸੀ ਵੇਖ ਵਖਾਏਗਾ । ਸੰਤ ਸੁਹੇਲੇ ਆਪ ਜਗਾਏਗਾ । ਗੁਰ ਚੇਲੇ ਮੇਲ ਮਿਲਾਏਗਾ । ਸੱਜਣ ਸੁਹੇਲੇ

ਵੇਖ ਵਖਾਏਗਾ । ਕੂੜੀ ਕਿਰਿਆ ਵਿਚੋਂ ਬਾਹਰ ਕਢਾਏਗਾ । ਸਾਚਾ ਮੰਤਰ ਇਕ ਦ੍ਰਿੜਾਏਗਾ । ਮਾਇਆ ਮਮਤਾ ਮੋਹ ਵਿਕਾਰ ਮਿਟਾਏਗਾ । ਸਚ ਪਰਕਾਸ਼ ਕਰ ਕੇ ਅੰਦਰ ਲੋ, ਅੰਧ ਅੰਧੇਰਾ ਦੂਰ ਕਰਾਏਗਾ । ਅੰਮ੍ਰਿਤ ਨਿਝਰ ਧਾਰਾ ਝਿਰਨਾ ਅਗੰਮੀ ਚੋ, ਬੂੰਦ ਸਵਾਂਤੀ ਮੁਖ ਪਵਾਏਗਾ । ਕੂੜੀ ਕਿਰਿਆ ਵਿਕਾਰ ਕੱਢ ਧਰੋਹ, ਧਰਮ ਦਵਾਰਾ ਇਕ ਸੁਹਾਏਗਾ । ਪ੍ਰਭ ਅਬਿਨਾਸ਼ੀ ਕਰਤਾ ਆਪੇ ਹੋ, ਹੋਕਾ ਆਪਣਾ ਨਾਮ ਉਪਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸਮਝਾਏਗਾ । ਸਚ ਸੰਦੇਸ਼ਾ ਏਕੰਕਾਰ, ਇਕ ਇਕੱਲਾ ਆਪ ਜਣਾਈਆ । ਕਲਜੁਗ ਕੂੜੀ ਕਿਰਿਆ ਕਰ ਖ਼ੁਆਰ, ਖ਼ੁਦੀ ਖ਼ੁਮਾਰੀ ਦਏ ਮਿਟਾਈਆ । ਸਤਿਜੁਗ ਸਚ ਧਰਮ ਕਰ ਉਜਿਆਰ, ਸਚ ਸਤਿ ਕਰੇ ਰੁਸ਼ਨਾਈਆ । ਧਰਮ ਦਵਾਰਾ ਵਖਾ ਧੁਰ ਦਰਬਾਰ, ਦਰਗਾਹ ਸਾਚੀ ਭੇਵ ਖੁਲ੍ਹਾਈਆ । ਸੇਵਾ ਲਾ ਗੁਰੂ ਅਵਤਾਰ, ਪੈਗ਼ੰਬਰਾਂ ਹੁਕਮ ਮਨਾਈਆ । ਇਸ਼ਟ ਦੇਵ ਇਕ ਅਪਾਰ, ਅਪਰੰਪਰ ਸਵਾਮੀ ਦਏ ਵਖਾਈਆ । ਰਸਨਾ ਜਿਹਵਾ ਇਕ ਜੈਕਾਰ, ਸ੍ਰਿਸ਼ਟੀ ਦ੍ਰਿਸ਼ਟੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਰਾਹ ਵਖਾਈਆ । ਸਤਿ ਸਤਿਵਾਦੀ ਦੇਵੇ ਮਤ, ਮਤਾ ਇਕੋ ਨਾਲ ਰਖਾਈਆ । ਸਭ ਦੀ ਜਾਣੇ ਮਿਤ ਗਤ, ਲੱਖ ਚੁਰਾਸੀ ਫੋਲ ਫੁਲਾਈਆ । ਧਰਮ ਦੀ ਧਾਰ ਚਲਾ ਕੇ ਰਥ, ਰਥਵਾਹੀ ਬਣੇ ਧੁਰਦਰਗਾਹੀਆ । ਬੋਧ ਅਗਾਧ ਦੱਸ ਦੇ ਮਹਿੰਮਾ ਅਕਥ, ਬਿਨ ਕਥਨੀ ਕਰੇ ਪੜ੍ਹਾਈਆ । ਨਾਮ ਅਮੋਲਕ ਦੇ ਕੇ ਵਥ, ਵਾਸਤਾ ਇਕ ਨਾਲ ਜੁੜਾਈਆ । ਝਗੜਾ ਰਹੇ ਨਾ ਤਤ ਅੱਠ, ਸ਼ਰਅ ਵਾਲੀ ਨਾ ਕੋਇ ਲੜਾਈਆ । ਆਤਮ ਪਰਮਾਤਮ ਇਕ ਇਕੱਠ, ਕਠਨ ਤਪੱਸਿਆ ਦਾ ਖਹਿੜਾ ਦਏ ਛੁਡਾਈਆ । ਜੋ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਲੈਣਾ ਰਟ, ਰੱਟਾ ਆਵਣ ਜਾਵਣ ਰਹੇ ਨਾ ਰਾਈਆ । ਜਮ ਕੀ ਫਾਸੀ ਫਾਸ ਦੇਵੇ ਕੱਟ, ਚੁਰਾਸੀ ਗੇੜ ਨਾ ਕੋਇ ਭਵਾਈਆ । ਲੇਖੇ ਲਾ ਕੇ ਤਨ ਰੱਤ, ਰਤਨ ਅਮੋਲਕ ਹੀਰੇ ਲਏ ਪਰਗਟਾਈਆ । ਧਰਮ ਦੀ ਧਾਰ ਦੇ ਕੇ ਯਤ, ਯਥਾਰਥ ਆਪਣਾ ਪੜਦਾ ਲਾਹੀਆ । ਆਪਣੇ ਮਿਲਣ ਦੀ ਦੇ ਕੇ ਅੱਖ, ਆਖ਼ਰ ਆਪਣੇ ਘਰ ਵਸਾਈਆ । ਜਿਥੇ ਮੇਲਾ ਪੁਰਖ ਸਮਰਥ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ । ਸਾਚਾ ਰੰਗ ਕਹੇ ਮੈਂ ਚੜ੍ਹਨਾ ਗੁਰਮੁਖ ਕਾਇਆ ਚੋਲੀ, ਚੋਲਾ ਦੇਣਾ ਰੰਗਾਈਆ । ਜੋ ਪਰਮ ਪੁਰਖ ਦੀ ਬਣੇ ਗੋਲੀ, ਗੋਲਕ ਉਸ ਦੀ ਦੇਣੀ ਭਰਾਈਆ । ਸਤਿ ਧਰਮ ਦੀ ਖੇਲੇ ਹੋਲੀ, ਆਪਣੀ ਖ਼ੁਸ਼ੀ ਮਨਾਈਆ । ਉਹਦੇ ਅੰਦਰ ਵੜ ਕੇ ਦੱਸਣੀ ਅਗੰਮੀ ਬੋਲੀ, ਸ਼ਬਦ ਸੁਨੇਹੜਾ ਸਚ ਸੁਣਾਈਆ । ਮਨ ਵਾਸਨਾ ਪਾਵੇ ਨਾ ਰੌਲੀ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਮਾਣ ਦਵਾ ਕੇ ਉਪਰ ਧੌਲੀ, ਧਰਮ ਦਵਾਰਾ ਇਕ ਵਖਾਈਆ । ਉਲਟੀ ਕਰਕੇ ਨਾਭ ਕਵਲੀ, ਬੂੰਦ ਸਵਾਂਤੀ ਇਕ ਟਪਕਾਈਆ । ਨੂਰ ਅਲਾਹੀ ਦੱਸ ਕੇ ਅਵਲੀ, ਆਲਮੀਨ ਦੇਣਾ ਮਿਲਾਈਆ । ਜਿਸ ਦੀ ਸੂਰਤ ਸਦਾ ਸੁੰਦਰ ਸਵਲੀ, ਰੰਗ ਰੂਪ ਰੇਖ ਸਮਝ ਕੋਇ ਨਾ ਪਾਈਆ । ਉਹ ਲੇਖਾ ਜਾਣੇ ਸਵਾਸ ਪਵਣੀ, ਪਵਣ ਪਵਣ ਵੇਖ ਵਖਾਈਆ । ਗੁਰਮੁਖਾਂ ਝੇੜਾ ਮੁਕਾ ਕੇ ਅਵਣ ਗਵਣੀ, ਕੂੜੀ ਕਿਰਿਆ ਡੇਰਾ ਢਾਹੀਆ । ਫੁੱਲ ਫੁਲਵਾੜੀ ਮਹਿਕਾ ਕੇ ਅਗੰਮ ਚਮਨੀ, ਗ਼ੁੰਚਾ ਆਪਣਾ ਨਾਮ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚੜ੍ਹਾਈਆ । ਸਾਚਾ ਰੰਗ ਕਹੇ ਮੈਂ ਚੜ੍ਹਨਾ ਕਾਇਆ ਬੁਤ ਵਜੂਦ, ਸੂਫ਼ੀ ਸੰਤ ਫ਼ਕੀਰ ਦੇਣੇ ਰੰਗਾਈਆ ।

੧੨੮੯
੨੦

ਅੱਗੇ ਮਿਲਾਉਣਾ ਇਕ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਜਿਸ ਦਾ ਆਅਲਾ ਅਰਸ਼ ਅਰੂਜ, ਮੁਕਾਮੇ ਹਕ ਡੇਰਾ ਲਾਈਆ । ਜਿਸ ਦੀ ਸਿਫ਼ਤ ਸਾਲਾਹ ਕਰੇ ਹਜ਼ਾਰਾ ਦਰੂਦ, ਕਲਮਿਆਂ ਵਿਚ ਸ਼ਨਵਾਈਆ । ਜੋ ਹਾਜ਼ਰ ਸਦਾ ਮੌਜੂਦ, ਮੁਫ਼ਲਸਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਪੜਦਾ ਕਹੇ ਮੈਂ ਜਾਣਾ ਲੱਥ, ਕਾਇਆ ਮੰਦਰ ਅੰਦਰ ਰਹਿਣ ਨਾ ਪਾਈਆ । ਪੁਰਖ ਅਕਾਲ ਮਿਲਣਾ ਇਕ ਸਮਰਥ, ਜੋ ਦਾਤਾ ਧੁਰਦਰਗਾਹੀਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗਾਉਂਦੇ ਗਥ, ਗੁਰ ਅਵਤਾਰ ਪੈਗ਼ੰਬਰ ਢੋਲਿਆਂ ਵਿਚ ਗਾਈਆ । ਉਸ ਦਾ ਹੁਕਮ ਸੰਦੇਸ਼ਾ ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨਾਂ ਦੇਣਾ ਦੱਸ, ਹੁਕਮ ਹੁਕਮ ਵਿਚੋਂ ਬਦਲਾਈਆ । ਜਿਸ ਨੇ ਮਾਰਗ ਲੈਣਾ ਸੱਚ, ਸਤਿਜੁਗ ਸਾਚਾ ਰਾਹ ਚਲਾਈਆ । ਕਰਨਾ ਪਰਕਾਸ਼ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦੇਣਾ ਸੁਹਾਈਆ । ਭਗਤਾਂ ਲੂੰ ਲੂੰ ਅੰਦਰ ਜਾਣਾ ਰੱਚ, ਸਾਢੇ ਤਿੰਨ ਕਰੋੜ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਜਾਣੀ ਮੱਚ, ਅਗਨੀ ਅੱਗ ਦੇਵੇ ਤਪਾਈਆ । ਸਦੀ ਚੌਧਵੀਂ ਸਭ ਦਾ ਖੇੜਾ ਹੋਣਾ ਭੱਠ, ਨਬੀ ਰਸੂਲ ਹੋਵੇ ਨਾ ਕੋਇ ਸਹਾਈਆ । ਮੱਕਾ ਕਾਅਬਾ ਕਾਅਬੇ ਵਾਲਿਆਂ ਜਾਣਾ ਛੱਡ, ਸਜਦਾ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਕਰਤਾ ਪੁਰਖ, ਹਰਿ ਵੱਡਾ ਵਡ ਵਡਿਆਈਆ । ਜਿਸ ਨੂੰ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਸਤਾਈਆ । ਸਦੀ ਬੀਸਵੀਂ ਸਾਰੇ ਲਏ ਪਰਖ, ਪਾਰਖੂ ਹੋ ਕੇ ਵੇਖ ਵਖਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਦੇਵੇ ਦਰਸ, ਦਾਤਾ ਦਾਨੀ ਬੇਪਰਵਾਹੀਆ । ਜਨਮ ਜਨਮ ਦੀ ਮੇਟ ਕੇ ਹਰਸ, ਹਵਸ ਅਗਲੀ ਦਏ ਗਵਾਈਆ । ਗ਼ਰੀਬ ਨਿਮਾਣਿਆਂ ਉਤੇ ਕਰ ਕੇ ਤਰਸ, ਰਹਿਮਤ ਆਪਣੀ ਇਕ ਦਰਸਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਝਗੜਾ ਮੁਕਾ ਦਏ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਚਰਚ, ਚਾਰੋਂ ਕੁੰਟ ਇਕੋ ਰੰਗ ਵਖਾਈਆ । ਕਰੇ ਪਰਕਾਸ਼ ਉਪਰ ਅਰਸ਼, ਜਲਵਾ ਨੂਰ ਧਰੇ ਫ਼ਰਸ਼, ਧਰਨੀ ਧਰਤ ਧਵਲ ਆਵੇ ਪਰਤ, ਨਿਰਾਕਾਰ ਆਪਣੀ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਭਵਿਖਤਾਂ ਦਾ ਲੇਖਾ ਪੂਰਾ ਕਰੇ ਪੂਰਬਲੀ ਸ਼ਰਤ, ਸ਼ਰਅ ਦੀ ਸ਼ਰੀਅਤ ਅਸਲੀਅਤ ਵਿਚ ਅਸਲ ਵਸਲ ਇਕੋ ਏਕ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਦੇਵੇ ਝਟਕ, ਨਾਮ ਖੰਡਾ ਖੜਗ ਕਟਾਰ ਖ਼ੈਰਖ਼ਾਹ ਹੋ ਕੇ ਇਕ ਚਲਾਈਆ ।



### ★ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੩ ਨੰਤਾ ਸਿੰਘ ਦੇ ਗ੍ਰਿਹ ਪਦਮਪੁਰ ਰਾਜਸਥਾਨ ★

ਗੁਰ ਅਵਤਾਰ ਪੈਗ਼ੰਬਰ ਸਾਰੇ ਹੋਣ ਹੈਰਾਨ, ਦਰਗਾਹ ਸਾਚੀ ਸਚਖੰਡ ਬੈਠੇ ਧਿਆਨ ਲਗਾਈਆ । ਕੀ ਖੇਲ ਕਰੇ ਪਾਰਬ੍ਰਹਮ ਪਤਿਪਰਮੇਸ਼ਵਰ ਸ੍ਰੀ ਭਗਵਾਨ, ਪਰਵਰਦਿਗਾਰ ਆਪਣੀ ਕਾਰ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸਤ ਦੀਪ ਸ਼ਰਅ ਹੋਈ ਸ਼ੈਤਾਨ, ਦੀਨ ਮਜ਼ਬ

ਜਾਤ ਪਾਤ ਵਰਨ ਗੋਤ ਕਰੇ ਲੜਾਈਆ । ਸਾਚਾ ਮੰਦਰ ਸੋਹੇ ਨਾ ਕੋਇ ਮਕਾਨ, ਕਾਇਆ ਕਾਅਬਾ ਨੂਰ ਨਾ ਕੋਇ ਰੁਸ਼ਨਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਮਾਇਆ ਮਮਤਾ ਮੋਹ ਹੋਏ ਹਲਕਾਈਆ । ਆਤਮ ਬ੍ਰਹਮ ਮਿਲੇ ਨਾ ਕੋਇ ਗਿਆਨ, ਜਗਤ ਵਿਦਿਆ ਦਏ ਦੁਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਨੈਣ ਸ਼ਰਮਾਣ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਤੇਰੇ ਅੱਗੇ ਇਕ ਅਰਜ਼ੋਈ, ਸ਼ਾਹ ਸੁਲਤਾਨ ਨੌਜਵਾਨ ਮਰਦ ਮਰਦਾਨ ਦਈਏ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਮਿਲੇ ਕੋਇ ਨਾ ਢੋਈ, ਗਹਿਰ ਗੰਭੀਰ ਬੇਨਜ਼ੀਰ ਤੇਰਾ ਪੜਦਾ ਨਾ ਕੋਇ ਉਠਾਈਆ । ਆਤਮ ਪਰਮਾਤਮ ਸੁਰਤੀ ਉਠੇ ਕੋਇ ਨਾ ਸੋਈ, ਪਾਰਬ੍ਰਹਮ ਤੇਰਾ ਬ੍ਰਹਮ ਮੇਲ ਨਾ ਕੋਇ ਮਿਲਾਈਆ । ਨਿਝਰ ਧਾਰਾ ਅੰਮ੍ਰਿਤ ਰਸ ਬੂੰਦ ਸਵਾਂਤ ਕੋਇ ਨਾ ਚੋਈ, ਰਸਨਾ ਪੜ੍ਹ ਪੜ੍ਹ ਸਾਰੇ ਕਰਨ ਪੜ੍ਹਾਈਆ । ਸਜਦਿਆਂ ਵਿਚ ਕਲਮਿਆਂ ਵਿਚ ਤੇਰੇ ਦਰ ਇਕ ਦਰੋਹੀ, ਬੀ ਮਿਹਰਬਾਨ ਮਹਿਬਾਨ ਬੀਦੋ ਸੀਸ ਜਗਦੀਸ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਕਲਜੁਗ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ, ਸੀਸ ਜਗਦੀਸ ਇਕ ਝੁਕਾਈਆ । ਸਾਹਿਬ ਸਵਾਮੀ ਆਪਣੀ ਸ੍ਰਿਸ਼ਟੀ ਦ੍ਰਿਸ਼ਟੀ ਵੇਖ ਆਪਣੇ ਅਗੰਮੇ ਨੈਣ, ਜਗਤ ਨੇਤਰ ਦੀ ਲੋੜ ਰਹੇ ਨਾ ਰਾਈਆ । ਸਾਚਾ ਮਿੱਤਰ ਮੀਤ ਮਿਲੇ ਕੋਈ ਨਾ ਸਾਕ ਸੱਜਣ ਸੈਣ, ਸੰਤ ਸੁਹੇਲਾ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਮਨ ਕਲਪਣਾ ਪਾਏ ਵੈਣ, ਬੁੱਧੀ ਰੋਵੇ ਮਾਰੇ ਧਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਈ ਚੁਕਾਏ ਲਹਿਣ ਦੇਣ, ਆਵਣ ਜਾਵਣ ਪਤਤ ਪਾਵਨ ਪੰਧ ਨਾ ਕੋਇ ਮੁਕਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਵਾਲਾ ਰਹਿ ਗਿਆ ਗਾਇਨ, ਧੁਨ ਆਤਮਕ ਰਾਗ ਅਨਹਦ ਨਾਦੀ ਨਾਦ ਨਾ ਕੋਇ ਸੁਣਾਈਆ । ਸਚ ਦਵਾਰ ਏਕੰਕਾਰ ਦਰਗਾਹ ਸਾਚੀ ਕਿਸੇ ਨਾ ਮਿਲੇ ਬਹਿਣ, ਮੰਦਰ ਮਸਜਿਦ ਸ਼ਿਦਵਾਲੇ ਮੱਠ ਗੁਰੂਦਵਾਰ ਰਹੇ ਕੁਰਲਾਈਆ । ਤੇਰਾ ਆਤਮਾ ਤੇਰੇ ਨਾਲੋਂ ਹੋਇਆ ਤਰਫ਼ੈਨ, ਤੇਰਾ ਬ੍ਰਹਮ ਪਾਰਬ੍ਰਹਮ ਤੇਰੇ ਵਿਚ ਨਾ ਕੋਇ ਸਮਾਈਆ । ਕਿਰਪਾ ਕਰ ਆਦਿ ਜੁਗਾਦੀ ਪਰਮ ਪੁਰਖ ਨਰ ਨਰਾਇਣ, ਪਰਵਰਦਿਗਾਰ ਸਾਂਝੇ ਯਾਰ ਲਾਸ਼ਰੀਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਰਿਹਾ ਸਚ ਨਾ ਸਜਦਾ, ਸੀਸ ਜਗਦੀਸ ਨਾ ਕੋਇ ਝੁਕਾਈਆ । ਮਨ ਕਲਪਣਾ ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਕਾਇਆ ਮਾਟੀ ਅੰਦਰ ਪਾਇਆ ਪੜਦਾ, ਤਨ ਵਜੂਦ ਮਹਿਬੂਬ ਤੇਰਾ ਦਰਸ ਕੋਇ ਨਾ ਪਾਈਆ । ਜੀਵ ਜੰਤ ਸਾਧ ਸੰਤ ਕਲਜੁਗ ਅਗਨੀ ਮਾਇਆ ਵਿਚ ਸੜਦਾ, ਸਤਿ ਸਵਾਮੀ ਅੰਤਰਜਾਮੀ ਤੇਰਾ ਨੂਰੀ ਨੂਰ ਨਾ ਕੋਇ ਚਮਕਾਈਆ । ਚਾਰ ਜੁਗ ਦੇ ਬਕਤੇ ਤੇਰਾ ਨਾਮ ਅਗੰਮੀ ਕੋਈ ਨਾ ਪੜਦਾ, ਅੱਖਰਾਂ ਵਾਲੀ ਕਰ ਕਰ ਥੱਕੇ ਪੜ੍ਹਾਈਆ । ਸਾਚੀ ਮੰਜ਼ਲ ਬਿਨ ਹੱਥਾਂ ਪੈਰਾਂ ਕੋਈ ਨਾ ਚੜ੍ਹਦਾ, ਦਰਗਾਹ ਸਾਚੀ ਸਚ ਦਵਾਰੇ ਮਿਲਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੀਨ ਦਿਆਲ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਖੇਲ ਆਪਣੇ ਘਰ ਦਾ, ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ ।

ਮਾਨਵ ਮਾਨਸ ਮਾਨੁਖ ਸਾਫ਼ ਰਿਹਾ ਕੋਈ ਨਾ ਹਿਰਦਾ, ਹਿਰਦੇ ਅੰਦਰ ਕਾਇਆ ਮੰਦਰ ਤੇਰਾ ਦੀਪਕ ਜੋਤੀ ਜੋਤ ਨਾ ਕੋਇ ਜਗਾਈਆ । ਬੀਸ ਬੀਸੇ ਹਰਿ ਜਗਦੀਸੇ ਤੇਰੇ ਹੁਕਮੇ ਅੰਦਰ ਆਦਿ ਜੁਗਾਦਿ ਗੇੜਾ ਗਿੜਦਾ, ਦੋ ਜਹਾਨ ਨੌਜਵਾਨ ਮਰਦ ਮਰਦਾਨ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਭਵਿਖਤ ਲਿਖਿਆ ਚਿਰ ਦਾ, ਪੋਸ਼ੀਦਾ ਰਾਜ਼ ਦੇ ਖੁਲ੍ਹਾਈਆ । ਕਰ ਪਰਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਸ਼ਾਹੋ ਸ਼ਾਬਾਸ਼ੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਨਵ ਨੌ ਚਾਰ ਆਪਣਾ ਪੜਦਾ ਦੇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਚੀ ਰਹੀ ਨਾ ਕੋਇ ਅਦਾਲਤ, ਅਦਲ ਇਨਸਾਫ਼ ਨਾ ਕੋਇ ਕਰਾਈਆ । ਮਾਇਆ ਮਮਤਾ ਮੋਹ ਲੱਗੀ ਅਲਾਮਤ, ਦੁਰਮਤ ਮੈਲ ਨਾ ਕੋਇ ਧਵਾਈਆ । ਕਲਜੁਗ ਸਾਧ ਸੰਤ ਵੈਰਾਗੀ ਤਿਆਗੀ ਰਿਹਾ ਨਾ ਕੋਇ ਸਹੀ ਸਲਾਮਤ, ਮਨ ਬੁੱਧੀ ਚਲੀ ਨਾ ਕੋਇ ਚਤਰਾਈਆ । ਤੇਰੇ ਨਾਮ ਦੀ ਬਿਨ ਤੇਰੀ ਕਿਰਪਾ ਸਾਰੇ ਦੇਣ ਜ਼ਮਾਨਤ, ਬਰੀਖ਼ਾਨਾ ਅੱਗੇ ਨਾ ਕੋਇ ਵਖਾਈਆ । ਚਾਰ ਵਰਨ ਅਠਾਰਾਂ ਬਰਨ ਸਾਚਾ ਨਾਮ ਨਾ ਮਿਲੇ ਨਿਆਮਤ, ਅੰਮ੍ਰਿਤ ਰਸ ਨਿਝਰ ਝਿਰਨਾ ਨਾ ਕੋਇ ਝਿਰਾਈਆ । ਚਾਰ ਜੁਗ ਦੀ ਪਿਛਲੀ ਲੇਖੇ ਲੱਗੀ ਕਲਾਮਤ, ਕਲਮਾ ਹਕ ਅਗਲਾ ਦੇ ਸਮਝਾਈਆ । ਜਿਸ ਦੇ ਨਾਲ ਮਨੂਆ ਕਰੇ ਨਾ ਕੋਇ ਬਗ਼ਾਵਤ, ਝਗੜਾ ਤਨ ਰਹੇ ਨਾ ਰਾਈਆ । ਆਪ ਸੰਭਾਲ ਆਪਣੀ ਅਮਾਨਤ, ਜੋ ਆਤਮਾ ਤਨ ਵਜੂਦ ਵਿਚ ਦਿਤੀ ਟਿਕਾਈਆ । ਏਥੇ ਓਥੇ ਦੋ ਜਹਾਨਾਂ ਤੂੰ ਸਾਹਿਬ ਸੁਲਤਾਨ ਇਕ ਸਹੀ ਸਲਾਮਤ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੇ ਹੁਕਮੇ ਅੰਦਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਕਲਜੁਗ ਅੰਤਮ ਆਪਣਾ ਪੜਦਾ ਦੇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮਿਹਰਵਾਨ ਮਹਿਬੂਬ ਚੁੱਕ ਦੇ ਪੜਦਾ, ਓਹਲਾ ਰਹਿਣ ਕੋਇ ਨਾ ਪਾਈਆ । ਲੋਕਮਾਤ ਪੈਂਡਾ ਮੁੱਕਿਆ ਸਾਡੇ ਘਰ ਦਾ, ਸਦੀ ਚੌਧਵੀਂ ਅੰਤ ਅਖ਼ੀਰੀ ਦਏ ਦੁਹਾਈਆ । ਮਾਲਕ ਰਿਹਾ ਨਾ ਕੋਈ ਸਾਚੇ ਸਰ ਦਾ, ਤੀਰਥ ਤੱਟ ਕਿਨਾਰ ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਰੋ ਰੋ ਨੀਰ ਵਹਾਈਆ । ਝਗੜਾ ਪੈ ਗਿਆ ਗੁਰੂਦਵਾਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਦੀਨ ਮਜ਼੍ਹਬ ਗੁਰ ਅਵਤਾਰ ਪੈਗ਼ੰਬਰਾਂ ਝਗੜਾ ਬਣਾਇਆ ਤਤ ਤਨ ਦਾ, ਅੱਲ੍ਹਾ ਵਾਹਿਗੁਰੂ ਰਾਮ ਰਾਮ ਨਾਲ ਦਿਤਾ ਲੜਾਈਆ । ਅੱਗੇ ਗੁਰ ਅਵਤਾਰ ਪੈਗ਼ੰਬਰ ਤੇਰੇ ਦਵਾਰੇ ਵਸਤ ਇਕੋ ਮੰਗਦਾ, ਦਰ ਠਾਂਡੇ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਸਾਚਾ ਸਮਾਂ ਦੇ ਅਨੰਦ ਦਾ, ਕਲਜੁਗ ਕੂੜੀ ਕਿਰਿਆ ਦੇ ਮਿਟਾਈਆ । ਭੇਵ ਖੁਲ੍ਹਾ ਦੇ ਤਨ ਵਜੂਦ ਹੰ ਬ੍ਰਹਮ ਦਾ, ਪਾਰਬ੍ਰਹਮ ਆਪਣਾ ਨੂਰ ਕਰ ਰੁਸ਼ਨਾਈਆ । ਜੁਗ ਚੌਕੜੀ ਗੁਰ ਅਵਤਾਰ ਤਨ ਵਜੂਦ ਲੈ ਕੇ ਮਾਤ ਗਰਭ ਜੰਮਦਾ, ਬਿਨ ਤੇਰੇ ਜਨਮ ਮਰਨ ਵਿਚ ਅਵਰ ਕੋਇ ਨਾ ਆਈਆ । ਪਿਛਲਾ ਸਮਾਂ ਤੇਰੇ ਹੁਕਮ ਨਾਲ ਗਿਆ ਲੰਘਦਾ, ਕਲਜੁਗ ਅੰਤਮ ਸਾਰੇ ਕੂਕ ਦੇਈਏ ਸੁਣਾਈਆ । ਸਾਡਾ ਹੁਕਮ ਹਿੰਦੂ ਮੁਸਲਿਮ ਸਿੱਖ ਈਸਾਈ ਕੋਈ ਨਹੀਂ ਮੰਨਦਾ, ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਭੈ ਨਾ ਕੋਇ ਰਖਾਈਆ । ਹੁਣ ਵੇਲਾ ਆ ਗਿਆ ਅੰਤ ਅਖ਼ੀਰ ਤੇਰੇ ਡੰਨ ਦਾ, ਡੰਕਾ ਡੌਰੂ ਆਪਣਾ ਨਾਮ ਦੇ ਵਜਾਈਆ । ਭਾਂਡਾ ਭਰਮ ਭੌ ਭੰਨ ਦੇ ਜਨਨੀ ਜਨ ਕਾ, ਅੰਧ ਅੰਧੇਰ ਦੇ ਗਵਾਈਆ । ਝਗੜਾ ਮੁਕਾ ਦੇ ਰਾਗ ਸੁਣਨ ਕੰਨ ਦਾ, ਅਨਬੋਲਤ ਅੰਤਰ ਨਿਰੰਤਰ ਆਪਣਾ ਨਾਮ


੧੨੯੨
੨੦

ਦੇ ਜਣਾਈਆ । ਜਿਹੜਾ ਮਨ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹਿਆਂ ਨਹੀਂ ਮੰਨਦਾ, ਸਾਧ ਸੰਤ ਡੋਰ ਹੱਥ ਨਾ ਕੋਇ ਵਖਾਈਆ । ਇਹ ਝਗੜਾ ਮੁਕਾ ਦੇ ਖ਼ੁਸ਼ੀ ਗ਼ਮ ਦਾ, ਇਕੋ ਰੰਗ ਦੇ ਰੰਗਾਈਆ । ਬਿਨ ਤੇਰੀ ਕਿਰਪਾ ਜੁਗ ਚੌਕੜੀ ਬੇੜਾ ਕੋਇ ਨਾ ਬੰਨ੍ਹਦਾ, ਬੰਨ੍ਹਣਹਾਰਾ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰ ਦਰ ਠਾਂਡੇ ਇਕ ਰੂਪ ਹੋ ਕੇ ਤੈਥੋਂ ਮੰਗਦਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਤੇਰਾ ਪਰਕਾਸ਼ ਵੇਖੀਏ ਸਤਿਜੁਗ ਸਾਚੇ ਚੰਦ ਦਾ, ਨਿਰਗੁਣ ਨੂਰ ਜੋਤ ਹੋਵੇ ਰੁਸ਼ਨਾਈਆ । ਚਾਰ ਕੁੰਟ ਨਾਅਰਾ ਉਪਜੇ ਧੰਨ ਧੰਨ ਧੰਨ ਦਾ, ਧਰਮ ਦਵਾਰਾ ਇਕੋ ਦੇ ਖੁਲ੍ਹਾਈਆ । ਜਿਸ ਦਵਾਰੇ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹੋਵੇ ਮੰਗਦਾ, ਜਾਤ ਪਾਤ ਨਜ਼ਰ ਕੋਇ ਨਾ ਆਈਆ । ਪ੍ਰੇਮ ਮਿਲ ਜਾਏ ਤੇਰੇ ਅਗੰਮੀ ਅੰਗ ਦਾ, ਅੰਗੀਕਾਰ ਇਕ ਅਖਵਾਈਆ । ਸੁਖ ਮਿਲ ਜਾਏ ਤੇਰੀ ਆਤਮਾ ਸੇਜ ਪਲੰਘ ਦਾ, ਸਚ ਸਿੰਘਾਸਣ ਡੇਰਾ ਲਾਈਆ । ਢੋਲਾ ਸੁਣਿਆ ਜਾਏ ਤੇਰੇ ਅਗੰਮੀ ਛੰਦ ਦਾ, ਅਨਾਦੀ ਨਾਦ ਦੇਣਾ ਜਣਾਈਆ । ਝਗੜਾ ਮੁਕੇ ਪੰਚ ਵਿਕਾਰ ਜੰਗ ਦਾ, ਭੈ ਭੌ ਦੇਣਾ ਗਵਾਈਆ । ਪੜਦਾ ਰਹੇ ਨਾ ਕੋਈ ਆਤਮ ਬ੍ਰਹਮ ਦਾ, ਪਾਰਬ੍ਰਹਮ ਬ੍ਰਹਮ ਮੇਲਾ ਲੈਣਾ ਮਿਲਾਈਆ । ਕਿਉਂ ਆਤਮਾ ਸਦਾ ਤੇਰੀ ਧਾਰ ਵਿਚੋਂ ਜੰਮਦਾ, ਅੰਤ ਤੇਰੇ ਵਿਚ ਸਮਾਈਆ । ਪੰਜਾਂ ਤੱਤਾਂ ਵਾਲਾ ਸਰੀਰ ਕਿਸੇ ਨਹੀਂ ਕੰਮ ਦਾ, ਅੰਤ ਮੜ੍ਹੀ ਗੋਰ ਰਖਾਈਆ । ਗੁਰ ਅਵਤਾਰ ਪੈਗ਼ੰਬਰ ਇਕ ਸਹਾਰਾ ਮੰਗੇ ਤੇਰੇ ਨਾਮ ਅਗੰਮ ਦਾ, ਅਗੰਮੜੇ ਭੇਵ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਮੁਕਾਵੇ ਕਾਇਆ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਅੰਤਰ ਇਸ਼ਟੀ ਇਕੋ ਨਜ਼ਰੀ ਆਈਆ ।


੧੨੯੩
੨੦

★ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੩ ਬੀਬੀ ਤੇਜ ਕੌਰ ਦੇ ਗ੍ਰਿਹ ਬਨਵਾਲੀ ★

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸ਼ਰਅ ਦੀ ਤੋੜ ਗ਼ੁਲਾਮੀ, ਤਤ ਵਜੂਦ ਝਗੜਾ ਰਹੇ ਨਾ ਰਾਈਆ । ਸਤਿ ਧਰਮ ਦੀ ਦੇ ਇਕ ਨਿਸ਼ਾਨੀ, ਚਾਰ ਕੁੰਟ ਦਹਿ ਦਿਸ਼ਾ ਆਪ ਸਮਝਾਈਆ । ਮਨੁਸ਼ਾਂ ਉਪਰ ਕਰ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਜਲਵਾ ਜੋਤ ਦੇ ਨੂਰਾਨੀ, ਅੰਧ ਅੰਧੇਰਾ ਦੂਰ ਕਰਾਈਆ । ਸਾਚੀ ਮੰਜ਼ਲ ਇਕੋ ਬਖ਼ਸ਼ ਰੁਹਾਨੀ, ਆਤਮ ਪਰਮਾਤਮ ਜੋੜ ਜੁੜਾਈਆ । ਦੀਨ ਮਜ਼੍ਹਬ ਦਾ ਝਗੜਾ ਨਾ ਰਹੇ ਜਿਸਮਾਨੀ, ਜਿਸਮ ਵਿਚ ਇਸਮ ਆਪਣਾ ਇਕ ਵਖਾਈਆ । ਤੇਰਾ ਕਲਮਾ ਅਗੰਮੀ ਸੁਣਨ ਪੈਗ਼ਾਮੀ, ਪੈਗ਼ੰਬਰਾਂ ਤੋਂ ਪਰੇ ਕਰ ਪੜ੍ਹਾਈਆ । ਤੇਰੇ ਸਾਚੇ ਨਾਮ ਦੀ ਕਰੇ ਨਾ ਕੋਇ ਬਦਨਾਮੀ, ਬਦਲੀ ਦਾ ਬਦਲਾ ਦੇ ਚੁਕਾਈਆ । ਨਿਰਗੁਣ ਧਾਰ ਪ੍ਰਭ ਨਿਹਕਾਮੀ, ਨਿਰਵੈਰ ਆਪਣਾ ਹੁਕਮ ਵਰਤਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖ ਹੋਈ ਬੇਇੰਤਜ਼ਾਮੀ, ਗੁਰ ਅਵਤਾਰ ਪੈਗ਼ੰਬਰ ਨਾ ਕੋਇ ਸਹਾਈਆ । ਕਲਜੁਗ ਮੇਟ ਰੈਣ ਅੰਧੇਰੀ ਸ਼ਾਮੀ, ਸ਼ਮਅ ਦੀਪ ਜੋਤ ਕਰ ਰੁਸ਼ਨਾਈਆ । ਤੇਰੀ ਹਕ਼ੀਕ਼ਤ ਉਪਜੇ ਇਕ ਕਲਾਮੀ, ਕਾਇਨਾਤ ਪੜਦਾ ਦੇ ਉਠਾਈਆ । ਸਾਚਾ ਮੰਦਰ ਸੋਹੇ ਮਕਾਨੀ, ਬੰਕ ਦਵਾਰ ਵੱਜੇ ਵਧਾਈਆ । ਚਾਰ ਵਰਨ ਅਠਾਰਾਂ ਬਰਨ ਨਾਤਾ ਜੁੜੇ ਬਾਹਮੀ, ਇਤਫ਼ਾਕ ਇਕੋ ਦੇਣਾ ਕਰਾਈਆ । ਝਗੜਾ ਰਹੇ ਨਾ ਚਾਰੇ ਖਾਣੀ, ਚਾਰੇ ਬਾਣੀ ਭੇਵ ਦਰਸਾਈਆ । ਅੰਮ੍ਰਿਤ ਰਸ ਦੇ ਧੁਰ ਦਾ ਠੰਡਾ ਪਾਣੀ, ਅਗਨੀ ਤਤ ਬੁਝਾਈਆ । ਸੁਰਤੀ ਸ਼ਬਦੀ ਮੇਲ ਕਰਾ ਧੁਰ ਦੇ ਬਾਨੀ, ਰੰਗ

ਇਕੋ ਘਰ ਰੰਗਾਈਆ । ਲੇਖਾ ਮੁਕਾ ਦੇ ਪਵਣ ਮਸਾਣੀ, ਮਸਲਾ ਆਪਣਾ ਇਕ ਸਮਝਾਈਆ । ਕਲਜੁਗ ਕੂੜੀ ਕਿਰਿਆ ਕੋਈ ਨਾ ਕਰੇ ਬੇਈਮਾਨੀ, ਬੇਵਾ ਰੂਪ ਨਾ ਕੋਇ ਬਣਾਈਆ । ਤੀਰ ਅਣਿਆਲਾ ਤੀਰ ਮਾਰ ਬਿਰਹੋਂ ਵਾਲੀ ਕਾਨੀ, ਅਣਿਆਲਾ ਆਪ ਚਲਾਈਆ । ਸਭ ਦਾ ਮਸਤਕ ਲੇਖ ਲਿਖ ਆਪਣੀ ਪੇਸ਼ਾਨੀ, ਪੋਸ਼ੀਦਾ ਪੜਦਾ ਦੇ ਉਠਾਈਆ । ਆਤਮਾ ਰਹੇ ਨਾ ਕੋਇ ਬੇਗਾਨੀ, ਪਰਮਾਤਮਾ ਹੋ ਕੇ ਮੇਲ ਮਿਲਾਈਆ । ਤੇਰਾ ਨੂਰ ਚਮਕੇ ਦੋ ਜਹਾਨੀ, ਨਿਰਗੁਣ ਸਰਗੁਣ ਰੰਗ ਰੰਗਾਈਆ । ਤੂੰ ਸਰਬ ਜੀਆਂ ਘਟ ਜਾਣ ਜਾਣੀ, ਲੱਖ ਚੁਰਾਸੀ ਵੇਖ ਵਖਾਈਆ । ਪਰਗਟ ਹੋ ਜੋਧੇ ਸੂਰਬੀਰ ਆਪ ਮੈਦਾਨੀ, ਟਿੱਲੇ ਪਰਬਤ ਖੋਜ ਖੁਜਾਈਆ । ਬਿਨ ਤੇਰੇ ਦੂਜਾ ਦਿਸੇ ਕੋਈ ਨਾ ਬਾਨੀ, ਸਾਚਾ ਰਾਹ ਨਾ ਕੋਇ ਪਰਗਟਾਈਆ । ਦੇਣੀ ਪਏ ਨਾ ਕੋਇ ਕੁਰਬਾਨੀ, ਕਰਬਲਾ ਰੂਪ ਨਾ ਕੋਇ ਵਟਾਈਆ । ਸਾਚਾ ਬਖ਼ਸ਼ ਦੇ ਪਦ ਨਿਰਬਾਨੀ, ਨਿਰਵੈਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇਣਾ ਮੁਕਾਈਆ । ਕਿਰਪਾ ਕਰ ਸਾਹਿਬ ਸੁਲਤਾਨ, ਕਲਜੁਗ ਜੀਵਾਂ ਸੁਤਿਆਂ ਦੇ ਜਗਾਈਆ । ਸਚ ਧਰਮ ਝੁਲਾ ਨਿਸ਼ਾਨ, ਕੂੜੀ ਕਿਰਿਆ ਬਾਹਰ ਦੇ ਕਢਾਈਆ । ਧੁਰ ਦਾ ਮੰਤਰ ਦੇ ਨਾਮ, ਪੈਗ਼ਾਮ ਨੂਰ ਇਲਾਹੀਆ । ਦਰਗਾਹ ਮਿਲਣਾ ਕਰ ਆਸਾਨ, ਅਹਿਸਾਨ ਅਵਰ ਨਾ ਕੋਇ ਰਖਾਈਆ । ਦੀਨ ਦੁਨੀ ਦਾ ਝਗੜਾ ਮੁਕੇ ਤਮਾਮ, ਤਮਾ ਦਾ ਡੇਰਾ ਦੇਣਾ ਢਾਹੀਆ । ਤੇਰੀ ਸਚ ਦੀ ਸਾਚੀ ਹੋਵੇ ਸ਼ਾਨ, ਸ਼ਹਿਨਸ਼ਾਹ ਤੇਰੀ ਵਡਿਆਈਆ । ਇਕੋ ਮੰਦਰ ਸੋਹੇ ਮਕਾਨ, ਮਕਬਰਿਆਂ ਲੋੜ ਰਹੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਸਜਦੇ ਕਰਨ ਆਣ, ਸੀਸ ਜਗਦੀਸ ਝੁਕਾਈਆ । ਇਕੋ ਕਲਮਾ ਤੇਰਾ ਗਾਣ, ਤੂੰ ਮੇਰਾ ਮੈਂ ਤੇਰਾ ਸਤਿ ਪੜ੍ਹਾਈਆ । ਲੇਖਾ ਮੁਕ ਜਾਏ ਆਵਣ ਜਾਣ, ਲੱਖ ਚੁਰਾਸੀ ਪੰਧ ਮੁਕਾਈਆ । ਮਾਰਗ ਦੱਸ ਭਗਤ ਭਗਵਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਸੰਤ ਸੁਹੇਲੇ ਕਰ ਪਹਿਚਾਨ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਗੁਰਮੁਖ ਦੇ ਸੱਚਾ ਦਾਨ, ਦਇਆਵਾਨ ਦਇਆ ਕਮਾਈਆ । ਗੁਰਸਿਖ ਚਰਨ ਕਵਲ ਕਰ ਪਰਵਾਨ, ਪਰਵਾਨੇ ਆਪਣੇ ਰੰਗ ਰੰਗਾਈਆ । ਤੂੰ ਸਾਹਿਬ ਸਤਿਗੁਰ ਸਦਾ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਸਮਾਈਆ । ਅੰਤ ਅਖ਼ੀਰੀ ਵੇਖ ਆਣ, ਜੋਤੀ ਜਾਤੇ ਵੇਸ ਵਟਾਈਆ । ਝਗੜਾ ਮੁਕ ਜਾਏ ਪੱਥਰ ਪਾਹਨ, ਇੱਟਾਂ ਸੀਸ ਨਾ ਕੋਇ ਨਿਵਾਈਆ । ਨਜ਼ਰ ਆ ਇਕ ਅਮਾਮ, ਨੌਬਤ ਆਪਣੀ ਹਕ ਵਜਾਈਆ । ਦੀਨ ਦੁਨੀ ਹੋਈ ਪਰੇਸ਼ਾਨ, ਪਸ਼ਚਮ ਵਿਚ ਪਏ ਦੁਹਾਈਆ । ਨੇਤਰ ਰੋਵੇ ਸ਼ਾਹ ਈਰਾਨ, ਧੀਰਜ ਧੀਰ ਨਾ ਕੋਇ ਧਰਾਈਆ । ਤੇਰਾ ਖੇਲ ਅਗੰਮ ਮਹਾਨ, ਬੁੱਧੀ ਸਮਝ ਸਕੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਚਾਰੋਂ ਕੁੰਟ ਤੱਕਣ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਕਵਣ ਵਕ਼ਤ ਪਹੁੰਚਿਆ ਆਣ, ਕਵਣ ਵੇਲਾ ਮਿਲੇ ਵਡਿਆਈਆ । ਸਾਰੇ ਤੱਕ ਕੇ ਹੋਏ ਹੈਰਾਨ, ਹੈਰਤ ਵਿਚ ਦੁਹਾਈਆ । ਚਾਰੋਂ ਕੁੰਟ ਵੇਖੋ ਕੂੜ ਹੋਇਆ ਪਰਧਾਨ, ਸਤਿ ਧਰਮ ਨਾ ਕੋਇ ਅਪਣਾਈਆ । ਮੇਲਾ ਮਿਲੇ ਨਾ ਕਿਸੇ ਭਗਵਾਨ, ਭਗਤੀ ਧਾਰ ਨਾ ਕੋਇ ਜਣਾਈਆ । ਕੂੜਾ ਰਸ ਸਾਰੇ ਖਾਣ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਕਾਇਆ ਮੰਦਰ ਦਿਸੇ ਸੁੰਞ ਮਸਾਣ, ਦੀਵਾ ਬਾਤੀ ਕਮਲਾਪਾਤੀ ਨਾ ਕੋਇ ਰੁਸ਼ਨਾਈਆ । ਸਾਢੇ ਤਿੰਨ ਹੱਥ ਹੋਇਆ ਬੀਆਬਾਨ, ਰੁੱਤ ਬਸੰਤ ਨਾ ਕੋਇ ਖਿਲਾਈਆ । ਪਵਣ ਸਵਾਸੀ ਲੇਖੇ ਨਾ ਲੱਗੇ ਪਰਾਣ, ਪਰਾਣੀ ਪਰਾਣਪਤਿ ਮਿਲ ਕੇ ਨਾ ਖ਼ੁਸ਼ੀ ਬਣਾਈਆ । ਕੂੜਾ ਰਸ ਪੀਣ ਖਾਣ, ਮਾਇਆ ਮਮਤਾ ਮੋਹ ਵਧਾਈਆ । ਕਲਜੁਗ ਅੰਤ ਸ੍ਰੀ ਭਗਵੰਤ

ਜਨ ਭਗਤਾਂ ਉਪਰ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਸਚਖੰਡ ਦਵਾਰਾ ਵਖਾ ਜਿਥੇ ਵਸੇ ਧੁਰ ਦਾ ਕਾਹਨ, ਜੋਤ ਸਰੂਪੀ ਡੇਰਾ ਲਾਈਆ । ਸਾਚੇ ਭਗਤਾਂ ਮੇਟ ਦੇ ਆਵਣ ਜਾਣ, ਜਾਣੀਜਾਣ ਤੇਰੀ ਸਰਨਾਈਆ । ਹਕ ਬੇਨੰਤੀ ਦਰੇ ਦਰਵੇਸ਼ ਕਰ ਪਰਵਾਨ, ਪਰਮ ਪੁਰਖ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਝੁਕਦੇ ਆਣ, ਨਿਰਗੁਣ ਨਿਰਗੁਣ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ ।

## ★ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੩ ਸੁਰਜੀਤ ਸਿੰਘ ਦੇ ਗ੍ਰਹਿ ਬਨਵਾਲੀ ★

ਗੁਰ ਅਵਤਾਰ ਪੈਗ਼ੰਬਰ ਸਾਰੇ ਰਹੇ ਝੁਕ, ਦਰਗਾਹ ਸਾਚੀ ਸਚਖੰਡ ਦਵਾਰੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰੀ ਕਿਰਪਾ ਨਾਲ ਕੂੜ ਕੁੜਿਆਰਾ ਪੈਂਡਾ ਜਾਏ ਮੁਕ, ਅੰਧ ਅੰਧੇਰਾ ਅਗਲਾ ਰਹਿਣ ਨਾ ਕੋਇ ਪਾਈਆ । ਸਚ ਸਵਾਮੀ ਅੰਤਰਜਾਮੀ ਸ਼ਬਦ ਨਾਮ ਜਣਾ ਆਪਣੀ ਤੁਕ, ਤੁਰਤ ਤੁਰੀਆ ਤੋਂ ਪਰੇ ਕਰ ਪੜ੍ਹਾਈਆ । ਮਨ ਕਲਪਣਾ ਮੇਟ ਆਤਮ ਦੇ ਸੁਖ, ਬੁੱਧ ਬਿਬੇਕ ਸਰਬ ਕਰਾਈਆ । ਪੜਦਾ ਓਹਲਾ ਰਹੇ ਕੋਈ ਨਾ ਲੁਕ, ਜਲਵਾਗਰ ਨਿਰਗੁਣ ਜੋਤ ਕਰ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਵੇ ਸਚ ਸੁਚ, ਸੰਜਮ ਇਕੋ ਦੇਣਾ ਸਮਝਾਈਆ । ਮਾਇਆ ਮਮਤਾ ਮੋਹ ਵਿਕਾਰ ਮੇਟ ਦੁੱਖ, ਦਰਦੀ ਹੋ ਕੇ ਦਰਦੀਆਂ ਦਰਦ ਵੰਡਾਈਆ । ਸੰਤ ਸੁਹੇਲੇ ਗੁਰਮੁਖ ਗੋਦੀ ਚੁੱਕ, ਚਾਰ ਵਰਨਾਂ ਵਿਚੋਂ ਬਾਹਰ ਕਢਾਈਆ । ਤੇਰਾ ਭਗਤ ਉਲਟਾ ਮਾਤ ਗਰਭ ਨਾ ਹੋਵੇ ਰੁੱਖ, ਦਸ ਦਸ ਮਾਸ ਅਗਨੀ ਤਤ ਨਾ ਕੋਇ ਤਪਾਈਆ । ਅਸੀਂ ਸਾਰੇ ਹੋਈਏ ਖ਼ੁਸ਼, ਸਚਖੰਡ ਬੈਠੇ ਖ਼ੁਸ਼ੀ ਮਨਾਈਆ । ਧੁਰ ਦਾ ਵੇਲਾ ਰਿਹਾ ਢੁਕ, ਸ਼ਹਾਦਤ ਗੁਰ ਅਵਤਾਰ ਪੈਗ਼ੰਬਰ ਰਹੇ ਭੁਗਤਾਈਆ । ਦੀਨਾਂ ਅਨਾਥਾਂ ਉਤੇ ਤੁਠ, ਨਿਗਾਹ ਮਿਹਰ ਨਜ਼ਰ ਉਠਾਈਆ । ਕੂੜ ਵਿਕਾਰਾ ਕਲਜੁਗ ਕੁੱਠ, ਕਾਇਆ ਕੱਪੜ ਕਰ ਸਫ਼ਾਈਆ । ਅੰਮ੍ਰਿਤ ਜਾਮ ਪਿਆ ਅਗੰਮਾ ਘੁਟ, ਨਿਝਰ ਝਿਰਨਾ ਦੇ ਝਿਰਾਈਆ । ਸ਼ਰਅ ਜੰਜ਼ੀਰ ਜਾਵੇ ਟੁੱਟ, ਬੰਧਨ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਚਾ ਮਾਰਗ ਲਾ ਏਕ, ਏਕੰਕਾਰ ਤੇਰੀ ਸਰਨਾਈਆ । ਨਵ ਸੱਤ ਬਖ਼ਸ਼ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਸਚ ਦਵਾਰ ਵਖਾ ਆਪਣਾ ਦੇਸ, ਪਰਦੇਸੀਆਂ ਪੈਂਡਾ ਦੇ ਮੁਕਾਈਆ । ਤੂੰ ਖ਼ਾਲਕ ਪ੍ਰਿਤਪਾਲਕ ਨਰ ਨਰੇਸ਼, ਨਰ ਨਰਾਇਣ ਤੇਰੀ ਵਡਿਆਈਆ । ਭਵਿਖਤ ਵੇਖ ਦਸ ਦਸਮੇਸ਼, ਗੋਬਿੰਦ ਕਹਿ ਕੇ ਗਿਆ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕੋ ਕਰੇ ਸਾਚਾ ਹੇਤ, ਜੋਤੀ ਜਾਤਾ ਸ੍ਰਿਸ਼ਟ ਸਬਾਈ ਵੇਖ ਵਖਾਈਆ । ਤੇਰਾ ਮਾਰਗ ਨੇਤਨ ਨੇਤ, ਦੂਰ ਦੁਰਾਡਾ ਪੈਂਡਾ ਰਿਹਾ ਚੁਕਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਲੇਖ, ਸਤਿਜੁਗ ਸਾਚੇ ਸਚ ਵੱਜੇ ਵਧਾਈਆ । ਕਾਇਆ ਮੰਦਰ ਅੰਦਰ ਚੜ੍ਹ ਕੇ ਖੋਲ੍ਹ ਆਪਣਾ ਭੇਤ, ਭਾਂਡਾ ਭਰਮ ਭੌ ਭੰਨਾਈਆ । ਮਾਇਆ ਮਮਤਾ ਮੋਹ ਵਿਕਾਰ ਮੇਟ ਦੇ ਰੇਖ, ਰਿਖੀ ਮੁਨੀ ਇਕੋ ਸੀਸ ਜਗਦੀਸ

ਝੁਕਾਈਆ । ਸਹੰਸਰ ਮੁਖ ਰੋ ਪੁਕਾਰੇ ਸ਼ੇਸ਼, ਦੋ ਸਹੰਸਰ ਜਿਹਵਾ ਰਿਹਾ ਹਿਲਾਈਆ । ਤੂੰ ਕਰਨੀ ਦਾ ਕਰਤਾ ਕ਼ੁਦਰਤ ਦਾ ਕ਼ਾਦਰ ਰਹੇਂ ਸਦਾ ਹਮੇਸ਼, ਹਮਸਾਜਣ ਹੋ ਕੇ ਹੋ ਸਹਾਈਆ । ਸਦੀ ਚੌਧਵੀਂ ਅੰਤ ਅਖ਼ੀਰ ਤੇਰੀ ਵੇਖੀਏ ਖੇਡ, ਜਗਤ ਖਿਲਾਰੀ ਆਪਣੀ ਕਾਰ ਦੇਣੀ ਕਮਾਈਆ । ਜਿਸ ਕਾਰਨ ਸਤਿਜੁਗ ਤਰੇਤਾ ਦੁਆਪਰ ਕਲਜੁਗ ਸਾਨੂੰ ਦਿਤਾ ਭੇਜ, ਭਜਨ ਬੰਦਗੀ ਜਗਤ ਨਾ ਕੋਇ ਸਮਝਾਈਆ । ਅੰਤਮ ਤੇਰਾ ਜੋਤੀ ਜਲਵਾ ਤਕਣਾ ਚਾਹੁੰਦੇ ਤੇਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪੇ ਵੇਖ ਵਖਾਈਆ । ਸਚ ਦਵਾਰ ਏਕੰਕਾਰ ਗ੍ਰਿਹਿ ਮੰਦਰ ਬਣਾ ਆਪਣੀ ਸੇਜ, ਸਿੰਘਾਸਣ ਪੁਰਖ ਅਬਿਨਾਸ਼ਣ ਡੇਰਾ ਲਾਈਆ । ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਤੇਰੇ ਹੋਏ ਪੇਸ਼, ਪੇਸ਼ੀਨਗੋਈ ਪਿਛਲੀ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਦਾ ਕਰ ਹੇਤ, ਹਿਤਕਾਰੀ ਹੋ ਕੇ ਨਿਰੰਕਾਰੀ ਹੋ ਕੇ ਨਿਰਾਧਾਰੀ ਹੋ ਕੇ ਜੋਤ ਉਜਿਆਰੀ ਹੋ ਕੇ ਕਰਮਚਾਰੀ ਆਪਣੇ ਕਰਮ ਕਾਂਡ ਵਿਚੋਂ ਬਾਹਰ ਕਢਾਈਆ ।

### ★ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੩ ਮਲਕੀਅਤ ਸਿੰਘ ਗ੍ਰਿਹਿ ਬਨਵਾਲੀ ★

ਪੁਰਖ ਅਕਾਲ ਕਹੇ ਮੈਂ ਦੀਨ ਦੁਨੀ ਦਾ ਮਾਲਕ, ਦੋ ਜਹਾਨ ਬ੍ਰਹਿਮੰਡ ਖੰਡ ਵੇਖ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਸ੍ਰਿਸ਼ਟ ਸਬਾਈ ਪ੍ਰਿਤਪਾਲਕ, ਲੱਖ ਚੁਰਾਸੀ ਜੀਵ ਜੰਤ ਆਪਣੇ ਰੰਗ ਰੰਗਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਖ਼ਲਕ ਦਾ ਖ਼ਾਲਕ, ਪਰਵਰਦਿਗਾਰ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਭੇਜਦਾ ਰਿਹਾ ਅਗੰਮੇ ਬਾਲਕ, ਧੁਰ ਸੰਦੇਸ਼ਾ ਨਾਮ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੀ ਵੇਖਦਾ ਰਿਹਾ ਹਾਲਤ, ਅੰਦਰ ਬਾਹਰ ਖੋਜ ਖੁਜਾਈਆ । ਸਤਿਜੁਗ ਤਰੇਤਾ ਦੁਆਪਰ ਕਰਦਾ ਰਿਹਾ ਅਦਾਲਤ, ਇਨਸਾਫ਼ ਧੁਰ ਦਾ ਇਕ ਕਮਾਈਆ । ਕਲਜੁਗ ਅੰਤ ਸਦੀ ਚੌਧਵੀਂ ਸਤਿਗੁਰ ਸ਼ਬਦ ਬਣਾਵਾਂ ਸਾਲਸ, ਸਿਰ ਸਮਰਥ ਆਪਣਾ ਹੱਥ ਟਿਕਾਈਆ । ਚਾਰ ਵਰਨ ਵਿਚੋਂ ਲੱਭਾਂ ਖ਼ਾਲਸਾ ਖ਼ਾਲਸ, ਜੋ ਆਤਮ ਪਰਮਾਤਮ ਧਿਆਨ ਲਗਾਈਆ । ਕੂੜੀ ਕਿਰਿਆ ਮੇਟ ਕੇ ਨਿੰਦਰਾ ਆਲਸ, ਸਤਿ ਸਚ ਕਰਾਂ ਰੁਸ਼ਨਾਈਆ । ਕੂੜਾ ਮਸਤਕ ਰਹਿਣ ਨਾ ਦੇਵਾਂ ਕਾਲਖ, ਕਲ ਕਲਕੀ ਹੋ ਕੇ ਕਲੰਕ ਦਿਆਂ ਮਿਟਾਈਆ । ਕਿਸੇ ਦੀ ਚਲਣ ਨਾ ਦੇਵਾਂ ਕੋਇ ਸਫ਼ਾਰਸ਼, ਸੰਤ ਸੁਹੇਲੇ ਆਪਣੇ ਰੰਗ ਰੰਗਾਈਆ । ਚਾਰ ਜੁਗ ਦੀ ਜੋ ਲਿਖੀ ਗਈ ਪਿੱਛੇ ਇਬਾਰਤ, ਤਿਸ ਦਾ ਲਹਿਣਾ ਦੇਣਾ ਝੋਲੀ ਪਾਈਆ । ਬੁੱਧੀ ਚੁਤਰਾਈ ਕਰੇ ਨਾ ਕਿਸੇ ਆਰਫ਼, ਉਲਮਾ ਵੰਡ ਨਾ ਕੋਇ ਵੰਡਾਈਆ । ਨਿਰਗੁਣ ਹੋ ਕੇ ਨਿਰਗੁਣ ਧਾਰ ਕਰਾਵਾਂ ਤੁਆਰਫ਼, ਭੇਵ ਅਭੇਦਾ ਆਪ ਖੁਲ੍ਹਾਈਆ । ਕਰ ਪਰਕਾਸ਼ ਅੰਧੇਰੀ ਗ਼ਾਰਤ, ਅੰਧ ਅੰਧੇਰਾ ਦਿਆਂ ਚੁਕਾਈਆ । ਸਾਚੇ ਕਾਅਬੇ ਦੀ ਹਕ ਜ਼ਿਆਰਤ, ਜ਼ੱਰੇ ਜ਼ੱਰੇ ਵਿਚੋਂ ਵਖਾਈਆ । ਮਨੂਆ ਕਰੇ ਨਾ ਕੋਇ ਸ਼ਰਾਰਤ, ਸ਼ਰਅ ਦਾ ਡੇਰਾ ਦੇਵਾਂ ਢਾਹੀਆ । ਕੂੜ ਕੁੜਿਆਰ ਰਹੇ ਨਾ ਕੋਇ ਸਾਜ਼ਸ਼, ਸਜ਼ਾ ਸਭ ਨੂੰ ਦਿਆਂ ਭੁਗਤਾਈਆ । ਅਗਨੀ ਤਤ ਲਾਵੇ ਕੋਈ ਨਾ ਆਤਸ਼, ਅੰਮ੍ਰਿਤ ਮੇਘ ਇਕ ਬਰਸਾਈਆ । ਚਤੁਰਾਈ ਚਲੇ ਕਿਸੇ ਨਾ ਨਾਰਦ, ਮੁਨੀ ਮੋਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਮੈਂ ਸਭ ਦਾ ਇਕ ਸਵਾਮੀ, ਦੀਨ ਦਿਆਲ

ਦਇਆਨਿਧ ਅਖਵਾਇੰਦਾ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਅੰਤਰ ਵੇਖ ਵਖਾਇੰਦਾ । ਬੋਧ ਅਗਾਧ ਅਗੰਮੀ ਮੇਰੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤ ਸਾਲਾਹਿੰਦਾ । ਮੇਰਾ ਨੂਰ ਜਹੂਰ ਚਾਰੇ ਖਾਣੀ, ਚਾਰੇ ਬਾਣੀ ਰਾਗਾਂ ਨਾਦਾਂ ਵਿਚ ਵਡਿਆਇੰਦਾ । ਚਾਰ ਜੁਗ ਮੇਰੀ ਖੇਲ ਮਹਾਨੀ, ਚਾਰ ਕੁੰਟ ਦਹਿ ਦਿਸ਼ਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਇੰਦਾ । ਪੁਰਖ ਅਕਾਲ ਕਹੇ ਮੇਰਾ ਸਭ ਤੋਂ ਵੱਖਰਾ ਅਨੰਦ, ਰਸਨਾ ਰਸ ਨਾ ਕੋਇ ਚਖਾਈਆ । ਮੇਰਾ ਸਭ ਤੋਂ ਵੱਖਰਾ ਛੰਦ, ਗੁਰ ਅਵਤਾਰ ਪੈਗ਼ੰਬਰ ਸਕੇ ਨਾ ਕੋਇ ਸਮਝਾਈਆ । ਮੇਰਾ ਸਭ ਤੋਂ ਵੱਖਰਾ ਚੰਦ, ਸੂਰੀਆ ਚੰਦ ਨਾ ਕੋਇ ਡਗਮਗਾਈਆ । ਮੇਰਾ ਸਭ ਤੋਂ ਵੱਖਰਾ ਬੰਦ, ਬੰਦਗੀ ਦੋ ਜਹਾਨ ਦ੍ਰਿੜਾਈਆ । ਮੇਰਾ ਸਭ ਤੋਂ ਵੱਖਰਾ ਸੰਗ, ਏਥੇ ਓਥੇ ਹੋਵਾਂ ਸਹਾਈਆ । ਮੇਰਾ ਸਭ ਤੋਂ ਵੱਖਰਾ ਰੰਗ, ਜਗਤ ਲਲਾਰੀ ਨਾ ਕੋਇ ਰੰਗਾਈਆ । ਮੇਰਾ ਸਭ ਤੋਂ ਵੱਖਰਾ ਢੰਗ, ਜੁਗ ਚੌਕੜੀ ਖੇਲ ਖਿਲਾਈਆ । ਮੇਰਾ ਸਭ ਤੋਂ ਵੱਖਰਾ ਬ੍ਰਹਿਮੰਡ, ਜਿਸ ਦੀ ਵੰਡ ਨਾ ਕੋਇ ਵੰਡਾਈਆ । ਮੇਰਾ ਸਭ ਤੋਂ ਵੱਖਰਾ ਖੰਡ, ਜਿਥੇ ਖੰਡਾ ਖੜਗ ਨਾ ਕੋਇ ਚਮਕਾਈਆ । ਮੇਰਾ ਸਭ ਤੋਂ ਵੱਖਰਾ ਮਰਦੰਗ, ਦੋ ਜਹਾਨਾਂ ਕਰੇ ਸ਼ਨਵਾਈਆ । ਮੇਰਾ ਸਭ ਤੋਂ ਵੱਖਰਾ ਪਲੰਘ, ਬਾਢੀ ਬਣਤ ਨਾ ਕੋਇ ਬਣਾਈਆ । ਮੇਰਾ ਸਭ ਤੋਂ ਵੱਖਰਾ ਪਰਮਾਨੰਦ, ਜੋ ਨਿਜ ਆਤਮ ਦਿਆਂ ਚਖਾਈਆ । ਮੇਰਾ ਸਭ ਤੋਂ ਵੱਖਰਾ ਲੇਖਾ ਹੰ ਬ੍ਰਹਮ, ਪਾਰਬ੍ਰਹਮ ਹੋ ਕੇ ਪੜਦਾ ਦਿਆਂ ਉਠਾਈਆ । ਮੇਰਾ ਸਭ ਤੋਂ ਵੱਖਰਾ ਕੰਮ, ਕਰਨੀ ਦਾ ਕਰਤਾ ਹੋ ਕੇ ਆਪ ਵਖਾਈਆ । ਮੇਰਾ ਸਭ ਤੋਂ ਵੱਖਰਾ ਦਮ, ਪਵਣ ਉਣੰਜਾ ਨਾ ਵਿਚ ਸਮਾਈਆ । ਮੇਰਾ ਸਭ ਤੋਂ ਵੱਖਰਾ ਚੰਮ, ਤਤਵ ਤਤ ਨਾ ਕੋਇ ਹੰਢਾਈਆ । ਮੇਰਾ ਸਭ ਤੋਂ ਵੱਖਰਾ ਛੱਪਰ ਛੰਨ, ਜਿਸ ਦੀ ਚਾਰ ਦੀਵਾਰੀ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪ ਪਰਗਟਾਈਆ । ਪੁਰਖ ਅਕਾਲ ਕਹੇ ਮੈਂ ਆਦਿ ਜੁਗਾਦੀ ਭਗਵੰਤਾ, ਭਗਵਨ ਹੋ ਕੇ ਦਇਆ ਕਮਾਈਆ । ਮੇਰਾ ਲੇਖਾ ਸਦਾ ਸਦਾ ਬੇਅੰਤਾ, ਅੰਤ ਕਹਿਣ ਕੋਇ ਨਾ ਪਾਈਆ । ਮੇਰਾ ਬੋਧ ਅਗਾਧਾ ਮੰਤਾ, ਬੁੱਧੀ ਤੋਂ ਪਰੇ ਪੜ੍ਹਾਈਆ । ਮੈਂ ਲੱਖ ਚੁਰਾਸੀ ਕੰਤਾ, ਨਰ ਨਰਾਇਣ ਇਕ ਅਖਵਾਈਆ । ਮੈਂ ਗੁਰ ਅਵਤਾਰ ਪੈਗ਼ੰਬਰਾਂ ਬਣਾ ਪੰਡਤਾ, ਧੁਰ ਦੀ ਸਿਖਿਆ ਇਕ ਸਮਝਾਈਆ । ਮੈਂ ਸੰਦੇਸ਼ਾ ਦੇਵਾਂ ਸਾਚੇ ਸੰਤਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਮੈਂ ਲਹਿਣਾ ਦੇਣਾ ਜਾਣਾਂ ਲੱਖ ਚੁਰਾਸੀ ਜੀਵ ਜੰਤਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਮੈਂ ਗੜ੍ਹ ਹੰਕਾਰੀ ਤੋੜਾਂ ਹਉਮੇ ਹੰਗਤਾ, ਹੰ ਬ੍ਰਹਮ ਪੜਦਾ ਲਾਹੀਆ । ਮੈਂ ਮੇਲ ਮਿਲਾਵਾਂ ਚਾਰ ਵਰਨ ਇਕ ਦਵਾਰੇ ਸਾਚੀ ਸੰਗਤਾ, ਸੰਗਮ ਪ੍ਰੇਮ ਪ੍ਰੀਤੀ ਦਿਆਂ ਬਣਾਈਆ । ਮੈਂ ਕਿਸੇ ਦਵਾਰੇ ਹੋਵਾਂ ਕਦੇ ਨਾ ਮੰਗਤਾ, ਦੇਵਣਹਾਰ ਬੇਪਰਵਾਹੀਆ । ਜਿਸ ਦੇ ਹੁਕਮੇ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਗਿਆ ਲੰਘਦਾ, ਕਲਜੁਗ ਵੇਲਾ ਅੰਤਮ ਆਈਆ । ਦੀਨ ਦੁਨੀ ਦਾ ਝਗੜਾ ਵੇਖੇ ਭੁੱਖ ਨੰਗ ਦਾ, ਸ਼ਾਹ ਸੁਲਤਾਨ ਹੋਏ ਹਲਕਾਈਆ । ਪੜਦਾ ਢਾਹੇ ਨਾ ਕੋਇ ਦਵੈਤੀ ਕੰਧ ਦਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਗੁਰ ਅਵਤਾਰ ਪੈਗ਼ੰਬਰ ਭਿਖਾਰੀ ਹੋ ਕੇ ਮੰਗਦਾ, ਦਰ ਦਰਵੇਸ਼ ਝੋਲੀ ਡਾਹੀਆ । ਮੇਰਾ ਖੇਲ ਸੂਰੇ ਸਰਬੰਗ ਦਾ, ਕਰਨੀ ਦਾ ਕਰਤਾ ਹੋ ਕੇ ਆਪ ਕਰਾਈਆ । ਬਿਨ ਭਗਤਾਂ ਦੂਜੇ ਦਵਾਰ ਕਦੇ ਨਾ ਲੰਘਦਾ, ਸਚ ਦਵਾਰ ਨਾ ਕੋਇ ਪਰਗਟਾਈਆ । ਧੁਰ ਦਾ ਸੰਦੇਸ਼ਾ ਦੇਵਾਂ ਆਪਣੇ ਅਗੰਮੀ ਛੰਦ ਦਾ, ਸੋਹੰ ਢੋਲਾ ਇਕ ਦ੍ਰਿੜਾਈਆ । ਗੁਰਮੁਖਾਂ ਪੈਂਡਾ ਮੁਕਾਵਾਂ

੧੨੯੭
੨੦

ਆਵਣ ਜਾਵਣ ਲੱਖ ਚੁਰਾਸੀ ਪੰਧ ਦਾ, ਜੂਨੀ ਵਿਚ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜ ਕੁੜਿਆਰਾ ਮਨ ਵਿਕਾਰਾ ਸਦਾ ਦੰਡਦਾ, ਜਨ ਭਗਤਾਂ ਡੰਡਾਵਤ ਆਪਣੀ ਇਕ ਦਰਸਾਈਆ ।

★ ★ ★ ★ ★



